Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ
'ਚਰਣਹਰਿ' ਵਿਸਥਾਰ

ਜਿਲਦ ੧] [ਸੈਂਚੀ ੧

ਅਰਥਾਤ

ਜੀਵਨ ਬ੍ਰਿਤਾਂਤ

ਮਹਾਰਾਜਾ ਕੌੜਾ ਮੱਲ

ਅਤੇ

ਬਾਬਾ ਕਾਹਨ ਸਿੰਘ

ਲਿੱਖਤ

ਡਾਕਟਰ ਬਲਬੀਰ ਸਿੰਘ

ਬੀ. ਐਸ ਸੀ., ਡੀ. ਆਈ. ਸੀ., ਪੀ ਐਚ. ਡੀ.

* * *

— ਦਸੰਬਰ ੧੯੪੫ —

ਮਿਲਨ ਦਾ ਪਤਾ:—

ਮੈਨੇਜਰ ਖਾਲਸਾ ਸਮਾਚਾਰ, ਹਾਲ ਬਾਜ਼ਾਰ

ਅੰਮ੍ਰਿਤਸਰ

All Rights Reserved

[ਦੂਜੀ ਵਾਰ] ਮੱਘ ੩) ਜਿਲਦ ਸਮੇਤ

Digitized by Panjab Digital Library | www.panjabdigilib.org

All Rights Reserved

Printed by S. Bhupindra Singh B. A., LL. B., at the
Wazir-i-Hind Press situated at Hall Bazar, Amritsar and Published
by Dr. Balbir Singh B. Sc., D. I. C., Ph. D. (London) at Amritsar.

Digitized by Panjab Digital Library | www.panjabdigilib.org

ਜੀਵਨ ਸਮਾਚਾਰ

ਮਹਾਰਾਜਾ ਕੌੜਾ ਮੱਲ ਜੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਚਰਣ ਹਰੀ ਵਿਸਥਾਰ

ਜਿਲਦ ੧.

{ ਸੈਂਚੀ ਪਹਿਲੀ }

ਵੰਸ਼

ਸ਼੍ਰੀ ਮਾਨ ਡਾਕਟਰ ਚਰਨ ਸਿੰਘ ਜੀ ਦੀ ਜੀਵਨ ਕਥਾ ਵਿਚ ਸਭ ਤੋਂ ਪਹਿਲੀ ਗੱਲ ਜੋ ਵਰਣਨ ਗੋਚਰੀ ਹੈ ਉਹ ਹੈ ਉਨ੍ਹਾਂ ਦਾ ਵੰਸ਼ । ਏਸ ਪਰਮ ਯੋਗ ਵੰਸ਼ ਦੇ ਇਕ ਸਿਰੇ ਵੱਲ ਦੀਵਾਨ ਸਾਹਿਬ ਮਹਾਰਾਜਾ ਕੌੜਾ ਮੱਲ ਦਾ ਨਾਮ ਹੈ, ਜਿਨ੍ਹਾਂ ਦੇ ਕਾਰਨਾਮੇ ਈਸਾ ਦੀ ਮੱਧ ਅਠਾਰ੍ਹਵੀਂ ਸਦੀ ਵਿਚ ਸਿਖ ਇਤਿਹਾਸ ਅੰਦਰ ਇਕ ਅਦੁਤੀ ਗੰਭੀਰਤਾ ਦਾ ਰੰਗ ਭਰਦੇ ਹਨ ਤੇ ਜਿਨ੍ਹਾਂ ਦੀ ਮਦਦ ਤੋਂ ਬਗ਼ੈਰ, ਖਿਆਲ ਕੀਤਾ ਜਾਂਦਾ ਹੈ ਕਿ ਸਿੱਖ ਤਾਕਤ ਮੀਰ ਮੰਨੂੰ ਦੇ ਹੱਥੋਂ ਨਸ਼ਟ ਹੋ ਜਾਣੀ ਸੀ* । ਵੰਸ਼ ਦੇ ਦੂਜੇ ਸਿਰੇ ਵਲ ਨਾਮ ਹੈ ਸ਼੍ਰੀ ਮਾਨ ਭਾਈ ਵੀਰ ਸਿੰਘ ਜੀ ਦਾ, ਜਿਨ੍ਹਾਂ ਦੀ ਬਾਬਤ ਇਕ ਸੋਝੀ ਵਾਲੇ ਵਿਦਵਾਨ ਸੱਜਣ ਨੇ ਅਪਣੇ ਲੈਕਚਰ ਵਿਚ ਕਿਹਾ ਹੈ:-

> "ਸਿਖਾਂ ਦੇ ਕੀ ਸੋਸ਼ਲ ਸੁਧਾਰ, ਕੀ ਗੁਰਦੁਵਾਰਾ ਸੁਧਾਰ ਤੇ ਕੀ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਵਾਲੀਆਂ ਹੋਰ ਜਿੰਨੀਆਂ ਵੀ ਲਹਿਰਾਂ ਚੱਲ ਰਹੀਆਂ ਹਨ, ਉਨ੍ਹਾਂ ਸਾਰੀਆਂ ਦੇ ਪਿਛੇ ਭਾਈ ਸਾਹਿਬ (ਭਾਈ ਵੀਰ ਸਿੰਘ) ਦੀ ਕਲਮ ਨੇ ਬਹੁਤ ਸਾਰਾ ਕੰਮ ਕੀਤਾ ਹੈ ਤੇ ਅਸਾਂ ਵਿਚੋਂ ਲਗ ਪਗ ਸਾਰਿਆਂ ਨੇ ਉਨ੍ਹਾਂ ਦੇ ਖਿਆਲਾਂ ਤੋਂ ਕਿਸੇ ਨਾ ਕਿਸੇ ਤਰ੍ਹਾਂ ਪਰਵਰਸ਼ ਪਾਈ ਹੈ।"
>
> [ਪ੍ਰਿੰਸੀਪਲ ਕਰਮੀਰਾ ਸਿੰਘ, ਖਾਲਸਾ ਸਮਾਚਾਰ, ਜਿ: ੩੭, ਨੰ: ੨੩

ਡਾਕਟਰ ਸਾਹਿਬ† ਦੀ ਵੰਸ਼-ਪਰੰਪਰਾ ਵਿਚ ਇਹ ਦੋ ਵਜ਼ਕਤੀਆਂ ਐਸੀਆਂ ਹਨ ਜੋ ਅਪਣੀ ਯੋਗਤਾ ਦੇ ਬਲ ਨਾਲ ਹਰ ਆਪਣੇ ਅਤੇ ਬਿਗਾਨੇ ਨੂੰ ਤਾਰੀਫ ਲਈ ਮਜਬੂਰ ਕਰ ਦੇਂਦੀਆਂ ਹਨ । ਦੀਵਾਨ ਸਾਹਿਬ ਲਈ ਤਾਂ ਸਿਖ ਇਤਿਹਾਸ ਦੇ ਪੱਤ੍ਰਿਆਂ ਵਿਚੋਂ ਧੁਨੀ ਉਠ ਰਹੀ ਹੈ ਕਿ "ਉਸ ਵੇਲੇ ਮਰਦਾਨਗੀ ਤੇ ਬਹਾਦੁਰੀ ਵਿਚ ਉਨ੍ਹਾਂ ਜਿਹਾ ਹੋਰ ਕੋਈ ਨਹੀਂ ਸੀ‡", ਭਾਈ ਸਾਹਿਬ ਲਈ ਅਜੇ ਥੋੜਾ ਹੀ ਚਿਰ ਹੋਇਆ ਹੈ ਤਾਂ ਮਸ਼ਹੂਰ ਸ਼ਾਇਰ ਮੌਲਾ ਬਖਸ਼ ਕੁਸ਼ਤਾ ਨੇ ਕਿਹਾ ਕਿ:-

> "ਪੰਜਾਬੀ ਦੀ ਮੌਜੂਦਾ ਲਹਿਰ ਜਿਸ ਵਿਚ ਕਿੱਸੇ, ਕਹਾਣੀਆਂ ਤੇ ਬੈਂਤ ਬਾਜ਼ੀ ਦੇ ਜ਼ਮਾਨੇ ਨੂੰ ਬਹੁਤ ਪਿਛੇ ਛੱਡਕੇ ਧਾਰਮਕ ਜਾਂ ਜਜ਼ਬਾਤੀ ਸ਼ਾਇਰੀ ਬਣਦੀ ਆਈ

---

*Meer Munoo, tho Governor of Lahore.....made a vigorous attack on them (Sikhs). It is supposed that their force would then have been annihilated, had not this peopl found strenuous advocate in his minister Korahmal.

[*Forster, a journey from Bengal to England.*

†ਇਸ ਸਾਰੇ ਮਜ਼ਮੂਨ ਵਿਚ ਬਹੁਤ ਥਾਈਂ ਸੰਖੇਪ ਦੀ ਖਾਤ੍ਰ ਅਸਾਂ ਡਾਕਟਰ ਚਰਨ ਸਿੰਘ ਜੀ ਨੂੰ "ਡਾਕਟਰ ਸਾਹਿਬ" ਕਰਕੇ ਲਿਖਿਆ ਹੈ। ‡ਰਾਜਾ ਕੌੜਾ ਮਲ"""ਦਰ ਸ਼ੁਜਾਅਤੋ ਮਰਦਾਨਗੀ ਅਦੀਲੋ ਨਜ਼ੀਰ ਨ ਦਾਸ਼ਤ। [ਰਿਸਾਲਾ ਨਾਨਕ ਸ਼ਾਹ

Digitized by Panjab Digital Library | www.panjabdigilib.org

ਹੈ, ਅਸਲ ਵਿਚ ਸਿੰਘ ਸਭਾ ਲਹਿਰ ਦੇ ਅਨੁਜਾਈ ਭਾਈ ਵੀਰ ਸਿੰਘ ਸਾਹਿਬ ਦੀ ਛੋਹੀ ਹੋਈ ਹੈ, ਜਿਨ੍ਹਾਂ ਨੇ ਸੰਨ ੧੮੯੩ ਈਸਵੀ ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਬੱਧੀ। ਅੱਜ ਦੀ ਪੰਜਾਬੀ ਬੋਲੀ ਬੀ ਉਨ੍ਹਾਂ ਹੀ ਲੀਹਾਂ ਦੇ ਆਸਰੇ ਪੁਰਦੀ ਤੁਰਦੀ ਐਥੋਂ ਤੱਕ ਅੱਪੜ ਗਈ ਹੈ।.....ਭਾਈ ਸਾਹਿਬ ਨੇ ਇਖ਼ਲਾਕ ਅਰ ਫਲਸਫੇ ਦਾ ਵਾਧਾ ਕਰਕੇ ਪੰਜਾਬੀ ਦੀ ਨਜ਼ਮ ਅਰ ਨਸਰ ਵਿਚ ਉਹ ਖੂਬੀ ਪੈਦਾ ਕੀਤੀ ਕਿ ਅੱਜ ਅਸੀਂ ਫ਼ਖ਼ਰ ਨਾਲ ਉਨ੍ਹਾਂ ਦੀਆਂ ਕੋਮਲ ਭਾਵਾਂ ਨਾਲ ਭਰਪੂਰ ਰਚਨਾਵਾਂ ਨੂੰ ਦੂਸਰੇ ਸਾਹਿਤਕ ਸੰਸਾਰ ਅਗੇ ਰੱਖ ਸਕਦੇ ਹਾਂ। ਆਪ ਦੇ ਖਿਆਲਾਂ ਦੀਆਂ ਉੱਚ ਉਡਾਰੀਆਂ ਨੂੰ ਦੇਸ਼ ਦੇ ਬੜੇ ਬੜੇ ਵਿਦਵਾਨਾਂ ਨੇ ਮੰਨ ਲਿਆ ਹੈ।'' [ਪੰਜਾਬ ਦੇ ਹੀਰੇ

ਜਿਸ ਮੁੱਖ ਮਨੋਰਥ ਨੂੰ ਡਾਕਟਰ ਸਾਹਿਬ ਦੀ ਜੀਵਨ-ਯਾਤ੍ਰਾ ਨੇ ਆਪਣੇ ਤ੍ਰੀਕੇ ਸਿਰ ਕਿਸੇ ਸਫਲਤਾ ਦੀ ਹੱਦ ਤੱਕ ਪਹੁੰਚਾਇਆ ਹੈ ਉਹ ਕੋਈ ਅੱਡਰੀ ਸ਼ੈ ਨਹੀਂ ਸੀ; ਉਹ ਉਸੇ ਮਹਾਨ ਆਸ਼ੇ ਦੀ ਹੀ ਇਕ ਸ਼ਾਖ ਸੀ, ਜਿਸ ਨੂੰ ਦੀਵਾਨ ਕੌੜਾ ਮਲ ਨੇ ਆਪਣੇ ਸਾਹਮਣੇ ਆਦਰਸ਼ ਬਣਾਕੇ ਰੱਖਿਆ ਤੇ ਆਪਣੀ ਜ਼ਿੰਦਗੀ ਦੀ ਘਾੜਤ ਇਸਤਰ੍ਹਾਂ ਘੜੀ ਜਿਸ ਨਾਲ ਉਮਰਾ ਦਾ ਵੇਗ ਆਪਣੇ ਬੱਧੇ ਨਿਸ਼ਾਨੇ ਦੀ ਸੇਧ ਉੱਪਰ ਟੁਰਦਾ ਆਪਣੇ ਉੱਦੇਸ਼ ਉੱਪਰ ਸ਼ਹੀਦ ਹੋਗਿਆ। ਅਸਾਂ ਏਸ ਕਰਕੇ ਇਹ ਪ੍ਰਸਤਾਵਨਾ ਦੀਵਾਨ ਸਾਹਿਬ ਦੇ ਵਕਤ ਤੋਂ ਆਰੰਭ ਕਰਕੇ ਉਸ ਸਮੇਂ ਦੇ ਹਾਲ ਤਕ ਲੈ ਆਂਦੀ ਹੈ, ਜਿਸ ਸਮੇਂ ਨੂੰ ਭਾਈ ਸਾਹਿਬ ਵੀਰ ਸਿੰਘ ਨੇ ਆਪਣੇ ਉੱਚ ਖਿਆਲਾਂ ਦੀ ਰੰਗਣ ਵਿਚ ਇਤਨਾ ਰੰਗਿਆ ਹੈ ਕਿ ਪਾਰਖੂ ਲਿਖਾਰੀ ਉਨ੍ਹਾਂ ਦੇ ਇਨ੍ਹਾਂ ਵਕਤਾਂ ਉਪਰ ਪਏ ਪ੍ਰਭਾਵ ਨੂੰ ਪੂਰੀ ਤਰ੍ਹਾਂ ਲਖ ਰਹੇ ਹਨ* ।

ਕੌਮ ਦਾ ਇਤਿਹਾਸ ਇਕ ਵਡੇ ਦਰਯਾ ਦੇ ਪ੍ਰਵਾਹ ਵਾਕਨ ਹੁੰਦਾ ਹੈ, ਜੋ ਪਹਾੜਾਂ ਵਿਚ ਨਿੱਕੀਆਂ ਸੋਤਾਂ ਤੋਂ ਸ਼ੁਰੂ ਹੋਕੇ ਜਿਉਂ ਜਿਉਂ ਅੱਗੇ ਵਧਦਾ ਹੈ ਤਿਉਂ ਤਿਉਂ ਜ਼ਿਆਦਾ ਗੰਭੀਰ ਤੇ ਵਿਸ਼ਾਲ ਹੁੰਦਾ ਚਲਾ ਜਾਂਦਾ ਹੈ। ਏਸ ਭੂਮਿਕਾ ਵਿਚ ਵੀ ਇਹ ਕੋਸ਼ਸ਼ ਕੀਤੀ ਹੈ ਕਿ ਵਜ਼ਕਤੀਆਂ ਦੀ ਜੀਵਨ ਕਥਾ ਦੇ ਵਖ ਵਖ ਨਦੀ ਨਾਲਿਆਂ ਦੇ ਬਾਕ ਇਸ ਤਰ੍ਹਾਂ ਖੋਜ ਜਾਣ ਕਿ ਉਹ ਨਾਲ ਨਾਲ ਕੌਮੀ ਇਤਿਹਾਸ ਦੀ ਵਿਕਾਸ਼ ਧਾਰਾ ਦਾ ਪਤਾ ਦੇਂਦੇ ਜਾਣ, ਜਿਸਦੇ ਕਿ ਉਹ ਅੰਗ ਹਨ।

ਦੀਵਾਨ ਸਾਹਿਬ

ਮਹਾਰਾਜਾ ਕੌੜਾ ਮੱਲ

ਦੀਵਾਨ ਸਾਹਿਬ ਦਾ ਜ਼ਮਾਨਾ ਈਸਾ ਦੀ ਅਠਾਰ੍ਹਵੀਂ ਸਦੀ ਦੇ ਸ਼ੁਰੂ ਦਾ ਹੈ। ਉਨ੍ਹਾਂ ਦੇ ਜਨਮ ਦੀ ਤਾਰੀਖ ਕਿਸੇ ਇਤਿਹਾਸ ਦੇ ਪੱਤ੍ਰੇ ਉੱਪਰ ਅੰਕਿਤ ਨਹੀਂ। ਦੇਹਾਂਤ ਦਾ ਦਿਨ ੬ ਮਾਰਚ ੧੭੫੨ ਈ: ਨਿਸ਼ਚਿਤ ਹੈ। ਉਨ੍ਹਾਂ ਦੀ ਜੀਵਨ ਕਾਰਗੁਜ਼ਾਰੀ ਵਿਚਾਰਨ ਨਾਲ ਤੇ ਏਸ ਗੱਲ ਨੂੰ ਧਿਆਨ ਵਿਚ ਲੈਣ ਨਾਲ ਕਿ ਆਪ ਅਜੇ ਪੂਰੀ ਜੁਵਾਨੀ ਦੀ ਅਵਸਥਾ ਵਿਚ ਸਨ ਜਦ ਕਿ ਲਾਹੌਰ ਦੇ ਦੀਵਾਨ ਨੀਯਤ

---

*Mystic Poet—From Amritsar, sacred to Sikhism, comes the noble influence of Bhai Vir Singh, a mystic poet in the highest sense. He is a saint who has not refused to concern himself with the moral and social life of his people. In 1938 he has meant increasingly more to his community, and to inter-communal India; his teachings carry the universal validity of a beautiful and ennobling life.

[*Dr. A. Chakravarti M. A., D. phil (Oxen).*
The Tribune--January 1, 1939.

Digitized by Panjab Digital Library | www.panjabdigilib.org

ਕੀਤੇ ਗਏ, ਜੋ ਵਾਕਿਆ ਕਿ ਸੰ: ੧੭੪੭ ਈ: ਦਾ ਹੈ, ਇਹ ਗੱਲ ਮਿਥੀ ਜਾ ਸਕਦੀ ਹੈ ਕਿ ਆਪ ਦਾ ਜਨਮ ਲਗ ਪਗ ਸੰ: ੧੭੧੦ਈ: ਦਾ ਹੈ। ਆਪ ਦੇ ਪਿਤਾ ਦਾ ਨਾਮ ਸ਼੍ਰੀ ਵੱਲੂ ਮਲ ਸੀ, ਜੋ ਕਿ ਮੁਲਤਾਨ ਸੂਬੇ ਦੇ ਦੀਵਾਨ ਸਨ। ਸ਼੍ਰੀ ਵੱਲੂ ਮਲ ਦੇ ਪਿਤਾ* ਵੀ ਏਸੇ ਹੁੱਦੇ ਉਪਰ ਕੰਮ ਕਰ ਚੁਕੇ ਸਨ†।

ਦੀਵਾਨ ਸਾਹਿਬ ਨੇ ਇਕ ਸਿਪਾਹੀ ਦੀ ਹੈਸੀਅਤ ਤੋਂ ਤੱਕੀ ਕਰਕੇ ਲਾਹੌਰ ਸੂਬੇ ਦੇ ਦੀਵਾਨ (Prime Minstr) ਦਾ ਰੁਤਬਾ ਪ੍ਰਾਪਤ ਕੀਤਾ। ਫੇਰ ਮੁਲਤਾਨ ਦੇ ਸੂਬੇ ਦੇ ਹਾਕਮ ਨੀਯਤ ਹੋਏ ਤੇ 'ਮਹਾਰਾਜਾ' ਦੀ ਪਦਵੀ ਨਾਲ ਸਨਮਾਨੇ ਗਏ। ਭਾਵੇਂ ਆਪ ਦਾ ਦਰਜਾ ਤੇ ਖਿਤਾਬ 'ਮਹਾਰਾਜੇ'ਦਾ ਹੈ,ਪਰ ਲਫਜ਼'ਦੀਵਾਨ ਸਾਹਿਬ' ਉਨ੍ਹਾਂ ਦੀ ਵੰਸ਼-ਪਰੰਪਰਾ ਦੇ ਉਚਾਰਨ ਵਿਚ ਉਨ੍ਹਾਂ ਦੇ ਨਾਮ ਦਾ ਇਕ ਜੀਵਨ ਅੰਗ ਬਣ ਜਾਣ ਕਾਰਨ ਅਸਾਂ ਏਸ ਮਜ਼ਮੂਨ ਵਿਚ ਸ਼ੁਰੂ ਤੋਂ ਅਖੀਰ ਤਕ ਉਨ੍ਹਾਂ ਨੂੰ 'ਦੀਵਾਨ ਸਾਹਿਬ' ਦੇ ਸੰਕੇਤ ਨਾਲ ਯਾਦ ਕੀਤਾ ਹੈ।

ਬਾਬੇ ਬੰਦੇ ਬਹਾਦਰ ਤੋਂ ਪਿੱਛੋਂ

ਬਾਬੇ ਬੰਦੇ ਦੀ ਸ਼ਹੀਦੀ ਸੰਨ ੧੭੧੬ ਈ: ਵਿਚ ਹੋਈ। ਇਹ ਦੀਵਾਨ ਸਾਹਿਬ ਦੀ ਮਿਥੀ ਜਨਮ ਤਾਰੀਖ ਤੋਂ ਛੀ ਸਾਲ ਪਿਛੋਂ ਦੀ ਹੈ। ਓਦੋਂ ਪੰਜਾਬ ਦਾ ਹਾਕਮ ਅਬਦੁਲ ਸਮੱਦ ਖਾਂ ਸੀ। ਸੰਨ ੧੭੧੬ ਤੋਂ ਲੈਕੇ੧੭੧੯ਤਕ, ਚਾਰ ਸਾਲ ਵਿਚ ਸਿਖਾਂ ਦੀ ਹਾਲਤ ਇਤਨੀ ਖਰਾਬ ਹੋ ਗਈਸੀ ਕਿ ਦਿੱਲੀ ਦਾ ਬਾਦਸ਼ਾਹ ਫੱਰੁਖਸੀਅਰ ਇਹ ਦਾਵਾ ਕਰਨ ਲਗ ਪਿਆ ਸੀ ਕਿ ਉਸ ਨੇ ਸਿੱਖੀ ਦਾ ਖੁਰਾਖੋਜ ਮਿਟਾ ਲੀਤਾ ਹੈ। ਇਸ ਦੁਰਦਸ਼ਾ ਦਾ ਕਾਰਣ ਜਿਤਨਾ ਕੁ ਬਾਹਰ ਦੇ ਜ਼ੁਲਮਸਨ,ਉਤਨਾ ਕੁ ਹੀ ਅੰਦਰ ਦੀ ਫੁੱਟ ਸੀ।ਬੰਦਈਆਂ ਦਾ ਧੜਾ ਆਪਣੇ ਸਿਥਲ ਵਜੂਦ ਦੇ ਵੱਖਰੇ ਹੱਥ ਪੈਰ ਮਾਰ ਰਿਹਾ ਸੀ‡।

ਐਸ ਵੇਲੇ ਸਭ ਤੋਂ'ਵੱਧ ਦੁਖਿਤ ਹਿਰਦਾ ਕੋਈ ਸੀ ਤਾਂ ਦਿੱਲੀ ਵਿਚ ਬੈਠੀ ਸ੍ਰੀ ਮਾਤਾ ਸੁੰਦਰੀ ਜੀ ਦਾ ਸੀ।ਉਹ ਸ਼ੋਕ ਪੂਰਤ ਦਿਲ ਨਾਲ ਸੋਚ ਰਹੀ ਸੀ ਕਿ ਕੀ ਕੋਈ ਉਪਾਉ ਹੋਸਕਦਾਹੈ ਜਿਸਨਾਲ ਸਿਖੀ ਬਚ ਸਕੇ। ਸੰਨ ੧੭੧੯ ਵਿਚ ਬਾਦਸ਼ਾਹ ਫੱਰੁਖਸੀਅਰ ਕਤਲ ਹੋ ਗਿਆ। ਖਿਆਲ ਸੀ ਕਿ ਸ਼ਾਇਦ ਏਸ ਨਾਲ ਸਿਖਾਂ ਉਤੇ ਜ਼ੁਲਮ ਦੀ ਅਨੀਤੀ ਵਿਚ ਕੁਛ ਫਰਕ ਪਵੇ, ਪਰ ਪੰਜਾਬ ਦਾ ਹਾਕਮ ਆਪਣੀ ਕਾਰਰਵਾਈ ਵਿਚ ਤਤਪਰ ਰਿਹਾ। ਮਾਤਾ ਸੁੰਦਰੀ ਜੀ ਨੇ ੧੭੨੧ ਵਿਚ ਆਖ਼ਰ ਕੁਝ ਸੋਚ ਵਿਚਾਰ ਕੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਗ੍ਰੰਥੀ ਥਾਪਕੇ ਅੰਮ੍ਰਿਤਸਰ ਘੱਲਿਆ। ਭਾਈ ਮਨੀ ਸਿੰਘ ਇਕ ਕੋਮਲ ਹਿਰਦੇ ਵਾਲਾ, ਵਿਦਵਾਨ, ਪੂਰਾ ਗੁਣੀ, ਸਿਖਾਂ ਵਿਚ ਪ੍ਰਤਿਸ਼ਟਤ ਅਤੇ ਅਨਯ-ਮਤੀਆਂ ਵਿਚ ਸਨਮਾਨਿਤ ਮਹਾਂ ਪੁਰਖ ਸੀ।

ਦਰਬਾਰ ਸਾਹਿਬ ਐਸ ਵੇਲੇ ਬੰਦਈ ਖਾਲਸੇ ਦੇ ਪਾਸ ਸੀ। ਚੜ੍ਹਤ ਪੂਜਾ ਜੋ ਕੁਝ ਵੀ ਮਾੜੀ ਮੋਟੀ ਆਉਂਦੀ ਉਹ ਸਭ ਉਨ੍ਹਾਂ ਦੇ ਹੱਥ ਜਾਂਦੀ। ਹਰਿਮੰਦਰ ਦੀ ਰਹਿਤ ਮਿਰਯਾਦਾ ਵਿਚ ਵੀ ਫਰਕ ਪੈ ਗਿਆ ਸੀ। ਫਤਹ ਦਾ ਜੈਕਾਰਾ ਬਦਲਕੇ 'ਦਰਸ਼ਨ ਜੀ ਕਾ ਖਾਲਸਾ ਦਰਸ਼ਨ ਜੀ ਕੀ ਫਤਹ' ਹੋਗਿਆ ਸੀ। ਕੇਸ ਤੇ ਕਛਹਿਰੇ ਦੇ ਨਾਲ ਜਨੇਊ ਤੇ ਅੰਮ੍ਰਿਤ ਦੀ ਬਜਾਏ ਚਰਨਾਮ੍ਰਿਤ ਦੀ ਵਿਧਿ ਸ਼ੁਰੂ ਸੀ। ਬੰਦਈਆਂ ਦਾ ਅਤੇ ਤੱਤ ਖਾਲਸੇ ਦਾ ਆਪਸ ਵਿਚ ਦਾ ਝਗੜਾ ਬਹੁਤ ਹੀ ਕਰਕਰਾ ਹੋ ਗਿਆ ਸੀ§।

---

*ਆਪ ਦਾ ਨਾਮ ਸ਼੍ਰੀ ਦੀਵਾਨ ਚੰਦ ਸੀ।

†History of the Sikhs H. R. Gupta. page 33. ਅਤੇ ਹਾਲਾਂਤਿ ਮੁਲਤਾਨ-ਸ਼ਾਹ ਯੂਸਫ।

‡ਗੁਰ ਗਿਆਰਮਾਂ ਅਰਦਾਸੇ ਮੋਂ ਸਿਖ ਓਸਦੇ ਕੇ ਹੈਂ।
ਪੰਚਮ ਦਰਸ਼ਨ ਭਤੇ ਬੁਲੈ ਹੈਂ ਖਸ਼ਟਮ ਸੂਹਾ ਪੈਨੈ। ਸਪਤਮ ਮਾਸ ਸ਼ਰਾਬ ਤਿਆਗਜੇ ਨੀਲਾ ਵ੍ਹੈ ਨ ਐਨੈ।
ਇਤਯਾਦਿਕ ਵਹਿ ਰੀਤੀ ਵਰਤੈਂ ਸਿੰਘ ਪੰਥ ਤੇ ਠਜਾਕੀ। ਨਾਲੇ ਜਥੇਦਾਰ ਸਿੰਘਨ ਕੇ ਏਤ ਰਹਿਤ ਥਾ ਗਾਕੀ।
[ਰਤਨ ਸਿੰਘ ਪੰਥ ਪ੍ਰਕਾਸ਼, ਸਫਾ ੪੨੨

§ਸੱਤ੍ਰਾਂ ਸੈ ਤਿਹਤਰੈ ਮਾਹੈ ਪੰਥ ਭਯੋ ਦੁਇ ਠੜੇ॥
ਸਿੰਘ ਬੰਦਈਅਨ ਨਾਮ ਆਪਨਾ ਸਾਰ ਖਾਲਸਾ ਰਾਖਜੋ॥ ਇਤ ਗੁਰ ਸਿੰਘਨ ਤੱਤ੍ਰ ਖਾਲਸਾ ਠਾਮ ਬਿਦਤ ਕਿਯ ਲਾਖਜੋ॥
[ਰਤਨ ਸਿੰਘ ਪੰਥ ਪ੍ਰਕਾਸ਼, ਪੰਨਾ ੪੨੨-੨੩

Digitized by Panjab Digital Library | www.panjabdigilib.org

ਇਹ ਫਸਾਦ ਬਹੁਤ੍ਵਧ ਜਾਣਾ ਸੀ, ਪਰ ਭਾਈ ਮਨੀਸਿੰਘਨੇ ਆਪਣੀ ਨਿਰਮਾਣਤਾ, ਬੁਧਿਮਤਾ ਤੇ ਸਹਿਨਸ਼ੀਲਤਾ ਨਾਲ ਸਾਰੇ ਮਾਮਲੇ ਨੂੰ ਬੜੀ ਖੂਬੀ ਨਾਲ ਨਜਿੱਠਿਆ। ਬਹੁਤ ਥੋੜੇ ਜਿਹੇ ਲੜਾਈ ਝਗੜੇ ਦੇ ਬਾਦ ਸ੍ਰੀ ਦਰਬਾਰ ਸਾਹਿਬ ਮੁੜ ਤੱਤ ਖਾਲਸੇ ਦੇ ਹੱਥ ਆ ਗਿਆ। ਏਸ ਕੇਂਦ੍ਰੀ ਅਸਥਾਨ ਵਿਚ ਭਾਈ ਮਨੀ ਸਿੰਘ, ਅਮਰ ਸਿੰਘ ਬੰਦਈ ਦੀ ਗੱਦੀ ਉਪਰ ਹੋ ਗਿਆ* ।

ਇਸ ਗਲ ਨੂੰ ਸਿਰੇ ਚੜ੍ਹਾਉਣ ਵਿਚ ਚਾਰ ਸਾਲ ਖਰਚ ਹੋ ਗਏ। ਇਹ ਵਾਕਯ ਸੰਨ ੧੭੨੫ ਈ: (੧੭੮੨ ਬਿ:) ਦਾ ਹੈ।

ਭਾਈ ਮਨੀ ਸਿੰਘ ਦੇ ਗਯਾਨ ਉਪਦੇਸ਼ਾਂ ਨੇ ਸਿੱਖੀ ਨੂੰ ਮੁੜ ਅੰਮ੍ਰਿਤ ਦਾ ਛੱਟਾ ਦਿੱਤਾ, ਨਤੀਜਾ ਇਹ ਹੋਇਆ ਕਿ ਜੰਗਲਾਂ ਵਿਚ ਲੁਕੇ ਹੋਏ ਸਿੱਖ ਫੇਰ ਪੰਜਾਬ ਦੇ ਮੈਦਾਨਾਂ ਵਿਚ ਆ ਨਿਕਲੇ ਤੇ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਗ਼ਦਾਰੀਆਂ ਕੀਤੀਆਂ ਸਨ, ਸਜ਼ਾਵਾਂ ਦੇਣ ਲੱਗ ਪਏ। ਦਰਬਾਰ ਸਾਹਿਬ ਦੀ ਹਿਫਾਜ਼ਤ ਦੇ ਖਿਆਲ ਨੇ ਦੇਸ਼ ਭਗਤੀ ਵਾਲੇ ਵਲਵਲੇ ਦੀ ਰੌ ਇਕ ਵੇਰ ਮੁੜ ਸਿੱਖਾਂ ਦੇ ਅੰਦਰ ਫੇਰ ਦਿੱਤੀ। ਸਿੱਖੀ ਨੂੰ ਜੇਕਰ ਕਿਸੇ ਚੀਜ਼ ਨੇ ਜਿਉਂਦਾ ਰੱਖਿਆ ਹੈ ਤਾਂ ਉਸ ਵਲਵਲੇ ਨੇ ਜੋ ਸ੍ਰੀ ਦਰਬਾਰ ਸਾਹਿਬ ਲਈ ਹਰ ਸਿਖ ਦੇ ਹਿਰਦੇ ਵਿਚ ਉਮਡਦਾ ਰਹਿੰਦਾ ਹੈ। ਮਰ ਮੁੱਕੀ ਕੌਮ ਦੇ ਦਿਲ ਵਿਚ ਵੀ ਦਰਬਾਰ ਸਾਹਿਬਦੇ ਜੀਉਂਦੇ ਪਯਾਰ ਦੀ ਉਗਾਹੀ ਵਿਦੇਸ਼ੀ ਇਤਿਹਾਸਕਾਰਾਂ ਨੇ ਜ਼ੋਰਦਾਰ ਲਫਜ਼ਾਂ ਵਿਚ ਭਰੀ ਹੈ।

ਸ੍ਰੀ ਮਾਤਾ ਸੁੰਦਰੀ ਜੀ ਏਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ, ਉਨ੍ਹਾਂ ਇਸ ਕਰਕੇ ਦਰਬਾਰ ਸਾਹਿਬ ਦੇ ਕਬਜ਼ੇ ਲਈ ਭਾਈ ਮਨੀ ਸਿੰਘ ਜੀ ਨੂੰ ਘੱਲਿਆ ਸੀ, ਠੀਕ ਕਿਹਾ ਹੈ:—

ਜੈਸੀ ਭੂਮਿ ਕੁਲਛੇਤਰੀ ਤੈਸੀ ਢਿਗ ਗੁਰਦ੍ਵਾਰ।
ਮਰੇ ਸੁ ਢਿਗ ਗੁਰਦ੍ਵਾਰ ਕੇ ਸਿਖ ਹੋ ਸੁ ਜਨਮ ਹਜ਼ਾਰ। [ਰਤਨ ਸਿੰਘ ਭੰਗੂ ਸ: ੩੧੧

ਸਿੰਘਾਂ ਦੇ ਏਸ ਤਨ੍ਹਾਂ ਦੁਬਾਰਾ ਉਠ ਪੈਣ ਨਾਲ ਦਿਲੀ ਦੇ ਬਾਦਸ਼ਾਹ ਨੂੰ ਸਖ਼ਤ ਰੰਜ ਹੋਇਆ। ਸੰਨ ੧੭੨੬ ਈ: ਵਿਚ ਅਬਦੁਲ ਸਮੱਦ ਖਾਂ ਨੂੰ ਪੰਜਾਬ ਦੀ ਹਕੂਮਤ ਤੋਂ ਬਦਲਕੇ ਮੁਲਤਾਨ ਘੱਲ ਦਿਤਾ ਗਿਆ ਤੇ ਉਸਦੀ ਥਾਵੇਂ ਉਸਦਾ ਪੁੱਤ੍ਰ ਜ਼ਕਰੀਆ ਖਾਂ ਲਾਹੌਰ ਦਾ ਹਾਕਮ ਮੁਕਰਰ ਹੋਗਿਆ। ਜ਼ੁਲਮ ਤੇ ਸਿਤਮ ਦੀ ਰੌ ਏਸ ਨੌਜੁਵਾਨ ਹਾਕਮ ਦੀ ਵਾਗਡੋਰ ਹੇਠ ਬੜੀ ਪ੍ਰਬਲ ਹੋ ਕੇ ਉਠੀ‡, ਜੋ ਪਹਿਲੇ ਸੱਤ ਸਾਲ(੧੭੩੩ ਤਕ)ਤਾਂ ਪੂਰੇ ਜੋਬਨ ਦੇ ਠਾਠ ਵਿਚ ਚਲੀ, ਫੇਰ ਜ਼ਰਾਕੁ ਮੱਧਮ ਪਈ, ਫੇਰ(੧੭੩੫ ਤੋਂ)ਤੇਜ਼ ਹੋ ਗਈ ਤੇ ਭਾਈ ਮਨੀ ਸਿੰਘ ਦੀ ਸ਼ਹੀਦੀ (੧੭੩੭ ਈ:)ਤਕ ਅੱਪੜ ਪਈ।

ਦੀਵਾਨ ਸਾਹਿਬ ਜੀ ਦੇ ਸ਼ੁਰੂ ਜ਼ਿੰਦਗੀ ਦੇ ਹਾਲਾਤ ਕਿਸੇ ਵਿਸਥਾਰ ਵਿਚ ਸਾਡੇ ਪਾਸ ਮੌਜੂਦ ਨਹੀਂ, ਪਰ ਇਹ ਥਹੁ ਲਗਦਾ ਹੈ ਕਿ ਆਪ ਨੇ ਸ਼ੁਰੂ ਦੀ ਤਾਲੀਮ ਜਿਸ ਵਿਚ ਫਾਰਸੀ ਵੀ ਸ਼ਾਮਲ ਸੀ, ਪੂਰੀ ਕਰਕੇ ਫੌਜੀ ਨੌਕਰੀ ਪ੍ਰਵਾਨ ਕਰ ਲੀਤੀ। ਫੌਜੀ ਹੁਨਰ ਵਿਚ ਆਪ ਨੇ ਬਹੁਤ ਤੱਕੀ ਕੀਤੀ। ਸੰਨ ੧੭੩੭ ਈ: ਵਿਚ ਆਪ ਲਾਹੌਰ ਦੀ ਕਲਮੀ ਫੌਜ ਵਿਚ ਇਕ ਚੰਗੇ ਅਹੁਦੇਦਾਰ ਸਨ।

---

*ਬਿਨ ਆਲਸੈਂ ਤਤ੍ਹ ਖਾਲਸੇ ਮੇਂ ਮਿਲੇ ਅੰਸ ਅਪਾਰ। ਅਮਰ ਹਰਿ ਕੀ ਗਦੀ ਪਰ ਦਿਯ ਮਨੀ ਸਿੰਘ ਬਿਠਾਰ।
[ਗਜਾਨ ਸਿੰਘ ਪੰਥ ਪ੍ਰਕਾਸ਼, ਸਫਾ ੪੬੩

†Even at the low ebb to which the Sicques had been reduced by the destruction of their force, the death of their leader, and the proscription of their sect. they had continued to resort secretly to Amritsar.
[*Forster*

‡ਜ਼ਕਰੀਆ ਖਾਂ ਨੂੰ ਜ਼ੁਲਮ ਦੀ ਹਕੂਮਤ ਕਾਰਣ ਜੋ ਬਾਹਰਾ ਕਾਮਯਾਬੀ ਹਾਸਲ ਹੋਈ, ਉਸ ਤੋਂ ਉਹ ਖਾਨ ਬਹਾਦਰ ਬਣਾ ਦਿਤਾ ਗਿਆ। ਇਹ ਖਿਤਾਬ ਦਿੱਲੀ ਦੇ ਬਾਦਸ਼ਾਹ ਵਲੋਂ ਮਿਲਿਆ:—

ਇਹ ਖਬਰ ਸੁਨ ਬਾਦਸ਼ਾਹ ਠੇ ਦੇਇ ਖੁਸ਼ੀ ਤਬ ਠਾਦਰ।
ਖਿਲਤ ਖਤਾਬ ਜ਼ਿਕਰੀਏ ਖਾਂ ਕੋ ਦੀਨੇ ਖਾਨ ਬਹਾਦਰ। [ਗਜਾਨ ਸਿੰਘ ਸਫਾ ੪੭੦

Digitized by Panjab Digital Library | www.panjabdigilib.org

ਪਨਾਹ ਭੱਟੀ ਤੇ ਚੜ੍ਹਾਈ

ਝੱਕਰੀਆ ਖਾਂ ਦੇ ਵੇਲੇ ਪਨਾਹ ਨਾਮ ਦਾ ਇਕ ਭੱਟੀ ਪ੍ਰਸਿੱਧ ਡਾਕੂ ਸੀ । ਲਾਹੌਰ ਤੋਂ ਪਾਰ ਗੁਜਰਾਂਵਾਲਾ, ਗੁਜਰਾਤ ਤੇ ਜਿਹਲਮ ਦੇ ਇਲਾਕੇ ਵਿਚ ਇਸ ਦੀ ਬੜੀ ਧੁੰਮ ਪਈ ਹੋਈ ਸੀ। ਲੋਕੀ ਏਸ ਦੇ ਨਾਮ ਤੋਂ ਭੈ ਖਾਂਦੇ ਸਨ । ਇਸ ਨੇ ਇਕ ਤਕੜਾ ਜੱਥਾ ਬਣਾਇਆ, ਜੋ ਉਸ ਸਮੇਂ ਦੇ ਹਥਿਆਰਾਂ ਨਾਲ ਸਨੱਧਬੱਧ ਹੋਕੇ ਦੂਰ ਦੂਰ ਤਕ ਮਾਰ ਕਰਦਾ ਫਿਰਦਾ ਸੀ । ਸਾਧਾਰਨ ਲੋਕਾਂ ਦੀ ਤਾਂ ਗਲ ਹੀ ਕੀ, ਛੋਟੇ ਮੋਟੇ ਹਾਕਮ ਤਕ ਉਸਨੂੰ ਹਥ ਪਾਉਣੋਂ ਡਰਦੇ ਸਨ। ਇਸ ਦਾ ਜ਼ੋਰ ਇੰਨਾ ਵਧ ਗਿਆ ਕਿ ਇਹ ਦਿਨ ਦਿਹਾੜੇ ਲੁੱਟ ਮਾਰ ਕਰਨ ਲਗ ਪਿਆ। ਝਕਰੀਆ ਖਾਂ ਪੰਜਾਬ ਦੇ ਹਾਕਮ ਤਕ ਸ਼ਕਾਇਤ ਪੁੱਜੀ। ਮੁਖਬਰਾਂ ਨੇ ਨਾਲ ਇਹ ਵੀ ਕਿਹਾ ਕਿ ਉਹ ਸਾਧਾਰਨ ਆਦਮੀ ਦੇ ਕਾਬੂ ਨਹੀਂ ਆਵੇਗਾ । ਜੇ ਕੋਈ ਅਫਸਰ ਗਿਆ ਤੇ ਉਹ ਡਰਕੇ ਜਾਂ ਹਾਰਕੇ ਮੁੜਿਆ, ਤਦ ਆਪਦੀ ਕਿਰਕਿਰੀ ਹੋਵੇਗੀ, ਰੋਅਬ ਦਾਬ ਉੱਡ ਜਾਏਗਾ ਤੇ ਉਸਦੀ ਚੜ੍ਹ ਮਚੇਗੀ। ਇਹ ਗਲ ਸੁਣਕੇ ਝਕਰੀਆ ਖਾਂ ਨੇ ਦੀਵਾਨ ਸਾਹਿਬ ਨੂੰ ਚੜ੍ਹਾਈ ਕਰਨ ਲਈ ਕਿਹਾ । ਦੀਵਾਨ ਸਾਹਿਬ ਤੇ ਪਨਾਹ ਦਾ ਗੁਜਰਾਤ ਦੇ ਪਾਸ ਟਾਕਰਾ ਹੋ ਗਿਆ। ਦੀਵਾਨ ਸਾਹਿਬ ਨੇ ਏਸ ਫੁਰਤੀ ਨਾਲ ਕੰਮ ਕੀਤਾ ਕਿ ਪਹਿਲੇ ਹੱਲੇ ਵਿਚ ਪਨਾਹ ਅਤੇ ਉਸ ਦੇ ਸਾਥੀਆਂ ਦੇ ਪੈਰ ਉਖੜ ਗਏ। ਪਨਾਹ ਲੜਾਈ ਵਿਚ ਮਾਰਿਆ ਗਿਆ। ਉਸ ਦੇ ਕੁਛ ਸਾਥੀ ਨੱਸ ਗਏ ਤੇ ਕੁਛ ਫੜੇ ਗਏ।

ਜ਼ੁਲਮ ਦਾ ਸ਼ਿਖਰ

ਦੀਵਾਨ ਸਾਹਿਬ ਜਿਸ ਵੇਲੇ ਪਨਾਹ ਭੱਟੀ ਉਪਰ ਫਤਹ ਪਾਕੇ ਲਾਹੌਰ ਆਏ ਤਾਂ ਭਾਈ ਮਨੀ ਸਿੰਘ ਸ਼ਹੀਦ ਹੋ ਚੁੱਕਾ ਸੀ। ਸਿਖਾਂ ਦੀ ਹਾਲਤ ਐਸ ਵੇਲੇ ਸਖਤ ਖ਼ਰਾਬ ਹੋ ਗਈ ਸੀ। ਸਿਖ ਇਤਿਹਾਸ ਵਿਚ ਇਹ ਅਤਿ ਕਸ਼ਟ ਦਾ ਜ਼ਮਾਨਾ ਸੀ । ਉਹ ਜ਼ੁਲਮ ਜੋ ੧੭੧੬ ਈ: ਤੋਂ ਸ਼ੁਰੂ ਹੋਏ ਸਨ, ਐਸ ਵੇਲੇ ਅਪਣੇ ਸ਼ਿਖਰ ਉਪਰ ਪਹੁੰਚ ਗਏ ਸਨ। ਨਿਰਪੱਖ ਇਤਿਹਾਸਕਾਰ ਇਨ੍ਹਾਂ ਵਕਤਾਂ ਬਾਬਤ ਇਹ ਬਯਾਨ ਦੇਂਦੇ ਹਨ:-

> "ਸਰਕਾਰ ਸਿਖਾਂ ਨੂੰ ਚਾਰੋਂ ਪਾਸਿਓਂ ਦਬਾਉਣ ਉੱਪਰ ਤਤਪਰ ਹੋ ਗਈ। ਸਿਖਾਂ ਨੂੰ ਸਲਾਮਤੀ ਸਿਰਫ ਮਜਬੂਰਨ ਨੱਸ ਜਾਣ ਉੱਪਰ ਹੀ ਲੱਭਦੀ ਸੀ । ਸਰਕਾਰ ਨੇ ਢੰਡੋਰਾ ਫਿਰਵਾ ਦਿਤਾ ਕਿ ਜੋ ਸਿਖਾਂ ਦਾ ਬੀਜ ਨਾਸ਼ ਕਰਨ ਵਿਚ ਮਦਦ ਕਰੇਗਾ ਉਸ ਨੂੰ ਇਨਾਮ ਦਿੱਤਾ ਜਾਵੇਗਾ। ਏਸ ਕੰਮ ਲਈ ਇਨਾਮ ਦਰਜੇ ਬਦਰਜੇ ਮੁਕਰਰ ਹੋ ਗਏ, ਜਿਹੜਾ ਇਕ ਸਿਖ ਦੇ ਕੇਸ ਕਟ ਲਿਆਵੇਗਾ ਉਸ ਲਈ ਇਨਾਮ ਕੰਬਲ ਤੇ ਬਿਸਤ੍ਰਾ ਰਖਿਆ ਗਿਆ। ਜਿਹੜਾ ਸਿਖ ਦੀ ਸੂਹ ਦੱਸੇਗਾ ਉਸਨੂੰ ਦਸ ਰੁਪਏ ਮਿਲਣਗੇ। ਸਿਖ ਨੂੰ ਫੜਕੇ ਲਿਆਉਣ ਵਾਲੇ ਜਾਂ ਸਿੱਖ ਨੂੰ ਮਾਰ ਦੇਣ ਵਾਲੇ ਲਈ ੫੦) ਰੁਪਏ ਮੁਕਰਰ ਹੋ ਗਏ । ਸਿੱਖ ਦਾ ਘਰ ਲੁੱਟਣ ਵਾਲੇ ਨੂੰ ਕੋਈ ਕਾਨੂੰਨਨ ਮਨਾਹੀ ਨਹੀਂ ਹੋਵੇਗੀ। ਇਸ ਦੇ ਮੁਕਾਬਲੇ ਤੇ ਇਹ ਵੀ ਗਲ ਨਾਲ ਹੀ ਸ਼ੁਰੂ ਹੋ ਗਈ ਕਿ ਜਿਹੜਾ ਕਿਸੇ ਸਿਖ ਨੂੰ ਸਿਰ ਲੁਕਾਉਣ ਲਈ ਆਪਣੇ ਘਰ ਜਗ੍ਹਾ ਦੇਵੇਗਾ ਉਸ ਨੂੰ ਮੌਤ ਦੀ ਸਜ਼ਾ ਮਿਲਦੀ।.....ਸਿਖਾਂ ਨੂੰ ਅਨਾਜ ਦੇਣ ਵਾਲੇ ਜ਼ਬਰਦਸਤੀ ਮੁਸਲਮਾਨ ਬਣਾਏ ਜਾਣ ਲੱਗੇ ।.....ਦਿਨ ਬਦਿਨ ਸਿਖਾਂ ਦੇ ਕਸ਼ਟ ਵਧਣ ਲੱਗੇ। ਉਨ੍ਹਾਂ ਦੀ ਤਾਦਾਦ ਘਟਣ ਲੱਗੀ। ਬੰਦੇ ਮਰਨ ਲੱਗੇ ਕੁਛ ਭੁੱਖ ਤ੍ਰੇਹ ਨਾਲ,

Digitized by Panjab Digital Library | www.panjabdigilib.org

ਕੁਛ ਗਰਮੀ ਨਾਲ, ਕੁਛ ਨਿਰਦਈ ਗੋਲੀ ਦੇ ਜ਼ਖਮਾਂ ਨਾਲ । ਸਿਖ ਮਜਬੂਰ ਹੋਕੇ ਪੰਜਾਬ ਦੇ ਮੈਦਾਨਾਂ ਨੂੰ ਛਡ ਗਏ, ਕੁਛ ਜੰਮੂ ਤੇ ਕਾਂਗੜੇ ਦੀਆਂ ਪਹਾੜੀਆਂ ਵਲ ਚਲੇ ਗਏ, ਕੁਛ ਬੀਕਾਨੇਰ ਤੇ ਮਾਲਵੇ ਦੇ ਰੇਗਸਤਾਨਾਂ ਵਲ ਤੇ ਕੁਛ ਲੱਖੀ ਜੰਗਲ ਵਲ । .....ਜਿਹੜੇ ਕਿਸੇ ਕਾਰਣ ਨਾ ਨੱਸ ਸਕੇ ਉਹ ਸਰਕਾਰੀ ਅਫਸਰਾਂ ਦੇ ਗੁੱਸੇ ਦਾ ਜਾਂ ਅਪਣੇ ਗੁਆਂਢੀਆਂ ਦੇ ਲਾਲਚ ਦਾ ਸ਼ਿਕਾਰ ਬਣੇ* ।

ਤਾਰੂ ਸਿੰਘ ਸ਼ਹੀਦ

ਦੀਵਾਨ ਸਾਹਿਬ ਅਜੇ ਚੜ੍ਹਦੀ ਜੁਵਾਨੀ ਦੀ ਉਮਰਾ ਵਿਚ ਹੀ ਸਨ । ਆਪ ਦੇ ਖਿਆਲਾਂ ਵਿਚ ਅਜੇ ਮਜ਼ਬੀ ਲਗਾਵ ਦਾ ਝੁਕਾਉ ਪ੍ਰਤੀਤ ਨਹੀਂ ਸੀ ਹੁੰਦਾ, ਪਰ ਆਪ ਸਿਖਾਂ ਦੇ ਕਾਰਨਾਮੇ ਸੁਣ ਸੁਣ ਕੇ ਹੀ ਵੱਡੇ ਹੋਏ ਸਨ । ਦੀਵਾਨ ਸਾਹਿਬ ਵਿਚ ਅਪਣਾ ਬਾਹੁ ਬਲ ਤੇ ਦਿਲ ਵਿਚ ਜੰਗੀ ਸਾਹਸ ਹੁੰਦਿਆਂ ਹੋਇਆਂ ਵੀ ਸਿਖਾਂ ਦੇ ਕਰਤੱਵ ਇਕ ਵਚਿਤ੍ਰ ਅਸਰ ਰਖਦੇ ਸਨ, ਪਰ ਹੁਣ ਜਦ ਉਨ੍ਹਾਂ ਤਾਰੂ ਸਿੰਘ ਦੀ ਸ਼ਹੀਦੀ ਦਾ ਕੌਤਕ ਅਖੀਂ ਡਿੱਠਾ ਤਾਂ ਦਿਲ ਨੇ ਅਪਣੇ ਸ਼ਰਧਾ ਦੇ ਲਗਾਉ ਦੀ ਵਾਗ ਨੂੰ ਇਕ ਖਾਸ ਰੁਖ ਦੇ ਦਿਤਾ ।

ਭਾਈ ਤਾਰੂ ਸਿੰਘ ਨੂੰ ਪਕੜ ਕੇ ਲਾਹੌਰ ਆਂਦਾ ਗਿਆ । ਇਹ ਪੰਝੀ ਸਾਲ ਦੀ ਉਮਰ ਦਾ ਜ਼ਾਨ ਲੜਕਾ ਸੀ।ਮੌਤ ਜਾਂ ਇਸਲਾਮ ਦੀ ਚੋਣ ਦਿਤੀ ਗਈ।ਤਾਰੂ ਸਿੰਘ ਨੇ ਮੌਤ ਕਬੂਲੀ । ਖੈਰ, ਕਿਸੇ ਸੂਰਮੇ ਲਈ ਮਰਣ ਕਬੂਲਣਾ ਕੋਈ ਅਨੋਖੀ ਗਲ ਨਹੀਂ, ਪਰ ਤਾਰੂ ਸਿੰਘ ਦੀ ਮੌਤ ਅਤਿ ਕਸ਼ਟਾਂ ਵਾਲੀ ਮੌਤ ਸੀ । ਚਰਖੀ ਤੇ ਚਾੜ੍ਹਕੇ ਤਸੀਹੇ ਦਿਤੇ ਗਏ, ਪਰ ਤਾਰੂ ਸਿੰਘ ਦਾ ਹਠ ਕਮਾਲ ਦਾ ਸੀ । ਇਸਦਾ ਦਿਲ ਕਿਸੇ ਐਸੀ ਸਾਧੀ ਹੋਈ ਤਪੱਸਿਆ ਦੀ ਅਡੋਲਤਾ ਦਾ ਘੜਿਆ ਹੋਇਆ ਸੀ ਜੋ ਜਿਸਮ ਨੂੰ ਚਰਖੀ ਉੱਪਰ ਵੀ ਸਮਾਧੀ ਦੀ ਅਟੱਕ ਸ਼ਾਂਤੀ ਬਖਸ਼ਦਾ ਹੈ। ਇਸ ਦੇ ਜੁੱਸੇ ਉੱਪਰ ਜਲਾਦ ਵੀ ਹੈਰਾਨ ਸਨ† ।

ਦੀਵਾਨ ਸਾਹਿਬ ਉੱਪਰ ਇਸ ਭਿਆਨਕ ਦ੍ਰਿਸ਼ਯ ਦਾ ਗਹਿਰਾ ਅਸਰ ਹੋਇਆ । ਤੱਤੇ ਰਣਖੇਤ ਵਿਚ ਜੂਝ ਮਰਨਾ ਹੋਰ ਖੇਡ ਹੈ, ਬੀਰਰਸ ਦੇ ਉਤਸਾਹ ਵਿਚ ਜੀਵਨ ਦੀ ਹੱਦ ਤੋਂ ਟੱਪ ਜਾਣਾ ਇਕ ਕਰਤੇ ਦੀ ਵਿਦਯਾ ਹੈ, ਦੁਸ਼ਮਨ ਦੀ ਵੰਗਾਰ ਹੇਠ ਉਬਲ ਰਹੇ ਖੂਨ ਨਾਲ ਵਾਰ ਕਰਦਿਆਂ ਕੱਟਿਆ ਜਾਣਾ ਸੂਰਮਿਆਂ ਦਾ ਜਸ਼ਨ ਹੈ, ਪਰ ਏਸ ਤਰ੍ਹਾਂ ਦੀ ਮੌਤ ਕਬੂਲਣੀ ਜਿਸ ਤਰ੍ਹਾਂ ਦੀ ਤਾਰੂ ਸਿੰਘ ਨੇ ਕਬੂਲੀ ਕੋਈ ਹੋਰ ਮਾਜਰਾ ਹੈ। ਇਹ ਨਿਰੀ ਹਠ ਦੀ ਖੇਡ ਨਹੀਂ । ਚਰਖੀ ਦੀ ਖਿਚ ਵਿਚ ਆਇਆ ਹੋਇਆ ਨਿਰੇ ਹਠ ਦਾ ਧਾਗਾ ਸੁਖੈਨ ਹੀ ਟੁੱਟ ਸਕਦਾ ਹੈ। ਏਸ ਕਿਸਮ ਦੇ ਖਿਆਲ ਦੀਵਾਨ ਸਾਹਿਬ ਦੇ ਮਨ ਵਿਚੋਂ ਲੰਘ ਰਹੇ ਸਨ ।

ਆਖਰ ਭਾਈ ਤਾਰੂ ਸਿੰਘ ਦੀ ਖੋਪਰੀ ਰੰਬੀ ਨਾਲ ਉਖਾੜੀ ਗਈ ਤੇ ਉਸਨੂੰ ਮਰਨ ਮਰਾਂਦ ਹਾਲਤ ਵਿਚ ਹਿੰਦੂਆਂ ਨੂੰ ਦੇ ਦਿੱਤਾ ਗਿਆ । ਉਨ੍ਹਾਂ ਨੇ ਏਸ ਅਧਮੋਈ ਲੋਥ ਨੂੰ ਇਕ ਧਰਮਸਾਲਾ ਵਿਚ ਲੈ ਆਂਦਾ । ਜ਼ਖਮਾਂ ਵਿਚੋਂ ਵਗ ਰਹੇ ਖੂਨ ਨੇ ਕਈ ਹਿੰਦੂਆਂ ਨੂੰ ਉਹ ਅੰਮ੍ਰਿਤ ਦਾ ਛੱਟਾ ਦਿੱਤਾ ਕਿ ਉਨ੍ਹਾਂ ਵਿਚੋਂ ਅਣਗਿਣਤ ਕਿਆਰ ਤਿਆਰ ਹੋ ਗਏ । ਤਾਰੂ ਸਿੰਘ ਇਕ ਕਰਾਮਾਤੀ ਦੇਵਤਾ ਸੀ । ਉਸ ਦੇ ਖੂੰਨ ਦੀ ਇਕ ਇਕ ਬੂੰਦ ਤੋਂ ਅਨੇਕ ਸ਼ਹੀਦ ਪੈਦਾ ਹੋ ਗਏ । ਉਸ ਦੇ ਲਹੂ ਦੀ ਮੱਧਮ ਫੁਹਾਰ ਅਨੇਕ ਦਿਨ ਤਕ ਚਲਦੀ ਰਹੀ । ਤਾਰੂ ਸਿੰਘ ਇਕ ਦੇਵਤੇ ਦੇ ਵਿੱਵਜਸਰੂਪ ਵਿਚ ਬਾਈ ਦਿਨ ਤਕ ਨਿਰਾਹਾਰ ਬੈਠਾ ਰਿਹਾ‡ ।

---

*History of the Sikhs, H. R Gupta. page 9-10.

†ਕਹਿਓ ਜਲਾਦਨ ਤੋਬਾ ਤੋਬਾ ਗਜਬ ਸਿੰਘ ਦਾ ਜੁੱਸਾ । ਦੋ ਘੰਟੇ ਤਕ ਚਰਖੀ ਉਤੇ ਇਸਨੂੰ ਅਸਾਂ ਘੁਮਾਯਾ ।
ਹੱਡ ਪਸਲੀ ਟੁੱਟ ਗਏ ਪਰ ਇਸ ਨੇ ਹਾਇ ਨ ਗਾਯਾ । [ਗਜਾਨ ਸਿੰਘ, ਪੰਥ ਪ੍ਰਕਾਸ਼

‡ਬਾਈ ਦਿਵਸ ਅੰਨ ਨਾ ਛਕਿਓਸਿੰਘ ਜੀ ਬੈਠਾ ਰਹਾ । [ਗਜਾਨ ਸਿੰਘ, ਪੰਥ ਪ੍ਰਕਾਸ਼

Digitized by Panjab Digital Library | www.panjabdigilib.org

ਦੀਵਾਨ ਸਾਹਿਬ ਨੇ ਰਹਿਤ ਮਿਰਜਾਦਾ ਵਾਲਾ ਅੰਮ੍ਰਿਤ ਨਹੀਂ ਸੀ ਛਕਿਆ ਹੋਇਆ, ਪਰ ਹੁਣ ਸਿਖ ਦੇ ਖ਼ੂਨ ਦੇ ਛੱਟੇ ਨੇ ਉਨ੍ਹਾਂ ਨੂੰ ਅੰਤਰਆਤਮੇ ਸ਼ਹੀਦੀ ਅੰਮ੍ਰਿਤ ਦੀ ਉਹ ਚਾਸ਼ਨੀ ਚਾੜ੍ਹ ਦਿਤੀ, ਜਿਸ ਨਾਲ ਅੰਦਰ ਤੇ ਬਾਹਰ ਦੀ ਕਾਇਆਂ ਪਲਟ ਜਾਂਦੀ ਹੈ ਤੇ ਮਨੁਖ ਦਾ ਅਪਣਾ ਆਪਾ ਧਰਮ ਦੇ ਉੱਦੇਸ਼ ਦੀ ਸਰਬ ਲੋਹੀ ਸੰਜੋਅ ਧਾਰਨ ਕਰਦਾ ਹੈ। ਤਾਰੂ ਸਿੰਘ ਦੀ ਸ਼ਹੀਦੀ ਸੰਨ ੧੭੪੩ ਦੇ ਵਿਚ ਦੀ ਹੈ। ਇਨ੍ਹਾਂ ਦਿਨਾਂ ਵਿਚ ਪੰਜਾਬ ਦਾ ਗ਼ਰਨਰ ਅਜੇ ਜ਼ਕਰੀਆ ਖਾਂ ਹੀ ਸੀ ਤੇ ਸੂਬੇ ਦਾ ਵਜ਼ੀਰ ਆਜ਼ਮ ਦੀਵਾਨ ਲਖਪਤ ਰਾਇ ਸੀ।

ਜਸਪਤ ਰਾਇ, ਅਦੀਨਾ ਬੇਗ ਤੇ ਲਖਪਤ ਰਾਇ।

ਪੰਜਾਬ ਦੇ ਰਾਜਸੀ ਮੰਡਲ ਵਿਚ ਉਨ੍ਹੀਂ ਦਿਨੀਂ ਤਿੰਨ ਵਜ਼ਕਤੀਆਂ ਉੱਘੀਆਂ ਸਨ: ਦੀਵਾਨ ਜਸਪਤ ਰਾਇ,ਅਦੀਨਾ ਬੇਗ ਅਤੇ ਦੀਵਾਨ ਲਖਪਤ ਰਾਇ। ਪੰਜਾਬ ਦੇ ਗ਼ਰਨਰ ਅਬਦੁਲ ਸਮੱਦਖਾਂ ਦੇ ਵਕਤ ਜਸਪਤ ਰਾਇ ਜਲੰਧਰ ਦੁਆਬੇ ਦਾ ਹਾਕਮ ਸੀ।ਜ਼ਕਰੀਆ ਖਾਂ ਨੇ ਜਿਸ ਵੇਲੇ ਪੰਜਾਬ ਦੀ ਹਕੂਮਤ ਸਾਂਭੀ ਤਾਂ ਜਸਪਤ ਨੂੰ ਜਲੰਧਰੋਂ ਬਦਲਕੇ ਏਮਨਾਬਾਦ ਦੇ ਛੋਟੇ ਪਰਗਨੇ ਵਿਚ ਦੀਵਾਨ ਕਰ ਦਿਤਾ।

ਆਦੀਨਾ ਬੇਗ* ਬੜਾ ਚਲਤਾ ਪੁਰਜ਼ਾ ਸੀ, ਇਹ ਹਰ ਕਿਸਮ ਦੇ ਦਾਉ-ਪੇਚ ਜਾਣਦਾ ਸੀ, ਜਿਨ੍ਹਾਂ ਦੀ ਸਹਾਇਤਾ ਨਾਲ ਇਸ ਨੇ ਬੇਹੱਦ ਤਰੱਕੀ ਕੀਤੀ। ਇਕ ਵੇਰ ਕਿਸੇ ਸਾਜ਼ਸ਼ ਦੇ ਕਾਰਣ ਫੜਿਆ ਗਿਆ। ਅਹਿਵਾਲਿ ਅਦੀਨਾ ਬੇਗ ਵਿਚ ਲਿਖਿਆ ਹੈ ਕਿ ਇਹ:—

> "ਇਕ ਸਾਲ ਕੈਦ ਰਿਹਾ।ਫੇਰ ਲਾਲਾ ਭਵਾਨੀ ਦਾਸ ਨੇ"""ਜ਼ਮਾਨਤ ਉੱਪਰ ਅਦੀਨਾ ਬੇਗ ਨੂੰ ਕੈਦ ਤੋਂ ਛੁਡਾਇਆ। ਅਦੀਨਾ ਬੇਗ ਰਿਹਾ ਹੋਕੇ ਬਿਨਾਂ ਇਤਲਾਹ ਦਿੱਤੇ ਦੇ ਰਾਤ ਨੂੰ ਨੱਸ ਗਿਆ।"""ਭਵਾਨੀ ਦਾਸ ਨੇ ਚੂੰਕਿ ਅਦੀਨਾ ਬੇਗ ਵਾਲੀ ਰਕਮ ਅਦਾ ਨਹੀਂ ਕੀਤੀ ਸੀ, ਇਸ ਕਰਕੇ ਉਸਨੂੰ ਦੇਗ ਵਿਚ ਬਿਠਾ ਕੇ ਗਰਮ ਕੀਤਾ ਗਿਆ। ਭਾਵੇਂ ਉਸ ਦੇ ਸਰੀਰ ਨੂੰ ਇਸ ਤਰ੍ਹਾਂ ਬੜੀ ਤਕਲੀਫ ਹੋਈ, ਪਰ ਉਸਨੇ ਨਿਮਕ ਹਲਾਲੀ ਵਜੋਂ ਅਦੀਨਾ ਬੇਗ ਦੀ ਆਮਦਨੀ ਖਰਚ ਤੇ ਇਮਾਨਤ ਬਾਬਤ ਕੋਈ ਕਾਗਜ਼ ਪੇਸ਼ ਨਾ ਕੀਤਾ।"""ਆਖਰ ਇਸ ਦੀ ਨਿਮਕ ਹਲਾਲੀ ਦੀ ਕਦਰ ਵਜੋਂ ਦੇਗ ਵਿਚੋਂ ਬਾਹਰ ਕਢਾਇਆ, ਇਲਾਜ ਕਰਾਇਆ ਤੇ ਕਿਹਾ ਕਿ ਜਿਸ ਕੰਮ ਤੇ ਚਾਹੋ ਤੁਹਾਨੂੰ ਲਗਾ ਦਿਤਾ ਜਾਏਗਾ। ਲਾਲਾ ਭਵਾਨੀ ਦਾਸ ਨੇ ਕਿਹਾ ਕਿ ਮਿਹਰਬਾਨੀ ਦੀ ਨਜ਼ਰ ਕਰੋ"""ਅਦੀਨਾ ਬੇਗ ਨੂੰ ਮੰਗਾ ਕੇ ਮੁਕਰਰ ਕਰੋ ਤਾਂ ਇਕ ਸਾਲ ਵਿਚ ਪੈਸੇ ਪੈਸੇ ਦਾ ਹਿਸਾਬ ਹਜ਼ੂਰ ਏ ਖਜ਼ਾਨੇ ਵਿਚ ਦਾਖਲ ਕਰਾਂਗਾ। ਨਵਾਬ ਸਾਹਿਬ ਨੇ ਉਸੇ ਵੇਲੇ ਸਦਵਾਉਣ ਲਈ ਤਸੱਲੀ ਦਾ ਪਰਵਾਨਾ ਭੇਜਿਆ। ਜਿਸ ਵੇਲੇ ਅਦੀਨਾ ਬੇਗ ਹਾਜ਼ਰ ਹੋਇਆ ਖਿਲਅਤ ਦੇ ਕੇ ਮੁਲਕ ਤੇ ਮੁਕਰਰ ਕੀਤਾ।"

ਜਦੋਂ ਜਸਪਤ ਰਾਇ ਦੀ ਬਦਲੀ ਏਮਨਾਬਾਦ ਹੋਈ ਤਾਂ ਅਦੀਨਾ ਬੇਗ ਜਲੰਧਰ ਦੁਆਬ ਦਾ ਹਾਕਮ ਮੁਕਰਰ ਹੋਇਆ। ਏਸ ਕਾਰਣ ਜਸਪਤ ਤੇ ਅਦੀਨਾ ਬੇਗ ਦੀ ਆਪਸ ਵਿਚ ਵਿਗੜੀ ਰਹੀ। ਜਸਪਤ ਨੇ ਸਿੱਖਾਂ ਨੂੰ ਲੁਕਵੀਂ ਕੁਝ ਮਦਦ ਤੇ ਉਕਸਾਹਟ ਦਿੱਤੀ ਕਿ ਉਹ ਜਲੰਧਰ ਦੁਆਬ ਵਿਚ ਗੜਬੜੀ ਪਾਈ ਰੱਖਣ†, ਜਿਸ ਨਾਲ ਲਾਹੌਰ ਦੇ ਹਾਕਮ ਨੂੰ ਇਹ ਪਤਾ ਲਗੇ ਕਿ ਅਦੀਨਾ

---

*ਇਹ ਜਾਤ ਦਾ ਅਰਾਈਂ ਸਰਕ ਪੁਰ ਪੱਟੀ (ਲਾਹੌਰ) ਦਾ ਰਹਿਣ ਵਾਲਾ ਸੀ,ਇਸ ਦੇ ਪਿਤਾ ਦਾ ਨਾਮ ਦੱਨੂੰ ਸੀ। ਇਸਦੇ ਪਿਤਾ ਮਾਤਾ ਕੰਗਾਲ ਸਨ"""ਆਦਮੀ ਹੁਸ਼ਿਆਰ ਤੇ ਹਿਸਾਬ ਕਿਤਾਬ ਜਾਣਦਾ ਸੀ। [ਅਹਿਵਾਲਿ ਆਦੀਨਾ ਬੇਗ

†Jaspat Rai, therefore instigated the Sikhs to create troubles in the Jullundur Doab in order to harass and exasperate Adeena Beg. *[Transformation of Sikhism. P. 131.*

Digitized by Panjab Digital Library | www.panjabdigilib.org

ਬੇਗ ਦਾ ਇੰਤਜ਼ਾਮ ਠੀਕ ਨਹੀਂ। ਆਦੀਨਾ ਬੇਗ ਨੇ ਵੀ ਏਸ ਤਰ੍ਹਾਂ ਦੀਆਂ ਕਾਰਵਾਈਆਂ ਕਈ ਜਸਪਤ ਰਾਇ ਦੇ ਖਿਲਾਫ ਸ਼ੁਰੂ ਕਰਵਾਈਆਂ।

ਸਿੱਖਾਂ ਦੇ ਸੰਬੰਧ ਵਿਚ ਅਦੀਨਾ ਬੇਗ ਨੇ ਕਈ ਵੇਰ ਪਾਲਿਸੀ ਬਦਲੀ, ਕਦੇ ਨਰਮ, ਕਦੇ ਸਖਤ, ਕਦੇ ਨਾਲ ਮਿਲਾਉਣ ਦੀ, ਕਦੇ ਦਬਾਉਣ ਦੀ ਤੇ ਕਦੇ ਉਭਾਰਨ ਦੀ। ਉਹ ਹਰ ਵੇਰੀ ਮੌਕੇ ਨੂੰ ਪਛਾਣ ਕੇ ਹੇਠਲੀਆਂ ਉਤਲੀਆਂ ਕਰਕੇ ਆਪਣਾ ਮਤਲਬ ਸਿੱਧ ਕਰ ਲੈਂਦਾ ਸੀ*। ਇਸ ਦੇ ਮੁਕਾਬਲੇ ਤੇ ਜਸਪਤ ਰਾਇ ਦੀ ਮਿਜ਼ਾਜ ਇਤਨੀ ਲਚਕਵੀਂ ਨਹੀਂ ਸੀ। ਉਸਦੀਆਂ ਕੇਵਲ ਦੋ ਪਾਲਸੀਆਂ ਸਨ, ਇਕ ਤੇ ਇਹ ਸੀ ਕਿ ਜਲੰਧਰ ਦੁਆਬ ਵਿਚ ਸਿਖਾਂ ਨੂੰ ਉਕਸਾਉਣਾ ਅਤੇ ਏਸ ਗਲ ਲਈ ਚੋਰੀ ਮਦਦ ਕਰਨੀ। ਦੂਜੀ, ਅਪਣੇ(ਏਮਨਾਬਾਦ ਦੇ) ਇਲਾਕੇ ਵਿਚ ਸਿੱਖਾਂ ਨੂੰ ਦਬਾ ਕੇ ਰੱਖਣਾ। ਸਿਖ ਉਸਦੀ ਏਸ ਦੂਜੀ ਪਾਲਿਸੀ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ ਸਨ।

ਤੀਜਾ ਉੱਘਾ ਬੰਦਾ ਲਖਪਤ ਰਾਇ ਸੀ। ਇਹ ਲਾਹੌਰ ਦਰਬਾਰ ਦਾ ਦੀਵਾਨ ਸੀ ਤੇ ਜਸਪਤ ਰਾਇ ਦਾ ਭਰਾ ਸੀ, ਇਹ ਨਿਰਾ ਉਜੱਡ ਸੀ। ਇਸ ਦੀ ਤਬੀਅਤ ਸੁੱਕੀ ਲੱਕੜ ਵਾਕਣ ਆਕੜੀ ਹੋਈ ਸੀ ਤੇ ਇਸ ਵਿਚ ਕੋਈ ਦੂਰ ਅੰਦੇਸ਼ੀ ਨਹੀਂ ਸੀ।

ਦੀਵਾਨ ਕੌੜਾ ਮਲ ਸਿੱਖਾਂ ਉਪਰ ਹੋ ਰਹੇ ਜ਼ੁਲਮ ਦੀ ਜ਼ਿੰਮੇਵਾਰੀ ਜ਼ਿਆਦਾ ਲਖਪਤ ਦੇ ਸਿਰ ਸਮਝਦੇ ਸਨ। ਲਖਪਤ ਵਿਚ ਇਤਨੀ ਸਮਝ ਨਹੀਂ ਸੀ ਕਿ ਮੁਲਕ ਵਿਚ ਜ਼ੁਲਮ ਵਧਣ ਨਾਲ ਜਦ ਰਿਆਯਾ ਨੱਸਣ ਲਗੀ ਤਾਂ ਖੇਤਾਂ ਵਿਚ ਕੰਮ ਕੌਣ ਕਰੇਗਾ। ਫੇਰ ਮਾਮਲੇ ਕਿਥੋਂ ਆਉਣਗੇ, ਫੌਜਾਂ ਲਈ ਤੇ ਅਹੁਦੇਦਾਰਾਂ ਲਈ ਤਨਖਾਹਾਂ ਕਿੱਥੋਂ ਉੱਘਰਨਗੀਆਂ, ਆਖਰ ਏਹੋ ਗੱਲ ਹੋਈ: ਪੰਜਾਬ ਦਾ ਖਜ਼ਾਨਾ ਖਾਲੀ ਹੋ ਗਿਆ। ਜ਼ਕਰੀਆ ਖਾਂ ਨੂੰ ਵੀ ਏਸ ਗੱਲ ਦੀ ਸਮਝ ਆ ਗਈ। ਪਤਾ ਨਹੀਂ ਉਸਨੂੰ ਕਿਸ ਨੇ ਅਕਲ ਦਿੱਤੀ, ਉਸ ਨੇ ਲਖਪਤ ਰਾਇ ਨੂੰ ਕੈਦਖਾਨੇ ਪਾ ਦਿੱਤਾ†। ਸਿਖਾਂ ਉਪਰ ਜੋ ਜ਼ੁਲਮ ਦਾ ਰਵੱਯਾ ਚਲ ਰਿਹਾ ਸੀ ਉਸ ਵਿਚ ਬਹੁਤ ਨਰਮੀ ਵਾਲੀ ਤਬਦੀਲੀ ਕੀਤੀ ਗਈ।

ਦੀਵਾਨ ਕੌੜਾ ਮਲ ਇਨ੍ਹੀਂ ਦਿਨੀਂ ਲਾਹੌਰ ਹੀ ਸਨ। ਉਹ ਸਾਰੀ ਗਲ ਦੇਖ ਰਹੇ ਸਨ। ਉਹ ਦੀਵਾਨ ਲਖਪਤ ਰਾਇ ਦੇ ਕੈਦ ਹੋਣੇ ਪਰ ਦਿਲੋਂ ਬੜੇ ਪ੍ਰਸੰਨ ਹੋਏ। ਹੁਣ ਮੌਕਾ ਸੀ ਕਿ ਉਸਦੀ ਥਾਂ ਕੋਈ ਐਸਾ ਵਜ਼ੀਰ ਮੁਕਰਰ ਕਰਵਾਇਆ ਜਾਏ ਜਿਸ ਵਿਚ ਜ਼ੁਲਮ ਤੇ ਧੱਕੇ ਦੀ ਜਗ੍ਹਾ ਨੀਤੀ ਤੇ ਸ਼ੀਲਤਾ ਹੋਵੇ। ਪਰ ਉਨ੍ਹਾਂ ਦੇ ਏਹ ਵਿਚਾਰ ਅਧੂਰੇ ਹੀ ਰਹੇ, ਲਖਪਤ ਰਾਇ ਦਾ ਭਰਾ ਜਸਪਤ ਰਾਇ ਪਹੁੰਚ ਗਿਆ। ਉਸ ਨੇ ਖਜ਼ਾਨੇ ਵਿਚ ਰੁਪਏ ਦਾਖਲ ਕਰ ਦਿਤੇ, ਜਿਸ ਨਾਲ ਫੌਜਾਂ ਦੀਆਂ ਤਨਖਾਹਾਂ ਦਿੱਤੀਆਂ ਗਈਆਂ, ਲਖਪਤ ਕੈਦੋਂ ਛੁੱਟ ਗਿਆ।

ਯਾਹਯਾ ਖਾਂ।

ਇਸ ਤੋਂ ਥੋੜੇ ਹੀ ਚਿਰ ਬਾਦ ਜ਼ਕਰੀਆ ਖਾਂ ਮਰ ਗਿਆ‡। ਜ਼ਕਰੀਆ ਖਾਂ ਦੇ ਪਿਛੋਂ ਉਸਦੇ ਦੋ ਲੜਕਿਆਂ ਵਿਚ ਝਗੜਾ ਸ਼ੁਰੂ ਹੋ ਗਿਆ। ਇਹ ਝਗੜਾ ਕਾਫੀ ਦੇਰ ਤਕ ਚਲਦਾ ਰਿਹਾ। ਵਡਾ ਲੜਕਾ ਯਾਹਯਾ ਖਾਂ ਦਿੱਲੀ ਦੇ ਵਜ਼ੀਰ ਕਮਰੁੱਦੀਨ ਦਾ ਜੁਵਾਈ ਸੀ। ਕੁਛ ਹੇਠਲੀਆਂ ਉਪਰਲੀਆਂ ਹਿਕਮਤਾਂ ਨਾਲ ਇਹ ਲਾਹੌਰ ਦਾ ਨਾਇਬ ਹਾਕਮ§ ਮੁਕਰਰ ਕੀਤਾ ਗਿਆ। ਛੋਟੇ ਲੜਕੇ ਸ਼ਾਹ ਨਵਾਜ਼ ਨੇ ਏਸ ਚਲਾਕੀ ਵਿਰੁੱਧ ਬੜੀ ਜ਼ੋਰਦਾਰ ਆਵਾਜ਼ ਉਠਾਈ ਤੇ ਅਪਣਾ ਹਿੱਸਾ ਮੰਗਣ ਲਈ ਬਜ਼ਿਦ ਹੋਇਆ।

---

*ਅਦੀਨਾ ਬੇਗ ਬਾਬਤ ਮਸ਼ਹੂਰ ਹੈ ਕਿ ਅਪਣਾ ਮਤਲਬ ਸਾਧਣ ਲਈ ਉਸ ਨੇ ਕਿਸਤਰ੍ਹਾਂ ਇਕ ਮੌਕੇ ਉਪਰ ਬਾਬੇ ਵਡਭਾਗ ਸਿੰਘ ਨੂੰ ਕਹਿ ਦਿਤਾ ਸੀ ਕਿ ਮੈਂ ਤੇਰਾ ਸਿਖ ਹਾਂ ਤੇ ਤੂੰ ਮੇਰਾ ਗੁਰੂ ਹੈ:—

ਦੀਨਾ ਬੇਗ ਤਬ ਯੋ ਕਹਿ ਦੀਜੇ। ਮੈਂ ਅਬ ਤੁਮਰੋ ਸਿਖ ਹੈ ਰਹਜੇ।
ਛੇਡਾ ਸਿਖ ਮੈਂ ਤੁਮਰੇ ਭਜੇ॥ ਜਿਮ ਚਾਹੋ ਤਿਮਹੀ ਰਖ ਲਜੇ। [ਰਤਨ ਸਿੰਘ ਭੰਗੂ, ਸਫਾ ੩੨੯

†History of the Sikhs, H. R. Gupta, page 15.

‡ਸੰਨ ੧੭੪੫, ਜੂਲਾਈ।

§Deputy Governor and not Viceroy as his father was,

Digitized by Panjab Digital Library | www.panjabdigilib.org

ਯਾਹਯਾ ਖਾਂ ਨੇ ਲਾਹੌਰ ਤੇ ਕਬਜ਼ਾ ਕਰਦਿਆਂ ਹੀ ਦੀਵਾਨ ਲਖਪਤ ਰਾਇ ਨੂੰ ਬੜੀ ਇੱਜ਼ਤ ਨਾਲ ਵਜ਼ੀਰ ਆਜ਼ਮ ਪੱਕੀ ਤਰ੍ਹਾਂ ਸਥਾਪਤ ਕਰ ਦਿੱਤਾ।

ਬਾਬੇ ਬੰਦੇ ਦੇ ਪਿੱਛੋਂ ਯਾਹਯਾ ਖਾਂ ਪੰਜਾਬ ਦਾ ਤੀਜਾ ਹਾਕਮ ਸੀ। ਅਬਦੁਲ ਸਮੱਦ ਖਾਂ ਜ਼ੋਰਾਵਰ ਅਤੇ ਜ਼ਾਲਮ ਸੀ। ਜ਼ਕਰੀਆ ਖਾਂ ਦਿਲ ਦਾ ਕਮਜ਼ੋਰ ਸੀ*, ਪਰ ਅਨਜਾਈ ਅਪਣੇ ਪਿਉ ਕੋਲੋਂ ਵਧਕੇ ਸੀ। ਯਾਹਯਾ ਖਾਂ ਪਿਛਲੇ ਦੁਹੁ ਤੋਂ ਵਧਕੇ ਬੇਵਕੂਫ ਸੀ। ਇਹ ਆਪਣੇ ਦੀਵਾਨ ਲਖਪਤ ਰਾਇ ਦੇ ਹੱਥ ਵਿਚ, ਜ਼ੁਲਮ ਦਾ ਤਮਾਸ਼ਾ ਕਰਾਉਣ ਲਈ, ਇਕ ਕਠਪੁਤਲੀ ਦੀ ਤਰ੍ਹਾਂ ਸੀ।

ਦੀਵਾਨ ਜਸਪਤ ਰਾਇ ਦੀ ਮੌਤ।

ਦੀਵਾਨ ਲਖਪਤ ਰਾਇ ਦੇ ਇਸ ਤਰ੍ਹਾਂ ਬਹੁਤ ਤਾਕਤਵਰ ਹੋ ਜਾਣ ਨਾਲ ਦੀਵਾਨ ਜਸਪਤ ਰਾਇ ਦੀ ਮਿਜ਼ਾਜ ਵਿਚ ਸਖ਼ਤੀ ਦਾ ਅੰਗ ਜ਼ਯਾਦਾ ਵਧ ਗਿਆ। ਕਈ ਵੇਰ ਅਕਾਰਣ ਸਿੰਘਾਂ ਨਾਲ ਛੇੜਖਾਨੀ ਕਰ ਬੈਠਦਾ। ਇਕ ਦਿਨ ਜਸਪਤ ਰਾਇ ਨੂੰ ਖੁਖਰਾਣੇ ਪਿੰਡ ਦੇ ਇਕ ਆਦਮੀ ਤੋਂ ਖਬਰ ਮਿਲੀ ਕਿ ਸਿੱਖਾਂ ਦਾ ਇਕ ਜਥਾ ਬੱਦੋਕੀ (ਗੁੱਜਰਾਂਵਾਲਾ) ਦੇ ਝਾੜਾਂ ਵਿਚ ਆਇਆ ਹੋਇਆ ਹੈ। ਇਹ ਖਬਰ ਮਿਲਦਿਆਂ ਹੀ ਜਸਪਤ ਰਾਇ ਅਪਣੇ ਸਾਥੀਆਂ ਨੂੰ ਨਾਲ ਲੈਕੇ ਸਿਰ ਤੇ ਜਾ ਪੁੱਜਾ। ਸਿਖ ਕੁਛ ਦਿਨਾਂ ਦੇ ਭੁੱਖੇ ਸਨ, ਰੋਟੀਆਂ ਪਕਾਉਣ ਦੇ ਆਹਰ ਵਿਚ ਸਨ, ਸਿਰ ਤੇ ਆਈ ਇਸ ਬਿਪਤਾ ਨੂੰ ਵੇਖ, ਆਟੇ ਗੁੱਧੇ ਵਿੱਚੇ ਛੱਡ ਮੁਕਾਬਲੇ ਲਈ ਡਟ ਗਏ। ਸ: ਜੱਸਾ ਸਿੰਘ ਆਹਲੂ-ਵਾਲੀਆ, ਸੁੱਖਾ ਸਿੰਘ ਮਾੜੀ ਕੰਬੋ ਵਾਲੇ ਮੁਖੀ ਸਨ। ਇਕ ਛੋਟੀ ਜੇਹੀ ਲੜਾਈ ਹੋਈ। ਪਹਿਲੇ ਹੱਲੇ ਵਿਚ ਹੀ ਸਰਕਾਰੀ ਫੌਜ ਦੇ ਪੈਰ ਉੱਖੜ ਗਏ ਤੇ ਜਸਪਤ ਰਾਇ ਆਪਣੇ ਸਾਥੀਆਂ ਸਣੇ ਨੱਸ ਗਿਆ। ਨਿਬਾਹੂ ਸਿੰਘ ਨਾਮ ਦੇ ਇਕ ਸ਼ੂਰਬੀਰ ਨੇ ਜਸਪਤ ਰਾਇ ਨੂੰ ਵੰਗਾਰਿਆ ਕਿ ਉਹ ਇਸ ਤਰ੍ਹਾਂ ਨਾ ਨੱਠੇ, ਕੁਛ ਆਪਣੇ ਹੱਥ ਵਿਖਾਏ। ਜਸਪਤ ਰਾਇ ਨੇ ਇਹ ਆਵਾਜ਼ ਸੁਣਕੇ ਹਾਥੀਬਾਨ ਨੂੰ ਕਿਹਾ ਕਿ ਜਿੰਨੀ ਛੇਤੀ ਹੋ ਸਕੇ ਹਾਥੀ ਨੂੰ ਮੈਦਾਨ ਵਿਚੋਂ ਕੱਢ ਲੈ ਜਾਏ। ਨਿਬਾਹੂ ਸਿੰਘ ਨੇ ਘੋੜੇ ਨੂੰ ਅੱਡੀ ਲਾਕੇ ਹਾਥੀ ਨੂੰ ਜਾ ਘੇਰਿਆ।

ਨਿਬਾਹੂ ਸਿੰਘ ਇਕ ਲੰਬਾ, ਪਤਲਾ, ਤਕੜਾ ਜੁਆਨ ਸੀ। ਇਸ ਦਾ ਇਕ ਇਕ ਅੰਗ ਨਾਗ ਵਾਕੁਨ ਲਚਕਦਾਰ ਤੇ ਤਾਕਤਵਰ ਸੀ। ਪੂਛ ਵਾਲੇ ਪਾਸਿਓਂ ਹਾਥੀ ਤੇ ਜਾ ਚੜ੍ਹਿਆ ਤੇ ਤਲਵਾਰ ਦੇ ਵਾਰ ਨਾਲ ਜਸਪਤ ਰਾਇ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਫੇਰ ਜਸਪਤ ਰਾਇ ਦਾ ਸਿਰ ਲੈਕੇ ਹਾਥੀ ਤੋਂ ਉੱਤਰ ਆਇਆ ਤੇ ਅਪਣੇ ਘੋੜੇ ਤੇ ਚੜ੍ਹ ਅੱਡੀ ਲਗਾ ਹਵਾ ਨਾਲ ਹਵਾ ਹੋ ਗਿਆ।

ਲਖਪਤ ਰਾਇ ਦਾ ਸਿੱਖਾਂ ਪਰ ਕੋਪ।

ਜਦ ਦੀਵਾਨ ਲਖਪਤ ਰਾਇ ਨੇ ਆਪਣੇ ਭਰਾ ਜਸਪਤ ਰਾਇ ਦੇ ਕਤਲ ਹੋਣ ਦੀ ਖਬਰ ਸੁਣੀ ਤਦ ਉਹਦੀਆਂ ਅੱਖਾਂ ਵਿਚ ਲਹੂ ਉੱਤਰ ਆਇਆ। ਯਾਹਯਾ ਖਾਂ ਦੀ ਮਨਜ਼ੂਰੀ ਲੈ ਕੇ ਉਸਨੇ ਇਕ ਤਕੜੀ ਫੌਜ ਤਿਆਰ ਕੀਤੀ ਤੇ ਉਸ ਦਸਤੇ ਦੇ ਮਗਰ ਹੋ ਤੁਰਿਆ, ਜਿਸ ਦੇ ਇਕ ਸੂਰਮੇ ਨੇ ਇਸ ਦੇ ਭਰਾ ਨੂੰ ਕਤਲ ਕੀਤਾ ਸੀ। ਇਸ ਨੇ ਜਥੇ ਦੀ ਭਾਲ ਵਿਚ ਬਥੇਰੀ ਦੌੜ ਭੱਜ ਕੀਤੀ। ਜਿਸ ਪਾਸੇ ਦੀ ਸੁੰਹ ਮਿਲੀ ਉਧਰ ਹੀ ਭੱਜ ਤੁਰਿਆ, ਪਰ ਜਥਾ ਬਿਖੜੇ ਜੰਗਲਾਂ ਵਿਚ ਸੀ। ਸਿਵਾਏ ਥਕੇਵੇਂ ਅਤੇ ਨਿਰਾਸਤਾ ਦੇ ਇਸ ਦੇ ਹੱਥ ਕੁਛ ਨਾ ਆਇਆ, ਜਿਸ ਤੋਂ ਇਹ ਹੋਰ ਵੀ ਚਿੜ ਗਿਆ। ਫੇਰ ਉਹ ਵਾਪਸ ਲਾਹੌਰ ਆ ਗਿਆ ਤੇ ਸ਼ਹਿਰ ਵਿਚੋਂ ਸਿੱਖਾਂ ਨੂੰ ਚੁਣ ਚੁਣ ਕੇ ਕਤਲ ਕਰਨ ਲੱਗਾ। ਦੰਡੌਰੇ ਫਿਰਵਾ ਦਿਤੇ

---

*He (Zukorea Khan) was unlike his father and the Government of the country under his care became extremely lax- [*Mc. Gregor, I, P. 114.*

Digitized by Panjab Digital Library | www.panjabdigilib.org

ਕਿ ਕੋਈ ਆਦਮੀ ਗੁਰਬਾਣੀ ਨਾ ਪੜ੍ਹੇ। ਗੁੜ ਨੂੰ ਰੋੜੀ ਜਾਂ ਭੈਲੀ ਕਿਹਾ ਜਾਏ ਤਾ ਕਿ ਗੁੜ ਕਹਿਣ ਨਾਲ 'ਗੁਰ' ਯਾਦ ਨਾ ਆ ਜਾਏ। ਪੁਸਤਕਾਂ ਨੂੰ ਗ੍ਰੰਥ ਨਾ ਕਿਹਾ ਜਾਏ ਪੋਥੀ ਕਿਹਾ ਜਾਏ, ਤਾ ਕਿ ਸਿਖਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਲ ਧਿਆਨ ਨਾ ਚਲਾ ਜਾਏ, ਫਿਰ ਇਸ ਤੋਂ ਵੀ ਅੱਗੇ ਇਸ ਨੇ ਗੁਰਦ੍ਵਾਰੇ ਢੁਹਾਣੇ ਤੇ ਗੁਰਮੁਖੀ ਲਿਖਤਾਂ ਇਕੱਠੀਆਂ ਕਰਵਾਕੇ ਸੜਵਾਣੀਆਂ ਤੇ ਡੋਬਣੀਆਂ ਸ਼ੁਰੂ ਕੀਤੀਆਂ। ਖਿਆਲ ਕੀਤਾ ਜਾਂਦਾ ਹੈ ਕਿ ਬਹੁਤ ਸਾਰਾ ਸਿੱਖਾਂ ਦਾ ਪ੍ਰਮਾਣੀਕ ਇਤਿਹਾਸ ਤੇ ਹੋਰ ਕਈ ਸਾਹਿਤਜਕ ਗ੍ਰੰਥ ਲਖਪਤ ਰਾਇ ਦੇ ਹਥੋਂ ਨਸ਼ਟ ਹੋ ਗਏ*। ਇਨ੍ਹਾਂ ਹੀ ਵਕਤਾਂ ਵਿਚ ਦੀਵਾਨ ਲਖਪਤ ਰਾਇ ਦੇ ਹੁਕਮ ਨਾਲ ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਪੂਰ ਦਿਤਾ ਗਿਆ।

ਲਾਹੌਰ ਵਿਚ ਸਿੱਖਾਂ ਦੀ ਕਤਲਾਮ।

ਲਾਹੌਰ ਦੇ ਸਿੱਖਾਂ ਦੀ ਕਤਲਾਮ ਲਈ ਲਖਪਤ ਰਾਇ ਨੇ ੧੦ ਮਾਰਚ ੧੭੪੬ ਦਾ ਦਿਨ ਨੀਯਤ ਕੀਤਾ, ਦੂਰੋਂ ਨੇੜਿਓਂ ਤੇ ਹੋਰ ਥਾਵਾਂ ਤੋਂ ਜਿੱਥੋਂ ਸਿਖ ਮਿਲੇ ਪਕੜ ਮੰਗਵਾਏ।

ਇਸ ਖਬਰ ਨੇ ਸਾਰੇ ਪਾਸੀਂ ਤ੍ਰਾਸ ਤੇ ਭੈ ਵਰਤਾ ਦਿੱਤਾ। ਜਿਸ ਨੇ ਇਹ ਗੱਲ ਸੁਣੀ ਉੱਂਗਲਾਂ ਮੂੰਹ ਵਿਚ ਪਾਕੇ ਰਹਿ ਗਿਆ। ਜਿਥੇ ਦੋ ਮੂੰਹ ਜੁੜਦੇ ਜਾਂ ਅੱਖਾਂ ਚਾਰ ਹੁੰਦੀਆਂ ਸਨ ਲਖਪਤ ਰਾਇ ਦੀ ਨਿਰਦਯਤਾ ਦੇ ਹੀ ਕਿੱਸੇ ਹੁੰਦੇ ਸਨ। ਸ਼ਹਿਰ ਦੇ ਕੁਛ ਮੁਖੀ ਇਕੱਠੇ ਹੋਏ। ਦੀਵਾਨ ਕੌੜਾ ਮਲ ਤੇ ਲੱਛੀਰਾਮ ਜੀ ਨੂੰ ਵੀ ਸੱਦਿਆ ਗਿਆ। ਸ਼ਹਿਤ ਦੇ ਪਤਵੰਤੇ ਜਾਣਦੇ ਸਨ ਕਿ ਇਹ ਦੋਨੋ ਸੱਜਣ ਅਸਰ ਤੇ ਰਸੂਖ ਵਾਲੇ ਸ਼ਰੀਫ, ਈਮਾਨਦਾਰ ਤੇ ਸਚਾਈ ਪਸੰਦ ਹਨ। ਇਨ੍ਹਾਂ ਦੇ ਦਿਲਾਂ ਵਿਚ ਰੱਬ ਦਾ ਭੈ ਹੈ, ਕਿਸੇ ਨਾਲ ਧੱਕਾ ਨਹੀਂ ਕਰਦੇ, ਇਸ ਵਾਸਤੇ ਇਨ੍ਹਾਂ ਨੂੰ ਸੱਦਕੇ ਅਗੇ ਲਾਇਆ ਗਿਆ ਤੇ ਇਨ੍ਹਾਂ ਦੇ ਰਾਹੀਂ ਲਖਪਤ ਰਾਇ ਨੂੰ ਉਸ ਵੱਲੋਂ ਸਿੱਖਾਂ ਤੇ ਹੋਣ ਵਾਲੇ ਅਤਯਾਚਾਰ ਤੋਂ ਰੋਕਣ ਦਾ ਯਤਨ ਅਰੰਭਿਆ ਗਿਆ। ਦੀਵਾਨ ਕੌੜਾ ਮਲ ਤੇ ਲੱਛੀ ਰਾਮ ਨੇ ਭਾਈ ਦੇਸਰਾਜ, ਭਾਈ ਹਰੀ ਸਿੰਘ, ਦਿਲਾ ਰਾਮ, ਭਾਈ ਗੁਲਜ਼ਾਰ ਸਿੰਘ, ਹਰੀ ਮਲ, ਬਹਿਲੂ ਰਾਮ, ਦੀਵਾਨ ਸੂਰਤ ਸਿੰਘ ਆਦਿਕ ਕੁਛ ਹੋਰ ਪਤਵੰਤਿਆਂ ਨੂੰ ਨਾਲ ਲਿਆ ਤੇ ਲਖਪਤ ਰਾਇ ਪਾਸ ਜਾਣ ਲਈ ਤਿਆਰ ਹੋਏ।

ਦੀਵਾਨ ਕੌੜਾ ਮਲ ਨੇ ਇਹ ਸਲਾਹ ਵੀ ਦਿੱਤੀ ਕਿ ਸੰਤ ਜਗਤ ਭਗਤ ਲਖਪਤ ਰਾਇ ਦਾ ਗੁਰੂ ਹੈ, ਲਖਪਤ ਰਾਇ ਵਾਸਤੇ ਉਸਦੀ ਗਲ ਮੋੜਨੀ ਮੁਸ਼ਕਲ ਹੋਵੇਗੀ, ਇਸ ਵਾਸਤੇ ਜਿਵੇਂ ਕਿਵੇਂ ਉਸ ਨੂੰ ਵੀ ਨਾਲ ਲਿਆ ਜਾਏ। ਚੁਨਾਂਚਿ ਆਦਮੀ ਭੇਜਕੇ ਸੰਤ ਜੀ ਨੂੰ ਵੀ ਸੱਦ ਲਿਆ ਗਿਆ। ਇਸ ਪੰਚਾਇਤ ਵਿਚ ਕੁਛ ਹੋਰ ਸੰਤ ਤੇ ਪਤਵੰਤੇ ਵੀ ਸ਼ਾਮਲ ਹੋ ਗਏ ਤੇ ਇਨ੍ਹਾਂ ਲਖਪਤ ਰਾਇ ਨੂੰ ਜਾਕੇ ਸਮਝਾਇਆ ਕਿ ਸਾਨੂੰ ਸਾਰਿਆਂ ਨੂੰ ਤੁਹਾਡੇ ਭਰਾ ਦੇ ਕਤਲ ਹੋਣ ਦਾ ਅਫਸੋਸ ਹੈ, ਪਰ ਉਹ ਜੰਗ ਵਿਚ ਮਾਰਿਆ ਗਿਆ ਹੈ ਤੇ ਉਸ ਜੰਗ ਵਿਚ ਮਾਰਿਆ ਗਿਆ ਹੈ, ਜਿਸ ਵਿਚ ਹੱਲਾ ਕਰਨ ਵਿਚ ਪਹਿਲ ਉਸ ਨੇ ਆਪ ਕੀਤੀ। ਇਸ ਤੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਸਿਖਾਂ ਨੇ ਕੋਈ ਖਾਸ ਰੰਜਸ਼ ਲੈਣ ਲਈ ਤੁਹਾਡੇ ਤੇ ਉਚੇਚਾ ਵਾਰ ਕੀਤਾ। ਫਿਰ ਜੋ ਭਾਵੀ ਸੀ ਸੋ ਹੋ ਗਈ, ਹੁਣ ਕਿਸੇ ਢੰਗ ਨਾਲ ਹੋ ਚੁਕੀ ਹੋਣੀ ਨਹੀਂ ਮੁੜ ਸਕਦੀ; ਹੁਣ ਸਿਖਾਂ ਤੇ ਖਿਮਾ ਕਰੋ। ਲਾਹੌਰ ਦੇ ਸਰਕਾਰੀ ਮੁਲਾਜ਼ਮ ਤੇ ਦੁਕਾਨਦਾਰ ਸਿਖ ਉਸ ਜਥੇ ਵਿਚ ਤਾਂ ਸ਼ਾਮਲ ਨਹੀਂ ਸਨ, ਜਿਸਦੇ ਹੱਥੋਂ ਤੁਹਾਡਾ ਭਾਈ ਕਤਲ ਹੋਇਆ ਹੈ। ਏਹ ਤਾਂ ਉੱਕੇ ਹੀ ਨਿਰਦੋਸ਼ ਹਨ। ਕਰੇ ਕੋਈ ਤੇ ਭਰੇ ਕੋਈ, ਇਹ ਗਲ ਇਨਸਾਫ ਦੀ ਨਹੀਂ। ਤੁਸੀਂ ਹੁਣ ਮਿਹਰ ਦੇ ਘਰਿ ਆਓ, ਜਿਵੇਂ ਜਾਣੋਂ ਸਾਡੀ ਖ਼ਾਤਰ ਇਨਾ ਨਿਰਦੋਸ਼ਾਂ ਨੂੰ ਛੱਡ ਦੇਵੋ।

ਇਨ੍ਹਾਂ ਗਲਾਂ ਦਾ ਲਖਪਤ ਰਾਇ ਉਤੇ ਕੋਈ ਅਸਰ ਨਾ ਹੋਇਆ। ਥਿੰਧੇ ਘੜੇ ਤੇ ਪਾਣੀ ਵਾਂਗ ਇਹ ਗਲਾਂ ਉਹਦੇ ਦਿਲ ਨੂੰ ਨਾ ਪੋਹੀਆਂ ਤੇ ਕਹਿਣ ਲਗਾ ਇਸ ਮਾਮਲੇ ਵਿਚ ਮੈਂ ਕਿਸੇ ਦੀ ਕੋਈ

---

*ਗ੍ਰੰਥ ਪੋਥੀ ਹਥ ਆਵਹਿ ਢਾਹਿ। ਮਧ ਦਰਿਆਇ ਝੂਬਾਵੇ ਤਾਂਹਿ। [ਰਤਨ ਸਿੰਘ ਭੰਗੂ, ਸਫਾ ੮੦੯

Digitized by Panjab Digital Library | www.panjabdigilib.org

ਗਲ ਸੁਣਨ ਤੇ ਮੰਨਣ ਨੂੰ ਤਿਆਰ ਨਹੀਂ। ਇਹ ਫੜੇ ਗਏ ਆਦਮੀ ਨਿਰਦੋਸ਼ ਹਨ ਕਿ ਦੋਸ਼ੀ, ਪਾਪੀ ਹਨ ਕਿ ਪੁੰਨੀ, ਇਸ ਬਾਬਤ ਐਸ ਵੇਲੇ ਕੁਛ ਕਹਿਣਾ ਉਚਿਤ ਨਹੀਂ। ਮੈਨੂੰ ਇੰਨਾਂ ਪਤਾ ਹੈ ਕਿ ਏਹ ਸਿਖ ਹਨ ਤੇ ਉਹਨਾਂ ਸਿੱਖਾਂ ਦੇ ਸਹਿਧਰਮੀ ਹਨ ਜਿਨ੍ਹਾਂ ਦੇ ਵਿਚੋਂ ਇਕ ਦੇ ਹੱਥੋਂ ਮੇਰਾ ਭਰਾ ਮਾਰਿਆ ਗਿਆ ਹੈ। ਇਸ ਵਾਸਤੇ ਮੈਂ ਇਨ੍ਹਾ ਦਾ ਬੀਜ ਨਾਸ਼ ਕਰਕੇ ਹੀ ਆਰਾਮ ਕਰਾਂਗਾ। ਮੈਂ ਸੱਜੇ ਹੱਥ ਨਾਲ ਰੋਟੀ ਉਸੇ ਦਿਨ ਖਾਵਾਂਗਾ ਜਿਸ ਦਿਨ ਇਹ ਸੁਣਾਂਗਾ ਕਿ ਸਿੱਖ ਖਤਮ ਹੋ ਗਏ ਹਨ।

ਦੀਵਾਨ ਕੌੜਾ ਮੱਲ ਨੇ ਕਿਹਾ ਕਿ ਸਿੱਖ ਸਾਡੇ ਖੂਨ ਵਿਚੋਂ ਹੀ ਹਨ। ਦੇਸ਼ ਤੇ ਕੌਮ ਦੇ ਭਲੇ ਵਾਸਤੇ ਇਨ੍ਹਾਂ ਮਰਣ ਮੰਡਿਆ ਹੋਇਆ ਹੈ। ਇਨ੍ਹਾਂ ਦੀ ਜ਼ਿੰਦਗੀ ਤੇ ਮੌਤ ਸਾਡੇ ਲਈ ਹੀ ਹੈ, ਇਨ੍ਹਾਂ ਨੂੰ ਮਾਰਨਾ ਆਪਣੀ ਹੱਥੀਂ ਆਪਣੀ ਜੜ੍ਹ ਵੱਢਣੀ ਹੈ, ਜਿਉਂ ਜਾਣੋਂ ਇਨ੍ਹਾਂ ਨੂੰ ਜਾਣ ਦਿਓ। ਲਖਪਤ ਰਾਇ ਨੇ ਕਿਹਾ ਕਿ ਇਹ ਫਿਰਕਾ ਇਕ ਖੱਤਰੀ ਨੇ ਤੋਰਿਆ ਹੈ, ਇਸਦਾ ਨਾਮੋ ਨਿਸ਼ਾਨ ਇਕ ਖੱਤਰੀ ਦੇ ਹਥੋਂ ਹੀ ਮਿਟਣਾ ਲਿਖਿਆ ਹੈ। ਉਹ ਕੰਮ ਮੈਂ ਕਰਨਾ ਹੈ।

ਸੰਤ ਜਗਤ ਭਗਤ ਨੇ ਕਿਹਾ ਕਿ ੧੦-੧੧ ਠੀਕ ਨੂੰ ਸੋਮਾਵਤੀ ਅਮਾਵਸ਼ ਹੈ, ਇਹ ਮਹਾਂ-ਪੁਰਬ ਕਦੇ ਕਦਾਈਂ ਹੀ ਆਉਂਦਾ ਹੈ। ਘੱਟ ਤੋਂ ਘੱਟ ਇਸ ਦਿਨ ਇਨ੍ਹਾਂ ਲੋਕਾਂ ਦੀ ਕਤਲਾਮ ਨਾ ਕੀਤੀ ਜਾਏ।

ਲਖਪਤ ਰਾਇ ਦਾ ਗੁਰੂ ਉਸਨੂੰ ਸਮਝਾ ਰਿਹਾ ਹੈ ਕਿ ਮੇਰੀ ਖ਼ਾਤਰ ਖ਼ਿਮਾ ਦੇ ਘਰ ਵਿਚ ਆਓ। ਵਡੇ ਤੋਂ ਵੱਡਾ ਅੜਬ ਆਦਮੀ ਵੀ ਆਪਣੇ ਗੁਰੂ ਦਾ ਉਲੰਘਣ ਨਹੀਂ ਕਰ ਸਕਦਾ,ਪਰ ਲਖਪਤ ਰਾਇ ਨਿਰਾ ਅੜਬ ਨਹੀਂ ਸੀ, ਉਹ ਇਸ ਤੋਂ ਬੀ ਵੱਧ ਸੀ। ਉਹ ਬਿਲਕੁਲ ਪਾਗਲ ਹੋ ਚੁਕਾ ਸੀ। ਉਸ ਵਿਚ ਗੁਰੂ ਦੀ ਪਛਾਣ ਹੀ ਨਹੀਂ ਰਹੀ ਸੀ। ਜੇ ਇਤਨੀ ਸਿਆਣ ਹੁੰਦੀ ਤਾਂ ਆਪਣੇ ਗੁਰੂ ਦਾ ਕਦੇ ਕਿਹਾ ਨਾ ਮੋੜ ਸਕਦਾ। ਦੀਵਾਨ ਸਾਹਿਬ ਨੂੰ ਲਖਪਤ ਰਾਇ ਦੇ ਇਸ ਤਰ੍ਹਾਂ ਦੇ ਪਾਗਲਪੁਣੇ ਦਾ ਖਿਆਲ ਨਹੀਂ ਸੀ। ਉਹ ਸਮਝਦੇ ਸਨ ਕਿ ਆਪਣੇ ਗੁਰੂ ਦੀ ਗੱਲ ਨਹੀਂ ਟਾਲ ਸਕੇਗਾ, ਪਰ ਹੋਇਆ ਇਸ ਤੋਂ ਉਲਟ। ਲਖਪਤ ਨੇ ਇਹ ਹੁਕਮ ਵੀ ਜਾਰੀ ਕਰ ਦਿੱਤਾ ਕਿ ਅੱਗੋਂ ਤੋਂ ਸਹਿਜ-ਧਾਰੀ ਸਿੱਖ ਵੀ ਕਤਲ ਕੀਤੇ ਜਾਣਗੇ। ਇਹ ਨਵੀਂ ਗਲ ਪੈਦਾ ਹੋ ਗਈ ਜ ਅਗੇ ਕਦੇ ਨਹੀਂ ਸੀ ਹੋਈ। ਨਮਾਜ਼ ਬਖਸ਼ਾਉਣ ਗਿਆਂ ਦੇ ਰੋਜ਼ੇ ਗਲੇ ਪੈ ਗਏ।

ਸੋਮਾਵਤੀ ਮੱਸਿਆ ਵਾਲੇ ਦਿਨ ਲਖਪਤ ਰਾਇ ਦੇ ਹੁਕਮ ਨਾਲ ਲਾਹੌਰ ਵਿਚ ਸਿੱਖਾਂ ਦੀ ਕਤਲਾਮ ਹੋ ਗਈ।

ਦੀਵਾਨ ਸਾਹਿਬ ਦਾ ਮੁਲਤਾਨ ਜਾਣਾ।

ਯਾਹਯਾ ਖਾਂ ਤੇ ਸ਼ਾਹ ਨਵਾਜ਼ ਦਾ ਆਪਸ ਦਾ ਝਗੜਾ ਵਧਦਾ ਗਿਆ, ਦਿੱਲੀ ਦਾ ਵਜ਼ੀਰ ਕਮਰੁੱਦੀਨ ਇਨ੍ਹਾਂ ਦੀ ਲੜਾਈ ਨੂੰ ਪਸੰਦ ਨਹੀਂ ਕਰਦਾ ਸੀ। ਇਹ ਦੋਨੋਂ ਭਰਾ ਵਜ਼ੀਰ ਕਮਰੁੱਦੀਨ ਦੇ ਭਤੀਜੇ ਸਨ ਤੇ ਯਾਹਯਾ ਖਾਂ ਨਾਲੇ ਉਸਦਾ ਜੁਵਾਈ ਵੀ ਸੀ। ਵਜ਼ੀਰ ਕਮਰੁੱਦੀਨ ਨੇ ਇਹ ਵੰਡ ਕੀਤੀ ਕਿ ਲਾਹੌਰ ਉਪਰ ਤਾਂ ਯਾਹਯਾ ਖਾਂ ਕਾਬਜ਼ ਰਹੇ ਤੇ ਮੁਲਤਾਨ ਦਾ ਸੂਬਾ ਸ਼ਾਹ ਨਵਾਜ਼ ਨੂੰ ਦੇ ਦਿੱਤਾ।

ਦੀਵਾਨ ਸਾਹਿਬ ਇਨ੍ਹਾਂ ਦਿਨਾਂ ਵਿਚ ਯਾਹਯਾ ਖਾਂ ਦੀ ਨੌਕਰੀ ਵਿਚ ਸਨ। ਆਪ ਦਾ ਦਿਲ ਸਖ਼ਤ ਗ਼ਮਨਾਕ ਸੀ। ਦੀਵਾਨ ਲਖਪਤ ਰਾਇ ਨੇ ਜੋ ਜ਼ੁਲਮ ਕੀਤਾ ਸੀ, ਉਸ ਨਾਲ ਆਪ ਦਾ ਹਿਰਦਾ ਅਤਯੰਤ ਦੁਖਿਤ ਸੀ। ਪੰਜਾਬ ਵਿਚ ਸਿੱਖਾਂ ਵਿਰੁੱਧ ਵਰਤੀ ਜਾ ਰਹੀ ਪਾਲਿਸੀ ਬੜੀ ਖ਼ਤਰਨਾਕ ਸੀ, ਜਿਸਦੇ ਉਹ ਸਖਤ ਵਿਰੋਧੀ ਸਨ। ਐਸ ਵੇਲੇ ਰਾਜਾ ਤੇ ਵਜ਼ੀਰ ਦੋਨੋਂ ਖੋਟੀ ਨੀਤਿ ਵਾਲੇ ਇਕੱਠੇ ਹੋ ਗਏ ਸਨ। ਦੋਨੋਂ ਇਕ ਦੂਜੇ ਤੋਂ ਵੱਧ ਨਿਰਦਈ ਸਨ। ਦੋਨਾਂ ਦੀ ਬਹਾਦਰੀ ਕੇਵਲ ਵਧ ਵਧ ਕੇ ਜ਼ੁਲਮ ਕਮਾਉਣ ਵਿਚ ਸੀ। ਦੀਵਾਨ ਸਾਹਿਬ ਦੇ ਸਾਰੇ ਯਤਨ ਨਿਸ਼ਫਲ ਸਨ। ਆਪ ਨੇ ਨੌਕਰੀ ਤੋਂ

Digitized by Panjab Digital Library | www.panjabdigilib.org

ਅਸਤੀਫਾ ਦੇਣ ਦੀ ਠਾਣ ਲੀਤੀ। ਆਖਰ ਯਾਹਯਾ ਖਾਂ ਦੀ ਨੌਕਰੀ ਛੱਡ ਕੇ ਮੁਲਤਾਨ ਚਲੇ ਗਏ*।

ਸ਼ਾਹ ਨਵਾਜ਼ ਦੀਵਾਨ ਸਾਹਿਬ ਦੀ ਬਹਾਦਰੀ ਅਤੇ ਦਾਨਾਈ ਦਾ ਪੂਰਾ ਕਾਇਲ ਸੀ। ਉਹ ਅੱਖੀਂ ਦੇਖ ਚੁਕਾ ਸੀ ਕਿ ਦੀਵਾਨ ਸਾਹਿਬ ਨੇ ਉਸ ਦੇ ਪਿਤਾ ਖਾਨ ਬਹਾਦਰ ਜ਼ਕਰੀਆ ਖਾਂ ਨਾਲ ਕਿਸ ਤਰ੍ਹਾਂ ਵਫਾਦਾਰੀ ਨਾਲ ਨਿਬਾਹ ਕੀਤਾ ਸੀ। ਉਹ ਇਸ ਕਰਕੇ ਇਨ੍ਹਾਂ ਦੇ ਮੁਲਤਾਨ ਆਉਣ ਉਪਰ ਬਹੁਤ ਹੀ ਖੁਸ਼ ਹੋਇਆ। ਮੁਲਤਾਨ ਦੀਵਾਨ ਸਾਹਿਬ ਦਾ ਘਰ ਸੀ। ਉਨ੍ਹਾਂ ਦਾ ਇਰਾਦਾ ਕੁਛ ਦਿਨ ਘਰ ਦੀ ਏਕਾਂਤ ਵਿਚ ਕੱਟਣ ਦਾ ਸੀ, ਪਰ ਸ਼ਾਹ ਨਵਾਜ਼ ਨੇ ਉਨ੍ਹਾਂ ਨੂੰ ਆਰਾਮ ਨਾਲ ਘਰ ਨਾ ਬੈਠਣ ਦਿੱਤਾ, ਸੱਦ ਭੇਜਿਆ ਤੇ ਅਪਣੇ ਸੂਬੇ ਦਾ ਦੀਵਾਨ ਬਣਾ ਲਿਆ।

ਦੀਵਾਨ ਸਾਹਿਬ ਨੇ ਆਪਣੀ ਲਿਆਕਤ ਨਾਲ ਬਹੁਤ ਤੱਕੀ ਕੀਤੀ। ਕੁਦਰਤੀ ਤੌਰ ਤੇ ਦੀਵਾਨ ਸਾਹਿਬ ਏਥੇ ਬਹੁਤ ਖੁਸ਼ ਸਨ। ਇਕ ਤਾਂ ਲਖਪਤ ਰਾਇ ਜਿਹੇ ਅਨੀਤ ਪੁਰਸ਼ ਤੋਂ ਦੂਰ ਹੋ ਗਏ, ਦੂਸਰੇ ਆਪਣੀ ਖ਼ਾਨਦਾਨੀ ਵਿਰਾਸਤ ਨੂੰ ਏਥੇ ਆ ਸੰਭਾਲਿਆ। ਆਪ ਦੇ ਪਿਤਾ ਸ੍ਰੀ ਵੱਲੂ ਮਲ ਜੀ ਮੁਲਤਾਨ ਦੇ ਹੀ ਵਸਨੀਕ ਸਨ ਤੇ ਪਿੱਛੋਂ ਉਨ੍ਹਾਂ ਦੇ ਵੀ ਪਿਤਾ ਤੇ ਦਾਦਾ ਸਾਰੇ ਮੁਲਤਾਨ ਦੇ ਗਵਰਨਰ ਦੀ ਸਰਕਾਰੀ ਨੌਕਰੀ ਵਿਚ ਰਹੇ ਹੋਏ ਸਨ†।

ਸ਼ਾਹ ਨਵਾਜ਼ ਨੂੰ ਭਾਵੇਂ ਮੁਲਤਾਨ ਦਾ ਹਾਕਮ ਬਣਾ ਦਿੱਤਾ ਗਿਆ. ਪਰ ਉਹ ਏਸ ਵੰਡ ਉਪਰ ਸੰਤੁਸ਼ਟ ਨਹੀਂ ਸੀ। ਉਸਦਾ ਭਰਾ ਯਾਹਯਾ ਖਾਂ ਆਪਣੇ ਪਿਤਾ ਦੀ ਹੋਰ ਸਾਰੀ ਪ੍ਰਾਈਵੇਟ ਜਾਇਦਾਦ ਸਾਂਭੀ ਬੈਠਾ ਸੀ। ਸ਼ਾਹ ਨਵਾਜ਼ ਨੇ ਵਿਰਾਸਤ ਦੇ ਝਗੜੇ ਨੂੰ ਮਿਟਾਉਣ ਲਈ ਦੀਵਾਨ ਸੂਰਤ ਸਿੰਘ ਨੂੰ ਵਿਚ ਪਾਇਆ, ਪਰ ਯਾਹਯਾ ਖਾਂ ਨੇ ਇਕ ਨਾ ਮੰਨੀ। 'ਤੰਗ ਆਮਦ ਬਜੰਗ ਆਮਦ' ਵਾਲੀ ਗਲ ਆ ਬਣੀ। ਸ਼ਾਹ ਨਵਾਜ਼ ਖਾਂ ਆਪਣੇ ਖਾਸ ਆਦਮੀ, ਜਿਨ੍ਹਾਂ ਵਿਚੋਂ ਇਕ ਦੀਵਾਨ ਕੌੜਾ ਮਲ ਸੀ, ਨਾਲ ਲੈਕੇ ਲਾਹੌਰ ਆ ਗਿਆ। ਜਦ ਇਥੇ ਆਇਆਂ ਵੀ ਕੋਈ ਗਲ ਸੁਲਹ ਸਫਾਈ ਨਾਲ ਨਾ ਮੁੱਕੀ, ਤਦ ਆਪਣੇ ਸਾਥੀਆਂ ਸਣੇ ਅਦੀਨਾ ਨਗਰ ਵੱਲ ਕੂਚ ਕੀਤਾ ਕਿ ਪਿਤਾ ਦੀ ਜਾਇਦਾਦ ਦੇ ਇਕ ਹਿਸੇ ਉਪਰ ਕਬਜ਼ਾ ਕਰ ਲਏ। ਅਸੀਂ ਪਿਛੇ ਦੱਸ ਆਏ ਹਾਂ ਕਿ ਉਨ੍ਹਾਂ ਦਿਨਾਂ ਦੁਆਬ ਦਾ ਹਾਕਮ ਆਦੀਨਾ ਬੇਗ ਸੀ। ਉਹ ਵੀ ਸ਼ਾਹ ਨਵਾਜ਼ ਖਾਂ ਦੇ ਨਾਲ ਹੋ ਗਿਆ।

ਸ਼ਾਹ ਨਵਾਜ਼ ਨੇ ਦੀਵਾਨ ਕੌੜਾ ਮਲ ਅਤੇ ਹੋਰ ਸਾਥੀਆਂ ਸਮੇਤ ਲਾਹੌਰ ਸ਼ਾਲਾਮਾਰ ਬਾਗ਼ ਦੇ ਪਾਸ ਆਕੇ ਡੇਰੇ ਲਾ ਦਿਤੇ। ਕਿੰਨਾਂ ਚਿਰ ਗੱਲ ਬਾਤ ਹੁੰਦੀ ਰਹੀ, ਪਰ ਮੁੱਕੀ ਕੋਈ ਨਾ। ਅੰਤ ਨੂੰ ਈਦ ਵਾਲੇ ਦਿਨ ਨਮਾਜ਼ ਪੜ੍ਹਨ ਗਿਆਂ ਝਗੜਾ ਹੋ ਗਿਆ। ਯਾਹਯਾ ਖਾਂ ਨੱਸਕੇ ਇਕ ਮਕਾਨ ਵਿਚ ਜਾ ਵੜਿਆਂ ਜਿਥੋਂ ਕੈਦ ਕੀਤਾ ਗਿਆ। ਸ਼ਾਹ ਨਵਾਜ਼ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਇਹ ਕਬਜ਼ਾ ਬੜੀ ਸਫਾਈ ਨਾਲ ਹੋਇਆ ਜਿਵੇਂ ਕਿਸੇ ਗਿਣੀ ਮਿਥੀ ਚਾਲ ਅਨੁਸਾਰ ਹੁੰਦਾ ਹੈ।

ਹੁਣ ਯਾਹਯਾ ਖਾਂ ਦੇ ਹਿਮਾਇਤੀਆਂ ਦੀ ਵਾਰੀ ਆਈ। ਕਸੂਰ ਦਾ ਮੀਰ ਮੋਮਨ ਖਾਂ ਅਤੇ ਦੀਵਾਨ ਲਖਪਤ ਰਾਇ ਕੈਦ ਕਰ ਲਏ ਗਏ, ਬਾਕੀ ਦੇ ਅਮਲੇ ਫੈਲੇ ਨੇ ਸ਼ਾਹ ਨਵਾਜ਼ ਦੀ ਦੀਨ ਕਬੂਲ ਕਰ ਲਈ।

ਦੀਵਾਨ ਬਣਨਾ।

ਲਖਪਤ ਰਾਇ ਦੀ ਥਾਂ ਦੀਵਾਨ ਕੌੜਾ ਮਲ ਵਜ਼ੀਰ (ਦੀਵਾਨ) ਨੀਯਤ ਹੋਏ। ਇਹ ਵਾਕਿਆ ਸੰਨ ੧੭੪੭ ਈ: ਦੇ ਸ਼ੁਰੂ ਦਾ ਹੈ।

ਦੀਵਾਨ ਸਾਹਿਬ ਦੇ ਵਜ਼ੀਰ ਮੁਕਰਰ ਹੋ ਜਾਣ ਤੇ ਖਾਲਸੇ ਉਪਰ ਹੋ ਰਹੀ ਨਿਰਦਯਤਾ ਬੰਦ ਹੋ

---

*ਕੰਵਰ ਸਿੰਘ, ਮਹਾਰਾਜਾ ਕੌੜਾ ਮਲ ਬਹਾਦਰ, ਸਫਾ ੧੨੪।

†Shah Yusaf, öõa. as quoted by H. R. Gupta in History of the Sikhs p. 33.
ਯੂਸਫ ਸ਼ਾਹ ਨੇ ਵੱਲੂ ਮਲ ਨੂੰ ਮੁਲਤਾਨੀ ਖੱਤ੍ਰੀ ਲਿਖਿਆ ਹੈ। ਹੋਰ ਇਤਿਹਾਸਕਾਰਾਂ ਨੇ ਜਾਤ 'ਚੁੱਘ ਅਰੋੜੇ' ਲਿਖੀ ਹੈ, ਅਸਲ ਗਲ ਇਹ ਹੈ ਕਿ ਅਰੋੜਿਆਂ ਨੂੰ ਮੁਲਤਾਨੀ ਖੱਤ੍ਰੀ ਵੀ ਕਿਹਾ ਜਾਂਦਾ ਹੈ।

Digitized by Panjab Digital Library | www.panjabdigilib.org

ਗਈ। ਮੁਲਕ ਵਿਚ ਚਲ ਰਹੀ ਅਨੀਤੀ ਦੀ ਹਨੇਰੀ ਖਤਮ ਹੋ ਗਈ। ਅਮਨ ਦਾ ਪਹੁ ਫੁਟਾਲਾ ਮੁੜ ਆਪਣੀਆਂ ਰਿਸ਼ਮਾਂ ਛੱਡਣ ਲੱਗਾ। ਇਸ ਵੇਲੇ ਦਾ ਹਾਲ ਗੁਪਤਾ ਸਾਹਿਬ ਇਸ ਤਰ੍ਹਾਂ ਲਿਖਦੇ ਹਨ:-

"ਸਿਖਾਂ ਨੇ ਦੇਖਿਆ ਕਿ ਉਨ੍ਹਾਂ ਦਾ ਅਪਣਾ ਸਰਪਰਸਤ (ਦੀਵਾਨ ਕੌੜਾ ਮਲ) ਵਜ਼ੀਰ ਬਣ ਗਿਆ ਹੈ, ਜਿਸ ਦੀ ਤਾਕਤ ਪੰਜਾਬ ਦੇ ਵਾਇਸਰਾਇ ਤੋਂ ਉਤਰ ਕੇ ਅਗਲੇ ਦਰਜੇ ਦੀ ਹੈ। ਏਸ ਖਿਆਲ ਨਾਲ ਉਨ੍ਹਾਂ ਵੀ ਫੈਸਲਾ ਕੀਤਾ ਕਿ ਜੋ ਮਾਰ ਧਾੜ ਉਹ ਕਰ ਰਹੇ ਸਨ, ਬੰਦ ਕਰ ਦਿੱਤੀ ਜਾਵੇ। ਨਾਲੇ ਸਿੱਖਾਂ ਨੂੰ ਐਸ ਵੇਲੇ ਸਖ਼ਤ ਜ਼ਰੂਰਤ ਸੀ ਕਿ ਸਾਹ ਕੱਢਣ ਦਾ ਵਕਤ ਮਿਲ ਜਾਵੇ, ਜਿਸ ਨਾਲ ਮੁੜ ਤਾਕਤ ਭਰੇ।"

[*Gupta's History of the Sikhs P.35.*

ਏਸ ਸਾਲ ਵਿਸਾਖੀ ਦਾ ਤਿਉਹਾਰ ੩੦ ਮਾਰਚ ਵਾਲੇ ਦਿਨ ਸੀ*। ਬਹੁਤ ਜ਼ਮਾਨੇ ਬਾਦ ਇਹ ਪਹਿਲੀ ਵਿਸਾਖੀ ਸੀ ਕਿ ਸਿੱਖ ਨਿਸਚਿੰਤ ਹੋਕੇ ਸ੍ਰੀ ਦਰਬਾਰ ਸਾਹਿਬ ਦਾ ਦਰਸ਼ਨ ਕਰ ਸਕੇ ਸਨ। ਏਸ ਤੋਂ ਪਹਿਲੇ ਹਰ ਵਿਸਾਖੀ ਅਤੇ ਹਰ ਦਿਵਾਲੀ ਨੂੰ ਦਰਬਾਰ ਸਾਹਿਬ ਦੀ ਪ੍ਰਕਰਮਾਂ ਸ਼ਹੀਦੀ ਖ਼ੂਨ ਨਾਲ ਰੰਗੀ ਜਾਂਦੀ ਸੀ। ਏਸ ਵਾਰ ਸਮੂਹ ਖਾਲਸੇ ਦੀ ਇਕੱਤ੍ਰਤਾ ਹੋਈ। ਦਿਲਾਂ ਵਿਚ ਅਨੰਦ ਦਾ ਸਰੋਵਰ ਠਾਠਾਂ ਮਾਰ ਰਿਹਾ ਸੀ†, ਉਤਸ਼ਾਹ ਦਾ ਤੇ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ।

ਇਹ ਪ੍ਰਸੰਨਤਾ ਵਾਲੀ ਹਾਲਤ ਜੋ ਮੁਲਕ ਵਿਚ ਪੈਦਾ ਹੋ ਗਈ, ਇਸ ਕਰਕੇ ਨਹੀਂ ਸੀ ਕਿ ਸ਼ਾਹ ਨਵਾਜ਼ ਵਿਚ ਕੋਈ ਦਯਾ ਦੀ ਅੰਸ਼ ਸੀ। ਸ਼ਾਹ ਨਵਾਜ਼ ਬਾਬਤ ਉਸ ਵੇਲੇ ਦੇ ਸਮਕਾਲੀ ਇਤਿਹਾਸਕਾਰ ਕਹਿੰਦੇ ਹਨ "ਉਹ ਬਹੁਤ ਹੀ ਸ਼ਰਾਬੀ ਕਬਾਬੀ ਤੇ ਲਹੂ ਤਿਹਾਇਆ ਬੰਦਾ ਸੀ। ਤਾਰੀਖ ਮੁਹੰਮਦਸ਼ਾਹੀ ਨੇ ਸ਼ਾਹ ਨਵਾਜ਼ ਨੂੰ ਨਾਦਰਸ਼ਾਹ ਕੋਲੋਂ ਵੱਧ ਨਿਰਦਈ ਲਿਖਿਆ ਹੈ‡।"

ਪਰ ਸਿੱਖਾਂ ਦੀ ਹਾਲਤ ਐਸ ਵੇਲੇ ਬਹੁਤ ਅੱਛੀ ਸੀ ਤੇ ਖਾਸ ਕਰ ਉਸ ਵੇਲੇ ਕੋਲੋਂ ਜਦੋਂ ਕਿ ਯਾਹਯਾ ਖਾਂ ਹਕੂਮਤ ਕਰਦਾ ਸੀ। ਯਾਹਯਾ ਖਾਂ ਤੇ ਸ਼ਾਹ ਨਵਾਜ਼ ਵਿਚ ਕੋਈ ਵੱਡਾ ਫਰਕ ਨਹੀਂ ਸੀ। ਫਰਕ ਸਿਰਫ ਵਜ਼ੀਰਾਂ ਦਾ ਸੀ। ਯਾਹਯਾ ਖਾਂ ਦਾ ਵਜ਼ੀਰ ਦੀਵਾਨ ਲਖਪਤ ਰਾਇ ਸੀ ਤੇ ਸ਼ਾਹ ਨਵਾਜ਼ ਦਾ ਦੀਵਾਨ ਕੌੜਾ ਮਲ।

ਵਿਸਾਖੀ ਦਾ ਉਤਸਵ ਮਨਾਉਣ ਲਈ ਸੰਗਤਾਂ ਦੂਰੋਂ ਦੂਰੋਂ ਪਹੁੰਚਣ ਲਗੀਆਂ। ਦਰਬਾਰ ਸਾਹਿਬ ਦੇ ਖੁੱਲ੍ਹੇ ਦੀਦਾਰੇ ਦੀਆਂ ਖਬਰਾਂ ਮੁਲਕ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਅੱਪੜ ਗਈਆਂ। ਇਕ ਤੋਂ ਇਕ ਹਿਰਦਾ ਵੱਧ ਪ੍ਰਸੰਨ ਸੀ, ਪਰ ਸਭ ਤੋਂ ਵੱਧ ਖੁਸ਼ੀ ਮਾਤਾ ਸੁੰਦਰੀ ਜੀ ਨੂੰ ਸੀ। ਮਾਤਾ ਜੀ ਦਾ ਪੱਕਾ ਵਿਸ਼ਵਾਸ਼ ਸੀ ਕਿ ਸਿੱਖੀ ਦੀ ਲਹਿਰ ਚਲਦੀ ਰੱਖਣ ਲਈ ਦਰਬਾਰ ਸਾਹਿਬ ਦੇ ਪਿਆਰ ਦਾ

---

*ਸੰਨ ੧੭੫੨ ਈ: ਤੋਂ ਪਹਿਲੇ ਵਿਸਾਖੀ ਹਰ ਸਾਲ ਮਾਰਚ ਦੇ ਅਖੀਰ ਦੇ ਕਰੀਬ ਹੁੰਦੀ ਸੀ। ਹੁਣ ਦੇ ਛਪਾਨੇ ਵਿਚ ਵਿਸਾਖੀ ਅਪਰੈਲ ਵਿਚ ਆਉਂਦੀ ਹੈ, ਅਮੂਮਨ ਤ੍ਰੀਹ ੧੨,੧੩ ਜਾਂ ੧੪ ਅਪਰੈਲ ਨੂੰ ਹੁੰਦੀ ਹੈ। ਇਹ ਫਰਕ ੧੭੫੨ਈ:ਤੋਂ ਬਾਦ ਪਿਆ ਹੈ। ਇੰਗਲਿਸਤਾਨ ਵਿਚ ਇਸ ਸੰਨ ਤੋਂ ਪਹਿਲਾਂ ਕੈਲੰਡਰ ਜੋ ਪ੍ਰਚਲਿਤ ਸੀ ਉਸ ਦਾ ਨਾਮ ਜੂਲੀਅਨ (Julian) ਕੈਲੰਡਰ ਸੀ। ਏਸ ਕੈਲੰਡਰ ਵਿਚ ੧੧ ਮਿੰਟ ੧੪ ਸੈਕੰਡ ਦੀ ਗ਼ਲਤੀ ਹਰ ਸਾਲ ਪੈ ਜਾਂਦੀ ਸੀ। ਸੰਨ ੧੫੮੨ ਈ: ਵਿਚ ਏਸ ਕੈਲੰਡਰ ਦੀ ਸੁਧਾਈ ਪੋਪ ਗ੍ਰੈਗਰੀ ਨੇ ਕੀਤੀ। ਏਸ ਸਾਲ ਤਕ ਕੈਲੰਡਰ ਵਿਚ ਦਸ ਦਿਨ ਦਾ ਫਰਕ ਪੈ ਚੁਕਾ ਸੀ, ਜੋ ਕੱਢ ਦਿਤਾ ਗਿਆ। ਇਹ ਨਵਾਂ ਕੈਲੰਡਰ ਇੰਗਲਿਸਤਾਨ ਵਿਚ ਸੰਨ ੧੭੫੨ ਈ ਵਿਚ ਪ੍ਰਚਲਿਤ ਹੋਇਆ। ਅੰਗਰੇਜ਼ੀ ਤੇ ਦੇਸੀ ਤ੍ਰੀਕਾਂ ਦੇ ਮਿਲਾਉਣ ਵੇਲੇ ਏਸ ਗਲ ਦਾ ਖਿਆਲ ਕਰਨਾ ਪੈਂਦਾ ਹੈ ਕਿ ਇਹ ਤ੍ਰੀਕਾਂ ਸੰਨ ੧੭੫੨ ਈ: ਤੋਂ ਪਹਿਲੇ ਦੀਆਂ ਹਨ ਕਿ ਪਿਛੋਂ ਦੀਆਂ। ਏਹੋ ਕੈਲੰਡਰ ਅਜ ਕਲ ਪ੍ਰਚਲਿਤ ਹੈ ਜਿਸ ਹਿਸਾਬ ਸਿਰ ਇਹ ਬਣਿਆ ਹੈ ਉਸ ਵਿਚ ਸਿਰਫ ਇਤਨੀ ਗਲਤੀ ਬਾਕੀ ਰਹਿ ਗਈ ਹੈ ਜਿਸ ਦੇ ਅਸਰ ਨਾਲ ੪੯੬੬ ਬਰਸ ਵਿਚ ਇਕ ਦਿਨ ਦਾ ਫਰਕ ਪਵੇਗਾ। ਇਸ ਨਵੇਂ ਕੈਲੰਡਰ ਦਾ ਨਾਮ ਗ੍ਰੈਗੋਰੀਅਨ (Gregorian) ਕੈਲੰਡਰ ਹੈ।

†ਬਾਹਿਰ ਦਾ ਸਰੋਵਰ ਤਾਂ ਲਖਪਤ ਰਾਇ ਨੇ ਮਿੱਟੀ ਨਾਲ ਭਰਵਾ ਦਿਤਾ ਹੋਇਆ ਸੀ, ਹੁਣ ਸਾਰੀਆਂ ਅੱਖਾਂ ਦੀਵਾਨ ਸਾਹਿਬ ਵਲ ਤੱਕ ਰਹੀਆਂ ਸਨ ਕਿ ਇਹ ਕਾਰ ਸੇਵਾ ਦਾ ਉਦਮ ਚੁਕਣ, ਜਿਸ ਮੌਕਾ ਨੂੰ ਉਨ੍ਹਾਂ ਆਖਰ ਸਿਰੇ ਚੜ੍ਹਾ ਦਿਤਾ।

‡History of the Sikhs, H. R, Gupta, p. 47,

Digitized by Panjab Digital Library | www.panjabdigilib.org

ਜਜ਼ਬਾ ਸਿੰਘਾਂ ਦੀ ਛਾਤੀ ਵਿਚ ਅਟੱਲ ਉੱਛਲਦਾ ਰਹਿਣਾ ਚਾਹੀਦਾ ਹੈ। ਏਸੇ ਰੱਲ ਨੂੰ ਮੁੱਖ ਰੱਖਕੇ ਉਨ੍ਹਾਂ ਔਖੀ ਵੇਲੇ ਭਾਈ ਮਨੀ ਸਿੰਘ ਨੂੰ ਏਧਰ ਘੱਲਿਆ ਸੀ । ਮਾਤਾ ਸੁੰਦਰੀ ਜੀ ਨੇ ਦੂਖ ਤੋਂ ਬਾਦ ਦੂਖ ਦੇਖੇ ਸਨ। ਇਹ ਬੜੇ ਚਿਰ ਪਿਛੋਂ ਇਕ ਖੁਸ਼ੀ ਦੀ ਖਬਰ ਉਨ੍ਹਾਂ ਪਾਸ ਆਈ ਸੀ, ਇਹ ਦਰਬਾਰ ਸਾਹਿਬ ਦੀ ਖੁੱਲ੍ਹ ਦੀ ਖਬਰ ਸੀ ਅਰ ਇਹ ਉਨ੍ਹਾਂ ਦੀ ਜ਼ਿੰਦਗੀ ਦੀ ਆਖ਼ਰੀ ਖੁਸ਼ੀ ਸੀ*।

ਦੀਵਾਨ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਬੜੇ ਪ੍ਰੇਮ ਤੇ ਉਤਸਾਹ ਨਾਲ ਕਰਾਈ। ਸਰੋਵਰ ਦੀ ਕਾਰ ਸੇਵਾ ਅਪਣੇ ਹਥੀਂ ਅਰੰਭ ਕੀਤੀ, ਫੇਰ ਯਾਰਾਂ ਹਜ਼ਾਰ ਰੁਪੱਯਾ ਏਸ ਕੰਮ ਲਈ ਭੇਟ ਕੀਤਾ†।

ਕਾਰ ਸੇਵਾ ਤੋਂ ਪਹਿਲੇ, ਦਰਬਾਰ ਸਾਹਿਬ ਦੀ ਹਿਫਾਜ਼ਤ ਨੂੰ ਮੁੱਖ ਰੱਖਕੇ, ਵਿਸਾਖੀ ਵਾਲੇ ਦਿਨ ਸਮੂਹ ਖਾਲਸੇ ਨੇ ਗੁਰਮਤਾ ਸੋਧਿਆ ਕਿ ਰਾਮ ਰੌਣੀ ਦਾ ਕੱਚਾ ਕਿਲ੍ਹਾ ਜਿਹਾ ਬਣਾਇਆ ਜਾਵੇ। ਇਸ ਰੌਣੀ ਦੀ ਇਮਾਰਤ ਰਾਮਸਰ ਦੇ ਕੋਲ ਸ਼ੁਰੂ ਹੋਈ । ਦੋ ਗਜ਼ ਚੌੜੀ ਨੀਂਹ ਪੁੱਟੀ ਗਈ। ਇਸ ਦੇ ਬਨਾਉਣ ਲਈ ਇਕ ਉਤਸਾਹ ਦਾ ਵੇਗ ਕੰਮ ਕਰ ਰਿਹਾ ਸੀ। ਦਿਨਾਂ ਵਿਚ ਹੀ ਇਕ ਕੱਚੀ ਚਾਰ ਦੀਵਾਰੀ ੫੦੦ ਆਦਮੀਆਂ ਨੂੰ ਕਿਲ੍ਹੇ ਬੰਦ ਕਰਨ ਲਈ ਤਿਆਰ ਹੋ ਗਈ। ਆਸੇ ਪਾਸੇ ਇਕ ਵੱਡੀ ਖਾਈ ਖੋਦੀ ਗਈ।

ਏਸ ਸਮੇਂ ਵਿਚ ਸਿੱਖੀ ਦੇ ਪ੍ਰਚਾਰ ਦੀ ਇਕ ਲਹਿਰ ਪੰਜਾਬ ਵਿਚ ਫਿਰ ਗਈ। ਸਿਖਾਂ ਦਾ ਰੋਅਬ ਤੇ ਸ਼ਾਨ ਬਹੁਤ ਉੱਚੀ ਹੋ ਗਈ।

> "ਜਿਸ ਵੇਲੇ ਕੋਈ ਸਿਖ ਅਪਣੇ ਪਿੰਡ ਮੁੜਕੇ ਆਉਂਦਾ ਤਾਂ ਪਿੰਡ ਦੇ ਹਰ ਮਾਮਲੇ ਵਿਚ ਓਹੋ ਚੌਧਰੀ ਮੰਨਿਆਂ ਜਾਂਦਾ। ਸਿੱਖਾਂ ਦੇ ਸ਼ਹੀਦੀ ਕਾਰਨਾਮਿਆਂ ਦੀਆਂ ਕਥਾਂ ਹਰ ਇਕ ਦੀ ਜ਼ੁਬਾਨ ਉੱਪਰ ਸਨ। ਪਿੰਡਾਂ ਦੇ ਰੱਡੂ ਸਿੱਖਾਂ ਦੇ ਦੁਆਲੇ ਝੁਰਮਟ ਪਾਈ ਰਖਦੇ ਤੇ ਉਨ੍ਹਾਂ ਦੀਆਂ ਬਹਾਦਰੀ ਦੀਆਂ ਗੱਲਾਂ ਧਿਆਨ ਬੰਨ੍ਹਕੇ ਸੁਣਦੇ ਰਹਿੰਦੇ।.....ਗ਼ਰੀਬ ਗੁਰਬਾ,ਮਰਦ ਤੇ ਤੀਵੀਆਂ ਸਿੱਖਾਂ ਦੇ ਘਰ ਹੀ ਖ਼ਰੈਤ ਮੰਗਣ ਜਾਂਦੇ। .....ਦੁਖੀਏ ਪੁਰਸ਼ ਸਿੱਖ ਕੋਲ ਹੀ ਮਦਦ ਲਈ ਅਰਜ਼ੋਈ ਲੈਕੇ ਜਾਂਦੇ। ਕਿਉਂਕਿ ਸਿੱਖ ਇਸ ਅਸੂਲ ਤੇ ਕੰਮ ਕਰ ਰਹੇ ਸਨ ਕਿ ਹਰ ਲੋੜਵੰਦ ਦੀ ਮਦਦ ਕਰਨੀ ਹੈ ਤੇ ਹਰ ਮਜ਼ਲੂਮ ਨੂੰ ਜ਼ੁਲਮ ਦੇ ਦਬਾਉ ਤੋਂ ਛੁਟਕਾਰਾ ਦੇਣਾ ਹੈ ।.....ਪਿੰਡ ਦੇ ਅਨੇਕਾਂ ਹੀ ਗੱਭਰੂ ਸਿਖਾਂ ਕੋਲੋਂ ਅੰਮ੍ਰਿਤ ਛਕ ਕੇ ਖਾਲਸੇ ਦੀ ਫੌਜ ਵਿਚ ਭਰਤੀ ਹੋ ਜਾਂਦੇ‡।"

ਸਿਖੀ ਦੀ ਇਸ ਖੁਸ਼ਹਾਲੀ ਦਾ ਮੂਲ ਕਾਰਣ ਦੀਵਾਨ ਕੌੜਾ ਮਲ ਸੀ। ਆਨੰਦ ਪੁਰ ਸਾਹਿਬ ਦੀਆਂ ਲੜਾਈਆਂ ਦੇ ਵਕਤ ਤੋਂ ਪਿਛੋਂ ਸਿਖਾਂ ਨੇ ਇਹ ਸਾਤਾ ਵਕਤ ਅਤਿ ਕਸ਼ਟ ਦਾ ਲੰਘਾਇਆ ਸੀ ਤੇ ਹੁਣ ਇਹ ਫੇਰ ਪਹਿਲਾ ਸੁਖ ਦਾ ਝੂਟਾ ਸੀ, ਜਿਸ ਨੂੰ ਸਿੱਖਾਂ ਨੇ ਪੂਰੇ ਸ੍ਵਾਦ ਨਾਲ ਮਾਣਿਆ। ਹੁਣ ਤਕਰੀਬਨ ਅੱਧੀ ਸਦੀ ਦੇ ਬਾਦ ਹਰ ਇਕ ਸਿਖ ਬੱਚਾ ਆਪਣੀ ਪੂਰੀ ਸ਼ਾਨ ਵਿਚ ਤੇ ਵਧੇ ਹੋਏ ਫ਼ਖਰ ਨਾਲ ਨਿਸ਼ਚਿੰਤ ਮਨ ਹੋਕੇ ਨਿਰਭੈਤਾ ਦੇ ਵਾਯੂ ਮੰਡਲ ਵਿਚ ਸੁਤੰਤ੍ਰਤਾ ਦਾ ਸਾਹ ਲੈ ਰਿਹਾ ਸੀ। ਅਜ ਅਸੀਂ ਉਸ ਵੇਲੇ ਦੀ ਇਸ ਖੁਸ਼ਹਾਲਤ ਦਾ ਮੁੱਲ ਨਹੀਂ ਪਾ ਸਕਦੇ । ਇਸ ਦਾ ਕੁਛ ਕ ਅਨੁਮ ਨ ਲਗ ਸਕਦਾ ਹੈ ਜੇਕਰ ਇਸਦਾ ਮੁਕਾਬਲਾ ਕਰੀਏ ਉਸ ਤੋਂ ਪਹਿਲੇ ਵੇਲੇ ਦੀ ਦਸ਼ਾ

---

*ਇਸ ਤੋਂ ਥੋੜ੍ਹੇ ਚਿਰ ਪਿਛੋਂ ਮਾਤਾ ਜੀ ਸਰਬੰਸ ਪਿਆਨ ਕਰ ਗਏ ਸਨ। ਉਨ੍ਹਾਂ ਦੇ ਚਲਾਣੇ ਕਰਨ ਦਾ ਸਾਲ ੧੭੪੭ ਈ: (੮੦੪ ਬਿ:) ਦੱਸੀਦਾ ਹੈ। ਗੁਰ ਪ੍ਰਤਾਪ ਸੂਰਜ, ਪੰਡਤ ਤਾਰਾ ਸਿੰਘ ਤੇ ਮੈਕਾਲਫ ਨੇ ਇਹੋ ਸੰਮਤ ਦਿਤਾ ਹੈ, ਪਰ ਦੇਸ਼ਰ ਸਿੰਘ ਛਿਬਰ ਦੇ ਲਿਖੇ ਅਨੁਸਾਰ ਮਾਤਾ ਸੁੰਦਰੀ ਜੀ ਦਾ ਗੁਰਪੁਰੀ ਗਮਨ ੧੭੨੭ ਈ: (੧੭੮੪ ਬਿ:) ਤੇ ਉਨ੍ਹਾਂ ਤੋਂ ਪਿਛੋਂ ਸੰਨ ੧੭੩੧ ਈ: (੧੭੮੮ ਬਿ:)ਨੂੰ ਮਾਤਾ ਸਾਹਿਬ ਦੇਵੀ ਜੀ ਦਾ ਚਲਾਣਾ ਹੋਇਆ ਜੋ ਖੋਜ ਦਾ ਮੁਥਾਜ ਹੈ।

†ਸ਼ਮਸ਼ੇਰ ਖਾਲਸਾ ਪੰਨਾ ੧੧੧-੧੨. ੧੭੪੯ ਈ: ਦੀਪਮਾਲਾ ਦਾ ਮੇਲਾ ਏਥੇ ਕੀਤਾ।

‡History of the Sikhs by H. R. Gupta Page 43, 44.

Digitized by Panjab Digital Library | www.panjabdigilib.org

ਨਾਲ ਜਿਸ ਵਕਤ ਪੰਜਾਬ ਦਾ ਹਾਕਮ ਖਾਨ ਬਹਾਦਰ ਜ਼ਕਰੀਆ ਖਾਂ ਸਿੱਖੀ ਦੇ ਨਿਸ਼ਾਨ ਨੂੰ ਮੇਟਣ ਦੇ ਦਾਵੇ ਕਰ ਸਕਣ ਦੀ ਉਮੇਦ ਕਰ ਰਿਹਾ ਸੀ। ਉਸ ਵੇਲੇ ਇਕ ਸਿਖ ਨੇ ਅੱਖੀਂ ਡਿਠੇ ਤੇ ਆਪਣੇ ਆਪ ਨਾਲ ਵਾਪਰੇ ਹਾਲ ਇਸ ਤਰ੍ਹਾਂ ਲਿਖੇ ਹਨ:-

"ਅੰਮ੍ਰਿਤਸਰ ਹੋਵੇ ਨਿਤ ਲੜਾਈ । ਮਾਝੇ ਵਿਚ ਫਿਰੇ ਫਉਜ ਘਰੁ ਘਰੁ ਦੇਖਨ ਜਾਈ। ਹਰਕਾਰੇ ਛਛਰੇ ਢਕ ਦੇਖਦੇ ਫਿਰਨਿ। ਜੋ ਸਿਖ ਹਥ ਲਗੇ ਤਿਸ ਨੂੰ ਜਿਬਾ ਕਰਨ ॥ ੪੦ ॥ ਤੁਰਕ ਨਗਰੀ ਰਾਮਦਾਸ ਪੁਰਾ ਘਰਿ ਸਾਝਨ । ਖੋਲਿਆਂ ਵਿਚੋਂ ਛਪੇ ਲੁਕੇ ਸਿਖ ਪਕੜਨ ਮਾਰਨ। ਤੀਰਥ ਨਾਲ ਬੇਅਦਬੀ ਤੁਰਕ ਬੁਰੇ ਕਰਮ ਕਮਾਵਨ ॥ ੪੧ ॥"..... ਸੰਮਤ ਸਤਾਰਾਂ ਸੈ ਤ੍ਰੈਨਵੇਂ ਸੇ ਭਏ। ਤੁਰਕ ਚੜ੍ਹ ਲਾਹੌਰੋਂ ਅੱਚਣ ਚੇਤੇ ਆਇ ਪਏ। ਬਹੁਤ ਸਿਖ ਮਾਰੇ, ਨਸਿ ਨਸਿ ਹਰਿਮੰਦਰ ਵੜ ਗਏ । ਗਿਰਦੇ ਤੁਰਕਾਂ ਘੇਰਾ ਪਾਇ ਲਏ ॥ ੪੫ ॥ ਕੀਤੀ ਕਸਮ ਸੌਗੰਦ ਅੰਦਰੋਂ ਕਢਿਵਾਏ। ਹਥਿਆਰ ਸਭਨਾਂ ਦੇ ਗਲੋਂ ਲੁਹਾਏ। ਕਰ ਇਕੱਠੇ ਸਭ ਪੰਗਤ ਬਹਾਏ। ਲਗੀ ਵਗਨ ਤਲਵਾਰ ਸਿਰ ਸਭਨਾਂ ਦੇ ਕਟਵਾਏ ॥ ੪੬ ॥ ਅਸੀਂ ਭੀ ਤਿਸ ਜੁੱਧਿ ਪਿਤਾ ਦੇ ਨਾਲ ਨਿੱਕੇ ਵਿੱਚੇ ਆਹੇ। ਆਈ ਬਖਿਸਤ ਅਸੀਂ ਨਸਿ ਵੜੇ ਨਗਰ ਮਾਹੇ। ਘਰ ਆਪਣੇ ਵੜਿ ਦੁਰੇ* ਭੋਹਰੇ ਸਰਦ ਖਾਨੇ। ਦੋ ਭਾਈ ਅਸੀਂ ਨਿਕੜੇ, ਸੰਗ ਪਿਤਾ, ਦੋਇ ਹੋਰ, ਪੰਜ ਛਿਪਾਨੇ ॥ ੪੭ ॥ ਪਰਾਰਬਧ ਸਾਸ ਵਧੇ, ਰਹੇ ਦੁਰੇ* । ਆਏ ਤੁਰਕ ਦੇਖ ਭਾਲਿ ਨਗਰੁ ਅੱਗੀਂ ਲਾਇ ਟੁਰੇ।ਧਾਮ ਹਮਾਰੇ ਭੀ ਅਨਲ†ਚਮਕੀ ਪਰ ਸਤਿਗੁਰ ਰੱਖਿ ਲਏ। ਪਰੀ ਨਿਸਾਕਾਰੀ‡ ਅਸੀਂ ਪੰਜੇ ਨਿਕਸ ਅੰਮ੍ਰਿਤਸਰ ਗਏ ॥ ੪੮ ॥ ਕਿਆ ਦੇਖੀਏ ਸਭੇ ਸਿਖ ਕਟਿ ਸਰ ਅੰਮ੍ਰਿਤ ਵਿਚ ਤੁਰਕਾਂ ਪਾਏ। ਨਾਲੇ ਰੁੱਖ ਗਿਰਦੇ ਸਭ ਕਾਟ ਪਵਾਏ। ਤਿਨਾਂ ਸਿਖਾਂ ਦੇ ਹਥ ਪੈਰ ਕਛੁ ਕਾਟੇ ਕਪੜੇ ਸੋਨ§ ਸੋਂ ਭਰੇ। ਅਸਾਂ ਜਾਇ ਹੇਰੇ ਆਗੇ ਦਰਬਾਰ ਦੇ ਸਭ ਪਰੇ ॥ ੪੯ ॥ ਹੇਰਤ ਹੇਰਤ¶ ਅਸੀਂ ਤਹਾਂ ਗਏ ਜਹਾਂ ਡੇਰੇ ਤੁਰਕਾਂ ਨਿਸਕਾਰੀ‡ ਲਾਗੇ ਪਏ। ਮਸਾਲਾਂ ਦੀਵੇ ਵੰਨ੍ਹ† ਬਲਦੀ ਅਸੀਂ ਹੇਰ ਆਏ। ਸਾਗ ਪੱਤ੍ਰ ਮੂਲੀ ਗਾਜਰ ਤੋੜਿ ਪੁੱਟ ਲੈ ਦੁਰੇ* ਉਥੇ ਹੀ ਜਾਏ ॥ ੫੦ ॥ ਦਿਨੇ ਓਹ ਢੂੰਡ ਦੇ ਫਿਰਨ ਛਪੇ ਲੁਕੇ ਬਨ ਸਿਖਾਂ ਨੂੰ। ਨਿਸਾ ਅਸੀਂ ਭਉਂਦੇ ਹੇਰਦੇ ਪੁਟਿ ਭੰਨਿ ਲਿਆਵੀਏ ਇਖਾ╥ ਨੂੰ। ਪੰਜ ਅਸੀਂ ਸੱਤ ਹੋਰ ਮਿਲੇ। ਨਿਸ ਨਿਕਲ ਫਿਰੀਏ ਦਿਨੇ ਜਾਇ ਦੁਰੀਏ ਕੋਈ ਬਣ ਕੋਈ ਖੋਲੇ✧ ॥ ੫੧ ॥"....

ਦੀਵਾਨ ਸਾਹਿਬ ਦੀ ਵਚਾਰਤ ਹੇਠ ਜੋ ਸੁਖ ਰਿਆਯਾ ਨੂੰ ਮਿਲਿਆ ਉਹ ਦੇਰ ਤਕ ਨਾ ਰਿਹਾ। ਸਿੱਖਾਂ ਨੂੰ ਸਾਹ ਕੱਢਣ ਦਾ ਵਕਫਾ ਵਰ੍ਹੇ ਤੋਂ ਵੀ ਘੱਟ ਮਿਲਿਆ, ਪਰ ਇਸ ਅਰਸੇ ਵਿਚ ਬਹੁਤ ਸਾਰਾ ਕੰਮ ਸੁਧਰ ਗਿਆ । ਆਪਸ ਦੇ ਖੁੱਲ੍ਹੇ ਮੇਲ ਜੋਲ ਤੇ ਨਿਸ਼ਚਿੰਤ ਮਿਲਾਪ ਨੇ ਕਈ ਗੱਲਾਂ ਤੇ ਕਰ ਦਿੱਤੀਆਂ। ਅਜੇ ਸਿੱਖਾਂ ਦੀ ਕੋਈ ਕੇਂਦ੍ਰੀ ਜਥੇਬੰਦੀ ਨਹੀਂ ਸੀ, ਸਾਰੀ ਕੌਮ ਦਾ ਕੋਈ ਇਕ ਜਥੇਦਾਰ ਨਹੀਂ ਸੀ, ਦੁਖ ਦੇ ਕਰੀਬ ਵਖੋ ਵਖ ਟੋਲੀਆਂ ਬਣੀਆਂ ਹੋਈਆਂ ਸਨ□ ਤੇ ਇਹ ਦਿਨ ਬਦਿਨ ਹੋਰ ਵਧ ਰਹੀਆਂ ਸਨ।

---

*ਲੁਕੇ । †ਅੱਗ । ‡ਰਾਤ ਕਾਲੀ । §ਲਹੂ । ¶ਦੇਖਦੇ ਦੇਖਦੇ । ╥ਗੰਨੇ । ✧ਇਹ ਵਰਣਨ ਕੇਸਰ ਸਿੰਘ ਛਿਬਰ ਦਾ ਹੈ ਹੋਰ ਹਾਲ ਦੇਖਣ ਲਈ ਦੇਖੋ ਸ੍ਰੀ ਚਰਣ ਹਰਿ ਵਿਸਥਾਰ ਜਿਲਦ ੨, ਸਫਾ ੧੦੨੭-੨੮ ।

□ਇਬਰਤ ਨਾਮਾ, ਕੁਪਤਾ, ਸਫਾ ੪੭ ।

Digitized by Panjab Digital Library | www.panjabdigilib.org

ਜੱਸਾ ਸਿੰਘ ਆਹਲੂਵਾਲੀਆ।

ਏਸ ਵਰ੍ਹੇ ਦੇ ਵਿਚ ਖਾਲਸੇ ਨੇ ਆਪਣੀ ਜਥੇਬੰਦੀ ਨੂੰ ਪੱਕੀ ਨੀਂਹ ਉਤੇ ਰੱਖ ਦਿੱਤਾ। ਸਮੂਹ ਖਾਲਸਾ ਯਾਰਾਂ ਮਿਸਲਾਂ ਵਿਚ ਵੰਡਿਆ ਗਿਆ। ਹਰ ਇਕ ਮਿਸਲ ਦਾ ਇਕ ਜਥੇਦਾਰ ਮੁਕਰਰ ਹੋਇਆ। ਸਾਰੀਆਂ ਮਿਸਲਾਂ ਇਕ ਦਲ ਖਾਲਸੇ ਦੀ ਸ਼ਕਲ ਵਿਚ ਜਥੇਬੰਦ ਹੋ ਗਈਆਂ।

ਏਪ ਜਥੇਦਾਰੀਆਂ ਨੂੰ ਭੰਨਕੇ ਯਾਰਾਂ ਵਿਚ ਕਰ ਦੇਣਾਂ, ਇਹ ਕੋਈ ਇਕ ਦਿਨ ਜਾਂ ਇਕ ਗੁਰਮਤੇ ਦਾ ਕੰਮ ਨਹੀਂ ਸੀ। ਏਸ ਵਿਚ ਸਾਰੇ ਸਿਆਣਿਆਂ ਦੀ ਅਕਲ ਤੇ ਨੀਤੀ ਖਰਚ ਹੋਈ। ਆਉਂਦੀ ਵਿਸਾਖੀ ਨੂੰ ਇਹ ਪੰਥ ਦੀ ਬਣਤਰ ਮੁਕੰਮਲ ਹੋ ਗਈ। ਜੱਸਾ ਸਿੰਘ ਆਹਲੂਵਾਲੀਆ ਸਾਰੇ ਦਲ ਖਾਲਸੇ ਦਾ ਕੇਂਦਰੀ ਜਥੇਦਾਰ ਸਥਾਪਤ ਕੀਤਾ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਿਛੋਂ ਖਾਲਸੇ ਦਾ ਲੀਡਰ ਬੰਦਾ ਬਹਾਦੁਰ ਹੋਇਆ ਹੈ ਤੇ ਉਸ ਤੋਂ ਬਾਦ ਫਿਰ ਜਿਸ ਪੁਰਸ਼ ਨੇ ਕੌਮ ਦੀ ਵਾਗ ਡੋਰ ਕੇਂਦ੍ਰੀ ਤੇਰ ਉਤੇ ਜੰਗੀ ਸਰੂਪ ਵਿਚ ਅਪਣੇ ਹੱਥ ਲੀਤੀ ਉਹ ਜੱਸਾ ਸਿੰਘ ਆਹਲੂਵਾਲੀਆ ਸੀ। ਸਿਖ ਕੌਮ ਦੀ ਤਵਾਰੀਖ ਵਿਚ ਇਹ ਇਕ ਅਜੀਬ ਮੋਕਿਆ ਸੀ। ਬਾਬੇ ਬੰਦੇ ਦੇ ਪਿਛੋਂ ਅੱਜ ਬੱਤੀ ਵਰ੍ਹੇ ਦੇ ਬਾਦ ਮੁੜ ਕੌਮ ਨੂੰ ਲੀਡਰ ਮਿਲਿਆ, ਜਿਸਦੇ ਅੱਖ ਦੇ ਇਸ਼ਾਰੇ ਉਪਰ ਹਰ ਇਕ ਸਿਖ ਅਪਣੀ ਜਾਨ ਵਾਰਨੀ ਫਖ਼ਰ ਸਮਝਦਾ ਸੀ। ਇਨ੍ਹਾਂ ਦਿਨਾਂ ਵਿਚ ਜੱਟ ਅਤੇ ਅਜੱਟ ਦਾ ਕੋਈ ਸਵਾਲ ਨਹੀਂ ਸੀ। ਕਾਬਲੀਅਤ ਦਾ ਮੁੱਲ ਸੀ। ਸਾਰੇ ਜੱਟ ਸਰਦਾਰਾਂ ਨੇ ਇਕ ਕਲਾਲ ਦੇ ਅੱਗੇ ਸਿਰ ਨਿਵਾ ਦਿਤਾ।

ਜੱਸਾ ਸਿੰਘ ਇਕ ਅਦੁਤੀ ਬੀਰ ਪੁਰਸ਼ ਸੀ। ਇਹ ਲੰਮਾ, ਚੌੜੀ ਛਾਤੀ ਵਾਲਾ, ਅਸਪਾਤੀ ਤਾਕਤ ਦਾ ਬੰਦਾ ਸੀ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਸ ਦੀ ਇਕ ਵੇਲੇ ਦੀ ਖੁਰਾਕ ਇਕ ਸੇਰ ਘਿਉ ਤੇ ਵਿਚ ਕਾਫੀ ਰਲਾਈ ਸ਼ੱਕਰ ਹੁੰਦੀ ਸੀ। ਇਹ ਇਕ ਭੁਰੀ ਅੰਧ ਬੱਕਰੇ ਦਾ ਸਹਾ ਪ੍ਰਸ਼ਾਦ ਛਕ ਜਾਂਦਾ ਸੀ। ਜੱਸਾ ਸਿੰਘ ਦੀ ਜਥੇਦਾਰੀ ਸਿਖ ਤਵਾਰੀਖ ਵਿਚ ਬੜਾ ਭਾਰੀ ਮੁੱਲ ਰੱਖਦੀ ਹੈ। ਹੁਣ ਤਕ ਪੁਰਸ਼ ਦੇ ਸਰੂਪ ਵਿਚ ਜੋ ਜਥੇਦਾਰੀ ਚਲੀ ਆਉਂਦੀ ਸੀ, ਉਹ ਪਰੰਪਰਾ ਤੋਂ ਪਹਿਲਾ ਜਥੇਦਾਰ ਅਪਣੇ ਅਗਲੇ ਨੂੰ ਜੱਥੇ ਦੀ ਸੌਂਪਣਾ ਕਰਦਾ ਸੀ। ਬਾਬੇ ਬੰਦੇ ਦੀ ਜਥੇਦਾਰੀ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀਨੇ ਆਪ ਸਥਾਪਤ ਕੀਤੀ ਪਰ ਜੱਸਾ ਸਿੰਘਦੀ ਸਥਾਪਨਾ ਵਿਚ ਕੋਈ ਹੋਰ ਅਸੂਲ ਕੰਮ ਕਰ ਰਹੇ ਸਨ। ਇਹ 'ਲੋਕ-ਚੋਣ' ਦੇ ਅਸੂਲ ਸਨ। ਇਹ ਸਿਖ ਫੀਡ੍ਰੇਸ਼ਨ ਦੇ ਪ੍ਰੇਜ਼ੀਡੈਂਟ ਦੀ ਚੋਣ ਸੀ।

ਜੱਸਾ ਸਿੰਘ ਤੋਂ ਪਹਿਲੇ ਸਿਖਾਂ ਦੇ ਇਕ ਕੇਂਦਰੀ ਲੀਡਰ ਨਵਾਬ ਕਪੂਰ ਸਿੰਘ ਦਾ ਜ਼ਿਕਰ ਹੈ। ਪਰ ਇਹ ਇਕ ਸੁਪਨ ਮਾਤ੍ਰ ਸੀ। ਨਵਾਬ ਸਾਹਿਬ ਦੀ ਜਥੇਦਾਰੀ ਨਾ ਤਾਂ ਕਿਸੇ ਲੋਕ ਚੋਣ ਦੇ ਅਸੂਲ ਅਨੁਸਾਰ ਸੀ ਤੇ ਨਾ ਹੀ ਕਿਸੇ ਪਿਛਲੇ ਲੀਡਰ ਤੋਂ ਸੌਂਪਣਾ ਦੀ ਸ਼ਕਲ ਦੀ ਸੀ। ਇਹ 'ਨਵਾਬੀ' ਮੁਗਲਾਂ ਦੀ ਚਾਲ ਦਾ ਇਕ ਨਤੀਜਾ ਸੀ। ਤਾਰੀਖ ਵਿਚ ਇਕ ਐਸਾ ਵਕਤ ਲੰਘਿਆ ਹੈ, ਜਿਸ ਵੇਲੇ ਮੁਸਲਮਾਨ ਹਾਕਮ ਚਾਹੁੰਦੇ ਸਨ ਕਿ ਸਿਖਾਂ ਦਾ ਕੋਈ ਇਕ ਲੀਡਰ ਹੋਵੇ ਜਿਸ ਨਾਲ ਸੁਲਹ ਕਰ ਲਈ ਜਾਵੇ ਤੇ ਮੁਲਕ ਵਿਚ ਅਮਨ ਹੋ ਜਾਵੇ। ਇਸ ਸਿਲਸਿਲੇ ਵਿਚ ਲਾਹੌਰ ਦੇ ਹਾਕਮਾਂ ਨੇ ਸੁਬੇਗ ਸਿੰਘ ਨੂੰ ਅਪਣਾ ਏਲਚੀ ਬਨਾ ਕੇ ਸਿੰਘਾਂ ਵਲ ਘੱਲਿਆ ਕਿ ਉਹ ਕਿਸੇ ਨੂੰ ਜਾਕੇ ਲੀਡਰ ਬਣਵਾਏ। ਫੇਰ ਉਸ ਲੀਡਰ ਲਈ ਨਵਾਬੀ ਦੀ ਖਿਲਅਤ, ਕਈ ਹੋਰ ਤੁਹਫੇ ਤੇ ਨਕਦੀ ਵਗੈਰਾ ਦਿੱਤੀ*, ਬਾਰਾਂ ਪਿੰਡਾਂ ਦਾ ਮਾਮਲਾ ਅਤੇ ਪੰਜ ਹਜ਼ਾਰ ਮਾਹਵਾਰ ਦੇਣ ਦਾ ਇਕਰਾਰ ਵੀ ਸਿਖ ਇਤਿਹਾਸ ਵਿਚ ਮੌਜੂਦ ਹੈ†।

---

*ਖਿਲਅਤ ਅਤੇ ਖਿਤਾਬ ਦਿੱਲੀ ਦੀ ਸਰਕਾਰ ਵਲੋਂ ਆਏ ਸਮਝੇ ਜਾਂਦੇ ਹਨ ਦੇਖੋ–
Transformation of Sikhism by G. C. Narang P. 125.

†ਖਿਲਅਤ ਲਿਜਾਵੇ ਸ਼ਾਹੀ ਪਟੇ ਦੁਦਸ਼ ਰੁਮਨ ਕੋਰਾਪਾਂਚ ਹਜ਼ਾਰ ਨਕਦ ਮਾਹਵਾਰੀ ਹਮਦੇਹੈਂ ਬਿਨ ਦੇਰਾ[ਗਿਆਨਸਿੰਘ

Digitized by Panjab Digital Library | www.panjabdigilib.org

ਸੁਬੇਗ ਸਿੰਘ ਜਿਸ ਵੇਲੇ ਅੰਮ੍ਰਿਤਸਰ ਪਹੁੰਚਾ ਹੈ ਤਾਂ ਕੁਛ ਸਿਖ ਦੀਵਾਨ ਵਿਚ ਬੈਠੇ ਸ਼ਬਦ ਪੜ੍ਹ ਰਹੇ ਸਨ, ਪਰ ਬਹੁਤ ਸਾਰੇ ਹੋਰ ਛੋਟੇ ਮੋਟੇ ਫਾਲਤੂ ਕੰਮਾਂ ਵਿਚ ਲਗੇ ਹੋਏ ਸਨ, ਕੁਛ ਸੁੱਖਾ ਘੋਟ ਰਹੇ ਤੇ ਕੁਛ ਮਹਾਂਪ੍ਰਸ਼ਾਦ ਦੀ ਦੇਗ ਤਿਆਰ ਕਰ ਰਹੇ ਸਨ*।

ਨਿਹੰਗ ਸਿੰਘ ਛਣੀ ਭੰਗ ਦੇ ਢੋਕ ਦੇ ਨੁਗਦੇ ਫਰਜ਼ੀ ਦੁਸ਼ਮਨਾਂ ਦੇ ਸਿਰਾਂ ਉਤੇ ਨਿਸ਼ਾਨਾ ਬਣਾ ਕੇ ਮਾਰ ਰਹੇ ਸਨ†। ਤੁਰਕਾਂ ਵਲੋਂ ਆਈ ਖਿਲਅਤ ਤੇ ਜਗੀਰ ਦੇ ਖਿਆਲ ਨੂੰ ਕਿਸੇ ਪਸੰਦ ਨਾ ਕੀਤਾ ਤੇ ਇਸਦਾ ਤ੍ਰਿਸਕਾਰ ਕੀਤਾ‡। ਕਿਸੇ ਆਖਿਆ ਖਿਲਅਤ ਨੂੰ ਪਾੜ ਦਿਓ, ਕਿਸੇ ਆਖਿਆ ਤੋਹਫਿਆਂ ਨੂੰ ਸਾੜ ਦਿਓ,ਕਿਸੇ ਕਿਹਾ ਮੋੜ ਦਿਓ,ਕਿਸੇ ਕਿਹਾ ਮੁੜੀ ਜਾ ਰਹੀ ਨੂੰ ਫੇਰ ਭਾਵੇ ਲੁੱਟਲਓ§।

ਇਹ ਉਹੋ ਸੁਬੇਗ ਸਿੰਘ ਹੈ ਜਿਸਦਾ ਨਾਮ ਸ਼ਹੀਦਾਂ ਦੀ ਫਹਿਰਿਸਤ ਵਿਚ ਹੈ। ਇਸ ਨੇ ਅਪਣੇ ਪੁਤ੍ਰ ਸ਼ਾਹਬਾਜ਼ ਸਿੰਘ ਸਮੇਤ ਚਰਖੀ ਉਪਰ ਖਿਚੀ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਪਰ ਐਸ ਵੇਲੇ ਸੁਬੇਗ ਸਿੰਘ ਇਕ ਵਕੀਲ ਦਾ ਕੰਮ ਕਰ ਰਿਹਾ ਸੀ। ਇਹ ਸਰਕਾਰੀ ਮੁਲਾਜ਼ਮਤ ਵਿਚ ਸੀ ਤੇ ਹਕੂਮਤ ਦਾ ਏਲਚੀ ਬਣਾਕੇ ਏਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਭੇਜਿਆ ਗਿਆ ਸੀ। ਸੁਬੇਗ ਸਿੰਘ ਵਿਚ ਏਲਚੀਆਂ ਵਾਲੀ ਸਾਰੀ ਅਕਲ ਸੀ। ਉਹ ਸਹਨ ਸ਼ੀਲਤਾ ਨਾਲ ਇਹ ਸਾਰੀਆਂ ਗਲਾਂ ਧੀਰਜ ਨਾਲ ਸੁਣਦਾ ਰਿਹਾ, ਫੇਰ ਮੌਕਾ ਦੇਖਕੇ ਉਸਨੇ ਨਵਾਬੀ ਕਬੂਲ ਕਰਵਾਉਣ ਲਈ ਪੂਰਾ ਜੋਰ ਲਗਾ ਦਿਤਾ¶। ਆਖਰ ਇਹ ਫੈਸਲਾ ਹੋਇਆ ਕਿ ਨਵਾਬੀ ਦੀ ਖਿਲਅਤ ਮਨਜ਼ੂਰ ਕਰ ਲੀਤੀ ਜਾਵੇ। ਪਰ ਨਵਾਬ ਕਿਸ ਨੂੰ ਬਣਾਇਆ ਜਾਵੇ ? ਇਹ ਔਖਾ ਮਾਜਰਾ ਸੀ। ਸਾਰਿਆਂ ਦੀ ਨਜ਼ਰ ਵਿਚ ਨਵਾਬੀ ਇਕ ਹਕੀਰ ਚੀਜ਼ ਸੀ। ਹਰ ਇਕ ਜਣਾ ਅਪਣੇ ਗਲੋਂ ਲਾਹਕੇ ਦੂਜੇ ਨੂੰ ਨਵਾਬ ਬਨਾਉਣਾ ਚਾਹੁੰਦਾ ਸੀ। ਘੜੀ ਦੀ ਘੜੀ ਇਹ ਇਕ ਖੇਡ ਬਣ ਗਈ। ਖਿੱਦੋ ਪੱਟੀ ਦਾ ਤਮਾਸ਼ਾ ਰਚਿਆ ਗਿਆ। ਜਿਸ ਵੱਲ ਨਵਾਬੀ ਦਾ ਗੋਂਦ ਸੁੱਟੇ ਉਹੋ ਉਸ ਨੂੰ ਦੂਜੇ ਪਾਸੇ ਦਿੱਟ ਮਾਰ ਦੇਂਦਾ॥। ਬਹੁਤ ਸਾਰਿਆਂ ਦਰਬਾਰਾ ਸਿੰਘ ਨੂੰ ਕਿਹਾ ਕਿ ਤੂੰ ਨਵਾਬੀ ਮੰਨ ਲੈ। ਉਸ ਉਤਰ ਦਿੱਤਾ ਮੈਨੂੰ ਸਤਿਗੁਰੂ ਨੇ ਪਾਤਸ਼ਾਹੀ ਬਖਸ਼ੀ ਹੋਈਹੈ,ਮੈਂ ਮੁਗਲਾਂਦੀ ਅਧੀਨਗੀ ਵਾਲੀ ਨਵਾਬੀ ਕਿਵੇਂ ਲੈ ਲਵਾਂ✧।ਸੁਬੇਗ ਸਿੰਘ ਦੀ ਅਕਲ ਬੜੀ ਤੀਖਣ ਸੀ। ਉਸ ਨੇ ਇਹ ਸਲਾਹ ਦਿੱਤੀ ਕਿ ਵਾਕਈ ਇਹ ਨਵਾਬੀ ਤੁਹਾਡੇ ਸਰਦਾਰਾਂ ਦੇ ਕਿਸੇ ਲਾਇਕ ਨਹੀਂ, ਪਰ ਘਰ ਆਈ ਚੀਜ਼ ਦਾ ਤ੍ਰਿਸਕਾਰ ਕਰਨਾ ਨੀਤੀ ਵਿਰੁੱਧ ਹੁੰਦਾ ਹੈ, ਇਸ ਕਰਕੇ ਤੁਸੀਂ ਇਸ ਨਵਾਬੀ ਨੂੰ ਕਿਸੇ ਅਪਣੇ ਟਹਿਲੂਏ ਨੂੰ ਦੇ ਦੇਵੋ। ਇਸ ਵੇਲੇ ਸਾਰੇ ਸਰਦਾਰ ਅਪਣੇ ਨਿੱਸਲ ਪੁਣੇ ਦੀ ਮਸਤੀ ਵਿਚ ਢਿੱਲੇ ਬੈਠੇ ਸਨ।

ਕਪੂਰ ਸਿੰਘ ਪੱਖਾ ਝੱਲ ਰਿਹਾ ਸੀ। ਇਕ ਸਰਦਾਰ ਨੇ ਕਪੂਰ ਸਿੰਘ ਵਲ ਇਸ਼ਾਰਾ ਕੀਤਾ। ਦੂਜੇ ਨੇ ਹੌਂਗੂਰਾ ਭਰਿਆ ਤੀਜੇ ਨੇ ਇਹ ਤੁਕ ਪੜ੍ਹੀ:—ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ।। ਇਸ ਤੁਕ ਦਾ ਅਸਰ ਜਾਦੂ ਵਾਕੂਣ ਹੋਇਆ। ਸਾਰਿਆਂ ਨੇ ਇਸ ਨੂੰ ਅਕਾਸ਼ਬਾਣੀ ਜਾਤਾ। ਸਾਰੇ

---

*ਸੁੱਧੇ ਘੋਟੈਂ, ਛੁਨੈ ਮਹਾਪ੍ਰਸਾਦ। ਕੋ ਘੋੜੇ ਕੋ ਮਾਲਸ਼ ਕਰੈ। ਕੋ ਸ਼ਸਤ੍ਰ ਮਾਂਜ ਉੱਜਲ ਕਰ ਧਰੈਂ।
ਕੋਊ ਤੀਰ ਕੋ ਬੰਦੂਕ ਚਲਾਵਹਿ। ਕੋਊ ਉਂਗਲੀ ਪਰ ਚਕ੍ਰ ਘੁਮਾਵਹਿ। [ਰਤਨ ਸਿੰਘ ਭੰਗੂ, ਪੰਨਾ ੧੯੮

†ਕੋਊ ਘੋਟੈ ਛਾਣੈ ਭੰਗ ਬਾਂਛਤ ਨਿਸੰਗ ਮੰਗ ਨੁਗਦੇ ਚਲਾਇ ਮੁੰਡ ਤੁਰਕਨ ਕੇ ਮਾਰ ਹੈ। [ਗਿਆਨ ਸਿੰਘ

‡The offer was at first rejected with scorn, [*Narang.*

§ਤੁਰਕ ਸੋਂ ਰਸਾਈ ਹਮ ਕਰੈਂ ਨਾ ਕਦਾਈ ਭਾਈ ਲੈਂ ਹੈਂ ਨ ਜਗੀਰ ਰਾਈ ਦੀਨੀ ਤਿਸ ਕੀ ਕਬੈ।
ਕੋਊ ਕਹੈ ਪਾਰਦੇਹੁ, ਕੋਊ ਕਹੈ ਜਾਰ ਦੇਹੁ, ਲੂਟ ਲੈਹੋ ਕੋਈ ਕਹੈ, ਮੋੜ ਦੇਹੋ ਯਾ ਅਬੈ। [ਗਿਆਨ ਸਿੰਘ

¶ਜਬ ਸੁੱਧੇ ਕੇ ਆਏ ਤਰਾਰੇ। ਤਬ ਸੁਬੇਗ ਸਿੰਘ ਬਚਨ ਉਚਾਰੇ। [ਗਿਆਨ ਸਿੰਘ

॥ਬਾਲ ਗੋਂਦ ਜਬ ਭਈ ਨਵਾਬੀ। ਸੋਚ ਵਕੀਲੈ ਕਹਜੋ ਸ਼ਤਾਬੀ। [ਗਿਆਨ ਸਿੰਘ

✧ਪਾਤਸ਼ਾਹੀ ਛਡ ਕਿਮ ਲਹੈਂ ਨਵਾਬੀ। ਪਰਾਧੀਨ ਜਿਹ ਮਾਂਹਿ ਖਰਾਬੀ।ਹਮ ਪਾਤਸ਼ਾਹੀ ਸਤਿਗੁਰ ਦਈ ਦੈਨੈ ਦੈਨੈ ਲਾਇ।
ਜਹਿੰ ਜਹਿੰ ਬਹੈਂ ਜਮੀਨ ਮਲ ਤਹਿੰ ਤਹਿੰ ਤਖਤ ਬਨਾਇ। [ਰਤਨ ਸਿੰਘ ਭੰਗੂ

Digitized by Panjab Digital Library | www.panjabdigilib.org

ਜਣੇ ਇਕ ਦਮ ਕਪੂਰ ਸਿੰਘ ਨੂੰ ਨਵਾਬੀ ਦੀ ਖਿਲਅਤ ਦੇਣ ਲਈ ਮੁਤਫਿਕ ਹੈ ਗਏ*।

ਕਪੂਰ ਸਿੰਘ ਤਕੜਾ ਨੁਵਾਨ ਸੀ। ਇਹ ਵਿਰਕ ਜੱਟ ਤੋਂ ਸਿੰਘ ਸਜਿਆ ਸੀ। ਅਜੇ ਹੁਣੇ ਹੀ ਇਕ ਲੜਾਈ ਵਿਚ ਜ਼ਖਮ ਖਾਕੇ ਆਇਆ ਸੀ। ਜ਼ਖਮ ਮੱਥੇ ਦਾ ਸੀ। ਏਸ ਜ਼ਖਮ ਨਾਲ ਮੱਥੇ ਉਪਰ ਗਰੀਬੀ ਦੀ ਲਿਖੀ ਲਕੀਰ ਸੱਜਰੀ ਹੀ ਮਿਟੀ ਸੀ ਕੇ ਝੱਟ ਨਵਾਬੀ ਦੀ ਖਿਲਅਤ ਮਿਲ ਗਈ†।

ਸਿਖ ਉਸ ਜ਼ਮਾਨੇ ਵਿਚ ਧਰਮ ਯੁਧ ਵਿਚ ਪਰਵਿਰਤ ਸਨ। ਰੁਪੈ ਪੈਸੇ ਜਾਂ ਖਿਤਾਬਾਂ ਦੇ ਲੋਭ ਵਿਚ ਨਹੀਂ ਸਨ। ਉਹ ਕਿਸੇ ਵੀ ਐਸੀ ਗਲ ਵਿਚ ਰਜ਼ਾਮੰਦੀ ਨਾਲ ਆਉਣ ਨੂੰ ਤਿਆਰ ਨਹੀਂ ਸਨ ਜੋ ਭਾਵੇਂ ਜ਼ਾਹਿਰਾ ਪਦਾਰਥਿਕ ਲਾਭ ਵਾਲੀ ਹੋਵੇ, ਪਰ ਨਤੀਜੇ ਵਿਚ ਉਨ੍ਹਾਂ ਨੂੰ ਧਰਮ ਯੁੱਧ ਦੇ ਨਿਸ਼ਾਨੇ ਤੋਂ ਢਿੱਲਿਆਂ ਕਰਨ ਵਾਲੀ ਹੋਵੇ। ਉਹ ਉਤਨਾ ਚਿਰ ਕਿਸੇ ਵੀ ਵਡਿਆਈ ਜਾਂ ਖਿਤਾਬ ਦੀ ਤਰਫਦਾਰੀ ਵਿਚ ਨਹੀਂ ਸਨ ਜਿਤਨਾ ਚਿਰ ਕਿ ਉਸ ਖਿਤਾਬ ਵਿਚ ਨਾਲ ਇਹ ਸੱਤਿਆ ਨਾ ਹੋਵੇ ਕਿ ਉਹ ਜ਼ੁਲਮ ਦੇ ਹੜ ਵਿਚ ਠੱਲਾ ਪਾ ਸਕੇ। ਐਸ ਵੇਲੇ ਦੀ ਨਵਾਬੀ ਇਕ ਸੁੱਖੇ ਦੇ ਝੁਟੇ ਦੀ ਨਿੱਸਲਤਾ ਵਿਚ ਬੈਠਿਆ ਹੋਇਆ ਇਕ ਸਿੱਖ ਦੀ ਤੀਖਣ ਪ੍ਰੇਰਨਾ ਦ੍ਵਾਰਾ ਸੰਜੋਗ ਵਸ ਕਰਮ ਸੀ।

ਪਰ ਨਵਾਬ ਸਾਹਿਬ ਏਸ ਮੁਗਲਈ ਖਿਲਅਤ ਹੇਠ ਕਾਹਲੇ ਹੀ ਪੈਂਦੇ ਰਹੇ ਹਨ ਤੇ ਦੇਜ਼ ਏਸ ਮੌਕੇ ਦੀ ਤਾੜ ਵਿਚ ਰਹਿੰਦੇ ਸਨ ਕਿ ਕਿਵੇਂ ਇਹ ਭਾਰ ਉਨ੍ਹਾਂ ਦੇ ਮੋਢਿਆਂ ਤੋਂ ਚੁੱਕ ਲੀਤਾ ਜਾਵੇ। ਨਵਾਬ ਕਪੂਰ ਸਿੰਘ ਇਕ ਬੜਾ ਵਿਦਵਾਨ ਪੁਰਸ਼ ਸੀ। ਜਿਤਨੀ ਵਿਦਜਾ ਇਸ ਦੇ ਅੰਦਰ ਸਿੰਜਰੀ ਸੀ ਉਤਨਾ ਹੀ ਇਹ ਜ਼ਜਾਦਾ ਨਿਰਮਾਣ ਹੋਕੇ ਖਾਲਸੇ ਦਾ ਟਹਿਲੂਆ ਬਣਕੇ ਰਹਿੰਦਾ ਸੀ ਅਤੇ ਪੜ੍ਹਨ ਲਈ ਇਸ ਕੋਲ ਕੋਈ ਨ ਕੋਈ ਸ਼ਗਿਰਦ ਮੌਜੂਦ ਰਹਿੰਦਾ ਸੀ। ਜੱਸਾ ਸਿੰਘ ਆਹਲੂਵਾਲੀਆ ਵੀ ਇਨ੍ਹਾਂ ਦਾ ਇਕ ਸ਼ਗਿਰਦ ਸੀ, ਜਿਸ ਨੂੰ ਉਨ੍ਹਾਂ ਹਰ ਪ੍ਰਕਾਰ ਦੀ ਵਿਦਜਾ ਸਿਖਾਈ ਸੀ। ਜੱਸਾ ਸਿੰਘ ਪੁਸਤਕਾਂ ਦੀ ਵਿਦਜਾ ਅਤੇ ਸ਼ਸਤ੍ਰ ਵਿਦਜਾ ਦੋਨਾਂ ਵਿਚ ਇਤਨਾ ਜਲਦੀ ਸੁਸਿੱਖਜਤ ਹੋ ਗਿਆ ਸੀ ਕਿ ਨਵਾਬ ਸਾਹਿਬ ਇਸ ਦੇ ਮੋਢਿਆਂ ਉਪਰ ਕੌਦਰੀ ਜਥੇਦਾਰੀ ਦਾ ਬੋਝ ਸੁੱਟਣ ਲਈ ਸਖਤ ਕਾਹਲੇ ਪੈ ਗਏ, ਜੋ ਗਲ ਕਿ ਕਿਸੇ ਹੋਰ ਸ਼ਕਲ ਵਿਚ ਤੇ ਕੌਮ ਦੇ ਅਪਣੇ ਚੋਣ ਅਧਿਕਾਰ ਹੇਠ ਜਲਦੀ ਹੀ ਸਿਰੇ ਚੜ੍ਹ ਗਈ।

ਜੱਸਾ ਸਿੰਘ ਦੀਵਾਨ ਸਾਹਿਬ ਕੜਾ ਮਲ ਦਾ ਖਾਸ ਮਿਤ੍ਰ ਸੀ। ਦੋਨਾਂ ਵਿਚ ਬੜਾ ਡੂੰਘਾ ਪ੍ਰੇਮ ਸੀ। ਜਿਸ ਵੇਲੇ ਦਲ ਖਾਲਸੇ ਦੀ ਜਥੇਬੰਦੀ ਦਾ ਵਿਕਾਸ਼ ਹੋ ਰਿਹਾ ਸੀ ਤਾਂ ਦੀਵਾਨ ਸਾਹਿਬ ਇਸ ਖਿੜ ਰਹੀ ਕਲੀ ਨੂੰ ਬੜੀ ਤਸੱਲੀ ਨਾਲ ਦੇਖ ਰਹੇ ਸਨ। ਉਹ ਸਮਝ ਰਹੇ ਸਨ ਕਿ ਦਲ ਖਾਲਸੇ ਦਾ ਇਹ ਵਿਕਾਸ਼ ਕਿਸੇ ਮਿਥੀ ਹੋਈ ਸੋਚ ਦੇ ਮੁਤਾਬਿਕ ਠੀਕ ਚਲ ਰਿਹਾ ਹੈ। ਇਹੋ ਸੋਚਾਂ ਸਾਰੀਆਂ ਆਪਣੇ ਕ੍ਰੱਮ ਵਿਕਾਸ਼ ਵਿਚ ਫੁਲੀਭੂਤ ਹੋ ਰਹੀਆਂ ਸਨ ਕਿ ਪੰਜਾਬ ਦੇ ਮੁਲਕੀ ਮਾਮਲਿਆਂ ਵਿਚ ਇਕ ਹੋਰ ਫਤੂਰ ਦੀ ਹਨੇਰੀ ਛਿੜ ਪਈ।

ਸ਼ਾਹ ਨਵਾਜ਼ ਖਾਂ ਦਾ ਸਮਾਂ।

ਸ਼ਾਹ ਨਵਾਜ਼ ਖਾਂ ਨੇ ਲਾਹੌਰ ਤੇ ਕਬਜ਼ਾ ਕਰਕੇ ਦਿੱਲੀ ਦੇ ਬਾਦਸ਼ਾਹ ਮੁਹੰਮਦਸ਼ਾਹ ਪਾਸੋਂ ਲਾਹੌਰ ਦਾ ਹਾਕਮ ਹੋਣ ਦੀ ਪ੍ਰਵਾਨਗੀ ਲੈਣ ਦੀ ਕੋਸ਼ਸ਼ ਕੀਤੀ, ਪਰ ਇਹ ਗਲ ਸਿਰੇ ਨਾ ਚੜ੍ਹੀ। ਯਾਹਯਾ ਖਾਂ ਨੂੰ ਪਤਾ ਲੱਗਾ ਕਿ ਉਸ ਦਾ ਭਰਾ ਸ਼ਾਹ ਨਵਾਜ਼ ਖਾਂ ਇਸ ਦੀਆਂ ਅੱਖੀਆਂ ਕੱਢ ਦੇਵੇਗਾ, ਇਸ ਡਰ ਤੋਂ ਉਹ ਤੀਵੀਆਂ ਅਤੇ ਅਹਿਮਦ ਯਾਰ ਖਾਂ ਕਸੂਰੀ ਦੀ ਮਦਦ ਨਾਲ ਲਾਹੌਰੋਂ ਨੱਸਕੇ ਦਿੱਲੀ ਜਾ

---

*ਅਵਾਜ਼ ਅਕਾਲੇ ਪੰਥਹਿ ਸੁਣ ਪਾਈ। ਕੁਰੁ ਗੰਥ ਬਚ ਮੰਨ ਲਿਹੁ ਭਾਈ।
ਟਹਲ ਕਰਤ ਇਸ ਮਹਲ ਪੁਚਾਵੈ। ਕਪੂਰ ਸਿੰਘ ਕੋ ਸਿਰੋਪਾਓ ਪਹਿਰਾਵੈ। [ਰਤਨ ਸਿੰਘ ਭੰਗੂ

†ਲਿਖੀ ਚੁ ਫੂਲ ਬਿਧ ਭਾਲ ਗਰੀਬੀ। ਛੈਦਨ ਹਿਤ ਜਨੁ ਰੇਖਾ ਦੀਜੀ। [ਗਿਆਨ ਸਿੰਘ

Digitized by Panjab Digital Library | www.panjabdigilib.org

ਪੁੱਜਾ*। ਸ਼ਾਹ ਨਵਾਜ਼ ਖਾਂ ਇਹ ਗੱਲ ਸੁਣਕੇ ਘਬਰਾ ਗਿਆ ਤੇ ਮੁਹੰਮਦ ਸ਼ਾਹ ਬਾਦਸ਼ਾਹ ਦੇ ਗੁੱਸੇ ਤੋਂ ਡਰਦੇ ਅਹਿਮਦ ਸ਼ਾਹ ਦੁਰਾਨੀ† ਨੂੰ ਅਫਗਾਨਸਤਾਨ ਤੋਂ ਹਿੰਦ ਉੱਪਰ ਚੜ੍ਹਾਈ ਕਰਨ ਲਈ ਪੇ੍ਰਿਆ। ਅਹਿਮਦ ਸ਼ਾਹ ਨੇ ਥੋੜੀ ਕੁ ਫੌਜ ਨਾਲ ਹੀ ਪਿਸ਼ਾਵਰ ਤੇ ਹਮਲਾ ਕਰਕੇ ਕਬਜ਼ਾ ਕਰ ਲਿਆ। ਦਿੱਲੀ ਵਾਲੇ ਅਹਿਮਦ ਸ਼ਾਹ ਦੀ ਚੜ੍ਹਾਈ ਦੀ ਖਬਰ ਸੁਣਕੇ ਬੜੇ ਦੁਖੀ ਹੋਏ ਤੇ ਉਨ੍ਹਾਂ ਸ਼ਾਹ ਨਵਾਜ਼ ਖਾਂ ਨੂੰ ਲਾਅਨਤ ਮੁਲਾਮਤ ਕਰਕੇ ਅਹਿਮਦ ਸ਼ਾਹ ਨਾਲ ਲੜਨ ਲਈ ਤਿਆਰ ਕਰ ਲਿਆ।

ਅਹਿਮਦ ਸ਼ਾਹ ਨੇ ਰੁਹਤਾਸ ਤੋਂ ਸ਼ਾਹ ਨਵਾਜ਼ ਖਾਂ ਵਲ ਆਦਮੀ ਭੇਜਕੇ ਆਪਣੇ ਨਾਲ ਮਿਲਾਉਣਾ ਚਾਹਿਆ, ਪਰ ਸ਼ਾਹ ਨਵਾਜ਼ ਖਾਂ ਕਾਬੂ ਨਾ ਆਇਆ। ਅਹਿਮਦ ਸ਼ਾਹ ਦੇ ਨਾਲ ਇਸ ਵੇਲੇ ਫੌਜ ਥੋੜ੍ਹੀ ਸੀ, ਉਸ ਨੂੰ ਖਿਆਲ ਨਹੀਂ ਸੀ ਕਿ ਸ਼ਾਹ ਨਵਾਜ਼ ਬਦਲ ਜਾਏਗਾ, ਉਸ ਨੇ ਬੜੀ ਕੋਸ਼ਸ਼ ਕੀਤੀ ਕਿ ਕਿਸੇ ਹੀਲੇ ਸ਼ਾਹ ਨਵਾਜ਼ ਉਸ ਦੇ ਪੱਖ ਵਲ ਰਹੇ। ਇਥੋਂ ਤਕ ਕਿ ਉਸ ਨੇ ਆਪਣੇ ਮੁਰਸ਼ਿਦ ਸਾਬਰਸ਼ਾਹ ਫਕੀਰ ਨੂੰ ਘੱਲਿਆ ਕਿ ਉਹ ਕਿਸੇ ਤਰ੍ਹਾਂ ਅੱਲਾ ਦਾ ਵਾਸਤਾ ਪਾ ਕੇ ਸ਼ਾਹ ਨਵਾਜ਼ ਨੂੰ ਆਪਣੇ ਦਿੱਤੇ ਸੱਦੇ ਉਪਰ ਕਾਇਮ ਰੱਖੇ, ਪਰ ਸ਼ਾਹ ਨਵਾਜ਼ ਅਬਦਾਲੀ ਕੋਲੋਂ ਵੱਧ ਅੜਬੰਗ ਸੀ। ਅਬਦਾਲੀ ਦੀ ਗ਼ਲਤੀ ਸੀ ਕਿ ਅਪਣੇ ਮੁਰਸ਼ਿਦ‡ ਨੂੰ ਇਕ ਮੁਲਕੀ ਚਾਲ ਦਾ ਉੱਲੂ ਸਿੱਧ ਕਰਨ ਲਈ ਵਰਤਦਾ। ਮੁਰਸ਼ਿਦ ਵੀ ਅੱਗੇ ਬਾਰੂਦ ਦਾ ਗੋਲਾ ਸੀ। ਉਸ ਵਿਚ ਏਲਚੀਆਂ ਵਾਲੀ ਕੋਈ ਸਹਨਸ਼ੀਲਤਾ ਦੀ ਖੂਬੀ ਨਹੀਂ ਸੀ, ਨਾ ਹੀ ਗਲ ਕਰਨ ਦਾ ਸਲੀਕਾ ਸੀ। ਫਕੀਰ ਨੇ ਸ਼ਾਹ ਨਵਾਜ਼ ਨੂੰ ਦੋ ਚਾਰ ਚੋਂਦੀਆਂ ਚੋਂਦੀਆਂ ਜਾ ਸੁਣਾਈਆਂ, ਨਤੀਜਾ ਇਹ ਹੋਇਆ ਕਿ ਸ਼ਾਹ ਨਵਾਜ਼ ਨੇ ਹੁਕਮ ਦਿੱਤਾ ਕਿ ਫਕੀਰ ਨੇ ਜਿਸ ਮੂੰਹ ਨਾਲ ਗਾਲ੍ਹਾਂ ਕੱਢੀਆਂ ਹਨ ਉਸ ਮੂੰਹ ਵਿਚ ਸਿੱਕਾ ਢਾਲਕੇ ਹਮੇਸ਼ਾ ਲਈ ਬੋਲਣੋ ਬੰਦ ਕਰ ਦਿੱਤਾ ਜਾਵੇ।

ਫਕੀਰ ਦੀ ਮੌਤ ਨੇ ਅਬਦਾਲੀ ਦੀਆਂ ਅੱਖਾਂ ਵਿਚ ਲਹੂ ਦੇ ਅੱਥਰੂ ਲੈ ਆਂਦੇ। ਸਾਰੀ ਫੌਜ ਵਿਚ ਜੋਸ਼ ਦੀ ਇਕ ਲਹਿਰ ਵਗ ਤੁਰੀ। ਇੰਤਕਾਮ! ਇੰਤਕਾਮ§!! ਦੇ ਨਾਹਰੇ ਗੂੰਜ ਉਠੇ।

ਰੂਹਾਨੀ ਨੁਕਤੇ ਤੋਂ ਮੁਰਸ਼ਦ ਨੂੰ ਏਸ ਤਰ੍ਹਾਂ ਏਲਚੀ ਬਣਾ ਕੇ ਭੇਜਣਾ ਸਫਾ ਗ਼ਲਤੀ ਦਿੱਸਦੀ ਹੈ, ਪਰ ਬਾਦਸ਼ਾਹਾਂ ਦੇ ਮੁਰਸ਼ਦ ਅਕਸਰ, ਕਿਸੇ ਆਤਮਕ ਉੱਨਤੀ ਦੇ ਮਤਲਬ ਲਈ ਨਹੀਂ ਹੁੰਦੇ, ਮੁਲਕੀ ਚਾਲਾਂ ਦੀ ਸ਼ਤਰੰਜ ਵਿਚ ਉਹ ਇਕ ਮੋਹਰੇ ਦਾ ਹੀ ਕੰਮ ਦੇਂਦੇ ਹਨ, ਜਿਨ੍ਹਾਂ ਨੂੰ ਲੋੜ ਅਨੁਸਾਰ ਕਟਵਾ ਦਿੱਤਾ ਜਾਂਦਾ ਹੈ। ਇਹ ਗਲ ਆਮ ਮਸ਼ਹੂਰ ਹੈ ਕਿ ਯੂਰਪੀਨ ਕੌਮਾਂ ਮੁਲਕੀ ਫਾਇਦਿਆਂ ਲਈ ਆਪਣੇ ਪਾਦਰੀ ਵਿਦੇਸ਼ਾਂ ਵਿਚ ਘੱਲਦੀਆਂ ਰਹੀਆਂ ਹਨ ਤੇ ਇਨ੍ਹਾਂ ਮਿਸ਼ਨਰੀਆਂ ਦੀ ਮੌਤ ਹੀ ਮੁਲਕ ਦਬਾਉਣ ਲਈ, ਅਕਸਰ ਬਹਾਨੇ ਦਾ ਕਾਰਣ ਬਣਦੀ ਰਹੀ ਹੈ। ਅਬਦਾਲੀ ਵੀ ਏਸ ਨੀਤੀ ਦਾ ਪੂਰਾ ਉਸਤਾਦ ਸੀ। ਸਾਬਰ ਸ਼ਾਹ ਦੀ ਮੌਤ ਨੇ ਅਬਦਾਲੀ ਦੀ ਥੋੜ੍ਹੀ ਜਿਤਨੀ ਫੌਜ ਵਿਚ ਭੀ ਅਥੱਲ ਗੁੱਸੇ ਦੇ ਤਰੰਗ ਪੈਦਾ ਕਰ ਦਿੱਤੇ। ਅਹਿਮਦ ਸ਼ਾਹ ਸ਼ਾਹਦਰੇ ਪੁੱਜਾ। ਸ਼ਾਹ ਨਵਾਜ਼ ਖਾਂ ਨੇ ਜੱਲੇ ਖਾਨ ਕਸੂਰ ਵਾਲੇ ਨੂੰ ਲਸ਼ਕਰ ਦੇਕੇ ਮੁਕਾਬਲੇ ਲਈ ਭੇਜਿਆ ਪਰ ਇਹ ਵੈਰੀ ਨਾਲ ਜਾ ਮਿਲਿਆ, ਜਿਸ ਤੋਂ ਗੁੱਸੇ ਵਿਚ ਆ ਅਸਮਤ ਬੇਗ ਨੂੰ ਨਾਲ ਲੈਕੇ ਸ਼ਾਹ ਨਵਾਜ਼ ਖਾਂ ਆਪ ਰਾਵੀ ਦੇ ਕੰਢੇ ਅਹਿਮਦ ਸ਼ਾਹ ਦੇ ਸਾਹਮਣੇ ਜਾ ਖੜੋਤਾ, ਪਰ ਉਸਦੀ ਕੋਈ ਪੇਸ਼ ਨਾ ਗਈ। ਅਹਿਮਦ ਸ਼ਾਹ ਮੁਗ਼ਲ ਪੁਰਾ ਤੇ ਲਾਹੌਰ ਦੇ ਰਈਸਾਂ ਨੂੰ ਲੁੱਟਣ ਲੱਗਾ। ਇੰਜ ਸ਼ਹਿਰ ਬਰਬਾਦ ਹੁੰਦਾ ਵੇਖਕੇ ੧੧ ਜਨਵਰੀ ੧੭੪੮ ਨੂੰ ਸ਼ਾਹ ਨਵਾਜ਼ ਖਾਂ ਦਿੱਲੀ ਨੱਸ ਗਿਆ। ਸ਼ਾਹ ਨਵਾਜ਼ ਦੇ ਦਿਲੀ ਨੱਸਣ ਨਾਲ

---

*ਮਸ਼ਹੂਰ ਹੈ ਕਿ ਇਕ ਦਾਈ ਨੇ ਯਾਹਯਾ ਖਾਂ ਨੂੰ ਜੇਲ੍ਹ ਵਿਚ ਰੋਟੀ ਦੇਣ ਜਾਂਦੀ ਹੁੰਦੀ ਸੀ ਇਕ ਦਿਨ ਤਰਬੂਚਾਂ ਦਾ ਟੋਕਰਾ ਭਰਕੇ ਲੈ ਗਈ, ਆਉਂਦੀ ਵੇਰ ਏਸ ਕੱਜੇ ਹੋਏ ਟੋਕਰੇ ਵਿਚ ਯਾਹਯਾ ਖਾਂ ਨੂੰ ਸਿਰ ਤੋਂ ਟੁੱਕਕੇ ਬਾਹਰ ਲੈ ਆਈ।

†ਅਬਦਾਲੀ ਵੀ ਏਸੇ ਅਹਿਮਦ ਸ਼ਾਹ ਦਾ ਨਾਮ ਹੈ।

‡ਮੱਦੇ ਨੇ Domestic Priest Sabir Shah ਕਰਕੇ ਲਿਖਿਆ ਹੈ। ਦੇਖੋ Murray's History P. 189.
ਡਾਕਟਰ ਨਾਰੰਗ ਨੇ Sabir Shah the son of his own spiritual guide ਲਿਖਿਆ ਹੈ। §ਬਦਲਾ।

Digitized by Panjab Digital Library | www.panjabdigilib.org

ਅਹਿਮਦ ਸ਼ਾਹ ਅਬਦਾਲੀ ਦਾ ਕਬਜ਼ਾ ਲਾਹੌਰ ਉੱਪਰ ਹੋ ਗਿਆ। ਰਾਤੋ ਰਾਤ ਮੁਗਲ ਰਾਜ ਵੱਟਕੇ ਪਠਾਣ ਰਾਜ ਹੋ ਗਿਆ। ਅਬਦਾਲੀ ਨੇ ਲਾਹੌਰ ਦਾ ਨਵਾਂ ਹਾਕਮ ਮੁਕੱਰਰ ਕੀਤਾ, ਜਿਸ ਦਾ ਨਾਮ ਜ਼ੁਮਲਾ ਖਾਂ ਸੀ* ਤੇ ਆਪ ਦਿੱਲੀ ਵੱਲ ਚੜ੍ਹਾਈ ਕੀਤੀ। ਇਸ ਵੇਲੇ ਦੀ ਹਨੇਰ ਗਰਦੀ ਵਿਚ ਕਿਸੇ ਨੂੰ ਕਿਸੇ ਦਾ ਕੁਛ ਪਤਾ ਨਹੀਂ ਸੀ। ਮੁਲਕ ਵਿਚ ਵਾ ਵਰੋਲੇ ਵੱਲ ਰਹੇ ਸਨ, ਤ੍ਰਾਰੀਖ ਨੂੰ ਇਸ ਵੇਲੇ ਦੀਵਾਨ ਸਾਹਿਬ ਦਾ ਥਹੁ ਹੀ ਨਹੀਂ ਰਿਹਾ ਕਿ ਆਪ ਕਿੱਥੇ ਰਹੇ ਤੇ ਕੀ ਕਰਦੇ ਰਹੇ। ਇਕ ਗਲ ਦਾ ਅਨੁਮਾਨ ਜੇਹਾ ਲਗਦਾ ਹੈ ਕਿ ਜ਼ੁਮਲਾ ਖਾਂ ਚਾਹੇ ਲਾਹੌਰ ਦਾ ਹਾਕਮ ਬਣ ਗਿਆ ਸੀ, ਪਰ ਉਸਦੀ ਹਕੂਮਤ ਲਾਹੌਰ ਤਕ ਹੀ ਮਹਦੂਦ ਸੀ। ਉਸ ਨੂੰ ਮੌਕਿਆ ਨਹੀਂ ਮਿਲਿਆ ਤੇ ਨਾ ਹੀ ਉਹ ਏਸ ਲਾਇਕ ਸੀ ਕਿ ਪੰਜਾਬ ਦਾ ਹਾਕਮ ਬਣ ਸਕਦਾ, ਏਸਲਈ ਬਾਕੀ ਦੇ ਪੰਜਾਬ ਉੱਪਰ ਹੋ ਸਕਦਾ ਹੈ ਕਿ ਜਿੱਥੇ ਜਿੱਥੇ ਅਬਦਾਲੀ ਦੀ ਫੌਜ ਨਹੀਂ ਸੀ, ਮੁਲਕੀ ਅਧਿਕਾਰ ਦੀਵਾਨ ਸਾਹਿਬ ਦਾ ਹੀ ਰਿਹਾ ਹੋਵੇ।

ਦਿੱਲੀ ਦੀਆਂ ਫੌਜਾਂ ਅਬਦਾਲੀ ਨੂੰ ਰੋਕਣ ਲਈ ਪੰਜਾਬ ਵੱਲ ਵਧ ਆਈਆਂ। ਵਜ਼ੀਰ ਕਮਰੁੱਦੀਨ ਆਪ ਮੁਕਾਬਲੇ ਲਈ ਮੈਦਾਨ ਜੰਗ ਵਿਚ ਆਇਆ। ਇਹ ਮੁਗਲਾਂ ਦੀ ਤੇ ਪਠਾਣਾਂ ਦੀ ਸਿਰਧੜ ਦੀ ਬਾਜ਼ੀ ਸੀ। ਵਜ਼ੀਰ ਕਮਰੁੱਦੀਨ ਮਾਰਿਆ ਗਿਆ।

ਇਹ ਆਮ ਵਤੀਰੇ ਦੀ ਗਲ ਹੈ ਕਿ ਫੌਜ ਦੇ ਕਮਾਨ ਅਫਸਰ ਦੇ ਮਰਨ ਨਾਲ ਫੌਜਾਂ ਵਿਚ ਭਾਜੜ ਪੈ ਜਾਂਦੀ ਹੈ। ਹੁਣ ਵੀ ਮੁਗ਼ਲਾਂ ਦੀ ਫੌਜ ਨੇ ਨੱਸ ਜਾਣਾ ਸੀ, ਪਰ ਇਕ ਦਿਨਸਾਨ ਦੀ ਅਕਲ ਏਸ ਗਲ ਦਾ ਬਚਾਉ ਕਰ ਗਈ। ਕਮਰੁੱਦੀਨ ਇਕ ਉੱਚੇ ਹਾਥੀ ਉਪਰ ਹੌਦੇ ਵਿਚ ਬੈਠਾ ਹੋਇਆ ਸੀ। ਜਿਸ ਵੇਲੇ ਮਾਰੂ ਗੋਲਾ ਆਕੇ ਲਗਾ ਉਸ ਦੇ ਪੁੱਤਰ ਮੁਅੱਯਨਲ ਮੁਲਕ ਨੇ ਪਿਉ ਦੇ ਆਸੇ ਪਾਸੇ ਸਿਰਹਾਣੇ ਰੱਖ ਦਿੱਤੇ। ਢਾਸਣਿਆਂ ਦੀ ਜਕੜ ਵਿਚ ਲੋਥ ਨੂੰ ਏਸ ਤਰ੍ਹਾਂ ਬਿਠਾ ਦਿੱਤਾ ਜਿਵੇਂ ਜੀਉਂਦਾ ਜਾਗਦਾ ਹਾਥੀ ਉਪਰ ਬੈਠਾ ਹੁੰਦਾ ਹੈ†। ਇਹ ਕੰਮ ਇਤਨੀ ਫੁਰਤੀ ਨਾਲ ਹੋਇਆ ਕਿ ਕਿਸੇ ਨੂੰ ਸ਼ੱਕ ਨਾ ਪਿਆ। ਮੁਅੱਯਨਲ ਮੁਲਕ ਆਪ ਅਗਾਹਾਂਵਧਕੇ ਲੜਨ ਲੱਗਾ। ਕੁਦਰਤ ਨੇ ਮਦਦ ਕੀਤੀ, ਇਕ ਗੋਲਾ ਇਤਫਾਕ ਨਾਲ ਪਠਾਣਾਂ ਦੇ ਬਾਰੂਦਖਾਨੇ ਵਿਚ ਜਾ ਪਿਆ। ਆਤਸ਼ਬਾਜ਼ੀ ਵਾਂਗ ਸਾਰਾ ਮੈਗਜ਼ੀਨ ਭੜਕ ਉਠਿਆ, ਹਵਾਈਆਂ ਸ਼ਰ ਸ਼ਰ ਕਰਦੀਆਂ ਉੱਡ ਗਈਆਂ, ਫੁਲਝੜੀਆਂ ਦੇ ਤਾਰੇ ਝੜ ਗਏ। ਜੰਗ ਦੀ ਕਾਲੀ ਰਾਤ ਮਤਾਬੀਆਂ ਦੀ ਸਾਵੀ ਪੀਲੀ ਰੋਸ਼ਨੀ ਵਿਚ ਚਮਕ ਉੱਠੀ। ਪਠਾਣਾਂ ਦਾ ਦਾਰੂ ਸਿੱਕਾ ਮੁੱਕ ਗਿਆ। ਮਾਛੀਵਾੜੇ ਦੇ ਕੋਲ ਇਕ ਜਗਾ ਹੈ ਜਿਸ ਦਾ ਨਾਮ ਮੰਨੂੰ ਪੁਰ‡ ਹੈ। ਏਸ ਥਾਂ ਤੇ ਜੰਗ ਦਾ ਫੈਸਲਾ ਹੋਇਆ§। ਏਸ ਮੈਦਾਨ ਦੀ ਜਿੱਤ ਤੋਂ ਮੁਅੱਯਨੁਲ ਮੁਲਕ ਦਾ ਨਾਮ ਮੀਰ ਮੰਨੂੰ ਪੈ ਗਿਆ।

ਅਬਦਾਲੀ ਲਾਹੌਰ ਵਾਪਸ ਆ ਗਿਆ ਤੇਇਥੋਂ ਆਪਣਾ ਸਾਰਾ ਸਾਮਾਨ ਇਕੱਠਾ ਕਰ ਕਾਬਲ ਚਲਾ ਗਿਆ। ਜਾਂਦਾ ਹੋਇਆ ਲਾਹੌਰ ਦੇ ਇੰਤਜ਼ਾਮ ਵਿਚ ਤਬਦੀਲੀਆਂ ਕਰ ਗਿਆ। ਦੀਵਾਨ ਲਖਪਤ ਰਾਇ ਨੂੰ ਲਾਹੌਰ ਦਾ ਹਾਕਮ ਬਣਾ ਗਿਆ।

ਦੀਵਾਨ ਲਖਪਤ ਰਾਇ ਦਾ ਲਾਹੌਰ ਦਾ ਹਾਕਮ ਮੁਕੱਰਰ ਹੋਣਾ ਇਹ ਅਬਦਾਲੀ ਦੀ ਇਕ

---

*Gupta's History of the Sikhs P. 40.

†ਮਰੇ ਨੇ ਇਹ ਮੌਤ ਹੋਰ ਤਰ੍ਹਾਂ ਲਿਖੀ ਹੈ ਜੋ ਠੀਕ ਨਹੀਂ। The Vuzeer was killed at evening Prayers by a random shot from the Darani Artillery, [Murray. P. 192.

ਰਤਨ ਸਿੰਘ ਭੰਗੂ ਨੇ ਇਸਤਰ੍ਹਾਂ ਲਿਖਿਆ ਹੈ:-

ਤਿਸ ਕੋ ਸੁਤ ਮੀਰ ਮੰਨੂੰ ਸਿਆਣਾ। ਮੁਜੇ ਵਜ਼ੀਰ ਨ ਕਿਨਹੂੰ ਜਾਣਾ।
ਤੁਰਤ ਲੜਾਈ ਦਈ ਮਚਾਇ। ਧਰਜੋ ਵਜ਼ੀਰ ਸੁ ਹਾਥੀ ਪਾਇ। [ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੧੦

ਡਾਕਟਰ ਨਾਰੰਗਨੇ ਲਿਖਿਆਹੈਕਿਵਜ਼ੀਰ ਉਸਵੇਲੇ ਕੁਰਾਨਪੜ੍ਹ ਰਿਹਾਸੀ-He was killed in the beginning of the battle while yet reading the Qoran in his tent [P. 137.

‡ਮੰਨੂੰ ਪੁਰ ਨੂੰ ਮਾਣੂ ਪੁਰ ਭੀ ਕਹਿੰਦੇ ਹਨ। §ਸੰਨ ੧੭੪੮, ੧੧ ਮਾਰਚ।

Digitized by Panjab Digital Library | www.panjabdigilib.org

ਗਹਿਰੀ ਚਾਲ ਦਾ ਨਤੀਜਾ ਸੀ। ਉਸਦਾ ਖਿਆਲ ਸੀ ਕਿ ਕੋਈ ਪਠਾਣ ਹਾਕਮ ਇੱਥੇ ਰੱਖਣ ਨਾਲ ਪੰਜਾਬ ਦੀ ਰਿਆਇਆ ਉਸਦਾ ਸਾਥ ਨਹੀਂ ਦੇਵੇਗੀ। ਹਿੰਦੂ ਨੂੰ ਮੁਕਰਰ ਕਰ ਜਾਣ ਨਾਲ ਲੋਕ ਉਸਦੀ ਤਾਬੇਦਾਰੀ ਨੂੰ ਖੁਸ਼ੀ ਨਾਲ ਕਬੂਲਣਗੇ, ਨਾਲੇ ਪਿਛਲੀ ਦੁਸ਼ਮਨੀ ਕਰਕੇ ਲਖਪਤ ਰਾਇ ਸ਼ਾਹ ਨਵਾਜ਼ ਨੂੰ ਲਾਹੌਰ ਵੜਨ ਨਹੀਂ ਦੇਵੇਗਾ ਤੇ ਇਸ ਤਰ੍ਹਾਂ ਲਾਹੌਰ ਦਾ ਸੂਬਾ ਮੁਕੰਮਲ ਤੌਰ ਤੇ ਪਠਾਣੀ ਹਕੂਮਤ ਦਾ ਅੰਗ ਬਨਿਆ ਰਹੇਗਾ। ਮੁਮਕਿਨ ਹੈ ਕਿ ਦੀਵਾਨ ਲਖਪਤ ਰਾਇ ਨੂੰ ਚੁਣਨ ਤੋਂ ਪਹਿਲੇ ਅਬਦਾਲੀ ਨੇ ਦੀਵਾਨ ਕੌੜਾ ਮਲ ਨੂੰ ਏਸ ਕੰਮ ਲਈ ਟੋਹਿਆ ਹੋਵੇ, ਪਰ ਦੀਵਾਨ ਸਾਹਿਬ ਜੈਸੇ ਕਿ ਉਨ੍ਹਾਂ ਦੇ ਰਵੱਯੇ ਤੋਂ ਮਾਲੂਮ ਹੁੰਦਾ ਹੈ ਪਠਾਣਾਂ ਦਾ ਸਾਥ ਦੇਣ ਨੂੰ ਹਰਗਿਜ਼ ਤਿਆਰ ਨਹੀਂ ਹੋ ਸਕਦੇ ਸਨ। ਅਬਦਾਲੀ ਦਾ ਇਹ ਖਿਆਲ ਵੀ ਗ਼ਲਤ ਸੀ ਕਿ ਇੱਥਾਂ ਦੀ ਰਿਆਯਾ ਹਿੰਦੂ ਹਾਕਮ ਹੋਣ ਕਰਕੇ ਅਮਨ ਨਾਲ ਨਹੀਂ ਬੈਠੀ ਰਹੇਗੀ।

ਅਬਦਾਲੀ ਅਜੇ ਰਸਤੇ ਵਿਚ ਹੀ ਸੀ ਕਿ ਸਿਖ ਇਕ ਦਮ ਉਠ ਬੈਠੇ। ਚਨਾਬ ਤੇ ਪਹੁੰਚਣ ਤਕ ਅਬਦਾਲੀ ਬਹੁਤ ਸਾਰਾ ਮਾਲ ਅਸਬਾਬ ਹਥਿਆਰ, ਘੋੜੇ ਆਦਿਕ ਸਿਖਾਂ ਕੋਲੋਂ ਖੁਹਾ ਬੈਠਾ।

ਮੀਰ ਮੰਨੂੰ।

ਅਬਦਾਲੀ ਦਾ ਇਹ ਖਿਆਲ ਵੀ ਗ਼ਲਤ ਸੀ ਕਿ ਦੀਵਾਨ ਲਖਪਤ ਰਾਇ ਸ਼ਾਹ ਨਵਾਜ਼ ਦਾ ਮੁਕਾਬਲਾ ਕਰੇਗਾ। ਇਸ ਮੁਕਾਬਲੇ ਦੀ ਤਾਂ ਲੋੜ ਹੀ ਨਾ ਪਈ। ਦਿੱਲੀ ਵਾਲਿਆਂ ਮੀਰ ਮੰਨੂੰ ਨੂੰ ਹੀ ਲਾਹੌਰ ਦਾ ਹਾਕਮ ਬਣਾ ਕੇ ਤੋਰ ਦਿੱਤਾ।

ਮੀਰ ਮੰਨੂੰ ਬੜੀ ਹਿੰਮਤ ਤੇ ਬੜੀ ਫੁਰਤੀ ਵਾਲਾ ਏਂਦਾ ਸੀ। ਇਹ ਹੁਣੇ ਅਬਦਾਲੀ ਉਪਰ ਫਤਹ ਪਾਕੇ ਆਯਾ ਸੀ। ਇਸ ਦਾ ਦਿਲ ਬੜਾ ਵਧਿਆ ਹੋਇਆ ਸੀ। ਇਸ ਦਾ ਹੌਸਲਾ ਬਲੰਦ ਸੀ, ਲਖਪਤ ਰਾਇ ਦੀ ਕੀ ਮਜਾਲ ਸੀ ਕਿ ਇਸਦਾ ਮੁਕਾਬਲਾ ਕਰਦਾ? ਮੀਰ ਮੰਨੂੰ ਨੇ ਲਾਹੌਰਦੀ ਹਕੂਮਤ ਸੁਖੈਨ ਹੀ ਸੰਭਾਲ ਲੀਤੀ*, ਦੀਵਾਨ ਲਖਪਤ ਰਾਇ ਨੂੰ ਕੈਦ ਕਰ ਲੀਤਾ। ਹੁਣ ਸਵਾਲ ਇਹ ਪੈਦਾ ਹੋਇਆ ਕਿ ਵਜ਼ੀਰ ਕਿਸ ਨੂੰ ਮੁਕਰਰ ਕੀਤਾ ਜਾਏ। ਮੀਰ ਮੰਨੂੰ ਨੂੰ ਦੀਵਾਨ ਕੌੜਾ ਮਲ ਤੋਂ ਸਿਵਾ ਹੋਰ ਕੋਈ ਆਦਮੀ ਏਸ ਕਾਬਲੀਅਤ ਦਾ ਨਜ਼ਰ ਨਹੀਂ ਸੀ ਆਉਂਦਾ।

ਸ਼ਾਹ ਨਵਾਜ਼ ਜਿਸ ਵੇਲੇ ਲਾਹੌਰ ਦੁਰਾਨੀਆਂ ਕੋਲੋਂ ਲੁਟੀਂਦਾ ਛੱਡਕੇ ਦਿੱਲੀ ਨੱਸਿਆ ਤਾਂ ਦੀਵਾਨ ਸਾਹਿਬ ਏਸ ਰਵੱਯੇ ਉਪਰ ਬਹੁਤ ਨਾਰਾਜ਼ ਸਨ, ਉਹ ਚਾਹੁੰਦੇ ਸਨ ਕਿ ਸ਼ਾਹ ਨਵਾਜ਼ ਅਬਦਾਲੀ ਨਾਲ ਡੱਟਕੇ ਮੁਕਾਬਲਾ ਕਰੇ।ਸ਼ਾਹ ਨਵਾਜ਼ ਦਾ ਨੱਸਣਾ ਉਨ੍ਹਾਂ ਨੂੰ ਬੜੀ ਕਾਇਰਤਾ ਮਲੂਮ ਹੁੰਦੀ ਸੀ। ਮੀਰ ਮੰਨੂੰ ਨੂੰ ਦੀਵਾਨ ਸਾਹਿਬ ਦੀ ਏਸ ਦ੍ਰਿੜ੍ਹਤਾ ਦਾ ਪੂਰਾ ਪਤਾ ਸੀ। ਉਹ ਉਨ੍ਹਾਂ ਦੀ ਜੰਗੀ ਕਾਬਲੀਅਤ ਅਤੇ ਦੀਵਾਨੀ ਇੰਤਜ਼ਾਮ ਦਾ ਵੀ ਜਾਣੂ ਸੀ। ਸਾਰਿਆਂ ਤੋਂ ਵਡੀ ਤਾਰੀਫ ਜੋ ਉਸ ਦੇ ਦਿਮਾਗ ਵਿਚ ਸੀ ਉਹ ਦੀਵਾਨ ਸਾਹਿਬ ਦੇ ਕੈਰੇਕਟਰ ਦੀ ਸੀ, ਜਿਸ ਦਾ ਸਬੂਤ ਉਨ੍ਹਾਂ ਇਸ ਗਲ ਵਿਚ ਦਿੱਤਾ ਕਿ ਜਦ ਪਹਿਲੀ ਵੇਰ ਸ਼ਾਹ ਨਵਾਜ਼ ਨੂੰ ਮੁਲਤਾਨ ਮਿਲੇ ਹਨ ਤਾਂ ਲਾਹੌਰ ਦੀ ਹਕੂਮਤ ਨੂੰ ਬਾਕਾਇਦਾ ਇਸਤੀਫਾ ਦੇਕੇ ਗਏ ਸਨ।

ਦੀਵਾਨ ਸਾਹਿਬ ਮੁੜ ਪੰਜਾਬ ਦੀ ਵਜ਼ਾਰਤ ਉਪਰ ਮੁਕਰਰ ਹੋਏ। ਆਪ ਦੇ ਇਖਤਯਾਰ ਇਸ ਵੇਲੇ ਪੰਜਾਬ ਦੇ ਦੀਵਾਨ ਤੇ ਮੀਰ ਮੰਨੂੰ ਦੇ ਨਾਇਬ ਦੇ ਸਨ।

ਜਿਤਨੇ ਕੁ ਦਿਨ ਹਕੂਮਤ ਦੇ ਦੀਵਾਨ ਲਖਪਤ ਰਾਇ ਨੂੰ ਮਿਲੇ ਉਤਨੇ ਦਿਨਾਂ ਵਿਚ ਉਸਨੇ ਸਰਕਾਰੀ ਖਜ਼ਾਨੇ ਵਿਚ ਜੋ ਰਕਮਾਂ ਆਈਆਂ ਸਭ ਆਪਣੇ ਘਰ ਭਰ ਲਈਆਂ ਸਨ। ਮੀਰ ਮੰਨੂੰ ਨੂੰ ਉਸ ਦੀਆਂ ਇਨ੍ਹਾਂ ਕਰਤੂਤਾਂ ਦਾ ਸਾਰਾ ਹਾਲ ਮਲੂਮ ਹੋਗਿਆ। ਦੀਵਾਨ ਲਖਪਤ ਰਾਇ ਉਤੇ ਤੀਹ

---

*ਸੰਨ ੧੭੪੮, ਅਪਰੈਲ (੧੮੦੫ ਬਿ:)।

Digitized by Panjab Digital Library | www.panjabdigilib.org

ਲੱਖ ਰੁਪੈ ਦਾ ਡੰਨ ਲਗਾ। ੧੮ ਲੱਖ ਰੁਪੱਜਾ ਦੀਵਾਨ ਲਖਪਤ ਰਾਇ ਕੋਲ ਨਕਦ ਵਸੂਲ ਹੋਗਿਆ, ਦੋ ਲਖ ਉਸਦੀ ਹੋਰ ਜਾਇਦਾਦ ਦਾ ਮੁੱਲ ਪਿਆ, ਜੋ ਵੇਚੀ ਗਈ। ਬਾਕੀ ਦਸ ਲੱਖ ਬਦਲੇ ਉਸਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਦੀਵਾਨ ਕੌੜਾ ਮਲ ਨੇ ਆਖਰ ਦਸ ਲੱਖ ਰੁਪੱਜਾ ਅਪਣੇ ਕੋਲੋਂ ਦੇਕੇ ਦੀਵਾਨ ਲਖਪਤ ਰਾਇ ਨੂੰ ਸਰਕਾਰੀ ਕੈਦ ਤੋਂ ਛੁਡਾਕੇ ਅਪਣੇ ਕਬਜ਼ੇ ਵਿਚ ਕਰ ਲਿਆ*।

ਲਖਪਤ ਰਾਇ ਦੀ ਹਾਲਤ ਬਿਲਕੁਲ ਸ਼ੁਦਾਈਆਂ ਵਾਲੀ ਸੀ। ਦੀਵਾਨ ਕੌੜਾ ਮਲ ਨੇ ਇਸ ਨੂੰ ਸਿਖਾਂ ਦੇ ਸਪੁਰਦ ਕਰ ਦਿੱਤਾ ਕਿ ਉਹ ਚੰਗੀ ਤਰ੍ਹਾਂ ਗਾਖ ਲੈਣ ਕਿ ਜਿਹੜਾ ਆਦਮੀ ਉਨ੍ਹਾਂ ਉਪਰ ਇਤਨਾ ਜ਼ੁਲਮ ਕਰ ਚੁਕਾ ਹੈ ਉਸਦਾ ਸਿਰ ਕਿਤਨਾ ਕੁ ਭੰਵਿਆਂ ਹੋਇਆ ਹੈ। ਉਹ ਕਿਸ ਹਦ ਤਕ ਪਾਗਲ ਸੀ ਜੋ ਅਪਣੇ ਗੁਰੂ ਜਗਤ ਭਗਤ ਦਾ ਵੀ ਕਿਹਾ ਮੋੜ ਚੁਕਾ ਹੈ। ਆਖਰ ਇਹ ਆਦਮੀ ਖਾਲਸੇ ਦੀ ਕੈਦ ਵਿਚ ਹੀ ਚਲਾਣਾ ਕਰ ਗਿਆ।

ਮੀਰ ਮੰਨੂੰ ਦੇ ਸਿੱਖਾਂ ਵਿਰੁੱਧ ਪਰਵਾਨੇ।

ਮੀਰ ਮੰਨੂੰ ਦੇ ਲਾਹੌਰ ਦੀ ਹਕੂਮਤ ਸੰਭਾਲਿਆਂ ਥੋੜ੍ਹਾ ਹੀ ਚਿਰ ਹੋਇਆ ਸੀ ਕਿ ਇਸ ਦੀ ਨਜ਼ਰ ਵਿਚ ਸਿਖ ਕਿਰਕ ਵਾਂਗ ਰੜਕਣ ਲਗੇ। ਪੰਜਾਬ ਵਿਚ ਕੋਈ ਜਾਨ ਨਹੀਂ ਸੀ, ਜੇ ਕਿਤੇ ਜੀਵਨ ਦੀ ਝਲਕ ਉਸਦੀ ਨਜ਼ਰ ਪੈਂਦੀ ਸੀ ਤਾਂ ਸਿੱਖਾਂ ਵਿਚ ਤੇ ਜੇ ਕੋਈ ਉਸਨੂੰ ਕੋਈ ਖ਼ਤਰਾ ਭਾਸਦਾ ਸੀ ਤਾਂ ਸਿੱਖਾਂ ਤੋਂ। ਰਾਮ ਰੌਣੀ ਦਾ 'ਕਿਲਾ' ਇਸ ਨੂੰ ਆਪਣੀ ਹਕੂਮਤ ਦੀ ਸਲਾਮਤੀ ਲਈ ਖ਼ਤਰੇ ਦਾ ਭਯਾਨਕ ਅਸਥਾਨ ਦਿੱਸਦਾ ਸੀ। ਮੀਰ ਮੰਨੂੰ ਦੇ ਖਿਆਲ ਵਿਚ ਇਹ ਮਿੱਟੀ ਗਾਰੇ ਦਾ ਗੜ੍ਹ ਮੁਗਲ-ਰਾਜ ਦੀ ਚਿੱਟੀ ਚੱਦਰ ਉਪਰ ਇਕ ਚਿੱਕੜ ਦਾ ਥੋਬਾ ਸੀ, ਜੋ ਉਸਦੀ ਤਬੀਅਤ ਨੂੰ ਬੜਾ ਉਚਾਟ ਰਖਦਾ। ਉਹ ਦੀਵਾਨ ਸਾਹਿਬ ਦੀ ਜੇ ਹਮਦਰਦੀ ਸਿੱਖਾਂ ਨਾਲ ਸੀ ਉਸਦਾ ਵੀ ਜਾਣੂ ਸੀ।

ਮੀਰ ਮੰਨੂੰ ਅਦੀਨਾ ਬੇਗ ਨੂੰ ਦਿਲੋਂ ਪਸੰਦ ਨਹੀਂ ਸੀ ਕਰਦਾ। ਉਸ ਨੇ ਜੋ ਗੱਦਾਰੀ ਯਾਹਯਾ ਖਾਂ ਨਾਲ ਕੀਤੀ ਸੀ ਉਸਦਾ ਵਾਕਫ਼ ਸੀ। ਉਹ ਅਦੀਨਾ ਬੇਗ ਨੂੰ ਕੇਵਲ ਸਿਖਾਂ ਵਿਰੁਧ ਵਰਤਣ ਲਈ ਇਕ ਬੜਾ ਕਾਰਆਮਦ ਹਥਿਆਰ ਸਮਝਦਾ ਸੀ। ਮੀਰ ਮੰਨੂੰ ਦੇ ਰਾਜਸੀ ਮੰਡਲ ਵਿਚ ਦੋ ਤਾਕਤਵਰ ਵਜਕਤੀਆਂ ਸਨ, ਇਕ ਦੀਵਾਨ ਕੌੜਾ ਮਲ ਅਤੇ ਦੂਜਾ ਅਦੀਨਾ ਬੇਗ। ਜਿੱਥੋਂ ਤਕ ਅੰਦਰੂਨੀ ਖ਼ਤਰੇ ਦਾ ਸੰਬੰਧ ਸੀ ਜਿਸ ਦਾ ਸਥੂਲ ਚਿੰਨ੍ਹ ਰਾਮ ਰੌਣੀ ਦੀ ਕੱਚੀ ਚਾਰ ਦੀਵਾਰੀ ਸੀ ਉਹ ਅਦੀਨਾ ਬੇਗ ਦੇ ਸਲਾਹ ਮਸ਼ਵਰੇ ਉਪਰ ਭਰੋਸਾ ਰਖਦਾ ਸੀ। ਦੀਵਾਨ ਕੌੜਾ ਮਲ ਦੀ ਤਾਕਤ ਅਤੇ ਤਦਬੀਰ ਉੱਪਰ ਉਹ ਭਰੋਸਾ ਰੱਖਕੇ ਅਬਦਾਲੀ ਵਗੈਰਾ ਦੇ ਬਾਹਰਲੇ ਹਮਲਿਆਂ ਤੋਂ ਨਿਸਚਿੰਤ ਹੋਣਾ ਚਾਹੁੰਦਾ ਸੀ।

ਸਿੱਖਾਂ ਤੇ ਚੜ੍ਹਾਈ।

ਅਦੀਨਾ ਬੇਗ ਦੀ ਸਲਾਹ ਨਾਲ ਮੀਰ ਮੰਨੂੰ ਨੇ ਸਿੱਖਾਂ ਵਿਰੁੱਧ ਫੁਰਮਾਨ ਘੱਲ ਦਿੱਤੇ। ਗ੍ਰਿਫਤਾਰੀ ਦੇ ਹੁਕਮ ਜਾਰੀ ਹੋ ਗਏ। ਗਸ਼ਤੀ ਫੌਜਾਂ ਸਿੱਖਾਂ ਮਗਰ ਫਿਰਨ ਲਗੀਆਂ। ਜੀਉਂਦੇ ਫੜ੍ਹਾਉਣ ਵਾਲਿਆਂ ਨੂੰ ਅਤੇ ਸਿਖਾਂ ਦਾ ਸਿਰ ਵੱਢ ਲਿਆਉਣ ਵਾਲਿਆਂ ਨੂੰ ਇਨਾਮ ਮਿਲਣ ਲਗੇ। ਪਹਾੜੀ ਰਾਜਿਆਂ ਦੀ ਮਦਦ ਨਾਲ ਪਹਾੜੀ ਇਲਾਕਿਆਂ ਵਿਚੋਂ ਸਿੱਖ ਲਿਆਕੇ ਸੈਂਕੜਿਆਂ ਦੀ ਗਿਣਤੀ ਵਿਚ (ਦਿੱਲੀ ਦਰਵਾਜ਼ੇ ਲਾਹੌਰ ਨੂੰ ਵੜਨ ਲਗਿਆਂ ਸੱਜੇ ਹੱਥ) ਘੋੜੇ ਮੰਡੀ ਵਿਚ ਰੋਜ਼ਾਨਾ ਕਤਲ ਕੀਤੇ ਜਾਣ ਲਗੇ।

---

*ਕੌੜਾ ਮਲ ਹੁਤੋ ਗੁਰਸਿਖ। ਦਸ ਲੱਖ ਟਕੇ ਦਯੋ ਤਿਹ ਲਿਖ। [ਰਤਨ ਸਿੰਘ ਭੰਗੂ
ਗਿਆਨੀ ਗਿਆਨ ਸਿੰਘ ਨੇ ਅੱਠ ਲੱਖ ਲਿਖਿਆ ਹੈ।
ਅਠ ਲਖ ਮੋਂ ਕੈਦ ਰਹਾਜੇ। ਕੌੜਾ ਮਲ ਨੇ ਛਲ ਭੇਗਾਜੇ। [ਗਿਆਨ ਸਿੰਘ

Digitized by Panjab Digital Library | www.panjabdigilib.org

ਇਹ ਫੜਾ ਫੜੀ ਅਤੇ ਮਾਰ ਧਾੜ ਇਕ ਡੂੰਘੀ ਚਾਲ ਦੇ ਸਿਲਸਿਲੇ ਵਿਚ ਸੀ। ਮੀਰ ਮੰਨੂੰ ਨੇ ਸਿਖ ਤਾਕਤ ਨੂੰ ਨਸ਼ਟ ਕਰ ਸੁੱਟਣ ਦਾ ਨਕਸ਼ਾ ਦਿਮਾਗ਼ ਵਿਚ ਮੁਕੰਮਲ ਕਰ ਲਿਆ ਸੀ। ਉਸਦਾ ਖ਼ਿਆਲ ਸੀ ਕਿ ਜਿਸ ਵੇਲੇ ਮੁਲਕ ਵਿਚ ਕਤਲਾਮ ਦੀ ਤੜਥੱਲੀ ਪੂਰੇ ਜੋਬਨ ਵਿਚ ਹੋਵੇਗੀ ਤਾਂ ਰਾਮ ਰੌਣੀ ਨੂੰ ਬਾਹਰਲੀ ਮਦਦ ਤੋਂ ਵੱਖਰਿਆਂ ਕਰਕੇ ਘੇਰੇ ਵਿਚ ਲੈ ਲਵਾਂਗਾ।

'ਰਾਮ ਰੌਣੀ ਉੱਪਰ ਹਮਲਾ।

ਰਾਮ ਰੌਣੀ ਉੱਪਰ ਹਮਲਾ ਵੀ ਅਦੀਨਾ ਬੇਗ ਦੇ ਸਪੁਰਦ ਹੋਇਆ। ਸਦੀਕ ਬੇਗ ਖਾਂ ਨਾਲ ਮਦਦ ਲਈ ਕੀਤਾ ਗਿਆ। ਅਦੀਨਾ ਬੇਗ ਬੜਾ ਹੁਸ਼ਿਆਰ ਅਤੇ ਚਾਲਾਕ ਆਦਮੀ ਸੀ, ਉਸ ਸੋਚਿਆ ਕਿ ਜੇ ਵਲ ਛਲ ਨਾਲ ਸਿਖ ਜੱਥੇਦਾਰ ਫੜ ਲਏ ਜਾਣ ਤਦ ਬਿਨਾਂ ਲੋਹੇ ਦੀ ਤਪਸ਼ ਸਹਾਰੇ ਦੇ ਹੀ ਕਾਰਜ ਰਾਸ ਹੋ ਜਾਏਗਾ। ਉਸ ਨੇ ਆਪਣਾ ਦੂਤ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਪਾਸ ਭੇਜਿਆ ਤੇ ਕਿਹਾ ਕਿ ਲੜਾਈ ਕਰਨੀ ਚੰਗੀ ਨਹੀਂ, ਦੋਨਾਂ ਧਿਰਾਂ ਦੇ ਜਾਨ ਮਾਲ ਦਾ ਨੁਕਸਾਨ ਹੈ, ਇਸ ਵਾਸਤੇ ਚੰਗਾ ਹੋਵੇ ਤੁਸੀਂ ਦਰਸ਼ਨ ਦੀਦਾਰ ਦੇਵੋ, ਆਪੇ ਵਿਚ ਗਲ ਬਾਤ ਕਰਕੇ ਮੁਲਕਗੀਰੀ ਦੇ ਮਾਮਲੇ ਸੋਚ ਵਿਚਾਰ ਲਈਏ। ਸ: ਜੱਸਾ ਸਿੰਘ ਨੇ ਉੱਤਰ ਵਿਚ ਕਿਹਾ ਕਿ ਤੁਸੀਂ ਸਾਡੇ ਲਈ ਨਵੇਂ ਨਹੀਂ ਹੋ, ਅਸੀਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਤੇ ਤੁਸੀਂ ਸਾਨੂੰ ਜਾਣਦੇ ਹੋ। ਸਾਡੇ ਤੇ ਤੁਹਾਡੇ ਵਿਚਕਾਰ ਤਲਵਾਰ ਦੀ ਤੇਜ਼ ਧਾਰ ਨਾਲ ਹੀ ਗੱਲਾਂ ਹੋ ਸਕਦੀਆਂ ਹਨ। ਤੀਰ ਤੇ ਤੁਫੰਗ ਹੀ ਮੁਲਕ-ਗੀਰੀ ਦੇ ਨਿਬੇੜੇ ਕਰ ਸਕਦੇ ਹਨ। ਜਿਸ ਵਾਸਤੇ ਹੁਣ ਅਸੀਂ ਤਾਂ ਉਸੇ ਦੇ ਭਰੋਸੇ ਤੇ ਹਾਂ, ਮੈਦਾਨ ਜੰਗ ਵਿਚ ਆਓ, ਸਾਰੇ ਨਿਬੇੜੇ ਹੋ ਜਾਣਗੇ।

ਸਿਖ ਸਰਦਾਰ ਅਦੀਨਾ ਬੇਗ ਦੇ ਝਾਂਸੇ ਵਿਚ ਨਾ ਆਏ। ਜਦ ਉਸਨੇ ਆਪਣੀ ਚਾਲ ਵਿਚ ਕਾਮਯਾਬੀ ਨਾ ਵੇਖੀ ਤਦ ਮੀਰ ਮੰਨੂੰ ਨੂੰ ਲਾਹੌਰ ਲਿਖਕੇ ਆਪਣੀ ਮਦਦ ਵਾਸਤੇ ਹੋਰ ਫੌਜ ਮੰਗ ਲਈ, ਜਿਸ ਦੇ ਨਾਲ ਕੁਛ ਪਹਾੜੀ ਦਸਤੇ ਵੀ ਸਨ। ਇਹ ਸਾਰੀ ਫੌਜ ਦੀ ਮਿਲਕੇ ਕਈ ਹਜ਼ਾਰ ਤਕ ਗਿਣਤੀ ਹੋ ਗਈ। ਦਾਰੂ ਗੋਲੀ ਤੇ ਜੰਗ ਦਾ ਹੋਰ ਸਾਮਾਨ ਲਾਹੌਰੋਂ ਗੱਡਿਆਂ ਦੇ ਗੱਡੇ ਭਰੇ ਹੋਏ ਨਾਲ ਆ ਰਹੇ ਸਨ। ਇਸ ਦੇ ਮੁਕਾਬਲੇ ਤੇ ਰਾਮ ਰੌਣੀ ਵਿਚ ਮੁਸ਼ਕਲ ਨਾਲ ੫੦੦ ਸਿੰਘ ਹੋਣਗੇ। ਸਿੰਘਾਂ ਦੇ ਜਾਸੂਸਾਂ ਨੇ ਖਬਰ ਆਂਦੀ ਕਿ ਲਾਹੌਰ ਤੋਂ ਲਸ਼ਕਰ ਆ ਰਿਹਾ ਹੈ ਤੇ ਇਕ ਅੱਧ ਦਿਨ ਵਿਚ ਰੌਣੀ ਤੇ ਹੱਲਾ ਹੋਇਆ ਚਾਹੁੰਦਾ ਹੈ। ਬੁਰਜਾਂ ਵਿਚ ਬੈਠੇ ਸਿੰਘਾਂ ਨੇ ਧੌਂਸਿਆਂ ਤੇ ਚੋਟਾਂ ਲਾਈਆਂ, ਇਹ ਸੱਦ ਸੀ ਸਿੱਖਾਂ ਲਈ ਕਿ ਖਾਲਸਾ ਜੀ ਗੁਰੂ ਦੀ ਨਗਰੀ ਵਿਚ ਰਣ ਮੰਡਿਆ ਗਿਆ ਹੈ, ਹੁਣ ਜੂਝਣ ਦਾ ਦਾਉ ਹੈ, ਆ ਜਾਓ। ਜਿੱਥੋਂ ਤਕ ਆਵਾਜ਼ ਗਈ ਤੇ ਸਿੰਘਾਂ ਨੇ ਸਿੱਧੀ ਸੁਣੀ ਜਾਂ ਇਕ ਦੂਜੇ ਤੋਂ ਸੁਣੀ, ਹਥਯਾਰ ਸੰਭਾਲ ਅੰਮ੍ਰਿਤਸਰ ਵਲ ਤੁਰ ਪਏ। ਜਥੇਦਾਰਾਂ ਨੇ ਮਿਲਕੇ ਸਾਰੀ ਸਲਾਹ ਮੇਚ ਲੀਤੀ। ਕੁਛ ਰਾਮਸਰ ਦੀਆਂ ਝਾੜੀਆਂ ਵਿਚ ਸੈਨਾ ਬਿਠਾ ਦਿੱਤੀ ਤੇ ਕੁਛ ਰਾਮ ਰੌਣੀ ਵਿਚ ਸਨਧਬੱਧ ਹੋ, ਵੈਰੀ ਦੇ ਹੱਲੇ ਦੀ ਉਡੀਕ ਕਰਨ ਲਗੇ। ਅਦੀਨਾ ਬੇਗ ਨੇ ਫੌਜ ਨੂੰ ਅੱਗੇ ਵਧਣ ਦਾ ਹਕਮ ਦਿੱਤਾ। ਖਾਲਸਾ ਇਨ੍ਹਾਂ ਦੀ ਉਡੀਕ ਵਿਚ ਬੈਠਾ ਹੀ ਸੀ। ਰਾਮ ਰੌਣੀ ਤੇ ਰਾਮਸਰ ਦੇ ਝਾੜਾਂ ਵਿਚੋਂ ਨਿਕਲ ਬੰਦੂਕਾਂ ਦੀ ਝਾੜ ਕੀਤੀ। ਵੈਰੀ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਅਜੇ ਮੁਸ਼ਕਲ ਨਾਲ ਆਪਾ ਸੰਭਲਣ ਲੱਗਾ ਸੀ ਕਿ ਸਿੱਖਾਂ ਨੇ ਦੂਜੀ ਵਾਰ ਬੰਦੂਕਾਂ ਸਰ ਕੀਤੀਆਂ, ਅਦੀਨਾ ਬੇਗ ਦਾ ਕਾਫੀ ਨੁਕਸਾਨ ਹੋਇਆ, ਅਗੇ ਵਧਣ ਦੀ ਹਿੰਮਤ ਨਾ ਪਈ, ਪਿਛੇ ਹੱਟ ਗਿਆ ਤੇ ਲਾਹੌਰ ਤੋਂ ਆਉਣ ਵਾਲੀਆਂ ਤੋਪਾਂ ਦੀ ਉਡੀਕ ਕਰਨ ਲਗਾ।

ਤੋਪਾਂ ਆਈਆਂ, ਉਹ ਵਰਤੀਆਂ, ਪਰ ਨਾ ਅਦੀਨਾ ਬੇਗ ਤੇ ਨਾ ਹੀ ਕਿਸੇ ਹੋਰ ਫੌਜੀ ਦਸਤੇ ਨੂੰ ਰਾਮ ਰੌਣੀ ਦੇ ਲਾਗੇ ਆਉਣ ਦੀ ਜੁਰਅਤ ਹੋਈ। ਆਖਰ ਇਨ੍ਹਾਂ ਚਾਰੇ ਪਾਸੀਂ ਘੇਰਾ ਘੱਤ ਕੇ ਬੈਠ ਰਹਿਣ

Digitized by Panjab Digital Library | www.panjabdigilib.org

ਦੀ ਰੋਂਦ ਗੁੰਦੀ ਤੇ ਇਸ ਗਲ ਦੀ ਉਡੀਕ ਕਰਨ ਲਗੇ ਕਿ ਅੰਦਰਲਿਆਂ ਦਾ ਦਾਣਾ ਪਾਣੀ ਮੁੱਕੇ ਤੇ ਉਹ ਆਪਣੇ ਆਪ ਨੂੰ ਹਵਾਲੇ ਕਰ ਦੇਣ। ਸਿੰਘ ਰਾਤੀਂ ਪ੍ਰਭਾਤੀਂ ਵੇਲਾ ਪਾਕੇ ਬਾਹਰਲੀ ਫੌਜ ਉੱਪਰ ਹਮਲਾ ਕਰਦੇ, ਖਾਣ ਪੀਣ ਦਾ ਜੋ ਸਾਮਾਨ ਹੱਥ ਆਵੇ ਲੈਕੇ ਅੰਦਰ ਜਾ ਵੜਦੇ, ਬਾਹਰੋਂ ਵੀ ਸਿਖ ਵੈਰੀ ਦੀ ਸੈਨਾਂ ਤੇ ਹਮਲਾ ਕਰ ਰਸਦ ਆਦਿਕ ਲੁੱਟ ਲਿਜਾਂਦੇ ਸੀ ਤੇ ਸਮਾਂ ਮਿਲਣ ਤੇ ਜਿੰਨਾ ਸੰਭਵ ਹੁੰਦਾ ਰਾਮ ਰੌਣੀ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ ਪੂਰੀ ਕਰ ਦੇਂਦੇ ਸੀ।

ਸ: ਜੱਸਾ ਸਿੰਘ ਰਾਮਗੜ੍ਹੀਏ ਦੀ ਸਿੰਘਾਂ ਨਾਲ ਕੁਛ ਨਾਚਾਕੀ ਸੀ । ਕਿਹਾ ਜਾਂਦਾ ਹੈ ਕਿ ਉਸ ਨੂੰ ਕਿਸੇ ਅਪ੍ਰਾਧ ਵਿਚ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ* । ਉਹ ਹੁਣ ਆਪਣੇ ਤਿੰਨੇ ਭਰਾਵਾਂ† ਸਮੇਤ ਅਦੀਨਾ ਬੇਗ ਪਾਸ ਨੌਕਰ ਸੀ। ਇਹ ਵੀ ਰਾਮ ਰੌਣੀ ਤੇ ਹਮਲਾ ਕਰਨ ਵਾਲੀ ਵੈਰੀ ਦੀ ਫੌਜ ਵਿਚ ਸੀ। ਇਸ ਨੂੰ ਖਬਰ ਮਿਲੀ ਕਿ ਰਾਮ ਰੌਣੀ ਦੀ ਅੰਦਰਲੀ ਸਿੱਖ ਸੈਨਾਂ ਅੱਧੀ ਦੇ ਕਰੀਬ ਸ਼ਹੀਦ ਹੋ ਚੁਕੀ ਹੈ। ਉਸ ਦਾ ਦਿਲ ਭਰ ਆਇਆ । ਸਾਥੀਆਂ ਦੇ ਸਮਝਾਉਣ ਤੇ ਉਸ ਨੇ ਇਕ ਚਿਠੀ ਲਿਖੀ। ਤੀਰ ਨਾਲ ਬੰਨ੍ਹ ਕੇ ਰਾਮ ਰੌਣੀ ਦੇ ਵਿਚ ਬੈਠੇ ਖਾਲਸੇ ਪਾਸ ਭਜਾਇਆ। ਇਸ ਚਿਠੀ ਵਿਚ ਖਾਲਸੇ ਨੂੰ ਟੁੱਟੀ ਗੰਢਣ ਵਾਲਾ ਬਿਰਦ ਚੇਤੇ ਕਰਾਕੇ ਆਗਿਆ ਮੰਗੀ ਕਿ ਅਸਾਂ ਟੁੱਟੀਆਂ ਬਾਹਾਂ ਨੂੰ ਗਲੇ ਲਾ ਲਿਆ ਜਾਏ, ਅਸੀਂ ਪੰਥ ਨਾਲ ਹੋਕੇ ਜੀਵਨ ਤੇ ਮਰਨ ਲੋਚਦੇ ਹਾਂ। ਰਾਮ ਰੌਣੀ ਵਿਚੋਂ ਇਸਦਾ ਉਤਰ 'ਹਾਂ' ਵਿਚ ਦਿੱਤਾ ਗਿਆ ਤੇ ਜੁਵਾਬ ਤੀਰ ਦੀ ਰਾਹੀਂ ਹੀ ਘੱਲਿਆ ਗਿਆ। ਸ: ਜੱਸਾ ਸਿੰਘ ਜੀ ਨੇ ਅਦੀਨਾ ਬੇਗ ਨਾਲ ਤਨਖਾਹ ਦਾ ਹਿਸਾਬ ਕੀਤਾ‡, ਅਪਣੇ ਪੈਸੇ ਲੈਕੇ ਪੱਲੇ ਬੱਧੇ ਤੇ ਸਾਥੀ ਸਿੰਘਾਂ ਸਣੇ ਰਾਮ ਰੌਣੀ ਵਿਚ ਭਰਾਵਾਂ ਦਾ ਭਰਾ ਬਣਕੇ ਜਾ ਰਲਿਆ।

ਮੀਰ ਮੰਨੂੰ ਸਿੱਖਾਂ ਦੇ ਹਠ ਤੇ ਤਾਕਤ ਨੂੰ ਸਮਝਦਾ ਸੀ । ਉਸ ਨੇ ਕੁਛ ਡੂੰਘੀ ਸੋਚ ਵਿਚਾਰ ਬਾਦ ਜੋ ਫੌਜ ਲਾਹੌਰੋਂ ਘੱਲੀ ਸੀ ਉਸ ਨਾਲ ਦੀਵਾਨ ਸਾਹਿਬ ਨੂੰ ਜਾਣ ਵਾਸਤੇ ਕਿਹਾ ਸੀ। ਸਿੱਖਾਂ ਦੇ ਹਮਦਰਦ ਹੁੰਦਿਆਂ ਹੋਇਆਂ ਵੀ ਉਸ ਨੂੰ ਦੀਵਾਨ ਸਾਹਿਬ ਦੀ ਵਫਾਦਾਰੀ ਉੱਪਰ ਭਰੋਸਾ ਸੀ।

ਦੀਵਾਨ ਸਾਹਿਬ ਲਈ ਇਹ ਅਤਜੰਤ ਨਾਜ਼ਕ ਮਾਮਲਾ ਸੀ। ਇਕ ਪਾਸੇ ਫਰਜ਼ ਦੀ ਮਜ਼ਬੂਰੀ ਸੀ, ਦੂਜ ਪਾਸੇ ਨਾ ਸਿਰਫ ਉਨ੍ਹਾਂ ਦਾ ਪਰਮ ਮਿਤ੍ਰ ਜੱਸਾ ਸਿੰਘ ਆਹਲੂਵਾਲੀਆ ਘਰ ਵਿਚ ਸੀ, ਬਲਕਿ ਸਿਖ ਤਾਕਤ ਦੀ ਕਿਸਮਤ ਤੱਕੜੀ ਵਿਚ ਤੁਲ ਰਹੀ ਸੀ।

ਰਾਮ ਰੌਣੀ ਦਾ ਮੁਹਾਸਰਾ ਅਕਤੂਬਰ ਮੰਨ ੧੭੪੮ ਤੋਂ ਲੈਕੇ ਫਰਵਰੀ ੧੭੪੯ ਤਕ ਰਿਹਾ। ਆਖਰ 'ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨੂੰ ਸੁਨੇਹਾ ਭੇਜਿਆ, ਐਸ ਵੇਲੇ ਤੁਸੀਂਹੀ ਸਾਨੂੰ ਪੁੱਕਰ ਸਕਦੇ ਹੋ, ਤੁਹਾਡੇ ਹੀ ਕਿਸੇ ਉਪਾਉ ਨਾਲ ਤਿੰਨ ਸੌ ਜਾਨਾਂ ਬਚ ਸਕਦੀਆਂ ਹਨ¶'।

ਦੀਵਾਨ ਸਾਹਿਬ ਅਵੇਸਲੇ ਨਹੀਂ ਬੈਠੇ ਹੋਏ ਸਨ, ਉਹ ਕੇਵਲ ਰਾਮ ਰੌਣੀ ਦੇ ਮੁਹਾਸਰੇ ਦਾ ਹੀ ਬਾਨ੍ਹ ਨਹੀਂ ਬੰਨਣਾ ਚਾਹੁੰਦੇ ਸਨ, ਬਲਕਿ ਇਕ ਐਸੀ ਵਿਉਂਤ ਸੋਚ ਰਹੇ ਸਨ ਜਿਸ ਨਾਲ

---

*ਸਿੰਘ ਤੁਖਾਣ ਜੱਸਾ ਸਿੰਘ ਜੋਇ ॥ ਦੀਨੋ ਸਿੰਘਨ ਛੇਕ ਥੋ ਸੋਇ ॥ [ਰਤਨ ਸਿੰਘ ਭੰਗੂ-੩੧੪
ਜੱਸਾ ਸਿੰਘ ਕੀ ਥੀ ਜੋ ਨਾਰੀ ॥ ਤਿਸ ਨੋ ਨਿਜ ਬੇਟੀ ਥੀ ਮਾਰੀ ॥ [ਗਜਾਨ ਸਿੰਘ

†ਅਦੀਨਾ ਬੇਗ ਦੀ ਨੌਕਰੀ ਦੇ ਮੁਤੱਲਕ ਮੈਕਗਰੇਗਰ ਨੇ ਜੱਸਾਸਿੰਘ ਦੇ ਦੋ ਭਰਾ ਲਿਖੇ ਹਨ ਤੇ ਨਾਮ ਇਹ ਦਿਤੇ ਹਨ।ਮਾਲਾ ਸਿੰਘ, ਤਾਰਾ ਸਿੰਘ (History of the Sikhs-Mc. 'Gregor' Vol.I P. 130.) ਰੱਤਾ ਸਿੰਘ ਨੇ ਜੱਸਾ ਸਿੰਘ ਨੂੰ ਤਿੰਨਾਂ ਭਰਾਵਾਂ ਸਮੇਤ ਅਦੀਨਾ ਬੇਗ ਦੀ ਫੌਜ ਦੇ ਨਾਲ ਰਾਮ ਰੌਣੀ ਤੇ ਚੜ੍ਹਕੇ ਆਇਆ ਹੋਇਆ ਲਿਖਿਆ ਹੈ, ਇਤਿਹਾਸ ਵਿਚ ਜੱਸਾ ਸਿੰਘ ਦਾ ਅਪਣੇ ਚਾਰ ਭਾਈਆਂ ਸਮੇਤ ਅਦੀਨਾ ਬੇਗ ਪਾਸ ਨੌਕਰ ਹੋਣ ਦਾ ਵੀ ਜ਼ਿਕਰ ਹੈ । ਪ੍ਰਾਚੀਨ ਪੰਥ ਪ੍ਰਕਾਸ਼ ਨੇ ਰਾਮ ਰੌਣੀ ਦੇ ਮੌਕੇ ਉੱਪਰ ਭਰਾਵਾਂ ਦਾ ਜ਼ਿਕਰ ਨਹੀਂ ਕੀਤਾ।

‡ਤੀਰ ਸਾਥ ਬੰਨ੍ਹ ਚਿੱਠੀ ਏਹੋ । ਕਿਲੇ ਵਿਚ ਪਹੁੰਚਾਈ ਤੈਹੋ । [ਗਿਆਨ ਸਿੰਘ
§ਜਸਾ ਸਿੰਘ ਏਮ ਦੀਨੇ ਨੂੰ ਕਹਯੋ । ਹਮਰਾ ਦਸਾਬ ਅਬੈ ਕਰ ਦਿਓ । [ਰਤਨ ਸਿੰਘ ਭੰਗੂ

¶At this time Kauramal.....was the Dewan, Jassa Singh sent a massage to the Dewan. "The garrison can secure relief only through your efforts. If you try, three hundred lives can be saved," [*History of the Sikhs, by H. R. Gupta P. 61.*

Digitized by Panjab Digital Library | www.panjabdigilib.org

ਸਭ ਔਕੜਾ ਦਾ ਇਕੋ ਵਾਰ ਫੈਸਲਾ ਹੋ ਜਾਏ ਤੇ ਸਿੱਖ ਨਿਸਚਿੰਤ ਹੋਕੇ ਪੂਰੀ ਆਜ਼ਾਦੀ ਨਾਲ ਰਹਿਣ। ਪੰਜਾਬ ਦੀ ਹਾਲਤ ਅੱਗੇ ਕੋਲੋਂ ਵੀ ਭੈੜੀ ਸੀ। ਅਬਦਾਲੀ ਦੇ ਹਮਲਿਆਂ ਦਾ ਡਰ ਬੜੇ ਭਜਾਨਕ ਰੂਪ ਵਿਚ ਮੌਜੂਦ ਸੀ। ਦੀਵਾਨ ਸਾਹਿਬ ਕਿਸੇ ਵੀ ਸ਼ਕਲ ਵਿਚ ਪਠਾਣਾਂ ਦੇ ਹਮਲੇ ਨੂੰ ਪਸੰਦ ਨਹੀਂ ਸਨ ਕਰਦੇ। ਮੁਗ਼ਲਾਂ ਦੀ ਬਾਬਤ ਤਾਂ ਉਹ ਇਹ ਸਮਝਦੇ ਸਨ ਕਿ ਇਹ ਹੁਣ ਆਖ਼ਰ ਇਥੋਂ ਦੇ ਹੀ ਵਸਨੀਕ ਹੋ ਗਏ ਹਨ। ਇਨ੍ਹਾਂ ਦਾ ਘਰ ਬਾਹਰ ਹਿੰਦੁਸਤਾਨ ਹੀ ਹੈ। ਇਥੋਂ ਬਾਹਰ ਹੋਰ ਕੁਛ ਵੀ ਨਹੀਂ। ਦੀਵਾਨ ਸਾਹਿਬ ਇਹ ਵੀ ਦੇਖ ਰਹੇ ਸਨ ਕਿ ਸਿਖਾਂ ਦੇ ਤਾਕਤ ਪਕੜਨ ਨਾਲ ਪੰਜਾਬ ਵਿਚ ਮੁਗਲ ਇਨ੍ਹਾਂ ਦੀ ਮਿਲਵਰਤਨ ਬਗ਼ੈਰ ਹਕੂਮਤ ਨਹੀਂ ਕਰ ਸਕਣ ਲਗੇ। ਦੀਵਾਨ ਸਾਹਿਬ ਦੀ ਇਹ ਦੂਰਦਰਸ਼ਤਾ ਸੀ। ਦਿਲੀ ਦੀ ਹਕੂਮਤ ਹੁਣ ਅਪਣੀਆਂ ਲੜਖੜਾਉਂਦੀਆਂ ਟੰਗਾਂ ਉਪਰ ਸੀ। ਮੁਗ਼ਲਾਂ ਦੀ ਨਿਰਦਯਤਾ ਵੀ ਕਮਜ਼ੋਰੀ ਦੀ ਹੀ ਨਿਸ਼ਾਨੀ ਸੀ, ਜੋ ਦਿੱਲੀ ਦੇ ਕੇਂਦਰ ਤੋਂ ਸ਼ੁਰੂ ਹੋ ਕੇ ਬਾਹਰ ਦੇ ਸੂਬਿਆਂ ਵੱਲ ਵਧ ਰਹੀ ਸੀ। ਮੁਗਲਾਂ ਦੇ ਸਿਥਲ ਹੋ ਜਾਣ ਨਾਲ ਪੰਜਾਬ ਦਾ ਰਾਜ ਕਿਸ ਸਾਂਭਣਾ ਹੈ? ਹਿੰਦੂਆਂ ਵਿਚ ਤਾਂ ਬਿਲਕੁਲ ਤਾਕਤ ਨਹੀਂ, ਜੇ ਪਠਾਣਾਂ ਨੂੰ ਬਾਹਰ ਦਾ ਬਾਹਰ ਰੱਖਿਆ ਜਾਏ ਤਾਂ ਸਿੱਖਾਂ ਦਾ ਮੈਦਾਨ ਸਾਫ ਹੈ। ਦੀਵਾਨ ਸਾਹਿਬ ਇਸ ਤਰ੍ਹਾਂ ਦੇ ਵੀਚਾਰ ਸੋਚ ਕੇ ਕੋਈ ਆਪਣੀ ਡੂੰਘੀ ਵਿਉਂਤ ਬਣਾ ਰਹੇ ਸਨ। ਦੋ ਇਕ ਦਿਨਾਂ ਵਿਚ ਹੀ ਆਪ ਨੇ ਆਪਣੀ ਵਿਉਂਤ ਬਣਾ ਲਈ। ਮੀਰਮੰਨੂੰ ਨੂੰ ਲਾਹੌਰ ਜਾ ਮਿਲੇ। ਰਾਮ ਰੌਣੀ ਦਾ ਮੁਹਾਸਰਾ ਉਠਾ ਲੈਣ ਲਈ ਆਖਿਆ ਤੇ ਨਾਲੇ ਕਿਹਾ, "ਸਿੱਖਾਂ ਦਾ ਅਗੇ ਤੋਂ ਮੈਂ ਜ਼ਿੰਮਾ ਲੈਂਦਾ ਹਾਂ, ਇਹ ਬਿਲਕੁਲ ਕੋਈ ਫਸਾਦ ਨਹੀਂ ਕਰਨ ਗੇ, ਇਨ੍ਹਾਂ ਦੇ ਗੁਜ਼ਾਰੇ ਲਈ ਕੋਈ ਖਰਚਾ ਮੁਕੱਰਰ ਕਰ ਦਿੱਤਾ ਜਾਵੇ*"।

ਅਦੀਨਾ ਬੇਗ ਨੇ ਜਦ ਦੀਵਾਨ ਸਾਹਿਬ ਦੀ ਇਹ ਸਲਾਹ ਸੁਣੀ ਤਾਂ ਸੜ ਭੁੱਜ ਗਿਆ ਤੇ ਇਸ ਦੇ ਬਰਖਿਲਾਫ ਅਵਾਜ਼ ਉਠਾਈ। ਉਸ ਨੇ ਐਸ ਵੇਲੇ ਰਾਮ ਰੌਣੀ ਦੇ 'ਕਿਲ੍ਹੇ' ਨੂੰ ਆਪਣੀ ਜਕੜਬੰਦ ਵਿਚ ਆਂਦਾ ਹੋਇਆ ਸੀ, ਉਸਦਾ ਖਿਆਲ ਸੀ ਕਿ ਇਸ 'ਕਿਲ੍ਹੇ' ਨੂੰ ਫਤਹ ਕਰਨ ਨਾਲ ਉਸਦਾ ਬੜਾ ਮਾਨ ਤੇ ਅਧਿਕਾਰ ਵਧੇਗਾ। ਮੀਰਮੰਨੂੰ ਦੀਵਾਨ ਸਾਹਿਬ ਦੀ ਦੂਰਅੰਦੇਸ਼ੀ ਦੀ ਕਦਰ ਕਰਦਾ ਸੀ†। ਹੁਕਮ ਹੋਇਆ ਕਿ ਰਾਮ ਰੌਣੀ ਦਾ ਮੁਹਾਸਰਾ ਉਠਾ ਦਿੱਤਾ ਜਾਵੇ। ਅੱਗੇ ਲਈ ਸਿਖਾਂ ਵਾਸਤੇ ਪੰਜਾਬ ਦੇ ਸਰਕਾਰੀ ਮਾਮਲੇ ਵਿਚੋਂ ਹਿੱਸਾ ਮੁਕੱਰਰ ਹੋ ਗਿਆ। ਪੱਟੀ ਦੇ ਪਰਗਨੇ ਦੇ ਮਾਲੀਏ ਦਾ ਚੌਥਾ ਹਿੱਸਾ ਸਿੱਖਾਂ ਦਾ ਹੱਕ ਰੱਖਿਆ ਗਿਆ‡।

ਸਿੱਖਾਂ ਦੀ ਹਾਲਤ, ਲਹਾਉ ਚੜ੍ਹਾਉ।

ਸਿੱਖਾਂ ਦੇ ਇਕ ਵੇਰ ਫੇਰ ਸਾਰੇ ਸੰਕਟ ਮਿਟ ਗਏ। ਹਰ ਕਿਸਮ ਦੀ ਖੁੱਲ੍ਹ ਹੋ ਗਈ। ਰੇਜ਼ੀਨੇ ਲਗ ਲਏ, ਸਰਕਾਰੀ ਨੌਕਰੀਆਂ ਵੀ ਮਿਲਨੀਆਂ ਸ਼ੁਰੂ ਹੋ ਗਈਆਂ।

"ਦੀਵਾਨ ਕੌੜਾ ਮਲ ਦੀ ਸੁਲਹ ਦੀ ਵਰਤੋਂ ਨੇ ਸਿਖ ਤ੍ਵਾਰੀਖ ਵਿਚ ਫੇਰ ਇਕ ਸੁਖ ਦਾ ਝੁਟਾ ਲੈ ਆਂਦਾ। ਬਹੁਤਿਆਂ ਨੇ ਦੀਵਾਨ ਸਾਹਿਬ ਦੇ ਮਾਤਹਿਤ ਨੌਕਰੀਆਂ

---

*Kaura Mal made a request to the Nawab, saying,...it will be advisable, if you settle some thing as subsistence for these people, They will not create disturbances afterwards, and I will be responsible for it. [*History of the Sikhs, H. R. Gupta P. 61.*

†Adina Beg Khan, however dissented, Muin said 'whatever Kaura Mal does, is always to the advantage of the Government. /*H.R. Gupta.*

‡ਇਹ ਪਰੋਫੈਸਰ ਗੁਪਤਾ (ਪੰਨਾ ੬੧) ਦੇ ਮੁਤਾਬਿਕ ਹੈ, ਪਰੋਫੈਸਰ ਗੰਡਾ ਸਿੰਘ ਨੇ ਕੁਰੁ ਵੰਸ਼ ਦੇ ਬਾਰਾਂ ਪਿੰਡਾਂ ਦਾ ਮਾਮਲਾ ਵੀ ਰਾਮ ਰੌਣੀ ਦੇ ਨਾਲ ਖਿਲਿਆ ਹੈ। ਰਤਨ ਸਿੰਘ ਨੇ ਇੰਜ ਲਿਖਿਆ ਹੈ:-

ਮਾਝੇ ਪੱਟੀ ਸੰਕ ਲਏ ਰਲਾਈ। ਆਧੀ ਸਿੰਘਨ ਲਿੱਖ ਦੁਆਈ।
ਬਾਰਾਂ ਪਿੰਡ ਜੋ ਕੁਰ ਥਕ ਵਾਲੇ। ਲਿਖਾਇ ਦੀਏ ਰਾਮ ਰੌਣੀ ਨਾਲੇ।

Digitized by Panjab Digital Library | www.panjabdigilib.org

ਕਰ ਲੀਤੀਆਂ। ਬਾਕੀ ਦੇ ਆਰਾਮ ਨਾਲ ਆਪੋ ਆਪਣੇ ਘਰੀਂ ਜਾ ਵੱਸੇ। ਦੀਵਾਨ ਸਾਹਿਬ ਦੀ ਸਰਪਰਸਤੀ ਦੇ ਕਾਰਨ ਹੋਰ ਮੁਸਲਮਾਨ ਤੇ ਹਿੰਦੂ ਅਫਸਰ ਵੀ ਸਿੱਖਾਂ ਦਾ ਲਿਹਾਜ਼ ਕਰਨ ਲਗ ਪਏ। ਸਿਖ ਕਾਸ਼ਤਕਾਰਾਂ ਨੂੰ ਹੁਣ ਕੋਈ ਤੰਗ ਨਾ ਸੀ ਕਰਦਾ। ਏਸ ਸਾਲ ਦੇ ਅਮਨ ਦੇ ਅਰਸੇ ਵਿਚ ਸਿੱਖਾਂ ਦੀ ਤਾਦਾਦ ਬਹੁਤ ਵਧ ਗਈ। ਅਨੇਕਾਂ ਬੰਦੇ ਜੋ ਸਿਖ ਨਹੀਂ ਸਨ ਜਾਂ ਨੀਵੀਆਂ ਜਾਤਾਂ ਵਿਚੋਂ ਸਨ, ਸਿੰਘ ਸਜਣ ਲੱਗ ਪਏ। ਕਈ ਤਾਂ ਏਸ ਆਸ ਨਾਲ ਵੀ ਆ ਜੁੜੇ ਕਿ ਸਰਕਾਰ ਅਜ ਕਲ ਸਿਖਾਂ ਨੂੰ ਖਾਸ ਮਿਹਰ ਦੀ ਨਜ਼ਰ ਨਾਲ ਦੇਖਦੀ ਹੈ। ਇਤਨੇ ਲੋਕਾਂ ਦਾ ਸਿੰਘ ਸਜਣਾਂ ਏਸ ਕਰਕੇ ਹੀ ਮੁਮਕਿਨ ਹੋ ਸਕਿਆ ਕਿ ਗੁਰੂ ਗੋਬਿੰਦ ਸਿੰਘ ਦੀ ਪੰਚੈਤੀ ਬਾਦਸ਼ਾਹਤ (Commonwealth) ਆਪਣੇ ਧਰਮ ਵਿਚ ਕੋਈ ਜ਼ਾਤ ਪਾਤ ਦਾ ਖਿਆਲ ਨਹੀਂ ਸੀ ਕਰਦੀ*"।

ਏਸ ਇਤਜ਼ਾਮ ਨਾਲ ਭਾਵੇਂ ਪੰਜਾਬ ਵਿਚ ਖੁਸ਼ਹਾਲੀ ਵਧ ਗਈ ਤੇ ਸਰਕਾਰੀ ਖਜ਼ਾਨੇ ਵੀ ਭਰਪੂਰ ਹੋ ਗਏ, ਪਰ ਮੀਰਮੰਨੂੰ ਦੇ ਅੰਦਰ ਕੁਛ ਧੁਖਧੁਖੀ ਜੇਹੀ ਲਗ ਰਹੀ ਸੀ। ਉਸ ਦੀ ਤਬੀਅਤ ਵਿਚ ਬੜਾ ਕਾਹਲਾਪਨ ਸੀ। ਬਹੁਤ ਜਲਦੀ ਉਸਦੇ ਮਨ ਵਿਚ ਸ਼ੱਕ ਸ਼ੁਬ੍ਹੇ ਉਠ ਪੈਂਦੇ ਸਨ। ਇਸ ਦੇ ਸ਼ੱਕੀ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਇਹ ਜਾਤ ਦਾ ਮੁਗ਼ਲ ਨਹੀਂ ਸੀ ਬਲਕਿ ਤੂਰਾਨੀ ਨਸਲ ਦਾ ਤੁਰਕ ਸੀ। ਦਿੱਲੀ ਦਾ ਵਜ਼ੀਰ ਅਤੇ ਇਹ ਆਪਸ ਵਿਚ ਇਕ ਦੂਜੇ ਦੀਆਂ ਕਈ ਹਰਕਤਾਂ ਨੂੰ ਸ਼ੁਬ੍ਹੇ ਦੀ ਨਜ਼ਰ ਨਾਲ ਦੇਖਦੇ ਸਨ। ਮੀਰ ਮੰਨੂੰ ਨੂੰ ਕਿਸੇ ਆਪਣੇ ਮਾਤਹਤ ਅਫਸਰ ਉਪਰ ਵੀ ਪੂਰਨ ਭਰੋਸਾ ਨਹੀਂ ਸੀ। ਅਗਰ ਕੋਈ ਇਤਬਾਰ ਦੀ ਅੰਸ਼ ਕਿਸੇ ਉਪਰ ਸੀ ਤਾਂ ਸਿਰਫ ਦੀਵਾਨ ਕੌੜਾ ਮਲ ਉੱਪਰ। ਦੀਵਾਨ ਸਾਹਿਬ ਨੇ ਭਾਵੇਂ ਸਿਖਾਂ ਦਾ ਜ਼ਿੰਮਾ ਤਾਂ ਲੈ ਲੀਤਾ ਸੀ, ਪਰ ਮੀਰ ਮੰਨੂੰ ਨੂੰ ਵਿਚੋਂ ਸਿੱਖਾਂ ਉਪਰ ਭਰੋਸਾ ਨਹੀਂ ਸੀ। ਹੁਣ ਸਿੱਖਾਂ ਦੀ ਇਕ ਦਮ ਗਿਣਤੀ ਵਧਦੀ ਦੇਖਕੇ ਮੀਰ ਮੰਨੂੰ ਬਹੁਤ ਛਿੱਥਾ ਪੈਣ ਲੱਗਾ। ਦੀਵਾਨ ਸਾਹਿਬ ਦੇ ਲਿਹਾਜ਼ ਮਾਰੇ ਖੁੱਲਮ ਖੁੱਲ੍ਹਾ ਕੁਛ ਕਰ ਨਹੀਂ ਸੀ ਸਕਦਾ, ਕੇਵਲ ਇਹਤਿਆਤ ਦੀ ਖ਼ਾਤਰ ਕੁਛ ਕਾਰਰਵਾਈ ਸ਼ੁਰੂ ਕਰ ਦਿੱਤੀ। ਮੀਰ ਮੰਨੂੰ ਨੇ ਇਕ ਨਵਾਂ ਤੋਪਖਾਨਾ ਬਣਵਾਇਆ। ਖਿਆਲ ਸੀ ਕਿ ਅਗਰ ਸਿੱਖਾਂ ਨੇ ਕੋਈ ਗੜਬੜ ਕਿਸੇ ਵੇਲੇ ਕੀਤੀ ਤਾਂ ਇਹ ਤੋਪਚੀ ਫੌਜ ਉਨ੍ਹਾਂ ਦੇ ਮਗਰ ਲਾ ਦਿਆਂਗਾ।

ਸਿੱਖਾਂ ਨੂੰ ਪੂਰਾ ਇਕ ਵਰ੍ਹਾ ਆਰਾਮ ਦਾ ਮਿਲਿਆ। ਇਸ ਅਰਸੇ ਵਿਚ ਜੋ ਨਵੇਂ ਸਿੱਖ ਬਣੇ ਉਹ ਬਹੁਤ ਕਾਹਲੇ ਸਨ। ਉਹ ਆਰਾਮ ਦੀ ਜ਼ਿੰਦਗੀ ਵਾਸਤੇ ਸਿੰਘ ਨਹੀਂ ਸਜੇ ਸਨ, ਉਨ੍ਹਾਂ ਅੰਮ੍ਰਿਤ ਛਕ ਲਿਆ ਸੀ ਅਤੇ ਉਹ ਅਪਣੀ ਏਸ ਕਾਇਆਂ ਪਲਟ ਦੀ ਕਰਾਮਾਤ ਨੂੰ ਕਿਸੇ ਅਮਲੀ ਕਸਵਟੀ ਉਪਰ ਪਰਖਣਾ ਚਾਹੁੰਦੇ ਸਨ। ਕੁਦਰਤ ਨੇ ਜਲਦੀ ਹੀ ਸਬੱਬ ਜੋੜ ਦਿੱਤਾ। ਅਹਿਮਦਸ਼ਾਹ ਅਬਦਾਲੀ ਦਾ ਫੇਰ ਹਮਲਾ ਸ਼ੁਰੂ ਹੋ ਗਿਆ। ਸੰਨ ੧੭੪੯ ਦਸੰਬਰ ਵਿਚ ਅਬਦਾਲੀ ਅਟਕੋਂ ਪਾਰ ਆ ਗਿਆ। ਰਸਤੇ ਵਿਚ ਲੁੱਟ ਮਾਰ ਕਰਦੇ ਹੋਏ ਆਉਂਦੇ ਨੇ ਚਨਾਬ ਦੇ ਕੰਢੇ ਡੇਰੇ ਪਾ ਦਿਤੇ। ਪੰਜਾਬ ਵਿਚ ਹਫੜਾ-ਤਫੜੀ ਮਚ ਗਈ। ਦੀਵਾਨ ਸਾਹਿਬ ਤੇ ਹੋਰ ਅਫਸਰ ਇਸ ਹਮਲੇ ਦੀ ਰੋਕ ਥਾਮ ਲਈ ਇੰਤਜ਼ਾਮ ਵਿਚ ਲਗ ਗਏ। ਮੀਰ ਮੰਨੂੰ ਆਪ ਫੌਜਾਂ ਲੈਕੇ ਵਜ਼ੀਰਾਬਾਦ ਕੋਲ ਟਾਕਰੇ ਲਈ ਪਹੁੰਚ ਗਿਆ।

ਇਸ ਮੌਕੇ ਦੀ ਸੋਚ ਵਿਚਾਰ ਲਈ ਸਿੱਖ ਅੰਮ੍ਰਿਤਸਰ ਇਕੱਠੇ ਹੋਏ ਹੋਏ ਸਨ। ਮੀਰ ਮੰਨੂੰ ਅਤੇ ਅਬਦਾਲੀ ਦੀ ਟੱਕਰ ਨੂੰ ਉਨ੍ਹਾਂ ਆਪਣੇ ਲਈ ਇਕ ਗ਼ਨੀਮਤ ਮੌਕਿਆ ਸਮਝਿਆ। ਨਵਾਬ ਕਪੂਰ ਸਿੰਘ ਦੇ ਜਥੇ ਨੇ ਲਾਹੌਰ ਉਪਰ ਹੱਲਾ ਬੋਲ ਦਿੱਤਾ। ਨਤੀਜਾ ਇਹ ਹੋਇਆ ਕਿ ਲਾਹੌਰ ਵਿਚ ਲੁੱਟ ਮਾਰ ਤੇ ਖ਼ੂਨ ਖਰਾਬਾ ਸ਼ੁਰੂ ਹੋ ਗਿਆ। ਸ਼ਹਿਰ ਦੀ ਫਸੀਲ ਦਾ ਲਾਗਲਾ ਹਿੱਸਾ ਬਿਲਕੁਲ ਢੁਕ ਦਿਤਾ ਗਿਆ।

---

*History of the Sikhs, H. R. Gupta Page 62.

Digitized by Panjab Digital Library | www.panjabdigilib.org

ਅਬਦਾਲੀ ਤੇ ਮੀਰਮੰਨੂੰ ਦੀ ਮੁੱਠਭੇੜ ਬਚ ਗਈ, ਸੁਲਹ ਹੋ ਗਈ। ਅਬਦਾਲੀ ਨੂੰ ਅੱਗੇ ਤੋਂ ੧੪ ਲੱਖ ਰੁਪੱਯਾ ਸਾਲਾਨਾ ਦਿਤਾ ਜਾਇਆ ਕਰੇਗਾ।

ਹਣ ਮੀਰ ਮੰਨੂੰ ਦਾ ਸਾਰਾ ਰੁੱਸਾ ਸਿੱਖਾਂ ਤੇ ਨਿਕਲਣ ਲੱਗਾ। ਲਾਹੌਰ ਦਾ ਕੁਛ ਹਿੱਸਾ ਢੂਕ ਜਾਣਾ ਉਸ ਦੀ ਛਾਤੀ ਉਪਰ ਸੜਦਾ ਅੰਗਾਰ ਧਰ ਗਿਆ। ਤੋਪਖਾਨੇ ਦੀ ਖਾਸ ਫੌਜ, ਜੋ ਇਸ ਇਹ-ਤਿਆਤ ਲਈ ਬਣਾਈ ਸੀ, ਆ ਗਈ। ਸਿੱਖਾਂ ਦੀ ਕਤਲਾਮ ਸ਼ੁਰੂ ਹੋ ਗਈ, ਹਜ਼ਾਰਾਂ ਕਤਲ ਹੋ ਗਏ। ਸਿੱਖ ਦੇ ਸਿਰ ਦਾ ਮੁੱਲ ਦਸ ਰੁਪੈ ਰੱਖਿਆ ਗਿਆ।

ਸਿਖਾਂ ਦੇ ਸਿਰ ਦਾ ਮੁੱਲ ਨੀਯਤ ਕਰਨ ਵਿਚ ਪਤਾ ਨਹੀਂ ਕਿਹੜੇ ਤਜਾਰਤੀ ਨਿਯਮ ਕੰਮ ਕਰਦੇ ਸਨ। ਹੋਰਨਾਂ ਜਿਨਸਾਂ ਵਾਕੁਨ ਇਸ ਸ਼ੈ ਦਾ ਵੀ ਭਾ ਘਟਦਾ ਵਧਦਾ ਰਹਿੰਦਾ ਸੀ। ਜ਼ਕਰੀਆ ਖਾਂ ਦੇ ਵੇਲੇ ਸਿਖ ਦੇ ਸਿਰ ਦਾ ਮੁਲ ੫੦)* ਰੁਪੈ ਸੀ। ਯਾਹਯਾ ਖਾਂ ਦੇ ਵੇਲੇ ਲਖਪਤ ਰਾਇ ਨੇ ੫) ਰੁਪੈ† ਕੀਮਤ ਰਖੀ, ਮੀਰਮੰਨੂੰ ਨੇ ੧੦) ਰੁਪੈ‡ ਮੁਕੱਰਰ ਕੀਤੇ।

ਏਸ ਸਿਲਸਿਲੇ ਵਿਚ ਇਹ ਗਲ ਵੀ ਧਿਆਨ ਕਰਨ ਵਾਲੀ ਹੈ ਕਿ ਇਕ ਵੇਰ ਸਿਰ ਵੀ ਮੰਡੀ ਦੇ ਭਾ ਅੰਦਾਜ਼ੇ ਦੀਆਂ ਹੱਦਾਂ ਤੋਂ ਬਿਲਕੁਲ ਟੱਪ ਗਏ ਸਨ, ਜਿਸ ਵੇਲੇ ਖ਼ਰੀਦਾਰ ਪੰਜਾਬ ਦੇ ਸਥਾਨਕ ਹਾਕਮਾਂ ਦੀ ਬਜਾਏ ਖੁਦ ਦਿੱਲੀ ਦਾ ਬਾਦਸ਼ਾਹ ਇਸ ਜਿਨਸ ਦਾ ਖਰੀਦਾਰ ਹੋਇਆ ਸੀ§। ਉਸ ਵੇਲੇ ਸਿਖ ਦਾ ਸਿਰ ਅੱਸੀ ਅੱਸੀ ਰੁਪੈ ਤੋਂ ਵਿਕ ਗਿਆ ਸੀ, ਪਰ ਅੱਜ ਕਲ ਭਾ ਗਿਰਕੇ ਦਸ ਰੁਪੈ ਉੱਪਰ ਖੜੇ ਗਿਆ ਸੀ।

ਸ਼ਾਹ ਨਵਾਜ਼ ਮੁਲਤਾਨ ਵਿਚ।

ਸਿੱਖਾਂ ਉੱਪਰ ਇਹ ਜ਼ੁਲਮ ਬਹੁਤ ਦੇਰ ਤਕ ਨਾ ਰਹਿ ਸਕਿਆ। ਅਸੀਂ ਪਿਛੇ ਦੱਸ ਚੁਕੇ ਹਾਂ ਕਿ ਲਾਹੌਰ ਦਾ ਹਾਕਮ ਸ਼ਾਹ ਨਵਾਜ਼ ਖਾਂ ਅਹਿਮਦ ਸ਼ਾਹ ਦੁਰਾਨੀ ਹੱਥੋਂ ਤੰਗ ਆਕੇ ਦਿੱਲੀ ਨੱਸ ਗਿਆ ਸੀ। ਦਿੱਲੀ ਆ ਜਾਣ ਤੇ ਲਾਹੌਰ ਦੀ ਹਕੂਮਤ ਸ਼ਾਹ ਨਵਾਜ਼ ਨੂੰ ਦਿਲੋਂ ਨਹੀਂ ਭੁੱਲੀ ਸੀ। ਉਹ ਆਖਣ ਨੂੰ ਦਿੱਲੀ ਵਿਚ ਸੀ, ਪਰ ਹਰ ਵੇਲੇ ਸੁਪਨੇ ਲਾਹੌਰ ਦੇ ਹੀ ਲੈਂਦਾ ਰਹਿੰਦਾ ਸੀ। ਦਿੱਲੀ ਦੇ ਵਜ਼ੀਰ ਨੂੰ ਖੁਸ਼ ਕਰਨ ਲਈ ਉਸ ਨੇ ਅਪਣਾ ਮਜ਼ਹਬ ਵੀ ਵਟਾ ਲਿਆ, ਸੁੰਨੀ ਤੋਂ ਸ਼ੀਆ ਹੋਗਿਆ। ਵਜ਼ੀਰ ਸਫਦਰ ਜੰਗ ਸ਼ੀਆ ਸੀ। ਆਖਰ ਕਾਰ ਉਹ ਅਪਣੇ ਜੋੜ ਤੋੜ ਵਿਚ ਕਾਮਯਾਬ ਹੋ ਗਿਆ ਤੇ ਮੁਲਤਾਨ ਦੇ ਹਾਕਮ ਹੋਣ ਦਾ ਪਰਵਾਨਾ ਦਿੱਲੀ ਵਜ਼ੀਰ ਦੀ ਮਦਦ ਨਾਲ ਇਸ ਨੂੰ ਮਿਲ ਗਿਆ। ਇਸਨੂੰ ਖਿਆਲ ਸੀ ਕਿ ਮੁਲਤਾਨ ਵਿਚ ਮੇਰਾ ਕਾਫੀ ਮੇਲ ਮਿਲਾਪ ਤੇ ਰਸੂਖ ਹੈ, ਉਥੇ ਪੁੱਜਕੇ ਦੂਜੇ ਕਦਮ ਨਾਲ ਲਾਹੌਰ ਅੱਪੜ ਜਾਵਾਂਗਾ। ਇਸ ਤਰ੍ਹਾਂ ਦੇ ਖਿਆਲ ਲੈਕੇ ਦਿੱਲੀ ਤੋਂ ਤੁਰ ਪਿਆ ਤੇ

---

*History of the Sikhs, H. R. Gupta. Page 9.

ਦੱਸਣ ਵਾਲੇ ਦਸ ਰੁਪਏ ਅੇ ਮਾਰਨ ਵਾਲ ਪਚਾਸ।
ਯਹ ਲਾਲਚ ਤੁਰਕਨ ਦਯੋ ਤਬ ਬਹੁਤ ਸਿੱਘਨ ਭਯੋ ਨਾਸ। [ਰਤਨ ਸਿੰਘ ਭੰਗੂ ਪੰਨਾ ੨ ੯

†ਲਜਾਵੇ ਸਿੱਖਨ ਕੇ ਸਿਰ ਜੋਈ। ਪੰਜ ਰੁਪਜੇ ਸਿਰ ਦਿਉਂ ਤੋਈ। [ਰਤਨ ਸਿੰਘ ਭੰਗੂ

‡History of the Sikhs, H. R. Gupta, p. 29,

Every body who brought Sikh heads to Muin received a reward of Rs, 10 per head. [*Gupta P. 65.*

A Valuable reward was also given by the Emperor (Farrucksir) for the head of every Sicque (Sikh). [*Forster*

ਗਿਆਨ ਰਤਨਾਵਲੀ ਨੇ ਪੰਝੀ ਰੁਪੈ ਸੀਸ ਦੇ ਮੁੱਲ ਦਾ ਜ਼ਿਕਰ ਕੀਤਾ ਹੈ:—

ਦਸੇ ਜੋ ਦਸ ਦਮੜੇ ਪਾਵੈ। ਪਾਇ ਬੀਸ ਦਿਖਰਾ ਪਕਰਾਵੈ॥
ਪਾਇ 'ਪਚੀਸ' ਲਜਾਇ ਜੋ ਸੀਸ। ਮਿਲੈ ਜਗੀਰ ਕਾਮ ਬਡ ਬੀਸ॥ [ਕਜਾਨ ਸਿੰਘ, ਪੰਨਾ ੬੦੩

Digitized by Panjab Digital Library | www.panjabdigilib.org

ਮੁਲਤਾਨ ਦੀ ਹਕੂਮਤ ਥੋੜ੍ਹੀ ਜੇਹੀ ਦਿੱਲੀ ਤੋਂ ਲਿਆਂਦੀ ਫੌਜ ਦੀ ਮਦਦ ਨਾਲ ਚੁਪ ਚਾਪ ਜਾ ਸੰਭਾਲੀ, ਪੁਰਾਣੇ ਮੇਲੀਆਂ ਗੇਲੀਆਂ ਨੂੰ ਸੱਦਿਆ ਅਤੇ ਲਾਹੌਰ ਉੱਪਰ ਕਬਜ਼ੇ ਦੇ ਮਸ਼ਵਰੇ ਹੋਣ ਲਗੇ। ਨਵੀਂ ਫੌਜ ਭਰਤੀ ਕਰ ਲਈ, ਮੀਰ ਮੰਨੂੰ ਦੇ ਕਈ ਆਦਮੀਆਂ ਨੂੰ ਵਧੀਕ ਤਲਬ ਦੇਰੇ ਆਪਣੇ ਵੱਲ ਕਰ ਲਿਆ। ਜਦ ਇਸ ਤਰ੍ਹਾਂ ਕੁਛ ਤਾਕਤ ਬਣਾ ਲਈ ਤਦ ਮੀਰ ਮੰਨੂੰ ਨੂੰ ਚਿੱਠੀ ਲਿਖੀ ਕਿ ਮੈਂ ਆਪਣੇ ਪਿਤਾ ਜ਼ਕਰੀਆ ਖਾਨ ਦੇ ਮਕਬਰੇ ਦੀ ਜ਼ਿਆਰਤ ਕਰਨ ਵਾਸਤੇ ਲਾਹੌਰ ਆਉਣਾ ਚਾਹੁੰਦਾ ਹਾਂ। ਇਨ੍ਹੀਂ ਹੀ ਦਿਨੀਂ ਮੀਰ ਮੰਨੂੰ ਨੂੰ ਖਬਰ ਮਿਲੀ ਕਿ ਅਹਿਮਦ ਸ਼ਾਹ ਦੁਰਾਨੀ ਹਿੰਦ ਤੇ ਹਮਲਾ ਕਰਨ ਲਗਾ ਹੈ। ਇਹ ਗੱਲਾਂ ਸੁਣਕੇ ਮੀਰ ਮੰਨੂੰ ਸਖਤ ਘਬਰਾ ਤੇ ਛਿਥਿਆਨ ਵਿਚ ਚਲਾ ਗਿਆ। ਕੁਛ ਚਿਰ ਤਾਂ ਉਸ ਦੇ ਮਨ ਉੱਪਰ ਇਕ ਪਾਗਲ ਪਣੇ ਦੀ ਵਹਿਸ਼ਤ ਛਾਈ ਰਹੀ, ਪਰ ਫੇਰ ਜਲਦੀ ਹੀ ਸੰਭਲਿਆ ਅਤੇ ਮੁਲਤਾਨ ਉਪਰ ਹਮਲੇ ਦਾ ਇਕ ਦਮ ਫੈਸਲਾ ਕਰ ਦਿੱਤਾ।

ਦੀਵਾਨ ਸਾਹਿਬ ਦੀ ਮੁਲਤਾਨ ਉਪਰ ਚੜ੍ਹਾਈ।

ਮੁਲਤਾਨ ਦੀ ਚੜ੍ਹਾਈ ਦੀਵਾਨ ਸਾਹਿਬ ਦੇ ਸਪੁਰਦ ਹੋਈ। ਸ਼ਾਹ ਨਵਾਜ਼ ਖਾਂ ਦੀਵਾਨ ਸਾਹਿਬ ਦਾ ਪੁਰਾਣਾ ਮਿਤ੍ਰ ਸੀ, ਉਹ ਇਸ ਦੇ ਮਾਤਹਿਤ ਲਾਹੌਰ ਦੀ ਵਜ਼ਾਰਤ ਦੇ ਅਹੁਦੇ ਉਪਰ ਕੰਮ ਕਰ ਚੁਕੇ ਹੋਏ ਸਨ, ਪਰ ਸ਼ਾਹ ਨਵਾਜ਼ ਦੀ ਏਸ ਚਾਲ ਨੂੰ ਉਹ ਪੰਜਾਬ ਦੇ ਅਮਨ ਲਈ ਹਾਨੀਕਾਰਕ ਸਮਝਦੇ ਸਨ। ਦਿੱਲੀ ਵਾਲਿਆਂ ਜੋ ਕਾਰਰਵਾਈ ਕੀਤੀ ਉਹ ਪੰਜਾਬ ਨੂੰ ਹਮੇਸ਼ਾ ਲਈ ਦੋ ਟੁਕੜਿਆਂ ਵਿਚ ਵੰਡ ਕੇ ਆਪਸ ਵਿਚ ਲੜਾਉਂਦੇ ਰਹਿਣ ਦੀ ਸਕੀਮ ਸੀ। ਦੀਵਾਨ ਸਾਹਿਬ ਨੇ ਸਿਖਾਂ ਵਿਰੁਧ ਜਾਰੀ ਹੋ ਰਹੇ ਹੁਕਮਾਂ ਨੂੰ ਮੀਰ ਮੰਨੂੰ ਕੋਲੋਂ ਮਨਸੂਖ ਕਰਵਾ ਦਿਤਾ ਅਤੇ ਮੁਲਤਾਨ ਦੀ ਚੜ੍ਹਾਈ ਲਈ ਇਕ ਸਿਖ ਫੌਜ ਆਪਣੇ ਨਾਲ ਤਿਆਰ ਕਰ ਲਈ। ਜੱਸਾ ਸਿੰਘ ਆਹਲੂਵਾਲੀਆ ਜੱਥੇਦਾਰ ਦੀਵਾਨ ਸਾਹਿਬ ਦੇ ਨਾਲ ਸੀ।

ਇਹ ਇਕ ਅਜੀਬ ਗੱਲ ਲਗਦੀ ਹੈ ਕਿ ਮੀਰ ਮੰਨੂੰ ਜੇਹੇ ਸ਼ੱਕੀ ਤਬੀਅਤ ਵਾਲੇ ਆਦਮੀ ਨੇ ਮੁਲਤਾਨ ਦੀ ਮੁਹਿੰਮ ਦੀਵਾਨ ਸਾਹਿਬ ਦੇ ਸਪੁਰਦ ਕੀਤੀ। ਉਸ ਨੂੰ ਪੱਕਾ ਯਕੀਨ ਸੀ ਕਿ ਦੀਵਾਨ ਸਾਹਿਬ ਏਸ ਕੰਮ ਨੂੰ ਪੂਰੀ ਵਫਾਦਾਰੀ ਨਾਲ ਸਿਰੇ ਚੜ੍ਹਾਉਨਗੇ। ਦੀਵਾਨ ਸਾਹਿਬ ਦੀ ਵਫਾਦਾਰੀ ਅਜ਼ਮਾਈ ਜਾ ਚੁਕੀ ਸੀ ਤੇ ਉਹ ਏਸ ਅਜ਼ਮਾਇਸ਼ ਕਰਨ ਲਈ ਸਖਤ ਪਛੁਤਾਵੇ ਵਿਚ ਸੀ। ਜਿਸ ਵੇਲੇ ਸ਼ਾਹ ਨਵਾਜ਼ ਮੁਲਤਾਨ ਪਹੁੰਚਾ ਤਾਂ ਮੀਰ ਮੰਨੂੰ ਘੜੀ ਦੀ ਘੜੀ ਪਾਗਲ ਹੋ ਗਿਆ ਸੀ, ਉਸ ਦੇ ਪੈਰਾਂ ਹੇਠੋਂ ਮਿੱਟੀ ਖਿਸਕ ਗਈ ਸੀ। ਉਸ ਨੂੰ ਇਹ ਕਾਲੀ ਹਨੇਰੀ ਦਿੱਲੀ ਤੋਂ ਉਠੀ ਹੋਈ ਮੁਲਤਾਨ ਦੇ ਰਸਤਿਓਂ ਲਾਹੌਰ ਨੂੰ ਹੜੱਪ ਕਰਨ ਲਈ ਤੁਰੀ ਆਉਂਦੀ ਭਾਸੀ ਸੀ। ਏਸ ਡਰ ਨਾਲ ਬੌਰਾਏ ਹੋਏ ਨੂੰ ਹਰ ਅਫਸਰ ਉਪਰ ਸ਼ੱਕ ਹੋ ਗਿਆ। ਦੀਵਾਨ ਸਾਹਿਬ ਵੀ ਸ਼ੁਬ੍ਹੇ ਤੋਂ ਨਾ ਬਚੇ। ਮੀਰ ਮੰਨੂੰ ਨੇ ਦੀਵਾਨ ਸਾਹਿਬ ਅਤੇ ਅਸਮਤ ਖਾਂ ਨੂੰ, ਜੋ ਸ਼ਾਹ ਨਵਾਜ਼ ਦੇ ਦੀਵਾਨ ਅਤੇ ਬਖਸ਼ੀ ਰਹਿ ਚੁਕੇ ਸਨ, ਕੈਦ ਕਰ ਦਿੱਤਾ ਸੀ*। ਮੀਰ ਮੰਨੂੰ ਦਾ ਇਹ ਪਾਗਲਪੁਣਾ ਥੋੜ੍ਹੀ ਹੀ ਦੇਰ ਰਿਹਾ ਸੀ। ਜਲਦੀ ਹੀ ਉਸ ਨੇ ਅਪਣੀ ਤਸੱਲੀ ਕਰ ਲੀਤੀ ਸੀ ਤੇ ਫੇਰ ਦੇਹਾ ਨੂੰ ਇਜ਼ਤ ਨਾਲ ਆਪ ਆਪਣੀ ਜਗਾ ਬਹਾਲ ਕਰ ਦਿੱਤਾ ਸੀ। ਇਸ ਬੇ ਵਕੂਫੀ ਦਾ ਹਾਵਾ ਮੀਰ ਮੰਨੂੰ ਨੂੰ ਸਾਰੀ ਉਮਰ ਰਿਹਾ। ਏਸ ਗਲ ਦੀ ਤਲਾਫੀ ਲਈ ਹੁਣ ਉਹ ਦੀਵਾਨ ਸਾਹਿਬ ਅਤੇ ਅਸਮਤ ਖਾਂਨ ਉੱਪਰ ਖਾਸ ਮਿਹਰਬਾਨੀਆਂ ਕਰ ਰਿਹਾ ਸੀ। "ਉਹ ਦੀਵਾਨ ਕੌੜਾ ਮਲ ਨੂੰ ਭੀ ਤੋਹਫੇ ਭੇਜਕੇ ਉਨ੍ਹਾਂ ਨੂੰ ਵਡਿਆਉਂਦਾ ਅਤੇ ਇਜ਼ਤ ਕਰਦਾ, ਜਿਸ ਕਰਕੇ ਕਈ ਸਰਕਾਰੀ ਅਫਸਰ ਉਨ੍ਹਾਂ ਨਾਲ ਈਰਖਾ ਕਰਨ ਲਗ ਪਏ।"

ਸਿਖਾਂ ਦੀ ਫੌਜ ਦੀਵਾਨ ਸਾਹਿਬ ਦੀ ਫੌਜ ਦੇ ਨਾਲ ਉਨ੍ਹਾਂ ਦੀ ਸਰਪ੍ਰਸਤੀ ਹੇਠ ਅਤੇ ਜੱਸਾ ਸਿੰਘ ਆਹਲੂਵਾਲੀਏ ਦੀ ਜੱਥੇਦਾਰੀ ਹੇਠ ਬੜੇ ਉਤਸ਼ਾਹ ਨਾਲ ਦਸ ਕੁ ਹਜ਼ਾਰ ਦੀ ਗਿਣਤੀ ਵਿਚ

*ਪ੍ਰੋਫੈਸਰ ਬੰਤਾ ਸਿੰਘ 'ਤਹਮਾਸ ਨਾਮਾ' ਦੇ ਆਧਾਰ ਉੱਪਰ।

Digitized by Panjab Digital Library | www.panjabdigilib.org

ਮੁਲਤਾਨ ਵਲ ਕੂਚ ਕਰ ਰਹੀ ਸੀ। ਦੀਵਾਨ ਕੌੜਾ ਮੱਲ ਵਲੋਂ ਇਨ੍ਹਾਂ ਦੀ ਖਾਤਰ ਵਿਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਰੱਖੀ ਗਈ।

ਖਾਲਸਾ ਦਲ ਪਹਿਲਾਂ ਚਨਿਓਟ ਤੇ ਫਿਰ ਉੱਚ ਪੁਜਾ। ਮੁਲਤਾਨ ਤੋਂ ਅਜੇ ਦਸ ਕੋਹ ਦੀ ਵਾਟ ਇਹ ਲਸ਼ਕਰ ਉਰੇ ਹੀ ਸੀ ਕਿ ਸ਼ਾਹ ਨਵਾਜ਼ ਖਾਂ ਟਾਕਰੇ ਲਈ ਸਾਹਮਣੇ ਆ ਡਟਿਆ। ਸ਼ਾਹ ਨਵਾਜ਼ ਖਾਂ ਦੀ ਫੌਜ ਦਾ ਦਬਾਉ ਦੀਵਾਨ ਕੌੜਾ ਮਲ ਦੀ ਫੌਜ ਵਲ ਵਧਦਾ ਵੇਖਕੇ ਸਰਦਾਰ ਜੱਸਾ ਸਿੰਘ ਇਨ੍ਹਾਂ ਦੀ ਮਦਦ ਲਈ ਤਿਆਰ ਹੋਏ। ਇੰਨੇ ਨੂੰ ਅਪਣੀ ਮੁਸਲਮਾਨੀ ਫੌਜ ਦੇ ਇਕ ਹਿੱਸੇ ਨੂੰ, ਜੋ ਅਦੀਨਾ ਬੇਗ ਦੇ ਮਾਤਹਿਤ ਸੀ, ਦੁਸ਼ਮਨ ਨਾਲ ਮਿਲਦਾ ਦੇਖਕੇ ਸਿਖ ਸਰਦਾਰਾਂ ਵਿਚ ਜੋਸ਼ ਭਰ ਗਿਆ। ਇਕ ਪਾਸਿਓਂ ਸਰਦਾਰ ਜੱਸਾ ਸਿੰਘ ਤੇ ਦੂਜਿਓਂ ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਵਾਲਿਆ ਹੱਲਾ ਬੋਲਿਆ। ਖਾਲਸੇ ਦੇ ਇਸ ਹੱਲੇ ਨਾਲ ਸ਼ਾਹ ਨਵਾਜ਼ ਦਾ ਦਿਲ ਹਿਲ ਗਿਆ, ਕ੍ਰੋਧਾਤੁਰ ਹੋਕੇ ਆ ਪਿਆ। ਖਾਲਸਾ ਦਲ ਨੇ ਬੰਦੂਕਾਂ ਦੀਆਂ ਰੋਲੀਆਂ ਦੀ ਝੜੀ ਲਾ ਦਿੱਤੀ। ਇਸ ਕਸ਼ਮਕਸ਼ ਵਿਚ ਸ਼ਾਹ ਨਵਾਜ਼ ਮਾਰਿਆ ਗਿਆ। ਸ਼ਾਹ ਨਵਾਜ਼ ਖਾਂ ਦੀ ਮੌਤ ਦੀ ਖਬਰ ਸੁਣ ਉਸ ਦੀ ਸੈਨਾਂ ਵਿਚ ਭਾਜੜ ਪੈ ਗਈ। ਨੱਠਣ ਵਾਲਿਆਂ ਨੇ ਇਕ ਦੂਜੇ ਤੋਂ ਅਗੇ ਹੋਣ ਲਈ ਮਾਨੋ ਸ਼ਰਤਾਂ ਬੰਨ੍ਹੀਆਂ ਹੋਈਆਂ ਸਨ।

ਮੁਲਕੀ ਨਤੀਜਾ ਭਾਵੇਂ ਕੁਛ ਨਿਕਲਿਆ ਹੋਵੇ, ਸ਼ਾਹ ਨਵਾਜ਼ ਦੀ ਮੌਤ ਅਪਣੇ ਆਪ ਵਿਚ ਇਕ ਅਤਿ ਸ਼ੋਕਦਾਇਕ ਮਾਮਲਾ ਸੀ। ਪੰਜਾਬ ਦੀ ਇਹ ਇਕ ਵੱਡੇ ਪੈਮਾਨੇ ਉੱਪਰ ਖਾਨਾ ਜੰਗੀ (Civil war) ਸੀ। ਇਸ ਦਾ ਬੀਜ ਯਾਹਯਾ ਖਾਂ ਅਤੇ ਸ਼ਾਹ ਨਵਾਜ਼ ਦੀ ਭਰਾਵਾਂ ਦੀ ਵਿਰਸੇ ਵੰਡ ਤੋਂ ਬੀਜਿਆ ਗਿਆ ਸੀ। ਇਸ ਦਾ ਮੂਲ ਕਾਰਨ ਦਿੱਲੀ ਦੀ ਕਮਜ਼ੋਰੀ ਸੀ। ਇਸ ਸਿਵਲ ਵਾਰ ਵਿਚ ਇਕ ਗਲ ਹੋਰ ਅਤਯੰਤ ਸ਼ੋਕ ਵਾਲੀ ਸੀ। ਘੜੀ ਦੀ ਘੜੀ ਜ਼ਾਤੀ ਤਅੱਲਕ ਅਤੇ ਪਰਸਪਰ ਮਿੱਤ੍ਰਤਾਈਆਂ ਵਿਚ ਫਰਕ ਆ ਗਿਆ। ਪਹਿਲੇ ਤਾਂ ਮੀਰ ਮੰਨੂੰ ਨੇ ਦੀਵਾਨ ਸਾਹਿਬ ਨੂੰ ਕੈਦ ਕੀਤਾ। ਇਹ ਉਸ ਖਾਸ ਪਾਗਲਪੁਣੇ ਦੇ ਅਸਰ ਹੇਠ ਸੀ ਜੋ ਅਕਸਰ ਸਿਵਲਵਾਰ ਵਿਚ ਪੈਦਾ ਹੁੰਦਾ ਹੈ ਅਤੇ ਜੰਗ ਵਿਚ ਨਹੀਂ। ਫੇਰ ਦੀਵਾਨ ਸਾਹਿਬ ਦਾ ਸ਼ਾਹ ਨਵਾਜ਼ ਦੇ ਮੁਕਾਬਲੇ ਉੱਪਰ ਆਉਣਾ ਜਿਨ੍ਹਾਂ ਦਾ ਪਰਸਪਰ ਤਅੱਲਕ ਕਦੇ ਇਕ ਡਾਢੀ ਡੂੰਘੀ ਮਿੱਤ੍ਰਤਾ ਵਾਲਾ ਰਿਹਾ ਹੋਵੇ, ਏਹ ਸਾਰੀਆਂ ਗਲਾਂ ਇਸ ਜੰਗ ਨੂੰ ਬੀਰ ਰਸ ਦੀ ਉੱਚੀ ਟੀਸੀ ਤੋਂ ਡੇਗ ਕੇ ਕ੍ਰੋਧ ਦੇ ਫਰਸ਼ ਉਪਰ ਸੁੱਟਣ ਵਾਲੀਆਂ ਸਨ। ਦੀਵਾਨ ਸਾਹਿਬ ਦੇ ਏੜ੍ਹੀ ਫੌਜ ਲੈਕੇ ਮੁਲਤਾਨ ਵਲ ਕਾਹਲੀ ਨਾਲ ਟੁਰ ਪੈਣ ਵਿਚ ਕੁਛ ਹੋਰ ਜ਼ਾਤੀ ਸਬੱਬ ਵੀ ਸਨ। ਆਪਦਾ ਕਬੀਲਾ ਮੁਲਤਾਨ ਵਿਚ ਹੀ ਸੀ ਜੋ ਕਿ ਸ਼ਾਹ ਨਵਾਜ਼ ਦੇ ਹੱਥੋਂ ਸਖਤ ਖ਼ਤਰੇ ਵਿਚ ਸੀ*। ਪੰਜਾਬ ਵਿਚ ਜੋ ਸਰਕਾਰੀ ਜਾਂ ਨੀਮ ਸਰਕਾਰੀ ਫੌਜਾਂ ਸਨ ਉਨ੍ਹਾਂ ਦੀ ਵਫਾਦਾਰੀ ਵਿਚ ਵੀ ਤ੍ਰੇੜ ਆ ਗਈ ਸੀ। ਦੱਖਣ ਲਹਿੰਦੇ ਦੇ ਬਲੋਚ, ਬਹਾਵਲ ਪੁਰੀਏ, ਮਨਖੇੜੀਏ ਤੇ ਸਿਆਲ ਸ਼ਾਹ ਨਵਾਜ਼ ਨਾਲ ਮਿਲਦੇ ਜਾ ਰਹੇ ਸਨ†। ਲਾਹੌਰ ਦੀ ਫੌਜ ਵੀ ਭਰੋਸੇ ਯੋਗ ਨਹੀਂ ਸੀ ਰਹੀ। ਇਸ ਵਿਚ ਦਸ ਕੁ ਹਜ਼ਾਰ ਸਵਾਰ ਐਸੇ ਸਫਾ ਦਿਸਦੇ ਸਨ ਜੋ ਮੁਲਤਾਨ ਜਾਣਾ ਚਾਹੁੰਦੇ ਸਨ ਤੇ ਜਿਨ੍ਹਾਂ ਤੋਂ ਇਹ ਡਰ ਸੀ ਕਿ ਕਿਧਰੇ ਕੌੜਾ ਮਲ ਨੂੰ ਕੈਦ ਕਰਕੇ ਸ਼ਾਹ ਨਵਾਜ਼ ਦੇ ਹਵਾਲੇ ਨਾ ਕਰ ਦੇਣ। ਫੇਰ ਏਸੇ ਮੁਹਿੰਮ ਵਿਚ ਐਸੇ ਅਫਸਰ ਵੀ ਸਨ, ਜਿਨ੍ਹਾਂ ਨੇ ਮਚੇ ਜੰਗ ਦੇ ਵਿਚ ਪਾਸਾ ਪਲਟ ਕੇ ਆਪਣੀ ਫੌਜ ਨੂੰ ਸ਼ਾਹ ਨਵਾਜ਼ ਨਾਲ ਜਾ ਰਲਾਇਆ। ਏਸ ਸਾਰੀ ਗੜਬੜ ਦੇ ਵਿਚ ਕੇਵਲ ਦੋ ਗੱਲਾਂ ਸਰਲ ਸਨ–ਇਕ ਤੇ ਦੀਵਾਨ ਸਾਹਿਬ ਦੀ ਲਾਹੌਰ ਸਰਕਾਰ ਨਾਲ ਵਫਾਦਾਰੀ, ਦੂਜੇ ਜੱਸਾ ਸਿੰਘ ਆਹਲੂਵਾਲੀਏ ਦੀ ਦੀਵਾਨ ਸਾਹਿਬ ਨਾਲ ਰਵਾਦਾਰੀ। ਏਸ ਜੰਗ ਨੇ ਇਕ ਗੱਲ ਹੋਰ ਸ਼ੀਸ਼ੇ ਵਾਕੁਨ ਚਮਕਾ ਕੇ ਪ੍ਰਗਟ ਕਰ ਦਿਤੀ ਕਿ ਪੰਜਾਬ ਦੀ ਮੁਸਲਮਾਨੀ ਹਕੂਮਤ, ਸਿਖਾਂ ਦੀ ਮਿਲਵਰਤਨ ਬਗੈਰ, ਆਪਣੀਆਂ ਲਤਾਂ ਉਪਰ ਜੰਮ ਕੇ ਖੜੀ ਨਹੀਂ ਰਹਿ ਸਕਦੀ ਸੀ।

---

*ਰੰਜਾ ਸਿੰਘ। †ਸਿਆਲ ਬਿਲੋਚ, ਮਨਕੇਰੀਏ, ਬਹਾਵਲੀਏ ਆਦਿ। ਸ਼ਾਹ ਨਵਾਜ਼ ਕੀ ਕੁਮਕ ਪੈ ਆਏ ਬੈਤਾਦਾ[ਗਿਆਨ ਸਿੰਘ

Digitized by Panjab Digital Library | www.panjabdigilib.org

ਅਸੀਂ ਉੱਪਰ ਕਹਿ ਆਏ ਹਾਂ ਕਿ ਦੀਵਾਨ ਸਾਹਿਬ ਦੇ ਸ਼ਾਹ ਨਵਾਜ਼ ਦੇ ਮੁਕਾਬਲੇ ਉੱਪਰ ਆਉਣ ਨੇ ਜੰਗ ਵਿਚ ਬੀਰ ਰਸ ਦਾ ਉਤਸ਼ਾਹ ਘਟਾਕੇ ਕ੍ਰੋਧ ਦਾ ਰੰਗ ਜ਼ਿਆਦਾ ਭਰ ਦਿਤਾ ਸੀ। ਚੁਨਾਂਚਿ ਮੁਹੰਮਦ ਕੁਦਰਤ ਸਾਲਿਹ ਤਵਾਰੀਖ ਆਲੀ* ਵਿਚ ਲਿਖਦਾ ਹੈ ਕਿ ਜਦ ਸ਼ਾਹ ਨਵਾਜ਼ ਦਾ ਸਾਥੀ 'ਖ਼ਾਜਾ ਸ਼ਾਹ' ਕੌੜਾ ਮਲ ਵਲ ਵਧਿਆ ਤਾਂ ਕਹਿਣ ਲਗਾ, 'ਕਾਫਰਾ ਉਤਰ ਹਾਥੀ ਤੋਂ'। ਏਸ ਵੰਗਾਰ ਵਿਚ ਉਸ ਜ਼ਾਤੀ ਕੁੜੱਤਨ ਦਾ ਡੰਗ ਸੀ, ਜੋ ਏਸ ਜੰਗ ਦਾ ਇਕ ਖਾਸ ਲੱਛਣ ਸੀ। ਸ਼ਾਹ ਨਵਾਜ਼ ਤੇ ਦੀਵਾਨ ਸਾਹਿਬ ਦੀ ਆਪਸ ਵਿਚ ਦੀ ਝੜਪ ਵੀ ਲਿਖੀ ਹੋਈ ਮਿਲਦੀ ਹੈ। ਕੋਈ ਲੇਖਕਾਂ ਦੇ ਕਥਨ ਅਨੁਸਾਰ ਦੋਨੋਂ ਜੁੱਧ ਕਰਦੇ ਕਰਦੇ ਇਕ ਦੂਜੇ ਦੇ ਸਨਮੁਖ ਆ ਗਏ†। ਸ਼ਾਹ ਨਵਾਜ਼ ਜਿਸ ਵੇਲੇ ਦੀਵਾਨ ਸਾਹਿਬ ਦੇ ਸਾਮ੍ਹਣੇ ਆਇਆ ਤਾਂ ਉਸ ਦੇ ਕ੍ਰੋਧ ਦੀ ਕੋਈ ਹੱਦ ਨਾ ਰਹੀ। ਬੜੀ ਕੌੜੀ ਜ਼ਬਾਨ ਨਾਲ ਲਲਕਾਰਿਆ ਤੇ ਦੀਨ ਮੰਨਣ ਲਈ ਜਾਂ ਲੜਨ ਲਈ ਵੰਗਾਰਿਆ। ਸ਼ੇਖ ਮੁਹੰਮਦ ਯੂਸਫ§ ਅਨੁਸਾਰ ਸ਼ਾਹ ਨਵਾਜ਼ ਐਸ ਵੇਲੇ ਉਸ ਘੋੜੇ ਉਪਰ ਸਵਾਰ ਸੀ ਜੋ ਉਸ ਨੂੰ ਨਾਦਰਸ਼ਾਹ ਵੱਲੋਂ ਮਿਲਿਆ ਹੋਇਆ ਸੀ। ਨਾਦਰ ਸ਼ਾਹ ਵੱਲੋਂ ਤੁਹਫਾ ਹੋਣ ਕਰਕੇ ਇਸ ਘੋੜੇ ਦਾ ਨਾਮ 'ਸ਼ਾਹ ਇਨਾਇਤ' ਸੀ। ਇਹ ਘੋੜਾ ਬਹੁਤ ਤੇਜ਼ ਅਤੇ ਜੰਗ ਦੀ ਜ਼ਰੂਰਤ ਦੇ ਸਾਰੇ ਏਚ ਪੇਚ ਸਿੱਖਿਆ ਹੋਇਆ ਸੀ। ਸ਼ਾਹ ਨਵਾਜ਼ ਨੇ ਘੋੜੇ ਨੂੰ ਅੱਡੀ ਲਾਈ ਤੇ ਬਿਜਲੀ ਦੀ ਫੁਰਤੀ ਨਾਲ ਦੀਵਾਨ ਸਾਹਿਬ ਦੇ ਸਾਥੀ ਉੱਪਰ ਹਮਲਾ ਕੀਤਾ। ਸ਼ੇਖ ਮੁਹੰਮਦ ਲਿਖਦਾ ਹੈ ਕਿ ਸ਼ਾਹ ਨਵਾਜ਼ ਨੇ:-

> "ਕੌੜਾ ਮੱਲ ਤੇ ਆ ਤਲਵਾਰ ਚਲਾਈ ਪਰ ਤਲਵਾਰ ਤਕੀਏ ਵਿਚ ਜਾ ਵਜੀ ਤੇ ਹੋਦੇ ਤੇ ਲਗਕੇ ਟੁੱਟ ਗਈ। ਏਸ ਵੇਲੇ ਕੌੜਾ ਮਲ ਦੇ ਮੁਲਾਜ਼ਮਾਂ ਵਿਚੋਂ ਇਕ ਕਸੂਰੀਏ ਪਠਾਣ ਨੇ ਗੋਲੀ ਸ਼ਾਹ ਨਵਾਜ਼ ਦੇ ਸੀਨਿਓਂ ਪਾਰ ਕਰ ਦਿਤੀ¶ ਤੇ ਉਹ ਘੋੜਿਓਂ ਹੇਠ ਡਿਗ ਪਿਆ।ਕੌੜਾ ਮਲ ਹਾਥੀ ਤੋਂ ਹੇਠਾਂ ਉਤਰ ਆਇਆ ਤੇ ਮਰ ਰਹੇ ਸ਼ਾਹ ਨਵਾਜ਼ ਖਾਂ ਦਾ ਸਿਰ ਅਪਣੇ ਗੋਡੇ ਤੇ ਰੱਖ ਕੇ ਕਹਿਣ ਲਗਾ ਕਿ ਇਹ ਬਦਨਾਮੀ ਮੈਨੂੰ ਹੀ ਮਿਲਨੀ ਸੀ, ਪਰ ਇਸ ਦਾ ਕੀ ਚਾਰਾ ਹੈ ਜਦ ਤਕਦੀਰ ਇਸੇ ਤਰ੍ਹਾਂ ਸੀ। ਆਖਰ ਉਸ ਵੇਲੇ ਸ਼ਾਹ ਨਵਾਜ਼ ਦੇ ਪ੍ਰਾਣ ਨਿਕਲ ਗਏ।"

ਇਹ ਇਕ ਦੁੱਖ ਭਰਿਆ ਨਜ਼ਾਰਾ ਸੀ, ਮਰਦੇ ਸ਼ਾਹ ਨਵਾਜ਼ ਦਾ ਸਿਰ ਦੀਵਾਨ ਸਾਹਿਬ ਦੇ ਗੋਡਿਆਂ ਉਪਰ ਟਿਕਿਆ ਹੋਣਾ, ਸ਼ਾਹ ਨਵਾਜ਼ ਦੇ ਅਖੀਰਲੇ ਸਾਹ, ਦੀਵਾਨ ਸਾਹਿਬ ਦੇ ਉਸ ਦੀ ਆਤਮਾ ਨੂੰ ਸ਼ਾਂਤ ਕਰਨ ਲਈ ਪਿਆਰ ਦੇ ਫਿਕਰੇ, ਸ਼ਾਹ ਨਵਾਜ਼ ਦਾ ਮਿਟਦੀਆਂ ਅੱਖਾਂ ਨਾਲ ਜੁਵਾਬ, ਇਹ ਦਰਦ ਰੰਝਾਣੀਆਂ ਵਰਿਤੂ ਇਤਿਹਾਸਕ ਘਟਨਾਵਾਂ ਵਿਚੋਂ ਕਿਸੇ ਇਕ ਟਾਂਵੀ ਦਾ ਉਦਾਹਰਣ ਹੈ।

ਦੀਵਾਨ ਸਾਹਿਬ ਉਸ ਜ਼ਾਤੀ ਪਿਆਰ ਦੇ ਪੂਰੇ ਹਾਮੀ ਸਨ ਜੋ ਉਨ੍ਹਾਂ ਦੇ ਦਿਲ ਵਿਚ ਸ਼ਾਹ

---

*Quoted by Prof. Ganda Singh.

†ਜੰਗ ਪਰਜੇ ਦੋਉ ਤਰਫ, ਦੋਉ ਫਤਹ ਤਕਾਇ। ਸ਼ਾਹ ਨਵਾਜ਼ ਕੌੜਾ ਮਲ ਭਏ ਦੋਨੋਂ ਸਨਮੁਖ ਆਇ। [ਰਤਨ ਸਿੰਘ ਭੰਗੂ

§Quoted by Prof. Ganda Singh

¶ਸ਼ਾਹ ਨਵਾਜ਼ ਦੀ ਮੌਤ ਬਾਬਤ, ਸਿਖ ਇਤਿਹਾਸਕਾਰ ਸ਼ਾਹ ਨਵਾਜ਼ ਉਪਰ ਭੀਮ ਸਿੰਘ ਦਾ ਵਾਰ ਗਿਣਦੇ ਹਨ:—
ਬਲੀ ਭੀਮ ਸਿੰਘੇ.....ਘਨੋਂ ਓਜ ਕੈ ਬੇਗ ਸੋ ਤਿਗ ਬਾਈ। ਧਸੈ ਵਾੜ ਕੋਲੋ ਗਜੈ ਲੱਤ ਲਾਹੀ। [ਗਿਆਨ ਸਿੰਘ
'ਹਾਲਾਤੇ ਮੁਲਤਾਨ' ਨੇ ਕੇਵਲ ਇਹ ਕਸੂਰੀਏ ਪਠਾਣ ਦੀ ਗੋਲੀ ਹੀ ਸ਼ਾਹ ਨਵਾਜ਼ ਦੀ ਮੌਤ ਦਾ ਕਾਰਣ ਮੰਨੀ ਹੈ।
ਰਤਨ ਸਿਘ ਨੇ ਸਿਰਫ ਇਤਨਾ ਕਿਹਾ ਹੈ—ਸਿੰਘਨ ਦੀਨੀ ਬਲਕ ਚਲਾਇ। ਲਗੀ ਕਲੇਜ ਨਿਵਾਜ ਸ਼ਾਹ।
ਝੂਮ ਘੋੜੇ ਤੇ ਝੂਮ ਮੈ ਪੜਾ। ਗੋਲੀ ਲਗੀ ਫਿਰ ਭਜੇ ਨ ਖੜਾ। [ਪੰਨਾ ੩੧]।
ਪ੍ਰੋਫੈਸਰ ਗੰਡਾ ਸਿੰਘ ਦੇ ਲਿਖੇ ਅਨੁਸਾਰ ਤਵਾਰੀਖ ਆਲੀ ਦਾ ਲੇਖਕ ਕਹਿੰਦਾ ਹੈ ਕਿ ਅਜ਼ੀਜ਼ ਖਾਂ ਨੇ ਹੱਲਾ ਕਰਕੇ ਇਕ ਐਸਾ ਵਾਰ ਕੀਤਾ ਕਿ ਤਲਵਾਰ ਮੋਢੇ ਤੋਂ ਵਖੀ ਤਕ ਨਿਕਲ ਗਈ.....।

Digitized by Panjab Digital Library | www.panjabdigilib.org

ਨਵਾਜ਼ ਲਈ ਸੀ। ਉਸੇ ਮੁਹੱਬਤ ਦੇ ਜਜ਼ਬੇ ਹੇਠ ਉਨ੍ਹਾਂ ਅਖੀਰਲੇ ਵੇਲੇ ਸ਼ਾਹ ਨਵਾਜ਼ ਦੇ ਸਿਰ ਨੂੰ ਮਿੱਟੀ ਦੇ ਢੇਲਿਆਂ ਤੋਂ ਚੁਕ ਕੇ ਉਸ ਥੱਲੇ ਆਪਣੇ ਘੁੱਟ ਦਾ ਸਿਰਹਾਣਾ ਦੇ ਦਿਤਾ, ਜਿਸ ਨਾਲ ਸਾਹ ਸੁਖਾਲਾ ਲੰਘ ਜਾਵੇ. ਅਰ ਇਹ ਅਖੀਰਲਾ ਸੀਨ ਤੱਤੇ ਰਣਖੇਤ ਵਿਚ ਹੀ ਹੋਇਆ ਜਿਸ ਵੇਲੇ ਅਪਣੀ ਜ਼ਿੰਦਗੀ ਹਰ ਨਿਸ਼ਾਨੇ ਜਾਂ ਬੇਨਿਸ਼ ਨੇ ਵਾਰ ਦੇ ਖ਼ਤਰੇ ਨਾਲ ਚਾਰੋਂ ਪਾਸਿਓਂ ਘਿਰੀ ਹੋਈ ਸੀ।

ਦੀਵਾਨ ਸਾਹਿਬ ਦਾ ਜੀਵਨ ਕਿਸੇ ਤੋਲਵੀਂ ਸਾਧਨਾ ਵਿਚ ਸਾਧਿਆ ਹੋਇਆ ਸੀ। ਉਨ੍ਹਾਂ ਦੇ ਦਿਲ ਵਿਚ ਜ਼ਾਤੀ ਹੁੱਬ ਦੇ ਵਲਵਲੇ ਬੜੇ ਤੀਬਰ ਸਨ, ਪਰ ਇਹ ਸਾਰੇ ਕਿਸੇ ਆਪਣੇ ਫਰਜ਼ ਦੀ ਅਦਾਇਗੀ ਦੇ ਧਰਮ ਦੇ ਪੈਮਾਨੇ ਵਿਚ ਢਲਕੇ ਕੰਮ ਕਰਦੇ ਸਨ। ਪਿਆਰ ਅਤੇ ਫਰਜ਼ ਆਪਸ ਵਿਚ ਘੁਲਕੇ ਬਹਾਦਰੀ ਅਤੇ ਦਾਨਾਈ ਦੇ ਸੰਗਮ ਵਿਚ ਲੀਨ ਹੋ ਜਾਂਦੇ ਸਨ। ਸਿੱਟਾ ਇਹ ਸੀ ਕਿ ਪਿਆਰ, ਫਰਜ਼, ਬਹਾਦਰੀ, ਦਾਨਾਈ, ਇਨ੍ਹਾਂ ਚੌਹਾਂ ਦੀ ਸਾਂਝੀਵਾਲਤਾ ਦਾ ਇਕ ਤੋਲਵਾਂ ਅੰਦਾਜ਼ਾ ਦੀਵਾਨ ਸਾਹਿਬ ਦੀ ਸ਼ਖਸੀਅਤ ਦਾ ਜੀਵਨ ਆਧਾਰ ਬਣ ਗਿਆ ਸੀ। ਜਿਸਤਰ੍ਹਾਂ ਸੂਰਜ ਦੀ ਸਫੈਦ ਰੌਸ਼ਨੀ ਕਿਸੇ ਤਿਕੋਨ ਸ਼ੀਸ਼ੇ ਦੇ ਕਿਨਾਰੇ ਵਿਚੋਂ ਲੰਘਦੀ ਹੋਈ ਇਕ ਸਤਰੰਗੀ ਝਲਕ ਦਿਖਾ ਜਾਂਦੀ ਹੈ, ਏਸੇ ਤਰ੍ਹਾਂ ਏਸ ਜੰਗ ਨੇ ਦੀਵਾਨ ਸਾਹਿਬ ਦੇ ਅੰਦਰ ਸਾਂਝੇ ਤ੍ਰੀਕੇ ਤੇ ਵਰਤ ਰਹੀਆਂ ਪਿਆਰ, ਫਰਜ਼, ਬਹਾਦਰੀ, ਦਾਨਾਈ ਦੀਆਂ ਚਾਰੇ ਧਾਰਾਂ ਨਿਖੇੜਕੇ ਪ੍ਰਗਟ ਕਰ ਦਿਤੀਆਂ। ਸ਼ਾਹ ਨਵਾਜ਼ ਨਾਲ ਲੜਾਈ ਲਾਹੌਰ ਦੀ ਹਕੂਮਤ ਦੀ ਮੁਲਾਜ਼ਮਤ ਕਰਕੇ ਫਰਜ਼ ਸੀ। ਸ਼ਾਹ ਨਵਾਜ਼ ਦੇ ਮਰਨ ਵੇਲੇ ਆਖਰੀ ਜਜ਼ਬਾ ਅਪਣੇ ਪੁਰਾਣੇ ਮਿੱਤ੍ਰ ਲਈ ਪਿਆਰ ਦਾ ਵਲਵਲਾ ਸੀ। ਜੱਸਾ ਸਿੰਘ ਆਹਲੂਵਾਲੀਏ ਨੂੰ ਏਸ ਜੰਗ ਵਿਚ ਸ਼ਾਮਲ ਕਰਨਾ, ਜਦੋਂ ਕਿ ਚਾਰੇ ਪਾਸਿਓਂ ਗੱਦਾਰੀ ਦੇ ਚਿੰਨ੍ਹ ਨਜ਼ਰ ਆ ਰਹੇ ਸਨ ਦਾਨਾਈ ਸੀ* ਤੇ ਆਪ ਦਾ ਅਗਾਂਹ ਵਧਕੇ ਕ੍ਰੋਧ ਦੀ ਲਲਕਾਰ ਹੇਠ ਮਰਦਾਨਗੀ ਨਾਲ ਵਾਰ ਸਹਿਣਾ ਬਹਾਦਰੀ ਸੀ†।

ਇਹ ਗਲ ਲਿਖਣ ਦੀ ਕੋਈ ਖਾਸ ਲੋੜ ਪ੍ਰਤੀਤ ਨਹੀਂ ਹੁੰਦੀ ਕਿ ਇਤਿਹਾਸ ਦੀ ਨਜ਼ਰ ਵਿਚ ਸ਼ਾਹ ਨਵਾਜ਼ ਦਾ ਮੁਲਤਾਨ ਵਿਚ ਆਕੀ ਹੋਣਾ ਲਾਹੌਰ ਹਕੂਮਤ ਵਿਰੁੱਧ ਬਗ਼ਾਵਤ ਸੀ, ਚਾਹੇ ਇਸ ਸਾਜ਼ਸ਼ ਵਿਚ ਦਿੱਲੀ ਦਾ ਵਜ਼ੀਰ ਸ਼ਾਮਲ ਸੀ; ਕਿਉਂਕਿ ਮੀਰ ਮੰਨੂੰ ਨੂੰ ਖੁਦ ਅਹਿਮਦ ਸ਼ਾਹ ਬਾਦਸ਼ਾਹ ਨੇ ਲਾਹੌਰ ਅਤੇ ਮੁਲਤਾਨ ਦੋਹਾਂ ਦੀ ਸੂਬੇਦਾਰੀ ਉੱਪਰ ਮੁਕੱਰਰ ਕੀਤਾ ਸੀ‡। ਪਰ ਵਜ਼ੀਰ ਸਫ਼ਦਰ ਜੰਗ ਕੋਈ ਅਪਣੀਆਂ ਹੀ ਚਾਲਾਂ ਚਲ ਰਿਹਾ ਸੀ। ਉਹ ਮੀਰ ਮੰਨੂੰ ਨੂੰ ਤਾਂ ਕਮਜ਼ੋਰ ਰੱਖਣਾ ਚਾਹੁੰਦਾ ਸੀ ਤੇ ਆਪ ਅਵਧ ਵਿਚ ਦਿੱਲੀ ਤੋਂ ਸੁਤੰਤ੍ਰ ਰਾਜ ਕਾਇਮ ਕਰਨਾ ਚਾਹੁੰਦਾ ਸੀ। ਸਫਦਰ ਜੰਗ ਸਆਦਤ ਖਾਂ ਦਾ ਜੁਵਾਈ ਸੀ, ਜੋ ਕਿ ਅਵਧ ਦਾ ਹਾਕਮ ਸੀ।

'ਮਹਾਂਰਾਜਾ' ਦੀ ਪਦਵੀ।

ਮੁਲਤਾਨ ਦੀ ਜਿੱਤ ਦੀ ਖਬਰ ਜਦ ਲਾਹੌਰ ਪਹੁੰਚੀ ਤਾਂ ਮੀਰ ਮੰਨੂੰ ਬਹੁਤ ਪ੍ਰਸੰਨ ਹੋਇਆ, ਸਾਰੇ ਪੰਜਾਬ ਵਿਚ ਖੁਸ਼ੀ ਮਨਾਈ ਗਈ।

ਮੀਰ ਮੰਨੂੰ ਨੇ ਦੀਵਾਨ ਸਾਹਿਬ ਨੂੰ 'ਮਹਾਂਰਾਜਾ' ਦੀ ਉੱਚ ਪਦਵੀ ਨਾਲ ਸਨਮਾਨਤ ਕੀਤਾ। ਦੀਵਾਨ ਕੌੜਾ ਮਲ ਹੁਣ ਮਹਾਂਰਾਜਾ ਕੌੜਾ ਮਲ ਹੋ ਗਏ। 'ਮਹਾਂਰਾਜਾ' ਦੀ ਪਦਵੀ ਦੇਣ ਦੇ

---

*ਏਸ ਜੰਗ ਵਿਚ ਦੀਵਾਨ ਸਾਹਿਬ ਦੀ ਬਹੁਤ ਸਾਰੀ ਮੁਸਲਮਾਨੀ ਫੌਜ ਸ਼ਾਹ ਨਵਾਜ਼ ਨਾਲ ਰਲ ਗਈ ਸੀ:—
ਤੁਰਕ ਤੁਰਕ ਰਲ ਮਿਲ ਟਲ ਗਏ। ਕੌੜੇ ਹਿੰਦੂ ਤੁੜਾਵਤ ਚਹੇ। [ਰਤਨ ਸਿੰਘ ਭੰਗੂ

†ਬਹਾਦਰੀ ਤੇ ਮਰਦਾਨਗੀ ਵਿਚ ਕੌੜਾ ਮਲ ਦੇ ਪੱਲੇ ਦਾ ਹੋਰ ਕੋਈ ਨਹੀਂ ਸੀ। [ਬੁਧ ਸਿੰਘ, ਰਿਸਾਲਾਇ ਨਾਨਕਸ਼ਾਹ

‡Mohammad Shah having died was succeeded by his son Ahmad Shah, who nominated Mir Munnoo, called Moinul Mulk, son of late Vizir Kummar-ud-Din Khan to the Subedary of Lahore and Multan. [*History of the Origin & progress of Sikhs*—BROWN.

Digitized by Panjab Digital Library | www.panjabdigilib.org

ਨਾਲ ਮੀਰ ਮੰਨੂੰ ਨੇ ਦੀਵਾਨ ਸਾਹਿਬ ਨੂੰ ਮੁਲਤਾਨ ਦਾ ਹਾਕਮ ਮੁਕੱਰਰ ਕਰ ਦਿੱਤਾ ਸੀ।

ਖਾਲਸੇ ਵਿਚ ਵੀ ਏਸ ਗਲ ਦੀ ਖੁਸ਼ੀ ਬੜੀ ਮਨਾਈ ਗਈ। ਨਿਹੰਗ ਸਿੰਘਾਂ ਨੇ ਵੀ ਦੀਵਾਨ ਸਾਹਿਬ ਨੂੰ 'ਖਿਤਾਬ' ਦਿੱਤਾ ਅਰ ਉਹ ਮੀਰ ਮੰਨੂੰ ਦੇ ਖਿਤਾਬ ਪਹੁੰਚਣ ਤੋਂ ਪਹਿਲੇ ਦੇ ਦਿੱਤਾ ਸੀ। 'ਕੌੜਾ ਮੱਲ' ਦੀ ਬਜਾਏ 'ਮਿੱਠਾ ਮੱਲ' ਨਾਮ ਧਰ ਦਿੱਤਾ। ਦੀਵਾਨ ਸਾਹਿਬ ਵਿਚ ਦੋਨੋਂ ਸਿਫਤਾਂ ਸਨ, ਕੁੜੱਤਨ ਵੀ ਤੇ ਮਿਠਾਸ ਵੀ। ਉਹ ਵੈਰੀਆਂ ਲਈ ਕੌੜੇ ਸਨ, ਮਿੱਤ੍ਰਾਂ ਲਈ ਮਿੱਠੇ। ਨਿਹੰਗ ਸਿੰਘਾਂ ਦੀ ਖੁਸ਼ੀ ਦੀਵਾਨ ਸਾਹਿਬ ਉੱਪਰ ਅਪਾਰ ਸੀ। ਏਹ ਲੋਕ ਹੁੱਕਈ ਦੇ ਨੇੜੇ ਨਹੀਂ ਢੁੱਕਦੇ। ਜੋ ਸਿਖਾਂ ਵਿਚ ਸਖਤ ਕੁਰਹਿਤ ਹੈ, ਪਰ ਏਥੇ ਇਹ ਨਿਹੰਗਾਂ ਦੀ ਉਦਾਰਤਾ ਸੀ ਕਿ ਇਸ ਦੇ ਬਾਵਜੂਦ ਵੀ ਦੀਵਾਨ ਸਾਹਿਬ ਨਾਲ ਇਕਮਿਕ ਸਨ। ਕੇਵਲ ਪੰਜ ਰੁਪੈ ਰੋਜ਼ ਏਸ 'ਕੁਰਹਿਤ' ਦੀ ਤਨਖਾਹ ਲੈ ਲੈਂਦੇ ਸਨ* ।

ਮੁਲਤਾਨ ਦੇ ਸੂਬੇ ਦਾ ਇੰਤਜ਼ਾਮ ਹੁਣ ਦੀਵਾਨ ਸਾਹਿਬ ਦੇ ਸਪੁਰਦ ਸੀ। ਸਭ ਤੋਂ ਪਹਿਲਾ ਕੰਮ ਜੋ ਉਨ੍ਹਾਂ ਕੀਤਾ, ਉਹ ਸ਼ਾਹ ਨਵਾਜ਼ ਦਾ ਯਾਦਗਾਰੀ ਮਕਬਰਾ ਬਨਾਉਣਾ ਸੀ ਜੋ ਸ਼ੰਮਸ ਤਬ੍ਰੇਜ਼ ਦੀ ਖਾਨਕਾਹ ਦੇ ਕੋਲ ਬਣਵਾਇਆ ਗਿਆ। ਫੇਰ ਸ੍ਰੀ ਨਨਕਾਣਾ ਸਾਹਿਬ ਵਿਚ ਬਾਲ ਲੀਲ੍ਹਾ† ਦਾ ਗੁਰਦ੍ਵਾਰਾ ਤੇ ਉਸ ਦੇ ਨਾਲ ਪੱਕਾ ਤਲਾਬ ਬਣਵਾਇਆ ਤੇ ਹੋਰ ਗੁਰਦ੍ਵਾਰਿਆਂ ਦੀ ਸੇਵਾ ਕੀਤੀ। ਜਿਹਾ ਕੁ ਦਰਬਾਰ ਜਨਮ ਅਸਥਾਨ ਤੇ ਮੰਦਰ ਮਾਲ ਜੀ ਸਾਹਿਬ ਤਾਮੀਰ ਕਰਵਾਏ। ਕਿਹਾ ਜਾਂਦਾ ਹੈ ਕਿ ਬਾਲ ਲੀਲ੍ਹਾ ਤੇ ਜਨਮ ਅਸਥਾਨ ਗੁਰਦ੍ਵਾਰੇ ਤੇ ਤਿੰਨ ਲੱਖ ਰੁਪੱਯਾ ਖਰਚ ਆਇਆ ਸੀ। ਬਾਲ ਲੀਲ੍ਹਾ ਦੇ ਮਹੰਤ ਜੀ ਦੱਸਦੇ ਹਨ ਕਿ ਗੁਰਦ੍ਵਾਰੇ ਦੀ ਇਕ ਦੀਵਾਰ ਤੇ ਦੀਵਾਨ ਸਾਹਿਬ ਦੀ ਤਸਵੀਰ ਬਣੀ ਹੋਈ ਸੀ, ਉਹ ੧੯੦੪ ਦੇ ਕ਼ਰੀਬ ਮੁਰੰਮਤ ਕਰਾਉਣ ਤੇ ਮਿਟ ਗਈ। ਪ੍ਰੋਫੈਸਰ ਗੰਡਾ ਸਿੰਘ ਜੀ ਲਿਖਦੇ ਹਨ, "ਮਹਾਰਾਜਾ ਕੌੜਾ ਮਲ ਦੀ ਤਸਵੀਰ ਦਾ ਜ਼ਿਕਰ ਤਵਾਰੀਖ ਰਿਆਸਤ ਕਪੂਰਥਲਾ ਵਿਚ ਇਸ ਤਰ੍ਹਾਂ ਕੀਤਾ ਹੋਇਆ ਹੈ ਜਿਵੇਂ ਲੇਖਕ ਨੇ ਪੁਸਤਕ ਲਿਖਣ ਦੇ ਦਿਨਾਂ ਵਿਚ ਖੁਦ ਸੰਨ ੧੮੯੭ ਦੇ ਕ਼ਰੀਬ ਦੇਖੀ ਹੁੰਦੀ ਹੈ"। ਇਹ ਹਵਾਲਾ ਰਾਮਜਸ ਤਵਾਰੀਖ ਰਿਆਸਤ ਕਪੂਰਥਲਾ, ੧੪੪, ਦੇ ਅਧਾਰ ਤੇ ਹੈ। ਇਸ ਤਸਵੀਰ ਦਾ ਮਿਟ ਜਾਣਾ ਇਕ ਜ਼ਰੂਰੀ ਵਸਤੂ ਉਪਰ ਹੜਤਾਲ ਦਾ ਪੋਚਾ ਫਿਰਨਾ ਹੈ। ਇਹ ਤਸਵੀਰ ਇਸ ਗਲ ਦਾ ਪੱਕਾ ਇਤਿਹਾਸਕ ਸਬੂਤ ਸੀ ਕਿ ਮੀਰ ਮੰਨੂੰ ਦੇ ਵੇਲ਼ੇ ਦੀਵਾਨ ਸਾਹਿਬ ਕਿਸਤਰ੍ਹਾਂ ਜ਼ਾਹਿਰਾ ਤੌਰ ਤੇ ਸਿਖ ਗੁਰਦ੍ਵਾਰਿਆਂ ਦੀ ਸੇਵਾ ਕਰਦੇ ਸਨ। ਸਿਰਫ ਗੁਰਦ੍ਵਾਰਿਆਂ ਉਪਰ ਧਨ ਹੀ ਨਹੀਂ ਖਰਚ ਹੁੰਦਾ ਸੀ, ਬਲਕਿ ਖੁੱਲਮ ਖੁੱਲ੍ਹਾ ਉਨ੍ਹਾਂ ਦਾ ਸੰਬੰਧ ਤਸਵੀਰਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੁੰਦਾ ਸੀ। ਹਕੂਮਤ ਸਿੱਖ ਗੁਰਦ੍ਵਾਰਿਆਂ ਦੇ ਵਿਰੁੱਧ ਜਹਾਦ ਕਰ ਰਹੀ ਸੀ, ਪਰ ਦੀਵਾਨ ਸਾਹਿਬ ਦੀ ਤਸਵੀਰ ਸਥਾਨਕ ਹਾਕਮਾਂ ਨੂੰ ਅਦਬ ਦੀ ਹੱਦ ਟੱਪਣ ਵਿਚ ਰੋਕ ਦਾ ਕੰਮ ਦੇਂਦੀ ਸੀ। ਦੀਵਾਨ ਸਾਹਿਬ ਨੇ ਆਪਣੇ ਕੈਰੇਕਟਰ ਵਿਚ ਉਹ ਗੌਰਵਤਾ ਭਰ ਲਈ ਸੀ ਕਿ ਜੋ ਕੁਛ ਵੀ ਉਹ ਕਰਨਾ ਚਾਹੁੰਦੇ ਸਨ ਉਸ ਨੂੰ ਉਲਟਾਉਣਾ ਕਿਸੇ ਵਿਰੋਧੀ ਅਫਸਰ ਜਾਂ ਹੋਰ ਅਹਿਲਕਾਰ ਲਈ ਆਸਾਨ ਨਹੀਂ ਸੀ। ਮੀਰ ਮੰਨੂੰ ਖੁਦ ਉਨ੍ਹਾਂ ਦੀ ਦੂਰੰਦੇਸ਼ੀ, ਬਹਾਦਰੀ ਤੇ ਗੰਭੀਰਤਾ ਦਾ ਕਾਇਲ ਸੀ ਜਿਸ ਦਾ ਸਬੂਤ ਉਸ ਨੇ 'ਮਹਾਂਰਾਜਾ' ਦੇ ਖਿਤਾਬ ਦੇਣ ਵਿਚ ਦਿੱਤਾ। ਇਹ ਖਿਤਾਬ ਉਸ ਕੌਮ ਦੀ ਸੇਵਾ ਜ਼ਾਹਿਰਾ ਤੌਰ ਤੇ

---

*ਤਨਖਾਹ ਦੁੱਕਾ ਪੀਟ ਦੀ ਦਮੜੇ ਦੇ ਪੰਜ ਨਿੱਤ। ਮਿੱਠਾ ਮਲ ਸਿੰਘਨ ਧਰਿਓ ਨਾਮ ਤਾਂਹਿ ਧਰ ਚਿਤ। [ਗਿਆਨ ਸਿੰਘ

†About 150 years back Diwan Kura Mal constructed a tank and a pucca temple known as Bal Lila *i. e.*,the place where Baba Nanak used to play with boys. He also constructed the Darbar Janam Asthan, *i. e.*, the place where Baba Nanak was born, and a third building Mandir Malji, *i. e.*,the place where Baba Nanak used to graze cattle.

[*Foot Note of V. A No 857 first Appeal No 847 of 1931 High Court of Judicature, Lahore*

Digitized by Panjab Digital Library | www.panjabdigilib.org

ਕਰਦਿਆਂ ਹੋਇਆ ਮਿਲਿਆ ਜਿਸ ਕੌਮ ਦਾ ਖੁਰਾਖੋਜ ਮੁਕਾਉਣਾ ਵਿਰੋਧੀ ਹਕੂਮਤ ਨੇ ਆਪਣੇ ਧਰਮ ਦਾ ਅੰਗ ਬਣਾ ਲਿਆ ਹੋਇਆ ਸੀ। ਇਤਿਹਾਸ ਦੇ ਪੱਤ੍ਰੇ ਇਸ ਗਲ ਦੇ ਸਾਖੀ ਹਨ ਕਿ ਮੀਰ ਮੰਨੂੰ ਵਲੋਂ ਲਗੀ ਹੋਈ ਢਾਹ ਦੇ ਮੁਤਾਬਲੇ ਤੇ ਸਿੱਖੀ ਦੀ ਇਮਾਰਤ ਨੂੰ ਖੜਾ ਰੱਖਣ ਵਾਲਾ ਅੰਦਰਲਾ ਵਿਚਕਾਰਲਾ ਛਤੀਰ ਦੀਵਾਨ ਕੌੜਾ ਮਲ ਸੀ। ਇਹ ਗਲ ਇਤਨੀ ਪ੍ਰਗਟ ਸੀ ਕਿ ਬਾਹਰ ਦੇ ਵਿਦੇਸ਼ੀ ਆਦਮੀ ਵੀ ਜੋ ਯੂਰਪ ਤੋਂ ਉਸ ਸਮੇਂ ਦੇ ਲਗ ਪਗ ਆਏ, ਏਸ ਗਲ ਨੂੰ ਚੰਗੀ ਤਰ੍ਹਾਂ ਦੇਖ ਰਹੇ ਸਨ। ਫੈਰਸਟਰ ਸਾਹਿਬ ਨੇ ਤਾਂ ਏਥੋਂ ਤਕ ਲਿਖਿਆ ਹੈ ਕਿ ਮੀਰ ਮੰਨੂੰ ਦੇ ਹਮਲੇ ਨੇ ਸਿੱਖ ਤਾਕਤ ਨੂੰ ਬਿਲਕੁਲ ਮਲੀਆਮੇਟ ਕਰ ਦੇਣਾ ਸੀ, ਅਗਰ ਦੀਵਾਨ ਸਾਹਿਬ ਦੀ ਵਿਚ ਮਦਦ ਨਾ ਹੁੰਦੀ*।

ਪਾਠਕ ਪੁੱਛਣਗੇ ਕਿ ਇਹ ਫੈਰਸਟਰ ਸਾਹਿਬ ਕੌਣ ਸੀ ਜਿਸ ਨੇ ਦੀਵਾਨ ਸਾਹਿਬ ਬਾਬਤ ਇਹ ਗੁਵਾਹੀ ਭਰੀ ਹੈ? ਇਸ ਦਾ ਪੂਰਾ ਨਾਮ ਜਾਰਜ ਫੈਰਸਟਰ ਸੀ, ਪੰਜਾਬ ਦੀ ਮੁਸਲਮਾਨੀ ਹਕੂਮਤ ਦੇ ਦਿਨਾਂ ਵਿਚ ਇਹ ਸਾਹਿਬ ਇਕ ਮੁਸਲਮਾਨ ਸੌਦਾਗਰ ਦਾ ਭੇਸ ਬਣਾਕੇ ਏਸ ਇਲਾਕੇ ਵਿਚ ਫਿਰ ਗਿਆ ਸੀ। ਇਹ ਮਦਰਾਸ ਵਿਚ ਈਸਟ ਇੰਡੀਆ ਕੰਪਨੀ ਦੀ ਹਕੂਮਤ ਦਾ ਇਕ ਅਫਸਰ ਸੀ। ਭੇਸ ਵਟਾ ਕੇ ਉਤਰੀ ਹਿੰਦ ਦੀ ਯਾਤ੍ਰਾ ਦਾ ਮਤਲਬ ਅਸਲ ਹਾਲਤ ਦਰਿਯਾਫਤ ਕਰਨੇ ਅਤੇ ਮੁਲਕੀ ਭੇਦਾਂ ਤੋਂ ਵਾਕਫੀ ਸੀ। ਫੈਰਸਟਰ ਦੀ ਕਿਤਾਬ, ਦੋ ਜਿਲਦਾਂ ਵਿਚ ਸੰਨ ੧੭੮੨-੮੩ ਵਿਚ ਪ੍ਰਕਾਸ਼ਿਤ ਹੋਈ ਸੀ।

ਆਮ ਤੌਰ ਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਦੀਵਾਨ ਸਾਹਿਬ ਦੀ ਸਿਖੀ ਨੂੰ ਮਦਦ ਲੁਕੀ ਛਿਪੀ ਸ਼ਕਲ ਦੀ ਸੀ। ਉਹ ਸ਼ੁਰੂ ਸ਼ੁਰੂ ਵਿਚ ਏਸੇ ਤਰ੍ਹਾਂ ਦੀ ਸੀ, ਪਰ ਪਿਛੋਂ ਦੀ ਸਾਰੀ ਖੁਲਮ-ਖੁੱਲੀ ਤੇ ਜ਼ਾਹਿਰਾ ਸੀ। ਇਹ ਮਦਦ ਉਨ੍ਹਾਂ ਦੀ ਅਪਣੀ ਸ਼ਖਸੀਅਤ ਦੀ ਵਧ ਰਹੀ ਤਾਕਤ ਦੇ ਸਹਾਰੇ ਸੀ। ਦੀਵਾਨ ਸਾਹਿਬ ਦੇ ਵਜੂਦ ਵਿਚ ਸਦਾਕਤ (Sincerity) ਦਾ ਬਲ ਭਰਿਆ ਹੋਇਆ ਸੀ ਜੋ ਉਨ੍ਹਾਂ ਦਿਨਾਂ ਵਿਚ ਸਰਕਾਰੀ ਹਲਕਿਆਂ ਵਿਚ ਨਾਯਾਬ ਸੀ ਤੇ ਜਿਸ ਦੀ ਪੂਰੀ ਪੂਰੀ ਜ਼ਰੂਰਤ ਤੇ ਪੂਰੀ ਕਦਰ ਮੀਰ ਮੰਨੂੰ ਨੂੰ ਸੀ। ਏਹੋ ਵਜਹ ਸੀ ਕਿ ਦੀਵਾਨ ਸਾਹਿਬ ਇਕ ਜ਼ੁਲਮਦੀ ਹਕੂਮਤ ਦੀ ਮੁਲਾਜ਼ਮਤ ਵਿਚ ਰਹਿੰਦਿਆਂ ਹੋਇਆਂ ਵੀ ਪੰਥ ਦੀ ਸੇਵਾ ਆਪਣੀ ਦਾਨਾਈ ਤੇ ਨੀਤੀ ਨਾਲ ਇਸ ਖੂਬੀ ਨਾਲ ਨਿਬਾਹ ਗਏ। ਸਿਖ ਇਤਿਹਾਸਕਾਰਾਂ ਨੇ ਤਾਰੂ ਸਿੰਘ ਸ਼ਹੀਦ ਦੀਆਂ ਕਈ ਕਰਾਮਾਤਾਂ ਲਿਖੀਆਂ ਹਨ, ਪਰ ਜੋ ਕੁਰਬਾਨੀ ਦਾ ਜਜ਼ਬਾ ਦੀਵਾਨ ਸਾਹਿਬ ਦੇ ਅੰਦਰ ਬਿਜਲੀ ਵਾਕੁਨ ਜਗਮਗਾ ਉਠਿਆ ਸੀ ਉਹ ਉਸ ਸ਼ਹੀਦ ਦੀ ਜ਼ਾਹਰਾ ਕਰਾਮਾਤ ਸੀ। ਸ਼ਹੀਦਾਂ ਦਾ ਖੂੰਨ ਕਦੇ ਮੁਫਤ ਨਹੀਂ ਡੁੱਲ੍ਹਦਾ। ਜਿਸ ਭੋਂ ਵਿਚ ਇਹ ਲਹੂ ਸਿੰਜਰਦਾ ਹੈ ਉਸ ਧਰਤੀ ਦੇ ਪੱਕੇ ਹੋਏ ਅੰਨ ਦੇ ਸਿੱਟੇ ਅੰਦਰੋਂ ਦੀ ਰਗਾਂ ਨੂੰ ਜੋਸ਼ ਦੇਂਦੇ ਹਨ। ਦੀਵਾਨ ਸਾਹਿਬ ਭਾਈ ਤਾਰੂ ਸਿੰਘ ਸ਼ਹੀਦ ਦੇ ਅੱਖੀਂ ਡਿੱਠੇ ਦ੍ਰਿਸ਼ ਦੇ ਪ੍ਰਭਾਵ ਹੇਠ ਸਨ। ਉਨ੍ਹਾਂ ਦੇ ਅੰਦਰ ਵੀ ਸ਼ਹੀਦਾਂ ਵਾਲਾ ਖੂਨ ਉਛਲਦਾ ਸੀ, ਪਰ ਉਹ ਆਪਣੀ ਰਾਜਨੀਤਕ ਸਮਝ ਨਾਲ ਅਪਣੀ ਕਰਨੀ ਕਰਤੱਵ ਨੂੰ ਉਨ੍ਹਾਂ ਲੀਕਾਂ ਉਪਰ ਟੋਰਦੇ ਸਨ ਜਿਸ ਨਾਲ ਕਿ ਅੰਦਰੋਂ ਦੀ ਹੋਕੇ ਵਹਿ ਰਹੀ ਕੌਮੀ ਇਮਾਰਤ ਨੂੰ ਛਤੀਰ ਦਾ ਸਹਾਰਾ ਦੇਈ ਰੱਖਣ। ਇਸ ਗਲ ਨੂੰ ਉਸ ਵਕਤ ਦੇ ਮੁਸਲਮਾਨ ਇਤਿਹਾਸ-ਕਾਰ ਵੀ ਪੂਰੀ ਤਰ੍ਹਾਂ ਸਮਝਦੇ ਸਨ ਤੇ ਇਸ ਦੀ ਸਾਖ ਉਨ੍ਹਾਂ ਨੇ ਅਪਣੀਆਂ ਲਿਖਤਾਂ ਵਿਚ ਭਰੀ ਹੈ†।

---

*Meer Munnoo the Governor of Lahore in the reign of Ahmed Shah alarmed at an increase of power, the evils of which had been already manifested by the devastation of the Sicques (Sikhs)in his own country, made a vigorous attack on them, it is supposed that their force would then have been annihilated, had not this people found a strennous advocate in his minister Korahmal.

†They (The Sikhs), however, at this period, received several severe checks from Mir Mannu, the Governor of Lahore, who is said, by MUHAMMEDAN AUTHORS, to have been only withheld from destroying them by the counsel of his minister, Koda Mal, himself a Sikh of the Khalasa tribe. [*Malcolm P. 91*

Digitized by Panjab Digital Library | www.panjabdigilib.org

ਦਰਬਾਰ ਸਾਹਿਬ ਦੀ ਸੇਵਾ ਵੀ ਏਸੇ ਵਕਤ ਦੀ ਹੈ। ਲਖਪਤ ਰਾਇ ਨੇ ਸਰੋਵਰ ਨੂੰ ਭਰਵਾ ਦਿੱਤਾ ਸੀ।ਉਹ ਕਾਰ ਸੇਵਾ ਹੁਣ ਦੀਵਾਨ ਸਾਹਿਬ ਨੇ ਖੁੱਲਮ ਖੁੱਲ੍ਹੇ ਤ੍ਰੀਕੇ ਤੇ ਕਰਵਾਈ ਸੀ।ਇਹ ਅਸੰਭਵ ਸੀ ਕਿ ਏਹ ਸੇਵਾ ਮੀਰ ਮੰਨੂੰ ਦੀ ਬੇਇਲਮੀ ਵਿਚ ਹੋ ਸਕੇ। ਇਸ ਉਪਰ ਆਪ ਦਾ ਗਿਆਰਾਂ ਹਜ਼ਾਰ ਰੁਪੱਯਾ ਖਰਚ ਆਇਆ। ਇਹ ਸੇਵਾ ਮਾਤਾ ਸੁੰਦਰੀ ਜੀ ਦੇ ਸਰੀਰ ਤਜਾਗਨ ਤੇਂ ਪਿੱਛੋਂ ਦੀ ਹੈ।

ਮੁਲਤਾਨ ਸੂਬੇ ਦਾ ਇੰਤਜ਼ਾਮ।

ਦੀਵਾਨ ਸਾਹਿਬ ਐਸ ਵੇਲੇ ਅਪਣੇ ਪੂਰੇ ਅਰੂਜ ਵਿਚ ਸਨ। ਠਾਠ ਬਾਠ ਸਾਰਾ ਰਾਜਸੀ ਸੀ। ਬਾਗ਼ ਬਗ਼ੀਚੇ ਮਹਲ ਮਾੜੀਆਂ ਸ਼ਾਹੀ ਚਮਤ ਦਮਕ ਵਿਚ ਸਨ। ਘੋੜਿਆਂ ਦੇ ਪੈਖਰ, ਹਾਥੀਆਂ ਦੇ ਹੌਦੇ, ਸੋਨੇ ਚਾਂਦੀ ਦੇ ਰਤਨਾਂ ਦੀ ਜਗਮਗ ਵਾਲੀ ਸ਼ਾਨ ਵਿਚ ਸਨ। ਖਿਆਲ ਕੀਤਾ ਜਾਂਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਦੀਵਾਨ ਸਾਹਿਬ ਨੇ ਆਪਣੇ ਪਿੰਡ ਇਕ ਆਲੀਸ਼ਾਨ ਰਿਹਾਇਸ਼ੀ ਮਕਾਨ ਤਿਆਰ ਕਰਵਾਇਆ ਜਿਸ ਦੇ ਨਾਮ ਤੇ ਇਸ ਪਿੰਡ ਦਾ ਨਾਉਂ ਹੀ 'ਗੜ੍ਹ-ਮਹਾਂਰਾਜਾ' ਹੋਗਿਆ। ਇਹ ਜਗ੍ਹਾ ਅਜ ਕਲ ਝੰਗ ਦੇ ਜ਼ਿਲੇ ਵਿਚ ਹੈ। ਇਹ ਮਕਾਨ ਇਕ ਵੱਡੇ ਕਿਲ੍ਹੇ ਦੀ ਸ਼ਕਲ ਦਾ ਸੀ।

ਦੀਵਾਨ ਸਾਹਿਬ ਦੀ ਤਾਕਤ ਐਸ ਵੇਲੇ ਬੜੀ ਵਧੀ ਹੋਈ ਸੀ। ਹਰ ਮੈਦਾਨ ਵਿਚ ਇਨ੍ਹਾਂ ਦਾ ਲੋਹਾ ਮੰਨਿਆ ਜਾਂਦਾ ਸੀ। ਆਸੇ ਪਾਸੇ ਦੇ ਨਵਾਬ ਆਦਿਕ ਦੀਵਾਨ ਸਾਹਿਬ ਦੀ ਅਧੀਨਗੀ ਹੇਠ ਆਉਣ ਨੂੰ ਫ਼ਖ਼ਰ ਸਮਝਦੇ ਸਨ। ਉਹ ਲੋਕ ਲਾਹੌਰ ਦੇ ਅਫਸਰਾਂ ਤੇ ਸਿਖਾਂ ਵਲੋਂ ਦੋਨੋਂ ਪਾਸਿਆਂ ਤੋਂ ਏਸ ਤਰ੍ਹਾਂ ਆਪਣੇ ਆਪ ਨੂੰ ਮਹਫੂਜ਼ ਕਰ ਲੈਂਦੇ ਸਨ।

ਮੁਲਤਾਨ ਦੇ ਸੂਬੇ ਵਿਚ ਦੀਵਾਨ ਸਾਹਿਬ ਦੇ 'ਮਹਾਰਾਜਾ' ਦੀ ਪਦਵੀ ਨਾਲ ਸਥਾਪਤ ਹੋ ਜਾਣ ਨੂੰ ਸਿਖ ਇਕ ਸਥਾਨਕ ਸ਼ਕਲ ਵਿਚ ਅਪਣਾ ਰਾਜ ਹੋ ਗਿਆ ਹੀ ਸਮਝਦੇ ਸਨ। ਏਸ ਕਰਕੇ ਦੀਵਾਨ ਸਾਹਿਬ ਦੀ ਅਧੀਨਗੀ ਹੇਠ ਆਏ ਹੋਏ ਲੋਕਾਂ ਨਾਲ ਸਿਖ ਫੌਜੀ ਸਰਦਾਰ ਸ਼ਰਣਾਗਤ ਦੀ ਲਾਜ ਪਾਲਦੇ ਸਨ। ਦੀਵਾਨ ਸਾਹਿਬ ਦੀ ਇਹ ਹਕੂਮਤ ਕੇਵਲ ਦਾਈ ਸਾਲ ਤਕ ਰਹੀ। ਏਸ ਅਰਸੇ ਵਿਚ ਜਿਸ ਤ੍ਰੀਕੇ ਨਾਲ ਉਨ੍ਹਾਂ ਸੂਬੇ ਦੇ ਇੰਤਜ਼ਾਮ ਨੂੰ ਸਿਰੇ ਚਾੜ੍ਹਿਆ ਉਹ ਉਨ੍ਹਾਂ ਦੀ ਪਰਮਯੋਗਤਾ ਦਾ ਨਮੂਨਾ ਹੈ।

ਹਰ ਕਿਸੇ ਵੀ ਹਾਕਮ ਲਈ ਇੰਤਜ਼ਾਮ ਦੇ ਸੰਬੰਧ ਵਿਚ ਚਾਰ ਮੁਖਤਲਿਫ ਕਿਸਮ ਦੇ ਸੁਵਾਲ ਇਕਦਮ ਪੈਦਾ ਹੋ ਜਾਂਦੇ ਹਨ। ਪਹਿਲੀ ਗਲ ਦੋਸਤਾਂ ਅਤੇ ਸ਼ਰਨਾਗਤਾਂ ਨਾਲ ਅੰਗ ਪਾਲਨ ਦੀ ਅਜ਼ਮਾਇਸ਼ ਹੁੰਦੀ ਹੈ। ਦੂਜੀ, ਮੁਕਾਬਲਾ ਕਰਕੇ ਡਰਾਉਣ ਵਾਲੇ ਬਾਗ਼ੀਆਂ ਦੇ ਸਾਮ੍ਹਣੇ ਆਪਣੀ ਦ੍ਰਿੜਤਾ ਦਾ ਇਮਤਿਹਾਨ ਹੁੰਦਾ ਹੈ। ਤੀਜੇ ਮੁਲਕ ਦੀ ਆਮਦਨ ਨੂੰ ਆਪਣੀ ਔਸਤ ਦੀ ਸਤਹ ਤੋਂ ਹੇਠ ਨਾ ਡਿਗਣ ਦੇਣ ਦੀ ਔਕੜ ਹੁੰਦੀ ਹੈ। ਚੌਥੇ ਰੱਯਤ ਅੰਦਰ ਹਕੂਮਤ ਲਈ ਪਿਆਰ ਅਤੇ ਅਪਣੱਤ ਦਾ ਜਜ਼ਬਾ ਉਭਾਰੀ ਰੱਖਣ ਲਈ 'ਹਮਦਰਦ' ਨੀਤੀ ਦਾ ਵੇਸ਼ ਆਪਣੇ ਮੋਢਿਆਂ ਉੱਪਰ ਚੁਕੀ ਰਖਣ ਦੀ ਤਤਪਰਤਾ ਹੁੰਦੀ ਹੈ। ਦੀਵਾਨ ਸਾਹਿਬ ਇਨ੍ਹਾਂ ਚੌਹਾਂ ਹੀ ਪਰੀਖਜਾ ਵਿਚ ਪੂਰੇ ਉਤਰਨ ਦਾ ਯਤਨ ਕਰਦੇ ਸਨ। ਅਸੀਂ ਪਿਛੇ ਚਿਕਰ ਕਰ ਆਏ ਹਾਂ ਕਿ ਬਹਾਵਲ ਪੁਰੀਏ ਸ਼ਾਹ ਨਵਾਜ਼ ਨਾਲ ਜਾ ਰਲੇ ਸਨ। ਦੀਵਾਨ ਸਾਹਿਬ ਨੇ ਇਨ੍ਹਾਂ ਨੂੰ ਤੇ ਇਨ੍ਹਾਂ ਵਰਗੇ ਹੋਰਨਾਂ ਨੂੰ ਨੀਤੀ ਦੀ ਵਿਸ਼ਾਲ ਦ੍ਰਿਸ਼ਟੀ ਨਾਲ ਨਜਿੱਠਿਆ। ਹੋ ਸਕਦਾ ਸੀ ਕਿ ਆਪ ਆਪਣੀ ਵਧੀ ਹੋਈ ਤਾਕਤ ਨਾਲ ਇਸ ਵੇਲੇ ਸ਼ਾਹਨਵਾਜ਼ ਦੇ ਸਾਰੇ ਹਮਾਇਤੀਆਂ ਨੂੰ ਤਬਾਹ ਕਰ ਦੇਂਦੇ, ਪਰ ਦੀਵਾਨ ਸਾਹਿਬ ਉਨ੍ਹਾਂ ਗੋਣਤੀ ਦੀਆਂ ਹਸਤੀਆਂ ਵਿਚੋਂ ਇਕ ਸਨ, ਜਿਨ੍ਹਾਂ ਨੂੰ 'ਪ੍ਰਭੂਤਾ' ਪ੍ਰਾਪਤ ਕਰਕੇ ਮਦ ਨਹੀਂ ਹੁੰਦਾ, ਨਤੀਜਾ ਇਹ ਹੋਇਆ ਕਿ ਬਹਾਵਲ ਪੁਰੀਆਂ ਨੇ ੪੦੦੦) ਨਜ਼ਰਾਨਾ ਪੇਸ਼ ਕੀਤਾ। ਆਪ ਨੇ ਨਵਾਬ ਬਹਾਵਲ ਖਾਂ ਨੂੰ ਬਹੁਤ ਜਗੀਰ

Digitized by Panjab Digital Library | www.panjabdigilib.org

ਬਖਸ਼ੀ, ਆਦਮ ਵਾਹਨ ਦਾ ਇਲਾਕਾ ਏਸੇ ਜਗੀਰ ਵਿਚ ਦਿੱਤਾ ਗਿਆ। ਬਹਾਵਲ ਪੁਰੀਆਂ ਨਾਲੇ ਮਿਤ੍ਰਤਾ ਏਥੋਂ ਤਕ ਪੱਕੀ ਹੋ ਗਈ ਕਿ ਨਵਾਬ ਬਹਾਵਲ ਖਾਂ ਫੇਰ ਆਪ ਵੱਲੋਂ ਹੋਕੇ ਮੈਦਾਨ ਜੰਗ ਵਿਚ ਲੜਾਈਆਂ ਲੜਦਾ ਰਿਹਾ। ਦੀਵਾਨ ਸਾਹਿਬ ਦੇ ਅੰਦਰ ਮਨੁਖ ਮਾਤ੍ਰ ਲਈ ਉਹ ਹਮਦਰਦੀ ਸੀ ਜੋ ਉਨ੍ਹਾਂ ਦੀ ਰਾਜ ਨੀਤੀ ਵਿਚ ਗੰਭੀਰਤਾ ਦਾ ਗੁਣ ਭਰਦੀ ਸੀ, ਜਿਸ ਦੀ ਅਮਲੀ ਸੂਰਤ ਜਿੱਤੇ ਹੋਏ ਦੁਸ਼ਮਨਾਂ ਨੂੰ ਨਸ਼ਟ ਕਰਨ ਦੀ ਬਜਾਏ ਉਨ੍ਹਾਂ ਨੂੰ ਦੋਸਤਾਂ ਦੀ ਫਹਿਰਿਸਤ ਵਿਚ ਸ਼ਾਮਲ ਕਰ ਲੈਣ ਵਿਚ ਫਖਰ ਕਰਨ ਦੀ ਸੀ। ਏਸ ਤਰ੍ਹਾਂ ਦੀਆਂ ਅਧੀਨਗੀਆਂ ਕਬੂਲ ਕਰਨ ਵਾਲੇ ਅਨੇਕਾਂ ਮਿੱਤ੍ਰ ਬਣ ਗਏ ਸਨ।

ਬਾਗ਼ੀਆਂ ਦਾ ਭੀ ਘਾਟਾ ਨਹੀਂ ਸੀ। ਸ਼ਾਹ ਨਵਾਜ਼ ਦੇ ਹਿਮਾਇਤੀਆਂ ਵਿਚੋਂ ਡੇਰੇ ਗਾਜ਼ੀ ਖਾਂ ਦਾ ਹਾਕਮ ਜਾਨ ਨਿਸਾਰ ਸੀ। ਇਸ ਨੇ ਬਗ਼ਾਵਤ ਦਾ ਝੰਡਾ ਖੜਾ ਕਰ ਦਿਤਾ। ਮੀਰ ਮੰਨੂੰ ਨੂੰ ਵੀ ਇਸ ਦੇ ਆਕੀ ਹੋਣ ਦੀਆਂ ਖਬਰਾਂ ਪੁੱਜ ਗਈਆਂ; ਨਤੀਜਾ ਇਹ ਹੋਇਆ ਕਿ ਦੀਵਾਨ ਸਾਹਿਬ ਨੇ ਡੇਰੇ ਗਾਜ਼ੀ ਖਾਂ ਉਪਰ ਚੜ੍ਹਾਈ ਕਰ ਦਿੱਤੀ। ਜਾਨ ਨਿਸਾਰ ਨਾਲ ਤਿੰਨ ਕੁ ਦਿਨ ਲੜਾਈ ਹੋਈ। ਇਸ ਵਿਚ ਨਵਾਬ ਬਹਾਵਲ ਖਾਂ ਵੀ ਦੀਵਾਨ ਸਾਹਿਬ ਦੇ ਨਾਲ ਸੀ। ਜਾਨ ਨਿਸਾਰ ਖਾਂ ਨੱਸ ਗਿਆ, ਏਸ ਤਰ੍ਹਾਂ ਬਾਗ਼ੀਆਂ ਦੀ ਸੋਧ ਅਤੇ ਮਿਤਰਾਂ ਦੀ ਸੰਭਾਲ ਵਿਚ ਵਕਤ ਲੰਘਦਾ ਗਿਆ।

ਦੀਵਾਨ ਸਾਹਿਬ ਵਿਚ ਇਹ ਖਾਸ ਖੂਬੀ ਸੀ ਕਿ ਉਹ ਦੋਸਤਾਂ ਦੀ ਬਹੁਤ ਕਦਰ ਕਰਦੇ ਸਨ। ਜਿਸ ਵਲੋਂ ਜ਼ਰਾ ਕੁ ਭੀ ਸ਼ਰਾਫਤ ਦੇ ਸਲੂਕ ਦਾ ਇਸ਼ਾਰਾ ਮਿਲਦਾ ਉਹ ਉਸਨੂੰ ਆਪਣੀ ਉਦਾਰਤਾ ਨਾਲ 'ਮਿੱਤ੍ਰਤਾ' ਦੀ ਹੱਦ ਤੱਕ ਪੂਰੱਕ ਕਰ ਦੇਂਦੇ। ਇਸ ਦੀ ਇਕ ਮਿਸਾਲ ਵਲੀਦਾਦ ਖਾਨ ਦਾ ਮਾਮਲਾ ਹੈ। ਇਹ ਝੰਗ ਸਿਆਲ ਦੇ ਗਿਰਦੋਨਿਵਾਹ ਦਾ ਹਾਕਮ ਸੀ। ਜਿਸ ਵੇਲੇ ਮਨਖੇੜੇ ਸ਼ਾਹ ਨਵਾਜ਼ ਨਾਲ ਰਲੇ ਸਨ ਉਸ ਵੇਲੇ ਇਸ ਸਾਰੇ ਚੌਗਿਰਦੇ ਦੀ ਵਫਾਦਾਰੀ ਵਿਚ ਤ੍ਰੇੜ ਪੈ ਗਈ ਸੀ। ਹੁਣ ਦੀਵਾਨ ਸਾਹਿਬ ਦੇ ਹਕੂਮਤ ਸੰਭਾਲਣ ਨਾਲ ਦਾਊਦ ਖਾਨ ਦਾ ਰਵੱਯਾ ਵਫਾਦਾਰੀ ਵਾਲਾ ਸੀ। ਉਸ ਦੇ ਪਾਸ ਇਸ ਵੇਲੇ ਮਾਮਲਾ ਦਾਖਲ ਕਰਨ ਲਈ ਪੈਸੇ ਨਹੀਂ ਸਨ। ਦੀਵਾਨ ਸਾਹਿਬ ਨੇ ਕੋਈ ਸਖਤੀ ਨਹੀਂ ਕੀਤੀ, ਬੜੇ ਪਿਆਰ ਅਤੇ ਹਮਦਰਦੀ ਨਾਲ ਪੇਸ਼ ਆਏ, ਸਗੋਂ ਆਪਣੇ ਨਾਲ ਇਕ ਦੌਰੇ ਦੇ ਸਿਲਸਿਲੇ ਵਿਚ ਉਸ ਨੂੰ ਲਾਹੌਰ ਲੈ ਗਏ, ਜਿਸ ਨਾਲ ਹਿਸਾਬ ਕਿਤਾਬ ਦੀ ਉਸ ਨੂੰ ਪੂਰੀ ਸਮਝ ਆ ਜਾਏ।

ਵਲੀਦਾਦ ਖਾਨ ਰਸਤੇ ਵਿਚ ਹੀ ਮਰ ਗਿਆ। ਦੀਵਾਨ ਸਾਹਿਬ ਉਸ ਦੀ ਲਾਸ਼ ਦਾ ਉਸ ਸਤਿਕਾਰ ਨਾਲ ਪ੍ਰਬੰਧ ਕੀਤਾ ਜੋ ਉਸਦੀ ਹੈਸੀਅਤ ਦੇ ਮੁਤਾਬਕ ਸੀ। ਏਸ ਇੰਤਜ਼ਾਮ ਵਿਚ ਇਹ ਗਲ ਵੀ ਜ਼ਰੂਰੀ ਸਮਝੀ ਗਈ ਕਿ ਉਸ ਦੀ ਲੋਥ ਤਾਬੂਤ ਵਿਚ ਬੰਦ ਕਰਕੇ ਝੰਗ ਸਿਆਲ ਕਿਸ਼ਤੀ ਰਾਹੀਂ ਉਸ ਦੇ ਸੰਬੰਧੀਆਂ ਦੇ ਪਾਸ ਪਹੁੰਚਾਈ ਜਾਏ, ਜੋ ਕੰਮ ਕਿ ਮੁਸਲਮਾਨੀ ਰਸਮ ਅਨੁਸਾਰ ਪੂਰਾ ਨਿਭਾਇਆ ਗਿਆ।

ਜਿਥੇ ਸਾਡੇ ਪਾਸ ਦੀਵਾਨ ਸਾਹਿਬ ਦੀ ਏਸ ਨਰਮ ਦਿਲੀ ਦੀਆਂ ਮਿਸਾਲਾਂ ਮੌਜੂਦ ਹਨ ਉੱਥੇ ਐਸੇ ਵਾਕਿਆਤ ਵੀ ਹਨ ਕਿ ਜਦ ਕਦੇ ਇੰਤਜ਼ਾਮ ਖ਼ਾਤਰ ਸਖ਼ਤੀ ਵਰਤਣ ਦੀ ਲੋੜ ਪਈ ਹੈ ਤਾਂ ਆਪ ਕਿਸੇ ਮਾਨਸਿਕ ਕਮਜ਼ੋਰੀ ਕਰਕੇ ਕਾਸਿਰ ਨਹੀਂ ਰਹੇ। ਇਸ ਦੀ ਮਿਸਾਲ ਸਾਹੀਵਾਲ ਦੀ ਲੜਾਈ ਹੈ, ਜਿਥੇ ਬਾਗੀ ਮੌਤ ਦੀ ਸਜ਼ਾ ਨੂੰ ਪ੍ਰਾਪਤ ਹੋਏ।

ਦੀਵਾਨ ਸਾਹਿਬ ਲਈ ਹੁਣ ਸਭ ਤੋਂ ਵੱਡਾ ਕੰਮ ਹੋਰ ਸੀ, ਉਹ ਸੀ ਕੋਈ ਐਸੇ ਉਪਾ ਸੋਚਣੇ ਤੇ ਬਾਨ੍ਹਣੂ ਬੰਨ੍ਹਣੇ, ਜਿਸ ਨਾਲ ਪੰਜਾਬ ਉੱਪਰ ਬਾਹਰ ਦੇ ਹਮਲੇ ਰੁਕ ਜਾਣ। ਨਿੱਤ ਨਿੱਤ ਦੇ ਪਠਾਣਾਂ ਦੇ ਧਾੜੇ ਮੁਲਕ ਵਿਚ ਕਿਸੇ ਇਕ ਵੀ ਐਸੇ ਕੰਮ ਦੇ ਪੈਰ ਨਹੀਂ ਲੱਗਣ ਦੇਂਦੇ ਸਨ, ਜਿਸ ਦੇ ਕਰਨ ਲਈ ਸ਼ਾਂਤੀ ਦਾ ਵਾਯੂ ਮੰਡਲ ਜ਼ਰੂਰੀ ਸੀ। ਖੇਤੀ ਤਾਂ ਆਦਮੀ ਰੋ ਪਿੱਟ ਕੇ ਵੀ ਹਰ ਹਾਲਤ ਭੇੜੀ ਚੰਦ੍ਰੀ ਕਰਦਾ ਹੈ, ਪਰ ਹੋਰ ਹੁਨਰ, ਬਿਉਪਾਰ, ਸੌਦਾਗਰੀ, ਕਾਰੀਗਰੀ, ਐਸੇ ਕੋਮਲ ਪੌਦੇ ਹਨ ਜੋ ਜ਼ਰਾਕੁ ਵੀ ਜ਼ਰ ਹਿੱਲਣ ਨਾਲ ਕੁਮਲਾ ਜਾਂਦੇ ਹਨ ਤੇ ਜਿਨ੍ਹਾਂ ਦੀ ਪਰਫੁੱਲਤਾ ਲਈ ਦਿਲਾਂ ਵਿਚ ਸਲਾਮਤੀ

Digitized by Panjab Digital Library | www.panjabdigilib.org

ਦਾ ਭਰੋਸਾ ਹੈਣਾ ਅਤਿ ਜ਼ਰੂਰੀ ਹੈ। ਵਾਸਤਵ ਵਿਚ, ਕਿਸੇ ਵੀ ਮੁਲਕ ਦਾ ਹੁਨਰ ਐਸੇ ਸਮਿਆਂ ਦੀ ਗੁਵਾਹੀ ਹੈ ਜੋ ਉਸ ਮੁਲਕ ਵਿਚ ਸ਼ਾਂਤੀ ਅਤੇ ਸੁਖ ਦੇ ਲੰਘੇ ਹੋਣ।

ਜਿਨ੍ਹਾਂ ਵਕਤਾਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਸ ਸਮੇਂ ਪੰਜਾਬ ਵਿਚ ਵਪਾਰ ਦੀ ਹੋ ਖੁਸ਼ਕ ਹੋ ਗਈ ਸੀ। ਸੌਦਾਗਰੀ ਦੇ ਸ਼ਾਹਰਾਹ ਬੰਦ ਪਏ ਸਨ। ਕਾਰੀਗਰੀ ਸਭ ਨਸ਼ਟ ਹੋਈ ਪਈ ਸੀ। ਕਵੀ ਭੁੱਖ ਹੋਟੇ ਖਸਤਾ ਹਾਲਤ ਵਿਚ ਸਨ। ਅਹਿਮਦ ਸ਼ਾਹ ਅਬਦਾਲੀ ਦਾ ਲੰਮਾ ਪਰਛਾਵਾਂ ਖੈਬਰ ਦੀਆਂ ਚਿੱਟੀਆਂ ਬਰਫਾਂ ਤੋਂ ਲੈਕੇ ਜਮਨਾ ਦੇ ਕਾਲੇ ਪਾਣੀ ਤਕ ਇਕ ਸਹਿਮਵਾਂ ਭੂਤ ਹੋਕੇ ਛਾਇਆ ਹੋਇਆ ਸੀ।

ਅਸੀਂ ਪਿਛੇ ਕਹਿ ਆਏ ਹਾਂ ਕਿ ਦੀਵਾਨ ਸਾਹਿਬ ਲਈ ਹੁਣ ਸਭ ਤੋਂ ਵੱਡਾ ਕੰਮ ਕੁਛ ਐਸੇ ਉਪਾ ਸੋਜਣੇ ਤੇ ਬਾਨੂੰ ਬੰਨਣੇ ਦਾ ਸੀ, ਜਿਸ ਨਾਲ ਬਾਹਰ ਦੇ ਹਮਲੇ ਰੁਕ ਜਾਣ ਤੇ ਮੁਲਕ ਦੇ ਅੰਦਰ ਸ਼ਾਂਤੀ ਵਪਾਰ ਤੇ ਹੁਨਰ ਦੀ ਪਰਫੁੱਲਤਾ ਵਧੇ। ਬਾਲ ਲੀਲ੍ਹਾ ਦੇ ਗੁਰਦਵਾਰੇ ਉਣੀਉਣੇ ਨਾਲ ਆਪ ਨੇ ਆਪਣੇ ਅੰਦਰ ਵਰਤ ਰਹੇ ਕਾਰੀਗਰੀ ਤੇ ਹੁਨਰਦੀ ਕਦਰ(appreciation)ਦਾ ਸਬੂਤ ਦੇਦਿੱਤਾ ਸੀ ਜੋ ਧਾਰਮਿਕ ਭਾਵਾਂ ਦੀ ਨੀਂਹ ਉਪਰ ਉਸਰਿਆ ਹੋਇਆ ਸੀ। ਉਧਰ ਅਬਦਾਲੀ ਭੀ ਦੀਵਾਨ ਸਾਹਿਬ ਦੀ ਵਧਦੀ ਤਾਕਤ ਨੂੰ ਦੇਖਕੇ ਖੁਸ਼ ਨਹੀਂ ਸੀ ਹੋ ਰਿਹਾ ਤੇ ਇਸਨੂੰ ਜਲਦੀ ਭੰਨਣਾ ਚਾਹੁੰਦਾ ਸੀ। ਉਸ ਦੇ ਤੀਜੇ ਹਮਲੇ ਦਾ ਮੁੱਖ ਪ੍ਰਯੋਜਨ ਜੈਸਾ ਕਿ ਅੱਗੇ ਚਲਕੇ ਉਸਦੇ ਅਪਣੇ ਲਫਜ਼ਾਂ ਤੋਂ ਸਾਬਤ ਹੋ ਜਾਵੇਗਾ, ਦੀਵਾਨ ਸਾਹਿਬ ਨੂੰ ਨਸ਼ਟ ਕਰਨ ਹਿਤ ਸੀ।

ਦੀਵਾਨ ਸਾਹਿਬ ਨਾਲ ਅਬਦਾਲੀ ਦੀ ਦੁਸ਼ਮਨੀ ਕਿਉਂ ਸੀ? ਅਬਦਾਲੀ ਸਮਝਦਾ ਸੀ ਕਿ ਸਾਰੀ ਸਿੱਖ ਤਾਕਤ ਦੀਵਾਨ ਸਾਹਿਬ ਦੇ ਨਾਲ ਸੰਗਠਤ ਹੋ ਰਹੀ ਹੈ। ਉਹ ਸਿਖਾਂ ਦੀ ਬਹਾਦਰੀ ਤੇ ਉਨ੍ਹਾਂ ਦੇ ਜੰਗੀ ਕਰਤਬਾਂ ਤੇ ਦਾਉ ਪੇਚ ਨੂੰ ਖੂਬ ਜਾਣਦਾ ਸੀ। ਸਿੱਖਾਂ ਦੀ ਜੋ ਹੁਣ ਪੁੱਛ ਪ੍ਰਤੀਤ ਤੇ ਪਰਵਰਸ਼ ਹੋ ਰਹੀ ਸੀ ਉਹ ਉਸਨੂੰ ਅਪਣੇ ਮਨਸੂਬਿਆਂ ਲਈ ਬੜੀ ਭਯਾਨਕ ਮਹਸੂਸ ਹੁੰਦੀ ਸੀ। ਉਹ ਜਾਣਦਾ ਸੀ ਕਿ ਦੀਵਾਨ ਸਾਹਿਬ ਦੀ ਲਾਡਿਰੀ ਵਿਚ ਜੋ ਸਿਖ ਫੌਜਾ ਸਰਕਾਰੀ ਜਾਂ ਨੀਮ ਸਰਕਾਰੀ ਸ਼ਕਲ ਵਿਚ ਦਾਰੂ ਸਿੱਕੇ ਨਾਲ ਸਨੱਧਬੱਧ ਹੋ ਗਈਆਂ ਤਾਂ ਪੰਜਾਬ ਤੋਂ ਨਾ ਸਿਰਫ ਪਠਾਣੀ ਅਧਿਕਾਰ ਦਾ ਹਉਆ ਹਮੇਸ਼ਾਂ ਲਈ ਉਠ ਜਾਵੇਗਾ ਸਗੋਂ ਅਫਗਾਨਿਸਤਾਨ ਨੂੰ ਪੰਜਾਬ ਵਲੋਂ ਖ਼ਤਰਾ ਹੋ ਜਾਏਗਾ। ਉਹ ਇਸ ਕਰਕੇ ਕਾਹਲਾ ਸੀ ਕਿ ਕਿਸੇ ਤਰ੍ਹਾਂ ਜਲਦੀ ਹੀ ਦੀਵਾਨ ਸਾਹਿਬ ਨਾਲ ਦੇ ਹਥ ਕਰ ਲਵੇ। ਅਬਦਾਲੀ ਦੇ ਨੁਕਤਾਨਿਗਾਹ ਤੋਂ ਇਕ ਗੱਲ ਹੋਰ ਵੀ ਸੀ। ਦੀਵਾਨ ਸਾਹਿਬ ਦੇ ਮੁਲਤਾਨ ਨੂੰ ਫਤਹ ਕਰ ਲੈਣ ਨਾਲ ਮੀਰ ਮੰਨੂੰ ਅਪਣੇ ਆਪ ਨੂੰ ਦਿੱਲੀ ਦੀ ਮਾਤਹਤੀ ਤੋਂ ਆਜ਼ਾਦ ਸਮਝਣ ਲਗ ਪਿਆ ਸੀ* ।

ਪਰ ਪੰਜਾਬ ਦਾ ਸੂਬਾ ਨਿਰੀ ਦਿੱਲੀ ਦੀ ਮਾਤਹਤੀ ਹੇਠ ਹੀ ਨਹੀਂ ਸੀ, ਪੰਜਾਬ ਵਿਚ ਕਾਬਲ ਵਾਲਿਆਂ ਦੀ ਕਾਫੀ ਦਖਲਅੰਦਾਜ਼ੀ ਸੀ। ਸੰਨ ੧੫੦੪ ਈਸਵੀ ਤੋਂ ਲੈ ਕੇ ਦੋ ਸੌ ਚੌਤੀ ਵਰ੍ਹੇ ਤਕ ਤਾਂ ਕਾਬਲ ਹਿੰਦੁਸਤਾਨ ਦਾ ਹੀ ਇਕ ਸੂਬਾ ਰਿਹਾ ਹੈ, ਪਰ ਸੰਨ ੧੭੩੯ ਵਿਚ ਨਾਦਰ ਸ਼ਾਹ ਨੇ ਇਸਨੂੰ ਖੋਹ ਲਿਆ ਸੀ। ਇਸ ਤੋਂ ਪਿਛੋਂ ਕਾਬਲ ਵਲੋਂ ਪੰਜਾਬ ਉਪਰ ਹਮਲੇ ਬਾਦ ਹਮਲੇ ਹੁੰਦੇਰਹੇ ਹਨ ਜੋ ਪੰਜਾਬ ਨੂੰ ਆਪਣਾ ਦੇਸ਼ ਸਮਝਦੇ ਰਹੇ ਹਨ। ਦੀਵਾਨ ਸਾਹਿਬ ਦੇ ਮੁਲਤਾਨ ਫਤਹ ਕਰ ਲੈਣ ਨਾਲ ਚਾਹੇ ਸਿਆਸੀ ਸ਼ਕਲ ਵਿਚ ਨਤੀਜਾ ਇਹ ਹੋਇਆ ਕੇ ਮੀਰ ਮੰਨੂੰ ਦਿੱਲੀ ਤੋਂ ਆਜ਼ਾਦੀ ਮਹਸੂਸ ਕਰਨ ਲਗ ਪਿਆ ਪਰ ਦੀਵਾਨ ਸਾਹਿਬ ਏਸ ਗਲ ਦੇ ਹੱਕ ਵਿਚ ਨਹੀਂ ਸਨ। ਉਹ ਕਾਬਲ ਵਲੋਂ ਪੂਰਾ ਸੁਤੰਤ੍ਰ ਹੋਣ ਵਿਚ ਜ਼ਿਆਦਾ ਸੁਖ ਸਮਝਦੇ ਸਨ। ਏਸ ਕਰਕੇ ਉਹ ਅਪਣਾ ਸਾਰਾ ਧਿਆਨ ਏਸ

---

*THE VICTORY MENT FOR MANNU A PRACTICAL INDEPENDENCE OF DELHI. Mannu was greatly elated and conferring the title of Maharaja on Kowra Mal for his successful generalship made him the Governor of Multan. [*Narang P.* 140

Digitized by Panjab Digital Library | www.panjabdigilib.org

ਸ੍ਵਾਲ ਨੂੰ ਹੱਲ ਕਰਨ ਉਪਰ ਖਰਚ ਕਰ ਰਹੇ ਸਨ। ਕਾਬਲ ਵਿਚ ਏਠਾ ਹੋਇਆ ਅਬਦਾਲੀ ਦਿਲ ਵਿਚ ਸਖਤ ਕੁੱਝ ਰਿਹਾ ਸੀ। ਮੁਲਤਾਨ ਦੀ ਫਤਹ ਨਾਲ ਉਸ ਨੂੰ ਦਿੱਸ ਰਿਹਾ ਸੀ ਕਿ ਪੰਜਾਬ ਦੀ ਤਾਕਤ ਸਿੱਖਾਂ ਦੇ ਦੀਵਾਨ ਸਾਹਿਬ ਦੀ ਸਰਪ੍ਰਸਤੀ ਹੇਠ ਨੀਮ ਸਰਕਾਰੀ ਤੌਰ ਤੇ ਸੰਗਠਤ ਹੋ ਜਾਣ ਨਾਲ ਬਹੁਤ ਵਧ ਗਈ ਹੈ ਤੇ ਉਹ ਇਸ ਨੂੰ ਛੇਤੀ ਭੰਨਣ ਦੇ ਆਹਰ ਵਿਚ ਸੀ, ਇਸ ਤੋਂ ਪਹਿਲੇ ਕਿ ਇਹ ਸੂਬਾ ਇਸ ਤੋਂ ਪੂਰਾ ਸ੍ਵੰਤ੍ਰ ਹੋ ਜਾਏ।

ਨਾਦਰ ਸ਼ਾਹ ਦੇ ਵੇਲੇ ਦਿੱਲੀ ਦੇ ਮੁਹੰਮਦ ਸ਼ਾਹ ਬਾਦਸ਼ਾਹ ਨੇ ਨਾਦਰ ਸ਼ਾਹ ਨੂੰ ਪੰਜਾਬ ਦੇ ਚਾਰ ਚਿਲਿਆਂ ਦਾ ਖਿਰਾਜ ਦੇਣਾ ਮੰਨ ਲੀਤਾ ਸੀ। ਦੀਵਾਨ ਸਾਹਿਬ ਦਾ ਖਿਆਲ ਸੀ ਕਿ ਅਬਦਾਲੀ ਨੂੰ (ਜੋ ਕਿ ਨਾਦਰ ਸ਼ਾਹ ਦਾ ਜਾਨਸ਼ੀਨ ਸੀ) ਖਿਰਾਜ ਭਰਨਾ ਬੰਦ ਕਰਨਾ ਚਾਹੀਦਾ ਹੈ ਤਾਕਿ ਅਫਗਾਨਿਸਤਾਨ ਤੋਂ ਸੂਬੇ ਦੀ ਸ੍ਵੰਤ੍ਰਤਾ ਵਿਚ ਕੋਈ ਘੱਕ ਨਾ ਰਹੇ; ਇਤਫਾਕ ਐਸਾ ਹੋਇਆ ਕਿ ਇਨ੍ਹਾਂ ਦਿਨਾਂ ਵਿਚ ਹੀ ਅਬਦਾਲੀ ਦਾ ਆਦਮੀ ਮਾਮਲਾ ਉਗਰਾਹੁਣ ਲਈ ਲਾਹੌਰ ਆ ਗਿਆ, ਇਹ ਰਾਜਾ ਸੁਖ ਜੀਵਨ ਸੀ।

ਦੀਵਾਨ ਸਾਹਿਬ ਭੀ ਲਾਹੌਰ ਪਹੁੰਚ ਗਏ। ਅਦੀਨਾ ਬੇਗ ਵੀ ਬੁਲਾ ਲੀਤਾ ਗਿਆ। ਆਦੀਨਾ ਬੇਗ ਦੀ ਮਰਜ਼ੀ ਐਸ ਵੇਲੇ ਅਬਦਾਲੀ ਨਾਲ ਵਿਗਾੜਨ ਦੀ ਬਿਲਕੁਲ ਨਹੀਂ ਸੀ। ਅਦੀਨਾ ਬੇਗ ਕਿਸੇ ਅਪਣੀ ਹੀ ਗਹਿਰੀ ਚਾਲ ਦੇ ਮਗਰ ਸੀ। ਉਸਨੂੰ ਐਸ ਵੇਲੇ ਜਦੋਂ ਕਿ ਲੜਾਈ ਦੀ ਵਾਗ ਡੋਰ ਦੀਵਾਨ ਸਾਹਿਬ ਦੇ ਹੱਥ ਹੋਣੀ ਸੀ ਕਿਸੇ ਵੀ ਜੰਗ ਦਾ ਛਿੜਨਾ ਮੁਆਫਕ ਨਹੀਂ ਸੀ। ਉਹ ਸਮਝਦਾ ਸੀ ਕਿ ਏਸ ਨਾਲ ਸਿਖਾਂ ਦੀ ਤਾਕਤ ਬਹੁਤ ਹੀ ਵਧ ਜਾਏਗੀ, ਜੋ ਉਸ ਲਈ ਹਾਨੀਕਾਰਕ ਹੋਵੇਗੀ। ਅਦੀਨਾ ਬੇਗ ਆਪੂੰ ਇਕ ਪਾਸ਼ਕੂ ਦਾ ਵੱਟਾ ਬਣਕੇ ਰਹਿਣਾ ਚਾਹੁੰਦਾ ਸੀ—ਸਿਖ, ਅਬਦਾਲੀ ਅਤੇ ਦਿੱਲੀ ਦੀਆਂ ਤੁਲੀਆਂ ਹੋਈਆਂ ਤਾਕਤਾਂ ਦੇ ਵਿਚਕਾਰ*।

ਦੀਵਾਨ ਸਾਹਿਬ ਏਸ ਮਾਮਲੇ ਵਿਚ ਅਪਣੀ ਤਬੀਅਤ ਨੂੰ ਸਖਤ ਕਰ ਰਹੇ ਸਨ। ਬਹੁਤ ਜੱਚ-ਵਿੱਚੀਆਂ ਬਾਦ ਆਖਰ ਇਹ ਫੈਸਲਾ ਹੋਇਆ ਕਿ ਐਸ ਵੇਲੇ ਤਾਂ ਕੁਛ ਮਾਮਲਾ ਤਾਰ ਦਿਤਾ ਜਾਏ ਤੇ ਅਗਲੇ ਸਾਲ ਅਹਿਮਦ ਸ਼ਾਹ ਨਾਲ ਜੰਗ ਕੀਤਾ ਜਾਏ ਤੇ ਇਸ ਦੀ ਤਿਆਰੀ ਹੁਣੇ ਤੋਂ ਸ਼ੁਰੂ ਹੋ ਜਾਏ। ਰਾਜਾ ਸੁਖ ਜੀਵਨ ਜਿਸ ਵੇਲੇ ਵਾਪਸ ਗਿਆ ਤਾਂ ਮਲੂਮ ਹੁੰਦਾ ਹੈ ਕਿ ਉਹ ਨਿਰਾ ਮਾਮਲਾ ਹੀ ਲੇਕੇ ਅਬਦਾਲੀ ਪਾਸ ਨਹੀਂ ਅੱਪੜਿਆ, ਉਹ ਇਹਨਤੀਜਾ ਵੀ ਨਾਲ ਹੀ ਕੱਢ ਕੇ ਲੈ ਗਿਆ ਕਿ ਅਦੀਨਾ ਬੇਗ ਦਾ ਰੁਖ ਮਿਤ੍ਰਤਾ ਵਾਲਾ ਹੈ ਤੇ ਵਿਰੋਧੀ ਦੀ ਸਖਤੀ ਦਾ ਮੂਲ ਕਾਰਣ ਦੀਵਾਨ ਸਾਹਿਬ ਹੀ ਹਨ। ਇਹ ਨਤੀਜਾ ਹੋਣ ਵਾਲੇ ਵਾਕਿਆਤ ਉੱਪਰ ਬੜਾ ਗਹਿਰਾ ਅਸਰ ਰੱਖਣ ਵਾਲਾ ਸਾਬਤ ਹੋਇਆ। ਹੁਣ ਦੂਜੀ ਵੇਰ ਅਬਦਾਲੀ ਨੇ ਬਾਰੂਖਾ ਸਫੀਰ ਨੂੰ ਮਾਮਲੇ ਦੀ ਵਸੂਲੀ ਲਈ ਭੇਜਿਆ। ਮਾਮਲਾ ਹੁਣ ਵੀ ਤਿਆਰ ਨਹੀਂ ਸੀ। ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਨੂੰ ਮੁਲਤਾਨੋਂ ਸੱਦਿਆ। ਦੀਵਾਨ ਸਾਹਿਬ ਲਾਹੌਰ ਪੁੱਜੇ। ਦੋਸ਼ਨਾਈ ਦਰਵਾਜ਼ੇ ਬਾਦਸ਼ਾਹੀ ਮਸਜਦ ਦੇ ਪਾਸ ਡੇਰਾ ਕੀਤਾ, ਮੀਰ ਮੰਨੂੰ ਦੀਵਾਨ ਸਾਹਿਬ ਨੂੰ ਮਿਲਿਆ। ਮਸਤੀ ਦਰਵਾਜ਼ੇ ਵਾਲੇ ਪਾਸਿਓਂ ਦੋਨੋਂ ਸ਼ਹਿਰ ਵਿਚ ਦਾਖਲ ਹੋਏ। ਦਾਖਲਾ ਜਲੂਸ ਦੀ ਸ਼ਕਲ ਦਾ ਸੀ। ਬਾਰੂ ਖਾਂ ਦੀਵਾਨ ਸਾਹਿਬ ਦੀ ਇਸ ਸ਼ਾਨੋ ਸ਼ੌਕਤ ਨੂੰ ਦੇਖ ਕੇ ਹੈਰਾਨ ਰਹਿ ਗਿਆ। ਦੁਰਾਨੀਆਂ ਵਲੋਂ ਮਾਮਲੇ ਦੀ ਵਸੂਲੀ ਵਾਸਤੇ ਕੋਝੇ ਤੇ ਹੱਤਕ ਭਰੇ ਵਰਤਾਉ ਨੂੰ ਵੇਖ ਕੇ ਮੀਰ ਮੰਨੂੰ ਨੇ ਮਾਮਲਾ ਦੇਣੋਂ ਨਾਂਹ ਕਰ ਦਿੱਤੀ ਤੇ ਬਾਰੂ ਖਾਂ ਜਿਹਾ ਆਇਆ ਸੀ ਉਸੇ ਤਰ੍ਹਾਂ ਖਾਲੀ ਮੁੜ ਗਿਆ। ਉਸ ਨੇ ਜਾਕੇ ਲਾਹੌਰ ਦੇ ਹਾਕਮਾਂ ਵਿਰੁੱਧ ਬਹੁਤ ਕੁਛ ਕਿਹਾ, ਜਿਸ ਦਾ ਨਤੀਜਾ ਅਬਦਾਲੀ ਦਾ ਤੀਜਾ ਹਮਲਾ ਹੋਇਆ।

---

*Adina Beg, the last and most famous of the Governors of Jullundur played an important part during the downfall of Muhammedan power in the Punjab, holding the balance between the Delhi Emperor, the Sikhs, and Ahmed Shah Durrani.

[*Imperial Gazetteer of India 1908 Vol XIV P. 223*

Digitized by Panjab Digital Library | www.panjabdigilib.org

ਅਬਦਾਲੀ ਦਾ ਤੀਜਾ ਹਮਲਾ।

ਅਬਦਾਲੀ ਦੇ ਇਸ ਤੀਜੇ ਹਮਲੇ ਦੇ ਹਾਲਾਤ ਬੜੇ ਪੇਚੀਦਾ ਹਨ, ਪਰ ਸੰਖੇਪ ਨਾਲ ਅਸੀਂ ਇਤਨਾ ਦੱਸਣਾ ਚਾਹੁੰਦੇ ਹਾਂ ਕਿ ਲੜਾਈ ਦਾ ਸਾਰਾ ਬੋਝ ਦੀਵਾਨ ਸਾਹਿਬ ਦੇ ਮੋਢਿਆਂ ਉਪਰ ਆ ਪਿਆ। ਜਿਤਨੀ ਉਨ੍ਹਾਂ ਦੀ ਜ਼ਿੰਮੇਵਾਰੀ ਵਧਦੀ ਗਈ ਉਤਨੀ ਹੀ ਉਨ੍ਹਾਂ ਦੀ ਤਬੀਅਤ ਚਿਆਦਾ ਉਤਸਾਹ ਵਿਚ ਚੜ੍ਹਦੀ ਗਈ। ਉਤਸਾਹ ਨੂੰ ਜੇ ਕੋਈ ਘੱਟ ਕਰਨਵਾਲੀ ਗੱਲ ਸੀ ਤਾਂ ਉਹ ਅਪਣੇ ਕੈਂਪ ਵਿਚ ਗੱਦਾਰੀ ਦੇ ਦਿੰਨ ਸਨ, ਜਿਨ੍ਹਾਂ ਦਾ ਪਰਛਾਵਾਂ ਲਿਸ਼ਕਦੀਆਂ ਤਲਵਾਰਾਂ ਉਪਰ ਕਾਲੱਤਨ ਦੇ ਦਾਗ਼ ਪਾ ਰਿਹਾ ਸੀ। ਦੀਵਾਨ ਸਾਹਿਬ ਇਸ ਗੱਦਾਰੀ ਦੀ ਸੰਭਵਤਾ ਦਾ ਇਲਾਜ ਖਾਲਸੇ ਦੀ ਵਧੀ ਹੋਈ ਤਾਕਤ ਦੀ ਸਹਾਇਤਾ ਵਿਚ ਸਮਝਦੇ ਸਨ। ਖਾਲਸੇ ਲਈ ਵੀ ਇਹ ਗ਼ਨੀਮਤ ਮੌਕਿਆ ਸੀ। ਮੁਗ਼ਲੀਆ ਹਾਕਮ ਪੰਜਾਬ ਵਿਚ ਸਿੱਖਾਂ ਨਾਲ ਹਕੂਮਤ ਦੇ ਸਿਲਸਿਲੇ ਵਿਚ ਹਰ ਜਾਇਜ਼ ਸਮਝੌਤੇ ਲਈ ਤਿਆਰ ਸਨ। ਸਵਾਲ ਕੇਵਲ ਪਠਾਣਾਂ ਨੂੰ ਬਾਹਰ ਰੱਖਣ ਦਾ ਸੀ। ਦੀਵਾਨ ਸਾਹਿਬ ਨੇ ਹੁਣ ਇਹ ਮੀਰ ਮੰਨੂੰ ਕੋਲੋਂ ਫੈਸਲਾ ਕਰਵਾ ਦਿਤਾ ਕਿ ਅੱਗੋਂ ਤੋਂ ਪੰਜਾਬ ਦੇ ਮਾਲੀਏ ਵਿਚੋਂ ਸਿੱਖਾਂ ਨੂੰ ਇਕ ਮਾਕੂਲ ਹਿੱਸਾ ਦਿਤਾ ਜਾਵੇਗਾ। ਇਸ ਦੀ ਸ਼ਕਲ ਪੜੋਲ, ਕਠੂਹਾ, ਬਸੋਹਲੀ, ਦੂਨ ਤੇ ਪਹਾੜੀ ਇਲਾਕੇ ਵਿਚ ਮਾਮਲੇ ਦੀ ਉਗਰਾਹੀ ਦੇ ਸੁਤੰਤ੍ਰ ਅਧਿਕਾਰ ਦੀ ਹੋਵੇਗੀ*। ਇਸ ਤੋਂ ਇਲਾਵਾ ਮੁਲਕੀ ਸ਼ਕਲ ਦੀਆਂ ਕਈ ਰਿਅਤਾਂ ਸਨ ਇਨ੍ਹਾਂ ਇਕਰਾਰਾਂ ਤੋਂ ਐਉਂ ਜ਼ਾਪਦਾ ਸੀ ਕਿ ਜੇ ਅਬਦਾਲੀ ਨੂੰ ਹਾਰ ਹੋ ਗਈ ਤਾਂ ਪੰਜਾਬ ਵਿਚ ਸਿੱਖਾਂ ਅਤੇ ਮੁਗਲਾਂ ਦੀ ਸਥਾਨਕ ਰੂਪ ਵਿਚ ਹਕੂਮਤ ਦੇ ਸਾਂਝੇ ਅਧਿਕਾਰ ਹੋ ਜਾਣਗੇ।

ਕਿਸਮਤ ਵਿਚ ਕੁਛ ਹੋਰ ਠਟੀ ਹੋਈ ਸੀ। ਖਾਲਸੇ ਦੀ ਫੌਜ ਆ ਤੇ ਗਈ, ਪਰ ਦੁਸ਼ਮਨ ਨਾਲ ਲੜਨ ਦੀ ਬਜਾਏ ਆਪਸ ਵਿਚ ਘੋਲ ਮਚਾ ਬੈਠੀ। ਭੰਗੀ ਸਰਦਾਰ ਅਤੇ ਰਾਮਗੜ੍ਹੀਏ ਸਰਦਾਰ ਕਿਸੇ ਗਲੋਂ ਝਗੜ ਪਏ। ਸਰਦਾਰ ਖੁਸ਼ਹਾਲ ਸਿੰਘ ਰਾਮਗੜ੍ਹੀਆ ਮਾਰਿਆ ਗਿਆ। ਭੰਗੀਆਂ ਦਾ ਡੇਰਾ ਲੁੱਟਿਆ ਗਿਆ†। ਨਤੀਜਾ ਇਹ ਹੋਇਆ ਕਿ ਭੰਗੀ ਜੱਥਾ ਜੋ ਦਸ ਕੁ ਹਜ਼ਾਰ ਦੀ ਗਿਣਤੀ ਦਾ ਸੀ ਵਾਪਸ ਮੁੜ ਗਿਆ। ਬਾਕੀ ਦੀ ਸਿਖ ਫੌਜ ਵਿਚ ਵੀ ਕੁਛ ਬੇਦਿਲੀ ਜੇਹੀ ਫੈਲ ਗਈ। ਲਾਹੌਰ ਸ਼ਹਿਰ ਵਿਚ ਗਊ ਹੱਤਜਾ ਕਾਰਣ ਮੁਸਲਮਾਨਾਂ ਨਾਲ ਵੀ ਕੁਛ ਬਦਮਜ਼ਗੀ ਹੋ ਗਈ। ਆਪ ਹੁਧਰੀ ਏਥੋਂ ਤਕ ਵਧੀ ਕਿ ਫੌਜ ਦੇ ਇਕ ਹਿਸੇ ਨੇ ਬਗੈਰ ਸਲਾਹ ਮਸ਼ਵਰੇ ਦੇ ਰਾਵੀ ਤੋਂ ਪਾਰ ਹੋ ਹੱਲਾ ਬੋਲ ਦਿਤਾ। ਇਸ ਜਥੇ ਦਾ ਕਾਫੀ ਸਾਰਾ ਹਿੱਸਾ ਲੜਦਾ ਮਾਰਿਆ ਗਿਆ। ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਵਾਲੇ ਏਸੇ ਹੱਲੇ ਵਿਚ ਸ਼ਹੀਦ ਹੋਏ।

ਸੁੱਖਾ ਸਿੰਘ ਦਾ ਖਿਆਲ ਸੀ ਕਿ ਬਗੈਰ ਕਿਸੇ ਨਾਲ ਸਲਾਹ ਮੇਚੇ ਆਪ ਅਬਦਾਲੀ ਨਾਲ ਦੋ ਹੱਥ ਕਰ ਲਵੇ, ਉਸਨੂੰ ਕਤਲ ਕਰ ਦੇਵੇ ਤੇ ਮੈਦਾਨ ਮਾਰ ਲਵੇ, ਜੋ ਗਲ ਕਿ ਸਿਰੇ ਨਾ ਚੜ੍ਹੀ। ਜਦ ਸੁੱਖਾ ਸਿੰਘ ਆਪਣੇ ਜੱਥੇ ਨੂੰ ਲੈਕੇ ਅੱਗੇ ਵਧਿਆ ਸੀ ਤਾਂ ਬਾਕੀ ਦੇ ਜੱਥੇ ਸ਼ਾਲਾਮਾਰ ਦੇ ਬਾਗ ਦੇ ਮੋਰਚਿਆਂ ਵਿਚ ਪਹੁੰਚ ਚੁਕੇ ਸਨ। ਦੀਵਾਨ ਸਾਹਿਬ ਦੀ ਸਕੀਮ ਏਹੋ ਸੀ ਕਿ ਸਾਰੀ ਸਿਖ ਫੌਜ ਪਹਿਲੇ ਮੋਰਚਿਆਂ ਵਿਚ ਬਿਠਾ ਦਿੱਤੀ ਜਾਵੇ, ਜੋ ਗਲ ਕਿ ਅਧੂਰੇ ਤ੍ਰੀਕੇ ਨਾਲ ਸਫਲ ਹੋਈ। ਹੁਣ ਇਕ ਗਲ ਹੋਰ ਖਰਾਬ ਹੋ ਗਈ। ਦਿੱਲੀ ਵੱਲੋਂ ਜੋ ਸਹਾਇਤਾ ਦੀ ਉਮੇਦ ਸੀ, ਉਹ ਲੱਥ ਗਈ। ਵਜ਼ੀਰ ਸਫਦਰ ਜੰਗ ਨੇ ਕੋਈ ਕੁਮਕ ਨਾ ਘੱਲੀ। ਉਹ ਮੀਰ ਮੰਨੂੰ ਦਾ ਦਿਲੋਂ ਦੁਸ਼ਮਨ ਸੀ ਤੇ ਉਸਦੀ ਤਬਾਹੀ ਉਪਰ ਖੁਸ਼ ਸੀ।

---

*ਬਿਸ ਗ਼ਨੀਮ ਕੋ ਮੋੜਿ ਕੋ, ਫਿਰ ਹਮ ਕਰ ਹੈਂ ਗੱਲ।
ਆਕੀ ਜੋ ਹਮ ਤੇ ਰਹੈਂ ਲਯੇ ਮੁਲਕ ਤੁਮ ਮੱਲ।"
ਪੜੋਲ ਕਠੂਹੇ ਬਸੋਹਲੀ ਵਾਗੀ। ਲੇਹੁ ਬਦਲੇ ਤੁਮ ਦੂਣ ਭੀ ਸਾਗੀ। [ਰਤਨ ਸਿੰਘ ਭੰਗੂ, ਸਫਾ ੩੧੯

†ਹਰੀ ਸਿੰਘ ਭੰਗੀ ਦਗਾ ਕਮਾਯਾ। ਕੁਸ਼ਾਲ ਸਿੰਘ ਰਾਮਗੜ੍ਹੀਆ ਆਯਾ।
ਸਭ ਸਿੰਘਨ ਨੇ ਮਾਨਯੋ ਬੁਰਾ। ਡੇਰਾ ਭੰਗੀਅਨ ਲੂਟਨ ਕਰਾ। [ਰਤਨ ਸਿੰਘ ਭੰਗੂ, ਸਫਾ ੩੧੯

Digitized by Panjab Digital Library | www.panjabdigilib.org

ਇਸ ਜੰਗ ਨੂੰ ਸ਼ੁਰੂ ਹੋਇਆਂ ਲਗ ਪਗ ਚਾਰ ਮਹੀਨੇ ਹੋ ਗਏ ਸਨ। ਮੀਰ ਮੰਨੂੰ ਨੇ ਆਪਣੇ ਸਲਾਹਕਾਰ ਭਿਖਾਰੀ ਖਾਨ, ਦੀਵਾਨ ਕੌੜਾ ਮਲ ਤੇ ਅਦੀਨਾ ਬੇਗ ਸਲਾਹ ਕਰਨ ਲਈ ਮਜਲਸ ਵਿਚ ਸੱਦੇ। ਭਿਖਾਰੀ ਖਾਂ ਨੇ ਕਿਹਾ ਕਿ ਵੈਰੀ ਦੀ ਸੈਨਾ ਜ਼ਿਆਦਾ ਹੈ ਉਸ ਦੇ ਪਾਸ ਜੰਗ ਦਾ ਸਾਮਾਨ ਵੀ ਕਾਫੀ ਹੈ, ਇਸ ਲਈ ਸੁਲਹ ਕਰ ਲੈਣੀ ਚਾਹੀਦੀ ਹੈ।

ਅਦੀਨਾ ਬੇਗ ਨੇ ਕਿਹਾ ਕਿ ਮੈਂ ਸੁਲਹ ਦੇ ਹੱਕ ਵਿਚ ਨਹੀਂ, ਇੰਜ ਸਾਡੀ ਪਤ ਨਹੀਂ ਰਹੇਗੀ, ਵੇਲਾ ਲੜਨ ਮਰਨ ਦਾ ਹੈ, ਮੋਰਚੇ ਛੱਡਕੇ ਬਾਹਰ ਨਿਕਲਣਾ ਚਾਹੀਦਾ ਹੈ।

ਦੀਵਾਨ ਕੌੜਾ ਮਲ ਨੇ ਕਿਹਾ ਕਿ ਨਾ ਤਾਂ ਮੈਂ ਹਾਰ ਮੰਨ ਕੇ ਸੁਲਹ ਕਰਨ ਦੇ ਹੱਕ ਵਿਚ ਹਾਂ ਤੇ ਨਾ ਹੀ ਹੁਣੇ ਲੜਾਈ ਕਰਨ ਦੇ। ਹਾਰ ਮੰਨਣੀ ਵੱਟਾ ਹੈ ਤੇ ਦੁਣੇ ਲੜਨਾ ਜਾਣਕੇ ਹਾਰ ਗਲ ਪੁਆਉਣੀ ਹੈ। ਸਾਡੀ ਫੌਜੀ ਭਰਤੀ ਨਵੀਂ ਹੈ, ਇਹ ਐਸ ਵੇਲੇ ਅਹਿਮਦ ਸ਼ਾਹ ਦੀ ਤਜਰਬੇਕਾਰ ਫੌਜ ਨਾਲ ਲੜਕੇ ਕਾਮਯਾਬ ਨਹੀਂ ਹੋ ਸਕੇਗੀ, ਇਸ ਵਾਸਤੇ ਕੁਛ ਦਿਨ ਹੋਰ ਮੋਰਚਿਆਂ ਵਿਚ ਬੈਠੇ ਰਹਿਣਾ ਚਾਹੀਦਾ ਹੈ। ਭਾਦੋ ਦੇ ਮਹੀਨੇ ਨੂੰ ਗਰਮੀਆਂ ਦਾ ਜ਼ੋਰ ਹੋ ਜਾਏਗਾ, ਵੈਰੀ ਗਰਮੀ ਸਹਾਰ ਨਹੀਂ ਸਕਦਾ, ਇਕ ਪਾਸਿਓਂ ਗਰਮੀਤੇ ਦੂਜੇ ਪਾਸਿਓਂ ਸਾਡਾ ਖ਼ਾਲਸਾ ਵੈਰੀ ਦੇ ਪੈਰ ਉਖੇੜ ਦੇਵੇਗਾ, ਇਸ ਵਾਸਤੇ ਕੁਛ ਦਿਨ ਹੋਰ ਸਬਰ ਕਰਨਾ ਚਾਹੀਦਾ ਹੈ।

ਅਸੀਂ ਪਿਛੇ ਦੱਸ ਆਏ ਹਾਂ ਕਿ ਮੀਰ ਮੰਨੂੰ ਸੂਝ ਦਾ ਬੜਾ ਕਾਹਲਾ ਸੀ। ਇਹ ਬੜੀ ਜਲਦੀ ਛਿੱਬਾ ਪੈ ਜਾਂਦਾ ਸੀ। ਅਗੇ ਵਧਕੇ ਲੜੀ ਜਾਨ ਨਾਲ ਤਾਂ ਇਸ ਦਾ ਜੋਸ਼ ਵਾਧੇ ਤੇ ਹੋ ਜਾਂਦਾ ਸੀ, ਪਰ ਅਪਣੇ ਆਪ ਨੂੰ ਕਿਲ੍ਹੇ ਬੰਦ ਕਰਕੇ ਬਿਠਾਈ ਰਖਣ ਲਈ ਏਸ ਵਿਚ ਸਬਰ ਨਹੀਂ ਸੀ। ਜਿਤਨਾ ਵਕਤ ਮੋਰਚਿਆਂ ਵਿਚ ਬੈਠੇ ਲੰਘ ਰਿਹਾ ਸੀ ਇਸ ਦੇ ਦਿਮਾਗ ਨੂੰ ਸਖਤ ਛਿੱਬਾ ਕਰ ਰਿਹਾ ਸੀ। ਆਖਰ ਇਕ ਦਿਨ ਆਮੋ ਸਾਮ੍ਹਣੇ ਮੁਕਾਬਲੇ ਦੀਆਂ ਫੌਜਾਂ ਦੀ ਟੱਕਰ ਹੋ ਗਈ। ਮੀਰ ਮੰਨੂੰ ਦਾ ਪਾਸਾ ਭਾਰਾ ਰਿਹਾ। ਅਬਦਾਲੀ ਦਾ ਨੁਕਸਾਨ ਕਾਫੀ ਹੋਇਆ ਤੇ ਉਹ ਕੁਛ ਪਿੱਛੇ ਹਟ ਗਿਆ। ਲੜਾਈ ਅੱਠ ਦਸ ਦਿਨ ਬੰਦ ਰਹੀ। ਪਰ ਦੋਨੋਂ ਪਾਸਿਓਂ ਜੰਗ ਦੀ ਤਿਆਰੀ ਬਰਾਬਰ ਜਾਰੀ ਰਹੀ। ਇਸ ਅਰਸੇ ਵਿਚ ਕੁਛ ਸੁਲਹ ਦੀ ਗਲ ਬਾਤ ਵੀ ਹੁੰਦੀ ਰਹੀ। ਪਹਿਲੇ ਹੱਲੇ ਵਿਚ ਝੱਕ ਖਾ ਕੇ ਅਬਦਾਲੀ ਦਾ ਜੋਸ਼ ਵੀ ਕੁਛ ਠੰਢਾ ਪੈ ਗਿਆ ਸੀ। ਉਸ ਨੇ ਸੁਨੇਹਾਂ ਭੇਜਿਆ ਕਿ ਅਗਰ ਪੰਜ ਲੱਖ ਰੁਪੱਯਾ ਹਰਜਾਨਾ ਤਾਰ ਦੇਵੇ ਤਾਂ ਮੈਂ ਪਿੱਛੇ ਮੁੜ ਜਾਂਦਾ ਹਾਂ। ਮੀਰ ਮੰਨੂੰ ਦੇ ਸਲਾਹਕਾਰ ਵੀ ਢਿੱਲੇ ਮੱਠੇ ਸਨ, ਪਰ ਦੀਵਾਨ ਸਾਹਿਬ ਦੀ ਰਾਇ ਇਨ੍ਹਾਂ ਸਾਰਿਆਂ ਦੇ ਵਿਰੁੱਧ ਸੀ। ਉਹ ਅਬਦਾਲੀ ਦੀ ਜੜ੍ਹ ਉਖੇੜਨਾ ਚਾਹੁੰਦੇ ਸਨ। ਭਾਵੇਂ ਦਿੱਲੀ ਦੀ ਮਦਦ ਨਹੀਂ ਪਹੁੰਚੀ ਸੀ, ਭਾਵੇਂ ਸਿੱਖਾਂ ਦੀ ਸਹਾਇਤਾ ਅਧੂਰੀ ਜਹੀ ਸੀ, ਭਾਵੇਂ ਬਾਕੀ ਹੋਰ ਸਾਥੀ ਸਾਰੇ ਦੇ ਸਾਰੇ ਠੰਢੇ ਠਾਰ ਸਨ, ਦੀਵਾਨ ਸਾਹਿਬ ਨੂੰ ਆਪਣੇ ਬਾਹੂ ਬਲ ਉੱਤੇ ਪੂਰਾ ਭਰੋਸਾ ਸੀ। ਦੀਵਾਨ ਸਾਹਿਬ ਨੇ ਕਿਹਾ, "ਮੇਰੀ ਤਾਂ ਇਹ ਇੱਛਾ ਹੈ ਕਿ ਸਵੇਰੇ ਤਕੜੇ ਹੋਕੇ ਹੱਲਾ ਕੀਤਾ ਜਾਵੇ, ਮੈਂ ਆਪ ਸਵੇਰੇ ਜਹਾਨ ਖਾਂ ਦੇ ਮੁਕਾਬਲੇ ਜਾਵਾਂਗਾ ਯਾ ਉਸ ਦਾ ਸਿਰ ਵੱਢ ਲਿਆਵਾਂਗਾ ਯਾ ਉਸਨੂੰ ਕੈਦ ਕਰ ਲਿਆਵਾਂਗਾ"*। ਇਸ ਗਲ ਨਾਲ ਸਾਰੇ ਫੌਜੀ ਅਫਸਰਾਂ ਦੇ ਦਿਲਾਂ ਵਿਚ ਬਿਜਲੀ ਦੀ ਰੌ ਫਿਰ ਗਈ, ਕੇਵਲ ਅਦੀਨਾ ਬੇਗ ਅੱਖਾਂ ਅਧ ਮੀਟੀਆਂ ਕਰਕੇ ਮੁਸਕਰਾਉਂਦਾ ਰਿਹਾ।

ਦੀਵਾਨ ਸਾਹਿਬ ਦੀ ਸ਼ਹੀਦੀ।

ਮੀਰ ਮੰਨੂੰ ਦੇ ਸਲਾਹਕਾਰ ਜਾਂ ਤਾਂ ਜੰਗ ਲਈ ਕਾਹਲੇ ਸਨ ਜਾਂ ਸੁਲਹ ਲਈ। ਉਹ ਜਲਦੀ ਹੀ ਕਿਸੇ ਨਤੀਜੇ ਉਪਰ ਅੱਪੜਨਾ ਚਾਹੁੰਦੇ ਸਨ। ਦੀਵਾਨ ਸਾਹਿਬ ਦੀ ਰਾਏ ਏਸ ਸੁਲਹ ਤੋਂ ਬਿਲਕੁਲ ਵਿਰੁੱਧ ਸੀ। ਓਹ ਆਪਣੀਆਂ ਬਾਹਾਂ ਵਿਚ ਇਤਨੀ ਤਾਕਤ ਤਾਂ ਸਮਝਦੇ ਸਨ ਕਿ ਜਹਾਨ ਖਾਂ ਦਾ

*ਗੰਡਾ ਸਿੰਘ, ਮੁਹੰਮਦ ਸਾਲਿਹ ਕੁਦਰਤ ਤਾਰੀਖ ਆਲੀ, ਸਫਾ ੧੭੭-੧੮੧ ਦੇ ਆਧਾਰ ਉਪਰ।

Digitized by Panjab Digital Library | www.panjabdigilib.org

ਸਿਰ ਵੱਢ ਲਿਆਵਣ,ਪਰ ਓਹ ਚਾਹੁੰਦੇ ਏਹੋ ਸਨ ਕਿ ਛੋਟੀਆਂ ਮੋਟੀਆਂ ਲੜਾਈਆਂ ਦੇ ਬਾਵਜੂਦ ਜੰਗ ਨੂੰ ਲਮਕਾਇਆ ਜਾਏ। ਇਹ ਗਲ ਮੀਰ ਮੰਨੂੰ ਦੇ ਸੁਭਾ ਦੇ ਐਨ ਵਿਰੁੱਧ ਸੀ ਸੋ ਇਹ ਪਹਿਲਾ ਮੌਕਿਆ ਆਇਆ ਜਦ ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਦੀ ਰੱਲ ਨੂੰ ਨਾ ਮੰਨਿਆ ਤੇ ਅਦੀਨਾ ਬੇਗ ਦੇ ਕਹੇ ਤੇ ਮੈਦਾਨ ਜੰਗ ਵਿਚ ਝਟ ਪਟ ਕੁੱਦਣ ਨੂੰ ਤਿਆਰ ਹੋ ਗਿਆ।

੬ ਮਾਰਚ ੧੭੫੨ ਈਸਵੀ ਸ਼ੁਕਰਵਾਰ ਸਵੇਰੇ ਮੀਰ ਮੰਨੂੰ ਦੀ ਫੌਜ ਮੋਰਚਿਆਂ ਵਿਚੋਂ ਨਿਕਲ ਆਈ। ਸ਼ਾਲਾਮਾਰ ਬਾਗ਼ ਦੇ ਉੱਤਰ ਵਾਲੇ ਪਾਸੇ ਮਹਮੂਦ ਬੂਟੀ ਪਿੰਡ ਦੇ ਲਾਗੇ ਉਚੀ ਥਾਂ ਤੇ ਤੋਪ ਖੜੀ ਕਰ ਦਿਤੀ। ਛੇਤੀ ਹੀ ਪਤਾ ਲਗ ਗਿਆ ਕਿ ਤੋਪ ਦੇ ਵਾਸਤੇ ਗੋਲਾ ਬਾਰੂਦ ਇੰਨਾ ਥੋੜਾ ਹੈ ਕਿ ਮੁਸ਼ਕਲ ਨਾਲ ਦੋ ਚਾਰ ਫਾਇਰ ਹੀ ਹੋ ਸਕਣਗੇ। ਤੋਪ ਦੇ ਟਾਕਰੇ ਤੇ ਦੁਰਾਨੀਆਂ ਨੇ ਊਠਾਂ ਵਾਲੀਆਂ ਤੋਪਾਂ ਆਂਦੀਆਂ, ਫਿਰ ਘੜ ਸਵਾਰ ਸਦੇ। ਦੋਨਾਂ ਪਾਸਿਆਂ ਤੋਂ ਚੰਙਵੇਂ ਜੁਵਾਨ ਸਾਹਮਣੇ ਹੋਏ,ਪਰ ਦਿਨ ਭਰ ਦੀ ਲੜਾਈ ਮਗਰੋਂ ਮੀਰ ਮੰਨੂੰ ਦੀ ਸੈਨਾਂ ਨੂੰ ਮੁੜ ਮੋਰਚਿਆਂ ਵਿਚ ਜਾਣਾ ਪਿਆ। ਏਸ ਦਿਨ ਦੀਵਾਨ ਸਾਹਿਬ ਜਹਾਨ ਖਾਂ ਦੇ ਸਾਹਮਣੇ ਮੋਰਚੇ ਵਿਚ ਰਹੇ। ਉਨ੍ਹਾਂ ਦਾ ਖਿਆਲ ਇਨ੍ਹਾਂ ਮੋਰਚਿਆਂ ਨੂੰ ਪਹਿਲੇ ਜ਼ਰਾ ਵਧੇਰੇ ਪੱਕਾ ਕਰਨ ਦਾ ਸੀ, ਪਰ ਮੀਰ ਮੰਨੂੰ ਜ਼ਜਾਦਾ ਛਿੱਥਾ ਪੈ ਰਿਹਾ ਸੀ। ਅਦੀਨਾ ਬੇਗ ਵੀ ਕਿਸੇ ਮਤਲਬ ਲਈ ਕਾਹਲਾ ਸੀ। ਦੀਵਾਨ ਸਾਹਿਬ ਨੇ ਅਗਲੇ ਦਿਨ ਮਜਬੂਰ ਹੋਕੇ ਸਾਥੀਆਂ ਨੂੰ ਨਾਲ ਲੈ ਕੇ ਮੈਦਾਨ ਵਿਚ ਨਿਕਲਣ ਦੀ ਤਿਆਰੀ ਕਰ ਲਈ ਤੇ ਹਾਥੀ ਤੇ ਸਵਾਰ ਹੋ ਕੇ ਨਵਾਬ ਵਾਲੇ ਪਾਸੇ ਤੁਰ ਪਏ। ਦੀਵਾਨ ਸਾਹਿਬ ਦੇ ਮੈਦਾਨ ਵਿਚ ਨਿਕਲਣ ਦੀ ਡੇਰ ਹੀ ਸੀ ਕਿ ਅਬਦਾਲੀ ਦੀ ਫੌਜ ਦੇ ਇਕ ਹਿੱਸੇ ਨੇ ਦੀਵਾਨ ਸਾਹਿਬ ਦੇ ਮੋਰਚਿਆਂ ਉਪਰ ਹੱਲਾ ਬੋਲ ਦਿੱਤਾ। ਐਸ ਵੇਲੇ ਅਦੀਨਾ ਬੇਗ, ਜਿਸ ਨੇ ਹਮਲੇ ਦੀ ਰੋਕ ਥਾਮ ਕਰਨੀ ਸੀ ਖਿਸਕ ਗਿਆ। ਦੀਵਾਨ ਸਾਹਿਬ ਦੇ ਸਾਥੀ ਜਿਨ੍ਹਾਂ ਨੂੰ ਮੋਰਚਿਆਂ ਵਿਚ ਜੁਟੇ ਰਹਿਣ ਦਾ ਹੁਕਮ ਸੀ, ਅਦੀਨਾ ਬੇਗ ਦੀ ਹਰਕਤ ਨੂੰ ਨਾ ਸਮਝ ਸਕੇ। ਅਫਰਾ ਤਫਰੀ ਪੈ ਗਈ। ਮੋਰਚਿਆਂ ਦੇ ਸਿਪਾਹੀ ਬੇ-ਤਰਤੀਬ ਅਗਾਹਾਂ ਪਿਛਾਹਾਂ ਹੋ ਗਏ ਜੰਗ ਦੀ ਸ਼ਕਲ ਏਸ ਤਰ੍ਹਾਂ ਦੀ ਹੋ ਗਈ ਕਿ ਦੁਸ਼ਮਨ ਨੇ ਹੁਣੇ ਮੈਦਾਨ ਮਾਰਿਆ ਕਿ ਮਾਰਿਆ।

ਦੀਵਾਨ ਸਾਹਿਬ ਨੇ ਏਸ ਸਾਰੇ ਹਾਲ ਨੂੰ ਲਖ ਲਿਆ। ਹੁਣ ਹੋਰ ਕਿਸੇ ਗਲ ਦਾ ਵਕਤ ਨਹੀਂ ਸੀ, ਕੇਵਲ ਕਰ ਗੁਜ਼ਰਨ ਦੀ ਘੜੀ ਸੀ।

ਦੀਵਾਨ ਸਾਹਿਬ ਅਪਣੇ ਥੋੜੇ ਜੇਹੇ ਸਾਥੀਆਂ ਸਣੇ ਬਿਜਲੀ ਦੀ ਫੁਰਤੀ ਨਾਲ ਵੈਰੀ ਉਪਰ ਟੁੱਟ ਕੇ ਜਾ ਪਏ ਤੇ ਅਹਿਮਦ ਸ਼ਾਹ ਦੀ ਫੌਜ ਦੇ ਸਾਹਮਣੇ ਦੇ ਦਸਤੇ ਨੂੰ ਤਹਿਤੇਗ਼ ਕਰ ਦਿਤਾ। ਮੀਰਮੰਨੂੰ ਦੀ ਫੌਜ ਦੇ ਹੌਂਸਲੇ ਵਧ ਗਏ। ਹਾਰ ਜਿੱਤ ਵਿਚ ਬਦਲਦੀ ਦਿੱਸੀ। ਇਸ ਗਲ ਨੇ ਅਦੀਨਾ ਬੇਗ ਦੇ ਕਲੇਜੇ ਨੂੰ ਈਰਖਾ ਨਾਲ ਲੂਹ ਦਿਤਾ।

ਅਸਾਂ ਉਪਰ ਦੱਸਿਆ ਹੈ ਕਿ ਦੀਵਾਨ ਸਾਹਿਬ ਨੇ ਅਹਿਮਦ ਸ਼ਾਹ ਦੀ ਫੌਜ ਦੇ ਸਾਹਮਣੇ ਵਾਲੇ ਹਿੱਸੇ ਨੂੰ ਤਹਿਤੇਗ਼ ਕਰ ਦਿਤਾ, ਇਸ ਤੋਂ ਬਾਦ ਵੈਰੀ ਦਲ ਦੇ ਦੂਜੇ ਹਿਸੇ ਨੂੰ ਅੱਗੇ ਲਾ ਲਿਆ ਤੇ ਇੰਜ ਹੀ ਅਗੇ ਲਾਈ ਲਈ ਜਾਂਦੇ ਸਨ ਕਿ ਰਸਤੇ ਵਿਚ ਇਕ ਪੁਰਾਣੀ ਕਬਰ ਸੀ, ਦੀਵਾਨ ਸਾਹਿਬ ਦੇ ਹਾਥੀ ਦਾ ਪੈਰ ਉਸ ਤੇ ਜਾ ਪਿਆ, ਕਬਰ ਢਿੱਸ ਗਈ, ਹਾਥੀਵਾਨ ਹਾਥੀ ਦੇ ਅਗਲੇ ਦੋਨਾਂ ਪੈਰਾਂ ਨੂੰ ਕਬਰ ਵਿਚ ਜਾ ਪੈਣ ਤੋਂ ਨਾ ਬਚਾ ਸਕਿਆ। ਉਹ ਹਾਥੀ ਨੂੰ ਬਾਹਰ ਕੱਢਣ ਦੀ ਕੋਸ਼ਸ਼ ਕਰਦਾ ਰਿਹਾ। ਇਸ ਹਾਥੀ ਦੇ ਨਾਲ ਹੀ ਅਪਣੇ ਸਾਥੀ ਨਿਹਮਤ ਖਾਂ ਦਾ ਹਾਥੀ ਸੀ। ਆਪ ਉਸ ਹਾਥੀ ਉਪਰ ਚੜਨ ਲਗੇ, ਅਜੇ ਦੰਦੇ ਦੇ ਡੰਡੇ ਨੂੰ ਹਥ ਪਾਇਆ ਹੀ ਸੀ ਕਿ ਅਦੀਨਾ ਬੇਗ ਨੇ *ਆਪਣੇ ਸਾਥੀ ਬਾਜ਼ੀਦ ਖਾਂ ਕਸੂਰੀਏ ਨੂੰ ਇਸ਼ਾਰਾ ਕੀਤਾ ਤੇ ਉਸ ਨੇ ਦੀਵਾਨ ਕੌੜਾ ਮਲ ਪਰ ਬੰਦੂਕ ਦੀ ਗੋਲੀ ਚਲਾਈ। ਗੋਲੀ ਮੱਥੇ ਵਿਚ ਲੱਗੀ, ਆਪ ਬੇਹੋਸ਼ ਹੋ ਗਏ। ਬਾਜ਼ੀਦ ਖਾਂ ਨੇ ਤਲਵਾਰ ਦੇ ਨਾਲ ਆਪ ਦਾ ਸਿਰ ਧੜ ਨਾਲੋਂ ਜੁਦਾ ਕਰ ਦਿਤਾ*। ਦੀਵਾਨ ਸਾਹਿਬ ਦੀ ਮੌਤ ਮੀਰਮੰਨੂੰ ਦੀ ਫੌਜ ਦੀ ਮੌਤ ਸੀ, ਅਜੇਹੇ ਬਹਾਦੁਰ ਦੇ

*ਇਹ ਘਟਨਾ ੬ ਮਾਰਚ ਸੰ: ੧੭੫੨ ਈ: ਦੀ ਹੈ।

Digitized by Panjab Digital Library | www.panjabdigilib.org

ਚਲਾਣੇ ਦੀ ਖਬਰ ਨੇ ਮੀਰਮੰਨੂੰ ਦੀ ਫੌਜ ਨੂੰ ਭਾਜੜ ਪਾ ਦਿੱਤੀ। ਉਪਰੋਂ ਕਾਲੀ ਬੈਲੀ ਰਾਤ ਆ ਗਈ ਹਨੇਰੇ ਵਿਚ ਹੱਥ ਪਸਾਰਿਆ ਨਹੀਂ ਦਿੱਸਦਾ ਸੀ। ਜ਼ਿੱਧਰ ਕਿਸੇ ਦਾ ਮੂੰਹ ਹੋਇਆ, ਨੱਸ ਤੁਰਿਆ। ਦੀਵਾਨ ਸਾਹਿਬ ਦੇ ਚਲਾਣੇ ਦਾ ਦੋ ਪੁਰਖਾਂ ਨੂੰ ਵੱਡਾ ਸ਼ੋਕ ਹੋਇਆ: ਇਕ ਮੀਰ ਮੰਨੂੰ ਨੂੰ ਤੇ ਦੂਜੇ ਜਥੇਦਾਰ ਜੱਸਾ ਸਿੰਘ ਨੂੰ। ਇਨ੍ਹਾਂ ਦੇ ਦੁਸ਼ਮਨਾਂ ਦਾ ਉਹ ਇਕੋ ਜੇਹਾ ਮਿਤ੍ਰ ਸੀ। ਮੀਰ ਮੰਨੂੰ ਦੀ ਇਸ ਹਾਰ ਨਾਲ ਪੰਜਾਬ ਮੁਗ਼ਲੀਆ ਸਲਤਨਤ ਵਿਚੋਂ ਨਿਕਲਕੇ ਕਾਬਲ ਦੇ ਦੁਰਾਨੀ ਪਠਾਣਾਂ ਦੇ ਕਬਜ਼ੇ ਵਿਚ ਹੋਗਿਆ।

ਇਸ ਜੰਗ ਵਿਚ ਅਗਰ ਦੀਵਾਨ ਸਾਹਿਬ ਨੂੰ ਅਪਣੇ ਹੀ ਆਦਮੀ ਈਰਖਾ ਦੀ ਲਿ੍ਹਤੀ ਲਈ ਕਤਲ ਨਾ ਕਰ ਦੇਂਦੇ ਤਾਂ ਪੰਜਾਬ ਦੀ ਤ੍ਰਾਰੀਖ ਨੇ ਕੋਈ ਆਪਣਾ ਪੁਰਾਣਾ ਪੱਤਰਾ ਉਥੱਲ ਲੀਤਾ ਸੀ। ਅਬਦਾਲੀ ਬਿਲਕੁਲ ਹਾਰਿਆ ਹੋਇਆ ਸੀ ਤੇ ਉਸ ਦੇ ਨਾਲ ਹੀ ਪਠਾਣਾ ਦਾ ਹਊਆ ਹਮੇਸ਼ਾਂ ਲਈ ਖ਼ਤਮ ਹੋ ਜਾਣਾ ਸੀ।

ਤ੍ਰਾਰੀਖ਼ੀ ਖੋਜ ਤੋਂ ਇਹ ਗਲ ਸਿੱਧ ਹੋ ਚੁਕੀ ਹੈ ਕਿ ਬਾਬੀਦ ਖਾਂ ਨੇ ਗੋਲੀ ਅਦੀਨਾ ਬੇਗ ਦੇ ਇਸ਼ਾਰੇ ਨਾਲ ਚਲਾਈ ਸੀ। ਏਸ ਹਾਰ ਦੀ ਅਗਰ ਜ਼ਿੰਮੇਵਾਰੀ ਕਿਸੇ ਇਕ ਆਦਮੀ ਉਪਰ ਠਹਿਰਾਈ ਜਾ ਸਕਦੀ ਹੈ ਤਾਂ ਉਹ ਕੇਵਲ ਅਦੀਨਾ ਬੇਗ ਉਪਰ ਹੀ ਹੋ ਸਕਦੀ ਹੈ।

ਪੰਜਾਬ ਦੀ ਤ੍ਰਾਰੀਖ ਸ਼ੁਰੂ ਤੋਂ ਹੀ ਇਕ ਲਗਾਤਾਰ ਸਿਲਸਿਲਾ ਹੈ ਉਨਾਂ ਬੇਵਫਾਈਆਂ ਦਾ, ਜਿਨ੍ਹਾਂ ਨੇ ਇਸ ਦੇ ਜੀਵਨ ਦੀ ਅਤਯੰਤ ਨਾਜ਼ਕ ਘੜੀ ਵੇਲੇ ਆਪਣੀਆਂ ਕਾਰਵਾਈਆਂ ਤੋਂ ਪ੍ਰਹੇਜ਼ ਨਹੀਂ ਕੀਤਾ।

ਦੀਵਾਨ ਸਾਹਿਬ ਦੇ ਪਿੱਛੋਂ।

ਸੰਨ ੧੭੩੮ ਈ: ਦੇ ਕ੍ਰੋਧ ਜਦ ਤੋਂ ਨਾਦਰਸ਼ਾਹ ਨੇ ਹਿੰਦੁਸਤਾਨ ਉਪਰ ਚੜ੍ਹਾਈ ਕੀਤੀ ਤਦ ਤੋਂ ਲੈਕੇ ੧੭੫੨ ਤਕ ਪੰਜਾਬ ਦੇ ਰਾਜਸੀ ਮੰਡਲ ਵਿਚ ਦੋਅਮਲੀ ਦੀ ਹਵਾ ਚਲਦੀ ਰਹੀ। ਦਿੱਲੀ ਦੀ ਸਲਤਨਤ ਅਤੇ ਕਾਬਲ ਦੀ ਹਕੂਮਤ ਦੋਨੋਂ ਹੀ ਅਪਣਾ ਅਪਣਾ ਅਧਿਕਾਰ ਜਮਾਉਂਦੀਆਂ ਰਹੀਆਂ। ਦੀਵਾਨ ਸਾਹਿਬ ਦੀ ਪਾਲਿਸੀ, ਦਿੱਲੀ ਦੀ ਕਮਜ਼ੋਰੀ ਦੇ ਬਾਵਜੂਦ, ਪੰਜਾਬ ਨੂੰ ਕਾਬਲ ਤੋਂ ਆਜ਼ਾਦ ਰੱਖਕੇ, ਸਥਾਨਕ ਮੁਸਲਮਾਨਾਂ ਤੇ ਸਿਖਾਂ ਦੀ ਮਿਲਵਰਤਨ ਦੁਵਾਰਾ, ਇਕ ਮਜ਼ਬੂਤ ਸੂਬਕ ਹਕੂਮਤ ਪੈਦਾ ਕਰਨ ਦੀ ਸੀ। ਇਹ ਗੱਲ ਬਹੁਤ ਹੱਦ ਤਕ ਸਿਰੇ ਚੜ੍ਹ ਗਈ ਸੀ। ਅਸੀਂ ਪਿੱਛੇ ਦੱਸ ਆਏ ਹਾਂ ਕਿ ਆਪ ਦੇ ਸੰਨ ੧੭੪੯ ਵਿਚ ਮੁਲਤਾਨ ਫਤਹ ਕਰ ਲੈਣ ਨਾਲ ਲਾਹੌਰ ਦੇ ਸੂਬੇ ਨੂੰ ਅਬਦਾਲੀ ਦੇ ਹਮਲੇ ਰੋਕਣ ਦੀ ਤਾਕਤ ਪੈਦਾ ਹੋ ਗਈ ਸੀ।

ਅਬਦਾਲੀ ਨੂੰ ਲਾਹੌਰ ਵੱਲੋਂ ਮਾਮਲਾ ਦੇਣ ਲਈ ਜੋ ਅਟਕ ਪਾਈ ਗਈ ਉਹ ਦੀਵਾਨ ਸਾਹਿਬ ਵੱਲੋਂ ਹੀ ਸੀ* ਤੇ ਉਹ ਪੰਜਾਬ ਦੀ ਇਸ ਨਵੀਂ ਪਾਲਿਸੀ ਦੇ ਮੁਤਾਬਿਕ ਸੀ।

ਅਬਦਾਲੀ ਦੀਵਾਨ ਸਾਹਿਬ ਦੀ ਪਾਲਿਸੀ ਨੂੰ ਖ਼ੂਬ ਸਮਝਦਾ ਸੀ। ਉਹ ਉਨ੍ਹਾਂ ਦੇ ਮੁਲਤਾਨ ਫਤਹ ਕਰ ਲੈਣ ਉਪਰ ਰੰਜੀਦਾ ਸੀ। ਉਹ ਸਿਖਾਂ ਦੇ ਅਤੇ ਮੀਰ ਮੰਨੂੰ ਦੇ ਸਮਝੌਤੇ ਨੂੰ ਆਪਣੇ ਲਈ ਬੜਾ ਖ਼ਤਰਨਾਕ ਖਿਆਲ ਕਰਦਾ ਸੀ, ਪਰ ਇਸ ਸਾਰੀ ਗੱਲ ਦੀ ਜ਼ਿੰਮੇਵਾਰੀ ਉਹ ਦੀਵਾਨ ਕੌੜਾ ਮਲ ਉੱਪਰ ਹੀ ਰਖਦਾ ਸੀ। ਉਸਦਾ ਇਹ ੧੭੫੧-੫੨ ਦਾ ਤੀਜਾ ਹਮਲਾ ਜ਼ਿਆਦਾ ਤਰ ਦੀਵਾਨ ਸਾਹਿਬ ਦੇ ਵਿਰੁੱਧ ਹੀ ਸੀ।

ਦੀਵਾਨ ਸਾਹਿਬ ਦੀ ਜੰਗ ਵਿਚ ਸ਼ਹਾਦਤ ਦੇ ਪਿਛੋਂ ਕੀ ਹੋਇਆ, ਅਬਦਾਲੀ ਨੇ ਮੀਰ ਮੰਨੂੰ ਨੂੰ ਸੁਨੇਹਾ ਭੇਜਿਆ: "ਜਿਤਨੀ ਦੇਰ ਤਕ ਕੌੜਾ ਮਲ ਜੀਉਂਦਾ ਫੌਜਾਂ ਲੈਕੇ ਡਟਿਆ ਖੜੋਤਾ ਸੀ ਉਤਨਾ

---

*ਚੌਥੇ ਹਿਸਦੀ ਔਰ ਬਹਾਦਰ ਪੁਤ, ਸ਼ਹਾਮਰ ਅਲੀ।

Digitized by Panjab Digital Library | www.panjabdigilib.org

ਦੇਰ ਹੀ ਮੈਨੂੰ ਡਰ ਸੀ, ਹੁਣ ਤੂੰ ਆਪਣੇ ਕਿਲ੍ਹੇ ਵੱਸ। ਮੈਨੂੰ ਤੇਰੇ ਤੇ ਤੇਰੇ ਸ਼ਹਿਰ ਨਾਲ ਸਰੋਕਾਰ ਨਹੀਂ, ਮੈਂ ਜਿਤਨਾ ਰੁਪਿਆ ਮੰਗਿਆ ਹੈ ਉਹ ਖ਼ੁਦ ਆਪਣੇ ਪਾਸੋਂ ਜਾਂ ਰਿਆਇਆ ਕੋਲੋਂ ਇਕੱਠਾ ਕਰਕੇ ਭੇਜ ਦੇਹ----*।''

ਮੀਰ ਮੰਨੂੰ ਨੇ ਅਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕੀਤਾ ਹੋਇਆ ਸੀ।ਉਹ ਖ਼ੁਦ ਸੁਲਹ ਦਾ ਖ਼ਾਹਸ਼ਮੰਦ ਸੀ। ਅਬਦਾਲੀ ਦੇ ਏਸ ਸੁਨਹੇ ਆਉਣ ਤੇ ਉਸਨੇ ਅਪਣੇ ਆਪ ਨੂੰ ਉਸਦੇ ਹਵਾਲੇ ਕਰ ਦਿਤਾ। ਕਈ ਤ੍ਵਾਰੀਖਕਾਰਾਂ ਨੇ ਅਬਦਾਲੀ ਅਤੇ ਮੀਰਮੰਨੂੰ ਦੀ ਆਪਸ ਵਿਚ ਗਲ ਬਾਤ ਇਸਤਰ੍ਹਾਂ ਲਿਖੀ ਹੈ†:-

ਅਬਦਾਲੀ-ਤੂੰ ਮੇਰੇ ਨਾਲ ਕੀ ਰੁਜ਼ਾਰਦੇਂ ਜੇ ਮੈਂ ਏਸਤਰ੍ਹਾਂ ਤੇਰੇ ਹੱਥ ਪੈ ਜਾਂਦਾ ?

ਮੀਰ ਮੰਨੂੰ-ਮੈਂ ਤੇਰਾ ਸਿਰ ਵੱਢਕੇ ਦਿੱਲੀ ਬਾਦਸ਼ਾਹ ਪਾਸ ਘੱਲ ਦੇਂਦਾ ।

ਅਬਦਾਲੀ-ਤਦ ਹੁਣ ਜਦ ਤੇਰੀ ਜਾਨ ਮੇਰੀ ਮੁੱਠ ਵਿਚ ਹੈ ਤੂੰਮੇਰੇ ਕੋਲੋਂ ਕੀ ਉਮੈਦ ਕਰਦਾਹੈਂ?

ਮੀਰ ਮੰਨੂੰ-ਜੇ ਤੂੰ ਕੋਈ ਸੌਦਾਗਰ ਹੈਂ ਤਾਂ ਮੈਨੂੰ ਵੇਚ ਦੇਹ, ਮੁੱਲ ਕਾਫੀ ਵੱਟਿਆ ਜਾਏਗਾ। ਜੇ ਜ਼ਾਲਮ ਹੈਂ, ਤਦ ਮਾਰ ਸੁੱਟ। ਜੇ ਬਾਦਸ਼ਾਹ ਹੈਂ, ਤਦ ਬਖਸ਼ ਦੇ।

ਇਤਨੀ ਗਲ ਸੁਣਕੇ ਅਬਦਾਲੀ ਬਹੁਤ ਖੁਸ਼ ਹੋ ਗਿਆ ਤੇ ਉਸ ਨੂੰ ਪੰਜਾਬ ਦੀ ਗੱਦੀ ਤੇ ਮੁੜ ਬਹਾਲ ਕਰ ਦਿੱਤਾ, ਨਾਲੇ 'ਫਰਜ਼ੰਦੇ ਖਾਨ ਬਹਾਦਰ ਰੁਸਤਮੇ ਹਿੰਦ' ਦਾ ਖ਼ਿਤਾਬ ਦਿੱਤਾ।

ਮੀਰ ਮੰਨੂੰ ਦੀ ਇਕ ਲੜਕੀ ਨਾਲ ਅਬਦਾਲੀ ਦੇ ਪੁੱਤ੍ਰ ਤੈਮੂਰ ਦੀ ਸ਼ਾਦੀ ਕੀਤੀ ਗਈ। ਮੀਰ ਮੰਨੂੰ ਨੂੰ ਸ਼ੁਰੂ ਵਿਚ ਲਾਹੌਰ ਦੀ ਗੱਦੀ ਉਪਰ ਦਿੱਲੀ ਦੇ ਬਾਦਸ਼ਾਹ ਨੇ ਬਿਠਾਇਆ ਸੀ। ਫੁਣ ਉਹ ਉਸੇ ਮਸਨਦ ਉਪਰ ਕਾਬਲ ਵਲੋਂ ਮੁਕੱਰਰ ਕੀਤਾ ਗਿਆ । ਪਰ ਮੀਰਮੰਨੂੰ ਬਹੁਤ ਨਾ ਜੀਵਿਆ ਥੋੜੇ ਹੀ ਮਹੀਨਿਆਂ ਪਿਛੋਂ ਉਹ ਮਰ ਗਿਆ। ਉਸ ਤੋਂ ਪਿਛੋਂ ਉਸਦਾ ਨਾਬਾਲਗ ਪੁੱਤ੍ਰ ਗੱਦੀ ਉਪਰ ਬਿਠਾਇਆ ਗਿਆ, ਪਰ ਉਹ ਵੀ ਜਲਦੀ ਹੀ ਚੀਚਕ ਨਾਲ ਮਰ ਗਿਆ। ਮੀਰਮੰਨੂੰ ਦੀ ਵਿਧਵਾ ਮੁਰਾਦ ਬੇਗਮ ਨੇ ਹੁਣ ਪੰਜਾਬ ਦੀ ਹਕੂਮਤ ਅਪਣੇ ਹੱਥ ਲੀਤੀ। ਅਬਦਾਲੀ ਨੇ ਮੁਰਾਦ ਬੇਗਮ ਦੇ ਹਾਕਮ ਹੋਣ ਦੀ ਮਨਜ਼ੂਰੀ ਦੇ ਦਿੱਤੀ। ਬੇਗਮ ਨੂੰ ਦਿੱਲੀ ਵਲੋਂ ਕੋਈ ਖ਼ਤਰਾ ਸੀ ਹੀ ਨਹੀਂ। ਉਸਦੀ ਲੜਕੀ ਦੀ ਮੰਗਣੀ ਦਿੱਲੀ ਦੇ ਵਜ਼ੀਰ ਗਾਜ਼ੀਉੱਦੀਨ ਨਾਲ ਹੋਈ ਹੋਈ ਸੀ। ਅਸੀਂ ਪਿਛੇ ਦੱਸ ਆਏਹਾਂ ਕਿ ਮੀਰਮੰਨੂੰਦੀ ਇਕ ਲੜਕੀਦੀ ਸ਼ਾਦੀ ਅਬਦਾਲੀਦੇ ਪੁਤ੍ਰ ਤੈਮੂਰ ਨਾਲ ਹੋਗਈ ਸੀ,ਇਉਂਲਾਹੌਰਦੀ ਗੱਦੀ ਉਪਰ ਬੈਠੀ ਬੇਗਮ ਦੀ ਕਾਬਲ ਅਤੇ ਦਿੱਲੀ ਦੋਤਰਫੀ ਧੀਆਂ ਦੇ ਰਿਸ਼ਤੇ ਕਰਕੇ ਕੁੜਮਾਚਾਰੀ ਸੀ, ਸੋ ਦੋਨੋ ਪਾਸਿਆਂ ਵਲੋਂ ਸ਼ਾਹੀ ਫਰਮਾਨਾਂ ਦ੍ਵਾਰਾ ਉਸ ਦਾ ਹਾਕਮ ਹੋਣਾ ਤਸਦੀਕ ਕੀਤਾ ਗਿਆ।

ਪਰ ਅਦੀਨਾ ਬੇਗ ਲਈ ਬੇਗਮ ਦੀ ਇਤਨੀ ਮਜ਼ਬੂਤ ਹਾਲਤ ਖੁਸ਼ੀ ਦੀ ਗਲ ਨਹੀਂ ਸੀ ਉਸ ਨੇ ਬੇਗਮ ਦੇ ਵਿਰੁੱਧ ਦਿੱਲੀ ਵਿਚ ਬਹੁਤ ਸਾਰੀਆਂ ਖਬਰਾਂ ਪਹੁੰਚਾਈਆਂ। ਦਿੱਲੀ ਵਲੋਂ ਦਖਲੰਦਾਜ਼ੀ ਜ਼ਰਾਦਾ ਹੋਣ ਕਰਕੇ ਬੇਗਮ ਨੇ ਆਪਣਾ ਰੁਖ਼ ਅਬਦਾਲੀ ਵਲ ਜ਼ਿਆਦਾ ਕਰ ਦਿੱਤਾ। ਗਾਜ਼ੀਉੱਦੀਨ ਨੇ ਰੰਜ ਵਿਚ ਆਕੇ ਲਾਹੌਰ ਉਪਰ ਚੜ੍ਹਾਈ ਕੀਤੀ। ਬੇਗਮ ਅਤੇ ਉਸ ਦੀ ਲੜਕੀ ਨੂੰ ਕੈਦ ਕਰਕੇ ਦਿੱਲੀ ਲੈ ਗਿਆ। ਲੜਕੀ ਨਾਲ ਤਾਂ ਸ਼ਾਦੀ ਹੋ ਗਈ, ਸੱਸ ਕੈਦਖਾਨੇ ਵਿਚ ਪਾਈ ਗਈ। ਅਦੀਨਾ ਬੇਗ ਲਾਹੌਰ ਦਾ ਹਾਕਮ ਮੁਕੱਰਰ ਕੀਤਾ ਗਿਆ‡।

ਇਹ ਵਾਕਿਆ ਸੰਨ ੧੭੫੫ ਈ: ਦਾ ਹੈ। ਅਦੀਨਾ ਬੇਗ ਨੇ ੧੭੫੨ ਵਿਚ ਅਬਦਾਲੀ ਵਲ ਹੋਕੇ ਆਪਣੇ ਮਾਲਕ ਮੀਰ ਮੰਨੂੰ ਦੀ ਹਾਰ ਅਤੇ ਆਪਣੇ ਸਾਥੀ ਦੀਵਾਨ ਕੌੜਾ ਮਲ ਦੀ ਸ਼ਹਾਦਤ ਕਰਵਾਈ ਸੀ, ਜਿਸ ਦੇ ਇਵਜ਼ ਵਿਚ ਅਬਦਾਲੀ ਨੇ ਉਸ ਨੂੰ ਜਲੰਧਰ ਦੁਆਬ ਦਾ

---

*ਤਾਰੀਖ ਅਹਿਮਦ ਸ਼ਾਹੀ ਫ਼ਾ ਅ, ਪੰ: ਬੰਡਾ ਸਿੰਘ।

†ਦੇਖੋ ਇਬਰਤ ਨਾਮਾ ਅਲੀਉੱਦੀਨ, ਨਾਰੰਗ, ਸਫ਼ਾ ੧੬੭-੧੪੨ ਅਤੇ ਅਹਿਵਾਲੇ ਅਦੀਨਾ ਬੇਗ।

‡The governorship of Lahore was given to Adeena Beg Khan who had been instrumental in the ruin of the self-willed Begam. *[Narang P. 144*

Digitized by Panjab Digital Library | www.panjabdigilib.org

ਹਾਕਮ ਆਪਣੀ ਵਲੋਂ ਮੁਕੱਰਰ ਕਰ ਦਿੱਤਾ ਸੀ। ਹੁਣ ੧੭੫੫ ਵਿਚ ਅਦੀਨਾ ਬੇਗ ਨੇ ਦਿੱਲੀ ਵਾਲਿਆਂ ਨਾਲ ਮਿਲਕੇ ਆਪਣੇ ਮਾਲਕ ਦੇ ਵਿਰੁੱਧ ਸਾਜ਼ਸ਼ ਕਰਕੇ ਆਪ ਲਾਹੌਰ ਦੀ ਹਕੂਮਤ ਦਿੱਲੀ ਦੀ ਅਧੀਨਗੀ ਹੇਠ ਕਬੂਲ ਕਰ ਲੀਤੀ।

ਸੰਨ ੧੭੫੫ ਈ: ਦੇ ਅਖੀਰ ਅਬਦਾਲੀ ਨੇ ਹਿੰਦੁਸਤਾਨ ਉਪਰ ਚੌਥਾ ਹਮਲਾ ਕੀਤਾ। ਅਦੀਨਾ ਬੇਗ ਪਹਾੜ ਵਲ ਨੱਸ ਗਿਆ, ਅਬਦਾਲੀ ਨੇ ਸਰਹਿੰਦ, ਦਿੱਲੀ, ਆਗਰਾ, ਮਥਰਾ ਤਕ ਮਾਰ ਕੀਤੀ। ਸ਼ਹਿਰਾਂ ਦੇ ਸ਼ਹਿਰ ਲੁੱਟੇ ਗਏ, ਹਜ਼ਾਰਾਂ ਬੰਦੇ ਗ਼ੁਲਾਮ ਬਣਾਕੇ ਕਾਬਲ ਭੇਜੇ ਗਏ। ਅਬਦਾਲੀ ਨੇ ਦਿੱਲੀ ਦੇ ਬਾਦਸ਼ਾਹ ਦੀ ਲੜਕੀ ਹਜ਼ਰਤ ਬੇਗ਼ਮ ਨਾਲ ਸ਼ਾਦੀ ਕਰ ਲੀਤੀ। ਦਿੱਲੀ ਵਿਚ ਆਪਣਾ ਆਦਮੀ ਨਜੀਬਉੱਦੌਲਾ ਰੁਹੇਲਾ ਕਮਾਂਡਰ ਇਨਚੀਫ ਮੁਕੱਰਰ ਕੀਤਾ। ਲਾਹੌਰ ਵਿਚ ਆਪਣੇ ਪੁਤਰ ਤੈਮੂਰ ਨੂੰ ਹਾਕਮ ਬਣਾਇਆ (ਸੰਨ ੧੭੫੭ ਈ:)*।

ਤੈਮੂਰ ਦੇ ਐਸ ਵੇਲੇ ਦੇ ਦੁਸ਼ਮਨ ਸਨ: ਇਕ ਅਦੀਨਾ ਬੇਗ ਅਤੇ ਦੂਜੇ ਸਿਖ। ਇਨ੍ਹਾਂ ਤੋਂ ਛੁਟ ਤੀਜੇ ਦੁਸ਼ਮਨ ਸਨ ਮਰਹਟੇ, ਜਿਨ੍ਹਾਂ ਦਾ ਤੈਮੂਰ ਨੂੰ ਖਿਆਲ ਵੀ ਨਹੀਂ ਸੀ। ਵਜ਼ੀਰ ਗਾਜ਼ੀਉੱਦੀਨ ਨੇ ਰੁਹੇਲਿਆਂ ਦੇ ਜ਼ੁਲਮ ਤੋਂ ਬਚਣ ਲਈ ਮਰਹਟਿਆਂ ਨੂੰ ਆਪਣੀ ਮਦਦ ਲਈ ਦਿੱਲੀ ਬੁਲਾਲਿਆ ਸੀ। ਅਦੀਨਾ ਬੇਗ ਨੇ ਤੈਮੂਰ ਦੇ ਵਿਰੁੱਧ ਲੜਨ ਲਈ ਸਿੱਖਾਂ ਨੂੰ ਆਪਣੀ ਮਦਦ ਲਈ ਖੜਾ ਕੀਤਾ ਹੋਇਆ ਸੀ। ਪੰਜਾਬ ਦੇ ਇਤਿਹਾਸ ਵਿਚ ਇਹ ਉਹ ਵਕਤ ਹੈ ਜਿਸ ਵੇਲੇ ਖੁੱਲ੍ਹੇ ਮੈਦਾਨ ਵਿਚ ਲਾਹੌਰ ਦੇ ਨਜ਼ਦੀਕ ਸਿੱਖਾਂ ਦਾ ਅਤੇ ਪਠਾਣਾਂ ਦਾ ਜੰਮ ਕੇ ਜੁੱਧ ਹੋਇਆ। ਸਿਖ ਫੌਜ ਦੀ ਕਮਾਂਡ ਜੱਸਾ ਸਿੰਘ(ਕਲਾਲ) ਦੇ ਹੱਥ ਸੀ ਤੇ ਪਠਾਣਾਂ ਦੀ ਫੌਜ ਜਹਾਨ ਖਾਂ ਦੇ ਹੇਠ ਜੋ ਕਿ ਤੈਮੂਰ ਦਾ ਸਿਪਾਹ ਸਾਲਾਰ ਸੀ। ਇਹ ਵਾਕਿਆ ਸੰਨ ੧੭੫੮ ਈ: ਦਾ ਹੈ। ਸਿੱਖਾਂ ਦੀ ਮੁਕੰਮਲ ਫਤਹ ਹੋਈ†। ਲਾਹੌਰ ਉਪਰ ਕਬਜ਼ਾ ਸਿੱਖਾਂ ਦਾ ਹੋ ਗਿਆ। ਆਮ ਮਸ਼ਹੂਰ ਹੈ ਕਿ ਜੱਸਾ ਸਿੰਘ (ਕਲਾਲ) ਦੇ ਨਾਮ ਦਾ ਸਿੱਕਾ‡ ਲਾਹੌਰ ਟਕਸਾਲ ਵਿਚ ਘੜਿਆ ਗਿਆ, ਪਰ ਜਿਸਦੀ ਸਚਾਈ ਵਿਚ ਕਈ ਇਤਿਹਾਸਕਾਰ ਸ਼ੱਕ ਦੀ ਗੁੰਜਾਇਸ਼ ਮੰਨਦੇ ਹਨ।

ਅਦੀਨਾ ਬੇਗ ਐਸ ਵੇਲੇ ਕੀਕਰ ਰਿਹਾ ਸੀ? ਉਹ ਇਕ ਪਾਸੇ ਤਾਂ ਸਿਖਾਂ ਨੂੰ ਆਪਣਾ ਹਥਿਆਰ ਬਣਾ ਕੇ ਵਰਤ ਰਿਹਾ ਸੀ, ਦੂਜੇ ਪਾਸੇ ਮਰਹਟਿਆਂ ਨੂੰ ਪੰਜਾਬ ਵਿਚ ਹਮਲਾ ਕਰਨ ਲਈ ਸੱਦਾ ਦੇ ਰਿਹਾ ਸੀ, ਜਿਸ ਬਾਬਤ ਅਹਿਵਾਲਿ ਅਦੀਨਾ ਬੇਗ ਵਿਚ ਇਸਤਰ੍ਹਾਂ ਲਿਖਿਆ ਹੈ:-

> ਸ਼ਾਹਜ਼ਾਦਾ ਤੈਮੂਰ ਦੇ ਲਾਹੌਰ ਠਹਿਰਨ ਤੋਂ ਅਦੀਨਾ ਬੇਗ ਦੇ ਦਿਲ ਵਿਚ ਰੰਜ ਸੀ। ਭਾਵੇਂ ਪ੍ਰਗਟ ਰੂਪ ਵਿਚ ਉਸਨੇ ਤਾਬਿਆਦਾਰੀ ਤੇ ਚਾਪਲੂਸੀ ਕਰ ਲਈ, ਪਰ ਅੰਦਰ ਖਾਨੇ ਭਰੋਸੇ ਵਾਲਿਆਂ ਰਾਹੀਂ ਫਰੇਬ ਕਰਕੇ ਮਰਹਟਾ ਫੌਜ ਦੇ ਅਮੀਰਾਂ ਨਾਲ ਸਾਜ਼ਸ਼ ਕਰਕੇ ਮੇਲ ਮਿਲਾਪ ਵਧਾਇਆ ਤੇ ਲਾਲਚ ਦੇਕੇ ਇਕ ਲਖ ਕੋਚ ਤੇ ਪੰਜਾਹ ਹਜ਼ਾਰ ਲਸ਼ਕਰ ਨੂੰ ਇਸ ਪਾਸੇ ਸੱਦਿਆ। ਜਿਸ ਵੇਲੇ ਮਰਹੱਟਿਆਂ ਦੀ ਫੌਜ ਪਟਿਆਲੇ ਦੇ ਲਾਗੇ ਪੁੱਜੀ, ਅਦੀਨਾ ਬੇਗ ਮੁਨਸ਼ੀ ਆਦਮੀ ਸੀ ਪਹਿਲਾਂ ਹੀ ਮਰਹਟਿਆਂ ਦੇ ਡੇਰੇ ਜਾਕੇ ਸ਼ਾਮਲ ਹੋ ਗਿਆ ਤੇ ਸ਼ਾਹਜ਼ਾਦਾ ਤੈਮੂਰ ਸ਼ਾਹ ਤੇ ਜਹਾਨ ਖਾਂ ਵਜ਼ੀਰ ਨੂੰ ਲਿਖਿਆ ਕਿ ਦਖਣੋਂ ਮਰਹੱਟਾ ਫੌਜ ਅੱਚਨਚੇਤ ਦੀ ਬਲਾ ਆ

---

*ਸ਼ਹਿਜ਼ਾਦਾ ਤੈਮੂਰ ਸ਼ਾਹ ਨੂੰ ਲਾਹੌਰ ਦਾ ਹਾਕਮ ਠੀਯਤ ਕੀਤਾ ਤੇ ਜਹਾਨ ਜਾਂ ਨੂੰ ਵਜ਼ੀਰੀ ਸਪੁਰਦ ਕਰਕੇ ਆਪ ਵਾਪਸ ਕਾਬਿਲ ਚਲਾ ਗਿਆ। [ਅਹਵਾਲਿ ਅਦੀਨਾ ਬੇਗ।

†The Pathans were completely routed and this was the first decisive victory on record achieved by the Sikhs over the Afghans. [Syed Mohammad Latif, P. 230

‡ਸਿੱਕੇ ਉਪਰ ਇਹ ਇਬਾਰਤ ਲਿਖੀ ਦੱਸੀ ਜਾਂਦੀ ਹੈ:-
ਸਿੱਕਾ ਜਦ ਦਰ ਜ਼ਹਾਂ ਬਫਜ਼ਲਿ ਅਕਾਲ। ਮੁਲਕਿ ਅਹਿਮਦ ਗਿਰਿਫਤ ਜੱਸਾ ਕਲਾਲ॥

Digitized by Panjab Digital Library | www.panjabdigilib.org

ਗਈ ਹੈ; ਜ਼ਮਾਨਾ ਸੋਚੀ ਕਰਕੇ ਮੈਂ ਉਸ ਦੇ ਨਾਲ ਮਿਲ ਗਿਆ ਹਾਂ, ਕਿਉਂਕਿ ਮੈਂ ਹਜ਼ੂਰ ਦਾ ਪਰਵੁਰਦਾ ਤੇ ਨਿਮਕਖ਼ਾਰ, ਹਾਂ ਇਸ ਵਾਸਤੇ ਨਿਮਕ ਹਲਾਲੀ ਤੋਂ ਬੇਨਤੀ ਕਰਦਾ ਹਾਂ ਕਿ ਇਹ ਹੀ ਵਕਤ ਹੈ ਕਿ ਮੇਰੀ ਇਸ ਬੇਨਤੀ ਨੂੰ ਰਾਵੀ ਦਰਿਯਾ ਤੋਂ ਪਾਰ ਜਾਕੇ ਪੜ੍ਹਿਆ ਜਾਏ, ਇਕ ਘੜੀ ਦੀ ਦੇਰ ਨਾ ਕਰਨੀ, ਕਿਉਂਕਿ ਇਨ੍ਹਾਂ ਆਦਮੀਆਂ ਦਾ ਕੂਚ ਇਕ ਸੌ ਕੋਹ ਰੋਜ਼ ਦਾ ਹੈ। ਮੁਨਾਸਬ ਹੈ ਕਿ ਬਹੁਤ ਛੇਤੀ ਕੂਚ ਕਰਨ। ਇਸ ਖਬਰ ਨੂੰ ਸੁਣਕੇ ਸ਼ਾਹਜ਼ਾਦਾ ਵਜ਼ੀਰ ਸਮੇਤ ਵਲਾਇਤ ਤੁਰ ਗਿਆ, ਮਰਹੱਟਿਆਂ ਦੀ ਫੌਜ ਨੇ ਦਰਯਾਏ ਅਟਕ ਤੱਕ ਪਿੱਛਾ ਕੀਤਾ।

ਸਮੁੰਦ ਖਾਂ, ਜਿਹੜਾ ਅਹਿਮਦ ਸ਼ਾਹ ਵਲਾਇਤੀ ਦਾ ਚਾਚਾ ਸੀ, ਸਰਹੰਦ ਵਿਚ ਮਰਹੱਟਿਆਂ ਦੀ ਕੈਦ ਵਿਚ ਆ ਗਿਆ ਸੀ। ਪਿੱਛੋਂ ਅਦੀਨਾ ਬੇਗ ਦੀ ਮਦਦ ਨਾਲ ਛੁਟਕਾਰਾ ਪਾਇਆ ਤੇ ਵਲਾਇਤ ਚਲਾ ਗਿਆ। ਇਸਤੋਂ ਪਿੱਛੋਂ ਕਿ 'ਸ਼ਾਹਜਹਾਨ ਆਬਾਦ' ਦੀ ਸਲਤਨਤ ਸੁਸਤ ਪੈ ਗਈ, ਅਦੀਨਾ ਬੇਗ ਨੇ ਲਾਹੌਰ ਤੋਂ ਸਿਵਾਏ ਦੁਆਬੇ ਦੇ ਮੁਲਕ ਅਰਥਾਤ ਬਿਸਤ ਜਲੰਧਰ, ਮਾਝਾ ਤੇ ਪਹਾੜ ਦੀ ਨਵਾਬੀ ਦਾ ਖ਼ਿਤਾਬ ਆਪਣੇ ਨਾਂ ਕਰ ਲਿਆ।

ਏਸ ਬਿਆਨ ਵਿਚ ਕੁਛ ਐਸੀਆਂ ਘਟਨਾਂ ਹਨ ਜੋ ਆਮ ਇਤਿਹਾਸ ਵਿਚ ਲਿਖੀਆਂ ਗਲਾਂ ਨਾਲੋਂ ਕੁਛ ਵੱਖਰੀਆਂ ਹਨ। ਕਿਉਂਕਿ ਮਰਹੱਟੇ ਜਿਸ ਵੇਲੇ ਲਾਹੌਰ ਵਲ ਵਧੇ ਹਨ ਤਾਂ ਉਸ ਵੇਲੇ ਸਿੱਖ ਤੈਮੂਰ ਨੂੰ ਚਨਾਬੋਂ ਪਾਰ ਪਹਿਲੇ ਭੇਜ ਚੁਕੇ ਸਨ। ਪਰ ਇਹ ਮੁਮਕਿਨ ਹੈ ਕਿ ਜਿਸ ਵੇਲੇ ਅਦੀਨਾ ਬੇਗ ਨੇ ਇਹ ਚਿੱਠੀ ਲਿਖੀ ਉਸ ਵੇਲੇ ਤੈਮੂਰ ਲਾਹੌਰ ਵਿਚ ਹੀ ਹੋਵੇ ਤੇ ਸਿੱਖਾਂ ਦਾ ਹਮਲਾ ਲਾਹੌਰ ਉਪਰ ਪਿਛੋਂ ਹੋਇਆ ਹੋਵੇ, ਪਰ ਇਹ ਗਲ ਬਿਲਕੁਲ ਸਹੀ ਹੈ ਕਿ ਮਰਹੱਟਿਆਂ ਨੇ ਜਿਸ ਵੇਲੇ ਲਾਹੌਰ ਵਲ ਚੜ੍ਹਾਈ ਕੀਤੀ ਤਾਂ ਉਸ ਵੇਲੇ ਉਥੇ ਸਿਖ ਕਾਬਜ਼ ਸਨ, ਜਿਹੜਾ ਕਬਜ਼ਾ ਕਿ ਉਹ ਮਰਹੱਟਿਆਂ ਦੇ ਆਉਣ ਉਪਰ ਛੱਡਕੇ ਲਾਂਭੇ ਹੋ ਗਏ। ਅਦੀਨਾ ਬੇਗ ਨੇ ਰਾਘੋਬਾ ਮਰਹੱਟੇ ਦੇ ਸੁਆਗਤ ਲਈ ਸ਼ਾਲਾਮਾਰ ਬਾਗ ਵਿਚ ਸਵਾ ਲੱਖ ਰੁਪੱਯਾ ਖਰਚ ਕੇ ਇਕ ਸ਼ਾਨਦਾਰ ਉਚਾ ਤਖਤ ਬਣਵਾਇਆ, ਬਾਗ਼ ਵਿਚ ਰੌਸ਼ਨੀ ਕੀਤੀ ਗਈ ਤੇ ਗੁਲਾਬ ਦੇ ਫੁਹਾਰੇ ਚਲਾਏ ਗਏ। ਲਾਹੌਰ, ਮੁਲਤਾਨ ਤੇ ਅਟਕ ਵਿਚ ਮਰਹੱਟਿਆਂ ਦਾ ਝੰਡਾ ਖੜਾ ਹੋ ਗਿਆ। ਰਾਮ ਜੀ ਸ਼ਾਮ ਜੀ ਮੁਲਤਾਨ ਦਾ ਹਾਕਮ ਮੁਕਰਰ ਹੋਇਆ, ਅਟਕ ਸਾਹਿਬ ਪਟੇਲ ਦੇ ਜ਼ੇਰ ਨਿਗਰਾਨੀ ਕਰ ਦਿਤਾ ਗਿਆ; ਅਦੀਨਾ ਬੇਗ ਲਾਹੌਰ ਦਾ ਵਾਇਸਰਾਇ ਥਾਪਿਆ ਗਿਆ*। ਪਰ ਉਹ ਵਿਚਾਰਾ ਬਹੁਤ ਦੇਰ ਤਕ ਨਾ ਜੀਵਿਆ ਥੋੜੇ ਹੀ ਮਹੀਨਿਆਂ ਪਿਛੋਂ ਸੰਨ ੧੭੫੮ ਈ: ਦੇ ਅਖੀਰ ਮਰ ਗਿਆ। ਇਹ ਉਹ ਬਖਸ ਸੀ, ਜਿਸ ਨੇ ਸਾਰੇ ਅਸੂਲ ਛੱਡ ਕੇ ਕੇਵਲ ਮਤਲਬ ਪਰਸਤੀ ਨੂੰ ਮੁੱਖ ਰੱਖਿਆ ਹੋਇਆ ਸੀ। ਸੰਨ ੧੭੪੦ ਤੋਂ ਲੈ ਕੇ ੧੭੫੮ ਤਕ ਦੀ ਪੰਜਾਬ ਦੀ ਤ੍ਰਾਰੀਖ ਦੇ ਹਰ ਲਹਾਉ ਚੜ੍ਹਾਉ ਵਿਚ ਇਸ ਆਦਮੀ ਦਾ ਕੋਈ ਨ ਕੋਈ ਹੱਥ ਸੀ। ਇਹ ਇਸ ਦੀ ਅਕਲ ਅਤੇ ਇਖ਼ਲਾਕ ਦਾ ਲਚਕੀਲਾਪਨ ਸੀ ਕਿ ਇਹ ਇਕ ਪ੍ਰਾਈਵੇਟ ਮੁਨਸ਼ੀ ਦੀ ਹੈਸੀਅਤ ਤੋਂ ਉੱਠ ਕੇ ਪੰਜਾਬ ਦੇ ਵਾਇਸਰਾਇ ਦੇ ਹੁੱਦੇ ਤਕ ਪਹੁੰਚ ਗਿਆ। ਇਸ ਦਾ ਕਮਾਲ ਇਸ ਗਲ ਵਿਚ ਸੀ ਕਿ ਅਪਣੇ ਹਰ ਸਾਥੀ ਨਾਲ ਧੋਖਾ, ਅਪਣੇ ਹਰ ਮਾਲਕ ਨਾਲ ਫਰੇਬ ਅਤੇ ਅਪਣੇ ਹਰ ਦੁਸ਼ਮਨ ਨਾਲ ਮੌਕਾ ਵੇਖਕੇ ਚਾਪਲੂਸੀ ਤੇ ਖੁਸ਼ਾਮਦ ਕਰਨੀ। ਅਸੀਂ ਪਿੱਛੇ

---

*The Viceroyalty of Lahore was conferred upon Adeena Beg. Ibrat Nama of Ali-ud-Din states that Adeena got the viceroyalty of Jullundur Doab while Lahore was given over to Mirza Khan who was soon dismissed to make room for Bapoo Rao Dadoo and Sheesha Pundit. It seems, however, certain that Adeena held Lahore for a few months until his death in the end of 1758. [Narang, P.149—150.

Digitized by Panjab Digital Library | www.panjabdigilib.org

ਦੇਖ ਚੁਕੇ ਹਾਂ ਕਿ ਅਦੀਨਾ ਬੇਗ ਦੀਵਾਨ ਸਾਹਿਬ ਦੇ ਸਾਥੀਆਂ ਵਿੱਚੋਂ ਇਕ ਸੀ ਜਿਸਦੀ ਸਾਜ਼ਸ਼ ਨਾਲ ਉਨ੍ਹਾਂ ਨੂੰ ਸ਼ਹੀਦੀ ਪ੍ਰਾਪਤ ਹੋਈ। ਪਰ ਦੀਵਾਨ ਸਾਹਿਬ ਦਾ ਮਿਤ੍ਰ ਸਿਰਫ਼ ਅਦੀਨਾ ਬੇਗ ਹੀ ਨਹੀਂ ਸੀ, ਉਨ੍ਹਾਂ ਦਾ ਇਕ ਦੋਸਤ ਹੋਰ ਵੀ ਸੀ ਜਿਸਦੀ ਸਾਰੀ ਉਮਰ ਅਖੰਡ ਕੁਰਬਾਨੀ ਦਾ ਇਤਿਹਾਸ ਹੈ। ਦੀਵਾਨ ਸਾਹਿਬ ਦਾ ਇਹ ਦੂਸਰਾ ਮਿਤ੍ਰ ਜੱਸਾ ਸਿੰਘ (ਕਲਾਲ) ਸੀ। ਜਿਸਤਰ੍ਹਾਂ ਅਦੀਨਾ ਬੇਗ ਨੇ ਹਰ ਮੌਕੇ ਨੂੰ ਵਲ ਛਲ ਨਾਲ ਅਪਣੇ ਹਥੋਂ ਨਹੀਂ ਜਾਣ ਦਿਤਾ, ਉਸਤਰਾਂ ਜੱਸਾਸਿੰਘ (ਕਲਾਲ) ਨੇ ਅਪਣੀ ਸੂਰਮ ਗਤੀ ਨਾਲ ਤੇ ਦਿਲ ਦੀ ਸਫਾਈ ਨਾਲ ਕੋਈ ਮੌਕਾ, ਜਿਸ ਨਾਲ ਕੌਮ ਦੀ ਭਲਿਆਈ ਹੋ ਸਕੇ, ਹਥੋਂ ਨਹੀਂ ਜਾਣ ਦਿਤਾ। ਸਿਖਾਂ ਦੀ ਇਹ ਬੜੀ ਖੁਸ਼ਕਿਸਮਤੀ ਸੀ ਕਿ ਏਹੋ ਜੇਹੇ ਨਾਜ਼ਕ ਵਕਤ ਏਸ ਲਜਾਕਤ ਦਾ ਬੰਦਾ ਉਨ੍ਹਾਂ ਵਿਚ ਮੌਜੂਦ ਸੀ। ਅੰਗ੍ਰੇਜ਼ੀ ਤ੍ਵਾਰੀਖਾਂ ਵਿਚ ਜੱਸਾ ਸਿੰਘ ਦੇ ਬੜੇ ਉਦਾਰਚਿਤ ਅਪਣੀਆਂ ਫੌਜਾਂ ਵਿਚ ਬਾਦਸ਼ਾਹ ਕਰਕੇ ਸਦੀਣ ਦਾ ਜ਼ਿਕਰ ਹੈ*।

ਮੈਕਗ੍ਰੇਗਰ ਨੇ ਜ਼ਿਕਰ ਕੀਤਾ ਹੈ ਕਿ ਜੱਸਾ ਸਿੰਘ ਇਕ ਵੇਰ ਜੋ ਕਪੜੇ ਪਾ ਲੈਂਦਾ ਸੀ ਉਹ ਦੂਜੀ ਵੇਰ ਫੇਰ ਨਹੀਂ ਸੀ ਪਾਉਂਦਾ। ਉਹ ਕਪੜੇ ਉਤਰਦਿਆਂ ਸਾਰ ਹੀ ਦਾਨ ਹੋ ਜਾਂਦੇ ਸਨ। ਉਸ ਵੇਲੇ ਦੇ ਸਰਦਾਰਾਂ ਦੀ ਪੋਸ਼ਾਕ ਬਾਬਤ ਗਿਆਨੀਗਿਆਨ ਸਿੰਘ ਨੇ ਲਿਖਿਆ ਹੈ:-

ਏਕ ਭੀ ਪੁਸ਼ਾਕ ਜਾਂ ਕੋ ਬਖਸੈਂ ਥੇ ਪਾਕਤਾਂਕੋ ਜਾਗਤੇ ਨਸੀਬ ਥੇ ਗਰੀਬ ਧਨੀ ਹੋਵਤੇ।
ਅਬ ਚਾਰ ਦਮੜੇ ਕੀ ਪਤਲੂਨ ਕੋਟ ਸਾਢਾ ਬਖਸ਼ੀਸ਼ ਪਾਇ ਹਾਇ ਨਫਰ ਹੈਂ ਰੋਵਤੇ।
[ਗਜਾਨ ਸਿੰਘ ੧੧੧੦

ਜੱਸਾ ਸਿੰਘ ਦੇ ਬਾਦਸ਼ਾਹ ਬਣਨ ਬਾਬਤ ਨਵਾਬ ਕਪੂਰ ਸਿੰਘ ਨੇ ਬਹੁਤ ਮੁੱਦਤ ਪਹਿਲੇ ਪੇਸ਼ੀਨਗੋਈ ਕਰ ਦਿਤੀ ਸੀ †।

ਜੱਸਾ ਸਿੰਘ ਅਪਣੀ ਏਸ ਬਾਦਸ਼ਾਹੀ ਦਾ ਪੂਰਾ ਜਾਣੂ ਸੀ। ਉਹ ਹਰ ਮੌਕੇ ਉਪਰ ਅਪਣੇ ਕਰਨੀ ਕਰਤੱਵ ਨੂੰ ਏਸ ਤਰ੍ਹਾਂ ਸੋਧ ਕੇ ਰਖਦਾ ਸੀ ਕਿ ਕੋਈ ਗਲ ਉਸਦੀ ਏਸ ਸ਼ਾਨ ਦੇ ਵਿਰੁੱਧ ਨਾ ਹੋ ਜਾਵੇ। ਵੱਡੇ ਘੱਲੂਘਾਰੇ ਵਿਚ ਬਾਈ ਜ਼ਖਮ‡ ਖਾ ਕੇ ਇਹ ਮਰਦ ਲੜਦਾ ਰਿਹਾ। ਏਸੇ ਲੜਾਈ ਵਿਚ ਜੱਸਾ ਸਿੰਘ ਦਾ ਘੋੜਾ ਥਕ ਗਿਆ, ਬਹੁਤ ਜ਼ੋਰ ਲਾਉਣ ਨਾਲ ਤੇ ਅੱਡੀ ਮਾਰਨ ਨਾਲ ਵੀ ਨਾ ਟੁਰੇ, ਵਕਤ ਬਹੁਤ ਨਾਜ਼ਕ ਸੀ, ਖੜੇ ਹੋਣਾ ਮੌਤ ਦੇ ਤੁੱਲ ਸੀ। ਨਾਲ ਦੇ ਸਾਥੀ ਗੁਰਮੁਖ ਸਿੰਘ ਨੇ ਏਸ ਔਕੜ ਨੂੰ ਦੇਖ ਘੋੜੇ ਨੂੰ ਮਾਰਨ ਲਈ ਅਪਣੀ ਚਾਬਕ ਚੁੱਕੀ ਪਰ ਜੱਸਾ ਸਿੰਘ ਨੇ ਮਨ੍ਹਾ ਕਰ ਦਿੱਤਾ। 'ਬਾਦਸ਼ਾਹ' ਨੂੰ ਅਪਣਾ ਘੋੜਾ ਦੂਜੇ ਕੋਲੋਂ ਕੁਟਵਾਉਂਦਿਆਂ ਸ਼ਰਮ ਆਉਂਦੀ ਸੀ§। ਗੁਰਮੁਖ ਸਿੰਘ ਨੇ ਆਪਣਾ ਘੋੜਾ ਜੱਸਾ ਸਿੰਘ ਦੇ ਹਵਾਲੇ ਕਰ ਦਿੱਤਾ ਤੇ ਆਪ ਪੈਦਲ ਹੋ ਗਿਆ।

ਦੀਵਾਨ ਕੌੜਾ ਮਲ ਦੇ ਮੁਲਤਾਨ ਦੀ ਫਤਹ ਤੋਂ ਲੈਕੇ ਸੰਨ ੧੭੮੩ ਤਕ ਦੇਸਿਖ ਇਤਿਹਾਸ

---

*Jussa Singh Allowalya, became the greatest Sirdar in the Bist Jalindhur, and was called "Bydshah" by his dependents and followers. He was of a liberal disposition and never wore a suit of clothes twice, giving them away to his dependents.[Mc' Gregor,1,P.147

ਬਾਉਨ ਸਾਹਿਬ ਨੇ ਜਸਾ ਸਿੰਘ ਦੇ ਸਿਖ ਫੌਜਾਂ ਦੇ ਕਮਾਂਡਰ ਇੰਨਚੀਫ ਹੋਣ ਬਾਬਤ ਲਿਖਿਆ ਹੈ।

†ਹਮਤੇ ਕੀਨੇ ਪੰਥ ਨਵਾਬੋ।ਤੈਂਕੋ ਕਰਿਯਜੁ ਪਤਿਸ਼ਾਹੀ ਤਾਬੋ।ਉਸੀ ਵਕਤ ਤੇ ਭਯੋ ਨਿਹਾਲ।ਬਾਹ ਕਹਾਯੋ ਜੱਸਾਸਿੰਘ ਕਲਾਲ।
[ਰਤਨ ਸਿੰਘ, ਸਫਾ ੨੦੪

‡ਜੱਸਾ ਸਿੰਘ ਖਾਇ ਬਾਈ ਘਾਇ ॥ ਤੌ ਭੀ ਸਿੰਘ ਜੀ ਲੜਤੇ ਜਾਇ ॥ [ਰਤਨ ਸਿੰਘ, ਸਫਾ ੪੫੪

§ਤਬ ਗੁਰਮੁਖ ਸਿੰਘ ਚਾਬਕ ਉਠਾਯਾ।ਚਾਹਤ ਘੋੜੇ ਤਨ ਕੇ ਲਾਯਾ।ਤਬ ਸਿੰਘ ਜੀ ਨਿਜ ਦੇਖ ਹਟਾਯੋ।'ਚਹੈ ਹਮ ਕੋ ਤੁੰ ਚਟਕ ਲਗਾਯੋ ? ਪੰਥ ਸਨੇ ਹਮ ਕੋ ਕਰੈ ਠੱਠਾ।ਘੋੜਾ ਕੁਟਾਇ ਜੱਸਾਸਿੰਘ ਨੱਠਾ।ਕਯਾ ਮੁਖ ਲੈ ਮੈਂ ਬਹੋਂ ਦਿਵਾਨਾ।ਕਰੋਂ ਮਸਕਰੀ ਹਮ ਕੋ ਆਨ। ਮੈਂ ਖਾਲਸੇ ਪਤਿਸ਼ਹੁ ਕਹਾਯੋ। ਤੁਮ ਚਾਹਤ ਹਮ ਛੀਦੀ ਥਪਾਯੋ।' [ਰਤਨ ਸਿੰਘ, ਸਫਾ ੪੫੨

Digitized by Panjab Digital Library | www.panjabdigilib.org

ਉਪਰ ਸ: ਜੱਸਾ ਸਿੰਘ ਆਹਲੂਵਾਲੀਏ ਦੀ ਬਹਾਦਰੀ ਦੀ ਛਾਪ ਲਗੀ ਹੋਈ ਹੈ। ਜੇ ਇਹ ਗਲ ਗ਼ਲਤ ਹੈ ਕਿ ਉਸ ਨੇ ਕਦੇ ਆਪਣੇ ਨਾਮ ਦਾ ਸਿੱਕਾ ਚਲਾਇਆ ਸੀ ਤਦ ਇਹ ਗਲ ਬਿਲਕੁਲ ਸਹੀ ਹੈ ਕਿ ਉਸ ਨੇ ਜੁੱਧ ਦੀ ਭੱਠੀ ਅੰਦਰ ਸੂਰਮਗਤੀ ਦੀ ਕੁਠਾਲੀ ਵਿਚ ਆਪਣੀ 'ਨਾਮਵਰੀ' ਦੀ ਇਕ ਐਸੀ ਮੋਹਰ ਢਾਲੀ ਜਿਸ ਦੀ ਸੁਨਹਿਰੀ ਦਮਕ ਕਦੇ ਘਸਮੈਲੀ ਨਹੀਂ ਹੋਣ ਲਗੀ।

ਸੰਨ ੧੭੫੯ ਵਿਚ ਅਬਦਾਲੀ ਨੇ ਫੇਰ ਹਮਲਾ ਕੀਤਾ। ਇਹ ਮਰਹੱਟਿਆਂ ਦੇ ਵਿਰੁੱਧ ਸੀ। ਦੋ ਸਾਲ ਤਕ ਘਮਸਾਨ ਮਚੇ ਰਹੇ, ਆਖਰ ਸੰਨ ੧੭੬੧ ਵਿਚ ਪਾਨੀਪਤ ਦੀ ਲੜਾਈ ਵਿਚ ਮਰਹਟੇ ਬਿਲਕੁਲ ਹਾਰ ਗਏ। ਅਬਦਾਲੀ ਅਜੇ ਦਿੱਲੀ ਵਲ ਰੁੱਝਾ ਹੋਇਆ ਸੀ ਕਿ ਸਿਖ ਸਰਦਾਰਾਂ ਨੇ ਅੰਮ੍ਰਿਤਸਰ ਇਕੱਠੇ ਹੋਕੇ ਲੜਾਈ ਦਾ ਫੈਸਲਾ ਕੀਤਾ। ਇਨ੍ਹਾਂ ਵਿਚੋਂ ਮੋਹਰੀ ਸਰਦਾਰ ਜੱਸਾ ਸਿੰਘ (ਕਲਾਲ) ਸੀ* ।

ਸਿਖਾਂ ਦਾ ਪਹਿਲੇ ਹਮਲਾ ਲਾਹੌਰਉਪਰ ਹੋਇਆ ਜੋ ਝੱਟ ਹੀ ਫਤਹ ਹੋਗਿਆ। ਸ਼ਹਰ ਦੇ ਵਸਨੀਕ ਤੀਹ ਹਜ਼ਾਰ ਰੁਪੱਯਾ ਨਜ਼ਰਾਨਾ ਲੈਕੇ ਹਾਜ਼ਰ ਹੋਏ, ਜਿਸਨੂੰ ਮਨਜ਼ੂਰ ਕਰਕੇ ਸਰਦਾਰ ਲਾਹੌਰੋਂ ਚਲੇ ਗਏ। ਫੇਰ ਹੋਰਨਾਂ ਜ਼ਿਲਿਆਂ ਦੀ ਵਾਰੀ ਆਈ। ਸਰਦਾਰ ਜੱਸਾ ਸਿੰਘ(ਕਲਾਲ)ਨੇ ਆਪਣੀ ਥੋੜੀ ਜੇਹੀ ਫੌਜ ਨਾਲ ਸਰਹਿੰਦ ਅਤੇ ਦੀਪਾਲ ਪੁਰ ਨੂੰ ਤਹ ਤੇਗ਼ ਕੀਤਾ। ਫੀਰੋਜ਼ਪੁਰ ਦਾ ਕੁਝ ਇਲਾਕਾ ਫਤਹ ਕਰਕੇ ਝੁਗਰ ਤੇ ਨਜਪਾਲ ਵਿਚ ਅਪਣੀ ਕਿਲੇ ਬੰਦੀ ਕੀਤੀ,ਨਾਲਹੀ ਹੁਸ਼ਯਾਰਪੁਰ ਤੇ ਅੰਬਾਲੇ ਦੇ ਜ਼ਿਲੇ ਦਾ ਕੁਛ ਹਿੱਸਾ ਆਪਣੇ ਹੇਠ ਕਰ ਲੀਤਾ। ਕਪੂਰਥਲੇ ਦੇ ਨਵਾਬ ਇਬਾਹੀਮ ਭੱਟੀ ਨੂੰ ਵੀ ਅਪਣੇ ਮਾਤਹਤ ਕਰ ਲੀਤਾ ਤੇ ਉਹ ਟਕੇ ਭਰਨ ਲਗ ਪਿਆ। ਏਸੇ ਤਰਾਂ ਜੱਸਾ ਸਿੰਘ ਰਾਮਗੜ੍ਹੀਏ ਤੇ ਜੈ ਸਿੰਘ ਕਨ੍ਹੱਯੇ ਨੇ ਰਲਕੇ ਬਟਾਲਾ, ਕਲਾਨੌਰ, ਹਰਗੋਬਿੰਦਪੁਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਲਾਗਲੇ ਇਲਾਕੇ ਅਪਣੇ ਜ਼ੇਰ ਕਰ ਲੀਤੇ। ਇਹ ਸਾਰੀ ਕਾਰਵਾਈ ਉਸ ਵਕਤ ਦੇ ਅੰਦਰ ਅੰਦਰ ਬੜੀ ਫੁਰਤੀ ਨਾਲ ਹੋਗਈ, ਜਿਸ ਵੇਲੇ ਅਬਦਾਲੀ ਦਿੱਲੀ ਵਿਚ ਰੁੱਝਾ ਹੋਇਆਸੀ। ਸੰਨ ੧੭੬੧ ਵਿਚ ਅਬਦਾਲੀ ਵਾਪਸ ਚਲਾ ਗਿਆ, ਸਿਖਾਂ ਨਾਲ ਕੋਈ ਟਾਕਰਾ ਨਹੀਂ ਹੋਇਆ, ਪਰ ਉਸਨੇ ਜਾਕੇ ਅਪਣੇ ਵੱਡੇ ਜਰਨੈਲ ਨੂਰਦੀਨ ਖਾਂ ਨੂੰ ਫੌਜ ਦੇਕੇ ਸਿੱਖਾਂ ਨੂੰ ਸੋਧਣ ਲਈ ਘੱਲਿਆ।ਸੰਨ ੧੭੬੨ ਵਿਚ ਸਿੱਖਾਂ ਦੀ ਨੂਰਦੀਨ ਨਾਲ ਲੜਾਈ ਹੋਈ,ਜਿਸ ਵਿਚ ਨੂਰਦੀਨ ਹਾਰ ਗਿਆ। ਪੰਜਾਬ ਵਿਚ ਹਰ ਪਾਸੇ ਸਿੱਖ ਸਰਦਾਰਾਂ ਨੇ ਅਪਣੇ ਕਿਲੇ ਜਗੀਰਾਂ ਤੇ ਰਜਾਸਤਾਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਮਾਮਲੇ ਆਪ ਉਗ੍ਰਾਹੁਣ ਲਗ ਪਏ। ਏਸ ਸਾਲ ਦੇ ਅਖੀਰ ਅਬਦਾਲੀ ਨੇ ਫੇਰ ਹਮਲਾ ਕੀਤਾ। ਲੁਧਿਆਣੇ ਦੇ ਨਜ਼ਦੀਕ ਜੋ ਲੜਾਈ ਹੋਈ ਉਸ ਦਾ ਨਾਮ ਸਿਖ ਇਤਹਾਸ ਵਿਚ ਵੱਡਾ ਘੱਲੂਘਾਰਾ ਹੈ। ਜਿਸ ਵੱਡੇ ਪੈਮਾਨੇ ਉਪਰ ਇਹ ਖ਼ੂੰਨੀ ਜੰਗ ਹੋਇਆ ਉਸਦਾ ਅੰਦਾਜ਼ਾ ਸਿਰਫ ਇਤਨੀ ਗਲ ਤੋਂ ਹੀ ਲਗ ਸਕਦਾ ਹੈ ਕਿ ਇਸ ਵਿਚ ਤੀਹ ਹਜ਼ਾਰ ਸਿੱਖ ਸ਼ਹੀਦਾਂ ਦੀ ਗਿਣਤੀ ਦੱਸੀ ਜਾਂਦੀ ਹੈ†।

---

*ਇਹ ਫੈਸਲਾ ਸੰਨ ੧੭੬੦ ਦੀ ਵਿਸਾਖੀ ਵਾਲੇ ਦਿਨ ਹੋਇਆ।

†ਤਾਰੀਖੇ ਅੰਹਮਦੀ ਅਤੇ ਇਬਰਤ ਨਾਮੇ ਵਿਚ ਮੋਇਆਂ ਦੀ ਗਿਣਤੀ ਤੀਹ ਹਜ਼ਾਰ ਦਿੱਤੀ ਹੈ।ਤੇ ਵਨੱਯਾਲਾਲ ਨੇ ੨੪੦੦੦ ਮੰਨੀ ਹੈ, ਕਨਿੰਘਮ ੧੨ ਅਤੇ ਪੰਝੀ ਹਜ਼ਾਰ ਦੇ ਵਿਚ ਮੰਨਦਾ ਹੈ। ਰਤਨ ਸਿੰਘ ਭੰਗੂ ਨੇ ਇਸਤਰ੍ਹਾਂ ਲਿਖਿਆ ਹੈ:-

ਛੋਕ ਕਹੈਂ ਸਿੰਘ ਇਕ ਲਖ ਸਾਰਾ। ਪਚਾਸ ਬਚਜੇ ਔਰ ਸਭ ਗਜੇ ਮਾਰਾ।
ਪਿਤਾ ਹਮਾਰੇ ਤੀਸ ਬਤਾਏ। ਰਹੇ ਸੂ ਮਰ ਔਰ ਦਚ ਕਰ ਆਏ।
ਪਿਤਾ ਚਾਰੇ ਦੁਇ ਹਮ ਬੇ ਸਾਥ। ਉਨ ਤੇ ਸੁਨ ਹਮ ਆਖੀ ਬਾਤ।
ਘੋੜੇ ਉਠ ਕੀ ਗਿਣਤੀ ਨਾਹਿ। ਘੱਲੂ ਘਾਰੇ ਇਸਕੇ ਮਾਂਹਿ।
ਸਰਦਾਰ ਸਭੇ ਚਖਮੀ ਭਏ ਸਾਬਤ ਰਹਜੇ ਠ ਕੋਇ॥
ਲਈ ਸ਼ਹੀਦੀ ਬੀ ਘਠਠ ਗਿਣਤੀ ਸਠਠ ਠ ਹੋਇ। [ਰਤਠ ਸਿੰਘ ਭੰਗੂ, ਸਫਾ ੩੫੯

Digitized by Panjab Digital Library | www.panjabdigilib.org

ਸਿਖਾਂ ਦਾ ਵਹੀਰ ਇਤਨੇ ਮਰਵਾਕੇ ਬੈਰਾੜ ਦੇਸ਼ ਦੇ ਜੰਗਲਾਂ ਵਿਚ ਵੜ ਗਿਆ। ਅਬਦਾਲੀ ਨੇ ਅੰਮ੍ਰਿਤਸਰ ਤੇ ਲਾਹੌਰ ਸਿਖਾਂ ਦੀ ਕਤਲਾਮ ਕੀਤੀ। ਸ੍ਰੀ ਦਰਬਾਰ ਸਾਹਿਬ ਦੀ ਪੁਨਰ ਬਿਅਦਬੀ ਏਸੇ ਵਕਤ ਹੋਈ। ਸਰੋਵਰ ਪੂਰ ਦਿਤਾ ਗਿਆ ਤੇ ਹਰਿਮੰਦਰਨੂੰ ਬਾਰੂਦ ਨਾਲ ਉਡਾਦਿੱਤਾ ਗਿਆ*।

ਸੰਨ ੧੭੬੩ ਦੇ ਸ਼ੁਰੂ ਵਿਚ ਅਬਦਾਲੀ ਵਾਪਸ ਚਲਾ ਗਿਆ ਤੇ ਲਾਹੌਰ ਵਿਚ ਕਾਬਲੀ ਮਲ ਨਾਮੀ ਇਕ ਹਿੰਦੂ ਨੂੰ ਮੁਕਰਰ ਕਰ ਗਿਆ। ਅਬਦਾਲੀ ਦੇ ਜਾਣ ਦੀ ਡੇਰ ਸੀ ਕਿ ਸਿਖ ਫੇਰ ਉਠ ਖੜੇਤੇ। ਅਗੇ ਕੌਲੋਂ ਦੂਣ ਸਵਾਏ ਹੋਕੇ ਮੈਦਾਨ ਵਿਚ ਆ ਉਭਰੇ। ਸਚ ਕਿਹਾ ਹੈ:

ਰਹੇ ਚਾਉ ਉਨ ਮਰਨ ਕੋ ਦੀਨ ਮਜ਼ਬ ਕੇ ਭਾਇ ॥
ਹਮ ਮਾਰਤ ਉਨ ਥਕ ਗਏ ਓਇ ਘਟਤ ਨ ਕਿਤਹੂੰ ਦਾਇਤ ॥

[ਰਤਨ ਸਿੰਘ ਭੰਗੂ ਪੰਨਾ ੨੧੭

ਏਥੇ ਬੰਦੇ ਦੇ ਵੇਲੇ ਸਿੱਖਾਂ ਦੀ ਗਿਣਤੀ ਵੀਹ ਕੁ ਹਜ਼ਾਰ ਘੋੜ ਸਵਾਰ ਦੀ ਗਿਣੀ ਜਾਂਦੀ ਹੈ ਜੋ ਫੱਰੁਖਸੀਅਰ ਬਾਦਸ਼ਾਹ ਦੇ ਵੇਲੇ ਲੋਹ ਗੜ ਵਿਦ ਅਬਦੁਲਸਮੱਦ ਖਾਂ ਨਾਲ ਲੜਦੇ ਰਹੇ‡। ਤਕਰੀਬਨ ਪੰਜਾਹ ਵਰ੍ਹੇ ਦੀਆਂ ਕਤਲਾਮਾਂ ਦੇ ਬਾਦ ਵੱਡੇ ਘੱਲੂ ਘਾਰੇ ਵੇਲੇ ਸਿਖਾਂ ਦੀ ਇਕ ਲਖ ਫੌਜ ਮੈਦਾਨ ਵਿਚ ਸੀ। ਸੰਨ੧੭੬੩ ਵਿਚ ਚਾਲੀ ਹਜ਼ਾਰ ਦੇ ਕਰੀਬ ਸਿੱਖ ਇਕੱਠੇ ਹੋਕੇ ਸਰਹਿੰਦ ਉਪਰ ਜਾ ਪਏ। ਏਸ ਫੌਜ ਵਿਚ ਸ: ਜੱਸਾ ਸਿੰਘ ਕਲਾਲ, ਸ: ਜੱਸਾ ਸਿੰਘ ਰਾਮਗੜ੍ਹੀਆ ਤੇ ਪਟਿਆਲੇ ਦਾ ਰਾਜਾ ਆਲਾ ਸਿੰਘ ਤੇ ਹੋਰ ਮਿਸਲਾਂ ਦੇ ਸਰਦਾਰ ਸਨ। ਸਰਹਿੰਦ ਦਾ ਨਵਾਬ ਜ਼ੈਨ ਖਾਂ ਮਾਰਿਆ ਗਿਆ ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਲਗਦੇ ਹਥ ਹੀ ਮਲੇਰ ਕੋਟਲੇ ਉਪਰ ਹੱਲਾ ਬੋਲਿਆ ਗਿਆ। ਨਵਾਬ ਮਾਰਿਆ ਗਿਆ ਤੇ ਸ਼ਹਿਰ ਲੁੱਟਿਆ ਗਿਆ। ਲਾਹੌਰ ਵਿਚ ਲਹਿਣਾ ਸਿੰਘ ਗੁੱਜਰ ਸਿੰਘ ਭੰਗੀ ਸਰਦਾਰਾਂ ਨੇ ਅਪਣਾ ਕਬਜ਼ਾ ਜਮਾ ਲੀਤਾ ਤੇ ਕਿਲੇ ਉਪਰ ਖਾਲਸਈ ਝੰਡਾ ਝੁਲਣ ਲਗ ਪਿਆ। ਸੰਨ ੧੭੬੪ ਦੇ ਲਗ ਪਗ ਜਿਹਲਮ ਤੋਂ ਲੈਕੇ ਜਮਨਾ ਤਕ ਖਾਲਸਈ ਝੰਡਾ ਝੁਲ ਰਿਹਾ ਸੀ। ੧੭੬੫ ਵਿਚ ਸਿਖਾਂ ਨੇ ਅਪਣਾ ਸਿੱਕਾ ਚਲਾਇਆ§। ੧੭੬੮ ਵਿਚ ਸਿਖਾਂ ਨੇ ਰੋਹਤਾਸ ਦਾ ਕਿਲ੍ਹਾ ਸਰ ਕੀਤਾ। ਇਸ ਨਾਲ ਸਿੱਖ ਰਾਜ ਅਟਕ ਤੋਂ ਲੈ ਕੇ ਜਮਨਾ ਤਕ ਫੈਲ ਗਿਆ। ਸੰਨ ੧੭੬੩ ਅਤੇ ੧੭੬੮ ਦੇ ਵਿਚਕਾਰ ਅਬਦਾਲੀ ਦੇ ਦੋ ਹਮਲੇ ਹੋਏ ਪਰ ਇਨ੍ਹਾਂ ਨਾਲ ਉਸ ਦੇ ਪੱਲੇ ਕੁਛ ਨਾ ਪਿਆ। ਉਸ ਨੂੰ ਪਤਾ ਲਗ ਗਿਆ ਸੀ ਕਿ ਸਿਖ ਤਾਕਤ ਉਸ ਦੇ ਵਿਤ ਤੋਂ ਬਾਹਰ ਹੋ ਗਈ ਹੈ, ਉਸ ਨੇ ਇਹ ਵੀ ਕੋਸ਼ਸ਼ ਕੀਤੀ ਕਿ ਸਿੱਖ ਸਰਦਾਰਾਂ ਨੂੰ ਹੀ ਅਪਣੀ ਵਲੋਂ ਹਾਕਮ ਮੁਕਰਰ ਕਰ ਦੇਵੇ।ਪਟਿਆਲੇ ਵਾਲੇ ਮਹਾਰਾਜਾ ਆਲਾ ਸਿੰਘਨੂੰ ਖ਼ਿਤਾਬ ਤੇ ਪਦਵੀ ਏਸੇ ਸਿਲਸਿਲੇ ਵਿਚ ਮਿਲੀ ਸੀ

---

*He first gratified his own resentment and indulged the savage bigotry of his followers by destroying the renewed temples of Amritsar by polluting the pool with slaughtered cows, by encasing numerous pyramids with the heads of decapitated Sikhs... [Cunningham, P. 109.

ਰਤਨ ਸਿੰਘ ਭੰਗੂ ਨੇ ਇਸਤਰ੍ਹਾਂ ਲਿਖਿਆ ਹੈ:-

ਤਾਲ ਮੱਧ ਦਈ ਲਿੱਦ ਗਿਰਾਇ। ਜੋ ਬੀਜੋ ਜਾਉ ਖੁਦ ਚਰਾਇ।
ਮਧ ਹਰਿ ਮੰਦਰ ਢਾਹ ਤਿਨ ਦਯੋ। ਤਿਹ ਦਾਰੂ ਕੁੰਪੋ ਚਿਣਾਵਤ ਭਯੋ।
ਦੀਨੀ ਤਿਨਕੋ ਅਗਨ ਲਗਾਇ। ਉਡੀ ਇੱਟ ਉਹਾਂ ਪਹੁੰਚੀ ਜਾਇ। [ਸਫਾ ੬੪੭

†ਇਸੇ ਗਲ ਨੂੰ ਮੈਲਕਮ ਸਾਹਿਬ ਨੇ ਇਸਤਰ੍ਹਾਂ ਲਿਖਿਆ ਹੈ:—

The Sikh nation throughout their early history, always appeared, like a suppressed flame, to rise into higher splendour from every attempt to crush them [Malcolm, P. 102

‡ਇਹ ਫੋਰਸਟਰ ਦੇ ਮੁਤਾਬਕ ਹੈ।
ਫੋਰਸਟਰ। ਯਾਵਤ ਅਜ ਨਾਨਕ ਗੁਰੂ ਗੋਬਿੰਦ ਸਿੰਘ।

§ਇਸਦੀ ਦਿਖਾਰਤ ਇਹ ਦੱਸੀ ਜਾਂਦੀ ਹੈ:-ਦੇਗ਼ ਤੇਗ਼ ਫਤਹ ਓ ਨੁਸਰਤ

Digitized by Panjab Digital Library | www.panjabdigilib.org

ਪਰ ਜਿਸ ਵੇਲੇ ਲਹਿਣਾ ਸਿੰਘ ਭੰਗੀ ਨੂੰ ਲਾਹੌਰ ਦਾ ਹਾਕਮ ਬਨਾਉਣ ਲਈ ਉਸ ਨੇ ਖਾਹਿਸ਼ ਪ੍ਰਗਟ ਕੀਤੀ ਤਾਂ ਲਹਿਣਾ ਸਿੰਘ ਨੇ ਇਹ ਗਲ ਮਨਜ਼ੂਰ ਨਾ ਕੀਤੀ । ਕੁਛ ਤੋਹਫੇ ਤੇ ਮੇਵੇ ਆਦਿਕ ਅਹਿਮਦ ਸ਼ਾਹ ਨੇ ਜੋ ਲਹਿਣਾਸਿੰਘ ਨੂੰ ਘੱਲੇ,ਉਹ ਉਸ ਮੋੜ ਦਿਤੇ ਤੇ ਕਹਿ ਭੇਜਿਆ ਕਿ ਫਲ ਮੇਵੇ ਬਾਦਸ਼ਾਹਾਂ ਦੀ ਖੁਰਾਕ ਹੈ, ਅਸੀਂ ਜੱਟ ਜ਼ਿਮੀਂਦਾਰ ਅਨਾਜ ਨਾਲ ਹੀ ਢਿਡ ਭਰਦੇ ਸੁਹਣੇ ਲਗਦੇ ਹਾਂ ।

ਇਹ ਗੱਲਾਂ ਅਬਦਾਲੀ ਦੇ ਅਖੀਰਲੇ ਅੱਠਵੇਂ ਹਮਲੇ ਵੇਲੇ ਹੋਈਆਂ ਜੋ ਸੰਨ ੧੭੬੭ ਈ: ਵਿਚ ਹੋਇਆ । ਅਬਦਾਲੀ ਬਹੁਤ ਨਾ-ਉਮੈਦ ਮੁੜਿਆ । ਜੋ ਸਮਝੌਤਾ ਉਹ ਸਿੱਖਾਂ ਨਾਲ ਚਾਹੁੰਦਾ ਸੀ ਉਹ ਸਿਰੇ ਨਾ ਚੜ੍ਹ ਸਕਿਆ*। ਕਰਮ ਸਿੰਘ ਲਿਖਦਾ ਹੈ ਕਿ ਅਬਦਾਲੀ ਹਿੰਦ ਵਿਚ ਮੁੜਕੇ ਪਠਾਣ ਰਾਜ ਕਾਇਮ ਕਰਨਾ ਚਾਹੁੰਦਾ ਸੀ, ਪਰ ਜਦ ਉਹ ਦਿੱਲੀ ਪੁੱਜਦਾ ਸੀ ਤੇ ਕਾਮਯਾਬ ਹੁੰਦਾ ਸੀ ਪੰਜਾਬ ਵਿਚ ਸਿੱਖ ਨਿਕਲ ਪੈਂਦੇ ਸਨ ਉਸਨੂੰ ਕਾਬਲ ਨਾਲ Cut off ਹੋਣ ਦਾ ਡਰ ਪੈ ਜਾਂਦਾ ਸੀ ਤੇ ਛੇੜੀ ਮੁੜਦਾ ਸੀ। ਜੇ ਪੰਜਾਬ ਵਿਚ ਸਿੱਖ ਨਾ ਹੁੰਦੇ ਤਾਂ ਉਹ ਕਾਮਯਾਬ ਹੋ ਜਾਂਦਾ ਪਰ ਇਨ੍ਹਾਂ ਨੇ ਨਹੀਂ ਹੋਣ ਦਿੱਤਾ ।

ਉਸ ਦੀ ਸਾਰੀ ਆਸ਼ਾ ਪੰਜਾਬ ਵਿਚ ਕਾਬਲ ਦਾ ਮੁਸਲਮਾਨ (ਪਠਾਣੀ) ਰਾਜ ਕਾਇਮ ਰੱਖਣ ਦੀ ਮਿੱਟੀ ਵਿਚ ਮਿਲ ਗਈ† । ਸੰਨ ੧੭੭੩ ਈਸਵੀ ਵਿਚ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਮਰ ਗਿਆ ।

ਪੰਜਾਬ ਸਾਰਾ ਮਿਸਲਾਂ ਦੇ ਸਰਦਾਰਾਂ ਨੇ ਵੰਡ ਲੀਤਾ । ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਇਤਨੀਆਂ ਕੁ ਥਾਵਾਂ ਨੂੰ ਆਪਣੇ ਕਬਜ਼ੇ ਵਿਚ ਕਰ ਲੀਤਾ, ਆਹਲੂ, ਸਰਿਆਲਾ, ਸਿੱਲ੍ਹੇਵਾਲਾ, ਡੂਪਾਲਾ, ਰੋਗੜਵਾਲ, ਸੁਲਤਾਨ ਪੁਰ, ਤਲਵੰਡੀ, ਈਸਾਂ ਖਾਂ, ਜਗਰਾਓਂ । ਸੰਨ ੧੭੭੪ ਵਿਚ ਕਪੂਰਥਲੇ ਨੂੰ ਆਪਣੀ ਰਾਜਧਾਨੀ ਬਣਾਇਆ । ਸ: ਜੱਸਾ ਸਿੰਘ ਕੋਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹਥ ਦੀ ਤਲਵਾਰ ਸੀ ਜੋ ਉਸ ਨੂੰ ਹਰ ਮੈਦਾਨ ਅੰਗ ਸੰਗ ਸਹਾਇਤਾ ਦੇਂਦੀ ਰਹੀ । ਉਸ ਨੂੰ ਪੰਥ ਨੇ ਇਕ ਹੋਰ ਖ਼ਿਤਾਬ 'ਬੰਦੀ ਛੋੜ' ਦਾ ਦਿੱਤਾ । ਇਹ ਉਸ ਵੇਲੇ ਹੋਇਆ ਜਦੋਂ ਇਕ ਵੇਰੀ ਅਬਦਾਲੀ ਹਿੰਦੁਸਤਾਨ ਵਿਚੋਂ ਬਹੁਤ ਸਾਰੀਆਂ ਤ੍ਰੀਮਤਾਂ ਤੇ ਲੜਕੀਆਂ ਬਤੌਰ ਲੁੱਟ ਦੇ ਲਿਜਾ ਰਿਹਾ ਸੀ । ਸ: ਜੱਸਾ ਸਿੰਘ ਨੂੰ ਖਬਰ ਲੱਗੀ, ਉਨ੍ਹਾਂ ਨੇ ਪਿੱਛਾ ਕੀਤਾ ਤੇ ਰਾਤ ਵੇਲੇ ਇਕ ਹਮਲਾ ਕਰਕੇ ਇਨ੍ਹਾਂ ਬੇਗੁਨਾਹਾਂ ਨੂੰ ਛੁਡਵਾਇਆ ਫੇਰ ਆਪਣੇ ਖਰਚ ਉਪਰ ਬਾਆਰਾਮ ਸਭ ਨੂੰ ਆਪੋ ਆਪਣੇ ਘਰੀਂ ਪਹੁੰਚਾਇਆ‡ ।

ਸੰਨ ੧੭੮੩ ਈ: ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਏਸ ਅਸਾਰ ਸੰਸਾਰ ਨੂੰ ਛਡਕੇ ਸੱਚੇ ਧਾਮ ਚਲਾ ਗਿਆ ।

---

*ਸੁਲਹ ਸਿੰਘਨ ਤੁਰਕਾਨ ਕੀ ਪਾਠੀ ਆਗ ਸਮਾਨ । ਨਹਿ ਹੋਈ ਨਾ ਹੋਇਗੀ ਸਹਜੇ ਬੈਰ ਮਹਾਨ ।
[ਗਯਾਨ ਸਿੰਘ ਸਫਾ ੪੭੩

†ਸ਼ਾਹ ਮੁੜਜੋ ਬਡ ਨਮੋਝੀ ਪਾਇ। ਇਸ ਆਵਨ ਕੋ ਬਹੁ ਪਛੁਤਾਇ । ਕਹਿ 'ਚਿੜੀਅਨ ਹਮ ਬਾਜ ਦਏ ਮਾਰ । ਕਰੈ ਛੋਲੁਅਨ ਹਮ ਸ਼ੇਰ ਖ਼ਾਰ । ਇਨ ਕੀ ਮੱਦਦ ਆਪ ਖੁਦਾਇ। ਪੁਜਜੋ ਨ ਬਲ ਹਮ ਇਨ ਪਰ ਕਾਇ । ਇਨ ਮੈਂ ਸ਼ਕਤ ਕਿਛ ਆਹਿ ਕਰੀਮ । ਕਰ ਦੇਖਜੋ ਹਮ ਬਹੁਤ ਫਹੀਮ । ਅਬ ਜੋ ਮੋਹੈ ਦਿਤ ਦੇਸ ਆਓਗ । ਜੋ ਆਓਗ ਸੋ ਪੱਛੋਤਾਓਗ । ਇਸੀ ਅਛਰੋਸੇ ਸੋ ਮਰ ਗਜੇ । ਪੁਜਜੋ ਨ ਕਾਬਲ ਰਾਹਿ ਸੁ ਮੁਯੇ ।
[ਰਤਨ ਸਿੰਘ ਭੰਗੂ ਸਫਾ ੪੧੮

‡He started in pursuit of the Shah and making a successful night attack upon his camp rescued the innocent creatures and providing them liberally with money and other necessities sent them all under proper escort to their respective homes. This act of courage and patriotism not only endeared Jassa Singh to all classes of Hindus and increased his power and influence but also tended to enhance the prestige and popularity of the Sikh religion and Sikh Government.
[*Narang. P.169.*

Digitized by Panjab Digital Library | www.panjabdigilib.org

ਰਹਿੰਦੀਆਂ ਖੂੰਹਦੀਆਂ ਗੱਲਾਂ।

੧. ਪੰਜਾਬ ਦੀ ਸ੍ਵੰਤਤ੍ਰਤਾ।

ਅਸੀਂ ਦੀਵਾਨ ਸਾਹਿਬ ਸੰਬੰਧੀ, ਜੋ ਤ੍ਵਾਰੀਖੀ ਮਸਾਲਾ ਮਿਲ ਸਕਿਆ ਹੈ,–ਉਹ ਅਤੇ ਉਸ ਤੋਂ ਜਿਸ ਕਿਸਮ ਦੀ ਉਨ੍ਹਾਂ ਦੀ ਮੂਰਤ ਖਿੱਚੀ ਜਾ ਸਕਦੀ ਸੀ, ਪਾਠਕਾਂ ਦੇ ਪੇਸ਼ ਕਰ ਚੁਕੇ ਹਾਂ, ਨਾਲ ਹੀ ਉਨ੍ਹਾਂ ਦੇ ਬੰਦਿਆਂ ਦਾ ਹਾਲ ਕੁਛ ਵਿਸਥਾਰ ਨਾਲ ਦਿੱਤਾ ਹੈ, ਜੋ ਉਨ੍ਹਾਂ ਦੇ ਸਾਥੀ ਸਨ, ਜਿਨ੍ਹਾਂ ਵਿਚੋਂ ਇਕ ਸਾਰੀ ਉਮਰ ਉਨ੍ਹਾਂ ਨਾਲ ਖੁਣਸਦਾ ਰਿਹਾ ਅਤੇ ਆਖ਼ਰ ਉਨ੍ਹਾਂ ਦੀ ਸ਼ਹੀਦੀ ਦਾ ਕਾਰਣ ਬਣਿਆ, ਦੂਜਾ ਪਰਮ ਹਿਤੂ ਤੇ ਪਰਮ ਸਨੇਹੀ ਮਿਤ੍ਰ ਰਿਹਾ। ਇਨ੍ਹਾਂ ਦੋ ਬੰਦਿਆਂ ਦੇ ਨਾਮ, ਜੈਸੇ ਕਿ ਪਾਠਕ ਸਮਝ ਗਏ ਹੋਣੇ ਹਨ, ਨਵਾਬ ਅਦੀਨਾ ਬੇਗ ਅਤੇ ਸਰਦਾਰ ਜੱਸਾ ਸਿੰਘ ਕਲਾਲ ਸਨ। ਇਹ ਜ਼ਰੂਰੀ ਸੀ।

ਦੀਵਾਨ ਸਾਹਿਬ ਦੀ ਤਬੀਅਤ ਇਕ ਮਾਮੂਲੀ ਸਿੱਧੀ ਸਾਧੀ ਬਨਾਵਟ ਦੀ ਨਹੀਂ ਸੀ। ਉਹ ਸਮੇਂ ਅਤੇ ਮਾਮਲੇ ਐਸੇ ਨਾਜ਼ਕ ਅਤੇ ਪੇਚੀਦਾ ਸਨ ਕਿ ਉਨ੍ਹਾਂ ਨੂੰ ਨਜਿੱਠਣ ਲਈ ਮਨ ਦੀ ਡੂੰਘਾਈ, ਸਿਆਣਪ ਦੀ ਤੀਖਣਤਾ, ਮੌਕੇ ਦੀ ਪਛਾਣ, ਤਿੰਨੇ ਇਕ ਵਕਤ ਅਤੀ ਜ਼ਰੂਰੀ ਸਨ। ਦੀਵਾਨ ਸਾਹਿਬ ਦੀ ਹਾਲਤ ਇਹ ਸੀ ਕਿ ਮਲਕ ਜੋ ਸੀ ਉਹ ਅਤਿ ਦਰਜੇ ਦਾ ਨਿਰਦਈ, ਬੇਵਿਸਾਹਿਆ, ਛਿੱਥਾ ਦਿੱਲੀ ਅਤੇ ਕਾਬਲ ਦੋਨਾਂ ਨਾਲ ਵਿਗੜਿਆ ਹੋਇਆ, ਜਿਨ੍ਹਾਂ ਦੀਆਂ ਮਾਤਹਿਤੀਆਂ ਮੰਨ ਚੁਕਾ ਸੀ, ਤੇ ਉਸ ਮਜ਼ਹਬ ਦਾ ਜਾਨੀ ਦੁਸ਼ਮਨ, ਜੋ ਦੀਵਾਨ ਸਾਹਿਬ ਦਾ ਨਿਜੀ ਆਪਣਾ ਸੀ। ਐਸੇ ਮਾਲਕ ਦੇ ਮਾਤਹਿਤ ਕੰਮ ਕਰਨਾ ਅਤੇ ਮਾਮਲੇ ਇਸ ਤਰ੍ਹਾਂ ਨਜਿੱਠਣੇ ਕਿ ਉਸ ਨੂੰ ਇਹ ਪਤਾ ਲੱਗਣਾ ਕਿ ਅਗਰ ਉਸ ਦੇ ਇਤਬਾਰ ਦੇ ਲਾਇਕ ਕੋਈ ਇਕ ਆਦਮੀ ਹੈ ਤਾਂ ਕੇਵਲ ਦੀਵਾਨ ਕੌੜਾ ਮਲ,–ਇਹ ਇਸ ਗਲ ਦਾ ਸਬੂਤ ਹੈ ਕਿ ਇਨਸਾਨ ਦੀ ਅਕਲ, ਮਾਮਲੇ ਫਹਮੀ ਵਿਚ ਕਿਤਨੀ ਦੂਰ ਤਕ ਪਹੁੰਚ ਸਕਦੀ ਹੈ। ਕਿਤਨੀ ਦੂਰ? ਇਸ ਗਲ ਦੀ ਵੀ ਹੱਦ ਹੈ। ਇਹ ਹੱਦ ਆਦਮੀ ਦੀ ਆਪਣੀ ਜਾਨ ਹੈ। ਅਸਲ ਅਕਲਈਆ ਓਹੋ ਹੈ ਜਿਸ ਦੀ ਬੁੱਧੀ ਅਸੂਲ ਦੀਆਂ ਗੱਲਾਂ ਵਿਚ, ਜਿੰਦ ਬਚਾਉਣ ਦੇ ਖਿਆਲ ਤੋਂ ਸੁਤੰਤਰ ਹੋਕੇ ਆਪਣੀਆਂ ਵਿਉਂਤਾਂ ਨੂੰ 'ਸਿਰ ਧਰ ਤਲੀ' ਪੂਰਾ ਕਰਨ ਲਈ ਸਮਰੱਥ ਹੈ। ਦੀਵਾਨ ਸਾਹਿਬ ਦੀ ਸ਼ਹੀਦੀ ਇਸ ਪ੍ਰਕਾਰ ਦੇ ਦਾਨਾ ਬਹਾਦਰ ਆਦਮੀ ਦੀ ਸੀ।

ਅਦੀਨਾ ਬੇਗ ਉਨ੍ਹਾਂ ਦੀ ਬਹਾਦਰੀ ਅਤੇ ਦਾਨਾਈ ਨੂੰ ਸਮਝਦਾ ਸੀ। ਅਦੀਨਾ ਬੇਗ ਅਤੇ ਦੀਵਾਨ ਸਾਹਿਬ ਦੋਨੋਂ ਮੀਰ ਮੰਨੂੰ ਦੇ ਮੁਸਾਹਿਬ ਤੇ ਗਵਰਨਰ ਸਨ, ਦੋਨੋਂ ਬਲਵਾਨ ਅਤੇ ਅਕਲ ਦੇ ਧਨੀ ਸਨ, ਫਰਕ ਇਤਨਾ ਸੀ ਕਿ ਇਕ ਸਿਰਫ ਆਪਣੇ ਆਪ ਲਈ ਸੀ, ਦੂਜਾ ਕੌਮ ਲਈ, ਇਕ ਬਨਾਵਟ ਦੇ ਆਸਰੇ ਤ੍ਰੁੱਕੀ ਕਰ ਰਿਹਾ ਸੀ, ਦੂਜਾ ਸੱਚ ਦੇ ਸਹਾਰੇ ਖੜਾ ਸੀ, ਇਕ ਕਾਤਲ ਸੀ, ਦੂਜਾ ਮਕਤੂਲ।

ਦੀਵਾਨ ਸਾਹਿਬ ਦੇ ਕਾਰਨਾਮਿਆਂ ਦੀ ਤਸਵੀਰ ਤਦੇ ਮੁਕੰਮਲ ਹੁੰਦੀ ਹੈ ਜਦੋਂ ਇਕ ਪਾਸੇ ਅਦੀਨਾ ਬੇਗ ਦੇ ਚਾਲ ਚਲਨ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ, ਦੂਜੇ ਪਾਸੇ ਸ: ਜੱਸਾ ਸਿੰਘ (ਕਲਾਲ) ਨਾਲ ਜੋ ਪਰਸਪਰ ਸੰਬੰਧ ਸੀ, ਉਸ ਨੂੰ ਵਿਚਾਰਿਆ ਜਾਵੇ। ਇਸੇ ਖਿਆਲ ਨਾਲ ਅਸਾਂ ਪਿਛਲਾ ਮਜ਼ਮੂਨ ਸ: ਜੱਸਾ ਸਿੰਘ ਦੇ ਗੁਰਪੁਰੀ ਚੜ੍ਹਾਈ ਕਰਨ ਦੇ ਅਖੀਰ ਤਕ ਲਿਖਿਆ ਹੈ।

ਰਾਮਰੌਣੀ ਦੇ ਘੇਰੇ ਵੇਲੇ ਸ: ਜੱਸਾ ਸਿੰਘਨੇ ਦੀਵਾਨ ਸਾਹਿਬਨੂੰ ਸੁਨੇਹਾ ਭੇਜਿਆ "ਐਸੇ ਵੇਲੇ ਤੁਸੀਂ ਹੀ ਸਾਨੂੰ ਪੱਕਰ ਸਕਦੇ ਹੋ"*। ਇਹ ਉਹ ਵਕਤ ਸੀ ਜੋ ਸਿਖ ਤ੍ਵਾਰੀਖ ਵਿਚ ਬਹੁਤ ਨਾਜ਼ਕ ਸੀ। ਰਾਮਰੌਣੀ ਦਾ ਘੇਰਾ, ਅਦੀਨਾ ਬੇਗ ਨੇ ਮੀਰਮੰਨੂੰ ਦੇ ਹੁਕਮ ਨਾਲ ਪਾਇਆਸੀ। ਰਾਮਰੌਣੀ ਦੇ ਸਰ ਹੋਜਾਣ ਦਾ ਨਤੀਜਾ ਸਿਖਾਂ ਲਈ ਅਤਿ ਭਿਆਨਕ ਸੀ। ਵਿਦੇਸ਼ੀ ਇਤਹਾਸਕਾਰਾਂ ਨੇ ਲਿਖਿਆ ਹੈ ਕਿ ਸਿਖ ਤਾਕਤ ਮੀਰਮੰਨੂੰ

---

*History of the Sikhs by H. R. Gupta. Page 61.

Digitized by Panjab Digital Library | www.panjabdigilib.org

ਦੇ ਹਥੋਂ ਮਲੀਆਮੇਟ ਹੋਣ ਦੇ ਕਰੀਬ ਸੀ। ਦੀਵਾਨ ਸਾਹਿਬ ਉਸ ਵੇਲੇ ਆਪਣੇ ਮਿਤ੍ਰ ਨੂੰ ਬਚਾਉਣ ਲਈ ਤਿਆਰ ਹੋ ਗਏ। ਉਸ ਦੇ ਸੁਨੇਹੇ ਵਿਚ ਨਿਰਾ ਇਕ ਦੋਸਤੀ ਦਾ ਹੱਕ ਮੰਗਣ ਦਾ ਦਾਵਾ ਨਹੀਂ ਸੀ, ਉਸ ਸੁਨੇਹੇ ਵਿਚ ਇਕ ਕੌਮੀ ਅਪੀਲ ਸੀ। ਰਾਮਰੌਣੀ ਦੇ ਮਾਮਲੇ ਨੂੰ ਕਿਸ ਤਰ੍ਹਾਂ ਨਜਿੱਠਿਆ ਗਿਆ? ਇਹ ਇਕ ਸ੍ਵਾਦੀ ਨੁਕਤਾ ਹੈ। ਦੀਵਾਨ ਸਾਹਿਬ ਨੇ ਕੋਈ ਗੁਪਤ ਮਦਦ ਨਹੀਂ ਭੇਜੀ, ਨਾ ਹੀ ਕਿਸੇ ਵਲੇਵੇ ਵਾਲੀ ਨੀਤੀ ਤੋਂ ਕੰਮ ਲੀਤਾ। ਸਿੱਧੇ ਮੀਰਮੰਨੂੰ ਨੂੰ ਜਾ ਮਿਲੇ ਤੇ ਉਸ ਅਸਰ ਤੋਂ ਕੰਮ ਲੀਤਾ ਜੋ ਉਨ੍ਹਾਂ ਦੀ ਗੌਰਵਤਾ ਵਿਚ ਵੱਸਦਾ ਸੀ। ਮੁਹਾਸਰਾ ਉਠਾ ਲੈਣ ਲਈ ਕਿਹਾ ਤੇ ਪੂਰਨ ਭਰੋਸੇ ਨਾਲ ਆਖਿਆ 'ਸਿੱਖਾਂ ਦਾ ਅੱਗੇ ਤੋਂ ਮੈਂ ਜ਼ਿੰਮਾ ਲੈਂਦਾ ਹਾਂ*।''

ਸਿੱਖ ਤਾਕਤ ਇਸ ਵੇਲੇ ਦੇ ਅੜਿੱਕੇ ਵਿਚੋਂ ਨਿਕਲ ਗਈ। ਸਿਰਫ ਇਤਨਾ ਹੀ ਨਹੀਂ ਹੋਇਆ, ਰਾਮਰੌਣੀ ਦੇ ਨਾਲ ਜਗੀਰ ਲਗ ਗਈ† ਤੇ ਹੋਰ ਕਈ ਥਾਵਾਂ ਦਾ ਮਾਮਲਾ ਉਗਾਹੁਣ ਦਾ ਹੱਕਮਿਲਿਆ।

ਸਿਖ ਤ੍ਵਾਰੀਖ ਵਿਚ ਰਾਮਰੌਣੀ ਦਾ ਵਾਕਿਆ ਇਕ ਖਾਸ ਅਹਿਮੀਅਤ ਰਖਦਾ ਹੈ। ਇਹ ਉਹ ਨੁਕਤਾ ਹੈ ਜਿੱਥੋਂ ਇਤਿਹਾਸ ਦਾ ਇਕ ਨਵਾਂ ਮੋੜ ਮੁੜਦਾ ਹੈ।ਸਰਕਾਰ ਨੇ ਸਿਖਾਂ ਨੂੰ ਮਾਮਲੇ ਉਗਾਹੁਣ ਦੇ ਹੱਕ ਦੇਕੇ ਸਿੱਖਾਂ ਦੀ ਹਕੂਮਤ ਵਿਚ ਭਾਈਵਾਲੀ ਨੂੰ ਮੰਨਣਾ ਅਰੰਭ ਕਰ ਦਿਤਾ।

ਜਿਸ ਵੇਲੇ ਦੀਵਾਨ ਸਾਹਿਬ ਨੇ ਮੁਲਤਾਨ ਫਤਹ ਕਰ ਲੀਤਾ ਅਤੇ'ਮਹਾਰਾਜਾ'ਦੀ ਪਦਵੀਨਾਲ ਸਨਮਾਨਤ ਹੋ ਗਏ ਤਾਂ ਸਿਖ ਸਥਾਨਕ ਸ਼ਕਲ ਵਿਚ ਆਪਣਾ ਰਾਜ ਹੋ ਗਿਆ ਸਮਝਦੇ ਸਨ। ਦੀਵਾਨ ਸਾਹਿਬ ਦੇ ਅਖੀਰਲੇ ਦਿਨਾਂ ਵਿਚ, ਅਬਦਾਲੀ ਦੇ ਤੀਜੇ ਹਮਲੇ ਵੇਲੇ, ਜੋ ਇਕਰਾਰ ਨਾਮਾ ਮੀਰਮੰਨੂੰ ਤੇ ਸਿਖਾਂ ਦੇ ਵਿਚ ਹੋਇਆ ਉਸ ਮੁਤਾਬਿਕ ਸਿਖਾਂ ਨੂੰ ਪੜੌਲ, ਕਠੂਹਾ, ਬਸੋਹਲੀ ਦੂਨ ਤੇ ਪਹਾੜੀ ਇਲਾਕੇ ਵਿਚ ਮਾਮਲੇ ਦੀ ਉਗਾਹੀ ਦੇ ਸੁਤੰਤ੍ਰ ਅਧਿਕਾਰ ਮਿਲ ਗਏ‡। ਇਹ ਉਹ ਕਦਮ ਸਨ ਜੋ ਸਿਖ ਰਾਜ ਦੀ ਅਸਥਾਪਨਾ ਦਾ ਸ਼ਾਹਰਾਹ ਬਣਾ ਰਹੇ ਸਨ।ਪਰ ਇਹ ਸਾਰੀਆਂ ਗਲਾਂ ਦੀਵਾਨ ਸਾਹਿਬ ਅਤੇ ਸ:ਜੱਸਾ ਸਿੰਘ ਆਹਲੂਵਾਲੀਏ ਦੀ ਮਿਲਵਰਤਣ ਦਾ ਨਤੀਜਾ ਸਨ।ਦੋਨਾਂ ਨੂੰ ਇਕ ਦੂਜੇ ਦਾ,ਦੋਨਾਂ ਦਾ ਕੌਮ ਨੂੰ ਅਤੇ ਕੌਮ ਦਾ ਦੋਨਾਂ ਨੂੰ ਸਹਾਰਾ ਸੀ।

ਅਸੀਂ ਪਿੱਛੇ ਦੱਸ ਆਏ ਹਾਂ ਕਿ ਅਬਦਾਲੀ ਦਾ ਤੀਜਾ ਹਮਲਾ ਦੀਵਾਨ ਸਾਹਿਬ ਦੇ ਵਿਰੁੱਧ ਸੀ। ਇਹ ਗਲ ਉਸ ਸੁਨੇਹੇ ਤੋਂ ਸਪਸ਼ਟ ਹੋ ਜਾਂਦੀ ਹੈ ਜੋ ਦੀਵਾਨ ਸਾਹਿਬ ਦੀ ਸ਼ਹੀਦੀ ਦੇ ਪਿਛੋਂ ਅਬਦਾਲੀ ਨੇ ਮੀਰਮੰਨੂੰ ਨੂੰ ਘੱਲਿਆ। ਅਬਦਾਲੀ ਨੇ ਕਹਿ ਭੇਜਿਆ ਕਿ 'ਮੈਨੂੰ ਉਤਨਾ ਚਿਰ ਹੀ ਡਰ ਸੀ ਜਿਤਨਾ ਚਿਰ ਦੀਵਾਨ ਕੌੜਾ ਮਲ ਜੀਉਂਦਾ ਸੀ। ਹੁਣ ਮੈਨੂੰ ਹੋਰ ਤੇਰੇ ਨਾਲ ਲੜਨ ਦੀ ਲੋੜ ਨਹੀਂ, ਨਾਹੀ ਤੇਰਾ ਸ਼ਹਿਰ ਲੁੱਟਣ ਦੀ ਲੋੜ ਹੈ। ਤੂੰ ਅਪਣੇ ਕਿਲ੍ਹੇ ਵਿਚ ਚਲਾ ਜਾਹ ਤੇ ਜੋ ਰੁਪੱਯਾ ਮੈਂ ਮੰਗਿਆ ਹੈ ਉਹ ਰਿਆਇਆ ਕੋਲੋਂ ਇਕੱਠਾ ਕਰਕੇ ਜਾਂ ਅਪਣੇ ਖਜ਼ਾਨੇ ਵਿਚੋਂ ਭੇਜ ਦੇਹ।' ਇਹ ਫਿਕਰੇ ਤਾਰੀਖ ਅਹਿਮਦ ਸ਼ਾਹੀ ਵਿਚੋਂ ਹਨ¶।

ਅਬਦਾਲੀ ਦੀਵਾਨ ਸਾਹਿਬ ਪਾਸੋਂ ਕਿਉਂ ਡਰਦਾ ਸੀ? ਉਸਨੂੰ ਇਕ ਖਾਸ ਪ੍ਰਕਾਰ ਦਾ ਤੌਖਲਾ ਸੀ। ਰਾਮ ਰੌਣੀ ਦੇ ਹਾਦਸੇ ਦੇ ਪਿਛੋਂ ਦੀਵਾਨ ਸਾਹਿਬ ਨੇ ਸਿੱਖਾਂ ਦੀ ਤੇ ਮੀਰ ਮੰਨੂੰ ਦੀ ਸੁਲਹ ਕਰਵਾ ਦਿੱਤੀ ਸੀ। ਇਸ ਨਾਲ ਸਿੱਖ ਤਾਕਤ ਦੇ ਬਹੁਤ ਵਧ ਜਾਣ ਦਾ ਅਬਦਾਲੀ ਨੂੰ ਖਤਰਾ

---

*History of the Sikhs, H. R. Gupta. Page 61.

†"ਬਾਰਾਂ ਪਿੰਡ ਜੋ ਗੁਰ ਚਕ ਵਾਲੇ। ਲਿਖਾਇ ਦੀਏ ਰਾਮਰੌਣੀ ਨਾਲੇ। [ਰਤਨ ਸਿੰਘ ਭੰਗੂ।

‡ਦੇਖ ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼ ਸਫਾ ੩੧੯।

¶ਇਸੇ ਦਾ ਤਰਜਮਾ ਇਲੀਅਟ ਦੀ ਹਿਸਟ੍ਰੀ ਵਿਚ ਸਫਾ ੧੨੨ ਪੂਰ ਦਿੱਤਾ ਹੈ:—

He (Abdali) sent a message to Mu'inu-l-Mulk :-

My business was with Koramal : Now that he is dead, go you into the fort, and remain there. I have nothing to do with you or the city. The money which I have demanded from you do you give me, either collected from the peasants or from your own resources; then I will depart.

Digitized by Panjab Digital Library | www.panjabdigilib.org

ਸੀ। ਮੁਲਤਾਨ ਦ ਸੂਬੇ ਵਿਚ ਸਿੱਖ ਹੁਣ ਅਪਣਾ ਰਾਜ ਹੈ ਗਿਆ ਸਮਝਦੇ ਸਨ। ਮਹਾਂਰਾਜਾ ਕੌੜਾ ਮੱਲ ਦਾ ਵਜ਼ੀਰ, ਦੀਵਾਨ ਨੰਨੀਤ ਰਾਇ ਸਿੱਖੀ ਨਾਲ ਪੂਰੀ ਹਮਦਰਦੀ ਰਖਦਾ ਸੀ। ਸਿਖ ਤਾਕਤ ਦਾ ਹੁਣ ਸਰਕਾਰੀ ਮਾਲ ਖਜ਼ਾਨੇ ਨਾਲ ਸਨੱਧਬਧ ਹੋ ਜਾਣ ਦਾ ਭਿਆਨਕ ਖ਼ਤਰਾ ਕਾਬਲ ਨੂੰ ਨਜ਼ਰ ਆ ਰਿਹਾ ਸੀ। ਇਸ ਕਰਕੇ ਅਬਦਾਲੀ ਕਾਹਲਾ ਸੀ। ਉਹ ਜਾਣਦਾ ਸੀ ਕਿ ਸਰਕਾਰੀ ਤੌਰ ਤੇ ਵਧੀ ਹੋਈ ਸਿਖ ਤਾਕਤ ਮੀਰ ਮੰਨੂੰ ਨਾਲ ਮਿਲਵਰਤਣ ਕਰਦੀ ਹੋਈ ਪੰਜਾਬ ਦੀ ਇਕ ਸੁਤੰਤ੍ਰ ਹਕੂਮਤ ਪੈਦਾ ਕਰ ਦੇਵੇਗੀ, ਜਿਸ ਕੋਲੋਂ ਕਾਬਲ ਨੂੰ ਹਮੇਸ਼ ਖ਼ਤਰਾ ਰਹੇਗਾ। ਉਹ ਇਸ ਕਰਕੇ ਮਹਾਂਰਾਜਾ ਕੌੜਾ ਮੱਲ ਦਾ ਜਾਨੀ ਦੁਸ਼ਮਨ ਸੀ ਤੇ ਉਸਦੇ ਇਸ ਤੀਜੇ ਹਮਲੇ ਦਾ ਇਹੋ ਕਾਰਣ ਸੀ। ਕੀ ਮੀਰ ਮੰਨੂੰ ਇਸ ਗਲਨੂੰ ਨਹੀਂ ਸਮਝਦਾ ਸੀ? ਉਹ ਬੀ ਸਭ ਕੁਛ ਜਾਣਦਾ ਸੀ, ਪਰ ਉਸਨੂੰ ਦੀਵਾਨ ਸਾਹਿਬ ਉਪਰ ਪੂਰਨ ਭਰੋਸਾ ਸੀ। ਮੁਲਤਾਨ ਦੀ ਫਤਹ ਨੂੰ ਉਹ ਅਪਣੀ ਬੜੀ ਭਾਰੀ ਜਿੱਤ ਸਮਝਦਾ ਸੀ। ਉਹ ਇਸ ਨਾਲ ਦਿੱਲੀ ਅਤੇ ਕਾਬਲ ਦੋਹਾਂ ਤੋਂ ਸੁਤੰਤ੍ਰ ਹੋ ਗਿਆ ਸੀ ਤੇ ਸਮਝਦਾ ਸੀ ਕਿ ਸਿਖ ਤਾਕਤ ਦੀ ਮਿਲਵਰਤਣ ਨਾਲ ਪੰਜਾਬ ਦੀ ਦੋਨਾਂ ਸਿਰਿਆਂ ਤੋਂ ਆਜ਼ਾਦ ਹਕੂਮਤ ਉਸਨੂੰ ਨਸੀਬ ਹੋ ਗਈ ਹੈ। ਦਿੱਲੀ ਤੋਂ ਆਜ਼ਾਦੀ ਤਾਂ ਇਸ ਕਰਕੇ ਹੋ ਗਈ ਸੀ ਕਿ ਸ਼ਾਹ ਨਵਾਜ਼ ਦਿੱਲੀ ਦਾ ਘੱਲਿਆ ਹੋਇਆ ਮੁਲਤਾਨ ਦਾ ਹਾਕਮ ਆ ਬਣਿਆ ਸੀ ਜੋ ਹਰਾਇਆ ਗਿਆ। ਕਾਬਲ ਤੋਂ ਆਜ਼ਾਦੀ ਇਸਤਰ੍ਹਾਂ ਹੋ ਗਈ,—ਸ਼ਾਹ ਨਵਾਜ਼ ਤੋਂ ਪਹਿਲਾ ਹਾਕਮ, ਜੋ ਮੁਲਤਾਨ ਵਿਚ ਸੀ, ਉਸਦਾ ਨਾਮ ਜ਼ਾਹਿਦ ਖਾਂ ਸੀ। ਸੰਨ ੧੭੪੭ ਈ: ਵਿਚ ਜਦ ਅਬਦਾਲੀ ਨੇ ਹਿੰਦੁਸਤਾਨ ਉੱਪਰ ਹਮਲਾ ਕੀਤਾ ਤਾਂ ਜ਼ਾਹਿਦ ਖਾਂ ਦਾ ਵਤੀਰਾ ਸ਼ੱਕੀ ਹੋ ਗਿਆ ਸੀ। ਥੋੜ੍ਹੇ ਚਿਰ ਪਿੱਛੋਂ ਜ਼ਾਹਿਦ ਖਾਂ ਨੂੰ ਹੀ ਮੁਲਤਾਨ ਦਾ ਨਾਜ਼ਮ ਅਬਦਾਲੀ ਵੱਲੋਂ ਪੱਕੇ ਤੌਰ ਪੁਰ ਮੁਕੱਰਰ ਕੀਤਾ ਗਿਆ। ਜ਼ਾਹਿਦ ਖਾਂ ਭਾਵੇਂ ਭੇਜਿਆ ਹੋਇਆ ਦਿੱਲੀ ਦੀ ਸਰਕਾਰ ਵਲੋਂ ਸੀ, ਪਰ ਉਸ ਨੇ ਕਾਬਲ ਦੀ ਸਰਕਾਰ ਦਾ ਦਖਲ ਮੰਨਣਾ ਸ਼ੁਰੂ ਕਰ ਦਿੱਤਾ ਸੀ। ਸ਼ਾਹ ਨਵਾਜ਼ ਨੂੰ ਜਦ ਦਿੱਲੀ ਦੇ ਵਜ਼ੀਰ ਸਫਦਰ ਜੰਗ ਨੇ ਮੁਲਤਾਨ ਘੱਲਿਆ ਹੈ ਤਾਂ ਉਸ ਦਾ ਮਤਲਬ ਇਕ ਇਹ ਬੀ ਸੀ ਕਿ ਜ਼ਾਹਿਦ ਖਾਂ ਨਾਲ ਲੜਾਈ ਕਰਕੇ ਉਸ ਨੂੰ ਕੱਢਿਆ ਜਾਵੇ ਤਾਕਿ ਕਾਬਲ ਦੀ ਮਾਤਹਿਤੀ ਦਾ ਅਸਰ ਮੁਲਤਾਨ ਤੋਂ ਹਟ ਜਾਵੇ*।

ਦੀਵਾਨ ਸਾਹਿਬ ਨੇ ਜਦ ਮੁਲਤਾਨ ਦੀ ਮੁਹਿੰਮ ਅਪਣੇ ਜ਼ਿੰਮੇ ਲੀਤੀ ਤਾਂ ਉਸ ਵੇਲੇ ਮੁਲਤਾਨ ਦੇ ਦੋ ਦਾਵੇਦਾਰ ਸਨ: ਇਕ ਸ਼ਾਹ ਨਵਾਜ਼ ਖਾਂ ਅਤੇ ਦੂਜਾ ਜ਼ਾਹਿਦ ਖਾਂ। ਸ਼ਾਹ ਨਵਾਜ਼ ਦਾ ਮਾਰਿਆ ਜਾਣਾ, ਇਹ ਦਿੱਲੀ ਦੀ ਹਾਰ ਸੀ। ਜ਼ਾਹਿਦ ਖਾਂ ਦੀ ਹਾਰ,—ਇਹ ਕਾਬਲ ਵਲੋਂ ਸੁਤੰਤ੍ਰ ਹੋਣਾ ਸੀ। ਜ਼ਾਹਿਦ ਖਾਂ ਦੀਵਾਨ ਸਾਹਿਬ ਦੇ ਮੁਕਾਬਲੇ ਤੇ ਨਹੀਂ ਠਹਿਰਿਆ ਉਹ ਸੀਤਾ ਪੁਰ ਨੱਸ ਗਿਆ†।

ਮੁਲਤਾਨ ਦੀ ਫਤਹ ਦੇ ਅਸਰ ਨੂੰ ਸਮਝਣ ਵਾਲਾ ਇਕ ਬੰਦਾ ਹੋਰ ਸੀ, ਉਹ ਸੀ ਅਦੀਨਾ ਬੇਗ। ਮਹਮੂਦ ਬੂਟੀ ਦੀ ਲੜਾਈ—ਜਿਸ ਵਿਚ ਦੀਵਾਨ ਸਾਹਿਬ ਦੀ ਸ਼ਹੀਦੀ ਦਾ ਸਾਕਾ ਹੈ—ਨੇ ਜੋ ਰੰਗ ਪਕੜਿਆ, ਉਸ ਤੋਂ ਸਾਫ ਪ੍ਰਗਟ ਹੈ ਕਿ ਅਬਦਾਲੀ ਦਾ ਹਉਆ ਹਮੇਸ਼ਾ ਲਈ ਖਤਮ ਹੋ ਜਾਣਾ ਸੀ ਅਗਰ ਅਦੀਨਾ ਬੇਗ ਅਪਣੀ ਕਰਤੂਤ ਤੋਂ ਟਲ ਜਾਂਦਾ।

ਦੀਵਾਨ ਸਾਹਿਬ ਦੀ ਸ਼ਹੀਦੀ ਬਾਬਤ ਜੋ ਅਦੀਨਾ ਬੇਗ ਦਾ ਹੱਥ ਹੈ ਉਸ ਵਿਚ ਕੋਈ ਸ਼ੱਕ

---

*When the Durrani Shah (Abdali) invaded India in 1747 he confirmed Zahid Khan in his Government of Multan. This led the Delhi court to suspect the fidelity of Zahid Khan and Shah Niwaz Khan was sent to supersede him as Governor.

[*Early History of Multan by Sayed Mohd Latif*,

†On the approach of Kauramal, who had been created Raja by the Viceroy of Lahore in recognition of his services, Zahid Khan retired to Sitapur, and the Raja assumed the Governorship of Multan. [*Early History of Multan, Latif, Page* 43—44.

Digitized by Panjab Digital Library | www.panjabdigilib.org

ਨਹੀਂ ਰਹਿ ਜਾਂਦਾ, ਜੇ ਪੁਸਤਕ 'ਫਰਹਤੁੱਨ-ਨਾਜ਼ਰੀਨ' ਦੀ ਗਵਾਹੀ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ*।

ਦੀਵਾਨ ਸਾਹਿਬ ਦੀ ਸ਼ਹੀਦੀ ਸੰਨ ੧੭੫੨ ਈਸਵੀ ਦੀ ਹੈ। ਫਰਹਤੁੱਨ-ਨਾਜ਼ਰੀਨ ਦੇ ਮੁਤਾਬਿਕ ਅਬਦਾਲੀ ਦਾ ਇਹ ਹਮਲਾ ਰਬੀਉਲ ਅੱਵਲ ੧੧੬੪ ਹਿਜ਼ਰੀ ਵਿਚ ਸ਼ੁਰੂ ਹੋਇਆ। ਲੜਾਈ ਛੇ ਮਹੀਨੇ ਜਾਰੀ ਰਹੀ ਤੇ ੧੧੬੫ ਹਿਜ਼ਰੀ ਵਿਚ ਮੁੱਕੀ, ਜੋ ਮੁਤਾਬਿਕ ਈਸਵੀ ੧੭੫੨ ਹੁੰਦੀ ਹੈ। ਤਾਰੀਖ ਅਹਿਮਦਸ਼ਾਹੀ ਨੇ ਲੜਾਈ ਖ਼ਤਮ ਦਾ ਦਿਨ ਜਮਾਦੀ-ਉਲ-ਅੱਵਲ ਦੀ ਪਹਿਲੀ ਲਿਖੀ ਹੈ, ਜੋ ਛੇ ਮਾਰਚ (੧੭੫੨ ਈਸਵੀ) ਬਣਦੀ ਹੈ। ਸੱਯਦ ਮੁਹੰਮਦ ਲਤੀਫ ਦੇ ਮੁਤਾਬਿਕ ਇਹ ਤਾਰੀਖ ੧੨ ਅਪ੍ਰੈਲ ੧੭੫੨ ਹੈ, ਜੋ ਦਰੁਸਤ ਨਹੀਂ। ਭਾਈ ਕਰਮ ਸਿੰਘ ਦੇ ਇਕ ਕਲਮਬੰਦ ਨੋਟ ਵਿਚ ਦੀਵਾਨ ਸਾਹਿਬ ਦੀ ਸ਼ਹੀਦੀ ੧੦ ਚੇਤ ੧੮੦੮ ਬਿਕ੍ਰਮੀ ਲਿਖੀ ਹੈ ਜੋ ਹਿਸਾਬ ਨਾਲ ੮ ਅਪ੍ਰੈਲ ੧੭੫੧ ਬਣਦੀ ਹੈ। ਸਾਨੂੰ ਇਸ ਤਾਰੀਖ ਦੇ ਆਧਾਰ ਦਾ ਕੋਈ ਥਹੁ ਨਹੀਂ ਪਿਆ। ਅਸੀਂ ਦੀਵਾਨ ਸਾਹਿਬ ਦੀ ਸ਼ਹੀਦੀ ੬ ਮਾਰਚ ੧੭੫੨, ਚੇਤ ਸੁਦੀ ੨ ਨੂੰ ਹੀ ਮੰਨਦੇ ਹਾਂ।

੨. ਵਲੀਦਾਦ ਖਾਂ।

ਵਲੀਦਾਦ ਖਾਂ ਝੰਗ ਦਾ ਇਕ ਵਡਾ ਸਰਦਾਰ ਸੀ। ਇਲਾਕੇ ਦਾ ਮਾਮਲਾ ਉਗਾਹ ਕੇ ਇਹ ਲਾਹੌਰ ਸਰਕਾਰ ਨੂੰ ਭੇਜਦਾ ਹੁੰਦਾ ਸੀ। ਇਕ ਵੇਰ ਮਾਮਲਾ ਭੇਜਣ ਦੇ ਵਕਤ ਇਸ ਨੇ ਬੀਮਾਰੀ ਦਾ ਬਹਾਨਾ ਕੀਤਾ, ਨਾਲ ਹੀ ਲਾਗਲੇ ਇਲਾਕੇ ਦੇ ਸਰਦਾਰ ਨੂੰ ਕਹਿ ਭੇਜਿਆ ਕਿ ਸਰਕਾਰ ਹੁਣ ਬਹੁਤ ਕਮਜ਼ੋਰ ਹੋ ਗਈ ਹੈ, ਮੈਂ ਇਸ ਕਰਕੇ ਮਾਮਲਾ ਤਾਰਨਾ ਬੰਦ ਕਰ ਦਿਤਾ ਹੈ। ਗੁਆਂਢੀ ਸਰਦਾਰਾਂ ਨੇ ਬੀ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ। ਜਦ ਇਹ ਗੱਲ ਪ੍ਰਗਟ ਤੌਰ ਤੇ ਪੱਕੀ ਹੋ ਗਈ ਤਾਂ ਵਲੀ-ਦਾਦ ਆਪ ਚਨਿਓਟ ਚਲਾ ਗਿਆ, ਆਪਣਾ ਮਾਮਲਾ ਤਾਰ ਦਿਤਾ, ਨਾਲ ਹੀ ਇਹ ਕਿਹਾ ਕਿ ਜਿਨ੍ਹਾਂ ਹੋਰ ਸਰਦਾਰਾਂ ਨੇ ਮਾਮਲਾ ਦੇਣ ਤੋਂ 'ਨਾਂਹ' ਕੀਤੀ ਹੈ ਮੈਂ ਉਨ੍ਹਾਂ ਦਾ ਵੀ ਭਰ ਦਿੰਦਾ ਹਾਂ, ਪਰ ਉਨ੍ਹਾਂ ਦੀਆਂ ਜ਼ਮੀਨਾਂ ਮੈਨੂੰ ਦਿਵਾ ਦਿਤੀਆਂ ਜਾਣ। ਵਡੀ ਦਾਦ ਦੀ ਮਦਦ ਲਈ ਇਕ ਛੋਟਾ ਰਸਾਲਾ ਘੱਲਿਆ ਗਿਆ, ਸਰਦਾਰ ਪਕੜੇ ਗਏ ਤੇ ਸਜ਼ਾਵਾਂ ਨੂੰ ਪ੍ਰਾਪਤ ਹੋਏ†।

ਜਦ ਦੀਵਾਨ ਸਾਹਿਬ ਨੇ ਮੁਲਤਾਨ ਫਤਹ ਕਰ ਲੀਤਾ ਤਦ ਵਲੀਦਾਦ ਖਾਂ ਨਾਲ ਵਾਹ ਪਿਆ। ਪਤਾ ਨਹੀਂ ਕਿਸ ਤਰ੍ਹਾਂ, ਪਰ ਦੋਨਾਂ ਵਿਚ ਪਰਸਪਰ ਦੋਸਤੀ ਹੋ ਗਈ। ਵਲੀਦਾਦ ਖਾਂ ਦਾ ਸਾਰਾ ਰਵੱਯਾ ਬੜੀ ਸ਼ਰਾਫਤ ਵਾਲਾ ਹੋ ਗਿਆ। ਜਿਸ ਵਕਤ ਮਾਮਲਾ ਦੇਣ ਦਾ ਵਕਤ ਆਇਆ ਤਾਂ ਵਲੀਦਾਦ ਖਾਂ ਫੇਰ ਬੀਮਾਰ ਹੋ ਗਿਆ, ਪਰ ਐਤਕੀਂ ਬਹਾਨਾ ਨਹੀਂ ਸੀ; ਉਸ ਨੂੰ ਪਤਾ ਸੀ ਹੁਣ ਬਹਾਨਾ ਨਹੀਂ ਚੱਲਣਾ, ਵਲੀਦਾਦ ਮਰ ਗਿਆ। ਇਹ ਮਰੀਅਤ ਲਾਹੌਰ ਜਾਂਦਿਆ ਰਸਤੇ ਵਿਚ ਹੋਈ, ਜੈਸਾ ਕਿ ਅਸੀਂ ਪਿਛੇ ਸਫੇ ੩੫ ਉਪਰ ਲਿਖ ਆਏ ਹਾਂ। ਸ: ਵਲੀਦਾਦ ਖਾਂ ਝੰਗ ਗੈਜ਼ੇਟੀਅਰ ਦੇ ਮੁਤਾਬਿਕ, ਸੰਨ ੧੭੪੮ ਈ: ਵਿਚ ਗੁਜ਼ਰਿਆ‡। ਦੀਵਾਨ ਸਾਹਿਬ ਨੇ ਵਲੀਦਾਦ ਦੀ ਲਾਸ਼ ਨੂੰ ਜੋ ਸਤਿਕਾਰ ਭਰਿਆ ਸਲੂਕ ਦਿੱਤਾ ਉਸਦਾ ਜ਼ਿਕਰ ਵੀ ਅਸੀਂ ਪਿੱਛੇ ਕਰ ਆਏ ਹਾਂ। ਗੈਜ਼ੇਟੀਅਰ ਵਿਚ

---

*ਫਰਹਤੁਨ-ਨਾਜ਼ਰੀਨ ਦਾ ਅੰਗ੍ਰੇਜ਼ੀ ਤਰਜਮਾ ਇਸ ਬਾਰੇ ਇਸਤਰ੍ਹਾਂ ਹੈ -

Adina Beg now reluctantly joined Mainul-Mulk against the Durranis and availing himself of his opportunity in the midst of battle, instructed one of the Afghans of Kasur to put an end to the existence of ... Kora Mal by a musket ball.

[*Elliot History of Indi 8,168.*

†ਪੂਰੇ ਹਾਲ ਲਈ ਦੇਖੋ ਝੰਗ ਗੈਜ਼ੀਟਅਰ ਸਫਾ ੨੮।

‡He died in 1747 at Sodra, near Wazirabad, while in attendance on Maharaja Kaurama the Governor of Multan.

[*Jhang Gazetteer.*

Digitized by Panjab Digital Library | www.panjabdigilib.org

ਦਿੱਤੀ ਤਾਰੀਖ, ਸੰਨ ੧੭੪੭ ਈ: ਵਿਚ ਕੁਛ ਗ਼ਲਤੀ ਮਾਲੂਮ ਹੁੰਦੀ ਹੈ। ਮੁਲਤਾਨ ਵਿਚ ਸ਼ਾਹ ਨਵਾਜ਼ ਦੀ ਬਗ਼ਾਵਤ ਦਾ ਵਕਤ ਤਕਰੀਬਨ ਸਤੰਬਰ ੧੭੫੦ ਹੈ*।ਇਸਤੋਂ ਪਿਛੋਂ ਮੁਲਤਾਨ ਦੀ ਫਤਹ ਅਤੇ ਦੀਵਾਨ ਸਾਹਿਬ ਦਾ ਗਵਰਨਰ ਬਣਨਾ ਹੈ। ਵਲੀਦਾਦ ਦੀ ਮੌਤ ਸੰਨ ੧੭੫੧ ਤੋਂ, ਇਸ ਮੁਤਾਬਿਕ, ਪਹਿਲੇ ਨਹੀਂ।

੩. ਗੁਰਦ੍ਵਾਰਿਆਂ ਦੀ ਸੇਵਾ।

ਪਿਛੇ ਜਿਹੇ ਇਕ ਟ੍ਰੈਕਟ ਸ਼੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ ਵਲੋਂ ਛਪਿਆ ਸੀ। ਇਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਪੁਰਾਤਨ ਹਾਲ ਸਰਦਾਰ ਭਗਤ ਸਿੰਘ ਬੀ. ਏ. ਐਲਐਲ ਬੀ. ਨੇ ਪੁਰਾਣੀਆਂ ਮਿਸਲਾਂ ਤੇ ਕਿਤਾਬਾਂ ਤੋਂ ਖੋਜ ਕਰਕੇ ਲਿਖੇ ਸਨ।ਬਾਲਲੀਲ੍ਹਾ ਦੇ ਗੁਰਦ੍ਵਾਰੇ ਬਾਬਤ ਇਸ ਵਿਚ ਲਿਖਿਆ ਹੈ: "ਇਸ ਜਗ੍ਹਾ ਬਾਬਾ ਨਾਨਕ ਜੀ ਆਪਣੀ ਬਾਲ ਅਵਸਥਾ ਵਿਚ ਖੇਡਿਆ ਕਰਦੇ ਸਨ। ਪਹਿਲਾਂ ਪਹਿਲ ਇਸ ਜਗ੍ਹਾ ਕੋਈ ਮੰਦਰ ਨਹੀਂ ਸੀ, ਪਰ ਸਿਰਫ ਇਕ ਕੱਚਾ ਜਿਹਾ ਛੱਪੜ ਸੀ ਜੋ ਦੱਸਿਆ ਜਾਂਦਾ ਹੈ ਕਿ ਰਾਇ ਬੁਲਾਰ ਨੇ ਬਣਵਾਇਆ। ਸੰਨ ੧੭੧੮ ਦੇ ਕਰੀਬ ਦੀਵਾਨ ਕੌੜਾ ਮਲ ਜੀ ਨੇ ਇਸ ਜਗ੍ਹਾ ਤੇ ਪੱਕਾ ਮੰਦਰ ਬਣਵਾਇਆ ਤੇ ਨਾਲ ਹੀ ਆਪ ਨੇ ਛੱਪੜ ਨੂੰ ਪੱਕੇ ਤਾਲਾਬ ਵਿਚ ਬਦਲ ਦਿੱਤਾ ਅਤੇ ਉਸ ਦੇ ਨੇੜੇ ਇਕ ਵੱਸੋਂ ਬਣ ਗਈ।" ਉਪਰਲੀ ਇਬਾਰਤ ਵਿਚ ਸੰਨ ੧੭੧੮ ਦਿੱਤਾ ਹੈ, ਇਹ ਠੀਕ ਨਹੀਂ, ਬਾਲਲੀਲ੍ਹਾ ਦੇ ਗੁਰਦ੍ਵਾਰੇ ਦੀ ਸੇਵਾ ਦੀਵਾਨ ਸਾਹਿਬ ਨੇ ਮੁਲਤਾਨ ਦੀ ਫਤਹ ਤੋਂ ਪਿੱਛੋਂ ਕਰਵਾਈ ਜੋ ਵਾਕਿਆ ਕਰੀਬਨ ੧੭੫੦ ਦਾ ਹੈ†। ੧੭੧੮ ਤਾਂ ਉਹ ਜ਼ਮਾਨਾ ਹੈ ਜਿਸ ਵੇਲੇ ਸਿਖਾਂ ਦੀ ਕਤਲਾਮ ਜੋਬਨ ਦੇ ਸਿਖਰ ਉੱਪਰ ਸੀ, ਬਾਬੇ ਬੰਦੇ ਦੀ ਸ਼ਹੀਦੀ ਦਾ ਸਾਕਾ ਅਜੇ ਬਿਲਕੁਲ ਤਾਜ਼ਾ ਸੀ ਤੇ ਬਾਦਸ਼ਾਹ ਫੱਰੁਖ ਸੀਯਰ ਇਸ ਹੰਕਾਰ ਵਿਚ ਫਿਰ ਰਿਹਾ ਸੀ ਕਿ ਉਸ ਨੇ ਸਿਖ ਖ਼ਤਮ ਕਰ ਲੀਤੇ ਹਨ।

ਭਾਈ ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ ੨-੮-੩੯ ਨੂੰ ਦੀਵਾਨ ਸਾਹਿਬ ਦੇ ਮੁਤਅੱਲਕ, ਗੁਰਦ੍ਵਾਰਿਆਂ ਦੀ ਸੇਵਾ ਦੇ ਵਿਸ਼ਯ ਦੇ ਸੰਬੰਧ ਵਿਚ, ਮੌਕੇ ਉਪਰ ਜਾਚ ਪੜਤਾਲ ਕਰਨ ਗਏ। ਜੋ ਕੁਛ ਆਪ ਨੂੰ ਉਨ੍ਹਾਂ ਟਿਕਾਣਿਆਂ ਤੋਂ ਮਲੂਮ ਹੋਇਆ ਆਪ ਨੇ ਇਸਤਰ੍ਹਾਂ ਕਲਮਬੰਦ ਕੀਤਾ:-

ਸੰਮਤ ੧੮੦੭ (ਸੰਨ ੧੭੫੦ ਈ:) ਬਿਕ੍ਰਮੀ ਵਿਚ ਦੀਵਾਨ ਕੌੜਾ ਮਲ ਜੀ ਸ੍ਰੀ ਨਨਕਾਣੇ ਸਾਹਿਬ ਜੀ ਦੇ ਦਰਸ਼ਨਾਂ ਲਈ ਗਏ, ਗੁਰਦ੍ਵਾਰਾ ਕੋਠਾ ਸਾਹਿਬ (ਜਨਮ ਅਸਥਾਨ ਦਾ ਉਸ ਵੇਲੇ ਦਾ ਨਾਮ ਹੈ) ਬੜੀ ਖ਼ਸਤਾ ਹਾਲਤ ਵਿਚ ਸੀ। ਮੁਸਲਮਾਨਾਂ ਦਾ ਰਾਜ ਤੇ ਤੇਜ ਹੋਣ ਕਰਕੇ ਕਿਸੇ ਦਾ ਹੀਆ ਨਹੀਂ ਪੈਂਦਾ ਸੀ ਕਿ ਗੁਰਦ੍ਵਾਰਾ ਉਸਾਰੇ। ਗੁਰਦ੍ਵਾਰੇ ਦੀ ਹਾਲਤ ਵੇਖਕੇ ਦੀਵਾਨ ਸਾਹਿਬ ਤੋਂ ਇਹ ਗੱਲ ਨਾ ਸਹਾਰੀ ਗਈ ਤੇ ਸਰਕਾਰੀ ਕਰਮਚਾਰੀ ਹੁੰਦਿਆਂ ਹੋਇਆਂ ਵੀ ਇਸ ਗੱਲ ਦੀ ਉੱਕਾ ਪਰਵਾਹ ਨਾ ਕੀਤੀ ਕਿ ਗੁਰਦ੍ਵਾਰੇ ਦੇ ਉਸਾਰਨ ਦਾ ਲਾਹੌਰ ਦੇ ਹਾਕਮ ਦੇ ਦਿਲ ਵਿਚ ਕੀ ਅਸਰ ਪਏਗਾ। ਇਸ ਗੱਲ ਨੂੰ ਸਮਝਦੇ ਸੋਚਦੇ ਹੋਏ ਵੀ ਸ੍ਰੀ ਨਨਕਾਣਾ ਸਾਹਿਬ ਡੇਰਾ ਲਾ ਦਿੱਤਾ ਤੇ ਤਿੰਨ ਲਖ ਰੁਪਏ ਨਾਲ ਗੁਰਦ੍ਵਾਰਿਆਂ ਦੀ ਸੇਵਾ ਕਰਨ ਦੀ ਸ਼ਰਧਾ ਧਾਰੀ‡।

ਪਹਿਲਾਂ ਗੁਰਦਵਾਰਾ ਕੋਠਾ ਸਾਹਿਬ (ਜਨਮ ਅਸਥਾਨ) ਬਣਵਾਇਆ। ਜਦ ਇਸਦੀ ਸੇਵਾ ਤੋਂ

---

*History of the Sikhs, H. R. Gupta Page,67.

†ਸੁੰਦਰੀ ਵਿਚ ਇਹ ਤਾਰੀਖ ਇਸਤਰ੍ਹਾਂ ਲਿਖੀ ਹੈ:-

ਮੁਲਤਾਨ ਦਾ ਜੰਗ, ਇਹ ਜੰਗ ਮਘਰ ੧੮੦੫ ਵਿਚ ਛਿੜਿਆ ਸੀ ਤੇ ਦੀਵਾਨ ਸਾਹਿਬ ਦਾ ਰਖੜੀ ਵਾਲੇ ਦਿਨ ੧੮੦੬ ਨੂੰ ਮੁਲਤਾਨ ਤੇ ਕਬਜ਼ਾ ਹੋਇਆ। ਮਘਰ ਤੋਂ ਸਾਵਣ ਤਕ ਲਗ ਪਗ ੭-੮ ਮਹੀਨੇ ਮੁਦਿੱਮ ਪਰ ਲਗੇ।

‡ਤਵਾਰੀਖ ਕਪੂਰਥਲਾ ਕ੍ਰਿਤ ਰਾਮਜਸ ਵਿਖੇ ਬੀ ਤਿੰਨ ਲੱਖ ਰੁਪੱਯਾ ਹੀ ਲਿਖਿਆ ਹੈ।

Digitized by Panjab Digital Library | www.panjabdigilib.org

ਵਿਹਲੇ ਹੋ ਚੁਕੇ ਤਦ ਗੁਰਦ੍ਵਾਰਾ ਬਾਲ ਲੀਲ੍ਹਾ, ਜਿਥੇ ਕਿ ਗੁਰੂ ਨਾਨਕ ਸਾਹਿਬ ਬਾਲ ਅਵਸਥਾ ਵਿਚ ਬਾਲਕਾਂ ਨਾਲ ਖੇਡਦੇ ਤੇ ਇਕਾਂਤ ਅਸਥਾਨ ਵੇਖਕੇ ਵਾਹਿਗੁਰੂ ਚਿੰਤਨ ਵਿਚ ਮਗਨ ਹੋ ਬੈਠੇ ਰਿਹਾ ਕਰਦੇ ਸਨ, ੧੬ ਕਨਾਲ ਜ਼ਮੀਨ ਵਿਚ ਇਕ ਤਾਲਾਬ ਬਣਵ ਇਆ। ਜਿਸ ਦੇ ਤਿੰਨਾਂ ਪਾਸਿਆਂ ਦੇ ਪੌੜ ਪੱਕੇ ਬਣਵਾਏ,ਚੌਥੀ ਤਰਫ ਗੁਰਦ੍ਵਾਰਾ ਬਣਵਾਇਆ।ਗੁਰਦ੍ਵਾਰੇ ਦੇ ਥੜੇ ਦੇ ਦੋਨੋਂ ਪਾਸੀਂ ਜ਼ਨਾਨੀਆਂ ਦੇ ਇਸ਼ਨਾਨ ਲਈ ਦੋ ਪੌੜੇ ਬਣਵਾਏ, ਦੱਖਣ ਦੀ ਬਾਹੀ ਤੇ ਗਊ ਘਾਟ ਬਣਵਾਇਆ। ਇਸ ਬਾਹੀ ਤੇ ਪੌੜਾਂ ਦੇ ਉੱਪਰ ਬੈਠਣ ਲਈ ਇਕ ਥੜਾ ਬਣਵਾਇਆ, ਤਲਾ ਵਿਚ ਪਾਣੀ ਪੈਣ ਦਾ ਰਸਤਾ ਚੜ੍ਹਦੇ ਵਾਲੀ ਬਾਹੀ ਤੇ ਰੱਖਿਆ। ਇਹ ਤਲਾ ਉਸ ਵੇਲੇ ਦਾ ਬਣਿਆ ਹੋਇਆ ਜਿਉਂ ਦਾ ਤਿਉਂ ਮੌਜੂਦ ਹੈ, ਉੱਤਰ ਦੀ ਬਾਹੀ ਤੇ ਭੀ ਗਊ ਘਾਟ ਹੈ।

ਬਾਲ ਲੀਲ੍ਹਾ ਦੇ ਗੁਰਦ੍ਵਾਰੇ ਦੀ ਇਮਾਰਤ ਇਉਂ ਸੀ:-ਇਕ ਕੋਠੜੀ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਮਾਨ ਰਹਿੰਦਾ ਸੀ, ਉਸਦੇ ਅੱਗੇ ਇਕ ਕਮਰਾ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ, ਤੇ ਸਰੋਵਰ ਵਾਲੇ ਪਾਸੇ ਇਕ ਚੌਖੰਡੀ ਸੀ ਜਿਸ ਤੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਇਕਾਂਤ ਮਾਣਦੇ ਸਨ। ਕੋਠੜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ ਦੇ ਉਤੇ ਗੁੰਬਦ ਸਨ। ਵਡੇ ਦਰਵਾਜ਼ੇ ਦਾ ਮੂੰਹ ਲਹਿੰਦੇ ਵਲ ਸੀ। ਮਹੰਤ ਤੀਰਥ ਸਿੰਘ ਜੀ ਜੋ ਅਕਾਲੀ ਲਹਿਰ ਤੋਂ ਪਹਿਲਾਂ ਇਥੋਂ ਦੇ ਮਹੰਤ ਸਨ ਉਨ੍ਹਾਂ ਦੱਸਿਆ ਹੈ ਕਿ ਗੁਰਦਵਾਰੇ ਦੀ ਇਹ ਇਮਾਰਤ ੧੯੦੮ ਈਸਵੀ ਵਿਚ ਮੈਂ ਆਪ ਬਦਲੀ ਹੈ ਤੇ ਉਸ ਦੀ ਥਾਂਵੇ ਨਵੀਂ ਇਮਾਰਤ ਬਣਵਾਈ ਹੈ। ਦਰਵਾਜ਼ਾ ਹੁਣ ਦਾ ਭੀ ਪਹਿਲੇ ਦਰਵਾਜ਼ੇ ਵਾਲੀ ਥਾਂ ਤੇ ਰੱਖਿਆ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੀ ਚੌਖੰਡੀ ਠੀਕ ਪਹਿਲੀ ਚੌਖੰਡੀ ਦੀ ਥਾਂ ਤੇ ਹੀ ਬਣਵਾਈ ਹੈ।

ਇਸ ਗੁਰਦਵਾਰੇ ਦੀ ਸੇਵਾ ਕਰਕੇ ਗੁਰਦਵਾਰਾ ਮਾਲ ਜੀ ਸਾਹਿਬ ਬਣਵਾਇਆ।ਇਸ ਇਲਾਕੇ ਵਿਚ ਵਣ ਦੇ ਬ੍ਰਿਛ ਨੂੰ ਮਾਲ ਕਹਿੰਦੇ ਹਨ। ਇਹ ਉਹ ਟਿਕਾਣਾ ਹੈ, ਜਿਥੇ ਗੁਰੂ ਬਾਬਾ ਮੱਝੀਆਂ ਛੋੜਕੇ ਸੁੱਤਾ ਪਿਆ ਸੀ ਤੇ ਰਾਇ ਬੁਲਾਰ ਹਜ਼ੂਰ ਦੇ ਸਿਰ ਤੇ ਸੱਪ ਦਾ ਫਣ ਖੋਲ੍ਹ ਸਾਇਆ ਕੀਤਾ ਵੇਖਕੇ ਗੁਰੂ ਚਰਨਾਂ ਤੇ ਸਿਦਕ ਲਿਆਇਆ ਸੀ।

ਦੀਵਾਨ ਸਾਹਿਬ ਨੇ ਗੁਰਦਵਾਰਾ ਬਾਲ ਲੀਲ੍ਹਾ ਨਾਲ ਲੰਗਰ ਲਾ ਦਿੱਤਾ ਤੇ ੫੦ ਘੋੜ ਸਵਾਰ ਗੁਰਦਵਾਰਿਆਂ ਦੀ ਰੱਖਿਆ ਲਈ ਇਥੇ ਛੱਡ ਦਿੱਤੇ।

ਪੰਡਤ ਹਰਦਯਾਲ ਸਿੰਘ ਇਕ ਪੁਰਾਣੇ ਸਿੰਘ ਹਨ। ਇਹ ਗੁਰਦ੍ਵਾਰਾ ਸੱਚਾ ਸੌਦਾ ਦੇ ਪੁਜਾਰੀ ਰਹੇ ਹਨ ਤੇ ਇਨ੍ਹਾਂ ਦੀ ਆਯੂ ਇਸ ਵੇਲੇ ੯੦ ਸਾਲ ਤੋਂ ਉੱਤੇ ਹੈ। ਆਪ ਨੇ ਦੱਸਿਆ ਕਿ ਜਿਸ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ, ਉਸਦੀ ਬਾਹਰਲੀ ਦੀਵਾਰ ਪੂਰ ਗੁਰੂ ਸਾਹਿਬਾਨ ਤੇ ਕਈ ਸਿੰਘਾਂ ਦੀਆਂ ਤਸਵੀਰਾਂ ਬਣੀਆਂ ਹੋਈਆਂ ਸਨ। ਜਿਨ੍ਹਾਂ ਵਿਚ ਇਕ ਦੀਵਾਨ ਕੌੜਾ ਮਲ ਦੀ ਸੀ। ਦੀਵਾਨ ਸਾਹਿਬ ਇਕ ਬੜੇ ਜਬਰਜੰਗ ਘੋੜੇ ਤੇ ਸਵਾਰ ਸਨ* । ਆਪਦਾ ਕੱਦ ਲੰਬਾ, ਸਰੀਰ ਨਾ ਬਹੁਤਾ ਪਤਲਾ ਨਾ ਬਹੁਤਾ ਭਾਰਾ, ਚਿਹਰਾ ਲੰਬੂਤਰਾ, ਰੰਗ ਗੋਰਾ ਤੇ ਦਾੜ੍ਹਾ ਪਤਲਾ ਤੇ ਖੁਲ੍ਹਾ ਸੀ।

ਉਪਰਲੀ ਇਬਾਰਤ ਭਾਈ ਸੇਵਾ ਸਿੰਘ ਦੀ ਹੈ। ਇਸ ਵਿਚ ਗੁਰਦ੍ਵਾਰਿਆਂ ਦੀ ਸੇਵਾ ਸੰਨ ੧੭੫੦ ਈਸਵੀ ਦੇ ਕਰੀਬ ਹੋਣੀ ਲਿਖੀ ਹੈ ਜੋ ਦਰੁਸਤ ਮਾਲੂਮ ਹੁੰਦੀ ਹੈ। ਅਸੀਂ ਸਫਾ ੩੨ ਉਪਰ, ਫੁਟ ਨੋਟ ਵਿਚ, ਗੁਰਦੁਵਾਰਾ ਐਕਟ ਦੇਠ ਇਕ ਅਪੀਲ ਦੇ ਹਵਾਲੇ ਅੰਦਰ ਇਨ੍ਹਾਂ ਤਿੰਨਾਂ ਗੁਰਦ੍ਵਾਰਿਆਂ ਦੀ ਸੇਵਾ ਦੀਵਾਨ ਸਾਹਿਬ ਵਲੋਂ ਹੋਈ ਦਰਜ ਕਰ ਆਏ ਹਾਂ। ਇਸ ਹਵਾਲੇ ਵਿਚ ਲਿਖਿਆ ਹੈ ਕਿ ਕਰੀਬਨ ੧੫੦ ਬਰਸ ਹੋਏ ਤਾਂ ਇਹ ਸੇਵਾ ਦੀਵਾਨ ਸਾਹਿਬ ਨੇ ਕਰਵਾਈ। ਇਹ ਅਰਸਾ ਵੀ ਸੁਧਾਈ

---

*"ਮੰਦਰ ਦੀ ਦੀਵਾਰ ਪਰ ਕੌੜਾ ਮਲ ਕੀ ਤਸਵੀਰ ਇਸ ਤਰਹ ਲਿਖੀ ਹੂਈ ਹੈ ਕਿ ਦੀਵਾਨ ਸਾਹਿਬ ਹਾਥੀ ਪਰ ਸਵਾਰ ਹੈਂ ਔਰ ਫੌਜ ਪਿਆਦਹ ਵਾ ਸਵਾਰ ਹਮਰਕਾਬ ਹੈ।" [ਡਾ: ਕਪੂਰਥਲਾ-ਰਾਮਜਸ-੧੪੪,

Digitized by Panjab Digital Library | www.panjabdigilib.org

ਦਾ ਮੁਥਾਜ ਹੈ। ਇਸ ਮੁਕੱਦਮੇ ਦੇ ਸਮੇਂ ਤੋਂ ੧੫੦ ਵਰ੍ਹੇ ਪਿੱਛੇ ਗਿਣਨ ਨਾਲ ਸੰਨ ੧੭੮੩ ਬਣਦਾ ਹੈ ਜੋ ਅਸਲੀ ਵਕਤ ਤੋਂ ਬਹੁਤ ਦੇਰ ਪਿੱਛੇ ਜਾ ਪੈਂਦਾ ਹੈ।

ਭਾਈ ਸੇਵਾ ਸਿੰਘ ਜੀ ਨੇ ਅਪਣੀ ਉਪਰਲੀ ਇਬਾਰਤ ਵਿਚ ਦੀਵਾਨ ਸਾਹਿਬ ਦੀ ਤਸਵੀਰ ਦਾ ਹੁਲੀਆ ਬਿਆਨ ਕੀਤਾ ਹੈ ਜੋ ਖਾਸ ਦਿਲਚਸਪੀ ਰੱਖਦਾ ਹੈ। ਉਨ੍ਹਾਂ ਦਾ ਖਾਲਸਈ ਦਾੜ੍ਹਾ ਤੇ ਲੰਬੂਤਰਾ ਚਿਹਰਾ ਖ਼ਾਨਦਾਨੀ ਰਵਾਇਤਾਂ ਦੇ ਮੁਤਾਬਿਕ ਹੈ।

੪. ਮੁਲਤਾਨ ਵਿਚ ਯਾਦਗਾਰ।

ਕੁਛ ਸਾਲ ਗੁਜ਼ਰੇ ਤਾਂ ਮੁਲਤਾਨ ਦੇ ਇਕ ਵਸਨੀਕ ਲਾਲਾ ਸ਼ਾਮ ਲਾਲ ਵਰਮਾ ਵੱਲੋਂ ਇਕ ਟ੍ਰੈਕਟ ਛਪਿਆ ਸੀ, ਜਿਸਦਾ ਨਾਮ ਸੀ 'ਮਬਾਹੀਰ ਮੁਲਤਾਨ'। ਇਹ ਮੁਲਤਾਨ ਕਾਲਜੀਏਟ ਯੂਨੀਅਨ ਟ੍ਰੈਕਟ ਸੀਰੀਜ਼ ਦਾ ਨੰਬਰ ੧੧ ਸੀ। ਇਸ ਵਿਚ ਸਾਰਿਆਂ ਤੋਂ ਪਹਿਲੇ ਜ਼ਿਕਰ ਦੀਵਾਨ ਸਾਹਿਬ ਦਾ ਹੈ। ਦੀਵਾਨ ਸਾਹਿਬ ਦੇ ਪਿਤਾ ਦਾ ਨਾਮ ਵੱਲੂ ਮੱਲ ਹੀ ਦਿੱਤਾ ਹੈ ਜੋ ਦਰੁਸਤ ਹੈ* ।

ਇਸ ਟ੍ਰੈਕਟ ਵਿਚ 'ਮਹਾਰਾਜਾ' ਦੇ ਖਿਤਾਬ ਬਾਬਤ ਇੰਵ ਲਿਖਿਆ ਹੈ–"ਜਬ ਅਹਿਮਦ ਸ਼ਾਹ (ਬਾਦਸ਼ਾਹ) ਕੋ ਮੀਰਮੰਨੂੰ ਕੀ ਜ਼ੁਬਾਨੀ ਦੀਵਾਨ ਕੌੜਾਮਲ ਕੀ ਬਹਾਦਰੀ ਕਾ ਹਾਲ ਮਾਲੂਮ ਹੁਆ ਤੋ ਬੜਾ ਖੁਸ਼ ਹੁਆ, ਦਿੱਲੀ ਔਰ ਮੁਲਤਾਨ ਕੀ ਨਜ਼ਾਮਤ ਦੀਵਾਨ ਕੋ ਦੇ ਦੀ ਔਰ ਸਾਥ ਹੀ 'ਮਹਾਂਰਾਜਾ' ਕਾ ਖ਼ਿਤਾਬ ਭੀ ਦੀਆ, ਤਜ਼ਕਰਾਤੁਲ-ਮੁਲਤਾਨ ਮੇਂ ਕੁਛ ਇਸ ਕਾ ਜ਼ਿਕਰ ਆਇਆ ਹੈ.....।"

ਇਸ ਇਬਾਰਤ ਤੋਂ ਮਲੂਮ ਹੁੰਦਾ ਹੈ ਕਿ ਦੀਵਾਨ ਸਾਹਿਬ ਨੂੰ 'ਮਹਾਂਰਾਜਾ' ਦਾ ਖਿਤਾਬ ਅਹਿਮਦਸ਼ਾਹ ਬਾਦਸ਼ਾਹ ਵਲੋਂ ਮਿਲਿਆ। ਜਿਥੋਂ ਤਕ ਸਾਨੂੰ ਪਤਾ ਹੈ ਇਹ ਖ਼ਿਤਾਬ ਲਾਹੌਰ ਦੀ ਸਰਕਾਰ ਵੱਲੋਂ ਸੀ। ਇਸਦਾ ਸੰਬੰਧ ਜੇ ਦਿੱਲੀ ਦੀ ਹਕੂਮਤ ਨਾਲ ਹੈ, ਜੇ ਗੱਲ ਖਿਆਲ ਵਿਚ ਨਹੀਂ ਬੈਠਦੀ, ਤਾਂ ਇਹ ਹੋਰ ਤ੍ਰਾਰੀਖੀ ਖੋਜ ਦੀ ਮੁਥਾਜ ਹੈ।

ਲਾਲਾ ਸ਼ਾਮ ਲਾਲ ਨੇ ਜੋ ਦੀਵਾਨ ਸਾਹਿਬ ਬਾਬਤ ਪ੍ਰਸ਼ੰਸ਼ਾ ਦੇ ਸ਼ਬਦ ਲਿਖੇ ਹਨ ਉਹ ਬੜੇ ਚੋਣਵੇਂ ਤੇ ਸੱਚੇ ਹਨ। ਏਹ ਲਫਜ਼ ਮੁਲਤਾਨ ਵਸਨੀਕਾਂ ਦੇ ਦਿਲੀ ਭਾਵ ਨੂੰ ਪ੍ਰਗਟ ਕਰਦੇ ਹਨ, ਜਿਸ ਨਾਲ ਉਹ ਅਜੇ ਤਕ ਦੀਵਾਨ ਸਾਹਿਬ ਨੂੰ ਯਾਦ ਕਰਦੇ ਹਨ:--"ਕਈ ਸਦੀਏਂ ਗੁਜ਼ਰ ਜਾਏਂਗੀ, ਮਗਰ ਉਸ ਮਹਾਨ ਆਤਮਾ ਕਾ ਨਾਮ ਮੁਲਤਾਨ ਕੀ, ਨਹੀਂ ਨਹੀਂ, ਹਿੰਦੁਸਤਾਨ ਕੀ ਤ੍ਰਾਰੀਖ ਮੇਂ ਰੋਜ਼ੇ-ਰੋਸ਼ਨ ਕੀ ਤਰਹ ਚਮਕੇਗਾ, ਔਰ ਹਮੇਸ਼ਾ ਆਇੰਦਾ ਨਸਲੋਂ ਮੇਂ ਭੀ ਬੜੀ ਇੱਜ਼ਤ ਸੇ ਲੀਆ ਜਾਏਗਾ। ਆਪ ਨਾ ਸਿਰਫ ਦਿਲਾਵਰ ਔਰ ਮਾਹਰ ਜੰਗ ਥੇ ਬਲਕਿ ਬੜੇ ਸਖੀ, ਗਰੀਬ ਪਰਵਰ ਥੇ। ਚੁਨਾਂਚਿ ਆਪ ਨੇ ਰਿਆਯਾ ਕੇ ਆਰਾਮ ਕੇ ਲੀਏ ਕਈ ਧਰਮਸ਼ਾਲੋਂ ਕੇ ਲੀਏ ਜਾਗੀਰੋਂ ਕੇ ਪਟੇ ਅਤਾ ਕੀਏ, ਜਿਨ ਸੇ ਆਜ ਤਕ ਲੋਕ ਮੁਸਤਫੀਦ ਹੋ ਰਹੇ ਹੈਂ। ਮਿਨਜੁਮਲਾ ਐਸੀ ਧਰਮਸ਼ਾਲੋਂ ਕੇ ਬਾਵਾ ਦਮੋਦਰ ਦਾਸ ਕੀ ਧਰਮਸ਼ਾਲ ਹੈ ਜੋ ਐਨ ਮਤਵਸਤ ਮੇਂ ਵਾਕਿਆ ਹੈ ਔਰ ਮੁਤਸਲ ਮਹੱਲਾ ਮਹਾਂਰਾਜਾ ਕੌੜਾ ਮਲ ਕੀ ਯਾਦਗਾਰ ਅਬ ਤਕ ਬਾਕੀ ਹੈ।

"ਸਫੇ ਉਲਟੇ ਜਾਏਂਗੇ ਲੈਲੇ ਨਿਹਾਰ ਕੇ,
ਲਿਖ ਲਿਖ ਮਿਟਾਏ ਜਾਏਂਗੇ ਅਨਵਾਂ ਨਏ ਨਏ।
ਚਮਕੇਂਗੇ ਪਰ ਹਰੂਫ ਤੇਰੀ ਯਾਦਗਾਰ ਕੇ,
ਆਤੇ ਰਹੇਂਗੇ ਤੇਰੀ ਛਨਾਖਾਂ ਨਏ ਨਏ।"

ਉੱਪਰਲੀ ਇਬਾਰਤ ਵਿਚ ਮੁਲਤਾਨ ਨੇ ਦੀਵਾਨ ਸਾਹਿਬ ਦੀ ਯਾਦ ਨੂੰ ਪਿਆਰ ਤੇ ਫਖ਼ਰ

---

*ਹਰੀਰਾਮ ਗੁਪਤੇ ਦੀ ਤ੍ਰਾਰੀਖ ਸਿਖਾਂ ਵਿਚ ਦੀਵਾਨ ਸਾਹਿਬ ਦੇ ਪਿਤਾ ਦਾ ਨਾਮ ਗਲਤ ਦਿਤਾ ਹੈ, ਦੇਖੋ ਸਫਾ ੜ੍ਹ.

Digitized by Panjab Digital Library | www.panjabdigilib.org

ਨਾਲ ਮੁੜ ਜੱਫੀ ਪਾਈ ਹੈ। ਇਸ ਵਿਚ ਜ਼ਿਕਰ ਬਾਵਾ ਦਾਮੋਦਰ ਦਾਸ ਦੀ ਧਰਮਾਸਾਲਾ ਦਾ ਹੈ। ਇਸਦੇ ਮੁਤਅੱਲਕ ਸੰਤ ਸੱਜਣ ਸਿੰਘ ਜੀ ਨੇ ਕੁਛ ਸਮਾਚਾਰ ਸਾਡੇ ਪਾਸ ਮੋਕੇ ਤੇ ਪੁੱਛ ਦੇਖ ਕੇ ਘੱਲੇ ਹਨ ਜੋ ਇਸ ਤਰ੍ਹਾਂ ਹਨ:-

[ਸਮਾਚਾਰ ਧਰਮਸਾਲਾ ਭਾਈ ਦਮੋਦਰ ਦਾਸ]

(੧) ਇਹ ਗੁਰਦੁਆਰਾ 'ਮਹੱਲਾ ਮਹਾਂਰਾਜਾ' ਵਿਚ ਹੈ ਜੋ ਮਹਾਂਰਾਜਾ ਕੌੜਾ ਮਲ ਦੇ ਨਾਮ ਤੇ ਪ੍ਰਸਿੱਧ ਹੈ, ਇਸ ਦੇ ਆਲੇ ਦੁਆਲੇ ਮਹਾਂਰਾਜਾ ਜੀ ਦੀਆਂ ਬੈਠਕਾਂ ਤੇ ਮਕਾਨ ਸਨ ਅਤੇ ਪਿਛਵਾੜੇ ਖਾਨਾਂ ਦੇ ਮਕਾਨ ਸਨ, ਜਿਨ੍ਹਾਂ ਦਾ ਹੁਣ ਨਿਸ਼ਾਨ ਕੋਈ ਨਹੀਂ ਹੈ।

(੨) ਮਹਾਂਰਾਜਾ ਜੀਨੇ ਸੰਤ ਸਿਦਕੀ ਰਾਮ ਉਦਾਸੀ ਨੂੰ ਇਸ ਮਹੱਲੇ ਧਰਮਸਾਲ ਬਣਵਾ ਦਿਤੀ ਅਤੇ ਨਾਲ ਮੋਜ਼ਾ ਤੋਤਲਪੁਰਾ ਦੀ ਜ਼ਮੀਨ ਦਿਤੀ,ਨਾਲ਼ ਲਿਖਿਆ ਕਿ'ਬਰਾਏ ਗੁਰਦੁਆਰਾ ਚਰਾਗ਼ ਅਤੇ ਮੁਸਾਫਰਾਨ ਕੀ ਖ਼ਿਦਮਤ ਗੁਰਦੁਆਰੇ ਸਾਥ ਜ਼ਮੀਨ ਲਗਾਈ' (ਜਿਨ੍ਹਾਂ ਸੱਜਣਾਂ ਅਸਲੀ ਇਬਾਰਤ ਪੜ੍ਹੀ ਉਨ੍ਹਾਂ ਦੀ ਜ਼ੁਬਾਨੀ ਹੈ)। ਇਹ ਉਹ ਜ਼ਮੀਨ ਹੈ ਜਿਥੇ ਅੱਜ ਕਲ ਮੁਲਤਾਨ ਸ਼ਹਿਰ ਦਾ ਸਟੇਸ਼ਨ ਹੈ ਅਤੇ ਚੁੰਗੀ ਸਰਾਂਈ ਆਦਿਕ, ਪੁਲੋਂ ਉਰਵਾਰ ਵਾਰ ਵਾਣ ਦੀਆਂ ਦੁਕਾਨਾਂ ਹੈਨ।

(੩) ਜਦੋਂ ਇਸ ਟਿਕਾਣੇ ਤੇ ਭਾਈ ਦਮੋਦਰ ਬੈਠਾ ਤਾਂ ਇਸ ਨੇ ਗ੍ਰਿਹਸਤਧਾਰਨ ਕੀਤਾ,ਪਿਛੋਂ ਇਸ ਦਾ ਪੁਤ੍ਰ ਭਾਈ ਹਰਦਿਆਲ ਬੈਠਾ, ਹੁਣ ਬਾਵਾ ਜੀਵਨ ਦਾਸ ਹੈ। ਅੰਦਰ ਦੋ ਬਾਬੇ ਪ੍ਰਕਾਸ਼ਦੇਹਨ ਪਰ ਡੇਰਾ ਮਸਤਾਨੀ ਹਾਲਤ ਵਿਚ ਹੈ। ਪਿਛੋਂ ਇਮਾਰਣ ਬਾਵਾ ਦਮੋਦਰ ਦਾਸ ਨੇ ਫਿਰ ਬਨਵਾਈ, ਗੁਆਂਢੀ ਛੁੱਢੇ ਦੱਸਦੇ ਹਨ।

(੪) ਸੰਤਾਨ ਨੇ ਸਭ ਮੋਜ਼ਾ ਤੋਤਲ ਪੁਰੇ ਦੀ ਜ਼ਮੀਨ ਵੇਜ ਦਿੱਤੀ, ਹੁਣ ਇਕ ਸਰਾਂ ਉਥੇ ਬਾਵਾ ਸੰਤ ਦਾਸ ਬਾਵਾ ਹਰਦਿਆਲ ਦੇ ਵਡੇ ਪੁਤ੍ਰ ਪਾਸ ਹੈ। ਇਹ ਗੁਰਦੁਆਰਾ ਭੀ ਲਹਿਣੇਦਾਰਾਂ ਨੇ ਕੁੜਕ ਕਰਾ ਲਿਆ ਸੀ ਪਰ ਕਿਸੇ ਪ੍ਰੇਮੀ ਨੇ ਦਰਖਾਸਤ ਦੇਕੇ ਬਚਾ ਲਿਆ ਹੈ।

ਸ: ਸੇਵਾਰਾਮ ਸਿੰਘ ਜੀ ਸੈਸ਼ਨ ਜੱਜ ਦੀਵਾਨ ਸਾਹਿਬ ਦੇ ਜੀਵਨ ਵਿਚ ਦਿਲਚਸਪੀ ਰਖਦੇ ਸਨ। ਸਰਦਾਰ ਸਾਹਿਬ ਜਦ ਮੁਲਤਾਨ ਵਿਚ ਸਨ ਤਦ ਉਹ ਏਸ ਵਿਸ਼ਯ ਸੰਬੰਧੀ ਕੁਛ ਖੋਜ ਪੜਤਾਲ ਭੀ ਕਰਦੇ ਰਹੇ। ਸੰਨ ੧੯੩੦ ਦੇ ਸ਼ੁਰੂ ਵਿਚ ਆਪ ਨੇ ਇਕ ਚਿੱਠੀ ਵਿਚ ਦਮੋਦਰ ਦਾਸ ਦੀ ਧਰਮਸਾਲਾ ਦਾ ਜ਼ਿਕਰ ਕੀਤਾ ਹੈ ਤੇ ਦੱਸਿਆ ਹੈ ਕਿ "ਮਹੰਤਾ ਨੇ ਸਟੇਸ਼ਨ ਦੇ ਬਾਹਰ ਇਕ ਸਰਾਇ ਉਸੇ ਜ਼ਮੀਨ ਵਿਚ ਬਣਾਈ ਹੈ ਤੇ ਆਮਦਨੀ ਅੱਛੀ ਹੈ, ਗੁਰਦੁਵਾਰਾ ਐਕਟ ਦੇ ਤਲੇ ਆ ਗਈ ਹੈ ਤੇ ਮੁਕੱਦਮਾ ਅਜੇ ਦਾਇਰ ਹੈ।"

ਸੰਨ ੧੯੪੧ ਦੇ ਅਖੀਰ ਵਿਚ ਸੰਤ ਸੱਜਣ ਸਿੰਘ ਜੀ ਨੇ ਇਕ ਹੋਰ ਨੋਟ ਵਿਚ ਲਿਖਿਆ ਹੈ, "ਗੁਰਦਵਾਰਾ ਲਹਿਰ ਵੇਲੇ ਇਸ ਧਰਮਸਾਲਾ ਵਾਸਤੇ ਭੀ ਦਰਖਾਸਤ ਗੁਜ਼ਰੀ ਸੀ,ਪਰ ਸ਼੍ਰੋਮਣੀ ਕਮੇਟੀ ਨੇ ਖਰਚਾ ਨਾ ਲਗਾਇਆ, ਦਫਤਰ ਦਾਖ਼ਲ ਹੋ ਗਈ।"

ਸਰਦਾਰ ਸੇਵਾਰਾਮ ਸਿੰਘ ਜੀ ਦਾ ਪੂਰਾ ਨੋਟ ਇਸਤਰ੍ਹਾਂ ਹੈ:-

ਮਹਾਂਰਾਜਾ ਕੌੜਾ ਮਲ ਜੀ ਦੇ ਕੁਝ ਹਾਲਾਤ ਇਥੋਂ ਮਿਲੇ ਹਨ। ਇਕ ਮਹੱਲਾ ਮੁਲਤਾਨ ਸ਼ਹਿਰ ਦਾ ਉਨ੍ਹਾਂ ਦੇ ਨਾਮ ਤੇ 'ਮਹੱਲਾ ਮਹਾਂਰਾਜਾ ਵਾਲਾ' ਅਖਵਾਉਂਦਾ ਹੈ ਤੇ ਗੁਰਦੁਵਾਰਾਬੀ ਉਨ੍ਹਾਂਦਾ ਬਣਵਾਇਆ ਹੋਇਆਹੈ,ਨਾਮਉਸਦਾ ਧਰਮਸਾਲਾ ਦਾਮੋਦਰ ਦਾਸ ਹੈ। ਦਾਮੋਦਰ ਦਾਸ ਉਦਾਸੀ ਮਹੰਤ ਸੀ,ਜਿਸਦੇ ਚੇਲੇ ਹੁਣ ਕਾਬਜ਼ ਹਨ। ਜ਼ਮੀਨ ਭੀ ਉਨ੍ਹਾਂ ਦੀ (ਦੀਵਾਨ ਸਾਹਿਬ ਦੀ) ਨਾਲ ਲਗਾਈ ਹੋਈ ਮੌਜੂਦ ਹੈ ਤੇ ਸ਼ਹਿਰ ਮੁਲਤਾਨ ਦਾ ਸਟੇਸ਼ਨ ਰੇਲਦਾ ਉਸੇ ਜ਼ਮੀਨ ਵਿਚ ਬਣਿਆ ਹੈ। ਮਹੰਤਾਂ ਨੇ ਸਟੇਸ਼ਨ

Digitized by Panjab Digital Library | www.panjabdigilib.org

ਦੇ ਬਾਹਰ ਇਕ ਸਰਾਇ ਉਸੇ ਜ਼ਮੀਨ ਵਿਚ ਬਣਾਈ ਹੈ ਤੇ ਆਮਦਨੀ ਅੱਛੀ ਹੈ। ਗੁਰਦਵਾਰਾ ਐਕਟ ਦੇ ਭਲੇ ਆ ਗਈ ਹੈ ਤੇ ਮੁਕੱਦਮਾ ਅਜ਼ੇ ਦਾਇਰ ਹੈ। ਉਨ੍ਹਾਂ ਦੀ ਔਲਾਦ ਯਾ ਰਿਸ਼ਤੇਦਾਰਾਂ ਵਿਚੋਂ ਇਥੇ ਕੋਈ ਵੱਸਦਾ ਨਹੀਂ ਲੱਭਾ, ਪਰ ਮਹੱਲਾ ਮਹਾਰਾਜਾ ਦੀ ਆਬਾਦੀ ਬਹੁਤੀ ਉਡ੍ਰੀਧੀ ਅਰੋੜਿਆਂ ਦੀ ਹੈ।''

ਉਪਰਲੇ ਨੋਟਾਂ ਤੋਂ ਇਹ ਗੱਲਾਂ ਸਪਸ਼ਟ ਹੁੰਦੀਆਂ ਹਨ: (੧) ਇਹ ਧਰਮਸਾਲਾ ਮਹਾਰਾਜਾ ਕੌੜਾ ਮਲ ਨੇ ਬਣਵਾਈ, ਨਾਲ ਇਸ ਦੇ ਤੋਤਲਪੁਰੇ ਦੀ ਜ਼ਮੀਨ ਮਾਦਿਕ ਲਗਵਾਈ ਤੇ ਸੰਤ ਸਿਦਕੀ ਦਾਸ ਉਦਾਸੀ ਨੂੰ ਇੱਥੋਂ ਦਾ ਮਹੰਤ ਮੁਕੱਰਰ ਕੀਤਾ। (੨) ਬਾਵਾ ਦਮੋਦਰ ਦਾਸ ਦੇ ਵੇਲੇ ਧਰਮਸਾਲਾ ਦੀ ਸ਼ਾਨ ਬਹੁਤ ਵਧ ਗਈ, ਮੁਲਤਾਨ ਸ਼ਹਿਰ ਦਾ ਸਟੇਸ਼ਨ ਉਸੇ ਜ਼ਮੀਨ ਵਿਚ ਬਣਨ ਕਰਕੇ ਹੋਰ ਵੀ ਵਾਧਾ ਪਿਆ ਤੇ ਬਾਵਾ ਜੀ ਨੇ ਇਕ ਸਰਾਇ ਸਟੇਸ਼ਨ ਦੇ ਬਾਹਿਰ ਉਸੇ ਜ਼ਮੀਨ ਵਿਚ ਬਣਵਾ ਦਿੱਤੀ। (੩) ਸੰਨ ੧੯੩੧ ਤਕ ਗੁਰਦਵਾਰੇ ਦੀ ਮਾਲੀ ਹਾਲਤ ਅੱਛੀ ਸੀ, ਫੇਰ ਬਿਗੜਨੀ ਸ਼ੁਰੂ ਹੋਈ। ਹੁਣ ਹਾਲ ਬਹੁਤ ਖ਼ਸਤਾ ਹੈ।

ਇਸ ਮਾਮਲੇ ਦੀ ਹੋਰ ਖੋਜ ਪੜਤਾਲ ਤੋਂ ਅਤੇ ਇਸ ਧਰਮਸਾਲਾ ਦੀ ਗੱਦੀ ਸੰਬੰਧੀ ਇਕ ਮੁਕੱਦਮੇ ਦੀ ਮਿਸਲ* ਦੇਖਣ ਤੋਂ ਪਤਾ ਲਗਦਾ ਹੈ ਕਿ ਬਾਵਾ ਦਮੋਦਰ ਦਾਸ ਤਕ ਇਹ ਗੱਦੀ ਇਸ ਤਰ੍ਹਾਂ ਆਈ:—ਬਾਵਾ ਸਿਦਕੀ ਰਾਮ—ਬਾਵਾ ਸਹਿਜ ਰਾਮ—ਬਾਵਾ ਟਹਿਲ ਦਾਸ—ਬਾਵਾ ਆਤਮਾ ਰਾਮ—ਬਾਵਾ ਦਮੋਦਰ ਦਾਸ।

ਬਾਵਾ ਦਮੋਦਰ ਦਾਸ ਤਕ ਮਹੰਤ ਸਭ ਵਿਰਕਤ ਸਨ ਤੇ ਗੱਦੀ ਚੇਲੇ ਨੂੰ ਜਾਂਦੀ ਰਹੀ। ਬਾਵਾ ਦਮੋਦਰ ਦਾਸ ਨੇ ਗ੍ਰਿਹਸਤ ਧਾਰਨ ਕੀਤਾ।ਉਸਦੇ ਚਲਾਣੇ ਵੇਲੇ ਭੇਖਦੀ ਬਰਾਦਰੀਨੇ ਉਸਦੇ ਪੁਤ੍ਰ ਬਾਵਾ ਹਰਦਿਆਲ ਨੂੰ ਉਸ ਦੀ ਥਾਂ ਉਪਰ ਮਹੰਤ ਅਤੇ ਗੱਦੀ ਨਸ਼ੀਨ ਕੀਤਾ। ਬਾਵਾ ਹਰਦਿਆਲ ੭ ਸਤੰਬਰ ੧੯੦੫ ਨੂੰ ਗੁਜ਼ਰ ਗਿਆ। ਭੇਖ ਨੇ ਉਸ ਦੇ ਪੁਤ੍ਰ ਬਾਵਾ ਸੰਤ ਦਾਸ ਨੂੰ ਗੱਦੀ ਨਸ਼ੀਨ ਕੀਤਾ। ਅਜ ਕਲ ਬਾਵੇ ਸੰਤ ਦਾਸ ਦਾ ਛੋਟਾ ਭਰਾ ਬਾਵਾ ਜੀਵਨ ਦਾਸ ਗੱਦੀ ਉੱਪਰ ਹੈ।

੫. ਮਿੱਠਾ ਮੱਲ ਦਾ ਖ਼ਿਤਾਬ।

ਭਾਈ ਕਰਮ ਸਿੰਘ ਜੀ ਸਟੇਟ ਹਿਸਟੋਰੀਅਨ ਦੀਵਾਨ ਸਾਹਿਬ ਦੇ ਜੀਵਨ ਵਿਚ ਖਾਸ ਦਿਲਚਸਪੀ ਲੈਂਦੇ ਰਹੇ। ਉਨ੍ਹਾਂ ਦੀ ਮਰਜ਼ੀ ਸੀ ਕਿ ਦੀਵਾਨ ਸਾਹਿਬ ਦਾ ਪੂਰਾ ਹਾਲ ਲਿਖਿਆ ਜਾਵੇ। ਅਫਸੋਸ ਹੈ ਕਿ ਇਹ ਗੱਲ ਉਨ੍ਹਾਂ ਦੇ ਹੱਥੋਂ ਸਿਰੇ ਨਹੀਂ ਚੜ੍ਹੀ। ਆਪ ਦੇ ਇਕ ਲਿਖਤੀ ਨੋਟ ਵਿਚ ਇਹ ਜ਼ਿਕਰ ਹੈ:—

''ਜਦ ਸਰਦਾਰ ਜੀ ਮੁੜਨ ਲੱਗੇ† ਤਾਂ ਕੌੜਾ ਮਲ ਨੇ ਨਕਦੀ, ਘੋੜੇ ਤੇ ਮੁਲਤਾਨ ਵੱਲ ਦੀਆਂ ਪੁਸ਼ਾਕਾਂ ਪੇਸ਼ ਕੀਤੀਆਂ ਤੇ ਕਿਹਾ ਕਿ ਕੇਵਲ ਤੁਹਾਡੀ ਹੀ ਸਹਾਇਤਾ ਨਾਲ ਇਹ ਕਾਰਜ ਹੋਇਆ ਹੈ। ਕੌੜਾ ਮਲ ਨੂੰ 'ਮਿੱਠਾ ਸਿੰਘ' ਦਾ ਖ਼ਿਤਾਬ ਦਿੱਤਾ ਗਿਆ ਤੇ ਆਪ ਜੰਗਲ ਨੂੰ ਆ ਗਏ। ਜਦ ਕੌੜਾ ਮਲ ਵਾਪਸ ਲਾਹੌਰ ਆਇਆ ਤਾਂ ਨਵਾਬ ਨੇ 'ਮਹਾਰਾਜਾ ਬਹਾਦਰ' ਦਾ ਖਿਤਾਬ ਦਿਤਾ।''

ਭਾਈ ਕਰਮ ਸਿੰਘ ਜੀ ਇਸ ਨੋਟ ਬਾਬਤ ਲਿਖਦੇ ਹਨ ਕਿ ਇਹ ''ਕਪੂਰਥਲਾ ਪੇਪਰਜ਼ ਵਿਚੋਂ ਮੈਂ ਨੋਟ ਕੀਤੇ ਸੀ। ਉਨ੍ਹਾਂ ਵਿਚੋਂ ਮਹਾਰਾਜਾ ਕੌੜਾ ਮਲ ਸਬੰਧੀ ਮੇਰਾ ਨੋਟ ਇਸ ਪ੍ਰਕਾਰ ਸੀ।''

ਭਾਈ ਕਰਮ ਸਿੰਘ ਨੇ ਦੀਵਾਨ ਸਾਹਿਬ ਨੂੰ ਸਰਦਾਰ (ਜੱਸਾ ਸਿੰਘ) ਜੀ ਵਲੋਂ 'ਮਿੱਠਾ ਸਿੰਘ'

---

*ਮੁਕੱਦਮਾ ਨੰਬਰ ੯੩੩, ਸਾਲ ੧੯੧੯, ਮੁਲਤਾਨ।

†ਇਹ ਮੁਲਤਾਨ ਦੀ ਫਤਹ ਦੇ ਪਿਛੋਂ ਸਿਖ ਫੌਜਾਂ ਦੇ ਮੁੜਨ ਦਾ ਜ਼ਿਕਰ ਹੈ। [ਲੇਖਕ।

Digitized by Panjab Digital Library | www.panjabdigilib.org

ਖਿਤਾਬ ਮਿਲਨ ਦਾ ਜ਼ਿਕਰ ਕੀਤਾ ਹੈ। ਇਹ ਗਲ ਸਾਡੀ ਨਜ਼ਰੇ ਅੱਗੇ ਕਿਤੇ ਹੋਰਥੇ ਨਹੀਂ ਪਈ। ਅਸੀਂ ਦੀਵਾਨ ਸਾਹਿਬ ਦੇ ਨਿਹੰਗ ਸਿੰਘਾਂ ਵਲੋਂ 'ਮਿੱਠਾ ਮਲ' ਨਾਮ ਧਰੇ ਜਾਣ ਦਾ ਜ਼ਿਕਰ ਪਿਛੇ ਸਫਾ ੜ੨ ਉਪਰ ਕਰ ਆਏ ਹਾਂ। ਤ੍ਰਾਰੀਖ ਕਪੂਰਥਲਾ, ਕ੍ਰਿਤ ਰਾਮ ਜਸ ਵਿਚ ਜੋ ਲਿਖਿਆ ਹੈ ਉਹ ਇਸਤਰ੍ਹਾਂ ਹੈ: 'ਮਹਾਰਾਜਾ ਸਾਹਿਬ (ਸ: ਜੱਸਾ ਸਿੰਘ) ਨੇ ਖੁਸ਼ ਹੋਕਰ ਕੌੜਾ ਮਲ ਕੋ ਮਿਠਾ ਮਲ ਕਾ ਖ਼ਿਤਾਬ ਅਤਾ ਕੀਆ।' (ਸਫਾ ੧੪੩)।

੬. ਖਾਨਦਾਨੀ ਰਵਾਇਤਾਂ।

ਦੀਵਾਨ ਸਾਹਿਬ ਜੀ ਬਾਬਤ ਕੁਛ ਐਸੀਆਂ ਗੱਲਾਂ ਬੀ ਉਨ੍ਹਾਂ ਦੇ ਖਾਨਦਾਨ ਵਿਚ ਰਵਾਇਤਨ ਤੁਰੀਆਂ ਆਉਂਦੀਆਂ ਹਨ, ਜਿਨ੍ਹਾਂ ਦਾ ਹੋਰ ਕੋਈ ਪੁਰਾਣਾ ਲਿਖਤੀ ਆਧਾਰ ਨਹੀਂ। ਦੋ ਕਹਾਣੀਆਂ ਜੋ ਸੁੰਦਰੀ ਵਿਚ ਦਰਜ ਹਨ, ਇਸ ਤਰ੍ਹਾਂ ਹਨ:-

"ਨਾਜ਼ਮ ਪਰ ਤਿੰਨ ਵੇਰ ਸਰਕਾਰ ਦੀ ਫੌਜ ਚੜ੍ਹਾਈ ਕਰਕੇ ਗਈ, ਤਿੰਨੇ ਵੇਰ ਹਾਰ ਖਾ ਆਈ। ਚੌਥੀ ਵੇਰ ਦੀਵਾਨ ਕੌੜਾ ਮਲ ਨੂੰ ਹੁਕਮ ਹੋਇਆ ਕਿ ਤੂੰ ਜਾਕੇ ਏਸ ਮੁਹਿੰਮ ਨੂੰ ਸਰ ਕਰ। ਸੋ ਇਹ ਫੌਜ ਲੈਕੇ ਸ਼ਹਿਰੋਂ ਦੇ ਕੁ ਕੋਹ ਉਰੇ ਜਾ ਉਤਰਿਆ। ਡੇਰਾ ਕਰਕੇ ਆਪ ਫਕੀਰੀ ਭੇਸ ਕਰਕੇ ਸ਼ਹਿਰ ਨੂੰ ਤੁਰਿਆ, ਇਕ ਬਾਗ਼ ਵਿਚ ਉਥੋਂ ਦਾ ਹਾਕਮ ਤੇ ਦੋ ਕੁ ਹੋਰ ਆਦਮੀ ਸ਼ਤਰੰਜ ਖੇਡ ਰਹੇ ਸਨ, ਕੌੜਾ ਮਲ ਨੇ ਜਾ ਸਦਾ ਕੀਤੀ, ਪਰ ਸ਼ਤਰੰਜ ਵਾਲਿਆਂ ਕਿਸੇ ਨਜ਼ਰ ਨਾ ਕੀਤੀ ; ਪਲ ਕੁ ਖਲੋਕੇ ਅਚਾਨਕ ਪਲੰਘ ਤੇ ਚੜ ਗਿਆ ਅਰ ਨਾਜ਼ਮ ਨੂੰ ਢਾਹਕੇ ਛਾਤੀ ਤੇ ਬੈਠ ਗਿਆ ਤੇ ਖੰਜਰ ਕੱਢ ਕੇ ਉਸਦੀ ਛਾਤੀ ਤੇ ਧਰ ਦਿੱਤਾ। ਸੱਭੇ ਜਣੇ ਹੱਕੇ ਬੱਕੇ ਹੋ ਗਏ। ਕੌੜਾ ਮਲ ਜੋਸ਼ ਨਾਲ ਬੋਲਿਆ:-ਸੁਣੋ! ਜੇ ਕੋਈ ਮੇਰੇ ਉਤੇ ਵਾਰ ਕਰੂ ਤਾਂ ਮੈਂ ਨਾਜ਼ਮ ਨੂੰ ਮੁਕਾ ਲਊਂ ਏਸ ਕਰਕੇ ਮੈਨੂੰ ਮਾਰਨਾ ਤੁਹਾਡਾ ਅਸਫਲ ਹੈ, ਸੋ ਪਹਿਲਾਂ ਮੇਰੀ ਗਲ ਸੁਣ ਲਓ: ਦੀਵਾਨ ਕੌੜਾ ਮਲ ਮੁਹਿੰਮ ਲੈਕੇ ਆਇਆ ਹੈ। ਨਾਜ਼ਮ ਦੇ ਦੀਵਾਨ ਨੇ ਕਿਹਾ, ਆਹੋ ਫੇਰ ਕੀਹ ਹੋਇਆ ? ਦੋ ਕੋਹ ਦੀ ਵਾਟ ਤੇ ਉਤਰਿਆ ਹੈ ਨਾ, ਕੱਲ ਦੰਦ ਖੱਟੇ ਕਰਕੇ ਕੱਢ ਦਿਆਂਗੇ। ਉਹ ਫਕੀਰ (ਕੌੜਾ ਮਲ) ਬੋਲਿਆ-ਹੁਣ ਗਲ ਇਹ ਹੈ ਤੁਸੀਂ ਮੈਨੂੰ ਹੱਥ ਵੀ ਲਾਇਆ ਤਾਂ ਇਸਦੀ ਛਾਤੀ ਵਿਚ ਖੰਜਰ ਮਾਰ ਦਿਆਂਗਾ। ਖੰਜਰ ਛਾਤੀ ਤੇ ਰੱਖਿਆ ਹੈ ਜ਼ਰਾ ਕੁ ਅੱਗੇ ਹੀ ਕਰਨਾ ਹੈ ਨਾ। ਜੇ ਮੈਂ ਮਰ ਗਿਆ ਤਾਂ ਦੀਵਾਨ ਕੌੜਾ ਮਲ ਦੇ ਸਿਰ ਤੋਂ ਵਾਰਿਆ, ਮੇਰੇ ਵਰਗੇ ਸੌਂਕੜੇ ਉਸ ਦੇ ਬੂਹੇ ਤੇ ਰੁਲਦੇ ਹਨ, ਤੁਸੀਂ ਇਸ ਪਲੰਘ ਨੂੰ ਇਕੁਰ ਹੀ ਚੁਕਵਾਕੇ ਦੀਵਾਨ ਸਾਹਿਬ ਦੇ ਤੰਬੂ ਤਕ ਲੈ ਚੱਲੋ। ਉਥ ਦੀਵਾਨ ਨਾਲ ਦੋ ਗਲਾਂ ਕਰ ਲਓ, ਬੱਸ ਮੈਂ ਹੋਰ ਕੁਝ ਨਹੀਂ ਮੰਗਦਾ। ਇਹ ਮੈਂ ਕੋਲ ਦਿੰਦਾ ਹਾਂ ਕਿ ਇਸ ਨੂੰ ਸਹੀ ਸਲਾਮਤ ਘਰ ਪੁਚਵਾ ਦਿਆਂਗਾ, ਓਥੇ ਫਾਲ ਵਿੰਗਾ ਨਹੀਂ ਹੋਵੇਗਾ। ਇਸ ਵੇਲੇ ਉਸਦਾ ਤੇਜ ਅਰ ਅਚਾਨਕੀ ਦੀ ਸੱਟ ਤੇ ਬਿਖੜਾ ਦਾਉ ਅਜਿਹਾ ਭਾਰੂ ਪਿਆ ਕਿ ਸਾਥੀਆਂ ਵਿਚੋਂ ਕਿਸੇ ਨੂੰ ਕੁਝ ਨਾ ਆਹੁੜੇ, ਅੱਕ ਕੇ ਪਲੰਘ ਲੈ ਤੁਰੇ। ਜਦ ਦੀਵਾਨ ਦੇ ਤੰਬੂਆਂ ਦੇ ਲਾਂਗੇ ਪਹੁੰਚੇ ਤਾਂ ਦੀਵਾਨ ਹੁਰੀਂ ਝੱਟ ਛਾਲ ਮਾਰਕੇ ਤੰਬੂ ਦੇ ਅੰਦਰ ਵੜ ਗਏ। ਭੇਸ ਵਟਾ, ਜਗਾ ਲਾਕੇ ਬਿਲਕੁਲ ਠਾਠ ਬਦਲ ਅਗੁਵਾਨੀ ਕਰਨ ਨੂੰ ਬਾਹਰ ਆ ਗਏ ਤੇ ਨਾਜ਼ਮ ਨੂੰ ਬੜੇ ਅਦਬ ਨਾਲ ਤੰਬੂ ਦੇ ਅੰਦਰ ਲੈ ਗਏ। ਚਾਰ ਚੁਫੇਰੇ ਸੈਨਾਂ ਨੇ ਘੇਰਾ ਪਹਿਲੇ ਹੀ ਘੱਤ ਲਿਆ ਸੀ। ਗਲ ਕੀ ਦੀਵਾਨ ਜੀ ਦਾ ਮਿੱਠਾ ਬੋਲਣਾ ਤੇ ਰਾਜਨੀਤੀ ਦੀ ਵੀਚਾਰ ਐਸੀ ਪਈ ਕਿ ਹਾਕਮ ਨੇ ਲਾਹੌਰ ਦੀ ਤਾਬੇਦਾਰੀ ਮੰਨ ਲਈ ਅਰ ਇਕਰਾਰ ਨਾਮਾ ਲਿਖਕੇ ਟਕੇ ਭਰ ਦਿੱਤੇ। ਪਿੱਛੋਂ ਪੁੱਛਣ ਲਗਾ ਕਿ ਉਹ ਜਾਸੂਸ ਮੈਨੂੰ ਮਿਲਾਓ ਜੋ ਮੈਨੂੰ ਐਉਂ ਬੇਬਸ ਕਰਕੇ ਬਿਨਾਂ ਇਕ ਟੋਪਾ ਲਹੂ ਦਾ ਵੀਟੇ ਦੇ ਆਪ ਪਾਸ ਲੈ ਆਇਆ ਹੈ, ਮੈਂ ਇਕ ਪਿੰਡ ਇਨਾਮ ਉਸ ਲਾਇਕ ਪੁਰਖ ਨੂੰ ਦਿਆਂਗਾ। ਪਰ ਦੀਵਾਨ ਨੇ ਸਿਰ ਫੇਰਿਆ ਕਿ ਹੁਣ ਉਹ ਤੁਹਾਡੇ ਸਾਹਮਣੇ ਨਹੀਂ

Digitized by Panjab Digital Library | www.panjabdigilib.org

ਆ ਸਕਦੀ। ਗਲ ਕੀ ਉਹ ਮੁਹਿੰਮ ਸਿਰੇ ਚੜ੍ਹੀ, ਦੀਵਾਨ ਜੀ ਦੀ ਬੜੀ ਪਤ ਵਧੀ ਕਿ ਇਕ ਬੂੰਦ ਛੀਟੇ ਬਿਨਾਂ ਫਤੇ ਕਰ ਆਇਆ ਹੈ।

ਇਸ ਮੁਹਿੰਮੋਂ ਮੁੜੇ ਆਉਂਦੇ ਦੀਵਾਨ ਸਾਹਿਬ ਨੇ ਇਕ ਅਚਰਜ ਨਿਆਉਂ ਕੀਤਾ ਹੈ:-

ਇਕ ਜਿਠਾਣੀ ਪਾਸ ਮੈਂਹ ਤੇ ਇਕ ਦਿਰਾਣੀ ਪਾਸ ਭੇਡ ਸੀ। ਜਿਠਾਣੀ ਤਾਂ ਬਿਜ਼ੁਰਗਤਣ ਸੀ, ਨਾਂ ਦੁੱਧ ਬਚਦਾ ਨਾਂ ਮੱਖਣ ਤੇ ਦਿਰਾਣੀ ਨੇ ਭੇਡ ਦੇ ਦੁੱਧ ਵਿਚੋਂ ਮਣ ਕੱਚਾ ਮੱਖਣ* ਜੋੜਿਆ। ਉਹ ਜਿਠਾਣੀ ਨੇ ਚੁਰਾਕੇ ਵਰਤ ਲੀਤਾ। ਜਾਂ ਦਿਰਾਣੀ ਨੂੰ ਪਤਾ ਲਗਾ ਤਾਂ ਲੜਾਈ ਹੋਈ। ਹੁੰਦੇ ਹੁੰਦੇ ਸਰਕਾਰੇ ਪਹੁੰਚੇ, ਹਾਕਮਾਂ ਪਾਸ ਗਏ, ਪਰ ਸਭ ਨੇ ਇਹੋ ਕਿਹਾ ਕਿ ਮੈਂਹ ਵਾਲੀ ਭੇਡ ਦੀ ਕਦ ਚੋਰੀ ਕਰ ਸਕਦੀ ਹੈ? ਅਰ ਭੇਡ ਤੇ ਮਣ ਮੱਖਣ? ਪਰ ਕਿਸੇ ਅਕਲ ਵਾਲੇ ਨੇ ਮੁਕੱਦਮੇ ਦੀ ਖੋਜ ਨਾ ਕੀਤੀ। ਜਾਂ ਇਕ ਦਿਨ ਦੀਵਾਨ ਜੀਨੇ ਆਪਣੇ ਕਿਸੇ ਦੇਰੇ ਵਿਚ ਪਿੰਡ ਕੋਲ ਜਾ ਡੇਰਾ ਕੀਤਾ ਤਦ ਸੱਚੀ ਦਿਰਾਣੀ ਅੱਗ ਲੱਗੇ ਮਨ ਨਾਲ ਦੀਵਾਨ ਪਾਸ ਨਿਆਂ ਕਰਾਉਣ ਆਈ। ਦੀਵਾਨ ਨੇ ਕਿਹਾ ਕਿ ਜਾਓ ਪਹਿਲਾਂ ਲਾਗਲੇ ਛੱਪੜਵਿਚੋਂ ਪੰਜ ਪੰਜ ਕੌਲਫੁਲ ਤੋੜ ਲਿਆਓ ਅਰ ਇਕ ਅਹਿਦੀਏ ਨੂੰ ਸੋਨਤ ਕਰਕੇ ਮਗਰ ਘੱਲਿਆ ਕਿ ਇਨ੍ਹਾਂ ਨੂੰ ਓਥੇ ਪੈਰ ਨਾਂ ਧੋਣ ਦੇਵੀਂ। ਜਾਂ ਦੋਵੇਂ ਮੁੜਕੇ ਆਈਆਂ ਤਾਂ ਇਕ ਇਕ ਟਿੰਡ ਪਾਣੀ ਦੀ ਦਿਵਾਕੇ ਦੀਵਾਨ ਜੀ ਨੇ ਕਿਹਾ ਕਿ ਜਾਓ ਪੈਰ ਧੋ ਕੇ ਹਾਜ਼ਰ ਹੋਵੋ! ਜਦ ਦੋਵੇਂ ਪੈਰ ਧੋ ਕੇ ਹਾਜ਼ਰ ਹੋਈਆਂ ਤਾਂ ਦੀਵਾਨ ਜੀ ਨੇ ਦੋਹਾਂ ਦੇ ਪੈਰਾਂ ਵੱਲ ਗਹੁ ਕਰਕੇ ਤੱਕਿਆ ਤੇ ਹੁਕਮ ਦਿੱਤਾ ਕਿ ਭੇਡ ਵਾਲੀ ਸੱਚੀ ਹੈ ਤੇ ਮੈਂਹ ਵਾਲੀ ਝੂਠੀ ਹੈ। ਆਪ ਦੇ ਇਸ ਫੈਸਲੇ ਪਰ ਸਭ ਹੈਰਾਨ ਹੋ ਗਏ। ਜਿਹੜੇ ਭੇਤੀ ਸਨ ਸੋ ਜਾਣਦੇ ਸਨ ਕਿ ਭੇਡ ਵਾਲੀ ਸੱਚੀ ਹੈ, ਸੋ ਉਸ ਇਲਾਕੇ ਵਿਚ ਆਪ ਦੇ ਨਿਆਂ ਦੀ ਬੜੀ ਧਾਂਕ ਹੋਈ। ਦੀਵਾਨ ਜੀ ਨੇ ਪੈਰਾਂ ਨੂੰ ਤੱਕ ਕੇ ਨਿਆਉਂ ਇਸ ਤਰ੍ਹਾਂ ਕੀਤਾ ਕਿ ਭੇਡ ਵਾਲੀ ਦੇ ਪੈਰ ਬਿਲਕੁਲ ਸਾਫ ਹੋ ਗਏ ਸਨ ਤੇ ਉਸ ਦੀ ਟਿੰਡ ਮੰਗਾ ਕੇ ਤੱਕੀ ਤਾਂ ਉਸ ਵਿਚ ਅਜੇ ਪਾਣੀ ਬਾਕੀ ਸੀ ਤੇ ਮੈਂਹ ਵਾਲੀ ਦੀ ਟਿੰਡ ਖਾਲੀ ਸੀ ਪਰ ਪਾਣੀ ਵਰਤਕੇ ਵੀ ਉਸਦੇ ਪੈਰਾਂ ਪਰ ਥਾਂ ਥਾਂ ਅਜੇ ਚਿਕੜ ਲੱਗਾ ਹੋਇਆ ਸੀ।

ਦੀਵਾਨ ਸਾਹਿਬ ਜੀ ਬਾਬਤ ਇਕ ਰਵਾਇਤ ਇਹ ਤੁਰੀ ਆਉਂਦੀ ਹੈ ਕਿ ਉਨ੍ਹਾਂ ਦਾ ਨਾਮ ਦਿੱਲੀ ਦਰਵਾਜ਼ੇ ਉਤੇ ਲਿਖਿਆ ਹੈ। ਇਸਦੀ ਅਜੇ ਪੂਰੀ ਖੋਜ ਨਹੀਂ ਹੋ ਸਕੀ, ਪਰ ਇਹ ਖਾਨਦਾਨੀ ਰਵਾਇਤ ਹੈ। ਦੀਵਾਨ ਸਾਹਿਬ ਦੀ ਜ਼ਾਤ ਚੁੱਘ ਸੀ ਤੇ ਇਹ ਰਵਾਇਤ ਇਸ ਸ਼ਕਲ ਵਿਚ ਬੀ ਚਲਦੀ ਰਹੀ ਹੈ ਕਿ ਚੁੱਘ ਬਾਦਸ਼ਾਹ ਦਾ ਨਾਮ ਦਿੱਲੀ ਦਰਵਾਜ਼ੇ ਉੱਪਰ ਲਿਖਿਆ ਹੈ। ਇਕ ਖਿਆਲ ਇਹ ਸੀ ਕਿ ਦਿੱਲੀ ਦਰਵਾਜ਼ਾ ਖਾਸ ਦਿੱਲੀ ਦਾ ਹੈ। ਇਸੇ ਸੰਬੰਧ ਵਿਚ ਲਾਹੌਰ ਦੇ ਦਿੱਲੀ ਦਰਵਾਜ਼ੇ ਵਲ ਖਿਆਲ ਜਾਂਦਾ ਰਿਹਾ, ਪਰ ਮੇਰਾ ਅਪਣਾ ਖਿਆਲ ਮੁਲਤਾਨ ਦੇ ਦਿੱਲੀ ਦਰਵਾਜ਼ੇ ਵਲ ਹੈ ਜੋ ਮਹਾਰਾਜੇ ਦੀ ਗਲੀ-ਜਿਸ ਵਿਚ ਬਾਵਾ ਦਮੋਦਰ ਦਾਸ ਦੀ ਧਰਮਸਾਲ ਹੈ-ਤੋਂ ਦੂਰ ਨਹੀਂ।

੭. ਸੰਤਾਨ।

ਮਹਾਰਾਜੇ ਕੌੜਾ ਮਲ ਦੇ ਪਿਤਾ ਦਾ ਨਾਮ ਵੱਲੂ ਮੱਲ ਅਤੇ ਦਾਦੇ ਦਾ ਨਾਮ ਦੀਵਾਨ ਚੰਦ ਸੀ। ਇਹ ਦੋਨੋਂ ਮੁਲਤਾਨ ਦੇ ਸਰਕਾਰੀ ਅਹੁਦਿਆਂ ਉਪਰ ਸਨ†।

ਮਹਾਰਾਜੇ ਦਾ ਇਕ ਛੋਟਾ ਭਾਈ ਭੀ ਸੀ ਜਿਸ ਦਾ ਨਾਮ ਸੋਭਾ ਰਾਮ ਸੀ ਤੇ ਦੋ ਲੜਕੇ ਸਨ, ਦੀਵਾਨ ਹਰੀ ਸਿੰਘ ਤੇ ਦੀਵਾਨ ਤੇਖਾ ਰਾਮ। ਮਹਾਰਾਜੇ ਦੇ ਚਲਾਣੇ ਮਗਰੋਂ ਮਲੂਮ ਹੁੰਦਾ ਹੈ ਭਰਾਵਾਂ ਨੇ

---

*ਮੂਰਾਦ ਘਿਉ ਤੋਂ ਹੈ। †ਹਰੀ ਰਾਮ ਗੁਪਤਾ, ਸਫਾ ੪੨, ਬਾਹ ਯੂਸਫ 'ਪਪ, ਓ' ਦੇ ਆਧਾਰ ਤੇ।

Digitized by Panjab Digital Library | www.panjabdigilib.org

ਆਪਸ ਵਿਚ ਜਾਇਦਾਦ ਵੰਡ ਲੀਤੀ। ਦੀਵਾਨ ਹਰੀ ਸਿੰਘ ਆਪਣੇ ਹਿੱਸੇ ਦੀ ਬਹੁਤ ਸਾਰੀ ਨਕਦੀ ਤੇ ਜ਼ੇਵਰ ਲੈਕੇ ਜੰਮੂ ਜਾ ਰਿਹਾ, ਦੀਵਾਨ ਤੋਖਾ ਰਾਮ ਗੜ੍ਹ ਮਹਾਰਾਜਾ ਵਿਚ ਟਿਕਾਣਾ ਬਣਾਕੇ ਬੈਠ ਗਿਆ। ਦੀਵਾਨ ਹਰੀ ਸਿੰਘ ਜਦ ਜੰਮੂ ਗਿਆ ਤਾਂ ਰਾਜਾ ਰਣਜੀਤ ਦੇਵ, ਜੋ ਦੀਵਾਨ ਸਾਹਿਬਦਾ ਇਕ ਮਿਤ੍ਰ ਸੀ, ਰਾਜ ਕਰਦਾ ਸੀ। ਇਹ ਵਕਤ ਤਾਂ ਸੁਖਾਲਾ ਲੰਘ ਗਿਆ। ਅਗਲਾ ਰਾਜਾ ਬ੍ਰਿਜ ਰਾਜ ਦੇਵ ਜਦ ਗੱਦੀ ਉਪਰ ਬੈਠਾ ਤਾਂ ਜੰਮੂੰ ਵਿਚ ਖੋਟੀ ਨੀਤੀ ਦੀ ਹਵਾ ਚੱਲ ਪਈ। ਉਸਨੇ ਛੋਟੇ ਭਰਾ ਨੂੰ ਮਰਵਾਦਿੱਤਾ, ਭਤੀਜਿਆਂ ਦੀ ਅਲਖ ਮੁਕਾ ਦਿੱਤੀ, ਪਿਤਾ ਦੇ ਸਾਰੇ ਦੋਸਤਾਂ ਤੇ ਮਿੱਤ੍ਰਾਂ ਨੂੰ ਤਕਲੀਫਾਂ ਦਿੱਤੀਆਂ। ਦੀਵਾਨ ਹਰੀ ਸਿੰਘ ਨੂੰ ਕੈਦ ਕਰ ਲੀਤਾ, ਪੰਜ ਲੱਖ ਰੁਪਇਆ ਜੁਰਮਾਨਾ ਤੇ ਜਾਇਦਾਦ ਜ਼ਬਤ ਕਰ ਲਈ ਗਈ।

ਦੀਵਾਨ ਤੋਖਾ ਰਾਮ ਦੀ ਔਲਾਦ ਗੜ੍ਹ ਮਹਾਰਾਜਾ* ਵਿਚ ਹੀ ਰਹੀ। ਦੀਵਾਨ ਤੋਖਾ ਰਾਮ ਦੇ ਪੁਤ੍ਰ ਦਾ ਨਾਮ ਦੀਵਾਨ ਸਾਵਣ ਮੱਲ ਸੀ ਜਿਸ ਦੇ ਘਰ ਤਿੰਨ ਪੁਤ੍ਰ ਸਨ, ਬਾਰਿਆ ਮੱਲ, ਫਤਹ ਚੰਦ ਤੇ ਹੀਰਾ ਨੰਦ। ਬਾਰਿਆ ਮੱਲ ਦੇ ਅਪਣੀ ਔਲਾਦ ਨਾ ਹੋਣ ਕਰਕੇ ਉਸ ਨੇ ਆਪਣੇ ਛੋਟੇ ਭਰਾ ਹੀਰਾਨੰਦ ਨੂੰ ਮੁਤਬੰਨਾ ਬਣਾਇਆ। ਚੌਧਰੀ ਹੀਰਾ ਨੰਦ ਦਾ ਪੁਤ੍ਰ ਚੌਧਰੀ ਰਾਮ ਚੰਦ ਸੀ, ਜਿਨ੍ਹਾਂ ਦੀ ਜ਼ਿੰਦਗੀ ਦਾ ਕੁਛ ਹਾਲ ਅਸੀਂ ਅੱਗੇ ਚੱਲਕੇ ਕਹਾਂਗੇ। ਚੌਧਰੀ ਰਾਮ ਚੰਦ ਦਾ ਪੁਤ੍ਰ ਬਾਬਾ ਕਾਹਨ ਸਿੰਘ ਸੀ ਜਿਨ੍ਹਾਂ ਦੇ ਜੀਵਨ ਸਮਾਚਾਰ ਬਹੁਤ ਦਿਲਚਸਪ ਹਨ ਤੇ ਜਿਨ੍ਹਾਂ ਦੀਆਂ ਕਈ ਗੱਲਾਂ ਬੜੇ ਵਿਸਥਾਰਨਾਲ ਅਸੀਂ ਅੱਗੇ ਦੇ ਰਹੇ ਹਾਂ। ਬਾਬਾ ਕਾਹਨ ਸਿੰਘ ਦਾ ਇਕੋ ਲੜਕਾ ਸੀ ਜੋ ਪ੍ਰਸਿਧ ਡਾਕਟਰ ਚਰਨ ਸਿੰਘ ਜੀ ਹੋਏ ਹਨ। ਡਾਕਟਰ ਸਾਹਿਬ ਦੀ ਸੰਤਾਨ ਵਿਚੋਂ ਐਸ ਵੇਲੇ ਇਕ ਤੇ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਹਨ, ਦੂਜੇ ਡਾਕਟਰ ਬਲਬੀਰ ਸਿੰਘ। ਡਾਕਟਰ ਚਰਨ ਸਿੰਘ ਜੀ ਦੇ ਦੋ ਸਪੁਤ੍ਰ ਗੁਰਪੁਰ ਨਿਵਾਸ ਕਰ ਚੁਕੇ ਹਨ: ਭਾਈ ਜੈਰਾਜ ਸਿੰਘ ਜੀ (ਦੇਹਾਂਤ ੧੯੧੨ ਈ:) ਅਤੇ ਭਾਈ ਲਖਬੀਰ ਸਿੰਘ ਜੀ (ਦੇਹਾਂਤ ੧੯੩੮ ਈ:)। ਗੜ੍ਹ ਮਹਾਰਾਜਾ ਵਿਚ ਵਸੇਬਾ ਦੀਵਾਨ ਤੋਖਾ ਰਾਮ ਤੋਂ ਲੈਕੇ ਚੌਧਰੀ ਰਾਮ ਚੰਦ ਤਕ ਰਿਹਾ। ਅਗੋਂ ਬਾਬਾ ਕਾਹਨ ਸਿੰਘ ਜੀ ਨੇ ਅਤੀਤ ਮਾਰਗ ਗ੍ਰਹਿਣ ਕਰ ਲੀਤਾ। ਗੜ੍ਹ ਮਹਾਰਾਜ ਦੀ ਸਾਰੀ ਜਾਇਦਾਦ ਇਸ ਸਿਲਸਿਲੇ ਵਿਚ ਤਿਆਗੀ ਗਈ। ਬਾਬਾ ਕਾਹਨ ਸਿੰਘ ਨੇ ਜਦ ਪਿਛੋਂ ਗ੍ਰਿਹਸਤ ਧਾਰਨ ਕੀਤਾ ਤਾਂ ਰਿਹਾਇਸ਼ ਅੰਮ੍ਰਿਤਸਰ ਬਣਾਈ। ਉਸ ਵਕਤ ਤੋਂ, ਕਰੀਬ ਸੌ ਸਾਲ ਤੋਂ; ਉਨ੍ਹਾਂ ਦਾ ਖਾਨਦਾਨ ਸ੍ਰੀ ਅੰਮ੍ਰਿਤਸਰ ਵਿਚ ਵਸਦਾ ਹੈ।

ਮਹਾਰਾਜਾ ਕੌੜਾ ਮਲ ਦੀ ਸੰਤਾਨ ਤੇ ਵੰਸ਼ ਦਾ ਕੁਰਸੀ ਨਾਮਾ ਅਗੇ ਪੰਨਾ ੬੪ ਪਰ ਦਰਜ ਹੈ।

ਦੀਵਾਨ ਸਾਹਿਬ ਸੰਬੰਧੀ ਅਜੇ ਖੋਜ ਪੜਤਾਲ ਜਾਰੀ ਹੈ ਤੇ ਇਸ ਵਿਸ਼ਯ ਮੁਤੱਲਕ ਜੋ ਹੋਰ ਚੀਜ਼ਾਂ ਲੱਭਣਗੀਆਂ ਉਹ ਇਸ ਪੁਸਤਕ ਦੀ ਅਗਲੀ ਐਡੀਸ਼ਨ ਵਿਚ ਸ਼ਾਮਲ ਕਰ ਦਿੱਤੀਆਂ ਜਾਣਗੀਆਂ।

ਇਕ ਦੋ ਕਾਗਜ਼ ਦੇਖਣ ਵਿਚ ਆਏ ਹਨ ਜਿਨ੍ਹਾਂ ਉਪਰ ਦੀਵਾਨ ਸਾਹਿਬ ਦੀ ਮੋਹਰ ਛਪੀ ਹੈ। ਇਹ ਜ਼ਮੀਨਾਂ ਅਤੇ ਜਗੀਰਾਂ ਆਦਿ ਦੇ ਦੇਣ ਵੇਲੇ ਵਰਤੀ ਜਾਂਦੀ ਸੀ। ਇਕ ਕਾਗਜ਼ ਦੀ ਤਸਵੀਰ ਮੋਹਰ ਸਮੇਤ ਇਥੇ ਦਿੱਤੀ ਜਾਂਦੀ ਹੈ। ਕਾਗਜ਼ ਦੀ ਇਬਾਰਤ ਜਿਤਨੀਕੁ ਪੜ੍ਹੀ ਜਾਂਦੀ ਹੈ ਨਾਲ ਦਿੱਤੀ ਹੈ:—

ਮੁਤਸੱਦੀਆਨੇ ਹਾਲ ਵ ਇਸਤਕਬਾਲ ਸਾਇਰ ਰਾਜ ਨਗਰ ਬਿਦਾਨੰਦ

[ਮੁਕਸ਼ੀ ਹੁਣ ਦੇ ਤੇ ਅਗੋਂ ਹੋਣ ਵਾਲੇ ਸਾਰੇ ਰਾਜ ਨਗਰ ਦੇ ਜਾਣਨ

ਮੁਦਾਫੀ ਪੰਜ ਬਿਘਾ.....ਅਜ਼ਾਂ ਜਾ ਸਿਹ ਬਿਘਾ ਬਦਸਤੂਰ ਸਾਬਕ

[ਕਿ ਜ਼ਮੀਨ ਪੰਜ ਵਿਘੇ ਉਸ ਥਾਂ ਤੇ ਤਿੰਨ ਵਿਘੇ ਪਹਿਲੇ ਵਾਂਗ]

ਸੁਖਰਾਜ ਵ ਦੌ ਬਿਘਾ.....


ਸੁਖ ਰਾਜ ਤੇ ਦੋ ਵਿਘੇ.....

---

*'ਗੜ੍ਹ ਮਹਾਰਾਜਾ' ਪਹਿਲੇ ਮੁਲਤਾਨ ਜ਼ਿਲੇ ਵਿਚ ਸੀ, ਫਿਰ ਮੁਜੱਫਰ ਗੜ੍ਹ ਵਿਚ ਹੋ ਗਿਆ ਤੇ ਹੁਣ ਝੰਗ ਜ਼ਿਲੇ ਵਿਚ ਸ਼ਾਮਲ ਹੈ।


Digitized by Panjab Digital Library | www.panjabdigilib.org

ਮੋਹਰ ਮਹਾਰਾਜਾ ਕੌੜਾ ਮੱਲ



Digitized by Panjab Digital Library | www.panjabdigilib.org

ਸ਼ਜਰਾ ਮਹਾਰਾਜਾ ਕੌੜਾ ਮੱਲ



Digitized by Panjab Digital Library | www.panjabdigilib.org

ਜੀਵਨ ਚਰਿਤ੍ਰ

ਸ੍ਰੀ ਮਾਨ ਬਾਬਾ ਕਾਹਨ ਸਿੰਘ ਜੀ

Digitized by Panjab Digital Library | www.panjabdigilib.org

੧. ਪਹਿਲੀ ਗੱਲ।

ਅਸੀਂ ਹੁਣ ਬਾਬਾ ਕਾਹਨ ਸਿੰਘ ਜੀ ਦੀ ਕਥਾ ਦਾ ਆਰੰਭ ਕਰਦੇ ਹਾਂ। ਬਾਬਾ ਜੀ ਮਹਾਂਰਾਜਾ ਕੌੜਾ ਮਲ ਦੀ ਵੰਸ਼ ਵਿਚੋਂ ਸਨ। ਆਪ ਸ੍ਰੀ ਡਾਕਟਰ ਚਰਨ ਸਿੰਘ ਜੀ ਦੇ ਪਿਤਾ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਦਾਦਾ ਸਨ। ਆਪ ਦਾ ਸਮਾਂ ਸੰਨ ੧੭੮੮ ਈ: ਤੋਂ ਲੈਕੇ ਸੰਨ ੧੮੭੮ ਈ: (ਬਿ: ੧੮੪੫ ਤੋਂ ੧੯੩੫) ਦਾ ਹੈ।

ਬਾਬੇ ਦੀ ਜ਼ਿੰਦਗੀ ਅਪਣੇ ਆਪ ਵਿਚ ਇਕ ਵਚਿਤ੍ਰ ਰਸ ਰਖਦੀ ਹੈ। ਉਸ ਦਾ ਜੀਵਨ ਰੂਹਾਨੀ ਤਜਰਬਿਆਂ ਦੀ ਘਾੜਤ ਦਾ ਸੀ, ਉਸ ਦੀ ਕਥਾ ਵਿਚ ਸਾਨੂੰ ਝਲਕਾਰਾ ਮਿਲਦਾ ਹੈ ਉਨ੍ਹਾਂ ਸਾਧਨਾਂ ਦਾ ਜੋ ਆਤਮਕ ਉੱਨਤੀ ਦੇ ਮਾਰਗ ਉੱਪਰ ਚੱਲਣ ਵਾਲੇ ਏਕਾਂਤ ਵਾਸੀ ਜਗਿਆਸੂ ਲਈ ਪਤੇ ਦੇ ਨਿਸ਼ਾਨ ਛਡ ਗਏ ਹਨ। ਇਸ ਕਰਕੇ ਸੱਚ ਦੇ ਸਾਧਨ-ਪਥ ਉੱਪਰ ਟੁਰਨ ਦੀ ਰੁਚੀ ਰੱਖਣ ਵਾਲੇ ਸਜਣਾਂ ਦੇ ਲਾਭ ਹਿਤ ਬਾਬੇ ਦੀ ਜੀਵਨੀ ਲਿਖਣ ਦਾ ਉਪਰਾਲਾ ਕੀਤਾ ਗਿਆ ਹੈ।

ਬਾਬੇ ਦੀ ਜੀਵਨ ਕਥਾ ਲਈ ਕੋਈ ਸਿਲਸਿਲੇਵਾਰ ਲਿਖੀ ਹੋਈ ਪੋਥੀ ਸਾਡੇ ਪਾਸ ਨਹੀਂ, ਪਰ ਉਸ ਦੀਆਂ ਕਥਾ ਕਹਾਣੀਆਂ ਦਾ ਸਥੂਲ ਮਸਾਲਾ ਸਾਡੇ ਕੋਲ ਹੈ। ਉਸ ਦੀਆਂ ਗੱਲਾਂ ਬਾਤਾਂ ਦਾ ਉਘੜ-ਦੁਘੜਾ ਢੇਰ ਮੌਜੂਦ ਹੈ।ਉਸ ਦੀਆਂ ਕੁਛ ਅਪਣੀ ਬਾਬਤ ਹਸਤ ਲਿਖੀਆਂ ਵਿਕੋਲਿੱਤ੍ਰੀਆਂ ਚੀਜ਼ਾਂ ਹਨ। ਉਸ ਦੀਆਂ ਨਕਲ ਕੀਤੀਆਂ ਪੋਥੀਆਂ ਵਿਚ ਤ੍ਰੀਕਾਂ ਤੇ ਟਿਕਾਣਿਆਂ ਦੀ ਗੁਵਾਹੀ ਹੈ। ਉਸਨੂੰ ਜਿਨ੍ਹਾਂ ਅੱਖੀਂ ਡਿੱਠਾ ਅਤੇ ਉਸ ਦੀ ਬਾਬਤ ਨਿੱਕੀ ਨਿੱਕੀ ਤਫਸੀਲ ਚਰਾ ਅਗੜ ਪਿਛੜ ਕਰਕੇ ਦੱਸਣ ਵਾਲੇ ਅਜੇ ਕੋਈ ਕੋਈ ਬੰਦੇ ਵੀ ਜੀਉਂਦੇ ਹਨ।ਇਸ ਸਾਰੇ ਮਸਾਲੇ ਨੂੰ ਇਕੱਤ੍ਰ ਕਰਕੇ ਇਸ ਉੱਪਰ ਮਿਹਨਤ ਕੀਤੀ ਹੈ ਕਿ ਇਸ ਵਿਚੋਂ ਕੋਈ ਸਾਰਥਕ ਚੀਜ਼, ਜੋ ਪਾਠਕਾਂ ਲਈ ਲਾਭਦਾਇਕ ਹੋਵੇ, ਨਿਕਲ ਸਕੇ। ਬਹੁਤ ਸਾਰਾ ਵਕਤ ਇਸ ਗੱਲ ਉਪਰ ਖਰਚ ਹੋਇਆ ਹੈ ਕਿ ਮਸਾਲੇ ਦੇ ਢੇਰ ਨੂੰ ਪਹਿਲੇ ਚਰਾ ਪਰੇ ਕਰਕੇ ਹੇਠ ਦੱਬੀਆਂ ਹੋਈਆਂ ਨੀਹਾਂ ਦੇ ਨਿਸ਼ਾਨਾਂ ਦਾ ਨਕਸ਼ਾ ਸਮਝਿਆ ਜਾਵੇ। ਫੇਰ ਉਸ ਸਾਮਾਨ ਨੂੰ ਬੁਣ ਉਧੇੜਕੇ ਐਸੀ ਤਰਤੀਬ ਵਿਚ ਲਿਆਂਦਾ ਜਾਵੇ ਜੋ ਬੁਨਿਯਾਦਾਂ ਦੀ ਬਣੀ ਵਿਉਂਤ ਸਿਰ ਮੁੜ ਉਸਾਰੀ ਵਿਚ ਖੜਾ ਹੋ ਜਾਵੇ। ਏਸ ਤਰ੍ਹਾਂ ਕਰਨ ਨਾਲ ਕੋਸ਼ਸ਼ ਇਹ ਕੀਤੀ ਗਈ ਹੈ ਕਿ ਬਾਬੇ ਦੀ ਕਹਾਣੀ ਦਾ ਟੁੱਟਾ ਫੁੱਟਾ ਮਸਾਲਾ ਮੁੜ ਉਸਰਕੇ ਉਸਦੇ ਜੀਵਨ-ਮੰਦਿਰ ਦੇ ਯਾਦਗਾਰੀ ਸਰੂਪ ਵਿਚ ਇਸਥਿਤ ਹੋ ਜਾਵੇ। ਇਸ ਜੀਵਨ ਉਸਾਰੀ ਵਿਚ ਬਹੁਤ ਸਾਰਾ ਚਿਣਾਈ ਦਾ ਕੰਮ ਬਾਬੇ ਦੀਆਂ ਲੋਕਾਂ ਨਾਲ ਗੱਲਾਂ ਬਾਤਾਂ ਤੋਂ ਲੀਤਾ ਗਿਆ ਹੈ। ਇਸ ਵਿਚ ਜ਼ਰੂਰੀ ਹੈ ਕਿ ਲੇਖਕ ਦੀ ਆਪਣੀ ਲਿਖਣ ਸ਼ੈਲੀ ਰਲ ਗਈ ਹੋਵੇ ਪਰ ਏਸ ਅਸਰ ਨੂੰ ਘੱਟ ਕਰਨ ਲਈ ਇਹ ਪੂਰਾ ਧਯਾਨ ਰਖਿਆ ਗਿਆ ਹੈ ਕਿ ਉਸਾਰੀ ਨੀਹਾਂ ਦੀਆਂ ਪਈਆਂ ਲੀਕਾਂ ਉੱਪਰ ਪੁਰਾਣੇ ਮਸਾਲੇ ਤੋਂ ਹੋਵੇ ਤੇ ਸਾਰੀ ਚਿਣਾਈ ਬਾਬੇ ਦੇ ਆਸ਼ੇ (Ideal) ਦੇ ਗੁਣੀਏ ਦੀ ਸੇਧ ਵਿਚ ਖਿੱਚੀ ਜਾਵੇ।

ਕਈ ਪਾਠਕਾਂ ਨੂੰ ਅੰਗ੍ਰੇਜ਼ੀ ਵਿਚ ਪੁਸਤਕ 'ਲਸਟ ਫੋਰ ਲਾਈਫ' ਪੜ੍ਹਨ ਦਾ ਇਤਫਾਕ ਹੋਇਆ ਹੋਣਾ ਹੈ।ਉਸ ਦੇ ਲੇਖਕ, 'ਇਰਵਿੰਗ ਸਟੋਨ' ਨੇ ਵਿਨਸੈਂਟ ਵੈਨਗਫ ਨਾਮੀ ਮਹਾਨ ਪੁਰਖ ਦੀ ਕਹਾਣੀ ਲਿਖੀ ਹੈ। ਲੇਖਕ ਨੇ ਆਪਣੀ ਕਿਤਾਬ ਨੂੰ ਪੂਰੀ ਪੂਰੀ ਸੱਚੀ ਕਿਹਾ ਹੈ ਸਿਵਾਇ ਕੁਛ ਗ੍ਰੰਥ ਪ੍ਰਬੰਧ ਦੀਆਂ ਜ਼ਰੂਰਤਾਂ ਦੇ*। ਪਰ ਗ੍ਰੰਥ-ਕਾਰ ਨੂੰ ਵਾਰਤਾਲਾਪ ਨਵੇਂ ਸਿਰੇਤੋਂ ਘੜਨੀ ਪਈਹੈ†। ਕਥਾ ਦੀ ਸੰਪੂਰਣਤਾ ਹਿਤ ਕਈ ਹੋਰ ਤਦਬੀਰਾਂ ਤੇ ਸਹੂਲਤਾਂ ਵਰਤਣੀਆਂ ਪਈਆਂ ਹਨ ਤੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ

---

*Apart from these technical liberties the book is entirely true. ਇਹ ਤੇ ਅਕਲੋ ਸਾਰੇ ਅੰਗ੍ਰੇਜ਼ੀ ਦੇ ਵਿਕੇ ਇਰਵਿੰਗ ਸਟੋਨ ਦੇ ਹਨ।

†The dialogue had to be reimagined.

Digitized by Panjab Digital Library | www.panjabdigilib.org

ਗੈਰ ਜ਼ਰੂਰੀ ਗੱਲਾਂ ਛੱਡਣੀਆਂ ਪਈਆਂ ਹਨ*। ਇਕ ਦੋ ਥਾਈਂ ਐਸੇ ਵਾਕਿਆਤ ਦਰਜ ਕਰਨੇ ਪਏ ਹਨ ਜਿਨ੍ਹਾਂ ਬਾਬਤ ਆਪਣੀ ਤਸੱਲੀ ਤੋਂ ਸਿਵਾ ਲੇਖਕ ਪਾਸ ਹੋਰ ਕੋਈ ਲਿਖਤੀ ਆਧਾਰ ਨਹੀਂ ਸੀ†।

'ਲਸਟ ਫੌਰ ਲਾਈਫ' ਦੇ ਪਾਠਕ ਸਾਡੀ ਇਸ ਮਿਹਨਤ ਨੂੰ ਵਧੇਰੀ ਕਦਰ ਦੀ ਨਜ਼ਰ ਨਾਲ ਦੇਖ ਸਕਣਗੇ। ਬਾਬੇ ਦੀ ਇਹ ਜੀਵਨ ਮਾਲਾ ਉਨ੍ਹਾਂ ਘਟਨਾਵਾਂ ਦੇ ਮਣਕਿਆਂ ਦੀ ਕੋਂਠੀ ਹੈ ਜੋ ਇਕ ਆਤਮਕ ਸਚਾਈ ਦੇ ਧਾਗੇ ਨਾਲ ਪੋਤੀ ਹੋਈ ਹੈ। ਮਣਕੇ ਇਕ ਕਿਸਮ ਦੇ ਨਹੀਂ, ਛੋਟੇ ਵੱਡੇ ਸਭ ਆਕਾਰ ਦੇ ਹਨ, ਵਖੋ ਵਖ ਰੰਗਾਂ ਦੇ ਤੇ ਭਿੰਨ ਭਿੰਨ ਪਦਾਰਥਾਂ ਦੇ ਬਣੇ ਹੋਏ ਹਨ। ਉਨ੍ਹਾਂ ਦਾ ਪੁਰੋਣ ਵੇਲੇ ਅਗੜ ਪਿਛੜ ਹੋ ਜਾਣਾ, ਕੁਛ ਘੱਟ ਵੱਧ ਜਾਣਾ ਤੇ ਉਨ੍ਹਾਂ ਦੇ ਰੰਗਾਂ ਦੀ ਸਜਾਵਟ ਦੀ ਤਰਤੀਬ ਲੇਖਕ ਦੀ ਦ੍ਰਿਸ਼ਟੀਕੋਣ ਦੀ ਸਹੂਲਤ ਦੇ ਆਸਰੇ ਹੈ।

੨. ਆਰੰਭ।

ਬਾਬੇ ਦੇ ਪਿਤਾ ਦਾ ਨਾਮ ਚੌਧਰੀ ਰਾਮ ਚੰਦ ਸੀ। ਦਰਜਾ ਦੇ ਕਿਨਾਰੇ ਵਲ ਮਹਾਂਰਾਜਾ ਕੌੜਾ ਮਲ ਨੇ ਆਪਣਾ ਨਿਵਾਸ ਸਥਾਨ, ਜਿਸਦਾ ਨਾਮ 'ਗੜ੍ਹ ਮਹਾਰਾਜ' ਪੈ ਗਿਆ ਸੀ, ਬਣਵਾਇਆ ਹੋਇਆ ਸੀ। ਇਸ ਵਿਚ ਹੁਣ ਚੌਧਰੀ ਜੀ ਰਹਿੰਦੇ ਸਨ। ਉਹ ਉਨ੍ਹਾਂ ਸਾਰੀਆਂ ਜ਼ਮੀਨਾਂ ਤੇ ਹੋਰ ਜਾਇਦਾਦ ਉਪਰ ਕਾਬਜ਼ ਸਨ ਜੋ ਦੀਵਾਨ ਸਾਹਿਬ ਦੇ ਵੇਲੇ ਤੋਂ ਵੰਸ਼ ਵਿਚ ਬਚੀਆਂ ਟੁਰੀਆਂ ਆ ਰਹੀਆਂ ਸਨ।

ਸ਼ੁਰੂ ਵਿਚ ਰਾਮ ਚੰਦ ਜੀ ਦੇ ਘਰ ਔਲਾਦ ਨਹੀਂ ਸੀ ਹੁੰਦੀ। ਉਨ੍ਹਾਂ ਸੁੱਖਣਾ ਸੁੱਖੀ ਕਿ ਜੇ ਸਾਡੇ ਲੜਕਾ ਹੋ ਗਿਆ ਤਾਂ ਉਸਨੂੰ ਅਸੀਂ ਸਿੱਖ ਬਣਾਵਾਂਗੇ।

ਲੜਕਾ ਹੋਇਆ, ਪਰ ਨਿਆਰੀ ਕਿਸਮ ਦਾ। ਹੋਰਨਾਂ ਬੱਚਿਆਂ ਕੋਲੋਂ ਇਹ ਸੁਭਾ ਵਿਚ ਬੜੇ ਫਰਕ ਵਾਲਾ ਸੀ। ਬਚਪਨ ਵਾਲਾ ਹਾਸਾ ਖੇਡਾ ਇਸ ਵਿਚ ਨਹੀਂ ਸੀ, ਇਹ ਜਿਉਂ ਜਿਉਂ ਵੱਡਾ ਹੁੰਦਾ ਗਿਆ ਇਸਦਾ 'ਸੋਚੁ' ਸੁਭਾਉ ਵਧਦਾ ਗਿਆ। ਤਬੀਅਤ ਦਾਨੀ ਬਣਦੀ ਗਈ। ਨਾਲ ਨਾਲ ਹਰ ਗਲ ਨੂੰ ਦਿਲ ਉਪਰ ਲਾ ਲੈਣ ਵਾਲੀ ਰੁਚੀ ਅੰਦਰ ਵਾਰ ਗਹਿਰੀ ਹੁੰਦੀ ਗਈ। ਨਾਮ ਚਾਹੇ ਕਾਹਨਸਿੰਘ ਰਖਿਆ ਗਿਆ, ਪਰ ਘਰ ਵਾਲੇ ਇਸਦੇ 'ਬੁਢੇ ਬਾਬੇ' ਸੁਭਾ ਨੂੰ ਦੇਖਕੇ ਛੋਟੀ ਉਮਰ ਵਿਚ ਹੀ ਏਸਨੂੰ 'ਬਾਬਾ' ਕਹਿਕੇ ਸੱਦਣ ਲਗ ਪਏ, ਜੋ ਨਾਮ ਕਿ ਸਾਰੀ ਉਮਰ ਤੱਕ ਨਾਲ ਨਿਭਿਆ।

ਇਸ ਲੇਖ ਵਿਚ ਇਸ ਨੂੰ ਸ਼ੁਰੂ ਤੋਂ 'ਬਾਬਾ' ਕਰਕੇ ਲਿਖਿਆ ਗਿਆ ਹੈ, ਜਿਸ ਨਾਮ ਨਾਲ ਕਈ ਬਾਹਰ ਦੇ ਤੇ ਕਈ ਘਰ‡ ਦੇ ਲੋਕੀਂ ਇਸ ਨੂੰ ਅਖੀਰਲੀ ਉਮਰ ਤਕ ਯਾਦ ਕਰਦੇ ਰਹੇ।

ਬਾਬਾ ਅਪਣੀ ਜਨਮ ਦੀ ਵਿਥਯਾ ਬਾਬਤ ਆਪ ਇਸਤਰ੍ਹਾਂ ਲਿਖਦਾ ਹੈ:—

ਜੰਬੂ ਦੀਪ ਕੇ ਮੱਧ ਹੈ ਇਕ ਭਰਤ ਖੰਡ ਸੁ ਨਾਮ॥
ਤਹਾਂ ਏਕ ਸੋ ਨਦੀ ਹੈ ਪਸਚਮੇ ਪ੍ਰਵਾਹ ਜਾਵਤ ਚੰਦ੍ਰਭਗਾ¶ ਨਾਮ॥੧॥
ਤਹਾਂ ਏਕ ਸੋ ਦੁਰਗ ਹੈ ਵੁਹ ਆਹਿ ਪਰਮ ਮਹਾਨ॥
ਤਹਿੰਵਸੈਂ ਸੰਤ ਅਨੰਤ ਸੈਂਕਰੇ ਤਪ ਕਸੈਂ ਤਨ ਆਹਿ ਪਰਮ ਸੁਜਾਨ॥
ਤਿਨ ਪਾਸ ਬੈਠ ਸੁ ਮੈ ਪਿਤਾ ਤਿਨ ਕਰਿਓ ਏਹ ਬਖਾਨ॥
ਮੈ ਘਰ ਮਧ ਪੁਤ੍ਰ ਜੋ ਹੋਵਈ ਮੈ ਧਰੋਂ ਸਿੰਘ ਸੁ ਨਾਮ॥

---

* I have utilized a few devices for the sake of facility.....and have omitted several unimportant fragments of the complete story.

†In one or two instances I have portrayed a minor incident where I was convinced of its probability even though I could not document it.

‡ਡਾਕਟਰ ਮਾਨ ਸਿੰਘ ਜੀ ਦੇ ਯਾਦਦਾਸ਼ਤੀ ਨੋਟਾਂ ਵਿਚ, ਜੋ ਅਗੇ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਹੋਣਗੇ ਆਪਨੂੰ 'ਬਾਬਾ' ਕਰਕੇ ਹੀ ਲਿਖਿਆ ਹੈ। ¶ਚਠਾਬ।

Digitized by Panjab Digital Library | www.panjabdigilib.org

ਇਹ ਉੱਪਰਲੀਆਂ ਸਤਰਾਂ ਇਕ ਚਿੱਠੀ ਵਿੱਚੋਂ ਹਨ ਜੋ ਬਾਬੇ ਨੇ ਆਪਣੀ ਇਕ ਬਣਾਈ ਹੋਈ ਭੈਣ ਨੂੰ ਲਿਖੀ ਤੇ ਜਿਸਦੀ ਨਕਲ ਉਸ ਦੇ ਆਪਣੇ ਹੱਥ ਦੀ ਲਿਖੀ ਹੋਈ ਅਜੇ ਤਕ ਮੌਜੂਦ ਹੈ। ਬਾਬੇ ਦੀ ਕੁਛ ਖ਼ਤੋ ਕਿਤਾਬਤ ਕਵਿਤਾ ਵਿਚ ਹੁੰਦੀ ਸੀ। ਚਿੱਠੀ ਸ਼ੁਰੂ ਇਸ ਤਰ੍ਹਾਂ ਹੁੰਦੀ ਹੈ।

ਸੁਨ ਬੈਹਨ ਸਹੋਦਰ ਤੂ ਭਗਨੀ ਸੁਨੀਓ ਮਨ ਲਾਈ।
ਤੁਯ ਪਤਰ ਲਿਖਜੋ ਹਮ ਕੋ ਜਬ ਹੀ ਸਾਚ ਸੁਧ ਤਬੈ ਹਮ ਪਾਈ*।
ਹਮ ਪੇਖਤ ਹੈਂ ਤੁਮਰੋ ਬਿਰਤਾਂਤ ਹਮ ਰਘੁਨਾਥ ਕੇ ਪਾਸ ਦੇਹੁ ਜਨਾਈ।
ਇਹ ਸਾਚ ਕਹੈਂ ਭਗਨੀ ਤੁਮ ਕੋ ਸਭ ਜਾਨਤ ਹੈ ਰਘੁਨਾਥ ਗੁਸਾਈਂ।

ਇਸ ਚਿੱਠੀ ਵਿਚ ਆਪਣੇ ਜਨਮ ਦਾ ਤੇ ਮੁੱਢਲੀ ਵਿਦਯਾ ਦਾ ਅਗੇ ਜ਼ਿਕਰ ਕੀਤਾ ਹੈ:-

ਮੈ ਜਨਮ ਭਯੋ ਹੈ ਤਿਸੀ ਘਰ ਮੈ ਧਰਿਓ ਸਿੰਘ ਸੁ ਨਾਮ।
ਕੁਛ ਕਾਲ ਬੀਤਿਓ ਜਦਪ ਹੀ ਤਬ ਭਯੋ ਰੂਪ ਮਹਾਨ।
ਤਹਾਂ ਏਕ ਭਾਈ ਨਾਮ ਹੈ ਗੁਰਬਖਸ਼ ਸਿੰਘ ਸੁ ਨਾਮ।
ਤਿਨ ਕਰੀ ਕਿਰਪਾ ਮੋਹਿ ਪਰ ਤਿਨ ਅਛਰ† ਦੀਨੇ ਦਾਨ।

ਸਾਨੂੰ ਠੀਕ ਪਤਾ ਨਹੀਂ ਕਿ ਬਾਬੇ ਦੀ ਵਿਦਯਾ ਕਿਸ ਸਾਲ ਅਰੰਭ ਹੋਈ ਹੈ, ਪਰ ਮਲੂਮ ਹੁੰਦਾ ਹੈ ਕਿ ਜਿਸ ਵੇਲੇ ਤਾਲੀਮ ਸ਼ੁਰੂ ਹੋਈ ਹੈ ਤਾਂ ਉਸ ਦੀ ਉਮਰ ਛੋਟੀ ਨਹੀਂ ਸੀ। ਜ਼ਰੂਰ ਯਾਰਾਂ ਬਾਰਾਂ ਸਾਲ ਦੀ ਅਵਸਥਾ ਹੋਣੀ ਹੈ। ਇਕ ਤੇ ਇਹ ਪੜ੍ਹਾਈ ਲੁਕੋਵੀਂ ਸ਼ੁਰੂ ਕੀਤੀ, ਫੇਰ ਉੱਨੀਆਂ ਦਿਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਆਰੰਭ ਕਰ ਦਿਤਾ।

ਉਨੀਸਵੇ ਦਿਨ ਭਾਈ ਮੈ ਆਗ੍ ਧਰਿਓ ਗੁਰੂ ਗ੍ਰੰਥ ਮਹਾਨ ॥੩॥
ਮਾਤ ਪਿਤਾ ਤੇ ਲੂਕ ਕਰ ਮੈ ਕਰਿਓ ਐਸੋ ਕਾਮ।

ਇਹ ਲੁਕੋ ਦੇਰ ਤਕ ਨਾ ਰਿਹਾ:-

ਦਿਨ ਇਕਾਵਨ ਕੇ ਭਏ ਮੈ ਪਿਤਾ ਸੁਨਿਓ ਨਾਮ।
ਪਿਤਾ ਮੈ ਪ੍ਰਤੀਤ ਏਡੀ ਨ ਕਰੈ ਮਨ ਮਾਹਿ।
ਨਾਮ ਤਿਸ ਕੋ ਰਾਮ ਚੰਦ ਆਹਿ ਪੁਰਖਨ ਮਾਂਹਿ ॥੪॥
ਸਾਧੁ ਬ੍ਰਤ ਸੁ ਭਲਾ ਹੋਤੋ ਸਰਬ ਪੁਰਖਨ ਮਾਂਹਿ।
ਚਿਤ ਚਿਤਵਨ ਨਿਤ ਕਰੈ ਕਬੀ ਦੇਖੈ ਆਖਨ ਮਾਂਹਿ।
ਏਕ ਰਾਤ ਮੱਧ ਸੁ ਆਇਓ ਵਹ ਧਰਮਸਾਲ ਰਸਾਲ।
ਮੈ ਮੁਖ ਪਾਠ ਸੁਨਿਓ ਗ੍ਰੰਥ ਜੀ ਕੋ ਭਏ ਪਰਮ ਨਿਹਾਲ ॥੫॥
ਏਕ ਸੌ ਅਰ ਸਤ ਰੁਪੱਯਾ ਦੀਏ ਭਾਈ ਗੁਰਬਖਸ਼ ਸਿੰਘ ਕੇ ਪਾਸ।
ਸੰਤਨ ਕੋ ਪਰਸਾਦ ਕੀਓ ਪਰਮ ਚਿਤ ਉਲਾਸ।

ਉਪਰਲੀਆਂ ਤੁਕਾਂ ਤੋਂ, ਜੋ ਬਾਬੇ ਨੇ ਆਪ ਆਪਣੀ ਬਾਬਤ ਲਿਖੀਆਂ ਸਨ, ਇਹ ਸਾਫ ਦਿਸ ਪੈਂਦਾ ਹੈ, ਕਿ ਰਾਮ ਚੰਦ ਜੀ ਕੋਲ ਬੜੀ ਸੰਪਤਿ ਸੀ। ੧੦੭ ਰੁਪੈ ਕਾਫੀ ਵੱਡੀ ਰਕਮ ਸੀ, ਖ਼ਾਸ ਕਰਕੇ ਉਨ੍ਹਾਂ ਦਿਨਾਂ ਵਿਚ, ਜੋ ਗੁਰਬਖਸ਼ ਸਿੰਘ ਨੂੰ ਅਰਦਾਸ ਕਰਾਈ। ਇਹ ਉਸਤਾਦ ਦੀ ਦੋ ਮਹੀਨਿਆਂ ਦੀ ਫੀਸ ਸੀ। ਏਸ ਉਦਾਰਤਾ ਤੋਂ ਸਿਵਾ ਇਹ ਵੀ ਪਤਾ ਲੱਗਦਾ ਹੈ ਕਿ ਰਾਮ ਚੰਦ ਜੀ ਦੀ ਤਬੀਅਤ ਬੜੀ ਭੋਲੀ ਭਾਲੀ ਸੀ। ਯਾਰਾਂ ਬਾਰਾਂ ਸਾਲ ਤਕ ਪੁਤ੍ਰ ਦੀ ਤਾਲੀਮ ਦਾ ਕੋਈ ਖਿਆਲ ਨਹੀਂ ਕੀਤਾ, ਇਹ ਵੀ ਸ਼ਾਇਦ ਏਸ ਕਰਕੇ ਹੀ ਸੀ ਕਿ ਆਪਣੀ ਜਾਇਦਾਦ ਕਾਫ਼ੀ ਮਾਕੂਲ ਸੀ ਤੇ ਔਲਾਦ ਨੂੰ ਕਮਾਈ ਦੇ ਤਰੱਦਦ ਦੀ ਕੋਈ ਬਾਹਲੀ ਲੋੜ ਨਹੀਂ ਸੀ। ਇਹ ਗੱਲ ਵੀ ਨਾਲ

*ਤੇਰੀ ਚਿਠੀ ਪਹੁੰਚੀ ਜਿਸ ਤੋਂ ਤੇਰੇ ਹਾਲ ਦੀ ਸੱਚੀ ਸੱਚੀ ਖਬਰ ਮਿਲੀ। †ਗੁਰਮੁਖੀ ਅੱਖਰ।

Digitized by Panjab Digital Library | www.panjabdigilib.org

ਹੀ ਸੰਪਸ਼ਟ ਹੁੰਦੀ ਹੈ ਕਿ ਐਤਨੀਆਂ ਪੀੜ੍ਹੀਆਂ ਸਹਜਧਾਰੀ ਤੁਰਦਿਆਂ ਵੀ ਸਿੱਖੀ ਸਿਦਕ ਬਦਸਤੂਰ ਕਾਇਮ ਸੀ। ਪੁਤ੍ਰ ਦੇ ਪਾਠ ਕਰਨ ਉਪਰ ਖੁਸ਼ੀ ਮਨਾਉਣੀ, ਸੰਤਾਂ ਦਾ ਪ੍ਰਸ਼ਾਦ ਕਰਨਾ ਇਸ ਰੱਲ ਦੀ ਸੂਚਨਾ ਹੈ।

ਰਾਮ ਚੰਦ ਜੀ, ਵਾਸਤਵ ਵਿਚ, ਇਕ ਵੱਡੇ ਤਕੜੇ ਰਈਸ ਸਨ। ਅਸੀਂ ਪਿਛੇ ਦੱਸ ਆਏ ਹਾਂ ਕਿ ਇਹ ਉਸ ਜਾਇਦਾਦ ਦੇ ਮਾਲਕ ਸਨ ਜੋ ਵਿਰਸੇ ਵਿਚ ਮਹਾਰਾਜਾ ਕੌੜਾ ਮਲ ਅਤੇ ਦੀਵਾਨ ਤੋਖਾ ਰਾਮ ਸਾਹਿਬ ਤੋਂ ਟੁਰੀ ਆ ਰਹੀ ਸੀ। ਰਿਹਾਇਸ਼ 'ਗੜ੍ਹ ਮਹਾਰਾਜ' ਵਿਚ ਹੀ ਸੀ ਜੋ ਮਹਾਰਾਜਾ ਸਾਹਿਬ ਨੇ ਆਪਣੀ ਸ਼ਾਨ-ਸ਼ੌਕਤ ਦੇ ਜ਼ਮਾਨੇ ਵਿਚ ਬਣਵਾਇਆ ਸੀ। ਰਾਮ ਚੰਦ ਜੀ ਇਲਾਕੇ ਵਿਚ 'ਚੌਧਰੀ' ਕਰਕੇ ਸੱਦੀਦੇ ਤੇ ਸਤਿਕਾਰੇ ਜਾਂਦੇ ਸਨ। ਗੜ੍ਹ ਮਹਾਰਾਜ ਦਾ ਵਸੇਬਾ ਇਕ ਸ਼ਾਹੀ ਠੀਕੇ ਦਾ ਸੁਖ-ਨਿਵਾਸ ਸੀ। ਮਹਾਰਾਜਾ ਸਾਹਿਬ ਨੂੰ ਸ਼ਹੀਦ ਹੋਇਆਂ ਅਜੇ ਮਸਾਂ ੩੫,੭੬ ਬਰਸ ਹੀ ਗੁਜ਼ਰੇ ਸਨ, ਗੜ੍ਹ ਮਹਾਰਾਜ ਦੇ ਘਰੋਗੀ ਵਾਯੂ ਮੰਡਲ ਵਿਚ ਉਸ ਵੇਲੇ ਤਕ ਸ਼ਾਹੀ ਚਹਿਲ ਪਹਿਲ ਦੇ ਰੰਗ, ਚਾਹੇ ਉਹ ਬਹੁਤ ਫਿਕੇ ਪੈ ਗਏ ਸਨ, ਮੌਜੂਦ ਸਨ। ਦਾਨ ਦੀ ਪਿਰਤ ਅਟੁੱਟ ਧਾਰਾ ਵਿਚ ਬਰਾਬਰ ਚਲ ਰਹੀ ਸੀ। ਸਾਧੂ ਸੰਤ ਮਹਾਤਮਾਂ ਤੇ ਹੋਰ ਬਿਹੰਗਮਾਂ ਅਤਿੱਥੀਆਂ ਦੀ ਆਵਾਜਾਈ ਦੀ ਲਗਾਤਾਰਤਾ ਸੀ। ਗੱਲ ਕੀ, ਮਹਾਰਾਜਾ ਸਾਹਿਬ ਦੇ ਵੇਲੇ ਤੋਂ' ਟੁਰੇ ਹੋਏ ਰਹਿਣ ਬਹਿਣ ਦੇ ਤੀਕੇ ਘਰੋਗੀ ਰੀਤ ਜਿਹੇ ਬਣਕੇ ਕਿਸੇ ਨ ਕਿਸੇ ਰੂਪ ਵਿਚ ਪ੍ਰਚਲਤ ਸਨ ਤੇ ਚੌਧਰੀ ਰਾਮ ਚੰਦ ਦੀ ਜ਼ਿੰਦਗੀ ਇਨ੍ਹਾਂ ਹਰ ਪ੍ਰਕਾਰ ਦੇ ਸੁਖਾਂ ਵਿਚ ਬੜੀ ਖੁਸ਼ਹਾਲੀ ਦੀ ਜ਼ਿੰਦਗੀ ਸੀ।

ਦਾਦੇ ਪੜਦਾਦੇ ਦੀ ਕਮਾਈ ਦੀ ਬਹੁਤਾਤ ਤੋਂ ਉਪਜੇ ਸੁਖਾਂ ਵਿਚ ਰਹਿੰਦੇ ਹੋਏ ਚੌਧਰੀ ਰਾਮ ਚੰਦ ਜੀ ਛੋਟੀ ਉਮਰ ਵਿਚ ਹੀ ਦਲਾਣਾ ਕਰ ਗਏ। ਬਾਬੇ ਨੇ ਆਪ ਲਿਖਿਆ ਹੈ:-

ਕੁਛ ਕਾਲ ਬੀਤਿਓ ਜਦਪ ਹੀ ਮੇ ਪਿਤਾ ਗਏ ਸੁਰਗ ਮਝਾਰ ॥
ਬਹੁਤ ਕਾਲ ਸੁ ਰੋਇ ਕਰ ਹਮ ਕਰੀ ਬਹੁਤ ਪੁਕਾਰ ॥ ੬ ॥*

ਅਸੀਂ ਪਿੱਛੇ ਕਹਿ ਆਏ ਹਾਂ ਕਿ ਬਾਬੇ ਦੀ ਤਬੀਅਤ ਛੋਟੀ ਉਮਰ ਵਿਚ ਹੀ ਨਿਆਰੀ ਸੀ। ਹੋਰਨਾਂ ਲੜਕਿਆਂ ਨਾਲ ਅਮਿਲਵੀਂ ਸੀ। ਆਪਣੀ ਹੀ ਕਿਸੇ ਧੁਨਿ ਵਿਚ ਮਸਤ ਜਾਂ ਉਦਾਸ ਰਹਿੰਦੀ ਤੇ ਸਾਰਿਆਂ ਤੋਂ ਵੱਖਰੀ ਜਾਂ ਪਰੇ ਪਰੇ ਨਵੇਕਲੀਆਂ ਨੁੱਕਰਾਂ ਵਿਚ ਵੜੀ ਰਹਿੰਦੀ ਸੀ।

ਪਿਤਾ ਦੇ ਚਲਾਣੇ ਨੇ ਸਾਰੇ ਟੱਬਰ ਨੂੰ ਡਾਢਾ ਸ਼ੋਕ ਪੂਰਤ ਕਰ ਦਿੱਤਾ। ਹੋਰ ਤੇ ਸਾਰੇ ਰੋ ਧੋ ਕੇ ਸਬਰ

---

*ਚਿੱਠੀ ਅਗੇ ਇਸਤਰ੍ਹਾਂ ਚਲਦੀ ਹੈ:- ਕੁਛ ਕਾਲ ਬੀਤਿਓ ਤਦਪ ਹੀ ਮੇ ਦੁਖੀ ਹੋਈ ਦੇਹੁ ॥ ਖੰਘ ਤਾਪ ਸੁ ਵਰਮ ਹੈ ਦੁਖ ਸੁ ਬਹੁਤਾ ਏਹੁ ॥ ਸੰਤ ਹੋ ਭਗਵੰਤ ਸਾ ਬਹਾਦਰ ਸਾਹੁ ਨਾਮ ॥ ਰਘੁਨਾਥ ਕੋ ਪਰੇਰਿਓ ਆਇਓ ਮਮ ਧਾਮ ॥੭॥ ਤਿਨ ਪੂਛਿਓ ਮਮ ਮਾਤ ਤੇ ਤੈਂ ਪੁਤ੍ਰ ਕਾਨ ਜੁ ਸਿੰਘ ॥ ਵਹ ਕਹਾਂ ਹੈ ਹਮ ਕੋ ਕ੍ਯੋਂ ਤੇਰਾ ਭਲਾ ਕਰੇ ਗੋਬਿੰਦ ॥ ਮਮ ਮਾਤ ਤਿਸ ਪੂਤਿ ਭਾਖਿਆ ਬਹੁ ਦੁੱਖ ਤਿਸ ਤਨ ਆਹਿ ॥ ਤਿਨ ਦਯਾ ਕਰ ਮੁਖ ਆਖਿਆ ਇਸ ਦੁੱਖ ਕੋਈ ਨਾਹਿ ॥ ੮ ॥ ਤਿਸ ਆਖਣੇ ਤੇ ਮਮ ਬ੍ਰਿਥਾ ਗਈ ਬਿਲਾਇ ॥ ਉਠੇ ਪੁਤ੍ ਸੁਰਜੀਤ ਹੋਵੇ ਗਈ ਤੋਹਿ ਬਲਾਇ ॥ ਇਸ ਆਖਣੇ ਤੇ ਪ੍ਰਗਟ ਹੋਈ ਸਗਲ ਦੇਹੀ ਆਪ ॥ ਸੁਨੋ ਭਗਨਿ ਮਨ ਲਾਇਕੈ ਸੰਤ ਕੋ ਪਰਤਾਪ ॥ ੯ ॥ ਤਿਨ ਚਰਨ ਮਾਹੀ ਪ੍ਰੀਤ ਹੋਈ ਬਹੁਤ ਨਿਕਟ ਸੁ ਜਾਇ ॥ ਤਿਨ ਮੁਖੋਂ ਏਹ ਅਲਾਇਆ ਤੂ ਸੋਮ ਸਰਵਰ ਜਾਇ ॥ ਤਹਾਂ ਸੰਤ ਹੈਂ ਅਨੰਤ ਸੋ ਤਿਨ ਮੱਧ ਰਾਮ ਦਿਆਲ ॥ ਜਿਸ ਦਰਸ ਤੇ ਤੂ ਮੁਕਤ ਹੋਵੈਂ ਹੈਨ ਪਰਮ ਦਿਆਲ ॥੧੦॥ ਤਿਨ ਆਗਿਆ ਮਮ ਧਾਰੀਆ ਨਾਹਿ ਕੀਨੋ ਭੇਸ ॥ ਅਸਟ ਰਾਤੀ ਅਸਟ ਦਿਵਸਨ ਪਹੁੰਚਿਆ ਇਹ ਦੇਸ ॥

Digitized by Panjab Digital Library | www.panjabdigilib.org

ਦਾ ਘੁੱਟ ਪੀ ਆਖਰ ਚੁਪ ਹੋ ਗਏ, ਪਰ ਬਾਬੇ ਦੇ ਅੰਦਰ ਇਹ ਦੁੱਖ ਡੂੰਘੇ ਥਾਂ ਵੜ ਗਿਆ। ਉਹ ਬੀਮਾਰ ਹੋ ਗਿਆ। ਬੁਖਾਰ ਸ਼ੁਰੂ ਹੋਗਿਆ, ਫੇਰ ਖਾਂਸੀ ਲਗ ਗਈ। ਬਦਨ ਵਿਚ ਸੋਜ ਆ ਗਈ।

ਗੜ੍ਹ ਮਹਾਰਾਜਾ ਇਕ ਕਿਲ੍ਹੇ ਦਾ ਕਿਲ੍ਹਾ ਸੀ, ਨਾਲ ਖੂਹ ਜ਼ਮੀਨਾਂ ਤੇ ਹੋਰ ਬਹੁਤ ਲਟਾ ਪਟਾ ਸੀ। ਸੰਤ ਮਹਾਤਮਾਂ ਤੇ ਹੋਰ ਆਉਣ ਜਾਣ ਵਾਲੀ ਸਾਧਸੰਗਤ ਲਈ ਪੁਰਾਣੇ ਟਿਕਾਣੇ ਬਣੇ ਹੋਏ ਸਨ ਤੇ ਉਨ੍ਹਾਂ ਦੀ ਸੇਵਾ ਖ਼ਾਤਰ ਲਈ ਪਿਛਲੀ ਪਿਰਤ ਟੁਰੀ ਆਉ'ਦੀ ਸੀ। ਬਾਬਾ ਛੋਟੀ ਉਮਰ ਵਿਚ ਹੀ ਇਨ੍ਹਾਂ ਸਾਧਾਂ ਨਾਲ ਮੇਲ ਜੋਲ ਪੈਦਾ ਕਰ ਚੁਕਾ ਸੀ। ਆਪਣੀ ਉਮਰ ਦੇ ਮੁੰਡਿਆਂ ਨਾਲ ਖਿਦੋ ਪੱਟੀ ਖੇਡਣ ਦੀ ਬਜਾਏ ਉਹ ਇਨ੍ਹਾਂ ਵਿਰਕਤਾਂ ਦੀਆਂ ਬੈਠੇ ਵੈਰਾਗ ਦੀਆਂ ਗੱਲਾਂ ਸੁਣਦਾ ਰਹਿੰਦਾ ਸੀ।

ਹੁਣ ਜਦ ਬਾਬਾ ਬੀਮਾਰ ਸੀ ਤਾਂ ਇਕ 'ਬਹਾਦਰ ਸ਼ਾਹ' ਨਾਮੀ ਫਕੀਰ ਆਇਆ*। ਇਹ ਮਲੂਮ ਹੁੰਦਾ ਹੈ ਕਿ ਇਸਦਾ ਪੁਰਾਣਾ ਮੇਲੀ ਸੀ। ਬਹਾਦਰ ਸ਼ਾਹ ਇਸ ਦੀ ਬੀਮਾਰੀ ਨੂੰ ਤਾੜ ਗਿਆ। ਕਿਸੇ ਮਨ ਦੇ ਦੁਖ ਨੇ ਆਪਣੀਆਂ ਜੜ੍ਹਾਂ ਦਾ ਜਾਲ ਸਰੀਰ ਦੇ ਉਦਾਲੇ ਤਾਣਿਆਂ ਹੋਇਆ ਹੈ। ਫਕੀਰ ਨੇ ਹਲਾਸ਼ੇਰੀ ਦਿੱਤੀ ਤੇ ਕੁਛ ਹੋਰ ਤਬੀਅਤ ਨੂੰ ਉੱਚੀਆਂ ਲੈ ਜਾਣ ਵਾਲੀਆਂ ਗੱਲਾਂ ਕੀਤੀਆਂ, ਨਤੀਜਾ ਇਹ ਹੋਇਆ ਕਿ ਇਸ ਦੀ ਤਬੀਅਤ ਨੇ ਪਲਟਾ ਖਾਧਾ, ਬੇਹਿਸ ਜਿਹੇ ਹੋ ਗਏ, ਜਿਸਮ ਵਿਚ ਮੁੜ ਚੇਤਨਤਾ ਦੀ ਸਫੁਰਤੀ ਆ ਗਈ। ਪੂਰੀ ਤੰਦਰੁਸਤੀ ਦੇ ਖਿਆਲ ਹਿਤ ਬਹਾਦਰ ਸ਼ਾਹ ਨੇ ਅੰਮ੍ਰਿਤਸਰ ਜਾਕੇ ਸੰਤ ਰਾਮ ਦਿਆਲ ਨੂੰ ਮਿਲਣ ਲਈ ਪ੍ਰੇਰਨਾ ਕੀਤੀ।

ਬਹਾਦਰ ਸ਼ਾਹ ਨੇ ਇਹ ਸਾਰੀ ਗਲ ਸਹਿ ਸੁਭਾ ਕੀਤੀ। ਜਿਸ ਤਰ੍ਹਾਂ ਭੋਲੇ ਭਾ ਉਹ ਆਇਆ ਸੀ ਉਸੇ ਤਰ੍ਹਾਂ ਚਲਾ ਗਿਆ, ਪਰ ਉਸਦੀਆਂ ਗਲਾਂ ਦਾ ਸਿੱਟਾ ਬਹੁਤ ਗਹਿਰਾ ਨਿਕਲਿਆ। ਇਕ ਦਿਨ ਬਾਬਾ ਚੋਰੀ ਹੀ ਘਰੋਂ ਨਿਕਲ ਗਿਆ। ਏਸ ਦੀ ਐਸ ਵੇਲੇ ਦੀ ਉਮਰ ਦਾ ਅੰਦਾਜ਼ਾ ੧੪, ੧੫ ਬਰਸ ਦਾ ਕੀਤਾ ਜਾਂਦਾ ਹੈ, ਯਾ ਸ਼ਾਇਦ ਜ਼ਰਾ ਕੁ ਘੱਟ। ਪੁੱਛਗਿੱਛ ਕੇ ਰਸਤਾ ਅੰਮ੍ਰਿਤਸਰ ਦਾ ਫੜਿਆ ਤੇ ਅੱਠਾਂ ਦਿਨਾਂ ਵਿਚ ਅੰਮ੍ਰਿਤਸਰ ਪਹੁੰਚਾ। ਗੁਰੂ ਦੀ ਨਗਰੀ ਦੇ ਦਰਸ਼ਨ ਦਾ ਨਵਾਂ ਚਾ ਦਿਲ ਵਿਚ ਸੀ। ਨਾਲ ਹੀ ਸੰਤ ਰਾਮ ਦਿਆਲ ਦਾ ਇਸ਼ਕ ਅੱਖਾਂ ਵਿਚ ਝਲ ਝਲ ਕਰ ਰਿਹਾ ਸੀ। ਅੰਮ੍ਰਿਤਸਰ ਵਿਚ ਬਾਬਾ ਕਿਸਤਰ੍ਹਾਂ ਸੰਤ ਰਾਮ ਦਿਆਲ ਨੂੰ ਮਿਲਿਆ ਤੇ ਮਿਲਕੇ ਅੰਤ ਆਤਮੇ ਕੀ ਕੇਤਕ ਵਰਤਿਆ, ਉਸ ਨੇ ਆਪ ਏਸ ਤਰ੍ਹਾਂ ਬਿਆਨ ਕੀਤਾ ਹੈ:-

ਸੋਮ ਸਰਵਰ† ਪੇਖਿਆ ਵਹ ਮਿਟੇ ਮੋਹ ਕਲੇਸ਼।
ਤਾਲਕੇ ਕਿਲਾਲ ਸੁੰਦਰ ਨਰ ਨਾਰਿ ਸੁੰਦਰ ਭੇਸ ॥ ੧੧ ॥
ਵਈਕੁੰਠ ਤੇ ਹਰਿ ਆਇਆ ਵਹਿ ਰੂਪ ਧਾਰ ਮੁਰਾਰ॥
ਜਗਤ ਤਾਰਨ ਹੇਤ ਮਾਨੋ ਲੀਆ ਹਰਿ ਅਵਤਾਰ।
'ਜੋ ਨਾਵੈ ਸੋ ਕੁਲ ਤਰਾਵੈ' ਕਹਿਆ ਆਪ ਮੁਰਾਰ।
ਸੋਧ ਸਾਸਤ ਪੇਖਿਆ ਵਹ ਹੈਨ ਹਰਿ ਅਵਤਾਰ ॥ ੧੨ ॥
ਸਾਤ ਮਾਸ ਲਗ ਢੂੰਡਿਆ ਮੈ ਨਗਰ ਪਰਮ ਉਦਾਰ।
ਬਹੁਤ ਚਿੰਤਾ ਮੈ ਭਈ ਮੈ ਪਿਖੇ ਨਾਹਿ ਮੁਰਾਰ ॥
ਮੱਧ ਦਿਵਸ ਮੈ ਸੁਪਨ ਹੋਇਆ ਕਹਿਆ ਸੰਤ ਪੁਕਾਰ ॥
ਪਾਸ ਤੇਰੇ ਨਿਕਟ ਹੈ ਵਹ ਇਹੀ ਰਾਮ ਮੁਰਾਰ ॥ ੧੩ ॥
ਤਿਨ ਕਹੇ ਤੇ ਮੈ ਖੁਸ਼ੀ ਹੋਈ ਚਲਿਆ ਨਿਮਰ ਭਾਇ ॥
ਤਿਨ ਦਰਸ ਤੇ ਅਘ ਹੀਨ ਹੋਏ ਗਈ ਸਰਬ ਬਲਾਇ ॥
ਡੰਡੌਤ ਬੰਦਨ ਮੈ ਕਰੀ ਬਹੁਤ ਨਿਮਰ ਭਾਇ ॥

---

*ਨਾਮ ਤੋਂ ਜਾਪਦਾ ਹੈ ਕਿ ਇਹ ਕੋਈ ਸੂਬਰਾ ਸਾਧੂ ਸੀ। †ਅੰਮ੍ਰਿਤਸਰ।

Digitized by Panjab Digital Library | www.panjabdigilib.org

ਮੈ ਪਾਸ ਤੇ ਤਿਨ ਪੂਛਿਆ ਬਹੁਤ ਹਰਖ ਬਢਾਇ ॥ ੧੪ ॥
ਮੈ ਪੂਛਨੇ ਤੇ ਲੋਕ ਪਾਸੇ ਹਰਖ ਬਿਸਮੈ ਪਾਇ ॥
ਪੁੰਨ ਕਰ ਏ ਆਇਆ, ਕੌਨ ਤਾਤ ਸੁ ਭ੍ਰਾਤ ਤੇਰੇ ਕੌਨ ਤੇਰੀ ਮਾਇ ॥
ਕੌਨ ਦੇਸ ਤੇ ਆਇਆ ਇਹਾਂ ਕਾਂਮ ਕੌਨ ਸੁ ਆਇ ॥
ਗੁਰਾਂ ਮੁਖੋਂ ਅਲਾਇਆ, ਘੱਲਿਆ ਬਹਾਦਰ ਸਾਹਿ ॥ ੧੫ ॥
ਤਿਨ ਕਹਿਆ ਪੁਤ੍ਰ ਏਠ ਜਾ ਧਜਾਨ ਧਾਰਕੇ ਪੇਖ ਤੂੰ ਦਸੇ ਜੇ ਅਵਤਾਰ ॥
ਧਜਾਨ ਧਾਰਨਾ ਧਜ ਜੋ ਸਿਖਾਵੇ ਕਰੇ ਬਹੁਤ ਪਿਆਰ ॥
ਚਿੱਤ ਮੇਰੇ ਚਿੰਤ ਏ ਦੇਖੋਂ ਕਬੈ ਦਿਦਾਰ ॥
ਬਹੁਤ ਚਿਰ ਪੀਛੇ ਤਿਨ ਆਖਿਆ ਪਿਖੋ ਦਸ ਅਵਤਾਰ ॥ ੧੬ ॥
ਸੋਮ ਸਰਵਰ ਜਾਇਕੇ ਵਹ ਧਾਰਿਆ ਮੈ ਧਿਆਨ ॥
ਦਰਸ ਤਿਨਕੇ ਜੋ ਮਿਲੇ ਮੈ ਮੁਕਤ ਹੋਇ ਮਹਾਨ ॥
ਇਹ ਭਾਵਨਾ ਕਰ ਸੇਵਿਆ ਰਾਤ ਦਿਵਸ ਸਮਾਨ ॥
ਚੌਥੀ ਰਾਤੀ ਮੈ ਦਰਸ ਹੋਇਆ ਦਸੇ ਪੁਰਖ ਮਹਾਨ ॥ ੧੭ ॥
ਤਿਨ ਪੇਖ ਬਿਸਮੈ ਹੋਇਆ ਪਰਮ ਸੁੰਦਰ ਰੂਪ ॥
ਇਕ ਤੇ ਏਕ ਵਿਸ਼ੇਸ਼ ਹੈਂ ਵਹ ਆਹਿ ਪਰਮ ਅਨੂਪ ॥
ਤਿਨ ਪੂਛਿਆ ਮਮ ਪਾਸ ਤੇ ਸੁਨੋ ਬਾਲ ਅਨੂਪ ॥
ਦਰਸ ਹਮਰਾ ਜੋ ਕਰੈ ਵਹ ਹੋਇ ਭੂਪਨ ਭੂਪ ॥ ੧੮ ॥
ਸੀਸ ਨਾਇ ਹਾਥ ਜੋੜ ਮੈ ਕਹਿਆ ਨਿਮਰ ਭਾਇ ॥
ਤਗ ਮੇਰੇ ਗਲੇ ਮੈ ਲਹੇ ਆਪੇ ਲਾਹਿ ॥
ਦਸਮ ਜਾਮਾ ਬੋਲਿਆ ਟੁੱਭੀ ਸੋਮ ਸਰਵਰ ਲਾਇ ॥
ਤਗ ਤੇਰੀ ਦੇਹ ਤੇ ਹਰਿ ਲਏ ਆਪੇ ਲਾਹਿ ॥ ੧੯ ॥

ਅੰਮ੍ਰਿਤਸਰ ਵਿਚ ਆਵਣ ਨਾਲ ਬਾਬੇ ਦੇ ਮਾਨਸਿਕ ਤੇ ਕਾਇਕ ਜੀਵਨ ਬਿਲਕੁਲ ਪਲਟ ਗਏ। ਗਲੇ ਦਾ ਪਿਆ ਹੋਇਆ ਜਨੇਊ ਉਤਰ ਗਿਆ। ਅਨੁਭਵ ਦੇ ਨੇਤ੍ਰ ਖੁੱਲ੍ਹ ਗਏ। ਘਰ ਬਾਹਰ ਤੋਂ ਤਾਂ ਪਹਿਲੇ ਹੀ ਵੈਰਾਗਿਆ ਹੋਇਆ ਸੀ, ਸੋ ਇਸ ਕਰਕੇ ਗੜ੍ਹ ਮਹਾਰਾਜ਼ ਨੂੰ ਮੁੜਨ ਦਾ ਕੋਈ ਖਿਆਲ ਹੀ ਨਹੀਂ ਸੀ। ਤਿੰਨ ਚਾਰ ਸਾਲ ਅੰਮ੍ਰਿਤਸਰ ਰਹਿਕੇ ਇਹ ਇਕ ਸਾਧਾ ਦੇ ਟੋਲੇ ਨਾਲ ਹਰਦ੍ਵਾਰ ਤੁਰ ਪਿਆ। ਇਹ ਟੋਲੀ ਕੁੰਭ ਦੇ ਮੇਲੇ ਤੇ ਜਾ ਰਹੀ ਸੀ। ਇਸ ਦਾ ਜ਼ਿਕਰ ਡਾਕਟਰ ਮਾਨ ਸਿੰਘ ਜੀ, ਜੋ ਅੱਜ ਕੱਲ ਬਜ਼ੁਰਗ ਆਰਬਲਾ ਵਿਚ ਤਰਨ ਤਾਰਨ ਰਹਿੰਦੇ ਹਨ*, ਵੱਡਿਆਂ ਤੋਂ ਸੁਣਿਆ ਸੁਣਾਇਆ ਇਸ ਤਰ੍ਹਾਂ ਆਪਣੇ ਲਫਜ਼ਾਂ ਵਿਚ ਦੱਸਦੇ ਹਨ:-

"ਬਾਬਾ ਜੀ ਕਿਸੇ ਸਾਧਾਂ ਦੇ ਵੱਡੇ ਅਖਾੜੇ ਨਾਲ ਰਲੇ ਰਲਾਏ ਕੁੰਭ ਦੇ ਮੇਲੇ ਪਰ ਹਰਦਵਾਰ ਪੁੱਜੇ।ਅਖਾੜੇਦੇ ਮਹੰਤਵਡੇਨੇ ਸੰਤਾਂ ਸਾਧਾਂ ਦਾ ਭੰਡਾਰਾ ਕੀਤਾ,ਪਰੰਤੂ ਰੁਪਿਆ ਜਿਹੜਾ ਲੱਗਾ ਕਿਸੇ ਸ਼ਾਹੂਕਾਰ ਕੋਲੋਂ ਕਰਜ਼ਾ ਲੈ ਲਿਆ। ਭੰਡਾਰਾ ਖ਼ਤਮ ਹੋਣ ਪਰ ਇਕ ਲੱਡੂ ਬਾਬਾ ਜੀ ਵਾਸਤੇ ਤੇ ਇਕ ਲੱਡੂ ਮਹੰਤ ਵਾਸਤੇ ਰਹਿ ਗਿਆ। ਮੇਲਾ ਖ਼ਤਮ ਹੋਣ ਪਰ ਅਖਾੜੇ ਨੇ ਉਥੋਂ ਕੂਚ ਕਰ ਦਿਤਾ ਤੇ ਪਹਾੜਾਂ ਦੇ ਰਸਤੇ ਹੀ ਕਿਸੇ ਹੋਰ ਜਗ੍ਹਾ ਪਰ ਜਾਣਾ ਚਾਹਿਆ। ਰਸਤੇ ਵਿਚ ਇਕ ਖੱਡ ਨਾਲ ਕੋਈ ਬੂਟੀ ਉੱਗੀ ਹੋਈ ਸੀ। ਵੱਡ ਮਹੰਤ ਨੇ ਉਸ ਨੂੰ ਦੇਖਕੇ ਕਿਹਾ ਕਿ ਕੋਈ ਸਾਧੂ ਇਸ ਬੂਟੀ ਨੂੰ ਲਿਆ ਸਕਦਾ ਹੈ? ਇਹ ਬੂਟੀ, ਉੱਤੋਂ ਕਿਸੇ ਰੱਸੇ ਦੇ ਆਸਰੇ ਲਮਕ ਕੇ ਲਿਆਉਣੀ ਸੀ। ਨਾਲ ਮਹੰਤ ਹੋਰਾਂ ਇਹ ਕਹਿ ਦਿੱਤਾ ਕਿ ਬੂਟੀ

*ਇਸ ਪੁਸਤਕ ਦੀ ਦੂਜੀ ਐਡੀਸ਼ਨ ਛਪਣ ਵਲ ਡਾ: ਮਾਨ ਸਿੰਘ ਜੀ ਕੂਚ ਕਰ ਚੁਕ ਹਨ।

Digitized by Panjab Digital Library | www.panjabdigilib.org

ਪੁੱਟਕੇ ਲੋਹੇ ਦੀ ਮੇਖ ਹਥੌੜੀ ਨਾਲ ਜੜ੍ਹ ਨਿਕਲਣ ਵਾਲੀ ਜਗ੍ਹਾ ਠੋਕਣੀ ਹੈ। ਜੇ ਨਾ ਠੋਕੋਗੇ ਤਾਂ ਸੱਪ ਨਿਕਲ ਕੇ ਡਸੇਗਾ। ਸਾਰੇ ਸਾਧੂ ਡਰ ਗਏ। ਕੋਈ ਲਮਕਣ ਦਾ ਹੀਆ ਨਾਂ ਕਰੇ। ਅਖੀਰ ਵਿਚ ਬਾਬੇ ਹੁਰਾਂ ਮਹੰਤ ਨੂੰ ਕਿਹਾ ਕਿ ਮੈਂ ਲਮਕਦਾ ਹਾਂ, ਰੱਸਾਂ ਤਾਂ ਕੋਈ ਉੱਥੇ ਹੈ ਨਹੀਂ ਸੀ, ਘਾਹ ਵੱਟ ਕੇ ਇਕ ਮੋਟਾ ਰੱਸਾ ਬਣਵਾਇਆ ਗਿਆ। ਬਾਬੇ ਹੋਰੀ ਉਸ ਖੱਡ ਵਿਚ ਲਮਕੇ ਤੇ ਨਾਲ ਇਕ ਹਥੌੜੀ ਤੇ ਇਕ ਮੇਖ ਲੋਹੇ ਦੀ ਲੈ ਗਏ। ਮਹੰਤ ਦੇ ਕਹੇ ਮੂ ਜਬ ਬੂਟੀ ਉਖੇੜਕੇ ਮੇਖ ਠੋਕ ਦਿੱਤੀ। ਜਦ ਉਪਰ ਖਿਚਣ ਲਗੇ ਤਾਂ ਬਾਬੇ ਹੋਰਾਂ ਕਿਹਾ ਕਿ ਰਸਾ ਹੇਠਾਂ ਹੀ ਜਾਣ ਦੇਵੋ। ਮੈਂ ਆਪੇ ਖੱਡ ਵਿਚੋਂ ਰਸਤਾ ਲੱਭਕੇ ਬਾਹਰ ਆ ਜਾਵਾਂਗਾ। ਬਾਬਾ ਜੀ ਬੜੀ ਮੁਸ਼ਕਲ ਨਾਲ ਖੱਡਾ ਵਿਚੋਂ ਬਾਹਰ ਆਏ। ਬੂਟੀ ਮਹੰਤ ਜੀ ਦੇ ਹਵਾਲੇ ਕਰਨ ਲਗੇ।ਮਹੰਤ ਜੀ ਨੇ ਆਖਿਆ ਜਿਹੜੀ ਪੋਥੀ ਤੁਹਾਡੇ ਪਾਸ ਹੈ ਉਸ ਵਿਚ ਇਸ ਬੂਟੀ ਨੂੰ ਪੱਤ੍ਰਿਆਂ ਵਿਚ ਟੱਕ ਛਡੋ। ਕਿਤੇ ਦੂਰ ਪਹੁੰਚਕੇ ਇਕ ਵੱਡਾ ਸ਼ਹਿਰ ਆਇਆ, ਉਸ ਸ਼ਹਿਰ ਦੇ ਬਾਹਰ ਮਹੰਤ ਜੀ ਨੇ ਕਲੀ ਤੇ ਹੋਰ ਸਾਮਾਨ ਮੰਗਵਾਇਆ। ਜਦ ਰਾਤ ਹੋਈ ਤਾਂ ਬਾਬਾ ਜੀ ਨੂੰ ਅਲੱਗ ਬੁਲਾਕੇ ਜੰਗਲ ਵਿਚ ਉਹ ਸਾਮਾਨ ਲੈ ਗਏ, ਕਲੀ ਕੜਾਹੇ ਵਿਚ ਪਾ ਦਿਤੀ। ਹੇਠਾਂ ਅੱਗ ਬਾਲ ਦਿਤੀ। ਜਦ ਕਲੀ ਪਿਘਲ ਗਈ ਤਾਂ ਉਹ ਬੂਟੀ ਮਹੰਤ ਜੀ ਨੇ ਹੱਥ ਨਾਲ ਮਲਕੇ ਕੜਾਹੀ ਵਿਚ ਪਾ ਦਿੱਤੀ। ਕਲੀ ਨੂੰ ਉਬਾਲਾ ਆਇਆ ਤੇ ਫੇਰ ਹੇਠਾਂ ਹੋ ਗਿਆ। ਗਾਰਾ ਬਣਾਕੇ ਇਕ ਕਿੱਲੀ ਨਾਲ ਗਾਰੇ ਵਿਚ ਛੇਕ ਕਰ ਦਿਤੇ ਤੇ ਉਹ ਬਣਿਆ ਬਣਾਇਆ ਡੋਈ ਨਾਲ ਛੇਕਾਂ ਵਿੱਚ ਪਾ ਦਿੱਤਾ। ਜਦ ਠੰਢਾ ਹੋ ਗਿਆ ਤਾਂ ਲੰਮੇ ਲੰਮੇ ਕਿੱਲੇ ਸੋਨੇ ਦੇ ਬਣ ਗਏ। ਉਹ ਸਭ ਜਮਾਂ ਕਰਕੇ ਲੈ ਆਏ ਤੇ ਸ਼ਾਹੂਕਾਰ ਨੂੰ, ਜਿਸ ਕੋਲੋਂ ਕਰਜ਼ਾ ਲਿਆ ਸੀ ਬੁਲਵਾ ਭੇਜਿਆ।.....''

ਪਾਠਕਾਂ ਦਾ ਖਿਆਲ ਇਸ ਗਲ ਵਲ ਜਾ ਰਿਹਾ ਹੋਵੇਗਾ ਕਿ ਕੀ ਸੋਨਾ ਕਿਸੇ ਐਸੀ ਤਰਕੀਬ ਨਾਲ ਬਣ ਸਕਦਾ ਹੈ ? ਇਸਦਾ ਉੱਤਰ ਦੇਣ ਦੀ ਬਜਾਏ ਅਸੀਂ ਸਿਰਫ ਇਤਨੀ ਗੱਲ ਦਸਦੇ ਹਾਂ ਕਿ ਇਸ ਅਜੀਬ ਘਟਨਾ ਦਾ ਅਸਰ ਬਾਬੇ ਉਪਰ ਕੀ ਹੋਇਆ।

ਇਸ ਰਸੈਣੀ ਚਮਤਕਾਰ ਦਾ ਅਸਰ ਬ ਬੇ ਤੇ ਉਲਟਾ ਹੋਇਆ। ਉਹ ਸੋਨੇ ਦੇ ਮਗਰ ਨਹੀਂ ਸੀ, ਉਸ ਦੇ ਘਰ ਅਜੇ ਸੋਨੇ ਦੇ ਅੰਬਾਰ ਲੱਗੇ ਹੋਏ ਸਨ। ਜੇ ਉਸ ਨੂੰ ਕੋਈ ਸੋਨੇ ਦੀ ਹਿਰਸ ਹੁੰਦੀ ਤਾਂ ਉਹ ਘਰੋਂ ਚੋਰੀ ਨਾ ਨੱਸਦਾ। ਇਹ ਨਵੀਂ ਕਿਸਮ ਦਾ ਚੋਰ ਸੀ ਜੋ ਸੋਨੇ ਕੋਲੋਂ ਦੂਰ ਨੱਸਣ ਦੀ ਚੋਰੀ ਕਰਦਾ ਸੀ। ਚੁਨਾਂਚਿ ਇਥੇ ਵੀ ਇਹੋ ਹੋਇਆ। ਇਹ ਰਸੈਣੀ ਕਰਤੱਬ ਦੇਖਕੇ ਬਾਬੇ ਦੀ ਤਬੀਅਤ ਬਹੁਤ ਘਬਰਾਈ। ਉਸ ਨੇ ਪੁਸਤਕ ਦੇ ਪੱਤ੍ਰਿਆਂ ਨੂੰ ਚੰਗੀ ਤਰ੍ਹਾਂ ਛੰਡਿਆ ਤੇ ਫੂਕਿਆ, ਡਰਦਾ ਸੀ ਕਿ ਕਿਤੇ ਉਹ ਕਿਤਾਬ ਵੀ ਸੋਨਾ ਨਾ ਬਣ ਜਾਏ। ਰਾਤ ਨੂੰ ਫੇਰ ਚੰਗੀ ਤਰ੍ਹਾਂ ਤਸੱਲੀ ਕਰਕੇ ਕਿ ਪੁਸਤਕ ਪੁਸਤਕ ਹੀ ਹੈ, ਉਸ ਮਹੰਤ ਦੀ ਟੋਲੀ ਵਿੱਚੋਂ ਅੰਮ੍ਰਿਤ ਵੇਲੇ ਬਾਬਾ ਚੋਰੀ ਨੱਸ ਗਿਆ।ਰਸਤੇ ਜੰਗਲਾਂ ਦੇ ਸਨ,ਬਸਤੀਆਂ ਬਹੁਤ ਦੂਰ ਦੂਰ ਸਨ।ਕੋਈ ਟਿਕਾਣਾ ਮਨ ਵਿਚਨਹੀਂ ਸੋਚਿਆ ਸੀ,ਨਾ ਕੋਈ ਨਿਸ਼ਾਨਾ ਦਿਲ ਵਿਚ ਧਾਰਿਆ ਸੀ, ਨਾ ਕੋਈ ਸਾਥੀ ਸੀ। ਬਾਹਿਰ ਦਾ ਆਸਰਾ ਅਗਰ ਕੋਈ ਸੀ ਤਾਂ ਕੇਵਲ ਇਕ ਪੁਸਤਕ ਸੀ। ਟੁਰਦਾ ਗਿਆ, ਬੈਠਾ, ਟੁਰਿਆ, ਬੈਠਾ, ਉਜਾੜ ਬੀਆਬਾਨ। ਦਿਨ ਲੰਘ ਗਿਆ। ਹੁਣ ਸ਼ਾਮ ਪੈ ਗਈ। ਸਾਹਮਣੇ ਹਨੇਰੇ ਦਾ ਪ੍ਰਭਾਵ ਹੌਲੇ ਹੌਲੇ ਵਧਣ ਲੱਗਾ। ਬਾਬਾ ਬੈਠ ਗਿਆ। ਚਿਤ ਕਿਸਮ ਕਿਸਮ ਦੀਆਂ ਸੋਚਾਂ ਵਿਚ ਗ਼ਲਤਾਨ ਹੋਗਿਆ। ਵਿਚਾਰਨ ਲਗਾ, ਮੈਂ ਕੀ ਕੀਤਾ ਹੈ ? ਪਹਿਲਾਂ ਅਪਣਾ ਘਰ ਛੱਡਿਆ। ਉਹ ਵੀ ਕੋਈ ਮਾਮੂਲੀ ਜਗ੍ਹਾ ਨਹੀਂ ਸੀ, ਵੱਡਿਆਂ ਵਡੇਰਿਆਂ ਦਾ ਗੜ੍ਹ ਮਹਾਰਾਜ ਸੀ। ਫੇਰ ਰਸੈਣੀ ਮਹੰਤ ਦਾ ਸਾਥ ਛੱਡਿਆ ਜੋ ਇੱਛਾ ਅਨੁਸਾਰ ਸੋਨੇ ਦੇ ਕਿੱਲੇ ਬਣਾ ਸਕਦਾ ਸੀ। ਇਸ ਉਜਾੜ ਵਿੱਚ ਪਤਾ ਨਹੀਂ ਕੀ ਲੱਭੇਗਾ? ਕੋਈ ਮਿਤ੍ਰ ਨਹੀਂ ਜਿਸ ਨਾਲ

Digitized by Panjab Digital Library | www.panjabdigilib.org

ਸਲਾਹ ਮੇਚੇ। ਫੇਰ ਪੋਥੀ ਵੱਲ ਤੱਕਿਆ ਤੇ ਕਹਿਣ ਲੱਗਾ:-

'ਹੇ ਪੁਸਤਕ, ਤੂੰ ਗਯਾਨ ਭੰਡਾਰ ਹੈਂ, ਤੂੰ ਸੱਚਾ ਮਿੱਤ੍ਰ ਹੈਂ, ਤੂੰ ਉਹ ਬਾਲ ਸਖਾ ਹੈਂ ਜੋ ਕਦੇ ਵਿਛੁੜਿਆ ਨਹੀਂ; ਤੂੰ ਉਹ ਦੋਸਤ ਹੈਂ ਜੋ ਕਦੇ ਰੁੱਠਿਆ ਨਹੀਂ, ਤੂੰ ਸਦਾ ਸਹਾਈ, ਸਦਾ ਤਤਪਰ, ਸਦਾ ਖਰੀ ਖਰੀ ਕਹਿਣ ਵਾਲਾ ਹੈਂ। ਤੂੰ ਹਮੇਸ਼ਾਂ ਸਾਬਤ ਕਦਮ ਰਿਹਾ ਹੈਂ। ਤੂੰ ਕਿਸੇ ਲੋਭ ਵਿਚ ਨਹੀਂ ਫਸਿਆ, ਤੂੰ ਸੋਨੇ ਦੇ ਲਾਲਚ ਹੇਠ ਭੀ ਅਪਣਾ ਅਸਲਾ ਨਹੀਂ ਤਿਆਗਿਆ, ਤੂੰ ਐਸ ਵੇਲੇ ਬਹੁੜ ਤੇ ਰਸਤਾ ਦਿਖਾ।"

ਇਹ ਕਹਿਕੇ ਪੁਸਤਕ ਖੋਹਲੀ। ਪੜ੍ਹਨ ਲਈ ਅਜੇ ਲੋ ਸੀ। ਸੂਰਜ ਸਾਹਮਣੇ ਪਾਸੇ ਡੁਬਦਾ ਲਾਸਾਂ ਛੱਡ ਰਿਹਾ ਸੀ। ਅਸਮਾਨ ਦਾ ਇਕ ਪਾਸਾ ਗਹਿਰਾ ਲਾਲ ਭਖ ਉਠਿਆ। ਉੱਪਰ ਕਾਲੇ ਕਾਲੇ ਬੱਦਲ ਸਨ। ਅੱਗਦਾ ਭਯਾਨਕ ਨਜ਼ਾਰਾ ਸਾਹਮਣੇਖੜੋ ਗਿਆ.ਪੋਥੀ ਦੇ ਖੁੱਲੇ ਪੜ੍ਹੇ ਤੇ ਇਹਲਿਖਿਆਸੀ:-

ਬਾਲਧਿ ਬਿਸਾਲ ਬਿਕਰਾਲ ਜ੍ਵਾਲ-ਜਾਲਮਾਨੋ ਲੰਕ ਲੀਲਿਬੇ ਕੋ ਕਾਲ ਰਸਨਾ ਪਸਾਰੀ ਹੈ।

ਇਹ ਪੁਸਤਕ ਕਈ ਛੋਟੀਆਂ ਛੋਟੀਆਂ ਚੀਜ਼ਾਂ ਦਾ ਸੰਗ੍ਰਹ ਸੀ ਜੋ ਬਾਬਾ ਅਪਣੇ ਅੱਖਰ ਦਾਤਾ ਗੁਰਬਖ਼ਸ਼ ਸਿੰਘ ਕੋਲੋਂ ਪੜ੍ਹਦਾ ਹੁੰਦਾ ਸੀ। ਉਪਰਲੇ ਛੰਦ ਨੂੰ ਫੇਰ ਦੂਜੀ ਵਾਰ ਪੜ੍ਹਕੇ ਸੋਚਣ ਲੱਗ ਪਿਆ। ਇਹ ਲੰਕਾ ਦੇ ਸੜਨ ਬਾਬਤ ਹੈ। ਹਨੂਮਾਨ ਦੀ ਪੂਛ ਨੂੰ ਰੂੰ ਬੰਨ੍ਹਕੇ ਜਿਸ ਵੇਲੇ ਅੱਗ ਲਗਾਈ ਗਈ ਹੈ ਉਸ ਵੇਲੇ ਦਾ ਨਜ਼ਾਰਾ ਹੈ*।

ਬਾਬਾ ਖਿੜ ਖਿੜਾਕੇ ਹੱਸ ਪਿਆ। ਅਸਮਾਨ ਵਿਚ ਦੀ ਅੱਗ ਦਾ ਦ੍ਰਿਸ਼ਯ ਨਜ਼ਰ ਆ ਰਿਹਾ ਸੀ। "ਲੰਕਾ ਸੋਨੇ ਦੀ ਸੀ ਸੋ ਸੜ ਗਈ। ਗੜ੍ਹ ਮਹਾਰਾਜ ਭੀ ਸੋਨੇ ਦੀ ਲੰਕਾ ਹੀ ਸੀ। ਅਸਾਂ ਉਸਦੇ ਸੰਕਲਪ ਮਾਤ੍ਰ ਨੂੰ ਸਾੜ ਦਿੱਤਾ ਹੈ। ਰਾਮ ਨੇ ਜੰਗਲ ਯਾਤ੍ਰਾ ਦੇ ਖਾਤਮੇ ਤੇ ਲੰਕਾ ਸਾੜਨ ਦਾ ਨੇਮ ਕੀਤਾ ਸੀ, ਅਸੀਂ ਸ਼ੁਰੂ ਹੀ ਲੰਕਾ ਦਹਨ ਤੋਂ ਕੀਤਾ ਹੈ। ਰਾਮ ਬਾਰਾਂ ਵਰ੍ਹੇ ਜੰਗਲ ਵਿਚ ਰਿਹਾ ਸੀ। ਅਸੀਂ ਭੀ ਇਤਨਾ ਸਮਾਂ ਏਧਰ ਗੁਜ਼ਾਰ ਦਿਆਂਗੇ। ਰਾਮ ਜੰਗਲਾਂ ਵਿਚ ਸੀਤਾ ਨੂੰ ਲੱਭਦਾ ਰਿਹਾ ਹੈ ਅਸੀਂ ਰਾਮ ਨੂੰ ਲੱਭਦੇ ਰਹਾਂਗੇ। ਹਾਂ, ਬਾਰਾਂ ਵਰ੍ਹੇ ਵਿਚ ਰਾਮ ਜ਼ਰੂਰ ਲੱਭ ਪਏਗਾ!"

ਬਾਰਾਂ ਵਰ੍ਹੇ ਬਾਬਾ ਜੰਗਲਾਂ ਵਿਚ ਫਿਰਦਾ ਰਿਹਾ, ਜ਼ਿੰਦਗੀ ਇਕ ਘੋਰ ਤਪਸਯਾ ਸਾਧਨ ਵਾਲੇ ਤਪੀ ਦੀ ਹੋ ਗਈ। ਕੇਸਾਂ ਦੀਆਂ ਜਟਾਂ ਬਣਕੇ ਲਮਕ ਪਈਆਂ। ਅਵਧੂਤ ਰੂਪ ਧਾਰਿਆ ਗਿਆ। ਇੰਸ ਅਰਸੇ ਵਿਚ ਬਾਬਾ ਇਕ ਵੇਰ ਬੀਮਾਰ ਹੋਇਆ। ਮਰਨ ਮਰਾਂਦ ਹਾਲਤ, ਇਕ ਨਦੀ ਕਿਨਾਰੇ ਲੇਟ ਗਿਆ। ਮੋਹਰਕਾ ਬੁਖਾਰ ਸੀ। ਕੁਦਰਤ ਨਾਲ ਇਕ ਸਾਧੂ ਉਧਰ ਆਇਆ, ਜਿਸਨੇ ਦੇਖਕੇ ਇਲਾਜ ਕੀਤਾ। ਇਹ ਸਾਧ ਇਕ ਵਿਦਵਾਨ ਵੈਦ ਸੀ। ਬਾਬਾ ਵੱਲ ਹੋ ਗਿਆ। ਕੁਛ ਸਮਾਂ ਫੇਰ ਬਾਬੇ ਦਾ ਇਸੇ ਵੈਦ ਨਾਲ ਬੀਤਿਆ। ਇਸ ਕੋਲੋਂ ਬਹੁਤ ਕੁਛ ਸਿਖਜਾ ਪ੍ਰਾਪਤ ਕੀਤੀ।

ਇਸਤਰ੍ਹਾਂ ਕਈ ਹੋਰ ਸਾਧਾਂ ਨਾਲ ਟੱਕਰ ਹੋਈ। ਮਤ ਮਤਾਂਤਰਾਂ ਦੇ ਭੇਖੀਆਂ ਨਾਲ ਮੇਲ ਹੋਇਆ, ਕਈ ਮਾਂਦੀ ਕਈ ਤੰਤ੍ਰ ਵੇਤਾ, ਕਈ ਸ਼ਾਸਤ੍ਰੀ-ਹਰ ਕਿਸਮਦੇ ਭੇਖ ਦੇ ਬੰਦਿਆਂ ਨਾਲ ਮੁਲਾਕਾਤ ਹੋਈ। ਪੰਡਿਤ ਤੇ ਕਵੀ ਦ੍ਰਿਸ਼ਟੀ ਗੋਚਰ ਹੋਏ। ਜਿਉਂ ਜਿਉਂ ਵਕਤ ਲੰਘਦਾ ਗਿਆ ਬਾਬੇ ਦੀ ਦ੍ਰਿਸ਼ਟੀ ਤੀਬ੍ਰ ਹੁੰਦੀ ਗਈ, ਪਾਰਿਭਾਸ਼ਿਕ ਗਯਾਨ ਵਧਦਾ ਗਿਆ। ਆਪ ਅਵਿਧੂਤ ਰੂਪ ਵਿਚ ਹੀ ਵੈਦ, ਕਵਿ, ਜੋਤਸ਼ੀ, ਮਾਂਦ੍ਰੀ ਬਣਦੇ ਗਏ। ਇਹ ਗਲ ਸਹਿਸੁਭਾ ਹੁੰਦੀ ਗਈ। ਇਸ ਲਈ ਕਿਸੇ ਵਿਸ਼ੇਸ਼ ਤਰੱਦਦ ਦੀ ਲੋੜ ਨਹੀਂ ਸੀ, ਕੁਦਰਤ ਦੇ ਵਿਚ ਹਿਹਾਂ ਕੁਦਰਤੀ ਘਟਨਾਵਾਂ ਹੇਠ ਕੁਦਰਤ ਆਪਣੇ ਪੜਦੇ ਖੋਲ੍ਹ ਆਪਣੇ ਭੇਦਾਂ ਦਾ ਨੰਗੇਜ ਅੱਗੇ ਕਰ ਦਿੰਦੀ ਹੈ।

---

*ਅਰਥ ਇਸਤਰ੍ਹਾਂ ਹਨ:-ਹਨੂਮਾਨ ਦੀ ਵੱਡੀ ਪੂਛ ਭਯਾਨਕ ਅੱਗ ਦਾ ਜਾਲ ਬਣ ਗਈ ਹੈ, ਮਾਨੋ 'ਕਾਲ' ਨੇ ਲੰਕਾ ਨੂੰ ਨਿਗਲਣ ਲਈ ਅਪਣੀ (ਲਾਲ) ਜੀਭ ਬਾਹਰ ਕੱਢ ਦਿੱਤੀ ਹੈ।

Digitized by Panjab Digital Library | www.panjabdigilib.org

ਆਪ ਦਾ ਬਹੁਤ ਸਾਰਾ ਸਮਾਂ ਮਧੁ-ਬਨ ਵਿਚ ਗੁਜ਼ਰਿਆ, ਇਹ ਜਗ੍ਹਾ ਬਿੰਦ੍ਰਾਬਨ ਦੇ ਨਜ਼ਦੀਕ ਹੈ। ਇਕ ਦਿਨ ਆਪ ਬਿੰਦ੍ਰਾਬਨ ਆਏ, ਅਗੇ ਰਾਸ ਪੈ ਰਹੀ ਸੀ, ਇਕ ਰਾਸਧਾਰੀਆ ਗਾ ਰਿਹਾ ਸੀ:—

ਅੰਗਨ ਕੀ ਸੁਧ ਭੂਲ ਗਈ

ਸਜ਼ਾਮ ਮਧੁਰ ਮ੍ਰਿਦੁ ਸੁਨਤ ਮੁਰਲਿਕਾ ਚਕਿਤ ਨਾਰਿ ਭਈ। ਜੋ ਜੈਸੇ ਸੋ ਤੈਸੇ ਹੀ ਰਹਿ ਗਈ
ਸੁਖ ਦੁਖ ਕਹਜੋ ਨ ਜਾਈ। ਲਿਖੀ ਚਿਤ੍ਰ ਕੀ ਸੀ ਸਬ ਹ੍ਵੈ ਗਈ ਇਕ ਟਕ ਪਲ ਬਿਸਰਾਈ।

ਇਹ ਕ੍ਰਿਸ਼ਨ ਦੀ ਮੁਰਲੀ ਦੇ ਅਸਰ ਦਾ ਨਕਸ਼ਾ ਹੈ। ਗੋਪੀਆਂ ਜਦ ਬੰਸਰੀ ਦੀ ਅਵਾਜ਼ ਸੁਣਦੀਆਂ ਸਨ ਤਦ ਆਪ ਹੀ ਚਿਤ੍ਰੀ ਮੂਰਤ ਵਾਕਰ ਅਚੱਲ ਹੋ ਜਾਂਦੀਆਂ ਸਨ, ਕੋਈ ਸੁਧ ਬੁਧ ਬਾਕੀ ਨਹੀਂ ਰਹਿੰਦੀ ਸੀ। ਇਹ ਕ੍ਰਿਸ਼ਨ ਦੀ ਮੁਰਲੀ ਸੀ ਜੋ ਇਸਤ੍ਰੀ ਜਾਤੀ ਦੇ ਅੰਦਰ ਪ੍ਰੇਮ ਸੰਚਾਰਨ ਦਾ ਡੂੰਘਾ ਅਸਰ ਕਰ ਰਹੀ ਸੀ। ਬਾਬੇ ਨੇ ਏਸ ਸੰਗੀਤਕ ਪਦ ਨੂੰ ਬੜੇ ਸੁਆਦ ਨਾਲ ਸੁਣਿਆ, ਪਰ ਇਸ ਖਿਆਲ ਨਾਲ ਆਪ ਦਾ ਮਤ ਭੇਦ ਸੀ। ਆਪ ਦਾ ਵਿਚਾਰ ਸੀ ਕਿ ਕ੍ਰਿਸ਼ਨ ਦੀ ਵਡਿਆਈ ਦਾ 'ਕਾਰਣ' ਇਹ ਵਧਿਆ ਹੋਇਆ ਇਸਤ੍ਰੀ ਸਮਾਜ ਸੀ। ਇਹ ਇਸਤ੍ਰੀ ਦੀ ਹੀ ਕੋਮਲਤਾ ਸੀ, ਜੋ ਰਾਸ ਮੰਡਲ ਵਿਚ ਕ੍ਰਿਸ਼ਨ ਦੇ ਅੰਦਰ ਪ੍ਰੇਮ ਭਾਵਾਂ ਦੀ ਸਭਜਤਾ ਦਾ ਨਵਾਂ ਰੰਗ ਖੇੜ ਰਹੀ ਸੀ। ਹਾਂ, ਇਹ ਲਾਡਲੀ ਰਾਧਾ ਦੇ ਝਿਲਮਿਲ ਕਰ ਰਹੇ ਗਹਿਣਿਆਂ ਵਿਚੋਂ ਨਿਕਲ ਰਹੀਆਂ ਸ਼ੁਆਵਾਂ ਸਨ ਜੋ ਕ੍ਰਿਸ਼ਨ ਦੇ ਹਿਰਦੇ ਸ਼ਜਾਮਘਨ ਮੰਡਲ ਵਿਚ ਪ੍ਰੇਮ ਲੀਲਾ ਦੀਆਂ ਰੰਗ ਬਰੰਗੀ ਪੀਂਘਾਂ ਪਾ ਰਹੀਆਂ ਸਨ। ਇਸ ਖਿਆਲ ਦੇ ਪ੍ਰਭਾਵ ਹੇਠ ਆਪ ਨੇ ਉਸ ਵੇਲੇ ਇਹ ਛੰਦ ਰਚਿਆ:—

ਸੂਕਰ ਹ੍ਵੈ ਕਬ ਰਾਸ ਰਚੀ ਕਬ ਆਨਨ ਪੈ ਅਲਕੈਂ ਛਬਿ ਛਾਈ ॥
ਮੀਨ ਹ੍ਵੈ ਕੌਨ ਕੇ ਚੀਰ ਹਰੇ ਅਰ ਕੱਛਪ ਹ੍ਵੈ ਕਬ ਬੇਨ ਬਜਾਈ ॥
ਹ੍ਵੈ ਨਰਸਿੰਘ ਕਹੋ ਹਰਿ ਜੂ ਕਿਹ ਕੀ ਛਤੀਆ ਨਖ ਰੇਖ ਲਗਾਈ ॥
ਰਾਧੇ ਲਲੀ ਪ੍ਰਗਟੀ ਜਬਤੇ ਤਬਤੇ ਤੁਮ ਕੇਲ ਕਲਾ ਸਭ ਪਾਈ ॥

ਇਸਦਾ ਤਾਤਪਰਜ ਸਾਫ ਹੈ। ਵਿਸ਼ਨੂੰ ਦੇ ਦਸ ਅਵਤਾਰ ਗਿਣੇ ਜਾਂਦੇ ਹਨ: ਮਛ, ਕਛ, (ਕਛੂ) ਬ੍ਰਾਹ (ਸੂਅਰ), ਨਰਸਿੰਘ, ਕ੍ਰਿਸ਼ਨ, ਰਾਮ ਆਦਿਕ। ਵਿਸ਼ਨੂੰ ਸ੍ਰਿਸ਼ਟੀ ਦੇ ਆਦਿ ਤੋਂ ਲੈਕੇ ਹੁਣ ਤਕ ਇਨ੍ਹਾਂ ਦਸ ਰੂਪਾਂ ਵਿਚ ਅਵਤਾਰ ਧਾਰਦਾ ਹੈ। ਇਸ ਛੰਦ ਵਿਚ ਇਹ ਸੁਵਾਲ ਉਠਾਇਆ ਹੈ, ਹੇ ਵਿਸ਼ਨੂੰ ਜਦ ਤੂੰ ਬ੍ਰਾਹ (ਸੂਅਰ) ਰੂਪ ਵਿਚ ਅਵਤਾਰ ਧਾਰਿਆ ਸੀ ਤਾਂ ਤੂੰ ਕਿਹੜੀ ਰਾਸ ਰਚਾਉਂਦਾ ਹੁੰਦਾ ਸੈਂ? ਤੇ ਅਪਣੇ ਕਿਹੋ ਜੇਹੇ ਮੂੰਹ ਉਤੇ ਕਿਸ ਪ੍ਰਕਾਰ ਦੀਆਂ ਜ਼ੁਲਫਾਂ ਦੀ ਖੂਬਸੂਰਤੀ ਕੱਢਦਾ ਹੁੰਦਾ ਸੈਂ? ਅਤੇ ਜਦ ਤੂੰ ਮੱਛ ਅਵਤਾਰ ਸੈਂ ਤਦ ਕੈਸੇ ਕੱਪੜੇ ਤੇ ਕਿਨ੍ਹਾਂ ਗੋਪੀਆਂ ਨੂੰ ਉਠਾਕੇ ਲੈ ਜਾਂਦਾ ਸੈਂ? ਫੇਰ ਜਦ ਤੂੰ ਕੱਛੂ ਦਾ ਅਵਤਾਰ ਧਾਰਿਆ ਤਾਂ ਕੇਹੜੀ ਬੰਸਰੀ ਵਜਾਉਂਦਾ ਹੁੰਦਾ ਸੈਂ? ਮੁੜ, ਨਰਸਿੰਘ ਅਵਤਾਰ ਵੇਲੇ ਤਰੇ ਨੌਂਹਾਂ ਦੇ ਨਿਸ਼ਾਨ ਕਿਸ ਦੀ ਛਾਤੀ ਉਪਰ ਲਗੇ* ? ਇਹ ਤੇ ਜਦੋਂ ਲਾਡਲੀ ਰਾਧਾ ਦੁਨੀਆਂ ਵਿਚ ਪੈਦਾ ਹੋਈ ਤਾਂ ਤੈਨੂੰ ਸ਼ਿੰਗਾਰ ਰਸ ਦੀ ਖੇਡ ਦੀ ਅਕਲ ਆਈ!

ਇਸ ਕਵਿਤਾ ਵਿਚ ਕਟਾਖਜ ਹਨ। ਦੋ ਤਿੰਨ ਵੇਰ ਪੜ੍ਹਨ ਨਾਲ ਉਨ੍ਹਾਂ ਦੀ ਸੂਖਮਤਾ ਤਬੀਅਤ ਵਿਚ ਬੈਠਦੀ ਹੈ। ਫੇਰ ਇਸ ਦਾ ਸ੍ਵਾਦ ਵਧਣ ਲਗਦਾ ਹੈ। ਵਜੰਗ ਵਿਚੋਂ ਸੂਖਮ ਧੁਨੀਆਂ ਨਿਕਲ ਰਹੀਆਂ ਹਨ। ਹੋਰ ਨੂੰ ਵੀ ਜਗਲੀ ਪੁਣੇ ਤੋਂ ਕਢਕੇ ਜੇ ਕਿਸੇ ਸਭਜ (Civilized) ਕੀਤਾ ਤਾਂ ਇਸਤ੍ਰੀ ਨੇ।

ਇਹ ਕਵਿਤਾ ਕਈਆਂ ਵਿਦਵਾਨਾਂ ਨਾਲ ਵਿਚਾਰੀ ਗਈ ਹੈ। ਸਭ ਨੇ ਇਸ ਦੇ ਚਮਤਕਾਰ ਉੱਪਰ ਬੜੀ ਅਸਚਰਜਤਾ ਅਤੇ ਪ੍ਰਸੰਨਤਾ ਪ੍ਰਗਟ ਕੀਤੀ ਹੈ। ਹਿੰਦੀ ਦੇ ਆਚਾਰਜ ਜੋ ਅਜ ਕਲ ਲਾਹੌਰ ਹਨ ਜੈਸਾ ਕਿ ਉਦਯ ਸ਼ੰਕਰ ਜੀ ਭੱਟ, ਪੰਡਿਤ ਬੀ. ਪੀ. ਮਾਧਵ, ਸ੍ਰੀ ਜੈ ਨਾਥ ਜੀ, ਸ੍ਰੀ ਰਾਮ ਕਿਸ਼ਨ ਜੀ ਆਦਿਕ ਨੇ ਇਸ ਨੂੰ ਬੜੇ ਸ੍ਵਾਦ ਨਾਲ ਸੁਣਿਆਂ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਖਿਆਲ ਅੱਗੇ

*ਹਰਨਾਖਸ਼ ਨੂੰ ਨਰਸਿੰਘ ਅਵਤਾਰ ਨ ਨੌਂਹਾਂ ਨਾਲ ਮਾਰਿਆ ਸੀ।

Digitized by Panjab Digital Library | www.panjabdigilib.org

ਕਦੇ ਉਨ੍ਹਾਂ ਦੀ ਨਜ਼ਰੀਂ ਨਹੀਂ' ਪਿਆ ।

ਇਸ ਕਵਿਤਾ ਵਿਚ ਸ਼ਿੰਗਾਰ ਵਾਲਾ ਰਸ ਨਹੀਂ, ਨਾ ਹੀ ਭਾਵਾਂ ਤੇ ਵਿਭਾਵਾਂ ਦੇ ਮਿੱਟੀ ਗਾਰੇ ਦੀ ਉਸਾਰੀ ਹੈ, ਕੇਵਲ ਹਲਕੇ ਫੁੱਲ ਅਨੁਭਾਵਾਂ ਦੇ ਖੰਭਾਂ ਨਾਲ ਵਜੰਗ ਦੀ ਉਡਾਰੀ ਹੈ।

ਵਜੰਗ ਦੇ ਖੰਭਾਂ ਦੀ ਝੁਨਕਾਰ ਵਿੱਚੋਂ ਹੀ ਅਦਭੁਤ ਤੇ ਹਾਸ ਦੀ ਭਾਵ ਸੰਧਿ ਧੁਨੀ ਰੂਪ ਹੋਕੇ ਨਿਕਲ ਰਹੀ ਹੈ। ''ਹੈ ਨਰਸਿੰਘ ਕਹੋ ਹਰਿ ਜੂ ਕਿਹ ਕੀ ਛਤੀਆ ਨਖ ਰੇਖ ਲਗਾਈ'',–ਇਸ ਇਕ ਨਿਕੀ ਤੁੱਕ ਵਿਚ ਕਿਨਾਏ ਦੇ ਪਤਲੇ ਪੜਦੇ ਪਿਛੇ ਸ਼ਿੰਗਾਰ ਰਸ ਦੀ ਮਸਤੀ ਦੀ ਚਜਾਦਤੀ ਦਾ ਨਜ਼ਾਰਾ ਖੜਾ ਕੀਤਾ ਹੋਇਆ ਹੈ । ਕਵਿਤਾ ਨੇ ਆਪਣੀ ਖੁੱਲ੍ਹ ਦੇ ਆਸਰੇ 'ਹਰਿ ਜੂ' ਨਾਲ ਪੂਰੀ ਬੇਤਕੱਲਫੀ ਪੈਦਾ ਕਰ ਲੀਤੀ ਹੈ।

ਬਾਰਾਂ ਬਰਸ ਦਾ ਪੂਣ ਹੁਣ ਆਪਦਾ ਪੂਰਾ ਹੋਣ ਉੱਪਰ ਆ ਗਿਆ । ਏਸ ਭੋਣ ਵਿੱਚ ਆਪਦਾ ਬਾਹਰਲਾ ਵਿਗਜਾਨ ਸਹਿ ਸੁਭਾ ਬੜਾ ਵਧਿਆ ਅਤੇ ਨਾਲ ਹੀ ਆਪ ਦਾ ਅੰਦਰਲਾ ਅਭਜਾਸ ਦ੍ਰਿੜ੍ਹ ਹੁੰਦਾ ਗਿਆ। ਆਪ ਰਾਮ ਦੀ ਤਲਾਸ਼ ਵਿਚ ਨਿਕਲੇ ਸਨ। ਰਾਮ 'ਨਾਮ ਰੂਪ' ਹੋਕੇ ਆਪ ਨੂੰ ਪ੍ਰਾਪਤ ਹੋ ਗਿਆ । ਆਪ ਹਮੇਸ਼ਾਂ ਇਹ ਤੁਕਾਂ ਪੜ੍ਹਿਆ ਕਰਦੇ ਸਨ:–

ਰਾਮ ਏਕ ਤਾਪਸ ਤੀਆ ਤਾਰੀ। ਨਾਮ ਕੋਟ ਖਲ ਕੁਮਤ ਸੁਧਾਰੀ* ।
ਕਹੌਂ ਕਹਾਂ ਲਗ ਨਾਮ ਬਡਾਈ। ਰਾਮ ਨ ਸਕੈ ਨਾਮ ਗੁਣ ਗਾਈ।

ਰਾਮ ਨਾਮ ਕੀ ਵਸਤੂ ਹੈ? ਕੀ ਇਹ ਦਸ਼ਰਥ ਦੇ ਬੇਟੇ ਰਾਮ ਦਾ ਨਾਮ ਹੈ ਜਾਂ ਇਸ ਵਿਚ ਕੋਈ ਹੋਰ ਛਿਪੀ ਹੋਈ ਗੱਲ ਹੈ। ਆਪ ਸਿੱਖ ਸਨ।ਅੰਮ੍ਰਿਤ ਭਾਵੇਂ ਅਜੇ ਨਹੀਂ ਸੀ ਛਕਿਆ, ਪਰ ਅੰਮ੍ਰਿਤ ਦੇ ਸਰੋਵਰ ਵਿਚ ਅਜਿਹਾ ਟੁੱਭਾ ਲਾਇਆ ਸੀ ਜਿਸ ਨਾਲ ਭਰਮ ਦਾ ਜਨੇਊ ਉੱਤਰ ਗਿਆ ਸੀ ਤੇ ਦਸਮੇਂ ਜਾਮੇਂ ਦਾ ਦਰਸ਼ਨ ਪ੍ਰਾਪਤ ਹੋ ਗਿਆ ਸੀ ।

ਆਪ ਜੋ ਤੁਕ ਪੜ੍ਹਦੇ ਸਨ ਉਹ ਤੁਲਸੀ ਦੀ ਹੀ ਸੀ ਅਤੇ ਤੁਲਸੀ ਨੇ ਆਪਣੇ ਕਾਵਜ ਵਿਚ ਦਸ਼ਰਥ ਦੇ ਬੇਟੇ ਦੀ ਹੀ ਉਸਤਤਿ ਕੀਤੀ ਹੈ, ਪਰ ਕਈ ਥਾਈਂ ਤੁਲਸੀ ਆਪਣੇ ਰਾਮ ਨੂੰ ਇਤਨੀ ਵਜਾਪਕਤਾ ਦੇ ਗਿਆ ਹੈ ਕਿ ਰਾਮ 'ਰਾਮ' ਨਹੀਂ ਰਿਹਾ । ਰਾਮ ਇਕ ਸਰਬ ਵਜਾਪਕ ਸੱਤਾ ਨਾਲ ਅਭੇਦ ਹੋਕੇ ਅਨੰਤ ਵਿਚ ਪਸਰ ਗਿਆ ਹੈ:–

ਤੁਲਸੀ ਮੂਰਤ ਰਾਮ ਕੀ ਘਟ ਘਟ ਰਹੀ ਸਮਾਯ ।।
ਜਜੋਂ ਮਹਿੰਦੀ ਕੇ ਪਾਤ ਮੇਂ ਲਾਲੀ ਲਖੀ ਨ ਜਾਯ ।।

ਇਸ ਕਰਕੇ ਤੁਲਸੀ ਦੇ ਰਾਮ ਦੀ ਉਪਾਸਨਾ ਅਤੇ ਅਨੰਤ ਵਲ ਲਗੀ ਲੋ ਵਿਚ ਬਹੁਤ ਫਰਕ ਸਾਧਨ ਪੱਖ ਵਿਚ ਨਹੀਂ ਰਹਿੰਦਾ । ਤੁਲਸੀ ਨੇ ਆਪ ਏਸ ਗਲ ਨੂੰ ਹੋਰ ਸਪਸ਼ਟ ਕਰ ਦਿੱਤਾ ਹੈ । ਇਕ ਥਾਂਵੇਂ ਕਹਿੰਦਾ ਹੈ ਕਿ ਲੋਕ ਮੈਨੂੰ ਪੁਛਦੇ ਹਨ ਤੇਰਾ ਰਾਮ ਕਿੱਥੇ ਹੈ ? ਪਰ ਮੈਨੂੰ ਉਨ੍ਹਾਂ ਕੋਲੋਂ ਪੁਛਦਿਆਂ ਸ਼ਰਮ ਆ ਜਾਂਦੀ ਹੈ ਕਿ ਤੁਸੀਂ ਉਹ ਥਾਂ ਦੱਸੋ ਜਿੱਥੇ ਉਹ ਨਹੀਂ † ।

ਰਾਮ ਦਾ ਇਹ ਇਸ ਤਰ੍ਹਾਂ ਅਨੰਤ ਦੇ ਵਿਸਤਾਰ ਵਿਚ ਪਸਰਿਆ ਦਿੱਸਣਾ, ਇਹ ਨਿਰਾ ਕਵਿਤਾ ਦਾ ਅਲੰਕਾਰ ਨਹੀਂ; ਨਾਂਹੀ ਇਹ ਕੇਵਲ ਇਕ ਵਧੀ ਚੜ੍ਹੀ ਉਸਤਤਿ ਹੈ ਜੋ ਜਸ ਗਾਇਨ ਦੇ ਤ੍ਰੰਗਾਂ ਦੇ ਉਛਾਲਿਆਂ ਨਾਲ ਸੰਭਵਤਾ(possibility)ਦੀਆਂ ਹੱਦਾਂ ਟੱਪ ਜਾਂਦੀ ਹੈ। ਇਹ ਭਗਤਿ ਭਾਵ ਦੀ ਇਕ ਦ੍ਰਿੜ ਬ੍ਰਿਤੀ ਹੈ ਜੋ ਇਸ਼ਟ ਦੇਵ ਨੂੰ ਅਨੰਤ ਨਾਲ ਇਕ ਸਰੂਪ ਲਖਕੇ 'ਵੈਰਾਟ ਰੂਪ' ਨੂੰ ਸਾਖਯਾਤ ਕਰਨ ਦਾ ਸਾਧਨ ਕਰਦੀ ਹੈ ।

---

*ਇਸਦਾ ਤਾਤਪਰਜ ਇਹ ਹੈ ਕਿ ਰਾਮ ਨੇ ਤਾਂ ਇਕ ਪੱਥਰ (ਜੋ ਪੱਥਰ ਕਿ ਇਕ ਤਪਸ੍ਵੀ ਦੀ ਇਸਤ੍ਰੀ ਅਹੱਲਜਾ ਬਣ ਗਈ ਸੀ) ਤਾਰਿਆ ਸੀ, ਪਰ ਰਾਮ ਦੇ ਨਾਮ ਨੇ ਅਨੇਕਾ ਪੱਥਰ (ਜਿਨਾ ਉੱਪਰ ਹਨੂੰਮਾਨ ਰਾਮ ਨਾਮ ਲਿਖਕੇ ਪੁਲ ਬੰਨਣ ਲਈ ਵਰਤਦਾ ਸੀ) ਤਾਰ ਦਿਤੇ ।

†ਪੂਛਿਹੁ ਮੋਹਿ ਕਿ ਕਹਹੁ ਕਹੈ, ਮੈ ਪੂਛਤ ਸਕੁਚਾਉਂ ।। ਜਹਿੰ ਨ ਹੋਹੁ ਤੰਹ ਦੇਹੁ ਕਹਿ ਤੁਮਹਿ ਦਿਖਾਉਂ ਠਾਉਂ ।

Digitized by Panjab Digital Library | www.panjabdigilib.org

ਨਿਰਾਕਾਰ ਦਾ ਪ੍ਰਤੱਖ ਗਯਾਨ ਤਾਂ ਹੈ ਹੀ ਅਸੰਭਵ, ਸਾਨੂੰ ਸਾਕਾਰ ਵਸਤਾਂ ਨਾਲ ਭੀ ਵਾਕ-ਫੀਅਤ ਉਸ ਸਮਝ ਦ੍ਵਾਰਾ ਪੈਂਦੀ ਹੈ ਜੋ ਚੀਜ਼ਾਂ ਦਾ ਨਿਰਣਯ 'ਮੁਕਾਬਲੇ' ਤੋਂ ਕਰਦੀ ਹੈ। ਰੌਸ਼ਨੀ ਦੀ ਪੂਰੀ ਅਸਲੀਅਤ ਤਦ ਖੁਲ੍ਹਦੀ ਹੈ ਜੇ ਹਨੇਰੇ ਦਾ ਪਤਾ ਹੋਵੇ ਤਾਂ, ਚਿੱਟੇ ਦੀ ਚਿਟਿਆਈ ਕਾਲੇ ਦੀ ਕਾਲੱਤਣ ਦੀ ਨਿਸਬਤ ਤੋਂ ਜਾਂਚੀ ਜਾਂਦੀ ਹੈ। ਸਾਡਾ ਪ੍ਰਤੱਖ-ਗਯਾਨ 'ਨਿਰ ਮੁਕਾਬਲਾ' ਨਹੀਂ, ਹਰ ਇਕ ਚੀਜ਼ ਆਪਣੇ ਕਿਸੇ ਮੁਕਾਬਲੇ ਦੀ ਵਸਤੂ ਨਾਲ ਸੰਬੰਧ ਗਯਾਨ ਵਿਚ ਤੁਲੀ ਖੜੀ ਹੈ। ਹਰ ਸਯਾਣਪ ਕਿਸੇ ਮੂਰਖਤਾ ਦੇ ਮੁਕਾਬਲੇ ਉਪਰ ਹੀ ਸਯਾਣਪ ਹੈ। ਹਰ ਅਕਲਮੰਦ ਨੂੰ ਕਿਸੇ ਜਹਾਲਤ ਦੀ ਲੋੜ ਹੈ। ਹਰ ਵਸਤੂ ਦਾ ਗਯਾਨ ਆਧਾਰ ਉਸ ਵਸਤੂ ਦੀ ਹੀ ਕੋਈ ਔਨ ਉਲਟ ਸ਼ੈ ਹੈ। ਗਯਾਨ ਦਾ ਆਪਣਾ ਆਧਾਰ ਵੀ ਅਗਯਾਨ ਹੀ ਹੈ:-

ਗਯਾਨ ਕਹੇ ਅਗਯਾਨ ਬਿਨ ਤਮ*ਬਿਨੁ ਕਹੇ ਪ੍ਰਕਾਸ਼ ॥
ਨਿਰਗੁਨ ਕਹੇ ਜੋ ਸਗੁਨ ਬਿਨ ਸੋ ਗੁਰ ਤੁਲਸੀ ਦਾਸ ॥

ਤੁਲਸੀ ਅਪਣੀ ਗਯਾਨ ਅਰਾਧਨਾ ਦੇ ਬਲ ਨਾਲ ਵਯਕਤੀਗਤ (Individual) ਰਾਮ ਤੋਂ ਸਮਸ਼ਟੀ ਰਾਮ(Universal Spirit)ਵਲ ਚਲਾ ਜਾਂਦਾ ਹੈ। ਸਰਗੁਣ ਦੀ ਭਗਤਿ ਉਸ ਅੰਦਰ ਨਿਰਗੁਣ ਦੀ ਭਾਵਨਾ ਪੈਦਾ ਕਰ ਦੇਂਦੀ ਹੈ। ਕੀ ਸਿੱਖੀ ਮਾਰਗ ਇਸ ਤੋਂ ਵੱਖਰਾ ਹੈ? ਹਾਂ, ਇਤਨਾ ਫਰਕ ਜ਼ਰੂਰ ਹੈ ਕਿ ਜਿੱਥੇ ਤੁਲਸੀ ਖ਼ਤਮ ਹੁੰਦਾ ਹੈ, ਉਥੋਂ ਸਿਖੀ ਸ਼ੁਰੂ ਹੁੰਦੀ ਹੈ।

ਤੁਲਸੀਦਾਆਦਿਅੰਤ ਸਰਗੁਣਹੀਹੈ;ਨਿਰਗੁਣਤਾ, ਵਯਾਪਕਤਾ,ਅਨਾਦਿਤਾ,ਅਨੰਤਤਾਤੁਲਸੀਲਈ ਵਾਸਤਵ ਵਿਚਸਰਗੁਣ ਦੇ ਹੀ ਵਿਸ਼ੇਸ਼ਨ ਹਨ। ਸਿਖੀ ਦਾ ਆਦਿ ਅੰਤ ਇਸ ਕੋਲੋਂ ਭਿੰਨ ਹੋ ਜਾਂਦਾ ਹੈ। ਸਿਖੀ ਦਾ ਨਿਸ਼ਾਨਾ ਨਿਰਗੁਣ ਹੈ, ਸਿਖੀ ਦਾ ਸਿਧਾਂਤ ਨਿਰਾਕਾਰ ਹੈ; ਇਸ ਮਤ ਨੂੰ ਚਲਾਉਣਵਾਲੇ ਦਾ ਨਾਮ ਇਸ ਕਰਕੇ ਨਾਨਕ 'ਨਿਰੰਕਾਰੀ' ਸੀ। ਨਿਰੰਕਾਰ ਨੂੰ ਸਮਝਣ ਲਈ ਸਾਨੂੰ ਸਰਗੁਣ ਦੀ ਲੋੜ ਪੈਂਦੀ ਹੈ ਕਿਉਂਕਿ ਹਰ ਵਸਤੂ ਦਾ ਗਯਾਨ ਆਧਾਰ ਉਸ ਵਸਤੂ ਦੇ ਔਨ ਮੁਕਾਬਲੇ ਦੀ ਚੀਜ਼ ਤੋਂ ਸੁਖੈਨ ਪੈਦਾ ਹੁੰਦਾ ਹੈ। ਸਿਖੀ ਵਿਚ ਸਰਗੁਣ ਦਾ ਤ੍ਰਿਸਕਾਰ ਨਹੀਂ, ਜਿਸ ਤਰ੍ਹਾਂ ਕਈ ਵਾਹਿਦ ਪ੍ਰਸਤ ਬੁਤ ਸ਼ਿਕਨ ਹੋ ਜਾਂਦੇ ਹਨ। ਸਰਗੁਣ ਇਕ ਸਮਝ ਦਾ ਆਸਰਾ ਹੈ, ਸਾਧਨ ਦੀ ਟੇਕ ਹੈ। ਇਹ ਇਕ ਰਸਤਾ ਹੈ, ਮੰਜ਼ਲ ਨਹੀਂ, ਪੌੜੀ ਹੈ ਪਰ ਛਤ ਨਹੀਂ। ਸਿਖੀ ਦੀ ਭਗਤਿ ਏਸ ਕਰਕੇ ਅਪਣੇ ਅਸਲੇ ਵਿਚ ਸਾਕਾਰ ਭਗਤਿ ਨਹੀਂ; ਇਹ ਇਕ ਨਵਾਂ ਤਜਰਬਾ ਹੈ। ਇਹ ਉਹ ਪੁਰਾਣਾ ਤ੍ਰੀਕਾ ਨਹੀਂ ਜਿਸ ਨਾਲ ਮਨ ਅਪਣੀ ਅਨੁਰਾਗਕ ਬ੍ਰਿਤੀ ਦ੍ਵਾਰਾ ਇਕ ਵਯਕਤੀ ਨੂੰ ਘਟ ਘਟ ਵਿਚ ਸਮਾਇਆ ਦੇਖਣ ਲਗ ਜਾਂਦਾ ਹੈ! ਇਹ ਉਹ ਗਲਨਹੀਂ "ਤੁਲਸੀ 'ਮੂਰਤ' ਰਾਮ ਕੀ ਘਟ ਘਰ ਰਹੀ ਸਮਾਯ।" ਸਿੱਖ ਸਿਧਾਂਤ ਤੁਰਦਾ ਹੀ 'ਅਮੂਰਤਿ' ਤੋਂ ਹੈ। ਇਹ ਸ਼ੁਰੂ ਹੀ ਪਰਾ ਭਗਤਿ ਤੋਂ ਹੁੰਦਾ ਹੈ। ਗੁਰੂ ਨਾਨਕ ਦਾ 'ਅਕਾਲ ਮੂਰਤਿ' ਸਾਡੇ ਧਯਾਨ ਸਾਧਣ ਲਈ ਅਮੂਰਤਿ ਦੇ ਹੀ ਤੁਲਯ ਹੈ। ਸਿਖ ਉਸ 'ਅਮੂਰਤਿ' ਨੂੰ ਮਹਿੰਦੀ ਦੇ ਹਰ ਪੱਤੇ ਦੀ ਲੁਕੀ ਹੋਈ ਲਾਲੀ ਵਿਚ ਵੇਖਣ ਦਾ ਸਾਧਨ ਨਹੀਂ ਕਰਦਾ। ਇਹ ਆਪਣੇ ਸ਼ਰੀਰ ਦੇ ਰੋਮ ਰੋਮ ਵਿਚ, ਹਰ ਰਗ ਰੇਸ਼ੇ ਵਿਚ ਉਸ 'ਅਮੂਰਤਿ' ਦੇ ਨਾਮ ਸਰੂਪ ਦੀ ਲਾਲੀ ਚਾੜ੍ਹ ਲੈਂਦਾ ਹੈ। 'ਨਿਰੰਕਾਰ' ਅਤੇ ਉਸ ਦਾ 'ਨਾਮ ਸਰੂਪ' ਇਹ ਦੋ ਬਿਲ ਮੁਕਾਬਿਲ ਸੁਰਤਾਂ, ਨਿਰਗੁਣ ਅਤੇ ਸਰਗੁਣ ਦੀ ਥਾਂ ਮੱਲ ਲੈਂਦੀਆਂ ਹਨ। ਨਿਰੰਕਾਰ ਸਾਖਯਾਤ ਹੁੰਦਾ ਹੈ, ਇੰਦ੍ਰੀਆਂ 'ਦ੍ਵਾਰਾ' ਨਹੀਂ ਪ੍ਰੰਤੂ ਇੰਦ੍ਰੀਆਂ 'ਵਿਚ'। ਮਨ ਦੀਆਂ ਵ੍ਰਿਤੀਆਂ ਨਿਰਾਕਾਰ ਬ੍ਰਹਮ ਦਾ ਥਹੁ ਨਹੀਂ ਲੈਂਦੀਆਂ ਪ੍ਰੰਤੂ ਬ੍ਰਿਤੀਆਂ ਹੀ ਬ੍ਰਹਮਾਕਾਰ ਹੋ ਜਾਂਦੀਆਂ ਹਨ। ਸਿਖ ਦੇ ਅੰਦਰ ਕੋਈ ਰਸੈਣੀ ਚਮਤਕਾਰ ਹੈ ਜੋ ਨਿਰੰਕਾਰ ਨੂੰ ਪ੍ਰਤੱਖ ਕਰਨ ਹਿਤ ਮਨ ਦੀ ਸਥੂਲਤਾ ਨੂੰ ਇਤਨਾ ਖੀਣ ਕਰ ਸੁਟਦਾ ਹੈ ਕਿ ਉਹ ਆਪ ਹੀ ਨਿਰਗੁਣ ਵਾਕੁਣ ਨਿਰਮਲ ਹੋ ਜਾਂਦਾ ਹੈ†।

---

*ਅੰਧੇਰਾ। †ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ। [ਸਲੋਕ ਕਬੀਰ

Digitized by Panjab Digital Library | www.panjabdigilib.org

ਬਾਬੈ ਦੀ ਸਾਰੀ ਜ਼ਿੰਦਗੀ ਰੂਹਾਨੀ ਤਜਰਬਿਆਂ ਦੀ ਘਾੜਤ ਸੀ। ਉਸਦੇ ਜੀਵਨ ਦੀ ਮੁੱਢਲੀ ਤਹਿ ਵਿਚ ਰਾਮ-ਭਗਤੀ ਦਾ ਖਿਆਲ ਦ੍ਰਿੜ੍ਹ ਸੀ, ਪਰ ਜੈਸੇ ਹੀ ਗਿਆਨ ਦਾ ਅਨੁਭਵ ਉਦਯ ਹੋਇਆ ਉਸ ਨੂੰ ਰਾਮ ਅਪਣੇ ਹੀ ਆਤਮਾ ਦਾ ਪ੍ਰਤੱਖ ਸਰੂਪ ਨਜ਼ਰ ਆਇਆ। ਇਸ ਬਾਬਤ ਉਸਨੇ ਕਿਹਾ ਹੈ:-

'ਆਤਮ' ਸਰੂਪ ਧਾਰ ਰਵ ਰਹਜੋ ਸ੍ਰੀ ਮੁਰਾਰਿ ਮਨ ਬੁਧਿ ਪਰੇ ਹਾਰ ਪਰੈ ਹੀ ਤੇ ਪਰੇ ਹੈ। .....
ਆਨੰਦ ਕੇ ਓਕ ਦੇਤ ਦਾਸਨ ਮੁਕਤਿ ਥੋਕ ਕਾਨ ਜੁ ਮ੍ਰਿਗਿੰਦ* ਬ੍ਰਿੰਦ ਸੰਤ ਜੋ ਉਚਰੇ ਹੈਂ॥੪੨॥

ਬਾਬੇ ਦਾ ਸ਼ੁਰੂ ਦਾ ਅਨੁਭਵ, ਜੰਗਲ ਵਿਚ ਵੜਨ ਤੋਂ ਪਹਿਲੇ, ਇਸ ਪ੍ਰਕਾਰ ਦਾ ਸੀ ਕਿ ਅਪਣਾ ਆਤਮਾ ਨਿਰਾਕਾਰ ਹੈ, ਇਸ ਨੂੰ ਸਾਖਯਾਤ ਕਰਨਾ (ਗਯਾਨ ਸਾਧਨਾ ਦੁਆਰਾ) ਕਠਨ ਹੈ; ਪੰਤੂ ਕਿਸੇ ਅਵਤਾਰ ਦੀ ਹਸਤੀ ਆਪਣੇ ਆਪ ਵਿਚ ਇਤਨੀ ਨਿਰਮਲਤਾ ਰੱਖਦੀ ਹੈ ਕਿ ਉਸਦੇ ਦਰਸ਼ਨ ਤੋਂ ਆਤਮ-ਝਲਕਾਰੇ ਸਹਲ ਹੀ ਮਿਲ ਸਕਦੇ ਹਨ। ਇਸ ਆਤਮ ਦਰਸ਼ਨ ਲਈ ਗਯਾਨ, ਭਗਤੀ, ਕਰਮ ਅਤੇ ਯੋਗ ਆਦਿਕ ਦੀ ਲੋੜ ਹੈ। ਇਹ ਵਸਤਾਂ (ਗਯਾਨ, ਭਗਤਿ ਆਦਿਕ) ਇਕ ਦੂਜੇ ਦੇ ਪਰਿਪੂਰਕ (Complementary) ਹਨ, ਵਿਰੋਧੀ ਨਹੀਂ; ਪਰ ਇਹ ਸਾਰੇ ਸਾਧਨ ਉਸ ਵੇਲੇ ਤਕ ਸਫਲਤਾ ਦੇ ਉਡੀਕਵਾਨ ਰਹਿੰਦੇ ਹਨ ਜਦ ਤਕ ਕਿ ਉਹ ਆਪਣੇ ਮੰਡਲ ਦਾ ਕੇਂਦ੍ਰ ਕਿਸੇ ਅਵਤਾਰੀ ਵਜਕਤੀ ਨੂੰ ਨਾ ਬਣਾ ਲੈਣ। ਬਾਬੇ ਨੇ ਕਿਹਾ ਹੈ:-

ਜੋਗੀ ਜੋਗ ਸਾਧਜਤ ਅਰਾਧਜਤ ਭਗਤਿ ਭਾਵ ਗਯਾਨੀ ਗਯਾਨ ਗੋਯ ਗੂਢ ਤ੍ਰਿਕੁਟੀ ਬਿਥਰੇ ਹੈਂ॥
ਸੋਊ ਪ੍ਰਭ ਸ੍ਰੀ ਮੁਰਾਰਿ ਮਾਨੁਖ ਕੇ ਰੂਪ ਧਾਰ ਦਸਰਥ ਘਰ ਆਜ ਆਂਗਨ ਬਿਚਰੈ ਹੈਂ॥ ੪੨॥
[ਕਾਹਨ ਸਿੰਘ

ਸ਼ੁਰੂ ਵਿਚ ਬਾਬੇ ਦੀ ਸ਼ਰਧਾ ਇਸੇ ਪ੍ਰਕਾਰ ਦੀ ਸੀ, ਉਸ ਨੇ ਬਿਲਕੁਲ ਸਾਫ ਸਾਫ ਕਿਹਾ ਹੈ:-

ਭੂਮ ਭਾਰ ਹਰਨ ਕਰਨ ਸੁਖ ਸੁਰ ਸਾਧ ਪ੍ਰਗਟੇ ਪੁਰਾਨ ਪਰ ਪੂਰਨ ਦਯਾਲ ਲਾਲ॥ .....
ਕਹੈ ਕਵਿ ਗਯਾਨਸਿੰਘ ਜਸ ਰਘੁਨਾਥ ਜੀ ਕੋ ਕਰਤ ਡੰਡੋਤ ਅਰਨਜਾਵਤ ਹੈ ਨਿਜ ਭਾਲ॥ ੪੫

ਪਰ ਇਹ ਬਾਬੇ ਦੇ ਮੁੱਢਲੇ ਖਿਆਲ ਸਨ। ਅੱਗੇ ਚਲਕੇ ਉਸ ਦੇ ਸਾਧਨ-ਮੰਡਲ ਵਿਚ ਵਟਾਉ ਆ ਗਿਆ ਸੀ, ਉਸ ਮੰਡਲ ਦੇ 'ਕੇਂਦ੍ਰ' ਵਿਚ ਵੀ ਫਰਕ ਪੈ ਗਿਆ ਸੀ। ਉਹ ਰਾਮ ਨੂੰ ਦਰਬਾਰ ਸਾਹਿਬ ਦੇ ਸਰੋਵਰ ਵਿਚ ਅਸ਼ਨਾਨ ਕਰਾਉਣਾ ਚਾਹੁੰਦੇ ਸਨ। ਰਾਮ ਦੇ ਦਰਸ਼ਨ ਅੰਮ੍ਰਿਤ ਤਲਾਬ ਦੇ ਕੰਢੇ ਉਪਰ ਕਰਨਾ ਚਾਹੁੰਦੇ ਸਨ:-

ਸੋ ਤੁਮ ਹੋ ਪ੍ਰਗਟੇ ਕੁਲ ਸੂਰਜ ਸੂਰ ਸ਼ਿਰੋਮਣ ਪ੍ਰਾਣ ਪਯਾਰੇ.....
ਚਾਹਤ ਹੈ ਪਿਖਿਬੋ ਤਿਹ ਕੋ ਯਹ ਸੁਧਾ ਸਰੋਵਰ ਤੀਰ ਮੰਝਾਰੇ॥੧੮॥

ਇਨ੍ਹਾਂ ਖਿਆਲਾਂ ਵਿਚ ਹੋਰ ਕੀ ਤਬਦੀਲੀ ਆਈ, ਕਿਸ ਤਰ੍ਹਾਂ ਆਈ ਅਤੇ ਅੰਤ ਵਿਚ ਉਸ ਦੀ ਆਤਮਿਕ ਦ੍ਰਿਸ਼ਟੀ ਕਿਸ ਅਵਸਥਾ ਤਕ ਅੱਪੜੀ? ਇਹ ਹੈ ਮੋਟੀ ਜਿਹੀ ਗਲ ਜਿਸਦੀ ਟੋਹ ਬਾਬੇ ਦੇ ਜੀਵਨ ਪੰਧ ਤੋਂ ਲੱਗਦੀ ਹੈ।

ਅਸੀਂ ਉਪਰ ਕਹਿ ਆਏ ਹਾਂ ਕਿ ਬਾਬੇ ਦੀ ਸਾਰੀ ਜ਼ਿੰਦਗੀ ਰੂਹਾਨੀ ਤਜਰਬਿਆਂ ਦੀ ਘਾੜਤ ਦੀ ਸੀ। ਉਸ ਦੀ ਜੀਵਨ ਕਥਾ ਵਿਚ ਸਾਨੂੰ ਝਲਕਾਰਾ ਮਿਲਦਾ ਹੈ ਉਨ੍ਹਾਂ ਸਾਧਨਾਂ ਦਾ ਜੋ ਆਤਮਿਕ ਉੱਨਤੀ ਦੇ ਮਾਰਗ ਉੱਪਰ ਚੱਲਣ ਵਾਲੇ ਇਕਾਂਤ ਵਾਸੀ ਜਗਿਆਸੂ ਲਈ ਪਤੇ ਦੇ ਨਿਸ਼ਾਨ ਛਡ ਗਏ ਹਨ। ਨਾਲ ਹੀ ਨਾਲ ਸਾਨੂੰ ਫਿਲਾਸਫੀ ਦੇ ਇਕ ਨਵੀਨ ਮਸਲੇ ਦਾ ਪਤਾ ਲੱਗਣਾ ਹੈ, ਜੋ ਉਸਦੀ ਕਾਢ ਸੀ ਤੇ ਜਿਸਨੂੰ ਉਹ 'ਗੁਣ ਭੇਦ' ਫਿਲਸਫਾ ਕਹਿੰਦਾ ਹੁੰਦਾ ਸੀ।

---

*ਕਾਨ ਮ੍ਰਿਗਿੰਦ = ਬਾਬਾ ਕਾਹਨ ਸਿੰਘ।

Digitized by Panjab Digital Library | www.panjabdigilib.org

ਸੰਤ ਰਾਮ ਦਿਆਲ ਜੀ ਬੜੇ ਕਰਣੀ ਵਾਲੇ ਪੁਰਸ਼ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਆਪਦਾ ਸਰੀਰ ਹੈਗਾ ਸੀ। ਮਹਾਰਾਣੀ ਜਿੰਦ ਕੌਰ ਦਾ ਖਾਸ ਕਰਕੇ ਬੜਾ ਨਿਹਚਾ ਸੀ। ਅਪਣੀ ਕਿਸੇ ਮੁਰਾਦ ਪੂਰੀ ਹੋਣ ਤੇ ਰਾਣੀ ਜਿੰਦ ਕੌਰ ਇਕ ਵੇਰ ਗੱਡਾ ਲਡੂਆਂ ਦਾ ਤੇ ਇੱਕੀ ਹਜ਼ਾਰ ਦੀ ਜਾਗੀਰ ਲੈਕੇ ਹਾਜ਼ਰ ਹੋਈ ਜੋ ਆਪ ਨੇ ਪਰਵਾਨ ਨ ਕੀਤੀ। ਜਗੀਰ ਬ੍ਰਹਮ ਬੂਟੇ ਦੇ ਅਖਾੜੇ ਨਾਲ ਲਾ ਦਿੱਤੀ ਗਈ।

ਰਾਜ ਘਰਾਣੇ ਨਾਲ ਤਅੱਲਕ ਹੋਣ ਤੇ ਵੀ ਸੰਤਾਂ ਦੀ ਤਬੀਅਤ ਪਰਮ ਤਿਆਗ ਵਿਚ ਰਹੀ ਹੈ। ਸੰਤਾਂ ਨੂੰ ਨਾਂ ਜ਼ਮੀਨਾਂ ਦੀ ਤੇ ਨਾ ਜਗੀਰਾਂ ਦੀ ਕੋਈ ਲੋੜ ਸੀ। ਉਨ੍ਹਾਂ ਅਪਣੇ ਟਿਕਣ ਲਈ ਇਕ ਨਿੱਕੀ ਜੇਹੀ ਕੁਟੀਆ ਸ਼ਮਸ਼ਾਨ ਭੂਮਿ ਦੇ ਨਾਲ ਬਣਵਾਈ ਹੋਈ ਸੀ* । ਏਸ ਭਜਾਨਕ ਟਿਕਾਣੇ ਉੱਪਰ ਨਿਵਾਸ ਅਸਥਾਨ,ਹਰਮਿਲਣ ਵਾਲੇ ਪ੍ਰਾਣੀ ਲਈ,ਸੰਕੇਤਕ ਉਪਦੇਸ਼ਇਹਦਿਸਦੇ ਸੰਸਾਰਦੀ ਅਨਸਥਿਰਤਾਦਾਸੀ।

ਸੰਤਾਂ ਨੂੰ ਬਾਰਾਂ ਵਰ੍ਹਿਆਂ ਪਿਛੋਂ ਮਿਲਕੇ ਬਾਬਾ ਜੀ ਦੀ ਤਬੀਅਤ ਬਹੁਤ ਪ੍ਰਸੰਨ ਹੋਈ। ਸੰਤ ਵੀ ਇਨ੍ਹਾਂ ਦੀ ਕਰਣੀ ਅਤੇ ਧਾਰਨਾ ਦੇਖਕੇ ਅਤਿ ਗਦਗਦ ਹੋਏ। ਸੰਤਾਂ ਨੇ ਆਤਮ ਜੀਵਨ ਦਾ ਇਕ ਕਿਣਕਾ ਮਾਤ੍ਰ ਦਾਨ ਕੀਤਾ ਸੀ, ਜੋ ਇਨ੍ਹਾਂ ਆਪਣੇ ਅੰਦਰ ਲੁਕਾ ਲਿਆ ਸੀ। ਇਹ ਕਿਣਕਾ ਜੜ ਚੀਜ਼ ਨਹੀਂ ਸੀ, ਇਹ ਸੱਜੀਵ ਬੀਜ ਸੀ, ਇਸ ਨੂੰ ਦਿਲ ਦੀ ਧਰਤੀ ਅੰਦਰ ਲੁਕਾਉਣਾ ਹੀ ਇਸਨੂੰ ਪ੍ਰਗਟ ਕਰਨਾ ਸੀ:-

ਦਾਨਾ ਚੂੰ ਅੰਦਰ ਜ਼ਮੀਂ ਪਿਨਹਾਂ ਸ਼ਵਦ। ਸਰੇ ਓ ਸਰਸਬਜ਼ਿਯੇ ਬੁਸਤਾਂ ਸ਼ਵਦ ।। [ਮੌਲਾਣਾ ਰੂਮ

ਅਰਥਾਤ -ਬੀਜ ਜਦ ਪ੍ਰਿਥਵੀ ਦੇ ਅੰਦਰ ਛੁਪਦਾ ਹੈ ਤਾਂ ਬਗ਼ੀਚਿਆਂ ਦੀ ਸਰਸਬਜ਼ੀ ਦਾ ਕਾਰਨ ਹੁੰਦਾਹੈ।

ਸੰਤ ਬਹੁਤ ਖੁਸ਼ ਸਨ ਕਿ ਅਪਣੇ ਹੱਥੀਂ ਲਾਇਆ ਹੋਇਆ ਬੂਟਾ ਵਿਕਾਸ਼ ਦੇ ਪੂਰਣ ਜੋਬਨ ਵਿਚ ਨਿਕਲ ਤੁਰਿਆ ਹੈ। ਇਹ ਹਨੇਰੀਆਂ ਮੀਂਹ ਝੱਖੜ, ਧੁਪਾਂ, ਕੱਕਰ ਸਭ ਸਹਿ ਗਿਆ ਹੈ ਤੇ ਹੁਣ ਆਪਣੀ ਜੜ ਦੇ ਆਸਰੇ ਅਟੰਕ ਖੜਾ ਹੈ।

ਸੰਤ ਰਾਮ ਦਿਆਲ ਜੀ ਭਾਈ ਅੱਡਣ ਸ਼ਾਹ ਦੀ ਸੰਪ੍ਰਦਾਇ ਵਿਚੋਂ ਹੋਏ ਹਨ। ਭਾਈ ਅੱਡਣ ਸ਼ਾਹ ਦੇ ਪਿਛੋਂ ਉਨ੍ਹਾਂ ਦੇ ਚੇਲੇ ਭਾਈ ਦਯਾ ਰਾਮ ਜੀ ਤੇ ਉਨ੍ਹਾਂ ਤੋਂ ਬਾਦ ਭਾਈ ਮੋਤੀ ਰਾਮ ਜੀ ਹੋਏ ਹਨ, ਇਸ ਤੋਂ ਅਗੇ ਫੇਰ ਸੰਤ ਰਾਮ ਦਿਆਲ ਜੀ ਦਾ ਨਾਮ ਹੈ।

> ਸੰਤ ਰਾਮ ਦਿਆਲ ਜੀ "ਮਹਾਂ ਸ਼ਾਂਤਿ ਮੂਰਤਿ ਅਰ ਪਰਉਪਕਾਰੀ ਭਏ ਹੈਂ। ਸੋ ਕੈਸੇ ਭਏ ਹੈਂ ਪ੍ਰਿਥਮੇ ਕੇਤਾ ਕਾਲ ਭਾਈ ਕਰਮ ਸਿੰਘ ਦੁਲੋ ਜੀ ਕਹੀਤਾ ਥਾ, ਤਿਨਕੇ ਸਾਥ ਮਿਲ ਕਰ ਪਰਦੇਸੀਆਂ ਕੀ ਟਹਿਲ ਕਰਤੇ ਰਹੇ। ਅਰ ਚੱਕੀ ਪੀਸ ਕੇ ਭੀ ਗਰੀਬਾਂ ਅਥਿਤਾਂ ਕੀ ਟਹਿਲ ਕਰਹਿਂ। ਬਹੁਤ ਕਾਲ ਐਸੀ ਟਹਲ ਰੂਪ ਤਪ ਕਰਤੇ ਰਹੇ, ਅਰ ਸਰੀਰ ਪਰ ਸੰਜਮ ਰੂਪੀ ਤਪ ਕਰਤੇ ਰਹੇ।" [ਸ੍ਰੀ ਸੰਤ ਰਤਨ ਮਾਲ

ਸੰਤ ਰਾਮ ਦਿਆਲ ਜੀ ਵੈਰਾਗ ਪ੍ਰੇਮ ਅਤੇ ਸੇਵਾ ਦੀ ਅਦੁਤੀ ਮੂਰਤਿ ਸਨ। ਉਨ੍ਹਾਲ ਸਿਆਲ

---

*ਚਾਟੀਵਿੰਡ ਦਰਵਾਜ਼ੇ ਵਾਲੇ ਮਸਾਣਾਂ ਦੀ ਥਾਂ ਉਨ੍ਹਾਂ ਦਿਨਾਂ ਵਿਚ ਓਥੇ ਹੁੰਦੀ ਸੀ ਜਿਥੇ ਹੁਣ ਠਾਕਰਾਂ ਦਾ ਡੇਰਾ ਹੈ, ਜਿਸ ਡੇਰੇ ਦੀ ਗੱਦੀ ਇਸ ਪ੍ਰਕਾਰ ਟੁਰੀ:-ਭਾਈ ਰਾਮ ਦਿਆਲ ਜੀ, ਉਨ੍ਹਾਂ ਦੇ ਚੇਲੇ ਠਾਕਰ ਦਿਆਲ ਸਿੰਘ ਜੀ: ਉਨ੍ਹਾਂ ਦੇ ਚੇਲੇ ਦੇ, ਸੰਤ ਗੁਲਾਬ ਸਿੰਘ ਜੀ ਤੇ ਸੰਤ ਭਗਤ ਸਿੰਘ ਜੀ, ਠਾਕਰ ਦਿਆਲ ਸਿੰਘ ਜੀ ਦੇ ਪਿਛੋਂ ਸੰਤ ਗੁਲਾਬ ਸਿੰਘ ਜੀ ਦੇ ਸਾਲ ਗੱਦੀ ਤੇ ਬੈਠੇ। ਸੰਤ ਗੁਲਾਬ ਸਿੰਘ ਜੀ ਚੌ ਸਾਲ ਬਾਦ ਚੜ੍ਹ ਗਏ, ਫਿਰ ਸੰਤ ਭਗਤ ਸਿੰਘ ਜੀ ਗੱਦੀ ਤੇ ਬੈਠੇ। ਸੰਤ ਭਗਤ ਸਿੰਘ ਜੀ ਦੇ ਪਿਛੋਂ ਸੰਤ ਸੁਵਾਲਾ ਸਿੰਘ ਤੇ ਪਿਛੋਂ ਸੰਤ ਕਿਸ਼ਨ ਸਿੰਘ, ਸੰਤ ਕਿਸ਼ਨ ਸਿੰਘ ਜੀ ਦੇਚੇਲੇ ਸੰਤ ਜੀਵਨ ਸਿੰਘ ਜੀ ਜੋ ਹੁਣ ਮੌਜੂਦ ਹਨ।

Digitized by Panjab Digital Library | www.panjabdigilib.org

ਆਪਦੈ ਤਨ ਦਾ ਬਸਤ੍ਰ ਇਕ ਖੁੱਲ੍ਹਾ ਤੇ ਡੁੱਲ੍ਹਾ ਕੰਬਲ ਹੁੰਦਾ ਸੀ। ਬੋਲਦੇ ਬਹੁਤ ਘੱਟ ਸਨ, ਸ਼ੁਰੂ ਸ਼ੁਰੂ ਵਿਚ ਮੰਗੀ ਹੋਈ ਰੋਟੀ ਉਪਰ ਆਪ ਦਾ ਗੁਜ਼ਾਰਾ ਨਹੀਂ ਸੀ; ਪੰਡਾਂ ਢੋਕੇ ਮਜ਼ੂਰੀ ਕਰਨੀ, ਅਟੁੱਟ ਪ੍ਰੇਮ-ਸੇਵਾ ਵਿਚ ਮਗਨ ਰਹਿਣਾ* ਇਹ ਆਪ ਦਾ ਤ੍ਰੀਕਾ ਸੀ।

ਪਹਿਲੀਆਂ ਵਿਚ ਸੰਤ ਰਾਮ ਦਿਆਲ ਦੀ ਤਬੀਅਤ ਫਿਰ ਟੁਰਕੇ ਸੇਵਾ ਕਰਦੇ ਰਹਿਣ ਦੀ ਸੀ। ਆਖ਼ਰ ਭਾਈ ਕਰਮ ਸਿੰਘ ਦੂਲੇ ਦੀ ਮਦਦ ਨਾਲ ਅੰਮ੍ਰਿਤਸਰ ਵਿਚ ਆਪਣੇ ਰਹਿਣ ਦਾ ਟਿਕਾਣਾ ਇਕ ਡੇਰੇ ਦੀ ਸ਼ਕਲ ਦਾ ਬਣਾ ਲਿਆ†, ਜਿਸਦਾ ਫ਼ਿਕਰ ਅਸੀਂ ਪਿੱਛੇ ਕਰ ਆਏ ਹਾਂ।

ਫਿਰਨ ਤੁਰਨ ਵਾਲੀਆਂ ਤਬੀਅਤਾਂ ਨੂੰ ਕਿਸੇ ਇਕ ਥਾਂ ਤੇ ਬੈਠਣਾ ਬੜਾ ਮੁਸ਼ਕਲ ਹੋ ਜਾਂਦਾ ਹੈ। ਡੇਰੇ ਵਿਚ ਰਹਿਕੇ ਸੰਤਾਂ ਦਾ ਦਿਲ ਕਾਹਲਾ ਪੈਂਦਾ ਰਿਹਾ, ਡੇਰੇ ਵਿਚ ਰਹਿਣ ਲਈ ਲੋੜ ਸੀ ਇਕ ਡੇਰੇਦਾਰ ਦੀ ਬ੍ਰਿਤੀ ਦੀ, ਜਿਸ ਦਾ ਸੰਤਾਂ ਵਿਚ ਘਾਟਾ ਸੀ।

> "ਸੰਤ ਬਹੁਤ ਵੇਰ ਬਨ ਕੋ ਨਿਕਸ ਜਾਵਹਿਂ। ਤਬ ਕੇਤੇ ਦਿਨ ਜੰਗਲ ਮੇਂ ਹੀ ਗੁਜ਼ਰ ਜਾਵਹਿਂ। ਇਸ ਪ੍ਰਕਾਰ ਮਹਾਂ ਤਪ ਧਾਰ ਰਹੈਂ। ਬਹੁਰਿ ਕਬੀ ਸਾਗ ਜਿਹੜਾ ਲੋਗ ਡਾਰ ਦੇਵਹਿਂ ਸੋਈ ਲੈਕੇ ਉਬਾਲ ਲੇਵਹਿਂ, ਬਹੁਤ ਕਾਲ ਬੀਤਿਆ ਐਸੇ ਹੀ‡।"

ਜਿਨ੍ਹਾਂ ਦਿਨਾਂ ਵਿਚ ਬਾਬਾ ਜੀ ਅੰਮ੍ਰਿਤਸਰ ਆਏ ਹਨ ਤਾਂ ਸੰਤ ਆਪ ਵੀ ਇਕ ਜੰਗਲ ਦਾ ਚੱਕਰ ਕੱਟਕੇ ਆਏ ਸਨ। ਬਾਬੇ ਨੂੰ ਆਇਆ ਅਜੇ ਥੋੜੇ ਕੁ ਦਿਨ ਹੀ ਹੋਏ ਸਨ, ਅਜੇ ਮਿਲਨ ਦੀ ਭੁੱਖ ਵੀ ਨਹੀਂ ਲੱਥੀ ਸੀ ਕਿ ਸੰਤਾਂ ਨੇ ਫਿਰਦੇ ਤੁਰਦੇ ਰਹਿਣ ਦਾ ਹੁਕਮ ਦਿੱਤਾ। ਸੰਤਾਂ ਨੇ ਆਪ ਮੋਨਬ੍ਰਤ ਧਾਰ ਲੀਤਾ। ਇਕ ਕੋਠੜੀ ਵਿਚ ਚੁਪ ਚਾਪ ਬੈਠ ਗਏ। ਤਬੀਅਤ ਆਪਣੇ ਰਸ ਦੇ ਸਰੂਰ ਵਿਚ ਮਗਨ ਹੋ ਗਈ§।

ਬਾਬੇ ਨੇ ਬੰਦ ਕੋਠੜੀ ਨੂੰ ਹੀ ਨਮਸਕਾਰ ਕਰਕੇ ਬਾਹਿਰ ਦਾ ਰਾਹ ਫੜਿਆ।

ਬਾਬੇ ਦੇ ਪਿਛਲੇ ਬਾਰਾਂ ਵਰ੍ਹੇ ਤਾਂ ਕਠਨ ਤਪੱਸਯਾ ਦੇ ਸਨ ਤੇ ਘੋਰ ਜੰਗਲਾਂ ਵਿਚ ਲੰਘੇ। ਐਤਕੀਂ ਦੀ ਲੰਮੀ ਫੇਰੀ ਬਸਤੀਆਂ ਦੇ ਨਜ਼ਦੀਕ ਦੀ ਸੀ। ਸੋ ਬਹੁਤ ਸਾਰੇ ਡੇਰੇ, ਹਰ ਕਿਸਮ ਦੇ ਭੇਖ ਅਸਥਾਨ ਤੇ ਤੀਰਥ ਆਦਿਕ ਦੇਖੇ। ਕਈ ਕਈ ਟਿਕਾਣਿਆਂ ਉਪਰ ਕੁਛ ਚਿਰ ਦੇਰ ਤਕ ਟਿਕੇ ਰਹੇ। ਸ਼ੁਭ ਅਸ਼ੁਭ ਆਚਰਨ ਵਾਲੇ ਸਾਧ ਸੰਤ ਦ੍ਰਿਸ਼ਟੀ ਗੋਚਰ ਹੁੰਦੇ ਰਹੇ। ਇਕ ਦਿਨ ਇਕ ਧਰਮਸਾਲਾ ਵਿਚ ਇਕ ਸਾਧਨੂੰ ਖੂਬ ਪੇਟ ਭਰਕੇ ਖਾਂਦਿਆਂ ਦੇਖ ਆਪ ਨੂੰ ਇਸ ਪ੍ਰਕਾਰ ਦਾ ਕਾਵਯ ਵਿਚਾਰ ਉਠਿਆ:-

> ਅੰਬ ਸਵਾ ਸੈ ਚੂਸ ਕੇਲੇ ਸੋ ਸੱਠ ਮੁਕਾਏ। ਖਖੜੀ ਕਈ ਹਜ਼ਾਰ ਖੀਰਜੋਂ ਕੇ ਖੇਤ ਨਪਾਏ।
> ਲਡੂ ਪੇੜੇ ਖਾਇ ਖੋਨਚੇ ਖਾਲੀ ਕੀਏ। ਦਹੀ ਕਟੋਰੇ ਬੀਸ ਘੜੇ ਦੋ ਰਸ ਕੇ ਪੀਏ।

ਦਿਨ ਬੀਤਜੋ ਇਹ ਭਾਂਤ ਸੰਤ ਸੁਨੋ ਏਕਾਦਸ਼ੀ। ਰੈਨ ਸਬਰ ਕਰ ਸੋ ਰਹੇ ਭੋਰ ਹੋਇਗੀ ਦ੍ਵਾਦਸ਼ੀ।

ਇਨ੍ਹਾਂ ਡੇਰਿਆਂ ਵਿਚ ਫਿਰਦਿਆਂ ਤੁਰਦਿਆਂ ਆਪਨੂੰ ਜਿਥੇ ਕੋਈ ਕੰਮ ਦਾ ਪੁਸਤਕ ਮਿਲ

---

*ਤਨ ਪਰ ਧਾਰਾ ਜਿਨ ਵੈਰਾਗ ॥ ਜਿਨਕੋ ਜਾਗੀ ਅਤਿਸੈ ਭਾਗ॥ ਉਪਰ ਕੁਰਾ ਧਾਰਨ ਕੀਨ ॥ ਮਨ ਮਧ ਜਾਕੀ ਪ੍ਰੀਤ ਨਵੀਨ ॥ ਰਹੈਂ ਮਸਤ ਨਹ ਬੋਲਹਿਂ ਬੋਲ ॥ ਜਾਨਤ ਭਗਵਤ ਅਪਨੇ ਕੋਲ ॥ਦੋਹਰਾ॥ਸਾਹੀਵਾਲੇ ਆਤ ਭੇ ਮਿਲ ਸਾਧਨ ਹਰਖਾਇ ॥ ਦੂਲੇ ਭਾਈ ਕਰਮ ਸਿੰਘ ਤਿਨ ਸੰਗ ਪ੍ਰੀਤ ਮਹਾਇ ॥ ਚੌਪਈ ॥ ਦੋਨੋਂ ਮਿਲਕੈ ਕਹੈਂ ਕਮਾਈ ॥ ਸੂਪੰ ਰੋਟੀ ਰਖੈਂ ਪਕਾਈ ॥ ਪਿਖ ਨਿਰਧਨ ਕੋ ਮੁਖ ਮੈਂ ਪਾਵੈਂ॥ ਪੁਨਾ ਕਮਾਈ ਕਰਨੈ ਜਾਵੈਂ ॥ ਛਾਈ ਕਰਨੀ ਪੇਟ ਉਠਾਵਨ ॥ ਸਿਲਾ ਸੁ ਬੀਨਨ ਅੰਨ ਲਿਆਵਨ ॥ ਪਾਣੀ ਭਰਨਾ ਟਿਵਾ ਕਰਨੀ ॥ ਆਠ ਜਾਮ ਗੁਰਬਾਣੀ ਪਠਨੀ॥ ਹਰ ਹਿਤ ਟਿਵਾ ਕਹੈਂ ਬਠਾਈ ॥ ਔਰ ਇਛ ਨਹਿਂ ਮਨ ਮਧ ਰਾਈ ॥

ਨੋਟ—ਇਹ ਪਾਠ ਪੋਥੀ ਭਾਈ ਸੋਭਾ ਰਾਮ ਰਚਿਤ ਵਿਚੋਂ ਹੈ। ਪੁਸਤਕ ਹਸਤ ਲਿਖਤ ਚੱਕ ਮੁਸੇ ਵਿਚ ਹੈ।

†ਸੁਧਾ ਸਰੋਵਰ ਆਇ ਬਿਰਾਨੇ। ਰਚੇ ਧਰਮਸਾਲ ਜੁਗ ਥਾਨੇ। [ਸੋਭਾ ਰਾਮ

‡ਸ੍ਰੀ ਸੰਤ ਰਤਨ ਮਾਲ, ਭਾਲ ਚੰਦ।

§ਸੋਰਠਾ— ਭਈ ਰਾਮ ਦਿਆਲ, ਮੌਨ ਲੀਨੀ ਧਾਰ ਦਰ।
ਪ੍ਰੇਮ ਖੁਮਾਰੀ ਆਹਿ, ਠਿਸ ਦਿਨ ਧਰਠੀ ਪਰ ਪਰੈ। [ਸੋਭਾ ਰਾਮ

Digitized by Panjab Digital Library | www.panjabdigilib.org

ਪਿਆ ਉਸਨੂੰ ਪੜ੍ਹਕੇ ਘੋਖਦੇ ਰਹੇ। ਪੁਸਤਕ ਆਪ ਕਈ ਨਕਲ ਕਰਨਾ ਚਾਹੁੰਦੇ ਸਨ, ਪਰ ਕਾਗਤ ਦੀ ਬੜੀ ਕਿੱਲਤ ਸੀ। ਕਾਗਜ਼ ਬੜਾ ਮਹਿੰਗਾ ਸੀ ਤੇ ਕਿਸੇ ਛੋਟੀ ਮੋਟੀ ਥਾਂ ਉਤੇ ਮਿਲਦਾ ਵੀ ਨਹੀਂ ਸੀ। ਪੁਸਤਕਾਂ ਦਾ ਸ਼ੌਕ ਇਤਨਾ ਜ਼ਬਰਦਸਤ ਸੀ ਕਿ ਉਹ ਕਿਸੇ ਤਰ੍ਹਾਂ ਹਟ ਨਹੀਂ ਸਕਦਾ ਸੀ, ਇਸ ਕਰਕੇ ਜਿਥੇ ਵੀ ਕੋਈ ਬੰਦੋਬਸਤ ਕਾਗਜ਼ ਦਾ ਕਰ ਸਕੇ ਆਪ ਪੁਸਤਕਾਂ ਦੇ ਉਤਾਰੇ ਕਰਨ ਲਗ ਪਏ। ਇਨ੍ਹਾਂ ਦਿਨਾਂ ਵਿਚ ਹੀ ਆਪ ਨੇ ਸੰਸਕ੍ਰਿਤ ਦੇ ਮਸ਼ਹੂਰ ਵਯਾਕਰਣ 'ਸਿਧਾਂਤ ਕੌਮਦੀ' ਦਾ ਉਤਾਰਾ ਕੀਤਾ, ਜਿਸ ਗ੍ਰੰਥ ਦੇ ਕੁਛ ਅਖੀਰਲੇ ਪੱਤ੍ਰੇ ਆਪਦੇ ਹਸਤ ਲਿਖਤ ਅਜੇ ਤਕ ਮੌਜੂਦ ਹਨ। ਪੰਜਾਬ ਵਿਚ ਅਜੇ ਕੋਈ ਛਪੀ ਹੋਈ ਪੁਸਤਕ ਨਹੀਂ ਸੀ ਮਿਲਦੀ, ਕਲਕੱਤੇ ਵਿਚ ਚਾਹੇ ਕਿਤਾਬਾਂ ਛਾਪਣ ਲਈ ਟਾਈਪ ਢਲ ਚੁਕੇ ਸਨ ਤੇ ਸੰਸਕ੍ਰਿਤ ਦੀ ਗ੍ਰਾਮਰ—ਜੋ ਖਿਆਲ ਕੀਤਾ ਜਾਂਦਾ ਹੈ ਹਿੰਦ ਵਿਚ ਸਭ ਤੋਂ ਪਹਿਲੇ ਛਪੀਆਂ ਪੁਸਤਕਾਂ ਵਿਚੋਂ ਇਕ ਸੀ—ਪ੍ਰਕਾਸ਼ਤ ਹੋ ਚੁਕੀ ਸੀ*।

ਇਕ ਡੇਰੇ ਵਿਚੋਂ ਆਪਨੂੰ ਪੁਸਤਕ ਗਿਆਨ ਸਰੋਦਯ ਨਾਮ ਦੀ ਮਿਲੀ। ਸ੍ਰੀ ਉਦਯ ਵਿਸ਼ਯ ਉਪਰ ਪੁਸਤਕਾਂ ਅਨੇਕਾਂ ਹਨ। ਕੋਈ ਪੁਸਤਕ ਸ਼ਿਵਜੀ† ਦੇ ਨਾਮ ਉੱਪਰ ਬਣੀ ਹੈ, ਕੋਈ ਗੋਰਖ ਦੀ ਤੇ ਕੋਈ ਕਿਸੇ ਹੋਰ ਕਰਤੇ ਦੇ ਨਾਮ ਹੇਠ ਹੈ।

ਗੋਰਖ ਦੇ ਹਠ ਯੋਗ ਦੇ ਸਮੇਂ ਦੇ ਨਾਲ ਹੀ ਇਕ ਜ਼ਮਾਨਾ ਐਸਾ ਲੰਘਿਆ ਹੈ ਜਦੋਂ ਸ੍ਰੀ ਦਾ ਅਭਿਆਸ ਜਗਜਾਸੂਆਂ ਦਾ ਮੁੱਖ ਸਾਧਨ ਹੁੰਦਾ ਸੀ। ਸਾਹ ਖੱਬੀ ਨਾਸ ਵਿਚੋਂ ਚਲ ਰਿਹਾ ਹੈ ਜਾਂ ਸੱਜੀ ਵਿਚੋਂ ਅਤੇ ਕਿਸ ਨਾਸ ਦੇ ਚਲਦਿਆਂ ਕਿਹੜਾ ਕੰਮ ਕਰਨਾ ਹੈ; ਏਸ ਪ੍ਰਕਾਰ ਦੇ ਵਿਚਾਰ ਅਤੇ ਸੰਜਮ ਆਦਿਕ ਪ੍ਰਚਲਤ ਸਨ।

ਪਰ ਇਹ ਪੁਸਤਕ ਜੋ ਬਾਬੇ ਹੱਥ ਆਈ ਕਿਸੇ ਨੇ ਗੁਰੂ ਨਾਨਕ ਦੇ ਨਾਮ ਹੇਠ ਬਣਾਈ ਹੋਈ ਸੀ, ਜਿਸ ਤਰ੍ਹਾਂ ਪ੍ਰਾਣ ਸੰਗਲੀ ਗੁਰੂ ਨਾਨਕ ਸਾਹਿਬ ਦੀ ਬਣਾਈ ਦੱਸੀ ਜਾਂਦੀ ਰਹੀ ਹੈ। ਉਸੇ ਢਬ ਦੀ ਇਹ ਦੂਜੀ ਪੁਸਤਕ ਹੈ ਜਿਸ ਦਾ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜੋੜੀ ਜਾਂਦੀ ਹੈ। ਆਪ ਨੇ ਇਹ ਪੁਸਤਕ ਨਕਲ ਨਹੀਂ ਕੀਤੀ। ਉਸੇ ਤਰ੍ਹਾਂ ਹੀ ਇਕ ਡੇਰੇ ਵਿਚੋਂ ਮਹੰਤ ਪਾਸੋਂ ਲੈਕੇ ਆਪਣੇ ਸੰਚਯ ਵਿਚ ਰੱਖ ਲੀਤੀ। ਫਰਜ਼ੀ ਕਰਤੇ ਦਾ ਨਾਮ ਅਖੀਰ ਉੱਪਰ ਇਸ ਤਰ੍ਹਾਂ ਆਉਂਦਾ ਹੈ:—

ਤਲਵੰਡੀ ਮੇਰਾ ਜਨਮ, ਨਾਉ ਨਾਨਕ ਬਖਾਨੋ। ਕਾਲੂ ਕੋ ਸੁਤ ਜਾਤ, ਜਾਤ ਬੇਦੀ ਪਹਿਚਾਨੋ।
ਬਾਲ ਅਵਸਥਾਮਾਂਹਿ ਬਹੁਰਮੋ ਭਉਨੋ ਲਾਗਿਓ।ਗੁਰੂਮਿਲੇ ਜਗਦੀਸ ਨਾਮਨਾਨਕ ਕਰ ਥਾਪਿਓ।
ਜੋਗ ਜੁਗਤਿ ਹਰਿ ਭਗਤਿ ਕਰਿ ਬ੍ਰਹਮ ਗਜਾਨ ਦ੍ਰਿੜ ਕਰ ਗਹੋ।
ਆਤਮ ਤੱਤ ਵਿਚਾਰ ਕੈ ਅਜਪਾਸੋ ਮਨ ਸਮ ਰਹੋ॥

ਇਤਿ ਸ੍ਰੀ ਗਜਾਨ ਸਰੋਦੇ ਮਾਲਾ ਮੰਤ੍ਰੇ ਸ੍ਰੀ ਨਾਨਕ ਦਾਸ ਜੀ ਕ੍ਰਿਤ ਗ੍ਰੰਥ ਸਪੂਰਣ ਸਮਾਪਤੰਗ॥
ਪੜੰਤੇਸੁਣੰਤੇ ਬਿਚਾਰਤੇਕਮਾਵਤੇ ਮੋਖਮੁਕਤ ਲਹੰਤੇ॥ਸ੍ਰੀਗੁਰੂਜੀਕੇ ਚਰਨਪਾਦਕਾ ਨਮਸਤੇਨਮਸਤੇ॥

ਵਿਚ ਵਿਚ ਇਸ ਕਿਸਮ ਦੇ ਛੰਦ ਭੀ ਹਨ।

ਭੇਦ ਸਰੋਦੇ ਬਹੁਤ ਹੈ ਸੂਛਮ ਕਹੇ ਬਨਾਇ॥

---

*ਇੰਗ੍ਲਸਤਾਨ ਵਿਚ ਦੋ ਠਾਕਰੀ ਅੱਖਰਾਂ ਵਿਚ ਸੰਸਕ੍ਰਿਤ ਕਿਤਾਬਾਂ ਛਾਪਣ ਦਾ ਟਾਈਪ ਸੰਨ ੧੭੮੭ ਈ: ਦੇ ਲਗ ਪਗ ਤਿਆਰ ਹੋ ਗਿਆ ਸੀ। ਅੰਗ੍ਰੇਜ਼ੀ ਅੱਖਰਾਂ ਵਿਚ ਸੰਸਕ੍ਰਿਤ ਦੀ ਗ੍ਰਾਮਰ ਸੰਨ ੧੭੭੮ ਈ: ਵਿਚ ਹੁਗਲੀ ਵਿਖੇ ਛਾਪੀ ਗਈ ਸੀ। ਇਸਦੀ ਭੂਮਿਕਾ ਵਿਚ ਲਿਖਿਆ ਹੈ: —

"The advice and even the solicitation of the Governor General [Warren Hastings] prevailed upon Mr. Wilkins, a gentleman, who has been many years in the India company's civil service in Bengal, to undertake a set of Bengal types. He did, and his success has exceeded every expectation." [*Halhead's Sanskrit Grammar.*

†ਸ਼ਿਵਜੀ ਪਾਰਬਤੀ ਸੰਵਾਦ ਦੇ ਢੰਗ ਦੀ ਮਸ਼ਹੂਰ ਕਿਤਾਬ ਇਸ ਵਿਸ਼ਯ ਦੀ ਛਪੀ ਹੋਈ ਅਜ ਕਲ ਪ੍ਰਚਲਤ ਹੈ ਜੋ ਸੰਸਕ੍ਰਿਤ ਵਿਚ ਹੈ।

Digitized by Panjab Digital Library | www.panjabdigilib.org

ਤਾਕਉ ਸਮਝ ਬਿਚਾਰੀਐ ਅਪਨੋ ਮਨ ਚਿਤ ਲਾਇ॥੨੨੭॥
ਬਚਨ ਟਰੈ ਗਿਰਵਰ ਟਰੈ ਅਵਰ ਟਰੈ ਸੁਨਿ ਮੀਤ ॥
ਬਚਨ ਸਰੋਦੈ ਨਾ ਟਰੈ ਕਹੈ ਜੁ ਨਾਨਕ ਮੀਤ ॥੨੨੮॥
ਜਗਦੀਸ਼ ਗੁਰਕੀ ਦਇਆ ਸਿਉ ਸਾਧ ਦਇਆ ਸਿਉ ਜਾਨ॥
ਨਾਨਕ ਦਾਸ ਰਣਜੀਤ ਨੈ ਕਹਿਓ ਸਰੋਦੈ ਗਜਾਨ ॥੨੨੯॥

ਏਸ ਤਰ੍ਹਾਂ ਕਈ ਹੋਰ ਪੁਸਤਕਾਂ ਪ੍ਰਾਪਤ ਕੀਤੀਆਂ ਯਥਾ ਪਥਜਾਪੱਥ, ਨਿਰਘੰਟ, ਖੇਮ ਕੰਤੂਹਲ ਗ੍ਰੰਥ, ਬਾਰਾਮਾਂਹ ਸ੍ਰੀ ਰਾਮ ਚੰਦ ਆਦਿਕ। ਪਥਜਾਪਥ ਸੰਸਕ੍ਰਿਤ ਤੋਂ ਅਨੁਵਾਦ*ਹੈ ਤੇ ਵੈਦਕ ਪੁਸਤਕ ਹੈ।ਇਕ ਦੋਹਿਰਾ ਨਾਲ ਵੱਖਰਾ ਜੋ ਵਾਧੂ ਇਕ ਪਾਸੇ ਕਰਕੇ ਟਾਂਕਿਆ ਹੈ, ਮਲੂਮ ਹੁੰਦਾ ਹੈ ਬਾਬੇ ਨੇ ਆਪ ਬਣਾਕੇ ਵਿਚ ਰੱਖਿਆ ਹੈ। ਦੋਹਿਰਾ ਇਹ ਹੈ:—

ਕੁਸ਼ਟ ਮਾਸ, ਜੁਰ ਘ੍ਰਿਤ ਤਜੋ, ਸੂਲ ਰੋਗ ਮੇਂ ਦਾਲ।
ਅਤੀਸਾਰ ਗੇਹੂੰ ਤਜੇ, ਦ੍ਰਿਗ ਦੁਖ ਵਿਸ਼ਯਨ ਟਾਲ†।

ਨਿਰਘੰਟ ਵੀ ਵੈਦਕ ਪੁਸਤਕ ਹੈ।

ਇਸੇ ਢੇਰੀ ਵਿਚ ਆਪ ਦੇ ਹੱਥ ਦੇ ਨਕਲ ਕੀਤੇ ਹੋਏ ਬਾਰਾਮਾਂਹ ਸ੍ਰੀ ਰਾਮ ਚੰਦ ਹਨ‡। ਖੇਮ ਕੰਤੂਹਲ ਗ੍ਰੰਥ ਵਿਚ ਖਾਣ, ਪੀਣ, ਪਹਿਨਣ, ਰਿਹਾਇਸ਼ ਆਦਿਕ ਦੀਆਂ ਹਦਾਇਤਾਂ ਰੁਤਾਂ ਮੁਤਾਬਿਕ ਹਨ‡। ਹਰ ਮੌਸਮ ਲਈ ਲਾਭਦਾਇਕ ਗਲਾਂ ਵਿਸਥਾਰ ਨਾਲ ਹਨ ਜੋ ਏਸ ਮੁਲਕ ਦੀ ਆਬੋਹਵਾ ਦੇ ਲਿਹਾਜ਼ ਨਾਲ ਸਿਹਤ ਵਾਸਤੇ ਫਾਇਦੇਮੰਦ ਹਨ।

ਇਸ ਤਰ੍ਹਾਂ ਫਿਰਦੇ ਟੁਰਦੇ, ਵਿਗਯਾਨ ਭੰਡਾਰ ਦੀ ਝੋਲੀ ਭਰਦੇ, ਪੁਸਤਕਾਂ ਦੇ ਸੰਚਯ ਸਮੇਤ, ਨਾਮ ਅਭਯਾਸ ਵਿਚ ਦ੍ਰਿੜ-ਬ੍ਰਤ ਬਾਬਾ ਜੀ ਸੰਨ ੧੮੨੫ ਈ: ਅਗਸਤ ਦੇ ਮਹੀਨੇ ਮੁੜ ਸ੍ਰੀ ਅੰਮ੍ਰਿਤਸਰ ਆ ਗਏ। ਸ਼ਾਇਦ ਇਹ ਖੇਮ ਕੰਤੂਹਲ ਗ੍ਰੰਥ ਦੇ ਦੇਖਣ ਦਾ ਅਸਰ ਸੀ ਕਿ ਬਰਸਾਤ ਦੇ ਮਹੀਨੇ ਵਿਚ ਹੋਰ ਭੌਣਾ ਛਡਕੇ ਆਪ ਨੇ ਅੰਮ੍ਰਿਤਸਰ ਆਕੇ ਸੰਤ ਰਾਮ ਦਿਆਲ ਦੇ ਡੇਰੇ ਠਹਿਰਨ ਦੀ ਪੱਕੀ ਸਲਾਹ ਕੀਤੀ।

ਅੰਮ੍ਰਿਤਸਰ ਦਾ ਉਸ ਵੇਲੇ ਦਾ ਕੁਛ ਕੁ ਹਾਲ ਵਿਦਯਾ ਨਿਧ ਗ੍ਰੰਥ ਦੇ ਲੇਖਕ ਨੇ ਅੱਖੀਂ ਡਿੱਠਾ ਅਪਣੀ ਪੁਸਤਕ ਵਿਚ ਦਰਜ ਕੀਤਾ, ਜਿਸਦਾ ਬਹੁਤ ਸੰਖੇਪ ਮਤਲਬ ਏਸ ਤਰ੍ਹਾਂ ਦਾ ਹੈ:—

ਅੰਮ੍ਰਿਤਸਰ ਪਹੁੰਚਿਆ ਤਾਂ ਮੁਲਤਾਨ ਦੇ ਬਹੁਤ ਸਾਧ ਮਿਲੇ। ਸ੍ਵਰਗ ਪੁਰੀ ਅੰਮ੍ਰਿਤਸਰ ਨੂੰ ਦੇਖ ਚਿਤ ਬੜਾ ਪ੍ਰਸੰਨ ਹੋਇਆ। ਪੁਜਾਰੀ ਸਿੰਘ ਬੜੇ ਮਾਨੀ ਹਨ। ਉਦਾਸੀਆਂ ਵਿਚ ਭੀ ਵਿਰਲੇ ਨਿਰਵਾਸੀ ਹਨ। ਇਕ ਭਾਈ ਸਾਹਿਬ ਮਹੰਤ ਸਨ, ਮੈਂ ਉਨਾਂ ਨੂੰ ਕੁਝ ਪੁਛਿਆ ਉਨ੍ਹਾਂ ਨੇ ਸ਼ੁਭ

---

*ਪੋਥੀ ਦੇਖੀ ਸੰਸਕ੍ਰਿਤ ਭਾਖਾ ਕਰੀ ਬਨਾਇ। ਜੋ ਵਾਚਕ ਪਠ ਕੋ ਗੁਨੇ ਸੋ ਬੈਦਨ ਕੋ ਗਾਇ।

†ਕੋੜ੍ਹ ਵਿਚ ਮਾਸ ਤੇ ਤਾਪ ਵਿਚ ਘਿਉ ਖਾਣਾ ਛੱਡ ਦਿਓ, ਪੇਟ ਦਰਦ ਵਿਚ ਦਾਲ, ਆਂਦਰਾਂ ਦੀ ਖਰਾਬੀ ਵਿਚ ਕਣਕ, ਅਖਾਂ ਦੇ ਰੋਗ ਵਿਚ ਵਿਸ਼ਯ ਛਡ ਦਿਓ।

‡ਇਹ ਬਾਰਾਂ ਮਾਹ ਕੁਛ ਅਰਸਾ ਹੋਇਆ ਹੈ ਤਾਂ ਬਹੁਤ ਪ੍ਰਚਲਤ ਸਨ। ਕੀ ਗ੍ਰਿਹਸਤੀ ਕੀ ਸਾਧੂ ਹਰ ਕਿਸੇ ਨੂੰ ਇਸ ਦਾ ਕੋਈ ਨਾ ਕੋਈ ਪਦ ਯਾਦ ਹੁੰਦਾ ਸੀ। ਬੋਲੀ ਇਸ ਪ੍ਰਕਾਰ ਦੀ ਹੈ—

ਰਾਮ ਚਲੇ ਬਨਬਾਸ ਕੋ, ਚੜ੍ਹੇ ਮਾਸ ਵਿਸਾਖ। ਜਸਰਥ ਪੰਥ ਨਿਹਾਰਦਾ, ਲੈ ਲੈ ਉੱਭੇ ਸਾਸ""। ਜਸਰਥ ਉਠ ਉਠ ਪੰਥ ਨਿਹਾਰੇ, ਭਰ ਭਰ ਹੰਝੂ ਹਾਵੀਂ ਮਾਰੇ।ਲੈ ਖਾਕ ਸਿਰੇ ਵਿਚ ਡਾਰੇ, ਮੰਦਾ ਕੀਆ ਕੈਕੇਈ ਨਾਰੇ।ਮੈਂ ਸੋ ਵਿਛੜੇ ਰਾਮ ਪਿਆਰੇ, ਹੁਣ ਦਰ ਮਿਲੇਂਗੇ।""""""""

¶ਯਥਾ—ਸਾਵਨ ਭਾਦ੍ਰੋਂ ਜਲ ਕਾ ਵਿਕਾਰ ਹੁੰਦਾ ਹੈ, ਹਰੜ ਅਰ ਸੋਂਧਾ ਲੂਣ ਖਾਏ, ਉਚਾ ਮਹਲ ਹੋਵੇ ਤਿਥੇ ਰਹੈ। ਚਿਕਨਾ, ਖੱਟਾ, ਲੂਣ, ਮਾਸ, ਚਾਵਲ, ਕਣਕ, ਜੌਂ ਏਤਨਿਆਂ ਵਿਚ ਸੋਂਧਾ ਲੂਣ ਪਾਕੇ ਖਾਏ। ਸੁੱਕੇ ਕਪੜੇ ਪਹਿਰੈ। ਪੰਚ ਕੋਲੀ ਕਾ ਕਾਹੜਾ ਪੀਵੈ। ਸਰੋਵਰ ਕਾ, ਤਾਲ ਕਾ, ਨਦੀ ਕਾ ਜਲ ਨਾ ਪੀਵੈ। ਨਾਹਵੈ ਨਾਹੀ ਬਹੁਤ ਖੇਦ ਕਰੈ ਨਾਹੀ।

Digitized by Panjab Digital Library | www.panjabdigilib.org

ਦੇ ਪ੍ਰਮਾਣ ਕਾਹਲੀ ਨਾਲ ਜੁ ਦਿੱਤੇ ਤਾਂ ਖੰਘ ਛੁੱਟ ਪਈ ਤੇ ਸਾਹ ਹੀ ਉਲਟ ਗਿਆ । ਜ਼ਰਾਕੁ ਸਾਹ ਆਇਆ ਤਾਂ ਮੈਂ ਨੱਸਣ ਦੀ ਕੀਤੀ ਕਿ ਫਜ਼ੂਲ ਸਾਧੂ ਨੂੰ ਦੁੱਖ ਦਿਤਾ। ਰਾਮਾ ਨੰਦ ਦੇ ਬਾਗ਼ ਭੀ ਅਨੇਕ ਭਾਂਤ ਦੀ ਸਾਧ ਮੰਡਲੀ ਰਹਿੰਦੀ ਹੈ, ਕਈ ਮੰਨਣ ਗਯਾਨ ਦੇ ਉਪਦੇਸ਼ ਦਿੰਦੇ ਹਨ,ਪਰ ਉਹ ਭੀ ਮਾਨ ਵਿਚ ਡੁੱਬੇ ਹੋਏ ਹਨ। ਫਿਰ ਗਯਾਨ ਗੋਦੜੀ ਦੀ ਸੁਣ ਲਓ ਉੱਥੇ ਵੀ ਚਰਚਾ ਕੀਤੀ। ਫਿਰ ਇਥੇ ਕੁਛ ਐਸੇ ਸਾਧ ਹਨ ਜੋ ਵਸ਼ਿਸ਼ਟ ਪੜ੍ਹਦੇ ਤਾਂ ਹਨ, ਪਰ ਮੰਨਦੇ ਨਹੀਂ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ । ਸੇਵਾ ਪੰਥੀਆਂ ਵਿਚ ਭਾਵੇਂ ਨਿਹਕਾਮੀ ਦੁਰਲਭ ਹਨ, ਪਰ ਫਿਰ ਬੀ ਭਾਉ ਭਗਤੀ ਵਾਲੇ ਹਨ। ਮੈਂ ਸਾਰੇ ਸੰਤਾਂ ਦੇ ਜਾਂਦਾ ਰਿਹਾ ਭਾਵੇਂ ਮੈਨੂੰ ਓਥੋਂ ਕੁਛ ਮਿਲੇ ਯਾ ਨਾ ਮਿਲੇ। ਰਾਮ ਦਯਾਲ ਜੀ ਨੂੰ ਮਸਤਾਨਾ ਕਹਿੰਦੇ ਹਨ। ਉਨ੍ਹਾਂ ਨੇ ਆਪਣੇ ਆਪਨੂੰ ਪਰਮਾਤਮਾ ਤੋਂ ਭਿੰਨ ਨਹੀਂ ਜਾਣਿਆਂ ਹੋਇਆ, ਇਸ ਕਰਕੇ ਉਨ੍ਹਾਂ ਨੂੰ ਆਪੇ ਨਾਲ ਪ੍ਰੀਤ ਹੋ ਗਈ ਹੋਈ ਹੈ। ਬ੍ਰਿਛ ਪੱਤੇ ਕੰਡੇ ਛਿਲ ਮੂਲ ਫੁਲ ਸਭ ਨੂੰ ਬ੍ਰਹਮ ਦ੍ਰਿਸ਼ਟੀ ਦ੍ਵਾਰਾ ਤੱਕਦੇ ਹਨ । ਸੰਤ ਰਾਮ ਦਯਾਲ ਜੀ ਦੀ ਦਸ਼ਾ ਇਹ ਹੈ ਕਿ ਕਦੇ ਕਦੇ ਬਾਂਹ ਘੁਮਾਉਂਦੇ ਭੱਜੇ ਜਾਂਦੇ ਹਨ ਤੇ ਕਿਸੇ ਟੋਏ ਵਿਚ ਡਿੱਗ ਪੈਂਦੇ ਹਨ ਇਸ ਕਰਕੇ ਲੋਕ ਆਪਨੂੰ ਮਸਤਾਨਾ ਬੀ ਕਹਿੰਦੇ ਹਨ। ਚੁਪ ਬੀ ਬਹੁਤ ਰਹਿੰਦੇ ਹਨ ਇਸ ਕਰਕੇ ਲੋਕ ਆਪਨੂੰ ਮੋਨੀ ਬੀ ਕਹਿੰਦੇ ਹਨ। ਕਦੇ ਕਦੇ ਹੁਸ਼ਿਆਰ ਹੋਕੇ ਬੈਠਦੇ ਹਨ ਤਦ ਸਭ ਨੂੰ ਚੰਗੇ ਲਗਦੇ ਹਨ । ਇਕ ਦਿਨ ਮੇਰੇ ਨਾਲ ਕੁਝ ਚਰਚਾ ਕਰ ਰਹੇ ਸਨ ਕਿ ਅਚਾਨਕ ਬਾਂਹ ਘੁਮਾਉਣ ਲਗ ਪਏ ਤੇ ਸਾਰਾ ਸਰੀਰ ਅਕੜ ਗਿਆ। ਮੈਂ ਉਨ੍ਹਾਂ ਨੂੰ ਬੜਾ. ਦੁਖੀ ਸਮਝਿਆ, ਮੈਂ ਪੁਛਿਆ ਕਿ ਕੀ ਇਹ ਕੁਛ ਤੁਸੀਂ ਸੁਤੰਤ੍ਰ ਕਰਦੇ ਹੋ ਕਿ ਕਿਸੇ ਦੇ ਅਧੀਨ ਹੋਕੇ ? ਉਨ੍ਹਾਂ ਨੇ ਦੱਸਿਆ ਕਿ ਸ੍ਵਾਧੀਨ ਨਹੀਂ। ਮੈਂ ਫਿਰ ਪੁੱਛਿਆ ਕਿ ਕੀ ਕਾਰਨ ਹੈ, ਕੀ ਚੇਤਨ ਆਪਦੇ ਵੱਸ ਨਹੀਂ?ਉਨ੍ਹਾਂ ਕਿਹਾ ਕਿ ਚੇਤਨ ਦੇ ਸਭ ਕੁਛ ਵੱਸ ਹੈ; ਉਹ ਬੁੱਧੀ ਤੋਂ ਪਰੇ ਹੈ। ਮੈਂ ਫਿਰ ਪੁੱਛਿਆ ਤੁਸੀਂ ਤੇ ਚੇਤਨ ਇਕ ਹੋ ਯਾ ਅੱਡ ਅੱਡ ? ਉਨ੍ਹਾਂ ਕਿਹਾ ਬੁੱਧੀ ਤਕ ਭੇਦ ਹੈ। ਬੁੱਧੀ ਮਿਟੀ ਤਾਂ ਆਤਮ ਤੇ ਸੰਤ ਇਕ ਹੈ, ਅਰਥਾਤ ਦੁਖ ਬੁੱਧੀ ਨੂੰ ਹੈ, ਬੁੱਧਾਤੀਤ ਨੂੰ ਕੋਈ ਦੁਖ ਨਹੀਂ । ਲੰਮੀ ਚਰਚਾ ਹੋਈ।

ਬਾਬੇ ਦੀ ਉਮਰ ਐਸ ਵੇਲੇ ੩੭ ਕੁ ਸਾਲ ਦੀ ਸੀ । ਸੰਤ ਰਾਮ ਦਿਆਲ ਜੀ ਬਹੁਤ ਰੁਪਤ ਰਹਿੰਦੇ ਸਨ । ਉਨ੍ਹਾਂ ਦਾ ਡੇਰਾ ਵੀ ਮਸਤਾਨਾ ਤੇ ਬੇਰੌਣਕ ਜੇਹਾ ਸੀ । ਅੰਮ੍ਰਿਤਸਰ ਵਿਚ ਹੋਰ ਬੜੇ ਡੇਰੇ ਸਨ । ਸਾਰਿਆਂ ਵਿਚ ਆਪੋ ਆਪਣੀ ਕਿਸਮ ਦੀ ਰੌਣਕ ਸੀ। ਸੰਤ ਰਾਮ ਦਿਆਲ ਦਾ ਡੇਰਾ ਬਗੈਰ ਸਰੋ ਸਾਮਾਨ ਦੇ ਸੀ ਅਤੇ ਉਦਾਸੀਆਂ ਦੇ ਅਖਾੜਿਆਂ ਦੀ ਜਗਮਗਾਹਟ ਦੇ ਸਾਮ੍ਹਣੇ ਬਿਲਕੁਲ ਫਿੱਕਾ ਅਤੇ ਅਲੂਣਾ ਸੀ । ਸੰਤਾਂ ਨੇ ਅਜੇ ਆਪਣੀ ਹੱਥ ਨਾਲ ਕਿਰਤ ਕਰਨ ਵਾਲੀ ਬਾਣ ਨੂੰ ਨਹੀਂ ਸੀ ਛੱਡਿਆ। ਸਰੀਰ ਭਾਵੇਂ ਬੁਢਾਪੇ ਵਿਚ ਢਲ ਰਿਹਾ ਸੀ, ਪਰ ਅਜੇ ਤਕ ਮੁੰਦ ਵੱਟਣ ਦੀ ਪਰਿਪਾਟੀ ਜਾਰੀ ਸੀ। ਸੰਗਲ ਵਾਲਾ ਆਖਾੜਾ*, ਸੰਤੋਖ ਦਾਸ ਦਾ ਆਖਾੜਾ†, ਬ੍ਰਹਮ ਬੂਟਾ ਅਤੇ ਹੋਰ ਉਦਾਸੀਆਂ ਦੇ ਟਿਕਾਣੇ ਸ਼ਾਹੀ ਸਾਮਾਨਾ ਦੀ ਸਜਧਜ ਨਾਲ ਭਰਪੂਰ ਸਨ। ਪਰ ਸੰਤ ਰਾਮ ਦਿਆਲ ਦਾ ਟਿਕਾਣਾ ਅੱਡਣਸ਼ਾਹੀ ਸੰਪ੍ਰਦਾਇ ਦਾ ਟਿਕਾਣਾ ਸੀ, ਜਿਸ ਸੰਪ੍ਰਦਾਇ ਨੇ ਕਿ ਹੋਰ ਸਾਰਿਆਂ ਤੋਂ ਵਧੀਕ ਹੱਥ ਨਾਲ ਸੇਵਾ ਕਰਨ ਉੱਪਰ ਜ਼ੋਰ ਦਿਤਾ ਹੈ। ਇਤਨੀ ਨਿਰਮਾਣ ਸੇਵਾ ਇਸ ਸੰਪ੍ਰਦਾਇ ਦੇ ਆਗੂਆਂ ਨੇ ਕੀਤੀ ਹੈ ਕਿ ਆਪਣੇ ਦੂਜੇ ਨਾਮ 'ਸੇਵਾ ਪੰਥੀ' ਨੂੰ ਸਫਲ ਕਰ ਦਿਤਾ ਹੈ।

ਜਦ ਬਾਬਾ ਜੀ ਅੰਮ੍ਰਿਤਸਰ ਡੇਰੇ ਵਿਚ ਰਹਿਣ ਲਗ ਪਏ ਤਾਂ ਸੰਤ ਅਤਿ ਪ੍ਰਸੰਨ ਹੋਏ। ਬਾਬੇ ਦਾ ਆਪਣਾ ਸੁਭਾਉ ਵੀ ਸੇਵਾ ਕਰਕੇ ਖੁਸ਼ ਹੋਣ ਦਾ ਸੀ ਸੋ ਆਪ ਨੇ ਚਕਿਤਸਾ ਦੀ ਸੇਵਾ ਸ਼ੁਰੂ ਕਰ ਦਿਤੀ। ਆਪ ਵੈਦਗੀਰੀ ਦੇ ਮਾਹਿਰ ਸਨ। ਹਰ ਕੰਮ ਆਉਣ ਵਾਲੀ ਜੜੀ ਬੂਟੀ ਦੇ ਗਯਾਨ ਦਾ

---

*੧੭੮੬ ਈ: ਵਿਚ ਬਣਿਆ । †੧੭੯੧ ਈ: ਵਿਚ ਬਣਿਆ ।

Digitized by Panjab Digital Library | www.panjabdigilib.org

ਖਜ਼ਾਨਾ ਕੋਲ ਸੀ। ਆਏ ਗਏ ਦੀ ਸੇਵਾ ਨੇ ਦਵਾ ਦਾਰੂ ਦੇਣ ਦੀ ਸ਼ਕਲ ਇਖ਼ਤਿਆਰ ਕਰ ਲੀਤੀ। ਇਹ ਸੇਵਾ ਹੌਲੇ ਹੌਲੇ ਪਰਉਪਕਾਰ ਦੀ ਜਲ ਧਾਰਾ ਦੇ ਵਡੇ ਪ੍ਰਵਾਹ ਵਿਚ ਵਗਣ ਲਗ ਪਈ। ਲੋਕ ਦੂਰ ਦੂਰ ਤੋਂ' ਦਾਰੂ ਲੈਣ ਲਈ ਡੇਰੇ ਅੱਪੜਦੇ ਤੇ ਰਾਜ਼ੀ ਹੋ ਹੋ ਜਾਂਦੇ।

ਇਕ ਧੜਕੇ ਦੇ ਰੋਗ ਦਾ ਬੀਮਾਰ ਸੀ ਜੋ ਕਈ ਇਲਾਜ ਮੁਆਲਜੇ ਕਰ ਚੁਕਾ ਸੀ ਤੇ ਵੱਲ ਨਹੀਂ'ਸੀ ਹੁੰਦਾ। ਇਕ ਦਿਨ ਉਹ ਇਨ੍ਹਾਂ ਨੂੰ ਮਿਲਿਆ ਤੇ ਕਹਿਣ ਲਗਾ—ਤੁਸੀਂ ਮੇਰਾ ਇਲਾਜ ਕਰੋ, ਮੈਂ ਬਹੁਤ ਦਵਾਵਾਂ ਖਾਧੀਆਂ ਹਨ, ਪਰ ਬੀਮਾਰੀ ਅੱਛੀ ਨਹੀਂ'ਹੋਈ।ਬਾਬੇ ਨੇ ਕਿਹਾ ਤੇਰੀ ਬਿਮਾਰੀ ਦੀ ਤਸ਼ਖੀਸ਼ ਗ਼ਲਤ ਹੋਈ ਹੈ। ਤੇਰਾ ਰੋਗ ਧੜਕਾ ਨਹੀਂ, ਇਹ ਨਵਾਂ ਰੋਗ ਹੈ, ਇਸ ਰੋਗ ਦਾ ਨਾਮ ਹੈ 'ਦਵਾਈ'। ਕਈ ਆਦਮੀਆਂ ਨੂੰ ਦਵਾਈ ਖਾਣ ਦੀ ਮਰਜ਼ ਲਗ ਜਾਂਦੀ ਹੈ। ਤੂੰ ਦਵਾਈ ਖਾਣੀ ਛਡ ਦੇਹ ਤਾਂ ਵੱਲ ਹੋ ਜਾਏਂਗਾ। ਉਸ ਲਈ ਇਹ ਗੱਲ ਮੁਸਕਲ ਸੀ। ਜੇ ਦਿਹਾੜੀ ਸੇਬ ਦਾ ਮੁਰੱਬਾ ਚਾਂਦੀ ਦੇ ਵਰਕ ਲਗਾਕੇ ਨਾ ਖਾਵੇ ਤਾਂ ਦਿਲ ਖੜਾ ਨਹੀਂ ਸੀ ਰਹਿੰਦਾ, ਡੁਬਣ ਲੱਗਦਾ ਸੀ। ਜੇ ਸ਼ਾਮ ਵੇਲੇ ਚੋਬ ਚੀਨੀ ਦਾ ਕਾੜ੍ਹਾ ਨਾ ਪੀਵੇ ਤਾਂ ਲੱਤਾਂ ਕੰਬਣ ਲਗ ਜਾਂਦੀਆਂ ਸਨ। ਜੇ ਸਵੇਰੇ ਮੰਜੀ ਤੇ ਲੇਟਿਆਂ ਹੀ ਮਾਜੂਨ ਮੁਰੱਕਬ ਨਾ ਖਾਵੇ ਤਾਂ ਉਠਦਿਆਂ ਚਕਰ ਆਉਣ ਲੱਗ ਜਾਂਦੇ ਸਨ। ਦੁਪਹਿਰ ਵੇਲੇ ਇਕ ਰੱਤੀ ਸ਼ਿਲਾਜੀਤ ਜ਼ਰੂਰੀ ਸੀ, ਨਹੀਂ ਤਾਂ ਅਫਾਰਾ ਹੋ ਜਾਂਦਾ ਸੀ। ਏਸ ਆਦਮੀ ਲਈ ਦਵਾਈ ਛਡਣੀ ਮੁਸ਼ਕਲ ਸੀ। ਬਾਬੇ ਨੇ ਬੜਾ ਸਮਝਾਇਆ, ਪਰ ਕੁਝ ਗਲ ਨਾ ਬਣੀ। ਇਕ ਦਿਨ ਬਾਬੇ ਨੇ ਕਿਹਾ, ਮੈਂ ਦਵਾਈਆ ਨਾਲ ਨਹੀਂ, ਪਰ ਜੰਤ੍ਰ ਮੰਤ੍ਰ ਨਾਲ ਤੈਨੂੰ ਠੀਕ ਕਰ ਸਕਦਾ ਹਾਂ।

ਰੋਗੀ ਰੋਜ਼ ਸਵੇਰੇ ਮਾਜੂਨ ਖਾਕੇ ਬਾਬੇ ਪਾਸ ਆ ਜਾਵੇ। ਬਾਬਾ ਉਸ ਨੂੰ ਸਾਮ੍ਹਣੇ ਬਿਠਾ ਲਵੇ, ਉਸ ਦੀਆਂ ਪੁੜਪੁੜੀਆਂਆਪਣੀਆਂ ਉਂਗਲੀਆਂ ਨਾਲਨੱਪ ਲਵੇ ਤੇ ਉਸਦੀਆਂ ਅੱਖਾਂ ਵੱਲ ਇਕ ਟਕ ਧਿਆਨ ਲਾਕੇ ਕੁਛ ਪੜ੍ਹਦਾ ਰਹੇ। ਜਦ ਹਫਤਾ ਕੁ ਇਸ ਤਰ੍ਹਾਂ ਗੁਜ਼ਰ ਗਿਆ ਤਾਂ ਬਾਬੇ ਨੇ ਇਕ ਦਿਨ ਕਿਹਾ, ਅਸਾਂ ਸੇਬ ਦੇ ਮੁਰੱਬੇ ਜਿਤਨੀ ਤਾਕਤ ਤੇਰੇ ਅੰਦਰ ਭਰ ਦਿੱਤੀ ਹੈ। ਤੂੰ ਹੁਣ ਮੁਰੱਬਾ ਖਾਣਾ ਛੱਡ ਦੇਹ, ਤੇਰਾ ਦਿਲ ਡੁੱਬੇਗਾ ਨਹੀਂ। ਡਰਦਿਆਂ ਡਰਦਿਆਂ ਉਸ ਨੇ ਉਸ ਦਿਨ ਮੁਰੱਬਾ ਨਾ ਖਾਧਾ। ਸ਼ਾਮ ਵੇਲੇ ਆਪਣੇ ਆਪ ਨੂੰ ਜੀਉਂਦਾ ਜਾਗਦਾ ਦੇਖਕੇ ਹੈਰਾਨ ਹੋ ਗਿਆ। ਉਸ ਦਾ ਨਿਹਚਾ ਵਧ ਗਿਆ, ਕੁਛ ਹੌਂਸਲਾ ਆ ਗਿਆ। ਨਿਰਾਸਤਾ ਹਟਕੇ ਮੁੜ ਜੀਉਂਦੇ ਰਹਿਣ ਦਾ ਸ਼ੌਂਕ ਛਾਤੀ ਵਿਚ ਪ੍ਰਬਲ ਹੋ ਉਠਿਆ। ਏਸ ਇਲਾਜ ਵਿਚ ਮਹੀਨਾ ਕੁ ਲਗਾ, ਹੌਲੇ ਹੌਲੇ ਦੁਵਾਈਆਂ ਇਕ ਇਕ ਕਰਕੇ ਘਟਦੀਆਂ ਗਈਆਂ, ਧੜਕਾ ਨਾਲ ਨਾਲ ਵੱਲ ਹੁੰਦਾ ਗਿਆ। ਛੇਕੜਲੇ ਦਿਨ ਜਦ ਆਪ ਉਸ ਦੀਆਂ ਅੱਖਾਂ ਵੱਲ ਟਕ ਬੰਨ੍ਹਕੇ ਤੱਕ ਰਹੇ ਸਨ ਤਾਂ ਮਰੀਜ਼ ਨੂੰ ਬਾਬੇ ਦਾ ਮੁਖੜਾ ਪਿਆਰਾ ਪਿਆਰਾਲੱਗਾ। ਇਹ ਹਕੀਮ ਉਸਨੂੰ ਆਪਣਾ ਆਪਣਾ ਲਗਾ ਜਿਵੇਂ ਕੋਈ ਸਾਕ ਹੁੰਦਾ ਹੈ। ਗਹੁ ਨਾਲ ਦੇਖਦਾ ਰਿਹਾ ਜਿਸਤਰ੍ਹਾਂ ਕੋਈ ਪਛਾਣਨ ਦੀ ਕੋਸ਼ਸ਼ ਕਰਦਾ ਹੈ। ਮੱਥੇ ਦੀਆਂ ਵਿਸ਼ਾਲ ਜਟਾਂ ਦੇ ਛੱਜੇ ਹੇਠ ਉਸਨੂੰ ਛੋਟਾ ਜਿਹਾ ਸੁਕੁਮਾਰ ਨੱਦਾ ਦਿੱਸਿਆ ਜੋ ਇਸਦਾ ਕਿਸੇ ਬਚਪਨ ਦੇ ਜ਼ਮਾਨੇ ਵਿਚ ਸਾਥੀ ਸੀ ਤੇ ਫੇਰ ਗੁਆਚ ਗਿਆ ਸੀ। ਇਹ ਉਸਦੇ ਨਾਲ ਭਾਈ ਗੁਰਬਖਸ਼ ਸਿੰਘ ਕੋਲ ਕੱਠੀ ਸੰਥਾ ਲੈਂਦਾ ਹੁੰਦਾ ਸੀ। ਅੱਭੜਵਾਹੇ ਇਸ ਨੇ ਆਪਣੀਆਂ ਪੁੜਪੁੜੀਆਂ ਉਂਗਲੀਆਂ ਦੀ ਦੱਬ ਹੇਠੋਂ ਖਿਚ ਲਈਆਂ ਤੇ ਹੈਰਾਨ ਜਿਹਾ ਹੋ ਕੇ ਬੋਲਿਆ, 'ਓਇ ਤੂੰ ਓਹ ਕਾਹਨ ਸਿੰਘ ਹੈਂ ? ਓ, ਰਾਮ ਚੰਦ ਦਾ ਪੁਤ ? ਓ ਗੜ੍ਹ ਮਹਾਰਾਜ ਵਾਲਾ ? ਓ, ਤੂੰ ਓਹੋ ਹੀ ਹੈਂ ? ਓਹ ਜੋ ਘਰੋਂ ਨੱਸ ਗਿਆ ਸੀ ? ਦੱਸ, ਦੱਸ, ਜਲਦੀ ਦੱਸ!'

੪.

ਗੜ੍ਹ ਮਹਾਰਾਜ ਦੇ ਪਿਛੇ ਕੀ ਹਾਲ ਹੋਇਆ ? ਆਪ ਦੇ ਨੱਸਣ ਪਿਛੋਂ ਤਲਾਸ਼ ਸ਼ੁਰੂ ਹੋਈ, ਪਰ ਕੋਈ ਥਹੁ ਥਿੱਤਾ ਨ ਲੱਗਾ। ਆਪ ਦੇ ਦੋ ਛੋਟੇ ਭਾਈ ਸਨ। ਉਨ੍ਹਾਂਦੀ ਉਮਰ ਉਸ ਵੇਲੇ ਬਹੁਤ ਛੋਟੀ ਸੀ, ਮਾਤਾ ਦਾ ਹਾਲ ਬਹੁਤ ਸ਼ੋਕ ਵਾਲਾ ਸੀ। ਜਿਉਂ ਜਿਉਂ ਇਕ ਇਕ ਕਰਕੇ ਦਿਨ ਲੰਘਦਾ ਗਿਆ

Digitized by Panjab Digital Library | www.panjabdigilib.org

ਨਿਰਾਸਤਾ ਵਧਦੀ ਗਈ, ਬਿਹਬਲਤਾ ਪ੍ਰਬਲ ਹੋ ਗਈ, ਆਪਣੀ ਸੁਧ ਬੁਧ ਘਟ ਗਈ । ਕਿਸੇ ਵੇਲੇ ਪਤਾ ਲਗੇ ਪੁੱਤਰ ਕੋਲ ਹੀ ਬੈਠਾ ਹੈ, ਕੋਈ ਨਹੀਂ ਗੁਆਚਾ । ਗੁਆਚਣ ਦਾ ਐਵੇਂ ਇਕ ਸੁਪਨਾ ਹੀ ਸੀ । ਪਰ ਸੁਪਨੇ ਤੇ ਜਾਗ੍ਰਤ ਦਾ ਫਰਕ ਭੁੱਲ ਜਾਵੇ; ਠੀਕ ਪਤਾ ਨਾ ਲੱਗੇ ਕਿ ਜਾਗਣ ਵਾਲੀ ਕਿਹੜੀ ਅਵਸਥਾ ਹੈ ਤੇ ਸੁਪਨੇ ਵਾਲੀ ਕਿਹੜੀ ਦਸ਼ਾ ਹੈ ਤੇ ਸੱਚੀ ਕਿਹੜੀ ਹੈ ?

ਪੁਤ੍ਰਾਂ ਦਾ ਘਰ ਬਾਹਰ ਛਡ ਜਾਣਾ ਕੋਈ ਨਵੀਂ ਗਲ ਨਹੀਂ । ਇਤਿਹਾਸ ਵਿਚ ਇਹ ਅਨੇਕਾਂ ਵਾਰੀ ਹੋ ਚੁਕੀ ਹੈ, ਪਰ ਹਰ ਮਾਂ ਨੂੰ ਇਹ ਸਖਤ ਅਨੋਖੀ ਭਾਸਦੀ ਹੈ ।

ਬੁਧ ਮਹਾਤਮਾਂ ਦੇ ਚੋਰੀ ਘਰੋਂ ਨੱਸ ਜਾਣ ਉਪਰ ਕੀ ਭਾਣਾ ਵਰਤਿਆ ਸੀ ? ਬੁਧ ਸਾਹਿਤ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਯਾਦ ਹੋਣਾ ਹੈ ਕਿ ਬੁਧ ਦੀ ਜੰਮਣ ਵਾਲੀ ਮਾਂ ਜਿਸਦਾ ਨਾਮ ਮਾਯਾ ਸੀ, ਪ੍ਰਸੂਤ ਦੇ ਦਿਨਾਂ ਵਿਚ ਹੀ ਗੁਜ਼ਰ ਗਈ ਸੀ । ਫੇਰ ਸੱਕੀ ਮਾਸੀ, ਜੋ ਨਾਲੇ ਮਤ੍ਰੇਈ ਮਾਂ ਵੀ ਸੀ ਤੇ ਜਿਸਦਾ ਨਾਮ ਮਹਾਂ ਪ੍ਰਜਾਪਤੀ ਗੌਤਮੀ ਸੀ, ਨੇ ਬੜੇ ਲਾਡ ਲਡਾ ਕੇ ਬੱਚੇ ਨੂੰ ਪਾਲਿਆ ਸੀ । ਪਾਠਕਾਂ ਨੂੰ ਇਹ ਵੀ ਯਾਦ ਹੋਣਾ ਹੈ ਕਿ ਬੁਧ ਦੀ ਵਹੁਟੀ ਦਾ ਨਾਮ ਜੋਧਾ, ਸ੍ਵਾਰੀ ਦੇ ਘੋੜੇ ਦਾ ਨਾਮ ਕੰਠਕ ਅਤੇ ਸਾਈਸ ਦਾ ਨਾਮ ਛੰਦਕ ਸੀ।

ਹਾਂ, ਬੁਧ ਦੇ ਚੋਰੀ ਘਰੋਂ ਨੱਸ ਜਾਣ ਉਪਰ ਕੀ ਭਾਣਾ ਵਰਤਿਆ ਸੀ ? ਇਤਿਹਾਸ ਕ੍ਰਾਹ ਹੈ ਕਿ ਬੁੱਧ ਦਾ ਖਾਲੀ ਘੋੜਾ ਜਿਸ ਵੇਲੇ ਘਰ ਵਾਪਸ ਪਹੁੰਚਾ ਹੈ ਤਾਂ ਪਿਉ ਨੇ ਦੇਖਕੇ ਇਕ ਹਾਅ ਮਾਰੀ: 'ਹਾਏ ਮੇਰਾ ਇਕੋ ਬੱਚਾ!' ਵਹੁਟੀ ਨੇ ਘੋੜੇ ਨੂੰ ਦੇਖਕੇ ਉਸ ਦੇ ਗਲੇ ਨਾਲ ਲਗਕੇ ਇਕ ਲੰਮਾ ਵੈਣ ਪਾਇਆ:-'ਹਾਏ ! ਕੰਠਕ ! ਹਾਏ ਵਿਛੋੜਾ* ! ਹਾਏ ਉਹ ਮੇਰਾ ਰਸਾਂ ਦਾ ਰਸੀਅੜਾ, ਲਾਲ ਹੋਠਾਂ ਵਾਲਾ, ਕਮਲ ਨੈਣਾਂ ਵਾਲਾ, ਸੋਨੇ ਵਰਗਾ, ਹਾਏ ਉਹ ਮੇਰਾ ਦੁੱਧ ਤੇ ਬਰਫ ਜੇਹੇ ਚਿਟੇ ਦੰਦਾਂ ਵਾਲਾ†।' ਪਰ ਮਾਤਾ ਦਾ ਜੋ ਹਾਲ ਸੀ ਉਹ ਕੋਈ ਲਿਖਤ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦੀ। ਹਾਲਾਂਕਿ ਇਹ ਮਾਤਾ, ਜੈਸਾ ਕਿ ਉੱਪਰ ਦੱਸ ਆਏ ਹਾਂ, ਜੰਮਣ ਵਾਲੀ ਮਾਂ ਨਹੀਂ ਸੀ, ਇਹ ਪਾਲਣ ਵਾਲੀ ਮਾਸੀ ਸੀ, ਜਿਸਨੇ ਮਾਵਾਂ ਕੋਲੋਂ ਵੱਧ ਲਾਡ ਲਡਾਕੇ ਪਾਲਿਆ ਸੀ।ਖਾਲੀ ਘੋੜੇ ਦੇ ਨਾਲਹੀਉਸਦਾ ਸਾਈਸ ਛੰਦਕ ਖੜੋਤਾ ਸੀ।ਛੰਦਕ ਦੇ ਹਥ ਵਿਚ ਉਹ ਗਹਿਣੇ ਫੜੇਸਨ ਜੋ ਬੁਧ ਨੇ ਆਪਣੇ ਸਿਰੋਂ ਉਤਾਰਕੇ ਜੰਗਲ ਵਿਚ ਵੜਨ ਲੱਗਿਆ ਇਸਦੇ ਹੱਥ ਫੜਾਏ ਸਨ।ਛੰਦਕ ਨੇ ਗਹਿਣੇ ਮਾਤਾ ਗੌਤਮੀ ਦੇ ਹੱਥ ਉਪਰ ਧਰ ਦਿਤੇ । ਗਹਿਣਿਆਂ ਦੀ ਛੋਹ ਵਿਚ ਕੋਈ ਬਿਜਲੀ ਦਾ ਝਟਕਾ ਸੀ । ਮਾਤਾ ਨੇ ਗਹਿਣੇ ਹੱਥ ਵਿੱਚ ਫੜਦਿਆਂ ਹੀ ਉਸੇ ਵੇਲੇ ਕੋਲ ਫੁਲਾਂ ਦੇ ਭਰੇ ਤਲਾ ਵਿਚ ਸੁੱਟ ਦਿਤੇ, ਆਪ ਅਪਣੀ ਅੱਥ ਦਰਦ ਦੇ ਭੇਦ ਨੂੰ ਅਪਣੀ ਚੁਪ ਵਿਚ ਲੁਕਾ ਕੇ ਇਸ ਤਰ੍ਹਾਂ ਬੈਠ ਗਈ ਜਿਸ ਤਰ੍ਹਾਂ ਤਲਾ ਗਹਿਣਿਆਂ ਦੀ ਚੋਭਵੀਂ ਕਸਕ ਨੂੰ ਕੋਲ ਫੁਲਾਂ ਦੀਆਂ ਨਾਜ਼ਕ ਨਲਕੀਆਂ ਵਿਚ ਲੁਕਾ ਕੇ ਇਕ ਸੋਗੀ ਹੈਰਾਨੀ ਵਿਚ ਚੁੱਪ ਹੋ ਗਿਆ‡ ।

ਰਾਮ ਗਵਨ ਉੱਪਰ ਕੌਸ਼ੱਲਿਆ ਦਾ ਹਾਲ ਮਹਾਂ ਪ੍ਰਜਾਪਤੀ ਗੌਤਮੀ ਕੋਲੋਂ ਵਧੀਕ ਵੈਰਾਗਵਾਨ ਸੀ । ਉਸ ਲਈ ਉਹ ਮਹਲ, ਜਿਸ ਵਿਚ ਰਹਿੰਦੀ ਸੀ, ਸ਼ਮਸ਼ਾਨ ਬਣ ਗਿਆ ਸੀ । ਘਰ ਵਿਚ ਅਗ ਜਲ ਰਹੀ ਸੀ । ਚਿਖਾ ਪ੍ਰਚੰਡ ਸੀ । ਚਿਖਾ ਵਿਚ ਮੌਤ ਆਪ ਸੜ ਰਹੀ ਸੀ । ਮੌਤ ਨੇ ਸੜਨ ਵਿਚ ਪਹਿਲ ਕਰ ਲੀਤੀ । ਕੌਸ਼ੱਲਿਆ ਇਸ ਕਰਕੇ ਸਦਾ ਦਾ ਦੁੱਖ ਸਹਿਣ ਲਈ ਪਿਛੇ ਬੈਠੀ ਵੈਣ ਅਲਾਪ ਰਹੀ ਹੈ:-

---

*Buddismus, Einleitung Der Budha by H. Beckh, page 50.

†हामम रसरसाग्रा विम्बोष्टा कमललोचना कनक निभा ।
हा मम सुशुध्ददन्ता गोक्षीर तुषार सनिभसहितदन्ता ।
[Lalit Vistar by Lefman, Heidelberg, P. 234

‡ਏਸ 'ਤਲਾ' ਦਾ ਨਾਮ ਬੁਧ ਸਾਹਿਤ ਵਿਚ 'ਆਭਰਣ ਪ੍ਰਭਵ' ਹੈ ।

Digitized by Panjab Digital Library | www.panjabdigilib.org

ਹੈਂ ਘਰ ਰਹਿ ਮਸਾਨ-ਪਾਵਕ ਜਿਉਂ ਮਰਿਬੋਇ ਮ੍ਰਿਤਕ ਦਹਜੋ ਹੈ*।

ਪਰ ਸਭ ਤੋਂ ਵਧੀਕ ਸ਼ੋਕ ਜਨਕ ਹਾਲਤ ਕ੍ਰਿਸ਼ਾ ਗੌਤਮੀ ਦੀ ਹੈ, ਜਿਸਬਾਬਤ ਲਿਖਿਆ ਹੈ ਕਿ ਇਸਦਾ ਇਕੋ ਇਕ ਬੱਚਾ ਮਰ ਗਿਆ। ਸਦਮੇ ਦੀ ਸੱਟ ਨਾਲ ਜੀਵਨ ਤੇ ਮਰਨ ਦਾ ਫਰਕ ਇਸਦੇ ਮਨੋ ਵਿਸਰ ਗਿਆ। ਬੱਚੇ ਦੀ ਲੋਥ ਨੂੰ ਇਸ ਨੇ ਕੁੱਛੜ ਚੁੱਕ ਲਿਆ ਤੇ ਘਰ ਘਰ ਵਿਚ ਜਾਕੇ ਦਾਰੂ ਦੀ ਮੰਗ ਕੀਤੀ, 'ਮੇਰੇ ਬੱਚੇ ਲਈ ਕੋਈ ਦਵਾਈ ਦੀ ਖੈਰ ਪਾਓ।' ਪਰ ਲੋਕਾਂ ਦਾ ਅੱਗੋਂ ਕੀ ਸਲੂਕ ਹੋ ਸਕਦਾ ਸੀ, ਪਾਠਕ ਸਮਝ ਸਕਦੇ ਹਨ, ਕ੍ਰਿਸ਼ਾ ਗੌਤਮੀ ਨਹੀਂ ਸਮਝਦੀ ਸੀ†।

ਮਾਂ ਭਾਵੇਂ ਅਵਤਾਰ ਦੀ ਹੋਵੇ, ਭਾਵੇਂ ਰਾਜੇ ਦੀ ਤੇ ਭਾਵੇਂ ਇਕ ਮਾਮੂਲੀ ਆਦਮੀ ਦੀ, ਪੁਤ੍ਰ ਵਿਯੋਗ ਵਿਚ ਸਭ ਦਾ ਹਿਰਦਾ ਇਕੋ ਜਿਹਾ ਪੰਘਰਦਾ ਹੈ। ਸਾਰੀਆਂ ਵਿਜੋਗੀ ਮਾਵਾਂ ਅਪਣੇ ਅੰਦਰ ਇਕ ਬਿਰਹ ਦੀ ਅੰਗੀਠੀ ਧੁਖਾ ਲੈਂਦੀਆਂ ਹਨ। ਕਈ ਤਾਂ ਉਸ ਵਿਚ ਜਲਦੀ ਭਸਮਭੂਤ ਹੋ ਜਾਂਦੀਆਂ ਹਨ, ਜਿਸ ਤਰ੍ਹਾਂ ਸਰਵਣ ਦੀ ਮਾਂ ਤੇ ਕਈਆਂ ਦੀ ਧੁਖਣ ਪੂਰਨ ਭਗਤ ਦੀ ਮਾਂ ਵਾਕੁਣ ਲੰਮੇਰੀ ਹੋ ਜਾਂਦੀ ਹੈ। ਬਾਬੇ ਦੀ ਮਾਂ ਵੀ ਇਤਨੇ ਵਰ੍ਹੇ ਬਿਰਹੇ ਦੀ ਧੂਣੀ ਵਿਚ ਵਿਦਗਧ ਹੁੰਦੀ ਰਹੀ।

੫.

ਸੰਨ ੧੯੨੫ ਈ: ਦੇ ਅਖੀਰ ਦੇ ਕ੍ਰੀਬ ਸੰਤ ਰਾਮ ਦਯਾਲ ਜੀ ਫੇਰ ਮੋਨ ਧਾਰ ਕੇ ਬੈਠ ਗਏ। ਇਨ੍ਹਾਂ ਦਿਨਾਂ ਵਿਚ ਇਕ ਭਾਈ ਦਿਆਲ ਸਿੰਘ ਜੀ ਨਾਮ ਦੇ ਸੱਜਣ ਆਏ।

ਸੋ ਕੈਸੇ ਆਏ ਜੋ ਪ੍ਰਥਮ ਸ੍ਰੀ ਅੰਮ੍ਰਿਤਸਰ ਮੇਂ ਪੋਟ‡ ਚੁਕ ਲੇਤੇ ਥੇ ਅਰ ਮਾਤਾ ਕੀ ਸੇਵਾ ਕਰਤੇ ਥੇ। ਬਹੁਰਿ ਇਕਦਿਨ ਬਡੀ ਪੋਟ ਕਿਸੀ ਕੀ ਚੁਕ ਲੇ ਆਏ ਅਰ ਸਰੀਰ ਮੇਂ ਬਡਾ ਕਸ਼ਟ ਭਇਆ। ਅਰ ਏਕ ਸਾਧੂ ਦੇਖਕੈ ਕਹਾ: ਜੋ ਰੇ ਭਾਈ ਏਤਾ ਦੁਖ ਕਾਹੇ ਕੋ ਪਾਇਆ। ਤਬ ਯਹ ਕਹਿਤ ਭਏ ਜੋ ਜੀ ਏਕ ਮਾਤਾ ਹੈ ਕੇਤੇ ਭ੍ਰਾਤਾ ਹੈਂ ਤਿਨਕੇ ਨਮਿਤ ਕਛੁ ਕਿਰਤ ਕਰਕੈ ਤਿਨ ਕੀ ਉਦਰ ਪੂਰਨਾ ਕਰਤਾ ਹੌਂ। ਤਬ ਸਾਧੂ ਕਹਾ ਰੇ ਭਾਈ ਗੋਬਿੰਦ ਕਾ ਭਜਨ ਕਰਿ ਅਰ ਯਹ ਸੰਬੰਧੀ ਤੋ ਅਪਨੇ ਪ੍ਰਯੋਜਨ ਕੇ ਹੇਤੁ ਹੈਂ। ਅੰਤ ਵੇਲੇ ਤੇ ਕਿਸੀ ਕੰਮ ਨਹੀਂ ਆਵਨਾ। ਤਬ ਭਾਈ ਦਿਆਲ ਸਿੰਘ ਜੀ ਕਹਾ ਜੋ ਐਸਾ ਸੰਤ ਕੌਨ ਹੈ ਜੋ ਇਸ ਦੁਖ ਤੇ ਕਢ ਲੇਵੇ। ਤਬ ਸਾਧੂ ਕਹਾ ਚਲ ਮੈਂ ਤੁਝੇ ਸੰਤ ਮਿਲਾਇ ਦੇਵੌਂ। ਤਬ ਭਾਈ ਦਿਆਲ ਸਿੰਘ ਜੀ ਤਿਸ ਸਾਧ ਕੇ ਸਾਥ ਉਠ ਚਲੇ§। ਜਾਵਤੇ ਜਾਵਤੇ ਕਹਾਂ ਗਏ ਜਹਾਂ ਭਈ ਰਾਮ ਦਿਆਲ ਜੀ ਮੋਨੀ ਕੋਠੀ ਮਹਿੰ ਬੈਠੇ ਹੈਂ। ਜਾਇਕੈ ਸਾਧੂ ਨੇ ਕਹਾ ਯਹ ਸੰਤ ਬਡੇ ਮਹਾਤਮਾਂ ਪੁਰਖੁ ਹੈਂ ਇਨ ਕਾ ਦੁਆਰ ਨਹੀਂ ਤਿਆਗਣਾ। ਤਬ ਭਾਈ ਦਿਆਲ ਸਿੰਘ ਜੀ ਤਹਾਂ ਹੀ ਮੱਥਾ ਟੇਕਕੈ ਬੈਠ ਗਏ ਅਰ ਜੋ ਸੇਵਾ ਹੋਵੈ ਸੋ ਕਰਤੇ ਰਹੈਂ। [ਸੰਤ ਰਤਨ ਮਾਲ, ਲਾਲ ਚੰਦ

ਸੰਤ ਰਾਮ ਦਿਆਲ ਦੇ ਡੇਰੇ ਇਕ ਹੋਰ ਸਾਧੂ ਰਹਿੰਦਾ ਸੀ, ਇਸਦਾ ਨਾਮ ਸਦਾਨੰਦ ਸੀ। ਇਹ ਇਕ ਵਿਦਵਾਨ ਤੇ ਵੇਦਾਂਤ ਸ਼ਾਸਤ੍ਰ ਵਿਚ ਨਿਪੁਨ ਪੰਡਿਤ ਸੀ। ਇਹ ਜਦੋਂ ਅਜੇ ਪੰਜ ਵਰ੍ਹਿਆਂ ਦਾ ਬਾਲਕ ਸੀ ਤਾਂ ਪਿਤਾ ਗੁਜ਼ਰ ਗਿਆ। ਮਾਤਾ ਬੱਚੇ ਨੂੰ ਜੋ ਬਹੁਤ ਚੰਚਲ ਸੀ ਸੰਭਾਲ ਨਾ ਸਕੀ। ਉਤੋਂ ਕਾਲ ਪਿਆ ਹੋਇਆ ਸੀ ਤੇ ਘਰ ਵਿਚ ਕੰਗਾਲੀ ਸੀ। ਸੋ ਮਾਤਾ ਪੁਤਰ ਨੂੰ ਇਕ ਧਰਮਸਾਲਾ ਵਿਚ, ਜਿੱਥੇ ਉਸ ਦਾ ਚਾਚਾ ਰਹਿੰਦਾ ਸੀ, ਛੱਡ ਆਈ। ਮਾਤਾ ਦਾ ਪ੍ਰਯੋਜਨ ਕੇਵਲ ਇਤਨਾ ਸੀ ਕਿ ਕੁਛ

---

*ਸੰਤ ਦਾ ਅਪਣਾ ਮ੍ਰਿਤਕ ਦਾਹ ਹੋ ਗਿਆ ਹੈ।

†And people said with contempt: Medicine, what is the use? She understood them not.
[*Psalms of the sister, Pali Text Society.*

‡ਪੰਡ। §ਮਾਤਾ ਨੂੰ ਬਗੈਰ ਪਤਾ ਦੱਸੇ ਦੇ ਚਲੇ ਗਏ।

Digitized by Panjab Digital Library | www.panjabdigilib.org

ਸਮਾਂ ਇਸ ਤਰ੍ਹਾਂ ਲੰਘ ਜਾਵੇ,ਪੁਤ੍ਰਦੀਹੌਸ਼ ਸੰਭਲ ਜਾਵੇ ਤੇ ਇਸ ਕਾਲ ਦੇ ਬਿਖੜੇ ਵਕਤ ਵਿਚ ਢਿਡ ਭਰ ਰੋਟੀ ਖਾ ਜੀਉ'ਦਾ ਰਹੇ। ਮਾਤਾ ਨੇ ਇਸ ਬਚੜੇ ਉਪਰ ਸਾਰੀਆਂ ਆਸਾਂ ਰਖੀਆਂ ਹੋਈਆਂ ਸਨ। ਪਰ ਧਰਮਸਾਲਾ ਵਿਚ ਰਹਿਕੇ ਪੁਤ੍ਰ ਨੂੰ ਹੋਰ ਦੀ ਹੋਰ ਚੇਟਕ ਲਗ ਗਈ !ਉਹ ਜਿਉਂ ਜਿਉਂ ਵੱਡਾ ਹੁੰਦਾ ਗਿਆ, ਮਾਂ ਤੋਂ ਦੂਰ ਤੇ ਘਰ ਤੋਂ ਪਰ ਹੁੰਦਾ ਗਿਆ। ਆਖਰ ਪੂਰਨ ਤਿਆਗੀ ਸਾਧੂ ਹੋ ਗਿਆ । ਮਾਤਾ ਜਿਤਨਾ ਚਿਰ ਜੀਉ'ਦੀ ਰਹੀ ਇਸ ਦਾ ਪਿੱਛਾ ਕਰਦੀ ਰਹੀ, ਪਰ ਇਹ ਬਹੁਤ ਫਿਰਨ ਟੁਰਨ ਵਾਲਾ ਬੰਦਾ ਸੀ, ਸੰਤ ਖੋਜੀ ਸੀ ਤੇ ਹੁਣ ਕੁਛ ਚਿਰ ਤੋਂ ਸੰਤ ਰਾਮ ਦਿਆਲ ਦੀ ਚਰਨ ਸ਼ਰਨ ਆ ਟਿਕਿਆ ਹੋਯਾ ਸੀ। ਸੰਤਾਂ ਦਾ ਡੇਰਾ,ਮਾਨੇ,ਅਜ ਕਲ ਮਾਵਾਂ ਕੋਲੋਂ ਨੱਸਿਆਂ ਦਾ ਰਖਜਾ ਆਸ਼੍ਰਮ ਬਣਗਿਆ ਸੀ।

ਬਾਬੇ ਦੀ, ਭਾਈ ਦਿਆਲ ਸਿੰਘ ਦੀ ਅਤੇ ਸਾਧੂ ਸਦਾ ਨੰਦ ਦੀ ਆਪਸ ਵਿਚ ਪ੍ਰੀਤੀ ਬਹੁਤ ਵਧ ਗਈ। ਸਾਧੂ ਜੀ ਨੇ ਇਕ ਪੁਸਤਕ 'ਗਜਾਨ ਸੁਧਾਰਸ ਗ੍ਰੰਥ' ਲਿਖਿਆ ਹੋਇਆ ਸੀ । ਇਹ ਅਦ੍ਵੈਤ ਸਿਧਾਂਤ ਦੀ ਛੋਟੀ-ਜੇਹੀ ਕਿਤਾਬ ਸੀ। ਬਾਬੇ ਦਾ ਦਿਲ ਇਸ ਦਾ ਉਤਾਰਾ ਕਰਨ ਉੱਪਰ ਸੀ। ਸੰਤ ਰਾਮ ਦਿਆਲ ਦੇ ਡੇਰੇ ਲਿਖਨ ਪੜ੍ਹਨ ਦੀ ਕੋਈ ਸਹੂਲਤ ਨਹੀਂ ਸੀ। ਇੱਥੇ ਕੇਵਲ ਸੇਵਾ ਦਾ ਅਟੁੱਟ ਪ੍ਰਵਾਹ ਜਾਰੀ ਰਹਿੰਦਾ ਸੀ, ਜਿਸ ਵਿਚ ਪੜ੍ਹਾਈ ਦੇ ਅਵਸਰ ਦੀ ਕੋਈ ਗੁੰਜਾਇਸ਼ ਘੱਟ ਸੀ। ਅੰਮ੍ਰਿਤਸਰ ਵਿਚ ਇਕ ਹੋਰ ਪ੍ਰਸਿੱਧ ਡੇਰਾਭਾਈ ਰਤਨ ਸਿੰਘ ਦਾ ਸੀ। ਬਾਬੇ ਨੇ ਰੋਜ਼ ਸਵੇਰੇ ਇਸ ਡੇਰੇ ਵਿਚ ਜਾਣਾ ਅਰੰਭ ਕੀਤਾ।ਇਥ ਬਹੁਤ ਗੁਣੀ ਗਿਆਨੀ ਤੇ ਕਵਿ ਜਮਾਂ ਰਹਿੰਦੇ ਸਨ ਜੋ ਸੰਤ ਰਤਨ ਸਿੰਘ ਦੀ ਕਾਵਜਰਚਨਾ ਦੇਪ੍ਰਸ਼ੰਸ਼ਕ ਸਨ। ਇਸ ਡੇਰੇ ਵਿਚ ਥੋੜ੍ਹਾ ਬਹੁਤ ਪੁਰਾਣੀਆਂ ਪੁਸਤਕਾਂ ਦਾ ਜ਼ਖੀਰਾ ਬੀ ਰਹਿੰਦਾ ਸੀ ਤੇ ਸੂਬੇ ਵਿਚ ਜੋ ਨਵੀਨ ਰਚਨਾਂ ਬਣਦੀਆਂ ਸਨ ਉਨ੍ਹਾਂ ਦੀ ਸੁੰਧਕ ਵੀ ਰਚਨਾ ਕਾਲ ਦੇ ਥੋੜੇ ਚਿਰ ਵਿਚ ਹੀ ਏਥੇ ਕਿਸੇ ਨਾ ਕਿਸੇਤਰ੍ਹਾਂ ਆਉਣਜਾਣ ਵਾਲੇ ਗੁਣੀਆਂ ਕੋਲੋਂ ਮਿਲ ਜਾਂਦੀ ਸੀ। ਇਸ ਡੇਰੇ ਵਿਚ ਪਹਿਲੀ ਪੁਸਤਕ ਜਿਸ ਉੱਪਰ ਬਾਬ ਨੇ ਨਿਗਾਹ ਕੀਤੀ ਉਹ ਨਾਭਾ ਜੀ ਦੀ ਸਟੀਕ ਭਗਤ ਮਾਲਸੀ।

ਨਾਭਾ ਜੀ ਆਪ ਬੜੇ ਉੱਚੇ ਦਰਜੇ ਦੇ ਭਗਤ ਹੋਏਹਨ। ਉਨ੍ਹਾਂ ਦਾ ਵੀਚਾਰ ਸੀ ਕਿ ਪ੍ਰੇਮ ਮਾਰਗ ਦੇ ਜਗਜਾਸੂਆਂ ਲਈ ਜ਼ਰੂਰੀ ਹੈ ਕਿ ਉਹ ਲਾਭ ਲੈਣ ਉਨ੍ਹਾਂ ਭਗਤਾਂ ਦੇ ਜੀਵਨ ਤੋਂ, ਜੋ ਉਸੇ ਰਾਹ ਟੁਰਦੇ ਪਗਡੰਡੀਆਂ ਦੀਆਂ ਸੇਧਾਂ ਛਡ ਗਏ ਹਨ। ਨਾਭਾ ਜੀ ਦਾ ਇਹ ਖਿਆਲ ਇਤਨਾ ਦ੍ਰਿੜ੍ਹ ਸੀ ਕਿ ਉਹ ਭਗਤਿ ਮਾਰਗ ਦੇ ਇਤਿਹਾਸ ਨੂੰ ਪ੍ਰੇਮ ਉਪਾਸਨਾ ਦਾ ਇਕ ਜੀਵਤ ਅੰਗ ਸਮਝਦੇ ਸਨ । ਇਸ ਖਿਆਲ ਨੂੰ ਉਨ੍ਹਾਂ ਇਸ ਭਾਵ ਵਿਚ ਅੰਕਿਤ ਕੀਤਾ ਹੈ:-

ਸ਼ੋਭਤ ਤਿਲਕ ਭਾਲ, ਮਾਲ ਉਰ ਰਾਜੈ, ਐ ਪੈ ਬਿਨਾ ਭਕ੍ਤਿਮਾਲ ਭਕ੍ਤਿ ਰੂਪ ਅਤਿ ਦੂਰ ਹੈ* ॥੮॥

ਇਸ ਆਸ਼ੇ ਦੀ ਪੂਰਣਤਾ ਲਈ ਨਾਭਾ ਜੀ ਨੇ ਭਕਤਮਾਲ ਰਚੀ । ਏਸ ਪੁਸਤਕ ਵੱਲ ਬਾਬਾ ਇਤਨਾ ਖਿਚਿਆ ਗਿਆ ਕਿ ਗਜਾਨ ਸੁਧਾਰਸ ਗ੍ਰੰਥ ਪਿੱਛੇ ਪੈ ਗਿਆ। ਬਾਬੇ ਨੇ ਬੜੀ ਜਲਦੀ ਭਕਤ ਮਾਲ ਦਾ ਉਤਾਰਾ ਸ਼ੁਰੂ ਕੀਤਾ। ਤਕਰੀਬਨ ਸਾਰਾ ਸਾਰਾ ਦਿਨ ਏਸੇ ਕੰਮ ਵਿਚ ਲਗੇ ਰਹਿਣ ਜੋ ਕੰਮ ਕਿ ਜਲਦੀ ਹੀ ਸਿਰੇ ਚੜ੍ਹ ਗਿਆ†।

ਇਸ ਤੋਂ ਬਾਦ ਗਜਾਨ ਸੁਧਾਰਸ ਗ੍ਰੰਥ ਦੀ ਵਾਰੀ ਆਈ । ਇਸ ਨੂੰ ਵੀ ਥੋੜ੍ਹੇ ਦਿਨਾਂ ਵਿਚ

---

*ਮਤਲਬ ਇਹ ਹੈ ਕਿ ਜਿਸ ਦੇ ਮੱਥੇ ਉਪਰ ਤਿਲਕ ਸੋਭ ਰਿਹਾ ਹੈ, ਛਾਤੀ ਉੱਪਰ ਮਾਲਾ ਚਮਕ ਰਹੀ ਹੈ ਐਸੇ ਮਾਲਾ ਸੰਯੁਕਤ ਹਰਿ ਦੀ ਭਕਤਿ, ਬਗੈਰ 'ਭਕਤ ਮਾਲ' ਦੇ ਬੜੀ ਮੁਸ਼ਕਲ ਹੈ। ਸਾਰਾ ਛੰਦ ਇਸ ਤਰ੍ਹਾਂ ਹੈ-

ਬਡੇ ਭਕ੍ਤਿਮਾਨ ਜਿਸ ਦਿਨ ਗਾਨ ਕਰੈਂ ਹਰ ਹਰੈਂ ਜਗ ਪਾਪ ਜਾਪ ਹੀਯੇ ਪਰਿਪੂਰਿ ਹੈ।
ਜਾਨ ਸੁਖ ਮਾਨ ਹਰਿ ਸੰਤ ਸਨਮਾਨ ਸਭੈ ਬਚੈ ਹੂ ਜਗਤ ਗੀਤ ਪ੍ਰੀਤ ਜਾਨੀ ਮੂਰ ਹੈ।
ਤਊ ਦੁਰਾਰਾਧ ਕੋਊ ਕੈਸੇ ਕੈ ਆਰਾਧ ਸਕੈ ਸਮਝੈ ਨ ਜਾਤ ਮਨ ਦੰਪ ਭਜੇ ਜ਼ੂਰ ਹੈ।
ਸ਼ੋਭਤ ਤਿਲਕ ਭਾਲ ਮਾਲ ਉਰ ਰਾਜੈ ਐ ਪੈ ਬਿਨਾ ਭਕ੍ਤਿਮਾਲ ਭਕ੍ਤਿ ਰੂਪ ਅਤਿ ਦੂਰ ਹੈ !

†ਪੁਸਤਕ ਦੇ ਅੰਤ ਵਿਚ ਤਾਰੀਖ ਦਿਤੀ ਹੈ ਮਾਘ ਸੁਦੀ ੯ ਸੰਮਤ ੧੯੮੩, ਡੇਰੇ ਭਾਈ ਰਤਨ ਸਿੰਘ ਦੇ(=੧੯੨੬ ਈ:)।

Digitized by Panjab Digital Library | www.panjabdigilib.org

ਹੀ ਮੁਕਾਇਆ ਗਿਆ* ।

ਸਾਧੂ ਸਦਾ ਨੰਦ ਅਤੇ ਬਾਬੇ ਦੀ ਆਪਸ ਵਿਚ ਕਈ ਵਿਸ਼ਜ਼ਾ ਉੱਪਰ ਚਰਚਾ ਰਹਿੰਦੀ ਸੀ। ਸਦਾ ਨੰਦ ਬੜਾ ਚਰਚਾਵਾਦ ਕਰਨ ਵਾਲਾ ਬੰਦਾ ਸੀ। ਕੋਈ ਗਲ ਹੋਵੇ, ਉਸਤੇ ਕਿੰਤੂ ਉਠਾ ਦੇਣਾ, ਹਰ ਸੁਵਾਲ ਦੇ ਪੂਰਵ ਅਪਰ ਪੱਖ ਨੂੰ ਕਾਰਣ ਕਾਰਯ ਦੇ ਸੰਗਲ ਵਿਚ ਜੋ ਲੈਣਾ, ਹਰ ਸਿੱਧੀ ਗਲ ਦੇ ਇਰਦ ਗਿਰਦ ਤਰਕ ਵਿਤਰਕ ਦਾ ਸੂਖਮ ਜਾਲ ਉਣ ਦੇਣਾ ਇਸਦਾ ਖਾਸਾ ਸੀ। ਬਾਬੇ ਦਾ ਸੁਭਾਉ ਇਸ ਤੋਂ ਉਲਟ ਸੀ, ਉਹ ਵਾਦ ਵਿਵਾਦ ਵਿਚ ਬਹੁਤ ਘੱਟ ਹਿੱਸਾ ਲੈਂਦਾ, ਪਰ ਸਦਾਨੰਦ ਕਿਸੇ ਨਾ ਕਿਸੇ ਤਰ੍ਹਾਂ ਬਾਬੇ ਨੂੰ ਚਰਚਾ ਲਈ ਉਕਸਾ ਲੈਂਦਾ। ਇਨ੍ਹਾਂ ਬਹਿਸਾਂ ਵਿਚ ਕਾਫੀ ਹਿੱਸਾ ਭਾਈ ਦਿਆਲ ਸਿੰਘ ਜੀ ਵੀ ਲੈਂਦੇ ਸਨ। ਭਾਈ ਦਿਆਲ ਸਿੰਘ ਜੀ ਚੁੱਪ ਤਬੀਅਤ ਦੇ ਨਹੀਂ ਸਨ, ਸੇਵਾ ਤੋਂ ਛੁਟਵਾਰਤਾਲਾਪ ਬਥੇਰੀਕਰਦੇ ਸਨ।ਆਪਦਾਇਕ ਪ੍ਰਸ਼ੋਨਤਰਗੁਰਭਗਤਿਪ੍ਰੇਮਪ੍ਰਕਾਸ਼ਦੇਕਲਮੀਨੁਸਖੇ ਵਿਚ ਦਿੱਤਾਹੈ ਜਿਸਤੋਂ ਆਪਦੀ ਤਬੀਅਤ ਦੀ ਵਾਰਤਾਲਾਪ ਵਿਚਰਵਾਨਗੀ ਦਾ ਪੂਰਾਪਤਾ ਲਗਦਾਹੈ।

ਇਕ ਦਿਨ ਆਪਸ ਵਿਚ ਤਿੰਨਾਂ ਦੀ ਬਹਿਸ ਹੋ ਰਹੀ ਸੀ। ਸੁਵਾਲ ਇਹ ਸੀ ਕਿ ਸੰਸਾਰ ਦੀ ਰਚਨਾ ਦਾ ਕਾਰਣ ਗਜਾਨ ਹੈ ਕਿ ਅਗਜਾਨ। ਵੇਦਾਂਤ ਦੇ ਮਸਲੇ ਮੁਤਾਬਿਕ ਸੰਸਾਰ ਦਾ ਪ੍ਰਪੰਚ ਮਾਯਾ ਕਰਕੇ ਰਚਿਆ ਜਾਂਦਾ ਹੈ, ਜਿਸ ਦਾ ਮਤਲਬ ਇਹ ਹੈ ਕਿ ਅਵਿਦਯਾ (ਜਾਂ ਅਗਜਾਨ) ਜਗਤ ਦਾ ਕਾਰਣ ਹੈ। ਸਾਧੂ ਸਦਾ ਨੰਦ ਏਸ ਗਲ ਨੂੰ ਸਿੱਧ ਕਰਨ ਲਈ ਇਕ ਹੋਰ ਪੁਸਤਕ "ਸਿਧਾਂਤ ਰਹੱਸਜ ਗ੍ਰੰਥ" ਲਿਖ ਰਿਹਾਸੀ। ਉਸਨੇ ਇਕ ਥਾਂਵੇਂ ਇਹੋ ਹੀ ਸੁਵਾਲ ਉਠਾਇਆ ਕਿ ਘੁਮਿਆਰ ਜਦ ਘੜਾ ਬਣਾਉਂਦਾ ਹੈ ਤਾਂ ਉਹ ਕਿਸੇ ਅਗਜਾਨ ਦੇ ਵਸ਼ ਹੋਕੇ ਨਹੀਂ ਬਣਾਉਂਦਾ, ਸਗੋਂ ਘੜੇ ਦਾ ਗਜਾਨ ਦਿਲ ਵਿਚ ਧਾਰ ਕੇ ਮਿੱਟੀ, ਸੋਟਾ, ਚੱਕਰ ਆਦਿਕ ਸਾਧਨਾ ਦ੍ਵਾਰਾ ਘੜਾ ਰਚ ਲੈਂਦਾ ਹੈ। ਕਪੜਾ ਬਨਾਉਣ ਵਾਲਾ ਤੰਦਾਂ ਦਾ ਤਾਣਾ ਪੇਟਾ ਕਿਸੇ ਗਜਾਨ ਦੇ ਆਸਰੇ ਅੱਡਦਾ ਹੈ। ਬਗ਼ੈਰ ਗਜਾਨ ਦੇ ਕਪੜਾ ਨਹੀਂ ਬੁਣਿਆ ਜਾਂਦਾ। ਫੇਰ ਇਹ ਕਿਸ ਤਰ੍ਹਾਂ ਮੰਨਿਆ ਜਾਵੇ ਕਿ ਇਹ ਸੰਸਾਰ ਦਾ ਪ੍ਰਪੰਚ ਕਿਸੇ ਗਜਾਨ ਕਰਕੇ ਨਹੀਂ ਪੂੰਜੂ ਅਗਜਾਨ ਦੇ ਕਾਰਣ ਬਣਿਆ ਹੈ† ।

ਸਾਧੂ ਸਦਾ ਨੰਦ ਇਸ ਸੁਵਾਲ ਦਾ ਬੜੇ ਵਿਸਤਾਰ ਨਾਲ ਉੱਤਰ ਦੇ ਰਿਹਾ ਸੀ ਕਿ ਭਾਈ ਦਿਆਲ ਸਿੰਘ ਨੇ ਵਿਚੋਂ ਗੱਲ ਟੁਕ ਕੇ ਕਿਹਾ ਕਿ ਜੇ ਇਹ ਗਲ ਠੀਕ ਹੈ ਕਿ 'ਦ੍ਰਿਸ਼ਟੀ ਸ੍ਰਿਸ਼ਟੀ ਹੈ' ਤਾਂ ਤੇ ਜਗਤ ਦਾ ਕਾਰਣ ਗਜਾਨ ਹੀ ਹੋਣਾ ਚਾਹੀਦਾ ਹੈ। ਅਸੀਂ ਦ੍ਰਿਸ਼ਟੀ ਰੂਪ ਪ੍ਰਤੱਖ ਗਜਾਨ ਨਾਲ ਸੰਸਾਰ ਰਚ ਲੈਂਦੇ ਹਾਂ, ਇਸ ਕਰਕੇ ਗਜਾਨ ਹੀ ਸੰਸਾਰ ਦਾ ਕਾਰਣ ਹੈ ਨਾ ਕਿ ਅਗਜਾਨ। ਸਾਧੂ ਸਦਾ ਨੰਦ ਨੇ ਕਿਹਾ, ਵਾਹ ਭਾਈ ਜੀ, ਆਪ ਨੇ ਤੋ ਵੇਦਾਂਤ ਦਾ ਖੰਡਨ ਸਹਿਲ ਹੀ ਕਰਦੀਆ। ਬਾਬੇ ਕਿਹਾ. ਭਾਈ ਜੀ ਤੁਸੀਂ ਇਹ ਦੱਸੋ ਕਿ ਦ੍ਰਿਸ਼ਟੀ ਤੋਂ ਬਾਹਰ ਤੁਹਾਡੀ ਕੋਈ ਸ੍ਰਿਸ਼ਟੀ ਨਹੀਂ ? ਭਾਈ ਜੀ ਇਕ ਮਿੰਟ ਚੁਪ ਕਰ ਗਏ, ਫੇਰ ਕਹਿਣ ਲਗੇ ਦ੍ਰਿਸ਼ਟੀ ਤੋਂ ਬਾਹਰ ਸਿਰਫ ਇਕੋ ਪ੍ਰਾਣੀ ਹੋਰ ਹੈ ਜੋ ਕਦੇ ਕਦੇ ਸਾਡੀ ਸੁਪਨ ਸ੍ਰਿਸ਼ਟੀ ਵਿਚ ਉਦਯ ਹੋ ਜਾਂਦਾ ਹੈ; ਉਹ ਹੈ ਸਾਡੀ ਮਾਤਾ,ਜਿਸ ਦੀ ਯਾਦ ਕਿਸੇ ਵੇਲੇ ਦਿਲ ਹਿਲਾ ਜਾਂਦੀ ਹੈ। ਸਾਧੂ ਸਦਾਨੰਦ ਬੋਲਿਆ, ਓਹੋ ! ਭਾਈ ਜੀ ਆਪ ਨੇ ਕਜ਼ਾ ਕਹਿ ਦੀਆ, ਸੁਪਨ ਮੇਂ ਤੋ, ਹਮਾਰੀ ਮੱਯਾ ਭੀ ਦਿਖਾਈ ਦੇ ਜਾਤੀ ਹੈ,ਹਮ ਇਸ ਸਫੁਰਤੀ ਕੀ ਨਵਿਰਤੀ ਪਰ ਸਦੈਵ ਤੱਤਪਰ ਰਹਿਤੇ ਹੈਂ। ਬਾਬਾ ਕਹਿਣ ਲਗਾ, ਇਨ੍ਹਾਂ ਦਿਨਾਂ ਵਿਚ ਸਾਨੂੰ ਕਈ ਵੇਰ ਸੁਪਨੇ ਵਿਚ ਦਿੱਸਿਆ ਹੈ ਕਿ ਸਾਡੀ ਮਾਂ ਸਾਡੀ ਲਿਟ ਖੋਲ੍ਹ ਰਹੀ ਹੈ ਪਰ ਜਦ ਜਾਗ ਖੁਲ੍ਹੀ ਤਾਂ ਆਪਣੀਆਂ ਉਂਗਲਾਂ

---

*ਪੁਸਤਕ ਦੇ ਅਖੀਰ ਲਿਖਿਆ ਹੈ ਸੰਮਤ ੧੯੮੩ ਮਿਤਿ ਫਗਨ ਦਿਨ ਤਿੰਨ ਪੋਥੀ ਪੂਰਨ ਹੋਈ ਅੰਮ੍ਰਿਤਸਰ ਭੋਰੇ ਭਾਈ ਬਤਨ ਸਿੰਘ ਦੇ, ਲਿਖੀ ਕਾਹਨ ਸਿੰਘ ਸਾਧ ਨੇ।

†ਕੁਲਾਲ ਰਚੈ ਘਟ ਜਾਸ ਸਮੈ ਸੋਈ ਠਾਹਿ ਅਪੇਖਤ ਹੈਤ ਅਗਜਾਨੋ। ਮ੍ਰਿਦਾ ਦੰਡ ਚਕ੍ਰ ਤੇ ਆਦਿ ਸੁਸਾਧਨ ਧਾਰ ਰਚੈ ਘਟਿ ਆਦਿ ਪਛਾਨੋ। ਤੈਸੇ ਜਗਦੀਸ ਰਚੈ ਪਰਪੰਚ ਕਿਮਰਥ ਅਗਜਾਨ ਅਪੇਖਤ ਠਾਨੋ। ਤੰਤ ਵਾਦਿ ਤਿਵੈ ਤੰਤੁਧਾਰ ਰਚੈ ਪਟ ਨਾਹਿ ਅਗਜਾਨ ਅਪੇਖਤ ਮਾਨੋ ॥ ੨ ॥ ੨੭ ॥ [ਸਾਧੂ ਸਦਾਨੰਦ

Digitized by Panjab Digital Library | www.panjabdigilib.org

ਹੀ ਜਟਾ ਵਿਚ ਰਸੀਆਂ ਤਕੀਆਂ। ਇਸ ਗੱਲ ਉਪਰ ਤਿੰਨੇ ਹੱਸ ਰਹੇ ਸਨ ਕਿ ਸੰਤ ਰਾਮ ਦਿਆਲ ਜੀ ਅੰਦਰ ਆ ਗਏ ਤੇ ਕਹਿਣ ਲਗੇ ਕਿ ਗੜ੍ਹ ਮਹਾਰਾਜ ਤੋਂ ਕਾਹਨ ਸਿੰਘ ਦੀ ਮਾਈ ਆਈ ਹੈ।

੬.

ਭਾਈ ਰਤਨ ਸਿੰਘ ਬੜਾ ਤਕੜਾ ਪੰਡਿਤ ਸੀ। ਇਸ ਵਿਚ ਕਈ ਵਿਲੱਖਣ ਗੱਲਾਂ ਸਨ। ਗੁਰ ਭਗਤ ਪ੍ਰੇਮ ਪ੍ਰਕਾਸ਼ ਦਾ ਕਲਮੀ ਨੁਸਖਾ ਆਪ ਦੀ ਸ਼ਖਸੀਅਤ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:-

ਜੈਸੇ ਸ੍ਰੀ ਰਾਮ ਚੰਦ੍ਰ ਮੈਂ ਸ਼ਰਧਾ ਉਤਕੰਠਾ ਤਥਾ ਹੀ ਸ੍ਰੀ ਗੁਰੂ ਰਾਮਦਾਸ ਜੀ ਕੇ ਚਰਨੋਂ ਮੈਂ ਪ੍ਰੀਤੀ ਭਾਈ ਰਤਨ ਸਿੰਘ ਜੀ ਕੀ। ਜੋ ਕੋਈ ਕਥਾ ਕਰਦਾ ਸੁਣੇ ਸੋਈ ਕਹੇ ਜੋ ਇਹ ਤੋ ਬਾਲਮੀਕ ਹੈ ਵਾ ਵਿਆਸ ਜੀ ਹੈਂ। ਆਸ਼੍ਰਮ ਐਸਾ ਜੈਸਾ ਪੂਰਨ ਰਿਖੀਆਂ ਕਾ ਹੋਤਾ ਹੈ ਤੇ ਕਥਾ ਸਮੇਂ ਐਸਾ ਪ੍ਰੇਮ ਮਗਨ ਹੋ ਜਾਣਾ ਜੋ ਕੰਠ ਗਦਗਦ ਤੇ ਰੋਮਾਂਚ ਖੜੇ ਹੋ ਆਵਣੇ ਤੇ ਕਥਾ ਮੈਂ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਜੀ ਕੇ ਦੇਣੇ ਪ੍ਰੇਮ ਨੇਮ ਸੇ ਦ੍ਰਿੜ ਸਭਾ ਮੈਂ, ਜਿਸ ਕਰ ਰੋਮਾਂਚ ਸਭ ਕੇ ਖੜੇ ਹੋ ਜਾਣੇ। ਬੈਸਨਵ ਧਰਮ ਕੋ ਦ੍ਰਿੜ ਕਰਕੇ ਧਾਰਤੇ ਭਏ। ਐਸੇ ਕਹਤੇ ਸੇ ਜੋ ਅਸਾਨੂੰ ਗੁਰੂ ਕੀ ਆਗਜਾ ਆਈ ਹੈ। ਤਥਾ ਬਚਨ :-

ਸੰਖ ਚਕ੍ਰ ਮਾਲਾ ਤਿਲਕ ਬਿਰਾਜਤ ਦੇਖ ਪ੍ਰਤਾਪ ਜਗਤ ਭ੍ਰਮਿਓ ॥
ਨਿਰਭਉ ਭਏ ਰਾਮ ਬਲ ਗਰਜਤ ਜਨਮ ਮਰਣ ਸੰਤਾਪ ਹਰਿਓ ॥

ਪ੍ਰਥਮ ਤੋ ਟਕ ਨਾਮ ਗ੍ਰੰਥ ਭਾਖਾ ਕਰਤ ਭਏ, ਫੇਰ ਰਾਮ ਰਹੱਸ, ਪੁਨਾ ਸਤ ਜੋ ਪਖਯਾਨ ਤੇ ਰਾਮ ਲੀਲਾ ਤੇ ਸ੍ਰੀ ਮਦ ਭਾਗਵਤ ਸੁਚੀ ਪੱਤ੍ਰ ਪੁਨਾ ਸ੍ਰੀ ਨਾਨਕ ਚੰਦ੍ਰਕਾ ਤੇ ਰਾਮ ਸਹੰਸ੍ਰਨਾਮ। ਪੁਨਾ ਦਸਾਂ ਪਾਤਸ਼ਾਹਿਆਂ ਕੀ ਉਸਤਤੀ। ਕਬਿਤ ਅਠੋਤ੍ਰੀ ਮਾਲਾ ਬਨਾਈ। ਕਵਿਤਾ ਔ ਗੀਤ ਪਦ ਬਹੁਤ ਬਨਾਏ। ਸੋ ਸਭੀ ਗ੍ਰੰਥ ਬਡੀ ਪ੍ਰਕਰਮਾ ਕੋ ਸਾਧ ਸੰਗਤ ਕੋ ਸੁਣਾਵਤੇ ਭਏ ਪ੍ਰੀਤੀ ਸਹਿਤ। ਪ੍ਰਿਥਮੇ ਸ੍ਰੀ ਦਰਬਾਰ ਸਾਹਿਬ ਜੀ ਕੇ ਡੰਡਉਤ ਬੰਦਨਾ ਕਰਕੇ ਚਰਨ ਰੇਣੁ ਲਿਲਾਰ ਮੇ ਮਲਣੀ, ਪੁਨਾ ਸ੍ਰੀ ਹਰਿਮੰਦਿਰ ਸੁੰਦਰ ਭੀਤਰ ਆਰਤ ਹਰਿ ਕੀ ਆਰਤੀ ਸੁਣਨੀ, ਪੁਨਾ ਕਥਾ ਆਦਿ ਕਰਨੀ ਫੇਰ ਆਪਣੇ ਆਸ਼੍ਰਮ ਜਾਵਣਾ। ਏਕ ਸਮੇਂ ਬਹੁਤ ਬ੍ਰਿਸਟੀ ਕੇ ਸਬਬ ਸੇ ਸਰਦਖਾਨੇ ਵਾਲਾ ਮੰਦਰ ਸ੍ਰੀ ਗੁਰੂ ਗ੍ਰੰਥ ਜੀ ਕਾ ਗਿਰਿਆ ਤਿਸਕੇ ਡਿਗਣੇਸੇ ਬਾਬਾ ਜੀ ਭੀ ਜਲ ਮੈਂ ਚਲੇ ਗਏ ਬਹੁਤ ਜਲ ਕਰਕੇ ਹਰੀਇਛਾ ਸੇ। ਰਾਤ ਕਾ ਸਮਾਂ, ਨਿਛਤ੍ਰ ਅੰਧਕਾਰ, ਤਬ ਕਿਸੀ ਨੇ ਦੇਖ ਕਰ ਜਾਇ ਕਹਾ ਜੀ ਗ੍ਰੰਥ ਜੀ ਜਲ ਮੈਂ ਡੂਬ ਗਏ ਮੰਦਰ ਗਿਰਨੇ ਕੇ ਸਬਬ ਸੇ, ਤਬ ਸੁਣਕਰ ਕਹਤ ਭਏ 'ਰੇ ਮੂੜ੍ਹ ਗੁਰੂ ਗ੍ਰੰਥ ਜੀ ਸਾਹਿਬ ਤੋ ਸਾਰੇ ਜਗਤ ਕੋ ਤਾਰਣੇ ਹਾਰ ਹੈ ਲੋਕ ਪ੍ਰਲੋਕ ਕੇ ਉਧਾਰ-ਕਰਤਾ, ਸੋ ਕੈਸੇ ਡੂਬਤੇ ਹੈਂ। ਤਾਤੇ ਐਸੇ ਫੇਰ ਨਹੀਂ ਕਹਿਣਾ'। ਤਬ ਸ਼ੀਘ੍ਰਤਾ ਸੇ ਉਠ ਕਰ ਆਪ ਜਾਇ ਦੇਖਾ ਤੋ ਸਹੀ ਸਚ ਕੂਰਮ ਭਗਵਾਨ ਤੋ ਜਲ ਮੈਂ ਗਏ ਹੈਂ। ਪ੍ਰਕਾਸ਼ ਕਰਕੇ ਦੇਖਾ ਤੋ ਜਲ ਬਡਾ ਤਾਰੂ ਹੈ ਮਾਨੁਖ ਕੋਈ ਪਹੁੰਚ ਨਹੀਂ ਸਕਤਾ। ਤਬ ਹਾਥ ਜੋੜ ਕਰ ਅਰਦਾਸ ਕਰੀ। ਟਕਾ ਹਾਥ ਮੈਂ ਲੇਕਰ ਤੇ ਸਵਾ ਰੁਪਏ ਕਾ ਕੜਾਹ ਪ੍ਰਸ਼ਾਦਿ ਮੰਨ ਕਰ। ਹੇ ਸਤਿਗੁਰ ਆਪ ਸਾਰੇ ਜਗਤ ਕੇ ਤਾਰਕ ਹੋ। ਸਾਨੂੰ ਪ੍ਰਤੱਖ ਦਰਸ਼ਨ ਦੇਹੁ ਕਿਰਪਾ ਕਰਕੇ। ਅਰ ਦਾਸਾਂ ਕੀ ਭੁੱਲ ਖਿਮਾ ਕਰੀਏ, ਹੇ ਸੁਆਮੀ ਜੀ ! ਤਬ ਤਾਤਕਾਲ ਹੀ ਉਪਰ ਆਵਤੇ ਭਏ, ਕੈਸੇ? ਜੈਸੇ ਉਤਮ ਜਗਿਆਸੂ ਕੋ ਸਰੂਪ ਪ੍ਰਤੱਖ ਹੋ ਆਵੇ ਅਗਜਾਨ ਆਵਰਨ ਤਿਆਗਕੇ। ਤਿਸਕੀ ਉਪਾਸਨਾ ਜੋ ਦ੍ਰਿੜ ਹੈ ਅਭਿਆਸ ਕੇ ਜਲ ਸੇ। ਤਥਾ ਹੀ ਸ੍ਰੀ ਗੁਰੂ ਗ੍ਰੰਥ ਜੀ ਸਾਹਿਬ ਸੰਤਾਂ ਕੀ ਦ੍ਰਿੜ ਅਰਦਾਸ ਕਰ ਪ੍ਰਗਟ ਹੋ ਆਏ ਅੰਤ ਕੇ ਬੀਚ

Digitized by Panjab Digital Library | www.panjabdigilib.org

ਸੇ। ਤਬ ਬਡੀ ਪ੍ਰਸੰਨਤਾ ਭਈ ਆਪਸ ਮੋਂ। ਰੁਮਾਲ ਭਿਜ ਗਏ ਉਪਰ ਸੇ, ਬੀਚ ਸੇਂ ਸੁਸਕ। ਤਬ ਔਰ ਰੁਮਾਲ ਪਹਿਰਾਵਤੇ ਭਏ । ਐਸੇ ਹਰੀ ਭਗਵਾਨ ਭਗਤਾਂ ਕੇ ਆਗਯਾਕਾਰੀ ਹੈਂ। [ਗੁਰ ਭਗਤ ਪ੍ਰੇਮ ਪ੍ਰਕਾਸ਼

ਬਾਬੇ ਦਾ ਪੰਡਿਤ ਰਤਨ ਸਿੰਘ ਦੇ ਡੇਰੇ ਆਵਣ ਜਾਣ ਦਾ ਅਭਯਾਸ ਬਹੁਤ ਵਧ ਗਿਆ। ਚਕਿਤਸਾ ਦੇ ਗੁਣ ਨੇ ਬਾਬੇ ਨੂੰ ਹਰ ਥਾਂ ਤੇ ਆਦਰ ਜੋਗ ਕਰ ਦਿੱਤਾ ਸੀ। ਹਰ ਕਿਸੇ ਨੂੰ ਕਦੇ ਨ ਕਦੇ ਇਨ੍ਹਾਂ ਦੀ ਵੈਦਗੀਰੀ ਦੀ ਮੁਥਾਜੀ ਆ ਬਣਦੀ ਸੀ । ਦਵਾਈ ਦਾ ਅਸਰ ਵੀ ਬਹੁਤ ਜਲਦੀ ਹੁੰਦਾ ਸੀ। ਹਰ ਕਿਸੇ ਦਾ ਇਤਬਾਰ ਜੰਮਿਆ ਹੋਇਆ ਸੀ।

ਮਾਤਾ ਦੇ ਸੰਤ ਰਾਮ ਦਿਆਲ ਦੇ ਡੇਰੇ ਆ ਪਹੁੰਚਣ ਉੱਪਰ ਬਾਬੇ ਦੀ ਤਬੀਅਤ ਡੂੰਘੀ ਸੋਚ ਵਿਚ ਰਹਿਣ ਲੱਗ ਪਈ। ਫਿਕਰ ਨੂੰ ਘਟ ਕਰਨ ਲਈ ਬਾਬੇ ਨੇ ਜ਼ਿਆਦਾ ਵਕਤ ਪੰਡਿਤ ਰਤਨ ਹਰਿ ਦੇ ਡੇਰੇ ਲਾਉਣਾ ਸ਼ੁਰੂ ਕੀਤਾ। 'ਸਿਧਾਂਤ ਰਹੱਸਜ ਗ੍ਰੰਥ'* ਦਾ ਉਤਾਰਾ ਸ਼ੁਰੂ ਕੀਤਾ, ਨਾਲ ਹੀ ਇਕ ਚਕਿਤਸਾ ਦੀ ਕਿਤਾਬ ਵਾਚਣੀ ਅਰੰਭੀ, ਪਰ ਜਿਉਂ ਜਿਉਂ ਦਿਨ ਲੰਘਦੇ ਗਏ ਮਾਂ ਨਾਲ ਜੋ ਓਪਰਿਆਨ ਸੀ ਹਟਦੀ ਗਈ। ਤੇਈ ਚੌਵੀ ਵਰ੍ਹਿਆਂ ਦੀ ਵਿੱਥ ਨਾਲ ਪਈ ਬੇਗਾਨਗੀ ਅੱਠਾਂ ਦਸਾਂ ਦਿਨਾਂ ਵਿਚ ਇਤਨੀ ਘਟ ਗਈ ਕਿ ਪੁਤ੍ਰ ਮਾਂ ਦੇ ਨਜ਼ਦੀਕ ਮਨ ਕਰਕੇ ਬਹੁਤ ਹੋਗਿਆ। ਰੋਜ਼ ਘੰਟਾ ਅੱਧਾ ਘੰਟਾ ਮਾਂ ਪੁਤ੍ਰ ਦੀ ਆਪਸ ਵਿਚ ਲਾਡ ਪਿਆਰ ਵਾਲੀ ਵਾਰਤਾਲਾਪ ਹੋਣ ਲਗ ਪਈ। ਕੁਛ ਦਿਨ ਜਦ ਇਸਤਰ੍ਹਾਂ ਗੁਜ਼ਰ ਗਏ ਤਾਂ ਮਾਂ ਨੇ ਕਿਹਾ:—

ਮਾਂ—ਤੈਨੂੰ ਘਰ ਵਿਚ ਕੀ ਦੁਖ ਸੀ, ਤੂੰ ਕਿਉਂ ਨੱਸ ਤੁਰਿਓਂ ? ਮੈਨੂੰ ਅਜੇ ਏਸ ਗਲ ਦੀ ਹਰਿਆਨਗੀ ਹੈ ?

ਪੁਤ—ਮੈਨੂੰ ਘਰ ਵਿਚ ਬੰਧਨ ਲਗਦੇ ਸਨ।

ਮਾਂ—ਘਰ ਵਿਚ ਕੀ ਬੰਧਨ ਸੀ ? ਤੈਨੂੰ ਕਿਸੇ ਕਦੇ ਟੋਕਿਆ ਸੀ ? ਜੋ ਤੂੰ ਚਾਹੇਂ ਕਰਦਾ ਸੈਂ। ਤੈਨੂੰ ਮੈਂ ਕਦੇ ਕਿਸੇ ਗਲ ਤੋਂ ਹੋੜਿਆ ? ਕਦੇ ਹੁੱਤ ਵੀ ਕੀਤੀ ?

ਪੁਤ—ਨਾ, ਪਰ ਮੈਨੂੰ ਘਰ ਹੀ ਬੰਧਨ ਲਗਦੇ ਸਨ । ਇਕ ਦੋ ਵਾਰੀ ਜਦ ਮੈਂ ਬਜ਼ਾਰ ਵਿਚੋਂ ਲੰਘਿਆ, ਮੈਨੂੰ ਭਗਤੂ ਹਲਵਾਈ ਕਹਿਣ ਲਗਾ ਓ ਤੂੰ ਐਡੇ ਦੀਵਾਨ ਸਾਹਿਬ ਦੀ ਆਲ ਔਲਾਦ ਹੈਂ, ਤੇ ਏਸ ਤਰ੍ਹਾਂ ਹੋਛਿਆਂ ਵਾਕੂਣ ਫਿਰਦਾ ਹੈਂ, ਕਪੜੇ ਵੀ ਵੱਲ ਤਰ੍ਹਾਂ ਨਹੀਂ ਪਾਉਂਦਾ !

ਮਾਂ—ਬਸ, ਐਤਨੀ ਗਲ ਤੋਂ ਰੁੱਸਾ ਚੜ੍ਹ ਗਿਆ ?

ਪੁਤ—ਗੁੱਸਾ ਨਹੀਂ, ਮੈਨੂੰ ਸ਼ਰਮ ਆਈ।

ਮਾਂ—ਸ਼ਰਮ ਤੇ ਮਾੜੀ ਗਲ ਨਹੀਂ, ਸ਼ਰਮ ਤੇ ਆਉਣੀ ਚਾਹੀਦੀ ਹੈ, ਵਡਿਆਂ ਦਾ ਨੱਕ ਨਮੂਜ ਰੱਖਣਾ ਧਰਮ ਹੁੰਦਾ ਹੈ।

ਪੁਤ—ਏਸੇ ਨੱਕ ਨਮੂਜ ਤੋਂ ਮੈਨੂੰ ਬੜੀ ਅਲਕਤ ਆਉਣ ਲਗੀ । ਓਦੋਂ ਹੀ ਮੈਂ ਜੋਤਖ਼ੀ ਪੋਥੀ ਪੜ੍ਹਦਾ ਸਾਂ ਉਸ ਵਿਚ ਲਿਖਿਆ ਸੀ ਕਿ ਜੀਵ ਨੂੰ ਜਨਮ ਤੋਂ ਹੀ ਅੱਠ ਪ੍ਰਕਾਰ ਦੇ ਬੰਧਨ ਪਏ ਹੁੰਦੇ ਹਨ, ਘ੍ਰਿਣਾ, ਲੱਜਾ, ਕੁਲ ਅਭਿਮਾਨ, ਵਿਦਯਾ ਅਭਿਮਾਨ, ਜਾਤਿ ਅਭਿਮਾਨ, ਡਰ, ਅਹੰਕਾਰ ਤੇ ਖ਼ਜਾਤਿ ।

ਮਾਂ—ਇਹ 'ਖਜਾਤਿ' ਮੈਂ ਨਹੀਂ ਸਮਝੀ।

ਪੁਤ—'ਖਜਾਤੀ' ਹੁੰਦੀ ਹੈ ਮਸ਼ਹੂਰੀ, ਵਡਿਆਈ, ਕਿ ਲੋਕਾਂ ਵਿਚ ਮੈਂ ਵੱਡਾ ਇੱਜ਼ਤਦਾਰ ਮੰਨਿਆ ਜਾਵਾਂ।

ਮਾਂ—ਫੇਰ ?

ਪੁਤ—ਮੈਂ ਇਸ ਗਲ ਨੂੰ ਬਹੁਤ ਸੋਚਦਾ ਰਿਹਾ।

---

*ਕ੍ਰਿਤ ਸਦਾ ਨੰਦ, ਚੇਲੇ ਰਾਮ ਦਿਆਲ ਜੀ ਦੇ।

Digitized by Panjab Digital Library | www.panjabdigilib.org

ਮਾਂ (ਹੱਸਕੇ)–ਤੂੰ ਵਿਹਲਾਂ ਨੁੱਕਰਾਂ ਵਿਚ ਬੈਠਾ ਦੋਰ ਕੀ ਕਰਦਾ ਸੈਂ, ਵਡੇ ਵਡੇ ਤੇ ਏਡੀਆਂ ਜਗੀਰਾਂ ਤੇ ਮਿਲਖਾਂ ਬਣਾ ਗਏ ਤੂੰ ਬੈਠਾ ਹਵਾ ਵਿਚ ਕਿਲੇ ਉਸਾਰਦਾ ਸੈਂ !

ਪੁਤ–ਨਹੀਂ, ਮੈਂ ਕਿਲੇ ਢਾਉਂਦਾ ਸਾਂ । ਮੈਨੂੰ ਦਿੱਸਦਾ ਸੀ ਕਿ ਸਾਡੇ ਕੋਲ ਉਹ ਵੱਡਿਆਂ ਵਾਲੀ ਕੋਈ ਗਲ ਨਹੀਂ ਰਹੀ। ਉਹ ਤੇਜ ਪ੍ਰਤਾਪ ਸਭ ਖ਼ਤਮ ਹੋ ਗਿਆ ਹੈ, ਕਿਤੇ ਸਾਡੀ ਪੁੱਛ ਪਰਤੀਤ ਨਹੀਂ । ਬਸ ਇਤਨੀ ਗਲ ਰਹਿ ਗਈ ਹੈ ਕਿ ਮੈਂ ਦੀਵਾਨ ਸਾਹਿਬ ਦੀ ਔਲਾਦ ਵਿਚੋਂ ਹਾਂ । ਇਹ ਫੋਕਾ ਹੰਕਾਰ ਹੈ । ਸਾਡੇ ਵੱਡਿਆਂ ਦਾ ਨਾਮ ਦਿਲੀ ਦਰਵਾਜ਼ੇ ਉਪਰ ਲਿਖਿਆ ਹੋਇਆ ਹੈ, ਬਸ ਏਹੋ ਕੁਲ ਅਭਿਮਾਨ ਹੈ। ਸਭ ਤੋਂ ਵੱਡਾ ਬੰਧਨ ਮੈਨੂੰ ਏਹੋ ਲਗਦਾ ਸੀ । ਮੈਂ ਏਸੇ ਨੂੰ ਭੰਨਣਾ ਚਾਹੁੰਦਾ ਸਾਂ। ਜੇ ਦੀਵਾਨ ਸਾਹਿਬ ਸੋਨੇ ਦਾ ਹੌਦਾ ਲਾਕੇ ਹਾਥੀ ਤੇ ਚੜ੍ਹਦੇ ਸਨ ਤਾਂ ਮੈਂ ਪੈਰੋਂ ਨੰਗਾ ਫਿਰਨਾ ਚਾਹੁੰਦਾ ਸਾਂ। ਜੇ ਉਹ ਚਾਂਦੀ ਦੇ ਭਾਂਡਿਆਂ ਵਿਚ ਰੋਟੀ ਖਾਂਦੇ ਸਨ ਤਾਂ ਮੈਂ ਜੰਗਲ ਦੇ ਫਲ ਖਾਕੇ ਝਟ ਟਪਾਉਣਾ ਚਾਹੁੰਦਾ ਸਾਂ । ਜੇ ਉਨ੍ਹਾਂ ਦੇ ਬਜ਼ਾਰਾਂ ਵਿਚ ਜਲੂਸ ਨਿਕਲਦੇ ਸਨ ਤਾਂ ਮੈਂ ਉਜਾੜਾਂ ਵਿਚ ਲੁਕਿਆ ਰਹਿਣਾ ਚਾਹੁੰਦਾ ਸਾਂ ।

ਮਾਂ–ਬੱਚਾ ! ਤੂੰ ਸਭ ਕੁਛ ਕਰ ਵਿਖਾਇਆ । ਹੱਥਾਂ ਤੇ ਸਰੋਂ ਜਮਾ ਦਿੱਤੀ ।

ਪੁਤ–ਹਾਂ, ਮੈਂ ਇਸ ਨੱਕ ਨਮੂਜ ਦੇ ਕੈਦਖਾਨੇ ਵਿਚੋਂ ਬਾਹਰ ਨਿਕਲਣਾ ਚਾਹੁੰਦਾ ਸਾਂ। ਇਹ ਕੁਲ ਅਭਿਮਾਨ ਦੀ ਪੱਕੀ ਫਸੀਲ ਮੈਂ ਚੂਰ ਚੂਰ ਕਰਨੀ ਚਾਹੁੰਦਾ ਸਾਂ । ਮੈਂ ਉਨ੍ਹਾਂ ਜ਼ਮੀਨਾਂ,ਉਨ੍ਹਾਂ ਖੂਹਾਂ ਤੇ ਉਨ੍ਹਾਂ ਹਵੇਲੀਆਂ ਦੇ, ਜੋ ਮੇਰੀਆਂ ਸਨ, ਉਨ੍ਹਾਂ 'ਮੇਰੀਆਂ' ਦੇ ਬੰਦੀਖਾਨੇ ਤੋਂ ਬਾਹਰ ਰਹਿਣਾ ਪਸੰਦ ਕਰਦਾ ਸਾਂ । ਮੈਂ ਜੰਗਲ ਵਿਚ ਜਾਕੇ ਪਹਿਲੀ ਗਲ ਏਹੋ ਕੀਤੀ ਕਿ ਗੜ੍ਹ ਮਹਾਰਾਜ ਦੇ ਖਿਆਲ ਮਾਤ੍ਰ ਨੂੰ ਲੰਕਾ ਵਾਕੂਣ ਸਾੜ ਦਿਤਾ ।

ਮਾਂ–ਹਾਂ, ਉਹ ਸਾਡੀ ਸੋਨੇ ਦੀ ਲੰਕਾ ਸਚੀ ਮੁਚੀਂ ਸੜ ਗਈ, ਮੈਂ ਵੀ ਚੱਵੀ ਵਰ੍ਹੇ ਉਸੇ ਧੁਖੀ ਧੂਣੀ ਵਿਚ ਧੁਖਦੀ ਰਹੀ ।

ਪੁਤ–ਮੈਂ ਗੜ੍ਹ ਮਹਾਰਾਜ ਦੇ ਖਿਆਲ ਨੂੰ ਸਾੜਕੇ ਸੁਤੰਤ੍ਰ ਹੋਗਿਆ, ਮੇਰਾ ਬੰਧਨ ਟੁੱਟ ਗਿਆ। ਮੈਂ ਜੰਗਲਾਂ ਵਿਚ ਨਿਰਭੈ ਫਿਰਨ ਲਗਾ ।

ਮਾਂ–ਤੇ ਬਾਕੀ ਦੇ ਸੱਤ ਬੰਧਨ ਜੋ ਤੂੰ ਗਿਣੇ ਸਨ ?

ਪੁਤ–ਉਹ ਹੌਲੇ ਹੌਲੇ ਸਭ ਨਸ਼ਟ ਹੋ ਗਏ । ਕੁਲ ਅਭਿਮਾਨ ਬੰਧਨਾਂ ਦਾ ਗੜ੍ਹ ਸੀ, ਜਿਸ ਦਾ ਪਹਿਲੇ ਟੁੱਟਣਾ ਜ਼ਰੂਰੀ ਸੀ।

ਮਾਂ–ਅੱਛਾ, ਜੋ ਚਾਹੁੰਦਾ ਸੈਂ ਉਹ ਤੈਨੂੰ ਲੱਭ ਪਿਆ, ਹੁਣ ਕਿਸ ਗਲ ਦੀ ਕਾਣ ਹੈ ?

ਪੁਤ–ਕੋਈ ਕਾਣ ਨਹੀਂ ।

ਮਾਂ–ਅੱਛਾ ਫੇਰ, ਆ ਹੁਣ ਘਰ ਬਣਾਕੇ ਰਹੀਏ, ਗੜ੍ਹ ਮਹਾਰਾਜ ਤੇ ਤੂੰ ਸਾੜ ਦਿਤਾ–ਉਹ ਮੇਰੇ ਭਾਣੇ ਵੀ ਸੜ ਗਿਆ, ਪਰ ਫਿਰ ਲੁਕਾਉਣ ਨੂੰ ਹੋਰ ਕੁੱਲੀ ਹੋ ਸਕਦੀ ਹੈ ?

ਪੁਤ–ਮਾਂ, ਮੈਂ ਸਾਧੂ ਹਾਂ ਅਰ ਇਕ ਵੇਰ ਸਾਧਗੀਰੀ ਦਾ ਬਾਣਾ ਪਹਿਨ ਕੇ ਫੇਰ ਘਰਾਂ ਵਿਚ ਕਿੱਕੁਰ ਰਹਵਾਂ ?

ਮਾਂ–ਫੇਰ ਤਾਂ ਸਾਧਗੀਰੀ ਦਾ ਬਾਣਾ ਵੀ ਬੰਧਨ ਹੋ ਗਿਆ । ਤੂੰ ਕਹਿੰਦਾ ਸੈਂ ਮੈਂ ਸਾਰੇ ਬੰਧਨ ਜਿੱਤ ਲੀਤੇ ਹਨ, ਪਰ ਤੂੰ ਅੱਠ ਠੀਕ ਜਿਤੇ ਹਨ ਇਹ ਨੌਵਾਂ ਹੈ, ਹੁਣ ਏਸ ਦੀ ਤੈਨੂੰ ਸ਼ਰਮ ਆ ਰਹੀ ਹੈ।

ਇਹ ਕਹਿੰਦਿਆਂ ਹੀ ਮਾਂ ਦੀਆਂ ਅੱਖਾਂ ਤੇਰ ਬਤੇਰ ਹੋ ਗਈਆਂ, ਸਰੀਰ ਉਤੇ ਤ੍ਰੋਲੀ ਆ ਗਈ। ਅੱਗੇ ਜੋ ਕਹਿਣ ਲੱਗੀ ਸੀ ਉਹ ਸੰਘ ਵਿਚ ਹੀ ਰਹਿ ਗਿਆ, ਫੇਰ ਐਉਂ ਹੋਇਆ ਜਿਵੇਂ ਕੋਈ ਜ਼ਬਰਦਸਤੀ ਮਾਂ ਦੀ ਜ਼ੁਬਾਨ ਅੰਦਰੋਂ ਫੜਕੇ ਹਿਲਾ ਦਿੰਦਾ ਹੈ। ਉਹ ਬੋਲਨਾ ਨਹੀਂ ਚਾਹੁੰਦੀ । ਏਸ ਤਰ੍ਹਾਂ ਦੀ ਅੜਚਨ ਵਿਚੋਂ ਲਫਜ਼ ਬਾਹਰ ਨਿਕਲੇ, ਜੋ ਇੰਵ ਥਿੜਕ ਰਹੇ ਸਨ ਜਿਵੇਂ ਕੋਈ ਪਾਲੇ ਨਾਲ ਕੰਬ ਰਿਹਾ ਹੁੰਦਾ ਹੈ,

Digitized by Panjab Digital Library | www.panjabdigilib.org

ਆਖਿਓ ਸੁ:–"ਦੇਖ ਇਹ ਨੇਵਾਂ ਬੰਧਨ ਗੁਰੂ ਨਾਨਕ ਸਾਹਿਬ ਨੇ ਜਿੱਤਿਆ ਸੀ, ਉਨ੍ਹਾਂ ਸਾਰਾ ਸੰਸਾਰ ਭੌਂਕੇ ਫੇਰ ਭੋਣ ਵਾਲਾ ਦੇਲਾ ਲਾਹ ਦਿੱਤਾ ਸੀ। ਮੁੜ ਘਰ ਬਣ ਗਿਆ ਸੀ। ਤਲਵੰਡੀ ਨਹੀਂ, ਕਰਤਾਰਪੁਰ।"

ਇਹ ਗਲ ਸੁਣਦਿਆਂ ਪੁਤ੍ਰ ਨੇ ਸਿਰ ਗੋਡਿਆਂ ਵਿਚ ਵਾੜ ਲਿਆ ਤੇ ਗੂੜ੍ਹ ਧਿਆਨ ਵਿਚ ਚੁਪ ਹੋ ਗਿਆ।

ਹੌਲੀ ਹੌਲੀ ਮਾਈ ਨੇ ਸੰਤ ਰਾਮ ਦਿਆਲ ਜੀ ਦੇ ਚਰਨਾਂ ਵਿਚ ਬੇਨਤੀ ਸ਼ੁਰੂ ਕੀਤੀ। ਸੰਤ ਮਾਈ ਦੀ ਪੁਤ੍ਰ ਵਿਚ ਅਤਿ ਤੀਬਰ ਭਾਵਨਾ ਦੇਖਕੇ ਬਹੁਤ ਪ੍ਰਸੰਨ ਹੋਏ। ਇਕ ਦਿਨ ਸੰਤਾਂ ਨੇ ਕਿਹਾ–

ਸੰਤ ਮਾਈ ਜੀ, ਤੁਸੀਂ ਇਥੇ ਆ ਗਏ ਹੋ, ਪਿਛੇ ਤੁਹਾਡੇ ਮਾਲ ਡੰਗਰ ਦਾ ਕੌਣ ਧਿਆਨ ਕਰਦਾ ਹੋਵੇਗਾ ?

ਮਾਈ--ਜੀ ਪਤਾ ਨਹੀਂ, ਮੈਂ ਤੇ ਬੋਰਿਆਂ ਵਾਕੂਨ ਓਥੋਂ ਟੁਰ ਆਈ, ਮੈਂ ਨਾ ਲੀੜੇ ਸਾਂਭੇ, ਨਾ ਜੰਦਰੇ ਮਾਰੇ, ਨਾ ਕਿਸੇ ਨੂੰ ਕਿਹਾ ਡੰਗਰਾਂ ਨੂੰ ਪਾਣੀ ਡਾਹੁਣ ਲਈ, ਮੈਂ ਤੇ ਸੁੰਧਕ ਲੈਂਦੀ ਹੀ ਅੱਭੜਵਾਹੇ ਨੱਸ ਪਈ।

ਸੰਤ–ਹੁਣ ਫਿਰ ਤੁਸੀਂ ਜਾਓ, ਪੁਤ੍ਰ ਨਾਲ ਮੇਲੇ ਹੋ ਗਏ, ਹੁਣ ਘਰ ਬਾਹਰ ਸਾਂਭੋ।

ਮਾਈ–ਜੀ ਅਸਾਂ ਘਰ ਬਾਹਰ ਨੂੰ ਕੀ ਕਰਨਾ ਹੈ ? ਇਹ ਕਹਿਕੇ ਮਾਈ ਦੀਆਂ ਅੱਖਾਂ ਵਿਚ ਗੱਚ ਭਰ ਆਇਆ, ਗਲਾ ਰੁਕ ਗਿਆ, ਫੇਰ ਬੜੇ ਯਤਨ ਨਾਲ ਹਾਹੁਕਾ ਲੈਕੇ ਇਹ ਤੁਕ ਪੜੀ: -

ਜਿਨ ਕੇ ਪੁਤ੍ਰ ਵੈਰਾਗੀ ਥੀਵੈਂ। ਤਿਨਕੇ ਮਾਤ ਪਿਤਾ ਕਿਮ ਜੀਵੈਂ ॥

ਸੰਤਾਂ ਉਪਰ ਇਸ ਗਲ ਦਾ ਬੜਾ ਗਹਿਰਾ ਅਸਰ ਹੋਇਆ, ਸਜਲ ਨੇਤ੍ਰ ਹੋ ਗਏ। ਮਾਈ ਦੀ ਇਸ ਪੁਤ੍ਰ ਮਮਤਾ ਵਿਚ ਉਨ੍ਹਾਂ ਨੂੰ ਵਤਸਲ ਭਗਤਿ ਦੀ ਇਕ ਉਠ ਰਹੀ ਪ੍ਰਬਲ ਲਹਿਰ ਨਜ਼ਰ ਆਈ। ਇਸ 'ਪੁਤ੍ਰ-ਪ੍ਰੇਮ' ਵਿਚ ਮਾਈ ਸਭ ਕਾਮਨਾ ਜਿੱਤ ਚੁੱਕੀ ਸੀ। ਉਸਦਾ ਤਿਆਗ ਸੰਪੂਰਨ ਸੀ। ਉਸਦੀ ਬ੍ਰਿਤੀ ਹਰ ਸ਼ੈ ਤੋਂ ਵਿਰੱਕਤ ਸੀ। ਹੁਣ ਉਸ ਦੀ ਇਹੋ ਲਗਨ ਸੀ ਕਿ ਪੁਤ੍ਰ ਦੇ ਨਾਲ ਰਹਾਂ। ਇਸ ਲਗਨ ਵਿਚ ਉਹ ਕਮਲੀ ਹੋਈ ਹੋਈ ਸੀ। ਉਸ ਨੂੰ ਕੋਈ ਲੋਕ ਲਾਜ, ਕੋਈ ਘਰ ਬਾਹਰ ਉਜੜਨ ਦਾ ਡਰ ਨਹੀਂ ਸੀ, ਉਹ ਕੇਵਲ ਅਪਣੀ ਧੁਨਿ ਵਿਚ ਸੀ। ਸੰਤਾਂ ਨੂੰ ਉਸਦੀ ਹਿਰਦੇ ਵੇਦਨਾ ਵਿਚ ਅਨਿੰਨ ਭਗਤਾਂ ਵਾਲੇ ਚਿਹਨ ਚੱਕਰ ਨਜ਼ਰ ਆਏ। ਇਕ ਦੋ ਦਿਨ ਸੰਤ ਭਗਤੀ ਦੇ ਲੱਛਣ ਦੀਆਂ ਇਹ ਤੁਕਾਂ ਪੜ੍ਹਦੇ ਰਹੇ:–

ਨ ਲਾਜ ਤੀਨ ਲੋਕ ਕੀ ਨ ਵੇਦ ਕੋ ਕਹਜੋ ਕਰੈ। ਨ ਸੰਕ ਭੂਤ ਪ੍ਰੇਤ ਕੀ ਨ ਦੇਵ ਜੱਛ ਤੇ ਡਰੈ।
ਸੁਨੈ ਨ ਕਾਨ ਔਰ ਕੀ ਦੂਸੈ ਨ ਔਰ ਇੱਛਨਾ। ਕਹੈ ਨ ਬਾਤ ਔਰ ਕੀ ਸੁ ਭਕਤਿ ਪ੍ਰੇਮ ਲੱਛਨਾ।

ਆਖਰ ਸੰਤਾਂ ਨੇ ਸੋਚ ਵਿਚਾਰ ਕੇ ਇਹ ਫੈਸਲਾ ਕੀਤਾ ਕਿ ਅੰਮ੍ਰਿਤਸਰ ਵਿਚ ਹੀ ਇਕ ਵੱਖਰਾ ਥਾਂ ਲੀਤੀ ਜਾਵੇ ਤੇ ਮਾਂ ਪੁਤ ਇਕੱਠੇ ਰਹਿਣ।

ਕਟੜੇ ਗਰਬਾ ਸਿੰਘ ਦੇ ਵਿਚ ਇਕ ਅਵੱਲੇ ਜਿਹੇ ਪਸਿੱਤੇ ਪਾਸੇ ਥਾਂ ਲੀਤੀ ਗਈ। ਇਹ ਸ਼ਹਿਰੋਂ ਬਾਹਰ ਦੇ ਲਾਗਲੇ ਦਾ ਪਾਸਾ ਸੀ। ਕੋਈ ਕੰਮ ਦਾ ਰਿਹਾਇਸ਼ੀ ਟਿਕਾਣਾ ਨਹੀਂ ਸੀ। ਉਘੜ ਦੁਘੜ ਉੱਖਲੀਆਂ ਵਾਲੀ ਜਗ੍ਹਾ ਸੀ। ਜ਼ਮੀਨ ਦੇ ਮਾਲਕ ਨੇ ੧।) ਤੇ ਗੁੜ ਦੀ ਰੋੜੀ ਮੁੱਲ ਮੰਗਿਆ, ਜੋ ਅਦਾ ਕੀਤਾ ਗਿਆ। ਇਸ ਥਾਂ ਉਪਰ ਰਹਿਣ ਦਾ ਟਿਕਾਣਾ ਜਿਹਾ ਬਨਾਇਆ ਗਿਆ, ਜਿਸ ਵਿਚ ਮਾਂ ਪੁਤ੍ਰ ਤੇ ਦੋ ਨਿਕੇ ਭਰਾ ਰਹਿਣ ਲਗ ਪਏ।

ਜੋ ਸੰਤ ਰਾਮ ਦਿਆਲ ਨੇ ਆਪਣਾ ਟਿਕਾਣਾ ਮਸਾਣਾ ਦੇ ਕੋਲ ਬਣਾਇਆ ਸੀ ਤਾਂ ਬਾਬੇ ਦੀ ਇਹ ਜਗ੍ਹਾ ਵੀ ਕੋਈ ਵਧੇਰੀ ਸੁਥਰੀ ਥਾਂ ਤੇ ਨਹੀਂ ਸੀ, ਉਨ੍ਹਾਂ ਦਿਨਾਂ ਵਿਚ ਇਹ ਵੀ ਇਕ ਕਬਰ-ਸਤਾਨੀ ਜੇਹੀ ਉਜਾੜ ਸੀ। ਅਜੇ ਓਹ ਆਦਮੀ ਮੌਜੂਦ ਹਨ ਜੋ ਦੱਸਦੇ ਹਨ ਕਿ ਬਾਬਾ ਜੀ ਰਹਿੰਦੇ ਘਰ ਵਿਚ ਸਨ, ਪਰ ਤਬੀਅਤ ਵਿਚ ਉਜਾੜਾਂ ਵਾਲੀ ਨਿਰਭੈਤਾ ਉਸੇ ਤਰ੍ਹਾਂ ਮੌਜੂਦ ਸੀ। ਉਨ੍ਹਾਂ ਦੇ ਸਿਆਲ

Digitized by Panjab Digital Library | www.panjabdigilib.org

ਅੰਦਰ ਹੀ ਇਕ ਕਮਰੇ ਵਿਚ ਸੌਂਦੇ ਸਨ। ਇਲਾਕਾ ਉਜਾੜ ਦਾ ਹੋਣ ਕਰਕੇ ਕਮਰੇ ਅੰਦਰ ਉਨ੍ਹਾਂ ਵਿਚ ਸੱਪ ਫਿਰਦੇ ਰਹਿੰਦੇ ਸਨ, ਪਰ ਆਪ ਉਨ੍ਹਾਂ ਵਿਚ ਨਿਰਭੈ ਬੈਠੇ ਜਾਂ ਸੁੱਤੇ ਰਹਿੰਦੇ ਸਨ। ਕਹਿੰਦੇ ਹੁੰਦੇ ਸਨ ਕਿ ਇਹ ਸਾਡੇ ਰਾਖੇ ਹਨ।

ਮਾਂ ਨੇ ਹਰ ਪ੍ਰਕਾਰ ਦੀ ਸੇਵਾ ਅਪਣੇ ਹੱਥੀਂ ਸ਼ੁਰੂ ਕੀਤੀ, ਪ੍ਰਸ਼ਾਦ ਤਿਆਰ ਕਰਨਾ, ਛਕਾਉਣਾ, ਅਸ਼ਨਾਨ ਕਰਾਉਣਾ, ਬਸਤ੍ਰ ਧੋਣੇ, ਉਜਲੇ ਪਾਉਣ ਨੂੰ ਦੇਣੇ। ਇਕ ਸੇਵਾ ਬੜੀ ਕਠਨ ਸੀ, ਜਟਾਂ ਖੋਲ੍ਹਣੀਆਂ। ਰੋਜ਼ ਤੇਲ ਮਲ ਮਲਕੇ ਤੇ ਥੋੜੇ ਥੋੜੇ ਕੇਸਾਂ ਨੂੰ ਕੰਘਾਂ ਕਰ ਕਰਕੇ ਦੋ ਮਹੀਨਿਆਂ ਵਿਚ ਸਾਰੀਆਂ ਗੰਢਾਂ ਖੁੱਲ੍ਹ ਗਈਆਂ। ਉਸ ਦਿਨ ਆਪ ਨੇ ਇਕ ਖਾਸ ਕਿਸਮ ਦਾ ਹਲਕਾਪਨ ਮਹਸੂਸ ਕੀਤਾ। ਕੰਘਾ ਸਰਲ ਵਹਣ ਲਗ ਪਿਆ। ਮਾਂ ਨੂੰ ਆਖਣ ਲੱਗੇ ਅੱਛਾ ਤੂੰ ਸਾਡੇ ਕੇਸਾਂ ਦੀ ਗੰਢ ਖੋਹਲੀ ਹੈ ਏਸਦੇ ਬਦਲੇ ਸਾਡਾ ਰਾਮ ਤੇਰੇ ਹਿਰਦੇ ਦੀ ਗੰਢ ਖੋਲ੍ਹ ਦੇਵੇਗਾ।

ਦਵਾ ਲੈਣ ਵਾਲੇ ਮਰੀਜ਼ਾਂ ਦਾ ਘਰ ਵਿਚ ਜਮਘਟ ਲੱਗਾ ਰਹਿੰਦਾ ਸੀ। ਘਰ ਵਿਚ ਰਹਿਣ ਕਰਕੇ ਹੁਣ ਇਹ ਹਕੀਮੀ ਹੀ ਰੁਜ਼ਗਾਰ ਟੋਰਨ ਦਾ ਵਸੀਲਾ ਬਣ ਗਈ। ਅਨੇਕ ਪ੍ਰਕਾਰ ਦੀਆਂ ਦਾਈਆਂ, ਜੜ੍ਹਾਂ ਬੂਟੀਆਂ, ਧਾਤਾਂ ਅਤੇ ਪੱਥਰ ਆਉਂਦੇ ਰਹਿੰਦੇ। ਖਰਲ ਚਲਦੇ ਰਹਿੰਦੇ ਤੇ ਕੁਸ਼ਤਿਆਂ ਦੀ ਭੱਠੀ ਗਰਮ ਰਹਿੰਦੀ। ਹਿਕਮਤ ਦੀਆਂ ਕਿਤਾਬਾਂ ਵੀ ਜਮਾਂ ਹੋਣ ਲੱਗੀਆਂ। ਪ੍ਰਸਿੱਧ ਵੈਦਕ ਪੁਸਤਕਾਂ ਦੇ ਉਤਾਰੇ ਵੀ ਸ਼ੁਰੂ ਹੋ ਗਏ। ਵੈਦਕ ਮਸਤੂਫੀਅਤ ਤੋਂ ਜੇੜ੍ਹਾ ਵਕਤ ਬਚਦਾ ਉਹ ਅਧਯਾਤਮਿਕ ਪੁਸਤਕਾਂ ਦੇ ਪੜ੍ਹਨ, ਪੜ੍ਹਾਉਣ, ਸੋਧਣ, ਨਕਲ ਕਰਨ ਅਤੇ ਅਸਲਾਂ ਦੇ ਪਾਠਾਂਤ੍ਰ ਭੇਦ ਦੇਖਣੇ ਵਿਚ ਖਰਚ ਹੁੰਦਾ।

ਬਾਬੇ ਦੇ ਘਰ ਜਾ ਰਹਿਣ ਨਾਲ ਸਾਰੇ ਡੇਰੇ ਵਿਚ ਕੁਛ ਉਦਾਸੀ ਦਾ ਰੰਗ ਛਾ ਗਿਆ। ਸਾਧੂ ਸਦਾ ਨੰਦ ਨੇ ਤਾਂ ਜਪੁਜੀ ਸਾਹਿਬ ਦਾ ਟੀਕਾ ਵਿਚਾਰਨ ਦੇ ਰੁਝੇਵੇਂ ਵਿਚ ਅਪਣੇ ਆਪ ਨੂੰ ਲਾ ਦਿੱਤਾ, ਭਾਈ ਦਿਆਲ ਸਿੰਘ ਨੇ ਹਰਦੁਆਰ ਯਾਤ੍ਰਾ ਦੀ ਸਲਾਹ ਕੀਤੀ। ਇਕ ਸਾਧੂਆਂ ਦਾ ਜਥਾ ਗੰਗਾ ਇਸ਼ਨਾਨ ਲਈ ਜਾ ਰਿਹਾ ਸੀ, ਭਾਈ ਦਿਆਲ ਸਿੰਘ ਨੇ ਇਸ ਸੰਗ ਵਿਚ ਸ਼ਾਮਲ ਹੋਣ ਦੀ ਸੰਤਾਂ ਕੋਲੋਂ ਆਗਜਾ ਮੰਗੀ। ਸੰਤਾਂ ਵੀ ਹਾਂ ਕਰ ਦਿੱਤੀ ਪਰ–

ਜਬ ਟੁਰਨੇ ਕਾ ਦਿਨ ਆਇਆ ਤਬ ਭਾਈ ਰਾਮ ਦਿਆਲ ਜੀ ਅਗੇ ਪਹੁਚਾਵਣੇ ਚਲੇ। ਜਬ ਕੇਤਾ ਪੈਂਡਾ ਸੁਧਾਸਰ ਤੇ ਬਾਹਰ ਗਏ ਤਬ ਕਹਿਣੇ ਲਾਗੇ ਕਹੁ ਦਿਆਲ ਸਿੰਘ ਤੂੰ ਸਾਧ ਸੰਗਤ ਮੈਂ ਜੋ ਆਇਆ ਥਾ ਸੋ ਮਨ ਕੋ ਮਾਰਨੇ ਨਮਿਤ ਆਇਆ ਥਾ ਕੇ ਮਨ ਕੋ ਪੁਸ਼ਟ ਕਰਨੇ ਵਾਸਤੇ ਆਇਆ ਥਾ। ਤਬ ਭਾਈ ਦਿਆਲ ਸਿੰਘ ਜੀ ਕਹਾ ਜੀ ਮਨ ਮਾਰਨੇ ਨਮਿਤ ਆਇਆ ਥਾ ਤਬ ਭਾਈ ਰਾਮ ਦਿਆਲ ਜੀ ਕਹਾ ਜੋ ਪੈਂਡੇ ਮਹਿ ਤਮੋਗੁਣ ਵਧ ਜਾਤਾ ਹੈ। ਕੇਤੇ ਕੀਟ ਮਰਤੇ ਹੈਂ ਚਰਨਾਂ ਤਲੇ। ਅਧਕ ਵਖਜੋਪ ਦ੍ਰਿਤੀ ਹੋਤੀ ਹੈ ਨਾਨਾ ਰੂਪ ਰੰਗ ਕੋ ਦੇਖਕੈ; ਤਾਂਤੇ ਫੇਰ ਚਲ ਡੇਰੇ ਮਹਿੰ ਅਰ ਸਤਿਸੰਗ ਕਰ ਅਰ ਸ੍ਰੀ ਵਾਹਿਗੁਰੂ ਜੀ ਕਾ ਸਿਮਰਨ ਕਰ। ਤਬ ਭਾਈ ਦਿਆਲ ਸਿੰਘ ਕਹਾ ਜੀ ਸਤਿ ਬਚਨ।

[ਰਤਨ ਮਾਲ-ਭਾਲ ਚੰਦ

ਬਾਬੇ ਨੇ ਇਕ ਕਬਿਤ ਭਾਈ ਦਯਾਲ ਸਿੰਘ ਨੂੰ ਬਣਾਕੇ ਘਲਿਆ, ਜੋ ਏਸ ਮੌਕੇ ਨਾਲ ਬੜਾ ਢੁਕਵਾਂਸੀ–

ਕਬਿੱਤ–ਪਰਮ ਪਵਿੱਤ੍ਰ ਪਦ ਸੰਤਨ ਕੇ ਸੁਰਸਰੀ ਚਾਹਤ ਹੈ ਚਿੱਤ ਨਿੱਤ ਸਦਾ ਜੋ ਅਮਲ ਜਲ।
ਅਹੈ ਅਘਨਾਸਨੀ ਬਿਨਾਸਨੀ ਬੈਕੁੰਠ ਬਾਸ ਤ੍ਰਾਸਨੀ ਅਨੇਕ ਦੁਖ ਸੋਭਤ ਹੈ ਜਲ ਥਲ।
ਜਾਂਕੇ ਈਸ਼ ਸੀਸ ਧਾਰਜੋ ਪ੍ਰੇਮ ਨੇਮ ਪ੍ਰਤਿਪਾਰਜੋ ਕਾਨ ਜੋ ਮ੍ਰਿਗਿੰਦ ਬ੍ਰਿੰਦ ਦੇਵ ਸੇਵ ਪਲ ਪਲ।

Digitized by Panjab Digital Library | www.panjabdigilib.org

ਮਹਿਮਾ ਅਪਾਰ ਸੁਨੇ ਸੰਤ ਮਨ ਮਾਂਹਿ ਗੁਨੇ ਸਤਿਸੰਗ ਅੰਗ ਗੰਗ ਜਾਵੇਂ ਤਾਪੇ ਬਲ ਬਲ ।੧੦।*

ਬਾਬਾ ਦੇ ਤਿੰਨ ਸਾਲ ਤਾਂ ਇਕ ਦੇ ਚਕਿਤਸਾ ਦੀਆਂ ਕਿਤਾਬਾਂ ਦੇ ਉਤਾਰੇ ਉਪਰੋਥਲੀ ਕਰਨ ਵਿਚ ਦਿਨ ਰਾਤ ਲਗਾ ਰਿਹਾ। ਪਹਿਲੇ ਤਾਂ ਇਕ ਛੋਟੀ ਪੁਸਤਕ ਦੰਪਤਿ ਵਿਲਾਸ ਨੂੰ ਉਤਾਰਿਆ† । ਇਹ ਬੁਧ ਸਿੰਘ ਦੀ ਲਿਖੀ ਦਵਾ ਦਾਰੂ ਦੀ ਕਿਤਾਬ ਹੈ‡। ਇਸ ਪੁਸਤਕ ਦੇ ਖਤਮ ਹੁੰਦਿਆਂ ਹੀ ਬਾਬੇ ਨੇ ਮੇਘ ਵਿਨੋਦ ਨਾਮੀ ਬੜੇ ਵਡੇ ਆਕਾਰ ਦੇ ਵੈਦਿਕ ਗ੍ਰੰਥ ਨੂੰ ਉਤਾਰਨਾ ਸ਼ੁਰੂ ਕੀਤਾ§। ਇਹ ਗ੍ਰੰਥ ਮੁਕਾ ਹੀ ਸੀ ਕਿ ਆਪ ਇਸ ਦੇ ਸੰਖੇਪ ਉਪਰ ਲਗ ਗਏ। ਸੰਖੇਪ ਅਜੇ ਅੱਧਾ ਪਚੱਧਾ ਤਿਆਰ ਸੀ ਕਿ ਉਤਾਰੇ ਲਈ ਦੋ ਵੱਡੇ ਗ੍ਰੰਥ ਹੋਰ ਆ ਗਏ, ਇਕ ਤੇ ਚਕਿਤਾਸਸਾਰ ਸੀ ਜਿਸਦਾ ਆਕਾਰ ਬਹੁਤ ਭਾਰੀ ਸੀ ਤੇ ਦੂਜਾ ਜਸ ਵਿਨੋਦ ਸੀ¶ ।

੭.

ਸੰਨ ੧੯੩੦ ਤੋਂ ਲੈਕੇ ੧੯੪੫ ਈ: ਤਕ ਬਾਬੇ ਦੀ ਮੁਤਾਲਜਾ ਹੋਰਨਾਂ ਚੀਜ਼ਾਂ ਤੋਂ ਇਲਾਵਾ ਜ਼ਿਆਦਾ ਤਰ ਰਾਮਾਯਣ ਦੀ ਸੀ । ਸਾਰਿਆਂ ਤੋਂ ਪਹਿਲੇ ਅਧਯਾਤਮ ਰਾਮਾਯਣ ਦਾ ਉਤਾਰਾ ਬਾਬੇ ਨੇ ਕੀਤਾ‖। ਇਹ ਪੁਸਤਕ ਬ੍ਰਹਮਾਂਡ ਪੁਰਾਣ ਦੇ ਉਤਰ ਖੰਡ ਦਾ ਇਕ ਹਿੱਸਾ ਹੈ, ਜਿਸ ਨੂੰ ਸੰਤ ਰੁਲਾਬ ਸਿੰਘ ਨੇ ੧੭੯੨ ਈ: ਵਿਚ ਸੰਸਕ੍ਰਿਤ ਤੋਂ ਬ੍ਰਿਜਭਾਸ਼ਾ ਵਿਚ ਅਨੁਵਾਦਿਆ✧ । ਫੇਰ ਤੁਲਸੀ ਰਾਮਾਯਣ ਦੇ ਦੋ ਉਤਾਰੇ ਮੁਖਤਲਿਫ ਨਸਖਿਆਂ ਤੋਂ ਕੀਤੇ। ਇਨ੍ਹਾਂ ਵਿਚੋਂ ਇਕ ਮੁਕੰਮਲ ਜਿਲਦ ਮੌਜੂਦ ਹੈ□, ਜਿਸ ਵਿਚ ਸਾਰੇ ਕਾਂਡਾਂ ਦੇ ਸ਼ੁਰੂ ਦੇ ਸੰਸਕ੍ਰਿਤ ਸ਼ਲੋਕਾਂ ਦੇ ਪਹਿਲੇ ਸਫਿਆਂ ਉਤੇ ਇਕੱਠਿਆਂ ਦਾ ਅਰਥ ਦਿਤਾ ਹੈ। ਇਨ੍ਹਾਂ ਸੰਸਕ੍ਰਿਤ ਸ਼ਲੋਕਾਂ ਦੇ ਤਰਜੁਮੇ ਬਾਬਤ ਖਿਆਲ ਹੈ ਕਿ ਬਾਬੇ ਨੇ ਆਪ ਕੀਤਾ।

---

*੧. ਗੰਗਾ (ਆਪਣਾ) ਜਲ (ਪਾਪਾਂ ਦੀ ਮੈਲ ਤੋਂ) ਨਿਰਮਲ (ਰਖਣ ਵਾਸਤੇ) ਸਦਾ ਸੰਤਾਂ ਦੇ ਪਰਮ ਪਵਿੱਤ੍ਰ ਚਰਨ ਕਵਲਾਂ ਨੂੰ ਚਿਤ ਵਿਚ ਚਾਹੁੰਦੀ ਰਹਿੰਦੀ ਹੈ (ਕਿ ਚਰਨ ਧੁੜ ਨਾਲ ਪਾਪਾਂ ਦੀ ਮੈਲ ਹਰੀ ਜਾਵੇ)।

੨. (ਭਾਵੇਂ ਉਹ ਆਪ) ਪਾਪਾਂ ਨੂੰ ਨਾਸ਼ ਕਰਨ ਵਾਲੀ ਹੈ, ਵੈਕੁੰਠ ਵਿਚ ਵੱਸ ਓਥੇ ਵਿਲਾਸ ਕਰਨ ਵਾਲੀ (ਵਿਚਰਨ ਵਾਲੀ) ਹੈ, ਅਨੇਕ ਦੁਖ ਦੂਰ ਕਰਨ ਵਾਲੀ ਹੈ ਤੇ ਜਲ ਥਲ ਵਿਖੇ ਸ਼ੋਭਾ ਦੇ ਰਹੀ ਹੈ।

੩. (ਫਿਰ ਜਿਸਨੂੰ) ਸ਼ਿਵਜੀ ਨੇ ਸੀਸ ਤੇ ਧਾਰਨ ਕੀਤਾ ਹੈ ਉਸ ਦਾ ਪ੍ਰੇਮ ਤੇ ਨੇਮ ਨਾਲ ਪਾਲਣ ਕੀਤਾ ਹੈ, ਕਾਨ੍ਹ ਸਿੰਘ ਜੀ ਕਹਿੰਦੇ ਹਨ ਸਾਰੇ ਦੇਵਤੇ ਉਸਦੀ ਸਦਾ ਸੇਵਾ ਕਰਦੇ ਹਨ।

੪. ਹੇ ਸੰਤੋ ਸੁਣੋ ਤੇ ਮਨ ਵਿਚ (ਗੰਗਾ ਦੇ) ਸਤਿਸੰਗ ਨਾਲ ਪਿਆਰ ਨੂੰ ਵਿਚਾਰੋ(ਕਿ ਐਸੀ ਅਪਾਰ ਮਹਿਮਾ ਸਤਿਸੰਗ ਦੀ ਹੈ) ਜਿਸ ਤੋਂ ਮੈਂ ਬਾਰ ਬਾਰ ਬਲਿਹਾਰ ਜਾ ਰਿਹਾ ਹਾਂ।

†ਉਤਾਰੇ ਦੇ ਅੰਤ ਵਿਚ ਇਹ ਟੂਕ ਹੈ-"ਸੰਮਤ ੧੯੮੪,ਮਿਤਿ ਮੇਖ, ਦਿਨੰ ਇਕ, ਮਿਥਨ ਰਾਸ,ਲਿਖਤਾ ਕਟੜੇ ਕਰਤਾ ਸਿੰਘ' ੧੯੯੪ ਬਿ: (੧੯੨੭ ਈ:)।

‡ਬੁਧ ਸਿੰਘ ਨੇ ਇਹ ਗ੍ਰੰਥ ੧੯੬੦ ਬਿ: (੧੮੦੩ ਈ:) ਵਿਚ ਰਚਿਆ।

§ਮੇਘ ਬਿਨੋਦ, ਮੇਘ ਰਾਜ ਮੁਨੀ ਡਗਵਾੜਾ ਨਿਵਾਸੀ ਦੀ ਰਚਨਾ ਹੈ, ਰਚਨਾ ਦਾ ਸੰਮਤ ਨਹੀਂ। ਉਤਾਰੇ ਦੀ ਤਾਰੀਖ ਸ਼ੁਕਰਵਾਰ ਅਸੂ ਸੁਦੀ ਨੌਮੀ ਸੰਮਤ ੧੯੮੫ ਹੈ। (੧੯੨੮ ਈ:)।

¶ਚਕਿਤਸਾ ਸਾਰ ਧੀਰਜ ਰਾਮ ਦਾ ਬਣਾਇਆ ਹੋਇਆ ਹੈ, ੧੮੧੦ ਬਿ: (੧੭੪੩ ਈ:) ਦੀ ਰਚਨਾ ਹੈ। ਜਸ ਵਿਨੋਦ ਕੀਰਤ ਕਵੀ ਦੀ ਇਲਾਜ ਦੀ ਕਿਤਾਬ ਹੈ।

‖ਉਤਾਰੇ ਦੀ ਤਾਰੀਖ ੨ ਜੇਠ, ੧੯੬੭ ਬਿ: (=੧੮੩੦ ਈ:) ਹੈ।

✧ਬਾਬੇ ਦੇ ਉਤਾਰੇ ਦੇ ਅਖੀਰਲੇ ਸਫੇ ਤੇ ਲਿਖਿਆ ਹੈ:-

ਸੁਧਾ ਸਰੋਵਰ ਤਟ ਲਿਖੀ ਰਾਮ ਕਥਾ ਸੁਖਦੰਤ। ਕਾਨ ਮ੍ਰਿਗੇਸ਼ ਸੁਧਾਰ ਕੇ ਅਖਰ ਸਹਜ ਸੁਭੰਤ।

□ਦੂਜੇ ਉਤਾਰੇ ਦੇ ਕੇਵਲ ਖੰਡਿਤ ਪਤਰ ਬਾਕੀ ਹਨ।

Digitized by Panjab Digital Library | www.panjabdigilib.org

ਇਸ ਤੋਂ ਪਿਛੋਂ ਤੁਲਸੀ ਕ੍ਰਿਤ 'ਕਵਿਤ ਰਾਮਾਯਣ' ਦੀ ਵਾਰੀ ਆਈ*।

ਇਸ ਤਰ੍ਹਾਂ ਹੋਰ ਕਈ ਰਾਮਾਯਣਾਂ ਇਕੱਠੀਆਂ ਹੋਈਆਂ: ਮੂਲ ਰਾਮਾਯਣ, ਕਾਕ ਭਸੁੰਡ ਰਾਮਾਯਣ, ਅਦਭੁਤ ਰਾਮਾਯਣ ਆਦਿਕ। ਅਸਲ ਵਿਚ ਇਹ ਜ਼ਮਾਨਾ ਹੀ ਰਾਮਾਯਣਾਂ ਦੇ ਪ੍ਰਚਾਰ ਦਾ ਸੀ। ਕਵਿ ਸੰਤੋਖ ਸਿੰਘ, ਸੂਰਜ ਪ੍ਰਕਾਸ਼ ਦਾ ਕਰਤਾ, ਭੀ ਐਸ ਵੇਲੇ ਰਾਮਾਯਣ ਦੇ ਰੰਗ ਵਿਚ ਰੰਗਿਆ ਹੋਇਆ ਸੀ। ਉਹ ਬਾਲਮੀਕ ਰਾਮਾਇਣ ਦਾ ਅਨੁਵਾਦ ੧੮੩੩ ਈ:ਵਿਚ ਖ਼ਤਮ ਕਰ ਚੁਕਾ ਸੀ,ਤੇ ਉਸ ਇਨਾਮ ਦੀ ਖੁਸ਼ੀ ਮਨਾ ਚੁਕਾ ਸੀ ਜੋ ਕੈਂਥਲ ਦੇ ਮਹਾਰਾਜਾ ਵਲੋਂ ਇਸ ਤਰਜੁਮੇ ਦੀ ਖ਼ਾਤਰ ਪ੍ਰਾਪਤ ਹੋ ਚੁਕਾ ਸੀ†। ਰਾਮਾਯਣ ਦਾ ਉਸ ਜ਼ਮਾਨੇ ਵਿਚ ਇਤਨਾ ਸ਼ੌਕ ਸੀ ਕਿ ੧੮੩੫ ਈ: ਵਿਚ ਸੰਤੋਖ ਸਿੰਘ ਵਾਲੀ ਰਾਮਾਯਣ ਦੇ ਉਤਾਰੇ ਵੀ ਹੋ ਚੁਕੇ ਸਨ, ਪਰ ਜਿਸ ਰਾਮਾਯਣ ਨੇ ਬਾਬੇ ਨੂੰ ਆਪਣੀ ਵਲ ਬਹੁਤ ਖਿੱਚਿਆ ਉਹ 'ਅਦਭੁਤ ਰਾਮਾਯਣ' ਸੀ। ਇਹ ਇਕ ਸੁਤੰਤ੍ਰ ਰਚਨਾ ਹੈ ਜਿਸ ਨੂੰ ਕਵਿ ਬੁਧ ਸਿੰਘ ਨੇ ੧੮੦੬ ਈ: ਵਿਚ ਅੰਮ੍ਰਿਤਸਰ ਵਿਖੇ ਰਚਿਆ। ਅਦਭੁਤ ਰਾਮਾਯਣ ਤੁਲਸੀ ਰਾਮਾਯਣ ਦੇ ਆਕਾਰ ਦੀ ਚੀਜ਼ ਹੈ ਜੋ ਅੱਜੇ ਤਕ ਛਪੀ ਨਹੀਂ। ਬ੍ਰਜ ਭਾਸ਼ਾ ਵਿਚ ਲਿਖੇ ਹੋਏ ਛੰਦ ਹਨ, ਜੋ ਅਤਿ ਸੁੰਦਰ ਹਨ। ਬਾਬੇ ਨੇ ਏਸ ਪੁਸਤਕ ਦਾ ਉਤਾਰਾ ਕੀਤਾ।

ਬਾਬੇ ਦਾ ਬੁਧ ਸਿੰਘ ਨਾਲ ਜ਼ਾਤੀ ਤਅੱਲਕ ਵੀ ਸੀ। ਦੋਨੋਂ ਆਪਸ ਵਿਚ ਕਈ ਵੇਰ ਮਿਲ ਚੁਕੇ ਸਨ ਤੇ ਕਈ ਮਸਲਿਆਂ ਉੱਪਰ ਪਰਸਪਰ ਵਿਚਾਰ ਬੀ ਹੋ ਚੁਕੇ ਸਨ। ਬੁਧ ਸਿੰਘ ਕੇਵਲ ਕਵਿ ਹੀ ਨਹੀਂ ਸੀ, ਉਹ ਵੈਦ ਵੀ ਸੀ। ਚਾਹੇ ਉਹ ਇਲਾਜ ਮੁਆਲਜੇ ਨਹੀਂ ਸੀ ਕਰਦਾ,ਪਰ ਵੈਦਕ ਗ੍ਰੰਥ ਪੜ੍ਹਨੇ ਪੜ੍ਹਾਉਣੇ ਤੇ ਲਿਖਣੇ ਉਸ ਦਾ ਕਿੱਤਾ ਸੀ‡। ਬੁਧ ਸਿੰਘ ਦੀ ਦਿਲਚਸਪੀ ਅਨੇਕ ਗੱਲਾਂ ਵਿਚ ਸੀ ਉਹ 'ਕਲਪ ਤੰਤ੍ਰ' ਦਾ ਸੰਸਕ੍ਰਿਤ ਤੋਂ ਭਾਸ਼ਾ ਵਿਚ ਅਨੁਵਾਦ ਸੰਨ ੧੮੧੧ ਈ: ਵਿਚ ਕਰ ਚੁਕਾ ਸੀ।

ਬਾਬਾ ਅਦਭੁਤ ਰਾਮਾਯਣ ਦੇ ਖਾਸ ਖਾਸ ਹਿੱਸੇ ਬਹੁਤ ਪਸੰਦ ਕਰਦਾ ਸੀ। ਅਦਭੁਤ ਰਾਮਾਯਣ ਹੋਰ ਸਾਰੀਆਂ ਰਾਮਾਯਣਾਂ ਕੋਲੋਂ ਇਕ ਨਵੀਨ ਢਬ ਦੀ ਪੁਸਤਕ ਸੀ।

ਤੁਲਸੀ ਦੀ ਰਚਨਾ ਭਗਤਿ ਰਸ ਪ੍ਰਧਾਨ ਹੈ, ਬਾਲਮੀਕ ਵਿਚ ਬੀਰ ਰਸ ਦੀ ਮੁੱਖਤਾ ਹੈ, ਪਰ ਬੁਧ ਸਿੰਘ ਨੇ ਅਪਣੀ ਰਚਨਾ ਵਿਚ ਅਦਭੁਤ ਰਸ ਦੇ ਸੰਚਾਰ ਦੀ ਕੋਸ਼ਸ਼ ਕੀਤੀ ਹੈ। ਤੁਲਸੀ ਵੈਸ਼ਨਵ ਮਤ ਦਾ ਸੀ, ਜਿਸ ਮਤ ਮੁਤਾਬਿਕ ਇਹ ਸਾਰਾ ਸੰਸਾਰ ਭਗਵਾਨ ਦੀ ਇਕ ਲੀਲ੍ਹਾ ਹੈ। ਲੀਲ੍ਹਾ ਦੀ ਵਰਣਨ ਸ਼ੈਲੀ ਵਿਚ ਸ਼ਿੰਗਾਰ ਰਸ ਦਾ ਜ਼ਿਆਦਾ ਵਰਤਾਉ ਹੁੰਦਾ ਹੈ। ਕਵੀ ਬੁਧ ਸਿੰਘ ਦਾ ਅਨੁਭਵ

---

*ਬਾਬੇ ਦੇ ਉਤਾਰੇ ਨੁਸਖੇ ਵਿਚ ਅਤੇ ਅਜ ਕਲ ਦੀ ਛਪੀ ਕਵਿਤ ਰਾਮਾਯਣ,ਜੋ ਗੀਤਾ ਪਰੈਸ ਗੋਰਖਪੁਰ ਵਲੋਂ ਪ੍ਰਕਾਸ਼ਤ ਹੋਈ ਹੈ, ਵਿਚ ਕਾਫੀ ਪਾਠਾਂਤ੍ਰ ਭੇਦ ਹੈ। ਇਹ ਗਲ ਕਿਸੇ ਇਤਿਹਾਸਿਕ ਖੋਜ ਦੇ ਨੁਕਤੇ ਤੋਂ ਕਿਸੇ ਵੇਲੇ ਲਾਭਕਾਰੀ ਹੋ ਸਕਦੀ ਹੈ, ਏਸ ਕਰਕੇ ਪਾਠਾਂ ਦੇ ਫਰਕ ਦਾ ਇਕ ਨਮੂਨਾ ਹੇਠ ਪੇਸ਼ ਕਰਦੇ ਹਾਂ: —

ਲਿਖਤ ਦਾ ਪਾਠ— ਅਰਵਿੰਦ ਸੁ ਆਨਨ ਰੂਪ ਮਨਿੰਦ ਅਨੰਦਤ ਲੋਚਨ ਭ੍ਰਿੰਗ ਪਿਯੇ।
ਛਾਪੇ ਦਾ ਪਾਠ - ਅਰਵਿੰਦ ਸੋ ਆਨਨ ਰੂਪ ਮਰੰਦੁ ਅਨੰਦਿਤ ਲੋਚਨ ਭ੍ਰਿੰਗ ਪਿਯੇ।
ਲਿਖਤ ਦਾ ਪਾਠ—ਸਯਾਮ ਸਰੀਰ ਸਰੋਰਹੁ ਲੋਚਨ ਖੰਜ ਕੀ ਮੰਜਲਤਾਈ ਹਰੈ।
ਛਾਪੇ ਦਾ ਪਾਠ—ਤਨ ਕੀ ਦੁਤਿ ਸ਼ਯਾਮ ਸਰੋਰਹੁ ਲੋਚਨ ਕੰਜ ਕੀ ਮੰਜੁਲਤਾਈ ਹਰੈ।
ਲਿਖਤ ਦਾ ਪਾਠ —ਕਬਹੁ ਰਿਸਿਆਇ ਰਹੈ ਹਠਿਕੈ ਪੁਠਿ ਲੋਤ ਸੋਈ ਜਿਹ ਲਾਗ ਅਹੈਂ।
ਛਾਪੇ ਦਾ ਪਾਠ—ਕਬਹੁ ਰਿਸਿਆਇ ਕਹੈਂ ਹਠਿ ਕੈ ਪੁਨ ਲੋਤ ਸੋਈ ਜਿਹ ਲਾਗ ਅਰੈ।
ਲਿਖਤ ਦਾ ਪਾਠ—ਚਪਲਾ ਚਮਕੈਂ ਘਨ ਬੀਚ ਥਕੇ ਛਬਿ ਮੋਤਿਨ ਮਾਲ ਅਮੋਲਨ ਕੀ।
ਛਾਪੇ ਦਾ ਪਾਠ — ਚਪਲਾ ਚਮਕੈਂ ਘਨ ਬੀਚ ਜਗੈ ਛਬਿ ਮੋਤਿਨ ਮਾਲ ਅਮੋਲਨ ਕੀ।

†ਕੈਂਥਲ ਨਾਥ ਪ੍ਰਸੰਨ ਭਜੇ ਪਠਿ, ਗ੍ਰਾਮ ਦਯੋ ਤਬ ਮੋਰਥਲੀ। [ਕਵਿ ਸੰਤੋਖ ਸਿੰਘ।
ਕਵਿ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਰਾਮਾਯਣ ਤੋਂ ਪਿਛੋਂ ਲਿਖਿਆ ਹੈ। ਸੂਰਜ ਪ੍ਰਕਾਸ਼ ਸੰਨ ੧੮੪੩ ਈ: ਵਿਚ ਖਤਮ ਹੋਇਆ ਤੇ ਉਸੇ ਸਾਲ ਹੀ ਕਵਿ ਸੰਤੋਖ ਸਿੰਘ ਦਾ ਚਲਾਣਾ ਹੈ।

‡ਅਸੀਂ ਬੁਧ ਸਿੰਘ ਦੇ ਇਕ ਵੈਦਕ ਗ੍ਰੰਥ 'ਦੰਪਤਿ ਵਿਲਾਸ' ਦਾ ਪਿਛੇ ਜ਼ਿਕਰ ਕਰ ਚੁਕੇ ਹਾਂ ਜੋ ਉਸ ਨੇ ੧੮੦੩ ਈ: ਵਿਚ ਰਚਿਆ ਸੀ।

Digitized by Panjab Digital Library | www.panjabdigilib.org

ਹੈਂਰ ਸੀ, ਉਸ ਦਾ ਵਿਚਾਰ ਸੀ ਕਿ ਜੋ ਚੀਜ਼ ਇਸ ਦੁਨੀਆਂ ਵਿਚ ਸ਼ਿੰਗਾਰ ਰਸ ਵਿਚ ਰਚੀ ਹੋਈ ਹੈ, ਉਹ ਬ੍ਰਹਮ ਲੋਕ ਵਿਚ 'ਅਦਭੁਤ' ਮਾਤ੍ਰ ਹੈ। ਫੇਰ, ਕਿਉਂਕਿ ਇਹ ਸੰਸਾਰ ਬ੍ਰਹਮ ਲੋਕ ਦਾ ਹੀ ਪ੍ਰਤਿਬਿੰਬ ਹੈ, ਇਸ ਕਰਕੇ ਜੇ ਅਸੀਂ ਸ਼ਿੰਗਾਰ ਰਸੀ ਚੀਜ਼ਾਂ ਨੂੰ ਅਦਭੁਤ ਦੀ ਦ੍ਰਿਸ਼ਟੀ ਤੋਂ ਤੱਕਾਂਗੇ ਤਾਂ ਅਸੀਂ ਅਸਲੀਅਤ ਦੇ ਜ਼ਯਾਦਾ ਨਜ਼ਦੀਕ ਹੋਵਾਂਗੇ। ਬੁਧ ਸਿੰਘ ਨੇ ਕਿਹਾ ਹੈ:-

ਆਸਚ੍ਰਯੰ ਆਸਚ੍ਰਯੰ ਅਤਿ ਗੋਪਿਤ ਬਿਧਨਾ ਧਾਮ* ॥
ਰਟੈਂ ਸਿਖ ਪ੍ਰਿਯ ਹਿਤ ਲਗੇ ਸੰਮਕ ਜਸ ਸ੍ਰੀ ਰਾਮ ॥ ੧੬ ॥ [ਅਦਭੁਤ ਰਾਮਾਯਣ

ਇਹ ਸਾਰੀ ਪ੍ਰਕ੍ਰਿਤੀ, ਜਿਸਦੀ ਸੀਤਾ ਇਕ ਸੰਕੇਤ ਮਾਤ੍ਰ ਹੈ, ਇਹ ਸਾਰਾ ਚਰਿਤ੍ਰ ਅਦਭੁਤ ਰਸ ਦਾ ਵਿਕਾਸ ਹੈ†। ਪਰ ਬਾਬੇ ਦੇ ਆਪਣੇ ਵਿਚਾਰ ਕੁਛ ਹੋਰ ਤਰ੍ਹਾਂ ਦੇ ਸਨ। ਉਹ ਸੀਤਾ ਨੂੰ ਮੂਲ ਪ੍ਰਕ੍ਰਿਤੀ ਦਾ ਸੰਕੇਤ ਤਾਂ ਮੰਨਦਾ ਸੀ, ਪਰ ਉਹ ਰਾਮ ਕਥਾ ਵਿਚ ਨਾਂ ਤਾਂ ਸ਼ਿੰਗਾਰ ਰਸ ਦੇ ਸੁਆਦ ਦੇ ਮਗਰ ਸੀ ਤੇ ਨਾ ਕਿਸੇ ਅਦਭੁਤ ਦੇ ਚਮਤਕਾਰ ਦੇ ਪਿੱਛੇ। ਉਹ ਇਸ ਸਾਰੀ ਰਚਨਾ ਵਿਚ ਪ੍ਰਕ੍ਰਿਤੀ ਦੇ 'ਗੁਣਾਂ' ਦੀ ਗੁਪਤ ਰਮਜ਼ (mystesy) ਨੂੰ ਸਮਝਣਾ ਚਾਹੁੰਦਾ ਸੀ। ਬਾਬੇ ਦੇ ਏਸ ਖਿਆਲ ਦਾ ਥਹੁ ਸਾਨੂੰ ਅੱਗੇ ਚੱਲਕੇ ਕੁਛ ਮਿਲ ਜਾਏਗਾ, ਪਰ ਉਹ ਆਪਣੇ ਖਿਆਲਾਂ ਨੂੰ ਅਪਣੇ ਲਈ ਸਪਸ਼ਟ ਕਰਨ ਖ਼ਾਤਰ ਇਕ ਨਵੀਨ ਸੰਚੇ ਦੀ ਸੰਪਾਦਨਾ ਕਰ ਰਿਹਾ ਸੀ, ਜਿਸ ਦਾ ਨਾਮ ਉਸਨੇ 'ਸਾਰ ਰਾਮਾਯਣ' ਰੱਖਿਆ ਸੀ‡।

ਬਾਬੇ ਕੋਲ ਕਈ ਆਦਮੀ ਰਾਮਾਯਣ ਪੜ੍ਹਨ, ਸੁਣਨ ਤੇ ਵਿਚਾਰ ਕਰਨ ਲਈ ਆਉਂਦੇ ਸਨ। ਇਕ ਮਾਲਿਕ ਸਿੰਘ ਨਾਮ ਦਾ ਬੰਦਾ ਸੀ, ਜਿਸ ਕੋਲ ਵਿਰਾਸਤ ਵਿਚ ਆਇਆ ਹੋਇਆ 'ਤੁਲਸੀ ਸਰਬ ਸੰਗ੍ਰਹ' ਨਾਮ ਦਾ ਗ੍ਰੰਥ ਸੀ, ਜਿਸ ਨੂੰ ਉਹ ਬੜੇ ਸ਼ੌਕ ਨਾਲ ਪੜ੍ਹਦਾ ਹੁੰਦਾ ਸੀ। ਇਕ ਦਿਨ ਮਾਲਿਕ ਸਿੰਘ ਨੇ ਬਾਬੇ ਨੂੰ ਕਿਹਾ:-

ਮਾਲਿਕ ਸਿੰਘ-ਆਪ ਨੇ ਇੰਨੀਆਂ ਰਾਮਾਇਣਾਂ ਵੱਠੀਆਂ ਕੀਤੀਆਂ ਹਨ, ਇਨ੍ਹਾਂ ਵਿਚ ਫਰਕ ਕੀ ਹੈ ?

ਬਾਬਾ- ਕਥਾ ਵਿਚ ਤੇ ਥੋੜਾ ਅਗਲਾ ਫ਼ਰਕ ਹੈ, ਪਰ ਹਰ ਇਕ ਲਿਖਾਰੀ ਦੀ ਦ੍ਰਿਸ਼ਟੀ ਆਪੋ ਆਪਣੀ ਹੈ।

ਮਾਲਿਕ ਸਿੰਘ-ਤੁਲਸੀ ਤਾਂ ਅਸਾਂ ਪੜ੍ਹਿਆ ਹੈ, ਇਕ ਵੇਰੀ ਨਹੀਂ ਅਨੇਕਾਂ ਵੇਰੀ, ਬਾਲਮੀਕ ਨਹੀਂ ਪੜ੍ਹਿਆ। ਤੁਸੀਂ ਦੱਸੋ ਇਨ੍ਹਾਂ ਦੀ ਦ੍ਰਿਸ਼ਟੀ ਵਿਚ ਕੀ ਫਰਕ ਹੈ?

ਬਾਬਾ-ਬਾਲਮੀਕ ਦਾ ਰਾਮ ਇਕ ਬੜਾ ਭਾਰੀ ਯੋਧਾ, ਇਕ ਮਹਾਂਨ ਵਜਕਤੀ ਹੈ, ਜੋ ਸਾਰੇ ਗੁਣਾਂ ਨਾਲ ਭਰਪੂਰ ਹੈ, ਪਰ ਹੈ ਉਹ 'ਆਦਮੀ':-

ਦਸਰਥ ਪਜਾਰੇ ਪਰਮ ਪ੍ਰਕ੍ਰਿਤ ਲੋਕਨ ਹਿਤ ਚਹਿਤਾ ॥
ਜੇਸ਼ਟ ਭ੍ਰਾਤਨ ਮਾਹਿ ਧਰਤ ਸ੍ਰੇਸ਼ਟ ਗੁਣ ਮਹਿਤਾ§ ॥ [ਬਾਲਮੀਕ ਅਨੁਵਾਦ

ਬਾਲਮੀਕ ਦਾ ਰਾਮ ਵਿਸ਼ਨੂੰ ਦਾ ਅਵਤਾਰ ਨਹੀਂ ਚਾਹੇ ਉਸਦੇ ਗੁਣ ਵਿਸ਼ਨੂੰ ਵਰਗੇ ਹਨ। ਉਹ ਵਿਸ਼ਨੂੰ ਸਮਾਨ ਹੈ ਪਰ ਵਿਸ਼ਨੂ ਰੂਪ ਨਹੀਂ :

ਹਿਮ ਗਿਰ ਸਮ ਧਰ ਧੀਰ ਬੀਰਜੀ ਬਿਸ਼ਨੁ ਸਮਾਨਾ ॥
ਸਾਗਰ ਸਮ ਗੰਭੀਰ ਪੀਰ ਪਰ ਕੀ ਕਰ ਹਾਨਾ¶ ॥ [ਬਾਲਮੀਕ ਅਨੁਵਾਦ

---

*ਬਿਧਨਾ ਧਾਮ (ਬ੍ਰਹਮ ਲੋਕ) ਵਿਚ ਜੋ ਅਤਿ ਰਹਸਜ(Great mystery) ਦੀ ਗਲ ਹੈ ਉਹ ਅਸਚਰਜ ਹੀ ਅਸਚਰਜ ਹੈ

†ਸਮਾਧਾਨ ਹ੍ਵੈ ਬਿਪ੍ਰ ਅਬ ਸੂਦਨ ਕਰੈ ਜਸ ਰਾਮ।
ਸੀਤਾ ਮੂਲ ਪ੍ਰਕ੍ਰਿਤਿ ਕੋ ਅਦਭੁਤ ਚਰਿਤ ਸੁ ਧਾਮ ॥ ੧੫ ॥ [ਅਦਭੁਤ ਰਾਮਾਯਣ

‡ਇਹ ਗ੍ਰੰਥ ਸੰਪੂਰਣ ਨਹੀਂ ਹੋ ਸਕਿਆ, ਇਸ ਵਿਚ ਕੁਛ ਛੰਦ ਉਨ੍ਹਾਂ ਦੇ ਅਪਣੇ ਬਣਾਏ ਹਨ ਤੇ ਕੁਛ ਜੋ ਮਤਲਬ ਦੇ ਸਨ ਹੋਰ ਗ੍ਰੰਥਾਂ ਵਿਚੋਂ ਚੁਣੇ ਹਨ। §ਅਰਥ-ਦਸਰਥ ਦਾ ਪਿਆਰਾ, ਮਹਾਂ ਬਲਵਾਨ ਤੇ ਲੋਕਾਂ ਦਾ ਹਿਤ ਚਿੰਤਕ, ਭਰਾਵਾਂ ਵਿਚੋਂ ਵਡਾ ਮਹਾਨ ਸ੍ਰੇਸ਼ਟ ਗੁਣਾਂ ਦਾ ਧਾਰਨ ਵਾਲਾ। ¶ਅਰਥ-ਹਿਮਾਲੇ ਪਰਬਤ ਵਾਂਙ ਧੀਰਜਧਾਰੀ, ਵਿਸ਼ਨੂੰ ਸਮਾਨ ਬਲਵਾਨ, ਸਮੁੰਦਰ ਤੁੱਲ ਗੰਭੀਰ ਹੈ ਤੇ ਪਰਾਈ ਪੀੜਾ ਹਰਨੇ ਵਾਲਾ ਹੈ।

Digitized by Panjab Digital Library | www.panjabdigilib.org

ਪਰ ਤੁਲਸੀ ਦਾ ਰਾਮ ਤਾਂ ਰਬ ਦਾ ਅਵਤਾਰ ਹੈ ਜੋ ਕੇਵਲ ਪੁਰਸ਼ ਦੇ ਕਰਤਵਜ ਦਿਖਾਉਣ ਆਇਆ ਹੈ। ਤੁਲਸੀ ਬਾਲਮੀਕ ਦਾ ਬੜੇ ਜ਼ੋਰ ਨਾਲ ਖੰਡਨ ਕਰਦਾ ਹੈ:—

ਤਾਤ ਰਾਮ ਨਹਿੰ ਨਰ ਭੂਪਾਲਾ। ਭੁਵਨੇਸ਼ਰ ਕਾਲ ਹੂੰ ਕਰ ਕਾਲਾ।
ਬ੍ਰਹਮ ਅਨਾਮਯ ਅਜ ਭਗਵੰਤਾ। ਵਜਾਪਕ ਅਜਿਤ ਅਨਾਦਿ ਅਨੰਤਾ।
ਗੋ ਦ੍ਵਿਜ ਧੇਨੁ ਦੇਵ ਹਿਤਕਾਰੀ। ਕ੍ਰਿਪਾ ਸਿੰਧੁ ਮਾਨੁਸ਼-ਤਨੁ ਧਾਰੀ।

ਮਾਲਿਕ ਸਿੰਘ—ਪਰ ਮੇਰੀ ਜਾਚੇ ਤੁਲਸੀ ਆਪਣੀ ਦ੍ਰਿਸ਼ਟੀ ਨੂੰ ਨਿਭਾ ਨਹੀਂ ਸਕਿਆ।
ਬਾਬਾ—ਕਿਉਂ ? ਨਿਭਾ ਕਿਸਤਰ੍ਹਾਂ ਨਹੀਂ ਸਕਿਆ ?
ਮਾਲਿਕ ਸਿੰਘ—ਨਾਲੇ ਉਹਦਾ ਰਾਮ ਸਰਗੁਣ ਹੈ, ਨਾਲੇ ਨਿਰਗੁਣ ਹੈ।
ਬਾਬਾ—ਫੇਰ ਕੀ ਹੋਇਆ ?
ਮਾਲਿਕ ਸਿੰਘ—ਦੇਖੋ ਜੀ, ਇਕ ਪਾਸੇ ਤਾਂ ਕਹਿੰਦਾ ਹੈ ਕਿ ਰਾਮ ਹੀ ਸਭ ਕੁਛ ਹੈ, ਉਹੋ ਬ੍ਰਹਮਾ ਹੋਕੇ ਸ੍ਰਿਸ਼ਟੀ ਦੀ ਉਤਪਤੀ ਕਰ ਰਿਹਾ ਹੈ। ਉਹੋ ਫੇਰ ਸ਼ਿਵ ਹੋਕੇ ਲਯ ਕਰ ਕਰ ਰਿਹਾ ਹੈ। ਇੰਝ ਉਸਦੀ ਦ੍ਰਿਸ਼ਟੀ ਐਡੀ ਚੌੜੀ ਹੋ ਗਈ ਹੈ। ਪਰ ਫਿਰ ਨਾਲ ਹੀ ਉਸਦੀ ਦ੍ਰਿਸ਼ਟੀ ਐਨੀ ਭੀੜੀ ਹੈ ਕਿ.....
ਬਾਬਾ—ਭੀੜੀ ਕਦੋਂ ਹੋ ਗਈ ?
ਮਾਲਿਕ ਸਿੰਘ—ਜੀ, ਜਦੋਂ ਰਾਮ ਨੇ ਕ੍ਰਿਸ਼ਨ ਰੂਪ ਵਿਚ ਤੁਲਸੀ ਨੂੰ ਦਰਸ਼ਨ ਦਿੱਤਾ ਤਾਂ ਤੁਲਸੀ ਨੇ ਮੱਥਾ ਹੀ ਨਾ ਟੇਕਿਆ, ਅਖੇ—

ਤੁਲਸੀ ਮਸਤਕ ਤਬ ਨਿਵੈਂ ਜੇ ਧਨੁਸ਼ ਬਾਨ ਹੂੰ ਹਾਥ*।

ਇਹ ਕਹਿਕੇ ਮਾਲਿਕਸਿੰਘ ਹੱਸ ਪਿਆ, ਬਾਬਾ ਵੀ ਮੁਸਕ੍ਰਾਇਆ, ਫੇਰ ਦੋਨੋ ਖਿੜ ਖਿੜ ਹੱਸਪਏ।
ਮਾਲਿਕ ਸਿੰਘ—ਫੇਰ ਦੇਖੋ ਜੀ ਉਹ ਰਾਮ ਨੂੰ ਕਹਿੰਦਾ ਹੈ ਕਿ ਉਹ ਪਾਰਬ੍ਰਹਮ ਹੈ, ਅਗੋਚਰ ਹੈ ਅਵਯਕਤ ਹੈ, ਅਕੱਥ ਹੈ, ਅਪਾਰ ਹੈ, ਅਗੰਮ ਹੈ, ਜਿਸ ਦਾ ਬਹੁ ਦੇਵਾਂ ਨੂੰ ਵੀ ਨਹੀਂ ਲਗਾ ਤੇ ਜਿਸਨੂੰ ਉਹ ਨੇਤਿ ਨੇਤਿ ਕਹਿ ਰਹੇ ਹਨ :

ਰਾਮ ਸਰੂਪ ਤੁਮ੍ਹਾਰ ਬਚਨ ਅਗੋਚਰ ਬੁੱਧਿ ਪਰ ॥
ਅਬਿਗਤ ਅਕਥ ਅਪਾਰ ਨੇਤਿ ਨੇਤਿ ਨਿਤਿ ਨਿਗਮ ਕਹ ॥

ਪਰ ਨਾਲ ਹੀ ਇਕ ਤੁਲਸੀ ਦੀ ਕਥਾ ਸੁਣਾਉਂਦੇ ਹਨ ਕਿ ਇਕ ਵੇਰ ਆਪ ਬਿੰਦ੍ਰਾਬਨ ਗਏ ਹੋਏ ਸਨ, ਉਥੇ ਕਿਸੇ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਤਾਂ ਪੂਰਨ ਅਵਤਾਰ ਹੈ, ਪਰ ਸ੍ਰੀ ਰਾਮ ਅੰਸ਼ ਅਵਤਾਰ ਹੈ, ਆਪ ਸ੍ਰੀ ਕ੍ਰਿਸ਼ਨ ਦਾ ਧਯਾਨ ਕਿਉਂ ਨਹੀਂ ਧਰਦੇ ? ਗੋਸਾਈਂ ਨੇ ਕਿਹਾ ਮੇਰਾ ਮਨ ਤਾਂ ਦਸਰਥ ਦੇ ਪੁਤ੍ਰ ਦੇ ਸੁੰਦਰ ਸ਼ਯਾਮ ਰੂਪ ਉਤੇ ਹੀ ਲੁਭਾ ਗਿਆ ਸੀ। ਹੁਣ ਪਤਾ ਲਗਾ ਕਿ ਉਹ ਅੰਸ਼ ਅਵਤਾਰ ਭੀ ਹਨ, ਇਹ ਹੋਰ ਵੀ ਚੰਗਾ ਹੋਇਆ। ਏਤਨੀ ਗਲ ਕਹਿਕੇ ਮਾਲਿਕ ਸਿੰਘ ਫੇਰ ਹੱਸ ਪਿਆ ਤੇ ਫੇਰ ਦੋਨੋਂ ਖਿੜ ਖਿੜ ਹਸ ਪਏ। ਹਸਦਿਆਂ ਹਸਦਿਆਂ ਹੀ ਮਾਲਿਕ ਸਿੰਘ ਨੇ ਇਹ ਦੋਹਰਾ ਪੜ੍ਹਿਆ:—

ਜੋ ਜਗਦੀਸ਼ ਤੋ ਅਤਿ ਭਲੋ ਜੋ ਮਹੀਸ਼ ਤੋ ਭਾਗ।
ਤੁਲਸੀ ਚਾਹਤ ਜਨਮ ਭਰਿ ਰਾਮ ਚਰਨ ਅਨੁਰਾਗ।

ਮਾਲਿਕ ਸਿੰਘ—ਫੇਰ ਹੋਰ ਦੇਖੋ ਜੀ, ਇਕ ਥਾਂ ਤੇ ਕਹਿੰਦਾ ਹੈ ਗਯਾਨ ਵਿਚ ਤੇ ਭਗਤੀ ਵਿਚ

---

*ਸਾਰਾ ਸ਼ੁਧ ਦੋਹਿਰਾ ਇਸ ਤਰ੍ਹਾਂ ਹੈ: —
ਕਾ ਬਰਨਿਉ ਛਬਿ ਆਜ ਕੀ ਭਲੇ ਬਿਰਾਜਿਉ ਨਾਥ। ਤੁਲਸੀ ਮਸਤਕ ਤਬ ਨਿਵੈ ਧਨੁਸ਼ ਬਾਨ ਲਉ ਹਾਥ।

Digitized by Panjab Digital Library | www.panjabdigilib.org

ਕੋਈ ਫਰਕ ਨਹੀਂ, ਦੋਹਾਂ ਨਾਲ ਹੀ ਸੰਸਾਰ ਸਾਗਰ ਦਾ ਦੁਖ ਨਸ਼ਟ ਹੋ ਸਕਦਾ ਹੈ।

ਗਯਾਨਹਿੰ ਭਗਤਹਿ ਨਹਿੰ ਕੁਛ ਭੇਦਾ। ਉਭਯ ਹਰਹਿੰ ਭਵ ਸੰਭਵ ਖੇਦਾ।

ਨਾਲ ਹੀ ਉਹ ਇਹ ਕਹਿ ਗਏ ਹਨ ਕਿ ਬ੍ਰਤ, ਦਾਨ, ਗਿਆਨ, ਤਪ, ਪੂਜਾ ਪਾਠ ਕਿਸੇ ਕੰਮ ਨਹੀਂ, ਕੇਵਲ ਰਾਮ ਦੇ ਚਰਨਾਂ ਦੀ ਪ੍ਰੀਤੀ ਦਾ ਜਲ ਹੀ ਮਨ ਦੀ ਮੈਲ ਨੂੰ ਧੋ ਸਕਦਾ ਹੈ, ਵੇਦਾਂ ਵਿਚ ਲਿਖੇ ਹੋਏ ਮਨ ਸ਼ੁਧ ਕਰਨ ਦੇ ਹੋਰ ਸਾਰੇ ਉਪਾਵਾਂ ਦਾ ਖੰਡਨ ਕਰ ਦਿੱਤਾ ਹੈ:—

ਤੁਲਸੀ ਦਾਸ ਬ੍ਰਤ ਦਾਨ ਗਯਾਨ ਤਪ ਸ਼ੁੱਧਿ ਹੇਤੁ ਸ਼ਰੁਤਿ ਗਾਵੈ।
ਰਾਮ ਚਰਨ ਅਨੁਰਾਗ ਨੀਰ ਬਿਨੁ ਮਲਿ ਅਤਿ ਨਾਸ਼ ਨ ਪਾਵੈ।

ਇਹ ਕਹਿਕੇ ਮਾਲਿਕ ਸਿੰਘ ਫੇਰ ਹੱਸ ਪਿਆ। ਫੇਰ ਦੋਨੋਂ ਖਿੜ ਖਿੜ ਹੱਸ ਪਏ।

ਬਾਬਾ—ਬੱਸ ਇਤਨਾ ਹੀ ਕਿ ਹੋਰ ਕੁਛ ਵੀ ਹੈ ?

ਮਾਲਿਕ ਸਿੰਘ—ਜੀ ਕੀ ਦੱਸਾਂ ? ਮੈਨੂੰ ਤਾਂ ਤੁਲਸੀ ਦੀਆਂ ਰਚਨਾਂ ਪੜ੍ਹਕੇ ਘਬਰਾ ਹੋ ਜਾਂਦਾ ਹੈ ਕਿ ਸੱਤ ਵਸਤੂ ਕੀ ਹੈ ? ਜਿਹੜੀ ਅੱਜ ਸੱਤ ਹੈ ਉਹ ਕੱਲ ਅਸੱਤ ਹੋ ਜਾਂਦੀ ਹੈ । ਜਿਹੜੀ ਕੱਲ ਅਸੱਤ ਹੈ ਉਹ ਪਰਸੋਂ ਸੱਤ ਹੋ ਜਾਂਦੀ ਹੈ। ਦੇਖੋ ਜੀ ਗੋਸਾਈਂ ਆਪ ਵੈਰਾਗੀ ਸੀ, ਰਾਮਾਨੰਦ ਦਾ ਚੇਲਾ ਸੀ, ਕੈਂਠੀ ਗਲ ਵਿਚ ਤੇ ਰਾਮਾਨੰਦੀ ਤਿਲਕ ਹਰ ਵੇਲੇ ਲੱਗਾ ਰਹਿੰਦਾ ਸੀ । ਇਹ ਸੰਪ੍ਰਦਾਈ ਨਿਸ਼ਾਨ ਏਥੋਂ ਤਕ ਉਸ ਦੇ ਅੰਦਰ ਧਸੇ ਹੋਏ ਸਨ ਕਿ ਰਾਮ ਚੰਦ ਨੂੰ ਗੱਦੀ ਦੇਣ ਵੇਲੇ ਭੀ ਇਹੋ ਵੈਰਾਗੀਆਂ ਵਾਲਾ ਤਿਲਕ ਹੀ ਉਸ ਦੇ ਮੱਥੇ ਉਪਰ ਲਗਾਇਆ ਹੈ। ਓਦੋਂ ਤੇ ਰਾਮਾ ਨੰਦ ਦੀ ਉੱਚ ਸੁੱਚ ਹੀ ਨਹੀਂ ਸੀ। ਨਾ ਇਹ ਰਾਮਾਨੰਦੀ ਸੰਪ੍ਰਦਾ ਅੱਜੇ ਚੱਲੀ ਸੀ ਤੇ ਨਾ ਹੀ ਏਹ ਚਿੰਨ੍ਹ ਬਣੇ ਸਨ।ਇਕ ਪਾਸੇ ਤੇ ਏਡਾ ਕੱਟੜ ਪੁਣਾ ਕਿ ਇਤਿਹਾਸ ਹੀ ਗ਼ਲਤ ਕਰ ਦਿੱਤਾ ਦੂਜੇ ਪਾਸੇ ਮੰਗਲਾਚਰਣ ਵਿਚ ਨਮਸਕਾਰ ਆਪਣੇ ਇਸ਼ਟ ਦੇਵ ਰਾਮ ਨੂੰ ਨਹੀਂ ਕੀਤੀ ਉਥੇ ਸਾਰੇ ਦਿਉਤੇ ਗਿਣ ਮਾਰੇ, ਗਣੇਸ਼, ਦਿਨੇਸ਼, ਮਹੇਸ਼ ਆਦਿਕ ।

ਮਾਲਿਕ ਸਿੰਘ ਇਸ ਤਰ੍ਹਾਂ ਦੀਆਂ ਗੱਲਾਂ ਕਿਤਨਾ ਚਿਰ ਕਰਦਾ ਰਿਹਾ ਤੇ ਦੋਨੋਂ ਹਸਦੇ ਰਹੇ, ਛੇਕੜ ਬਾਬੇ ਨੇ ਕਿਹਾ. ਅੱਛਾ ਤੇਰੀਆਂ ਗੱਲਾਂ ਦਾ ਉਤ੍ਰ ਦਿਆਂਗੇ । ਉਸ ਨੂੰ ਜਾਂਦਿਆਂ, ਨਾਲ ਪੜ੍ਹਨ ਵਾਸਤੇ ਦੋ ਪੁਸਤਕਾਂ ਦਿੱਤੀਆਂ, ਉਨ੍ਹਾਂ ਵਿਚੋਂ ਇਕ ਤਾਂ ਅਧਯਾਤਮ ਰਾਮਾਇਣ ਸੀ ਤੇ ਦੂਜੀ ਕਿਤਾਬ ਦਾ ਨਾਮ ਰੁਲਦ ਖੁਲਦ ਸੀ। ਅਧਯਾਤਮ ਰਾਮਾਯਣ ਬਾਬਤ ਕਹਿਣ ਲਗੇ ਕਿ ਤੇਰੇ ਕੁਛ ਸ਼ੰਕੇ ਮਿਟਾਉਣ ਲਈ ਇਹ ਗ੍ਰੰਥ ਜ਼ਯਾਦਾ ਰੁਣਕਾਰੀ ਹੈ। ਇਸਦੀ ਜਗ੍ਹਾ ਤੁਲਸੀ ਅਤੇ ਬਾਲਮੀਕ ਦੇ ਵਿਚ ਵਿਚ ਹੈ। ਇਸ ਪੁਸਤਕ ਵਿਚ ਪ੍ਰਧਾਨਤਾ ਅਧਯਾਤਮ ਤੱਤ ਦੀ ਹੈ ਨਾਕਿ ਵਯਕਤੀ ਦੀ। ਵਯਕਤੀਆਂ ਪਿਛੇ ਰਹਿ ਜਾਂਦੀਆਂ ਹਨ ਅਤੇ ਹਰ ਮੌਕੇ ਤੋਂ ਪ੍ਰਸੰਗ ਗਯਾਨ ਉਪਦੇਸ਼ ਵਿਚ ਚਲਾ ਜਾਂਦਾ ਹੈ। ਹਰ ਇਕ ਘਟਨਾ ਵਿਚੋਂ ਸਦਾਚਾਰ, ਭਗਤੀ, ਗਯਾਨ, ਉਪਾਸਨਾ ਸੰਬੰਧੀ ਗੱਲਾਂ ਸਫੁਟ ਹੋਕੇ ਬਾਹਰ ਆ ਜਾਂਦੀਆਂ ਹਨ। ਇਹ ਝਗੜਾ ਵਿਚੇ ਲੁਕਿਆ ਰਹਿੰਦਾ ਹੈ ਕਿ ਰਾਮ ਵਿਸ਼ਨੂ 'ਵਰਗਾ' ਹੈ ਕਿ ਉਸਦਾ 'ਅਵਤਾਰ' ਹੈ, ਮਨੁੱਖ ਹੈ ਜਾਂ ਰੱਬ ਹੈ, ਨਿਰਗੁਣ ਹੈ ਜਾਂ ਸਰਗੁਣ ਹੈ।

ਤੀਜੇ ਚੌਥੇ ਦਿਨ ਮਾਲਿਕ ਸਿੰਘ ਫੇਰ ਆ ਗਿਆ। ਉਸ ਨੂੰ ਪੁੱਛਿਆ ਨੇ ਸੁਣਾ ਤੇਰੇ ਸ਼ੰਕੇ ਮਿਟ ਗਏ ? ਉਹ ਬੋਲਿਆ ਇਹ ਸ਼ੰਕੇ ਕਿੱਥੋਂ ਮਿਟਣੇ ਹਨ, ਹੋਰ ਵਧ ਗਏ ਹਨ, ਦੇਖੋ ਜੀ ਇਕ ਪਾਸੇ ਤਾਂ ਤੁਲਸੀ ਕਹਿੰਦਾ ਹੈ:—

ਸਠ† ਸੁਧਰਹਿੰ ਸਤਸੰਗਤ ਪਾਈ। ਪਾਰਸ ਪਰਸ ਕੁਧਾਤ ਗੁਵਾਈ।

ਏਸ ਨਾਲ ਜੇ ਸਾਨੂੰ ਆਸ਼ਾ ਲਗ ਜਾਂਦੀ ਹੈ ਕਿ ਤੁਹਾਡੇ ਵਰਗੇ ਮਹਾਤਮਾਂ ਦੇ ਸਤਿਸੰਗ ਨਾਲ

---

*ਜੇ ਉਹ ਸਾਰੇ ਜਗਤ ਦਾ ਮਾਲਕ ਹੈ ਤਾਂ ਬਹੁਤ ਹੀ ਚੰਗਾ ਹੋਇਆ ਤੇ ਜੇ ਉਹ ਕੇਵਲ ਏਸ ਜ਼ਮੀਨ ਦਾ ਹੀ ਰਾਜਾ ਸੀ ਤਾਂ ਵੀ ਮੇਰਾ ਬੜਾ ਭਾਗ ਸੀ, ਤੁਲਸੀ ਨੂੰ ਤੇ ਜਨਮ ਭਰ ਰਾਮ ਦੇ ਚਰਨਾਂ ਨਾਲ ਪਰੇਮ ਹੀ ਚਾਹੀਦਾ ਹੈ। †ਪਾਪੀ।

Digitized by Panjab Digital Library | www.panjabdigilib.org

ਸਾਡੇ ਵਰਗੇ ਪਾਪੀ ਵੀ ਤਰ ਜਾਣਗੇ। ਜਦੋਂ ਇਸ ਤਰ੍ਹਾਂ ਅਸੀਂ ਆਸਾ ਦੀ ਬੇੜੀ ਉਪਰ ਵਿਸ਼ਵਾਸ਼ ਧਾਰਕੇ ਬੈਠ ਜਾਂਦੇ ਹਾਂ ਤਾਂ ਤੁਲਸੀ ਵਿਚਕਾਰ ਲਿਜਾਕੇ ਬੇੜਾ ਡੋਬ ਦਿੰਦਾ ਹੈ ਅਖੇ:—

ਨੀਚ ਨਿਚਾਈ ਨਹਿੰ ਤਜੈਂ ਜੌ ਪਾਵੈਂ ਸਤਿਸੰਗ।

ਇਹ ਕਹਿਕੇ ਮਾਲਿਕ ਸਿੰਘ ਬਹੁਤ ਉਚੀ ਹੱਸਿਆ, ਪਰ ਬਾਬਾ ਚੁੱਪ ਹੋ ਗਿਆ। ਕਿਤਨਾ ਚਿਰ ਧਯਾਨ ਮਗਨ ਜੇਹਾ ਰਿਹਾ ਫੇਰ ਆਖਣ ਲੱਗਾ, ਮਾਲਿਕ ਸਿੰਘ ਜੀ, ਇਹ ਨੁਕਸ ਨਹੀਂ ਹੁੰਦੇ। ਇਨ੍ਹਾਂ ਗਲਾਂ ਉਪਰ ਆਪਣੀ ਦ੍ਰਿਸ਼ਟੀ ਵਿਸ਼ਾਲ ਕਰਨੀ ਚਾਹੀਦੀ ਹੈ। ਅਪਣੀ ਵਿਸ਼ਾਲਤਾ ਵਿਚ ਦੂਸਰੇ ਦੇ ਪਰਸਪਰ ਵਿਰੋਧਾਂ ਦੀ ਸਮਾਈ ਕੀਤੀ ਜਾਵੇ ਤਾਂ ਉਨ੍ਹਾਂ ਦਾ ਆਪੇ ਸਮਾਧਾਨ ਹੋ ਜਾਂਦਾ ਹੈ।

ਮਾਲਿਕ ਸਿੰਘ—ਇਹ ਤਾਂ ਫੇਰ ਅਪਣੀ ਵਡਿਆਈ ਹੋਈ, ਨਾਕਿ ਦੂਸਰੇ ਦੀ।

ਬਾਬਾ—ਇਹੋ ਹੀ ਨੁਕਤੇ ਦੀ ਗਲ ਹੈ। ਸਾਡੇ ਸਾਰੇ ਸਾਧਨ ਸਾਡੀ ਅਪਣੀ ਭਲਾਈ ਲਈ ਹੁੰਦੇ ਹਨ। ਪਰਮੇਸ਼ੁਰ ਦੀ ਮਹਿਮਾ ਸਾਨੂੰ ਆਪਣੀ ਪਵਿਤ੍ਰਤਾ ਲਈ ਕਰਨੀ ਪੈਂਦੀ ਹੈ ਨਾਕਿ ਉਸ ਦਾ ਕੋਈ ਭਲਾ ਹੁੰਦਾ ਹੈ। ਪੜ੍ਹਾਈ ਦਾ ਲਾਭ ਏਹੋ ਹੈ ਕਿ ਪੜ੍ਹ ਪੜ੍ਹਕੇ ਸਾਡੇ ਅੰਦਰ ਗੰਭੀਰਤਾ ਸਿੰਜਰਦੀ ਜਾਵੇ। ਉਸਦੀ ਡੂੰਘਾਈ ਵਿਚ ਵਿਰੋਧੀ ਭਾਵ ਸਭ ਡੁਬੇ ਰਹਿੰਦੇ ਹਨ। ਕੋਈ ਦੋ ਹੱਥ ਦੀ ਡੂੰਘਿਆਈ ਉਤੇ ਜਾਕੇ ਡੁਬ ਜਾਂਦਾ ਹੈ, ਕੋਈ ਚਾਰ ਹੱਥ ਦੀ ਅਤੇ ਕੋਈ ਦਸ ਹੱਥ ਦੀ। ਪਰਸਪਰ ਵਿਰੋਧ ਡੁਬਣ ਦੀ ਡੂੰਘਾਈ ਦੀ ਗਿਣਤੀ ਵਿਚ ਰਹਿ ਜਾਂਦਾ ਹੈ, ਪਰ ਡੁਬੇ ਸਭ ਰਹਿੰਦੇ ਹਨ ਤੇ ਉਪਰ ਪਾਣੀ ਦਾ ਇਕੋ ਜਿਹਾ ਪੱਧਰ ਬਣਿਆ ਰਹਿੰਦਾ ਹੈ।

ਮਾਲਿਕ ਸਿੰਘ—ਇਹ ਡੁਬਣ ਵਾਲੀ ਗਲ ਤਾਂ ਤੁਸਾਂ ਖੂਬ ਕੀਤੀ।

ਬਾਬਾ—ਹਾਂ, ਤੁਲਸੀ ਦਾਸ ਜਿਸ ਵੇਲੇ ਸਤਿਸੰਗ ਦੇ ਗੁਣ ਗਾ ਰਿਹਾ ਹੈ ਤਾਂ ਉਸ ਨੇ ਉਸ ਵੇਲੇ ਪੂਰਣ ਸਤਿਸੰਗਦੀ ਮਹਿਮਾ ਕਰਨੀ ਹੈ। ਇਸ ਮਹਿਮਾ ਵਿਚ ਇਹ ਸਾਧਾਰਣ ਗਲ ਹੈ ਕਿ ਉਹ ਕਹੇ ਕਿ—

ਸਠ ਸੁਧਰਹਿੰ ਸਤਿਸੰਗਤਿ ਪਾਈ।

ਇਹ ਉਸ ਨੇ ਆਪਣੇ ਹਿਰਦੇ ਦਾ ਸਤਿਸੰਗ ਲਈ ਜੋ ਪ੍ਰੇਮ ਹੈ ਉਸਦਾ ਨਕਸ਼ਾ ਬੱਧਾ ਹੈ। ਪਰ ਜਿਸ ਵੇਲੇ ਉਹ ਨੀਚਾਂ ਦੀ ਬੁਰਿਆਈ ਗਿਣ ਰਿਹਾ ਹੈ ਤਾਂ ਉਸ ਘ੍ਰਿਣਾ ਦਾ ਨਕਸ਼ਾ ਖਿੱਚਿਆ ਜਾ ਰਿਹਾ ਹੈ ਜੋ ਉਸ ਦੇ ਅੰਦਰ ਨੀਚਤਾ ਲਈ ਵਸਦੀ ਹੈ। ਤੇ ਉਹ ਕਹਿੰਦਾ ਹੈ:—

'ਨੀਚ ਨਿਚਾਈ ਨਹਿ ਤਜੈਂ ਜੌ ਪਾਵੈਂ ਸਤਿਸੰਗ ॥'

ਦੋਨਾਂ ਹਾਲਤਾਂ ਵਿਚ ਉਸਦਾ ਆਪਣਾ ਹਿਰਦਾ ਵੱਖੋ ਵੱਖ ਭਾਵ ਦੇ ਅਸਰ ਹੇਠ ਪਿਘਲ ਕੇ ਬਾਹਰ ਆ ਰਿਹਾ ਹੈ।

ਮਾਲਿਕ ਸਿੰਘ—ਪਰ ਏਨ੍ਹਾਂ ਵਿਚੋਂ ਸਿਧਾਂਤਕ ਗੱਲ ਕਿਹੜੀ ਹੋਈ?

ਬਾਬਾ—ਕੋਈ ਵੀ ਨਾ।

ਮਾਲਿਕ ਸਿੰਘ—ਫੇਰ ਸਾਡਾ ਉੱਧਾਰ ਕਿਸ ਤਰ੍ਹਾਂ?

ਬਾਬੇ ਨੇ ਉਠ ਕੇ ਮਾਲਿਕ ਸਿੰਘ ਨੂੰ ਜੱਫੀ ਪਾ ਲਈ। ਕਹਿਣ ਲੱਗਾ ਤੇਰਾ ਉੱਧਾਰ ਸੁਧਾਰ ਸਭ ਠੀਕ ਹੋ ਗਿਆ। ਜਿਸ ਨੂੰ ਏਸ ਗੱਲ ਦੀ ਚਿੰਤਾ ਲੱਗ ਗਈ ਉਸ ਦਾ ਉੱਧਾਰ ਸ਼ੁਰੂ ਹੋ ਗਿਆ।

ਮਲਿਕ ਸਿੰਘ ਉਸ ਦਿਨ ਚਲਾ ਗਿਆ। ਤਿੰਨ ਚਾਰ ਦਿਨ ਸੋਚ ਸਮੁੰਦਰ ਵਿਚ ਗ਼ਲਤਾਨ ਰਿਹਾ, ਫੇਰ ਇਕ ਦਿਨ ਆ ਗਿਆ ਤਾਂ ਬਾਬਾ ਬੋਲਿਆ: ਮਾਲਿਕ ਸਿੰਘ ਜੀ ਪਰਸਪਰ ਵਿਰੋਧਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਇਹ ਸਾਡੀ ਜੀਵਨ ਸੱਤਾ ਹੀ ਪਰਸਪਰ ਵਿਰੋਧੀ ਕਰਮ ਹੈ।

ਮਾਲਿਕ ਸਿੰਘ—ਜੀ ਮੈਂ ਹੁਣ ਘਬਰਾਉਂਦਾ ਨਹੀਂ, ਪਰ ਮੈਂ ਹੈਰਾਨ ਹਾਂ ਕਿ ਤੁਲਸੀ ਮੇਰੇ ਨਾਲ ਕੋਈ ਪਿਛਲੇ ਜਨਮ ਦਾ ਵੈਰ ਕਮਾ ਰਿਹਾ ਹੈ।

Digitized by Panjab Digital Library | www.panjabdigilib.org

ਬਾਬਾ–ਉਹ ਤੇ ਬੜਾ ਨਿਰਵੈਰ ਸੀ।

ਮਾਲਿਕ ਸਿੰਘ–ਜੀ, ਦੇਖ ਲਓ, ਅੱਜ ਸਵੇਰੇ ਮੈਂ ਬੜੀ ਸ਼ਰਧਾ ਨਾਲ 'ਤੁਲਸੀ ਸਰਬ ਸੰਗ੍ਰਹ' ਗ੍ਰੰਥ ਨੂੰ ਖੋਲ੍ਹਿਆ। ਮੈਂ ਬੜਾ ਹੀ ਖੁਸ਼ ਹੋਇਆ ਕਿ ਪੱਤਰੇ ਉਪਰ ਪਹਿਲੀਆਂ ਹੀ ਤੁਕਾਂ ਇਹ ਸਨ:–

ਰਾਮ ਕ੍ਰਿਪਾ ਤੁਲਸੀ ਸੁਲਭ ਗੰਗ ਸੁਸੰਗ ਸਮਾਨ।
ਜੋ ਜਲ ਪਰੈ ਜੋ ਜਨ ਮਿਲੈ ਕੀਜੈ ਆਪੁ ਸਮਾਨ*।

ਮੈਂ ਇਹ ਪੜ੍ਹਕੇ ਬਹੁਤ ਹੀ ਖੁਸ਼ ਹੋਇਆ। ਸ਼ੁਕਰ ਨਾਲ ਤੇ ਸ੍ਵਾਦ ਨਾਲ ਅੱਖਾਂ ਮੀਟ ਲਈਆਂ। ਪੋਥੀ ਦੇ ਪੱਤਰੇ ਅੱਗੇ ਪਿੱਛੇ ਹਵਾ ਨਾਲ ਉਲਟ ਗਏ। ਜਦ ਮੁੜਕੇ ਪੜ੍ਹਨ ਲੱਗਾ ਤਾਂ ਤੁਕ ਸੀ:–

ਨੀਚ ਨਿਚਾਈ ਨਹਿੰ ਤਜੀ ਸੱਜਨ ਹੂੰ ਕੇ ਸੰਗ।
ਤੁਲਸੀ ਚੰਦਨ ਬਿਟਪ ਬਸਿ ਬਿਨੁ ਬਿਖ ਭਏ ਨ ਭੁਯੰਗ†।

ਮਾਲਿਕ ਸਿੰਘ ਨੇ ਇਕ ਬੜਾ ਹੀ ਹਉਕਾ ਭਰਿਆ ਤੇ ਕਹਿਣ ਲੱਗਾ, ਦੱਸੋ ਹੁਣ ਅਸੀਂ ਕਿਹੜੇ ਖੂਹ ਪਈਏ?

ਬਾਬਾ–ਮਾਲਿਕ ਸਿੰਘ ਜੀ, ਮੈਂ ਹੁਣੇ ਤੁਹਾਨੂੰ ਆਖ ਰਿਹਾ ਸਾਂ ਕਿ ਸਾਡੀ ਜੀਵਨ ਸੱਤਾ ਹੀ ਵਿਰੋਧੀ ਕਰਮ ਹੈ।

ਮਾਲਿਕ ਸਿੰਘ–ਇਹ ਕਿੰਵ?

ਬਾਬਾ–ਇਹ ਸਰੀਰ ਪੰਜ ਤੱਤਾਂ ਦਾ ਬਣਿਆ ਹੈ। ਅੱਗ ਅਤੇ ਪਾਣੀ, ਇਹ ਦੋ ਪਰਸਪਰ ਵਿਰੋਧੀ ਤੱਤ ਹਨ ਜੋ ਇਸ ਦੇ ਅੰਦਰ ਵਰਤ ਰਹੇ ਹਨ। ਵਿਰੋਧ ਹਟਾਉਣ ਦੀ ਖ਼ਾਤਰ ਜੇ ਇਕ ਨੂੰ ਤਜਾਗ ਦਿੱਤਾ ਤਾਂ ਜੀਵਨ ਦੀ ਖੇਡ ਖ਼ਤਮ ਹੋ ਜਾਏਗੀ।

ਮਾਲਿਕ ਸਿੰਘ–ਹਾਂ, ਇਹ ਗੱਲ ਠੀਕ ਹੈ, ਪਰ ਇਸ ਦਾ ਮਤਲਬ ਇਹ ਹੋਇਆ ਕਿ ਸਾਹਿਤਜ ਰਚਨਾ ਵਿਚ ਕਿਤੇ ਅੱਗ ਦਾ ਜ਼ੋਰ ਹੋ ਜਾਏਗਾ ਕਿਤੇ ਪਾਣੀ ਦਾ।

ਬਾਬਾ ਹੱਸ ਪਿਆ ਤੇ ਕਹਿਣ ਲੱਗਾ ਹਾਂ ਏਸਤਰ੍ਹਾਂ ਹੁੰਦਾ ਹੀ ਹੈ, ਬੀਰ ਰਸ ਪ੍ਰਧਾਨ ਕਵਿਤਾ ਨਿਰੀ 'ਅੱਗ' ਹੀ ਹੁੰਦੀ ਹੈ ਤੇ ਭਗਤੀ ਦੇ ਪਰਵਾਹ ਵਿਚ ਪ੍ਰੇਮ ਦਾ 'ਜਲ' ਸ਼ੁਰੂ ਦਾ ਹੈ।

ਮਾਲਿਕ ਸਿੰਘ–ਇਹ ਤੇ ਤੁਸਾਂ ਡਾਢੀ ਘੁੰਡੀ ਖੋਲ੍ਹੀ ਹੈ।

ਬਾਬਾ–ਹਾਂ, ਜਿਤਨਾ ਜਿਸਦੇ ਅੰਦਰ ਵਿਰੋਧੀ ਭਾਵਾਂ ਦਾ ਜ਼ਜਾਦਾ ਸਮਾਧਾਨ ਹੈ ਉਤਨਾ ਹੀ ਉਹ ਪੁਰਸ਼ ਜ਼ਜਾਦਾ ਸੱਜੀਵ ਹੈ, ਉਤਨਾ ਹੀ ਉਹ ਜ਼ਜਾਦਾ ਗੰਭੀਰ ਬੁੱਧਿ ਹੁੰਦਾ ਹੈ। ਸਾਹਿਤਜ ਰਚਨਾ ਵਿਚ ਹਿਰਦੇ ਵਿਚ ਵਿਚਰ ਰਹੇ ਨੌਂ ਭਾਵ ਕੰਮ ਕਰਦੇ ਹਨ, ਪ੍ਰੇਮ ਭੀ ਹੈ, ਅਸਚਰਜ ਭੀ ਹੈ, ਕ੍ਰੋਧ ਭੀ ਹੈ, ਇਨ੍ਹਾਂ ਵਿਚੋਂ ਕਿਤਨੇ ਔਨ ਇਕ ਦੂਜੇ ਦੇ ਉਲਟ ਹਨ ਪਰ ਜਿਸ ਕਵਿ ਵਿਚ ਜਿਤਨੀ ਜ਼ਜਾਦਾ 'ਭਾਵ ਸੰਧਿ' ਹੈ ਉਤਨਾ ਹੀ ਉਹ ਜ਼ਜਾਦਾ ਰਸਦਾਇਕ ਹੋ ਜਾਂਦਾ ਹੈ।

ਮਾਲਿਕ ਸਿੰਘ–ਹਾਂ, ਇਹ ਤੇ ਹੈ।

ਬਾਬਾ–ਸਾਹਿਤਜ ਦੀ ਗਲ ਤੇ ਵੱਖਰੀ ਰਹੀ। ਤੁਸੀਂ ਜੋ ਰਸੋਈ ਬਣਵਾਉਂਦੇ ਹੋ ਉਸ ਵਿਚ ਕਿਤਨੇ ਵਿਰੋਧੀ ਰਸਾਂ ਦਾ ਸਮਾਧਾਨ ਹੁੰਦਾ ਹੈ। ਸਭ ਤੋਂ ਜ਼ਜਾਦਾ ਸਵਾਦ ਚਟਨੀ ਹੁੰਦੀ ਹੈ, ਉਹ ਖੱਟੇ ਮਿੱਠੇ ਕਸੈਲੇ ਲੂਣੇ ਐਹੋ ਜੇਹੇ ਹੋਰ ਵਿਰੋਧੀ ਰਸਾਂ ਦਾ ਇਕ ਤੋਲਵਾਂ ਮੇਲ ਹੁੰਦਾ ਹੈ।

ਮਾਲਿਕ ਸਿੰਘ–ਹੁੰਦਾ ਤਾਂ ਏਸਤਰ੍ਹਾਂ ਹੈ, ਪਰ ਮੈਂ ਕਹਿੰਦਾ ਹਾਂ ਕਿ ਇਹ ਕਿਉਂ ਇਸ ਤਰ੍ਹਾਂ ਹੁੰਦਾ ਹੈ?

---

*ਗੰਗਾ ਤੇ ਸਤਿਸੰਗ ਦੋਨੋਂ ਇਕੋ ਜੇਹੇ ਹਨ। ਗੰਗਾ ਵਿਚ ਜੇਹੋ ਜੇਹਾ ਵੀ ਜਲ ਪਵੇ ਉਹ ਗੰਗਾ ਜਲ ਬਣ ਜਾਂਦਾ ਹੈ। ਏਸੇ ਤਰ੍ਹਾਂ ਰਾਮ ਦੀ ਕ੍ਰਿਪਾ ਨਾਲ ਸਤਿਸੰਗ ਝੱਟ ਲੱਭ ਪੈਂਦਾ ਹੈ ਜਿਸ ਵਿਚ ਕੈਸਾ ਵੀ ਮਨੁੱਖ ਦਾਖਲ ਹੋ ਜਾਵੇ ਉਹ ਸਤਿਸੰਗਦਾ ਸਰੂਪ ਹੀ ਬਣ ਜਾਂਦਾ ਹੈ।

†ਸਜਣ ਦਾ ਸਤਿਸੰਗ ਕਰਨ ਉਪਰ ਭੀ ਨੀਚ ਅਪਣੀ ਨੀਚਤਾ ਨੂੰ ਨਹੀਂ ਛਡਦਾ। ਚੰਦਨ ਦੇ ਦਰਖਤ ਵਿਚ ਨਿਵਾਸ ਕਰਨ ਨਾਲ ਭੀ ਸੱਪ ਆਪਣੀ ਜ਼ਹਿਰ ਨੂੰ ਨਹੀਂ ਤਿਆਗਦਾ।

Digitized by Panjab Digital Library | www.panjabdigilib.org

ਬਾਬਾ–ਇਹ ਇਸ ਕਰਕੇ ਇਸਤਰ੍ਹਾਂ ਹੁੰਦਾ ਹੈ ਕਿ ਮੂਲਕ ਦ੍ਰਿਸ਼ਟੀ ਤੋਂ ਸਾਡਾ ਜੀਵਨ ਦੋ ਭਿੰਨ ਧਾਰਾ ਦਾ ਸੰਗਮ ਹੈ। ਇਕ ਪ੍ਰਕ੍ਰਿਤੀ ਦੀ ਧਾਰਾ ਹੈ ਦੂਜੀ ਆਤਮਾ ਦੀ। ਏਸ ਜੀਵਨ ਦੀ ਖ਼ਾਤਰ ਆਤਮਾਂ ਤੇ ਪ੍ਰਕ੍ਰਿਤੀ ਇਕੱਠੇ ਰਹਿੰਦੇ ਹਨ। ਪਰ ਹੈਨ ਦੋਨੋ ਇਕ ਦੂਜੇ ਦੇ ਉਲਟ। ਦੋਨੋਂ ਇਕ ਦੂਜੇ ਦੀ ਸਹਾਇਤਾ ਨਾਲ ਵਖੋ ਵੱਖ ਰਸ ਵੀ ਮਾਣ ਲੈਂਦੇ ਹਨ ਤੇ ਸਾਂਝਾ ਵੀ। ਏਨ੍ਹਾਂ ਦੇ ਵਖੋ ਵੱਖ ਰਸ ਅਤੇ ਸਾਂਝੇ ਰਸ ਇਹ ਜੀਵਨ ਧਾਰਾ ਦੇ ਮਿਲਵੇਂ ਅੰਗ ਹਨ।

ਮਾਲਿਕ ਸਿੰਘ ਉਸ ਦਿਨ ਚਲਾ ਗਿਆ, ਬਹੁਤ ਮੱਦਤ ਤੱਕ ਫੇਰ ਨਹੀਂ ਆਇਆ। ਜਦ ਆਇਆ ਤਾਂ 'ਕੁਲਦ ਖੁਲਦ' ਕਿਤਾਬ ਨਾਲ ਵਾਪਸ ਲਿਆਇਆ ਸੀ। ਅਧਯਾਤਮ ਰਾਮਾਯਣ ਅਜੇ ਉਸਦੇ ਪਾਸ ਹੀ ਸੀ*। ਬੜੇ ਸਤਿਕਾਰ ਨਾਲ ਕਿਤਾਬ ਵਾਪਸ ਮੋੜੀ ਸੂ। ਕਿਤਾਬ ਦੀ ਜਿਲਦ ਦੇ ਅੰਦਰ ਆਪਣੇ ਤਿੰਨ ਚਾਰ ਛੰਦ ਲਿਖੇ ਹੋਏ ਸਾਸੂ, ਜੋ ਕੱਢਕੇ ਪੜ੍ਹਕੇ ਸੁਣਾਏ। ਉਹ ਇਹ ਸਨ:–

ਕੁੰਡਲਿਯਾ–ਸਕਲ ਗੁਨਨਿਕੇ ਸਿੰਧ ਹੈਂ ਸਕਲ ਵੇਦ ਸਿਰਮੌਰ॥
ਸਿੱਧ ਅਵਸਥਾ ਜਿਨਹੁੰ ਕੀ ਕੇਸ ਭਏ ਸਿਤ ਚੌਰ॥
ਕੇਸ ਭਏ ਸਿਤ ਦੌਰ ਔਰ ਨਹਿੰ ਕਾਮ ਜਿਨ੍ਹੋਂ ਕਾ॥
ਮਾਲਾ ਕਰ ਮੈਂ ਰਹੈਂ ਰੂਪ ਸੁੰਦਰ ਹੈ ਤਿਨਕਾ॥
ਸਿਮਰਨ ਕਰਤੇ ਰਾਮ ਰਾਮ ਯਹਿ ਬ੍ਰਿਤਿ ਹੈ ਜਿਨ ਕੇ॥
'ਮਾਲਿਕ' ਪੁਸਤਕ ਅਹੈਂ ਸਿੰਧ ਜੋ ਸਕਲ ਗੁਨਨ ਕੇ॥ ੧॥
ਦੋਹਿਰਾ–ਕਾਨ੍ਹ ਸਿੰਘ ਜੀ ਨਾਮ ਹੈ ਬੈਦਕ ਕਰਤੇ ਆਪ॥
ਅੰਮ੍ਰਿਤਸਰ ਕੇ ਬੀਚ ਮੈਂ ਡੇਰਾ ਕੀਆ ਸਥਾਪ॥ ੧॥
ਕਟੜਾ ਗਰਭਾ ਸਿੰਘ ਕਾ ਮਨ ਮੈਂ ਲੇਹੁ ਪਛਾਨ॥
ਇਤਨੇ ਪੁਸਤਕ ਬੀਚ ਮੈਂ ਦੀਨੇ ਹਿਤ ਚਿਤ ਸਾਨ॥ ੨॥
ਪ੍ਰਥਮੈ ਗੀਤਾ ਜਾਨੀਓ ਦੂਜੇ ਹੈ ਨਿਰਘੰਟ॥
ਤੀਜੇ ਪਥ੍ਯਾਪਥ ਹੈ ਖੇਮ ਕੌਤੂਹਲ ਮੰਟ॥ ੩॥
ਸੋਰਠਾ–ਦੰਪਤਿ ਜਾਨ ਬਿਲਾਸ ਖਸ਼ਟਮ ਗ੍ਰੰਥ ਜੁ ਮੰਡਿਆ॥
ਸਪਤਮ ਮੇਘ ਬਿਲਾਸ ਜਸ ਵਿਨੋਦ ਹੈ ਅਸ਼ਟਮਾ॥ ੪॥
ਕੁਲਦ ਖੁਲਦ ਪਹਿਚਾਨ ਆਗੇ ਹੂੰ ਪਹਿਚਾਨੀਓ॥
ਮੁੱਖ ਗ੍ਰੰਥ ਇਹ ਜਾਨ ਬੀੜ ਬਨਾਈ ਹੇਤ ਧਰਿ॥ ੫॥†

੮.

ਬਾਬੇ ਦੀ ਵੈਦਗੀਰੀ ਵਿਚ ਬੜਾ ਅਸਰ ਸੀ। ਇਸ ਗਲ ਵਿਚ ਮਰੀਚ੍ਹਾਂ ਦਾ ਨਿਸਚਾ ਹੋਰ ਵੀ ਸਹਾਈ ਸੀ। ਕੋਈ ਟਾਂਵਾ ਹੀ ਸ਼ੀ ਜੋ ਬਾਬੇ ਨੂੰ ਨਿਰਾ ਹਕੀਮ ਸਮਝਦਾ ਸੀ। ਇਹ ਲੋਕਾਂ ਵਿਚ, ਜੈਸੇ ਜੈਸੇ ਜਿਸਦੀ ਬੁੱਧੀ ਦਾ ਦਰਜਾ ਸੀ, ਜਾਦੂਗਰ, ਮਾਂਦ੍ਰੀ, ਜੋਗੀ, ਸਿਧ ਕਰਾਮਾਤੀ ਮਸ਼ਹੂਰ ਹੁੰਦਾ ਗਿਆ। ਉਨ੍ਹਾਂ ਮਰੀਚ੍ਹਾਂ ਦੀ ਵੀ ਗਿਣਤੀ ਬਥੇਰੀ ਸੀ ਜਿਨ੍ਹਾਂ ਉਪਰ ਕਿਸੇ ਭੂਤ ਪ੍ਰੇਤ ਦਾ ਕਬਜ਼ਾ ਜਾਂ ਪਰੀਆਂ ਦਾ ਸਾਇਆ ਸਮਝਿਆ ਜਾਂਦਾ ਹੈ। ਉਸ ਦੇ ਸ਼ਰਧਾਲੂਆਂ ਵਿਚ ਏਥੋਂ ਤਕ ਨਿਸ਼ਚਾ ਸੀ ਕਿ ਬਾਬਾ ਉਨ੍ਹਾਂ ਮੋਇਆਂ ਨੂੰ ਮੁੜ ਜਿਵਾ ਸਕਦਾ ਹੈ ਜੋ ਕਿਸੇ ਭੂਤ ਦੇ ਦਬਾ ਹੇਠ ਮਰ ਗਏ ਹਨ। ਉਸ ਬਾਬਤ ਐਸੀਆਂ ਅਨੇਕ ਮਸ਼ਹੂਰ ਗਲਾਂ ਵਿਚੋਂ ਅਸੀਂ ਇਕ ਹੇਠ ਦਰਜ ਕਰਦੇ ਹਾਂ, ਜਿਸ ਨਾਲ ਉਸਦੀ ਜ਼ਿੰਦਗੀ ਦੇ ਏਸ ਪਹਿਲੂ ਦਾ ਕੁਛ ਸਹੀ ਅੰਦਾਜ਼ਾ ਲਗ ਜਾਏਗਾ।

---

*ਅਧਯਾਤਮ ਰਾਮਾਯਣ ਬਹੁਤ ਮੁੱਦਤ ਬਾਦ ਵਾਪਸ ਆਈ।

†ਕੁਲਦ ਖੁਲਦ ਪੋਥੀ ਜਿਸਦੀ ਜਿਲਦ ਪਿਛੇ ਇਹ ਛੰਦ ਲਿਖੇ ਹਨ ਅਜੇ ਤੱਕ ਮੇਰੇ ਪਾਸ ਮੌਜੂਦ ਹੈ।

Digitized by Panjab Digital Library | www.panjabdigilib.org

ਨਾਲ ਦੇ ਕਟੜੇ 'ਚਿੰਤਪੂਰਨੀ' ਕੋਲ ਇਕ'ਪ੍ਰੇਮਣ' ਨਾਮ ਦੀ ਇਸਤ੍ਰੀ ਰਹਿੰਦੀ ਸੀ। ਇਕ ਦਿਨ ਇਕ ਸਾਧੂ ਆਇਆ ਤੇ ਉਸ ਨੇ ਚੌਲ ਮੰਗੇ। ਪ੍ਰੇਮਣ ਆਟਾ ਗੁੰਨ੍ਹ ਰਹੀ ਸੀ। ਉਸ ਕਿਹਾ ਭਾਈ ਹੱਥ ਨਹੀਂ ਵਿਹਲੇ। ਸਾਧੂ ਕੜਕਿਆ: 'ਪ੍ਰੇਮਣੇ ਉਠ, ਸਾਧਾਂ ਨੂੰ ਖੈਰ ਪਾ'।ਪ੍ਰੇਮਣ ਦਾ ਦਿਲ ਦਹਿਲ ਗਿਆ ਤੇ ਉਥੇ ਹੀ ਸੁੰਨ ਵੱਟਾ ਜੇਹੀ ਬੈਠੀ ਰਹੀ। ਸਾਧੂ ਨੇ ਅੱਖਾਂ ਲਾਲ ਕਰਕੇ ਉਪਰ ਨੂੰ ਚੜ੍ਹਾਈਆਂ ਤੇ ਮੂੰਹ ਵਿਚੋਂ ਝੱਗ ਵਗਾਉਂਦਾ ਹੋਇਆ ਬੋਲਿਆ 'ਅੱਛਾ ਪ੍ਰੇਮਣੇ ਕੱਚੇ ਚੌਲ ਮੰਗੇ ਸਨ,ਤੂੰ ਖੈਰ ਨਹੀਂ ਪਾਇਆ, ਯਾਦ ਰੱਖ ਹੁਣ ਤੇਰੇ ਕੋਲੋਂ ਰਿਨ੍ਹਵਾਕੇ ਚੌਲ ਖਾਵਾਂਗਾ।' ਕੁਛ ਦੇਰ ਤੱਕ ਪ੍ਰੇਮਣ ਦੇ ਹੋਸ਼ ਹਵਾਸ ਗੁੰਮ ਰਹੇ। ਸਾਧੂ ਕੁਛ ਹੋਰ ਵਾ ਦੁਆ ਕਰਦਾ ਰਿਹਾ ਪਰ ਪ੍ਰੇਮਣ ਨੂੰ ਨੀਮ ਬਿਹੋਸ਼ੀ ਵਿਚ ਪਤਾ ਨਾ ਲੱਗਾ ਕਿ ਕੀ ਕਹਿ ਰਿਹਾ ਹੈ। ਉਸ ਨੂੰ ਛੋਟੀ ਉਮਰ ਤੋਂ ਹੀ ਸਾਧਾ ਫਕੀਰਾਂ ਕੋਲੋਂ ਡਰ ਆਉਂਦਾ ਹੁੰਦਾ ਸੀ। ਉਸ ਦੀ ਮਾਂ ਕਦੇ ਕਿਸੇ ਸਾਧੂਨੂੰ ਆਟਾ ਪਾਉਣ ਵਾਸਤੇ ਧੀ ਨੂੰ ਅੰਦਰੋਂ ਬਾਹਰ ਨਹੀਂ ਸੀ ਘੱਲਦੀਹੁੰਦੀ, ਕਹਿੰਦੀ ਹੁੰਦੀ ਸੀ ਇਹ ਕਲੇਜਾ ਕੱਢਕੇ ਲੈ ਜਾਂਦੇ ਹੁੰਦੇ ਹਨ। ਪ੍ਰੇਮਣ ਨੇ ਹੁਣ ਆਪਣੀ ਹਿੱਕ ਉਤੇ ਹੱਥ ਰੱਖਿਆ, ਢਿੱਡ ਅਤੇ ਛਾਤੀ ਸਾਰੀ ਟਟੋਲੀ,ਪਰ ਉਸ ਨੂੰ ਕਲੇਜੇ ਦਾ ਥਹੁ ਥਿੱਤਾ ਨਾ ਲੱਗਾ। ਘਬਰਾਈ ਹੋਈ ਤੇ ਸਾਹੋ ਸਾਹੀ ਦੌੜਦੀ ਬਾਬੇ ਕੋਲ ਹਫੀ ਹੋਈ ਆਈ, 'ਵੇ ਬਾਬਾ! ਮੈਨੂੰ ਸਾਧੂ ਕੋਲੋਂ ਬਚਾਵੀਂ, ਵੇ ਬਾਬਾ! ਮੇਰਾ ਧਰਮ ਰੱਖੀ"। ਬਾਬੇ ਨੇ ਧੀਰਜ ਤੇ ਦਿਲਾਸਾ ਦੇਕੇ ਸਾਰੀ ਗਲ ਸੁਣੀ। ਬਹੁਤ ਕੁਝ ਸਮਝਾਇਆ ਫੇਰ ਦਵਾਈ ਦੇਕੇ ਟੋਰ ਦਿੱਤਾ।

ਕੁਛ ਦਿਨ ਤਕ ਪ੍ਰੇਮਣ ਦਾ ਕੋਈ ਪਤਾ ਨਾ ਆਇਆ। ਇਕ ਦਿਨ ਪ੍ਰੇਮਣ ਦੀ ਗੁਆਂਢਣ ਭਾਗੋ ਆਈ ਤੇ ਕਹਿਣ ਲਗੀ, ਬਾਬਾ ਜੀ! ਤੁਸਾਂ ਤੇ ਬੜੀ ਕਰਾਮਾਤ ਕਰ ਦਿਖਾਈ, ਪ੍ਰੇਮਣ ਮੋਈ ਨੂੰ ਫੇਰ ਜੁਆ ਦਿਤਾ ਜੇ। ਬਾਬੇ ਨੇ ਸਾਰਾ ਹਾਲ ਪੁੱਛਿਆ ਤਾਂ ਭਾਗੋ ਨੇ ਦੱਸਿਆ, ਕਿ ਜੀ, ਪ੍ਰੇਮਣ ਜਦ ਤੁਹਾਡੇ ਕੋਲੋਂ ਦਾਰੂ ਲੈ ਗਈ ਤਾਂ ਘਰ ਜਾਂਦੀ ਨੂੰ ਹਨੇਰਾ ਪੈ ਗਿਆ ਸੀ। ਪਾਣੀ ਦਾ ਕਟੋਰਾ ਭਰਿਓ ਸੂ, ਪੁੜੀ ਸੰਘ ਵਿਚ ਸੁੱਟੀਸੂ,ਅਜੇ ਘੁੱਟ ਨਹੀਂ ਸੀ ਭਰਿਆ ਕਿਉਹੋਸਾਧੂ ਡੱਡੂ ਬਣਕੇ ਉਸਦੇਸਾਮ੍ਹਣੇ ਨੱਚਣ ਲੱਗਾ।

ਬਾਬਾ-ਭਾਗੋ, ਤੂੰ ਤਾਂ ਕਿਹਾ ਹੈ ਹਨੇਰਾ ਪੈ ਗਿਆ। ਦੀਵਾ ਤੇ ਪ੍ਰੇਮਣ ਨੇ ਕਦੇ ਬਾਲਿਆ ਹੀ ਨਹੀਂ, ਨਾਲੇ ਉਸ ਨੂੰ ਅੰਧਰਾਤੇ ਦੀ ਬੀਮਾਰੀ ਹੈ, ਨਦਦਾ ਡੱਡੂ ਉਸਨੂੰ ਕਿਸਤਰ੍ਹਾਂ ਦਿਸ ਪਿਆ?

ਭਾਗੋ-ਜੀ, ਡੱਡੂ ਚਮਕਦਾ ਸੀ, ਲਿਸ਼ਕ ਲਿਸ਼ਕ ਕਰਦਾ ਸੀ।

ਬਾਬਾ-ਐਵੇਂ, ਪ੍ਰੇਮਣ ਨੂੰ ਸੁਫਨਾ ਆਇਆ ਹੋਣਾ ਹੈ।

ਭਾਗੋ-ਨਹੀਂ ਜੀ, ਪ੍ਰੇਮਣ ਦੀਆਂ ਚੀਕਾਂ ਸੁਣਕੇ ਅਸੀਂ ਸਾਰੇ ਭੱਜੇ ਗਏ। ਸਾਰਿਆਂ ਨੇ ਇਹ ਤਮਾਸ਼ਾ ਆਪ ਡਿੱਠਾ, ਮੈਂ ਇਨ੍ਹਾਂ ਅੱਖਾਂ ਨਾਲ ਡਡੂ ਨੂੰ ਭੁੜਕ ਭੁੜਕ ਕਰਦਾ ਡਿੱਠਾ!

ਬਾਬਾ-ਲਿਸ਼ਕਦਾ ਸੀ?

ਭਾਗੋ-ਹਾਂ ਜੀ, ਤਾਰੇ ਵਾਕੁਣ ਲਿਸ਼ਕ ਪੁਸ਼ਕ ਸੀ, ਜਗਦਾ ਬੁਝਦਾ ਸੀ।

ਬਾਬਾ-ਭਾਗਾਂ, ਕਈ ਡੱਡੂ ਟਟੋਣੇ ਖਾ ਜਾਂਦੇ ਹਨ ਤੇ ਜਿਤਨਾ ਚਿਰ ਉਹ ਅੰਦਰ ਹਜ਼ਮ ਨਾ ਹੋ ਜਾਣ ਲਿਸ਼ਕਦੇ ਰਹਿੰਦੇ ਹਨ।

ਭਾਗੋ-ਇਹ ਅਲੋਕਾਰ ਦੀ ਗਲ ਅਸਾਂ ਕਦੇ ਨਾ ਡਿੱਠੀ ਨਾ ਸੁਣੀ। ਜਿਸ ਵੇਲੇ ਡੱਡੂ ਨੇ ਗੁੜੇਂ ਕੀਤੀ, ਸਾਰੇ ਚੀਕਾਂ ਮਾਰਦੇ ਨੱਸ ਗਏ। ਤਿੰਨਾਂ ਚੌਹਾਂ ਦਿਨਾਂ ਪਿੱਛੋਂ ਮੈਂ ਗਈ ਤਾਂ ਪ੍ਰੇਮਣ ਨੇ ਕਿਹਾ, ਭਾਗਣੇ, ਜਿਸ ਵੇਲੇ ਡੱਡੂ ਨੇ ਗੁੜੇਂ ਕੀਤੀ ਮੇਰੇ ਪ੍ਰਾਣ ਉਸੇ ਵੇਲੇ ਨਿਕਲ ਗਏ। ਮੈਂ ਮਰ ਗਈ। ਮੇਰੀਆਂ ਮੋਈਆਂ ਅੱਖਾਂ ਨੂੰ ਪਰ ਅਜੇ ਝੇਲੇ ਪੈਂਦੇ ਸਨ। ਉਹ ਡੱਡੂ ਫੇਰ ਸਾਧ ਬਣ ਗਿਆ। ਮੇਰੀ ਲੋਥ ਨੂੰ ਚੁੱਕਕੇ ਘਰ ਲੈ ਗਿਆ। ਕੱਚੇ ਚੌਲ ਲਿਆਕੇ ਮੇਰੇ ਮੁੱਢ ਰੱਖ ਦਿੱਤੇ ਸੂ, ਕਿਹਾ ਸੂ, ਲੈ ਪਕਾ। ਮੈਂ ਮੋਈ ਹੋਈ ਐਉਂ ਸੁਣਦੀ ਸਾਂ ਜਿਉਂ ਕੋਹਾਂ ਦੀ ਵਾਟ ਤੋਂ ਕੋਈ ਬੋਲਦਾ ਹੈ। ਸਾਧੂ ਨੂੰ ਚੌਲ ਰਿੰਨ੍ਹ ਕੇ ਖੁਆਉਣੇ ਮੈਨੂੰ ਮੇਰੇ ਬਾਲ-ਵਿਧਵਾ ਧਰਮ ਦਾ ਨਾਸ਼ ਲਗਦਾ ਸੀ। ਮੈਂ ਚੌਲ ਪਕਾਉਣ ਲਈ ਉੱਠਣ ਲੱਗੀ, ਮੇਰੇ ਕੋਲੋਂ ਹਿੱਲ ਨਾ ਹੋਵੇ, ਮੈਂ ਬਾਬੇ ਦੀ ਦੁਹਾਈ ਦਿੱਤੀ, ਬਾਬਾ ਆ ਗਿਆ, ਉਸ ਨੇ ਪਿੱਛੋਂ

Digitized by Panjab Digital Library | www.panjabdigilib.org

ਦੀ ਸਾਧੂ ਦੀ ਗਿੱਚੀ ਘੁੱਟ ਸੁੱਟੀ, ਉਹ ਮਰ ਗਿਆ। ਬਾਬੇ ਨੇ ਮੰਤ੍ਰ ਪੜ੍ਹਕੇ ਮੇਰੀ ਲੋਥ ਉੱਤੇ ਪਾਣੀ ਛਿੜਕਿਆ। ਮੈਂ ਉਠ ਬੈਠੀ। ਬਾਬਾ ਮੈਨੂੰ ਘਰ ਛੱਡ ਗਿਆ।

ਇਤਨੀ ਕੁ ਗਲ ਕਰਕੇ ਭਾਗੀ ਚਲੀ ਗਈ। ਅਗਲੇ ਦਿਨ ਸੋਭਾ ਸਿੰਘ ਹਕੀਮ ਜਿਸਦਾ ਆਪ ਨਾਲ ਵੈਦਗੀਰੀ ਦਾ ਸੰਬੰਧ ਸੀ, ਆਇਆ। ਸੋਭਾ ਸਿੰਘ ਨੇ ਕਿਹਾ ਕਿ ਜੀ ਸਾਰੇ ਕਟੜੇ ਵਿਚ ਪ੍ਰੇਮਣ ਦੇ ਮੁੜ ਜੀਉ ਉੱਠਣ ਦੀ ਚਰਚਾ ਹੈ। ਕਈ ਲੋਕ ਉਸ ਕੋਲੋਂ ਧਰਮ ਰਾਜ ਦੀਆਂ ਗੱਲਾਂ ਪੁੱਛਣ ਲਈ ਜਾ ਰਹੇ ਹਨ, ਇਹ ਕੀ ਮਾਜਰਾ ਹੈ ? ਕੀ ਇਹ ਟੂਣਾ ਹੈ? ਬਾਬੇ ਕਿਹਾ ਇਹ ਟੂਣਾ ਨਹੀਂ, ਇਸਨੂੰ ਇੰਦ੍ਰ ਜਾਲ ਕਹਿੰਦੇ ਹਨ। ਪੁਰਾਤਨ ਵੈਦਕ ਗ੍ਰੰਥਾਂ ਵਿਚ ਇਸ ਦੀ ਇਸਤਰ੍ਹਾਂ ਕਥਾ ਹੈ ਕਿ ਇਕ ਵੇਰ ਇਕ ਰਾਜੇ ਦੇ ਦਰਬਾਰ ਇਕ ਬ੍ਰਹਮਚਾਰੀ ਬ੍ਰਾਹਮਣ ਆਇਆ। ਰਾਜੇ ਨੇ ਆਦਰ ਭਾ ਨਾਲ ਬਿਠਾਇਆ ਤੇ ਕੁਸ਼ਲ ਪੁੱਛੀ। ਬ੍ਰਾਹਮਣ ਬੋਲਿਆ: ਕੁਸ਼ਲ ਕਾਹਦੀ ? ਪਰਲੋ ਆ ਰਹੀ ਹੈ, ਦੋ ਘੜੀਆਂ ਤੱਕ ਸਭ ਲਯ ਹੋ ਜਾਏਗਾ।

ਰਾਜਾ—ਕੋਈ ਉਪਾਉ ?

ਬ੍ਰਾਹਮਣ—ਕੁਛ ਨਹੀਂ।

ਰਾਜਾ—ਕੋਈ ਯੱਗ, ਹਵਨ, ਕੋਈ ਮੰਤ੍ਰ, ਪੂਜਾ ?

ਬ੍ਰਾਹਮਣ—ਕੋਈ ਉਪਾਉ ਨਹੀਂ ਦੱਲ ਸਕਦਾ। ਦੋ ਕੁ ਘੜੀਆਂ ਤੱਕ ਬਾਰਸ਼ ਆਏਗੀ। ਮੀਂਹ ਬੰਦ ਨਹੀਂ ਹੋਵੇਗਾ। ਪਾਣੀ ਚੜ੍ਹ ਜਾਏਗਾ। ਤੇਰੇ ਮਹਿਲ ਦੀ ਉਪਰਲੀ ਛੱਤ ਤੱਕ ਪਹੁੰਚ ਜਾਏਗਾ, ਸਭਕੁਛ ਰੁੜ੍ਹ ਜਾਏਗਾ। ਉਪਾ ਸ਼ੁਪਾ ਹੁਣ ....

ਇਤਨੀ ਗੱਲ ਅਜੇ ਬ੍ਰਾਹਮਣ ਦੇ ਮੂੰਹ ਵਿਚ ਹੀ ਸੀ ਕਿ ਬਿਜਲੀ ਚਮਕੀ, ਫੇਰ ਅਕਾਸ਼ ਵਿਚੋਂ ਗੜਗੜ ਦੀ ਆਵਾਜ਼ ਆਈ। ਰਾਜੇ ਦਾ ਸਹਿਮ ਬਹੁਤ ਵੱਧਿਆ। ਦੇਖਦਿਆਂ ਦੇਖਦਿਆਂ ਬੱਦਲ ਆ ਗਏ। ਰਾਜੇ ਦਾ ਵਿਸ਼ਵਾਸ਼ ਅੱਗੇ ਹੀ ਬੜਾ ਸੀ, ਹੁਣ ਬੱਦਲ ਦੇਖਕੇ ਹੋਰ ਪੱਕਾ ਹੋ ਗਿਆ। ਫੇਰ ਕਹਿਣ ਲੱਗਾ, ਹੇ ਪ੍ਰਭੂ, ਕ੍ਰਿਪਾ ਕਰੋ ਤੇ ਜਿਸ ਕਿਸੇ ਤਰ੍ਹਾਂ ਹੋਵੇ ਮੇਰੀ ਰੱਖਜਾ ਕਰੋ। ਬ੍ਰਾਹਮਣ ਨੇ ਰਾਜੇ ਨੂੰ ਮਹਿਲ ਦੀ ਉਪਰਲੀ ਛੱਤ ਉੱਪਰ ਚੜ੍ਹਕੇ ਬੈਠ ਜਾਣ ਲਈ ਕਿਹਾ। ਇਤਨੇ ਨੂੰ ਬੂੰਦਾ ਬਾਂਦੀ ਸ਼ੁਰੂ ਹੋ ਗਈ। ਬਾਰਸ਼ ਵਧਦੀ ਵਧਦੀ ਮੋਹਲੇ ਧਾਰ ਵੱਸਣ ਲੱਗ ਗਈ। ਬਾਜ਼ਾਰ ਵਿਚ ਪਾਣੀ ਚੜ੍ਹਨ ਲੱਗਾ। ਮਹਿਲ ਦੀ ਪਹਿਲੀ ਛੱਤ ਪਾਣੀ ਵਿਚ ਡੁਬ ਗਈ। ਗਿੱਠ ਗਿੱਠ ਕਰਕੇ ਪਾਣੀ ਹੋਰ ਚੜ੍ਹਦਾ ਗਿਆ ਤੇ ਉੱਚੇ ਤੱਕ ਅੱਪੜ ਗਿਆ, ਜਿਥੇ ਰਾਜਾ ਸਹਿਮ ਵਿਚ ਨੀਮ ਬਿਹੋਸ਼ ਬੈਠਾ ਸੀ। ਦੂਰ ਸਾਰੇ ਇਕ ਬੇੜੀ ਤਰਦੀ ਪਈ ਸੀ। ਬ੍ਰਾਹਮਣ ਨੇ ਕਿਹਾ: ਹੇ ਰਾਜਨ! ਜੇ ਇਸ ਬੇੜੀ ਉੱਪਰ ਹੌਸਲਾ ਮਾਰਕੇ ਬੈਠ ਜਾਏਂ ਤਾਂ ਏਥੋਂ ਨਿਕਲ ਸਕਦਾ ਹੈਂ। ਬੇੜੀ ਤਰਦੀ ਤਰਦੀ ਰਾਜੇ ਵੱਲ ਆ ਰਹੀ ਸੀ। ਰਾਜੇ ਨੇ ਉੱਲਰ ਕੇ ਘੜੰਮ ਕਰਦੀ ਛਾਲ ਬੇੜੀ ਵਿਚ ਮਾਰ ਦਿੱਤੀ, ਪਰ ਦੇਖਦਾ ਕੀ ਹੈ ਕਿ ਉਹ ਉਸੇ ਸਿੰਘਾਸਨ ਉੱਪਰ ਬੈਠਾ ਹੈ ਜਿਸ ਉਤੇ ਪਹਿਲਾਂ ਬੈਠਾ ਹੋਇਆ ਸੀ। ਨਾ ਮੀਂਹ ਹੈ, ਨਾ ਬੱਦਲ ਹਨ, ਨਾ ਪਾਣੀ ਹੈ, ਨਾ ਬੇੜੀ। ਸੂਰਜ ਹੈ, ਧੁੱਪ ਹੈ, ਨਿੱਘ ਹੈ, ਸਭ ਚੀਜ਼ ਸੁੱਕੀ ਪਈ ਹੈ। ਰਾਜੇ ਨੇ ਘਬਰਾਕੇ ਬ੍ਰਾਹਮਣ ਨੂੰ ਪੁੱਛਿਆ ਕਿ ਇਹ ਕੀ ਗਲ ਹੈ, ਕੀ ਮੈਨੂੰ ਸੁਪਨਾ ਆ ਰਿਹਾ ਸੀ ? ਤਦ ਬ੍ਰਾਹਮਣ ਨੇ ਉਤ੍ਰ ਦਿਤਾ ਹੇ ਰਾਜਨ, ਮੈਂ ਬ੍ਰਾਹਮਣ ਨਹੀਂ ਹਾਂ ਮੈਂ ਤੈਨੂੰ ਇੰਦ੍ਰ ਜਾਲ ਦਾ ਚਲਿਤ੍ਰ ਦਿਖਾਉਣ ਆਇਆਸੀ। ਜੇ ਹਜ਼ੂਰ ਦੇ ਇਹ ਤਮਾਸ਼ਾ ਪਸੰਦ ਆਇਆ ਹੈ ਤਾਂ ਮੈਨੂੰ ਇਨਾਮ ਮਿਲੇ।

ਸੋਭਾ ਸਿੰਘ—ਖੂਬ, ਬਹੁਤ ਖੂਬ, ਅੱਛਾ, ਹੁਣ ਮੈਂ ਸਮਝਿਆ ਹੈ ਕਿ ਤੁਸੀਂ ਇੰਦ੍ਰਜਾਲ ਕਿਸ ਨੂੰ ਆਖਦੇ ਹੋ ? ਮੈਂ ਤਾਂ ਇੰਦ੍ਰਜਾਲ ਨਾਲ ਮੋਈਆਂ ਮੱਛੀਆਂ ਨੂੰ ਜ਼ਿੰਦਾ ਕਰਨ ਦੇ ਤਜਰਬੇ ਕਰਦਾ ਰਹਿੰਦਾ ਹਾਂ।

ਬਾਬਾ—ਇਹ ਸਾਧੂ ਲੋਕ ਕੁਛ ਇਸ ਕਿਸਮ ਦੇ ਕੌਤਕੀ ਬੰਦੇ ਹੁੰਦੇ ਹਨ। ਅਸਾਂ ਜੰਗਲਾਂ ਵਿਚ ਇਨ੍ਹਾਂ ਦੇ ਅਨੇਕਾਂ ਕਰਤਬ ਡਿੱਠੇ ਹੋਏਹਨ, ਪ੍ਰੇਮਣ ਦੇ ਉਪਰ ਵੀ ਉਹ ਸਾਧੂ ਇਹੋ ਜਿਹਾ ਕੌਤਕੀ ਪ੍ਰਭਾਵ ਪਾ

Digitized by Panjab Digital Library | www.panjabdigilib.org

ਗਿਆ ਸੀ । ਆਸੀਂ ਪ੍ਰੇਮਣ ਨੂੰ ਜਦ ਦਾਰੂ ਲੈਣ ਆਈ ਤਾਂ ਜੋ ਗੱਲਾਂ ਸਮਝਾਈਆਂ ਸਨ ਉਹ ਉਸ ਚਲਿਤ੍ਰ ਨੂੰ ਹਟਾਉਣ ਲਈ ਸਨ, ਪਰ ਉਹ ਪੂਰੀ ਤਰ੍ਹਾਂ ਹਟਿਆ ਨਾ । ਇਤਨਾ ਹੋਇਆ ਕਿ ਉਸ ਦੀ ਜਾਨ ਬਚ ਗਈ, ਨਹੀਂ ਤੇ ਡਰ ਨਾਲ ਮਰ ਹੀ ਜਾਂਦੀ ।

ਮੋਭਾ ਸਿੰਘ–ਇਹ ਇੰਦ੍ਰਜਾਲ ਜਿਸ ਤਰ੍ਹਾਂ ਤੁਸੀਂ ਦੱਸਿਆ ਹੈ, ਬੜੀ ਬੁਰੀ ਬਲਾ ਹੈ ।

ਬਾਬਾ–ਇਹ ਵੈਦਗੀਰੀ ਦਾ ਇਕ ਸ਼ੈਤਾਨ ਸਾਧਨ ਸੀ । ਅਥਰਵ ਵੇਦ ਦਾ ਸਾਰਾ ਭੈਸ਼ਜ ਤੇ ਅਘੋਰ ਮੰਤ੍ਰ ਏਸੇ ਦੀਆਂ ਨੀਹਾਂ ਉਪਰ ਖੜਾ ਸੀ । ਪਰ ਹੁਣ ਇਹ ਤਮਾਸ਼ਬੀਨਾਂ ਦਾ ਇਕ ਅੜੁਆ ਤੇ ਭੁੱਖੇ ਸਾਧਾਂ ਦਾ ਕੌਤਕੀ ਵਿਹਾਰ ਬਣ ਗਿਆ ਹੈ।

ਅਗਲੇ ਦਿਨ ਪ੍ਰੇਮਣ ਆਪ ਆ ਗਈ । ਪਿੰਡਾ ਇਸ ਤਰ੍ਹਾਂ ਆਕੜਿਆ ਹੋਇਆ ਸੀ ਜਿਸ ਤਰ੍ਹਾਂ ਲੋਹੇ ਦੀ ਮੁੱਕੀ ਕੁੰਡੀ ਦਾ ਹੁੰਦਾ ਹੈ । ਹੱਡ ਹੀ ਹੱਡ ਸਨ । ਮਾਸ ਐਉਂ ਖਿਚਿਆ ਗਿਆ ਸੀ ਜਿਵੇਂ ਕਿਸੇ ਨੇ ਨਗਾਰੇ ਦੇ ਚਮੜੇ ਨੂੰ ਕੱਸ ਕੇ ਇਸ ਦੇ ਪਿੰਜਰ ਉਪਰ ਮੜ੍ਹ ਦਿੱਤਾ ਹੁੰਦਾ ਹੈ । ਬਾਬੇ ਨੇ ਇਸਦੇ ਬਹੁਤ ਇਲਾਜ ਕੀਤੇ ਤੇ ਪ੍ਰੇਮਣ ਨਰੋਈ ਹੋ ਗਈ । ਉਸਦੇ ਸਾਰੇ ਦੁੱਖ ਹਟ ਗਏ। ਕੇਵਲ ਇਕ ਕਸਰ ਬਾਕੀ ਰਹਿ ਗਈ, ਜੋ ਬਾਕੀ ਦੀ ਉਮਰ ਨਾਲ ਨਿਭੀ; ਜਦੋਂ ਵੀ ਕਿਤੇ ਕਿਸੇ ਡੱਡੂ ਨੂੰ ਦੇਖ ਲੈਂਦੀ ਗਸ਼ ਖਾ ਕੇ ਢਹਿ ਪੈਂਦੀ ।

੯.

ਬਾਬਾ ਤੇ ਸਦਾਨੰਦ ਲਗ ਪਗ ਇਕ ਉਮਰ ਦੇ ਸਨ । ਬਾਬੇ ਦਾ ਜਨਮ ੧੯੪੫ ਬਿਕ੍ਰਮੀ ਦਾ ਤੇ ਸਦਾ ਨੰਦ ਦਾ ੧੯੪੪ ਦਾ ਸੀ । ਬਾਬੇ ਦਾ ਪਿੱਛਾ ਵੀ ਮੁਲਤਾਨ ਦਾ ਸੀ ਤੇ ਸਦਾ ਨੰਦ ਵੀ ਮੁਲਤਾਨ ਦਾ ਇਕ ਅਰੋੜ ਖੰਸੀ ਸੀ ।

ਸਦਾ ਨੰਦ ਦਾ ਇਕ ਹੋਰ ਹਮ ਉਮਰ ਦੋਸਤ ਗੁਰਦਿਆਲ ਸੀ,ਜੋ ਇਸਦੇ ਨਾਲ ਮੁਲਤਾਨ ਤੋਂ ਅੰਮ੍ਰਿਤਸਰ ਆਇਆ ਹੋਇਆ ਸੀ । ਸਦਾ ਨੰਦ ਵਿਰਕਤ ਸੀ, ਪਰ ਗੁਰਦਿਆਲ ਗ੍ਰਿਹਸਤੀ ਤੇ ਇਸ ਦੀ ਵਹੁਟੀ ਦਾ ਨਾਮ ਜੁਆਲੀ ਸੀ।

ਸਦਾ ਨੰਦ ਆਪਣੀ ਇਕ ਡਾਇਰੀ ਜੇਹੀ ਲਿਖਦਾ ਹੁੰਦਾ ਸੀ, ਜਿਸ ਦਾ ਨਾਮ ਉਸ ਨੇ 'ਵਿਦਜ਼ਾਨਿਧ' ਰਖਿਆ ਹੋਇਆ ਸੀ ।

ਅੱਜ ਸਦਾ ਨੰਦ ਇਕ ਫਿਕਰ ਜੇਹੇ ਵਿਚ ਗ਼ਲਤਾਨ ਸੀ । ਸੰਤ ਰਾਮ ਦਿਆਲ ਜੀ ਨਾਲ ਸਵੇਰੇ ਚਰਚਾ ਕਰਦਾ ਥਕ ਗਿਆ ਸੀ, ਦੁਪਹਿਰੇ ਸੁੱਤਾ ਰਿਹਾ, ਜਦ ਉਠਿਆ ਤਾਂ ਆਪਣੀ ਡਾਇਰੀ ਵਿਚ ਕੁਛ ਦੇਰ ਲਿਖਦਾ ਰਿਹਾ । ਇਸ ਵੇਲੇ ਐਉਂ ਮਲੂਮ ਹੁੰਦਾ ਹੈ ਕਿ ਉਹ ਇਕ ਐਸੇ ਸੋਚ ਸਮੁੰਦਰ ਵਲ ਨੀਝ ਲਾ ਕੇ ਤੱਕ ਰਿਹਾ ਸੀ, ਜਿਸ ਦਾ ਪਾਣੀ ਭਾਵੇਂ ਨਿਰਮਲ ਹੈ, ਪਰ ਨਜ਼ਰ ਜਿਤਨੀ ਤੀਖਣ ਹੋ ਕੇ ਬੱਲੇ ਵਲ ਤਕਦੀ ਹੈ, ਹੇਠਲੀ ਤਹਿ ਤਕ ਪਹੁੰਚ ਨਹੀਂ ਸਕਦੀ ।

ਸਦਾ ਨੰਦ ਨੇ ਇਕ ਉਬਾਸੀ ਲਈ, ਫੇਰ ਆਕੜ ਭੰਨੀ । ਫੇਰ ਇਕ ਡੂੰਘਾ ਠੰਦਾ ਸਾਹ ਲਿਆ ਤੇ ਉੱਚੀ ਪੜ੍ਹਨ ਲਗਾ:–

ਕਾਗਤ ਸੰਦੀ ਪੁਤਰੀ ਤਊ ਨ ਤ੍ਰਿਯਾ ।ਨਹਾਰ।
ਯੋਂਹੀ ਮਾਰ ਲਿਜਾਵਹੀ ਜਥਾ ਬਲੋਚਨ ਧਾਰ* ॥ [ਛੱਦ

ਐਸ ਵੇਲੇ ਗੁਰਦਿਆਲ ਅੰਦਰ ਆ ਗਿਆ: ਆਸੂ ਰਾਮ† ਜੀ, ਇਹ 'ਕਾਗਤ ਸੰਦੀ ਪੁਤਰੀ' ਵਾਲੀ ਤੁਕ ਅੱਜ ਕਿਉਂ ਯਾਦ ਆ ਗਈ ਹੈ ?

ਸਦਾ ਨੰਦ–ਇਹ ਮਨ ਚੰਚਲ ਹੈ, ਅਤਿ ਚੰਚਲ, ਟਪੋਸੀਆਂ ਮਾਰਦਾ ਰਹਿੰਦਾ ਹੈ, ਇਕ ਟਾਹਣੀ ਤੋਂ ਦੂਜੀ, ਦੂਜੀ ਤੋਂ ਤੀਜੀ ।

---

*ਇਸੜ੍ਹੀ ਭਾਵੇਂ ਕਾਗਜ਼ ਦੀ ਬਣੀ ਪੁਤਲੀ ਹੀ ਕਿਉਂ ਨਾ ਹੋਵੇ ਉਸ ਵਲ ਨਾ ਦੇਖ, ਕਿਉਂ ਜੋ ਇਹ ਬਲੋਚਾਂ ਦੀ ਧਾੜ ਵਾਂਙ ਅਭੋਲ ਹੀ ਮਾਰ ਜਾਂਦੀ ਹੈ। †ਸਦਾ ਨੰਦ ਦਾ ਪਹਿਲਾ ਨਾਮ ਆਸੂ ਰਾਮ ਸੀ।

Digitized by Panjab Digital Library | www.panjabdigilib.org

ਗੁਰਦਿਆਲ–ਤੁਹਾਡੀ ਸਾਰੀ ਉਮਰ ਅਭਿਆਸ ਵਿਚ ਗੁਜ਼ਰ ਗਈ, ਤੁਹਾਡਾ ਵੀ ਮਨ ਜੇ ਅਜੇ ਚੰਚਲ ਹੈ ਤਾਂ ਫੇਰ ਹਮਾਤੜਾਂ ਦਾ ਕੀ ਹਾਲ ?

ਸਦਾ ਨੰਦ–ਮੈਨੂੰ ਤਾਂ ਮੇਰੇ ਗੁਰੂ ਦਾ ਸਰਾਪ ਹੈ।

ਗੁਰਦਿਆਲ–ਕਿਹੜੇ ਗੁਰੂ ਦਾ ?

ਸਦਾ ਨੰਦ ਦਾ ਇਕ ਗੁਰੂ ਨਹੀਂ ਸੀ, ਬਹੁਤ ਗੁਰੂ ਸਨ । ਪਹਿਲਾ ਗੁਰੂ ਚਾਚਾ ਟੇਕ ਚੰਦ ਸੀ, ਜਿਸ ਪਾਲਿਆ ਪੋਸਿਆ, ਫੇਰ ਸੰਤ ਮੋਤੀ ਰਾਮ ਵਿਰਕਤ ਲੁਟਕਰਨ ਦੇ ਰਹਿਣ ਵਾਲਾ, ਜਿਸ ਨੇ ਸ਼ੁਰੂ ਸ਼ੁਰੂ ਵਿਚ ਅਭਿਆਸ ਵਿਚ ਲਾਇਆ । ਫੇਰ ਮੋਤੀ ਰਾਮ ਗ੍ਰਿਹਸਤੀ ਡੇਰੇ ਗਾਜ਼ੀ ਖਾਂ ਵਾਲਾ, ਜਿਸ ਕੋਲੋਂ ਫਿਦਵਾ ਪੜ੍ਹੀ, ਫੇਰ ਦਲੇਰ ਸਾਹਿਬ, ਇਕ ਮੁਸਲਮਾਨ ਫਕੀਰ ਜਿਸ ਨੇ ਇਕ ਆਤਮਕ ਹਲੂਣੇ ਨਾਲ ਇਸ ਦੇ ਅੰਦਰ ਇਕ ਛਿਨ ਲਈ ਬਿਜਲੀ ਵਾਙੂ ਪ੍ਰਕਾਸ਼ ਕਰ ਦਿਤਾ* । ਫੇਰ ਸੰਤ ਰਾਮ ਦਿਆਲ। ਇਨ੍ਹਾਂ ਪੰਜਾਂ ਤੋਂ ਛੁੱਟ ਉਹ ਹੋਰ ਵੀ ਬੜਿਆਂ ਦਾ ਮੇਲੀ ਸੀ, ਜੈਸੇ ਆਨਪਤਿ ਫੇਰ ਅਬਦਲ ਗ਼ਫੂਰ ਮਘਜ਼ਾਣੇ ਦਾ ਫਕੀਰ ਆਦਿਕ ਜਿਨ੍ਹਾਂ ਉਪਰ ਉਹ ਦਰਜਾ ਬਦਰਜਾ ਸ਼ਰਧਾ ਵਧਾ ਘਟਾ ਲੈਂਦਾ ਸੀ।

ਗੁਰਦਿਆਲ ਨੇ ਜਦ ਪੁੱਛਿਆ ਕਿ ਕਿਹੜਾ ਗੁਰੂ ? ਤਾਂ ਦੋਨੋ ਮੁਸਕ੍ਰਾ ਪਏ। ਫੇਰ ਸਦਾ ਨੰਦ ਬੋਲਿਆ ਇਹ ਸ੍ਰਾਪ ਗੁਰੂ ਟੇਕ ਚੰਦ ਦਾ ਹੈ। ਉਸ ਕਿਹਾ ਸੀ ਤੇਰਾ ਮਨ ਕਲੰਦਰ ਦੀ ਕੁੱਤੀ ਵਾਕੁਣ ਹੈ; ਜਿਹੜਾ ਮਲੰਗ ਦੇਖਿਆ ਉਸੇ ਮਗਰ ਲਗ ਤੁਰੀ। ਇਤਨੀ ਗੱਲ ਸੁਣਦਿਆਂ ਹੀ ਗੁਰਦਿਆਲ ਫੇਰ ਹੱਸ ਪਿਆ । ਉਸ ਦੇ ਹੱਸਦਿਆਂ ਹੱਸਦਿਆਂ ਵੀ ਸਦਾ ਨੰਦ ਆਪਣੀ ਗੱਲ ਆਖੀ ਗਿਆ । ਹਾਂ,ਜਦੋਂ ਮੈਂ ਮੁਲਤਾਨੋਂ ਤੁਰਨ ਲੱਗਾ ਤਦ ਵੀ ਗੁਰੂ ਨੇ ਏਹੋ ਹੀ ਆਖਿਆ ਸੀ ਕਿ ਦੇਖੀਂ ਕਲੰਦਰ ਦੀ ਕੁੱਤੀ ਨਾ ਬਣੀਂ। ਜਦ ਮੈਂ ਪੁੱਛਿਆ ਜੀ ਏਸ ਤੋਂ ਆਪ ਦਾ ਕੀ ਮਤਲਬ ? ਤਦ ਉਨ੍ਹਾਂ ਮਤਲਬ ਵੀ ਖੋਹਲਕੇ ਸਮਝਾ ਦਿਤਾ ਸੀ† ।

ਗੁਰਦਿਆਲ–ਖ਼ੈਰ ਜੀ, ਮਨ ਕਲੰਦਰ ਦੀ ਕੁੱਤੀ ਹੋਇਆ ਕਿ ਕਲੰਦਰ ਦਾ ਬੰਦਰ ਹੋਇਆ, ਤੁਸੀਂ 'ਕਾਗਤ ਸੰਦੀ ਪੁਤਰੀ' ਵਾਲੀ ਗਲ, ਆਕੜਾਂ ਭੰਨ ਭੰਨਕੇ ਕਿਉਂ ਪੜ੍ਹ ਰਹੇ ਸਾਓ ?

ਸਦਾ ਨੰਦ–ਆਪਣੇ ਆਪ ਨੂੰ ਧਿੱਕਾਰ ਪਾ ਰਿਹਾ ਸਾਂ।

ਗੁਰਦਿਆਲ–ਕਿਉਂ ?

ਸਦਾ ਨੰਦ–ਮੈਨੂੰ ਦੀਵਾਲੀ ਵਾਲੀ ਗਲ ਯਾਦ ਆ ਗਈ ਸੀ ।

ਗੁਰਦਿਆਲ–ਮੈਂ ਤਾਂ ਉਹ ਰਾਤ ਦਰਬਾਰ ਸਾਹਿਬ ਗੁਜ਼ਾਰੀ ;

ਸਦਾ ਨੰਦ–ਮੇਰਾ ਬੁਰਾ ਹਾਲ ਹੋਇਆ। ਸਾਰਾ ਦਿਨ ਸੰਤ ਰਾਮਦਯਾਲ ਪਾਸ ਬੈਠਾ ਰਿਹਾ,ਜਦ ਸੰਧਯਾ ਪੈ ਗਈ ਤਾਂ ਮੇਰਾ ਦਿਲ ਉਟਕ ਗਿਆ। ਮੈਂ ਦੀਪ ਮਾਲਾ ਦੇਖਣ ਲਈ ਉਤਾਵਲਾ ਸਾਂ, ਪਰ ਸੰਤਾਂ ਮੈਨੂੰ ਰੋਕ ਲਿਆ, ਕਿਹਾ ਅੱਖਾਂ ਮੀਟ, ਦੇਖ ਦਿਵਾਲੀ ਦਿੱਸਦੀ ਹੈ ਕਿ ਨਹੀਂ ? ਮੈਂ ਕਿਹਾ, ਜੀ ਹਾਂ, ਦਿੱਸਦੀ ਹੈ! ਫੇਰ ਉਨ੍ਹਾਂ ਆਖਿਆ ਓ ਭੋਲਿਆ ! ਜੇ ਦਿੱਸਦੀ ਹੈ, ਫੇਰ ਬਾਹਰ ਕਿਸ ਲਈ ਜਾਂਦਾ ਹੈਂ, ਅੰਦਰ ਦੀ ਦੀਵਾਲੀ ਦਾ ਸੁਖ ਮਾਣ ! ਮੈਂ ਕਿਹਾ ਜੀ ਮੇਰਾ ਦੀਪਮਾਲਾ ਦੇਖਨ ਦਾ ਸੰਸਕਾਰ ਬੜੀ ਮੁੱਦਤ ਤੋਂ ਹੈ। ਇਸ ਸੰਕਲਪਾਂ ਦੇ ਮਨੋਰਾਜ ਨੂੰ ਪੂਰਾ ਹੋਣ ਦਿਓ । ਤਦ ਉਨ੍ਹਾਂ ਗੁੱਸੇ ਨਾਲ ਕਿਹਾ,

---

*ਤਿਨਕੈ ਪਦ ਜਨ ਸੀਸ ਨਿਵਾਯਾ । ਜਨਕੈ ਸਿਰ ਤਿਨ ਹਾਥ ਵਿਤਾਯਾ ।
ਤਤਛਿਨ ਸਿਰ ਕੈ ਕਥਨ ਪ੍ਰਕਾਸ਼ਾ । ਨਖ ਸਿਖ ਲੌ ਜਿਮ ਬਿਜਲ ਅਕਾਸ਼ਾ ।
ਤਤਛਿਨ ਹੀ ਫਿਰ ਜਾਗ੍ਰਤ ਆਈ । ਅਤਿ ਅਚਰਜ ਸੁਖ ਝਾਕੀ ਪਾਈ । [ਵਿਦਯਾਨਿਧ-ਕਲਮੀ ਨੁਸਖਾ

†ਪੈ ਨਾ ਕਲੰਦਰ ਕੁੱਤੀ ਹੁਵੀਜੈ । ਜਨ ਕਹਾ ਇਸ ਕਾ ਅਰਥ ਕਰੀਜੈ ।
ਤਿਨ ਕਹਾ ਕੁਤੀ ਕਲੰਦਰ ਜਾਂਹਿ । ਲਖੇ ਮਲੰਗ ਚਲੇ ਸੰਗ ਤਾਂਹਿ। [ਵਿਦਯਾਨਿਧ ਨੰਬ ।

Digitized by Panjab Digital Library | www.panjabdigilib.org

ਮੂਰਖ ! ਤੇਰਾ ਮਨ ਰੋਗੀ ਹੈ, ਜਾਹ ਦੀਵਾਲੀ ਦੇਖ ਅਤੇ ਮਨ ਨੂੰ ਖੁਸ਼ੀ ਕਰ ਆ, ਪਰ ਯਾਦ ਰੱਖ ਜਿਨ੍ਹਾਂ ਦਾ ਮਨ ਰੋਗੀ ਹੈ ਉਨ੍ਹਾਂ ਦੀ ਯਾਤ੍ਰਾ ਸਫਲ ਨਹੀਂ, ਉਨ੍ਹਾਂ ਦੀ ਯਾਤ੍ਰਾ ਇਕ ਤਮਾਸ਼ਾ ਹੈ। ਜਿਨ੍ਹਾਂ ਦਾ ਚਿੱਤ ਅਰੋਗ ਹੈ ਉਨ੍ਹਾਂ ਨੂੰ ਯਾਤ੍ਰਾ ਦੀ ਲੋੜ ਨਹੀਂ, ਉਨ੍ਹਾਂ ਨੂੰ ਸਭ ਕੁਛ ਅੰਦਰ ਦਿੱਸਣ ਲੱਗ ਪੈਂਦਾ ਹੈ*।

ਪਰ ਮੈਂ ਮੂਰਖ ਸਾਂ,ਮੈਂ ਉਨ੍ਹਾਂ ਦੀ ਗੱਲ ਨਾ ਮੰਨੀ।ਮੈਂ ਦੀਪਮਾਲਾ ਦੇਖਣ ਚਲਾ ਹੀ ਗਿਆ।ਮੇਰੇ ਅੰਦਰ ਦੀਵੇ ਲਟਲਟ ਬਲ ਰਹੇ ਸਨ। ਬਾਜ਼ਾਰ ਦੇ ਵਿਚ ਵੀ ਦੀਵੇ ਜਗ ਰਹੇ ਸਨ, ਜਦ ਮੈਂ ਇਨ੍ਹਾਂ ਵਲ ਤੱਕਿਆ ਤਾਂ ਅੰਦਰ ਦੀਆਂ ਜੋਤਾਂ ਦੀ ਲੋ ਮਲੀਨ ਹੋ ਗਈ। ਥੋਹੜੇ ਚਿਰ ਪਿਛੋਂ ਮੈਨੂੰ ਇਕ ਕੰਧ ਦੇ ਨਾਲ ਲੱਗ ਕੇ ਖੜੋਤੀ ਹੋਈ ਇਕ ਤ੍ਰੀਮਤ ਨਜ਼ਰ ਆਈ, ਤਸਵੀਰ ਵਾਕੁਣ, ਜਦ ਮੈਂ ਨੇੜੇ ਗਿਆ ਤਾਂ ਉਹ ਹਿਲਦੀ ਸੀ। ਮੈਂ ਉਸਦੀ ਨੁਹਾਰ ਸਿਆਣਦਾ ਸਾਂ। ਹੋਰ ਨੇੜੇ ਗਿਆ ਤਾਂ ਉਹ ਕੰਧ ਦੇ ਵਿਚ ਗੁੰਮ ਹੋ ਗਈ। ਫੇਰ ਨਿਕਲੀ, ਫੇਰ ਗੁੰਮ। ਮੈਂ ਹੱਕਾ ਬੱਕਾ ਜੇਹਾ ਹੋ ਰਿਹਾ ਸਾਂ ਕਿ ਮੈਂ ਦੇਖਿਆ ਕਿ ਲੋਕ ਇਕੱਠੇ ਹੋਏ ਹੋਏ ਪਿਛੇ ਖੜੇ ਤੇ ਮੇਰੇ ਉੱਪਰ ਹੱਸ ਰਹੇ ਸਨ। ਉਸ ਇਸਤ੍ਰੀ ਦੇ ਮੁਖ ਉੱਪਰ ਵੀ ਮਖ਼ੌਲ ਭਰਿਆ ਹਾਸਾ ਸੀ।

ਗੁਰਦਿਆਲ - ਇਹ ਕੋਈ ਦੀਵਾਲੀ ਦਾ ਤਮਾਸ਼ਾ ਹੋਣਾ ਹੈ?

ਸਦਾ ਨੰਦ–ਮੈਨੂੰ ਪਿੱਛੋਂ ਸਮਝ ਆਈ, ਇਹ ਦੀਵਾਲੀ ਦੇ, ਸਾਹਮਣੇ ਪਾਸੇ ਟੰਗੇ, ਫਲੂਸ ਦੇ ਇਕ ਪਰਛਾਵੇਂ ਦਾ ਕੌਤਕ ਸੀ।

ਗੁਰਦਿਆਲ–ਹਾਂ, ਮੋਮੀ ਕਾਗਤਾਂ ਦੀਆਂ ਕਟੀਆਂ ਹੋਈਆਂ ਮੂਰਤਾਂ ਦੇ ਪਰਛਾਵੇਂ ਬਿਲਕੁਲ ਛਲੇੜਿਆਂ ਵਾਕੁਣ ਹਿਲਦੇ ਦਿੱਸਦੇ ਹਨ।

ਸਦਾ ਨੰਦ–ਲੋਕਾਂ ਦੇ ਹਾਸੇ ਨਾਲ ਮੈਨੂੰ ਬੜੀ ਸ਼ਰਮ ਆਈ। ਮੈਂ ਮੁੜ ਪਿਆ। ਜਦ ਮੈਂ ਪਰਤ ਕੇ ਪਿਛਾਹ ਵਲ ਤੱਕਿਆ ਤਾਂ ਡਿੱਠਾ ਕਿ ਮੇਰੇ ਵਾਕੁਣ ਕਈ ਹੋਰ ਭੌਂਤਲ ਰਹੇ ਹਨ ਤੇ ਹਸੀ ਰਹੇ ਹਨ। ਏਸ ਨਾਲ ਮੇਰੀ ਥੋੜ੍ਹੀ ਸ਼ਰਮ ਘਟੀ, ਪਰ ਡੇਰੇ ਆਕੇ ਫੇਰ ਜਦ ਸੰਤਾਂ ਨੂੰ ਦੂਰੋਂ ਦੇਖਿਆ ਤਾਂ ਮੁੜ ਤ੍ਰੌਲੀ ਤ੍ਰੌਲੀ ਹੋ ਗਿਆ। ਓਸੇ ਸ਼ਰਮ ਦੀ ਯਾਦ ਵਿਚ ਅਜ ਅਪਣੇ ਆਪ ਨੂੰ ਧਿੱਕਾਰ ਪਾ ਰਿਹਾ ਸਾਂ ਤੇ ਕਹਿ ਰਿਹਾ ਸਾਂ 'ਕਾਗਤ ਸੰਦੀ ਪੁਤਰੀ'।

ਗੁਰਦਿਆਲ–ਖੈਰ ਇਹ ਘਟਨਾ ਤਾਂ ਹੋਈ ਹੀ ਵੱਖਰੀ, ਪਰ ਵੈਸੇ ਮੈਂ ਇਹ ਗਲ ਨਹੀਂ ਮੰਨਦਾ ਕਿ ਕਾਗਤ ਦੀ ਤਸਵੀਰ ਜਾਂ ਕਾਗਤ ਦੀ ਪੁਤਲੀ ਜਾਂ ਕੋਈ ਮੂਰਤ ਜਾਂ ਖਿਡੌਣਾ ਇਤਨੀ ਭੈੜੀ ਚੀਜ਼ ਹੈ। ਮੈਨੂੰ, ਬਹੁਤਾ ਮੂਰਤਾਂ ਦੇਖਣ ਦਾ ਸ਼ੌਂਕ ਨਹੀਂ, ਪਰ ਮੈਨੂੰ ਸੁਪਨਿਆਂ ਦਾ ਤਜਰਬਾ ਹੈ।

ਸਦਾ ਨੰਦ–ਪ੍ਰਤੱਖ ਦੇ ਮੁਕਾਬਲੇ ਉਪਰ ਸੁਪਨਾ ਹੋਇਆ ਜਾਂ ਤਸਵੀਰ ਹੋਈ, ਇਕੋ ਹੀ ਚੀਜ਼ ਹੈ। ਦੋਨੋ ਨਕਲ ਹਨ, ਇਕ ਕਾਗਤ ਦੀ ਤਖਤੀ ਉੱਪਰ ਦੂਜਾ ਮਨ ਦੀ ਪੱਟੀ ਉੱਪਰ।

ਗੁਰਦਿਆਲ–ਜਦ ਮੈਂ ਘਰ ਸਾਂ ਤਾਂ ਮੇਰੀ ਵਹੁਟੀ ਨਾਲ ਰੋਜ਼ ਲੜਾਈ ਰਹਿੰਦੀ ਸੀ। ਮੈਂ ਕਹਿੰਦਾ ਸਾਂ ਇਸਤ੍ਰੀ ਦੀ ਨਿੰਦਿਆ ਜੋ ਸਾਧ ਸੰਤ ਕਰਦੇ ਹਨ, ਉਹ ਬਿਲਕੁਲ ਸੱਚੇ ਹਨ, ਸਚੀ ਮੁਚੀ ਇਸਤ੍ਰੀ ਚਹਿਰ ਹੈ। ਪਰ ਹੁਣ ਜਦ ਉਸ ਕੋਲੋਂ ਵਿਛੁੜਿਆਂ ਇਤਨੇ ਮਹੀਨੇ ਹੋ ਗਏ ਹਨ, ਮੈਂ ਉਸ ਨੂੰ ਸੁਪਨੇ ਵਿਚ ਰੋਜ਼ ਦੇਖਦਾ ਹਾਂ। ਇਹ ਸੁਪਨੇ ਬੜੇ ਹੀ ਮਿਠੇ ਲੱਗਦੇ ਹਨ,–ਡਾਢੇ...ਹੀ...ਮਿੱਠੇ!

---

*ਚੌਪਈ–ਪਨ ਸੁਨ ਦੀਪ ਮਾਲ ਦਿਨ ਦਾਸ। ਬੈਠੇ ਰਾਮ ਦਯਾਲ ਜੀ ਪਾਸ।
ਸਾਂਝ ਉਠੇ ਕਹਾ ਤਿਨ, ਕਹਾਂ ਤਿਆਰ ? ਜਨ ਕਹਾ ਦਰਸੋਂ ਦੀਪ ਦਰਬਾਰ।
ਤਿਨ ਕਹਾ ਨੈਨ ਮੂੰਦ ਨਿਜ ਮਾਹੀ। ਦੀਸਤ ਹੈ ਅਥਵਾ ਤੁਮ ਨਾਹੀ।
ਜਨ ਕਹਾ ਦੀਸਤ ਹੈ, ਤਬ ਬੋਲੇ। ਤਾਂਤੇ ਕਹਾਂ ਜਾਤ ਹੈ ਭੋਲੇ!
ਜਨ ਕਹਾ ਮਨੋਰਾਜ ਚਿਰ ਕੇਰਾ। ਤਿਨ ਕਹਾ ਹੈ ਅਸੁਸਥ ਚਿਤ ਤੇਰਾ।
ਤਾਂਤੇ ਜਾਵੇ ਆਵੇ ਦੇਖ। ਪੈ ਚਿਤ ਕਰੇ ਸੁਸਥ ਨਿਜ ਪੇਖ।
ਦੋਹਰਾ – ਚਿਤ ਜੀਤੇ ਬਿਨ ਕਛੂ ਨਹੀਂ ਜਾਤ੍ਰਾ ਕੌਤਕ ਯਾਰ।
ਚਿਤ ਜੀਤੇ ਜਗ ਜੀਤੀਏ ਸਭ ਨਿਜ ਮਾਂਹਿ ਨਿਹਾਰ। [ਵਿਦਯਾਨਿਧ।

Digitized by Panjab Digital Library | www.panjabdigilib.org

ਜੀ ਕਰਦਾ ਹੈ ਮੈਂ ਸੁੱਤਾ ਰਵ੍ਹਾਂ ਤੇ ਸੁਪਨਾ ਲੰਮਾ ਹੁੰਦਾ ਜਾਏ । ਸੁਪਨੇ ਦੀ ਘੁਸਮੁਸੀ ਲੋ ਵਿਚ ਜੁਆਲੀ ਦੇ ਚਿਹਰੇ ਦੀ ਚਾਂਦਨੀ ਮੋਤੀਆਂ ਦੀ ਆਭ ਵਾਕਨ ਡਲ੍ਹਕਦੀ ਹੈ, ਮੇਰਾ ਮੂੰਹ ਸੁਵਾਦ ਨਾਲ ਭਰ ਜਾਂਦਾ ਹੈ, ਦੰਦ ਸ਼ਹਿਦ ਦੇ ਘੁੱਟ ਦੀ ਮੋਮ ਨਾਲ ਜੁੜ ਜਾਂਦੇ ਹਨ । ਪਰ ਓਹੋ ਜੁਆਲੀ, ਪ੍ਰਤੱਖ ਦੀ ਦੁਪਹਿਰ ਵਿਚ ਜੁਆਲਾ ਮੁਖੀ ਪਹਾੜਹੈ ਉਸ ਦੀਆਂ ਅੱਖਾਂ ਵਿਚ ਧੁੰਏਂ ਦੇ ਕਾਲੇ ਬੱਦਲ ਕੰਬਦੇ ਹਨ ਤੇ ਮੂੰਹਦੀਆਂ ਲਾਲ ਲਾਟਾਂ ਦੇ ਸੇਕ ਨਾਲ ਹਿਰਦੇ ਦਾ ਕਮਲ ਝੁਲਸ ਜਾਂਦਾ ਹੈ।ਗੁਸਾਈਂ ਤੁਲਸੀ ਜੀ ਜੋ ਗਲ ਕਹਿੰਦੇ ਸਨ ਉਹ ਸੱਚੀ ਹੈ, ਇਸਤ੍ਰੀ ਜ਼ਹਿਰ ਵੀ ਹੈ ਤੇ ਅੰਮ੍ਰਿਤ ਵੀ । ਮੇਰਾ ਖਿਆਲ ਹੈ ਕਿ ਪ੍ਰਤੱਖ ਇਸਤ੍ਰੀ ਜ਼ਹਰ ਹੈ, ਸੁਪਨ ਇਸਤ੍ਰੀ ਅੰਮ੍ਰਿਤ।

ਸਦਾ ਨੰਦ–ਹਾਂ, ਇਹ ਫਰਕ ਤਾਂ ਟ੍ਰਿਹਸਤੀ ਦੀ ਬੁੱਧੀ ਹੀ ਕਰ ਸਕਦੀ ਹੈ । ਗੁਸਾਈਂ ਵੀ ਵਹੁਟੀ ਵਾਲਾ ਸੀ, ਪਰ ਸਾਧਾਂ ਦਾ ਪ੍ਰਤੱਖ ਸੰਸਾਰ ਤੇ ਸੁਪਨ ਸ੍ਰਿਸ਼ਟੀ ਵਿਚ ਕੋਈ ਫਰਕ ਨਹੀਂ ਹੁੰਦਾ । ਉਨ੍ਹਾਂ ਦਾ ਅਭਿਆਸ ਏਹੋ ਹੋ ਗਿਆ ਹੁੰਦਾ ਹੈ ਕਿ ਪ੍ਰਤੱਖ ਨੂੰ ਸੁਪਨ ਵਤ ਕਰ ਲਿਆ ਜਾਵੇ । ਜਦ ਇਹ ਧਾਰਨਾ ਪੱਕ ਜਾਵੇ ਤਦ ਇਹ ਗਲ ਵੀ ਨਾਲ ਹੀ ਸਿੱਧ ਹੋ ਜਾਂਦੀ ਹੈ ਕਿ ਉਨ੍ਹਾਂ ਦੇ ਸੁਪਨੇ ਅਪਣੇ ਆਪ ਨੂੰ ਪ੍ਰਤੱਖ ਵਿਚ ਤਰਜਮਾ ਕਰ ਸੁਟਦੇ ਹਨ ।

ਗੁਰਦਿਆਲ–ਇਹ ਕਿਸ ਤਰ੍ਹਾਂ ?

ਸਦਾ ਨੰਦ–ਦੇਖੋ ਜੀ ਸੰਤ ਰਾਮ ਦਿਆਲ ਜੀ ਕਹਿੰਦੇ ਸਨ ਕਿ ਸਾਨੂੰ ਇਕ ਦਿਨ ਸੁਪਨੇ ਵਿਚ ਇਕ ਇਸਤ੍ਰੀ ਨਜ਼ਰ ਆਈ, ਜਦ ਅੱਖ ਖੋਲ੍ਹੀ ਤਾਂ ਉਹ ਪ੍ਰਤੱਖ ਖੜੋਤੀ ਸੀ* ।

ਗੁਰਦਿਆਲ–ਇਹ ਕੀ ? ਸੁਪਨੇ ਦੀ ਪ੍ਰਤੱਖ ਵਿਚ ਤਰਜਮਾ ਹੋ ਗਈ ਕਿ ਪ੍ਰਤੱਖ ਦਾ ਸੁਪਨੇ ਵਿਚ ਉਲਥਾ ਹੋ ਰਿਹਾ ਸੀ, ਕਿ ਪ੍ਰਤੱਖ ਹੋਰ ਸੀ ਤੇ ਸੁਪਨੇ ਦੀ ਹੋਰ ਸੀ ਜੋ ਇਤਫਾਕ ਨਾਲ ਇਕੱਠੀਆਂ ਆ ਗਈਆਂ ?

ਸਦਾ ਨੰਦ–ਭਾਵੇਂ ਕੁਛ ਹੋਇਆ ਪਰ.....

ਗੁਰਦਿਆਲ–ਪਰ ਭਾਵੇਂ ਕੁਛ ਹੋਇਆ,ਪਰ ਸੰਤਾਂ ਦਾ ਅੱਖ ਖੋਹਲਦਿਆਂ ਤ੍ਰਾਹ ਨਿਕਲ ਗਿਆ ਹੋਣਾ ਹੈ।

ਸਦਾ ਨੰਦ–ਪਤਾ ਨਹੀਂ, ਪਰ ਪ੍ਰਤੱਖ ਵਾਲੀ, ਸੁਪਨੇ ਵਾਲੀ ਕੋਲੋਂ ਜ਼ਯਾਦਾ ਸੁੰਦਰ ਸੀ, ਸੰਤਾਂ ਨੇ ਧਿਕਾਰ ਪਾਈ† ।

ਗੁਰਦਿਆਲ–ਇਸਤ੍ਰੀ ਨੂੰ ਕਿ ਅਪਣੇ ਮਨ ਨੂੰ ?

ਸਦਾ ਨੰਦ–ਇਸਤ੍ਰੀ ਨੂੰ ! ਆਪਣਾ ਹਿਰਦਾ ਉਨ੍ਹਾਂ ਉਸੇ ਵੇਲੇ ਵੇਖ ਲਿਆ ਕਿ ਸੁਧ ਦਾ ਸੁਧ ਹੈ‡।

ਸੰਤਾਂ ਦਾ ਵਾਕ ਹੈ:–ਜਜੋਂ ਸ੍ਰਾਗਰ ਮਿਦ ਮੂਠ ਕੇ ਡਾਰੇ ਅੰਧ ਨ ਚੀਨ।
ਤਜੋਂ ਪਰਵਾਸਨ ਤੇ ਉਦਧ ਚਿਤ ਗਯਾਨੀ ਨ ਮਲੀਨ।

ਗੁਰਦਿਆਲ–ਹਾਂ, ਇਹ ਸੰਤ ਰਾਮ ਦਯਾਲ ਦਾ ਕਥਨ ਹੈ। ਮੈਂ ਮੰਨਦਾ ਹਾਂ। ਸੰਤਾਂ ਦਾ ਚਿਤ ਸਮੁੰਦਰ ਕੋਲੋਂ ਵੀ ਡੂੰਘਾ ਹੈ, ਉਸ ਵਿਚ ਮੁੱਠ ਮਿਟੀ ਪਾਉਣ ਨਾਲ ਕੋਈ ਮੈਲ ਨਹੀਂ ਵੜ ਚੱਲੀ, ਸੱਤ ਹੈ, ਪਰ ਇਹ ਹਰ ਇਕ ਦੇ ਅਮਲ ਵਿਚ ਨਹੀਂ ਆ ਸਕਦੀ ।

ਸਦਾ ਨੰਦ–ਸੰਤ ਕਹਿੰਦੇ ਸਨ, ਜਿਸ ਆਦਮੀ ਦਾ ਪ੍ਰਤੱਖ ਸੁਪਨ ਇਕ ਰੂਪ ਹੋ ਜਾਂਦਾ ਹੈ ਉਸਨੂੰ ਕਾਮ ਦੀ ਜ਼ਹਿਰ ਅਤੇ ਹਲਕਾਏ ਕੁੱਤੇ ਦੀ ਜ਼ਹਿਰ ਨਹੀਂ ਚੜ੍ਹਦੀ । ਸੰਤਾਂ ਨੂੰ ਖੁਦ ਇਕ ਵੇਰ

---

*ਸੁਨ ਇਕ ਦਿਨ ਹਮ ਕੁਟੀਆ ਆਪ । ਸੋਏ ਨੈਨ ਮੁੰਦ ਮੁਖ ਢਾਪ ।
ਜਾਗਤ ਚਿਤ ਅੰਤਰ ਨਿਰਵਾਸ । ਰਿਦ ਮਹਿ ਆਈ ਨਾਰੀ ਭਾਸ ।
ਕਹਾਂ ਤੇ ਆਈ ਕੀਆ ਵੀਚਾਰ । ਚੋਲਾ ਮੁਖ ਤਬ ਦੇਖੀ ਨਾਰ । [ਵਿਦਜਾਨਿਧ
†ਜੋ ਖੜੀ ਦੁਆਰੇ ਸੁੰਦਰ ਬਨੀ । ਧਿਧਕਾਰੀ ਤਬ ਤਤਛਿਨ ਭਨੀ । [ਵਿਦਜਾਨਿਧ
‡ਚਿਤ ਦੇਖਾ ਤਬ ਬੁਧ ਕਾ ਬੁਧ । ਇਸ ਤੇ ਇਤਰ ਨ ਹਮ ਕੋ ਬੁੱਧ । [ਵਿਦਜਾਨਿਧ

Digitized by Panjab Digital Library | www.panjabdigilib.org

ਪਾਗਲ ਕੁੱਤਾ ਭਿੱਛਿਆ ਮੰਗਣ ਗਿਆ ਹੋਇਆ ਨੂੰ ਮਿਲ ਪਿਆ, ਉਹ ਘੂਰ ਕੇ ਭੌਂਕਿਆ, ਪਰ ਸੰਤ ਧਯਾਨ ਮਗਨ ਖੜੇ ਗਏ । ਉਨ੍ਹਾਂ ਨੇ ਅਪਣੀ ਸਮਦ੍ਰਿਸ਼ਟਿ ਚੇਤਨ ਧਾਰਨਾ ਦ੍ਵਾਰਾ ਸਾਰਾ ਜਗਤ ਸ੍ਵਪਨ ਵਤ ਮਿਥਯਾ ਕਰ ਸੁੱਟਿਆ, ਕੇਵਲ ਇਕ ਬ੍ਰਹਮ ਰਹਿ ਗਿਆ ਜੋ ਪੂਰਨ ਸਰਵਾਤਮ ਹੈ। ਕੁੱਤਾ, ਕੁੱਤਾ ਨਾ ਰਿਹਾ ਉਸ ਦੀ ਲੁਕੀ ਹੋਈ ਬ੍ਰਹਮਸੱਤਾ ਚੇਤਨ ਦੇ ਕਾਰਯ ਰੂਪ ਵਿਚ ਉਦਯ ਹੋ ਗਈ। ਸੰਤਾਂ ਨੇ ਪੈਰ ਅਗੇ ਕਰ ਦਿੱਤਾ। ਕੁੱਤਾ ਪੂਛਲ ਹਿਲਾਉਂਦਾ ਹੋਇਆ ਪੈਰ ਚੱਟਦਾ ਰਿਹਾ । ਸੰਤਾਂ ਨੇ ਅਪਣਾ ਪੈਰ ਕੀ ਮਾਨੇ ਕੁੱਤੇ ਦਾ ਪੈਰ ਹੀ ਉਸ ਦੇ ਅੱਗੇ ਕਰ ਦਿੱਤਾ, ਕੁੱਤਾ ਪੈਰ ਚੱਟ ਚੱਟ ਕੇ ਜਦ ਰੱਜ ਗਿਆ ਤਾਂ ਆਪੇ ਚਲਾ ਗਿਆ। ਸੰਤ ਅਪਣੇ ਰਾਹ ਆ ਗਏ* ।

ਗੁਰਦਿਆਲ–ਪਰ ਤੁਸੀਂ ਕਿਹਾ ਸੀ ਕਿ ਕੰਧ ਉਪਰ ਜੋ ਤਸਵੀਰ ਤੱਕੀ, ਉਸ ਦੀ ਨੁਹਾਰ ਸਿਆਣਦੇ ਸਾਓ, ਉਹ ਕੌਣ ਸੀ ?

ਸਦਾ ਨੰਦ–ਉਹ ਉਹ ਨਹੀਂ ਸੀ ਜੋ ਮੈਂ ਸਮਝੀ, ਐਵੇਂ ਭੁਲੇਵਾ ਪਿਆ ਸੀ।

ਗੁਰਦਿਆਲ–ਪਰ ਸੀ ਕੌਣ ?

ਸਦਾ ਨੰਦ–ਭਈ ਜਦ ਦੀ ਕਾਹਨ ਸਿੰਘ ਦੀ ਮਾਈ ਆਈ ਹੈ ਤਦ ਦਾ ਮੈਨੂੰ ਕਈ ਵੇਰ ਚਾਚੀ ਦਾ† ਭੁਲੇਵਾ ਪੈ ਜਾਂਦਾ ਹੈ।

ਗੁਰਦਿਆਲ–ਹੈਂ ! ਚਾਚੀ ਚੈਨੀ‡ ਦੀ ਨੁਹਾਰ ਸੀ ?

ਸਦਾ ਨੰਦ–ਹਾਂ, ਚਾਚੀ ਦੀ।

ਗੁਰਦਿਆਲ–ਕੀ ਸਾਧੂ ਹੁਣ ਮਾਂਵਾਂ ਕੋਲੋਂ ਵੀ ਡਰਨ ਲਗ ਪਏ ?

ਸਦਾ ਨੰਦ–ਹਾਂ,ਮਾਂ ਕੋਲੋਂ,ਇਹ ਮਾਂਵਾਂ ਹੀ ਹਨ ਜੋ ਆਪਣੇ ਸ਼ੌਂਕ ਦੀ ਮਾਤਰ ਪੁਤ੍ਰਾਂ ਨੂੰ ਗ੍ਰਿਹਸਤ ਚਮੋੜਦੀਆਂ ਹਨ।ਜੇ ਮਾਂਵਾਂ ਜ਼ਬਰਦਸਤੀ ਨਾ ਕਰਨ ਤਾਂ ਇਤਨੀ ਦੁਨੀਆਂ ਸਾਧ ਬਣ ਜਾਏ ਕਿ ਕਪੜੇ ਰੰਗਣ ਲਈ ਸਾਰਿਆਂ ਨੂੰ ਗੇਰੀ ਵੀ ਨਾ ਲੱਭੇ । ਤੂੰ ਹੁਣ ਦੇਖ ਲਈਂ ਚੁੱਘ ਬੇਬੇ§ ਕੀ ਚੰਦ ਚਾੜ੍ਹਦੀ ਹੈ।

ਗੁਰਦਿਆਲ–ਮੈਨੂੰ ਉਮੇਦ ਨਹੀਂ ਕਾਹਨ ਸਿੰਘ ਕਦੀ ਮੰਨੇ, ਉਹ ਭੱਠੀ ਵਿਚ ਤਾਇਆ ਹੋਇਆ ਖੜਕਵਾਂ ਭਾਂਡਾ ਹੈ, ਉਸ ਦਾ ਕੋਈ ਪਾਸਾ ਇੱਲਾ ਪਿੱਲਾ ਨਹੀਂ।

ਸਦਾ ਨੰਦ–ਨਿਰੀ ਇਹ ਗੱਲ ਤਾਂ ਨਹੀਂ, ਉਹ ਮਾਈ ਜ਼ਬਰਦਸਤ ਹੈ। ਉਹ ਸੰਤਣੀ ਹੈ, ਉਹ ਵੀ ਪਹੁੰਚੀ ਹੋਈ ਹੈ ਜਿਸ ਨੇ ਲੱਖਾਂ ਰੁਪੱਯਾ ਦੀ ਜਾਇਦਾਦ ਮਿਥਯਾ ਕਰਕੇ ਤਿਆਗ ਦਿੱਤੀ, ਜਿਸ ਨੇ ਪ੍ਰਤੱਖ ਸੰਸਾਰ ਨੂੰ ਸੁਪਨਾ ਕਰ ਸੁੱਟਿਆ, ਉਸ ਦੇ ਸੁਪਨਿਆਂ ਵਿਚ ਵੀ ਤਾਕਤ ਹੈ ਕਿ ਪ੍ਰਤੱਖ ਵਿਚ ਤਰਜਮਾ ਹੋ ਜਾਣ।

ਗੁਰਦਿਆਲ (ਠੰਢਾ ਸਾਹ ਲੈਕੇ)–ਹਾਏ,ਕਦੇ ਮੇਰੇ ਵਿਚ ਤਾਕਤ ਹੁੰਦੀ, ਸਥੂਲ ਨੂੰ ਸੂਖਮ ਸੁਪਨੇ ਵਿਚ ਤਰਜਮਾ ਕਰਨ ਦੀ ! ਮੈਂ ਜੁਆਲੀ ਦੇ ਤੰਦੂਰ ਦੇ ਪ੍ਰਤੱਖ ਨੂੰ ਅੰਮ੍ਰਿਤ ਦੇ ਸੂਖਮ ਕੁੰਡ ਵਿਚ ਬਦਲ ਦੇਂਦਾ–ਫੇਰ ਰਹਿ ਰਹਿ ਕੇ ਸੁਆਦ ਨਾਲ ਉਸ ਵਿਚ ਟੁੱਭੇ ਲਾਉਂਦਾ।

ਗੁਰਦਿਆਲ ਟੁੱਭੇ ਦੇ ਸੁਆਦ ਵਿਚ ਡੁੱਬ ਗਿਆ । ਇਤਨੇ ਨੂੰ ਸੰਤ ਰਾਮਦਯਾਲ ਦਾ ਇਕ ਚੇਲਾ ਅੰਦਰ ਆ ਗਿਆ ਤੇ ਸਦਾਨੰਦ ਨੂੰ ਇਸ਼ਾਰਾ ਕਰਕੇ ਬਾਹਰ ਚਲਾ ਗਿਆ। ਸੰਤਾਂ ਨੇ ਸਦਾਨੰਦ ਨੂੰ ਬੁਲਾ

---

*ਸੁਨ ਜਬ ਹਮ ਥੇ ਭਿੱਛਾ ਲੂਨਤੇ । ਇਕ ਹਲਕਾ ਕੂਕਰ ਤਹਾਂ ਸੁਨਤੇ ।
ਇਕ ਦਿਨ ਪੜਾ ਘੂਰ ਹਮ ਤਾਈਂ । ਹਮ ਜਾਨਾ ਜੁ ਵਹੀ ਹੈ ਸਾਂਈਂ ।
ਬਿਸ੍ਵਨ ਜੋ ਹੈ ਪੂਰਨ ਸਰਵਾਤਮ । ਤਿਸ ਤੇ ਕਹਾਂ ਭਜਹਿ ਲਹਿ ਆਤਮ ।
ਤਾਂ ਤੇ ਤਿਸ ਪਦ ਤਿਸ ਹੀ ਆਗੇ । ਰੱਖ ਦੀਆ ਵੇ ਚਾਟਨ ਲਾਗੇ ।
ਚਾਟ ਚਾਟ ਫਿਰ ਅਪਨੀ ਚਾਹ । ਚਲਾ ਗਇਆ ਹਮ ਲੀਨੋ ਰਾਹ । [ਵਿਦਜਾਨਿਧ

†ਸਦਾ ਨੰਦ ਆਪਣੀ ਮਾਤਾ ਨੂੰ ਚਾਚੀ ਸੱਦਦਾ ਹੁੰਦਾ ਸੀ ?

‡ਸਦਾ ਨੰਦ ਦੀ ਮਾਤਾ ਦਾ ਨਾਮ 'ਚੈਨੀ' ਤੇ ਪਿਤਾ ਦਾ ਨਾਮ 'ਸੁਖਰਾਮ ਦਾਸ' ਸੀ ।

§'ਚੁੱਘ ਬੇਬੇ' ਤੋਂ ਮਤਲਬ ਬਾਬਾ ਕਾਹਨ ਸਿੰਘ ਦੀ ਮਾਤਾ ਹੈ ।

Digitized by Panjab Digital Library | www.panjabdigilib.org

ਘੱਲਿਆ ਸੀ।ਸੋ ਉਹ ਵੀ ਬਾਹਰ ਚਲਾ ਗਿਆ।ਉਸ ਦੇ ਬਾਹਰ ਜਾਂਦੇ ਸਾਰ ਹੀ ਗੁਰਦਿਆਲ ਅੰਮ੍ਰਿਤਦੇ ਕੁੰਡ ਦੇ ਸ੍ਵਾਦ ਵਿਚੋਂ ਸਿਰਬਾਹਰ ਕਰਕੇ ਛੰਡਣ ਲੱਗਾ।ਫੇਰ ਉਸਨੇ ਜਲਦੀਨਾਲ ਸਦਾਨੰਦ ਦੀ ਡਾਇਰੀ ਫੋਲਣੀ ਸ਼ੁਰੂ ਕੀਤੀ।ਇਹ ਪਹਿਲਾ ਦਿਨ ਸੀ ਕਿ ਉਸਦਾ ਮੌਕਾ ਲੱਗਾ।ਉਹ ਇਕ ਖਾਸ ਚੀਜ਼ ਦੇਖਣੀ ਚਾਹੁੰਦਾ ਸੀ। ਸਫੇ ਉਲਟਦਿਆਂ ਉਸਨੂੰ ਆਪਣਾ ਨਾਮ ਦਿੱਸ ਪਿਆ ਤੇ ਫੇਰ ਬੜੇ ਸ੍ਵਾਦ ਨਾਲ ਪੜ੍ਹਨ ਲੱਗ ਪਿਆ ਜੋ ਕੁਛ ਗੁਰਦਿਆਲ ਨੇ ਪੜ੍ਹਿਆ ਉਸਦਾ ਸੰਖੇਪ ਮਤਲਬ ਇਹ ਸੀ:-

ਮੈਂ (ਸਦਾ ਨੰਦ) ਗਜ਼ਾਨ ਗੋਦੜੀ ਗਿਆ। ਉਥੇ ਬੀ ਚਰਚਾ ਕੀਤੀ, ਜਿਸਨੂੰ ਸੁਣਕੇ ਸਭ ਨੇ ਸ਼ਾਬਾਸ਼ ਦਿੱਤੀ ਤੇ ਕਿਹਾ ਕਿ ਇਹ ਅਭਜਾਸੀ ਪੁਰਖ ਹੈ। ਇਹ ਸੁਣ ਮੇਰੇ ਮਨ ਗੁਮਾਨ ਹੋ ਗਿਆ ਤੇ ਮੈਂ ਸਮਝਿਆ ਮੇਰੇ ਜਿਹਾ ਕੋਈ ਨਹੀਂ। ਇਕ ਦਿਨ ਪਰਕਰਮਾਂ ਕਰਦੇ ਟੁਰਦੇ ਦੱਖਣ ਦਿਸ਼ਾ ਪਹੁੰਚੇ ਉਥੇ ਗੁਰਦਜਾਲ ਦਾ ਯਾਰ ਰਾਣਾ ਬੁੰਗੇਦਾਰ ਸੀ। ਗੁਰਦਜਾਲ ਬੀ ਮੇਰੇ ਨਾਲ ਸੀ*। ਬੁੰਗੇਦਾਰ ਨੇ ਸਾਨੂੰ ਦੋਹਾਂ ਨੂੰ ਸੱਦ ਲਿਆ। ਉੱਥੇ ਸਾਡੀ ਬਹਿਸ ਹੋ ਪਈ, ਪਰ ਉਸ ਨੇ ਜੋ ਗੱਲਾਂ ਕੀਤੀਆਂ ਮੈਨੂੰ ਨਿਰੁੱਤਰ ਕਰ ਦਿਤਾ ਤੇ ਮੇਰਾ ਵਿਦਜਾ ਦਾ ਮਾਨ ਮਿਟ ਗਿਆ ਤੇ ਮੈਨੂੰ ਦਿੱਸ ਪਿਆ ਕਿ ਇਸ ਆਦਮੀ ਦਾ ਹਾਫਜ਼ਾ (ਸਿੰਮ੍ਰਿਤਿ) ਬੜਾ ਤੇਜ਼ ਹੈ, ਜੇਕਰ ਇਹ ਆਪਣੇ ਹਾਫਜ਼ੇ ਦੇ ਆਸਰੇ ਹੀ ਇਤਨੀ ਅੱਛੀ ਬਹਸ ਕਰ ਸਕਦਾ ਹੈ† ।

ਗੁਰਦਜਾਲ ਨੇ ਵੇੜੇ ਜੇਹੇ ਪੱਤ੍ਰੇ ਹੋਰ ਫਰੋਲਕੇ ਡਾਇਰੀ ਬੰਦ ਕਰ ਦਿਤੀ। ਉਹ ਬੜਾ ਖੁਸ਼ ਸੀ ਕਿ ਉਸਦਾ ਨਾਮ ਇਸ ਵਿਚ ਹੈ। ਉਸ ਨੂੰ ਦੂਹਰੀ ਖੁਸ਼ੀ ਹੋਈ ਕਿ ਸਦਾ ਨੰਦ ਜੋ ਸਖਤ ਬਹਿਸੀ ਮੁਬਹਿਸੀ ਆਦਮੀ ਹੈ ਤੇ ਹਰ ਕਿਸੇ ਨਾਲ ਖਿੰਝੜੀ ਲੈਂਦਾ ਹੈ ਤੇ ਸਭ ਨੂੰ ਹਰਾਉਂਦਾ ਹੈ ਆਖਰ ਕਿਤੇ ਹਾਰਿਆ ਭੀ ਹੈ, ਤੇ ਹਾਰਿਆ ਕੀਹਦੇ ਕੋਲੋਂ, ਰਾਣਾ ਸਿੰਘ ਬੁੰਗੇਦਾਰ ਕੋਲੋਂ ਜੋ ਗੁਰਦਜਾਲ ਦਾ ਖਾਸ ਯਾਰ ਹੈ, ਤੇ ਉਸ ਬਹਸ ਵਿਚ ਹਾਰਿਆ ਜੋ ਗੁਰਦਜਾਲ ਦੇ ਸਾਮ੍ਹਣੇ ਹੋਈ। ਗੁਰਦਜਾਲ ਨੂੰ ਯਕੀਨ ਆ ਗਿਆ ਕਿ ਇਹ ਰੋਜ਼ਨਾਮਚਾ ਜਿੱਥੋਂ ਤੱਕ ਲਿਖਿਆ ਹੈ ਸੱਚਾ ਹੈ, ਚਾਹੇ ਮੁਕੰਮਲ ਨਹੀਂ, ਬਹੁਤੀਆਂ ਗੱਲਾਂ ਛੱਡੀਆਂ ਹਨ ਤੇ ਤਰਤੀਬ ਵੀ ਕੁਛ ਅਗੜ ਪਿਛੜ ਹੈ, ਪਰ ਜਿਤਨਾ ਕੁਝ ਦਰਜ ਹੈ ਉਹ ਸਹੀ ਹੈ। ਭਾਵੇਂ ਲਿਖਿਆ ਔਸੀ ਭਾਸ਼ਾ ਵਿਚ ਹੈ ਜੋ ਖਰਾਦ ਉਪਰ ਸਾਫ ਨਹੀਂ ਕੀਤੀ ਗਈ ਤੇ ਜਿਸਦੀ ਥੁਰ ਸਮਝ ਨੂੰ ਜ਼ਖਮੀ ਕਰਦੀ ਹੈ।

ਸੰਤ ਰਾਮ ਦਜਾਲ ਤੇ ਸਦਾ ਨੰਦ ਗਲ ਬਾਤ ਕਰ ਰਹੇ ਸਨ, ਗੁਰਦਜਾਲ ਨੇ ਵੀ ਜਾ ਮੱਥਾ ਟੇਕਿਆ। ਵੇੜੇ ਚਿਰ ਪਿਛੋਂ ਸਦਾ ਨੰਦ ਨੇ ਗੁਰਦਜਾਲ ਦੀ ਬਾਂਹ ਫੜ ਲਈ ਤੇ ਕਿਹਾ ਉਠ ਚੱਲੀਏ। ਸੰਤਾਂ ਨੇ ਪੁੱਛਿਆ ਕਿ ਕਿਥੇ ਜਾਣ ਦਾ ਸੰਕਲਪ ਧਾਰਿਆ ਹੈ? ਤਦ ਸਦਾ ਨੰਦ ਨੇ ਉੱਤਰ ਦਿੱਤਾ:-

ਜੀ, ਭਾਈ ਸੰਤ ਸਿੰਘ ਜੀ ਪਾਸ।

ਇਹ ਓਹੋ ਭਾਈ ਸੰਤ ਸਿੰਘ ਹੈ ਜੋ ਕਵਿ ਸੰਤੋਖ ਸਿੰਘ (ਗੁਰ ਪ੍ਰਤਾਪ ਸੂਰਜ ਦੇ ਕਰਤਾ) ਦਾ ਵਿਦਜਾ ਦਾਤਾ ਸੀ। ਇਹ ਉਨ੍ਹੀਂ ਦਿਨੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਜਪੁਜੀ ਸਾਹਿਬ ਦੀ ਕਥਾ ਕਰਦੇ ਹੁੰਦੇ ਸਨ।

ਸੰਤਾਂ ਨੇ ਕਿਹਾ, ਦੇਖ ਬੀਬਾ, ਜੇ ਤੂੰ ਭਾਈ ਸੰਤ ਸਿੰਘ ਪਾਸ ਜਾਣਾ ਹੈ ਤਾਂ ਸਾਡੇ ਪਾਸ ਨਾ ਆਇਆ ਕਰ‡।

ਸਦਾ ਨੰਦ ਨੇ ਉੱਤਰ ਦਿੱਤਾ, ਜੀ, ਭਾਈ ਸੰਤ ਸਿੰਘ ਜੀ ਸ਼ੁਭ ਲੱਛਣਾਂ ਵਾਲੇ ਹਨ, ਮਿੱਠਾ ਸੁਭਾਵ ਤੇ ਪੱਖਪਾਤ ਤੋਂ ਰਹਿਤ ਹਨ, ਯਥਾਯੋਗ ਨੂੰ ਸਿਖਾਉਂਦੇ ਹਨ, ਹਰੀ ਦੀ ਭਗਤੀ

---

*ਤਹਾਂ ਏਕ ਗੁਰਦਜਾਲ ਕਾ ਯਾਰ। ਥਾ ਰਾਣਾ ਸਿੰਘ ਬੁੰਗੇਦਾਰ।
ਜਨਹਿ ਬੁਲਾਯਾ ਸਹਿ ਗੁਰਦਯਾਲ। ਦੋਊ ਗਏ ਹਮ ਆਦਰ ਭਾਲ। [ਵਿਦਯਾਨਿਧ

†ਦੋਹਿਰਾ—ਭਾਤਪਰਜ ਜਨ ਚਿਤ ਤੇ ਮਿਟਿਆ ਵਿਦਜਾ ਮਾਨ।
ਜੋ ਯਹ ਸਿੰਮ੍ਰਿਤਿ ਆਸਰੇ ਸੋ ਬਹੁ ਸਿੰਮ੍ਰਿਤਵਾਨ। [ਵਿਦਯਾਨਿਧ

‡ਤਿਨ ਕਹਾ ਜੇ ਤੁਮ ਤਿਸ ਪਹਿ ਜਾਵੋ। ਤੋ ਫਿਰ ਹਮਰੇ ਪਾਸ ਨ ਆਵੋ। [ਵਿਦਯਾਨਿਧ

Digitized by Panjab Digital Library | www.panjabdigilib.org

ਦਿੜਾਉਂ'ਦੇ ਹਨ। ਉਨ੍ਹਾਂ ਕੋਲੋਂ' ਪੜ੍ਹੇ ਹੋਏ ਲੋਕ ਤਾਂ ਐਉਂ' ਸਰਲ ਹੋ ਜਾਂਦੇ ਹਨ ਜਿਵੇਂ' ਕਲੰਦਰ ਦੇ ਹਥ ਪਿਆ ਬੰਦਰ*। ਪਰ ਸੰਤਾਂ ਨੇ ਫਿਰ ਕਿਹਾ, ਕਿ ਭਾਈ ਜੇ ਉਥੇ ਜਾਣਾ ਹੈ ਤਾਂ ਸਾਡੇ ਨਾ ਆਵੀਂ'।

ਸਦਾ ਨੰਦ ਨੇ ਕਿਹਾ ਜੀ ਮੇਰਾ ਇਕ ਜ਼ਰੂਰੀ ਕੰਮ ਹੈ, ਮੈਂ' ਉਨ੍ਹਾਂ ਕੋਲੋਂ' ਜਪੁਜੀ ਸਾਹਿਬ ਦੇ ਅਰਥ ਪੁੱਛਣੇ ਹਨ†। ਉਹ ਬੜੇ ਵਿਦ੍ਵਾਨ ਹਨ ਤੇ ਮੈਨੂੰ ਕਈ ਸ਼ੰਕਾ ਫੁਰਦੀਆਂ ਹਨ। ਕਈ ਹੋਰ ਟੀਕਿਆਂ ਵਿਚ ਲਿਖੇ ਅਰਥ ਬੁੱਧਿ ਵਿਚ ਨਹੀਂ' ਬੈਠਦੇ। ਉਹ ਸਾਰੇ ਪ੍ਰਸ਼ਨ ਮੈਂ' ਇਨ੍ਹਾਂ ਕੋਲੋਂ' ਪੁੱਛਣੇ ਹਨ। ਸੰਤਾਂ ਨੇ ਕਿਹਾ, ਦੇਖ ਬੀਬਾ, ਇਹ ਗੁਰੂ ਦੀ ਬਾਣੀ ਹੈ। ਗੁਰੂ ਆਪ ਏਸ ਬਾਣੀ ਦੇ ਵਿਚ ਅਰਥ ਰੂਪ ਹੋਕੇ ਬੈਠਾ ਹੈ। ਬਾਹਰੋਂ' ਅਰਥ ਪੁੱਛਣ ਦੀ ਲੋੜ ਨਹੀਂ'। ਧਿਆਨ ਅਪਣਾ ਉਸ ਅੰਤਰਜਾਮੀ ਵਲ ਕਰ ਦੇਣਾ ਚਾਹੀਦਾ ਹੈ ਜੋ ਬਾਣੀ ਦਾ ਅੰਤਰ ਆਤਮਾ ਹੈ। ਓਹੋ ਹੀ ਸਰਵਾਤਮ ਤੇਰੇ ਅੰਦਰ ਹੈ। ਇਸ ਤਰ੍ਹਾਂ ਦਾ ਧਿਆਨ ਧਾਰ ਕੇ ਇਸੇ ਏਕਾਂਤ ਅਸਥਾਨ ਵਿਚ ਬੈਠਕੇ ਤੂੰ ਬਾਣੀ ਦੀ ਇਕ ਇਕ ਤੁਕ ਪੜ੍ਹੀਂ', ਅਨੁਭਵ ਵਿਚ ਅਰਥਾਂ ਦਾ ਪ੍ਰਕਾਸ਼ ਹੋ ਜਾਏਗਾ। ਗੁਰੂ ਨਾਨਕ ਦੇਵ ਜੀ ਨੇ ਜੋ ਬਾਣੀ ਰਚੀ ਹੈ ਉਹ ਗੁੰਝਲਾਂ ਪਾਉਣ ਤੇ ਫੇਰ ਅਰਥਾਂ ਨਾਲ ਖੇਲਣ ਦੀ ਕੋਈ ਖੜ ਨਹੀਂ' ਰਚੀ, ਉਹ ਬਾਣੀ ਵਿਚ ਆਪ ਬੈਠਾ ਹੈ ਤੇ ਪਾਠਕ ਦੇ ਹਿਰਦੇ ਵਿਚ ਭੇਦ ਦਾ ਪੜਦਾ ਖੋਲ ਦੇ'ਦਾ ਹੈ‡।

ਸਦਾ ਨੰਦ ਬੜਾ ਤਿਲਮਲਾਇਆ। ਉਸਦੀ ਆਦਤ ਚੁੱਪ ਕਰਕੇ ਬਚਨ ਸੁਣਨ ਦੀ ਨਹੀਂ' ਸੀ।ਉਸ ਦਾ ਸੁਭਾਉ ਇਹ ਸੀ ਕਿ ਹਰ ਗਲ ਵਿਚ ਅਪਣੀ ਸੁਣਾਉਣੀ ਤੇ ਹਰ ਨੁਕਤੇ ਉੱਪਰ' ਬਾਲ ਕੀ ਖਾਲ ਉਧੇੜ' ਬਹਸ ਕਰਨੀ। ਸੰਤ ਸਿੰਘ ਨੂੰ ਮਿਲਣ ਵਾਲੀ ਗਲ ਤਾਂ ਐਸੀ ਸੀ ਕਿ ਏਸ ਬਾਬਤ ਤਾਂ ਉਹ ਕਦੇ ਚੁੱਪ ਰਹਿ ਹੀ ਨਹੀਂ' ਸੀ ਸਕਦਾ।

ਸਦਾ ਨੰਦ ਦੀ ਤਬੀਅਤ ਵਿਚ ਦਰਯਾ ਵਰਗੀ ਰਵਾਨਗੀ ਸੀ। ਇਸਦੇ ਰਸਤੇ ਵਿਚ ਜਿਤਨੀ ਰੁਕਾਵਟ ਪਾਈ ਜਾਏ ਉਤਨੇ ਹੀ ਜ਼ੋਰ ਦੀਆਂ ਠਾਠਾਂ ਇਸ ਦੇ ਅੰਦਰ ਵਜਦੀਆਂ ਸਨ। ਪਰ ਨਿਰੀਆਂ ਗਲਾਂ ਬਾਤਾਂ ਵੇਲੇ ਹੀ ਇਸਦੀ ਤਬੀਅਤ ਉਤਸਾਹ ਨਾਲ ਨਹੀਂ' ਸੀ ਭਰਦੀ,ਇਸ ਦੀ ਕਲਮ ਵਿਚ ਕਾਗਜ਼ ਉਪਰ ਵੀ ਬੜੀ ਰਵਾਨਗੀ ਸੀ, ਭਾਵੇਂ' ਭਾਸ਼ਾ ਤੇ ਛੰਦ ਦੀ ਚਾਲ ਅਟਕਵੀਂ' ਅਤੇ ਹਡਕੋਰਵੀਂ' ਸੀ। ਏਸ ਦੇ ਖਿਆਲ ਨਿਰਗੁਣ ਵਾਯੂ ਮੰਡਲ ਦੇ ਆਜ਼ਾਦ ਉਡਾਰੂ ਸਨ ਤੇ ਨਿਰਾਕਾਰ ਦੀ ਤਲਾਸ਼ ਵਿਚ ਅਸਮਾਨ ਦੇ ਨੀਲ ਤੋਂ' ਅਤੇ ਮਨੁੱਖ ਦੀ ਬੁੱਧਿ ਤੋਂ' ਪਰੇ ਚਲੇ ਜਾਂਦੇ ਸਨ। ਭਾਵੇਂ' ਲਿਖਣ ਦਾ ਢੰਗ ਕੋਝਾ ਸੀ, ਕੁਛ ਐਸ ਤਰ੍ਹਾਂ ਦਾ ਜਿਵੇਂ' ਇਕ ਲੂਲਾ ਭਾਜੜ ਵਲੇ ਨੱਸ ਤੁਰਦਾ ਹੈ। ਪਰ ਹਰ ਗਲ ਵਿਚ ਬਹਿਸ, ਹਾਸਾ, ਠੱਠਾ, ਟਿਚਕਰ, ਇਹ ਇਸ ਦਾ ਖਾਸਾ ਸੀ।

ਇਹ ਹੁਣ ਸੰਤ ਰਾਮ ਦਜਾਲ ਨਾਲ ਸੰਤ ਸਿੰਘ ਬਾਰੇ ਬਹਸ ਲਈ ਤਿਆਰ ਹੋ ਪਿਆ, ਪਰ ਪਤਾ ਨਹੀਂ' ਇਕ ਦੋ ਫਿਕਰੇ ਕਹਿਕੇ ਕੁਛ ਅਟਕ ਗਿਆ। ਉਸ ਦੇ ਚਿਹਰੇ ਦਾ ਰੰਗ ਬਦਲ ਗਿਆ,ਘੜੀ ਦੀ ਘੜੀ ਧਿਆਨ ਵਿਚ ਗੁੰਮ ਹੋ ਗਿਆ। ਕੋਈ ਪੁਰਾਣੀ ਯਾਦ ਸੱਜਰੀ ਹੋਕੇ ਅੱਖਾਂ ਮੁਹਰੇ ਆ ਖੜੋਤੀ।

ਸਦਾ ਨੰਦ ਅਜੇ ਬੱਚਾ ਹੀ ਸੀ ਤਾਂ ਇਕ ਸਾਧੂ ਨੂੰ ਛੇੜ ਬੈਠਾ ਸੀ। ਉਹ ਸਾਧ ਵੀ ਮਖੌਲੀਆ ਸੀ, ਪਰ ਏਸ ਨੇ ਉਸ ਨਾਲ ਇਤਨਾ ਠੱਠਾ ਕੀਤਾ ਕਿ ਉਸ ਨੂੰ ਡੇਰੇ ਵਿਚ ਦੁਪਹਿਰ ਵੇਲੇ ਸੌਣ ਵੀ ਨਾ ਦਿੱਤਾ। ਬੱਚੇ ਦੇ ਹੱਥੋਂ' ਸਾਧ ਸਖਤ ਦੁਖੀ ਹੋਇਆ। ਇਹ ਦੇਖਕੇ ਸਦਾ ਨੰਦ ਦੇ ਚਾਚੇ ਨੂੰ ਗੁੱਸਾ ਚੜ੍ਹ ਗਿਆ—ਓ ਬੋਲਿਆ, ਓਇ ਆਸੂਆ§, ਠਹਰ ਤੂੰ', ਇਹ ਕਹਿਕੇ ਚਾਚਾ ਟੇਕ ਰਾਮ ਨੇ ਜੁੱਤੀ ਫੜ

---

*ਯਥਾ ਜੋਗ ਸਭ ਕੋ ਸਿਖਲਾਵੈਂ। ਪ੍ਰੇਮ ਪ੍ਰੀਤ ਹਰਿ ਭਗਤ ਬਢਾਵੈਂ।
ਜਯੋਂ ਕਪਿ ਗਨ ਕੇ ਮਾਹਿ ਕਲੰਦਰ। ਸਭ ਕੋ ਧਰੈ ਮ੍ਰਿਗਾ ਦਾ ਅੰਦਰ। [ਵਿਦਜਾਨਿਧ
†ਜਠ ਕਹਾ ਕਾਮ ਔਰ ਭੀ ਏਕ। ਲੈਂਗੇ ਸੰਥਾ ਜਪ ਵਿਵੇਕ। [ਵਿਦਜਾਨਿਧ
‡ਤਿਨ ਕਹਾ ਜਪ ਪੜ੍ਹੈ ਮਨ ਮਾਗੀ। ਠੌਰ ਇਕਾਂਤ ਸਜਿਹਦਾ ਠਾਹੀ।
ਤੁਕ ਤੁਕ ਪੜ੍ਹ ਤਿਹ ਅਰਥ ਵਿਚਾਰੈ। ਅੰਤਰਜਾਮੀ ਓਰ ਠਿਹਾਰੈ।
ਸਰਵਾਤਮ ਗੁਰ ਨਾਨਕ ਦੇਵ। ਠਿਜ ਸਭ ਤੇਹਿ ਬਤਾਵੈਂ ਭੇਦ। [ਵਿਦਜਾਨਿਧ
§ਸਦਾ ਨੰਦ ਦਾ, ਜਠਮ ਦਾ ਨਾਮ ਆਸੂ ਰਾਮ ਸੀ।

Digitized by Panjab Digital Library | www.panjabdigilib.org

ਲਈ, ਅਗੇ ਅਗੇ ਆਸੂ ਰਾਮ ਤੇ ਪਿੱਛੇ ਪਿੱਛੇ ਟੇਕ ਰਾਮ* ।

ਸਦਾ ਨੰਦ ਉਸ ਵੇਲੇ ਤਾਂ ਬਚ ਗਿਆ, ਪਰ ਇਸ ਘਟਨਾ ਦੀ ਯਾਦ ਉਸਨੂੰ ਕਦੇ ਕਦੇ ਤੂਬਕਾ ਦੇ'ਦੀ। ਚਾਚੇ ਟੇਕ ਰਾਮ ਦੀ ਅਵਾਜ਼ ਵਿਚ ਐਸੀ ਟੰਕਾਰ ਸੀ, ਜਿਸਦੀ ਗੂੰਜ ਨੇ ਸਦਾ ਨੰਦ ਦੇ ਹਿਰਦੇ ਦੀ ਕੰਦ੍ਰਾ ਵਿਚ ਨਿਵਾਸ ਅਸਥਾਨ ਬਣਾ ਲੀਤਾ ਸੀ।ਸਦਾਨੰਦ ਨੂੰ ਕਈ ਵੇਰ ਬਹਸ ਦੀਆਂ ਹੱਦਾਂ ਟੱਪਣ ਲੱਗਿਆਂ ਅਪਣੇ ਤੇਜ਼ ਹੋਏ ਹੋਏ ਸਾਹ ਵਿਚ ਏਸਕੰਦ੍ਰਾ ਦੀ ਗੂੰਜ ਦਾ ਸਾਹ ਵੱਖਰਾ ਪ੍ਰਤੀਤਹੋਣ ਲੱਗਪੇ'ਦਾ।

ਐਸ ਵੇਲੇ ਸਦਾ ਨੰਦ ਸੰਤ ਰਾਮ ਦਜਾਲ ਨਾਲ ਜਿਸ ਬਹਿਸ ਵਿਚ ਪੈਣਾ ਚਾਹੁੰਦਾ ਸੀ ਉਸ ਤੋਂ ਠਠੰਬਰ ਗਿਆ । ਉਹ ਇਸ ਵਿਚਾਰ ਧਾਰਾ ਵਿਚ ਠਿੱਲ੍ਹਣਾ ਚਾਹੁੰਦਾ ਸੀ ਕਿ ਸਾਡਾ ਪਰਮਾਤਮਾ ਨਾਲ 'ਸ਼ਬਦ ਮੇਲਾ ਹੈ ਕਿ ਦੇਹ ਮੇਲਾ' । ਜੇ ਉਹ 'ਸ਼ਬਦ ਮੇਲਾ' ਹੈ ਤਾਂ ਉਹ ਅਰਥ ਮੇਲਾ ਕਿਸ ਹਦ ਤਕ ਹੈ?ਤੇ ਜੇ ਨਿਰਾ ਸ਼ਬਦ ਮੇਲਾ ਹੈ ਤਾਂ ਅਰਥ, ਬਗ਼ੈਰ ਉਸਤਾਦ ਕੋਲੋਂ' ਪੜ੍ਹੇ ਦੇ,ਆਪਣੇ ਆਪ ਕਿਸ ਤਰੀਕੇ ਨਾਲ ਪ੍ਰਗਟ ਹੋ ਜਾਣਗੇ ? ਪਰ ਉਸ ਦੇ ਹਿਰਦੇ ਦੀ ਗੂੰਜ ਦਾ ਗਿੱਲਾ ਸਾਹ ਬਾਹਰ ਆਇਆ ਜੋ ਉਸਦੇ ਕੰਨਾਂ ਵਿਚ ਸਰਕ ਗਿਆ ਤੇ ਕਹਿ ਗਿਆ, 'ਓਇ ਆਸੂਆ ! ਠਹਿਰ ਤੂੰ' ।

ਸਦਾ ਨੰਦ ਨੇ ਸੰਤਾਂ ਨੂੰ ਮੱਥਾ ਟੇਕਿਆ ਤੇ ਉੱਠ ਖੜੋਤਾ । ਸੰਤਾਂ ਕਿਹਾ, ਦੇਖ ਭਈ, ਤੂੰ ਸਾਨੂੰ ਮੱਥਾ ਟੇਕਦਾ ਹੈਂ, ਸਾਨੂੰ ਇਹ ਅੱਛਾ ਨਹੀਂ ਲੱਗਦਾ, ਪਰ ਖੈਰ ਇਕ ਗਲ ਤੋਂ ਅਸੀਂ ਤੈਨੂੰ ਮਨ੍ਹਾ ਕਰਦੇ ਹਾਂ ਕਿ ਸਾਨੂੰ ਬਾਜ਼ਾਰ ਵਿਚ ਜਾਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਕਦੇ ਮੱਥਾ ਨਾ ਟੇਕੀਂ† ।

ਸਦਾ ਨੰਦ ਭਰਿਆ ਭਰਾਤਾ ਦਿਲ ਲੈਕੇ ਉਠ ਖੜੋਤਾ ਤੇ ਅਪਣੀ ਕੋਠੜੀ ਵਿਚ ਆ ਬੈਠਾ । ਇਸ ਸਾਰੀ ਗਲ ਨੂੰ ਮੁੜ ਮੁੜ ਸੋਚਦਾ ਰਿਹਾ । ਸੰਤਾਂ ਬਜ਼ਾਰ ਵਿਚ ਤੇ ਦਰਬਾਰ ਸਾਹਿਬ ਕਿਉਂ ਮੱਥਾ ਟੇਕਣਾ ਬੰਦ ਕੀਤਾ ਹੈ ? ਹਾਂ, ਠੀਕ ਹੈ। ਸੰਤਾਂ ਦਾ ਮਤਲਬ ਇਹ ਹੈ ਕਿ ਭਾਈ ਸੰਤ ਸਿੰਘ ਪਾਸ ਇਨ੍ਹਾਂ ਦਾ ਭੇਤ ਨਾ ਖੁੱਲ੍ਹ ਜਾਵੇ। ਓਹ ਪ੍ਰਗਟ ਹੋਣਾ ਨਹੀਂ' ਚਾਹੁੰਦੇ ਤੇ ਸੰਤ ਸਿੰਘ ਹੁਰੀਂ' ਬੜੇ ਸੰਤ ਖੋਜੀ ਹਨ, ਨਾਲੇ ਉਨ੍ਹਾਂ ਦੀ ਬੜੀ ਮਾਨਤਾ ਤੇ ਪੂਜਾ ਸਤਿਕਾਰ ਹੈ। ਐਸਾ ਜੱਗ-ਪੂਜ ਸੰਤ ਸਿੰਘ ਜੇ ਏਥੇ ਆਉਣ ਲੱਗ ਪਿਆ ਤਾਂ ਹੋਰਨਾਂ ਲੋਕਾਂ ਦੀ ਆਵਾਜਾਈ ਵੀ ਸੰਤ ਰਾਮ ਦਜਾਲ ਪਾਸ ਵਧ ਜਾਏਗੀ ਤੇ ਇਹ ਬਹੁਤ ਦੁਖੀ ਹੋ ਜਾਣਗੇ। ਸਦਾ ਨੰਦ ਨੂੰ ਯਕੀਨ ਆ ਗਿਆ ਕਿ ਏਹੋ ਕਾਰਣ ਹੈ ਜਿਸ ਪਿਛੇ ਉਹ ਮੈਨੂੰ ਉਸ ਕੋਲੋਂ' ਅਰਥ ਪੜ੍ਹਨ ਤੋਂ ਅਟਕਾਉ'ਦੇ ਹਨ ਕਿ ਮਤਾਂ ਮੈਂ ਉਥੇ ਇਨ੍ਹਾਂ ਦੀ ਕੋਈ ਗੱਲ ਚਲਾ ਦਿਆਂ‡ ।

ਸਦਾ ਨੰਦ ਦੇ ਅੰਦਰ ਸੰਤ ਰਾਮ ਦਜਾਲ ਲਈ ਬੜਾ ਪਿਆਰ ਤੇ ਸਤਿਕਾਰ ਸੀ । ਉਹ ਇਹ ਨਹੀਂ' ਸੀ ਕਰ ਸਕਦਾ ਕਿ ਇਨ੍ਹਾਂ ਨੂੰ ਨਰਾਜ਼ ਕਰਕੇ ਟੁਰ ਪਵੇ,ਇਸ ਕਰਕੇ ਚੁੱਪ ਕਰਕੇ ਅਪਣੀ ਕੋਠੜੀ ਵਿਚ ਬੈਠ ਗਿਆ§।

ਪਰ ਸਦਾ ਨੰਦ ਦੇ ਅੰਦਰ ਜਪੁਜੀ ਸਾਹਿਬ ਦੇ ਅਰਥ ਵੀਚਾਰ ਦੀ ਤੀਬ੍ਰ ਤ੍ਰਿਸ਼ਨਾ ਲਗੀ ਰਹੀ । ਉਸ ਨੇ ਹੌਲੇ ਹੌਲੇ ਇਹ ਕਰ ਲਿਆ ਕਿ ਦਰਬਾਰ ਸਾਹਿਬ ਚਲੇ ਜਾਣਾ ਤੇ ਉਸ ਦੀਵਾਨ ਵਿਚ ਜਾ ਬੈਠਣਾ ਜਿਥੇ ਭਾਈ ਸੰਤ ਸਿੰਘ ਜੀ ਕਥਾ ਕਰਦੇ ਸਨ। ਵੱਖਰੀ ਸੰਥਾ ਲੈਣੀ ਬਿਲਕੁਲ ਛੱਡ ਦਿੱਤੀ ,

---

*ਤਿਸਕੀ ਤਪਤ ਦੇਖ ਕਰਿ ਆਪ । ਟੇਕ ਰਾਮ ਜੀ ਪਾਯਾ ਤਾਪ ।
ਲੈ ਜੁੱਤੀ ਜਨ ਮਾਰਨ ਧਾਯਾ । ਡਾਰਾ ਗਯੋ ਜਨ ਕਹੁ ਠ ਪਾਯਾ । [ਵਿਦਜਾਨਿਧ ।

†ਔਰ ਦੁਮਹੁ ਬਾਜਾਰ ਮਹਿ ਤਿਉਂ ਗਿਰਦੇ ਦਰਬਾਰ ।
ਵੰਦਨ ਹਮ ਕੋ ਨਾ ਕਰੋ ਧਰੋ ਜਿ ਹਮ ਸਿਉਂ ਪਿਆਰ । [ਵਿਦਜਾਨਿਧ

‡ਚੌਪਈ ਤਾਤਪਰਜ ਜਿਉਂ ਆਪ ਲੁਕਾਵੈਂ । ਮਤ ਹਮਰੀ ਤਹਾਂ ਬਾਤ ਚਲਾਵੈ ।
ਤੌ ਵਹਿ ਮਿਲੈ ਖੋਜ ਹਮ ਤਾਈਂ । ਜੋ ਵੈ ਖੋਜੀ ਸੰਤ ਮਹਾਂਈ ।
ਸੋ ਜਗ ਪੂਜ ਜਿ ਹਮ ਪਹਿ ਆਵੈ । ਤੇ ਹਮ ਪ੍ਰਗਟ ਹੁਏ ਦੁਖ ਪਾਵੈਂ ।
ਤਾਂਤੇ ਇਸ ਬਿਧ ਆਪ ਛੁਪਾਯਾ । ਜੋ ਪ੍ਰਥਮੇ ਹੀ ਜਨ ਅਟਕਾਯਾ । [ਵਿਦਜਾਨਿਧ

§ਇਨ ਸਿਉਂ ਤੂਟੈ ਤੌ ਗੰਢੈ ਕੌਣ । ਤਾਂਤੇ ਭਲਾ ਰਹਨ ਇਨ ਭੌਣ । [ਵਿਦਜਾਨਿਧ

Digitized by Panjab Digital Library | www.panjabdigilib.org

ਕੇਵਲ ਦੇ ਚਾਰ ਮੋਕਿਆਂ ਉੱਪਰ ਏਕਾਂਤ ਵਿਚ ਮਿਲਕੇ ਸਾਰੇ ਝੰਝੇ ਨਿਵਿਰਤ ਕਰ ਲਏ।

ਜਪੁਜੀ ਸਾਹਿਬ ਦੇ ਅਰਥਾਂਦੇ ਨੋਟ ਮੁਕੰਮਲ ਕਰਕੇ ਸਦਾਨੰਦ ਅੰਮ੍ਰਿਤਸਰੋਂ ਟੁਰਨ ਲਈ ਤਿਆਰ ਹੋ ਪਿਆ। ਟੁਰਨ ਵਾਲੇ ਦਿਨ ਸੰਤ ਰਾਮ ਦਯਾਲ ਜੀ ਕੋਲੋਂ ਜਾ ਕੇ ਆਗਯਾ ਮੰਗੀ ਤੇ ਕਿਹਾ, ਮੈਂ ਬੜੀਆਂ ਭੁਲਾਂ ਕਰਦਾ ਹਾਂ, ਤੁਸੀਂ ਬਖਸ਼ਨਹਾਰ ਹੋ, ਮੈਨੂੰ ਹਮੇਸ਼ ਰਾਹੇ ਪਾਉਂਦੇ ਹੋ, ਇਸ ਟੁਰਨ ਲੱਗੇ ਨੂੰ ਵੀ ਸੁਮੱਤ ਬਖਸ਼ੋ। ਸੰਤਾਂ ਨੇ ਕਿਹਾ, ਹੌਲੇ ਹੌਲੇ ਸਭ ਠੀਕ ਹੋ ਜਾਏਗਾ, ਜੋ ਕਸਰ ਹੈ ਉਹ ਫਕੀਰ ਦਲੇਰ ਸ਼ਾਹ, ਜਿਸਨੂੰ ਤੂੰ ਜਾਣਦਾ ਹੈਂ ਤੇ ਜਿਸ ਦੀ ਸੁਹਬਤ ਤੈਨੂੰ ਪ੍ਰਾਪਤ ਹੈ ਤੇ ਰਹੇਗੀ, ਠੀਕ ਕਰ ਦੇਵੇਗਾ। ਤੇਰੇ ਵਿਚ ਬਸ ਇਕੋ ਕਸਰ ਹੈ ਕਿ ਗਯਾਨ ਦਾ ਛਾਬਾ ਭਾਰਾ ਹੋ ਗਿਆ ਤੇ ਭਗਤੀ ਦਾ ਹੌਲਾ, ਜਿਤਨਾ ਇਨਾਂ ਛਾਬਿਆਂ ਨੂੰ ਸਾਂਵੀਂ ਰੱਖੇਂਗਾ ਡੋਲੇਂਗਾ ਘੱਟ। ਤੇਰੀ ਸੁਰਤ ਸਾਂਵੇ ਤੋਲ ਦੇ ਕਾਂਟੇ ਦੀ ਸੇਧ ਵਿਚ ਸਿੱਧੀ ਰਹੇਗੀ। ਸਦਾ ਨੰਦ ਕੋਲੋਂ ਨਾ ਰਿਹਾ ਗਿਆ, ਕਹਿਣ ਲੱਗਾ, ਜੀ ਮੈਂ ਗਿਆਨ ਤੇ ਭਗਤੀ ਨੂੰ ਇਕੋ ਗੱਲ ਹੀ ਸਮਝਦਾ ਹਾਂ। ਕਾਹਨ ਸਿੰਘ ਵੀ ਕਹਿੰਦਾ ਸੀ ਕਿ ਤਮੋਗੁਣ ਵਿਚ ਗਿਆਨ ਅਤੇ ਭਗਤੀ ਬਿਲਕੁਲ ਅੱਡਰੀਆਂ ਚੀਜ਼ਾਂ ਹਨ, ਪਰ ਮੈਂ ਇਹ ਨਹੀਂ ਸਾਂ ਮੰਨਦਾ। ਸੰਤਾਂ ਨੇ ਕਿਹਾ, ਅੱਛਾ ਬੱਚਾ, ਜੀਉਂਦਾ ਰਹੁ, ਜਿਉਂ ਜਿਉਂ ਵੱਡਾ ਹੋਵੇਂਗਾ ਤੈਨੂੰ ਫਰਕ ਸਮਝ ਆ ਜਾਵੇਗਾ, ਪਰ ਇਤਨੀ ਗੱਲ ਯਾਦ ਰੱਖੀਂ ਕਿ ਗਿਆਨ ਤੇ ਭਗਤੀ ਇਕ ਨਹੀਂ, ਇਹ ਦੋ ਛਾਬੇ ਹਨ, ਪਰ ਹਨ ਇਕ ਤਰਾਜ਼ੂ ਦੇ। ਸਦਾ ਨੰਦ ਹੋਰ ਕੁਛ ਕਹਿਣ ਲੱਗਾ ਸੀ ਕਿ ਮਨ ਦੀ ਗੂੰਜ ਨੇ ਅੰਦਰੋਂ ਅਵਾਜ਼ ਦਿੱਤੀ, 'ਓਇ, ਆਸੂਆ, ਠਹਿਰ ਤੂੰ!' ਸਦਾ ਨੰਦ ਮੱਥਾ ਟੇਕ ਕੇ ਟੁਰ ਪਿਆ। ਟੁਰਦਾ ਟੁਰਦਾ ਰਸਤੇ ਵਿਚ ਬਾਬੇ ਨੂੰ ਮਿਲੀ ਗਿਆ। ਜੋ ਦਿਲ ਦਾ ਗੁਬਾਰ ਸੰਤਾਂ ਦੇ ਸਾਮ੍ਹਣੇ ਰੁਕ ਗਿਆ ਸੀ ਉਹ ਜਾ ਕੱਢਿਆ। ਸਦਾ ਨੰਦ ਨੇ ਕਿਹਾ, ਲੈ ਭਈ ਕਾਹਨ ਸਿੰਘਾ ਮੈਂ ਹੁਣ ਚੱਲਿਆ ਹਾਂ। 'ਵਿਗਯਾਨ ਅਰਕ' ਸੰਪੂਰਨ ਹੋ ਗਿਆ ਹੈ। ਤੂੰ ਜੋ ਕਹਿੰਦਾ ਸੈਂ ਕਿ ਤਮੋਗੁਣ ਵੇਲੇ ਭਗਤੀ ਅਤੇ ਗਿਆਨ ਦੋ ਵੱਖੋ ਵੱਖ ਚੀਜ਼ਾਂ ਹੋ ਜਾਂਦੀਆਂ ਹਨ, ਮੈਂ ਨਹੀਂ ਮੰਨਦਾ। ਤੂੰ ਕਹਿੰਦਾ ਸੈਂ ਕਿ ਇਨ੍ਹਾਂ ਦਾ ਪਰਸਪਰ ਫਰਕ ਇਤਨਾ ਹੋ ਜਾਂਦਾ ਹੈ ਕਿ ਇਨ੍ਹਾਂ ਦੀਆਂ ਜਾਤਾਂ ਹੀ ਵੱਖੋ ਵੱਖ ਹੋ ਜਾਂਦੀਆਂ ਹਨ, ਇਹ ਠੀਕ ਨਹੀਂ। ਇਨ੍ਹਾਂ ਦਾ ਫਰਕ ਵਿਜਾਤੀ ਨਹੀਂ, ਇਨ੍ਹਾਂ ਦੀ ਜਾਤ ਇਕੋ ਹੈ। ਸੋਨਾ ਇਕੋ ਹੈ ਚਾਹੇ ਉਸ ਦੇ ਕੰਗਣ ਬਣ ਜਾਣ, ਚਾਹੇ ਹਾਰ ਬਣ ਜਾਣ। ਜਲ ਇਕੋ ਹੈ ਚਾਹੇ ਉਹ ਜੰਮ ਕੇ ਬਰਫ ਬਣ ਜਾਵੇ ਚਾਹੇ ਪਿੰਘਲ ਕੇ ਪਾਣੀ। ਪਾਣੀ ਤੇ ਬਰਫ ਦਾ ਕੋਈ ਵਿਜਾਤੀ ਫਰਕ ਨਹੀਂ, ਦਰਅਸਲ ਕੋਈ ਫਰਕ ਨਹੀਂ, ਇਕੋ ਜਲ ਹੀ ਹੈ।

ਬਾਬੇ ਦਾ ਸੁਭਾਉ ਬਹਸ ਕਰਨ ਦਾ ਨਹੀਂ ਸੀ। ਉਹ ਗੱਲ ਨੂੰ ਝੱਟ ਮੁਕਾਉਣਾ ਜਾਣਦਾ ਸੀ। ਕਿਤੇ ਸਮਝਾਉਣ ਦੀ ਲੋੜ ਪਵੇ ਤਾਂ ਉਹ ਦੇਰ ਤੱਕ ਗੱਲਾਂ ਕਰਦਾ ਰਹਿੰਦਾ ਸੀ, ਪਰ ਜਿੱਥੇ ਉਸ ਨੂੰ ਪਤਾ ਹੋਵੇ ਕਿ ਇਹ ਗੱਲ ਕੇਵਲ ਤਰਕ ਦੀ ਖ਼ਾਤਰ ਹੈ ਤਦ ਉਹ ਇਕ ਦੋ ਫਿਕਰਿਆਂ ਤੋਂ ਵੱਧ ਨਹੀਂ ਬੋਲਦਾ ਸੀ, ਸਦਾ ਨੰਦ ਨੇ ਫੇਰ ਕਿਹਾ ਤੁਸੀਂ ਦੱਸੋ ਪਾਣੀ ਤੇ ਬਰਫ ਵਿਚ ਕੀ ਫਰਕ ਹੈ?

ਬਾਬਾ—ਕਿਸੇ ਮੱਤਕੀ ਲਈ ਕੋਈ ਫਰਕ ਨਹੀਂ।

ਸਦਾ ਨੰਦ—ਫੇਰ ਫਰਕ ਕਿਸ ਲਈ ਹੈ?

ਬਾਬਾ—ਮੱਛੀ ਲਈ। ਪਾਣੀ ਵਿਚ ਮੱਛੀ ਜੀਉਂਦੀ ਹੈ, ਪਾਣੀ ਉਸ ਦੀ ਜਾਤ ਹੈ, ਪਰ ਜਦ ਪਾਣੀ ਜੰਮ ਜਾਂਦਾ ਹੈ ਤਦ ਮੱਛੀ ਸਾਹ ਨਹੀਂ ਲੈ ਸਕਦੀ; ਉਸ ਦਾ ਦਮ ਘੁੱਟਿਆ ਜਾਂਦਾ ਹੈ ਤੇ ਉਹ ਮਰ ਜਾਂਦੀ ਹੈ। ਮੱਛੀ ਲਈ ਪਾਣੀ ਅਤੇ ਬਰਫ ਵਿਚ ਇਤਨਾ ਫਰਕ ਹੈ ਜਿਤਨਾ ਜੀਵਨ ਤੇ ਮੌਤ ਵਿਚ ਤੂੰ ਦੱਸ ਜੀਵਨ ਅਤੇ ਮੌਤ ਦਾ ਫਰਕ ਵਿਜਾਤੀ ਹੈ ਤੇ ਕਿ ਸਜਾਤੀ? ਕੀ ਜੀਵਨ ਤੇ ਮੌਤ ਇਕੋ ਜਾਤ ਦੀਆਂ ਦੋ ਚੀਜ਼ਾਂ ਹਨ ਜਿਵੇਂ ਕੰਗਣ ਤੇ ਹਾਰ ਦੀ ਇਕੋ 'ਸੋਨਾ' ਜਾਤ ਹੈ, ਜਾਂ ਜੀਵਨ ਤੇ ਮੌਤ ਦੋ ਵੱਖਰੀ ਹੀ ਕਿਸਮ ਦੀਆਂ ਚੀਜ਼ਾਂ ਹਨ, ਦੋ ਵੱਖਰੀਆਂ ਹੀ ਜਾਤਾਂ ਦੀਆਂ ਸ਼ੈਆਂ ਹਨ ਤੇ ਇਨ੍ਹਾਂ ਦਾ ਫਰਕ ਵਿਜਾਤੀ ਹੈ।

---

*ਵਿਗਿਆਨ ਅਰਕ, ਸਦਾ ਨੰਦ ਨੇ ਜਪੁਜੀ ਸਾਹਿਬ ਦੇ ਟੀਕੇ ਦਾ ਨਾਮ ਰੱਖਿਆ ਹੋਇਆ ਸੀ।

Digitized by Panjab Digital Library | www.panjabdigilib.org

ਸਦਾ ਨੰਦ ਨੂੰ ਉਸ ਦਿਨ ਟੁਰਨ ਦੀ ਕਾਹਲੀ ਸੀ, ਕੋਈ ਲੰਮੀ ਬਹਿਸ ਨਾ ਹੋਈ। ਸਦਾ ਨੰਦ ਟੁਰ ਗਿਆ। ਦਿਲ ਦਾ ਭਾਰ ਕੁਛ ਹੌਲਾ ਨਾ ਹੋਇਆ।

ਸਦਾ ਨੰਦ ਦੇ ਆਉਣ ਤੋਂ ਪਹਿਲੇ ਬਾਬਾ ਰਾਮਾਇਣ ਪੜ੍ਹ ਰਿਹਾ ਸੀ, ਉਸ ਨੇ ਫੇਰ ਓਹੋ ਪੜ੍ਹਨੀ ਸ਼ੁਰੂ ਕਰ ਦਿੱਤੀ। ਦੋ ਚਾਰ ਸਤਰਾਂ ਪੜ੍ਹਕੇ ਉਸਦਾ ਧਿਆਨ ਫੇਰ ਜੀਵਨ ਤੇ ਮੌਤ ਦੇ ਫਰਕ ਵਲ ਚਲਾ ਗਿਆ। ਪੋਥੀ ਦੇ ਹਾਸ਼ੀਏ ਉਪਰ ਉਸਨੇ ਇਹ ਸਤਰਾਂ ਲਿਖ ਦਿੱਤੀਆਂ:—

ਜੀਵਨ ਮਰਨ ਕਾ ਫਰਕ ਜੋ ਭੇਦ ਵਿਜਾਤੀ ਜਾਨ।
ਕਾਰਣ ਇਨ ਕੇ ਜੋ ਅਹੈਂ ਸੋ ਵੁਹੀ ਭੇਦ ਰਖਾਨ।
ਸਦ ਨੰਦ ਵਹੀ ਜਾਨਤੇ ਮਰ ਜੰਮ ਫਰਕ ਮਿਟਾਨ।
ਭੇ ਅਤੀਤ ਨਿਸਦਿਨ ਰਸੈਂ ਕਾਹਨ ਮ੍ਰਿਗੇਸ਼ ਬਖਾਨ।

੧੦.

ਬਾਬਾ ਗ੍ਰੰਥਾਂ ਦੇ ਉਤਾਰੇ ਕਰਦਾ ਰਿਹਾ। ਉਹ ਦਿਨ ਰਾਤ ਲਿਖਣ ਦੀ ਧੁਨ ਵਿਚ ਲਗਾ ਰਹਿੰਦਾ। ਜਲਦੀ ਜਲਦੀ ਉਹ ਅਪਣੀ ਲਾਇਬ੍ਰੇਰੀ ਕਿਸੇ ਹਦ ਤੱਕ ਮੁਕੰਮਲ ਕਰਨੀ ਲੋਚਦਾ ਸੀ।

ਪਾਠਕ ਸੋਚਦੇ ਹੋਣਗੇ ਕਿਇਨ੍ਹਾਂ ਪੋਥੀਆਂ ਦੀਆਂ ਪੰਡਾਂ ਨੂੰ ਦੇਖਕੇ ਮਾਂ ਦਾ ਦਿਲ ਬੜਾ ਕਾਹਲਾ ਪੈਂਦਾ ਹੋਵੇਗਾ, ਪਰ ਮਾਵਾਂ ਵੀ ਇਕ ਅਜੀਬ ਚੀਜ਼ ਹੁੰਦੀਆਂ ਹਨ। ਔਲਾਦ ਦਾ ਮੋਹ ਆਮ ਤੌਰ ਤੇ ਸਭ ਤੋਂ ਵੱਡਾ ਬੰਧਨ ਹੁੰਦਾ ਹੈ, ਪਰ ਸਾਹਿਤਜ ਵਿਚ ਕੋਈ ਕੋਈ ਐਸੀ ਟਾਵੀ ਘਟਨਾ ਵੀ ਮੌਜੂਦ ਹੈ ਜਿੱਥੇ ਬੱਚੇ ਦੀ ਮਮਤਾ ਹੀ ਮਾਂ ਦੇ ਗਯਾਨ ਅਤੇ ਮੁਕਤੀ ਦਾ ਕਾਰਣ ਹੋਈ ਹੋਵੇ। ਅਸੀਂ ਪਿੱਛੇ ਕ੍ਰਿਸ਼ਾ ਗੌਤਮੀ ਦਾ ਜ਼ਿਕਰ ਕਰ ਚੁਕੇ ਹਾਂ ਕਿ ਕਿਸਤਰ੍ਹਾਂ ਪੁਤ੍ਰ ਦੀ ਲੋਥ ਨੂੰ ਗਲ ਲਾਈ ਉਹ ਦਾਰੂ ਮੰਗਦੀ ਫਿਰੀ। ਮੰਗਦੀ ਮੰਗਦੀ ਨੇ ਛੇਕੜ ਉਹ ਦ੍ਵਾਰਾ ਆ ਖੜਕਾਇਆ ਜਿੱਥੇ ਬੁੱਧ ਮਹਾਤਮਾ ਬੈਠਾ ਸੀ। ਬੁਧ ਨੇ ਕਿਹਾ, ਹੇ ਗੌਤਮੀ, ਮੈਂ ਇਸ ਰੋਗ ਦਾ ਇਲਾਜ ਕਰ ਸਕਦਾ ਹਾਂ, ਜਾਹ ਤੂੰ ਕਿਤਿਓਂ ਥੋੜੀ ਜੇਹੀ ਰਾਈ ਲੈ ਆ, ਮੈਂ ਦਾਰੂ ਬਣਾਉਂਦਾ ਹਾਂ। ਪਰ ਰਾਈ ਉਸ ਡੇਰੇ ਥੀਂ ਲਵੀਂ ਜਿੱਥੇ ਕੋਈ ਮਰਿਆ ਨਾ ਹੋਵੇ। ਗੌਤਮੀ ਸਾਰਾ ਸ਼ਹਿਰ ਭਵੀਂ, ਪਰੰਤੂ ਕੋਈ ਐਸਾ ਘਰ ਨਾ ਲੱਭਾ। ਸਾਰਿਆਂ ਠਿਕਾਣਿਆਂ ਵਿਚ ਗਈ ਪਰ ਓਥੇ ਹਰ ਘਰ ਉਤੇ ਮੌਤ ਦਾ ਪਰਛਾਵਾਂ ਪੈ ਚੁਕਾ ਸੀ। ਏਸ ਨਾਲ ਗੌਤਮੀ ਦੇ ਮਨ ਵਿਚ ਸੰਸਾਰ ਦੀ ਅਨਿਸਥਿਰਤਾ ਦਾ ਗਯਾਨ ਉਦਯ ਹੋਗਿਆ।ਏਸ ਘਟਨਾ ਨੇ ਉਸਦੀ ਮਾਨਸਿਕ ਅਵਸਥਾ ਪਲਟਾ ਦਿੱਤੀ ਅਤੇ ਉਹ ਬੁਧ ਸਮਾਜ ਵਿਚ ਇਕ ਸਤਿਕਾਰ ਯੋਗ ਭਿਕਸ਼ੁਣੀ ਹੋ ਕੇ ਵਿਚਰੀ।

ਅਸੀਂ ਬੁਧ ਦੀ ਮਾਂ ਮਹਾਂ ਪ੍ਰਜਾਪਤੀ ਗੌਤਮੀ ਦਾ ਵੀ ਜ਼ਿਕਰ ਕਰ ਚੁਕੇ ਹਾਂ ਕਿ ਕਿਸਤਰ੍ਹਾਂ ਉਹ ਤਲਾਉ ਵਿਚ ਗਹਣੇ ਸੁੱਟਕੇ ਆਪ ਚੁਪ ਦੀ ਤਾੜੀ ਅੰਦਰ ਦੁਖੇ ਦਿਲ ਨੂੰ ਫੜਕੇ ਡੇਰ ਬਡੇਰ ਬੈਠ ਗਈ ਸੀ। ਕਈ ਵਰ੍ਹਿਆਂ ਦੇ ਗੁਜ਼ਰ ਜਾਣ ਮਗਰੋਂ ਜਦ ਬੁੱਧ ਅਪਣੇ ਨਵੀਨ ਮਤ ਦਾ ਪ੍ਰਚਾਰ ਕਰਦਾ ਉਧਰ ਆਇਆ ਤਾਂ ਮਹਾਂ ਪ੍ਰਜਾਪਤੀ ਗੌਤਮੀ ਦੀ ਆਸ਼ਾ ਮੁੜ ਸੁਰਜੀਤ ਹੋਈ। ਗੌਤਮੀ ਨੂੰ ਪਤਾ ਲੱਗ ਗਿਆ ਸੀ ਕਿ ਨਾ ਤਾਂ ਮੈਂ ਹੋਰ ਵਿਛੋੜਾ ਸਹਿ ਸਕਦੀ ਹਾਂ ਤੇ ਨਾ ਹੀ ਆਪਣੇ ਬੱਚੇ ਨੂੰ ਮੁੜ ਮਹੱਲਾਂ ਵਿਚ ਵਸਾਉਣ ਦੇ ਜਤਨ ਵਿਚ ਸਫਲ ਹੋ ਸਕਦੀ ਹਾਂ, ਸੋ ਜਦ ਦਰਸ਼ਨਾਂ ਲਈ ਹਾਜ਼ਰ ਹੋਈ ਤਾਂ ਇਸ ਗਲ ਦੀ ਚਾਹਵਾਨ ਹੋਈ ਕਿ ਉਹ ਆਪ ਮਹਲ ਮਾੜੀਆਂ ਤਿਆਗ ਕੇ ਬੁਧ ਜੀ ਦੇ ਨਾਲ ਰਹੇ। ਪਰ ਬੁਧ ਜੀ ਨੇ ਇਸ ਗਲ ਦੀ ਆਗਿਆ ਨਾ ਦਿੱਤੀ। ਏਸ ਨਵੀਨ ਮਤ ਵਿਚ ਇਸਤ੍ਰੀ ਸਮਾਜ ਦੀ ਅਜੇ ਕੋਈ ਥਾਂ ਨਹੀਂ ਸੀ। ਘਰ ਤੋਂ ਅਤੇ ਟੱਬਰ ਤੋਂ ਦੂਰ ਰਹਿਣਾ ਇਸ ਧਰਮ ਦੇ ਸਾਧਨ ਦਾ ਮੁੱਖ ਅੰਗ ਸੀ। ਪਰ ਮਹਾਂ ਪ੍ਰਜਾਪਤੀ ਗੌਤਮੀ ਹਰ ਮੁਸ਼ਕਲ ਦਾ ਮੁਕਾਬਲਾ ਕਰਨ ਲਈ ਤਿਆਰ ਸੀ। ਵੱਡੀ ਤੋਂ ਵੱਡੀ ਕੁਰਬਾਨੀ ਉਸ ਲਈ ਛੋਟੀ ਸੀ। ਉਸਨੇ ਭਿੱਕਸ਼ੂਆਂ ਵਾਲੇ ਕਪੜੇ ਪਾ ਲਏ, ਨਾਲ ਪੰਜ ਸੌ ਜ਼ਨਾਨੀ

Digitized by Panjab Digital Library | www.panjabdigilib.org

ਹੋਰ ਇਕੱਠੀ ਕੀਤੀ ਜਿਨ੍ਹਾਂ ਦੇ ਘਰ ਵਾਲੇ ਬੁਧ ਭਿੱਕਸ਼ੂ ਬਣ ਗਏ ਸਨ*। ਇਸ ਟੋਲੇ ਨੂੰ ਨਾਲ ਲੈਕੇ ਵਸਾਲੀ ਪਹੁੰਚੀ ਜਿਥੇ ਮਹਾਤਮਾਂ 'ਅਨੰਦ' ਬੁਧ ਦਾ ਮੁਖੀ ਚੇਲਾ ਰਹਿੰਦਾ ਸੀ ਤੇ ਉਸਦੀ ਵਸਾਤਤ ਨਾਲ ਭਿੱਕਸ਼ੂ ਸਮਾਜ ਵਿਚ ਦਾਖਲ ਹੋ ਗਈ।

ਪਰ ਬਾਬੇ ਦੀ ਮਾਤਾ ਨੇ ਜੋ ਰਸਤਾ ਫੜਿਆ ਉਸਦੀ ਮਿਸਾਲ ਨਾ ਇਤਿਹਾਸ ਵਿਚ ਹੈ ਅਤੇ ਨਾ ਕਹਾਣੀਆਂ ਵਿਚ, ਇਹ ਮਾਂ ਬਿਲਕੁਲ ਨਿਰਾਲੀ ਸੀ। ਇਸ ਨੇ ਨਾ ਤਾਂ ਮੈਨਾਵੈਂਤੀ ਵਾਲਾ ਉਹ ਓਪਰਾ ਜਿਗਰਾ ਕੀਤਾ ਜਿਸ ਨਾਲ ਇਕ ਰਾਜ-ਮਾਤਾ ਨੇ ਪੁਤ੍ਰ ਨੂੰ ਪਹਿਲੇ ਆਪ ਵੈਰਾਗ ਮਾਰਗ ਵਿਚ ਦ੍ਰਿੜ੍ਹ ਕੀਤਾ, ਪਰ ਫੇਰ ਜੋਗੀ ਬਣੇ ਹੋਏ ਲਾਡਲੇ ਬੱਚੇ ਨੂੰ ਦੇਖਕੇ ਅੰਦਰੋਂ ਅਜੇਹੀ ਸੱਟ ਖਾਧੀ ਕਿ ਉਸ ਨਾਲ ਗੱਲਾਂ ਕਰਦਿਆਂ ਹੀ ਮਰ ਗਈ†। ਨਾ ਹੀ ਏਸ ਨੇ ਕੌਸ਼ਲਜਾ ਵਾਕੁਣ ਮੁੜ ਓਹੋ ਰਾਜ ਸੁਖ ਭੋਗੇ ਜੋ ਰਾਮ ਦੇ ਅਜੁੱਧਜਾ ਵਾਪਸ ਆਉਣ ਮਗਰੋਂ ਉਸ ਨੂੰ ਫੇਰ ਪ੍ਰਾਪਤ ਹੋ ਗਏ, ਅਤੇ ਨਾਹੀ ਪ੍ਰਜਾਪਤੀ ਗੌਤਮੀ ਵਾਕੁਣ ਏਸਨੇ ਆਪ ਭਿਕਸ਼ੂਆਂ ਵਾਲੇ ਕਪੜੇ ਪਾਕੇ ਪੁਤ੍ਰ ਦੇ ਬਣਾਏ ਸਾਧੂ-ਸੰਗ ਦੇ ਨਾਲ ਮੁਲਕ ਵਿਚ ਜੋਗੀ ਫੇਰੀ ਪਾਈ। ਇਹ ਮਾਂ ਬਿਲਕੁਲ ਅਨੋਖੀ ਸੀ। ਏਸ ਦਾ ਬੱਚਾ ਕੁਲ ਅਭਿਮਾਨ ਦੇ ਬੰਧਨ ਨੂੰ ਜਿੱਤਣਾ ਚਾਹੁੰਦਾ ਸੀ। ਇਹ ਆਪ ਏਸ ਗੱਲ ਵਿਚ ਸਹਾਈ ਹੋ ਰਹੀ ਸੀ। ਇਸ ਦੀ ਸਹਾਇਤਾ ਇੱਥੋਂ ਤੱਕ ਸੀ ਕਿ ਕੁਲ-ਪਰੰਪਰਾ ਵਿਚ ਆਈ ਹੋਈ ਲੱਖਾਂ ਰੁਪੱਯਾ ਦੀ ਜਾਇਦਾਦ ਇਸਨੇ ਤਿਆਗਣ ਵਿਚ ਜ਼ਰਾ ਦੇਰ ਨਾ ਕੀਤਾ। ਪਰ ਇਹ ਨਾਲ ਹੀ ਨਾਲ ਇਸ ਗੱਲ ਦਾ ਬਚਾਉ ਕਰਨਾ ਚਾਹੁੰਦੀ ਸੀ ਕਿ ਕੁਲ ਅਭਿਮਾਨ ਜਿਤਦਿਆਂ ਜਿਤਦਿਆਂ ਕਿਤੇ 'ਕੁਲ' ਹੀ ਨਾ ਜਿੱਤੀ ਜਾਏ। ਇਸ ਮਾਂ ਨੇ ਅਪਣੇ ਜੀਵਨ ਦੇ ਦੋ ਮੁੱਖ ਪ੍ਰਯੋਜਨ ਬਣਾ ਲਏ ਸਨ: ਇਕ ਤੇ ਪੁਤ੍ਰ ਦੇ ਨਜ਼ਦੀਕ ਰਹਿਣਾ, ਜਿਸ ਵਿਚ ਇਹ ਅਪਣੀ ਕਲਜਾਣ ਸਮਝਦੀ ਸੀ ਤੇ ਜਿਸ ਨੂੰ ਪ੍ਰਾਪਤ ਕਰਨ ਲਈ ਇਹ ਗੜ੍ਹ ਮਹਾਰਾਜ ਦੇ ਰਾਜ ਅਸਥਾਨ ਨੂੰ ਤਰਕ ਕਰਕੇ ਹੁਣ ਇਕ ਉਜਾੜ ਜੇਹੀ ਵਿਚ ਆਣ ਬੈਠੀ ਸੀ, ਦੂਜੇ ਦੀਵਾਨ ਸਾਹਿਬ ਦੀ ਪੀੜ੍ਹੀ ਨੂੰ ਚਲਦਿਆਂ ਰੱਖਣਾ, ਜਿਸ ਬਾਬਤ ਇਸ ਨੂੰ ਪੱਕਾ ਵਿਸ਼ਵਾਸ਼ ਸੀ ਕਿ ਇਹ ਦੁਨੀਆਂ ਦੇ ਭਲੇ ਹਿਤ ਲਾਭਕਾਰੀ ਹੈ। ਗੜ੍ਹ ਮਹਾਰਾਜ ਵਿਚ ਆਏ ਗਏ ਸਾਧੂ ਮਹਾਤਮਾਂ ਏਸਨੂੰ ਸਾਰੀ ਉਮਰ ਕਹਿੰਦੇ ਰਹੇ, "ਮਾਤਾ, ਤੇਰੀ ਕੁਲ ਬੜੀ ਪ੍ਰਤਾਪੀ ਹੈ, ਤੇਰੇ ਘਰਾਣੇ ਵਿਚ ਬੜੇ ਬੜੇ ਤੇਜਸ੍ਵੀ ਪੈਦਾ ਹੋਣਗੇ, ਤੇਰੀ ਸੰਤਾਨ ਕੋੜਾ ਮਲ ਦੇ ਨਾਮ ਨੂੰ ਰਹਿੰਦੀ ਦੁਨੀਆਂ ਤਕ ਰੋਸ਼ਨ ਰੱਖੇਗੀ।" ਸਾਧੂ ਲੋਕ ਇਹ ਗਲਾਂ ਭਾਵੇਂ ਅਸੀਸ ਦੀ ਬੇਮਤਲਬਗੀ ਵਿਚ ਸਹਿ ਸੁਭਾ ਕਹਿ ਜਾਂਦੇ ਸਨ ਪਰ ਜਿਸ ਮਾਂ ਦਾ ਪੁਤ੍ਰ ਗੁਵਾਚ ਗਿਆ ਹੋਵੇ ਉਸਦੀ ਮੁਰਾਦਾਂ ਦੀ ਸੁੱਕ ਰਹੀ ਖੇਤੀ ਉਪਰ ਇਹ ਬਚਨ ਸਿੱਕ ਦੇ ਮੀਂਹ ਦੇ ਛੱਟੇ ਦਾ ਕੰਮ ਕਰਦੇ ਸਨ।

ਵਿਛੋੜੇ ਵਾਲੇ ਅਨੇਕਾਂ ਵਰ੍ਹੇ ਤਕ ਮਾਤਾ ਦੇ ਮੋਮ ਨਰਮ ਦਿਲ ਉਪਰ ਇਹ ਸ਼ੁਭ ਅਸੀਸਾਂ ਅਪਣੀ ਮੋਹਰ ਛਾਪਦੀਆਂ ਰਹੀਆਂ, ਜਿਸਦਾ ਸਿੱਟਾ ਇਹ ਹੋਇਆ ਕਿ ਇਹ ਗੱਲਾਂ ਉਸਦੇ ਅੰਦਰਲੇ ਦਾ ਇਕ ਨਿਜੀ ਅੰਗ ਬਣ ਗਈਆਂ ਸਨ। ਉਹ ਅਜ ਕਲ ਅਪਣੇ ਤਨ ਨਾਲ ਤਾਂ ਬਾਬੇ ਦੀ ਸੇਵਾ ਵਿਚ ਤਤਪਰ ਰਹਿੰਦੀ, ਪਰ ਮਨ ਨਾਲ ਕਿਸੇ ਨਿੱਕੇ ਇਵਾਣੇ ਨੂੰ ਲੋਰੀਆਂ ਦਿੰਦੀ ਰਹਿੰਦੀ ਸੀ: ਕਈ ਵੇਰ ਬੈਠੀ ਬੈਠੀ ਅਪਣੇ ਹੱਥਾਂ ਨੂੰ ਹਵਾ ਵਿਚ ਆ-ਮੁਹਾਰੇ ਅਗਾਹਾਂ ਪਿਛਾਹਾਂ ਹਿਲਾਉਣ ਲੱਗ ਪੈਂਦੀ। ਉਸਦਾ ਏਸ ਤਰ੍ਹਾਂ ਬਹੁਤ ਸਾਰਾ ਵਿਹਲਾ ਵਕਤ ਭਵਿੱਖਜ ਦੇ ਵਾਯੂ ਮੰਡਲ ਵਿਚ ਲਟਕੇ ਹੋਏ ਪੰਘੂੜੇ ਨੂੰ ਝੂਟੇ ਦੇਂਦਾ ਰਹਿੰਦਾ। ਉਹ ਬਹੁਤ ਵੇਰ ਨੀਝ ਲਾਕੇ ਹਵਾ ਵਿਚ ਤੱਕਦੀ ਰਹਿੰਦੀ' ਫੇਰ ਲਾਡ ਨਾਲ

---

*Psalms of the Sisters. Page 88.

†ਮਾਤਾ ਦੇਖਕੇ ਆਖਦੀ ਵਾਹ ਬੱਚਾ, ਲਿਆ ਆਪਣਾ ਜਨਮ ਸੁਧਾਰ ਭਾਈ—

ਪਰ

ਗਲਾਂ ਕਰਦਿਆਂ ਦੇਂਦੇ ਸਵਾਸ ਪੂਰੇ ਵਿਚੋਂ ਰੂਹ ਹੋ ਗਿਆ ਉਡਾਰ ਭਾਈ।
ਮੈਨਾਵੈਂਤੀ ਨੇ ਜਦੋਂ ਪਰਾਣ ਛੱਡੇ ਹੋਈ ਸ਼ਹਿਰ ਅੰਦਰ ਹਾਹਾਕਾਰ ਭਾਈ। [ਬਖਸ਼ੀ

Digitized by Panjab Digital Library | www.panjabdigilib.org

ਭਰੀਆਂ ਤਰ ਅੱਖਾਂ ਮੀਟ ਕੇ ਗਾਉਂਦੀ:–

ਸੌਂ ਜਾ ਲਾਲ, ਸੌਂ ਜਾ ਲਾਲ.....
ਤੇਰਾ ਝੂਲਣਾ ਝੁਲਾਵੇ ਮਾਂ
ਸੱਦ ਨੀਂਦ ਨੂੰ ਬੁਲਾਵੇ ਮਾਂ
ਸੌਂ ਜਾ ਲਾਲ ! ਸੌਂ ਜਾ ਲਾਲ !
ਨੀਂ ਨੀਂਦੜੀਏ ਤੂੰ ਛੇਤੀ ਆ,
ਤੂੰ ਲਾਲ ਮੇਰੇ ਨੂੰ ਝੋਲੀ ਪਾ,
ਅੜੇ ! ਅੱਖੀਂ ਮੀਟੀ, ਪਹੁੰਚੀ ਆ !
ਸੌਂ ਜਾ ਲਾਲ ! ਸੌਂ ਜਾ ਲਾਲ !

ਕਾਲ ਦੇ ਲਿਹਾਜ਼ ਨਾਲ ਮਾਤਾ ਦਾ ਜੀਵਨ ਅਜੀਬ ਭੁਆਟਣੀ ਖਾਂਦਾ ਰਿਹਾ ਹੈ । ਇਸਦਾ ਮਨ ਵਰਤਮਾਨ ਕਾਲ ਦੇ ਸੁਖ ਵਿਚ ਕਦੇ ਸਥਿਰ ਨਹੀਂ ਹੋਇਆ । ਜਦ ਪੁਤ੍ਰ ਗੁਵਾਚਾ ਰਿਹਾ ਹੈ ਤਾਂ ਇਹ ਪਿਛਲੇ ਗੁਜ਼ਰੇ ਜ਼ਮਾਨੇ ਵਿਚ ਰਹਿੰਦੀ ਸੀ । ਜਦ ਹੁਣ ਪੁਤ੍ਰ ਦੇ ਕੋਲ ਆਕੇ ਰਹੀ ਹੈ ਤਾਂ ਇਸਦਾ ਦਿਲ ਆਸ਼ਾ ਦੇ ਭਵਿੱਖਜ ਮੰਡਲ ਵਿਚ ਰਹਿੰਦਾ ਹੈ । ਹੁਣ ਇਹ ਮਾਤਾ ਆਪਣੇ ਆਪਨੂੰ ਇਕ ਮਾਲੀ ਦੇ ਤੁੱਲ ਸਮਝਦੀ ਸੀ ਤੇ ਦਿਨ ਰਾਤ ਆਸਾਂ ਬੱਧੀ ਅਗਾਹ ਵਲ ਤੱਕ ਰਹੀ ਸੀ ਕਿ ਦੀਵਾਨ ਕੋੜਾ ਮਲ ਦੀ ਸੁੱਕ ਰਹੀ ਬਗੀਚੀ ਕਿਵੇਂ ਸਰਸ਼ਾਰ ਰਹੇ ਤੇ ਕਿਵੇਂ ਇਸ ਵਿਚ ਉਹ ਨਵੇਂ ਫੁੱਲ ਖਿੜ ਉਠਣ ਜਿਨ੍ਹਾਂ ਦੀ ਸੁਗੰਧੀ ਦਾ ਭੁਲੇਵਾ ਇਸ ਨੂੰ ਕਈ ਵੇਰ ਪੈ ਚੁਕਾ ਸੀ ।

ਇਨ੍ਹਾਂ ਮਨ ਦਿਆਂ ਜੋੜਾਂ ਤੋੜਾਂ ਵਿਚ ਸਮਾਂ ਲੰਘਦਾ ਗਿਆ । ਮਾਈ ਇਕ ਵੇਰ ਬੀਮਾਰ ਹੋ ਗਈ, ਦਵਾ ਦਾਰੂ ਹੁੰਦਿਆਂ ਹੋਇਆਂ ਭੀ ਰੋਗ ਵਧ ਗਿਆ । ਬਚਣ ਦੀ ਆਸ ਘਟ ਗਈ।

ਇਕ ਦਿਨ ਸੰਧਿਆ ਵੇਲੇ ਬਾਬੇ ਨੇ ਦਵਾਈ ਦਾ ਘੁੱਟ ਪਿਲਾਕੇ ਪੁੱਛਿਆ, ਮਾਂ, ਤੂੰ ਕਿਸੇ ਗੱਲੋਂ ਤੰਗ ਤੇ ਨਹੀਂ ? ਮਾਂ ਨੇ ਕਿਹਾ, ਨਹੀਂ, ਮੈਂ ਕਾਸ ਨੂੰ ਤੰਗ ਹੋਣਾ ਹੈ, ਮੈਂ ਕਹਿੰਦੀ ਹਾਂ ਮੇਰੇ ਪ੍ਰਾਣ ਸੁਖਾਲੀ ਸਾਸੀਂ ਨਿਕਲ ਜਾਣ, ਪਰ ਇਹ ਅਖੀਰਲਾ ਸਾਹ ਤਦੇ ਸੁਖਾਲਾ ਨਿਕਲਣਾ ਹੈ ਜੇ ਤੂੰ ਮਰ ਰਹੀ ਮਾਂ ਨਾਲ ਪ੍ਰੀਤ ਕਰੇਂ । ਇਹ ਕਹਿਕੇ ਮਾਂ ਨੇ ਆਪਣੀ ਢਹਿ ਰਹੀ ਤਾਕਤ ਨੂੰ ਸੰਭਾਲਕੇ ਆਪਣਾ ਹੱਥ ਮੰਜੀ ਤੋਂ ਉੱਚਾ ਚੁੱਕਿਆ । ਉੱਚਾ ਹੱਥ ਨਿਸੱਤਾ ਹੋਕੇ ਢਹਿਣ ਲੱਗਾ ਸੀ ਕਿ ਬਾਬੇ ਨੇ ਆਪਣੇ ਦੋਹਾਂ ਹੱਥਾਂ ਵਿਚ ਮਾਂ ਦਾ ਹੱਥ ਫੜ ਲਿਆ ਤੇ ਆਖਿਆ, ਮਾਂ ਤੂੰ ਦੱਸ ਕੀਹ ਚਾਹੁੰਦੀ ਹੈ? ਮਾਂ ਫੇਰ ਧੀਮੀਂ ਅਵਾਜ਼ ਵਿਚ ਬੋਲੀ, ਦੇਖ ਬੱਚਾ ਤੂੰ 'ਕੁਲ ਅਭਿਮਾਨ' ਕਹਿੰਦਾ ਸੈਂ, ਸੋ ਜਿੱਤਿਆ ਗਿਆ । ਇੱਥੇ ਹੁਣ ਕਿਸਨੂੰ ਪਤਾ ਹੈ ਕਿ ਅਸੀਂ ਦੀਵਾਨ ਸਾਹਿਬ ਦੇ ਹਾਂ, ਸਾਰਾ ਗੜ੍ਹ ਮਹਾਰਾਜ ਹੁਣ ਲੁੱਟਿਆ ਪੁੱਟਿਆ ਗਿਆ। ਮੈਂ ਤੇਰੀ ਤਲਾਸ਼ ਵਿਚ ਬਾਕੀ ਦਾ ਟੱਬਰ ਵੀ ਉੱਜਾੜ ਲਿਆ । ਤੇਰੇ ਛੋਟੇ ਭਰਾ ਕਿਸੇ ਕੰਮ ਕਾਰ ਜੋਗੇ ਨਹੀਂ ਰਹੇ, ਨਿਰੇ ਅੱਲੇ ਮੱਲੇ ਜਿਹੇ ਹੋਕੇ ਟੱਬ ਦੇ ਆਸਰੇ ਬੈਠੇ ਹਨ । ਇਹ ਵੀ ਲੱਖਾਂ ਦੇ ਮਾਲਕ ਸਨ, ਪਰ ਤੇਰੀ ਖ਼ਾਤਰ ਅੱਜ ਇਹ ਕੌਡੀ ਦੇ ਫਕੀਰ ਹਨ । ਨਾ ਹੀ ਇਨ੍ਹਾਂ ਨੂੰ ਦੁਨੀਆਂ ਵਿਚ ਰਹਿਣ ਦੀ ਕੋਈ ਜੁਗਤ ਆਈ ਹੈ। ਬਾਬੇ ਕਿਹਾ ਮਾਂ, ਤੂੰ ਇਨ੍ਹਾਂ ਦਾ ਫਿਕਰ ਨਾ ਕਰ, ਇਨ੍ਹਾਂ ਦਾ ਸਭ ਬੰਦੋਬਸਤ ਹੋ ਜਾਏਗਾ । ਮਾਂ ਨੇ ਬਾਬੇ ਦੇ ਹੱਥ ਵਿਚੋਂ ਪੱਲੇ ਜਿਹੇ ਆਪਣਾ ਹੱਥ ਖਿਸਕਾਕੇ ਆਪਣੀ ਛਾਤੀ ਉਪਰ ਧਰ ਲਿਆ ਤੇ ਅਵਾਜ਼ ਜ਼ਰਾ ਉੱਚੀ ਕਰਕੇ ਬੋਲੀ, "ਮੈਨੂੰ ਇਨ੍ਹਾਂ ਦਾ ਕੋਈ ਫਿਕਰ ਨਹੀਂ, ਨਾ ਮੈਨੂੰ ਤੇਰਾ ਫਿਕਰ ਹੈ, ਤੂੰ ਪੂਰਣ ਸਾਧ ਹੈਂ, ਤੂੰ ਆਪਣੇ ਟਿਕਾਣੇ ਲੱਗ ਗਿਆ ਹੈਂ । ਮੈਨੂੰ ਫਿਕਰ ਆਪਣਾ ਹੈ ਮੈਂ ਅਗੇ ਜਾਕੇ ਕੀ ਮੂੰਹ ਦਿਆਂਗੀ ? ਮੈਨੂੰ ਉਸ ਬਾਦਸ਼ਾਹ ਕੋਲੋਂ ਸ਼ਰਮ ਆ ਰਹੀ ਹੈ ਜਿਸ ਦਾ ਨਾਂ ਦਿਲੀ ਦਰਵਾਜ਼ੇ ਤੇ ਲਿਖਿਆ ਹੈ । ਮੈਨੂੰ ਉਹ ਪੁੱਛੇਗਾ ਤੂੰ ਐਸੇ ਹੋਣਹਾਰ ਪੁੱਤ ਦਾ ਵਿਆਹ ਨਾ ਕੀਤਾ। ਉਹ ਮੈਨੂੰ ਆਖੇਗਾ ਤੂੰ ਮੇਰਾ ਗੜ੍ਹ ਮਹਾਰਾਜ ਹੀ ਨਹੀਂ ਲੁਟਾਇਆ ਤੂੰ ਮੇਰੀ ਅਗੋਂ ਕੁਲ ਵੀ

Digitized by Panjab Digital Library | www.panjabdigilib.org

ਨਾਸ਼ ਕਰ ਆਈ ਹੈਂ।"

ਇੰਨਾਂ ਕਹਿੰਦਿਆਂ ਹੀ ਮਾਂ ਨੂੰ ਗ਼ਸ਼ੀ ਆ ਗਈ, ਮੱਥਾ ਤ੍ਰੇਲੀ ਨਾਲ ਭਿੱਜ ਗਿਆ, ਅੱਖਾਂ ਖਿੱਚੀਆਂ ਗਈਆਂ, ਸਾਹ ਦੀ ਅਵਾਜ਼ ਖੜਕਵੀਂ ਹੋ ਗਈ। ਸਮਾਂ ਨਾਜ਼ਕ ਸੀ। ਸੋਚਣ ਦਾ ਮੌਕਿਆ ਨਹੀਂ ਸੀ, ਲਫਜ਼ਾਂ ਦਾ ਨਸ਼ਤਰ ਇਤਨਾਂ ਤੇਜ਼ ਸੀ ਕਿ ਉਹ ਸਾਧਗੀਰੀ ਦੇ ਸੰਜੋਅ ਨੂੰ ਚੀਰ ਕੇ, ਵਿਰੱਕਤਤਾਈ ਦੇ ਸਾਰੇ ਕੱਜਣ ਕੱਜਕੇ, ਗਯਾਨ ਤੇ ਵੈਰਾਗ ਦੇ ਅਤੀਤਪੁਣੇ ਨੂੰ ਫਾੜਦਾ ਹੋਇਆ ਧੁਰ ਅੰਦਰ ਤੱਕ ਪਹੁੰਚ ਗਿਆ। ਬਾਬਾ ਘਬਰਾਈ ਹੋਈ ਅਵਾਜ਼ ਵਿਚ ਬੋਲਿਆ, ਮਾਂ! ਮੈਂ ਪੂਣ ਕਤਦਾ ਹਾਂ, ਮਾਂ, ਸੁਣ, ਮੈਂ ਕਹਿੰਦਾ ਹਾਂ, ਜੋ ਤੂੰ ਕਿਹਾ ਹੈ ਮੈਂ ਕਰਾਂਗਾ। ਮੈਂ ਤੇਰੇ ਨਾਲ ਪੂਣ ਕਰਦਾ ਹਾਂ।

ਬੇਹੋਸ਼ ਮਾਂ ਦੇ ਅੰਦਰਲੇ ਨੇ ਇਹ ਪੂਣ ਸੁਣ ਲਿਆ ਤੇ ਥੋੜ੍ਹੇ ਚਿਰ ਪਿਛੋਂ ਅੱਖ ਖੋਲ੍ਹ ਦਿੱਤੀ। ਬਾਬੇ ਦੀ ਪ੍ਰਤਿੱਗਯਾ ਅੰਮ੍ਰਿਤ ਦਾ ਅਸਰ ਕਰ ਗਈ। ਬਗੈਰ ਦੇਸ ਦੇ ਮਾਈ ਹੋਰ ਸਭ ਦਾਰੂਆਂ ਦੇ ਅਸਰ ਦੀ ਹੱਦ ਤੋਂ ਲੰਘ ਚੁਕੀ ਸੀ।

੧੧.

ਬਾਬੇ ਦੀ ਫਕੀਰੀ ਦੀ ਰੇਖ ਵਿਚ ਨਾਲ ਗ੍ਰਿਹਸਤ ਦੀ ਮੇਖ ਵੱਜ ਗਈ। ਵਿਆਹ ਹੋਇਆ ਔਲਾਦ ਹੋਈ, ਮਾਈ ਪ੍ਰਾਣ ਤਜਾਗ ਗਈ। ਬਾਬੇ ਦੀ ਜੀਵਨ ਕਥਾ ਵਿਚ ਜੋ ਤਾਰੀਖਾਂ ਕਿਸੇ ਹਿਸਾਬ ਨਾਲ ਨਿਸ਼ਚਤ ਹੋ ਸਕਦੀਆਂ ਹਨ ਉਹ ਇਸ ਤਰ੍ਹਾਂ ਹਨ–ਆਪ ਦਾ ਅਪਣਾ ਜਨਮ ਸੰ: ੧੭੮੮ ਈ: ਦਾ ਹੈ, ਮਾਈ ਦਾ ਅੰਮ੍ਰਿਤਸਰ ਆਉਣਾ ੧੮੨੮, ਬਾਬੇ ਦਾ ਵਿਆਹ ੧੮੩੦। ਪਹਿਲੀ ਔਲਾਦ ਛੋਟੀ ਉਮਰ ਵਿਚ ਹੀ ਗੁਜ਼ਰਦੀ ਰਹੀ। ਫੇਰ ਇਕ ਲੜਕੀ ਹੋਈ ਜਿਸਦਾ ਨਾਮ ਬੀਬੀ ਚੰਦੋ ਰੱਖਿਆ ਗਿਆ, ਜੋ ਬਹੁਤ ਚਿਰ ਜੀਵੀ ਅਤੇ ਬਿਰਧ ਆਰਬਲਾ ਨੂੰ ਪ੍ਰਾਪਤ ਹੋਈ। ਬੀਬੀ ਤੋਂ ਕੋਈ ਬਾਰਾਂ ਕੁ ਵਰਸ ਬਾਦ ਫੇਰ ਇਕ ਪੁਤ੍ਰ ਦਾ ਜਨਮ ਹੈ ਜੋ ਪਿਛੋਂ ਡਾਕਟਰ ਚਰਨ ਸਿੰਘ ਜੀ ਦੇ ਨਾਮ ਨਾਲ ਮਸ਼ਹੂਰ ਹੋਏ। ਡਾਕਟਰ ਸਾਹਿਬ ਦਾ ਜਨਮ ੧੮੫੩ ਈ: ਦਾ ਹੈ ਅਤੇ ਵਿਆਹ ੧੮੬੯ ਈ: ਦਾ। ਬਾਬੇ ਦੇ ਜੀਵਨ ਕਾਲ ਵਿਚ ਹੀ ਪੋਤ੍ਰੇ ਦਾ ਜਨਮ ਹੈ ਜੋ ਪ੍ਰਸਿੱਧ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹਨ। ਇਹ ਜਨਮ ੫ ਦਸੰਬਰ ਸੰ: ੧੮੭੨ ਈ: ਦਾ ਹੈ। ਬਾਬੇ ਦਾ ਦੇਹਾਂਤ ੬੧ ਬਰਸ ਦੀ ਉਮਰ ਵਿਚ ੧੮੭੮ ਈ: ਨੂੰ ਹੋਇਆ।

੧੨.

੧੮੪੫ ਈ: ਤਕ ਦਾ ਸਮਾਂ ਏਸ ਤਰ੍ਹਾਂ ਪਠਨ ਪਾਠਨ ਦੀ ਵਡੀ ਡੂੰਘਾਈ ਵਿਚ ਲੰਘਿਆ ਜ਼ਿੰਦਗੀ ਸੁਖਾਂ ਦੇ ਸੁਆਦ ਵਿਚ ਬਿਲਕੁਲ ਨਹੀਂ ਰਚੀ। ਇਸਤ੍ਰੀ ਸੇਵਾ ਵਿਚ ਬੜੀ ਤਤਪਰ ਸੀ, ਉਹ ਪਤਿਬ੍ਰਤ ਧਰਮ ਵਿਚ ਦ੍ਰਿੜ-ਬ੍ਰਿੜ ਸੀ, ਪਰ ਸੁਭਾਉ ਦੀ ਕਰੜੀ ਸੀ। ਜ਼ੁਬਾਨ ਦੀ ਖਰੀ ਸੱਚੀ, ਪਰ ਬੋਲ ਵਿਚ ਘੱਟ ਮਿਠਾਸ ਵਾਲੀ ਸੀ। ਬਾਬੇ ਨਾਲ ਖੁੱਲ੍ਹੀਆਂ ਗੱਲਾਂ ਬਾਤਾਂ ਕਰਨ ਦੇ ਉਸ ਨੂੰ ਅਵਸਰ ਘੱਟ ਮਿਲਦੇ ਸਨ। ਬਾਬਾ ਜੇ ਪੋਥੀਆਂ ਤੋਂ ਵਿਹਲਾ ਹੋਇਆ ਹੈ ਤਾਂ ਮਰੀਚਾਂ ਨਾਲ ਤੇ ਜੇ ਮਰੀਚਾਂ ਤੋਂ ਵਿਹਲਾ ਹੋਇਆ ਤਾਂ ਸਾਧਾਂ ਸੰਤਾਂ ਨਾਲ, ਪੰਡਿਤਾਂ ਨਾਲ, ਡੇਰਿਆਂ ਵਿਚ ਰੁੱਝ ਗਿਆ।

ਇਨ੍ਹਾਂ ਦਿਨਾਂ ਵਿਚ ਹੀ, ਜਿੱਥੋਂ ਤਕ ਅਨੁਮਾਨ ਲੱਗ ਸਕਿਆ, ਸੰਤ ਰਾਮ ਦਿਆਲ ਜੀ ਦਾ ਚਲਾਣਾ ਹੈ। ਸੰਤਾਂ ਨੇ ਆਪਣੇ ਚਲਾਣੇ ਤੋਂ ਕੁਝ ਚਿਰ ਪਹਿਲੇ ਭਾਈ ਠਾਕਰ ਦਿਆਲ ਸਿੰਘ ਨੂੰ ਬੁਲਾਇਆ। ਸੰਤ ਆਪਣੇ ਵੇਲੇ ਦੀ ਪ੍ਰੀਖਯਾ ਲੈਣੀ ਚਾਹੁੰਦੇ ਸਨ:–

ਤਬ ਏਕ ਦਿਨ ਭਾਈ ਰਾਮ ਦਿਆਲ ਜੀ ਬਚਨ ਕੀਆ ਜੋ ਭਾਈ ਦਿਆਲ ਸਿੰਘ ਏਕ ਪੀੜ੍ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਵੁਣਾਇ ਲਿਆਓ। ਤਦ ਭਾਈ ਦਿਆਲ ਸਿੰਘ

Digitized by Panjab Digital Library | www.panjabdigilib.org

ਜੀ ਕਹਾ ਜੀ ਸਤਿ ਬਚਨ । ਸੋ ਜਬ ਭਾਈ ਦਿਆਲ ਸਿੰਘ ਜੀ ਪੀੜ੍ਹੀ ਵੁਣਾਇ ਲਿਆਇਆ । ਤਬ ਕੁਛ ਰੰਗ ਵਾਲੀ ਸਾਵੀ ਰਤੀ ਪੀਲੀ ਸੂਤੜੀ ਸਿਉਂ ਵੁਣਾਈ। ਤਬ ਭਾਈ ਰਾਮ ਦਿਆਲ ਜੀ ਦੇਖਕੈ ਕਹਿਆ ਜੋ ਦਿਆਲ ਸਿੰਘ ਹਮ ਜਾਨਿਆ ਹੈ, ਜੋ ਤੂੰ ਕਛੁ ਜਗਤ ਕੀ ਬਡਿਆਈ ਦੇਖਿਆ ਚਾਹਤਾ ਹੈਂ, ਸੋ ਤੇਰਾ ਪਸਾਰਾ ਬਹੁਤ ਹੋ ਜਾਵੇਗਾ। [ਸ੍ਰੀ ਸੰਤ ਰਤਨ ਮਾਲ, ਲਾਲ ਚੰਦ

ਚਲਾਣੇ ਤੋਂ ਇਕ ਰਾਤ ਪਹਿਲੇ ਸੰਤਾਂ ਨੇ ਫੇਰ ਭਾਈ ਦਿਆਲ ਸਿੰਘ ਨੂੰ ਬੁਲਾ ਭੇਜਿਆ।

ਏਕ ਨਿਸਾ ਆਈ ਅਤਿਕਾਰੀ । ਬਰਖਾ ਹੋਈ ਅਤਿਸੈ ਭਾਰੀ।
ਆਂਧੀ ਚਾਲੇ ਓਰੇ ਬਰਖਤ। ਰਾਮ ਦਿਆਲ ਜੀ ਚਾਹਤ ਪਰਖਤ।
ਦਿਆਲ ਸਿੰਘ ਭਾਈ ਤੂੰ ਜਾਇ। ਅਟਲ ਰਾਇ ਜਹਿੰ ਥਾਨ ਸੁਹਾਇ।
ਦੋਹਿਰਾ—ਹਰਿਆ ਰਾਮ ਜੁ ਸਾਧ ਥਾ ਤਾਂਕੀ ਚਿਖਾ ਜਲਾਇ।
ਆਗ ਲਿਆਵਹੁ ਤਹਾਂ ਤੇ ਜਾਵਹੁ ਦੇਰ ਬਿਹਾਇ।
ਚੌਪਈ ।। ਹਰਿ ਜਨ ਆਇਸੁ ਜਬ ਸੁਨ ਪਾਈ । ਟਿੰਡ ਸੁ ਲੀਨੀ ਹਾਥ ਚੁਕਾਈ।
ਹਿਰਦਾ ਕਾਂਪਾ ਅਤਿਸੈ ਭਾਰੀ । ਚਿਤ ਦ੍ਰਿੜ ਕੀਨਾ ਕਰਤ ਬਿਚਾਰੀ।
ਰੂਖ ਸਾਧ ਸਭ ਕਰਤ ਬਖਾਨ। ਤਨ ਮਿਥਿਆ ਮਨ ਨਿਸ਼ਚੇ ਜਾਨ।
ਲੀਨੀ ਅਗਨੀ ਟਿੰਡ ਮਧ ਪਾਈ । ਹਰ ਜਨ ਆਗੇ ਆਨ ਧਰਾਈ।
[ਸੋਭਾ ਰਾਮ, ਕਲਮੀ ਨੁਸਖਾ ।

ਸੰਤਾਂ ਨੇ ਇਹ ਗਲ ਕੇਵਲ ਇਸ ਪ੍ਰੀਖਜਾ ਲਈ ਨਹੀਂ ਕੀਤੀ ਸੀ ਕਿ ਦੇਖਿਆ ਜਾਵੇ ਕਿ ਭਾਈ ਦਯਾਲ ਸਿੰਘ ਇਸ ਮੁਸ਼ਕਲ ਹੁਕਮ ਨੂੰ ਮੰਨਦਾ ਹੈ ਕਿ ਨਹੀਂ । ਹੁਕਮ ਵਾਕਈ ਕਠਨ ਸੀ। ਅੱਧੀ ਰਾਤ ਵੇਲੇ ਜਿਸ ਵਕਤ ਅੰਧੇਰੀ ਚੱਲ ਰਹੀ ਸੀ ਤੇ ਗੜੇ ਵੱਸ ਰਹੇ ਸਨ ਉਸ ਵੇਲੇ ਬਚਨ ਕੀਤਾ ਕਿ ਜਾਓ ਮਸਾਣਾਂ ਵਿਚੋਂ ਇਕ ਬਲ ਰਹੀ ਚਿਖਾ ਵਿਚੋਂ ਅੱਗ ਲੈ ਆਓ, ਜੋ ਲਿਆਂਦੀ ਗਈ। ਨਾ ਹੀ ਸੰਤਾਂ ਨੇ ਇਹ ਗਲ ਇਸ ਲਈ ਕੀਤੀ ਕਿ ਉਨ੍ਹਾਂ ਨੂੰ ਉਸ ਵੇਲੇ ਉਸ ਅੱਗ ਦੀ ਕੋਈ ਖਾਸ ਲੋੜ ਸੀ। ਇਹ ਸਾਰੀ ਕਾਰਰਵਾਈ ਦਾ ਮਤਲਬ ਇਹ ਸੀ ਕਿ ਸੰਤ ਭਾਈ ਠਾਕਰ ਦਿਆਲ ਸਿੰਘ ਨੂੰ ਉਪਦੇਸ਼ ਦੇਣਾ ਚਾਹੁੰਦੇ ਸਨ ਤੇ ਐਸਾ ਝੀਕਾ ਵਰਤਣਾ ਚਾਹੁੰਦੇ ਸਨ ਕਿ ਸਬਕ ਸਦਾ ਲਈ ਮਨ ਉਪਰ ਉੱਕਰ ਜਾਵੇ। ਸੋ ਸਾਧ ਹਰਿਆ ਰਾਮ ਦੀ ਚਿਖਾ ਦੀ ਅੱਗ—ਜੋ ਟਿੰਡ ਵਿਚ ਪਈ ਸੀ—ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, ਇਹ ਹਰਿਆ ਰਾਮ ਸਾਧ ਬੜਾ ਬਲਵਾਨ ਤਪੱਸ੍ਵੀ ਸੀ । ਜਦ ਇਹ ਸੁਖਮਨੀ ਸਾਹਿਬ ਕੰਠ ਕਰਨ ਲੱਗਾ ਤਦ ਜਿਸ ਵੇਲੇ ਅੱਠਵੀਂ ਪੌੜੀ ਤੇ ਆਇਆ, 'ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ।' ਤਦ—

ਦੋਹਿਰਾ—ਹਰੀ ਮਹਾਤਮ ਜਬ ਪਿਖਾ ਮਨ ਮਧ ਨਿਸ਼ਚਾ ਧਾਰ।
ਲਗੇ ਅਰਾਧਨ ਨਿਸ ਦਿਨਾ ਅਵਰ ਤਿਆਗੀ ਕਾਰ।
ਚੌਪਈ—ਊਠਤ ਬੈਠਤ ਹਰਿ ਹਰਿ ਧਿਆਵੈ। ਖਾਤੇ ਪੀਤੇ ਅਉਰ ਨ ਭਾਵੈ।
ਰੋਤੇ ਹਸਤੇ ਹਰ ਹਰ ਗਾਵੈ। ਹਰ ਕਾ ਨਾਮ ਸਦ ਹੀ ਚਿਤ ਲਾਵੈ।
ਹਰ ਹਰ ਕਹਿਤੇ ਹਰਿ ਹੀ ਹੋਵਾ। ਜਨਮ ਮਰਨ ਤਜ ਹਰ ਮਧ ਸੋਵਾ।
[ਸੋਭਾ ਰਾਮ, ਕਲਮੀ ਨੁਸਖਾ

ਫੇਰ ਸੰਤਾਂ ਕਿਹਾ, ਇਸ ਅਗਨਿ ਦੀ ਵਿਭੂਤੀ ਨੂੰ ਇਸ ਡੇਰੇ ਵਿਚ ਹੀ ਰਹਿਣ ਦੇਣਾ, ਵੱਡੇ ਅਸ਼ੁਰਖ ਵੇਲੇ ਮਨੁੱਖ ਦੀ ਅੰਤਮ ਗਤੀ ਦੀ ਇਹ ਇਕ ਚਿਤਾਵਣੀ ਮਾਤ੍ਰ ਰਹੇਗੀ। ਇਹ ਉਸ ਸਾਧ ਦੀ

Digitized by Panjab Digital Library | www.panjabdigilib.org

ਵਿਭੂਤਿ ਹੈ ਜਿਸ ਦਾ ਹਰੀ ਸਿਮਰਨ ਅਖੰਡ ਸੀ, ਸੋ ਭਾਈ ਦਿਆਲ ਸਿੰਘ !

ਤੂੰ ਭੀ ਐਸੇ ਹਰੀ ਧਿਆਵੋ। ਨਿਸ ਕਉ ਜਾਗੋ ਬ੍ਰਿਤੀ ਟਿਕਾਵੋ ।.....
ਮੁਖ ਤੇ ਮਾਂਗਨ ਕਬੀ ਨ ਕੀਜੈ।। ਕਥਾ ਕੀਰਤਨ ਸੁਨ ਮਨ ਭੀਜੈ।

[ਸੋਭਾ ਰਾਮ, ਕਲਮੀ ਨੁਸਖਾ

ਇਸ ਤਰ੍ਹਾਂ ਦਾ ਉਪਦੇਸ਼ ਕਰਦੇ ਕਰਾਉਂਦੇ ਅਗਲੇ ਦਿਨ

ਸੋਰਠਾ–ਭਾਈ ਰਾਮ ਦਿਆਲ ਦੇਹਿ ਤਿਆਗੀ ਹਰਖ ਧਰ।
ਕੀਨੋ ਹਰ ਮਧ ਵਾਸ ਦੇਹਿ ਦਾਹਿ ਸਾਧਨ ਕਰੀ।
ਦੋਹਿਰਾ–ਪਾਛਲ ਕਿਰਿਆ ਜੋ ਹੁਤੀ ਕੀਨੀ ਸਿੰਘ ਦਿਆਲ।
ਸਰਬ ਸਾਧ ਇਮ ਕਹਿਤ ਭੇ ਕਿਰਤ ਰਖੋ ਹਿਤ ਨਾਲ। [ਸੋਭਾ ਰਾਮ

ਬਾਬੇ ਉਪਰ ਇਸ ਵਿਛੋੜੇ ਦਾ ਕੀ ਅਸਰ ਹੋਇਆ ? ਏਸ ਨੂੰ ਬਿਆਨ ਕਰਨਾ ਵੱਡਾ ਮੁਸ਼ਕਲ ਹੈ। ਬਾਬਾ ਕੁਛ ਦਿਨ ਬਿਲਕੁਲ ਚੁਪ ਰਿਹਾ । ਕਿਸੇ ਨਾਲ ਕੋਈ ਗੱਲ ਬਾਤ ਨਹੀਂ ਕੀਤੀ । ਜਿਸ ਦਿਨ ਚੁਪ ਖੋਲ੍ਹੀ ਤਾਂ ਸੰਤ ਰਾਮ ਦਿਆਲ ਦੀ ਤਾਰੀਫ ਵਿਚ ਇਹ ਛੰਦ ਲਿਖੇ:–

ਕਵਿੱਤ–ਪ੍ਰਾਪਤ ਭਗਤਿ ਜੋਗ ਤਾਂਕੋ ਤਾ ਸਰਾਹੈਂ ਲੋਗ,ਭਿਖਜਾ ਮਾਂਗ ਕਰੈਂ ਭੋਜ,ਚੋਜ ਹਰਿ ਗਾਨ ਮੈਂ ।।
ਪਰਮ ਸੰਤੋਖੀ, ਪੋਖੀ ਦੀਨਨ ਕੋ, ਸੰਤ ਬਰ, ਤਨੁ ਮਨੁ ਸੇਵ, ਹਰਿ ਰਸਨਾ ਬਖ਼ਾਨ ਮੈਂ ।।
ਅਹਿਨਿਸ ਪ੍ਰੇਮ ਨੇਮ, ਕੁਸ਼ਲ ਅਨੰਦ ਖੇਮ, ਹੇਮ ਕੋ ਅਚਲ ਵਤ ਧਰਮ ਪ੍ਰਧਾਨ ਮੈਂ ।।
ਸ੍ਰੀ ਗੁਰੂ ਰਾਮ ਦਯਾਲ ਜੇਸ ਭੇਸ ਲੇਸ ਨਾ ਕਲੇਸ਼ ਹੂੰਕੋ, ਦੇਸ਼ ਦੇਸ਼ ਕੀਰਤਿ ਨਿਧਾਨ ਮੈਂ* ।।

ਦੋਹਿਰਾ–ਮਹਿਮਾ ਤੁਮਰੀ ਕਹ ਕਰੈਂ ਰਸਨਾ ਮੁਝ ਮੁਖ ਏਕ ।।
ਸ਼ੇਖ ਸਾਰਦਾ ਥਕਤ ਹੈ ਕਹਿ ਨਸਿੰ ਸਕਤਿ ਬਿਬੇਕ ।।
ਦੋਹਿਰਾ–ਕਾਗਦ ਧਰਨੀ ਸਰਬ ਹੈ ਮਸੁ† ਸਬ ਸਿੰਧੁ‡ ਬਨਾਇ ।।
ਲੇਖਨ§ ਬਨ ਸਗਰੇ ਕਰੈਂ ਗੁਰ ਜਸ ਤਹਾਂ ਨ ਮਾਇ¶ ।।

ਇਸ ਵਿਛੋੜੇ ਨਾਲ ਬਾਬੇ ਦਾ ਦਿਲ ਇਤਨਾ ਨਰਮ ਹੋ ਗਿਆ ਸੀ ਕਿ ਹੁਣ ਉਹ ਨਿੱਕੀ ਨਿੱਕੀ ਗੱਲ ਉੱਪਰ ਪੰਘਰ ਪੈਂਦਾ। ਉਹ ਜੋ ਜੰਗਲਾਂ ਵਿਚ ਅਤਿ ਕਠਨ ਕਰੜਾਈਆਂ ਕੱਟ ਕੇ ਆਇਆ ਸੀ ਅੱਜ ਕੱਲ ਮੋਮ ਵਾਕੁਣ ਅੰਦਰੋਂ ਪਿਘਲਿਆ ਹੋਇਆ ਸੀ ।

ਅਸੀਂ ਪਿੱਛੇ ਜ਼ਿਕਰ ਕਰ ਚੁੱਕੇ ਹਾਂ ਕਿ ਬਾਬੇ ਦੀ ਘਰੇਗੀ ਜ਼ਿੰਦਗੀ ਵਿਚ ਰਸ ਦਾ ਤੱਤ ਘੱਟ ਸੀ। ਇਸਤ੍ਰੀ ਦਾ ਨਾਮ ਰੂਪ ਕੌਰ ਸੀ। ਲੋਕ ਇਸ ਨੂੰ ਬੇਬੇ ਕਰਤੇ ਬੁਲਾਉਂਦੇ ਸਨ । ਇਨ੍ਹਾਂ ਦਿਨਾਂ ਵਿਚ ਹੀ ਬੇਬੇ ਬੀਮਾਰ ਹੋ ਗਈ । ਉਸਦੀ ਬੀਮਾਰੀ ਦਾ ਅਸਰ ਬਾਬੇ ਦੇ ਪੰਘਰੇ ਹੋਏ ਦਿਲ ਨੂੰ ਹੋਰ ਪੰਘਾਰਨ ਵਾਲਾ ਹੋ ਗਿਆ । ਬਾਬੇ ਨੇ ਸਾਰੇ ਇਲਾਜ ਮੁਆਲਜੇ ਕੀਤੇ; ਪਰ ਕੋਈ ਫਾਇਦਾ ਨਾ ਹੋਇਆ । ਫੇਰ ਹੋਰ ਜੰਤ੍ਰਾਂ ਮੰਤ੍ਰਾਂ ਦਾ ਉਪਚਾਰ ਕੀਤਾ,ਪਰ ਸਭ ਨਿਸਫਲ ਗਏ।ਸਭ ਤਦਬੀਰਾਂ ਸਭ ਔਖਧੀਆਂ ਵਿਅਰਥ ਲਗਦੀਆਂ ਸਨ। ਟੂਣੇ ਜਾਦੂ ਇੰਦ੍ਰਜਾਲ ਕੋਈ ਸਾਰਥਕ ਨਾ ਹੋਏ ।

---

*੧. ਭਗਤੀ (ਜਿਨ੍ਹਾਂ ਨੂੰ) ਸੁਣੇ ਪ੍ਰਾਪਤ ਹੈ, ਉਨ੍ਹਾਂ ਦੇ ਜੋਗ ਦੀ ਤਾਂ ਲੋਕ ਸ਼ਲਾਘਾ ਕਰ ਰਹੇ ਹਨ, ਭਿਖਜਾ ਮੰਗਕੇ ਭੋਜਨ ਕਰਦੇ ਹਨ ਤੇ ਕਰਤਵਜ (ਉਨ੍ਹਾਂ ਦਾ ਇਹ ਹੈ ਕਿ ਹਰ ਵੇਲੇ)ਹਰੀ ਯਸ਼ ਗਾਇਨ ਵਿਚ (ਲਗੇ ਰਹਿੰਦੇ ਹਨ । ੨. ਮਹਾਨ ਸੰਤੋਖੀ, ਦੀਨਾਂ ਨੂੰ ਪਾਲਣ ਵਾਲੇ,ਸੰਤਾਂ ਵਿਚੋਂ ਸ੍ਰੇਸ਼ਟ, ਤਨ ਮਨ(ਜਿਨ੍ਹਾਂ ਦਾ ਰੂਹ ਸਦਾ ਵਿਚ ਲੱਗਾ ਰਹਿੰਦਾ ਹੈ ਤੇ ਰਸਨਾ ਹਰੀ ਸਿਮਰਨ ਵਿਚ । ੩. (ਵਾਹਿਗੁਰੂ ਜੀ ਨਾਲ) ਪ੍ਰੇਮ ਨਿਯਮ ਨਾਲ ਰਾਤ ਦਿਨੇ (ਨਿਭ ਰਿਹਾ ਹੈ), ਸਦਾ ਆਨੰਦ, ਸੁਖੀ ਤੇ ਖਿੜੇ ਮੱਥੇ (ਰਹਿੰਦੇ ਹਨ), ਧਰਮ ਵਿਚ (ਐਸੇ) ਪ੍ਰਧਾਨ ਹਨ ਜੈਸੇ (ਪਰਬਤਾਂ ਵਿਚ) ਸੁਮੇਰੂ ਪਰਬਤ । ੪. (ਮੇਰੇ) ਗੁਰਮੁਖ ਸ੍ਰੀ ਰਾਮ ਦਿਆਲ ਜੀ ਜਿਸ ਭੇਖ ਵਿਚ ਹਨ (ਉਸ ਨੂੰ) ਲੇਸ ਮਾਤ੍ਰ ਵੀ ਕਲੇਸ਼ ਨਹੀਂ ਹੈ; ਉਹ ਦੇਸ਼ਾਂ ਦੇਸ਼ਾਂ ਵਿਚ ਕੀਰਤੀ ਦੇ ਸਮੁੰਦਰ ਹਨ,(ਭਾਵ ਕੀਰਤੀ ਫੈਲੀ ਹੋਈ ਹੈ) । †ਸਿਆਹੀ । ‡ਸਮੁੰਦਰ । §ਕਲਮਾਂ । ¶ਸਮਾ ਨਹੀਂ ਸਕੇਗਾ ।

Digitized by Panjab Digital Library | www.panjabdigilib.org

ਸੋਭਾ ਸਿੰਘ ਹਕੀਮ ਨੇ ਇਲਾਜ ਕਰਨ ਲਈ ਬੇਨਤੀ ਕੀਤੀ,ਪਰ ਬਾਬੇ ਇਸ ਗੱਲ ਨੂੰ ਸ੍ਵੀਕਾਰ ਨਾ ਕੀਤਾ। ਇਸ ਦਾ ਕਾਰਣ ਇਹ ਸੀ ਕਿ ਇਨ੍ਹਾਂ ਦਿਨਾਂ ਵਿਚ ਹੀ ਪ੍ਰੇਮਣ ਗੁਜ਼ਰ ਗਈ ਸੀ ਤੇ ਉਹ ਸੋਭਾ ਸਿੰਘ ਦੀ ਗ਼ਲਤ ਦਵਾਈ ਦੇਣ ਕਰਕੇ। ਸੋਭਾ ਸਿੰਘ ਨੇ ਸ਼ਹਿਰ ਦੇ ਦਰਵਾਜ਼ਿਓਂ ਬਾਹਰ ਇਕ ਬਗੀਚੀ ਬਣਾਈ ਹੋਈ ਸੀ, ਜਿਸ ਵਿਚ ਉਸ ਨੇ ਕਈ ਕਿਸਮ ਦੀਆਂ ਬੂਟੀਆਂ ਲਗਾਈਆਂ ਹੋਈਆਂ ਸਨ। ਉਹ ਨਵੇਂ ਨਵੇਂ ਤਜਰਬੇ ਕਰਦਾ ਰਹਿੰਦਾ ਸੀ।ਉਸ ਕੋਲ ਇਕ ਕਿਤਾਬ ਬੁਧ ਸਿੰਘ ਦੀ ਅਨੁਵਾਦੀ ਹੋਈ 'ਕਲਪ ਤੰਤ੍ਰ' ਸੀ। ਸੋਭਾ ਸਿੰਘ ਦੀ ਬਗੀਚੀ ਵਿਚ ਇਕ ਕੋਨੇ ਵਲ ਉਹ ਪੌਦੇ ਲਗੇ ਹੋਏ ਸਨ ਜਿਨ੍ਹਾਂ ਦਾ ਜ਼ਿਕਰ ਕਲਪ ਤੰਤ੍ਰ ਵਿਚ ਹੈ। ਕਈ ਕਿਸਮ ਦੇ ਜਾਨਵਰ ਸਪ, ਨਿਉਲਾ, ਬਿੱਛੂ ਆਦਿਕ ਮਾਰ ਕੇ ਜ਼ਮੀਨ ਵਿਚ ਗਡੇ ਦਿੱਏ ਸਨ ਤੇ ਉਨ੍ਹਾਂ ਦੇ ਮੂੰਹ ਵਿਚ ਕਪਾਹ ਆਦਿਕ ਦੇ ਬੀਜ ਬੀਜੇ ਹੋਏ ਸਨ। ਐਸੀਆਂ ਪੈਦਾ ਹੋਈਆਂ ਬੂਟੀਆਂ ਤੋਂ ਦਵਾਈਆਂ ਤਿਆਰ ਹੁੰਦੀਆਂ ਸਨ*।

ਬਗੀਚੀ ਦੀ ਦੂਜੀ ਨੁੱਕਰ ਵਲ ਇਕ ਕੱਚਾ ਤਲਾ ਸੀ।ਏਸਦੇ ਕੰਢੇ ਬੈਠਕੇ ਮੋਈ ਮੱਛੀਨੂੰ ਜੀਉਂਦੇ ਕਰਨ ਦੇ ਤਜਰਬੇ ਹੁੰਦੇ ਰਹਿੰਦੇ ਸਨ। ਤ੍ਰੀਕਾ ਇਹ ਸੀ ਕਿ ਕਿਸੇ ਖਾਸ ਘੜੀ ਨਛੱਤ੍ਰ ਵੇਲੇ ਮੋਈ ਮੱਛੀ ਨੂੰ ਭਿਲਾਵੇ ਦਾ ਤੇਲ ਮਲ ਦਿੱਤਾ ਜਾਂਦਾ ਸੀ। ਫੇਰ ਤਲਾ ਵਿਚ ਸੁੱਟੀ ਜਾਂਦੀ ਸੀ। ਮੱਛੀ ਜਿਉਂ ਪੈਂਦੀ ਸੀ ਤੇ ਤਰਨ ਲਗ ਜਾਂਦੀ ਸੀ †।

ਏਸ ਮੱਛੀ ਤੋਂ ਫੇਰ ਦਵਾਈ ਤਿਆਰ ਕੀਤੀ ਜਾਂਦੀ ਸੀ, ਉਨ੍ਹਾਂ ਮਰੀਜ਼ਾਂ ਲਈ ਜੋ ਇਕ ਵੇਰ ਮਰ ਕੇ ਫੇਰ ਜੀਵੇ ਹੋਣ। ਪ੍ਰੇਮਣ ਨੂੰ ਸੋਭਾ ਸਿੰਘ ਉਪਰ ਇਤਬਾਰ ਆ ਚੁੱਕਾ ਸੀ, ਉਹ ਉਸ ਦਾ ਅੰਧਰਾਤਾ ਕੁਛ ਦੂਰ ਕਰ ਚੁਕਾ ਸੀ ਇਕ ਖਾਸ ਬਣਾਏ ਤਾਂਤ੍ਰਿਕ ਸੁਰਮੇ ਨਾਲ‡। ਸੋਭਾ ਸਿੰਘ ਦੀ ਦਵਾਈ, ਜੋ ਮੋਈ ਮੱਛੀ ਨੂੰ ਜਿਵਾਕੇ ਬਣਾਈ ਗਈ, ਪ੍ਰੇਮਣ ਖਾਕੇ ਮਰ ਗਈ ਸੀ।

ਚਾਹੇ ਬੜੇ ਬੜੇ ਹਕੀਮ ਸੋਭਾ ਸਿੰਘ ਦੀ ਬਗੀਚੀ ਨੂੰ ਦੇਖਣ ਆਉਂਦੇ ਸਨ, ਪਰ ਬਾਬਾ ਉਸ ਦੀਆਂ ਤਾਂਤ੍ਰਿਕ ਕਚਿਆਈਆਂ ਦਾ ਪੂਰਾ ਵਾਕਫ ਸੀ, ਬਾਬੇ ਨੇ ਇਸ ਕਰਕੇ ਸੋਭਾ ਸਿੰਘ ਨੂੰ ਇਲਾਜ ਕਰਨ ਦੀ ਇਜਾਜ਼ਤ ਨਾ ਦਿੱਤੀ।

ਬਾਬਾ ਅਪਣੇ ਜੋੜ ਤੋੜ ਜਦ ਕਰ ਹਟਿਆ, ਤਾਂ ਆਸ ਲਾਕੇ ਕੇਵਲ ਅਰਦਾਸ ਆਸਰੇ ਹੋ ਗਿਆ। ਉਸ ਦੀ ਇਸ ਵੇਲੇ ਦੀ ਲਿਖੀ ਹੋਈ ਏਨਤੀ ਬੜੀ ਦਰਦਨਾਕ ਹੈ। ਅਰਦਾਸ ਦੇ ਕਈ ਪੱਤ੍ਰੇ ਉਹ ਰੋਜ਼ ਆਪਣੇ ਹੱਥੀਂ ਲਿਖਣ ਲੱਗਾ। ਅਸੀਂ ਉਨ੍ਹਾਂ ਵਿਚੋਂ ਕੁਛ ਦੋਣਵੀਆਂ ਸਤਰਾਂ ਹੇਠ ਦੇਂਦੇ ਹਾਂ ਜਿਨ੍ਹਾਂ ਤੋਂ ਸਪਸ਼ਟ ਹੋ ਜਾਏਗਾ ਕਿ ਉਸ ਵੇਲੇ ਉਸ ਦੇ ਦਿਲ ਵਿਚ ਅਪਣੀ ਇਸਤ੍ਰੀ ਦੀ

---

*ਭੇਮਵਾਰ ਸਿਰ ਸਰਪ ਮੰਗਾਇ। ਤਾਂ ਕੋ ਗਾਡੈ ਭੂਚ ਮਹਿੰ ਜਾਇ।
ਬੀਜ ਕਪਾਸ ਤਾਸ ਮੁਖ ਬੋਇ। ਦੋਇ ਇਕਾਕੀ ਲਖੈ ਨ ਕੋਇ। [ਕਲਪ ਤੰਤ੍ਰ

†ਮੀਨ ਮ੍ਰਿਤਕ ਆਨੈ ਭਲੇ ਭਾਖੈਂ ਦੂਗਤ ਬਨਾਇ। ਤੇਲ ਭਿਲਾਵੇ ਮੀਨ ਕੋ ਲੇਪੈ ਮਛਲੀ ਕਾਇ।
ਜਲ ਮਹਿ ਡਾਰੇ ਸਫਰਿ ਕੈ ਤਤਖਿਨ ਜੀਵੈ ਸੋਇ। ਇੰਦ੍ਰਜਾਲ ਭਿਵਸ੍ਰੁ ਕਹਜੋ ਮ੍ਰਿਖਾ ਨ ਮਾਨੈ ਕੋਇ।੯। [ਕਲਪਤੰਤ੍ਰ

ਨੋਟ:-ਭਿਲਾਵੇ ਦਾ ਤੇਲ ਬੜੀ ਸਖਤ ਚੀਜ਼ ਹੁੰਦੀ ਹੈ। ਜਿਹੜੀ ਮੱਛੀ ਚਾਹਿਕਾ ਮਰ ਗਈ ਹੋਵੇ,ਪਰ ਅਜੇ ਉਸ ਦੀ ਕੁਛ ਜਾਨ ਬਾਕੀ ਹੋਵੇ, ਮੁਮਕਿਨ ਹੈ ਉਸ ਬਾਬਤ ਉਪਰਲੀ ਗੱਲ ਠੀਕ ਬੈਠਦੀ ਹੋਵੇ। ਤੇਲ ਦੀ ਤਲਖੀ ਜਿਸਮ ਨੂੰ ਲਗਕੇ ਕਿਸੇ ਅਜ਼ੀ ਛਿਪੀ ਜਾਨ ਨੂੰ ਮੁੜ ਸੁਰਜੀਤਤਾ ਵਿਚ ਲੈ ਆਉਂਦੀ ਹੋਵੇ।

ਭੁਲਾਵੇ ਨੂੰ Anacardium orientale (Marking Nut) ਕਹਿੰਦੇ ਹਨ। [ਲੇਖਕ

‡ਸੁਰਮੇ ਦੀ ਵਿਧਿ ਇਹ ਹੈ —
ਲੇਹੁ ਕਪਾਲ ਉਲੂਕ ਕੋ ਘ੍ਰਿਤ ਧਰ ਦੀਪਕ ਬਾਰ। ਕੱਜਲ ਤਾਂ ਅੰਜੈ ਦ੍ਰਿਗਨ ਬਿਧਵਤ ਤਾਂਹਿ ਉਪਾਰਿ।
ਰਜਨੀ ਤਮ ਮਹਿ ਪਾਠਈ ਪੁਸਤਕ ਅੱਛਰ ਦੇਖਿ। ਅਦਭੂਤ ਅੰਜਨ ਸ਼ਿਵ ਕਹਜ ਬੁਧਿ ਬਲ ਰਚੈ ਬਿਸੇਖ!

ਨੋਟ: - ਇਸ ਸੁਰਮੇ ਵਿਚ ਕੋਈ ਦਵਾਈ ਦੇ ਅਸਰ ਵਾਲੀ ਗੱਲ ਮਲੂਮ ਨਹੀਂ ਹੁੰਦੀ ਕੇਵਲ ਪੁਰੀਤੀ ਦੀ ਗਲ ਹੈ। ਕਪਾਲ ਉਲੂਕ ਤੋਂ ਮਤਲਬ ਉਲੂ ਦਾ ਸਿਰ ਹੈ। ਜਿਸ ਦਾ ਦੀਵਾ ਬਣਾਕੇ ਵਿਚ ਘਿਉ ਬਾਲਣਾ ਹੈ। [ਲੇਖਕ

Digitized by Panjab Digital Library | www.panjabdigilib.org

ਕਿਤਨੀ ਕਦਰ ਸੀ। ਅਰਦਾਸ ਈਸ਼ਰ ਦੀ ਸਰਬ ਸ਼ਕਤਿ ਸੱਤਾ ਅੱਗੇ ਸੀ:-

ਈਸ਼ੁਰ ਕੀ ਸ਼ਕਤੀ ਕਰਕੈ, ਹਰਤੀ ਦੁਖ ਲੋਕ ਤ੍ਰਿਲੋਕ ਕੀ ਰਾਨੀ।
ਭੂਤ ਸੰਘਾਰਬੋਨ ਤਵ ਕਾਰਜ ਦੇਵਨ ਹੂੰ ਮਿਲ ਦੇਵੀ ਬਖਾਨੀ।
ਰਾਵਨ ਸੈਨ ਸਮੇਤ ਹਨਜੋ, ਜਗ ਕੋ ਪ੍ਰਾਪਤ ਕੀ ਹਮ ਜਾਨੀ।
ਕੋਨ ਕਾਜ ਨ ਹੋਇ ਤੁਝੈ, ਈਸ਼ੁਰ ਕੀ ਸ਼ਕਤੀ ਪਰਧਾਨੀ॥ ੬੫॥

ਤਿਹ ਅਗੇ ਮੇਰੀ ਬੇਨਤੀ ਸੁਨੋ ਮਨ ਚਿਤ ਲਾਇ।
ਭਾਰਜਾ ਮਮ ਪਤਿਬ੍ਰਤਾ ਵਹ ਨਿਮਰ ਭਾਇ ਸੁ ਆਹਿ।
ਅਨਿੰਨ ਭਗਤਾ ਆਹਿ ਮੇਰੀ ਦਿਖੋ ਮਨ ਚਿਤ ਲਾਇ।
ਕਰਮ ਹੈ ਕਿ ਭਰਮ ਹੈ ਕਿ ਲਗੀ ਤਿਸਕੋ ਬਲਾਇ।
ਜੰਤ੍ਰ ਹੈ ਕਿ ਮੰਤ੍ਰ ਹੈ ਵਹ ਦੂਰ ਕੀਜੈ ਤਾਹਿ।
ਸਿੰਘ ਸਰਣ ਕਤ ਜਾਈਐ ਜੋ ਗੀਦ ਗ੍ਰਸਤੇ ਜਾਇੰ।
ਕਰਮ ਕੀ ਕਿ ਭਰਮ ਕੀ ਅਵਰ ਦੁਖ ਕੋਈ ਆਹਿ।
ਦੁਖ ਹੈ ਕਿ ਦਰਦ ਹੈ ਕਿ ਲਗੀ ਕੋਇ ਭਲਾਇ!
ਹਾਥ ਜੋੜ ਬਿਨੈ ਕਰਤਾ ਕਾਨ ਸਿੰਘ ਏ ਕਹੈ।
ਸਰਬ ਆਸਰੇ ਤਜਕੇ ਮੈਂ ਚਰਨ ਤੇਰੇ ਗਹੈ।
ਕਾਨ ਸਿੰਘ ਗੁਲਾਮ ਕੀ ਬੇਨਤੀ ਹੈ ਏਹੁ।
ਬਿਥਾ ਮੇਰੀ ਭਾਰਜਾ ਕੀ ਦੂਰ ਕਰਣੀ ਤੇਹੁ।

ਤੁਮ ਆਦਿ ਨ ਮੱਧ ਨ ਅੰਤ ਕਹੈ, ਸ਼ੁਭ ਅਚੁੱਤ ਆਤਮ ਦੇਵ ਅਹੋ।
ਕਛ ਨੇਹ ਅਨੇਹ ਨ ਦੇਹ ਅਦੇਹੁ, ਨ ਸੱਤ ਸਰੂਪ ਅਨੂਪ ਕਹੋ।
ਭਵ ਭਾਰ ਨਿਵਾਰਨ ਕੈ ਤਨ ਧਾਰਤ, ਆਰਤ ਕੇ ਦੁਖ ਦੁੰਦ ਦਹੋ।
ਅਬ ਬੰਦਤ ਹੌਂ ਕਰ ਜੋਰ ਸਦਾ, ਕਾਨ ਮੁਰੀਂਦ ਸੁਭਾਵ ਰਹੋ॥

ਹੌਲੀ ਹੌਲੀ ਬੇਬੇ ਦੀ ਬੀਮਾਰੀ ਨੇ ਨੰਗੇ ਪਾਸੇ ਵਲ ਪਲਟਾ ਖਾਧਾ ਤੇ ਉਹ ਵੱਲ ਹੋ ਗਈ!

੧੩.

ਅਸੀਂ ਹੁਣ ਅਗਲੇ ਕੁਛ ਕਾਂਡਾਂ ਵਿਚ ਕੁਛ ਉਹ ਹਾਲ ਦਰਜ ਕਰਦੇ ਹਾਂ ਜੋ ਸੰਨ ੧੮੪੫ ਤੋਂ ਲੈਕੇ ੧੮੬੫ ਈ: ਤੱਕ ਦੇ ਸਮਝੇ ਜਾਂਦੇ ਹਨ।

ਇਕ ਦਿਨ ਇਕ ਸ਼ਿਵ ਰਾਮ ਨਾਮੀ ਮਰੀਚ ਆਇਆ। ਇਹ ਜੁਵਾਨ ਲੜਕਾ ਸੀ, ਪਤਲਾ ਤੇ ਕਮਜ਼ੋਰ। ਇਸ ਨੂੰ ਕੰਨਾਂ ਦੀ ਤਕਲੀਫ ਸੀ। ਕੰਨਾਂ ਦਾ ਉਪਰਲਾ ਹਿੱਸਾ ਲਾਲ ਸੀ ਤੇ ਹੇਠੋਂ ਸੁੱਜ ਕੇ ਮੋਟੇ ਹੋਏ ਹੋਏ ਸਨ। ਸਾਰਾ ਪਤਲਾ ਮਾਸ ਅੰਦਰੋਂ ਪਾਕ ਨਾਲ ਭਰਪੂਰ ਸੀ।

ਸ਼ਿਵਰਾਮ ਨੇ ਅਪਣੀ ਦੁਖ ਭਰੀ ਵਿਥਿਆ ਸੁਣਾਈ। ਇਹ ਸਿਆਲਕੋਟ ਦੇ ਖੱਤ੍ਰੀਆਂ ਦਾ ਮੁੰਡਾ ਸੀ, ਜਿਸ ਨੂੰ ਛੋਟੀ ਉਮਰ ਵਿਚ ਇਕ ਜੋਗੀ ਦੇ ਰਸਾਇਣ ਦੇ ਚਮਤਕਾਰ ਦੇਖਕੇ ਸਾਧਾਂ ਨਾਲ ਮਿਲਣ ਦੀ ਚੇਟਕ ਲਗ ਗਈ ਸੀ। ਇਕ ਦਿਨ ਇਕ ਸਾਧਾਂ ਦੀ ਟੋਲੀ ਨਾਲ ਘਰੋਂ ਨਿਕਲ ਗਿਆ। ਉਨ੍ਹਾਂ ਨਾਲ ਫਿਰਦਾ ਫਿਰਾਂਦਾ ਪੁਣਛ ਦੀ ਰਿਆਸਤ ਵਿਚ ਪਹੁੰਚਾ। ਏਥੇ ਇਕ ਪਹਾੜ ਵਿਚ ਬਹੁਤ ਵੱਡੀ ਕੰਦ੍ਰ ਸੀ, ਜਿਸ ਵਿਚ ਜੋਗੀਸ਼ਰ ਸ਼ੰਭਰ ਨਾਥ ਦਾ ਡੇਰਾ ਸੀ। ਇਸ ਨਾਥ ਵਾੜੇ ਵਿਚ ਜਦ ਵਰ੍ਹਾ ਕੁ ਲੰਘ ਗਿਆ ਤਾਂ ਕੁਛ ਜੋਗੀਆਂ ਨੇ ਗੁਰੂ ਸ਼ੰਭਰ ਨਾਥ ਅੱਗੇ ਬੇਨਤੀ ਕੀਤੀ ਕਿ ਇਸ ਨਵੇਂ ਬਾਲਕੇ ਨੂੰ ਦੀਖਜਾ ਦਿੱਤੀ ਜਾਵੇ। ਦੀਖਜਾ ਲਈ ਦਿਨ ਮੁਕੱਰਰ ਹੋ ਗਿਆ। ਇਕ ਜੋਗੀ ਨੇ ਕਿੰਗ

Digitized by Panjab Digital Library | www.panjabdigilib.org

ਵਜਾਉਣੀ ਸ਼ੁਰੂ ਕੀਤੀ। ਇਕ ਹੋਰ ਨੇ ਮੱਜਰੀ ਚੋਈ ਸ਼ਰਾਬ ਬਿਲਾਂ ਦੀਆਂ ਬਣੀਆਂ ਠੂਠੀਆਂ ਵਿਚ ਭਰੀ, ਇਕ ਹੋਰ ਧਰਮਾਤਮਾ ਸ਼ਿਵ ਰਾਮ ਦੇ ਚਿਤ ਨੂੰ 'ਜੋਤ ਮਾਰਗ' ਵਿਚ ਜੋੜਨ ਲਈ ਸਮਾਧੀ ਲਾਕੇ ਕੋਲ ਬੈਠ ਗਿਆ। ਸ਼ਿਵ ਰਾਮ ਦਾ ਤਾਂਬਾ ਸਿਰ ਮੁੰਨਿਆ ਹੋਇਆ ਸੀ। 'ਅਮਰ ਨਿਧ' ਨਾਮ ਦਾ ਯੋਗੀ ਨਜ਼ਦੀਕ ਬੈਠਾ ਕੁਛ ਮੰਤ੍ਰ ਪੜ੍ਹ ਰਿਹਾ ਸੀ, ਜਿਸ ਦੀ ਆਵਾਜ਼ ਨਜ਼ਦੀਕ ਹੀ ਪੱਕ ਰਹੀ ਮਾਸ ਦੀ ਕੁੰਨੀ ਦੀ ਗੁੜਗੁੜ ਦੇ ਨਾਲ ਘੁਲਮਿਲ ਰਹੀ ਸੀ। ਇਕ ਹੋਰ 'ਸੁਰਤ ਸਿਧ' ਨਾਮ ਦੇ ਯੋਗੀ ਨੇ 'ਨਮਸ ਸ਼ਿਵਾਯ' 'ਨਮਸ ਸ਼ਿਵਾਯ' ਕਹਿੰਦਿਆਂ ਸੋਲੀ ਤੇ ਨਾਦੀ ਝੋਲੀ ਵਿਚੋਂ ਕੱਢ ਕੇ ਬਾਹਰ ਰੱਖੀਆਂ। ਗੁਰੂ ਸੰਭਰ ਨਾਥ ਨੇ ਉੱਚੀ ਅਵਾਜ਼ ਵਿਚ ਕਿਹਾ' ਆਲਖ!' ਸੁਰਤ ਸਿਧ ਨੇ ਜੁਵਾਬ ਦਿਤਾ, 'ਆਦੇਸ਼' ਤੇ ਇਹ ਕਹਿੰਦਿਆਂ ਹੀ ਇਕ ਲਿਸ਼ਕਦਾ ਛੁਰਾ ਕੱਢਿਆ। ਇਹ ਦੇਖਦਿਆਂ ਹੀ ਸ਼ਿਵਰਾਮ ਦੇ ਹਵਾਸ ਗੁੰਮ ਹੋ ਗਏ। ਜਦੋਂ ਹੋਸ਼ ਪਰਤੀ ਤਾਂ ਸ਼ਿਵ ਰਾਮ ਦੇ ਦੋਨੋਂ ਕੰਨ ਪਾਟੇ ਹੋਏ ਸਨ। ਲਹੂ ਅਜੇ ਵਗਦਾ ਸੀ। ਪਾਟੇ ਹੋਏ ਕੰਨਾਂ ਵਿਚ ਰੋਂਡੇ ਦੇ ਸਿੰਙ ਦੀਆਂ ਮੁੰਦਰਾਂ ਲਮਕ ਰਹੀਆਂ ਸਨ।

ਅੱਠ ਦਿਨ ਤੱਕ ਤਾਂ ਸ਼ਿਵ ਰਾਮ ਦਰਦ ਨਾਲ ਚੀਕਦਾ ਰਿਹਾ। ਗੁਰੂ ਨੇ ਬਹੁਤ ਸਮਝਾਇਆ ਕਿ ਤੂੰ ਆਪਣੇ ਮਨ ਨੂੰ ਇੰਦ੍ਰੀਆਂ ਤੋਂ ਵੱਖਰਾ ਕਰ ਲੈ, ਤੈਨੂੰ ਦਰਦ ਪ੍ਰਤੀਤ ਨਹੀਂ ਹੋਵੇਗਾ, ਪਰ ਸ਼ਿਵਰਾਮ ਦੀ ਪੀੜ ਬੜੀ ਤ੍ਰਿਖੀ ਸੀ। ਉਸਦਾ ਕੁਛ ਵੱਸ ਨਹੀਂ ਚਲਦਾ ਸੀ। ਸੁਰਤ ਸਿਧ ਜੋਗੀ ਨੇ ਆਖਿਆ ਦੇਖ, ਜਦੋਂ ਮੈਨੂੰ ਮੁੰਦਰਾਂ ਪਈਆਂ ਸਨ ਤਾਂ ਮੈਂ ਅਪਣੀਆਂ ਇੰਦ੍ਰੀਆਂ ਨੂੰ ਮਨ ਵਿਚ ਲੀਨ ਕਰ ਦਿੱਤਾ ਸੀ। ਏਸ ਤਰ੍ਹਾਂ ਕੰਨਾਂ ਤੋਂ ਪੀੜ ਹੱਟਕੇ ਮਨ ਵਿਚ ਆ ਗਈ। ਮਨ ਨੂੰ ਫੇਰ ਬੁੱਧੀ ਵਿਚ ਲਯ ਕਰ ਦਿੱਤਾ, ਤਦ ਉਹ ਪੀੜ ਕੇਵਲ ਬੁੱਧੀ ਵਿਚ ਰਹਿ ਗਈ।

ਸਾਰੇ ਨਾਥ ਵਾੜੇ ਵਿਚ ਸੁਰਤ ਸਿਧ ਬੜਾ ਲਾਇਕ ਯੋਗੀ ਸੀ। ਇਸ ਨੂੰ ਬਹੁਤ ਸਾਰਾ ਯੋਗ ਸਾਹਿਤਜ ਕੰਠ ਸੀ। ਇਹ ਕਾਵਜ; ਨਜਾਯ, ਵੇਦਾਂਤ ਸਭ ਘੋਖ ਚੁਕਾ ਸੀ। ਅਭਜਾਸੀ ਵੀ ਤਕੜਾ ਸੀ। ਇਸ ਨੇ ਬੜੇ ਵਿਸਤਾਰ ਨਾਲ ਸ਼ਿਵਰਾਮ ਨੂੰ ਸਮਝਾਇਆ ਕਿ ਦਰਦ ਜਦ ਮਨ ਵਿਚੋਂ ਹਟ ਕੇ ਬੁਧੀ ਵਿਚ ਜਾਂਦਾ ਹੈ ਤਾਂ ਉਹ ਪ੍ਰਤੱਖ ਦੇ ਭੂ ਮੰਡਲ ਵਿਚੋਂ ਨਿਕਲਕੇ ਅਨੁਮਾਨ ਦੇ ਆਕਾਸ਼ ਵਿਚ ਆਭਾਸ ਮਾਤ੍ਰ ਰਹਿ ਜਾਂਦਾ ਹੈ। ਬੁਧਿ ਨੂੰ ਜੇ ਫੇਰ ਆਤਮਾ ਵਿਚ ਲੀਨ ਕਰ ਦੇਈਏ ਤਾਂ ਸਾਰੇ ਕਲੇਸ਼ ਗੂੜ੍ਹੀ ਨੀਂਦ ਦੇ ਸੁਖ ਵਿਚ ਨਵਿਰਤ ਹੋ ਜਾਂਦੇ ਹਨ। ਜਾਗਣ ਉਪਰ ਜੇ ਕਦੇ ਉਹ ਪੀੜ ਯਾਦ ਵੀ ਆਵੇ ਤਾਂ ਉਹ ਬੁਧਿ ਦੇ ਅਨੁਮਾਨ ਵਿਚੋਂ ਨਿਕਲਕੇ ਆਤਮਕ ਮੰਡਲ ਵਿਚ ਉਪਮਾਨ ਬੰਨ੍ਹਕੇਅਲੰਕਾਰ ਮਾਤ੍ਰ ਰਹਿ ਜਾਂਦੀਹੈ*।

ਸ਼ਿਵਰਾਮ ਨੇ ਇਨ੍ਹਾਂ ਸਾਰੀਆਂ ਸਿਖ ਮਤਾਂ ਉੱਪਰ ਚੱਲਣ ਦੀ ਕੋਸ਼ਿਸ਼ ਕੀਤੀ, ਪਰ ਪੀੜ ਨਾ ਹਟੀ। ਪੀੜ ਨੂੰ ਪ੍ਰਤੱਖ ਵਿਚੋਂ ਚੁੱਕਕੇ ਪਹਿਲੇ ਅਨੁਮਾਨ ਵਿਚ ਬਦਲਣਾ ਫੇਰ ਉਪਮਾਨ ਵਿਚ ਪਲਟਣਾ ਬੜਾ ਪੇਚਦਾਰ ਕੰਮ ਸੀ। ਸ਼ਿਵਰਾਮ ਨੂੰ ਥੋੜ੍ਹਾ ਥੋੜ੍ਹਾ ਬੁਖਾਰ ਹੋ ਗਿਆ, ਜ਼ਖਮ ਵਧ ਗਿਆ, ਕੰਨ ਪੱਕ ਗਏ। ਇਕ ਰਾਤ ਬਡੇਰਾ ਜੇਹਾ ਹੋਇਆ ਹੋਇਆ ਗੁਰੂ ਸ਼ੰਭਰ ਨਾਥ ਦੇ ਆਸਣ ਵੱਲ ਗਿਆ ਤਾਂ ਓਥੇ ਉਸ ਦੇ ਪਾਸ ਤਿੰਨ ਜੋਗੀ ਹੋਰ ਬੈਠੇ ਹੋਏ ਗੱਲਾਂ ਬਾਤਾਂ ਕਰ ਰਹੇ ਸਨ। ਉਸ ਨੇ ਦੂਰੋਂ ਹੀ ਉਨ੍ਹਾਂ ਦੀ ਵਾਰਤਾਲਾਪ ਸੁਣੀ। ਇਕ ਨੇ ਕਿਹਾ ਸ਼ਿਵਰਾਮ ਦੇ ਕੰਨ ਬਹੁਤ ਖਰਾਬ ਹੋ ਗਏ ਹਨ। ਦੂਜੇ ਨੇ ਕਿਹਾ ਇਹ ਅਨਅਧਿਕਾਰੀ ਦੀ ਨਿਸ਼ਾਨੀ ਹੈ, ਅਧਿਕਾਰੀ ਦਾ ਕੰਨ ਕਦੇ ਨਹੀਂ ਪੱਕਦਾ। ਤੀਜੇ ਨੇ ਕਿਹਾ, ਹਾਂ, ਦੇਖੋ ਜਦੋਂ ਗੁਰੂ ਜਲੰਧਰ ਨਾਥ ਨੇ ਰਾਜਾ ਗੋਪੀ ਚੰਦ ਦੇ ਕੰਨ ਪਾੜੇ ਸਨ ਤਾਂ ਲਹੂ ਦੇ ਬਦਲੇ ਦੁੱਧ ਦੀ ਧਾਰ ਨਿਕਲੀ ਸੀ, ਸੰਪੂਰਨ ਅਧਿਕਾਰੀ ਐਸਾ ਹੁੰਦਾ ਹੈ†।

ਪਹਿਲੇ ਨੇ ਕਿਹਾ ਸਾਡੇ ਮਤ ਵਿਚ ਤਾਂ ਜੇ ਅਨਅਧਿਕਾਰੀ ਨੂੰ ਦੀਖਜਾ ਮਿਲ ਜਾਏ ਤਾਂ ਉਸਨੂੰ

---

*ਪ੍ਰਤਖ–Senses, ਅਨੁਮਾਨ–Inference, ਉਪਮਾਨ–Metaphor.

†ਗੋਪੀ ਚੰਦ ਬਾਬਤ ਆਮ ਮਸ਼ਹੂਰ ਹੈ:—

ਗੁਰੂ ਜੀ ਫਾੜਨ ਲਾਗੇ ਕਾਨ ਕੁਵਰ ਪਰ ਕਰਦ ਚਲਾਈ।
ਛੁਟੀ ਦੂਧ ਕੀ ਧਾਰ ਨਹੀਂ ਹੈ ਸੂਰਖੀ ਆਈ। [ਪੂਰਨ ਭਗਤ ਦਾਸ

Digitized by Panjab Digital Library | www.panjabdigilib.org

ਮਾਰ ਦੇਣਾ ਹੀ ਉਚਿਤ ਹੁੰਦਾ ਹੈ। ਤੀਜੇ ਨੇ ਕਿਹਾ, ਫੇਰ ਸ਼ਿਵਰਾਮ ਦੀ ਅਲਖ ਮੁਕਾਓ। ਦੂਜੇ ਨੇ ਕਿਹਾ ਸਿਰਫ ਗੁਰੂ ਜੀ ਦੇ ਹੁਕਮ ਦੀ ਡੇਰ ਹੈ, ਹੋਰ ਸਭ ਕੰਮ ਤਿਆਰ ਹੈ। ਇਹ ਕਹਿਕੇ ਸਾਰੇ ਜਣੇ ਗੁਰੂ ਜੀ ਵੱਲ ਤਕ ਕੇ ਇਕ ਸੁਰ ਵਿਚ ਬੋਲੇ 'ਆਦੇਸ਼'। ਗੁਰੂ ਨੇ ਮਹੀਨ ਸੁਰ ਵਿਚ ਕਹਿਣ ਲਈ ਥੋੜੇ ਜਿਹੇ ਬੁੱਲ੍ਹ ਖੋਲੇ। ਸ਼ਿਵਰਾਮ ਨੂੰ ਇਹ ਸੁਣਨ ਦੀ ਤਾਬ ਨਹੀਂ ਸੀ। ਵਾਹੋਦਾਹੀ ਨੱਸ ਪਿਆ। ਕਲੇਜਾ ਧੜਕ ਧੜਕ ਮੂੰਹ ਵਿਚ ਆਈ ਜਾਂਦਾ ਹੈ ਤੇ ਆਪ ਬੇਸੁਧੀ ਵਿਚ ਨਸੀ ਜਾਂਦਾ ਹੈ। ਕੁਛ ਦੇਰ ਬਾਦ ਉਸਨੂੰ ਇਕ ਕੱਚੀ ਸੜਕ ਉਤੇ ਅਖ਼ਰੋਟਾਂ ਦਾ ਲੱਦਿਆ ਗੱਡਾ ਜਾਂਦਾ ਮਿਲਿਆ।ਸ਼ਿਵਰਾਮ ਨੇ ਮਿੰਨਤ ਮੁਥਾਜੀ ਕਰਕੇ ਉਸ ਵਿਚ ਜਗ੍ਹਾ ਲਈ। ਰਾਤ ਭਰ ਗੱਡਾ ਚਲਦਾ ਰਿਹਾ। ਸ਼ਿਵਰਾਮ ਏਸ ਤਰ੍ਹਾਂ ਰੋਂਦਾ ਪਿਟਦਾ ਕਈ ਵਖਤਾਂ ਨਾਲ ਘਰ ਪਹੁੰਚ ਗਿਆ, ਪਰ ਕੰਨ ਵੱਲ ਨਾ ਹੋਏ। ਵੈਸਾਖੀ ਦੇ ਮੌਕੇ ਉੱਪਰ ਜਦ ਅੰਮ੍ਰਿਤਸਰ ਆਇਆ ਤਾਂ ਦਾਬੇ ਦੀ ਮਸ਼ਹੂਰੀ ਸੁਣਕੇ ਇਲਾਜ ਦਾ ਚਾਹਵਾਨ ਹੋਇਆ।

ਇਸ ਇਲਾਜ ਨਾਲ ਹੌਲੇ ਹੌਲੇ ਕੰਨ ਅੱਛੇ ਹੋਣ ਲਗ ਪਏ। ਇਕ ਦਿਨ ਜਦ ਦਵਾਈ ਲੈਣ ਆਇਆ ਤਾਂ ਕਹਿਣ ਲੱਗਾ:-

ਸ਼ਿਵਰਾਮ-ਬਾਬਾ ਜੀ, ਮੈਂ ਸੁਣਿਆ ਹੈ ਤੁਸੀਂ ਜੰਗਲਾਂ ਵਿਚ ਇਕੱਲੇ ਕਈ ਵਰ੍ਹੇ ਰਹੇ ਹੋ। ਮੈਂ ਭਾਵੇਂ ਸ਼ੰਭੂ ਨਾਥ ਦੇ ਡੇਰੇ ਵਿਚ ਸਾਂ, ਪਰ ਤਦ ਵੀ ਜਿਸ ਵੇਲੇ ਸੂਰਜ ਡੁਬਦਾ ਮੇਰਾ ਕਲੇਜਾ ਵੀ ਨਾਲ ਹੀ ਡੁਬ ਜਾਂਦਾ। ਇਕਲਿਆਂ ਤੁਹਾਨੂੰ ਕਦੇ ਡਰ ਨਹੀਂ ਆਇਆ?

ਬਾਬਾ-ਨਹੀਂ, ਅਸੀਂ ਸਾਧਨਾ ਕਰਦੇ ਰਹੇ।

ਸ਼ਿਵਰਾਮ-ਸਾਧਨਾਂ ਤਾਂ ਕਰਦੇ ਰਹੇ, ਪਰ ਰਾਮਚੰਦ੍ ਜੇਹਾ ਸਮਰੱਥ ਵੀ ਬਨ ਵਿਚ ਭਰਾ ਤੇ ਇਸਤ੍ਰੀ ਨੂੰ ਨਾਲ ਲੈ ਗਿਆ ਸੀ।

ਬਾਬਾ-ਜਿਸਤਰ੍ਹਾਂ ਮਰਛੀ ਆਖ ਲਵੋ, ਪਰ ਉਹ ਕੋਈ ਕੌਤਕ ਦਾ ਨਾਟਕ ਸੀ, ਜਿਸ ਵਿਚ ਉਹ ਆਪਣੀ ਮਿਥੀ ਲੀਲ੍ਹਾ ਕਰਨ ਗਏ ਸਨ।

ਸ਼ਿਵਰਾਮ- ਜੇ ਜੰਗਲਾਂ ਵਿਚ ਨਾਟਕ ਅਤੇ ਲੀਲ੍ਹਾ ਦੇ ਤਮਾਸ਼ੇ ਹੁੰਦੇ ਤਦ ਤਾਂ ਮੈਂ ਵੀ ਸ਼ੌਂਕ ਨਾਲ ਬੈਠਾ ਰਹਿੰਦਾ, ਪਰ ਉਥੇ ਤਾਂ ਸ਼ੇਰ; ਸੱਪ, ਬਘਿਆੜ, ਭੂਤ, ਪ੍ਰੇਤ, ਰਾਖਸ਼, ਹਰ ਪ੍ਰਕਾਰ ਦੇ ਭਯਾਨਕ ਡਰ ਸਨ। ਮੈਨੂੰ ਤਾਂ ਹੁਣ ਉਨ੍ਹਾਂ ਦਾ ਨਾਂ ਲੀਤਿਆਂ ਵੀ ਕਾਂਬਾ ਛਿੜ ਜਾਂਦਾ ਹੈ। ਤੁਸੀਂ ਕਿੱਕੂਣ ਉਨ੍ਹਾਂ ਵਿਚ ਝੱਟ ਗੁਜ਼ਾਰ ਲੀਤਾ?

ਬਾਬਾ-ਅਸੀਂ ਕੁਦਰਤ ਵਿਚ ਉਸੇ ਦਾ ਰੂਪ ਹੋਕੇ ਲੀਨ ਹੋ ਗਏ ਸਾਂ।

ਇਹ ਗੱਲ ਸੁਣਕੇ ਸ਼ਿਵਰਾਮ ਹੈਰਾਨ ਜਿਹਾ ਹੋਗਿਆ, ਫੇਰ ਕਹਿਣ ਲੱਗਾ, ਇਹ ਗੱਲ ਮੈਨੂੰ ਭੀ ਸਿਖਾ ਦਿਓ, ਮੇਰੇ ਵੀ ਡਰ ਭੈ ਲੱਥ ਜਾਣ।

ਬਾਬਾ-ਸਾਨੂੰ ਜੰਗਲਾਂ ਵਿਚ ਰਹਿਕੇ, ਬਨਸਪਤੀ ਤੇ ਹੋਰ ਜੜ੍ ਚੇਤਨ ਤੱਤਾਂ ਨੂੰ ਤੱਕਕੇ, ਪਹਿਲੋਂ ਇਹ ਅਨੁਭਵ ਹੋਇਆ ਕਿ ਜੋ ਕੁਛ ਕੁਦਰਤ ਵਿਚ ਵਰਤ ਰਿਹਾ ਹੈ ਉਹ ਸਾਰੇ ਦਾ ਸਾਰਾ ਸਾਡੇ ਅੰਦਰ ਵਿਦਮਾਨ ਹੈ ਅਤੇ ਜੋ ਕੁਛ ਸਾਡੇ ਅੰਦਰ ਹੈ ਉਹ ਸਾਰੇ ਦਾ ਸਾਰਾ ਬਾਹਰ ਕੁਦਰਤ ਵਿਚ ਪਸਰਿਆ ਹੋਇਆ ਹੈ।

ਸ਼ਿਵਰਾਮ-ਇਹ 'ਅਨੁਭਵ' ਵਾਲੀ ਗੱਲ ਤਾਂ ਬੜੀ ਸੋਖੀ ਹੈ, ਇਸ ਵਿਚ ਤਾਂ ਕੋਈ ਕਸ਼ਟ ਨਹੀਂ ਦਿੱਸਦਾ। ਮੈਨੂੰ ਤਾਂ ਕਈਆਂ ਇਹ ਸਿਖਾਇਆ ਸੀ ਕਿ ਪਹਿਲੇ ਮਨ ਨੂੰ ਇੰਦ੍ਰੀਆਂ ਤੋਂ ਵੱਖ ਕਰ ਦੇ, ਕਹਿਣ ਲੱਗੇ ਇਹ ਗੱਲ ਪ੍ਰਾਣਾਯਾਮ ਨਾਲ ਹੋ ਜਾਂਦੀ ਹੈ। ਪਰ ਮੈਂ ਜਦੋਂ ਵੀ ਇਕ ਘੜੀ ਤੋਂ ਵੱਧ ਪ੍ਰਾਣਾਯਾਮ ਕੀਤਾ ਮੇਰਾ ਦਿਲ ਡੇਰ ਬਡੇਰ ਹੋ ਗਿਆ, ਪਰ ਜਿਹੜੀ ਗੱਲ ਤੁਸੀਂ ਕਹੀ ਹੈ ਇਹ ਬਹੁਤ ਸਹਿਲ ਹੈ। ਕੀ ਏਸ ਤਰ੍ਹਾਂ ਬਰੀਰ ਪਵਨ ਸਾਧੇ ਦੇ ਕੁਦਰਤ ਨਾਲ ਏਕਤਾ ਹੋ ਜਾਂਦੀ ਹੈ?

ਬਾਬਾ-ਪਹਿਲੇ ਦੋ ਵਰ੍ਹੇ ਤਾਂ ਸਾਡਾ ਅਨੁਭਵ ਏਸ ਏਕਤਾ ਵਾਲਾ ਹੀ ਰਿਹਾ, ਸਾਨੂੰ ਭਾਸਦਾ ਰਿਹਾ ਕਿ ਇਹ ਕੁਦਰਤ ਸਾਰੀ ਸਾਡਾ ਸ਼ਰੀਰ ਹੈ ਤੇ ਅਸੀਂ ਆਪ ਇਸ ਦੇ ਪ੍ਰਾਣ ਹਾਂ। ਸਾਡਾ ਸਾਹ,

Digitized by Panjab Digital Library | www.panjabdigilib.org

ਜੋ ਅੰਦਰ ਬਾਹਿਰ ਆ ਜਾ ਰਿਹਾ ਹੈ, ਉਹ ਤਾਲ ਪੂਰ ਰਿਹਾ ਹੈ ਉਸ ਸੁਰ ਨਾਲ ਜੋ ਸਾਰੀ ਕੁਦਰਤ ਦੀ ਨਬਜ਼ ਵਿਚ ਚੱਲ ਰਹੀ ਹੈ। ਏਸ ਤਰ੍ਹਾਂ 'ਸੁਰ ਤਾਲ' ਦੀ ਅਭੇਦਤਾ ਵਿਚ ਅਸੀਂ ਕੁਦਰਤ ਨਾਲ ਏਕਤਾ ਦੇ ਸਾਧਨ ਵਿਚ ਰਹੇ। ਪਰ ਤੀਜੇ ਵਰ੍ਹੇ ਸਾਨੂੰ ਇਸ ਅਭੇਦਤਾ ਵਿਚ ਕੁਝ ਘਾਟਾ ਵਾਧਾ ਖਟਕਣ ਲੱਗਾ।

ਸ਼ਿਵਰਾਮ–ਤੀਜੇ ਵਰ੍ਹੇ ਸਭੋਂ ਏਕਤਾ ਵਾਲ਼ੀ ਬਿਤੀ ਹੋਰ ਪਰਪੱਕ ਹੋਣੀ ਚਾਹੀਦੀ ਸੀ!

ਬਾਬਾ–ਸੋ ਨਾ ਦੱਸੀ, ਸਾਨੂੰ ਇਹ ਖਟਕਣ ਲੱਗ ਗਿਆ ਕਿ ਕੁਦਰਤ ਵਿਚ ਲੀਨ ਹੋਕੇ ਵੀ ਸਾਡੇ ਅੰਦਰ ਕੁਛ ਚੀਜ਼ ਬਾਕੀ ਰਹਿ ਜਾਂਦੀ ਹੈ ਜੋ ਬਾਹਰ ਦੀ ਕੁਦਰਤ ਵਿਚ ਹੈ ਹੀ ਨਹੀਂ, ਉਹ ਵੱਖਰੀ ਦੀ ਵੱਖਰੀ ਅਲੀਨ ਹੈ।

ਸ਼ਿਵਰਾਮ–ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ ਕਿ ਸਾਡੇ ਅੰਦਰ ਕੋਈ ਐਸੀ ਵੱਖਰੀ ਚੀਜ਼ ਵੀ ਹੋਵੇ ਜੋ ਕੁਦਰਤ ਵਿਚ ਨਹੀਂ। ਸੁਰਤ ਸਿਧ ਜੋਗੀ ਕਹਿੰਦਾ ਹੁੰਦਾ ਸੀ ਕਿ ਇਹ ਸਾਰਾ ਨਾਦ ਬਿੰਦੂ ਦਾ ਪਸਾਰਾ ਹੈ, ਜਿਹਾ ਅੰਦਰ ਤਿਹਾ ਬਾਹਰ।

ਬਾਬਾ–ਅਨੁਭਵ ਏਸ ਤਰ੍ਹਾਂ ਹੀ ਹੋਇਆ, ਪਰ ਵਰ੍ਹੇ ਕੁ ਪਿਛੋਂ ਇਹ ਵੀ ਅਧੂਰਾ ਜਾਪਿਆ। ਹੁਣ ਦਿੱਸਣ ਲੱਗ ਪਿਆ ਕਿ ਕੁਦਰਤ ਵਿਚ ਵੀ ਕੁਛ ਐਸੀ ਹੋਰ ਵੱਖਰੀ ਵਸਤੂ ਹੈ ਜੋ ਸਾਡੇ ਅੰਦਰ ਹੈ ਹੀ ਨਹੀਂ।

ਸ਼ਿਵਰਾਮ–ਇਹ ਤਾਂ ਖੂਬ ਤਮਾਸ਼ਾ ਬਣ ਗਿਆ। ਪਹਿਲੇ ਤਾਂ ਉਹ ਚੀਜ਼ਾਂ ਹਨ ਜੋ ਤੁਹਾਡੇ ਅੰਦਰ ਵੀ ਹਨ ਤੇ ਕੁਦਰਤ ਵਿਚ ਵੀ ਤੇ ਦੋਨੋਂ ਆਪਸ ਵਿਚ ਏਕਤਾ ਕਰ ਲੈਂਦੀਆਂ ਹਨ, ਫੇਰ ਤੁਹਾਡੇ ਵਿਚ ਇਕ ਵੱਖਰਾ ਹਿੱਸਾ ਹੈ ਜੋ ਕੁਦਰਤ ਵਿਚ ਨਹੀਂ ਤੇ ਕੁਦਰਤ ਵਿਚ ਇਕ ਹੋਰ ਵੱਖਰਾ ਜੋ ਤੁਹਾਡੇ ਵਿਚ ਨਹੀਂ।

ਬਾਬਾ–ਇਹ ਐਉਂ ਹੋਇਆ ਜਿਸ ਤਰ੍ਹਾਂ ਕੁਦਰਤ ਇਕ ਚੋਗਾ ਹੈ ਜੋ ਅਸੀਂ ਪਹਿਨ ਲਿਆ ਤੇ ਉਸਦੀ ਕੱਜ ਵਿਚ ਅਸੀਂ ਲੀਨ ਤਾਂ ਹੋ ਗਏ ਪਰ ਝੱਟ ਹੀ ਪਤਾ ਲੱਗ ਗਿਆ ਕਿ ਏਸ ਚੋਗੇ ਦੀਆਂ ਬਾਹਾਂ ਛੋਟੀਆਂ ਹਨ ਤੇ ਸਾਡੀਆਂ ਬਾਹਾਂ ਅਰਕਾਂ ਤੋਂ ਅਗਾਹਾਂ ਨੰਗੀਆਂ ਰਹਿ ਗਈਆਂ ਹਨ। ਫੇਰ ਦਿੱਸ ਪਿਆ ਕਿ ਇਸ ਚੋਗੇ ਨੂੰ ਲੰਮੇ ਲੰਮੇ ਖੀਸੇ ਲੱਗੇ ਹੋਏ ਹਨ। ਇਹ ਵਾਧੂ ਤੇ ਫਾਲਤੂ ਚੀਜ਼ ਲੱਗਦੀ ਸੀ। ਖੀਸੇ ਢਿਲਕਵੇਂ ਤੇ ਬਾਹਰਵਾਰ ਨੂੰ ਲਮਕਵੇਂ ਸਨ, ਭਾਰੇ ਸਨ ਤੇ ਬੋਝਲ ਜਿਹੇ ਸਨ। ਬਹੁਤ ਦੇਰ ਲੱਗੀ ਇਹ ਸਮਝਣ ਲਈ ਕਿ ਚੋਗੇ ਦੀਆਂ ਇਹ ਗੁਪਤ ਕੈਦ੍ਹਾਂ ਕੀ ਬਲਾਵਾਂ ਹਨ। ਨੰਗੀਆਂ ਬਾਹਵਾਂ ਖੀਸਿਆਂ ਵਿਚ ਪੂਰੀਆਂ ਕੱਜੀਆਂ ਗਈਆਂ। ਬੇਝੇ ਕੁਦਰਤ ਦੇ ਭੇਦਾਂ ਦੇ ਖਜ਼ਾਨੇ ਨਾਲ ਭਰਪੂਰ ਸਨ।

ਸ਼ਿਵਰਾਮ–ਕੁਦਰਤ ਦੇ ਭੇਦਾਂ ਦੇ ਖਜ਼ਾਨੇ ਤੁਹਾਨੂੰ ਲੱਭ ਪਏ?

ਬਾਬਾ–ਇਹ ਤਦ ਲੱਭਦੇ ਹਨ ਜਦੋਂ ਅੰਦਰ ਦਾ ਅਲੀਨ ਤੱਤ ਬਾਹਰ ਦੇ ਅਲੀਨ ਤੱਤ ਵਿਚ ਲੀਨ ਹੋ ਜਾਵੇ। ਫੇਰ ਨਾ ਡਰ ਰਹਿੰਦਾ ਹੈ, ਨਾ ਭੈ ਰਹਿੰਦਾ ਹੈ, ਸਾਰੇ ਭੇਦਾਂ ਦੇ ਪਰਦੇ ਖੁਲ੍ਹ ਜਾਂਦੇ ਹਨ।

ਸ਼ਿਵਰਾਮ–ਸਾਰਿਆਂ ਤੋਂ ਵੱਡਾ ਕੁਦਰਤ ਦਾ ਭੇਦ ਕੀ ਹੈ?

ਬਾਬਾ–ਰਸਾਇਣ।

ਸ਼ਿਵਰਾਮ–ਰਸਾਇਣ ਨਾਲ ਸੋਨਾ ਬਣ ਸਕਦਾ ਹੈ?

ਬਾਬਾ–ਰਸਾਇਣ ਨਾਲ ਸਭ ਕੁਛ ਬਣ ਸਕਦਾ ਹੈ। ਜਿਹੜਾ ਸੋਨਾ ਖਾਣਾਂ ਵਿਚ ਪਿਆ ਹੈ ਉਹ ਵੀ ਕੁਦਰਤ ਦੀ ਰਸਾਇਣ ਨੇ ਹੀ ਬਣਾਇਆ ਹੈ। ਇਹ ਸਾਰੇ ਜੜ੍ਹ ਜੰਗਮ, ਇਹ ਸੰਸਾਰ ਦੀ ਅਨੇਕਤਾ, ਇਹ ਵਧਣਾ, ਮੋਲਣਾ, ਫੁੱਲਣਾ, ਇਹ ਬੱਦਲ, ਹਵਾ ਤੇ ਅਸਮਾਨ ਵਿਚ ਲਟਕੇ ਹੋਏ ਇੰਦਰ ਧਨੁਖ ਦੇ ਅਨੇਕ ਰੰਗ ਇਹ ਸਾਰੇ ਹੀਰੇ ਜਵਾਹਰਾਤ ਕੁਦਰਤ ਦੀ ਰਸਾਇਣ-ਕ੍ਰਿਯਾ ਦੇ ਚਮਤਕਾਰ ਹਨ।

Digitized by Panjab Digital Library | www.panjabdigilib.org

ਸ਼ਿਵਰਾਮ–ਨਹੀਂ ਜੀ ਇਹ ਤੇ ਗੱਲਾਂ ਹੋਰ ਹੋਈਆਂ, ਤੁਸੀਂ ਇਹ ਦੱਸੋ, ਇਨ੍ਹਾਂ ਸਾਰੀਆਂ ਰਸਾਇਣਾਂ ਵਿਚੋਂ ਤੁਸੀਂ ਕਿਹੜੀ ਕਰ ਸਕਦੇ ਹੋ? ਇਹ ਗੱਲ ਸੁਣਦਿਆਂ ਬਾਬੇ ਨੇ ਅੱਖਾਂ ਮੀਟ ਲਈਆਂ, ਥੋੜ੍ਹਾ ਚਿਰ ਕੁਛ ਨਾ ਬੋਲਿਆ। ਬਾਬਾ ਅਪਣੇ ਅੰਦਰ ਚਲ ਰਹੀ ਕਵਿਤਾ ਦੀ ਮਸਤੀ ਵਿਚ ਬੇਖੁਦ ਹੁੰਦਾ ਜਾ ਰਿਹਾ ਸੀ, ਉਸ ਦੇ ਅੰਦਰ ਕੋਮਲ ਉਨਰ ਦੀ ਰਸਾਇਣ ਕੰਮ ਕਰ ਰਹੀ ਸੀ ਜੋ ਮਨ ਨੂੰ ਬਾਣੀ ਵਿਚ ਢਾਲਕੇ ਫੇਰ ਭਾਵ ਦੇ ਸੱਚੇ ਵਿਚ ਮੂਰਤੀਮਾਨ ਕਰਦੀ ਹੈ। ਥੋੜ੍ਹੇ ਚਿਰ ਪਿਛੋਂ ਬਾਬਾ ਬੜੀ ਗੰਭੀਰ ਸੁਰ ਵਿਚ ਬੋਲਿਆ:–

ਸਭੀ ਰਸਾਯਣ ਤਜਾਗ ਕਰ ਏਕ ਰਸਾਯਣ ਕੀਨ।
ਰਾਮ ਰਸਾਯਣ ਅਤਿ ਭਲੀ ਜੋ ਗੁਰ ਮੋਕੋ ਦੀਨ।
ਰੰਚਕ ਮਨ ਕੇ ਸੰਜਰੇ ਨੇਤਰ ਰੰਜਨ ਹੋਇ।
ਦ੍ਰਿਸ਼ਟਿ ਪੜੇ ਜਹਿੰਸ੍ਰਿਸ਼ਟਿ ਪੈ ਸਭ ਜਗ ਕੰਚਨ ਸੋਹਿ।

ਇਹ ਪੜ੍ਹਦਿਆਂ ਪੜ੍ਹਦਿਆਂ ਬਾਬਾ ਆਪਣੇ ਕਹੇ ਦੇ ਅਰਥ ਭਾਵ ਵਿਚ ਏਕਾਗ੍ਰ ਹੁੰਦਾ ਹੁੰਦਾ ਧਿਆਨ ਮਗਨ ਹੋ ਗਿਆ। ਸ਼ਿਵਰਾਮ ਘੰਟਾ ਭਰ ਉਡੀਕ ਕੇ ਚਲਾ ਗਿਆ। ਸ਼ਾਮ ਵੇਲੇ ਦਵਾਈ ਲੈਣ ਲਈ ਫੇਰ ਮੁੜਿਆ ਤਾਂ ਬਾਬਾ ਅਜੇ ਮਗਨ ਬੈਠਾ ਸੀ।

੧੪.

ਸ਼ਿਵਰਾਮ ਦੇ ਜਦ ਕੰਨ ਬਿਲਕੁਲ ਵੱਲ ਹੋ ਗਏ ਤਾਂ ਇਹ ਵਾਪਸ ਸਿਆਲਕੋਟ ਚਲਾ ਗਿਆ। ਇਸਦਾ ਵੱਡਾ ਭਰਾ ਗੌਰੀ ਸ਼ੰਕਰ ਸੰਸਕ੍ਰਿਤ ਪੜ੍ਹਿਆ ਵਿਦਵਾਨ ਸੀ। ਆਉਂਦੀ ਦੀਵਾਲੀ ਨੂੰ 'ਏਹ ਵੀ ਬਾਬੇ ਨੂੰ ਮਿਲਣ ਆ ਗਿਆ। ਨਾਲ ਸ਼ਿਵਰਾਮ ਸੀ। ਬਾਬਾ ਸ਼ਿਵਰਾਮ ਨੂੰ ਦੇਖਕੇ ਪਛਾਣ ਨਾ ਸਕਿਆ। ਇਹ ਹੁਣ ਵੱਡਾ ਸਾਰਾ ਪੱਗੜ ਸਿਰ ਉਪਰ ਬੰਨ੍ਹਕੇ ਰਖਦਾ ਸੀ ਤਾਂ ਜੋ ਕੰਨ ਸਾਰੇ ਲੁੱਕੇ ਰਹਿਣ। ਸ਼ਿਵਰਾਮ ਨੂੰ ਡਰ ਸੀ ਕਿ ਕਿਤੇ ਪਾਟੇ ਹੋਏ ਕੰਨ ਵੇਖਕੇ ਜੋਗੀ ਪਛਾਣ ਨਾ ਲੈਣ। ਕੰਨਾਂ ਦੇ ਜ਼ਖਮ ਭਾਵੇਂ ਵੱਲ ਹੋ ਗਏ ਸਨ, ਪਰ ਝਰੋਖੇ ਜਿੱਡੇ ਵਿੱਧੇ ਹੋਏ ਛੇਕ ਕਿਸੇ ਤਰ੍ਹਾਂ ਹਟ ਨਹੀਂ ਸਕਦੇ ਸਨ। ਕੰਨਾਂ ਜਿੱਡਾ ਹੀ ਮੋਟਾ ਛੇਕ ਸ਼ਿਵਰਾਮ ਦੇ ਹਿਰਦੇ ਵਿਚ ਸੀ। ਇਸ ਦੇ ਦਿਲ ਵਿਚ ਇਹ ਦਾਗ਼ ਪੈ ਗਿਆ ਸੀ ਕਿ ਮੈਂ 'ਭ੍ਰਿਸ਼ਟ ਯੋਗੀ' ਹਾਂ। ਏਸ ਲੁਕੀ ਹੋਈ ਅੰਦਰਲੀ ਕਾਲਕ ਨੇ ਸ਼ਿਵਰਾਮ ਨੂੰ ਨਿਕੰਮਾ ਕਰ ਦਿਤਾ ਸੀ। ਉਹ ਆਪਣੇ ਆਪ ਨੂੰ ਕਿਸੇ ਵੀ ਚੀਜ਼ ਦਾ ਅਧਿਕਾਰੀ ਨਹੀਂ ਸਮਝਦਾ ਸੀ। ਜੇ ਕਿਸੇ ਵੀ ਕੰਮ ਨੂੰ ਹੱਥ ਪਾਉਂਦਾ ਤਾਂ ਪੰਦਰਾਂ ਵੀਹ ਦਿਨਾਂ ਬਾਦ ਉਸ ਤੋਂ ਅੱਕ ਜਾਂਦਾ। ਉਸ ਕੰਮ ਨੂੰ ਛੱਡ ਕੇ ਫੇਰ ਕੁਛ ਹੋਰ ਕਰਦਾ। ਓਥੋਂ ਵੀ ਉਸ ਨੂੰ ਹਿਰਦੇ ਦੇ ਛੇਕ ਵਿਚੋਂ ਨਿਕਲਦੀ ਇਕ ਆਵਾਜ਼ ਆਉਂਦੀ ਜੋ ਕੰਨਾਂ ਦੇ ਛੇਕ ਵਿਚ ਵੜਕੇ ਇਹ ਆਖਦੀ, 'ਤੇਰਾ ਪ੍ਰਾਣਾਯਾਮ ਨਹੀਂ ਸਾਧਿਆ ਗਿਆ ਤੂੰ ਯੋਗ-ਭ੍ਰਿਸ਼ਟ ਹੈਂ।'

ਗੌਰੀ ਸ਼ੰਕਰ ਜਦ ਬਾਬੇ ਨੂੰ ਮਿਲਣ ਗਿਆ ਤਾਂ ਬਾਬਾ ਉਸ ਦਿਨ ਠਾਕਰਾਂਦੀ ਪੂਜਾ ਵਿਚ ਲੱਗਾ ਸੀ। ਗੌਰੀ ਸ਼ੰਕਰ ਨੂੰ ਇਕ ਨਵੇਂ ਮਤ ਦੀ ਪਾਨ ਚੜ੍ਹੀ ਹੋਈ ਸੀ। ਗੌਰੀ ਸ਼ੰਕਰ ਨੇ ਕਿਹਾ ਬਾਬਾ ਜੀ, ਮੈਂ ਤੇ ਸ਼ਿਵਰਾਮ ਕੋਲੋਂ ਤੁਹਾਡੇ ਗਯਾਨ ਦੀਆਂ ਗੱਲਾਂ ਸੁਣਕੇ ਹੈਰਾਨ ਰਹਿ ਗਿਆ ਸੀ, ਤੇ ਮੈਂ ਅੱਖੀਂ ਦਰਸ਼ਨ ਕਰਨ ਆਇਆ ਸੀ ਕਿ ਐਸ ਜ਼ਮਾਨੇ ਵਿਚ ਵੀ ਕੋਈ ਇਤਨੇ ਅਨੁਭਵ ਵਾਲਾ ਬੰਦਾ ਹੈ, ਪਰ ਇਹ ਆਪ ਦੀ ਠਾਕਰ ਪੂਜਾ ਦੇਖਕੇ ਚਿੱਤ ਵਿਚ ਬੜੀ ਹੈਰਾਨੀ ਹੋਈ ਹੈ ਕਿ ਆਪ ਦੇ ਇਤਨੇ ਗਯਾਨਵਾਨ ਹੁੰਦਿਆਂ ਵੀ ਆਪ ਇਹ ਪੱਥਰਾਂ ਦੇ ਠਾਕਰ ਦੀ ਪੂਜਾ ਕਰਦੇ ਹੋ।

ਬਾਬਾ–ਭਾਈ, ਇਹ ਠਾਕੁਰ ਸਾਨੂੰ ਸਾਡੇ ਗੁਰੂ ਨੇ ਦਿੱਤਾ ਸੀ।

ਗੌਰੀ ਸ਼ੰਕਰ–ਤਦ ਕੀ ਹੋ ਗਿਆ ?

ਬਾਬਾ–ਗੁਰੂ ਕਹਿੰਦਾ ਸੀ ਇਹ ਉਹੋ ਠਾਕੁਰ ਹੈ ਜੋ ਧੰਨੇ ਭਗਤ ਦੀ ਚੱਕੀ ਫੇਰਦਾ ਸੀ।

Digitized by Panjab Digital Library | www.panjabdigilib.org

ਗੌਰੀ ਸ਼ੰਕਰ–ਤੁਹਾਡੀ ਵੀ ਕਦੇ ਚੱਕੀ ਫੇਰੀ ਸੂ ?

ਬਾਬਾ–ਹਾਂ, ਸਾਡੀ ਚੱਕੀ ਰੋਜ਼ ਫੇਰਦਾ ਹੈ।

ਗੌਰੀ ਸ਼ੰਕਰ–ਕਿੱਦਾਂ ?

ਬਾਬਾ–ਧੰਨੇ ਦੀ ਚੱਕੀ ਤੇ ਹੋਲੀ ਜੇਹੀ ਸੀ, ਸਾਡੀ ਭਾਰੀ ਹੈ, ਇਸ ਦਾ ਏਡ ਮਨ ਕੱਚਾ ਹੈ।ਇਹ ਠਾਕਰ ਮਨ ਦੀ ਚੱਕੀ ਫੇਰਦਾ ਹੈ।

ਗੌਰੀ ਸ਼ੰਕਰ–ਮਨ ਤੇਂ ਤੁਹਾਡਾ ਮਤਲਬ ਕੀ ਹੈ ?

ਬਾਬਾ–ਬੱਸ, ਇਹ ਠਾਕਰ ਮਨ ਦੀ ਚੱਕੀ ਫੇਰਦਾ ਹੈ।

ਗੌਰੀ ਸ਼ੰਕਰ ਇਸ ਫਿਕਰੇ ਉਪਰ ਚਮਤਕ੍ਰਿਤ ਜੇਹਾ ਰਹਿਗਿਆ।ਬਾਬੇ ਦੇ ਲਫਜ਼ ਮਨ ਦੇ ਅਰਥਾਂ ਨੂੰ 'ਚਾਲੀ ਸੇਰ' ਦੇ ਹੇਠੋਂ ਚੁੱਕ ਕੇ 'ਦਿਲ' ਦੇ ਅੰਤ੍ਰੀਵ ਭਾਵ ਦਾ ਇਸ਼ਾਰਾ ਕਰ ਰਹੇ ਸਨ। ਫੇਰ ਕਿਹਾ ਸੂ, ਮੈਂ ਤੇ ਇਹ ਪ੍ਰਸ਼ਨ ਕਰਨ ਆਇਆ ਸਾਂ ਕਿ ਕੀ ਸਾਡੀ ਮੁਕਤੀ ਲਈ ਨਿਰਾ ਗਯਾਨ ਕਾਫੀ ਨਹੀਂ, ਕਿਸੇ ਹੋਰ ਪੂਜਾ ਦੀ ਲੋੜ ਹੈ ?

ਬਾਬਾ–ਮੁਕਤੀ ਦਾ ਤੇ ਮੈਨੂੰ ਪਤਾ ਨਹੀਂ, ਪਰ ਏਸ ਜੀਵਨ ਲਈ ਗਯਾਨ ਕਾਫੀ ਨਹੀਂ। ਜੇ ਰੋਟੀ ਪਕਾਉਣ ਦਾ 'ਗਯਾਨ' ਹੋਵੇ ਪਰ ਪਕਾਉਣ ਦਾ 'ਕਰਮ' ਨਾ ਹੋਵੇ ਤਾਂ ਭੁੱਖ ਨਹੀਂ ਲੱਥਦੀ।

ਗੌਰੀ ਸ਼ੰਕਰ–ਮੇਰਾ ਇਹ ਭਾਵ ਨਹੀਂ ਸੀ, ਮੇਰੇ ਪੁੱਛਣ ਦਾ ਇਹ ਮਤਲਬ ਸੀ ਕਿ ਕੀ ਸਾਡਾ ਹਿਰਦਾ ਬਗ਼ੈਰ ਗਯਾਨ ਦੇ ਸ਼ੁਧ ਹੋ ਸਕਦਾ ਹੈ।

ਬਾਬਾ–ਹਿਰਦੇ ਵਿਚ ਪੰਜ ਵੱਖੋ ਵੱਖ ਕਿਸਮ ਦੀਆਂ ਮੈਲਾਂ ਹਨ, ਗਯਾਨ ਨਾਲ ਕੇਵਲ ਮੋਹ ਦੀ ਮੈਲ ਉਤਰੇਗੀ। ਬਾਕੀ ਦੀਆਂ ਚਾਰ,–ਕਾਮ, ਕ੍ਰੋਧ, ਲੋਭ, ਅਹੰਕਾਰ ਲਈ ਹੋਰ ਸਾਧਨ ਚਾਹੀਦੇ ਹਨ।

ਗੌਰੀ ਸ਼ੰਕਰ–ਹੋਰ ਸਾਧਨ ਫੇਰ ਕਿਹੜੇ ਹਨ ?

ਬਾਬਾ–ਹਿਰਦੇ ਨੂੰ ਨਿਰਮਲ ਕਰਨ ਲਈ ਚਾਰੇ ਸਾਧਨ ਲੋੜੀਦੇਹਨ, ਗਯਾਨ,ਭਗਤੀ, ਕਰਮ, ਯੋਗ। ਇਹ ਗੱਲ ਸੁਣ ਕੇ ਸ਼ਿਵਰਾਮ ਨੇ ਹਉਕਾ ਭਰਿਆ, ਕਹਿਣ ਲਗਾ ਯੋਗ ਦੀ ਗੱਲ ਨਾ ਕਰੋ। ਮੇਰੇ ਕੰਨਾਂ ਦੇ ਘਾਉ ਤਾਂ ਠੀਕ ਹੋ ਗਏ ਪਰ ਹਿਰਦੇ ਵਿਚ ਦੇ ਲੱਗੇ ਜ਼ਖਮ ਅਜੇ ਚੀਸ ਮਾਰਦੇ ਹਨ।

ਬਾਬਾ–ਯੋਗ ਤੇਂ ਸਾਡਾ ਮਤਲਬ ਕੰਨ ਪਾਟਿਆਂ ਦਾ ਯੋਗ ਨਹੀਂ। ਯੋਗ ਤੇਂ ਭਾਵ ਹਰ ਇਕ ਸਾਧਨ ਵਿਚ ਇਕਾਗ੍ਰ ਚਿੱਤ ਦ੍ਰਿੜਤਾ ਤੇਂ ਹੈ। ਨਾ ਹੀ ਕਰਮ ਤੇਂ ਭਾਵ ਕੋਈ ਵਿਧਿ ਮਿਰਯਾਦਾ ਵਾਲਾ ਯੋਗ ਹਵਨ ਹੈ, ਬਲਕਿ ਕਰਨ ਵਾਲੇ ਕੰਮਾਂ ਵਿਚ ਚਰਿਤ੍ਰ ਦੀ ਵਿਸ਼ੁੱਧਤਾ ਹੈ।

ਗੌਰੀ ਸ਼ੰਕਰ–ਅੱਛਾ ਗਯਾਨ ਨਾਲ ਤਾਂ ਮੋਹ ਚਲਾ ਗਿਆ, ਅਗੇ ਫੇਰ ?

ਬਾਬਾ–ਗਯਾਨ ਨਾਲ ਮੋਹ, ਭਗਤੀ ਨਾਲ ਕਾਮ, ਯੋਗ ਨਾਲ ਲੋਭ, ਕਰਮ ਨਾਲ ਕ੍ਰੋਧ ਲਯ ਹੋ ਜਾਂਦੇ ਹਨ।

ਗੌਰੀ ਸ਼ੰਕਰ–ਤੇ ਹੰਕਾਰ ?

ਬਾਬਾ–ਹੰਕਾਰ ਅਲੀਨ ਤੱਤ ਹੈ।

ਗੌਰੀ ਸ਼ੰਕਰ–ਕੀ ਤੁਸੀਂ ਉਹੋ ਗੱਲ ਤਾਂ ਨਹੀਂ ਕਰ ਰਹੇ ਜਿਹੜੀ ਸ਼ਿਵਰਾਮ ਨੇ ਦੱਸੀ ਸੀ ਕਿ ਤੁਸੀਂ ਆਖਦੇ ਹੋ ਕਿ ਸਾਡੇ ਅੰਦਰ ਇਕ ਤੱਤ ਹੈ ਜੋ ਕੁਦਰਤ ਵਿਚ ਲੀਨ ਨਹੀਂ ਹੁੰਦਾ।

ਸ਼ਿਵਰਾਮ–ਇਨ੍ਹਾਂ ਤਾਂ ਇਹ ਵੀ ਆਖਿਆਸੀ ਕਿ ਕੁਦਰਤ ਵਿਚਵੀ ਇਕ ਐਸਾ ਅਲੀਨ ਤੱਤ ਹੈ।

ਬਾਬਾ–ਹਾਂ, ਇਹ ਓਹੋ ਹੀ ਗਲ ਹੈ।

ਗੌਰੀ ਸ਼ੰਕਰ–ਇਸਨੂੰ ਜ਼ਰੂਰ ਖੋਲ੍ਹੋ, ਇਸ ਨੂੰ ਸੁਣਨ ਲਈ ਮੇਰਾ ਮਨ ਬੜਾ ਕਾਹਲਾ ਹੈ।

ਬਾਬਾ–ਇਹ ਹੰਕਾਰ ਇਕ ਮਰਜ਼ ਹੈ ਜਿਸਦਾ ਇਲਾਜ ਨਾ ਚਰਕ ਕੋਲ ਸੀ ਨਾ ਸ਼ੁਸਰਤ ਕੋਲ।

ਗੌਰੀ ਸ਼ੰਕਰ–ਕੀ ਇਸਦੀ ਕੋਈ ਦਵਾਈ ਨਹੀਂ।

ਬਾਬਾ–ਜਿਉਂ ਜਿਉਂ ਇਸਦਾ ਇਲਾਜ ਕਰੋ ਇਹ ਮਰਜ਼ ਵਧਦਾ ਹੈ, ਜਿਉਂ ਜਿਉਂ ਇਸ

Digitized by Panjab Digital Library | www.panjabdigilib.org

ਦੀਆਂ ਮੁਸ਼ਕਾਂ ਕੱਸੋ ਇਹ ਹੋਰ ਮੱਛਰਦਾ ਹੈ, ਜਿਉਂ ਜਿਉਂ ਇਸ ਦਾ ਤਿਆਗ ਕਰੋ ਇਹ ਹੋਰ ਸੂਖਮ ਵਲਾਵਾਂ ਮਾਰਦਾ ਹੈ।

ਗੌਰੀ ਸ਼ੰਕਰ–ਤੁਸੀਂ ਇਸ ਨੂੰ ਕਿਸ ਤਰ੍ਹਾਂ ਸਾਧਿਆ ?

ਬਾਬਾ–ਇਸਨੂੰ ਕੇਵਲ ਉਹ ਹੀ ਸਾਧ ਸਕਦਾ ਹੈ ਜਿਸ ਉੱਪਰ ਗੁਰਾਂ ਦੀ ਕਿਰਪਾ ਹੋਵੇ। ਅਸਾਂ ਜਿਸ ਵੇਲੇ ਸੰਤ ਰਾਮ ਦਯਾਲ ਜੀ ਨੂੰ ਦੱਸਿਆ ਕਿ ਕੁਲ ਅਭਿਮਾਨ ਦੇ ਤਜਾਗ ਹਿਤ ਅਸੀਂ ਘਰ ਤੋਂ ਅਤੀਤ ਹੋ ਗਏ ਹਾਂ ਤਾਂ ਸੰਤਾਂ ਨੇ ਇਹ ਤੁਕ ਪੜ੍ਹੀ ਸੀ:–

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ [ਵਾਰ ਆਸਾ ਮ: ੨

ਜੰਗਲਾਂ ਵਿਚ ਚਾਰ ਪੰਜ ਵਰ੍ਹੇ ਦੀ ਸਾਧਨਾ ਦੇ ਬਾਦ ਸਾਨੂੰ ਇਸ ਦੇ ਅਰਥ ਖੁੱਲ੍ਹੇ। ਇਹ ਹੰਕਾਰ ਦਾ ਪੜਦਾ ਇਕ ਅਤਿ ਸੂਖਮ ਵਿਚਾਰ ਹੈ। ਜਾਂ ਤੇ ਦੁਨੀਆਂ ਵਿਚ ਐਸੇ ਬੰਦੇ ਹਨ ਜੋ ਅਪਣੀ ਹਉਮੈਂ ਵਿਚ ਰਹਿੰਦੇ ਹਨ ਅਤੇ ਜਾਂ ਫੇਰ ਏਸ ਤੋਂ ਉਲਟ ਐਸੇ ਹਨ ਜੋ ਆਪਣੇ ਆਪ ਨੂੰ ਨਿਰਮਾਣ ਕਰਕੇ ਦੁਨੀਆਂ ਦਾ ਭਲਾ ਤੇ ਉਪਕਾਰ ਕਰਦੇ ਹਨ। ਇਨ੍ਹਾਂ ਦੋਨਾਂ ਹਾਲਤਾਂ ਵਿਚ ਹੰਕਾਰ ਦਾ ਅਸਲਾ ਹੱਥ ਨਹੀਂ ਆਉਂਦਾ।

ਗੌਰੀ ਸ਼ੰਕਰ–ਜੀ, ਇਹ ਕਿਸ ਤਰ੍ਹਾਂ ਹੋਇਆ ? ਇਕ ਆਦਮੀ ਨਿਸ਼ਕਾਮ ਸੇਵਾ ਕਰਦਾ ਹੈ, ਉਹ ਅਪਣੇ ਆਪਨੂੰ ਇਤਨਾ ਨਿਰਮਾਣ ਕਰ ਦੇਂਦਾ ਹੈ ਕਿ ਅਪਣੀ ਹਸਤੀ ਹੀ ਕੁਛ ਨਹੀਂ ਸਮਝਦਾ, ਉਸ ਵਿਚ ਹੰਕਾਰ ਫੇਰ ਕਿਥੇ ਰਿਹਾ।

ਬਾਬਾ–ਤੁਸੀਂ ਖਿਆਲ ਕਰੋ ਇਕ ਸਤਾਰ ਵੱਜ ਰਹੀ ਹੈ। ਸੱਤੇ ਸੁਰਾਂ ਮਿਲਕੇ ਰਾਗ ਕਰ ਰਹੀਆਂ ਹਨ। ਜੇ ਇਕ ਸੁਰ ਕਹੇ ਕਿ ਮੈਂ ਹੀ ਬੋਲੀ ਜਾਵਾਂ ਤਦ ਰਾਗ ਦਾ ਨਸ਼ਟ ਹੋ ਜਾਵੇਗਾ, ਪਰ ਜੇ ਇਕ ਸੁਰ ਕਹੇ ਕਿ ਮੈਂ ਨਾ ਬੋਲਾਂ,ਮੈਂ ਨਿਸ਼ਕਾਮ ਹੋ ਜਾਵਾਂ,ਹੋਰਨਾਂ ਨੂੰ ਬੋਲਣ ਦਿਆਂ ਤੇ ਅਪਣੀ ਹਸਤੀ ਕੁਛ ਵੀ ਨਾ ਰੱਖਾਂ ਤਦ ਭੀ ਰਾਗ ਬੇ-ਸੁਰਾ ਹੋ ਜਾਵੇਗਾ।

ਗੌਰੀਸ਼ੰਕਰ-ਖੂਬ !

ਬਾਬਾ–ਜੇ ਇਕ ਸੁਰ ਆਪਣਾ ਹੀ ਭਲਾ ਮੰਗੇ ਤਦ ਵੀ ਗ਼ਲਤ ਤੇ ਜੇ ਇਕ ਬਾਕੀ ਛੇ ਦਾ ਭਲਾ ਮੰਗੇ ਤਦ ਵੀ ਗ਼ਲਤ।

ਸ਼ਿਵਰਾਮ–ਫੇਰ ਮੰਗੇ ਕੀ ?

ਬਾਬਾ–ਸਰਬੱਤ ਦਾ ਭਲਾ; ਜਿਸ ਸਰਬੱਤ ਵਿਚ ਅਪਣਾ ਆਪ ਸਹਿ ਸੁਭਾ ਹੀ ਸ਼ਾਮਲ ਹੈ।

ਗੌਰੀ ਸ਼ੰਕਰ–ਇਹ ਵਾਕਈ ਬੜੀ ਨੁਕਤੇ ਦੀ ਗੱਲ ਹੈ।

ਬਾਬਾ–ਨੁਕਤਾ ਸਿਰਫ 'ਸਰਬੱਤ' ਤੇ 'ਬਾਕੀ' ਦੇ ਫਰਕ ਦਾ ਹੈ।

ਗੌਰੀ ਸ਼ੰਕਰ–ਇਹ ਫਰਕ ਤੁਸਾਂ ਕਿਸਤਰ੍ਹਾਂ ਹੱਲ ਕੀਤਾ ?

ਬਾਬਾ–ਅਸੀਂ ਜੰਗਲਾਂ ਵਿਚ ਹੰਕਾਰ ਦੀ ਬਾਬਤ ਕਈ ਵਿਚਾਰਾਂ ਵਿਚ ਸਾਂ, ਤਾਂ ਉਥੇ ਇਕ ਸਾਨੂੰ ਉਦਾਸੀ ਸਾਧੂ ਮਿਲਿਆ। ਇਹ ਬੜਾ ਪ੍ਰੇਮੀ, ਤਪੀ, ਪਾਠੀ, ਗਯਾਨੀ ਤੇ ਕਵਿ ਸੀ। ਰੋਜ਼ ਸਵੇਰ ਵੇਲੇ 'ਮਾਤ੍ਰਾ ਪਾਠ' ਕਰਦਾ ਸੀ। ਇਕ ਦਿਨ ਮਾਤ੍ਰਾ ਬਾਬੇ ਸ੍ਰੀ ਚੰਦ ਜੀ ਦੀਆਂ ਪੜ੍ਹ ਰਿਹਾ ਸੀ। ਸਮਾਪਤੀ ਵੇਲੇ ਇਹ ਤੁਕ ਪੜ੍ਹੀ ਸੂ:–

ਜਟਾ ਜੂਟ ਮੁਕਟ ਸਿਰ ਹੋਇ, ਮੁਕੜਾ ਛਿਰੈ ਬੰਧਨ ਨਹੀ ਕੋਇ।
ਨਾਨਕ ਪੁਤਾ ਸ੍ਰੀ ਚੰਦ ਬੋਲੈ, ਜੁਗਤ ਪਛਾਣੈ ਤੱਤ ਵਿਰੋਲੈ।
ਐਸੀ ਮਾਤ੍ਰਾ ਲੈ ਪਹਿਰੈ ਕੋਇ, ਆਵਾਗਵਨ ਮਿਟਾਵੈ ਸੋਇ।
ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀਆ ਸੰਪੂਰਨੰ ॥

ਪਿੱਛੋਂ ਝੱਟ ਹੀ ਆਪਣਾ ਬਣਾਇਆ ਹੋਇਆ 'ਕਲਾ ਸਤੋਤ੍ਰ ਬਾਬੇ ਸ੍ਰੀ ਚੰਦ ਦਾ' ਪੜ੍ਹਨ ਲੱਗਾ:–

Digitized by Panjab Digital Library | www.panjabdigilib.org

ਅਕਲ ਕਲਾ ਨਿਰੰਕਾਰ ਦੀ, ਸਤ ਚਿਤ ਸਦਾ ਅਨੰਦ।
ਚੌਸਠ ਕਲਾ ਭਗਵਾਨ ਦੀ, ਬਾਂਛਤ ਮਿਲੈ ਅਨੰਦ।
ਸੋਲਾ ਜਿਹੜੀ ਚੰਦ ਦੀ, ਲਹਿਣ ਚੜ੍ਹਨ ਹੋਣ ਮੰਦ।
ਚੜ੍ਹਦੀ ਕਲਾ ਮਹਾਰਾਜ ਦੀ, ਜੋ ਜੋ ਜੋ ਸ੍ਰੀ ਚੰਦ।
ਭਲਾ ਕਰਨ ਸਰਬੱਤ ਦਾ, ਮੇਲ ਕਰੇਣ ਨਿਰਦ੍ਵੰਦ*।

ਜਿਸ ਵੇਲੇ ਉਸ ਨੇ ਪੜ੍ਹਿਆ 'ਭਲਾ ਕਰਨ ਸਰਬੱਤ ਦਾ' ਤਦ ਹੰਕਾਰ ਬਾਬਤ ਸਾਡੇ ਸਾਰੇ ਸ਼ੰਕੇ ਨਿਵਿਰਤ ਹੋ ਗਏ। ਸਾਨੂੰ ਸੰਪੂਰਨ ਰੂਪ ਵਿਚ ਇਹ ਸਾਰਾ ਵਿਰਾਟ ਇਕ ਅਨੇਕ ਪੁਰਜ਼ਿਆਂ ਦੀ ਬਣੀ ਹੋਈ ਕਲਾ ਦੇ ਰੂਪ ਵਿਚ ਸਾਖਯਾਤਕਾਰ ਹੋ ਗਿਆ। ਹਰ ਇਕ ਪ੍ਰਾਣੀ, ਅਪ੍ਰਾਣੀ, ਇਕ ਇਕ ਕਿਣਕਾ, ਹਰੇਕ ਤਾਰਾ ਉਸ ਵੱਡੀ ਕਲਾ ਦਾ ਇਕ ਪੁਰਜ਼ਾ ਹੈ। ਹਰ ਪੁਰਜ਼ੇ ਵਿਚ ਹੰਕਾਰ ਦੇ ਦੰਦੇ ਬਣੇ ਹੋਏ ਹਨ। ਹਰੇਕ ਪੁਰਜ਼ੇ ਦੇ ਬੁੜੀਏ ਦੂਜੇ ਪੁਰਜ਼ਿਆਂ ਦੇ ਬੁੜੀਏ ਵਿਚ ਗਠ ਕੇ ਫਸੇ ਹੋਏ ਹਨ। ਇਹ ਵਿਰਾਟ ਦਾ ਜੰਤ੍ਰ ਅਟੱਲ ਚਾਲ ਵਿਚ ਚਲ ਰਿਹਾ ਹੈ।

ਗੌਰੀ ਸ਼ੰਕਰ—ਫੇਰ, ਸਾਡਾ ਹੰਕਾਰ ਪੁਰਜ਼ੇ ਦੇ ਦੰਦਿਆਂ ਵਾਕੂਣ ਹੋਇਆ।

ਬਾਬਾ—ਹਾਂ, ਜੇ ਪੁਰਜ਼ੇ ਸਰਬੱਤ ਦੀ ਕਲਾ ਤੋਂ ਅੱਡਰੇ ਹਨ ਤਾਂ ਉਨ੍ਹਾਂ ਵਿਚ ਕੇਵਲ ਚੋਭ ਦਾ ਗੁਣ ਹੈ, ਪਰ ਜੇ ਉਹ ਸਰਬੱਤ ਦੇ ਨਿਯਮ ਵਿਚ ਰਚੇ ਹੋਏ ਹਨ ਤਾਂ ਇਹ ਉਨ੍ਹਾਂ ਦੇ ਦੰਦੇ ਹੀ ਹਨ ਜੋ ਇਸ ਗੱਲ ਵਿਚ ਸਹਾਈ ਹਨ ਕਿ ਹਰ ਇਕ ਵਿਚੋਂ ਅਨੇਕਤਾ ਦੇ ਭਾਵ ਨੂੰ ਦੂਰ ਕਰ ਕੇ ਸਭ ਨੂੰ ਸਰਬੱਤ ਦੀ ਚਾਲ ਵਿਚ ਸਮਾਈ ਰੱਖਣ। ਇਹ ਹੰਕਾਰ ਹੀ ਹੈ ਜੋ ਦੀਰਘ ਰੋਗ ਹੈ ਇਹ ਹੰਕਾਰ ਹੀ ਹੈ ਜੋ ਇਸਦਾ ਇਲਾਜ ਹੈ।

ਸ਼ਿਵਰਾਮ—ਜੀ ਉਸ ਦਿਨ ਜੋ ਤੁਸੀਂ ਰੱਲਾ ਸੁਣਾਈਆਂ ਸਨ, ਉਨ੍ਹਾਂ ਵਿਚ ਤੇ ਇਨ੍ਹਾਂ ਵਿਚ ਕੁਛ ਫਰਕ ਦਿੱਸਦਾ ਹੈ?

ਬਾਬਾ—ਹਾਂ, ਅਸਾਂ ਉਸ ਦਿਨ ਕਿਹਾ ਸੀ ਕਿ ਪਹਿਲੇ ਸਾਡਾ ਅਨੁਭਵ ਕੁਦਰਤ ਨਾਲ 'ਏਕਤਾ' ਵਾਲਾ ਹੋਇਆ।

ਸ਼ਿਵਰਾਮ—ਜੀ ਹਾਂ, ਫੇਰ ਤੁਸਾਂ ਇਹ ਕਿਹਾ ਕਿ ਇਹ ਅਧੂਰਾ ਜਾਪਿਆ।

ਬਾਬਾ—ਉਸ ਵਿਚ ਇਹੋ ਕਸਰ ਸੀ ਕਿ ਉਸ ਤਰ੍ਹਾਂ ਆਦਮੀ ਦੀ ਕੁਦਰਤ ਨਾਲ 'ਏਕਤਾ' ਹੋ ਜਾਂਦੀ ਹੈ, ਉਸ ਵਿਚ ਮੁੱਖ ਚੀਜ਼ ਤਦਰੂਪਤਾ ਹੁੰਦੀ ਹੈ, ਪਰ ਇਹ ਉਤਨਾ ਚਿਰ ਹੀ ਰਹਿੰਦੀ ਹੈ ਜਿਤਨਾ ਚਿਰ ਆਦਮੀ ਏਸ ਤਨਮਯਤਾ ਦੇ ਭਾਵ ਦੀ ਗੂੜ੍ਹ ਸਮਾਧਿ ਵਿਚ ਇਸਥਿਤ ਹੈ। ਸਮਾਧਿ ਦੇ ਜ਼ਰਾ ਕੁ ਵੀ ਹਿੱਲਿਆਂ ਕੁਦਰਤ ਦਾ ਦੂਈ ਦਾ ਭਾਗ ਜਾਗ ਪੈਂਦਾ ਹੈ ਜੋ ਕਿਸੇ ਤਰ੍ਹਾਂ ਸ਼ਮਨ ਨਹੀਂ ਹੁੰਦਾ, ਇਹ ਕੁਦਰਤ ਦਾ ਅਲੀਨ ਤੱਤ ਹੈ।

ਗੌਰੀ ਸ਼ੰਕਰ—ਤੇ ਇਹ 'ਸਰਬੱਤ' ਵਾਲਾ ਭਾਵ?

ਬਾਬਾ—ਸਰਬੱਤ ਵਾਲੇ ਭਾਵ ਵਿਚ ਕੋਈ ਅਧੂਰਾਪਨ ਨਹੀਂ, ਇਹ ਸੰਪੂਰਨ ਚੀਜ਼ ਹੈ, ਇਹ ਕਰਨੀ ਪ੍ਰਧਾਨ ਵਸਤੂ ਹੈ। ਜਿਉਂ ਜਿਉਂ ਇਸ ਨੂੰ ਵਰਤੋਂ ਵਿਚ ਲਿਆਓ ਇਸ ਦਾ ਅਭਯਾਸ ਪੱਕਾ ਹੁੰਦਾ ਹੈ। ਇਸ ਨਾਲ ਤਦ ਰੂਪਤਾ ਤੇ ਤਨਮਯਤਾ ਨਹੀਂ ਹੁੰਦੀ ਜਿਸ ਨੂੰ ਕਾਇਮ ਰੱਖਣ ਲਈ ਅਖੰਡ ਸਮਾਧੀ ਦੀ ਲੋੜ ਹੈ। ਇਹ ਸਰਬੱਤ ਦਾ ਭਾਵ ਕਰਨੀ ਵਿਚ ਪ੍ਰਤੱਖ ਹੋ ਜਾਂਦਾ ਹੈ ਕਿ ਅਸੀਂ ਕੁਦਰਤ ਦੇ ਅੰਗ† ਹਾਂ, ਤੇ ਕੁਦਰਤ ਅੰਗੀ ਹੈ। ਏਸ ਤਰ੍ਹਾਂ ਅੰਗ-ਅੰਗੀ† ਭਾਵ ਵਿਚ ਜੁੜੇ ਹੋਏ ਕੁਦਰਤ ਦੇ ਕਿਸੇ ਇਕ ਕਾਰਜ ਸਾਧਕ ਨਿਯਮ ਵਿਚ ਅਸੀਂ ਆਪਣਾ ਜਨਮ ਸਫਲ ਕਰ ਰਹੇ ਹਾਂ। ਅਸੀਂ ਏਸ ਵਿਚ ਬੱਝੇ ਹੋਏ ਅਪਣੇ ਇਕ ਪੁਰਜ਼ੇ ਦੀ ਚਾਲ ਤੋਂ ਸਾਰੇ ਵਿਰਾਟ ਦੀ ਕਲਾ ਦੀ ਗਤੀ ਦੇ ਆਸ਼ੇ ਨੂੰ ਲਖਲੈਂਦੇ ਹਾਂ।

---

*ਨਿਰਦ੍ਵੰਦ-ਬਗੈਰ ਦੂਈ ਭਾਵ ਦੇ।

†ਅੰਗ = organ; ਅੰਗੀ = organism.

Digitized by Panjab Digital Library | www.panjabdigilib.org

ਸ਼ਿਵਰਾਮ–ਤੁਹਾਨੂੰ ਝੱਟ ਪਟ ਇਹ ਕਲਾ ਤੇ ਪੁਰਜ਼ਿਆਂ ਦਾ ਖਿਆਲ ਕਿਸਤਰ੍ਹਾਂ ਸਾਖਯਾਤਕਾਰ ਹੋ ਗਿਆ ?

ਬਾਬਾ (ਹੱਸਕੇ)–ਇਹ ਕਾਸਨੂੰ ਪੁੱਛਦੇ ਹੋ ?

ਗੌਰੀ ਸ਼ੰਕਰ–ਕਿਉਂ, ਇਸਦੇ ਦੱਸਣ ਵਿਚ ਕੁਛ ਹਰਜ ਹੈ ?

ਬਾਬਾ–ਨਹੀਂ, ਇਹ ਐਵੇਂ ਵਾਧੂ ਇਕ ਹਾਸੇ ਦੀ ਗਲ ਹੈ।

ਸ਼ਿਵਰਾਮ–ਤੱਦ ਜ਼ਰੂਰ ਜ਼ਰੂਰ ਦੱਸੋ ?

ਬਾਬਾ- ਉਹ ਉਦਾਸੀ ਸਾਧੂ ਬੜਾ ਬੁੱਢਾ ਸੀ। ਉਸ ਦੇ ਦੰਦ ਨਹੀਂ ਸਨ। 'ਚੜ੍ਹਦੀ ਕਲਾ' ਨੂੰ ਉਸਨੇ 'ਚਲਦੀ ਕਲਾ' ਪੜ੍ਹਿਆ। ਅਸੀਂ ਐਉਂ ਸੁਣਿਆ ਜਿਵੇਂ ਉਹ ਕਹਿ ਰਿਹਾ ਹੈ, 'ਚਲਦੀ ਕਲਾ ਮਹਾਰਾਜ ਦੀ ਜੈ ਜੈ ਜੈ ਸ੍ਰੀ ਚੰਦ'।

ਗੌਰੀ ਸ਼ੰਕਰ ਤੇ ਸ਼ਿਵਰਾਮ ਦੋਨੋ ਹੱਸਣ ਲੱਗ ਪਏ।

ਬਾਬਾ–ਉਹ 'ਦ੍ਰੰਦ' ਨੂੰ 'ਦੰਦ' ਕਹਿ ਦੇਂਦਾ ਸੀ। ਐਉਂ ਮਲੂਮ ਹੁੰਦਾ ਸੀ ਕਿ ਉਹ ਕਹਿ ਰਿਹਾ ਹੈ, 'ਭਲਾ ਕਰਨ ਸਰਬੱਤ ਦਾ ਮੇਲ ਕਰੈਣ ਨਿਰਦੰਦ' ਫੇਰ ਤਿੰਨੇ ਹੱਸ ਪਏ।

ਸ਼ਿਵਰਾਮ–ਅੱਛਾ ! ਐਸ ਤਰ੍ਹਾਂ ਤੁਹਾਨੂੰ ਕਲਾ ਦਾ ਤੇ ਪੁਰਜ਼ੇ ਦੇ ਦੰਦਿਆਂ ਦਾ ਪਤਾ ਲੱਗਾ ! ਮੈਂ ਵੀ ਆਖਾਂ ਇਹ ਗੱਲ ਕਿਸਤਰ੍ਹਾਂ ਹੋ ਗਈ ?

੧੫.

ਸੰਤ ਰਾਮ ਦਿਆਲ ਦੇ ਪ੍ਰਲੋਕ ਗਮਨ ਪਿਛੋਂ ਡੇਰੇ ਦੀ ਵੀ ਕਾਇਆਂ ਪਲਟ ਹੋ ਗਈ ਸੀ। ਹੁਣ ਤੱਕ ਇਸ ਅਸਥਾਨ ਦੀ ਮਿਰਯਾਦਾ ਵਿਚ 'ਕ੍ਰਿਤ' ਪਰਧਾਨ ਟੁਰੀ ਆਉਂਦੀ ਸੀ। ਸੰਤ ਰਾਮ ਦਿਆਲ ਜੀ ਅਖੀਰ ਤੱਕ ਅਪਣੇ ਹੱਥੀਂ ਕੁਛ ਨ ਕੁਛ ਕਰਦੇ ਰਹੇ। ਹੋਰ ਨਹੀਂ ਤਾਂ ਥੋੜੀ ਬਹੁਤੀ ਮੁੰਞ ਹੀ ਕੁੱਟ ਦੇਂਦੇ ਸਨ, ਪ੍ਰੰਤੂ ਭਾਈ ਦਿਆਲ ਸਿੰਘ ਦੇ ਸੁਭਾਵ ਵਿਚ ਇਸ ਬਾਰੇ ਫਰਕ ਆ ਗਿਆ ਸੀ, ਉਹ ਅਪਣੇ ਰਸ ਵਿਚ ਹੀ ਮਗਨ ਰਹਿਣਾ ਚਾਹੁੰਦੇ ਸੀ।

> ਭਾਈ ਦਿਆਲ ਸਿੰਘ ਜੀ ਪਰਮ ਭਗਤ ਸੁਭਾਵ ਭਏ। ਸੋ ਵਿਚਾਰ ਕੀਆ ਜੋ ਕੈਸੇ ਗੁਜ਼ਰਾਨ ਕਰੀਏ। ਜੇ ਅਪਣੇ ਸਾਧਾਂ ਦੀ ਕਿਰਿਆ ਦੇਖੀਏ ਤਬ ਮੁੰਞ ਕੀ ਕਿਰਤ ਵਡੀ ਕਠਨ ਹੈ, ਜੋ ਮੇਰੇ ਪਾਸੋਂ ਹੋਇ ਭੀ ਨਹੀਂ ਆਵਤੀ। ਅਰ ਹੋਰ ਭੀ ਉਪਾਵ ਬਿਵਹਾਰ ਮਾਇਆ ਕੇ ਧੰਧੇ ਮੇਰੇ ਤੇ ਨਹੀਂ ਹੋ ਸਕਤੇ। ਤਾਂਤੇ ਕੈਸੇ ਸਰੀਰ ਕੀ ਕਿਰਿਆ ਚਲੇਗੀ। ਐਸੇ ਬਿਚਾਰ ਕੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਅਗੇ ਚਿਠੀਆਂ ਪਾਈਆਂ। ਜੋ ਜੈਸੇ ਆਗਜਾ ਹੋਵੈਗੀ ਤੈਸੇ ਕਰੰਗੇ। ਏਕ ਚਿੱਠੀ ਮਹਿ ਕਿਰਿਆ ਕਰਨੀ ਲਿਖੀ, ਏਕ ਚਿੱਠੀ ਮਹਿ ਪਰਮੇਸ਼ਰ ਕੇ ਆਸਰੇ ਰਹਿਣਾ ਲਿਖਿਆ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਆਗੇ ਦੋਨੋਂ ਪਾਇ ਦੀਨੀਆਂ। ਅਰ ਅਰਦਾਸ ਕਰੀ ਜੋ ਹੈ ਗੁਰੂ ਮਹਾਰਾਜ ਜੈਸੇ ਆਪ ਕੀ ਆਗਜਾ ਹੋਵੈ ਤੈਸੇ ਕਰੀਐ। 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ'। ਤਬ ਇਕ ਸਾਧ ਕੋਈ ਆਇਆ ਤਿਸ ਕੋ ਭਾਈ ਦਿਆਲ ਸਿੰਘ ਜੀ ਨੇ ਕਹਾ ਜੋ ਏਕ ਚਿੱਠੀ ਮੁਝਕੋ ਚੁਕ ਦੇ। ਤਬ ਸਾਧ ਇਕ ਚਿੱਠੀ ਚੁਕ ਦੀਨੀ। [ਸ੍ਰੀ ਸੰਤ ਰਤਨ ਮਾਲ, ਲਾਲ ਦੰਦ

ਕਈ ਪਾਠਕ ਹੈਰਾਨ ਹੋਣਗੇ ਕਿ ਭਾਈ ਦਿਆਲ ਸਿੰਘ ਨੂੰ ਏਸ ਗਲ ਦੇ ਫੈਸਲਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਚਿੱਠੀਆਂ ਪਾਉਣ ਦੀ ਕੀ ਲੋੜ ਪਈ ? ਕੀ ਉਹ ਅਪਣੇ ਦਿਲ ਦੀ ਸੁਤੰਤ੍ਰਤਾ ਨਾਲ ਇਹ ਨਿਰਣਯ ਨਹੀਂ ਕਰ ਸਕਦੇ ਸੀ ਕਿ ਉਸ ਲਈ ਕਿਹੜੀ ਗਲ ਯਥਾਰਥ ਹੈ ? ਇਸਦਾ ਉਤਰ ਇਹ ਹੈ ਕਿ ਜਿਸ ਗੱਦੀ ਉਪਰ ਇਹ ਬਿਰਾਜਮਾਨ ਸੀ ਉਸਦਾ ਵਤੀਰਾ ਇਹੋ ਜਿਹਾ ਹੈ

Digitized by Panjab Digital Library | www.panjabdigilib.org

ਕਿ ਧਰਮ ਕਿਰਤ ਕਰਕੇ ਨਿਰਬਾਹ ਕਰਨਾ। ਇਹ ਕਰਣੀ-ਪ੍ਰਧਾਨ ਗੱਦੀ ਭਾਈ ਕਨ੍ਹੱਯਾ ਜੀ ਤੋਂ ਸ਼ੁਰੂ ਹੋਈ, ਜਿਸ ਨੇ ਲੰਗਰ ਲਈ ਜਲ ਢੋਣ ਦੀ ਸੇਵਾ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਸ਼ੁਰੂ ਕੀਤੀ। ਫੇਰ ਦਸਮ ਪਾਤਸ਼ਾਹ ਦੇ ਯੁੱਧਾਂ ਵਿਚ ਸਿੱਖਾਂ ਅਤੇ ਮੁਸਲਮਾਨਾਂ ਦੀ ਇਕੋ ਨਿਗਾਹ ਨਾਲ ਮਲ੍ਹਮ ਪੱਟੀ ਕਰਦਾ ਰਿਹਾ। ਭਾਈ ਕਨ੍ਹੱਯਾ ਜੀ ਤੋਂ ਪਿੱਛੋਂ ਉਸਦੀ ਗੱਦੀ ਉਪਰ ਬੈਠੇ ਸਾਰੇ ਮਹੰਤ ਸੇਵਾ ਦਾ ਰਸ ਲੈਂਦੇ ਰਹੇ, ਭਾਈ ਅੱਡਣ ਸ਼ਾਹ ਵੇਲੇ ਇਹ ਸੰਪ੍ਰਦਾ ਸੇਵਾ ਦੇ ਪ੍ਰਤਾਪ ਨਾਲ ਸ਼ਿਖਰ ਉੱਪਰ ਪਹੁੰਚ ਗਈ ਸੀ। ਹਰ ਅੱਡਣ ਸ਼ਾਹੀ ਸਾਧੂ ਲਈ ਜ਼ਰੂਰੀ ਸੀ ਕਿ ਉਹ ਕਿਸੇ ਨਾ ਕਿਸੇ ਸ਼ਕਲ ਵਿਚ ਕਿਰਤ ਦੇ ਹੱਥ ਪੈਰ ਚੱਲਦੇ ਰੱਖੇ। ਜੋ ਪੁਰਸ਼ ਕਠਨ ਸੇਵਾ ਨਹੀਂ ਕਰ ਸਕਦੇ ਸਨ ਉਨ੍ਹਾਂ ਲਈ ਸੌਖੀਆਂ ਕਿਰਤਾਂ ਦੀ ਆਗਜ਼ਾ ਸੀ ਜੈਸਾ ਕਿ ਲਿਖਾਰੀਆਂ ਲਈ ਸਿਆਹੀ ਬਣਾਉਣੀ ਜੋ ਦੇਰ ਤੱਕ 'ਅੱਡਣਸ਼ਾਹੀ ਸਿਆਹੀ' ਦੇ ਨਾਮ ਨਾਲ ਮਸ਼ਹੂਰ ਰਹੀ। ਖ਼ੁਦ ਭਾਈ ਕਨ੍ਹੱਯਾ ਜੀ ਮਹੰਤ ਬਣ ਜਾਣ ਬਾਦ ਵੀ ਵਾਣ ਵਟਦੇ ਰਹੇ। ਅਡਣਸ਼ਾਹ ਜੀ ਆਪਣੇ ਹੱਥੀਂ ਪੁਸਤਕਾਂ ਲਿਖਦੇ ਰਹੇ*। ਏਸ ਮਤ ਦੇ ਸਾਰੇ ਹੀ ਪੜ੍ਹੇ ਅਨਪੜ੍ਹੇ ਪੁਸਤਕਾਂ ਲਿਖਣ ਦੀ ਜਾਂ ਰੱਸੇ ਡੋਰੀਆਂ ਵੱਟਣ ਦੀ ਜਾਂ ਸਿਆਹੀਆਂ ਬਣਾਉਣ ਦੀ ਅਖੁੱਟ ਸੇਵਾ ਕਰਦੇ ਰਹੇ।

ਇਸ ਅਟੁੱਟ ਸੇਵਾ ਦੇ ਸਿਲਸਲੇ ਵਿਚ ਜੇ ਹੁਣ ਕੋਈ ਵਟਾਉ ਆਇਆ ਤਾਂ ਉਹ ਕੇਵਲ ਭਾਈ ਦਿਆਲ ਸਿੰਘ ਤੋਂ ਸ਼ੁਰੂ ਹੋਇਆ। ਇਸ ਕਾਰਨ ਜ਼ਰੂਰੀ ਸੀ ਕਿ ਐਡੀ ਭਾਰੀ ਤਬਦੀਲੀ ਲਈ ਭਾਈ ਦਿਆਲ ਸਿੰਘ ਕੋਲ ਕਿਸੇ ਉਚੇਰੀ ਆਗਜ਼ਾ ਦਾ ਅਧਿਕਾਰ ਹੋਵੇ। ਏਸ ਕਰਕੇ ਚਿੱਠੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਰੱਖੀਆਂ ਗਈਆਂ। ਦੋ ਚਿੱਠੀਆਂ ਵਿਚੋਂ ਇਕ ਚਿੱਠੀ ਉਸ ਸਾਧੂ ਨੇ ਚੁੱਕ ਕੇ ਭਾਈ ਦਿਆਲ ਸਿੰਘ ਦੇ ਹੱਥ ਪਕੜਾਈ।

ਸੋ ਜਬ ਚਿੱਠੀ ਖੋਲ੍ਹਕੇ ਦੇਖੀ ਤਬ ਭਰੋਸੇ ਵਾਲੀ ਚਿੱਠੀ ਦੇਖੀ। ਤਬ ਭਾਈ ਦਿਆਲ ਸਿੰਘ ਜੀ ਤੈਸੇ ਬ੍ਰਿਤ ਧਾਰੀ। ਜੋ ਉਦਮ ਕੋਈ ਨਹੀਂ ਕਰਨਾ। [ਸ੍ਰੀ ਰਤਨ ਮਾਲ, ਲਾਲ ਚੰਦ

ਸੰਤ ਰਾਮ ਦਿਆਲ ਨੇ ਭਾਈ ਦਿਆਲ ਸਿੰਘ ਨੂੰ ਮਨਾਹੀ ਕੀਤੀ ਸੀ ਕਿ ਮੰਗ ਨਹੀਂ ਖਾਣਾ†। ਭਾਈ ਦਿਆਲ ਸਿੰਘ ਇਸ ਗੱਲ ਦਾ ਪਾਬੰਦ ਸੀ, ਪਰ ਇਸ ਨੇ ਹੁਣ 'ਚਿੱਠੀ' ਮੁਤਾਬਕ ਕਿਰਤ ਵਿਹਾਰ ਬੰਦ ਕਰ ਦਿੱਤੀ। ਸੋ ਹੁਣ ਗੁਜ਼ਾਰਾ ਕਿੱਥੋਂ ਟੂਰੇ ?

ਅਜਗਰ‡ ਕਰੇ ਨ ਨੌਕਰੀ ਪੰਛੀ ਕਰੇ ਨ ਕਾਮ।
ਕਹਿ ਗਜੇ ਦਾਸ ਮਲੂਕੜਾ ਸਭ ਕਾ ਦਾਤਾ ਰਾਮ।

ਜਿਸ ਨੇ ਮੰਗਣਾ ਵੀ ਨਾ ਹੋਵੇ ਤੇ ਕਿਰਤ ਵੀ ਨਾ ਕਰਨੀ ਹੋਵੇ ਉਸ ਲਈ ਇਹ ਤੀਜਾ ਰਾਹ ਹੈ। ਇਹ ਅਜਗਰ ਮਾਰਗ ਹੈ। ਅਜਗਰ ਅਪਣੀ ਖੁਰਾਕ ਦੀ ਤਲਾਸ਼ ਵਿਚ ਤੁਰ ਫਿਰ ਨਹੀਂ ਸਕਦਾ। ਆਮ ਮਸ਼ਹੂਰ ਹੈ:—

ਮਜਗਰ ਪੁੱਛੇ ਅਜਗਰਾ ਕਜਾ ਕਰਤੇ ਹੋ ਮਿੰਤ।
ਪੜਾ ਰਹਤ ਹੂੰ ਰੇਤ ਮੇ ਵਿਧੀ ਕਰਤ ਹੈ ਚਿੰਤ§।

ਭਾਈ ਸੋਭਾ ਰਾਮ ਜੀ ਭਾਈ ਦਯਾਲ ਸਿੰਘ ਜੀ ਬਾਬਤ ਦੱਸਦੇ ਹਨ:—

ਅਜਗਰ ਬਿਰਤੀ ਧਾਰਕੈ ਨਰ ਕੀ ਆਸ ਤਿਆਗ।

---

*ਦੱਸਿਆ ਜਾਂਦਾ ਹੈ ਕਿ ਭਾਈ ਅੱਡਣ ਜੀ ਨੇ ਗਜ਼ਾਲੀ ਦੀ ਪੁਸਤਕ 'ਕੀਮੀਆਏ ਸਆਦਤ' ਦੇ ਆਧਾਰ ਉਪਰ 'ਪਾਰਸ ਭਾਗ' ਦੀ ਰਚਨਾ ਕੀਤੀ।

†'ਮੁਖ ਤੇ ਮੰਗਨ ਕਭੀ ਨ ਕੀਜੈ। ਕਥਾ ਕੀਰਤਨ ਸੁਨ ਮਨ ਭੀਜੈ।'। [ਸੋਭਾ ਰਾਮ

‡ਅਜਦਹਾ (ਵੱਡਾ ਸੱਪ)।

§ਮਗਰਮੱਛ ਨੇ ਅਜਗਰ ਨੂੰ ਪੁੱਛਿਆ ਤੂੰ ਹਿਲਦਾ ਜੁਲਦਾ ਹੈ ਨਹੀਂ, ਪੇਟ ਕਿਸ ਤਰ੍ਹਾਂ ਭਰਦਾ ਹੈਂ ? ਉਸ ਨੇ ਉਤਰ ਦਿੱਤਾ ਮੈਂ ਰੇਤੇ ਵਿਚ ਪਿਆ ਰਹਿੰਦਾ ਹਾਂ, ਖੁਰਾਕ ਦਾ ਚਿੰਤਨ ਵਿਧਾਤਾ ਕਰਦਾ ਹੈ।

Digitized by Panjab Digital Library | www.panjabdigilib.org

ਭਗਵਤ ਆਸ਼ਾ ਦ੍ਰਿੜ ਕਰੀ ਕਾਮ ਆਦਿ ਗੇ ਭਾਗ।

ਸੋ ਅਣਮੰਗੇ ਜੋ ਕੁਛ ਆ ਜਾਵੇ ਉਹ ਭਾਈ ਦਿਆਲ ਸਿੰਘ ਛਕ ਲੈਣ ਪਰ:-

ਜਬੈ ਅੰਨ ਇਨ ਪੈ ਨਹਿੰ ਆਵੈ ॥ ਧਰ ਧੀਰਜ ਨਹਿੰ ਮਨ ਡੋਲਾਵੈਂ ॥
ਸੁਧਾ ਤਾਲ*ਕੇ ਤਟ ਪਰ ਜਾਈ ॥ ਸਾਰੀ ਰਾਤ ਸੁ ਬੈਸ ਬਿਤਾਈਂ ॥
ਜੀਤੇ ਇੰਦ੍ਰੇ ਤਪ ਬਡ ਕੀਨ ॥ ਪ੍ਰੇਮ ਕਰਾ ਹਰ ਕਾ ਰਸ ਲੀਨ ॥ [ਸੋਭਾ ਰਾਮ

ਸ੍ਰੀ ਸੰਤ ਰਤਨਮਾਲ ਵਿਚ ਅੱਗੇ ਇਸਤਰ੍ਹਾਂ ਲਿਖਿਆ ਹੈ:-

ਐਸੇ ਜਬ ਦ੍ਰਿੜ ਥ੍ਰਿਤ ਕੀਨੀ ਤਬ ਪਰਮੇਸ਼ੁਰ ਅੰਤਰਜਾਮੀ ਤਿਨਕਾ ਬਡਾ ਪ੍ਰਤਾਪ ਕੀਆ ਅਰ ਸਭ ਜੀਵੰ ਕੇ ਰਿਦੇ ਪ੍ਰੇਰਨਾ ਕਰ ਦੀਨੀ। ਇਸੀ ਪਰ ਸੰਤਾਂ ਨੇ ਕਹਿਆ ਹੈ:-

ਸਾਖ-ਗਿਰਹਾ ਗਾਂਠ ਨਹੀਂ ਬਾਂਧਤੇ ਜਬ ਦੇਵੇ ਤਬ ਖਾਇੰ ॥
ਗੋਬਿੰਦ ਤਾਂਕੇ ਪੀਛੈ ਫਿਰੇ ਮਤ ਭੂਖੇ ਰਹਿ ਜਾਇੰ ॥

ਸੋ ਤੈਸੇ ਭਾਈ ਦਿਆਲ ਸਿੰਘ ਜੀ ਭੀ ਗੋਬਿੰਦ ਪਰਾਇਣ ਹੂਏ। ਤਬ ਐਸੇ ਪ੍ਰੇਰਨਾ ਪਰਮੇਸ਼ੁਰ ਜੀ ਕਰੀ, ਚਾਰ ਕੁੰਟ ਕੋ ਨਿਵਾਇ ਦੀਆ ਤਿਨਕੇ ਚਰਣੋਂ ਮੈ ਅਰ ਸਾਰੇ ਦੇਸ਼ ਮੈ ਅਰ ਸ੍ਰੀ ਅੰਮ੍ਰਿਤਸਰ ਮੈ ਠਾਕਰ ਜੀ ਐਸੀ ਸੰਗਜਾ ਕੋ ਪਾਵਤੇ ਭਏ। ਐਸਾ ਪ੍ਰਤਾਪ ਹੂਆ ਜੋ ਦੂਇ ਸੇ ਕਬੀਦਾਈ ਸੇ ਸਾਧੂ ਤਿਨਕੇ ਡੇਰੇ ਮਹਿ ਆਇ ਰਹਿਆ ਕਰੈ। ਅਰ ਸਭ ਹਾਥ ਜੋੜਕੈ ਆਗਜਾ ਅਨੁਸਾਰੀ ਹੋਇ ਵਰਤੈਂ; ਤੇ ਭੀ ਆਪ ਨਿਰਅਭਿਮਾਨ ਰਹੈਂ। ਕੁਛ ਹੰਕਾਰ ਨਾ ਭਇਆ। ਅਰ ਜੋ ਕਿਸੇ ਪੰਥ ਦਾ ਸਾਧੂ ਆਵੈ ਸੋ ਸਭ ਕਾ ਆਦਰ ਸਤਿਕਾਰ ਕਰੈਂ। ਮਸਤਕ ਸਦਾ ਹੀ ਪ੍ਰਸੰਨਤ ਰਹੈ ਕਵਲ-ਵਤ। ਅਰ ਸਤ ਸੰਤੋਖ ਦਇਆ ਆਦਿ ਜੋ ਗੁਣ ਸੰਤਾਂ ਕੇ ਹੈਂ ਤਿਨਕੇ ਮੰਦਰ ਭਏ। ਅਰ ਰਾਤ ਦਿਨ ਕਥਾ ਅਰ ਕੀਰਤਨ ਨਿਰੰਤਰ ਹੀ ਪਾਸ ਹੋਤਾ ਹੈ। ਅਰ ਰਾਤ੍ਰਿ ਕੋ ਜਾਗ੍ਰਤ ਕਰਨੀ, ਵੰਡਖਾਵਣਾ॥

ਭਾਈ ਦਿਆਲ ਸਿੰਘ ਦੇ ਵਕਤ ਡੇਰੇ ਦੀ ਰੌਣਕ ਬਹੁਤ ਵਧੀ। ਹਰ ਵਕਤ ਆਏ ਗਏ ਦੀ ਚਹਿਲ ਪਹਿਲ ਤੇ ਗਹਿਮਾ ਗਹਿਮ ਰਹਿੰਦੀ ਸੀ। ਭਾਈ ਦਿਆਲ ਸਿੰਘ ਜੀ ਠਾਕਰ ਦਿਆਲ ਸਿੰਘ ਦੇ ਨਾਮ ਉਪਰ ਪ੍ਰਸਿੱਧ ਹੋਏ, ਤੇ ਡੇਰਾ 'ਠਾਕਰਾਂ ਦਾ ਡੇਰਾ' ਕਰਕੇ ਸਦੀਣ ਲੱਗਾ ਜੋ ਨਾਮ ਕਿ ਅਜਤਕ ਜਾਰੀ ਹੈ।

ਪਰ ਉਸ ਵੇਲੇ ਕੁਛ ਐਸੀਆਂ ਵਜਕਤੀਆਂ ਵੀ ਮੌਜੂਦ ਸਨ ਜੋ ਡੇਰੇ ਵਿਚੋਂ ਕਿਰਤ ਵਾਲੀ ਪਰਿਪਾਟੀ ਦੇ ਮੁੱਕ ਜਾਣ ਨੂੰ ਕਿਸੇ ਅਸੂਲ ਦੇ ਨੁਕਤਾ ਨਿਗਾਹ ਤੋਂ ਭੱਕਦੀਆਂ ਸਨ। ਬਾਬਾ ਜੀ ਦੀ ਸ਼ਰਧਾ ਡੇਰੇ ਉਪਰ ਬਣੀ ਆ ਰਹੀ ਸੀ ਤੇ ਬਦਸਤੂਰ ਕਾਇਮ ਰਹੀ, ਪਰ ਇਸ ਕਿਰਤ ਵਾਲੇ ਅਸੂਲ ਦੇ ਵਿਚੋਂ ਨਿਕਲ ਜਾਣ ਨਾਲ ਉਹ ਖੁਸ਼ ਨਹੀਂ ਸਨ।

ਸਾਧੂ ਸਮਾਜ ਵਿਚ ਅੱਡਣ ਸ਼ਾਹੀ ਸੰਪ੍ਰਦਾ ਇਕ ਨਵੀਨ ਤਜਰਬਾ ਸੀ। ਸਾਧੂ ਹੋਣਾ, ਵਿਰਕਤ ਹੋਣਾ, ਫੇਰ ਕਿਰਤ ਕਰਣੀ, ਫੇਰ ਅਪਣੀ ਕਮਾਈ ਵੰਡਕੇ ਛੱਕਣੀ, ਇਹ ਅੱਡਣ ਸ਼ਾਹ ਦਾ ਪ੍ਰਤਾਪ ਸੀ। ਸਾਧੂ ਹੋਣਾ ਮੰਗਤੇ ਹੋਣ ਦੇ ਬਾਬਰ ਹੈ। ਪਰ ਅੱਡਣ ਸ਼ਾਹੀ ਆਗੂਆਂ ਨੇ ਸਾਧੂਆਂ ਨੂੰ ਮੰਗਤਿਆਂ ਦੀ ਸ਼੍ਰੇਣੀ ਤੋਂ ਚੁਕਕੇ ਦਾਤਾ ਪਦ ਉੱਪਰ ਬਿਠਾ ਦਿੱਤਾ ਸੀ। ਇਹ ਅੱਡਣਸ਼ਾਹੀ ਕਰਾਮਾਤ ਸੀ ਜੋ ਅਜ ਤੱਕ ਦੁਨੀਆਂ ਦੇ ਕਿਸੇ ਸਾਧੂ ਫਿਰਕੇ ਨੇ ਕਰਕੇ ਨਹੀਂ ਦਿਖਾਈ। ਅੱਡਣਸ਼ਾਹੀਆਂ ਨੇ ਨਿਸ਼ਕਾਮ ਸੇਵਾ ਦਾ ਭੇਦ ਲੱਭ ਲਿਆ ਸੀ। ਬਾਬਾ ਵੀ ਇਸੇ ਰੰਗ ਵਿਚ ਰੰਗੀਜਿਆ ਹੋਇਆ ਸੀ। ਉਹ ਭਾਵੇਂ ਗ੍ਰਿਹਸਤੀ ਬਣ ਗਿਆ ਸੀ, ਪਰ ਉਸ ਦੀ ਧਾਰਨਾ ਇਹੋ ਸੀ। ਉਹ ਨਿਸ਼ਕਾਮ ਸੇਵਾ ਵਾਲੇ ਤੱਤ ਨੂੰ ਗ੍ਰਿਹਸਤ ਵਿਚ ਬੈਠਕੇ ਉਸੇ ਤਰ੍ਹਾਂ ਨਿਬਾਹ ਰਿਹਾ ਸੀ। ਬਾਬੇ ਦੀ ਘਰੇਗੀ ਜ਼ਿੰਦਗੀ.-ਇਹ ਅੱਡਣ ਸ਼ਾਹੀ ਸੇਵਾ ਦੀ

---

*ਦਰਬਾਰ ਸਾਹਿਬ ਦਾ ਸਰੋਵਰ।

Digitized by Panjab Digital Library | www.panjabdigilib.org

ਗ੍ਰਿਹਸਥ ਉਪਰ ਪੈਉਂਦ ਸੀ।ਬਾਬਾ ਇਸ ਵਿਚ ਕਾਮਯਾਬ ਸੀ। ਉਹ ਇਸ ਨਤੀਜੇ ਉਪਰ ਪਹੁੰਚਗਿਆ ਸੀ ਕਿ ਮਨੁੱਖ ਲਈ ਸੇਵਾ ਅਤਿ ਜ਼ਰੂਰੀ ਚੀਜ਼ ਹੈ, ਚਾਹੇ ਗ੍ਰਿਹਸਥੀ ਹੋਵੇ ਚਾਹੇ ਸਾਧੂ। ਕ੍ਰਿਆ ਹੀਨ ਪੁਰਸ਼ ਬਹੁਤ ਜਲਦੀ ਬੋਝਲ ਹੋ ਜਾਂਦਾ ਹੈ ਦੂਸਰਿਆਂ ਉਪਰ ਵੀ ਤੇ ਅਪਣੇ ਉੱਪਰ ਵੀ। ਸੋ ਸੇਵਾ ਦੇ ਅਸੂਲੀ ਨੁਕਤੇ ਤੋਂ ਬਾਬੇ ਨੂੰ ਠਾਕਰਾਂ ਦੇ ਡੇਰੇ ਵਿਚ ਆਈ ਤਬਦੀਲੀ ਪ੍ਰਸੰਨ ਕਰਨ ਵਾਲੀ ਨਹੀਂ ਸੀ, ਉਹ ਸਮਝਦਾ ਸੀ ਕਿ ਇਸਦੀ ਸ਼ਕਲ ਆਖ਼ਰ ਨੂੰ ਇਕ ਸੰਪਤਿ ਵਾਲੇ ਡੇਰੇ ਦੀ ਹੋ ਜਾਏਗੀ ਜਿਸ ਵਿਚ ਨਿਸ਼ਕਾਮਤਾ ਦਾ ਨਿਬਾਹ ਕਠਨ ਹੋ ਜਾਏਗਾ।

੧੬.

ਦਵਾਈ ਲੈਣ ਵਾਲਿਆਂ ਵਿਚੋਂ ਗਿਣਤੀ ਗ਼ਰੀਬ ਗ਼ੁਰਬੇ ਦੀ ਹੀ ਨਹੀਂ ਸੀ। ਸ਼ਹਿਰ ਦੇ ਪਤਵੰਤੇ ਤੇ ਹੋਰ ਅਮੀਰ ਲੋਗ ਬੀ ਦਵਾ ਦਾਰੂ ਲੈਣ ਆਉਂਦੇ। ਇਸਦਾ ਕੁਦਰਤੀ ਨਤੀਜਾ ਇਹ ਸੀ ਕਿ ਘਰ ਵਿਚ ਚੀਜ਼ ਵਸਤ ਪੈਸਾ ਆਉਣਾ ਵਧ ਗਿਆ, ਪਰ ਬਾਬਾ ਇਨ੍ਹਾਂ ਚੀਜ਼ਾਂ ਨੂੰ ਵੰਡ ਦੇਂਦਾ। ਵਸਤਾਂ ਦੀ ਕੇਵਲ ਆਵਾਜ਼ਾਈ ਸੀ। ਸਾਂਭੀਆਂ ਹੋਈਆਂ ਚੀਜ਼ਾਂ ਦੇ ਤੁੱਕਵੇਂ ਛੱਪੜ ਨਹੀਂ ਸੀ ਬਣਦੇ। ਸੰਪਤਿ ਪ੍ਰਵਾਹ ਰੂਪ ਹੋਕੇ ਉਪਕਾਰ ਦੀ ਨਿਰਮਲ ਜਲ ਧਾਰਾ ਵਿਚ ਵਗ ਰਹੀ ਸੀ।

ਇਕ ਧਨਵੰਤੀ ਨਾਮ ਦੀ ਇਸਤ੍ਰੀ ਬਾਬੇ ਦੇ ਇਲਾਜ ਵਿਚ ਸੀ। ਇਸ ਦਾ ਘਰ ਵਾਲਾ, ਭਗਤਰਾਮ, ਬਹੁਤ ਮੁੱਦਤ ਤੋਂ ਫ਼ਾਲਜ ਦੀ ਬੀਮਾਰੀ ਨਾਲ ਮੰਜੇ ਉੱਪਰ ਸੀ। ਭਗਤਰਾਮ ਦਾ ਇਹ ਦੂਜਾ ਵਿਆਹ ਸੀ। ਜਿਸ ਦਿਨ ਧਨਵੰਤੀ ਦੀ ਸ਼ਾਦੀ ਹੋਈ ਤਾਂ ਉਸ ਨੂੰ ਕਪੜੇ, ਗੋਟੇ ਵਾਲੇ ਪਾਉਣ ਲਈ, ਉਹ ਦਿਤੇ ਗਏ ਜੋ ਭਗਤਰਾਮ ਦੀ ਪਹਿਲੀ ਵਹੁਟੀ ਦੇ ਸਨ। ਧਨਵੰਤੀ ਨੂੰ ਵਿਆਹ ਦੇ ਦੂਜੇ ਦਿਨ ਹੀ ਗ਼ਸ਼ ਪੈ ਗਈ, ਇਸ ਤੋਂ ਪਹਿਲੇ ਉਹ ਹਮੇਸ਼ ਚੰਗੀ ਭਲੀ ਸੀ।

ਧਨਵੰਤੀ ਕੋਲ ਜੋ ਥੋੜ੍ਹੇ ਗਹਿਣੇ ਸਨ, ਉਹ ਵੀ ਉਹ ਸਨ ਜੋ ਉਸਦੀ ਸੌਕਣ ਹੰਢਾ ਚੁਕੀ ਸੀ। ਇਸਨੇ ਇਨ੍ਹਾਂ ਸਾਰਿਆਂ ਗਹਿਣਿਆਂ ਨੂੰ ਤੁੜਵਾਕੇ ਇਕ ਨਵੀਂ ਟਾਡ ਬਣਵਾ ਲਈ ਸੀ ਜੋ ਸਿਰਫ ਇਕੋ ਵੇਰ ਪਾਈ, ਪਰ ਪਾਉਂਦਿਆਂ ਸਾਰ ਹੀ ਚੀਕਾਂ ਮਾਰਨ ਲਗ ਪਈ ਤੇ ਬੇਹੋਸ਼ ਹੋ ਗਈ।

ਇਕ ਦਿਨ ਧਨਵੰਤੀ ਇਹ ਟਾਡ ਬਾਬੇ ਕੋਲ ਲੈ ਆਈ। ਉਨ੍ਹਾਂ ਦਿਨਾਂ ਵਿਚ ਬਾਬੇ ਦੇ ਘਰ ਲੜਕੀ, ਬੀਬੀ ਚੰਦੋ ਦੀ ਸ਼ਾਦੀ ਰਚੀ ਹੋਈ ਸੀ। ਇਹ ਧਨਵੰਤੀ ਦਾ ਨਿਉਂਦਰਾ ਸੀ। ਬਾਬੇ ਨੇ ਕੁਛ ਚਿਰ ਦੀ ਸੋਚ ਦੇ ਬਾਦ ਇਸ ਟਾਡ ਨੂੰ ਵੇਚਕੇ ਕੰਬਲ ਮੰਗਵਾਕੇ ਗਰੀਬਾਂ ਨੂੰ ਵੰਡ ਦਿਤੇ ਤੇ ਸਿਰਫ ਇਕ ਕੰਬਲ ਰੱਖ ਲਿਆ। ਘਰ ਦਿਆਂ ਨੇ ਇਸ ਗਲ ਉੱਪਰ ਕੁਛ ਰੋਸ ਪ੍ਰਗਟ ਕੀਤਾ। ਕਿਸੇ ਨੇ ਕਿਹਾ ਇਸ ਚੀਜ਼ ਨੂੰ ਵਿਆਹ ਵਿਚ ਵਰਤ ਲੈਣ ਵਿਚ ਐਸ ਵੇਲੇ ਕੁਛ ਹਰਜ ਨਹੀਂ ਸੀ। ਕਿਸੇ ਹੋਰ ਨੇ ਆਖਿਆ ਏਸ ਨਾਲ ਇਕ ਪਾਸਾ ਢਕਿਆ ਜਾਣਾ ਸੀ। ਬਾਬੇ ਨੇ ਕਿਸੇ ਨੂੰ ਕੁਛ ਉੱਤਰ ਨਾ ਦਿੱਤਾ। ਸਾਰਾ ਦਿਨ ਅਪਣੀ ਧੁਨ ਵਿਚ ਤੇ ਅਪਣੀ ਕਾਰ ਵਿਚ ਚੁਪ ਚਾਪ ਰਿਹਾ। ਭਾਵੇਂ ਘਰ ਵਿਚ ਵਿਆਹ ਰਚਿਆ ਹੋਇਆ ਸੀ, ਪਰ ਬਾਬੇ ਦੇ ਦਿਲ ਵਿਚ ਕੋਈ ਚਾਉ ਜਾਂ ਉਛਾਲਾ ਨਹੀਂ ਸੀ। ਭੀੜ ਵਿਚ ਫਿਰਦੇ ਤੁਰਦੇ ਵੀ ਉਸਦਾ ਮਨ ਜੰਗਲ ਦੀ ਨਿਰਜਨਤਾ ਵਿਚ ਵਿਚਰ ਰਿਹਾ ਸੀ। ਬ੍ਰਿਤੀ ਵਿਚ ਉਜਾੜਾਂ ਵਾਲੀ ਉਦਾਸੀਨਤਾ ਚਿਹਰੇ ਦੀ ਰੌਸ਼ਨੀ ਨੂੰ ਮਧਮ ਕਰ ਰਹੀ ਸੀ। ਬਾਬਾ ਸਮਾਗਮ ਦੀ ਖੱਪ ਦੇ ਮਨ ਉੱਪਰ ਪੈ ਰਹੇ ਅਸਰ ਨੂੰ ਪਰਖ ਰਿਹਾ ਸੀ।

ਅਕਸਰ ਵਿਆਹ ਸ਼ਾਦੀ ਦੇ ਮੇਲ ਬੱਝੀਆਂ ਹੋਈਆਂ ਤਬੀਅਤਾਂ ਦੇ ਖੁੱਲ੍ਹਣ ਦੇ ਮੌਕਿਆ ਹੁੰਦੇ ਹਨ। ਨਕਲੀ ਰੌਸ਼ਨੀ ਦੀ ਜਗਮਗਾਹਟ ਵਿਚ ਸ਼ਰਮ ਹਯਾ ਦੀ ਹੱਦ ਦੀ ਮੱਧਮ ਚਮਕ ਵਾਲੀ ਲੀਕ ਜ਼ਯਾਦਾ ਫਿੱਕੀ ਪੈ ਜਾਂਦੀ ਹੈ। ਯਾਰਾਂ ਦੋਸਤਾਂ ਤੇ ਟੱਬਰ ਦੀ ਨੁਕਤਾਚੀਨੀ ਅਦਬ ਕਵਾਇਦ ਦੇ ਬੰਧਨ ਨੂੰ ਟੱਪ ਕੇ ਪਏ ਰਾਮ ਰੌਲੇ ਦਾ ਇਕ ਗੁਪਤ ਅੰਗ ਬਣ ਜਾਂਦੀ ਹੈ। ਸਾਰੀਆਂ ਗਲਾਂ ਤੋਂ ਬਾਬਾ ਅਪਣੇ

Digitized by Panjab Digital Library | www.panjabdigilib.org

ਮਨ ਨੂੰ ਨਿਰਲੇਪ ਰੱਖਦਾ ਰਿਹਾ। ਸੁਣੇ ਨੂੰ ਅਣਸੁਣਾ ਕਰਨ, ਦੇਖੇ ਨੂੰ ਅਣਡਿੱਠ ਕਰਨ ਦੇ ਅਭਯਾਸ ਦਾ ਇਹ ਚੰਗਾ ਅਵਸਰ ਸੀ, ਪਰ ਇਕ ਗਲ ਜਿਸ ਨੇ ਬਾਬੇ ਦੇ ਮਨ ਨੂੰ ਸੂਈ ਦੀ ਪੀੜ ਚੋਭ ਦਿਤੀ ਉਹ ਧਨਵੰਤੀ ਦੀ ਟਾਡ ਉੱਪਰ ਭਾਂਤ ਭਾਂਤ ਦੀਆਂ ਬੋਲੀਆਂ ਸਨ। ਉਸ ਰਾਤ ਬਾਬਾ ਸੌਣ ਲੱਗਿਆਂ ਏਸ ਦਰਦ ਉੱਪਰ ਲਗਾਉਣ ਲਈ ਇਕ ਭਾਵ ਪੂਰਤ ਖਿਆਲ ਦੀ ਮਲ੍ਹਮ ਬਣਾਉਂਦਾ ਰਿਹਾ:-

ਕਬਿਤ-ਰਮਨ ਭਵਨ ਮ੍ਰਿਗ ਜਲਵਤ ਕੂਰ ਜਾਨ ਮੂਰਖ ਪਿਆਸ ਕੈ ਕੈ ਅਤਿ ਹਿਤ ਧਾਵਹੀ। ਸੁਪਨ ਕੀ ਸੰਪਦਾ ਸਰੂਪ ਦੇਖ ਭੂਲਜੇ ਮੂਢ ਜਾਗੇ ਤੇ ਅਭਾਵ ਦੇਖ ਬਹੁ ਪਛੁਤਾਵਹੀ। ਜੋਬਨ ਲਹਰ ਜਲ ਠਹਿਰੇ ਨ ਏਕੋ ਪਲ ਜਤਾ ਜੜ ਆਨ ਤਨ ਤੁਰਤ ਦਬਾਵਹੀ। ਕਾਲ ਕੀ ਚਪੇਟ ਚੋਕ ਚਾਪਜੇ ਜਬ ਕੰਧਰ ਕੋ ਕਾਨ ਜੂ ਮ੍ਰਿਗਿੰਦ ਬ੍ਰਿੰਦ ਕੈਸੇ ਠਹਿਰਾਵਹੀ*।

ਭੋਲੀ ਟੁਰ ਜਾਣ ਦੇ ਮਗਰੋਂ ਭਾਈ ਸੁਹੇਲ ਸਿੰਘ† ਨੇ ਬਾਬੇ ਨੂੰ ਕਿਹਾ ਕਿ ਵਿਆਹ ਸ਼ਾਦੀਆਂ ਦੇ ਮੌਕੇ ਤਾਂ ਇਕ ਵਾ ਵਰੋਲੇ ਦੇ ਝੱਖੜ ਹੁੰਦੇ ਹਨ, ਦੁਨੀਆਂ ਵਿਚ ਫਸੇ ਹੋਏ ਆਦਮੀਆਂ ਨੇ ਤਾਂ ਘਬਰਾਉਣਾ ਹੀ ਹੋਇਆ ਤੁਹਾਡੇ ਵਰਗੇ ਸਾਧ ਬਿਰਤੀ ਵਾਲੇ ਕਿਉਂ ਉਕਲਾ ਜਾਂਦੇ ਹਨ। ਬਾਬੇ ਨੇ ਇਕ ਪਰਮਾਰਥਕ ਰੰਗ ਦੇ ਉਤਰ ਵਿਚ ਗਲ ਨੂੰ ਟਾਲਣਾ ਚਾਹਿਆ ਤੇ ਕਿਹਾ ਕਿ ਝੱਖੜ ਹਨੇਰੀਆਂ ਵੇਲੇ:-

ਜਜੋਂ ਬਿਨ ਪੋਤ ਨ ਹੋਤ ਕੁਪਾਰ ਕੁਪਾਰ ਅਗਾਹ ਅਥਾਹ ਕਹਾਵਤ।
ਜਜੋਂ ਬਿਨ ਸੂਰ ਨ ਮੂਰ ਨਸੈ ਤਮ ਭੂਰ ਬੁੱਧੀ ਬਿਨ ਪਾਠ ਨ ਆਵਤ।
ਜਜੋਂ ਬਿਨ ਪਾਰਸ ਕੰਚਨ ਲੋਹ ਨ ਜਜੋਂ ਬਿਨ ਕੰਠ ਕਹਾਂ ਕਲ ਗਾਵਤ।
ਤਜੋਂ ਬਿਨ ਰਾਮ ਨ ਮੋ ਚਿਤ ਭੀਜਤ ਕਾਨ ਮ੍ਰਿਗਿੰਦ ਸੁ ਸਾਚ ਸੁਨਾਵਤ‡।

ਪਰ ਭਾਈ ਸੁਹੇਲ ਸਿੰਘ ਇਸ ਗੱਲ ਨਾਲ ਪਤੀਜਿਆ ਨਾ। ਉਸ ਕਿਹਾ: ਜੀ ਤੁਸੀਂ ਤਾਂ ਰਾਮ ਨਾਮ ਦੀ ਬੇੜੀ ਵਿਚ ਚੜ੍ਹੇ ਹੋਏ ਹੋ, ਨੌਕਾ ਵਿਚ ਬੈਠੇ ਨੂੰ ਕਿਸ ਗੱਲ ਦਾ ਫਿਕਰ? ਬਾਬਾ ਹੱਸ ਪਿਆ। ਉਸਦਾ ਸਾਰਾ ਗੁੱਸਾ ਅਤੇ ਸਾਰੀ ਥਕਾਨ ਉਤਰ ਗਈ। ਹਸਦੇ ਹਸਦੇ ਨੇ ਕਿਹਾ:-

ਰਾਮ ਨਾਮ ਨੌਕਾ ਬਣੀ, ਰਹਾਂ ਬੀਚ ਇਕ ਛੇਦ।
ਪਾਣੀ ਜਿਹ ਸੋਂ ਆ ਚੜ੍ਹੇ, ਬੇੜੀ ਦੇਵਤ ਭੇਦ।
ਪਾਰ ਸੋਈ ਜਾ ਉਤਰਸੀ, ਹਰ ਪਲ ਤਜਾਰ ਰਹਾਇ।
ਜਲ ਹਥ ਦੋਊ ਉਛਾਲਦੇ, ਨੌਕਾ ਸ਼ੁਸ਼ਕ ਤਰਾਇ।

ਗਰੀਬ' ਨੂੰ ਵੰਡ ਦੇਣ ਦੇ ਮਗਰੋਂ ਜੋ ਇਕ ਕੰਬਲ ਬਾਕੀ ਰਹਿ ਗਿਆ ਸੀ, ਉਹ ਬਾਬੇ ਨੇ

---

*੧. ਹੇ ਮੂਰਖ ਸੁੰਦਰ ਮਹਿਲ ਮਾੜੀਆਂ ਨੂੰ ਜਿਨ੍ਹਾਂ ਵਾਸਤੇ ਮ੍ਰਿਗ ਤ੍ਰਿਸ਼ਨਾ ਦੇ ਨੀਰ ਵਤ ਤਿਹਾਇਆ ਹੋਕੇ ਦੌੜਦਾ ਫਿਰਦਾ ਹੈਂ, ਕੂੜ (ਨਾਬਮਾਨ) ਜਾਣ। ੨. ਸੁਪਨੇ ਦੇ ਪਦਾਰਥਾਂ ਦੇ (ਸੋਹਣੇ) ਰੂਪ ਦੇਖ ਦੇਖਕੇ ਮੂਰਖਾ! (ਤੂੰ) ਭੁੱਲ ਰਿਹਾ ਹੈਂ, ਜਦੋਂ ਜਾਗਿਓਂ (ਇਨ੍ਹਾਂ ਦਾ) ਨਾਸ਼ ਦੇਖਕੇ (ਤੂੰ ਫਿਰ) ਬੜਾ ਪਛਤਾਉਣਾ ਹੈ। ੩. ਜੋਬਨ ਜਲ ਦੀ ਲਹਿਰ ਵਾਂਗ ਹੈ ਜੋ ਇਕ ਪਲ ਬੀ ਨਹੀਂ ਠਹਿਰਦੀ, ਬੁਦਾਪਾ, ਹੇ ਮੂਰਖਾ! ਆਕੇ ਝੱਟ ਹੀ (ਤੈਨੂੰ) ਤਨ (ਦੇ ਜੋਬਨ) ਨੂੰ ਦਬਾ ਲਵੇਗਾ। ੪, ਮੌਤ ਦੀ ਚਪੇੜ ਨੇ ਜਦੋਂ (ਤੈਨੂੰ) ਚੁਕੰਠਾ ਕੀਤਾ (ਤੇ ਤੈਨੂੰ) ਮੌਢਿਆਂ ਨੂੰ ਆਕ ਦਬਾਇਆ ਤਾਂ ਕਵੀ ਕਾਹਨ ਸਿੰਘ (ਜੀ ਕਹਿੰਦੇ ਹਨ ਕਿ ਫਿਰ ਦੱਸ ਇਨ੍ਹਾਂ ਸਾਰਿਆਂ ਜੋਬਨ ਮਹਿਲ ਮਾੜੀਆਂ ਤੇ ਪਦਾਰਥਾਂ) ਨੂੰ ਕਿਵੇਂ ਟਿਕਾ ਸਕੇਂਗਾ?

†ਇਹ ਬਾਬੇ ਦਾ ਸਾਲਾ ਸੀ।

‡੧. ਜਿਵੇਂ ਬਿਨਾਂ ਜਹਾਜ ਸਮੁੰਦਰ ਪਾਰ ਨਹੀਂ ਹੋ ਸਕੀਦਾ (ਜੋ ਸਮੁੰਦਰ ਕਿ) ਅਸਗਾਹ ਤੇ ਅਥਾਹ ਕਹਾਉਂਦਾ ਹੈ। ੨. ਜਿਵੇਂ ਬਿਨਾਂ ਸੂਰਜ ਦੇ ਅੰਧੇਰਾ ਮੂਲੋਂ ਨਹੀਂ ਦੂਰ ਹੁੰਦਾ ਤੇ ਭੀਖ ਬੁੱਧੀ ਤੋਂ ਬਿਨਾਂ ਵਿਦਯਾ ਨਹੀਂ ਆਉਂਦੀ। ੩. ਜਿਵੇਂ ਪਾਰਸ ਤੋਂ ਬਿਨਾਂ ਲੋਹਾ ਸੋਨਾ ਨਹੀਂ ਹੋ ਸਕਦਾ ਤੇ ਜਿਵੇਂ ਗਲੇ ਤੋਂ ਬਿਨਾਂ ਰਸੀਲਾ ਗੀਤ ਕਿੱਥੋਂ? ੪. ਤਿਵੇਂ ਰਾਮ(ਨਾਮ) ਤੋਂ ਬਿਨਾਂ ਮੇਰਾ ਚਿੱਤ ਨਹੀਂ ਭਿਜਦਾ, ਕਾਨ੍ਹ ਸਿੰਘ ਇਹ ਸੱਚ ਸੁਨਾਉਂਦਾ ਹੈ।

Digitized by Panjab Digital Library | www.panjabdigilib.org

ਧਨਵੰਤੀ ਨੂੰ ਦੇ ਦਿੱਤਾ। ਧਨਵੰਤੀ ਇਸ ਕੰਬਲ ਵਿਚ ਆਪਣੇ ਰੋਗ ਦਾ ਇਲਾਜ ਸਮਝਦੀ ਸੀ। ਉਹ ਜਦ ਵੀ ਕੰਬਲ ਕਰਕੇ ਸੌਂਦੀ ਉਸਦਾ ਮਨ ਪੂਰੀ ਤਸੱਲੀ ਵਿਚ ਆਰਾਮ ਕਰਦਾ। ਉਹ ਇਹ ਪ੍ਰਤੀਤ ਕਰਦੀ ਕਿ ਮੈਂ ਇਕ ਕਿਲੇ ਅੰਦਰ ਵੜ ਗਈ ਹਾਂ ਤੇ ਉਸ ਦੇ ਨਜ਼ਦੀਕ ਹੁਣ ਕੋਈ ਸਾਏਦਾਰ ਚੀਜ਼ ਨਹੀਂ ਫੜਕ ਸਕਦੀ।

ਧਨਵੰਤੀ ਨੇ ਆਪਣੀ ਅੱਧੀ ਬੀਮਾਰੀ ਵੱਲ ਕਰ ਲੀਤੀ, ਅੱਧੀ ਇਸ ਕਰਕੇ ਕਿ ਉਹ ਸਿਆਲ ਵਿਚ ਕੰਬਲ ਕਰ ਸਕਦੀ ਸੀ, ਪਰ ਉਨ੍ਹਾਲ ਵਿਚ ਨਹੀਂ।

ਬਹੁਤ ਮੁੱਦਤ ਪਿੱਛੋਂ ਜਦੋਂ ਧਨਵੰਤੀ ਦੇ ਅੰਦਰ ਇਤਨਾ ਹੌਂਸਲਾ ਆ ਗਿਆ ਕਿ ਸੌਂਕਣ ਦੀਆਂ ਸਾਰੀਆਂ ਚੀਜ਼ਾਂ, ਕੱਪੜੇ ਲੱਤੇ ਆਦਿਕ ਗਰੀਬਾਂ ਨੂੰ ਵੰਡ ਸਕੇ ਤਦ ਉਸ ਦਾ ਸੁਖ ਹੋਰ ਵਧ ਗਿਆ। ਹੁਣ ਕਦੇ ਕਦਾਈਂ ਗ਼ਸ਼ ਪੈਂਦੀ ਹੈ, ਉਹ ਵੀ ਸਿਰਫ ਉਨ੍ਹਾਲ ਵਿਚ।

੧੭.

ਸਦਾ ਨੰਦ ਅੰਮ੍ਰਿਤਸਰੋਂ ਜਦੋਂ ਵਿਦਾ ਹੋਇਆ ਤਾਂ ਉਸਨੂੰ ਮੁਲਤਾਨ ਪਹੁੰਚਦਿਆਂ ਕਾਫੀ ਮੁਦਤ ਲੱਗ ਗਈ ਸੀ। ਰਸਤੇ ਦਾ ਹਾਲ ਜੋ ਉਸ ਨੇ ਦਿਤਾ ਹੈ ਉਸਦਾ ਸੰਖੇਪ ਮਾਤ੍ਰ ਇਸ ਤਰ੍ਹਾਂ ਹੈ:—

ਪਹਿਲੇ ਲਾਹੌਰ (ਸਾਰੇ) ਸੰਤਾਂ ਦੇ ਦਰਸ਼ਨ ਕੀਤੇ, ਛੱਜੂ ਭਗਤ ਦੇ ਚੁਬਾਰੇ ਬਾਬਾ ਰੇਦੜ ਸਾਧ ਨੂੰ ਮਿਲੇ, ਚਰਚਾ ਹੋਈ, ਮੈਂ ਇਕ ਫਾਰਸੀ ਦਾ ਬੰਤ ਸੁਣਾਇਆ। ਫਿਰ ਰਾਮਦਾਸ ਜੀ ਪਾਸ ਆਏ, ਉਥੇ ਵੀ ਚਰਚਾ ਹੋਈ। ਉਥੇ ਇਕ ਸੇਵਾ ਪੰਥੀ ਬੈਠਾ ਸੀ ਓਹ ਮੈਨੂੰ ਪੁੱਛਣ ਲੱਗਾ ਕਿ ਤੁਸੀਂ ਸੇਵਾ ਪੰਥੀਆਂ ਦੇ ਕਿੱਥੋਂ ਵਾਕਫ ਹੋ ਜੋ ਉਨ੍ਹਾਂ ਦੀਆਂ ਸਾਖੀਆਂ ਚਰਚਾ ਵਿਚ ਸੁਣਾ ਦੇਂਦੇ ਹੋ, ਤਾਂ ਰਾਮਦਾਸ ਜੀ ਨੇ ਉਤ੍ਰ ਦਿੱਤਾ ਕਿ ਉਹ ਕਿਹੜਾ ਪੰਥ ਹੈ ਜਿਸਦੇ ਇਹ ਗਜ਼ਾਨੀ ਨਹੀਂ ਹਨ। ਇਉਂ ਕਹਿਕੇ ਮੇਰੇ ਨਾਲ ਪਿਆਰ ਕੀਤਾ ਤੇ ਰੁਪੱਯਾ ਭੇਟ ਦਿੱਤਾ। ਤੀਜੇ ਦਿਨ ਸ਼ਾਹਦਰੇ ਆਏ, ਸਾਧ ਹਰਭਜਨ ਦਾਸ ਨਾਲ ਚਰਚਾ ਹੋਈ। ਫਿਰ ਉਥੇ ਆਏ ਜਿੱਥੇ ਗੁਰਾਂ ਨੇ ਰੋੜਾਂ ਦੀ ਵਿਛਾਈ ਕੀਤੀ ਸੀ, ਇਕ ਸਾਧ ਨਾਲ ਚਰਚਾ ਹੋਈ। ਫਿਰ ਖਾਰੇ ਭਾਈ ਬੰਨੋ ਦੇ ਆਏ, ਓਥੇ ਭਾਈ ਵਿਸਾਖੀ ਰਾਮ ਨਾਲ ਬਿਲਾਵਲ ਦੇ ਸਮੇਂ ਸੰਬੰਧੀ ਚਰਚਾ ਹੋਈ। ਜਲਾਲ ਪੁਰ ਸੰਤ ਉਸ਼ਨਾਕ ਦੰਦ ਨੂੰ ਮਿਲੇ। ਇਹ ਨਦੀ ਕਿਨਾਰੇ ਬੈਠਾ ਰਹਿੰਦਾ ਸੀ ਤੇ ਗਰਮੀ ਸਰਦੀ ਅਪਣੇ ਉਪਰ ਝੱਲਦਾ ਸੀ। ਏਸ ਨਾਲ ਲੰਮੀ ਚਰਚਾ ਹੋਈ। ਉਥੋਂ ਚੱਲਕੇ ਪਿੰਡ ਦਾਦਨਖਾਂ ਆਏ, ਉਥੇ ਕ੍ਰਿਪਾਰਾਮ ਸੇਵਾਪੰਥੀ ਰਹਿੰਦਾ ਸੀ, ਉਸਨਾਲ ਚਰਚਾ ਪਰਚਾ ਹੁੰਦਾ ਰਿਹਾ।

ਸਦਾ ਨੰਦ ਏਸਤਰ੍ਹਾਂ ਟੁਰਦਾ ਫਿਰਦਾ, ਸੰਤ ਮਹਾਤਮਾਂ ਦੇ ਦਰਸ਼ਨ ਲੈਂਦਾ ਤੇ ਚਰਚਾ ਵਾਦ ਕਰਦਾ ਬੜੀ ਮੁੱਦਤ ਪਿੱਛੋਂ ਮੁਲਤਾਨ ਪੁੱਜਾ।

ਮੁਲਤਾਨ ਵਿਚ ਸਦਾ ਨੰਦ ਦੀ ਬੜੀ ਪੂਜਾ ਪ੍ਰਤਿਸ਼ਟਾ ਸੀ। ਪ੍ਰਸਿੱਧ ਦੀਵਾਨ ਸਾਵਣ ਮਲ ਦਾ ਪੁਤ੍ਰ ਮੂਲ ਰਾਜ ਇਨ੍ਹਾਂ ਉਪਰ ਸ਼ਰਧਾ ਰੱਖਦਾ ਸੀ। ਸਦਾ ਨੰਦ ਦਾ ਕੰਮ, ਵਿਦਯਾ ਪੜ੍ਹਾਉਣੀ, ਹਿਕਮਤ ਕਰਨੀ, ਪੁਸਤਕਾਂ ਲਿਖਣੀਆਂ, ਕਥਾ ਕਰਨੀ ਤੇ ਉਪਕਾਰ ਕਰਨਾ ਸੀ।

ਉਸਦੀ ਸਭ ਤੋਂ ਵੱਧ ਦਿਲਚਸਪੀ ਚਰਚਾ ਵਿਚ ਸੀ ਤੇ ਸਭ ਤੋਂ ਘੱਟ ਮੁਲਕੀ ਗੱਲਾਂ ਵਿਚ, ਉਸਦੇ ਜੀਉਂਦੇ ਜੀ ਮੁਲਤਾਨ ਵਿਚ ਚਾਰ ਵੇਰ ਰਾਜ ਬਦਲਿਆ, ਪਰ ਉਸ ਨੇ ਅਪਣੀ ਕਿਸੇ ਡਾਇਰੀ ਵਿਚ ਇਨ੍ਹਾਂ ਜੁੱਗਾਗਰਦੀਆਂ ਦਾ ਬੁਰਾ ਭਲਾ ਜ਼ਿਕਰ ਨਹੀਂ ਕੀਤਾ।

ਉਸਦੇ ਜਨਮ ਵੇਲੇ ਪਠਾਣਾਂ ਦੀ ਹਕੂਮਤ ਸੀ ਤੇ ਅੰਤ ਸਮੇਂ ਅੰਗ੍ਰੇਜ਼ਾਂ ਦੀ, ਵਿਚਕਾਰ ਪਹਿਲੇ ਸਿਖਾਂ ਦੀ ਤੇ ਫੇਰ ਹਿੰਦੂਆਂ ਦੀ ਰਹੀ*।

---

*ਸੰਨ ੧੭੭੯ ਤੋਂ ਲੈਕੇ ੧੮੧੮ ਤੱਕ ਮੁਜ਼ੱਫਰ ਖਾਂ ਦੀ ਹਕੂਮਤ, ੧੮੧੯ ਤੋਂ ਲੈਕੇ ੧੮੨੧ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ, ੧੮੨੧ ਤੋਂ ਲੈਕੇ ੧੮੪੯ ਤੱਕ ਦੀਵਾਨ ਸਾਵਣ ਮਲ ਦੀ ਠੇਕੇਦਾਰੀ, ੧੮੩੯ ਤੋਂ ੧੮੪੯ ਤੱਕ ਦੀਵਾਨ ਸਾਵਣ ਮਲ ਤੇ ਉਸਦੇ ਲੜਕੇ ਦੀ ਨੀਮ ਖੁਦ-ਮੁਖਤਾਰੀ, ੧੮੪੯ ਤੋਂ ਪਿਛੋਂ ਅੰਗਰੇਜ਼ੀ ਅਮਲਦਾਰੀ।

Digitized by Panjab Digital Library | www.panjabdigilib.org

ਇਹ ਸਾਰਾ ਜ਼ਮਾਨਾ ਤਵਾਰੀਖੀ ਨੁਕਤੇ ਤੋਂ ਬੜਾ ਦਿਲਚਸਪ ਹੈ। ਸਦਾ ਨੰਦ ਵਿਦਯਾ ਦੇ ਮੋਰਚੇ ਫਤਹ ਕਰਦਾ ਰਿਹਾ ਤੇ ਲੰਮੇ ਤੋਂ ਲੰਮੇ ਹਾਲ ਗ੍ਯਾਨ ਦੇ ਮੈਦਾਨ ਦੀਆਂ ਲੜਾਈਆਂ ਦੇ ਦੇਂਦਾ ਰਿਹਾ। ਬਾਹਰ ਜੰਗਾਂ ਵਿਚ ਦਿਲਚਸਪੀ ਉਸ ਵਿਚ ਲੇਸ਼ ਮਾਤ੍ਰ ਨਹੀਂ ਸੀ।

ਸਦਾ ਨੰਦ ਕੇਵਲ ਹਿੰਦੀ, ਗੁਰਮੁਖੀ ਤੇ ਸੰਸਕ੍ਰਿਤ ਹੀ ਨਹੀਂ ਪੜ੍ਹਿਆ ਹੋਇਆਸੀ, ਉਹ ਫਾਰਸੀ ਦਾ ਵੀ ਪੂਰਾ ਆਲਮ ਸੀ। ਦੀਵਾਨ ਹਾਫਜ਼ ਤੇ ਮਸਨਵੀ ਆਦਿਕ ਪੁਸਤਕਾਂ ਦਾ ਬਹੁਤ ਚੰਗਾ ਮੁਤਾਲਿਆ ਸੀ। ਜੋ ਗ੍ਰੰਥ ਇਸਨੇ ਰਚੇ ਉਨ੍ਹਾਂ ਵਿਚੋਂ ਫਾਰਸੀ ਦੀਆਂ ਉਪਨਿਸ਼ਦਾਂ ਦਾ ਅਪਣੀ ਬੋਲੀ ਵਿਚ ਤਰਜਮਾ ਵੀ ਹੈ*। ਫਾਰਸੀ ਦੀਆਂ ਉਪਨਿਸ਼ਦਾਂ ਤੋਂ ਮਤਲਬ ਉਹ ਪੰਜ ਉਪਨਿਸ਼ਦਾਂ ਹਨ ਜੋ ਦਾਰਾ ਨੇ ਸੰਸਕ੍ਰਿਤ ਤੋਂ ਫਾਰਸੀ ਵਿਚ ਉਲਥਵਾਈਆਂ ਸਨ†। ਇਸ ਤੋਂ ਛੁਟ ਜੋ ਹੋਰ ਪੁਸਤਕ ਰਚੇ ਉਨ੍ਹਾਂ ਵਿਚੋਂ ਕੁਛ ਇਹ ਹਨ:—ਜਪੁਜੀ ਸਾਹਿਬ ਦਾ ਵਿਗ੍ਯਾਨ ਅਤੁਕ ਟੀਕਾ, ਤੇ ਉਸਦਾ ਸੰਖੇਪ ਜੋ ਸੰਨ ੧੮੩੩ ਈ. ਵਿਚ ਮੁਕੰਮਲ ਹੋਇਆ। ਸਿਧਾਂਤ ਸੰਗ੍ਰਹ, ਟੀਕਾ ਵਿਚਾਰ ਮਾਲਾ, ਗ੍ਯਾਨ ਕਸੌਟੀ, ਵਸ਼ਿਸ਼ਟ ਚੌਪਈਆਂ ਵਿਚ, ਵਿਵੇਕ ਸਾਰ ਟੀਕਾ (ਭਾਈ ਅਡਨ ਤੇ ਦਇਆ ਰਾਮ ਦੀ ਪ੍ਰਸ਼ਨੋਤਰੀ), ਦੋ ਹਿਕਮਤ ਦੇ ਗੁਟਕੇ, ਵਿਦ੍ਯਾਨਿਧ, ਇੰਨ੍ਹਾਂ ਤੋਂ ਛੁਟ ਉਸ ਦੇ ਹੋਰ ਵੀ ਗ੍ਰੰਥ ਸਨ ਜਿਨ੍ਹਾਂ ਵਿਚੋਂ ਦੋ ਦਾ ਜ਼ਿਕਰ ਅਸੀਂ ਪਿੱਛੇ ਕਾਂਡ ਪੰਜ ਤੇ ਛੇ ਵਿਚ ਕਰ ਆਏ ਹਾਂ।

ਸਦਾ ਨੰਦ ਦੀ ਆਖਰ ਸ਼ਰਧਾ ਫਕੀਰ ਦਲੇਰਸ਼ਾਹ ਉਪਰ ਰਹੀ। ਇਸ ਗੱਲ ਨੂੰ ਉਸ ਦੇ ਕਈ ਮੇਲੀ ਪਸੰਦ ਨਹੀਂ ਸਨ ਕਰਦੇ। ਸਦਾ ਨੰਦ ਨੂੰ ਗਲ ਸਮੇਟਣ ਦੀ ਜਾਚ ਘੱਟ ਸੀ। ਚਰਚਾ ਦੀ ਰੁਚੀ ਕਰਕੇ ਹਰ ਇਕ ਮਾਮਲਾ ਝਗੜੇ ਦਾ ਵਿਸਥਾਰ ਫੜ ਲੈਂਦਾ ਸੀ। ਦਲੇਰ ਸ਼ਾਹ ਦੇ ਮਾਮਲੇ ਸੰਬੰਧੀ ਇਕ ਵਿਰੋਧੀ ਧੜਾ ਪੈਦਾ ਹੋ ਗਿਆ ਜਿਸ ਨਾਲ ਬਹੁਤ ਦੇਰ ਤਕ ਬਹਿਸ ਮੁਬਾਹਸੇ ਚਲਦੇ ਰਹੇ। ਸਦਾ ਨੰਦ ਵਾਲਾ ਡੇਰਾ ਅਡਣਸ਼ਾਹੀਆਂ ਦਾ ਡੇਰਾ ਸੀ, ਇਸਦੀ ਗੱਦੀ ਇਸ ਤਰ੍ਹਾਂ ਟੁਰਦੀ ਆਈ ਸੀ: (ਭਾਈ ਅੱਡਣ ਸਾਹਿਬ)—ਦਇਆ ਰਾਮ—ਕ੍ਰਿਸ਼ਨ ਚੰਦ—ਜੀਵਨ ਰਾਮ—ਮੋਤੀ ਰਾਮ—ਟੇਕ ਚੰਦ।

ਵਿਰੋਧੀ ਧੜਾ ਭਾਈ ਟੇਕ ਚੰਦ ਦੀ ਵਿਰਾਸਤ ਤੋਂ ਸਦਾ ਨੰਦ ਨੂੰ ਖਾਰਜ ਕਰਨਾ ਚਾਹੁੰਦਾ ਸੀ। ਸਦਾ ਨੰਦ ਦਾ ਬਹੁਤ ਸਾਰਾ ਵਕਤ ਏਸ ਮਾਮਲੇ ਨੂੰ ਪਹਿਲੇ ਵਿਗਾੜਨ ਤੇ ਸੁਲਝਾਉਣ ਉਪਰ ਲਗਾ, ਪਰ ਇਸ ਅਸੂਲ ਉੱਪਰ ਉਹ ਸ਼ਹੀਦਾਂ ਵਾਲੀ ਜ਼ਿਦ ਨਾਲ ਲੜਦਾ ਰਿਹਾ ਕਿ ਮੁਸਲਮਾਨ ਫਕੀਰ ਦੇ ਮੇਲ ਜੋਲ ਨਾਲ ਜਾਂ ਕਿਸੇ ਸ਼ਕਲ ਵਿਚ ਵੀ ਜ਼ਾਤ ਪਾਤ ਦਾ ਕੋਈ ਵਹਮ ਕਿਸੇ ਸੰਤ ਨੂੰ ਭ੍ਰਿਸ਼ਟ ਨਹੀਂ ਕਰਦਾ। ਸਦਾ ਨੰਦ ਡੇਰਾ ਸੰਭਾਲਨ ਵਿਚ ਆਖਰ ਕਾਮਯਾਬ ਹੋਇਆ। ਉਹ ਜ਼ਾਤ ਪਾਤ ਦਾ ਭਰਮ ਤੋੜਨ ਵਿਚ ਪਹਿਲਾ 'ਸਿੰਘ ਸਭੀਆ' ਸੀ, ਜੋ ਸਿੰਘ ਸਭਾ ਲਹਿਰ ਚਲਨ ਤੋਂ ਵੀਹ ਸਾਲ ਪਹਿਲੇ ਜ਼ਾਤ ਪਾਤ ਉਪਰ ਸ਼ੁਰੂ ਦਾ ਹੱਲਾ ਬੋਲ ਗਿਆ ਸੀ।

ਸਦਾ ਨੰਦ ਨੇ ਆਪਣੀਆਂ ਰਚਨਾਵਾਂ ਵਿਚ ਹਿੰਦੀ ਹੀ ਵਰਤੀ ਹੈ। ਉਸ ਦੇ ਲਿਖਨ ਦਾ ਢੰਗ ਸਖਤ ਹੈ। ਬਿਆਨ ਵਿਚ ਸਚਾਈ ਹੈ ਜੋ ਸੰਕੁਚਿਤ ਹੋਣ ਦੇ ਕਾਰਨ ਨਿਰੱਸਕ ਹੈ। ਵਿਸਤਾਰ ਕੇਵਲ ਚਰਚਾਵਾਦ ਦੇ ਵਰਣਨ ਵਿਚ ਹੈ ਜੋ ਬਹੁਤ ਵੱਡੇ ਪੈਹਨ ਵਿਚ ਜਾਣ ਕਰਕੇ 'ਆਪਾ' ਖੋ ਬੈਠਦਾ ਹੈ। ਸਦਾ ਨੰਦ ਨੇ ਸ਼ੁਰੂ ਵਿਚ ਪੰਜਾਬੀ ਵਿਚਹੀ ਲਿਖਣਦਾ ਅਭਿਆਸ ਕੀਤਾਸੀ ਜਿਸਵਿਚ ਉਸਨੂੰ ਸਫਲਤਾ ਨਾ ਹੋਈ। ਇਸ ਗੱਲ ਦੀ ਮਿਸਾਲ ਉਸਦੀ ਪੈਂਤੀਸ ਅੱਖਰੀ ਹੈ, ਜਿਸ ਵਿਚ ਬਹੁਤੇ ਛੰਦ ਹਿੰਦੀ ਦੇ ਹੀ

---

*ਤਰਜਮੇ ਦਾ ਨਮੂਨਾ ਇਹ ਹੈ:—ਅਥ ਉਪਨਿਸ਼ਦ ਛਾਂਦੋਗ ਸ਼ਾਮਵੇਦ ਭਾਖਾ ਲਿਖਯਤੇ ॥
ਚੌਪਈ—ਓਅੰ ਅਰਥ ਯਹ ਜੋਲੈ ਕਰਤਾ। ਤੋਦੋ ਬ੍ਰਹਮ ਕਿ ਆਪਾ ਹਰਤਾ ॥
ਤਾਹੀ ਕੋ ਉਦਗੀਥ ਪਛਾਨ। ਜਿਉਂ ਉਪਾਸਨਾ ਕਰ ਤਿਸ ਜਾਨ ॥੧॥
ਜੋ ਹੈ ਯਹੀ ਨਾਮ ਉਦਗੀਥ। ਜਾਤੇ ਜੁ ਮਧ ਸਾਮ ਸ੍ਰੁਤਿ ਮੀਤ ॥
ਯਹੀ ਨਾਮ ਖ਼ਤ ਸ਼ਬਦ ਗੰਭੀਰ। ਅਰੁ ਸੁਰ ਸਜ਼ ਉਚਾਰੀਏ ਬੀਰ ॥੨॥
†ਲੇਖਕ ਨੇ ਸਦਾ ਨੰਦ ਦੀਆਂ ਉਲਥਾਈਆਂ ਹਈਆਂ ਕੇਵਲ ੩੫ ਉਪਨਿਸ਼ਦਾਂ ਦੇਖੀਆਂ ਹਨ।

Digitized by Panjab Digital Library | www.panjabdigilib.org

ਹਨ ਤੇ ਕੋਈ ਕੋਈ ਪੰਜਾਬੀ ਦਾ ਪੈਂਤੀਸ ਅੱਖਰੀ ਦਾ ਨਮੂਨਾ ਇਹ ਹੈ:-

ਹਿੰਦੀ-

ਖਖਾ ਖਾਬ ਖਿਆਲ ਮੇ ਸੋਇ ਰਹਿਆ ਫਿਰ ਜਾਗਨਾ ਬਹੁਤ ਮੁਹਾਲ ਹੋਆ।
ਹੋਤੇ ਰਾਜ ਸਿੰਘਾਸਨ ਛਤ੍ਰ ਸਾਰੇ ਨੀਂਦ ਮੋਹ ਮੈਂ ਆਪਣੇ ਆਪ ਖੋਆ।
ਖਾਇਆ ਖੁਦੀ ਕਾ ਮੌਹਰਾ ਆਪ ਆਪੇ ਦੇਖੇ ਜੀਵ ਤਾਂਹੀ ਕਹੇ ਆਪ ਮੋਆ।
ਸਦਾ ਨੰਦ ਜੀਵੇ ਤਾ ਨ ਫੇਰ ਮਰੇ ਪੀਵੈ ਨ ਹੋੜਿ ਆਬ ਹਯਾਤ ਰੋਇਆ।

ਪੰਜਾਬੀ-

ਝਝਾ ਝੂਰ ਨਾਹੀਂ ਝੋਖੇ ਝੂਠਦੇ ਨੂੰ ਇਹ ਜਹਾਨ ਤਾਂ ਖਾਬ ਖਿਆਲ ਹੋਈ।
ਸਹੁ ਨਾਲ ਖੁਸ਼ੀ ਦੁਖ ਸੁਖ ਸੱਭੇ ਜਿਹੜਾ ਨਾਲ ਰਚਾਇ ਮਹਿਬੂਬ ਦੇਈ।
ਝਾਤੀ ਪਾਇ ਸਦਾ ਮਹਿਬੂਬ ਨੂੰ ਤੂੰ ਜਿਵੇਂ ਝਾਕਦਾ ਈ ਪਰ ਨਾਰ ਨੇਹੀ।
ਸਦਾ ਨੰਦ ਨਾ ਛੋੜੇ ਜੇ ਯਾਰ ਤੈਨੂੰ ਤਾਂ ਤੂੰ ਯਾਰ ਬਿਨ ਕਰੇ ਨਾ ਗੱਲ ਕੋਹੀ।

ਸਾਰੀ ਪੈਂਤੀਸ ਅੱਖਰੀ ਵਿਚ ਪੰਜਾਬੀ ਦੇ ਛੰਦ ਤਿੰਨ ਚਾਰ ਹੀ ਹਨ। ਇਕ ਦੋ ਵਿਚ ਐਸੇ ਵੀ ਹਨ, ਜਿਨ੍ਹਾਂ ਦੀ ਬੋਲੀ ਹਿੰਦੀ ਅਤੇ ਪੰਜਾਬੀ ਦਾ ਮਿਲਗੋਭਾ ਹੈ। ਪੈਂਤੀਸ ਅੱਖਰੀ ਇਸ ਤਰ੍ਹਾਂ ਦੀ ਕੁਛ ਜ਼ਰਾ ਕੁ ਮਿਲੀ ਜੁਲੀ ਚੀਜ਼ ਹੈ।ਅਖੀਰਲੇ ਦੋਹਿਰੇ ਵਿਚ ਉਸ ਨੇ ਆਪਣੀ ਵੇਦਾਂਤਕ ਨੁਕਤਾ ਨਿਗਾਹ ਦਾ ਨਿਚੋੜ ਦਿੱਤਾ ਹੈ ਜਿਸ ਵਿਚ ਅਪਣਾ ਹੀ ਸਵਾਦ ਹੈ:-

ਨਿਜ ਅਨੁਭਵ ਨਿਜ ਰੂਪ ਕੋ ਨਿਜ ਪ੍ਰਤਿ ਕਹਿਓ ਸੁਨਾਇ।
ਸਦਾ ਨੰਦ ਨਿਜ ਸਮਝੀਏ ਨਿਜਾਨੰਦ ਨਿਧ ਪਾਇ।

ਸਦਾ ਨੰਦ ਦਾ ਗੁਰੂ ਮੋਤੀ ਰਾਮ, ਜੋ ਬਹੁਤ ਫਾਰਸੀ ਪੜ੍ਹਿਆ ਹੋਇਆ ਸੀ,ਪੰਜਾਬੀ ਵਿਚ ਵਧੇਰੀ ਸਾਫ ਕਵਿਤਾ ਕਰਦਾ ਸੀ। ਸਦਾ ਨੰਦ ਨੇ ਇਨ੍ਹਾਂ ਦੀ ਰੀਸ ਉਪਰ ਹੀ ਪੰਜਾਬੀ ਲਿਖਣੀ ਸ਼ੁਰੂ ਕੀਤੀ, ਪਰ ਜਿਸ ਨੂੰ ਸਿਰੇ ਨਾ ਚਾੜ੍ਹ ਸਕਿਆ। ਮੋਤੀ ਰਾਮ ਦੀ ਪੰਜਾਬੀ ਦਾ ਨਮੂਨਾ ਇਹ ਹੈ:-

ਅਲਫ ਅਲਹ ਹੂੰ ਜਾਨ ਤੂਹੀ ਤੂੰ ਹੋਇ ਰਹੁ। ਭਠ ਘੱਤ ਕੂੜੇ ਕੰਮ ਅਰੰਮੀ ਸੋਇ ਰਹੁ।
ਗੁਰ ਸ਼ਬਦੀ ਸ਼ਮਸ਼ੇਰ ਕਾਮ ਦਲ ਖੋਇ ਰਹੁ। ਦਿਲ ਤਖਤੀ ਕਰਲੈ ਸਾਫ ਰੈਂਰ ਮਲ ਧੋਇ ਰਹੁ।
ਬੇ ਬਦਨਾਮ ਨਾ ਹੋਇ ਹੁਸ਼ਿਆਰੀ ਖੂਬ ਹੈ। ਅੰਦਰ ਮੁੜ ਵੱਲ ਦੇਖ ਸਲੋਨਾ ਰੂਪ ਹੈ।
ਮਹਾਂ ਅਗਾਧ ਅਨੰਤ ਅਜਬ ਮਹਿਬੂਬ ਹੈ। ਹੋਰ ਨਹੀਂ ਕੋਈ ਅਉਰ ਤੇਰਾ ਨਿਜ ਰੂਪ ਹੈ।
ਜੇ ਯਾਰ ਬਗਾਨਾ ਹੋਇ ਖੁਦੀ ਕੂ ਸੱਟ ਤੂੰ। ਇਥੇ ਤੁੱਟਾ ਹਈ ਤਮਾਮ ਨਫਾ ਘਿਨ ਵੱਟ ਤੂੰ।
ਹੁਣ ਕਾਲੇ ਹੋਏ ਸਫੈਦ ਵਿਕਾਰੂੰ ਹਟ ਤੂੰ। ਰਖ ਸੱਚੇ ਦੀ ਆਸ ਦੇਖ ਘਟ ਘੱਟ ਤੂੰ।
ਯਾ ਰਬ ਕਾਦਿਰ ਪਾਕ ਕਰਮ ਫੁਰਮਾਇ ਹੈ। ਸਹੀ ਸਲਾਮਤ ਕੂਚ ਮਕਾਨੂੰ ਜਾਇ ਹੈ।
ਸਚਾ ਤੇਰਾ ਨਾਉ ਸੁ ਮੰਨ ਵਸਾਇ ਹੈ।'ਮੁਸਤਾਕ' ਚਾਹੈ ਦੀਦਾਰ ਕਰਮ ਕਰ ਆਇ ਹੈ।

ਮੋਤੀ ਰਾਮ ਜੀ ਦਾ ਤਖੱਲਸ 'ਮੁਸ਼ਤਾਕ' ਸੀ। ਸਦਾ ਨੰਦ ਨੇ ਤਕਰੀਬਨ ਸਾਰੀਆਂ ਕਿਤਾਬਾਂ ਵਿਚ ਹੀ ਮੰਗਲਾਚਰਣ ਤੇ ਵੰਦਨਾ 'ਮੁਸ਼ਤਾਕ' ਜੀ ਨੂੰ ਹੀ ਕੀਤੀ ਹੈ। ਸਦਾ ਨੰਦ ਦੇ ਮਾਪਿਆਂ ਦਾ ਰੱਖਿਆ ਹੋਇਆ ਨਾਮ ਆਸੂ ਰਾਮ ਸੀ, ਉਸ ਨੇ ਆਪਣਾ ਨਾਮ 'ਜਨ ਦਾਸ' ਰਖਿਆ ਹੋਇਆ ਸੀ, ਜਿਸ ਤਖੱਲਸ ਹੇਠ ਉਸਦੀਆਂ ਬਹੁਤ ਰਚਨਾਵਾਂ ਹਨ। ਗੁਰੂ ਨੇ ਨਾਮ ਸਦਾ ਨੰਦ ਦਿੱਤਾ ਜਿਸ ਨਾਮ

Digitized by Panjab Digital Library | www.panjabdigilib.org

ਹੈਠ ਸੀਹਰਫੀਆਂ ਆਦਿਕ ਹਨ* ।

ਸਦਾ ਨੰਦ ਜੀ ੧੮੫੪ ਈ: ਵਿਚ ਚਲਾਣਾ ਕਰ ਗਏ । ਇਨ੍ਹਾਂ ਦੀ ਗੱਦੀ ਅੱਗੋਂ ਫਿਰ ਇਸਤਰ੍ਹਾਂ ਟੁਰ ਰਹੀ ਹੈ:–ਸਦਾ ਨੰਦ–ਈਸ਼ਰਦਾਸ–ਜੋਧਾਰਾਮ–ਭਾਈ ਗੁਰਵਰਧਨ ਦਾਸ–ਭਾਈ ਨੇਤਾ ਰਾਮ। ਸਦਾ ਨੰਦ ਦੀ ਯਾਦਗਾਰੀ ਚੀਜ਼ ਉਸਦਾ ਜਪੁਜੀ ਸਾਹਿਬ ਦਾ 'ਵਿਗਜਾਨ ਅਰਕ' ਟੀਕਾ ਹੈ ਜਿਸ ਵਿਚ ਉਸ ਨੇ ਗੁਰਬਾਣੀ ਦੀ ਵਾਕਫੀਅਤ ਦੀ ਵਜ਼ੁੱਲਤਾ ਦੀ ਮਦਦ ਨਾਲ ਅਪਣੀ ਤਰਕ ਬੁੱਧੀ ਨੂੰ ਸਫਲ ਕੀਤਾ ਹੈ।

ਸਦਾ ਨੰਦ ਜਦੋਂ ਅੰਮ੍ਰਿਤਸਰੋਂ ਗਿਆ ਤਾਂ ਫੇਰ ਬਾਬੇ ਨਾਲ ਮਿਲਣ ਦਾ ਕੋਈ ਅਵਸਰ ਨਹੀਂ ਮਿਲਿਆ। ਜਿਸਤਰ੍ਹਾਂ ਸਦਾ ਨੰਦ ਦੇ ਅੰਦਰ ਖਿੱਚ ਸੀ,ਮੁਲਤਾਨ ਦੇ ਹਰ ਇਕ ਆਦਮੀ ਨੂੰ ਅੰਮ੍ਰਿਤਸਰ ਵਿਚ ਮਿਲਣ ਦੀ, ਬਾਬੇ ਦੇ ਅੰਦਰ ਮੁਲਤਾਨੀ ਪੁਣੇ ਲਈ ਕੋਈ ਖਾਸ ਖਿੱਚ ਨਹੀਂ ਸੀ। ਨਾ ਬਾਬਾ ਕਦੇ ਮੁਲਤਾਨ ਗਿਆ, 'ਗੜ੍ਹ ਮਹਾਰਾਜ' ਨੂੰ ਉਸ ਜਦ ਇਕ ਵੇਰ ਛੱਡਿਆ ਤਾਂ ਉਹ ਐਸਾ ਪੂਰਨ ਤਜਾਗ ਸੀ ਕਿ ਉਸ ਦੇ ਦਿਮਾਗੀ ਨਕਸ਼ੇ ਵਿਚ ਉਨ੍ਹਾਂ ਇਲਾਕਿਆਂ ਉਪਰ ਹੜਤਾਲ ਫਿਰ ਗਈ ਸੀ।

੧੮.

ਗੌਰੀ ਸ਼ੰਕਰ ਤੇ ਸ਼ਿਵਰਾਸ ਤਕਰੀਬਨ ਹਰ ਵਿਸਾਖੀ ਦੀਵਾਲੀ ਬਾਬੇ ਨੂੰ ਆ ਮਿਲਦੇ। ਗੌਰੀ ਸ਼ੰਕਰ ਦਾ ਨਾਨਾ ਬੰਗਾਲ ਵਿਚ ਈਸਟ ਇੰਡੀਆ ਕੰਪਨੀ ਵਿਚ ਨੌਕਰ ਸੀ। ਉਨ੍ਹਾਂ ਦਿਨਾਂ ਵਿਚ ਰਾਜਾ ਰਾਮ ਮੋਹਨ ਰਾਇ ਦੇ ਚਲਾਏ ਬ੍ਰਹਮੁ ਸਮਾਜ ਦਾ ਤਾਜ਼ਾ ਤਾਜ਼ਾ ਪ੍ਰਚਾਰ ਸੀ । ਬੰਗਾਲ ਦੇ ਹਰ ਘਰ ਵਿਚ ਇਸ ਨਵੇਂ ਮਤ ਦੀ ਚਰਚਾ ਸੀ। ਗੌਰੀ ਸ਼ੰਕਰ ਅਪਣੇ ਨਾਨੇ ਦੇ ਅਸਰ ਹੇਠ ਮੂਰਤੀ ਪੂਜਾ ਦਾ ਵਿਰੋਧੀ ਸੀ। ਬ੍ਰਹਮੁ ਸਮਾਜ ਮੂਰਤੀ ਪੂਜਾ ਵਿਰੁੱਧ ਬਹੁਤ ਪ੍ਰਚਾਰ ਕਰ ਰਿਹਾ ਸੀ। ਐਤਕੀਂ ਜਦ ਗੌਰੀ ਸ਼ੰਕਰ ਆਇਆ ਤਾਂ ਕੁਦਰਤ ਨੇ ਫੇਰ ਉਸਦੇ ਦਿਲ ਨੂੰ ਠੇਸ ਲਾਉਣ ਲਈ ਬੰਦੋਬਸਤ ਕੀਤਾ ਹੋਇਆ ਸੀ। ਬਾਬਾ ਇਕ ਪੱਥਰਾਂ ਦੀ ਢੇਰੀ ਦੇ ਸਾਹਮਣੇ ਧਜਾਨ ਜੋੜਕੇ ਬੈਠਾ ਹੋਇਆ ਸੀ। ਜਦ ਗੌਰੀ ਸ਼ੰਕਰ ਨਾਲ ਗਲ ਬਾਤ ਹੋਈ ਤਾਂ ਉਸਨੇ ਫੇਰ ਮੂਰਤੀ ਪੂਜਾ ਉਪਰ ਕਿੰਤੂ ਉਠਾਇਆ।

ਗੌਰੀ ਸ਼ੰਕਰ–ਪਿਛਲੀ ਵੇਲੀ ਤਾਂ ਤੁਸੀਂ ਮੈਨੂੰ 'ਠਾਕਰ ਮਨ ਦੀ ਚੱਕੀ ਫੇਰਦਾ' ਕਹਿਕੇ ਖਹਿੜਾ ਛੁਡਾ ਲਿਆ ਸੀ, ਪਰ ਐਤਕੀਂ ਮੈਂ ਅਪਣੀ ਸ਼ੰਕਾ ਪੂਰੀ ਤਰ੍ਹਾਂ ਨਵਿਰਤ ਕਰਨੀ ਹੈ।

ਬਾਬਾ–ਆਤਮਕ ਉੱਨਤੀ ਲਈ ਮੂਰਤੀ ਪੂਜਾ ਕੋਈ ਜ਼ਰੂਰੀ ਚੀਜ਼ ਨਹੀਂ, ਹਰ ਮੂਰਤਿ ਪਿੱਛੇ, ਅਮੂਰਤ ਖੜੀ ਹੈ। ਮੂਰਤ ਇਕ ਪੌੜੀ ਦਾ ਡੰਡਾ ਹੈ ਜੋ ਸਥੂਲਮਨ ਦਾ ਆਸਰਾ ਹੈ, ਜਿਸ ਉਪਰੋਂ ਅਮੂਰਤ ਦੀ ਝਾਕੀ ਦਿੱਸਦੀ ਹੈ ।

ਗੌਰੀ ਸ਼ੰਕਰ–ਤੁਹਾਡੀ ਆਤਮਕ ਉਨਤੀ ਪਰਲੇ ਦਰਜੇ ਦੀ ਹੋ ਚੁਕੀ ਹੈ, ਤੁਹਾਡੇ ਵਿਚ ਬ੍ਰਹਮ ਗਿਆਨੀ ਦੀ ਪਾਰਦਰਸ਼ਤਾ ਹੈ, ਤੁਸੀਂ ਇਨ੍ਹਾਂ ਪੱਥਰਾਂ ਉਪਰ ਕਿਉਂ ਧਜਾਨ ਜਮਾਉਂਦੇ ਹੋ ? ਇਹ ਪ੍ਰਕ੍ਰਿਤੀ ਦੇ ਮੰਡਲ ਦੀਆਂ ਚੀਜ਼ਾਂ ਹਨ।

ਬਾਬਾ–ਮੈਂ ਆਤਮਕ ਉੱਨਤੀ ਲਈ ਇਹ ਚੀਜ਼ਾਂ ਨਹੀਂ ਰੱਖੀਆਂ।

ਗੌਰੀ ਸ਼ੰਕਰ–ਹੋਰ ਕਾਸ ਲਈ ?

ਬਾਬਾ–ਪ੍ਰਕਿਰਤਕ ਉੱਨਤੀ ਲਈ ?

ਗੌਰੀ ਸ਼ੰਕਰ–ਇਹ ਨਵੀਂ ਗਲ ਸੁਣੇ !

---

*ਲੰਬਕਾਰ ਕੋ ਨਾਂ 'ਜਨ ਦਾਸ' ਹੁਤੋ 'ਸਦਾ ਨੰਦ' ਮੰਗਜਾ ਗੁਰਦੇਵ ਕੀਨੀ ।.....
ਪੂਛੇ ਮੋ ਤੇ ਕੋਉ ਜੋ ਤੂ ਕਉਨ ਦੇ ਮੈ ਤੇ ਸਾਖੀ ਹੋ ਏਨ੍ਹ ਕੀ ਸਾਖ ਦੀਨੀ । ਪੈਂਤੀਸ ਅਖਰੀ

Digitized by Panjab Digital Library | www.panjabdigilib.org

ਬਾਬਾ–ਤੁਹਾਨੂੰ ਪਤਾ ਹੈ ਮੈਂ ਵੈਦ ਹਾਂ, ਮੇਰਾ ਦਿਨ ਰਾਤ ਦਾ ਵਾਹ ਉਨ੍ਹਾਂ ਦਵਾਈਆਂ ਦੇ ਗੁਣ ਔਗੁਣਾਂ ਨਾਲ ਹੈ ਜੋ ਪੱਥਰਾਂ ਤੋਂ, ਧਾਤਾਂ ਤੋਂ ਅਤੇ ਪ੍ਰਕ੍ਰਿਤੀ ਦੀਆਂ ਹੋਰ ਅਨੇਕਾਂ ਚੀਜ਼ਾਂ ਤੋਂ ਬਣਦੀਆਂ ਹਨ।

ਗੌਰੀ ਸ਼ੰਕਰ–ਪਰ ਇਨ੍ਹਾਂ ਉਪਰ ਧਯਾਨ ਜਮਾਉਂਣ ਦਾ ਕੀ ਫਾਇਦਾ ? ਇਹ ਤੇ ਸਾਫ ਪ੍ਰਤੱਖ ਦਿੱਸ ਰਹੀਆਂ ਹਨ।

ਬਾਬਾ–ਦੇਖ ਭਈ, ਇਹ ਗਲ ਤੇਰੇ ਸਮਝਣ ਦੀ ਹੈ। ਪ੍ਰਕ੍ਰਿਤੀ ਦਾ ਸਰੂਪ ਪ੍ਰਤੱਖ ਦਿੱਸਦਾ ਹੈ, ਪਰ ਉਸ ਦੇ ਗੁਣ ਨਹੀਂ ਦਿੱਸਦੇ। ਜਿਸ ਨੂੰ ਪ੍ਰਕ੍ਰਿਤੀ ਦੇ ਗੁਣਾਂ ਦਾ ਪਤਾ ਲੱਗ ਜਾਏ ਉਹ ਵਿਦਵਾਨ ਹੁੰਦਾ ਹੈ। ਇਹ ਜੋ ਪੱਥਰ ਤੈਨੂੰ ਦਿੱਸ ਰਹੇ ਹਨ ਤੇਰੀ ਸਮਝ ਵਿਚ ਪੱਥਰ ਹੀ ਹਨ। ਇਨ੍ਹਾਂ ਵਿਚ ਅਨੇਕਾਂ ਗੁਣ ਹਨ। ਦਿਸ ਢੇਰੀ ਵਿਚ ਅਹਿ ਜੋ ਨਿੱਕਾ ਜਿਹਾ ਗੀਟਾ ਹੈ ਇਸ ਦੇ ਪਰਛਾਵੇਂ ਪਿੱਛੇ ਮੌਤ ਲੁਕਕੇ ਖੜੋਤੀ ਹੈ। ਇਸ ਦਾ ਰੰਗ ਪੀਲਾ ਹੈ, ਪਰ ਇਸ ਦੇ ਅੰਦਰ ਕਾਲ ਦੀ ਕਲੱਤਣ ਹੈ, ਜੇ ਖਾ ਲਓ ਤਾਂ ਜ਼ਿੰਦਗੀ ਦੇ ਚਾਂਦਨੀ ਚੌਂਕ ਵਿਚ 'ਹੜਤਾਲ' ਹੋ ਜਾਏਗੀ। ਔਹ ਦੂਜਾ ਚਿੱਟਾ ਪੱਥਰ ਹੈ। ਇਹ ਸੰਗਯਸ਼ਬ ਦੀ ਪੀਰ ਪੰਜਾਲੀ ਕਿਸਮ ਹੈ। ਇਸ ਦੇ ਪਰਮਾਣੂਆਂ ਦੇ ਟਾਲ ਅੰਮ੍ਰਿਤ ਦੇ ਕਿਣਕੇ ਗੁਣ ਰੂਪ ਹੋਕੇ ਲੱਗੇ ਹੋਏ ਹਨ। ਅਸਾਂ ਇਸ ਦੀ ਬਣਾਈ ਦਵਾਈ ਦਾ ਨਾਮ 'ਸਿਧ ਪੀਰ' ਰੱਖਿਆ ਹੈ, ਘਟ ਰਹੀ ਜਾਨ ਨੂੰ ਮੁੜ ਸੁਰਜੀਤ ਕਰ ਦਿੰਦੀ ਹੈ। ਮਨੁਖ ਚੀਜ਼ਾਂ ਦੇ ਗੁਣਾਂ ਨੂੰ ਕੇਵਲ ਅਪਣੇ ਕਮਾਮ ਦੇ ਨੁਕਤੇ ਤੋਂ ਲਖਦਾ ਹੈ। ਇਕ ਰਾਜ ਦੀ ਦ੍ਰਿਸ਼ਟੀ, ਪੱਥਰ ਨੂੰ ਪਰਖਣ ਲਈ, ਇਮਾਰਤ ਦੀ ਨੁਕਤਾ ਨਿਗਾਹ ਤੋਂ ਪੈਂਦੀ ਹੈ। ਇਕ ਚਿਤੇਰਾ ਇਨ੍ਹਾਂ ਦੀ ਪਰਖ ਰੰਗ ਤੋਂ ਕਰਦਾ ਹੈ ਕਿ ਤਸਵੀਰ ਨੂੰ ਲਾਲ ਪੀਲੀ ਬਣਾਉਣ ਵਿਚ ਕਿਹੜੇ ਕਿਤਨੇ ਗੂੜ੍ਹੇ ਯਾ ਫਿਕੇ ਹਨ। ਇਕ ਰਸੋਈ ਇਨ੍ਹਾਂ ਦੀ ਧਾਤਾਂ ਉਪਰ ਅਦਲਾ ਬਦਲੀ ਦੇ ਅਸਰ ਤੋਂ ਇਨ੍ਹਾਂ ਦੀ ਜਾਚ ਕਰਦਾ ਹੈ। ਇਕ ਵੈਦ ਇਨ੍ਹਾਂ ਦੀ ਚਕਿਤਸਕ ਸੱਤਾ ਨੂੰ ਆਪਣੇ ਸਾਮ੍ਹਣੇ ਰੱਖਦਾ ਹੈ, ਪਰ ਇਕ ਗਯਾਨੀ ਦੀ ਦ੍ਰਿਸ਼ਟੀ ਹੋਰ ਦੀ ਹੋਰ ਹੈ।

ਗੌਰੀ ਸ਼ੰਕਰ–ਗਯਾਨੀ ਦੀ ਦ੍ਰਿਸ਼ਟੀ ਵਿਚ ਤਾਂ ਇਹ ਚੀਜ਼ਾਂ ਹੈਨ ਹੀ ਨਹੀਂ। ਇਹ ਸੰਸਾਰ ਹੀ ਸੁਪਨਾ ਹੈ।

ਬਾਬਾ–ਹਾਂ, ਜਿਹੜਾ ਐਸਾ ਗਯਾਨੀ ਇਸ ਪੀਲੇ ਪੱਥਰ ਨੂੰ ਸੁਪਨਾ ਸਮਝਕੇ ਖਾ ਲਵੇ ਉਹ ਸਦ ਦੀ ਨੀਂਦ ਦੇ ਅਖੰਡ ਸੁਪਨੇ ਵਿਚ ਹਜ਼ਮ ਹੋ ਜਾਏਗਾ। ਪਰ ਅਸੀਂ ਐਸ ਵੇਲੇ ਇਨ੍ਹਾਂ ਗਿਆਨੀਆਂ ਦੀ ਗਲ ਨਹੀਂ ਕਰ ਰਹੇ, ਸਾਡਾ ਮਤਲਬ ਇਹ ਹੈ ਕਿ ਕੋਈ ਵਿਸ਼ਾਲ ਦ੍ਰਿਸ਼ਟੀ ਵਾਲੇ ਐਸੇ ਬੰਦੇ ਹੁੰਦੇ ਹਨ ਜੋ ਵਸਤੂ ਦੇ, ਇਕ ਇਕ ਵਖਰੇ ਗੁਣ ਨੂੰ ਨਾ, ਪਰੰਤੂ ਸਾਰੇ ਗੁਣਾਂ ਨੂੰ ਸਮੁੱਚੇ ਰੂਪ ਵਿਚ ਗ੍ਰਹਿਣ ਕਰਦੇ ਹਨ। ਓਹ 'ਗਯਾਨੀ' ਹੁੰਦੇ ਹਨ। ਉਨ੍ਹਾਂ ਨੂੰ ਵਸਤੂ ਅਤੇ ਵਸਤੂ ਦਾ ਗੁਣ ਅਲੱਗ ਅਲੱਗ ਖੜੇ ਦਿਸ ਪੈਂਦੇ ਹਨ। ਉਹ ਗੁਣ ਗੁਣੀ ਸੰਬੰਧ ਵਿਚ ਪ੍ਰਕ੍ਰਿਤੀ ਦੀ ਭੇਦ ਗਤੀ ਨੂੰ ਸਮਝ ਲੈਂਦੇ ਹਨ।

ਗੌਰੀ ਸ਼ੰਕਰ–ਇਹ ਗਲ ਤਾਂ ਅੱਗੇ ਮੇਰੇ ਖਿਆਲ ਵਿਚ ਕਦੇ ਨਹੀਂ ਸੀ ਆਈ।

ਬਾਬਾ–ਅਕਾਲ ਪੁਰਖ ਅਤੇ ਪ੍ਰਕ੍ਰਿਤੀ ਵਿਚ ਇਕ ਵੱਡਾ ਫਰਕ ਇਹ ਹੈ ਕਿ ਅਕਾਲ ਪੁਰਖ ਦੇ ਗੁਣ ਦਿੱਸ ਰਹੇ ਹਨ, ਪਰ ਉਸਦਾ ਸਰੂਪ ਨਜ਼ਰ ਨਹੀਂ ਆਉਂਦਾ। ਉਸਦੀ ਦਿਆਲਤਾ, ਕ੍ਰਿਪਾਲਤਾ ਤੇ ਏਹੋ ਜੇਹੇ ਹੋਰ ਗੁਣ ਸਾਨੂੰ ਹਰ ਮੌਕੇ ਉਪਲਨਜ਼ਰੀਂ ਆ ਜਾਂਦੇ ਹਨ, ਪਰ ਉਸਦਾ ਸਰੂਪ ਸਾਖਯਾਤ ਨਹੀਂ ਹੁੰਦਾ, ਇਸਦੇ ਉਲਟ ਪ੍ਰਕ੍ਰਿਤੀ ਦਾ ਸਰੂਪ ਸਾਨੂੰ ਨਜ਼ਰ ਆ ਰਿਹਾ ਹੈ ਪਰ ਉਸਦੇ ਗੁਣ ਲੁਕੇ ਰਹਿੰਦੇ ਹਨ।

ਗੌਰੀ ਸ਼ੰਕਰ–ਇਹ ਫਰਕ ਤੇ ਤੁਸਾਂ ਬੜਾ ਅੱਛਾ ਕੱਢਿਆ ਹੈ।

ਬਾਬਾ–ਪ੍ਰਕ੍ਰਿਤੀ ਦੇ ਗੁਣ ਉਸ ਦੇ ਸਰੂਪ ਪਿੱਛੇ ਲੁਕੇ ਹੋਏ ਹਨ। ਪਰਮੇਸ਼ੁਰ ਦਾ ਸਰੂਪ ਉਸ ਦੇ ਗੁਣਾਂ ਪਿੱਛੇ ਲੁਕਿਆ ਹੋਇਆ ਹੈ।

ਗੌਰੀ ਸ਼ੰਕਰ–ਇਹ ਗੱਲ ਅੱਧ ਪਚੱਧੀ ਪੱਲੇ ਪਈ ਹੈ।

ਬਾਬਾ–ਉਹ ਉਦਾਸੀ ਬਾਬਾ ਕਹਿੰਦਾ ਹੁੰਦਾ ਸੀ ਕਿ.....

ਗੌਰੀ ਸ਼ੰਕਰ–ਕਿਹੜਾ ? ਜਿਸਦੇ ਦੰਦ ਨਹੀਂ ਸਨ ?

Digitized by Panjab Digital Library | www.panjabdigilib.org

ਇਹ ਕਹਿਕੇ ਗੌਰੀ ਸ਼ੰਕਰ ਹੱਸਣ ਲੱਗ ਪਿਆ । ਬਾਬਾ ਵੀ ਮੁਸਕ੍ਰਾਇਆ।

ਗੌਰੀ ਸ਼ੰਕਰ–ਬਾਬਾ ਜੀ, ਮਾਫ ਕਰਨਾ ਗਲ ਟੁੱਕ ਦਿੱਤੀ ਹੈ, ਪਰ ਤੁਸੀਂ ਉਸਦੀ ਬਾਬਤ ਫੈਰ ਕਦੇ ਕੋਈ ਗਲ ਨਹੀਂ ਕੀਤੀ ?

ਬਾਬਾ–ਉਹ ਉਦਾਸੀ ਬਾਬਾ ਬੜਾ ਭਲਾ ਲੋਕ ਸੀ, ਇਸ ਦਾ ਨਾਮ ਊਧੋ ਦਾਸ ਸੀ, ਇਹ ਬਾਬਾ ਪ੍ਰੀਤਮ ਦਾਸ ਦਾ ਚੇਲਾ ਸੀ ।

ਗੌਰੀ ਸ਼ੰਕਰ–ਪ੍ਰੀਤਮ ਦਾਸ ਕਿਹੜਾ ?

ਬਾਬਾ–ਸਾਧ ਬੇਲੇ ਦੇ ਬਨਾਉਣ ਵਾਲੇ ਮਹਾਤਮਾ ਦਾ ਨਾਮ ਸ੍ਰੀ ਬਣਖੰਡੀ ਸਾਹਿਬ ਸੀ। ਇਸ ਦੇ ਚੇਲੇ ਪ੍ਰੀਤਮ ਦਾਸ ਨੇ ਉਦਾਸੀਆਂ ਦਾ ਪੁਰਾਣਾ ਬਾਣਾ ਉਤਾਰਕੇ ਨਵਾਂ ਵੇਸ ਧਾਰਿਆ।ਪ੍ਰੀਤਮ ਦਾਸ ਨੇ ਮਜੀਠੀ ਰੰਗ ਦੇ ਬਸਤ੍ਰ ਉਤਾਰ ਦਿੱਤੇ। ਸਰੀਰ ਉੱਤੇ ਬਿਭੂਤ ਮਲ ਲਈ, ਲੱਕ ਵਿਚ ਜੰਜੀਰ ਤੇ ਜਟਾਂ ਨੂੰ ਜੂੜੇ ਵਿਚ ਸੰਕੁਚਤ ਕਰ ਦਿੱਤਾ।

ਗੌਰੀ ਸ਼ੰਕਰ–ਇਸ ਨਾਲ ਕੀ ਫਰਕ ਪੈ ਗਿਆ ?

ਬਾਬਾ–ਹਿੰਦੂਆਂ ਦੇ ਚਾਰ ਆਸ਼੍ਰਮ ਹਨ, ਬ੍ਰਹਮਚਰਯ, ਗ੍ਰਿਹਸਥ, ਬਾਨਪ੍ਰਸਥ, ਸੰਨਯਾਸ। ਉਦਾਸੀ ਦਾ ਬਾਣਾ ਬਾਣਪ੍ਰਸਥ ਦੀ ਰਹਿਣੀ ਬਹਿਣੀ ਦੇ ਦਰਜੇ ਦੀ ਚੀਜ਼ ਸੀ। ਬਾਵਾ ਪ੍ਰੀਤਮ ਦਾਸ ਨੇ ਇਸ ਦੀ ਕਾਇਆ ਪਲਟਕੇ ਸੰਨਯਾਸ ਆਸ਼੍ਰਮ ਵਿਚ ਛਾਲ ਮਾਰ ਦਿਤੀ। ਬਾਵਾ ਪ੍ਰੀਤਮ ਦਾਸ ਦੇ ਅਨੇਕਾਂ ਚੇਲੇ ਹੋਏ ਜੋ ਸੰਨਯਾਸੀਆਂ ਵਾਕੂਣ ਜਾਂ ਬੁਧ ਭਿੱਕਸ਼ੂਆਂ ਵਾਕੂਣ ਬਸਤੀਆਂ ਵਿਚ, ਗ੍ਰਾਵਾਂ ਵਿਚ ਜੰਗਲਾਂ ਵਿਚ, ਭੀੜਥਾਂ ਉਪਰ ਪ੍ਰਚਾਰ ਦੀ ਖ਼ਾਤਰ ਨਿਕਲ ਤੁਰੇ। ਸਭ ਨੇ ਇਹ ਨਵਾਂ ਬਾਣਾ ਜਿਸਦਾ ਨਾਮ 'ਨਿਰਬਾਣ ਬਾਣਾ' ਲੱਖਿਆ ਗਿਆ ਗ੍ਰਹਿਣ ਕਰ ਲੀਤ।

ਗੌਰੀ ਸ਼ੰਕਰ-ਬਾਬਾ ਜੀ ! ਹੁਣ ਉਹ ਸਾਧੂ ਕਿੱਥੇ ਹੈ ?

ਬਾਬਾ–ਉਦਾਸੀਆਂ ਦੀ ਇਸ ਕਾਇਆ ਪਲਟ ਨਾਲ ਗੋਸਾਈਂ ਗੁੱਸੇ ਹੋ ਗਏ। ਗੋਸਾਈਂ ਕਹਿਣ ਲੱਗੇ ਉਦਾਸੀ ਸਾਡੀ ਸ਼ਕਲ ਬਣਾਕੇ ਸਾਡੀ ਪਿਰਤ ਖੋਹ ਰਹੇ ਹਨ । ਸੋ ਇਕ ਮੇਲੇ ਉਪਰ ਨਿਰਬਾਣ, ਉਦਾਸੀਆਂ ਤੇ ਗੋਸਾਈਂਆਂ ਦੀ ਲੜਾਈ ਹੋ ਪਈ। ਕਈ ਜ਼ਖਮੀ ਹੋਏ, ਕਈ ਮਾਰੇ ਗਏ। ਇਹ ਆਪਸ ਦੀ ਖਹਿ ਖਹਿ ਵੀਹ ਪੰਝੀ ਸਾਲ ਜਾਰੀ ਰਹੀ। ਗੋਸਾਂਈਂ ਜਿਥੇ ਵੀ ਕਿਤੇ ਇਕੱਲੇ ਦੁਕੱਲੇ ਉਦਾਸੀ ਨੂੰ ਦੇਖ ਲੈਣ ਵਾਰ ਕਰ ਦੇਣ। ਸਾਡਾ ਮਿੱਤਰ ਊਧੋ ਦਾਸ ਵੀ ਇਕ ਐਸੇ ਹੀ ਵਾਰ ਦਾ ਸ਼ਿਕਾਰ ਹੋ ਗਿਆ ਸੀ ।

ਗੌਰੀ ਸ਼ੰਕਰ–ਅੱਛਾ ਤੁਸੀਂ ਕਹਿਣ ਲੱਗੇ ਸੀ ਕਿ 'ਉਹ ਉਦਾਸੀ ਬਾਬਾ ਕਹਿੰਦਾ ਹੁੰਦਾ ਸੀ'.....

ਬਾਬਾ–ਹਾਂ, ਇਸ ਨਾਲ ਸਾਡਾ ਸਹਚਾਰ ਕਾਫੀ ਦੇਰ ਰਿਹਾ । ਇਹ ਚਾਹੁੰਦਾ ਸੀ ਕਿ ਅਸੀਂ ਵੀ ਇਨ੍ਹਾਂ ਦੇ ਪੰਚੈਤੀ ਅਖਾੜੇ ਦਾ ਨਿਰਬਾਣ ਵੇਸ ਧਾਰਨ ਕਰ ਲਈਏ, ਪਰ ਅਸੀਂ ਅਜੇ ਆਪਣੇ ਆਪ ਨੂੰ ਬ੍ਰਹਮਚਾਰੀ ਵਿਦਯਾਰਥੀ ਦੀ ਸ਼੍ਰੇਣੀ ਵਿਚ ਗਿਣਦੇ ਸਾਂ। ਸਾਨੂੰ ਸੰਨਯਾਸੀਆਂ ਵਾਲਾ ਨਵਾਂ ਨਿਰਬਾਣ ਰੂਪ ਬਨਾਉਣ ਵਿਚ ਸ਼ਰਮ ਆਉਂਦੀ ਸੀ। ਨਾਲੇ ਸਾਡੀਆਂ ਜਟਾਂ ਸਖਤ ਹੋਕੇ ਅਮਲਤਾਸ ਦੀਆਂ ਫਲੀਆਂ ਵਾਕੂਣ ਆਕੜੀਆਂ ਹੋਈਆਂ ਲਟਕ ਰਹੀਆਂ ਸਨ, ਜੂੜਾ ਕਰਨਾ ਕਠਨ ਸੀ।

ਗੌਰੀ ਸ਼ੰਕਰ–ਹਾਂ, ਤੁਸੀਂ ਕਹਿਣ ਲੱਗੇ ਸੀ ਕਿ ਉਹ ਉਦਾਸੀ ਬਾਬਾ ਕਹਿੰਦਾ ਹੁੰਦਾ ਸੀ'''।

ਬਾਬਾ– ਕਹਿੰਦਾ ਹੁੰਦਾ ਸੀ ਕਿ ਜਿਹੜੇ ਪ੍ਰਕ੍ਰਿਤੀ ਦੇ ਤਿੰਨ ਗੁਣ 'ਰਜ ਤਮ ਸਤ' ਹਨ, ਇਨ੍ਹਾਂ ਤਿੰਨਾਂ ਨੂੰ ਅਪਣੀ ਵਿਵੇਕ ਬੁਧਿ ਨਾਲ ਜੇ ਵੱਖਰਾ ਕਰ ਦੇਈਏ ਤਾਂ ਬਾਕੀ ਦੀ ਪ੍ਰਕ੍ਰਿਤੀ ਜੋ ਰਹਿ ਜਾਂਦੀ ਹੈ ਉਹ ਨਿਰਾਕਾਰ ਹੁੰਦੀ ਹੈ, ਉਹ ਇਸ ਨਿਰਾਕਾਰ ਪ੍ਰਕ੍ਰਿਤੀ ਦਾ ਫੇਰ ਨਿਰਾਕਾਰ ਬ੍ਰਹਮ ਨਾਲ ਮੁਕਾਬਲਾ ਕਰ ਕਰਕੇ ਅਪਣੀ ਬੁਧਿ ਨਾਲ ਫ਼ਰਕ ਕਢਦਾ ਹੁੰਦਾ ਸੀ ।

ਗੌਰੀ ਸ਼ੰਕਰ–ਤੁਸਾਂ ਵੀ ਏਸ ਤਰ੍ਹਾਂ ਦਾ ਫਰਕ ਕੱਢਿਆ ਹੋਣਾ ਹੈ ?

ਬਾਬਾ–ਸਾਡੇ ਤ ਅਰਥੇ ਦੇ ਸਿੱਟੇ ਹੋਰ ਦੇ ਹੋਰ ਨਿਕਲ ਪਏ ।

Digitized by Panjab Digital Library | www.panjabdigilib.org

ਗੌਰੀ ਸ਼ੰਕਰ–ਉਹ ਕੀ ?

ਬਾਬਾ–ਅਸਾਂ ਜਿਸ ਛਿਨ ਜੋਗ ਜੁਕਤ ਦ੍ਰਿਸ਼ਟੀ ਨਾਲ ਪ੍ਰਕ੍ਰਿਤੀ ਨੂੰ ਤ੍ਰੈ ਗੁਣ ਅਤੀਤ ਕਰਕੇ ਤੱਕਿਆ, ਸਾਨੂੰ ਉਸੇ ਛਿਨ ਉਸ ਵਿਚ ਅਕਾਲ ਪੁਰਖ ਦਾ ਅਪਣਾ ਪਸਾਰਾ ਸਾਕਾਰ ਰੂਪ ਵਿਚ ਸਾਖਯਾਤ ਹੋ ਗਿਆ।

ਗੌਰੀ ਸ਼ੰਕਰ–ਗੁਣਾਂ ਤੋਂ ਰਹਿਤ ਪ੍ਰਕ੍ਰਿਤੀ ਵੀ ਨਿਰਾਕਾਰ ਅਤੇ ਅਕਾਲ ਪੁਰਖ ਵੀ ਨਿਰਾਕਾਰ ਦੋ ਨਿਰਾਕਾਰਾਂ ਦੇ ਸੰਬੰਧ ਨਾਲ ਸਾਕਾਰ ਰੂਪ ਕਿਸ ਤਰ੍ਹਾਂ ਪ੍ਰਗਟ ਹੋ ਗਿਆ ?

ਬਾਬਾ–ਪਾਣੀ ਵੀ ਠੰਢਾ ਹੁੰਦਾ ਹੈ, ਕਲੀ ਦਾ ਚੂਨਾ ਵੀ ਠੰਢਾ ਹੁੰਦਾ ਹੈ। ਦੋਨਾਂ ਠੰਢਾਂ ਦੇ ਮੇਲ ਨਾਲ ਗਲਮੀ ਪੈਦਾ ਹੋ ਜਾਂਦੀ ਹੈ। ਚੂੰਨਾ ਫੁੱਲਕੇ ਖਿੜ ਜਾਂਦਾ ਹੈ, ਪਾਣੀ ਉਬਲਣ ਲਗ ਪੈਂਦਾ ਹੈ!

ਇਹ ਗਲ ਸੁਣਕੇ ਗੌਰੀ ਸ਼ੰਕਰ ਚੁਪ ਜਿਹਾ ਕਰ ਗਿਆ। ਫੇਰ ਕੁਛ ਦੇਰ ਬਾਦ ਕਹਿਣ ਲਗਾ, ਤੁਹਾਡੀਆਂ ਤੁਸੀਂ ਜਾਣੋਂ, ਅਸੀਂ ਏਸ ਬ੍ਰੀਕੀ ਤਕ ਅੱਪੜ ਨਹੀਂ ਸਕਦੇ। ਸਾਨੂੰ ਮੋਟੀ ਗਲ ਦੱਸੋ ਕਿ ਪ੍ਰਕ੍ਰਿਤੀ ਦੇ ਗੁਣ ਵੱਖ ਕਰਕੇ ਨਿਰਣਯ ਕਰਨ ਦਾ ਕੋਈ ਦੁਨਿਯਾਵੀ ਲਾਭ ਵੀ ਹੈ ?

ਬਾਬਾ–ਅਸੀਂ ਧਯਾਨ ਵਿਚ ਅੱਜ ਏਸ ਗਲ ਦਾ ਨਿਰਣਯ ਕਰਨ ਬੈਠੇ ਸਾਂ ਕਿ ਕੀ ਪ੍ਰਕ੍ਰਿਤੀ ਦੇ ਹੀ ਇਹ ਤਿੰਨ ਗੁਣ 'ਰਜ ਤਮ ਸਤ' ਹਨ ਜੋ ਕਿਸੇ ਵਿਕਾਰ ਭੇਦ ਨਾਲ ਦਵਾਈਆਂ ਦੇ ਗਰਮ ਖ਼ੁਸ਼ਕ ਤੇ ਤਰ' ਬਣ ਗਏ ਹਨ ਤੇ ਕੀ ਫੇਰ ਇਹ ਏਹੋ ਤਿੰਨੇ ਹਨ ਜੋ ਪ੍ਰਾਣੀਆਂ ਦੀ ਤਬੀਅਤ ਵਿਚ 'ਕਫ, ਵਾਯੂ, ਪਿੱਤ' ਦੇ ਫਰਕ ਵਿਚ ਦਿੱਸਦੇ ਹਨ।

ਗੌਰੀ ਸ਼ੰਕਰ–ਇਹ ਗਲ ਜੇ ਸਿੱਧ ਵੀ ਹੋ ਜਾਏ ਤਾਂ ਇਸਦਾ ਫਾਇਦਾ ਕੀਹ ?

ਬਾਬਾ–ਇਸ ਦਾ ਫਾਇਦਾ ਇਹ ਕਿ ਜਦੋਂ ਇਨ੍ਹਾਂ ਗਲਾਂ ਦਾ ਨਿਰਣਾ ਪੂਰਾ ਹੋ ਜਾਏ ਤਾਂ ਅਸੀਂ ਚਕਿਤਸਾ ਦੇ ਗੁਣਾਂ ਨਾਲ ਤਮੋ ਗੁਣੀ ਮਨ ਵਾਲਿਆਂ ਨੂੰ ਸਤੋ ਗੁਣੀ ਬਣਾ ਦਿਆ ਕਰਾਂਗੇ ਬਗੈਰ ਕਿਸੇ ਹੋਰ ਸਾਧਨ ਦੇ।

ਬਾਬਾ ਵੈਦ ਸੀ। ਜੜ੍ਹਾਂ, ਬੂਟੀਆਂ, ਧਾਤਾਂ, ਪੱਥਰਾਂ, ਕੁਸ਼ਤਿਆਂ ਦੀ ਵਿਦਯਾ ਦਾ ਮਾਹਰ ਸੀ। ਉਹ ਆਪਣੇ ਕਿਸਮ ਕਿਸਮ ਦੇ ਤਜਰਬੇ ਦੀ ਵਿਚਾਰ ਵਿਭਿੰਨਤਾ ਨੂੰ ਹਟਾਉਣ ਵਾਸਤੇ ਆਪਣੇ ਧਿਆਨੀ ਅਨੁਭਵ ਨਾਲ ਪ੍ਰਕ੍ਰਿਤੀ ਦੇ ਗੁਣ ਸਰੂਪ ਨੂੰ ਸਮੁੱਚਜ ਤੇਰਤੇ ਗ੍ਰਹਣ ਕਰਣ ਦਾ ਯਤਨ ਕਰਦਾ ਰਹਿੰਦਾ ਸੀ।ਬਾਬੇ ਦਾ ਖਿਆਲ ਸੀ ਕਿ ਤਿੰਨ ਗੁਣ 'ਰਜ ਤਮ ਸਤ'–ਇਹ ਸਾਧਾਰਨ ਦਾਰਸ਼ਨਿਕ ਦ੍ਰਿਸ਼ਟੀ ਦੀ ਗਲ ਹੈ, ਇਸ ਨੂੰ ਜੇ ਪਾਰਦਰਸ਼ਿਤ ਅੱਖ ਨਾਲ ਤੱਕਿਆ ਜਾਵੇ ਤਾਂ ਗੁਣਾਂ ਦੀ ਗਿਣਤੀ ਵਧ ਜਾਏਗੀ। ਤਮੋਂ ਗੁਣ ਤੋਂ ਹੇਠਾਂ ਇਕ ਹੋਰ ਗੁਣ ਹੈ ਜਿਸ ਨੂੰ ਉਹ 'ਅਧੋਤਮ' ਗੁਣ ਕਹਿੰਦਾ ਸੀ। ਇਸਦੀ ਸਮਝ ਇਸਤਰ੍ਹਾਂ ਆ ਸਕਦੀ ਹੈ ਕਿ ਆਮ ਤੌਰ ਤੇ ਮਨੁਖ ਦੇ ਅੰਦਰ ਪੰਜ ਵਿਕਾਰ ਵਸਦੇ ਸਮਝੇ ਜਾਂਦੇ ਹਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਬਾਬਾ ਕਹਿੰਦਾ ਹੁੰਦਾ ਸੀ ਕਿ ਇਨ੍ਹਾਂ ਪੰਜਾਂ ਤੋਂ ਛੁਟ ਇਕ ਹੋਰ ਵਿਕਾਰ ਹੈ ਜੋ ਸਭ ਤੋਂ ਵੱਡਾ ਪਾਪ ਹੈ ਉਹ ਹੈ 'ਡਰ'। ਹੁਣ ਉਪਰਲੇ ਪੰਜ ਵਿਕਾਰ ਤਾਂ ਰਜੋਗੁਣ ਅਤੇ ਤਮੋ ਗੁਣ ਦੀਆਂ ਸ਼੍ਰੇਣੀਆਂ ਵਿਚ ਸਿਆਣੇ ਵੰਡ ਦੇਂਦੇ ਹਨ, ਜੈਸੇ ਕਾਮ ਅਤੇ ਹੰਕਾਰ ਨੂੰ ਰਜੋਗੁਣੀ ਵਿਕਾਰ ਕਹਿ ਦੇਣਗੇ। ਕ੍ਰੋਧ ਅਤੇ ਮੋਹ ਨੂੰ ਤਮੋਗੁਣੀ ਕਹਿ ਦੇਣਗੇ। ਪਰ ਡਰ ਨੂੰ ਕਿਸੇ ਗਿਣਤੀ ਵਿਚ ਨਹੀਂ ਪਾਇਆ ਜਾਂਦਾ। ਉਹ ਡਰ ਨੂੰ ਇਨ੍ਹਾਂ ਪੰਜਾਂ ਤੋਂ ਵੱਧ ਘੋਰ ਵਸਤੂ ਸਮਝਦਾ ਸੀ। ਇਹ 'ਅਧੋਤਮ' ਗੁਣ ਦੀ ਸ਼੍ਰੇਣੀ ਦੀ ਚੀਜ਼ ਹੈ। ਵਧਿਆ ਹੋਇਆ ਡਰ ਸਭ ਤੋਂ ਖ਼ਤਰਨਾਕ ਸ਼ੈ ਹੈ।

ਡਰ ਬਾਰੇ ਬਾਬੇ ਦੇ ਖਿਆਲ ਬੜੇ ਸੂਖਮ ਤੇ ਨਵੀਨ ਸਨ। ਉਹ ਇਹ ਵੀ ਕਹਿੰਦਾ ਹੁੰਦਾ ਸੀ ਕਿ ਮਨੁੱਖ ਦੀ ਦੇਹ (ਅਤੇ ਮਨ) ਪੰਜਾਂ ਭੂਤਾਂ–ਅਗਨਿ, ਵਾਯੂ, ਜਲ, ਪ੍ਰਿਥਵੀ, ਅਕਾਸ਼ ਦੀ–ਬਣਤਰ ਹੈ, ਪਰ ਮਨ ਵਿਚ ਜੇ ਡਰ ਬੈਠ ਜਾਏ ਤਾਂ ਇਹ ਛੇਵਾਂ 'ਭੂਤ' ਹੈ। ਇਸ ਭੂਤ ਦੀ ਅਪਣੀ ਸੁਤੰਤ੍ਰ ਸਥਿਤਿ ਕੋਈ ਨਹੀਂ। ਇਹ ਇਸ ਕੜਕੇ ਅਪਣੀ ਜੜ੍ਹ ਮਨ ਦੇ ਪੰਜਭੂਤੀ ਪਿੰਜਰ ਵਿਚ ਵਾੜਕੇ ਖੜਾ ਹੁੰਦਾ ਹੈ। ਉਥੇ ਇਹ ਵਧਦਾ, ਮੌਲਦਾ ਤੇ ਫੁਲਦਾ ਹੈ। ਇਸ ਨਾਲ ਮਨ ਕਮਜ਼ੋਰ ਹੋਣ ਲੱਗਦਾ ਹੈ।ਇਹ

Digitized by Panjab Digital Library | www.panjabdigilib.org

ਅਧੋਤਮ 'ਭੂਤ ਮਨ ਨੂੰ ਐਸਾ ਚੰਬੜਦਾ ਹੈ ਕਿ ਲੋਕ ਕਹਿਣ ਲੱਗਦੇ ਹਨ ਕਿ ਫਲਾਣੇ ਨੂੰ 'ਭੂਤ' ਚੰਬੜ ਗਿਆ ਹੈ'। ਅਧੋਤਮ ਗੁਣ ਦੇ ਮੁਕਾਬਲੇ ਤੇ ਉਹ ਸਤੇ ਗੁਣ ਦੇ ਉਪਰ ਵੀ ਇਕ ਹੋਰ ਗੁਣ ਮੰਨਦਾ ਸੀ। ਉਸਨੂੰ 'ਊਰਧ ਸਤ' ਕਹਿੰਦਾ ਸੀ। ਇਹ ਡਰ ਤੋਂ ਉਲਟ ਚੀਜ਼ ਹੈ। ਇਹ 'ਅਭੈ' ਪਦਾਰਥ ਹੈ। ਇਸ ਊਰਧ ਸਤ ਦਾ 'ਸਰੀਰ' ਸਾਡੇ ਆਦਰਸ਼ ਦੀ 'ਕਾਇਆ' ਤੋਂ ਉਸਰਦਾ ਹੈ। ਜਿਉਂ ਜਿਉਂ ਸਾਡਾ ਆਦਰਸ਼ ਸਾਡੇ ਚਿੰਤਨ ਅਤੇ ਕਰਨੀ ਵਿਚ ਦ੍ਰਿੜ ਹੁੰਦਾ ਹੈ ਤਿਉਂ ਤਿਉਂ 'ਊਰਧ ਸਤ' ਸਾਡੇ ਅੰਦਰ ਮੌਲਦਾ ਹੈ। ਊਰਧ ਸਤ ਇਕ ਪੌਦੇ ਦੇ ਰੂਪ ਵਿਚ ਸ਼ੁਰੂ ਹੋਕੇ ਵਧ ਵਧਕੇ ਸਾਡੇ ਅੰਦਰ ਇਕ ਰਸਦਾਇਕ ਕਲਪ ਬ੍ਰਿਛ ਬਣ ਜਾਂਦਾ ਹੈ। ਮਨ ਵਿਚ ਬਾਕੀ ਦੇ ਗੁਣ ਫੇਰ ਇਸ ਬ੍ਰਿਛ ਦੀ ਖਾਦ ਦਾ ਕੰਮ ਦੇਂਦੇ ਹਨ। ਇਸ ਕਲਪ ਬ੍ਰਿਛ ਦੀ ਜੜ੍ਹ ਸਤ, ਰਜ, ਤਮ ਅਤੇ ਅਧੋਤਮ ਨੂੰ ਹਜ਼ਮ ਕਰ ਲੈਂਦੀ ਹੈ। ਇਹ ਬਾਕੀ ਦੇ ਸਾਰੇ ਗੁਣ 'ਊਰਧ ਸਤ' ਦਾ ਜੀਵਨ ਆਧਾਰ ਬਣਕੇ ਅਪਣੀ ਕਾਇਆ ਪਲਟ ਲੈਂਦੇ ਹਨ। ਇਹ ਸਾਰੀਆਂ ਖਾਦਾਂ ਊਰਧ ਸਤ ਦੇ ਜੀਵਨ ਸੰਬੰਧ ਵਿਚ ਉਸ ਦੀਆਂ ਸ਼ਾਖਾ ਵਿਚ ਰਚ ਮਿਚ ਕੇ ਆਪ ਹੀ ਊਰਧ ਸਤ ਹੋ ਜਾਂਦੀਆਂ ਹਨ।

੧੯.

ਸੰਨ ੧੯੫੬ ਵਿਚ ਗੌਰੀ ਸ਼ੰਕਰ ਤੇ ਸ਼ਿਵਰਾਮ ਜਦ ਅੰਮ੍ਰਿਤਸਰ ਆਵਣ ਲਈ ਤਿਆਰ ਹੋਏ ਤਾਂ ਸ਼ਿਵਰਾਮ ਕਿਸੇ ਡਾਢੀ ਔਕੜ ਵਿਚ ਫਸ ਗਿਆ, ਇਸ ਕਰਕੇ ਦੋਨਾਂ ਦਾ ਆਉਣਾ ਰੁਕ ਗਿਆ ਤੇ ਸਮਾਂ ਖੁੰਝ ਗਿਆ।

ਗੌਰੀ ਸ਼ੰਕਰ ਬਾਬੇ ਨੂੰ ਮਿਲ ਮਿਲ ਕੇ ਸਾਧਨ ਅਤੇ ਅਨੁਭਵ ਵਿਚ ਉੱਨਤ ਹੋ ਗਿਆ ਸੀ, ਪਰ ਸ਼ਿਵਰਾਮ ਦੀ ਮਾਨਸਕ ਅਵਸਥਾ ਵਿਚ ਉਤਨੀ ਹੀ ਸਿਥਲਤਾ ਵਧ ਗਈ। ਉਸ ਦੇ ਅੰਦਰ ਭੈ ਬੈਠਾ ਹੋਇਆ ਸੀ, ਜਿਸਨੇ ਉਸਨੂੰ ਬਿਲਕੁਲ ਨਿਕੰਮਾ ਕਰ ਦਿੱਤਾ ਸੀ। ਬਾਬੇ ਨੂੰ ਮਿਲਕੇ ਉਸਦੇ ਮਨ ਉੱਪਰ ਪਹਿਲੀ ਮੁਲਾਕਾਤ ਦਾ ਤਾਂ ਬੜਾ ਅੱਛਾ ਅਸਰ ਪਿਆ, ਪਰ ਫੇਰ ਪ੍ਰਭਾਵ ਇਸ ਦੇ ਉਲਟ ਪੈਣਾ ਸ਼ੁਰੂ ਹੋਇਆ। ਸ਼ਿਵਰਾਮ ਜਿਉਂ ਜਿਉਂ ਬਾਬੇ ਦੀ ਉਚਯਾਈ ਨੂੰ ਤੱਕਦਾ ਸੀ ਤਿਉਂ ਤਿਉਂ ਉਸ ਨੂੰ ਆਪਣਾ ਨੀਵਾਂ ਪਨ ਜ਼ਯਾਦਾ ਚੁਭਦਾ ਸੀ। ਉਸਦਾ ਮਨ ਇਸ ਖਿਆਲ ਦੀ ਗੁੰਝਲ ਵਿਚ ਫਸ ਗਿਆ ਕਿ, "ਓਹੋ! ਇਹ ਵੀ ਘਰੋਂ ਨਿਕਲ ਗਿਆ ਸੀ, ਮੈਂ ਵੀ ਘਰੋਂ ਨਿਕਲ ਗਿਆ ਸਾ, ਹੁਣ ਇਹ ਕਿੱਥੇ ਤੇ ਮੈਂ ਕਿੱਥੇ? ਇਸ ਨੇ ਵੀ ਰਸੋਈ ਚਮਤਕਾਰ ਡਿੱਠੇ ਮੈਂ ਵੀ ਇਹ ਤਮਾਸ਼ੇ ਦੇਖੇ, ਇਸ ਨੇ ਵੀ ਜੋਗੀ ਜੰਗਮ ਸੁਵੜੇ ਦੇਖੇ, ਮੈਂ ਵੀ ਜੋਗੀ ਵਾੜੇ ਵਿਚ ਟੱਕਰਾਂ ਮਾਰਦਾ ਰਿਹਾ, ਪਰ ਹੁਣ ਇਹ ਕਿੱਥੇ ਤੇ ਮੈਂ ਕਿੱਥੇ?" ਇਸਤਰ੍ਹਾਂ ਦੀਆਂ ਗੁੰਝਲਾਂ ਦੇ ਭੰਵਰ ਵਿਚ ਫਸੇ ਦੇ ਮਨ ਵਿਚ ਬਾਬੇ ਲਈ ਇਕ ਸੂਖਮ ਜੇਹੀ ਈਰਖਾ ਪੈਦਾ ਹੋ ਗਈ। ਛੇਕੜ ਉਸਨੂੰ ਇਹ ਖਿਆਲ ਆਇਆ ਕਿ ਆਖਰ ਬਾਬੇ ਵਿਚ ਸਭ ਤੋਂ ਵੱਡੀ ਗੱਲ ਉਸਦੀਆਂ ਗੱਲਾਂ ਬਾਤਾਂ ਹਨ, ਜੇ ਮੈਂ ਵੀ ਇਸਤਰ੍ਹਾਂ ਵਾਰਤਾਲਾਪ ਕਰਨ ਲੱਗ ਪਵਾਂ ਤਾਂ ਦੁਨੀਆਂ ਹੈਰਾਨ ਹੋ ਜਾਏਗੀ ਤੇ ਪਈ ਅਸ਼ ਅਸ਼ ਕਰੇਗੀ। ਬਾਬਾ ਮੈਨੂੰ ਕਹਿੰਦਾ ਹੈ ਤੇਰੇ ਅੰਦਰ 'ਅਧੋਤਮ' ਦਾ ਭੂਤ ਬੈਠਾ ਹੋਇਆ ਹੈ, ਪਰ ਇਹ ਉਸਦੀਆਂ ਗੱਲਾਂ ਹਨ। ਮੈਂ ਵੀ ਇਸ ਤਰ੍ਹਾਂ ਦੀਆਂ ਗੱਪਾਂ ਮਾਰ ਸਕਦਾ ਹਾਂ ਤੇ ਸਾਰਿਆਂ ਦੇ ਭੂਤ ਕੱਢ ਸਕਦਾ ਹਾਂ।

ਇਨ੍ਹਾਂ ਖਿਆਲਾਂ ਵਿਚ ਸ਼ਿਵਰਾਮ ਸੌਂ ਗਿਆ। ਸੁੱਤੇ ਪਏ ਨੂੰ ਇਕ ਛੁਰਾ ਕਮਰੇ ਦੇ ਹਨੇਰੇ ਵਿਚ ਲਿਸ਼ਕਦਾ ਦਿੱਸਿਆ, ਜਿਸ ਦੀ ਨੋਕ ਇਸ ਵੱਲ ਵੱਧਦੀ ਆ ਰਹੀ ਸੀ। ਸੁੱਤਾ ਸੁੱਤਾ ਹੀ ਮੰਜੀ ਤੋਂ ਉਠ ਖੜੋਤਾ ਤੇ ਵਾਹੋਦਾਹੀ ਨੱਸ ਤੁਰਿਆ। ਬੰਦ ਬੂਹਿਆਂ ਦੇ ਖੁੱਲ੍ਹਣ ਦੀ ਆਵਾਜ਼ ਨਾਲ ਘਰ ਦੇ ਜਾਗ ਪਏ। ਪਿਉ ਨੇ ਸ਼ਿਵਰਾਮ ਨੂੰ ਨੱਸਾ ਜਾਂਦਾ ਦੇਖਕੇ ਆਪ ਭੀ ਉਸ ਮਗਰ ਛੁਟ ਲਾਈ ਤੇ ਵੇਂਹਦੀ ਦੂਰ ਤੇ ਹੀ ਉਸ ਨੂੰ ਜਾ ਫੜਿਆ। ਫੇਰ ਉਸ ਨੂੰ ਚੰਗਾ ਚੋਖਾ ਝੰਝੂਣ ਕੇ ਹੋਸ਼ ਦੁਆਈ, ਪਰ ਸ਼ਿਵਰਾਮ ਦੀ ਹੋਸ਼

Digitized by Panjab Digital Library | www.panjabdigilib.org

ਔਲਿਆ ਮੋਲਿਆ ਦੀ ਨੀਮ ਬਿਹੋਸ਼ੀ ਵਰਗੀ ਸੀ। ਅੱਗੇ ਤਾਂ ਇਹ ਇਹੋ ਜੇਹੀ ਨੀਮ ਬੇਸੁਧੀ ਦੀ ਅਵਸਥਾ ਵਿਚ ਚੁਪ ਰਹਿੰਦਾ ਸੀ, ਪਰ ਅੱਜ ਉਸ ਨੂੰ ਗੱਪਾਂ ਮਾਰਨ ਦਾ ਪੂਰਾ ਜੋਸ਼ ਆਣ ਚੜ੍ਹਿਆ। ਪਿਉ ਨੂੰ ਕਹਿਣ ਲੱਗਾ, ਲਾਲਾ, ਤੂੰ ਤੇ ਮੈਨੂੰ ਪਿਛੋਂ ਦੀ ਆਕੇ ਐਉਂ ਚੰਬੜਿਆ ਹੈ, ਜਿਸ ਤਰ੍ਹਾਂ 'ਅਧੇਤਮ' ਭੂਤ ਹੁੰਦਾ ਹੈ। ਤੂੰ ਠੀਕ ਹੋ ਜਾ । ਦੇਖ ਇਕ ਉਧੋ ਦਾਸ ਸਾਧੂ ਸੀ । ਇਕ ਲੜਾਈ ਵਿਚ ਉਸ ਦੇ ਦੰਦ ਹਿਲ ਗਏ। ਉਸਨੂੰ ਰੋਟੀ ਖਾਂਦਿਆਂ ਬੜੀ ਤਕਲੀਫ ਹੁੰਦੀ ਸੀ । ਲੋਕ ਉਸ ਨੂੰ ਪੂਜਦੇ ਸਨ । ਉਹ ਅੱਗੋਂ ਕਹਿੰਦਾ ਸੀ 'ਸਰਬਤ ਕਾ ਭਲਾ ਹੋ' । ਉਸਦਾ ਮਤਲਬ ਸੀ, 'ਸਾਰੇ ਬੱਤੀਹ' ਕਾ ਭਲਾ ਹੋ। ਉਹ ਅਪਣੇ ਬੱਤੀ ਦੰਦਾਂ ਦਾ ਭਲਾ ਮੰਗਦਾ ਸੀ। ਇਹ ਦੰਦ ਬੜੇ ਜ਼ਰੂਰੀ ਚੀਜ਼ ਹਨ। ਦੰਦਿਆਂ ਵਿਚ ਦੰਦੇ ਖੁਭਦੇ ਹਨ ਤਾਂ ਕਲਾ ਦੇ ਪੁਰਜ਼ੇ 'ਇਕ ਮਸ਼ੀਨ' ਬਣਕੇ ਚੱਲਦੇ ਹਨ। ਦੇਖ, ਲਾਲਾ, ਤੂੰ ਤੇ ਮੈਂ, ਅਸੀਂ ਦੰਦਾਂ ਕਰਕੇ ਇਕ ਹਾਂ। ਸ਼ਿਵਰਾਮ ਫੇਰ ਉੱਚੀ ਸਾਰੀ ਬੋਲਿਆ 'ਮੇਲ ਕਰੇਣ ਨਿਰੇ ਦੰਦ', ਇਹ ਕਹਿੰਦਿਆਂ ਹੀ ਉਸ ਨੇ ਪਿਉ ਦੀ ਬਾਂਹ ਤੇ ਚੱਕ ਮਾਰਿਆ ਤੇ ਸਾਰੇ ਬੱਤੀ ਦੰਦ ਮਾਸ ਵਿਚ ਖੋਭ ਦਿੱਤੇ। ਫੇਰ ਹੱਸ ਪਿਆ ਤੇ ਆਖਿਆ ਸੂ ਕਿ ਐਸਤਰ੍ਹਾਂ ਦੀ ਪੀੜ ਮੈਨੂੰ ਹੋਈ ਸੀ ਜਦੋਂ ਮੇਰੇ ਕੰਨ ਪਾੜੇ ਸਨ। ਤੁੰਹੇਂ ਮੇਰੇ ਕੰਨ ਪੜਵਾਏ ਸਨ। ਤੂੰ ਮੈਨੂੰ ਪੈਸੇ ਤੋਂ ਤਰਸਾਉਂਦਾ ਸੈਂ । ਗੌਰੀ ਸ਼ੰਕਰ ਭਾਂ ਨਾਨੇ ਕੋਲੋਂ ਸਭ ਕੁਛ ਲੈ ਆਉਂਦਾ ਸੀ। ਮੈਂ ਸੋਨਾ ਬਨਾਉਣ ਲਈ ਘਰੋਂ ਨੱਸ ਗਿਆ। ਇਹ ਤੁੰਹੇਂ ਮੈਨੂੰ ਪੀੜ ਲਆਈ ਸੀ। ਇਹ ਕਹਿਕੇ ਸ਼ਿਵਰਾਮ ਨੇ ਪਿਉ ਦੀ ਦੂਜੀ ਬਾਂਹ ਵੱਲ ਮੂੰਹ ਅੱਡਿਆ।

੨੦.

ਅਗਲੇ ਸਾਲ ਜਦ ਗੌਰੀ ਸ਼ੰਕਰ ਬਾਬੇ ਪਾਸ ਆਇਆ ਤਾਂ ਸ਼ਿਵਰਾਮ ਉਸ ਦੇ ਨਾਲ ਨਹੀਂ ਸੀ। ਜੋਗੀ ਨੇ ਦੱਸਿਆ ਕਿ ਸ਼ਿਵਰਾਮ ਦਾ ਡਰ ਬਹੁਤ ਵਧ ਗਿਆ ਸੀ । ਉਹ ਸਾਰਾ ਦਿਨ ਇਸ ਭੈ ਵਿਚ ਕੰਬਦਾ ਰਹਿੰਦਾ ਸੀ ਕਿ ਜੋਗੀਆਂ ਨੇ ਜਥੇ ਇਸ ਦੇ ਪਾਟੇ ਹੋਏ ਕੰਨ ਤਕ ਇਸਨੂੰ ਸਾਰ ਸੁਣਣਗੇ। ਡਰਦੇ ਮਾਰੇ ਨੇ ਇਕ ਦਿਨ ਇਕ ਸਿੱਖ ਫੌਜੀ ਅਫਸਰ ਦੀ ਨੌਕਰੀ ਕਰ ਲਈ। ਦੋ ਰੁਪੇ ਮਹੀਨਾ ਤੇ ਰੋਟੀ ਮੁਕਰਰ ਹੋਇਆ; ਕੰਮ ਘੋੜਿਆਂ ਦੇ ਤਬੇਲੇ ਦੀ ਸਫਾਈ ਆਦਿਕ ਸੀ। ਜੇ ਸ਼ਿਵਰਾਮ ਨੂੰ ਪੰਦਰਾਂ ਦਿਨ ਏਸ ਕੰਮ ਉਪਰ ਲੰਘ ਜਾਂਦੇ ਤਾਂ ਉਹ ਏਸ ਕਮਾਮ ਨੂੰ ਛੱਡ ਬੈਠਦਾ, ਪਰ ਅਜੇ ਚਾਰ ਪੰਜ ਦਿਨ ਹੀ ਲੰਘੇ ਸਨ ਕਿ ਪੂਰਬ ਵਲੋਂ ਆਈਆਂ ਗ਼ਦਰ ਦੀਆਂ ਖਬਰਾਂ ਦੇ ਕਾਰਣ ਪੰਜਾਬੀ ਫੌਜਾਂ ਦੀ ਇਕਦਮ ਲਾਮਬੰਦੀ ਹੋ ਗਈ। ਸਿਖ ਸਰਦਾਰ ਸ਼ਿਵਰਾਮ ਨੂੰ ਨਾਂਹ ਨਾਂਹ ਕਰਦੇ ਨੂੰ, ਧੂਹ ਕੇ ਮੇਰਠ ਲੈ ਗਿਆ । ਸ਼ਿਵਰਾਮ ਜਾਂਦਾ ਹੋਇਆ ਇਕ ਜੰਦਰੇ-ਬੰਦ ਬਕਸ ਵਿਚੋਂ ਇਕ ਕਿਤਾਬ ਕੱਢਕੇ ਗੌਰੀ ਸ਼ੰਕਰ ਨੂੰ ਦੇ ਗਿਆ ਤੇ ਕਹਿ ਗਿਆ ਕਿ ਏਸ ਕਿਤਾਬ ਨੇ ਮੈਨੂੰ ਪੱਟਿਆ ਸੀ, ਪਰ ਮੈਨੂੰ ਹੁਣ ਤਕ ਉਮੇਦ ਸੀ ਕਿ ਏਸ ਦੀ ਮਦਦ ਨਾਲ ਫੇਰ ਕੁਛ ਬਣ ਜਾਵਾਂਗਾ, ਲੈ ਤੂੰ ਏਸ ਨੂੰ ਸੰਭਾਲ ਤੇ ਵੱਖਰਿਆਂ ਬੈਠਕੇ ਪੜ੍ਹੀ, ਪਰ ਰੱਖੀਂ ਜੰਦਰੇ ਵਿਚ।

ਗੌਰੀ ਸ਼ੰਕਰ ਨੇ ਇਹ ਕਿਤਾਬ ਬਾਬੇ ਅੱਗੇ ਲਿਆ ਰੱਖੀ ਤੇ ਕਿਹਾ ਇਸ ਬਲਾ ਨੂੰ ਤੁਸੀਂ ਸਾਂਭੋ। ਬਾਬੇ ਨੇ ਇਸ ਦੇ ਉਤਾਰੇ ਨੂੰ ਆਪਣੇ 'ਰੁਲਦ ਖੁਲਦ' ਨਾਮੀ ਸੰਚੇ ਵਿਚ ਸ਼ਾਮਲ ਕਰ ਲੀਤਾ ਤੇ ਅਸਲ ਨੂੰ ਇਕ ਸਾਧਾਂ ਦੇ ਟੋਲੇ ਰਾਹੀਂ ਪੁਣਛ ਵਿਚ ਸ਼ੰਭਰ ਨਾਥ ਜੋਗੀ ਦੇ ਨਾਥਵਾੜੇ ਵਿਦ ਘਲਵਾ ਦਿਤਾ। ਇਹ ਉਥੋਂ ਦੀ ਚੀਜ਼ ਸੀ ਜੋ ਗੁੰਮ ਹੋ ਚੁਕੀ ਸੀ ਤੇ ਜਿਸ ਦੀ ਤਲਾਸ਼ ਜੋਗੀ ਕਰ ਰਹੇ ਸਨ।

ਪਾਠਕਾਂ ਦੀ ਹੈਰਾਨੀ ਘੱਟ ਕਰਨ ਲਈ ਮੈਂ ਜਲਦੀ ਦੱਸਣਾ ਚਾਹੁੰਦਾ ਹਾਂ ਕਿ ਇਹ ਪੋਥੀ ਹੁਣ ਮੇਰੇ ਪਾਸ ਹੈ। ਇਸ ਦਾ ਨਾਮ 'ਕਿਰਿਆ ਪੀਤਾਰ' ਹੈ। ਇਸ ਵਿਚ ਸੋਨਾ ਬਨਾਉਣ ਦੀਆਂ ਤਰਕੀਬਾਂ ਲਿਖੀਆਂ ਹੋਈਆਂ ਹਨ ।

ਇਕ ਜਗ੍ਹਾ ਇਹ ਨੁਸਖਾ ਹੈ:—

ਤਾਂਬੇ ਕੇ ਪੱਤ੍ਰ ਲਿਆਵੇ, ਬੋਤੇ ਕੇ ਬੀਚ ਰਾਖੇ, ਤਰੇ ਉਪਰ ਫਟਕੜੀ ਦੇ, ਨੌ ਬੋਤੇ, ਫੇਰ

Digitized by Panjab Digital Library | www.panjabdigilib.org

ਪੀਸ ਲੈ, ਤੋਲੈ ਰੁਪੈ ਕੋ ਗਲਾਵੈ, ਤੀਨ ਮਾਸੈ ਦੈ ਤਾਂਬਾ ਡਾਰੈ ਮੋਲੈ ਰੁਪੈ ਸਵਰਣ ਹੋਇ*।

ਬਾਬੇ ਦਾ ਖਿਆਲ ਸੀ ਇਸ ਪੁਸਤਕ ਦੇ ਵਾਪਸ ਚਲੇ ਜਾਣ ਨਾਲ ਜੋਗੀਆਂ ਨਾਲ ਸ਼ਿਵਰਾਮ ਦੀ ਖੁੱਲ੍ਹੇ ਤਰੀਕੇ ਤੇ ਸੁਲਹ ਸਫਾਈ ਕਰਵਾ ਦੇਣ, ਜਿਸ ਨਾਲ ਉਸ ਦੇ ਡਰ ਭੌ ਲੱਥ ਜਾਣ ਅਤੇ ਉਹ ਮੁੜ ਕੰਮ ਦਾ ਬੰਦਾ ਬਣ ਜਾਵੇ, ਪਰ ਸ਼ਿਵਰਾਮ ਦੀ ਫੇਰ ਕੋਈ ਉੱਘ ਸੁੱਘ ਨਹੀਂ ਆਈ।

੨੧.

ਠਾਕਰ ਦਿਆਲ ਸਿੰਘ ਨੂੰ ਮਿਲਣ ਲਈ ਬਾਬਾ ਉਨ੍ਹਾਂ ਦੇ ਡੇਰੇ ਨੇਮ ਨਾਲ ਚਲਾ ਜਾਂਦਾ ਸੀ। ਸੰਤ ਰਾਮ ਦਿਆਲ ਦੇ ਵੇਲੇ ਡੇਰੇ ਦੇ ਵਾਯੂ ਮੰਡਲ ਵਿਚ ਚੁੱਪ ਜ਼ਜਾਦਾ ਰਹਿੰਦੀ ਸੀ, ਪਰ ਠਾਕਰ ਜੀ ਦਾ ਸੁਭਾਉ ਗੱਲ ਬਾਤ ਖੁੱਲ੍ਹੀ ਕਰਨ ਦਾ ਸੀ, ਇਸ ਕਰਕੇ ਚੱਲਾਂ ਸੁਣਨ ਤੇ ਕਰਨ ਵਾਲੇ ਕਈ ਆ ਜਾਂਦੇ ਸਨ। ਕਿਰਤ ਵਾਲੀ ਪਿਰਤ ਡੇਰੇ ਵਿਚੋਂ ਨਿਕਲ ਚੁੱਕੀ ਸੀ। ਠਾਕਰ ਜੀ ਚਿਆਦਾ ਸਮਾਂ ਨਾਮ ਦੇ ਮਹਾਤਮ ਦੱਸਣ ਤੇ ਇਸ ਵਿਸ਼ਯ ਉਪਰ ਵਿਸਤਾਰ ਨਾਲ ਗਲ ਬਾਤ ਕਰਨ ਉੱਪਰ ਖਰਚ ਕਰਦੇ ਸਨ। ਉਨ੍ਹਾਂ ਦੀ ਵਾਰਤਾਲਾਪ ਦਾ ਨਿਚੋੜ ਇਸ ਤਰ੍ਹਾਂ ਦਾ ਹੈ:–

> ਕੋਈ ਪ੍ਰੀਤਵਾਨ ਪੁਛਤੇ ਭਏ–ਹੇ ਭਾਈ ਦਿਆਲ ਸਿੰਘ ਜੀ, ਗੋਬਿੰਦ ਕੇ ਨਾਮ ਕੀ ਅਧਿਕਤਾ ਹੈ ਵਾ ਕਰਮ ਧਰਮ ਆਦਿ ਕੀ ਅਧਿਕਤਾ ਹੈ?.....ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਨਾਮ ਕੀ ਆਗਜ਼ਾ ਦੇਵੇ ਹੈ। ਬਾਰੰਬਾਰ ਪੜ੍ਹਨੇ ਸੁਣਨੇ ਮੇਂ ਆਵੈ ਹੈ ਨਾਮ ਕਾ ਮਹਾਤਮ, ਹੋਰ ਸ਼ਾਸਤ੍ਰ ਪੁਰਾਣੋਂ ਮੇਂ ਨਾਮ ਕਾ ਮਹਾਤਮ ਕਹੂੰ ਕਹੂੰ ਕਹਾ ਹੈ।" ਸੋ ਇਹੁ ਕ੍ਰਿਪਾ ਕਰੋ ਸਾਡਾ ਸੰਸਾ ਨਵਿਰਤ ਕਰੋ ਜੀ।
>
> ਐਸੇ ਸੁਣ ਕਰ ਸੰਤ ਜੀ ਬੋਲੇ–ਉਤਰ। ਹੇ ਗੋਬਿੰਦ ਲੋਕੋ ਜੈਸੇ ਨਗਰ ਮੇਂ ਕੌਡੀ ਪੈਸੇ ਕੇ ਸਰਾਫ ਬਹੁਤੇ ਹੈਂ ਤੇ ਮਾਣਿਕ ਹੀਰਿਓਂ ਕੇ ਲਾਲੋਂ ਕੇ ਥੋੜੇ, ਕੋਈ ਇਕ ਅਧ ਹੈ, ਕਾਹੇ ਤੇ ਜੋ ਉਨ ਕੇ ਬਨਜਾਰੇ ਭੀ ਥੋੜੇ ਹੈਂ। ਤੈਸੇ ਨਾਮ ਕਾ ਰਸੀਆ ਕੋਈ ਇਕ ਆਧਾ ਹੈ।".....
>
> ਤਾਂਤੇ ਸ਼ਾਸਤ੍ਰਕਾਰ ਭੀ ਕਰਮ ਜੋਗ ਵਿਸ਼ੇਸ਼ ਕਰਕੇ ਕਹਿਤੇ ਹੈਂ। ਕਰਮ ਨਿਹਕਾਮ ਵ ਸਕਾਮ ਕਰਣੇ ਤੇ ਅੰਤਹਕਰਣ ਕੀ ਸ਼ੁਧੀ ਹੋਵੇਗੀ ਗੰਗਾ ਜਲ ਸਮਾਨ। ਤਬ ਏਹੁ ਜੀਵ ਨਾਮ ਕਾ ਰਸੀਆ ਹੋਵੇਗਾ ਤਾਂਤੇ ਤੁਸਾਨੂੰ ਅਸਾਨੂੰ ਇਕ ਨਾਮ ਕਾ ਹੀ ਸਿਮਰਣ ਅਤੀ ਉਤਮ ਕਾਮ ਹੈ ਔਰ ਸਾਧਨੋਂ ਤੇ। ਇਸੀ ਤੇ ਸੂਰ ਸਾਗਰ ਮੇਂ ਸੂਰਦਾਸ ਨੇ ਲਿਖਾ ਹੈ, ਤਥਾ ਪਦ:–
>
> ਰਾਗ ਖਮਾਚ–ਗੋਬਿੰਦ ਭਜਨ ਕੀ ਏਹੋ ਬਾਰਾ।
>
> ਸੰਕਰ ਪਾਰਬਤੀ ਉਪਦੇਸਤ ਤਾਰਕਮੰਤ੍ਰ ਲਿਖਜੋ ਸੂਤ ਸਾਰਾ ॥ ਰਹਾਉ ॥
> ਅਸੁਮੇਧ ਜੱਗ ਜੋ ਕੀਜੈ ਗਜਾ ਬਨਾਰਸ ਕੇਦਾਰਾ ॥
> ਰਾਮ ਨਾਮ ਸਰ ਤਊ ਨ ਪੂਜੈ ਜਉ ਤਨ ਗਾਰੈ ਜਾਇ ਹਿਮਾਰਾ ॥

---

*ਹੋਰ ਬਹੁਤ ਨੁਸਖੇ ਹਨ। ਪਰ ਸਾਰਿਆਂ ਵਿਚ ਕੋਈ ਨਾ ਕੋਈ ਘੁੰਡੀ ਹੈ। ਉਪਰਲੇ ਨੁਸਖੇ ਦਾ ਮਤਲਬ ਬਿਲਕੁਲ ਸਾਫ ਹੈ। ਬੋਤਾ ਕੁਠਾਲੀ ਨੂੰ ਆਖਦੇ ਹਨ। ਨੌਂ ਦਫਾ ਠਾਲੀ ਅੱਗ ਉਤੇ ਚਾੜ੍ਹਨ ਦੀ ਹਦਾਇਤ ਹੈ। ਪਰ ਪਹਿਲੇ ਲਫਜ਼ 'ਤਾਂਬੇ' ਦੇ ਪੱਤ੍ਰ' ਸੰਕੇਤ ਹੈ ਰਸਾਇਣੀਆਂ ਦਾ ਜੋ ਹੋਰ ਸ਼ੈ ਦਾ ਵਾਚਕ ਹੈ। ਏਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਵਿਚ ਸੰਕੇਤਕ ਘੁੰਡੀਆਂ ਹਨ। ਇਹ ਘੁੰਡੀਆਂ ਭਾਵੇਂ ਖੁੱਲ੍ਹ ਵੀ ਜਾਣ ਪਰ ਲੇਖਕ ਇਨ੍ਹਾਂ ਦੇ ਸਿੱਟੇ ਦਾ ਕਾਇਲ ਨਹੀਂ।

Digitized by Panjab Digital Library | www.panjabdigilib.org

ਸਹੰਸ੍ਰਵਾਰ ਜੋ ਬੀਨੀ ਬੀਨੈ ਪਰਸੇ ਚੰਦ੍ਰਾਇਣ ਸੈ ਵਾਰਾ ॥
ਸੂਰਦਾਸ ਭਗਵੰਤ ਭਜਨ ਬਿਨ ਜਮਕੇ ਦੂਤ ਖੜੇ ਹੈਂ ਦੁਆਰਾ ॥ ੧ ॥

ਹੋਰ ਕਈ ਪਦ ਹੈਂ, ਔਰ ਗੁਰਬਾਣੀ ਤੋ ਐਸੇ ਪੁਕਾਰੇ ਜੋ 'ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ॥' ਤਾਂ ਤੇ ਹੇ ਸੰਤੋ ਇਕ ਮਨ ਹੋਇ ਕਰਿ ਜੋ ਨਾਮ ਕਾ ਸਿਮਰਨ ਹੈ ਤਿਸ ਕੇ ਅਵਾਂਤਰ ਸਭ ਸਾਧਨ ਸ਼ੁਭ ਕਰਮ ਧਰਮਾਦਿ ਆਇ ਜਾਤੇ ਹੈਂ, ਕੈਸੇ ? ਜੈਸੇ ਸਿੰਧ ਬੀਚ ਨਦੀਆਂ ਗੰਗਾਦਿਕ ਆਇ ਜਾਤੀਆ ਹੈਂ । ਪੁਨਾ ਜੈਸੇ ਸਭ ਪ੍ਰਕਾਸ਼ ਦਿਵਾਕਾਰ ਬੀਚ ਆਇ ਜਾਤੇ ਹੈਂ। ਜੈਸੇ ਦਇਆ ਧਰਮ ਮੋ ਸਭੀ ਧਰਮ ਆਇ ਜਾਤੇ ਹੈਂ, ਤੈਸੇ ਹੀ ਹਰੀ ਸਿਮਰਨ ਮੈਂ ਸਭੀ ਗੁਣ ਸਭੀ ਸਾਧਨ ਆਇ ਜਾਤੇ ਹੈਂ । ਤਾਂ ਤੇ ਸ੍ਰੀ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਅਰਜਨ ਪ੍ਰਮਾਤਮਾ ਕਾ ਤਾਤਪਰਜ ਔ ਆਪਣੇ ਕਲਿਆਣ ਕਾ ਸੁਭ ਸਿਧਾਂਤ ਸਮਝ ਕਰ ਸ੍ਰੀ ਵਾਹਿਗੁਰੂ ਨਾਮੀ ਸਿਮਰਨ ਧਨ ਕੀ ਇਕੱਤ੍ਰਤਾ ਕਰੋ, ਰਿਦੇ ਧਾਰੋ, ਹੇ ਸੰਤ ਜਨੋਂ ! ਐਸੇ ਸ੍ਰਵਣ ਕਰਕੇ ਸਭੀ ਪਰਮ ਪ੍ਰਸੰਨਤਾ ਕੋ ਪ੍ਰਾਪਤ ਭਏ।

ਠਾਕਰ ਦਿਆਲ ਸਿੰਘ ਜੀ ਦੀ ਵਾਰਤਾਲਾਪ ਵਿਚ ਬੜੀ ਮਿਠਾਸ ਤੇ ਸਰਲਤਾ ਸੀ । ਲੋਕ ਬੜੀ ਸ਼ਰਧਾ ਨਾਲ ਉਨ੍ਹਾਂ ਦੇ ਬਚਨ ਸੁਣਦੇ ਸਨ। ਸੰਨ ੧੮੫੭ ਈ: ਤੱਕ ਠਾਕਰ ਜੀ ਦੀ ਸਿਹਤ ਖਾਸੀ ਚੰਗੀ ਰਹੀ ਤੇ ਵਾਰਤਾਲਾਪ ਦਾ ਪ੍ਰਵਾਹ ਇਕ ਲਗਾਤਾਰ ਨਿੱਝਰ ਧਾਰਾ ਵਿਚ ਜਾਰੀ ਰਿਹਾ । ਪਰ ਇਸ ਸਾਲ ਦੀਆਂ ਸਾਰੀਆਂ ਸਰਦੀਆਂ ਵਿਚ ਜਲਦੀ ਸਾਹ ਚੜ੍ਹ ਜਾਂਦਾ ਤੇ ਗਲ ਬਾਤ ਜ਼ਿਆਦਾ ਦੇਰ ਤੱਕ ਨਾ ਕਰ ਸਕਦੇ। ਬਾਬੇ ਨੇ ਠਾਕਰ ਜੀ ਨੂੰ ਸਲਾਹ ਦਿੱਤੀ ਕਿ ਉਹ ਕੁਛ ਚਿਰ ਲਈ ਮੌਨਬ੍ਰਤ ਧਾਰ ਲੈਣ, ਜਿਸ ਤਰ੍ਹਾਂ ਸੰਤ ਰਾਮ ਦਿਆਲ ਜੀ ਕਰਦੇ ਸਨ, ਪਰ ਠਾਕਰ ਜੀ ਦੇ ਸ਼ੋਤਿਆਂ ਨੂੰ ਉਨ੍ਹਾਂ ਦੇ ਬਚਨ ਸੁਣਨ ਦਾ ਐਸਾ ਚਸਕਾ ਜਿਹਾ ਪੈ ਗਿਆ ਸੀ ਕਿ ਉਹ ਆਕੇ ਉਨ੍ਹਾਂ ਨੂੰ ਬਹੁਤ ਤੰਗ ਕਰਨ ਤੇ ਕੋਈ ਨਾ ਕੋਈ ਕੱਲ ਛੇੜੀ ਹੀ ਰੱਖਣ।

ਠਾਕਰ ਜੀ ਨੂੰ ਆਖਰ ਕੁਛ ਦਮੇ ਦੀ ਤਕਲੀਫ ਹੋ ਗਈ, ਪਰ ਸ਼ੋਤਿਆਂ ਦਾ ਗੱਲਾਂ ਸੁਣਨ ਦਾ ਚਾਉ ਨਾ ਹਟਿਆ, ਉਹ ਵੀ ਐਸੇ ਧਰਮ ਮੂਰਤ ਸਨ ਕਿ ਹਰ ਕਿਸੇ ਨੂੰ ਉਸ ਦੇ ਪ੍ਰਸ਼ਨ ਦਾ ਉੱਤਰ ਬੜੀ ਮਿਠਾਸ ਨਾਲ ਜ਼ਰੂਰ ਦੇਂਦੇ, ਪਰ ਇਸ ਨਾਲ ਛਾਤੀ ਉਪਰ ਬਲਗਮ ਬਹੁਤ ਵਧ ਗਈ ਤੇ ਗਲੇ ਵਿਚ ਵੀ ਖਾਰਸ਼ ਤੜਲੀਫ ਦੇਣ ਲੱਗ ਪਈ । ਠਾਕਰ ਜੀ ਨੂੰ ਪ੍ਰਤੀਤ ਹੋਣ ਲੱਗ ਪਿਆ ਕਿ ਸਾਡਾ ਅੰਤ ਸਮਾਂ ਹੁਣ ਨੇੜੇ ਆ ਰਿਹਾ ਹੈ।

ਠਾਕਰ ਜੀ ਦੇ ਦੋ ਚੇਲੇ ਸਨ—ਭਾਈ ਗੁਲਾਬ ਸਿੰਘ ਤੇ ਭਾਈ ਭਗਤ ਸਿੰਘ। ਕੁਛ ਦਿਨ ਤਾਂ ਠਾਕਰ ਜੀ ਨੂੰ ਇਹ ਚਿੰਤਾ ਰਹੀ ਕਿ ਉਨ੍ਹਾਂ ਦੇ ਪਿੱਛੋਂ ਡੇਰੇ ਦੀ ਗੱਦੀ ਲਈ ਦੋ ਚੇਲਿਆਂ ਨੂੰ ਲੋਕ ਕੁਛ ਸਿਖਾ ਪੜ੍ਹਾਕੇ ਆਪਸ ਵਿਚ ਨਾਰਾਜ਼ ਨਾ ਕਰ ਦੇਣ । ਭਾਵੇਂ ਭਾਈ ਗੁਲਾਬ ਸਿੰਘ ਤੇ ਭਾਈ ਭਗਤ ਸਿੰਘ ਜੀ ਦਾ ਆਪਸ ਵਿਚ ਬਹੁਤ ਹਿਤ ਤੇ ਪਿਆਰ ਸੀ, ਪਰ ਡਰ ਦੀ ਸੰਭਾਵਨਾ ਇਕ ਦੋ ਸ੍ਵਾਰਥੀ ਆਦਮੀਆਂ ਦੇ ਹੱਥੋਂ ਸੀ ਜੋ ਹਰ ਐਸੇ ਅਸਥਾਨ ਵਿਚ ਸ਼ਰਾਰਤ ਉਪਰ ਤਤਪਰ ਰਹਿੰਦੇ ਸਨ।

ਠਾਕਰ ਜੀ ਦਿਲ ਦੀ ਸਾਰੀ ਗਲ ਬਾਤ ਬਾਬੇ ਨਾਲ ਕਰ ਦੇਂਦੇ ਸਨ। ਆਖ਼ਰ ਸਲਾਹ ਇਹ ਠਹਿਰੀ ਕਿ ਠਾਕਰ ਜੀ ਜੀਉਂਦਿਆਂ ਭਾਈ ਗੁਲਾਬ ਸਿੰਘ ਨੂੰ ਗੱਦੀ ਨਸ਼ੀਨ ਕਰ ਦੇਣ, ਸੋ ਐਸਾ ਹੀ ਹੋਇਆ। ੨੬ ਅਕਤੂਬਰ ਸੰਨ ੧੮੫੯ ਈ: ਨੂੰ ਭਾਈ ਗੁਲਾਬ ਸਿੰਘ ਦੀ ਗੱਦੀ ਨਸ਼ੀਨੀ ਦੀ ਰਸਮ ਅਦਾ ਕੀਤੀ ਗਈ । ਇਸ ਤੋਂ ਪਿਛੋਂ ਫੇਰ ਠਾਕਰ ਦਿਆਲ ਸਿੰਘ ਜੀ ਦੀ ਸਿਹਤ ਬਿਗੜਦੀ ਗਈ। ਬਾਬਾ ਨੇਮ ਨਾਲ ਰੋਜ਼ ਖਬਰ ਸੁਰਤ ਨੂੰ ਜਾਂਦਾ ਰਿਹਾ । ਕਈ ਇਲਾਜ ਤੇ ਤਦਬੀਰਾਂ ਹੋਈਆਂ ਪਰ ਕੋਈ ਪੇਸ਼ ਨਾ ਗਈ ।

Digitized by Panjab Digital Library | www.panjabdigilib.org

ਸ੍ਰੀ ਠਾਕਰ ਭਾਈ ਦਿਆਲ ਸਿੰਘ ਜੀ ਕਾ ਜਬ ਅੰਤ ਸਮਾਂ ਆਇਆ ਤੋ ਕਈ ਦਿਨ ਹੋ ਗਏ ਕਸ਼ਟ ਸਹਾਰਤੇ, ਸਰੀਰ ਛੂਟੇ ਨਾ। ਤਬ ਇਕ ਸਿੰਘ ਆਇ ਖੜਾ ਹੁਆ ਸਿਰ ਤੇ ਚੌਕੁਟੀਆ ਸਾਫਾ, ਸੋ ਕਹਿਣੇ ਲੱਗਾ ਮੇਰੇ ਕੋ ਗੁਰੂ ਕੀ ਪ੍ਰੇਰਨਾ ਹੁਈ ਹੈ, ਜੋ ਸੰਤਾਂ ਕੇ ਨਿਕਟ ਸ੍ਰੀ ਜਪੁਜੀ ਕਾ ਪਾਠ ਜਾਇ ਕਰ, ਪੰਜਾਂ ਪਾਠਾਂ ਦਾ ਹੁਕਮ ਹੈ। ਸੋ ਪੰਜ ਪਾਠਾਂ ਕਰਕੇ ਯਾ ਸਰੀਰ ਛੂਟ ਜਾਏਗਾ ਯਾ ਉਠਕੇ ਬਾਤਾਂ ਕਰੇਂਗੇ। ਤਾਂ ਭਾਈ ਸ਼ਾਮ ਸਿੰਘ ਜੀ ਪੰਡਤ ਕਹਿਤ ਭਏ ਜੋ ਕਈ ਦਿਨ ਹੋਏ ਹੈਂ ਪਾਠ ਹੋਤੇ ਸ੍ਰੀ ਗੁਰੂ ਗ੍ਰੰਥ ਜੀ ਸਾਹਿਬ ਕੇ ਔ ਭਾਗਵਤ ਆਦੀ ਗ੍ਰੰਥ ਪੜ੍ਹਤੇ ਹੈਂ, ਗੀਤਾ ਕੇ ਕਈ ਪਾਠ ਹੋਏ ਹੈਂ। ਤਬ ਵਹੁ ਸਿੰਘ ਬੋਲਾ ਜੋ ਸੰਤਾਂ ਕੇ ਪਾਸ ਜਪੁਜੀ ਕੇ ਪਾਠ ਪੰਜ ਕਰਾਉ । ਤਬ ਲੇਪਨਾਦੀ ਕਰਵਾਇ ਕਰ ਸ੍ਰੀ ਗੁਰੂ ਗ੍ਰੰਥ ਜੀ ਸਾਹਿਬ ਕਾ ਪ੍ਰਕਾਸ਼ ਕਰਾਇਆ ਸੰਤਾਂ ਕੇ ਨਿਕਟ ਅਰ ਭਾਈ ਸ਼ਾਮ ਸਿੰਘ ਜੀ ਪੰਡਤ ਆਪਣੇ ਭਤੀਜੇ ਭਗਤ ਸਿੰਘ ਕੋ ਤਾਂਬਿਆ ਬੈਠਾਇ ਕਰ ਪਾਠ ਕਰਨ ਵਾਸਤੇ ਕਹਤ ਭਏ । ਤਾਂ ਵਹੁ ਸਿੰਘ ਬੋਲਾ ਜੋ ਇਨ ਕੀ ਕਛਹਿਰੇ ਕੀ ਰਹਤ ਸਹਿਜ ਸੁਭਾਉ ਹੈ ਤਾਂ ਤੇ ਕਿਸੀ ਰਹਤਵਾਨ ਕੋ ਬੈਠਾਉ। ਤਾਂ ਪੰਡਤ ਜੀ ਕਹਾ ਤੇ ਸਿੰਘ ਜੀ ਤੁਸੀਂ ਹੀ ਪਾਠ ਕਰੋ। ਤਾਂ ਸਿੰਘ ਨੇ ਕਹਾ ਜੋ ਕੋਈ ਮੈਨੂੰ ਕਹੇ ਤੇ ਮੈਂ ਕਰਨਾ ਹਾਂ। ਐਸੇ ਕਹਿ ਕਰ ਸੋ ਸਿੰਘ ਲੱਗਾ ਪਾਠ ਕਰਨੇ । ਗ੍ਰੰਥਕਾਰ ਕਥਨੰ !–ਇਸ ਸਿੰਘ ਕਾ ਮੋਲ ਗ਼ੁਲਾਮ (ਸੰਤ ਸ਼ਾਮ ਸਿੰਘ ਜੀ) ਕੋ ਸ੍ਰੀ ਦਰਬਾਰ ਸਾਹਿਬ ਹੋਤਾ ਰਹਾ ਹੈ ਔ ਪ੍ਰਸ਼ਾਦ ਬੀ ਛਕਾਂਵਦੇ ਰਹੇ ਹਾਂ ਡੇਰੇ ਲੈ ਜਾਕੇ। ਸੋ ਸਿੰਘ ਜਬ ਪਾਠ ( ) ਕਰਨੇ ਲੱਗਾ ਗ਼ੁਲਾਮ ਪਾਸ ਹੀ ਸੀ, ਸੋ ਬਡੀ ਭੀੜ ਉਪਰ ਥੱਲੇ ਮੱਚ ਰਹੀ ਸੀ। ਜਬ ਸਿੰਘ ਨੇ ੧ ਓ ਮਾਤ੍ਰ ਹੀ ਉਚਾਰਨ ਕੀਤਾ ਜੋ ਸੁੰਨ-ਮਸੁੰਨ ਹੋਗਈ, ਚੁਪ-ਚਾਪ ਮਾਨੋਂ ਮੂਰਤੀ ਲਿਖੀਆਂ ਹੈਂ। ਗ਼ੁਲਾਮ ਨੇ ਅਢਾਈ ਪਾਠ ਸੁਣੇ ਜਪੁਜੀ ਸਾਹਿਬ ਕੇ ਪੁਨਾ ਡੇਰੇ ਚਲਿਆ ਆਇਆ। ਥੋੜੇ ਹੀ ਚਿਰ ਪਿਛੋਂ ਸੁਣ ਲੀਤਾ ਜੋ ਢਾਈ ਪਾਠ ਹੋਇਆਂ ਹੀ ਸੰਤਾਂ ਕਾ ਸਰੀਰ ਛੂਟ ਗਿਆ ਹੈ। [ਗੁਰ ਭਗਤ ਪ੍ਰੇਮ ਪ੍ਰਕਾਸ਼

ਠਾਕਰ ਦਿਆਲ ਸਿੰਘ ਜੀ ਦੇ ਚੜ੍ਹਾਈ ਕਰਨ ਦਾ ਵਕਤ ਸੰਨ ੧੯੫੯ ਈ: ਹੈ।

ਸਦਾ ਨੰਦ, ਭਾਈ ਦਿਆਲ ਸਿੰਘ ਤੇ ਬਾਬਾ ਕਾਹਨ ਸਿੰਘ ਤਿੰਨੋਂ ਸੰਤ ਰਾਮ ਦਿਆਲ ਦੇ ਚੇਲੇ ਸਨ। ਤਿੰਨਾਂ ਕੋਲ ਗਿਆਨ ਸਾਧਨ ਦਾ ਭੰਡਾਰ ਸੀ। ਸਦਾ ਨੰਦ ਨੇ ਇਹ ਸਾਰਾ ਖਰਚ ਕੀਤਾ, ਲੋਕਾਂ ਨਾਲ ਚਰਚਾਵਾਦ ਕਰ ਕਰਕੇ ਤੇ ਉਸ ਖੁਸ਼ੀ ਨੂੰ ਪ੍ਰਾਪਤ ਕਰਕੇ ਜੋ ਹਰ ਜਿੱਤ ਵਿਚੋਂ ਨਸੀਬ ਹੁੰਦੀ ਹੈ। ਭਾਈ ਦਿਆਲ ਸਿੰਘ ਨੇ ਆਪਣੇ ਟਿਕਾਣੇ ਨੂੰ ਬਹੁਤ ਭਾਗ ਲਾਇਆ ਉਨ੍ਹਾਂ ਦਾ ਅਸਥਾਨ ਬਹੁਤ ਪ੍ਰਸਿੱਧ ਹੋ ਗਿਆ। ਇਕ ਟੁੱਟੀ ਖੁੱਥੀ ਧਰਮਸਾਲ ਅਪਣੀ ਕਾਇਆਂ ਪਲਟਾਕੇ 'ਠਾਕਰਾਂ ਦਾ ਡੇਰਾ' ਬਣ ਗਈ, ਜਿਸ ਵਿਚ ਨਾਮ ਸਿਮਰਣ, ਬਾਣੀ, ਕੀਰਤਨ ਦਾ ਪ੍ਰਵਾਹ ਚਲਣ ਲੱਗ ਪਿਆ, ਠਾਕਰਾਂ ਦਾ ਐਸ਼ੁਰਜ ਤੇ ਸੰਗਤਾਂ ਦੀ ਰੌਣਕ ਦਿਨ ਬਦਿਨ ਵਧੀ।

ਬਾਬਾ ਕਾਹਨ ਸਿੰਘ ਨੇ ਆਪਣਾ ਗਿਆਨ ਭੰਡਾਰ ਆਪਣੇ'ਆਪੇ'ਨੂੰ ਘੜਨ ਵਿਚ ਖਰਚ ਕੀਤਾ। ਠਾਕਰ ਜੀ ਤੇ ਬਾਬਾ ਜੀ ਦੋਨੋਂ ਦਾ ਸੁਭਾਉ ਚਰਚਾ ਦਾ ਨਹੀਂ ਸੀ, ਪਰ ਦੋਨੋਂ ਗੱਲਾਂ ਬੜੀ ਖੂਬੀ ਨਾਲ ਤੇ ਸਮਝਾਕੇ ਕਰਨ ਵਾਲੇ ਤ੍ਰੀਕੇ ਨਾਲ ਕਰਦੇ ਸਨ ਜੋ ਅਕਸਰ ਬਹੁਤ ਲੰਮੇਰੀਆਂ ਹੋ ਜਾਂਦੀਆਂ ਸਨ।

ਬਾਬੇ ਦੇ ਖਿਆਲਾਂ ਵਿਚ ਠਾਕਰ ਦਯਾਲ ਸਿੰਘ ਦੇ ਵਿਚਾਰਾਂ ਵਿਚ ਬਹੁਤ ਫਰਕ ਸੀ। ਠਾਕਰ ਦਯਾਲ ਸਿੰਘ ਇਕ ਨੁਕਤੇ ਉਪਰ ਟਿਕਿਆ ਹੋਇਆ ਸੀ। ਬਾਬੇ ਵਿਚ ਅਨੇਕ ਨੁਕਤੇ ਸਨ। ਉਸਦੀ ਜ਼ਿੰਦਗੀ ਇਕ ਬੋਹੜ ਦੇ ਦਰੱਖਤ ਦੀ ਨਿਆਈਂ ਸੀ, ਉਸ ਦੀ ਵੀਚਾਰ ਸਾਰੀ ਬੜੇ ਵੱਡੇ ਫੈਲਾਉ ਵਿਚ ਸੀ। ਉਹ ਕਈ ਵਿਦਯਾ ਦਾ ਮਾਲਕ ਸੀ । ਹਰ ਇਕ ਵਿਦਯਾ ਬੋਹੜ ਦੀ ਇਕ ਸ਼ਾਖ ਦੇ ਤੁੱਲ ਸੀ ਜੋ ਸ਼ਾਖ਼ ਵਧ ਕੇ ਉਸੇ ਦਰੱਖਤ ਦਾ ਤਨਾ ਬਣ ਜਾਂਦੀ ਹੈ। ਉਸ ਦਾ 'ਅਨੇਕਤਾ' ਵਿਚ ਫੈਲਾਉ ਮੁਡ 'ਏਕਤਾ' ਵਿਚ ਇਕੱਠਾ ਹੋ ਜਾਂਦਾ ਸੀ। ਉਸ ਦੀ ਜ਼ਿੰਦਗੀ ਮਿਸਾਲ ਹੈ ਸ਼ਾਖਾਂ ਤੇ ਤਨੇ ਦੇ ਜੀਵਨ

Digitized by Panjab Digital Library | www.panjabdigilib.org

ਸੰਬੰਧ ਦੀ, ਜੋ ਵੱਖੋ ਵੱਖ ਹੁੰਦੇ ਹੋਏ ਵੀ ਇਕ ਰੂਪ ਹੋ ਜਾਂਦੇ ਹਨ ਤੇ ਆਪਣੇ ਜੀਵਨ ਕੇਂਦ੍ਰ ਨੂੰ ਮਜ਼ਬੂਤ ਰਖਦੇ ਹਨ।

ਬਾਬਾ ਨਿਰਾਕਾਰ ਦਾ ਗਿਆਨੀ ਸੀ, ਸਾਕਾਰ ਦਾ ਪੁਕਾਰੀ ਸੀ, ਗੁਰੂ ਦਾ ਚੇਲਾ ਸੀ, ਠਾਕਰ ਦਾ ਉਪਾਸਕ ਸੀ, ਸ਼ਕਤੀ ਦਾ ਪ੍ਰਸ਼ੰਸ਼ਕ ਸੀ, ਰਾਮ ਦਾ ਜਪੈਯਾ ਸੀ, ਸੀਤਾ ਦਾ ਗੁਣ ਗਵੱਯਾ ਸੀ, ਗੁਰੂ ਨਾਨਕ ਦਾ ਮਤ ਅਵਲੰਬੀ ਸੀ, ਗੁਰੂ ਗੋਬਿੰਦ ਸਿੰਘ ਦਾ ਅਨੁਗਾਮੀ ਸੀ। ਉਹ ਅਡਣਸ਼ਾਹੀ ਕਿਰਤ ਤੇ ਉਪਕਾਰ ਦਾ ਹਾਮੀ ਸੀ, ਉਹ ਕਵਿ ਸੀ, ਵੈਦ ਸੀ, ਮਾਂਦ੍ਰੀ ਸੀ, ਰਸਾਯਣਕ ਸੀ। ਉਹ ਇਕ ਵੱਡੀ ਸ਼ਖਸੀਅਤ ਸੀ ਜਿਸਦੇ ਖਿਆਲ ਦੀਆਂ ਅਨੇਕ ਸ਼ਾਖਾਂ ਜੜ੍ਹਦਾਰ ਹੋਣ ਕਰਕੇ ਉਸਦੇ ਜੀਵਨ ਕੇਂਦ੍ਰ ਦਾਇਕ ਆਧਾਰ ਰੂਪ ਬਣ ਗਈਆਂ ਸਨ ਤੇ ਜਿਨ੍ਹਾਂ ਦੀ ਅਨੇਕਤਾ ਵਿਚ ਕੋਈ ਵਿਚਾਰ ਵਿਭਿੰਨਤਾ ਦਾ ਪਰਸਪਰ ਵਿਖਾਂਧ ਨਹੀਂ ਸੀ। ਉਸਦੀ ਸ਼ਖਸੀਅਤ ਇਕ ਵੱਡੇ ਬਿਰਖ ਦੀ ਨਿਆਈਂ ਸੀ, ਜਿਸ ਦੀ ਛਾਉਂ ਥੱਲੇ ਅਨੇਕ ਮਤ ਮਤਾਂਤ੍ਰੀ ਦੇ ਆਦਮੀ ਤੰਬੂ ਲਾ ਕੇ ਬੈਠਦੇ ਹਨ। ਇਹ ਸਭ ਕੁਛ ਹੁੰਦਿਆਂ ਹੋਇਆ ਵੀ ਰਹਿਤ ਮਿਰਯਾਦਾ ਵਿਚ ਉਹ ਫਿਰ ਪੱਕਾ ਸਿੱਖ ਸੀ ਜੋ ਉਸ ਸਿੰਘ ਕੋਲੋਂ ਅੰਮ੍ਰਿਤ ਛਕ ਚੁੱਕਾ ਸੀ ਜਿਸਨੂੰ ਬਾਬਾ ਮਾਲੀ ਸਿੰਘ ਨੇ ਅੰਮ੍ਰਿਤ ਛਕਾਇਆ ਤੇ ਇਹ ਓਹੋ ਪ੍ਰਸਿੱਧ ਬਾਬਾ ਮਾਲੀ ਸਿੰਘ ਸੀ ਜੋ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਪਾਨ ਕਰ ਚੁਕਾ ਸੀ।

ਅਸੀਂ ਅਪਣੀ ਕਥਾ ਮੁੜ ੧੯੫੭ ਈ: ਤੋਂ ਸ਼ੁਰੂ ਕਰਦੇ ਹਾਂ। ਅਸੀਂ ਪਿੱਛੇ ਦੱਸ ਆਏ ਹਾਂ ਕਿ ਇਹ ਸਮਾਂ ਗ਼ਦਰ ਦਾ ਜ਼ਮਾਨਾ ਸੀ। ਪੂਰਬ ਵਿਚ ਇਸ ਵੇਲੇ ਹਨੇਰ ਗਰਦੀ ਮਚੀ ਹੋਈ ਸੀ। ਪਰ ਅੰਮ੍ਰਿਤਸਰ ਦੇ ਡੇਰਿਆਂ ਵਿਚ ਇਸ ਗੱਲ ਦਾ ਕਿਸੇ ਨੂੰ ਖਿਆਲ ਹੀ ਨਹੀਂ ਸੀ। ਭਾਈ ਰਤਨ ਹਰਿ ਦੇ ਡੇਰੇ ਬੈਠਾ ਇਕ ਸਾਧੂ 'ਸੁੰਦਰ ਸ਼ਿੰਗਾਰ' ਨਾਮ ਦੀ ਪੁਸਤਕ ਦਾ ਉਤਾਰਾ ਕਰ ਰਿਹਾ ਸੀ*।

ਸੁੰਦਰ ਦਾਸ ਆਪ ਦਾਦੂ ਪੰਥੀ ਸਾਧੂ ਸੀ, ਪਰ ਇਹ ਗ੍ਰੰਥ ਉਸ ਨੇ ਬੜੀ ਮਿਹਨਤ ਨਾਲ ਅਤੇ ਬੜੇ ਰਸ ਵਿਚ ਆਕੇ ਲਿਖਿਆ ਹੈ। ਇਸ ਵਿਚ ਨਾਯਕਾ ਭੇਦ ਦਾ ਵਰਣਨ ਹੈ†।

ਸੁੰਦਰ ਕਵਿ ਸ਼ਾਹਜਹਾਨ ਦੇ ਵੇਲੇ ਹੋਇਆ। ਬਾਦਸ਼ਾਹ ਵੱਲੋਂ ਇਸ ਨੂੰ ਸਨਮਾਨ, ਇਨਾਮ ਤੇ ਖਿਤਾਬ ਮਿਲੇ ਸਨ‡।

ਸੰਤ ਰਤਨ ਸਿੰਘ ਦੇ ਡੇਰੇ ਸੁੰਦਰ ਕਵਿ ਦੀ ਬਾਬਤ ਚਰਚਾ ਸੀ। ਬਾਬਾ ਵੀ ਸੁੰਦਰ ਦਾਸ ਦੇ ਇਕ ਗ੍ਰੰਥ ਦਾ ਉਤਾਰਾ ਕਰ ਰਿਹਾ ਸੀ। ਇਸ ਦਾ ਨਾਮ ਅਦਭਤ ਗ੍ਰੰਥ ਸੀ ਅਤੇ ਇਹ ਉਪਦੇਸ਼ ਮਾਰਗ ਦੀ ਇਕ ਅਤਿ ਉਤਮ ਪੋਥੀ ਹੈ§।

ਡੇਰੇ ਵਿਚ ਸੁੰਦਰ ਸ਼ਿੰਗਾਰ ਬਾਬਤ ਜੋ ਵਿਚਾਰ ਦਾ ਸਿਲਸਲਾ ਜਾਰੀ ਸੀ ਉਸ ਵਿਚ ਏਸ ਸੁਆਲ ਉਪਰ ਬਹਿਸ ਹੋ ਰਹੀ ਸੀ ਕਿ ਵਿਰੱਕਤ ਸਾਧੂਆਂ ਵਿਚ ਨਾਯਕ ਨਾਯਕਾ ਵਾਲੇ ਗ੍ਰੰਥਾਂ ਦਾ ਪਠਨ ਪਾਠਨ ਯਥਾਰਥ ਬਾਤ ਹੈ ਕਿ ਨਹੀਂ। ਇਕ ਸਾਧੂ ਨੇ ਕਿਹਾ ਕਿ ਸੁੰਦਰ ਸ਼ਿੰਗਾਰ ਪੜ੍ਹਨੇ ਦਾ ਕੋਈ ਹਰਜ ਨਹੀਂ। ਏਸ ਨੂੰ ਭਾਵੇਂ ਪੜ੍ਹੋ ਭਾਵੇਂ ਇਸਦੇ ਉਤਾਰੇ ਕਰੋ ਪਰ ਇਸਦੇ ਪਠਨ ਪਾਠਨ ਵਿਚ ਪਦਛੇਦ

---

*ਵੀਰਵਾਰ ਨੌਮੀ ਤਿਥਜ ਸੰਮਤ ਵਿਕ੍ਰਮਜੀਤ। ਚੰਦ (੧) ਨਾਥ (੯) ਬਿਦ੍ਯਾ (੧੪) ਜਨੇ ਕਰਥ ਮਾਸ ਸੁਠ ਮੀਤ॥ ੧੯੧੪ ਬਿ=੧੯੫੭ ਈ:]

†ਜਥ ਕਵਿਕੇ ਮਨ ਜੋ ਥਦ੍ਜੇ ਤਥ ਜਿਹ ਕੀਜੈ ਬਿਚਾਰ। ਥਰਣਨ ਨਾਯਥ ਨਾਯਕਾ ਰਚ੍ਜੈ ਗ੍ਰੰਥ ਬਿਸਤਾਰ॥ ੧੩॥
ਸੁੰਦਰ ਕ੍ਰਿਤ ਸ਼ਿੰਗਾਰ ਹੈ ਸਕਲ ਰਸਨ ਕੋ ਸਾਰ। ਨਾਮ ਧਰ੍ਜੈ ਯਾ ਗ੍ਰੰਥ ਕੋ ਯਹ ਸੁੰਦਰ ਸ਼ਿੰਗਾਰ॥ ੧੪॥
ਜੋ ਸੁੰਦਰ ਸ਼ਿੰਗਾਰ ਕੋ ਪਢੈ ਸੁਨੈ ਸੁਰ ਗ੍ਯਾਨ। ਤਿਨ ਮਾਨੋ ਸੰਸਾਰ ਮੈ ਕੀਜੈ ਸੁਧਾਰਸ ਪਾਨ॥ ੧੫॥

‡ਥਾਹ ਜਹਾਂ ਤਿਨ ਕੁਨਨ ਕੋ ਦੀਨੋ ਅਗਨਤ ਦਾਨ। ਤਿਨ ਮੈ ਸੁੰਦਰ ਸੁਕਵਿ ਕੋ ਕਿਜੈ ਬਹੁਤ ਸਨਮਾਨ॥ ੧੦॥
ਨਗ ਭੂਖਨ ਮਨਸਥ ਦਏ ਹਯ ਹਾਥੀ ਸਿਰੁਪਾਜ। ਪ੍ਰਥਮ ਦੀਜੈ ਕਵਿਰਾਜ ਪਦ ਬਹੁਤ ਮਹਾਂ ਕਵਿਰਾਜ॥ ੧੧॥

§ਜਾਕੇ ਸੁਨਤੇ ਪਰਮ ਸੁਖ ਦੁਖ ਨ ਰਹੈ ਲਵਲੇਸ਼। ਸੁੰਦਰ ਕਹਿਆ ਬਿਚਾਰ ਕੇ ਅਦਭੂਤ ਗ੍ਰੰਥ ਉਪਦੇਸ਼॥ ੧੬॥

Digitized by Panjab Digital Library | www.panjabdigilib.org

ਦਾ ਜ਼ਰੂਰ ਖਿਆਲ ਰੱਖੋ। ਉਸ ਨੇ ਦੱਸਿਆ ਕਿ ਸੁੰਦਰ ਦਾਸ ਨੇ ਜਿਸ ਵੇਲੇ ਆਪ ਪਹਿਲੀ ਵੇਰ ਰਚਨਾ ਕੀਤੀ ਹੈ ਤਾਂ ਉਸ ਵਿਚ ਪਦ ਛੇਦ ਨਹੀਂ ਸੀ। ਗ੍ਰੰਥ ਖ਼ਤਮ ਹੋਣ ਉਪਰ ਸੁੰਦਰ ਦਾਸ ਨੂੰ ਰੋਜ਼ ਰਾਤੀ ਸੁਪਨਾ ਆਇਆ ਕਰੇ ਕਿ ਕੋਈ ਆਦਮੀ ਉਸ ਦੇ ਸਿਰ ਉਪਰ ਜੁਤੀਆਂ ਮਾਰ ਰਿਹਾ ਹੈ। ਇਕ ਦਿਨ ਤੰਗ ਆਕੇ ਉਸ ਨੇ ਅਪਣੇ ਗੁਰੂ ਅੱਗੇ ਬੇਨਤੀ ਕੀਤੀ। ਗੁਰੂ ਨੇ ਸੁੰਦਰ ਸ਼ਿੰਗਾਰ ਗ੍ਰੰਥ ਮੰਗਾਇਆ ਕੁਛ ਦਿਨ ਦੇਖਕੇ ਦੱਸਿਆ ਕਿ ਇਸ ਦਾ ਪਦ ਛੇਦ ਕਰ ਦੇਹ ਤਾਂ ਜੁਤੀਆਂ ਵੱਜਣੀਆਂ ਹੱਟ ਜਾਣਗੀਆਂ। ਸੋ ਇਸੇ ਤਰ੍ਹਾਂ ਹੋਇਆ। ਸਾਧੂ ਨੇ ਏਸ ਗੱਲ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਗ੍ਰੰਥ ਵਿਚੋਂ ਕੁਛ ਸਤਰਾਂ ਪੜ੍ਹੀਆਂ।

ਅਥ ਸੁਕੀਆ ਲੱਛਨ

ਦੋਹਿਰਾ—ਏ ਲੱਛਨ ਸੁਕੀਯਾਨ ਕੇ ਬਰਨਤ ਹੈ ਕਵਿਰਾਜ।
ਪਤਿ ਕੀ ਅਤਿ ਸੇਵਾ ਕਰੈ ਸੀਲ ਸੁਧਾਈ ਲਾਜ ॥ ੨੦॥.....

ਯਥਾ, ਸ੍ਰੈਯਾ—ਬੋਲਤ ਬੋਲ ਸੁ ਕੰਠ ਹੀ ਮੈਂ ਚਲਤੇ ਪਗ ਮੈ ਨ ਕਹੂੰ ਅਹਟਾਨੈ।
ਸੁੰਦਰ ਕੋਪ ਨਹੀਂ ਸੁਪਨੇ ਅਰੁ ਜੌ ਭਜੇ ਤੌ ਮਨ ਹੀ ਮੈ ਸਮਾਨੈ।".....

'ਸੁੰਦਰ ਕੋਪ ਨਹੀਂ ਸੁਪਨੇ' ਵਾਲੀ ਤੁਕ ਦਾ ਅਰਥ ਹੈ ਕਿ ਸੁੰਦਰ ਕਹਿੰਦਾ ਹੈ ਕਿ ਐਸੀ ਨਾਯਕਾ ਨੂੰ ਸੁਪਨੇ ਵਿਚ ਵੀ ਗੁੱਸਾ ਨਹੀਂ ਆਉਂਦਾ। ਪਰ ਜਦ ਪਦ ਛੇਦ ਨਾ ਹੋਵੇ ਤਾਂ ਇਹ ਤੁਕ ਐਉਂ ਪੜ੍ਹ ਜਾਂਦੀ ਹੈ ਕਿ 'ਸੁੰਦਰ ਕੋ ਪਨਹੀ ਸੁਪਨੇ' 'ਪਨਹੀ' ਦੇ ਅਰਥ "ਜੁੱਤੀ" ਹਨ।

ਸਾਧੂ ਦੀ ਇਹ ਗੱਲ ਸੁਣਕੇ ਸਾਰੇ ਦੱਸ ਪਏ।

ਇਕ ਹੋਰ ਮਹਾਤਮਾ ਜੀ ਬੋਲੇ:—ਭਾਈ ਸਾਧੋ, ਜ਼ਰਾ ਸੋਚੋ ਕਿ ਸੁੰਦਰ ਸ਼ਿਗਾਰ ਗ੍ਰੰਥ ਕਿਉਂ ਲਿਖਿਆ ਗਿਆ ? ਤੁਹਾਡੇ ਵਿਚੋਂ ਕਈਆਂ ਨੂੰ ਇਹ ਵੀ ਪਤਾ ਨਹੀਂ ਹੋਣਾ ਕਿ ਸੁੰਦਰ ਦਾਸ ਦਾ ਨਾਮ ਸੁੰਦਰ ਕਿਉਂ ਸੀ। ਖੈਰ ਜੋ ਵੀ ਸੀ, ਸੁੰਦਰ ਆਪ ਅਤਿ ਸੁੰਦਰ ਸੀ। ਇਹ ਨਾਮ ਇਸ ਦੇ ਮੁਖੜੇ ਦੀ ਛਬਿ ਦੇਖਕੇ ਗੁਰਦੇਵ ਦਾਦੂ ਦਿਆਲ ਨੇ ਆਪ ਦਿਤਾ ਸੀ। ਸੁੰਦਰ ਦਾਸ ਸਾਧੂ ਸੀ ਪਰ ਸਾਧੂ ਲਈ ਸੁੰਦਰ ਹੋਣਾ ਅਤਿ ਕਸ਼ਟ ਦਾ ਕਾਰਣ ਹੈ। ਰਾਤ ਜਿਤਨੀ ਅੰਧੇਰੀ ਹੋਵੇ ਤਾਰੇ ਵੱਧ ਟਹਿਕਦੇ ਹਨ, ਨਾਗ ਜਿਤਨਾ ਕਾਲਾ ਹੋਵੇ ਮਣੀ ਵੱਧ ਚਮਕਦੀ ਹੈ: ਗੋਦੜੀ ਜਿਤਨੀ ਪੁਰਾਣੀ ਹੋਵੇ ਉਤਨਾ ਲਾਲ ਵੱਧ ਲਿਸ਼ਕਦਾ ਹੈ। ਸਾਧਾਂ ਨੂੰ ਭਗਵੇ ਬਸਤ੍ਰ ਇਸ ਕਰਕੇ ਮਿਲੇ ਸਨ ਕੇ ਉਹ ਗੋਦੜੀਆਂ ਤਿਆਗ ਦੇਨ ਤਾਕਿ ਉਨ੍ਹਾਂ ਦਾ ਰੂਪ ਪੁਰਾਣੇ ਲੰਗਾਰਾਂ ਵਿਚੋਂ ਝਾਈਆਂ ਨਾ ਮਾਰੇ। ਗੋਰੀ ਦੀ ਲਾਲੀ ਸਾਮ੍ਹਣੇ ਪਿਆਜ਼ੀ ਮੁਖੜਾ ਪਿੱਲਾ ਪੈ ਜਾਂਦਾ ਹੈ, ਪਿੱਲਾ,—ਭੂਕ ਹੋ ਜਾਂਦਾ ਹੈ। ਗੋਰੀ ਦਾ ਏਹੋ ਚਮਤਕਾਰ ਹੈ,—ਪਿਆਜ਼ ਨੂੰ ਭੂਕ ਕਰ ਦੇਂਦੀ ਹੈ। ਮੈਂ ਇਸ ਦਾ ਵਰਣਨ ਨਹੀਂ ਕਰਨਾ ਚਾਹੁੰਦਾ ਕਿ ਸੁੰਦਰ ਦਾਸ ਆਪਣੇ ਰੂਪ ਤੇ ਕਿਸੇ ਵਕਤ ਕਿਤਨਾ ਛਿੱਥਾ ਪਿਆ। ਉਹ ਸਾਡੇ ਪੂਜ ਹਨ, ਪਰ ਇਤਨੀ ਗਲ ਮੈਂ ਜ਼ਰੂਰ ਦੱਸਦਾ ਹਾਂ ਕਿ ਉਨ੍ਹਾਂ ਨੇ ਸ਼ਿੰਗਾਰ ਰਸ ਗ੍ਰੰਥਾਂ ਦੇ ਪੜ੍ਹਨ ਦੀ ਮਨਾਹੀ ਕੀਤੀ ਹੈ। ਉਨ੍ਹਾਂ ਦੇ ਜ਼ਮਾਨੇ ਵਿਚ ਸਾਧੂ 'ਰਸਿਕ ਪ੍ਰਿਯਾ' ਤੇ 'ਰਸ ਮੰਜਰੀ' ਬਹੁਤ ਪੜ੍ਹਦੇ ਸਨ। ਵਿਰਕਤਾਂ ਦਾ ਦਿਨ ਕੱਟ ਨਹੀਂ ਸੀ ਹੁੰਦਾ। ਕਵਿ ਕੇਸ਼ੋ ਦਾਸ ਦੇ ਸ਼ਿੰਗਾਰ ਪ੍ਰਧਤ ਗ੍ਰੰਥ ਸੰਤਾਂ ਦਾ ਦਿਲ ਪਰਚਾਵਾ ਸਨ। ਸਾਧੂ ਆਪਣੇ ਬੁੱਲ੍ਹਾਂ ਨੂੰ ਜੀਭ ਨਾਲ ਚੱਟ ਚੱਟਕੇ ਇਹ ਪੁਸਤਕ ਪੜ੍ਹਦੇ ਸਨ, ਕਦੀ ਤਾਂ ਆਪਣੇ ਹੋਠ ਟੁਕ ਲੈਂਦੇ ਸਨ। ਤਦ ਸੁੰਦਰ ਦਾਸ ਜੀ ਨੇ ਐਸੇ ਗ੍ਰੰਥਾਂ ਨੂੰ ਪੜ੍ਹਨ ਦੀ ਮਨਾਹੀ ਕੀਤੀ। ਉਨ੍ਹਾਂ ਕਿਹਾ—

'ਰਸਿਕ ਪ੍ਰਿਯਾ' 'ਰਸ ਮੰਜਰੀ' ਅਰ ਸਿੰਘਾਰਨ ਜਾਨ।
ਚੜ੍ਹਚਾਈ ਕਰਿ ਬਹੁਤ ਵਿਧਿ ਵਿਖਜ ਬਨਾਈ ਆਨ।
ਵਿਖਜ ਬਨਾਈ ਆਨ ਲਗਤ ਵਿਖਿਜਨ ਕੋ ਪ੍ਯਾਰੀ।
ਜਾਗੇ ਮਦਨ ਪ੍ਰਚੰਡ ਸਰਾਹੈ ਨਖ ਸ਼ਿਖ ਨਾਰੀ।

Digitized by Panjab Digital Library | www.panjabdigilib.org

ਜਜੋਂ ਰੋਗੀ ਮਿਸ਼ਟਾਨ ਖਾਇ ਰੋਗਹਿੰ ਵਿਸਤਾਰੈ।
ਸੁੰਦਰ ਯਹ ਗਤਿ ਹੋਯ ਜੋਇ ਰਸਿਕ ਪ੍ਰਿਯਾ ਧਾਰੈ ॥
ਰਸਿਕ ਪ੍ਰਿਯਾ ਕੇ ਸੁਨਤ ਹੀ ਉਪਜੈਂ ਬਹੁਤ ਵਿਕਾਰ।
ਜੋ ਯਾ ਮਾਹੀ ਚਿਤ ਧਰੈ ਵਹੀ ਹੋਤ ਨਰ ਖ੍ਵਾਰ।
ਵਹੀ ਹੋਤ ਨਰ ਖ੍ਵਾਰ ਵਾਰ ਤੇ ਕਛੂ ਨ ਲਾਗੈ।
ਸੁਨਤ ਵਿਖਯ ਕੀ ਬਾਤ ਲਹਿਰ ਵਿਖ ਹੀ ਕੀ ਜਾਗੈ।
ਜਿਉਂ ਕੋ ਉਂਘਜੋ ਹੁਤੋ ਲੇਯ ਪੁਨਿ ਸੇਜ ਵਿਛਾਈ।
ਸੁੰਦਰ ਐਸੀ ਜਾਨ ਸੁਨਤ ਰਸਿਕ ਪ੍ਰਿਯਾ ਭਾਈ ॥ ਸੁੰਦਰ ਵਿਲਾਸ

ਏਸ ਮਨਾਹੀ ਨਾਲ ਜੋ ਘਾਟਾ ਪਿਆ ਉਸ ਨੂੰ ਪੂਰਾ ਕਰਨ ਹਿਤ ਉਨ੍ਹਾਂ ਸਾਧੂਆਂ ਲਈ ਸੁੰਦਰ ਸ਼ਿੰਗਾਰ ਗ੍ਰੰਥ ਲਿਖਿਆ ਹੈ। ਇਕ ਹੋਰ ਮਹਾਤਮਾ ਜੀ ਬੋਲੇ ਕੀ ਸੁੰਦਰ ਸ਼ਿੰਗਾਰ ਨਾਇਕਾਦੀ ਸੁੰਦਰਤਾਨੂੰ ਉਂਗਲਾ ਨਾਲ ਟਟੋਲ ਫਰੋਲਕੇ ਦੱਸਣ ਵਿਚ ਰਸਿਕ ਪ੍ਰਿਯਾ ਕੋਲੋਂ ਘੱਟ ਹੈ ਜਿਸ ਦੀ ਮਨਾਹੀ ਕੀਤੀ ?

ਏਸ ਗੱਲ ਉਪਰ ਫੇਰ ਸਾਰੇ ਹੱਸ ਪਏ।

ਬਾਬਾ ਏਸ ਗੱਲ ਉਪਰ ਖੁਸ਼ ਸੀ ਕਿ ਮੈਂ ਸੁੰਦਰ ਸ਼ਿੰਗਾਰ ਦਾ ਉਤਾਰਾ ਨਹੀਂ ਕਰ ਰਿਹਾ। ਪੰਡਤ ਰਤਨ ਸਿੰਘ ਵਿਰੱਕਤ ਸਾਧੂਆਂ ਦੀ ਰੁਚੀ ਸ਼ਿੰਗਾਰ ਗ੍ਰੰਥਾਂ ਵਿਚ ਤੱਕ ਕੇ ਪੰਜਾਬੀ ਵਿਚ ਇਕ ਦੋ ਤੁਕਾਂ ਠੱਪਣ ਲਗ ਪਿਆ:—

ਨੈਨ ਹਟਕੇ ਨਹੀਂ ਰਹਿੰਦੇ ਰੂਪਵਤੀ ਛਬਿ ਲਟਕੇ ਅਟਕੇ।
ਛੈਲ ਛਬੀਲੇ ਨੈਣ ਨਾਇਕਾ ਦੇ ਦੇਖਤ ਕੋਟ ਕਾਮ ਚਟਪਟਕੇ।

ਪੰਡਿਤ ਰਤਨ ਸਿੰਘ ਜੀ ਨੇ ਪਿੱਛੋਂ ਇਨ੍ਹਾਂ ਤੁਕਾਂ ਨੂੰ ਫੇਰ ਸੋਧਿਆ ਤੇ ਰਾਮ ਉਪਰ ਘਟਾਕੇ ਇਹ ਕਵਿਤਾ ਬਣਾਈ।

ਜ਼ਾਲਮ ਨੈਨ ਮੇਰੇ ਨਹੀਂ ਰਹਿੰਦੇ।
ਲਾਲਚ ਲਗੇ ਰੂਪ ਰਘੁਬਰ ਦੇ ਕਰਿ ਆਰਾਮ ਨਹੀਂ ਬਹਿੰਦੇ।
ਬਰਜ ਬਰਜਿ ਰਹੀ ਅਰਜ ਨ ਮੰਨਦੇ ਹਰਜ ਮਰਜ ਸਭ ਸਹਿੰਦੇ।
ਕਰ ਕਰ ਜਤਨ 'ਰਤਨ ਹਰਿ' ਹਾਰੀ ਜਾਇ ਜੋਰਾਵਰੀ ਖਹਿੰਦੇ।

ਪੰਡਤ ਰਤਨ ਸਿੰਘ ਬ੍ਰਿਜ ਭਾਸ਼ਾ ਦਾ ਮੰਨਿਆ ਹੋਇਆ ਕਵਿ ਸੀ। 'ਪੰਜਾਬੀ' ਦੇ ਇਸ ਨੇ ਸਿਰਫ ਦੋ ਤਿੰਨ ਹੀ ਟੱਪੇ ਲਿਖੇ ਹਨ* ।

ਬਾਬਾ ਤਾਂ ਆਪਣੇ ਪੱਕੇ ਹੋਏ ਅਤੀਤ ਸੁਭਾਉ ਮੁਤਾਬਿਕ ਸੁੰਦਰ ਕਵਿ ਦੀ ਏਸ ਤੁਕ ਦੀ ਵਜਾਖਜਾ ਵਿਚ ਸਮਾਂ ਖਰਚ ਕਰਦਾ ਰਹਿੰਦਾ,

"ਪਸਰੇ _ਏ ਸ਼ਕਤ ਮੈਂ ਸੁਕਚੇ ਮੈ ਸ਼ਿਵ ਹੋਇ"†। [ਅਦਭਤ ਗ੍ਰੰਥ

ਪਰ ਰਤਨ ਹਰਿ ਦੂਲੇ ਸੁਭਾਉ ਦਾ ਸੀ। ਇਸਦੇ ਅੰਦਰ ਸ਼ਿੰਗਾਰ ਰਸ ਦੇ ਠਰਕ ਦੀ ਜੋਬਨ ਲਹਿਰ ਹਿਲਦੀ ਸੀ। ਇਸ ਨੇ ਸੁੰਦਰ ਸ਼ਿੰਗਾਰ ਗ੍ਰੰਥ ਨੂੰ ਸਾਹਮਣੇ ਰੱਖਕੇ ਹਰ ਪ੍ਰਕਾਰ ਦੀ ਨਾਇਕਾ ਨਾਲ ਕ੍ਰਿਸ਼ਨਨੂੰ ਹੋਲੀ ਖਿਡਾਉਣੀ ਸ਼ੁਰੂ ਕੀਤੀ।ਪਹਿਲੇ ਮੁਗਧਾ ਨਾਇਕਾ ਲਈ ਤੇ ਉਸਦਾ ਨਕਸ਼ਾ ਖਿੱਚਿਆ:—

---

*ਇਸਦਾ ਦੂਜਾ ਟੱਪਾ ਇਹ ਹੈ — ਡਰਦਾ ਡਰਦਾ ਅਰਜ਼ ਇਕ ਕਰਦਾ ਸੁਣ ਤੈਨੂੰ ਦਰਿਆਉ ਮਿਹਰ ਦਾ।
ਤੂੰ ਲਾਡਲਾ ਦਸਰਥ ਰਘੁਬਰ ਦਾ ਕਰ ਬਰਦਾ ਮਨੂੰ ਅਪਣੇ ਘਰ ਦਾ।
ਰਤਨ ਹਰੀ ਚੁਣ ਕੇਹਾ ਪੜਦਾ ॥ ੧ ॥ ਪਦੁੰ ॥

†ਅਸਲ ਵਿਚ ਇਕੋ ਪਦਾਰਥ ਹੈ ਜਿਸ ਤੋਂ ਕੁੱਲ ਸ੍ਰਿਸ਼ਟੀ ਬਣੀ ਹੈ। ਜਦ ਉਹ ਪਸਾਰੇ ਵਿਚ ਜਾਂਦਾ ਹੈ ਤਾਂ ਇਹ ਮਾਯਾ (ਸ਼ਕਤਿ) ਬਣ ਜਾਂਦੀ ਹੈ, ਪਰ ਜਦ ਸੰਕੋਚ ਵਿਚ ਹੁੰਦਾ ਹੈ ਤਾਂ ਬ੍ਰਹਮ (ਸ਼ਿਵ) ਹੁੰਦਾ ਹੈ।

Digitized by Panjab Digital Library | www.panjabdigilib.org

ਰਾਗ ਜੈਗਲਾ–ਰੀ ਮਾ ਸਾਂਵਰੋ ਕਨਈਆ ਰੰਗ ਡਾਰ ਗਯੋ।
ਰੂਢੋ ਗੂਢੋ ਰੂਢੋ ਰੰਗ ਕੇਸਰ ਕੋ ਭਰਿ ਪਿਚਕਾਰੀ ਮਾਰ ਗਯੋ।
ਘੂੰਘਟ ਟਾਰਿ ਉਘਾਰਿ ਬਦਨ* ਮੇਰੋ ਮਨ ਭਾਵਤੋ ਕਰਿ ਪਜਾਰ ਗਯੋ।
'ਰਤਨ ਹਰੀ' ਹੋਰੀ ਬਰਜੋਰੀ ਰੂਪ ਠਗਉਰੀ ਪਾਰਿ ਗਯੋ। ੬।

ਇਹ ਨਾਇਕਾ ਤਾਂ ਅੱਜੇ ਸਾਰੀ ਗੱਲ ਮਾਂ ਨੂੰ ਸਨਮੁਖ ਕਰਕੇ ਕਰਦੀ ਹੈ। ਫੇਰ ਇਸ ਤੋਂ ਇਕ ਦਰਜਾ ਅਗਲੀ ਨਾਇਕਾ ਮਧਜਾ ਦਾ ਨਮੂਨਾ ਖਿੱਚਿਆ ਜੋ ਕਨੁੱਯੇ ਨਾਲ ਸਿੱਧੀ ਗੱਲ ਕਰ ਲੈਂਦੀ ਹੈ:–

ਰਾਗ ਧਮਾਰ–ਕਨ੍ਹੈਯਾ ਤੋਹਿ ਅਪਨੈਈ ਰੰਗ ਭਾਵੈ।
ਔਰ ਕਾਹੂੰ ਕੀ ਸੁਨੈ ਨ ਸੁਨਾਵੈ।
ਹੋਰੀ ਖੇਲਨ ਕੀ ਰੀਤ ਨ ਜਾਨੈ ਤੂੰ ਇਤ ਉਤ ਹਾਥ ਚਲਾਵੈ।
ਨਿਸ ਦਿਨ ਰੂਪ ਜੋਬਨ ਮਦ ਮਾਤੋ ਹਸਿ ਹਸਿ ਗਾਰੀ ਗਾਵੈ।
'ਰਤਨ ਹਰੀ' ਤੋ ਸੋ ਕੋਊ ਨ ਖੇਲੈ ਤੂੰ ਅਪਨੀ ਡਗਰ ਕਿਉਂ ਨ ਜਾਵੈ। ੩।

ਇਸ ਤੋਂ ਅੱਗੇ ਫੇਰ ਨਾਇਕਾ ਨੂੰ ਇਕ ਦਰਜਾ ਹੋਰ ਖੁੱਲ੍ਹ ਦਿਤੀ ਤਾਂ ਉਹ ਕਨ੍ਹੱਯੇ ਨਾਲ ਬਿਲਕੁਲ ਬੇਤਕੱਲਫ 'ਪੂਛ' ਹੋ ਗਈ। ਕਨ੍ਹੱਯੇ ਨਾਲ ਸਿਰਫ ਗੱਲ ਬਾਤ ਹੀ ਨਹੀਂ, ਗਾਲੀ ਗਲੂਚ ਵੀ ਸ੍ਵੰਤ੍ਰ ਵਰਤੀਣ ਲੱਗਾ:–

ਰਾਗ ਟੋਡੀ–ਨਾਰਿ ਨਵੇਲੀ ਮਹਾ ਰਸ ਝੇਲੀ ਇਕੇਲੀ ਹਵੇਲੀ ਤੇ ਬਾਹਰ ਆਈ।
ਲਾਲ ਠਢੇ ਪਿਚਕਾਰੀ ਲੀਜੇ ਰੰਗ ਭਾਰੀ ਭਰੀ ਗਹਿ ਸਾਰੀ ਝੁਕਾਈ।
ਚੁਨਰੀ†ਸਾਰੀ ਭਿਜੀ ਲਖਸਾਰੀ ਖਿਝੀ ਤਿਯ ਭਾਰੀ ਸੁਗਾਰੀ ਸੁਨਾਈ।
'ਹਰਿ ਰਤਨ' ਬਿਹਾਰੀ ਭਏ ਬਲਿਹਾਰੀ ਵਾ ਪਜਾਰੀ ਕੀ ਗਾਰੀ ਸੁਧਾਸੀ ਸੁਹਾਈ‡।

ਪੰਡਿਤ ਰਤਨ ਸਿੰਘ ਕ੍ਰਿਸ਼ਨ ਦੀ ਹੋਲੀ ਦੇ ਚਰਿਤ੍ਰ ਕੇਵਲ ਅਪਣੀ ਕਾਵਯ ਸ਼ਕਤੀ ਪਰਖਣ ਲਈ ਲਿਖ ਰਿਹਾ ਸੀ, ਉਸਦਾ ਅਸਲ ਮਤਲਬ ਕੁਛ ਹੋਰ ਸੀ। ਉਹ ਰਾਮਾਯਣ ਲਿਖਣੀ ਚਾਹੁੰਦਾ ਸੀ, ਕਿਸੇ ਮਹਾਂ ਕਾਵਯ ਪ੍ਰਬੰਧ ਵਿਚ ਨਹੀਂ, ਪਰੰਤੂ ਫੁਟਕਲ ਛੰਦਾ ਵਿਚ। ਉਸ ਦੇ ਅੰਦਰ ਰਾਮ ਲਈ ਬਹੁਤ ਗਹਿਰਾ ਭਗਤਿ ਭਾਵ ਸੀ। ਉਸ ਨ ਪਹਿਲੇ ਇਸ ਵਿਸ਼ਯ ਉਪਰ ਇਕ ਪੁਸਤਕ ਲਿਖੀ ਜਿਸ ਦਾ ਨਾਮ 'ਕੌਸ਼ਲੇਸ਼ ਕਵਿਤਾਵਲੀ' ਰੱਖਿਆ§।

ਇਹ ਤੁਲਸੀ ਦਾਸ ਦੀ ਕਵਿਤਾਵਲੀ ਦੇ ਨਮੂਨੇ ਦੀ ਚੀਜ਼ ਹੈ, ਫੇਰ 'ਰਘੁਬਰ ਪਦ ਰਤਨਾਵਲੀ' ਸ਼ੁਰੂ ਕੀਤੀ ਜੋ ਤੁਲਸੀ ਦੀ ਗੀਤਾਵਲੀ ਦੇ ਮੁਕਾਬਲੇ ਦੀ ਚੀਜ਼ ਹੈ। ਇਹ ਸਾਰੀ ਰਚਨਾ ਰਾਗ ਵਿਚ ਹੈ। ਜ਼ਯਾਦਾਤਰ ਬਿਲਾਵਲ, ਆਸਾਵਰੀ, ਕਾਫੀ, ਬਰਵੈ, ਸਾਰੰਗ ਆਦਿਕ ਰਾਗ ਹਨ। ਰਚਨਾ ਬੜੀ ਸਰਸ ਤੇ ਭਾਵ ਪੂਰਤ ਹੈ¶।

ਪੰਡਿਤ ਰਤਨ ਸਿੰਘ ਨੇ ਆਖਰ ਰਾਮਚੰਦ ਦਾ ਜੋ ਹੋਲੀ ਦਾ ਨਜ਼ਾਰਾ ਖਿੱਚਿਆ ਉਹ ਆਪਣੇ ਕਾਵਯ ਨੂੰ ਪੂਰ ਭੇ ਅਤੇ ਅਦਬ ਦੀਆਂ ਹੱਦਾ ਵਿਚ ਰੱਖਕੇ ਕੀਤਾ। ਪੜ੍ਹਨ ਵਾਲੇ ਨੂੰ ਝੱਟ ਪਤਾ ਲਗ ਜਾਂਦਾ ਹੈ ਕਿ ਇਸ ਵਿਚ ਉਹ 'ਕ੍ਰਿਸ਼ਨ ਹੋਲੀ' ਵਾਲੀ ਖੁਲ੍ਹ ਨਹੀਂ, ਪਰੰਤੂ ਉਸ ਦੇ ਐਨ ਉਲਟ ਕਵਿਤਾ ਦੇ

---

*ਚਿਹਰਾ। †ਚੁੰਨੀ। ‡ਗਾਲੀ ਅੰਮ੍ਰਿਤ ਵਾਕੂਣ ਰੰਗੀ ਲੱਗੀ।

§ਇਹ ਗ੍ਰੰਥ ੧੯੬੭ ਦੀ: ਵਿਚ ਰਚਿਆ ਗਿਆ, ਇਸਦਾ ਇਕ ਉਤਾਰਾ ਬਾਬਾ ਕਾਹਨ ਸਿੰਘ ਦੇ ਹੱਥ ਦਾ ਲਿਖਿਆ ਸੰਭਾਲਿਆ ਪਿਆ ਹੈ।

¶ਨਮੂਨਾ ਇਹ ਹੈ, ਜੋ ਬਾਬੇ ਦੇ ਕੀਤੇ ਉਤਾਰੇ ਤੋਂ ਹੈ: –
ਬਿਭਾਵਰ-ਹਰੇ ਰੀ ਮੋਰੇ ਨੈਨਾ ਦਸਰਥ ਕਵਰ ਹਰੇ। ਕਿਤ ਤੇ ਆਇਓ ਧਨਖ ਬਾਨ ਲੀਏ ਦੇਖਤ ਫੰਧ ਪਰੇ।
ਕਹਾ ਕਰੌਂ ਯਹ ਕਾ ਸੋ ਕਹੌਂ, ਮਨ ਨਾ ਧੀਰ ਧਰੇ। 'ਰਤਨ ਹਰਿ' ਵਾ ਛਿਆਮ ਸੁੰਦਰ ਬਿਨ ਕੈਸੇ ਕਾਜ ਸਰੇ।

Digitized by Panjab Digital Library | www.panjabdigilib.org

ਦਹਾਨੇ ਨੂੰ ਸਤਿਕਾਰ ਦੀ ਲਗਾਮ ਨੇ ਨਰਤ ਕੇ ਖਿੱਚਿਆ ਹੋਇਆ ਹੈ*।

ਪਾਠਕਾਂ ਨੇ ਹੇਠਲੇ ਫੁਟਨੋਟ ਤੋਂ ਦੇਖ ਲਿਆ ਹੋਣਾ ਹੈ ਕਿ ਜਿਸ ਵੇਲੇ ਇਹ ਤੁਕ ਆਉਂਦੀ ਹੈ, "ਉਡਤ ਗੁਲਾਲ ਅੰਬੀਰ ਅਰਗਜਾ ਨਾਚਤ ਗਾਵਤ ਗਨਕਾ ਗਨਕ" ਤਦ ਮਾਲੂਮ ਔਉਂ ਹੁੰਦਾ ਹੈ ਕਿ ਕਾਵਯ ਰਸ ਦੀ ਗੁੱਡੀ ਸੁਤੰਤ੍ਰਤਾ ਦੇ ਆਕਾਸ਼ ਵਿਚ ਉੱਡਣ ਲਗੀ ਹੈ, ਪਰ ਉਹ ਝਟ ਹੀ ਅਦਬ ਦਾ ਝੱਪ ਖਾ ਕੇ ਡਿੱਗ ਪੈਂਦੀ ਹੈ ਔਉਂ:-

'ਰਤਨ ਹਰੀ' ਸ੍ਵਾਮੀ ਦਸਰਥ ਨੰਦਨ ! ਦਯਾ ਦ੍ਰਿਸ਼ਟਿ ਦੇਖਿਓ ਤਨਕ।

ਅਗਲੀਆਂ ਤਿੰਨ ਤੁਕਾਂ ਵਿਚ ਕਵਿਆਉਂਦੀ ਗੁੱਡੀ ਨੂੰ ਤੁਣਕੇ ਮਾਰ ਕੇ ਖੜਾ ਕਰਨ ਦਾ ਫੇਰ ਯਤਨ ਹੈ, ਪਰ 'ਸਤਿਕਾਰ' ਦਾ ਖਿਆਲ ਪਿੱਛੋਂ ਦੀ ਆ ਕੇ ਖੜੀ ਹੋ ਰਹੀ ਗੁੱਡੀ ਨੂੰ 'ਖੇਚਮੇ' ਨਾਲ ਕੱਟ ਸੁੱਟਦਾ ਹੈ:-

'ਰਤਨ ਹਰੀ' ਜੋ ਸੁਨੋ ਤੋ ਕਹੂੰ ਇਕ ਅਰਜ ਹਮਾਰੀ ਹੈ ਤੁਮ ਹੀ ਤਲਕ।

ਹੋਲੀ ਖੇਡਦਿਆਂ ਅਰਜ, ਰੰਗ ਵਿਚ ਭੰਗ ਪਾ ਦੇਂਦੀ ਹੈ। ਹਾਸ੍ਯ ਰਸ ਵਿਚ ਸ਼ਾਂਤਿ ਰਸ ਦੀ ਮਿਲਾਵਟ ਕਵਿਤਾ ਦੇ ਨੁਕਤੇ ਤੋਂ ਬੇਢੱਬੀ ਬੈਠਦੀ ਹੈ, ਭਗਤੀ ਦੇ ਖਿਆਲ ਤੋਂ ਚਾਹੇ ਇਸ ਵਿਚ ਕੋਈ ਖੂਬੀ ਸਮਝੀ ਜਾਵੇ। ਹੋਲੀ ਦੇ ਮਜ਼ੇ ਲਈ ਜ਼ਰੂਰੀ ਹੈ, ਜੈਸਾ ਕਿ ਭਗਤ ਚਰਨ ਦਾਸ ਜੀ ਨੇ ਕਿਹਾ:-

ਸਾਧੋ ਘੂੰਘਟ ਭਰਮ ਉਠਾਇ ਹੋਲੀ ਖੇਲਿਯੇ।"
ਸਿਰ ਸੂੰ ਸਕੁਚ ਉਤਾਰ ਚਦਰਿਯਾ†, ਪਿਯ ਸੂ ਰੰਗ ਬਢੈਯੇ।"
ਪਾਪ ਪੁੰਨ ਕੀ ਸ਼ੰਕਾ ਤਜਾਓ ਜਹਿੰ ਮਰਜਾਦ ਨ ਪੈਯੇ।"
ਚਰਨ ਦਾਸ ਸਭ ਵਾਸ਼ਨਾ ਤਜਿ ਕੈ ਸਾਗਰ ਬੂੰਦ ਸਮੈਯੇ।

ਬਾਬੇ ਦਾ ਅਤੇ ਪੰਡਿਤ ਦਾ ਬਹੁਤ ਪਿਆਰ ਸਤਿਕਾਰ ਵਧ ਗਿਆ। ਸੰਨ ੧੮੨੬ ਤੋਂ ਲੈ ਕੇ ਕਈ ਸਾਲਾਂ ਤਕ ਬਾਬਾ ਏਸ ਡੇਰੇ ਜਾਂਦਾ ਰਿਹਾ,ਪਰ ਸੰਨ ੧੮੫੭ਤੋਂ ਲੈਕੇ ੧੮੬੬ ਤਕ ਆਵਾਜਾਈ ਵਿਚ ਬਹੁਤ ਲਗਾਤਾਰਤਾ ਰਹੀ।ਪੰਡਿਤ ਤੇ ਬਾਬੇ ਦੀ ਆਪਸ ਵਿਚ ਕਈ ਵਿਸ਼ਯਾਂ ਉਪਰ ਵਾਰਤਾਲਾਪ ਰਹਿੰਦੀ ਸੀ ਤੇ ਕੁਛ ਵਕਤ ਬਾਬਾ ਗ੍ਰੰਥਾਂ ਦੇ ਉਤਾਰੇ ਕਰਦਾ ਰਹਿੰਦਾ ਸੀ‡।

ਸੰਨ ੧੮੬੧ ਈ: ਵਿਚ ਪੰਡਿਤ ਰਤਨ ਸਿੰਘ ਨੇ ਆਪਣੀ ਕਾਵਯ ਰਚਨਾ ਬਹੁਤ ਕੀਤੀ।

---

*ਬਾਬੇ ਦੇ ਉਤਾਰੇ ਪੱਤਰਿਆਂ ਵਿਚੋਂ- [ਰਾਗ ਕਾਫੀ ਦੀਪਚੰਦੀ]

ਹੋਰੀ ਖੇਲੈਂ ਦਸਰਥ ਕੋ ਨੰਦ ਜਹਾਂ ਭਰ ਮ੍ਰਿਦੰਗ ਕੀ ਉਠਤਿ ਧਨਕ।
ਬਰਨ ਬਰਨ ਬਾਨਿਕ ਬਨ ਆਏ ਹਾਥਨ ਮੈਂ ਪਿਚਕਾਰੀ ਕਨਕ ॥੧॥
ਕੇਸਰ ਰੰਗ ਉਡਾਵਤ ਆਵਤ ਦੇਖ ਮਗਨ ਭਏ ਜਨਨੀ ਜਨਕ ॥
ਉਡਤ ਗੁਲਾਲ ਅੰਬੀਰ ਅਰਗਜਾ ਨਾਚਤ ਗਾਵਤ ਗਨਕਾ ਗਨਕ ॥
'ਰਤਨ ਹਰੀ' ਸ੍ਵਾਮੀ ਦਸਰਥ ਨੰਦਨ ਦਯਾ ਦ੍ਰਿਸ੍ਟਿ ਦੇਖਿਓ ਤਨਕ॥੨॥
ਤੋਰੀ ਚੋਰੀ ਕੀ ਝਲਕ ਦਸਰਥ ਕੇ ਲਾਲ ਮੇਰੇ ਮਨ ਮੈਂ ਬਸੀ ਨਿਕਸੈ ਨ ਪਲਕ ॥
ਲਾਲ ਗੁਲਾਲ ਲਾਲ ਰੰਗ ਭੀਨੇ ਤੋਰੀ ਪ੍ਰੇਮ ਭਰੀ ਆਖੈਂ ਕੀ ਪਲਕ ॥ ੧ ॥
ਨੈਨ ਬਿਸਾਲ ਲਲਿਤ ਮਤਵਾਰੇ ਤੋਰੀ ਅਜਬ ਦਸੀ ਕੁੰਡਲ ਮੈਂ ਅਲਕ ॥
'ਰਤਨ ਹਰੀ' ਜੋ ਸੁਨੋ ਤੋ ਕਹੂੰ ਇਕ ਅਰਜ ਹਮਾਰੀ ਹੈ ਤੁਮ ਹੀ ਤਲਕ ॥ ੨ ॥
[ਰਘੁਬਰ ਪਦ ਰਤਨਾਵਲੀ

†ਸਿਰ ਤੋਂ ਭਰਮ ਦੀ ਚੱਦਰ ਉਤਾਰਕੇ।

‡ਇਸ ਸਮੇਂ ਵਿਚ ਇਹ ਗ੍ਰੰਥ ਉਤਾਰੇ, ਜਾਤਕਾ ਅਲੰਕਾਰ ਕਰਤਾ ਗਣੇਸ਼ ਦੈਵ, ਉਤਾਰਾ ੧੮੫੯ਈ: ਇਸ ਤੋਂ ਬਾਦ ਪਦਮ ਪੁਰਾਣ ਦਾ ਪਤਾਲ ਖੰਡ ਸੰਸਕ੍ਰਿਤ ਵਿਚ, ਛੰਦ ਹਜ਼ੂਰੀ ਕਵੀਆਂ ਦੇ, ਰਤਨ ਪ੍ਰੀਖਜ਼ਾ, ਕਰਮ ਵਿਪਾਕ ਗੀਤਾ, ਭਗਵਤ ਗੀਤਾ ਭਾਸ਼ਾ, ਮੋਖਸ਼ ਪੰਥ, ਸੁਦਾਮਾ ਚਰਿਤ੍ਰ ਹਿਰਦੇ ਰਾਮ ਦਾ, ਇਸਤ੍ਰੀ ਪੁਕਾਰ, ਮੇਖ ਲਗਨ ਫਲ, ਸਕੰਧ ਪੁਰਾਣ ਹੇਦਾ ਖੰਡ ਉਤਾਰਾ ਸੰਸਕ੍ਰਿਤ ਮਾਘ ਸੁਦੀ ਅਸਟਮੀ ੧੯੨੨ ਬਿ: (=੧੮੬੫ ਈ:), ਸ਼ੂਰ ਸਾਗਰ ੧੮੬੬ ਈ:।

Digitized by Panjab Digital Library | www.panjabdigilib.org

ਕ੍ਰਿਸ਼ਨ ਕਵਿਤਾਵਲੀ*, ਕੈਸ਼ਲੇਸ਼ ਕਵਿਤਾਵਲੀ† ਏਸੇ ਸਮੇਂ ਦੀਆਂ ਚੀਜ਼ਾਂ ਹਨ। ਪਰ 'ਰਤਨ ਹਰੀ' ਸਾਰਾ ਜ਼ੋਰ ਆਪਣੇ ਇਕ ਦ੍ਰਿੜ੍ਹ ਆਸ਼ੇ ਦੀ ਪੁਰਣਤਾ ਵਿਚ ਲਗਾਉਣਾ ਚਾਹੁੰਦਾ ਸੀ। ਪੰਡਿਤ ਰਤਨ ਸਿੰਘ ਵੈਸ਼ਨਵ ਮਤ ਦਾ ਸੀ।ਇਹ ਮਤ ਸ਼੍ਰੀ ਰਾਮਾਨੁਜ‡ ਆਚਾਰਯ ਤੋਂ ਸ਼ੁਰੂ ਹੋਇਆ ਸੀ ਤੇ ਕ੍ਰਿਸ਼ਨ ਭਗਤੀ ਇਸ ਦਾ ਮੁੱਖ ਸਾਧਨ ਸੀ। ਕੁਛ ਸਦੀਆਂ ਬਾਦ ਰਾਮਾਨੁਜ ਦਾ ਚੇਲਾ, ਪੰਜਵੀਂ ਜਾਂ ਛੇਵੀਂ ਥਾਵੇਂ, ਸ਼੍ਰੀ ਰਾਮਾ ਨੰਦ§ ਹੋਇਆ। ਰਾਮਾ ਨੰਦ ਨੇ ਵੈਸ਼ਨਵ ਮਤ ਵਿਚ ਕਈ ਤਬਦੀਲੀਆਂ ਕੀਤੀਆਂ। ਸਾਰਿਆਂ ਤੋਂ ਵੱਡੀ ਗੱਲ ਜੋ ਹੋਈ ਉਹ ਸੀ ਜਾਤ ਪਾਤ ਦੀ ਕਰੜਾਈ ਨੂੰ ਘੱਟ ਕਰਨਾ। ਰਾਮਾ ਨੰਦ ਦੇ ਚੇਲੇ ਏਸ ਕਰਕੇ ਕਈ ਜਾਤਾਂ ਦੇ ਹੋਏ; ਜਿਨ੍ਹਾਂ ਵਿਚੋਂ ਕਬੀਰ, ਰਵਦਾਸ, ਧੰਨਾ, ਸੈਨ, ਪੀਪਾ, ਆਸਾ ਨੰਦ ਆਦਿਕ ਜ਼ਿਆਦਾ ਮਸ਼ਹੂਰ ਹਨ। ਇਕ ਗੱਲ ਹੋਰ ਹੋ ਗਈ। ਕ੍ਰਿਸ਼ਨ ਦੀ ਭਗਤੀ ਦੀ ਥਾਂ ਰਾਮ ਭਗਤੀ ਸ਼ੁਰੂ ਹੋ ਗਈ। ਰਾਮਾ ਨੰਦ ਦੇ ਵੇਲੇ ਜੋ ਭਗਤੀ ਦੀ ਲਹਿਰ ਉੱਠੀ ਹਿੰਦੁਸਤਾਨ ਵਿਚ ਚੱਲੀ ਉਸ ਦਾ ਕੇਂਦ੍ਰ 'ਰਾਮ' ਹੀ ਸੀ ਤੇ ਇਸੇ ਲਹਿਰ ਦੇ ਪ੍ਰਭਾਵ ਦਾ ਹੀ ਨਤੀਜਾ ਤੁਲਸੀ ਰਾਮਾਯਣ ਸੀ, ਜਿਸਨੂੰ ਕਿ ਰਾਮਾ ਨੰਦੀ ਮਤ ਦਾ ਇਕ ਪਰਮ ਉਪਯੋਗੀ ਗ੍ਰੰਥ ਗਿਣਿਆ ਜਾਣਾ ਚਾਹੀਏ। ਤੁਲਸੀ ਤੋਂ ਪਿਛੋਂ ਈਸਾ ਦੀ ਅਠਾਰ੍ਹਵੀਂ ਸਦੀ ਦੇ ਅੰਤ ਤਕ ਕਈ ਰਾਮਾਯਣਾਂ ਲਿਖੀਆਂ ਗਈਆਂ ਤੇ ਇਨ੍ਹਾਂ ਦੀ ਚਰਚਾ ਹਰ ਪੜ੍ਹੇ ਲਿਖੇ ਗ੍ਰਿਹਸਥੀ ਦੇ ਘਰ ਤੇ ਹਰ ਸਾਧੂ ਸਮਾਜ ਵਿਚ ਹੁੰਦੀ ਰਹੀ।

ਰਾਮਾ ਨੰਦ ਦੀ ਸੰਪ੍ਰਦਾਇ ਦਾ ਨਾਮ ਰਾਮਾ ਨੰਦੀ ਵੈਸ਼ਨਵ ਹੋਇਆ ਤੇ ਰਾਮਾ ਨੰਦੀ ਸਾਧੂ ਬੈਰਾਗੀ ਅਖਵਾਏ। ਪੰਡਿਤ ਰਤਨ ਸਿੰਘ ਪੁਰਾਣੀ ਵੈਸ਼ਨਵ ਸੰਪ੍ਰਦਾਇ ਵਿਚੋਂ ਸੀ ਜੋ ਸ਼੍ਰੀ ਰਾਮਾਨੁਜ ਦੀ ਚਲਾਈ ਆ ਰਹੀ ਸੀ। 'ਰਘੁਬਰ ਪਦ ਰਤਨਾਵਲੀ' ਪੁਸਤਕ ਵਿਚ ਇਸ ਨੇ ਮੰਗਲ ਵੀ ਰਾਮਾਨੁਜ ਦਾ ਹੀ ਕੀਤਾ ਹੈ:-

ਸ਼੍ਰੀਮਤ ਰਾਮਾਨੁਜਾਯਨਮ:-ਰਘੁਬਰ ਪਦ ਰਤਨਾਵਲੀ ਬਰਨੌਂ ਬਿਮਲ ਬਨਾਇ।
ਗੁਰ ਆਚਾਰਯ, ਅਵਧ ਪਤਿ ਬੰਦ ਬਚਨ ਮਨ ਕਾਇ।

ਪਰ ਅੰਮ੍ਰਿਤਸਰ ਵਿਚ ਰਹਿਕੇ ਸਿੱਖਾਂ ਦੇ ਮੇਲ ਜੋਲ ਨਾਲ ਇਸ ਦੀ ਸ਼ਰਧਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਉਪਰ ਬਹੁਤ ਵਧ ਗਈ। ਇਸ ਗੱਲ ਵਿਚ ਬਾਬੇ ਦੇ ਸਤਿਸੰਗ ਦਾ ਬਹੁਤ ਅਸਰ ਸੀ। ਪੰਡਿਤ ਰਤਨ ਸਿੰਘ ਦੀ ਦ੍ਰਿਸ਼ਟੀ ਅਪਣੇ ਸੰਪ੍ਰਦਾਇਕ ਘੇਰੇ ਵਿਚੋਂ ਨਿਕਲ ਕੇ ਇਤਨੀ ਕੁ ਚੌੜੀ ਹੋ ਗਈ ਸੀ ਕਿ 'ਸ਼੍ਰੀ ਕ੍ਰਿਸ਼ਨ ਜੀ ਕੀ ਹੋਰੀ' ਪੁਸਤਕ ਦੇ ਅੰਤ ਵਿਚ ਨਮਸਕਾਰ ਹੈ ਇਨ੍ਹਾਂ ਨਾਵਾਂ ਨੂੰ:-

ਸ਼੍ਰੀ ਪਤੇ, ਜਾਦਵ ਪਤੇ, ਰਾਘਵਪਤੇ, ਰਾਮਾਨੁਜ ਜੀ, ਸਤਿਗੁਰੂ ਨਾਨਕ ਜੀ।

ਬਾਬੇ ਦੇ ਖਿਆਲਾਂ ਵਿਚ ਅਤੇ ਪੰਡਿਤ ਰਤਨ ਸਿੰਘ ਦੇ ਖਿਆਲਾਂ ਵਿਚ ਇਕ ਫਰਕ ਰਹਿ ਗਿਆ ਸੀ ਉਹ ਫਰਕ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬਾਬਤ ਸੀ ; ਇਸ ਗੱਲ ਵਿਚ ਰਤਨ ਹਰਿ ਕੱਟੜ ਵੈਸ਼ਨੋ ਸੀ। 'ਅਹਿੰਸਾ ਪਰਮੋ ਧਰਮ:' ਉਸ ਦੇ ਰਗਰੇਸ਼ੇ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ। ਕ੍ਰਿਪਾਨ ਦੀ ਸ਼ਕਲ ਵੇਖ ਕੇ ਉਸ ਦੀ ਤਬੀਅਤ ਘਾਬਰ ਜਾਂਦੀ ਸੀ। ਉਸ ਦੇ ਡੇਰੇ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਜੋ ਕੜਾਹ ਪ੍ਰਸ਼ਾਦ ਚੜ੍ਹਦਾ ਸੀ, ਉਸ ਨੂੰ ਕਰਦ ਭੇਟ ਨਹੀਂ ਕੀਤਾ ਜਾਂਦਾ ਸੀ, ਕਿਪਾਨ ਦੀ ਥਾਂ ਉਸ ਵਿਚ ਤੁਲਸੀ ਦੇ ਪੱਤ੍ ਭੇਟੇ ਜਾਂਦੇ ਸਨ।ਫਤਹ ਬੁਲਾਉਣੀ ਵੀ ਚੰਗੀ ਨਜ਼ਰ ਨਾਲ ਨਹੀਂ ਦੇਖੀ ਜਾਂਦੀ ਸੀ ਕਿਉਂਕਿ ਹਰ ਫਤਹ ਕਿਸੇ ਹਿੰਸਾ ਦੇ ਕਰਮ ਦਾ ਫਲ ਹੁੰਦਾ ਹੈ। 'ਜੈ ਜੈ ਸੀਤਾ ਰਾਮ' ਨਮਸਕਾਰ ਦਾ ਬੋਲਾ ਸੀ।

---

*ਸੰਬਤ ਵਸੁ ਸਸਿ ਖੰਡ ਸਸਿ ਸ਼ੁਭ ਜਾਨ। ਅਸਿਤਿ ਤ੍ਰਿਯੋਦਸ਼ ਪੁਖਨ ਪੱਖ ਪ੍ਰਮਾਨ। ੧੯੧੮ ਬਿ: [=੧੮੬੧ ਈ:]

†ਸੰਬਤ ਵਸੁ ਵਿਧੁ ਵਜਾਕਰਣ ਸਸਿ, ਸਿਤ ਸਿਤ ਸਿਤਵਾਰ। ਫਾਗਣ ਸਪਤਮ ਸ਼ੁਭ ਭਯੋ ਕਵਿਤਾਵਲ ਅਵਤਾਰ।
[=੧੮੬੧ ਈ:]

‡ਜਨਮ ੧੦੧੭ ਈ:।

§ਜਨਮ ਤਕਰੀਬਨ ੧੩੦੭ ਈ:

Digitized by Panjab Digital Library | www.panjabdigilib.org

ਇਸ ਦੇ ਉਲਟ, ਬਾਬਾ ਸੱਚ ਭਗਤ ਸੀ ਗੁਰੂ ਗੋਬਿੰਦ ਸਿੰਘ ਜੀ ਦਾ। ਜਿਸ ਸੰਪ੍ਰਦਾਇ ਵਿਚੋਂ ਇਹ ਸੀ ਉਸ ਵਿਚੋਂ ਅਨੇਕਾਂ 'ਬਾਬਾ ਸਾਹਿਬ ਸਿੰਘ ਜੀ' ਦੇ ਪ੍ਰਚਾਰ ਕਰਕੇ ਅੰਮ੍ਰਿਤਧਾਰੀ ਹੋ ਚੁਕੇ ਸਨ, ਜੋ ਹੁਣ ਵੱਡੀਆਂ ਕ੍ਰਿਪਾਨਾਂ ਪਹਿਨਦੇ ਤੇ ਢਿੱਲੇ ਬਸਤ੍ਰ ਧਾਰਨ ਕਰਦੇ ਸਨ। ਬਾਬੇ ਨੇ ਆਪਣੀ 'ਸਾਰ ਰਾਮਾਯਣ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੂਰੀ ਸ਼ਰਧਾ ਨਾਲ ਬੰਦਨਾ ਕੀਤੀ ਹੈ:—

ਕਬਿੱਤ—ਤਰੁਨ ਕੇ ਵੰਸ਼ ਮਹਿੰ ਜਨਮ ਕੋ ਪਾਇ ਕਰ ਨਾਮ ਤੋ ਗੋਬਿੰਦ ਸਿੰਘ ਜਗ ਮੈਂ ਕਹਾਯੋ ਹੈ।
ਗੋ ਦਿਜ ਕੇ ਹਿਤ ਲਾਗ ਧਰਮ ਕੋ ਸਜ ਸਾਜ ਅਸੁਰ ਸਮੂਹ ਖਾਪ ਜਗ ਮੈਂ ਚਲਾਯੋ ਹੈ।
ਹਾਥ ਮੈਂ ਕਮਾਨ ਬਾਨ ਅਸੁਰਨ ਖਾਪ ਦਾਨ ਧਰਮ ਕੋ ਜੋ ਨਿਸ਼ਾਨ ਜਗਮੈਂ ਝੁਲਾਯੋ ਹੈ।
ਪਰਮ ਸੰਤੋਖੀ ਪੋਖੀ ਦੀਨਨ ਕੋ ਸੰਤਬਰ ਕਾਨ ਜੂ ਮ੍ਰਿਗਿੰਦ ਹਾਥ ਜੋਰ ਸਿਰਿ ਨਯਾਯੋ ਹੈ।੩।*

ਪੰਡਿਤ ਰਤਨ ਸਿੰਘ ਇਹ ਚਾਹੁੰਦਾ ਸੀ ਕਿ ਸਿੱਖ ਤੇ ਹਿੰਦੂ ਇਕ ਹੋ ਜਾਣ, ਰਾਮਾਨੰਦੀ ਬੈਰਾਗੀਆਂ ਦਾ ਅਤੇ ਰਾਮਾਨੁਜੀ ਵੈਸ਼ਨਵਾਂ ਦਾ ਫਰਕ ਹਟ ਜਾਏ। ਕ੍ਰਿਸ਼ਨ ਦੀ ਭਗਤੀ ਅਤੇ ਰਾਮ ਦੀ ਭਗਤੀ ਦਾ ਪਰਸਪਰ ਵਿਖੇਵਾਂ ਖਤਮ ਹੋ ਜਾਏ। ਸੀਤਾ ਤੇ ਰਾਧਾ ਇਕੋ ਸਮਝੀਆਂ ਜਾਣ, ਕੁਸ਼ਲਜਾ ਤੇ ਜਸ਼ੋਧਾ ਦਾ ਫਰਕ ਮਿਟ ਜਾਏ। ਰਾਮ ਕ੍ਰਿਸ਼ਨ ਦੀ ਜੁਗਲ ਮੂਰਤ† ਭਗਤਾਂ ਦੇ ਧਿਆਨ ਵਿਚ ਇਕੋ ਰੂਪ ਹੋਕੇ ਇਸਥਿਤ ਹੋ ਜਾਏ‡।

ਉਹ ਸ੍ਰੀ ਰਾਮਾਨੁਜ ਆਚਾਰਯ ਨੂੰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਇਕ ਰੂਪ ਮੰਨਣ ਲਗ ਪਿਆ ਸੀ। ਬਾਬਾ ਵੀ ਜੁਗਲ ਮੂਰਤ† ਵਾਲੇ ਖਿਆਲ ਨੂੰ ਪਸੰਦ ਕਰਦਾ ਸੀ, ਪਰ ਜਿਸ ਤਰੀਕੇ ਨਾਲ ਇਹ 'ਦੋ' ਨੂੰ 'ਇਕ' ਸਮਝਦਾ ਸੀ ਉਹ ਵਿਚਾਰ ਧਾਰਾ ਭਿੰਨ ਸੀ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਬਾਬਤ ਕਹਿ ਰਿਹਾ ਸੀ ਕਿ ਇਹ ਕ੍ਰਿਸ਼ਨ ਦਾ ਹੀ ਅਵਤਾਰ ਹੈ, ਫਰਕ ਇਤਨਾ ਹੈ ਕਿ ਅੱਗੇ ਗੋਬਿੰਦ (ਕ੍ਰਿਸ਼ਨ) ਨੇ ਚੰਦ੍ਰ ਵੰਸ਼ ਵਿਚ ਅਵਤਾਰ ਲੀਤਾ ਸੀ, ਪਰ ਐਤਕੀਂ ਉਸ ਨੇ ਸੂਰਜ ਵੰਸ਼ ਵਿਚ ਅਵਤਾਰ ਧਾਰਿਆ ਹੈ, ਪਰ ਨਾਮ ਤਦ ਵੀ ਉਹੋ ਹਾਂ ਗੋਬਿੰਦ (ਸਿੰਘ) ਰੱਖਿਆ ਹੈ§। ਬਾਬੇ ਦੇ ਜ਼ਮਾਨੇ ਦੇ ਗਿਆਨੀ ਭੱਟਾਂ ਦੇ ਉਚਾਰੇ ਇਸ ਸ਼ਬਦ ਦੇ ਅਰਥ ਲਫਜ਼ੀ ਮਾਅਨਿਆਂ ਵਿਚ ਨਿਧੜਕ ਕਰਦੇਸਨ:—

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੂ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥ ੭॥ [ਸਵਃ ਮਃ ੧ ਕੇ

ਪੰਡਿਤ ਰਤਨ ਸਿੰਘ ਹਥਿਆਰਾਂ ਨੂੰ ਨਾਪਸੰਦ ਕਰਦਾ ਸੀ, ਉਹ ਰਾਮ ਦੇ ਧਨੁਖਧਾਰੀ ਹੋਣ ਨੂੰ ਕੇਵਲ ਅਵਤਾਰ ਦੀ ਸ਼ੋਭਾ ਹੋਣ ਕਰਕੇ ਸਹਾਰ ਲੈਂਦਾ ਸੀ, ਪਰ ਬਾਬਾ ਉਸੇ ਰਾਮ ਵਾਲੇ

---

*੧. ਸੂਰਜਵੰਸ ਵਿਚ ਅਵਤਾਰ ਧਾਰਕੇ ਜਗਤ ਵਿਚ ਨਾਮ (ਸ਼੍ਰੀ ਗੁਰੂ) ਗੋਬਿੰਦ ਸਿੰਘ ਕਹਾਇਆ ਹੈ। ੨. ਗਊ ਬ੍ਰਾਹਮਣ ਦੇ ਹਿਤ ਵਿਚ ਲੱਗੇ ਰਹੇ(ਭਾਵ ਰੱਖਿਆ ਕੀਤੀ), ਸਮੂਹ ਮਲੇਛਾਂ ਦਾ ਨਾਸ਼ ਕਰਕੇ ਧਰਮ ਦੀ ਸਾਜਨਾ ਸਾਜੀ ਤੇ ਜਗਤ ਵਿਚ ਚਲਾਈ (ਭਾਵ ਖਾਲਸਾ ਧਰਮ ਚਲਾਇਆ)। ੨. ਹਥ ਵਿਚ ਧਨਖ ਬਾਣ ਲੈਕੇ ਅਸੁਰਾਂ ਦਾ ਨਾਸ਼ ਕੀਤਾ ਤੇ ਧਰਮ ਦਾ ਝੰਡਾ ਜਗਤ ਵਿਚ ਝੁਲਾਇਆ। ੪. ਪਰਮ ਸੰਤੋਖੀ, ਦੀਨਾਂ ਦੀ ਪੋਖਣਾ (ਪਾਲਣਾ) ਕਰਨ ਵਾਲੇ ਤੇ ਸੰਤਾਂ ਦੇ ਸੁਆਮੀ (ਸ੍ਰੀ ਗੁਰੂ ਜੀ) ਨੂੰ ਕਾਹਨ ਸਿੰਘ ਨੇ ਹੱਥ ਜੋੜਕੇ ਸੀਸ ਨਿਵਾਯਾ ਹੈ।

†ਜੁਗਲ ਮੂਰਤ = ਦੋ ਮੂਰਤਾਂ ਇਕ ਹੋਈਆਂ ਹੋਈਆਂ।

‡ਜੈ ਸਿਯਬਰ ਜੈ ਰਾਧਾ ਬਰ ਜੈ ਦਸਰਥ ਨੰਦ ਦੁਲਾਰੇ। ਜੈ ਯਸ਼ੋਦਲਾ ਕ੍ਰਖ ਕਲਪਤਰੁ ਜੈ ਜਸਧਾ ਜਸਵਾਰੇ!
[ਰਤਨ ਹਰਿ ਕ੍ਰਿਤ, ਰਾਮ ਕ੍ਰਿਸ਼ਨ ਜੁਗਲ ਪਦ

§ਤਰੁਨ ਕੇ ਵੰਸ਼ ਮਹਿੰ ਜਨਮ ਕੋ ਪਾਇ ਕਰ ਨਾਮ ਤੋ ਗੋਬਿੰਦ ਸਿੰਘ ਜਗ ਮੈਂ ਕਹਾਯੋ ਹੈ।

Digitized by Panjab Digital Library | www.panjabdigilib.org

ਧਨੁੱਖ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਸਮਝਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਕਮਾਨ ਦੇ'ਤਪੁਣੇ ਨੂੰ ਨਾਸ਼ ਕਰਨ ਹਿਤ ਸੀ* । ਬਾਬੇ ਦੇ ਖਿਆਲ ਵਿਚ ਧਰਮ ਦਾ ਝੰਡਾ ਝੂਲਦਾ ਰੱਖਣ ਲਈ ਇਹ ਧਨੁਖ ਸ਼ਕਤੀ ਬਹੁਤ ਹੀ ਜ਼ਰੂਰੀ ਸੀ । ਇਹ ਧਨੁਖ ਕੋਈ ਦੌਲਤ ਇਕੱਠੀ ਕਰਨ ਦੇ ਲਾਲਚ ਵਾਸਤੇ ਨਹੀਂ ਸੀ, ਇਹ ਧਨੁਸ਼ ਉਸ ਦੇ ਹੱਥ ਸੀ ਜੋ ਪਰਮ ਸੰਤੋਖੀ ਸੀ, ਜੋ ਦੀਨਾਂ ਦੀ ਤੇ ਭਲੇ ਪੁਰਸ਼ਾਂ ਦੀ ਨਿਸ਼ਕਾਮ ਪਾਲਣਾ ਕਰ ਰਿਹਾ ਸੀ† ।

ਗੁਰੂ ਗੋਬਿੰਦ ਸਿੰਘਜੀ ਦੀ ਤਲਵਾਰ ਇਕ ਨਿਸ਼ਪਾਪ ਬਸਤੂ ਸੀ। ਹਾਂ, ਇਹ ਤਲਵਾਰ ਵੈਸੀ ਹੀ ਨਿਸ਼ਪਾਪ ਸੀ ਜੈਸੀ ਸੀਤਾ ਨਿਸ਼ਪਾਪ ਸੀ। ਸੀਤਾ ਰਾਖਸ਼ਾਂ ਦੇ ਘਰ ਰਹੀ ਸੀ ਤੇ ਅਪਣੀ ਨਿਸ਼ਪਾਪਤਾ ਦੱਸਣ ਲਈ ਬਲਦੀ ਅੱਗ ਵਿਚੋਂ ਨਿਹਕਲੰਕ ਬਾਹਰ ਨਿਕਲ ਆਈ ਸੀ। ਗੁਰੂ ਗੋਬਿੰਦ ਸਿੰਘ ਦੇ ਹਜ਼ੂਰੀ ਕਵੀਆਂਨੇ ਗੁਰੂਜੀ ਦੀ ਤਲਵਾਰਨੂੰ ਸੀਤਾ ਦੀ ਅਗਨਿ ਪ੍ਰੀਖਿਆ ਦੀ ਉਪਮਾ ਦਿੱਤੀਹੈਕਿ ਗੁਰੂਜੀ ਦੀ ਤਲਵਾਰ ਲਹੂ ਦੇ ਕੁੰਡ ਵਿਚੋਂ ਨਿਕਲ ਕੇ ਐਸ ਤਰ੍ਹਾਂ ਨਿਸ਼ਪਾਪ ਖੜੀ ਹੋ ਜਾਂਦੀ ਹੈ ਮਾਨੋਂ ਸੀਤਾ ਅੱਗ ਵਿਚੋਂ ਨਿਕਲ ਕੇ ਖੜੇਤੀ ਹੋਈ ਅਪਣੇ ਨਿਸ਼ਪਾਪ ਹੋਣ ਦੀ ਸੌਂਹ ਖਾ ਰਹੀ ਹੈ‡ ।

ਬਾਬਾ ਉਨ੍ਹਾਂ ਖਿਆਲ ਵਾਲਿਆਂ ਵਿਚੋਂ ਸੀ ਜੋ ਇਹ ਸਮਝਦੇ ਸਨ ਕਿ ਰਾਮਚੰਦ੍ ਪਾਸ ਸਭ ਤੋਂ ਵੱਡਾ ਹਥਿਆਰ ਸੀਤਾ ਸੀ। ਇਹ ਸੀਤਾ ਹੀ ਉਸਦੀ ਆਦਿ ਸ਼ਕਤੀ ਸੀ, ਇਹੋ ਹੀ ਉਸਦੀ ਕਾਰਜ ਸਾਧਕ ਮੱਤਾ ਸੀ। ਏਸੇ ਸ਼ਕਤੀ ਨੇ ਹੀ ਰਾਵਣ ਦਾ ਅੰਤ ਕੀਤਾ ਤੇ ਏਹੋ ਹੀ ਉਸਦੀ ਸ਼ਕਤੀ ਕਈ ਹੋਰ ਨਾਵਾਂ ਨਾਲ ਪ੍ਰਸਿੱਧ ਹੋਈ§ !

ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਸੀਤਾ ਦੇ ਤੁੱਲ ਸੀ। ਇਹ ਤਲਵਾਰ ਗੁਰੂ ਜੀ ਦੇ ਆਸ਼ੇ ਦੀ ਕਾਰਜ ਸਾਧਕ ਸ਼ਕਤੀ ਸੀ ਤੇ ਇਸਦੇ ਨਿਸ਼ਪਾਪ ਹੋਣ ਉਪਰ ਗੁਰੂ ਜੀ ਨੂੰ ਆਪ ਕਦੇ ਨਹੀਂ ਸੀ ਸ਼ੱਕ ਗਿਆ, ਚਾਹੇ ਉਸ ਵੇਲੇ ਤੇ ਉਸ ਤੋਂ ਪਿਛੋਂ ਵੀ ਕਈ ਬੋਧੀਆਂ ਨੇ ਨਿੰਦਾ ਕੀਤੀ।

ਪੰਡਤ ਰਤਨ ਹਰੀ ਤੇ ਬਾਬਾ ਦੋਨੋਂ ਆਪਣੀਆਂ ਰਾਮਾਯਣਾਂ ਲਿਖਣੀਆਂ ਚਾਹੁੰਦੇ ਸਨ। ਦੋਨਾਂ ਨੇ ਇਹ ਕਾਰਜ ਅਰੰਭਿਆ ਪਰ ਦੋਨਾਂ ਦਾ ਅਧੂਰਾ ਰਿਹਾ ਤੇ ਉਹ ਦੋਨੋਂ ਇਸ ਕੰਮ ਨੂੰ ਮੁਕੰਮਲ ਨਹੀਂ ਕਰ ਸਕੇ। ਰਤਨ ਹਰੀ ਦੀ ਵਿਉਂਤ ਰਾਮ ਤੇ ਕ੍ਰਿਸ਼ਨ ਨੂੰ ਇਕ ਤੁੱਲ ਕਰਨ ਦੀ ਸੀ ਤੇ ਏਸ ਗਲ ਲਈ ਉਸ ਨੇ 'ਰਾਮ ਕ੍ਰਿਸ਼ਨ ਜੁਗਲ ਪਦ' ਲਿਖਣਾ ਸ਼ੁਰੂ ਕੀਤਾ, ਪਰ ਰਾਮ ਲਈ ਉਸਦਾ ਅਤਿ ਦਰਜੇ ਦਾ ਸਤਿਕਾਰ ਤੇ ਕ੍ਰਿਸ਼ਨ ਨਾਲ ਪਿਆਰ ਦੀ ਮਸਤੀ ਵਿਚ ਹੱਦ ਦੀ ਬੇਤਕੱਲ਼ਫੀ ਉਸ ਦੇ ਇਸ ਕਾਰਜ ਵਿਚ ਬਾਧਕ ਸਨ ।

ਬਾਬੇ ਦੀ ਵਿਉਂਤ ਰਾਮ ਤੇ ਗੁਰੂ ਗੋਬਿੰਦ ਸਿੰਘ ਨੂੰ ਇਕ ਤੁਲਜ ਕਰਕੇ ਫੇਰ ਸੀਤਾ ਤ ਤਲਵਾਰ ਨੂੰ ਇਕ ਤੁਲਜ ਕਰਨ ਦੀ ਸੀ, ਇਸ ਲਈ ਉਸ ਨੇ 'ਸਾਰ ਰਾਮਾਯਣ' ਲਿਖਣੀ ਸ਼ੁਰੂ ਕੀਤੀ ਜੋ ਅਧੂਰੀ ਹੀ ਰਹੀ । ਰਤਨ ਹਰੀ ਦਾ ਇਹ ਵੀ ਆਸ਼ਾ ਸੀ ਕਿ ਰਾਮਾਯਣ ਵਿਚੋਂ ਇਹ ਭਾਵ ਸਫੁਟ ਕਰ ਕੇ ਦਿਖਾਇਆ ਜਾਏ ਕਿ ਰਾਮ ਚੰਦ੍ ਦੀ ਸਾਹੀ ਲੀਲਾ ਕੇਵਲ 'ਭਕਤਿ ਹੇਤ' ਸੀ । ਹੁਣ ਤਕ ਜੋ ਵੀ ਰਾਮਾਯਣਾਂ ਲਿਖੀਆਂ ਉਹ ਸਾਰੀਆਂ ਕੁਛ ਇਸ ਪ੍ਰਕਾਰ ਦੇ

---

*ਹਾਥ ਮੈ ਕਮਾਨ ਬਾਨ ਅਸੁਰਨ ਖਾਪ ਦਾਨ, ਧਰਮ ਕੋ ਜੋ ਠਿਬਾਨ ਜਗ ਮੈ ਝੁਲਾਯੋ ਹੈ।

†ਪਰਮ ਸੰਤੋਖੀ ਪੰਖੀ ਦੀਨਨ ਕੋ ਸੰਤ ਬਰ ਕਾਨ ਜੂ ਮ੍ਰਿਗਿੰਦ ਹਾਥ ਜੋਰ ਸਿਰਿ ਨਯਾਯੋ ਹੈ।

‡ਕੁਧਰ ਕੋ ਕੁੰਡ ਤੇ ਨਿਕਸ ਕਾਲੀ ਕੁਲ ਠਾਢੀ ਉਪਮਾ ਬਢੀ ਹੈ'ਹੀਰ' ਅਭਿਮਤਿ ਤੇ ਖਰੀ।
ਦਲ ਦਸਮਾਥ ਰਘੁਨਾਥ ਕੋ ਮਨਾਇ ਮਨ, ਮਾਨੋ ਸੀਅ ਸੌਂਹ ਦੇ ਹੁਤਾਸਨ ਤੇ ਨਿੱਸਰੀ ॥

§ਤੁਮ ਰਾਛਸ ਅੰਤ ਬਿਧਾਯਨੀ ਰਮਯਾ ਉਮਾ ਕਵਿ ਕਹਤ ਹੈ। ਰਣ ਰਾਵਣਾਂਤ ਕਰੀ ਸੁ ਵਿਦਯਾ ਜਯ ਨਿਰੂਪਾ ਲਹਤ ਹੈ।.....
ਸੀਤਾ ਉਮਾ ਤੂੰ ਨਿਸਕਲਾ ਆਮਲਾ ਹੀ ਕਹੈ। ਸਿਵ ਸਕਤ ਪਰਮ ਹੈ ਅਨੰਤਾ ਸਾਸ਼ਤਾ ਜਗ ਅਹੈ।.....
ਸਤਜੰ ਨਿਰੰਜਨੈ ਜਾਨਕੀ ਸਰਬਾਂਤਰੇ ਸਿਵਾ ਭਾਖੀਯੈ । ਚਿਦ ਸ਼ਕਤਿ ਮਹਾਂ ਮਹੇਸ਼ਰੀ ਮਿਥਲਾ ਨੰਦ ਰਾਖੀਯੈ ।
ਪ੍ਰਿਯ ਰਾਮੰ ਵਖਜ ਸਬਲੰ ਆਲਯ ਸਰਬਾਤਮਕੰ ਵਿਚਾਰੀਯੈ । ਅੰਮ੍ਰਿਤਾਛਰਾਂ ਅੰਮ੍ਰਿਤਪੂਦਾ ਪੁਨ ਪ੍ਰਮਾਬ੍ਰਤ ਉਚਾਰਿਯੈ ।
[ਬਾਬਾ ਕਾਹਨ ਸਿੰਘ

Digitized by Panjab Digital Library | www.panjabdigilib.org

ਭਿੰਨ ਭਿੰਨ ਆਸ਼ੇ ਲੈ ਕੇ ਲਿਖੀਆਂ ਗਈਆਂ ਸਨ। ਬਾਲਮੀਕ ਇਸ ਆਸ਼ੇ ਨੂੰ ਸਫ਼ੁਟ ਕਰਕੇ ਦੱਸਣਾ ਚਾਹੁੰਦਾ ਸੀ ਕਿ ਇਕ ਉੱਤਮ ਪੁਰਸ਼ ਇਸਤਰ੍ਹਾਂ ਅਪਣੇ ਸਦ ਗੁਣਾਂ ਦੇ ਪ੍ਰਭਾਵ ਨਾਲ ਧਰਮ ਕਰਮ ਤੇ ਜਤ ਸਤ ਦਾ ਰਖਜਕ ਹੋ ਸਕਦਾ ਹੈ। ਤੁਲਸੀ ਇਹ ਦੱਸਣਾ ਚਾਹੁੰਦਾ ਸੀ ਕਿ 'ਕਾਲ ਕਰਮ ਗਤੀ ਉਪਰ ਅਵਤਾਰ ਵੀ ਹਾਵੀ ਨਹੀਂ ਹੋ ਸਕਦੇ*, ਉਨ੍ਹਾਂ ਨੂੰ ਦੁਖ ਭੋਗਣੇ ਪੈਂਦੇ ਹਨ, ਪਰ ਉਨ੍ਹਾਂ ਵਖੇਵਿਆਂ ਵਿਚ ਉਹ ਅਪਣੇ ਚਰਿਤ੍ਰ ਨੂੰ ਇਤਨਾ ਪਿਆਰਾ ਬਣਾ ਦੇਂਦੇ ਹਨ ਕਿ ਸਾਨੂੰ ਉਸ ਪਿਆਰ ਦਾ ਆਸਰਾ ਲੈਕੇ ਹੀ ਅਪਣੇ ਕਲੇਸ਼ਾਂ ਨੂੰ ਭੁੱਲ ਜਾਣਾ ਚਾਹੀਦਾ ਹੈ।'

ਬੁਧ ਸਿੰਘ ਅਪਣੀ ਅਦਭੁਤ ਰਾਮਾਯਣ ਵਿਚ ਇਸ ਗਲ ਵਲ ਜਾ ਰਿਹਾ ਸੀ ਕਿ ਅਵਤਾਰ ਦੀ ਕਥਾ ਗਯਾਨ ਜਨਕ ਹੁੰਦੀ ਹੈ ਤੇ ਗਯਾਨ ਦੇ ਪੈਦਾ ਹੋਣ ਨਾਲ ਸ਼ਾਸਤ੍ਰਾਂ ਵਿਚ ਗਿਣੇ ਪੰਜੇ ਕਲੇਸ਼ ਇਕ ਦਮ ਹਟ ਜਾਂਦੇ ਹਨ†।

ਰਤਨ ਹਰਿ ਦੇ ਖਯਾਲ ਵਿਚ ਭਗਤੀ ਦੀ ਝਯਾਦਾ ਪਕਿਆਈ ਸੀ। ਉਹ ਸਮਝਦਾ ਸੀ ਕਿ ਸਿਰਫ ਭਗਤਿ ਦਾ ਸਬਕ ਪੱਕਾ ਕਰਾਉਣ ਲਈ ਰਾਮ ਨੇ ਇਹ ਸਾਰੀ ਖੇਡ ਖੇਡੀ‡।

ਏਸਤਰ੍ਹਾਂ ਹਰ ਰਾਮਾਯਣ ਦੇ ਲਿਖਾਰੀ ਦਾ ਨੁਕਤਾ ਵੱਖੋ ਵੱਖ ਸੀ। ਹਰ ਇਕ ਨੇ ਆਪੋ ਆਪਣਾ ਧੂਹਾ ਬੰਨ੍ਹਿਆ ਸੀ।ਕਿਸੇ ਨੇ ਗਯਾਨ ਦਾ,ਕਿਸੇ ਨੇ ਭਗਤੀ ਦਾ,ਕਿਸੇ ਨੇ ਕਰਮ ਦਾ ਤੇ ਕਿਸੇ ਚਰਿਤ੍ਰ ਦਾ।

ਬਾ ਬਾ ਆਪਣੀ ਸਾਰ ਰਾਮਾਯਣ ਵਿਚ ਇਹ ਸਾਰੇ ਨੁਕਤੇ ਲੈ ਰਿਹਾ ਸੀ। ਉਹ ਰਾਮ ਲੀਲਾ ਵਿਚ ਇਨ੍ਹਾਂ ਸਾਰਿਆਂ ਦੀ ਇਕੋ ਜਿੰਨੀ ਅੰਸ਼ ਜ਼ਰੂਰੀ ਸਮਝਦਾ ਸੀ। ਉਸਨੂੰ ਗਯਾਨ ਤੇ ਭਗਤੀ ਵਿਚ ਕੋਈ ਵਿਰੋਧ ਨਹੀਂ ਸੀ ਮਲੂਮ ਹੁੰਦਾ। ਉਹ ਗਯਾਨ ਤੇ ਭਗਤੀ ਨੂੰ ਇਕੋ ਰੁਪਯੇ ਦੇ ਦੋ ਪਾਸੇ ਸਮਝਦਾ ਸੀ, ਜੋ ਜੁਦਾ ਨਹੀਂ ਹੋ ਸਕਦੇ।

ਉਹ ਪੁੰਨ ਤੇ ਪਾਪ ਵਿਚ ਵੱਡਾ ਫਰਕ ਕੇਵਲ ਗੁਣ ਭੇਦ ਦਾ ਦੇਖਦਾ ਸੀ। ਇਕ ਆਦਮੀ ਕਤਲ ਕਰਦਾ ਹੈ; ਇਸ ਦਾ ਨਤੀਜਾ ਹੈ ਮੌਤ। ਇਹ ਪਾਪ ਹੈ। ਇਕ ਸ਼ੂਰਬੀਰ ਧਰਮ ਯੁਧ ਵਿਚ ਪਰਵਿਰਤ ਹੈ, ਇਸ ਦਾ ਨਤੀਜਾ ਵੀ ਮੌਤ ਹੁੰਦੀ ਹੈ। ਏਸਨੂੰ ਪਾਪ ਕਹਿਣ ਵਿਚ ਲੋਕ ਝਕਣਗੇ। ਇਕ ਯੋਗੀ ਪ੍ਰਾਣ ਕ੍ਰਿਯਾ ਦ੍ਵਾਰਾ ਬ੍ਰਹਮ ਰੰਧਰ ਫੋੜਕੇ ਆਪਣੇ ਸ੍ਵਾਸ ਤਿਆਗਦਾ ਹੈ, ਇਸਦਾ ਨਤੀਜਾ ਵੀ ਮੌਤ ਹੈ। ਇਸ ਦੀ ਲੋਗ ਪ੍ਰਸ਼ੰਸ਼ਾ ਕਰਨਗੇ। ਤਿੰਨਾਂ ਹਾਲਤਾਂ ਵਿਚ ਨਤੀਜਾ ਮੌਤ ਹੈ; ਤਿੰਨਾਂ ਵਿਚ ਫਰਕ ਗੁਣ ਭੇਦ ਦਾ ਹੈ। ਕਤਲ ਵੇਲੇ ਤਮੋ ਗੁਣ ਹੈ, ਯੁੱਧ ਵਿਚ ਰਜੋ ਗੁਣ ਹੈ, ਯੋਗਿਕ ਕ੍ਰਿਆ ਵਿਚ ਸਤੋ ਗੁਣ ਹੈ। ਕਰਮ ਉਹੋ ਰਹੇ ਪਰ ਗੁਣ ਬਦਲ ਜਾਏ ਤਾਂ ਪਾਪ ਪੁੰਨਾਂ ਵਿਚ ਬਦਲ ਜਾਂਦੇ ਹਨ।

ਬਾਬੇ ਦਾ ਖਿਆਲ ਸੀ ਕਿ ਜਿਸ ਤਰ੍ਹਾਂ ਮਨੁੱਖ ਦੇ ਕਰਮ ਤਮੋ ਗੁਣੀ ਹੋ ਜਾਂਦੇ ਹਨ, ਏਸੇ ਤਰ੍ਹਾਂ ਉਸਦੀ ਭਗਤੀ ਅਤੇ ਗਿਆਨ ਵੀ ਤਮੋ ਗੁਣੀ ਹੋ ਜਾਂਦੇ ਹਨ। ਮਨੁੱਖ ਵਿਚ ਜਿਤਨਾ ਚਿਰ ਗੁਣ ਸ਼ੁਧੀ ਨਹੀਂ ਹੁੰਦੀ ਉਤਨਾ ਚਿਰ ਉਸਦੇ ਸਾਰੇ ਯਗ ਤਪ ਸੰਜਮ ਭਗਤੀ ਗਿਆਨ ਆਦਿਕ ਤਮੋ ਗੁਣੀ ਰਹਿੰਦੇ ਹਨ। ਤਮੋ ਗੁਣ ਨੂੰ ਘੱਟ ਕਰਨ ਲਈ ਲੋੜ ਹੈ ਆਦਮੀ ਚਲਦਾ ਫਿਰਦਾ ਟੁਰਦਾ ਕੰਮ ਕਰਦਾ ਰਹੇ, ਏਸ ਨਾਲ ਤਮੋ ਗੁਣ ਘਟਦਾ ਹੈ ਤੇ ਰਜੋ ਗੁਣ ਦੀ ਪਰਵਿਰਤੀ ਹੁੰਦੀ ਹੈ। ਕੰਮਾਂ ਵਿਚ ਨਿਸ਼ਕਾਮ ਬ੍ਰਿਤੀ ਲਿਆਉਣੀ, ਟਹਲ ਵਿਚ ਸੁੱਚੀ ਭਾਵਨਾ ਲਿਆਉਣੀ, ਸੇਵਾ ਵਿਚ ਸ਼ਰਧਾ ਲਿਆਉਣੀ ਏਸ

---

*ਤਾਤ ਕੀਨ ਅਵਗੁਣ ਅਤਿ ਭਾਰੀ। ਕਾਲ ਕਰਮ ਗਤਿ ਟਰੈ ਨ ਟਾਰੀ। [ਤੁਲਸੀ

†ਕਯਾਨ ਕੇ ਉਦਤਿ ਛੋਤਿ ਪੰਚਮ ਕੀ ਨਾਹਿ ਹੋਤ ਸਸਿਜ ਮ੍ਰਿਗਿੰਦ ਰਾਮ ਨੀਕੇ ਸਮਝਾਯੇ ਹੈ।

‡ਕਲੀ ਕਾਲ ਮੋ ਰਾਮ ਲਾਲ ਕੀ ਲੀਲਾ ਸੁਖਦਾਈ। ਔਰ ਕਰਮ ਨਹਿ ਕੋਉ ਕਰੋ ਕੋਉ ਕੋਟਿਕ ਚਤੁਰਾਈ।
ਭਕਤਿ ਹੇਤ ਹਰਿ ਨੇ ਯਹ ਲੀਲਾ ਕਰੀ ਜੂ ਮਨ ਭਾਈ। ਕਰਮ ਰੇਖ ਜੀਵਨ ਕੀ ਨਹਿ ਰਘੁਵਰ ਮੋ ਬਠਿ ਆਏ॥੧॥
[ਰਤਨ ਹਰਿ—ਰਘੁਬਰ ਲੀਲਾ।

Digitized by Panjab Digital Library | www.panjabdigilib.org

ਨਾਲ ਰਜੋ ਗੁਣ ਘਟਕੇ ਸਤੋ ਗੁਣ ਦਾ ਸੰਚਾਰ ਹੁੰਦਾ ਹੈ। ਏਸ ਟਿਕਾਣੇ ਭਗਤੀ ਵਿਚ ਅਤੇ ਗਿਆਨ ਵਿਚ ਕੋਈ ਫਰਕ ਨਹੀਂ ਰਹਿੰਦਾ। ਫਰਕ ਵਾਲਾ ਟਿਕਾਣਾ ਕੇਵਲ ਤਮੋ ਗੁਣੀ ਭਗਤੀ ਅਤੇ ਤਮੋਗੁਣ ਗਿਆਨ ਦਾ ਹੈ। ਸਤੋਗੁਣ ਵਿਚ ਵਿਚਰਕੇ ਭਗਤੀ, ਗਿਆਨ, ਯੋਗ, ਕਰਮ ਇਹ ਮਨੁੱਖ ਦੇ ਸੁਭਾਵ ਦੇ ਕੁਦਰਤੀ ਅੰਗ ਹੋ ਜਾਂਦੇ ਹਨ।

ਪਰ ਬਾਬੇ ਦਾ ਖਿਆਲ ਸੀ ਕਿ ਮਨੁੱਖ ਦੀ ਤਰੱਕੀ ਏਥੇ ਖਤਮ ਨਹੀਂ। ਬਾਬਾ ਸਤੋਗੁਣ ਦੇ ਉਪਰ ਇਕ ਹੋਰ ਚੀਜ਼ ਮੰਨਦਾ ਸੀ ਉਸ ਨੂੰ ਉਹ 'ਊਰਧ ਸਤ' ਕਹਿੰਦਾ ਸੀ। ਇਹ ਅਭੈ ਪਦ ਹੈ। ਇਸ ਤੋਂ ਉਰੇ ਉਰੇ ਮਨੁੱਖ ਕਾਂਪ ਖਾ ਜਾਂਦਾ ਹੈ। ਮਨੁਖ ਨੂੰ ਕਈ ਵਾਰੀ ਆਪਣੀ ਇੱਜ਼ਤ ਦਾ ਡਰ ਆ ਪੈਂਦਾ ਹੈ ਜੋ ਉਸਦੀ ਸਤੋਗੁਣੀ ਧਾਰਨਾ ਦੀ ਸਚਾਈ ਨੂੰ ਅਪਵਿੱਤ੍ਰ ਕਰ ਦੇਂਦਾ ਹੈ। ਜਿਸ ਤਰ੍ਹਾਂ ਸਤੋ ਗੁਣ ਤੋਂ ਉਪਰ ਊਰਧ ਸਤ ਹੈ, ਏਸੇ ਤਰ੍ਹਾਂ ਤਮੋਗੁਣ ਤੋਂ ਹੇਠਾਂ 'ਅਧੋਤਮ ਗੁਣ' ਹੈ। ਇਹ ਅਭੈ ਪਦ ਦਾ ਉਲਟ ਹੈ। ਇਹ ਭੈ ਕੁੰਡ ਹੈ। ਇਸ ਵਿਚ ਡਿੱਗਾ ਹੋਇਆ ਆਦਮੀ ਡਰ ਦੇ ਕਾਂਬਿਆਂ ਨਾਲ ਬਉਰਾ ਜਾਂਦਾ ਹੈ। ਬਾਬਾ ਤਿੰਨ ਗੁਣਾਂ ਨੂੰ ਇਕ ਦਰਿਯਾ ਦੇ ਰੂਪਕ ਵਿਚ ਦੇਖਦਾ ਸੀ। ਚਲਦਾ ਦਰਿਯਾ ਰਜੋਗੁਣ ਦਾ ਪ੍ਰਵਾਹ ਹੈ। ਨਦੀ ਦੇ ਭੱਜੇ ਹੋਏ ਕੰਢਿਆਂ ਵਿਚੋਂ ਪਾਣੀ ਦਾ ਵਗ ਕੇ ਖੜੋਤੇ ਛੱਪੜਾਂ ਵਿਚ ਮੁਸ਼ਕ ਜਾਣਾ ਤਮੋਗੁਣ ਦੀ ਤੰਦ੍ਰਾ ਹੈ। ਦਰਿਯਾਵਾਂ ਦੇ ਪਾਣੀਆਂ ਦਾ ਸਮੁੰਦਰ ਦੀ ਬੇਹੱਦਤਾ ਵਿਚ ਆਜ਼ਾਦੀ ਪ੍ਰਾਪਤ ਕਰਨੀ ਸਤੋਗੁਣ ਹੈ।

ਬਾਬੇ ਨੂੰ ਜੇ ਕਦੇ ਕਿਸੇ ਪੁੱਛਿਆ ਕਿ ਏਸ ਦਰਿਯਾ ਵਾਲੇ ਅਲੰਕਾਰ ਵਿਚ ਤੁਹਾਡੇ ਊਰਧ ਸਤ ਅਤੇ ਅਧੋਤਮ ਦੀ ਕਿਹੜੀ ਜਗ੍ਹਾ ਹੈ ਤਾਂ ਉਸ ਉਤਰ ਦਿੱਤਾ ਕਿ ਸਮੁੰਦਰਾਂ ਦੇ ਪਾਣੀਆਂ ਦੇ ਬੱਦਲ ਬਣ ਜਾਣੇ ਤੇ ਉਨ੍ਹਾਂ ਦਾ ਆਪਣੇ ਆਪੇ ਨੂੰ ਉਪਕਾਰ ਦੀ ਜਲ ਧਾਰਾ ਵਿਚ ਵਰਸਾ ਦੇਣਾ ਇਹ ਊਰਧ ਸਤ ਹੈ। ਇਹ ਸੇਵਾ ਅੱਡਣਸ਼ਾਹੀ ਮਾਰਗ ਦਾ ਨਿਸ਼ਾਨਾ ਹੈ, ਇਸ ਉਪਕਾਰ ਬਰਖਾ ਦੀ ਮਿਸਾਲ ਭਾਈ ਕਨ੍ਹੱਯਾ ਜੀ ਨੇ ਆਪਣੀ ਅਮਲੀ ਜ਼ਿੰਦਗੀ ਤੋਂ ਪੈਦਾ ਕੀਤੀ। ਬੱਦਲ ਦਾ ਨਾ ਕੋਈ ਦੋਸਤ ਹੈ ਤੇ ਨਾ ਕੋਈ ਦੁਸ਼ਮਣ, ਉਹ ਸਭ ਦੀ ਖੇਤੀ ਉਪਰ ਇਕੋ ਜਿਹਾ ਵੱਸਦਾ ਹੈ। ਉਹ ਵੱਸਣ ਦੇ ਉਤਸ਼ਾਹ ਵਿਚ ਸਮ-ਦ੍ਰਿਸ਼ਟਾ ਰਹਿੰਦਾ ਹੈ। ਪਰ ਜਦ ਖੜੋਤੇ ਪਾਣੀ ਦੀ ਦਲਦਲ ਬਣ ਜਾਂਦੀ ਹੈ ਤਦ ਅਧੋਤਮ ਗੁਣ ਦੀ ਉਤਪਤੀ ਹੁੰਦੀ ਹੈ। ਏਸ ਦਲਦਲ ਵਿਚ ਜੀਵਨ ਦੇ ਪੌਦੇ ਦੀਆਂ ਜੜ੍ਹਾਂ ਗਲਣ ਲਗ ਜਾਂਦੀਆਂ ਹਨ। ਸਾਰੀ ਜ਼ਿੰਦਗੀ ਤੇਖਲੇ ਦੀ ਸੜਾਂਦ ਵਿਚ ਕੰਬਦੀ ਰਹਿੰਦੀ ਹੈ।

ਬਾਬੇ ਦੀ ਸਾਰੀ ਜ਼ਿੰਦਗੀ, ਜਿਸ ਵਿਚ ਉਸ ਦੇ ਚਕਿਤਸਾ ਤੇ ਰਾਮਾਯਣ ਦੇ ਸਾਰੇ ਤਜਰਬੇ ਸ਼ਾਮਲ ਸਨ, ਉਸਦਾ ਜੰਗਲ ਭ੍ਰਮਨ, ਹਰ ਪ੍ਰਕਾਰ ਦੇ ਸਾਧੂ, ਗੁਣੀ ਗਿਆਨੀ ਨਾਲ ਮੇਲਜੋਲ, ਉਸਦੀ ਪੜ੍ਹਾਈ ਲਿਖਾਈ ਦਾ ਗਿਆਨ ਸੰਚਯ, ਉਸਦੀ ਟਹਿਲ ਤੇ ਕਿਰਤ, ਉਸਦਾ ਤਿਆਗ ਵੈਰਾਗ, ਉਪਕਾਰ, ਪ੍ਰੇਮ ਤੇ ਪ੍ਰਾਪਤੀ ਉਸਨੂੰ ਏਸ ਸਿੱਟੇ ਤੇ ਲੈ ਗਈ ਸੀ:-

ਜੋ ਜਨ 'ਗੁਣ-ਭੇਦ' ਉਪਵਾਸੀ*।
ਤਾਕੋ ਅੰਤਰ ਭਯੋ ਉਜਿਯਾਲੋ ਭਏ 'ਅਭੈ' ਪਦ ਵਾਸੀ।
ਰਜ ਤਮ ਸਤ ਕੀ ਖੇਲ ਬਿਸਾਰੀ ਔਰ ਤਜੀ ਉਪਹਾਸੀ†।
ਊਰਧ ਸੱਤ ਸਕਲ ਬਿਧ ਪਕਰਾ ਮਿਲੀ ਸਰਬ ਸੁਖਰਾਸੀ।
ਕਾਮ ਕ੍ਰੋਧ ਅਧੋਤਮ ਮਿਥਜਾ ਕੂੜ ਸੰਪਦਾ ਨਾਸੀ।
ਜਿਸ ਜਾ ਬੈਠ ਕਿਰਤ ਨਿਤ ਕਰਤੇ ਸਹਜ ਭਏ ਬਨ ਬਾਸੀ।

---

*ਜਿਸਨੇ ਗੁਣ ਭੇਦ ਦਾ ਵਰਤ ਧਾਰਨ ਕੀਤਾ ਹੈ।
†ਝੱਠਾ ਅਖੇੜ।

Digitized by Panjab Digital Library | www.panjabdigilib.org

ਰਾਮਦਯਾਲ ਕ੍ਰਿਪਾਲ ਦਯਾਨਿਧ ਗੁਣ ਬਿਬੇਕ ਪਰਕਾਸ਼ੀ* ।
ਕਾਨ ਮਿ੍ਰਗੇਸ਼ ਗਯੇ ਬਲਿਹਾਰੀ ਟੂਟੀ ਜਮ ਕੀ ਫਾਸੀ।

ਬਾਬਾ 'ਊਰਧ ਸਤ' ਦੀ ਨਵੀਂ ਫਿਲਾਸਫੀ ਵਿਧਾਨ ਕਰ ਰਿਹਾ ਸੀ । ਉਹ ਇਸ ਫਿਲਾਸਫੀਦਾ ਹਰਰੋਜ਼ ਕੋਈ ਨ ਕੋਈ ਨਵਾਂ ਨੁਕਤਾ ਖੋਲ੍ਹ ਦੇ'ਦਾ ਸੀ। ਉਹ ਕਹਿੰਦਾ ਸੀ ਕਿ ਊਰਧ ਸਤ ਧਾਰਨ ਕਰਨ ਵਾਲਾ ਪੁਰਸ਼ ਜੀਵਨਮੁਕਤ ਹੁੰਦਾ ਹੈ ਤੇ ਜੀਵਨ ਮੁਕਤ ਉਨ੍ਹਾਂ ਹਦਬੰਦੀਆਂ ਤੋਂ ਵਿਮੁਕਤ ਹੁੰਦਾ ਹੈ ਜੋ ਹੱਦਾਂ ਗਜਾਨ, ਯੋਗ, ਭਗਤੀ ਕਰਮ ਦਾ ਪਰਸਪਰ ਵਿਖਾਂਧ ਪੈਦਾ ਕਰਦੀਆਂ ਹਨ। ਉਸਦਾ ਕਹਿਣਾ ਸੀ:—

ਗਜਾਨ ਯੋਗ ਵਹ ਕਰਮ ਹੈ, ਭਗਤੀ ਕਰਮ ਗਿਆਨ ;
ਊਰਧ ਸਤ ਜੋ ਯੁਕਤ ਨਰ, ਜੀਵਨ-ਮੁਕਤ ਪਛਾਨ ।

ਇਹ ਅਖੀਰਲੀ ਅਵਸਥਾ ਹੈ ਜਿਥੇ ਗਜਾਨ ਹੀ ਯੋਗ ਹੈ ਤੇ ਯੋਗ ਕਰਮ ਹੈ, ਤੇ ਭਗਤੀ ਖੁਦ ਕਰਮ ਰੂਪ ਤੇ ਗਜਾਨ ਰੂਪ ਹੋ ਜਾਂਦੀ ਹੈ, ਪਰ ਰੂਹਾਨੀ ਜ਼ਿੰਦਗੀ ਸ਼ੁਰੂ ਕਰਨ ਲਗਿਆਂ ਇਹ ਚਾਰੇ ਚੀਜ਼ਾਂ ਧਾਰਨ ਕਰਨੀਆਂ ਪੈਂਦੀਆਂ ਹਨ:—

ਭਕਤਿ ਭਾਵ ਬੂਝੇ ਬਿਨਾ ਗਜਾਨ ਉਦੈ ਨਹਿ ਹੋਯ ॥
ਗਜਾਨ ਬਿਨਾ ਸ਼ੁਧ ਭਾਵਨਾ ਸਾਰ ਤੱਤ ਦੈ ਖੋਜ ॥
ਬਿਨਾ ਕਰਮ ਤੇ ਭਕਤਿ ਨਾ, ਉਪਜਤ ਨਾਹੀ ਗਜਾਨ॥
ਹੋਤ ਕਰਮ ਨਾ ਯੋਗ ਬਿਨ ਕਾਨ ਮਿ੍ਰਗੇਸ਼ ਬਖਾਨ ॥

ਉਹ ਕਹਿੰਦਾ ਹੁੰਦਾ ਸੀ ਮਨ ਨੂੰ ਭਗਤੀ ਨਾਲ ਦਰੁਸਤ ਕਰਨਾ ਚਾਹੀਦਾ ਹੈ, ਯੋਗ ਨਾਲ ਨਹੀਂ, ਬੁੱਧਿ ਦੀ ਚੰਚਲਤਾ ਨੂੰ ਯੋਗ ਦੀ ਏਕਾਗ੍ਰਤਾ ਨਾਲ ਸੋਧਕੇ ਗਜਾਦਾ ਉਪਜੋਗੀ ਬਨਾਉਣਾ ਚਾਹੀਦਾ ਹੈ। ਹੰਕਾਰ ਦਾ ਇਲਾਜ ਸੇਵਾ ਹੈ ਬਸ਼ਰਤੇ ਕੇ ਸੇਵਾ ਸਰਬੱਤ ਦੇ ਭਾਵ ਵਾਲੀ ਹੋਵੇ । ਚਿਤ ਲਈ ਗਜਾਨ ਦੇ ਪ੍ਰਕਾਸ਼ ਦੀ ਲੋੜ ਹੈ, ਨਹੀਂ ਤੇ ਚਿਤ ਜੜ ਹੋ ਜਾਂਦਾ ਹੈ।

ਅੰਤਹਕਰਣ ਦੇ ਚਾਰ ਅੰਗਾਂ (ਮਨ, ਬੁਧ, ਚਿਤ, ਅਹੰਕਾਰ) ਲਈ ਉਹ ਚਾਰੇ ਉਪਾਉ ਭਗਤਿ ਯੋਗ, ਕਰਮ (ਸੇਵਾ), ਗਜਾਨ ਸਾਰਥਕ ਸਮਝਦਾ ਸੀ।

ਹੰਕਾਰ ਨੂੰ ਸ਼ਮਨ ਕਰਨ ਵਾਲਾ ਉਪਾਉ ਉਸਦਾ ਨਵੀਨ ਢੰਗ ਵਾਲਾ ਸੀ।ਇਹ ਸਰਬੱਤ ਦੇ ਭਾਵ ਵਾਲੀ ਸੇਵਾ ਦਾ ਸਾਧਨ ਸੀ । ਉਹ ਐਸੀ ਸੇਵਾ ਨੂੰ ਨਿਸ਼ਕਾਮ ਕਰਮ ਤੋਂ ਉੱਪਰ ਗਿਣਦਾ ਸੀ । ਉਸ ਦਾ ਖਿਆਲ ਸੀ ਕਿ ਨਿਸ਼ਕਾਮਤਾ ਨਾਲ ਹੰਕਾ ਨੂੰ ਨਿਵਾਰਨ ਕਰਦਿਆਂ ਕਰਦਿਆਂ 'ਆਪਾ'ਵੀ ਮਨਫੀ ਹੋ ਜਾਂਦਾ ਹੈ ਜੋ ਜੀਵਨ ਨੂੰ ਰੋਗੀ ਕਰ ਦੇ'ਦਾ ਹੈ । ਸਰਬਤ ਦੇ ਭਾਵ ਵਿਚ ਰਹਿਣ ਨਾਲ 'ਆਪਾ' ਮੁਸਬਤ ਰਹਿੰਦਾ ਹੈ ਤੇ ਜ਼ਿੰਦਗੀ ਅਰੋਗ ਗੁਜ਼ਰਦੀ ਹੈ । ਬਾਏ ਦਾ ਅਪਣਾ ਅਮਲੀ ਜੀਵਨ ਸਰਬੱਤ ਦੇ ਭਾਵ ਨਾਲ ਭਰਪੂਰ ਸੀ ਤੇ ਉਹ ਹਰ ਮਿਲਨ ਵਾਲੇ ਨੂੰ ਇਸੇ ਰੰਗ ਵਿਚ ਰੰਗ ਦੇ'ਦਾ ਸੀ । ਇਕ ਸਰਦੇ ਪੁਜਦੇ ਵਾਲਾ ਮਰੀਜ਼ ਜਦ ਆਪ ਦੇ ਇਲਾਜ ਵਿਚ ਵੱਲ ਹੋ ਗਿਆ ਤਾਂ ਉਹ ਗੁੜ ਅਤੇ ਸ਼ੱਕਰ ਦੀਆਂ ਬੋਰੀਆਂ ਲੈਕੇ ਹਾਜ਼ਰ ਹੋਇਆ ਤੇ ਆਖਿਓਸੁ ਬਾਬਾ ਜੀ ਇਹ ਆਪ ਦੇ ਸ਼ਰਬਤ ਲੱਸੀ ਵਾਸਤੇ ਹਨ। ਬਾਬੇ ਨੇ ਕਿਸਾ, 'ਸਾਡੀ ਤ੍ਰਿਖਾ ਏਸ ਨਾਲ ਨਹੀਂ ਮਿਟਦੀ; ਸਾਡੀ ਤੇ੍ਹ ਤਾਂ ਤਦ ਲੱਥੇਗੀ ਜਦੋਂ ਸਾਰਾ ਮਹੱਲਾ ਅਪਣੀ ਪਜਾਸ ਬੁਝਾ ਲਏਗਾ' । ਏਸ ਗਲੀ ਵਿਚ ਤਦੋਂ ਖੂਹ ਕੋਈ ਨਹੀਂ ਸੀ ਤੇ ਲੋਕਾਂ ਨੂੰ ਬਹੁਤ ਤਕਲੀਫ ਸੀ। ਉਸ ਮਰੀਜ਼ ਨੇ ਬਾਬੇ ਦੇ ਇਸ਼ਾਰੇ ਨੂੰ ਸਮਝ ਲਿਆ ਤੇ ਝਬਦੇ ਹੀ ਉਸ ਗਲੀ ਵਿਚ ਬਾਬੇ ਦੇ ਘਰਅੱਗੇ ਇਕ ਪੱਕਾ ਖੂਹ ਲਗ ਗਿਆ ਜਿਸ ਦ੍ਵਾਰਾ ਹੁਣ ਤਕ ਸਰਬੱਤ ਦੀ ਸੇਵਾ ਹੋਰਹੀ ਹੈ।

ਬਾਬੇ ਦਾ ਇਹ ਕਹਿਣਾ ਸੀ ਕਿ ਇਹ ਪ੍ਰਕ੍ਰਿਤੀ ਦੀ ਦੁਨੀਆਂ, ਜਿਸ ਵਿਚ ਅਸੀਂ ਰਹਿੰਦੇ ਹਾਂ,

*ਗੁਣਾਂ ਬਾਬਤ ਗਜਾਨ ਦਾ ਪ੍ਰਕਾਸ਼ ਕਰਨ ਵਾਲੇ ਰਾਮਦਯਾਲ ਦੀ ਕ੍ਰਿਪਾ ਨਾਲ ਗੁਣ ਭੇਦ ਦਾ ਪ੍ਰਕਾਸ਼ ਹੋਇਆ ਹੈ।

Digitized by Panjab Digital Library | www.panjabdigilib.org

ਗੁਣ ਆਸ਼੍ਰਿਤ ਹੈ। ਇਹ ਗੁਣ ਹੀ ਹਨ ਜੋ ਕਈ ਕਿਸਮ ਦੇ ਫ਼ਰਕਾਂ ਦੇ ਕਾਰਨ ਹਨ। ਜੋ ਚੀਜ਼ ਰਜੋਗੁਣ ਵਿਚ 'ਕਰਮ' ਹੈ ਓਹੋ ਚੀਜ਼ ਸਤੋਗੁਣ ਵਿਚ 'ਗਯਾਨ' ਹੈ। ਸਾਰਾ 'ਗਯਾਨ' ਤਮੋਗੁਣ ਵਿਚ 'ਅਗਯਾਨ' ਹੀ ਹੈ। ਫੇਰ ਜੋ ਚੀਜ਼ ਰਜੋਗੁਣ ਵਿਚ ਭਗਤੀ ਹੈ, ਉਹੋ ਸਤੋਗੁਣ ਵਿਚ ਯੋਗ ਹੈ ਤੇ ਓਹੋ ਤਮੋਗੁਣ ਵਿਚ ਹਠਧਰਮੀ ਹੈ। ਸਾਰੇ ਫਰਕ ਗੁਣ ਭੇਦ ਕਰਕੇ ਹਨ। ਊਰਧ ਸਤ ਵਿਚ ਜਾਕੇ ਸਾਰਾ ਗਯਾਨ ਇਕ ਹੋਰ ਪੱਕੀ ਪੌੜੀ ਜੜ੍ਹਦਾ ਹੈ ਜਿਸ ਦਾ ਨਾਮ ਹੈ ਅਭੈ ਪਦ। ਇਸ ਪਦ ਉਪਰ ਭਗਤਿ, ਕਰਮ, ਗਯਾਨ, ਯੋਗ ਆਪੋ ਆਪਣੇ ਫਰਕ ਮਿਟਾਕੇ ਨਿਰਭਉ ਵਾਸਾ ਪਾਉਂਦੇ ਹਨ। ਤਮੋਗੁਣ ਤੋਂ ਹੇਠਾਂ ਅਧੋਤਮ ਹੈ। ਅਧੋਤਮ ਦੇ ਖਾਤੇ ਵਿਚ ਡਿੱਗਕੇ ਗਯਾਨ ਆਦਿਕ ਸਾਰੀਆਂ ਚੀਜ਼ਾਂ ਭੇ ਛੀਤ ਹੋ ਜਾਂਦੀਆਂ ਹਨ। ਇਨ੍ਹਾਂ ਤੋਂ ਹੀ ਭੈਭੂਤ ਬਣ ਜਾਂਦੇ ਹਨ।

ਇਸ ਗੁਣ ਭੇਦ ਦੀ ਜੜ੍ਹ ਸਾਡੇ ਅੰਤਹਕਰਣ ਵਿਚ ਹੈ। ਸਾਡੇ ਅੰਦਰ ਮਨ, ਬੁਧਿ, ਚਿਤ, ਅਹੰਕਾਰ ਤੇ ਆਤਮਾ ਹੈ। ਕੁਦਰਤੀ ਸੁਭਾਵ ਕਰਕੇ ਮਨ ਤਮੋਗੁਣੀ, ਬੁਧਿ ਰਜੋਗੁਣੀ, ਚਿਤ ਸਤੋਗੁਣੀ ਹੈ। ਵਿਗੜਿਆ ਹੋਇਆ ਅਹੰਕਾਰ ਅਧੋਤਮ ਹੈ ਅਤੇ ਆਤਮਾ ਊਰਧ ਸਤ।

ਗੁਣ ਦਾ ਬਦਲਣਾ ਆਦਮੀ ਦੇ ਆਪਣੇ ਵੱਸ ਹੈ। ਅਧੋਤਮ ਤੋਂ ਊਰਧ ਸਤ ਤੱਕ ਆਦਮੀ ਤੁੱਕੀ ਕਰ ਸਕਦਾ ਹੈ। ਲੋੜ ਉੱਦਮ ਦੀ ਹੈ। ਅਸਲ ਨੁਕਤਾ ਕਰਮ ਦਾ ਹੈ। ਕਰਮ ਸੁਭਾਵਿਕ ਹੀ ਰਜੋਗੁਣੀ ਚੀਜ਼ ਹੈ। ਕਰਮ ਜਿਸ ਵੇਲੇ ਅਗਯਾਨੀ ਹੁੰਦਾ ਹੈ ਤਾਂ ਤਮੋਗੁਣ ਪੈਦਾ ਹੋ ਜਾਂਦਾ ਹੈ। ਤਮੋਗੁਣ ਜਿਸ ਵੇਲੇ ਭੈਭੀਤ ਹੁੰਦਾ ਹੈ ਤਾਂ ਅਧੋਤਮ ਬਣ ਜਾਂਦਾ ਹੈ। ਇਸ ਦੇ ਉਲਟ ਕਰਮ ਵਿਚ, ਜਿਸ ਵੇਲੇ ਗਯਾਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਸਤੋਗੁਣ ਦੀ ਉਤਪਤੀ ਹੁੰਦੀ ਹੈ। ਗਯਾਨ ਦੇ ਨਿਰਭੈ ਪਦ ਉਪਰ ਇਸਥਿਤ ਹੋਣ ਨਾਲ ਊਰਧ ਸਤ ਦੀ ਪੌੜੀ ਚੜ੍ਹੀ ਜਾਂਦੀ ਹੈ।

ਬਾਬਾ ਆਪਣਾ ਊਰਧਸਤ ਵਾਲਾ ਸਾਰਾ ਮਸਲਾ ਰਾਮਾਯਣ ਉਪਰ ਘਟਾਉਣਾ ਚਾਹੁੰਦਾ ਸੀ। ਇਸ ਗੱਲ ਲਈ ਉਹ ਸਾਰ ਰਾਮਾਯਣ ਲਿਖ ਰਿਹਾ ਸੀ। ਉਹ ਰਾਮਾਯਣ ਨੂੰ ਨਿਰੇ ਭਗਤੀ ਦੇ ਨੁਕਤੇ ਤੋਂ ਜਾਂ ਗਯਾਨ ਦੇ ਅੱਡਰੇ ਨੁਕਤੇ ਤੋਂ ਨਹੀਂ ਸੀ ਦੇਖਦਾ, ਉਹ ਇਹ ਦੇਖਦਾ ਸੀ ਕਿ ਰਾਮ ਨੇ ਪਹਿਲੇ ਕਿਸ ਤਰ੍ਹਾਂ ਅਧੋਤਮ ਗੁਣ ਨੂੰ ਜਿੱਤਿਆ। ਤਾੜਕਾ ਆਦਿਕ ਰਾਕਸ਼ਣੀ ਤੇ ਹੋਰ ਰਾਕਸ਼ਾਂ ਨੂੰ ਮਾਰਨਾ ਇਹ ਅਧੋਤਮ ਭੂਤ ਉਪਰ ਜਿੱਤ ਸੀ। ਰਾਜਸੀ ਠਾਠ ਬਾਠ, ਜਨਕ ਪੁਤ੍ਰੀ ਨਾਲ ਵਿਆਹ, ਤਿਲਕ ਆਦਿਕ ਰਜੋਗੁਣੀ ਕਰਮ ਸਨ। ਰਾਮ ਦਾ ਬਨਬਾਸੀ ਹੋਕੇ ਵਿਚਰਨਾ ਇਹ ਸਤੋ ਗੁਣ ਦਾ ਵਿਕਾਸ ਸੀ। ਪਰ ਰਾਮ ਉਤਮ ਕਰਮ ਕਰਕੇ ਵੀ ਬਹੁਤ ਮੁੱਦਤ ਤਕ 'ਊਰਧ ਸਤ' ਉਪਰ ਨਹੀਂ ਪਹੁੰਚਾ ਸੀ। ਏਸ ਕਰਕੇ ਸੂਰਬੀਰ ਹੁੰਦਿਆਂ ਹੋਇਆਂ ਵੀ ਉਹ ਅਭੈਪਦ ਤੋਂ ਉਰੇ ਖੜਾ ਸੀ। ਜਿਸ ਦਾ ਨਤੀਜਾ ਇਹ ਹੋਇਆ ਕਿ ਉਸਨੇ ਸੀਤਾ ਨੂੰ, ਜੋ ਉਸੇ ਦੀ ਹੀ ਸ਼ਕਤੀ ਸਰੂਪਾ ਸੀ ਲੋਕ ਲਾਜ ਦੇ 'ਭੈ' ਤੋਂ ਵਿਸਰਜਨ ਕਰ ਦਿੱਤਾ। ਇਸ ਤੋਂ ਪਿਛੋਂ ਅਗਨ ਪ੍ਰੀਖਜ਼ਾ ਦੀ ਘਟਨਾ ਹੈ, ਜਿਸ ਨਾਲ ਰਾਮ ਨੂੰ ਸੀਤਾ ਉਪਰ ਇਤਬਾਰ ਆ ਜਾਂਦਾ ਹੈ, ਮਾਨੋ ਉਸਦੀ ਅਪਣੀ ਕਰਨੀ ਕਰਤਵਜ ਦੇ ਇਖ਼ਲਾਕੀ ਨੁਕਤੇ ਉਪਰ ਉਠ ਰਹੀ ਸ਼ੰਕਾ ਮਿਟ ਜਾਂਦੀ ਹੈ। ਉਹ ਨਿਰਭੈ ਹੋ ਜਾਂਦਾ ਹੈ। ਫੇਰ ਰਾਮ ਨੁਕਤਾ ਚੀਨ੍ਹੀ ਛਦ ਤੋਂ ਪਰੇ ਊਰਧ ਗਾਮੀ ਹੋਕੇ ਪਰਿਵਾਰ ਸਹਿਤ ਸੁਰਗ ਵਿਚ ਪਹੁੰਚ ਜਾਂਦਾ ਹੈ:-

ਰਾਮ ਕਥਾ ਅਚਰਜ ਬਨੀ ਤੀਨ ਗੁਣਨ ਵਿਸਤਾਰ।ਰਜ ਤਮ ਨਤ ਕੇ ਆਸਰੇ ਹੂਆ ਬਹੁਪਾਸਾਰ।
ਨਰਸਿੰਘ ਮੱਛ ਬਰਾਹ ਕੱਛ ਭਏ ਦਸ ਅਵਤਾਰ। ਦਸ ਹੀ ਮਾਯਾ ਬਿਚਰਤੇ ਕੀਨੇ ਕੇਲ ਅਪਾਰ।
ਅਪਜਸ ਹੇਤ ਤਿਆਗ ਦੀ ਸ਼ਕਤੀ ਸੀਤਾ ਨਾਰ। ਕਰਨੀ ਹੁਤੀ ਨਿਸ਼ੰਕ ਨਾ ਭੈ ਹੀ ਕੀ ਭਰਮਾਰ।
ਹੋ ਨਿਸੰਕ ਜਬ ਅਗਨਿ ਤੇ ਨਿਕਸੀ ਠੰਢੀ ਠਾਰ।ਰਾਮ ਗ੍ਰਹਣੀ ਸੀਅ ਤਬ ਊਰਧ ਗਾਮੀ ਕਾਰ।
ਗਏ ਸੁਰਗ ਸੀਅ ਸਹਿਤ ਦਸਰਥ ਕੇ ਸੁਤ ਚਾਰ।ਕਰੈ ਬੇਨਤੀ ਕਾਨ੍ਹ ਸਿੰਘ ਰਚੇ ਰਮਾਯਣਸਾਰ।

ਬਾਬਾ ਸੀਤਾ ਨੂੰ ਰਾਮ ਦੀ ਸ਼ਕਤੀ ਮੰਨਦਾ ਸੀ, ਉਹ ਸੀਤਾ ਜਿਸ ਨੂੰ ਲੋਕ ਅਬਲਾ ਕਹਿੰਦੇ

Digitized by Panjab Digital Library | www.panjabdigilib.org

ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਉਸੀ ਸ਼ਕਤੀ ਦਾ ਸੰਕੇਤ ਸੀ। ਦੋਨੋ ਨਿਸ਼ਪਾਪ ਸਨ।ਦੋਨੋਂ ਦੁਸ਼ਟ ਦਮਨ ਦਾ ਕਾਰਣ ਸਨ ਤੇ ਜਗਤ ਦੇ ਭਲੇ ਲਈ ਸਨ। ਇਹ ਸੀ ਬਾਬੇ ਦੀ ਸਾਰ ਰਾਮਾਯਣ:-

ਸੀਤਾ ,'ਸ਼ਕਤੀ' ਰਾਮ ਕੀ ਲੋਕ ਕਹਿਣ ਅਬਲਾਰ।
ਵਹੀ ਸ਼ਕਤੀ ਧਰਨ ਹੇਤ ਗੋਬਿੰਦ ਸਿੰਘ ਅਵਤਾਰ।
ਸਾਹਿਬ ਲੀਨੀ ਹਾਥ ਨਿਜ ਸੰਕੇਤਕ ਤਲਵਾਰ।
ਦੁਸ਼ਟ ਦਮਨ ਕੇ ਕਾਰਣੇ ਕੀਨੇ ਖੇਲ ਅਪਾਰ।
ਸੀਤਾ ਔ ਤਲਵਾਰ ਯਹ ਦੋਨੋ ਏਕ ਸਮਾਨ।
ਅਗਨਿ ਕੁੰਡ ਔ ਕੁਧਰ ਕੁੰਡ ਪ੍ਰੀਛਾ ਕਰੀ ਮਹਾਨ।
ਨਿਕਸੀ ਦੋਨੋ ਚਮਕਤੀ ਨਿਸ਼ਕਲੰਕ ਬੇਦਾਗ।
ਨਿਰਲਾਂਛਤ ਨਿਰਦੋਸ਼ ਔ ਐਬ ਬਿਨਾ ਏਲਾਗ।
ਐਸੀ ਸ਼ਕਤੀ ਜੋ ਅਹੈ ਕਾਰਣ ਮੂਲ ਅਧਾਰ।
ਕੁਣ ਗਾਏ 'ਮਿਰਰੇਸ਼ ਕਾਨ੍' ਜਾਏ ਸਦ ਬਲਿਹਾਰ।

੨੪.

ਅਸੀਂ ਪਿੱਛੇ ਝਿਕਰ ਕਰ ਆਏ ਹਾਂ ਕਿ ਬਾਬੇ ਦੀ ਮਾਤਾ ਕਿਸ ਤਰ੍ਹਾਂ ਗੜ੍ਹ ਮਹਾਰਾਜ ਤੋਂ ਅੰਮ੍ਰਿਤਸਰ ਆਈ ਸੀ। ਉਸ ਵੇਲੇ "ਬਰਾਦਰੀ ਵਿਚੋਂ ਇਕ ਵਿਧਵਾ ਮਾਈ ਭੀ ਗੜ੍ਹ ਮਹਾਰਾਜ ਤੋਂ ਅੰਮਾ ਦੇ ਸੰਗ ਹੀ ਅਪਣੇ ਦੋਹਾਂ ਬਚਿਆਂ ਸਮੇਤ ਅੰਮ੍ਰਿਤਸਰ ਆ ਗਈ ਸੀ। ਬਾਬਾ ਜੀ ਨੇ ਉਸ ਮਾਈ ਨੂੰ ਭੀ ਅਪਣੀ ਭੈਣ ਤੁੱਲ ਜਾਣ ਮਕਾਨ ਬਣਵਾ ਦਿੱਤਾ ਤੇ ਪਿਛੋਂ ਹਰ ਤਰ੍ਹਾਂ ਦੀ ਦੇਖ ਭਾਲ ਕਰਦੇ ਰਹੇ, ਉਸ ਦੇ ਬੱਚਿਆਂ ਦੇ ਵਿਆਹ ਆਦਿ ਦਾ ਪ੍ਰਬੰਧ ਬੀ ਆਪ ਨੇ ਹੀ ਕੀਤਾ। ਇਨ੍ਹਾਂ ਦੋਹਾਂ ਖਾਨਦਾਨਾਂ ਦੀ ਆਪੋ ਵਿਚ ਵਰਤੋਂ ਹੁਣ ਤਕ ਬੜੇ ਹਿਤ ਵਾਲੇ ਭਰਾਵਾਂ ਵਰਗੀ ਚਲੀ ਆ ਰਹੀ ਹੈ। (ਇਸ ਮਾਈ ਦੀ ਸੰਤਾਨ ਅਜ ਕਲ ਤਰਨ ਤਾਰਨ ਵਸਦੀ ਹੈ)* ।"

ਏਸ ਸੰਤਾਨ ਵਿਚੋਂ ਹੀ ਡਾਕਟਰ ਮਾਨ ਸਿੰਘ ਜੀ ਹਨ, ਜਿਨ੍ਹਾਂ ਦੇ ਇਕ ਯਾਦਦਾਸ਼ਤੀ ਨੋਟ ਵਿਚਇਕ ਥਾਵੇਂ ਇਸਤਰ੍ਹਾਂ ਲਿਖਿਆਹੈ:-"ਇਕ ਵੱਡੇ ਅਚਰਜਦੀ ਵਿਦਜਾ ਬਾਬਾ ਕਾਹਨਸਿੰਘਜੀਵਿਚ ਇਹ ਸੀ ਕਿ ਹਲਕਾਏ ਕੁੱਤੇ ਦੇ ਵੱਢੇ ਹੋਏ ਦਾ ਇਲਾਜ ਉਹ ਏਸਤਰ੍ਹਾਂ ਕਰਦੇਸਨ ਕਿ ਜਿਸਤਰ੍ਹਾਂ ਦਾਸ ਦੀ ਮਾਂ ਤੇ ਦਾਸ ਨੂੰ ਹਲਕਾਏ ਕੁੱਤੇ ਵੱਢੇ ਤੇ ਕੀਤਾ ਸਾਨੇ। ਉਹ ਏਸਤਰ੍ਹਾਂ ਹੋਇਆ ਕਿ ਸਾਡੀ ਗਲੀ ਵਿਚ ਦੋ ਨਿੰਮਾਂ ਬੜੀਆਂ ਮੋਟੀਆਂ ਤੇ ਬੜੇ ਫੈਲਾਉ ਵਾਲੀਆਂ ਸਨ, ਉਨ੍ਹਾਂ ਦਾ ਸਾਇਆ ਬਹੁਤ ਸਾਰੀ ਜ਼ਮੀਨ ਉਪਰ ਪੈਂਦਾ ਸੀ ਤੇ ਪਿਛਲੇ ਪਾਸੇ ਕੋਈ ਛੇ ਸਤ ਘਰ ਮੁਸਲਮਾਨਾਂ ਦੇ ਸਨ। ਉੱਥੇ ਇਤਫਾਕ ਨਾਲ ਇਕ ਹਲਕਾਇਆ ਕੁੱਤਾ ਆ ਗਿਆ ਤੇ ਨਿੰਮ ਵਾਲੇ ਵਿਹੜੇ ਵਿਚ ਮੁਸਲਮਾਨਾਂ ਨੂੰ ਭੀ ਵੱਢਿਆ। ਮੈਂ ਅਜੇ ਬੱਚਾ ਹੀ ਸਾਂ। ਮੈਂ ਤਮਾਸ਼ਾ ਦੇਖਣ ਦੇੜਿਆ ਤਾਂ ਮਾਈ ਮੇਤੋ ਮੈਨੂੰ ਪਿੱਛੇ ਧੱਕ ਆਈ,ਓਦੋਂ ਹੀ ਮੈਨੂੰ ਤੇ ਮੇਰੀ ਮਾਈ ਨੂੰ ਉਸ ਹਲਕਾਏ ਕੁੱਤੇ ਨੇ ਵੱਢਿਆ। ਪਿਤਾ ਜੀ ਪੁਲਸ ਵਿਚ ਕੰਮ ਕਰਦੇ ਸਨ,ਜਦ ਉਹ ਘਰ ਆਏ ਤਾਂ ਸਾਨੂੰ ਦੋਹਾਂ ਨੂੰ ਇਕ ਯੱਕਾ ਕਰਾਕੇ ਪੀਰ ਦਹੂਰੀ ਦੀ ਕਬਰ ਪਰ ਭੇਜਿਆ, ਜਿਹੜੀ

---

*ਪ੍ਰੋਫੈਸਰ ਹਰਬੰਸ ਸਿੰਘ ਕ੍ਰਿਤ 'ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ'।

†ਮਾਈ ਦੇ ਦੋ ਪੁੱਤ੍ਰ ਸਨ, ਭਾਈ ਜੋਧ ਸਿੰਘ ਤੇ ਆਤਮਾ ਸਿੰਘ। ਭਾਈ ਜੋਧ ਸਿੰਘ ਨੇ ਵਿਆਹ ਨਹੀਂ ਕੀਤਾ। ਭਾਈ ਆਤਮਾ ਸਿੰਘ ਦੀ ਸ਼ਾਦੀ ਦਾ ਪ੍ਰਬੰਧ ਬਾਬੇ ਨੇ ਕੀਤਾ। ਭਾਈ ਆਤਮਾ ਸਿੰਘ ਜੀ ਪੁਲਸ ਵਿਚ ਨੌਕਰ ਹੋ ਗਏ ਸਨ। ਇਨ੍ਹਾਂ ਦੀ ਔਲਾਦ ਵਿਚੋਂ ਡਾਕਟਰ ਮਾਨ ਸਿੰਘ ਜੀ, ਭਾਈ ਬ੍ਰਧ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਹੋਏ। ਡਾਕਟਰ ਮਾਨ ਸਿੰਘ ਜੀ ਅਜ ਕਲ ਬਿਰਧ ਅਵਸਥਾ ਵਿਚ ਤਰਨ ਤਾਰਨ ਸਰਕਾਰੀ ਪੈਨਸ਼ਨ ਪਾਕੇ ਰਹਿੰਦੇ ਹਨ।

Digitized by Panjab Digital Library | www.panjabdigilib.org

ਅਟਾਰੀ ਦੇ ਕੋਲ ਹੈ। ਸਾਨੂੰ ਓਥੋਂ ਕੁਛ ਸੁਵਾਹ ਲਾਉਣ ਵਾਸਤੇ ਮਿਲੀ, ਪੂੰਤੂ ਮੈਨੂੰ ਪੱਕਾ ਯਾਦ ਨਹੀਂ। ਰਾਤ ਬਹੁਤ ਚਲੀ ਗਈ ਸੀ ਕਿ ਅਸੀਂ ਘਰ ਵਾਪਸ ਆਏ। ਦੂਜੇ ਦਿਨ ਸਾਰੀ ਗਲੀ ਵਿਚ ਰੌਲਾ ਪੈ ਗਿਆ ਕਿ ਸਾਨੂੰ ਹਲਕਾਏ ਕੁੱਤੇ ਨੇ ਕੱਟਿਆ ਹੈ। ਜਦ ਬਾਬਾ ਜੀ ਨੇ ਸੁਣਿਆਂ ਤਾਂ ਸਾਨੂੰ ਸੱਦ ਭੇਜਿਆ, ਪਹਿਲਾਂ ਤਾਂ ਕੁਛ ਲਾਣ ਤਾਣ ਕੀਤੀ, ਫੇਰ ਹੁਕਮ ਦਿੱਤਾ ਚਾਵਲਾਂ ਨੂੰ ਚੱਕੀ ਵਿਚ ਪੀਹ ਲਿਆਓ। ਉਹ ਚਾਵਲਾਂ ਦਾ ਆਟਾ ਜਦ ਅਸੀਂ ਲੈ ਆਏ ਤਾਂ ਹੁਕਮ ਦਿੱਤਾ ਇਸ ਵਿਚ ਪਾਣੀ ਪਾਕੇ ਗੁੰਨ੍ਹੋ* ਤੇ ੧੪ ਟਿਕੀਆਂ ਬਣਾਓ, ੭ ਮੇਰੀ ਮਾਈ ਵਾਸਤੇ ਤੇ ੭ ਮੇਰੇ ਵਾਸਤੇ। ਪਹਿਲੇ ਮੇਰੀ ਮਾਈ ਨੂੰ ਕਿਹਾ ਕਿ ਜਿੱਥੇ ਕੁੱਤੇ ਨੇ ਵੱਢਿਆ ਹੈ ਉਥੇ ਇਕ ਟਿੱਕੀ ਰੱਖੋ ਤੇ ਆਪ ਕੁਛ ਪੜ੍ਹਦੇ ਰਹੋ। ਫੇਰ ਹੁਕਮ ਦਿੱਤਾ ਕਿ ਇਹ ਟਿੱਕੀ ਲਾਹਕੇ ਰੱਖ ਦੇਵੋ ਤੇ ਦੂਸਰੀ ਰੱਖੋ। ਇਸੇਤਰ੍ਹਾਂ ਸੱਤ ਟਿੱਕੀਆਂ ਰਖਵਾ ਲਈਆਂ ਤੇ ਸਤ ਵਾਰੀ ਹੀ ਕੁਛ ਪੜ੍ਹਿਆ। ਆਪ ਹੱਥ ਤਾਈਂ ਨਾ ਲਾਇਆ। ਏਸੇ ਤਰ੍ਹਾਂ ਮੇਰੇ ਜ਼ਖਮ ਤੇ ਭੀ ਸੱਤੇ ਟਿੱਕੀਆਂ ਰਖਵਾਈਆਂ ਤੇ ਫਿਰ ਸਾਨੂੰ ਹੁਕਮ ਦਿੱਤਾ ਕਿ ਤੁਸੀਂ ਇਨ੍ਹਾਂ ਟਿੱਕੀਆਂ ਨੂੰ ਫੋਲੋ। ਅਸਾਂ ਜਦ ਟਿੱਕੀਆਂ ਫੋਲੀਆਂ ਓਹਨਾਂ ਵਿਚੋਂ ਕੁੱਤੇ ਦੇ ਵਾਲ ਨਿਕਲੇ। ਅਸੀਂ ਦੇਖਕੇ ਹੈਰਾਨ ਹੋ ਗਏ ਕਿ ਬਾਬਾ ਜੀ ਨੇ ਹੱਥ ਤੱਕ ਨਹੀਂ ਲਾਇਆ ਤੇ ਕੁੱਤੇ ਦੇ ਵਾਲ ਟਿੱਕੀਆਂ ਵਿਚ ਕਿਥੋਂ ਆ ਗਏ। ਇਸੇ ਤਰ੍ਹਾਂ ਸੱਤ ਦਿਨ ਕਰਦੇ ਰਹੇ। ਪਹਿਲੇ ਦਿਨ ਵਾਲ ਬਹੁਤ ਸਨ ਦੂਸਰੀ ਦਫਾ ਕੁਛ ਘੱਟ, ਤੀਸਰੇ ਦਿਨ ਉਸ ਤੋਂ ਘੱਟ। ਏਸੇ ਤਰ੍ਹਾਂ ਸਤਵੇਂ ਦਿਨ ਵਾਲ ਨਹੀਂ ਨਿਕਲੇ। ਜਦ ਵਾਲ ਸੱਤਵੇਂ ਦਿਨ ਨਾ ਨਿਕਲੇ ਤਾਂ ਬਾਬਾ ਜੀ ਨੇ ਹੁਕਮ ਦਿੱਤਾ ਜ਼ਿ ਜਾਓ ਰਾਜ਼ੀ ਹੋ ਗਏ ਹੋ। ਇਹ ਮੇਰੀ ਅਪਣੀ ਚਸ਼ਮ ਦੀਦ ਹੈ।"

ਇਹ ਉਪਰਲੀ ਘਟਨਾ ੧੮੭੦ ਈ: ਦੇ ਕਰੀਬ ਦੀ ਹੈ ਜਿਸ ਵੇਲੇ ਅਜੇ ਹਲਕਾਏ ਕੁੱਤੇ ਦੇ ਜ਼ਖਮ ਦਾ ਕੋਈ ਪੱਕਾ ਇਲਾਜ ਨਹੀਂ ਸੀ ਨਿਕਲਿਆ†।

ਡਾਕਟਰ ਮਾਨ ਸਿੰਘ ਜੀ ਅਗਾਂਹ ਲਿਖਦੇ ਹਨ:-

"ਬਾਬਾ ਜੀ ਅੰਮ੍ਰਿਤਸਰ ਦੇ ਚਾਰ ਨਾਮੀ ਹਕੀਮਾਂ ਵਿਚੋਂ ਇਕ ਸਨ। ਸਰੀਰ ਉਨ੍ਹਾਂ ਦਾ ਬੜਾ ਕੱਦਾਵਰ ਤੇ ਜਿਸਮ ਦੇ ਰਿਸ਼ਟ ਪੁਸ਼ਟ ਸਨ। ਹਰ ਸਾਲ ਯਾ ਦੂਸਰੇ ਸਾਲ ਉਹ ਪਹਾੜਾਂ ਪਰ ਜਾ ਕੇ ਆਪਣੀ ਹੱਥੀਂ ਬੂਟੀਆਂ ਲਿਆ ਕੇ ਦਵਾਈਆਂ ਆਪਣੇ ਹੱਥਾਂ ਨਾਲ ਬਨਾਉਂਦੇ ਸਨ।"

ਬਾਬੇ ਬੀ ਉਮਰ ਐਸ ਵੇਲੇ ੮੨ ਸਾਲ ਦੇ ਕ੍ਰੀਬ ਸੀ, ਸਿਹਤ ਬੜੀ ਮਜ਼ਬੂਤ, ਚਿਹਰਾ ਭਖਦਾ ਲਾਲ, ਬਰਫ ਵਾਕੂਨ ਚਿੱਟਾ ਸਫੈਦ ਦਾੜ੍ਹਾ ਸੀ। ਅਜੇ ਕਲਮ ਵਿਚ ਵੀ ਕੋਈ ਥਿੜਕ ਨਹੀਂ ਸੀ। ਬਾਬੇ ਨੇ ਹੁਣ ਦਰੋਪਤੀ ਚਰਿੱਤ੍ਰ ਦਾ ਉਤਾਰਾ ਸ਼ੁਰੂ ਕੀਤਾ। ਇਹ ਕਾਂਸ਼ੀ ਰਾਮ ਦੀ ਬਣਾਈ ਹੋਈ ਸੰਨ ੧੬੯੭ ਈ: (ਔਰੰਗਜ਼ੇਬ ਦੇ ਸਮੇਂ) ਦੀ ਰਚਨਾ ਹੈ‡।

ਇਸ ਤੋਂ ਪਿੱਛੋਂ ਲੱਛੀ ਰਾਮ ਕ੍ਰਿਤ ਜੋਗ ਸੁਧਾਨਿਧ ਗ੍ਰੰਥ§ ਦੀ ਵਾਰੀ ਉਤਾਰੇ ਲਈ ਆਈ।

ਉਸ ਦੇ ਖ਼ਤਮ ਹੁੰਦਿਆਂ ਹੀ ਪੋਥੀ ਪ੍ਰੀਛਾ ਵਾਹਿਗੁਰੂ ਜੀ ਦਾ ਉਤਾਰਾ ਕੀਤਾ। ਇਹ ੧੭੦੩ ਈ: ਦਾ ਪੁਰਾਣਾ ਨੁਸਖਾ ਹੈ¶।

ਇਨ੍ਹਾਂ ਤੋਂ ਸਿਵਾ ਕਈ ਹੋਰ ਕਿਤਾਬਾਂ ਦੇ ਉਤਾਰੇ ਕੀਤੇ: ਯਥਾ ਬਾਬ ਬੀਸਵਾਂ-ਅੰਦਰ ਮਰਚ੍ਹਾਂ ਰਹਿਮ ਦੀਆਂ। ਇਹ ਪਹਿਲੀ ਚਕਿਤਸਾ ਦੀ ਕਿਤਾਬ ਸੀ ਜੋ ਨਸਰ ਵਿਚ ਸੀ ਤੇ ਨਜ਼ਮ ਵਿਚ ਨਹੀਂ।

---

*ਇਸ ਪਾਣੀ ਵਿਚ ਕੁਛ ਦੁਆਈ ਮਿਲੀ ਹੋਈ ਸੀ। ਇਹ ਪਾਣੀ ਆਟਾ ਗੁੰਨ੍ਹਣ ਲਈ ਬਾਬੇ ਨੇ ਆਪ ਦਿਤਾ।

†ਪਾਸਚਰ ਇਨਸਟੀਚ੍ਯੂਟ ਪੈਰਿਸ ਵਿਚ ੧੮੮੮ ਈ: ਵਿਚ ਬਣੀ, ਜਿਸ ਦਾ ਟੀਕਿਆਂ ਨਾਲ ਕੱਦਿਆ ਇਲਾਜ ਦਾ ਤਰੀਕਾ ਅਜਕਲ ਜਾਰੀ ਹੈ।

‡ਛੱਤ ਮੰਗਲ ਨੌਰੰਗ ਸ਼ਾਹ ਦਿਲੀ ਪਤ ਕਹੀਏ। ਸੰਮਤ ਸਤ੍ਰਹ ਸਹਸ ਚੌਰਿੰਜਾ ਬਿਕ੍ਰਮ ਅਹੀਏ।
ਪੋਖ ਤਿੱਥ ਏਕਾਦਸੀ ਵਾਰ ਗੁਰ ਗੁਣ ਪੁਨ ਰਾਖਜੋ। ਛਪੈ ਅਠੱਤੀ ਕੀਜੈ ਸਕਲ ਅੰਮ੍ਰਿਤ ਮੁਖ ਭਾਖਜੋ।

§ਜੋਗ ਗ੍ਰੰਥ ਜਿਤਨੇ ਕਹੇ ਤਿਤਨੇ ਕੇ ਯਹ ਸਾਰ। ਸਿਧ ਹੋਤ ਤੇ ਪਾਵਹੀ ਜੋਗ ਸੁਧਾ ਨਿਧ ਪਾਰ।

¶ਸੰਮਤ ਬਿਕ੍ਰਮ ਬਾਹਿ ਕੇ ਸਤ੍ਰਾ ਸੇ ਅਰ ਸਾਠ। ਭਈ ਸੰਪੂਰਨ ਪ੍ਰੀਛਯਾ ਖੁੱਲ੍ਹੇ ਮੁਸ਼ਕਲ ਗਾਂਠ।

Digitized by Panjab Digital Library | www.panjabdigilib.org

ਇਸ ਦੇ ਅਖੀਰਲੇ ਸਫੇ ਤੇ ਬਾਬੇ ਨੂੰ ਇਕ ਦੋਹਰਾ ਅਪਣਾ ਲਿਖਿਆ ਹੈ-

'ਸ਼ਤੋ ਬਿਖੇ ਕੁਸ਼ਟੀ ਬਚੇ ਸਹੰਸ੍ਰ ਜਲੋਧਰ ਜਾਨ।
ਦਸ ਹਜ਼ਾਰ ਮੋਹੀ ਬਚੇ ਛਈ ਨ ਜੀਵਤ ਮਾਨ*।'

੧੯੭੨ ਈ: ਤਕ ਕਈ ਹੋਰ ਗ੍ਰੰਥ ਲਿਖੇ ਤੇ ਸੋਧੇ ਗਏ।

੨੫.

ਲਾਹੌਰ ਸ਼ਹਿਰ ਵਿਚ ਇਕ ਭੀੜੀ ਜਿਹੀ ਗਲੀ ਵਿਚ ਕੱਚਾ ਮਕਾਨ ਹੈ। ਇਸਦੀ ਛਿਉੜੀ ਵਡੀ ਤੰਗ ਹੋ ਗਈਆਂ ਮਹੀਆਂ ਦੇ ਅੰਦਰ ਆਉਣ ਜਾਣ ਨਾਲ ਬੂਹੇ ਦੀ ਚੌਕ ਠ ਘਸਤ ਲਗ ਲਗਕੇ ਵਿਚਕਾਰੋਂ ਪਤਲੇ ਲੱਕ ਵਾਕੂਣ ਹਲਕੀ ਹੋ ਗਈ ਹੈ। ਅੰਦਰ ਵਿਹੜਾ ਕਾਫੀ ਚੌੜਾ ਹੈ। ਛੋਟੀਆਂ ਖੜੇ ਦਾਉ ਲੱਗੀਆਂ ਇੱਟਾਂ ਦਾ ਉਘੜ ਦੁਘੜਾ ਫਰਸ਼ ਹੈ। ਇੱਟਾਂ ਦੀਆਂ ਦਰਜਾਂ ਰੋਹੇ ਦੀ ਤਿਲਕਣ ਨਾਲ ਭਰੀਆਂ ਰਹਿੰਦੀਆਂ ਹਨ। ਸਭ ਤੋਂ ਵਡੀ ਚੀਜ਼ ਘਰ ਵਿਚ ਖੁਰਲੀ ਹੈ ਜਿਸ ਅਗੇ ਖੜੇ ਤੇ ਬਹੁਤ ਸਾਰੇ ਡੰਗਰ ਗੁਤਾਵਾ ਖਾ ਰਹੇ ਹਨ।

ਵਿਹੜੇ ਦੇ ਇਕ ਪਾਸੇ ਇਕ ਨਿਕੀ ਜਿਹੀ ਕੋਠੜੀ ਵਿਚ ਇਕ ਢਲਵੀਂ ਉਮਰ ਦੀ ਇਸਤ੍ਰੀ ਬੈਠੀ ਲਾਲ ਰੰਗ ਦਾ ਬਸਤਾ ਫੋਲ ਰਹੀ ਹੈ, ਜਿਸ ਵਿਚ ਇਕ ਚਿੱਠੀ ਤੇ ਪੁਸਤਕ ਹੈ। ਚਿੱਠੀ ਬਾਬੇ ਵਲੋਂ ਬੀਬੀ ਟਿੱਕਾਂ ਦੇ ਨਾਮ ਆਈ ਹੈ ਬੜੇ ਸ਼ੌਕ ਨਾਲ ਟਿੱਕਾਂ ਨੇ ਚਿੱਠੀ ਪੜ੍ਹਨੀ ਸ਼ੁਰੂ ਕੀਤੀ:-

ਸੁਨ ਬੈਹਨ ਸਹੋਦਰ ਤੂ ਭਗਨੀ ਸੁਨੀਓ ਮਨ ਲਾਈ।
ਤੁਜ ਪੱਤ੍ਰ ਲਿਖਜੋ ਹਮ ਕੋ ਜਬ ਹੀ ਸਾਚ ਸੁਧ ਤਬੈ ਹਮ ਪਾਈ।
ਹਮ ਪੇਖਤ ਹੈਂ ਤੁਮਰੇ ਬਿਰਤਾਂਤ ਹਮ ਰਘੁਨਾਥ ਕੇ ਪਾਸ ਦੇਹੁ ਜਨਾਈ।
ਇਹ ਸਾਚ ਕਹੌਂ ਭਗਨੀ ਤੁਮਕੋ ਸਭ ਜਾਨਤ ਹੈ ਰਘੁਨਾਥ ਗੁਸਾਈਂ।

ਟਿੱਕਾਂ ਨੇ ਚਿੱਠੀ ਦੀਆਂ ਇਹ ਪਹਿਲੀਆਂ ਚਾਰ ਸਤਰਾਂ ਫੇਰ ਪੜ੍ਹੀਆਂ। ਫੇਰ ਡੂੰਘਾ ਠੰਢਾ ਸਾਹ ਭਰਿਆ। ਉਸ ਦੇ ਅੰਦਰ ਦੀ ਸਾਰੀ ਤਪਸ਼ ਠੰਢੀ ਹੋ ਗਈ। ਉਹ ਆਪਣੇ ਦੁਖ ਦਾ ਸਾਰਾ ਹਾਲ ਬਾਬੇ ਨੂੰ ਲਿਖ ਚੁਕੀ ਸੀ ਜਿਸਦਾ ਹੁਣ ਜੁਵਾਬ ਦਿਲ ਨੂੰ ਤਸੱਲੀ ਬਨ੍ਹਾਉਣ ਵਾਲਾ ਮਿਲ ਗਿਆ ਸੀ।

ਏਤਨੇ ਨੂੰ ਬਾਹਰੋਂ ਉੱਚੀ ਕਰੱਖਤ ਆਵਾਜ਼ ਆਈ, ਨੀ ਟਿੱਕਾਂ! ਨੀ ਟਿੱਕਾਂ! ਨੀ ਭੈੜੀਏ, ਡੰਗਰਾਂ ਨੂੰ ਪਾਣੀ ਡਾਹਿਆ ਈ ਕਿ ਨਹੀਂ? ਟਿੱਕਾਂ ਨੇ ਅਵਾਜ਼ ਦਿੱਤੀ, ਜੀ ਮੈਂ ਆਈ! ਇਹ ਕਹਿਕੇ ਚਿੱਠੀ ਤੇ ਕਿਤਾਬ ਮੁੜ ਰੁਮਾਲ ਵਿਚ ਬੰਨ੍ਹਣ ਲੱਗੀ। ਟਿੱਕਾਂ ਦੀ ਸੱਸ ਫੇਰ ਬੋਲੀ, ਨੀ ਦੇਖ ਮੈਂਹ ਆਫਰ ਗਈ ਆ, ਨੀ ਤੈਨੂੰ ਪੜ੍ਹਨ ਦਾ ਕੀ ਸਾੜਾ ਪੈ ਗਿਆ ਏ। ਲੋਕਾਂ ਦੀਆਂ ਨੂੰਹਾਂ ਧੀਆਂ ਸਾਰੇ ਕੰਮ ਸੁਆਰਦੀਆਂ ਨੇ ਤੂੰ ਉੱਠੀ ਤੇ ਪੋਥੀ, ਬੈਠੀ ਤੇ ਪੋਥੀ, ਨੀ ਸੜ ਜਾਏ ਤੇਰੀ ਪੋਥੀ, ਏਸ ਤੈਨੂੰ ਕਿਸੇ ਕੰਮ ਕਾਰ ਦਾ ਨਹੀਂ ਛੱਡਿਆ। ਟਿੱਕਾਂ ਕਾਹਲੀ ਨਾਲ ਬਾਹਰ ਆਈ, ਪੈਰ ਤਿਲਕ ਪਿਆ, ਘੜੰਮ ਕਰਕੇ ਢੇ ਪਈ। ਨਾਲ ਹੀ ਸੱਸ ਦੀ ਅਵਾਜ਼ ਆਈ, ਨੀ ਅੰਨ੍ਹੀਏ ਤੈਨੂੰ ਦਿਨ ਦੀਵੀਂ ਦੀਹਦਾ ਨਹੀਂ। ਨੀ ਪੋਥੀ ਨੇ ਤੇਰੇ ਦੀਦੇ ਗਾਲ ਸੁੱਟੇ ਨੇ।.....

ਟਿੱਕਾਂ ਦਾ ਸੋਹਰਾ ਆਫਰੀ ਮੈਂਹ ਦੇ ਨਗਾਰੇ ਵਾਕੂਣ ਕੱਸੇ ਢਿੱਡ ਉਪਰ ਹੱਥ ਫੇਰ ਰਿਹਾ ਹੈ। ਇਕ ਗੁੱਜਰ ਤੇਲ ਦੀ ਭਰੀ ਨਲਕੀ ਮੱਝ ਦੇ ਮੂੰਹ ਵਿਚ ਘੁਸੜ ਰਿਹਾ ਹੈ ਤੇ ਨਾਲ ਹੀ ਕਹਿ ਰਿਹਾ ਹੈ,

---

*ਕੋਝੀ ਸੰਕੜਿਆਂ ਦੀ ਗਿਣਤੀ ਵਿਚ ਬਚ ਜਾਂਦੇ ਹਨ, ਜਲੋਧਰ (dropsy) ਦੇ ਬੀਮਾਰ ਹਜ਼ਾਰਾਂ ਦੀ ਗਿਣਤੀ ਵਿਚ ਬਚ ਜਾਂਦੇ ਹਨ, ਡਾਇਬੀਸ (diabetes) ਦੇ ਬੀਮਾਰ ਦਸ ਹਜ਼ਾਰ ਦੀ ਗਿਣਤੀ ਵਿਚ ਬਚ ਜਾਂਦੇ ਹਨ ਪਰ ਤਪਦਿਕ ਦਾ ਬੀਮਾਰ ਇਕ ਵੀ ਨਹੀਂ ਬਚਦਾ। ਇਹ ਗਿਣਤੀਆਂ ਕਿਸੇ ਹਿਸਾਬ ਦੀ ਗਿਣਤੀ ਨਾਲ ਨਹੀਂ ਕੱਢੀਆਂ ਹੋਈਆਂ, ਕੇਵਲ ਉਨ੍ਹਾਂ ਦਿਨਾਂ ਵਿਚ ਤਪਦਿਕ ਦੇ ਭਯੰਕਰ ਹੋਣ ਬਾਬਤ ਜੋ ਖਿਆਲ ਪ੍ਰਚਲਤ ਸਨ ਉਹ ਦਿਖਾਉਣ ਲਈ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਸ਼ਾਹ ਜੀ ਇਹ ਸੂਏ ਬਗੈਰ ਕੰਮ ਨਹੀਂ ਜੇ ਬਣਨਾ। ਗੁੱਜਰ ਨੇ ਛੈਕੜ ਵੱਖੀ ਵੱਲ ਇਕ ਥਾਂ ਟੈਲ ਕੇ, ਸ਼ਾਹ ਦੇ ਹਿਲਦੇ ਸਿਰ ਦੀ ਮਰਜ਼ੀ ਦਾ ਇਸ਼ਾਰਾ ਪਾਉਂਦਿਆਂ ਹੀ ਬੜੀ ਫੁਰਤੀ ਨਾਲ ਮੋਂਹ ਦੀਆਂ ਆਂਦਰਾਂ ਦੇ ਵਿਚ ਇਕ ਲੰਮਾ ਸੂਆ ਠੋਕ ਦਿੱਤਾ। ਹਵਾ ਨਿਕਲ ਗਈ ਮੋਂਹ ਹੌਲੀ ਹੋ ਕੇ ਉਠ ਬੈਠੀ।"

ਟਿੱਕਾ ਹੁਣ ਪੇਕੇ ਘਰ ਆਈ ਹੋਈ ਹੈ। ਇਕ ਮੰਜੀ ਉਪਰ ਲੇਟੀ ਹੈ। ਪੈਰ ਦੀ ਮਚਕੋੜ ਉਤੇ ਪੁਰਾਣੇ ਲੀਫ ਵਿਚੋਂ ਕੱਢੀ ਰੂੰ ਬੰਨ੍ਹਕੇ ਉਪਰ ਥਿੰਧੇ ਪਰਨਿਆਂ ਨੂੰ ਫਾੜਕੇ ਪੱਟੀਆਂ ਬੰਨ੍ਹੀਆਂ ਹੋਈਆਂ ਹਨ। ਟਿੱਕਾ ਦੇ ਸਿਰਹਾਣੇ ਉਹੋ ਲਾਲ ਬਸਤਾ ਹੈ, ਦਿਲ ਵਿਚ ਸੋਚ ਰਹੀ ਹੈ, ਹੇ ਮੂੜ੍ਹ ਤੂੰ ਕਿਸ ਗਲ ਦਾ ਹੰਕਾਰ ਕਰਦੀ ਹੈਂ। ਸੌਹਰੇ ਘਰ ਤੇਰੀ ਇਤਨੀ ਵੀ ਪੁੱਛ ਨਹੀਂ ਜਿਤਨੀ ਡੰਗਰਾਂ ਦੀ ਹੈ। ਮੋਂਹ ਆਫਰੀ ਨੂੰ ਅਜੇ ਪਲ ਵੀ ਨਹੀਂ ਸੀ ਹੋਈ ਕਿ ਸਾਰੇ ਇਲਾਜ ਹੋ ਗਏ, ਮੈਂ ਹੱਡ ਤੋੜ ਕੇ ਚਿੱਕੜ ਵਿਚ ਅੱਧਾ ਦਿਨ ਲੇਥਣ ਪੋਥਣ ਹੁੰਦੀ ਰਹੀ ਕਿਸੇ ਪੁੱਛਿਆ ਵੀ ਨਾ।

ਟਿੱਕਾ ਨੇ ਬੇਖਯਾਲੀ ਜੇਹੀ ਵਿਚ ਬਸਤਾ ਖੋਲ੍ਹ ਕੇ ਕਿਤਾਬ ਕੱਢੀ। ਇਹ ਬਾਬੇ ਦੀ ਘੱਲੀ ਹੋਈ ਰਾਮਾਯਣ ਦੇ ਕੁਛ ਪੱਤਰੇ ਸਨ। ਟਿੱਕਾਂ ਨੇ ਪੜ੍ਹਨਾ ਸ਼ੁਰੂ ਕੀਤਾ:—

ਸ੍ਰੋਯਾ—ਤਪਸਾ ਅਰ ਦਾਨ ਨ ਤੀਰਥ ਨਾਨ ਤੇ ਪੂਜਾ ਅਚਾਰ ਨ ਸੋਚ ਸਮਾਏ।
ਸੋ ਪ੍ਰਸੰਨਜ ਤਥਾ ਨਹਿੰ ਹੋਇ ਹਰੀ ਹੋਇ ਯਥਾ ਕਲ ਨਾਮਨ ਗਾਏ।
ਕੁਨ ਨਾਮ ਕੇ ਗਾਨ ਲਹੈ ਹਰਿ ਸਦ੍ਰਸ ਕਾਨ ਮ੍ਰਿਗਿੰਦ ਸੁਐਸੇ ਅਲਾਏ।
ਅਜਾ ਮਲ ਆਹਿ ਦ੍ਰਿਸ਼ਟਾਤ ਜਿਨੈ ਹਰਿ ਗਾਨ ਹੀ ਤੇ ਸੁ ਹਰੀ ਪਦ ਪਾਏ* ।੨੨।

ਇਹ ਪੜ੍ਹਦਿਆਂ ਟਿੱਕਾਂ ਦਾ ਦਿਲ ਖਿੜ ਆਇਆ। ਪੋਥੀ ਬੰਦ ਕਰਕੇ ਉਸ ਉਪਰ ਅਪਣਾ ਸਿਰ ਇਤਨਾਂ ਨਿਵਾਇਆ ਕੇ ਮੱਥਾ ਜ਼ਿਲਦ ਦੇ ਨਾਲ ਜਾ ਲੱਗਾ। ਫੇਰ ਕਹਿਣ ਲੱਗੀ, ਸ਼ੁਕਰ ਹੈ ਬਾਬਾ, ਮੈਂ ਕਿਸ ਅਗਯਾਨ ਅੰਧੇਰੇ ਵਿਚ ਫਸ ਗਈ ਸਾਂ, ਮੈਂ ਕਹਿੰਦੀ ਸਾਂ, ਅਜ ਕਿਤਨੇ ਦਿਨ ਹੋ ਗਏ ਹਨ ਮੈਂ ਨ੍ਹਾਤੀ ਨਹੀਂ, ਪਰ ਚੰਗਾ ਹੋਇਆ, ਬਾਬੇ ਨੇ ਕਹਿ ਦਿਤਾ: ਹਰੀ ਨੇ ਨ੍ਹਾਉਣ ਨਾਲ ਪ੍ਰਸੰਨ ਨਹੀਂ ਹੋਣਾ, ਉਹ ਤੇ ਪ੍ਰਸੰਨ ਕਿਸੇ ਹੋਰ ਗਲ ਨਾਲ ਹੀ ਹੁੰਦਾ ਹੈ!

ਟਿੱਕਾਂ ਨੇ ਹੁਣ ਫੇਰ ਉਹ ਚਿੱਠੀ ਕੱਢੀ। ਮੁੜ ਨਵੇਂ ਸਿਰਿਓਂ ਪੜ੍ਹੀ। ਪਹਿਲੀਆਂ ਚਾਰ ਸਤਰਾਂ ਦੇ ਅੱਗੇ ਇਹ ਲਿਖਿਆ ਸੀ:—

ਮਮਤਾ ਮਦ ਅਰੁ ਭਯ ਮੋਹ ਤਜ ਭੈਨ ਹਮਾਰੇ ॥
ਭਜੇ ਹਰੀ ਹਰਿ ਨਾਮ ਸਦਾ ਨਹਿ ਹੋਤ ਬਿਕਾਰੇ ॥

ਇਤਨਾ ਪੜ੍ਹਕੇ ਟਿੱਕਾਂ ਦਾ ਮਨ ਕਿਸੇ ਹੋਰ ਸੋਚ ਵਿਚ ਚਲਾ ਗਿਆ। ਬਾਬਾ ਮੈਨੂੰ 'ਭੈਣ' ਕਿਉਂ ਲਿਖਦਾ ਹੈ? ਮੈਂ ਤਾਂ ਉਸਦੇ ਦਾਸਾਂ ਦੇ ਦਾਸ ਜੇਹੀ ਵੀ ਨਹੀਂ ਹਾਂ। ਮੈਂ ਤਾਂ ਉਸਦੀ ਤਲੀ ਦੀ ਖ਼ਾਕ ਵੀ ਨਹੀਂ ਹਾਂ। ਮੈਂ ਤਾਂ ਉਸ ਦੀ ਗਲੀ ਦਾ ਕੱਖ ਵੀ ਨਹੀਂ ਹਾਂ। ਉਹ ਮੈਨੂੰ ਕਿਉਂ 'ਭੈਣ' ਲਿਖਦਾ ਹੈ? ਮੈਂ ਉਸ ਨੂੰ ਕਿਹਾ ਸੀ ਬਾਬਾ ਮੈਂ ਤੇਰੇ ਕੋਲੋਂ ਚਾਲੀ ਵਰ੍ਹੇ ਛੋਟੀ ਹਾਂ, ਤੂੰ ਮੈਨੂੰ ਭੈਣ ਨਾ ਕਹੁ, ਮੈਂ ਕਿਹਾ ਸੀ ਉਮਰਾ ਨਾਲ ਮੈਂ ਤੇਰੀ ਧੀ ਬਰਾਬਰ ਹਾਂ, ਪਤ ਉਹ ਕਹਿੰਦਾ ਸੀ, ਓ ਭੈਣਾਂ!

---

*੧. ਨਾਹੀ ਤਪੱਸਜਾ ਕਰਨ ਤੇ, ਨਾਹੀ ਦਾਨ, ਤੀਰਥ ਅਸ਼ਨਾਨ ਕਰਨ ਤੇ ਅਤੇ ਨਾਂਹੀ ਪੂਜਾ ਆਚਾਰ ਤੇ ਸੋਚ ਵਿਚ ਸਮਾਉਣ ਨਾਲ (ਹਰੀ ਪ੍ਰਸੰਨ ਹੁੰਦਾ ਹੈ)। ੨. ਉਹ ਹਰੀ ਪ੍ਰਸੰਨ ਉਸ ਤਰ੍ਹਾਂ ਨਹੀਂ ਹੁੰਦਾ, (ਉਹ ਤਾਂ) ਇਉਂ ਹੁੰਦਾ ਹੈ (ਕਿ ਉਸ ਦੇ) ਸੁੰਦਰ ਨਾਮਾਂ ਨੂੰ ਗਾਇਆ ਜਾਏ। ੩.(ਉਸਦੇ) ਗੁਣ ਤੇ ਨਾਮ ਗਾਉਣ ਨਾਲ, ਕਾਨ੍ਹ ਸਿੰਘਜੀ ਇਉਂ ਕਹਿੰਦੇ ਹਨ ਕਿ ਹਰੀ ਦੀ ਸਦਰਸ਼ਤਾ ਹੀ ਪ੍ਰਾਪਤ ਹੋ ਜਾਂਦੀ ਹੈ। ੪. ਅਜਾ ਮਲ ਦਾ ਦ੍ਰਿਸ਼ਟਾਤ (ਪ੍ਰਤੱਖ) ਹੈ, ਜਿਸ ਨੇ 'ਹਰੀ' ਨਾਮ ਗਾਉਣ ਤੇ ਹੀ 'ਹਰੀ' ਪਦਵੀ ਪਾ ਲਈ ਸੀ।

Digitized by Panjab Digital Library | www.panjabdigilib.org

ਇਹ ਗਲ ਨਹੀਂ। ਉਹ ਕਹਿੰਦਾ ਸੀ ਮੈਂ ਜਨਮ ਥੀਂ ਵਿਰੱਕਤ ਹਾਂ, ਵਿਰੱਕਤਾਂ ਦੀਆਂ ਧੀਆਂ ਨਹੀਂ ਹੁੰਦੀਆਂ। ਉਹ ਕਹਿੰਦਾ ਸੀ ਭੈਣਾ ਹੋ ਜਾਣੀਆਂ ਵਿਰੱਕਤਾਂ ਦੇ ਵੱਸ ਦੀ ਗਲ ਨਹੀਂ, ਇਹ ਮਾਪਿਆਂ ਅਧੀਨ ਖੇਡ ਹੈ। ਪਰ ਹੁਣ ਤਾਂ ਉਹ ਵਿਰੱਕਤ ਨਹੀਂ। ਉਹ ਬੜਾ ਗ੍ਰਿਹਸਤੀ ਹੈ। ਉਹ ਧੀ ਅਤੇ ਪੁਤਰ ਦਾ ਵਿਆਹ ਵੀ ਕਰ ਚੁਕਾ ਹੈ। ਪਰ ਇਹ ਭੈਣ ਵਾਲੀ ਖੇਡ ਉਸਨੇ ਇਤਨੀ ਪੱਕੀ ਕਰ ਦਿਤੀ ਹੈ, ਕਿ ਉਹ ਨਿਰੀ ਇਕ ਵੇਰ 'ਭੈਣ' ਲਿਖਕੇ ਬੱਸ ਨਹੀਂ ਕਟਦਾ, ਇਕ ਇਕ ਸਤਰ ਵਿਚ ਤਿੰਨ ਤਿੰਨ ਵੇਰ ਬੈਹਨ, ਸਹੋਦਰ, ਭਗਨੀ ਲਿਖ ਦੇਂਦਾ ਹੈ। ਏਸ ਚਿੱਠੀ ਦੇ ਸ਼ੁਰੂ ਵਿਚ ਵੀ 'ਸੁਨ ਬੈਹਨ ਸਹੋਦਰ ਤੂ ਭਗਨੀ ਸੁਨੀਓ ਮਨ ਲਾਈ', ਮੈਨੂੰ ਅਪਣੇ ਲਈ 'ਭੈਣ' ਸੁਣਕੇ ਸ਼ਰਮ ਆਉਂਦੀ ਹੈ। ਪਰ ਹਾਂ, ਸੱਚੀਂ ਜੇ ਉਹ ਮੈਨੂੰ ਧੀ ਬਣਾਵੇ ਤਾਂ ਉਹਨੂੰ ਜਵਾਈ ਕੋਲੋਂ ਸ਼ਰਮ ਆਏਗੀ। ਏਹੋ ਗਲ ਹੋਣੀ ਹੈ, ਹਾਇ ਲਿਖੀਆਂ!

ਟਿੱਕਾ ਨੇ ਚਿੱਠੀ ਅਗਾਹਾਂ ਪੜ੍ਹਨੀ ਸ਼ੁਰੂ ਕੀਤੀ: -

"ਸ੍ਰੀ ਸ੍ਰੀ ਸ੍ਰੁਬ ਉਪਮ ਪਾਇ ਸੁਨੋ ਚਿਤੁ ਲਾਇ ਕਹੋਂ ਸਤਿ ਭਾਇ ਸੁਨੋ ਤੁਮ ਭੈਨਾ!
ਰਾਮ ਕੋ ਨਾਮ ਸੁਨਜੋ ਤਤਸਾਰ ਕਹਜੋ ਮੈ ਪੁਕਾਰ ਜਪੋ ਦਿਨ ਰੈਨਾ।
ਰਾਮ ਕੋ ਨਾਮ ਸੋ ਆਨ ਜੋ ਚਾਹਤ ਲੋਕ ਦੁਖੀ ਪਰਲੋਕ ਦੁਖੈਨਾ।
ਧ੍ਰੂ ਪ੍ਰਹਲਾਦ ਜਪਜੋ ਇਹ ਜਾਨ ਵਸੈ ਸੁਖਧਾਮ ਜਹਾਂ ਦੁਖ 'ਭੈ' ਨਾ।"

"ਇਤਨਾ ਪੜ੍ਹਕੇ ਟਿੱਕਾ ਕਹਿਣ ਲੱਗੀ, ਓਹੋ! ਹੁਣ ਮੈਨੂੰ ਪਤਾ ਲਗਾ ਉਹ ਮੈਨੂੰ 'ਭੈਨਾ' 'ਭੈਨਾ' ਕਰਕੇ ਕਿਉਂ ਸੱਦਦਾ ਹੈ, ਉਹ ਕਹਿੰਦਾ ਹੈ 'ਭੈ' ਨਾ। ਉਹ ਠੀਕ ਕਹਿੰਦਾ ਹੈ....."ਵਸੈ ਸੁਖ ਧਾਮ ਜਹਾਂ ਦੁਖ ਭੈ ਨਾ"।

ਏਸਤਰ੍ਹਾਂ ਆਪਣੇ ਆਪ ਨਾਲ ਗਲਾਂ ਕਰਦੀ ਟਿੱਕਾ ਚਿੱਠੀ ਪੜ੍ਹ ਗਈ। ਫੇਰ ਬਾਬੇ ਦੀ ਰਾਮਾਯਣ ਦੀ ਪੋਥੀ ਸ਼ੁਰੂ ਕਰ ਦਿੱਤੀ:-

ਕਬਿੱਤ-ਬੇਦ ਨ ਲਖਤ ਭੇਦ, ਖੇਦ ਕਰ ਥਾਕੇ ਮੁਨੀ, ਗੁਨੀ ਗੂਢ ਗਾਨ ਕੈ ਕੈ ਨੇਤ ਹੀ ਉਚਾਰਜੋ ਹੈ।
ਸ਼ਿਵ, ਸ਼ੇਖ, ਸਾਰਦਾ ਸਮੂਹ ਸੁਰ ਸੈਨਪਾਲ ਧਾਰਤ ਹੈ ਧਯਾਨ ਕਛੁ ਪਾਰ ਨਹਿ ਪਾਰਜੋ ਹੈ।
ਅਸੁਰੇਂਦ੍ਰ ਜੁਝ ਥਾਕੇ, ਬਲੀ ਬੀਰ ਬਡੇ ਥਾਕੇ, ਬਾਰਿਨ ਬੁਡਤ ਬਾਰਿ ਜਾਂਹੀ ਨੇ ਉਬਾਰਜੋ ਹੈ।
ਸੋਊ ਅਬ ਸ਼ਜਾਮਘਨ ਕੀਨੇ ਮੈ ਚਾਤ੍ਰਿਕ ਮਨ ਕਾਨ ਜੋ ਮ੍ਰਿਗਿੰਦ ਬ੍ਰਿੰਦ ਕਾਰਜ ਸਵਾਰਜੋ ਹੈ*।

ਟਿੱਕਾ ਨੂੰ ਅੱਜ ਮੰਜੀ ਉਪਰ ਪਿਆ ਦਸਵਾਂ ਦਿਨ ਸੀ, ਪੈਰ ਅਜੇ ਲੋਗੜ ਵਿਚ ਬੱਝਾ ਹੋਇਆ ਸੀ, ਪਰ ਇਹ ਮੰਜੇ ਉਪਰ ਲੇਟੀ ਹੋਈ ਵੀ ਪੋਥੀਆਂ ਪੜ੍ਹਦੀ ਰਹਿੰਦੀ। ਇਸਦਾ ਪਿਤਾ ਭਾਈ ਖੁਸ਼ਾਲ ਸਿੰਘ ਜੋ ਬਾਬੇ ਦੇ ਸੋਹਰੇ ਦਾ ਦੂਰੋਂ ਨੇੜਿਓਂ ਮਾਸੜ ਲਗਦਾ ਸੀ ਇਕ ਪੜ੍ਹਿਆ ਲਿਖਿਆ ਪ੍ਰੇਮੀ ਪੁਰਸ਼ ਸੀ। ਛੋਟੀ ਉਮਰ ਵਿਚ ਹੀ ਏਸ ਨੇ ਟਿੱਕਾ ਨੂੰ ਗੁਰ ਬਿਲਾਸ ਤੇ ਰਾਮਾਯਣ ਆਦਿਕ ਪੁਸਤਕਾਂ ਦਾ ਪਾਠ

---

*੧. ਵੇਦ (ਥੀ ਉਸਦਾ) ਭੇਦ ਨਹੀਂ ਜਾਣਦਾ, ਮੁਨੀ ਘਾਲ ਕਰ ਕਰ ਥੱਕ ਗਏ ਹਨ ਤੇ ਗੁੱਝੇ ਗੁਣੀਆਂ ਨੇ (ਉਸਦਾ ਜਸ) ਗਾ ਗਾ ਕੇ (ਅੰਤ ਉਨ੍ਹਾਂ ਨੇ ਥੀ) ਨੇਤ ਨੇਤ ਹੀ ਕਿਹਾ ਹੈ।
੨. ਸ਼ਿਵ, ਸ਼ੇਸ਼ਨਾਗ, ਸਰਸ੍ਵਤੀ, ਸਾਰੇ ਦੇਵਤੇ ਤੇ ਦਿਸ਼ਾਪਾਲ ਉਸਦਾ ਧਿਆਨ ਧਰਦੇ ਹਨ (ਪਰ) ਪਾਰ (ਉਹ ਥੀ ਕੁਛ ਨਹੀਂ ਪਾ ਸਕੇ)। ੩. (ਕੰਸ ਤੇ ਮੁਰ ਵਰਗੇ) ਦੈਂਤਾਂ ਦੇ ਬੜੇ ਥਾਕੇ, ਬਲੀ ਤੇ ਬੀਰ ਰਾਜੇ (ਜਿਸ ਨਾਲ) ਲੜ ਲੜਕੇ ਥੱਕ ਗਏ, ਜਲ ਵਿਚ ਡੁਬ ਰਹੇ ਹਾਥੀ ਨੂੰ ਜਿਸਨੇ ਬਚਾਇਆ ਹੈ (ਭਾਵ ਤੰਦੂਏ ਤੋਂ ਗਜ ਛੁਡਾਯਾ) [ਬਾਰਿਨ=ਹਾਥੀ। ਬਾਰਿ=ਜਲ]। ੪. ਓਸ ਕ੍ਰਿਸ਼ਨ (ਦੇ ਪ੍ਰੇਮ ਵਿਚ) ਮੈਂ ਹੁਣ ਆਪਣਾ ਮਨ ਚਾਤ੍ਰਿਕ ਵਣਾ ਲਿਆ ਹੈ, ਕਾਨ੍ਹ ਸਿੰਘ ਜੀ ਕਹਿੰਦੇ ਹਨ (ਉਸ ਨੇ) ਸਭ ਦੇ ਕਾਰਜ ਰਾਸ ਕੀਤੇ ਹਨ। (ਯਾ ਮੇਰੇ) ਸਾਰੇ ਕਾਰਜ ਸੁਵਾਰੇ ਹਨ।

Digitized by Panjab Digital Library | www.panjabdigilib.org

ਅਰਥਾਂ ਸਹਿਤ ਕਰਵਾਇਆ ਸੀ। ਇਹੋ ਪੁਸਤਕਾਂ ਟਿੱਕਾਂ ਦਾ ਜੀਵਨ ਆਧਾਰ ਸਨ। ਟਿੱਕਾਂ ਦੇ ਕੋਈ ਔਲਾਦ ਨਹੀਂ ਸੀ; ਸਹੁਰੇ ਏਸ ਕਰਕੇ ਇਸ ਨੂੰ ਨਫਰਤ ਕਰਦੇ ਸਨ। ਬਾਬਾ ਵੀ ਏਸ ਪੜ੍ਹੀ ਲਿਖੀ ਕੁੜੀ ਨੂੰ ਬੱਚਿਆਂ ਵਾਸਤੇ ਕੋਈ ਦਵਾਈ ਨਹੀਂ ਸੀ ਦੇਂਦਾ। ਉਹ ਇਸਦੀ ਅਕਲ ਤੇ ਵਿਦਜਾ ਦੇਖਕੇ ਇਸਨੂੰ ਮੋਹ ਮਾਇਆ ਦੇ ਅੰਧੇਰ ਤੋਂ ਬਚੇ ਰਹਿਣ ਦਾ ਉਪਦੇਸ਼ ਹੀ ਕਰ ਛਡਦਾ ਸੀ।

ਟਿੱਕਾਂ ਦੀ ਚਿੱਠੀ ਦੇ ਨਾਲ ਇਕ ਰੁੱਕਾ ਬੀਬੀ ਆਸਾ ਦੇਈ ਵਲ ਸੀ ਜੋ ਦੋੜੇ ਦਿਨ ਪਹਿਲੇ ਆਇਆ ਸੀ ਤੇ ਜਿਸ ਨੂੰ ਟਿੱਕਾ ਨੇ ਸੰਭਾਲ ਕੇ ਰਾਮਾਯਣ ਦੀ ਪੋਥੀ ਵਿਚ ਹੀ ਰੱਖ ਛੱਡਿਆ ਸੀ।ਆਸਾ ਦੇਈ ਨੇ ਦਵਾਈ ਦੀ ਮੰਗ ਕੀਤੀ ਸੀ ਟਿੱਕਾਂ ਵਾਸਤੇ ਕਿ ਉਸਦੇ ਔਲਾਦ ਹੋਵੇ। ਰੁੱਕਾ ਏਸਤਰ੍ਹਾਂ ਸੀ--

ਸ੍ਰੀ ਸ੍ਰੀ ਸੂਬ ਉਪਮਾ ਜੋਗ ਬੀਬੀ ਆਸਾ ਦੇਈ ਤੇ ਬੀਬੀ ਰਾਧੀ ਪਾਸੇ ਤੇ ਮਤਾਬ ਕੌਰ ਪਾਸੇ ਤੇ ਮੋਹਰ ਸਿੰਘ ਤੇ ਪ੍ਰਤਾਪ ਸਿੰਘ ਤੇ ਜੁਵਾਲੀ ਦੇਈ ਤੇ ਬਿਸ਼ਨ ਦੇਈ ਹੋਰ ਸੂਬਤ ਮਾਮੀ ਤੇ ਮਾਮੇ ਸੁੱਖੇ ਪਾਸੇ ਭਾਈ ਕਾਨ ਸਿੰਘ ਦੀ ਵਾਹਿਗੁਰੂ ਜੀ ਕੀ ਫਤੇ ਵਾਚਣੀ। ਹੋਰ ਅਸਾਂ ਬੰਨੇ ਸੁਖ ਹੈ, ਤੁਸਾਡੀ ਸੁਖ ਗੁਰੂ ਰਾਮਦਾਸ ਪਾਸੋਂ ਮੰਗਦੇ ਹਾਂ। ਹੋਰ ਬਾਵੇ ਈਸ਼ਰ ਦਾਸ ਤੇ ਤਾਰਾ ਦਾਸ ਜੋਗ ਮੱਥਾ ਟੇਕਣਾ। ਹੋਰ ਭਾਈ ਨਿਹਾਲ ਸਿੰਘ ਤੇ ਧੁੰਨਾ ਮਿਸਰ ਨੂੰ ਮੱਥਾ ਟੇਕਣਾ। ਹੋਰ ਭਾਈ ਸਾਹਿਬ ਜੋਗ ਮੱਥਾ ਟੇਕਣਾ। ਹੋਰ ਭਾਈ ਕੁਸ਼ਾਲ ਸਿੰਘ ਜੋਗ ਮੱਥਾ ਟੇਕਣਾ। ਹੋਰ ਟਿੱਕਾਂ ਤੇ ਜੇਸੇ ਤੇ ਭਾਈਆ ਤੇ ਸੋਨੇ ਦੇ ਦੰਦਾ ਵਾਲੀ ਨੂੰ ਰਾਮ ਰਾਮ ਕਹਿਣੀ। ਹੋਰ ਸੋਭੀ, ਸੱਦਾਂ, ਰੁੱਕਾ ਜਵਾਲੀ ਨੂੰ ਰਾਮ ਰਾਮ ਕਹਿਣੀ।

ਹੋਰ ਬੀਬੀ ਆਸਾ ਦੇਈ ਜੋਗ ਸੁਨੇਹਾ ਪਹੁੰਚੇ--

"ਮਨ ਤਨ ਤਾਹ ਸਮਰਪ ਕੈ ਧਰੇ ਧਜਾਨ ਤਾ ਪਾਦ।
ਬੰਧਨ ਤੁਮਰੇ ਜਗਤ ਮੈ ਕਟ ਹੈਂ ਤਿਹ ਪਰਸਾਦ।
ਸਖੀ ਤੁਮਾਰੀ ਜੋ ਅਹੈ ਸਿਖਲਾਈਓ ਇਹ ਰੀਤ।
ਚਰਨ ਚੇਤ ਰਘੁਨਾਥ ਕੇ ਭਲੀ ਤੁਮਾਰੀ ਪ੍ਰੀਤ।"

ਟਿੱਕਾਂ ਦੀ ਪੋਥੀ ਹੁਣ ਬੰਦ ਸੀ ਤੇ ਉੱਚੀ ਸੁਰ ਨਾਲ ਜ਼ੁਬਾਨੀ ਪੜ੍ਹ ਰਹੀ ਸੀ:--

ਕਬਿੱਤ -ਅਚਲ ਅਨੰਤ ਬਲ ਸੋਭਤਿ ਹੈ ਜਲਥਲ ਅਮਲ ਕਮਲ ਪਦ ਸੇਸ ਸੇ ਸਰਾਹਤੇ।
ਅੰਬੁਜ ਤਨੁਜ ਸਿਵ ਪਾਵਤ ਨ ਤਾਂਕੋ ਭਿਵ ਸੁਰ ਨਰ ਮੁਨਿ ਗਨ ਪੇਖਿਬੇ ਕੋ ਆਹਤੇ।
ਜਪਤ ਹੀ ਜਾਂਕੋ ਜਾਪ ਤਾਪ ਕੇ ਕਲਾਪ ਨਾਸੇ ਅਸੁਰਨ ਖਾਪ ਦਾਪ ਦੁੱਜਨ ਕੋ ਦਾਹਤੇ।
ਕਾਨ ਜੂ ਮ੍ਰਿਗਿੰਦ ਇੰਦੁ ਅਨੁਜਾ ਕੇ ਪ੍ਰਾਨਪਤਿ ਸਤਿ ਰੂਪ ਭੂਪ ਮੁਨਿ ਗੁਨਨ ਕੋ ਗਾਹਤੇ*॥੪੭॥

ਟਿੱਕਾਂ ਇਹ ਪੜ੍ਹ ਰਹੀ ਸੀ ਕਿ ਭਾਈ ਖੁਸ਼ਾਲ ਸਿੰਘ ਨੇ ਬਾਹਰੋਂ ਆਵਾਜ਼ ਲਾਈ: ਟਿੱਕਾ ਬਾਬਾ ਜੀ ਆ ਗਏ।

---

*੧. ਉਸਦਾ ਬਲ ਅਚਲ ਤੇ ਬੇਅੰਤ ਜਲ ਥਲ ਵਿਖੇ ਸ਼ੋਭ ਰਿਹਾ ਹੈ, ਉਸ ਦੇ ਨਿਰਮਲ ਕਮਲ ਵਰਗੇ ਚਰਨਾਂ ਨੂੰ ਸ਼ੇਸ਼ਨਾਗ ਵਰਗੇ ਸਲਾਹੁੰਦੇ ਹਨ। ੨. ਬ੍ਰਹਮਾ ਤੇ ਸ਼ਿਵ ਉਸਦਾ ਭੇਦ ਨਹੀਂ ਪਾ ਸਕਦੇ, ਦੇਵਤੇ ਨਰ ਤੇ ਮੁਨੀ ਉਸ ਦੇ ਦਰਸ਼ਨਾਂ ਨੂੰ ਸਿੱਕਦੇ ਹਨ।[ਅੰਬੁਜ ਤਨੁਜ=ਕਵਲ ਪੁਤ੍ਰ, ਬ੍ਰਹਮਾ] ੩. ਜਿਸਦੇ ਜਾਪ ਨੂੰ ਜਪਣ ਨਾਲ ਤਾਪਾਂ ਦੇ ਸਮੂੰਹ ਨਾਸ਼ ਹੋ ਜਾਂਦੇ ਹਨ, ਉਹ ਅਸੁਰਾਂ ਨੂੰ ਨਾਸ਼ ਕਰਨ ਵਾਲੇ ਤੇ ਦੁਰਜਨਾਂ ਦੇ ਹੰਕਾਰ ਸਾੜਨ ਵਾਲੇ ਹਨ। [ਕਲਾਪ=ਸਮੂਹ। ਦਾਪ=ਦਰਪ, ਹੰਕਾਰ] ; ੪. ਕਵੀ ਕਾਨ੍ਹ ਸਿੰਘ (ਜੀ ਕਹਿੰਦੇ ਹਨ ਕਿ) ਚੰਦ੍ਰਮਾ ਦੀ ਭੈਣ (ਲਛਮੀ) ਦੇ ਪ੍ਰਾਣਪਤੀ ਸਤਿਸਰੂਪ (ਵਿਸ਼ਨੂ ਜੀ) ਦੇ ਗੁਣਾਂ ਨੂੰ ਰਾਜੇ ਤੇ ਮੁਨੀ ਗਾ ਰਹੇ ਹਨ। [ਇੰਦੂ=ਚੰਦ੍ਰਮਾ। ਇੰਦੂ ਅਨੁਜਾ=ਚੰਦ੍ਰਮਾ ਦੀ ਭੈਣ ਲੱਛਮੀ, ਜੋ ਵਿਸ਼ਨੂੰ ਜੀ ਦੀ ਇਸਤ੍ਰੀ ਮੰਨੀ ਜਾਂਦੀ ਹੈ]।

Digitized by Panjab Digital Library | www.panjabdigilib.org

੨੬.

ਅੰਮ੍ਰਿਤਸਰ ਵਿਚ ਕਨੱਯਾ ਦੇ ਕਟੜੇ ਭਾਈ ਹਜ਼ਾਰਾ ਸਿੰਘ ਨਾਮ ਦੇ ਪ੍ਰਸਿੱਧ ਗ੍ਯਾਨੀ ਰਹਿੰਦੇ ਸਨ* । ਆਪ ਬੜੇ ਵਿਦ੍ਵਾਨ ਸਨ ਤੇ ਲੋਕ ਆਪ ਨੂੰ ਪੰਡਿਤ ਹਜ਼ਾਰਾ ਸਿੰਘ ਕਰਕੇ ਵੀ ਸੱਦਦੇ ਸਨ । ਬਾਬੇ ਦਾ ਤੇ ਗ੍ਯਾਨੀ ਜੀ ਦਾ ਗੂੜ੍ਹਾ ਪ੍ਰੇਮ ਸੀ । ਸੰਨ ੧੮੬੯ ਈ: ਦੇ ਕਰੀਬ ਗ੍ਯਾਨੀ ਜੀ ਦੀ ਸਪੁੱਤ੍ਰੀ ਸ੍ਰੀ ਬੀਬੀ ਉੱਤਮ ਕੌਰ ਦਾ ਵਿਆਹ ਬਾਬੇ ਦੇ ਹੋਣਹਾਰ ਸਪੁੱਤ੍ਰ, ਜੋ ਪਿਛੋਂ ਡਾਕਟਰ ਚਰਨ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ, ਨਾਲ ਹੋਇਆ ।

ਗ੍ਯਾਨੀ ਹਜ਼ਾਰਾ ਸਿੰਘ ਜੀ ਤਾਲੀਮੀ ਕੰਮ ਕਰਦੇ ਸਨ, ਆਪ ਦਾ ਨਾਮ ਉਨ੍ਹਾਂ ਲੇਖਕਾਂ ਵਿਚੋਂ ਮੋਹਰੀ ਹੈ, ਜਿਨ੍ਹਾਂ ਨੇ ਸਕੂਲਾਂ ਵਿਚ ਗੁਰਮੁਖੀ ਪੜ੍ਹਨ ਪੜ੍ਹਾਉਣ ਦਾ ਮੁੱਢਲਾ ਜਤਨ ਕੀਤਾ ਤੇ ਗੁਰਮੁਖੀ ਵਿਚ ਤਾਲੀਮੀ ਪੁਸਤਕਾਂ ਦੇ ਬਣਾਉਣ ਦਾ ਪਹਿਲਾ ਸਿਲਸਿਲਾ ਜਾਰੀ ਕੀਤਾ† ।

ਜਿਸ ਵੇਲੇ ਦਾ ਅਸੀਂ ਜ਼ਿਕਰ ਰਹੇ ਹਾਂ ਉਸ ਵੇਲੇ ਡਾਕਟਰ ਚਰਨ ਸਿੰਘ ਜੀ ਦੀ ਉਮਰ ਕੋਈ ਉੱਨੀ ਕੁ ਬਰਸ ਦੀ ਸੀ‡। ਸ਼ਾਦੀ ਹੋਇਆਂ ਤਕਰੀਬਨ ਤਿੰਨ ਸਾਲ ਹੋ ਚੁਕੇ ਸਨ । ਆਪਣੇ ਦਵਾ ਦਾਰੂ ਦੇ ਕਮਾਮ ਵਿਚ ਤੀਬਰ ਬੁੱਧੀ ਤੋਂ ਸਿਵਾ ਡਾਕਟਰ ਸਾਹਿਬ ਦੀ ਰੁਚੀ ਸਾਹਿਤ੍ਯ ਵਿਚ ਬੜੀ ਤੀਖਣ ਸੀ । ਕਾਵ੍ਯ ਰਚਨਾ ਵਿਚ ਤਾਂ ਆਪ ਨੇ ਸ਼ੁਰੂ ਤੋਂ ਹੀ ਆਪਣੀ ਬੁੱਧਿ ਦਾ ਚਮਤਕਾਰ ਦਿਖਾ ਦਿੱਤਾ ਸੀ । ਅੱਜ ਕੱਲ ਉਹ ਅੱਖਰਾਂ ਉਪਰ ਅਤੇ ਸ਼ਬਦਾਂ ਦੇ ਵਹਤਾਉ ਉਪਰ ਆਪਣਾ ਪੂਰਾ ਅਧਿਕਾਰ ਸਮਝਦੇ ਸਨ ਤੇ ਆਪਣੀ ਸ਼ਬਦ ਸ਼ਕਤਿ ਪਰਖਣ ਲਈ ਦੋਹੇ ਘੜਦੇ ਰਹਿੰਦੇ ਸਨ । ਪਹਿਲਾ ਦੋਹਾ ਏਸ ਤਰ੍ਹਾਂ ਦਾ ਘੜਿਆ:—

ਖਿਮਾ ਸ਼ਜ਼ਾਨਾ ਸ਼ਤਾ ਖੈ ਖੁਸ਼ਜਨ ਸ਼ਸਮ ਪਨਾਹਿ।
ਖ਼ੈਰ ਖ਼ਰਾਯਤ ਖ਼ੁਸ਼ ਚੁਬਾਂ ਖ਼ਲਕਤ ਖ਼ਤਮ ਗਵਾਹਿ ।

ਦੋਹਾ

ਤਮਾ ਤੇਗ਼ ਤੀਛਨ ਤਬਾ ਤੁਰਤ ਤਨੇ ਤਰਫਾਇ ।
ਸਬਰ ਸਿਪਰ§ ਸਤਿਗੁਰ ਦਈ ਸਦਾ ਸਰੋਰ ਸਹਾਇ ।

ਵਰਣ ਮਾਲਾ ਦੇ ਅੱਖਰ ਉਨ੍ਹਾਂ ਦੇ ਹੱਥ ਵਿਚ ਐਸ ਤਰ੍ਹਾਂ ਆ ਗਏ ਸਨ ਕਿ ਜਿਸਤਰ੍ਹਾਂ ਮਦਾਰੀ ਦੇ ਹੱਥ ਗੋਲੀਆਂ ਹੁੰਦੀਆਂ ਹਨ, ਜੋ ਉਨ੍ਹਾਂ ਨਾਲ ਕਿਸਮ ਕਿਸਮ ਦੇ ਹੱਥ ਦੇ ਕਰਤਬ ਕਰਦਾ ਰਹਿੰਦਾ ਹੈ:—

ਜੇ ਚਰ ਹੋਵੈ ਜੇਬ ਮਹਿ ਹੋਵਤ ਚੇਬ¶ ਜਹਾਨ ।
ਚਰ ਬਿਨ ਜੇਬ ਨ ਚੇਬ¶ ਤਿਸ ਕੈਸੇ ਚਤੁਰ ਸਿਆਨ ।

---

*ਗ੍ਯਾਨੀ ਜੀ ਦੇ ਪਿਤਾ ਭਾਈ ਸਾਵਣ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੀਏ ਸਨ ਤੇ ਪਿੱਛੋਂ ਹੜੱਪੇ ਦੇ ਰਹਿਣ ਵਾਲੇ ਸਨ ।

†ਏਸ ਲੜੀ ਵਿਚ ਆਪ ਨੇ ਇਹ ਪੁਸਤਕਾਂ, ਜੈਸੀ ਜੈਸੀ ਜ਼ਰੂਰਤ ਬਣਦੀ ਗਈ, ਰਚੀਆਂ:- ਪੰਜਾਬ ਭੂਗੋਲ, ਹਿੰਦ ਭੂਗੋਲ ਮੰਜਰੀ, ਭੂਗੋਲ ਦਰਪਣ, ਪ੍ਰਿਥਮ ਗਣਤ, ਹਿਸਾਬ ਦਾ ਦੂਜਾ ਹਿੱਸਾ, ਹਿੰਦ ਦਾ ਸੁਗਮ ਇਤਿਹਾਸ, ਇਤਿਹਾਸ ਪ੍ਰਸ਼ਨੋਤ੍ਤਰੀ, ਗੁਰਮੁਖੀ ਪ੍ਰਕਾਸ਼, ਦੁਲਹਨ ਪਤ੍ਰਿਕਾ, ਹਜ਼ੂਰੀ ਬਾਗ (ਬੋਸਤਾਨ ਭਾਸ਼ਾ), ਭੂਗੋਲ ਜ਼ਿਲਾ ਲਾਹੌਰ, ਭੂਗੋਲ ਰਾਵਲਪਿੰਡੀ, ਭੂਗੋਲ ਗੁਜਰਾਂਵਾਲਾ । ਦੁਲਹਨ ਦਰਪਨ।ਇਨ੍ਹਾਂ ਤੋਂ ਛੁਟ ਆਪ ਨੇ ਸ੍ਰੀ ਗੁਰੂ ਗ੍ਰੰਥਕੋਸ਼,ਟੀਕਾ ਵਾਰਾਂ ਭਾਈ ਗੁਰਦਾਸ ਆਦਿਬੀ ਤਿਆਰਕੀਤੇ।

‡ਅਸੀਂ ਪਿਛੇ ਦੱਸ ਆਏ ਹਾਂ ਕਿ ਆਪ ਦਾ ਜਨਮ ਸੰਨ ੧੮੫੩ ਈ: ਵਿਚ ਹੋਇਆ ਸੀ ।

§ਸਬਰ ਦੀ ਢਾਲ । ¶ਸ਼ੋਭਾ, ਸੁੰਦਰ।

Digitized by Panjab Digital Library | www.panjabdigilib.org

ਤਮਾ* ਤਗਾਰੀ† ਦੇਤ ਸਿਰ, ਤਮਾ ਕਟਾਵਤ ਸੀਸ।
ਤਮਾ‡ ਤਜਾਗ ਜਿਸ ਨੇ ਕੀਆ ਸੋ ਮੂਰਤ ਜਗਦੀਸ਼।
ਕਾਹੇ ਪੀਟਤ ਪੇਟ ਹਿਤ ਪੇਟ ਪੂਰ ਪ੍ਰਭ ਕਾਜ।
ਪੇਟੇ ਮੈ ਪੇਟ ਪੂਰਿਓ§ ਅਬ ਬੁਰ ਗਯੇ ਅਨਾਜ?

ਇਹ ਦੋਹੇ ਲਿਖ ਲਿਖੜੇ ਡਾਕਟਰ ਸਾਹਿਬ ਗਿਆਨੀ ਹਜ਼ਾਰਾ ਸਿੰਘ ਨੂੰ ਦੇ ਦੇ'ਦੇ ਸਨ ਬਹੁਤ ਪ੍ਰਸੰਨ ਹੁੰਦੇ। ਗਿਆਨੀ ਜੀ ਆਪ ਵਿਹਲੇ ਵਕਤ ਫਾਰਸੀ ਦੀਆਂ ਕਿਤਾਬਾਂ ਦਾ ਤਰਜਮਾ ਕਰਦੇ ਰਹਿੰਦੇ ਸਨ। ਡਾਕਟਰ ਸਾਹਿਬ ਭੀ ਅਰਬੀ ਤੇ ਫਾਰਸੀ ਦੀਆਂ ਕਈ ਉਕਤੀਆਂ ਨੂੰ ਭਾਸ਼ਾ ਵਿਚ ਝਟ ਪਟ ਉਲਥਾ ਦੇ'ਦੇ ਸਨ¶।ਕਈ ਦੋਹੇ ਸੰਸਕ੍ਰਿਤ ਖਿਆਲਾਂ ਦੇ ਪ੍ਰਭਾਵ ਹੇਠ ਰਚੇ ਗਏ॥ ।

ਇਹ ਦੋਹੇ ਮੁੱਦਤ ਤੱਕ ਬਣਦੇ, ਭਜਦੇ, ਘੜੀ'ਦੇ, ਉਧਰੀ'ਦੇ, ਦਰੁਸਤ ਹੁੰਦੇ ਰਹੇ। ਇਨ੍ਹਾਂ ਵਿਚ ਕੋਈ ਖਾਸ ਖਿਆਲਾਂ ਦੀ ਡੂੰਘਾਈ ਦਾ ਨਿਸ਼ਾਨਾ ਨਹੀਂ ਸੀ ਪ੍ਰੰਤੂ ਸ਼ਬਦਾਂ ਦੀ ਅਨੁਪ੍ਰਾਸਤਾ ਦੀ ਮਸ਼ਕ ਸੀ ਜੋ ਇਕ ਬੜੀ ਦਿਲਚਸਪ ਖੇਡ ਬਣ ਗਈ ਸੀ✧।

ਕੁਛ ਮੁੱਦਤ ਬਾਦ ਐਸੇ ਦੋਹਿਆਂ ਦਾ ਇਕ ਸੰਚਾ ਤਿਆਰ ਹੋ ਗਿਆ ਜਿਨ੍ਹਾਂ ਵਿਚੋਂ ਕਈ ਉਸ ਵੇਲੇ ਦੀਆਂ ਪ੍ਰਚਲਤ ਲੋਕ ਉਕਤੀਆਂ ਦੇ ਅਧਾਰ ਉਪਰ ਸਨ▣ । ਕਈਆਂ ਵਿਚ ਬੁਝਾਰਤਾਂ ਭਰੀਆਂ ਹੋਈਆਂ ਸਨ□। ਕਈ ਇਤਨੇ ਮੁਸ਼ਕਲ ਹਨ ਕਿ ਸਮਝ ਤੋਂ ਪਰੇ ਹੋ ਗਏ ਹਨ ਤੇ ਕਈਆਂ ਦੇ ਮੁੱਢਦਾ

---

*ਲਾਲਚ । †ਟੋਕਰੀ ਯਾ ਕੜਾਹੀ, ਗਾਰਾ ਢੋਣ ਵਾਲੀ। ‡ਤਮੋਗੁਣ ।

§ਗਰਭ ਵਿਚ ਪਏ ਹੋਏ ਦਾ ਪੇਟ ਵੀ ਭਰ ਦਿਤਾ ਜਾਂਦਾ ਸੀ।

¶ਇਸ ਦੀ ਮਿਸਾਲ ਇਹ ਹੈ:–

ਦਾਨਾ ਸੋਂ ਦਾਨਾ ਮਿਲੇ ਹਸ ਹਸ ਪੂਛੇ ਬਾਤ। ਮੂਰਖ ਸੋਂ ਮੂਰਖ ਮਿਲੇ ਕੇ ਗਾਰੀ ਕੇ ਲਾਤ।
ਦਾਨਾ ਸੋਂ ਦਾਨਾ ਲਰੇ ਟੂਟੈ ਨਾਹੀ ਤਾਰ । ਮੂਰਖ ਸੋਂ ਮੂਰਖ ਭਿੜੇ ਸੰਗਲ ਟੂਕੜੇ ਚਾਰ।

॥ਮਸਲਨ–ਗੁਣ ਵਾਰੋ ਸੰਪਤ ਲਹੈ ਲਹੈ ਨ ਗੁਣ ਬਿਨ ਕੋਇ।
ਕਾਢਹਿ ਨੀਰ ਪਤਾਲ ਤੇ ਜੋ ਘਟ ਗੁਣ ਯੁਤ ਹੋਇ।

ਅਰਥਾਤ–ਗੁਣ ਵਾਲਾ ਹੀ ਸੰਪਤਿ ਲੈਂਦਾ ਹੈ, ਜਿਸ ਕੋਲ ਗੁਣ ਨਹੀਂ ਉਹ ਖਾਲੀ ਰਹਿ ਜਾਂਦਾ ਹੈ, ਉਹ ਘੜਾ ਜਿਸ ਨਾਲ ਗੁਣ ਹੈ (ਗੁਣ=ਰੱਸੀ) ਪਤਾਲ ਤੋਂ ਵੀ ਪਾਣੀ ਕੱਢ ਲੈ'ਦਾ ਹੈ।

✧ਔਰ ਕਿਸੀ ਕੀ ਕਜਾ ਕਹੁੰ ਕਹਰ ਕਰਤ ਕਰਤਾਰ। ਕੰਚਨਿ ਕੰਚਨ ਕਮੀ ਨਹਿੰ ਪੰਡਤ ਪੰਡ ਤਯਾਰ।
[ਕੰਚਨਿ=ਗਣਿਕਾ । ਕੰਚਨ=ਸੋਨਾ ।]

▣ਗੋਲੀ ਤੇ ਬੋਲੀ ਬੁਰੀ ਤੁਰਤ ਤਨੇ ਤੜਫਾਇ। ਬਿਨ ਦਾਰੂ ਬਿਨਸਨ ਕੀਯੇ ਬਿਨਾ ਆਗ ਜਲ ਜਾਇ।
ਜਾ ਸਿਰ ਦੀਨੋ ਡਾਰ ਮਹਿੰ ਪਾਈ ਸਬਜ਼ ਬਹਾਰ । ਅਬ ਸ਼ਾਖੇਂ ਗਰਬਤ ਭਈ ਦਾਤੀ ਭਈ ਤਯਾਰ।

ਦਾਤੀ–ਦੇਤੀ ਕੱਟਣ ਵਾਲੀ ਦਾਤ੍ਰੀ। ਬੀਜ ਨੂੰ ਸੁਆਹ ਵਿਚ ਬੀਜਦੇ ਹਨ ਜਿਸ ਨਾਲ ਉਹ ਹਰਾ ਭਰਾ ਹੋ ਜਾਂਦਾ ਹੈ। ਹੰਕਾਰ ਵਿਚ ਉਗ ਰਹੀਆਂ ਟਾਹਣੀਆਂ ਲਈ ਫੇਰ ਦਾਤਰੀ ਤਿਆਰ ਹੋ ਜਾਂਦੀ ਹੈ।

□ਆਧੀ ਮ੍ਰਿਗ ਕੀ ਨਾਭ ਮਹਿ ਆਧੀ ਬ੍ਰਹਮ ਪਾਸ। ਸਾਰੇ ਬਾਗ ਅਤਾਰ ਕੇ ਸਮਝੇ ਚਤੁਰ ਸੁ ਭਾਸ।
ਮ੍ਰਿਗ ਕੀ ਨਾਭ ਮਹਿ–ਮੁਸ਼ਕ (ਕਸਤੂਰੀ), ਬ੍ਰਹਮ ਪਾਸ–ਬੇਦ ਅਤਾਰ ਪਾਸ–ਬੇਦ ਮੁਸ਼ਕ।

Digitized by Panjab Digital Library | www.panjabdigilib.org

ਕੁਛ ਪਤਾ ਨਹੀਂ*, ਕਈ ਸਿਰਫ ਅਲੰਕਾਰ ਦੀ ਖਾਤਰ ਹਨ†। ਗਿਆਨੀ ਹਜ਼ਾਰਾ ਸਿੰਘ ਜੀ ਕੋਲ ਉਨ੍ਹਾਂ ਦਿਨਾਂ ਵਿਚ ਇਕ ਸੰਤੋਖ ਸਿੰਘ ਨਾਮ ਦਾ ਕਵਿ ਆਕੇ ਠਹਿਰਿਆ ਹੋਇਆ ਸੀ‡। ਇਹ ਵੀ ਫਿਲਬਿਦੀਆ ਕਿਸਮ ਦਾ ਕਵਿ ਸੀ। ਇਸ ਦਾ ਤਖੱਲਸ 'ਤੋਖ ਹਰਿ' ਸੀ। ਇਹ ਸਾਰੇ ਪੰਜਾਬ ਵਿਚ ਤੇ ਰਿਆਸਤਾਂ ਵਿਚ ਤੇ ਹੋਰ ਔਧਰ ਉਧਰ ਦੇ ਰਾਜ ਦਰਬਾਰਾਂ ਵਿਚ ਫਿਰ ਆਇਆ ਸੀ ਪਰ ਇਸਦੇ ਹੱਥ ਪੱਲੇ ਕੁਛ ਨਹੀਂ ਸੀ ਪਿਆ। ਇਸ ਕਰਕੇ ਇਹ ਬੜੀ ਨਿਰਾਸਤਾ ਵਿਚ ਸੀ । ਕਵਿ ਸੰਤੋਖ ਸਿੰਘ ਦਾ ਉਸ ਵਕਤ ਦਾ ਕਿਹਾ ਹੋਇਆ ਇਕ ਛੰਦ ਜੋ ਡਾਕਟਰ ਚਰਨ ਸਿੰਘ ਜੀ ਨੇ ਬਹੁਤ ਸੰਭਾਲ ਕੇ ਰੱਖਿਆ ਹੋਇਆ ਸੀ ਅਸੀਂ ਹੇਠ ਦੇਂਦੇ ਹਾਂ:-

ਸੂਰਜ ਔ ਸਸਿ ਵੰਸ ਦੁਰਜੇ ਨਹਿੰ ਕੋਊ ਮਿਲੈ ਬਹੁ ਖੋਜ ਹੀ ਕੀ।
ਬਿਕ੍ਰਮ ਭਾਨ ਭਜੇ ਸੋਊ ਅਸਤ ਸਭਾ ਨਹਿੰ ਦੇਖੀਐ ਭੋਜ ਹੀ ਕੀ।
ਗਾਹਕ ਕੋ 'ਹਰਿ ਤੋਖ' ਕਵੀਨ ਕੋ ਦੇਖ ਜੁ ਮਾਲ ਸਰੋਜ ਹੀ ਕੀ।
ਕੀਜੈ ਸਮਸਜਾ ਕਹੋ ਕਿ ਔਜ ਹਨੇਚ ਹੈ ਮੌਜ ਮਨੋਜ ਹੀ ਕੀ§।

ਡਾਕਟਰ ਜੀ ਦਾ ਤੇ ਕਵਿ ਸੰਤੋਖ ਸਿੰਘ ਦਾ ਆਪਸ ਵਿਚ ਮੇਲ ਗੇਲ ਬਹੁਤ ਵਧ ਗਿਆ ਸੀ।

---

*ਚਰਨ ਧਰਤ ਚਿੰਤਾ ਕਰਤ, ਚਾਹਤ ਸ਼ੋਰ ਨ ਭੋਰ। ਸੁਵਰਨ ਕੋ ਢੂੰਡਤ ਫਿਰਤ ਕਵਿ ਕਾਮੀ ਅਰ ਚੋਰ।

ਇਸ ਵਿਚ ਕਵਿ, ਕਾਮੀ ਅਤੇ ਚੋਰ ਇਨ੍ਹਾਂ ਤਿੰਨਾਂ ਦੀ ਬਰਾਬਰੀ ਦੱਸੀ ਹੈ। ਇਹ ਤਿੰਨੇ 'ਸੁਵਰਨ' ਢੂੰਡਦੇ ਹਨ। ਕਵਿ ਲਈ ਸੁਵਰਨ ਹੈ, ਸੋਹਣੇ ਅੱਖਰ, ਵਰਨ=ਅੱਖਰ। ਕਾਮੀ ਸੋਹਣੇ ਰੰਗ ਨੂੰ ਢੂੰਡਦਾ ਹੈ, ਵਰਨ=ਰੰਗ। ਚੋਰ ਸੁਵਰਨ ਨੂੰ ਲੱਭਦਾ ਹੈ, ਸੁਵਰਨ=ਸੋਨਾ । ਫੇਰ ਇਹ ਤਿੰਨੇ ਚਰਨ ਧਰਦੇ ਹਨ, ਪਰ ਬੜੇ ਸੋਚ ਸੋਚ ਕੇ । ਕਵਿਤਾ ਵਿਚ 'ਚਰਨ' ਕਿਸੇ ਛੰਦ ਜਾਂ ਸ਼ਲੋਕ ਦੇ ਇਕ ਪਦ ਨੂੰ ਕਹਿੰਦੇ ਹਨ। ਕਾਮੀ ਤੇ ਚੋਰ ਕਦਮ ਸੋਚਕੇ ਧਰਦੇ ਹਨ ਕਿ ਖੜਾਕ ਨਾ ਹੋਵੇ। ਤਿੰਨਾਂ ਨੂੰ ਹੀ ਸ਼ੋਰ ਤੇ ਭੋਰ (ਸਵੇਰਾ) ਨਹੀਂ ਭਾਉਂਦਾ ਯਾ ਭੋਰਾ (ਰਤਾ) ਜਿੰਨਾ ਸ਼ੋਰ ਨਹੀਂ ਭਾਉਂਦਾ।

†ਏਕ ਬ੍ਰਿਤ ਬੀਤਤ ਨਹੀ ਸੁਨ ਸ਼ੋਨਨ ਸ਼ੂਤਿ ਸਾਖ। ਕਬੀ ਤੋ ਭੂਖਨ ਲਾਖਕੇ ਕਬੀ ਤੋ ਭੂਖਨ ਲਾਖ।

ਅਰਥਾਤ-ਜ਼ਿੰਦਗੀ ਇਕ ਰਸ ਨਹੀਂ ਗੁਜ਼ਰਦੀ, ਇਸ ਗਲ ਲਈ ਵੇਦ ਵੀ ਗਵਾਹੀ ਭਰਦੇ ਹਨ ਜੋ ਤੂੰ ਕੰਨਾਂ ਵਿਚ ਸੁਣ । ਮਨੁੱਖ ਕੋਲ ਤਾਂ ਕਦੀ ਲੱਖਾਂ ਰੁਪਿਆਂ ਦੇ ਗਹਿਣੇ ਹੁੰਦੇ ਹਨ, ਪਰ ਕਦੀ ਕੇਵਲ ਲਾਖ ਦੇ ਬਣੇ ਹੋਏ ਝੂਠੇ ਗਹਿਣੇ ਰਹਿ ਜਾਂਦੇ ਹਨ।

ਬਿਨ ਦਿਲ ਬਰ ਦਿਲ ਬਰ ਉਠੇ ਕਿਸ ਸੋਂ ਕਰੂੰ ਪੁਕਾਰ। ਨੈਨ ਨੀਰ ਨਦ ਸਮ ਭਜੇ ਤਉ ਨ ਬੁਝੈ ਅੰਗਾਰ।

[ਦਿਲ ਬਰ=ਪ੍ਰੀਤਮ। ਦਿਲ ਬਰ ਉਠੇ=ਦਿਲ ਸੜ (ਬਲ) ਉਠਦਾ ਹੈ। ਨਦ=ਦਰਯਾ] ।

‡ਇਹ ਸੂਰਜ ਪ੍ਰਕਾਸ਼ ਵਾਲਾ ਕਵੀ ਸੰਤੋਖ ਸਿੰਘ ਨਹੀਂ।

§੧. ਸੂਰਜ ਦਾ ਬੰਸ ਤੇ ਚੰਦ੍ਰਮਾਂ ਦਾ ਬੰਸ ਛੁਪ ਗਏ ਹਨ (ਭਾਵ ਸੂਰਜ ਬੰਸੀ ਤੇ ਚੰਦ੍ਰ ਬੰਸੀ ਰਾਜੇ ਜੋ ਕਵੀ-ਕਦਰ ਲਈ ਪ੍ਰਸਿੱਧ ਸਨ ਲੋਪ ਹੋ ਗਏ ਹਨ) ਬੜੀ ਖੋਜ ਕੀਤੀ ਕੋਈ ਨਹੀਂ ਮਿਲਿਆ। ੨. ਬਿਕ੍ਰਮਾਜੀਤ ਦਾ ਸੂਰਜ ਵੀ ਅਸਤ ਹੋ ਗਿਆ, (ਰਾਜਾ) ਭੋਜ ਦੀ ਸਭਾ ਵੀ ਕਿਤੇ ਦਿਖਾਈ ਨਹੀਂ ਦਿੰਦੀ ; ੩. ਕਵੀ ਸੰਤੋਖ ਸਿੰਘ ਜੀ (ਕਹਿੰਦੇ ਹਨ) ਕਵੀਆਂ ਦਾ ਹੁਣ ਕਿਹੜਾ ਗਾਹਕ ਹੈ ਜੋ ਕਵੀਆਂ ਨੂੰ ਕੰਵਲ ਫੁੱਲਾਂ ਦੀ ਮਾਲਾ ਹੀ ਭਾਵੇਂ ਦੇਣ ਜੋਗਾ ਹੋਵੇ? ੪.(ਹੁਣ ਤਾਂ ਹੈ ਕਵੀ ਜਨੋ !) ਇਸ ਸਮਸਯਾ (ਮਿਸਰਾ ਤਰਹ) ਤੇ (ਆਪਣੇ ਛੰਦ) ਕਹੋ ਕਿ ਅਜ ਕਲ ਤੁੱਕੀ ਦਾ ਜ਼ਮਾਨਾ ਹੈ ਤੇ ਕਾਮਦੇਵ ਦੀ ਮੌਜ ਹੈ। ਭਾਵ ਇਹ ਕਿ ਸਾਰੇ ਕਵੀਆਂ ਦੀ ਕਦਰ ਕਰਨ ਵਾਲੇ ਐਸ਼ ਇਸ਼ਰਤ ਵਿਚ ਪੈ ਗਏ ਹਨ, ਸ਼ਿੰਗਾਰ ਰਸੀ ਕਵਿਤਾ ਭਾਵੇਂ ਉਨ੍ਹਾਂ ਦੇ ਪਸੰਦ ਆ ਜਾਏ, ਨਿਰੋਲ ਕਵਿਤਾ ਦੇ ਗੁਣ ਅਤੇ ਅਲੰਕਾਰ ਆਦਿ ਵੇਖਕੇ ਕਦਰ ਕਰਨ ਵਾਲਾ ਕੋਈ ਨਹੀਂ।

Digitized by Panjab Digital Library | www.panjabdigilib.org

ਗਿਆਨੀ ਹਜ਼ਾਰਾ ਸਿੰਘ ਜੀ ਸਿੱਖਾਂ ਵਿਚੋਂ ਇਸਤ੍ਰੀ ਵਿਦਯਾ ਦੇ ਮੋਢੀ ਸਨ। ਉਨ੍ਹਾਂ ਦੀਆਂ ਇਸਤ੍ਰੀ ਜਾਤੀ ਦੇ ਉਧਾਰ ਲਈ ਬਹੁਤ ਸਾਰੀਆਂ ਰਚੀਆਂ ਪੁਸਤਕਾਂ, ਦੁਲਹਨ ਦਰਪਨ ਆਦਿਕ ਇਨ੍ਹਾਂ ਹੀ ਖਿਆਲਾਂ ਦੀਆਂ ਨੀਹਾਂ ਉਪਰ ਪਿਛਲੀ ਉਸਾਰੀ ਹੈ।

ਅਜ ਉਸ ਵੇਲੇ ਦੀ ਔਕੜ, ਜੋ ਇਸਤ੍ਰੀ ਵਿਦਯਾ ਦੇ ਪ੍ਰਚਾਰ ਲਈ ਕੰਮ ਕਰਨ ਵਾਲਿਆਂ ਦੇ ਪੇਸ਼ ਆਈ, ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਖੁਸ਼ ਕਿਸਮਤੀ ਨਾਲ ਕਵਿ ਸੰਤੋਖ ਸਿੰਘ ਗਿਆਨੀ ਜੀ ਦੇ ਇਨ੍ਹਾਂ ਖਿਆਲਾਂ ਨਾਲ ਇਤਨਾ ਪ੍ਰਭਾਵਿਤ ਹੋ ਗਿਆ ਕਿ ਉਹ ਕਹਿਣ ਲਗ ਪਿਆ ਸੀ ਕਿ ਵਿਦਯਾ ਸਿਰਫ ਹੈ ਹੀ ਇਸਤ੍ਰੀਆਂ ਵਾਸਤੇ ਕਿਉਂਕਿ ਵਿਦਯਾ ਆਪ 'ਇਸਤ੍ਰੀ' ਹੈ। ਇਸ ਬ ਰੇ ਵਿਚ ਕਵਿ ਸੰਤੋਖ ਸਿੰਘ ਦੇ ਖਿਆਲ ਇਸ ਪ੍ਰਕਾਰ ਦੇ ਹੋ ਗਏ ਸਨ ਕਿ 'ਆਦਮੀ' ਗਿਆਨ ਦਾ ਆਧਾਰ 'ਅਨੁਭਵ' ਹੈ ਜਿਸ ਦਾ ਸਾਧਨ ਨਾਮ ਹੈ। ਪੋਥੀਆਂ ਤੋਂ ਪੜ੍ਹਨ ਵਾਲੀ ਵਿਦਯਾ ਕੇਵਲ ਇਸਤ੍ਰੀਆਂ ਲਈ ਹੈ। ਪੜ੍ਹੀ ਹੋਈ ਇਸਤ੍ਰੀ ਮਨੁੱਖ ਦੇ ਅਨੁਭਵੀ ਹੋਣ ਵਿਚ ਸਹਾਈ ਹੋ ਸਕਦੀ ਹੈ। ਵਡੇ ਵਡੇ ਪੀਰ ਪੈਗੰਬਰ 'ਉੱਮੀ' ਹੀ ਹੋਏ ਹਨ, ਉਨ੍ਹਾਂ ਦਾ ਆਸਰਾ ਕੋਈ ਕਿਤਾਬੀ ਵਿਦਯਾ ਨਹੀਂ ਸੀ, ਪ੍ਰੰਤੂ ਉਹ 'ਜਪ' ਦੇ ਆਸਰੇ ਗਿਆਨੀ ਸਨ।

ਚਾਵਰ ਬਿਹੀਨ ਜੈਸੇ ਤੁਖ ਹੈ ਮਲੀਨ ਦੇਖੋ, ਫਣੀ ਮਣਿ ਹੀਨ, ਕਰ ਛੀਨ ਕਰੀ ਤਪ ਹੈ।
ਭੂਪ ਜਜੋਂ ਬਿਠਾ ਜਮਾਤ,ਬਿਨਾ ਬਰ ਜਜੋਂ ਬਰਾਤ, ਚੰਦ ਬਿਨਾ ਰਾਤ, ਸਰ ਜੈਸੇ ਬਿਨਾ ਅਪ ਹੈ।
ਕਹੈ 'ਤੋਖ ਹਰਿ' ਬਿਨਾ ਦੂਧ ਕੀ ਅਭਾਗ ਧੇਨੁ, ਨਾਰੀ ਜਜੋਂ ਸੁਹਾਗ ਬਿਨ ਫੂਲ ਬਾਗ ਖਪ ਹੈ।
ਜੈਸੇ ਤਨ ਬਿਨਾ ਪ੍ਰਾਨ,ਜੀਵਨ ਜਜੋਂ ਬਿਨਾ ਮਾਨ,ਤੈਸੇ ਜਾਨ ਸਿਖ ਸੋ ਅਜਾਨ ਬਿਨਾ ਜਪ ਹੈ*।

ਕਵਿ ਸੰਤੋਖ ਸਿੰਘ ਨੇ ਇਸਤ੍ਰੀ ਵਿਦਯਾ ਬਾਰੇ ਕਥਾ ਤੇ ਵਿਖਯਾਨ ਸ਼ੁਰੂ ਕੀਤੇ ਉਹ ਬਹੁਤ ਥਾਵਾਂ ਤੇ ਇਹ ਕਹਿੰਦਾ ਸੁਣਿਆ ਜਾਂਦਾ ਸੀ;—

"ਦੇਖੋ ਭਾਈਓ, ਹਮਾਰੇ ਇਸ ਭਾਰਤ ਖੰਡ ਮੈਂ ਪਿਛਲੇ ਸਮਯ ਮੈਂ ਮੈਤ੍ਰੇਯੀ ਗਾਰਗੀ, ਅਨੁਸੂਯਾ, ਅਰੁੰਧਤੀ ਇਤਯਾਦਿ ਬੇਦ ਪ੍ਰਸਿੱਧ ਇਸਤ੍ਰੀਆਂ ਕੈਸੀ ਵਿਦਯਾ ਮੈਂ ਪੂਰਣ ਪੰਡਿਤਾ ਥੀਂ ਜਿਨ ਕਾ ਨਾਮ ਬਿਦਯਾ ਬਿਗ੍ਯਾਨਕੇ ਪ੍ਰਭਾਵ ਸੇ ਆਜ ਤਕ ਪਰਮਆਦਰ ਸਹਿਤ ਬੇਦੋਂ ਸ਼ਾਸਤ੍ਰੋਂ ਮੈਂ ਸਮਰਣ ਕੀਆ ਜਾਤਾ ਹੈ। ਔਰ ਦਮਯੰਤੀ, ਦ੍ਰੌਪਤੀ, ਸੀਤਾ, ਰੁਕਮਣੀ ਇਤਯਾਦਿਕ ਅਨੇਕ ਮਹਾਰਾਜੋਂ ਕੀ ਇਸਤ੍ਰੀਆਂ ਕੈਸੀ ਪੜ੍ਹੀ ਹੁਈ ਥੀਂ ਜਿਨ ਕੀ ਮਹਿਮਾ ਪ੍ਰਸਿੱਧ ਹੈ। ਔਰ ਰਾਜਾ ਭੋਜ ਆਦਿ ਕੇ ਰਾਜ ਮੈਂ ਤੇ ਘਰ ਘਰ ਇਸਤ੍ਰੀਆਂ ਬੀ ਪੰਡਿਤਾ ਥੀਂ,ਇਸ ਬਾਤ ਕੋ ਸਭ ਜਾਨਤੇ ਹੈਂ,ਪਰ ਉਚਿਤ ਹੈ, ਕਿ ਇਸ ਸਮਯ ਭੀ ਇਸਤ੍ਰੀਓਂ ਕੋ ਪੂਰੀ ਪੂਰੀ ਸਿੱਖਯਾ ਦੀ ਜਾਵੇ ਕਿ ਇਸ ਕੇ ਪ੍ਰਭਾਵ ਸੇ ਸਭ ਅਨੁਚਿਤ ਬਯਵਹਾਰ ਦੂਰ ਹੋਂ ਔਰ ਆਨੰਦ ਭਰਪੂਰ ਹੋਂ।"

ਕਵਿ ਸੰਤੋਖ ਸਿੰਘ ਦੇ ਅੰਦਰ ਸੁਧਾਰਕਾਂ ਵਾਲੀ ਲਗਨ ਤੇ ਅਗਨ ਦੋਨੋਂ ਸਨ। ਉਹ ਚਾਹੁੰਦਾ ਸੀ ਕਿ ਅਖਬਾਰ ਦੀ ਸ਼ਕਲ ਦੀ ਕੋਈ ਚੀਜ਼ ਪ੍ਰਕਾਸ਼ਤ ਕੀਤੀ ਜਾਵੇ ਜਿਸ ਨਾਲ ਇਨ੍ਹਾਂ ਖਿਆਲਾਂ ਦਾ ਪ੍ਰਚਾਰ ਹੋਵੇ,ਪਰ ਇਸ ਗਲ ਨੂੰ ਸਿਰੇ ਚੜ੍ਹਾਉਣ ਲਈ ਪੈਸੇ ਦੀ ਅਤੇ ਲੇਖਕਾਂ ਦੀ ਲੋੜ ਸੀ।

ਡਾਕਟਰ ਚਰਨ ਸਿੰਘ ਜੀ ਅਖਬਾਰ ਵਾਲੀ ਸਲਾਹ ਨੂੰ ਬੜੇ ਉਤਸਾਹ ਨਾਲ ਦੇਖਦੇ ਸਨ।

---

*ਅਰਥਾਤ—ਜੋ ਆਪਣੇ ਆਪ ਨੂੰ ਪੜ੍ਹਿਆ ਹੋਇਆ ਜਾਂ ਸਿਖਿਆ ਹੋਇਆ (ਸਿਖ) ਸਮਝਦਾ ਹੈ ਉਹ ਅਗਰ ਬਗੈਰ ਜਪ ਦੇ ਹੈ ਤਾਂ ਅਨਜਾਨ ਹੀ ਹੈ।ਉਹ ਐਸਾ ਹੈ ਜੈਸੇ ਚਾਵਲ ਦੇ ਬਗੈਰ ਤੋਹ,ਮਣਿ ਦੇ ਬਗੈਰ ਸੱਪ,ਸੁੰਡ ਬਗੈਰ ਹਾਥੀ,ਫੌਜ ਬਗੈਰ ਰਾਜਾ,ਲਾੜੇ ਬਗੈਰ ਜੰਞ,ਚੰਦ ਬਗੈਰ ਰਾਤ,ਪਾਣੀ ਬਗੈਰ ਤਲਾ,ਦੁੱਧ ਬਗੈਰ ਗਊ, ਸੁਹਾਗ ਬਗੈਰ ਇਸਤ੍ਰੀ,ਫੁਲ ਬਗੈਰ ਬਾਗ,ਪ੍ਰਾਣਾਂ ਬਗੈਰ ਸਰੀਰ, ਇੱਜ਼ਤ ਬਗੈਰ ਜੀਵਨ।

Digitized by Panjab Digital Library | www.panjabdigilib.org

ਗਿਆਨੀ ਹਜ਼ਾਰਾ ਸਿੰਘ ਜੀ ਅਖਬਾਰ ਵਾਲੇ ਖਿਆਲ ਨਾਲ ਸਹਿਮਤ ਸਨ। ਉਹ ਚਾਹੁੰਦੇ ਸਨ ਕਿ ਇਕ ਕਮੇਟੀ ਬਣ ਜਾਏ ਜੋ ਖਰਚ ਦਾ ਬੋਝ ਅਪਣੇ ਸਿਰ ਲੈ ਲਵੇ। ਗਿਆਨੀ ਜੀ ਬਾਬੇ ਨਾਲ ਵੀ ਇਸ ਗੱਲ ਦੀ ਸਲਾਹ ਮੇਲਣੀ ਚਾਹੁੰਦੇ ਸਨ। ਬਾਬਾ ਪੰਦਰਾਂ ਵੀਹਾਂ ਦਿਨਾਂ ਦਾ ਲਾਹੌਰ ਗਿਆ ਹੋਇਆ ਸੀ ਤੇ ਉਸ ਦੇ ਮੁੜਨ ਦਾ ਅਜੇ ਕੋਈ ਪਤਾ ਨਹੀਂ ਸੀ। ਅੰਮ੍ਰਿਤਸਰ ਵਿਚ ਬਾਬੇ ਦੀ ਬੜੀ ਉਡੀਕ ਹੋ ਰਹੀ ਸੀ ਸਿਰਫ ਕਵਿ ਸੰਤੋਖ ਸਿੰਘ ਦੇ ਮਾਮਲੇ ਪਿੱਛੇ ਹੀ ਨਹੀਂ, ਪੂੰਜੂ ਇਕ ਹੋਰ ਗੱਲ ਪਿਛੇ ਵੀ।

੨੭.

ਟਿੱਕਾਂ ਤੇ ਬਾਬਾ ਬੈਠੇ ਗਲਾਂ ਕਰਦੇ ਸਨ। ਟਿੱਕਾਂ ਨੇ ਇਹ ਗਲ ਆਖੀ ਕਿ ਦਸ ਦਿਨ ਮੰਜੀ ਉਪਰ ਪਿਆਂ ਮੇਰਾ ਬਹੁਤ ਸਾਰਾ ਵਕਤ ਪੜ੍ਹਨ ਵਿਚ ਲੰਘ ਗਿਆ, ਪਰ ਕਿਸੇ ਵੇਲੇ ਜਦ ਥੱਕ ਜਾਂਦੀ ਸਾਂ ਤੇ ਨੀਂਦਰ ਵੀ ਨਹੀਂ ਸੀ ਆਉਂਦੀ ਤਾਂ ਦਿਲ ਕਰਦਾ ਸੀ ਕਿ ਸਮਾਧਿ ਲਗ ਜਾਵੇ ਜਿਸ ਨਾਲ ਪੂਰਨ ਸੁਖੈਪਤੀ ਛਾ ਜਾਵੇ। ਪਰ ਐਸੀ ਨੀਂਦ ਆਉਣ ਲੱਗਿਆਂ ਹੀ ਕੰਨਾਂ ਵਿਚ ਸ਼ਾਂ ਸ਼ਾਂ ਦੀ ਅਵਾਜ਼ ਆਉਣ ਲਗ ਜਾਂਦੀ ਤੇ ਬੰਦ ਅੱਖਾਂ ਵਿਚੋਂ ਇਕ ਆਫਰੀ ਹੋਈ ਮੈਂਹ ਫੁੰਕਾਰੇ ਮਾਰਦੀ ਦਿੱਸ ਪੈਂਦੀ। ਮੈਂ ਤ੍ਰਬਕ ਕੇ ਅੱਖ ਖੋਲ੍ਹ ਦੇਂਦੀ, ਪਰ ਉਥੇ ਕੁਛ ਵੀ ਨਾ ਹੁੰਦਾ। ਫੇਰ ਆਖਿਓ ਸੂ, ਬਾਬਾ ਜੀ! ਅੱਜ ਆਏ ਹੋ? ਮੈਨੂੰ ਸਮਾਧਿ ਦੀ ਜਾਚ ਸਿਖਾ ਜਾਓ।

ਬਾਬਾ ਕਈ ਵੇਰ ਟਿੱਕਾ ਨੂੰ ਅਪਣੀ ਊਰਧ ਸਤ ਵਾਲੀ ਗਲ ਸਮਝਾ ਚੁੱਕਾ ਸੀ, ਅੱਜ ਫੇਰ ਕਹਿਣ ਲੱਗਾ-ਟਿੱਕਾਂ, ਤੂੰ ਗ਼ਲਤ ਰਸਤੇ ਟੁਰ ਪਈ ਹੈ, ਤੂੰ ਸਮਾਧੀ ਦਾ ਖਿਆਲ ਛੱਡ ਦੇਹ, ਤੂੰ ਊਰਧ ਸੱਤ ਨੂੰ ਧਾਰਨ ਕਰ। ਦੇਖ ਟਿੱਕਾ, ਵੇਦਾਂਤ ਨੇ ਜੋ ਪਰਮਾਨੰਦ ਦੀ ਅਤਿ ਬਾਂਛਤ ਅਵਸਥਾ ਕਹੀ ਹੈ ਉਹ ਸੁਖੈਪਤੀ ਹੈ, ਜਿਸ ਦਾ ਮਤਲਬ ਹੈ ਐਸੀ 'ਨੀਂਦ' ਜਿਸ ਵਿਚ ਸੁਪਨੇ ਦਾ ਵੀ ਆਭਾਸ਼ ਨਹੀਂ, ਪਰ ਜਿਨ੍ਹਾਂ ਨੇ 'ਊਰਧ ਸਤ' ਦਾ ਮਾਰਗ ਫੜਿਆ ਹੈ ਉਨ੍ਹਾਂ ਨੂੰ 'ਜਾਗ੍ਰਤ' ਅਵਸਥਾ ਵਿਚ ਉਹੋ ਸਖੈਪਤੀ ਵਾਲਾ ਪੂਰਨ ਅਨੰਦ ਮਿਲ ਸਕਦਾ ਹੈ।

ਬਾਬੇ ਨੇ ਫੇਰ ਕਿਹਾ, ਮਨੁੱਖ ਦਾ ਮਨ ਇਕ ਟਕਸਾਲ ਹੈ। ਮਨੁੱਖ ਆਪ ਸੁਨਿਆਰ ਹੋਕੇ ਦੁਕਾਨ ਵਿਚ ਕੰਮ ਕਰ ਰਿਹਾ ਹੈ। ਦਰੁਸਤ ਚਿੰਤਨ ਦੇ ਅਭਯਾਸ ਦੀ ਭੱਠੀ ਤਪ ਰਹੀ ਹੈ। ਸਾਧਨ ਦੀ ਕੁਠਾਲੀ ਵਿਚ ਪ੍ਰਕ੍ਰਿਤੀ ਢਲ ਰਹੀ ਹੈ। ਇਸ ਭੱਠੀ ਵਿਚ ਕਾਰੀਗਰ ਸੁਨਿਆਰ ਆਪਣੀ ਸਾਰੀ ਪ੍ਰਕ੍ਰਿਤੀ, ਆਪਣੀ ਸਾਰੀ ਫਿਤਰਤ, ਅਪਣੇ ਸਾਰੇ ਗੁਣ ਔਗੁਣ, ਆਪਣਾ ਸਾਰਾ 'ਆਪਾ' ਢਾਲ ਕੇ 'ਊਰਧਸਤ' ਦੀ ਮੋਹਰ ਛਾਪ ਸਕਦਾ ਹੈ। ਪਰ ਜੇ ਕਾਰੀਗਰ ਅਵੇਸਲਾ ਹੈ, ਆਰਾਮ ਤਲਬ ਹੈ, ਪਰਾਧੀਨ ਬਣ ਗਿਆ ਹੈ ਤਾਂ ਸਾਰਾ ਚੀਜ਼ ਗਲਕੇ 'ਅਧੋਤਮ' ਦਾ ਕਾਲਾ ਖਿੰਘਰ ਬਣ ਜਾਏਗੀ। ਗਿਆਨ ਦੇ ਪ੍ਰਕਾਸ਼ ਲਈ ਲੋੜ ਹੈ ਕਿ ਮਨ ਦੀ ਕਾਇਆਂ ਪਲਟ ਹੋਵੇ। ਗਿਆਨ ਈਸ਼ੂਰ ਦਾ ਸਰੂਪ ਹੈ, ਜਿਉਂ ਜਿਉਂ ਮਨ ਊਰਧ ਸਤ ਵਿਚ ਬਦਲਦਾ ਜਾਏਗਾ, ਇਹ ਇਸ ਤਰ੍ਹਾਂ ਹੁੰਦਾ ਜਾਏਗਾ ਜਿਸ ਤਰ੍ਹਾਂ ਪੱਥਰ ਗਲ ਕੇ ਸ਼ੀਸ਼ਾ ਬਣ ਜਾਂਦਾ ਹੈ, ਜਿਸ ਵਿਚ ਅਨੁਭਵ ਦੀਆਂ ਰਿਸ਼ਮਾਂ ਚਮਕਣ ਲਗ ਜਾਣਗੀਆਂ।

ਬਾਬਾ ਇਤਨੀ ਗਲ ਕਹਿ ਰਿਹਾ ਸੀ ਕਿ ਬਾਹਰੋਂ ਕਿਸੇ ਮੰਗਤੇ ਦੀ ਆਵਾਜ਼ ਆਈ। ਕੋਈ ਫਕੀਰ ਗਾ ਰਿਹਾ ਸੀ ਤੇ ਹੌਲੇ ਹੌਲੇ ਟੁਰਦਾ ਜਾ ਰਿਹਾ ਸੀ। ਬਾਬੇ ਨੇ ਉਠਕੇ ਬਾਰੀ ਵਿਚੋਂ ਦੇਖਿਆ। ਮੰਗਤਾ ਦੂਰ ਚਲਾ ਗਿਆ ਸੀ ਉਸਦੀ ਪਿੱਠ ਨਜ਼ਰ ਆਉਂਦੀ ਸੀ। ਬਾਬੇ ਨੂੰ ਐਉਂ ਲਗਾ ਜਿਸਤਰ੍ਹਾਂ ਬਹਾਦਰ ਸ਼ਾਹ* ਫਕੀਰ ਦਾ ਝਾਉਲਾ ਪੈਂਦਾ ਹੈ। ਦੂਰੋਂ ਗਾਉਣ ਦੀ ਆਵਾਜ਼ ਮੱਧਮ ਹੁੰਦੀ ਐਉਂ ਆ ਰਹੀ ਸੀ:-

ਕੀਟ ਤੋਂ ਭ੍ਰਿੰਗੀ ਹੋਤ†, ਖੱਟੇ ਤੋਂ ਨਰੰਗੀ ਹੋਤ,

---

*ਜਿਸ ਨੇ ਬਾਲ ਅਵਸਥਾ ਵਿਚ ਰੜ ਮਹਾਰਾਜ ਵਿਖੇ ਸੰਤ ਰਾਮ ਦਯਾਲ ਦਾ ਪਤਾ ਦਿੱਤਾ ਸੀ।

†ਕੀੜੇ ਤੋਂ ਭੰਬੀਰੀ ਬਣ ਜਾਂਦੀ ਹੈ, A butterfly from a caterpillar.

Digitized by Panjab Digital Library | www.panjabdigilib.org

ਕਾਠ ਤੋਂ ਸਰੰਗੀ ਹੋਤ, ਮਾਤ ਤੋਂ ਭੁਜੰਗੀ ਹੋਤ,
ਹੋਤ ਨ ਕਾਲੇ ਤੋਂ ਫਰੰਗੀ ਜੀ-
ਸ਼ੁਮ ਤੋਂ ਤੰਗੀ ਹੋਤ, ਭੁਖੇ ਤੋਂ ਨੰਗੀ ਹੋਤ,
ਖਈ* ਤੋਂ ਦੰਘੀ ਹੋਤ, ਇਸਤ੍ਰੀ ਹੀ ਸੰਗੀ ਹੋਤ;
ਹੋਤ ਮੰਦੀ ਚਾਹੇ ਚੰਗੀ ਜੀ-
ਕੀਟ ਤੋਂ ਭ੍ਰਿੰਗੀ ਹੋਤ-

ਬਾ ਬਾ ਅਪਣੀ ਥਾਵੇਂ ਆਕੇ ਫੇਰ ਬੈਠ ਗਿਆ ਤੇ ਕਹਿਣ ਲੱਗਾ, ਹਾਂ ਠੀਕ ਹੈ 'ਕੀਟ ਤੋਂ ਭ੍ਰਿੰਗੀ ਹੋਤ'।

ਦੇਖ ਟਿੱਕਾ, ਇਕ ਸੁੰਡੀ ਹੈ ਜੋ ਸਬਜ਼ੀ ਦੇ ਪੱਤ੍ਰਾਂ ਵਿਚ ਫਿਰਦੀ ਅਪਣਾ ਢਿੱਡ ਭਰਦੀ ਹੈ। ਇਹ ਸੁੰਡੀ ਇਕ ਦਿਨ ਨਿਰਸੁਪਨ ਨੀਂਦ ਵਿਚ ਸੌਂਦੀ ਹੈ। ਇਸਦੇ ਆਲੇ-ਦੁਆਲੇ ਇਕ ਅਬਰੇਸ਼ਮੀ ਪੜਦਾ ਤਣ ਜਾਂਦਾ ਹੈ। ਸੁੰਡੀ ਇਸ ਗਾੜ੍ਹ ਨਿੰਦ੍ਰਾ ਵਿਚ ਸੁੱਤੀ ਅਪਣੀ ਵੱਲੋਂ ਸੁਖੋਪਤੀ ਦਾ "ਪ੍ਰਮਾਨੰਦ" ਮਾਣਦੀ ਹੈ। ਸੁੰਡੀ ਜਿਸ ਵੇਲੇ 'ਭੰਬੀਰੀ' ਬਣਦੀ ਹੈ ਤਾਂ ਸੁਖੋਪਤੀ ਦਾ ਪਰਦਾ ਏਣ ਜਾਂਦਾ ਹੈ, ਇਹ ਹੈ ਊਰਧਸਤ ਦਾ ਉਦਯ ਹੋਣਾ।

ਮਨੁੱਖ 'ਉੱਦਮ' ਦ੍ਵਾਰਾ ਏਸ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ, ਨਿਰਾ ਸੌਂ ਕੇ ਨਹੀਂ।

ਮਨ ਦਾ ਊਰਧ ਸਤ ਹੋਣਾ ਇਹ ਪ੍ਰਕ੍ਰਿਤੀ ਦੀ ਅਪਣੀ ਹਦਬੰਦੀ ਨੂੰ ਤੋੜਨਾ ਹੈ। ਮਨ ਦਾ ਊਰਧ ਸਤ ਹੋਣਾ,-ਇਹ ਪ੍ਰਕ੍ਰਿਤੀ ਦਾ ਅਪਣੇ ਭਰਮ ਜਾਲ ਦਾ ਅੰਡਾ ਤੋੜਕੇ ਪ੍ਰਗਾਸ ਦੇ ਅਕਾਸ਼ ਵਿਚ ਖੰਭ ਖਿਲਾਰਨੇ ਹਨ। ਮਨ ਦਾ ਊਰਧ ਸਤ ਹੋਣਾ,-ਇਸ ਸੁੰਡੀ ਦਾ ਅਪਣੇ ਅਬਰੇਸ਼ਮ ਦਾ ਪੜਦਾ ਫਾੜਕੇ ਭੰਬੀਰੀ ਦੀ ਆਜ਼ਾਦੀ ਵਿਚ ਉਡਾਰੀ ਮਾਰਨਾ ਹੈ। ਮਨ ਦਾ ਊਰਧ ਸਤ ਹੋਣਾ,-ਇਹ ਪ੍ਰਕ੍ਰਿਤੀ ਦਾ ਆਤਮ ਤਤ ਵਿਚ ਪਲਟਾ ਖਾ ਜਾਣ ਦੀ ਪਹਿਲੀ ਪੌੜੀ ਹੈ। ਸਾਰੀ ਪ੍ਰਕ੍ਰਿਤੀ ਮਨ ਦੀ ਸਾਧਨ ਸੱਤਾ ਦ੍ਵਾਰਾ ਆਤਮ ਤਤ ਵਿਚ ਪਲਟ ਸਕਦੀ ਹੈ। ਏਸੇ ਪਲਟਾਉ ਦਾ ਨਾਮ ਆਤਮਕ ਉੱਨਤੀ ਹੈ। ਏਸੇ ਗੱਲ ਦਾ ਨਾਮ ਮੁਕਤੀ ਹੈ। ਦੇਖ ਟਿੱਕਾ, ਉਪਨਿਸ਼ਦ ਵਿਚ ਸਾਯੁਜ ਮੁਕਤੀ ਦਾ ਸਰੂਪ ਏਹੋ ਦੱਸਿਆ ਹੈ ਕਿ ਜਿਸ ਤਰ੍ਹਾਂ ਕੀੜੇ ਤੋਂ ਭੋਰਾ ਬਣ ਜਾਂਦਾ ਹੈ†, ਜਾਂ ਸੁੰਡੀ ਤੋਂ ਭੰਬੀਰੀ ਬਣ ਜਾਂਦੀ ਹੈ।

ਇਸ ਉੱਨਤੀ ਦੇ ਮਾਰਗ ਦਾ ਨਾਮ ਸ਼ਾਸਤ੍ਰਾਂ ਵਿਚ 'ਸ਼ੁਕ ਮਾਰਗ' ਲਿਖਿਆ ਹੈ, ਇਹ ਪੰਛੀਆਂ ਦਾ ਰਾਹ ਹੈ, ਇਸ ਉਪਰ ਚੱਲਣ ਵਾਲਾ ਤਤਛਿਨ ਮੁਕਤ ਹੁੰਦਾ ਹੈ‡। ਇਸ ਦੇ ਮੁਕਾਬਲੇ ਉਪਰ ਦੂਜਾ ਉੱਨਤੀ ਦਾ ਰਾਹ ਕੀੜੀਆਂ ਦਾ ਮਾਰਗ ਹੈ। ਇਹ ਫੋਕੇ ਕਰਮ ਧਰਮ ਤਪ ਸੰਜਮ ਦਾ ਰਾਹ ਹੈ। ਇਹ ਵਾਮਦੇਵ ਰਿਸ਼ੀ ਦਾ ਚਲਾਇਆ ਤ੍ਰੀਕਾ ਹੈ। ਸੋ ਦੋ ਹੀ ਰਸਤੇ ਹਨ ਇਕ 'ਸ਼ੁਕ ਮਾਰਗ',-ਪੰਛੀਆਂ ਦਾ, ਬਿਹੰਗਮਾਂ ਦਾ, ਦੂਜੇ ਵਾਮਦੇਵ ਦਾ ਰਸਤਾ ਜੋ ਉੱਨਤੀ ਦੇ ਮਾਰਗ ਉਪਰ ਕੀੜੀਆਂ ਦੀ ਚਾਲ ਹੈ§।

ਬਾਬਾ ਕੁਛ ਚਿਰ ਹੋਰ ਇਸਤਰ੍ਹਾਂ ਦੀਆਂ ਗਲਾਂ ਕਰਦਾ ਰਿਹਾ, ਫੇਰ ਚੁੱਪ ਹੋ ਗਿਆ, ਫੇਰ ਅੱਖਾਂ ਮੀਟ ਲਈਆਂ ਸੂ, ਫੇਰ ਅੱਖਾਂ ਖੋਲ੍ਹੀਆਂ ਸੂ, ਫੇਰ ਬੋਲਿਆ, ਟਿੱਕਾ, ਸਾਨੂੰ ਬਹੁਤ ਦਿਨ ਲਾਹੌਰ ਆਇਆਂ ਹੋ ਗਏ ਹਨ। ਅਸਾਂ ਦੋ ਚਾਰ ਦਿਨ ਹੋਰ ਸਾਧੂਆਂ ਦੀ ਖਾਤ੍ਰ ਏਧਰ ਹੀ ਫਿਰਨਾ ਤੁਰਨਾ ਸੀ, ਪਰ ਹੁਣ ਸਾਨੂੰ ਕਾਹਲੀ ਹੈ, ਅਸੀਂ ਅੰਮ੍ਰਿਤਸਰ ਚਲੇ ਹਾਂ। ਇਹ ਕਹਿਕੇ ਬਾਬਾ ਉਠ ਖੜੋਤਾ, ਟਿੱਕਾ ਨੇ ਫੇਰ ਕਿਹਾ, ਅੱਜਹੁਣੇ ਤਾਂ ਤੁਸੀਂ ਆਏ ਹੋ, ਹੁਣੇ ਅੰਮ੍ਰਿਤਸਰ ਦੀ ਤੁਰ ਚੱਲੇ ਹੋ, ਐਸਾ ਕਿਹੜਾ ਕੰਮ ਯਾਦ ਆ ਗਿਆ ਨੇ?

---

*उपदिव।

†मत्सायुज्यं द्विजः सम्यग्भजेत् भ्रमर कीट वत्। [मुक्तिक उपनिषद ॥ १ ॥२४॥

‡शुकमार्ग ये अनुसरन्ति धीराः सध्यो मुक्तास्ते भवन्तीह लोके। [वराह उपनिषद॥४॥३४॥

§शुकश्च वाम देवश्च द्वंसूती देवनिमिते शुको विहङ्गमःप्रोक्तो वाम देवः पिपीलिका।[वराह उपनिषद॥४॥३६॥

Digitized by Panjab Digital Library | www.panjabdigilib.org

ਬਾਬਾ ਟੁਰਦਾ ਜਾਂਦਾ ਕੁਛ ਕਹੀ ਗਿਆ ਤੇ ਟੁਰਦਾ ਗਿਆ ਤੇ ਝਟ ਪਟ ਹੀ ਘਰੋਂ ਬਾਹਰ ਲੰਘ ਗਿਆ। ਟਿੱਕਾ ਕਾਫੀ ਸਮਾਂ ਹੈਰਾਨੀ ਵਿਚ ਡੁੱਬੀ ਰਹੀ। ਫੇਰ ਉਸ ਵੀ ਅੱਖਾਂ ਮੀਟ ਲਈਆਂ, ਥੋੜੇ ਚਿਰ ਵਿਚ ਹੀ ਉਸ ਨੂੰ ਏਂਦ ਅੱਖਾਂ ਵਿਚੋਂ ਇਕ ਯੱਕਾ ਦਿੱਸਣ ਲੱਗ ਪਿਆ। ਘੋੜਾ ਸਰਪਟ ਦੌੜ ਰਿਹਾ ਹੈ। ਕੋਚਵਾਨ ਟਾਪ ਦੇ ਨਾਲ ਤਾਲ ਮਿਲਾ ਕੇ ਗਾ ਰਿਹਾ: 'ਮਾਤ ਤੇ ਭੁਜੰਗੀ ਹੋਤ, ਕਾਠ ਤੇ ਸਰੰਗੀ ਹੋਤ' ਪਰ ਰਸਤੇ ਉਪਰ ਧੂੜ ਇਤਨੀ ਉਡ ਰਹੀ ਹੈ ਕਿ ਸਾਰੀ ਚੀਜ਼ ਸੁਪਨੇ ਦੇ ਘਸਮੈਲੇ ਰੰਗ ਵਿਚ ਦਿੱਸਦੀ ਹੈ। ਫੇਰ ਨਿਰੀ ਧੂੜ ਹੀ ਦਿੱਸਣ ਲਗ ਪਈ। ਫੇਰ ਸਾਰਾ ਅਕਾਸ਼ ਧੂੜ ਦੇ ਧੂਏਂ ਨਾਲ ਭਰਿਆ ਦਿੱਸਿਆ। ਫੇਰ ਧੂੰਏ ਦੇ ਬੱਦਲ ਬਣ ਗਏ, ਬਦਲਾਂ ਨੇ ਕਈ ਸ਼ਕਲਾਂ ਪਲਟਾਈਆਂ। ਇਕ ਬੱਦਲ ਵਿਚੋਂ ਦੋ ਕੁੰਡਲਦਾਰ ਸਿੰਗ ਉਪਰਵਾਰ ਨਿਕਲ ਆਏ, ਅੱਗੇ ਬੁਥੀ ਜੇਹੀ ਤੇ ਪਿੱਛੇ ਪੂਛ ਲਮਕਣ ਲਗ ਪਈ। ਬੱਦਲ ਦਾ ਪੇਟ ਫੁੱਲਣ ਲਗ ਪਿਆ। ਫੇਰ ਬਦਲ ਗੱਜਿਆ ਤਾਂ ਐਉਂ ਮਾਰ ਆਈ ਜਿਸਤਰ੍ਹਾਂ ਭੈਂਸ ਅੜਾਉਂਦੀ ਹੈ। ਟਿੱਕਾ ਨੇ ਅਪਣੀਆਂ ਅੱਖਾਂ ਖੋਲ੍ਹ ਦਿੱਤੀਆਂ। ਅਫਸੋਸ ਕਰਨ ਲਗੀ, ਓਹੋ ਮੈਂ ਕੀ ਤਮਾਸ਼ੇ ਵੇਖਦੀ ਰਹਿੰਦੀ ਹਾਂ। ਬਾਬਾ ਮੈਨੂੰ ਮਨ੍ਹੇ ਕਰਦਾ ਹੈ, ਤੂੰ ਧੜੇ ਧਿਆਨ ਤੇ ਸਫ਼ੀਆ ਸਮਾਧੀਆਂ ਨਾ ਲਾਇਆ ਕਰ। ਉਹ ਕਹਿੰਦਾ ਹੈ ਸਮਾਧੀ ਕੇਵਲ ਉਸਨੂੰ ਲਗਾਉਣੀ ਚਾਹੀਦੀ ਹੈ ਜਿਸਦਾ ਹਿਰਦਾ ਨਿਰਮਲ ਹੋ ਗਿਆ ਹੈ, ਨਹੀਂ ਤੇ ਅੰਦਰ ਦੀ ਮੈਲ ਧਜਾਨ ਨੂੰ ਤਮੋ ਗੁਣੀ ਕਰ ਦੇਵੇਗੀ। ਉਹ ਕਹਿੰਦਾ ਸੀ ਕੰਮ ਕਰਨ ਨਾਲ ਜੋ ਏਕਾਗ੍ਰਤਾ ਆਉਂਦੀ ਹੈ ਉਹ ਗਿਹਸਤੀਆਂ ਵਾਸਤੇ ਸਮਾਧੀ ਦੀ ਸ਼ੁੰਨ ਕੱਲਾਂ ਚੰਗੀ ਹੈ। ਉਹ ਕਹਿੰਦਾ ਸੀ ਕੋਈ ਪੰਛੀ ਇਕ ਖੰਭ ਨਾਲ ਉਡ ਨਹੀਂ ਸਕਦਾ। ਉਹ ਕਹਿੰਦਾ ਸੀ ਜੇ ਦੋ ਖੰਭਾਂ ਦੀ ਆਪਸ ਵਿਚ ਇਕ ਤੁਲਨਾ ਹੋਵੇ ਤਾਂਹੀਓਂ ਉਡਾਰੀ ਬਣਦੀ ਹੈ। ਉਹ ਕਹਿੰਦਾ ਸੀ ਜਦ ਸਾਡੇ ਸਾਰੇ ਕੰਮ ਇਕ ਸਮ ਹੋ ਜਾਣ ਤਾਂ ਆਦਮੀ ਉੱਡਣ ਲਗਦਾ ਹੈ। ਉਹ ਕਹਿੰਦਾ ਸੀ ਇਹ ਊਰਧ ਸਤ ਦਾ ਮਾਰਗ ਹੈ, ਉਹ ਕਹਿੰਦਾ ਸੀ ਇਹ ਸੁੰਡੀ ਦਾ ਰੇਸ਼ਮੀ ਖੱਫਣ ਪਾੜ ਕੇ ਭੰਬੀਰੀ ਵਾਕੁਣ ਉਡਣਾ ਹੈ। ਇਹ ਕਹਿੰਦਿਆਂ ਹੀ ਟਿੱਕਾ ਨੇ ਆਪਣੇ ਉੱਤੇ ਰਜ਼ਾਈ ਲਾਹ ਸੁੱਟੀ, ਆਪਣੀਆਂ ਬਾਹਵਾਂ ਚੌੜੀਆਂ ਕਰ ਕੇ ਖਲਾਰ ਦਿੱਤੀਆਂ, ਮੈਂ ਭੰਬੀਰੀ ਹਾਂ, ਮੈਂ ਭੰਬੀਰੀ ਹਾਂ, ਮੈਂ ਉੱਡ ਸਕਦੀ ਹਾਂ।

ਟਿੱਕਾ ਉਠ ਕੇ ਕਮਰੇ ਵਿਚ ਨੱਚਣ ਲੱਗ ਪਈ। ਟਿੱਕਾ ਦਾ ਮਨ ਖੁਸ਼ੀ ਨਾਲ, ਚਾਉ ਨਾਲ, ਉੱਦਮ ਨਾਲ ਭਰ ਗਿਆ, ਉਹ ਹਲਕੀ ਫੁੱਲ ਹੋ ਗਈ। ਉਹ ਬਾਹਵਾਂ ਨਾਲ ਹਵਾ ਨੂੰ ਦਬਾ ਕੇ ਉੱਪਰ ਨੂੰ ਉੱਡਣ ਲੱਗੀ ਕਿ ਮੰਜੀ ਦੇ ਪਾਵੇ ਨਾਲ ਪੈਰ ਦੀ ਪੱਟੀ ਅੜ ਗਈ।

ਭਾਈ ਖੁਸ਼ਾਲ ਸਿੰਘ ਕਮਰੇ ਵਿਚ ਆ ਵੜਿਆ ਤੇ ਪੁੱਛਿਆ: ਟਿੱਕਾ! ਇਹ ਤੇਰੀ ਆਵਾਜ਼ ਕੀ ਪਈ ਆਉਂਦੀ ਹੈ? ਮੈਂ ਭੰਬੀਰੀ ਹਾਂ।

ਟਿੱਕਾ—ਹਾਂ, ਮੈਂ ਵੱਲ ਹੋ ਗਈ ਹਾਂ।

ਟਿੱਕਾ ਨੇ ਅੜੀ ਹੋਈ ਪੱਟੀ ਪੈਰ ਉਪਰੋਂ ਖੋਲ੍ਹ ਸੁੱਟੀ। ਖੁਸ਼ਾਲ ਸਿੰਘ ਨੇ ਲੋਗੜ ਚੁੱਕ ਕੇ ਡਿੱਠਾ ਕਿ ਪੈਰ ਉਪਰ ਕੋਈ ਸੋਜ ਨਹੀਂ ਸੀ। ਫੇਰ ਗਿੱਟੇ ਨੂੰ ਜ਼ੋਰ ਨਾਲ ਦੱਬਿਆ। ਟਿੱਕਾ ਕਹਿਣ ਲੱਗੀ ਜੀ ਕੋਈ ਦਰਦ ਨਹੀਂ। ਖੁਸ਼ਾਲ ਸਿੰਘ ਨੇ ਕਿਹਾ, ਟਿੱਕਾ ਅੱਜੇ ਕੱਲ ਤੇ ਤੂੰ ਪੈਰ ਨੂੰ ਹੱਥ ਨਹੀਂ ਸੀ ਲਾਉਣ ਦਿੰਦੀ, ਅੱਜ ਇਹ ਕਿਸ ਤਰ੍ਹਾਂ ਵੱਲ ਹੋ ਗਿਆ? ਟਿੱਕਾ ਨੇ ਕਿਹਾ, ਬਾਪੂ ਜੀ, ਬਾਬਾ ਵੱਲ ਕਰ ਗਿਆ ਹੈ, ਅੱਜ ਉਸ ਨੇ ਉਹ ਦਾਰੂ ਲਾਇਆ ਹੈ ਕਿ ਮਨ ਦੀ ਮਚਕੋੜ ਠੀਕ ਹੋ ਗਈ। ਉਸ ਨਾਲ ਤਨ ਵੀ ਸਿੱਧਾ ਹੋ ਗਿਆ, ਪਰ ਬਾਬਾ ਠਹਿਰਿਆ ਨਹੀਂ, ਉਹ ਚਲਾ ਗਿਆ, ਉਸ ਨੂੰ ਜ਼ਰੂਰੀ ਕੰਮ ਸੀ। ਬਾਪੂ ਜੀ ਤੁਸੀਂ ਜਾਓ, ਕੋਈ ਯੱਕਾ ਲਿਆਓ, ਅਸੀਂ ਵੀ ਅੰਮ੍ਰਿਤਸਰ ਚੱਲੀਏ। ਬਾਬੇ ਦੀਆਂ ਦੇਣੀਆਂ ਅਸੀਂ ਨਹੀਂ ਦੇ ਸਕਦੇ, ਕੁਛ ਤੇ ਭਾਰ ਹਲਕਾ ਕਰ ਆਈਏ। ਸਾਨੂੰ ਜਾਣਾ ਬਣਦਾ ਹੈ।

ਬਾਪੂ—ਟਿੱਕਾ, ਅੱਜ ਤੇ ਬਾਹਰਲੇ ਕੰਮ ਹਨ।

ਟਿੱਕਾ—ਬਾਪੂ ਜੀ, ਇਹ ਕੰਮ ਬਹੁਤ ਜ਼ਰੂਰੀ ਜੇ। ਮੈਂ ਤੁਹਾਡੇ ਬਗੈਰ ਇਕੱਲੀ ਵੀ ਜਾ ਸਕਦੀ

Digitized by Panjab Digital Library | www.panjabdigilib.org

ਹਾਂ, ਮੈਂ ਭੰਬੀਰੀ ਬਣ ਕੇ ਉੱਡ ਸਕਦੀ ਹਾਂ, ਮੈਂ ਉੱਡਣ ਲੱਗੀ ਸਾਂ ਕਿ ਪਾਵੇ ਨਾਲ ਪੱਟੀ ਅੜ ਗਈ। ਮੈਨੂੰ ਪੱਟੀ ਪਹਿਲੇ ਲਾਹ ਦੇਣੀ ਚਾਹੀਦੀ ਸੀ। ਜ਼ਖਮੀ ਭੰਬੀਰੀ ਉੱਡਦੀ ਚੰਗੀ ਨਹੀਂ ਲਗਦੀ, ਨਾਲੇ ਉਹ ਕਹਿੰਦਾ ਸੀ, ਸਾਡੇ ਅੱਜ ਪੋਤਰੇ ਦਾ ਜਨਮ ਹੈ। ਲੰਗੜੀ ਭੰਬੀਰੀ ਨੂੰ ਤੱਕ ਕੇ ਉੱਥੇ ਸਾਰੇ ਘਬਰਾ ਜਾਂਦੇ, ਬੱਚਾ ਡਰ ਜਾਂਦਾ, ਚੰਗਾ ਹੋਇਆ ਪੱਟੀ ਪਾਵੇ ਨਾਲ ਅੜ ਗਈ। ਸੋ ਤੁਸੀਂ ਜਾਓ ਤੇ ਯੱਕਾ ਲਿਆਓ, ਦੇਵੇਂ ਚੱਲੀਏ।

ਟਿੱਕਾ ਤੇ ਖੁਸ਼ਾਲ ਸਿੰਘ ਅੰਮ੍ਰਿਤਸਰ ਵਲ ਟੁਰ ਪਏ, ਪਰ ਟੁਰਦਿਆਂ ਟੁਰਦਿਆਂ ਇਤਨੀ ਦੇਰ ਹੋ ਗਈ ਸੀ ਕਿ ਰਾਹ ਵਿਚ ਹਨੇਰਾ ਪੈ ਗਿਆ। ਰਾਤ ਅਟਾਰੀ ਦੇ ਕੋਲ ਇਕ ਸਰਾਂ ਵਿਚ ਰਹੇ। ਟਿੱਕਾ ਨੂੰ ਇਹ ਰਾਤ ਕੱਟਣੀ ਡਾਢੀ ਔਖੀ ਹੋ ਗਈ ਸੀ। ਉਹ ਘੜੀ ਘੜੀ ਕਹਿੰਦੀ ਸੀ ਮੈਂ ਕੀਹ ਕੀੜੀਆਂ ਦੀ ਰਾਹ ਟੁਰ ਪਈ! ਹੁਣ ਕਦ ਪਹੁੰਚਾਂਗੀ? ਮੈਨੂੰ ਪੰਛੀਆਂ ਦੇ ਮਾਰਗ ਚੱਲਣਾ ਚਾਹੀਦਾ ਸੀ, ਮੈਂ ਉੱਡਕੇ ਪਹੁੰਚਦੀ!

ਟਿੱਕਾ ਤੇ ਖੁਸ਼ਾਲ ਸਿੰਘ ਅਗਲੇ ਦਿਨ ਅੰਮ੍ਰਿਤਸਰ ਆ ਗਏ, ਬਾਬੇ ਦੇ ਘਰ ਅੱਗੇ ਇਕ ਤੂਤਣੀ ਦਾ ਵਾਜਾ ਵੱਜ ਰਿਹਾ ਸੀ, ਲੋਕ ਵਾਜੇ ਵਾਲੇ ਨੂੰ ਆਟੇ ਦੀਆਂ ਵੇਲਾਂ ਪਾ ਰਹੇ ਸਨ। ਬਾਬਾ ਵਿਹੜੇ ਵਿਚ ਬੈਠਾ ਚੀਜ਼ਾਂ ਵੰਡ ਰਿਹਾ ਸੀ। ਟਿੱਕਾ ਨੇ ਜਾ ਅੱਗੇ ਵੰਡਣ ਲਈ ਗੁੜ ਦੇ ਟੋਕਰੇ ਰੱਖੇ ਤੇ ਕਿਹਾ ਸ਼ੂ, ਬਾਬਾ! ਮੈਨੂੰ ਹੁਣ ਭੋਣ ਨਾ ਕਿਹਾ ਕਰੋ, ਮੈਂ ਇਸ ਲਾਇਕ ਨਹੀਂ, ਮੈਂ ਕਿਸੇ ਗਲ ਦੇ ਲਾਇਕ ਨਹੀਂ, ਮੈਂ ਉਹ ਭੀਲਣੀ ਭਿਖਾਰਨੀ ਹਾਂ. ਜਿਸ ਕੋਲ ਬੇਰ ਵੀ ਨਹੀਂ, ਸ਼ਰਧਾ ਹੀ ਸ਼ਰਧਾ ਹੈ। ਟਿੱਕਾ ਅਜੇ ਕੁਛ ਹੋਰ ਕਹਿਣ ਲੱਗੀ ਸੀ ਬਾਬੇ ਨੇ ਕਿਹਾ ਆ ਟਿੱਕਾ ਤੈਨੂੰ ਕੁਛ ਦਿਖਾਈਏ।

ਇਕ ਲੰਮੇ ਜਿਹੇ ਕਮਰੇ ਵਿਚ ਮਾਂ ਪੁਤਰ ਲੇਟੇ ਹੋਏ ਹਨ। ਮਾਂ ਨੇ ਜਲਦੀ ਨਾਲ ਆਪਣਾ ਮੂੰਹ ਪੱਲੇ ਨਾਲ ਕੱਜ ਲਿਆ। ਬੱਚੇ ਨੇ ਮੁਸਕ੍ਰਾਹਟ ਵਾਲੇ ਬੁੱਲ੍ ਖੋਲ੍ ਦਿੱਤੇ। ਟਿੱਕਾ ਨੂੰ ਐਉਂ ਮਲੂਮ ਹੋਇਆ ਜਿਸ ਤਰ੍ਹਾਂ ਕਮਰਾ ਚੰਦ ਦੀ ਮੱਧਮ ਰੋਸ਼ਨੀ ਨਾਲ ਭਰਿਆ ਹੋਇਆ ਹੈ। ਬੜੇ ਚਾ ਨਾਲ ਲਾਡ ਕਰਦੀ ਕਰਦੀ ਨੇ ਕਿਹਾ ਜੀ, ਇਸ ਦਾ ਨਾਉਂ ਕੀ ਰਖੋਗੇ? ਬਾਬੇ ਨੇ ਕਿਹਾ, ਟਿੱਕਾ! ਕੱਲ੍ ਕੀ ਵਾਰ ਸੀ? ਟਿੱਕਾ ਬੋਲੀ: ਜੀ, ਵੀਰਵਾਰ। ਬਾਬੇ ਨੇ ਕਿਹਾ, ਇਹ ਬ੍ਰਹਸਪਤੀ ਦਾ ਦਿਨ ਹੈ। ਬ੍ਰਹਸਪਤੀ ਦੇਵਤਿਆਂ ਦਾ ਵਿਦਯਾ ਦਾਤਾ ਸੀ। ਇਹ ਵੀ ਗਯਾਨ ਦਾ ਸੂਰਜ ਚਮਕਾਏਗਾ। ਇਸ ਦਾ ਨਾਉਂ ਭਾਵੇਂ ਕੁਛ ਰੱਖਿਆ ਜਾਵੇ, ਇਹ 'ਨਾਮ-ਸੰਸਕਾਰ' ਦੀ ਗਲ ਹੈ, ਪਰ ਦੁਨੀਆਂ ਵਿਚ ਇਸਦਾ ਨਾਮ ਇਸੇ ਬ੍ਰਹਸਪਤਿ ਦੇ ਦਿਨ ਉਪਰ ਮਸ਼ਹੂਰ ਹੋਵੇਗਾ।

੨੮.

ਸੰਨ ੧੯੭੨ ਵਿਚ ਬਾਬੇ ਦੀ ਸਿਹਤ ਕਮਜ਼ੋਰੀ ਵਲ ਰੁਖ ਕਰ ਰਹੀ ਸੀ। ਉਹ ਸਮਝਣ ਲਗ ਪਿਆ ਸੀ ਕਿ ਸਰੀਰ ਵਿਚ ਹੁਣ ਉਹ ਝਾਲ ਤੇ ਕਾਢ ਨਹੀਂ ਰਹੀ, ਇਸ ਕਰਕੇ ਕਈ ਗੱਲਾਂ ਜੋ ਉਹ ਨੇਮ ਨਾਲ ਕਰਦਾ ਹੁੰਦਾ ਸੀ ਖੁੰਝਣ ਲਗ ਪਈਆਂ। ਠਾਕਰਾਂ ਦੇ ਡੇਰੇ ਇਕ ਫੇਰਾ ਲਗਾ ਆਉਣਾ, ਇਹ ਉਸਦਾ ਨਿਤ ਪ੍ਰਤੀ ਦਾ ਕਰਮ ਸੀ, ਜਿਸ ਵਿਚ ਹੁਣ ਵਿਘਨ ਪੈਣਾ ਸ਼ੁਰੂ ਹੋਇਆ।

ਅਸੀਂ ਪਿਛੇ ਦੱਸ ਆਏ ਹਾਂ ਕਿ ਇਸ ਡੇਰੇ ਦੀ ਸ਼ਕਲ ਠਾਕਰ ਦਿਆਲ ਸਿੰਘ ਜੀ ਦੇ ਵੇਲੇ ਤੋਂ ਬਦਲਣੀ ਸ਼ੁਰੂ ਹੋ ਗਈ ਸੀ। ਹੌਲੇ ਹੌਲੇ ਅੱਡਣਸ਼ਾਹੀ ਮਿਰਜਾਦਾ, ਕਿਰਤ ਆਦਿਕ ਹਟ ਕੇ ਨਿਰਮਲ ਪੰਥ ਦਾ ਪ੍ਰਭਾਵ ਵਧ ਗਿਆ ਸੀ, ਜਿਸ ਨਾਲ ਕਥਾ, ਕੀਰਤਨ ਅਤੇ ਰਾਗ ਵਿਚ ਡੇਰੇ ਦੀ ਰੁਚੀ ਵਧ ਗਈ ਸੀ। ਪ੍ਰਸਿੱਧ ਸੰਤ ਮਿਸ਼ਰਾ ਸਿੰਘ ਜੀ ਜੋ ਨਿਰਮਲੇ ਸਨ ਤੇ ਰਾਗ ਵਿਦਯਾ ਦੇ ਬੜੇ ਜਾਣੂੰ ਸਨ ਏਸ ਡੇਰੇ ਵਿਚ ਕੀਰਤਨ ਦੇ ਨੇਮੀ ਹੋ ਗਏ ਸਨ। ਪੰਡਤ ਸ਼ਾਮ ਸਿੰਘ ਜੀ ਨਿਰਮਲੇ ਜੋ ਉਸ ਵਕਤ ਮੰਨੇ ਹੋਏ ਵਿਦਵਾਨ ਸਨ ਏਸ ਡੇਰੇ ਵਿਚ ਕਥਾ ਕਰਦੇ ਰਹੇ ਤੇ ਆਖਰ ਉਹ ਰਜ਼ਰੇ ਵੀ ਏਸੇ ਡੇਰੇ ਵਿਚ। ਬਾਬਾ ਭਾਵੇਂ ਸੇਵਾ ਵਾਲੀ ਪਰਪਾਟੀ ਦੇ ਖਤਮ ਹੋ ਜਾਣ ਨੂੰ ਅਸੂਲ ਦੇ ਨੁਕਤਾਨਿਗਾਹ ਤੋਂ

Digitized by Panjab Digital Library | www.panjabdigilib.org

ਪਸੰਦ ਨਹੀਂ ਸੀ ਕਰਦਾ, ਪਰ ਉਸ ਅਸਥਾਨ ਨਾਲ ਜੋ ਉਸਦਾ ਪਿਆਰ ਸੀ,-ਉਹ ਪ੍ਰੇਮ ਉਸਨੂੰ ਨੇਮ ਨਿਬਾਹੁਣ ਲਈ ਮਜਬੂਰ ਕਰੀ ਰਖਦਾ। ਠਾਕਰ ਜੀ ਦੇ ਚੜ੍ਹਾਈ ਕਰ ਜਾਣ ਮਗਰੋਂ ਵੀ ਬਾਬੇ ਦਾ ਡੇਰੇ ਨਾਲ ਪਿਆਰ ਤੇ ਭਾਈ ਗੁਲਾਬ ਸਿੰਘ ਨਾਲ ਪ੍ਰੇਮ ਸਤਿਕਾਰ ਵਾਲਾ ਸਨਬੰਧ ਬਣਿਆ ਰਿਹਾ। ਐਨ ਜਿਸ ਵੇਲੇ ਬਾਬੇ ਦੀ ਸਿਹਤ ਵਿਚ ਫਰਕ ਪੈ ਰਿਹਾ ਸੀ ਭਾਈ ਗੁਲਾਬ ਸਿੰਘ ਵੀ ਬੀਮਾਰੀ ਵਿਚੋਂ ਲੰਘ ਰਿਹਾ ਸੀ। ਬੀਮਾਰੀ ਤੋਂ ਛੁੱਟ ਭਾਈ ਗੁਲਾਬ ਸਿੰਘ ਨੂੰ ਇਕ ਗਲ ਹੋਰ ਸੋਚਵਾਨ ਕਰ ਰਹੀ ਸੀ, ਉਹ ਸੀ ਡੇਰੇ ਦੀ ਰੱਦੀ ਦਾ ਫੈਸਲਾ। ਭਾਈ ਗੁਲਾਬ ਸਿੰਘ ਤੇ ਭਾਈ ਭਗਤ ਸਿੰਘ ਦੋਨੋਂ ਠਾਕਰ ਦਿਆਲ ਸਿੰਘ ਦੇ ਚੇਲੇ ਸਨ। ਦੋਨੋਂ ਬੜੇ ਗੁਰਮੁਖ ਤੇ ਸਾਧੂ ਸੁਭਾਉ ਸਨ। ਅਸੀਂ ਪਿਛੇ ਦੱਸ ਆਏ ਹਾਂ ਕਿ ਠਾਕਰ ਜੀ ਨੇ ਆਪਣੇ ਜੀਉਂਦਿਆਂ ਜੀ ਭਾਈ ਗੁਲਾਬ ਸਿੰਘ ਨੂੰ ਰੱਦੀ ਨਸ਼ੀਨ ਕੀਤਾ ਕਿ ਮਤੇ ਕਿਸੇ ਸ਼ਰਾਰਤੀ ਦੇ ਉੱਦਮ ਨਾਲ ਪਿੱਛੋਂ ਕਿਤੇ ਚੇਲਿਆਂ ਵਿਚ ਝਗੜਾ ਚੱਲ ਪਵੇ। ਏਹੋ ਗਲ ਹੁਣ ਭਾਈ ਗੁਲਾਬ ਸਿੰਘ ਨੇ ਵਿਚਾਰੀ। ਉਸਨੂੰ ਚੇਲਿਆਂ ਤੋਂ ਵੱਧ ਗੁਰ ਭਾਈ ਪਿਆਰਾ ਸੀ ਸੋ ਉਸ ਨੇ ਭਾਈ ਭਗਤ ਸਿੰਘ ਦੀ ਦਸਤਾਰ ਬੰਦੀ ਜੀਉਂਦਿਆਂ ਜੀ ਕਰ ਦਿੱਤੀ। ਮਗਰੋਂ ਫੇਰ ਭਾਈਭਗਤ ਸਿੰਘ ਦੇ ਨਾਮ ਇਕ ਵਸੀਅਤ ਨਾਮਾ ਵੀ ਲਿਖ ਦਿੱਤਾ। ਇਹ ਕਾਰਰਵਾਈ ੨੫ ਮਾਰਚ ਸੰਨ ੧੯੭੨ ਈ: ਨੂੰ ਕਾਨੂੰਨੀ ਤੌਰ ਤੇ ਪੱਕੀ ਹੋ ਗਈ।

ਸੰਨ ੧੯੭੨ ਈ: ਤੋਂ ਬਾਦ ਬਾਬੇ ਦੀ ਸਿਹਤ ਵਿਚ ਫਰਕ ਹੋਰ ਜ਼ਿਆਦਾ ਪੈ ਗਿਆ। ਹੌਲੀ ਹੌਲੀ ਸਰੀਰ ਵਿਚ ਢਿੱਲਾਪਨ ਤੇ ਕਮਜ਼ੋਰੀ ਆ ਗਈ। ਬਾਹਾਂ ਵਿਚ ਖਾਸ ਤੌਰ ਤੇ ਨਾਤਾਕਤੀ ਵਧੀ। ਬਾਬਾ ਜੋ ਚਰਾ ਜ਼ਜਾਦਾ ਦੇਰ ਲਿਖਦਾ ਰਹਿੰਦਾ ਤਾਂ ਹੱਥ ਥਿੜਕ ਜਾਂਦਾ, ਉਂਗਲਾਂ ਕੰਬਣ ਲਗ ਪੈਂਦੀਆਂ।

ਸੰਨ ੧੯੭੩ ਵਿਚ ਸਿੰਘ ਸਭਾ ਲਹਿਰ ਅੰਮ੍ਰਿਤਸਰ ਵਿਚ ਸ਼ੁਰੂ ਹੋ ਗਈ। ਗਿਆਨੀ ਹਜ਼ਾਰਾ ਸਿੰਘ ਜੀ ਇਸ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਗੇ। ਡਾਕਟਰ ਚਰਨ ਸਿੰਘ ਜੀ ਨੇ ਵੀ ਏਸ ਵਿਚ ਬਹੁਤ ਦਿਲਚਸਪੀ ਲੈਣੀ ਸ਼ੁਰੂ ਕੀਤੀ, ਪਰ ਬਾਬੇ ਦੀ ਸ਼ੌਰਕ ਕਮਜ਼ੋਰੀ ਇਤਨੀ ਵਧ ਗਈ ਸੀ ਕਿ ਉਹ ਇਸ ਤੋਂ ਓਪਰਾ ਜੇਹਾ ਰਿਹਾ। ਏਸੇ ਸਾਲ ਗੌਰੀ ਸ਼ੰਕਰ ਦੇ ਚੜ੍ਹਾਈ ਕਰ ਜਾਣ ਦੀ ਖ਼ਬਰ ਆਈ ਜਿਸਦਾ ਬਹੁਤ ਦੁਖ ਮੰਨਿਆ ਗਿਆ।

ਸੰਨ ੧੯੭੪ ਵਿਚ ਬਾਬੇ ਨੇ ਫੁਟਕਲ ਚੀਜ਼ਾਂ ਲਿਖਣ ਤੋਂ ਸਿਵਾ ਹੋਰ ਗ੍ਰੰਥ ਲਿਖਣੇ ਬਿਲਕੁਲ ਬੰਦ ਕਰ ਦਿੱਤੇ। ਇਕ ਪੋਥੀ 'ਨਜ਼ੂਮ ਹਿਸਾਬ ਅਬਜਦ' ਜੋ ਮਾਂਗਵੀਂ ਆਈ ਹੋਈ ਸੀ ਦਾ ਉਤਾਰਾ ਕਰਨਾ ਜ਼ਰੂਰੀ ਸੀ। ਉਹ ਪੁਤ੍ਰ ਨੂੰ ਇਸ ਮਤਲਬ ਲਈ ਘੱਲ ਦਿੱਤੀ*।

ਸੰਨ ੧੯੭੫ ਵਿਚ ਕਵਿ ਸੰਤੋਖ ਸਿੰਘ ਨੇ ਗੁਰਮੁਖੀ ਅੱਖਰਾਂ ਵਿਚ ਪਹਿਲਾ ਮਾਸਕ ਪੱਤ੍ਰ ਕੱਢਣਾ ਅਰੰਭ ਕੀਤਾ, ਜਿਸਦੇ ਸ਼ੁਰੂ ਦੇ ਮਜ਼ਮੂਨ ਜ਼ਜਾਦਾ ਤਰ ਉਸਦੀਆਂ ਪਿਛਲੀਆਂ ਕਥਾ ਤੇ ਵਖਯਾਨ ਸਨ ਤੇ ਨਾਲ ਹੀ ਪਿਛਲੀਆਂ ਕਵਿਤਾਂ ਦਾ ਜ਼ਖੀਰਾ ਸੀ†, ਪਰ ਬਾਬਾ ਇਨ੍ਹਾਂ ਮਜ਼ਮੂਨਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਲੈ ਰਿਹਾ। ਉਸ ਨੇ ਇਕ ਗੁਰੂ ਗ੍ਰੰਥ ਸਾਹਿਬ ਭਾਈ ਸੁਹੇਲ ਸਿੰਘ ਕੋਲੋਂ ਲਿਖਵਾਇਆ ਹੋਇਆ ਸੀ। ਇਹ ਉਤਾਰਾ ਖਾਸ ਪੁਤ੍ਰ ਦੇ ਪਾਠ ਕਰਨ ਵਾਸਤੇ ਕਰਵਾਇਆ ਗਿਆ ਸੀ, ਪਰ ਪੁਤ੍ਰ ਦੇ ਇਨ੍ਹਾਂ ਦਿਨਾਂ ਵਿਚ ਅਜ਼ਨਾਲੇ ਚਲੇ ਜਾਣ ਕਰਕੇ ਬਾਬਾ ਅਜ ਕਲ ਆਪ ਇਸ ਗੁਰੂ ਗ੍ਰੰਥ ਸਾਹਿਬ ਤੋਂ ਨੇਮ ਨਾਲ ਪਾਠ ਕਰਦਾ ਰਹਿੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪਿਆਰ ਉਸਦੇ ਹਿਰਦੇ ਦੇ ਅੰਦਰ ਡੂੰਘਾ ਪੁੜਿਆ ਹੋਇਆ ਸੀ, ਜੋ ਕਿਸੇ ਕਿਸੇ ਵੇਲੇ ਪਾਠ ਸਮੇਂ ਉਸ ਦੇ ਨੇਤ੍ਰਾਂ ਦੀ ਜਲਧਾਰਾ ਵਿਚੋਂ ਝਲਕ ਪੈਂਦਾ।

---

*ਇਹ ਉਤਾਰਾ ਡਾਕਟਰ ਚਰਨ ਸਿੰਘ ਜੀ ਨੇ ਸੰਮਤ ੧੯੩੧ (੧੯੭੪ ਈ:) ਮਿਤੀ ਵਿਸਾਖ ਦਿਨ ੨੭ ਨੂੰ ਬਾਬਾ ਕਾਹਨ ਸਿੰਘ ਜੀ ਦੇ ਹੁਕਮ ਨਾਲ ਅਜ਼ਨਾਲੇ ਵਿਚ ਕੀਤਾ।

†ਪੱਤ੍ਰ ਦਾ ਨਾਮ 'ਸੁਕਬਿ ਸੰਬੋਧਨੀ' ਸੀ।

Digitized by Panjab Digital Library | www.panjabdigilib.org

ਬਾਬੇ ਦੀ ਉਮਰਾ ਦੇ ਹੁਣ ਅਖੀਰਲੇ ਤਿੰਨ ਸਾਲ ਸਨ । ਉਸ ਦਾ ਜ਼ਿਆਦਾ ਵਕਤ ਇਨ੍ਹਾਂ ਦਿਨਾਂ ਵਿਚ ਨਾਮ ਸਿਮਰਣ ਦੀ ਮਗਨਤਾ ਵਿਚ ਹੀ ਲੰਘਦਾ। ਉਸ ਕੋਲ ਦੇ ਰੁਦ੍ਰਾਖ ਦੀਆਂ ੧੦੮ ਮਣਕਿਆਂ ਦੀਆਂ ਮਾਲਾਂ ਸਨ। ਫੇਰਦਿਆਂ ਫੇਰਦਿਆਂ ਜਦ ਇਕ ਮਾਲਾ ਦਾ ਧਾਗਾ ਟੁੱਟ ਜਾਂਦਾ ਤਾਂ ਉਹ ਦੂਜੀ ਚੁੱਕ ਲੈਂਦਾ। ਇਤਨੇ ਨੂੰ ਪਹਿਲੀ ਵਿਚ ਧਾਗਾ ਨਵਾਂ ਪੁਰੋਇਆ ਜਾਂਦਾ*।

ਵਿਚ ਵਿਚ ਜੋ ਵਿਹਲਾ ਵਕਤ ਮਿਲਦਾ ਉਹ ਪੋਤ੍ਰੇ ਨੂੰ ਲਾਡ ਪਿਆਰ ਕਰਨ ਤੇ ਖਿਡਾਉਣ ਵਿਚ ਗੁਜ਼ਰਦਾ।ਉਸਨੇ ਕੁਛ ਖਰਗੋਸ਼ ਪਾਲੇ ਹੋਏ ਸਨਜਿਨ੍ਹਾਂ ਨਾਲ ਬੱਚਾ ਬਹੁਤ ਸਾਰਾ ਵਕਤ ਖੇਡਦਾ ਰਹਿੰਦਾ। ਖਰਗੋਸ਼ ਚਿੱਟੇ ਦੁੱਧ ਸਨ ਤੇ ਜਿਸ ਵੇਲੇ ਬੱਚਾ ਆਪਣੇ ਗੋਰੇ ਹੱਥਾਂ ਨਾਲ ਉਨ੍ਹਾਂ ਨੂੰ ਖਾਣ ਦੀਆਂ ਚੀਜ਼ਾਂ ਪਾਉਂਦਾ,ਖਰਗੋਸ਼ ਲੜਦੇ,ਬੱਚਾ ਹੱਸਦਾ ਤੇ ਬਾਬਾ ਖੁਸ਼ ਹੁੰਦਾ। ਬਾਬਾ ਆਪ ਸਪਾਂ ਦਾ ਖਿਡਾਰੂ ਸੀ ਪਰ ਏਸ ਬੱਚੇ ਦੀ ਨਜ਼ਾਕਤ ਨੂੰ ਸਮਝਕੇ ਏਸ ਦੇ ਵਾਸਤੇ ਉਸ ਨੇ ਖਰਗੋਸ਼ ਅਪਣੇ ਹੱਥੀਂ ਪਾਲੇ ਸਨ । ਇਸ ਬੱਚੇ ਦੀ ਛੋਟੀ ਉਮਰ ਵਿਚ ਸਿਆਣਪ ਦੇਖ ਦੇਖ ਬਾਬਾ ਬਹੁਤ ਪ੍ਰਸੰਨ ਹੁੰਦਾ। ਕਾਫੀ ਸਮਾਂ ਇਸਨੂੰ ਕਹਾਣੀਆਂ, ਹੜਬੀਤੀਆਂ ਤੇ ਜਗਬੀਤੀਆਂ ਸੁਣਾਉਣ ਉਪਰ ਖਰਚ ਹੁੰਦਾ। ਦਿਨ ਵੇਲੇ ਬਾਬਾ ਏਸ ਲਈ ਕਈ ਬੁਝਾਰਤਾਂ ਸੋਚਦਾ ਤੇ ਘੜਦਾ ਰਹਿੰਦਾ ਜੋ ਤਾਤ ਵੇਲੇ ਪਾਈਆਂ ਜਾਂਦੀਆਂ, ਜਿਨ੍ਹਾਂ ਵਿਚੋਂ ਕੁਛ ਬੁੱਝੀਆਂ ਜਾਂਦੀਆਂ ਤੇ ਬਾਕੀ ਦੱਸੀਆਂ ਤੇ ਸਮਝਾਈਆਂ ਜਾਂਦੀਆਂ। ਇਹ ਬੁਝਾਰਤਾਂ ਕੇਵਲ ਦਿਲ ਲਗੀ ਲਈ ਨਹੀਂ ਸਨ, ਪ੍ਰੰਤੂ ਇਹ ਇਕ ਵਸੀਲਾ ਸੀ ਹਾਸੇ ਖੇਡ ਦੇ ਤ੍ਰੀਕੇ ਨਾਲ ਵਿਦਜਕ ਗੱਲਾਂ ਵਿਚ ਰੁਚੀ ਪੈਦਾ ਕਰਨ ਦਾ। ਬੁਝਾਰਤਾਂ ਵੇਲੇ ਕਈ ਲੜਕੇ ਹੋਰ ਵੀ ਬਾਬੇ ਪਾਸ ਆ ਜਮ੍ਹਾਂ ਹੁੰਦੇ, ਜਿਨ੍ਹਾਂ ਵਿਚੋਂ ਮਾਨਸਿੰਘ (ਪਿਛੋਂ ਡਾਕਟਰ ਮਾਨ ਸਿੰਘ) ਪੂਰੇ ਨੇਮ ਨਾਲ ਪਹੁੰਚਦਾ। ਮਾਨ ਸਿੰਘ ਦੀ ਉਮਰਾ ਜ਼ਿਆਦਾ ਪੱਕੀ ਹੋਣ ਕਰਕੇ ਉਹ ਏਨ੍ਹਾਂ ਅਝੇਲੀਆਂ ਨੂੰ ਬਹੁਤ ਸ੍ਵਾਦ ਨਾਲ ਸੁਣਦਾ ਤੇ ਹੱਲ ਕਰਦਾ ਸੀ। ਕੁਛ ਐਸੀਆਂ ਬੁਝਾਰਤਾਂ ਬਾਬੇ ਦੀਆਂ ਲਿਖੀਆਂ ਅਸੀਂ ਹੇਠ ਦਿੰਦੇ ਹਾਂ:—

ਆਧੀ ਬਸੇ ਬਿਕੁੰਠ ਮੈਂ ਆਧੀ ਗਾਇਨ ਗੇਹ।
ਪਸਾਰੀ ਕੇ ਸਾਰੀ ਬਸੇ ਚਤੁਰ ਪੁਰਖ ਲਖ ਲੇਹੁ। } ਹਰਿਤਾਲ (ਹੜਤਾਲ)

ਕਾਚਾ ਸੀ ਤੋ ਬਕਬਕਾ ਗਦਰਾ ਮੀਠਾ ਹੋਇ।
ਐਸਾ ਬੀ ਫਲ ਕੌਣ ਹੈ ਪਾਕਾ ਫੀਕਾ ਹੋਇ। } ਮਨੁਖ

ਮੁਖ ਬੰਸੀ ਤਨ ਸ਼ਜਾਮ ਰੰਗ ਵਸੇ ਕੁੰਜ ਕੇ ਮਾਂਹਿ।
ਸਿਰ ਪਰ ਛਤ੍ਰ ਝੁਲਾਤ ਹੈ ਕ੍ਰਿਸ਼ਨ ਦੇਵ ਜੀ ਨਾਂਹਿ। } ਛਤਾਉਂ

ਮਾਥੇ ਜਾਂਕੇ ਸੁਰਸਰੀ ਰੁੰਡ ਮਾਲ ਗਲ ਮਾਂਹਿ।
ਬਾਹਨ ਜਾਂਕੇ ਬੈਲ ਹੈਂ ਸਦਾ ਸ਼ਿਵ ਜੀ ਨਾਂਹਿ। } ਖੂਹ

ਪ੍ਰਸ਼ਨ—ਤਨ ਰਿਪੁ ਬਨ ਰਿਪੁ ਅਨਤ ਰਿਪੁ ਤੰਚਨ ਰਿਪੁ ਹੈ ਜੋਇ।
ਅਹੋ ਸਖੀ ਸੋ ਦੀਜੀਏ ਤਨਕ ਤੁਮਾਰੇ ਹੋਇ। } ਅੱਗ ਦੇਹ

ਉੱਤਰ—ਬੋਈ ਥੀ ਪਰ ਮਰ ਗਈ ਰਲੀ ਮਿਤਕ ਕੇ ਸੰਗ।
ਹਮਰੇ ਰਿਹ ਤੇ ਹੈ ਨਹੀਂ ਅਵਰ ਕਿਸੀ ਤੇ ਮੰਗ। } ਅੱਗ ਹੈ ਨਹੀਂ।

੨੯.

ਸੰਨ ੧੮੭੯ ਈ: ਅਪ੍ਰੈਲ ਦੇ ਸ਼ੁਰੂ ਬਾਬੇ ਨੂੰ ਕੁਛ ਸ਼ਰੀਰਕ ਖੇਚਲ ਬੀਮਾਰੀ ਦੀ ਸ਼ਕਲ ਵਿਚ ਹੋ ਗਈ। ਇਹ ਲਗਾਤਾਰ ਬੁਖਾਰ ਦਾ ਸ਼ੁਰੂ ਸੀ। ਬਾਬੇ ਨੇ ਕਿਹਾ: ਇਹ ਨੱਬੇ ਵਰ੍ਹਿਆਂ ਵਿਚ ਤੀਜੀ ਵੇਰ ਬੁਖਾਰ ਚੜ੍ਹਿਆ ਹੈ, ਪਹਿਲੇ ਗੜ੍ਹ ਮਹਾਰਾਜ,ਫੇਰ ਜੰਗਲ ਵਿਚ, ਹੁਣ ਅੰਮ੍ਰਿਤਸਰ, ਪਰ ਇਹ ਅਖੀਰਲੀ

*ਇਨ੍ਹਾਂ ਵਿਚੋਂ ਇਕ ਮਾਲਾ ਤੇ ਹੋਰ ਸਾਧਗੀ ਦਾ ਸਾਮਾਨ ਅਜ ਤਕ ਬਤੌਰ ਆਪਦੀ ਯਾਦਗਾਰ ਦੇ ਕਾਇਮ ਹੈ।

Digitized by Panjab Digital Library | www.panjabdigilib.org

ਦਾਰ ਹੈ। ਬੀਮਾਰੀ ਵਿਚ ਸੇਵਾ ਲਈ ਪੁਤ੍ਰ, ਧੀ ਤੇ ਇਸਤ੍ਰੀ ਹਰ ਵਕਤ ਹਾਜ਼ਰ ਰਹਿੰਦੇ ਸਨ। ਪਾਠਕਾਂ ਨੂੰ ਭੁੱਲਿਆ ਨਹੀਂ ਹੋਣਾ ਕਿ ਪੁਤ੍ਰ ਦਾ ਨਾਮ ਡਾਕਟਰ ਚਰਨ ਸਿੰਘ, ਇਸਤ੍ਰੀ ਸ੍ਰੀ ਮਤੀ ਰੂਪ ਕੌਰ ਅਤੇ ਧੀ ਬੀਬੀ ਚੰਦੋ ਸੀ। ਭਾਗੋਭਰੀ ਨੂੰਹ ਤੇ ਪੋਤ੍ਰਾ ਇਨ੍ਹਾਂ ਦਿਨਾਂ ਵਿਚ ਹਰਦੁਵਾਰ ਗਏ ਹੋਏ ਸਨ ਪਰ ਵਾਪਸ ਆਉਣ ਵਾਲੇ ਸਨ ਤੇ ਉਹ ਐਨ ਵੇਲੇ ਸਿਰ ਹੀ ਪਹੁੰਚੇ।

ਅੰਮ੍ਰਿਤਸਰ ਦਾ ਪ੍ਰਸਿੱਧ ਹਕੀਮ ਗੁਲਾਮ ਜੀਲਾਨੀ ਖਬਰ ਸੁਰਤ ਨੂੰ ਆਉਂਦਾ ਹੁੰਦਾ ਸੀ। ਇਕ ਦਿਨ ਇਹ ਸੁੱਕੇ ਫੁੱਲਾਂ ਦਾ ਗੁਲਦਸਤਾ ਲਿਆਇਆ ਜੋ ਸੁੱਕੀ ਸੇਵਾਰ* ਵਿਚ ਲਪੇਟਿਆ ਹੋਇਆ ਸੀ। ਸੇਵਾਰ ਉਤਾਰੀ ਗਈ ਤੇ ਫੁੱਲ ਪਾਣੀ ਵਿਚ ਲਗਾਏ ਗਏ। ਥੋੜੇ ਚਿਰ ਪਿਛੋਂ ਸੁੱਕੇ ਫੁੱਲਾਂ ਵਿਚੋਂ (ਜੋ ਈਰਾਨ ਤੋਂ ਆਏ ਹੋਏ ਸਨ) ਖ਼ੁਸ਼ਬੋ ਆਉਣ ਲੱਗ ਪਈ। ਹਕੀਮ ਜੀਲਾਨੀ ਦਾ ਖਿਆਲ ਸੀ ਕਿ ਇਸ ਖੁਸ਼ਬੋ ਨਾਲ ਮੁਹਰਕੇ ਬੁਖਾਰ ਦਾ ਅਸਰ ਦਿਮਾਗ ਉਪਰ ਨਹੀਂ ਚੜ੍ਹਦਾ। ਬਾਬੇ ਦਾ ਧਿਆਨ ਸੁਟੀ ਹੋਈ ਸੇਵਾਰ ਵਲ ਚਲਾ ਗਿਆ, ਉਸ ਨੇ ਉਸ ਵਲ ਦੇ ਚਾਰ ਸਤਰਾ ਸੇਵਾਰ ਉੱਪਰ ਪੰਜਾਬੀ ਵਿਚ ਕਹੀਆਂ:-

[ਸੇਵਾਰ]

ਕੀ ਸਵਾਰਾਂ ਵਿਚ ਜਗਤ ਮੈਂ! 'ਸੇ-ਵਾਰ' ਕਿਧੋਂ ਹੋਈ?
ਫੁੱਲ, ਕਲੀ ਨਾ ਡੋਡੀ ਕੋਈ! ਨਾ ਮਿੱਠੀ ਖ਼ੁਸ਼ਬੋਈ!
ਰੰਗ ਜੰਗਾਲੀ ਹੈ ਨਿਰਾ ਵੇਸ ਗਰੀਬੀ ਢਾਲਾ
ਦੀਦੇ ਹੀਣੀ ਜਿੰਦ ਲਈ ਹੋਰ ਨਹੀਂ ਉਜਿਯਾਲਾ;
ਨਾ ਜੜ੍ਹ ਨਾ ਪੱਤੇ ਹਨਗੇ ਨਾ ਡਾਹਨ ਨਾ ਡਾਲਾ
ਮੈਂ ਕੌਣ-ਹਾਂ-ਮੇਰਾ ਕੌਣ? ਕੀ ਕੇਵਲ ਮੈਂ ਜਾਲਾ?
ਪੁੱਛਾਂ ਪੌਣ, ਉਠਿ, ਗਲੇ ਲੱਗ, ਕਰ ਜਾਂਦੀ ਪਰ ਟਾਲਾ।

ਬਾਬੇ ਦੀ ਪੰਜਾਬੀ ਵਿਚ ਇਹ ਪਹਿਲੀ ਤੇ ਅਖੀਰਲੀ ਕਵਿਤਾ ਸੀ।

ਕਲਮ ਨੂੰ ਛੱਡਕੇ ਬਾਬੇ ਨੇ ਫੇਰ ਮਾਲਾ ਹੱਥ ਵਿਚ ਫੜ ਲੀਤੀ। ਇਕ ਠੰਢਾ ਸਾਹ ਭਰਕੇ ਫੇਰ ਸੇਵਾਰ ਵੱਲ ਤੱਕਿਆ ਫੇਰ ਕਹਿਣ ਲੱਗਾ, ਹਾਂ ਸੇਵਾਰ! ਤੂੰ ਨਿਰਾ ਜਾਲਾ ਹੈਂ, ਤੂੰ ਮਾਯਾ ਦਾ ਜਾਲ ਹੈਂ। ਭਲਾ ਉਪਰੋਂ ਸੇਵਾਰ ਨੂੰ ਜੇ ਹਿਲਾ ਦਿਓ ਤਾਂ ਉਸੇ ਖਿਣ ਉਹ ਮੁੜ ਉਸੇ ਥਾਂ ਉਪਰ ਹੋ ਜਾਂਦੀ ਹੈ। ਇਹ ਮਾਯਾ ਦਾ ਪੜਦਾ ਹੈ। ਗਯਾਨੀ ਇਕ ਖਿਨ ਵੀ ਅਵੇਸਲਾ ਨਹੀਂ ਬੈਠ ਸਕਦਾ। ਉਸ ਨੇ ਸਾਰਾ ਵਕਤ ਇਸ ਪੜਦੇ ਦੇ 'ਫਾੜ' ਨੂੰ ਕਾਇਮ ਰੱਖਣ ਵਿਚ ਹੀ ਖਰਚ ਕਰਨਾ ਹੈ। ਹਾਂ ਸੇਵਾਲ! ਤੇਰਾ ਪੜਦਾ ਪਾੜੀ ਰੱਖਣ ਦੀ ਖ਼ਾਤਰ ਆਪਣੀ ਅੰਦਰ ਦੀ ਪਾਟੋਧਾਪੀ ਖ਼ਤਮ ਹੋ ਜਾਂਦੀ ਹੈ। ਸਾਧੂ ਦੇ ਚਾਰੇ ਸਾਧਨ,-ਗਯਾਨ, ਯੋਗ, ਕਰਮ, ਭਗਤੀ ਰਲ ਬੈਠਦੇ ਹਨ, ਹਰ ਛਿਨ ਤੈਨੂੰ ਫਟਿਆ ਹੋਇਆ ਰੱਖਣ ਲਈ। ਹਾਂ, ਪ੍ਰਾਚੀਨ ਧਰਮਾਂ ਦਾ ਸਾਰ ਅੰਸ਼,-ਇਹੋ ਸੇਵਾਰ ਦਾ ਮਾਯਾ ਜਾਲ ਪਾੜੀ ਰਖਣਾ ਹੈ†।

ਤੇਰ੍ਹਾਂ ਕੁ ਦਿਨ ਤਾਂ ਬੁਖਾਰ ਕੁਛ ਹਲਕੀ ਚਾਲ ਵਿਚ ਰਿਹਾ, ਸਵੇਰ ਵੇਲੇ ਨਰਮ ਤੇ ਸ਼ਾਮ ਵੇਲੇ ਉੱਚ, ਫੇਰ ਤਪਸ਼ ਤੇ ਘਬਰਾ ਵਧ ਗਿਆ।

ਇਕ ਦਿਨ ਬਾਬੇ ਨੇ ਆਪਣੀ ਸਾਰ ਰਾਮਾਯਣ ਮੰਗਾਈ। ਉਸ ਨੂੰ ਅਧੂਰੀ ਦੇਖਕੇ ਇਕ ਹਉਕਾ ਲਿਆ, ਫੇਰ ਅੱਖਾਂ ਮੀਟ ਕੇ ਚੁੱਪ ਹੋ ਗਿਆ, ਫੇਰ ਕਹਿਣ ਲੱਗਾ ਏਸ ਦੁਨੀਆਂ ਦੇ ਸਾਰੇ ਕੰਮ ਅਧੂਰੇ ਹੀ

---

*ਸੇਵਾਰ ਇਕ ਆਮ ਕਿਸਮ ਦਾ ਪੌਦਾ ਹੁੰਦਾ ਹੈ ਜੋ ਤਲਾਵਾਂ ਦੇ ਉਪਰ ਹਰੇ ਰੰਗ ਦਾ ਬੂਰ ਬਣਕੇ ਫੈਲ ਜਾਂਦਾ ਹੈ। ਇਸ ਨੂੰ ਜੰਗਾਲ ਵੀ ਕਹਿੰਦੇ ਹਨ ਤੇ ਕਈ ਥਾਵਾਂ ਤੇ ਇਸ ਨੂੰ 'ਬੂਰ' ਹੀ ਕਿਹਾ ਜਾਂਦਾ ਹੈ।

†यथापकृष्टं शैवालं क्षणमात्रं न तिष्ठति। आवृणोति तथा माया प्राज्ञं वापि पराङ्मुखम्।

अथर्वाङ्ग उपनिषद्॥ १५॥

Digitized by Panjab Digital Library | www.panjabdigilib.org

ਰਹਿੰਦੇ ਹੰਨ, ਜੋ ਪੂਰੇ ਹਨ ਉਹ ਵੀ ਅਧੂਰੇ ਹਨ। ਕੰਮ ਪੂਰੇ ਨਹੀਂ ਹੁੰਦੇ ਕੇਵਲ ਮਨੁੱਖ 'ਪੂਰਾ' ਹੋ ਜਾਂਦਾ ਹੈ। ਫੇਰ ਰਾਮਾਯਣ ਦੇ ਪੱਤਰੇ ਖੋਲ੍ਹੇ ਤੇ ਉਸ ਵਿਚੋਂ ਇਕ ਛੰਦ ਪੜ੍ਹਿਆ।

ਇਹ ਇਕ ਉਪਦੇਸ਼ ਹੈ ਜੋ ਬਾਬਾ ਹਰ ਮਰਨਸ਼ੀਲ ਪ੍ਰਾਣੀ ਲਈ ਛੱਡ ਗਿਆ ਹੈ:-

ਕਬਿੱਤ-ਪ੍ਰਭੂ ਕੇ ਚਰਨ ਚੇਤ ਹਿਤ ਅਤਿ ਲਾਇ ਚਿਤ ਚੂਰਨ ਕੈ ਦੁੱਖਨ ਕੋ ਖਾਰ ਸਿੰਧ ਡਾਰ ਦੇਹਿ।
ਮਾਨਸ ਜਨਮ ਜੀਤ, ਸੰਤਨ ਬਿਨੀਤ ਕੈ ਕੈ, ਨੀਤ ਨਿੰਮ੍ਰੀ ਭਾਵ ਚਾਵ ਰਾਖਿਯੋ ਸੰਭਾਰ ਏਹਿ।
ਸੱਤਿ ਚਿਦਾ ਨੰਦ ਹੈ ਮੁਕੰਦ ਫੰਧ ਕਾਟਬੇ ਕੋ, ਚੰਦ ਤੂੰ ਚਿਤਾਰ ਚਾਰ ਚਤਰ ਤੂੰ ਧਾਰ ਲੇਹਿ।
ਭਵਕੇ ਭਵਨ ਮਾਂਝ ਬਹੁਰੋ ਨ ਸਾਂਝ ਹੈ ਹੈ ਕਾਨ ਜੁ ਮ੍ਰਿਗਿੰਦ ਬ੍ਰਿੰਦ ਆਤਮਾ ਹੀ ਜੈਹਿ ਤੈਹਿ*।੧੫।

ਇਸ ਤਰ੍ਹਾਂ ਦੇ ਚਾਰ ਦਿਨ ਹੋਰ ਲੰਘ ਗਏ। ਘਬਰਾਹਟ ਵਧਣ ਲੱਗ ਪਈ ਜਿਸ ਦੇ ਅਸਰ ਨੂੰ ਏਕਾਗ੍ਰ ਬ੍ਰਿਤ ਬੈਠਕੇ ਕੁਛ ਘੱਟ ਕਰ ਲੈਂਦਾ। ਇਕ ਦਿਨ ਉਹ ਬਹੁਤ ਸਾਰਾ ਵਕਤ ਧਿਆਨ ਜੋੜਕੇ ਬੈਠ ਰਿਹਾ। ਉਹ ਦਿਹਾੜਾ ਤਾਂ 'ਸ਼ਾਂਤਿ ਚਿਤ' ਲੰਘਿਆ, ਪਰ ਰਾਤ ਵੇਲੇ ਤਬੀਅਤ ਉਖੜ ਗਈ। ਪਹਿਲੀ ਰਾਤ ਬੜੇ ਘਬਰਾ ਵਿਚ ਗੁਜ਼ਰੀ। ਉਹ ਫੇਰ ਉਠ ਕੇ ਬੈਠ ਗਿਆ। ਕਮਰੇ ਵਿਚ ਹਨੇਰਾ ਸੀ। ਉਸ ਨੇ ਸਮਾਧਿ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਲੱਤਾਂ ਇਤਨੀਆਂ ਕਮਜ਼ੋਰ ਸਨ ਕਿ ਹੁਣ ਉਨ੍ਹਾਂ ਦਾ ਕਿਸੇ ਆਸਣ ਵਿਚ ਜੁੜਨਾ ਮੁਸ਼ਕਲ ਸੀ। ਸਿਰਹਾਣੇ ਉਪਰ ਫੇਰ ਵਿੰਗਾ ਜਿਹਾ ਸਿਰ ਕਰਕੇ ਰੱਖ ਦਿੱਤਾ, ਅੱਖ ਮੀਟੀ, ਫੇਰ ਖੋਲ੍ਹੀ। ਅੰਉਂ ਲੱਗਾ ਜਿਵੇਂ ਹਨੇਰਾ ਘੁੰਮਦਾ ਪਿਆ ਹੈ ਕੁਛ ਐਸ ਤਰ੍ਹਾਂ ਜਿਸ ਤਰ੍ਹਾਂ ਪਹਾੜ ਦੀ ਡੂੰਘੀ ਖੱਡ ਵਿਚ ਧੁੰਦ ਹਿਲਦੀ ਹੈ। ਕੀ ਇਹ ਮੌਤ ਦੀ ਖੱਡ ਹੈ, ਜਿਸਦੀ ਭੁਰਭੁਰੀ ਕੰਧੀ ਉਪਰ ਖੜੋਤੀ ਜ਼ਿੰਦਗੀ ਲੜਖੜਾ ਰਹੀ ਹੈ ? ਕੀ ਇਹ ਖੱਡ, 'ਕਾਲ' ਦਾ ਮੂੰਹ ਹੈ, ਜੋ ਹੌਲੀ ਹੌਲੀ ਖੁੱਲ੍ਹ ਰਿਹਾ ਹੈ ?

ਬਾਬੇ ਨੇ ਆਵਾਜ਼ ਦਿੱਤੀ, 'ਚਾਨਣਾ' 'ਚਾਨਣਾ'।

ਕਮਰੇ ਦੇ ਬਾਹਰ ਦੀਵਾ ਜਗਦਾ ਪਿਆ ਸੀ, ਮਾਈ ਰੂਪ ਕੌਰ ਝੱਟ ਰੌਸ਼ਨੀ ਅੰਦਰ ਲੈ ਆਈ ਤੇ ਕਹਿਣ ਲੱਗੀ, ਕਿਉਂ ਜੀ, ਤਬੀਅਤ ਤਾਂ ਠੀਕ ਹੈ ਨਾ ? ਬਾਬੇ ਨੇ ਕਿਹਾ, ਹਾਂ ਠੀਕ ਹੈ, ਨੱਬੇ ਵਰ੍ਹੇ ਤੋਂ ਇਕ ਆਦਮੀ ਸਾਡੇ ਨਾਲ ਰਿਹਾ ਹੈ, ਉਸਦਾ ਦਾਉ ਨਹੀਂ ਚੱਲਿਆ। ਅੱਜ ਉਸ ਦਾ ਮੂੰਹ ਖੁਲ੍ਹਿਆ ਤੇ ਅਸੀਂ ਭੌਂਤਲ ਗਏ ਕਿ ਇਹ ਕੀ ਕਰਨ ਲੱਗਾ ਹੈ, ਸਾਡੇ ਦਿਨ ਅਜੇ ਬਾਕੀ ਹਨ, ਪਰ ਉਹ ਅੱਕ ਗਿਆ ਹੈ ਤੇ ਅੱਜ ਥੱਕਕੇ ਉਬਾਸੀ ਲੀਤੀ ਸੂ। ਰੂਪ ਕੌਰ ਨੇ ਕਿਹਾ ਇਹ ਕੌਣ ਆਦਮੀ ਹੈ। ਤਾਂ ਬਾਬੇ ਕਿਹਾ, ਇਹ ਹੈ,-'ਕਾਲ'। ਹੌਲੇ ਹੌਲੇ ਦਿਨ ਚੜ੍ਹ ਪਿਆ। ਕੁਛ ਘੰਟੇ ਬੇਸੁਰਤੀ ਜਿਹੀ ਦੀ ਨੀਂਦ ਦੇ ਲੰਘੇ। ਬਾਬਾ ਫੇਰ ਸਰ੍ਹਾਣਿਆਂ ਦੇ ਢਾਸਣੇ ਲਗਵਾਕੇ ਬੈਠ ਰਿਹਾ। ਲੰਦੇ ਕੁ ਵੇਲੇ ਉਸਦੇ ਸਰੀਰ ਉਪਰ ਐਸ ਤਰ੍ਹਾਂ ਦੀ ਕੱਚੀ ਪੀਲੱਤਣ ਫਿਰ ਗਈ ਜਿਸ ਤਰ੍ਹਾਂ ਇਕ ਹਰਾ ਦਰੱਖਤ ਸੂਰਜ ਅਸਤ ਵੇਲੇ ਕਪਾਹੀ ਰੰਗ ਦੀ ਭਾ ਮਾਰਦਾ ਹੈ। ਅਗਲੇ ਦਿਨ ਫੇਰ ਸਰ੍ਹਾਣਿਆਂ ਦਾ ਢਾਸਣਾ ਲਗਵਾਕੇ ਬੈਠਾ ਸੀ ਕਿ ਪੁਤ੍ਰ ਨੂੰ ਇਸ਼ਾਰਾ ਕੀਤਾ ਇਕ ਪੁਸਤਕ ਚੁੱਕ ਲਿਆਵਣ ਲਈ।

ਪੁਸਤਕ ਦਾ ਪੱਤ੍ਰਾ ਖੋਲ੍ਹਿਆ, ਫੇਰ ਦੋ ਚਾਰ ਉਥੱਲੇ ਪਥੱਲੇ। ਇਤਨੇ ਵਿਚ ਹੱਥ ਥੱਕ ਗਿਆ। ਫੇਰ ਸਾਹ ਲੈ ਕੇ ਹੋਰ ਦੋ ਚਾਰ ਪੱਤ੍ਰੇ ਫਰੋਲੇ। ਇਕ ਹਾਸ਼ੀਏ ਉਪਰ ਲਿਖਿਆ ਹੋਇਆ ਸੀ:-

'ਜੀਵਨ ਮਰਨ ਕਾ ਫ਼ਰਕ ਜੋ ਭੇਦ ਵਿਜ਼ਾਤੀ ਜਾਨ।'

---

*੧. ਬੜੇ ਪ੍ਰੇਮ ਨਾਲ ਚਿਤ ਲਾਕੇ (ਹੇ ਮਨ) ਪ੍ਰਭੂ ਦੇ ਚਰਨਾਂ ਦਾ ਧਿਆਨ ਧਰ (ਤੇ ਇਉਂ) ਦੁਖਾਂ ਨੂੰ ਦੂਰ ਕਰਕੇ ਖਾਰੇ ਸਮੁੰਦਰ ਵਿਚ ਸੁੱਟ ਦੇਹ। ੨. (ਇਸ) ਮਾਨਸ ਜਨਮ ਨੂੰ ਜਿੱਤ ਲੈ, ਸੰਤਾਂ (ਅਗੇ) ਬੇਨਤੀਆਂ ਕਰ ਕਰਕੇ ਨਿੰਮ੍ਰਤਾ ਦਾ ਚਾਉ ਸਦਾ ਸੰਭਾਲੀ ਰੱਖ (ਭਾਵ ਸਦ ਨਿੰਮ੍ਰਤਾ ਵਿਚ ਉਤਸ਼ਾਹੀ ਰਹੁ)। ੩. ਸਤਿ ਚੇਤਨ ਆਨਦ ਸ੍ਵਰੂਪ (ਵਾਹਿਗੁਰੂ) ਮੁਕਤੀ ਦਾਤਾ ਹੈ, ਹੇ ਪਿਆਰੇ (ਆਪਣੇ ਫੰਧ ਕਟਵਾਉਣ ਨੂੰ ਤੂੰ ਉਸੇ ਸੁਹਣੇ ਚਤੁਰ ਨੂੰ (ਹਿਰਦੇ ਵਿਚ ਧਾਰ ਲੈ। ਚੰਦ = ਪਿਆਰਾ। ਚਾਰੁ = ਸੁਹਣਾ) ੪. ਇਸ ਸੰਸਾਰ ਰੂਪੀ ਘਰ ਵਿਚ (ਤੇਰੀ) ਫੇਰ ਸਾਂਝ ਨਹੀਂ ਹੋਣੀ, ਕਵੀ ਕਾਨ੍ਹ ਸਿੰਘ ਜੀ ਕਹਿੰਦੇ ਹਨ (ਕਿ ਦੇਖ) ਜਿੱਥੇ ਜਿੱਥੇ ਸਭ ਵਿਚ (ਉਹੋ) ਹੀ ਆਤਮਾ (ਰੂਪ ਹੋਕੇ ਵਸ ਰਿਹਾ) ਹੈ।

Digitized by Panjab Digital Library | www.panjabdigilib.org

ਫੇਰ ਪੁਤ੍ਰ ਨੂੰ ਕਹਿਣ ਲੱਗਾ, ਜੀਵਨ ਮਰਨ ਦਾ ਫਰਕ ਜੋ ਹੈ, ਉਹ ਜੀਉਂਦਿਆਂ ਜੀ ਹੋਰ ਤਰ੍ਹਾਂ ਦਾ ਪ੍ਰਤੀਤ ਹੁੰਦਾ ਹੈ, ਪਰ ਅੰਤ ਸਮੇਂ ਉਹ ਹੋਰ ਤਰ੍ਹਾਂ ਦਾ ਲੱਗਦਾ ਹੈ । ਪੁੱਤ੍ਰ ਨੇ ਕਿਹਾ, ਜੀ ਤੁਸੀਂ ਹੁਣ ਥੱਕ ਗਏ ਹੋ, ਸਾਹ ਚੜ੍ਹ ਗਿਆ ਹੈ, ਹੋਰ ਗੱਲਾਂ ਹੁਣ ਨਾ ਕਰੋ ਜੀ । ਦੋ ਤਿੰਨ ਮਿੰਟ ਬਾਬਾ ਚੁਪ ਹੋਗਿਆ। ਫੇਰ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ। ਅੱਖਾਂ ਬੰਦ ਸਨ, ਪਰ ਬੁੱਲ੍ ਹੌਲੀ ਹੌਲੀ ਚੱਲ ਰਹੇ ਸਨ: ਜੀਵਨ ਮਰਨ ਦਾ ਫਰਕ, ਪਾਣੀ ਤੇ ਬਰਫ ਦਾ ਫਰਕ, ਸਦਾ ਨੰਦ ਠੀਕ ਕਹਿੰਦਾ ਸੀ, ਕੋਈ ਫਰਕ ਨਹੀਂ,ਨਹੀਂ, ਕੋਈ ਫ਼ਰਕ ਨਹੀਂ, ਹਾਂ ਸਾਧੂ ਲਈ ਕੋਈ ਫਰਕ ਨਹੀਂ, ਕੋਈ ਭੇਦ ਨਹੀਂ, ਪਰ ਮੱਛੀ ਲਈ ਵਿਜਾਤੀ ਭੇਦ ਹੈ, ਮੰਤਕੀ ਲਈ ਸਜਾਤੀ ਭੇਦ ਹੈ, ਸਾਡੇ ਲਈ ਪਰ ਸਾਡੇ ਲਈ, ਹਾਂ ਸਾਡੇ ਲਈ"""ਇਹ ਕਹਿੰਦਿਆਂ ਬਾਬੇ ਨੇ ਸਿਰ ਨਿਸੱਤਾ ਜਿਹਾ ਹੋਕੇ ਇਕ ਪਾਸੇ ਸੁੱਟ ਦਿੱਤਾ । ਪੁਤ੍ ਡਰਿਆ ਕਿ ਇਹ ਅੰਤ ਸਮਾਂ ਹੈ। ਉਸ ਘਬਰਾਕੇ ਮਾਂ ਨੂੰ ਅਵਾਜ਼ ਮਾਰੀ । ਬਾਬੇ ਨੇ ਫੇਰ ਅੱਖ ਖੋਲ੍ ਦਿੱਤੀ, ਗਰਦਨ ਚੁੱਕੀ ਤੇ ਕਿਹਾ, ਬੱਚਾ ਘਬਰਾ ਨਾ । ਸਾਨੂੰ ਪਤਾ ਹੈ ਜੀਵਨ ਮਰਨ ਇਕੋ ਗੱਲ ਹੈ। ਅਸੀ ਜਦੋਂ ਤੁਕ ਪੜ੍ਹਦੇ ਹਾਂ, 'ਨਾਨਕ ਭਗਤਾ ਸਦਾ ਵਿਗਾਸੁ' ਤਾਂ ਸਮਝਦੇ ਹਾਂ ਕਿ ਇਹ ਜ਼ਿੰਦਗੀ ਸਦਾ ਵਿਕਾਸ਼ ਹੈ, ਇਹ ਹਮੇਸ਼ ਦੀ ਸਵੇਰ ਹੈ. ਜਿਸਦਾ ਪਹੁ ਫੁਟਾਲਾ ਵਧਦਾ ਜਾਏਗਾ, ਇਹ ਐਸੇ ਚੰਦ ਦੀ ਚਾਂਦਨੀ ਹੈ ਜੋ ਹਰ ਰਾਤ ਦੂਣ ਸਵਾਈ ਹੋਵੇਗੀ, ਇਹ ਇਕ ਐਸੀ ਕਮਲ ਡੋਡੀ ਹੈ ਜੋ ਖਿੜਦੀ ਖਿੜਦੀ ਦੁਹਰੀ ਹੋ ਜਾਏਗੀ, ਪਰ ਬੱਸ ਨਹੀਂ ਕਰੇਗੀ,—ਦੁਹਰੀ, ਫੇਰ ਦੋਹਰੀ, ਫੇਰ ਅਠੋਹਰੀ,ਫੇਰ ਹੋਰ,ਜੋ ਪਤਾ ਨਹੀਂ ਕਿੰਨੀ ਵੇਰ ਕਿੰਵ ਤੇ ਕਿਸ ਤਰ੍ਹਾਂ । ਅਸੀਂ ਜ਼ਿੰਦਗੀ ਇਹ ਸਮਝਦੇ ਹਾਂ, ਅਸੀਂ 'ਸਦਾ ਵਿਗਾਸ' ਦੇ ਅਰਥ ਇਹ ਕੱਢੇ ਹੋਏ ਹਨ, ਪਰ ਨਹੀਂ ਇਹ ਨਹੀਂ,—ਜ਼ਿੰਦਗੀ ਮੌਤ ਹੈ; ਸਦਾ ਵਿਗਾਸ ਹਮੇਸ਼ ਦੀ ਮੌਤ ਹੈ। ਗੁਰੂ ਨੇ ਸਦਾ ਵਿਗਾਸ ਭਗਤ ਲਈ ਕਿਹਾ ਹੈ। ਭਗਤ ਉਹ ਹੈ ਜੋ ਹਮੇਸ਼ ਲਿਵ ਵਿਚ ਹੈ। ਲਿਵ ਕੀ ਹੈ ? ਲਿਵ, ਲਯ, ਪਰਲਯ, ਇਹ ਸਭ ਮੌਤ ਦੇ ਨਾਮ ਹਨ। ਭਗਤ ਤਾਂ "ਜੀਵਤੁ ਮਰੈ ਮਰੈ ਫੁਨਿ ਜੀਵੈ" ਉਸ ਲਈ ਜੀਵਨ ਤੇ ਮਰਨ ਦੀ ਹਦਬੰਦੀ ਦੀ ਲੀਕ ਮਿਟ ਜਾਂਦੀ ਹੈ। ਜੀਵਨ ਮੌਤ ਹੈ, ਮੌਤ ਜੀਵਨ ਹੈ, ਵਿਗਾਸ ਲਿਵ ਹੈ, ਲਿਵ ਵਿਗਾਸ ਹੈ । ਮੌਤ ਦੀਆਂ ਜੜਾਂ ਉਪਰ, ਧੁਰ ਸਿਖਰ ਉਪਰ, ਬਿਗਾਸ ਦਾ ਫੁਲ ਖਿੜਨਾ ਹੈ। ਪਰ ਉਸ ਚੋਟੀ ਉਪਰ, ਉਸ ਵਿਗਾਸ ਦੀ ਟੀਸੀ ਉਪਰ ਫੇਰ ਮੌਤ ਹੈ, ਜੀਵਨ ਤੇ ਮਰਨ ਦਾ ਫਰਕ ਇਤਨਾ ਹੀ ਹੈ, ਜਿਤਨਾ ਸਮੁੰਦਰ ਕਿਨਾਰੇ ਖੜੇ ਤੇ ਇਕ ਦਰੱਖਤ ਦੀ ਜੜ੍ ਤੇ ਫੁੱਲ ਦਾ। ਗੁਰੂ ਜੀਨੇ ਕਿਹਾ ਹੈ,'ਅੰਮ੍ਰਿਤ ਮੂਲ ਸਿਖਰ ਲਿਵ ਤਾਰੇ।' ਜੇ ਜੜ੍ ਵਿਚ ਅਮਰ ਜੀਵਨ ਹੈ ਤਦ ਚੋਟੀ ਉਪਰ ਲਿਵ ਹੈ, ਹਾਂ, ਸਿਖਰ ਉੱਪਰ ਲਿਵ ਹੈ, ਮੌਤ ਹੈ, ਲਯ ਹੈ,-ਪਰਲਯ। ਜੀਵਨ ਤੇ ਮੌਤ ਇਕ ਦੂਜੇ ਦੇ ਵਾਰੇ ਵਾਰੀ ਜੜ੍ ਮੂਲ ਹਨ ।

ਬਾਬਾ ਥੱਕ ਗਿਆ, ਸਾਹ ਚੜ੍ ਗਿਆ, ਮੱਥਾ ਤ੍ਰੌਲੀ ਤ੍ਰੌਲੀ ਹੋ ਗਿਆ। ਘਰ ਦੇ ਹੈਰਾਨ ਸਨ ਕਿ ਇਹ ਕੀ ਕਹੀ ਜਾਂਦਾ ਹੈ। ਪੁਤ੍ ਇਹ ਗਲਾਂ ਬੜੇ ਗਹੁ ਨਾਲ ਸੁਣ ਰਿਹਾ ਸੀ, ਪਰ ਮਾਂ ਨੇ ਹੌਲੇ ਜੇਹੇ ਉਸਦੇ ਕੰਨ ਵਿਚ ਆਖਿਆ, ਬੁਖਾਰ ਸਿਰ ਨੂੰ ਚੜ੍ ਗਿਆ ਹੈ। ਬੀਬੀ ਚੰਦੋ ਨੇ ਕਿਹਾ, ਇਹ ਤਾਂ ਦਿਮਾਗ ਨੂੰ ਸਰਸਾਮ ਹੋਗਿਆ ! ਹਕੀਮ ਨੂੰ ਹੁਣੇ ਸੱਦੋ। ਪੁਤ੍ ਨੇ ਉਠ ਕੇ ਹਕੀਮ ਗ਼ੁਲਾਮ ਜੀਲਾਨ ਦਾ ਭੇਜਿਆ ਹੋਇਆ ਦੂਜਾ ਸੁੱਕਾ ਗੁਲਦਸਤਾ ਸੇਵਾਰ ਵਿਚੋਂ ਖੋਲ੍ਹਿਆ ਤੇ ਭਿਉਂ ਕੇ ਇਕ ਗਲਾਸ ਵਿਚ ਲਗਾ ਦਿਤਾ। ਕਮਰੇ ਵਿਚ, ਧੂਪ ਦੇ ਧੂੰਏਂ ਵਾਕੁਣ ਹੌਲੇ ਹੌਲੇ ਸੁਗੰਧੀ ਪਸਰਨ ਲਗ ਪਈ, ਜਿਸਤਰ੍ਹਾਂ ਲਸ਼ਲਸ਼ੇ ਦੀ ਨਰਮ, ਪਰ ਅੰਦਰ ਧਸਣ ਵਾਲੀ ਖੁਸ਼ਬੋ ਹੁੰਦੀ ਹੈ ।

ਬਾਬੇ ਨੇ ਆਪਣੀਆਂ ਅੱਖਾਂ ਪੂਰੀਆਂ ਖੋਲ੍ਹੀਆਂ, ਉਸਨੂੰ ਐਉਂ ਪ੍ਰਤੀਤ ਹੋਇਆ ਕਿ ਬੇਦ ਮੁਸ਼ਕ ਤੇ ਬਨਫਸ਼ਾਂ ਦੀ ਰਲਵੀਂ ਮਹਿਕ ਇਕ ਠੰਢੇ ਠੰਢੇ ਲੇਪ ਵਾਕਣ ਹਿਰਦੇ ਉਪਰ ਲਗ ਰਹੀ ਹੈ। ਫੇਰ ਉਸ ਨੇ ਅੱਖਾਂ ਮੀਟ ਲੀਤੀਆਂ ਹੌਲੇ ਹੌਲੇ, ਜਿਸਤਰ੍ਹਾਂ ਸੰਧਿਆ ਵੇਲੇ ਇਕ ਕੋਲ ਫੁਲ ਪੋਲੇ ਪੋਲੇ ਮੂੰਹ ਮੀਟ ਕੇ ਨਿਮਾਣਾ ਜਿਹਾ ਹੋ ਜਾਂਦਾ ਹੈ।

ਅਗਲੇ ਦਿਨ ਉਹ ਫੇਰ ਸੁਚੇਤ ਸੀ ! ਉਸ ਨੇ ਇਕ ਹੋਰ ਪੁਸਤਕ ਮੰਗੀ, ਇਹ

Digitized by Panjab Digital Library | www.panjabdigilib.org

ਸਦਾ ਨੰਦ ਦੀ ਕਿਤਾਬ ਸੀ। ਸਦਾ ਨੰਦ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਉਹ ਇਹ ਛੰਦ ਬਹੁਤ ਪਸੰਦ ਕਰਦਾ ਸੀ:–

ਝੜਾ ਝਾਰ ਦੇਵੇ ਝਰ, ਰਾਹਿ ਲੇਵੇ ਬਿਨ ਰਾਹਿ ਨ ਪਾਵੇਗੇ ਰਾਮ ਤਾਈਂ।
ਜੇ ਤਾਂ ਪਾਇਆ ਚਾਹੇਂ ਮਹਬੂਬ ਤਾਈਂ ਘਰ ਆਪਣੇ ਆਇਕੇ ਦੇਖ ਸਾਂਈ।
ਢੂੰਡ ਆਪਣੇ ਆਪ ਦੇ ਵਿਚ ਸਦਾ ਬੋਲੇ ਕੌਣ ਵਿਲੋਕਤਾ ਨੈਨ ਮਾਂਹੀ।
ਸਦਾ ਨੰਦ ਲਹੇ ਸੋਈ ਰੂਪ ਹੋਵੇ ਗਲ ਹਿਮ ਕੀ ਪੁੱਤਰੀ ਸਿੰਧ ਨਿਆਈਂ।

ਇਹ ਛੰਦ ਪੜ੍ਹਕੇ ਉਸਦੇ ਚਿਹਰੇ ਉਪਰ ਲਾਲੀ ਆ ਗਈ। ਸਰੀਰ ਵਿਚ ਇਕ ਤਾਕਤ ਤੇ ਜੋਸ਼ ਆ ਗਿਆ। ਉਸ ਦੇ ਦਿਮਾਗ ਵਿਚ 'ਊਰਧ ਸਤ' ਦੀ ਫਿਲਾਸਫੀ ਘੁੰਮਣ ਲਗ ਪਈ। ਉਸਨੇ ਆਪਣੀ ਰਾਮਾਇਣ ਮੰਗੀ। ਅਜ ਓਹੁ ਮਲੂਮ ਹੁੰਦਾ ਸੀ ਕਿ ਉਹ ਸਾਰੀ ਮੁਕੰਮਲ ਕਰਕੇ ਰਹੇਗਾ–ਉਹ ਕੋਈ ਚੀਜ਼ ਅਧੂਰੀ ਛੱਡ ਕੇ ਨਹੀਂ ਜਾਵੇਗਾ। ਕਲਮ ਦਵਾਤ ਲਈ ਆਵਾਜ਼ ਦਿੱਤੀ ਤੇ ਜਿਸਮ ਦੀ ਸਾਰੀ ਸੱਤਾ ਇਕੱਠੀ ਕਰ ਲਈ। ਅਜ ਉਹ 'ਗੁਣ ਭੇਦ' ਦਾ ਮਸਲਾ ਮੌਤ ਦੀ ਗੋਦ ਵਿਚ ਬੈਠਾ, ਜਿਸਤੋਂ ਅਨੁਭਵ ਕਰ ਰਿਹਾ ਸੀ, ਲਿਖਣ ਲੱਗਾ। ਇਕ ਤੁਕ, 'ਝੜਾ ਝਾਰ ਦੇਵੇ ਝਰ' ਨੇ ਉਸ ਦੀ ਤਬੀਅਤ ਵਿਚ ਰਵਾਨਗੀ ਪੈਦਾ ਕਰ ਦਿਤੀ ਸੀ। ਸਿਆਹੀ ਦਾ ਡੋਬੂ ਲਿਆ। ਰਾਮਾਇਣ ਦੇ ਇਕ ਖਾਲੀ ਛੱਡੇ ਪੱਤੇ ਉਪਰ ਕਲਮ ਨੂੰ ਜ਼ਰਾ ਜ਼ੋਰ ਲਾਕੇ ਤਿਲਕਾਇਆ, ਪਰ ਹੱਥ ਰੁਕ ਗਿਆ। ਹੱਥ ਵਿਚ ਕੁਝੱਲ ਪੈ ਗਿਆ। ਘਰ ਦਿਆਂ ਨੇ ਵਿੰਗੀਆਂ ਉਂਗਲਾਂ ਵਿਚੋਂ ਕਲਮ ਖਿੱਚ ਲਈ। ਰਾਮਾਯਣ ਤੇ ਦਵਾਤ ਪਰੇ ਰਖੇ। ਬਾਬਾ ਲੇਟ ਗਿਆ, ਉਸ ਦੇ ਚਿਹਰੇ ਉਪਰ ਲਕਵੇ ਦੀ ਟੇਢ ਸੀ, ਉਹ ਬੇਹੋਸ਼ੀ ਦੀ ਨੀਂਦ ਵਿਚ ਗਰੂੰਦ ਹੋ ਗਿਆ। ਸੁੱਤੇ ਹੋਏ ਦੇ ਮੂੰਹ ਉੱਪਰ ਇਕ ਵਿੰਗੀ ਜੇਹੀ ਮੁਸਕ੍ਰਾਹਟ ਸੀ, ਮਾਨੋ ਉਹ ਕਾਲ ਦੇ ਖੁਲ੍ਹੇ ਰਹੇ ਮੂੰਹ ਦੇ ਸਾਮ੍ਹਣੇ ਇਕ ਛਿਪੀ ਹੋਈ ਤਿਰਛੀ ਮੁਸਕ੍ਰਾਹਟ ਮੁਸਕ੍ਰਾ ਰਿਹਾ ਸੀ। ਰਾਤ ਭਰ ਬਾਬਾ ਨੀਮ ਬੇਹੋਸ਼ੀ ਵਿਚ ਰਿਹਾ। ਦਿਨ ਚੜ੍ਹੇ ਉਹ ਫੇਰ ਸੁਚੇਤ ਸੀ। ਹਕੀਮ ਸੋਭਾ ਸਿੰਘ ਆਇਆ। ਉਸ ਕੋਲ ਕੱਜਲ ਸੀ ਜੋ ਲਕਵੇ ਲਈ ਬੜਾ ਮੁਫੀਦ ਸੀ। ਇਹ ਉਸ ਨੇ ਆਪ ਤਿਆਰ ਕੀਤਾ ਹੋਇਆ ਸੀ ਤੇ ਬੜੀ ਮਿਹਨਤ ਨਾਲ। ਸੋਭਾ ਸਿੰਘ ਨੇ ਸੁਰਮੇਦਾਨੀ ਦਾ ਮੂੰਹ ਖੋਲ੍ਹਿਆ ਤੇ ਸਲਾਈ ਭਰੀ, ਪਰ ਬਾਬੇ ਨੇ ਸਿਰ ਫੇਰਿਆ ਤੇ ਇਸ਼ਾਰੇ ਨਾਲ ਨਾਂਹ ਕੀਤੀ। ਸੋਭਾ ਸਿੰਘ ਨੇ ਦੱਸਿਆ ਜੀ ਇਹ ਸ਼ਰਤੀਆ ਇਲਾਜ ਹੈ ਤੇ ਕਿੰਨੇ ਵਖਤਾਂ ਨਾਲ ਤਿਆਰ ਹੋਈ ਚੀਜ਼ ਹੈ। ਸੋਭਾ ਸਿੰਘ ਨੇ ਇਹ ਵੀ ਦੱਸਿਆ ਕਿ ਇਹ ਕੱਜਲ ਲਕਵੇ ਲਈ, ਫਾਲਜ ਲਈ, ਅਧਰੰਗ ਲਈ ਸ਼ਰਤੀਆ ਇਲਾਜ ਹੈ, ਫੁਲਬਹਿਰੀ ਨੂੰ ਵੀ ਫਾਇਦਾ ਕਰਦਾ ਹੈ, ਸਿਰਫ ਅੱਖ ਵਿਚ ਪਾਉਂਦੇ ਰਹਿਣ ਨਾਲ ਬੀਮਾਰੀ ਹਟ ਜਾਂਦੀ ਹੈ। ਬਾਬੇ ਦੇ ਸਾਹਮਣੇ ਪ੍ਰੋਮਣ ਆ ਖੜੋਤੀ, ਨਾਲ ਹੀ ਉਸਦਾ ਲਿਸ਼ਕਦਾ ਭੁੜਕਦਾ ਡੱਬੂ, ਉਸ ਨੇ ਕੱਜਲ ਦੀ ਸਲਾਈ ਲਗਾਉਣ ਤੋਂ ਬਿਲਕੁਲ ਨਾਂਹ ਕਰ ਦਿੱਤੀ।

ਬੀਮਾਰੀ ਦੇ ਅਖੀਰਲੇ ਦਿਨਾਂ ਵਿਚ ਧਨਵੰਤੀ ਖਬਰ ਲਈ ਆਈ, ਉਹ ਆਪਣਾ ਕੰਬਲ ਨਾਲ ਲਿਆਈ, ਜਿਸਨੂੰ ਉਸਨੇ ਬਾਬੇ ਦੇ ਪੈਰਾਂ ਵਿਚ ਰੱਖ ਦਿੱਤਾ ਤੇ ਹਥ ਜੋੜਕੇ ਆਗਜਾ ਮੰਗੀ ਕਿ ਥੋੜੀ ਦੇਰ ਲਈ ਉਨ੍ਹਾਂ ਦੇ ਉਪਰ ਪਾ ਦੇਵੇ। ਭਾਵੇਂ ਮੌਸਮ ਗਰਮ ਸੀ, ਪਰ ਧਨਵੰਤੀ ਨੂੰ ਯਕੀਨ ਸੀ ਕਿ ਏਸਤਰ੍ਹਾਂ ਕਰਨ ਨਾਲ ਬਾਬਾ ਵੱਲ ਹੋ ਜਾਏਗਾ, ਪਰ ਬਾਬੇ ਨੇ ਕੰਬਲ ਨੂੰ ਪੈਰਾਂ ਵਿਚੋਂ ਜਲਦੀ ਚੁਕਵਾ ਦਿਤਾ ਤੇ ਧਨਵੰਤੀ ਨੂੰ ਇਸ਼ਾਰੇ ਨਾਲ ਜਾਣ ਲਈ ਕਿਹਾ, ਜਾਂਦੀ ਨੂੰ ਇਕ ਤਰਬੂਚ ਜੋ ਨਜ਼ਦੀਕ ਪਿਆ ਸੀ, ਚੁੱਕ ਕੇ ਲੈ ਜਾਣ ਲਈ ਇਸ਼ਾਰਾ ਕੀਤਾ। ਧਨਵੰਤੀ ਕੰਬਲ ਤੇ ਤਰਬੂਚ ਲੈ ਗਈ। ਦੋਨੋਂ ਚੀਜ਼ਾਂ ਭਾਰੀਆਂ ਸਨ ਤੇ ਘਰ ਪਹੁੰਚਾਣੀਆਂ ਮੁਸ਼ਕਲ ਸਨ, ਪਰ ਉਹ ਬੜੀ ਖੁਸ਼ ਸੀ ਕਿ ਬਾਬੇ ਨੇ ਸਾਡੇ ਘਰ ਬਰਕਤ ਪਾਈ ਹੈ।

ਹੌਲੇ ਹੌਲੇ ਬਾਬੇ ਦੀ ਤਬੀਅਤ ਅੰਦਰੋਂ ਜ਼ਿਆਦਾ ਸੁਚੇਤ ਹੋ ਗਈ। ਚਿਹਰੇ ਦੀ ਟੇਢ ਬਿਲਕੁਲ

Digitized by Panjab Digital Library | www.panjabdigilib.org

ਹਟ ਗਈ। ਅੰਦਰਲਾ ਦੈਨ ਵੀ ਵਧ ਗਿਆ। ਉਂਗਲਾਂ ਬਿਲਕੁਲ ਸਿੱਧੀਆਂ ਹੋ ਗਈਆਂ, ਪਰ ਬਾਕੀ ਜਿਸਮ ਦੀ ਕਮਜ਼ੋਰੀ ਅੱਗੇ ਕੋਲੋਂ ਵਧੀਕ ਸੀ।

ਟਿੱਕਾ ਨੂੰ ਬਾਬੇ ਦੀ ਬੀਮਾਰੀ ਦਾ ਚਿਰ ਪਿਛੋਂ ਪਤਾ ਲਗਾ, ਉਹ ਤੇ ਖ਼ੁਸ਼ਾਲ ਸਿੰਘ ਦੋਨੋਂ ਆਏ। ਇਨ੍ਹਾਂਨੂੰ ਮਿਲਕੇ ਬਾਬਾ ਬਹੁਤ ਖੁਸ਼ ਹੋਇਆ,ਪਰ ਚਿਹਰੇ ਉਪਰ ਜੋ ਖੁਸ਼ੀ ਦੇ ਚਿੰਨ੍ਹ ਆਏ ਉਹਇਸਤਰ੍ਹਾਂ ਦੇ ਸਨ ਜਿਸਤਰ੍ਹਾਂ ਬਗੀਚੇ ਦਾ ਫੁਲ, ਫੁਲਦਾਨ ਦੇ ਪਾਣੀ ਵਿਚ, ਨੀਮ ਮੁਰਝਾਇਆ ਮੱਧਮ ਜਿਹਾ ਮੁੜ ਖਿੜ ਪੈਂਦਾ ਹੈ। ਟਿੱਕਾ ਦਾ ਚਿਹਰਾ ਉਦਾਸ ਸੀ,ਪਰ ਉਹ ਹਿਤ ਵਿਚ ਪੰਘਰੀ ਹੋਈ ਅਬੋਲ ਬੈਠੀ ਰਹੀ। ਉਸਦੀ ਚੁੱਪ,ਜ਼ੁਬਾਨ ਕੋਲੋਂ ਵਧ ਭਾਵਪੂਰਤ ਸੀ। ਬਾਬਾ ਉਸ ਵਲ ਕਿਤਨੀ ਦੇਰ ਤੱਕਦਾ ਰਿਹਾ। ਟਿੱਕਾ ਦੀਆਂ ਅੱਖਾਂ ਉੱਪਰ ਵਲ ਖਿੱਚੀਆਂ ਹੋਈਆਂ ਸਨ । ਅਭਯਾਸ ਨਾਲ ਉਸਦੇ ਨੈਣ ਬਿਹੰਗਮ-ਮਾਰਗ ਦੇ ਪੰਛੀ ਬਣ ਗਏ ਸਨ। ਬਾਬਾ ਵੀ ਹੁਣ ਪਰਾਹੁਣਾ ਪੰਖੇਰੂ ਸੀ, ਜੋ ਆਸ ਪਾਸ ਦੇ ਅਕਾਸ਼ ਵਲ ਉਡਾਰੀ ਲਈ ਝਾਕ ਰਿਹਾ ਸੀ। ਉਹ ਦੇਰ ਤਕ ਅਪਣੀਆਂ ਅੱਖਾਂ ਦੇ ਛਪਰ ਨੀਵੇਂ ਕਰਕੇ ਟਿੱਕਾ ਵਲ ਦੇਖਦਾ ਰਿਹਾ ਮਾਨੋ ਉਹ ਉਸ ਅੰਦਰਲੇ ਅਸਮਾਨ ਦਾ ਥਹੁ ਲੈ ਰਿਹਾ ਸੀ ਜਿਸ ਵਿਚ ਟਿੱਕਾ ਦੇ ਨੈਣ ਕਬੂਤਰ ਦੇ ਖੰਭਾਂ ਵਾਂਙ ਉਡਣ ਲਈ ਉਪਰ ਨੂੰ ਉਠੇ ਹੋਏ ਸਨ।

ਤੰਦਰੁਸਤੀ ਵੇਲੇ ਬਾਬੇ ਦੀ ਰੁਦ੍ਰਾਖ ਦੀ ਮਾਲਾ ਅਮੂਮਨ ਉਸ ਦੇ ਸੱਜੇ ਹੱਥ ਵਿਚ ਰਹਿੰਦੀ ਸੀ, ਤੇ ਕਦੇ ਕਦੇ ਖੱਬੇ, ਪਰ ਜਿਸ ਦਿਨ ਦੀ ਕੁੜੱਲ ਦੀ ਤਕਲੀਫ ਹੋਈ ਤਾਂ ਮਾਲਾ ਉਸ ਦੇ ਖੱਬੇ ਪਾਸੇ ਢੱਲ ਕਰ ਦਿੱਤੀ ਗਈ। ਪਹਿਲੇ ਕੁਛ ਦਿਨ ਤਾਂ ਉਹ ਮਣਕੇ ਖੱਬੇ ਹੱਥ ਨਾਲ ਵੱਲ ਤਰ੍ਹਾਂ ਫੇਰਦਾ ਰਿਹਾ ਪਰ ਫੇਰ ਇਸ ਨਾਲ ਉਂਗਲਾਂ ਨੂੰ ਜਲਦੀ ਥਕਾਵਟ ਹੋ ਜਾਂਦੀ,ਸੋ ਬਹੁਤੀ ਵੇਰ ਹੱਥ ਮਾਲਾ ਦੇ ਉਪਰ ਪਿਆ ਰਹਿੰਦਾ, ਕੇਵਲ ਇਕੋ ਮਣਕੇ ਉੱਤੇ ਅੰਗੂਠਾ ਦੱਬਦਾ ਤੇ ਖੁਲ੍ਹਦਾ ਰਹਿੰਦਾ।

ਹੁਣ ਅਖੀਰਲਾ ਦਿਨ ਆ ਗਿਆ। ਉਹ ਸਮਝਦਾ ਸੀ ਅੱਜ ਅੰਤ ਹੈ। ਉਹ ਅਡੋਲ ਚਿਤ ਉਸੇ ਲਿਵ ਵਿਚ ਬੱਧਾ ਖੜਾ ਸੀ, ਜਿਸ ਲਿਵ ਵਿਚ ਮੌਤ ਓਪਰੀ ਨਹੀਂ ਲਗਦੀ, ਮੌਤ ਕੇਵਲ ਇਕ ਲਿਵ-ਲੀਨਤਾ ਜੇਹੀ ਭਾਸਦੀ ਹੈ,-ਕੁਛ ਇਸਤਰ੍ਹਾਂ ਦੀ, ਜਿਸਤਰ੍ਹਾਂ ਗਗਨ ਵਿਚ ਲਟਕੀ ਹੋਈ ਤ੍ਰੇਲ ਦੀ ਬੂੰਦ ਇਕ ਧੁੰਦ ਦਾ ਪਿੰਜਿਆ ਹੋਇਆ ਗੋਲ਼ਾ ਬਣਕੇ ਸਾਗਰ ਵਿਚ ਛੇਪਲੇ ਸਮਾਉਣ ਲਗਦੀ ਹੈ।

ਅਚਾਨਕ ਹੀ ਉਸਨੇਪੁੱਤ੍ਰ ਨੂੰ ਬੁਲਾਉਣ ਲਈ ਇਸ਼ਾਰਾਕੀਤਾ।ਪੁਤ੍ਰ ਹਕੀਮਜੀਲਾਨੀ ਵਲ ਗਿਆ ਹੋਇਆ ਸੀ।ਬਾਬਾ ਉਤਾਵਲਾ ਸੀ।ਇਸ਼ਾਰਿਆਂਨਾਲ ਉਸ ਫੇਰ ਜਲਦੀਪਾਈ।ਘਰਦੇ ਸਮਝਦੇਸਨ ਇਹ ਆਖਰੀ ਘੜੀ ਹੈ। ਨੂੰਹ ਨੇ ਜਾਤਾ ਕਿ ਪੁਤ੍ਰ ਨੂੰ ਆਪਣੀ ਬਰਕਤ ਦੇਣ ਲਈ ਬੁਲਾ ਰਹੇ ਹਨ। ਉਸਨੇ ਜਲਦੀ ਹੀ ਇਕ ਬੰਦਾ ਮਗਰ ਦੁੜਾ ਦਿਤਾ। ਬਾਬੇ ਨੇ ਫੇਰ ਇਸ਼ਾਰਾ ਕੀਤਾ। ਹੁਣ ਵਕਤ ਨਾਜ਼ਕ ਸੀ। ਬੀਬੀ ਚੰਦੋ ਝੋਲੀ ਅੱਡ ਕੇ ਕੋਲ ਆ ਖੜੋਤੀ। ਬਾਬੇ ਦੇ ਮੱਥੇ ਉਪਰ ਪਹਿਲੇ ਤੀਊੜੀ ਆਈ ਫੇਰ ਮੁਸ-ਕ੍ਰਾਹਟ। ਸੱਜੇ ਹਥ ਕੋਲ ਇਕ ਵਲੇਟਿਆ ਪਰਨਾ ਪਿਆ ਸੀ ਜੋ ਉਸ ਪੋਲੇ ਜੇਹੇ ਬੀਬੀ ਵਲ ਉਂਗਲਾਂ ਨਾਲ ਰੇੜ੍ਹਨਾ ਸ਼ੁਰੂ ਕੀਤਾ।ਕੁਛ ਮਿੰਟਾਂ ਪਿਛੋਂ ਪੁਤ੍ਰ ਆ ਗਿਆ ਤੇ ਆਉਂਦਿਆਂ ਗਲੇ ਨਾਲ ਲਗ ਗਿਆ ਪੁਤ੍ਰ ਨੇ ਫੈਰ ਭਿੱਜੀਆਂ ਹੋਈਆਂ ਅੱਖਾਂ ਨਾਲ ਪਿਉ ਵੱਲ ਡਿੱਠਾ। ਬਾਬੇ ਨੇ ਬੜੀ ਨੀਝ ਲਾਕੇ ਉਸਦੇ ਭਰੇ ਨੈਣਾਂ ਵਿਚ ਝਾਤ ਪਾਈ ਤੇ ਤਕਦਾ ਰਿਹਾ, ਐਉਂ, ਜਿਸ ਤਰ੍ਹਾਂ ਕੋਈ ਦੂਰਬੀਨ ਦੇ ਸ਼ੀਸ਼ੇ ਵਿਚੋਂ ਪਾਰ ਦਾ ਨਜ਼ਾਰਾ ਤੱਕਦਾ ਹੈ। ਤੱਕਦੇ ਤੱਕਦੇ ਦਾ ਚਿੱਤ ਪਰਮ ਸ਼ਾਂਤ ਸੁਖ ਵਿਚ ਜੁੜ ਗਿਆ, ਪਰ ਉਹ ਤੱਕਦਾ ਰਿਹਾ ਜਿਸ ਤਰ੍ਹਾਂ ਕੋਈ ਕਿਸੇ ਅਦਭੁਤ ਦ੍ਰਿਸ਼ਯ ਵਿਚ ਮਗਨ ਹੁੰਦਾ ਹੈ। ਉਹ ਸ਼ਾਇਦ ਆਪਣੇ ਘਾਟੇ, ਪੁੱਤ੍ਰ ਦੀ ਹਸਤੀ ਵਿਚ ਮੁਕੰਮਲ ਹੋ ਰਹੇ ਤੱਕ ਰਿਹਾ ਸੀ ਤੇ ਉਸ ਤੋਂ ਵੀ ਅਗਾਂਹ ਕੁਛ ਪ੍ਰਤੀਤ ਕਰ ਰਿਹਾ ਸੀ। ਉਹ ਮਾਨੋਂ ਦਿਵਯ ਦ੍ਰਿਸ਼ਟੀ ਨਾਲ ਅਪਣੀ ਮਾਂ ਦਾ ਸੁਪਨਾ ਪ੍ਰਤਖ ਵਿਚ ਤਰਜਮਾ ਹੋ ਰਿਹਾ ਦੇਖ ਰਿਹਾ ਸੀ,-ਉਹ ਮਾਂ ਜੋ ਦਿਨ ਰਾਤ ਆਸਾਂ ਬੱਧੀ ਅਗਾਂਹ ਵਲ ਤੱਕਦੀ ਰਹਿੰਦੀ ਸੀ ਕਿ ਦੀਵਾਨ ਕੋੜਾ ਮਲ ਦੀ ਸੁੱਕ ਰਹੀ ਬਗੀਚੀ ਕਿਵੇਂ ਸਰਸ਼ਾਰ ਰਹੇ, ਕਿਵੇਂ ਇਸ ਵਿਚ

Digitized by Panjab Digital Library | www.panjabdigilib.org

ਉਹ ਨਵੇਂ ਫੁਲ ਖਿੜ ਉੱਠਣ, ਜਿਨ੍ਹਾਂ ਦੀ ਸੁਗੰਧੀ ਦਾ ਭੁਲੇਵਾਂ ਉਸਨੂੰ ਕਈ ਵੇਰ ਪੈ ਚੁਕਾ ਸੀ।

ਬਾਬਾ ਉਸੇ ਨੀਝ ਨਾਲ ਤੱਕਦਾ ਰਿਹਾ। ਘਰ ਦਿਆਂ ਨੇ ਪਛਾਣ ਲਿਆ ਕਿ ਹੁਣ ਗੁਜ਼ਰ ਚੁਕੇ ਹਨ। ਪੁਤ੍ਰ ਨੇ ਆਪਣੇ ਦੋਨਾਂ ਹਥਾਂ ਨਾਲ 'ਤੱਕ ਵਿਚ ਬੱਝੇ' ਨੈਣਾਂ ਨੂੰ ਮੀਟ ਦਿਤਾ। ਬਾਬਾ ਗੁਜ਼ਰ ਚੁਕਾ ਸੀ, ਸਾਹ ਤੇ ਦਿਲ ਦੀ ਧੜਕਨ ਬੰਦ ਹੋ ਚੁਕੀ ਸੀ,ਪਰ ਖੱਬੇ ਹਥ ਦਾ ਅੰਗੂਠਾ ਮਾਲਾ ਦੇ ਮਣਕੇ ਉਪਰ ਕਿਤਨਾ ਚਿਰ ਪਿਛੋਂ ਖੁੱਲ੍ਹਦਾ ਤੇ ਬੰਦ ਹੁੰਦਾ ਰਿਹਾ। ਬਾਬਾ ਮਰ ਚੁਕਾ ਸੀ, ਪਰ ਉਹ ਠਾਕਰ ਜੋ ਜੀਉਂਦਿਆਂ ਮਨ ਦੀ ਦੱਕੀ ਫੇਰਦਾ ਸੀ ਮਰਨ ਪਿਛੋਂ ਵੀ ਇਕ ਮਣਕੇ ਉਪਰ ਆਪਣਾ ਕੌਤਕ ਦਿਖਾਉਂਦਾ ਰਿਹਾ।

੩੦.

ਛਨਿਛਰ ਵਾਰ ਸੀ, ਚਾਰ ਮਈ ਸੰਨ ਅਠਾਰਾਂ ਸੌ ਅਠੱਤਰ, ਬਾਬੇ ਦੀ ਅਰਥੀ ਲਈ ਪੁਸ਼ਪ ਬਬਾਨ ਸਜਾਇਆ ਗਿਆ। ਦੁਪਹਿਰ ਦਾ ਵੇਲਾ ਸੀ, ਗਰਮੀ ਦੀ ਰੁਤ ਸੀ, ਸਾਰੇ ਰਸਤੇ ਗੁਲਾਬ ਦੀ ਠੰਢੀ ਵਰਖਾ ਹੁੰਦੀ ਗਈ। ਸ਼ਹਿਰ ਦੇ ਬਹੁਤ ਲੋਕ ਉਸਦੀ ਅੰਤਮ ਮੁਖ ਯਾਤ੍ਰਾ ਲਈ ਹਾਜ਼ਰ ਸਨ। ਹਜ਼ਾਰਾਂ ਦੀ ਗਿਣਤੀ ਵਿਚ ਉਸ ਦੇ ਵੱਲ ਕੀਤੇ ਹੋਏ ਮਰੀਜ਼ ਰਸਤਿਆਂ ਉਪਰ ਖੜੋਤੇ ਸਨ। ਜਿਸ ਜਿਸ ਬਜ਼ਾਰ ਵਿਚੋਂ ਬਬਾਨ ਲੰਘ ਜਾਂਦਾ ਸੀ ਸੜਕ ਫੁਲਾਂ ਨਾਲ ਲਾਲ ਹੋ ਜਾਂਦੀ ਸੀ। ਸਾਧੂ, ਸੰਤ, ਮਹਾਤਮਾ, ਡੇਰੇਦਾਰ ਸਭ ਉਸਦਾ ਜਸ ਗਾਉਂਦੇ ਅਰਥੀ ਦੇ ਅੱਗੇ ਪਿੱਛੇ ਚਲ ਰਹੇ ਸਨ, ਬਬਾਨ ਦੇ ਐਨ ਪਿੱਛੇ ਇਕ ਨਾਜ਼ਕ ਜੇਹਾ ਛੋਟਾ ਨੱਢਾ, ਇਕ ਆਦਮੀ ਦੇ ਮੋਢਿਆਂ ਉੱਪਰ ਚੁਕਿਆ ਹੋਇਆ, ਬਬਾਨ ਉੱਤੇ ਚਿੱਟੀ ਚੌਰੀ ਝੁਲਾ ਰਿਹਾ ਸੀ।

ਅਰਥੀ ਪਹਿਲੇ ਸੰਤ ਰਾਮ ਦਿਆਲ ਦੇ ਡੇਰੇ ਆਂਦੀ ਗਈ। ਇਸ ਵੇਲੇ ਡੇਰੇ ਦੀ ਗੱਦੀ ਉਪਰ ਭਾਈ ਭਗਤ ਸਿੰਘ ਜੀ ਬਿਰਾਜਮਾਨ ਸਨ। ਬਾਬਾ ਉਨ੍ਹਾਂ ਦੇ ਗੁਰੂ ਦਾ ਗੁਰਭਾਈ ਸੀ।ਭਾਈਭਗਤਸਿੰਘ ਨੇ ਸਜਲ ਨੇਤ੍ਰ ਅਰਥੀ ਦਾ ਉਹ ਸਤਿਕਾਰ ਕੀਤਾ ਜੋ ਐਸੇ ਮੌਕੇ ਉਪਰ ਉਚਿਤ ਹੈ। ਡੇਰੇ ਦੀ ਯਾਤ੍ਰਾ ਦੇ ਮਗਰੋਂ ਬਬਾਨ ਸ਼ਮਸ਼ਾਣ ਭੂਮੀ ਵਿਚ ਆਂਦਾ ਗਿਆ। ਜਦ ਚਿਖਾ ਸੁਲਗਣ ਲਗੀ ਤਾਂ ਸਾਰੇ ਪਿਛੇ ਹਟ ਗਏ। ਸਾਰਿਆਂ ਤੋਂ ਅਖੀਰ ਜੋ ਪਿਛੇ ਹੱਟਿਆ ਉਹ ਉਹ ਕੋਮਲ ਜਿਹੇ ਮੁਖੜੇ ਵਾਲਾ ਨੱਢਾ ਸੀ ਜੋ ਚੌਰੀ ਝੱਲ ਰਿਹਾ ਸੀ। ਉਹ ਹੁਣ ਦੂਰ ਖੜੋਤਾ ਵੀ ਜ਼ੋਰ ਨਾਲ ਚੌਰੀ ਹਲਾ ਰਿਹਾ ਸੀ। ਇਹ ਕੌਣ ਨੱਢਾ ਸੀ ? ਇਹ ਪੋਤ੍ਰਾ ਸੀ, ਜੋ ਅਜ ਕਲ ਪ੍ਰਸਿਧ ਭਾਈ ਵੀਰ ਸਿੰਘ ਜੀ ਹਨ।

੩੧.

ਬਾਬਾ ਪੁਰਾਣੇ ਜ਼ਮਾਨੇ ਤੇ ਨਵੇਂ ਜ਼ਮਾਨੇ ਦੇ ਸੰਗਲ ਦੀ ਵਿਚਕਾਰਲੀ ਕੜੀ ਸੀ। ਉਸਦੇ ਮਰਨ ਨਾਲ ਪਿਛਲੇ ਸਮੇਂ ਦੀ ਮਾਨੋਂ ਸਫਾ ਵਲ੍ਹੇਟੀ ਗਈ। ਹੁਣ ਹੋਰ ਫਰਸ਼ ਵਿਛ ਚੁਕਾ ਸੀ ਤੇ ਸਿੰਘ ਸਭਾ ਦੀ ਲਹਿਰ ਦਾ ਦੌਰ ਦੌਰਾ ਸ਼ੁਰੂ ਸੀ। ਬਾਬੇ ਦੇ ਹਮਜੋਲੀਆਂ ਵਿਚੋਂ ਕੇਵਲ ਇਕ ਆਦਮੀ ਬਾਕੀ ਸੀ ਪਰ ਉਹ ਵੀ ਹੁਣ ਬੀਮਾਰ ਪਿਆ ਹੋਇਆ ਅਪਣੀ ਫੂੜੀ ਵਲ੍ਹੇਟ ਰਿਹਾ ਸੀ। ਇਹ ਸੀ ਪੰਡਤ ਰਤਨ ਸਿੰਘ ਜੋ ਵਰ੍ਹੇ ਦੇ ਅੰਦਰ, ੧੯੭੯ ਈ: ਵਿਚ ਗੁਜ਼ਰ ਗਿਆ। ਪੰਡਿਤ ਬਾਬੇ ਕੋਲੋਂ ਤਿੰਨ ਵਰ੍ਹੇ ਛੋਟਾ ਸੀ। ਇਸ ਦਾ ਜਨਮ ੧੭੯੧ ਈ: ਦਾ ਸੀ। ਇਹ ਜਨਮ ਕਰਕੇ ਬ੍ਰਾਹਮਣ ਨਹੀਂ ਸੀ.ਪਰ ਵਿਦਯਾ ਪ੍ਰਾਪਤ ਕਰਕੇ ਲੋਕ ਭਾਈ ਰਤਨ ਸਿੰਘ ਨੂੰ 'ਪੰਡਤ' ਕਰਕੇ ਸੱਦਦੇ ਸਨ। ਜ਼ਾਤ ਕਰਤੇ ਇਹ ਕਪੂਰ ਖਤ੍ਰੀ ਸੀ। ਪੰਡਿਤ ਰਤਨ ਸਿੰਘ ਦੇ ਪਿਤਾ ਭਾਈ ਗੁਲਾਬ ਸਿੰਘ ਜੀ ਗਜਾਨੀ ਸਨ, ਜਿਨ੍ਹਾਂ ਨੇ ਕਾਸ਼ੀ ਜਾਕੇ ਸੰਸਕ੍ਰਿਤ ਵਿਦਯਾ ਪ੍ਰਾਪਤ ਕੀਤੀ ਸੀ ਤੇ ਭਰਾਤਾ ਗਿਆਨੀ ਅਮੀਰ ਸਿੰਘ ਸੀ, ਜੋ ਅੰਮ੍ਰਿਤਸਰ ਵਿਚ ਲਾਹੌਰੀ ਦਰਵਾਜ਼ੇ ਦੇ ਪਾਸ ਇਕ ਧਰਮਸਾਲਾ ਵਿਚ ਟਿਕਦੇ ਸਨ।

Digitized by Panjab Digital Library | www.panjabdigilib.org

ਪੰਡਤ ਰਤਨ ਸਿੰਘ ਸੰਗੀਤ ਦੀ ਕੱਸੀ ਹੋਈ ਤਾਰ ਸੀ, ਜੋ ਹਰ ਲੰਘਦੀ ਹਵਾ ਦੀ ਅਟਖੇਲ। ਨਾਲ ਠੁਣਕ ਪੈ'ਦੀ ਸੀ। ਉਹ ਆਪ ਅਤੀਤ ਸੀ, ਪਰ ਉਸਦੀ ਜ਼ਿੰਦਗੀ ਰਸ ਵਿਚ ਭਿੱਜੀ ਹੋਈ, ਬਿਲਾਵਲ ਦੇ ਠਾਠ ਦੀ ਕੰਬਦੀ ਸੁਰ ਸੀ, ਜਿਸ ਦੀ ਗਮਕ ਅਜੇ ਤੱਕ ਉਸ ਦੇ ਲਿਖਤੀ ਨੁਸਖਿਆ ਵਿਚ ਤਰਬਾਂ ਦਾ ਸਾਸ ਭਰ ਰਹੀ ਹੈ:—

ਬਿਲਾਵਲ—ਹਰੇ ਰੀ ਮੋਰੇ ਨੈਣਾਂ ਦਸਰਥ ਕਵਰ ਹਰੇ।
ਕਿਤ ਤੇ ਆਇਓ ਧਨੁਖ ਬਾਨ ਲੀਏ ਦੇਖਤ ਫੰਧ ਪਰੇ।
ਕਹਾ ਕਰੋਂ ਯਹ ਕਾਸੋਂ ਕਹੋਂ ਸਖੀ ਮਨ ਨਾ ਧੀਰ ਧਰੇ।
'ਰਤਨ ਹਰਿ' ਵਾ ਸ਼ਜਾਮ ਸੁੰਦਰ ਬਿਨ ਕੈਸੇ ਕਾਜ ਸਰੇ।

—ਇਤਿ—

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-8698

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

(75/PBA)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼੍ਰੀ

'ਚਰਣਹਰਿ' ਵਿਸਥਾਰ

ਜਿਲਦ ੧] [ਸੈਂਚੀ ੨

ਅਰਥਾਤ

ਜੀਵਨ ਬ੍ਰਿਤਾਂਤ

ਡਾਕਟਰ ਚਰਨ ਸਿੰਘ ਜੀ

ਲਿੱਖਤ

ਡਾਕਟਰ ਬਲਬੀਰ ਸਿੰਘ

ਬੀ. ਐਸ ਸੀ., ਡੀ. ਆਈ. ਸੀ., ਪੀ ਐਚ. ਡੀ. (ਲੰਡਨ)

* * *

– ਦਸੰਬਰ ੧੯੫੭ –

ਮਿਲਣ ਦਾ ਪਤਾ:–

ਮੈਨੇਜਰ ਖਾਲਸਾ ਸਮਾਚਾਰ, ਹਾਲ ਬਾਜ਼ਾਰ,

ਅੰਮ੍ਰਿਤਸਰ

ਪਹਿਲੀ ਵਾਰ] All Rights Reserved. [ਮੋਖ ੨) ਜਿਲਦ ਸਾਦਾ ਤੇ ੨॥) ਜਿਲਦ ਕਪੜਾ ਸਮੇਤ

Digitized by Panjab Digital Library | www.panjabdigilib.org

All Rights Reserved.

Printed by Sh. Lajwant Kaur
at the Wazir-i-Hind Press, situated at Hall Bazar, Amritsar
and Published by Bh. Indar Singh Manager
Khalsa Samachar, Amritsar, for the author
Dr. Balbir Singh Ph.D. (London).

Digitized by Panjab Digital Library | www.panjabdigilib.org

ਰਚਨਾ

'ਸ਼੍ਰੀ ਚਰਣਹਰਿ ਵਿਸਥਾਰ' ਇਕ ਵੱਡਾ ਗ੍ਰੰਥ ਹੈ। ਇਸ ਦੀ ਵੰਡ ਦੋ ਜਿਲਦਾਂ ਵਿਚ ਕੀਤੀ ਗਈ ਹੈ। ਪਹਿਲੀ ਜਿਲਦ ਦੀਆਂ ਫੇਰ ਅਨੇਕ ਸੈਂਚੀਆਂ ਕੀਤੀਆਂ ਗਈਆਂ ਹਨ।

ਜਿਲਦ ੧

ਪਹਿਲੀ ਜਿਲਦ ਦੀ ਪਹਿਲੀ ਸੈਂਚੀ

ਇਸ ਵਿਚ ਸਤਿਕਾਰਯੋਗ ਭਾਈ ਸਾਹਿਬ ਡਾ: ਵੀਰ ਸਿੰਘ ਜੀ ਦੇ ਵੰਸ਼ ਦੀਆਂ ਪੂਰਵਜ ਮਾਨਨੀਯ ਹਸਤੀਆਂ ਦੀਆਂ ਜੀਵਨੀਆਂ ਦਾ ਸਿਲਸਿਲਾ ਸ਼ੁਰੂ ਹੈ। ਪਹਿਲੀ ਸੈਂਚੀ ਦੇ ਵਾਰ ਛਪ ਚੁਕੀ ਹੈ (ਦੂਸਰੀ ਵਾਰ ੧੯੪੫ ਵਿਚ ਛਪੀ ਸੀ), ਉਸ ਵਿਚ ਮਹਾਰਾਜਾ ਕੌੜਾ ਮਲ ਅਤੇ ਬਾਬਾ ਕਾਨ੍ਹ ਸਿੰਘ ਜੀ ਦਾ ਜੀਵਨ ਦਿੱਤਾ ਗਿਆ ਹੈ।

ਪਹਿਲੀ ਜਿਲਦ ਦੀ ਦੂਜੀ ਸੈਂਚੀ

ਇਹ ਹੁਣ ਪਾਠਕਾਂ ਦੇ ਹੱਥ ਵਿਚ ਹੈ ਤੇ ਜੋ ੧੯੫੯ ਜਨਵਰੀ ਵਿਚ ਪ੍ਰਕਾਸ਼ਤ ਕੀਤੀ ਗਈ ਹੈ। ਇਸ ਵਿਚ ਡਾਕਟਰ ਚਰਨ ਸਿੰਘ ਜੀ ਦਾ ਜੀਵਨ ਆਰੰਭ ਕੀਤਾ ਗਿਆ ਹੈ, ਤੇ ਇਸੇ ਦੇ ਵਿਚ ਹੀ ਸ੍ਰੀ ਮਾਨ ਭਾਈ ਸਾਹਿਬ ਡਾ: ਵੀਰ ਸਿੰਘ ਜੀ ਦਾ ਸਮਾ ਬੀ ਸ਼ੁਰੂ ਹੋ ਜਾਂਦਾ ਹੈ। ਇਹ ਸਿਲਸਿਲਾ ਲਗਾਤਾਰ ਇਸੇ ਤਰ੍ਹਾਂ ਜਿਲਦ ਪਹਿਲੀ ਦਾ ਸੈਂਚੀਆਂ ਦੀ ਵੰਡ ਵਿਚ ਜਾਰੀ ਰਹੇਗਾ। ਆਸ ਹੈ ਕਿ ਇਸ ਸਿਲਸਿਲੇ ਦੀ ਜਿਲਦ ਪਹਿਲੀ ਦੀ ਤੀਜੀ ਸੈਂਚੀ ਗੁਰੂ ਮਿਹਰ ਹੋਠ ਛੇਤੀ ਹੀ ਛਾਪੇ ਦਾ ਜਾਮਾ ਪਹਿਨਕੇ ਪਾਠਕਾਂ ਪਾਸ ਪੁਜੇਗੀ।

ਜਿਲਦ ੨

ਦੂਸਰੀ ਜਿਲਦ "ਸ੍ਰੀ ਚਰਣਹਰਿ ਵਿਸਥਾਰ" ਵਿਚ ਸ੍ਰੀ ਮਾਨ ਡਾ: ਚਰਨ ਸਿੰਘ ਜੀ ਦੀਆਂ ੨੪ ਰਚਨਾਵਾਂ ਸੰਚਿਤ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿਚੋਂ ਕੁਝ ਨਾਮ ਇਹ ਹਨ:- ਅਟੱਲ ਪ੍ਰਕਾਸ਼, ਸ਼ਰਾਬ ਕੌਰ, ਫਰਿਆਦ, ਹੀਰ ਭਾਈ ਗੁਰਦਾਸ, ਸ਼ਕੁੰਤਲਾ ਨਾਟਕ, ਬਾਣੀ ਬਿਉਰਾ, ਜੰਗ ਮਝੈਲੀ, ਸ਼ਬਦ ਬ੍ਰਤੀ ਪ੍ਰਕਾਸ਼, ਸ਼ਾਮ ਸੁੰਦਰ, ਕੇਸਰੀ ਚਰਖਾ ਤੇ ਉਹ ਅਨੇਕ ਰਚਨਾਵਾਂ ਜੋ ਟ੍ਰੈਕਟਾਂ ਦੇ ਰੂਪ ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦ੍ਵਾਰਾ ਪਹਿਲੀ ਵਾਰ ਪ੍ਰਕਾਸ਼ਿਤ ਹੋਕੇ ਪ੍ਰਚਾਰਿਤ ਹੋਈਆਂ ਸਨ। ਇਸ ਜਿਲਦ ਦੇ ਸਫੇ ੧੦੪੬ ਹਨ ਤੇ ੧੯੪੧ ਈ: ਵਿਚ ਪ੍ਰਕਾਸ਼ਿਤ ਕੀਤੀ ਗਈ ਸੀ।

ਜਨਵਰੀ ੧੯੫੯]

Digitized by Panjab Digital Library | www.panjabdigilib.org

ਸਿਰਲੇਖ ਸੂਚੀ

		ਪੰਨਾ
੧.	ਸਿਖ ਰਾਜ ਤੱਕ।	੩
੨.	ਪੰਜਾਬ ਅੰਗ੍ਰੇਜ਼ੀ ਅਮਲਦਾਰੀ ਹੇਠ।	੫
੩.	ਮਹਾਰਾਜਾ ਦਲੀਪ ਸਿੰਘ।	੭
੪.	ਰਸਿਕ ਵੈਰਾਗੀ ਜੀਵਨ ਦੀ ਨੀਂਹ।	੧੨
੫.	ਪੁਤ੍ਰ ਲਈ ਬਾਬੇ ਨੇ ਬੀੜ ਲਿਖਵਾਈ।	੧੪
੬.	ਕਰਮ ਕਾਂਡ ਦਾ ਸਿੱਖੀ ਤੇ ਅਸਰ।	੧੬
੭.	ਬਾਬਾ ਅਟੱਲ ਦਾ ਦੇਹੁਰਾ।	੨੬
੮.	ਪਰਵਿਰਤੀ ਤੇ ਨਿਰਵਿਰਤੀ ਮਾਰਗ।	੨੯
੯.	ਚਾਨਣ ਪਰਛਾਵਾਂ।	੩੬
੧੦.	ਸੁਮਤਿ ਪ੍ਰਕਾਸ਼।	੩੮
੧੧.	ਪੋਤ੍ਰਾ (ਭਾਈ ਵੀਰ ਸਿੰਘ) ਜਨਮ।	੪੦
੧੨.	ਮਾਤਾ ਉੱਤਮ ਕੌਰ।	੪੧
੧੩.	ਜੇਲ੍ਹ ਡਿਸਪੈਨਸਰੀ।	੪੪
੧੪.	ਬ੍ਰਿਜਭਾਸ਼ਾ ਕਾਵਜ ਵੇਗ।	੪੭
੧੫.	ਅਨੁਰਾਗ ਵੈਰਾਗ।	੫੪
੧੬.	ਕਿਸ਼ਨ ਸਿੰਘ ਆਰਫ਼।	੫੬
੧੭.	ਰਮਤਾ ਰਾਮ ਕਾਚੂ ਕਟੀਆ।	੬੦
੧੮.	ਸ਼ਰਧਾ ਰਾਮ ਫਲੌਰੀ।	੬੧
੧੯.	ਸਿੰਘ ਸਭਾ ਬਣਨ ਦਾ ਕਾਰਨ।	੬੩
੨੦.	ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦਾ ਅਸਰ।	੬੫
੨੧.	ਭਾਈ ਹਰਸਾ ਸਿੰਘ ਹਕੀਮ।	੬੮
੨੨.	ਇਸਤ੍ਰੀ ਸੁਧਾਰ।	੭੦
੧੩.	ਸੁਕਵਿ ਸੰਬੋਧਨੀ।	੭੪

—o—

Digitized by Panjab Digital Library | www.panjabdigilib.org

ਜੀਵਨ ਸਮਾਚਾਰ

ਡਾਕਟਰ ਚਰਨ ਸਿੰਘ ਜੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼੍ਰੀ ਚਰਣ ਹਰੀ ਵਿਸਥਾਰ

ਜਿਲਦ ੧

[ਸੈਂਚੀ ਦੂਜੀ]

ਜੀਵਨ ਸਮਾਚਾਰ ਡਾਕਟਰ ਚਰਨ ਸਿੰਘ ਜੀ

੧. ਸਿਖ ਰਾਜ ਤੱਕ।

ਅਸੀਂ ਹੁਣ ਸ੍ਰੀ ਡਾਕਟਰ ਚਰਨ ਸਿੰਘ ਜੀ ਦੀ ਕਥਾ ਵਰਣਨ ਕਰਦੇ ਹਾਂ। ਡਾਕਟਰ ਸਾਹਿਬ ਦਾ ਜਨਮ ਸੰਨ ੧੮੫੩ ਈਸਵੀ ਦਾ ਹੈ। ਇਹ ਉਹ ਸਮਾ ਹੈ ਜਿਸ ਵੇਲੇ ਸਿਖ ਰਾਜ ਤਾਜ਼ਾ ਤਾਜ਼ਾ ਖ਼ਤਮ ਹੋਇਆ ਸੀ ਤੇ ਅੰਗ੍ਰੇਜ਼ੀ ਅਮਲਦਾਰੀ ਆਪਣੇ ਬੰਦੋਬਸਤ ਦੀਆਂ ਤਫਸੀਲਾਂ ਦੇ ਵਿਸਤਾਰ ਵਿਚ ਫੈਲ ਰਹੀ ਸੀ।

'ਸ੍ਰੀ ਚਰਣ ਹਰਿ ਵਿਸਥਾਰ' ਦੀ ਪਹਿਲੀ ਸੈਂਚੀ ਪ੍ਰਕਾਸ਼ਿਤ ਹੋ ਚੁਕੀ ਹੈ। ਉਸ ਸੈਂਚੀ ਦੇ ਪਹਿਲੇ ਹਿੱਸੇ ਵਿਚ ਮਹਾਰਾਜਾ ਕੌੜਾ ਮਲ ਦਾ ਜੀਵਨ ਬ੍ਰਿਤਾਂਤ ਦਿੱਤਾ ਹੈ। ਮਹਾਰਾਜਾ ਸਾਹਿਬ ਦੇ ਕਾਰਨਾਮਿਆਂ ਦੀ ਪੂਰੀ ਕੀਮਤ ਪਾਉਣ ਲਈ ਸਾਨੂੰ ਉਸ ਜ਼ਮਾਨੇ ਦੇ ਇਤਿਹਾਸ ਦਾ ਸੰਖੇਪ ਵਰਣਨ ਨਾਲ ਨਾਲ ਕਰਨਾ ਪਿਆ, ਜਿਸ ਨਾਲ ਸਿਖ ਤਵਾਰੀਖ਼ ਦਾ ਇਕ ਖ਼ਾਕਾ ਆਪਣੇ ਆਪ ਖਿੱਚਿਆ ਗਿਆ, ਜਿਸ ਦੇ ਪੈਹਨ ਵਿਚ ਉਹ ਸਮਾ ਚਿਤ੍ਰਿਆ ਗਿਆ ਜੋ ਬੰਦਾ ਬਹਾਦਰ ਦੀ ਸ਼ਹੀਦੀ (ਸੰਨ ੧੭੧੬ ਈ:) ਤੋਂ ਲੈਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਚੜ੍ਹਾਈ ਕਰਨ (੧੭੮੩ ਈ:) ਤਕ ਹੈ।

ਇਸ ਜ਼ਮਾਨੇ ਉਪਰ ਜੋ ਦ੍ਰਿਸ਼ਟੀ ਅਸਾਂ ਪਹਿਲੀ ਸੈਂਚੀ ਵਿਚ ਦੁੜਾਈ ਹੈ, ਉਹ ਪੰਜਾਬ ਦੀ ਤਵਾਰੀਖ ਦੀ ਸੂਬਕ ਨੁਕਤਾ ਨਿਗਾਹ ਤੋਂ ਸੀ। ਜੇ ਉਸ ਵੇਲੇ ਨੂੰ ਹਿੰਦੁਸਤਾਨ ਦਾ ਸਾਰਾ ਨਕਸ਼ਾ ਸਾਹਮਣੇ ਰਖਕੇ ਦੇਖਿਆ ਜਾਵੇ ਤਦ ਦੋ ਚਾਰ ਮੋਟੀਆਂ ਤੇ ਦਿਲਚਸਪ ਗੱਲਾਂ ਬੜੀਆਂ ਸਪਸ਼ਟ ਹੋਕੇ ਨਜ਼ਰ ਆਉਣਗੀਆਂ।

ਬਾਬੇ ਬੰਦੇ ਦੀ ਸ਼ਹੀਦੀ ਸੰਨ ੧੭੧੬ ਈਸਵੀ ਦੀ ਹੈ। ਤਕਰੀਬਨ ਇਸ ਵੇਲੇ ਤੋਂ

Digitized by Panjab Digital Library | www.panjabdigilib.org

ਮੁਗ਼ਲ ਸਲਤਨਤ ਦਾ ਪੈਰ ਹਿਠਾਂਹਾਂ ਵਲ ਹੈ। ਇਸ ਵਕਤ ਦਾ ਇਤਿਹਾਸ, ਚਾਹੇ ਉਹ ਸਿਖਾਂ ਦਾ ਹੋਵੇ, ਚਾਹੇ ਮਰਹੱਟਿਆਂ ਦਾ, ਚਾਹੇ ਅੰਗ੍ਰੇਜ਼ਾਂ ਦਾ, ਸਾਰਿਆਂ ਵਿਚ ਇਕ ਸਾਂਝੀ ਵਿਥਿਆ ਹੈ। ਉਹ ਇਹ ਹੈ ਕਿ ਕਿਸ ਤਰ੍ਹਾਂ ਮੁਗ਼ਲ ਸਨਤਨਤ ਦਾ ਇਕ ਇਕ ਬੰਦ ਕਟਿਆ ਗਿਆ ਤੇ ਕਿਸ ਤਰ੍ਹਾਂ ਧੀਰੇ ਧੀਰੇ ਹਕੂਮਤ ਦੇ ਸਾਰੇ ਬਖੀਏ ਉਧੜ ਗਏ। ਇਸ ਉਧੇੜ ਉਪਰ ਡੇੜ੍ਹ ਸੌ ਸਾਲ ਦੇ ਕਰੀਬ ਵਕਤ ਲੱਗਾ। ਮੁਗ਼ਲ ਸਲੰਤਨਤ ਨੂੰ ਉਸਾਰਨ ਉਪਰ, ਬਾਬਰ ਤੋਂ ਲੈਕੇ ਔਰੰਗਜ਼ਬ ਤਕ, ਛੇ ਬਾਦਸ਼ਾਹਾਂ ਦਾ ਜ਼ੋਰ ਲੱਗਾ ਸੀ। ਫੇਰ ਅੱਠ ਬਾਦਸ਼ਾਹਾਂ ਦੀ ਕਮਜ਼ੋਰੀ ਇਸ ਨੂੰ ਢਾਹੁਣ ਉਪਰ ਖਰਚ ਹੋਈ*। ਉਸਾਰੀ ਉਪਰ ੧੭੭ ਵਰ੍ਹੇ ਲਗੇ ਸਨ, ਉਧੜਨ ਉਪਰ ੧੫੦।

ਜਿਸ ਵੇਲੇ ਮੁਗ਼ਲ ਸਲਤਨਤ ਢੈ ਰਹੀ ਸੀ, ਉਸ ਵੇਲੇ ਦੇ ਜ਼ਮਾਨੇ ਦੀ ਇਕ ਸਮੁੱਚੀ ਤਸਵੀਰ ਜੇ ਅੱਖਾਂ ਅੱਗੇ ਲਿਆਈਏ ਤਾਂ ਐਉਂ ਸ਼ਕਲ ਬਣਦੀ ਹੈ:—ਦੱਖਣ ਵੱਲ ਤਾਂ ਮਰਹੱਟੇ ਸਨ ਜੋ ਉਪਰ ਨੂੰ ਵਧ ਰਹੇ ਸਨ, ਹਿੰਦੁਸਤਾਨ ਦੇ ਉਪਰ ਵਲ ਪਠਾਣ (ਅਬਦਾਲੀ ਵਗ਼ੈਰਾ) ਸਨ ਜੋ ਹੇਠਾਂ ਵਲ ਨੂੰ ਉਤਰ ਰਹੇ ਸਨ, ਵਿਚਕਾਰ ਸਿਖ ਸਨ ਜੋ ਦਿਨ ਬਦਿਨ ਜ਼ੋਰ ਪਕੜ ਰਹੇ ਸਨ। ਇਹ ਤਿੰਨੇ ਤਾਕਤਾਂ ਮੁਗ਼ਲ ਸਲਤਨਤ ਨੂੰ ਢਾਹ ਰਹੀਆਂ ਸਨ। ਫੇਰ ਆਪਸ ਵਿਚ ਖੈਹ ਬਖੈਹ ਹੋ ਰਹੀਆਂ ਸਨ। ਪਰ ਇਨ੍ਹਾਂ ਚਾਰਾਂ: ਮੁਗ਼ਲ, ਪਠਾਣ, ਸਿਖ ਤੇ ਮਰਹੱਟਿਆਂ ਤੋਂ ਵੱਖਰੀ ਇਕ ਹੋਰ ਤਾਕਤ ਸੀ ਜੋ ਏਸ ਸਾਰੇ ਤਮਾਸ਼ੇ ਵਿਚ ਹਿੱਸਾ ਲੈ ਰਹੀ ਸੀ, ਉਹ ਸਨ ਅੰਗ੍ਰੇਜ਼।

ਇਹ ਡੇੜ੍ਹ ਸੌ ਵਰ੍ਹੇ ਦਾ ਇਤਿਹਾਸ ਜੋ ਮੁਗ਼ਲਾਂ ਦੀ ਗਿਰਾਵਟ ਦਾ ਇਤਿਹਾਸ ਹੈ, ਇਹ ਉਹੋ ਜ਼ਮਾਨਾ ਹੈ ਜੋ ਸਿਖ ਰਾਜ ਦੀ ਉਸਾਰੀ ਦਾ ਹੈ। ਸਿਖ ਰਾਜ ਦੀ ਉਸਾਰੀ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ। ਅਠਾਰ੍ਹਵੀਂ ਸਦੀ ਦੇ ਤਕਰੀਬਨ ਸ਼ੁਰੂ ਤੋਂ ਲੈਕੇ ਸੰਨ ੧੭੩੮ ਈ: ਤਕ ਪਹਿਲਾ ਹਿੱਸਾ। ਇਸ ਹਿੱਸੇ ਵਿਚ ਸਿਖ ਲੜਾਈਆਂ ਤੇ ਸ਼ਹੀਦੀਆਂ ਦਾ ਲਗਾਤਾਰ ਸਿਲਸਿਲਾ ਹੈ। ਇਸ ਵੇਲੇ ਤੱਕ ਦਿੱਲੀ ਦਾ ਬਾਦਸ਼ਾਹ ਅਤੇ ਲਾਹੌਰ ਦਾ ਹਾਕਮ ਦੋਨੋਂ ਥੱਕ ਗਏ ਸਨ; ਪਰ ਸਿਖ ਮੁੱਕੇ ਨਹੀਂ ਸਨ। ੧੭੩੮ ਤੋਂ ਦੂਸਰਾ ਹਿੱਸਾ ਸ਼ੁਰੂ ਹੁੰਦਾ ਹੈ। ਨਾਦਰ-ਸ਼ਾਹ ਹਿੰਦੁਸਤਾਨ ਉਪਰ ਹਮਲਾ ਕਰਦਾ ਹੈ, ਦੋ ਮੁਸਲਮਾਨ ਤਾਕਤਾਂ ਆਪਸ ਵਿਚ ਲੜਦੀਆਂ ਹਨ, ਸਿਖ ਜਥੇਬੰਦ ਹੋ ਜਾਂਦੇ ਹਨ। ਮੁਗ਼ਲ ਕੁਛ ਏਦਿਲੀ ਜਿਹੀ ਨਾਲ ਸਿਖਾਂ ਨਾਲ ਸਮਝੌਤਾ ਕਰਨ ਲਈ ਤਿਆਰ ਹੋ ਜਾਂਦੇ ਹਨ। ਸਰਦਾਰ ਕਪੂਰ ਸਿੰਘ ਨੂੰ ਸਿਖਾਂ ਦਾ ਲੀਡਰ ਮੰਨਿਆਂ ਜਾਂਦਾ ਹੈ ਤੇ ਮੁਗ਼ਲਾਂ ਵਲੋਂ ਨਵਾਬੀ ਦਾ ਖ਼ਿਤਾਬ, ਖਿਲਅਤ ਅਤੇ ਤੋਅਫੇ ਮਿਲਦੇ ਹਨ। ਨਾਦਰਸ਼ਾਹ ਦਾ ਵਾਰਸ ਅਹਿਮਦਸ਼ਾਹ ਅਬਦਾਲੀ (ਪਠਾਣ) ਹਿੰਦ ਉਪਰ ਹਮਲੇ ਜਾਰੀ ਰਖਦਾ ਹੈ। ਅਬਦਾਲੀ ਦੇ ਬਰਖ਼ਿਲਾਫ਼ ਪੰਜਾਬ ਦੇ ਮੁਗ਼ਲ ਹਾਕਮ ਸਿਖਾਂ ਨਾਲ ਸਮਝੌਤਾ ਕਰਦੇ ਹਨ। ਏਸ ਸਮਝੌਤੇ ਦੀ ਸ਼ਕਲ ਕੁਝ ਐਸ ਤਰ੍ਹਾਂ ਦੀ ਹੋ ਜਾਂਦੀ ਹੈ, ਜਿਵੇਂ ਪੰਜਾਬ ਦੇ

---

*ਇਨ੍ਹਾਂ ਅੱਠਾਂ ਦੇ ਨਾਮ ਇਹ ਹਨ:—ਬਹਾਦਰ ਸ਼ਾਹ ੧੭੧੨ ਤਕ, ਜਹਾਂਦਾਰ ਸ਼ਾਹ ੧੭੧੩ ਤਕ, ਫ਼ੱਰੁਖ਼ਸੀਅਰ ੧੭੧੯ ਤਕ, ਮੁਹੰਮਦ ਸ਼ਾਹ ੧੭੪੮ ਤਕ, ਅਹਿਮਦ ਸ਼ਾਹ ੧੭੫੪ ਤਕ, ਆਲਮਗੀਰ ਸਾਨੀ ੧੭੫੯ ਤਕ, ਸ਼ਾਹ ਆਲਮ ੧੮੦੬ ਤਕ, ਅਕਬਰ ਸ਼ਾਹ ਸਾਨੀ ੧੮੩੭ ਤਕ, ਬਹਾਦਰ ਸ਼ਾਹ ਜ਼ਫ਼ਰ ੧੮੫੭ ਤਕ।

Digitized by Panjab Digital Library | www.panjabdigilib.org

ਮੁਸਲਮਾਨ ਤੇ ਸਿਖ ਇਕ ਸਾਂਝੇ ਰਾਜ ਲਈ ਇਕੱਠੇ ਹੋ ਜਾਣ, ਅਹਿਮਦਸ਼ਾਹ ਅਬਦਾਲੀ ਦੇ ਪਠਾਣਾਂ ਨੂੰ ਬਾਹਰ ਰੱਖਣ ਲਈ। ਏਸ ਸਾਰੀ ਕਾਰਰਵਾਈ ਵਿਚ ਦੀਵਾਨ ਕੌੜਾ ਮੱਲ ਦਾ ਹੱਥ ਹੈ, ਜੋ 'ਮਹਾਰਾਜਾ' ਦੀ ਪਦਵੀ ਨਾਲ ਸਨਮਾਨਿਆ ਜਾਂਦਾ ਹੈ ਤੇ ਆਖ਼ਰ ਅਬਦਾਲੀ ਨਾਲ ਲੜਦਾ ਮੈਦਾਨ ਜੰਗ ਵਿਚ ਸ਼ਹੀਦ ਹੁੰਦਾ ਹੈ (੧੭੫੨ ਈ:)। ਹੁਣ ਤੀਜਾ ਹਿੱਸਾ ਸ਼ੁਰੂ ਹੁੰਦਾ ਹੈ। ਸਿਖ ਮੁਸਲਮ ਸਮਝੌਤਾ ਟੁਟ ਜਾਂਦਾ ਹੈ । ਪੰਜਾਬ ਮੁਗ਼ਲਾਂ ਦੇ ਹੇਠੋਂ ਨਿਕਲਕੇ ਪਠਾਣਾਂ ਦੀ ਹਕੂਮਤ ਹੇਠ ਹੋ ਜਾਂਦਾ ਹੈ । ਸਿਖ, ਪਠਾਣਾਂ ਦੇ ਪੈਰ ਨਹੀਂ ਲਗਣ ਦੇਂਦੇ। ਲੜਾਈਆਂ ਤੇ ਘੱਲੂਘਾਰੇ ਹੁੰਦੇ ਹਨ। ਅਬਦਾਲੀ ਦੀ ਸਕੀਮ ਦਿੱਲੀ ਨੂੰ ਆਪਣੇ ਮਾਤਹਿਤ ਰਖਣ ਦੀ ਪੂਰੀ ਨਹੀਂ ਹੁੰਦੀ। ਸਿਖ ਏਸ ਵਿਚ ਬਾਧਕ ਹਨ। ਅਬਦਾਲੀ ਚਾਹੁੰਦਾ ਹੈ ਸਿਖਾਂ ਨਾਲ ਕੋਈ ਸਮਝੌਤਾ ਹੋ ਜਾਵੇ; ਪਰ ਇਹ ਗੱਲ ਕੋਈ ਮੰਨਣ ਨੂੰ ਤਿਆਰ ਨਹੀਂ। ਸਿਖ-ਮੁਗ਼ਲ ਸਮਝੌਤਾ ਹੋ ਗਿਆ ਸੀ, ਪਰ ਸਿਖ-ਪਠਾਣ ਸਮਝੌਤਾ ਅਸੰਭਵ ਗੱਲ ਲੱਗਦੀ ਹੈ। ਅਬਦਾਲੀ ਅੱਠ ਹਮਲੇ ਕਰਕੇ ਨਿਰਾਸਤਾ ਵਿਚ ਮਰਦਾ ਹੈ, (ਸੰਨ ੧੭੭੩ ਈ:)। ਹੁਣ ਸਿਖ ਰਾਜ ਦੀ ਉਸਾਰੀ ਦਾ ਕੰਮ ਅਗਾਂਹ ਵਧਦਾ ਹੈ। ਸਿਖ ਸਰਦਾਰਾਂ ਨੇ ਪੰਜਾਬ ਆਪਣੇ ਅਧੀਨ ਕਰ ਲਿਆ। ਸਾਰਾ ਇਲਾਕਾ ਮਿਸਲਾਂ ਦੇ ਜਥੇਦਾਰਾਂ ਨੇ, ਜਿਥੇ ਜਿਥੇ ਜਿਸ ਦਾ ਅਸਰ ਰਸੂਖ ਸੀ ਜਾਂ ਤੇਗ਼ ਵਾਹੀ ਸੀ, ਆਪਣੇ ਜ਼ੋਰ ਕਰ ਲੀਤਾ। ਸਿਖ ਰਾਜ ਦੀ ਉਸਾਰੀ ਦਾ ਅਖ਼ੀਰਲਾ ਹਿੱਸਾ ਇਸ ਹਾਲ ਦੀ ਵਾਰਤਾ ਹੈ, ਕਿ ਕਿਸ ਤਰ੍ਹਾਂ ਇਹ (ਮਿਸਲਾਂ) ਜੋ ਇਕ ਦੂਜੇ ਤੋਂ ਸੁਤੰਤ੍ਰ ਸਨ ਤੇ ਆਪਸ ਵਿਚ ਖੈਹ-ਬਖੈਹ ਹੁੰਦੀਆਂ ਰਹਿੰਦੀਆਂ ਸਨ, ਇਕ ਜੁੜਤ ਵਿਚ ਜੁੜ ਗਈਆਂ ਤੇ ਸਾਰਾ ਇਲਾਕਾ ਇਕ ਸਰਦਾਰ ਦੇ ਅਧੀਨ ਹੋ ਗਿਆ; ਇਹ ਸਰਦਾਰ ਮਹਾਰਾਜਾ ਰਣਜੀਤ ਸਿੰਘ ਸੀ ।

ਏਸ ਉਸਾਰੀ ਦੀ ਨੀਂਹ ਤਿੰਨਾਂ ਪਾਸਿਆਂ ਤੋਂ ਪੱਕੀ ਸੀ, ਪਰ ਇਕ ਪਾਸਾ ਕੱਚਾ ਰਹਿ ਗਿਆ। ਸਤਲੁਜ ਅਤੇ ਅਟਕ ਦੇ ਵਿਚਕਾਰ ਜਿਤਨੀਆਂ ਸਰਦਾਰੀਆਂ, ਜਥੇਦਾਰੀਆਂ ਤੇ ਮਿਸਲਦਾਰੀਆਂ ਸਨ, ਸਭ ਦੀਆਂ ਸਭ ਹੌਲੀ ਹੌਲੀ ਮਹਾਰਾਜੇ ਦੇ ਹੇਠ ਬੈਠ ਗਈਆਂ। ਪਰ ਸਤਲੁਜ ਅਤੇ ਜਮਨਾ ਦੇ ਵਿਚਕਾਰਲਾ ਹਿੱਸਾ ਕੁਛ ਇੱਲਾ ਪਿੱਲਾ ਰਹਿ ਗਿਆ।

੨. ਪੰਜਾਬ ਅੰਗ੍ਰੇਜ਼ੀ ਅਮਲਦਾਰੀ ਹੇਠ।

੧੮੪੯ ਈ: ਦਾ ਸਾਲ ਹਿੰਦ ਦੇ ਇਤਿਹਾਸ ਵਿਚ ਖਾਸ ਵਿਸ਼ੇਸ਼ਤਾ ਰਖਦਾ ਹੈ। ਇਸ ਤੋਂ ਪਹਿਲੇ ਅੰਗ੍ਰੇਜ਼ਾਂ ਦੀ ਹਕੂਮਤ ਪੰਜਾਬ ਵਿਚ ਨਹੀਂ ਸੀ। ਕੇਵਲ ਸਿਖਾਂ ਦੀ ਹਕੂਮਤ ਨੇ ਹੁਣ ਤਕ ਹਿੰਦੁਸਤਾਨ ਦੀ ਮੁਕੰਮਲ ਫ਼ਤਹ ਵਿਚ ਅੰਗ੍ਰੇਜ਼ਾਂ ਦੇ ਰਾਹ ਵਿਚ ਰੋੜਾ ਅਟਕਾਇਆ ਹੋਇਆ ਸੀ। ਅੰਗ੍ਰੇਜ਼ਾਂ ਦੀਆਂ ਜਿੱਤਾਂ, ਜਿਥੋਂ ਤਕ ਮੁਸਲਮਾਨਾਂ ਦਾ ਤਅੱਲਕ ਹੈ, ਅਰੋਕ ਚਲ ਰਹੀਆਂ ਸਨ। ਮੁਗ਼ਲ ਸਲਤਨਤ ਦਿੱਲੀ ਦੇ ਬਾਦਸ਼ਾਹ ਸਮੇਤ ਅਤੇ ਸਣੇ ਆਪਣੇ ਸੂਬੇਦਾਰਾਂ ਦੇ ਅੰਗ੍ਰੇਜ਼ਾਂ ਦੇ ਮੁਲਕ ਵਿਚ ਕਦਮ ਰਖਣ ਤੋਂ ਪਹਿਲਾਂ ਖਿੰਡਰ ਚੁਕੀ ਸੀ। ਹਿੰਦ ਵਿਚ ਅੰਗ੍ਰੇਜ਼ਾਂ ਨੂੰ ਜੇ ਕਿਸੇ ਨੇ ਡਟਕੇ ਮੁਕਾਬਲੇ ਲਈ ਵੰਗਾਰਿਆ ਤਾਂ ਦੱਖਣ ਵਿਚ ਮਰਹੱਟਿਆਂ ਨੇ ਤੇ ਉੱਤਰ ਵਿਚ ਸਿਖਾਂ ਨੇ,ਪਰ ਮਰਹੱਟਿਆਂ ਉਪਰ ਅੰਗ੍ਰੇਜ਼ੀ ਜਿੱਤ ਸੰਨ ੧੮੧੮ ਈ: ਵਿਚ ਮੁਕੰਮਲ ਹੋ ਗਈ। ਉਸ ਤੋਂ ਪਿਛੋਂ ੧੮੪੯ ਤਕ ੩੧ ਸਾਲ, ਜੋ ਭਾਰਤ ਵਰਸ਼ ਵਿਚ ਕੋਈ ਟੁਕੜਾ ਹਿੰਦ ਵਿਚ

Digitized by Panjab Digital Library | www.panjabdigilib.org

ਸੁਤੰਤ੍ਰਤਾ ਦਾ ਦਾਵਾ ਕਰਦਾ ਰਿਹਾ ਤਾਂ ਕੇਵਲ 'ਸਿਖ ਰਾਜ'। ਸੋ ੧੮੪੯ ਦਾ ਸਾਲ ਕੇਵਲ ਪੰਜਾਬ ਦੇ ਹਾਰਨ ਦਾ ਸਾਲ ਨਹੀਂ,ਖ਼ੁਦ ਅੰਗ੍ਰੇਜ਼ਾਂ ਦੇ ਆਪਣੇ ਨੁਕਤਾ ਨਿਗਾਹ ਤੋਂ ਹਿੰਦੁਸਤੁਾਨ ਦੀ ਮੁਕੰਮਲ ਅੰਗ੍ਰੇਜ਼ੀ ਫਤਹ ਦਾ ਅਖ਼ੀਰਲਾ ਗੜ੍ਹ ਟੁੱਟਣ ਦਾ ਸਾਲ ਹੈ*।

ਸੰਨ ੧੮੪੬ ਵਿਚ ਰਾਜ ਬਦਲਣ ਨਾਲ ਜੁਗ ਬਦਲ ਗਿਆ। ਸਾਂਚੀ ਦੀ ਸਾਰੀ ਚੀਜ਼ ਵਟ ਗਈ। ਬਹੁਤ ਸਾਰੇ ਜੰਗੀ ਅਫਸਰ, ਜੋ ਲੜਾਈਆਂ ਵਿਚ ਮੋਹਰੇ ਸਨ, ਪੰਜਾਬ ਵਿਚੋਂ ਕੱਢਕੇ ਪੂਰਬ ਵਲ ਘੱਲ ਦਿਤੇ ਗਏ। ਉਨ੍ਹਾਂ ਦੀਆਂ ਜਾਗੀਰਾਂ ਜ਼ਬਤ ਕਰ ਲੀਤੀਆਂ ਗਈਆਂ, ਜਿਸ ਦੇ ਇਵਜ਼ ਕੁਛ ਮਾੜੀਆਂ ਮੋਟੀਆਂ ਪਿਨਸ਼ਨਾਂ ਦਾ ਸਿਲਸਿਲਾ ਚਲਾਇਆ ਗਿਆ†।

ਜਾਗੀਰਾਂ ਦੀ ਜ਼ਬਤੀ ਕੋਈ ਥੋੜੀ ਜੇਹੀ ਨਹੀਂ ਸੀ। ਪਹਿਲੇ ਤਿੰਨਾਂ ਸਾਲਾਂ ਵਿਚ ਐਤਨੀਆਂ ਕੁ ਜਾਗੀਰਾਂ, ਜਿਨ੍ਹਾਂ ਦੀ ਮਾਲੀਅਤ ਸਾਲਾਨਾ ਬਵਿੰਜਾ ਲੱਖ ਦੇ ਕਰੀਬ ਸੀ, ਸਰਕਾਰ ਅੰਗ੍ਰੇਜ਼ੀ ਨੇ ਜ਼ਬਤ ਕੀਤੀਆਂ‡।

ਬਵਿੰਜਾ ਲੱਖ ਦੀ 'ਸਾਲਾਨਾ' ਆਮਦਨ ਦੀਆਂ ਜਾਗੀਰਾਂ, ਉਸ ਵੇਲੇ ਦੀਆਂ ਕੀਮਤਾਂ ਦੇ ਹਿਸਾਬ, ਕੋਈ ਪੰਜ ਤੋਂ ਦਸ ਕ੍ਰੋੜ ਰੁਪੈ ਦੇ ਅੰਦਰ ਦੀ ਮਾਲੀਅਤ ਦੀ ਪ੍ਰਾਈਵੇਟ ਚੀਜ਼ ਸੀ ਜੋ ਜ਼ਬਤ ਹੋ ਗਈ।

ਅੰਗਰੇਜ਼ਾਂ ਕੋਲੋਂ ਪੰਜਾਬ ਦਾ ਫਤਹ ਹੋਣਾ, ਆਮ ਖਿਆਲ ਕੀਤਾ ਜਾਂਦਾ ਹੈ ਕਿ ਦੋ ਲੜਾਈਆਂ ਦਾ ਸਿੱਟਾ ਸੀ, ਜਿਨ੍ਹਾਂ ਵਿਚੋਂ ਪਹਿਲੀ ਸੰਨ ੧੮੪੬ ਵਿਚ ਹੋਈ ਤੇ ਦੂਜੀ ੧੮੪੯ ਵਿਚ। ਪਰ ਇਨ੍ਹਾਂ ਦੋ ਲੜਾਈਆਂ ਦੇ ਪਿੱਛੇ ਛਿਤਾਲੀ ਵਰ੍ਹਿਆਂ ਦਾ ਤੰਦਣ ਤਾਣਾ ਤੇ ਮੁਲਕ-ਗੀਰੀ ਦੀ ਬੁਣ ਉਧੇੜ ਸੀ ਜੋ ਜਮਨਾ ਤੋਂ ਲੈਕੇ ਇਕ ਇਕ ਪਿੰਡ ਬੜੀ ਸਫਾਈ ਨਾਲ ਸੰਭਾਲਦੀ ਹੋਈ ਆਖ਼ਰ ਸਾਰੇ ਪੰਜਾਬ ਦੇ ਕਬਜ਼ੇ ਉਪਰ ਕਾਮਜਾਬ ਹੋਈ। ਤਵਾਰੀਖ ਵਿਚ ਰੁਚੀ ਰਖਣ ਵਾਲੇ ਪਾਠਕਾਂ ਨੂੰ ਯਾਦ ਹੋਣਾ ਹੈ ਕਿ ਸੰਨ ੧੮੦੩ ਈ: ਵਿਚ ਇਕ ਅਹਿਦਨਾਮਾ, ਦੌਲਤ ਰਾਉ ਸਿੰਧੀਆ ਅਤੇ ਅੰਗ੍ਰੇਜ਼ਾਂ ਦੇ ਦਰਮਿਆਨ ਹੋਇਆ ਸੀ। ਇਸ ਅਹਿਦਨਾਮੇ ਤੋਂ ਪਹਿਲਾਂ

---

*The British won India not from the Mughals, but from the Hindus — Before we appeared as Conquerors, the Mughal Empire had broken up. Our final and most perilous wars were neither with the Delhi king, nor with his revolted Muhammadan Viceroys but with the two Hindu Confederacies, the Marhatas and the Sikhs Muhammadan princes fought against us in Bengal, in Karnatic and in Mysore, but the longest opposition to the British Conquest of India came from the Hindus. Our last Marhata war dates as late as 1818, and the Sikh Confedration was overcome only in 1849

[*A British History of the Indian People by Sir W. W. Hunter.*

†ਪਕਰ ਪਠਾਏ ਸਰਦਾਰ ਬਹੁ ਪੂਰਬ ਕੋ ਜਬਤ ਜਗੀਰੈਂ ਕਰ ਪਿਨਸ਼ਨੈਂ ਲਾ ਦਈਂ ਹੀਨ ਹਜਾਤ ਕਿਨਹੂੰ ਕੀ ਆਧ ਐ ਚੁਬਾਈ ਥਾਈ ਉਥਲ ਪੁਥਲ ਦੇਸ ਮਾਂਹਿ, ਤਬ ਥੀ ਭਈ।

[ਪੰਥ ਪ੍ਰਕਾਸ਼ ਗਿਆਨ ਸਿੰਘ ਸਫ਼ਾ ੧੧੧੦

‡During the first three years of British rule in the province, jagirs worth about 52 lacs of rupees per annum were Confiscated by Government.

[*Prof: Gulshan Rai, the Tribune, 9-2-41.*

Digitized by Panjab Digital Library | www.panjabdigilib.org

ਅੰਗ੍ਰੇਜ਼ਾਂ ਦਾ ਰਾਜ ਜਮਨਾ ਤੋਂ ਪਰੇ ਪਰੇ ਸੀ। ਜਮਨਾ ਤੇ ਸਤਲੁਜ ਦੇ ਵਿਚਕਾਰਲਾ ਇਲਾਕਾ ਸਤ-ਖਸਮਾਂ ਸੀ। ਕੁਛ ਤੇ ਸਿਖ ਸਰਦਾਰਾਂ ਦੀ ਅਮਲਦਾਰੀ ਹੇਠਾਂ ਸੀ, ਜੈਸਾ ਕਿ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਲਸੀਆ ਆਦਿਕ; ਕੁਛ ਭੱਟੀਆਂ ਨੇ ਦਬਾਇਆ ਹੋਇਆ ਸੀ ਜੋ ਦੋ ਵੱਡੇ ਲੀਡਰਾਂ ਦੇ ਹੇਠ ਸੀ ਤੇ ਜਿਨ੍ਹਾਂ ਦੇ ਨਾਮ ਬਹਾਦਰ ਖਾਂ ਅਤੇ ਜ਼ਾਇਤਾ ਖਾਂ ਸਨ। ਕੁਛ ਮਰਹਟਿਆਂ ਦੇ ਹੇਠ ਸੀ। ਪਰ ਸਾਰੇ ਇਲਾਕੇ ਦੇ ਬਹੁਤ ਸਾਰੇ ਹਿੱਸੇ ਉਪਰ ਮਹਾਰਾਜੇ ਸਿੰਧੀਆ ਦਾ ਦਬਾਉ ਸੀ। ੧੮੦੩ ਦੇ ਅਹਿਦਨਾਮੇ, ਜਿਸ ਨੂੰ ਅੰਜਾਨ ਰਾਉ ਦੇ ਅਹਿਦਨਾਮੇ ਕਹਿਆ ਜਾਂਦਾ ਹੈ, ਦੇ ਮੁਤਾਬਕ ਦੌਲਤ ਰਾਉ ਸਿੰਧੀਆ ਨੇ ਆਪਣੇ ਹੱਕ ਹਕੂਕ ਅੰਗ੍ਰੇਜ਼ਾਂ ਨੂੰ ਦੇ ਦਿਤੇ, ਜੋ ਉਸ ਦੇ ਸਨ ਤੇ ਜੋ ਉਸ ਮੁਲਕ ਵਿਚ ਸਨ ਜੋ ਜਮਨਾ ਤੋਂ ਉੱਤਰ ਅਤੇ ਪੱਛਮ ਵਿਚ ਹੈ। ਏਸ ਅਹਿਦਨਾਮੇ ਤੋਂ ਪਿਛੋਂ ਅੰਗ੍ਰੇਜ਼ਾਂ ਦਾ ਅਸਰ ਜਮਨਾ ਅਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਉਪਰ ਪੈਣਾ ਸ਼ੁਰੂ ਹੋਇਆ।

ਸੋ ੧੮੦੩ ਈਸਵੀ ਤੋਂ ਲੈਕੇ ੧੮੪੯ ਈਸਵੀ ਤਕ ਦਾ ੪੬ ਸਾਲ ਦਾ ਅਰਸਾ ਹੈ, ਜਿਸ ਵਿਚ ਅੰਗ੍ਰੇਜ਼ੀ ਰਾਜ ਨੇ ਜਮਨਾ ਦੇ ਪਾਰਲੇ ਕੰਢੇ ਤੋਂ ਲੈਕੇ ਅਟਕੋਂ ਅਗਾਂਹ ਤਕ ਆਪਣਾ ਰਾਜ ਵਧਾਇਆ। ਸਿਖਾਂ ਦਾ ਰਾਜ ਜਾਣ ਵੇਲੇ ਅੰਦਰੂਨੀ ਹਾਲ ਕੀ ਸੀ, ਅੰਗ੍ਰੇਜ਼ਾਂ ਨਾਲ ਕਿਸ ਤਰ੍ਹਾਂ ਲੜਾਈ ਹੋਈ ਤੇ ਪਿਛੋਂ ਰਾਜ ਘਰਾਣੇ ਦੀ ਜ਼ਿੰਦਗੀ ਕਿਸ ਤਰ੍ਹਾਂ ਗੁਜ਼ਰੀ? ਇਹ ਦਰਦਨਾਕ ਤੇ ਦਿਲਚਸਪ ਕਹਾਣੀ ਹੈ। ਏਸ ਸਾਰੀ ਗਲ ਦਾ ਕੁਛ ਲਾਗਵਾਂ ਜਿਹਾ ਸਬੰਧ ਸਾਡੀ ਉਸ ਵਿਥਿਆ ਨਾਲ ਹੈ, ਜਿਸ ਦਾ ਜ਼ਿਕਰ ਅਸੀਂ ਅਗੇ ਚੱਲ ਕੇ ਸਿੰਘ ਸਭਾ ਲਹਿਰ ਦੇ ਤਅੱਲਕ ਵਿਚ ਕਰਾਂਗੇ। ਅਸੀਂ ਏਸ ਕਰਕੇ ਇਕ ਨਿੱਕਾ ਜਿਹਾ ਖ਼ਾਕਾ, ਜਿਨ੍ਹਾਂ ਵਿਚ ਇਹ ਹਾਲ ਇਸ਼ਾਰੇ ਮਾਤ੍ਰ ਹਨ, ਏਥੇ ਦੇਂਦੇ ਹਾਂ। ਇਹ ਹੂਬਹੂ ਉਸ ਨੋਟ ਦੀ ਨਕਲ ਹੈ ਜੋ ਸ੍ਰੀਮਾਨ ਭਾਈ ਦਿਤ ਸਿੰਘ ਜੀ ਨੇ ਮਹਾਰਾਜਾ ਦਲੀਪ ਸਿੰਘ ਦੇ ਚਲਾਣੇ ਸਮੇਂ ਪ੍ਰਕਾਸ਼ਤ ਕੀਤਾ ਸੀ:—

੩. ਮਹਾਰਾਜਾ ਦਲੀਪ ਸਿੰਘ*।

ਮਹਾਰਾਜਾ ਦਲੀਪ ਸਿੰਘ ਸਾਹਿਬ ਦਾ ਭੀ ਕੁਛਕ ਹਾਲ ਇਹੋ ਜਿਹਾ ਹੀ ਗੁਜ਼ਰਿਆ

---

*ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦੇ ਪਿਛੋਂ, ਅੰਗ੍ਰੇਜ਼ਾਂ ਨੇ, ਜੋ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਕਰਨ ਦੇ ਇੱਛਕ ਸਨ, ਆਪਣੇ ਖਰੀਦੇ ਬੰਦਿਆਂ ਰਾਹੀਂ ਦੇਸ ਵਿਚ ਪਾਟੋ ਧਾੜ ਵਧਾਉਣ ਦੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ ਤੇ ਮਹਾਰਾਜੇ ਦੇ ਰਾਜ ਘਰਾਣੇ, ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਦੇ ਸੰਬੰਧ ਵਿਚ ਕਈ ਗ਼ਲਤ ਗੱਲਾਂ ਫੈਲਾਕੇ ਸਿਖ ਰਾਜ ਘਰਾਣੇ ਬਾਰੇ ਜਨਤਾ ਵਿਚ ਭਾਰੀ ਨਫ਼ਰਤ ਫੈਲਾ ਦਿੱਤੀ ਸੀ। ਜਿਸ ਪ੍ਰਾਪੇਗੰਡੇ ਦਾ ਅਸਰ ਉਸ ਵੇਲੇ ਦੇ ਲਗ ਪਗ ਸਾਰੇ ਲੇਖਕਾਂ ਤੇ ਹੋਇਆ। ਸ਼ਾਹ ਮੁਹੰਮਦ ਦੇ ਕਿੱਸੇ ਵਿਚ ਉਹ ਅਸਰ ਪ੍ਰਧਾਨ ਹੈ ਤੇ ਗਿਆਨੀ ਦਿੱਤ ਸਿੰਘ ਜੀ ਦਾ ਇਥੇ ਦਿੱਤਾ ਲੇਖ ਬੀ ਉਸ ਅਸਰ ਦਾ ਚੰਗਾ ਨਮੂਨਾ ਹੈ। ਇਤਿਹਾਸਕਾਰਾਂ ਨੇ ਅੰਗ੍ਰੇਜ਼ਾਂ ਦੇ ਇਸ ਗ਼ਲਤ ਪ੍ਰਾਪੇਗੰਡੇ ਦੀ ਹੁਣ ਕਾਫੀ ਕਲੀ ਖੋਲ੍ਹ ਛਡੀ ਹੈ। ਮਹਾਰਾਣੀ ਜਿੰਦਾਂ ਤੇ ਮਹਾਰਾਜਾ ਦਲੀਪ ਸਿੰਘ ਕੌਮੀ ਜਜ਼ਬੇ ਵਾਲੇ ਅਣਖੀਲੇ ਮਾਂ ਪੁਤ੍ਰ ਸਨ ਤੇ ਪੰਜਾਬ ਵਿਚ ਸੁਤੰਤ੍ਰ ਸਿਖ ਰਾਜ ਕਾਇਮ ਰਖਣਾ ਚਾਹੁੰਦੇ ਸਨ, ਪਰ ਅੰਗ੍ਰੇਜ਼ਾਂ ਨੇ, ਜੋ ਮਦਦ ਲਈ ਸੱਦੇ ਗਏ ਸਨ, ਇਨ੍ਹਾਂ ਨੂੰ ਕੈਦ ਕਰਕੇ ਬੇਬਸ ਕਰ ਦਿੱਤਾ ਸੀ ਤੇ ਉਨ੍ਹਾਂ ਬਾਰੇ ਗ਼ਲਤ ਗੱਲਾਂ ਫੈਲਾਕੇ ਉਨ੍ਹਾਂ ਦੀ ਹਮਦਰਦ ਪਰਜਾ ਨੂੰ ਉਨ੍ਹਾਂ ਤੋਂ ਬਦਜ਼ਨ ਕਰਕੇ ਪੰਜਾਬ ਪਰ ਕਬਜ਼ਾ ਹੱਕ ਬਜ਼ਾਨਬ ਪ੍ਰਗਟ ਕਰ ਦਿੱਤਾ ਸੀ।

Digitized by Panjab Digital Library | www.panjabdigilib.org

ਹੈ, ਕਿਉਂਕਿ ਇਹ ਵੀ ਬੇ-ਨਸੀਬ ਸ਼ਾਹਜ਼ਾਦਾ ਸੰਨ ੧੮੩੭ ਈਸਵੀ, ਫਰਵਰੀ ਦੇ ਮਹੀਨੇ ਵਿਚ ਜੰਮਿਆਂ, ਜਦ ਕਿ ਮਹਾਰਾਜਾ ਰਣਜੀਤ ਸਿੰਘ ਸਾਹਿਬ ਪੂਰੇ ਦਰਜੇ ਨੂੰ ਪਹੁੰਚ ਕੇ ਆਪਣੇ ਪੋਤਰੇ ਨੌ-ਨਿਹਾਲ ਸਿੰਘ ਸਾਹਿਬ ਦੇ ਵਿਆਹ ਦੀਆਂ ਤਿਆਰੀਆਂ ਕਰ ਰਹੇ ਸਨ। ਦੇਖੋ ਜਦ ਇਹ ਜੰਮਿਆਂ ਸੀ ਤਦ ਇਸ ਦਾ ਕੋਈ ਨ ਉਂ ਭੀ ਨਹੀਂ ਜਾਣਦਾ ਸੀ, ਕਿਉਂਕਿ ਮਹਾਰਾਜਾ ਦੇ ਘਰ ਅਜੇਹੇ ਹੀ ਕਈ ਹੋਰ ਬੇਟੇ ਸਨ, ਜਿਹਾ ਕਿ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਆਦਿ, ਪੂੰਤੂ ਇਸ ਦੀ ਕਿਸਮਤ, ਜੋ ਵਿਧਾਤਾ ਨੇ ਸਭ ਤੇ ਨਿਰਾਲੀ ਬਣਾਈ ਸੀ ਸੋ ਆਪਣਾ ਖੇਲ ਦਿਖਾਉਣ ਲੱਗੀ। ਜਿਸ ਤੇ ਤਿੰਨ ਸਾਲ ਦੇ ਅੰਦਰ ਅੰਦਰ ਹੀ ਮਹਾਰਾਜਾ ਰਣਜੀਤ ਸਿੰਘ ਗੁਜ਼ਰ ਗਏ, ਜਿਸ ਦੇ ਚਾਰ ਸਾਲ ਪਿਛੋਂ ਮਹਾਰਾਜਾ ਖੜਕ ਸਿੰਘ, ਨੌ-ਨਿਹਾਲ ਸਿੰਘ,ਮਹਾਰਾਜਾ ਸ਼ੇਰ ਸਿੰਘ, ਪ੍ਰਤਾਪ ਸਿੰਘ ਭੀ ਮੌਤ ਨੇ ਆਪਣੀ ਗੋਦ ਵਿਚ ਲੀਤੇ। ਸੰਧਾਂਵਾਲੀਆਂ ਦਾ ਮਹਾਰਾਜਾ ਸ਼ੇਰ ਸਿੰਘ ਨੂੰ ਮਾਰਨਾ ਹੀ ਦਲੀਪ ਸਿੰਘ ਦੇ ਤਖ਼ਤ ਬਿਠਾਉਣ ਦਾ ਰਸਤਾ ਸਾਫ ਕਰਨਾ ਸੀ। ਜਿਸ ਤੇ ਇਸ ਨੂੰ ਕਿਲ੍ਹਿਓਂ ਕੱਢਕੇ ਤਖਤ ਪਰ ਬਿਠਾਇਆ ਗਿਆ, ਉਸ ਸਮੇਂ ਦਲੀਪ ਸਿੰਘ ਨੂੰ ਤਖਤ ਪਰ ਬਿਠਾਕੇ ਕੇਸਰ ਦੇ ਟਿੱਕੇ ਦੀ ਥਾਂ ਉਹਨਾਂ ਮੁਰਦਿਆਂ ਦੇ ਲਹੂ ਦਾ ਟਿੱਕਾ ਲਾਕੇ ਮਹਾਂਰਾਜਾ ਬਣਾਇਆ।

ਐਥੋਂ ਤਕ ਤਾਂ ਇਨ੍ਹਾਂ ਦੀ ਕਿਸਮਤ ਨੇ ਸਾਰੇ ਰਾਜ ਗੱਦੀ ਦੇ ਹੱਕਦਾਰਾਂ ਨੂੰ ਮੌਤ ਅੱਗੇ ਧੱਕ ਕੇ ਹੱਕ ਦਿੱਤਾ ਅਰ ਇਸ ਉਤੇ ਇਕ ਕਿੱਸੇ ਵਾਲਾ ਐਉਂ ਲਿਖਦਾ ਹੈ:–

'ਪਹਿਲੇ ਰਾਜ ਦੇ ਖ਼ੂਨ ਦਾ ਲਾਇ ਟਿੱਕਾ, ਫੇਰ ਦਿਤੀਆਂ ਸੱਤ ਪਰਦੱਖਣਾ ਜੀ।'

ਭਾਵੇਂ ਇਹ ਛੋਟਾ ਜਿਹਾ ਏੱਚਾ ਪੰਜਾਬ ਦਾ ਮਹਾਂਰਾਜਾ ਭੀ ਬਣ ਬੈਠਿਆ, ਪਰ ਅਜੇ ਇਸ ਦੀ ਕਿਸਮਤ ਨੇ ਕਈ ਰੰਗ ਬਦਲਨੇ ਸਨ, ਜਿਸ ਪਰ ਦੂਜੀ ਵੇਰ ਤਲਵਾਰ ਵਜ਼ੀਰਾਂ ਪਰ ਉਠੀ। ਜਿਸ ਤੇ ਪਹਿਲੇ ਦਿਨ ਸੰਧਾਂਵਾਲੀਏ ਮਾਰੇ ਗਏ, ਫੇਰ ਸਾਲ ਦੇ ਅੰਦਰ ਅੰਦਰ ਹੀ ਹੀਰਾ ਸਿੰਘ ਮਾਰਿਆ ਗਿਆ। ਜਿਸ ਤੇ ਮਗਰੋਂ ਜਵਾਹਰ ਸਿੰਘ ਵਜ਼ੀਰ ਬਣਿਆ,ਜੋ ਮਹਾਰਾਜਾ ਦਲੀਪ ਸਿੰਘ ਦਾ ਮਾਮਾ ਸੀ, ਪਰ ਉਸ ਸਮੇਂ ਪਰ ਨਾ ਕੋਈ ਸਰਦਾਰ ਅਤੇ ਨਾ ਸਿਪਾਹੀ ਸੀ; ਪੂੰਤੂ ਸਾਰੇ ਹੀ ਮਹਾਂਰਾਜੇ ਬਣੇ ਹੋਏ ਸੀ, ਜਿਸ ਤੇ ਆਪਸ ਵਿਚ ਕੱਟ ਕੱਟ ਕੇ ਮਰਦੇ ਸਨ। ਜਿਸ ਤੇ ਇਕ ਕਿੱਸੇ ਵਾਲਾ ਇਹ ਲਿਖਦਾ ਹੈ:–

'ਸ਼ਾਹ ਮੁਹੰਮਦਾ ਮੌਤ ਹੁਣ ਹੋਈ ਸਸਤੀ ਸੱਭੋ ਕਤਲ ਹੋਏ ਵਾਰੋ ਵਾਰ ਮੀਆਂ।'

ਇਸ ਮੌਤ ਨੇ ਬਹੁਤ ਸਰਦਾਰਾਂ ਨੂੰ ਔਂਤ ਕਰਕੇ ਫੇਰ ਜਵਾਹਰ ਸਿੰਘ ਪਰ ਭੀ ਧਾਵਾ ਕੀਤਾ; ਜਿਸ ਤੇ ਉਸ ਨੂੰ ਹਾਥੀ ਪਰ ਬੈਠੇ ਨੂੰ ਹੀ ਸੰਗੀਨਾਂ ਨਾਲ ਪੁਰੋਕੇ ਮਾਰ ਸਿਟਿਆ ਅਤੇ ਇਸ ਦੀ ਮੌਤ ਪਰ ਦਲੀਪ ਸਿੰਘ ਦੀ ਮਾਈ, ਜੋ ਸੱਕੀ ਭੈਣ ਸੀ, ਲੱਗੀ ਰੁਦਨ ਕਰਨ। ਇਹ ਸਾਰਾ ਸਾਕਾ ੧੮੪੫ ਈਸਵੀ ਦੇ ਅੰਦਰ ਅੰਦਰ ਹੀ ਹੋ ਗਿਆ, ਜਿਸ ਪਰ ਮਹਾਰਾਣੀ ਜਿੰਦਾਂ ਦੀ ਜਿੰਦ ਨੂੰ ਅਜਿਹਾ ਜੋਸ਼ ਆਇਆ ਜਿਸ ਨੇ ਪੰਜਾਬ ਦੀ ਬਾਦਸ਼ਾਹਤ ਦੇ ਜਹਾਜ਼ ਨੂੰ ਸਤਲੁਜ ਦੇ ਡੂੰਘੇ ਵਹਿਣ ਵਿਚ ਡੋਬਿਆ, ਜਿਸ ਪਰ ਸ਼ਾਹ ਮੁਹੰਮਦ ਇਹ ਲਿਖਦਾ ਹੈ:–

ਜਿਨ੍ਹਾਂ ਕੋਹਕੇ ਮਾਰਿਆ ਵੀਰ ਮੇਰਾ, ਮੈਂ ਤਾਂ ਕਰਾਂਗੀ ਉਨ੍ਹਾਂ ਦੀਆਂ ਜੰਡੀਆਂ ਨੀ।
ਧਾਂਕਾਂ ਪੈਣਗੀਆਂ ਦੇਸ ਵਲੈਤ ਜਾਣੇ ਪਾਊਂ ਏੱਕਰੇ ਵਾਂਗ ਚਾ ਵੰਡੀਆਂ ਨੀ।

Digitized by Panjab Digital Library | www.panjabdigilib.org

ਚੂੜੇ ਲਹਿਣਗੇ ਬਹੁਤ ਸ਼ੁਹਾਰਣਾਂ ਦੇ ਨੱਥ ਵਾਲੀਆਂ ਚੌਂਕ ਤੇ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ ਜਦੋਂ ਬਹਿਣ ਪੰਜਾਣਾਂ ਰੰਡੀਆਂ ਨੀ।

ਇਸ ਤੇ ਦੇਖ ਸਕਦੇ ਹੋ ਜੋ ਜਿੰਦਾਂ ਦਾ ਕੇਹੋ ਜਿਹਾ ਗੁੱਸਾ ਸੀ। ਉਸ ਸਮੇਂ ਪੰਜਾਬ ਵਿਚ ਤਿੰਨ ਧੜਿਆਂ ਦੇ ਹੱਥ ਹਕੂਮਤ ਸੀ। ਪਹਿਲੀ ਜਿੰਦਾਂ, ਜੋ ਆਪਣੀ ਹਕੂਮਤ ਚਾਹੁੰਦੀ ਸੀ, ਦੂਜੀ ਸਰਕਾਰ ਅਤੇ ਰਈਸ ਜੋ ਆਪਣਾ ਬਚਾਉ ਅਤੇ ਦਬਾਉ ਚਾਹੁੰਦੇ ਸੀ, ਤੀਜਾ ਫੌਜ ਦੋਨਾਂ ਨੂੰ ਨਿਰੰਮਾ ਜਾਣਕੇ ਆਪਣਾ ਹੀ ਹੁਕਮ ਚਲਾਉਂਦੀ ਸੀ। ਜਿਨਾਂ ਵਿਚੋਂ ਫੌਜ ਨੇ ਜਿੰਦਾਂ ਨੂੰ ਆਖਿਆ ਕਿ ਕੋਈ ਚੰਗਾ ਵਜ਼ੀਰ ਬਣਾਓ, ਪਰ ਉਸ ਦੇ ਨਾ ਮੰਨਣ ਪਰ ਫਿਰ ਫੌਜ ਨੇ ਮਹਾਰਾਜਾ ਦਲੀਪ ਸਿੰਘ ਦਾ ਨਾਉਂ ਭੀ ਉਤਾਰ ਦਿਤਾ ਅਤੇ ਖਾਲਸਾ ਪੰਥ ਦੇ ਨਾਉਂ ਪਰ ਕਾਰਵਾਈ ਸ਼ੁਰੂ ਕਰ ਦਿਤੀ। ਇਹ ਕਾਰਵਾਈ ਇਸ ਤਰ੍ਹਾਂ ਦੀ ਹੋਣ ਲੱਗੀ ਜਿਸ ਤਰ੍ਹਾਂ ਇਕ ਵੇਟ ਇੰਗਲਸਤਾਨ ਵਿਚ ਫੌਜ ਨੇ ਪਹਿਲੇ ਚਾਰਲਸ ਨੂੰ ਮਾਰ ਕੇ ਆਪਣੀ ਹਕੂਮਤ ਜਮਾਈ ਸੀ। ਸੋ ਇਹੋ ਹਾਲ ਏਥੇ ਭੀ ਹੋਇਆ ਜਿਸ ਤੇ ਪੰਜਾਬ ਦਾ ਬਾਦਸ਼ਾਹ ਨਾਮ-ਮਾਤ੍ਰ ਹੀ ਰਹਿ ਗਿਆ, ਅਤੇ ਅਸਲੀ ਦੇਖਿਆ ਜਾਵੇ ਤਾਂ ਐਥੋਂ ਹੀ ਮਹਾਰਾਜਾ ਦਲੀਪ ਸਿੰਘ ਦੀ ਹਕੂਮਤ ਰਹਿ ਗਈ ਸੀ।

ਜਦ ਜਿੰਦਾਂ ਨੇ ਦੇਖਿਆ ਕਿ ਇਹ ਭੂਤ ਮੰਡਲੀ ਅਜੇਹੀ ਭੂਤੀ ਹੈ ਜਿਸ ਤੇ ਮੇਰੀ ਅਤੇ ਮੇਰੇ ਪੁਤ੍ਰ ਦੀ ਜਾਨ ਦੇ ਜਾਣ ਦਾ ਭੀ ਡਰ ਹੈ। ਅਤੇ ਸਾਡਾ ਰੱਬ ਹੀ ਰਾਖਾ ਹੈ। ਜਿਸ ਤੇ ਇਹ ਮੈਨੂੰ ਅਤੇ ਦਲੀਪ ਸਿੰਘ ਨੂੰ ਮਾਰ ਕੇ ਕਿਸੇ ਹੋਰ ਨੂੰ ਗੱਦੀ ਪਰ ਬਿਠਾ ਦੇਣਗੇ ਅਤੇ ਇਧਰ ਵਡੇ ਵਡੇ ਸਰਦਾਰਾਂ ਅਹਿਲਕਾਰਾਂ ਨੇ ਭੀ ਆਪਣੇ ਆਪ ਨੂੰ ਰਬ ਆਸਰੇ ਸਮਝਿਆ ਤਦ ਰਾਣੀ ਅਤੇ ਅਹਿਲਕਾਰਾਂ ਨੇ ਮਿਲਕੇ ਇਸ ਬੇ-ਮੁਹਾਰ ਫੌਜ ਨੂੰ ਅੰਗ੍ਰੇਜ਼ਾਂ ਦੇ ਹਥੋਂ ਮਰਵਾਣਾ ਚਾਹਿਆ ਜਿਸ ਤੇ ਇਸ ਮਜ਼ਮੂਨ ਦਾ ਖ਼ਤ ਸਰਕਾਰ ਅੰਗਰੇਜ਼ੀ ਨੂੰ ਜਿੰਦਾਂ ਨੇ ਲਿਖ ਭੇਜਿਆ:—

ਚਿੱਠੀ ਲਿਖੀ ਫਰੰਗੀ ਨੂੰ ਕੁੰਜ ਗੋਸ਼ੇ, ਪਹਿਲੇ ਆਪਣੀ ਸੁੱਖ ਆਨੰਦ ਵਾਰੀ।
ਤੇਰੇ ਵੱਲ ਮੈਂ ਫੌਜ ਨੂੰ ਘੱਲਨੀ ਹਾਂ, ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਜਿਹੜਾ ਆਪਣਾ ਜ਼ੋਰ ਤੂੰ ਸਭ ਲਾਵੀਂ, ਪਿਛੋਂ ਖਰਚ ਮੈਂ ਕਰਾਂਗੀ ਬੰਦ ਵਾਰੀ।
ਸ਼ਾਹ ਮੁਹੰਮਦਾ ਰਹਿਣ ਨਾ ਮੁੜਨ ਜੋਗੇ, ਮੈਨੂੰ ਏਤਨੀ ਬਾਤ ਪਸੰਦ ਵਾਰੀ।

ਜਿਸ ਦਾ ਫਲ ਇਹ ਹੋਇਆ ਜੋ ਜਿਸ ਤੇ ਹਜ਼ਾਰਾਂ ਸਿਪਾਹੀ ਅਤੇ ਸਰਦਾਰ ਅੰਗ੍ਰੇਜ਼ਾਂ ਦੇ ਵਿਰੁੱਧ ਕਰਕੇ ਤੋਪਾਂ ਅਗੇ ਉਡਵਾਏ ਅਤੇ ਦਰਿਆਉ ਵਿਚ ਡੁਬਵਾਏ। ਰਾਣੀ ਜਿੰਦਾਂ ਨੇ ਆਪਣੇ ਭਾਈ ਦਾ ਵੈਰ ਲੈਣ ਲਈ ਅਤੇ ਆਪਣੇ ਇਸੀ ਪੁਤਰ ਦੇ ਬਚਾਉਣ ਲਈ ਹਜ਼ਾਰਾਂ ਘਰ ਬਰਬਾਦ ਕੀਤੇ ਅਤੇ ਹਜ਼ਾਰਾਂ ਇਸਤ੍ਰੀਆਂ ਰੰਡੀਆਂ ਕਰ ਬਿਠਾਈਆਂ।

ਸਤਲੁਜ ਦੀ ਲੜਾਈ ਦੇ ਪਿੱਛੋਂ ਜਦ ਸਿਖਾਂ ਦੀ ਫੌਜ ਕੁਛ ਮਰ ਗਈ ਅਤੇ ਕੁਛ ਨੱਸ ਗਈ ਤਦ ਜਿੰਦਾਂ ਦੀ ਸਲਾਹ ਨਾਲ ਅੰਗ੍ਰੇਜ਼ੀ ਫੌਜ ਲਾਹੌਰ ਵਿਚ ਆਈ, ਜਿਸ ਨੇ ਦਲੀਪ ਸਿੰਘ ਨੂੰ ਬਚਾਇਆ ਅਤੇ ਜਿੰਦਾਂ ਦੀ ਭੀ ਰੱਖਿਆ ਕੀਤੀ। ਜਦ ਸਾਲ ਰਹਿ ਕੇ ਅੰਗ੍ਰੇਜ਼ੀ ਫੌਜ ਪਿੱਛੇ ਹਟਣ ਲਗੀ ਤਦ ਫੇਰ ਜਿੰਦਾਂ ਨੇ ਅਰਜ਼ ਕੀਤੀ ਕਿ ਸਾਥੋਂ ਰਿਆਸਤ ਦਾ ਬੰਦੋਬਸਤ ਨਹੀਂ ਹੋਣਾ ਇਸ ਵਾਸਤੇ ਸਰਕਾਰ ਬੰਦੋਬਸਤ ਕਰੇ। ਜਿਸ ਦਾ ਫੇਰ ਫਲ ਇਹ ਹੋਇਆ ਜੋ ਸੰ: ੧੮੪੬ ਈ: ਵਿਚ ਬਿਆਸ ਨਦੀ ਦੇ ਕੰਢੇ ਸੁਲਹਨਾਮਾ ਹੋਇਆ। ਜਿਸ ਪਰ ਅਹਿਲਕਾਰਾਂ ਦੀ ਇਕ ਕੌਂਸਲ ਬਣੀ ਅਤੇ ਸਰ ਹੈਨਰੀ ਲਾਰੰਸ ਸਾਹਿਬ, ਜੋ ਰੈਜ਼ੀਡੈਂਟ ਸੇ, ਸੋ ਪੰਜਾਬ ਦੀ

Digitized by Panjab Digital Library | www.panjabdigilib.org

ਸਾਰੀ ਰਿਆਸਤ ਦੇ ਮੁਖਤਿਆਰ ਹੋ ਬਣੇ, ਜਿਸ ਤੇ ਰਾਣੀ ਜਿੰਦਾਂ ਦੀ ਹਕੂਮਤ ਵੀ ਜਾਂਦੀ ਰਹੀ। ਇਸ ਅਹਿਦਨਾਮੇ ਦੇ ਅਨੁਸਾਰ ਮਹਾਰਾਜਾ ਦਲੀਪ ਸਿੰਘ ਸਰਕਾਰ ਅੰਗ੍ਰੇਜ਼ੀ ਦੇ ਵਾਰਡ ਹੋਏ (ਹਿਫਾਜ਼ਤ ਵਿਚ ਆਏ), ਅਤੇ ਸਰਕਾਰ ਅੰਗ੍ਰੇਜ਼ੀ ਇਨ੍ਹਾਂ ਦੀ ਅਤੇ ਇਨ੍ਹਾਂ ਦੀ ਰਿਆਸਤ ਦੀ ਮੁਹਾਫਜ਼ ਬਣੀ। ਜਦ ਥੋੜੇ ਅਰਸੇ ਮਗਤੋਂ ਸਰ ਹੈਨਰੀ ਸਾਹਿਬ ਵਲਾਇਤ ਨੂੰ ਗਏ ਅਤੇ ਇਨ੍ਹਾਂ ਦੀ ਜਗ੍ਹਾ ਸਰ ਕਰੀ ਸਾਹਿਬ ਆਏ ਤਦ ਥੋੜੇ ਹੀ ਅਰਸੇ ਵਿਚ ਮੁਲਤਾਨੋ ਦਾ ਝਗੜਾ ਉਠਿਆ। ਉਸ ਜਗ੍ਹਾ ਦੇ ਅੰਗ੍ਰੇਜ਼ ਜੋ ਅਫਸਰ ਹੋਣ ਆਏ ਸੋ ਮਾਰੇ ਗਏ। ਅਤੇ ਏਧਰ ਹਜ਼ਾਰੇ ਦੇ ਇਲਾਕੇ ਸ: ਚਤਰ ਸਿੰਘ ਅਟਾਰੀ ਵਾਲਾ ਵਿਗੜ ਬੈਠਾ, ਇਹ ਸਰਦਾਰ ਮਹਾਰਾਜਾ ਦਲੀਪ ਸਿੰਘ ਦਾ ਸਹੁਰਾ ਸੀ, ਇਸ ਸਰਦਾਰ ਨੇ ਆਪਣੇ ਪੁਤ੍ਰ ਸ਼ੇਰ ਸਿੰਘ ਨੂੰ ਵੀ ਨਾਲ ਮਿਲਾਇਆ ਅਤੇ ਅੰਗ੍ਰੇਜ਼ਾਂ ਨੂੰ ਪੰਜਾਬੋਂ ਕੱਢਣ ਦਾ ਸਾਮਾਨ ਕੀਤਾ। ਇਸ ਦਾ ਨਾਉਂ ਸਿਖਾਂ ਦੀ ਦੂਜੀ ਲੜਾਈ ਹੈ। ਇਸ ਸਮੇਂ ਸਰਦਾਰਾਂ ਅਤੇ ਅੰਗ੍ਰੇਜ਼ਾਂ ਨੂੰ ਆਪੋ ਆਪਣੀ ਜਗ੍ਹਾ ਇਕ ਭਰਮ ਹੋ ਗਿਆ। ਸਰਦਾਰਾਂ ਨੇ ਜਾਤਾ ਜੋ ਅੰਗ੍ਰੇਜ਼ ਪੰਜਾਬ ਦਾ ਰਾਜ ਖੋਹਣ ਲੱਗੇ ਹਨ, ਅਤੇ ਅੰਗ੍ਰੇਜ਼ਾਂ ਨੇ ਜਾਤਾ ਜੋ ਸਾਨੂੰ ਹਿਫਾਜ਼ਤ ਲਈ ਬੁਲਾ ਕੇ ਹੁਣ ਮਾਰ ਕੇ ਕੱਢਣ ਲਗੇ ਹਨ, ਜਿਸ ਤੇ ਸਰਕਾਰ ਅੰਗ੍ਰੇਜ਼ੀ ਨੇ ਜਿੰਦਾਂ ਨੂੰ ਪਕੜਕੇ ਹਿੰਦੁਸਤਾਨ ਵਿਚ ਪਹੁੰਚਾਇਆ, ਜਿਸ ਤੋਂ ਸਰਦਾਰਾਂ ਨੂੰ ਵਧੇਰਾ ਸ਼ੱਕ ਹੋ ਗਿਆ। ਅਜੇ ਲੜਾਈ ਮੁੱਕੀ ਨਹੀਂ ਸੀ ਜੋ ਸਰ ਹੈਨਰੀ ਇਹ ਗੱਲ ਸੁਣਦਾ ਹੀ ਵਲੈਤੋਂ ਨੱਸਾ ਅਤੇ ਸਿੱਧਾ ਲਾਹੌਰ ਆਇਆ ਤੇ ਇਸ ਨੇ ਬਹੁਤ ਜ਼ੋਰ ਲਾਇਆ ਕਿ ਪੰਜਾਬ ਦੀ ਰਿਆਸਤ ਬਚੇ, ਪਰੰਤੂ ਮਹਾਰਾਜਾ ਦਲੀਪ ਸਿੰਘ ਦੀ ਕਿਸਮਤ ਦੀਆਂ ਵਾਗਾਂ ਦੂਜੀ ਵਲ ਖਿੱਚੀਆਂ ਹੋਈਆਂ ਸਨ। ਗੁਜਰਾਤ ਦੀ ਲੜਾਈ ਮਗਰੋਂ ਲਾਟ ਦਲਹੌਜ਼ੀ ਨੇ ਪੁਛਿਆ ਕਿ ਪੰਜਾਬ ਕਿਸ ਵਾਸਤੇ ਫਤਹ ਕੀਤਾ, ਜਿਸ ਪਰ ਸਰ ਹੈਨਰੀ ਨੇ ਕਿਹਾ ਕਿ ਦਲੀਪ ਸਿੰਘ ਲਈ, ਜਿਸ ਦੇ ਅਜੀਂ ਰਖਵਾਲੇ ਹਾਂ। ਇਸ ਦੇ ਭਾਈ ਜਾਨ ਲਾਰੰਸ ਨੇ ਕਿਹਾ ਕਿ ਨਹੀਂ, ਇੰਗਲਿਸਤਾਨ ਲਈ; ਜਿਸ ਤੇ ਲਾਟ ਦਲਹੌਜ਼ੀ ਨੇ ਪਿਛਲੀ ਗੱਲ ਨੂੰ ਮੰਨਕੇ ਪੰਜਾਬ ਪਰ ਕਬਜ਼ਾ ਕੀਤਾ ਅਤੇ ਦਲੀਪ ਸਿੰਘ ਨੂੰ ਗੱਦੀਓਂ ਉਤਾਰ ਦਿੱਤਾ। ਦੇਖੋ ਕਿਸਮਤ ਨੇ ਕੀ ਰੰਗ ਦਿਖਾਇਆ। ਅੰਤ ਨੂੰ ਕਈ ਮਹੀਨੇ ਦਲੀਪ ਸਿੰਘ ਨੂੰ ਗੱਦੀਓਂ ਉਤਾਰਕੇ ਲਾਹੌਰ ਰਖਕੇ ਹਿੰਦੁਸਤਾਨ ਨੂੰ ਭੇਜਿਆ ਗਿਆ। ਉਸ ਸਮੇਂ ਇਸ ਦੀ ਉਮਰ ੧੨ ਸਾਲ ਦੀ ਸੀ, ਜਿਸ ਨਾਲ ਕੋਈ ਰੰਡੀ ਯਾ ਸਿਖ ਨਹੀਂ ਸੀ, ਕੇਵਲ ਬ੍ਰਾਹਮਣ ਸੀ ਜੋ ਪੁਰਾਣਾਂ ਦੀ ਕਥਾ ਸੁਣਾਉਂਦਾ ਜਾਂਦਾ ਸੀ। ਜਿਸ ਤੇ ਗੰਗਾ ਦੇ ਕਿਨਾਰੇ ਡੇਰਾ ਦਿੱਤਾ। ਉਥੇ ਇਕ ਬ੍ਰਾਹਮਣ ਇਸ ਦਾ ਉਸਤਾਦ ਮੁਕਰਰ ਹੋਇਆ, ਪਰ ਉਹ ਪੁਰਾਣਾਂ ਦੀ ਕਥਾ ਸੁਣਾਉਂਦਾ ਸੁਣਾਉਂਦਾ ਨਾਲ ਅੰਜੀਲ ਦੀ ਸਿਖਿਆ ਦੇਣ ਲੱਗਾ, ਜਿਸ ਦਾ ਫਲ ਇਹ ਹੋਇਆ ਜੋ ਮਹਾਰਾਜੇ ਦਾ ਮਨ ਈਸਾਈ ਹੋਣ ਪਰ ਆਨੰਦ ਹੋ ਗਿਆ, ਜਿਸ ਤੇ ਥੋੜੇ ਸਾਲ ਵਿਚ ਹੀ ਈਸਾਈ ਬਣ ਗਿਆ।

ਈਸਾਈ ਹੁੰਦਿਆਂ ਹੀ ਇਸ ਦੇ ਚਿਤ ਵਿਚ ਵਲਾਇਤ ਦੇ ਦੇਖਣ ਦਾ ਚਾਉ ਹੋਇਆ ਜਿਸ ਤੇ ਵਲਾਇਤ ਵਿਚ ਗਏ ਅਤੇ ਮਹਾਰਾਣੀ ਕੈਸਰ ਹਿੰਦ ਨੇ ਬਹੁਤ ਪਿਆਰ ਕੀਤਾ ਅਤੇ ਆਪਣਾ ਪੁਤ੍ਰ ਕਰਾਰ ਦਿੱਤਾ, ਜਿਸ ਤੇ ਬਹੁਤ ਇਜ਼ਤ ਪਾਈ। ਦੇਖੋ ਕਿਸਮਤ ਨੇ ਏਥੋਂ ਕਢ ਕੇ ਵਲਾਇਤ ਵਿਚ ਇਜ਼ਤ ਦਿੱਤੀ। ਇਨ੍ਹਾਂ ਦੀ ਕਿਸਮਤ ਵੀ ਦਿਨ ਰਾਤ ਵਾਂਗ ਬਦਲਦੀ ਰਹਿੰਦੀ ਸੀ, ਜਿਸ ਤੇ ਫੇਰ ਵਲਾਇਤੋਂ ਆਏ ਅਤੇ ਆਪਣੀ ਮਾਈ ਜਿੰਦਾਂ ਨੂੰ (ਜੋ ਪਹਿਲੇ ਚਨਾਰ ਦੇ

Digitized by Panjab Digital Library | www.panjabdigilib.org

ਕਿਲ੍ਹੇ ਵਿਚ ਕੈਦ ਰਹੀ ਅਤੇ ਫੇਰ ਨੀਪਾਲ ਵਿਚ ਸੀ, ਮਿਲੇ, ਅਤੇ ਲੈਕੇ ਫੇਰ ਵਲਾਇਤ ਗਏ ਇਸ ਦਾ ਕਾਰਨ ਇਹ ਸੀ ਕਿ ਚਨਾਰ ਦੇ ਕਿਲ੍ਹੇ ਵਿਚ, ਜਦ ਇਸ ਨੇ ਸੁਣਿਆ ਕਿ ਦਲੀਪ ਸਿੰਘ ਨੂੰ ਗੱਦੀਓਂ ਉਤਾਰ ਦਿੱਤਾ ਹੈ,ਤਦ ਸਾਰੇ ਪਹਿਰੇ ਵਾਲਿਆਂ ਦੀ ਅੱਖੀਂ ਘੱਟਾ ਪਾਕੇ ਕਿਲ੍ਹਓਂ ਨਿਕਲੀ, ਰਾਤੋ ਰਾਤ ਵਹਿਆ ਟੱਪਕੇ ਨੀਪਾਲ ਵਿਚ ਚਲੀ ਗਈ, ਜਿਥੇ ਕਈ ਸਾਲ ਰਹੀ। ਜਿਸ ਪਰ ਦਲੀਪ ਸਿੰਘ ਨੇ ਸੁਣਿਆ ਤੇ ਵਲਾਇਤ ਨੂੰ ਲੈ ਗਿਆ, ਪਰ ਵਲਾਇਤ ਜਾ ਕੇ ਮਰ ਗਈ ਅਤੇ ਗੁਦਾਵਰੀ ਨਦੀ ਪਰ ਜਲਾਈ ਗਈ। ਜਿਸ ਤੋਂ ਮਗਰੋਂ ਮਹਾਰਾਜੇ ਨੇ ਇਕ ਮਿਸਰ ਦੀ ਇਸਤ੍ਰੀ ਨਾਲ ਵਿਆਹ ਕੀਤਾ, ਜਿਸ ਵਿਚੋਂ ਇਕ ਪੁਤਰ ਜਨਮਿਆ, ਜਿਸ ਦਾ ਨਾਉਂ ਪ੍ਰਿੰਸ ਵਿਕਟਰ ਦਲੀਪ ਸਿੰਘ ਹੈ ਜੋ ਅਜ ਕਲ ਅੰਗ੍ਰੇਜ਼ੀ ਫੌਜ ਵਿਚ ਨੌਕਰ ਹੈ। ਪੰਤੂ ਉਹ ਮਹਾਰਾਣੀ ਮਰ ਗਈ, ਜਿਸ ਦੇ ਮਗਰੋਂ ਇਕ ਹੋਰ ਸ਼ਾਦੀ ਕੀਤੀ ਜੋ ਪਿਛੇ ਛੱਡ ਗਏ ਰਨ। ਵਲਾਇਤ ਵਿਚ ਇਨ੍ਹਾਂ ਦੀ ਇਜ਼ਤ ਅਤੇ ਸਮਾਨ ਐਸਾ ਹੀ ਸੀ ਜੈਸਾ ਬਾਦਸ਼ਾਹ ਦਾ ਹੁੰਦਾ ਹੈ। ਪਰੰਤੂ ਕਿਸਮਤ ਨੇ ਇਕ ਹੋਰ ਚੱਕਰ ਦਿਤਾ ਜੋ ਇਨ੍ਹਾਂ ਲਈ ਮਹਾਂ ਦੁਖਦਾਈ ਸੀ। ਜਿਸ ਠੇ ਸਰਦਾਰ ਠਾਕਰ ਸਿੰਘ ਸੰਧਾਂਵਾਲੀਏ ਗਏ, ਉਹਨਾਂ ਨੇ ਇਨ੍ਹਾਂ ਨੂੰ ਅਜਿਹਾ ਸ਼ੌਕ ਪੈਦਾ ਕੀਤਾ ਜੋ ਮੁੜਕੇ ਆਉਣ ਅਤੇ ਪੰਜਾਬ ਦੇਖਣ। ਇਨ੍ਹਾਂ ਨੇ ਅੰਮ੍ਰਿਤ ਛਕ ਕੇ ਆਪਣੇ ਆਪ ਨੂੰ ਸਿੱਖ ਸਜਾਇਆ, ਅਰ ਵਲਾਇਤੋਂ ਤੁਰਕੇ ਹਿੰਦੁਸਤਾਨ ਨੂੰ ਆਏ, ਪਰੰਤੂ ਇਨ੍ਹਾਂ ਦੇ ਬੇ-ਤਜਰਬੇ ਦੇ ਜਕਾਰੇ ਬਕਾਰਿਆਂ ਨੇ ਅਜਿਹਾ ਅਸਰ ਦਿਖਾਇਆ ਜੋ ਮਿਸਰ ਵਿਚ ਰੋਕੇ ਗਏ। ਜਿਸ ਤੇ ਗੁੱਸੇ ਹੋਕੇ ਪਿਛ੍ਹਾਂ ਮੁੜ ਗਏ ਅਤੇ ਯੂਰਪ ਦੇ ਵਿਚ ਭ੍ਰਮਨ ਕਰਨ ਲਗੇ। ਜਿਸ ਦੌਰੇ ਵਿਚ ਇਨ੍ਹਾਂ ਨੇ ਕਈ ਪ੍ਰਕਾਰ ਦੇ ਖੇਦ ਸਹਾਰੇ, ਜਿਸ ਤੇ ਫੇਰ ਤੰਗ ਆਕੇ ਵਲਾਇਤ ਵਿਚ ਆਏ ਅਤੇ ਕੈਸਰ ਹਿੰਦ ਅੱਗੇ ਆਪਣੇ ਇਸ ਕੰਮ ਦੀ ਮੁਆਫੀ ਮੰਗੀ ਜਿਸ ਪਰ ਫੇਰ ਉਹ ਵਜ਼ੀਫਾ ਮਿਲਨ ਲੱਗਾ, ਉਸ ਦਿਨ ਤੇ ਇਨ੍ਹਾਂ ਦੀ ਕੋਈ ਅਜੇਹੀ ਗੱਲ ਨਹੀਂ ਸੁਣੀ ਗਈ ਜੋ ਲਿਖਣੇ ਦੇ ਯੋਗ ਹੋਵੇ।

ਦੇਖੋ ਪਹਿਲੇ ਛੋਟੇ ਦਰਜੇ ਦੇ ਮਹਾਰਾਜਾ ਰਣਜੀਤ ਸਿੰਘ ਦੇ ਪੁਤਰ ਹੋਕੇ ਸਭ ਨੂੰ ਮੁਕਾਕੇ ਤਖਤ ਪਰ ਬੈਠੇ, ਦੂਸਰੇ ਤਖਤੋਂ ਉਤਰ ਕੇ ਗੰਗਾ ਦਾ ਨਿਵਾਸ ਇਖਤਿਆਰ ਕੀਤਾ, ਤੀਸਰਾ ਈਸਾਈ ਧਰਮ ਵਿਚ ਆਕੇ ਵਲੈਤ ਦਾ ਸੈਰ ਕੀਤਾ, ਚੌਥਾ ਕੈਸਰ ਹਿੰਦ ਦੇ ਪਿਆਰੇ ਪੁਤ੍ਰ ਕਹਾਏ, ਪੰਜਵਾਂ ਉਥੋਂ ਤੁਰਕੇ ਯੂਰਪ ਦਾ ਭਰਮਨ (ਸੈਰ) ਕਰਕੇ ਅੰਤ ਨੂੰ ਮੁਆਫੀ ਮੰਗੀ, ਛੇਵਾਂ ਹਾਲ ਅੰਤ ਦਾ ਇਹ ਹੋਇਆ ਜੋ ਪੈਰਸ ਦੇ ਹੋਟਲ ਵਿਚ ਇਕੱਲਿਆਂ ਨੇ ਜਾਨ ਦਿਤੀ, ਜਿੱਥੇ ਕੋਈ ਅੱਖ ਬੰਦ ਕਰਨ ਵਾਲਾ, ਅਤੇ ਮੂੰਹ ਵਿਚ ਪਾਣੀ ਪਾਉਣ ਵਾਲਾ ਨਹੀਂ ਸੀ। ਜਿਸ ਸ਼ਹਿਜ਼ਾਦੇ ਦੀ ਅਜੇਹੀ ਅਜੀਬ ਕਿਸਮਤ ਸੀ, ਜੇਹੀ ਕਿ ਉਪਰ ਲਿਖੀ ਗਈ ਹੈ, ਸੋ ਉਸ ਦੀ ਮੌਤ ਭੀ ਅਜੀਬ ਤਰ੍ਹਾਂ ਦੀ ਹੋਣ ਵਿਚ ਕੀ ਸ਼ੱਕ ਸੀ। ਕੇਹੇ ਸ਼ੋਕ ਦੀ ਬਾਤ ਹੈ ਇਕ ਅਜੇਹੇ ਮਹਾਰਾਜੇ ਦਾ ਬੇਟਾ, ਜਿਸ ਦਾ ਨਾਮ ਪੰਜਾਬ ਦੇ ਰਾਜੇ ਮਹਾਰਾਜਿਆਂ ਵਿਚ ਸਦਾ ਹੀ ਇੱਜ਼ਤ ਪਾਏਗਾ, ਅਤੇ ਜਿਸ ਦੇ ਨੌਕਰ ਮਹਾਰਾਜਾ ਦੀ ਪਦਵੀ ਦੇ ਅਧਿਕਾਰੀ ਹੋਏ, ਉਸ ਦੇ ਪੁਤ੍ਰ ਦੀ ਕਿਸਮਤ ਨੇ ਉਸ ਨੂੰ ਅਜਿਹਾ ਚੱਕਰ ਦਿਤਾ ਜੋ ਸੰਸਾਰ ਦੇ ਹਰ ਇਕ ਆਦਮੀ ਨੂੰ ਇਸ ਸ਼ਬਦ ਦੀ ਸਿਖਿਆ ਦਿੰਦਾ ਹੈ ਯਥਾ:-

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥

[ਖਾਲਸਾ ਅਖਬਾਰ ਲਾਹੌਰ ਨੰ: ੨੯ ਜਿ: ੧, ਨਵੰਬਰ ਦੀ ੬ ਸੰ: ੧੯੯੩ ਵੀਸਵੀ

Digitized by Panjab Digital Library | www.panjabdigilib.org

੪. ਰਸਿਕ ਵੈਰਾਗੀ ਜੀਵਨ ਦੀ ਨੀਂਹ।

ਅਸੀਂ ਸ੍ਰੀ ਚਰਣਹਰਿ ਵਿਸਥਾਰ ਦੇ ਪਹਿਲੇ ਭਾਗ ਦੀ ਪਹਿਲੀ ਸੈਂਚੀ ਵਿੱਚ ਦਸ ਆਏ ਹਾਂ ਕਿ ਬਾਬਾ ਕਾਹਨ ਸਿੰਘ ਦਾ ਦੇਹਾਂਤ ੧੯੭੯ ਈ: ਵਿਚ ਹੋਇਆ। ਉਨ੍ਹਾਂ ਦਾ ਲੜਕਾ ਇਕੋ ਸੀ ਜੋ ਡਾਕਟਰ ਚਰਨ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ। ਡਾਕਟਰ ਸਾਹਿਬ ਦੀ ਉਮਰ ਪਿਤਾ ਦੇ ਗੁਜ਼ਰਨ ਸਮੇਂ ੨੫ ਬਰਸ ਦੀ ਸੀ। ਉਸ ਵੇਲੇ ਤਕ ਆਪ ਦੀ ਹਰ ਪ੍ਰਕਾਰ ਦੀ ਤਾਲੀਮ ਮੁਕੰਮਲ ਹੋ ਚੁਕੀ ਸੀ ਤੇ ਆਪ ਡਾਕਟਰੀ ਦਾ ਕੰਮ ਸਫਲਤਾ ਨਾਲ ਕਰ ਰਹੇ ਸਨ। ਡਾਕਟਰ ਸਾਹਿਬ ਦਾ ਆਪਣੀ ਹੱਥੀਂ ਲਿਖਿਆ ਇਕ ਨੋਟ ਪਿਆ ਹੈ ਜੋ ਇਸ ਪ੍ਰਕਾਰ ਹੈ:-

"ਯਕਮ ਅਗਸਤ ਸੰਨ ੧੮੭੨ ਈ: ਕੋ ਨੌਕਰ ਹੋਕੇ ਡਿਸਪੈਂਨਸਰੀ ਜੇਲ ਅੰਮ੍ਰਿਤਸਰ ਸਿਟੀ ੩੧ ਜਨਵਰੀ ਸੰ: ੭੩ ਤਕ। ਫਿਰ ਯਕਮ ਫਰਵਰੀ ਸੰ: ੧੮੭੩ ਈ: ਸੇ ਡਿਸਪੈਨਸਰੀ ਅਜਨਾਲਾ ਮੇਂ ੭ ਅਗਸਤ ਸੰ: ੧੮੭੪ ਈ: ਤਕ ਰਹਾ। ਫਿਰ ੮ ਅਗਸਤ ਸੰਨ ੧੮੭੪ ਸੇ Old City Branch ਅੰਮ੍ਰਿਤਸਰ ਢਾਬ ਬਸਤੀ ਰਾਮ। ੧੨ ਨਵੰਬਰ ੧੮੮੧ ਕੋ ਅਸਤੀਫਾ ਦੇਕੇ ਨੌਕਰੀ ਛੋੜ ਦੀ। ਕੁਲ ਨੌਕਰੀ ੮ ਬਰਸ ੩ ਮਹੀਨੇ ੧੨ ਦਿਨ ਕੀਤੀ, ਫਿਰ ਨੌਕਰੀ ਸੱਚੇ ਪਾਤਸ਼ਾਹ ਦੀ।"

੨੫ ਬਰਸ ਤਕ ਬਾਬੇ ਕਾਨ੍ਹ ਸਿੰਘ ਦੀ ਸੁਹਬਤ ਨੇ ਆਪਣੇ ਪੁਤ੍ਰ ਦੇ ਜੀਵਨ ਉਪਰ ਬਹੁਤ ਅਸਰ ਪਾਇਆ। ਬਾਬਾ ਤਿਆਗੀ ਸੀ, ਵੈਰਾਗੀ ਸੀ, ਏਕਾਂਤੀ ਸੀ। ਪੁਤ੍ਰ ਵਿਚ ਵੀ ਇਹ ਸਾਰੀਆਂ ਸਿਫਤਾਂ ਆ ਗਈਆਂ, ਪਰ ਦਰਜੇ ਬਦਰਜੇ। ਚਿਤ ਵਿਚ ਤਿਆਗ ਬਾਬੇ ਵਰਗਾ ਹੀ ਸੀ, ਚਾਹੇ ਬਾਬੇ ਜਿਤਨੀ ਸੰਪਤੀ ਤਿਆਗਨ ਦਾ ਮੌਕਾ ਕਦੇ ਨਹੀਂ ਲਗਾ, ਪਰ ਬਿਰਤੀ ਵਿਚ ਤਿਆਗ ਦੀ ਨੀਂਹ ਪੱਕੀ ਸੀ। ਜਿਸ ਹੱਦ ਤੱਕ ਬਾਬੇ ਦੀ ਜ਼ਿੰਦਗੀ ਵਿਚ ਵੈਰਾਗ ਦਾ ਤੱਤ ਸੀ ਡਾਕਟਰ ਸਾਹਿਬ ਵਿਚ ਏਸ ਦਾ ਦਰਜਾ ਘੱਟ ਸੀ। ਬਾਬਾ ਜਮਾਂਦ੍ ਵੈਰਾਗੀ ਸੀ, ਪਰ ਡਾਕਟਰ ਸਾਹਿਬ ਨੂੰ ਵੈਰਾਗ ਇਕ ਸਾਧਨ ਦੇ ਤੌਰ ਤੇ ਸਿਖਾਇਆ ਗਿਆ। ਕੁਦਰਤੀ ਸੁਭਾ ਉਨ੍ਹਾਂ ਦਾ ਰਸਿਕ ਸੀ। ਹੋ ਸਕਦਾ ਸੀ ਕਿ ਰਸ ਅਤੇ ਵੈਰਾਗ ਦੇ ਤੱਤ ਮਿਲਕੇ ਉਨ੍ਹਾਂ ਦੇ ਜੀਵਨ ਨੂੰ ਮੁੱਢ ਤੋਂ ਇਕ 'ਰਸਿਕ ਵੈਰਾਗੀ' ਬਣਾ ਦੇਂਦੇ, ਪਰ ਸ਼ੁਰੂ ਸ਼ੁਰੂ ਵਿਚ ਇੰਜ ਹੋਇਆ ਨਹੀਂ। ਕਾਫੀ ਦੇਰ ਤਕ ਉਨ੍ਹਾਂ ਦੀ ਹਸਤੀ ਵਿਚ ਇਹ ਦੋ ਧਾਰਾਂ ਵਖੋ ਵਖ ਸਮਿਆਂ ਉਪਰ ਆਪੋ ਆਪਣਾ ਝਲਕਾਰਾ ਦਸਦੀਆਂ ਰਹੀਆਂ। ਰਸ ਅਤੇ ਵੈਰਾਗ ਇਹ ਦੋ Moods ਹੋ ਗਏ ਸਨ। ਉਹ ਆਪ ਇਸ ਫਰਕ ਦੇ ਵਾਕਫ ਸਨ। ਕਦੇ ਤੇ ਤਬੀਅਤ ਵਿਚ ਰਸ ਦਾ ਦੌਰਾ ਹੈ, ਜੋ ਜ਼ਿੰਦਗੀ ਨੂੰ ਸ੍ਵਾਦ, ਚਾਉ, ਹੁਲਾਸ, ਕਵਿਤਾ, ਹਾਸੇ ਮਖੌਲ, ਜ਼ਿਆਫ਼ਤਾਂ ਅਤੇ ਪਕਵਾਨਾਂ ਦੀ ਵਾਸ਼ਨਾ* ਨਾਲ ਪ੍ਰਫੁੱਲਤ ਕਰ ਰਿਹਾ ਹੈ, ਕਦੇ ਵੈਰਾਗ ਦਾ ਦੌਰਾ ਹੈ ਜੋ ਚਿਤ ਨੂੰ ਉਦਾਸੀ ਵਲ ਲਿਜਾ ਰਿਹਾ ਹੈ ਤੇ ਉਹ ਕਿਸੇ ਨੂੰ ਮਿਲਣਾ ਨਹੀਂ ਚਾਹੁੰਦੇ, ਇਕੱਲੇ ਬੈਠਣਾ ਚਾਹੁੰਦੇ ਹਨ। ਏਕਾਂਤ ਭੰਗ ਹੋ ਜਾਣ ਨਾਲ ਛਿੱਥੇ ਹੋ ਜਾਂਦੇ ਹਨ, ਇਹ ਛਿਥਿਆਨ ਵਧਕੇ ਗੁੱਸੇ ਵਿਚ ਬਦਲ ਜਾਂਦੀ ਹੈ, ਘਰ ਦੇ ਸਾਰੇ ਡਰਦੇ ਹਨ, ਪਰੇ ਪਰੇ ਹੁੰਦੇ ਹਨ, ਪਰ ਕਿਸੇ ਨਾ ਕਿਸੇ ਕੁੜੀ ਮੁੰਡੇ ਉਤੇ ਕਿਸੇ ਗਲੋਂ ਕ੍ਰੋਧ

---

*ਸੁਗੰਧੀ।

Digitized by Panjab Digital Library | www.panjabdigilib.org

ਦਾ ਬੱਦਲ ਕੜਕ ਪੈਂਦਾ ਹੈ। ਤਬੀਅਤ ਦਾ ਰੁਖ਼ ਬਦਲ ਜਾਂਦਾ ਹੈ। ਉਹ ਫੇਰ ਵੈਸੇ ਹੀ ਮਿੱਠੇ, ਪਿਆਰੇ, ਲਾਡ ਕਰਨ ਵਾਲੇ, ਹਰ ਰੋਂਦੂ ਗੱਲ ਨੂੰ ਮਖ਼ੌਲ ਵਿਚ ਬਦਲ ਦੇਣ ਵਾਲੇ ਤੇ ਹਰ ਮਖ਼ੌਲ ਵਿਚੋਂ ਐਸਾ ਹਾਸਾ ਕੱਢਣ ਵਾਲੇ ਕਿ ਉਸ ਖਿੜਖਿੱਲੀ ਨਾਲ ਸਾਰਾ ਘਰ ਗੂੰਜ ਉਠਦਾ ਹੈ।

ਇਹ ਦੋ ਵੱਖੋ ਵੱਖ ਧਾਰਾਂ ਕਿਸ ਤਰ੍ਹਾਂ ਪੈਦਾ ਹੋ ਗਈਆਂ ? ਅਸੀਂ ਪਿੱਛੇ ਕਹਿ ਆਏ ਹਾਂ ਕਿ ਵੈਰਾਗ ਤਾਂ ਉਨ੍ਹਾਂ ਨੂੰ ਸਾਧਨ ਦੇ ਤੌਰ ਤੇ ਸਿਖਾਇਆ ਗਿਆ ਜੋ ਬਾਬੇ ਦੀ ਕਰੜੀ ਸਿੱਖਿਆ ਦਾ ਨਤੀਜਾ ਸੀ। ਰਸ ਉਨ੍ਹਾਂ ਦੇ ਨਿਜੀ ਸੁਭਾਉ ਦਾ ਰੁਖ ਸੀ। ਵੈਰਾਗ ਨੇ ਆਪਣਾ ਹੀ ਰਸਤਾ ਉਨ੍ਹਾਂ ਦੀ ਸ਼ਖਸੀਅਤ ਵਿਚੋਂ ਕੱਢ ਲਿਆ ਸੀ। ਜਿਸ ਦਾ 'ਦੇਸ਼' ਤਾਂ ਰਸ ਦੇ ਨਾਲ ਸਾਂਝਾ ਸੀ, ਪਰ 'ਕਾਲ' ਵਖਰਾ। ਮਗਰ ਇਹ ਸਾਰੀ ਗੱਲ ਜ਼ਿੰਦਗੀ ਦੇ ਪਹਿਲੇ ਹਿੱਸੇ ਦੀ ਹੈ। ਜਿਸ ਤਰ੍ਹਾਂ ਗੰਗਾ ਤੇ ਜਮਨਾ ਵੱਖੋ ਵੱਖ ਰਾਹੇ ਟੁਰਦੀਆਂ ਹਨ, ਪਰ ਅੱਧ ਵਿਚ ਜਾਕੇ ਫਿਰ ਮਿਲ ਜਾਂਦੀਆਂ ਹਨ ਤੇ ਦੋ ਧਾਰਾਂ ਦੀ ਇਕ ਨਦੀ ਹੋਕੇ ਵਗਦੀ ਹੈ, ਜੋ ਜ਼ਿਆਦਾ ਡੂੰਘੀ, ਜ਼ਿਆਦਾ ਭਰਵੀਂ ਤੇ ਜ਼ਿਆਦਾ ਸੁਖਦਾਈ ਹੋ ਜਾਂਦੀ ਹੈ। ਏਸੇ ਤਰ੍ਹਾਂ ਦਾ ਡਾਕਟਰ ਸਾਹਿਬ ਦੀ ਰੂਹਾਨੀ ਜ਼ਿੰਦਗੀ ਦਾ ਵਿਕਾਸ਼ ਹੈ। ਉਨ੍ਹਾਂ ਦਾ ਸਾਰਾ ਉਪਰਾਲਾ ਏਸੇ ਗੱਲ ਉਪਰ ਖਰਚ ਹੋਇਆ ਕਿ ਜ਼ਿੰਦਗੀ ਦੇ ਦੋ ਮੁਖਤਲਿਫ ਤੱਤ, ਜੋ ਵੱਖੋ ਵੱਖ ਕਈ ਵਿਲੱਖਣਤਾਈਆਂ ਦੇ ਹੋਤੂ ਸਨ, ਕਿਸੇ ਜੀਵਤ ਸੰਯੋਗ ਵਿਚ ਮਿਲਾ ਲਏ ਜਾਣ। ਇਹ ਕਿਸ ਉਮਰ ਵਿਚ ਜਾਕੇ ਮਿਲੇ ? ਕਿਸ ਤਰ੍ਹਾਂ ਮਿਲੇ ? ਤੇ ਮਿਲਕੇ ਕਿਸ ਰੂਪ ਵਿਚ ਇਹ ਰਸਿਕ ਵੈਰਾਗੀ ਦੀ ਸ਼ਖਸੀਅਤ ਪੈਦਾ ਹੋ ਗਈ ? ਇਹ ਹੈ ਹਾਲ ਜੋ ਉਨ੍ਹਾਂਦੇ ਜੀਵਨ ਕਾਰਨਾਮਿਆਂ ਦੀ ਕੁੰਜੀ ਹੈ। ਏਸੇ ਕੁੰਜੀ ਨਾਲ ਅਸੀਂ ਪਾਠਕਾਂ ਦੇ ਸਾਹਮਣੇ ਉਹ ਦੌਲਤ ਰਖ ਸਕਾਂਗੇ ਜੋ ਉਨ੍ਹਾਂ ਦੀ ਸਾਹਿੱਤ ਰਚਨਾ ਵਿਚ ਬੰਦ ਪਈ ਮਾਲੂਮ ਹੁੰਦੀ ਹੈ। ਡਾਕਟਰ ਸਾਹਿਬ ਦੇ ਸਾਹਿੱਤ ਉਪਰ ਉਨ੍ਹਾਂ ਦੀ ਜੀਵਨ ਛਾਯਾ ਹੈ, ਤੇ ਏਸ ਛਾਯਾ ਮੂਰਤੀ ਵਿਚ ਉਨਾਂ ਦੇ ਆਪਣੇ ਜ਼ਮਾਨੇ ਦਾ ਜੀਉਂਦਾ ਜਾਗਦਾ ਆਭਾਸ ਹੈ।

ਉੱਨਤ ਹੋਏ ਹੋਏ ਮਨੁੱਖ ਕੇਵਲ ਆਪਣੀ ਵਜਕਤੀ ਦੇ ਦਾਇਰੇ ਅੰਦਰ ਨਹੀਂ ਰਹਿੰਦੇ। ਉਨ੍ਹਾਂ ਦਾ ਆਪਣਾ ਸ਼ਰੀਰ ਉਨ੍ਹਾਂ ਦੇ ਖਿਆਲਾਂ ਦੀ ਰਿਹਾਇਸ਼ ਲਈ ਇਕ ਵੱਡਾ ਤੰਗ ਹਲਕਾ ਬਣ ਜਾਂਦਾ ਹੈ। ਮਨ ਦੀ ਦਿਲਚਸਪੀ ਤਨ ਦੀਆਂ ਹੱਦਾਂ ਤੋਂ ਬਾਹਰ ਟੱਪ ਜਾਂਦੀ ਹੈ ਤੇ ਉਨ੍ਹਾਂ ਦੀ ਜੀਵ ਆਤਮਾ ਇਸ ਪਿੰਡੇ ਤੋਂ ਪਰੇ ਬ੍ਰਹਮੰਡ ਦੀ ਆਤਮਾ ਨਾਲ ਜਾਣ ਪਛਾਣ ਕਰਨ ਲੱਗ ਜਾਂਦੀ ਹੈ। ਡਾਕਟਰ ਸਾਹਿਬ ਦਾ ਜੀਵਨ ਨਿਰਾ ਇਕ ਵਿਅਕਤੀ ਦਾ ਜੀਵਨ ਨਹੀਂ, ਉਹ ਇਕ ਐਸੀ ਹਸਤੀ ਦੀ ਜ਼ਿੰਦਗੀ ਹੈ, ਜਿਸ ਦੀ ਜੀਵਨੀ ਵਿਚ ਉਸ ਜ਼ਮਾਨੇ ਦਾ ਇਤਿਹਾਸ ਓਤ ਪੋਤ ਬੁਣਿਆ ਹੋਇਆ ਹੈ। ਉਸ ਜ਼ਮਾਨੇ ਨੂੰ ਸਮਝਣਾ, ਉਨ੍ਹਾਂ ਲਹਿਰਾਂ ਨੂੰ ਸਮਝਣਾ ਤੇ ਉਨ੍ਹਾਂ ਵੇਲਿਆਂ ਦੀ ਤ੍ਰਾਰੀਖ ਨੂੰ ਸਮਝਣਾ ਸਾਡੀ ਏਸ ਮੁਤਾਲਿਆ ਲਈ ਇਸ ਕਰਕੇ ਖਾਸ ਜ਼ਰੂਰੀ ਚੀਜ਼ਾਂ ਹਨ। ਅਸੀਂ ਏਸ ਗੱਲ ਨੂੰ ਸਾਹਮਣੇ ਰਖਕੇ ਡਾਕਟਰ ਸਾਹਿਬ ਦੀ ਜੀਵਨ ਕਥਾ ਵਿਚ ਉਸ ਸਮੇਂ ਦੇ ਪ੍ਰਭਾਉ ਨੂੰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਵਕਤਾਂ ਵਿਚ ਹੀ ਸਿੰਘ ਸਭਾ ਲਹਿਰ ਉਦਯ ਹੋਈ। ਜਿਥੋਂ ਤਕ ਹੋ ਸਕਿਆ ਹੈ, ਇਸ ਲਹਿਰ ਦਾ ਪੂਰਨ ਖ਼ਾਕਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਗੱਲਾਂ ਨੂੰ ਜ਼ਿਆਦਾ ਵਿਸਤਾਰ ਵਿਚ ਲੀਤਾ ਹੈ, ਜੋ ਜਾਂ ਤਾਂ ਡਾਕਟਰ ਸਾਹਿਬ ਨਾਲ ਸੰਬੰਧ ਰਖਦੀਆਂ ਹਨ ਜਾਂ ਜਿਨ੍ਹਾਂ ਵਿਚ ਕੋਈ ਸੁਤੰਤਰ ਸਿਖਜਾ-

Digitized by Panjab Digital Library | www.panjabdigilib.org

ਦਾਇਕ ਕਣੀ ਹੈ ਤੇ ਜੋ ਜਾਂ ਆਪਣੇ ਵਿਚ ਇਤਨੀਆਂ ਟੋਚਕ ਹਨ ਕਿ ਉਨ੍ਹਾਂ ਦ ਨਾਂ ਸ਼ਾਮਲ ਕਥਨ ਨਾਲ ਬਿਆਨ ਦੀ ਲੜੀ ਦਾ ਰਸ ਟੁਟਦਾ ਹੈ।

੫. ਪੁਤ੍ਰ ਲਈ ਬਾਬੇ ਨੇ ਬੀੜ ਲਿਖਵਾਈ।

ਬਾਬਾ ਕਾਹਨ ਸਿੰਘ ਨੇ ਛੋਟੀ ਉਮਰ ਵਿਚ ਹੀ ਆਪਣੇ ਪੁੱਤ੍ਰ ਨੂੰ ਪੜ੍ਹਾਈ ਲਿਖਾਈ ਦ ਕੰਮ ਵਿਚ ਪਾ ਦਿਤਾ। ਉਨ੍ਹੀਂ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਆਮ ਬਾਜ਼ਾਰ ਵਿਚ ਨਹੀਂ ਸਨ ਮਿਲਦੀਆਂ। ਲਿਖਾਰੀ ਹੁੰਦੇ ਸਨ ਜੋ ਬੀੜਾਂ ਤਿਆਰ ਕਰਕੇ ਰਖਦੇ ਸਨ ਤੇ ਉਨ੍ਹਾਂ ਪਾਸੋਂ ਹੀ ਸ਼ਰਧਾਲੂਆਂ ਨੂੰ ਮਿਲਦੀਆਂ ਸਨ। ਬਾਬੇ ਕੋਲ ਆਪਣੀ ਬੀੜ ਪਾਠ ਵਾਸਤੇ ਸੀ, ਪਰ ਪੁਤਰ ਨੂੰ ਇਸ ਬੀੜ ਤੋਂ ਪਾਠ ਨਹੀਂ ਕਰਵਾਇਆ।

ਇਕ ਲਿਖਾਰੀ ਨੂੰ ਨਵੀਂ ਬੀੜ ਤਿਆਰ ਕਰਨ ਲਈ ਕਿਹਾ, ਤੇ ਪੁਤ੍ਰ ਨੂੰ ਉਸ ਲਿਖਾਰੀ ਦੇ ਨਾਲ ਸ਼ਾਮਲ ਕੀਤਾ। ਪੁਤ੍ਰ ਦੀ ਉਮਰ ਅਜੇ ਉਸ ਵੇਲੇ ਕੋਈ ਸਾਢੇ ਕੁ ਛੇ ਬਰਸ ਦੀ ਸੀ। ਉਹ ਖੇਡਣ, ਨੱਚਣ ਕੁੱਦਣ ਵਾਲਾ ਮੁੰਡਾ ਸੀ, ਪਰ ਹੁਣ ਇਕ ਲਿਖਾਰੀ ਨਾਲ ਬੱਝਕੇ ਬੈਠ ਗਿਆ; ਪਹਿਲੇ ਤੇ ਕੁਛ ਉਦਾਸ ਹੋਇਆ, ਫੇਰ ਸ਼ਾਹੀ ਰਗੜਨ ਲਗ ਪਿਆ। ਹਰ ਲਿਖਾਰੀ ਨੂੰ ਆਖਣੀ ਸ਼ਾਹੀ ਆਪ ਹੀ ਬਨਾਉਣੀ ਪੈਂਦੀ ਸੀ, ਤੇ ਹਰ ਲਿਖਾਰੀ ਦਾ ਸ਼ਾਹੀ ਦਾ ਨੁਸਖਾ ਵੀ ਆਪਣਾ ਹੀ ਹੁੰਦਾ ਸੀ। ਮੁੰਡੇ ਨੇ ਸ਼ਾਹੀ ਰਗੜਨੀ, ਕਾਗਜ਼ ਘੋਟਣੇ ਤੇ ਲਿਖਾਰੀ ਨੇ ਸਵਾਰ ਸਵਾਰਕੇ ਪੱਤ੍ਰਾ ਕੁ ਰੋਜ਼ ਲਿਖ ਛੱਡਣਾ। ਜਿਉਂ ਜਿਉਂ ਪੱਤਰੇ ਵਧੀਕ ਲਿਖੀਂਦੇ ਗਏ, ਮੁੰਡੇ ਦੇ ਦਿਲ ਵਿਚ ਉਤਸ਼ਾਹ ਵਧਦਾ ਗਿਆ ਤੇ ਉਹ ਮੁਕੰਮਲ ਹੋਈ ਹੋਈ ਬੀੜ ਦੇ ਦਰਸ਼ਨ ਲਈ ਉਤਾਵਲਾ ਪੈਣ ਲਗ ਪਿਆ। ਲਿਖਾਰੀ ਮੱਠਾ ਸੀ, ਮੁੰਡਾ ਕਾਹਲਾ ਸੀ। ਕਈ ਵੇਰ ਉਹ ਲਿਖਾਰੀ ਨੂੰ ਕਹਿੰਦਾ: ਓ ਮਾਮਾ ਜਲਦੀ ਕਰ। ਮਾਮਾ ਕਿਉਂ ? ਇਹ ਰਿਸ਼ਤੇਦਾਰੀ ਵਿਚ ਡਾਕਟਰ ਸਾਹਿਬ ਦਾ ਮਾਮਾ ਹੀ ਲਗਦਾ ਸੀ, ਜਿਸ ਦਾ ਨਾਉਂ ਭਾਈ ਸੁਹੇਲ ਸਿੰਘ ਸੀ।

ਬਾਬੇ ਨੇ ਇਹ ਤਰਕੀਬ ਕੱਢੀ ਸੀ ਪੁਤਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਵਿਚ ਰੁਚਿਤ ਕਰਨ ਲਈ। ਜਿਸ ਤਰ੍ਹਾਂ ਕਈ ਲੋਕ ਸੂਰਜ ਉਦਯ ਵੇਲੇ ਖੜੋਕੇ ਨਜ਼ਾਰਾ ਤੱਕਦੇ ਹਨ ਤੇ ਪ੍ਰਤੀਤ ਕਰਦੇ ਹਨ ਕਿ ਕਿਸ ਤਰ੍ਹਾਂ ਪਹਿਲੇ ਕੇਵਲ ਲਾਲੀ ਦਾ ਸ਼ੁਆ ਭਾ ਮਾਰਦਾ ਹੈ, ਫੇਰ ਇਕ ਲਿਸ਼ਕਦਾ ਕਿਨਾਰਾ ਦਿੱਸਦਾ ਹੈ, ਫੇਰ ਹੌਲੇ ਹੌਲੇ ਗੁਲਾਨਾਰੀ ਪ੍ਰਭਾ ਖਿਲਾਰਦੀ ਹੋਈ ਗੁਲਿਆਈ ਉਪਰ ਨੂੰ ਉੱਠਦੀ ਹੈ ਤੇ ਲਾਲ ਲਾਲ ਲਿਸ਼ਕ ਇਕ ਚਿੱਟੀ ਚਮਕ ਵਿਚ ਬਦਲ ਜਾਂਦੀ ਹੈ ਤੇ ਛੇਕੜ ਡਲ੍ਹ ਡਲ੍ਹ ਕਰਦਾ ਸਾਰਾ ਗੋਲ ਚੱਕਰ, ਜਿਸ ਉਪਰ ਅੱਖ ਨਹੀਂ ਟਿੱਕਦੀ, ਦਿੱਸਣ ਲੱਗ ਪੈਂਦਾ ਹੈ, ਜਿਸ ਨੂੰ ਤੱਕ ਕੇ ਦੇਖਣ ਵਾਲੇ ਦੇ ਹਿਰਦੇ ਦਾ ਕਮਲ ਖਿੜ ਪੈਂਦਾ ਹੈ। ਠੀਕ ਏਸੇ ਦਿਲਚਸਪੀ ਨਾਲ ਇਹ ਸਿਆਹੀ ਘੋਟਣ ਵਾਲਾ ਮੁੰਡਾ ਗੁਰੂ ਗ੍ਰੰਥ ਸਾਹਿਬ ਦੇ ਉਦਯ ਹੋ ਰਹੇ ਵਜੂਦ ਨੂੰ ਦੇਖ ਰਿਹਾ ਸੀ। ਉਹ ਹੱਥਾਂ ਨਾਲ ਤਾਂ ਲੋਹੇ ਚੂਨ, ਹਟੜ ਬਹੇੜੇ ਤੇ ਹੋਰ ਸਿਆਹੀ ਦੇ ਨੁਸਖੇ ਦੀਆਂ ਚੀਜ਼ਾਂ ਰਗੜਦਾ ਰਹਿੰਦਾ ਸੀ, ਪਰ ਟੱਕ ਬੰਨ੍ਹਕੇ ਲਿਖਾਰੀ ਦੀ ਹੌਲੇ ਹੌਲੇ ਟੁਰਦੀ ਕਲਮ ਵਲ ਤੱਕਦਾ ਰਹਿੰਦਾ ਸੀ ਤੇ ਉਹ ਜਿਸ ਤਰ੍ਹਾਂ ਬਾਹਰ ਸਿਆਹੀਆਂ ਬਿਹਾਰੀਆਂ ਪਾਉਂਦੀ ਸੀ, ਤਕਰੀਬਨ ਉਸ ਤਰ੍ਹਾਂ ਦੀਆਂ ਘੁੰਡੀਆਂ ਮੁੰਡੇ ਦੇ ਦਿਲ ਦੀ ਤਖਤੀ ਉਪਰ ਉੱਕਰਦੀਆਂ ਰਹਿੰਦੀਆਂ ਸਨ। ਇਹ ਗੱਲ ਏਸ ਹੱਦ ਤਕ ਵ੍ਰਿੜ੍ਹ ਹੋਈ ਕਿ ਡਾਕਟਰ

Digitized by Panjab Digital Library | www.panjabdigilib.org

ਸਾਹਿਬ ਦੇ ਦਸਤਖਤ ਨੇ ਹੂਬਹੂ ਸ਼ਕਲ ਆਪਣੇ ਮਾਮੇ ਦੇ ਅੱਖਰਾਂ ਦੀ ਲੈ ਲਈ ਤੇ ਅੱਜ ਦੇ ਦਸਤਖਤਾਂ ਦੇ ਪਛਾਣਨ ਵਿਚ ਕਾਫੀ ਨੀਝ ਲਾਉਣੀ ਪੈਂਦੀ ਹੈ।

ਜਦ ੪੦੨ ਪੱਤ੍ਰੇ ਲਿਖੇ ਗਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਜੂਦ ਸੰਪੂਰਣਤਾ ਵਿਚ ਆਇਆ। ਏਸ ਦਿਨ ਖਾਸ ਖੁਸ਼ੀ ਮਨਾਈਗਈ। ਜਿਨ੍ਹਾਂ ਨੇ ਸਿਰਫ ਛਪੀਆਂ ਬੀੜਾਂ ਦੇ ਦਰਸ਼ਨ ਕੀਤੇ ਹਨ, ਉਹ ਉਸ ਖੁਸ਼ੀ ਦਾ ਸਹੀ ਅੰਦਾਜ਼ਾ ਨਹੀਂ ਲਗਾ ਸਕਦੇ, ਨਾ ਹੀ ਉਸ ਔਕੜ ਨੂੰ ਸਮਝ ਸਕਦੇ ਹਨ ਜੋ ਇਕ ਲਿਖਤੀ ਬੀੜ ਤਿਆਰ ਕਰਨ ਵਿਚ ਪੇਸ਼ ਆਉਂਦੀ ਸੀ। ਬੜੇ ਥੋੜੇ ਪਾਠਕ ਹੋਣਗੇ ਜਿਨ੍ਹਾਂ ਨੂੰ ਏਸ ਗੱਲ ਦਾ ਪਤਾ ਹੋਣਾ ਹੈ ਕਿ ਪਹਿਲੀ ਬੀੜ ੧੬੦੪ ਬੀ: ਵਿਚ ਤਿਆਰ ਹੋਈ, ਜਿਸ ਨੂੰ ਆਦਿ ਬੀੜ ਕਹਿੰਦੇ ਹਨ ਤੇ ਇਹ ਸ੍ਰੀ ਕਰਤਾਰ ਪੁਰ ਵਿਚ ਮੌਜੂਦ ਹੈ। ਓਸੇ ਸਮੇਂ ਇਸ ਤੋਂ ਇਕ ਉਤਾਰਾ ਭਾਈ ਬੰਨੋ ਨੇ ਕੀਤਾ, ਪਰ ਉਸ ਵਿਚ ਕੁਝ ਬਾਣੀ ਉਨ੍ਹਾਂ ਨੇ ਆਦਿ ਬੀੜ ਤੋਂ ਵਧ ਪਾ ਦਿੱਤੀ। ਫੇਰ ਆਦਿ ਬੀੜ ਤੋਂ ਉਤਾਰੇ ਤਾਂ ਨਾ ਹੋ ਸਕੇ, ਪਰ ਭਾਈ ਬੰਨੋ ਦੀ ਬੀੜ ਤੋਂ ਸੈਂਕੜੇ ਉਤਾਰੇ ਹੋਏ ਤੇ ਉਨ੍ਹਾਂ ਵਿਚ ਕੁਝ ਫਰਕ ਪੈਂਦੇ ਗਏ। ਅੰਤ ਦਸਮ ਪਾਤਸ਼ਾਹ ਜੀ ਨੇ ਆਦਿ ਬੀੜ ਦੇ ਆਧਾਰ ਤੇ ਬੀੜ ਤਿਆਰ ਕੀਤੀ ਤੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸ਼ੁਧ ਸਰੂਪ ਵਿਚ ਵਧਾਕੇ ਅੰਤਮ ਸਰੂਪਤਾ ਦਿੱਤੀ, ਜਿਸ ਨੂੰ ਆਪ ਨੇ ਜੋਤੀ ਜੋਤ ਸਮਾਉਣ ਸਮੇਂ ਗੁਰਤਾ ਗੱਦੀ ਪਰ ਸਥਾਪਨ ਕੀਤਾ। ਪੰਥ ਵਿਚ ਇਸ ਵੇਲੇ ਕੇਵਲ ਇਸੇ ਬੀੜ ਦਾ ਪ੍ਰਚਾਰ ਹੋ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਾਪੇ ਦੀ ਬੀੜ ਪਹਿਲੀ ਵਾਰ ਸੰਨ ੧੮੬੪ ਈਸਵੀ ਵਿਚ ਕੋਹਨੂਰ ਛਾਪੇਖਾਨੇ ਵਿਚ ਛਪੀ*। ਕੁਤਬਫਰੋਸ਼ਾਂ ਦਾ ਅੰਦਾਜ਼ਾ ਹੈ ਕਿ ਜਦੋਂ ਤੋਂ ਛਪਾਈ ਸ਼ੁਰੂ ਹੋਈ ਹੈ ਇਸ ਵੇਲੇ ਤਕ ਕੋਈ ਢਾਈ ਲਖ ਬੀੜ ਛਪ ਚੁਕੀ ਹੈ, ਪਰ ਜਿਸ ਜ਼ਮਾਨੇ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਹ ੧੮੬੧ ਈਸਵੀ ਦਾ ਸਮਾ ਹੈ, ਜੋ ਕੋਹਨੂਰ ਪ੍ਰੈਸ ਵਿਚ ਪਹਿਲੀ ਬੀੜ ਛਪਣ ਤੋਂ ਅਜੇ ਤਿੰਨ ਸਾਲ ਉਰੇ ਦਾ ਹੈ†।

ਇਸ ਲਿਖਤੀ ਬੀੜ ਦੀ ਸੰਪੂਰਣਤਾ ਫਗਣ ਵਦੀ ਪੰਜ, ਫਗਣੋਂ ਦਿਨ ੬, ੧੬੧੮ ਬਿ: (ਸੰ: ੧੮੬੧ ਬੀ:) ਨੂੰ ਹੋਈ। ਬਾਬੇ ਨੇ ਬੜਾ ਭਾਰੀ ਜੱਗ ਕੀਤਾ। ਉਸ ਦੇ ਸਾਰੇ ਮੇਲੀ, ਇਸ ਉਤਸ਼ਵ ਲਈ ਇਕੱਠੇ ਹੋਏ। ਗੁਰਮੁਖ ਸਿੰਘ ਨਾਮ ਦੇ ਇਕ ਕਵੀ ਨੇ ਉਸਤਤ ਅਸਤੋਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਕੇ ਆਂਦਾ ਸੀ, ਸੋ ਪੜ੍ਹਿਆ।

ਇਸ ਸਤੋਤ੍ਰ ਵਿਚ ਭਗਤਿ ਭਾਵ ਨੂੰ ਦ੍ਰਿੜ ਕਰਨ ਦੀ ਆਸ਼ਾ ਹੈ, ਜੋ ਗਲ ਕਿ ਹੋਰਨਾਂ ਸਤੋਤ੍ਰਾਂ ਵਿਚ ਨਹੀਂ। ਇਹ ਫਰਕ ਸਾਨੂੰ ਐਸਾ ਜ਼ਰੂਰੀ ਮਲੂਮ ਹੁੰਦਾ ਹੈ ਕਿ ਇਸ ਨੂੰ ਸਪਸ਼ਟ ਕਰ ਦੇਣਾ ਸਾਡੇ ਖਿਆਲ ਵਿਚ ਲਾਭਦਾਇਕ ਰਹੇਗਾ।

---

*ਦੇਖੋ ਅਖਬਾਰ 'ਖਾਲਸਾ ਧਰਮ ਪ੍ਰਚਾਰਕ' ੧੯-੧੧-੬੫।

†ਕੋਹਨੂਰ ਦੇ ਛਾਪੇ ਤੋਂ ਪਿਛੋਂ ਫੇਰ ਕਿਆਸ ਕੀਤਾ ਜਾਂਦਾ ਹੈ ਕਿ ਮੁਨਸ਼ੀ ਹਰਸੁਖ ਰਾਇ ਨੇ, ਉਸ ਤੋਂ ਪਿਛੋਂ ਮਖਨ ਲਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਪੱਥਰਾਂ ਦੇ ਛਾਪੇ ਤੇ ਕੀਤੀ ਤੇ ਏਹ ਸਮਾਂ ੧੮੮੦ ਈਸਵੀ ਤੋਂ ੧੮੮੭ ਈਸਵੀ ਤੱਕ ਦਾ ਅੰਦਾਜ਼ਨ ਹੈ।

Digitized by Panjab Digital Library | www.panjabdigilib.org

੬. ਕਰਮ ਕਾਂਡ ਦਾ ਸਿਖੀ ਤੇ ਅਸਰ।

ਪੁਰਾਤਨ ਵੈਦਕ ਜ਼ਮਾਨੇ ਵਿਚ ਮਨੁੱਖ ਦਾ ਮਜ਼ੂਬ ਕਰਮ ਕਾਂਡੀ ਸੀ। ਯੱਗ ਹੋਮ ਆਦਿਕ ਕਰਮਾਂ ਵਿਚ ਇਸ ਦਾ ਨਿਸਚਾ ਸੀ। ਮੰਤ੍ਰ ਪੜ੍ਹ ਪੜ੍ਹਕੇ ਆਪਣੇ ਸ੍ਵਾਰਥ ਸਿੱਧ ਕਰਨੇ ਏਹੋ ਇਸ ਦੀ ਲਗਨ ਸੀ। ਸਿਆਣੇ ਮਨੁਖ ਹੌਲੇ ਹੌਲੇ ਤੁੱਕੀ ਕਰਕੇ ਜਾਂ ਤਾਂ ਗਿਆਨ ਮਾਰਗ ਵਿਚ ਚਲੇ ਗਏ ਜਾਂ ਭਗਤੀ ਵਿਚ। ਗਿਆਨੀਆਂ ਅਤੇ ਭਗਤਾਂ ਦੋਨਾਂ ਨੇ ਫੇਰ ਕਰਮ ਕਾਂਡੀ ਭਰਮਾਂ ਦੀ ਵਿਰੋਧਤਾ ਕੀਤੀ ਹੈ। ਪਰ ਇਸ ਗੱਲ ਨੂੰ ਆਮ ਜਨਤਾ ਨੇ ਕਬੂਲਿਆ ਨਹੀਂ। ਹਿੰਦੂ ਸੁਸਾਇਟੀ ਮੂਲਕ ਤੌਰ ਤੇ ਕਰਮ ਕਾਂਡੀ ਉਲਝਨਾਂ ਵਿਚ ਹੀ ਫਸੀ ਰਹੀ ਤੇ ਇਸ ਤੋਂ ਸਮੁੱਚੇ ਤੌਰ ਤੇ ਅਜੇ ਤਕ ਬਾਹਰ ਨਹੀਂ ਨਿਕਲ ਸਕੀ। ਭਗਤਾਂ ਵਲੋਂ ਜੋ ਕਰਮ ਕਾਂਡ ਦੀ ਵਿਰੋਧਤਾ ਹੋਈ ਉਹ ਏਸ ਹੱਦ ਤਕ ਗਈ ਕਿ ਵੇਦਾਂ ਨੂੰ, ਜਿਨ੍ਹਾਂ ਵਿਚ ਯੱਗ ਹੋਮ ਆਦਿਕ ਕਰਮਾਂ ਦਾ ਵਿਧਾਨ ਹੈ, ਤਰਕ ਕਰਨ ਦਾ ਉਪਦੇਸ਼ ਦਿਤਾ ਗਿਆ। ਦੇਵਰਿਸ਼ੀ ਨਾਰਦ ਨੇ ਭਗਤੀ ਸੂਤ੍ਰਾਂ ਵਿਚ ਲਿਖਿਆ ਹੈ ਕਿ ਭਗਤੀ ਉਸੇ ਨੂੰ ਪ੍ਰਾਪਤ ਹੋ ਸਕਦੀ ਹੈ ਜੋ ਵੇਦਾਂ ਨੂੰ ਤਰਕ ਕਰਕੇ ਕੇਵਲ ਅਟੁਟ ਪ੍ਰੇਮ ਪਾਪਤੀ ਦਾ ਇਛਾਵਾਨ ਹੋਵੇ*।

ਪਰ ਕਰਮ ਕਾਂਡ ਦੇ ਜਾਦੂ ਵਿਚ ਫਸੀ ਦੁਨੀਆਂ ਨੇ ਏਸ ਉਪਦੇਸ਼ ਦੀ ਕੀ ਕਮਾਈ ਕੀਤੀ? ਇਹ ਨਹੀਂ ਕਿ ਪ੍ਰੇਮ ਦਾ ਸਬਕ ਸਿਖਿਆ ਜਾਂਦਾ, ਪੂੰਤ੍ਰ ਇਸ ਦੇ ਉਲਟ ਇਸੇ ਪੁਸਤਕ ਦੇ ਇਰਦ ਗਿਰਦ ਭਰਮਾਂ ਦਾ ਜਾਲ ਤਣ ਦਿਤਾ ਗਿਆ। ਇਸ ਪੁਸਤਕ ਦੇ ਪਾਠਾਂ ਦੇ ਮਹਾਤਮ ਗਿਣ ਦਿਤੇ। ਪੁਸਤਕ ਤਾਂ ਏਸ ਪ੍ਰਚਾਰ ਲਈ ਸੀ ਕਿ ਕਿਸੇ ਹੋਰ ਫਲ ਦੀ ਇੱਛਾ ਕਰਨੀ ਗ਼ਲਤ ਹੈ; ਭਗਤੀ ਆਪਣੇ ਆਪ ਵਿਚ ਹੀ ਅਖ਼ੀਰਲੀ ਪ੍ਰਾਪਤੀ ਦਾ ਨਿਸ਼ਾਨਾ ਹੈ†। ਪਰ ਇਹ ਗੱਲ ਆਮ ਦੁਨੀਆਂ ਨੇ ਕਬੂਲੀ ਨਹੀਂ। ਏਨ੍ਹਾਂ ਖਿਆਲਾਂ ਦੇ ਲਿਹਾਜ਼ ਨਾਲ ਏਸ ਤੋਂ ਵਧ ਵਧੀਕੀ ਭਾਗਵਤ ਪੁਰਾਣ ਨਾਲ ਹੋਈ। ਏਸ ਪੁਸਤਕ ਵਿਚ ਭਗਤੀ ਦਾ ਰਸ ਭਰਿਆ ਉਪਦੇਸ਼ ਹੈ। ਨਾਰਦ ਦੀ ਭਗਤੀ ਆਖ਼ਰ ਵੈਰਾਗ ਅਤੇ ਪਿਆਰ ਦਾ ਰਸਤਾ ਸੀ। ਇਹ ਸੰਨਜਾਸੀਆਂ ਅਤੇ ਅਵਧੂਤਾਂ ਨੂੰ ਪ੍ਰੇਮ ਮਾਰਗ ਦਾ ਰਸ ਚਖਾਉਣ ਦਾ ਵਸੀਲਾ ਸੀ, ਇਹ ਏਕਾਂਤ ਵਾਸੀਆਂ ਨੂੰ ਸੰਗ ਤਿਆਗ ਦੇ ਆਸ਼ੇ ਵਿਚ ਦ੍ਰਿੜ ਕਰਦਿਆਂ ਹੋਇਆਂ‡ ਪ੍ਰੇਮ ਦੀ ਲਪੇਟ ਵਿਚ ਖਿੱਚਣ ਦਾ ਉਪਾਉ ਸੀ, ਜਿਸ ਨੂੰ ਜਾਹਿਲ ਲੋਕ ਨਾ ਸਮਝ ਸਕੇ ਅਤੇ ਉਸ ਦੇ ਮਹਾਤਮ ਗਿਣਨ ਲੱਗ ਗਏ। ਜਿਸ ਭਗਤੀ ਦਾ ਪ੍ਰਤਿਪਾਦਨ ਭਾਗਵਤ ਪੁਰਾਣ ਵਿਚ ਹੈ ਉਹ ਰਸ ਦਾ ਸਮੁੰਦਰ ਹੈ। ਉਸ ਵਿਚ ਵੀ ਇਹ ਗੱਲ ਕਹੀ ਹੈ ਕਿ ਚਰਨਾਂ ਦੀ ਪ੍ਰੀਤੀ ਹੀ ਆਪਣੇ ਆਪ ਵਿਚ ਭਗਤੀ ਦਾ ਉੱਦੇਸ਼ ਹੈ:-

"ਹੇ ਸਾਧਵੀ, ਸਾਨੂੰ ਦੁਨੀਆਂ ਦੇ ਰਾਜ ਦੀ ਲੋੜ ਨਹੀਂ, ਨਾ ਹੀ ਅਸੀਂ ਇੰਦਰਪੁਰੀ ਉਪਰ ਆਪਣਾ ਰਾਜ ਕਾਇਮ ਕਰਨ ਦੇ ਇਛਾਵਾਨ ਹਾਂ, ਸਾਨੂੰ ਸਿੱਧੀਆਂ

---

*वेदानपि सन्यस्यति केवलमविच्छिन्नानुरागं लभते ॥४६॥

†फलरुपत्वात् ॥२६॥ ਇਸ ਦਾ ਮਤਲਬ ਹੈ ਕਿ ਭਗਤੀ ਆਪਣੇ ਆਪ ਵਿਚ ਹੀ ਫਲ ਰੂਪ ਹੈ; ਇਸ ਦਾ ਹੋਰ ਫਲ ਜਾਂ ਮਹਾਤਮ ਕੁਛ ਨਹੀਂ।

‡ਦੇਖੋ ਸੂਤ੍ਰ ੩੫ ਅਤੇ ੪੭ (ਨਾਰਦ ਭਗਤੀ ਸੂਤ੍ਰ)।

Digitized by Panjab Digital Library | www.panjabdigilib.org

ਦੀ ਵੀ ਲੋੜ ਨਹੀਂ, ਨਾ ਹੀ ਅਸੀਂ ਬ੍ਰਹਮਾ ਦੀ ਪਦਵੀ ਲੈਣੀ ਚਾਹੁੰਦੇ ਹਾਂ, ਅਸੀਂ ਮੁਕਤੀ ਅਤੇ ਬੈਕੁੰਠ ਤੋਂ ਵੀ ਨਿਰਵਾਹ ਹਾਂ। ਸਾਡੀ ਇੱਕੋ ਹੀ ਤੀਬਰ ਕਾਮਨਾ ਹੈ। ਅਸੀਂ ਹਰੀ ਦੇ ਚਰਨ ਕਮਲਾਂ ਦੀ ਧੂੜੀ ਆਪਣੇ ਸੀਸ ਉਪਰ ਲਗਾਉਣੀ ਚਾਹੁੰਦੇ ਹਾਂ। ਕਿਹੜੇ ਚਰਨ ਕਮਲ? ਜੋ ਲਛਮੀ ਦੀ ਛਾਤੀ ਨਾਲ ਲੱਗ ਲੱਗਕੇ ਉਸਦੇ ਸਤੋਂਨਾਂ ਉਪਰ ਲਗੇ ਕੇਸਰ ਨਾਲ ਸੁਗੰਧਤ ਹੋ ਚੁਕੇ ਹਨ। [ਸ਼੍ਰੀ ਮਦ ਭਾਗਵਤ ੧੦-ਪਰ। ੩੭, ੪੮, ੪੩

ਭਾਗਵਤ ਪੁਰਾਣ ਦੇ ਲਿਖਾਰੀ ਦਾ ਏਹੋ ਮੁੱਦਾਅ ਸੀ ਕਿ ਦੁਨੀਆਂ ਨੂੰ ਕਿਸੇ ਏਸ਼ੇ ਸਹਜ ਤੇ ਸੋਹਲ ਤਰੀਕੇ ਨਾਲ, ਬਗ਼ੈਰ ਉਨ੍ਹਾਂ ਦੀ ਪੁਰਾਣੀ ਨਿਸਚਾ ਨੂੰ ਹਲੂਣਾ ਦਿਤੇ ਦੇ, ਬਦਲ ਦਿਤਾ ਜਾਵੇ, ਤੇ ਛੋਪਲੇ ਹੀ ਭਗਤੀ ਦਾ ਰਸ-ਭਿੰਨੜਾ ਉਪਦੇਸ਼ ਲੋਕਾਂ ਦੇ ਹਿਰਦੇ ਵਿਚ ਸਿੰਜਰ ਜਾਵੇ।

ਭਾਗਵਤ ਪੁਰਾਣ ਦਾ ਲਿਖਾਰੀ ਇਕ ਕੋਮਲ ਹੁਨਰ ਦੀ ਨਾਜ਼ਕ ਤਬ੍ਹਾ ਵਾਲਾ ਬੰਦਾ ਸੀ। ਉਸ ਦੇ ਅੰਦਰ ਸੁਧਾਰਕਾਂ ਵਾਲੀ ਅੱਗ ਨਹੀਂ ਸੀ। ਉਹ ਕਰਮ ਕਾਂਡ ਦਾ ਖੰਡਨ ਨਿਧੜਕ ਝੀਕੇ ਉਪਰ ਕਟਨ ਦੇ ਅਸਮੱਰਥ ਸੀ। ਉਸ ਨੇ ਪੁਰਾਣੀਆਂ ਗੱਲਾਂ ਅਤੇ ਮਟਜਾਦਾ ਦੀ ਵਿਰੋਧਤਾ ਖੁਲ੍ਹ ਕੇ ਨਹੀਂ ਕੀਤੀ, ਪਰੰਤੂ ਉਨ੍ਹਾਂ ਦੇ ਬਿਆਨ ਦੇ ਮੁਕਾਬਲੇ ਉਪਰ ਪ੍ਰੇਮ-ਭਗਤੀ ਦੇ ਸੱਜੀਵ ਅਤੇ ਰਸਿਕ ਚਿੱਤ੍ਰ ਖਿੱਚੇ ਹਨ। ਉਸਨੂੰ ਆਪਣੇ ਹੁਨਰ ਉਪਰ ਪੂਰਨ ਭਰੋਸਾ ਸੀ ਤੇ ਕੌਣ ਹੈ ਜੋ ਉਸਦੀ ਕਾਰੀਗਰੀ ਦਾ ਕਾਇਲ ਨਹੀਂ,ਇਕ ਇਹੋ ਹੀ ਸਤਰ ਉਸਦੇ ਆਰਟ ਦਾ ਮੁਕੰਮਲ ਨਮੂਨਾ ਹੈ:—'ਅਸੀਂ ਹਰੀ ਦੇ ਚਰਨ ਕਮਲਾਂ ਦੀ ਧੂੜੀ ਅਪਣੇ ਸੀਸ ਉਪਰ ਲਗਾਉਣੀ ਚਾਹੁੰਦੇ ਹਾਂ, ਕਿਹੜੇ ਚਰਨ ਕਮਲ? ਜੋ ਲਛਮੀ ਦੀ ਛਾਤੀ ਨਾਲ ਲਗ ਲਗ ਕੇ ਉਸ ਦੇ ਸਤੱਨਾ ਉਪਰ ਲਗੇ ਕੇਸਰ ਨਾਲ ਸੁਗੰਧਤ ਹੋ ਚੁਕੇ ਹਨ।'

ਮੈਨੂੰ ਪਤਾ ਹੈ ਕਿ ਸਾਡੀ ਬੋਲੀ, ਜਿਸ ਵਿਚ ਸਮਾਸ ਨਹੀਂ ਵਰਤੇ ਜਾਂਦੇ ਏਸ ਖਿਆਲ ਦੀ ਸੂਖਮਤਾ ਨੂੰ ਪੂਰੀ ਤਰ੍ਹਾਂ ਫੜ ਨਹੀਂ ਸਕਦੀ। ਏਸ ਭਾਵ ਦਾ ਫੁਲ ਵਾਕਣ ਖਿੜਿਆ ਹੋਇਆ ਪੂਰਨ ਵਿਕਾਸ਼ ਸ਼ਬਦਾਂ ਦੀ ਅਮਲੀ ਗੋਂਦ ਵਿਚ ਹੀ ਹੈ।

कामयामहं एतस्य श्री मत्यादरज: श्रय:।
कुचकुङ्कम गन्धाढ्यं मूर्ध्ना वोढुं गदाभृत:।

ਨਿਰਗੁਣ ਹਰਿ ਦੇ ਚਰਨਾਂ ਨੂੰ ਕੇਸਰ ਭਿੰਨੀ ਛਾਤੀ ਨੇ ਸਾਕਾਰਤਾ ਦਾ ਰੰਗ ਚਾੜ੍ਹ ਦਿਤਾ ਹੈ। ਉਹ ਚਰਨ ਜਿਨ੍ਹਾਂ ਦਾ ਹੁਲੀਆ ਜੋਗੀਆਂ ਦੇ ਧਿਆਨ ਵਿਚ ਸਥਿਰ ਨਹੀਂ ਹੁੰਦਾ, ਉਹ ਚਰਨ ਜਿਨ੍ਹਾਂ ਦੀ ਰੂਪ ਰੇਖਾ ਸਮਾਧਿ ਦੇ ਜਤਨ ਲਈ ਜ਼ਜਾਦਾ ਚਪਲ ਹੈ, ਉਹ ਚਰਨ ਜੋ ਸਾਧਕਾਂ ਨਾਲ ਸਦਾ ਛਲ ਕਰਕੇ, ਆਪਣੇ ਨਕਸ਼ਾਂ ਨੂੰ ਅਕਾਸ਼ ਵਿਚ ਝਟ ਹੀ ਲਯ ਕਰ ਦੇਂਦੇ ਹਨ, ਉਨ੍ਹਾਂ ਦੇ ਟਿਕਣ ਅਸਥਾਨ ਬਾਬਤ ਕਵਿ ਨੇ ਅੱਖ ਮਟੱਕੇ ਦੀ ਇਕ ਸੈਨਤ ਕੀਤੀ ਹੈ। ਇਹ ਹੁਨਰ ਦੀ ਮੁਕੰਮਲ ਤਸਵੀਰ ਹੈ, ਇਹ ਪ੍ਰੇਮ ਉਸ ਭਗਤੀ ਕੋਲੋਂ ਵਿਲੱਖਣ ਹੋ ਗਿਆ ਹੈ, ਜਿਸ ਦਾ ਪ੍ਰਚਾਰ ਨਾਰਦ ਨੇ ਕੀਤਾ ਸੀ ਤੇ ਜਿਸ ਦੇ ਖਿਆਲਾਂ ਦੀ ਟੇਕ ਲੈਕੇ ਭਾਗਵਤ ਪੁਰਾਣ ਲਿਖਿਆ ਗਿਆ ਸੀ। ਨਾਰਦ ਨੇ ਕਿਹਾ ਸੀ ਕਿ ਭਗਤ ਨੂੰ ਕਦੇ ਇਸਤ੍ਰੀ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ ਤੇ ਉਹਨਾਂ ਮਨੁਖਾਂ ਦੀ ਵੀ ਸੰਗਤ ਤਿਆਗਣੀ ਚਾਹੀਦੀ ਹੈ, ਜੋ ਜ਼ਨਾਨੀਆਂ ਦੀਆਂ ਗਲਾਂ ਕਰਦੇ ਰਹਿੰਦੇ ਹਨ। ਪਰ ਭਾਗਵਤ ਕਰਤਾ ਕਿਸੇ ਹੋਰ ਠਰਕ ਦਾ ਬੰਦਾ ਸੀ।

Digitized by Panjab Digital Library | www.panjabdigilib.org

ਉਸ ਨੇ ਭਗਤੀ ਨੂੰ ਅਤੀਤ ਸਾਧੂਆਂ ਦੇ ਜੁੱਲਿਆਂ ਵਿਚੋਂ ਬਾਹਰ ਕਢ ਲੈ ਆਂਦਾ, ਉਸ ਨੂੰ ਜਮਨਾ ਇਸ਼ਨਾਨ ਕਰਵਾਕੇ ਉਸ ਦੀ ਜਨਮ ਜਨਮ ਦੀ ਅਵਿਧੂਤਾਂ ਨਾਲ ਰਹਿਕੇ ਦੰਮਝੀ ਹੋਈ ਸੁਆਹ ਉਤਾਰੀ, ਫੇਰ ਹੁਨਰ ਦੇ ਰੇਸ਼ਮੀ ਚੀਰ ਪਹਿਨਾਏ, ਜੋ ਨੀਲੰਫਰ ਕੌਲੋਂ ਵਧ ਕੂਲੇ, ਰੰਗ ਨੀਰ ਤੋਂ ਵਧੀਕ ਸਾਫ, ਤੇ ਮਕੜੀ ਦੇ ਜਾਲੇ ਥੀਂ ਜ਼ਿਆਦਾ ਹਵਾਦਾਰ ਸਨ। ਭਾਗਵਤ ਕਰਤਾ ਆਪਣੀ ਕਾਰੀਗਰੀ ਤੋਂ ਪੂਰਾ ਸੁੱਗਿਆਤ ਸੀ। ਉਸ ਨੂੰ ਭਰੋਸਾ ਸੀ ਕਿ ਉਹ ਆਪਣੇ ਹੁਨਰ ਨਾਲ, ਏਗ਼ੌਰ ਖੰਡਨ ਦੇ ਰੌਲੇ ਦੇ, ਕਰਮ ਕਾਂਡ ਨੂੰ ਪ੍ਰੇਮ-ਲਹਿਰ ਦੀ ਲਪੇਟ ਵਿਚ ਐਸਾ ਲਪੇਟ ਲਵੇਗਾ ਕਿ ਬਾਕੀ ਕੁੱਛ ਨਹੀਂ ਛਡੇਗਾ।

ਭਾਗਵਤ ਲੇਖਕ ਦਾ ਇਹ ਤਜਰਬਾ ਏਡਾ ਜ਼ਬਰਦਸਤ ਸੀ। ਉਸ ਨੇ ਜਿਸਮੀ ਪਿਆਰ ਦੀ ਫੋਮ ਵਿਚ ਨਿਰਾਕਾਰ ਰੂਹਾਨੀਅਤ ਨੂੰ ਸ਼ੀਸ਼ੇ ਅੰਦਰ ਜੜਕੇ ਸਾਕਾਰ ਦਾ ਤਮਾਸ਼ਾ ਦਿਖਾ ਦਿਤਾ। ਇਹ ਤਮਾਸ਼ਾ ਕੀ ਸੀ? ਰੱਬ ਦੀ ਪ੍ਰੇਮ ਲੀਲ੍ਹਾ ਦਾ। ਲੀਲ੍ਹਾ ਕਿਸ ਨਾਲ? ਆਪਣੀ ਹੀ ਮਾਯਾ ਨਾਲ, ਆਪਣੀ ਹੀ ਛਾਯਾ ਨਾਲ, ਹਾਂ ਆਪਣੇ ਹੀ ਪਰਛਾਂਵੇਂ ਨਾਲ। ਕਾਸ ਲਈ? ਸਵਾਦ ਲਈ, ਆਪਣਾ ਹੀ ਸਵਾਦ ਚੱਖਣ ਲਈ, ਦੇਖਣ ਲਈ ਕਿ ਮੈਂ ਕਿਤਨਾ ਮਿੱਠਾ ਹਾਂ, ਕਿਤਨਾ ਰਸ ਭਰਪੂਰ ਹਾਂ। ਏਸ ਆਪੇ ਦੀ ਮਿੱਠਾਸ ਦੇ ਚਸਕੇ ਲਈ ਉਸ ਨੇ ਪ੍ਰੇਮ ਰਸ ਦੀ ਨਦੀ ਵਗਾ ਦਿਤੀ। ਭਾਗਵਤ ਕਰਤਾ ਦਾ ਖਿਆਲ ਸੀ ਕਿ ਉਹ ਏਸ ਕਾਂਗ ਦੇ ਹੜ੍ਹ ਵਿਚ ਪੁਰਾਣੀ ਮਜ਼ਬੂਬੀਅਤ ਅਤੇ ਵੈਦਕ ਕਰਮ ਕਾਂਡ ਨੂੰ ਰੋੜ੍ਹ ਲੈ ਚਲੇਗਾ।

ਉਸ ਦੀ ਕਾਮਯਾਬੀ ਥੋੜ੍ਹੀ ਜਿਹੀ ਅਗਾਹਾਂ ਚੱਲਕੇ ਬਹੇਤੇ ਵਿਚ ਫਸ ਰਹੀ। ਉਸ ਦੇ ਵਰਤੇ ਹੋਏ ਕਾਵਯ ਸੰਕੇਤ ਮੋਟੀ ਅਕਲ ਲਈ ਬਹੁਤ ਸੂਖਮ ਸਨ। ਉਸ ਦੀ ਛਿਪੀ ਹੋਈ ਰਮਜ਼ ਸ਼ਾਇਦ ਇਹ ਸੀ ਕਿ ਨਿਰਗੁਣ ਬ੍ਰਹਮ ਮਨ ਦੇ ਉਨ੍ਹਾਂ ਸਾਧਨਾਂ ਨਾਲ, ਜੋ ਸੰਜਮ ਅਧੀਨ ਹਨ, ਪੱਲੇ ਨਹੀਂ ਪੈਂਦਾ। ਪਰੰਤੂ ਇਸ ਦੇ ਉਲਟ ਉਹ ਹਿਰਦੇ ਦੀ ਤੀਬਰ ਭਾਵਨਾ ਦੀ ਖੁਲ੍ਹ ਦਿਲੀ ਨਾਲ ਰੂਪਵਾਨ ਹੋ ਜਾਂਦਾ ਹੈ। ਹਿਤ ਅਲਸਾਈ ਛਾਤੀ ਦਾ ਗੂੜ੍ਹਾ ਕੇਸਰੀ ਰੰਗ ਹੀ ਉਸ ਅਮੂਰਤ ਨੂੰ ਕੋਈ ਸ਼ਕਲ ਸੂਰਤ ਦੇ ਸਕਦਾ ਹੈ। ਭਾਗਵਤ ਲਿਖਾਰੀ ਜੇ ਆਪਣੀ ਵਚਿਤ੍ਰ ਕਲਮ ਨਾਲ ਪੁਰਾਤਨ ਮਰਯਾਦਾ ਦੇ ਬਰਖ਼ਿਲਾਫ਼ ਅਵਾਜ਼ ਜ਼ਰਾ ਉੱਚੀ ਕਰਕੇ ਬੋਲ੍ਹਦਾ ਤਾਂ ਬਹੁਤ ਚੰਗਾ ਨਤੀਜਾ ਪੱਲੇ ਪੈਂਦਾ। ਪਰ ਉਹ ਸੱਜਰੀ ਵਿਆਹੀ ਕੁੜੀ ਦੀ ਸ਼ਰਮ ਵਾਲਾ ਬੰਦਾ ਆਪਣੀ ਵੇਦਾਂ ਨਿਸਬਤ ਵਿਰੋਧਤਾ ਜੜ੍ਹ ਭਰਥ ਜਿਹੇ ਦੇ ਮੂੰਹ ਵਿਚ ਪਾਉਂਦਾ ਹੈ, ਜੋ ਕਹਿੰਦਾ ਹੈ:—

> "ਹੇ ਰਹੂ ਗਣ! ਇਹ ਵਸਤੂ ਪੱਲੇ ਨਹੀਂ ਪੈਂਦੀ, ਨਾ ਤਪ ਨਾਲ, ਨਾ ਯੱਗ ਨਾਲ, ਨਾ ਦਾਨ ਨਾਲ, ਨਾ ਘਰੋਗੀ ਉੱਚਤਾਈ ਨਾਲ, ਨਾ ਵੇਦਾਂ ਨਾਲ, ਨਾ ਜਲ ਅਗਨੀ ਸੂਰਜ ਆਦਿ ਦੇਵਤਿਆਂ ਦੀ ਪੂਜਾ ਨਾਲ। ਇਹ ਸਿਰਫ ਸੰਤਾਂ ਦੀ ਚਰਨ ਧੂੜੀ ਦੇ ਇਸ਼ਨਾਨ ਨਾਲ ਪ੍ਰਾਪਤ ਹੁੰਦੀ।" [੫-੧੨-੧੨

ਪਰ ਇਹੋ ਉਸ ਦਾ ਆਰਟ ਸੀ। ਕਿੰਤੂ ਦੁਨੀਆਂ ਦੀ ਜਹਾਲਤ ਕਿਸੇ ਹੁਨਰ ਦੀ ਪੇਸ਼ ਨਹੀਂ ਚਲਣ ਦੇਂਦੀ। ਭਾਗਵਤ ਪੁਰਾਣ ਅੱਜ ਕਿਸੇ ਨਿਸ਼ਕਾਮ ਭਗਤੀ ਦੀ ਪੁਸਤਕ ਨਹੀਂ। ਲੋਕ ਲਿਹਾਜ਼ ਨੇ ਜੋ ਇਸ ਵਿਚ ਕਮਜ਼ੋਰੀ ਰੱਖੀ, ਉਸ ਦੇ ਕਾਰਨ ਇਹ ਇਕ ਵੈਸੀ ਹੀ ਪੁਰਾਣੇ ਵਹਿਮਾਂ ਭਰਮਾਂ ਦੀ ਪੁਸਤਕ ਬਣ ਰਹੀ, ਜੋ ਪੜ੍ਹਨ ਦੇ ਮਹਾਤਮਾਂ ਨਾਲ ਭਰਪੂਰ ਹੈ।

Digitized by Panjab Digital Library | www.panjabdigilib.org

ਪਰ ਸਭ ਤੋਂ ਬੁਰੀ ਗਤਿ ਗੀਤਾ ਦੀ ਬਣੀ। ਇਸ ਚੀਜ਼ ਦਾ ਜੋ ਹਾਲ ਸਾਡੇ ਸਾਹਮਣੇ ਹੋ ਰਿਹਾ ਹੈ, ਉਹ ਸਾਰੇ ਦੇਖ ਰਹੇ ਹਨ। ਪੁਸਤਕ ਤਾਂ ਏਸ ਮਤਲਬ ਲਈ ਸੀ ਕਿ ਫਲ ਦੀ ਇੱਛਾ ਤੋਂ ਨਿਰਚਾਹ ਹੋਕੇ ਲੋਕ ਧਰਮ ਦੇ ਕੰਮਾਂ ਵਿਚ ਪਰਵਿਰਤ ਹੋਣ, ਪਰ ਗੀਤਾ ਦੇ ਪੜ੍ਹਨ ਦਾ ਫਲ ਅਤੇ ਉਸ ਦੇ ਇਕ ਇਕ ਧਿਆ ਦਾ ਮਹਾਤਮ ਜੋ ਗਿਣਿਆਂ ਹੈ ਉਹ ਦੱਸਦਾ ਹੈ ਕਿ ਜਾਹਿਲ ਲੋਕ ਗਿਆਨ ਦੀਆਂ ਉੱਚੀਆਂ ਗੱਲਾਂ ਨੂੰ ਕਿਸ ਤਰ੍ਹਾਂ ਨੀਵੀਂ ਵਰਤੋਂ ਵਿਚ ਲੈ ਆਉਂਦੇ ਹਨ।

ਅਸੀਂ ਇਹ ਗੱਲਾਂ ਸਿਰਫ ਏਸ ਕਰਕੇ ਲਿਖ ਰਹੇ ਹਾਂ ਕਿ ਸਾਨੂੰ ਸੌਖੇ ਤ੍ਰੀਕੇ ਨਾਲ ਸਮਝ ਆ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਪ੍ਰਤਿਸ਼ਟਾ ਨੇ ਕਿਨ੍ਹਾਂ ਕਿਨ੍ਹਾਂ ਹਾਲਤਾਂ ਵਿਚ ਕੀ ਕੀ ਰੰਗ ਬਦਲੇ, ਫੇਰ ਇਨ੍ਹਾਂ ਤਬਦੀਲੀਆਂ ਦੇ ਨਾਲ ਹੀ ਸਿਖ ਸੁਸਾਇਟੀ ਦੇ ਸੁਲਝਾਉ ਦਾ ਵਿਕਾਸ਼ ਕਿਸ ਤਰ੍ਹਾਂ ਸੰਬੰਧਤ ਹੈ। ਜਿਸ ਜ਼ਮਾਨੇ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਸ ਵੇਲੇ ਆਮ ਸਿਖ ਗ੍ਰਿਹਸਤੀ ਕਰਮ ਕਾਂਡੀ ਸ਼੍ਰੇਣੀ ਦਾ ਹੀ ਗ੍ਰਾਹਕ ਸੀ। ਇਸ ਸ਼੍ਰੇਣੀ ਉਪਰ ਬੈਠੇ ਹਿੰਦੂ ਅਤੇ ਸਿਖ ਦਾ ਆਪਸ ਵਿਚ ਫਰਕ ਥੋੜ੍ਹਾ ਹੀ ਸੀ। ਸ਼ਾਇਦ ਇਤਨਾ ਕੁ ਸੀ ਕਿ ਸਿਖ ਦਾ ਦਿਲ ਇਹ ਚਾਹਵਾਨ ਸੀ ਕਿ ਜਿਸ ਤਰ੍ਹਾਂ ਗੀਤਾ ਦੇ ਹਰ ਇਕ ਧਿਆਇ ਦਾ ਮਹਾਤਮ ਹੈ ਏਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਹਰ ਇਕ ਰਾਗ ਦਾ ਮਹਾਤਮ ਕਿਉਂ ਨਾ ਹੋਵੇ। ਹਿੰਦੂਆਂ ਦੀ ਨਕਲ ਉਪਰ ਸਿੱਖ ਧਰਮ ਪੁਸਤਕਾਂ ਤੋਂ ਵੀ ਕਰਮ ਕਾਂਡੀ ਫਲਾਂ ਦੀ ਮੰਗ ਹੋ ਰਹੀ ਸੀ।

ਭਾਈ ਤਾਰਾ ਸਿੰਘ ਦਾ ਲਿਖਿਆ ਹੋਇਆ "ਅਥ ਉਸਤਤਿ ਗ੍ਰੰਥ ਸਾਹਿਬ ਲਿਖਯਤੇ" ਅਸਤੋਂ ਹੁ ਉਸ ਜ਼ਮਾਨੇ ਦੀ ਮੰਗ ਦਾ ਸਬੂਤ ਹੈ। ਭਾਈ ਤਾਰਾ ਸਿੰਘ ਲਿਖਦਾ ਹੈ:-

ਇਕ ਨੇ ਮੁਝ ਕੋ ਆਨਕੇ ਕਹਾ ਗੀਤਾ ਮਹਾਤਮ ਆਹਿ॥
ਗ੍ਰੰਥ ਬੀਚ ਸ੍ਰੀ ਸਤਿਗੁਰੂ ਕਿਉਂ ਲਿਖੇ ਮਹਾਤਮ ਨਾਹਿ॥ ੩॥

ਹੋ ਸਕਦਾ ਸੀ ਕਿ ਜਵਾਬ ਦੇਣ ਵਾਲਾ ਪ੍ਰਸ਼ਨ ਕਰਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਭੰਡਾਰ ਦਾ ਇਕ ਝਲਕਾਰਾ ਦੇਂਦਾ ਜਿਸ ਨਾਲ ਸੁਣਨ ਵਾਲੇ ਦੇ ਭੈ ਭਰਮ ਦੂਰ ਹੋ ਜਾਂਦੇ। ਪਰ ਸ਼ੋਤ੍ਰਿਆਂ ਦੇ ਵਹਿਮਾਂ ਤੇ ਭਰਮਾਂ ਦਾ ਲਿਹਾਜ਼ ਨਾ ਕਰਕੇ ਸੱਚੀ ਗੱਲ ਕਰ ਸਕਣੀ, ਇਹ ਇਕ ਐਸੀ ਬਹਾਦਰੀ ਹੈ ਜੋ ਬੜੇ ਬੜੇ ਸੰਤਾਂ ਤੇ ਗਿਆਨੀਆਂ ਵਿਚ ਵੀ ਨਹੀਂ ਹੁੰਦੀ। ਭਾਈ ਤਾਰਾ ਸਿੰਘ ਨੇ ਕਿਹਾ:-

ਉਡਗ ਮ੍ਰਿਗਿੰਦ* ਤਿਸ ਕੋ ਕਹਾ: ਸੁਨ ਸਾਧੂ ਤੂੰ ਜਾਨ॥
ਇਕ ਇਕ ਅੱਛਰ ਗ੍ਰੰਥ ਕਾ ਕੋਟ ਮਹਾਤਮ ਮਾਨ॥ ੪॥

ਤਾਰਾ ਸਿੰਘ ਆਪ ਵਹਿਮੀ ਨਹੀਂ ਸੀ। ਉਸ ਨੂੰ ਪਤਾ ਸੀ ਕਿ ਪਾਠਾਂ ਦਾ ਅਸਲ ਮੁੱਦਾ ਮੁਕਤਿ ਪਦਾਰਥ ਦੀ ਯਾਚਨਾ ਹੈ†।

ਪਰ ਉਸ ਵਿਚ ਇਤਨੀ ਤਾਕਤ ਨਹੀਂ ਸੀ ਕਿ ਪੁੱਛਣ ਵਾਲੇ ਨੂੰ ਭਰਮ ਦੇ ਪ੍ਰੇਮਣਘੇਰ

---

*ਉਡਗ=ਤਾਰਾ, ਮ੍ਰਿਗਿੰਦ=ਸਿੰਘ।

†ਮੁਕਤਿ ਪਦਾਰਥ ਊਚ ਹੈ ਸੱਭ ਪਦਾਰਥ ਨੀਚ॥
ਤਾਂ ਤੇ ਮਾਂਗ ਤੂੰ ਮੁਕਤਿ ਕਉ ਦੁਖ ਨ ਰਹੈ ਕੋਈ ਬੀਚ॥ਦੱਸ॥

Digitized by Panjab Digital Library | www.panjabdigilib.org

ਵਿਚੋਂ ਕੱਢ ਸਕੇ। ਤਾਰਾ ਸਿੰਘ ਨੇ ਇਕ ਇਕ ਰਾਗ ਦੇ ਪਾਠ ਦਾ ਮਹਾਤਮ ਗਿਣਕੇ ਦੱਸਿਆ ਹੈ ਤੇ ਸਵਾ ਲੱਖ ਜਾਪ ਨਾਲ ਪੁਤ੍ਰ ਆਦਿਕ ਦੀ ਪ੍ਰਾਪਤੀ ਦੱਸੀ*।

ਕਈ ਰਾਗਾਂ ਦੇ ਪੜ੍ਹਨ ਨਾਲ ਅਸਮੇਧ ਜੱਗ ਦਾ ਪੁੰਨ ਦੱਸਿਆ ਹੈ ਜੋ ਕਿ ਹਿੰਦੂਆਂ ਦੇ ਜ਼ਮਾਨੇ ਵਿਚ ਚਕਰਵਰਤੀ ਰਾਜੇ ਦੀ ਦਿਗਵਿਜਯ ਦਾ ਚਿੰਨ੍ਹ ਹੁੰਦਾ ਸੀ†।

ਰਾਜਸੂ ਯੱਗ ਦਾ ਅਧਿਕਾਰ ਅਤੇ ਫਲ ਅਸਮੇਧ ਯੱਗ ਕੋਲੋਂ ਵੀ ਵੱਡਾ ਹੁੰਦਾ ਹੈ। ਉਸ ਦਾ ਮਹਾਤਮ ਵੀ ਇਕ ਖਾਸ ਰਾਗ ਪੜ੍ਹਨ ਨਾਲ ਹੋ ਜਾਂਦਾ ਹੈ‡।

ਟੋਡੀ ਰਾਗ ਪੜ੍ਹਨ ਨਾਲ ਵਿਸ਼ਨੂੰ ਨਾਲ ਬੇਤਕੱਲਫੀ ਹੋ ਜਾਂਦੀ ਹੈ, ਇਤਨੀ ਕਿ ਉਹ ਗੋਡੇ ਮੁੱਢ ਬੈਠਾ ਲੈਂਦਾ ਹੈ§।

ਕਲਿਆਨ ਨਾਲ ਲਛਮੀ ਤੇ ਵਿਸ਼ਨੂੰ ਦੋਨੋਂ ਹੀ ਇੱਜ਼ਤ ਕਰਦੇ ਹਨ¶ ਤੇ ਚੌਬੋਲਿਆਂ ਦਾ ਪਾਠ ਸ਼ਿਵ ਕੋਲੋਂ ਆਦਰ ਕਰਵਾਉਂਦਾ ਹੈ()।

ਕਈ ਰਾਗਾਂ ਦਾ ਪਾਠ ਇਤਨਾ ਪੁੰਨਦਾਇਕ ਹੈ ਜਿਤਨਾ ਤੀਰਥਾਂ ਦਾ ਇਸ਼ਨਾਨ। ਰਾਗ ਤਿਲੰਗ ਤੇ ਭੈਰਉ ਏਸ ਸੰਬੰਧ ਵਿਚ ਖਾਸ ਧਿਆਨ ਲਾਇਕ ਹਨ[]।

ਸੂਹੀ ਰਾਗ ਪੜ੍ਹਨ ਦਾ ਪੁੰਨ ਦਸ ਹਜ਼ਾਰ ਬਾਵਲੀ ਤੇ ਖੂਹੀਆਂ ਲਗਾਉਣ ਦੇ, ਅਤੇ ਬਿਲਾਵਲ ਸੁਧ ਪੜ੍ਹਨ ਦਾ ਦਸ ਹਜ਼ਾਰ ਗਊ ਦਾਨ ਦੇ ਬਰਾਬਰ ਗਿਣਿਆ ਹੈ। ਰਾਗਮਾਲਾ ਦਾ ਮਹਾਤਮ ਵੀ ਗਿਣਤੀ ਵਿਚ ਕੀਤਾ ਹੈ ਪਰ ਸਭ ਤੋਂ ਦਿਲਚਸਪ ਚੀਜ਼ ਜੋ ਹੈ ਉਹ ਹੋਰ ਹੀ ਹੈ। ਬਹੁਤ ਸਾਰੇ ਪਾਠਕਾਂ ਦੇ ਧਿਆਨ ਵਿਚ ਇਹ ਗਲ ਹੋਣੀ ਹੈ ਕਿ ਭਾਈ ਬੰਨੋ ਦੀ ਬੀੜ ਦੇ ਅਖ਼ੀਰ ਵਿਚ ਸਿਆਹੀ ਦੀ ਵਿਧਿ ਲਿਖੀ ਹੈ। ਇਹ ਉਸ ਸਿਆਹੀ ਦਾ ਨੁਸਖਾ ਹੈ ਜਿਸ ਨਾਲ ਉਸਸਮੇਂ ਬੀੜ ਲਿਖੀ ਜਾਂਦੀ ਸੀ।ਭਾਈ ਤਾਰਾ ਸਿੰਘ ਨੇ ਸਭ ਤੋਂ ਵੱਡਾ ਮਹਾਤਮ ਇਸ ਸਿਆਹੀ ਦੀ ਵਿਧਿ ਦੇ ਪਾਠ ਦਾ ਲਿਖਿਆ ਹੈ, ਇਸ ਨਾਲ ਮੁਕਤਿ ਅਤੇ ਭੁਗਤਿ ਦੋਨੋਂ ਪ੍ਰਾਪਤ ਹੁੰਦੀਆਂ ਹਨ, ਜਿਸ ਦਾ ਮਤਲਬ ਹੈ ਕਿ ਇਸ ਦੇ ਪਾਠ ਕਰਨ ਵਾਲੇ ਨੂੰ ਇਸ ਲੋਕ ਵਿਚ ਸਾਰੇ ਭੋਗਾਂ ਦੇ ਸੁਖ ਅਤ ਪ੍ਰਲੋਕ ਵਿਚ ਮੁਕਤਿ ਮਿਲਜਾਂਦੀ ਹੈ;ਬਸ਼ਰਤੇ ਕਿ ਇਹ ਪਾਠ ਹਿਤ ਚਿਤ ਲਾਕੇ ਕੀਤਾ ਜਾਵੇ**।

ਭਾਈ ਤਾਰਾ ਸਿੰਘ ਦੇ ਸੁਭਾ ਵਿਚ ਕੁਛ ਮਖ਼ੌਲ ਦਾ ਤੱਤ ਵੀ ਸੀ, ਪਰ ਅਸੀਂ ਉਸ ਦੀ

---

*ਉਦਕ ਸਵਾ ਲੱਖ ਹੈ ਜਾਪ। ਧਨ ਪੁੱਤਰ ਹੋਇ ਮਿਟਹਿਂ ਸੰਤਾਪ ॥ ੧੨ ॥

†ਸੋਰਠ ਪੜ੍ਹੈ ਉੱਚੀ ਕਰ ਧੁੰਨ। ਉਸ ਨਰ ਅਸਮੇਧੋ ਕਾ ਪੁੰਨ ॥ ੨੩ ॥

‡ਹਿਤ ਚਿਤ ਲਾਇ ਪੜ੍ਹੈ ਜੋ ਮਲਹਾਰ। ਅਸਮੇਧ ਜੱਗ ਰਾਜਸੂ ਫਲ ਚਾਰ ॥

§ਪੜ੍ਹੈ ਪ੍ਰੀਤ ਕਰ ਜੋ ਕੋਈ ਟੋਡੀ। ਤਿਸਕੋ ਵਿਸ਼ਨੁ ਬੈਠਾਵੈ ਗੋਡੀ ॥ ੨੪ ॥

¶ਜੋ ਕੋਈ ਪੜ੍ਹੈ ਰਾਗ ਕਲਿਆਨ। ਲੱਛਮੀ ਸਹਿਤ ਵਿਸ਼ਨੁ ਕਰੇ ਮਾਨ।

()ਹਿਤ ਚਿਤ ਲਾਇ ਪੜਹਿ ਚਉਬੋਲੇ। ਤਿਸਕੋ ਆਦਰ ਦੇਹ ਸ਼ਿਵ ਭੋਲੇ।

[]ਜੋ ਕੋਈ ਪੜ੍ਹੈ ਰਾਗ ਤਿਲੰਗ। ਤਿਸਕੋ ਆ ਪਰਸੇ ਸੋ ਗੰਗ ॥ ੨੫ ॥

ਪ੍ਰੀਤ ਲਾਇ ਭੈਰਉ ਪੜ੍ਹਿਆ ਜਿਸ। ਜਾਨੋਂ ਅਠਸਠ ਤੀਰਥ ਕਰੇ ਤਿਸ ॥ ੨੭ ॥

**ਹਿਤ ਚਿਤ ਲਾਇ ਪੜ੍ਹੈ ਸਿਆਹੀ ਬਿਧਿ ॥
ਮੁਕਤਿ ਭੁਗਤਿ ਪਾਵਿ ਤਿਸ ਨਉ ਨਿਧਿ ॥ ੪ ॥

Digitized by Panjab Digital Library | www.panjabdigilib.org

ਏਸ ਲਿੱਖਤ ਨੂੰ ਏਸ ਰੋਸ਼ਨੀ ਵਿਚ ਨਹੀਂ ਤੱਕ ਰਹੇ, ਅਸੀਂ ਇਸ ਨੂੰ ਉਸ ਸੰਜੀਵਗੀ ਦੇ ਨੁਕਤੇ ਤੋਂ ਦੇਖ ਰਹੇ ਹਾਂ ਜਿਸ ਸ਼ਟਧਾ ਨਾਲ ਇਨ੍ਹਾਂ ਗੱਲਾਂ ਦਾ ਅਸਰ ਉਸ ਦੇ ਮੰਨਣ ਵਾਲਿਆਂ ਉਪਰ ਸੀ। ਤਾਰਾ ਸਿੰਘ ਨੇ ਸਿਰਫ਼ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਹੀ ਮਹਾਤਮ ਨਹੀਂ ਲਿਖਿਆ ਉਸ ਨੇ ਆਪਣੇ ਏਸ "ਅਸਤੋਤ੍ਰ ਗ੍ਰੰਥ ਸਾਹਿਬ ਕੀ ਉਸਤਤਿ" ਪੜ੍ਹਨ ਦਾ ਮਹਾਤਮ ਵੀ ਦੱਸਿਆ ਹੈ ਜੋ ਕਰੀਬ ਕਰੀਬ ਉਹੋ ਹੀ ਹੈ, ਜੋ ਸੋਰਠ ਜਾਂ ਮਲ੍ਹਾਰ ਪੜ੍ਹਨ ਦਾ ਹੈ*।

ਹਿੰਦੂਆਂ ਵਿਚ ਪਰਵਿਰਤੀ ਤੇ ਨਿਵਿਰਤੀ ਮਾਰਗ ਮੱਛਰੀਆਂ ਅੱਛਰੀਆਂ ਦੇ ਸ਼ਾਖਾਂ ਹੋ ਗਈਆਂ ਸਨ ਜੋ ਵਖੋ ਵਖ ਹੈਸੀਅਤਾਂ ਵਿਚ ਸਮੁਚੀ ਇਨਸਾਨੀ ਜ਼ਿੰਦਗੀ ਦੀਆਂ ਲੋੜਾਂ ਨੂੰ ਪੂਰਾ ਨਹੀਂ ਸਨ ਕਰਦੀਆਂ। ਸਮੁਚੇ ਤੌਰ ਉਪਰ ਮਨੁਖ ਦੀਆਂ ਜ਼ਰੂਰਤਾਂ ਕੀ ਹਨ, ਏਸ ਗਲ ਨੂੰ ਪੂਰਾ ਕਰਨ ਲਈ ਹੀ ਸਿਖੀ ਮਾਰਗ ਵਜੂਦ ਆਇਆ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਜੂਦ ਭੁਗਤਿ ਤੇ ਮੁਕਤਿ ਦਾ ਪ੍ਰਦਾਤਾ ਮੰਨਿਆਂ ਗਿਆ। ਸਾਧਾਰਨ ਬੰਦੇ ਨੂੰ ਚਾਰੇ ਹੀ ਚੀਜ਼ਾਂ ਦੀ ਲੋੜ ਰਹਿੰਦੀ ਹੈ:ਧਰਮ ਅਰਥ ਕਾਮ ਮੋਖਸ਼ਾ ਏਹ ਚਾਰੇ ਵੱਖੋ ਵੱਖ ਨਾ ਰਹਿਕੇ ਜਿਸ ਵੇਲੇ ਇਕ ਰੂਪ ਹੋਜਾਂਦੀਆਂ ਹਨ ਤਾਂ ਜੀਵਨ ਇਕ ਐਸਾ ਸਹਿ ਸੁਭਾ ਦਾ ਪਲਟਾ ਖਾਂਦਾ ਹੈ ਕਿ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਏਸ ਅੰਦਰਲੇ ਪਲਟਾਉ ਤੇ ਸੁਲਝਾਉ ਵਿਚ ਪਰਤੱਖ ਫਲ ਸਰੂਪ ਨਜ਼ਰ ਆਉਣ ਲਗ ਜਾਂਦਾ ਹੈ।

ਜਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਜੂਦ ਵਿਚ ਆਏ ਹਨ ਤਦ ਤੋਂ ਹੀ ਸਿਖਾਂ ਨੂੰ ਏਸ ਗੱਲ ਦੀ ਸਮਝ ਨਹੀਂ ਆਈ ਕਿ ਏਸ ਧਰਮ ਪੁਸਤਕ ਨਾਲ ਕੀ ਸਲੂਕ ਕਰਨਾ ਹੈ। ਮੁਖਤਲਿਫ ਵਕਤਾਂ ਵਿਚ ਕਿਸਮ ਕਿਸਮ ਦੇ ਆਦਮੀਆਂ ਨੇ ਤੇ ਕਿਸਮ ਕਿਸਮ ਦੀਆਂ ਸੰਸਥਾਵਾਂ ਨੇ ਆਪੋ ਆਪਣੇ ਖਿਆ ਲ ਦੁੜਾਏ ਹਨ। ਏਸ ਸੰਬੰਧ ਵਿਚ ਕਈ ਝਗੜੇ ਤੇ ਕਈ ਉਪੱਦਰ ਉਠੇ। ਇਨ੍ਹਾਂ ਦਾ ਜ਼ਿਕਰ ਅਸੀਂ ਪ੍ਰਸੰਗ ਅਨੁਸਾਰ ਕਰਾਂਗੇ, ਪਰ ਇਤਨੀ ਗੱਲ ਏਥੇ ਦੱਸਣਾ ਚਾਹੁੰਦੇ ਹਾਂ ਕਿ ਕਈ ਸੁਸਾਇਟੀਆਂ, ਦੀਵਾਨ ਅਤੇ ਸਭਾਵਾਂ ਸਿਰਫ ਏਸ ਗੱਲ ਲਈ ਵਜੂਦ ਵਿਚ ਆਈਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੀ ਪਦਵੀ, ਤੇ ਕੀ ਸਤਿਕਾਰ ਦਿੱਤਾ ਜਾਵੇ ਜਾਂ ਏਸ ਦੀ ਕਿਹੜੀ ਪਦਵੀ ਤੇ ਕਿਹੜਾ ਸਤਿਕਾਰ ਖੋਹਿਆ ਜਾਵੇ।

ਸਿਖ ਰਾਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀ ਸਤਿਕਾਰ ਤੇ ਕੀ ਪੂਜਾ ਸੀ, ਇਹ ਪ੍ਰਸ਼ਨ ਇਤਿਹਾਸ ਖੋਜੀਆਂ ਲਈ ਹਨ। ਪਰ ਇਤਨੀ ਗੱਲ ਮੋਟੀ ਦ੍ਰਿਸ਼ਟੀ ਨਾਲ ਵੀ ਸਹੀ ਲੱਗਦੀ ਹੈ ਕਿ ਰਾਜ ਦੇ ਐਨ ਐਸ਼ੁਰਜ ਵੇਲੇ ਸਿਖੀ ਖਾਲਸ ਨਹੀਂ ਸੀ ਰਹੀ, ਮਿਲਗੋਭਾ ਹੋ ਗਈ ਸੀ। ਸਿਖੀ ਉੱਨਾਂ ਚਿਰ ਹੀ ਪਵਿੱਤ੍ਰ ਰਹੀ ਜਿੰਨਾਂ ਚਿਰ ਇਹ ਸ਼ਹੀਦਾਂ ਦੇ ਵਗ ਰਹੇ ਖ਼ੂਨ ਦੀ ਨੈਂ ਵਿਚ ਨ੍ਹਾਤੀ ਧੋਤੀ ਰਹੀ। ਜਿਉਂ ਜਿਉਂ ਸਰਦਾਰੀਆਂ ਕਾਇਮ ਹੋਈਆਂ, ਰਾਜ ਅਤੇ ਐਸ਼ੁਰਜ ਬਣਿਆ, ਸਿਖੀ ਦਾ ਮਿਲਗੋਭਾਪਣ ਵੀ ਨਾਲ ਹੀ ਤੱਕੀ ਕਰ ਗਿਆ। ਇਸ ਦੀ ਵਜਹ ਹੈ।

---

*ਗ੍ਰੰਥ ਸਾਹਿਬ ਦੀ ਉਸਤਤ, ਪੜ੍ਹੈ ਜੋ ਨਰ ਐ ਨਾਰ।
ਅਸੁਮੇਧ ਜੱਗ ਫਲ ਹੋਇ ਹੈ, ਚਾਰ ਚਾਰ ਫੁਨ ਚਾਰ ॥ ੮੧ ॥
ਚਾਰ ਚਾਰ ਫੁਨ ਚਾਰ=੪×੪×੪=੬੪, ਇਤਨੇ ਅਸਮੇਧ ਜੱਗ।

Digitized by Panjab Digital Library | www.panjabdigilib.org

ਸਿਖ ਰਾਜ ਦੇ ਵੇਲੇ ਸਿਖਾਂ ਦੀ ਗਿਣਤੀ ਕਿਤਨੀ ਸੀ, ਇਸ ਗੱਲ ਦਾ ਠੀਕ ਪਤਾ ਨਹੀਂ, ਪਰ ਜਿਨ੍ਹਾਂ ਨੇ ਟੋਹਾਂ ਲਗਾਈਆਂ ਹਨ, ਉਨ੍ਹਾਂ ਦਾ ਅੰਦਾਜ਼ਾ ਇਕ ਕ੍ਰੋੜ ਦੇ ਕਰੀਬ ਦਾ ਹੈ*। ਇਸ ਅਠੇਸ਼ਠੇ ਦੇ ਦਰੁਸਤ ਹੋਣ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

੧੮੫੩ ਈਸਵੀ ਵਿਚ ਸੂਬਕ ਮਰਦੁਮ ਸ਼ੁਮਾਰੀ ਦੇ ਹਿਸਾਬ ਸਿੱਖਾਂ ਦੀ ਕਿਤਨੀ ਗਿਣਤੀ ਸੀ ਇਸ ਦਾ ਕੁਛ ਨਹੀਂ ਥਹੁ ਲੱਗ ਸਕਿਆ†।

ਮਹਾਂਰਾਜਾ ਰਣਜੀਤ ਸਿੰਘ ਦੇ ਵੇਲੇ ਬਹੁਤ ਸਾਰੀ ਹਿੰਦੂ ਜਨਤਾ ਆਪਣੇ ਆਪ ਨੂੰ ਸਿਖ ਅਖਵਾਉਣ ਲੱਗ ਪਈ ਸੀ। ਹਿੰਦੂ ਵਜ਼ੀਰ, ਅਮੀਰ, ਉਮਰਾ, ਪੋਲੀਟੀਕਲ ਹੈਸੀਅਤ ਵਿਚ ਸਭ ਸਿਖ ਹੀ ਅਖਵਾਉਂਦੇ ਸਨ। ਸਾਰੀ ਹਿੰਦੂ ਸੋਸਾਇਟੀ ਉੱਤੇ ਰਾਜ ਦੇ ਪ੍ਰਭਾਵ ਕਰਕੇ ਸਿਖੀ ਦਾ ਮੁਲੰਮਾ ਫਿਰ ਗਿਆ ਸੀ। ਅਸਲ ਸਿੱਖ ਕਿਤਨੇ ਸਨ ? ਇਸ ਦਾ ਅੰਦਾਜ਼ਾ ਵੀ ਲਗ ਸਕਦਾ ਹੈ, ਕਿਉਂਕਿ ਰਾਜ ਦੇ ਖ਼ਤਮ ਹੁੰਦਿਆਂ ਹੀ ਸਿੱਖੀ ਦੀ ਪਾਣ ਉਤਰ ਗਈ, ਹੇਠਾਂ ਜੋ ਮੁੱਢਲੀ ਧਾਤ ਸੀ ਉਹ ਹੌਲੀ ਹੌਲੀ ਸਾਰੀ ਦੀ ਸਾਰੀ ਬਾਹਰ ਆ ਗਈ। ਸੰਨ ੧੮੮੧ ਵਿਚ ਜਿਸ ਵੇਲੇ ਪਹਿਲੀ ਮਰਦੁਮ ਸ਼ੁਮਾਰੀ ਹੋਈ ਤਾਂ ਸਿਖਾਂ ਦੀ ਗਿਣਤੀ ੧੮ ਲਖ ਦੇ ਆਨਮਾਨ ਸੀ। ਬਾਕੀ ਦਾ ੮੨ ਲਖ ਸਿਖ ਕਿਥੇ ਗ਼ਾਰਕ ਹੋ ਗਿਆ ? ਇਸ ਗਲ ਦਾ ਪਤਾ ਨਹੀਂ। ਏਸ ਵਿਚ ਕੋਈ ਸ਼ੱਕ ਨਹੀਂ ਕਿ ਰਾਜ ਪਲਟਣੇ ਵੇਲੇ ਕਈ ਸਿੱਖ ਪੰਜਾਬ ਛੱਡ ਕੇ ਪੂਰਬ ਵਿਚ ਚਲੇ ਗਏ ਸਨ, ਕਈਆਂ ਨੇ ਭੇਸ ਬਦਲ ਲਿਆ ਸੀ ਤੇ ਕਈ ਸਾਧੂ ਬਣ ਗਏ ਸਨ‡।

ਪਰ ਇਹ ਗਿਣਤੀ ਹਜ਼ਾਰਾਂ ਵਿਚ ਹੋ ਸਕਦੀ ਹੈ ਲਖਾਂ ਵਿਚ ਨਹੀਂ, ਸਾਡੇ ਕਹਿਣ ਦਾ ਇਹ ਮਤਲਬ ਹੈ ਕਿ ਰਾਜ ਸਮੇਂ ਜੋ ਅਸਲ ਸਿਖੀ ਸੀ, ਉਹ ਕੁੱਲ ਗਿਣਤੀ ਦੇ ਸਿਖਾਂ ਦਾ ਨਜ਼ਦੀਕਨ ਪੰਜਵਾਂ ਹਿੱਸਾ ਸੀ। ਇਸ ਗੱਲ ਦਾ ਅਸਰ ਮਜ਼ਹਬ ਉਪਰ ਸੀ, ਉਹ ਮਜ਼ਹਬ ਜਿਸ ਵਿਚ ਚਾਰ ਹਿੱਸੇ ਬਾਹਰ ਦੀ ਮਿਲਾਵਟ ਹੋਵੇ, ਆਪਣੀ ਮਰਯਾਦਾ ਆਦਿਕ ਕਦੇ ਸ਼ੁਧ ਨਹੀਂ ਰਖ ਸਕਦਾ। ਹਿੰਦੂਆਂ ਦਾ ਕਰਮ ਕਾਂਡ, ਹਿੰਦੂਆਂ ਦੀਆਂ ਰੀਤਾਂ ਰਸਮਾਂ, ਵਿਆਹ ਸ਼ਾਦੀ, ਮਰਨੇ ਪਰਨੇ ਵੇਲੇ ਬਹੁਤ ਕੁਛ ਉਹੋ ਕੁਛ ਆਪਸ ਵਿਚ ਮਿਲ ਜੁਲਕੇ ਰਲਗੱਡ ਜਿਹਾ ਹੋਗਿਆ

---

*ਦੇਖੋ 'ਦੁਖ ਨਿਵਾਰਨ', ਜੁਲਾਈ ੧੯੪੧।

†ਪਹਿਲੀ ਮਰਦੁਮ ਸ਼ੁਮਾਰੀ ਹਿੰਦੁਸਤਾਨ ਵਿਚ ੧੮੮੧ ਵਿਚ ਹੋਈ। ਖੁਦ ਇੰਗਲੈਂਡ ਵਿਚ ਪਹਿਲੀ ਮਰਦੁਮ ਸ਼ੁਮਾਰੀ ੧੮੦੧ ਵਿਚ ਹੋਈ। ਦੇਖੋ 'ਟ੍ਰਿਬਯੂਨ'੨੦-੧-੪੧ ਦਾ ਨੋਟ ਜੋ ਹੇਠ ਦੇਂਦੇ ਹਾਂ:

It was only in 1800 that a Census Bill was brought before Parliament and became law. The first English Census was during march of the following year. It recorded persons, houses and families..... The census was extended to the whole of the British Empire during 1871. From that year onwards, there has been a census in the Empire every ten years.....The first Indian general census was in 1881. It Covered the whole of India excepting Nepal and Kashmir Even before 1881 as early as 1853 there were Censuses in India, They were conducted by provincial Governments

‡ਜਬ ਸਤਲੁਜ ਤਕ ਲਗੀ ਲੜਾਈ। ਉੱਨੀਸੈ ਪਰ ਤੀਨ ਤਦਾਈ। ਜੰਗ ਵਿਚ ਜੋ ਜਾਵਤ ਭਏ। ਸਿਖ ਅਮਾਨਤ ਧਨ ਰੱਖ ਗਏ। ਬਹੁਤ ਮਰੇ ਥੋੜੇ ਮੁੜ ਆਏ। ਸੋ ਭੀ ਤਜ ਧਨ ਸਾਧੂ ਥਾਏ।
[ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਸਫਾ ੧੦੯੮

Digitized by Panjab Digital Library | www.panjabdigilib.org

ਸੀ। ਇਹ ਗੱਲ ਏਥੋਂ ਤਕ ਸੀ ਕਿ ਸਤੀ ਜੈਸੀ ਦੁਖਦਾਈ ਰਸਮ ਬਹੁਤ ਸਾਰੇ ਹਲਕਿਆਂ ਵਿਚ ਅਖੀਰ ਤਕ ਪ੍ਰਚਲਤ ਰਹੀ*।

ਅਸੀਂ ਇਹ ਗਲ ਸ਼ੁਰੂ ਤਾਂ ਸ੍ਰੀ ਗੁਰੂ ਗ੍ਰੰਥ ਜੀ ਦੇ ਬਾਰੇ ਤੋਂ ਕੀਤੀ ਸੀ, ਜਿਸ ਤੋਂ ਇਹ ਸਵਾਲ ਪੈਦਾ ਹੋਇਆ ਸੀਕਿ ਸਿਖ ਰਾਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੀ ਸਤਿਕਾਰ ਸੀ ? ਇਸ ਦਾ ਇਹੋ ਹੀ ਜਵਾਬ ਹੈ ਕਿ ਉਸ ਸ਼ਰਧਾ ਪੂਜਾ ਵਿਚ ਕਰਮ ਕਾਂਡੀ ਗੱਲਾਂ ਬਹੁਤ ਰਲ ਗਈਆਂ ਸਨ। ਸੰਨ ੧੮੪੩ ਈ: ਵਿਚ ਬਾਵਾ ਅਮੀਰ ਦਾਸ ਨੇ ਇਕ ਪੁਸਤਕ 'ਗੁਰਬੰਸ ਸਮੀ' ਨਾਮ ਦੀ ਲਿਖੀ†।

ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਪੂਜਾ ਦੀ ਮਰਯਾਦਾ ਬੰਨ੍ਹੀ, ਜੋ ਮਲੂਮ ਹੁੰਦਾ ਹੈ ਕਿਸੇ ਨਾ ਕਿਸੇ ਸ਼ਕਲ ਵਿਚ ਸਿਖ ਸਰਦਾਰੀਆਂ ਦੇ ਹਲਕਿਆਂ ਵਿਚ ਅਤੇ ਵਡੇ ਵਡੇ ਘਰਾਂ ਵਿਚ ਪ੍ਰਚਲਤ ਸੀ, ਦਾ ਨਮੂਨਾ ਇਹ ਹੈ:—

"ਸਵਰਨ ਕਾ ਸਿੰਘਾਸਨ ਰਤਨਾ ਕਰ ਜੜਾਏ। ਅਥਵਾ ਕੇਵਲ ਸੁਰਨ ਕਾ ਹੋਇ। ਅਥਵਾ ਕੇਵਲ ਰੁੱਪੇ ਕਾ ਹੋਇ। ਯਥਾ ਸ਼ਕਤ ਹੋਇ। ਸ਼ੁਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਿਸਪੈ ਵਿਰਾਜਮਾਨ ਕਰੈ, ਸੁੰਦਰ ਬਿਤਾਨ ਔ ਸੁੰਦਰ ਬਸਤ੍ਰ ਚੌਰੀ ਔ ਆਰਤੀ, ਦੋ ਦੀਪਕ, ਏਕ ਗੰਗਾ ਸਾਗਰ, ਏਕ ਥਾਲ, ਦੋਇ ਕਲਸ, ਪੰਚ ਪੋਸ਼ਾਕਾਂ ਏ ਗੁਰ ਭਗਤਨ ਕੋ ਅਰਦਾਸ ਕਰਾਵੈ। ਤਿਸਕੈ ਧਨ ਔਰ ਸੰਤਾਨ ਕੀ ਬ੍ਰਿਧੀ ਹੋਤੀ ਹੈ। ਔ ਸੰਪੂਰਨ ਆਰਬਲਾ ਮੈਂ ਰੋਗ ਕੋਈ ਨਹੀਂ ਹੋਤਾ। ਔਰ ਤਾਂਕੈ ਅਕਾਲ ਮ੍ਰਿਤ੍ਯੂ ਨਹੀਂ ਹੋਤੀ। ਅਨੇਕ ਤਰਹ ਕੈ ਪਾਪ ਦੂਰ ਹੋਤੇ ਹੈਂ। ਅੰਨਜਚ: ਧਰਮ ਅਸਥਾਨ ਮੈਂ ਏਕ ਕੂਪ ਲਗਾਵੈ। ਦ੍ਵਾਦਸ ਰਜੂ ਔ ਜਲ ਪਾਤ੍ਰ ਔ ਇਨ ਕੈ ਸੰਗ ਅਨੇਕ ਪਦਾਰਥ ਦੇਵੈ। ਔ ਸਤ ਸਾਧ ਕੀ ਸੇਵਾ ਕਰੈ। ਬ੍ਰਾਹਮਣ ਔ ਅਭ੍ਯਾਗਤਨ ਕੋ ਭੋਜਨ ਦੇਇ। ਤਿਸ ਮਨੁਖ ਕੀ ਸ੍ਰੀ ਕ੍ਰਿਸ਼ਨ ਮੈਂ ਅਧਿਕ ਪ੍ਰੀਤ ਹੋਤੀ ਹੈ। ਔ ਪਿਤ੍ਰਾਂ ਕੋ ਨਰਕ ਸੋਂ ਨਿਕਾਸ ਕਰ ਸਵਰਗ ਮੈਂ ਤਾਰਤੇ ਹੈਂ। ਤਾਂਕੋ ਜਮ ਭੀ ਤ੍ਰਾਸ ਨਹੀਂ ਦੇਤੇ। ਅੰਨਜਚ:—ਬਾਗ ਔ ਤੜਾਗ ਔ ਬਾਪਿਕਾ ਔ ਕੂਪ ਇਨ ਕੋ ਗੁਰ ਸਥਾਨ ਮੈਂ ਜੋ ਪੁਰਖ ਲਗਾਵਤਾ ਹੈ ਔਰ ਯਥਾ ਸਾਮਰਥ ਛਤ੍ ਲਗਾਵਤਾ ਹੈ, ਔ ਟੂਟੇ ਫੂਟੇ ਗੁਰਦਵਾਰੇ ਔ ਦੇਵ ਸਥਾਨ ਔ ਤੀਰਥ ਕੋ ਜੋ ਸੁਧਾਰਤਾ ਹੈ ਅਥਵਾ ਸੰਪੂਰਨ ਨਵੀਨ ਬਨਾਵਤਾ ਹੈ, ਤਿਨਕੈ ਸੰਗ ਗ੍ਰਾਮ ਆਦਿਕ ਦੇਤਾ ਹੈ, ਔ ਜਾਂਕੀ ਨਿਤਜ-ਪ੍ਰਤਿ ਸ੍ਰੀ ਗ੍ਰੰਥ ਸਾਹਿਬ ਜੀ ਕੇ ਆਗ ਅਰਦਾਸ ਹੋਤੀ ਹੈ, ਭੋਗ ਲਾਗਤਾ ਹੈ, ਦੀਪਕ ਬਲਤਾ ਹੈ, ਤਿਸ ਮਾਨੁਖ ਕੋ ਬੜਾ ਭਾਗਵਾਨ ਜਾਨੀਏ। ਤਿਸ ਮਾਨੁਖ ਕੋ ਸ੍ਰੀ ਸਤਿਗੁਰੂ ਜੀ ਕੇ ਚਰਨਾਂ ਮੈਂ ਏਕ ਰਸ ਪ੍ਰੀਤ ਉਪਜਤੀ ਹੈ। ਸੰਤਾਨ

---

*But so strong is yet the adherence of the Sicques who have been Converted from the Hindu tribes, to the ancient Customs of their Country, that many of there women are seen ascending the funeral pile
[*Forster–12*

†ਸੰਮਤ ਨਭ ਨਭ ਰੁਦ੍ਰ ਸਸੀ ਅਗਹਨਿ ਮਾਸ ਪੁਨੀਤ॥
ਜਨੁ ਅਮੀਰ ਗੁਰ ਬੰਸ ਸਸਿ ਰਚਜੋ ਗ੍ਰੰਥ ਕਰਿ ਪ੍ਰੀਤ॥

Digitized by Panjab Digital Library | www.panjabdigilib.org

ਕਾ ਦੁਖ ਨਹੀਂ ਦੇਖਤਾ,ਤਾਂ ਕੀ ਇਸਤ੍ਰੀ ਕਾ ਮਿਤ੍ਰ ਵਤਸਾ ਰੋਗ ਦੂਰ ਹੋਤਾ ਹੈ, ਬਿਖਮਜੁਰ ਔ ਅਨੰਤ ਬਿਆਧਿ ਤਾਂ ਕੀ ਦੂਰੀ ਹੋਤੀ ਹੈ, ਬ੍ਰਹਮ ਹਤਜਾਦਿ ਪਾਪ ਦੂਰ ਹੋਤੇ ਹੈਂ। ਤਾਂਕੇ ਪਿਤ ਨਰਕ ਸੇ ਨਿਕਸ ਕਰ ਬਿਸ਼ਨ ਲੋਕ ਮੈਂ ਜਾਇ ਕਰ ਅਸੀਸ ਦੇਤੇ ਹੈਂ, ਕੋਟ ਜਨਮਹੁ ਕੇ ਪਾਪ ਦੂਰ ਹੋਤੇ ਹੈਂ। ਜਨਮ ਮਰਨ ਮਿਟ ਜਾਤਾ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਤੇ ਸਤਿਕਾਰ ਸਿਖੀ ਦਾ ਇਕ ਜ਼ਰੂਰੀ ਅੰਗ ਹੈ। ਇਹ ਪੂਜਾ ਮਨ ਦੀ ਭਾਵਨਾ ਤੇ ਸ਼ਕਤਿ ਦੇ ਅਨੁਸਾਰ ਹੈ, ਪਰ ਜਿਸ ਵੇਲੇ ਇਹ ਮਨੋਭਾਵਨਾ ਅੰਦਰ ਪੈਦਾ ਹੋਏ ਸਤਿਕਾਰਾਂ ਤੋਂ ਪਰੇ ਜਾਕੇ ਪਖੰਡ ਲਈ ਕੀਤੀ ਜਾਏ ਤੇ ਉਹ ਤੰਤ ਮੰਤ ਦੀ ਨਕਲ ਹੋਵੇ, ਉਸ ਵਿਚ ਸਫਾ ਪੁਰਾਣੀ ਹਿੰਦੂ ਰੀਤੀ ਦੀ ਕਰਮ ਕਾਂਡੀ ਨਿਸ਼ਟਾ ਦੀ ਝਲਕ ਨਜ਼ਰ ਆਉਣ ਲੱਗ ਜਾਂਦੀ ਹੈ।

ਬਾਵਾ ਅਮੀਰ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਦੀ ਵਿਧਿ ਹਰ ਰੁਤ ਵਿਚ ਵੱਖੋ ਵੱਖ ਲਿਖੀ ਹੈ। ਪਰ ਸਭ ਵਿਚ ਇਕ ਚਾਲ ਚੱਲ ਰਹੀ ਹੈ: ਸੋਨਾ, ਚਾਂਦੀ, ਰਤਨ, ਬਾਗ, ਖੂਹ, ਬਾਉਲੀਆਂ, ਅਤਰ, ਅੰਬੀਰ, ਸੰਦਲ ਆਦਿਕ। ਇਹ ਗੱਲਾਂ ਵੱਡਿਆਂ ਵੱਡਿਆਂ ਘਰਾਣਿਆਂ ਵਿਚ ਪ੍ਰਚਲਤ ਰਿਵਾਜ ਦੀਆਂ ਪਤਾਕਾਰਕ ਹਨ। ਫੇਰ ਬ੍ਰਾਹਮਣ, ਸਿਖ, ਸੰਤ, ਗੁਰਦਵਾਰੇ, ਦੇਵ ਮੰਦਰ, ਤੀਰਥ ਆਦਿਕ ਇਕ ਪੱਧਰ ਉਪਰ ਲੈ ਆਂਦੇ ਹਨ। ਨਿਸ਼ਕਾਮ ਮੋਖਸ਼ ਦੀ ਪ੍ਰਾਪਤੀ, ਕਰਮ ਕਾਂਡੀ ਫਲ ਅਤੇ ਮਹਾਤਮ ਇਕੱਠੇ ਕਰ ਦਿੱਤੇ ਹਨ। ਇਹ ਖਿਚੜੀ ਉਸ ਵੇਲੇ ਪੈਦਾ ਹੋ ਗਈ ਸੀ, ਜਿਸ ਵੇਲੇ ਸਿਖ ਰਾਜ ਆਪਣੇ ਸ਼ਿਖਰ ਉਪਰ ਸੀ। ਸ਼ਹੀਦੀਆਂ ਦੇ ਜ਼ਮਾਨੇ ਵਿਚ ਤਾਂ ਹਿੰਦੂਆਂ ਲਈ ਸਿਖਾਂ ਨਾਲ ਜ਼ਾਹਿਰਾ ਹਮਦਰਦੀ ਕਰਨੀ ਬੜੀ ਖ਼ਤਰਨਾਕ ਸੀ, ਪਰ ਉਸ ਵੇਲੇ ਸਿਖੀ ਖਾਲਸ ਸੀ। ਏਸੇ ਕਰਕੇ ਸਿਖੀ ਬਚੀ ਰਹੀ। ਹੁਣ ਸਿਖ-ਐਸ਼ਵਰਜ ਦੇ ਜ਼ਮਾਨੇ ਹਿੰਦੂ ਆਪਣੇ ਆਪ ਨੂੰ ਸਿਖ ਅਖਵਾਉਣ ਲਈ ਕਾਹਲੇ ਸਨ। ਥੋੜੇ ਹੀ ਸਮੇਂ ਵਿਚ ਸਿੱਖਾਂ ਦੀ ਗਿਣਤੀ ਪੰਜਾਬ ਵਿਚ ਇਕ ਕਰੋੜ ਦੇ ਕਰੀਬ ਹੋ ਗਈ ਦੱਸੀਦੀ ਹੈ। ਪਰ ਇਨ੍ਹਾਂ ਧਾੜਾਂ ਨਾਲ ਸਿੱਖੀ ਨੂੰ ਫਾਇਦਾ ਨਹੀਂ ਪਹੁੰਚਾ। ਮਜ਼ਹਬ ਭਗਤੀ ਦੀ ਪ੍ਰਥਾ ਤੋਂ ਨਿਕਲ ਕੇ ਕਰਮ ਕਾਂਡੀ ਬਣ ਗਿਆ। ਗਿਆਨ ਦੀ ਪੌੜੀ ਤੋਂ ਡਿੱਗਕੇ ਵਹਿਮੀ ਤੇ ਭਰਮੀ ਹੋ ਗਿਆ। ਬਹਾਦਰ ਅਣਖੀਲਾ ਰਹਿਣ ਦੀ ਬਜਾਏ ਖ਼ੁਦਗ਼ਰਜ਼ ਅਤੇ ਆਪੋ ਧਾਪੀ ਵਾਲਾ ਹੋ ਗਿਆ। ਇਹ ਸਾਰੀਆਂ ਗੱਲਾਂ ਦੇ ਅੰਗੂਰ ਮਹਾਂਰਾਜਾ ਰਣਜੀਤ ਸਿੰਘ ਦੇ ਵੇਲੇ ਹੀ ਪੈਦਾ ਹੋ ਗਏ ਸਨ, ਪਰ ਉਸ ਦੀ ਆਪਣੀ ਸ਼ਖਸੀਅਤ ਇਤਨੀ ਵੱਡੀ ਸੀ ਕਿ ਉਸ ਦੀ ਸੰਘਣੀ ਛਾਂ ਹੇਠ ਇਹ ਖੇਤੀ ਬਾਉਣੀ ਜੇਹੀ ਰਹੀ ਤੇ ਜ਼ੋਰ ਨਾ ਪਕੜ ਸਕੀ।

ਬਾਵਾ ਅਮੀਰਦਾਸ ਦੀ ਪੁਸਤਕ ਦੀ ਇਕ ਇਤਿਹਾਸਕ ਕੀਮਤ ਹੈ। ਇਹ ਉਸ ਜ਼ਮਾਨੇ ਦੇ ਸਿਖਾਂ ਦੇ ਮਜ਼ਹਬੀ ਖਿਆਲਾਂ ਦੇ ਪੱਧਰ ਦਾ ਨਾਪ ਹੈ, ਜਿਸ ਵੇਲੇ ਸਿਖ ਰਾਜ ਆਪਣੇ ਐਸ਼ਵਰਜ ਦੇ ਸਿਖਰ ਉਪਰ ਸੀ।

ਸਿਖ ਅਤੇ ਹਿੰਦੂ ਖਿਆਲ ਰਲਕੇ ਇਕ ਨਰਮ ਜੇਹੀ ਪਤਲੀ ਮੇਲਵੀਂ ਖਿਚੜੀ ਬਣ ਗਈ ਸੀ, ਜਿਸ ਨਰਮ ਰਾਜ਼ਾ ਨੇ ਸਿਖ ਧਰਮ ਦੇ ਮੇਧੇ ਵਿਚ ਕਮਜ਼ੋਰੀ ਪੈਦਾ ਕਰ ਦਿੱਤੀ ਸੀ।

ਸਿਖ ਰਾਜ ਦੇ ਡਿੱਗਣ ਦੇ ਬਾਦ ਇਹ ਮਿਲੀ ਹੋਈ ਖਿਚੜੀ ਨਿਖੜਨ ਲੱਗ ਪਈ। ਦਾਲ ਵੱਖ ਤੇ ਚੌਲ ਵੱਖ। ਏਸ ਨਿਖਾਰ ਦਾ ਅਸਰ ਜ਼ਮਾਨੇ ਦੇ ਸਾਹਿਤ ਉਪਰ ਹੈ। ਬਾਵਾ

Digitized by Panjab Digital Library | www.panjabdigilib.org

ਅਮੀਰ ਦਾਸ ਵੇਖੇ, ਜੈਸਾ ਕਿ ਅਸੀਂ ਦੇਖ ਆਏ ਹਾਂ, ਇਕ ਸਿਖ ਸੰਤ ਅਤੇ ਬ੍ਰਾਹਮਣ, ਗੁਰਦਵਾਰਾ ਅਤੇ ਸ਼ਿਵਦ੍ਵਾਲਾ ਇਹ ਸਭ ਲਈ ਸਾਂਝੇ ਦਰਜੇ ਦੀਆਂ ਇਕੋ ਜਿਹੀਆਂ ਚੀਜ਼ਾਂ ਸਨ। ਵਹਿਮਾਂ ਭਰਮਾਂ ਵਿਚ ਵੀ ਬਰਾਬਰ ਦੀ ਭਾਈਵਾਲੀ ਸੀ। ਅੰਗ੍ਰੇਜ਼ੀ ਰਾਜ ਦੇ ਸ਼ੁਰੂ ਹੋਇਆਂ ਸਰਦਾਰੀਆਂ ਅਤੇ ਜ਼ਿਮੀਂਦਾਰੀਆਂ ਕੁਛ ਜ਼ਬਤ ਹੋਈਆਂ, ਬਾਕੀ ਦੀਆਂ ਲਿੱਸੀਆਂ ਪੈ ਗਈਆਂ ਸਨ। ਸਰਦਾਰਾਂ ਦੀ ਬਜਾਏ ਇਕ ਨਵੀਂ ਜਮਾਤ ਪੈਦਾ ਹੋਗਈ,ਇਹ ਠੇਕੇਦਾਰਾਂ ਦੀ ਸੀ। ਨਹਿਰਾਂ ਦੇ ਠੇਕੇ, ਰੇਲਾਂ ਦੇ ਠੇਕੇ, ਸੜਕਾਂ ਦੇ ਠੇਕੇ, ਸਰਕਾਰੀ ਇਮਾਰਤਾਂ ਦੇ ਠੇਕੇ। ਫੇਰ ਇਕ ਹੋਰ ਜਮਾਤ ਪੈਦਾ ਹੋ ਗਈ, ਕਮਿਸ਼ਨ ਏਂਟਾਂ ਦੀ, ਜੋ ਵਲੈਤੀ ਮਾਲ ਨੂੰ ਮਾਰਕੀਟ ਵਿਚ ਪਹੁੰਚਾਉਣ ਵਾਲੇ ਸਨ। ਇਨ੍ਹਾਂ ਦੇ ਨਾਲ ਹੀ ਥੋਕ ਫਰੋਸ਼ ਜੰਮ ਪਏ। ਉਹ ਰੱਯਤ ਤੇ ਕਾਮੇ, ਜੋ ਖੇਤਾਂ ਵਿਚ ਰਹਿੰਦੇ ਸਨ ਤੇ ਸਰਦਾਰਾਂ ਦੇ ਅਸਰ ਹੇਠ ਸਿਖ ਸਨ, ਨਿਖੜਨੇ ਸ਼ੁਰੂ ਹੋ ਗਏ। ਠੇਕੇਦਾਰ ਤੇ ਥੋਕ ਫਰੋਸ਼ ਬਹੁਤੇ ਹਿੰਦੂ ਹੀ ਸਨ, ਜਿਨ੍ਹਾਂ ਦੀ ਮਾਲੀ ਹਾਲਤ ਸਰਦਾਰਾਂ ਦੇ ਮੁਕਾਬਲੇ ਉਪਰ ਬੇਹੱਦ ਅਮੀਰੀ ਦੀ ਹੋ ਗਈ। ਏਸ ਅਦਲਾ ਬਦਲੀ ਨੂੰ ਪੰਥ ਪ੍ਰਕਾਸ਼ (ਗਿਆਨ ਸਿੰਘ) ਨੀਚਾਂ ਦਾ ਉੱਚ ਹੋਣ ਦੇ ਸੰਕੇਤ ਵਿਚ ਕਲਮ ਬੰਦ ਕਰਦਾ ਹੈ:—

ਥੀਓ ਜਬ ਰਾਜ ਅੰਗਰੇਜ਼ੀ, ਤੇਜੀ ਔਰੈਂ ਭਈ
ਗਈ ਰੀਤਿ ਨੀਤਿ ਪੁਰਾਣੀ, ਨਈ ਤੌਰ ਕੀ ਠਈ।.....
ਸਰਦਾਰੀ ਹਾਰੀ ਜਿਮੀਂਦਾਰੀ, ਜਿਤੀ ਕਾਰੀ ਗਾਰੀ,
ਤ੍ਰਿਭੋਓਂ ਨੀ ਪਾਰੀ ਭਾਰੀ ਨੀਚੈਂ ਉਚਤਾ ਲਈ।

[ਸਫਾ ੧੧੧੦, ਪੰਥ ਪ੍ਰਕਾਸ਼

ਉਸ ਵੇਲੇ ਦੇ ਰਚੇ ਸਾਹਿਤ ਅਤੇ ਸਤੋਤ੍ਰਾਂ ਵਿਚ ਜ਼ਮਾਨੇ ਦੀ ਏਸ ਦੋ-ਸਾਝੀ ਮਜ਼ਬੂਬੀਅਤ ਦਾ ਝਲਕਾਰਾ ਹੈ। ਪਰ ਭਾਈ ਗੁਰਮੁਖ ਸਿੰਘ ਦਾ ਸਤੋਤ੍ਰ ਪਿਛਲੇ ਸਤੋਤ੍ਰਾਂ ਕੋਲੋਂ ਖਿਆਲਾਂ ਵਿਚ ਕੁਛ ਉੱਨਤੀ ਵਾਲੇ ਪਾਸੇ ਸੀ। ਇਹ ਸ਼ੁਰੂ ਏਸ ਤਰ੍ਹਾਂ ਹੁੰਦਾ ਹੈ।

ਦੋਹਾ—ਸ੍ਰੀ ਗੁਰ ਗਜ਼ਾਨ ਸਰੂਪ ਪਦ ਪੰਕਜ ਪਰਮ ਰਸਾਲ।
ਬੰਦੌਂ ਧਰ ਕਰ ਧਜਾਨ ਉਰ ਮਨਹਰ ਕਰਨ ਰਸਾਲ॥

ਕਮਜ਼ੋਰ ਜੇਹੀ ਸ਼ਕਲ ਵਿਚ ਏਸ ਵਿਚ ਵੀ ਏਸ ਤਰ੍ਹਾਂ ਦੇ ਖਿਆਲ ਹਨ:—

"ਧਨੰ ਬਿੱਤ ਪੁੱਤੰ ਚਹੈ ਸੇਵ ਜੋਈ ਲਹੈ ਸ਼ੀਘ੍ਰ ਰਾਜਾਦਿ ਸੁਰਗਾਦ ਸੋਈ"।

ਪਰ ਜ਼ੋਰ ਦੂਸਰੀ ਗੱਲ ਉਪਰ ਹੈ, ਜੋ ਗਿਆਨ ਮਾਰਗ ਦੀ ਜਾਂ ਭਗਤੀ ਪਥ ਦੀ ਜਾਂ ਨਾਮ ਉਪਾਸ਼ਨਾ ਦੀ ਹੈ:—

ਬਿਨਾ ਨਾਮ ਯਾਮੈ ਕਹਜੋ ਨਾਹਿ ਸਾਰੰ। ਨਮਾਮੀ ਗੁਰੂ ਗ਼ੈਬ ਬੋਧਾਵਤਾਰੰ।
ਮਹਾਂ ਵਾਕ ਬੇਦਾਂਤ ਮੈਂ ਹੈਂ ਪ੍ਰਕਾਸ਼ੇ। ਬਿਨਾ ਏਕ ਅਦ੍ਵੈਤ ਆਨੰ ਨ ਭਾਸੇ।
ਸਦਾ ਆਦਿ ਅੰਤੰ ਅਨੰਤੰ ਅਪਾਰੰ। ਨਮਾਮੀ ਗੁਰੂ ਗ਼ੈਬ ਬੋਧਾਵਤਾਰੰ।
ਪੁਨਾ ਭਗਤਿ ਪਰਤੀਸ਼ਠੀ ਹੈ ਬਖਾਨੀ। ਕਥਾ ਕੀਰਤੀ ਨਾਮ ਧਜਾਨੰ ਮਹਾਨੀ।
ਭਨੀ ਸੰਤ ਸੇਵਾ ਗੁਣੰ ਗ੍ਰਾਹ ਸਾਰੰ। ਨਮਾਮੀ ਗੁਰੂ ਗ਼ੈਬ ਬੋਧਾਵਤਾਰੰ।
ਕਲੂ ਕਾਲ ਮੈ ਜਾਲ ਦੋਖਾਨ ਦਾਹਾ। ਸੁ ਅਗਜਾਨ ਧਾਤਾ ਰਹੈ ਬਜਾਲ ਨਾਹਾ।
ਜੋ ਵਾਕਜੰ ਸੁਧਾਰੇ ਲਹੇ ਸੋ ਉਜਾਰੰ। ਨਮਾਮੀ ਰੁਰੂ ਗ਼ੈਬ ਏਧਾਵਤਾਰੰ।

Digitized by Panjab Digital Library | www.panjabdigilib.org

ਭਾਈ ਗੁਰਮੁਖ ਸਿੰਘ ਦੇ ਸਤੋਤ੍ਰ ਪੜ੍ਹੇ ਜਾਣ ਬਾਦ ਇਕ ਹੋਰ ਵਾਕਿਆ ਹੋਇਆ। ਏਸ ਸਮਾਗਮ ਵਿਚ ਗ੍ਵਾਲ ਕਵਿ ਸ਼ਾਮਲ ਸੀ। ਉਸ ਦੀ ਅਵਸਥਾ ਬੜੀ ਬਿਰਧ ਸੀ, ਪਰ ਬਾਬੇ ਕਾਹਨ ਸਿੰਘ ਨਾਲ ਪੁਰਾਣੇ ਤਅੱਲਕ ਕਰਕੇ ਆ ਪਹੁੰਚਾ ਸੀ। ਗ੍ਵਾਲ ਹਿੰਦੀ ਦਾ ਮਸ਼ਹੂਰ ਕਵੀ ਸੀ। ਇਹ ਮਥਰਾ ਨਿਵਾਸੀ ਸੀ, ਪਰ ਪੰਜਾਬ ਦੇ ਰਾਜ ਘਰਾਣਿਆਂ ਨਾਲ ਮੇਲ ਜੋਲ ਰਖਦਾ ਸੀ। ਇਹ ਕਈ ਪੁਸਤਕ ਲਿਖ ਚੁਕਾ ਸੀ ਤੇ ਹੁਣ ਬਿਰਧ ਅਵਸਥਾ ਵਿਚ ਨਾਭੇ ਵਿਚ ਬੈਠਾ ਗੁਰੂ ਜਸ ਲਿਖ ਰਿਹਾ ਸੀ।

ਗ੍ਵਾਲ ਨੇ ਆਪਣੇ ਝੁਰੜੇ ਹੋਏ ਕਮਜ਼ੋਰ ਹਥਾਂ ਨਾਲ ਉਸ ਵੇਲੇ ਇਕ ਛੰਦ ਲਿਖਿਆ ਜੋ ਆਪ ਹੀ ਪੜ੍ਹਕੇ ਸੁਣਾਇਆ। ਗ੍ਵਾਲ ਦੇ ਹਥਾਂ ਵਿਚ ਕਾਗਜ਼ ਕੰਬਦਾ ਸੀ ਪਰ ਅਵਾਜ਼ ਵਿਚ ਕੋਈ ਫਰਕ ਨਹੀਂ ਸੀ। ਉਸ ਨੇ ਗਰਜਵੀਂ ਸੁਰ ਨਾਲ ਪੜ੍ਹਿਆ।

ਪ੍ਰੀਤ ਕੁਲੀਨਨ ਸੋਂ ਨਿਬਹੈ ਔ ਪ੍ਰੇਮ ਬਢੈ ਨਿਤ ਸੰਪਤਿ ਰਾਸੀ।
ਬੇਲ ਕਟੂ ਮਲ ਨਿੱਤ ਬਢੈ* ਹੈ ਰੱਛਕ ਸਦਾ ਸ੍ਰਯੰ ਅਬਿਨਾਸੀ।
ਕਾਨ੍ਹ ਮ੍ਰਗੇਸ਼ ਕੀ ਲਾਜਬਢੈ ਅਰੁ ਆਯੁ ਬਢੇ ਪੁਤ ਚਰਨ ਕੀ ਖਾਸੀ।
ਗ੍ਵਾਲ ਭਨੈ ਗੋਪਾਲ ਤੁਮੀ ਤਜਿ ਮਥਰਾ ਬਨੈ ਸੁ ਸੁਧਾਸਰ ਵਾਸੀ†।

7. ਬਾਬਾ ਅਟੱਲ ਦਾ ਦੇਹੁਰਾ।

ਡਾਕਟਰ ਸਾਹਿਬ ਛੋਟੀ ਉਮਰ ਵਿਚ ਹੀ ਬਾਬੇ ਅਟੱਲ ਗੁਰਦਵਾਰੇ ਜਾਇਆ ਕਰਦੇ ਸਨ। ਖੇਡਦੇ ਖੇਡਦੇ ਤਕਰੀਬਨ ਰੋਜ਼ ਇਕ ਅੱਧਾ ਫੇਰਾ ਉਧਰ ਮਾਰ ਆਉਣਾ, ਫੇਰ ਕਿਤਨਾ ਕਿਤਨਾ ਚਿਰ ਉਥੇ ਹੀ ਬੈਠੇ ਰਹਿਣਾ; ਤੇ ਗਰਦਨ ਚੁਕਕੇ, ਦੋਵੇਂ ਹਥ ਪੱਗ ਉੱਪਰ ਰਖਕੇ ਉਤਾਂਹ ਵਲ ਤੱਕਦੇ ਰਹਿਣਾ ਤੇ ਬੁਰਜ ਦੀ ਟੀਸੀ ਨੂੰ ਦੇਖਦੇ ਰਹਿਣਾ। ਕਈ ਵੇਰ ਧੁਰ ਉਪਰ ਚੜ੍ਹ ਜਾਣਾ ਤੇ ਉਤਲੀ ਛਤ ਤੋਂ ਬੈਠੇ ਸਾਰੇ ਸ਼ਹਿਰ ਉਪਰ ਇਕ ਨਜ਼ਰ ਫੇਰਨੀ। ਜਿਸ ਦਿਨ ਨਾ ਜਾ ਸਕਣਾ ਉਸ ਦਿਨ ਆਪਣੇ ਕੋਠੇ ਦੀ ਛਤ ਤੇ ਚੜ੍ਹਕੇ ਬੈਠ ਜਾਣਾ। ਉਨ੍ਹੀਂ ਦਿਨੀਂ ਘਰ ਦੇ ਇਰਦਗਿਰਦ ਕੋਈ ਉਚੇ ਮਕਾਨ ਨਹੀਂ ਸਨ ਹੁੰਦੇ। ਵਸੋਂ ਪਤਲੀ ਪਤਲੀ ਸੀ। ਸੂਰਜ ਦੀਆਂ ਕਿਰਣਾਂ ਵਿਚ ਸੁਨਹਿਰੀ ਕਲਸ ਦੀ ਚਮਕ ਸਾਫ਼ ਨਜ਼ਰੀਂ ਪੈਂਦੀ ਸੀ।

ਡਾਕਟਰ ਸਾਹਿਬ ਦੀ ਉਮਰ ਹੁਣ ਨੌ ਬਰਸ ਦੀ ਸੀ। ਇਹ ਸਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਬੜਾ ਵਚਿੱਤ੍ਰ ਸੀ। ਬਾਬੇ ਅਟੱਲ ਦੇ ਦੇਹੁਰੇ ਦੀਆਂ ਨੌਂ ਛਤਾਂ ਹਨ। ਇਕ ਇਕ ਛਤ ਉਮਰਾ ਦੇ ਇਕ ਇਕ ਬਰਸ ਪ੍ਰਤੀ ਹੈ। ਬਾਬਾ ਅਟੱਲ ਨੌਂ ਬਰਸ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ ਸਨ। ਕੀ ਉਹ ਆਪ ਨੌ ਬਰਸ ਤੋਂ ਬਾਅਦ ਜੀਉਂਦੇ ਰਹਿਣਗੇ। ਕੀ ਫਿਰ ਜੀਉਂਦੇ ਰਹਿਣਾ ਬੇਅਦਬੀ ਨਹੀਂ ? ਪਰ ਮਰੇ ਆਦਮੀ ਕਿਸਤਰ੍ਹਾਂ ? ਹਾਂ, ਐਸ਼ ਤਰ੍ਹਾਂ, ਚੱਦਰ ਤਾਣਕੇ ਸੌਂ ਗਏ ਤੇ ਬਸ ਸੁੱਤੇ ਰਹੇ, ਹਮੇਸ਼ ਲਈ ਸੁੱਤੇ ਰਹੇ। ਪਰ ਨਹੀਂ, ਉਹ ਕੁਛ ਚਿਰ ਏਸ ਤਰ੍ਹਾਂ

---

*ਕੈੜਾ ਮਲ ਦੀ ਔਲਾਦ ਕੈੜੀ ਵੇਲ ਵਾਕਰ ਵਧੇ।

†ਮਥਰਾ ਦਾ ਗ੍ਵਾਲ ਕਵਿ ਕਹਿੰਦਾ ਹੈ ਤੁਸੀਂ ਆਪ ਗੋਪਾਲ (ਕਾਹਨ) ਹੋ, ਚਾਹੇ ਮਥਰਾ ਛਡਕੇ ਅੰਮ੍ਰਿਤਸਰ ਦੇ ਵਸਨੀਕ ਹੋ ਗਏ ਹੋ।

Digitized by Panjab Digital Library | www.panjabdigilib.org

ਦੀ ਨੀਂਦ ਸੌਂ ਕੇ ਫੇਰ ਜਾਗ ਪੈਣਗੇ, ਭਾਵੇਂ ਮਹੀਨੇ ਪਿਛੋਂ ਭਾਵੇਂ ਵਰ੍ਹੇ ਪਿਛੋਂ। ਬਾਬੇ ਸਾਹਿਬ ਨੂੰ ਦੇਖਕੇ ਏਸ ਤਰ੍ਹਾਂ ਦੇ ਵਿਚਾਰ ਉਨ੍ਹਾਂ ਨੂੰ ਫੁਰਦੇ ਰਹਿੰਦੇ ਸਨ।

ਡਾਕਟਰ ਸਾਹਿਬ ਦੀ ਉਮਰਾ ਜਿਉਂ ਜਿਉਂ ਵੱਡੀ ਹੁੰਦੀ ਗਈ ਬਾਬੇ ਅਟੱਲ ਦੀ ਸਾਖੀ ਕਈ ਪ੍ਰਕਾਰ ਦੇ ਨਵੇਂ ਨਵੇਂ ਭਾਵਾਂ ਵਿਚ ਪ੍ਰਤੀਤ ਹੋਣ ਲਗੀ। ਜਿਉਂ ਜਿਉਂ ਉਨ੍ਹਾਂ ਦਾ ਅਭਿਆਸ ਲਿਖਣ ਪੜ੍ਹਨ ਦਾ ਵਧਦਾ ਗਿਆ ਤਿਉਂ ਤਿਉਂ ਉਨ੍ਹਾਂ ਦੀ ਸੋਚ ਏਸ ਮਾਜਰੇ ਬਾਬਤ ਡੂੰਘੀ ਹੁੰਦੀ ਗਈ। ਕੀ ਇਤਿਹਾਸਕ ਸਮਿਆਂ ਵਿਚ ਕੋਈ ਨੌਂ ਸਾਲ ਦਾ ਬੰਦਾ ਹੋ ਗੁਜ਼ਰਿਆ ਹੈ, ਜਿਸ ਦੀ ਯਾਦਗਾਰ ਏਡੀ ਉੱਚੀ ਹੈ ਕਿ ਸਾਰੇ ਨਗਰ ਨੂੰ ਆਪਣੀ ਅੱਖ ਹੇਠ ਦੇਖਦੀ ਹੈ? ਤੇ ਸ਼ਹਿਰ ਦੀ ਕਿਸੇ ਇਮਾਰਤ ਨੇ ਏਸ ਤੋਂ ਉੱਚੇ ਹੋਣ ਦਾ ਹੀਆ ਅਜੇ ਤੱਕ ਨਹੀਂ ਕੀਤਾ।

ਕਥਾ ਲਿਖਣ ਵਾਲਿਆਂ ਭਾਵੇਂ ਕਿਤਨਾ ਹੀ ਵਧਾਕੇ ਲਿਖਿਆ ਹੋਵੇ ਤਾਂ ਵੀ ਬਾਬੇ ਅਟੱਲ ਦੀ ਅਜ਼ਮਤ ਏਤਨੀ ਵਿਸ਼ੇਸ਼ਤਾ ਦੀ ਹੱਕਦਾਰ ਜ਼ਰੂਰ ਹੋਣੀ ਏ, ਜਿਸ ਦਾ ਸਬੂਤ ਏਸ ਯਾਦਗਾਰੀ ਮੰਦਰ ਦੀ ਮਹਾਨਤਾ ਵਿਚ ਹੈ। ਕਈ ਸ਼ੰਕਾ ਕਈ ਸ਼ੁਬੇ ਉਨ੍ਹਾਂ ਦੇ ਮਨ ਵਿਚ ਫਿਰ ਰਹੇ ਸਨ। ਆਦਮੀ ਵੱਡਾ ਕੌਣ ਹੈ? ਤੇ ਉਸ ਦੀ ਵਡਿਆਈ ਕਿਸ ਬਾਤ ਵਿਚ ਹੈ? ਉਮਰਾ ਦੀ ਕੋਈ ਗੱਲ ਨਹੀਂ। ਅਕਲ ਦਾ ਵੀ ਕੋਈ ਆਪਣਾ ਨਾਪ ਤੋਲ ਹੈ ਜਿਸ ਹੱਦ ਤੋਂ ਇਹ ਅਗਾਂਹ ਨਹੀਂ ਵਧ ਸਕਦੀ। ਮਨੁੱਖ ਵਿਚ ਫੇਰ ਕਿਹੜੀ ਚੀਜ਼ ਹੈ, ਜਿਸ ਨਾਲ ਇਹ ਆਪਣੇ ਆਪੇ ਦੀ ਹੱਦ ਟੱਪਕੇ ਆਪਣੀ ਉਮਰ ਤੇ ਅਕਲ, ਦੋਵਾਂ ਕੋਲੋਂ ਵੱਡਾ ਹੋ ਜਾਂਦਾ ਹੈ? ਇਹ ਸੁਆਲ ਸਨ ਜਿਨ੍ਹਾਂ ਦਾ ਜਵਾਬ ਉਹ ਟੋਲਦੇ ਸਨ? ਏਸ ਤਲਾਸ਼ ਵਿਚ ਕਈ ਵਰ੍ਹੇ ਲੰਘ ਗਏ।

ਹਰ ਇਨਸਾਨ ਦੇ ਅੰਦਰ ਉਸ ਦੀ ਲੁਕੀ ਹੋਈ ਆਤਮਾ ਹੈ। ਪਰ ਕੀ ਇਸ ਤਨ ਦੇ ਪਰਦੇ ਨੇ ਸਾਰੀ ਦੀ ਸਾਰੀ ਆਤਮਾ ਨੂੰ ਵਲ੍ਹੇਟ ਲਿਆ ਹੈ। ਜਾਂ ਇਸ ਦਾ ਕੁਛ ਹਿੱਸਾ ਬਾਹਰ ਵੀ ਹੈ? ਇਕ ਜੀਉਂਦੇ ਆਦਮੀ ਦੇ ਸਰੀਰ ਦੇ ਬਾਹਰ ਵੀ ਉਸ ਦੀ ਆਤਮਾ ਹੋਵੇ,--ਕੀ ਇਹ ਮੁਮਕਿਨ ਹੈ? ਕੀ ਫੇਰ ਕਿਤੇ ਏਹੋ ਗੱਲ ਤਾਂ ਨਹੀਂ ਕਿ ਜਿਤਨੀ ਜਿਸ ਮਨੁੱਖ ਦੀ ਰੂਹ ਆਪਣੇ ਕਲਬੂਤ ਤੋਂ ਬਾਹਰ ਰਹਿੰਦੀ ਹੈ, ਉਤਨਾ ਹੀ ਉਹ ਵੱਡਾ ਹੁੰਦਾ ਹੈ। ਉਸ ਦੀ ਵਿਸ਼ਾਲਤਾ, ਉਸ ਦੀ ਉਚਿਆਈ, ਤਦੋਂ ਉਮਰ ਅਤੇ ਅਕਲ ਦੇ ਗਜ਼ ਤਰਾਜ਼ੂਆਂ ਦੇ ਨਾਪ ਤੋਲ ਦੀ ਤਾਕਤ ਤੋਂ ਉਪਰ ਹੋ ਜਾਂਦੀ ਹੈ। ਉਹ ਮਨੁੱਖ ਫੇਰ ਜਿਸਮ ਦੇ ਵਿਚ ਇਤਨਾ ਨਹੀਂ ਵਿਚਰਦਾ ਜਿਤਨਾ ਜਿਸਮ ਤੋਂ ਬਾਹਰ। ਉਸ ਲਈ ਮਰਨਾ ਤਾਂ ਫੇਰ ਕਿਹੜੀ ਔਖੀ ਗੱਲ ਹੈ। ਆਤਮਾ ਜਦ ਪਹਿਲੇ ਹੀ ਏਸ ਪਿੰਜਰ ਦੀ ਕੈਦ ਤੋਂ ਬਾਹਰ ਹੈ, ਤਦ ਏਸ ਚਰਖੇ ਨੂੰ ਤਿਆਗਣ ਵਿਚ ਕੋਈ ਖਾਸ ਉਚੇਚ ਨਹੀਂ; ਸਿਰਫ ਹੱਥੀ ਭੁਆਉਣੀ ਛਡਣੀ ਹੈ। ਏਸ ਤਰ੍ਹਾਂ ਦੇ ਅਨੇਕ ਵਿਚਾਰ ਡਾਕਟਰ ਸਾਹਿਬ ਦੇ ਦਿਮਾਗ਼ ਵਿਚ ਚੱਕਰ ਲਾ ਰਹੇ ਸਨ। ਉਨ੍ਹਾਂ ਬਾਬੇ ਅਟੱਲ ਦੀ ਮੌਤ ਨੂੰ ਬਿਆਨ ਕਰਨ ਵਿਚ ਅਨੇਕਾਂ ਹੀ ਨਾਜ਼ਕ ਨਾਜ਼ਕ ਉਪਮਾਂ ਵਰਤੀਆਂ ਹਨ। ਯਥਾ:-

ਖੁੰਡੀ ਉੱਤਰ ਓਰ ਸਿਰਹਾਨੇ। ਪੌਢੇ ਦੇਹ ਚਾਦਰਾ ਤਾਨੇ।
ਜਿਮ ਅਨੰਤ ਕੈਚੁਕੀ ਉਤਾਰੈ। ਤਿਮ ਗੁਰ ਸੁਤ ਤਨ ਤਜਾਗਿ ਪਧਾਰੈ।
ਜਿਮ ਗਜ ਫੂਲਨਮਾਲ ਉਤਾਰੀ। ਸਮ ਸੁਖਦੁਖ ਨਹਿੰ ਬਨੈ ਕਹਾਰੀ।

Digitized by Panjab Digital Library | www.panjabdigilib.org

ਜਿਹ ਪਦ ਕੋ ਜੋਗੀ ਜਨ ਚਾਹਤ। ਬ੍ਰਹਮਾਦਿਕ ਜਿਹ ਦਵ ਉਮਾਹਤ।

... ...

ਉਸ ਰੂਹ ਦੀ ਕੀ ਸ਼ਕਲ ਹੁੰਦੀ ਹੈ, ਜੋ ਜੀਉਂਦੇ ਜਿਸਮ ਤੋਂ ਬਾਹਰ ਰਹਿੰਦੀ ਹੈ? ਕੀ ਉਹ ਵਿਰਾਟ ਰੂਪ ਧਾਰਨ ਕਰ ਲੈਂਦੀ ਹੈ, ਜੋ ਆਪਣੀ ਸਥਾਨਕ ਮੋਹ ਮਾਇਆ ਦੀ ਸਰਹੱਦ ਤੋਂ ਪਰੇ ਦੀਆਂ ਗੱਲਾਂ ਵਿਚ ਰੁਚੀ ਪੈਦਾ ਕਰ ਲੈਂਦੀ ਹੈ? ਕੀ ਬਾਬਾ ਅਟੱਲ ਛੋਟੀ ਉਮਰ ਵਾਲਾ ਤੇ ਛੋਟੇ ਹੀ ਜੁੱਸੇ ਵਾਲਾ, ਕਿਸੇ ਐਸੀ ਹੀ ਵਿਰਾਟਤਾ ਦਾ ਭਾਗੀ ਸੀ? ਕੀ ਉਸ ਦਾ ਏਡਾ ਵੱਡਾ ਦੇਹੁਰਾ ਜੋ ਜ਼ਮੀਨ ਤੋਂ ਐਡਾ ਉੱਚਾ ਉਠਿਆ ਹੈ, ਉਸ ਦੀ ਰੂਹ ਦੀ ਉਚਿਆਈ ਦੀ ਨਿਸ਼ਾਨੀ ਨਹੀਂ? ਡਾਕਟਰ ਸਾਹਿਬ ਜਿਉਂ ਜਿਉਂ ਬਾਬੇ ਦੇ ਬੁਰਜ ਵੱਲ ਤੁੱਕਦੇ ਸਨ, ਉਹ ਉਨ੍ਹਾਂ ਨੂੰ ਇੱਟਾਂ ਚੂਨੇ ਦੀ ਇਮਾਰਤ ਨਹੀਂ ਲੱਗਦੀ ਸੀ, ਪ੍ਰੰਤੂ ਕੁਛ ਹੋਰ, ਕੁਛ ਜੀਉਂਦੀ ਜਾਗਦੀ ਚੀਜ਼ ਦਿੱਸਦੀ ਸੀ। ਪਰ ਜੋ ਹਿਲਦੀ ਨਹੀਂ, ਕਿਉਂਕਿ ਉਸ ਦਾ ਨਾਮ ਹੀ ਐਸਾ ਹੈ। ਏਸ ਅਟੱਲ ਨਾਮ ਦੀ ਸ਼ਰਮ ਮਾਰੇ ਉਹ ਜੀਵਨ ਦਾ ਸਾਹਸ ਰਖਦੀ ਹੋਈ ਵੀ ਅਹਿੱਲ ਖੜੀ ਹੈ।

ਬਾਬੇ ਅਟੱਲ ਦੇ ਦੇਹੁਰੇ ਦੇ ਜੀਉਂਦੇ ਜਾਗਦੇ ਵੈਰਾਟ ਰੂਪ ਦਾ ਉਨ੍ਹਾਂ ਕਾਵਜ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ:–

ਪ੍ਰਿਥਮ ਛੱਤ ਜਿਹ ਪਾਦ ਸਥਾਨ। ਦੁਤਿਯ ਗੁਲਫ ਪਿੰਡਲੀ ਅਨੁਮਾਨ।
ਤ੍ਰਿਤਿਯ ਉਰੂ ਕਟ ਰੂਪ ਵੈਰਾਟ। ਚਤੁਰਥਿ ਨਾਭਿ ਪੇਟ ਮਿਵ ਠਾਟ।
ਪੰਚਮ ਹ੍ਰਿਦੈ ਜੁ ਬਿਸਤ੍ਰਿਤ ਛਾਤੀ। ਖਸ਼ਟਮ ਥਾਨ ਸਕੰਧ ਪਛਾਤੀ।
ਸਪਤਮ ਗ੍ਰੀਵਾ, ਅਸ਼ਟਮ ਮੁਖ ਗਨ। ਨਵਟ ਚੱਛੁ ਸਿਰ ਸਹ ਗਿਨ ਮਨ ਭਨ।

ਡਾਕਟਰ ਸਾਹਿਬ ਦਾ ਇਹ ਵਿਸ਼ਵਾਸ਼ ਦ੍ਰਿੜ ਹੁੰਦਾ ਗਿਆ ਕਿ ਜਿਤਨਾ ਆਦਮੀ ਆਪਣੀ ਵਜਕਤੀ ਦੀਆਂ ਤੰਗ ਹੱਦਾਂ ਤੋਂ ਬਾਹਰ ਉਠਿਆ ਹੋਇਆ ਹੁੰਦਾ ਹੈ ਉਤਨਾ ਹੀ ਉਸ ਦਾ ਫੈਲਾਉ ਵਿਸ਼ਵ (Universe) ਵਿਚ ਹੈ। ਫੇਰ ਜਿਤਨਾ ਜਿਸ ਦੇ ਫੈਲਾਉ ਦਾ ਘੇਰਾ ਵਿਸ਼ਵ ਵਿਚ ਹੈ ਉਹ ਉਤਨਾ ਹੀ ਵੱਡਾ, ਉਤਨਾ ਹੀ ਵਧ ਉੱਨਤ ਤੇ ਪਰਮਾਰਥਕ ਉੱਚਤਾਈ ਦਾ ਭਾਗੀ ਹੈ। ਬਾਬਾ ਅਟੱਲ, ਚਾਹੇ ਉਸ ਦੀ ਬਾਲੀ ਅਵਸਥਾ ਸੀ, ਪਰ ਉਹ ਵਿਸ਼ਵਸ਼ਾਲੀ ਬੰਦਾ ਸੀ, ਉਹ ਬੱਚਾ ਨਹੀਂ ਸੀ, ਉਹ ਨਰ ਸੀ। ਪਰ ਉਹ ਨਿਰਾ ਵਜਕਤਿ ਨਰ (Individual) ਨਹੀਂ ਸੀ। ਉਹ ਸਮਸ਼ਟੀ ਪੁੰਜ ਸੀ। ਉਹ ਵਿਸ਼੍ਵਨਰ (Universal man) ਸੀ। ਉਸ ਦਾ ਦੇਹੁਰਾ ਉਸ ਦੀ ਏਸ ਵਿਰਾਟਤਾ ਦੀ ਨਿਸ਼ਾਨੀ ਹੈ। ਏਸ ਦੇਹੁਰੇ ਦੀਆਂ ਨੌ ਛੱਤਾਂ ਮਾਨੋ ਪ੍ਰਿਥਵੀ ਦੇ ਨੌ ਖੰਡਾਂ ਦੀਆਂ ਵਿਸ਼ਾਲਤਾ ਦੀ ਸੂਚਕ ਹਨ:–

ਜਥਾ ਭਾਗ ਨੌ ਪ੍ਰਿਥਵੀ ਕੇਰੇ, ਤਿਮ ਨੌ ਛੱਤਾ ਦੇਹੁਰਾ ਹੇਰੇ।

[ਸ੍ਰੀ ਅਟਲ ਪ੍ਰਕਾਸ਼

ਤੇ ਇਹ ਇਕ ਐਸੀ ਵਿਸ਼੍ਵਨਰ ਰੂਹ (Universal Spirit) ਹੀ ਹੈ ਜੋ ਦੁਨੀਆਂ ਦਾ ਭਲਾ ਕਰ ਸਕਦੀ ਹੈ, ਜਿਸ ਦੀ ਹਮਦਰਦੀ ਦੁਨੀਆਂ ਜਿੱਡੀ ਹੀ ਲੰਮੀ ਚੌੜੀ ਹੈ। ਅਸਲ ਭਲਾ ਦੁਨੀਆਂ ਦਾ ਕਿਸ ਗੱਲ ਵਿਚ ਹੈ? ਰੋਟੀ ਕਪੜੇ ਦੀ ਖੁੱਲ੍ਹ ਵਿਚ ਨਹੀਂ; ਰੱਜੇ ਕੱਜੇ ਆਦਮੀ ਆਪਸ ਵਿਚ ਖਹਿ ਬਖਹਿ ਹੋ ਲੜਦੇ ਮਰਦੇ ਰਹਿੰਦੇ ਹਨ। ਦੁਨੀਆਂ ਦੀ ਭਲਿਆਈ ਉੱਚੀ

Digitized by Panjab Digital Library | www.panjabdigilib.org

ਸੁਮਤਿ ਵਿਚ ਹੈ,ਭਗਤਿ ਭਾਵ ਵਿਚਹੈ,ਅਗਿਆਨ ਅੰਧੇਰੇ ਦੇ ਦੂਰ ਕਰਨ ਵਿਚ ਹੈ।ਸ਼ਾਸਤ੍ਰਾਂ ਵਿਚ ਭਗਤੀ ਨੌਂ ਪ੍ਰਕਾਰ ਦੀ ਲਿਖੀ ਹੈ, ਗਿਆਨ ਮਾਰਗ ਦੀਆਂ ਪੁਸਤਕਾਂ ਪੜ੍ਹਨ ਲਈ ਵਯਾਕਰਣ ਵੀ ਨੌਂ ਹਨ। ਇਹ ਨੌਂ 'ਉਹਨਾਂ ਨੌਂਵਾਂ' ਵਲ ਇਸ਼ਾਰਾ ਕਰ ਰਹੇ ਹਨ, ਜਿਨ੍ਹਾਂ ਨੂੰ 'ਉਹ ਨੌਂ' ਪ੍ਰਾਪਤ ਹੋ ਗਏ ਹਨ, ਉਨ੍ਹਾਂ ਨੂੰ ਮਾਨੋ ਨੌਂ ਨਿਧਾਂ ਮਿਲ ਗਈਆਂ:—

ਜਿਮ ਜਗਜਾਸੂ ਭਗਤ ਪ੍ਰਕਾਰਾ। ਨੌਧਾ ਧਾਰਨ ਕਰੇ ਵਿਚਾਰਾ।
ਤਥਾ ਦੇਹੁਰੇ ਕੀ ਨੌ ਛੱਤਾ। ਚਿਤ ਚਿਤਵਤ ਹੀ ਦੇਤ ਸੁਮੱਤਾ।
... ...

ਜਥਾ ਬਯਾਕਰਣ ਨੌ ਕਵਿ ਕਹੈਂ। ਪਠਤ ਸੁਨਤ ਮੁਗਧਾਪਨ ਦਹੈਂ।
ਤਥਾ ਛੱਤ ਨੌਂ ਦਰਸ਼ਨ ਕਰੇਂ। ਤਮ ਅਗਜਾਨ ਰਿਦੈ ਨਹਿੰ ਧਰੈਂ।
ਜੈਸੇ ਵੈ ਨੌ ਛੱਤਾ ਥਾਨ। ਪ੍ਰਾਪਤ ਹੁਹਿੰ ਨਵ ਨਿਧਹਿ ਸੁਜਾਨ।
... ...

ਪਰ ਬਾਬੇ ਅਟੱਲ ਦੇ ਬਾਲੇ ਜਿਹੇ ਜੀਵਨ ਵਿਚ ਕਈ ਹੋਰ ਵੀ ਗੱਲਾਂ ਸਨ। ਜਿਨ੍ਹਾਂ ਦਾ ਸਿਖ ਧਰਮ ਨਾਲ ਗੂੜ੍ਹਾ ਸੰਬੰਧ ਹੈ, ਜਿਨ੍ਹਾਂ ਨੇ ਡਾਕਟਰ ਸਾਹਿਬ ਦੇ ਧਿਆਨ ਨੂੰ ਆਪਣੇ ਵਲ ਖਿੱਚਿਆ ਹੋਇਆ ਸੀ।

ਅੰਮ੍ਰਿਤਸਰ ਦੇ ਜੁਆਰੀਏ ਬਾਬੇ ਅਟੱਲ ਵਿਚ ਵੱਡੀ ਸ਼ਰਧਾ ਰਖਦੇ ਹਨ। ਉਹ ਸੁਖਣਾ ਸੁਖ ਸੁੱਖ ਕੇ ਦਾਉ ਲਾਉਂਦੇ ਹਨ ਤੇ ਆਪਣੀ ਜਿੱਤ ਵਿਚੋਂ ਜੋ ਮੰਨਤ ਮੰਨੀ ਹੋਵੇ ਚੜ੍ਹਾਵਾ ਚੜ੍ਹਾਉਂਦੇ ਹਨ। ਇਹ ਗੱਲ ਸ਼ੁਰੂ ਕਿਥੋਂ ਹੋਈ? ਟਿਕ ਦਿਨ ਬਾਬੇ ਅਟੱਲ ਕੋਲ ਇਕ ਸਿਖ ਆਇਆ, ਨਾਲ ਬਹੁਤ ਭੇਟਾਂ ਲਿਆਇਆ, ਕੁਛ ਮਠਿਆਈ ਸੀ, ਕੁਛ ਖਿਡਾਉਣੇ ਸਨ, ਕੁਛ ਪਟੋਲੀਆਂ ਵਿਚ ਸੱਜੀਆਂ ਗੁਡੀਆਂ ਸਨ*। ਉਸ ਨੇ ਹੱਥ ਜੋੜੇ, ਸਿਰ ਨਿਵਾਇਆ ਤੇ "ਦੀਨ ਮਨਾ ਹੋਇ ਅਰਜ ਕਰੰਤਾ। ਅਹੈ ਪੁੱਤਰ ਮਮ ਅਤਿ ਦੁਖਵੰਤਾ"। ਉਸ ਨੇ ਅਰਜ਼ੋਈ ਕੀਤੀ, ਹੇ ਪ੍ਰਭੂ ਆਪਣੇ ਮੁਖ ਤੋਂ ਕੋਈ ਐਸਾ ਵਾਕ ਉਚਾਰੋ ਜਿਸ ਦੇ ਤੇਜ ਪ੍ਰਭਾਵ ਨਾਲ ਮੇਰੇ ਰੋਗੀ ਪੁੱਤਰ ਦਾ ਦੁਖ ਦੂਰ ਹੋ ਜਾਵੇ। "ਸ੍ਰੀ ਕ੍ਰਿਪਾਲ ਮੂਰਤ ਹਸਿ ਬੋਲੇ। ਸ੍ਰੀ ਨਾਨਕ ਕੀ ਕ੍ਰਿਪਾ ਅਮੋਲੇ। ਤਾਂਕੋ ਦੁਖ ਰਹੈ ਨਹਿੰ ਰਾਈ। ਸ੍ਰੀ ਨਾਨਕ ਜੀ ਹੋਹਿੰ ਸਹਾਈ।" ਇਹ ਗੱਲ ਇਕ ਜੁਆਰੀਆ ਦੇਖ ਰਿਹਾ ਸੀ। ਉਸ ਨੇ ਵੀ ਪਰਤਾਵੇ ਦੀ ਖਾਤਰ ਮਨੌਤ ਮੰਨੀ। ਉਹ ਦਾਉ ਜਿਤ ਗਿਆ ਤੇ ਆਪਣੀ ਮਨੌਤ ਲੈਕੇ ਹਾਜ਼ਰ ਹੋਇਆ। ਓਦੋਂ ਤੋਂ ਸਾਰਿਆਂ ਜੁਆਰੀਆਂ ਵਿਚ ਇਹ ਗੱਲ ਪ੍ਰਚੱਲਤ ਹੋ ਗਈ ਹੈ ਜੋ ਅੱਜ ਤਕ ਬਾਬੇ ਅਟੱਲ ਦੇ ਦੇਹੁਰੇ ਦੀ ਮਨੌਤ ਮੰਨਦੇ ਹਨ†।

੯. ਪਰਵਿਰਤੀ ਤੇ ਨਿਰਵਿਰਤੀ ਮਾਰਗ।

ਡਾਕਟਰ ਸਾਹਿਬ ਦੇ ਮਰੀਜ਼ਾਂ ਵਿਚੋਂ ਇਕ 'ਲੁਕਾਠ' ਨਾਮ ਦਾ ਜੁਆਰੀਆ ਸੀ। ਇਸ ਨੂੰ ਮਾਲੀਖੋਲੀਏ (Malencholia) ਦੀ ਬੀਮਾਰੀ ਸੀ। ਇਸ ਦੀ ਵੀ ਬਾਬੇ ਅਟੱਲ ਉਤੇ ਪਹਿਲੇ

---

*ਅਧਿਕ ਮਿਸਟ ਵਥੁ, ਕਛੁਕ ਖਿਲੌਨੇ। ਕਛੁਕ ਬਸਨ ਯੁਤ ਛੌਨੇ ਛੌਨੇ।

†ਤਬ ਤੇ ਸਭ ਜੁਆਰੀਅਨ ਮਾਂਹੀ। ਮਹਦ ਕਰਾਮਤ ਬਹੁ ਬਿਧ ਪਾਹੀ।
ਜੋ ਸ੍ਵਾਰਥ ਹਿਤ ਜੋ ਕੁਛ ਮਾਨੈ॥ ਪੂਰਹ ਕਾਮ ਤਤਛਿਨ ਸੋ ਆਨੈ।

Digitized by Panjab Digital Library | www.panjabdigilib.org

ਵੜੀ ਨਿਹਚਾ ਸੀ, ਜੋ ਸੁੱਖਣਾ ਸੁੱਖਣੀ ਉਸ ਤੋਂ ਸਵਾਇਆ ਚੜ੍ਹਾਵਾ ਚੜ੍ਹਾ ਆਉਣਾ । ਇਕ ਵੇਰ ਕਿਸੇ ਆਲਸ ਕਰਕੇ ਇਸਨੇ ਸੁਖਣਾ ਪੂਰੀ ਨਾ ਕੀਤੀ । ਕੁਦਰਤ ਨਾਲ ਅਗਲੇ ਦਿਨ ਵੱਛੇ ਦਾਉ ਲਾ ਲਾ ਕੇ ਪਾਸੇ ਢਾਲ ਰਿਹਾ ਸੀ, ਬੁਰੀ ਤਰ੍ਹਾਂ ਹਾਰਿਆ । ਝੁੱਗਾ ਝਾਂਜਾ ਸਾਰਾ ਗਿਆ। ਦਿਮਾਗ਼ ਹਿੱਲ ਗਿਆ, ਕੁਛ ਪਾਗ਼ਲ ਜੈਸਾ ਹੋ ਗਿਆ । ਕਦੀ ਤੇ ਬਾਬੇ ਸਾਹਿਬ ਜਾਕੇ ਨੱਕ ਰਗੜਨੇ, ਮਾਫੀਆਂ ਮੰਗਣੀਆਂ, ਦੇਰ ਤਕ ਰਾਤ ਬੈਠੇ ਸਮਾਧ ਨੂੰ ਮੁੱਠੀਆਂ ਭਰਦੇ ਰਹਿਣਾ ਤੇ ਰੋਂਦੇ ਰਹਿਣਾ। ਕਦੀ ਏਸ ਤੋਂ ਉਲਟ, ਬਕਵਾਸ ਕਰਨੇ, ਗਾਲ੍ਹਾਂ ਕੱਢਣੀਆਂ ।

ਡਾਕਟਰ ਸਾਹਿਬ ਕੋਲ ਭਾਂਤ ਭਾਂਤ ਦੇ ਮਰੀਜ਼ ਸਨ, ਪਰ ਔਰਿਆਂ ਦੀ ਗਿਣਤੀ ਘਟ ਨਹੀਂ ਸੀ ਜਿਨ੍ਹਾਂ ਦੀ ਧਨ ਨਾਸ਼ ਦੇ ਸਦਮੇ ਕਾਰਨ ਹੋਸ਼ ਠਿਕਾਣੇ ਨਹੀਂ ਰਹੀ ਸੀ । ਕੁਛ ਐਸੇ ਬੀ ਸਨ ਜਿਨ੍ਹਾਂ ਦੇ ਔਲਾਦ ਦੇ ਦੁਖ ਦੇ ਸਬੱਬ ਦਿਲ ਦਿਮਾਗ਼ ਹਿੱਲੇ ਹੋਏ ਸਨ। ਉਹ ਇਨ੍ਹਾਂ ਸਾਰਿਆਂ ਦਾ ਬੜੀ ਹਮਦਰਦੀ ਨਾਲ ਇਲਾਜ ਮੁਆਲਜਾ ਕਰਦੇ ਸਨ । ਏਸ ਡਾਕਦਾਰੀ ਦਾ ਇਕ ਧਾਰਮਕ ਪਹਿਲੂ ਭੀ ਸੀ। ਇਨ੍ਹਾਂ ਬੀਮਾਰਾਂ ਵਿਚੋਂ ਬਥੇਰੇ ਐਸੇ ਸਨ, ਜੋ ਸ਼ੁਰੂ ਵਿਚ ਬੜੀ ਪਾਠ ਪੂਜਾ ਵਾਲੇ ਸਨ, ਪਰ ਹੁਣ ਜਾਂ ਰੱਬ ਨਾਲ ਰੁੱਸੇ ਹੋਏ ਜਾਂ ਉਸ ਤੋਂ ਮੁੱਕਰੇ ਹੋਏ ਸਨ। ਇਕ ਮਰੀਜ਼ ਤਾਂ ਐਸਾ ਸੀ ਜੋ ਪੂਰਾ ਨਾਸਤਕ ਸੀ। ਉਸ ਦਾ ਇਕੋ ਇਕੋ ਪੁਤਰ ਸੀ ਜੋ ਮਰ ਗਿਆ ਸੀ ਤੇ ਜਿਸ ਨੂੰ ਉਸ ਦੇ ਦਿਨ ਰਾਤ ਦੇ ਅਰਦਾਸ, ਸੁਖਣਾ, ਚੜ੍ਹਾਵੇ, ਪਾਠ ਪੂਜਾ ਨਾ ਬਚਾ ਸਕੇ । ਉਹ ਇਹੋ ਕਹਿੰਦਾ ਹੁੰਦਾ ਸੀ ਰੱਬ ਸ਼ੱਬ ਕੋਈ ਨਹੀਂ, ਇਹ ਐਵੇਂ ਗਪ ਸ਼ਪ ਹੈ, ਵਹਿਮ ਹੈ, ਜੇ ਹੁੰਦਾ ਤਾਂ ਜੋ ਅਰਦਾਸੇ ਮੈਂ ਲਗਾਤਾਰ ਕੀਤੇ ਨ, ਉਹ ਸੱਖਣੇ ਨ ਜਾਂਦੇ ।

ਪਰ ਸਾਰਿਆਂ ਐਸੇ ਮਰੀਜ਼ਾਂ ਵਿਚੋਂ 'ਲੁਕਾਠ' ਆਪਣੇ ਆਪ ਵਿਚ ਇਕ ਖਾਸ ਦਿਲ-ਚਸਪੀ ਰਖਦਾ ਸੀ । ਇਸ ਦੀ ਉਮਰ ਅਜੇ ਛੋਟੀ ਜਵਾਨੀ ਦੀ ਸੀ । ਜ਼ਾਤ ਦਾ ਬ੍ਰਾਹਮਣ ਸੀ। ਪਿਤਾ ਕਿਸੇ ਵੱਡੇ ਸਿਖ ਸਰਦਾਰ ਦਾ ਪੋਹਤ ਸੀ। ਇਹ ਸਰਦਾਰ ੧੮੪੯ ਦੇ ਰਾਜ ਬਦਲਣ ਵੇਲੇ ਪੂਰਬ ਵੱਲ ਕੱਢ ਦਿੱਤਾ ਗਿਆ ਸੀ ।

ਲੁਕਾਠ ਡਾਕਟਰ ਸਾਹਿਬ ਕੋਲੋਂ ਉਮਰ ਵਿਚ ਵੱਡਾ ਸੀ, ਦੱਸੀ ਸਾਲ ਕੁ ਦਾ ਫਰਕ ਸੀ । ਪਰ ਛੋਟੀ ਅਵਸਥਾ ਤੋਂ ਬਾਬੇ ਸਾਹਿਬ ਦੀ ਪ੍ਰਕਰਮਾ ਵਿਚ ਦੋਨੋਂ ਇਕੱਠੇ ਹੋ ਜਾਂਦੇ ਸਨ। ਚਾਹੇ ਦੋਨਾਂ ਨੇ ਆਪੋ ਆਪਣੀ ਰੁਚੀ ਅਨੁਸਾਰ ਆਪਣੇ ਰਸਤੇ ਵਖੋ ਵਖ ਲਭ ਲਏ ਸਨ, ਪਰ ਬਾਬੇ ਸਾਹਿਬ ਦੀ ਪ੍ਰਕਰਮਾਂ ਇਕ ਸਾਂਝਾ ਮੇਲ ਸਥਾਨ ਸੀ। ਲੁਕਾਠ ਨਾਲ ਹਮਜੋਲੀਪੁਣਾ ਕਾਫੀ ਵਧ ਗਿਆ ਸੀ ਤੇ ਉਹ ਬੜੀ ਵੇਰ ਘਰ ਵੀ ਆ ਜਾਂਦਾ ਸੀ, ਪਰ ਡਾਕਟਰ ਸਾਹਿਬ ਕਦੇ ਉਸ ਦੇ ਘਰ ਨਹੀਂ ਗਏ ਤੇ ਇਹ ਗੱਲ ਬਾਬੇ ਕਾਹਨ ਸਿੰਘ ਦੇ ਜੀਵਨ ਪ੍ਰਯੰਤ ਨਿਭੀ। ਬਾਬੇ ਦੇ ਦਿਲ ਵਿਚ ਲੁਕਾਠ ਨਾਲ ਹਮਦਰਦੀ ਸੀ ਤੇ ਉਹ ਇਸ ਦੇ ਹਾਸੇ ਮਖੌਲ ਨਾਲ ਹਸ ਵੀ ਪੈਂਦਾ ਸੀ, ਪਰ ਪੁਤ੍ਰ ਨੂੰ ਉਸ ਦੇ ਘਰ ਭੇਜਣ ਤੋਂ ਹਮੇਸ਼ਾ ਗੁਰੇਜ਼ ਕਰਦਾ ਸੀ। ਲੁਕਾਠ ਦੀ ਉਮਰ ਅਜੇ ਕੱਚੀ ਹੀ ਸੀ ਕਿ ਪਿਤਾ ਚੜ੍ਹਾਈ ਕਰ ਗਿਆ ਤੇ ਆਪ ਇਹ ਬੁਰੀ ਸੋਹਬਤ ਵਿਚ ਫਸ ਗਿਆ । ਇਸ ਦਾ ਅਸਲੀ ਨਾਮ ਲੋਕ ਨਾਥ ਸੀ, ਪਰ ਯਾਰ ਦੋਸਤ ਸਭ ਮਖੌਲ ਨਾਲ ਲੁਕਾਠ ਬੁਲਾਉਂਦੇ ਸਨ, ਜੋ ਨਾਮ ਆਮ ਮਸ਼ਹੂਰ ਹੋ ਗਿਆ ।

ਲੋਕ ਨਾਥ ਝੁੱਗਾ ਝਾਂਜਾ ਗੁਆਕੇ ਡਾਕਟਰ ਸਾਹਿਬ ਦੇ ਆਸਰੇ ਹੀ ਹੋ ਬੈਠਾ। ਉਨ੍ਹਾਂ ਨੇ ਇਸ ਨੂੰ ਦਵਾ ਦਾਰੂ ਵੀ ਦੇਣਾ, ਨਾਲੇ ਸਾਰਾ ਦਿਨ ਕੰਮ ਲਾਈ ਰਖਣਾ । ਨਾਲ ਨਾਲ ਹੀ ਕੁਛ

Digitized by Panjab Digital Library | www.panjabdigilib.org

ਪੜ੍ਹਨ ਲਿਖਣ ਦੇ ਆਹਰੇ ਪਾ ਦਿੱਤਾ। ਇਨ੍ਹਾਂ ਤਦਬੀਰਾਂ ਨਾਲ ਉਸ ਦੀ ਸੇਹਤ ਕਾਫੀ ਠੀਕ ਹੋ ਗਈ। ਸੀ ਬ੍ਰਾਹਮਣ, ਪੜ੍ਹਾਈ ਦੀਆਂ ਗੱਲਾਂ ਵਿਚ ਦਿਨ ਬਦਿਨ ਚਤੁਰ ਹੋਣ ਲੱਗ ਪਿਆ।

ਇਨ੍ਹਾਂ ਦਿਲ-ਦਿਮਾਗ਼ ਦੇ ਮਰੀਜ਼ਾਂ ਦੇ ਇਲਾਜ ਨੇ ਚਕਿਤਸਾ ਤੋਂ ਛੁਟ ਕਈ ਹੋਰ ਨ੍ਹਾਲ ਪੈਦਾ ਕਰ ਦਿਤੇ। ਲੋਕ ਮਜ਼ੂਬ ਕਿਉਂ ਇਖਤਿਆਰ ਕਰਦੇ ਹਨ ? ਕੇਵਲ ਏਸ ਲਈ ਕਿ ਕੋਈ ਦੇਵਤਾ ਚਾਹੀਦਾ ਹੈ ਜਿਸ ਦੀਆਂ ਸੁੱਕਣਾਂ ਸੁੱਖਕੇ ਇਹ ਆਪਣੀ ਮਾਲੀ ਤਰੱਕੀ ਤੇ ਦੁਨਿਆਵੀ ਸੁਖ ਵਧਾ ਸਕਣ ? ਪੁਰਾਤਨ ਸਮਿਆਂ ਵਿਚ ਮਜ਼ਬ ਦੇ ਏਹੋ ਹੀ ਅਰਥ ਸਨ : ਇਸ ਦੁਨੀਆਂ ਦੇ ਸੁਖ ਵੀ ਮਿਲਣ ਤੇ ਅਗੇ ਸ੍ਵਰਗ ਦੇ ਭੋਗ ਵੀ। ਏਸ ਮਜ਼ਬ ਦਾ ਮੁੱਖ ਸਾਧਨ ਯਗ ਹੋਮ ਆਦਿਕ ਸੀ, ਦੇਵਤਿਆਂ ਨੂੰ ਹਵਨਾਂ ਦੀਆਂ ਆਹੂਤੀਆਂ ਦੇ ਦੇ ਕੇ ਖੁਸ਼ ਕਰਨਾ, ਬਕਰੇ ਦੀ ਕੁਰਬਾਨੀ ਦੇਣੀ, ਘੋੜੇ ਦੇ ਬਲੀਦਾਨ ਦਾ (ਅਸ਼੍ਵਮੇਧ) ਯੱਗ ਕਰਨਾ ਆਦਿਕ। ਪਰਾਤਨ ਹਿੰਦੂ ਮਜ਼ਬੀਅਤ ਏਹੋ ਸੀ ਕਿ ਮੰਤ੍ਰ ਪੜ੍ਹਕੇ ਆਪਣੇ ਹਰ ਮਨੋਰਥ ਦੀ ਸਿੱਧੀ ਦੀ ਯਾਚਨਾ ਕਰਨੀ। ਇਸ ਦਾ ਨਾਮ ਵੈਦਕ ਧਰਮ ਸੀ। ਸਾਰੇ ਆਰਯਵਰਤ ਵਿਚ ਸਦੀਆਂ ਤਕ ਖ਼ੂਨ ਦੀਆਂ ਨਦੀਆਂ ਵਗਦੀਆਂ ਰਹੀਆਂ, ਜਿਨ੍ਹਾਂ ਦਾ ਸੋਮਾ ਲੱਖਾਂ ਹੀ ਮਾਸੂਮ ਜਾਨਵਰਾਂ ਦੀ ਬਲੀ ਦਾਨ ਦੀ ਜਗਵੇਦੀ ਉਪਰ ਨਿਵਾਈ ਹੋਈ ਗਰਦਨ ਸੀ।

ਏਸੇ ਮਜ਼ਹਬ ਦੀ ਸਾਰੀ ਕਰਣੀ 'ਕਰਮ ਕਾਂਡ' ਦੇ ਨਾਮ ਹੇਠ ਜਾਂਦੀ ਹੈ। ਪੁਰਾਣਾ ਹਿੰਦੂ ਮਤ ਆਖ ਲਵੋ, ਵੈਦਕ ਧਰਮ ਆਖ ਲਵੋ, ਜਾਂ ਕਰਮ ਕਾਂਡੀ ਪੁਣਾ ਆਖ ਲਵੋ, ਇਹ ਸਭ ਇਕੋ ਜੇਹੀਆਂ ਮਿਲਦੀਆਂ ਜੁਲਦੀਆਂ ਗੱਲਾਂ ਹਨ। ਜਦ ਦੁਨੀਆਂ ਨੇ ਕੁਛ ਤੁੱਕੀ ਕੀਤੀ ਤੇ ਗਯਾਨ ਦਾ ਪ੍ਰਕਾਸ਼ ਵਧਿਆ ਤਾਂ ਹੌਲੇ ਹੌਲੇ ਕੁਛ ਉਹ ਲੋਗ ਪੈਦਾ ਹੋ ਗਏ ਜਿਨ੍ਹਾਂ ਨੂੰ ਕਰਮ ਕਾਂਡੀ ਗੱਲਾਂ ਵਿਚ ਰੁਚੀ ਨਾ ਰਹੀ। ਪਰ ਉਸ ਵੇਲੇ ਇਲ੍ਹਾਂ ਲੋਗਾਂ ਵਿਚ ਹਿੰਮਤ ਨਹੀਂ ਸੀ ਕਿ ਇਹ ਦੇਵਤਿਆਂ ਬਾਬਤ ਪਏ ਭਰਮਾਂ ਤੇ ਵਹਿਮਾਂ ਦਾ ਦਿਲ ਖੋਲ੍ਹ ਕੇ ਖੰਡਨ ਕਰਦੇ। ਇਹ ਉਪਨਿਸ਼ਦਾਂ ਦਾ ਜ਼ਮਾਨਾ ਸੀ। ਭਾਵੇਂ ਉਪਨਿਸ਼ਦਾਂ ਵਿਚ ਕਰਮ ਕਾਂਡੀ ਮਜ਼ਬੀਅਤ ਉਪਰ ਦਿਲ ਖੋਲ੍ਹਵਾਂ ਹਮਲਾ ਨਹੀਂ ਪਰ ਤਦ ਵੀ ਗਿਆਨੀਆਂ ਅਤੇ ਕਰਮ ਕਾਂਡੀਆਂ ਦੇ ਆਪਸ ਵਿਚ ਲੜਾਈ ਝਗੜੇ ਹੁੰਦੇ ਰਹੇ। ਪੁਰਾਤਨ ਸਾਹਿੱਤ ਵਿਚ ਇਕ ਕਥਾ ਹੈ ਜੋ ਇਸ ਝਗੜੇ ਨੂੰ ਚੰਗੀ ਤਰਾਂ ਸਮਝ ਗੋਚਰਾ ਕਰ ਸਕਦੀ ਹੈ। ਉਹ ਇਹ ਹੈ:—

ਇਕ ਰਿਸ਼ੀ ਸੀ। ਇਸ ਦਾ ਨਾਮ ਦਧਜੰਗ (ਦਧ੍ਯਙ੍) ਸੀ। ਇਹ ਬ੍ਰਹਮ ਗਿਆਨੀ ਸੀ। ਇਕ ਸਮੇਂ ਦਧਜੰਗ ਰਿਸ਼ੀ ਦੇ ਆਸ਼੍ਰਮ ਵਿਚ ਇੰਦਰ ਆਯਾ। ਰਿਸ਼ੀ ਨੇ ਪ੍ਰਾਹੁਣਾ ਜਾਣ ਬੜੀ ਖ਼ਾਤਰ ਕੀਤੀ। ਰਿਸ਼ੀ ਨੇ ਕਿਹਾ, ਤੁਸੀਂ ਮੇਰੇ ਮਹਿਮਾਨ ਹੋ,ਜਿਸ ਚੀਜ਼ ਦੀ ਆਪ ਨੂੰ ਇਛਾ ਹੋਵੇ ਸੋ ਕਹੋ। ਇੰਦਰ ਨੇ ਕਿਹਾ, ਮੈਨੂੰ ਬ੍ਰਹਮ ਵਿਦਜਾ ਦਾ ਉਪਦੇਸ਼ ਦਿਓ। ਰਿਸ਼ੀ ਨੂੰ ਬੜੀ ਮੁਸ਼ਕਲ ਪੈ ਗਈ। ਇੰਦਰ ਬ੍ਰਹਮ ਵਿਦਜਾ ਦਾ ਅਧਿਕਾਰੀ ਨਹੀਂ ਸੀ। ਉਹ ਮਹਾਂ ਭੋਗੀ, ਮਾਯਾ ਦੇ ਐਸ਼ਵਰਜ ਵਿਚ ਫਸਿਆ ਹੋਇਆ, ਦਿਨ ਰਾਤ ਰਸਾਂ ਕਸਾਂ ਦੇ ਚਸਕਿਆਂ ਦਾ ਮਾਰਿਆ ਹੋਇਆ, ਅਪੱਛਰਾਂ ਦੇ ਨਾਚ ਰੰਗ ਵਿਚ ਮਸਤ ਰਹਿਣ ਵਾਲਾ ਇੰਦਰ ਪੁਰੀ ਦਾ ਰਾਜਾ ਸੀ। ਪਰ ਰਿਸ਼ੀ ਬਚਨ ਦੇ ਚੁਕਾ ਸੀ। ਆਖ਼ਰ ਉਸ ਨੇ ਚੰਗੀ ਤਰ੍ਹਾਂ ਉਪਦੇਸ਼ ਦਿਤਾ ਤੇ ਸਾਰੀ ਗੱਲ ਖੋਲ੍ਹਕੇ ਸਮਝਾਈ। ਮਾਯਾ ਦੇ ਸੁਖਾਂ ਨੂੰ, ਐਸ਼੍ਵਰਜ਼ ਦੇ ਚਸਕਿਆਂ ਨੂੰ ਨਿਰਾ ਅਗਿਆਨ ਦਸਿਆ। ਪ੍ਰਸੰਗ ਵਸ਼, ਸਰੀਰ ਦੇ ਕਾਮ ਜਨਕ ਸੁਖਾਂ ਨੂੰ ਨਿੰਦਦਿਆਂ ਹੋਇਆਂ ਰਿਸ਼ੀ ਨੇ ਏਥੋਂ

Digitized by Panjab Digital Library | www.panjabdigilib.org

ਤਕ ਕਿਹਾ ਕਿ ਭੋਗ ਦ੍ਰਿਸ਼ਟੀ ਨਾਲ ਜੇ ਦੇਖਿਆ ਜਾਵੇ ਤਾਂ ਇਕ ਇੰਦਰ ਅਤੇ ਇਕ ਕੁੱਤਾ ਇਕੋ ਬਰਾਬਰ ਹਨ। ਇੰਦਰ ਨੂੰ ਕ੍ਰੋਧ ਆ ਗਿਆ। ਉਹ ਰਿਸ਼ੀ ਨੂੰ ਮਾਰਨ ਲਈ ਤਿਆਰ ਹੋ ਗਿਆ ਪਰ ਫੇਰ ਸੋਚਕੇ ਰੁਕ ਗਿਆ, ਪ੍ਰੰਤੂ ਇਹ ਕਹਿਕੇ ਚਲਾ ਗਿਆ ਕਿ ਜੇਕਰ ਏਸ ਬ੍ਰਹਮ ਵਿਦਯਾ ਦਾ ਉਪਦੇਸ਼ ਆਪ ਕਿਸੇ ਦੂਸਰੇ ਨੂੰ ਕਰੋਗੇ ਤਾਂ ਮੈਂ ਉਸੇ ਖਿਣ ਆਪ ਦਾ ਸਿਰ ਉਤਾਰ ਦੇਵਾਂਗਾ।

ਸਾਡੇ ਪ੍ਰਯੋਜਨ ਲਈ ਇਹ ਕਥਾ ਏਥੋਂ ਤਕ ਹੀ ਫਬਦੀ ਹੈ। ਅਗਲੀ ਤਫ਼ਸੀਲ ਅਕਲ ਲਈ ਜ਼ਰਾ ਪੇਚਦਾਰ ਹੈ ਕਿ ਰਿਸ਼ੀ ਨੇ ਮੁੜ ਕਿਨ੍ਹਾਂ ਨੂੰ ਉਪਦੇਸ਼ ਕੀਤਾ ਤੇ ਕਿਸ ਤਰਕੀਬ ਨਾਲ ਉਸ ਦਾ ਸਿਰ ਕੱਟਿਆ ਗਿਆ ਤੇ ਕਿਸ ਤਰ੍ਹਾਂ ਉਸ ਸਮੇਂ ਦੇ ਡਾਕਦਾਰਾਂ (ਅਸ਼ਨੀ ਕੁਮਾਰਾਂ) ਨੇ ਮੁੜਕੇ ਸਿਰ ਨੂੰ ਧੜ ਨਾਲ ਜੋੜਿਆ*। ਸਾਡਾ ਮਤਲਬ ਕੇਵਲ ਇਤਨਾ ਹੈ ਕਿ ਪ੍ਰਾਚੀਨ ਜ਼ਮਾਨੇ ਵਿਚ ਹੀ ਦੋ ਮਜ਼ਹਬ ਹੋ ਗਏ : ਇਕ ਦੇਵਤਿਆਂ ਦਾ ਮਜ਼ਹਬ ਦੂਜੇ ਗਿਆਨੀਆਂ ਦਾ ਮਜ਼ਹਬ। ਦੇਵਤਿਆਂ ਦਾ ਮਜ਼ਹਬ ਭੋਗੀ ਰਸਾਂ ਦਾ ਮਜ਼ਹਬ ਸੀ ਤੇ ਗਿਆਨੀਆਂ ਦਾ ਭੋਗ ਵਾਸ਼ਨਾ ਨੂੰ ਜਿੱਤਣ ਦਾ ਤੇ ਦੋਹਾਂ ਦਾ ਪਰਸਪਰ ਮਤ ਭੇਦ ਦਧੀਚ ਰਿਸ਼ੀ ਦੇ ਜ਼ਮਾਨੇ ਵੇਲੇ ਸਿਰ ਵੱਢਵੇਂ ਫਰਕ ਤਕ ਚਲਾ ਗਿਆ ਸੀ। ਦੇਵਤਿਆਂ ਨੂੰ ਮੰਨਣ ਵਾਲੀ ਦੁਨੀਆਂ ਵੀ ਭੋਗਾਂ ਦੀ ਇੱਛਾਵਾਨ ਸੀ ਤੇ ਇਨ੍ਹਾਂ ਦਾ ਸਾਧਨ ਮੰਤ੍ਰ, ਹਵਨ ਅਤੇ ਅਨੇਕ ਪ੍ਰਕਾਰ ਦੀਆਂ ਕੁਰਬਾਨੀਆਂ ਦੇ ਜੱਗ ਵਗੈਰਾ ਸਨ। ਗਿਆਨੀਆਂ ਦਾ ਰਸਤਾ ਉਲਟਾ ਸੀ, ਇਹ ਤਿਆਗ ਅਤੇ ਵੈਰਾਗ ਦਾ ਰਸਤਾ ਸੀ, ਇਹ ਸੰਨਯਾਸੀਆਂ ਦਾ, ਫਕੀਰਾਂ ਦਾ ਮਾਰਗ ਸੀ ਜੋ ਦੇਵਤਿਆਂ ਨੂੰ ਤਰਕ ਕਰਕੇ ਕਿਸੇ ਬਿਬੇਕ ਸਾਧਨ ਦ੍ਵਾਰਾ ਬ੍ਰਹਮ ਟੇਕ ਦੇ ਚਾਹਵਾਨ ਸਨ।

ਇਨ੍ਹਾਂ ਦੋ ਮਜ਼ਹਬਾਂ ਦੇ ਨਾਮ ਛੇਕੜ ਇਹ ਹੋ ਗਏ: ਪਰਵਿਰਤੀ ਮਾਰਗ ਅਤੇ ਨਿਵਿਰਤੀ ਮਾਰਗ। ਪਰਵਿਰਤੀ ਅਤੇ ਨਿਵਿਰਤੀ-ਏਹੀਓ ਹੀ ਦੋ ਲਫਜ਼ ਹਨ, ਜੋ ਅੰਗ੍ਰੇਜ਼ੀ ਫਿਲਾਸਫੇ ਵਿਚ Self Assertion ਅਤੇ Self Denial ਦੇ ਨਾਮ ਹੇਠ ਪ੍ਰਚਲਿਤ ਹਨ ਤੇ ਜਿਨ੍ਹਾਂ ਨੂੰ ਬਹੁਤੀ ਪ੍ਰਸਿੱਧੀ ਜਰਮਨੀ ਦੇ ਫਿਲਾਸਫਰ ਸ਼ੋਪਨਹਾਇਰ ਨੇ ਦਿਤੀ।

ਪਰਵਿਰਤੀ ਅਤੇ ਨਿਵਿਰਤੀ, ਇਹ ਧਾਰਮਕ ਦੁਨੀਆਂ ਦੇ ਦੋ ਸਿਰੇ ਹਨ। ਕਰਮ ਕਾਂਡੀ ਹਿੰਦੂ,—ਇਹ ਪਰਵਿਰਤੀ ਦਾ ਇਕ ਸਿਰਾ ਹੈ;ਬੁਧ ਮਜ਼ਹਬ ਇਹ ਨਿਵਿਰਤੀ ਦਾ ਦੂਜਾ ਸਿਰਾ ਹੈ। ਮਹਾਤਮਾ ਬੁਧ ਦਾ ਆਪਣਾ ਜੀਵਨ ਨਿਵਿਰਤੀ ਦਾ ਨਮੂਨਾ ਹੈ। ਜਵਾਨੀ ਵੇਲੇ ਰਾਜ ਦਾ ਤਿਆਗ, ਇਸਤ੍ਰੀ ਪੁਤ੍ਰ ਦਾ ਤਿਆਗ, ਭਿੱਛਾ ਮੰਗਕੇ ਉਦਰ ਪੂਰਨਾ ਕਰਨੀ ਅਤੇ ਦੁਨੀਆਂ ਨੂੰ ਅਹਿੰਸਾ ਅਤੇ ਦਯਾ ਧਰਮ ਦਾ ਉਪਦੇਸ਼ ਦੇਣਾ, ਇਹ ਨਿਵਿਰਤੀ ਦੀਆਂ ਪੂਰ ਅਸਰ ਮਿਸਾਲਾਂ ਹਨ।

ਅਸੀਂ ਦੁਨੀਆਂ ਦੇ ਬਹੁਤ ਸਾਰੇ ਧਰਮਾਂ ਨੂੰ ਇਨ੍ਹਾਂ ਹੀ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ, ਮਿਸਾਲ ਦੇ ਤੌਰ ਉਪਰ ਯਹੂਦੀ ਮਤ,ਜਾਪਾਨ ਦਾ ਸ਼ਿੰਟੋ ਮਤ ਅਤੇ ਇਸਲਾਮ, ਪਰਵਿਰਤੀ ਪ੍ਰਧਾਨ ਧਰਮ ਹਨ; ਜੈਨ, ਈਸਾਈ, ਬੁਧ, ਗੋਰਖ ਮਤ ਆਦਿਕ ਨਿਵਿਰਤੀ ਪ੍ਰਧਾਨ ਹਨ। ਫੇਰ ਇਨ੍ਹਾਂ ਦੋਵੇਂ ਸਿਰਿਆਂ ਦੇ ਵਿਚ ਅਨੇਕਾਂ ਹੀ ਮਤ ਹਨ ਜਿਨ੍ਹਾਂ ਵਿਚ ਪਰਵਿਰਤੀ ਅਤੇ ਨਿਵਿਰਤੀ ਵਧ ਘਟ ਹਿੱਸੇ ਮਿਲੇ ਹੋਏ ਹਨ।

---

*ਪੂਰੇ ਵਿਸਤਾਰ ਲਈ ਦੇਖੋ ਤੈਤ੍ਰੀਯ ਬ੍ਰਾਹਮਣ।

Digitized by Panjab Digital Library | www.panjabdigilib.org

ਜਿਸ ਵੇਲੇ ਇਕ ਸਿਖ ਅਰਦਾਸ ਕਰਦਾ ਹੈ: "ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ" ਤਦ ਉਹ ਕਿਸੇ ਨਵਿਰਤੀ ਦੇ ਪਥ ਉਪਰ ਉੱਨਤੀ ਕਰ ਰਿਹਾ ਹੈ ਪਰ ਜਦ ਇਕ ਸਿਖ ਸੁੱਖਣਾ ਸੁਖਦਾ ਹੈ :-ਹੇ ਸਚੇ ਪਾਤਸ਼ਾਹ ! ਜੇ ਕੱਲ ਜੂਏ ਦਾ ਦਾਉ ਜਿੱਤ ਲਿਆ ਤਾਂ ਸਵਾ ਰੁਪੈ ਦਾ ਕੜਾਹ ਪ੍ਰਸ਼ਾਦ ਲੈਕੇ ਹਾਜ਼ਰ ਹੋਵਾਂਗਾ, ਤਦ ਉਸ ਦੀ ਦ੍ਰਿਸ਼ਟੀ ਪਰਵਿਰਤੀ ਵਾਲੀ ਹੈ।

ਲੁਕਾਠ ਨੇ ਇਕ ਦਿਨ ਡਾਕਟਰ ਸਾਹਿਬ ਕੋਲੋਂ ਪੁਛਿਆ:- ਕਿਉਂ ਜੀ ! ਤੁਸੀਂ ਬਾਬੇ ਅਟਲ ਕੋਲੋਂ ਕਦੇ ਕੋਈ ਮੁਰਾਦ ਨਹੀਂ ਮੰਗੀ ? ਤਦ ਉਹ ਹੱਸ ਪਏ ਤੇ ਕਹਿਣ ਲਗੇ : ਅਸੀਂ ਰੋਜ਼ ਮੰਗਦੇ ਹਾਂ, ਪਰ ਅਸੀਂ ਮੰਗਦੇ ਹਾਂ ਇਕ ਗੱਲ:

"ਬਖਸ਼ ਨਾਮ ਕੋ ਦਾਨ ਪ੍ਰਭ ਸਿਖੀ ਸ਼ਰਧਾ ਭਾਉ ॥"

ਲੁਕਾਠ–ਕੀ ਸੁੱਖਣਾ ਸੁੱਖਣੀਆਂ ਗ਼ਲਤ ਗਲ ਹੈ ?

ਡਾਕਟਰ ਸਾਹਿਬ–ਸੁੱਖਣਾ ਸੁੱਖਕੇ ਮੁਰਾਦਾਂ ਮੰਗਣੀਆਂ ਇਹ ਪਰਵਿਰਤੀ ਦਾ ਸੁਭਾਉ ਹੈ। ਇਸ ਵਿਚ ਆਤਮਕ ਕੁਸ਼ਲਤਾ ਨਹੀਂ, ਜੋ ਕਿ ਮਜ਼ੂਬ ਦਾ ਅਸਲੀ ਮੁੱਦਾ ਹੈ।

ਲੁਕਾਠ–ਪਰ ਏਸ ਵਿਚ ਹਰਜ ਕੀ ਹੈ ? ਉਸ ਦਾ ਕੁਛ ਨਹੀਂ ਘਟਦਾ। ਜੇ ਇਕ ਜੁਆਰੀਆ ਜਿੱਤੇਗਾ ਤਾਂ ਦੂਜੇ ਦਾ ਮਾਲ ਉਸ ਕੋਲ ਆਵੇਗਾ, ਰਬ ਦੀ ਤਾਂ ਕੋਈ ਹਿੰਗ ਫਟਕੜੀ ਨਹੀਂ ਲਗਦੀ। ਉਹਨੇ ਤਾਂ ਸਿਰਫ਼ ਪਾਸਾ ਸਿੱਧਾ ਕਰਨਾ ਹੈ ਤੇ ਆਪਣੀ ਮਨੌਤ ਰਖਾ ਲੈਣੀ ਹੈ, ਉਹਨੂੰ ਤੇ ਨਫਾ ਹੀ ਨਫਾ ਹੈ।

ਡਾਕਟਰ ਸਾਹਿਬ-ਓਸ ਲਈ ਬੜੀ ਮੁਸ਼ਕਲ ਬਣ ਜਾਂਦੀ ਹੈ।

ਲੁਕਾਠ–ਉਹ ਕਿਵ ?

ਡਾਕਟਰ ਸਾਹਿਬ–ਜੇ ਦੋਨਾਂ ਹੀ ਜ਼ਾਰੀਆਂ ਸੁਖਣਾਂ ਸੁਖੀਆਂ ਹੋਣ ਤਾਂ।

ਲੁਕਾਠ–ਹਾਂ, ਤਦ ਤੇ ਫੇਰ ਜ਼ਰੂਰ ਔਕੜ ਆ ਬਣੇਗੀ।

ਡਾਕਟਰ ਸਾਹਿਬ–ਸਾਡੇ ਉਹ ਸਾਰੇ ਅਰਦਾਸੇ, ਸਾਡੀਆਂ ਉਹ ਸਾਰੀਆਂ ਸੁੱਖਣਾਂ ਜਿਨ੍ਹਾਂ ਦ੍ਵਾਰਾ ਅਸੀਂ ਧਨ ਦੌਲਤ ਮੰਗਦੇ ਹਾਂ, ਉਹ ਅਕਸਰ ਕਿਸੇ ਦੂਜੇ ਨੂੰ ਉਤਨੀ ਹੀ ਹਦ ਤਕ ਨੁਕਸਾਨ ਪਹੁੰਚਾਉਣ ਦੇ ਵਸੀਲੇ ਹੁੰਦੇ ਹਨ, ਏਸ ਕਰਕੇ ਐਸੀਆਂ ਸੁਖਣਾਂ ਵਿਚ ਇਖਲਾਕੀ ਕਮਜ਼ੋਰੀ ਦਾ ਪਹਿਲੂ ਆ ਜਾਂਦਾ ਹੈ।

ਲੁਾਕਠ–ਹਾਂ, ਪਰ ਕਈ ਐਸੀਆਂ ਮੰਗਾਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਕਿਸੇ ਦੂਜੇ ਦਾ ਨੁਕਸਾਨ ਨਾ ਹੋਵੇ !

ਡਾਕਟਰ ਸਾਹਿਬ–ਬੇਸ਼ਕ ਐਸੀਆਂ ਮੰਗਾਂ ਵੀ ਹਨ, ਪਰ ਓਥੇ ਮੰਗ ਪੂਰੀ ਕਰਨ ਵਾਲੇ ਨੂੰ ਆਪ ਖੇਦ ਉਠਾਉਣਾ ਪੈਂਦਾ ਹੈ।

ਲੁਕਾਠ–ਇਹ ਕਿਸ ਤਰ੍ਹਾਂ ?

ਡਾਕਟਰ ਸਾਹਿਬ–ਏਹੋ ਹੀ ਤੇ ਬਾਬੇ ਅਟਲ ਦੇ ਜੀਵਨ ਵਿਚ ਸਬਕ ਹੈ। ਗੁਰਮੁਖ ਦਾ ਪੁੱਤਰ ਮੋਹਨ ਮਰ ਜਾਂਦਾ ਹੈ, ਬਾਬਾ ਅਟਲ ਜੀ ਉਸ ਨੂੰ ਜਿਵਾ ਦੇਂਦੇ ਹਨ, ਪਰ ਕਿਸ ਮੁੱਲ ਉਪਰ ! ਆਪੇ ਦੀ ਕੁਰਬਾਨੀ ਨਾਲ। ਮੋਹਨ ਤਾਂ ਜੀਉ ਪਿਆ ਜੋ ਉਹਨਾਂ ਦਾ ਬਾਲ ਸਖਾ ਸੀ,

Digitized by Panjab Digital Library | www.panjabdigilib.org

ਪਰ ਸ੍ਵਾਲ ਇਹ ਹੈ ਕਿ ਕੀ ਮੋਹਨ ਨੂੰ ਉਸ ਦੋਸਤ ਬਗ਼ੈਰ ਜੀਵਨ ਦਾ ਕੁਛ ਸ੍ਵਾਦ ਆਇਆ ?

ਅਸੀਂ ਲੁਕਾਠ ਵਾਲੀ ਗੱਲ ਬਾਤ ਤਾਂ ਏਥੇ ਖ਼ਤਮ ਕਰਦੇ ਹਾਂ ਤੇ ਪਾਠਕਾਂ ਨੂੰ ਦੱਸਦੇ ਹਾਂ ਕਿ ਡਾਕਟਰ ਸਾਹਿਬ ਨੇ ਬੜੀਆਂ ਪੋਥੀਆਂ ਤੇ ਬੜੇ ਗ੍ਰੰਥ ਸਿਰਫ ਏਸੇ ਗਲ ਦੀ ਖੋਜ ਲਈ ਮੁਤਾਲਿਆ ਕੀਤੇ ਕਿ ਮੋਹਨ ਦੀ ਜ਼ਿੰਦਗੀ ਕਿਸਤਰ੍ਹਾਂ ਗੁਜ਼ਰੀ। ਬਾਬੇ ਅਟਲ ਦੇ ਚਲਾਣੇ ਦੇ ਸਦਮੇਂ ਨੂੰ ਮੋਹਨ ਦੇ ਬਾਲਮ ਦਿਲ ਨੇ ਕਿਸਤਰ੍ਹਾਂ ਸ੍ਵੀਕਾਰ ਕੀਤਾ ? ਕੀ ਉਹ ਸੁਖੀ ਰਿਹਾ ਜਾਂ ਅਪਣੇ ਉਪਰ ਧਿਕਾਰ ਪਾਉਂਦਾ ਸ਼ੋਕਾਤੁਰ ਰਿਹਾ। ਇਹ ਇਕ ਖਾਸ ਗੱਲ ਸੀ ਜੋ ਡਾਕਟਰ ਸਾਹਿਬ ਹੱਲ ਕਰਨੀ ਚਾਹੁੰਦੇ ਸਨ। ਦੂਜੇ ਇਕ ਦੋ ਹੋਰ ਨੁਕਤੇ ਸਨ ਜਿਨ੍ਹਾਂ ਨੂੰ ਉਹ ਸਪਸ਼ਟ ਸਮਝਣਾ ਚਾਹੁੰਦੇ ਸਨ। ਸੋ ਬਾਬੇ ਅਟਲ ਦੇ ਜੀਵਨ ਮਰਮ ਨੂੰ ਅਪਣੀ ਬੁਧਿ ਵਿਚ ਸੁਲਝਾਉਣ ਲਈ ਜਿਸ ਮੁਤਾਲਿਆ ਦਾ ਤਰੱਦਦ ਉਨ੍ਹਾਂ ਨੂੰ ਕਰਨਾ ਪਿਆ ਉਨ੍ਹਾਂ ਦੇ ਆਪਣੇ ਲਫਜ਼ਾਂ ਵਿਚ ਇਸਤ੍ਰਾਂ ਆਇਆ ਹੈ:—

ਬਹੁਤ ਕਾਲ ਖੋਜਤ ਰਹਜੋ ਸਾਖੀ ਅਨਿਕ ਪ੍ਰਕਾਰ।
ਗੁਰ ਬਿਲਾਸ ਪੇਖੇ ਸਕਲ ਇਸ ਸਾਖੀ ਹਿਤ ਧਾਰ।
ਪੁਨ ਸੂਰਜ ਪਰਕਾਸ਼ ਭੀ ਪਿਖਜੋ ਇਹੀ ਮਿਸ ਲਾਗ।
ਨਹਿੰ ਸਾਖੀ ਬਜੋਰਾ ਖੁਲ੍ਹਜੋ ਅਤਿ ਸ਼ੰਕਾ ਹਿਤ ਲਾਗ।
ਕਿਤਿਕ ਕਾਲ ਸਾਖੀ ਬਹੁਤ ਪਠੀ ਮੰਗਾਇ ਮੰਗਾਇ।
ਨਹਿਨ ਸ਼ਾਤ ਚਿਤਕੋ ਭਈ ਦਿਨ ਪ੍ਰਤਿ ਅਤਿ ਅਕੁਲਾਇ।

ਕੀ ਮੁਰਦੇ ਜਿਵਾਏ ਹੋਏ ਅਪਣੇ ਜੀਵਨ ਨੂੰ ਸਫਲ ਕਰਦੇ ਹਨ ? ਈਸਾ ਦੀ ਬਾਬਤ ਬੜੀਆਂ ਕਹਾਣੀਆਂ ਹਨ ਕਿ ਮੋਏ ਜਿਵਾ ਦੇਂਦਾ ਸੀ। ਇਕ ਅੰਗ੍ਰੇਜ਼ੀ ਸ਼ਾਇਰ* ਨੇ ਇਕ ਐਸੇ ਜ਼ਿੰਦਾ ਕੀਤੇ ਹੋਏ ਦਾ ਜ਼ਿਕਰ ਸ਼ਾਇਰਾਨਾ ਤ੍ਰੀਕੇ ਉਪਰ ਕੀਤਾ ਹੈ।

ਈਸਾ ਨੇ ਇਕ ਦਿਨ ਇਕ ਆਦਮੀ ਨੂੰ ਦੇਖਿਆ ਜੋ ਕਾਮ ਲੰਪਟ ਅਤੇ ਸ਼ਰਾਬ ਮਸਤ ਸੀ। ਇਸ ਨੇ ਈਸਾ ਨੂੰ ਦੇਖ ਕੇ ਸਿਰ ਨੀਵਾਂ ਪਾ ਲਿਆ ਤੇ ਕਿਹਾ : ਹਾਂ ਬੇਸ਼ਕ ਤੂੰ ਮੈਨੂੰ ਜ਼ਿੰਦਾ ਕੀਤਾ ਹੈ, ਪਰ ਮੈਨੂੰ ਸਮਝ ਨਹੀਂ, ਮੈਂ ਆਪਣਾ ਵਕਤ ਹੋਰ ਕਿਸ ਤਰ੍ਹਾਂ ਗੁਜ਼ਾਰਾਂ ? ਇਹ ਜੀਵਨ ਤੂੰ ਦਿਤਾ ਹੈ, ਇਸਨੂੰ ਕੀ ਕਰਾਂ ਸਿਵਾਏ ਏਸਦੇ ਕਿ ਇਨ੍ਹਾਂ ਰਸਾਂ ਕਸਾਂ ਵਿਚ ਆਪਣਾ ਝੱਟ ਟਪਾਵਾਂ।

ਪਰ ਇਕ ਕਹਾਣੀ, ਜਿਸ ਵਿਚ ਅਨੋਖੀ ਕਿਸਮਦੀ ਦਿਲਚਸਪੀ ਹੈ, ਇਸਤੋਂ ਵਖਰੀ ਹੋਰ ਹੈ। ਇਕ ਅਜ਼ੀਜ਼ ਨਾਮ ਦਾ ਆਦਮੀ ਸੀ, ਉਸਦਾ ਅਪਣੀ ਇਸਤ੍ਰੀ ਨਾਲ ਅਕਹਿ ਪ੍ਰੇਮ ਸੀ। ਇਸਤ੍ਰੀ ਮਰ ਗਈ। ਆਦਮੀ ਵਹੁਟੀ ਦੀ ਕਬਰ ਉਤੇ ਬੈਠਾ ਰਿਹਾ ਏਸ ਉਡੀਕ ਵਿਚ ਕਿ ਮੜੇ ਈਸਾ ਏਧਰੋਂ ਦੀ ਲੰਘੇ। ਵੀਹ ਵਰ੍ਹੇ ਗੁਜ਼ਰ ਗਏ। ਅਜ਼ੀਜ਼ ਬੁੱਢਾ ਹੋ ਗਿਆ ਤੇ ਉਸਦਾ ਬਦਨ ਬਿਲਕੁਲ ਜਰਜਰਾ। ਇਕ ਦਿਨ ਈਸਾ ਉਧਰ ਆ ਗਿਆ। ਇਸ ਹਾਲਤ ਵਿਚ ਪਹੁੰਚੇ ਹੋਏ ਖ਼ਾਵੰਦ ਦੀ ਬੇਨਤੀ ਅਸਰ ਤੋਂ ਖਾਲੀ ਨਹੀਂ ਸੀ,ਵਹੁਟੀ ਜਿਉਂ ਪਈ। ਇਸਤ੍ਰੀ ਕਬਰ ਵਿਚੋਂ ਉਸੇ ਅਵਸਥਾ ਵਿਚ ਨਿਕਲੀ ਜੋ ਉਸਦੀ ਮਰਨ ਤੋਂ ਪਹਿਲੇ ਸੀ। ਉਹ ਬੜੀ ਸੁੰਦਰ, ਜੁਆਨ ਅਤੇ ਤੰਦੁਰਸਤ ਸੀ। ਆਦਮੀ ਬਹੁਤ ਖੁਸ਼ ਹੋਇਆ ਪਰ ਇਸਤ੍ਰੀ ਬਹੁਤ ਉਦਾਸ। ਉਹ ਅਪਣੇ ਬੁੱਢੇ ਖ਼ਾਵੰਦ ਦਾ ਖ਼ਸਤਾ ਹਾਲ ਤੱਕ ਕੇ ਫੇਰ ਅਪਣੀ ਜੁਆਨੀ ਵਲ ਵੇਖਕੇ ਉਸੇ ਦਿਨ ਉਥੋਂ ਨਸ

*Oscar Wilde.

Digitized by Panjab Digital Library | www.panjabdigilib.org

ਗਈ। ਜਿਸ ਵਕਤ ਉਹ ਇਸਤ੍ਰੀ ਜੀਉਂਦੀ ਜਾਗਦੀ ਆਪਣੀ ਅਹਲ ਜ੍ਞਾਨੀ ਦੀ ਸ੍ਰੁੰਦ੍ਰਤਾ ਦੇ ਵਿਚ ਮਸਤ, ਕਬਰ ਦੀ ਮਿੱਟੀ ਝਾੜਦੀ ਹੋਈ, ਬਾਹਰ ਨਿਕਲੀ ਸੀ ਤਾਂ ਓਸ ਆਦਮੀ ਦੀ ਖੁਸ਼ੀ ਕੈਸੀ ਸੀ ? ਇਸਨੂੰ ਦੱਸਣ ਲਈ ਇਕ ਤਾਕਤਵਾਰ ਕਵੀ ਚਾਹੀਦਾ ਹੈ। ਜਿਸ ਵੇਲੇ ਮੋਹਨ ਨੂੰ ਬਾਬੇ ਅਟਲ ਨੇ ਜ਼ਿੰਦਾ ਕਰ ਦਿਤਾ ਤਾਂ ਉਸਦੇ ਬਾਪ ਦੀ ਕੀ ਖੁਸ਼ੀ ਸੀ ? ਇਸਨੂੰ ਡਾਕਟਰ ਸਾਹਿਬ ਨੇ ਬਿਆਨ ਕੀਤਾ ਹੈ:—

ਕਬਿਤ—ਬੰਧਜਾ ਗ੍ਰਿਹ ਪੂਤ ਜੈਸੇ, ਰੰਕੀ ਪੁਰਹੂਤ ਜੈਸੇ,
ਜ੍ਞਾਗੀ ਜੀਤ ਦਜੂਤ ਜੈਸੇ ਸਿੰਧ ਚੰਦ ਪੂਰਕੋ।
ਰੰਕ ਜਜੋਂ ਕੁਬੇਰ ਹੋਵੈ, ਰੋਗੀ ਸੰਨਪਾਤ ਖੋਵੈ,
ਜੋਗੀ ਹਰਿ ਰੂਪ ਜੋਵੈ, ਮੇਰੁ ਕਨ ਧੂਰ ਕੋ।
ਐਸ਼੍ਵਰਜ਼ ਅਚਾਨਕ ਭਜਾਨਕ ਦੁਖ ਦੂਰ ਕਟੈ,
ਸ੍ਰਾਂਤ ਜਜੋਂ ਪਪੀਹਾ, ਬ੍ਰਿੰਦ ਕੁਮਦ ਜਜੋਂ ਸੂਰ ਕੋ।
ਤੈਸੇ ਸੁਖ ਗੁਰਮੁਖ ਕੋ ਭਯੋ ਸੁਤ ਜੀਵਨ ਤੇ,
ਜੈਸੇ ਮਣਿ ਖੋਈ ਪਾਵੈ ਫਨ ਪੁਰਨੂਰ ਕੋ।

ਪਰ ਜਿਸ ਵਿਸਥਾਰ ਵਿਚ ਉਹ ਮੋਹਨ ਦੀ ਜ਼ਿੰਦਗੀ ਲਿਖਣੀ ਚਾਹੁੰਦੇ ਸਨ ਉਸਦਾ ਮਸਾਲਾ ਨਾਂ ਹੀ ਸਿਖ ਇਤਿਹਾਸ ਵਿਚੋਂ, ਨਾਂ ਹੀ ਪ੍ਰਚਲਤ ਕਥਾਵਾਂ ਵਿਚੋਂ ਉਨਾਂ ਨੂੰ ਮਿਲਿਆ। ਪਰ ਇਸ ਮਤਲਬ ਲਈ ਉਨ੍ਹਾਂ ਇਕ ਕਾਪੀ ਖੁੱਲ੍ਹੀ ਰਖੀ ਹੋਈ ਸ਼ੀ, ਜਿਸ ਵਿਚ ਓਹ ਆਪਣੇ ਨੋਟ ਦਰਜ ਕਰਦੇ ਸਨ।

ਬਾਬੇ ਅਟੱਲ ਦਾ ਮ੍ਰਿਤਕ ਸੰਸਕਾਰ ਇਕ ਨਾਟਕੀ ਦ੍ਰਿਸ਼ ਹੈ। ਅਗਨ ਸੇਜਾ ਲਈ ਸੁਗੰਧਿਤ ਸਾਮਿਗ੍ਰੀ ਮੰਗਵਾਈ ਗਈ। ਚੰਦਨ ਦੀ ਚਿਖਾ ਦੇ ਗਿਰਦ ਮੋਹਨ ਖੜਾ ਸੀ ਜਿਸਦੀ ਹਾਲਤ ਨੂੰ ਬਿਆਨ ਕਰ ਸਕਣਾ ਕਲਮ ਬੰਦੀ ਦੀ ਹਦ ਤੋਂ ਪਰੇ ਦੀ ਗੱਲ ਹੈ। ਪਰ ਡਾਕਟਰ ਸਾਹਿਬ ਨੇ ਆਪਣੀ ਖੁੱਲ੍ਹੀ ਕਾਪੀ ਵਿਚ ਉਸਦੀ ਅਵਸਥਾ ਦਾ ਇਸ਼ਾਰਾ ਮਾਤ੍ਰ ਦਿਤਾ:—

ਮੋਹਨ ਇਸ ਸੰਸਾਰ ਮਹਿੰ ਜੀਵਨ ਹੈ ਕਿਹ ਕਾਮ ?
ਪ੍ਰਾਨ ਸਖਾ ਬਿਨ ਜੀਵਨਾ ਸ੍ਵਾਸ ਬਿਨਾ ਤਨ ਚਾਮ।
ਅਬ ਯਹ ਖ੍ਵੰਡੀ ਖੇਲਨਾ ਖਾਵਨ ਪੀਵਨ ਨਾਹਿੰ।
ਬਿਰਹਾ ਅੰਤਰ ਖਾਵਹੀ ਜਿਉਂ ਘੁਣ ਕਾਠਹ ਮਾਹਿੰ।

ਮੋਹਨ ਬਾਹਰ ਇਹ ਦੇਖ ਰਿਹਾ ਸੀ ਕਿ ਬਲਦੀ ਚਿਖਾ ਕਿਸਤਰ੍ਹਾਂ ਕਾਠ ਨੂੰ ਭਸਮ ਕਰ ਰਹੀ ਹੈ, ਜਿਸ ਨਾਲ ਉਹ ਅੰਦਰ ਦੀ ਧੁਖਧੁਖੀ ਦਾ ਸਾਖੀ ਹੋ ਰਿਹਾ ਸੀ, ਜੋ ਘੁਣ ਵਾਕਰ ਹਿਰਦੇ ਦੇ ਕਾਠ ਨੂੰ ਕੁਤਰਨ ਲਗ ਪਈ ਸੀ।

ਮੋਹਨ ਦੇ ਨਾਲ ਹੀ ਗੁਰਮੁਖ ਹੈ, ਜਿਸਦੀ ਇਕ ਅੱਖ ਚਿਖਾ ਨੂੰ ਦੇਖਕੇ ਸ਼ੋਕ ਦੇ ਭੁਬਕਿਆਂ ਨਾਲ ਭਰਪੂਰ ਹੈ, ਦੂਜੀ ਅੱਖ ਪੁੱਤ੍ਰ ਨੂੰ ਜੀਉਂਦਿਆਂ ਤੱਕ ਕੇ ਕਿਸ਼ੇ ਹੈਰਾਨੀ ਵਾਲੀ ਹਰਖਭਰੀ ਤਸੱਲੀ ਨਾਲ ਤਰ ਹੈ। ਚਿਖਾ ਦੇ ਦੂਜੇ ਪਾਸੇ ਸਾਰਾ ਪਰਿਵਾਰ ਖੜਾ ਹੈ ਜਿਨ੍ਹਾਂ ਦਾ ਵਿਰਲਾਪ ਸੰਤਪਤ ਹਿਰਦਿਆਂ ਵਿਚੋਂ ਲਾਟਾਂ ਛਡ ਰਿਹਾ ਹੈ।

Digitized by Panjab Digital Library | www.panjabdigilib.org

ਏਸ ਹਰਖ ਸ਼ੋਕ ਦੇ ਤਮਾਸ਼ੇ ਵਿਚ, ਏਸ ਚਲਾਇਮਾਨ ਪ੍ਰਪੰਚ ਦੇ ਨਾਟਕ ਵਿਚ ਕੇਵਲ ਇਕ ਨਾਯਕ ਅਚੱਲ ਖੜਾ ਹੈ ਜਿਸਦੀ ਟੇਕ ਇਹ ਹੈ:—

ਦੈਵਗਤੀ ਈਸ਼ੁਰ ਅਸ ਭਾਣਾ। ਜੋ ਹੋਵਨ ਹੈ ਹੋਇ ਸੁ ਜਾਣਾ।
ਨਾਹਿਨ ਮੇਟ ਸਕੈ ਕੋ ਤਾਂਹੂ। ਹੁਇ ਹੈ ਸੁਈ ਜੁ ਪ੍ਰਭੁ ਚਿਤ ਚਾਹੂ।

ਇਹ ਗੁਰੂ ਹਰਿਗੋਬਿੰਦ ਜੀ ਸੇ।

੯. ਚਾਨਣ ਪਰਛਾਵਾਂ॥

ਅਸੀਂ ਉਪਰ ਦੱਸ ਆਏ ਹਾਂ ਕਿ ਸੰਨ ੧੮੭੭ ਈਸਵੀ ਵਿਚ "ਸ੍ਰੀ ਅਟਲ ਪ੍ਰਕਾਸ਼" ਦੀ ਰਚਨਾ ਸੰਪੂਰਨ ਹੋਈ। ਇਹ ਪੁਸਤਕ "ਸ੍ਰੀ ਚਰਨ ਹਰਿ ਵਿਸਥਾਰ" ਦੀ ਦੂਜੀ ਜਿਲਦ ਵਿਚ ਛਪ ਚੁਕੀ ਹੈ। ਲਿਖਾਰੀ ਦੀ ਇਤਨੀ ਕੁ ਉਮਰ ਵਿਚ ਇਸ ਪੁਸਤਕ ਦਾ ਲਿਖੇ ਜਾਣਾ ਨਿਜੀ ਅਰਥ ਰਖਦਾ ਹੈ। ਉਸ ਜ਼ਮਾਨੇ ਦੀ ਕਾਵ ਸ੍ਰਿਸ਼ਟੀ ਦੇ ਜੋ ਨੁਕਤਾਚੀਨ ਸਨ ਕੁਛ ਹੱਕੇ ਬੱਕੇ ਰਹਿ ਗਏ ਸਨ। ਬਾਬਾ ਸੁਮੇਰ ਸਿੰਘ ਜੀ ਇਹ ਰਚਨਾ ਦੇਖਕੇ ਅਤਿ ਪ੍ਰਸੰਨ ਹੋਏ। ਉਹ ਆਪ ਹਿੰਦੀ ਦੇ ਕਈ ਗ੍ਰੰਥ ਲਿਖ ਚੁਕੇ ਸਨ। ਯਥਾ:-ਗੁਰਪਦ ਪ੍ਰੇਮ ਪ੍ਰਕਾਸ਼, ਖਾਲਸਾ ਸ਼ਤਕ ਆਦਿਕ। ਬਾਬਾ ਸੁਮੇਰ ਸਿੰਘ ਜੀ ਮੰਨੇ ਹੋਏ ਹਿੰਦੀ ਕਵੀ ਸਨ। ਹਿੰਦੀ ਭਾਸ਼ਾ ਉਨ੍ਹਾਂ ਦਾ ਨਿਜੀ ਮੁਹਾਵਰਾ ਸੀ। ਨਿਜ਼ਾਮਾਬਾਦ (ਜ਼ਿਲਾ ਆਜ਼ਮ ਗੜ) ਵਿਚ ਉਹ ਆਪਣੇ ਦਾਦੇ ਦੇ ਵਕਤ ਤੋਂ ਖ਼ਾਨਦਾਨੀ ਤੌਰ ਤੇ ਚਿਰ ਵਸਨੀਕ ਸਨ। ਫੇਰ ਕੁਛ ਚਿਰ ਲਈ ਸ੍ਰੀ ਤਖਤ ਪਟਨਾ ਸਾਹਿਬ ਦੇ ਮਹੰਤ ਸਨ। ਸ੍ਰੀ ਅਟਲ ਪ੍ਰਕਾਸ਼ ਦੀ ਭਾਸ਼ਾ ਤੇ ਭਾਵ ਦੇਖਕੇ ਉਨ੍ਹਾਂ ਦਾ ਹਿਰਦਾ ਖੁਸ਼ੀ ਨਾਲ ਭਰ ਗਿਆ। ਉਨ੍ਹਾਂ ਉਸ ਵੇਲੇ ਇਕ ਛੰਦ ਕਿਹਾ (ਜੋ ਹੁਣ ਉਨ੍ਹਾ ਦਾ ਸਹੀ ਹੋ ਚੁਕਾ ਹੈ), ਜਿਸਦਾ ਮਤਲਬ ਸੀ ਕਿ ਇਹ ਲਿਖਾਰੀ ਅਦੁਤੀਯ ਪੁਰਸ਼ ਹੈ, ਏਸ ਕੋਲ ਦੇਸੀ ਤੇ ਵਲੈਤੀ ਦੋਨਾ ਪ੍ਰਕਾਰ ਦੀਆਂ ਔਖਧੀਆਂ ਦਾ ਗਿਆਨ ਹੁੰਦਿਆਂ ਹੁਣ ਏਸਨੇ ਮਾਨਸਕ ਰੋਗ ਦੇ ਇਲਾਜ ਦਾ ਪ੍ਰਬੰਧ ਕਰ ਦਿਤਾ ਹੈ*। ਪਰ ਸਭ ਤੋਂ ਵਧੀਕ ਖੁਸ਼ੀ ਹੋਈ ਜਿਸ ਨੂੰ ਉਹ ਲੁਕਾਠ ਸੀ। ਉਸਨੇ ਇਸ ਪੁਸਤਕ ਦੀ ਨਕਲ ਕਰ ਲਈ। ਰੋਜ਼ ਏਸੇ ਦਾ ਪਾਠ ਕਰਨਾ, ਏਥੋਂ ਤਕ ਕਿ ਉਸਨੂੰ ਕੰਠ ਹੋ ਗਈ। ਲੋਕ ਨਾਥ (ਲੁਕਾਠ) ਦੇ ਬਹੁਤ ਸਾਰੇ ਸ਼ੱਕ ਤੇ ਸੁਬ੍ਹੇ ਦੂਰ ਹੋਣ ਲਗੇ। ਪੁਸਤਕ ਨੂੰ ਸਿਰਹਾਣੇ ਰੱਖਕੇ ਸੌਣਾ ਤੇ ਮਹਸੂਸ ਕਰਨਾ ਕਿ ਬਾਬੇ ਸਾਹਿਬ ਦੀ ਪ੍ਰਕਰਮਾ ਵਿਚ ਸੁੱਤਾ ਪਿਆ ਹਾਂ। ਹੁਣ ਉਸਨੂੰ ਨੀਂਦ ਰੱਜਵੀਂ ਆ ਜਾਂਦੀ ਸੀ। ਉਹ ਜੋ ਰਾਤ ਭਰ ਮੰਜੀ ਉਪਰ ਪਾਸੇ ਭੰਨਦਾ ਸਿਰ੍ਹਾਂਦੀ ਪੁਆਂਦੀ ਬਦਲਦਾ ਰਹਿੰਦਾ ਸੀ, ਹੁਣ ਨਿੱਸਲ ਹੋਕੇ ਇਕੋ ਪਾਸੇ ਬੇਖ਼ਾਬ ਪਿਆ ਰਹਿੰਦਾ ਸੀ, ਪਤਾ ਨਹੀਂ ਲਗਦਾ ਸੀ ਕਿ ਰਾਤ ਕਿਧਰ ਤਿਲਕ ਗਈ। ਲੋਕ ਨਾਥ ਸਮਝਦਾ ਸੀ ਕਿ ਇਹ ਪੁਸਤਕ ਉਸਦੇ ਇਲਾਜ ਹਿਤ ਤਿਆਰ ਕੀਤੀ ਗਈ ਹੈ।

---

*ਕਬਿੱਤ—ਈਸ ਜੈਸੋ ਬਲੀ ਨਾਂਹਿ, ਵਿਦਜਾ ਸੋਂ ਸੰਬੰਧ ਨਾਂਹਿ, ਰੋਗ ਸੋ ਨ ਰਿਪੂ ਮਹਾਂ ਅੰਗ ਅੰਗ ਭੰਜਰੀ।
ਤਾਂਕੋ ਹਤਿ ਹੇਤ ਹਰਿ ਔਖਧੀ ਬਨਾਈ ਬਜੰਤ, ਆਯੁਰੋਪਵੇਦ ਮਾਂਹਿ ਜੰਤ ਮੰਤ ਸੰਜਰੀ॥
ਮਾਨਸੀ ਜੋ ਰੋਗ ਸੋ ਤੋ ਨਾਸੈਂ ਨ ਦਵਾਈ ਸੰਗ, ਤਾਂ ਕੇ ਨਾਮ ਗਾਥਾ ਸਾਧ ਸੇਵਾ ਕਰ ਸੰਜਰੀ॥
ਚਰਨ ਅ੍ਰਿਗਿੰਦ ਸੁ ਅੰਤ੍ਰੀਵ ਰੋਗ ਨਾਸ਼ ਹੇਤ ਔਖਧੀ ਬਨਾਈ ਏਹੁ ਗੁਰ ਪ੍ਰਤਾਪ ਮੰਜਰੀ॥

Digitized by Panjab Digital Library | www.panjabdigilib.org

ਲੋਕ ਨਾਥ ਦੀ ਤਬੀਅਤ ਮਾਲੀ-ਘੌਲੀਏ ਦੇ ਅਸਰ ਤੋਂ ਕਾਫੀ ਹਟ ਗਈ ਸੀ ਤੇ ਉਸਦਾ ਮਨ ਸੰਜੀਦਗੀ ਵਿਚ ਵਧਣ ਲਗ ਪਿਆ ਸੀ। ਪਰ ਕਈ ਪੁਰਾਣੇ ਝੱਸ ਇਕ ਦਮ ਅੰਦਰੋਂ ਜਾਗ ਉਠਦੇ। ਦੁਆਈਆਂ ਕੁਟਦਿਆਂ ਕੁਟਦਿਆਂ ਕਿਸੇ ਵੇਲੇ ਜੇ ਕੰਨਾਂ ਵਿਚ ਜ਼ੋਰ ਦੀ ਅਵਾਜ਼ ਆਣ ਪਈ, 'ਬੋਕਾਟਾ' ਤਾਂ ਚੱਟੂ ਉਥੇ ਹੀ ਛੱਡ ਇਕ ਛਲਾਂਗ ਨਾਲ ਗੁੱਡੀਆਂ ਲੁੱਟਣ ਲਈ ਕੋਠੇ ਜਾ ਚੜ੍ਹਦਾ ਤੇ ਕੁਛ ਚਿਰ ਪਿਛੋਂ ਮੁਹਲੀ ਹਥ ਵਿਚ ਦੇਖਕੇ ਆਪਣੇ ਆਪ ਵਿਚ ਸ਼ਰਮਿੰਦਾ, ਸੰਕੁਚਦਾ, ਹੌਲੀ ਹੌਲੀ ਬਿੱਲੀ ਚਾਲ ਪੱਬਾਂ ਭਾਰ ਹੇਠ ਉਤਰਦਾ ਤੇ ਫੇਰ ਦਵਾਈ ਕੁੱਟਣ ਲਗ ਪੈਂਦਾ।

ਲੋਕ ਨਾਥ ਪਤੰਗ ਬਾਜ਼ ਸੀ। ਅਪਣੇ ਹਥੀਂ ਵਡੀਆਂ ਵਡੀਆਂ ਗੁਡੀਆਂ ਬਣਾਉਂਦਾ ਹੁੰਦਾ ਸੀ। ਇਹ ਚਸਕਾ ਉਸਦਾ ਅਖੀਰ ਤਕ ਅਰੱਜਵੀਂ ਹਿਰਸ ਦੇ ਰੂਪ ਵਿਚ ਨਿਭਿਆ।

"ਸ੍ਰੀ ਅਟਲ ਪ੍ਰਕਾਸ਼" ਦੀ ਪੁਸਤਕ ਪੜ੍ਹਕੇ ਲੋਕ ਨਾਥ ਦੇ ਪੁਰਾਣੇ ਸ਼ੁਬ੍ਹੇ ਤਾਂ ਹੰਟ ਗਏ ਸਨ ਪਰ ਇਕ ਨਵਾਂ ਸ਼ੱਕ ਪੈਦਾ ਹੋ ਗਿਆ ਸੀ। ਹੁਣ ਉਸ ਅੰਦਰ ਏਸ ਗੱਲ ਦੀ ਧੁਖ-ਧੁਖੀ ਲਗੀ ਰਹਿੰਦੀ ਕਿ ਕੀ ਪਤੰਗ ਇਤਨੀ ਉੱਪਰ ਚਾੜ੍ਹਨੀ ਚਾਹੀਦੀ ਹੈ ਜੋ ਬਾਬੇ ਅਟਲ ਦੀ ਟੀਸੀ ਤੋਂ ਉਚੀ ਹੋ ਜਾਏ ? ਇਕ ਦੋ ਵੇਰ ਜਦੋਂ ਪਤੰਗ ਚਾੜ੍ਹਦਿਆਂ ਓਸਨੂੰ ਉਚਿਆਈ ਦੇ ਪੱਧਰ ਦਾ ਖਿਆਲ ਆਇਆ ਤਾਂ ਉਸਨੇ ਹਥ ਕੋਲੋਂ ਡੋਰ ਕਟ ਸੁਟੀ ਤੇ ਗੁਡੀ ਛਡ ਦਿਤੀ ਤੇ ਕਿਹਾ: ਜਾਹ, ਲੇਟ ਜਾਹ, ਜਾਹ ਕੌਲਸਰ ਵਿਚ ਡਿਗ ਜਾਹ।

ਏਸ ਬਾਰੇ ਉਸਨੇ ਕਈ ਵੇਰ ਡਾਕਟਰ ਸਾਹਿਬ ਨਾਲ ਗੱਲਾਂ ਕੀਤੀਆਂ ਪਰ ਸ਼ਕ ਨੂੰ ਦੂਰ ਨਾ ਕਰ ਸਕੇ।

ਪਰ ਸ਼ਰਧਾ ਪੂਰਬਕ ਏਸ ਕਿਤਾਬ ਦਾ ਪਾਠ ਉਸਦੀਆਂ ਅੱਖਾਂ ਦੇ ਛੱਪਰ ਕਿਸੇ ਨਵੇਂ ਚਾਨਣੇ ਵਿਚ ਉਘਾੜ ਰਿਹਾ ਸੀ। ਹੌਲੇ ਹੌਲੇ ਉਸਨੂੰ ਐਂਉਂ ਪ੍ਰਤੀਤ ਹੋਣ ਲਗਾ ਕਿ ਬਾਬੇ ਅਟਲ ਦੀ ਅਜ਼ਮਤ ਉਸਦੇ ਬੁਰਜ ਦੇ ਪਰਛਾਵੇਂ ਵਿਚ ਹੈ। ਏਸ ਛਾਯਾ-ਚਿਤ੍ਰ ਵਿਚ ਚੂਨਾ ਇਟਾਂ ਪੱਥਰ ਗਾਰੇ ਦੇ ਭੇਦ ਭਾਵ ਮਿਟਕੇ ਇਕ ਸੂਖਮ ਅਭੇਦ ਤੱਤ ਪੈਦਾ ਹੋ ਜਾਂਦਾ ਹੈ, ਪਰਛਾਵਾਂ ਏਕੇ ਦੀ ਨਿਰੀ ਲੀਕ ਰਹਿ ਜਾਂਦਾ ਹੈ। ਬੁਰਜਦਾਰ ਨੌ ਛਤਾਂ ਏਸ ਗੁੰਬਜ਼ਦਾਰ ਏਕੇ(੧)ਦੀ ਲੀਕ ਮਾਤ੍ਰ ਵਿਚ ਸਮਾ ਜਾਂਦੀਆਂ ਹਨ। ਜੋ ਮਨੁਖ ਏਸ ਪਰਛਾਵੇਂ ਹੇਠ ਬੈਠਦੇ ਹਨ, ਉਨ੍ਹਾਂ ਦੀ ਦੁਬਿਧਾ ਮਿਟ ਜਾਂਦੀ ਹੈ ਤੇ ਉਹ ਏਕਤਾ ਦੀ ਮੌਜ ਮਾਣਦੇ ਹਨ, ਪਰ ਰਾਤ ਨੂੰ ਕੀ ਹੋਵੇ ? ਅੰਧਕਾਰ ਵੇਲੇ ਤਾਂ ਪਰਛਾਵਾਂ ਨਹੀਂ। ਲੋਕ ਨਾਥ ਨੂੰ ਜੋ ਤਕਲੀਫ ਹੁੰਦੀ ਸੀ ਉਹ ਰਾਤ ਕੱਟਣ ਦੀ ਦੁਬਿਧਾ ਵਿਚ ਜ਼ਿਆਦਾ ਔਖਿਆਂ ਕਰਦੀ ਸੀ।

ਪੁਸਤਕ ਦੇ ਬਾਰ ਬਾਰ ਅਭਯਾਸ ਨੇ ਉਸਦਾ ਅਨੁਭਵ ਹੋਰ ਚੌੜਾ ਕਰ ਦਿਤਾ। ਉਸਨੂੰ ਪ੍ਰਤੀਤ ਹੋਣ ਲਗਾ ਕਿ ਜਿਸ ਤਰ੍ਹਾਂ ਸੂਰਜ ਚੜ੍ਹੇ ਬੁਰਜ ਦਾ ਪਰਛਾਵਾਂ ਆਪਣੇ ਆਪ ਬਾਹਰ ਆ ਜਾਂਦਾ ਹੈ ਏਸ ਤਰ੍ਹਾਂ ਰਾਤ ਦੇ ਅੰਧੇਰੇ ਚੜ੍ਹੇ ਬਾਬੇ ਅਟਲ ਦਾ "ਚਾਨਣ ਪਰਛਾਵਾਂ" ਆਪਣੇ ਆਪ ਬਾਹਰ ਨਿਕਲ ਆਉਂਦਾ ਹੈ। ਉਸਦੇ ਖਿਆਲ ਵਿਚ ਇਹ ਪੁਸਤਕ ਉਸ ਚਾਨਣ ਪਰਛਾਵੇਂ ਦਾ ਹੀ ਇਕ ਹਿੱਸਾ ਸੀ, ਤੇ ਉਹ ਸਿਰਹਾਣੇ ਪੁਸਤਕ ਨੂੰ ਰਖਕੇ ਸੁੱਤਾ ਏਸ ਪ੍ਰਤਿਬਿੰਬ ਵਿਚ ਬੇਖ਼ਤਰ ਮੌਜ ਮਾਣਦਾ ਸੀ।

Digitized by Panjab Digital Library | www.panjabdigilib.org

੧੦. ਸੁਮਤਿ ਪ੍ਰਕਾਸ਼ ॥

ਡਾਕਟਰ ਸਾਹਿਬ ਦੀ ਨੌ ਬਰਸ ਦੀ ਉਮਰ ਤੋਂ ਲੈਕੇ ੨੪ ਬਰਸ ਦੀ ਆਯੂ ਤਕ ਇਨ੍ਹਾਂ ੧੫ ਵਰ੍ਹਿਆਂ ਵਿਚ ਕਈ ਇਕ ਗੱਲਾਂ ਗੁਜ਼ਰੀਆਂ।

ਅਸੀਂ ਸ੍ਰੀ ਚਰਣ ਹਰਿ ਵਿਸਥਾਰ ਦੀ ਪਹਿਲੀ ਜਿਲਦ ਦੀ ਪਹਿਲੀ ਸੈਂਚੀ ਵਿਚ ਲਿਖ ਆਏ ਹਾਂ ਕਿ ਅੰਮ੍ਰਿਤਸਰ ਵਿਚ ਕਨੂਜਾਂ ਦੇ ਕਟੜੇ ਭਾਈ ਹਜ਼ਾਰਾ ਸਿੰਘ ਨਾਮ ਦੇ ਪ੍ਰਸਿਧ ਗਜਾਨੀ ਰਹਿੰਦੇ ਸਨ। ਬਾਬਾ ਕਾਹਨ ਸਿੰਘ ਤੇ ਗਿਆਨੀ ਜੀ ਦਾ ਗੂੜ੍ਹਾ ਪ੍ਰੇਮ ਸੀ। ਸੰਨ ੧੯੬੯ ਈਸਵੀ ਦੇ ਕਰੀਬ ਗਿਆਨੀ ਜੀ ਦੀ ਸਪੁਤ੍ਰੀ ਬੀਬੀ ਉਤਮ ਕੌਰ ਦਾ ਵਿਵਾਹ ਬਾਬੇ ਦੇ ਹੋਣਹਾਰ ਸਪੁਤ੍ਰ ਡਾਕਟਰ ਚਰਣ ਸਿੰਘ ਜੀ ਨਾਲ ਹੋਇਆ।

ਵਿਆਹ ਕਾਫੀ ਛੋਟੀ ਉਮਰ ਵਿਚ ਹੋਇਆ ਪਰ ਉਸ ਜ਼ਮਾਨੇ ਦੇ ਹਿਸਾਬ ਨਾਲ ਉਮਰ ਛੋਟੀ ਨਹੀਂ ਸੀ, ਤੇ ਵਿਆਹ ਹੋਰ ਵੀ ਜਲਦੀ ਹੋ ਜਾਣਾ ਸੀ ਜੇ ਵਿਚ ਇਕ ਅਟਕ ਨਾ ਪੈਂਦੀ। ਬਾਬੇ ਦਾ ਖਿਆਲ ਸੀ ਕਿ ਵਿਆਹ ਤੋਂ ਪਹਿਲੇ ਹਰ ਮਨੁਖ ਵਿਚ ਇਕ ਖਾਸ ਦਰਜੇ ਦੀ ਸਦਾਚਾਰਕ ਦ੍ਰਿੜ੍ਹਤਾ ਹੋਣੀ ਚਾਹੀਦੀ ਹੈ।

ਸਦਾਚਾਰ ਕੀ ਵਸਤੂ ਹੈ? ਏਹੋ ਹੀ ਜਿਸਨੂੰ ਅਸੀਂ ਇਖ਼ਲਾਕ ਕਹਿੰਦੇ ਹਾਂ। ਹਰ ਬੱਚੇ ਨੂੰ ਛੋਟੀ ਉਮਰ ਵਿਚ ਹੀ ਸਦਾਚਾਰ ਦਾ ਉਪਦੇਸ਼ ਦਿਤਾ ਜਾਂਦਾ ਸੀ। ਦੇਵੀਦਾਸ ਨਾਮੀ ਇਕ ਕਵੀ ਨੇ ਆਪਣੇ ਪੁਤ੍ਰਾਂ ਲਈ ਇਕ ਗੁਟਕਾ ਬਨਾਇਆ ਹੋਇਆ ਸੀ, ਜਿਸਦਾ ਨਾਮ ਉਸਨੇ 'ਸੁਮਤਿ ਪ੍ਰਕਾਸ਼' ਰਖਿਆ ਸੀ। ਹਰ ਬੱਚੇ ਨੂੰ ਇਸਦਾ ਪਾਠ ਨਿਤ ਨੇਮ ਵਾਕਣ ਕਰਣਾ ਪੈਂਦਾ ਸੀ। ਜਿਸ ਨੂੰ ਜਿਤਨਾ ਵੱਧ ਸੁਮਤਿ ਪ੍ਰਕਾਸ਼ ਕੰਠ ਹੋ ਜਾਏ, ਦੇਵੀ ਦਾਸ ਉਸ ਉਪਰ ਉਤਨਾ ਵਧੀਕ ਖੁਸ਼ ਹੁੰਦਾ ਸੀ। ਸੁਮਤਿਪ੍ਰਕਾਸ਼ ਦਾ ਇਕ ਗੁਟਕਾ ਬਾਬੇ ਕਾਹਨ ਸਿੰਘ ਕੋਲ ਬੀ ਸੀ, ਉਸ ਨੇ ਵੀ ਆਪਣੇ ਪੁਤ੍ਰ ਨੂੰ ਜ਼ਬਾਨੀ ਯਾਦ ਕਰਨ ਲਈ ਕਿਹਾ।

ਆਮ ਤੌਰ ਤੇ ਇਹੋ ਜੇਹੀਆਂ ਚੀਜ਼ਾ ਬੜੀ ਛੋਟੀ ਉਮਰ ਵਿਚ ਪੁਤ੍ਰਾਂ ਨੂੰ ਕੰਠ ਕਰਾਈਆਂ ਜਾਂਦੀਆਂ ਸਨ, ਪਰ ਬਾਬੇ ਨੇ ਇਹ ਪੋਥੀ ਆਪਣੇ ਪੁਤ੍ਰ ਨੂੰ ਕਾਫੀ ਦੇਰ ਨਾਲ ਦਿਤੀ। ਇਸ ਦਾ ਭੇਦ ਸੀ। ਬਾਬੇ ਦੀ ਆਪਣੀ ਸ਼ਖਸੀਅਤ ਦਾ ਪ੍ਰਭਾਵ ਪੁਤ੍ਰ ਲਈ ਸਦਾਚਾਰ ਦੀ ਜੀਉਂਦੀ ਜਾਗਦੀ ਪੁਸਤਕ ਦਾ ਕੰਮ ਅਜੇ ਤਕ ਦੇ ਰਿਹਾ ਸੀ। ਬਾਬੇ ਦੀ ਆਪਣੀ ਸੰਕੋਚ ਵਾਲੀ ਰਿਹਾਇਸ਼ ਹੀ ਆਂਢੀਆਂ ਗੁਆਂਢੀਆਂ ਲਈ ਵੀ ਸਾਰੇ ਸੰਜਮਾਂ ਤੇ ਨਿਯਮਾਂ ਦੀ ਪੋਥੀ ਸੀ ਪਰ ਬਾਬੇ ਨੂੰ ਹੁਣ ਕੁਛ ਕੁਛ ਆਪਣੀ ਉਮਰਾ ਉਪਰ ਸਹਸਾ ਫੁਰਨ ਲਗ ਪਿਆ ਸੀ, ਜ਼ਿੰਦਗੀ ਆਪਣੀ ਆਯੂ ਦੇ ਸ਼ਿਖਰ ਉੱਪਰ ਪਹੁੰਚ ਕੇ ਆਰਬਲਾ ਢਲਵਾਨ ਵਲ ਨੂੰ ਰੁਖ਼ ਕਰ ਰਹੀ ਸੀ।

ਸੁਮਤਿ ਪ੍ਰਕਾਸ਼ ਵਿਚ ਏਡੀ ਕਿਹੜੀ ਭਾਰੀ ਗੱਲ ਸੀ? ਪਰ ਉਸ ਪੁਸਤਕ ਦੀਆਂ ਕਈ ਕਈ ਗੱਲਾਂ ਦੇ ਅਸਰ ਦੀ ਸੰਘਣੀ ਛਾਇਆ ਖਾਨਦਾਨੀ ਆਦਤਾਂ ਢਾਲਣ ਵਿਚ ਆਪਣਾ ਪ੍ਰਭਾਵ ਪੈਦਾ ਕਰ ਗਈ ਹੈ, ਚਾਹੇ ਚੰਗਾਂ ਚਾਹੇ ਮਾੜਾ।

ਐਸੇ ਅਸਰ ਵਾਲੀ ਪਹਿਲੀ ਗੱਲ ਇਹ ਸੀ:—"ਏਕ ਬੇਰ ਜੋ ਦੀਜੀਏ ਤਾਂਕੋ ਫੇਰ ਨ ਲੇਇ, ਬੇਟਾ ਬੇਟੀ ਲਾਡਲੀ ਯਹ ਭੀ ਨਾਹਿ ਕਰੇਇ"।

Digitized by Panjab Digital Library | www.panjabdigilib.org

ਏਸ ਵਿਚ ਦੋ ਗੱਲਾਂ ਹਨ ਇਕ ਤੇ ਦਿੱਤੇ ਦਾਨ ਨੂੰ ਮੋੜਨ ਦੀ ਮਨਾਹੀ ਹੈ, ਦੂਜੇ ਪੁਤ੍ਰ ਧੀਆਂ ਨੂੰ ਲਾਡਲੇ ਨਾ ਬਨਾਉਣ ਦਾ ਉਪਦੇਸ਼ ਹੈ।

ਬਾਬੇ ਨੇ ਆਪਣੇ ਪੁਤ੍ਰ ਨੂੰ ਲਾਡਲਾ ਨਹੀ ਬਣਾਇਆ ਸੀ। ਤੇ ਉਹ ਏਹੋ ਚਾਹੁੰਦਾ ਸੀ ਕਿ ਅਗਲੀ ਪਰੰਪਰਾ ਇਨ੍ਹਾਂ ਲੀਕਾਂ ਉੱਪਰ ਤੁਰੇ। ਪਰ ਡਾਕਟਰ ਸਾਹਿਬ ਨੂੰ ਸੁਮਤਿ ਪ੍ਰਕਾਸ਼ ਕੰਠ ਕਰਨਾ ਔਖਾ ਹੋ ਗਿਆ ਸੀ,ਪਤਾ ਨਹੀ ਕਿਉਂ ? ਉਨ੍ਹਾਂ ਦੀ ਆਪਣੀ ਤਬੀਅਤ ਵਿਚ ਇਕ ਰਵਾਨਗੀ ਸੀ,ਜਿਸ ਨਾਲ ਕਵਿਤਾ ਦੀ ਜਲ-ਧਾਰਾ ਵਹਿ ਟੁਰਦੀ ਸੀ। ਓਹ ਏਸਨੂੰ ਪਰਮ ਪਵਿਤ੍ਰ ਮੰਦਾਕਨੀ ਦੀ ਲਹਰ ਸਮਝਦੇ ਸਨ, ਜਿਸ ਨਾਲ ਮਨ ਸਥਲ ਵਿਚ ਪਵਿਤ੍ਰਤਾ ਦੀ ਤਰਾਵਤ ਸਿੰਜਰ ਜਾਂਦੀ ਸੀ। ਉਹ ਸਦਾਚਾਰ ਨੂੰ ਏਸੇ ਹੀ ਵੱਤਰ ਦੀ ਇਕ ਉਪਜ ਸਮਝਦੇ ਸਨ।

'ਸੁਮਤਿ ਪ੍ਰਕਾਸ਼' ਨੂੰ ਕੰਠ ਕਰਣ ਲਗਿਆਂ ਉਨ੍ਹਾ ਨੂੰ ਐਉਂ ਲਗਦਾ ਸੀ ਕਿ ਸੰਘ ਖ਼ੁਸ਼ਕ ਹੋ ਗਿਆ ਹੈ, ਗਲਾ ਮਿਲ ਗਿਆ ਹੈ ਤੇ ਅੰਦਰ ਦੀ ਰਵਾਨਗੀ ਬੰਦ ਹੋ ਗਈ ਹੈ।ਇਹ ਬਾਹਰੋਂ ਠੋਸਿਆ ਸਦਾਚਾਰ ਕੰਠ ਰਾਹੀਂ ਅੰਦਰ ਗਿਆ ਹੋਇਆ ਪਤਾ ਨਹੀ ਕਿਤਨਾ ਕੁ ਮਨ ਵਿਚ ਜਜ਼ਬ ਹੋਵੇ, ਪਰ ਬਾਬਾ ਏਸ ਗੱਲ ਉੱਪਰ ਪੱਕਾ ਸੀ ਕਿ ਵਿਆਹ ਦੀ ਸ਼ਰਤ ਏਹੋ ਹੈ।

ਹੋਲੀਆਂ ਦੇ ਦਿਨ ਸਨ। ਕੁੜਮਾਂ ਦੇ ਘਰੋਂ ਕੁਛ ਚੀਜ਼ਾਂ ਆਈਆਂ। ਮੱਠੀਆਂ ਤੇ ਮਠਿਆਈਆਂ ਦੇ ਟੋਕਰੇ ਸਨ। ਦੇਖਕੇ ਸਾਰੇ ਖੁਸ਼ ਹੋਏ, ਲੋਕ ਨਾਥ ਦੀਆਂ ਬਾਛਾਂ ਖਿਲ ਗਈਆਂ। ਕੁੜਮੇਟੀ ਵਸਤਾਂ ਦੇ ਵਿਚ ਇਕ ਰੰਗ ਬਰੰਗੀ ਡੋਰ ਦਾ ਪਿੰਨਾ ਸੀ। ਲੋਕ ਨਾਥ ਕੋਲੋਂ ਰਿਹਾ ਨਾ ਗਿਆ "ਬੋਕਾਟਾ" ਕਹਿੰਦਾ ਹੀ ਪਿੰਨਾ ਚੁਕਕੇ ਕੋਠੇ ਤੇ ਨੱਸ ਗਿਆ। ਬਾਬਾ ਬਹੁਤ ਹੱਸਿਆ ਪਰ ਹਸਦੇ ਹਸਦੇ ਨੇ ਪੁਤ੍ਰ ਨੂੰ ਪੁਛਿਆ ਕਿ ਸੁਮਤਿ ਪ੍ਰਕਾਸ਼ ਕਿਤਨਾ ਕੰਠ ਹੋ ਗਿਆ ਹੈ? ਇਹ ਸ੍ਵਾਲ ਕੀ ਸੀ ? ਏਸ ਵਿਚ ਕੁਛ ਐਸ ਤਰ੍ਹਾਂ ਦੀ ਅਚਾਨਕਤਾ ਸੀ ਜਿਸ ਤੁਰ੍ਹਾਂ ਛੋਲਿਆਂ ਦੇ ਖੇਤ ਉੱਪਰ ਬਿਜਲੀ ਕੜਕਦੀ ਹੈ। ਪੁਤ੍ਰ ਦੇ ਮੂੰਹ ਵਿਚ ਲਡੂ ਸੀ। ਭੈਣ ਚੰਦੋ ਨੇ ਬੜੇ ਚਾਉ ਨਾਲ ਭਰਾ ਦੇ ਮੂੰਹ ਵਿਚ ਇਕ ਵਡਾ ਲਡੂ ਸਬੂਤ ਤੁੰਨ ਦਿਤਾ ਸੀ। ਭਰਾ ਗੋਲ ਹੋਈਆ ਗੱਲ੍ਹਾਂ ਪਰ ਬੰਦ ਮੂੰਹ ਨਾਲ ਲਡੂ ਦਾ ਰਸ ਚੂਸ ਰਿਹਾ ਸੀ ਤੇ ਸਾਹੁਰੇ ਘਰ ਦੀ ਮਿਠਾਸ ਨੂੰ ਜ਼ਬਾਨ ਉਤੇ ਪਰਖ ਰਿਹਾ ਸੀ। ਸੁਮਤਿ ਪਕਾਸ਼ ਨੇ ਜੀਭ ਨੂੰ ਲਡੂ ਤੋਂ ਅਸਪਰਸ਼ ਕਰ ਦਿਤਾ । ਮੂੰਹ ਸੁੱਕ ਗਿਆ, ਅੱਖਾਂ ਤਰ ਹੋ ਗਈਆਂ, ਸੱਜੀ ਗੱਲ੍ਹ ਲਡੂ ਦੇ ਪਥਰ ਭਾਰ ਹੇਠ ਫੁੱਲ ਗਈ, ਤੇ ਬੁੱਲ੍ਹ ਢਿਲਕ ਗਏ।

ਡਾਕਟਰ ਸਾਹਿਬ ਉਸ ਰਾਤ ਸੁੱਤੇ ਨਹੀਂ। ਦੀਵਾ ਜਗਦਾ ਰਿਹਾ । ਪਾਣੀ ਦਾ ਘੁੱਟ ਪੀਂਦੇ ਰਹੇ ਤੇ ਸੁਮਤਿ ਪ੍ਰਕਾਸ਼ ਕੰਠ ਕਰਦੇ ਰਹੇ। ਲੋਕ ਨਾਥ ਸਵੇਰੇ 'ਬੋ ਕਾਟੇ' ਦੀ ਅਵਾਜ਼ ਨਾਲ ਜਾਗ ਪੈਂਦਾ ਸੀ। ਅਜ ਸਵੇਰੇ ਆਇਆ ਤਾਂ ਡਾਕਟਰ ਸਾਹਿਬ ਊਂਘ ਰਹੇ ਸਨ, ਦੀਵਾ ਜਗ ਰਿਹਾ ਸੀ। ਪੋਥੀ ਮੰਜੀ ਤੋਂ ਹੇਠਾ ਡਿਗੀ ਪਈ ਸੀ।

ਲੋਕ ਨਾਥ ਸੋਟੇ ਨੂੰ ਜ਼ਮੀਨ ਤੇ ਖੜਕਾ ਕੇ ਬੋਲਿਆ: ਕਿਉਂ ਜੀ, ਅਜੇ 'ਸੁਮਤਿ ਪ੍ਰਕਾਸ਼'ਕੰਠ ਨਹੀਂ ਹੋਇਆ? ਊਂਘ ਖੁੱਲ੍ਹ ਗਈ। ਲੋਕ ਨਾਥ ਨੇ ਕਿਹਾ: ਦੇਖੋ ਜੀ,ਏਸ ਸੁਮਤਿ ਨੂੰ ਝੱਟ ਪਟ ਕੰਠ ਕਰੋ, ਨਹੀਂ ਤੇ, ਨਹੀ ਤੇ ਨਾਂ ਸੁਮਤਿ ਕੰਠ, ਨਾ ਸ੍ਰੀ ਮਤਿ ਕੰਠ ! ਡਾਕਟਰ ਸਾਹਿਬ ਨੇ ਕਿਹਾ: ਜੇ ਸੁਮਤਿ ਕੰਠ ਹੋ ਗਈ, ਤਾਂ ਫੇਰ ? ਲੋਕ ਨਾਥ ਨੇ ਹੱਸ ਕੇ ਕਿਹਾ, "ਫੇਰ ਮੇਰੇ ਵਾਕਣ ਹੋ ਜਾਓਗੇ

Digitized by Panjab Digital Library | www.panjabdigilib.org

ਮੈ ਲੋਕ ਨਾਥ ਹਾਂ ਤੁਸੀ 'ਭਲੀ ਲੋਕ ਨਾਥ' ਹੋ ਜਾਓਗੇ।ਭਲੀ ਲੋਕ !" ਇਹ ਹਾਸਾ ਮਖ਼ੌਲ ਹੋ ਰਿਹਾ ਸੀ ਕਿ ਉਧਰੋਂ ਬਾਬੇ ਦੇ ਆਉਣ ਦੀ ਆਹਟ ਆਈ। ਲੋਕ ਨਾਥ ਨੇ ਜ਼ੋਰ ਦੀ ਫੂਕ ਮਾਰੀ, ਸੱਤ ਵੱਟੀਆਂ ਦਾ ਦੀਵਾ ਇਕ ਦਮ ਬੁਝ ਗਿਆ ਤੇ ਡਿੱਗੀ ਕਿਤਾਬ ਚੁਕ ਲਈ। ਡਾਕਟਰ ਸਾਹਿਬ ਅੱਖਾਂ ਬੰਦ ਕਰਕੇ, ਜਿਵੇਂ ਬਾਬੇ ਨੂੰ ਤੱਕਿਆ ਹੀ ਨਹੀਂ, ਸੁਮਤਿ ਪ੍ਰਕਾਸ਼ ਉਚੀ ਉਚੀ ਮੂੰਹ ਜ਼ਬਾਨੀ ਲੋਕ ਨਾਥ ਨੂੰ ਸੁਨਾਉਣ ਲਗ ਪਏ। ਉਹ ਬੋਲ ਰਹੇ ਸਨ:-

ਏਕ ਬੇਰ ਜੋ ਦੀਜੀਏ ਤਾਂਕੋ ਫੇਰ ਨ ਲੀਏ। ਬੇਟਾ ਏਟੀ ਲਾਭਲੀ ਯਹ ਭੀ ਨਾਂਹਿ ਕਰੇਇ।
ਕੀਚੈ ਖਰਚ ਸੁ ਲਾਭ ਤੇ ਦੌਖੇ ਭਾਗ ਵਿਚਾਰ। ਸਭ ਸੋਂ ਸਤਿ ਮੰਤੋਖ ਧਰ ਘਰ ਮੈਂ ਹਮਰੇ ਯਾਰ।
ਕੀਜੈ ਨਾਹਿ ਪਸਾਰ ਬਹੁ ਤ੍ਰਿਣਕੇ ਸਦਨ ਬਨਾਇ। ਗ੍ਰਿਹ ਹੈ ਨਜਾਰੋ ਸਭਨ ਤੇ ਤਾਮੈ ਬਾਸਕਰਾਇ।
ਪ੍ਰਥਮ ਅਵਸਥਾ ਕੇ ਬਿਖੇ ਕੀਜੈ ਬਿਦਜਾਭਜਾਸ। ਦੂਜੀ ਬਯਮਹਿ ਹਿਤ ਸਹਿਤ ਕੀਜੈ ਸੰਚੈ ਰਾਸ।
ਤੀਜੀ ਬਯ ਮਹਿ ਧਰਮ ਕਰ ਜੌ ਲੌ ਪਾਰ ਬਸਾਇ। ਬਾਲਕ ਕੀ ਸੰਗਤ ਤਜੋ ਸਦ ਹੀ ਇਹ ਦੁਖਦਾਇ।
ਜਬ ਹੀ ਜਾਈਏ ਸਭਾ ਮੈ ਤਬ ਹੋਈਏ ਦਿਲ ਪਾਕ। ਰੂਪਵੰਤ ਨਾਰੀ ਨਿਰਖ ਤਾਂਕੀ ਓਰ ਨ ਝਾਕ।
ਸਨਮੁਖ ਨਾਹਿਨ ਹੂਜੀਏ ਸ੍ਵਾਮੀ ਅਪਣੇ ਕੇਇ। ਬੈਠੇ ਬੀਚ ਮਦਨ ਕੇ ਬਾਤਾਂ ਨਾਹਿਂ ਕਹੇਇ।
ਗੁਰਕੇ ਔ ਨ੍ਰਿਪਕੇ ਨਿਕਟ ਝੂਠ ਨ ਕਬਹੂੰ ਠਾਨ। ਕੁਲ ਤੇ ਹੀਨ ਜੁ ਇਸਤ੍ਰੀ ਤਾਂ ਸੋਂ ਰਤਿ ਨਹਿ ਮਾਨ।
ਕਥਾ ਕਹਿਤ ਹੂੰ ਆਪ ਹੂੰ ਹਸੀਏ ਨਾਹਿਨ ਮੀਤ। ਊਚੀ ਠੌਰ ਨ ਬੈਠੀਏ ਬੈਠ ਨੀਚੀਏ ਰੀਤਿ।

ਇਤਨਾ ਕੁ ਪੜ੍ਹਨ ਨਾਲ ਸ਼ਿਘ ਰੁਕ ਗਿਆ, ਅੱਖਾਂ ਚੋਲ੍ਹਕੇ ਪਾਣੀ ਉਲਟਾ ਕੇ ਪੀਣ ਲੱਗੇ ਪਰ ਸਾਹਮਣੇ ਖੜ੍ਹੇਤੇ ਬਾਬੇ ਨੇ ਰੋਕ ਦਿੱਤਾ, ਕਹਿਣ ਲਗੇ: 'ਨਿਰਨੇ ਕਲੇਜੇ ਪਾਣੀ ਨਹੀਂ ਪੀਣਾ, ਬੱਸ ਠੀਕ ਹੈ,ਹੋਰ ਲੋੜ ਨਹੀਂ"। ਇਹ ਕਹਿਕੇ ਬਾਬਾ ਇਕ ਦਮ ਚਲਾ ਗਿਆ। ਪੁਤ੍ਰ ਦੀ ਜਾਨ ਵਿਚ ਜਾਨ ਆਈ,। ਸੁਮਤਿ ਪ੍ਰਕਾਸ਼ ਦਾ ਅਗਲਾ ਹਿੱਸਾ ਅਜੇ ਕੱਚਾ ਪੱਕਾ ਸੀ। ਲੋਕ ਨਾਥ ਖ਼ੁਸ਼ੀ ਵਿਚ ਝੂਮਣ ਲਗ ਪਿਆ। ਫੇਰ ਦੋਹਾਂ ਨੇ ਆਪਸ ਵਿਚ ਘੁੱਟ ਕੇ ਜੱਫੀ ਪਾ ਲਈ।

ਬਾਬਾ ਵਿਆਹ ਲਈ ਅੰਦਰੋਂ ਕਾਹਲਾ ਸੀ। ਏਸੇ ਕਰਕੇ ਸੁਮਿਤ ਪ੍ਰਕਾਸ਼ ਦੀ ਅੜੀ ਵਿਚੋਂ ਨਿਕਲਣ ਲਈ ਉਸ ਨੇ ਵੀ ਦੇਰ ਨਾਂ ਲਾਈ ਤੇ ਦੋ ਮਹੀਨਿਆਂ ਦੇ ਅੰਦਰ ਅੰਦਰ ਪੁਤ੍ਰ ਦਾ ਵਿਆਹ ਕਰਕੇ ਆਪਣੇ ਆਂਪ ਵਿਚ ਇਕ ਸੁਰਖ਼ਰੋਈ ਮਹਸੂਸ ਕਰਨ ਲਗਾਂ।

੧੧. ਪੋਤ੍ਰਾ ਜਨਮ

ਸੰਨ ੧੯੭੨ ਦਾ ਸਾਲ ਸਾਡੀ ਕਥਾ ਦੀ ਪ੍ਰਸੰਗਲੀ ਵਿਚ ਇਕ ਵਿਸ਼ੇਸ਼ ਸਾਲ ਹੈ। ਇਹ ਜਨਮ ਵਰ੍ਹਾ ਹੈ ਬਾਬੇ ਕਾਹਨ ਸਿੰਘ ਦੇ ਪੋਤ੍ਰੇ ਦਾ, ਉਸ ਹਸਤੀ ਦਾ ਜੋ ਭਾਈ ਵੀਰ ਸਿੰਘ ਦੇ ਨਾਮ ਹੇਠ ਪ੍ਰਸਿੱਧ ਹੋਈ। ਅਸੀਂ ਸ੍ਰੀ ਚਰਨ ਹਰਿ ਵਿਸਥਾਰ ਦੀ ਪਹਿਲੀ ਜਿਲਦ ਦੀ ਪਹਿਲੀ ਸੈਂਚੀ ਵਿਚ ਏਸ ਜਨਮ ਕਥਾ ਦਾ ਜ਼ਿਕਰ ਕਰ ਆਏ ਹਾਂ।

ਬਾਬੇ ਦੀ ਉਮਰਾ ਦੇ ਇਹ ਅਖੀਰਲੇ ਛੇ ਸਾਲ ਸਨ। ਸੂਰਜ ਅਸਤ ਵਾਕੁਣ ਉਹ ਅਪਣੀਆਂ ਕਿਰਣਾ ਵਲ੍ਹੇਟ ਰਿਹਾ ਸੀ। ਪਰ ਡੁਬਣ ਤੋਂ ਪਹਿਲੇ ਸੂਰਜ ਨੇ ਉਸ ਕੌਲ ਫੁਲ ਨੂੰ ਤੱਕ ਲਿਆ ਸੀ ਜੋ ਉਸੇ ਦੀ ਪਸਰੀ ਕਿਰਣ ਨਾਲ ਵਿਗਸ ਰਿਹਾ ਸੀ।

Digitized by Panjab Digital Library | www.panjabdigilib.org

ਬਾਬਾ ਖੁਸ਼ ਸੀ। ਪੋਤ੍ਰੇ ਦੇ ਚਾਉ ਮਲ੍ਹਾਰ ਵਿਚ ਮਸਤ ਸੀ। ਉਹ ਨੂੰਹ ਉੱਪਰ ਬੜਾ ਦਯਾਲੂ ਸੀ। ਨੂੰਹ ਸੋਹਰੇ ਦੀ ਸੇਵਾ ਵਿਚ ਜੁੱਟੀ ਰਹਿੰਦੀ ਸੀ ਤੇ ਬਾਬਾ ਖ਼ੁਸ਼ ਹੋਕੇ ਅਸੀਸਾਂ ਦੇਂਦਾ ਥਕਦਾ ਨਹੀ ਸੀ:—ਬਚੜਾ ਤੈਨੂੰ ਵੱਡੇ ਭਾਗ ਲਗਣ, ਬਚੜਾ ਕਦੇ ਥੁੜਕੇ ਨਾ ਬੈਠੇਂ।

ਬਾਬੇ ਨੂੰ ਆਪਣੇ ਵਿਆਹ ਵੇਲੇ ਕੋਈ ਖੁਸ਼ੀ ਨਹੀਂ ਸੀ ਹੋਈ, ਉਹਦੇ ਲਈ ਉਹ ਸ਼ਾਦੀ ਨਹੀਂ ਸੀ, ਇਕ ਸੰਕਟ ਸੀ, ਮਾਂ ਨੇ ਕੌਲ ਕਰਾਰ ਦੀ ਬਿਪਤਾ ਪਾ ਦਿਤੀ ਸੀ। ਉਸਨੂੰ ਆਪਣੇ ਗ੍ਰਿਹ ਪੁਤਰ ਜਨਮ ਦੀ ਵੀ ਕੋਈ ਖਾਸ ਖੁਸ਼ੀ ਨਹੀਂ ਸੀ ਹੋਈ; ਔਲਾਦ ਨੂੰ ਨੇਕ ਚਲਨ ਰੱਖਣ ਦੀ ਜ਼ਿੰਮੇਵਾਰੀ ਦੀ ਪੰਡ ਨੂੰ ਉਹ ਸਿਰ ਉੱਪਰ ਤੁਲੀ ਹੋਈ ਮਹਸੂਸ ਕਰਦਾ ਸੀ।

ਪੋਤ੍ਰੇ ਜਨਮ ਵੇਲੇ ਉਸਦੇ ਵਿਚਾਰ ਹੋਰ ਹੋ ਗਏ ਸਨ ਤੇ ਅਖ਼ੀਰਲੇ ਛੇ ਵਰ੍ਹਿਆਂ ਵਿਚ ਉਸ ਨੂੰ ਸੁਮਤਿ ਪ੍ਰਕਾਸ਼ ਦਾ ਖਿਆਲ ਵੀ ਨਾ ਆਇਆ। ਉਹ ਪੋਤ੍ਰੇ ਨੂੰ ਸੁਸਿਖਜਤ ਕਰਦਾ ਰਿਹਾ ਹਸਾਉਣ ਨਾਲ, ਖਿਡਾਉਣ ਨਾਲ, ਬੁਝਾਰਤਾਂ ਪਾਉਣ ਨਾਲ ਤੇ ਅੌਸੀਆਂ ਗੱਲਾਂ ਬਾਤਾਂ ਸੁਨਾਉਣ ਨਾਲ ਜੋ ਮਨ ਨੂੰ ਹੈਰਾਨ ਤੇ ਉਤਾਵਲਾ ਕਰੀ ਰਖਣ, ਤੇ ਜਿਨ੍ਹਾਂ ਨੂੰ ਸਮਝਣ ਲਈ ਮਨ ਇਕ ਉਚਜਾਈ ਵਲ ਹੰਭਲਾ ਮਾਰਨ ਦੀ ਵਰਜ਼ਸ਼ ਕਰਦਾ ਰਹੇ ਤੇ ਬੁੱਝੀਆਂ ਗੱਲਾਂ ਦੀ ਖੁਸ਼ੀ ਨੂੰ ਗ਼ਜ਼ਾ ਵਤ ਗ੍ਰਹਣ ਕਰਦਾ, ਪੁੰਗਰਦਾ, ਨਿੱਸਰਦਾ, ਪੁਸ਼ਟ ਹੁੰਦਾ ਰਹਵੇ।

ਬਾਬੇ ਦੀ ਉਮਰਾ ਸ਼ੁਰੂ ਤੋਂ ਇਕ ਤਿਆਗੀ ਵੈਰਾਗੀ ਭਿਖਸ਼ੂ ਦੀ ਨਿਆਈਂ ਸੀ। ਮਾਂ ਦੇ ਪਿਆਰ ਤੇ ਕੁਦਰਤੀ ਨੇ ਉਸ ਨੂੰ ਆਪਣੇ ਵਿਆਹ ਲਈ ਮਜਬੂਰ ਕਰ ਦਿਤਾ ਸੀ। ਪਰ ਮਾਂ ਦੀ ਮਮਤਾ ਉਸ ਦੀ ਅੰਦਰਲੀ ਵੈਰਾਗਮਈ ਸਥਿਤੀ ਨੂੰ ਦੂਰ ਨਹੀਂ ਕਰ ਸਕੀ ਸੀ। ਪਰ ਹੁਣ ਨੂੰਹ ਦੇ ਆਉਣ ਨਾਲ ਰੰਗ ਬਦਲ ਗਿਆ ਸੀ। ਘਰ ਨਿੱਘਾ ਹੋ ਗਿਆ ਸੀ। ਝੁੱਗੀ ਦੀ ਹਵਾ ਤਰ ਹੋ ਗਈ ਸੀ। ਉਸ ਖੁਸ਼ਕ ਏਕਾਂਤ ਵਿਚ ਇਕ ਮੱਧਮ ਜਿਹੀ ਟੌਣਕ ਦੀ ਤਾਰਾ ਲੌ ਜਗ ਪਈ ਸੀ।

੧੨. ਮਾਤਾ ਉੱਤਮ ਕੌਰ।

ਇਹ ਨੂੰਹ, ਮਾਤਾ ਉੱਤਮ ਕੌਰ, ਕਿਸ ਸੁਭਾ ਦੀ ਮਾਲਕ ਸੀ? ਉਸ ਦਾ ਅੰਦਾਜ਼ਾ ਸਹਲ ਹੀ ਲਗ ਸਕਦਾ ਹੈ। ਇਹ ਪੋਥੀ ਆਰੰਭ ਕਰਨ ਲਗਿਆਂ ਜਦ ਪੁਰਾਣੀਆਂ ਯਾਦਦਾਸ਼ਤਾਂ ਇਕੱਠੀਆਂ ਕਰਨ ਲਗੇ ਤਾਂ ਮਾਤਾ ਜੀ ਦੀ ਬਾਬਤ ਉਨ੍ਹਾਂ ਦੇ ਮਹੱਲੇ ਦੀਆਂ ਜ਼ਨਾਨੀਆਂ ਨੇ ਅਨੇਕ ਦਿਲਚਸਪ ਗੱਲਾਂ ਦੱਸੀਆਂ। ਇਕ ਨੇ ਇਹ ਨੋਟ ਲਿਖਵਾਇਆ:—

"ਆਪਣੇ ਘਰ ਦੇ ਗਵਾਂਢ ਇਕ ਮਾਈ ਜਮਨਾ ਨਾਮ ਦੀ ਰਹਿੰਦੀ ਸੀ, ਜਿਸ ਨੂੰ ਗੋਕਲ ਦੀ ਮਾਂ ਵੀ ਕਹਿੰਦੇ ਹੁੰਦੇ ਸਨ, ਉਸ ਦੀ ਨੂੰਹ ਮਰ ਚੁਕੀ ਸੀ, ਪੋਤ੍ਰੇ-ਨੂੰਹ ਸੀ। ਉਸ ਦੀ ਉਹ ਪੋਤ੍ਰੇ ਨੂੰਹ ਉਸ ਮਾਈ ਨੂੰ, ਜੋ ਉਸ ਦੀ ਦਦੇਸ ਲਗਦੀ ਸੀ, ਖਾਣ ਨੂੰ ਟੋਟੀ ਪੂਰੀ ਨਹੀਂ ਸੀ ਦਿੰਦੀ ਹੁੰਦੀ। ਮਾਤਾ ਉੱਤਮ ਕੌਰ ਜੀ ਉਸ ਦਦੇਸ ਦੀ ਤਕਲੀਫ ਨੂੰ ਜਾਣ ਗਏ, ਪਰ ਕਿਸੇ ਨੂੰ ਜ਼ਾਹਰ ਨਾ ਕਰਦੇ; ਕਿਸੇ ਗੜਵੇ ਵਿਚ ਕੋਈ ਖਾਣ ਵਾਲੀ ਚੀਜ਼ ਰਖਕੇ ਗਲੀ ਵਿਚ ਚਲੇ ਜਾਂਦੇ ਤੇ ਬੂਹੇ ਵਿਚ ਖੜੋਕੇ ਆਵਾਜ਼ ਦੇਂਦੇ, 'ਬੇਬੇ! ਆ ਠੰਢਾ ਪਾਣੀ ਪੀ ਲੈ।' ਉਸ ਨੇ ਅਸੀਸਾਂ ਦਿੰਦਿਆਂ ਆਉਣਾ ਤੇ ਉਸ ਦੀ ਝੋਲੀ ਵਿਚ ਸਭ ਕੁਛ ਪਲਟ ਦੇਣਾ ਤੇ ਨਾਲ ਠੰਡਾ ਜਲ ਵੀ ਛਕਾ ਦੇਣਾ। ਇਉਂ ਉਸ ਦੁਖੀਆ ਦੀ ਸਹਿ ਸੁਭਾ ਪਰਵਰਸ਼, ਪੋਤ੍ਰੇ-ਨੂੰਹ ਨੂੰ ਪਤਾ ਕੀਤੇ ਬਿਨਾਂ

Digitized by Panjab Digital Library | www.panjabdigilib.org

ਤੇ ਗਲੀ ਨੂੰ ਵੀ ਬਿਨਾਂ ਪਤਾ ਦਿਤੇ ਦੇ, ਕਰਦੇ ਰਹਿਣਾ।" ਦੂਜੀ ਯਾਦਦਾਸ਼ਤ ਐਦਾਂ ਸੀ:—

"ਗਵਾਂਢ ਵਿਚ ਇਕ ਹੋਰ ਮਾਈ ਚੰਦ ਕੌਰ ਰਹਿੰਦੀ ਸੀ। ਉਨ੍ਹਾਂ ਦੀ ਤੇ ਡਾਕਟਰ ਸਾਹਿਬ ਦੀ ਕੰਧ ਸਾਂਝੀ ਸੀ। ਉਹ ਮਾਈ ਤੇ ਉਸ ਦੇ ਘਰ ਦੇ ਸਾਰੇ ਖਹੁਰੇ ਸੁਭਾ ਦੇ ਸਨ। ਹਰ ਦੂਜੇ ਚੌਥੇ ਘਰ ਵਿਚ ਕਲਹ ਨੇ ਆ ਨੱਚਣਾ ਤੇ ਮਾਈ ਦੇ ਘਰ ਵਾਲੇ ਨੇ ਮਾਈ ਨੂੰ ਖੂਬ ਮਾਰਨਾ ਤੇ ਮਾਰ ਕੁੱਟਕੇ ਧੁਰ ਉਪਰਲੀਆਂ ਪਉੜੀਆਂ ਵਿਚ ਕੈਦ ਕਰ ਦੇਣਾ; ਦੋ ਦੋ ਤਿੰਨ ਤਿੰਨ ਦਿਨ ਵਾਤ ਹੀ ਨਾ ਪੁੱਛਣੀ। ਤਦੋਂ ਮਾਤਾ ਉੱਤਮ ਕੌਰ ਜੀ ਨੇ ਸੁਬਹ ਸ਼ਾਮ ਵਡੀ ਸਾਰੀ ਰੋਟੀ ਪਕਾਕੇ ਉਸ ਦੀ ਚੂਰੀ ਕੁੱਟਣੀ ਤੇ ਗਲਾਸ ਵਿਚ ਪਾਕੇ ਚੁਪਾਤੇ ਕੋਠੇ ਚੜ੍ਹ ਜਾਣਾ, ਘਰ ਦਿਆਂ ਤੋਂ ਵੀ ਲੁਕੋ ਇਸ ਲਈ ਰਖਣਾ ਕਿ ਕਿਤੇ ਕਿਸੇ ਕੋਲੋਂ ਇਹ ਉਪਕਾਰ ਦੀ ਸੁੰਧਕ ਬਾਹਰ ਨਿਕਲ ਗਈ ਤਾਂ ਮਾਈ ਚੰਦੋ ਤੇ ਹੋਰ ਤਕੜਾਈ ਤੇ ਖੇਚਲ ਵਧ ਜਾਏਗੀ। ਆਪਣੇ ਕੋਠੇ ਚੜ੍ਹ ਕੰਧ ਟੱਪਕੇ ਪਉੜੀਆਂ ਵਿਚ ਬੈਠੀ ਕੈਦਣ ਮਾਈ ਦੀ ਝੋਲੀ ਵਿਚ ਗਲਾਸ ਉਣਟਾਕੇ ਆਪਣੇ ਕੋਠੇ ਆ ਜਾਣਾ। ਇਉਂ ਇਹ ਸਾਰਾ ਭੇਤ ਕਿਸੇ ਦੂਸਰੇ ਨੂੰ, ਘਰ ਦੇ ਯਾ ਬਾਹਰ ਦੇ ਨੂੰ, ਪਤਾ ਨਾ ਲਗਣਾ ਤੇ ਦੀਨ ਦੁਖੀ ਪਰ ਉਪਕਾਰ ਹੋ ਜਾਣਾ, ਤੇ ਉਸ ਮਾਈ ਦੇ ਪਰਵਾਰ ਵਲੋਂ, ਜੋ ਇਸ ਭੇਤ ਦੇ ਉਘੜਨ ਨਾਲ ਕਲੇਸ਼ਦੀ ਅੱਗ ਦੇ ਭਾਂਬੜ ਆਪਣੇ ਘਰਵਲ ਆ ਸਕਦੇ ਸਨ,ਉਨ੍ਹਾਂਤੋਂ ਬੀ ਬਚੇ ਰਹਿਣਾ। ਇਹ ਸੀ ਮਾਤਾ ਉੱਤਮ ਕੌਰ ਜੀ ਦਾ ਸੁਭਾ, ਜੋ ਕਿਸੇ ਦੀ ਪੀੜਾ ਪਰ ਸਦਾ ਪਸੀਜੇ ਰਹਿੰਦੇ ਤੇ ਦੁਖੀ ਦੀ ਸੇਵਾ ਕਰਕੇ ਖੁਸ਼ ਹੁੰਦੇ।"

ਪਤਾ ਨਹੀਂ ਕਿ ਮਾਤਾ ਉੱਤਮ ਕੌਰ ਨੂੰ ਦੂਜੇ ਦਾ ਦੁਖ ਦੂਰ ਕਰਨ ਵਿਚ ਖੁਸ਼ੀ ਹੁੰਦੀ ਸੀ ਜਾਂ ਨਹੀਂ। ਇਕ ਹੋਰ ਮਾਈ ਨੇ ਜੋ ਗਵਾਂਢ ਵਿਚ ਵਸਦੀ ਸੀ ਕਿਹਾ ਕਿ "ਮੈਂ ਇਕ ਵੇਰ ਵੱਲ ਨਹੀਂ ਸੀ, ਪੌੜੀਆਂ ਵਿਚੋਂ ਡਿਗ ਪਈ ਤੇ ਹੱਡੀਆਂ ਕੜਕ ਗਈਆਂ। ਮੈਂ ਕਹਿੰਦੀ ਸਾਂ ਕਿ ਪੈਰ ਤਿਲਕਿਆਹੈ;ਪਰ ਸੱਚਇਹ ਸੀਕਿ ਘਰ ਲੜਾਈਹੋ ਪਈਸੀ ਤੇ ਘਰਵਾਲੇ ਨੇ ਧੱਕਾ ਦੇਦਿਤਾ ਸੀ; ਘੜੱਮ ਘੜੱਮ ਕਰਦੀ ਮੈਂ ਹੇਠ ਆ ਪਈ ਸਾਂ।ਮੈਂ ਕਿਸੇ ਨੂੰ ਦੱਸਦੀ ਵੀ ਕੀ?ਸੱਸ ਨਿਨਾਣ ਅਗੇਹੀ ਵੈਰਨਸਨ।ਪਰ ਮਾਤਾ ਉੱਤਮ ਕੌਰ ਨੇ ਮੇਰੇ ਬੁਸਕਣ ਦੀ ਆਵਾਜ਼ ਸੁਣ ਲਈ ਤੇ ਉਹ ਆਗਈ। ਮੈਂ ਭੇਤ ਦੀ ਗੱਲ ਸਿਰਫ ਉਸ ਨੂੰ ਦੱਸੀ। ਉਹ ਰੋ ਪਈ ਤੇ ਤੱਤੇ ਲੋਗੜ ਦੀ ਟਕੋਰ ਮੇਰੇ ਲਕ ਉੱਪਰ ਕਰਨ ਲਗ ਪਈ; ਪਰ ਟਕੋਰ ਉਹ ਇਕ ਹਥ ਨਾਲ ਕਰਦੀ ਸੀ, ਖੱਬੇ ਹਥ ਨਾਲ ਉਹ ਆਪਣਾ ਲੱਕ ਟੋਂਹਦੀ ਸੀ,ਨਾਲ'ਮੀ''ਸੀ'ਕਰਦੀ ਸੀ। ਜਿਵੇਂ ਉਸ ਦਾ ਲੱਕ ਦੁਖਦਾ ਪਿਆ ਹੈ। ਆਪਣੀਆਂ ਦੁਖ ਦੀਆਂ ਬਾਂਵਾਂ ਤੋਂ ਟੋਹ ਨਾਲ ਉਹ ਮੇਰੀ ਟਕੋਰ ਕਰਦੀ ਸੀ। ਰਾਤ ਉਸ ਪੇਕੇ ਜਾਣਾ ਸੀ ਪਰ ਉਹ ਨਹੀਂ ਗਈ, ਕਹਿ ਭੇਜਿਆ ਮੇਰਾ ਲੱਕ ਦੁਖਦਾ ਹੈ; ਉਹ ਪੂਰੇ ਅਠਾਂ ਦਿਨਾ ਪਿਛੋਂ ਪੇਕੇ ਗਈ ਜਿਸ ਵੇਲੇ ਮੈਂ ਟੁਰਨ ਫਿਰਨ ਲਗ ਪਈ।"

ਮਾਤਾ ਉੱਤਮ ਕੌਰ ਦੂਸਰੇ ਦਾ ਦੁੱਖ ਦੂਰ ਕਰਕੇ ਖੁਸ਼ ਨਹੀਂ ਹੁੰਦੀ ਸੀ, ਉਹ ਕੇਵਲ ਹਮਦਰਦੀ ਨਾਲ ਪੈਦਾ ਹੋਇਆ ਆਪਣਾ ਦੁਖ ਨਵਿਰਤ ਕਰਨ ਦਾ ਤਰਲਾ ਲੈਂਦੀ ਰਹਿੰਦੀ ਸੀ।

ਉਸ ਦੀ ਜ਼ਿੰਦਗੀ ਗਲੀ ਮਹੱਲੇ ਦੇ ਵਡੇ ਘੇਰੇ ਦੇ ਦੁੱਖ ਨਾਲ ਕਾਫੀ ਪੀੜਤ ਰਹਿੰਦੀ ਸੀ। ਪਰ ਇਸ ਦੇ ਮੁਕਾਬਲੇ ਤੇ ਉਸ ਦੇ ਜੀਵਨ ਦਾ ਇਕ ਹੋਰ ਪਹਿਲੂ ਸੀ। ਉਹ ਸਹੁਰੇ ਨੂੰ ਇਕ ਸੰਸਾਰਕ ਸੰਬੰਧੀ ਨਹੀਂ ਸਮਝਦੀ ਸੀ; ਉਸ ਲਈ ਸਹੁਰਾ (ਬਾਬਾ ਕਾਹਨ ਸਿੰਘ) ਇਕ ਦੇਵਤਾ ਸੀ, ਜਿਸ ਨੇ ਮਨੁੱਖੀ ਵੇਸ ਕੀਤਾ ਹੋਇਆ ਸੀ। ਉਹ ਉਸ ਦੀ ਪੂਜਾ ਕਰਦੀ ਰਹਿੰਦੀ

Digitized by Panjab Digital Library | www.panjabdigilib.org

ਸੀ ਇਕ ਜਾਚਕ ਬਣਕੇ, ਉਸ ਦੇ ਸਾਮ੍ਹਣੇ ਭਿਖਾਰੀ ਦੀ ਝੋਲੀ ਅੱਡਕੇ, ਸ਼ੁਭ ਸੰਕਲਪਾਂ ਦਾ ਖ਼ੈਰ ਲੈਣ ਲਈ। ਉਹ ਉਸ ਦੀ ਇਕ ਇਕ ਸ਼ੁਭ ਇਛਾ ਦੇ ਮੋਤੀ ਸਤਿਕਾਰ ਦੇ ਧਾਗੇ ਵਿਚ ਪੁਰੋਕੇ ਰਖਦੀ ਤੇ ਐਸ ਤਰ੍ਹਾਂ ਸ਼ਰਧਾ ਪੂਰੇਤੀ ਹੋਦੀ ਉਹ ਦਿਲ ਵਿਚ ਹਲਤਾਨ ਰਹਿੰਦੀ ਕਿ ਬਾਬੇ ਦੀ ਇਕ ਇਕ ਅਸੀਸ ਨਾਲ ਉਸ ਦਾ ਅੰਦਰ ਝੂਮਣ ਲਗ ਪੈਂਦਾ। ਪਰਾਈ ਪੀੜ ਨਾਲ ਜੋ ਉਸ ਦਾ ਮਨ ਦ੍ਰਵੀਭੂਤ ਹੁੰਦਾ ਸੀ ਉਹੋ ਹੀ ਤੱਤ ਪਿਘਲ ਕੇ ਉਸ ਦੇ ਅੰਦਰ ਸਰੋਵਰ ਬਣ ਜਾਂਦਾ ਸੀ ਜਿਸ ਵਿਚ ਰਸ ਲਹਿਰ ਪੈਦਾ ਹੁੰਦੀ ਸੀ ਬਾਬੇ ਦੇ ਸਾਹ ਦੀ ਹਵਾ ਨਾਲ। ਦਰਦ ਵਿਚ ਪੰਘਰਨਾ ਉਸ ਨੂੰ ਅੰਤਰ ਆਤਮੇ ਸੁਖ ਵਿਚ ਸਹਾਈ ਹੋ ਜਾਂਦਾ ਸੀ। ਇਹ ਬਾਬੇ ਦੇ ਨਜ਼ੀਕ ਹੋਣ ਦਾ ਰਸਾਇਣੀ ਪ੍ਰਭਾਉ ਸੀ।

ਅਸੀਂ ਪਿਛਲੀ ਸੈਂਚੀ ਵਿਚ ਦੱਸ ਆਏ ਹਾਂ ਕਿ ਬਾਬੇ ਕੋਲ ਦੋ ਰੁਦ੍ਰਾਖ ਦੀਆਂ ਮਾਲਾ ਸਨ। ਜਦ ਇਕ ਮਾਲਾ ਚਲਦੀ ਰਹਿਣ ਨਾਲ ਧਾਗਾ ਟੁਟ ਜਾਂਦਾ ਸੀ ਤਾਂ ਉਹ ਦੂਜੀ ਚੁਕ ਲੈਂਦਾ ਸੀ, ਧਾਗੇ ਪੁਰੋਣ ਦੀ ਸੇਵਾ ਵਿਚ ਮਾਤਾ ਉੱਤਮ ਕੌਰ ਦਾ ਧਿਆਨ ਲਗਾ ਰਹਿੰਦਾ ਸੀ। ਮਣਕੇ ਉਪਰ ਮਣਕਾ ਠਹਿਕਣ ਦੀ ਆਵਾਜ਼ ਚਾਹੇ ਕਿਤਨੀ ਨਰਮ ਸੀ ਪਰ ਮਾਤਾ ਉੱਤਮ ਕੌਰ ਦੇ ਕੰਨ ਏਸ ਸਿਵਾਣ ਵਿਚ ਬੜੇ ਪਤਲੇ ਹੋ ਗਏ ਸਨ। ਚਲਦੀ ਮਾਲਾ ਨਾਲ ਉਸ ਦੀ ਬ੍ਰਿਤੀ ਤਦਰੂਪ ਹੋਈ ਰਹਿੰਦੀ ਸੀ। ਇਕ ਫਿਰਦੀ ਮਾਲਾ ਦੋ ਮਨਾਂ ਨੂੰ ਏਕਾਗ੍ਰ-ਚਿਤ ਰਖਦੀ ਸੀ। ਇਹ ਕੁਦਰਤ ਦੀ ਸੰਜਮ ਜੁਗਤਿ ਸੀ।

ਮਾਤਾ ਉੱਤਮ ਕੌਰ ਦੀ ਦਰਦ ਤੇ ਖ਼ੁਸ਼ੀ ਦੋਨੋਂ ਤੀਬਰ ਵੇਗ ਦੀਆਂ ਚੀਜ਼ਾਂ ਸਨ। ਏਸੇ ਤੀਬਰਤਾ ਨੇ ਉਸ ਦੇ ਅੰਦਰ ਇਕ ਡੂੰਘਾਈ ਪੈਦਾ ਕਰ ਦਿਤੀ ਸੀ। ਉਹ ਬਾਹਰੋਂ ਇਕ ਬੜੀ ਗੰਭੀਰ ਤੇ ਦਾਨਾ ਲਗਦੀ ਸੀ, ਚਾਹੇ ਅੰਦਰੋਂ ਉਸ ਦਾ ਦਿਲ ਕਿਸਮ ਕਿਸਮ ਦੇ ਤਰਲਿਆਂ ਦੇ ਲਗਾਤਾਰ ਪ੍ਰੀਵਰਤਨ ਵਿਚੋਂ ਲੰਘਦਾ ਰਹਿੰਦਾ ਸੀ।

ਮਾਤਾ ਉੱਤਮ ਕੌਰ ਦਾ ਸੁਭਾ ਅਪਣੀ ਮਾਤਾ ਉਪਰ ਨਹੀਂ ਸੀ ਗਿਆ। ਉਸ ਦੀ ਮਾਂ ਬੜੀ ਸਤਿਵਕਤਾ ਸੀ। ਉਹ ਸੱਚ ਨੂੰ ਪਿਆਰ ਕਰਦੀ ਸੀ। ਜੇ ਪਤਾ ਲਗੇ ਕਿ ਕਿਸੇ ਨੇ ਉਸ ਦੇ ਸਾਹਮਣੇ ਝੂਠ ਬੋਲਿਆ ਹੈ ਤਾਂ ਉਹ ਗੁੱਸੇ ਹੋ ਜਾਂਦੀ ਸੀ, ਇਤਨੀ ਕਿ ਉਸ ਨੂੰ ਮਨਾਉਣਾ ਮੁਸ਼ਕਲ ਹੋ ਜਾਂਦਾ ਸੀ। ਉਹ ਹਰ ਗੁਨਾਹ ਨੂੰ ਬੇਸਜ਼ਾ ਛਡਣ ਲਈ ਤਿਆਰ ਹੁੰਦੀ ਸੀ ਪਰ ਝੂਠ ਨੂੰ ਮਾਫ ਨਹੀਂ ਸੀ ਕਰਦੀ, ਏਸ ਸੱਚ ਦੇ ਖ਼ਬਤ ਨਾਲ ਉਸ ਦੀ ਪਵਿਤ੍ਰਤਾ ਵਧ ਗਈ ਸੀ, ਪਰ ਗੰਭੀਰਤਾ ਘਟ ਗਈ ਸੀ। ਉਸ ਦਾ ਕਾਫ਼ੀ ਵਕਤ ਆਪਣੇ ਤੇ ਆਂਢ ਗੁਆਂਢ ਤੇ ਹੋਰ ਰਿਸ਼ਤੇਦਾਰਾਂ ਦੇ ਬੱਚਿਆਂ ਨੂੰ ਸੱਚ ਬੋਲਣ ਦੇ ਉਪਦੇਸ਼ ਦੇਣ ਵਿਚ ਤੇ ਝੂਠ ਬੋਲਣ ਨਾਲ ਸਦਾ ਲਈ ਗੁੱਸੇ ਹੋ ਜਾਣ ਦੇ ਭੜਾਵੇ ਦੇਣ ਵਿਚ ਲੰਘਦਾ ਸੀ।

ਪਰ ਧੀ ਦਾ ਸੁਭਾ ਵਿਲੱਖਣ ਸੀ। ਉਸ ਵਿਚ ਭੜਾਵੇ ਦੀ ਤਾਕਤ ਨਹੀਂ ਸੀ। ਉਸ ਦੇ ਅੰਦਰ ਵਸਿਆ ਸੱਚ ਚੋਟ ਲਾਉਣ ਦੇ ਸਮੱਰਥ ਨਹੀਂ ਸੀ। ਉਸ ਦਾ ਅੰਦਰ ਪਿਘਲਿਆ ਰਹਿੰਦਾ ਸੀ। ਬਾਰ ਬਾਰ ਪੰਘਰਨ ਨਾਲ ਉਸ ਦਾ ਮਨ ਨਿਖਰਦਾ ਰਹਿੰਦਾ ਸੀ। ਹਮਦਰਦੀ ਦੀ ਪੀੜਾ ਦੀ ਭੱਠੀ ਉਸ ਦੇ ਸੋਨੇ ਨੂੰ ਸੁੱਧ ਕਰਦੀ ਰਹਿੰਦੀ ਸੀ।

ਏਸ ਤਰ੍ਹਾਂ ਦਾ ਪੰਘਰਕੇ ਨਿਖਰਿਆ ਹੋਇਆ ਸੱਚ, ਜੋ ਉਸ ਨੇ ਧਾਰਨ ਕੀਤਾ ਸੀ, ਉਸ ਦੇ ਮਨ ਦੀਆਂ ਹੇਠਲੀਆਂ ਤੇਹਾਂ ਵਿਚ ਸਿੰਜਰਦਾ ਰਹਿੰਦਾ ਸੀ। ਕੁਦਰਤ ਇਹ ਡੂੰਘੀ ਘਾੜਤ

Digitized by Panjab Digital Library | www.panjabdigilib.org

ਘੜ ਰਹੀ ਸੀ ਐਸ ਤਰ੍ਹਾਂ ਉਹ ਜੋਦ ਪੈਦਾ ਕਰਨ ਲਈ ਜੋ ਪੁਤ੍ਰ ਮਮਤਾ ਵਿਚ ਪੰਘੂੜਾ ਬਣੀ ਉਸ ਹਸਤੀ ਨੂੰ ਝੂਟੇ ਦੇਣ ਲਈ ਜੋ ਭਾਈ ਵੀਰ ਸਿੰਘ ਦੇ ਨਾਮ ਹੇਠ ਪ੍ਰਸਿੱਧ ਹੋਈ। ਨੈਪੋਲੀਅਨ ਕਹਿੰਦਾ ਹੁੰਦਾ ਸੀ: 'ਬੱਚੇ ਦੀ ਹੋਣਹਾਰ ਕਿਸਮਤ ਮਾਂ ਹੀ ਘੜਦੀ ਹੈ*।' ਪਰ ਸ਼ਾਇਦ ਇਹ ਗੱਲ ਐਉਂ ਭੀ ਠੀਕ ਹੋਵੇ ਕਿ 'ਹਰ ਹੋਣਹਾਰ ਕਿਸਮਤ ਵਾਲੇ ਬੱਚੇ ਦੀ ਮਾਂ ਨੂੰ ਕੁਦਰਤ ਪਹਿਲੇ ਖਾਸ ਤਰ੍ਹਾਂ ਨਾਲ ਘੜਦੀ ਹੈ।' ਮਾਤਾ ਉੱਤਮ ਕੌਰ ਨੂੰ ਸਿਰਜਣਹਾਰ ਦੀ ਭੱਠੀ ਨੇ ਕਈ ਤਾਉ ਦੇ ਕੇ ਟਕਸਾਲਿਆ ਸੀ।

ਮਾਤਾ ਉੱਤਮ ਕੌਰ ਦਾ 'ਸੱਚ' ਵੱਖਰੀ ਭਾਂਤ ਦਾ ਸੱਚ ਸੀ। ਇਹ ਪਿਘਲਕੇ ਨਿਖਰਿਆ ਸੱਚ ਉਸ ਦੀ ਆਪਣੀ ਮਾਂ ਦੇ 'ਜ਼ਬਾਨੀ ਸੱਚ' ਕੋਲੋਂ ਨਿਆਰਾ ਸੀ। ਇਹ ਡਾਕਟਰ ਸਾਹਿਬ ਦੇ 'ਸੱਚ' ਕੋਲੋਂ ਵੀ ਹੋਰ ਤਰ੍ਹਾਂ ਦਾ ਸੀ, ਜੋ ਸੱਚ ਨੂੰ ਆਪਣੀ ਮਨ ਦੀ ਕਾਵਜ ਰਸ ਦੀ ਰਵਾਨਗੀ ਦੀ ਉਪਜ ਸਮਝਦੇ ਸਨ। ਇਹ ਸੱਚ ਬਾਬੇ ਦੇ 'ਸੱਚ' ਕੋਲੋਂ ਵੀ ਵੱਖਰਾ ਸੀ ਜੋ ਸ਼ੱਚ ਕਿ ਇਕ ਅਨੁਭਵ ਪਰਤੱਖ ਅਵਸਥਾ ਦੀ ਮੋਹ ਵਿਨਾਸ਼ਕ ਸਥਿਤਿ ਸੀ। ਇਹ ਚਾਰ ਕਿਸਮ ਦੇ ਸੱਚ ਮਿਲਕੇ ਇਕ ਚਾਰ ਦੀਵਾਰੀ ਬਣ ਗਈ ਸੀ ਉਸ ਚੌਗਿਰਦੇ ਨੂੰ ਪੈਦਾ ਕਰਨ ਲਈ ਜੋ ਕੁਦਰਤ ਨੇ ਸਾਜੀ ਸੀ ਉਸ ਬੱਚੇ ਦੀ ਪਰਵਰਸ਼ ਲਈ, ਜਿਸ ਨੇ ਭਾਈ ਵੀਰ ਸਿੰਘ ਦਾ ਨਾਮ ਧਾਰਨ ਕੀਤਾ।

੧੩. ਜੇਲ ਡਿਸਪੈਨਸਰੀ।

ਅਸੀਂ ਪਿੱਛੇ ਦੱਸ ਆਏ ਹਾਂ ਕਿ ਡਾਕਟਰ ਸਾਹਿਬ ਸੰਨ ੧੮੭੨ਵਿਚ ਅੰਮ੍ਰਿਤਸਰ ਦੀ ਜੇਲ੍ਹ ਡਿਸਪੈਂਸਰੀ ਵਿਚ ਕੰਮ ਕਰਦੇ ਰਹੇ ਸਨ। ਏਹ ਕੰਮ ਉਹਨਾਂ ਥੋੜਾ ਚਿਰ ਹੀ ਕੀਤਾ। ਪਰ ਏਸ ਦਾ ਅਸਰ ਉਹਨਾਂ ਦੀ ਸਾਹਿਤ ਰਚਨਾ ਉਪਰ ਬੜਾ ਗਹਿਰਾ ਹੋਇਆ। ਏਥੇ ਮੌਕਿਆ ਸੀ ਕੈਦੀਆਂ ਨੂੰ ਦਵਾ ਦਾਰੂ ਦੇਣ ਦਾ ਤੇ ਦੋਸ਼ੀਆਂ ਨੂੰ ਬਹੁਤ ਨੇੜਿਓਂ ਦੀ ਤੱਕਣ ਦਾ, ਇਤਨੀ ਨੇੜਿਓਂ ਕਿ ਉਹਨਾਂ ਦੇ ਅੰਦਰ ਝਾਤੀ ਪੈ ਸਕੇ। ਅੰਦਰ ਕੀ ਹੈ? ਅੰਦਰਲੀ ਘਾਟੀ ਦਾ ਦ੍ਰਿਸ਼ ਜੋ ਡਾਕਟਰ ਸਾਹਿਬ ਨੇ ਡਿੱਠਾ, ਉਹਨਾਂ ਨੂੰ ਅਜੀਬ ਰੰਗ ਵਿਚ ਰੰਗ ਗਿਆ। ਹਰ ਇਕ ਡਾਕੂ, ਚੋਰ, ਧਾੜਵੀ ਅਤੇ ਲੁੱਚੇ ਦੇ ਅੰਦਰ ਇਕ ਘੋਰ ਜੰਗਲ ਹੈ ਜਿਸ ਵਿਚ ਬਘਿਆੜ, ਸੱਪ, ਸ਼ੇਰ ਖੁੱਲ੍ਹੇ ਫਿਰ ਰਹੇ ਹਨ। ਹਰ ਮੁਜਰਮ ਦਾ ਤਨ ਜੇਲ ਦੀ ਕੋਠੜੀ ਵਿਚ ਕੈਦ ਹੈ ਪਰ ਹਰ ਕੈਦੀ ਦਾ ਮਨ ਆਪਣੇ ਅੰਦਰਲੇ ਵਹਿਸ਼ੀ ਪੁਣੇ ਦੀ ਸੈਰ ਵਿਚ ਖੁਲ੍ਹਾ ਹੈ। ਬਾਹਰਲੀ ਰੋਕ ਟੋਕ ਦੀ ਅੰਦਰਲੇ ਉਪਰ ਹਟਕ ਨਹੀਂ। ਫੇਰ ਇਨ੍ਹਾਂ ਸਜ਼ਾਵਾਂ ਦੇ ਕੀ ਅਰਥ ਹਨ? ਕੀ ਸਜ਼ਾ ਭੁਗਤਣ ਨਾਲ ਕੀਤੇ ਗੁਨਾਹ ਤੋਂ ਛੁਟਕਾਰਾ ਹੋ ਜਾਂਦਾ ਹੈ? ਏਸ ਗੱਲ ਨੇ ਇਕ ਇਖ਼ਲਾਕੀ ਸਵਾਲ ਖੜਾ ਕਰ ਦਿਤਾ; ਪਾਪ ਕੀ ਹੈ? ਇਸ ਤੋਂ ਛੁਟਕਾਰਾ ਕਿਸ ਤਰ੍ਹਾਂ ਹੋਵੇ? ਜੇ ਸਜ਼ਾ ਇਕ ਬੇਮਾਇਨੀ ਗੱਲ ਹੈ ਤਾਂ ਹੋਰ ਉਪਾਉ ਕੀ ਹੋ ਸਕਦਾ ਹੈ? ਜਿਤਨਾ ਚਿਰ ਆਪ ਡਿਸਪੈਂਸਰੀ ਵਿਚ ਰਹੇ ਆਪ ਦੀ ਤਬੀਅਤ ਏਸ ਗੱਲ ਵਿਚ ਲਗੀ ਰਹੀ।

ਕੀ ਇਹ ਪਾਪ ਬੀਮਾਰੀਆਂ ਹਨ? ਤੇ ਜਿਸ ਤਰ੍ਹਾਂ ਇਕ ਬੀਮਾਰ ਨੂੰ ਉਸ ਦੀ ਬੀਮਾਰੀ

---

*The future destiny of the child is always the work of the mother.
[*Sayings of Napoleon.*

Digitized by Panjab Digital Library | www.panjabdigilib.org

ਦੇ ਦੋਸ਼ ਕਾਰਨ ਕੈਦ ਨਹੀਂ ਕੀਤਾ ਜਾਂਦਾ ਤਾਂ ਇਕ ਪਾਪੀ ਨੂੰ ਉਸ ਦੀ ਬੀਮਾਰੀ ਦੇ ਕਾਰਨ ਕਿਉਂ ਕੈਦ ਕੀਤਾ ਜਾਵੇ ? ਪਰ ਫੇਰ ਹੋਰ ਉਪਾਉ ਵੀ ਕੀ ਹੋਵੇ ? ਬਗ਼ੈਰ ਰੋਕ ਥਾਮ ਦੇ ਜੁਰਮ ਵੱਧ ਜਾਣਗੇ !

ਜੇਲ ਦੇ ਕੈਦੀਆਂ ਵਿਚੋਂ ਇਕ ਅਜੀਬ ਹਸਤੀ ਸੀ। ਇਹ ਇਕ ਵਿਦਵਾਨ ਪੁਰਸ਼ ਸੀ ਜੋ ਇਕ ਖਾਸ ਮੌਕੇ ਦੀ ਕਮਜ਼ੋਰੀ ਕਾਰਣ ਸਾਬਤ ਕਦਮ ਨਹੀਂ ਸੀ ਰਹਿ ਸਕਿਆ। ਡਾਕਟਰ ਸਾਹਿਬ ਨੇ ਪਹਿਲੀ ਮੁਲਾਕਾਤ ਵਿਚ ਹੀ ਜਦ ਪੁੱਛਿਆ, ਕਿ ਇਹ ਕੀ ? ਤਾਂ ਉਸ ਨੇ ਅਖਾਂ ਨੀਵੀਂਆਂ ਪਾ ਲਈਆਂ। ਇਕ ਸੰਤ ਜਿਸ ਦੇ ਚੇਲੇ ਤੇ ਚੇਲੀਆਂ ਅਨੇਕਾਂ ਸਨ, ਜਿਸ ਦੀ ਪੂਜਾ ਰਾਜ ਘਰਾਣਿਆਂ ਵਿਚ ਸੀ, ਜਿਸ ਦੀ ਜੀਭ ਵਿਚੋਂ ਕਥਾ ਰਸ ਰੂਪ ਹੋਕੇ ਇਸ ਤਰ੍ਹਾਂ ਚੋਂਦੀ ਸੀ ਜਿਸ ਤਰ੍ਹਾਂ ਗੰਨੇ ਦੇ ਵੇਲਣੇ ਵਿਚੋਂ ਰੋਹ ਦੀ ਧਾਰ ਵਗਦੀ ਹੈ, ਜੋ ਹਰ ਸ੍ਰੋਤੇ ਦੇ ਮਨ ਨੂੰ ਮਿਠਾਸ ਵਿਚ ਸਿੰਜਰ ਦੇਂਦੀ ਸੀ। ਸੰਤ ਜੀ ਦੀਆਂ ਚੌੜੀਆਂ ਅਖਾਂ ਦੇ ਮੋਟੇ ਛੱਪਰ ਐਸ ਵੇਲੇ ਸ਼ਰਮ ਦੇ ਪਾਣੀ ਨਾਲ ਭਾਰੀ ਸਨ। ਉਹ ਅਖਾਂ,ਜੋ ਇਕ ਸੈਨਤ ਨਾਲ ਦਿਲ ਦਾ ਇਤਨਾ ਕੁਛ ਹਾਲ ਕਹਿ ਸਕਦੀਆਂ ਸਨ, ਜਿਸ ਲਈ ਬਾਣੀ ਅਸਮਰੱਥ ਹੁੰਦੀ ਹੈ,ਐਸ ਵੇਲੇ ਸਿਰਫ ਏਸ ਜਤਨ ਵਿਚ ਸਨ ਕਿ ਹੰਝੂਆਂ ਦਾ ਸੋਮਾ ਸੁਝੇ ਹੋਏ ਛਪਰਾਂ ਦੇ ਭਾਰ ਹੇਠ ਦਬਿਆ ਰਹੇ।

ਡਾਕਟਰ ਸਾਹਿਬ ਆਕੇ ਆਪਣੀ ਕੁਰਸੀ ਉਪਰ ਬੈਠ ਗਏ। ਨੁਸਖੇ ਵਾਲੇ ਕਾਗਜ਼ ਉਤੇ ਦਵਾਈ ਲਿਖਣ ਦੀ ਬਜਾਏ ਕੁਛ ਹੋਰ ਲਿਖਦੇ ਰਹੇ ਜੋ ਇਹ ਸੀ:—

ਅਖੀਆਂ ਦੇ ਮੰਦੇ ਹਾਲ, ਭੋਰਾ ਨਾ ਰਹੀ ਸੰਭਾਲ,
ਕਹਿਰਾਂ ਦੀ ਪੀੜ ਉਠੀ ਮੱਝ ਦੁਹਾਂ ਬੱਖੀਆਂ।
ਭੈਣ ਭਾਈ ਕੈਂਦੇ ਮਿੱਤ, ਘਰ ਬਾਰ ਕੰਮ ਕਿੱਤ,
ਲੱਜਾ ਸਭ ਤੁੱਜ ਕੇ ਕਿਨਾਰੇ ਕਰ ਰੱਖੀਆਂ।

ਸ਼ਾਮ ਨੂੰ ਜਦ ਘਰ ਆਏ ਤਾਂ ਚੁਪ ਸਨ। ਪ੍ਰਸ਼ਾਦ ਛਕਣ ਵਿਚ ਵੀ ਦੇਰ ਕਰ ਦਿਤੀ। ਫੇਰ ਉਹੋ ਨੁਸਖੇ ਵਾਲਾ ਕਾਗਜ਼ ਕੱਢਕੇ ਉਸ ਛੰਦ ਨੂੰ ਸੋਧਕੇ ਅਤੇ ਮੁਕੰਮਲ ਕਰਦੇ ਰਹੇ।

ਇਹ ਗੱਲ, ਬਾਬਾ ਕਾਹਨ ਸਿੰਘ ਜੀ, ਜੋ ਜੈਸਾ ਕਿ ਸਾਡੇ ਪਾਠਕਾਂ ਨੂੰ ਪਤਾ ਹੈ ਕਿ ਡਾਕਟਰ ਸਾਹਿਬ ਦੇ ਪਿਤਾ ਸਨ, ਦੇ ਕਾਲ ਦੀ ਹੈ। ਭਾਵੇਂ ਬਾਬੇ ਅਤੇ ਡਾਕਟਰ ਸਾਹਿਬ ਦੇ ਪ੍ਰਸ਼ਾਦ ਛਕਣ ਦੇ ਵੇਲਿਆਂ ਵਿਚ ਫਰਕ ਸੀ, ਬਾਬਾ ਸੂਰਜ ਡੁਬਣ ਤੋਂ ਪਹਿਲਾਂ ਆਹਾਰ ਕਰ ਲੈਂਦਾ ਸੀ, ਪਰ ਪੁਤ੍ਰ ਪਿੱਛੋਂ। ਅਜ ਪੁਤ੍ਰ ਨੂੰ ਘੜੀ ਘੜੀ 'ਪ੍ਰਸ਼ਾਦ ਠੰਡਾ ਹੋ ਰਿਹਾ ਹੈ ਜੀ' ਦੀਆਂ ਆਵਾਜ਼ਾਂਪੈਂਦੀਆਂ ਸੁਣਕੇ ਉਧਰ ਆ ਗਿਆ। ਪੁਤ੍ਰ ਨੂੰ ਲਿਖਦਿਆਂ ਦੇਖਕੇ ਠਠੰਬਰਕੇ ਖੜੋਗਿਆ। ਘਰੋਗੀ ਗਲ ਬਾਤ ਵਿਚ ਬਾਬੇ ਦੇ ਲਫਜ਼ ਹਮੇਸ਼ ਸੰਘਣੇ ਹੁੰਦੇ ਸਨ ਪਰ ਮਤਲਬ ਭਰਪੂਰ। ਉਸਨੇ ਠਹਿਰੀ ਹੋਈ ਖੜਕਵੀਂ ਆਵਾਜ਼ ਵਿਚ ਪੁਛਿਆ,ਅਜ ਕਾਹਦਾ ਵਰਤ ਹੈ ? ਪੁਤ੍ਰ ਘਬਰਾ ਕੇ ਉਠ ਖੜੋਤਾ, ਫੇਰ ਜ਼ਰਾ ਕੰਬ ਰਹੇ ਪਰ ਜਚਵੇਂ ਹਥਾਂ ਨਾਲ ਪਿਉ ਦੇ ਸਾਮ੍ਹਣੇ ਉਹੋ ਕਾਗਜ਼ ਕਰ ਦਿਤਾ ਜਿਸ ਉਪਰ ਵਕਤ ਲੰਘ ਰਿਹਾ ਰੋਟੀ ਠੰਡੀ ਕਰੀ ਜਾ ਰਿਹਾ ਸੀ:—

ਅੱਖੀਆਂ ਦੇ ਮੰਦੇ ਹਾਲ, ਭੋਰਾ ਨਾ ਰਹੀ ਸੰਭਾਲ,
ਬਿਰਹੋਂ ਦੀ ਪੀੜ ਉੱਠੀ ਮੱਝ ਦੋਹਾਂ ਬੱਖੀਆਂ।

Digitized by Panjab Digital Library | www.panjabdigilib.org

ਮਾਪੇ ਭਾਈ ਕੈਂਦੇ ਮਿੱਤ, ਘਰ ਬਾਰ ਕੰਮ ਕਿੱਤ,
ਲੱਜਾ ਸਭ ਤਜਕੇ ਕਿਨਾਰੇ ਕਰ ਰੱਖੀਆਂ।
ਪ੍ਰੀਤਮ ਪਾਸ ਆਵਨੀ ਹਾਂ, ਆਦਰ ਨ ਪਾਂਵਨੀ ਹਾਂ,
ਕਰ ਮਨ ਸੋਚ ਜਦ ਤਦ ਹੀ ਪਰੱਖੀਆਂ।
ਤੀਰ ਤਰਵਾਰ ਲਾਗੋ ਨੈਜਾ ਜਮਧਾਰ ਲਾਗੋ,
ਮੂਲੋਂ ਬੀ ਨ ਲਗਣ ਰੱਬਾ ਕਿਸੇ ਨਾਲ ਅੱਖੀਆਂ।

ਬਾਬਾ ਇਹ ਕਹਿੰਦਾ ਹੋਇਆ, 'ਇਹ ਕੀ ? ਇਹ ਕੀ ?' ਕੁਛ ਥੋੜਾ ਹੱਸ ਪਿਆ। ਉਸ ਦੇ ਹਾਸੇ ਵਿਚ ਖਿੜਾਉ ਨਹੀਂ ਸੀ,ਇਕ ਘੁੱਟਵੀਂ ਜੇਹੀ ਬੁੱਲ੍ਹ ਟੁੱਕਵੀਂ ਤੇ ਵਿੰਗੀ ਤਿਉੜੀ ਸੀ ਜਿਸ ਵਿਚ ਮੁਸਕ੍ਰਾਹਟ ਦੀ ਅਦਾ ਸੀ। ਪੁਤ੍ਰ ਨੇ ਜਦ ਚੋਰਾਂ ਡਾਕੂਆਂ ਤੇ ਸੰਤ ਮੁਜ਼ਟਮਾਂ ਦੀਆਂ ਗੱਲਾਂ ਸੁਣਾਈਆਂ ਤਾਂ ਬਾਬਾ ਫਿਕਰ ਮੰਦ ਹੋ ਗਿਆ। ਇਨ੍ਹਾਂ ਚੋਰਾਂ ਯਾਰਾਂ ਦੀ ਸੋਹਬਤ ਮੇਰੇ ਜਵਾਨ ਪੁਤ੍ਰ ਨੂੰ ਕਿਸ ਰਾਹੇ ਰੋੜ ਲੈ ਜਾਏਗੀ ? ਏਸ ਸੋਚ ਵਿੱਚ ਗ਼ਲਤਾਨ ਬਾਬਾ ਉਥੋਂ ਚਲਾ ਗਿਆ। ਫੇਰ ਥੋੜੇ ਚਿਰ ਪਿਛੋਂ ਆਇਆ ਤੇ ਉਸ ਦੇ ਹੱਥ ਵਿਚ ਸੁਮਤਿ ਪ੍ਰਕਾਸ਼ ਦਾ ਗੁਟਕਾ ਸੀ। ਪੁਤ੍ਰ ਨੇ ਰੋਟੀ ਖਾਣੀ ਸ਼ੁਰੂ ਕਰ ਦਿਤੀ ਸੀ। ਅਜ ਉਸ ਨੇ ਕਹਿਕੇ ਪਰੌਂਠੇ ਬਣਵਾਏ ਸਨ, ਤੇ ਆਪਣੀ ਮਰਜ਼ੀ ਦੇ ਪਕਵਾਏ ਸਨ। ਪਰੌਂਠੇ ਫੁਲ ਗੋਭੀ ਦੇ ਸਨ। ਗੋਭੀ ਨੂੰ ਕਿਸਮ ਕਿਸਮ ਦੇ ਮਸਾਲੇ ਪਾਕੇ ਤੜਕਿਆ ਗਿਆ ਸੀ। ਇਹ ਪਰੌਂਠੇ ਬਣ ਰਹੇ ਸਨ ਖਾਸ ਨੁਸਖੇ ਦੇ ਮੁਤਾਬਿਕ। ਅਗਲੇ ਦਿਨ ਵੱਡੀ ਰੋਟੀ ਸੀ ਜਿਸ ਵਿਚ ਉਹਨਾਂ ਦੇ ਦੋਸਤ ਯਾਰ ਸ਼ਾਮਲ ਹੋ ਰਹੇ ਸਨ। ਅਜ ਦੇ ਪਰੌਂਠੇ ਤਜਰਬੇ ਸੀ ਭਲਕੇ ਦੇ ਪਕਵਾਨ ਦੀ ਖ਼ਾਤਰ।

ਬਾਬਾ ਪੁਤ੍ਰ ਦੀ ਥਾਲੀ ਕੋਲ ਪੋਥੀ ਰਖ ਕੇ ਚਲਾ ਗਿਆ। ਇਤਨਾ ਨਾਲ ਕਹਿ ਗਿਆ ਕਿ ਇਸ ਦੀ ਨਕਲ ਕਰ ਦਿਓ।

ਡਾਕਟਰ ਸਾਹਿਬ ਆਪ ਤਕੜੇ ਰਸੋਈਏ ਸਨ। ਉਹ ਭਾਂਤ ਭਾਂਤ ਦੇ ਸੁਆਦਿਸ਼ਟ ਖਾਣੇ ਤਿਆਰ ਕਰਨ ਕਰਵਾਉਣ ਤੇ ਖਵਾਉਣਵਿਚ ਅਨੰਦਲੈਂਦੇ ਹੁੰਦੇਸਨਾਉਹਨਾਂ ਦੇ ਨਵੇਂ ਤਰੀਕੇ ਤੇ ਨੁਸਖੇ ਹੁੰਦੇ ਸਨ। ਉਹਨਾਂ ਦੀਆਂ ਮਹਿਫਲਾਂ ਅੰਮ੍ਰਿਤਸਰ ਵਿਚ ਮਸ਼ਹੂਰ ਹੋ ਗਈਆਂ ਸਨ ਤੇ ਅਖੀਰ ਤਕ ਨਿਭੀਆਂ। ਉਹਨਾਂ ਦੇ ਰਸੋਈ ਦੇ ਤਜਰਬਿਆਂ ਤੋਂ ਲਿਖੀ ਹੋਈ ਇਕ ਖਾਸੀ ਪੋਥੀ ਛਪ ਗਈ ਸੀ ਜੋ ਪਿਛੋਂ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ 'ਸੁਸ਼ੀਲਾ' ਦੇ ਨਾਮ ਹੇਠ ਛਪੀ।

ਡਾਕਟਰ ਸਾਹਿਬ ਨੇ ਜਿਸ ਵੇਲੇ 'ਸੁਮਤਿ ਪ੍ਰਕਾਸ਼' ਦਾ ਗੁਟਕਾ ਥਾਲੀ ਲਾਂਭੇ ਪਿਆ ਤੱਕਿਆ ਤਾਂ ਇਕ ਦਮ ਸੰਘ ਸੁੱਕ ਗਿਆ, ਲੂਣ ਦਾ ਸੁਆਦ ਮਾਰਿਆ ਗਿਆ, ਸੁੱਕੀ ਗ੍ਰਾਹੀ ਮੂੰਹ ਵਿਚ ਰਹਿ ਗਈ। ਸੁਮਤਿ ਪ੍ਰਕਾਸ਼ ਦੇ ਗੁਟਕੇ ਵਿਚ ਇਕ ਹੋਰ ਕਾਗਜ਼ ਦਾ ਟੁਕੜਾ ਪਿਆ ਸੀ ਜੋ ਜਿਲਦ ਦੇ ਕਿਨਾਰੇ ਤੋਂ ਥੋੜਾ ਬਾਹਰ ਵਧਿਆ ਹੋਇਆ ਸੀ। ਖੱਬੇ ਹਥ ਨਾਲ ਏਸ ਕਾਗਜ਼ ਨੂੰ ਬਾਹਰ ਖਿੱਚ ਲਿਆ।ਰਸੋਈਵਿਚ ਸਰ੍ਹੋਂ ਦੇ ਤੇਲਦਾ ਦੀਵਾ ਬਲਰਿਹਾ ਸੀ।ਵੱਟੀ ਉੱਚੀ ਕਰਨ ਲਈ ਵਿੱਚੇ ਇਕ ਸਲਾਈ ਪਈ ਸੀ। ਬਾਬੇ ਦੇ ਲਿਖੇ ਅੱਖਰ ਬੜੇ ਮੋਟੇ ਸਨ, ਤਦ ਵੀ ਲਾਟ ਉੱਚੀ ਕਰਨ ਦੀ ਲੋੜ ਪਈ, ਦਿਲ ਦੀ ਹਰਕਤ ਦੀ ਤੇਜ਼ੀ ਕਰਕੇ ਨਜ਼ਰ ਟਿਕਦੀ ਨਹੀਂ ਸੀ। ਪੁਤ੍ਰ ਦੇ ਮੂੰਹ ਵਿਚ ਸੁੱਕੀ ਗ੍ਰਾਹੀ ਸੀ। ਜਿਸ ਵੇਲੇ ਉਹ ਪੜ੍ਹਨ ਲੱਗਾ:—

Digitized by Panjab Digital Library | www.panjabdigilib.org

ਬਾਘਨ ਕੇ ਘਰ ਮੈਂ ਬਸੀਏ, ਜਲ ਮੈਂ ਧਸੀਏ, ਕਰ ਬ੍ਰਿਸ਼ਚਕ ਲੀਜੈ।
ਕਾਨ ਖਜੂਰੇ ਕੋ ਕਾਨ ਮੈਂ ਡਾਰਕੇ, ਸਾਂਪਨ ਕੇ ਮੁਖ ਆਂਗਰੀ ਦੀਜੈ।
ਭੂਤਨ ਕੇ ਸੰਗ ਖੇਚਰੀ ਖੇਲਕੈ, ਘੋਲ ਹਲਾਹਲ ਬੇਗ ਹੀ ਪੀਜੈ।
ਏ ਸਭ ਦੁੱਖ ਪੈ ਸੁੱਖ ਸਮਾਗਮ, ਖੋਟ ਖਲਾਤਮ ਸੰਗ ਨ ਕੀਜੈ।

ਗ੍ਰਾਹੀ ਦਾ ਸ੍ਵਾਦ ਮੂੰਹ ਵਿਚ ਹੋਰ ਬਦਲ ਗਿਆ। ਲੂਣ ਵਧੇਰੇ ਢਿੱਕਾ ਹੋ ਗਿਆ, ਮਿਰਚਾਂ ਤੇਜ਼ ਹੋ ਗਈਆਂ, ਅੱਖਾਂ ਪਾਣੀ ਨਾਲ ਭਰ ਗਈਆਂ। ਕੋਲ ਪ੍ਰਸ਼ਾਦ ਛਕਾ ਰਹੀ ਸਿੰਘਣੀ ਨੇ ਕਿਹਾ, "ਹਾਇ, ਰੋਟੀ ਕੇਹੀ ਬੇਸੁਆਦ ਕਰ ਲੈਂਦੇ ਹੋ, ਕਾਗਤਾਂ ਨੂੰ ਵੀ ਜ਼ਰਾ ਸਾਹ ਲੇਣ ਦਿਓ।" ਡਾਕਟਰ ਸਾਹਿਬ ਨੇ ਠੰਡਾ ਸਾਹ ਲੈਕੇ ਕਾਗਜ਼ ਨੂੰ ਉਲਟਾ ਕਰਕੇ ਰਖ ਦਿੱਤਾ, ਪਰ ਤੂਬੁਕ ਗਏ। ਪੁਠੇ ਪਾਸੇ ਕੁਛ ਹੋਰ ਲਿਖਿਆ ਹੋਇਆ ਸੀ, ਬਾਬੇ ਨੂੰ ਕਾਹਲੀ ਵਿਚ ਏਸ ਪਿਛਲੇ ਪਾਸੇ ਦਾ ਖਿਆਲ ਹੀ ਭੁੱਲ ਗਿਆ ਸੀ। ਏਸ ਪਾਸੇ ਦੇ ਅੱਖਰ ਮਹੀਨ ਤੇ ਓਪਰੇ ਸਨ। ਡਾਕਟਰ ਸਾਹਿਬ ਨੇ ਵਟੀ ਵਧੇਰੀ ਉੱਚੀ ਕੀਤੀ ਕਿ ਉਹ ਧੁੰਆਂ ਧਾਰ ਹੋਕੇ ਬਲਣ ਲੱਗੀ। ਕੁਛ ਪੁਰਾਣਾ ਲਿਖਿਆ ਹੋਇਆ ਸੀ ਜੋ ਇਹ ਸੀ:–

ਬੇਚੀ ਇਨ ਨੈਨਨ ਬਿਕਾਨੀ ਇਨ ਨੈਨਨ ਸੋਂ,
ਨੈਨਨ ਹੀ ਮੋਲ ਕੀਆ ਨੈਨਨ ਹੀ ਲਈ ਹੋਂ।
ਨੈਨਨ ਹੀ ਘਰ ਗਾਰੇ ਨੈਨਨ ਹੀ ਬਾਨ ਮਾਰੇ,
ਨੈਨਨ ਕੇ ਹਾਥ ਸੇ ਪਰਾਏ ਹਾਥ ਪਈ ਹੋਂ।
ਨੈਨਨ ਹੀ ਜੋਗ ਸਾਧਜੋ ਨੈਨਨ ਤਪੱਸਜਾ ਕੀਨੀ,
ਨੈਨੋਂ ਕੀ ਕਸੌਟੀ ਲਾਗ ਜਹਾਂ ਤਹਾਂ ਸਹੀ ਹੋਂ।
ਤਬ ਤੋ ਸੇ ਮੇਰੇ ਨੈਨ, ਅਬ ਭਏ ਤੇਰੇ ਨੈਨ,
ਨੈਨਨ ਨੇ ਹਾਥ ਬਾਂਧ ਚੇਰੀ ਕਰ ਦਈ ਹੋਂ।

ਮੂੰਹ ਵਿਚ ਲੂਣ ਦਾ ਸ੍ਵਾਦ ਪਰਤ ਆਇਆ। ਜ਼ਬਾਨ ਮੁੜ ਅੰਨ ਦੇ ਰਸ ਨੂੰ ਚਖਣ ਲੱਗ ਪਈ। ਪਾਣੀ ਦਾ ਘੁੱਟ ਪੀਕੇ ਪੋਂਠੇ ਨੂੰ ਜੋ ਥਾਲੀ ਵਿਚ ਪਿਆ ਸੀ ਉਲਟਾ ਦਿੱਤਾ, ਦਹੀਂ ਦੀ ਕੌਲੀ ਵੀ ਮੂਧੀ ਪਾ ਦਿਤੀ, ਖੀਰ ਦਾ ਕੌਲ ਉਲਟਾਉਣ ਲਗੇ ਸਨ ਕਿ ਸਿੰਘਣੀ ਨੇ ਕਿਹਾ, 'ਜੀ ਲੂਣ ਮਿੱਠਾ ਰਲ ਜਾਣਗੇ'। 'ਹਾਂ ਰਲਨ ਦਿਓ' ਇਹ ਕਹਿਕੇ ਖੀਰ ਵੀ ਉਲਟ ਦਿੱਤੀ। ਫੇਰ ਹੱਸ ਪਏ ਤੇ ਆਖਿਆ: 'ਹਰ ਬੇਸ੍ਵਾਦ ਚੀਜ਼ ਦੇ ਪੁੱਠੇ ਪਾਸੇ ਸ੍ਵਾਦ ਹੈ। ਇਹ ਕਿਉਂ ? ਪੁੱਠਾ ਪਾਸਾ ਪੁੱਠਾ ਨਹੀਂ ? ਪੁੱਠਾ ਪਾਸਾ ਹੇਠਲੀ ਤੈਹ ਹੈ। ਹਾਂ, ਜੇ ਮਨ ਏਸ ਤਰ੍ਹਾਂ ਪਲਟ ਜਾਵੇ! ਪਰ ਕਿਸ ਤਰ੍ਹਾਂ ਪਲਟੇ ? ਕਪਾਲ ਆਸਨ ਨਾਲ, ਬਸ ਪਾਪੀਆਂ ਦੇ ਇਲਾਜ ਲਈ ਸਿਰ ਹਿਠਾਂਹ ਤੇ ਲਤਾਂ ਉਤਾਂਹ, ਇਹ ਸਜ਼ਾ ਵੀ ਹੈ, ਇਲਾਜ ਵੀ ਹੈ, ਯੋਗ ਵੀ ਹੈ, ਆਸਨ ਵੀ ਹੈ।'

੧੪. ਬ੍ਰਿਜ ਭਾਸ਼ਾ ਕਾਵਨ ਵੇਗ

ਨੌ ਬਰਸ ਦੀ ਉਮਰ ਤੋਂ ਲੈਕੇ ਚੌਵੀ ਬਰਸ ਤਕ, ਜਦ ਸ੍ਰੀ ਅਟਲ ਪ੍ਰਕਾਸ਼ ਸੰਪੂਰਨ ਹੋਇਆ। ਕਵਿਤਾ ਦੇ ਅਭਿਆਸ ਵਧਦੇ ਰਹਿਣ ਨਾਲ ਡਾਕਟਰ ਸਾਹਿਬ ਚੰਗੇ ਮਸ਼ਹੂਰ ਕਵਿ ਹੋ ਗਏ ਸਨ। ਇਹ ਜ਼ੋਰ ੧੮੯੩ ਤਕ ਰਿਹਾ।

Digitized by Panjab Digital Library | www.panjabdigilib.org

ਏਸ ਸਮੇਂ ਤਕ ਡਾਕਟਰ ਸਾਹਿਬ ਦੇ ਖਿਆਲ ਹਿੰਦੀ ਕਵਿਤਾ ਵਿਚ ਪਰਪੱਕ ਹੋ ਗਏ ਸਨ। ਏਸ ਦ੍ਰਿੜਤਾ ਵਿਚ ਅਸਰ ਉਨ੍ਹਾਂ ਪੁਸਤਕਾਂ ਦੇ ਮੁਤਾਲਯਾ ਦਾ ਸੀ ਜੋ ਆਪ ਨੇ ਬੜੀ ਦਿਲਚਸਪੀ ਨਾਲ ਪੜ੍ਹੀਆਂ, ਯਥਾ ਤੁਲਸੀ ਰਾਮਾਇਣ, ਸੂਰ ਸਾਗਰ, ਸੂਰਜ ਪ੍ਰਕਾਸ਼। ਡਾਕਟਰ ਸਾਹਿਬ ਦੇ ਗਿਰਦ ਉਸ ਵੇਲੇ ਉਨ੍ਹਾਂ ਕਵੀਆਂ ਦੀ ਮਹਿਫ਼ਲ ਲੱਗੀ ਰਹਿੰਦੀ ਸੀ ਜੋ ਸਿਖ ਸਨ ਜਾਂ ਸਿਖੀ ਨਾਲ ਕੁਛ ਸਨਬੰਧ ਰਖਦੇ ਸਨ, ਪਰ ਕਵਿਤਾ ਬ੍ਰਿਜਭਾਸ਼ਾ ਵਿਚ ਕਰਦੇ ਸਨ। ਪੰਜਾਬੀ ਭਾਸ਼ਾ ਵਿਚ ਉਸ ਵੇਲੇ ਇਤਨੀ ਨਫਾਸਤ ਨਹੀਂ ਸਮਝੀ ਜਾਂਦੀ ਸੀ ਜੋ ਸੂਖਮ ਖਿਆਲਾਂ ਨੂੰ ਥੋੜੇ ਲਫਜ਼ਾਂ ਦੇ ਤੁਲਵੇਂ ਅੰਦਾਜ਼ ਵਿਚ ਚੁੱਕ ਸਕੇ।

ਡਾਕਟਰ ਸਾਹਿਬ ਦੀ ਆਦਤ ਇਹ ਹੋ ਗਈ ਸੀ ਕਿ ਮਾਮੂਲੀ ਤੋਂ ਮਾਮੂਲੀ ਗੱਲ ਵੀ ਛੰਦ ਵਿਚ ਬੰਨ੍ਹ ਦੇਂਦੇ ਸਨ। ਜੇ ਪ੍ਰਸ਼ਾਦ ਛਕਣ ਲਗੇ ਹਨ ਤਾਂ ਬਣੀਆਂ ਚੀਜ਼ਾਂ ਉਪਰ ਕੋਈ ਦੋਹਾ ਕਹਿ ਦੇਣਗੇ, ਜੋ ਜਾਂ ਨਿਰੀ ਆਪਣੀ ਰਚਨਾ ਹੁੰਦੀ ਸੀ ਜਾਂ ਕਈ ਵਾਰ ਮੁਹਾਵਰੇ ਦੇ ਕਿਸੇ ਪਰਚਲਤ ਫਿਕਰੇ ਨੂੰ ਕੇਂਦਰ ਵਿਚ ਰਖਕੇ ਓਸ ਦੇ ਗਿਰਦ ਪਦ ਜੋੜ ਦਿੰਦੇ ਸਨ*। ਜੇ ਸ਼ਤਰੰਜ ਖੇਡਣ ਲਗੇ ਹਨ ਤਾਂ ਮੋਹਰਿਆਂ ਦੀਆਂ ਚਾਲਾਂ ਉਪਰ ਕੋਈ 'ਛਪੈ' ਤਿਆਰ ਹੈ†। ਜੇ ਦੇਸੀ ਦਵਾਈਆਂ ਦੀ ਪੰਡ ਕਿਤੋਂ ਆਈ ਹੈ ਤਾਂ ਉਸ ਨੂੰ ਖੋਲ੍ਹਦਿਆਂ ਅਤੇ ਗਿਣਦਿਆਂ ਛੰਦ ਦੇ ਅਨੁਪ੍ਰਾਸ ਵਿਚ ਚੀਜ਼ਾਂ ਵਖ ਵਖ ਕਰ ਦੇਣਗੇ‡। ਇਹੋ ਗੱਲ ਸਬਜ਼ੀਆਂ ਅਤੇ ਫਲਾਂ ਉਪਰ ਘਟਦੀ ਸੀ§।

ਕਵੀਆਂ ਦੀ ਸਾਰੀ ਤੁਕ ਬੰਦੀ ਛੇਕੜ ਸ਼ਿੰਗਾਰ ਰੰਸ ਦੀ ਪੂਰਣਤਾ ਵਿਚ ਰੁਚ ਜਾਂਦੀ ਹੈ। ਇਹੋ ਹਾਲ ਡਾਕਟਰ ਸਾਹਿਬ ਦੀ ਕਵਿਤਾ ਦਾ ਸੀ। ਉਹਨਾਂ ਨੇ ਬ੍ਰਿਜ ਭਾਸ਼ਾ ਵਿਚ 'ਕੁਚ ਸ਼ਤਕ' ਨਾਮ ਦੀ ਪੁਸਤਕ ਲਿਖੀ। ਇਹ ਚੀਜ਼ ਛਪੀ ਨਹੀਂ, ਇਹ ਉਹਨਾਂ ਦੀ ਇਕ ਵੱਡੀ ਪੁਸਤਕ

---

*ਮੂੰਗੀ ਔ ਮੋਠ ਚਨੇ ਸੁ ਬਨੇ, ਸ਼ੁਭ ਮਾਂਹ ਕੀ ਦਾਰ ਸੁਧਾਰਕੇ ਧੋਈ।
ਭੁਰਜੀ ਅਰੀਆਂ ਬਰੀਆਂ ਤਰੀਆਂ ਸ਼ੁਭ ਚਾਵਰ ਚਾਰ ਸੁ ਭਾਂਤਿ ਕੋ ਦੋਈ।
ਖਿਚਰੀ ਸੰਗ ਪਾਪਰ ਔਰ ਦਹੀਂ ਤਬ ਮਾਖਨ ਬੀਚ ਸਜੇ ਸੁਖ ਹੋਈ।
ਬਿੰਜਨ ਔਰ ਅਨੇਕ ਤਰ੍ਹਾਂ ਪਰ ਮਾਸ ਬਿਨਾ ਸਭ ਘਾਸ ਰਸੋਈ।

†ਸ਼ਾਹ ਚਲੇ ਸਭ ਠੌਰ ਏਕ ਘਰ ਜੋ ਮਨ ਮਾਨੈ॥
ਫੁਰਜੀ ਤਿਰਛੀ ਚਲੈ ਤਿਰਛ ਮੁਰ ਪੀਛੈ ਆਨੈ॥ ਫੁਰਜੀ = ਬੁਰਜ।
ਪਜਾਦਾ ਸੂਧਾ ਚਲੈ ਬੰਕ ਹੈ ਚੋਟ ਚਲਾਵੈ॥ ਬੰਕ = ਟੇਢਾ।
ਰੁਖ ਆਠੋਂ ਘਰ ਚਲੈ ਸੂਖ ਪੈਂਡਾ ਜੋ ਪਾਵੈ॥
ਘੋਰਾ ਘਰ ਢਾਈ ਚਲੈ ਫੀਲ ਤੀਨ ਘਰ ਠੇਲੀਐ॥
ਜੋ ਸੁਜਾਨ ਜਾਨੈ ਨਹੀ ਤੌ ਯਾਹ ਛਪੈ ਪੜ ਖੇਲੀਐ॥

‡ਬੇ ਬਟੰਕ ਤੇ ਬੇਰ ਜੁ ਬਾਸਾਂ ਬੋਹੜ ਤੇ ਬਨ ਸੂਟੀ ਝਾਵਾ ਝੂਟੀ॥
ਬਾਸ ਬਰੰਜ ਬਹੇੜਾ ਬਾਥੂ ਬੀਹ ਬਾਬਣੀ ਬੂਟੀ ਰੰਗਾ ਲੂਟੀ॥
ਬਟਲ ਬਿਦਾਮ ਬਾਬਚੀ ਬਰਨਾ ਬਾ ਬੜਿੰਗ ਬਿਲ ਫੂਟੀ ਰੰਗ ਅਗੂਟੀ॥
ਬਨਜ ਬਬੂਨਾ ਬਕਮ ਬਕਾਇਨ ਬਾਂਝਾ ਬਨਜ ਬਰੂਟੀ ਤੇ ਬੰਬ ਲੂਟੀ॥

§ਅੰਗੂਰ ਅਖਰੋਟ ਅਲੂਚੇ ਅੰਬਾ, ਆੜੂ, ਅਦ੍ਰਕ ਅਨਾਰ ਬੇਸ਼ੁਮਾਰ॥
ਅਰਬੀ ਤੇ ਅਮਰੂਤ ਅੰਜੀਰਾਂ ਆਵਲੇ ਆਲੂ ਬੁਖਾਰ ਖਿੜੀ ਬਹਾਰ॥

Digitized by Panjab Digital Library | www.panjabdigilib.org

'ਹੌਲਾ ਉਲਾਸ' ਦਾ ਹਿੱਸਾ ਹੈ। ਪ੍ਰਕਾਸ਼ਤ ਹੋਣ ਵਾਲੀਆਂ ਚੀਜ਼ਾਂ ਲਈ ਵੇਸ ਜ਼ਰੂਰੀ ਹੈ। 'ਕੁਚ ਸ਼ਤਕ' ਨਗਨ ਚਿਤ੍ਰ ਸੀ ਨਾਇਕਾ ਦੀ ਜੋਬਨ ਨੁਹਾਰ ਦਾ, ਜੋ ਲਿਖਤੀ ਸ਼ਕਲ ਵਿਚ ਅਜ ਵੀ ਉਹਨਾਂ ਦੇ ਪੁਰਾਣੇ ਮਿਤ੍ਰਾਂ ਪਾਸ ਹੈ।

ਪਰ ਡਾਕਟਰ ਸਾਹਿਬ ਦਾ ਕਵਿ ਚੌਗਿਰਦਾ ਵੀ ਕੁਛ ਐਸਾ ਹੀ ਸੀ, ਜੋ ਬ੍ਰਜ ਭਾਸ਼ਾ ਦੇ ਰੀਤੀ ਕਾਵਜ ਦੀ ਪ੍ਰਥਾ ਅਨੁਸਾਰ ਨਾਇਕਾ ਦੇ ਨਖ਼ ਸ਼ਿਖ਼ ਅਤੇ ਅੰਗ ਪ੍ਰਤਿ ਅੰਗ ਦੀ ਸ਼ੋਭਾ ਵਰਣਨ ਵਿਚ ਚਤੁਰ ਸੀ।

ਇਨ੍ਹਾਂ ਕਵੀਆਂ ਦੀ ਗਿਣਤੀ ਕਾਫੀ ਲੰਮੀ ਚੌੜੀ ਸੀ; ਪਰ ਇਨ੍ਹਾਂ ਸਾਰਿਆਂ ਵਿਚੋਂ ਸ਼ੇਖ ਈਸ਼ਰ ਸਿੰਘ ਸੀ। ਇਹ ਜ਼ਾਤ ਦਾ ਤ੍ਰਖਾਣ ਸੀ ਤੇ ਅੰਮ੍ਰਿਤਸਰ ਦਾ ਮਸ਼ਹੂਰ ਕੰਘੀ ਘਾੜਾ ਸੀ। ਕੰਘੀਆਂ ਘੜਨ ਵਿਚ ਹੀ ਏਸ ਨੂੰ ਕਵਿਤਾ ਦੀ ਲਟਕ ਲਗੀ। ਬਾਰੀਕ ਤੋਂ ਬਾਰੀਕ ਕੰਘੀ ਇਹ ਬੜੇ ਪ੍ਰੇਮ ਨਾਲ ਘੜਦਾ ਸੀ ਤੇ ਘੜਦਾ ਘੜਦਾ ਧਿਆਨ ਵਿਚ ਗ਼ਰਕ ਹੋ ਜਾਂਦਾ ਸੀ। ਏਸ ਦੇ ਸਾਮ੍ਹਣੇ ਉਹ ਨਾਇਕਾ ਆ ਖੜੋਂਦੀ ਸੀ, ਜਿਸ ਦੇ ਕੇਸਾਂ ਵਿਚ ਇਸ ਕੰਘੀ ਨੇ ਫਿਰਨਾ ਹੈ। ਈਸ਼ਰ ਸਿੰਘ ਦੀ ਆਰੀ ਲਕੜੀ ਦੇ ਗੁਟਕੇ ਵਿਚ ਏਸ ਤਰ੍ਹਾਂ ਫਿਰਦੀ ਸੀ, ਜਿਸ ਤ੍ਰਹਾਂ ਕੰਘੀ ਸਰਲ ਕੇਸਾਂ ਵਿਚ। ਆਰੀ ਦੀ ਚਾਲ ਨਾਲ ਛੈਣ ਦੀ ਚਾਲ ਬੱਝ ਜਾਂਦੀ ਸੀ। ਪਤਾ ਨਹੀਂ ਸੀ ਲਗਦਾ ਕਿ ਈਸ਼ਰ ਸਿੰਘ ਆਰੀ ਪਿਆ ਫੇਰਦਾ ਹੈ, ਜਾਂ ਕਵਿਤਾ ਦੇ ਪਦ ਜੋੜ ਰਿਹਾ ਹੈ।

ਇਕ ਦਿਨ ਈਸ਼ਰ ਸਿੰਘ ਨੇ ਆਰੀ ਨੂੰ ਬਹੁਤ ਪਤਲਾ ਤੇ ਤੇਜ਼ ਕੀਤਾ। ਉਹ ਇਕ ਬਾਰੀਕ ਕੰਘੀ ਬਨਾਉਣ ਦੇ ਆਹਰ ਵਿਚ ਸੀ, ਇਤਨੀ ਬਾਰੀਕ ਕਿ ਦੰਦਿਆਂ ਵਿਚ ਕੇਵਲ ਇਕ ਵਾਲ ਦਾ ਫਾਸਲਾ ਹੋਵੇ। ਕੰਘੀ ਜਦ ਅੱਧੀ ਬਣ ਗਈ ਤ੍ਰਦ ਉਸ ਨੇ ਆਪਣੇ ਕੇਸਾਂ ਵਿਚ ਲਟਕਾ ਦਿਤੀ। ਸ਼ੀਸ਼ਾ ਲਿਆਂਦਾ ਤੇ ਉਸ ਲਿਟ ਦੇ ਕੇਸਾਂ ਨੂੰ ਗਿਣਨ ਲਗਾ ਜਿਤਨੇ ਕੰਘੀ ਵਿਚ ਫਸੇ ਸਨ। ਉਸ ਵਕਤ ਡਾਕਟਰ ਸਾਹਿਬ ਉਧਰੋਂ ਲੰਘ ਰਹੇ ਸਨ, ਉਨ੍ਹਾਂ ਨੇ ਕਿਹਾ: 'ਈਸ਼ਰ ਸਿੰਘ ਇਹ ਕੀ ?' ਈਸ਼ਰ ਸਿੰਘ ਗਿਣਤੀ ਭੁੱਲ ਗਿਆ, ਤੇ ਵਾਲਾਂ ਦੀ ਮੁੱਠ ਅਗਾਂਹ ਕਰਕੇ ਕਹਿਣ ਲਗਾ :—

"ਤੇਰੀ ਕੰਘੀ ਕਾਲੀ ਮੇਰੀ ਜ਼ੁਲਫ ਚਿੱਟੀ, ਦੋਨੋਂ ਮਿਲਕੇ ਇਕ ਰਲਗੱਡ ਹੋ ਗਈ।
ਐਸਾ ਮੇਲ ਨ ਹੋਇਆ ਸੀ ਸਜਣਾ ਓਇ, ਅਜ ਤੇ ਵਸਲ ਦੀ ਸੋਹਣਿਆ ਹੱਦ ਹੋ ਗਈ!

ਈਸ਼ਰ ਸਿੰਘ ਨੇ ਜ਼ੁਲਫ ਵਿਚ ਫਸੀ ਆਬਨੂਸ ਦੀ ਕੰਘੀ ਖੱਬੇ ਹੱਥ ਨਾਲ ਫੜੀ ਹੋਈ ਸੀ। ਅੱਖਾਂ ਅੱਧ ਮੀਟੀਆਂ ਸਨ ਤੇ ਸੱਜਾ ਹੱਥ ਵਧਾ ਵਧਾ ਕਹੀ ਜਾਂਦਾ ਸੀ :—

"ਵਸਲ ਦੀ ਸੋਹਣਿਆਂ ਹੱਦ ਹੋ ਗਈ"। ਡਾਕਟਰ ਸਾਹਿਬ ਨੇ ਉਸ ਵੇਲੇ ਫਿਲਬਦੀਹਾ ਕਿਹਾ :—

ਤੇਰੀ ਮਤਿ ਸੀ ਉਚੀ ਪਹਾੜ ਚੋਟੀ, ਉਤੋਂ ਡਿਗਕੇ ਈਸ਼ਰਾ ਖੱਡ ਹੋ ਗਈ।
ਫੜ ਲੈ 'ਚਰਨ' ਤੇ ਛੱਡ ਦੇ ਜ਼ੁਲਫ ਕੰਘੀ, ਨਹੀਓਂ ਹੋਸ਼ ਤੇਰੀ ਗੜਦ ਹੋ ਗਈ।"

ਡਾਕਟਰ ਸਾਹਿਬ ਇਹ ਕਹਕੇ ਲੰਘ ਗਏ, ਉਹ ਈਸ਼ਰ ਸਿੰਘ ਦੇ ਸੁਭਾ ਨੂੰ ਜਾਣਦੇ ਸਨ। ਈਸ਼ਰ ਸਿੰਘ ਮੁੜ ਕੇਸਾਂ ਦੀ ਗਿਣਤੀ ਵਿਚ ਲਗ ਪਿਆ, ਪਰ ਦੰਦਿਆਂ ਦੇ ਹਿਸਾਬ

Digitized by Panjab Digital Library | www.panjabdigilib.org

ਸਿਰ ਗਿਣਤੀ ਕੁਛ ਠੀਕ ਨਾ ਜਚੀ। ਫੇਰ ਸੋਚਣ ਲਗਾ: ਨਹੀਂ, ਠੀਕ ਹੈ। ਮੇਰੇ ਕੇਸ ਪਤਲੇ ਹਨ ਚਿੱਟੇ ਹੋਣ ਲਗਿਆਂ ਕੇਸ ਹੋਰ ਲਿੱਸੇ ਪੈ ਜਾਂਦੇ ਹਨ, ਕਾਲਾ ਰੰਗ ਉਪਰੋਂ ਦੱਦਿਆ ਜਾਂਦਾ ਹੈ; ਪਰ ਮੇਰੇ ਮਹਬੂਬ ਦੇ ਕੇਸ, ਅਤਰ ਭਿੱਜੇ ਕੇਸ, ਉਹ ਮੱਖਣਾ ਦੇ ਤੇ ਫੁਲੇਲ ਨਾਲ ਪਲੇ ਕੇਸ, ਉਹ ਹਿਲਦੇ ਜੁਲਦੇ ਪੈਰਾਂ ਤਕ ਲਮਕਦੇ ਸ਼ੁਕਦੇ ਕਾਲੇ ਨਾਗ, ਉਹ ਬੜੇ ਭਾਰੇ ਹਨ। ਉਨ੍ਹਾਂ ਦੇ ਭਾਰ ਨਾਲ ਹੀ ਤਾਂ ।ਵਚਾਰੀ ਦਾ ਲੱਕ ਲਚਕ ਜਾਂਦਾ ਹੈ। ਈਸ਼ਰ ਸਿੰਘ ਆਪ ਭੀ ਲਚਕਣ ਲਗ ਪਿਆ। ਉਸ ਉੱਪਰ ਕਵਿਤਾ ਦਾ ਰਸ ਛਾ ਗਿਆ। ਉਸ ਨੇ ਪਹਿਲੇ ਤੁਕ ਪੜ੍ਹੀ :—

'ਬਾਰਨ ਕੇ ਭਾਰ ਨਾਰ ਕਈ ਬਾਰ ਲਚਕੀ,' ਫੇਰ ਉਸ ਦਾ ਸੰਪੂਰਨ ਛੰਦ ਘੜਿਆ ਗਿਆ :—

ਛੈਲ ਛਬਿ ਛਾਈ ਕੀਨੋ ਸਕਲ ਸਿੰਗਾਰ ਨਾਰ;
ਕਰਤ ਕੁਲਾਹਲ ਸਹੇਲਨ ਸੋਂ ਰਚਕੀ।
ਚੰਪਕ ਕੀ ਬੇਲੀ ਔ ਨਵੇਲੀ ਰੰਗ ਰੂਪ ਭਰੀ,
ਅੰਗ ਪ੍ਰਤਿ ਅੰਗ ਮੈਂ ਅਨੰਗ ਮੋਦ ਮਚਕੀ।
ਈਸ਼ਰ ਮ੍ਰਿਗੇਂਦ ਭਨੈ ਪਜਾਰੀ ਚਿਤ ਚਾਇ ਭਰੀ,
'ਪਜਾਰੋ ਪਰਯੰਕ ਪੈ ਨ' ਸੋਚ ਸਰ ਖਚਕੀ।
ਆਹ ਭਰ ਕਾਂਪੀ, ਪੇਚ ਜੂਰਨ ਸੋ ਖੁਲ ਗਜੋ,
ਬਾਰਨ ਕੇ ਭਾਰ ਨਾਰ ਕਈ ਬਾਰ ਲਚਕੀ।

ਇਹ ਹੋਲੀਆਂ ਦੇ ਸ਼ੁਰੂ ਦੇ ਦਿਨ ਸਨ। ਏਸ ਵਕਤ ਕਵਿ 'ਮੂੰਹ—ਜ਼ੋਰ' ਘੋੜੇ ਵਾਕਣ ਸ਼ਰਮ ਦੀਆਂ ਵਾਗਾਂ ਤੁੜਾਕੇ ਨੱਸ ਪੈਂਦੇ ਸਨ। ਈਸ਼ਰ ਸਿੰਘ ਦੇ ਏਸ ਕਬਿਤ ਨੇ ਹੋਲੀਆਂ ਦੇ ਰਸ ਰੰਗ ਦਾ ਠਾਠ ਬੰਨ੍ਹ ਦਿਤਾ। ਸਾਰੇ ਕਵੀ ਸਮਾਜ ਵਿਚ ਏਸ ਕਬਿੱਤ ਦੀ ਸਮੱਸਯਾ ਪੂਰਤੀ ਦਾ ਸਮਾਂ ਬੱਝ ਗਿਆ; ਕਿਤਨੇ ਦਿਨ ਇਨ੍ਹਾਂ ਹੀ ਤੁਕਾਂ ਦੇ ਚੁਹਲ ਹੁੰਦੇ ਰਹੇ। ਹਰ ਇਕ ਕਵੀ ਨੇ ਕੁਛ ਨ ਕੁਛ ਕਿਹਾ ਤੇ ਕਈਆਂ ਨੇ ਇਤਨੀ ਖੁਲ੍ਹ ਕੀਤੀ ਕਿ ਉਨ੍ਹਾਂ ਦੀ ਨਾਇਕਾ ਅਜਕਲ ਦੀ ਆਜ਼ਾਦੀ ਦੇ ਜ਼ਮਾਨੇ ਵਿਚ ਵੀ ਪ੍ਰਕਾਸ਼ਿਤ ਹੋਣ ਦੀ ਰੌਸ਼ਨੀ ਵਿਚ ਸ਼ਰਮ ਨਾਲ ਸੰਕੁਚਦੀ ਹੈ।

ਡਾਕਟਰ ਸਾਹਿਬ ਨੇ ਏਸ ਸਮੱਸਯਾ ਉਤੇ ਅਨੇਕ ਛੰਦ ਕਹੇ, ਜਿਨ੍ਹਾਂ ਵਿਚੋਂ ਚੌਣਵੇਂ ਏਥੇ ਕੁਛ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ :—

ਧਰਤ ਨ ਧਰਾ ਪੈ ਏ ਪਾਂਵ ਮ੍ਰਿਦੁਲਾਈ ਹੋਤ
ਦੇਤ ਨ ਦਿਖਾਈ ਅਰੁਨਾਈ ਜਾਵ ਕਚ ਕੀ।
ਬੋਲਤ ਪਰਤ ਬਲ ਬਲ ਬਲ ਜਾਇ ਹੀਆ
ਦੇਖ ਮੁਖ ਆਵੇ ਸੁਧ ਕਾਰੀਗਰ ਸੱਚ ਕੀ।
ਕਹਾਂ ਲੌ ਬਡਾਇਨ ਕਰੌਂ ਮੈਂ ਠਕੁਰਾਇਨ ਕੀ
ਨਾਇਨ ਚਕਤ ਬਿਧ ਕੁਅਰ ਬਿਰਚ ਕੀ।
'ਸਾਗਿਰ ਚਰਨ' ਸੁ-ਕੁਮਾਰਤਾ ਨ ਵਾਰਾ ਪਾਰ
ਵਾਰਨ ਕੇ ਭਾਰ ਨਾਰਿ ਕਈ ਬਾਰ ਲਚਕੀ।੧।

Digitized by Panjab Digital Library | www.panjabdigilib.org

ਸਰਲ ਤਰਲ ਝੀਨੀ ਅਤਰ ਗੁਲਾਬ ਭੀਨੀ
ਨੀਬੀ ਕੀ ਨ ਗਾਂਠ ਮਨ ਗਾਂਠ ਮਾਂਹਿ ਗਚਕੀ।
ਅਤਿ ਸੁ-ਕੁਮਾਰ ਨਾਹਿ ਵਾਰਾ ਪਾਰ ਪਰੈ ਜਾਹਿੰ
ਲੰਕ ਕੀ ਲੁਨਾਈ ਸੁਬਕਾਈ ਹਿਯੇ ਠਚਕੀ।
ਹੰਸ, ਰੰਭਾ, ਕੋਹਰਿ, ਕਪੋਤ, ਬੀਣਾ, ਕੀਰ, ਏਣੁ,
ਚਾਂਪ, ਨਾਗ ਟੋਲੇ ਪੈ ਨ ਸਾਦਰਸ਼ਤਾ ਰਚਕੀ।
'ਸਾਰੰਗ ਚਰਨ' ਸੁ-ਕੁਮਾਰ ਬਲਿਹਾਰ ਮਨ
ਬਾਰਨ ਕੇ ਭਾਰ ਨਾਰਿ ਬਾਰ ਬਾਰ ਲਚਕੀ।੨।
ਚਲਤ ਮੁਸਕਜਾਤ ਨਾਰ ਹਾਰ ਭਜੋ ਬਿਦ੍ਰਮ ਕੋ
ਨਾਰ ਨਿਹੁਰਾਇ ਨਾਰ ਏਡੀ ਦੇਖ ਲਚਕੀ।
ਬੈਠਤ ਸੁਭਾਵਕ ਹੀ ਆਸਨ ਤੇ ਚਿਉਂਟੀ ਕਾਟਜੋ
ਸ਼ਿਸਕਤ 'ਹਹਾ ਹਾਇ' ਚੀਟੀ ਦੇਖ ਲਚਕੀ।
ਉਠੀ ਅੰਗਰਾਈ ਲੇਤ ਸਿੰਮ੍ਰਤਾਈ ਮੋਹਨ ਕੀ
ਬਸਨ ਸੰਭਾਰਤ ਹੀ ਹੀਯਾ ਦੇਖ ਲਚਕੀ।
'ਸਾਰੰਗ ਚਰਨ' ਬਲਿਹਾਰ ਹੌਂ ਨਜ਼ਾਕਤ ਪੈ
ਬਾਰਨ ਖੁਲਤ ਨਾਰ ਬਾਰ ਬਾਰ ਲਚਕੀ। ੩ ।

ਇਸ ਕਵੀ ਸਮਾਜ ਦਾ ਇਕ ਹੋਰ ਲਾਲ ਪੰਡਤ ਲੋਕ ਨਾਥ ਸੀ। ਇਸ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ। ਇਸ ਦਾ ਮੁੱਖ ਕੰਮ ਤਾਂ ਡਾਕਟਰ ਸਾਹਿਬ ਦੀਆਂ ਦਵਾਈਆਂ ਆਦਿਕ ਦੇ ਸੰਇੰਧ ਵਿਚ ਸੀ, ਜੜ੍ਹਾਂ ਬੂਟੀਆਂ ਨੂੰ ਖਰਲ ਕਰਨਾ, ਪੁੜੀਆਂ ਬੰਨ੍ਹਣੀਆਂ, ਨਾਲ ਹੀ ਉਨ੍ਹਾਂ ਦੀਆਂ ਲਿਖਤੀ ਚੀਜ਼ਾਂ ਨੂੰ ਨਕਲ ਕਰਨਾ। ਵਰ੍ਹਿਆਂ ਬੱਧੀ ਏਸ ਕੰਮ ਵਿਚ ਰਚੇ ਰਹਣ ਨਾਲ ਉਹ ਛੰਦ ਰਚਨਾ ਦਾ ਪੱਕਾ ਅਭਯਾਸੀ ਹੋ ਗਿਆ ਸੀ। ਪਰ ਪਹਿਲੀ ਸੁਹਬਤ ਜੁਆਰੀਆਂ ਦੀ ਹੋਣ ਕਰਕੇ ਉਸ ਦੇ ਅੰਦਰ ਖਿਡਾਰ ਪੁਣੇ ਦੀ ਲਰ ਬਰਾਬਰ ਪੁੰਗਰੀ ਰਹਿੰਦੀ ਸੀ। ਹੋਲੀਆਂ ਦੇ ਦਿਨਾਂ ਵਿਚ ਗੁੱਡੀਆਂ ਉਡਾਉਣ ਦਾ ਖਾਸ ਸ਼ੌਕ ਇਸਦੇ ਅੰਦਰ ਕੁੱਦ ਪੈਂਦਾ ਸੀ। ਇਹ ਪੇਚੇ ਲੜਾਉਨ ਵਿਚ ਬੜਾ ਕਾਰੀਗਰ ਪਤੰਗਬਾਜ਼ ਸੀ। ਲੋਕ ਨਾਥ ਆਪਣੀਆਂ ਗੁੱਡੀਆਂ ਆਪ ਬਣਾਉਂਦਾ ਸੀ, ਜੋ ਬਹੁਤ ਵੱਡੇ ਆਕਾਰ ਦੀਆਂ ਅਤੇ ਨਵੀਆਂ ਸ਼ਕਲਾਂ ਦੀਆਂ ਹੁੰਦੀਆਂ ਸਨ।

ਲੋਕ ਨਾਥ ਕੋਲ ਇਕ ਸੈਂਚੀ ਸੀ, ਜਿਸਦਾ ਨਾਮ ਉਸਨੇ 'ਲੋਕੋਕਤੀ' ਰਖਿਆ ਹੋਇਆ ਸੀ। ਇਸ ਲਫਜ਼ ਦੇ ਦੂਹਰੇ ਅਰਥ ਸਨ, ਇਕ ਤਾਂ ਇਹ ਕਿ ਲੋਕ ਨਾਥ ਦੀ ਉਕਤੀ, ਜਿਸਦਾ ਮਤਲਬ ਹੈ, ਉਸਦੀ ਅਪਣੀ ਰਚਨਾ; ਦੂਜਾ ਲੋਕਾਂ ਦੀ ਉਕਤੀ, ਕਿ ਪਰਾਈ ਰਚਨਾ। ਉਹ 'ਲੋਕ' ਦਾ ਨਾਥ ਹੋਣ ਕਰਕੇ ਸਾਰੀ ਰਚਨਾ ਆਪਣੀ ਹੀ ਸਮਝਦਾ ਸੀ। ਜੋ ਚੀਜ਼ਾਂ ਉਹ ਆਪ ਬਣਾਵੇ ਜਾਂ ਕਿਸੇ ਹੋਰ ਦੀ ਚੰਗੀ ਲੱਗੇ ਉਹ ਬਗ਼ੈਰ ਕਿਸੇ ਵਿਤਕਰੇ ਦੇ 'ਲੋਕੋਕਤੀ' ਵਿਚ ਸ਼ਾਮਲ ਹੋ ਜਾਂਦੀ ਸੀ।

Digitized by Panjab Digital Library | www.panjabdigilib.org

ਲੋਕ ਨਾਥ ਜਿਸ ਨਾਇਕਾ ਨੂੰ ਸਨਮੁਖ ਰੱਖਕੇ ਕਵਿਤਾ ਬਣਾਉਂਦਾ ਸੀ, ਫੇਰ ਉਸੇ ਨਾਇਕਾ ਦੀ ਤਸਵੀਰ ਗੁੱਡੀ ਦੀ ਸ਼ਕਲ ਵਿਚ ਕੱਟਕੇ ਬਣਾ ਦੇਂਦਾ ਸੀ। ਇਹ 'ਗੁੱਡੀ-ਨਾਇਕਾ' ਪੂਰੇ ਕੱਦ ਦੀ ਹੋਣ ਕਰਕੇ ਬੜੀ ਮੋਟੀ ਡੋਰੀ ਨਾਲ ਉਡਾਈ ਜਾਂਦੀ ਸੀ। ਯਾਰ ਦੋਸਤ ਸਾਰੇ ਏਸ ਮਸ਼ਖ਼ਰੀ ਨੂੰ ਦੇਖਣ ਲਈ ਇਕੱਠੇ ਹੋ ਜਾਂਦੇ ਸਨ। ਲੋਕ ਨਾਥ ਦੀ ਇਹ ਹੋਲੀਆਂ ਦੀ ਖੇਡ ਹੁੰਦੀ ਸੀ।

ਹੋਲੀਆਂ ਦੀ ਮਜਲਸ ਹਰ ਸਾਲ ਬਦਲ ਬਦਲ ਕੇ ਕਵੀਆਂ ਦੇ ਮਕਾਨਾਂ ਉੱਪਰ ਹੁੰਦੀ ਸੀ। ਐਤਕੀ ਦੇ ਏਸ ਅਡੰਬਰ ਲਈ ਲੋਕ ਨਾਥ ਸਬਜ਼ ਕਾਗਜ਼ ਦੀ ਆਦਮ ਕੱਦ ਗੁੱਡੀ ਲਿਆਇਆ ਸੀ। ਗੁੱਡੀ ਦੀ ਸ਼ਕਲ ਨਾਇਕਾ ਦੀ ਸੀ, ਜਿਸ ਵਿਚ ਇਹ ਛੰਦ ਲਿਖਿਆ ਹੋਇਆ ਸੀ:—

ਸਬਜ਼ਨ ਕੀ ਮਾਲਾ ਦੁਸ਼ਾਲਾ ਓਢ ਸਬਜ਼ ਖ਼ੂਬ, ਸਬਜ਼ ਨੱਕ ਬੇਸਰ ਕੀ ਛਬਿ ਕਉਨ ਗਾਵਹੀ।
ਸਬਜ਼ ਗਲ ਜੁਗਨੀ ਮੈਂ ਸਬਜ਼ ਨਗ ਸੋਹਤ ਹੈਂ, ਸਬਜ਼ ਹਾਰ ਛਾਤੀ ਪਰ ਦੇਖਕੇ ਰਿਝਾਵਹੀ।
ਸਬਜ਼ੇ ਕੀ ਚੌਪਕਲੀ ਗਜਰੇ ਕਰ ਸਬਜ਼ਨ ਕੇ, ਸਬਜ਼ ਹੀ ਸਤਾਰ ਕਰ ਰਾਗ ਮੁਖ ਗਾਵਹੀ।
ਸ਼ਬਜ਼ ਹੀ ਪੁਸ਼ਾਕ ਸੋ 'ਲੋਕਨਾਥ' ਪ੍ਰੀਤਮ ਕੋ, ਦੋਏ ਕਰ ਜੋਰ ਜਾਇ ਪਿਯਾ ਕੋ ਰਿਝਾਵਹੀ।

ਯਾਰ ਦੋਸਤ ਗੁੱਡੀ ਅਤੇ ਛੰਦ ਦੀ ਘਾੜਤ ਦੀ ਏਕਤਾ ਉੱਪਰ ਖ਼ੁਸ਼ ਹੋ ਰਹੇ ਸਨ। ਲੋਕ-ਨਾਥ ਦੀ ਐਸ ਸਾਲ ਦੀ ਗੁੱਡੀ ਪਿਛਲੇ ਸਾਲ ਨਾਲੋਂ ਸ਼ਕਲ ਸੂਰਤ ਵਿਚ ਬਹੁਤ ਵੱਧ ਚੜ੍ਹਕੇ ਸੀ। ਪਿਛਲੇ ਸਾਲ ਦਾ ਛੰਦ ਤਾਂ ਮਾੜਾ ਨਹੀਂ ਸੀ *, ਪਰ ਗੁੱਡੀ ਦੀ ਪੀਲੀ ਨੁਹਾਰ ਵਿਚ ਉਹ ਤਿੱਖਾਪਨ ਨਹੀਂ ਸੀ ਜੋ ਐਸ ਸਾਲ ਸੀ, ਚਾਹੇ ਉਹ ਉਸ ਲਾਲ ਗੁੱਡੀ ਤੋਂ ਅਛੇਰੀ ਸੀ ਜੋ ਉਸ ਤੋਂ ਪਹਿਲੇ ਸਾਲ ਬਣੀ ਸੀ †।

ਲੋਕ ਨਾਥ ਜਿਸ ਵੇਲੇ ਸਬਜ਼ ਗੁੱਡੀ ਉਡਾ ਰਿਹਾ ਸੀ ਤਾਂ ਈਸ਼ਰ ਸਿੰਘ ਇਕ ਹੋਰ ਛੰਦ ਘੜ ਰਿਹਾ ਸੀ। ਛੰਦ ਬਨਾਕੇ ਉਸ ਨੇ ਜਲਦੀ ਹੀ ਪੜ੍ਹ ਦਿਤਾ। ਇਹ ਕਬਿਤ ਵੀ 'ਬਾਰਨ ਕੇ ਭਾਰ' ਵਾਲੀ ਸਮੱਸਯਾ ਨੂੰ ਲੈਕੇ ਹੀ ਰਚਿਆ ਸੀ:—

ਇੰਦ ਮੁਖੀ ਪਜਾਰੀ ਬਾਲ ਬੈਠੀ ਕੋਲ ਬੰਗਲਾ ਪੈ
ਕਰਤ ਸਿੰਗਾਰ ਕਰ ਆਰਸ਼ੀ ਹੈ ਕੱਚ ਕੀ।
ਅੰਗ ਅੰਗ ਭੂਖਨ ਸਵਾਰਜੋ ਮਨ ਮੋਦ ਭਰੀ
ਬੇਸਰ ਫਬੀ ਹੈ ਨਾਕ ਚੂਨੀ ਸਾਥ ਗਚਕੀ।
ਈਸ਼ਰ ਮਿਰੋਂਦ ਪਤੀ ਗਮਨ ਜਨਾਯੋ ਸਖੀ
ਭੂਲਿਓ ਹੈ ਠਾਠ ਸੁਨ ਬਿਰਹ ਆਗ ਮਚਕੀ।

---

*ਬਸੰਤੀ ਪੁਸ਼ਾਕ ਤਨ ਲਾਇ ਬੈਠੀ ਪਜਾਰੀ ਮਾਨੋ ਕਾਮ ਕੀ ਖੁਮਾਰੀ ਸੇ ਸਖੀ ਸਾਥ ਗਾਵਤੀ।
ਚੋਕ ਨੱਥ ਬੇਸਰ ਬਹਾਦਰੀ ਤੇ ਕਰਨ ਫੂਲ, ਹਾਰ ਜੇ ਬਸੰਤੀ ਛਬਿ ਸਖੀਅਨ ਸੋ ਪਾਵਤੀ।
ਪਜਾਰੇ ਪਾਸ ਜਾਇ ਮੁਸਕਾਇ ਕਹੇ ਪਜਾਰੇ ਸੋਂ ਨੈਨਨ ਸੋਂ ਨੈਨ ਮੇਲ ਅਧਿਕ ਰਿਝਾਵਤੀ।
ਪੀਆ ਜਬ ਆਵੈ ਮੇਰੇ ਤਨ ਕੋ ਸੁਖਾਵੈ, ਜਬ ਗਰ ਹੌਂ ਲਗਾਵੈ ਤਾਪ ਮਨਕਾ ਮਿਟਾਵਤੀ।
†ਗਲੇ ਕੀ ਪੁਸ਼ਾਕ ਲਾਲ ਮਾਥੇ ਹੀ ਸੰਦੂਰ ਲਾਲ, ਬੇਸਰ ਕੇ ਮੋਤੀ ਲਾਲ ਲਾਲ ਹੀ ਸਿਧਾਈ ਹੈ।
ਲਾਲ ਮੈਂ ਅਬੀਰ ਲਾਲ ਹਾਥ ਮੈਂ ਤਾਂ ਪਾਂਚ ਲਾਲ ਪੈਰ ਕੀ ਪੰਜੇਬ ਲਾਲ ਵਰ ਲਾਲ ਆਈ ਹੈ।

Digitized by Panjab Digital Library | www.panjabdigilib.org

ਬਜਾਕੁਲ ਹੈ ਦੌਰੀ ਪੇਚ ਖੁਲ੍ਹ ਗਯੋ ਜੂਰਨ ਸੋ
ਬਾਰਨ ਕੇ ਭਾਰ ਨਾਰ ਕਈ ਬਾਰ ਲਚਕੀ।

ਲੋਕ ਨਾਥ ਇਸ ਨਾਲ ਛਿੱਥਾ ਪੈ ਗਿਆ। ਮਜਲਸ ਦਾ ਧਿਆਨ ਉਸ ਵਲੋਂ ਹਟਕ ਈਸ਼ਰ ਸਿੰਘ ਵਲ ਚਲਾ ਗਿਆ ਸੀ। ਇਸ ਖਿਝ ਵਿਚ ਲੋਕ ਨਾਥ ਉਸ ਰਾਤ ਸੌਂ ਨਹੀਂ ਸਕਿਆ, ਦੇਰ ਤਕ ਉਹ ਵੀ ਉਸ ਸਮੱਸਯਾ ਨੂੰ ਮਨ ਵਿਚ ਲੈਕੇ ਬੈਠ ਗਿਆ। ਉਸਨੇ ਸਾਰਾ ਧਿਆਨ ਇਸ ਤੁਕ ਉੱਪਰ ਜੋੜ ਦਿਤਾ: 'ਬਾਰਨ ਕੇ ਭਾਰ ਨਾਰ ਕਈ ਬਾਰ ਲਚਕੀ'। ਰਾਤ ਦੇਰ ਤਕ ਲੋਕ ਨਾਥ ਏਸੇ ਤੁਕ ਦੀ ਤਪ ਸਾਧਨਾ ਵਿਚ ਬੈਠਾ ਰਿਹਾ, ਜਿਵੇਂ ਮੁਰਗੀ ਅੰਡਾ ਸੇਕਨ ਵਿਚ ਗ਼ਲਤਾਨ ਹੁੰਦੀ ਹੈ। ਸਵੇਰਸਾਰ ੨ ਵਜੇ ਇਸ ਅੰਡੇ ਵਿਚੋਂ ਚੂੰ ਚੂੰ ਕਰਦਾ ਚੂਚਾ ਬਾਹਰ ਆ ਗਿਆ। ਇਹ ਖੰਭਾਂ ਵਾਲਾ ਕਬਿਤ ਸੀ, ਜਿਸਨੇ ਅਸਮਾਨ ਵਿਚ ਉਡ ਪੈਣਾ ਹੈ:-

ਸਰ ਸੋ ਅਨਾਇ ਬਾਲ ਬੈਠੀ ਆਨ ਆਂਗਨ ਪੈ
ਦਰਪਨ ਲੀਏ ਹਾਥ ਭਾਲ ਬੇਂਦੀ ਸਚਕੀ।
ਕਰਤ ਸਿੰਗਾਰ ਸਬ ਆਂਗਨ ਮੋ ਆਛੀ ਭਾਂਤਿ
ਗਲੇ ਮਾਂਹਿ ਚੰਪਕਲੀ ਹੀਰਨ ਸੋਂ ਖਚਕੀ।
ਨਨਦ ਨਿਗੋਡੀ ਆਇ ਬੀਰ ਕੋ ਗਮਨ ਕਹਜੋ
ਲੋਕ ਨਾਥ ਤਾਹੀਂ ਸਮੈਂ ਬਜਾਕੁਲ ਹੈ ਭਚਕੀ।
ਟੂਟ ਗਯੋ ਹਾਰ, ਪੇਚ ਖੁਲ੍ਹ ਗਯੋ ਜੂਰਨ ਕੋ,
ਵਾਲਨ ਕੇ ਭਾਰ ਨਾਰ ਕਈ ਬਾਰ ਲਚਕੀ।

ਕਬਿੱਤ ਦੇ ਬਣਦੇ ਸਾਰ ਹੀ ਲੋਕ ਨਾਥ ਮੰਜੀ ਤੋਂ ਉਠ ਬੈਠਾ, ਚਾਕੂ ਲੈਕੇ ਤੇਜ਼ੀ ਨਾਲ ਬਾਂਸ ਦੇ ਤੀਲੇ ਘੜਨੇ ਸ਼ੁਰੂ ਕੀਤੇ। ਦਿਨ ਚੜ੍ਹਦੇ ਤਕ ਉਸ ਨੇ ਇਕ ਗੁੱਡੀ ਤਿਆਰ ਕਰ ਲਈ ਜਿਸਨੇ ਆਕਾਸ਼ ਵਿਚ ਇਹ ਨਾਟਕ ਦਿਖਾਉਣਾ ਸੀ:- 'ਟੂਟ ਗਯੋ ਹਾਰ ਪੇਚ ਖੁਲ੍ਹ ਗਯੋ ਜੂਰਨ ਸੋ, ਵਾਲਨ ਕੇ ਭਾਰ ਨਾਰ ਕਈ ਬਾਰ ਲਚਕੀ'। ਉਸਨੂੰ ਪੱਕਾ ਯਕੀਨ ਸੀ ਕਿ ਅੱਜ ਦੀ ਮਜਲਸ ਦਾ ਧਿਆਨ ਉਸ ਦੀ ਏਸ ਖੇਡ ਵਿਚ ਮਸਤ ਹੋ ਜਾਏਗਾ ਤੇ ਸਾਰੇ ਵਾਹ ਵਾਹ ਕਰਨਗੇ।

ਲੋਕ ਨਾਥ ਦੇ ਏਸ ਛੰਦ ਨਾਲ ਸਾਰੇ ਪ੍ਰਸੰਨ ਹੋਏ, ਪਰ ਮੌਸਮ ਅੱਛਾ ਨਹੀਂ ਸੀ। ਹਵਾ ਤੇਜ਼ ਸੀ, ਬਦਲਵਾਈ ਸੀ; ਲੋਕ ਨਾਥ ਦਾ ਦਿਲ ਧੜਕ ਰਿਹਾ ਸੀ। ਬੜੇ ਜੋਸ਼ ਨਾਲ ਉਸ ਨੇ ਗੁੱਡੀ ਉਡਾਉਣੀ ਸ਼ੁਰੂ ਕੀਤੀ। ਕੁਛ ਕਿਣ ਮਿਣ ਸੀ, ਪਰ ਗੁੱਡੀ ਤਣ ਕੇ ਹਵਾ ਵਿਚ ਖੜੋ ਗਈ। ਉਸ ਨੇ ਜ਼ੋਰ ਦੀ ਤੁਣੁੱਕਾ ਮਾਰਿਆ ਪਰ ਗੁੱਡੀ ਦੇ ਜੂੜੇ ਦਾ ਪੇਚ ਨਾ ਖੁਲ੍ਹਾ। ਉਸ ਡੋਰ ਢਿੱਲੀ ਛਡਕੇ ਫੇਰ ਕੱਸਕੇ ਤਣੁੱਕਾ ਮਰਿਆ, ਡੋਰ ਟੁੱਟ ਗਈ। ਸਾਰੇ ਹੱਸ ਪਏ, ਡਾਕਟਰ ਸਾਹਿਬ ਨੇ ਹਸਦਿਆਂ ਹਸਦਿਆਂ ਕਹਿਆ:-

"ਟੂਟ ਗਯੋ ਤਾਰ, ਪੇਚ ਖੁਲ੍ਹ ਗਯੋ ਡੋਰਨ ਸੋ, ਲੋਕ ਨਾਥ ਸ਼ੋਕ ਸਾਥ ਲੱਗ ਗਈ ਹਿਚਕੀ।"

ਲੋਕ ਨਾਥ ਦਾ ਪਤੰਗ ਬਾਜ਼ੀ ਦਾ ਖ਼ਬਤ ਅਖ਼ੀਰ ਉਮਰ ਤਕ ਨਿਭਿਆ। ਉਹ ਉਨ੍ਹਾਂ ਛੰਦਾਂ ਨੂੰ ਬਹੁਤ ਪਸੰਦ ਕਰਦਾ ਸੀ, ਜਿਨ੍ਹਾਂ ਵਿਚ ਰੰਗ ਸਾਜ਼ੀ ਦੀ ਏਕਤਾ ਝਲਕੇ। ਸਾਡੇ ਅੰਗ੍ਰੇਜ਼ੀ ਪੜ੍ਹੇ

Digitized by Panjab Digital Library | www.panjabdigilib.org

ਪਾਠਕਾਂ ਵਿਚੋਂ ਕਈਆਂ ਨੂੰ ਯਾਦ ਹੋਣਾ ਹੈ ਕਿ ਏਸ ਕਿਸਮ ਦਾ ਕੰਮ ਇੰਗਲਸਤਾਨ ਵਿਚ ਵੀ ਕਦੇ ਰਿਹਾ ਹੈ। ਇਕ ਚਿਤ੍ਰਕਾਰ ਨੇ ਤਸਵੀਰ ਬਣਾਈ, ਜਿਸ ਵਿਚ ਸਾਰੀਆਂ ਚੀਜ਼ਾਂ ਸਫੈਦ ਰੰਗ ਦੀਆਂ ਸਨ। ਇਸ ਚਿਤ੍ਰਕਾਰ ਦਾ ਨਾਮ ਵਿਸਲਰ (Whistler) ਸੀ। ਤਸਵੀਰ ਦਾ ਨਾਮ ਸੀ "ਦੀ ਲਿਟਲ ਵਾਈਟ ਗਰਲ; ਸਿੰਫਨੀ ਇਨ ਵਾਈਟ।" (The Little White Girl:--Symphony In White) ਇਹ ਸਫੈਦ ਤਸਵੀਰ ਦੇਖਕੇ ਫੇਰ ਸਵਿਨ ਬਰਨ (Swin Burne) ਨੇ ਕਵਿਤਾ ਕਹੀ :- ਜੋ ਏਸ ਤਰ੍ਹਾਂ ਸ਼ੁਰੂ ਹੁੰਦੀ ਹੈ :-

Come snow, come wind or thunder,
High up in air,

ਤੇ ਏਸ ਤਰ੍ਹਾਂ ਖ਼ਤਮ ਹੁੰਦੀ ਸੀ :-

But one thing knows the flower
The flower is fair.

ਲੋਕ ਨਾਚ ਵੀ ਏਸ ਕੁਸ ਵਾਲਾ ਆਦਮੀ ਬਣ ਗਿਆ ਸੀ।

੧੫. ਅਨੁਰਾਗ ਵੈਰਾਗ।

ਇਸ ਕਵਿ ਸਮਾਜ ਦਾ ਘੇਰਾ ਕਾਫੀ ਵੱਡਾ ਸੀ ਜੋ ਸਮੱਸਯਾ ਪੂਰਤੀਆਂ ਤੇ ਹੋਲੀਆਂ ਦੀਆਂ ਖੇਡਾਂ ਵਿਚ ਆਪਣੀ ਰਸ ਰੀਝ ਦਾ ਸ੍ਵਾਦ ਲੈਂਦਾ ਹੁੰਦਾ ਸੀ। ਡਾਕਟਰ ਸਾਹਿਬ ਦੇ ਹਾਸੇ ਮਖ਼ੌਲ ਤੇ ਕਾਵ੍ਯ ਰਸ ਰੰਗ ਲਹਿਰੀ ਇਨ੍ਹਾਂ ਮਜਲਸਾਂ ਦੀ ਜਾਨ ਸਨ; ਪਰ ਇਕ ਗਲ ਹੋਰ ਸੀ।

ਅਸੀਂ ਪਿਛੇ ਕਹਿ ਆਏ ਹਾਂ ਕਿ ਡਾਕਟਰ ਸਾਹਿਬ ਦੀ ਸ਼ੁਰੂ ਦੀ ਜ਼ਿੰਦਗੀ ਵਿਚ ਦੋ ਮਾਨਸਿਕ ਧਾਰਾਂ ਵਖ ਵਖ ਚਲਦੀਆਂ ਸਨ। ਇਹ ਅਨੁਰਾਗ ਅਤੇ ਵੈਰਾਗ ਦੀਆਂ ਭਿੰਨ ਭਿੰਨ ਲਹਿਰਾਂ ਸਨ। ਅਸਾਂ ਇਹ ਵੀ ਕਿਹਾ ਸੀ ਕਿ ਡਾਕਟਰ ਸਾਹਿਬ ਦੇ ਅੰਦਰ ਰਸ ਦਾ ਸੰਚਾਰ ਇਕ ਸ੍ਵਭਾਵਕ ਮਾਨੁਖੀ ਰੁਚੀ ਅਨੁਸਾਰ ਸੀ, ਪਰ ਵੈਰਾਗ ਦਾ ਤੱਤ ਸਾਧਨ ਦੇ ਤੌਰ ਤੇ ਅਭ੍ਯਾਸ ਦੀ ਤਿਤਿਖ਼ਸ਼ਾ ਦ੍ਵਾਰਾ ਸਿਖਾਇਆ ਗਿਆ ਸੀ। ਸਾਨੂੰ ਇਹ ਵੀ ਪਤਾ ਹੈ ਕਿ ਸ਼ੁਰੂ ਵਿਚ ਇਨ੍ਹਾਂ ਦੋ ਧਾਰਾਂ ਦਾ 'ਦੇਸ਼' ਸਾਂਝਾ ਸੀ, ਪਰ 'ਕਾਲ' ਵੱਖਰਾ। ਦਿਨ ਵੇਲੇ ਤਾਂ ਜਸ਼ਨਾ ਦੀ ਖ਼ੁਸ਼ੀ ਹੈ, ਹਾਸੇ ਮਖ਼ੌਲ ਦੀ ਲਾਲੀ ਹੈ, ਪਕਵਾਨਾ ਦੀ ਮਸਾਲੇ ਦਾਰ ਖ਼ੁਸ਼ਬੋ ਨਾਲ ਇਕ ਸਨਿਗਧ ਪ੍ਰਸੰਨਤਾ ਪਸਰੀ ਹੋਈ ਹੈ। ਪਰ ਇਹ ਚੀਜ਼ ਸਥਿਰ ਨਹੀਂ ਸੀ ਰਹਿੰਦੀ। ਰਾਤ ਵੇਲੇ ਨਜ਼ਾਰਾ ਪਲਟ ਜਾਂਦਾ ਸੀ। ਰਾਤ ਦੀ ਕਾਲਿਮਾ ਵਿਚ ਦਿਨ ਦੀ ਆਭਾਸ਼ੀ ਪੀਂਘ ਦੇ ਸੱਤੇ ਰੰਗ ਲੀਨ ਹੋ ਜਾਂਦੇ ਹਨ। ਲੋਢੇ ਵੇਲੇ ਦੇ ਲਾਲ ਭਖਦੇ ਬੱਦਲ ਸ਼ਾਮਾਂ ਪੈਂਦਿਆਂ ਹੀ ਅਪਣੀ ਚੁਲਾਨਾਰੀ ਕੁੰਮ-ਕੁੰਮੀ ਖੇਡ ਵਿਸਰਜਨ ਕਰ ਦੇਂਦੇ ਹਨ। ਹਰ ਜਸ਼ਨ ਦੀ ਖ਼ੁਸ਼ੀ ਬਾਦ ਮਨ ਉਤੇ ਉਸ ਦਾ ਉਲਟਾ ਸ਼ੁੱਆ ਪਰਤ ਕੇ ਪੈਂਦਾ ਹੈ।

ਰਾਤ ਵੇਲੇ ਮਨ ਦੀ ਦਸ਼ਾ ਅੰਦਰ ਦੇ ਹਨੇਰੇ ਵਲ ਨੁਖ ਕਰਦੀ ਸੀ, ਅੰਦਰ ਇਕ ਪੋਲ ਦਿਸਦਾ ਸੀ, ਇਕ ਵਡਾ ਸਾਰਾ ਲਿਫਾਫਾ ਜੋ ਸਾਰੇ ਦਾ ਸਾਰਾ ਖਾਲੀ ਹੈ। ਏਸ ਸੱਖਣੇਪਨ ਵਿਚ ਇਕ ਬੇ-ਸੁਆਦਾ ਪਨ, ਇਕ ਅਲੂਣਾ ਪਨ ਤੇ ਕੁਛ ਕੁਛ ਬਕੈਣਾ ਪਨ ਹੈ, ਤੇ ਇਹ ਸਾਰਾ ਕੁਛ ਇਕ ਨਿਰਜਨ ਸੁੰਨਸਾਨ ਦੇ ਹਨੇਰ ਚੱਕਰ ਵਿਚ ਘੁੰਮ ਰਿਹਾ ਹੈ। ਏਸ ਹਾਲਤ ਵਿਚ ਉਹ ਘਬਰਾ ਉਠਦੇ, ਅਪਣੀ ਨਿਰਾਧਾਰ ਅਵਸਥਾ ਉਤੇ ਤ੍ਰਬੁਕ ਪੈਂਦੇ ਤੇ ਵਜਾਕੁਲ ਹੋਕੇ ਆਸਰਾ ਅਟਦਾਸ ਦਾ ਲੈਂਦੇ ਤੇ ਉਚੀ ਉਚੀ ਬੋਲ ਉਠਦੇ :-

Digitized by Panjab Digital Library | www.panjabdigilib.org

ਗਰਤ ਘੋਰ ਅੰਧ ਤੇ ਕਾਢਹੁ, ਪ੍ਰਭ ਨਾਨਕ ਨਦਰਿ ਨਿਹਾਰਿ।

ਹੌਲੀ ਹੌਲੀ ਇਹ ਅਰਦਾਸ ਇਕ ਵਿਲਕਣੀ ਬਣ ਜਾਂਦੀ। ਵਿਲਕਣੀ ਫਰਯਾਦ ਦੇ ਸ਼ਬਦ ਰੂਪ ਵਿਚ ਪ੍ਰਵਾਹਤ ਹੋ ਜਾਂਦੀ। ਏਸ ਤਰ੍ਹਾਂ ਸਾਰਾ ਅੰਦਰ ਰਵਾਨਗੀ ਦੇ ਚਾਲੇ ਪੈ ਜਾਂਦਾ ਤੇ ਉਹ ਨੀਮ ਹੋਸ਼ ਵਿਚ ਬੇਨਤੀ ਰੂਪ ਹੋਏ ਹੋਏ ਕਹੀ ਜਾਂਦੇ :—

ਦੁਖਾਂ ਦੀ ਰਾਤ ਕਾਲੀ ਬੋਲੀ ਆਈ, ਗ਼ਮਾਂ ਦੀ ਚਮਕ ਬਿਜਲੀ ਜਿਉਂ ਡਰਾਈ।
ਜੁ ਬੱਦਲ ਵਾਂਗ ਚਸ਼ਮਾ ਮੇਰੀਆਂ ਵੀ, ਪਈਆਂ ਵਸਣ ਛਮਾਛਮ ਘੇਰੀਆਂ ਵੀ॥
ਝੁਲੇ ਝੱਖੜ ਮੇਰੇ ਸਾਹ ਠੰਡਿਆਂ ਦਾ, ਪਈ ਇਹ ਗਰਜ ਸਾਹ ਹਡਕੋਰਿਆਂਦਾ।
ਗ਼ਮਾਂ ਦੀ ਰਾਤ ਦੀ ਬਰਸਾਤ ਕਾਲੀ, ਨਹੀਂ ਮੁਕਦੀ ਨ ਚੜ੍ਹ ਹੈ ਦੇਹੁੰ ਸੁਖਾਲੀ॥
ਤੂੰਹੀ ਜੇ ਮਿਹਰ ਦਾ ਸੂਰਜ ਚੜ੍ਹਾਵੇਂ, ਕਰੇਂ ਕਿਰਪਾ ਤੇ ਕਦਮਾਂ ਨਾਲ ਲਾਵੇਂ।
ਮੇਰੇ ਦਿਲਦਾਰ ਦਿਲਦਾਰੀ ਕਰੀਂ ਤੂੰ, ਮੇਰੇ ਗ਼ਮਖ਼ਾਰ ਗ਼ਮਖ਼ਾਰੀ ਕਰੀਂ ਤੂੰ॥
ਮੇਰਾ ਦਿਲ ਡੋਲਦਾ ਡਗਮਗ ਜਿਉਂ ਬੇਰੀ, ਤੂੰ ਲਾਵੀਂ ਵੰਝ ਮੈ ਹਾਂ ਸ਼ਰਨ ਤੇਰੀ।
ਕਰੇ ਸਤਿਗੁਰ ਜੇ ਨਜ਼ਰ ਮਿਹਰ ਵਾਲੀ, ਹੋਵਾਂ ਬਲਿਹਾਰ ਲੱਖਾਂ ਵਾਰ ਹਾਲੀ।
ਮਰਾ ਬੇੜਾ ਏ ਰੁੜ੍ਹਦਾ ਪਾਰ ਹੋਵੇ, ਮੇਰਾ ਮਨ ਨਿਘਰਦਾ ਜਾਂਦਾ ਖਲੋਵੇ*॥

ਦਿਨ ਰਾਤ ਦਾ ਇਹ ਫਰਕ ਬਹੁਤ ਤਿੱਖਾ ਸੀ। ਉਹ ਆਪ ਏਸ ਦੇ ਜਾਣੂ ਸਨ। ਉਨ੍ਹਾਂ ਦਾ ਖਾਸਾ ਵਕਤ ਏਸ ਫਰਕ ਨੂੰ ਮੇਟਣ ਦੇ ਉਪਾਯ ਤੇ ਤਰੱਦਦ ਵਿਚ ਲੰਘਦਾ ਸੀ। ਉਨ੍ਹਾਂ ਕਈ ਚੀਜ਼ਾਂ ਅਜ਼ਮਾ ਕੇ ਦੇਖੀਆਂ। ਉਨ੍ਹਾਂ ਗਿਆਨ ਮਾਰਗ ਦੀਆਂ ਗੱਲਾਂ ਘੋਖੀਆਂ, ਆਸਣ ਜਮਾਏ, ਪ੍ਰਾਣਾਯਾਮ ਕੀਤੇ, ਨਿਰਵਿਕਲਪ ਸਮਾਧੀਆਂ ਲਗਾਈਆਂ। ਇਨ੍ਹਾਂ ਸਾਰੀਆਂ ਚੀਜ਼ਾਂ ਨੇ ਉਨ੍ਹਾਂ ਦੇ ਅਨੁਭਵ ਨੂੰ ਵਧਾਇਆ ਪਰ ਸੱਖਣਾਪਨ ਨਾ ਮੇਟ ਸਕੀਆਂ। ਛੇਕੜ ਉਨ੍ਹਾਂ ਨੂੰ ਇਕ ਗੱਲ ਦੀ ਸਮਝ ਆਈ ਕਿ ਹਰ ਆਤਮਕ ਸਾਧਨ ਦੇ ਹੇਠ ਇਕ ਹੋਰ ਤੱਤ ਹੈ, ਜੋ ਸਾਰੇ ਸਾਧਨਾਂ ਦੀ ਧਰਤੀ ਹੈ। ਕੋਈ ਵੀ ਬੀਜ ਬਗ਼ੈਰ ਭੂਮਿ ਦੇ ਨਹੀਂ ਉੱਗਦਾ। ਗਿਆਨ ਮਾਰਗ ਦੇ ਮਸਲੇ ਹਵਾ ਵਿਚ ਉਡ ਰਹੇ ਬੀਜ ਹਨ ਜੋ ਧਰਾਹੀਨ ਫਲੀਭੂਤ ਨਹੀਂ ਹੁੰਦੇ। ਇਹ ਧਰਤੀ ਸ਼ਰਧਾ ਦੀ ਧਰਤੀ ਹੈ। ਸ਼ਰਧਾ ਇਕ ਉਪਜਾਊ ਸ਼ਕਤੀ ਭਰਪੂਰ ਭੋਂ ਹੈ, ਜੋ ਤਿਆਰ ਹੈ ਅਧਯਾਤਮਕ ਬੀਜਾਂ ਨੂੰ ਗ੍ਰਹਣ ਕਰਨ ਲਈ। ਸ਼ਰਧਾ ਦੀ ਕ੍ਰਿਸਾਨੀ ਬਗ਼ੈਰ ਮਨੁੱਖ ਆਤਮਕਖੇਤੀ ਤਿਆਰ ਨਹੀਂ ਕਰ ਸਕਦਾ। ਡਾਕਟਰ ਸਾਹਿਬ ਸਿਦਕ ਨੂੰ ਸ਼ਰਧਾ ਦਾ ਅੰਤ੍ਰੀਵ ਰੂਪ ਸਮਝਦੇ ਸਨ, ਵਿਸ਼ਵਾਸ਼ ਨੂੰ ਸ਼ਰਧਾ ਦਾ ਬਾਹਰੀ ਰੂਪ। ਭਰੋਸਾ ਤੇ ਵਿਸ਼ਵਾਸ਼ ਇਕੋ ਚੀਜ਼ਾਂ ਹਨ। ਜੇ ਬਾਹਰੋਂ ਆਦਮੀ ਭਰੋਸੇ ਦੀਆਂ ਗੱਲਾਂ ਕਰੇ ਤਾਂ ਅੰਦਰੋਂ ਸਿਦਕ ਨੂੰ ਪੁਸ਼ਟੀ ਮਿਲਦੀ ਹੈ। ਓਹ ਹਮੇਸ਼ਾਂ ਏਸ ਅਰਦਾਸ ਵਿਚ ਲਗੇ ਰਹਿੰਦੇ ਸਨ :—

ਮੈਨੂੰ ਬਖਸ਼ ਭਰੋਸਾ ਸਿਦਕ ਸਿਖੀ, ਤੇਰੇ ਦ੍ਵਾਰ ਨ ਕਮੀ ਵਿਸ਼ਵਾਸ਼ ਦੀ ਜੀ।
ਤੇਰੀ ਆਸ ਰਖੀ ਪਿਆ ਸ਼ਰਨ ਤੇਰੀ, ਪੁਜੇ ਆਸ ਮੇਰੀ ਤੇਰੇ ਪਾਸ ਦੀ ਜੀ†।

---

*ਇਹ ਤੁਕਾਂ ਪਿਛੋਂ ਨਵੇਂ ਕ੍ਰਮ ਅਨੁਸਾਰ 'ਫਰਯਾਦ' ਨਾਮੀ ਟ੍ਰੈਕਟ ਦੇ ਰੂਪ ਵਿਚ ਸ਼ਾਮਲ ਕਰਕੇ ਛਾਪੀਆਂ ਗਈਆਂ ਸਨ।

†ਇਹ ਤੁਕਾਂ ਉਨ੍ਹਾਂ ਦੇ 'ਬੇਨਤੀ' ਨਾਮੀ ਟ੍ਰੈਕਟ ਵਿਚ ਸ਼ਾਮਲ ਹਨ।

Digitized by Panjab Digital Library | www.panjabdigilib.org

ਏਸ ਸ਼ਰਧਾ ਵਾਲੀ ਧਰਤੀ ਉੱਪਰ ਉਨ੍ਹਾਂ ਨੇ ਆਹਿਸਤਾ ਆਹਿਸਤਾ ਆਪਣਾ ਜੀਵਨ ਨਿਰਧਾਰਿਤ ਕਰ ਦਿਤਾ, ਤੇ ਉਸ ਟਿਕਾਣੇ ਤੇ ਅੱਪੜ ਗਏ ਜਿਸਦੀ ਉਚਿਆਣ ਤੋਂ ਦੂਰ ਦਾ ਨਜ਼ਰ ਬੰਨਾ ਦਿੱਸਣ ਲੱਗ ਪਿਆ, ਜਿਥੇ ਜ਼ਿਮੀਂ ਤੇ ਆਸਮਾਨ ਮਿਲਦੇ ਹਨ, ਜਿਥੇ ਅਨੁਰਾਗ ਤੇ ਵੈਰਾਗ ਦੇ ਪੁੜ ਆਪਸ ਵਿਚ ਰਲਕੇ ਜੀਵਨ ਦੀ ਅਮਰ ਕਥਾ ਦੀ ਚੱਕੀ ਚਲਾਉਂਦੇ ਹਨ। ਏਸ ਸ਼ਰਧਾ ਦੇ ਟਿੱਬੇ ਤੋਂ ਹੀ ਉਨ੍ਹਾਂ ਨੂੰ ਨਾਮ ਬਾਣੀ ਦਾ ਰਹੱਸਜ ਖੁਲ੍ਹ ਗਿਆ। ਏਸ ਟਿਕਾਣੇ ਤੋਂ ਨਾਮ ਇਕ ਰਟਨ ਵਾਲੀ ਚੀਜ਼ ਤੋਂ ਅਗਾਂਹ ਵਧ ਕੇ ਕੁਛ ਹੋਰ ਬਣ ਗਿਆ। ਜਿਸ ਤਰ੍ਹਾਂ ਇਕ ਚਲਣ ਵਾਲੇ ਯੰਤ੍ਰ [Dynamo] ਦੀ ਰਟਨ ਸ਼ਕਤੀ [Revolution] ਕਿਸੇ ਹੋਰ ਰੂਪ ਵਿਚ ਬਦਲ ਜਾਂਦੀ ਹੈ, ਇਕ ਦਾਮਨਿਕ ਪਲਟਾਉ ਵਿਚ ਲਹਰਨ ਲਗਦੀ ਹੈ, ਫੇਰ ਪ੍ਰਕਾਸ਼ ਰੂਪ ਵਿਚ ਜਗ ਉਠਦੀ ਹੈ। ਏਸ ਤਰ੍ਹਾਂ ਉਨ੍ਹਾਂ ਨੇ ਆਪਣੇ ਅਭਯਾਸ ਵਿਚ ਨਾਮ ਨੂੰ ਇੰਵੇ ਸਾਖਯਾਤ ਕੀਤਾ:–

ਆਇਆ ਜ਼ੋਰ ਕਰਕੇ ਤੇਰਾ ਨਾਮ ਜਦੋਂ
ਲਾਟ ਨਿੱਕਲੀ ਕਰੇ ਨਿਰਵਾਰ ਤੇਰੀ।
ਲਗੀ ਚਾਟ ਤੇ ਪਾਟ ਗਈ ਜਾਨ ਮੇਰੀ
ਸਭ ਚੀਜ਼ ਦਿਸੇ ਘਰ ਬਾਰ ਤੇਰੀ।
ਵਾਲ ਵਾਲ ਜਮਾਲ ਕਮਾਲ ਹੋਇਆ
ਸਾਰੇ ਵਿਚ ਵਜੂਦ ਸ਼ਰਾਰ* ਤੇਰੀਂ†।

ਉਨ੍ਹਾਂ ਦੀ ਜੀਵਨ-ਕਥਾ ਤੇ ਸਾਹਿਤਜ ਏਸੇ ਹੀ ਗੱਲ ਦੀ ਵਿਆਖਯਾ ਹੈ।

੧੬. ਕਿਸ਼ਨ ਸਿੰਘ ਆਰਫ

ਕਿਸ਼ਨ ਸਿੰਘ ਆਰਿਫ ਨਾਲ ਆਪ ਦਾ ਮੇਲ ਜੋਲ ਕਾਫੀ ਰਹਿੰਦਾ ਸੀ। ਕਿਸ਼ਨ ਸਿੰਘ ਨੂੰ ਵੀ ਅਨੁਪ੍ਰਾਸ [Alliteration] ਦਾ ਸ਼ੌਕ ਸੀ। ਛੋਟੀ ਉਮਰੇ ਉਸਤਾਦ ਨੇ ਉਸਨੂੰ ਕਵਿਤਾ ਦੇ ਏਸ ਅਭਿਆਸ ਉੱਪਰ ਪਾਇਆ ਸੀ। ਸਾਰਿਆਂ ਤੋਂ ਪਹਿਲੀ ਚੀਜ਼ ਜੋ ਕਿਸ਼ਨ ਸਿੰਘ ਨੇ ਏਸ ਗੱਲ ਵਿਚ ਕਾਮਯਾਬ ਹੋਣ ਬਾਦ ਕਹੀ, ਉਹ ਇਹ ਸੀ:–

ਟਟੂ ਟੋੜ ਟਹਿਲੀਆ ਟੀਪੂ ਟੁਕਰ ਗਦਾਇ।
ਸੋਟਾ ਇਨਕਾ ਗੁਰੂ ਹੈ ਕਹੇ ਕਿਸ਼ਨ ਸਿੰਘ ਆਇ॥

ਇਨ੍ਹਾਂ ਤੁਕਾਂ ਵਿਚ ਟੈਂਕੇ ਦਾ ਅਨੁਪ੍ਰਾਸ ਹੈ। ਕਿਸ਼ਨ ਸਿੰਘ ਨੇ ਫੇਰ ਹੌਲੇ ਹੌਲੇ ਸਾਰੇ ਅਖਰਾਂ ਨੂੰ ਵਾਰੋ ਵਾਰੀ ਲੈਕੇ ਸੋਹਰਫੀ ਬਨਾ ਦਿਤੀ। ਠਠੇ ਦੀ ਤੁਕ ਇਹ ਸੀ :–

ਠਠਾ ਠਾਕਰ ਠੀਕਰਾ ਠੋਕਰ ਠੋਡਕ ਠੀਕ,
ਗਜ ਗਾਰੀ ਧਨਪਤੀ ਦਰਪਦ ਬਰਫ ਸਰੀਕ।

ਡਾਕਟਰ ਸਾਹਿਬ ਕੋਲ ਵੀ ਕਈ ਐਸੀਆਂ ਅਨੁਪ੍ਰਾਸ ਹਿਤ ਕਹੀਆਂ ਹੋਈਆਂ ਚੀਜ਼ਾਂ ਸਨ, ਯਥਾ :– ਖ਼ਿਮਾ ਖ਼ਜ਼ਾਨਾ ਖ਼ਤਾ ਬੈ ਖ਼ੁਸ਼ ਜਨ ਖ਼ਸਮ ਪਨਾਹਿ।

---

*ਚਿੰਗਾਰੀ। †ਦੇਖੋ ਟ੍ਰੈਕਟ 'ਬੇਨਤੀ'।

Digitized by Panjab Digital Library | www.panjabdigilib.org

ਖ਼ੈਰ ਖ਼ਰਾਯਤ ਖ਼ੁਸ਼ ਜ਼ੁਬਾਂ ਖ਼ਲਕਤ ਖ਼ਤਮ ਗਵਾਹਿ ॥

ਫਰਕ ਇਹ ਸੀ ਕਿ ਡਾਕਟਰ ਸਾਹਿਬ ਦੇ ਦੋਹੇ ਦੀਆਂ ਦੋਨਾਂ ਤੁਕਾਂ ਵਿਚ ਅਨੁਪ੍ਰਾਸ ਦਾ ਅੱਖਰ ਚਲਦਾ ਸੀ, ਜੈਸਾ ਕਿ ਉਪਰਲੀਆਂ ਸਤਰਾਂ ਵਿਚ ਖਖੇ ਅਖਰ ਦੇ ਲਫਜ਼ ਹਨ। ਪਰ ਕਿਸ਼ਨ ਸਿੰਘ ਦੀ ਦੂਸਰੀ ਤੁਕ ਵਿਚ ਅਨੁਪ੍ਰਾਸ ਦਾ ਅੱਖਰ ਰੁਕ ਜਾਂਦਾ ਸੀ। ਕਿਸ਼ਨ ਸਿੰਘ ਦੇ ਬਹੁਤ ਜ਼ੋਰ ਮਾਰਨ ਉੱਪਰ ਵੀ ਦੂਜੀ ਤੁਕ ਵਿਚ ਅਨੁਪ੍ਰਾਸ ਨੂੰ ਟੋਰਨਾ ਮੁਸ਼ਕਲ ਹੋ ਰਿਆ ਸੀ। ਇਕ ਦਿਨ ਕਿਸ਼ਨ ਸਿੰਘ ਨੇ ਆਪਣੀ 'ਝੜੇ' ਦੀ ਤੁਕ ਪੜ੍ਹੀ ਜੋ ਇਹ ਸੀ :—

ਝੋਰਾ ਝਗੜਾ ਝਾਗੜਾ ਝਲਾ ਝਨ ਝਨਾਟ।
ਸਾਰੇ ਹੀ ਯਹ ਬੁਰੇ ਹੈਂ ਪਰੇ ਨ ਇਨ ਕੀ ਬਾਟ ॥

ਤੇ ਕਹਿਣ ਲਗਾ ਜੇ ਏਸਦੀ ਦੂਸਰੀ ਤੁਕ ਵਿਚ ਝੜੇ ਦੇ ਲਫਜ਼ ਪਾ ਦਿਓ ਤਾਂ ਮੈਂ ਤੁਹਾਨੂੰ ਪੀਰ ਮੰਨ ਲਵਾਂਗਾ। ਡਾਕਟਰ ਸਾਹਿਬ ਨੇ ਜੋ ਹੱਸ ਕੇ ਉਤਰ ਦਿਤਾ ਉਹ 'ਪੀਰ' ਸ਼ਬਦ ਨੂੰ ਲੈਕੇ ਦੋਨਾਂ ਤੁਕਾਂ ਵਿਚ ਅਨੁਪ੍ਰਾਸਤ ਸੀ। ਉਨ੍ਹਾਂ ਕਿਹਾ:—

ਪੈਸਾ ਪੀਰ ਪ੍ਰਧਾਨ ਹੈ ਯਾ ਸਮ ਪੀਰ ਨ ਕੋਇ।
ਪੈਸੇ ਤੇ ਪਾਰਸ ਬਨੇ ਇਨ ਪੈਸੇ ਪਸ਼ੁ ਹੋਇ ॥

ਕਿਸ਼ਨ ਸਿੰਘ ਨੇ ਆਖਿਆ, ਜੇ ਪੈਸਾ ਹੀ ਪੀਰ ਹੈ ਤਾਂ ਮੈਂ ਏਸ ਗੱਲ ਲਈ ਤਿਆਰ ਹਾਂ। ਮੈਂ ਦੂਜੀ ਤੁਕ ਨੂੰ ਅਨੁਪ੍ਰਾਸ ਵਿਚ ਸਿਧ ਕਰਨ ਲਈ ਜਿਤਨਾ ਧਨ ਖਰਚ ਹੋਵੇਗਾ ਕਰਾਂਗਾ।

ਡਾਕਟਰ ਸਾਹਿਬ ਨੇ ਉਪਰਲੇ ਫਿਕਰੇ ਵਿਚੋਂ 'ਧਨ' ਲਫਜ਼ ਨੂੰ ਲੈਕੇ ਦੋ ਅਨੁਪ੍ਰਾਸਿਤ ਤੁਕਾਂ ਏਸ ਤਰ੍ਹਾਂ ਕਹੀਆਂ:—

ਧਨ ਬਿਨ ਮਨ ਠਹਿਰੇ ਨਹੀਂ, ਧਨ ਬਿਨ ਸਰੇ ਨ ਕਾਮ।
ਧੰਨ ਧੰਨ ਧਨ ਕੋ ਭਾਖੀਏ, ਧਨ ਕੇ ਸਭੀ ਗ਼ੁਲਾਮ ॥

ਏਸ ਚੱਕਰ ਵਿਚ ਡਾਕਟਰ ਸਾਹਿਬ ਝੜੇ ਦੇ ਦੂਹਰੇ ਅਨੁਪ੍ਰਾਸ ਨੂੰ ਟਾਲ ਗਏ। ਕਿਸ਼ਨ ਸਿੰਘ ਡਾਕਟਰ ਸਾਹਿਬ ਨੂੰ ਹਰ ਗੱਲ ਵਿਚ ਉਸਤਾਦ ਮੰਨਦਾ ਸੀ ਸਿਵਾਏ ਇਕ ਗੱਲ ਦੇ। ਉਹ ਗੱਲ ਦੋਨਾਂ ਦੇ ਮਜ਼ਬੂਤ ਖਿਆਲਾਂ ਦੇ ਫਰਕ ਉਪਰ ਨਿਰਭਰ ਸੀ। ਕਿਸ਼ਨ ਸਿੰਘ ਗੁਲਾਬ ਦਾਸ ਦਾ ਚੇਲਾ ਸੀ*।

ਬਾਵਾ ਗੁਲਾਬ ਦਾਸ ਬੜੇ ਸੁਤੰਤਰ ਖਿਆਲਾਂ ਦਾ ਪੁਰਸ਼ ਹੋਇਆ ਹੈ। ਏਸ ਨੇ ਸ਼ੁਰੂ ਵਿਚ ਕੁਛ ਵੇਦਾਂਤ ਦੀਆਂ ਪੁਸਤਕਾਂ ਘੋਖੀਆਂ ਸਨ, ਜਿਨ੍ਹਾਂ ਦੇ ਪੜ੍ਹਨ ਨਾਲ ਏਸ ਦੇ ਮਨ ਵਿਚੋਂ ਕਰਮ ਕਾਂਡ ਦੇ ਸਾਰੇ ਭਰਮ ਨਵਿਰਤ ਹੋ ਗਏ। ਇਖ਼ਲਾਕੀ ਬੰਧਾਨ ਵੀ ਏਸ ਨੂੰ ਕੇਵਲ ਦੁਨੀਆਂ ਦਾਰੀ ਦੇ ਭਰਮ ਜਾਲ ਦਿੱਸਦੇ ਸਨ। ਹੌਲੇ ਹੌਲੇ ਭਗਤੀ ਅਤੇ ਸ਼ਰਧਾ ਦੇ ਪੈਰ ਵੀ ਖਿਸਕ ਗਏ। ਸਾਰੀ ਮਜ਼ਬੂਤੀ, ਸਾਰਾ ਸਦਾਚਾਰ, ਸਾਰੇ ਰਸਮੋਂ ਰਿਵਾਜ ਕੇਵਲ ਬੰਧਨ ਨਜ਼ਰ ਆਏ ਜੋ ਮਨੁੱਖ ਦੀ ਆਤਮ ਸਿਧੀ ਵਿਚ ਰੁਕਾਵਟਾਂ ਹਨ। ਬਾਵੇ ਗੁਲਾਬ ਦਾਸ ਦਾ ਉਸਤਾਦ, ਜਿਸ ਕੋਲੋਂ ਬਾਵੇ ਨੇ ਵੇਦਾਂਤ ਪੜ੍ਹਿਆ, ਪ੍ਰਸਿਧ ਦੇਵਾ ਸਿੰਘ ਜੀ ਨਿਰਮਲੇ ਹੋਏ ਹਨ ਪਰ ਸੁਹਬਤ

---

*ਅੰਮ੍ਰਿਤਸਰ ਕਾ ਕਿਸ਼ਨ ਸਿੰਘ ਬੀਚ ਦੇਸ਼ ਪੰਜਾਬ।
ਸਿੰਘ ਨਰੈਣ ਸੁ ਤਾਤ ਮਮ ਸਤਿਗੁਰ ਦਾਸ ਗੁਲਾਬ ॥

Digitized by Panjab Digital Library | www.panjabdigilib.org

ਗਿਰਧਰ ਜੀ ਨਾਲ ਸੀ* ।

ਇਹ ਗਿਰਧਰ ਕੌਣ ਸੀ ? ਕੀ ਇਹ ਕੁੰਡਲੀਆਂ ਵਾਲਾ ਗਿਰਧਰ ਕਵਿਰਾਯ ਸੀ ? ਗਿਰਧਰ ਕਈ ਹੋਏ ਹਨ ਜਿਨ੍ਹਾਂ ਦੀਆਂ ਕਵਿਤਾਵਾਂ ਦੇ ਨਮੂਨੇ ਮੌਜੂਦ ਹਨ। ਹਰਿਦਾਸ ਵੀ ਇਕ ਤੋਂ ਵਧੀਕ ਹਨ ? ਆਇਆ ਹਰਿ ਦਾਸ ਹੀ ਗਿਰਧਰ ਕਵਿਰਾਯ ਸੀ ? ਇਹ ਇਕ ਸ਼ੰਕੇ ਵਾਲੀ ਗੱਲ ਹੈ । ਭਾਈ ਕਾਹਨ ਸਿੰਘ ਜੀ ਲਿਖਦੇ ਹਨ:—

ਗਿਰਧਰ ਕਵਿਰਾਯ.....ਇਸ ਦਾ ਅਸਲ ਨਾਉਂ ਹਰਿਦਾਸ ਸੀ।.....ਗਿਰਧਰ ਕੇ ਕੁੰਡਲੀਏ ਬਹੁਤ ਮਨੋਹਰ ਹਨ । [ਮਹਾਨ ਕੋਸ਼ ਸਫਾ ੧੨੨੧

ਜੇ ਇਹ ਗੱਲ ਮੰਨ ਲਈ ਜਾਵੇ ਤਾਂ ਬਾਵਾ ਗੁਲਾਬ ਦਾਸ ਅਤੇ ਗਿਰਧਰ ਕਵਿਰਾਯ ਦੇ ਪਰਸਪਰ ਜੀਵਨ ਕਾਲ ਨੂੰ ਮਿਲਾਣ ਦੀ ਮੁਸ਼ਕਲ ਰਹਿ ਜਾਏਗੀ, ਪਰ ਸਾਡੇ ਵਿਸ਼ਯ ਦੀ ਪੜਚੋਲ ਪ੍ਰਸੰਗਲੀ ਵਿਚ ਫਰਕ ਨਹੀਂ ਪਏਗਾ, ਕਿਉਂਕਿ ਇਹ ਗਿਰਧਰ ਵੀ ਵੇਦਾਂਤ ਦੀ ਉਸ ਟੀਸੀ ਉਪਰ ਪਹੁੰਚਿਆ ਹੋਇਆ ਬੰਦਾ ਸੀ,ਜਿਸ ਟੀਸੀ ਤੋਂ ਸਾਰੇ ਧਰਮ ਤੇ ਸਾਰੇ ਮਜ਼ਹਬ ਕੇਵਲ ਸ਼ੈਤਾਨੀ ਦਿੱਸਦੀ ਹੈ:—

ਮੌਲਾ ਇਕੱਲਾ ਮਜ਼ਹਬ ਹੈ ਜਾ ਮੇ ਮਜ਼ਹਬ ਫਨਾਹਿ।
ਜੇਤੇ ਮਜ਼ਹਬ ਜਹਾਨ ਕੇ ਸਭ ਸ਼ੈਤਾਨ ਕੇ ਰਾਹਿ।
ਸਭ ਸ਼ੈਤਾਨ ਕੇ ਰਾਹਿ ਪੈਕੰਬਰ ਉੱਮਤ ਕਾਬਾ।
ਰੋਜ਼ਾ ਸੁੰਨਤ ਸ਼ਰਾ ਕੁਰਾਨ ਕਤੇਬ ਨਿਮਾਜ਼ਾ।
ਕਹਿ ਗਿਰਧਰ ਕਵਿਰਾਇ ਇਹ ਰਸਤਾ ਪਾਇਆ ਮੌਲਾ।
ਜਾ ਮੇ ਮਜ਼ਹਬ ਫਨਾਹ ਇਕੱਲਾ ਖੁਦ ਹੈ ਮੌਲਾ।

ਗਿਰਧਰ ਦੇ ਨਜ਼ਦੀਕ ਸਾਰੀਆਂ ਧਰਮ ਪੁਸਤਕਾਂ ਇਕ 'ਗਪੌੜਾ' ਹੀ ਸਨ। ਉਸ ਦਾ ਸਿੱਧਾਂਤ ਇਹ ਸੀ ਕਿ ਆਦਮੀ ਆਪ ਪਰਮੇਸ਼ੁਰ ਹੈ। ਏਸ ਗੱਲ ਨੂੰ ਸਮਝਣ ਲਈ ਕਿਸੇ ਵੀ ਗਪੌੜੇ ਦੀ ਮਦਦ ਲੈ ਲੀਤੀ ਜਾਵੇ, ਪਰ ਉਸ ਗਪੌੜੇ ਲਈ ਕੋਈ ਸ਼ਰਧਾ ਦਾ ਸਤਿਕਾਰ ਭਾਵ ਰਖਣਾ ਜ਼ਰੂਰੀ ਨਹੀਂ:—

ਗਪੌੜਾ ਭਾਖਾ ਕਾ ਕੋਈ ਸੰਸਕ੍ਰਿਤ ਕਾ ਕੋਇ।
ਕੋਈ ਗਪੌੜਾ ਫਾਰਸੀ ਅੰਗ੍ਰੇਜ਼ੀ ਪੁਨ ਹੋਇ।
ਅੰਗਰੇਜ਼ੀ ਪੁਨ ਹੋਇ ਗਪੌੜਾ ਕੋਈ ਕੋਈ ਅਰਬੀ।
ਬ੍ਰਹਮ ਬੋਧ ਬਿਨ ਵਿਦਯਾ ਇਉਂ ਜਿਉਂ ਪਾਕ ਮੈ ਦਰਬੀ।
ਕਹਿ ਗਿਰਧਰ ਕਵਿਰਾਇ ਭਾਂਵੇਂ ਬੇਂਗਾ ਕੈ ਮੋੜਾ।
ਜਿਸਕਰ ਆਤਮ ਲਭੇ ਸੋਈ ਹੈ ਭਲਾ ਗਪੌੜਾ।

ਗਿਰਧਰ ਦੀ ਆਜ਼ਾਦ ਖਯਾਲੀ ਵਿਚ ਕੇਵਲ ਖਿਆਲਾਂ ਦੀਆਂ ਕੈਦਾਂ ਢਠੀਆਂ ਸਨ, ਪਰ ਗੁਲਾਬ ਦਾਸ ਜੀ ਦੀਆਂ ਜੀਵਨ ਘਟਨਾਵਾਂ ਐਸੀਆਂ ਹਨ, ਜਿਨ੍ਹਾਂ ਤੋਂ ਸ਼ੱਕ ਪੈਂਦਾ ਹੈ

---

*ਦੇਵਾ ਸਿੰਘ ਨਿਰਮਲੇ ਤੇ ਸੋ ਥਾ ਵਿਦਾਂਤ ਕੁਛ ਪਢਿਓ
ਹਰੀ ਦਾਸ ਗਿਰਧਰ ਕੀ ਸੰਗਤ ਕਰੀ ਸਾਨ ਫਿਰ ॥ [ਗਿਆਨ ਸਿੰਘ ਪੰਥ ਪ੍ਰਕਾਸ਼

Digitized by Panjab Digital Library | www.panjabdigilib.org

ਕਿ ਉਨ੍ਹਾਂ ਦੀ ਸੁਤੰਤਰਤਾ ਕੇਵਲ ਖਿਆਲਾਂ ਦੀ ਚਾਰ ਦੀਵਾਰੀ ਨੂੰ ਹੀ ਨਹੀਂ ਭੰਨ ਰਹੀ ਸੀ, ਪ੍ਰੰਤੂ ਉਸ ਨੇ ਉਨ੍ਹਾਂ ਨੀਂਹਾਂ ਉਪਰ ਵੀ ਸੱਟ ਮਾਰੀ ਜੋ ਆਮ ਗ੍ਰਿਹਸਥੀ ਦੀ ਰਹਿਣੀ ਬਹਿਣੀ ਵਿਚ ਸਦਾਚਾਰ ਦੇ ਰੂਪ ਵਿਚ ਪਰਵਿਰਤ ਹੁੰਦੀਆਂ ਹਨ । ਗਿਰਧਰ ਦੀ ਆਜ਼ਾਦ ਖਿਆਲੀ ਧਰਮ ਕਰਮ ਦੀਆਂ ਹੱਦਾਂ ਨੂੰ ਟੱਪਦੀ ਹੋਈ ਵੀ ਆਪਣੇ ਗਿਰਦ ਇਕ ਬੰਨਾ ਬਣਾਈ ਰਖਦੀ ਸੀ। ਇਹ ਬੰਨਾ ਸਦਾਚਾਰ ਦੀ ਹੱਦ-ਬੰਦੀ ਨਹੀਂ ਸੀ, ਪਰ ਨੀਤੀ ਦੀ ਰਾਖਕਾਰ ਸੀ, ਜਿਸ ਦਾ ਉਹ ਕਦੇ ਉਲੰਘਣ ਨਹੀਂ ਸੀ ਕਰਦਾ ।

ਪਰ ਬਾਵੇ ਗੁਲਾਬ ਦਾਸ ਦਾ ਮਨ ਇਕ ਖਿਆਲਾਂ ਦਾ ਹੜ ਸੀ, ਜੋ ਸਾਰੇ ਹਦ ਬੰਨੇ ਤੋੜਕੇ ਹੀ ਆਪਣੇ ਵਿਚ ਗਤੀਵਾਨ ਹੁੰਦਾ ਹੈ।

ਬਾਵਾ ਗ਼ੁਲਾਬ ਦਾਸ ਦੇ ਨਾਮ ਹੇਠ ਚਾਰ ਤੁਕਾਂ ਕਹੀਆਂ ਹੋਈਆਂ ਇਤਨੀਆਂ ਪ੍ਰਚਲਤ ਰਹੀਆਂ ਹਨ ਕਿ ਇਨ੍ਹਾਂ ਤੋਂ ਉਨ੍ਹਾਂ ਦੇ ਆਚਾਰ ਵਿਹਾਰ ਦਾ ਜੋ ਨਿਸਚਾ ਸੀ, ਜੈਸਾ ਕਿ ਆਮ ਦੇਖਦੇ ਸਨ, ਪ੍ਰਗਟ ਹੁੰਦਾ ਹੈ:–

ਅਵਲ ਇਸ਼ਕ ਸੀ ਉਸ ਖ਼ੁਦਾ ਤਾਈਂ, ਜਿਸ ਪੈਦਾ ਸੀ ਸਭ ਸੰਸਾਰ ਕੀਤਾ।
ਬ੍ਰਹਮਾ ਬਿਸ਼ਨ ਤੋਂ ਆਦਿ ਮਹਾਂਦੇਵ ਲੈਕੇ, ਰਾਮਚੰਦ ਪੁਕਾਰਦਾ ਹਾਇ ਸੀਤਾ।
ਦੇਖ ਕ੍ਰਿਸ਼ਨ ਦੇ ਹਾਲ ਨੂੰ ਧਯਾਨ ਧਰਕੇ, ਨਦੀ ਵਿਚ ਪਰਾਸਰ ਨੇ ਕੀਹ ਕੀਤਾ।
ਸਾਰਾ ਜੱਗ ਹੀ ਇਸ਼ਕ ਦਾ ਖੇਲ ਹੈ ਜੀ, ਗੁਲਾਬ ਦਾਸ ਨੇ ਕੀਹ ਅਸਚਰਜ ਕੀਤਾ।

ਬਾਵੇ ਗੁਲ ਬ ਦਾਸ ਦਾ ਮਤ ਖਾਸ ਖਾਸ ਹਲਕਿਆਂ ਵਿਚ ਸਤਿਕਾਰ ਨਾਲ ਨਹੀਂ ਸੀ ਦੇਖਿਆ ਜਾਂਦਾ। ਜਿਨ੍ਹਾਂ ਨ ਏਸ ਦੀ ਵਿਰੋਧਤਾ ਕੀਤੀ ਉਨ੍ਹਾਂ ਉਸ ਜ਼ਮਾਨੇ ਵਿਚ ਏਸ ਬਾਬਤ ਏਸ ਹਦ ਤਕ ਕਿਹਾ ਹੈ:–

ਗੁਲਾਬਦਾਸੀਆਂ ਦਾ ਮਤ,–ਇਹ ਖਾਣੇ, ਉਜਾੜਨੇ, ਵਿਸ਼ੇ ਭੋਗਣ ਵਾਲਾ ਅਜਬ ਤਰ੍ਹਾਂ ਦਾ ਅਨੋਖਾ ਮਤ ਹੈ। ਇਹ ਲੋਗ ਧਰਮ ਦੀਆਂ ਵੱਡੀਆਂ ਵੱਡੀਆਂ ਗੱਲਾਂ ਅਰਥਾਤ ਸ੍ਰਿਸ਼ਟ ਅਰ ਮੂਲ ਨਿਯਮਾਂ ਤੋਂ ਮੂੰਹ ਮੋੜ ਕਰ ਕੇਵਲ ਇੰਦ੍ਰੀਆਂ ਦੀ ਤ੍ਰਿਪਤੀ ਯਾ ਭੋਗ ਬਿਲਾਸ ਵਿਚ ਹੀ ਫਸੇ ਰਹਿੰਦੇ ਹਨ। ਇਹ ਲੋਗ ਹੁੱਕਾ ਪੀਂਦੇ ਅਰ ਕੁਠਾ ਖਾਂਦੇ ਹਨ।

[ਸ਼ੁਧੀ ਪੱਤ੍ਰ ਨੰ: ੫, ਜਿਲਦ ੨, ੧੯੯੭ ਵੀਸਵੀ

ਸ਼ੁਧੀ ਪੱਤ੍ਰ ਦੀ ਇਹ ਰਾਇ ਜ਼ਰੂਰੀ ਨਹੀਂ ਕਿ ਇੰਨ ਬਿੰਨ ਦਰੁਸਤ ਹੋਵੇ । ਏਸ ਵਿਚ ਅਤਜੋਕਤੀ ਅਤੇ ਮੁਬਾਲਗਾ ਜ਼ਰੂਰ ਹੈ। ਪਰ ਇਤਨੀ ਗੱਲ ਸਾਫ ਹੈ ਕਿ ਗੁਲਾਬ ਦਾਸ ਦੇ ਮਤ ਨੂੰ ਵਿਪੱਖੀ ਹਲਕੇ ਕਿਸ ਹੇਦ ਦੀ ਸੂਗ ਨਾਲ ਦੇਖਦੇ ਸਨ।

ਕਿਸ਼ਨ ਸਿੰਘ ਖਿਆਲਾਂ ਦੀ ਆਜ਼ਾਦੀ ਵਿਚ ਆਪਣੇ ਗੁਰੂ ਤੋਂ ਘੱਟ ਨਹੀਂ ਸੀ ਪਰ ਕਰਮ ਵਿਚ ਉਹ ਕਦੇ ਬੱਧੀ ਮਰਯਾਦਾ ਨੂੰ ਨਹੀਂ ਸੀ ਟੱਪਦਾ। ਕਿਸ਼ਨ ਸਿੰਘ ਆਪਣੇ ਆਪ ਨੂੰ ਖ਼ੁਦਾ ਕਹਿੰਦਾ ਸੀ, ਡਾਕਟਰ ਸਾਹਿਬ ਉਸ ਨੂੰ ਕਹਿੰਦੇ ਸਨ ਕਿ ਇਹ ਨਾਸਤਕਤਾ ਹੈ । ਇਸ ਉੱਪਰ ਦੋਨਾਂ ਦੀ ਕੁਛ ਨ ਕੁਛ ਬਹਿਸ ਰਹਿੰਦੀ ਸੀ। ਕਿਸ਼ਨ ਸਿੰਘ ਦਾ ਨੁਕਤਾ, ਜੋ ਵੇਦਾਂਤੀਆਂ ਦਾ ਸਾਂਝਾ ਨੁਕਤਾ ਹੈ, ਇਹ ਸੀ :–

ਦੀਨ ਮਜ਼ਹਬ ਔਰ ਤੀਨ ਲਾਜ ਲੋ ਬਰਨ ਆਸ਼ਰਮ ਉਠਾਏ ਹੈ।
ਖੁਦੀ ਛਡ ਖ਼ੁਦ ਖ਼ਾਵੰਦ ਹੂਏ ਅਨਲਹੱਕ ਜਤਾਏ ਹੈ।

Digitized by Panjab Digital Library | www.panjabdigilib.org

ਹਿੰਦੂ ਤੁਰਕ ਦੀ ਦੱਦ ਉਠਾਈ ਅਨਹਦ ਰਾਗ ਸੁਨਾਏ ਹੈ।
ਕਿਸ਼ਨ ਸਿੰਘ ਸਰਬੰਗੀ ਹੋ ਕਰ ਰੰਗ ਨਿਹੰਗ ਬਤਾਏ ਹੈ।

ਪਰ ਡਾਕਟਰ ਸਾਹਿਬ ਦਾ ਜ਼ੋਰ 'ਸ਼ਰਧਾ' ਉੱਪਰ ਸੀ। ਉਨ੍ਹਾਂ ਦਾ ਖਿਆਲ ਸੀ ਕਿ ਜੋ ਆਦਮੀ ਆਪ ਹੀ ਖ਼ੁਦਾ ਹੈ ਤਦ ਉਸ ਦੇ ਆਪਣੇ ਅੰਦਰ ਆਪਣੇ "ਆਪੇ" ਲਈ ਸ਼ਰਧਾ ਤੇ ਸਤਿਕਾਰ ਭਾਵ ਪੈਦਾ ਹੋ ਜਾਣੇ ਚਾਹੀਦੇ ਹਨ। ਬਗ਼ੈਰ ਏਸ ਸ਼ਰਧਾ ਦੇ ਆਪਣੇ ਆਪ ਨੂੰ ਖ਼ੁਦਾ ਸਮਝਣਾ ਨਿਰਾ ਹੰਕਾਰ ਹੈ, ਜੋ ਆਦਮੀ ਨੂੰ ਰੂਹਾਨੀਅਤ ਤੋਂ ਦੂਰ ਲਿਜਾਕੇ ਨਾਸਤਕਤਾ ਵਿਚ ਲੈ ਜਾਂਦਾ ਹੈ। ਉਨ੍ਹਾਂ ਦਾ ਕਥਨ ਸੀ ਜੋ ਕਿਸ਼ਨ ਸਿੰਘ ਦੇ ਪ੍ਰਤਿ ਕਿਹਾ :—

ਖ਼ੁਦ ਹੈਂ ਯਦਿ ਖ਼ੁਦਾਇ ਤੂੰ 'ਖ਼ੁਦ' ਪਰ ਸ਼ਰਧਾ ਧਾਰ।
ਸਿਦਕ ਬਿਨਾ ਸਭ ਖ਼ੁਦੀ ਹੈ ਗਜ਼ਾਨੀ ਗਰਬ ਵਿਚਾਰ।
ਹੀਣੀ ਮੱਤਿ ਵਿਸਾਹ ਤੋਂ, ਨਾਰ ਬਿਨਾ ਭਰਤਾਰ।
ਕਿਸ਼ਨ ਸੁਣੋ ਮਿਰਗੇਸ਼ ਤੁਮ ਸੁੰਞੀ ਗੋਦੀ ਛਾਰ।

ਕਿਸ਼ਨ ਸਿੰਘ ਨੇ ਏਸਦੇ ਜਵਾਬ ਵਿਚ ਇਹ ਲਿਖ ਘੱਲਿਆ :—

ਸੰਤ ਵੈਦ ਹਰਿ ਨਾਮ ਔਖਧੀ ਦਾਰੂ ਪਕੜ ਪਿਲਾਤੇ ਹੋ।
ਮੈਂ ਬਾਲਕ ਪੀਤਾ ਏ ਨਾਹੀ ਪੀਛੇ ਭਾਗੇ ਆਤੇ ਹੋ।
ਸ਼ਰਧਾ ਅੰਜਨ ਆਖੋਂ ਕਾ ਜੋ 'ਕਾਸਟਕ' ਰੋਜ਼ ਲਗਾਤੇ ਹੋ।
ਕਿਸ਼ਨ ਸਿੰਘ ਮਲ ਖ਼ੁਦੀ ਦੂਰ ਕਰ ਸ਼ਰਧਾ ਸਬਕ ਪਕਾਤੇ ਹੋ।

੧੭. ਰਮਤਾ ਰਾਮ ਕਾਚੂ ਕਟੀਆ

ਕਿਸ਼ਨ ਸਿੰਘ ਦਾ ਇਕ ਮੇਲੀ ਹੋਰ ਸੀ। ਇਹ ਇਕ ਸਾਧੂ ਸੀ ਜੋ ਕਾਚੂ ਕਟੀਆ ਸੰਪ੍ਰਦਾਇ ਵਿਚੋਂ ਸੀ*। ਇਸ ਦਾ ਖਾਣਾ, ਪੀਣਾ, ਸੌਣਾ, ਉਠਣਾ ਵਿਵਹਾਰਕ ਹੱਦਾਂ ਨੂੰ ਟੱਪ ਜਾਂਦਾ ਸੀ। ਇਸ ਦਾ ਨਾਮ ਰਮਤਾ ਰਾਮ ਸੀ। ਇਹ ਪਹਿਲੇ ਗੁਲਾਬ ਦਾਸੀਆ ਸੀ ਤੇ ਇਸਨੂੰ ਕਵਿਤਾ ਦੀ ਲਟਕ ਲੱਗੀ ਜੋ ਕਿਸ਼ਨ ਸਿੰਘ ਆਰਿਫ ਨੇ ਹੀ ਲਾਈ ਸੀ।

ਰਮਤਾ ਰਾਮ ਕਈ ਵੇਰ ਕਿਸ਼ਨ ਸਿੰਘ ਦੇ ਨਾਲ ਆ ਜਾਂਦਾ ਸੀ ਪਰ ਰਸਤੇ ਵਿਚ ਜਿਥੇ ਕਿਤੇ ਜ਼ਨਾਨੀਆਂ ਗਲੀ ਦੇ ਤੰਦੂਰ ਉੱਪਰ ਰੋਟੀਆਂ ਲਾਉਂਦਾ ਤੱਕਦਾ, ਉਥੇ ਹੀ ਖੜੋ ਜਾਂਦਾ, ਤੇ ਬੜੀ ਕੜਕਵੀਂ ਸੁਰ ਵਿਚ ਬੋਲਦਾ, 'ਲਿਆ ਮਾਈ ਪ੍ਰਸ਼ਾਦਾ'। ਉਸ ਦੀ ਆਵਾਜ਼ ਵਿਚ ਇਤਨਾ ਖੜਾਕ ਹੁੰਦਾ ਸੀ ਕਿ ਕਿਸੇ ਜ਼ਨਾਨੀ ਦੀ ਹਿੰਮਤ ਉਸ ਆਵਾਜ਼ ਨੂੰ ਦੂਸਰੀ ਵੇਰ ਸੁਣਨ ਦੀ ਨਹੀਂ ਸੀ ਹੁੰਦੀ। ਪ੍ਰਸ਼ਾਦਾ ਛੱਕਕੇ ਰਮਤਾ ਰਾਮ ਉਸੇ ਖੜਾਕ ਨਾਲ ਇਕ ਡਕਾਰ ਮਾਰਦਾ ਤੇ ਅਸੀਸ ਦੇਣ ਦੀ ਬਜਾਏ ਇਹ ਕਹਿੰਦਾ, "ਲੈ ਮਾਈ, ਤੇਰੀ ਟੋਟੀ ਗਈ, ਸੰਤਾਂ ਦੀ ਭੁੱਖ ਗਈ, ਲੇਖਾ ਬਰਾਬਰ, ਨਾ ਲੈਣਾ ਨਾ ਦੇਣਾ"। ਰਮਤਾ ਰਾਮ ਹਰ ਤੰਦੂਰ ਉੱਪਰ ਇਕ

---

*ਕਾਚੂ ਕਟੀਆਂ ਦੀ ਸੰਪ੍ਰਦਾਇ ਇਕ ਪਤਿਤ ਹੋ ਚੁਕੇ ਨਿਰੰਜਨ ਸਿੰਘ ਨਾਮੀ, (ਜੋ ਸ਼ੁਰੂ ਵਿਚ ਨਿਰਮਲਾ ਸੀ) ਦੀ ਚਲਾਈ ਹੋਈ ਹੈ। ਸਾਧੂ ਭਗਵੇਂ ਭੇਸ ਧਾਰੀ ਹੁੰਦੇ ਹਨ ਤੇ ਆਪਣੀ ਮਨ ਮਰਜ਼ੀ ਕਰਦੇ ਕਿਸੇ ਪ੍ਰਚਲਿਤ ਮਰਯਾਦਾ ਵਿਚ ਬੱਝੇ ਨਹੀਂ ਹੁੰਦੇ।

Digitized by Panjab Digital Library | www.panjabdigilib.org

ਡਕਾਰ ਜ਼ਰੂਰ ਮਾਰਦਾ ਸੀ। ਜਿਸ ਵੇਲੇ ਉਸ ਨੇ ਡਾਕਟਰ ਸਾਹਿਬ ਪਾਸ ਆਉਣਾ ਤਾਂ ਉਸੇ ਖੜਾਕ ਨਾਲ ਬੋਲਣਾ, "ਲਿਆ ਡਾਕਦਾਰਾ ਕੋਈ ਚੂਰਨ ਖੁਆ।" ਚੂਰਨ ਪਿਛੋਂ ਵੀ ਐਸਾ ਡਕਾਰ ਮਾਰਨਾ ਤੇ ਕਹਿਣਾ, "ਲੈ ਡਾਕਦਾਰਾ ਤੇਰੀ ਦਵਾਈ ਗਈ, ਸੰਤਾਂ ਦੀ ਢਿੱਡ ਪੀੜ ਗਈ, ਲੇਖਾ ਬਰਾਬਰ, ਨ ਲੈਣਾ ਨ ਦੇਣਾ।"

ਇਕ ਕਨੌਜਾ ਠੇਕੇਦਾਰ ਸ਼ਰਾਬਵਾਲਾ ਸੀ,ਕਦੇਕਦੇ ਰਮਤਾ ਰਾਮ ਏਥੇ ਬੀ ਜਾ ਪਹੁੰਚਦਾ। ਕਨੌਜੇ ਦੀ ਇਸ ਉਪਰ ਬੜੀ ਸ਼ਰਧਾ ਸੀ, ਉਸ ਦਾ ਖਿਆਲ ਸੀ ਕਿ ਇਨ੍ਹਾਂ ਸੰਤਾਂ ਦੀ ਕ੍ਰਿਪਾ ਨਾਲ ਹੀ ਉਸ ਦੇ ਘਰ ਪੋਤਰਾ ਹੋਇਆ ਹੈ। ਕਨੌਜੇ ਦਾ ਇਹ ਵਿਸ਼ਵਾਸ਼ ਪੱਕਾ ਸੀ, ਹਾਲਾਂ ਕਿ ਰਮਤਾ ਰਾਮ ਕਿਸੇ ਉੱਪਰ ਕ੍ਰਿਪਾ ਨਹੀਂ ਸੀ ਕਰਦਾ। ਉਹ ਹਰ ਕਿਸੇ ਨਾਲ ਲੇਖਾ ਬਰਾਬਰ ਕਰਕੇ ਟੁਰਦਾ ਸੀ। ਕਨੌਜੇ ਨੂੰ ਇਹ ਅਸੀਸ ਵੀ ਵੈਸੀ ਹੀ ਦੇਂਦਾ ਸੀ। "ਕਨੌਜੇ ਦੀ ਬੋਤਲ ਗਈ, ਸੰਤਾਂ ਦੀ ਮੱਤ ਗਈ, ਲੇਖਾ ਬਰਾਬਰ, ਨ ਲੈਣਾ ਨ ਦੇਣਾ।"

ਰਮਤਾ ਰਾਮ ਕਵਿ ਸੀ। ਅਨੇਕਾਂ ਹੀ ਫੁਟਕਲ ਜੇਹੀਆਂ ਚੀਜ਼ਾਂ ਉਸ ਕਹੀਆਂ। ਡਾਕਟਰ ਸਾਹਿਬ ਨੇ ਉਸ ਦਾ ਇਕ ਸੈਂਚਾ ਰਖਿਆ ਹੋਇਆ ਸੀ ਜੋ ਸਮੇਂ ਦੇ ਫੇਰ ਵਿਚ ਦੀਮਕ ਦੀ ਭੇਟਾ ਹੋਇਆ। ਮੁਮਕਿਨ ਹੈ ਦੀਮਕ ਨੇ ਵੀ ਰਮਤਾ ਰਾਮ ਦੀ ਕਵਿਤਾ ਨੂੰ ਏਸੇ ਤਰ੍ਹਾਂ ਡਕਾਰਿਆ ਹੋਣਾ ਹੈ 'ਰਮਤੇ ਰਾਮ ਦੀ ਕਵਿਤਾ ਗਈ, ਦੀਮਕ ਦੀ ਭੁੱਖ ਗਈ, ਲੇਖਾ ਬਰਾਬਰ ਨ ਲੈਣਾ ਨ ਦੇਣਾ।' ਦੀਮਕ ਦੇ ਲਕੀਰੇ ਇਕ ਹਾਸ਼ੀਏ ਤੋਂ ਅਸੀਂ ਰਮਤੇ ਰਾਮ ਦਾ ਇਕ ਪਦ ਦੇਂਦੇ ਹਾਂ :—

ਰਾਮ ਰਮਤਾ ਰਮ ਪੀਏ ਰਮ ਰਮ ਰੋਮ ਸਮਾਇ।
ਰਮ ਬਿਨ ਰਾਮ ਨ ਸੁੱਝਈ ਬੇਰਮ ਜਾਇ ਕੁਥਾਇ॥
ਦੀਨੀ ਰਮ ਕਨੌਈ ਨੇ ਬੋਤਲ ਇੱਕ ਘਟਾਇ।
ਰਮਤੇ ਰਾਮ ਸੁਮੱਤ ਤਜੀ ਲੇਖਾ ਗਿਆ ਮੁਕਾਇ।

੧੮. ਸ਼ਰਧਾ ਰਾਮ ਫਲੌਰੀ

ਇਹ ਗੱਲ ਆਮ ਮਸ਼ਹੂਰ ਹੈ ਕਿ ਸੰਨ ੧੮੭੨ ਈਸਵੀ ਵਿਚ ਫਲੌਰ ਤੋਂ ਇਕ ਪੰਡਿਤ ਸ਼ਰਧਾ ਰਾਮ ਅੰਮ੍ਰਿਤਸਰ ਆਇਆ। ਇਸ ਨੇ ਗੁਰੂ ਕੇ ਬਾਗ਼ ਕਥਾ ਕੀਤੀ। ਇਸ ਤੋਂ ਰੌਲਾ ਪੈ ਗਿਆ। ਸ਼ਰਧਾ ਰਾਮ ਦੀ ਕਥਾ ਵਿਚ ਗੁਰ ਨਿੰਦਿਆ ਸੀ। ਇਸ ਨਾਲ ਸਿਖ ਬਹੁਤ ਭੜਕੇ। ਇਸ ਦੇ ਨਤੀਜੇ ਵਿਚ ਅੰਮਿਤਸਰ ਸਿੰਘ ਸਭਾ ਬਣੀ ਸਮਝੀ ਜਾਂਦੀ ਹੈ।

ਸ਼ਰਧਾ ਰਾਮ ਨੇ ਕੀ ਕਥਾ ਕੀਤੀ ਤੇ ਨਿੰਦਾ ਵਾਚਕ ਕੀ ਸ਼ਬਦ ਕਹੇ, ਇਸ ਗੱਲ ਦਾ ਸਾਡੇ ਪਾਸ ਕੋਈ ਮੁਸਤਕਿਲ ਲੇਖ ਨਹੀਂ, ਸਿਵਾਏ ਇਕ ਨੋਟ ਦੇ ਜੋ ਇਕ ਸੁੰਹੀਏ ਦੀ ਡਾਇਰੀ ਦਾ ਪੜ੍ਹਾ ਸਮਝਿਆ ਜਾਂਦਾ ਹੈ।

ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਮੁਮਕਨ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਬੈਠਕੇ ਕੋਈ ਅਨਜਮਤੀ ਨਿਦਿਆ ਦਾ ਸਾਹਸ ਕਰ ਸਕੇ ? ਇਸ ਗੱਲ ਦੇ ਉਤਰ ਲਈ ਸਾਨੂੰ ਉਸ ਜ਼ਮਾਨੇ ਦੇ ਇਤਿਹਾਸ ਵਲ ਇਕ ਨਜ਼ਰ ਮਾਰਨੀ ਪਵੇਗੀ।

ਦਰਬਾਰ ਸਾਹਿਬ ਉਸ ਵੇਲੇ ਸਿਖ ਪ੍ਰਚਾਰ ਦਾ ਅਸਥਾਨ ਨਹੀਂ ਸੀ ਸਾਰੇ ਮਤ ਮਤਾਂਤ੍ਰਾਂ

Digitized by Panjab Digital Library | www.panjabdigilib.org

ਦੇ ਮਿਲਨ ਦੀ ਇਕ ਸਾਂਝੀ ਜਗ੍ਹਾ ਸੀ। ਪ੍ਰਕਰਮਾਂ ਵਿਚ ਪੁਰਾਣਾਂ ਦੀ ਕਥਾ ਇਕ ਸਾਧਾਰਣ ਫੀਚਰ ਸੀ। ਕਵਿ ਗੁਰਮੁਖ ਸਿੰਘ ਦਾ ਉਸ ਵੇਲੇ ਦਾ ਦਰਬਾਰ ਸਾਹਿਬ ਦੀ ਉਸਤਤਿ ਵਿਚ ਰਚਿਆ ਹੋਇਆ ਸਤੋਤ੍ਰ ਇਸ ਗਲ ਦਾ ਪ੍ਰਮਾਣ ਹੈ*। ਏਸ ਤਰ੍ਹਾਂ ਦੀ ਖੁਲ੍ਹ ਬੜੇ ਫ਼ਖਰ ਨਾਲ ਬਿਆਨੀ ਗਈ ਹੈ। ਸਿਰਫ ਪੁਰਾਣਾਂ ਦੀ ਕਥਾ ਹੀ ਨਹੀਂ, ਹਰ ਸੰਪ੍ਰਦਾ ਤੇ ਹਰ ਮਤ ਤੇ ਹਰ ਖਿਆਲ ਦਾ ਆਦਮੀ ਆਪਣੀ ਹੀ ਕਿਸਮ ਦੀ ਪੂਜਾ, ਪਾਠ, ਯੱਗ, ਹਵਨ ਕਰਦਾ ਸੀ। ਏਹ ਗੱਲ ਵੀ ਏਸੇ ਦਰਬਾਰ ਸਾਹਿਬ ਦੇ ਸਤੋਤ੍ਰ ਦੇ ਪਾਠ ਤੋਂ ਸਪਸ਼ਟ ਹੁੰਦੀ ਹੈ†।

ਏਥੇ ਹੀ ਬੱਸ ਨਹੀਂ। ਦਰਬਾਰ ਸਾਹਿਬ ਨਾਸਤਕਾਂ ਦੇ ਪ੍ਰਚਾਰ ਦਾ ਵੀ ਅੱਡਾ ਸੀ। ਗੁਲਾਬ ਦਾਸੀਏ? ਕਾਚੂ ਕਟੀਏ ਤੇ ਹੋਰ ਮੁਨਕਿਰ ਸਾਧੂ ਆਪਣੇ ਖਿਆਲਾਂ ਦੀ ਹਵਾੜ ਹਰ ਸੰਧਿਆ ਏਸ ਚੌੜੀ ਪ੍ਰਕਰਮਾਂ ਵਿਚ ਆਨ ਕੱਢਦੇ ਸਨ।

ਇਹ ਗੱਲਾਂ ਸੰਨ ੧੮੭੩ ਵਿਚ ਕਿਸ ਹਦ ਤਕ ਸਨ? ਇਸ ਦਾ ਅੰਦਾਜ਼ਾ ਸੁਖੈਨ ਲਗ ਸਕਦਾ ਹੈ। ਬਾਰਾਂ ਬਰਸ ਦੀ ਰੋਕ ਥਾਮ ਦੇ ਬਾਦ, ਜਦ ਤੋਂ ਸਿੰਘ ਸਭਾ ਬਣੀ, ਅਜੇ ਵੀ ਦਰਬਾਰ ਸਾਹਿਬ ਵਿਚ ਅਨਜਮਤੀ ਪ੍ਰਚਾਰ ਦਾ ਇਹ ਹਾਲ ਸੀ ਕਿ ਸੰਨ ੧੮੮੫ ਈਸਵੀ ਦਾ ਸਿਖ ਪ੍ਰੈਸ ਇਹ ਲਿਖਦਾ ਹੈ:—

ਸੰਸਾਰ ਵਿਚ ਕੋਈ ਮੰਦਰ ਐਸਾ ਨਹੀਂ ਕਿ ਜਿਸ ਵਿਚ ਉਨ੍ਹਾਂ ਲੋਕਾਂ ਦੇ ਬਿਨਾਂ, ਜਿਨ੍ਹਾਂ ਦਾ ਕਿ ਉਹ ਮੰਦਰ ਹੈ, ਕੋਈ ਹੋਰ ਮਜ਼ਹਬ ਵਾਲਾ ਉਸ ਵਿਚ ਯਾ ਉਸ ਦੀ ਹੱਦ ਦੇ ਅੰਦਰ ਆਪਣੇ ਮਜ਼ਹਬ ਦੀ ਬਾਤ ਚੀਤ ਕਰਨੀ ਪਾਉਂਦਾ ਹੋਵੇ, ਜੇਕਰ ਕਰਦਾ ਭੀ ਹੈ ਤਾਂ ਉਸ ਨੂੰ ਮੰਦਰ ਦੇ ਮਾਲਕ ਯਾ ਉਹ ਆਦਮੀ, ਜਿਨ੍ਹਾਂ ਦਾ ਉਹ ਮੰਦਰ ਹੈ, ਜ਼ੋਰ ਬਜ਼ੋਰੀ ਮਨ੍ਹਾਂ ਕਰਦੇ ਅਰ ਇਥੋਂ ਤੀਕ ਕਿ ਮਾਰਨੇ ਅਰ ਕੁੱਟਣੇ ਨੂੰ ਤਿਆਰ ਹੋ ਜਾਂਦੇ ਹੈਨ। ਜੈਸਾ ਕਿ ਕੋਈ ਮੁਸਲਮਾਨਾਂ ਦੀ ਮਸੀਤ ਵਿਚ ਹਿੰਦੂ ਮਤ ਦਾ ਵਜਾਖਜਾਨ ਤਾਂ ਕਿਧਰੇ ਰਿਹਾ ਬਾਤ ਚੀਤ ਭੀ ਕਰੇ ਤਾਂ ਉਸਤ ਜੈਸਾ ਹਾਲ ਕਰਨ ਨੂੰ ਤਿਆਰ ਹੋ ਜਾਂਦੇ ਹਨ। ਐਸਾ ਹੀ ਹਿੰਦੂਆਂ ਦੇ ਸ਼ਿਵਾਲੇ, ਦੇਵੀ ਦ੍ਵਾਰੇ ਯਾ ਠਾਕਰ ਦ੍ਵਾਰੇ ਆਦਿਕ ਅਸਥਾਨਾਂ ਵਿਚ ਕੋਈ ਮੁਸਲਮਾਨ ਅਥਵਾ ਕੋਈ ਹਿੰਦੂ ਭਾਈ ਉਲਟ ਹੋ ਕਰ ਉਨ੍ਹਾਂ ਦੇ ਮਤ ਦੇ ਵਿਰੁੱਧ ਵਜਾਖਜਾਨ ਯਾ ਕੋਈ ਬਾਤ ਚੀਤ ਕਰੇ ਤਾਂ ਉਸ ਨਾਲ ਭੀ ਉਕਤ ਜੈਸਾ ਵਰਤਾਉ ਕੀਤਾ ਜਾਂਦਾ ਹੈ। ਐਸੇ ਹੀ ਈਸਾਈ ਆਪਣੇ ਗਿਰਜਾ ਵਿਖੇ ਅਰ ਇਥੋਂ ਤਕ ਆਰਜਾ ਸਮਾਜ ਵਾਲੇ ਭੀ ਆਪਣੇ ਸਮਾਜ ਕੇ ਮੰਦਰ ਮੇਂ ਗ਼ੈਰ ਮਤ ਕੀ ਬਾਤ ਚੀਤ ਨਹੀਂ ਹੋਨੇ ਦੇਤੇ, ਪਰ ਸ੍ਰੀ ਦਰਬਾਰ ਸਾਹਿਬ ਜੀ ਜੈਸੇ ਅਰ ਗੁਰੂ ਕੇ ਬਾਗ ਜੈਸੇ ਅਸਥਾਨੋਂ ਵਿਚ ਜਦ ਕੋਈ ਗੁਲਾਬਦਾਸੀਆ ਵਗੈਰਾ ਤੋ ਕਿਆ ਬਲਕਿ ਅਗਰਕੋਈ ਨਾਸਤਿਕ ਭੀ ਵਜਾਖਜਾਨ ਕਰਤਾ ਹੈ ਯਾ ਕੋਈ ਸਿੱਖੀ ਮਤ ਕੇ ਵਿਰੁੱਧ ਕਹਿਤਾ ਹੈ ਤਾਂ ਉਸ ਨੂੰ ਕੋਈ ਭੀ ਮਨ੍ਹਾਂ ਨਹੀਂ ਕਰਤਾ, ਇਥੋਂ ਤਕ ਕਿ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਪੁਲ ਦੇ ਉਪਰ ਦਰਸ਼ਨੀ ਦਰਵਾਜ਼ੇ ਦੇ ਅੰਦਰ

---

*ਚਤੁਰ ਦਿਸਾਚ ਜੂਥ ਝੁੰਗਿਆਂ ਪ੍ਰਸਾਦਿ ਹੈ, ਪ੍ਰਕਾਸ਼ ਰੂਪ ਸਾਹਿਬੇਂ ਜੁ ਸਾਰ ਏਦ ਬਾਦ ਹੈ।
ਕਥਾ ਜਹਾਂ ਕਹਾਂ ਪੁਰਾਨ ਕੀ ਕਰੇਂ ਦਿਜੋ ਵਰੰ, ਨਮਾਮਿ ਤੀਰਥਿੰਦ੍ਰ ਪਾਵਨੰ ਸੁਧਾ ਸਰਵਰੰ।
†ਅਨੇਕ ਜਾਪ ਤਾਪ ਦਾਨ ਮਾਨ ਨੇਮ ਕੇ ਕਰੇਂ, ਹੋਮ ਯੱਗ ਪੂਜਨੇ ਬ੍ਰਤਾਦਿ ਨੇਮ ਕੇ ਧਰੈਂ।
ਉਚਾਰ ਕੀਰਤੀ ਲਹੈਂ ਸਮੂਹ ਇੱਛਤੇ ਫਰੰ, ਨਮਾਮਿ ਤੀਰਥਿੰਦ੍ਰ ਪਾਵਨੰ ਸੁਧਾ ਸਰੇਵਰੰ'
[ਗੁਰਮੁਖ ਸਿੰਘ

Digitized by Panjab Digital Library | www.panjabdigilib.org

ਅਰ ਹਰਿਮੰਦਰ ਦੇ ਨਜ਼ਦੀਕ ਗੁਲਾਬਦਾਸੀਏ ਅਰ ਅਹੰ ਬ੍ਰਹਮ ਅਰ ਜੈਨੀ ਅਰ ਨਾਸ੍ਤਿਕ ਇਤ੍ਯਾਦਿਕ ਵਖ਼ੀਰਾ ਵਖ਼ੀਰਾ ਮਤ ਕੇ ਲੋਗ ਆਕਰ ਆਪਣੇ ਮਤ ਕਾ ਪ੍ਰਚਾਰ ਕਰਤੇ ਹੈਂ। ਅਰ ਆਰੀਆ ਲੋਗ ਕਭੀ ਕੁਛ ਕਭੀ ਕਛ ਆਕਰ ਚਰਚਾ ਕਰਤੇ ਹੈਂ ਅਰ ਜੁਦਾ ਜੁਦਾ। ਉਨ੍ਹਾਂ ਦੇ ਇਰਦ ਗਿਰਦ ਇਸ ਤਰ੍ਹਾਂ ਭੀੜ ਹੁੰਦੀ ਹੈ ਕਿ ਸ੍ਰੀ ਹਰਿਮੰਦਰ ਜੀ ਦੇ ਦਰਸ਼ਨ ਕਰਨ ਲਈ ਜੋ ਜਾਂਦੇ ਹਨ ਉਨ੍ਹਾਂ ਨੂੰ ਰਸਤਾ ਭੀ ਨਹੀਂ ਮਿਲਦਾ। ਇਸ ਮੰਦਰ ਵਿਚ ਸਿਵਾਏ ਗੁਰੂ ਜੀ ਕੇ ਸ਼ਬਦੰ ਅਰ ਸਿਖੀ ਮਤ ਕੀ ਬਾਤਚੀਤ ਕੇ ਔਰ ਦੂਸਰੀ ਬਾਤ ਚੀਤ ਕੋਈ ਨਹੀਂ ਹੋਨੀ ਚਾਹੀਏ। ਪਰ ਇਸ ਮੰਦਰ ਵਿਚ ਤਾਂ ਐਸੀ ਵਿਰੁੱਧ ਕਾਰਰਵਾਈ ਹੋ ਰਹੀ ਹੈ ਕਿ ਅਗਰ ਕੋਈ ਸਿਖ ਸਿਖੀ ਪੰਥ ਕੀ ਚਰਚਾ ਤੋ ਕਜਾ ਥੋੜੀ ਜੈਸੀ ਬਾਤ ਭੀ ਕਰੇ ਤਾਂ ਨਾਸ੍ਤਿਕ ਲੋਗ ਸ਼ੋਰ ਕਰਨੇ ਕੋ ਅਰ ਮਾਰਨੇ ਕੋ ਤਿਆਰ ਹੋ ਜਾਤੇ ਹੈਂ। ਏਕ ਦਿਨ ਕੀ ਬਾਤ ਹੈ ਏਕ ਮਾਨੁੱਖ ਨੇ ਪੁਲ ਪਰ ਬੈਠ ਕਰ ਕਹਾ ਕੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਮੰਨਦਾ, ਇਸ ਬਾਤ ਨੂੰ ਸੁਣ ਕਰ ਏਕ ਸਿਖ ਨੇ ਉਸ ਕੋ ਮਨ੍ਹਾ ਕੀਆ ਤਾਂ ਕੁਛ ਥੋੜੇ ਜੈਸੇ ਪੁਰਸ਼ੋਂ ਨੇ ਬੜਾ ਸ਼ੋਰ ਕੀਆ ਅਰ ਦਰਵਾਨ ਨੂੰ ਬਹਿਕਾ ਕਰ ਲੇ ਆਏ, ਅਰ ਉਸ ਨੂੰ ਨਿਕਾਲਨੇ ਕੋ ਤਿਆਰ ਹੋ ਗਏ, ਪਰ ਗੁਰੂ ਮਹਾਰਾਜ ਜੀ ਕੀ ਕ੍ਰਿਪਾ ਹੂਈ ਕਿ ਉਸ ਸਿਖ ਕੇ ਜਾਨ ਪਹਿਚਾਨ ਭੀ ਆ ਗਏ। ਅਰ ਉਨ ਦੂਤੋਂ ਕੇ ਹਾਥੋਂ ਸੇ ਛੁਡਾ ਗਏ। ਉਸ ਵਕਤ ਦੇਖ ਕਰ ਦਿਲ ਨੂੰ ਬੜਾ ਸ਼ੋਕ ਹੂਆ ਅਰ ਏਹ ਵਿਚਾਰਾ ਕਿ ਯਾ ਤਾਂ ਉਹ ਜ਼ਮਾਨਾ ਸੀ ਕਿ ਇਸ ਮੰਦਰ ਵਿਚ ਸਿਖ ਨੂੰ ਕੋਈ ਕੁਛ ਕਹਿ ਨਹੀਂ ਸਕਦਾ ਸੀ ਅਰ ਕੀ ਹੁਣ ਹਾਲ ਹੈ ਕਿ ਜਿਸ ਜਗਾ ਸਿੱਖ ਧਰਮ ਦੀ ਚਰਚਾ ਹੁੰਦੀ ਸੀ ਉਥੇ ਹਾਫਿਜ਼ ਅਰ ਨਜ਼ੀਰ ਦੀਆਂ ਗਜ਼ਲਾਂ ਅਰ ਆਪਣੀਆਂ ਬਣਾਈਆਂ ਹੋਈਆਂ ਛੋਹਰਾਂ ਪੜ੍ਹੀਆਂ ਜਾਂਦੀਆਂ ਹਨ, ਅਰ ਪ੍ਰਸੰਨ ਹੋ ਕਰ ਲੋਕੀ ਸੁਣਦੇ ਹਨ ਅਰ ਕਿਧਰੇ ਐਸਾ ਨਹੀਂ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਯਾ ਸਿਖੀ ਮਤ ਦਾ ਭੀ ਚਰਚਾ ਹੁੰਦਾ ਹੋਵੇ। ਅਸੀਂ ਉਮੈਦ ਕਰਦੇ ਹਾਂ ਕਿ ਸਰਦਾਰ ਸਾਹਿਬ ਸਰਦਾਰ ਮਾਨ ਸਿੰਘ ਜੀ ਸਰਬਰਾਹ ਸ੍ਰੀ ਦਰਬਾਰ ਸਾਹਿਬ ਜੀ ਸਾਡੀ ਇਸ ਪ੍ਰਾਰਥਨਾ ਨੂੰ ਮਨ ਲਗਾਕਰ ਸੁਨੇਂਗੇ ਅਥਵਾ ਪੜ੍ਹੇਂਗੇ ਅਰ ਇਸ ਬਾਤ ਕਾ ਬੰਦੋਬਸਤ ਕਰੇਂਗੇ। ਦਰਬਾਰ ਸਾਹਿਬ ਅਰ ਗੁਰੂ ਬਾਗ ਵਿਖੇ ਅਰ ਪੁਲ ਕੇ ਉੱਪਰ ਤਾਂ ਐਸਾ ਬੰਦੋਬਸਤ ਕਰਨਾ ਚਾਹੀਏ ਕਿ ਤਮਾਮ ਮਜ਼ੂਬ ਕੇ ਦਰਸ਼ਨੀ ਦਰਵਾਜ਼ੇ ਦੇ ਬਾਹਰ ਬਾਹਰ ਫਿਰੇਂ ਅਰ ਦਰਸ਼ਨੀ ਦਰਵਾਜ਼ੇ ਦੇ ਅੰਦਰ ਉਹੀ ਲੋਕ ਆਵਨ ਜਾਵਨ ਅਰ ਬੈਠਣ ਕਿ ਜਿਨ੍ਹਾਂ ਦਾ ਕੰਮ ਹਰਿਮੰਦਰ ਜੀ ਕਾ ਦਰਸ਼ਨ ਕਰਨਾ ਅਰ ਬੈਠਕੇ ਭਜਨ ਕਰਨਾ ਹੋ। ਅਰ ਐਸਾ ਹੀ ਆਪਣੀ ਹੱਦ ਦੇ ਅੰਦਰ ਬੰਦੋਬਸਤ ਕਰ ਦੇਵੇਂ ਕਿ ਸਿੰਘ ਮਤ ਦੇ ਵਿਰੁੱਧ ਕੋਈ ਕੁਛ ਨਾ ਕਹੇ।

[ਪੰਜਾਬ ਦਰਪਨ ਵਰ: ੧ ਅੰਕ ੫ ਪੰਨਾ ੪, ੫, ਤ੍ਰੀਕ ੩ ਅਗਸਤ ੧੯੮੫]

੧੯. ਸਿੰਘ ਸਭਾ ਬਣਨ ਦਾ ਕਾਰਨ

ਮੈਨੂੰ ਇਕ ਪੁਰਾਣਾ ਕਾਗਜ਼ ਦਿਖਾਇਆ ਗਿਆ ਹੈ, ਜਿਸ ਵਿਚ ਇਕ ਸੂੰਹੀਏ ਨੇ ਸ਼ਰਧਾ ਰਾਮ ਫਲੌਰੀ ਦਾ ਹਾਲ ਨੋਟ ਕੀਤਾ ਦਰਜ ਹੈ :–

ਪੰਡਤ ਸ਼ਰਧਾ ਰਾਮ ਜੀ ਕੇ ਲੈਕਚਰ ਮੇਂ ਹਰੀਜਨ ਕੋਈ ਡੇਢ ਕੁ ਸੌ ਕੇ ਥੇ। ਪੰਡਤ

Digitized by Panjab Digital Library | www.panjabdigilib.org

ਜੀ ਨੇ ਪਹਿਲੇ ਸ਼ਲੋਕ ਪੜ੍ਹੇ ਜੋ ਲੋਗੋਂ ਨੇ ਬਹੁਤ ਪ੍ਰੇਮ ਸੇ ਸੁਨੇ। ਏਕ ਏਕ ਸ਼ਲੋਕ ਦੋ ਦੋ ਤੀਨ ਤੀਨ ਬਾਰ ਪੜ੍ਹੁਤੇ ਥੇ। ਕੁਛ ਸ਼ਲੋਕ ਯੇਹ ਥੇ :–

ਜੋ ਭੀ ਹੈਂ ਮਤ ਸਭ ਭਲੇ ਤੋ ਭੀ ਯਹ ਮਤ ਧਾਰ।
ਦਾਨ ਦਯਾ ਇਸ਼ਨਾਨ ਕਰ ਪੁਨ ਦਸ ਦੋਖ ਨਿਵਾਰ।
ਅਪਨੀ ਅਪਨੀ ਕਹਤ ਹੈਂ ਜੋ ਭੀ ਸਾਰੇ ਗ੍ਰੰਥ।
ਰਾਜਾਨਵਾਨ ਕੀ ਨਜ਼ਰ ਮੇਂ ਸਭ ਹੈਂ ਹਰਿ ਕੇ ਪੰਥ।
ਸਿਆਹੀ ਕਾਨੀ ਬ੍ਰਹਮ ਹੈ ਕਾਗਦ ਲਿਖਨੇ ਹਾਰ।
ਸ੍ਰੋਤਾ ਵਕਤਾ ਆਦਿ ਲੇ ਸਭੀ ਬ੍ਰਹਮ ਨਿਰਧਾਰ॥

ਇਸ ਕੇ ਬਾਦ ਪੰਡਿਤ ਜੀ ਨੇ ਜੈ ਰੰਗਾ ਮਾਈ ਪੜ੍ਹਨਾ ਸ਼ੁਰੂ ਕੀਆ, ਜਿਸਕੋ ਸਭ ਲੋਗ ਉਸ ਕੇ ਪੀਛੇ ਪੜ੍ਹਨੇ ਲਗੇ :–

ਜੈ ਰੰਗਾ ਮਾਈ !
ਜੋ ਜਨ ਤੇਰਾ ਦਰਸ਼ਨ ਪਾਵੇ ਪਾਪ ਨ ਰਹਸੀ ਰਾਈ।
ਜੈ ਰੰਗਾ ਮਾਈ !
ਤਨ ਮਨ ਧਨ ਤੇ ਸਿਮਰਾਂ ਤੈਨੂੰ ਤੂੰ ਜਗ ਵਿਚ ਸੁਖਦਾਈ।
ਜੋ ਜਨ ਤੇਰਾ ਧਿਆਨ ਕਰਤ ਹੈ ਮਿਟੇ ਪਾਪ ਕੀ ਛਾਈ।
ਜੈ ਰੰਗਾ ਮਾਈ !

ਉਸ ਵਕਤ ਬਾਬੇ ਸਾਹਿਬ ਕੀ ਤਰਫ ਸੇ ਢੋਲਕ ਛੈਣੇ ਬਜਾਤੇ ਹੂਏ ਤਰਨ ਤਾਰਨ ਕੇ ਜਾਟੋਂ ਕਾ ਏਕ ਗ੍ਰੋਹ ਆਇਆ। ਉਨ ਕਾ ਸ਼ੋਰ ਓ ਗੁਲ ਇਤਨਾ ਉੱਚਾ ਥਾ ਕਿ "ਜੈ ਰੰਗਾ ਮਾਈ" ਕੀ ਆਵਾਜ਼ ਉਸ ਮੇਂ ਸੁਨਾਈ ਨਹੀਂ ਪੜਤੀ ਥੀ । ਸਾਰਾ ਗ੍ਰੋਹ ਬੜੇ ਜੋਸ਼ ਸੇ ਸਿਰ ਮਾਰ ਮਾਰ ਕਰ ਗਾ ਰਹਾ ਥਾ :–

ਕੱਚੇ ਤੁਲਾਉ ਦੀਆਂ ਪੱਕੀਆਂ ਪੌੜੀਆਂ, ਰੜਵਾ ਭਰ ਲਿਆ ਪਾਣੀ ਦਾ।
ਝੰਡੇ ਫਕੀਰ ਨੇ ਕੁਛ ਨ ਦੇਖਿਆ, ਜੋਬਨ ਲੁੱਟ ਲਿਆ ਨੈਣੀ ਦਾ।

ਲੈਕਚਰ ਮੇਂ ਸੇ ਬਹੁਤ ਸੇ ਸਾਹਿਬ ਉਠ ਗਏ ਔਰ ਉਸ ਗ੍ਰੋਹ ਮੇਂ ਸ਼ਾਮਲ ਹੋ ਗਏ, ਸਿਰ ਮਾਰਤੇ ਹੂਏ ਔਰ ਗਾਤੇ ਹੂਏ ਸਭ ਕੇ ਸਭ ਦਰਬਾਰ ਸਾਹਿਬ ਕੀ ਪ੍ਰਕਰਮਾਂ ਮੇਂ ਘੂਮਨੇ ਲਗੇ।

ਲੈਕਚਰ ਮੇਂ ਹਾਜ਼ਰੀ ਆਧੇ ਸੇ ਭੀ ਕਮ ਹੋ ਗਈ। ਪੰਡਿਤ ਜੀ ਨੇ ਕੁਛ ਸਾਖੀਏਂ ਏਕ ਘੰਟਾ ਭਰ ਗੁਰੂ ਨਾਨਕ ਸਾਹਿਬ ਕੀ ਸੁਣਾਈਂ ਔਰ ਕਹਾ ਕਿ ਗੁਰੂ ਸਾਹਿਬ ਜਬ ਬਾਲ ਗੋਦਾਈ ਸੇ ਵਾਪਸ ਆਏ ਤੋ ਲਾਲੋ ਬੜ੍ਹਈ ਕੇ ਪਾਸ ਠਹਿਰੇ। ਉਸੀ ਜਗਾ ਉਨਕੀ ਸ਼ਾਦੀ ਉਸ ਨੇਕ ਬਖਤ ਔਰਤ ਸੇ ਹੂਈ ਜਿਨਕੋ ਮਾਤਾ ਮੰਝੋਤ ਕਹਿਤੇ ਹੈਂ।

ਇਸ ਪਰ ਹਾਜ਼ਰੀਨ ਮੇਂ ਕੁਛ ਹੈਰਾਨਗੀ ਸੀ ਫੈਲ ਗਈ। ਏਕ ਸਾਹਿਬ ਨੇ ਕਹਾ ਕਿ ਯਹ ਬਾਤ ਠੀਕ ਨਹੀਂ ਹੈ। ਪੰਡਿਤ ਜੀ ਨੇ ਜਵਾਬ ਦੀਆ ਕਿ ਮੇਰੇ ਪਾਸ ਏਕ ਪੁਰਾਣੀ ਪੁਸਤਕ ਹੈ ਉਸ ਮੇਂ ਯਹ ਬਾਤ ਲਿਖੀ ਹੈ, ਮੈਂ ਨਹੀਂ ਜਾਨਤਾ ਹੂੰ ਕਿ ਯਹ ਠੀਕ ਹੈ ਕਿ ਗ਼ਲਤ ਹੈ ਮਗਰ ਉਸ ਮੇਂ ਯਹ ਲਿਖਾ ਹੈ ਕਿ ਮਾਤਾ ਮੰਝੋਤ ਹਜਾਤ ਖਾਂ ਮੰਝ ਕੀ ਛੋਟੀ ਲੜਕੀ ਥੀ।

Digitized by Panjab Digital Library | www.panjabdigilib.org

ਹਯਾਤ ਖਾਂ ਕੀ ਬੀਵੀ ਗੁਰੂ ਸਾਹਿਬ ਪਰ ਬਹੁਤ ਸ਼ਰਧਾ ਰਖਤੀ ਥੀ। ਉਸੀ ਨੇ ਇਸ ਰਿਸ਼ਤੇ ਕੋ ਕਾਇਮ ਕੀਆ।

ਇਸ ਪਰ ਦੋ ਚਾਰ ਸਾਹਿਬ ਬੜੇ ਗੁੱਸੇ ਮੇਂ ਖੜੇ ਹੋ ਗਏ ਔਰ ਸਾਰੀ ਮਜਲਸ ਮੇਂ ਸ਼ੋਰ ਓ ਗੁਲ ਹੋਨੇ ਲਗਾ ਕਿ ਇਤਨੇ ਮੇਂ ਵਹੀ ਗੌਹ ਸਿਰ ਮਾਰਤਾ ਔਰ ਗਾਤਾ ਫਿਰ ਵਹਾਂ ਆ ਨਿਕਲਾ। ਵੁਹ ਅਭੀ ਤਕ ਵਹੀ ਗੀਤ ਗਾ ਰਹਾ ਥਾ:—

'ਕੱਚੇ ਤਲਾਉ ਦੀਆਂ ਪੱਕੀਆਂ ਪੌੜੀਆਂ ਗੜਵਾ ਭਰ ਲਿਆ ਪਾਣੀ ਦਾ।'

ਮਜਲਸ ਕੇ ਬਾਕੀ ਲੋਗ ਭੀ ਉਸ ਗੌਹ ਕੇ ਸਾਥ ਸ਼ਾਮਲ ਹੋ ਗਏ ਔਰ ਬਾਬੇ ਅਟਲ ਸਾਹਿਬ ਕੀ ਤਰਫ ਚਲੇ ਗਏ। ਸਿਰਫ ਦੋ ਸ਼ਖਸ ਵਹਾਂ ਰਹਿ ਗਏ: ਏਕ ਪੰਡਿਤ ਸ਼ਰਧਾ ਰਾਮ ਜੀ ਫਲੌਰੀ ਔਰ ਦੂਸਰੇ ਭਾਈ ਹਰਸਾ ਸਿੰਘ ਹਕੀਮ। ਜੋ ਆਪਸ ਮੇਂ ਕੁਛ ਦੇਰ ਤਕ ਗੁਫਤਗੂ ਕਰਤੇ ਰਹੇ।"

ਅੰਮ੍ਰਿਤਸਰ ਵਿਚ ਸਿੰਘ ਸਭਾ ਦਾ ਬਣਨਾ ਕੇਵਲ ਸ਼ਰਧਾਰਾਮ ਫਲੌਰੀ ਕਰਕੇ ਹੀ ਨਹੀਂ ਸੀ। ਇਸ ਦੇ ਨਾਲ ਕਈ ਹੋਰ ਸੰਮਿਲਤ ਕਾਰਣ ਬੀ ਸਨ। ਸ਼ਰਧਾ ਰਾਮ ਤਾਂ ਕੇਵਲ ਇਨ੍ਹਾਂ ਸਬੱਬਾਂ ਦੀ ਪੌੜੀ ਦਾ ਇਕ ਡੰਡਾ ਸੀ, ਅਖੀਰਲਾ ਡੰਡਾ। ਇਸ ਤੋਂ ਛੁੱਟ ਇਕ ਖਾਸ ਚੀਜ਼ ਸੀ ਜੋ ਦੇਰ ਤੋਂ ਰੜਕ ਰਹੀ ਸੀ:—

ਇਹ ਸੀ ਪਾਦਰੀਆਂ ਦਾ ਰਵੱਯਾ। ਈਸਾਈ ਪ੍ਰਚਾਰ, ਦਰਬਾਰ ਸਾਹਿਬ ਦੇ ਲਾਗਲਿਆਂ ਬੁੰਗਿਆਂ ਵਿਚ, ਖੁਲ੍ਹਾ ਹੋ ਰਿਹਾ ਸੀ। ਉਹ ਏਸ ਹਦ ਤਕ ਵੱਧ ਚੁਕਾ ਸੀ ਕਿ ਮਿਸ਼ਨ ਵਾਲੇ ਦਰਬਾਰ ਸਾਹਿਬ ਨੂੰ ਆਪਣੀ ਜਗਾ ਸਮਝਦੇ ਸਨ। ਕੀ ਦਰਬਾਰ ਸਾਹਿਬ ਉਹਨਾਂ ਦਾ ਇਕ ਗਿਰਜਾ ਬਣ ਜਾਏਗਾ? ਪਾਦਰੀ ਇਹ ਗੱਲ ਖੁੱਲਮ ਖੁੱਲ੍ਹਾ ਕਹਿ ਰਹੇ ਸਨ। ਇਹ ਜ਼ਹਿਨੀਅਤ ਇਸ ਕਰਕੇ ਪੈਦਾ ਹੋ ਗਈ ਸੀ ਕਿ ਸਿਖਾਂ ਦਾ ਮਹਾਰਾਜਾ ਦਲੀਪ ਸਿੰਘ, ਈਸਾਈ ਧਰਮ ਕਬੂਲ ਕਰ ਚੁਕਾ ਸੀ। ਈਸਾਈ, ਸਿਖਾਂ ਦੇ ਰਾਜ ਤੇ ਰਾਜੇ, ਦੋਹਾਂ ਨੂੰ, ਆਪਣੇ ਵੱਸ ਕਰ ਚੁਕੇ ਸਨ। ਹੁਣ ਉਹ ਸਿਖ ਧਰਮ ਅਸਥਾਨ ਨੂੰ ਅਪਣੇ ਮਤਲਬ ਰੋਚਰਾ ਕਰਨ ਮਗਰ ਸਨ। ਮਹਾਰਾਜਾ ਦਲੀਪ ਸਿੰਘ ਈਸਾਈ ਤਾਲੀਮ ਪ੍ਰਚਾਰ ਲਈ ਪੈਸੇ ਦੇ ਰਿਹਾ ਸੀ।

੨੦. ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦਾ ਅਸਰ

ਸੰਨ ੧੮੪੯ ਈ: ਵਿਚ ਪੰਜਾਬ ਅੰਗ੍ਰੇਜ਼ੀ ਅਮਲਦਾਰੀ ਵਿਚ ਸ਼ਾਮਲ ਹੋਇਆ ਸੀ। ਨਵੰਬਰ ੧੮੪੯ ਵਿਚ ਹੀ ਈਸਾਈਆਂ ਦਾ ਪਹਿਲਾ ਸਕੂਲ (ਰੰਗ ਮਹਲ ਸਕੂਲ) ਲਾਹੌਰ ਵਿਚ ਬਣਿਆ। ਉਸ ਵੇਲੇ ਦਾਖਲ ਹੋਣ ਲਈ ਲੜਕੇ ਮਿਲਨੇ ਕਠਨ ਸਨ। ਬੜੀ ਮੁਸ਼ਕਲ ਨਾਲ ਤਿੰਨ ਮੁੰਡੇ ਭਰਤੀ ਹੋਏ। ਇਹ ਕਸ਼ਮੀਰੀ ਪੰਡਿਤਾਂ ਦੇ ਪੁਤ੍ਰ ਸਨ,ਜਿਨ੍ਹਾਂ ਨੂੰ ਜਮਾਤ ਵਿਚ ਬੈਠਣ ਲਈ ਟਕਾ ਰੋਜ਼ ਮਿਲਦਾ ਸੀ*।

---

*The first enrolment of the baby school consisted of 3 Kashmiri Pandit boys, who were paid 6 pies a day for attending the newly started class. One of these boys was the late Pandit Prem Nath who eventualy retired as the Accountant-General of the Punjab.

[*K. L. Rallia Ram, Tribune, 24-2-41*

Digitized by Panjab Digital Library | www.panjabdigilib.org

ਇਸ ਛੋਟੇ ਪੈਮਾਨੇ ਤੋਂ ਈਸਾਈ ਧਰਮ ਦਾ ਪ੍ਰਚਾਰ ਏਸ ਸੂਬੇ ਵਿਚ ਸ਼ੁਰੂ ਹੋਇਆ, ਜੋ ਚਾਰ ਪੰਜ ਸਾਲਾਂ ਦੇ ਅੰਦਰ ਅੰਦਰ ਹੀ ਇਤਨੀ ਤੱਕੀ ਕਰ ਗਿਆ ਕਿ ਸਾਰੇ ਦੇਸ਼ ਵਿਚ ਮਿਸ਼ਨ ਦਾ ਭਾਣਾ ਪੈਟਾ ਪਸਰ ਗਿਆ। ਸੰਨ ੧੮੫੩ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਧਰਮ ਵਿਚ ਸ਼ਾਮਲ ਕੀਤਾ ਗਿਆ। ਇਹ ਇਕ ਬੜੀ ਭਾਰੀ ਗੱਲ ਸੀ। ਮਹਾਰਾਜੇ ਦੇ ਬਪਤਿਸਮੇ ਲਈ ਗੰਗਾ ਜਲ ਵਰਤਿਆ ਗਿਆ। ਮਹਾਰਾਜੇ ਦੇ ਨਾਲ ਜੋ ਹਿੰਦੂ ਨੌਕਰ ਸਨ, ਉਹਨਾਂ ਨੂੰ ਏਸ ਕਰਕੇ ਇਹ ਗੱਲ ਇਤਨੀ ਭੈੜੀ ਨਾ ਲਗੀ ਜਿਤਨੀ ਕਿ ਆਮ ਹਾਲਤ ਵਿਚ ਲਗਣੀ ਚਾਹੀਦੀ ਸੀ। ਸਰ ਲੋਗਨ ਨੇ ਏਸ ਗੱਲ ਦਾ ਜ਼ਿਕਰ ਆਪਣੀ ਪੁਸਤਕ 'ਸਰ ਲੋਗਨ ਐਂਡ ਦਲੀਪ ਸਿੰਘ' ਵਿਚ ਕੀਤਾ ਹੈ*।

ਦਲੀਪ ਸਿੰਘ ਦੀ ਉਮਰ ਅਜੇ ੧੪ ਕੁ ਬਰਸ ਦੀ ਸੀ। ਗੰਗਾ ਜਲ ਦੇ ਬਪਤਿਸਮੇ ਨਾਲ ਈਸਾਈ ਬਣਨਾ ਪਤਾ ਨਹੀਂ ਉਸ ਦੇ ਹਿਰਦੇ ਵਿਚ ਕਿਸ ਕਿਸਮ ਦੀ ਮਜ਼ਬੂਅਤ ਦੇ ਭਾਵ ਪੈਦਾ ਕਰਦਾ ਹੋਣਾ ਹੈ, ਪਰ ਇਹ ਵਾਕਿਆ ਇਸ ਗੱਲ ਦਾ ਜ਼ਰੂਰ ਬੋਹ ਦੇਂਦਾ ਹੈ ਕਿ ਸ਼ੁਰੂ ਸ਼ੁਰੂ ਦੇ ਈਸਾਈ ਪ੍ਰਚਾਰਕ ਕੱਟੜ ਧੜੇਦਾਰ ਬੰਦੇ ਨਹੀਂ ਸਨ, ਪਰ ਝੜੀ ਲਚਕਦਾਰ ਨੀਤੀ ਦੇ ਮਾਲਕ ਸਨ।

ਅਗਲੇ ਸਾਲ, ਸੰਨ ੧੮੫੪ ਵਿਚ, ਮਹਾਰਾਜਾ ਵਲੋਂ ਇਕ ਹਜ਼ਾਰ ਰੁਪੱਯਾ ਸਾਲਾਨਾ ਆਪਣੀ ਪੈਨਸ਼ਨ ਵਿਚੋਂ ਮਨਜ਼ੂਰ ਹੁੰਦਾ ਹੈ, ਕਿਸ ਲਈ? ਅੰਮ੍ਰਿਤਸਰ ਵਿਚ ਬਣੇ ਸਕੂਲਾਂ ਲਈ ਤਾਕਿ ਲੜਕਿਆਂ ਨੂੰ ਇਨਾਮ ਦਿਤੇ ਜਾਣ†।

ਇਹ ਸਕੂਲ ਮਿਸ਼ਨ ਵਲੋਂ ਚੱਲੇ ਸਕੂਲ ਸਨ। ਉਹਨਾਂ ਦਿਨਾਂ ਵਿਚ ਇਨਾਮ ਵੰਡਣ ਦੇ ਅਰਥ ਇਹ ਨਹੀਂ ਸਨ ਹੁੰਦੇ ਕਿ ਜੇਹੜੇ ਵਿਦਯਾਰਥੀ ਅੱਵਲ ਰਹੇ ਹਨ ਉਹਨਾਂ ਨੂੰ ਵਡਿਆਇਆ ਜਾਏ, ਪਰ ਸੰਕੇਤਕ ਤੌਰ ਤੇ ਅੱਉਂ ਸਮਝਣਾ ਚਾਹੀਦਾ ਹੈ ਕਿ ਟਕਾ ਰੋਜ਼ ਤੇ ਮੁੰਝੇ ਭਰਤੀ ਕਰਨ ਲਈ। ਈਸਾਈ ਬਣਨ ਤੋਂ ਪਿਛੋਂ ਝੱਟ ਹੀ ਮਹਾਰਾਜਾ ਦਲੀਪ ਸਿੰਘ ਵਲੈਤ ਚਲੇ ਗਏ ਸਨ। ਉਥੇ ਉਸ ਦੀ ਤਾਲੀਮ ਦਾ ਤੇ ਖ਼ਾਸ ਕਰਕੇ ਆਪਣੇ ਖ਼ਾਨਦਾਨ ਦੀ ਤ੍ਵਾਰੀਖ ਪੜ੍ਹਨ ਦਾ ਜੋ ਇੰਤਜ਼ਾਮ ਕੀਤਾ ਗਿਆ ਉਸ ਦਾ ਨਤੀਜਾ ਇਹ ਹੋਇਆ ਕਿ 'ਉਸ ਨੂੰ ਈਸਾਈ ਧਰਮ ਦੀ ਇਖ਼ਲਾਕੀ ਉਚਿਆਈ ਦਿੱਸਣ ਲਗ ਪਈ ਅਤੇ ਇਸ ਦੇ ਮੁਕਾਬਲੇ ਉਪਰ ਉਹ ਗੱਲਾਂ ਵਾਹਯਾਤ ਬਦਕਾਰੀਆਂ ਨਜ਼ਰ ਆਉਣ ਲਗ ਪਈਆਂ ਜਿਨ੍ਹਾਂ ਤੋਂ ਚੰਗੇ ਭਾਗਾਂ ਨੂੰ ਬਚਕੇ

---

*It occurred to Mrs Login at the last moment, that bearing in mind the veneration in which all Hindoos hold the River Ganges there would be peculiar appropriateness in using its water for the sacred rite, thereby sanctifying it in the Maharaja's mind, from henceforth with a new and holier association. Jewindah, the favourite Sikh attendant of Duleep Singh begged to be allowed to fetch the water himself for this purpose from the river, and ran off with his brass lotah, evidently regarding the proposition with favour, as a Concession to Hindu prejudices. [*P. 306*

†He has already out of this fund, agreed to give 1,000 rupees for yearly prizes at the schools at Amritsar. [*Login P. 345*

Digitized by Panjab Digital Library | www.panjabdigilib.org

ਉਹ ਇੰਗਲੈਂਡ ਚਲਾ ਗਿਆ ਸੀ*'।

ਅਗਲੇ ਪੰਜਾਂ ਸੱਤਾਂ ਸਾਲਾਂ ਵਿਚ ਮਹਾਰਾਜੇ ਦੇ ਦਿਲ ਉਪਰ ਪੱਛਮੀ ਸਭਯਤਾ ਦਾ ਰੰਗ ਪੱਕਾ ਗੂੜ੍ਹਾ ਚੜ੍ਹ ਗਿਆ ਸੀ। ਸੰਨ ੧੮੬੧ ਵਿਚ ਜਦ ਆਪ ਕਲਕੱਤੇ ਆਪਣੀ ਮਾਤਾ, ਰਾਣੀ ਜਿੰਦਾਂ, ਨੂੰ ਵਲੈਤ ਨਾਲ ਲੈ ਚੱਲਣ ਲਈ ਆਏ ਤਦ ਉਨ੍ਹਾਂ ਦਾ ਦਿਲ ਪੰਜਾਬੀਪੁਣੇ ਤੋਂ ਬਿਲਕੁਲ ਕੋਰਾ ਸੀ। ਉਸ ਵੇਲੇ ਜੋ ਚਿੱਠੀ ਉਨ੍ਹਾਂ ਸਰ ਲੋਗਨ ਨੂੰ ਪੱਲੀ, ਉਹ ਉਨ੍ਹਾਂ ਦੀ ਅੰਦਰਲੀ ਅਵਸਥਾ ਦਾ ਪੂਰਾ ਪਤਾ ਦੇਂਦੀ ਹੈ। ਉਨ੍ਹਾਂ ਲਿਖਿਆ:—

ਮੇਰੇ ਜ਼ਿਆਦਾ ਜਲਦੀ ਇੰਗਲੈਂਡ ਪਹੁੰਚਣ ਦੀ ਉਮੈਦ ਰਖੋ। ਉਤਨਾ ਵਕਤ ਮੈਂ ਏਥੇ ਨਹੀਂ ਠਹਿਰ ਸਕਦਾ ਜਿਤਨਾ ਟੂਰਨ ਲਗਿਆਂ ਮੈਂ ਖਿਆਲ ਕਰਦਾ ਸਾਂ। ਮੈਨੂੰ ਸਾਹਿਬਜ਼ਾਦਾ ਏਥੇ ਮਿਲਣ ਵਾਸਤੇ ਆਇਆ ਹੈ। ਉਹ ਬੜਾ ਚਤੁਰ ਅਤੇ ਹੁਸ਼ਿਆਰ ਹੈ, ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਹ ਰਹਿਣੀ ਬਹਿਣੀ ਦੇ ਤ੍ਰੀਕਿਆਂ ਵਿਚ ਬਿਲਕੁਲ ਦੇਸੀ ਹੈ†। ਉਸ ਦੀ ਇੱਛਾ ਹੁਣ ਇਕ ਹੋਰ ਵਹੁਟੀ ਵਿਆਹੁਣ ਦੀ ਹੈ।.....ਮੈਂ ਕਿਸ ਤਰ੍ਹਾਂ ਇਹ ਜ਼ਰੂਰੀ ਸਮਝਦਾ ਹਾਂ ਤੈਨੂੰ ਦੱਸਣਾ ਕਿ ਹਿੰਦੁਸਤਾਨ ਇਕ ਵਹਿਸ਼ੀ ਜਗ੍ਹਾ ਹੈ‡। ਮੈਂ ਦਿਲੋਂ ਪਛਤਾਉਂਦਾ ਹਾਂ ਕਿ ਮੈਂ ਕਿਉਂ ਬਾਹਰ ਟੁਰ ਆਇਆ, ਕਿਉਂਕਿ ਮੈਨੂੰ ਏਥੇ ਇਕ ਛਿਨ ਦਾ ਆਰਾਮ ਨਹੀਂ ਮਿਲਦਾ, ਲੋਕ ਮੇਰੇ ਪਿਛੇ ਪਏ ਰਹਿੰਦੇ ਹਨ ਤੇ ਮੇਰੇ ਪੁਰਾਣੇ ਨੌਕਰ ਗੱਲਾਂ ਪੁਛ ਪੁਛ ਕੇ ਮੇਰੀ ਨੱਕ ਜਿੰਦ ਕਰ ਦੇਂਦੇ ਹਨ।.....ਮੈਂ ਦੇਸੀਆਂ ਨੂੰ ਨਫ਼ਰਤ ਕਰਦਾ ਹਾਂ, ਉਹ ਐਸੇ ਝੂਠੇ, ਖੁਸ਼ਾਮਦੀ ਤੇ ਪਰਲੇ ਦਰਜੇ ਦੇ ਮੱਕਾਰ ਹਨ। ਮੈਂ ਇੰਗਲਿਸਤਾਨ ਵਾਪਸ ਪਹੁੰਚਣ ਲਈ ਤੇ ਆਪਣੇ ਦੋਸਤਾਂ ਵਿਚ ਮੁੜ ਆ ਬੈਠਣ ਲਈ ਕੀ ਕਛ ਛਡਣ ਲਈ ਤਿਆਰ ਨਹੀਂ§।

ਇਥੇ ਮਹਾਰਾਜਾ ਦਲੀਪਸਿੰਘ ਦੀਆਂ ਗੱਲਾਂ ਕਿਉਂ ਦਿੱਤੀਆਂ ਜਾ ਰਹੀਆਂ ਹਨ? ਸਿਰਫ਼ ਇਹ ਦੋਹ ਲਾਉਣ ਲਈ ਕਿ ਮਿਸ਼ਨਸਤ੍ਰੂਲਾਂ ਦੇ ਪ੍ਰਚਾਰ ਦਾ ਪ੍ਰਭਾਵ ਛੋਟੀ ਉਮਰਾ ਦੇ ਪੰਜਾਬੀ ਬੰਦਿਆਂ ਵਿਚ ਕਿਸ ਤਰ੍ਹਾਂ ਦਾ ਤੇ ਕਿਸ ਹਦ ਤਕ ਪੈਂਦਾ ਹੋਣਾ ਹੈ। ਮਹਾਰਾਜਾ ਦਲੀਪ ਸਿੰਘ ਸਾਰਿਆਂ ਤੋਂ ਉੱਚੇ ਦਰਜੇ ਦਾ ਪੰਜਾਬੀ ਹੋਣ ਕਰਕੇ ਨਮੂਨੇ ਮਾਤ੍ਰ ਮਿਸਾਲ ਹੈ। ਹੋ ਸਕਦਾ ਹੈ ਕਿ ਮਿਸ਼ਨ ਦੇ ਪੂਰਨ ਪ੍ਰਭਾਵ ਹੇਠ ਆਏ ਲੜਕੇ 'ਦੇਸੀ ਪੁਣੇ' ਦੀ ਨਫ਼ਰਤ ਵਿਚ ਏਸ ਹੱਦ ਤਕ ਨਾ ਗਏ ਹੋਣ, ਪਰ ਇਹ ਫ਼ਰਕ ਸਿਰਫ ਦਰਜੇ ਦਾ ਹੈ, ਕਿਸਮ ਦਾ ਨਹੀਂ।

ਸਿਖਾਂ ਵਿਚ ਸਿਖੀ ਤੋਂ ਨਫਰਤ ਕਰਾਉਣ ਲਈ ਈਸਾਈ ਪ੍ਰਚਾਰਕ ਕੰਮ ਕਰ ਰਹੇ ਸਨ। ਗੌਰਮਿੰਟ ਏਸ ਗੱਲ ਵਿਚ ਸਹਾਇਕ ਸੀ। ੧੮੬੯ ਈ: ਵਿਚ ਸਰਕਾਰ ਹਿੰਦ ਨੇ ਇਕ

---

*As he is now able to appreciate the difference between the standard of Christian morality, which he ought to aim at, and the miserable debauchery from which he has escaped, I think that the perusal of the history of the Sikhs and his family (which he acknowledges to be on the whole correct), is likely to be useful to him..... [*Login P. 236*

†He is a very quick, intelligent lad but, a thorough native in his manners.

‡How, I must tell you that India is a beastly place.

§I hate natives, they are such liars, flatterers, and extremely deceitful! I would give anything to be back in dear England, among my friends.

Digitized by Panjab Digital Library | www.panjabdigilib.org

ਮਿਸ਼ਨਰੀ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਰਜਮਾ ਅੰਗ੍ਰੇਜ਼ੀ ਵਿਚ ਕਰਨ ਲਈ ਮੁਕਰਰ ਕੀਤਾ। ਇਹ ਡਾਕਟਰ ਟ੍ਰੰਪ ਸੀ*। ਟ੍ਰੰਪ ਦੀ ਰਾਇ ਸਿਖੀ ਬਾਬਤ ਚੰਗੀ ਨਹੀਂ ਸੀ। ਉਹ ਏਹੋ ਸਮਝਦਾ ਸੀ ਕਿ ਸਿਖੀ ਖਤਮ ਹੋ ਰਹੀ ਹੈ ਅਰ ਥੋੜੇ ਚਿਰ ਅੰਦਰ ਹੀ ਇਹ ਕੇਵਲ ਇਤਿਹਾਸ ਦੇ ਪਤ੍ਰਿਆਂ ਉਪਰ ਹੀ ਰਹਿ ਜਾਏਗੀ†।

ਮਿਸ਼ਨ ਦੇ ਪ੍ਰਚਾਰ ਅਸਰ ਹੇਠ ਸੰਨ ੧੮੭੨ ਈ: ਵਿਚ ਚਾਰ ਸਿਖ ਲੜਕੇ ਈਸਾਈ ਹੋਣ ਲਈ ਖੁੱਲ੍ਹਮਖੁੱਲ੍ਹੇ ਤ੍ਰੀਕੇ ਤੇ ਤਿਆਰ ਹੋ ਗਏ। ਸਿਖ ਉਸ ਵੇਲੇ ਮਿਲਗੋਭੇਪਨ ਦੀ ਨਿੱਸ਼ਲਤਾ ਦੀ ਆਰਾਮ ਜਨਕ ਤੰਦ੍ਰਾ ਵਿਚ ਉੱਘ ਰਹੇ ਸਨ, ਮੁੰਡਿਆਂ ਦੇ ਈਸਾਈ ਹੋ ਪੈਣ ਦੀ ਤਿਆਰੀ ਦੀ ਖ਼ਬਰ ਨੇ ਇਕ ਹਲੂਣਾ ਦੇ ਦਿੱਤਾ, ਉੱਘ ਖੁਲ੍ਹ ਗਈ ਤੇ ਉਹ ਅੱਖਾਂ ਮਲਣ ਲੱਗ ਪਏ।

ਏਸ ਅਵਸਥਾ ਵਿਚ ਸ਼ਰਧਾ ਰਾਮ ਦਾ ਅੰਮ੍ਰਿਤਸਰ ਆਉਣਾ ਕੁਛ ਹੋਰ ਕੈਫੀਅਤ ਪੈਦਾ ਕਰ ਗਿਆ। ਕੌਮੀ ਰੋਗ ਦੇ ਚਿੰਨ੍ਹ ਬਦਲ ਗਏ। ਉਹ ਮਰੀਜ਼ ਜਿਸ ਦੇ ਹੱਡ ਗੋਂਡੇ ਜੁੜੇ ਹੋਏ ਸਨ, ਜੋ ਵਾਯੂ ਦੇ ਰੋਗ ਨਾਲ ਮੰਜੇ ਉਪਰ ਸਿਥਲ ਪਿਆ ਸੀ, ਉਸ ਮਰੀਜ਼ ਨੂੰ ਬਲਗਮ ਦਾ ਦੌਰਾ ਹੋ ਗਿਆ। ਉਹ ਖੰਘਣ ਲੱਗ ਪਿਆ ਤੇ ਕਫ ਦੇ ਜ਼ੋਰ ਉਠਕੇ ਬੈਠ ਗਿਆ।

੨੧. ਭਾਈ ਹਰਸਾ ਸਿੰਘ ਹਕੀਮ।

ਅਸੀਂ ਪਿਛੇ ਕਹਿ ਆਏ ਹਾਂ: 'ਸਿਰਫ ਦੋ ਸ਼ਖਸ਼ ਵਹਾਂ ਰਹਿ ਗਏ। ਏਕ ਪੰਡਤ ਸ਼ਰਧਾ ਰਾਮ ਜੀ ਔਰ ਦੂਸਰੇ ਭਾਈ ਹਰਸਾ ਸਿੰਘ ਹਕੀਮ।'

ਇਹ ਭਾਈ ਹਰਸਾ ਸਿੰਘ ਜੀ ਹਕੀਮ ਕੌਣ ਸਨ? ਮੇਰੀ ਪੁੱਛ ਦੇ ਜਵਾਬ ਵਿਚ ਭਾਈ ਹਰਸਾ ਸਿੰਘ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਨੇ ਉਨ੍ਹਾਂ ਬਾਬਤ ਇਹ ਦੱਸ ਘੱਲਿਆ ਹੈ:—

"ਆਪ ਭਾਈ ਜੈ ਸਿੰਘ ਧੂਪੀਏ ਦੇ ਵਡੇ ਸਪੁਤ੍ਰ ਤੇ ਸਰਦਾਰ ਸਾਧੂ ਸਿੰਘ ਧੂਪੀਏ (ਅਫਸਰ ਮਹਿਕਮਾ ਜੰਗਲਾਤ) ਦੇ ਵਡੇ ਭਰਾਤਾ ਸਨ। ਜਨਮ ਦੀ ਤ੍ਰੀਕ ਦਾ ਪਤਾ ਨਹੀਂ, ਪਰ ਗੁਰਪੁਰੀ ਪਿਆਨਾ ੧੯੧੯ ਈ: ਦੇ ਲਗ ਪਗ ਹੋਇਆ। ਆਯੂ ਤਦੋਂ ਸੱਤਰ ਤੇ ਅੱਸੀ ਸਾਲ ਦੇ ਵਿਚਕਾਰ ਸੀ। ਉਪਜੀਵਕਾ ਦੇ ਸਾਧਨ ਦੋ ਸਨ, ਇਕ ਤਾਂ ਡਿਸਟ੍ਰਿਕਟ ਕੋਰਟ ਵਿਚ ਕਾਪੀ ਨਵੀਸ ਦਾ ਕੰਮ ਕਰਦੇ ਸਨ, ਦੂਸਰੇ ਹਿਕਮਤ ਤਿੱਬ (ਯੂਨਾਨੀ) ਵਿਚ ਆਪ ਚੰਗੇ ਸਿਆਣੇ ਸਨ ਤੇ ਸ਼ਾਮ ਸਵੇਰੇ ਇਹ ਕਾਰਜ ਬੀ ਕਰਦੇ ਹਨ। ਸ੍ਰੀ ਦਰਬਾਰ ਸਾਹਿਬ 'ਧੂਪੀਏ' ਦੀ ਸੇਵਾ ਆਨਰੇਰੀ ਸੀ। ਸੋਨੇ ਦਾ ਇਕ ਕੜਛਾ ਹੁੰਦਾ ਸੀ ਜਿਸ ਵਿਚ ਆਪ ਸ੍ਰੀ ਦਰਬਾਰ ਸਾਹਿਬ ਧੂਪ ਦਿਤਾ ਕਰਦੇ ਸਨ ਤੇ ਫਿਰ ਉਹ ਕੜਛਾ ਤੋਸ਼ੇਖਾਨੇ ਧਰ ਆਉਂਦੇ ਸਨ। ਆਪ ਤ੍ਰੈ ਵਿਦਜਾ ਵਿਚ ਅਤਿ ਨਿਪੁਨ ਸਨ: ਸੰਗੀਤ, ਰਮਲ ਤੇ ਤਿੱਬ। ਸੰਗੀਤ ਵਿਚ ਤਾਂ ਐਸੇ ਮਾਹਿਰ ਸਨ ਕਿ ਵਡੇ ਵਡੇ ਸਿਆਣੇ ਸੰਗੀਤਾਚਾਰਯ ਆਪ ਨੂੰ 'ਉਸਤਾਦ ਜੀ' ਕਰਕੇ ਸੱਦਦੇ ਸਨ। ਮਹਾਰਾਜਾ ਜੰਮੂ ਦਾ ਰਬਾਬੀ ਭਾਈ ਸੰਦਲ ਇਕ ਵਾਰ ਆਇਆ ਤੇ ਆਣਕੇ ਕਹਿਣ

---

*In 1869 the Government of India Commissioned a German Missionary, Dr. Ernest Trump to Translate the Adi Granth into English"...
[*Modern Religious Movements of India, Farquhar.*

†Sikhism is waning religion that will soon belong to History.
[*Preface Adi Granth.*

Digitized by Panjab Digital Library | www.panjabdigilib.org

ਲੱਗਾ: ਉਸਤਾਦ ਜੀ, ਕੋਈ ਮੈਨੂੰ ਵੀ ਸੇਵਾ ਬਖਸ਼ਿਆ ਕਰੋ, ਕੁਛ ਮੇਰੇ ਕੋਲੋਂ ਸੁਣੋ ਤੇ ਸਾਡੀਆਂ ਭੁੱਲਾਂ ਦਸਿਆ ਕਰੋ। ਅਜ ਮੈਂ ਕੁਛ ਨ ਕੁਛ ਜ਼ਰੂਰ ਸੁਨਾਉਣਾ ਚਾਹੁੰਦਾ ਹਾਂ, ਤੁਸੀਂ ਦੱਸੋ ਮੈਂ ਕੀ ਸੁਣਾਵਾਂ। ਭਾਈ ਹਰਸਾ ਸ਼ਿਘ ਜੀ ਨੇ ਕਿਹਾ: ਚੰਗਾ ਸੁਣਾਓ,ਜੋ ਤੁਹਾਡੀ ਮਰਜ਼ੀ ਹੈ ਸੁਣਾਓ। ਭਾਈ ਸੰਦਲ ਨੇ ਕਿਹਾ: ਨਹੀਂ ਜੋ ਤੁਸੀਂ ਹੁਕਮ ਕਰੋਗੇ ਸੁਣਾਵਾਂਗਾ। ਤਾਂ ਭਾਈ ਸਾਹਿਬ ਨੇ ਕਿਹਾ 'ਅਲ੍ਹੀਆ ਬਿਲਾਵਲ' ਸੁਣਾ। ਉਸ ਨੇ ਸੁਣਾਇਆ। ਆਪ ਨੇ ਕਿਹਾ, 'ਜੋ ਕੁਛ ਸੁਣਾਇਆ ਹੈ ਚੰਗਾ ਸੁਣਾਇਆ ਹੈ'। ਸੰਦਲ ਨੇ ਕਿਹਾ: ਉਸਤਾਦ ਜੀ, 'ਜੋ ਕੁਛ' ਦਾ ਕੀ ਮਤਲਬ ? ਕੀ ਜੋ ਤੁਸਾਂ ਕਿਹਾ ਹੈ ਉਹ ਇਹ ਨਹੀਂ ? ਤਾਂ ਭਾਈ ਸਾਹਿਬ ਨੇ ਕਿਹਾ, ਹਾਂ ਇਹ ਉਹ ਨਹੀਂ, ਪਰ ਜੋ ਕੁਛ ਤੂੰ ਸੁਣਾਇਆ ਹੈ ਉਹ ਆਪਣੇ ਆਪ ਵਿਚ ਸੋਹਣੀ ਚੀਜ਼ ਹੈ। ਫਿਰ ਭਾਈ ਸੰਦਲ ਦੇ ਪੁਛਣ ਤੇ ਆਪ ਨੇ ਉਸ ਨੂੰ ਆਪ ਅਲਾਪ ਕਰਕੇ ਦੱਸਿਆ ਕਿ 'ਅਲ੍ਹੀਆ ਬਿਲਾਵਲ' ਇਹ ਹੈ ਤੇ ਜੋ ਕੁਛ ਤੂੰ ਸੁਣਾਇਆ ਹੈ ਉਹ ਫਲਾਣੀ ਚੀਜ਼ ਹੈ। ਸੰਦਲ ਆਪਣੀ ਗ਼ਲਤੀ ਮੰਨ ਗਿਆ। ਰਮਲ ਦੇ ਹਿਸਾਬਾਂ ਦੀ ਆਪ ਦੀ ਵਾਕਫੀ ਬੀ ਕਮਾਲ ਦੀ ਸੀ।"

ਸ਼ਰਧਾ ਰਾਮ ਬ੍ਰਾਹਮਣ ਸੀ। ਇਸ ਦੀ ਪੁਸਤਕ 'ਸਿਖਾਂ ਦੇ ਰਾਜ ਦੀ ਵਿਥਿਆ' ਕੁਛ ਹਲਕਿਆਂ ਵਿਚ ਕਾਫੀ ਪ੍ਰਚਲਤ ਰਹੀ ਹੈ, ਏਸ ਵਿਚ ਸਿਖੀ ਦੀਆਂ ਜੜ੍ਹਾਂ ਢਿੱਲੀਆਂ ਕਰਨ ਦਾ ਮਸਾਲਾ ਹੈ। ਸ਼ਰਧਾ ਰਾਮ ਦੀ ਪੁਸਤਕ 'ਸਤ ਉਪਦੇਸ਼' ੧੯੨੭ ਈ: ਵਿਚ ਪੰਜਵੀਂ ਵੇਰ ੩੦੦੦ ਛਪੀ ਸੀ। ਪੁਸਤਕ ਪ੍ਰਕਾਸ਼ਕ ਨੇ ਆਪਣਾ ਪਤਾ ਇਹ ਦਿਤਾ ਹੈ:—ਸ਼ਰਧਾਪਾਦ ਪੁਜਕ ਸ੍ਵਾਮੀ ਤੁਲਸੀ ਦੇਵ ਹਰਿ ਗਿਆਨ ਮੰਦਰ ਲਾਹੌਰ।

ਪੰਡਿਤ ਸ਼ਰਧਾਰਾਮ ਬੜਾ ਸਰਲ ਵਕਤਾ ਸੀ, ਏਸ ਦੇ ਕਈ ਸ਼ਰਧਾਲੂ ਸਨ। ਜਿਸ ਦਿਨ ਏਸ ਨੇ ਦਰਬਾਰ ਸਾਹਿਬ ਲੈਕਚਰ ਦਿਤਾ ਹੈ ਉਸ ਰਾਤ ਅੰਮ੍ਰਿਤਸਰ ਦੇ ਬਹੁਤ ਸਾਰੇ ਬ੍ਰਾਹਮਣ ਏਸ ਨੂੰ ਮਿਲਣ ਲਈ ਆਏ। ਪੰਡਿਤ ਲੋਕ ਨਾਥ ਵੀ ਕਿਸੇ ਮਜਬੂਰੀ ਹੇਠ ਚਲਾ ਗਿਆ।

ਲੋਕ ਨਾਥ ਨੂੰ ਇਹ ਗੱਲ ਜਤਾਈ ਗਈ ਕਿ ਤੂੰ ਬ੍ਰਾਹਮਣ ਹੋਕੇ ਆਪਣੇ ਇਸ਼ਟ ਨੂੰ ਤਿਆਗ ਬੈਠਾ ਹੈਂ। ਬ੍ਰਾਹਮਣ ਜਗਤ ਦਾ ਗੁਰੂ ਹੈ, ਤੂੰ ਗੁਰੂ ਹੋਣ ਦੀ ਬਜਾਏ ਸਿਖਾਂ ਦਾ ਸਿਖ ਹੋ ਗਿਆ ਹੈਂ। ਲੋਕ ਨਾਥ ਨੇ ਪੁੱਛਿਆ ਮੇਰਾ ਇਸ਼ਟ ਕੀ ਹੈ ? ਤਾਂ ਉਸ ਨੂੰ ਕਿਹਾ ਗਿਆ ਕਿ ਜੇ ਤੂੰ ਇਤਨਾ ਅਬੋਧ ਹੈ ਤਾਂ ਘਟ ਤੋਂ ਘਟ ਤੈਨੂੰ ਇਹ ਪਤਾ ਤਾਂ ਹੋਣਾ ਚਾਹੀਦਾ ਹੈ ਕਿ ਤੇਰਾ ਕੰਮ ਰਾਮ ਉਪਾਸਨਾ ਹੈ ਨਾ ਕਿ ਸਮਾਧਾਂ ਨੂੰ ਮੁਠੀਆਂ ਭਰਨਾ। ਲੋਕ ਨਾਥ ਨੇ ਇਸ ਗੱਲ ਦਾ ਖਹੁਰਾ ਜਵਾਬ ਦਿਤਾ। ਉਸ ਨੂੰ ਰਾਮ ਬਤੌਰ ਇਸ਼ਟ ਦੇ ਪਸੰਦ ਨਹੀਂ ਸੀ। ਲੋਕ ਨਾਥ ਸ਼ਾਮ ਵੇਲੇ ਡਾਕਟਰ ਸਾਹਿਬ ਨੂੰ ਮਿਲਿਆ ਤੇ ਸਾਰੀ ਗੱਲ ਦੱਸੀ; ਕਹਿਣ ਲਗਾ, ਰਾਮ ਮੇਰਾ ਇਸ਼ਟ ਨਹੀਂ, ਨਾ ਕਦੀ ਹੋ ਸਕਦਾ ਹੈ। ਸੀਤਾ ਕੋਲੋਂ ਸੱਚਾ ਤੇ ਸੁੱਚਾ ਹੋਰ ਕੌਣ ਹੋ ਸਕਦਾ ਹੈ ? ਜਿਥੇ ਦੋਸ਼ ਨਹੀਂ ਸੀ, ਰਾਮ ਨੇ ਉਥੇ ਡੰਡ ਦਿਤਾ। ਤੇ ਮੈਂ ਸੱਚੀਂ ਮੁੱਚੀਂ ਦਾ ਜੁਆਰੀਆ, ਲੋਭੀ, ਕਾਮੀ, ਲੰਪਟ, ਲੁੱਚਾ; ਮੇਰਾ ਕੀ ਹਾਲ, ਹਾਂ ਮੇਰਾ ਕੀ ਹਾਲ ? ਮੇਰਾ ਰਾਮ ਨਾਲ ਗੁਜ਼ਾਰਾ ਨਹੀਂ, ਕਦੇ ਨਹੀਂ। ਲੋਕ ਨਾਥ ਦਾ ਇਹ ਕਹਿੰਦਿਆਂ ਗੱਚ ਭਰ ਆਇਆ ਤੇ ਉਹ ਘਿਘਿਆ ਕੇ ਰੋਣ ਲਗ ਪਿਆ।ਡਾਕਟਰ ਸਾਹਿਬ ਨੇ ਮੁਸ਼ਕਿਲ ਨਾਲ ਚੁਪ ਕਰਾਇਆ। ਲੋਕ ਨਾਥ ਦੀ ਜੇਬ ਵਿਚ

—੬੯—

Digitized by Panjab Digital Library | www.panjabdigilib.org

ਇਕਕਾਗਜ਼ ਸੀ। ਉਹ ਪੜ੍ਹਕੇ ਸੁਨਾਉਣ ਲਗਾ ਪਰ ਆਵਾਜ਼ ਰੋਣ ਨਾਲ ਭਰੀ ਹੋਈ ਸੀ ਤੇ ਉਹ ਪੜ੍ਹ ਨ ਸਕਿਆ। ਡਾਕਟਰ ਸਾਹਿਬ ਨੇ ਕਾਗਜ਼ ਪਕੜ ਲਿਆ। ਉਸ ਉੱਪਰ ਇਹ ਛੰਦ ਸੀ:—

ਸੀਤਾ ਜੈਸੀ ਨਾਰ ਕੇ ਦੋਖ ਚਿਤਾਰੇ ਰਾਮ।
'ਨਾਥ' ਸੰਗ ਕੈਸੇ ਨਿਬ੍ਹੈ ਭਠਾ ਲੋਭ ਔ ਕਾਮ।
ਚਿੱਤ ਮੋਂ ਰਾਖ ਅਟੱਲ ਕੋ ਪਾਪ ਟਲਾਏ ਨਾਥ।
ਨਿਸ਼ਚਲ ਏਹ ਪ੍ਰਮਾਤਮਾ ਸਿਰ ਪਰ ਰਾਖਾ ਹਾਥ।
ਪਾਸਾ ਪਲਟਾ ਚਿੱਤਕਾ ਉਲਟ ਗਿਆ ਸਭ ਖੇਲ।
ਏਕੀ ਮਨ ਕੇ ਦਾਉ ਮੋਂ ਜੀਤਾ ਪ੍ਰਭ ਸਿਉਂ ਮੇਲ।

ਡਾਕਟਰ ਸਾਹਿਬ ਪੜ੍ਹਕੇ ਹੱਸੇ। ਉਨ੍ਹਾਂ ਕਿਹਾ, ਭਈ ਦੇਖ: ਰਾਮ ਦੀ ਥਾਂ ਏ ਓਹ ਤੈਨੂੰ ਕ੍ਰਿਸ਼ਨ ਉਪਾਸਨਾ ਦੱਸਦੇ, ਫੇਰ ? ਲੋਕ ਨਾਥ ਨੇ ਅਖਾਂ ਪੂੰਝੀਆਂ, ਕਹਿਣ ਲਗਾ, ਗੋਬਿੰਦ ? ਡਾਕਟਰਸਾਹਿਬ ਨੇਕਿਹਾ:ਹਾਂ ਗੋਬਿੰਦ ! ਕੀ ਗੋਬਿੰਦ ਪਾਪੀਆਂ ਦਾ,ਲੋਭੀਆਂ ਦਾ, ਕਾਮੀਆਂ ਦਾ, ਸਾਰਿਆਂ ਦਾ ਸਨੇਹੀ ਨਹੀਂ ਸੀ ? ਲੋਕ ਨਾਥ ਦਾ ਰੋਣ ਬੰਦ ਹੋ ਗਿਆ। ਉਸ ਕਿਹਾ: ਜੀ ਹਾਂ, ਉਹ ਸਨੇਹੀ ਸੀ। ਉਹ ਇਤਨਾ ਸਨੇਹੀ ਸੀ ਕਿ ਹਾਇ ਮੈਂ ਸੁਦਾਮਾ ਹੁੰਦਾ ! ਇਕ ਮੁੱਠੀ ਚੌਲਾਂ ਦੀ ਦਾਉ ਉਤੇ ਕੀ ਕੁਛ ਨਾ ਬਣ ਜਾਂਦਾ। ਹਾਂ ਗੋਬਿੰਦ ਨਾਲ ਮੇਰੀ ਬਣ ਆਉਂਦੀ। ਉਸ ਜੂਏ ਵਿਚ ਹਾਰੇ ਹੋਏ ਯੁਧਿਸ਼ਟਰ ਨੂੰ ਜਤਾਉਣ ਲਈ ਕੀ ਕੁਛ ਨਹੀਂ ਕੀਤਾ।

ਲੋਕ ਨਾਥ ਘਰ ਚਲਾ ਗਿਆ। ਰਸਤੇ ਵਿਚ ਗੋਬਿੰਦ ਗੋਬਿੰਦ ਗੋਬਿੰਦ ਕਹਿੰਦਾ ਗਿਆ। ਉਸ ਦੇ ਮਨ ਦੇ ਅੰਦਰ ਦੀ ਖਿੜਕੀ ਵਿਚੋਂ ਕਦਮ ਕਦਮ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਤੁਕ ਬੋਲ ਉਠਦੀ ਸੀ:—

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ [ਆਸਾ ਮ: ੫

ਫੇਰ ਉਹ ਖੁਸ਼ੀ ਨਾਲ ਟਹਿਕ ਉਠਦਾ ਸੀ,ਇਹ ਸੋਚਕੇ ਕਿਸ ਤਰ੍ਹਾਂ ਦੋ ਕੌਡੀ ਦਾ ਛੀਂਬਾ (ਨਾਮ ਦੇਵ ਲੱਖਾਂ ਪਤੀ ਹੋ ਗਿਆ। ਮੁੜ ਉਸ ਨੂੰ ਆਪਣਾ ਖਿਆਲ ਆ ਜਾਂਦਾ ਸੀ ਤੇ ਉਸ ਦਾ ਚਿਹਰਾ ਵਧੇਰੀ ਲਾਲੀ ਵਿਚ ਭਖਣ ਲਗ ਜਾਂਦਾ, ਤੇ ਉਹ ਕਹਿੰਦਾ ਮੈਂ ਵੀ ਦੋ ਕੌਡੀ ਦਾ (ਲੁਕਾਠ) ਸਾਂ, ਹੁਣ ਲੋਕ ਨਾਥ ਹੋ ਗਿਆ, ਮੈਂ ਤੇ ਕ੍ਰੋੜਾਂ ਪਤੀ ਹੋ ਗਿਆ। ਨਾਲ ਨਾਲ ਹੀ ਇਹ ਪੜ੍ਹਦਾ ਗਿਆ:—

ਅਟੱਲ ਅਮੁਲ ਅਖੁਟ ਧਨ ਬਾਬਾ ਧੰਨ ਅਟੱਲ।
ਗਲੀ ਗਲੀ ਕਾ ਮੰਗਤਾ ਬੈਠਾ ਗੱਦੀ ਮੱਲ।
ਸਿਰ ਮੇਰੇ ਪਰ ਓਸ ਨੇ ਰੱਖਾ ਨਿਜ ਕਾ ਹਾਥ।
ਸੁੱਕਾ ਕਾਠ ਹਰਿਆ ਗਿਆ ਭਯੋ ਤ੍ਰਿਲੋਕੀ ਨਾਥ।

੨੨. ਇਸਤ੍ਰੀ ਸੁਧਾਰ।

ਡਾਕਟਰ ਸਾਹਿਬ ਦੇ ਸਮਕਾਲੀਆਂ ਵਿਚੋਂ ਇਕ ਮਸ਼ਹੂਰ ਸ਼ਖਸ ਦਿੱਤ ਸਿੰਘ ਗਿਆਨੀ ਸੀ। ਮੇਰੇ ਪਾਸ ਇਸ ਗੱਲ ਦਾ ਕੋਈ ਨੋਟ ਨਹੀਂ ਕਿ ਇਨ੍ਹਾਂ ਦੋਹਾਂ ਦੀ ਮੁਲਾਕਾਤ ਪਹਿਲੇ ਕਦ

Digitized by Panjab Digital Library | www.panjabdigilib.org

ਤੇ ਕਿਥੋ ਹੋਈ ? ਪਰ ਸੰਨ ੧੮੭੭ ਈ: ਵਿਚ ਦੋਨੋਂ ਇਕ ਦੂਜੇ ਦੇ ਵਾਕਫ ਸਨ, ਇਕ ਵਿਚੋਲੇ ਦੇ ਜ਼ਰੀਏ। ਇਹ ਕਵਿ ਕਿਸ਼ਨ ਸਿੰਘ ਆਰਿਫ ਸੀ।

ਇਹ ਉਹ ਸਮਾਂ ਸੀ ਜਿਸ ਵੇਲੇ ਸਿੰਘ ਸਭਾ ਲਹਿਰ ਆਪਣਾ ਜ਼ੋਰ ਵਿਖਾ ਰਹੀ ਸੀ ਤੇ ਕਈ ਥਾਵਾਂ ਉਪਰ ਇਹ ਸਵਾਲ ਸ਼ੁਰੂ ਸੀ ਕਿ ਸਿੰਘ ਸਭਾ ਵਿਚ ਇਸਤ੍ਰੀ ਦੀ ਕਿਹੜੀ ਥਾਂ ਹੈ ? ਇਹ ਸਵਾਲ ਕਿਉਂ ਪੈਦਾ ਹੋਇਆ ? ਏਸ ਲਈ ਨਹੀਂ ਕਿ ਸਿੰਘ ਸਭਾ ਵਿਚ ਕੋਈ ਆਪਣੀ ਖ਼ੂਬੀ ਸੀ ਜੋ ਏਸ ਪ੍ਰਸ਼ਨ ਨੂੰ ਲਹਿਰਾਂ ਦੇ ਧੱਕੇ ਨਾਲ ਆਪਣੀ ਸਤਹ ਉਪਰ ਲੈ ਆਈ। ਇਹ ਸਵਾਲ ਈਸਾਈ ਧਰਮ ਪ੍ਰਚਾਰ ਨੇ ਪੈਦਾ ਕਰ ਦਿੱਤਾ ਸੀ। ਮਿਸ਼ਨ ਵਲੋਂ ਇਸਤ੍ਰੀ ਵਿਦਯਾ ਦੇ ਪ੍ਰਚਾਰ ਦੀ ਸਕੀਮ ਬਣਕੇ ਅਮਲੀ ਸ਼ਕਲ ਵਿਚ ਆ ਰਹੀ ਸੀ। ਥਾਂ ਥਾਂ ਤੇ ਕੁੜੀਆਂ ਲਈ ਮਦਰੱਸੇ ਖੁਲ੍ਹ ਰਹੇ ਸਨ, ਜਿਨ੍ਹਾਂ ਦੀ ਮੁਲਕ ਵਿਚ ਵਿਰੋਧਤਾ ਸੀ। ਵਿਰੋਧਤਾ ਦਾ ਕਾਰਨ ਈਸਾਈ ਮਤ ਕਰਕੇ ਇਤਨਾ ਨਹੀਂ ਸੀ ਜਿਤਨਾ 'ਖੁੱਲ੍ਹ' ਕਰਕੇ,ਜੋ ਪੜ੍ਹਾਈ ਨਾਲ ਅੰਦਰ ਜਾਗ ਉਠਦੀ ਹੈ। ਪਰ ਹਰ ਹਾਲਤ ਵਿਚ ਇਹ ਇਕ ਨਵਾਂ ਤਜਰਬਾ ਸੀ, ਜਿਸ ਨੂੰ ਦੂਰੰਦੇਸ਼ ਪੁਰਸ਼ ਦਿਲਚਸਪੀ ਨਾਲ ਵੇਖ ਰਹੇ ਸਨ। ਏਸ ਮਾਮਲੇ ਵਿਚ ਵਧੀਕ ਹਿੱਸਾ ਗਿਆਨੀ ਹਜ਼ਾਰਾ ਸਿੰਘ ਨੇ ਲੀਤਾ। ਇਨ੍ਹਾਂ ਨੇ ਅੰਦਰੋਂ ਦੀ ਹੋਕੇ ਮਿਸ਼ਨ ਦੀ ਇਹ ਸਾਰੀ ਤਰਕੀਬ ਜਾਚੀ ਤੇ ਅਮਲੀ ਸ਼ਕਲ ਵਿਚ ਆਪਣੇ ਅਨੁਭਵ ਵਿਚ ਗ੍ਰਹਣ ਕੀਤੀ।

ਪਾਠਕਾਂ ਨੂੰ ਯਾਦ ਹੋਣਾ ਹੈ ਕਿ ਗਿਆਨੀ ਹਜ਼ਾਰਾ ਸਿੰਘ ਜੀ ਡਾਕਟਰ ਚਰਨ ਸਿੰਘ ਦੇ ਸਾਕ ਸੰਬੰਧ ਵਲੋਂ ਸਹੁਰੇ ਲਗਦੇ ਸਨ ।

ਗਿਆਨੀ ਹਜ਼ਾਰਾ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ । ਜਦ 'ਅੰਮ੍ਰਿਤਸਰ ਖਾਲਸਾ ਦੀਵਾਨ'ਬਣਿਆ ਤਦ ਉਸ ਵੇਲੇ ਜੋ ਸਕੱਤ੍ਰ ਚੁਣੇ ਗਏ ਉਨ੍ਹਾਂ ਵਿਚੋਂ ਇਕ ਗਿਆਨੀ ਹਜ਼ਾਰਾ ਸਿੰਘ ਜੀ ਸਨ। ਬਾਕੀ ਦੇ ਚਾਰ ਇਹ ਸਨ:—ਗਨੇਸ਼ਾ ਸਿੰਘ, ਈਸ਼ਰ ਸਿੰਘ ਮਹੰਤ ਮਲਵਈ ਬੁੰਗਾ, ਲਹਿਣਾ ਸਿੰਘ, ਗੁਰਮੁਖ ਸਿੰਘ ਚਿੱਧੜ।

ਜਿਸ ਸੁਧਾਰ ਦੇ ਉਤਸ਼ਾਹ ਨਾਲ ਸਿੰਘ ਸਭਾ ਲਹਿਰ ਸ਼ੁਰੂ ਹੋਈ, ਉਹ ਕੰਮ ਸਿਰੇ ਚੜ੍ਹ ਨਹੀਂ ਸੀ ਸਕਦਾ ਜਦ ਤਕ ਇਸਤ੍ਰੀ ਸੁਧਾਰ ਨਾਲ ਨਾ ਹੋਵੇ । ਚਾਹੇ ਸਿੰਘ ਸਭਾ ਦੇ ਮੁੱਢਲੇ ਨਿਯਮਾਂ ਵਿਚ ਇਸਤ੍ਰੀ ਸਿਖਿਆ ਦਾ ਜ਼ਿਕਰ ਨਹੀਂ, ਪਰ ਗਿਆਨੀ ਹਜ਼ਾਰਾ ਸਿੰਘ ਜੀ ਏਸ ਗੱਲ ਉਪਰ ਜ਼ੋਰ ਦੇ ਰਹੇ ਸਨ। ਇਸਤ੍ਰੀ ਸੁਧਾਰ ਲਈ ਵਿਦਯਾ ਜ਼ਰੂਰੀ ਸੀ। ਇਹ ਕੰਮ ਉਸ ਵਕਤ ਸਿਰਫ ਮਿਸ਼ਨ ਦੀ ਜਥੇਬੰਦੀ ਹੀ ਸਾਰ ਰਹੀ ਸੀ। ਗਿਆਨੀ ਹਜ਼ਾਰਾ ਸਿੰਘ ਨੇ ਮਿਸ਼ਨ ਦੇ ਏਸ ਕੰਮ ਨੂੰ ਸਲਾਹਿਆ ਹੈ। ਉਨ੍ਹਾਂ ਦਾ ਇਸ ਬਾਰੇ ਇਕ ਛੰਦ ਹੈ:—

ਸੁਧਾਸਰ ਸ਼ਹਿਰ ਸਹੀ ਵਿਦਜਾ ਕੀ ਨਹਿਰ ਬਹੀ,
ਗਲੀ ਗਲੀ ਬੀਚ ਬਨੇ ਫੀਮੇਲ ਅਸਕੂਲ ।
ਗੁਰਮੁਖੀ ਹਿੰਦੀ ਪੁਨਾ ਜੌਗਰਫੀ ਪਾਰਸੀ ਵ,
ਅਰਥਮੈਟਿਕ ਔਰ ਅਰਬੀ ਅਰੱਬ ਤੂਲ ।
ਸਾਥ ਬਨੇ ਨਾਰਮਲ ਬਨਾਏ ਉਸਤਾਦ ਜੋ,
ਵਿਦਜਾ ਪ੍ਰਚਾਰ ਸਕੇ ਬਿਨਾ ਕੀਏ ਧਰਮ ਭੂਲ ।

Digitized by Panjab Digital Library | www.panjabdigilib.org

ਭਣਤ 'ਹਜ਼ੂਰ ਹਰਿ' ਵਿਦਜਾ ਕੀ ਸ਼ਾਨ ਦੇਖੋ,
ਕੂਚੇ ਕੂਚੇ ਬੀਚ ਰਹਜੋ ਸੁੰਦਰ ਸੁ ਬਾਗ ਫੂਲ ।

ਇਹ ਉਸ ਜ਼ਮਾਨੇ ਦਾ ਹਾਲ ਹੈ ਜਿਸ ਵੇਲੇ ਮਿਸ਼ਨ ਵਲੋਂ ਅੰਮ੍ਰਿਤਸਰ ਵਿਚ ਕੁੜੀਆਂ ਦੇ ਸਕੂਲ ਬਹੁਤ ਖੋਲ੍ਹ ਦਿਤੇ ਗਏ ਸਨ। ਗਿਆਨੀ ਹਜ਼ਾਰਾ ਸਿੰਘ ਜੀ ਮਿਸ਼ਨ ਦੇ ਸਕੂਲਾਂ ਦਾ ਸਭ ਤੋਂ ਵੱਡਾ ਫਾਇਦਾ ਇਹ ਸਮਝਦੇ ਸਨ ਕਿ ਇਸ ਦ੍ਵਾਰਾ ਉਹ ਉਸਤਾਦਨੀਆਂ ਪੈਦਾ ਹੋ ਸਕਣਗੀਆਂ ਜੋ ਵਿਦਜਾ ਦੇ ਕੰਮ ਸੈਧਰਮ ਦੇ ਨੁਕਤੇ ਤੋਂ ਨਿਭਾਉਣਵਿਚ ਕਾਮਯਾਬ ਹੋਣਗੀਆਂ।

ਦੇਖਾ ਦੇਖੀ ਸਾਰੇ ਸਿੰਘ ਸਭੀਏ ਇਸਤ੍ਰੀ ਵਿਦਜਾ ਦੇ ਹੱਕ ਵਿਚ ਸਨ। ਪਰ ਇਸ ਬਾਰੇ ਵਿਚ ਸਦੀਆਂ ਦਾ ਤਅੱਸਬ ਕੰਮ ਕਰ ਰਿਹਾ ਸੀ। ਸੁਸਾਇਟੀ ਦੇ ਹਿਰਦੇ ਵਿਚ ਇਸਤ੍ਰੀ ਲਈ ਅਜੇ ਕੋਈ ਸਤਿਕਾਰ ਵਾਲੀ ਥਾਂ ਨਹੀਂ ਸੀ ਬਣੀ। ਗ੍ਰਿਹਸਤੀਆਂ ਵਿਚ ਇਸਤ੍ਰੀ ਦਾ ਜ਼ਿਕਰ ਇਕ ਠੱਠੇ ਮਖ਼ੌਲ ਦਾ ਕਾਰਨ ਹੁੰਦਾ ਸੀ ਤੇ ਸਾਧੂਆਂ ਵਿਚ ਜ਼ਾਹਿਰਾ ਨਿੰਦਿਆ ਦਾ।

ਪਰ ਸਾਧੂਆਂ ਵਿਚ ਇਕ ਫਿਰਕਾ ਐਸਾ ਸੀ ਜਿਸ ਵਿਚ ਇਸਤ੍ਰੀ ਦੀ ਨਿੰਦਿਆ ਨਹੀਂ ਸੀ। ਇਹ ਗੁਲਾਬਦਾਸੀਆਂ ਦਾ ਮਤ ਸੀ। ਇਸ ਵਿਚ ਹੋਰ ਹਰ ਪ੍ਰਕਾਰ ਦੀ ਨਿੰਦਿਆ ਸੀ ਸਿਵਾਏ ਇਸਤੀ ਦੇ। ਪਰ ਗੁਲਾਬਦਾਸੀਆਂ ਵਿਚ ਵੀ ਇਕ ਸਾਧੂ ਐਸਾ ਸੀ ਜੋ ਇਸਤ੍ਰੀ ਨਿੰਦਿਆ ਉਪਰ ਕਵਿਤਾ ਲਿਖਦਾ ਹੁੰਦਾ ਸੀ । ਇਸ ਦਾ ਨਾਮ ਸੀ ਭਾਈ ਦਿੱਤ ਸਿੰਘ, ਜਿਨ੍ਹਾਂ ਨੇ ਪਿਛੋਂ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋਕੇ ਬਹੁਤ ਕੰਮ ਕੀਤਾ ਤੇ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ।

ਸੰਨ ੧੮੭੫ ਵਿਚ ਭਾਈ ਦਿਤ ਸਿੰਘ ਨੇ ਇਕ ਪੁਸਤਕ ਲਿਖੀ–'ਅਬਲਾ ਨਿੰਦ'। ਇਸ ਦੀ ਇਕ ਲਿਖਤੀ ਕਾਪੀ ਕਿਸ਼ਨ ਸਿੰਘ ਆਰਿਫ ਨੇ ਡਾਕਟਰ ਸਾਹਿਬ ਨੂੰ ਦਿੱਤੀ। ਅਬਲਾ ਨਿੰਦ ਵਿਚ ਕੀ ਲਿਖਿਆ ਸੀ:–

ਰੰਡੀ ਔਰ ਫਕੀਰ ਕਾ ਸਦਾ ਅਨਾਦੀ ਵੈਰ।
ਜਬ ਘਰ ਆਈ ਸਾਧ ਕੇ ਕਹਾਂ ਗੁਜ਼ਾਰੇ ਖ਼ੈਰ।
ਕਹਾਂ ਗੁਜ਼ਾਰੇ ਖ਼ੈਰ ਦੇਜ ਕੋ ਜੁਰਤ ਮਿਟਾਵੈ।
ਕਹੂੰ ਨ ਹੋ ਸਤਿਕਾਰ ਨਿਰਾਦਰ ਜਹਿੰ ਤਹਿੰ ਪਾਵੈ।
ਕਹੈ 'ਦਿਤ ਹਰਿ' ਯਾ ਜਗਤ ਮੈਂ ਬਜੇ ਪਖੰਡੀ।
ਰਹੈ ਨ ਤਿਸ ਕੀ ਆਬ ਸਾਧ ਹੋ ਰਾਖੈ ਰੰਡੀ।

'ਅਬਲਾ ਨਿੰਦ' ਵਿਚ ਕੇਵਲ ਰੰਡੀ ਦਾ ਹੀ ਦੋਸ਼ ਨਹੀਂ ਸੀ ਦੱਸਿਆ। ਕੋਈ ਵੀ ਇਸਤ੍ਰੀ ਚੰਗੀ ਨਹੀਂ ਚਾਹੇ ਘਰ ਦੀ ਚਾਹੇ ਪਰਾਈ। ਬੇਵਕੂਫ ਨਾਰੀ ਵੀ ਐਸੀ ਹੀ ਦੁਖਦਾਈ ਹੈ ਜੈਸੀ ਚਤੁਰ*। ਦਿਤ ਸਿੰਘ ਦਾ ਇਹ ਵੀ ਕਹਿਣਾ ਸੀ ਕਿ ਜੋ ਕੁਛ ਮੈਂ ਇਸਤ੍ਰੀਆਂ ਬਾਬਤ

---

*ਇਨ ਦੋਖਨ ਤੇ ਦੁਖ ਰੂਪ ਅਹੈ ਅਬਲਾ ਘਰ ਕੀ ਪੁਨ ਔਰ ਪਰਾਈ।
ਮਤ ਹੀਨਨ ਤੇ ਦੁਖ ਕੋਟ ਮਿਲੇ ਅਰ ਚਾਤਰ ਤੇ ਸੁਖ ਹੋਨ ਨ ਰਾਈ।
ਗਨਕਾ ਗਨ ਦੋਖ-ਪਹਾੜ ਲਖੋ ਵਿਭਚਾਰਨ ਹੈ ਸਦ ਹੀ ਦੁਖਦਾਈ।
'ਹਰਦਿਤ!' ਜਲੇ ਉਰ ਰੈਨ ਦਿਨੇ ਜਿਨਕੇ ਮਨ ਨਾਰਿਨ ਨਾਰ ਜਲਾਈ।

Digitized by Panjab Digital Library | www.panjabdigilib.org

ਲਿਖ ਰਿਹਾ ਹਾਂ ਉਹਨਾਂ ਵਿਚੋਂ ਉਹ ਗਲਾਂ ਵੀ ਹਨ ਜੋ ਸਿਆਣਿਆਂ ਤੋਂ ਸੁਣੀਆਂ ਹਨ ਪਰ ਉਹ ਵੀ ਹਨ ਜੋ ਆਪ ਅਜ਼ਮਾ ਕੇ ਵੇਖੀਆਂ ਹਨ। ਝੂਠੀ ਹੱਲ ਕਾਈ ਨਹੀਂ*।

'ਅਬਲਾਨਿੰਦਾ' ਵਿਚ ਮੁੱਖ ਚੀਜ਼ ਇਕ ਕਥਾ ਹੈ। ਸ਼ੇਖ ਸਾਅਦੀ ਨੇ ਨਾਗੀ ਚਲਿਤ੍ਰ ਲਿਖਕੇ ਚਾਲੀ ਊਠ ਭਰੇ, ਤੇ ਮੁਲਕ ਵਿਚ ਫਿਰਨਾ ਸ਼ੁਰੂ ਕੀਤਾ:—

"ਹੈਂ ਅਬਲਾ ਕੇ ਜਿਤਨੇ ਚਰਿਤਾ। ਸੋ ਸਭ ਕਾ ਮੈਂ ਪੂਰਨ ਕਰਤਾ"।

ਰਾਹ ਵਿਚ ਇਕ ਦਿਨ ਇਕ ਜ਼ਨਾਨੀ ਨੇ ਸ਼ੇਖ ਸਾਅਦੀ ਨੂੰ ਉਸ ਦੀ ਇਸ ਮਿਹਨਤ ਉੱਪਰ ਬੜੀ ਸ਼ਾਬਾਸ਼ ਦਿਤੀ:—

ਲਗੀ ਕਹਿਨ: ਸ਼ਾਬਾਸ਼ ਪਿਆਰੇ! ਬਲਿਹਾਰੇ ਮੈਂ ਜਾਉਂ ਤੁਮ੍ਹਾਰੇ।
ਭਲਾ ਕਰਾ ਤੁਮ ਐਸਾ ਕੀਨਾ। ਬਹੁਤੇ ਲੋਗਨ ਕੋ ਸੁਖ ਦੀਨਾ।
ਪਰ ਸਭ ਚਰਿਤ੍ਰ ਕਰੇ ਤੈਂ ਪੂਰੇ? ਬਾਕੀ ਤੋ ਨਹੀਂ ਰਹੇ ਅਧੂਰੇ?

ਸਾਅਦੀ ਨੇ ਜਵਾਬ ਦਿੱਤਾ:—

ਮੈਂ ਤੋ ਮਹਾਂ ਕਸ਼ਟ ਅਤਿ ਕਰਕੈ। ਪਚ ਹਾਰਜੋ ਹੌਂ ਊਠ ਕੋ ਭਰਕੇ।
ਜਿਸ ਪਰ ਅਬ ਬਾਕੀ ਨਹਿ ਹੋਈ। ਰਹਾ ਚਰਿਤ ਲਿਖਨੇ ਸੋ ਕੋਈ।

ਰਾਹ ਵਿਚ ਟੁਰਦਿਆਂ ਉਸ ਜ਼ਨਾਨੀ ਦੇ ਪੈਰ ਵਿਚ ਕੰਡਾ ਚੁਭ ਗਿਆ ਤੇ ਉਹ ਚੌਫਾਲ ਜ਼ਮੀਨ ਉਪਰ ਢਹਿ ਪਈ ਤੇ ਰੋਣ ਲਗੀ। ਸਾਅਦੀ ਨੂੰ ਤਰਸ ਆਇਆ ਤੇ ਬੈਠਕੇ ਡਿੱਗੀ ਹੋਈ ਦੇ ਪੈਰ ਵਿਚੋਂ ਕੰਡਾ ਕਢਣ ਲੱਗਾ, ਇਤਨੇ ਨੂੰ ਹੋਰ ਲੋਕ ਨੇੜੇ ਆ ਰਹੇ ਸਨ। ਜ਼ਨਾਨੀ ਨੇ ਸ਼ੋਰ ਮਚਾ ਦਿੱਤਾ:—

"ਹਾਇ ਹਾਇ ਨਾ ਛੇੜੋ ਮੋਹੀ। ਹੈ ਲਖ ਵੇਰ ਖ਼ੁਦਾ ਕੀ ਦੋਹੀ"।
ਜਬ ਪੁਕਾਰ ਲੋਗਨ ਸੁਨ ਪਾਈ। ਏਕ ਨਾਰ ਦੁਖੀਆ ਚਿੱਲਾਈ।
ਆਏ ਪਕਰ ਲੋਗ ਹਬੀਆਰੇ। ਚਾਹਤ ਥੇ ਸਾਅਦੀ ਕੋ ਮਾਰੇ।

ਸਾਅਦੀ ਨੂੰ ਹੁਣ ਪਤਾ ਲਗਾ ਕਿ ਇਹ ਇਕ ਅਬਲਾ ਦਾ ਐਸਾ ਚਰਿਤ੍ਰ ਹੈ ਜੋ ਉਸ ਦੇ ਲੱਦੇ ਹੋਏ ਊਠਾਂ ਦੇ ਕਾਗਜ਼ ਵਿਚ ਦਰਜ ਨਹੀਂ ਹੈ।

ਇਸ ਤੋਂ ਅੱਗੇ ਕਥਾ ਇਸ ਤਰ੍ਹਾਂ ਚਲਦੀ ਹੈ:—

ਤਬ ਬੁਢੀਆ ਨੇ ਕਹਾ: "ਬਤਾਓ। ਜਿਹ ਚਰਿਤ੍ਰ ਮਮ ਚਾਇ ਦਿਖਾਓ।
ਲਿਖਿਆ ਹੈ ਕੈ ਨਾਂਹੀ ਤੋਹੀ? ਸਾਰਾ ਭੇਦ ਬਤਾਵੋ ਮੋਹੀ।"
ਹਾਥ ਜੋਰਿ ਸਾਅਦੀ ਯਹ ਗਾਈ। "ਨਹੀਂ ਲਿਖਾ ਯਹ, ਮੇਰੀ ਮਾਈ!
ਪਰ ਅਬ ਕਿਰਪਾਕਰ ਰਖ ਲੀਜੋ। ਇਨਕੇ ਹਾਥ ਨਹੀਂ ਮੁਹਿ ਦੀਜੋ।"
ਸੁਨਤ ਹਸੀ ਅਰ ਕਹਾ ਪੁਕਾਰੀ। "ਤੁਮ ਕਜਾ ਅੰਤ ਲਹੋਰੇ?ਵਾਰੀ!

---

*ਜੋ ਕੁਛ ਮੋ ਮਨ ਮਾਂਹਿ ਅਏ ਵੁਹ ਦੇਖ ਕਛੂ ਇਸ ਭੀਤਰ ਗਾਏ।
ਲੋਗ ਸਿਆਨਨ ਤੇ ਸੁਨਿਕੈ ਪੁਨ ਕੇਤਿਕ ਹੈਂ ਹਮ ਨੇ ਅਜ਼ਮਾਏ।
ਕੇਤਿਕ ਨੈਨਨ ਸਾਥ ਪਿਖੇ ਭਵ ਮੰਡਲ ਮੈਂ ਸਦ ਜੋ ਵਰਤਾਏ।
ਕਛੂ ਕੂਰ ਕਥਾ ਨਹਿੰ ਮੋਹਿ ਕਹੀ 'ਹਰਿਦਿਤ' ਸਭੀ ਯਹ ਸਾਚ ਸੁਨਾਏ।

Digitized by Panjab Digital Library | www.panjabdigilib.org

ਤਾਂਤੇ ਜੋ ਵਚਨੌ ਅਬ ਚਾਹਤ। ਤੌ ਇਕ ਬੋਲ ਸੁ ਭਲੋ ਨਿਬਾਹਤ।
ਸਗਲ ਕਿਤਾਬ ਉਠ ਜੌ ਚਾਲੀ। ਕਰੋ ਤੁਰਤ ਸਭ ਹੀ ਕੋ ਖਾਲੀ।
ਖਾਰੇ ਸਾਗਰ ਚਾਇ ਡੁਬਾਓ। ਮੁੜ ਕਰ ਫੇਰ ਨ ਕਲਮ ਉਠਾਓ।
ਤੌ ਤੁਮ ਕੋ ਰਾਖਤ ਹੌ ਭਾਈ। ਜੌ ਮਾਨੋਗੇ, ਹੈ ਫੁਰਮਾਈ।
ਨਹੀਂ ਨਿਕਟ ਹੀ ਆਵਤ ਲੋਗਾ। ਕਹੌ, ਕਰਤ ਥੋ ਕਾਮ ਅਜੋਗਾ।
ਮਾਰ ਤੋਹਿ ਕੋ ਨਰਕ ਪਠਾਊਂ। ਸਤਵੰਤੀ ਮੈਂ ਆਪ ਕਹਾਊਂ ॥੩੦॥

ਦੋਹਰਾ—ਮਾਰ ਕੂਟ ਪਰ ਪ੍ਰਾਨ ਤੁਹਿ ਕਾਢਹਿੰਗੇ ਯਹ ਲੋਗ।
ਚਰਿਤ ਹਮਾਰੇ ਲਿਖਨ ਕਾ ਠੀਕ ਤੋਹਿ ਫਲ ਹੋਗ॥੩੧॥

ਚੌਪਈ—ਮਾਰ ਸੁਨੇ ਮਨ ਮਹਿ ਡਰਪਾਯਾ। ਮਾਨ ਲਜੋ ਤਿਨ ਜੌ ਫੁਰਮਾਯਾ।
ਤਬ ਇਤਨੇ ਮੈਂ ਨਗਰ ਨਿਵਾਸੀ।ਨਿਰਖੇ ਨਿਕਟ,ਨਾਰਿ ਤਬ ਹਾਸੀ।
ਕਹੀ: "ਪੂਤ ਤੈਨੇ ਰਖ ਲੀਨੀ। ਕਾਂਟਾ ਕਾਢਿ ਸੁਖੀ ਕਰ ਦੀਨੀ।
ਵਡੀ ਹੋਇ ਅਤਿ ਆਜੁ ਤੁਮਾਰੀ।ਇਸ ਦੁਖ ਤੇ ਜਿਨ ਕਰੀ ਸੁਖਾਰੀ।"
ਦੇਤ ਅਸੀਸ ਸੀਸ ਹਥ ਧਰ ਹੈ। 'ਪੂਤ ਪੂਤ' ਮੁਖ ਮਾਂਹਿ ਉਚਰਿ ਹੈ।
ਸੁਨਤ ਲੋਗ ਤਬ ਮਨਹਿ ਵਿਚਾਰਾ। ਕਾਂਟੇ ਦੁਖ ਵਸਿ ਕਰਤ ਪੁਕਾਰਾ।
ਫਿਰੇ ਪਿਛਾਰੀ ਸਭ ਨਰ ਸੋਈ। ਪੂਰਨ ਇੱਛ ਰਿਦੇ ਕੀ ਹੋਈ।
ਤਬ ਸਾਅਦੀ ਨਿਜਕੌਲ ਅਧੀਨਾ। ਸਭੀ ਚਰਿਤ ਜਲ ਮਹਿ ਧਰਦੀਨਾ।
ਯਾ ਬਿਧਿ ਨਾਰੀ ਚਰਿਤ ਦਿਖਾਯੋ। ਅਬਲਾ ਜੀਤ ਨ ਕਿਸੇ ਦਿਖਾਯੋ॥੩੨॥

ਦੋਹਰਾ—ਸ੍ਰਿੰਗੀ ਰਿਖਿ ਕੀ ਗਤਿ ਕਰੀ ਮਾਰਨ ਖੂਬ ਬਨਾਇ।
ਕਹਿਤ ਭੋਜ ਉਪਰ ਚੜੀ ਨਾਰਿ ਲਗਾਮ ਦਵਾਇ॥੩੩॥

ਡਾਕਟਰ ਸਾਹਿਬ ਨੇ 'ਅਬਲਾ ਨਿੰਦ' ਗੁਟਕਾ ਪੜ੍ਹਕੇ ਉਸ ਬਾਬਤ ਆਪਣੀ ਰਾਇ ਇਹ ਨੋਟ ਕੀਤੀ:—

ਅਬਲਾ ਕਾਹੂੰ ਨਿੰਦੀਏ ਬਲਕਾਰੀ ਕੋ ਨਿੰਦ।
ਐਸੀ ਨਿੰਦਾ ਕਾਰਣੇ ਪਛੜ ਗਿਆ ਸਭ ਹਿੰਦ।
ਨਿੰਦਾ ਕਾਰਣ ਇਸਤਰੀ ਗਿਰੀ ਰਸਾਤਲ ਮਾਂਹਿ।
ਡੂਬੇ ਆਪ ਡੁਬਾਇ ਜੋ ਪਾਰ ਕਰਾਵਨ ਜਾਇ।
ਕਹੇ 'ਚਰਨ ਹਰਿ' ਯਾਰ ਲੈ ਸੁਣ ਤੂੰ ਦਿੱਤ ਮ੍ਰਿਗਿੰਦ!
ਅਬਲਾ ਕੋ ਸਬਲਾ ਕਰੀਂ, ਮਿਟ ਜਾਇ ਸਗਲੀ ਚਿੰਦ।

੨੩. ਸੁਕਵਿ ਸੰਬੋਧਨੀ।

'ਅਬਲਾ ਨਿੰਦ' ਵਿਚ ਜੋ ਕੁਛ ਭਾਈ ਦਿਤ ਸਿੰਘ ਨੇ ਕਿਹਾ, ਇਹ ਉਸ ਦੀ ਵਜਕਤੀ-ਗਤ ਰਾਇ ਨਹੀਂ ਸੀ। ਭਾਈ ਦਿਤ ਸਿੰਘ ਕੇਵਲ ਵਕਤਾ ਸੀ ਉਨ੍ਹਾਂ ਲਹਿਰਾਂ ਦਾ ਜੋ ਉਸ ਵੇਲੇ

Digitized by Panjab Digital Library | www.panjabdigilib.org

ਦੀ ਭਾਈਚਾਰਕ ਅਵਸਥਾ ਦੇ ਖਿਆਲਾਂ ਦੇ ਪੱਧਰ ਦਾ ਪਤਾ ਦੇਂਦੀਆਂ ਹਨ। ਜੋ ਕੁਛ ਡਾਕਟਰ ਸਾਹਿਬ ਨੇ 'ਅਬਲਾ ਨਿੰਦ' ਬਾਬਤ ਲਿਖਿਆ, ਇਹ ਉਨ੍ਹਾਂ ਗੱਲਾਂ ਦੇ ਸੰਸਕਾਰ ਸਨ ਜੋ ਗਿਆਨੀ ਹਜ਼ਾਰਾ ਸਿੰਘ ਜੀ ਦੇ ਅੰਦਰ ਪਰਪੱਕ ਅਵਸਥਾ ਵਿਚ ਮੌਜੂਦ ਸਨ। ਗਿਆਨੀ ਜੀ ਨੇ ਇਹ ਬੀਜ ਪਾਦਰੀਆਂ ਦੀ ਸੁਹਬਤ ਤੋਂ ਪੈਦਾ ਕੀਤੇ, ਜਿਨ੍ਹਾਂ ਦਾ ਖ਼ਮੀਰ ਉਹ ਸਾਰੀ ਸਿੰਘ ਸਭਾ ਲਹਿਰ ਵਿਚ ਲਾਉਣਾ ਚਾਹੁੰਦੇ ਸਨ ਤੇ ਛੇਕੜ ਲਾ ਦਿੱਤਾ।

ਪਰ ਉਸ ਸਮੇਂ ਇਕ ਆਦਮੀ ਹੋਰ ਸੀ ਜੋ ਇਸਤ੍ਰੀ ਸੁਧਾਰ ਨੂੰ ਕਿਸੇ ਸ੍ਰੇਤਰ ਨੁਕਤੇ ਤੋਂ ਦੇਖਣ ਲਗ ਪਿਆ ਸੀ। ਇਸ ਦਾ ਨਾਮ ਸੰਤੋਖ ਸਿੰਘ ਸੀ। ਸੰਤੋਖ ਸਿੰਘ ਉਪਰ ਸ਼ੁਰੂ ਦਾ ਪ੍ਰਭਾਵ ਗਿਆਨੀ ਹਜ਼ਾਰਾ ਸਿੰਘ ਦਾ ਸੀ, ਪਰ ਇਸ ਦਾ ਮਨ ਉਸ ਬਨਾਵਟ ਦਾ ਸੀ ਜੋ ਪ੍ਰਭਾਵ ਕੋਲੋਂ ਇਕ 'ਜਾਗ' ਮਾਤ੍ਰ ਦਾ ਕੰਮ ਲੈਕੇ ਆਪਣੇ ਕੰਮਾਂ ਦਾ ਨਵਾਂ ਰਸਤਾ ਕਢਦੀ ਹੈ।

ਅਸੀਂ ਏਸ ਸੰਤੋਖ ਸਿੰਘ ਦਾ ਜ਼ਿਕਰ ਪਿਛੇ ਕਰ ਆਏ ਹਾਂ। ਦੇਖੋ ਸ੍ਰੀ ਚਰਨ ਹਰਿ ਵਿਸਥਾਰ ਜਿਲਦ ੧, ਸੈਂਚੀ ੧, ਸਫਾ ੧੬੦-੧੬੨। ਅਸੀਂ ਇਹ ਵੀ ਦੱਸ ਆਏ ਹਾਂ ਕਿ ਇਹ ਸੰਤੋਖ ਸਿੰਘ ਇਕ ਅਖਬਾਰ ਕਢਣਾ ਚਾਹੁੰਦਾ ਸੀ।

ਸੋ 'ਕਵਿ ਸੰਬੋਧਨੀ' ਦੇ ਨਾਮ ਹੇਠ ਇਕ ਮਾਹਵਾਰੀ ਪੱਤ੍ਰ ਜਾਰੀ ਕੀਤਾ ਗਿਆ। ਸਿਖਾਂ ਲਈ ਇਹ ਨਵੀਂ ਗੱਲ ਸੀ। ਉਸ ਵੇਲੇ ਡਰ ਸੀ ਕਿ ਗੁਰਮੁਖੀ ਪੜ੍ਹੀ ਜਨਤਾ ਇਤਨੀ ਕਾਫੀ ਨਹੀਂ ਜਿਸ ਦੇ ਸਿਰ ਉਪਰ ਅਖ਼ਬਾਰ ਚਲ ਸਕੇ। ਇਸ ਲਈ ਕਿਸੇ ਹੋਰ ਤਰਕੀਬ ਦੀ ਲੋੜ ਸੀ। ਪਹਿਲੇ ਪਰਚੇ ਵਿਚ ਸੰਪਾਦਿਕ ਜੀ ਐਉਂ ਲਿਖਦੇ ਹਨ:-

ਸਰਬ ਪ੍ਰੇਮੀ ਗੁਰ ਸਿਖੋਂ, ਰਸਿਕ ਜਨੋਂ, ਪਰ ਪ੍ਰਗਟ ਹੋ ਕਿ ਗੁਰਮੁਖੀ ਤੁਥਾ ਦੇਵਨਾਗਰੀ ਦੋਨੋਂ ਭਾਖਾ ਮੇਂ ਯਹ ਸੁਕਵਿ ਸੰਬੋਧਨੀ ਨਾਮ ਮਾਸਕ ਪਤ੍ਰਿਕਾ ਪ੍ਰਤਿ ਮਾਸ ਛਪਣੀ ਆਰੰਭ ਹੁਈ ਹੈ। ਇਸ ਮੇਂ ਭਗਵਤ ਭਕਤੀ ਕੀ ਮਹਿਮਾਂ, ਸ੍ਰੀ ਸਿੰਘ ਮਤ ਕੇ ਪ੍ਰਮਾਣੀਕ ਪਵਿਤ੍ਰ ਪੁਸਤਕ ਔਰ ਸਤਿਗੁਰ ਸਾਖੀ ਤਥਾ ਉਪਮਾ ਕੇ ਗ੍ਰੰਥ, ਕਾਵਜ ਸ਼ਾਸਤ੍ਰ ਔਰ ਮਾਨਸੀ ਵਿਦਜਾ ਔਰ ਇਸਤ੍ਰੀ ਸਿਖਜਾ ਕੇ ਪ੍ਰਬੰਧ, ਕਭੀ ਕਭੀ ਦੇਸ਼ ਤਥਾ ਵਰਤਮਾਨ ਰਾਜਜ ਕੇ ਵਿਸ਼ਯੋਂ ਕਾ ਵਰਣਨ, ਇਤਜਾਦਿ ਸਭ ਕ੍ਰਮ ਕ੍ਰਮ ਸੇ ਪ੍ਰਕਾਸ਼ਤ ਹੋਤਾ ਰਹੇਗਾ। ਦਾਮ ੩) ਸਾਲੀਆਨਾ ਅਗਾਊ।

ਇਸ ਮਾਸਕ ਪਤ੍ਰ ਨੂੰ ਸਿਖ ਪਬਲਿਕ ਨੇ ਕਿਤਨਾ ਕੁ ਪਸੰਦ ਕੀਤਾ? ਇਹ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇਸ ਦੀ ਦੇਖਾ ਦੇਖੀ ਏਸ ਕਿਸਮ ਦੇ ਹੋਰ ਉਦਮ ਸ਼ੁਰੂ ਹੋ ਗਏ। ਆਉਂਦੇ ਸਾਲ (ਸੰਨ ੧੮੭੬ ਈ:) ਵਿਚ ਪਤ੍ਰ 'ਕਾਵਜ ਚੰਦ੍ਰੋਦਜ' ਛਪਣ ਲੱਗ ਪਿਆ। ਇਹ ਵੀ 'ਸੁਕਵਿ ਸੰਬੋਧਨੀ' ਵਾਕੁਣ ਅੰਮ੍ਰਿਤਸਰੋਂ ਹੀ ਪੱਥਰ ਦੇ ਛਾਪੇ ਉਪਰ ਛਪਕੇ ਨਿਕਲਿਆ। ਇਸ ਦੇ ਨਾਲ ਹੀ ਇਕ ਹੋਰ ਹਫਤਾਵਾਰ ਅਖਬਾਰ 'ਅਕਾਲ ਪ੍ਰਕਾਸ਼' ਨਿਕਲ ਆਇਆ। ਇਹ ਗਿਆਨ ਉਪਦੇਸ਼ ਮਤਬਾ ਅੰਮ੍ਰਿਤਸਰ ਤੋਂ ਕ੍ਰਿਪਾਲ ਸਿੰਘ ਆਦਿਕ ਪ੍ਰਿੰਟਰ ਦੇ ਯਤਨ ਨਾਲ ਹਰ ਸੋਮਵਾਰ ਨੂੰ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ, ਇਸ ਦੇ ਨਿਕਲਣ ਦੀ ਠੀਕ ਤਾਰੀਖ ਇਸ ਹਿਸਾਬ ਤੋਂ ਨੀਯਤ ਹੋ ਸਕਦੀ ਹੈ ਕਿ ਜਿਲਦ ੧ ਨੰਬਰ ੫ ਉਪਰ ਇਹ ਠ੍ਰੀਕ ਛਪੀ ਹੈ:-੧੮ ਸਾਵਨ ੧੯੩੩ ਬਿ:, ੪੦੭ ਨਾ: ਪ੍ਰ: ਸੋਮਵਾਰ।

Digitized by Panjab Digital Library | www.panjabdigilib.org

ਭਾਵਂ ਦੋ ਪਤ੍ਰ ਹੋਰ ਨਿਕਲ ਆਏ,ਪਰ ਸਿੱਖ ਪ੍ਰੈਸ ਦੀ ਤ੍ਰਾਰੀਖ ਵਿਚ 'ਸੁਕਵਿ ਸੰਬੋਧਨੀ' ਆਪਣੀ ਜਗ੍ਹਾ ਰਖਦੀ ਹੈ। ਇਹ ਉਹ ਨੀਂਹ ਸੀ ਜਿਸ ਉੱਪਰ ਗੁਰਮੁਖੀ ਅਖਬਾਰਾਂ ਦਾ ਮਹਲ ਉਸਰਿਆ। ਇਸ ਦੇ ਪਹਿਲੇ ਪਰਚੇ ਵਿਚ ਹੀ ਐਡੀਟਰ ਦਾ ਲਿਖਿਆ ਹੋਇਆ ਲੇਖ 'ਇਸਤ੍ਰੀ ਸਿਖਜਾ ਦਾ ਪ੍ਰਯੋਗ ਬਰਣਨ' ਛਪਿਆ, ਜਿਸ ਵਿਚ ਹੋ ਚੁਕੀਆਂ ਭਾਰਤ ਵਰਸ਼ ਦੀਆਂ ਪੜ੍ਹੀਆਂ ਲਿਖੀਆਂ ਇਸਤ੍ਰੀਆਂ ਦਾ ਜ਼ਿਕਰ ਸੀ। ਏਸ ਪਰਚੇ ਵਿਚ ਹੀ ਪ੍ਰਸਿਧ ਬਾਬਾ ਸੁਮੇਰ ਸਿੰਘ ਨੇ 'ਬੰਸੋਤਮ ਸਹੰਸ੍ਰ ਨਾਮਾ' ਛਪਵਾਇਆ। ਅਮੀਰ ਦਾਸ ਦਾ ਮਸ਼ਹੂਰ ਪਿੰਗਲ 'ਛ੍ਰੰਦ ਚੰਦ੍ਰੋਦਯ' ਭੀ ਏਸੇ ਪਰਚੇ ਤੋਂ ਪ੍ਰਕਾਸ਼ਮਾਨ ਹੋਣਾ ਸ਼ੁਰੂ ਹੁੰਦਾ ਹੈ। ਡਾਕਟਰ ਸਾਹਿਬ ਨੇ ਇਕ ਛੰਦ ਅਸੀਸ ਵਾਚਕ ਭੇਟ ਕੀਤਾ ਜੋ 'ਸੁਕਵਿ ਸੰਬੋਧਨੀ' ਦੇ ਪਹਿਲੇ ਪਰਚੇ ਦੇ ਪਹਿਲੇ ਸਫੇ ਉੱਪਰ ਛਾਪਿਆ ਗਿਆ। ਉਹ ਇਹ ਸੀ:—

ਯਹਿ ਸੁਕਬਿ ਸੰਪਾਦਿਤਾ ਨਵਰਸ ਭਰੀ।
ਕਾਦੰਬਨੀ ਹ੍ਵੈ ਕ੍ਰਿਤ ਹਰੀ ਜਿਹ ਬਿਬਧ ਵਿਦਜਾ ਬੱਲਰੀ।
ਹੈ ਬਿਨੋਦਨ ਕੀ ਝਰੀ ਦੁਧ ਕੰਠ ਕੀ ਮੁਕਤਾ ਲਰੀ।
ਛਬਿਪੁੰਜ ਯੁਕ੍ਰ ਪ੍ਰਰੀ ਪ੍ਰਰੀ ਹ੍ਵੈ 'ਚਰਣਹਰਿ' ਮੰਗਲ ਕਰੀ।

Digitized by Panjab Digital Library | www.panjabdigilib.org

ਮਨੋਹਰ ਪੁਸਤਕ ਮਾਲਾ

੧. ਸ਼੍ਰੀ ਗੁਰ ਨਾਨਕ ਚਮਤਕਾਰ (ਪੂਰਬਾਰਧ), ਜਿਲਦ ਸਾਦੀ ੮॥) ਤੇ ਜਿਲਦ ਕਪੜਾ ੯)
੨. ਸ਼੍ਰੀ ਗੁਰ ਨਾਨਕ ਚਮਤਕਾਰ (ਉੱਤਰਾਰਧ), ਜਿਲਦ ਸਾਦੀ ੬॥) ਤੇ ਜਿਲਦ ਕਪੜਾ ੭)
੩. ਸ਼੍ਰੀ ਗੁਰ ਕਲਗੀਧਰ ਚਮਤਕਾਰ (ਪੂਰਬਾਰਧ), ਜਿਲਦ ਸਾਦੀ ੯॥) ਤੇ ਜਿਲਦ ਕਪੜਾ ੧੦)
੪. ਸ਼੍ਰੀ ਗੁਰ ਕਲਗੀਧਰ ਚਮਤਕਾਰ (ਉੱਤਰਾਰਧ), ਜਿਲਦ ਸਾਦੀ ੯) ਤੇ ਜਿਲਦ ਕਪੜਾ ੯॥)
੫. ਸ੍ਰੀ ਅਸ਼ਟ ਗੁਰ ਚਮਤਕਾਰ ਭਾਗ੧(ਪਾ:੨,੩ ਤੇ ੪ ਦਾ ਜੀਵਨ)ਜਿਲਦ ਸਾਦੀ੫)ਤੇ ਜਿ:ਕ:੫॥)
੬. ਪੰਜ ਗ੍ਰੰਥੀ ਸਟੀਕ,(ਭਾਵ ਅਰਥਨੀ ਟੀਕਾ)ਜਿਲਦ ਸਾਦੀ ਮੋਖ ੯॥) ਤੇ ਜਿਲਦ ਕਪੜਾ ੧੦)
੭. ਪੰਜ ਗ੍ਰੰਥੀ ਸਟੀਕ (ਬਾਲ ਬੋਧਨੀ ਟੀਕਾ) ਜਿਲਦ ਸਮੇਤ ੫)
੮. ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ, ਸਾਦੀ ਜਿਲਦ ੩॥) ਤੇ ਜਿਲਦ ਕਪੜਾ ੪)
੯. ਰਾਣਾ ਸੂਰਤ ਸਿੰਘ (ਮਹਾਂ ਕਾਵਜ) ਸਾਦਾ ਜਿਲਦ ੭॥) ਤੇ ਜਿਲਦ ਕਪੜਾ ੮)
੧੦. ਮੇਰੇ ਸਾਈਆਂ ਜੀਓ(ਭਾਰਤ ਸਰਕਾਰਵਲੋਂ ਚੋਟੀ ਦੀ ਗਿਣੀਗਈ ਪੁਸਤਕ)ਜਿਲਦ ਕਪੜਾ ੩)
੧੧. ਮਟਕ ਹੁਲਾਰੇ (ਕਸ਼ਮੀਰ ਕਵਿਰੰਗ) ੧॥), ੧੨. ਲਹਿਰ ਹੁਲਾਰੇ (ਜਿਲਦ ਸਾਦਾ) ੨)
੧੩. ਲਹਿਰਾਂ ਦੇ ਹਾਰ (ਜਿਲਦ ਸਾਦਾ) ੨), ੧੪. ਬਿਜਲੀਆਂ ਦੇ ਹਾਰ(ਜਿਲਦ ਸਾਦਾ) ੧॥)
੧੫. ਕੰਬਦੀ ਕਲਾਈ(ਗੁਰੂ ਸਾਹਿਬਾਂ ਦੀ ਮਹਿਮਾਂ ਦੇ ਗੀਤਾਂ ਦੀ ਪੋਥੀ) ੨॥) ਤੇ ਜਿਲਦ ਕਪੜਾ ੨॥।)
੧੬. ਪ੍ਰੀਤ ਵੀਣਾ ॥) ਤੇ ॥।), ੧੭. ਕੰਤ ਮਹੇਲੀ (ਬਾਰਾਂਮਾਂਹ) ।–)
੧੮. ਗੁਰ ਬਾਲਮ ਸਾਖੀਆਂ ਸ੍ਰੀ ਗੁਰੂ ਨਾਨਕ ਦੇਵ (ਭਾਗ ੧) ੧।) ਜਿਲਦ ਵਾਲੀ ੧॥।)
੧੯. ਗੁਰ ਬਾਲਮ ਸਾਖੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਭਾਗ ੧) ੧॥) ਜਿਲਦ ਵਾਲੀ ੨)
੨੦. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕਦੇਵ ਜੀ ਦੀ)ਜਿਲਦ ਸਾਦਾ ੨॥) ਤੇ ਜਿਲਦ ਕਪੜਾ੩)
੨੧. ਕਬਿਤ ਭਾਈ ਗੁਰਦਾਸ ਸਟੀਕ, ਸਕੰਧ ੨, ਜਿਲਦ ਸਾਦਾ ੨) ਜਿਲਦ ਕਪੜਾ ੨॥)
੨੨. ਸਿਖਾਂ ਦੀ ਭਗਤ ਮਾਲਾ (ਭਾ: ਗੁਰਦਾਸ ਦੀ ੧੧ਵੀਂ ਵਾਰ ਦਾ ਟੀਕਾ)ਮੋਖ ੧।),ਸਜਿਲਦ ੧॥।)
੨੩. ਸਤਵੰਤ ਕੌਰ (ਬਿਨਾ ਜਿਲਦ) ੨।), ੨੪. ਬਿਜੈ ਸਿੰਘ (ਬਿਨਾ ਜਿਲਦ) ੧॥)
੨੫. ਸੁੰਦਰੀ (ਬਿਨਾ ਜਿਲਦ) ॥।), ੨੬. ਸੰਤ ਗਾਥਾ ਸਾਦਾ ਜਿਲਦ ਸਮੇਤ ੧।)
੨੭. ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ ਦਾ ਪੰਜਾਬੀ ਸਰੂਪ ॥।), ੧) ਤੇ ੧।)
੨੮. ਪਾਤਸ਼ਾਹੀ ੬ ਤੇ ੧੦ ਦੇ ਮਾਲਵੇ ਦੇ ਸਫਰਾਂ ਦੀ'ਸਾਖੀ ਪੋਥੀ'ਬਿਨਾ ਜਿਲਦ ੧।),ਸਜਿਲਦ੧॥।)
੨੯. ਨਿਨਾਣ ਭਰਜਾਈ ਦੀ ਸਿਖਜਾਦਾਇਕ ਵਾਰਤਾਲਾਪ (ਬੈਂਤਾਂ ਵਿਚ) ।-)
੩੦. ਦੇਵੀ ਪੂਜਨ ਪੜਤਾਲ, (ਦੇਵੀ ਦੇ ਪ੍ਰਸੰਗ ਪਰ ਖੋਜ) ॥।), ੧) ਤੇ ੧।)
੩੧. ਕਲਮ ਦੀ ਕਰਾਮਾਤ (ਡਾ: ਬਲਬੀਰ ਸਿੰਘ ਜੀ ਪੀ ਐਚ.ਡੀ. ਰਚਿਤ) ਜਿਲਦ ਸਾਦਾ ੩)
੩੨. ਸ੍ਰੀ ਚਰਨ ਹਰੀ ਵਿਸਥਾਰ ਭਾਗ ੧), ਜਿਲਦ ੧ ਸਾਦੀ ਜਿਲਦ ੩)
੩੩. ਵਾਰਾਂ ਭਾਈ ਗੁਰਦਾਸ ਸਟੀਕ ਗਿਆਨੀ ਹਜ਼ਾਰਾਸਿੰਘ ਜੀ ਕ੍ਰਿਤ ਟੀਕਾ,ਸਾਦੀ ਜਿ:੬॥)ਜਿ:ਕ:੮)
੩੪. ਪ੍ਰਾਚੀਨ ਪੰਥ ਪ੍ਰਕਾਸ਼, ਭੰਗੂ ਰਤਨ ਸਿੰਘ ਸ਼ਹੀਦ ਕ੍ਰਿਤ, ਜਿਲਦ ਸਾਦਾ ੩॥।),ਜਿਲਦ ਕਪੜਾ ੪)
੩੫. ਸੰਪਾਦਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਸਟਿਪਣ ਕੀਮਤ ਜਿਲਦ ਸਮੇਤ ੧੦੦) ਤੇ ੧੧੦)
੩੬. ਮਹਾਰਾਣੀ ਸ਼ਰਾਬ ਕੌਰ(ਡਾ:ਚਰਨਸਿੰਘਜੀਕ੍ਰਿਤ)॥=),੩੭. ਆਦਿ ਬੀੜ ਦਾ ਸੰਕਲਨਾ ਕਾਲ ॥)
੩੮. ਵਿਕ੍ਰਮੋਰਵਸ਼ੀ ਨਾਟਕ (ਜਸਟਿਸ ਸ: ਮਾਨ ਸਿੰਘ ਜੀ ਕ੍ਰਿਤ ਉਲਥਾ) ਬਿਨਾ ਜਿਲਦ ੧॥)
੩੯. ਸੱਤ ਅੱਖੀਆਂ ਰਾਤਾਂ ।≡), ੪੦.ਖਾਲਸਾ ਸਮਾਚਾਰ ਦਾ ਵਿਸ਼ੇਸ਼ ਸ਼ਤਾਬਦੀਅੰਕ(੧੯੫੦) ॥।)
੪੧. ਪੰਥਕ ਨਜ਼ਾਰੇ (ਪਟਿਆਲੇ ਵਿਚ ਹੋਈ ਵਿਦਜਕ ਕਾਨਫ਼ੰਸ ਦੇ ਸਚਿਤ੍ਰ ਸਮਾਚਾਰ ਤੇ ਭਾਸ਼ਨ) ॥।)

ਨੋਟ–ਡਾਕ ਤੇ ਪੈਕਿੰਗ ਆਦਿ ਦਾ ਖਰਚ ਵਖਰਾ ਹੋਵੇਗਾ ਜੋ ਗ੍ਰਾਹਕ ਦੇ ਜ਼ੁੰਮੇ ਹੋਵੇਗਾ।

ਪਤਾ–**ਮੈਨੇਜਰ–ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ।**

Digitized by Panjab Digital Library | www.panjabdigilib.org

SHREE


Charan Hari Visthar

Vol 1, Part 2.

Containing

LIFE of

Dr. CHARAN SINGH



BY

Dr. BALBIR SINGH

B. Sc., D. I. C., Ph D. (London).

* * * *

December, 1957.

Can be had from:—

MANAGER KHALSA SAMACHAR

Hall Bazar, AMRITSAR

All Rights Reserved.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3823

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ
'ਚਰਣਹਰਿ' ਵਿਸਥਾਰ

ਜਿਲਦ ੨

ਅਰਥਾਤ

ਡਾਕਟਰ ਚਰਣ ਸਿੰਘ ਜੀ ਰਚਿਤ ਪੁਸਤਕਾਂ ਦੀ
ਸੰਪੂਰਨ ਗ੍ਰੰਥਾਵਲੀ

ਸੰਪਾਦਿਕ

ਡਾਕਟਰ ਬਲਬੀਰ ਸਿੰਘ

ਬੀ. ਐਸ ਸੀ.,ਡੀ. ਆਈ. ਸੀ., ਪੀ ਐਚ. ਡੀ.

ਅੰਮ੍ਰਿਤਸਰ

ਅਪ੍ਰੈਲ ੧੯੪੧ ਈ:

ਮਿਲਨ ਦਾ ਪਤਾ:-

ਮੈਨੇਜਰ ਖਾਲਸਾ ਸਮਾਚਾਰ

ਹਾਲ ਬਾਜ਼ਾਰ, ਅੰਮ੍ਰਿਤਸਰ।

All Rights Reserved.

ਪਹਿਲੀ ਵਾਰ

ਮੋਖ ੫)

Digitized by Panjab Digital Library | www.panjabdigilib.org

All Rights Reserved.

Printed by S. Bhupindra Singh B.A., LL B. Manager & Printer,
at The Wazir-I-Hind Press, Hall Bazar, Amritsar and
Published by Dr. Balbir Singh B. Sc., D. L. C., Ph.D.
(London), at Amritsar.

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼੍ਰੀ

ਚਰਣਹਰਿ ਵਿਸਥਾਰ

[ਜਿਲਦ ੨]

ਬੇਨਤੀ

ਇਹ ਗ੍ਰੰਥ (ਜਿਲਦ ੨)ਸ੍ਰੀਮਾਨ ਡਾਕਟਰ ਚਰਨ ਸਿੰਘਜੀ(੧੮੫੩-੧੯੦੮ ਈ:) ਰਚਿਤ ਪੁਸਤਕਾਂ ਦਾ ਸੰਚਯ ਹੈ। ਇਸ ਵਿਚ ਕੁਛ ਫੁਟਕਲ ਛੰਦ ਤੇ ਹੋਰ ਰਚਨਾਂ ਵੀ ਸ਼ਾਮਲ ਹਨ ਜੋ ਅਜੇ ਛਪੀਆਂ ਨਹੀਂ ਸਨ । ਬ੍ਰਜਭਾਸ਼ਾ ਵਿਚ ਲਿਖੀਆਂ ਚੀਜ਼ਾਂ ਨੂੰ ਸਟਿੱਪਣ ਕਰ ਦਿਤਾ ਹੈ ਤਾਕਿ ਟਿੱਪਣੀ ਹੇਠ ਦਿਤੇ ਅਰਥਾਂ ਦੀ ਸਹਾਇਤਾ ਨਾਲ ਪਾਠ ਸਮਝਣ ਵਿਚ ਸੁਗਮਤਾ ਰਹੇ । ਜੋ ਪੁਸਤਕਾਂ ਅਗੇ ਛਪ ਚੁਕੀਆਂ ਸਨ ਉਨ੍ਹਾਂ ਬਾਬਤ ਇਸ ਗਲ ਦਾ ਨੋਟ ਸੰਮਤ ਆਦਿਕ ਵੇਰਵੇ ਨਾਲ ਹਰ ਪੁਸਤਕ ਦੇ ਅਰੰਭ ਵਿਚ ਦੇ ਦਿਤਾ ਹੈ। ਇਸ ਗ੍ਰੰਥ ਵਿਚ ਪਹਿਲੀ ਵੇਰ ਛਪ ਰਹੀਆਂ ਚੀਜ਼ਾਂ ਏਹ ਹਨ:—

੧. ਫੁਟਕਲ ਅਪ੍ਰਕਾਸ਼ਿਤ ਰਚਨਾ ਤੇ ੨. ਸ਼ਾਮ ਸੁੰਦਰ ।

ਇਨ੍ਹਾਂ ਵਿਚੋਂ 'ਸ਼ਾਮ ਸੁੰਦਰ' ਨਾ ਮੁਕੰਮਲ ਪੁਸਤਕ ਹੈ। ਪਰ ਜਿਤਨੀ ਵੀ ਲਿਖੀ ਹੋਈ ਹੈ ਉਹ ਕਹਾਣੀ ਦੇ ਅਧੂਰੀ ਰਹਿੰਦਿਆਂ ਹੋਇਆਂ ਵੀ ਦੇਸ਼, ਕਾਲ ਅਤੇ ਸੁਭਾਉ ਦੇ ਵਰਣਨ ਤੋਂ ਅਪਣੇ ਆਪ ਵਿਚ ਇਕ ਪੂਰਣਤਾ ਦਾ ਰਸ ਰਖਦੀ ਹੈ। ਇਸ ਕਾਰਣ ਇਸ ਸੰਚਯ ਵਿਚ ਸ਼ਾਮਲ ਕੀਤੀ ਗਈ ਹੈ।

ਜਿਥੋਂ ਤਕ ਹੋ ਸਕਿਆ ਹੈ ਪੁਸਤਕਾਂ ਨੂੰ ਉਸ ਕ੍ਰਮ ਵਿਚ ਰੱਖਿਆ ਗਿਆ ਹੈ ਜਿਸ ਵਿਚ ਕਿ ਉਹ ਪਹਿਲੀ ਵੇਰ ਛਪੀਆਂ ਸਨ। ਏਸ ਗਲ ਵਿਚ ਜੇ ਕਿਤੇ ਥੋੜਾ ਫਰਕ ਪਿਆ ਹੈ ਤਾਂ ਕੇਵਲ ਉਨ੍ਹਾਂ ਪੁਸਤਕਾਂ ਵਿਚ ਹੈ ਜੋ ਹੁਣ ਪਹਿਲੀ ਵੇਰ ਏਸ ਸੰਚਯ ਵਿਚ ਪ੍ਰਕਾਸ਼ਤ ਹੋ ਰਹੀਆਂ ਹਨ ਤੇ ਜੋ ਜਾਂ ਕਰਤਾ ਜੀ ਦੇ ਜੀਵਨ ਕਾਲ ਤੋਂ ਪਿਛੋਂ ਛਪੀਆਂ ਸਨ, ਜਿਨ੍ਹਾਂ ਵਿਚ 'ਕੇਸਰੀ ਚਰਖਾ' ਵੀ ਸ਼ਾਮਲ ਹੈ,ਜਿਸਦੀ ਪੂਰਵਤਾ ਬਾਬਤ ਜੋ ਕੁਛ ਸੰਪਾਦਿਕ ਨੂੰ ਮਾਲੂਮ ਹੋ ਸਕਿਆ ਹੈ ਉਹ ਨਾਲ ਹੀ ਟਾਂਕ ਚਿਤਾ ਹੈ।

ਕਰਤਾ ਦੇ ਰਚੇ ਪੁਸਤਕ ਜੋ ਖਾਲਸਾ ਟ੍ਰੈਕਟ ਸੁਸੈਟੀ ਵਲੋਂ ਪ੍ਰਕਾਸ਼ਤ ਹੋ ਚੁਕੇ ਸਨ, ਉਹ ਸੁਸਾਇਟੀ ਦੀ ਆਗਜਾ ਸਹਿਤ ਇਸ ਸੰਚਯ ਵਿਚ ਦਰਜ ਕੀਤੇ ਗਏ ਹਨ, ਜਿਸ ਲਈ ਸੰਪਾਦਿਕ ਸੁਸਾਇਟੀ ਦਾ ਦਿਲੋਂ ਧੰਨਜਵਾਦੀ ਹੈ ।

ਇਸ ਸੰਚਯ ਨੂੰ ਸੰਪਾਦਨ ਕਰਨ ਵਿਚ ਜੋ ਮੁਸ਼ਕਲਾਂ ਪੇਸ਼ ਆਈਆਂ ਉਨ੍ਹਾਂ ਵਿਚੋਂ ਪਹਿਲੀ ਦਿੱਕਤ ਪੁਸਤਕਾਂ ਦੇ ਇਕੱਤ੍ਰ ਕਰਨ ਵਿਚ ਸੀ।ਬਹੁਤ ਸਾਰੀਆਂ ਚੀਜ਼ਾਂ ਜੋ ਕਦੇ ਇਕ

Digitized by Panjab Digital Library | www.panjabdigilib.org

ਵੇਰ ਛਪ ਚੁਕੀਆਂ ਸਨ ਹੁਣ ਅਪ੍ਰਾਪਤ ਸਨ। ਦੂਜੀ ਗਲ ਐਸੀਆਂ ਚੀਜ਼ਾਂ ਨੂੰ ਨਿਰਸ਼ੇਸ਼ਜ ਕਰਨ ਦੀ ਸੀ ਜਿਨ੍ਹਾਂ ਉਪਰ ਕਰਤਾ ਦਾ ਨਾਮ ਨਹੀਂ ਸੀ ਤੇ ਜਿਨ੍ਹਾਂ ਬਾਬਤ ਪ੍ਰਕਾਸ਼ਕਾਂ ਦੇ ਰੀਕਾਰਡ ਏਸ ਗਲ ਵਿਚ ਅਧੂਰੇ ਸਨ। ਤੀਜੀ ਗਲ ਅਜੇ ਤਕ ਨਾਂ ਛਪ ਚੁਕੀਆਂ ਚੀਜ਼ਾਂ ਦੇ ਮਸਾਲੇ ਬਾਬਤ ਖੋਜ ਸੀ। ਏਸ ਸਾਰੀ ਵਸਤੂ ਨੂੰ ਸੰਸੇ ਰਹਿਤ ਸੰਕਲਤ ਕਰਨ, ਸੰਪਾਦਿਤ ਕਰਨ ਅਤੇ ਪ੍ਰਕਾਸ਼ਿਤ ਕਰਨ ਵਿਚ ਤਿੰਨਕੁ ਸਾਲ ਖਰਚ ਆਏ ਹਨ।

ਇਸ ਸੰਚਯ ਵਿਚੋਂ ਕੁਛ ਚੀਜ਼ਾਂ ਅੱਸੀਆਂ ਰਹਿ ਗਈਆਂ ਹਨ ਜੋ ਦਰਜ ਨਹੀਂ ਹੋ ਸਕਦੀਆਂ, ਮਸਲਨ ਕੁਛ ਪਾਰਿਭਾਸ਼ਕ(Technical) ਕਿਤਾਬਾਂਜਿਨ੍ਹਾਂ ਦਾਸੰਬੰਧ ਚਕਿਤਸਾ* ਯਾ ਰਸੋਈ† ਆਦਿ ਨਾਲ ਹੈ।ਕੁਛ ਹੋਰ ਐਸਾ ਸਾਮਾਨ ਵੀ ਹੈਜੋ ਏਸ ਸੰਚਯ ਦੀ ਸਕੀਮ ਵਿਚ ਆ ਹੀ ਨਹੀਂ ਸਕਦਾ, ਜੈਸਾ ਕਿ 'ਭਾਵ ਤਤਕਰਾ' ਜੋ ੧੦੮ ਛੋਟੀਆਂ ਛੋਟੀਆਂ ਸੰਚੀਆਂ ਵਿਚ ਹੈ ਤੇ ਖਾਲਸਾ ਟ੍ਰੈਕਟ ਸੁਸਾਇਟੀ ਦੇ ਕਬਜ਼ੇ ਵਿਚ ਇਕ ਅਧੂਰੇ ਖਰੜੇ ਦੀ ਸ਼ਕਲ ਵਿਚ ਮੌਜੂਦ ਹੈ। ਇਨ੍ਹਾਂ ਤੋਂ ਇਲਾਵਾ ਚੌਣਵੇਂ ਸ਼ਬਦਾਂ ਦੇ ਗੁਟਕੇ (ਟ੍ਰੈਕਟ), ਜੈਸਾ ਕਿ 'ਬਸੰਤ ਪ੍ਰਕਾਸ਼', 'ਚਲਾਣੇ ਦੇ ਸ਼ਬਦ' 'ਗੁਰ ਸਿਖਜਾ ਸ਼ਬਦ ਮੰਜਰੀ'ਆਦਿ,ਅਤੇ ਟੀਕੇ ਜੈਸੇ ਕਿ'ਵਾਰ ਮਾਰੂ ਭਖਣੇ'ਆਦਿਕ ਇਸ ਸੰਚਯ ਵਿਚ ਸ਼ਾਮਿਲ ਨਹੀਂ ਕੀਤੇ ਗਏ।

ਸ਼ਬਦ 'ਚਰਨ ਹਰਿ' ਡਾਕਟਰ ਚਰਨ ਸਿੰਘ ਜੀ ਦਾ ਤਖੱਲੁਸ ਹੈ। ਯਥਾ—
"'ਚਰਨ ਹਰੀ' ਹੈ ਤੇਂ ਸ਼ਰਨਾਈ ਰਖ ਲੈ ਆਜਜ਼ ਤਾਈਂ।" ਇਸ ਛਾਪ ਤੋਂ ਸਿਵਾ ਹੋਰ ਵੀ ਸੰਕੇਤਕ ਨਾਮ ਉਨ੍ਹਾਂ ਨੇ ਅਪਣੇ ਲਈ ਵਰਤੇ ਹਨ, ਪਰ ਅਸਾਂ 'ਚਰਨ ਹਰਿ' ਵਾਲੀ ਛਾਪ ਨੂੰ ਅਪਣੇ ਖਿਆਲ ਵਿਚ ਮੁੱਖਤਾ ਦਿੱਤੀ ਹੈ। ਏਸੇ ਛਾਪ ਤੋਂ ਇਸ ਗ੍ਰੰਥ ਦਾ ਨਾਮ ਧਰਿਆ ਹੈ। ਉਨ੍ਹਾਂ ਦੀ ਸਾਰੀ ਰਚਨਾਂ ਮਾਨੋ ਵਿਸਥਾਰ ਹੈ ਉਸ ਨਿਜੀ ਕਾਵ੍ਯ ਅਨੁਭਵ ਦਾ,ਜੋ ਅਪਣੀ ਅੰਦਰਲੀ ਏਕਾਂਤ ਵਿਚ ਆਪਣੇ ਆਪਨੂੰ ਕੇਵਲ'ਚਰਨਹਰਿ' ਹੀ ਮਹਿਸੂਸ ਕਰਦਾ ਸੀ।

'ਚਰਣ-ਹਰਿ ਵਿਸਥਾਰ' ਗ੍ਰੰਥ ਦੀ ਪਹਿਲੀ ਜਿਲਦ ਤਿਆਰ ਹੋ ਰਹੀ ਹੈ। ਪਹਿਲੀ ਜਿਲਦ ਵਿਚ ਏਸ ਪ੍ਰਕਾਰ ਦੇ ਵਿਸ਼ੇ ਹਨ: ਡਾਕਟਰ ਚਰਨ ਸਿੰਘ ਜੀ ਦੀ ਜੀਵਨ ਕਥਾ, ਵੰਸ਼ ਵਿਸਥਾਰ, ਉਨ੍ਹਾਂ ਧਾਰਮਕ, ਭਾਈਚਾਰਕ ਤੇ ਸਾਹਿਤਜਕ ਲਹਿਰਾਂ ਦੇ ਵਿਸਥਾਰ ਜੋ ਉਨ੍ਹਾਂ ਦੇ ਜੀਵਨ ਕਾਲ ਨਾਲ ਸੰਬੰਧ ਰਖਦੇ ਹਨ ਅਤੇ ਡਾਕਟਰ ਸਾਹਿਬ ਜੀ ਦੀਆਂ ਰਚਨਾਂ ਉਪਰ ਵਿਵੇਚਨਾ ਦਾ ਵਿਸਥਾਰ ਆਦਿਕ। ਪਹਿਲੀ ਜਿਲਦ ਦੇ ਅਰੰਭ ਦਾ ਮਸਾਲਾ ਤਿਆਰ ਹੋ ਚੁਕਾ ਹੈ ਜੋ ਸ਼ੀਘਰ ਹੀ ਛਪਣਾ ਸ਼ੁਰੂ ਹੋ ਜਾਏਗਾ। ਮੁਕੰਮਲ ਜਿਲਦ ਜਿਤਨੀ ਜਲਦੀ ਹੋ ਸਕਿਆ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤੀ ਜਾਵੇਗੀ।

ਦਾਸ—
ਡਾਕਟਰ ਬਲਬੀਰ ਸਿੰਘ
ਸੰਪਾਦਿਕ

ਅੰਮ੍ਰਿਤਸਰ
ਪ ਅਪ੍ਰੈਲ, ਸੰਨ ੧੯੪੧ ਈ:

*'ਗਰਭ ਅਰਵ੍ਹਕ ਚਿਕਿਤਸਾ' ਇਹ ਪੁਸਤਕ ਅਜੇ ਛਪੀ ਨਹੀਂ।
†ਸੁਸ਼ੀਲਾ, ਰਸੋਈ ਦੀ ਪੁਸਤਕ ਹੈ ਤੇ ਖਾ: ਟ੍ਰੈ: ਸੁ: ਵਲੋਂ ਛਪ ਚੁਕੀ ਹੈ।

Digitized by Panjab Digital Library | www.panjabdigilib.org

ਸੂਚੀ ਪੱਤ੍ਰ

	ਪੰਨਾ
੧. ਸ੍ਰੀ ਅਟਲ ਪ੍ਰਕਾਸ਼ (੧੮੯੧ ਈ:)	੧
੨. ਸ੍ਰੀ ਮਹਾਰਾਣੀ ਸ਼ਰਾਬ ਕੌਰ (੧੮੯੩ ਈ:)	੩੫
੩. ਦਸਮ ਗੁਰ ਚਰਿਤ੍ਰ(ਲਾਉਣੀਆਂ ਵਿਚ) (੧੮੯੭ਈ:)	੧੧੩
੪. ਫਰਿਯਾਦ (੧੮੯੮ ਈ:)	੧੪੧
੫. ਹੀਰ ਭਾਈ ਗੁਰਦਾਸ (੧੯੦੦ ਈ:)	੧੪੯
੬. ਸ਼ਕੁੰਤਲਾ ਨਾਟਕ (੧੯੦੦ ਈ:)	੧੯੩
੭. ਸ੍ਰੀ ਗੁਰੂ ਰੂੰਥ ਬਾਣੀ ਬਿਉਰਾ (੧੯੦੨ ਈ:)	੨੯੭
੮. ਇਕ ਟੇਢੀ ਚਾਲ (੧੯੦੨ ਈ:)	੪੦੧
੯. ਹੋਲੀ ਹੈ (੧੯੦੨ ਈ:)	੪੧੫
੧੦. ਜੰਗ ਮੜੋਲੀ (੧੯੦੩ ਈ:)•	੪੨੭
੧੧. ਨੀਤੀ ਵਾਰਤਾ (੧੯੦੪ ਈ:)	੫੧੯
੧੨. ਹੂੜ ਮਤਿ (੧੯੦੪ ਈ:)	੫੪੭
੧੩. ਬੇਨਤੀ (੧੯੦੪ ਈ:)	੫੬੭
੧੪. ਗੜਗੱਜ ਬੱਲੇ (੧੯੧੪ ਈ:)	੫੭੫
੧੫. ਬਿਨੈ ਪੱਤ੍ਰ (੧੯੦੭ ਈ:)	੬੨੩
੧੬. ਸ਼ਬਦ ਬ੍ਰਿਤੀ ਪ੍ਰਕਾਸ਼ (੧੯੧੦ ਈ:)	੬੪੫
੧੭. ਖੋਟ ਬੁਰਾ (੧੯੧੦ ਈ:)	੭੩੫
੧੮. ਗੁਰਮਤ ਸੰਗੀਤ ਨਿਰਣਯ (੧੯੨੫ ਈ:)	੭੪੭
੧੯. ਲਾਟੂ ਸਿੰਘ ਤੇ ਅਡੋਲਕ ਸਿੰਘ (੧੯੩੩ ਈ:)	੭੯੧
੨੦. ਜੈ ਜੈ ਸੀਤਾ ਰਾਮ (੧੯੩੩ ਈ:)	੮੧੭
੨੧. ਫੁਟਕਲ ਪ੍ਰਕਾਸ਼ਿਤ ਰਚਨਾ	੮੩੭
੨੨. ਫੁਟਕਲ ਅਪ੍ਰਕਾਸ਼ਿਤ ਰਚਨਾ	੮੭੧
੨੩. ਸ਼ਾਮ ਸੁੰਦਰ	੮੯੫
੨੪. ਕੇਸਰੀ ਚਰਖਾ	੧੦੦੭

ਨੋਟ–ਨੰ: ੧੫ ਤੱਕ ਡਾਕਟਰ ਸਾਹਿਬ ਜੀ ਦੇ ਜੀਵਨ ਕਾਲ ਸਮੇਂ ਛਪ ਚੁਕੀਆਂ ਸਨ ਤੇ ਬਾਕੀ ਉਨ੍ਹਾਂ ਦੇ ਸਚਖੰਡ ਗਮਨ ਤੋਂ ਬਾਦ ਛਪੀਆਂ ਹਨ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧.

ਸ੍ਰੀ ਅਟਲ ਪ੍ਰਕਾਸ਼

ਭੂਮਿਕਾ

ਸ੍ਰੀ ਬਾਬਾ ਅਟਲ ਰਾਇ ਜੀ ਦੀ ਦਇਆਲਤਾ ਅਤੇ ਅਗੰਮ ਸਹਾਇਤਾ ਪ੍ਰੇਮੀ ਪੁਰਸ਼ਾਂ ਦੇ ਹਿਰਦੇ ਰੂਪੀ ਕਵਲ ਨੂੰ ਸੂਰਜ ਦੀ ਤਰਹਿ ਭਲੀ ਪ੍ਰਕਾਰ ਪ੍ਰਫੁੱਲਤ ਕਰਨੇ ਵਾਲੀ ਅਤੇ ਨਿੱਤ ਹੀ ਪ੍ਰਕਾਸ਼ਤ ਹੈ। ਔਰ ਹਰ ਏਕ ਸਿੱਖ ਬਾਬਾ ਸਾਹਿਬ ਜੀ ਦਾ ਸੱਚਾ ਹਿਤਕਾਰੀ, ਕ੍ਰਿਪਾਲੂ ਅਤੇ ਸਰਬਦਾ ਸਹਾਇਕ ਹੋਣਾ ਮੰਨਦਾ ਹੈ, ਪਰੰਤੂ ਜਣਾ ਖਣਾ ਸਿੱਖ ਅਟਲ ਰਾਇ ਜੀ ਦੇ ਜੀਵਨ ਚਰਿੱਤ੍ਰ ਤੋਂ ਮਹਿਰਮ ਨਹੀਂ, ਇਸ ਲਈ ਇਹ ਅਟਲ ਪ੍ਰਕਾਸ਼ ਨਾਮਾ ਪੁਸਤਕ ਯਥਾ ਮਤਿ ਅਨੁਸਾਰ ਰਚ ਕੇ ਸਰਬ ਸਿੱਖ ਸੰਗਤ ਨੇਮੀ ਪ੍ਰੇਮੀ ਖਾਲਸਾ ਜੀ ਦੀ ਭੇਟਾ ਕੀਤੀ ਜਾਂਦੀ ਹੈ।

ਸ੍ਰੀ ਅਮ੍ਰਿਤਸਰ ਜੀ
ਮਾਘ ਵਦੀ ੩੦, ਸੋਮ ਅਮਾਵਸ ਸੰ: ੪੨੩੯

ਦਾਸ ਰੂਪ ਕਰਤਾ

ਨੋਟ--ਕਵਿ ਜੀ ਦੀ ਇਹ ਰਚਨਾ ਬ੍ਰਿਜ ਭਾਸ਼ਾ ਦੀ ਕਵਿਤਾ ਵਿਚ ਹੈ, ਪੰਜਾਬੀ ਪਾਠਕਾਂ ਦੀ ਸੁਖੈਨਤਾ ਲਈ ਹੇਠਾਂ 'ਨੋਟਾਂ' ਵਿਚ ਔਖੇ ਪਦਾਂ ਦੇ ਪ੍ਰਯਾਯ ਲਾ ਦਿੱਤੇ ਹਨ।

ਪਾਠਕ

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਅਥ ਅਦਭੁਤ ਇਤਿਹਾਸ

ਸ੍ਰੀ ਅਟਲ ਪ੍ਰਕਾਸ਼

ਦੋਹਰਾ।ਅਮਲ[1] ਅਚਲ[2] ਅਬਕਲ[3] ਅਟਲ ਸਦਾ ਸੱਚਿਦਾਨੰਦ[4]। ਨਮੋ ਨਮੋ ਪੁਨ ਪੁਨ ਨਮੋ ਸ੍ਰੀ ਪ੍ਰਭੁ ਕਰੁਣਾਕੰਦ[5]। ੧। ਕਬਿੱਤ। ਬੇਦੀਨ ਕੇ ਬੰਸ ਮੈਂ ਵਤੰਸ[6] ਹੰਸ[7] ਰਾਜੈਂ ਜੋਊ [8]ਜਗਤ ਪ੍ਰਸੰਸਕ[9] ਮਹਾਨ ਜਸ ਛਾਯੋ ਹੈ। ਸਿਖਜਨ ਉਧਾਰ ਹੇਤੁ ਨਾਮ ਵਰੁ ਸਾਰ[10] ਦੇਤ, ਦੇਸ਼ ਔ ਬਿਦੇਸ਼ਨ ਮੈਂ ਜੈ ਜੈ ਜਸੁ ਪਾਯੋ ਹੈ। ਕਰੁਣਾ ਕੀ ਖਾਨ ਗੁਣ ਰੂਪ ਕੇ ਨਿਧਾਨ[11] ਪ੍ਰਭੁ ਭਗਤਿ ਨਿਵਾਜ ਪ੍ਰਭ ਬੇਦ ਜਸ ਗਾਯੋ ਹੈ। ਸ੍ਰੀ ਗੁਰੂ ਨਾਨਕ ਬਖਾਨ ਕਰੈਂ ਸਿੱਧ ਮੁਨਿ ਚੌਦਹੂੰ ਭਵਨ ਮਾਂਹਿ ਜਾਂਕੋ ਜਸ ਭਾਯੋ ਹੈ। ੨। ਕਬਿੱਤ। ਤਿਹਣ ਕੀ ਕੁਲ [12]ਕੈਈਰਵੜੇ ਬਿਪਨ[12] ਹੇਤ ਜਾਂਦ ਸੇ ਪ੍ਰਕਾਸ਼ਕ ਬਿਤਾਸ਼ੜ[13] ਜੋ ਭਏ ਹੈਂ। ਅਜਰ ਜਰਨ ਪੁਨ ਧੀਰਜ ਧਰਨ ਰੂਪ ਦੈ ਦੈ ਕਰ [13]ਨਾਮ ਪੋਤ[13] ਸਿਖਜ ਪਾਰ ਕਏ ਹੈਂ। ਸੁਖ ਕੇ ਕਰਨਵਾਰੇ ਦੁਖ ਕੇ ਦਰਨਵਾਰੇ ਸੰਕਟ ਹਰਨਵਾਰੇ ਉਪਦੇਸ਼ ਦਏ ਹੈਂ। ਸ੍ਰੀ ਗੁਰੂ ਅੰਗਦ ਨਮਾਮਿ ਕਰ ਜੋਰ ਸਦਾ ਰਿਦਾ ਹੋਇ ਸੁੱਧ ਪ੍ਰਭੁ ਰੂਪ ਹੋ ਟਿਕਏ ਹੈਂ।੩।ਕਬਿੱਤ। ਭੱਲਜਨ ਕੀ ਬੰਸ ਮੈਂ ਵਤੰਸ ਕਲਿਧ੍ਵੰਸ[1] ਹੰਸ ਹਿੰਸਕ[2] ਔ ਭ੍ਰਿੰਸ[3] ਸਭ ਪਾਰੁ ਤਾਰ ਕੀਨੇ ਹੈਂ। ਦਾਨ ਮੰਜੀ ਬਾਈਸ ਕੋ ਕੀਨੋ ਹੈ ਉਦਾਰ ਚਿਤ ਸਿਖਜਨ ਉਧਾਰ ਹੇਤ ਉਪਦੇਸ਼ ਦੀਨੇ ਹੈਂ। ਲੈ ਲੈ ਕਰ ਨਾਮ ਦਾਨ ਭਏ ਸਨਮਾਨ ਜਗ [4]ਹਾਨਿ ਕਲਿ ਕਲੁਖ[4] ਕੀ ਨਾਮ ਹਸ ਭੀਨੇ ਹੈਂ।ਸਿਰੀ ਗੁਰੂ ਅਮਰ [5]ਅਮਰ ਬਰ ਜਿਨ ਕਰ[5] ਸਾਰੰਗ ਚਰਨ* ਨੇ ਚਰਨ ਚਿਤ ਲੀਨੇ ਹੈਂ। ੪। ਕਬਿੱਤ। ਸੋਢਿਨ ਕੇ ਟੀਕਾ ਸਭ ਹੀ ਕਾ ਹਿਤ ਨੀਕਾ[6] ਕੀਨਾ [7]ਤਾਲ ਜੋ ਅਮੀ ਕਾ[7] ਤਿਨ ਹੀ ਕਾ ਬਨਵਾਯੋ ਹੈ।ਬਿਦਤ ਜਹਾਨ ਪ੍ਰਭਾਮਾਨ[8] ਜੋ ਬਿਰਾਜਮਾਨ ਭਾਨ ਸੇ ਪ੍ਰਕਾਸ਼ਕ ਮਹਾਨ ਜਸ ਛਾਯੋ ਹੈ। ਭਗਤਿ ਕੇ ਰਾਜ ਪੈ ਬਿਰਾਜ ਮਹਾਰਾਜ ਆਪ ਦ ਦੈ ਨਾਮ ਸਿੱਖਜਨ ਕੋ ਭਵ ਤੇ[9] ਬਚਾਯੋ ਹੈ। ਸਾਰੰਗ ਚਰਨ ਅਬ ਚਰਨ ਸ਼ਰਨ ਪਰਯੋ ਤਾਰਨ ਤਰਨ ਬੇਦ ਬਿਰਦ ਬਤਾਯੋ ਹੈ।੫। ਕਬਿੱਤ।ਸਿਖਜਨ

---

[1]ਨਿਰਮਲ। [2]ਜੋ ਚਲਾਇਮਾਨ ਨਾ ਹੋਵੇ। [3]ਕਲ ਤੋਂ ਰਹਿਤ, ਸ਼ਾਂਤ। [4]ਸਤ ਚਿਤ ਆਨੰਦ। [5]ਮਿਹਰ ਦੇ ਮੂਲ। [6]ਭੂਸ਼ਨ ਰੂਪ। [7]ਉੱਜਲ। [8]ਜਗਤ ਜਸ ਕਰ ਰਿਹਾ ਹੈ। [9]ਸ੍ਰੇਸ਼ਟ। [10]ਖਜ਼ਾਨੇ। [11]ਕੱਮੀਆਂ ਦੇ ਬਨ। [12]ਖਿੜਾਉਨ ਵਾਲੇ। [13]ਨਾਮ ਰੂਪ ਜਹਾਜ਼।

[1]ਕਲਿਯੁਗ ਨੂੰ ਨਾਸ਼ ਕਰਨ ਵਾਲੇ। [2]ਨਿਰਦਈ। [3]ਭ੍ਰਸ਼=ਪਤਿਤ। [4]ਕਲਿਯੁਗ ਦੇ ਪਾਪ ਨਾਸ਼ ਕਰਕੇ। [5]ਜਿਨ੍ਹਾਂ ਨੇ ਸ੍ਰਿਸ਼ਟ ਦੇਵਤੇ ਬਣਾਏ ਹਨ। [6]ਚੰਗਾ, ਵਧੀਆ। [7]ਅੰਮ੍ਰਿਤ ਦਾ ਸਰੋਵਰ। [8]ਸ਼ੋਭਨੀਕ। [9]ਸੰਸਾਰ ਤੋਂ। (ਅ)ਜਨਮ ਮਰਨ ਤੋਂ।

*ਕਵੀ ਜੀ ਦੀ ਛਾਪ–ਚਰਨ ਸਿੰਘ।

Digitized by Panjab Digital Library | www.panjabdigilib.org

ਉਧਾਰ ਹੇਤ ਸਿੱਖੀ ਕੇ ਬਿਥਾਰ ਹੇਤ
ਭਵ ਸਿੰਧ[1] ਪਾਰ ਹੇਤ ਬੋਹਿਥ[2] ਸ੍ਰਿਜਯੋ ਹੈ।
ਗਜਾਨਨਿ ਕੇ ਨਾਯਕ[3] ਹੈਂ ਦੁਜਨ ਕੇ ਘਾਯਕ
ਹੈਂ ਭਗਤ ਸਹਾਯਕ ਬਿਰਦ ਬਿਦਤਯੋ ਹੈ।
ਸ੍ਰੀ ਹਰਿਮੰਦਰ ਸੁ ਪਾਵਨ[4] ਸੁਭਾਵਨ ਕੋ[5]
[6]ਦਾਵਨ ਕੋ ਕਲਿ ਦੋਖ[6] ਹੀਂਚ ਜੀ ਰਚਯੋ ਹੈ।
ਅਜਰਜਰਨ ਗੁਰੁ ਅਰਜਨ ਨਮਾਮਿ[7] ਸਦਾ
ਤਰਜਨ[8] ਕੋ ਪਾਪ ਬ੍ਰਿੰਦ ਬਰ ਜਿਨ ਭਜੇ ਹੈ।
੬। [9]ਸੁੰਦਰ ਸਰੂਪ ਸਾਨ[9] ਸੂਰਬੀਰ ਅੱਪ੍ਰਮਾਨ
ਤੇਜ ਹੈ ਬਿਸਾਲ [10]ਗਨਤੁਰਕ ਨਿਕੰਦਨਾ[10]।
ਪੰਦਿ ਕੋ ਨਪੰਦੇ[11]ਕੀਨ, ਘੋਰੜ ਕੋ ਮਾਰ ਦੀਨ,
ਸਿੱਖਜਨ ਸਹਾਯਕਵਤਰਯੋ ਹੈ ਮੁਕੰਦਨਾ[12]।
ਚੰਦ੍ਰਕੋਨਚੰਦ੍ਰ[13]ਕੀਨ, ਸਿੱਖਜਨ ਮੁਚੰਦ੍ਰਪਾਸ[14]
ਦਾਸਨ ਅਨੰਦ ਔ ਮੂਚਾਵੈਂ ਜਮ ਫੰਦਨਾ। ਸ੍ਰੀ
ਹਰਿਗੁਬਿੰਦ ਨ ਮੀਨਿੰਦ[15] ਜਾਂਕੇਔਰ ਬਿਓ[16]
ਸਾਰੰਗ ਚਰਨ ਕਰੈ ਜੋਰ ਕਰ ਬੰਦਨਾ।੭।ਗਦੀ
ਤੇ ਬਿਰਾਜਮਾਨ [17]ਤੇਜ ਦਿਪੈ ਸਦਾ ਭਾਨ[17],
ਨਾਮ ਕੋ ਭੰਡਾਰਾ ਜੋ ਅਖੁੱਟ ਬਰਤਾਵੈਂ ਹੈਂ ।
ਨਾਮਨਾਇ ਬਰ ਪਾਇ ਕਰਾਮਾਤ ਜਾ ਦਿਖਾਇ
ਸ਼ਾਹੁ ਕੋਲ ਜਾਇ ਪੰਥ ਸਿੱਖੀ ਕੋ ਚਲਾਵੈ ਹੈ।
ਸੁਖਕੇ ਨਿਧਾਨ ਕਰਾਮਾਤ ਨਹੀਂ ਦੀਨੀ ਜਾਨ
ਸਿਖਨਕੋਉਪਦੇਸ਼ ਨਿਤ ਸੁਭਗ[18] ਬਤਾਵੈ ਹੈਂ।

[1]ਸੰਸਾਰ ਸਾਗਰ। [2]ਜਹਾਜ਼, ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। [3]ਸ੍ਵਾਮੀ। [4]ਪਵਿੱਤ੍ਰ। [5]ਸ਼ੁਭਵਾਨ ਕਰਨ ਨੂੰ। [6]ਕਲਿਜੁਗ ਦੇ ਦੋਖਾਂ ਨੂੰ ਦਬਾਵਨ ਲਈ। [7]ਮੈਂ ਨਮਸਕਾਰ ਕਰਦਾ ਹਾਂ। [8]ਤਾੜਨਾ, ਦੂਰ ਕਰਨਾ। [9]ਸੁਹਣੇ ਸਰੂਪ ਵਾਲੇ। [10]ਸਮੂਹ ਤੁਰਕਾਂ ਨੂੰ ਨਾਸ਼ ਕਰਨ ਵਾਲੇ। [11]ਨਾਸ਼। [12]ਮੁਕਤੀ ਦਾਤਾ। [13]ਨਾ ਪ੍ਰਕਾਸ਼ਮਾਨਭਾਵ ਨਾਸ਼। [14]ਸਿਖਾਂ ਦੀ ਫਾਹੀ ਦੂਰ ਕਰਨਵਾਲੇ।[ਮੋਚਨ = ਦੂਰ ਕਰਨਾ । ਪਾਸ = ਫਾਹੀ] । [15]ਸਮਾਨ। [16]ਦੂਸਰਾ।[17]ਸੂਰਜ ਸਮਾਨ ਤੇਜ ਪ੍ਰਕਾਸ਼ ਰਿਹਾ ਹੈ (ਜਿਨ੍ਹਾਂ ਦਾ)। [18]ਸੁਹਣਾ, ਸੋਹਣਾ।

ਸਾਰੰਗ ਚਰਨ ਅਬ ਡਰ ਜਿਨ[1], ਪਰ ਪਾਂਉਂ,
ਇਸੀ ਘਰ ਆਸਰੇ ਤੇ ਦੀਨ ਬਚੇ ਜਾਵੈ ਹੈਂ।੮।
ਬਾਲ ਬੈਸ ਗੁਰ ਪੂਰਿ ਦਿਹਲੀ ਪਯਾਨੇ ਜੋਊ
ਕਰੁਨਾ ਕੀ ਖਾਨ ਗੁਨ ਰੂਪ ਕੇ ਨਿਧਾਨ ਹੈਂ।
ਛਿਮਾਕੇ ਨਿਕੇਤ[2], ਦੇਤਨਾਮ ਵਸ੍ਤੁ ਸਾਰ ਸ਼ੁਭ
ਹੇਤ ਕਰੈਂ ਸਿੱਖਜਨ ਸੋ ਪਰੰਪਰਾ ਬਾਨ[3] ਹੈ।
ਕਰੁਨਾ ਕੀ ਨੀਵ[4], ਸਤਿ ਸੀਵ[5], [6]ਨਿਤ
ਬ੍ਰਿਤ ਧ੍ਰਿਤ[6], ਰੂਪ ਅੱਪ੍ਰਮਾਨ, ਕਰਾਮਾਤ
ਜਗ ਜਾਨ ਹੈ। ਸ੍ਰੀ ਹਰਿਕ੍ਰਿਸ਼ਨ ਜੋ ਜਿਸ਼੍ਨੁ
ਬਿਸ਼੍ਨੁ ਧਜਾਵਤ ਹੈਂ ਸੋਊ ਰੂਪ ਧਾਰ ਜੰਨ
ਪਾਪ ਕੀਏ ਹਾਨ ਹੈ । ੯ । ਸਾਦਰ
ਧਿਆਵਨ ਤੇ ਹਾਦਰ ਜੁ ਹੋਤ ਸਦਾ, ਤਦਾ-
ਕਾਰ ਇਤ[7] ਜਿਨ ਏਕ ਰਸ ਲੀਨੋ ਹੈ।
ਕਾਦਰ[8] ਅਨਾਦਰ ਕੋ ਪਾਇ ਕਰ ਭਾਗ ਗਏ
[9]ਬਾਦਰ ਕੋ ਜੋਰ ਜੈਸੇ ਬਾਤ ਦੂਰ ਕੀਨੋਹੈ[9]।
ਨਿਜ ਪਤ ਰਾਖਬੇ ਕੋ ਚਾਦਰ ਬਹਾਦਰ ਭੇ
ਤੁਰਕ ਜਰ ਨਾਸਬੇ ਕੋ ਨਿਜ[10] ਸੀਸ ਦੀਨੋਹੈ।
ਚਰਨ ਮ੍ਰਿਗਿੰਦ ਸ੍ਰੀ ਤੇਗ ਜੂ ਬਹਾਦਰ ਸੇ
ਭਏ ਨ ਬਹਾਦਰ [11]ਨਹੋਨੋਔਰਬੀਨੋਹੈ[11]।੧੦।
ਖਾਲਸਾ ਪ੍ਰਕਾਸ਼ਜੋ, ਤੇਜ ਤੁਰਕਨ ਕੋ ਨਾਸਜੋ
ਔਰ ਭਾਨ ਸੋ ਪ੍ਰਕਾਸ਼ਜੋ ਜਸ, ਸਿੱਖ ਕੰਜ ਖਿਰੈ
ਹੈਂ।ਚਾਂਦ ਸਾ ਔਰੈਗਾ ਔ ਕੁਮੁਦਨੀ[12] ਸੀ ਚਮੂੰ
ਤਾਂਹਿ,ਤਾਂਹਿ[13] ਭਯੋ ਤੇਜ ਹਤ,ਤਾਂਹਿ[14] ਮੁਖ
ਜੁਰੇ ਹੈਂ। ਸੂਬੇ ਉਮਰਾਵ ਏ ਨਖਜਤ[15] ਜੋਤ

[1]ਡਰ ਨਾਂ। [2]ਖਿਮਾ ਦੇ ਘਰ। [3]ਆਦਤ। [4]ਨੀਂਹ, ਬੁਨਿਯਾਦ। [5]ਸੱਤਿ ਦੀ ਹੱਦ, ਭਾਵ ਸਚਾਈ ਦੇ ਸਥੰਭ। [6]ਬ੍ਰਿਤੀ ਸਦਾ ਧੀਰਜਵਾਨ। [7]ਇੰਦਰ। [8]ਭਾਵ ਸਰੂਪ ਵਿਚ ਰਪੀਹੋਈ ਹੈ। [9]ਕਾਇਰ। [10]ਬਦਲਾਂ ਦਾ ਜ਼ੋਰ ਜਿਵੇਂ ਹਵਾ ਦੂਰ ਕਰ ਦਿੰਦੀ ਹੈ। [11]ਅਪਣਾ। [12]ਨਾ ਕੋਈ ਹੋਰ ਹੋਣਾ ਹੈ। [13]ਕਵੀਆਂ ਜੋ ਸੂਰਜ ਚੜ੍ਹੇ ਮੁਰਝਾ ਜਾਂਦੀਆਂ ਹਨ। [14]ਭਾਵ ਚੰਦ ਰੂਪ ਔਰੈਗਾ। [15]ਭਾਵ ਕਵੀਆਂ ਰੂਪ ਸੈਨਾ। [16]ਤਾਰੇ।

Digitized by Panjab Digital Library | www.panjabdigilib.org

ਹੀਨ ੭੮, ਜੁਗਨੂੰ ਪਹਾੜੀ ਨ੍ਰਿਪ ਜਹਾਂ ਤਹਾਂ ਦੁਰੇ ਹੈਂ। ਸ੍ਰੀ ਗੁਰੂ ਗੁਰਿੰਦ ਸਿੰਘ ਖਾਲਸਾ ਕੋ ਤੇਜ ਭਾਰੀ ਅਰੇ ਨ ਅਗਾਰੀ ਕੋਊ ਜਹਾਂ ਸਿੰਘ ਅਰੇ ਹੈਂ। ੧੧। ਤੁਰਕਨ ਦਲੱਜਾ, ਨਿਜ ਪੰਥ ਕੇ ਬ੍ਰਿਧੱਜਾ ਗੁਰੁ, ਸਿੱਖਜਨ ਸਹੱਜਾ[੧] ਵਤ ਮੱਯਾ ਨਿਤ ਕਰੇ ਹੈ। ਜੁੱਧ ਕੇ ਕਰੱਯਾ, [੨]ਅਚ-ਲੇਸ਼ ਕੇ ਤ੍ਰਸੱਯਾ[੨], ਤੇਜ ਤੁਰਕਨ ਖਪੱਯਾ ਸੁਖ ਦੱਯਾ ਸਿੱਖ ਰਰੇ ਹੈਂ। ਨੀਲ ਬਸਨ ਧਰੱਯਾ ਔ ਦਿਲੇਸ਼ ਕੇ ਜਿਤੱਯਾ.ਜੁੱਧ ਕ੍ਰੱਧ ਕੇ ਸਚੱਯਾ[੩], ਬੁਧ ਕੱਯਾ ਕ੍ਰਿਪਾ ਢਰੇ ਹੈਂ। ਸ਼੍ਰੀ ਗੁਰੂ ਗੁਬਿੰਦ ਸਿੰਘ ਦਯਾਸਿੰਧੁ ਦੀਨਬੰਧੁ ਸਦਾ ਹੈਂ ਅਬੰਧ[੪] ਪ੍ਰਭੁ ਬੇਦ ਸਾਖ[੫] ਭਰੇ ਹੈਂ। ੧੨। ਦੋਹਰਾ। ਗੁਰੁ ਨਾਨਕ ਅੰਗਦ ਗੁਰੂ ਅਮਰ ਦਾਸ, ਰਾਮਦਾਸ। ਅਰਜਨ, ਹਰਿ ਗੋਬਿੰਦ ਕੋ ਸਿਮਰੌਂ ਕਾਰਜ ਰਾਸ। ੧੩। ਹਰੀਰਾਇ ਹਰਕ੍ਰਿਸ਼ਨ ਗੁਰੁ ਤੇਗ ਬਹਾਦਰ ਬੰਦ। ਦਸਮ ਗੁਰੂ ਜੜ[੬] ਖਾਲਸਾ ਸ੍ਰੀ ਗੁਬਿੰਦ ਸਿੰਘ ਚੰਦ। ੧੪। ਪ੍ਰਿਥਕ ਪ੍ਰਿਥਕ[੭] ਮੁਰਿ ਬੰਦਨਾ ਏਕ ਰੂਪ ਪਹਿਚਾਨ। ਦੇਹੁ ਪ੍ਰੀਤਿ ਨਿਜ ਚਰਨ ਮੈਂ ਸ੍ਰੀ ਗੁਰੁ ਕਰੁਣਾ ਖਾਨ। ੧੫। ਕਬਿੱਤ। ਕੁੰਦ[੮] ਔ ਤੁਖਾਰ[੯] ਇੰਦੁ[੧੦] ਸੰਖ ਕੋ ਮਨਿੰਦ ਬਰ [੧੧]ਸ੍ਵੇਤ ਕੰਜ ਆਸਨ ਅਸੀਨ[੧੧] ਸਦਾ ਜਾਨੀਏ।ਸ੍ਵੇਤਪਟਆਭ੍ਰਿਤ[੧੨] ਔ [੧੩]ਬੀਣਾ ਬਰਦੰਡਕਰਮੰਡਤ[੧੩],ਮਹਾਨਜਸ ਰਾਜੈ ਮਹਾਰਾਨੀਏ। ਬੰਦਤ ਅਜਾਦਿ[੧੪] ਦੇਵ, ਸੰਕਰ ਪ੍ਰਭ੍ਰਿਤਮਵ[੧], [੨]ਸਦਾ ਸਾਨਕੂਲ ਓਰ ਦਾਸ ਕੇ ਮਹਾਨੀਏ[੨]। ਸਾਰੰਗ ਚਰਨ ਰਛ-ਪਾਲ ਮਮ ਸਾਰਦਾ[੩] ਭੋ [੪]ਜੜ੍ਹਤਾ ਨਿਸੇਸ਼ ਦੇਸ਼ ਚਿੱਤ ਸੋ ਹਟਾਨੀਏ[੪] ।੧੬। ਦੋਹਰਾ। ਨਾਮ ਅਟਲ ਬਰ ਹੂੰ ਅਟਲ ਝੰਡਾ ਅਟਲ ਸੁਹਾਤ। ਅਟਲ ਬਿਰਦ ਵਤਸ਼ਲਭਗਤ[੫] ਅਟਲ ਦੇਤ ਚਿਤ ਸ਼ਾਂਤ। ੧੭। ਕਬਿੱਤ। ਮਾਣ ਹੈਂ ਨਿਮਾਣਨ ਕੇ,ਤਾਣਹੈਂ ਨਿਤਾਣਨ ਕੇ,ਆਸਰਾ ਨਿਰਾਸਰੇ ਕੋ,ਓਟ ਹੈਂ ਨਿਓਟ ਕੀ। ਨਾਥ ਹੈਂ ਅਨਾਥਨ ਕੇ,ਸੰਗੀ ਹੈਂ ਅਸਾਥਨ ਕੇ, [੬]ਦੁੱਜਨ ਪ੍ਰਮਾਥਨ[੬] ਔ ਸਿਖਜਨ ਬਚੋਟਕੀ[੭]। ਕਰੁਣਾ ਕੀ ਖਾਨ, ਦਯਾਵਾਨ, ਮਹਾਂਦਾਨ ਸਿਰ, ਸਿੱਖਜਨ ਨਿਵਾਜ [੮]ਬਾਣ ਦ੍ਰਿਢ ਭੀਤ ਕੋਟ[੮] ਕੀ। ਸਾਰੰਗ ਚਰਨ ਅਬ ਚਰਨ ਸ਼ਰਨ ਤੇਰੀ ਪਰੇ ਤੇਰੇ ਦ੍ਵਾਰੇ ਦੀਨ ਪੂਰੈਂ ਆਸ ਰੋਟਕੀ[੯]। ੧੮ । ਦੋਹਰਾ। ਸਿਰ ਧਰ ਪਰ ਧਰ ਧਰ ਬੰਦ ਕਰ,ਅਮਰ ਅਜਰ ਬਰਪਾਇ। [੧੦]ਅਪਨਗਿਰਾ ਪਾਵਨ ਨਮਿਤ[੧੦] ਗੁਰ ਜਸ ਕਹੌਂ ਸੁਨਾਇ। ੧੯। ਚੌਪਈ। [੧੧]ਗੁਰ ਸਾਰਦ ਪ੍ਰਣਵੋਂ[੧੧] ਕਰ ਜੋਰੀ। ਜਿਮ ਕਵਿਤਾ [੧੨]ਕਹੁਲਾਗਨ ਥੋਰੀ[੧੨]।

---

[੧]ਸਹਾਇਤਾ। [੨]ਪਹਾੜੀ ਰਾਜਿਆਂ ਦੇ ਡਰਾਉਣ ਵਾਲੇ। [੩]ਸੱਚ ਦੇਣ ਵਾਲੇ। [੪]ਸੁਤੰਤਰ। [੫]ਸਾਖੀ, ਸ਼ਹਾਦਤ, ਉਗਾਹੀ। [੬]ਮੂਲ,ਮੁੱਢ। [੭]ਅੜ ਅੜ। [੮]ਮਰਤਬਾਨ ਦਾ ਫੁਲ,ਜੋ ਚਿੱਟਾ ਹੁੰਦਾ ਹੈ। [੯]ਬਰਫ। [੧੦]ਚੰਦ੍ਰਮਾ। [੧੧]ਸਫੈਦ ਕਵਲ ਦੇ ਆਸਣ ਤੇ ਬੈਠੀ ਹੋਈ ਹੈ—ਸ਼ਾਰਦਾ । [੧੨]ਚਿੱਟ ਬਸਤ੍ਰ ਚਮਕਦੇ ਹੋਏ। [੧੩]ਵੀਣਾਂ ਦੇ ਡੰਡੇ ਨਾਲ ਹਥ ਸਜਿਆ ਹੋਇਆ । [੧੪]ਅਜ (= ਬ੍ਰਹਮਾ) ਆਦਿਕ।

[੧]ਏਸ ਤਰ੍ਹਾਂ ਸ਼ਿਵਜੀ ਆਦਿਕ। [੨]ਸਦਾ ਦਾਸ ਦੇ ਮਹਾਨ ਅਨਕੂਲ ਰਹੋ। [੩]ਕਵਿ ਮੰਕੇਤ ਪ੍ਰਯਾਦਾ ਅਨੁਸਾਰ ਹੈ। ਵਿਸ਼ੇਸ਼ ਲਈ ਦੇਖੋ ਗੁਰ ਨਾ:ਪ੍ਰ: ਪੂਰਬਾਰਧ ਅਧ:੧ ਅੰਕੜਾ ਅਰਥਭਾਵ। [੪]ਜੜ੍ਹਤਾ ਰੂਪ ਚੰਦਨੂੰ ਮੇਰੇ ਹਿਰਦੇ ਦੇਸ਼(ਭਾਵ ਅਕਾਸ਼) ਤੋਂ ਹਟਾ ਦਿਓ। [੫]ਭਗਤਾਂ ਦੇ ਪਿਆਰੇ। [੬]ਦੁਰਜਨਾਂ ਨੂੰ ਚੰਗੀ ਤਰ੍ਹਾਂ ਮਥਨ ਵਾਲੇ। [੭]ਸਿਖਾਂ ਨੂੰ ਬਚਾਉਣ ਵਾਲੇ ਓਟ ਦੇਕੇ। [੮]ਕਿਲੇ ਦੀ ਦ੍ਰਿੜ ਕੰਧ ਵਰਗੀ ਬਾਣ ਹੈ (ਰਖਜਾ ਕਰਨੇਹਾਰ)। [੯]ਦੇਜੀ ਦੀ।ਬਾਬਾ ਅਟਲ ਰਾਏ ਦੇ ਦੇਹੁਰੇਤੇਰੋਟੀਆਂ ਬਹੁਤ ਵੱਡੀਆਂ ਜਾਂਦੀਆਂ ਹਨ। ਆਪਦਾ ਬਿਰਦ ਰੋਜ਼ੀ ਦਾਤਾਮੰਨਿਆ ਹੈ। [੧੦]ਅਪਣੀ ਬੋਲੀ ਪਵਿੱਤ੍ਰ ਕਰਨ ਵਾਸਤੇ। [੧੧]ਗੁਰੂ ਅਤੇ ਸਾਰਦਾ ਨੂੰ ਨਮਸਕਾਰ ਕਰਦਾ ਹਾਂ। [੧੨]ਥੋੜ੍ਹੀ (ਬਹੁਤ)ਕਹਿਣ ਲਗ ਪਵਾਂ।

Digitized by Panjab Digital Library | www.panjabdigilib.org

ਸ੍ਰੀ ਪ੍ਰਭੁ ਅਟਲ ਰਾਇ ਕੀ ਗਾਥਾ। ਸੁਨਹ ਸਕਲ ਸ਼ੋ੍ਰਤਾ ਹਿਤ ਸਾਥਾ। ੨੦। [1]ਭਾਈ ਬ੍ਰਿੱਧ ਬ੍ਰਿੱਧ ਬਯ ਜਾਂਕੀ[1]। [2]ਬਿਸ਼ਨਾ-ਨੰਦ ਸੋ ਬ੍ਰਿਤ ਜਹ ਠਾਕੀ[2]। ਸ੍ਰੀ ਗੁਰ ਨਾਨਕ ਦਰਸ਼ਨ ਕੀਨਾ। ਸੇਵੇ ਗੁਰ ਅੰਗਦ ਸੁ ਪ੍ਰਬੀਨਾ ੨੧। ਪੁਨ ਸ੍ਰੀ ਅਮਰਦਾਸ ਪਦ ਪਾਸ। ਸੇਵੇ ਰਾਮਦਾਸ ਸ ਹੁਲਾਸ। ਸ੍ਰੀ ਅਰਜਨ ਕੇ ਨਿਕਟ ਰਹਜੋ ਹੈ। ਗੁਰ ਘਰ ਸੇਵਾ ਕਰਤ ਭਜੋ ਹੈ।੨੨। ਜਹ ਬਚ ਸੇ[3] ਸ੍ਰੀ ਹਰਿ ਗੋਵਿੰਦ। ਜਨਮੇਂ ਗੁਰ ਅਰਜਨ ਗ੍ਰਿਹ ਨੰਦ[4]। ਬੀੜ[5] ਮਾਂਹਿ ਬਾਸਾ ਚਿਰਕਾਲ। ਕੀਨੋ ਮਾਝਾ ਦੇਸ਼ ਨਿਹਾਲ ।੨੩। ਪੁਨ ਸ੍ਰੀ ਹਰਿ ਗੋਵਿੰਦ ਕੇ ਸੰਗ। ਹਰਿ ਮੰਦਰ ਸੇਵਜੋ ਸਉਮੰਗ। ਸਦਾ ਸੱਚਿਦਾਨੰਦ ਸਰੂਪ। [6]ਪਰੰਬ੍ਰਹਮ ਜਹ ਬ੍ਰਿੱਤਿ ਅਨੂਪ[6] ।੨੪। ਰਾਗ ਦ੍ਵੈਖ ਜਹ ਮੋਹ ਨ ਮਾਯਾ। ਸਦਾ ਸ੍ਵਛੰਦ[7] ਬ੍ਰਹਮ ਰਸ ਭਾਯਾ। ਤਾਕੋ ਨੰਦ ਸੁ ਭਾਨਾ ਨਾਮ । ਪਿਤ ਜਸ ਸਦਾ ਅਚਲ ਨਿਹਕਾਮ ।੨੫। ਅੰਤ ਸਮੇਂ ਭੁਜ ਗਹਿ ਕਰ ਢਾਂਕੀ। ਸੌਂਪੀ ਸੀ ਗੁਰ ਕੋ ਬ੍ਰਿਧ ਜਾਂਕੀ। ਸ੍ਰੀ ਹਰਿਗੋਬਿੰਦ ਦਰਸ ਕਰੈਤਾ [8]ਪਹੁੰਚਜੋ ਪਰਮ ਧਾਮ ਮਤਿਵੈਤਾ[8]।੨੬। ਤਿਹ ਪਾਛੈ ਸ੍ਰੀ ਹਰਿ ਗੋਬਿੰਦ। ਭਾਨਾ ਭਾਈ ਬ੍ਰਿਧ ਕੋ ਨੰਦ। ਪਾਗ ਬੰਧਾਇ ਪਿਤਾ ਅਸਥਾਨ। ਕੀਨਸ ਥਾਪਨ ਗੁਰੂ ਮਹਾਨ[9]। ੨੭। ਸੰਗਤ ਦੇਸ਼ਨ ਦੇਸ਼ਨ ਕੇਰੀ। ਇਕਠੀ ਆਨ ਭਈ ਇਕ ਬੇਰੀ। ਕਰ ਕਰ ਅੰਮ੍ਰਿਤਸਰ ਇਸ਼ਨਾਨਾ। ਤਖਤ ਅਕਾਲ ਦਰਸ ਗੁਰ ਠਾਨਾ।੨੮। ਸੁੰਦਰ ਸ੍ਰੀ ਹਰ ਗੋਬਿੰਦ ਚੰਦ। ਆਯਤ[1] ਛਾਤੀ ਬਾਹੁ ਬਿਲੰਦ। ਮੁਗਲ ਅਰਾਤੀ[2] ਗਰ ਸ਼ਮਸ਼ੇਰ। ਦਰਸ਼ਹਿ ਸੰਗਤ ਭਾਉ ਬਡੇਰ[3] ।੨੯। ਸੁੰਦਰ ਅੰਤਿ ਦੀਵਾਨ ਕੀ ਸੋਭਾ। ਸੁਨਾਸੀਰ[4] ਜਿਹ ਪਿਖ ਕਰਿ ਲੋਭਾ। ਇਸ ਪ੍ਰਕਾਰ ਨਰ ਕਈ ਹਜ਼ਾਰ। ਦਰਸਹਿੰ ਸਤਿਗੁਰ ਰੂਪ ਉਦਾਰ।੩੦। ਪੁਨ ਹਰਿਮੰਦਰ ਦਰਸ਼ਨ ਕਰਿਹੀਂ । ਜਨਮ ਅਨੇਕਨ ਕਿਲਵਿਖ[5] ਹਰਹੀਂ। ਸਰ ਜੁ ਕੌਲ ਕੇ ਦਰਸ਼ਨ ਆਵਹਿੰ। ਮਨ ਮੁਰਾਦ ਸਭ ਹੀ ਸਿਖ ਪਾਵਹਿੰ ।੩੧। ਤਿਸ ਸੰਗਤ ਮਹੁੰ ਭਾਈ ਧੰਨਾ। ਪਰਉਪਕਾਰ ਜਾਂਹਿ ਮਨ ਮੰਨਾ। ਸੰਗਤਿ ਸੰਗ ਫਿਰਤ ਸੋ ਆਵਾ। ਜਨਮ ਜਾਂਹਿ ਕਾਬਲ ਮਹਿੰ ਪਾਵਾ। ੩੨। ਸਕਲ ਸਥਾਨ ਦਰਸ ਕਰ ਲੀਨ। ਅਨੰਦ ਸਿੰਧ ਮੈਂ ਭਾ ਲੈ ਲੀਨ[6] । ਸਰ ਜੁ ਕੌਲ ਪਰਦੱਛਨ ਕੀਨ। ਆਯੋ ਪੂਰਬ ਦਿਸ਼ਾ ਪ੍ਰਬੀਨ । ੩੩। ਪਿਖ ਸਮਾਧਿ ਮ੍ਰਿਤਕਾ[7] ਕੀ ਬਨੀ। [8]ਚਲਦਲ ਬਟ ਛਾਯਾ[8] ਜਹਿੰ ਘਨੀ। ਬਿਸਮੈਂ ਭਯੋ ਸੋਚ ਬਹੁ ਕੀਨ। ਨਹਿੰ ਸਥਾਨ ਕੋ ਸਕਹਿ ਸੁ ਚੀਨ।੩੪। 'ਬਹੁਤ ਬਰਖ ਬੀਤੇ ਮੈਂ ਆਯੋ। ਆਗੇ ਨਹਿੰ ਇਹ ਦਰਸ਼ਨ ਪਾਯੋ। ਚਿਤ ਖੈਂਚਤ ਇਹ ਥਾਨ ਮਹਾਨਾ। ਅਤਿ ਬਲਵੰਤ ਥਾਨ ਇਹ ਜਾਨਾ। ੩੫। ਨਹਿੰ ਸੰਗਤ ਕੇ ਜਾਨੈਂ ਲੋਗ। ਨਹਿੰ ਦੇਖੈਂ ਕੋ ਉੱਤਰਜੋਗ।ਇਹ ਸਥਾਨ ਅਤ ਸ਼ਕਤੀਵਾਨ। ਭਾਸਤ ਸਭ ਤੇ ਮਹਦਮਹਾਨ[9]। ੩੬। ਸੋਚਤ ਸੋਚਤ ਇਹ ਜੀਅ ਆਈ। 'ਸ੍ਰੀ ਗੁਰ ਨਿਕਟ ਰਹਤ ਜੁ ਸਦਾਈ। ਭੂਤ

---

[1]ਭਾਈ ਬੁੱਢਾ ਜੀ ਜਿਨ੍ਹਾਂਦੀ ਆਯੂ ਬਹੁਤ ਵੱਡੀਸੀ। [2]ਸਰੀਰਕ ਰਸਾਂ ਤੋਂ ਜਿਨ੍ਹਾਂ ਦੀ ਬ੍ਰਿਤੀ ਉੱਚੀ ਚੜ੍ਹ ਚੁਕੀ ਸੀ। [3]ਆਸ਼ੀਰਵਾਦ ਨਾਲ। [4]ਸਪੁਤ੍ਰ। [5]ਪਸ਼ੂ ਚਾਰਨੇ ਦੀ ਰੱਖ। [6]ਪਾਰਬ੍ਰਹਮ ਵਿਚ ਜਿਨ੍ਹਾਂ ਦੀ ਅਨੂਪਮ ਬ੍ਰਿਤੀ ਲਗੀ ਹੋਈ ਸੀ। [7]ਸੁਤੰਤਰ। [8]ਬੁਧਿਵਾਨ ਸਚਖੰਡ ਪਯਾਨਾ ਕਰ ਗਿਆ। [9]ਮਹਾਨ ਗੁਰੂ, ਭਾਵ ਛੇਵੇਂ ਪਾਤਸ਼ਾਹ ਜੀ ਨੇ।

[1]ਚੌੜੀ। [2]ਮੁਗਲਾਂ ਦੇ ਸ਼ਤ੍ਰੂ। [3]ਬੜੇ ਪ੍ਰੇਮ ਨਾਲ। [4]ਇੰਦਰ। [5]ਪਾਪ। [6]ਲਿਵਲੀਨ। [7]ਮਿੱਟੀ। [8]ਪਿਪਲ ਤੇ ਬੋਹੜ ਦੀ ਛਾਂ। [9]ਵਡਿਆਂ ਤੋਂ ਵਡਾ।

Digitized by Panjab Digital Library | www.panjabdigilib.org

ਭਵਿੱਖਜਤ ਅਰ ਬ੍ਰਤਮਾਨ। [1]ਜਾਨੈ ਹਸਤਾ-ਮਲਕ ਸਮਾਨ[1]'। ੩੭। ਸੋ ਸ਼੍ਰੀ ਭਾਨਾ ਮੈਂ ਸੋ ਜਾਨ। ਭਾਈ ਬ੍ਰਿੰਧ ਕੋ ਪੁੱਤ੍ਰ ਮਹਾਨ। 'ਪਿਤ ਸਮਾਨ ਸਦ ਗਜਾਨ ਪ੍ਰਮਾਨ। ਗੁਰ ਘਰ ਕਾਰਜ ਮੈਂ ਜੁ ਪ੍ਰਬੀਨ। ੩੮। ਭ੍ਰੂਤ ਭਵਿੱਖਜਤ ਜਾਨੈ ਸਾਰੇ। ਚਲੋਂ ਤਾਹਿ ਪਗ ਬੰਦਨ ਧਾਰੋਂ। ਇਹ ਬ੍ਰਿਤਾਂਤ ਪ੍ਰਛੋਂ ਤਿਹ ਪਾਸ। ਸੋ ਪੂਰਹਿਗੋ ਮੇਰੀ ਆਸ' । ੩੯। ਆਜੇ ਅਧਿਕ ਭਾਉ ਮਨ ਮਾਂਹੀ। ਗੁਰ ਜਸ ਹਿਤ [2]ਸ਼ੁਭ ਗਿਰਾ ਸੁ ਪ੍ਰਾਹੀ[2]। 'ਹੇ ਮਹਾਨ ਬੈ[3] ! ਦੀਰਘ ਦਰਸ਼ਨ[4] ! ਕਮਲ ਬਿਲੋਚਨ ਬਦਨ ਸਹਰਸ਼ਨ[5] ।੪੦। ਕਬਿੱਤ। ਅਹੋ ਤਾਤ ਬ੍ਰਿੰਧ ਕੇ ਸੁਬ੍ਰਿੰਧ ਗਜਾਨ-ਵਾਨ ਪ੍ਰਭੂ! ਸਦਾ ਬ੍ਰਿਤਿ ਇਕਰਸ ਜਾਨ ਨਹਿੰ ਪਾਵਈ। ਅੱਗ੍ਰਣੀਵ[6] ਗੁਤ ਘਰ, [7]ਬ੍ਰਿੰਧ ਅੰਸ ਤਨ ਭਵ[7], ਸੱਤਿ ਚਿਤਾਨੰਦ ਸੁਖ ਸਦਾਚਿਤ ਭਾਵਈ।ਭ੍ਰੂਤ ਬ੍ਰਤਮਾਨ ਔਭਵਿਖਜਤਕੇਗਜਾਤਾ ਸ਼ੁਭਬਿਰਦ ਨਿਵਾਜ ਦਾਸ ਬੇਦ ਜਸ ਗਾਵਈ। ਬੇਨਤੀ ਸੁ ਦਾਸ ਕੀ ਸੁ ਪੂਰ ਆਸ ਦਾਸ ਕੀ ਜੁ ਅਟਲ[8] ਪ੍ਰਕਾਸ਼ ਕੀ ਸੁ ਕਥਾ ਕੈ ਸੁਨਾਵਈ। ੪੧। ਦੋਹਰਾ। ਸਭ ਲਾਯਕ ਗੁਰੁ ਘਰ ਬਿਖੈ ਸੁਹ੍ਰਿਦ ਸੁਸ਼ੀਲ ਸੁਭਾਉ। ਸ਼ਰਨ ਜਾਨ ਆਸਾ ਪੁਰਹੁ ਹੇ ਗਜਾਨਨ ਕੇ ਰਾਉ। ੪੨। ਚੌਪਈ। ਕਾਬਲ ਦੂਰ ਦੇਸ਼ ਤੇ ਆਜੇ। ਤਨ ਭਵ ਗੇਹ ਅਰੋੜਨ ਪਾਜੇ। ਪਿਤਾ ਪਿਤਾਮਾ ਤੇ ਮੈਂ ਸਿੱਖ। ਆਜੇ ਧਾਰ ਦਰਸ ਗੁਰ ਇੱਖ[9]।੪੩ ਸੰਗਤਸੰਗ ਭਾਉ ਧਰਿ ਆਵਾ।ਆਨਿ ਗੁਰੂ ਕੇ ਪਦ ਲਪਟਾਵਾ। ਮਨੋ ਕਾਮਨਾ ਪੂਰਨ ਭਈ। ਤ੍ਰਿਧਾ ਤਾਪ[1] ਕੀ ਤਪਨਾ ਗਈ।੪੪।ਪੁਨ ਸ੍ਰੀ ਹਰਿਮੰਦਰ ਦਿਸ ਜੋ ਦਰਸ਼ਨ ਕਰਤ ਕ੍ਰਿਤਾਰਥ ਭਜੇ। ਪੁਨ ਸਰ ਕੌਲ ਕੀਨ ਇਸ਼ਨਾਨ। ਹੇਤ ਪ੍ਰਦੱਛਣ ਗਜੇ ਮਹਾਨ ।੪੫। ਦੱਖਨ ਦਿਸ ਪਹੁੰਚਜੋ ਜਬ ਜਾਈ । ਬਹੁ ਅਚਰਜ ਗਤਿ ਤਹਿੰ ਲਖਿ ਪਾਈ । ਇਕ ਸਮਾਧਿ ਮ੍ਰਿਤਕਾ ਕੀ ਬਨੀ। ਚਲਦਲ ਬਟ ਛਾਯਾ ਜਹਿੰ ਘਨੀ। ੪੬। ਚਿਤ ਆਕਰਖ[2] ਕੀਨ ਅਤਿ ਮੋਜਾ। ਬਿਵਸ ਖੈਂਚ ਇਵ ਚੰਦ ਚਕੋਰਾ। ਨਹਿ ਜਾਨੋਂ ਕਿਸ ਕੋ ਅਸਥਾਨ। ਅਹੋ ਨਾਥ! ਮੈਂ ਸਕੋਂ ਨ ਜਾਨ।੪੭। ਜਾਂਤੇ ਜਾਨ ਪਰੈ ਸਭ ਸ੍ਵਾਮੀ। ਕਹੋ ਸਕਲ [3]ਸਿੱਖਜਨ ਅਨੁਗਾਮੀ[3]। ਕੌਨ ਪੁਰਖ ਤੇਜੁਸੀ ਭਾਰੇ। ਅਸ ਬਨ ਮੈਂ ਅਸਥਾਨ ਸੁਧਾਰੇ।੪੮। ਚਿਤ ਖੈਂਚਤ ਮਮ ਰਹਨ ਨ ਦੇਤ। ਜਿਮ ਚੁੰਬਕ ਸੋਂ ਲੌਹੇ ਹੇਤ। ਤੇਜ ਬਿਸਾਲ ਥਾਨ ਇਸ ਮਾਂਹੀ। ਭਨਹੁ ਮੋਹ ਪ੍ਰਤਿ ਅਤਿ ਚਿਤ ਚਾਹੀ' । ੪੯। ਦੋਹਰਾ। ਧੰਨੇ ਕੇ ਅਸ ਬਚਨ ਸੁਨ ਭਾਨਾ ਭਜੋ ਪ੍ਰਸੰਨ। ਚਿਤਵ ਭਵਿੱਖਜਤ ਚਿੱਤ ਮੈਂ ਬੋਲੇ:—ਧੰਨਾ ਧੰਨ। ੫੦। ਚੌਪਈ। ਪਰ ਸ੍ਵਾਰਥ ਕਾਰਣ ਤੁੰ ਭਾਖਾ। ਪਠਤ ਸੁਨਤ ਕੀ ਪੁਰਵਹਿ ਕਾਂਖਾ[4]। ਸੁਨ ਭਾਈ! ਭੋ,ਸਕਲ ਬ੍ਰਿਤਾਂਤ।[5]ਪਠਤ ਸੁਨਤ ਸਦਗਤਿ ਅਵਦਾਂਤ[5]। ੫੧। ਸੰਕਰ ਛੰਦ। ਚਿਰਕਾਲ ਭਾ ਇਸ ਬਾਤ ਕੋ ਸ੍ਰੀ ਗੁਰੂ ਜੋਤਿ ਸ੍ਵਰੂਪਾਨੈ ਖੰਡ ਪ੍ਰਿਥਵੀ ਜੋ ਫਿਰੇ ਸੁਠ [6]ਭਗਤਿ ਪਥ ਕੇ ਭੂਪ[6]। ਸੰਮਤ ਜੁ ਸੱਤਰ ਲਗ ਸਹੀ ਕਿਯੇ ਭਗਤਿ ਪਥ ਕੋ ਰਾਜ। ਵਹਿ ਤਜਾਗ

---

[1]ਹੱਥ ਤੇ ਧਰੇ ਆਂਵਲੇ ਸਮਾਨ ਜਾਣਦਾ ਹੈ। [2]ਸ਼ੁਭ ਬਾਣੀ ਕਹੀ, ਭਾਵ ਬੋਲਿਆ। [3]ਹੇ ਵੱਡੀ ਆਯੂ ਵਾਲੇ। [4]ਤੇ ਮਹਾਨ ਦਰਸ਼ਨਾਂ ਵਾਲੇ। [5]ਖਿੜੇ ਮੁੱਖਵਾਲੇ। [6]ਆਗੂ। [7]ਬਾਬਾ ਬੁੱਢਾ ਜੀਦੀ ਅੰਸਵਿਚ ਆਪਦਾ ਸਰੀਰ ਜਨਮਿਆ ਹੈ।[8]ਅਖੰਡ। [9]ਇੱਛਾ।

[1]ਆਧਿ, ਬਿਆਧਿ, ਉਪਾਧਿ। [2]ਖਿੱਚਿਆ। [3]ਸਿਖਾਂ ਦੇ ਵਾਸਤੇ (ਅ) ਸਿਖਾਂ ਦੇ ਅਨੁਸਾਰੀ। [4]ਪੜ੍ਹਦਿਆਂ ਸੁਣਦਿਆਂ ਦੀ ਇੱਛਾ ਪੂਰੀ ਹੋਵੇਗੀ। [5]ਪੜ੍ਹਦੇ ਸੁਣਦੇ ਪ੍ਰਤੱਖ ਸਦਗਤੀ ਨੂੰ ਪ੍ਰਾਪਤ ਹੋਣਗੇ। [6]ਭਗਤੀ ਮਾਰਗ ਦੇ ਰਾਜਾ।

Digitized by Panjab Digital Library | www.panjabdigilib.org

ਜੀ ਭਏਪਰਮ ਵਿਰਕਤਵਾਨ ਜਗ ਥਿਏਪਰ।
ਬਜਾਹ ਹੇਤ ਸ੍ਰੀ ਗੁਰੁ ਬਹੁ ਕਹਾ । ਨਹਿੰ
ਸੰਸਾਰ ਸੁਖ ਕਛੁ ਚਿਤ ਚਹਾ । ਤ੍ਰਿਤੀਏ
ਸੂਰਜ ਮੱਲ ਪਛਾਨੋ । ਸੋਂਢਿ ਬੰਸ ਕੋ ਮੂਲ ਸੁ
ਜਾਨੋ।ਪਏ।ਚਤੁਰਥ ਅਟਲ ਰਾਇ ਨਿਰਧਾਰ[1]।
ਜਾਂਕੋ ਕਰੋਂ ਪ੍ਰਸੰਗ ਉਚਾਰ। ਪੰਚਮ ਸ੍ਰੀ ਗੁਰੁ
ਤੇਗ ਬਹਾਦਰ । ਜੌ ਸਿਮਰੇ ਤੇ ਸਭ ਥਲ
ਹਾਦਰ।੬੦। ਜਿਹ ਤੇ ਪੁਰਖ ਤੇਜਸੀ
ਭਾਰੇ। ਹੈ ਹੈ ਜਗ ਮਹਿੰ ਬਿਦਤ ਉਦਾਰੇ।
ਸ੍ਰੀ ਨਾਨਕ ਕੋ ਜਸ ਬਿਸਤਾਰੈ । ਚੁਨ
ਚੁਨ ਸ਼ੱਤ੍ਰੂ ਦੁਸ਼ਟ ਗਨ ਮਾਰੈ। ੬੧ । ਏਕ
ਏਕ ਕੀ ਕਥਾ ਮਹਾਨ। ਜੌ ਹੌਂ ਕਥਨ ਕਰੌਂ
ਇਸਥਾਨ। ਬਢੈ ਗ੍ਰੰਥ ਨਹਿੰ ਪਾਰਾਵਾਰ।
ਗੁਰੁ ਜਸੁ ਸਿੰਧ ਸੁ ਨਿਰਮਲ ਚਾਰੁ[2]। ੬੨।
ਤਾਂਤੇ ਅਟਲਰਾਇ ਕੀ ਗਾਥਾ। ਭਨੋਂ ਧਾਰ ਧਰ
ਪਰ ਨਿਜ ਮਾਥਾ। ਸੁਨੋ ਬਿਸਦ[3] ਜਸ ਸਭ
ਸੁਖਦਾਤਾ।ਜਨਮ ਪ੍ਰਸੰਗਅਨੰਦਰਸਰਾਤਾ।੬੩।
ਦੋਹਰਾ। ਖਟ ਮੁਨਿ ਖਟ ਪੁਨ ਗਗਨ[4] ਭਨਿ
ਕਾਤਿਕ ਪੂਨਜੋ ਜਾਨ । ਸਸਿਜਵਾਰ[5] ਬਾਈਸ
ਜਿਤਿ, ਮੁਖ ਪਦ ਕ੍ਰਿਤਕਾ ਮਾਨ।੬੪।ਚੌਪਈ।
ਤੀਨ ਮਹੂਰਤ ਰਾਤ ਰਹੀ ਜਬ। ਅਟਲ ਰਾਇ
ਅਵਤਾਰ ਲੀਓ ਤਬ । ਸੁਨ ਸ਼ੁਤਿ ਸਿਸ
ਰੋਦਨ ਜਬ ਕੀਨਾ। ਮਾਤ ਗੰਗ ਸੁਤੋ ਜਨਮਜੋ
ਚੀਨਾ ।੬੫।ਮਰਵਾਹੀ ਆਦਿਕ ਸਭ ਆਈ।
[6]ਧਾਇਨ ਸੇਬਜਮਾਨ[6] ਤਿਯ ਪਾਈ। ਪਿਖ
ਸੁਤ ਸਭ ਆਸੀਸ ਅਲਾਵੈਂ। ਮੁਦ[7] ਮੰਗਲ
ਮਯ ਗੀਤ ਸੁ ਗਾਵੈਂ । ੬੬ ।
ਕੀਨ ਨਿਛਾਵਰ[8] ਦਰਬ ਉਦਾਰਾ । ਮੰਗਲ

---

[1]ਨਿਰਨੇ ਕਰ ਲਓ। [2]ਸੁੰਦਰ। [3]ਉੱਜਲ।
[4]ਭਾਵ ੧੬੭੬ ਬਿ: । [5]ਬੁਧਵਾਰ। [6]ਦਾਈਆਂ
ਦੇ ਸੇਵਾ ਕਰਨ ਦੇ ਯੋਗ। [7]ਖੁਸ਼ੀ ਵਿਚ, ਅਨੰਦ
ਵਿਚ। [8]ਵਾਰਨਾ।

ਜਾਮਾ ਅਵਰ ਪਹਰਜੋ ਨਾਮ ਅੰਗਦ ਸਾਜਾ।੫੨।
ਪੁਨ ਬੈਠ ਦ੍ਵਾਦਸ਼ ਬਰਖ ਲਗ ਕਿਯੋ ਨਾਮ
ਦਾਨ ਅਪਾਰ। ਦੇਸ਼ ਔਰ ਬਿਦੇਸ਼ ਕੇ ਨਰ
ਕਰਤ ਆਨ ਜੁਹਾਰ[1] । ਸੋ ਤਜਾਗ ਪਟ ਪੁਨ
ਔਰ ਕਿਯ ਧਰ ਅਮਰ ਦਾਸ ਸੁ ਨਾਮ।'ਦਾਨੀ
ਨਹੀਂ ਸਮ ਤਾਂਹਿ ਕੇ' ਇਮ ਭਨਤ ਲੋਗ
ਤਮਾਮ। ੫੩। ਸੰਮਤ ਜੁ ਬਾਈ ਲਗ ਸਹੀ
ਕਿਯ ਨਾਮ ਦਾਨ ਅਪਾਰ । ਨਾਮ ਪੋਸ਼ਸ਼[2]
ਨਈ ਕੋ ਧਰ ਰਾਮਦਾਸ ਮੁਰਾਰਿ। ਤਿਨ ਸਰ
ਕੀਯੋ ਬਨਵਾਵਨੋ ਸਰ ਨਾਮ ਅੰਮ੍ਰਿਤ ਠਾਨ।
ਖਟ ਬਰਖ ਲਗ ਤਿਨ ਰਾਜ ਕਿਯ ਪਥ ਭਗਤਿ
ਕੇਰੋ ਜਾਨ ।੫੪। ਸ੍ਰੀ ਅਰਜਨੰ ਜਨ ਅਰਜਨੰ[3]
ਨਿਤ ਸੁਨਤ ਹਰਤ ਕਲੇਸ਼। ਰੂਪ ਰਾਸ ਉਦਾਰ
ਮੂਰਤਿ ਕ੍ਰੋਧ ਕੀ ਨਹਿੰ ਲੇਸ਼ । ਤਿਨ ਗ੍ਰੰਥ
ਸਾਹਿਬ ਰੁਚਿਰ[4] ਕੋ ਪਰਕਾਸ਼ ਕੀਨ ਮਹਾਨ।
ਵਹਿ ਤਜਾਗ ਪਟ ਪੁਨ ਔਰ ਧਾਰਜੋ ਰੀਤ
ਅਦਭੁਤ ਠਾਨ। ੫੫। ਕਬਿੱਤ। ਮੀਰਨ ਤੇ
ਮੀਰੀ ਲੀਨ, ਪੀਰਨ ਤੇ ਪੀਰੀ ਛੀਨ, ਦੇਗ
ਤੇਗ ਜਾਂਕੀ ਜਗ ਮਾਂਹਿ ਬਿਦਤਈ ਹੈ। ਸੂਰਨ
ਕੋ ਸੂਰਾ ਪੁਨ ਸਿੱਖਜਨ ਕੋ ਗੁਰੂ ਪੂਰਾ ਬਾਟ
ਕੋ ਸਹਾਈ ਜਗ ਪ੍ਰਭਾ ਸੁਭ ਛਈ ਹੈ। ਘੋੜ
ਔ ਚੰਦ੍ਰ ਆਦਿ ਦੁਸ਼ਟਨ ਕੋ ਦੰਡ ਦੀਨ,ਦੀਨਨ
ਸਹੱਜਾ ਵਤ ਮੱਜਾ[5] ਜਿਨ ਕਈ ਹੈ। ਸ੍ਰੀ
ਹਰਿ ਗੁਬਿੰਦ ਚੰਦ ਕੁਮਦਨੀ ਸਿੱਖ ਸਭ ਪੰਚ
ਸੁਤ ਭਏ ਅਬ ਨਾਮ ਬਰਨਈ ਹੈ।੫੬।ਚੌਪਈ।
ਪ੍ਰਿਥਮੇ ਬੀਬੀ ਵੀਰੋ ਕੰਨਜਾ। ਸਾਧੂ ਸੰਗ
ਬਜਾਹੀ ਸ਼ੁਭ ਧੰਨਜਾ। ਪੁਨ ਸ੍ਰੀ ਗੁਰਦਿੱਤਾ
ਸੁਤ ਭਏ। ਬਾਬਾ ਸੰਗਜਾ ਸ੍ਰੀ ਚੰਦ ਦਏ।੫੭।
ਪਰਮ ਮਨੋਗਜ[6] ਰਹੇ ਗੁਰ ਕੇਰੇ । ਲਾਯਕ
ਨਾਯਕ ਗੁਰੁਤਾ ਹੇਰੇ। ਦੁਤੀਏ ਅਣੀਰਾਇ

---

[1]ਬੰਦਨਾ, ਨਮਸਕਾਰ। [2]ਪੁਸ਼ਾਕ । [3]ਉੱਜਲ।
[4]ਸੁੰਦਰ। [5]ਮਾਤਾ ਵਤ। ਸੁੰਦਰ।

Digitized by Panjab Digital Library | www.panjabdigilib.org

ਗੀਤ ਗਾਇ ਸਭ ਦਾਰਾ[1] । ਪ੍ਰਾਤ[2] ਹੋਤ ਲੈ ਇਹ ਬਿਧਿ ਰਹਜੋ । ਜਬ ਦਿਨਕਰ[3] ਦਿਨ ਕਰਤ ਸੁ ਭਯੋ। ੬੭। ਸ੍ਰੀ ਗੁਰ ਅੰਤਰਜਾਮੀ ਜਾਨ। ਪੁਨ ਦਾਸਨ ਹੁੰ ਕੀਨ ਬਖਾਨ । ਬੁੱਢੇ ਆਦਿਕ ਮੁੱਖ ਮਸੰਦ। ਬੰਦਤ ਭੇ ਸ੍ਰੀ ਹਰਿ ਗੋਬਿੰਦ ।੬੮। ਸੰਗ ਲੇਇ ਆਏ ਗ੍ਰਿਹ ਮਾਂਹੀ। ਦਰਸਤ ਸੁਤ ਕੋ ਅਤਿ ਮੁਦ ਭਾਂਹੀ ਕ੍ਰਾਂਤਿ[3] ਤੇਜ ਤਪ ਮਹਦ ਮਹਾਨ। ਅੰਸ ਸ਼ਕਤਿਯੁਤ[4] ਅਤਿ ਦੁਤਿਵਾਨ । ੬੯। ਦਸਮ ਦ੍ਵਾਰ ਥਿਰ ਕੀਨਸ ਪ੍ਰਾਨਾ। ਲਾਗ ਸਮਾਧਿ ਅਗਾਧਿ ਮਹਾਨਾ। ਇਮ ਪਿਖ ਸ੍ਰੀ ਗੁਰ ਹਰਗੋਬਿੰਦ। ਭਨੇ ਬਚਨ ਭਾਈ ਸੰਗ ਬ੍ਰਿੰਦ[6]। ੭੦। "[7]ਲਘੁ ਬਯ ਮੈਂ[7] ਇਮ ਧਾਰਤ ਧਜਾਨ। ਬ੍ਰਿਧ ਹੋਇ ਕਿਮ ਹੋਇ ਅਜਾਨ। ਅਟਲ ਸਮਾਧ ਬ੍ਰਿੱਤਿ ਏਕਾਗਰ।ਬ੍ਰਹਮਾਨੰਦ ਬਿਖਯ ਮੈ ਨਾਗਰ[8] । ੭੧। ਹੇ ਭਾਈ ! ਅਬ ਨਾਮ ਰਖੀਜੈ। ਸੁਨ ਕਰਿ ਸਭ ਕੋ ਚਿੱਤ ਪ੍ਰਸੀਜੈ[9]' । ਤਬ ਭਾਈ ਬੋਲਜੋ ਕਰ ਜੋਰ। 'ਸਭ ਕੋ ਆਬ੍ਰਿਤ[10] ਮਾਇਆ ਤੋਰ।੭੨। ਰਿਖੀ ਤਪੀਸ਼ੁਰ ਮੁਨੀ ਜੁ ਭਾਰੇ। ਤਵ ਮਾਯਾ ਵਸ ਸਭਿ ਨਰ ਨਾਰੇ। ਜਿਮ ਚਾਹਹੁ ਤਿਮ ਕਰਹੁ ਗੁਸਾਂਈਂ। ਤੁਮਰੀ ਮਹਿਮਾ ਲਖੀ ਨ ਜਾਈ। ੭੩। ਸਗਲ ਸ੍ਰਿਸ਼ਟਿ ਕੇ ਰਾਖਹੁ ਨਾਮ। ਹੇ ਸਤ ਚਿਤ ਆਨੰਦ ਪਰਧਾਮ। ਆਪ ਅਛਤ[11] ਕਿਮ ਰਾਖ ਸਕੋਂ ਮੈਂ। ਤਉ ਆਪ ਕੋ ਹੁਕਮ ਗਨੋ ਮੈਂ ।੭੪। ਦਾਸ ਜਾਨ ਕੋ ਦੇਤ ਬਡਾਈ। ਤਵ ਮਹਿਮਾ ਤੁਮ ਹੀ ਬਨਿਆਈ। ਹੁਕਮੁ ਆਪ ਕੋ ਫੇਰ ਨ ਸਾਕੋਂ। ਤਾਂਤੇ ਨਾਮ ਅਟਲ ਇਸ ਰਾਖੋਂ' । ੭੫। ਅਟਲ ਸਮਾਧਿ ਦੇਖਿ ਕੈ ਯਾਂਕੀ । ਅਟਲ ਰਾਇ ਸੰਗਜਾ[1] ਸੁਭ ਭਾਖੀ।ਟਲੀ ਨ ਟਾਲਹ ਜਾਹਿ ਸਮਾਧਿ । ਤਿਨ ਕੋ ਭੂਪ ਸੁ ਰਾਇ ਅਗਾਧਿ । ੭੬। ਤਾਂਤੇ ਅਟਲਰਾਇ ਸ਼ੁਭ ਨਾਮ। ਭਾਈ ਬੁੱਢੇ ਰਖਜੋ ਭਿਰਾਮ[2] । ਮਾਤ ਨਾਨਕੀ ਸੰਤ ਸ੍ਵਰੂਪ। ਨਿਰਖਤ[3] ਸੁਤ ਕੋ ਅਤਹਿ ਅਨੂਪ।੭੭। ਤਾਂਤੇ ਬਾਵਾ ਸੰਗਜਾ ਰਾਖੀ । ਬਾਵਾ ਨਾਮ ਬਾਰ ਬਹੁ ਭਾਖੀ। ਬਾਵਾ ਅਟਲ ਰਾਇ ਇਤ ਕਹੈ । ਅਧਿਕ ਪ੍ਰੇਮ ਜਬ ਮਨ ਮੈ ਲਹੈ। ੭੮ । ਬਾਵਾ ਕੋ ਬਾਬਾ ਇਤ ਲੋਕ।ਭਨੈਲੋਗ [4]ਬਾਹਰ ਅਰ[4]ਓਕ[4]। ਤਬ ਤੇ ਬਾਬਾ ਭਯੋ ਪ੍ਰਸਿੱਧ।ਦੇਤ ਸਭਨ ਕੋ [5]ਰਿੱਧਿ ਸਮ੍ਰਿੱਧ[5]। ੭੯। ਸ੍ਰੀ ਗੁਰ ਅਧਿਕ ਨਿਛਾਵਰ ਕੀਨਾ । ਦ੍ਵਿਜ ਅਰ ਰੰਕਨ ਕੋ ਧਨ ਦੀਨਾ। ਸ਼ਦਿਆਨੇ[6] ਦ੍ਵਾਰੇ ਪਰ ਬਾਜੇਂ । ਘਰ ਘਰ ਮੈ ਉਤਸਵ ਸਭ ਸਾਜੈਂ । ੮੦। ਭਾਟ ਕਲਾਵਤ ਡੂਮਮਿਰਾਸੀ।ਭੰਡ ਭਗਤੀਏ ਨਕਲਹਿੰ ਹਾਸੀ। ਬਹੁਰੂਪੀਏ ਬਹੁ ਸ੍ਵਾਂਗ ਉਤਾਰੈਂ।ਹਾਸਬਿਲਾਸ ਅਧਿਕ ਬਿਸਤਾਰੈਂ । ੮੧। ਨਯਲ ਅਜਾ-ਇਬ ਆਨ ਦਿਖਾਵੈਂ। ਤਾਨ ਕਲਾ ਪੁਨ ਗਾਇ ਰਿਝਾਵੈਂ । ਦਰਬ ਅਤੋਟ ਖ਼ਜ਼ਾਨਾ ਗੁਰ ਕਾ। ਸੋ ਪਾਵਹਿ ਲਿਖਿਆ ਜੋ ਧੁਰਕਾ।੮੨। 'ਚਿਰ ਜੀਵਹੁ ਸੁਤ' ਦੇਹਿੰ ਅਸੀਸਾ। ਪਾਇ ਦਰਬ ਗਮਨਹਿੰ ਬਾਗੀਸਾ[7] । ਅਮਲ[8] ਸੁਜਸੁ ਸ੍ਰੀ ਗੁਰ ਬਿਸਤਾਰੈਂ[9]ਪੁਰ ਪੁਰ ਘਰ ਘਰ ਜਹਾਂ ਪਧਾਰੈਂ।੮੩। ਜੋ ਮੰਗਤ ਆਯੋ ਗੁਰਦ੍ਵਾਰੇ । ਮਨੋ

---

[1]ਸਭ ਇਸਤਰੀਆਂ । [2]ਸਵੇਰ। [3]ਸੂਰਜ । [4]ਸੁੰਦਰਤਾ। [5]ਸ਼ਕਤੀ ਵਾਲੀ ਅੰਸ ਸਨ । (ਅ)ਮੋਢੇ ਸ਼ਕਤੀਵਾਨ। [6]ਭਾਵ ਭਾਈਬੁੱਢਾ ਜੀ ਨੂੰ ਬਹੁਤ ਬਚਨ ਕਹੇ। [7]ਛੋਟੀ ਆਯੂ ਵਿਚ [8]ਚਤੁਰ। [9]ਪ੍ਰਸੰਨ ਹੋ ਜਾਵੇ। [10]ਘੇਰਿਆ ਹੈ।। [11]ਆਪ ਦੇ ਹੁੰਦਿਆਂ।

[1]ਨਾਮ। [2]ਸੁਹਣਾ। [3]ਦੇਖਦੀ ਹੈ। [4]ਬਾਹਰ ਅਤੇ ਘਰ ਵਿਚ ਜੋ ਧੀਆਂ ਤੇ ਔਸ਼ੁਰ ਜ।ਖੁਸ਼ੀ ਦੇਵਾਜੋ। [7]ਭੱਟ । [8]ਨਿਰਮਲ ।, [9]ਫੈਲਾ ਰਹੇ ਹਨ।

Digitized by Panjab Digital Library | www.panjabdigilib.org

ਕਾਮਨਾ ਪਾਇ ਪਧਾਰੇ। ਮੰਗਲ ਸਮੈ ਜੁ ਮੰਗਲ ਮਹਾਂ। ਹੋਤ ਭਯੋ ਪੁਰ ਮਹੁ ਜਹਿੰ ਕਹਾਂ। ੮੪। ਖਸ਼ਟ ਦਿਵਸ ਬੀਤੇ ਇਹ ਭਾਂਤੀ। ਭੀ ਪ੍ਰਾਪਤਿ [1]ਸੱਠੀ ਕੀ ਰਾਤੀ[1]। ਮੰਗਲ ਕੀਨਹੁ ਅਨਿਕ ਪ੍ਰਕਾਰਾ। ਕੀਨ ਨਿਛਾਵਰ ਬਿੱਤ ਉਦਾਰਾ। ੮੫। ਅਤਿ ਪ੍ਰਸੰਨ ਮੁਖ ਸੁਤ ਮੁਖ ਦੇਖੈ। ਅਪਨ ਭਾਗ ਮਾਤਾ ਅਵਿ-ਰੇਖੈ[2]। ਅਧਿਕ ਪ੍ਰਸੰਸਤ ਚਿੱਤ ਉਮਾਹਤ। ਬਾਰ ਬਾਰ ਦਰਸ਼ਨ ਸੁਤ ਚਾਹਤ। ੮੬। ਲਾਲਤ[3] ਪਾਲਤ ਅਨਿਕ ਪ੍ਰਕਾਰਾ। ਕਰਤ ਦੁਲਾਰ[4] ਅਧਿਕ ਮੁਦ ਧਾਰਾ। [5]ਕੰਕਨ ਕੰਚਨ ਬੱਜ੍ਰ ਜਰਾਊ[5]। ਝੀਨ[6] ਝਗਲੀਆ ਅਤਿ ਮ੍ਰਿਦੁ ਭਾਊ। ੮੭। ਪਹਿਰਾਵਤ [7]ਮੁਦਤਾ ਮੈ ਸਾਨੀ[7]। ਮਾਤ ਨਾਨਕੀ ਪ੍ਰੀਤਿ ਮਹਾਨੀ। [8]ਸਸਿ ਸਮਾਨ ਸੁਕਲਾ ਪਖ ਸੁੰਦਰ[8]। ਬਰਧ-ਮਾਨ ਤਨ ਸ੍ਰੀ ਗੁਨ ਮੰਦਰ। ੮੮। ਕਹਿ ਲਲਨਾ[9] ਪਲਨਾ[10] ਪੌਢਾ ਵੈ।ਕਬਹੁ ਉਛੰਗ[11] ਅੰਕ ਬਿਠਰਾਵੈ। ਕਬਹੁ ਰੂਪ ਸਿਮਰੈ ਸਿਸ ਕੇਰੋ। ਕਬਹੁ ਬਾਲ ਕ੍ਰੀੜਾ ਚਿਤ ਪੇਰੋ। ੮੯। ਆਸਤਰਨ[12]ਪਰ ਕਬਪੌਢਾਵੈ।ਕਬਹੁ ਸਵਤ[13] ਕੇ ਹਾਥ ਗਹਾਵੈ। ਕਬਹੁ ਗੋਦ ਸ੍ਰੀ ਗੰਗਾ[14] ਮਾਂਹੀ। ਖੇਲਤ ਅਧਿਕ ਚੈਪ[15] ਉਪਜਾਹੀ। ੯੦। ਇਸ ਪ੍ਰਕਾਰ ਬੀਤੇ ਕਛੁ ਮਾਸ। ਸਭ ਕੇ ਮਨ ਨਿਤ ਬਧਤ ਹੁਲਾਸ। ਆਗਲ ਦਸਨ[1] ਏਕ ਦੁਇ ਜ਼ਾਹਰ। ਨਿਕਸ ਉਛੰਗਹਿ ਖੇਲਹਿੰ ਬਾਹਰ। ੯੧। ਕਰ ਮੁੰਦਰੀ ਆਭੂਖਨ[2] ਗ੍ਰੀਵਾ। ਨੂਪਰ[3] ਕਿੰਕਨਿ[4] ਰੁਨ-ਝੁਨ ਬੀਵਾ। [5]ਕਟਿ ਪ੍ਰਦੇਸ ਮੇਖਲਾ[5] ਰੁਨਕਤ। [6]ਰਿੰਛਮਾਣ ਨਿਜ ਅਜਰਹਿ ਧੁਨਕਤ[6]। ੯੨। ਕਛੁਕ ਕਛੁਕ ਤੁਤਰਾਰੀ ਬਾਤ। ਭਨਤ ਮੁਦਤ ਪਰਵਾਰ ਸੁਹਾਤ। ਸੁਤ ਕਲਜਾਨ[7] ਜਾਚਤੀ ਰਹੈ। ਗੁਰਨ ਮਨਾਇ ਮਾਤ ਇਹ ਕਹੈ। ੯੩। 'ਰੱਛਹੁ ਸ੍ਰੀ ਗੁਰ ਮਮ ਸੁਤ ਦੇਹੁ।ਹਰਹੁ ਨਿਤਾਪ੍ਰਤਿ ਬਿਘਨ ਅਛੇਹੁ[8]'। ਇਸ ਪ੍ਰਕਾਰ ਕਛੁ ਸਮਾਂ ਬਿਤਾਇ। ਪ੍ਰਗਟੇ ਤੇਗ ਬਹਾਦਰ ਰਾਇ। ੯੪। ਰਾਗ ਦ੍ਵੈਖ ਨਹਿੰ ਮੋਹ ਨ ਮਾਯਾ। ਰਸ ਬ੍ਰਹਮਾਨੰਦ ਜਿਨ ਮਨ ਭਾਯਾ। ਬਿਦਤ ਪ੍ਰਤਾਪ ਸਕਲ ਜਗ ਜਾਨੈ। ਸ੍ਰੀ ਗੁਰ ਨੰਦਨ ਪੰਚ ਬਖਾਨੈਂ। ੯੫। [9]ਸ੍ਰੀ ਗੁਰੁ ਅਜਰ ਬਿਹਾਰੈਂ ਬਾਲਕ। ਜੋ ਗੁਰੁ ਮੀਰੀ ਪੀਰੀ ਮਾਲਕ[9]। ਕਰੈਂ ਚਰਿੱਤ੍ਰ ਅਨੇਕ ਪ੍ਰਕਾਰਾ। ਪਿਖ ਪਿਖ ਮਾਤਾ ਅਤਿ ਮੁਦ ਧਾਰਾ। ੯੬। ਕਬਹੁ ਵਹਿਰ ਕ੍ਰੀੜਹਿੰ[10] ਮਿਲ ਸਾਰੇ।ਇਕਠੇ ਬੈਠ ਕਬਹੁ ਮੁਦ ਧਾਰੇ। ਸਮਤਾ[11] ਸਦ ਸੁਭਾਵ ਨਿਜ ਮਾਂਹੀ। ਕਬਹੁ ਬਿਖਮਤਾ ਗਿਰਾ ਨ ਪ੍ਰਾਹੀ। ੯੭। ਕਬਹੁ ਦਿਵਾਨ ਸੁ ਤਖਤ ਅਕਾਲ। ਰਾਜੈਂ ਪਿਤ ਸਮੀਪ ਕ੍ਰਮ ਨਾਲ। ਬਸਤ੍ਰ ਬਿਭੂਖਨ ਅਤਿ ਦੁਤਿ ਕਾਰੇ। ਸਜੇ ਸਜਾਏ ਸਭਹਨ ਧਾਰੇ। ੯੮। ਸ੍ਰੀ

---

[1]ਛਟੀ ਦੀ ਰਾਤ। [2]ਦੇਖਦੀ ਹੈ, ਪਰਖਦੀ ਹੈ। [3]ਲਡਿਆਉਂਦੀ ਹੈ। [4]ਲਾਡ। [5]ਨਗਾਂ ਨਾਲ ਜੜਾਊ ਸੋਨੇ ਦੇ ਕੜੇ। [6]ਬ੍ਰੀਕ। [7]ਅਨੰਦਤਾ ਵਿਚ ਰਚੀ ਹੋਈ। [8]ਸ਼ੁਕਲਾਂ ਪੱਖ ਦੇ ਸੁੰਦਰ ਚੰਦ ਸਮਾਨ। [9]ਲਾਡ ਵਾਲੇ ਬਚਨ। [10]ਪੰਘੂੜੇ ਪਰ। [11]ਗੋਦ। [12]ਵਿਛਾਉਣਾ। [13]ਮੁਰਾਦ ਦੂਸਰੇ ਮਾਤਾ ਜੀ ਤੋਂ ਹੈ। [14]ਮਾਤਾ ਗੰਗਾ, ਛੇਵੇਂ ਪਾਤਸ਼ਾਹ ਜੀ ਦੇ ਮਾਤਾ ਜੀ। [15]ਚਾਉ।

[1]ਦੰਦ। [2]ਗਹਿਣਾ। [3]ਪਾਉਂਟਾ। [4]ਤੜਾਗੀ। [5]ਲੱਕ ਉਦਾਲੇ ਪਈ ਤੜਾਗੀ। [6]ਰਿੜਦੇ ਹਨ ਆਪਣੇ ਵਿਹੜੇ ਵਿਚ ਤਾਂ ਛਣਕਦੇ ਹਨ (ਗਹਿਣੇ)। [7]ਪੁਤ੍ਰ ਦੀ ਸੁਖ। [8]ਇਕ ਰਸ, ਭਾਵ ਸਦਾ। [9]ਵਿਚਰਦੇ ਹਨ ਬਾਲ ਗੁਰੂ ਜੀ ਦੇ ਵਿਹੜੇ ਵਿਚ ਉਸ ਗੁਰੂ ਦੇ ਜੋ ਮੀਰੀ ਪੀਰੀ ਦੇ ਮਾਲਕ ਹਨ। [10]ਖੇਡਦੇਹਨ। [11]ਸਰਲਤਾ।

Digitized by Panjab Digital Library | www.panjabdigilib.org

ਗੁਰ ਦਿੱਤਾ ਪਿਤਾ ਸਮੀਪ। ਬਸਤ੍ਰ ਸ਼ਸਤ੍ਰ ਯੁਤ ਮਹਦ ਪ੍ਰਦੀਪ[1]।ਦਾਸ ਸਿੱਖ ਗਨ ਆਨੰਦਧਾਰੈਂ। ਸਾਹਿਬਜ਼ਾਦੇ ਪੰਚ ਨਿਹਾਰੈਂ[2] ।੯੯। ਏਕ ਏਕ ਤੇ ਮਹਦ ਮਹਾਨਾ। ਤੇਜ ਪ੍ਰਤਾਪ ਨ ਜਾਇ ਬਖਾਨਾ।ਸਭ ਤੇ ਬਾਲਕ ਕ੍ਰੀੜਾ ਭਾਰੀ ।ਖੇਲਹਿੰ ਅਟਲ ਰਾਇ ਮੁਦ ਧਾਰੀ। ੧੦੦। ਪ੍ਰੇਮੀ ਸਿਖਜਨ ਆਸ ਪੁਰਾਵੈਂ। ਜੋ ਸਿਖ ਕਛੁ ਕਛੁ ਖੇਲ ਖਿਲਾਵੈਂ। ਸੁੰਦਰ ਰੰਗਦਾਰ ਜੁ ਖਿਲੌਨੇ। ਮ੍ਰਿਤਕਾਕਾਸ਼ਟ ਧਾਤ ਪ੍ਰਗੌਨੇ[3]।੧੦੧।ਅਰਪਹਿੰ ਪੁਨਹਿ ਦੁਲਾਰਹਿੰ [ਸਿੱਖ]। [4]ਬਾਤ ਕਹਾਵੈਂ ਹੁਇ ਜੁ ਭਾਵੱਖ[4] । ਸੁਤ ਬਿਤ ਲੌਕਾਦਿਕ ਜਗ ਈਹਾ[5]।[6]ਜਥਾ ਕਹਾਵੈਂ ਹੋਤ ਅਲੀਹਾ[6]।੧੦੨। ਇਕ ਸਿਖ ਨਿਜ ਗ੍ਰਿਹ ਮੈਂ ਲੈ ਗਯੋ। ਪਦ ਬੰਦਨ ਕਰ ਬਚ ਇਮ ਕਹਯੋ। ਕਛੁਕ ਮਧੁਰ ਵਥੁ ਭਾਉ ਸਮੇਤਾ.ਕਛੁਕ ਖੇਲ ਹਿਤ ਵਥੁ ਸ਼ੁਭ ਦੇਤਾ ।੧੦੩। ਕੀਨ ਬੇਨਤੀ ਪੁਨ ਇਹ ਭਾਂਤੀ। 'ਭਨਹੁ ਗਿਰਾ ਪ੍ਰਭ ਸੁਖ ਅਵਦਾਤੀ।ਜਾਂਤੇ ਮਮ ਗ੍ਰਿਹ ਰਿਧ ਅਰ ਸਿੱਧ । ਭਰੇ ਭੰਡਾਰ ਰਹੈਂ ਨਵਨਿੱਧ।੧੦੪ ।ਦਾਰਿਦ ਦੁੱਖ ਦੂਰ ਸਭ ਹੋਵੈਂ। ਹੇ ਪ੍ਰਭੁ ਤਵ ਕਰੁਣਾ ਤੇ ਜੋਵੈਂ' । ਸੁਤੇ ਸੁਭਾਵ ਬਚਨ ਇਮ ਭਾਖਾ । 'ਪ੍ਰੂਰਨ ਭੀ ਸਿੱਖਾ ਤੁਵ ਕਾਂਖਾ[7]।੧੦੫।ਸੁਤ ਮੁਹਿ ਦੇਹੁ ਖੇਲ ਲੈਲੀਨਾ। ਕੂਦਨ ਫਾਂਦਨ ਮੈਂ ਜੁ ਪ੍ਰਬੀਨਾ। ਖੇਲਹਿੰ ਵਹਰ ਜਾਇ ਹਮ ਦੋਊ'।ਸੁਨ ਸਿਖ ਸੰਗ ਕੀਨ ਸੁਤ ਸੋਊ।੧੦੬।ਇਸ ਪ੍ਰਕਾਰ ਖੇਲਹਿੰ ਜਗਨਾਥਾ। ਭਿਰਹਿੰ ਪਰਸਪਰ[1] ਗਹਿ ਭੁਜ ਹਾਥਾ। ਕਿਸਹਿ ਧਕੇਲਹਿੰ [2]ਧਰ ਧਰ ਮੇਲਹਿੰ[2]।ਅਨਿਕਪ੍ਰਕਾਰਨ ਖੇਲਨ ਖੇਲਹਿੰ। ੧੦੭ । ਧੂਸਰ[3] ਧੂਰ ਭਰੇ ਗ੍ਰਿਹ ਆਵੈਂ । ਪਿਖ ਮਾਤਾ ਮਨ ਮੁਦਤਾ ਪਾਵੈ। ਪੌਛਹਿ ਨਿਜ ਕਰ ਲੇਇ ਰੁਮਾਲ । ਮੁਦਤ ਦੁਲਾਰਤ ਕਹਿ 'ਮਮ ਲਾਲ'। ੧੦੮ । ਕਛੁਕ ਖੁਵਾਵੈ ਪੁਨ ਪੌਢਾਵੈ । ਕਛੁਕ ਕਹਾਨੀ ਬਾਤ ਸੁਨਾਵੈ । ਇਸ ਪ੍ਰਕਾਰ ਨਿਤ ਚਰਿਤ ਅਪਾਰ । ਕਰਹਿੰ ਅਨੰਤ ਅਨੇਕ ਪ੍ਰਕਾਰ। ੧੦੯। ਜਨਮ ਪ੍ਰਸੰਗ ਸੁ ਪ੍ਰਿਥਮ ਪ੍ਰਬੰਧ। ਕਵਿ ਨੁਹਾਰ ਪ੍ਰਭ ਦੀਨਨ ਬੰਧੁ। ਪੂਰਨ ਕੀਨ ਪ੍ਰਿਥਮ ਅਧਜਾਇ। ਸ੍ਰੀ ਗੁਰੁ ਚਰਨ ਕਮਲ ਮਨ ਲਾਇ । ੧੧੦ ।

ਦੋਹਰਾ।ਸਭ ਬਿਧ ਸੁਖਦ ਸਰੂਪ ਪ੍ਰਭੁ ਸੁੰਦਰ ਸੁਖਦਸੁਜਾਨ।ਅਟਲਰਾਇ ਜਗ ਅਟਲਭੇ ਦੀਨ ਜਨਨ ਹਿਤ ਮਾਨ।੧੧੧।ਸੰਕਰਛੰਦਰੂਪ ਰਾਸਿ ਨਮਾਮਿ ਸੁੰਦਰ ਮੂਰਤੀ ਸੁਖ ਸਾਰ। ਬਾਲ ਬੈਸ ਬਿਰਾਜਹੀ ਜਗ ਜਜੋਤਿਮਾਨ ਅਪਾਰ।ਦੀਨਨਾਥ ਅਨਾਥ ਪਾਲਨ [4]ਕੰਦ ਸੁਖ[4] ਕੇ ਬ੍ਰਿੰਦ । ਮਹਾਂ ਦੀਨ ਅਪਾਰ ਤਾਰੇ ਭਨਤ ਚਰਨ ਮ੍ਰਿਗਿੰਦ। ੧੧੨ । ਮੈਂ ਪਰਜੋ ਦ੍ਵਾਰੇ ਤੁਮਨ ਕੇ ਅਤਿ ਹੂੰ ਅਨਾਥ ਸੁ ਦੀਨ। ਮੁਹਿ ਤਾਰ ਕਰੁਣਾ ਸਿੰਧ ਹੈ ਮੈਂ [5]ਅਘੀ ਨਿਰਗੁਨ ਪੀਨ[5]।ਹੇ ਨਿਓਟਨ ਓਟ ਪ੍ਰਭੁ ਜੀ!ਕ੍ਰਿਪਾ ਸਿੰਧ ਅਪਾਰ ! ਕਵਿ ਬੇਨਤੀ ਕਬ ਸੁਨੋ ਪ੍ਰਭੁ ਜੀ ਸਰਬ ਸੁਖਕੇ ਸਾਰ?੧੧੩। [6]ਦਾਰਿਦ ਰੂਪੀ ਘਾਮ[6] ਸੇ ਅਤਿ ਤਪਜੋ ਹੌਂ ਮਹਾ ਰਾਜ । ਕਰ ਦਯਾ ਦ੍ਰਿਸ਼ਟੀ ਸਰਦ ਜਲ ਧਨ ਬਖਸ਼ੀਏ ਬਹੁ ਆਜ । ਜਿਹ ਪਾਇ ਪ੍ਰਾਪਤ ਸ਼ਾਂਤਿ ਹੈ ਨਹਿੰ ਚਿੱਤ ਡੋਲੈ ਫੇਰ । ਤਵ ਚਰਨ ਮੈਂ ਮਨੁ ਲਗ ਰਹੈ ਨਹਿੰ ਦ੍ਵੰਦ ਬਾਦ ਬਿਖੇਰ ।

---

[1]ਭਾਵ ਸ਼ੋਭਦੇ ਹਨ। [2]ਦਰਸਦੇ ਹਨ। [3]ਨਿਰੀ ਰੱਸੀ ਦੇ ਬਣੇ ਹੋਏ ਖਡੌਣੇ ਖਿਦ੍ਰੂ ਆਦਿਕ [ਗੁਣ= ਰੱਸੀ]। [4]ਹੋਣ ਵਾਲੀਆਂ ਗਲਾਂ ਮੂੰਹੋਂ ਕਢਵਾਉਂਦੇ ਹਨ। [5]ਇੱਛਾ, ਕਾਮਨਾ। [6]ਲੇਖਾਂ ਵਿਚ ਨਾ ਲਿਖੀਆਂ ਗੱਲਾਂ ਭੀ ਓਵੇਂ ਹੋ ਜਾਂਦੀਆਂ ਹਨ ਜਿਵੇਂ ਕਹਾਉਂਦੇ ਹਨ [ਅਲੀਹਾ=ਲੇਖਾਂ ਵਿਚ ਨਾ ਲਿਖੀਆਂ]। [7]ਇੱਛਾ।

[1]ਆਪੋ ਵਿਚ ਦੀ।[2]ਫੜ ਫੜ ਕੇ ਸੁਟਦੇ ਹਨ।[3]ਮਿੱਟੀ ਵਿਚ ਰੰਗੇ ਹੋਏ। [4]ਸੁਖਾਂ ਦੇ ਫਲ, ਸੁਖ ਦਾਤੇ। [5]ਗੁਣਾਂ ਤੋਂ ਹੀਨ ਭਾਰੀ ਪਾਪੀ ਹਾਂ। [6]ਦੁੱਖ ਰੂਪੀ ਧੁੱਪ।

Digitized by Panjab Digital Library | www.panjabdigilib.org

੧੧੪। ਅਸਮਦਾਦਿਕ[1] ਜੀਵ ਜੋ ਜਗ ਮੈਂਹ ਮਾਯਾ ਸੰਗ। ਜਗ ਧੰਧ ਮੈਂ ਲਿਪਟੇ ਮਹਾਂ ਮਨ ਮਹਾਂ ਕਾਮਨ ਸੰਗ। ਨਹਿੰ ਚਾਹ ਕਛੁ ਪਰਮਾਰਥ ਕੀ ਨਿਜ ਸ੍ਵਾਰਥ ਮੈਂ ਗਲਤਾਨ[2]। ਕਵਿ ਬੇਨਤੀ ਪ੍ਰਭੁ ਮਾਨੀਏ ਮੁਹਿ ਦੀਜਿਏ ਇਹ[3] ਦਾਨ। ੧੧੫। ਪ੍ਰਭ ਬਖਸ਼ ਰਿਧ ਰੁ ਸਿੱਧ ਮੁਹਿ ਨਵਨਿੱਧਿ ਕੇ ਭੰਡਾਰ। ਹੇ ਕ੍ਰਿਪਾ ਨਾਥ! ਅਨਾਥ ਪਰ ਪ੍ਰਭ ਦ੍ਰਵਹੁ[4] ਦਯਾ ਅਗਾਰ[4]। ਮੈਂ ਹੂੰ ਅਨਾਥ ਸਨਾਥ ਕਰ ਪ੍ਰਭ ਦੇਹੁ ਅਖੁਟ ਭੰਡਾਰ। ਬਿਨ ਤੁਮ ਵਸੀਲਾ ਕੋ ਨਹੀਂ ਪ੍ਰਭ ਕਰਹੁ ਕ੍ਰਿਪਾ ਅਪਾਰ। ੧੧੬। ਜਿਮ ਜਾਇ ਸ਼ਾਹਨਸ਼ਾਹਿ ਪੈ ਕੰਗਾਲ [5]ਮੰਗਤ ਕੀਚ[5]। ਤਿਮ ਅਰਜ ਚਰਨ ਮ੍ਰਿਗਿੰਦ ਕੀ ਜੋ ਅਹੈ ਸਭ ਸੇ ਨੀਚ। ਮਾਂ ਤ੍ਰਾਹਿ[6] ਹੇ ਪ੍ਰਭੁ, ਤ੍ਰਾਹਿ ਹੇ ਮਾਂ, ਪਾਹ ਹੇ ਪ੍ਰਭ ਮੋਰ। ਬਿਨ ਤੁਮ ਵਸੀਲਾ ਕੋ ਨਹੀਂ ਨਹਿ ਰੱਖਕੈ ਬਿਨ ਤੋਰ। ੧੧੭। ਦੋਹਰਾ। [7]ਸਦਾ ਅਦ੍ਵੰਦ ਅਧੰਧ[7] ਜੋ ਦਯਾ ਸਿੰਧ ਜੁ ਅਬੰਧ। ਤਾਂਹਿ ਪਦਮ ਪਦ ਬੰਦ ਜੁਗ ਪੂਰਨ ਕੀਨ ਪ੍ਰਬੰਧ[8]। ੧੧੮। ਗੁਰੁ ਉਸਤੁਤਿ ਕਾਰਣ ਕਥਾ ਸ਼ੋਤਾ ਬਕਤਾ ਚਾਰੁ। ਸਿਸ ਲੀਲਾ ਗੁਰ ਜਸੁ ਅਧਿਕ ਬਰਨਜੋਂ ਯਾਂਹਿ ਮਝਾਰ। ੧੧੯। [9]ਨਹਿੰ ਪਿੰਗਲ ਪ੍ਰਸ੍ਤਾਰ ਬ੍ਰਿਤਿ ਭੇਦ ਨ ਰੀਤਨਿ ਕਾਬਜ[9]। ਬ੍ਰਲ ਗਿਰਾ ਲਾਵੰਨਜ[10] ਬਿਨ ਗੁਰ ਜਸੁ ਕਥਜੋ ਮਹਾਬਜ। ੧੨੦। ਇਤਿ ਸ੍ਰੀ ਸੋਢੀ ਸੁਰਿੰਦ ਸ੍ਰੀ ਗੁਰੁ ਹਰਿਗੁਬਿੰਦ ਕੁਲ ਭੂਖਨ ਅਟਲਰਾਇ ਸੁਖ ਨਿਵਾਸ ਅਦਭੁਤ ਇਤਿਹਾਸ ਅਟਲ ਪ੍ਰਕਾਸ਼ ਚਰਨ ਸਿੰਘ ਬਿਰਚਤੇਣ ਨਾਮ ਪ੍ਰਿਥਮੇ ਪ੍ਰਬੰਧਃ। ੧।

[1]ਹਮਾਤੜ ਜੀਵ। [2]ਦੁੱਝੇ ਹੋਏ, ਖੱਚਤ। [3]ਭਾਵ ਪਰਮਾਰਥ। [4]ਦਯਾ ਦੇ ਘਰ। [5]ਮੰਗ ਕੀਤੀ ਹੈ। [6]ਮੇਰੀ ਰਖਜਾ ਕਰੋ। [7]ਦ੍ਵੰਦਾਂ ਤੇ ਧੰਦਿਆਂ ਤੋਂ ਰਹਿਤ। [8]ਅਧਯਾਯ। [9]ਕਾਵਜ ਦੇ ਪਿੰਗਲ, ਪ੍ਰਸਤਾਰ ਤੇ ਬ੍ਰਿਤੀਆਂ ਦੀਆਂ ਰੀਤਾਂ ਦੇ ਭੇਦ ਨਹੀਂ ਆਉਂਦੇ। [10]ਲਾਵੰਨਤਾ, ਰਸਮਈ ਹੋਣਾ।

ਅਥ ਦ੍ਵਿਤੀਯ ਪ੍ਰਬੰਧ ਉਦਜਤੇ

ਦੋਹਰਾ। ਸਦਾ ਅਨਾਦਿ ਅਗਾਧ ਜੋ ਪੁਨਹ [1]ਅਬਾਧ ਅਲਾਧ[1]। [2]ਸਾਧ ਚਰਤ[2] ਪੁਨ ਨਾਂਹਿ ਜਿਹ ਆਧਿ ਬਿਆਧਿਉਪਾਧ।੧। ਸਦਾਤੀਤ ਬਿਨ ਪ੍ਰੀਤ ਜੋ ਮੀਤ ਨਿਵਾਜਨ ਰੀਤ। [3]ਸੀਤ ਉਸਨ ਨ ਗ੍ਰਹੀਤ ਜਿਹ ਪੂਰਨ ਅਕਾਲ ਸੁ ਮੀਤ[3]।੨। ਸਦਾ ਸ੍ਵਛੰਦ ਅਦ੍ਵੰਦ ਪ੍ਰਭੁ ਭਗਤ ਰੂਪ ਅਵਿਤਾਰ। ਸ੍ਰੀ ਗੁਰ ਨਾਨਕ ਪਦ ਪਦਮ ।ਸਿਰ ਧਰ ਕਰੌਂ ਜੁਹਾਰ। ੩। ਅਜਰ ਜਰਨ ਧੀਰਜ ਧਰਨ ਕਾਰਨ ਕਰਨ ਕ੍ਰਿਪਾਲ।ਸ੍ਰੀ ਗੁਰ ਅੰਗਦ ਪਦ ਨਮੋ ਧਰਿ ਪਰ ਧਰ ਨਿਜ ਭਾਲ।੪। [4]ਅਮਰ ਬਚਨ, ਬਰ ਹੂੰ ਅਮਰ, ਅਮਰਜੁ ਰੋਇੰਦ ਵਾਲ[4]। ਨਮੋ ਪਦਮ ਪਦ ਸ੍ਰੀ ਅਮਰ ਅੰਤਿ ਉਦਾਰ ਚਿਤ ਖਜਾਲ। ੫। ਸਮਤਾ ਰਾਮਸੁ ਨਾਮ ਕੀ ਸਮਤਾ ਸਰਬ ਪ੍ਰਕਾਰ। ਰਾਮਦਾਸ ਗੁਰ ਪਗ ਨਮੋ [5]ਸ੍ਰੀ ਸਰ ਅੰਮ੍ਰਿਯ ਸੁਧਾਰ[5]।੬। ਅਰਜ਼ਨ ਦਾਸਨ ਨਿਤ ਸੁਨਤ, ਤਰਜਨ[6] ਪਾਪ ਬਿਲੰਦ। ਸਿਰਜਨ ਸੁਖ ਦਾਸਨ ਸਦਾ ਸ੍ਰੀ ਅਰਜਨ ਪਦ ਬੰਦ। ੭। ਮੀਰੀ ਪੀਰੀ [7]ਜ਼ੋਰ ਕਰ[7], [8]ਤੀਰੀ ਮੀਰੀ ਤੋਰ[8]।ਸ੍ਰੀਗੁਰ ਹਰਿਗੋਬਿੰਦ ਪਦ ਨਮੋ ਜੁਗਲ ਕਰ ਜੋਰ। ੮। ਗਨ ਸ਼ੱਤ੍ਰੂਨ

[1]ਜੋ ਬਾਧਾ ਤੋਂ ਰਹਿਤ ਤੇ ਹਰ ਥਾਂ ਵਜਾਪਕ ਹੈ। [ਅਲਾਧ=ਲੱਭਣ ਤੋਂ ਰਹਿਤ, ਹਰ ਥਾਂ ਹਾਜ਼ਰ]। [2](ਉਸਦੇ)ਸੁਸ਼ਟ ਚਰਿਤ੍ਰ ਹਨ। [3]ਠੰਢ ਤੇ ਗਰਮੀ ਜਿਸਨੂੰ ਨਹੀਂ ਗ੍ਰਸਦੀ, ਉਸ ਅਕਾਲ ਪੁਰਖ ਨੂੰ ਹੇ ਮਿਤ੍ਰ! ਮੈਂ ਮੱਥਾ ਟੇਕਦਾ ਹਾਂ। [4]ਜਿਨ੍ਹਾਂ ਦੇ ਬਚਨ ਅਮਰ (ਅਟੱਲ) ਹਨ ਤੇ ਵਰ (ਬੀ ਜਿਨ੍ਹਾਂ ਦੇ) ਅਮਰ ਹਨ ਫੇਰ ਗੋਇੰਦਵਾਲ ਜਿਨ੍ਹਾਂ ਦਾ ਸਦਾ ਸਥਿਰ ਹੈ। [5]ਸ੍ਰੀ ਅੰਮ੍ਰਿਤਸਰ(ਜਿਨ੍ਹਾਂ ਨੇ) ਰਚਿਆ। [6]ਤਾੜਦੇ ਭਾਵ ਦੂਰ ਕਰਦੇ ਹਨ। [7]ਅਧੀਨ ਕਰਕੇ। [8]ਤੇਰੀ ਮੇਰੀ ਭਾਵ ਹਉਂ ਹੰਕਾਰ ਤੋੜ ਦਿਤੇ।

Digitized by Panjab Digital Library | www.panjabdigilib.org

ਕੋ ਦੂਰ ਕਿਯ ਸ੍ਰੀ ਮੁਖਵਾਕ ਬਖਾਨ।ਨਮੋ ਚਰਨ ਹਰਿ ਰਾਇ ਗੁਰ ਦਾਸਨ ਆਨੰਦ ਦਾਨ। ੯। [1]ਬਾਲ ਬੈਸ ਗੁਰੁ ਮਹਦ ਅਤਿ ਜਿਸ਼ੁ ਬਿਸ਼ੁ ਅਵਤਾਰ[1]। ਸ੍ਰੀ ਹਰਕ੍ਰਿਜ਼ੂ ਨਮਾਮਿ ਮਮੁੱ ਪ੍ਰਣੁ ਧਾਰਜੋ [2]ਧ੍ਰਿਤ ਧਾਰ[2]।੧੦। ਸਾਦਰ ਧਜਾਵਨ ਤੇ ਸਦਾ ਹਾਦਰ ਹੋਵਤ ਆਨ। ਤੇਗ ਬਹਾਦਰ ਸ੍ਰੀ ਗੁਰੂ ਨਮੋ [3]ਜੋਰ ਜੁਗ ਪਾਨ[3]।੧੧। ਅਨੰਗ ਸ਼ੇਖਰ ਛੰਦ। ਸੁ ਸਿੰਘ ਕੀਨ ਕੀਟ ਤੇ[4], ਸੁ ਰਾਜ ਤਾਜ ਕ੍ਰੀਟ[5] ਦੇ, [6]ਫਿਰੇ ਜੁ ਥੇ ਝਰੀਟ ਤੇ ਅਨੰਤ ਗਨ ਦਾਸ ਕੇ[6]। ਮਿਲਾਇ ਚਾਰ ਜਾਤ ਕੋਬਿਠਾਇ ਏਕ ਪਾਂਤ ਮੈਂ ਖੁਲਾਇ ਅੰਨ ਨੀਕ[7] ਜੋ ਕਿਏ ਸੁ ਦਾਸ ਖਾਸ ਕੇ।ਸੁ ਸ਼ਾਹੁ ਕੋ ਤ੍ਰਸਾਇ ਕੈ[8] ਚਮੂੰ[9]ਸੁ ਤਾ ਖਪਾਇਕੈ, ਗੁਰੂ ਫਤੇ ਗਜਾਇਕੈ [10]ਧਰੇ ਸੁ ਆਸ ਪਾਸਕੇ[10]। [11]ਨਮਾਮਿ ਪਾਦ ਪੰਕਜੰ[11] ਗੁਰੂਗੁਬਿੰਦਸਿੰਘ ਕੇ [12]ਪ੍ਰਤਾਪ ਜਾਸ ਚਾਰ ਚੱਕ ਛੱਕ ਖੇਲ ਜਾਸ ਕੇ[12]।੧੨। ਸੋਰਠਾ।[13]ਕੁੰਦਇੰਦਸਰਗੌਰਿ[13] ਆਦਿਭਵਾਨੀ ਈਸ਼ੂਰੀ। ਨਮੋ ਜੁਗਲ ਕਰ ਜੋਰ ਆਦਿ ਸ਼ਕਤਿ ਪਰਮਈਸ਼ੂਰੀ*।੧੩। ਦੋਹਰਾ। ਸ੍ਰੀ ਭਾਨਾਂ ਪਦ ਪਦਮ ਕੋ ਬਾਰੰਬਾਰ ਜੁਹਾਰ। ਜਾਂਹਿ ਕ੍ਰਿਪਾ ਤੇ ਇਹ ਕਥਾ ਸੁਨ੍ ਸ਼ੋਤਾ ਮੁਦ ਧਾਰ।੧੪।ਚੌਪਈ। ਗੁਰ ਘਰ ਮੈਂ ਜੇ ਸਿਖ ਮਹਾਨ। ਪ੍ਰਣਵੋਂ ਸਭਨ ਜੋਰ ਜੁਗ ਪਾਨ।ਜਿਨ ਸ਼ਰਧਾ ਧਰ ਸਿੱਖੀ ਧਾਰੀ। ਬਾਰ ਬਾਰ ਤਿਨ ਚਰਨ ਜੁਹਾਰੀ। ੧੫। ਇਹੈ ਬੇਨਤੀ ਕਵਿ ਜੁ ਦਾਸ ਕੀ। ਗਾਥਾ[1] ਸ੍ਰੀ ਜੁ ਅਟਲ ਪ੍ਰਕਾਸ਼ ਕੀ। ਹੁਇ ਨਿਰਬਿਘਨ ਸਮਾਪਤਿ ਸਾਰੀ। ਪੁਰਹੁ ਦੀਨ ਨਿਧ ਇੱਛ ਹਮਾਰੀ। ੧੬।ਕਿੰਚਤ[2] ਬੁਧਿ ਬਲ ਮੋ ਮੈਂ ਨਾਹੀਂ।[3]ਨਹਿੰ ਕਛੁ ਰੀਤਿ ਕਵਿਤ ਅਵਗਾਹੀ[3]।ਨਹਿੰ ਪਿੰਗਲ ਪ੍ਰਸਤਾਰ ਪਛਾਨੋਂ। ਨਹਿੰ ਬ੍ਰਿਤ[4] ਭੇਦ ਨ ਰੀਤਿ ਬਿਧਾਨੋ। ੧੭। ਤਾਂਤੇ ਸ੍ਰੀ ਗੁਰੁ ਪੈ ਵਰ ਮਾਂਗੋਂ। ਪੁਰਹੁ ਇੱਛ ਤਵ [5]ਪਦ ਅਨੁਰਾਗੋਂ[5]। ਸ੍ਰੀ ਗੁਰੁ ਕਾਰਨ ਕਰਨ ਦਿਆਲ। ਪੁਰਹ ਇੱਛ ਸਿਖ ਕਰੋ ਨਿਹਾਲ ।੧੮।ਸੰਕਰ ਛੰਦ।ਹੇ ਦੀਨ ਨਾਥ ਕ੍ਰਿਪਾਲ ਮੂਰਤਿ, [6]ਪ੍ਰਣਤ ਜਨ ਕੇ ਨਾਥ[6]। ਦੁਖ ਦਰਿੱਦ੍ਰਹਿ ਦੂਰ ਕਰ ਜਿਨ ਕੀਏ ਦੀਨ ਸਨਾਥ[7]। ਸੁਖ ਦੇਇ ਕਰ ਦੁਖ ਦੂਰ ਕੀਨੇ ਸ੍ਰੀ ਗੁਰੂ ਜਗਦੀਸ਼ । ਬਹੁ ਦੇਸ਼ ਦੇਸ਼ਨ ਲੋਗ ਮਾਨੈ ਜਾਨ ਕੈ ਨਿਜ ਈਸ਼[8]।੧੯। ਸੁਖ ਧਾਮ ਪੂਰਣ, ਕਾਮ ਸਿੱਖਜਨ ਕਰੇ ਬਹੁ ਬਿਧ ਕੋਰ । ਨਿਜ ਦਾਸ ਦਾਸਨ ਪੈ ਕ੍ਰਿਪਾ ਕੀ ਦੀਨ ਨਾਥ ਘਨੇਰ। ਨਿਜ ਭਗਤ ਪਾਲਨ ਕਸ਼ਟ ਜਾਲਨ ਕਰਜੋ ਨਿਜ ਤਨ ਪੈਹੁ । ਕਵਿ ਚਰਨ ਹਰਿ ਕੀ ਬੇਨਤੀ ਅਬ ਮਾਨ ਪ੍ਰਭੁ ਜੀ ਲੈਹੁ। ੨੦। [9]ਸੁਖ ਸਦਨ, ਅਰਿ ਦਲ ਕਦਨ[9] ਪ੍ਰਭ ਜੀ! ਹੇ ਨਿਮਾਣਨਿ ਮਾਣ। ਹੇ ਨਿਓਟਨ ਓਟ ਪ੍ਰਭੁ ਜੀ ਸਕਲ ਗੁਣ ਕੀ ਖਾਣ ! ਹੇ ਨਿਆਸ੍ਰੂਨ

---

[1]ਉਮਰ ਤਾਂ ਛੋਟੀ ਹੈ ਪਰ ਇੰਦ੍ਰ ਤੇ ਵਿਸ਼ਨ ਦੇ ਅਵਤਾਰ (ਕ੍ਰਿਸ਼ਨ) ਤੋਂ ਵਡੇ ਹਨ ਗੁਰੂ ਰੂਪਤਾ ਕਰਕੇ। [2]ਧੀਰਜ ਧਾਰਕੇ। [3]ਦੋਵੇਂ ਹੱਥ ਜੋੜਕੇ। [4]ਕੀੜੇ ਤੋਂ। [5]ਮੁਕਟ । [6]ਜੋ ਰੁਲਦੇ ਫਿਰਦੇ ਸਨ ਦਾਸਾਂ ਦੇ ਬੇਅੰਤ ਸਮੂਹ । [7]ਚੰਗਾ, ਸੁੱਛ। [8]ਡਰਾਕੇ। [9]ਸੈਨਾ,ਫੌਜ। [10]ਆਸ ਪਾਸ ਦੇ ਫੜ ਲਏ । [11]ਨਮਸਕਾਰ ਹੈ ਚਰਨ ਕਵਲਾਂ ਤੇ। [12]ਚੋਜ ਜਿਸਦੇ ਚਾਰੋਂ ਚੱਕਾਂ ਵਿਚ ਪ੍ਰਤਾਪ ਸਹਿਤ ਸ਼ੋਭ ਰਹੇ ਹਨ। [13]ਮਰੜਬਾਨ ਦੇ ਫੁਲ ਤੇ ਚੰਦ੍ਰਮਾਂ ਸਮਾਨ ਗੌਰੀ।

*ਸ਼ਾਰਦਾ ਆਵਾਹਨ ਦੀ ਪੜਤਾਲ ਲਈ ਦੇਖੋ ਸੰਪਾਦਿਤ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ: ੧ ਅੰਕ ੜ ਦਾ ਅਰਥ ਤੇ ਭਾਵ।

---

[1]ਕਥਾ। [2]ਥੋੜ੍ਹੀ ਬੀ। [3]ਭਾਵ ਨਾ ਹੀ ਕਵਿਤਾ ਦੀ ਰੀਤੀ ਆਉਂਦੀ ਹੈ। [4]ਬ੍ਰਿਤੀ ਅਥਵਾ ਛੰਦ। [5]ਚਰਨਾਂ ਨਾਲ ਪ੍ਰੀਤ ਬਣ ਆਵੇ । [6]ਮੱਥਾ ਟੇਕਦਾ ਹਾਂ ਦਾਸਾਂ ਦੇ ਸ੍ਵਾਮੀਨੂੰ। [7]ਨਿਹਾਲ। [8]ਈਸ਼੍ਵਰ, ਸ੍ਵਾਮੀ। [9]ਸੁਖਾਂ ਦੇ ਘਰ ਤੇ ਵੈਰੀਆਂ ਦੇ ਦਲਾਂ ਦੇ ਨਾਸ਼ਕ।

Digitized by Panjab Digital Library | www.panjabdigilib.org

ਆਸਰਾ ਪ੍ਰਭੁ, ਹੇ ਅਨਾਥਨ ਨਾਥ! ਕਵਿ ਬੇਨਤੀ ਅਬ ਮਾਨੀਏ ਪ੍ਰਭ [1]ਕਰਹੁ ਮੋਹਿ ਸਨਾਥ[1]।੨੧। ਦੋਹਰਾ।ਸਿਰ ਧਰਨੀ ਧਰ ਬੰਦਕਰ, [2]ਗਰ ਅੰਚਰ, ਤ੍ਰਿਣ ਦੰਤ[2]।ਝ੍ਰਾਹਿ ਝ੍ਰਾਹਿ ਹੇ ਗੁਣ ਨਿਧੇ! ਰੱਖਜ ਰੱਖਜ ਭਗਵੰਤ। ੨੨। ਬਖਸ਼ ਨਾਮ ਕੋ ਦਾਨ ਪ੍ਰਭੁ ਸਿੱਖੀ ਸ਼ਰਧਾ ਭਾਉ। ਦ੍ਰਵਹੁ ਦਯਾ ਨਿਧ ਦੀਨ ਹਿਤ, ਦਾਰਿਦ ਦੋਖ ਦਬਾਉ। ੨੩। ਜਿਤਕ ਤੁੱਛ ਬੁਧ ਦਾਸ ਕੀ ਆਗਲ ਕਥੋਂ ਪ੍ਰਸੰਗ। ਜਿਮ ਕੈਤਕ ਕਿਯ ਅਟਲ ਜੂ ਅਤਿ ਬਚਿੱਤ੍ਰ[3], ਵਤ ਗੰਗ। ੨੪।

ਚੌਪਈ।ਜਨਮ ਪ੍ਰਸੰਗ ਸੁਨਜੋ ਜਬ ਧੰਨੇ। ਬਡੇ ਭਾਗਅਪਨੇਕਰ ਮੰਨੇ।ਕਰ ਜੋਰੇ ਕੀਨੀ ਅਰਦਾਸ। 'ਅਹੋ ਬ੍ਰਿੱਧ ਸੁਤ! ਗਜਾਨ ਪ੍ਰਕਾਸ਼ ।੨੫। ਜਿਮ ਪ੍ਰਸੰਗਉਤਪਤਿ ਕੋ ਭਾਖਾ।ਕੀਨਦਾਸ ਕੀਪੂਰਨ ਕਾਂਖਾ। ਤਥਾ ਦਯਾਨਿਧ! ਦਯਾ ਕਰੀਜੈ।ਦੀਨ ਜਾਨ ਦਾਸਨ ਬਖਸ਼ੀਜੈ ।੨੬। ਸਗਲ ਪ੍ਰਸੰਗ ਅੱਗ੍ਰ ਜਿਮ ਭਯੋ।ਜਥਾ ਚਰਿੱਤ੍ਰ ਸਮਾਵਨ ਕਯੋ। ਸੋ ਸਭ ਕਥਹੁ ਕ੍ਰਿਪਾਨਿਧ ਸ੍ਵਾਮੀ!ਸ਼ਰਨ ਪਾਲ [4]ਸਿੱਖਨ ਅਨੁਗਾਮੀ[4]'। ੨੭। ਦੋਹਰਾ। ਸੁਨ ਧੰਨੇ ਕੇ ਬਚਨ ਕੋ ਭਾਨਾ ਭਯੋ ਪ੍ਰਸੰਨ। ਸ੍ਰੀਗੁਰੁ ਜਸ ਪਾਵਨ ਬਿਸਦ ਲਾਗਜੋ [5]ਕਰਨ ਕਥੰਨ[5]। ੨੮। ਚੌਪਈ। ਹੇ ਧੰਨਾ ਤਵ ਜਨਮ ਸੁਧੰਨਾ[6]। ਗੁਰੁ ਘਰ ਜਸ ਹਿਤ ਪ੍ਰੇਮ ਉਪੰਨਾ।ਬਹੁਤਕਾਲ ਸ੍ਰੀ ਅਟਲ ਜੂ ਰਾਇ। ਖੇਲਹਿੰ ਬਾਲਨ ਜੂਥ[7] ਮਿਲਾਇ।੨੯।ਖੇਲਨ ਖੇਲਹਿੰ ਅਨਿਕਪ੍ਰਕਾਰ। ਸੰਗ ਬਾਲਕਨ ਸ਼ੋਰ ਕਰਾਰਾ। ਧੂਰ ਉਡਾਵੈਂ ਸ਼ੋਰ ਮਚਾਵੈਂ।[8]ਕਿਸੇ ਗਹਾਵੈਂ ਕਿਸੇ ਪਲਾਵੈਂ[8]।

[1]ਮੈਨੂੰ ਆਪਨੇ ਸੇਵਕ ਹੋਣ ਦਾ ਮਾਨ ਬਖਸ਼ੋ। [2]ਗਲ ਵਿਚ ਪੱਲਾ ਤੇ ਮੂੰਹ ਵਿਚ ਘਾਹ ਲੈਕੇ । [3]ਅਸਚਰਜ । [4]ਸਿਖਾਂ ਦੇ ਅਨਕੂਲ । [5]ਕਥਨ ਕਰਨਲਗਾ। [6]ਸ੍ਰੇਸ਼ਟ, ਧੰਨਜਤਾਯੋਗ। [7]ਟੋਲੇ। [8]ਕਿਸੇਨੂੰ ਫੜਾਲੈਂਦੇਹਨ ਤੇਕਿਸੇਨੂੰ ਨਸਾਉਂਦੇ ਹਨ।

੩੦ । ਕਿਸੇ ਛੁਡਾਵੈਂ ਕਿਸੇ ਫਸਾਵੈਂ । ਕਿਸੇ ਰੁਆਵੈਂ ਕਿਸੇ ਹਸਾਵੈਂ । ਕਿਸੇ ਪੁਕਾਰੈਂ ਲੈ ਲੈ ਨਾਮ।ਕਿਸੇ ਉਚਾਰੈਂ '[1]ਚੁਪ ਬ੍ਰਿਤ ਥਾਮ[1]' । ੩੧ । ਧਰੈਂ ਸੰਡ[2] ਕਬ ਖੇਲ ਮਚਾਵੈਂ । ਕਬੈ ਹਰਾਵੈਂ ਕਬੈ ਜਿਤਾਵੈਂ।ਦਿਨ ਪ੍ਰਤਿ ਖੇਲ ਬਿਖੈ ਲੈ ਲੀਨਾ । ਰਹੈਂ ਦਾਸ ਗਨ ਸੰਗ ਪ੍ਰਬੀਨਾ । ੩੨ । ਅੰਨਾਦਿਕ ਜੋ ਟਹਿਲ ਮਹਾਨੀ।ਘਾਮਾਦਿਕ ਜੋ ਤਪਤ ਸੁ ਜਾਨੀ । ਕਰਹਿੰ ਅਰਜ ਸਾਯਾ ਦਿਖਲਾਵੈਂ ।ਸੀਤ ਅੰਬ[3] ਇਤਜਾਦਿਕ ਲਜਾ ਵੈਂ।੩੩।[4]ਮਾਤ ਨਾਨਕੀ ਭੈ ਬਤਲਾਈ[4]। ਜਾਇ [5]ਬਿਠਾਵੈਂ ਸੀਤਲ ਛਾਈ।ਦੁਇ ਤ੍ਰੈ ਬਾਰ ਦਿਵਸ ਮਹੁ ਮਾਤਾ।ਲੇਤ ਬੁਲਾਇ ਦਰਸ ਹਿਤ ਤਾਤਾ । ੩੪ । ਦੇਖਤ ਧੂਰ ਭਰੇ ਸਭ ਅੰਗ । ਪੌਂਛਤ ਸ਼ੁਭ ਰੁਮਾਲ ਕੇ ਸੰਗ। [6]ਬਦਨ ਪ੍ਰਛਾਲਤ[6] ਅਤਿ ਹਿਤ ਧਾਰੀ । ਕਛੁ ਮੀਠੀ ਵਥੁ ਦੇਤ ਅਹਾਰੀ । ੩੫ । ਪੁਨਹ ਦੁਲਾਰਤ ਕਹਿ ਮ੍ਰਿਦੁ ਬਾਨੀ। ਸਿਖਜਾ ਦੇਤ ਨੀਤ ਮੈਂ ਸਾਨੀ । '[7]ਜਿਨ ਅਤਿ ਖੇਲਹੁ[7] ਪ੍ਰਿਜ[7] ਸੁਤ ਮੋਰੇ।ਨਹਿੰ ਜੰਗਲ ਗਮਨਹੁ ਅਤਿ ਘੋਰੇ । ੩੬ । ਨਹਿੰ ਆਤਪ[8] ਮੈਂ ਬਹੁਤ ਫਿਰੀਜੈ । ਅਪਨੇ ਭ੍ਰਾਤਨ ਓਰ ਪਿਖੀਜੈ[9]। ਰਹਹੁ ਪਿਤਾ ਕੇ ਸਦ ਅਨੁਗਾਮੀ[10] । ਸ਼ੂਰ, ਸੁਸ਼ੀਲ,ਸਮਰਥ ਸੁ ਸ੍ਵਾਮੀ । ੩੭। [11]ਨਿਜ ਅੰਗਨ ਮੈਂ[11] ਖੇਲਤ ਰਹੀਏ । ਭ੍ਰਾਤਨ ਸੰਗ ਮੋਦ ਉਪਜਈਏ । ਇਹ ਗ੍ਰੀਖਮ ਰਿਤੁ ਮਹਾਂ ਭਯਾਨੀ[12]।ਆਤਪ ਘੋਰ ਨ ਜਾਇ ਬਖਾਨੀ । ੩੮ । ਲੋਅ ਅਧਿਕ ਚਲਹਿੰ ਦੁਖਦਾਈ । ਰਹਹੁ ਬੈਠ ਘਰ ਅੰਤਰ ਜਾਈ । ਜਾਇ

[1]ਬ੍ਰਿਤੀ ਥੰਮਕੇ ਚੁਪ ਹੋ ਰਹੁ । [2]ਸ਼ਰਤਾਂ ਬੰਨ੍ਹਕੇ । [3]ਠੰਢਾ ਜਲ । [4]ਮਾਤਾ ਨਾਨਕੀ ਜੀ ਦਾ ਡਰ ਦੱਸਕੇ । [5]ਮੂੰਹ ਧੋਂਦੀ ਹੈ। [6]ਬਹੁਤ ਨਾ ਦੇਡੋ। [7]ਪਯਾਰੇ । [8]ਧੁੱਪ । [9]ਦੇਖੋ । [10]ਆਗਜਾ ਵਿਚ, ਅਨੁਸਾਰੀ। [11]ਆਪਣੇ ਵਿਹੜੇ ਵਿਚ। [12]ਭਯਾਨਕ।

Digitized by Panjab Digital Library | www.panjabdigilib.org

ਖਿਲਾਵਹੁ ਤੇਗ ਬਹਾਦਰ। ਇਤ ਉਤ ਬਚਨ ਭਨਹੁ ਕਛੁ ਸਾਦਰ'।੩੯। ਇਤਜਾਦਿਕ ਗਬ ਅਨਿਕ ਪ੍ਰਕਾਰਾ। ਭਨੀ ਨਾਨਕੀ ਅਤਿ ਮੁਦ ਧਾਰਾ।ਬਚਨਮਾਨ [1]ਅੰਤਰਪ੍ਰਵਿਸ਼ਾਏ[1]।[2]ਆਸਤਰਨ ਕੇ ਪਰ ਪੌਢਾਏ[2]। ੪੦। ਅਤਿ ਆਦਰ ਯੁਤ ਤੇਗ ਬਹਾਦਰ।ਇਤ ਉਤ ਬਚਨ ਭਨਹਿੰ ਕਛੁ ਸਾਦਰ। ਕਛੁਕ ਕਾਲ ਲੌ ਪੌਢੇ ਰਹੇ। ਖੇਲਨ ਹੇਤ ਅਧਿਕ ਚਿਤ ਚਹੇ।੪੧। ਲੱਜਿਤ ਨੈਨ [3]ਚਿਤੈਂ ਧਰ ਓਰਾ[3]। ਮ੍ਰਿਦੁ ਬਚ ਮਹਾਂ, ਨੀਤ ਮੈਂ ਬੋਰਾ। ਭਨਜੋ ਮਾਤ ਪ੍ਰਤਿ ਜਗ ਸੁਖਦਾਈ। 'ਅਬ ਨਹਿੰ ਧ੍ਰੁਪ ਖੇਲਹੌਂ ਜਾਈ'। ੪੨।ਸੁਨ ਬਚ ਅਤਿ ਸਨੇਹ ਮੈਂ ਸਾਨੇ। ਝੱਕਤ ਛਕਤ [4]ਗੋਪਹੁ ਮੁਸਕਾਨੇ[4]।ਸੰਗ ਦਾਸ ਦੇ ਤੁਰਤ ਪਠਾਏ।'[5]ਜਿਨ ਗਹਬਰ ਬਨ ਖੇਲਹੁ ਜਾਏ[5]'। ੪੩। ਗਏ ਖੇਲ ਹਿਤ ਸ੍ਰੀ ਜਗਨਾਯਕ। ਹੁਤੇ ਪ੍ਰਤੀਖਤ ਸਖਾ[6] ਸੁ ਲਾਯਕ। ਅਤਿ ਹਿਤ ਸੋਂ ਮਿਲ ਖੇਲ ਮਚਾਈ। ਇਸ ਪ੍ਰਕਾਰ ਦਿਨ ਪ੍ਰਤਿ ਗੋਸਾਈਂ । ੪੪। ਖੇਲਨ ਖੇਲਹਿੰ ਅਨਿਕ ਪ੍ਰਕਾਰਾ।[7]ਦਾਸਨਆਸਨ[7]ਪੂਰਨ ਕਾਰਾ। ਕੇਤਿਕ ਸਿੱਖ ਪ੍ਰਤਾਪ ਇਨ ਜਾਨੈ । ਅਹੈ ਤੇਜ ਤਪ ਮਹਦ ਮਹਾਨੈ। ੪੫। ਦੇਹਿੰ ਖਿਲੌਨਾ ਅਧਿਕ ਦੁਲਾਰੈਂ ।[8]ਆਦਰ ਸਹਿ[8] ਪਦ ਪਦਮ ਜੁਹਾਰੈਂ। ਬਰ ਜੁ ਸ੍ਰੂਪ ਜੈਸਾ ਕਛੁ ਭਜੋ । [9]ਚੰਦ੍ਰਹਾਸ ਜਿਮ[9] ਸੋ ਬਹਿ ਗਜੋ ।੪੬। ਇਕ ਦਿਨ ਇਕ ਸਿਖ ਪ੍ਰੀਤੀ ਠਾਨ। ਦੀਨ ਉਪਾਇਨ[10] ਆਨ ਮਹਾਨ। ਅਧਿਕ ਮਿਸਟ ਵਥੁ,ਕਛੁਕ ਖਿਲੌਨੇ।

[1]ਕਛੁਕ ਬਸਨ ਯੁਤ ਛੌਨੇ ਛੌਨੇ[1] ।੪੭।ਦੀਨ ਮਨਾ ਹੁਇ ਅਰਜ ਕਰੈਤਾ। 'ਅਹੈ ਪੁੱਤ੍ਰ ਮਮ ਅਤਿ ਦੁਖਵੰਤਾ । ਕਰਹੁ ਕ੍ਰਿਪਾ ਅਸਿ ਬਾਕ ਉਚਾਰੋ। [2]ਜਾਹਿ ਤੇਜ[2] ਦੁਖ ਤਾਂਕੋ ਟਾਰੋ'।੪੮। ਸ੍ਰੀ ਕ੍ਰਿਪਾਲ ਮੂਰਤਿ ਹਸ ਬੋਲੇ। 'ਸ਼੍ਰੀ ਨਾਨਕ ਕੀ ਕ੍ਰਿਪਾ ਅਮੋਲੇ । ਤਾਕੋ ਦੂਖ ਰਹੈ ਨਹਿੰ ਰਾਈ। ਸ਼੍ਰੀ ਨਾਨਕ ਜੀ ਹੋਹਿੰ ਸਹਾਈ' ।੪੯। ਇਹ ਗਤ ਇਕ ਜੁਆਰੀਏ ਦੇਖੀ। ਸਿੱਖੀ ਸ਼ਰਧਾ ਭਾਉ ਬਿਸੇਖੀ। 'ਇਹ ਬਾਲਕ ਜੋ ਅਜ਼ਮਤਵੰਤਾ। ਮੈਂ ਪਤਿਆਵੋਂ ਭਨੋਂ ਬ੍ਰਿਤੰਤਾ ੫੦ । ਜੋ ਮੇਰੇ ਪਾਸੋ ਢਲ ਜਾਵੈ।ਅਧਿਕ ਦਰਬ ਮੋਰੇ ਕਰ ਆਵੈ।ਤੌ ਦਸਵੰਧ ਦੇਉਂ ਇਸਬਾਲਕ। ਜਾਨੋਂ ਦੀਨ ਦੁਨੀ ਕੋ ਮਾਲਕ' । ੫੧ । ਸ੍ਰੀ ਪ੍ਰਭ ਅੰਤਰਜਾਮੀ ਜਾਨਾ। [3]ਹੋਨ ਸਹਾਯਕ ਮਨ ਉਨਮਾਨਾ[3]।ਦੇਲਜੋ ਜਾਇ ਜੁਆਰੀਅਨ ਸੰਗਾ। ਜੀਤਜੋ ਅਧਿਕ ਦਰਬ ਮਨ ਰੰਗਾ । ੫੨ । ਗਿਨ ਦਸਵੰਧ ਨਿਕਾਸਜੋ ਸਾਰਾ।ਕਛੁਕ ਬਸਨ ਯੁਤ ਅਰ ਉਪਹਾਰਾ । ਕਛੁਕ ਖਿਲੌਨੇ ਮਧੁਰ ਮਿਠਾਈ । ਜਹਿੰ ਖੇਲਤ ਸ੍ਰੀ ਪ੍ਰਭ ਗੋਸਾਈਂ । ੫੩। ਅਧਿਕ ਨਿੰਮ੍ਰ ਅਰ ਭਾਉ ਸਮੇਤਾ। ਅਰਪ ਉਪਾਇਨ ਆਗੈ ਦੇਤਾ।[4]ਚਿਤਯ ਤਾਂਹਿ ਦਿਸ[4] ਬਚ ਇਮ ਭਾਖਾ । 'ਭੋ ਸਿਖਾ ! ਕਹੁ ਕਜਾ ਤਵ ਕਾਂਖਾ'।੫੪।ਤਬ ਜੁਆਰੀਆ ਬਚ ਮ੍ਰਿਦੁ ਬੋਲਾ ।'ਹੇ ਪ੍ਰਭੁ ਅਬ ਸਵਾਬਨ ਓਹਲਾ।ਆਸ ਦਾਸ ਕੀ ਪੂਰਨ ਭਈ। ਇਹ ਮਨੌਤ ਆਪ ਕੀ ਦਈ । ੫੫ । ਮਨ ਮੁਰਾਦ ਮੰਗੀ ਸਭ ਪਾਈ। ਇਹ ਹਜੂਰ ਕੀ ਭੇਟ ਪੁਚਾਈ'। ਬਿਹਸ ਸੁ ਬਚ

---

[1]ਅੰਦਰ ਪ੍ਰਵੇਸ਼ ਹੋਏ ।[2]ਵਿਛਾਉਣੇ ਉਪਰ ਲੇਟ ਗਏ। [3]ਦੇਖਦੇ ਹਨ ਧਰਤੀ ਵਲ । [4]ਭਾਵ ਮੂੰਹ ਪਰੇ ਕਰਕੇ ਹੱਸੇ । [5]ਘਣੇ ਜੰਗਲ ਵਿਚ ਜਾ ਕੇ ਨਾ ਖੇਡਿਓ। [6]ਹਾਣੀ,ਜੋਟੀਦਾਰ, ਮਿੱਤ੍ਰ । ਦਾਸਾਂ ਦੀਆਂ ਆਸਾਂ। [8]ਆਦਰ ਨਾਲ । [9]ਤਲਵਾਰ ਵਾਂਗ । [10]ਭੇਟਾ ।

[1]ਭਾਵ ਕੁਛ ਖਿਡੌਣੇ ਐਸੇ ਸਨ ਜੋ ਨਿਕੇ ਨਿ ਬਾਲਕ ਬਣੇ ਹੋਏ ਤੇ ਕਪੜੇ ਪਹਿਨੇ ਹੋਏ ਸਨ,ਗੁੱਡੀ ਗੁੱਡੇ। [2]ਜਿਸ (ਵਾਕ ਦੇ) ਤੇਜ ਨਾਲ। (ਅ) (ਦੁਖ ਦਾ) ਤੇਜ ਹਟ ਜਾਏ। [3]ਮਨ ਵਿਚ ਸਹਾਯਕ ਹੋਣਾ ਮੰਨ ਲਿਆ। [4]ਦੇਖਕੇ ਉਸ ਵੱਲ ।

Digitized by Panjab Digital Library | www.panjabdigilib.org

ਇਮ ਸ੍ਰੀ ਮੁਖ ਭਾਖਾ। 'ਭਾ ਨਿਹਾਲ ਸਿੱਖਾ ਪ੍ਰਣ ਰਾਖਾ'। ੫੬। ਤਬ ਤੇ ਸਭ ਜੁਆਰੀ-ਅਨ ਮਾਂਹੀ।ਮਹਦ ਕਰਾਮਤ ਬਹੁਬਿਧਿ ਪ੍ਰਾਹੀ[1]। ਜੋ ਸ੍ਵਾਰਥ ਹਿਤ ਜੋ ਕੁਛ ਮਾਨੈ। ਪੁਰਹ ਕਾਮ ਤਤਛਿਨ ਸੋ ਆਨੈ।੫੭।ਇਸ ਪ੍ਰਕਾਰ ਕੀਰਤਿ ਅਤਿ ਸੁੰਦਰ। ਬਿਸਤੀਰਤ ਭੀ ਸ੍ਰੀ ਗੁਨ ਮੰਦਰ। ਜਦ੍ਯਪਿ[2] ਚਾਰੋਂ ਸਾਹਿਬਜ਼ਾਦੇ। ਧਰਹਿੰ ਸ਼ਕਤ ਬਰਤਹਿੰ ਮਿਰਜਾਦੇ। ੫੮। ਤਉ ਪਿਤਾ ਗੁਰ ਭੇ ਮਨ ਮਾਂਹੀ। ਨਹਿੰ ਅਜ਼ਮਤ[3] ਹਿਤ ਕਬ ਬਚ ਪ੍ਰਾਹੀਂ। ਗੂੜ੍ਹਾਸ਼ੈ[4] ਗੰਭੀਰ ਸੁਭਾਉ। ਨਹਿੰ ਪ੍ਰਗਟਾਵੈਂ ਅਪਨ ਪ੍ਰਭਾਉ[5]। ੫੯। ਇਹ ਉਦਾਰ ਚਿਤ ਸੰਕ ਨ ਮਾਨੈਂ। ਯਥਾ ਕਾਮਨਾ ਸਿਖਜਨ ਜਾਨੈ।ਦੇਤ ਤਥਾ ਨਿਜ ਲੇਤ ਉਪਾ-ਇਨ। ਕੀਰਤਿ ਬਿਸਤੀਰਤ ਗੁਨਆਯਨ[6]। ੬੦। ਆਇੰ ਸੰਗਤਾਂ ਦੇਸ਼ ਮਹਾਨੀ। ਗੁਰ ਤੇ ਪ੍ਰਿਥਕ[7] ਦਰਸ ਇਨ ਠਾਨੀ। ਮਨੋ ਕਾਮਨਾ ਪੂਰਨ ਕਰਹੀਂ। ਜਨਮ ਅਨੇਕਨ ਕਿਲਵਿਖ ਹਰਹੀਂ। ੬੧। ਸ੍ਰੀ ਗੁਰੁ ਅੰਤਰਜਾਮੀ ਜਾਨੈਂ। ਅਤਿ ਉਦਾਰ[8] ਚਿਤ ਸੁਤ ਪਹਿਚਾਨੈ। [9]ਤਉ ਕਾਮ ਪਰਣਾਮ[9] ਬਿਚਾਰੈਂ। ਹੋਨਹਾਰ ਕੋ ਨਿਜ ਚਿਤ ਧਾਰੈਂ। ੬੨। ਟਲੀ ਨ ਟਾਲਹਿ ਕਿਤ ਬਿਧਿ ਸੋਇ। ਹੋਨਹਾਰ ਹੋਨੀ ਸੋ ਹੋਇ। ਮ੍ਹਿ ਬਚ ਸੇ ਗੁਰੁ ਕੇਤਿਕ ਵਾਰ। ਸਮਝਾਏ ਕਹਿ ਕਰ ਹਿਤ ਧਾਰ।੬੩। ਨਹੀਂ ਸਮੁਖ[10] ਉੱਤਰ ਕਬ ਦੀਨਾ। ਨਾਰ[11] ਨਿਵਾਇ ਝਾਲ ਬਚ ਲੀਨਾ। ਤਉ ਕ੍ਰਿਯਾ ਜੋ ਅਪਨ ਮਹਾਨੀ। ਜੋ ਬ੍ਰਿਤ ਨਿਜ ਸਿਖਜਨ ਗਤਿ ਦਾਨੀ। ੬੪।

[1]ਕਹੀ ਗਈ, ਮੰਨੀ ਗਈ। [2]ਭਾਵੇਂ। [3]ਕਰਾਮਾਤ। [4]ਗੂੜ੍ਹੇ ਆਸ਼ੇ। [5]ਪ੍ਰਭਾਵ,ਪ੍ਰਤਾਪ, ਤਾਕਤ। [6]ਗੁਣਾਂ ਦੇ ਘਰ (ਸਾਹਿਬਜ਼ਾਦੇ ਜੀ) ਦੀ। [7]ਵੱਖਰੇ। [8]ਦੂਲ੍ਹਾ, ਸਖੀ। [9]ਇਸ ਕੰਮ ਦਾ ਅੰਤ, ਨਤੀਜਾ। [10]ਸਾਹਮਣੇ। [11]ਗਰਦਨ, ਧੌਣ।

ਅਜ਼ਮਤ ਦੇਤ ਡੇਰ ਨਹਿੰ ਕਰੈਂ। ਬਾਲਕ ਬ੍ਰਿੰਦ ਅਦਾਇਬ[1] ਧਰੈਂ। ਜੋ ਸਿਖ ਸਮਤਾਸ਼ਰਧਾਧਰੈ। ਖੇਲੈਂ ਸੰਗਹਿ ਸੰਗ ਬਿਚਰੈ। ੬੫। ਖਿੱਦੋ ਖੁੰਡੀ ਅਧਿਕ ਸਨੇਹਾ।ਖੇਲਹਿੰ ਸੀਡ ਬਧਾਇ ਅਛੇਹਾ। ਇਤ ਉਤ ਦੋਇ ਭਾਗ ਹ੍ਵੈ ਬਾਲਕ। ਰਾਖਹਿੰ ਹੱਦ ਏਕ ਦੁਇ ਤਾਲਕ। ੬੬। ਸਭ ਬਾਲਨ ਕਰ ਖੁੰਡੀ ਹੋਇ। ਕਿੰਦੁਕ[2] ਪੈਰਹਿੰ ਇਤ ਉਤ ਢੋਇ। ਹੱਦ ਨਿਕਾਲ ਦੇਤ ਜੋ ਕੋਇ।ਜੀਤ ਹਾਰ ਤਾਂਕੋ ਕਹਿੰ ਸੋਇ। ੬੭। ਇਸ ਪ੍ਰਕਾਰ ਨਿਤ ਖੇਲਨ ਕਰੈਂ। ਕੋ ਜੀਤਜੋ ਕੋ ਹਾਰਜੋ ਰਰੈਂ।ਬ੍ਰਿੰਦ ਧਨੀਨ[3] ਪੁੱਤ੍ਰ ਇਕ ਥਾਨ। ਖੇਲਹਿੰ ਪ੍ਰਭ ਸੰਗ ਹਿਤ ਚਿਤ ਠਾਨ। ੬੮। ਏਕ ਦਿਵਸ ਅਸ ਭਯੋ ਬ੍ਰਿਤਾਂਤ। ਗੁਰਮੁਖ ਖੱਤ੍ਰੀ ਸੁਜਨੀ ਜਾਤ। ਤਿਹ ਗ੍ਰਿਹ ਮੈਂ ਇਕ ਸੁਤ ਮਤਿਵੰਤਾ। ਮੋਹਨ ਨਾਮ ਸਕਲ ਗੁਣਵੰਤਾ।੬੯। [4]ਸਮ ਬੈ ਬਦਖ ਬਜਾਕਰਨ ਹਾਯਨ[4]। ਅਤਿ ਚਾਤੁਰਤਾ [5]ਗਹਨ ਪਲਾਯਨ[5]। ਅਤਿ ਪ੍ਰੀਤਮ ਸ੍ਰੀ ਪ੍ਰਭ ਕੋ ਭਯੋ। ਨਿਤ ਖੇਲਨ ਮੋਹਨ ਸੰਗ ਚਹਯੋ। ੭੦। ਸੰਕਰ ਛੰਦ। ਨਿਤ ਸੰਗ ਮੋਹਨ ਖੇਲਹੀਂ ਸੁਭ ਖੇਲ ਅਨਿਕ ਪ੍ਰਕਾਰ। ਇਤ ਉਤ ਧਕੇਲਹਿੰ ਪੇਲਹੀ ਕਬ ਜੀਤ ਹ੍ਵੈ ਕਬ ਹਾਰ। ਇਕ ਦਯੋਸ ਖੇਲਤ ਸ੍ਰੀ ਪ੍ਰਭੂ ਖਿੱਦੋ ਜੁ ਖੁੰਡੀ ਨਾਮ। ਲਈ ਜੀਤ ਬਾਜੀ ਸ੍ਰੀ ਪ੍ਰਭੁ ਸਮਾਂ ਭਾ ਤਬ ਸ਼ਾਮ। ੭੧। ਜਿਹ ਸੰਗ ਲਰਕੇ ਖੇਲਤੇ ਬਾਜੀ ਰਹੀ ਤਿਹ ਸੀਸ। [6]ਸਿਰ ਹੋਡ ਦੈ[6] ਤਿਹ ਚਲਤ ਭੇ ਨਿਜ ਗੇਹੁ ਕੌ ਜਗਦੀਸ਼। ਨਾਮ ਗੁਰਮੁਖ ਖੱਤਰੀ ਜਿਹ ਪੁੱਤ੍ਰ ਕੇ ਸਿਰ ਹੋਡ। ਗ੍ਰਿਹ ਰੈਨ ਮੈ ਭਾ

[1]ਸਤਿਕਾਰ। [2]ਗੇਂਦ,ਖਿੱਦੂ। [3]ਧਨੀਆਂ ਦੇ। [4]ਨਵਾਂ ਬਰਸਾਂ ਦੀ ਇਕੋ ਜਿਹੀ ਉਮਰ (ਮੋਹਨ ਦੀ ਤੇ ਬਾਬੇ ਅਟਲਰਾਇ ਜੀ ਦੀ)। [5]ਫੜਨ ਤੇ ਨੱਸਣ ਦੀ। [6]ਉਸ ਦੇ ਸਿਰ ਮੀਟੀ ਦੇ ਕੇ ਭਾਵ ਬਾਜੀ ਉਸ ਸਿਰ ਕਰਕੇ।

Digitized by Panjab Digital Library | www.panjabdigilib.org

ਬਜੈਤ ਜੈ ਕਵਿ ਭਨਤ ਸਕਲ ਸਚੋਡ[1]।੭੨।
ਦੋਹਰਾ। ਖਾਨ ਪਾਨ ਸਨਮਾਨ ਯੁਤ ਕੀਨਹੁ ਭਲੀ ਪ੍ਰਕਾਰ। ਸੋਏ ਧਰ ਉਰ ਧਜਾਨ ਕੋ ਸ੍ਰੀ ਪ੍ਰਭੁ ਜਗ ਕਰਤਾਰ ।੭੩। ਕਨ ਸੁਮੇਰ ਤੇ ਮੇਰ ਕਨ ਹੋਵਤ ਦਿਨ ਕੇ ਫੇਰ। ਅਹੋ ਕਾਲ ਗਤਿ ਅਤਿ ਅਘਟ [2]ਤੀਬ੍ਰ ਤੀਬ੍ਰਤਰ[2] ਹੇਰ।
੭੪।ਸੰਕਰਛੰਦ। ਗ੍ਰਿਹ ਰੈਨ ਮੈਂ ਜਬਸੁਪਤ ਭਾ [3]ਸੋਤੇ ਕਟੀ ਤੈ ਜਾਮ[3]।ਜਬ ਰਹੀ ਜਾਮਨਿ ਜਾਮ ਭਰ ਤਬ ਭਜੇ ਔਰੇ ਕਾਮ। ਇਕ ਸਾਂਪ ਕਾਰੇ ਰੰਗ ਕੋ ਬਿਲ ਸੋ ਜੁ ਨਿਕਸਜੋ ਆਇਪ੍ਰਾਰਬਧ ਪ੍ਰੇਰਜੋ ਡਸਜੋ ਤਿਹ, ਤਬ [4]ਪ੍ਰਾਨਗਏਬਿਲਾਇ[4]।
੭੫।ਉਠ ਪ੍ਰਾਤਪਿਤ ਅਰ ਮਾਤ ਨੇ ਸੁਤ ਮ੍ਰਿਤਕ ਪਰਿਓ ਚੀਨ। [5]ਬਡ ਦੂਖ ਔ ਪਰਿਤਾਪ[5] ਸੋ ਪਰਵਾਰ ਰੋਵਨ ਕੀਨ। ਰੁਦਤ ਪਿਤ ਅਰ ਮਾਤ ਸਗਰੇ ਕਰਤ ਬਡੇਬਿਲਾਪ।ਬਡ ਸੋਰ ਮੈ ਬ ਗ-ਕੁਲ ਭਏ ਕਵਿ ਸਕਤ ਕਹਿ ਨ ਪ੍ਰਲਾਪ[6]।੭੬।
ਦੋਹਰਾ।'ਬਿਰਧਾਪਨ ਮੈ ਏਕ ਸੁਤ ਛੀਨ ਲੀਨ ਕਰਤਾਰ। ਅਹੋ ਦੈਵ ਗਤਿ ਕਜਾ ਕਰੈਂ ਚਲਤ ਨ ਕੋ ਉਪਚਾਰ[7] ।੭੭। ਸੰਕਰ ਛੰਦ । ਹੇ ਪੁੱਤ੍ਰ ਅਤਿ ਮਤਿਵੰਦ ਤੂੰ ਕਿਤ ਗਯੋ ਹਮ ਕੋ ਛੋਰ। ਅਨਜਾਇ ਅਬ ਘਰ ਈਸ ਕੇ ਦੁਖ ਦੇਤ ਪੁੱਤ੍ਰ ਵਿਛੋਰ। ਹਮ ਹੂੰ ਮਰੈਂਗੇ ਸੰਗ ਸੁਤ ਨਹਿੰ ਜੀਯਨ ਸੁਖ ਜਗ ਮਾਂਹਿ। ਹੇ ਪੁੱਤ੍ਰ ਅਤਿ ਦੁਖ ਦੇ ਗਯੋ ਹਮ ਤੋਹਿ ਹਿਤ ਬਿਲਲਾਂਹਿੰ' । ੭੮ । ਚੌਪਈ । ਇਤਿ ਉਤ ਖਬਰ ਜਹਾਂ ਕੋ ਪਾਵੈ। ਰੋਵਤ ਗ੍ਰਿਹ ਗੁਰਮੁਖ ਕੇ ਆਵੈ । ਅਹੋ ਏਕ ਸੁਤ ਗੁਰਮੁਖ ਕੇਰੋ। ਮਰਜੋ ਡਸਜੋ ਅਹਿ ਕ੍ਰੂਰ ਕਰੇਰੋ[1]। ੭੯। ਮ੍ਰਿੱਤੁ ਅਚਾਨਕ ਪ੍ਰਬਲ ਜੁ ਭਾਵੀ।ਨਹਿੰ ਸਮਰਥ ਜੋ ਮੇਟ ਸਕਾਵੀ।ਇਤਜਾ-ਦਿਕ ਦੇਵੈ ਵਹਿ ਦੋਸ। ਰੋਵਹਿ ਕਰ ਬਿਰ-ਲਾਪ ਸਰੋਸ ।੮੦।

ਉਤ ਜਾਗੇ ਜਬ ਗੁਰੁਸੁਤ ਸ੍ਵਾਮੀ । ਘਟਘਟ ਪਟਪਟ ਅੰਤਰਜਾਮੀ। ਸੋਚਾਦਿਕ ਜੋ ਕ੍ਰਿਯਾ ਮਹਾਨੀ । ਕੀਨ [2]ਯਥਾ ਬਿਧ ਮਨ ਅਨੁਮਾਨੀ[2]। ੮੧। ਸਵੈਯਾ ਛੰਦ* । ਕਰ ਇਸਨਾਨ ਬਸਤ੍ਰ ਪੁਨ ਪਹਿਰੇ [3]ਕਛੁਤ ਅਚਨ ਕਰ[3] ਪ੍ਰਾਤੈ ਕਾਲ। ਕਰ ਖੁੰਡੀ ਗਹਿ ਚਲੇ [4]ਹੰਸ ਗਤਿ[4] ਸ੍ਰੀ ਪ੍ਰਭੁ ਅਪਨੇ ਬਿਰਦ ਸੰਭਾਲ । ਖੇਲਨ ਕੇ ਸਥਾਨ ਮੈਂ ਪ੍ਰਾਪਤ ਭਏ ਜਾਇ ਸ੍ਰੀ ਪ੍ਰਭੁ ਮਹਾਨ । ਪ੍ਰੇਮੀ ਖੇਲ ਪੂਛਬੋ ਕੀਨੋ 'ਕਹਿੰ ਮੋਹਨ ਮਮ ਮਿੱਤ੍ਰ ਸੁਜਾਨ?'।੮੨। ਭਨਜੋ ਕਿਸੂ 'ਨਹਿੰ ਆਯੋ ਅਬ ਲੌ ਹਾਰ ਗਯੋ ਕਲ ਸੰਧਜਾ ਖੇਲ'।ਪਠਜੋ ਦਾਸ'ਤਿਹ ਆਨਹੁ [5]ਤੂਰਨ ਕਰੈ ਸੀਡ ਸੰਗ ਮੇਰੇ ਮੇਲ[5]'।ਗਯੋ ਤਾਸ ਗ੍ਰਿਹ ਮਰਜੋ ਨਿਹਾਰਜੋ ਸੋਕ ਬਿਲਾਪ ਅਧਿਕ ਤਿਸ ਠੌਰ । ਆਇ ਅਰਜ ਕੀਨੀ ਪ੍ਰਭ ਆਗੇ 'ਅਹਿ[6] ਡਸਗਾ ਮ੍ਰਿੱਤੁ,ਅਧਿਕ ਸੁ ਰੌਰ'।੮੩। ਦੋਹਰਾ । 'ਸਹਿ ਨ ਸਕੇ ਮਿਤ ਮ੍ਰਿੱਤੁ ਸ੍ਰਵਨ ਛੁਭਜੋ' ਚਿੱਤ ਇਕ ਵਾਰ । ਚਲੇ ਤਾਸੁ ਗ੍ਰਿਹ ਸੰਗ ਲੈ ਖੇਲਕ[7] ਸਖਾ ਅਪਾਰ।੮੪।ਸ੍ਰੈਯਾਛੰਦ। ਜਬ ਤਿਹ ਗ੍ਰਿਹ ਮੈ ਪ੍ਰਾਪਤ ਹ੍ਵੈ ਪਿਖਜੋ ਤਹਾਂ ਬਡ ਸੋਕ ਬਿਲਾਪ। ਭੇ ਅਸਚਰਜ ਪ੍ਰਛਨੋ ਕੀਨੋ ਸਭ ਲੋਕਨ ਸੋ ਸ੍ਰੀ ਪ੍ਰਭੁ ਆਪ।ਸਭ ਲੋਕਨ ਉਠ ਬੰਦਨ ਕੀਨੀ ਸੰਗ ਬੇਨਤੀ ਬਹੁਬਿਧਿ ਠਾਨ।

---

[1]ਖੋਲ੍ਹ ਕੇ, ਵਿਸਥਾਰ ਸਹਿਤ। ਨਚੋੜ ਦਾ ਉਲਟ ਸਚੋੜ। [2]ਕਰੜੀ ਤੋਂ ਕਰੜੀ,ਮਹਾਂ ਭਜਾਨਕ। [3]ਤਿੰਨ ਪਹਿਰ ਸੁੱਤਿਆਂ ਬੀਤੇ। [4]ਪ੍ਰਾਨ ਨਾਸ਼ ਹੋ ਗਏ। [5]ਵਡੇ ਦੁੱਖਤੇਸੰਤਾਪਨਾਲ। [6]ਵਿਰਲਾਪ। [7]ਯਤਨ, ਚਾਰਾ।

[1]ਅਤਿ ਭਜਾਨਕ ਸੱਪ। [2]ਜਿਵੇਂ ਚਿਤ ਚਾਹਿਆ। [3]ਕੁਛਕੁ ਖਾ ਕੇ। [4]ਹੰਸ ਦੀ ਚਾਲ ਵਤ। [5]ਭਾਵ ਸਾਡੇ ਨਾਲ ਰਲਕੇ ਮੀਟੀ ਦੇਵੇ। [6]ਸੱਪ। [7]ਦੋਸ ਹੋਯਾ। [8]ਖੇਲਣ ਵਾਲੇ।

*ਇਸ ਸਵੈਯੇ ਦਾ ਨਾਮ 'ਬੀਰ' ਹੈ।

Digitized by Panjab Digital Library | www.panjabdigilib.org

[1]ਪੂਛਜੋਂ ਕਿਉਂ ਰੋਵਤ? ਕਹਿਂ ਮੇਰੋ ਹੋਡਹਾਰ, ਮੁਹ ਕਰੋ ਬਖਾਨ[1]'। ੮੫। ਕਹਜੋ 'ਮਰਜੋ', 'ਨਹਿਂ ਮਰਜੋ' ਬਖਾਨਜੋ 'ਰਹੀ ਹੋਡ ਮੇਰੀ ਸਿਰ, ਤਾਂਹਿ। ਅਬ ਮਰ ਦਾਵ ਬਚਾਵਨ ਚਾਹੈ ਛੂਟਤ ਹੋਡ ਨਹਿਂ ਕਿਸਹੂੰ ਭਾਇ'। ਹਸ ਕਰ ਅਰਜ ਕਰੀ ਪੁਨ ਲੋਕਨ 'ਚਲ ਅਬ ਦੇਖ ਲੀਜੀਏ ਆਪਂ'। ਸ੍ਰੀ ਪ੍ਰਭ ਚਲੇ ਹੰਸਗਤਿ ਤਿਤ ਦਿਸ਼ ਸਭ ਲੋਕਨ ਖੋਵਨ ਪਰਿਤਾਪ[2]। ੮੬। ਆਂਇ ਸਮੁਖ ਤਿਹ ਠਾਢੇ ਹ੍ਵੈ ਕਰ ਖੁੰਡੀ ਤਿਹ ਗਰ ਦੀਨੀ ਪਾਇ। 'ਅਹੋ ਹੋਡ ਮਮ ਦੇਵਨ ਕਾਰਨ ਸੋਯੋ ਅਪਨੋ ਦਾਵ ਬਚਾਇ'। ਪਾਇ ਬਾਹੁ ਬਲ ਉਠ ਇਉਂ ਭਾਖਜੋ 'ਹੌਂ ਹਾਜਰ ਦੇਵਨ ਕੌ ਹੋਡ। ਬਡੀ ਬੇਰ ਸੋਤੇ ਮੁਹਿ ਬੀਤੀ ਮਾਫ ਕਰੋ ਮੁਰ ਏਹ ਨਿਗੋਡ[3]' ।੮੭।ਦੋਹਰਾ। ਜੈ ਜੈ ਜੈ ਜੈ ਜੈ ਭਨੈ ਜੈ ਜੈ ਜੈ ਜੈ ਜਾਨ। ਧੰਨ ਗੁਰੂ, ਗੁਰ ਧੰਨ ਸੁਤ, ਧੰਨ ਧੰਨ ਬਿਰਦ ਮਹਾਨ । ੮੮ । ਹੁਤੋ ਸ਼ੋਕ ਜਿਮ ਗੇਹ ਮੈਂ ਭਯੋ ਹਰਖ ਤਿਹ ਦੈਨ। ਮੰਗਲ ਆਨੰਦ ਹਰਖਤਾ ਮੁਦਤ ਭਈ ਤ੍ਰੈਭੈਨ ।੮੯। ਦੰਪਤਿ[4] ਕੌ ਜੁ ਅਨੰਦ ਭਾ ਕਹਿ ਨ ਸਕਤਿ ਕਵਿ ਸੋਇ। ਸ਼ੋਕ ਬਿਖੈ ਅਸ ਹਰਖ ਭਾ ਇਹ ਅਚਰਜ ਗਤਿ ਜੋਇ। ੯੦। ਕਬਿੱਤ। [5]ਬੰਧਜਾ ਗ੍ਰਿਹ ਪੂਤ ਜੈਸੇ, [6]ਰੰਕੀ ਪੁਰਹੂਤ ਜੈਸੇ[6], [7]ਜੂਆਰੀ ਜੀਤ ਦ੍ਯੂਤ ਜੈਸੇ[7], [8]ਸਿੰਧ ਚੰਦ ਪੂਰ ਕੌ[8]। ਰੰਕ ਜਯੋਂ ਕੁਬੇਰ ਹੋਵੈ, ਰੋਗੀ ਸੰਨਪਾਤ[9] ਖੋਵੈ, ਜੋਗ।

[1](ਅਟਲ ਰਾਇ ਜੀ ਨੇ) ਪੁਛਿਆ ਕਿਉਂ ਰੋਂਦੇ ਹੋ, ਮੇਰੀ ਮੀਟੀ ਦੇਣ ਵਾਲਾ ਕਿਥੇ ਹੈ? ਮੈਨੂੰ ਦੱਸੋ। [2]ਸੰਤਾਪ, ਮਹਾਨ ਦੁਖ, ਅਤਿ ਕਲੇਸ਼ । [3]ਭੁੱਲ । [4]ਇਸਤ੍ਰੀ ਪਤੀ, ਭਾਵ ਮੋਹਨ ਦੇ ਮਾਤਾ ਪਿਤਾ । [5]ਬਾਂਝ ਇਸਤ੍ਰੀ । [6]ਕੰਗਾਲ ਜਿਵੇਂ ਇੰਦ੍ਰ (ਬਣ ਜਾਏ)ਤਾਂ । [7]ਜੁਵਾਰੀਆ ਜਿਵੇਂ ਦਾਉ ਜਿੱਤ ਲਵੇ ਤਾਂ। [8]ਸਮੁੰਦਰ (ਜਿਵੇਂ) ਪੂਰਨ ਚੰਦ ਨੂੰ (ਦੇਖੇ ਤਾਂ ਉਛਲਦਾ ਹੈ)। [9]ਇਕ ਕਰੜਾ ਰੋਗ।

ਹਰ[1] ਰੂਪ ਜੋਵੈ, ਮੇਰੁ ਕਨ ਧੂਰ ਕੋ। ਔਸ੍ਰੂਰਜ ਅਚਾਨਕ ਭਜਾਨਕ ਦੁਖ ਦੂਰ ਕਰੈ, ਸ੍ਰਾਂਤਿ ਜਜੋਂ ਪਪੀਹਾ, ਬ੍ਰਿੰਦ ਕੁਮਦ[2] ਜਜੋਂ ਸੂਰ ਕੋ। ਤੈਸੇ ਸੁਖ ਗੁਰਮੁਖ ਕੋ ਭਯੋ ਸੁਤ ਜੀਵਨ ਤੇ, ਜੈਸੇ ਮਣਿ ਖੋਈ ਪਾਵੈ ਫਨ ਪੁਰਨੂਰ[3] ਕੋ। ੯੧। ਦੋਹਰਾ। ਜਿਤਕ ਲੋਗ ਬੈਠੇ ਹੁਤੇ ਉਸਤੁਤਿ ਸਭਹਨ ਕੀਨ । ਪੁਟ ਅੰਜੁਲ[4] ਸਿਰ ਨੰਮ੍ਰ ਕਰ 'ਜੈ ਗੁਰ ਸੁਤ ਹੋ ਪ੍ਰਬੀਨ' । ੯੨ । ਭੁਜੰਗ ਪ੍ਰਯਾਤ ਛੰਦ। 'ਕ੍ਰਿਪਾ ਪਾਇ ਤੇਰੀ ਅਨੰਦੰ ਭਏ ਹੈਂ। ਮਹਾਂ ਸ਼ੋਕ ਬਿੱਲਾਪ ਬ੍ਰਿੰਦੰ ਗਏ ਹੈਂ। ਅਹੋ ਭਗੁ ਵੱਛ ਤੁਹਾਰੋ ਸੁ ਨਾਮਾ।ਕੀਏ ਪੌਂਚ ਕੈ ਕੈ ਸਦਾ ਦਾਸ ਕਾਮਾ ।੧। ਕਿਯੋ ਜੱਸ ਪਾਕੰ ਮਹਾਨੰ ਗੁਰੂ ਕਾ। ਕਿਯੋ ਕਾਜ ਗੁਰਮੁਖ ਕੁ ਆਸਾ ਪੁਤ੍ਰ ਕਾ। ਖਿਰੀ ਮਾਲਤੀ ਉੱਜਲੰ ਹੈਪ੍ਰਭਾਸੀ[5]।ਕਮੋਦੰ ਯਥਾ ਚੰਦ ਪ੍ਰਗ੍ਰੇਪ੍ਰਕਾਸ਼ੀ।੨। ਦਯੋ ਸ਼ੋਕ ਮੈਂ ਹਰਖ ਆ ਕੈ ਉਦਾਰੈ। ਅਹੋ ਕਾਜ ਗੁਰਮੁਖ ਸਮੂਹੰ ਸਵਾਰੇ। ਅਹੋ ਮੀਤ ਆਪਂ ਕੁ ਲੀਨੋ ਜਿਵਾਈ। ਇਹੀ ਹੈ ਬਡੋਂ ਕੀ ਸਨਾਤੰ[6] ਬਡਾਈ ।੩। ਸਦਾ ਜੈ ਸਦਾ ਜੈ ਸਦਾ ਜੈ ਤੁਮਾਰੀ।ਅਹੋ ਦਾਸ ਰੱਖਜੋ, ਕ੍ਰਿਪਾਲੰ, ਅਘਾਰੀ[7]। ਅਹੋ ਬਾਲ ਦੇਹੰ ਮਹਾਂ ਸ਼ਕ੍ਰਿ ਵਾਰੇ । ਗਿਨੈ ਕੋ ਗੁਨੰ ਨਾਂ ਕਛੂ ਵਾਰ ਪਾਰੇ । ੪। ਅਹੋ ਈਸ਼ ਔਤਾਰ ਦਜਾਲੰ ਸੁਭਾਊ।ਅਹੋ ਸ਼ਾਂਤਿ ਰੂਪੰ ਮਹਾਨੰ ਪ੍ਰਭਾਊ। ਕੀਏ ਕਾਜ ਦਾਸਾਨ ਕੇ ਹੋ ਸਹਾਈ। ਅਹੋ ਬਾਲ ਬੰ ਕੀਰਤੀ ਸ੍ਰੁਤ[8] ਪਾਈ । ੫ । ਤੁਹੀ ਮੋਹਨੰ ਮੀਤ ਪ੍ਰਾਨੰ ਉਬਾਰੇ। ਤੁਹੀ ਦੰਪਤੀ ਕੇ ਸਭੋ ਸ਼ੋਕ ਟਾਰੇ। ਤੁਹੀ ਅਸਮਦਾਦੰ[9]

[1]ਸ਼ਿਵਜੀ। [2]ਲਾਲ ਕਵਲ। [3]ਪ੍ਰਕਾਸ਼ਮਾਨ । [4]ਭਾਵ, ਦੋਵੇਂ ਹਥ ਜੋੜਕੇ । [5]ਪ੍ਰਕਾਸ਼ੀ । [6]ਸਨਾਤਨ । [7]ਅਘ। ਅਰੀ=ਪਾਪਾਂ ਦੇ ਵੈਰੀ । [8]ਉੱਜਲ। [9]ਅਸਮੰਦ ਆਦਿ=ਹਮਾਤੜ ।

Digitized by Panjab Digital Library | www.panjabdigilib.org

ਪੈ ਹੋ ਕੈ ਕ੍ਰਿਪਾਲਾ । ਕਰਜੋ ਜੱਸ ਸ਼੍ਰੀ ਨਾਨਕ ਕੋ ਉਜਾਲਾ ।੬। ਤੁਹੀ ਕਰਣ ਕਾਰਣ ਬਲੀ ਜੋਤਿ ਭਾਰੀ । ਤੁਹੀ ਮ੍ਰਿਤਕ ਜੀਆਵਨੀ ਸ਼ਕ੍ਤਿ ਧਾਰੀ। ਤੁਹੀ ਈਸ਼ ਰੂਪਾ ਅਨੰਤਾ[1] ਅਜਾਧਾ । ਸਨਾਤੰ ਪਰੇਸਾ[2] ਅਕਾਲਾ[3] ਅਬਾਧਾ[4]।੭। ਅਹੋ ਧੰਨ ਤਾਤੰ ਗੁਰੂ ਸ਼ਕ੍ਤਿ ਤੇਰੀ। ਭਜੇ ਸੋ ਪਿ ਧੰਨੰ ਜਿਨੈਂ ਦੀਦ ਹੇਰੀ। ਪ੍ਰਣਾਮੰ ਪ੍ਰਣਾਮੰ ਪ੍ਰਣਾਮੰ ਹਮਾਰੀ। ਸਦਾਜੈਸਦਾਜੈਸਦਾਜੈ ਤੁਮਾਰੀ।੮।੬੩।ਦੋਹਰਾ। ਇਮ ਅਸ਼ਟਕ[4] ਕਰ ਸਿੱਖਗਨ ਉਸਤੁਤਿਕੀਨ ਮਹਾਨ। ਪਠਤ ਸੁਨਤ ਗਤਿ ਦਾਵਨੰ ਆਸ਼ਾ ਪੂਰਨਵਾਨ ।੬੪। ਚੌਪਈ । ਇਹ ਬਿਧਿ ਜਸ ਫੈਲਜੋ ਪੁਰ ਮਾਂਹੀ।ਮ੍ਰਿਤਕ ਜਿਆਵਨ ਅਚਰਜ ਪ੍ਰਾਹੀ। ਜੋ ਦ੍ਰਿੜ ਨਿਸ਼ਚਾ ਗੁਰ ਘਰ ਜਾਨੈਂ। ਤੇ ਇਹ ਬਿਧ ਕੇ ਬਾਕ ਬਖਾਨੈਂ।੬੫।'[5]ਕਰਾਮਾਤ ਗੁਰ ਸ੍ਵਾਨਨ ਮਾਂਹੀ[6]। ਇਹ ਤੌ ਸੁਤ, ਕਜਾ ਅਚਰਜ ਪ੍ਰਾਹੀ । ਕਰੈਂ ਮੇਰੁ ਕਨ ਤੇ ਖਿਨ ਬੀਚ । ਕਰੈਂ ਰਾਵ ਖਿਨ ਮੈਂ ਨਰ ਨੀਚ ।੬੬। [7]ਘਟਨਾ ਘਟਨਪਟੀਜ ਜੁ ਮਾਯਾ[7] । ਜਿਨ ਸਗਲੋ ਬ੍ਰਹਮਾਂਡ ਨਚਾਯਾ । ਸੋ ਜਿਨ ਕੀ ਆਗਜਾ ਅਨੁਸਾਰੀ । ਚਾਹੈ ਕਰੈਂ ਨ ਲਾਇੰ ਅਵਾਰੀ[8] ।੬੭। ਕਜਾ ਅਚਰਜ ਇਕ ਮ੍ਰਿਤਕ ਜਿਵਾਵਾ । ਜਿਨ ਸਗਲੋ ਬ੍ਰਹਮਾਂਡ ਬਸਾਵਾ'। ਕੋਚਿਤ ਭਨੈ 'ਅਲਪ ਬੈ ਮਾਹੀ । ਮਹਦ ਸ਼ਕਤਵਾਰੇਏ ਆਂਹੀ'।੬੮।ਕੋਚਿਤਭਨੈਂ'ਮੁਗਲ ਆਰਾਤੀ।ਸ੍ਰੀ ਹਰਿ ਗੋਬਿੰਦ ਜਸ ਜਗ ਖਜਾਤੀ। ਤਾਂਤੇ ਸੁਤ ਇਹ ਕਜੋਂ ਨਹਿੰ ਹੋਵੈ।ਮਹਾਂ ਸ਼ਕਤਿ ਵਾਰੇ ਜਗ ਜੋਵੈਂ' । ੬੯ । ਇਤਜਾਦਿਕ ਘਰ ਘਰ ਪੁਰ ਮਾਂਹੀ । ਆਪਸ ਮਾਂਹਿ ਬਚਨ ਬਹੁ ਪ੍ਰਾਂਹੀ। ਧੰਨ ਸ਼ਬਦ ਜੈ ਪੁਰ ਚਹੁੰ ਓਰ । ਸ਼ੁਭ ਜਸ ਫੈਲ ਰਹਜੋ ਸਬ ਠੌਰ ।੭੦੦। ਦੋਹਰਾ। ਡਗਰ[1], ਬਗਰ[2], ਕੂਚੇ, ਗਲੀ, ਚੌਹਟ[3], ਘਰ, ਦਰ, ਹਾਟ।ਜਹਿੰ ਕਹਿੰ ਹੋਤ ਪ੍ਰਸੰਗ ਇਹ ਅਤਿ ਅਚਰਜਤਾ ਠਾਟ । ੭੦੧ । ਚੌਪਈ । ਇਸ ਪ੍ਰਕਾਰ ਜਸ ਫੈਲਜੋ ਮਹਾਂ । ਅਲਪ ਕਾਲ ਹੀ ਮੈਂ ਜਹਿੰ ਕਹਾਂ । ਇਤ ਸ੍ਰੀ ਹਰਿ ਗੋਬਿੰਦ ਬਰ ਬੀਰ । ਬੈਠੇ ਤਖਤ ਅਕਾਲ ਸਧੀਰ । ੭੦੨ । ਯੁਤ[4] ਦਿਵਾਨ ਸੋਭਾ ਅਤਿ ਪਾਵੈਂ । ਗਨ ਸਿੱਖਜਨ ਸੰਗ ਬਾਤ ਚਲਾਵੈਂ । ਹਯ[5] ਗਯ[6] ਸ਼ਸਤ੍ਰ ਸੈਨ ਕੀ ਬਾਤ। [7]ਸੱਤ੍ਰ ਨਿਪਾਤਨ[7] ਬਡ ਬਿਖਯਾਤ[8] । ੭੦੩ । ਜਿੰਨ ਸਿੱਖਨ ਤਹਿੰ ਪਿਖਜੋ ਤਮਾਸ਼ਾ । ਸ੍ਰੀ ਗੁਰ ਸਨਮੁਖ ਬਚਨ ਪ੍ਰਕਾਸ਼ਾ। 'ਕਜੋਂ ਨ ਹੋਹਿੰ ਗੁਰ ਸੁਤ ਬਡਭਾਗੇ। ਜਿਨ ਮਿਸ[9] ਗੁਰਮੁਖ ਭਾਗ ਸੁ ਜਾਗੇ ।੭੦੪। ਹੁਤੋ ਏਕ ਸੁਤ ਗੁਰਮੁਖ ਕੇਰਾ । ਸਮ ਬੈ ਨਵ ਬਰਖਨ ਕੋ ਹੇਰਾ । ਮਰਜੋ ਰਾਤ ਡਸਗਾ ਅਹਿ ਕਾਰਾ । ਤਿਸਹਿ ਮੀਚ[10] ਤੇ ਅਟਲ ਉਬਾਰਾ। ੭੦੫। ਮਹਾਂ ਸੁਜਸ ਫੈਲਜੋ ਪੁਰ ਮਾਂਹੀ । ਜਿਤ ਕਿਤ ਸੁਭ ਕੀਰਤ ਸਭ ਪ੍ਰਾਂਹੀ । 'ਇਕ ਪੁੱਤ੍ਰ[11] ਕੇ ਪ੍ਰਾਨ ਉਬਾਰੇ' । ਭਜੇ ਸੁਜਸ ਕੀਰਤਿਪੁਰ ਸਾਰੇ । ੭੦੬ । ਕਿਉਂ ਨ ਹੋਹਿ ਪ੍ਰਭੁ ਅੰਸ ਤੁਮਾਰੀ । ਦਾਸਨ ਰੱਖਜਕ ਪਰ-ਉਪਕਾਰੀ' । ਸੁਨਤ ਛੁਭਜੋ ਚਿਤ ਸ੍ਰੀ ਗੁਰ-

---

[1]ਜਿਸ ਦਾ ਅੰਤ ਨਾ ਪਾਇਆ ਜਾਏ।[2]ਸਨਾਤਨ ਤੇ ਪਰੇ ਤੋਂ ਪਰੇ ਦੇ ਈਸ਼ਰ, ਸ਼ਾਹਨਸ਼ਾਹ । [3]ਅਮਰ। [4]ਜਿਸ ਨੂੰ ਕੋਈ ਬਾਧਾ(ਦੁਖ)ਨਾ ਲਗ ਸਕੇ।[5]ਅੱਠ ਛੰਦਾਂ ਦਾ ਇਕੱਠ ਜੋ ਉਪਰ ਆਇਆ ਹੈ। [6]ਗੁਰੂ ਜੀ ਦੇ ਕੁੱਤਿਆਂ ਵਿਚ ਬੀ ਕਰਾਮਾਤ ਹੈ । [7]ਭਾਵ ਹੋਣ ਨੂੰ ਅਨਹੋਣ ਤੇ ਅਨਹੋਣ ਨੂੰ ਹੋਣ ਕਰਨ ਵਿਚ ਜੋ ਚੰਚਲ ਹੈ ਮਾਇਆ, ਛਲਨਹਾਰ। [8]ਡੇਰ।

[1]ਰਸਤਾ । [2]ਵਿਹੜਾ । [3]ਚੁਹੱਟਾ, ਚੌਕ। [4]ਸਹਿਤ [5]ਘੋੜੇ। [6]ਹਾਥੀ । [7]ਵੈਰੀਆਂ ਨੂੰ ਹਰਾਉਨ ਵਾਲੇ (ਭਾਵ ਗੁਰੂ ਜੀ)। [8]ਪ੍ਰਸਿਧ। [9]ਜਿਨ੍ਹਾਂ ਦੇ ਬਹਾਨੇ। [10]ਮੌਤ। [11]ਇਕ ਪੁਤ੍ਰ ਵਾਲੀ ਮਾਤਾ ।

Digitized by Panjab Digital Library | www.panjabdigilib.org

ਦੇਵ। 'ਮਹਾਂ ਕਠਨ ਇਹ ਵਸਤੁ ਅਮੇਵ[1]। ੧੦੭।ਜਰ ਨ ਸਕਤ ਅਪਨੇ ਮੈਂ ਮਮਸੁਤ। [2]ਦੇ ਫਲ ਨਹਿੰ ਦੇਖਤ ਕੋ ਮਿਤ ਰੁਤ[2]। ਕਰਾਮਾਤ ਕੋ ਨਾਮ ਕਹਰ ਕਹਿੰ। ਈਸ਼ ਸੁ ਕ੍ਰਿਤ ਕਾਰਜ ਕੋ ਬਿਪਰਜਹ[3] ।੧੦੮। ਆਗਜਾ ਈਸ਼ਰ ਕੀ ਸੰਗ ਮਰੈ। ਤਿਸਹ ਜਿਯਨ ਸੁ ਬਿਰੁਧਤਾ ਧਰੈ। ਜੋ ਕੋਉ ਤੁਰਕਨ ਕੋ ਮਰ ਜਾਵੈ। ਆਨ ਅਟਲ ਕੇ ਅੱਗੂ ਟਿਕਾਵੈਂ। ੧੦੯। ਭਨੈਂ ਦੀਨਤਾ ਕੇ ਕੁਛ ਬਾਕ।–ਇਸੈ ਜਿਆਵਹੁ ਭਾਖਹੁ ਬਾਕ–। ਕਰਾਮਾਤ ਹੈ ਕਹਿਰ ਕਰੇਰ[4]। ਜੋ ਨਹਿੰ ਜਜਾਵੈਂ ਬਧੈ ਬਖੇਰ ।੧੧੦। ਜੰਮਣ ਮਰਣ ਈਸ਼ ਕੇ ਹਾਥ। ਨਹਿੰਨ ਸ਼ਰੀਕਾ ਹੈ ਤਿਹ ਸਾਥ।ਤਾਂ ਤੇ ਇਹ ਅਯੋਗਜ ਅਤਿ ਬਾਤ। ਕੀਨੀ ਅਟਲ ਰਾਇ ਬਖਜਾਤ। ੧੧੧। ਜੋ ਹਮ ਅਬ ਤਿਹ ਨਾਂਹਿ ਹਟਾਵੈਂ। ਤੌ ਇਹ ਬਾਤ ਅਧਿਕ ਬਢ ਜਾਵੈ। ਹਮਰੇ ਹੋਤ ਕਰੀ ਬਿਧਿ ਐਸੇ। ਕਰਨ ਯੋਗ ਨਾਹਿਨ ਬਿਧ ਜੈਸੇ'।੧੧੨।ਇਤਜਾਦਿਕ ਅਨਗਨ ਗਟਿ[5] ਮਾਂਹੀ। ਕਛੁਕ ਕਾਲ ਬੀਤਜੋ ਗੁਰ ਤਾਂਹੀ । ਇਤਨੇ ਮਹਿੰ ਸ੍ਰੀ ਅਟਲ ਜੁ ਰਾਇ। ਖੇਲਤ ਸੰਗ ਬਾਲ ਸਮੁਦਾਇ।੧੧੩। ਕੰਚਨ ਭੂਖਨ [6]ਜ਼ਰੀ ਪਟੰਬਰ[6]।ਧੂਸਰ ਧੂਰ ਭਰੇ ਸਭ ਅੰਬਰ[7]। ਆਨ ਪਿਤਾ ਪਦ ਬੰਦਨ ਕੀਨ। ਅਧਿਕ ਨੰਮ੍ਰਤਾ ਯੁਤ ਸੁ ਪ੍ਰਬੀਨ।੧੧੪। ਪਿਖ ਸੁਤ ਦਿਸ਼ ਭਾ ਕੋਪ ਬਧੇਰੇ। ਭਨੇ ਬਚਨ ਕਛੁ ਨੈਨ ਤਰੇਰੇ[8]। 'ਜਰ ਨਹਿੰ ਸਕੈਂ ਅਜਰ ਵਧੁ ਭਾਰੀ। ਕਰਾਮਾਤ ਕਹਿੰ ਕਹਰ ਕਹਾਰੀ।੧੧੫। ਪ੍ਰਗਟਾਵੈਂ ਆਪਾ ਜਗ ਮਾਹੀਂ।ਚਹਿਤ ਅਪਨ-ਪੌ[1] ਜਗ ਬਿਦਤਾਹੀਂ[2]।ਮਾਰਨ ਅਰ ਜੀਵਾਵਨ ਜੋਇ। ਸ੍ਰੀ ਅਕਾਲ ਭਾਣੇ ਮੈਂ ਹੋਇ।੧੧੬। ਤਾਂਹਿ ਮਿਟਾਵਨ ਹੋਤ ਸ਼ਰੀਕਾ । ਅਛਤ[3] ਹਮਾਰੇ ਕੀਨ ਅਲੀਕਾ[4] । ਅਬ ਹਮ ਚਹੈਂ ਪਿਆਨੋ ਕਰਨਾ । ਜੌ ਤੂੰ ਕਰਹਿੰ ਨ ਅਜ਼ਮਤ ਜਰਨਾ ।੧੧੭।ਹਮ ਰਹਿੰ, ਤੁਮ ਨਹਿੰ ਜਗ ਮੈਂ ਰਹੋ । ਤੂੰ ਰਹੁ ਮੈਂ ਨਹਿੰ ਰਹਨੰ ਚਹੌਂ । ਯਾਂਤੇ ਪਰੇ ਅਪਰ ਨਹਿੰ ਬਾਤ । ਇਹ ਬਿਧ ਹੀ ਬਨਿਆਵੈ ਤਾਤ!' ।੧੧੮।ਦੋਹਰਾ । ਸਿੱਖਜਾ ਪਰੁਖ[5] ਸੁ ਸੱਤਨੁਤ[6] ਸੁਨੇ ਬਚਨ ਦੈ ਕਾਨ । ਨਹਿੰ ਸਨਮੁਖ ਉੱਤਰ ਦਯੋ ਸੋਚਜੋ ਅਪਨ ਸਥਾਨ ।੧੧੯। ਚੌਪਈ। 'ਪਿਤ ਗੁਰ ਵਾਕ ਨ ਮੇਟਜੋ ਜਾਈ। ਪੁਨਹ ਅਸੰਭਵ ਕ੍ਰਿਤ ਚਿਤ ਆਈ । ਮ੍ਰਿਤਕ[7] ਜਿਵਾਵਨ ਨਿਤ ਹਮ ਕਰੈਂ। ਪਰਮੇਸ਼ੁਰਕੀ ਸਮਤਾਧਰੈਂ'।੧੨੦।ਇਤਜਾਦਿਕ ਬਹੁ ਸੋਚਤ ਭਏ । ਸਿਰ ਨਿਵਾਇ ਪਾਛੇ ਹਟਿ ਗਏ।ਨਹੀਂ ਪੀਠ ਪਿਤ ਕੋ ਦਿਖਰਾਈ।ਪਾਛਲ ਪਾਉਂ ਹਟੇ ਸਹਸਾਈ[8] ।੧੨੧। ਦਿਸ ਦੱਛਨ ਅੰਮ੍ਰਿਤ ਸਰ ਓਰ । ਚਲਤ ਭਏ ਸੋਢੀ ਸਿਰ-ਮੌਰ। [9]ਕੌਲਾਂ ਤਾਲ ਤੀਰ[9] ਤਬ ਆਏ । ਕਿਯ ਸ਼ਨਾਨਆਨੰਦਉਮਗਾਏ।੧੨੨।ਤੀਬ੍ਰ[10] ਕਾਲ ਗਤਿ ਲਖਨਿਯਰਾਨੀ[11]।ਦੇਹ ਅਨਿੱਤ[12] ਹਿਯੈ ਅਨੁਮਾਨੀ ।ਹੋਨਹਾਰ ਕੋ ਪ੍ਰਬਲ ਪਛਾਨਾ।ਹਰਖ ਸੋਗ ਨਾਹਿਨ ਉਰ ਆਨਾ ।੧੨੩। ਨਿਜ ਕਰ ਕੁਸ਼ਾ[13] ਉਪਾਰਨ[14] ਕਰੀ । ਬਿਧਵਤ ਸਵ-

---

[1]ਨਾਂ ਮੇਵਣ ਵਾਲੀ। [2]ਦੇ (ਦਿੰਦਾ ਹੈ ਕਰਾਮਾਤ ਤੇ) ਨਹੀਂ ਦੇਖਦਾ ਫਲ(ਨਤੀਜਾ)ਮਿਤ(ਮਿਰਜਾਦਾ)ਤੇ ਰੁੱਤ (ਵਕਤ) ਭਾਵ ਬਿਨਾਂ ਸੋਚੇ ਸਮਝੇ ਕਰਾਮਾਤ ਦਿਖਾਈ ਜਾ ਰਹੇ ਹਨ। [3]ਉਲਟ। (ਕਰਾਮਾਤ) ਈਸ਼ਰ ਦੀ ਕੀਤੀ ਹੋਈ ਨੂੰ ਉਲਟਣਾ ਹੈ।[4]ਅਤਯੰਤ ਕਰੜੀ। [5]ਗਿਣਤੀਆਂ। [6]ਜ਼ਰੀ ਵਾਲੇ ਰੇਸ਼ਮੀ ਕਪੜੇ (ਪਹਿਨੇ)। [7]ਕਪੜੇ। [8]ਭਾਵ ਕੁਛ ਨੈਣ ਰੋਸ ਵਾਲੇ ਕਰਕੇ।

[1]ਆਪਣਾ ਆਪ। [2]ਪ੍ਰਗਟਾਉਣਾ। [3]ਹੁੰਦਿਆਂ। [4]ਲੀਕ ਤੋਂ ਬਾਹਰਲਾ, ਬੇਮਿਰਜਾਦਾ । [5]ਕਰੜੀ [6]ਸੱਚੀ ਕਹੀ ਹੋਈ [7]ਮੋਏ ਨੂੰ । [8]ਛੇਤੀ ਹੀ । [9]ਕੌਲਸਰ ਦੇ ਕੰਢੇ । [10]ਭਯਾਨਕ । [11]ਨੇੜੇ ਆਈ । [12]ਨਾਸ਼ਮਾਨ। [13]ਦੱਭ । [14]ਪੱਟੀ, ਉਖਾੜੀ।

Digitized by Panjab Digital Library | www.panjabdigilib.org

ਸੱਯਾ[1] ਸਮ ਧਰੀ। ਇਕ ਮਨ ਸ੍ਰੀ ਜਪੁ ਪਾਠ ਸੁ ਕੀਨ।ਪਰਮਾਨੰਦ ਬ੍ਰਿਤੀ ਲੈ ਲੀਨ।੧੨੪ ਖੰਡੀ ਉੱਤਰ ਓਰ ਸਿਰਾਨੇ।ਪੈਂਢੇ ਦੇਹ ਚਾਦਰਾ। ਤਾਨੇ। ਜਿਮ ਅਨੰਤ[2] ਕੰਚੁਕੀ ਉਤਾਰੇ।ਤਿਮ ਗੁਰ ਸੁਤ ਤਨ ਤਜਾਗ ਪਧਾਰੇ।੧੨੫। ਜਿਮ ਗਜਫੂਲਨ ਮਾਲ ਉਤਾਰੀ। ਸਮ ਸੁਖ ਦੁਖ ਨਹਿੰ ਬਨੇ ਕਹਾਰੀ[3]।ਜਿਹ ਪਦ[4] ਕੌ ਜੋਗੀ ਜਨ ਚਾਹਤ । ਬ੍ਰਹਮਾਦਿਕ ਜਿਹ ਦੇਵ ਉਮਾਹਤ। ੧੨੬। ਤਹਾਂ ਜਾਇ ਪ੍ਰਾਪਤ ਪ੍ਰਭੁ ਭਏ। ਮੋਹਾਦਿਕ ਜਿਹ ਨਹਿੰ ਨਿਪਜਏ[5] । ਸਦਾ ਅਨੰਦ ਏਕ ਰਸ ਰਹਨਾ। ਜੋ ਸੁਖ ਸ਼ੇਸ਼ ਸਕੈ ਨਹਿੰ ਕਹਨਾ।੧੨੭। ਸੰਗੀ ਦਾਸਨ ਪਿਖਜੋ ਤਮਾਸਾ। 'ਇਹ ਕਜਾ ਸ੍ਰੀ ਪ੍ਰਭੁ ਕੀਨੋ ਹਾਸਾ'। ਪ੍ਰਥਮ ਬਰਜ ਕਰ ਕਿਤਕ ਹਟਾਏ। ਤਉ ਏਕ ਦੁਇ ਦੂਰ ਰਹਾਏ।੧੨੮। ਦੇਖਤ ਰਹੇ ਕ੍ਰਿੱਤ ਜੋ ਕੀਨੀ।ਨਿਕਟ ਜਾਇ ਪਦ ਬੰਦਨ[6] ਕੀਨੀ। ਰਹੇ ਬੁਲਾਇ ਹਲਾਇ ਬਤੇਰਾ। ਨਿਸ਼ਚਤ ਕਰ ਭਾਗੇ ਤਿਸ ਬੇਰਾ।੧੨੯। ਸ੍ਰੀਗੁਰੂ ਜੀ ਕੋ ਖਬਰ ਜਨਾਈ। ਸੁਨਤ ਉਠੇ ਬਚ ਤਬ ਸਹਸਾਈ[7]। ਇਹ ਸੁਧ ਜਬ ਗ੍ਰਿਹਿ ਪਹੁੰਚੀ ਜਾਇ। ਰੋਵਤ ਰੋਵਤ ਆਵਤ ਧਾਇ।੧੩੦। ਸੰਗ ਦਾਸ ਗਨ ਸਿੱਖ ਅਨੇਕਾ। ਤਹਿੰ ਹੋ ਸ੍ਰੀ ਪ੍ਰਭੁ [8]ਜਲਧ ਬਿਬੇਕਾ[9]। ਦੇਖਜੋ ਮ੍ਰਿਤਕ ਪੁੱਤ੍ਰ ਜਿਸ ਕਾਲਾ। ਕਰੁਣਾਰਣਵ[10] ਬਚ ਭਨਜੋ ਕ੍ਰਿਪਾਲਾ।੧੩੧। ਇਤਨੇ ਮਹਿੰ ਆਯੋ ਪਰਵਾਰਾ। ਬਿਰਲਾਪਤ ਬਡ ਸੋਕ ਪੁਕਾਰਾ। ਕਰੁਣਾ ਰਸ ਉਮਡਜੋ ਤਹਿੰ ਆਈ। ਸੋਚਨ ਸੋਚਤ ਨਾਰ[1] ਨਿਵਾਈ।੧੩੨।'ਮੋਹਨ ਪ੍ਰਾਨ ਦੀਏ ਤੇਂ ਜਾਈ। ਗੁਰਬਚ ਮਾਨ ਕੀਨ ਕਜਾ ਆਈ' । ਸ੍ਰੀ ਗੁਰ ਦਿਯ ਧੀਰਜ ਬਹੁ ਭਾਂਤਾ। 'ਭਾਣਾ ਈਸ੍ਵਰ ਜਿਨ ਸਿਰ ਜਾਤਾ।੧੩੩। ਜੰਮਣ ਮਰਣ ਜਗਤ ਬਿਵਹਾਰਾ। ਫਲ ਕਰਮਨ ਈਸ੍ਵਰ ਦਾਤਾਰਾ।ਪੂਰਬ ਕ੍ਰਿੱਤ ਸ਼ੁਭ-ਸ਼ੁਭ[2] ਜੋਇ। ਸੁਖ ਦੁਖ ਭੋਗਤ ਨਰ ਸੋਇ।੧੩੪। ਨਹਿੰ ਸੁਤ ਸਚਨ-ਜੋਗ[3] ਹਮਾਰੋ। ਜੋ ਮੋਕੋ ਪ੍ਰਾਨਨ ਤੇ ਪਜਾਰੋ। ਬਚ ਮਾਨਜੋ ਮੇਰੋ ਤਤਛਿਨ ਜਿਹ। ਨਹਿੰ ਸਮਤਾ ਪੈਹੈ ਕੋਊ ਜਿਹ ਕਿਹ' । ੧੩੫। ਇਤਨੇ ਮਹੁ ਚੰਦਨ ਕੇ ਭਾਰਾ। ਮੰਗਵਾਏ ਸ੍ਰੀ ਗੁਰ ਤਿਹ ਬਾਰਾ। ਚਿਤਾ[4] ਬਨਾਵਨ ਆਗਜਾ ਕਰੀ। ਬਿਨਤੀ ਬਿਧੀ ਚੰਦ ਇਮ ਕਰੀ।੧੩੬। 'ਸ੍ਰੀ ਗੁਰ ਜੀ ! ਓਜਾੜ ਚੁਫੇਰੇ। ਨਹਿੰ ਪਿਖਿਯਤ ਰੈਣਕ ਕਿਤ ਨੇਰੇ। ਤਾਂਤੇ ਅਪਰ ਥਾਨ ਕੋਉ ਹੋਇ। ਪਰਮਰੰਮਜ[5] ਅਸਥਲ ਕੋਊ ਜੋਇ' । ੧੩੭। ਦੋਹਰਾ। ਕਰੁਣਾ ਰਸ ਕਰਣਾਰਣਵ ਕਰ ਕਰੁਣਾ[6] ਬਰ ਦਾਨ। ਸ੍ਰੀ ਗੁਰ ਹਰਿ-ਗੋਬਿੰਦ ਜੀ ਸ੍ਰੀ ਮੁਖ ਕਰੇ ਬਖਾਨ।੧੩੮। ਸੋਰਠਾ॥'ਪੁਰਿਰਮਦਾਸਮਹਾਨ,ਬਸੈਬਿਧੀਚੰਦ! ਸ਼੍ਰਵਨਕਰ। ਇਹ ਥਲ ਦੁਰਲਭ ਜਾਨ,ਨਹਿਨ ਮ੍ਰਿਤਕ ਕੋਊ ਪਾਇ ਹੈ।੨੩੯। ਸ਼ਿਵ ਸਮ ਅਟਲ ਜੁ ਰਾਇ ਇਹ ਕਾਂਸ਼ੀ ਗੁਰ ਕੀ ਭਈ। ਤਿਹ ਸਦ ਕਰੈਂ ਸਹਾਇ ਜੋ ਸ਼ਵ[7] ਇਹਠਾਂ ਦਾਹਿ ਹੈ।੧੪੦। ਹੈ ਹੈ ਅਧਿਕ ਮਹਾਨ ਹਰਿ ਮੰਦਰ ਪੂਜਾ ਪ੍ਰਥਮ। ਦੂਜੇ ਇਹ ਥਲ ਜਾਨ

---

[1]ਭਾਵਦੱਭ ਘਾਹ ਨੂੰ ਸੀੜ੍ਹੀ ਦੀ ਤਰ੍ਹਾਂ ਵਿਛਾ ਲਿਆ। [2]ਸੱਪ, ਸ਼ੇਸ਼ ਨਾਗ। [3]ਭਾਵ ਬਿਨਾਂ ਕਿਸੇ ਖੇਦ ਮਾੜ੍ਹ ਦੇ, ਸਹਜ ਸੁਭਾਵ। [4]ਜਿਸ ਪਦਵੀ ਨੂੰ। [5]ਪੈਦਾ ਹੋਏ। [6]ਚਰਨਾਂ ਪਰ ਨਮਸਕਾਰ। [7]ਕਾਹਲੀ ਨਾਲ। ਸੁਭਾਵਕ। [8]ਗਜਾਨ ਦੇ ਸਮੁੰਦਰ ਭਾਵ ਗੁਰੂ ਜੀ। [9]ਮਿਹਰ ਦੇ ਸਾਗਰ ਨੇ।(ਅ)ਸ਼ੋਕ ਦਾ ਸਮੁੰਦਰ ਰੂਪ ਵਾਕ ਕਿਹਾ।

[1]ਗਿੱਚੀ, ਧੌਣ। [2]ਚੰਗੀ ਮਾੜੀ। [3]ਸ਼ੋਕ ਯਾ ਰਿੰਤਾ ਕਰਨ ਜੋਗ। [4]ਚਿਖਾ। [5]ਬਹੁਤ ਸੁੰਦਰ, ਬਹੁਤ ਰਮਣੀਕ। [6]ਮਿਹਰ ਕਰਕੇ। [7]ਮੁਰਦਾ।

Digitized by Panjab Digital Library | www.panjabdigilib.org

ਪ੍ਰਜੋਂਗੇ ਸਿਖ ਭਾਉ ਯੁਤ।੧੪੧।ਇਹ ਉਜਾੜ ਬਸ ਜਾਇ ਅਤਿ ਉਤਮ ਅਸਥਾਨ ਯਹ। ਇਨ ਸਮ ਦੂਸਰ ਨਾਂਹਿ ਅਤਿ ਪਵਿੱਤ੍ਰ ਅਸਥਾਨ ਕੋ ।੧੪੨।ਇਹ ਅਸਥਾਨ ਮਹਾਂਨ ਨਰ ਨਾਰੀ ਦਰਸ਼ਨ ਕਰੈਂ । ਪੁਰਹਿੰ ਕਾਮਨਾ ਜਾਨ ਜੋ ਮਾਨੈਂਗੇ ਥਾਨ ਇਹ। ੧੪੩ । [1]ਸਭ ਤੇ ਉਚ ਮਹਾਨ ਮੰਦਰ ਹਾਟਕ ਯੁਕ੍ਤ ਹੁਇ[1] । ਨੌਛੱਤਾ ਪਹਿਚਾਨ ਦੇਹੁਰਾ ਅਤਹਿ ਉਤੰਗ[2] ਸ਼ੁਭ।੧੪੪ [3]ਹੋਵਤ ਇਤੋ ਪ੍ਰਮਾਨ ਨ੍ਹਿੰ ਪ੍ਰਤਾਪ ਜੀਵਤ ਸੁਯਸ[3]। ਜਿਤਕ ਮ੍ਰਿਤਕ ਪਹਿਚਾਨ ਅਤਿ ਪ੍ਰਤਾਪ ਪ੍ਰਗਟੈ ਜਗਤ । ੧੪੫। ਥਾਨੇ ਦਾਰੀ ਥਾਪ ਥਾਨ ਅਮਲ ਅਟਲ ਅਚਲ । ਸ੍ਰੀ ਗੁਰ ਬਚਨ ਪ੍ਰਤਾਪ ਰਾਮਦਾਸ ਪੁਰ ਮਹੁ ਬਿਸਦ[4]। ੧੪੬। ਪਲਟਨ ਸਿੱਖ ਸ਼ਹੀਦ ਰਖਵਾਰੇ ਰਮਦਾਸ ਪੁਰਤਿਨ ਸਿਰ ਸ੍ਥਾ ਦੀਦ[5]ਅਟਲ ਰਾਇ ਜਗ ਮਹੁ ਪ੍ਰਗਟ।੧੪੭।ਇਹ ਸ਼ਮਸ਼ਾਨ ਮਹਾਨ ਮ੍ਰਿਤਕ ਸੰਥ੍ਹ ਜਲੈਂ ਇਹਾਂ । ਦੁਰਲਭ[6] ਇਹ ਅਸਥਾਨ ਵਿਰਲਾ ਕੋਊ ਪਾਇ ਹੈ।੧੪੮ ਜੋ ਸ਼ਵ ਇਹਠਾਂ ਆਇ ਅਤਿ ਪਾਪੀ ਦੁਸਕਰ[7] ਮਰੈ । ਤਉ ਸ੍ਰੀ ਅਟਲ ਜੁ ਰਾਇ ਹੋਹਿੰ ਸਹਾਇਕ ਤਾਸ ਕੈ। ੧੪੯। ਜੋ ਸੇਵਹਿ ਹਿਤ ਲਾਇ ਅਟਲ ਰਾਇ ਅਸਥਾਨ ਕੋ । ਪਾਇ ਪਰਮ ਪਦ ਜਾਇ ਭੁਕ੍ਤ ਮੁਕਤ ਕਰਤਲ[7] ਦੌਊ ।੧੫੦।ਰਹਿ ਹੈਂ ਇਹਠਾਂ ਆਇ ਅਧਿਕ ਛੁਧਾਤੁਰ[8] ਰੰਕ ਗਨ । ਤਿਨ ਹਿਤ ਅਟਲ ਜੁ ਰਾਇ ਭੋਜਨ ਪੱਕ ਬਣਾਵਹੀਂ' । ੧੫੧।ਦੋਹਰਾ। ਇਸ ਪ੍ਰਕਾਰ ਗੁਰੁਦੇਵ ਜੀ ਦੇਤ ਭਏ ਬਰ ਦਾਨ । 'ਬਿਧੀਚੰਦ ! ਇਹ ਥਾਨ ਜੋ ਉਤਮ ਅਤਿਸ਼ੈ ਜਾਨ ।੧੫੨।ਸ਼ੰਕਰ ਛੰਦ । ਹੇ ਪੁਤ੍ਰ ! ਲਾਇਕ ਤੁੰ ਭਯੋ ਬਰ ਸੋਚਿ ਬੰਸ ਉਦਾਰ[1] । ਤੁਮ ਸਮ ਬਿਯੋ[2] ਨਹਿੰ ਜਗਤ ਮੈਂ ਜਸ ਕਰੀ ਤੈਨੇ ਕਾਰ । ਰਿੱਧਿ ਸਿੱਧ ਸਮ੍ਰਿੱਧ[3] ਨਿੱਧਾਂ ਰਹੈਂਗੀ ਤਿਹ ਪਾਸ। ਕਰ ਕ੍ਰਿਪਾ ਜਿਹ ਅਵਿ-ਲੋਕ ਹੈਂ ਸੁਤ ਦਯਾ ਗੁਣ ਕੀ ਰਾਸ! ।੧੫੩। ਸਵੈਯਾ ਛੰਦ ॥ ਮਾਣ ਨਿਮਾਣਨ, ਤਾਣ ਨਿਤਾਣਨ, ਭਯੋ ਨਿਥਾਵਨ ਥਾਂਵ ਜੁ ਤੂੰ ।ਓਟ ਨਿਓਟਨ, ਨਾਥ ਅਨਾਥਨ, ਸ਼ਰਨ ਪਾਲ, ਸਿਰਦਾਨਿਨ[4] ਤੂੰ । ਸਿੱਖਨ ਪਾਲਕ,ਦੁਸ਼ਟਨ ਘਾਲਕ, ਕਰਾਮਾਤ ਕੀ ਨਿਧਿ ਸੁਤ ਹੋਇੰ। ਸਭ ਤੇ ਮੰਦਰ ਉੱਚ ਬਨੈ ਤਵ ਦ੍ਰਗਹਿੰ ਤੇ ਪੇਖਹਿੰਗੇ ਲੋਇ' । ੧੫੪।

ਦੋਹਰਾ। ਸਸਕਾਰਾਦਿਕ ਕ੍ਰਿਯਾ ਜੋ ਸਭ ਪ੍ਰਕਾਰ ਕਰ ਦੀਨ। ਕਰੁਣਾਰਸ ਤਹਿੰ ਬਸ ਰਹਜੋ ਰੋਵਤ ਖੀਨ ਮਲੀਨ।੧੫੫।[5]ਸਰ ਬਸੁ ਰਸ ਨਭ ਸੰਨ[4] ਭਨ, ਦਸਮੀ ਬਦੀ ਅਸੋਜ। ਨੌ ਅੱਸੂ ਕੇ ਦਿਨ ਗਏ ਡੇਢ ਪਹਿਰ ਗਜੋ ਰੋਜ ।੧੫੬। [6]ਬਸੁ ਸੰਮਤ, ਸ਼ਿਵ ਮਾਸ ਗਨ ਦਸ ਦਿਨ ਜਗਤ ਮਝਾਰ[6] ।ਅਖਿਲ[7] ਕਾਰ ਸੰਸਾਰ ਕੀ ਕੀਨੀ ਭਲੀ ਪ੍ਰਕਾਰ । ੧੫੭। [8]ਕਵਿ ਪ੍ਰਯਤਨ ਅਤਿਅਹਿ ਨਿਪੁਨ ਮਾਸ ਜੁ ਸੰਮਤ ਬਾਤ। ਲਿਖੀ ਸੁੱਧ[8] ਸੁ ਬਿਰੁੱਧ ਹਾ, ਨਹਿੰ ਸੰਸੈ ਉਤਪਾਤ[9]੧੫੮।ਚੌਪਈ ॥ ਪੁਰਿ

---

[1]ਸੋਨੇਸਮੇਤ ਭਾਵ ਸਭਤੋਂ ਉੱਚਾਤੇ ਸੁਨਹਿਰੀਹੋਵੇਗਾ ਇਨ੍ਹਾਂ ਦਾ ਮੰਦਰ [ਹਾਟਕ=ਸੋਨਾ]। [2]ਉੱਚਾ [3]ਜੀਉਂਦੇ ਰਹਿਣ ਨਾਲ ਇਤਨਾ ਯਸ ਨਹੀਂ ਸੀ ਹੋਣਾ। [4]ਉੱਜਲ । [5]ਦੇਖੋ ਅਥਵਾ ਜਾਣ ਲਓ। [6]ਔਖਿਆਈ ਨਾਲ। [7]ਹੱਥ ਦੀ ਤਲੀ ਤੇ। [8]ਭੁੱਖੇ

[1]ਵਡਾ, ਸਖੀ । [2]ਦੂਸਰਾ । [3]ਐਸ਼ੁਰਜ । [4]ਦਾਨੀਆਂ ਦੇ ਸਿਰ, ਸ਼ਰੋਮਣੀ ਦਾਨੀ । [5]ਭਾਵ ੧੬੯੫ ਬਿ: । [6]ਭਾਵ ੯ ਸਾਲ ੧੧ ਮਹੀਨੇ ਤੇ ਦਸ ਦਿਨ ਜਗਤ ਤੇ ਰਹੇ । [7]ਸਾਰੀ । [8]ਅਤਿ ਚਤੁਰ ਕਵੀ ਨੇ ਪ੍ਰਯਤਨ ਨਾਲ ਇਹ ਸੰਮਤ ਤੇ ਮਹੀਨਿਆਂ ਦੀ(ਪੜਤਾਲ ਕਰਕੇ)ਸ਼ੁੱਧ ਗਲ ਲਿਖੀ ਹੈ। [9]ਸੰਸਾ ਨਹੀਂ ਉਪਜਦਾ।

Digitized by Panjab Digital Library | www.panjabdigilib.org

ਨਰ ਨਾਰਿ ਮਿਲੇ ਸਮੁਦਾਯਾ। ਬਿਰਲਾਪਤ ਬਡ ਸ਼ੋਕ ਉਪਾਯਾ। [1]ਅਚਰਜ ਸਤੁਤਿ ਸ਼ੋਕ ਮੈਂ ਗਿਰਾ[1]। ਅਹੋ ਪਰਸਪਰ ਸਭਹਨ ਕਰਾ ।੧੫੯। 'ਕਰਾਮਾਤ ਸਾਹਿਬ ਸਭ ਭਾਂਤੀ। ਮ੍ਰਿਤਕ ਜਿਆਵਨ ਅਚਰਜ ਬਾਤੀਂ। ਪਿਤਾ ਰਿਸਜੋ ਪਿਖ ਤਨੁ ਨਿਜ ਤਜਾਗਾ। ਲਘੁ ਬੈ ਕੀਨਸ ਚਰਿਤ ਸੁਭਾਗਾ'।੧੬੦।ਸ੍ਰੀਗੁਰ ਸਭ ਕੋ ਧੀਰਜ ਦੀਨਹੁ। 'ਭਾਣਾ ਈਸ੍ਵਰ ਕੋ ਚਿਤ ਚੀਨਹੁ।''ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ''।੧੬੧।ਤਾਂਤੇ ਸਿਰ ਧਰ ਭਾਣਾ ਮਾਨਹੁ। ਕ੍ਰਿਤ ਈਸ੍ਵਰ ਪਰ ਤਰਕ ਨ ਠਾਨਹੁ'। ਇਸ ਪ੍ਰਕਾਰ ਧੀਰਜ ਬਹੁ ਭਾਂਤ। ਕਥ ਕਥ ਅਨਿਕ ਭਾਂਤ ਦ੍ਰਿਸ਼ਟਾਂਤ ।੧੬੨।ਇਸ਼ਨਾਨਾਦਿਕ ਕ੍ਰਿਯਾ ਮਹਾਨੀ।ਕੀਨ ਯਥੋਚਿਤ[2] ਸਭ ਸਨਮਾਨੀ। ਤਖਤ ਅਕਾਲ ਥਿਰੇ ਪੁਨ ਆਈ। ਪੁਰਿ ਜਨ[3] ਊਚ ਨੀਚ ਸੁਧ ਪਾਈ ।੧੬੩। ਧਰ ਉਰ ਸ਼ੋਕ ਆਇ ਗੁਰਪਾਸਾਚਰਿਤਅਚਰਜ ਜੁ ਅਟਲਪ੍ਰਕਾਸ਼ਾ। ਭੀਰ ਅਧਿਕ ਨਰ ਬਿੰਦ੍ਰ ਜੁ ਆਏ।ਇਕ ਬੈਠਹਿੰ, ਆਵਹਿੰ ਇਕ ਜਾਏ । ੧੬੪। ਇਤ ਅਤਿ ਮਾਤ ਨਾਨਕੀ ਕੋ ਦੁਖ।ਜੋ ਪਿਖਿ ਜੀਵਤ ਨਿਜ ਸੁਤ ਕੋ ਮੁਖ। ਨਿਜ ਸੁਤ ਕੀਰਤਿ ਸਦਾ ਸੁਨੰਤੀ।ਪਿਖਕ੍ਰੀੜਾ ਬਾਲਕ ਹਰਖੰਤੀ।੧੬੫। ਲਾਲਤ ਪਾਲਤ ਅਨਿਕ ਪ੍ਰਕਾਰਾ। ਸੁੰਦਰ ਮੂਰਤਿ ਬੈਸ ਕੁਮਾਰਾ। ਭਯੋ ਅਚਾਨਕ ਆਨ ਬਿਛੋੜਾ। ਕੋ ਸਮਰਥ ਜੋ ਚਾਹੈ ਮੋੜਾ ।੧੬੬। ਸ਼ੋਕ ਸਿੰਧ[4] ਮੈ ਮਨ ਲੈ ਲੀਨ। ਬਿਨ ਅਲੰਬ[5] ਅਤਿ ਭਈ ਸੁ ਦੀਨ। ਸ੍ਵਤਨ[6] ਬਹੁਤ ਭਾਂਤਿ ਸਮੁਝਾਈ। ਤਉ ਨਹਿਨ ਚਿਤ ਧੀਰ ਧਰਾਈ ।੧੬੭। ਰਜਨੀ ਮੁਖ[1] ਆਏ ਪ੍ਰਭ ਗੇਹ । ਬਧਜੋ ਸ਼ੋਕ ਬਿਰਲਾਪ ਅਛੇਹ[2]। ਅਨਿਕ ਭਾਂਤ ਧੀਰਜ ਪ੍ਰਭ ਦੀਨ । ਸਿਰ ਧਰ ਮਾਨ ਸਭਨ ਤਬ ਲੀਨ।੧੬੮।ਤਉ ਨਾਨਕੀ ਅਤਿ ਦੁਖ ਆਤੁਰ[3]। [4]ਪ੍ਰਿਯ ਪੁੱਤ੍ਰ ਸੰਮੋਹ ਬ੍ਰਿਹਾਤੁਰ[4]। ਸ੍ਰੀ ਗੁਰੁ ਤਬ ਸਮਝਾਵਨ ਕੀਨ। 'ਕਿਉਂ ਸੁਤ ਹਿਤਅਤਿ ਦੀਨ ਮਲੀਨ।੧੬੯। ਤਵ ਸੁਤ ਭਯੋ ਮਹਾਂ ਤੇ ਮਹਾਂ । ਜੋ ਜਗ ਅਮਰ ਹੋਇ ਥਿਰ ਰਹਾ । ਇਤੋ ਪ੍ਰਤਾਪ ਤਾਸ ਬਢ ਜਾਵੈ। ਜਿਯਤ ਇਤੋ ਨਹਿੰ ਜਗ ਪ੍ਰਗਟਾਵੈ ।੧੭੦। ਪਰਮ ਮਨੋਰਜ[5] ਮਹਾਂ ਗੁਨ ਖਾਨੀ । ਸਭ ਬਿਧਿ ਲਾਯਕ ਤਵ ਸੁਤ ਜਾਨੀ । ਪ੍ਰਜਨੀਵ ਹ੍ਵੈ ਹੈ ਜਗ ਏਤੋ । ਗੁਰੁ ਘਰ ਮੈਂ ਲਾਯਕ ਹ੍ਵੈ ਜੇਤੋ । ੧੭੧। ਨਹਿੰ ਸੁਮਤੇ[6] ਸੁਤ ਸੋਚਨਜੋਗੂ[7]। ਤਿਹਹਿਤਧਰੋ ਨ ਕਿਹ ਬਿਧ ਸੋਗੂ । ਦੈਵ ਗਤੀ ਈਸ੍ਵਰ ਅਸ ਭਾਣਾ । ਜੋ ਹੋਵਨ ਹੈ ਹੋਇ ਸੁ ਜਾਣਾ।੧੭੨। ਨਹਿਨ ਮੇਟ ਸਾਕੈ ਕੋ ਤਾਂਹੂ। ਹੁਇ ਹੈ ਸੋਈ ਜੁ ਪ੍ਰਭ ਚਿਤ ਚਾਹੂ।ਯਾਂਤੇ ਸੁਮਤੇ! ਸ਼ੋਕ ਨਿਵਾਰਹੁ। ਜਗ ਬਿਵਹਾਰ ਐਸ ਚਿਤ ਧਾਰਹੁ । ੧੭੩ । ਨੈਕਾ ਪੂਰ ਅਰ ਪ੍ਰਪਾ[8] ਸਮਾਨਾ। ਹ੍ਵੈ ਜੀਵਨ ਸੰਸਰਗ[9] ਮਹਾਨਾ । ਕਿੰਚਤ[10] ਕਾਲ ਮੇਲ ਪ੍ਰਭੁ ਕੇਰਾ । ਨਸ਼ਟ ਹੋਤ ਨਹਿੰ ਲਾਗਤ ਬੇਰਾ। ੧੭੪।ਊਚ ਨੀਚ ਸਭ ਕੇ ਸਿਰ ਕਾਲ ।ਜੀਵਤ ਸਤ ਚਿਤ ਅਨਦ ਅਕਾਲ। ਸੋ ਸਰੂਪ ਅਪਨੋ

---

[1]ਭਾਵ ਅਚਰਜਤਾ, ਉਸਤਤੀ ਤੇ ਸ਼ੋਕ ਦੀਆਂ ਗਲਾਂ। [2]ਯਥਾ ਯੋਗ । [3]ਸ਼ਹਿਰ ਵਾਸੀਆਂ ਨੇ। [4]ਸੋਚ ਸਾਗਰ । [5]ਬਿਨਾਂ ਆਸਰੇ। ਨਿਰਾਸਰੇ। [6]ਭਾਵ ਦੂਸਰੇ ਮਾਤਾ ਜੀਆਂ ਨੇ।

[1]ਸੰਧਯਾ ਸਮੇਂ । ਰਾਤ ਪੈਣ ਸਮੇਂ । [2]ਲਗਾਤਾਰ। [3]ਦੁਖੀ । [4]ਪਿਆਰੇ ਪੁਤ੍ਰ ਵਾਲੀ (ਮਾਤਾ, ਪੁਤ੍ਰ ਦੇ) ਮੋਹ ਕਰਕੇ (ਉਸਦੇ) ਬਿਰਹ ਵਿਚ ਦੁਖੀ ਹੈ । [5]ਸੁਹਣਾ । [6]ਹੇ ਸ਼ੁਭ ਮਤੀ ਵਾਲੀਏ! [7]ਸ਼ਕ ਕਰਨ ਯੋਗ। ਸਮੂਹ ਜ਼ਨਾਨੀਆਂ। [8]ਛਬੀਲ, ਪਉ । [9]ਮੇਲ । [10]ਥੋੜਾ ਜਿਹਾ।

Digitized by Panjab Digital Library | www.panjabdigilib.org

ਪਹਿਚਾਨੈ। ਜਗ ਰਚਨਾ ਵਤ ਸ੍ਵਪਨ ਪਛਾਨੈ। ੧੭੫। ਮੋਹਾਦਿਕ ਕੋ ਤਜਾਗਨ ਜੋਈ। ਸਤਿ ਚਿਤ ਅਨਦ ਜਾਨਿਬੋ[1] ਹੋਈ।ਆਤਮ ਦ੍ਰਿਸ਼ਟਿ ਓਰ ਮਨ ਲਾਵਹੁ। ਜਗ ਰਚਨਾ ਸਭ ਮ੍ਰਿਖਾ[2] ਲਖਾਵਹੁ ।੧੭੬। ਤਾਂਤੇ ਮੋਹ ਸ਼ੋਕ ਬਿਰਲਾਪ। ਕਰਹੁ ਤਿਆਗਨ ਸਕਲ ਕਲਾਪ[3]। ਇਮ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਕਰੀ। [4]ਮੋਹ ਜਨਤ[4] ਪੀੜਾ ਪਰਹਰੀ।੧੭੭। ਖੂਲੇ ਪਟਲ[5] ਬ੍ਰਿਤੀ ਨਿਜਮੋਹ। ਉਦਜੋ ਸੁ ਗਜਾਨ ਸੂਰ ਸੰਦੋਹ[6]। ਸੁਪਤ ਯਥਾ ਸੁਖ ਰਾਤ ਬਿਤਾਈ। ਜਾਗੇ ਜਬ ਪ੍ਰਭਾਤ ਹੁਇ ਆਈ।੧੭੮। ਨੇਂਤ ਕ੍ਰਿਯਾ ਕਰ ਦੂਤ ਬੁਲਾਏ। ਲਿਖ ਪੱਤ੍ਰਾ ਸਭ ਠੌਰ ਪਠਾਏ। ਸੁਨ ਸੁਧ ਤੇਹਣ ਚਲੇ ਉਤਾਇਲ[7] । ਇਹ ਬਿਧ ਅਮਰ ਅੰਸ ਸੁ ਚਲਾਚਲ[8]। ੧੭੯। ਆਈ ਰਾਮੋ ਸਾਂਈ ਦਾਸ । ਤ੍ਰਿਯਾ ਸਮੇਤ ਨਰਾਯਣਦਾਸ*। ਰਾਮਾ* ਸਹਿਤ ਭਾਰਜਾ[9] ਆਵਾ। ਤਿਮ ਆਯੋ ਦੁਆਰਾ* ਕਰ ਧਾਵਾ। ੧੮੦।ਸੁਨ ਸੁਧ ਸ੍ਰੀ ਗੁਰਦਿਤਾ ਆਏ ।ਨੱਤੀ ਸੰਗ ਧੀਰਮਲ ਲਜਾਏ । ਇਤਜਾਦਿਕ ਸੰਬੰਧੀ ਜੇਤੇ। ਸੁਨ ਸੁਧ ਅਏ ਸੁਧਾਸਰ ਤੇਤੇ। ੧੮੧।ਪ੍ਰੇਮੀ ਸਿਖ ਅਰੁ ਮੁੱਖਿ[10] ਮਸੰਦ।ਪਹੁੰਚੇ ਸ੍ਰੀ ਅੰਮ੍ਰਿਤਸਰ ਬ੍ਰਿੰਦ[11]। ਹਰਖ ਰਹਤ[12] ਗੁਰੁ ਸੰਗ ਅਲਾਵੈਂ। 'ਈਸ੍ਵਰ ਕ੍ਰਿਤ ਕਛੁ ਲਖੀ ਨ ਜਾਵੈ।੧੮੨।ਸਾਹਿਬਜ਼ਾਦਾ ਅਤਿ ਸਮਰੱਥ। ਮ੍ਰਿਤਕ ਜਿਵਾਵਨ ਜਿਸ ਕੌ ਹੱਥ। ਅਹੈ ਕਾਲ ਗਤਿ ਅਘਟ[13] ਮਹਾਨੀ। ਕ੍ਰਿਤ ਈਸ੍ਵਰ ਨਹਿੰ ਜਾਇ ਬਖਾਨੀ'।੧੮੩। ਸ੍ਰੀ ਗੁਰੁ ਸੰਗ ਪਰਸ-ਪਰ ਬਾਨੀ। ਜੇ ਆਏ ਤਿਨ ਸਭਨ ਬਖਾਨੀ। ਨਾਰਿ ਸੰਬੂਹ ਮਿਲੀ ਘਰ ਮਾਂਹੀ । ਰੋਵਤ ਸ਼ੋਕਤ ਅਤਿ ਬਿਲਲਾਂਹੀ। ੧੮੪। ਮਨਹੁੰ ਆਨ ਕਰੁਣਾ ਰਸ ਇਹਾਂ। ਕੀਨ ਤਰੰਗ[1] ਉਛਾਲਨ ਮਹਾਂ। ਸੁਨ ਸੁਧ ਸ੍ਰੀ ਗੁਰੁ ਜੀ ਗੁਰਦਾਸ। ਭੇਜ ਦਯੋ ਤਤਛਿਨਹਿ ਅਵਾਸ[2] । ੧੮੫। ਦੋਹਰਾ। ਕਰੁਣਾ ਰਸ ਮਹੁੰ ਗਜਾਨ ਰਸ ਭਨਜੋ ਜਾਇ ਗੁਰਦਾਸ। 'ਪ੍ਰਭੁ ਖੇਤੀ ਸੰਸਾਰ ਹੈ ਕਾਚੀ ਪਾਕੀ ਤਾਸ। ੧੮੬। ਜਿਮ ਚਾਹੈ ਤਿਮ ਹੀ ਕਰੈ ਕਾਚੀ ਲੇਵੈ ਕਾਟ। ਕੈ ਪਕਾਇ ਕਾਟੈ ਤਿਸੈ ਨਹਿੰ ਤਿਹ ਬਾਧ ਨ ਘਾਟ'। ।੧੮੭। ਇਤਜਾਦਿਕ ਬਚ ਅਨਿਕ ਕਹਿ ਸ਼ੋਕ ਮਹਾਨ ਨਿਵਾਰ। ਆਏ ਸ੍ਰੀ ਗੁਰ ਕੇ ਨਿਕਟ ਬਠੇ ਚਰਨ ਜੁਹਾਰ। ੧੮੮। ਚੌਪਈ। ਇਹ ਬਿਧ ਦਿਵਸ ਭੋਗ ਕਾ ਆਯੋ। ਭਾਈ ਭੋਗ ਗ੍ਰੰਥ ਕੋ ਪਾਯੋ। ਅਧਿਕ ਕੜਾਹੁ ਸੁ ਲੀਨ ਕਰਾਇ। ਕਰ ਅਰਦਾਸ ਸੁ ਦੀਨ ਬਟਾਇ। ੧੮੯। ਬਹੁ ਮੋਲੀ ਪੁਸ਼ਾਕ ਇਕ ਭਾਰੀ। ਇਤਜਾਦਿਕ ਵਥੁ ਅਨਿਕ ਪ੍ਰਕਾਰੀ। ਸੁਤ ਹਿਤ ਸ੍ਰੀ ਗੁਰ ਅਰਪ ਸੁ ਦੀਨ। ਹਿਤ ਅਰਦਾਸ ਕਰਨ ਬਚ ਕੀਨ। ੧੯੦। ਜਿਤਕ ਮ੍ਰਿਜਾਦਾ ਗੁਰ ਘਰ ਹੁਤੀ। ਕੀਨਸ ਸ੍ਰੀ ਕਰੁਨਾ ਕਰ ਤਿਤੀ[3]।ਘਰ ਤੇ ਸ਼ੋਕ ਬਿਸਰਜਨ[4] ਕਰਜੋ। ਸਭਨ ਹਰਖ ਉਰ ਆਨੰਦ ਭਰਜੋ । ੧੯੧। ਜਿਤਕ ਸੰਬੰਧੀ ਆਏ ਹੁਤੇ। ਕੀਨ ਬਿਸਰਜਨ ਸ੍ਰੀ ਗੁਰ ਤਿਤੇ। ਸ੍ਰੀ ਗੁਰੁ ਜੀ ਕੋ ਹਰਖ ਨ ਸ਼ੋਕ। ਇਹ ਜਗ ਅਤਿ ਦੁੱਖਨ ਕੋ ਓਕ[5]। ੧੯੨। ਸਦਾ ਕਮਲ ਵਤ ਨਜਾਰੇ ਰਹੈਂ। ਸਿਖਜਨ ਉਪਦੇਸਤ ਸਦ ਰਹੈਂ। ਹਰਖ ਨ

---

[1]ਜਾਨਣ ਨਾਲ । [2]ਝੂਠੀ । [3]ਕਲਪਣਾ। [4]ਮੋਹ ਤੋਂ ਪੈਦਾ ਹੋਈ। [5]ਪੜਦੇ,ਤਖਤੇ । [6]ਨਿਸਚੇ। [7]ਛੇਤੀ । [8]ਟੁਰ ਪਏ । [9]ਇਸਤ੍ਰੀ ਸਮੇਤ । [10]ਮੁਖੀਏ। [11]ਬਹੁਤੇ। [12]ਸ਼ੋਕ ਸਹਿਤ । [13]ਨਾਂ ਘਟਣ ਵਾਲੀ ।

*ਇਹ ਤਿੰਨੇ ਸਤਿਗੁਰੂ ਜੀ ਦੇ ਸਹੁਰੇ ਸਨ ।

[1]ਲਹਿਰ । [2]ਘਰ । [3]ਉਤਨੀ। [4]ਵਿਦਾ। [5]ਦੁੱਖਾਂ ਦਾ ਘਰ।

Digitized by Panjab Digital Library | www.panjabdigilib.org

ਸ਼ੋਕ ਨ ਮੋਹੁ ਨ ਮਾਯਾ। ਜੋਗ ਭੋਗ ਦੋਨਹੁੰ ਸਮ ਭਾਯਾ । ੧੯੩ । ਦੋਹਰਾ। ਅਚਰਜ ਅਤਹਿ ਚਰਿੱਤ੍ਰ ਜੋ ਕੀਨਹੁ ਅਟਲ ਮਹਾਨ। ਭੋ ਧੰਨਾ ਤੈਂ [1]ਸ਼ੂਵਨ ਕਿਯ ਪੁਟ ਅੰਮ੍ਰਿਤ ਰਸ ਪਾਨ[1]। ੧੯੪। ਚੌਪਈ। ਬੰਦਨ ਕਰਨ ਜੋਗ ਇਹ ਥਾਨੂ। ਸ਼ਕਤਿਵੰਤ ਅਤਿ ਮਹਦ ਮਹਾਨੂ। ਸ੍ਰੀ ਗੁਰੁ ਚਰਨ ਕਮਲ ਪਦ ਬੰਦ। ਪੂਰਨ ਕੀਨੋ ਦੁਤੀਯ ਪ੍ਰਬੰਧ। ੧੯੫।

ਦੋਹਰਾ। ਸਿਖਨ ਸੁਖਦ, ਦੁਖ ਦਹਨ ਸਿਖ, ਪ੍ਰੇਮੀ ਕੁਮੁਦ[2] ਚਕੋਰ । ਬਿਸਤੀਰਤ ਕੀਰਤਿ ਪ੍ਰਭਾ ਸ੍ਰੀ ਪ੍ਰਭੁ ਰੂਪ ਕਿਸ਼ੋਰ[3]।੧੯੬। ਕਬਿੱਤ। ਮੋਹਨ ਉਬਾਰਾ, ਦੁਖ ਗੁਰਮੁਖ ਕੋ ਟਾਰਾ ਸਾਰਾ, ਬਿਰਦ ਸੰਭਾਰਾ ਦਾਸ ਰੱਖਜਕ ਮਹਾਨਿਆ। ਪਾਰਾ[4] ਪਿਤ ਬਾਕ ਨਾਂਹਿ ਟਾਰਾ ਦੈਵ ਗਤੀ ਹੂੰ ਕੋ, ਕਾਰਾ ਮੁਖ ਨਿੰਦਕਨ ਕੀਨੋ ਜਗ ਜਾਨਿਆਂ । ਦ੍ਵਾਰਾਵਤੀ ਕਾਂਸ਼ੀ ਥਾਨ ਪਗਾਰਾ ਜੋ ਪੁਰਾਤਨਕ ਜਗਤ ਮਝਾਰਾ ਕਰਜੋ ਪ੍ਰਗਟ ਪਛਾਨਿਆਂ । ਨਮੋ ਸ੍ਰੀ ਅਟਲ ਰਾਇ ਜਸ ਬਿਸਤਾਰਾ ਜਗ ਕੀਰਤਿ ਉਚਾਰਾ ਜੈ ਜੈ ਕਾਰਾ ਮੈ ਬਖਾਨਿਆਂ । ੧੯੭ । ਦੋਹਰਾ। ਕ੍ਰਿਪਾ ਨਿਧਾਨ ਦਿਆਲ ਪ੍ਰਭੁ ਦੀਨਬੰਧੁ ਸੁਖ ਧਾਮ। ਹਿਤ ਕਾਰਕ ਪਾਰਕ ਮੁੜੈ ਸਕਲ ਜਗਤ ਬਿਸਰਾਮ[5]।੧੯੮। ਕ੍ਰਿਪਾ ਅਪਾਰ ਸੁ ਪਾਇ ਤਵ ਲਹਿੰ ਸੁਖ ਸਦ ਬੁਧਿ ਗਜਾਨ। [6]ਦੁਤਿਯ ਪ੍ਰਬੰਧ ਨਿਬੰਧ ਕਰ ਕੀਨਸ ਬੰਦ ਨਿਦਾਨ[6] ।੧੯੯। ਅਲਪ ਬੁੱਧਿ ਕਵਿ ਚਤੁਰ ਨਹਿੰ, ਨਹਿੰ ਪਿੰਗਲ ਪ੍ਰਸਤਾਰ। ਨਹਿੰ ਬ੍ਰਿਤ ਭੇਦ ਨ ਯਮਕ ਪੁਨ [1]ਨਹਿਨ ਕੋਸ਼ ਲੰਕਾਰ[1] । ੨੦੦ । ਅਤਿ ਭਿਦੇਸ[2], ਬਾਨੀ ਬਿਖਮ, ਕਵਿ ਨ ਪ੍ਰਸੰਸੈਂ ਤਾਂਹਿ। ਇਕ ਕਾਰਣ ਯਾ ਮੈ ਪਰਜੋ ਅਤਿ ਉੱਤਮ ਸੋ ਆਹਿ ।੨੦੧। ਗੁਰ ਈਸ਼੍ਵਰ ਜਸ ਮਿਲਤ ਯਹਿ ਬਾਨੀ ਸੁਖ ਦਾਤਾਰ। ਤਾਂਤੇ ਨਹਿੰ ਦੂਖਨ ਧਰੈਂ ਬੁਧਿਜਨ ਪਠੈਂ ਸੁਧਾਰ। ੨੦੨ । ਇਤਿ ਸ਼੍ਰੀ ਸੋਢੀ ਸੁਰਿੰਦ ਸ੍ਰੀ ਗੁਰੁ ਹਰਿ ਗੁਬਿੰਦ ਕੁਲ ਭੂਖਨ ਸ੍ਰੀ ਅਟਲ ਰਾਇ ਸੁਖ ਨਿਵਾਸ ਅਦਭੁਤ ਇਤਿਹਾਸ ਅਟਲ ਪ੍ਰਕਾਸ਼ ਮਹਾਂ ਸੁਖ ਰਾਸ ਕਵਿ ਚਰਨ ਸਿੰਘ ਦਾਸ ਬਿਰਚਤੇਣ ਮੋਹਨ ਜਿਵਾਵਨ ਆਦਿ ਪ੍ਰਸੰਗ ਬਰਨਨੰ ਨਾਮ ਦੁਤੀਓ ਪ੍ਰਬੰਧਃ । ੨ ।

ਅਥ ਤ੍ਰਿਤੀਯ ਪ੍ਰਬੰਧ ਉਦਯਤੇ

ਦੋਹਰਾ ॥ ਸਦਾ ਏਕ ਸੁ ਅਨੇਕ ਜੋ ਨਿਰਗੁਨ ਸਰਗੁਨ ਰੂਪਾਪਰੇ ਪੁਰਖ ਅਜ[3] ਅਨਘ[4] ਪ੍ਰਭੁ ਸਤ ਚਿਤ ਅਨਦ ਸਰੂਪ।੧। [5]ਭਵਪਾਲਨ ਲੈ ਲਵ[5] ਬਿਧੈ ਅਕਲ[6] ਅਨੀਹ[7] ਅਕਾਮ[8]। ਸਤਿ ਸ੍ਰੀ ਸਦਾ ਅਕਾਲ ਕੋ ਕਵਿ ਹਰਿ ਚਰਨ ਪ੍ਰਨਾਮ । ੨ । ਧਾਰ ਕ੍ਰਿਪਾ ਹਿਰਦ ਪਾਰ ਕਿਯ ਸੰਗਤ ਦੇਸ਼ ਅਪਾਰ । ਪਾਰਨ [9]ਸਿੱਖਨ ਪਦ ਕਮਲ ਰਜ ਮਨ ਮੁਕਰ ਸੁਧਾਰ[9]ਤ੍ਰ। ਪਾਸਿ[10] ਕਟੈ ਸਿਖ ਮੋਹ ਕੀ ਸਿਮਰੈਂ ਚਰਨ ਸੁ ਜਾਸ। ਜਾਸ ਸੁਜਸ ਫੈਲਜੋ ਜਗਤ ਗੁਰੁ ਅੰਗਦ ਕਟਿ

---

[1]ਕੰਨਾਂ ਨੂੰ ਬੁੱਕ ਬਣਾਕੇ ਅੰਮ੍ਰਿਤ ਵਤ ਪੀਤਾ ਹੈ। [2]ਕਵਲ। [3]ਕਿਸ਼ੋਰ ਅਵਸਥਾ, ਬਾਲ ਅਵਸਥਾ ਤੋਂ ਉਪਰ। [4]ਪਾਲਿਆ। [5]ਆਰਾਮ ਦੇਣ ਵਾਲੇ। [6]ਦੂਆ ਅਧਯਾਯ ਸਮਾਪਤ ਕਰਕੇ (ਮੈਂ) ਕੀਤੀ ਹੈ ਬੰਦਨਾ ਅੰਤ ਪਰ।

[1]ਕੋਸ਼ ਤੇ ਅਲੰਕਾਰਾਂ ਦਾ(ਚੰਗੀ ਤਰਾਂਜਾਣੂੰ) ਨਹੀਂ। [2]ਭੱਦਾ, ਬੇਡੌਲ। [3]ਜਨਮ ਰਹਿਤ। [4]ਅਘ ਰਹਿਤ, ਨਿਸ਼ਪਾਪ। (ਅ) ਮਰਨ ਰਹਿਤ। [5]ਉਤਪਤੀ, ਪਾਲਨ ਤੇ ਵਿਨਾਸ਼। [6]ਕਲ ਤੋਂ ਰਹਿਤ। [7]ਇੱਛਾ ਤੋਂ ਰਹਿਤ। [8]ਕਾਮਨਾਂ ਤੋਂ ਰਹਿਤ। [9]ਜਿਨ੍ਹਾਂ ਦੇ ਚਰਨ ਕਮਲ ਸਿੱਖਾਂ ਨੂੰ (ਪਾਰ ਕਰਦੇ) ਯਾ ਪਾਲਦੇ ਹਨ ਉਨ੍ਹਾਂ ਦੀ ਧੂੜੀ ਨਾਲ ਮਨ ਰੂਪੀ ਸ਼ੀਸ਼ੇ ਨੂੰ ਨਿਰਮਲ ਕਰ। [10]ਫਾਹੀ।

Digitized by Panjab Digital Library | www.panjabdigilib.org

ਪਾਸਿ[1]। ੪। ਦਾਨ ਅਖੁਟ ਝੰਡਾ ਅਤੁਟ, ਬਾਕ ਅਚਲ, ਬਰ ਦਾਨ । ਦਾਨ ਦੇਤ ਨਿਤ ਨਾਮ ਕੋ ਸ੍ਰੀ ਗੁਰੁ ਅਮਰ ਪ੍ਰਦਾਨਿ[2]।੫। ਦਾਸ ਆਸ ਪੂਰਨ ਕਰੈਂ ਅਕਲ ਅਨੀਹ[3] ਅਨਾਸ਼। ਨਾਸ਼ ਕਰੈਂ ਸਿੱਖਨ ਕੁਮਤਿ ਬੰਦੋਂ ਗੁਰ ਰਮਦਾਸ।੬। ਸਾਰ ਨਾਮ ਦੇ ਤਾਰ ਦਿਯ ਸਿੱਖਨਸੁਖ ਦਾਤਾਰ। ਤਾਰਨ ਤਰਨ ਰਚਯੋ ਜਿਨੈਂ ਸ੍ਰੀ ਅਰਜਨ ਸੁਖ ਸਾਰ । ੭ । ਸੂਰਬੀਰ ਮੁਗਲਾਰਿ[4] ਗੁਰ ਅਤਿ ਪ੍ਰਤਾਪ ਵਤ ਸੂਰ । ਸੂਰਨ ਕੋ ਹੂਰਨ ਮਿਲੈਂ ਹਰਿਗੁਬਿੰਦ ਬਰ ਸੂਰ ।੮। ਰਾਇ ਕੀਏ ਬਰ ਦਾਨ ਦੇ ਬਚ ਤੇ ਸ਼ੱਤ੍ਰੂ ਲਜਾਇ । ਜਾਇ ਸ਼ਰਨ ਤਾਂਕੀ ਗਹੀ ਸ੍ਰੀ ਸੱਤਿਗੁਰ ਹਰਿ ਰਾਇ ।੯। [5]ਬਾਲ ਸੂਰ ਸਮ[5] ਸ਼ੁਭ ਪ੍ਰਭਾ ਮਾਯਾ ਜਿਨ ਅਲਬਾਲ[6]। ਬਾਲ ਬੈਸ ਹਰਿ ਕ੍ਰਿਸ਼ਨ ਗੁਰ ਬੰਦਤ ਹੈ ਕਵਿ ਬਾਲ । ੧੦ । ਨਾਮ ਲੇਤ ਹੀ ਜਿਨੋਂ ਕਾ ਹੋਵਤ ਚਿਤ ਬਿਸਰਾਮ । ਰਾਮਾਦਿਕ ਚਾਹਤ ਜਿਨੈ ਤੇਗ ਬਹਾਦਰ ਨਾਮ।੧੧। ਤੁਰਕ ਤੇਜ ਖਾਪਨ ਨਮਿਤ ਰਾਖਨ ਹਿੰਦੁਨ ਲਾਜ।ਭੂਮਿ ਭਾਰ ਟਾਰਨ ਨਮਿਤ ਪੰਥ ਖਾਲਸਾ ਸਾਜ । ੧੨ । ਦਸੋ ਰੂਪ ਲਖ ਏਕ ਹੀ ਬੰਦੋਂ ਬਾਰੰਬਾਰ।ਦੇਹੁ ਪ੍ਰੀਤਿ ਨਿਜ ਚਰਨ ਮੈਂ ਸ੍ਰੀਗੁਰ ਕ੍ਰਿਪਾ ਅਗਾਰ[7] ।੧੩। ਸੋਰਠ[1] ।ਆਦਿ ਸ਼ਕਤਿ ਪਰਧਾਨ [8]ਘਟਨਾ ਘਟਨ ਪਟੀਯ[8] ਜੋ।ਨਮੋ ਜੋਰ ਜੁਗ ਪਾਨ ਬਖ਼ਸ਼ ਸੁਮਤਿ ਗੁਰ ਜਸ ਕਹੌਂ।੧੪। ਸ੍ਰੀ ਬੁੱਢਾ ਕੁਲਕੇਤੁ[9] ਭਾਈ ਭਾਨਾ ਨਾਮ ਜਿਹ । ਗੁਰ ਬਚ ਸਿੰਧੁ ਸੁ ਸੇਤੁ ਜਿਹ ਬਚ ਪਾਰ ਸੁਨੇਤ ਇਤ[1] । ੧੫। ਚੌਪਈ । ਨੇਮੀ ਪ੍ਰੇਮੀ ਹਠੀ ਤਪੀਸ਼੍ਵਰ ।ਗੁਰੁ ਘਰ ਮਹਦ ਮਹਦ ਮਹਦੀਸ਼੍ਵਰ[2]। ਸਭਨ ਜੋਰ ਜੁਗ ਪਾਨ ਨਮਾਮੀ। ਜੇ ਸ੍ਰੀ ਗੁਰ ਆਇਸ ਅਨੁਗਾਮੀ[3] । । ੧੬ । ਸ੍ਰੀ ਗੁਰ ਚਰਿਤ ਸੁ ਸਿੰਧੁ ਪਛਾਨੋ । ਲਵਨ ਪੂਤਰੀ[4] ਨਿਜ ਅਨੁਮਾਨੋਂ। ਕਹਾਂ ਥਾਹੁ ਕੋ ਪਤਾ ਬਤਾਵੈਂ । ਕਹਾਂ ਸਮੱਥ ਜੋ ਬਾਹਰ ਆਵੈਂ । ੧੭ । ਤਦਪਿ ਜਿਤਕ ਲੌ ਗਰ ਨਹਿੰ ਜਾਇ । ਅਪਨ ਓਰ ਤੇ ਨਿਜ ਬਲ ਲਾਇ । ਜਥਾ ਗਗਨ[5] ਕੋ ਅੰਤ ਮਸ਼ਕ[6] ਚਹਿ । ਤਥਾ ਸੁ ਕਵਿ ਕਿੰਚਤ ਗੁਰ ਜਸ ਕਹਿ।੧੮।ਕਬਿੱਤ। ਕ੍ਰਿਪਾ ਕੇ ਅਗਾਰ ਦੇਤ ਮਾਂਗੀ ਵਥ, ਸਾਰ ਲੇਤ ਸਿਖਜਨ ਕੀ, ਚਲ ਆਈ ਸਦਾ ਬਿਰਦਾਵਲੀ[7]। ਦੀਨਨਕੇਦਾਨੀਗੁਨਖਾਨੀ [8]ਦਯਾਸਾਨੀਬ੍ਰਿਤ[8]; [9]ਮਾਨੀਬ੍ਰਿਤਹਾਨੀ ਸਿਖ[9], ਸਦਾ ਬਿਰਦਾਵਲੀ। ਅਤੁਟ ਖਜ਼ਾਨੋ ਔ ਭੰਡਾਰ ਹੈ ਅਖੁੱਟ ਜਾਂਕੋ ਬਾਂਕੋ ਹੈ ਬਿਰਦ ਰੱਖ ਸਦਾ ਬਿਰਦਾਵਲੀ । ਚਰਨ ਮ੍ਰਿਗਿੰਦ ਕਰਦ੍ਵੰਦ[10] ਬੰਦ ਬੰਦਤ ਹੈ, ਓਟ ਹੈ ਅਟੱਲ ਔ ਅਟੱਲ ਬਿਰਦਾਵਲੀ । ੧੯ । ਚੌਪਈ । ਬੈ ਬਾਲਕ ਮ੍ਰਿਦੁ ਸੁੰਦਰ ਮੂਰਤ । ਸੁਹ੍ਰਿਦ ਸਦਾ ਸਭਿ ਬਿਧਿ ਗੁਨ ਪੂਰਤ।ਅਟਲ ਬਿਰਦ ਬਾਂਕੋ ਬਰ ਦਾਯਕ । ਸਿੱਖਨ ਪਾਲਕ ਅਰਿ ਦਲ ਘਾਯਕ।੨੦। ਕੁਮਤਿ[11] ਬਿਡਾਰਹੁ ਸੁਮਤਿ ਸਵਾਰਹੁ।ਕਰ ਕਰੁਣਾ ਕਵਿ ਕੋ ਪ੍ਰਤਿ-

---

[1]ਫਾਹੀ। [2]ਮਹਾਂ ਦਾਨੀ। [3]ਇੱਛਾ ਤੋਂ ਰਹਿਤ। [4]ਮੁਗਲਾਂ ਦੇ ਵੈਰੀ। [5]ਚੜ੍ਹਦੇ ਸੂਰਜ ਸਮ। [6]ਘੋਟੇ ਹੋਏ, ਚਾਰ ਚੁਫੇਰੇ। [7]ਮਿਹਰ ਦੇ ਘਰ। [8]ਦੇਣਹਾਰ ਅਤੇਅਨਹੋਣੀਆਂ ਗਲਾਂ ਵਿਚ ਚਤੁਰ, ਭਾਵ ਸ਼ਾਰਦਾ। [9]ਕੁਲ ਦੇ ਨਿਸ਼ਾਨ।

[1]ਗੁਰੂ ਦੇ ਬਚਨਾਂ ਰੂਪੀ ਸਮੁੰਦਰ ਦਾ ਪੁਲ ਹੈ(ਭਾਈ ਭਾਨਾ) ਜਿਸਦੇ ਬਚਨ ਸੁਣਕੇ ਇਧਰੋਂ ਪਾਰ ਜਾ ਪਈਦਾ ਹੈ। [2]ਮਹਾਂ ਈਸ਼੍ਵਰ। [3]ਆਗਜਾ ਅਨੁਸਾਰੀ। [4]ਲੂਣ ਦੀ ਪੁਤਲੀ । [5]ਅਕਾਸ਼ ਦਾ। [6]ਮੱਛਰ। [7]ਬਿਰਦ ਦੀ ਲੜੀ। [8]ਦਯਾ ਨਾਲ ਮਿਲੀ ਹੋਈ ਬ੍ਰਿਤੀ (ਆਪ ਦੀ) ਹੈ। [9]ਸਿਖ ਦੀ ਹੰਕਾਰ ਵਾਲੀ ਬ੍ਰਿਤੀ ਨੂੰ ਨਿਵਾਰਣ ਵਾਲੇ ਹੋ। [10]ਦੋਵੇਂ ਹੱਥ। [11]ਖੋਟੀ ਬੁੱਧੀ।

Digitized by Panjab Digital Library | www.panjabdigilib.org

ਪਾਰਹੁ।ਬਿਨਾ ਬਿਘਨ ਗਥ[1] ਹੋਇ ਸਮਾਪਤ। ਕਰ ਅਨੁਕੰਪਾ[2] ਇਹੁ।ਮਤ ਪ੍ਰਾਪਤ।੨੧।ਸੋਰਠਾ। ਗੁਰੁ ਈਸ਼ੂਰ ਪਿਤੁ ਮਾਤ ਸ਼ਕਤੀ ਭਾਨਾ ਸਿਖ ਗੁਰ। ਬੰਦੋਂ ਸੁਖ ਅਵਿਦਾਤ ਹੋਹਿੰ ਸਹਾਯਕ ਦਾਸ ਕੇ। ੨੨। ਦੋਹਰਾ। ਜਬ ਧੰਨੇ ਇਮ ਸ਼ੂਵਨ ਕਿਯ ਅਤਿ ਬਚਿੱਤ੍ ਬਰ ਗਾਥ। ਅਤਿ ਅਨੰਦਆਤੁਰ ਅਧਿਕ ਕ੍ਰਿਤਕ੍ਰਿਤ ਭਯੋ ਸਨਾਥ। ੨੩।'ਅਤਿ ਬਚਿੱਤ੍[2] ਜੁ ਪਵਿੱਤ੍ ਅਤਿ ਮਹਦ ਚਰਿੱਤ੍ ਮਹਾਨ। ਕੀਨ ਸ਼ੂਵਨ ਤਵਕ੍ਰਿਪਾ ਤੇ ਹੇ ਭਾਨਾ ਮਤਿ ਵਾਨ! । ੨੪। ਜਿਹ ਸੁਨ ਅਤਿ ਆਨੰਦਭਾ ਕਟੀ ਮੋਹ ਭ੍ਰਮ ਪਾਸਿ[3]।ਕੀਨ ਸਨਾਥ ਅਨਾਥ ਕੌ ਹੇ ਭਾਨਾ ਸੁਖ ਰਾਸਿ!। ੨੫। ਇਕ ਸ਼ੰਕਾ ਚਿਤ ਮੈਂ ਭਈ ਨਈ ਆਨ ਉਤਪੱਤਿ। ਕਰਹੁਕ੍ਰਿਪਾ ਸੋਭੀ ਕਹਹੁ ਬਖਸ਼ਹੁ ਦਾਨ ਸੁਮੱਤਿ। ੨੬। ਸ੍ਰੀ ਗੁਰੁ ਹਰਿ ਗੋਬਿੰਦ ਜੀ ਜੋ ਦੀਨਸ ਬਰ ਦਾਨ। ਤਾਂ ਮੈਂ ਅਬ ਲੌ ਨਾਂਹਿ ਕੌ ਭਯੋ ਸਿੱਧ ਅਨੁਮਾਨ। ੨੭। ਕੌ ਕਾਰਣ ਜਾਂਮੈ ਭਯੋ ਸਕੌਂ ਨ ਸੋ ਪਹਿਚਾਨ।ਬਿਸਤ੍ਰਿਤ[4] ਕਥਨ ਕਰੋ ਪ੍ਰਭੂ ਜਿਹ ਬਿਧਿ ਲਖੈਂ ਅਜਾਨ'। ੨੮। ਇਮ ਧੰਨੇ ਕੇ ਬਚਨ ਸੁਨ ਭਾਨਾ ਭਯੋ ਪ੍ਰਸੰਨ। ਬਾਤ ਭਵਿਖਜਤ ਗੋਪ[5] ਅਤਿ ਚਹਤ ਨ ਕਰਨ ਕਥੰਨ। ੨੯।ਤਉ ਸਿੱਖ ਕੋ ਪ੍ਰੇਮ ਲਖ ਅਧਿਕ ਨੇਹੁ ਸੰਜੋਜ[7]।ਕੀਨ ਕਥਨ ਕੁਛ ਕੁਛ ਜੁ ਕੁਛ ਲਿਖੀ ਸੁ ਕਵਿ ਨੈ ਖੋਜ। ੩੦। ਭੋ ਧੰਨਾ ਚਹੀਏ ਨ ਅਸ ਭਨੈਂ ਭਵਿਖਜਤ ਬਾਤ। ਗੋਪ ਜੁ ਕ੍ਰਿਤ ਕਛੁ ਈਸ ਕੀ ਸੋ ਨ ਕਰੀ ਬਿੱਖਜਾਤ। ੩੧। ਈਸ਼ੂਰ ਰਚਨਾ ਅਤਿ ਅਗਮ ਕੋ ਨਹਿੰ ਜਾਨਤ ਤਾਂਹਿ। ਜੋ ਜਾਨਤ ਸੋ ਨਹਿੰ ਭਨੈ ਸਾਚੀ ਦੀਨੀ ਪ੍ਰਾਹਿ।੨੨।ਚੌਪਈ।ਤਉ ਪ੍ਰੇਮ ਪਿਖ ਤੇਰੋ ਭਾਗੀ। ਭਨੈਂ ਭਵਿੱਖਤ ਬਾਤ ਸੁਧਾਰੀ।ਵਰਪ੍ਰਦਾਨਸ਼ਕਤੀ ਗੁਰੁ ਕੇਰੀ। ਹੁਇ ਹੈ ਸੱਤ ਸਫਲ ਬਹੁ ਬੇਰੀ। ੩੩। ਕਛੁਕ ਕਾਲ ਇਹ ਥਾਨ ਮਹਾਂਨ। ਰਹੈ ਇਸੀ ਬਿਧ ਬਨਜੋ ਅਜਾਨ[1] । ਪੁਨ ਗਜਾ-ਤੱਗਜ[2] ਸਿੱਖ ਇਕ ਐਹੈ। ਕਾਚੇ ਕੋਠੇ ਇਹਾਂ ਬਨੈ ਹੈਂ। ੩੪ । ਕਛੁਕ ਕਾਲ ਬਸਿ ਹੈ ਇਸ ਥਾਨ । ਕਰੈ ਸੇਵ ਸ਼ਰਧਾ ਹਿਤ ਠਾਨ । ਸਕਲ ਆਯੁਖਾ[3] ਇਹਾਂ ਬਿਤਾਵੈ।ਤਜਾਗ ਦੇਹ ਨਿਜ ਰੂਪ ਸਮਾਵੈ । ੩੫। ਇਤ ਉਤ ਗ੍ਰਾਮ ਲੋਗ ਚਲਿ ਐਹੈਂ । ਸਸਕਾਰਾਦਿਕ ਕ੍ਰਿਯਾ ਕਰੈ ਹੈਂ। ਪੁਨ ਸ਼ਰਧਾ ਕੁਛ ਕੁਛ ਉਪਜਾਵੈ। ਕੋ ਕੋ ਨਰ ਉਪਹਾਰ ਚਢਾਵੈ।੩੬। ਏਕ ਬ੍ਰਿਧਾ ਤੁੰਗਨ[4] ਕੀ ਹੋਇ। ਸਭ ਉਪਹਾਰ[4] ਸਕੇਲੈ[6] ਸੋਇ। [7]ਦੀਪ ਮਾਰਜਨੀ[7] ਆਦਿਕ ਸੇਵ। ਕਰੈ ਨਿਤਾਪ੍ਰਤਿ ਆਨ ਅਭੇਵ ।੩੭। ਨਹਿੰ ਸ਼ਰਧਾ ਨਹਿੰ ਸ਼ਕਤਿ ਪਛਾਨੈ। ਹਿਤ ਉਪਹਾਰ ਸੇਵ ਨਿਤ ਠਾਨੈ।ਕਛੁਕ ਕਾਲ ਇਮ ਸਮਾਂ ਬਿਤਾਇ। ਬ੍ਰਿਧਾ ਤਜਾਗ ਤਨੁ ਗੁਰ ਪੁਰ ਜਾਇ। ੩੮। ਇਤਨੇ ਤਕ ਇਕ ਪੁਰਖ ਪ੍ਰਤਾਪੀ । ਹ੍ਵੈ ਹੈ ਜਗ ਮੈਂ ਦੁਸ਼ਟਨ ਖਾਪੀ। ਦੁਸ਼ਟ ਤੁਰਕ ਕੀ ਜਰਾਂ ਉਖਾਰੈ। ਨਿਜ ਸਿੱਖਜਨ ਸੁਤ ਜਜੋਂ ਪ੍ਰਤਿਪਾਰੈ ।੩੯। ਸੋ ਇਕ ਪੰਥ ਅਪੂਰਬ ਰਚੈ। ਤੁਰਕਨ ਅਰ ਸਿੰਘਨ ਰਣ ਮਚੈ। ਸ੍ਰੀ ਨਾਨਕ ਜਸ ਉੱਜਲ ਕਰਤ । ਦੀਨਨ ਕੇ ਕਿਲਵਿਖ ਕੋ ਹਰਤ ।੪੦। ਬਧੈ ਪੰਥ ਸਭ ਜਗਤ ਮਝਾਰ। ਯਥਾ ਚੰਬੇਲੀ ਕੋ ਮਹਿਕਾਰ। ਤਾਹਿੰ ਪੰਥ ਕੋ ਸਿੰਘ ਭੰਗੇਰਾ । ਕਰਿ ਹੈ ਆਨ ਇਹਾ ਪੁਨ ਡੇਰਾ ।੪੧। ਟਹਿਲ ਰੁ ਸੇਵ ਮਾਰਜਨੀ ਆਦਿ।

---

[1]ਕਥਾ। [2]ਕ੍ਰਿਪਾ। [3]ਅਣੋਖਾ,ਅਚਰਜ। [4]ਫਾਹੀ। [5]ਖੋਲ੍ਹ ਕੇ। [6]ਗੁਪਤ। [7]ਸੰਯੁਕਤ।

[1]ਅਪ੍ਰਸਿੱਧ। [2]ਗਜਾਤ ਗੋਯ, ਬ੍ਰਹਮ ਗਜਾਨੀ। [3]ਆਯੂ, ਉਮਰਾ। [4]ਤੁੰਗ ਪਿੰਡ ਦੀ। [5]ਭੇਟਾ। [6]ਇਕੱਠੀ ਕਰੇਗੀ, ਸਮੇਟੇਗੀ । [7]ਦੀਵਾ ਤੇ ਝਾੜੂ।

Digitized by Panjab Digital Library | www.panjabdigilib.org

ਕਰੈ ਯਥਾ ਗੁਰ ਘਰ ਮਿਰਯਾਦਿ। ਕਛੁਕ ਕਾਲ ਇਹ ਭਾਂਤਿ ਬਿਤਾਵੈ। ਨਿਜ ਨਿਵਾਸ ਹਿਤ ਥਾਨ ਬਨਾਵੈ। ੪੨। ਦਿਨਪ੍ਰਤਿ ਮਹਿਮਾ ਇਸ ਅਸਥਾਨ। ਬਰਧਤ ਜੈਹੈ[1] ਮਹਦ ਮਹਾਨ। ਏਕ ਸਿੰਘ ਰਾਗੀ ਮਤਿਵੰਤਾ। ਸੋ ਆਵੈ ਦੇਸ਼ਨ ਬਿਚਰੰਤਾ। ੪੩। ਪਰਮਰੰਮਜ ਅਸਥਾਨ ਨਿਹਾਰੀ। ਰਹੈ ਇਹਾਂ ਬਿਨ ਸੋਚ ਬਿਚਾਰੀ। ਸਿੰਘ ਸੁਖਦੀ ਸੁ ਦੇਗ ਬਟਾਵੈ। ਰਾਗੀ ਸਿੰਘ ਨਿਤ ਰਾਗ ਅਲਾਵੈ। ੪੪। ਇਸ ਪ੍ਰਕਾਰ ਮਹਿਮਾ ਅਸਥਾਨ। ਦਿਨ ਪ੍ਰਤਿ ਬਰਧੈ ਅਧਿਕ ਮਹਾਨ। ਉਪਹਾਰਾਦਿਕ ਵਸਤੁ ਘਨੇਰੀ। ਦੇਨੋਂ ਖਾਹਿ ਕ੍ਰਿਪਾ ਗੁਰੁ ਕੇਰੀ। ੪੫। ਏਕ ਅਸਤ ਕੁਛ ਅੰਨਜ ਭੇਸ[2]। ਨਿਕਟ ਤੀਰ ਕੈਲਾਸਰ ਕੇ ਸੁ। ਕਰੈ ਨਿਵਾਸ ਆਨ ਕਰ ਸੋਇ। ਕੁਛ ਬਿਖਾਦ[3] ਤਾਂਕੇ ਸੰਗ ਹੋਇ। ੪੬। ਪੁਨ ਤੀਨੋਂ ਸਮ ਬਰਤੀ[4] ਹੋਵੈਂ। ਉਪਹਾਰਾਦਿਕ ਭਾਗ ਕਰੋਵੈਂ। ਦਿਨ ਪ੍ਰਤਿ ਐਸ਼ੁਰਜ ਬਰਧਤ ਜਾਇ। ਕਛੁ ਸਥਾਨ ਇਤ ਉਤ ਬਨ ਜਾਇ*। ੪੭। ਇਤਨੇ ਤਕ ਸਿੰਘਨ ਕੋ ਰਾਜ। ਗੁਰੁ ਕਰਨਾ ਕਰ ਬਧੈ ਸਮਾਜ। ਕਿਤਿਕ ਭਾਗ ਇਸ ਪੁਰ ਕੇ ਹੋਇ। ਅਪਨ ਨਾਮ ਸਿੰਘ ਰਾਖੈਂ ਸੋਇ। ੪੮। ਹਰਿਮੰਦਰ ਆਦਿਕ ਅਸਥਾਨ। ਕਰੈਂ ਬਨਾਵਨ ਸਿੰਘ ਸੁਜਾਨ। ਹਰਿਮੰਦਰ ਸਰ ਪ੍ਰਜਾ ਜੋਇ। ਗੁਰ ਬਚ ਆਨ ਸਫਲ ਤਬ ਹੋਇ। ੪੯। ਤਬ ਪਾਕੋ ਸੁੰਦਰ ਅਸਥਾਨ। ਨੌਛੱਤਾ ਚਾਮੀਕਰ-ਵਾਨ[1]। ਬਨੈ ਮੌਜ ਯੁਤ ਮਹਦ ਪ੍ਰਤਾਪ। ਖਾਪੈ ਸਿੱਖਨ [2]ਤਾਪ ਕਲਾਪ[2]। ੫੦। ਜਿਮ ਸਜਗਜਾਸ੍ਰੁ[2] ਭਗਤ ਪੁਕਾਰਾ। ਨੌਧਾ[4] ਧਾਰਨ ਕਰੈ ਵਿਚਾਰਾ। ਤਥਾ ਦੇਹੁਰੇ ਕੀ ਨੌਛੱਤਾਂ। ਚਿਤ ਚਿਤਵਤ ਹੀ ਦੇਤ ਸੁਮੱਤਾਂ। ੫੧। ਜਥਾ ਭਾਗ ਨੌ ਪ੍ਰਿਥਵੀ ਕੇਰੇ। ਤਿਮ ਨੌਛੱਤਾ ਦੇਹੁਰਾ ਹੇਰੇ। ਦੇਹ ਰੰਧ੍ਰ[5] ਜਿਮ ਨੌ ਬੱਖਜਾਨੈਂ। ਤਥਾ ਦੇਹੁਰਾ ਭੀ ਅਨੁਮਾਨੈਂ। ੫੨। ਜਥਾ ਬਜਾਕ੍ਰਨ ਨੌ ਕਵਿ ਕਹੈਂ। ਪਠਤ ਸੁਨਤ [6]ਮੁਗਧਾਪਨ ਦਹੈਂ[6]। ਤਥਾ ਛੱਤ ਨੌ ਦਰਸ਼ਨ ਕਰੈਂ। ਤੁਮ ਅਗਜਾਨ ਰਿਦੇ ਨਹਿੰ ਧਰੈਂ। ੫੩। ਜੋਸੋਵੈਨੌਛੱਤਾ ਥਾਨ। ਪ੍ਰਾਪਤ ਹੁਹਿੰ ਨਵ ਨਿਧਹਿ ਸੁਜਾਨ। ਜੋ ਨਵਛੱਤਾ ਸੇਵ ਸੁ ਖਾਸੈ। ਨਵ ਸੁਖ ਬ੍ਰਹਮਾਨੰਦ ਸੁ ਭਾਸੈ। ੫੪। ਪ੍ਰਿਥਮਛੱਤਜਿਹ [7]ਪਾਦਸਥਾਨ[7]। ਦੁਤਿਯ ਗੁਲਫ[8] ਪਿੰਡਲੀ[9] ਅਨੁਮਾਨ। ਤ੍ਰਿਤਿਯ ਉਰੂ ਕਟ[10] ਰੂਪ ਵੈਰਾਟ[11]। ਚਤੁਰਥਿ ਨਾਭਿ [12]ਪੇਟਮਿਵਠਾਟ[12]। ੫੫। ਪੰਚਮ ਰਿਦੈ ਜੁ ਬਿਸਤ੍ਰਿਤ[13] ਛਾਤੀ। ਖਸਟਮ ਥਾਨ ਸਕੰਧ[14] ਪਛਾਤੀ। ਸਪਤਮ ਗ੍ਰੀਵਾ, ਅਸ਼ਟਮ ਮੁਖ ਗਨ।

---

[1]ਵਧਦੀ ਜਾਏਗੀ। [2]ਹੋਰ ਭੇਸ ਦਾ। [3]ਝਗੜਾ। [4]ਮੇਲੀ ਗੇਲੀ, ਸਮ ਵਰਤੋਂ ਵਾਲੇ।

*ਬਾਬਾ ਅਟਲ ਜੀ ਏ ਦੱਖਣ ਦਿਸਾ ਉਸ ਸਮੇਂ ਸ਼ਮਸ਼ਾਨ ਸਨ। ਸਮਾ ਪਾਕੇ ਸ਼ਮਸ਼ਾਨ ਜਿਥੇ ਕੁਹੁਣ ਠਾਕਰਾਂ ਦਾ ਡੇਰਾ ਤੇ ਸਮਾਧਾਂ ਹਨ ਇਸ ਥਲ ਚਲੇ ਗਏ। ਫੇਰ ਇਹ ਹੁਣ ਵਾਲੇ ਥਾਂ ਤਰਨਤਾਰਨ ਦੇ ਦਰਵਾਜੇ ਤੋਂ ਬਾਹਰ ਚਲੇ ਗਏ। ਬਾਬੇ ਅਟਲ ਦਾ ਚੁਗਿਰਦਾ ਅਕਾਲੀ ਅੰਦੋਲਨ ਤੋਂ ਪਹਿਲਾਂਤਕ ਖਾਸ ਖਾਸ ਪ੍ਰਤਿਸ਼ਠਤ ਸਿੱਖ ਸਜਣਾਂ ਦੇ ਦਾਹ ਲਈ ਖਾਸ ਆਗਿਆ ਲਈ ਮਖਸੂਸ ਰਿਹਾ ਤੇ ਏਥੇ ਬੜੇ ਬੜੇ ਤਪੀ ਤੇ ਇਤਿਹਾਸਿਕ ਸਿਖਾਂ ਦੀਆਂ ਸਮਾਧਾਂ ਸਨ।

---

[1]ਸੁਨਹਿਰੀ। [2]ਸਮੂਹ ਕਲਪਨਾ। [3]ਸ੍ਰਿਸ਼ਟ ਜਗਜਾਸ੍ਰੁ। [4]ਨੇ ਪੁਕਾਰ ਦੀ ਭਗਤੀ। [5]ਦੇਹ ਦੇ ਦੁਆਰੇ। [6]ਅਗਜਾਨਤਾ ਦੂਰ ਕਰਦੇ ਹਨ। [7]ਇਹ ਪੈਰਾਂ ਦਾ ਸਥਾਨ ਜਾਣ। [8]ਗਿੱਟਾ। [9]ਪਿੰਜਣੀ। [10]ਪੱਟ ਤੇ ਲੱਕ। [11]ਭਾਰੀ, ਮਹਾਨ। [12]ਇਉਂ ਪੇਟ ਦਾ ਠਾਠ ਜਾਣੋ। [13]ਚੌੜੀ। [14]ਮੋਢੇ।

Digitized by Panjab Digital Library | www.panjabdigilib.org

ਨਵਨ ਚੱਛੁ[1] ਸਿਰ ਸਹ ਗਿਨ ਮਨ ਭਨ।ਪਏ।
ਇਹ ਬਿਧ ਬਿਸਤ੍ਰਿਤ ਦੇਹ ਵਿਰਾਟ। ਨੌਛੱਤਾਂ
ਦੇਹੁਰੇ ਕੋ ਠਾਟ ।ਜਿਮ ਜਗਜਾਸੂ ਕੇਰ ਮੁਕਾਮ।
ਨਵਮ ਸਥਾਨ ਸੁ ਪ੍ਰਾਪਤ ਗਜਾਨ ।੫੭।ਨੌਛੱਤਾ
ਜੋ ਦਰਸ਼ਨ ਪਾਵੈ। ਖਟੁ ਉਰਮੀ[2] ਤੈ ਤਾਪ
ਬਿਹਾਵੈ। ਕਲਸ ਯੁਕਤ ਜੋ ਦਸ ਅਸਥਾਨ।
ਕ੍ਰਮ ਕ੍ਰਮ ਦਸ ਗੁਰ ਥਾਨ ਪਛਾਨ। ੫੮। ਭੋ
ਧੰਨਾ ਗਨ ਸਿੱਖ ਮਸੰਦਾਕਰੈਂ ਸੇਵ ਇਹ ਥਾਨ
ਬਿਲੰਦ। ਗਨ ਮੰਗਤ ਰਹਿਹੈਂ ਇਸ ਥਾਨ।
ਦੀਨ ਦੁਖੀ ਆਤੁਰ ਰੁਜਵਾਨ[3] ।੫੯।ਅੰਨਾ-
ਦਿਕ ਪ੍ਰਾਪਤਿ ਤਿਨ ਹੋਇ। ਸ੍ਰੀ ਗੁਰ ਬਚਨ
ਅਟਲ ਹੈ ਜੋਇ। ਮਹਾ ਮਾਨਤਾ ਦੇਸ਼ ਚੁਫੇਰੇ।
ਸਿਖ ਸੰਗਤ ਰਹਿਹੈ ਕਰਿ ਡੇਰੇ। ੬੦। ਮਨੋ
ਕਾਮਨਾ ਪੂਰਨ ਕਰੈ। ਆਨ ਮਨੌਤ ਥਾਨ ਇਸ
ਧਰੈ। [4]ਅਲਪ ਬੁੱਧ ਤਮ ਲਿਪਤ ਮਸੰਦ[4]।
ਕਰੈਂ ਸਪਰਧਾ[4] ਝਗੜਾ ਬ੍ਰਿੰਦ ।੬੧। ਗੂੜਾ-
ਸ਼ੈ ਸ੍ਰੀ ਗੁਰ ਕੋ ਜੋਇ। ਲਖ ਨਹਿੰ ਸਕੈਂ ਅਲਪ
ਮਤਿ ਸੋਇ। ਅਤਿ ਬਿਖਾਦ[6] ਰੌਰਾ ਜਬ ਪਰੈ।
ਨਿਜ ਨਿਜ ਓਰ ਸਕੇਲਨ ਕਰੈਂ। ੬੨। ਤਬ
ਇਕ ਸਿੱਖ ਯਸੱਸ੍ਵੀ[7] ਹੋਇ।ਡਾਂਟੈ ਕਰਿ ਮ੍ਰਿਜਾਦ
ਪੁਨ ਸੋਇ। ਸੋ ਮ੍ਰਿਜਾਦ ਬਹੁ ਕਾਲ ਰਹੈਗੀ।
ਬਾਦ ਬਿਖਾਦ ਸੰਗ ਨਿਬਹੈਗੀ।੬੩।ਚਿਰੰਕਾਲ
ਇਹ ਭਾਂਤਿ ਬਿਤਾਵੈ। ਪੁਨ ਮ੍ਰਿਜਾਦ-ਧੁੰਸਕ[8]
ਨਿਪਜਾਵੈ[9]। ਅਤਿ ਅਨੀਤ ਬਰਤੈ ਤਿਹਕਾਲ।
ਤਬ ਇਕ ਪੁਰਖ ਪ੍ਰਤਾਪੀ ਲਾਲ ।੬੪।
ਯਥਾ ਯੋਗ ਸਭਹਨ ਦੈ ਦੰਡ । ਜੀਤ ਫਿਰੈ
ਸਗਲੋ ਬ੍ਰਹਮੰਡ। ਰਾਖਾ ਨਿਜ ਮ੍ਰਿਜਾਦ ਸ਼੍ਰੁਤਿ
ਸੇਤਾ। ਨੀਤਿ ਯੁਕਤ ਸਭਿਹਿਨ ਫਲ ਦੇਤਾ।

[1]ਅੱਖਾਂ। [2]ਛੇ ਉਰਮੀਆਂ। [3]ਰੋਗੀ। [4]ਤੁਛ ਬੁੱਧੀ (ਮੰਦ ਬੁਧੀ) ਦੇ ਅੰਧੇਰੇ ਵਿਚ ਲਪੇਟੇ ਹੋਏ ਮਸੰਦ। [5]ਈਰਖਾ। [6]ਝਗੜਾ। [7]ਯਸ਼ਵਾਨ। [8]ਮ੍ਰਿਯਾਦਾ ਨੂੰ ਨਾਸ਼ ਕਰਨ ਵਾਲਾ। [9]ਜੰਮੇਗਾ।

ਏਪ। ਜਬ ਲੌ ਚੰਦ ਸੂਰ ਧਰ ਤਾਰੇ। ਤਬ ਲੌ
ਬਨੇ ਰਹੈਂ ਗੁਰਦ੍ਵਾਰੇ। ਇਸ ਸਥਾਨ ਕੇ ਭਦ
ਮਹਾਂਨ। ਦੀਪਤ ਮਹਦ ਜੁ ਸ਼ਕਤੀਵਾਨ।ਏਏ।
ਸਿੱਖ ਆਸ ਗਨ ਪੂਰਨ ਕਰਤਾ।ਕਿਲ ਕਲਿ[1]
ਦੋਖ ਦੁਸ਼ਟ ਦੁਖ ਹਰਤਾ। ਜਹਿੰ ਧਜਾਵੈ ਤਹਿੰ
ਹੋਤ ਸਹਾਈ।ਨਹਿੰ ਮਾਨੈ ਤੇ ਲਿਹੁ ਪਤਿਆਈ
।ਏ੭। ਰਾਮਦਾਸ ਪੁਰ ਥਾਨੇਦਾਰ। ਚਹੀਏ ਸਭ
ਨਰ ਕਹੈਂ ਜੁਹਾਰ। ਸ਼ਾਹੁ ਨਿਕਟ ਜਾਨੈ ਚਹਿ
ਕੋਇ। ਮਿਲੈ ਜਾਇ ਸੂਬੇ ਸੰਗ ਸੋਇ। ਏਏ।
ਕਰੈ ਅਰਜ ਤਬ ਤਹਿੰ ਪਹੁੰਚੈਹੈ। ਤਿਹ ਬਿਨ
ਤਹਾਂ ਨ ਜਾਵਨ ਪੈਹੈ । ਕਿਤਿਕ ਕਾਮ
ਤਾਂਕੇ ਅਖਤਜਾਰ । ਸੋ ਕਰ ਦੇਤ ਨ ਲਾਇ
ਅਵਾਰ[2]। ਏਏ।ਜੋ ਨਿਤ ਨੇਮ ਪ੍ਰੇਮ ਨਿਬਹਾਵੈ।
ਆਨ ਹਾਜਰੀ ਅਪਨ ਗਿਨਾਵੈ। ਕਰੈ ਪ੍ਰਕਰਮਾ
ਸਬਦ ਉਚਾਰੈ।ਮਨ ਨੀਵਾਂ ਮਤ ਉ੍ਚੀਧਾਰੈ।੭੦।

ਬਿਨੈ ਕਵਜੋਰਿ

ਚੌਪਈ ॥ ਭੀਰ ਪਰੇ ਸਦ ਹੋਇਂ ਸਹਾਈ।
ਕਿਉਂ ਨ ਦਾਸ ਗਨ ਲੇਹੁ ਬਚਾਈ।ਸਮੈ ਸਹਾ-
ਇਕ ਹੋਵਨ ਏਹੀ। ਪੁਰਹੁ ਦਾਸ ਕੀ ਇੱਛਾ
ਜੇਹੀ। ੧ ।ਕਰਹੁ ਕ੍ਰਿਪਾ ਹੇ ਕ੍ਰਿਪਾ ਨਿਧਾਨਾ !
ਪਰਜੇ ਦਾਸ ਕਹੁ ਦੁੱਖ ਮਹਾਨਾ।ਦ੍ਵਹੁ ਦਇਆ
ਨਿਧ ਦੀਨ ਦਇਆਲਾ । ਕਰਹੁ ਕ੍ਰਿਪਾ ਪ੍ਰਭੁ
ਸ਼ੀਘ੍ਰ ਕ੍ਰਿਪਾਲਾ! । ੨ । ਆਰਤ[3] ਹਰਨ ਬੇਦ
ਜਸ ਗਾਯੋ। ਬਾਰ ਹਮਾਰ ਦੇਰ ਕਿਉਂ ਲਾਯੋ।
ਸਹਿ ਨ ਸਕੇ ਗੁਰਮੁਖ ਸੁਤ ਮਰਨਾ । ਕਰਜੋ
ਤਾਸ ਦੁਖ ਸ਼ੀਘ੍ਰ ਪ੍ਰਹਰਨਾ[4] । ੩ । ਹੇ ਪ੍ਰਭੁ
ਸਿੱਖਜਨ ਕੇਅਨੁਗਾਮੀ!ਸਿੱਖਜਨ ਪ੍ਰਤਿਪਾਰਹੁ
ਹੇ ਸ੍ਵਾਮੀ ! ਬਿਰਦ ਸਨਾਤਨ ਇਹੀ ਤੁਮਾਰੋ।
ਸ਼ਰਨ ਪਰੇ ਕੀ ਲਾਜ ਬਿਚਾਰੋ। ੪ । ਅਵਗੁਨ

[1]ਕਲਿਯੁਗ ਦੇ ਕਿਲਵਿਖ। [2]ਡੇਰ। [3]ਦੱਖ [4]ਨਾਸ਼, ਦੂਰ।

Digitized by Panjab Digital Library | www.panjabdigilib.org

ਪੋਟ[1] ਨਾਥ ਮੁਹਿ ਜਾਨਹੁ। ਬਿਰਦ ਚਿਤਾਰ ਕ੍ਰਿਪਾ ਉਰ ਆਨਹੁ। ਹੌਂ ਅਨਾਥ ਤੁਮ ਕਰਹੁ ਸਨਾਥਾ।[2]ਬਹਜੋ ਜਾਤ[2] ਗਹਿ ਕਾਢੋ ਹਾਥਾ।੫। ਤੌ ਬਿਨ ਸ਼ਰਨਪਾਲ ਨਹਿੰ ਦੇਖਾ। ਕਹੌਂ ਪੁਕਾਰ ਕਾਢ ਤੈ ਰੇਖਾ[3]।ਕਾਰਨ ਕਰਣ ਸਾਮਰਥ ਭਾਰੀ। ਦਯਾ ਨਿਧੇ ਮੁਹਿ ਲੇਹੁ ਉਬਾਰੀ।੬। ਹੇ ਬਖ-ਸ਼ਿੰਦ ਬਖਸ਼ ਮਮ ਅਵਗੁਨ । ਬਖਸ਼ ਸੁਮਤਿ ਸਦਗੁਨ[4] ਗਨ ਪ੍ਰਤਿ ਦਿਨ। ਹੇ ਪ੍ਰਭੁ ਕਾਰਣ ਰਹਤ ਦਯਾਲ।ਬਿਰਦ ਸਨਾਤਨ[5]ਤੋਰ ਕ੍ਰਿਪਾਲ।੭। ਦੀਨ ਦੁਨੀ ਕੇ ਸਦਾ ਸਹਾਯਕ।ਜਨ ਮਨ-ਰੰਜਨ[6] ਅਰਿ ਗਨ ਘਾਯਕ । ਸ਼ਰਨ ਸ਼ਰਨ ਤਵ ਸ਼ਰਨ ਸੁਆਮੀ! ਸ਼ਰਨਪਾਲ ਤੁਮ ਅੰਤਰ-ਯਾਮੀ । ੮ । ਦੋਹਰਾ । ਗਰ ਅੰਚਰ ਤ੍ਰਿਣ ਦੰਤ ਗਹਿ ਸਿਰ ਧਰ ਰਜ ਮੁਹਿ ਲਾਇ। ਬਖ਼ਸ਼ ਬਖ਼ਸ਼ ਮੁਹਿ ਹੇ ਪ੍ਰਭੂ! ਰਹਜੋ ਦਾਸ ਘਿਘਆਇ। ੯। ੭੧। ਇਤਿ।

ਚੌਪਈ। ਮਸਤਕ ਟੇਕੈ ਬੈਠੇ ਪਾਸ । ਯਾਤ੍ਰਾ ਪੂਰਨ ਕਰੈ ਸੁ ਰਾਸ। ਧੰਨ ਭਾਗ ਤਿਸ ਥਾਨ ਬਿਚਾਰੈ। ਬਾਰ ਬਾਰ ਪਦ ਰਜ ਸਿਰ ਧਾਰੈ।੭੨। ਪੁਨ ਚਿਤਵੈ ਸ੍ਰੀ ਪ੍ਰਭੁ ਅਸਥਾਨ। ਪਿਤ ਬਚ ਮਾਨ ਬਿਰਾਜੇ ਆਨ।ਧਰੈ ਮਾਨਸਕ ਧਜਾਨ ਸਰੂਪ। ਬਯ ਬਾਲਕ ਮ੍ਰਿਦੁ[7] ਸੁੰਦਰ ਰੂਪ। ੭੩। ਪੌਢੇ[8] ਧਜਾਨ ਕਰੈਂ ਪਦ ਚਾਂਪੀ। ਨਿਜ ਕਰ ਮਸਲੈ ਥਾਨ ਮਹਾਪੀ। ਪੁਨ ਮਸ-ਤਕ ਟੇਕੈ ਹਿਤ ਧਾਰ। ਬਾਰ ਬਾਰ ਪਦ ਰਜ ਸਿਰ ਧਾਰ। ੭੪। ਪੁਨ ਮਸਤਕ ਟੇਕੈ ਹਿਤ ਸਾਨ[9]। ਮਨ ਨੀਵਾਂ ਮਤਿ ਊਚੀ ਠਾਨ। ਪੁਨ ਗਮਨੈ ਹਰਿਮੰਦਰ ਓਰ। ਗੁਰਬਾਨੀ ਮਹੁ ਨਿਜ ਮਨ ਜੋਰ । ੭੫ । ਅਯੰ ਰੀਤ[1] ਦਿਨ ਪ੍ਰਤਿ ਸਿਖ ਜੋਇ। ਦਰਸੈ ਆਨ ਥਾਨ ਸ਼ੁਭ ਸੋਇ। ਹਲਤ ਪਲਤ[2] ਨਿਜ ਦੋਊ ਸੁਧਾਰੈ। ਜਨਮ ਮਰਨ ਫਾਸੀ ਕਟਿ ਡਾਰੈ। ੭੬ । ਅੰਤਕਾਲ ਸ੍ਰੀ ਅਟਲ ਜੁ ਰਾਇ । ਕਰੈਂ ਦਾਸ ਨਿਜ ਕੇਰ ਸਹਾਇ। ਅਟਲ ਬਾਕ ਸ੍ਰੀਹਰਿਗੋਬਿੰਦ। [3]ਆਯੁਤ ਛਾਤੀ ਬਾਹੁ ਬਿਲੰਦ[3]। ੭੭ ।

ਦੋਹਰਾ। ਸ੍ਰੀ ਭਾਨੇ ਜੋ ਕੁਛ ਭਨਜੋ ਕਿਤਿਕ ਪਿਖੀ ਕਵਿ ਨੈਨ। ਕਿਤਿਕ ਭੂਤ ਕੀ ਨਹਿ ਸੁਨੀ ਸੱਤਿ ਭਵਿੱਖਜਤ ਬੈਨ।੭੮।[4]ਗੋਪਗੂਢਤਾ ਅਰਥ ਕੀ ਸੱਤਿ ਭਵਿਖਜਤ ਬਾਤ। ਜਬ ਹੋਵਤ ਤਬ ਅਰਥ ਕੋ ਪਤਾ ਲਗਤ ਬਿੱਖਜਾਤ[4]।੭੯। ਸਦਾ ਭਵਿੱਖਜਤ ਬਾਤ ਕੋ ਬ੍ਰਿੱਧ ਨ ਪ੍ਰਗਟ ਕਰੰਤ। ਤੌ ਭੀ ਮਹਿਮਾ ਥਾਨ ਹਿਤ ਭਨਜੋ ਕਛੁਕ ਬਿਰਤੰਤ। ੮੦। ਬਹੁਤ ਕਾਲ ਖੋਜਤ ਰਹਜੋਂ ਸਾਖੀ ਅਨਿਕ ਪ੍ਰਕਾਰ। ਗੁਰਬਿਲਾਸ ਪੇਖੇ ਸਕਲ ਇਸ ਸਾਖੀ ਹਿਤ ਧਾਰ। ੮੧। ਪੁਨ ਸੂਰਜ ਪਰਕਾਸ਼ ਭੀ ਪਿਖਜੋ ਇਹੀ ਮਿਸ[5] ਲਾਗ। ਨਹਿੰ ਸਾਖੀ ਬਜੋਰਾ[6] ਖੁਲ੍ਹਜੋ ਅਤਿ ਸ਼ੰਕਾ ਚਿਤ ਲਾਗ।੮੨। ਕਿਤਿਕ ਕ'ਲ ਸਾਖੀ ਬਹੁਤ ਪਠੀ ਮੰਗਾਇ ਮੰਗਾਇ। ਨਹਿਨ ਸ਼ਾਂਤਿ ਚਿਤ ਕੋ ਭਈ ਦਿਨ ਪ੍ਰਤਿ ਅਤਿ ਅਕੁਲਾਇ[7]। ੮੩। ਅਧਿਕ ਚਾਹਿ ਚਿਤ ਕੋ ਲਗੀ ਦਿਨ ਪ੍ਰਤਿ ਇਹੀ ਪੁਕਾਰ।'ਹੇ ਪ੍ਰਭੁ ਜਸ ਤਵ ਪ੍ਰਗਟ ਹੈ ਮਮ ਮਿਸ ਜਗਤ ਮਝਾਰ' । ੮੪। ਅਤਹਿ ਲਾਲਸਾ ਜਬ ਜਗੀ ਸ੍ਰੀ ਪ੍ਰਭ ਭਏ ਕ੍ਰਿਪਾਲ। ਬਹੁਤ ਪੁਰਾਤਨ ਬਾਰਤਕ ਸਾਖੀ ਪਠੀ

---

[1]ਅਉਗੁਣਾਂ ਦੀ ਪੰਡ। [2]ਰੁੜਿਆ ਜਾਂਦਾਹਾਂ। [3]ਭਾਵ ਨੱਕ ਨਾਲ ਤੈ ਲਕੀਰਾਂ ਕੱਢਕੇ। [4]ਸ੍ਰੇਸ਼ਟ ਗੁਣ । [5]ਮੁੰਢ ਦਾ, ਪੁਰਾਣਾ। [6]ਪ੍ਰਸੰਨ ਕਰਨ ਵਾਲੇ। [7]ਕੋਮਲ। [8]ਲੇਟੇ। [9]ਪ੍ਰੇਮ ਨਾਲ।

[1]ਇਸ ਤਰ੍ਹਾਂ। [2]ਲੋਕ ਪ੍ਰਲੋਕ। [3]ਚੌੜੀ ਛਾਤੀ ਤੇ ਲੰਮੀਆਂ ਭੁਜਾਂ ਵਾਲੇ । [4]ਭਾਵ ਹੋਣਹਾਰ ਜੋ ਪਹਿਲੋਂ ਕਹੀ ਜਾਂਦੀ ਹੈ ਉਸਦਾ ਗੂੜ ਤੇ ਗੁਪਤ ਭਾਵ ਜਦੋਂ ਗਲ ਹੋ ਵਰਤੇ ਤਾਂ ਖੁਲ੍ਹਦਾ ਹੈ। [5]ਇਸੇ ਬਹਾਨੇ। [6]ਵੇਰਵਾ। [7]ਵਿਆਕੁਲ, ਸੋਚਵਾਨ।

Digitized by Panjab Digital Library | www.panjabdigilib.org

ਦਿਆਲ ।੯ਪਾਸ੍ਰੀ ਭਾਨਾ ਜੀ ਕੋ ਕਥਨ ਅਤਿ ਸੁੰਦਰ ਸੁਖਦਾਇਪਾਇ ਦਾਸ ਆਨੰਦ ਭਾ ਗਦ ਗਦ ਹਿਯ ਨ ਸਮਾਇ ।੯੬। [1]ਕਾਰਣ ਅਤਿ ਪ੍ਰਾਚੀਨ ਕੇ ਟੂਟਤ ਅਛਰ ਸੰਬੰਧ। ਪੱਤ੍ਰੇ ਪਾਟੇ ਅਧਿਕ ਹੀ[1] ਮਿਲਤ ਨ ਯਤਿ ਅਨੁਬੰਧ[2]।੯੭। ਅਧਿਕ ਸਾਖੀਅਨ ਮਤ ਲੀਓ ਨਿਜ ਮਤ ਸੰਗ ਰਲਾਇ। ਜਨਮ ਸੁਫਲ ਹਿਤ ਦਾਸ ਕਵਿ ਪ੍ਰਭੁ ਜਸ ਕਥਜੋ ਬਨਾਇ ।੯੮। ਅੱਛਰ ਸੁੱਧ ਵਿਰੁੱਧਤਾ ਨਹਿਨ ਅਸੁੱਧ ਪਛਾਨ । ਨਹਿਨ ਕਵਿਨ ਕੀ ਰੀਤਿ ਕੋ ਸਕੈਂ ਪਛਾਨ ਅਜਾਨ।੯੯ ਕੇਵਲ ਪਾਵਨ[3] ਹਿਤ ਗਿਰਾ ਸ਼ੰਕਾ ਹਿਤ ਚਿਤ ਦੂਰ। ਕਥਜੋ ਅਟੱਲ ਪ੍ਰਕਾਸ਼ ਕੋ ਅਟਲ ਸੁਜਸ ਭਰਪੂਰ। ੯੦ । ਕਾਰਣ ਕਰਣ ਸਮਰਥ ਪ੍ਰਭੁ ਸਭ ਥਲ ਸਦਾ ਹਦੂਰ। ਕਵਿ ਮਿਸ ਕਰ ਨਿਜ ਸੁਜਸ ਕੋ ਕੀਨੋ ਪ੍ਰਗਟ ਹਜੂਰ। ੯੧ । ਮੰਗਲ ਚਰਨ ਭਨਜੋ ਪ੍ਰਿਥਮ ਧੰਨਾ ਭਾਨਾ ਮੇਲ । ਪ੍ਰਸ਼ਨ ਤਾਸ ਗੁਰ ਘਰ ਸੁਜਸ ਜਨਮ ਪ੍ਰਸੰਗ ਸਕੇਲ।੯੨।ਲੀਲਾ ਬਾਲ ਅਨੇਕ ਬਿਧ ਪੂਰਨ ਪ੍ਰਿਥਮ ਪ੍ਰਬੰਧ । ਲੀਲ੍ਹਾ ਬਾਲ ਸੁਜਸ ਕਥਨ ਮੋਹਨ ਆਦਿ ਸੰਬੰਧ। ੯੩ । ਪਿਤ ਬਚ ਮਾਨ ਸੁ ਤਜਾਗ ਤਨ ਪੂਰਨ ਦੁਤਿਯ ਪ੍ਰਬੰਧ। ਭਨੀ ਭਵਿੱਖਜਤ ਬਾਤ ਕਛੁ ਤ੍ਰਿਤਿਯ ਪ੍ਰਬੰਧ-ਨੁਬੰਧ। ੯੪ । ਕਬਿੱਤ । ਅਜ ਐ ਅਲੇਖ ਐ ਅਭੇਖ ਐ ਅਰੇਖ ਜੋਊ ਸੱਤਿ ਚਿਤ ਆਨੰਦ ਪਰਮ ਬ੍ਰਹਮ ਗਾਯੋ ਹੈ[4]ਚਾਰ[4] ਖਟ[4] ਠਾਰਾਂਨੇ[5] ਪੁਕਾਰਜੋ ਨੇਤ ਨੇਤ ਜਾਂਕੋ [2]ਬ੍ਰਿੰਧਨ ਹੂੰ ਬ੍ਰਿੰਹ ਅਤਿ ਬ੍ਰਿਧ ਕੈ ਬਤਾਯੋ ਹੈ[2] । ਸ਼ਾਰਦਾ ਐ ਸ਼ੇਸ

[1]ਗ੍ਰੰਥ ਦੇ ਪੁਰਾਣੇ ਹੋਣ ਕਰਕੇ ਅੱਖਰ ਟੁਟੇ ਹੋਏ ਤੇ ਪੰਨੇ ਬਹੁਤ ਪਾਟੇ ਹੋਏ ਸਨ। [2]ਭਾਵ, ਜੋੜ ਤੋੜ ਤੇ ਮਜ਼ਮੂਨ ਦਾ ਮੇਲ ਜੋਲ। [3]ਪਵਿਤ੍ਰ ਕਰਨ ਹਿਤ।[4]ਚਾਰ ਵੇਦ।[5]ਛੇ ਦਰਸਨ।[6]ਅਠਾਰਾਂ ਪੁਰਾਨ। [2]ਬਿਰਧਾਂ ਨੂੰ ਭੀ ਵਡਿਆਂ ਤੋਂ ਵਡਾ ਦੱਸਿਆ ਹੈ।

ਐ ਗਨੇਸ਼ ਐ ਮਹੇਸ਼ ਜੋਊ ਕਿਸ਼ੂ ਬਿਸ਼ੂ ਆਦਿਕਨ ਸੁਜਸ ਸੁਨਾਯੋ ਹੈ । ਐਸੋ ਸ਼੍ਰੀ ਅਕਾਲ ਦੀਨ ਦਜਾਲ ਦੁਸ਼ਟ ਸਾਲ[1] ਲਾਲ ਤਜਾਗਕੈ ਜੰਜਾਲ ਕਵਿ ਪਦ ਲਪਟਾਯੋ ਹੈ।੯੫ ਕਲਿ ਮੈ ਉਧਾਰ ਹੇਤ ਭਗਤ ਅਵਿਤਾਰ ਧਾਰਜੋ ਨਾਮ ਵਥੁ ਸਾਰ ਦੀਨੋ ਸਿੱਖ ਗਨ ਤਾਰੇ ਹੈਂ । ਦਯਾ ਅਤਿ ਲਾਗ ਦੀਨ ਦੁਖੀ ਪੇਖ ਨਰਨ ਕੋ ਦੂਸਰੋ ਸਰੂਪ ਨਿਜ ਅੰਗਦ ਸੁਧਾਰੇ ਹੈਂ। ਨਾਮ ਕੇ ਜਹਾਜ ਪੈ ਲੰਘਾਏ ਗਨ ਦਾਸਨ ਕੇ ਤਉ ਕਲਿ ਕੁਟਲ[2] ਜੀਵ ਅਧਿਕ ਚਿਤਾਰੇ ਹੈਂ।ਆਪ ਪ੍ਰਸਥਾਨੇ ਬਖਸ਼ ਭਗਤ ਕੇ ਖਜ਼ਾਨੇ ਨਾਮ ਅਮਰ ਬਖਾਨੇ ਜਗ ਜਾਨੇ ਦਾਨੀ ਭਾਰੇ ਹੈਂ । ੯੬। ਵਹੀ ਰੀਤਿ ਰਾਖੀ ਜੋਊ ਬ੍ਰਿੰਧਨ ਨੇ ਭਾਖੀ ਹੁਤੀ ਮਾਖੀ ਗਨ ਦੁਸ਼ ਸਦਾ ਜਲੈ ਜਲ[3] ਮਰੇ ਹੈਂ । ਕ੍ਰਿਪਾ ਚਿਤ ਆਈ ਬਖਸ਼ ਸੰਪਤ[4] ਜਵਾਈ ਜੀ ਕੋ ਨਾਮ ਜਾਕੋ ਰਾਮਦਾਸ ਬੇਦ ਸਾਖ ਭਰੇ ਹੈਂ।ਤੀਰਥ ਬਨਾਯੋ ਜਿਨ ਦੈ ਕੈ ਗਾਦੀ ਅਰਜਨ ਕੋ ਦੀਨ ਦੁਖੀ ਆਰਤ ਪੈ ਕ੍ਰਿਪਾ ਰਸ ਢਰੇ ਹੈਂ। ਤਾਰਨ ਤਰਨ ਰੂਪ ਤੀਰਥ ਬਨਾਯੋ ਜਿਨੂੰ ਸ਼੍ਰੀ ਗੁਰੂ ਗ੍ਰੰਥ ਬੀੜ ਪ੍ਰਗਟ ਜਾਨੈ ਕਰੇਹੈਂ । ੯੭। ਕੂਰੋ ਕੀਨ ਨਿੰਦਕਨ ਗਾਦੀ ਹਰਿਗੁਬਿੰਦ ਜੀ ਕੋ ਦੇਗ ਤੇਗ ਧਨੀ ਜਿਨ ਮੀਰੀ ਪੀਰੀ ਲੀਨ ਛੀਨਾਸ਼ੱਤ੍ਰੁਨ ਬਿਡਾਰਜੋ ਮਾਰਜੋ ਸਿੱਖਨ ਉਬਾ-ਰਜੋ[4] ਜਿਨੂੰ ਗਾਦੀ ਸ੍ਰੀ ਨਾਨਕ ਕੀ ਪੋਤਰੈ ਕੋ ਬਖਸ਼ ਦੀਨ । ਨਾਮ ਹਰਿਰਾਇ ਜਿਨ ਪਾਇ ਬਚ ਬਾਹੁ ਬਲ ਰਾਜਾ ਭਏ ਸ਼ੱਤ੍ਰੁਮਾਰ ਹੁਤੇ ਜੇ ਮਲੀਨ ਖੀਨ । ਕੂਰਨ ਕੋ ਕੂਰੋ ਕੀਨ ਗਾਦੀ ਹਰਿ ਕ੍ਰਿਸ਼ਨ ਜੀ ਕੋ ਬਚ ਪ੍ਰਿਤਪਾਰਜੋ ਜਿਨ ਬਾਲ ਬੈਸ ਮੈ ਪ੍ਰਬੀਨ ।੯੮। ਜਜੇਸ਼ ਭ੍ਰਾਤ ਬਾਕ ਮਾਨ ਤ੍ਰਿਣ ਮੇਵ[5] ਤਨ ਤਜਾਗਜੋ ਬਾਬਾ ਸ੍ਰੀ

[1]ਦੁਸ਼ਟਾਂ ਨੂੰ ਸੱਲਣ ਵਾਲੇ। [2]ਖੋਟੇ। [3]ਸੜ ਸੜ ਕੇ। [4]ਸੰਪਤੀ,ਵਿਭੂਤੀ।[4]ਬਚਾਇਆ ।[5]ਤਿਨਕੇ ਸਮਾਨ।

Digitized by Panjab Digital Library | www.panjabdigilib.org

ਬਕਾਲੇ ਭਨਜੋ ਪਹੰਪਰਾ ਰੀਤ ਮੈਂ । ਤੇਗ ਕੇ ਬਹਾਦਰ ਭੇ ਚਾਦਰ ਹਿੰਦਵਾਨ ਕੇਰੇ ਪਿਖਜੋ ਜਬ ਸ਼ਾਹੁ ਭਯੋ ਆਪਨੀ ਅਨੀਤ ਮੈਂ ।ਸਫਲ ਕੀਜੋ ਨਾਮ ਨਿਜ ਕੂਰੇ ਕੀਨੇ ਦੁਸ਼ਟ ਗਨ ਜਗ ਸੇ ਉਦਾਸ ਨਾਂਹਿ ਦੈਖ ਭਾਵ ਪ੍ਰੀਤਮੈਂ । ਪਾਛੇ ਤਾ ਗੁਬਿੰਦ ਸਿੰਘ ਦਯਾ ਸਿੰਧੁ ਦੀਨ ਬੰਦੁ ਰਹੈ ਸਦਾ ਸ਼ਾਹੁ ਸੰਗ ਭਾਵ ਬਿਪਰੀਤ ਮੈਂ[1] ।੯੯। ਪੰਥ ਉਪਰਾਜਾ[2] ਜਿਨ,ਜਾਜਨ ਕੇ ਰਾਜਾਕੀਨ, ਦੀਨ ਹੀਨ ਖੀਨ ਪੀਨ[3] ਮੇਲੇ ਏਕ ਪਾਂਤ ਮੈਂ[4]। ਸੁਜਸ ਸ੍ਰੀ ਨਾਨਕ ਕੋ ਉਜਲ ਕੀਜੋ ਹੈ ਜਾਂਹਿ ਧਾਂਕ ਹੂੰ ਫਿਰਾਈ ਜਗ ਨਾਮ ਭਗਤ ਸਾਂਤ ਮੈਂ। ਦੁਸ਼ਨ ਕੋ ਦੰਡਜੋ ਖੰਡਜੋ, ਮੰਡਜੋ ਨਿਜ ਦਾਸਨ ਕੋ,ਭੰਡਜੋ ਜਾ ਅਭੰਡਨ ਕੋ ਅਹੋ ਏਕ ਬਾਤ ਮੈਂ। ਤਾਂਹਿ ਪਦ ਪੰਕਜ ਜੁਹਾਰੈ ਕਵਿ ਦਾਸ ਅਬ, ਬਖ਼ਸ਼ਪ੍ਰਭੁ ਸਿੱਖੀ [5]ਨਾਂਹਿ ਪਰੋਂਅਧੋ ਖਾਤ ਮੈਂ[5]। ੧੦੦।[6]ਪੂਰਨ ਬਿਧੁ ਹੋਤ[6] ਜਬ ਪੂਰਨਮਾਨਾਮ ਭਨੈ,[7]ਪੂਰਨ ਦਿਵ ਹੋਤ ਤਬ ਸਾਂਝ ਕਹਾਤ ਹੈ[7] ਪੂਰੋ ਨਰ ਹੋਵੈ ਤਬ ਆਨੰਦ ਸ੍ਵਰੂਪ ਜੋਵੈ, ਪੂਰੀ ਬੈ ਬਾਲ ਤਬ ਯੌਬਨ ਕਹਾਤ ਹੈ । ਘਟ ਘਟ ਜੋ ਪੂਰਨ ਸੰਪੂਰਨ ਹੈ ਨਾਮ ਜਾਂਕੋ, [8]ਪੂਰੀ ਜਬ ਪਰੈ ਤਬ ਪੂਰੋ ਪੇਟ ਜਾਤ ਹੈ[8]।ਭਨੈਂ ਜਾਂਕੋ ਨੇਤ ਔ ਬਿਯੰਤ ਜਾਂ[9] ਚਰਿੱਤ੍ਰ ਗਾਵੈਂ ਤਾਂਹਿ ਗਾਥਾ ਪੂਰੀ[10] ਕੀਨ ਅਚਰਜ ਬਾਤਹੈ।

[1]ਭਾਵ ਸ਼ਾਹ ਔਰੰਗਜ਼ੇਬ ਨਾਲ ਯੁੱਧ ਕਰਦੇ ਰਹੇ। [2] ਪੈਦਾ ਕੀਤਾ। [3]ਮਹਾਨ ਲਿੱਸੇ। [4]ਇਕ ਪੰਕਤੀ ਵਿਚ। [5]ਨੀਵੇਂ ਦੋਏ ਵਿਚ ਨਾ ਡਿੱਗਾਂ । [6]ਦੂਜਾ ਜਦ ਪੂਰਾ ਹੁੰਦਾ ਹੈ। [7]ਜਦ ਦਿਨ ਪੂਰਨ ਹੁੰਦਾ ਹੈ ਤਾਂ ਉਸ ਨੂੰ 'ਸਾਝੰ' (ਸੰਝਾਂ ਵੇਲਾ) ਕਹਿੰਦੇ ਹਨ। [8]ਜਦ ਪੂਰੀ ਪੈ ਜਾਵੇ ਤਾਂ ਪੇਟ ਪੂਰਿਆ ਜਾਂਦਾ ਹੈ, ਭਾਵ ਪੂਰੀ ਪੈਣ ਨਾਲ ਦੁੱਨਆਵੀ ਕਾਰਜ ਰਾਸ ਹੁੰਦੇ ਹਨ। (ਅ)ਪੂਰੀ(ਆਟੇ ਦੀ ਤਲੀ ਹੋਈ ਟੋਟੀ) ਜਦ ਪੇਟ ਵਿਚ ਪੈ ਜਾਏ ਤਾਂ ਪੇਟ ਪੂਰਿਆ ਜਾਂਦਾ ਹੈ। [9]ਜਿਸ ਦੇ। [10]ਸਮਾਪਤ ।

੧੦੧।ਦੋਹਰਾ। [1]ਸੰਮਤ ਯੁਗ ਪੁਨ ਅਗਨਿ ਭਨ ਖੰਡ ਗਗਨ ਪਰਯੰਤ[1] । ਬਸੁ ਕਾਰਤਕ[2] ਸਸਿ ਪੂਨਯੋ ਸਰਦ ਚਾਂਦਨੀ ਗੰਤ[3] ।੧੦੨। ਘਨਾਛਰੀ ॥ ਕਾਂਸ਼ੀ ਦ੍ਵਾਰਾਵਤੀ ਪੁਨ ਕਾਂਚੀ ਐ ਅਯੁੱਧਜਾ ਭਨ ਦਿੱਲੀ ਐ ਉਜੈਨ ਕਾਸ਼ਮੀਰ ਮੁਲਤਾਨ ਬਰ । ਨਾਂਹਿ ਕਲਕੱਤਾ ਨ ਕਮਿੱਖਜਾ ਕਾਰੂ ਢਾਕਾ ਦੇਸ ਬ੍ਰਹਮਾ ਨ ਭੁਟਾਨ ਐ ਨੈਪਾਲ ਹੂੰ ਨ ਸਮਸਰ[4] । ਭੂਤਲ[5] ਕੀ ਗਿਨੋਂ ਕਹਾਂ ਅਮਰਾਵਤ ਖੀਰ ਸਿੰਧੁ ਬੈਕੁੰਠ ਸੇ ਕਾਹੂ ਭਾਂਤ ਪੇਖਜੋ ਨਾਂਹਿ ਕਮਤਰ[6] । ਅਹੋ ਵੰਦਨੀਵ ਮਾਨਨੀਵ ਸਭ ਭਾਂਤਨ ਸੇ ਮਹਦ ਮਹਾਨ ਮਹਿਮਾ ਸ਼ਹਰ ਸ੍ਰੀ ਸੁਧਾ ਸਰ ।੧੦੩। ਜੰਬੂਦੀਪ ਪਾਜੋ ਖੰਡ ਭਾਰਥ ਸੁਹਾਜੋ ਜਾਂ ਮੈ ਤਾਂ ਮੈ ਵ੍ਰਤ ਆਰਜ ਪੰਚਾਲ ਦੇਸ਼ ਆਹਿਜੂ[7]। ਤਾਂਮੈ ਬਰ ਸ਼ਹਰ ਨਾਮ ਸੁਧਾਸਰ ਭਨੈਂ ਜਾਂਹਿ ਤਾਂ ਮੈ ਯਮ ਭਾਗ ਓਰ ਕਵਿ ਗੇਹ ਆਹਿ ਜੂ[8]। ਛੱਤ੍ਰਪਤੀ ਰਾਨੀ ਵਿਕਟੋਰੀਆ ਹੈ ਨਾਮ ਜਾਂਕੋ ਤੇਜ ਤਪੈ ਜੱਗ ਮੈਂ ਸੁ ਪੁੰਨ ਯੁਕ੍ਰ ਤਾਂਹਿ ਜ੍ਞਾਦਾਨ ਤੇ ਤਐਖਧਿ ਕੇ ਬੇਦਜ ਗੇਹ[9] ਰਚਜੋ ਤਹਾਂ ਤਾਂ ਮੈ ਕਵਿ ਪੇਟ ਹੇਤ ਰਹਿਤ ਉਮਾਹ ਜ੍ਞਾ।੧੦੪।ਦੋਹਰਾ। [10]ਬਸੁ ।ਸੰਗਾਰ ਬਯ ਦੀਹਤਨ[10] [11]ਸੰਮੁਖ ਦ੍ਵਿਜ ਤੇ ਹੀਨ[11]। [12]ਘਰ ਸਰ ਨਰ ਰਰ ਚਰ[12]

[1]ਭਾਦ ੧੯੩੪ਬਿ: ਸੰ: । [2]ਅੱਠ ਕੱਤਕ। [3]ਗਿਣ ਲਓ ।[4]ਬਰਾਬਰ। [5]ਪ੍ਰਿਥਵੀ ਤਲ । [6]ਘੱਟ । [7]ਭਾਵ ਪੰਜਾਬ । [8]ਭਾਵ ਦੱਖਣ ਵੱਲ ਕਵੀ ਦਾ ਘਰ ਹੈ। [9]ਹਸਪਤਾਲ। [10](ਕਵੀ ਦੇ)ਸਰੀਰ ਦੀ(ਇਸ ਵੇਲੇ) ੨੪ (੮+੧੬) ਸਾਲ ਦੀ ਆਯੂ ਹੈ। [11](ਜਿਸਦੇ) ਸਾਹਮਣੇ(ਬਰੱਬਰ ਦਾ ਕੋਈ)ਪੰਡਤ (ਕਵੀ) ਨਹੀਂ ਹੈ। [12]ਹਰ ੇਦੇਅਖਰਨਾਲ ਲਗੇ ਰਾਰੇ ਨੂੰ ਹਟਾਦੇਈਏ ਤਾਂ ਘ, ਸ, ਨ, ਰ, ਚ, ਬਾਕੀ ਰਹਿੰਦਾ ਹੈ ਜੋ ਉਲਟਨ ਨਾਲ ਕਵੀ ਦਾ ਨਾਮ–ਚਰਨ ਸਿੰਘ– ਪੜ੍ਹਿਆ ਜਾਂਦਾ ਹੈ।

Digitized by Panjab Digital Library | www.panjabdigilib.org

ਜੁ ਯਹਿ [੧]ਅਯੁਰ ਬੇਦ ਮਹਿੰ ਪੀਨ[੧] । ੧੦੫। ਬਿੰਦਜਾ ਦਾਤੇ ਗੁਰਮੁਖੰ ਸੰਤ ਸਿੰਘ ਜਿਨ ਨਾਮ । ਬਾਰ ਬਾਰ ਤਿਨ ਪਦ ਕਮਲ ਕਵਿ ਹਰਚਰਨ ਪ੍ਰਨਾਮ। ੧੦੬ । ਇਤਿ ਸ੍ਰੀ ਸੋਢੀ ਸੁਰਿੰਦ੍ ਸ੍ਰੀ ਗੁਰੂ ਹਰਗੁਬਿੰਦ ਕੁਲਭੂਖਨ ਸ੍ਰੀ ਅਟਲ ਰਾਇ ਸੁਖ ਨਿਵਾਸ ਅਦਭੁਤ ਇਤਿਹਾਸ ਅਟਲ ਪ੍ਰਕਾਸ਼ ਕਵਿ ਦਾਸ ਚਰਨ ਸਿੰਘ ਬਿਰਚਤੇਣ ਭਵਿਖਤ ਪ੍ਰਸੰਗੇਣ ਨਾਮ ਤ੍ਰਿਤੀਯੋ ਪ੍ਰਬੰਧਃ । ੩ ।

ਅਥ ਕੈਲਸਰ ਕਾਰ ਨਿਕਾਲਨ ਪ੍ਰਸੰਗ ਬਰਨਨੰ

ਦੋਹਰਾ ॥ ਚਰਨ ਕਵਲ ਦਸ ਗੁਰਨ ਕੇ ਸਿਰ ਧਰ ਧਰ ਕਰ ਬੰਦ । ਪਿਖ ਅਖੀਅਨ ਸੁੰਦਰ ਚਰਿਤ ਬਰਨੋਂ ਹੇਤ ਅਨੰਦ।੧। ਕਬਿੱਤ। ਆਯੋ ਕਲਿ ਕਾਲ ਬਿਕਰਾਲ ਹੈਂ ਕਰਮ ਜਾ ਕੇ ਤਾਂ ਮੈਂ ਸਾਲ ਚਾਲੀਆ[੨] ਅਨੋਖੀ ਰੀਤਿ ਵਾਰੋ ਹੈ । ਜਾਂਕੀ ਧਾਂਕ ਸਾਲਨ ਤੇ ਆਗੇ ਮਚ ਰਹੀ ਜਗ ਕੂਰ ਕੂਰ ਕੂਰ ਯੇਹੀ ਸਭ ਨੇ ਪੁਕਾਰੋ ਹੈ। ਬਾਬੇ ਹੂੰ ਬਿੰਚਾਰੰਜੋ ਦੇਖੈਂ ਸੰਗਤ ਕੇ ਭਾਉ ਕੈਸੋ ਪੁਨਹ ਸਾਂਤੁੱਪਦ੍ਵ[੩] ਕੋ ਹੀਯ ਮਾਂਹ ਧਾਰੋ ਹੈ । ਚਰਨ ਮ੍ਰਿਗਿੰਦ ਪੁਨਾ ਬਰਨ ਪੁਕਾਰ ਸੁਨੀ ਮ੍ਰਿਤਕ ਸਮਿਗ੍ਰੀ[੪] ਤੇ ਜੁ ਭਰਜੋ ਤਾਲ ਸਾਰੋਹੈ*।

[੧]ਆਯੁਰ ਵੈਦਕ(ਹਿਕਮਤ)ਵਿਚ ਜੋ ਵਡਾ (ਨਿਪੁਨ) ਹੈ। [੨]ਭਾਵ ੧੯੪੦ ਬਿਕ੍ਰਮੀ। [੩]ਉੱਪਦ੍ਵ ਨੂੰ ਸ਼ਾਂਤ ਕਰਨ ਵਾਸਤੇ। [੪]ਮਰ ਚੁਕਿਆਂ ਸੰਬੰਧੀ ਸਮੱਗ੍ਰੀ, ਪੁਸ਼ਪ ਭਸਮ ਆਦਿਕ।

*ਹਿੰਦੂ ਮਰ ਗਿਆਂ ਦੇ ਨਮਿਤ ਜੋ ਹੋਮ ਅਚਾਰਜ ਤੋਂ ਪੂਜਾ ਕਰਵਾਂਦੇ ਸਨ ਉਸ ਵੇਲੇ ਦੀ ਤੇ ਕ੍ਰਿਯਾ ਦੀ ਹੋਰ ਸਮਗ੍ਰੀ ਇਸ ਤਾਲ ਵਿਚ ਪਾ ਜਾਂਦੇ ਸਨ, ਸਨੇ ਸਨੇ ਇਸ ਸਮਗ੍ਰੀ ਨਾਲ ਤਾਲ ਅਟ ਰਿਹਾ ਸੀ। ਦੱਖਣੀ ਪਛਮੀ ਹਿੱਸਾ ਗਊ ਘਾਟ ਵਾਲਾ ਤਾਂ ਤਦੋਂ ਮੂਲੋਂ ਹੀ ਭਰ ਰਿਹਾ ਸੀ।

੨।ਚੌਥੇ ਏ ਬਿਚਾਰਜੋ ਲੇਵੈਂ ਟੈਕਸ ਨਿਜ ਰੱਯਤ ਸੇ, ਪਾਂਚਵੀ ਚਿਤਾਰੀ ਖੇਲ ਆਨੰਦ ਮਹਾਨ ਕੀ । ਛਠਏ ਸੰਭਾਰਜੋ ਕਾਰ ਕਾਰ ਕੀ ਨ ਠੀਕ ਆਗੇ,ਸਾਤਏ ਬਿਚਾਰੀ ਛੁਧਾ ਰੰਕ ਖਾਨ ਪਾਨ ਕੀ । ਆਠਏ ਚਿਤਾਰਜੋ ਗੁਰ ਘਰ ਕੇ ਕੰਤ੍ਰੁਹਲ ਕੋ. ਭਈ ਦੇਰ ਭਯੋ ਨਾਹ, [੧]ਉਗ੍ ਰਾਤਿਵਾਨ ਕੀ[੧] । ਚਰਨ ਮ੍ਰਿਗਿੰਦ ਗੁਰ ਆਪਨੇ ਪ੍ਰਭਾਵ ਚਹਜੋ ਅੰਨਜਮਤ ਵਾਰੇ[੨] ਕੋ ਸੁ ਕੀਜਿਏ ਦਿਖਾਨ ਕੀ । ੩ । ਔਰ ਹੂੰ ਅਨੇਕ ਭਾਂਤ ਗੋਪ ਔ ਬਖਜਾਤ ਬਹੁ ਪੂਰਜੋ ਸਰਕਾਰ ਕੋ ਲਗਾਯੋ ਬੰਬਾ ਤਾਲ ਪਰ । ਦੇਖੀ ਗਤ ਅਦਭੁਤ ਚਲਜੋ ਚੀਕ ਮਾਰੀ ਜਬ ਆਗ ਪਾਨੀ ਭਾਫ ਜੋਤ ਖੈਂਚਜੋ ਹੋ ਕਿਲਾਲ[੩] ਬਰ । ਚੱਕ੍ਰ ਕੋ ਸੱਰਾਟੇ ਪੁਨ ਜਲ ਕੋ ਫਰਾਟੇ ਬਰ ਬਿਸ-ਮਤ ਲੋਗ ਆਨੈ ਚਿੱਤ ਬ੍ਰਿੰਤ ਖਜਾਲ ਤਰ[੪] । ਚਰਨ ਮ੍ਰਿਗਿੰਦ ਗੋਲ ਗੋਲ ਦ੍ਵੈ ਲਟ੍ਟੂਏ ਫਿਰੈਂ[੫] ਧੁਆਂ ਉ੍ਚੈ ਜਾਇ, ਪਾਨੀ ਏਕ ਓਰ ਗਿਰੈ ਧਰ[੬] । ੪ । ਕੇਤਿਕ ਦਿਵਸ ਮਾਂਹਿ ਪਾਨੀ ਕੋ ਅਭਾਵ ਭਯੋ[੭] ਸੰਗਤ ਕੋ ਪੂਰਜੋ ਗੁਰ ਆਈ ਗੱਟ ਗੱਟ ਬਾਂਧ[੮]। ਸਜ ਧਜ ਬਾਜ ਗਾਜ ਖੇਲ ਮੇਲ ਰੰਗਨ ਕੀ ਆਤਸ਼ ਕੀ ਬਾਜ਼ੀਸੰਗ ਲਜਾਏ ਪਾਂਤ ਪਾਂਤ ਬਾਂਧ । ਕਾਰ ਏਕ ਕਾਰ ਕੀ ਨ ਕਾਰ ਔਰ ਕੋਇ ਰਹੀ,ਬਾਸੀ ਸੁਧਾਸਰ ਕਜੋਂ ਨੇ ਲੀਨੀ ਹੈ ਕਮਰ ਬਾਂਧ। ਚਰਨ ਮ੍ਰਿਗਿੰਦ ਨਰ ਨਾਰ ਯੁਵਾ ਬ੍ਰਿੱਧ ਬਲ, ਨੀਚ ਉ੍ਚ ਜਾਤ ਪੈਠੇ ਸੰਤ ਔ ਮਹੰਤ ਬਾਂਧ । ੫ । ਪੂਰੇ ਗੁਰ

[੧]ਭਾਵ ਪੰਥ ਢਹਿੰਦੀਆਂ ਕਲਾਂ ਵਲ ਜਾ ਰਿਹਾ ਸੀ। [੨]ਹੋਰ ਮਤਾਂ ਵਾਲਿਆਂ ਨੂੰ। [੩]ਜਲ। [੪]ਬਹੁਤੇ ਖਜਾਲ। [੫]ਇੰਜਨ ਦੇ ਗਵਰਨਰ ਵਲ ਇਸ਼ਾਰਾ ਹੈ। [੬]ਧਰਤੀ ਉਤੇ। [੭]ਭਾਵ ਪਾਣੀ ਤਾਲ ਵਿਚੋਂ ਸਾਰਾ ਖਿੱਚ ਲਿਆ। [੮]ਭਾਵ ਟੋਲੀਆਂ ਬੰਨ੍ਹਕੇ।

Digitized by Panjab Digital Library | www.panjabdigilib.org

ਆਏ ਲੋਗ [1]ਜਥਾ ਮੇਘ ਪੂਰੇ ਪੌਨ[1] ਲਜਾਵਤੇ ਤਿਹਾਵਲ ਅਰਦਾਸ ਕੋ ਕਰਾਵਤੇ। ਤਨ ਮਨ ਧਨ ਤੇ ਹੈਂ ਰਾਤੇ[2] ਤਾਲ ਸੇਵਾ ਮਾਂਝ, ਕੀਚੜ ਨਿਕਾਸੈਂ ਵਾਹਿਗੁਰੂ ਯੌ ਆਲਾਵਤੇ। ਲਾਵਤੇ ਨ ਦੇਰ ਬਾਂਧੈ ਪਾਂਤ ਕ੍ਰਮ ਟੋਕਰੀ ਕੀ ਹਾਥੋ ਹਾਥ ਦੇਤ ਲੇਤ ਬਾਹਰ ਪੁਚਾਵਤੇ। ਚਰਨ ਮ੍ਰਿਗਿੰਦ ਕਾਰ [3]ਕਾਰ ਕੀ ਸਕਾਰਥ ਕੋ[3] ਤਨ ਮਨ ਧਨ ਤੇ ਹੈਂ ਪੌੜ ਬਨਵਾਵਤੇ ।੬। ਬਾਹਰ ਕੋ ਦੀਹ ਪੌੜ[4] ਕਾਰ ਸੇ ਤਮਾਮ ਪੁਰਜੇ ਪੇਖਿਕੈ ਸਿਕੱਤ੍* ਨੇ ਹੈ ਕੀਨੀ ਤਜਵੀਜ ਏਹੁ। ਠੇਲੇ ਭਿਜਵਾਇ ਸੜਕ ਲੋਹੇ ਕੀ ਬਨਾਇ ਖੂਬ ਦੀਨੀ ਉਚ-ਵਾਇ ਕਾਲ ਥੋੜੇ ਮੈਂ ਪਛਾਨ ਲੇਹੁ । ਇਧਰ ਸਵਾਇਆ ਸਿੰਘ[4] ਕਾਮ ਜੋ ਸਵਾਯਾ ਕੀਨ ਪਾਨੀ ਬਰਤਾਯੋ ਮੀਠਾ ਇੰਦ੍ ਅਵਤਾਰ ਤੇਹੁ। ਚਰਨ ਮ੍ਰਿਗਿੰਦ ਇਮਦਾਦ[6] ਦੀਨੀ ਸੰਗਤ ਨੇ ਹਰਟ ਚਲਾਏ ਟੂਟੀ ਟੂਟੀ ਮੈਂ ਲਗੀ ਅਛੇਹੁ[7]। ੭। ਦੋਹਰਾ । [8]ਸ਼ੂਨ ਵੇਦ ਨਿਧਿ ਆਤਮਾ ਸਸਿ ਵਦਿ ਸਿੰਘਹਿ ਦੂਜ[9]ਸ੍ਰੀ ਗੁਰ ਪਦ ਅਰਵਿੰਦ ਪੈ ਕੀਨੀ ਕਵਿਤਾ ਪੂਜ । ੮।

॥ ਇਤੀ ਚਰਨ ਸਿੰਘ ਕ੍ਰਿਤ ਸੰਪੂਰਨੰ ॥

ਏਕ ਮਹਤ ਪੁਰਸ਼[ਏ]ਕਾ ਰੀਵਜੂਂ

ਕਬਿੱਤ। ਈਸ ਜੈਸੋ ਬਲੀ ਨਾਂਹਿ, ਵਿਦਜਾ ਸੋ ਸੰਬੰਧ ਨਾਂਹਿ, ਰੋਗ ਸੋ ਨ ਰਿਪੂ ਮਹਾਂ ਅੰਗ ਭੰਜਗੀ[1]। ਤਾਂਕੋ ਹਤ ਹੇਤ ਹਰ ਔਖਧੀ ਬਨਾਈ ਬਜੰਤ, ਆਯੁਰੇਪ ਵੇਦ ਮਾਂਹਿ[2] ਜੰਤ ਮੰਤ ਅੰਜਗੀ। ਮਾਨਸੀ ਜੋ ਰੋਗ ਸੋ ਤੋ ਨਾਸੈ ਨਾ ਦਵਾਈ ਸੰਗ, ਤਾਂਕੋ[3] ਨਾਮ ਗਾਥਾ ਸਾਧ ਸੇਵਾ ਕਰ ਸੰਜਗੀ।ਚਰਨ ਮ੍ਰਿਗਿੰਦ ਸੋ ਅੰਤ੍ਰੀਵ ਰੋਗ ਨਾਸ਼ ਹੇਤ ਔਖਧੀ ਬਨਾਈ ਏਹੁ ਗੁਰ ਪ੍ਰਤਾਪ ਮੰਜਗੀ[4]। ੧। ਪਤਿਤ ਪੁਨੀਤ ਪ੍ਰਭੁ ਪ੍ਰਗਟ ਪਛਾਨ ਪਰਜੋ,ਪਰੋਂ ਪਰ ਪਾਉ ਪ੍ਰੀਤਿ ਪਾਰਕ ਪ੍ਰਮੀਸ਼[5] ਕੇ। ਧਰਮ ਧੁਰੰਧਰ ਧੁਰੀਨ ਧੀਰ ਧੁਜਾਧਾਰੀ, [6]ਧੁੰਕਾਰ ਧੌਂਸਾਸੇ ਧੜਕ ਧ੍ਰਿਤ ਧ੍ਰੀਸਕੇ[6]। ਦਾਰਿਦ ਦਹਨ,[7]ਦੁਖ ਦ੍ਰੁਮ ਦਯਾ ਦਾਨ ਦਾਤੇ[7],ਦੂਨੋ ਦੂਨੋ ਦਸ ਗੁਨੋ [8]ਦਹਲ[8] ਦਿਲੀਸ਼ ਕੇ। ਚਰਨ ਮ੍ਰਿਗਿੰਦ ਚਰਿਚਿਤ[9] ਚਾਰੋ ਚੱਕ ਮੈ, [10]ਚੌਗਤਾਰਿ ਚਰਨ ਚਿਤਾਰੋਂ ਚਿਤ ਈਸ਼ ਕੇ[10] ।੨।

—o—

ਸੋਰਠਾ। [11]ਬਸੁ ਯੁਗ ਨਿਧ ਸਸਿ ਲੀਜ ਸੰਮਤ ਵਾਰ ਬਿਚਾਰ ਰਵਿ[14]। ਮਾਘ ਸੁਦੀ ਤਿਥਿ ਤੀਜ ਲਿਖਜੋ ਗ੍ਰੰਥ ਹਰਿ ਸੁਰਸਰੀ[12]।

—o—

---

[1]ਜਿਵੇਂ ਹਵਾ ਦੇ ਪੂਰੇ ਬੱਦਲ । [2]ਰੱਤੇ,ਪ੍ਰੇਮੀ ਹੋਏ। [3]ਕਾਰ ਸੇਵਾ ਪਰ ਸ਼ਫਲ ਕਰਨ ਨੂੰ। [4]ਬਾਹਰਲਾ ਵਡਾ ਪੌੜ। [5]ਸੰਤ ਸਵਾਇਆ ਸਿੰਘ ਜੀ ਛਬੀਲ ਵਾਲੇ। [6]ਮਦਦ। [7]ਲਗਾਤਾਰ। [8]੧੯੪੦ ਬਿ: ਭਾਦੋਂ ਵਦੀਦੂਜ(ਸੀ)ਚੰਦ੍ਰਮਾਂ ਦੀ ਤਿਥ।[ਸਿੰਘਰਾਸ਼ੀ ਭਾਦੋਂ ਨੂੰਹੁੰਦੀਹੈ]। [9]ਮਹਾਂ ਪੁਰਖ।*ਮੁਰਾਦ ਮਯੂਨਿ-ਸੀਪਲ ਕਮੇਟੀ ਦੇ ਸਕੱਤ੍ ਤੋਂ ਹੈ ਜੋ ਉਨ੍ਹੀਂ ਦਿਨੀਂ ਨਿਕਲ ਸਾਹਿਬ ਸੀ। †ਸੰਭਾਵਨਾ ਹੈ ਕਿ ਇਹ ਰੀਵੀਊ ਇਸ ਪੁਸਤਕ ਦਾ ਸ੍ਰੀ ਮਾਨ ਬਾਬਾ ਸੁਮੇਰ ਸਿੰਘਜੀ ਮਹੰਤਪਟਣਾ ਸਾਹਿਬਵਾਲਿਆਂ ਲਿਖਤਹੈ।

[1]ਭੰਨਣ ਵਾਲਾ। [2]ਭਾਵ ਹਿਕਮਤ ਵਿਚ। [3]ਭਾਵ ਮਾਨਸਿਕ ਰੋਗਾਂ ਲਈ। [4]ਗੁਰੂ ਪ੍ਰਤਾਪ ਦੀ ਮੁੰਜਰ (ਸਿੱਟਾ, ਫਲ) ਭਾਵ ਇਹ ਪੁਸਤਕ ਅਟਲ ਪ੍ਰਕਾਸ਼। [5]ਪਰਮ ਈਸ਼ਰ। [6]ਜਿਨ੍ਹਾਂ ਦੇ ਧੌਂਸੇ ਦੀ ਧੁੰਕਾਰ ਨਾਲ ਧਰਤੀ ਦੇ ਰਾਜਿਆਂ ਦਾ ਧੀਰਜ ਧੜਕ ਪੈਂਦਾ ਸੀ। [7]ਸਮੂਹ ਦੁਖੀਆਂ ਨੂੰ ਦਯਾ ਦਾ ਦਾਨ ਦੇਣ ਵਾਲੇ ਹਨ। [8]ਡਰ। [9]ਛਿੜਕੀ ਹੋਈ, ਭਾਵ ਮਹਿਕ ਰਹੀ (ਜਸ ਸੁਗੰਧੀ ਨਾਲ)। [10]ਚੁਗੱਤਿਆਂ ਦੇ ਅਰੀ (ਗੁਰੂ ਗੋਬਿੰਦ ਸਿੰਘ ਜੀ) ਦੇ ਚਰਨ ਚਿਤ ਵਿਚ ਸਿਮਰਦਾ ਹਾਂ। [11]ਇਹ ਸੋਰਠਾ ਲਿਖਾਰੀ ਦਾ ਹੈ, ਜਿਸਨੇ ਇਸ ਪੁਸਤਕ ਦੀ ਕਾਪੀ ਪਹਿਲੀ ਵੇਰ ਪੱਥਰਦੇਛਾਪੇ ਪਰ ਛਾਪਣ ਵਾਸਤੇ ਲਿਖੀ ਸੀ,ਸੰਮਤ ੧੯੪੯ ਬਿ: ਵਾਰ ਐਤ । [12]ਗੰਗਾ ਸਿੰਘ ਨੇ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮਦਜਮਦ ਭੰਜਨ, ਮਿੱਤ੍ਰ ਮਨ ਰੰਜਨ

ਸ਼੍ਰੀ ਮਹਾਂਰਾਣੀ ਸ਼ਰਾਬ ਕੌਰ

ਰੀਵਯੂ

ਸ੍ਰੀ ਯੁਤ ਬਾਬਾ ਸੁਮੇਰ ਸਿੰਘ ਜੀ ਸਾਹਿਬ ਸ੍ਰੀ ਮਹੰਤ ਹਜ਼ੂਰ ਤਖਤ ਪਟਨਾ ਸਾਹਿਬ ਨੇ ਇਸ ਪੋਥੀ ਨੂੰ ਪੜ੍ਹਕੇ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਇਹ ਰਾਇ ਦਿੱਤੀ:—

ਮਦਜ ਮਦ ਭੰਜਨ ਗ੍ਰੰਥ ਯਹ,ਮਦ ਮਦ ਭੰਜਨ ਹਾਰ। ਯਥਾ ਨਾਮ ਗੁਣ ਯਥਾਰਥ,ਚਰਨਸਿੰਘ ਕ੍ਰਿਤ ਚਾਰੁ।

ਪੰਡਤ ਹਜ਼ਾਰਾ ਸਿੰਘ ਜੀ ਗਜਾਨੀ (ਹਜ਼ੂਰ ਹਰੀ) ਜੀ ਨੇ ਇਹ ਰਾਇ ਦਿੱਤੀ ਹੈ:—

ਜਿਮ ਜਿਮ ਆਗੇ ਪਢਤ ਹੈਂ ਦੇਤ ਮਧੁਰ ਰਸ ਚੈਨ। ਬੈਨ ਸੁ ਕੌਰ ਸ਼ਰਾਬ ਕੇ ਪੋਨਾ ਗੀਨਾ ਐਨ।੧।
ਸੁਨ ਬਚ ਕੌਰ ਸ਼ਰਾਬ ਕੇ ਭਰੇ ਮਿਸ਼ਟ ਰਸ ਦੌਰ। ਕਿਉਂ ਨ ਹੋਹਿ ਵੈ ਬੌਰ ਜੋ ਪੀਅਤ ਰੋਜ਼ ਭਰ ਕੌਰ।੨।
ਪ੍ਰਜਾ ਲਾਭ ਦੇਸ਼ੋਨਤੀ ਵਿਖਯ ਗ੍ਰੰਥ ਇਸ ਕੇਰ। ਕਾਵ੍ਯਅਲੰਕ੍ਰਿਤ ਆਦਿ ਗੁਣ ਕਹੂੰ ਕਹਾਂਲਗ ਢਗੜ
ਅਵਗੁਨ ਅਤਿ ਚਰਸਾਦਿ ਕੇ ਕਹੈ ਕਵੀ ਵਿਸਥਾਰ। ਹਰਿ ਹਜ਼ੂਰ ਦੈਹੈਂ ਤਿਨੇ ਧਰਮਾਦਿਕ ਫਲ ਚਾਰ।੪।

Digitized by Panjab Digital Library | www.panjabdigilib.org

ਭੂਮਿਕਾ

ਦੋਹਰਾ—ਅੰਧੇ ਖੂਹ ਤੇ ਜੇ ਪਿਖੇ, ਅੰਧਾ ਹੈ ਕਿਹਕਾਲ। ਦੁਪ ਬੈਠੇ ਹੋੜੇ ਜੁ ਨਹਿੰ, ਹੈ ਅਪਰਾਧਿ ਬਿਸਾਲ। ੧।
ਇਸ ਕਲਿਕਾਲ ਦੁਕਾਲ ਮੈਂ, ਮਦਰਾ ਪ੍ਰਬ੍ਰਿਤ ।ਬਸਾਲ। ਰਾਉ ਰੰਕ ਉਨਮੱਤ ਸਭ, ਦਸ਼ਾ ਦੇਖ ਦੁਰਹਾਲ। ੨।
ਹਿਤ ਸਮੋਧ ਮਨ ਆਪਨੈ ਜੁਲਤਾਗਨਿ ਤੇ ਬਚਾਉ। ਕਛੁਕ ਕਥੋਂ ਉੱਦ੍ਵੇਗ ਮਨ, ਪੰਜਾਬੀ ਭਾਖਾਉ। ੩।
ਛਮ ਹੈ ਸੱਜਨ ਢੀਠਤਾ, ਕ੍ਰਿਪਾ ਡੀਠਤਾ ਦੇਖ। ਨਿਜ ਹਿਯਕੇ ਕੋਨੇ ਕਬੂ, ਦੇ ਹੈਂ ਥਾਨ ਅਸ਼ੇਖ। ੪।
ਮਦ ਉਦਭਵਤਾ, ਮਦ ਪ੍ਰਵ੍ਰਿਤ, ਮਦਅਨੁਸਾਸਨ ਰਾਜ਼ਮਦ ਸੰਸਾਰਕਦੁਖਸੰਸ੍ਰਿਤ, ਮੱਦ ਵਚਿਤ੍ਰ ਮਨਰਾਜ। ੫।
ਇਤਯਾਦਿਕ ਕਛੁ ਕਛੁ ਕਥੋਂ, ਮਦਮਦਭੰਜਨਮਾਂਹਿਕੇਵਲ ਨਿਜਚਿਤਸ਼ਾਂਤਹਿਤ*, ਔਰ ਯੋਗਕੋਊਨਾਂਹਿ। ੬।
ਬਿਕ੍ਰਮ ਬਸੁ ਯੁਗ ਖੰਡ ਨਭ†, ਭਾ ਅਰੰਭ ਸਤ ਪੰਥ। ਮਦ ਮਦ ਭੰਜਨ ਮਿੱਤ੍ਰ ਮਨ ਰੰਜਨ ਨਾਮਕ ਗ੍ਰੰਥ। ੭।

ਸਾਡਾ ਜੀ ਇਸ ਵੇਲੇ ਰਹਿ ਨਹੀਂ ਸਕਦਾ ਕਿ(ਸਾਅਦੀ ਦੇ ਕਥਨ ਅਨੁਸਾਰ) ਅੰਨ੍ਹੇ ਨੂੰ ਅੰਨ੍ਹੇ ਖੂਹ ਤੇ ਦੇਖਕੇ ਨਾ ਹੋੜੀਏ, ਭਾਵੇਂ ਅੰਨ੍ਹਾ ਜਾਣ ਬੁੱਝਕੇ ਹੀ ਡਿਗਦਾ ਹੋਵੇ, ਪਰ ਦੇਖਕੇ ਨਾ ਰੋਕਣ ਵਾਲੇ ਨੂੰ ਪਾਪ ਹੈ, ਏਸੇ ਦ੍ਰਿਸ਼ਟਾਂਤ ਤੇ ਅਤੇ ਇਸ ਚਮਕੇ ਹੋਏ ਸਮੇਂ ਦੇ ਪ੍ਰਕਾਸ਼ ਨੂੰ ਦੇਖਕੇ, ਭਈ ਬਹੁਤ ਸਾਰੇ ਸ੍ਰਿਸ਼ਟ ਪੁਰਖਾਂ ਨੇ, ਸ਼ਰਾਬ ਨਖੇਧੀ ਵਿਸ਼ੇ ਪੁਰ ਉਰਦੂ ਤੇ ਅੰਗ੍ਰੇਜ਼ੀ ਆਦਿਕ ਬੋਲੀਆਂ ਵਿਚ ਕਈ ਗ੍ਰੰਥ ਰਚੇ ਹਨ, ਜਿਨ੍ਹਾਂ ਤੋਂ ਸਾਡੇ ਪੰਜਾਬੀ ਭਰਾਵਾਂ ਨੂੰ ਬਹੁਤ ਘੱਟ ਲਾਭ ਪ੍ਰਾਪਤ ਹੁੰਦਾ ਹੈ, ਇਹ ਨਿੱਕਾ ਜਿਹਾ ਗ੍ਰੰਥ ਮਦਜ ਮਦ ਭੰਜਨ ਤੇ ਮਿੱਤ੍ਰ ਮਨ ਰੰਜਨ ਨਾਮੀ ਇਸ ਵੀਹਵੀਂ ਸਦੀ ਬਿਕ੍ਰਮੀ ਦੇ ਅਠਤਾਲੀਵੇਂ ਸੰਮਤ ਵਿਚ ਪ੍ਰਾਰੰਭਿਆ।

ਆਸ਼ਾ ਹੈ ਕਿ ਪਾਠਕ ਜਨ ਇਸਦੀ ਟੁੱਟੀ ਫੁਟੀ ਪੰਜਾਬੀ ਬੋਲੀ ਨੂੰ ਸ਼ੁੱਭ ਦ੍ਰਿਸ਼ਟਿ ਨਾਲ ਨਾ ਦੇਖਣਗੇ, ਕਿਉਂਕਿ ਮੈਂ ਇਹ ਗ੍ਰੰਥ ਵਾਦ ਵਿਵਾਦ ਵਾਸਤੇ ਨਹੀਂ ਲਿਖਿਆ, ਕੇਵਲ ਆਪਣਾ ਆਸ਼ਾ ਭੁੱਲਿਆਂ ਨੂੰ ਚਾਨਣ ਦਿਖਾਉਣ ਲਈ ਦੱਸਣ ਦਾ ਪ੍ਰਯੋਜਨ ਹੈ, ਅਪਣੇ ਮਨ ਦੀ ਉਦ੍ਵੇਗਤਾ ਤੇ ਸਮੋਧਨਾ ਹੈ। ਸੋਚ ਵਾਲੇ ਨਿਰਪੱਖ ਪੁਰਸ਼ ਇਸਤੋਂ ਬਹੁਤ ਬਹੁਤ ਲਾਭ ਲੈ ਸਕਦੇ ਹਨ ਪਰ ਵਿਪਰਯੈ ਦ੍ਰਿਸ਼ਟੀ ਨਾਲ ਦੇਖਣ ਵਾਲੇ ਤੇ ਨੁਕਤਾਚੀਨ ਸਿਕੰਦਰ ਵਾਂਙੂ ਅੰਮ੍ਰਿਤ ਕੁੰਡ ਤੋਂ ਵਿਰਵੇ ਰਹਿ ਜਾਂਦੇ ਹਨ, ਜਾਂ ਮੁਹੰਮਦ ਸ਼ਾਹ ਵਰਗੇ ਘੋਰੀ, ਜੋ ਵੈਰੀਆਂ ਦੇ ਪਹੁੰਚਣ ਦੀਆਂ ਚਿਠੀਆਂ ਸ਼ਰਾਬ ਦੇ ਹੌਜ਼ ਵਿਚ ਡੋਬ ਛਡਦਾ ਸੀ, ਤੱਤੇ ਤਵੇ ਤੇ ਛਿੱਟ ਜਿੰਨਾ ਗੁਣ ਲੈ ਸਕਦੇ ਹਨ। ਪਰ ਹਾਂ, ਉਨ੍ਹਾਂ ਲਈ ਉਹ ਸਮਾਂ ਬੀ ਦੂਰ ਨਹੀਂ, ਜਦੋਂ ਨਾਦਰ ਵਰਗੇ ਜਾਬਰ –ਸ਼ਰਾਬ–ਦੇ ਹਥੋਂ ਅਕਲ, ਬਲ, ਧਨ ਨਾਮ ਕੁਲ ਆਦਿ ਦਾ ਖਜ਼ਾਨਾ ਲੁਟਾ ਲੈਣਗੇ।

ਮੈਂ ਇਸ ਪੋਥੀ ਵਿਚ ਆਪਣੀ ਅੱਖੀਂ ਡਿਠੀਆਂ, ਕੰਨੀ ਸੁਣੀਆਂ ਤੇ ਹੋਰ ਗ੍ਰੰਥਾਂ ਵਿਚ ਪੜ੍ਹੀਆਂ ਗਲਾਂ, ਅਨਮੋੜ ਅੜੀਅਲ ਮਨਾਂ ਨੂੰ ਮੋੜਨ ਤੇ ਰਾਹ ਸਿਰ ਲਿਆਉਣ ਲਈ ਚਾਬਕ, ਨਾਹਰੀ, ਲਗਾਮ, ਪੁਚਕਾਰੀ ਵਾਂਙ ਸੋਚਕੇ ਲਿਖੀਆਂ ਹਨ, ਭਈ ਕਿਵੇਂ ਮੰਦੇ ਕੰਮਤਿਆਗੇ ਜਾਣ।

ਸ੍ਰੀ ਅੰਮ੍ਰਿਤਸਰ ਜੀ,
ਅੱਸੂ ਸੰ: ੪੨੫ ਨਾ:ਸ਼ਾ;‡

ਲੇਖਕ—ਗ੍ਰੰਥ ਕਰਤਾ

---

*ਬਹਿਸ ਮੁਬਾਹਿਸ ਲਈ ਨਹੀਂ ਸਿਰਫ ਅਪਨੇ ਖਿਆਲਾਂ ਨੂੰ ਪ੍ਰਗਟਾਕੇ ਮਨ ਨੂੰ ਸ਼ਾਂਤ ਕਰਨ ਲਈ। [ਸੰਪਾਦਿਕ] †੧੯੪੮ ਬਿ: [ਬਸੁ=੮, ਯੁਗ=੪, ਖੰਡ=੯, ਨਭ=੧]। [ਸੰਪਾਦਿਕ
‡ਗ੍ਰੰਥ ਅਰੰਭ ਦਾ ਸੰਮਤ ੧੯੪੮ ਬਿ: (੧੮੯੦ ਈ:) ਹੈ ਜੋ ਉੱਪਰ ਦੱਸਿਆ ਹੈ ਤੇ ਇਸ ਦੇ ਪਹਿਲੀ ਵਾਰ ਛਪਣੇ ਦਾ ਇਹ ਸੰਮਤ ਹੈ ਜੋ ੧੯੫੧ ਬਿ: (੧੮੯੩ ਈ:)ਨਾਲ ਢੁਕਦਾ ਹੈ। [ਸੰਪਾਦਿਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼੍ਰੀ ਮਹਾਂਰਾਣੀ ਸ਼ਰਾਬ ਕੌਰ

ਉਥਾਨਕਾ

ਦੋਹਰਾ–

ਅਟਲ ਅਕਾਲ ਨਾਨਕ ਗੁਰੂ ਗੋਬਿੰਦ ਸਿੰਘ ਪ੍ਰਯੰਤ,
ਪੁਟ ਕਰ ਬੰਦੋਂ, ਬਰ ਚਹੋਂ, ਦੇਹੁ ਸੁਮਤ ਸੁਖਵੰਤ।

ਅਥ ਮਦ ਉਤਪਤੀ

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥

[ਆਸਾ ਮ: ੫

ਇਸ ਸ਼ਰਾਬ ਖਾਨਾ ਖਰਾਬ ਦੀ ਉਤਪਤਿ ਪੁਰਾਣਾਂ ਵਿਚ ਇਉਂ ਲਿਖੀ ਹੈ ਕਿ ਇਕ ਸਮੇਂ ਦੇਵਤਿਆਂ ਅਤੇ ਦੈਂਤਾਂ ਨੇ ਖੀਰ ਸਮੁੰਦਰ ਨੂੰ ਰਿੜਕਿਆ ਤੇ ਇਹ ਚੌਦਾਂ ਰਤਨ ਕਢੇ:–

ਦੋਹਰਾ–

ਸ੍ਰੀ,ਮਣਿ,ਰੰਭਾ,ਬਾਰੁਣੀ,ਅਮਿਯ, ਸੰਖ, ਗਜਰਾਜ।
ਕਲਪਦ੍ਰਮ, ਸਸਿ, ਧੇਨੁ,ਧਨੁ,ਧਨੰਤਰ,ਬਿਖ,ਬਾਜ।

ਇੰਨ੍ਹਾਂ ਰਤਨਾਂ ਦੇ ਵੰਡਣ ਵਿਚ ਜਦ ਝਗੜਾ ਹੋ ਪਿਆ, ਤਦ ਮੋਹਣੀ ਅਵਤਾਰ ਨੇ ਸਭਨਾਂ ਨੂੰ ਮਨਾਕੇ ਇਸ ਜੁਗਤ ਨਾਲ ਵੰਡ ਕੀਤੀ:–ਸ਼ਿਵਜੀ ਨੂੰ ਭੋਲਾ ਜਾਣਕੇ ਬਿਖ, ਦੇਵਤਿਆਂ ਦੇ ਵੈਰੀਆਂ ਦੈਂਤਾਂ ਨੂੰ ਰੋਗ ਤੇ ਮੌਤ ਰੂਪ ਸ਼ਰਾਬ। ਦੇਵਤਿਆਂ ਨੂੰ ਅਮਰ ਹੋਣ ਲਈ ਅੰਮ੍ਰਿਤ ਦਿੱਤਾ। ਰੰਭਾ,ਕਲਪ ਬ੍ਰਿਛ ਤੇ ਕਾਮਧੇਨ ਸੁਰਗ ਦੀ ਸਜਾਉਟ ਲਈ ਰਖੇ। ਕੌਸਤ ਮਣੀ, ਲੱਛਮੀ ਤੇ ਸੰਖ ਵਿਸ਼ਨੂੰ ਨੂੰ ਦਿੱਤੇ। ਚੰਦ੍ਰਮਾਂ ਤੇ ਧਨੁਖ ਸ਼ਿਵਜੀ ਨੂੰ। ਗੁੱਸਾ ਹਟਾਉਣ ਲਈ ਹਾਥੀ ਇੰਦਰ ਨੂੰ ,ਤੇ ਘੋੜਾ ਸੂਰਜ ਨੂੰ, ਅਤੇ ਧਨੰਤਰ ਰੋਗੀਆਂ ਦੇ ਦਵਾ ਦਾਰੂ ਕਰਨ ਵਾਸਤੇ ਧਰਤੀ ਉਤੇ ਦੱਲ੍ਹਾ ਛੱਡ ਦਿਤਾ ਕਿ ਵਸਤਾਂ ਦੇ ਗੁਣ ਔਗੁਣ ਥੋਂ ਲੋਕਾਂ ਨੂੰ ਖਬਰਦਾਰ ਕਰੇ।

ਇਸ ਗਲ ਵਿਚ ਭਾਵੇਂ ਸਾਡੀ ਸੰਮਤੀ ਨਹੀਂ ਕਿ ਸ਼ਰਾਬ ਸਮੁੰਦਰ ਵਿਚੋਂ ਨਿਕਲੀ, ਕਿਉਂਕਿ ਜੇ ਇਹ ਗਲ ਸੱਚ ਸੀ ਤਾਂ ਇਕੋ ਵਾਰੀ ਕਿਉਂ ਵੰਡੀ ਗਈ,ਅਜ ਕਲ ਤਾਂ ਗੁੜ ਸੱਕ ਤੂਕਾਕੇ ਲੋਕੀ ਪੀ ਰਹੇ ਹਨ। ਹਾਂ, ਜੇ ਕਦੀ ਸ਼ਰਾਬ ਕੱਢਣ ਦੀ ਜੁਗਤ ਨਿਕਲੀ ਪੁਰਾਣਾਂ ਵਾਲੇ ਲਿਖਦੇ ਤਾਂ ਭਾਵੇਂ ਠੀਕ ਬਿਵਸਥਾ ਹੁੰਦੀ। ਹੋਰ ਸਾਰੇ ਪਦਾਰਥਾਂ ਦੀ ਇਸਥਿਰਤਾ ਮੰਨੀ ਗਈ ਹੈ, ਜਿਹਾਕੁ ਅੰਮ੍ਰਿਤ ਦਾ ਕੁੰਡ ਸੁਰਗ ਵਿਚ, ਬਿਖ ਸ਼ਿਵਜੀ ਦੇ ਕੰਠ ਵਿਚ ਆਦਿ ਸੱਭੇ ਇਸਥਿਰ ਹਨ। ਫੇਰ ਸ਼ਰਾਬ ਕਿਉਂ ਮਾਰੀ ਮਾਰੀ ਫਿਰੀ ਤੇ ਗੁੜ ਸੱਕ ਆਦਿ ਲਿੱਦ ਵਿਚ ਤੂਕਾਕੇ ਕਢੀਂਦੀ ਰਹੀ।

ਭਲਾ ਜੀ ਸਾਨੂੰ ਇਨ੍ਹਾਂ ਝੇੜਿਆਂ ਨਾਲ ਕੀ ? ਗੱਲ ਤਾਂ ਅਸਲ ਇਹ ਹੈ ਕਿ ਜੇਕਰ ਇਹ ਸ਼ਰਾਬ ਦੀ ਉਤਪਤੀ ਠੀਕ ਹੈ ਤਾਂ ਸੋਚੋ ਕਿ ਮੋਹਣੀ ਨੇ ਤਾਂ ਮੌਤ ਤੇ ਰੋਗਾਂ ਦੀ ਖਾਣ ਸ਼ਰਾਬ ਦੇਵਤਿਆਂ ਦੇ ਵੈਰੀਆਂ ਨੂੰ ਪਿਲਾਈ,

Digitized by Panjab Digital Library | www.panjabdigilib.org

ਫੇਰ ਅਸੀਂ ਲੋਕ ਜਾਣ ਬੁੱਝਕੇ ਕਿਉਂ ਰੋਗ ਤੇ ਮੌਤ ਸਹੇੜਦੇ ਹਾਂ। ਦੇਖੋ ਇਸਦਾ ਪਰਤੱਖ ਫਲ ਕੀ ਹੋਇਆ, ਦੈਂਤ ਬੇਸੁਧ ਹੋ ਗਏ, ਅਕਲ ਗਵਾ ਬੈਠੇ, ਰਤਨਾਂ ਦੀ ਵੰਡ ਵੇਲੇ ਧੋਖਾ ਖਾ ਬੈਠੇ। ਜਦ ਹੋਸ਼ ਆਈ ਤੇ ਸੋਚਿਆ ਤਾਂ ਲਗੇ ਜੁੱਧ ਕਰਨ। ਅਮਰਾਵਤੀ ਦੀ ਲੁੱਟ ਵਿਚ ਓਹ ਰਤਨ ਫੇਰ ਹੱਥ ਆਏ, ਫੇਰ ਖੁਹਾਏ, ਫੇਰ ਲੁੱਟੇ ਮਾਰੇ। ਕਈ ਵੇਰ ਇਸ ਪ੍ਰਕਾਰ ਲੁਟੀਂਦੇ ਰਹੇ, ਪਰ ਅਫਸੋਸ! ਮਹਾਂ ਅਫਸੋਸ!! ਦੈਂਤ ਸ਼ਰਾਬ ਪੀਣੋਂ ਨਾ ਟਲੇ।

ਪਰਤੱਖ, ਪ੍ਰਹਿਲਾਦ ਦੀਆਂ ਕਰਾਮਾਤਾਂ, ਹਰਨਾਕਸ਼ ਦੇਖਦਾ ਸੀ ਕਿ ਪਾਣੀ ਵਿਚ ਨਹੀਂ ਡੁਬਾ, ਪਰਬਤ ਤੋਂ ਸੁਟਿਆਂ ਨਹੀਂ ਮੋਇਆ, ਅੱਗ ਵਿਚ ਪਾਇਆਂ ਨਹੀਂ ਸੜਿਆ, ਪਰ ਫੇਰ ਬੀ ਇਸੇ ਸ਼ਰਾਬ ਖਾਨਾ ਖਰਾਬ ਦੀ ਉਨਮੱਤਤਾ ਵਿਚ ਇਹੋ ਕਹਿੰਦਾ ਸੀ "ਕਿ ਤੇਰਾ ਰੱਖਣ ਹਾਰਾ ਕੌਣ ਹੈ? ਜੇ ਹੈ, ਤਾਂ ਕਿੱਥੇ ਹੈਂ"? ਗੱਲ ਕੀਹ ਇਸੇ ਸ਼ਰਾਬ ਦੀ ਘੂਰਮ-ਤਾਈ ਵਿਚ ਨਰਸਿੰਘ ਦੇਵ ਦੇ ਹੱਥੋਂ ਪਾੜਿਆ ਗਿਆ! ਵਡੇ ਸ਼ੋਕ ਦੀ ਗੱਲ ਹੈ, ਕਿ ਇਡੇ ਤੇਜਸ੍ਵੀ ਪਰਤਾਪੀ ਰਾਜਾ ਦਾ ਮਰਨਾ ਸੁਣਕੇ ਬੀ ਦੈਂਤਾਂ ਨੇ ਨਾ ਛਡੀ। ਦੇਖੋ ਸਾਰੇ ਮਧਕੈਟਭ, ਸ਼ੁੰਭ ਨਸ਼ੁੰਭ, ਬ੍ਰਿਤਾਸੁਰ, ਮਹਿਖਾਸੁਰ ਆਦਿ ਸੂਰਬੀਰ ਸ਼ਰਾਬ ਦੀ ਮਸਤੀ ਵਿਚ ਹੀ ਸਰਬੰਸ ਨਾਸ਼ ਕਰ ਗਏ, ਪਰ ਇੰਨਾ ਨਾ ਸੋਚਿਆ ਕਿ ਕਿਸ ਨਿਕਾਰੀ ਚੀਜ਼ ਪਿੱਛੇ ਨਸ਼ਟ ਹੁੰਦੇ ਹਾਂ।

ਤ੍ਰੇਤਾ ਵਿਚ ਤਾਂ ਪ੍ਰਗਟ ਹੀ ਹੈ ਕਿ ਰਾਵਣ, ਮਹਾਰਾਵਣ ਆਦਿਕਾਂ ਦੇ ਘਰਾਣੇ ਸ਼ਰਾਬ ਦੀ ਕ੍ਰਿਪਾ ਨਾਲ ਹੀ ਨਸ਼ਟ ਹੋਏ। ਕਿਆ ਸੋਚ ਸਮਝ ਨਹੀਂ ਸਕਦੇ ਸਨ ਕਿ ਮਨੁੱਖ ਤੇ ਬਾਂਦਰਾਂ ਦੇ ਹਥੋਂ ਪਰਾਜੈ ਹੋ ਰਹੇ ਹਾਂ, ਜੋ ਨਿਤ ਦਾ ਆਹਾਰ ਹਨ। ਪਰ ਸ਼ਰਾਬ ਦੀ ਕ੍ਰਿਪਾ ਇਹੋ ਜਿਹੀ ਸੀ ਕਿ ਸਮਝ ਸੁਫਨੇ ਵਿਚ ਬੀ ਨਹੀਂ ਆਉਂਦੀ ਸੀ।

ਆਪ ਲੋਕ ਜਾਣਦੇ ਹੋਵੋਗੇ ਕਿ ਬ੍ਰਿਹਸਪਤ ਦਾ ਪੁੱਤ੍ਰ ਕਚ ਸ਼ੁੱਕ੍ਰ* ਜੀ ਪਾਸੋਂ ਸੰਜੀਵਨੀਂ ਵਿੱਦਜਾ ਸਿੱਖਣ ਆਇਆ। ਸ਼ੁਕ੍ਰ ਦੀ ਧੀ ਦੇਵਾਜਾਨੀ ਕਚ ਪੁਰ ਆਸ਼ਕ ਹੋ ਗਈ, ਪਰ ਦੈਂਤਾਂ ਨੇ ਦਾਉ ਪਾਕੇ ਉਸ ਨੂੰ ਮਾਰ ਦਿਤਾ, ਭਈ ਦੇਵਤੇ ਤਾਂ ਅਗੇ ਹੀ ਅਮਰ ਹਨ, ਤਿਸ ਪੁਰ ਸਾਡੇ ਗੁਰੂ*ਤੋਂ ਸੰਜੀਵਨੀਂ ਵਿਦਜਾਪਾਕੇ ਤਾਂ ਸਾਡੇ ਸਿਰ ਤੇ ਹੋਰ ਬੀ ਸ਼ੇਰ ਹੋ ਜਾਣਗੇ। ਸ਼ੁਕ੍ਰ ਦੀ ਧੀ ਨੇ ਪਿਉ ਨੂੰ ਕਹਿਕੇ ਕਚ ਨੂੰ ਫੇਰ ਜਿਵਾ ਲਿਆ। ਇਸ ਭਾਂਤ ਕਈ ਵੇਰ ਦੈਂਤਾਂ ਨੇ ਮਾਰਿਆ, ਪਰ ਸ਼ੁੱਕ੍ਰ ਜਿਵਾ ਦਿੰਦਾ ਰਿਹਾ। ਅੰਤ ਨੂੰ ਉਨ੍ਹਾਂ ਨੇ ਕੱਚ ਦੇ ਮਾਸ ਦੀ ਸ਼ਰਾਬ ਚੁਆਈ ਅਰ ਕੁਝ ਮਾਸ ਰਿੰਨ੍ਹਕੇ ਗੁਰੂ ਜੀ ਨੂੰ ਨੇਉਤਾ ਦਿੱਤਾ ਤੇ ਦੇਵੇਂ ਪਦਾਰਥ ਖੁਲਾ ਪਿਲਾ ਦਿੱਤੇ। ਗੁਰੂ ਜੀ ਪ੍ਰਸੰਨ ਹੋਕੇ ਘਰ ਆ ਬੈਠੇ। ਦੇਵਜਾਨੀ ਕਚ ਦੀ ਉਡੀਕ ਵਿਚ ਅੱਖਾਂ ਰਸਤੇ ਵਲ ਲਾਈ ਬੈਠੀ ਸੀ। ਜਦ ਉਹ ਢੇਰ ਚਿਰ ਤੀਕ ਨਾ ਆਇਆ ਤਾਂ ਉਸਨੇ ਪਿਤਾ ਨੂੰ ਕਿਹਾ ਕਿ ਕਚ ਭਾਵੇਂ ਫੇਰ ਦੈਂਤਾਂ ਦੇ ਢਹੇ ਚੜ੍ਹ ਗਿਆ, ਜਿਹੜਾ ਅਜੇ ਤੀਕ ਨਹੀਂ ਆਇਆ, ਉਹ ਜ਼ਰੂਰ ਕਿਸੇਪਾਪੀ ਦੇ ਹੱਥੋਂ ਮਾਰਿਆ ਗਿਆ। ਇਹ ਸੁਣ ਸ਼ੁਕ੍ਰ ਜੀ ਅੰਤਰ ਧਿਆਨ ਹੋ ਕਚ ਨੂੰ ਲੱਭਣ ਲਗੇ, ਤਾਂ ਆਪਣੇ ਹੀ ਢਿਡ ਵਿਚ ਪਾਇਆ। ਚਿੰਤਾਮਾਨ ਹੋਕੇ ਬੋਲੇ—ਬੇਟੀ! ਕਚ ਹੁਣ ਨਹੀਂ ਜੀਉ ਸੱਕਦਾ, ਉਹ ਸ਼ਰਾਬ ਹੋਕੇ ਮੇਰੇ ਪੇਟ ਵਿਚ ਹੈ, ਜੇ ਉਹ ਜੀਵੇ ਤਾਂ ਮੇਰੀ ਮੌਤ ਹੈ। ਧੀ ਬੋਲੀ ਪਿਤਾ ਜੀ ਫੇਰ ਮੇਰਾ ਮਰਨਾ ਸਮਝੋ!

*ਸ਼ੁਕਰ ਦੈਂਤਾਂ ਦਾ ਗੁਰੂ ਸੀ ਤੇ ਬ੍ਰਹਸਪਤਿ ਦੇਵਤਿਆਂ ਦਾ। [ਸੰਪਾਦਿਕ

Digitized by Panjab Digital Library | www.panjabdigilib.org

ਮੈਂ ਉਸ ਬਿਨਾ ਜੀਉ ਨਹੀਂ ਸਕਦੀ। ਇਸ ਅਸਮੰਜਸ ਵਿਚ ਸ਼ੁਕ੍ਰ ਜੀ ਨੇ ਕਚ ਨੂੰ ਪੇਟ ਵਿਚ ਹੀ ਸੰਜੀਵਨੀ ਵਿੱਦਜਾ ਸਿਖਾਈ ਅਤੇ ਸਮਝਾਇਆ ਕਿ ਪੇਟ ਫਾੜਕੇ ਤੈਨੂੰ ਕਢਦਾ ਹਾਂ, ਇਸੇ ਵਿੱਦਜਾਨਾਲ ਫੇਰ ਤੂੰ ਮੈਨੂੰ ਜਿਵਾਵੀਂ।

ਯਥਾ–ਚਰਿਤ ਪਖਜਾਨੇ ੩੨੦

ਕਾਢਤ ਤਾਂਹ ਸ਼ੁਕ੍ਰ ਮਰ ਗਯੋ।
ਬਹੁਰ ਮੰਤ੍ਰ ਬਲ ਕਚਹ ਜਿਅਯੋ।
ਸ੍ਰਾਪ ਦੀਓ ਮਦਰਾ ਕੋ ਤਿਹ ਤਹਿੰ।
ਯਾਤੇ ਪੀਅਤ ਨ ਯਾਕਉ ਕੋਊ ਕਹਿ।

ਇਸ ਭਾਰੀ ਪਾਪ ਤੇ ਪਛੁਤਾਵੇ ਕਰਕੇ ਸ਼ੁਕ੍ਰ ਜੀ ਨੇ ਇਸ ਨੂੰ ਸਰਾਪ ਦਿੱਤਾ। ਉਸ ਦਿਨ ਤੋਂ ਸ੍ਰਿਸ਼ਟ ਪੁਰਖਾਂ ਨੇ ਇਸ ਪਦਾਰਥ ਨੂੰ ਛੋਹਣਾ ਬੀ ਚੰਙਾ ਨਾ ਸਮਝਿਆ। ਇਸ ਥੀਂ ਸਾਫ ਪ੍ਰਗਟ ਹੈ ਕਿ ਅਜ ਕਲ ਜੋ ਹਿੰਦੂ ਲੋਕ ਸ਼ਰਾਬ ਪੀ ਰਹੇ ਹਨ ਪੁਰਾਣਾਨੁਸਾਰ ਬ੍ਰਾਹਮਣ ਦੇ ਮਿੱਝ ਲਹੂ ਮਾਸ ਆਦਿਕ ਦੇਹ ਦੇ ਕੁਤਸੁਤ ਪਦਾਰਥਾਂ ਦਾ ਸਤ ਪੀ ਰਹੇ ਹਨ।

ਦ੍ਵਾਪਰ ਦੇ ਪ੍ਰਸੰਗ ਤਾਂ ਕੁਝ ਗੁੱਝੇ ਛਿਪੇ ਹੀ ਨਹੀਂ। ਬਲਭੱਦਰ ਜੀ ਨੇ ਇਸੇ ਸ਼ਰਾਬ ਖਾਨਾ ਖਰਾਬ ਦੀ ਕ੍ਰਿਪਾ ਨਾਲ ਬ੍ਰਹਮ ਹੱਤਿਆ ਕੀਤੀ। ਉਸ ਵਿਚਾਰੇ ਸੂਤ ਨੂੰ ਜੋ ਨਿਰਾਪ੍ਰਾਧ ਬੈਠਾ ਕਥਾ ਕਰ ਰਿਹਾ ਸੀ, ਬਿਨਾਂ ਸੋਚੇ ਸਮਝੇ ਇੱਕੇ ਵਾਹ ਨਾਲ ਮਾਰ ਮੁਕਾਇਆ।

ਮਹਾਂਭਾਰਤ ਦਾ ਜੁੱਧ ਭੀ ਇਸੇ ਦੀ ਕ੍ਰਿਪਾ ਦਾ ਫਲ ਹੈ। ਸ਼ਰਾਬ ਦੇ ਲੋਟ ਵਿਚ ਹੀ ਭੀਮ ਸੈਨ ਨੇ ਹੜੰਬਾ ਰਾਕਸ਼ਣੀ ਵਿਆਹੀ। ਇਸੇ ਦੀ ਕ੍ਰਿਪਾ ਨਾਲ ਛਿਪੰਜਾ ਕ੍ਰੋੜ ਜਾਦਵ ਆਪੋ ਵਿਚ ਕਟਕੇ ਮਰ ਗਏ*, ਕੁਲ ਵਿਚ ਕੋਈ ਪਾਣੀ ਦੇਣ ਜੋਗਾ ਨਾ ਰਿਹਾ। ਕੌਰਵਾਂ ਪਾਂਡਵਾਂ ਦੀ ਜੂਏ ਬਾਜ਼ੀ, ਦ੍ਰੌਪਤੀ ਦੀ ਬੇਪਤੀ, ਲਾਖ ਦੇ ਮੰਦਰ ਦਾ ਸੜਨਾ, ਵਨਵਾਸ ਭੋਗਣਾ, ਓੜਕ ਜੁੱਧ ਤੇ ਵੰਸ਼ ਦਾ ਨਾਸ਼ ਸਾਰੇ ਉਪੱਦ੍ਰਵ ਸ਼ਰਾਬ ਦੇ ਖੜੇ ਕੀਤੇ ਹੋਏ ਸਨ।

ਲਓ ਹੁਣ ਕਲਜੁਗ ਦਾ ਭਜਾਨਕ ਹਾਲ ਸੁਣੋ: ਕਿਸੇ ਕਿਸੇ ਧਰਮੱਗਰਾਜਾ* ਨੇ ਤਾਂ ਸ਼ਰਾਬ ਤੇ ਸ਼ਰਾਬੀ ਪੁਰ ਕਰੜੇ ਦੰਡ ਰੱਖਕੇ ਸ਼ਰਾਬ ਨੂੰ ਮਾਨੋ ਦੇਸ਼ ਨਿਕਾਲਾ ਦੇ ਛਡਿਆ, ਜੇ ਕੋਈ ਕਢਦਾ ਜਾਂ ਪੀਂਦਾ ਫੜਿਆ ਗਿਆ ਤਾਂ ਉਸ ਦੀ ਉਹ ਭੁਗਤ ਸੁਆਰੀ ਕਿ ਬਾਕੀ ਦਿਆਂ ਨੂੰ ਕੰਨ ਹੋ ਗਏ, ਕਿਉਂਕਿ ਉਹ ਜਾਣਦੇ ਸਨ:

ਸ੍ਰੀ ਮੁਖ ਵਾਕ
ਮਦ ਕਰ ਮੱਤ ਭਏ ਜੇ ਰਾਜਾ।
ਤਿਨ ਕੇ ਗਏ ਐਸ ਹੀ ਕਾਜਾ।

ਕਈਕੁ ਆਪ ਤਾਂ ਨਹੀਂ ਪੀਂਦੇ ਸਨ, ਪਰ ਪਰਜਾ ਨੂੰ ਰੋਕ ਨਹੀਂ ਸੀ। ਬਾਜੇ ਰਾਜੇ ਇਸ ਭੈਲ ਦੇ ਬੀਤੇ ਹਨ ਕਿ ਰਾਜ ਪ੍ਰਬੰਧ ਵੇਲੇ ਤਾਂ ਪੀਂਦੇ ਰਹੇ, ਪ੍ਰੰਤੂ ਜਦ ਰਾਜ ਤਿਆਗਕੇ ਬਨ ਵਿਚ ਜਾ ਬੈਠੇ ਤਾਂ ਸ਼ਰਾਬ ਨੂੰ ਬੀ ਤਿਲਾਂਜਲੀ

---

*ਜਿਹਾਕੁ ਪਟਲੇਸ਼ੁਰ ਮਹਾਰਾਜਾ ਕਰਮ ਸਿੰਘ, ਹੈਦਰਾਬਾਦ ਦੇ ਨਜ਼ਾਮ ਆਸਫੁੱਦੌਲਾ, ਜੰਮੂ ਦੇ ਮਹਾਰਾਜਾ ਗੁਲਾਬ ਸਿੰਘ ਤੇ ਇਸ ਵੇਲੇ ਦੇ ਸ੍ਰੀ ਨਾਭਾ ਪਤੀ ਜੀ (ਮਹਾਰਾਜ ਹੀਰਾ ਸਿੰਘ ਜੀ)।

☚[ਪਹਿਲੇ ਅੱਧ ਦੀ ਬਾਕੀ]

ਹੈ ਬੁੱਧਿ ਜਿਨ੍ਹਾਂ ਦੀ, ਐਸੇ ਜਾਦਵਾਂ ਨੇ ਮਹਾਂ ਪਾਨ ਮੈਰੇਯਕ (ਮਸਾਲੇ ਦਾ) ਸ਼ਰਾਬ ਪੀਤੀ ਜਿਸ ਨਾਲ ਮੱਤ ਭ੍ਰਿਸ਼ਟ ਹੋ ਜਾਂਦੀ ਹੈ। ਉਹ ਜਾਦਵ ਬੀਰ ਸ਼ਰਾਬ ਵਿਚ ਬਦਮਸਤ ਤੇ ਹੰਕਾਰ ਵਿਚ ਆਕੇ ਕ੍ਰਿਸ਼ਨ ਦੀ ਮਾਯਾ ਵਿਚ ਮੂੜ ਹੋ ਗਏ ਭਾਵੇਂ ਅਕਲ ਵਾਲੇ ਸਨ। ਉਨ੍ਹਾਂ ਦਾ ਮਹਾਂਜੁਧ ਸਮੁੰਦਰ ਦੇ ਕੰਢੇ ਹੋਇਆ ਤੇ ਪਰਸਪਰ ਕਟ ਮਰੇ ਆਦਿਕ।

*ततस्तस्मिन् महापानं पुपुमैरेयकंमधु.....ਆਦਿ।
ਅਰਥ–ਆਪਣੇ ਭਾਗਾਂ ਕਰਕੇ ਨਸ਼ਟ ਹੋਗਈ

[ਬਾਕੀ ਦੇਖੋ ਅਗਲੇ ਅੱਧ ਹੇਠ]☛

Digitized by Panjab Digital Library | www.panjabdigilib.org

ਦੈ ਗਏ। ਪਰ ਕਈ ਬਹਾਦੁਰ* ਤਾਂ ਜੰਗਲ ਵਿਚ ਬੀ ਭੱਠੀਆਂ ਚਾੜ੍ਹਦੇ ਰਹੇ।

ਲੋਕਾਂ ਦਾ ਇਹ ਹਾਲ ਸੀ ਕਿ ਪਹਿਲੇ ਸਮਿਆਂ ਵਿਚ ਗੌਂਡ ਭੀਲ ਆਦਿ ਨੀਚ ਜਾਤਾਂ ਦੇ ਲੋਕ ਹੀ ਬਹੁਤ ਪੀਂਦੇ ਸਨ, ਪਰ ਸ਼ੁਸ਼ਟ ਜਨ ਇਸ ਦੇ ਹੱਥੋਂ ਬਹੁਤਾ ਬਚੇ ਰਹਿੰਦੇ ਸਨ।

ਕੋਈ ੯੦੦ ਵਰਿਹਾਂ ਥੋਂ ਮੁਸਲਮਾਨ ਪਾਤਸ਼ਾਹਾਂ ਨੇ ਇਸ ਭਾਰਤ ਵਰਖ ਵਿਚ ਉਧੜ ਧੁੰਮੀ ਮਚਾਉਣੀ ਅਰੰਭ ਕੀਤੀ ਅਤੇ ਦੇਸ਼ ਦੀ ਖ਼ੂਬ ਹੀ ਮਿੱਟੀ ਖਰਾਬ ਕੀਤੀ । ਪੰਤੂ ਕੋਈ ਦੋ ਸੈ ਵਰ੍ਹੇ ਤੋਂ ਤਾਂ ਉਹ ਹਨੇਰ ਮਚਾਇਆ ਕਿ ਲੜਾਈਆਂ, ਭਾਜੜਾਂ ਤੇ ਲੁੱਟਾਂ ਨਾਲ ਪਰਜਾ ਦਾ ਨੱਕ ਵਿਚ ਦਮ ਆ ਗਿਆ। ਚੜ੍ਹੇ ਸੂਰਜ ਨਵੇਂ ਖ਼ੂਨ,ਨਵੇਂ ਬਖੇੜੇ,ਹਾਕਮ ਆਪਣੇ ਸੁੱਖਾਂ ਵਿਚ ਮਸਤ, ਗਿਲਜੇ ਪਠਾਣਾਂ ਦੀਆਂ ਲੁੱਟਾਂ ਸਾਹ ਨਾ ਲੈਣ ਦੇਣ । ਹਰ ਪਾਸਿਓਂ ਇਹ ਆਵਾਜ਼ ਆਉਂਦੀ ਸੀ—ਲਾਹੌਰ ਲੁਟਿਆ ਗਿਆ,ਦਿੱਲੀ ਢੁਕੀ ਗਈ,ਮੁਲਤਾਨ ਢਾਹਿਆ ਗਿਆ, ਪਸ਼ੌਰ ਕਤਲਾਮ ਹੋਈ। ਫਲਾਣੀ ਥਾਂ ਹਿੰਦੂਆਂ ਦੇ ਪੁਸਤਕਾਲਯ ਸਾੜੇ ਗਏ, ਮੰਦਰ ਬਾਲੇ ਗਏ।ਫੇਰ ਇਕ ਨਹੀਂ ਦੋ ਨਹੀਂ,ਅਣ-ਗਿਣਤ ਹਿੰਦੂ ਮੱਲੋ ਮੱਲੀ ਮੁਸਲਮਾਨ ਕੀਤੇ ਗਏ। ਹਜ਼ਾਰਾਂ ਹੀ ਕਾਬਲ ਦੀ ਮੰਡੀ ਵਿਚ ਦੋ ਦੋ ਰੁਪਏ ਵਿਕ ਗਏ। ਫੇਰ ਅਹਮਦ ਸ਼ਾਹ ਆ ਪਿਆ,ਦਰਬਾਰ ਸਾਹਿਬ ਦੀ ਬੇ ਪਤੀ ਹੋਈ ਫੇਰ ਸ਼ਾਹ ਜ਼ਮਾ ਪੰਜਾਬ ਉਤੇ ਹਥ ਸਾਫ ਕਰ ਰਿਹਾ ਸੀ। ਗਲ ਕਾਹਦੀ ਭਾਰਤ ਵਰਖੀ ਜਾਨ ਤੇ ਮਾਲ ਦੀ ਰਾਖੀ ਕਰਨੋ ਆਤੁਰ ਸਨ, ਜੰਗਲਾਂ ਵਿਚ ਖਾਤੇ ਖੱਟ ਖੱਟ ਕੇ ਦਿਨ ਕਟੀ ਕਰਦੇ। ਇਹੋ ਜਿਹੇ ਹਨੇਰ ਦੇ ਸਮੇਂ ਭਲਾ ਕਿਸੇ ਦਾ ਧਿਆਨ ਵਿਦਿਆ ਵਲ ਪੈ ਸਕਦਾ ਸੀ ?ਫੇਰ ਕੁਝ ਚਿਰ ਤੀਕ ਪੰਜਾਬ ਮੁਗ਼ਲਾਂ ਤੇ ਸਿੱਖਾਂ ਦਾ ਦੰਗਲ ਬਣਿਆ ਰਿਹਾ ਤੇ ਇਨ੍ਹਾਂ ਨੇ ਮੁਗਲ ਰਾਜ ਸਮਾਪਤ ਕੀਤਾ।

ਸੰ: ੧੭੯੯ ਈ: ਵਿਚ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਪੰਜਾਬ ਦੇ ਬਹਾਦੁਰ ਸ਼ੇਰ ਨੇ ਦੇਸ਼ ਸੰਭਾਲਿਆ, ਤਾਂ ਰਾਮ ਰੌਲਾ ਮੱਠਾ ਹੋਇਆ। ਕਲਹ ਦਾ ਬੱਦਲ ਪਾਟਾ, ਅਮਨ ਦਾ ਪ੍ਰਕਾਸ਼ ਹੋਇਆ। ਲੋਕ ਲਗੇ ਵਿਦਜਾ ਤੇ ਵਿਦਵਾਨਾਂਨੂੰ ਢੂੰਢਣ,ਪਰ ਗੁਣੀ ਪੂਰਖ ਲੱਭਣ ਕਿੱਥੋਂ ਅਤੇ ਸਰਕਾਰ ਨੂੰ ਦੇਸ ਪ੍ਰਬੰਧੀ ਕਾਰਜਾਂ ਵਲੋਂ ਵਿਹਲ ਨਹੀਂ ਸੀ, ਇਹੋ ਜਿਹੇ ਕਾਰਣਾਂ ਥੋਂ ਵਿਦਿਆ ਦਾ ਪ੍ਰਚਾਰ ਘੱਟ ਹੋਇਆ।

ਸੰ: ੧੯੪੯ ਈ:ਵਿਚ ਅੰਗ੍ਰੇਜ਼ੀ ਸਰਕਾਰ ਨੇ ਇਸ ਦੇਸ਼ ਨੂੰ ਹਿੰਦ ਦੇ ਨਾਲ ਰਲਾ ਲੀਤਾ। ਫੇਰ ਸਮੇਂ ਨੇ ਪਲਟਾ ਖਾਧਾ। ਅੰਗ੍ਰੇਜ਼ੀ ਸੂਰਜ ਚੜ੍ਹਿਆ। ਨਗਰ ਨਗਰ ਵਿਚ ਵਿਦਜਾ ਦਾ ਚਰਚਾ ਫੈਲਿਆ। ਕੋਈ ਭਾਜੜ ਨਹੀਂ, ਕੋਈ ਧਾਵਾ ਨਹੀਂ, ਲੁੱਟ ਨਹੀਂ, ਕਤਲਾਮ ਨਹੀਂ। ਕਿਸੇ ਧਰਮ ਵਿਚ ਸਰਕਾਰ ਦੇ ਦਖਲ ਦੇਣ ਨੂੰ ਜੰਦਰੇ,ਹਰ ਪਾਸੇ ਅਮਨ ਚੈਨ, ਵਿਦਜਾ ਦੀਆਂ ਨਹਿਰਾਂ ਉੱਨਤੀ ਦੇ ਨੌਨਿਹਾਲਾਂ ਨੂੰ ਸਿੰਚ ਰਹੀਆਂ ਹਨ।

ਪਰ ਸ਼ੋਕ ! ਉਸ ਹਨੇਰੇ ਕਾਲੇ ਅੰਧਾ ਧੁੰਧੀ ਦੇ ਸਮੇਂ ਸ਼ਰਾਬ ਅਜਿਹੀ ਵਧੀ ਕਿ ਇਸ ਪ੍ਰਕਾਸ਼ ਦੇ ਸਮੇਂ ਵਿਚ ਘਟਣੀ ਤਾਂ ਕਿਧਰੇ ਰਹੀ ਸਗੋਂ ਦੂਣ ਸਵਾਈ ਹੋਈ। ਅਗੇ ਤਾਂ ਲੋਕ ਗੁੜ ਸੱਕ ਪਾਕੇ ਜਾਂ ਮਹੂਆ ਅੰਗੂਰ ਤ੍ਰਕਾਕੇ ਅਥਵਾ ਤਾੜ ਖੱਜੀ ਦਾ ਰਸ ਚੁਆਕੇ ਪੀ ਪੀ ਟੱਕਰਾਂ ਮਾਰ ਪਿਆਰੇ ਪ੍ਰਾਣਾਂਨੂੰ ਹਜ਼ਾਰ ਕਲੇਸ਼ਾਂ ਦ੍ਵਾਰਾ ਸ਼ਰਾਬ ਅਰਪਣ ਕਰਦੇ ਸਨ, ਪਰ ਹੁਣ ਤਾਂ ਵਲੈਤੀ ਸ਼ਰਾਬ ਸੈਂਕੜੇ ਭਾਤਾਂ ਦੀ ਇਕ ਥੋਂ ਇਕ ਚੜ੍ਹਦੀ ਰੰਗਾ ਰੰਗੀ ਬੋਤਲਾਂ ਤੇ ਵੰਨੋਂ

*ਭਰਥਰੀ ਆਦਿ।

Digitized by Panjab Digital Library | www.panjabdigilib.org

ਵੈਨੀ ਦਿਆਂ ਪੀਪਿਆਂ ਵਿਚ ਘਮਾ ਘਮ ਆ ਰਹੀ ਹੈ।ਚਮਕਾਰਾ ਇਸ ਦਾ ਐਸਾ ਚਮਕਿਆ ਹੈ,ਕਿ ਨੀਚ ਜਾਤਾਂ ਕਿਧਰੇ ਰਹੀਆਂ,ਉਚੀਆਂ ਜਾਤਾਂ ਨੇ ਉਹ ਉਦਮ ਕੀਤਾ ਹੈ ਕਿ ਇਸ ਰੋਗ ਰੂਪ ਸ਼ਰਾਬ ਖਾਨਾ ਖਰਾਬ ਨੂੰ ਵਡੇ ਆਦਰ ਨਾਲ ਮੂੰਹ ਲਾਇਆ।ਕਹਾਉਤਹੈ'ਮੂੰਹਲਾਇਆ ਤੇ ਗੁਆਇਆ' । ਮੂੰਹ ਲਾਈ ਇਹ ਦੁਸ਼ਟਣੀ ਅਜਿਹੀ ਸਿਰ ਚੜ੍ਹੀ ਕਿ ਹੁਣ ਰਈਸ ਅਤੇ ਅਮੀਰ ਦੀ ਅਮੀਰੀ ਸ਼ਰਾਬ, ਮਜਲਸਾਂ ਦੀ ਵਡਿਆਈ ਸ਼ਰਾਬ, ਪ੍ਰਾਹੁਣਿਆਂ ਦੀ ਆਗਤ ਭਾਗਤ ਸ਼ਰਾਬ, ਮੇਲਿਆਂ ਦੀ ਮੌਜ ਸ਼ਰਾਬ। ਵਿਆਹ ਸ਼ਾਦੀ ਸ਼ਰਾਬ ਬਿਨਾਂ ਬੁੱਟੇ, ਥਕੇਵੇਂ ਦੀ ਮੁਮਿਆਈ ਸ਼ਰਾਬ, ਇਸ਼ਕ ਦਾ ਪਲੀਤਾ ਸ਼ਰਾਬ,ਉਦਾਰਤਾ ਦਾ ਸਰੂਪ ਸ਼ਰਾਬ,ਗੰਡਿਆਂ ਦਾ ਗੰਡ ਪੁਣਾ ਸ਼ਰਾਬ,ਸੱਜਰੇ ਪਿਉ ਮੋਏ ਦੀ ਨਿਸ਼ਾਨੀ ਸ਼ਰਾਬ, ਗੁਪਤ ਪੀਣ ਵਾਲਿਆਂ ਦੀ ਬੁਧਿਮਤਾ ਸ਼ਰਾਬ, ਇਥੋਂ ਤੀਕ ਕਿ ਗੁੜ੍ਹਤੀ ਤੇ ਜੰਮਣ ਘੁੱਟੀ ਸ਼ਰਾਬ, ਗੁੱਲ ਕੀ ਦੀਨ ਸ਼ਰਾਬ, ਦੁਨੀਆਂ ਸ਼ਰਾਬ, ਸਤਬਾਂਤ ਗਤ ਸ਼ਰਾਬ ਹੀ ਸ਼ਰਾਬ ਹੋ ਰਹੀ ਹੈ । ਨੀਚ ਉਚ ਦਾ ਵਿਚਾਰ ਕੋਹਾਂ ਦੂਰ, ਜਿੰਨਾਂ ਵੱਡਾ ਖਟਿਆਊ ਤੇ ਉਸ਼ਨਾਕ, ਉਨਾਂ ਹੀ ਵੱਡਾ ਪਿਆਕ !

ਜਿਨ੍ਹਾਂ ਜਾਤਾਂ ਘਰਾਣਿਆਂ ਵਿਚ ਰੋਕ ਚਲੀ ਆਉਂਦੀ ਸੀ, ਓਹ ਲੋਕ ਬੀ ਚੋਰੀ ਛੁੱਪੀ ਗਟਾ ਗਟ ਪੀ ਰਹੇ ਹਨ, ਰੰਗ ਰਲੀਆਂ ਮਨਾ ਰਹੇ ਹਨ । ਓਹ ਕਰਮੀ ਧਰਮੀ ਤੇ ਨੇਮੀ ਹਿੰਦੂ ਜਿਨ੍ਹਾਂ ਪੁਰ ਕਿਤੇ ਮਾਸ਼ਕੀ ਦੀ ਛਿੱਟ ਪੈ ਜਾਏ ਜਾਂ ਕਿਤੇ ਹੱਡੀ ਪੁਰ ਅੱਡੀ ਆ ਜਾਏ, ਜਾਂ ਐਵੇਂ ਕਿਸੇ ਨਾਲ ਪੱਲਾ ਛੂਹ ਜਾਏ ਤਾਂ ਕਪੜਿਆਂ ਸਮੇਤ ਨ੍ਹਾਉਂਦੇ, ਗੰਗਾ ਜਲ ਪੀਂਦੇ ਤੇ ਜਨੇਊ ਵਟਾਉਂਦੇ,ਦੂਰ ਦੂਰ ਤੇ ਛੀ ਛੀ ਕਰਦੇ ਹਨ;ਪਰ ਇਹ ਸ਼ਰਾਬ, ਗੁੜ ਸ਼ੱਕਰ ਦੇ ਕ ਰਖਾਨਿਆਂ ਦਾ ਧੋਣ, ਮੋਰੀਆਂ ਦੇ ਰਸਤੇ ਅਸ਼ੁਧ ਜਾਤਾਂ ਦੇ ਹੱਥਾਂ ਨਾਲ ਪੈਰਿਆ ਹੋਇਆ, ਸ਼ਰਾਬ ਦੇ ਕਾਰਖਾਨੇ ਦੇ ਮੱਟਾਂ ਵਿਚ ਜਾ ਪੈਂਦਾ ਹੈ ਅਤੇ ਕਈ ਦਿਨ ਲਿੱਦ ਆਦਿਕ ਕੁਤਸੁਤ ਪਦਾਰਥਾਂ ਵਿਚ ਤੁੱਕਦਾ ਹੈ, ਜਿਨ੍ਹਾਂ ਜਾਤਾਂ ਦੀ ਬਹੁਤ ਛੋਹ ਮੰਨੀ ਜਾਂਦੀ ਹੈ।ਉਨ੍ਹਾਂ ਦੇ ਹੱਥ ਤਿਆਰ ਕਰਦੇ ਹਨ ਤੇ ਉਨ੍ਹਾਂ ਦੇ ਚੱਖਣ ਦੀ ਜੂਠ ਵਿੱਚੇ ਰਲੀ ਹੁੰਦੀ ਹੈ । ਇਹ ਸ਼ਰਾਬ ਹੈ, ਜੋ ਪਰਦੇ ਨਾਲ ਘਮਾ ਘਮ ਪੀ ਰਹੇ ਹਨ। ਅਸੀਂ ਨਹੀਂ ਸਮਝ ਸਕਦੇ ਕਿ ਇਹ ਗੰਦਾ ਪਦਾਰਥ ਕਿੱਕੁਰ ਲੁਕ ਕੇ ਪੀਣ ਵਿਚ ਪਵਿਤ੍ਰ ਤੇ ਛੋਹ ਥੋਂ ਰਹਤ ਹੋਗਿਆ?ਜੇ ਕਿਤੇ ਦੋਸ਼ ਦੱਸੋ ਤਾਂ ਝਟ ਉੱਤਰ ਦਿੰਦੇ ਹਨ ''ਗੁਪਤੋ ਮੁਕਤਾ ਪ੍ਰਗਟੋਭ੍ਰਿਸ਼ਟਾ''।ਕੋਈ ਖਟ ਕਰਮੀ ਗੁਪਤ ਪੀਕੇ ਪ੍ਰਾਸਚਿਤ ਕਰਦਾ ਡਿੱਠਾ ਜਾਂ ਸੁਣਿਆ ਜੇ?ਜਾਂ ਕਿਸੇ ਪ੍ਰਗਟ ਪੀਣ ਵਾਲੇ ਨੂੰ ਕਿਸੇ ਬ੍ਰਾਦਰੀ ਨੇ ਕਦੇ ਦੰਡ ਦਿਤਾ ਜਾਂ ਛੇਕਿਆ? ਜੇ ਨਹੀਂ,ਤਾਂ ਡਰ ਕਾਹਦਾ ? ਮਨ ਦੀ ਮੌਜ ਹੈ, ਜਹਾਨ ਦੀ ਅੱਖੀਂ ਘੱਟਾ ਪਾਕੇ ਕਰ ਲਈ ।

ਅੱਜ ਕਲ ਮਾਝੇ ਮਾਲਵੇ ਵਿਚ ਤਾਂ ਸ਼ਰਾਬ ਜੰਮਣ ਘੁੱਟੀ ਹੋ ਰਹੀ ਹੈ।ਸਿਖ ਸਰਦਾਰਾਂ ਅਮੀਰਾਂ ਵਿਚ ਵਡੇ ਵਡੇ ਪਜਾਕ ਹੋ ਗਏ ਹਨ। ਭਾਵੇਂ ਹਿੰਦੂ ਮੁਸਲਮਾਨ ਗੁਪਤ ਪ੍ਰਗਟ ਦਬਾ ਦਬ ਪੀ ਰਹੇ ਹਨ, ਪਰੰਤੂ ਸਿੱਖ ਲੋਕ ਸਭ ਥੋਂ ਵਧਕੇ ਨਾਮਵਰ ਹੋ ਗਏ ਹਨ । ਵਾਸਤਵ ਵਿਚ ਬੀ ਏਹ ਲੋਕ ਇਸ ਅੱਗ ਦੇ ਭਾਰੇ ਸ਼ੁਕੀਨ ਹਨ।

ਹੋਰ ਹਨੇਰੇ ਤਾਂ ਇਸ ਅੰਗ੍ਰੇਜ਼ੀ ਸਮੇਂ ਦੇ ਸੂਰਜ ਦੇ ਚੜ੍ਹਿਆਂ ਮਿਟ ਗਏ. ਪਰ ਇਹ ਅਜਾਈਂ ਮੌਤ ਦਾ ਮੂਲ ਕਾਰਣ ਸ਼ਰਾਬ ਨਿਰਭੈ ਹੋਕੇ ਵਧੀ। ਭਾਵੇਂ ਸਰਕਾਰ ਨੇ ਜੁਗਤ ਨਾਲ ਬਾਨ੍ਹੂੰ ਬੰਨ੍ਹੇ ਹਨ, ਠੇਕੇ ਆਬਕਾਰੀ ਦੇ ਦਿਨੋ ਦਿਨ

Digitized by Panjab Digital Library | www.panjabdigilib.org

ਮਹਿੰਗੇਹੁੰਦੇਜਾਂਦੇਹਨ;ਮਸੂਲ ਇੰਨਾ ਕੁ ਵਧਿਆ ਕਿ ਜਿਹੜੀ ਸ਼ਰਾਬ ਅੱਗੇ ਦੋ ਆਨੇ ਬੋਤਲ ਮਿਲਦੀ ਸੀ, ਉਹ ਸਵਾ ਛੁਢ ਨੂੰ ਵਿਕ ਰਹੀ ਹੈ। ਪਰ ਅਸ਼ਕੇ ਸਾਡੇ ਦੇਸੀਆਂ ਦੀ ਸਮਝ ਦੇ ! ਗਵਰਨਮਿੰਟ ਦੇ ਆਸ਼ਯ ਨੂੰ ਬਿਲਕੁਲ ਉਲਟ ਜਾਤਾ। ਮਹਿੰਗੀ ਤੇ ਔਗੁਣ ਭਰੀ ਹੋਣ ਕਰਕੇ ਉਸ ਦਾ ਤਿਆਗ ਨਾ ਕੀਤਾ, ਸਗੋਂ ਮਹਿੰਗੀ ਚੀਜ਼ ਨੂੰ ਉੱਤਮ ਤੇ ਵਧੀਆ ਸਮਝਿਆ।ਗ਼ੀਬ ਲੋਕ ਤਾਂ ਗਹਿਣਾ ਕਪੜਾ ਭਾਂਡਾ ਜੋ ਕੁਝ ਪਾਸ ਹੋਇਆ ਗਹਿਣੇ ਪਾਕੇ ਲੱਗੇ ਕਲੇਜਾ ਲੂਹਣ, ਤੇ ਸ਼ਾਹੂਕਾਰ ਲੋਕ ਮਹਿੰਗ ਨੂੰ ਵਡਿਆਈ ਜਾਣਕੇ ਲੱਗੇ ਧਨ ਫੂਕਣ। ਇਕ ਇਕ ਰਾਤ ਦੇ ਸ਼ਰਾਬੀ ਜਸ਼ਨ ਵਿਚ ਸੈਂਕੜੇ ਰੁਪੈ ਸ਼ਰਾਬ ਸਿਰ ਪੀੜ,ਕੈ ਤੇ ਬੇਸੁਧੀ ਦੀ ਖਾਤਰ ਖਰਚ ਉਠਣ ਲਗੇ।

ਇਸ ਵੇਲੇ ਕੋਈ ਹੀ ਦੇਸ਼,ਮੁਲਖ ਯਾ ਰਾਜ ਖਾਲੀ ਹੋਊ, ਜਿੱਥੇ ਸ਼ਰਾਬ ਕੌਰ ਦੇ ਘੁੰਗਰੂ ਨਾ ਛਣਕਦੇ ਹੋਣ। ਕੋਈ ਕੌਮ ਅਜਿਹੀ ਨਾ ਹੋਵੇਗੀ ਜਿਸ ਵਿਚ ਗੁਪਤ ਜਾਂ ਪ੍ਰਗਟ ਸ਼ਰਾਬ ਕੌਰ ਦੇ ਡੇਰੇ ਨਾ ਲਗੇ ਹੋਣ। ਇਸੇ ਪ੍ਰਬਲ ਪ੍ਰਵਿਰਤੀ ਨੇ ਇਸ ਦੀ ਵਿਗ ਬਿਜਯਤਾ ਸਿੱਧ ਕੀਤੀ ਹੈ। ਬੱਸ ਕੋਈ ਆਕੀ ਨਹੀਂ।ਇਹ ਸਮਝੋ ਕਿ ਸਭ ਸ਼ਰਾਬ ਖਾਨਮ ਬਹਾਦਰ ਦੀ ਈਨ ਮੰਨ ਗਏ ਹਨ। ਭਾਵੇਂ ਕਈ ਮਤ ਇਸਦੇ ਵਿਰੋਧੀ ਹਨ, ਪਰ ਇਸਦਾ ਤੇਜ ਤੇ ਲਾਲੀ ਉਹ ਮਨਮੋਹਨ ਝਲਕ ਦਿਖਾਉਂਦੇ ਹਨ ਕਿ ਨਿਜ ਮਤਾਂ ਥੋਂ ਬੇਪਰਵਾਹ ਹੋਕੇ ਇਸ ਦੀ ਈਨ ਵਿਚ ਆਉਂਦੇ ਜਾਂਦੇ ਹਨ, ਇਸ ਕਰਕੇ ਵਿਰੋਧੀਆਂ ਦਾ ਪਾਣੀ ਨਹੀਂ ਚੜ੍ਹਦਾ। ਇਸ ਵੇਲੇ ਸ਼ਰਾਬ ਦੀ ਪ੍ਰਬਲ ਪ੍ਰਵਿਰਤੀ ਤੇ ਸ਼ਰਾਬ ਬਿਜਯ ਦੀ ਜਵਾਨੀ ਦਾ ਸੂਰਜ ਠੀਕ ਦੁਪਹਿਰ ਪੁਰ ਹੈ। ਪੰਤੂ ਦੇਸ਼ ਹਿਤੈਸ਼ੀ ਸੱਜਨਾਂ ਦੇ ਜਤਨਾਂ ਨਾਲ ਜੋ ਨਸ਼ਾ ਨਾਸ਼ਕ ਮੰਡਲੀਆਂ ਬਣ ਰਹੀਆਂ ਹਨ ਅਤੇ ਵਿਦਵਾਨਾਂ ਦੀਆਂ ਮਿਹਨਤਾਂ ਨਾਲ ਜਿਨ੍ਹਾਂ ਨੇ ਇਸ ਦੀਆਂ ਜੜ੍ਹਾਂ ਪੁੱਟਣ ਦਾ ਪ੍ਰਣ ਧਾਰ ਲੀਤਾ ਹੈ; ਜਿਹਾਕੁ ਮਿਸਟਰ ਈਵੈਂਨਸ ਸਾਹਿਬ ਤੇ ਸ੍ਰੀ ਯੁਤ ਕੇਨ ਸਾਹਿਬ ਐਮ. ਪੀ. ਸ਼ਰਾਬ ਤੇ ਸਾਰੇ ਨਸ਼ਿਆਂ ਥੋਂ ਦੇਸ਼ ਨੂੰ ਬਚਾਉਣ ਦਾ ਪਰਮ ਜਤਨ ਕਰ ਰਹੇ ਹਨ ਇਹ ਪ੍ਰਤੀਤ ਹੁੰਦਾ ਹੈ ਕਿ:—

ਦੋਹਰਾ—

ਜੋ ਪਹੁੰਚੇ ਨਿਜ ਹੱਦ ਕੋ ਤਾਂਹਿ ਗਿਝਾਵਤ ਮੀਚ।
ਨਲ ਬਲ ਜਲ ਊਚੇ ਚੜੈ ਅੰਤ ਨੀਚ ਕੋ ਨੀਚ।

ਅਰਥਾਤ ਜੋ ਆਪਣੀ ਹੱਦ ਨੂੰ ਪਹੁੰਚ ਜਾਂਦਾ ਹੈ ਉਸਨੂੰ ਮੌਤ ਪਟਕ ਦਿੰਦੀ ਹੈ,ਜਿਕੁਰ ਫੁਹਾਰੇ ਦਾ ਪਾਣੀ ਉਪਰ ਚੜ੍ਹ ਜਾਂਦਾ ਹੈ, ਫੇਰ ਨੀਚ ਨਿਵਾਣ ਨੂੰ ਹੀ ਭਿਗਦਾ ਹੈ।

—o—

ਪਹਿਲਾ ਦੌਰ

ਪ੍ਰਸ਼ਨਾਵਲੀ

ਇਕ ਦਿਨ ਇਕ ਸੁੰਦਰ ਮਕਾਨ ਵਿਚ ਬਹੁਤ ਸਾਰੇ ਸ਼ਰਾਬੀ ਜੋ ਮਿਲਕੇ ਬੈਠੇ, ਲੱਗੇ ਸ਼ਰਾਬ ਦੀਆਂ ਵਡਿਆਈਆਂ ਕਰਨ। ਦੈਵ ਨੇਤ ਨਾਲ ਉਨ੍ਹਾਂ ਪਿਅੱਕੜਾਂ ਵਿਚ ਇਕ ਇਸ ਪਾਣੀ ਦੀ ਅੱਗ ਦਾ ਡਰਾਕੁਲ ਬੀ ਬੈਠਾ ਸੀ, ਸੁਣਕੇ ਰਹਿ ਨ ਸਕਿਆ,ਝਟ ਬੋਲ ਉਠਿਆ—'ਕੀ ਤੁਸੀਂ ਇਸ ਕਲੇਜੇ ਸਾੜਨੀ ਉਤੇ ਮਰ ਰਹੇ ਹੋ ਅਰ ਤਨ, ਧਨ,ਧਰਮ,ਬੁਧਿ, ਵਿੱਦਯਾ ਤੇ ਲੋਕ ਪ੍ਰਲੋਕ ਦਾ ਨਾਸ਼ ਕਰ ਰਹੇ ਹੋ। ਆਓ ਪਰਮੇਸ਼ਰ ਦੇ ਵਾਸਤੇ, ਇਸ ਚੁੜੈਲ ਦਾ ਸੰਗ ਛਡੋ।'ਇਹ ਪਾਣੀ ਵਰਗਾ ਸੀਤਲ,ਸ਼ਾਂਤ ਦੇਣ ਵਾਲਾ ਬਚਨ ਸ਼ਰਾਬੀਆਂ ਦੇ ਤੱਤੇ ਤੇਲ ਵਰਗੇ ਹਿਰਦੇ ਤੇ ਪੈਂਦਿਆਂ ਹੀ ਭੜਕ ਉੱਠਿਆ।

Digitized by Panjab Digital Library | www.panjabdigilib.org

ਉਨ੍ਹਾਂ ਵਿਚੋਂ ਇਕ ਜਣਾ ਗੁੱਸੇ ਦੀ ਅੱਗ ਵਿਚਸੜਦਾ ਹੋਇਆ ਬੋਲਿਆ—'ਇਹ ਸ਼ਰਾਬ ਧਨੰਤਰ ਵੈਦ ਦੀ ਖਾਸ ਦਵਾ, ਸਰਬ ਰੋਗਾਂ ਦੀ ਜੜ੍ਹਾਂ ਪੁੱਟਣ ਵਾਲੀ ਹੈ। ਜੇਕਰ ਮੁਰਦੇ ਨੂੰ ਵੀ ਪਿਲਾਓ ਤਾਂ ਦੋ ਘੜੀਆਂ ਵਾਸਤੇ ਜ਼ਰੂਰ ਹੀ ਉਠ ਬੈਠੇ। ਜਾਦੂ ਹੈ ਜਾਦੂ!'

ਦੂਜਾ ਸਾਰਗ੍ਰਾਹੀ ਬੋਲ ਉਠਿਆ—'ਜੇਕਰ ਸੰਸਾਰ ਵਿਚਕੋਈ ਪਦਾਰਥ ਸਾਰ ਹੈ ਤਾਂ ਸ਼ਰਾਬ ਹੈ, ਰਤਾ ਪੀਕੇ ਵੇਖੋ ਤਾਂ ਪਤਾ ਲਗੇ! ਐਵੇਂ ਗੱਪਾਂ ਦਾ ਕੀ ਸ੍ਵਾਦ?'

ਤੀਸਰੇ ਮਦਰਾਭ੍ਰਿਤ ਜੀ ਬੋਲੇ—'ਮਹਾਰਾਜ ਜੀ! ਜੇ ਕਦੀ ਮਹਾਰਾਣੀ ਸ਼ਰਾਬ ਕੌਰ ਦੇ ਦਰਬਾਰ ਦਾ ਦਰਸ਼ਨ ਕਰੋ ਤਾਂ ਹਰਿ-ਆਨ ਹੋ ਜਾਓ। ਦੁਨੀਆਂ ਵਿਚ ਹਰੇਕ ਰਾਜੇ ਦੇ ਸਾਰੇ ਮੁਸਾਹਬ ਤੇ ਅਹਿਲਕਾਰ ਪੈਸਿਆਂ ਦੇ ਨੌਕਰ ਹੁੰਦੇ ਹਨ, ਰਾਜਾ ਦਾ ਦਿਲੀ ਖੈਰਖ੍ਵਾਹ ਕੋਈ ਨਹੀਂ ਹੁੰਦਾ; ਪਰੰਤੂ ਮਹਾਰਾਣੀ ਸ਼ਰਾਬਕੌਰ ਦੇ ਦਰਬਾਰੀਆਂ ਵਿਚੋਂ ਇਕ ਥੋਂ ਇਕ ਚੜ੍ਹਦਾ ਅਹਿਲਕਾਰ ਜਿੱਥੇ ਮਹਾਰਾਣੀ ਦਾ ਪਾਣੀ ਭੁੱਲੇ ਲਹੂ ਡੋਹਲਣ ਨੂੰ ਤਿਆਰ ਹੁੰਦਾ ਹੈ। ਇਡੀ ਕਿਸਮਤ ਤੁਹਾਡੀ ਕਿੱਥੇਕਿ ਸਜੇ ਹੋਏ ਦਰਬਾਰ ਦਾ ਦਰਸ਼ਨ ਕਰ ਸਕੋ, ਪਰ ਤੁਹਾਨੂੰ ਸਮਝਾਉਣ ਲਈ ਇਕ ਨਕਸ਼ਾ ਖਿੱਚ ਦਿਖਾਉਂਦੇ ਹਾਂ—ਰਾਜ ਸਿੰਘਾਸਣ ਪੁਰ ਸ੍ਰੀ ਮਹਾਂਰਾਣੀ ਸ਼ਰਾਬ ਕੌਰ ਚਕ੍ਰ ਵਰਤੀ—ਜਿਸਦੇ ਡੰਕੇ ਦੀ ਚੋਟ ਸਾਰੇ ਜੱਗ ਵਿਚ ਹੈ, ਜਿਸਦੇ ਰਾਜ ਵਿਚ ਕਦੀ ਸੂਰਜ ਨਹੀਂ ਡੁਬਦਾ—ਬਿਰਾਜਮਾਨ ਹੈ, ਪਾਸ ਤਮਾਕੂ ਜੀ ਵਜ਼ੀਰ ਖਾਸ, ਰੂਮੀ ਟੋਪੀ ਪਹਨੇ, ਹਥ ਬੰਨ੍ਹੀ ਖੜੇ ਹਨ। ਦੂਜੇ ਪਾਸੇ ਅਫੀਮ ਦੇਵੀ ਅੰਤ੍ਰੰਗ ਸਖੀ, ਪਰਾਈਵੇਟ ਸੈਕ੍ਰੇਟਰੀ, ਚੀਨੀ ਲਿਬਾਸ ਪਹਿਨੇ ਆਪਣੇ ਹੰਕਾਰ ਵਿਚ ਮਸਤ, ਪਰ ਮਹਾਰਾਣੀ ਦੇ ਹੁਕਮਾਂ ਨੂੰ ਗੋਲੀ ਵਾਂਙੂ ਉਡੀਕਦੀ ਬੈਠੀ ਹੈ। ਰਤਾਕੁ ਅੱਗੇ ਭੰਗ ਦੇਵੀ ਰਾਣੀ ਜੀ ਦੀ ਰਸੋਇਣ ਤਿਆਰ ਹੈ। ਇਹ ਗੋਲੀ ਹਰ ਵੇਲੇ ਭੋਜਨ ਤਿਆਰ ਕਰਨ ਵਿਚ ਰਗੜੀਂਦੀ ਰਹਿੰਦੀ ਹੈ, ਪਰ ਕੀ ਮਜਾਲ ਜੋ ਸੇਵਾ ਦੇ ਦੌਰ ਵਿਚ ਫਰਕ ਆਉਣ ਦੇਵੇ। ਚਰਸ ਖਾਸ ਟਹਿਲਣ ਹੈ, ਜੋ ਹਰ ਪ੍ਰਕਾਰ ਦੀ ਸੇਵਾ ਨਿਬਾਹੁੰਦੀ ਹੈ ਤੇ ਜੁਨਾਬ ਚੰਡੂ ਖਾਂ ਖਾਨ ਬਹਾਦਰ ਕਾਰਦਾਰੀ ਪੁਰ ਰਹਿੰਦੇ ਹਨ। ਪੋਸਤ ਜੀ ਜ਼ਮਾਦਾਰ ਹਜ਼ੂਰੀ ਸਿਰੋਪਾ ਪਹਿਨੇ ਕਿਸ ਆਨ ਬਾਨ ਨਾਲ ਦੁਹੇ ਪੁਰ ਸਾਵੀ ਚੋਬ ਲਈ ਖੜੇ ਹਨ ਤੇ ਮੱਦਕ ਝਾੜੂ ਲਈ ਵਰਾਂਡਾ ਸਾਫ ਕਰ ਰਿਹਾ ਹੈ।

'ਜਿਸ ਮਨੁੱਖ ਨੇ ਇਸ ਮਹਾਰਾਣੀ ਦੇ ਦਰਬਾਰ ਦੀ ਸੈਰ ਨਹੀਂ ਕੀਤੀ, ਕਬਾਬ ਵਰਗੇ ਉੱਤਮ ਭੋਜਨ ਤੇ ਰਮਣੀਯ ਇਸਤ੍ਰੀ ਨਾਲ ਬਰਸਾਤ ਵਿਚ ਇਸ ਦਰਬਾਰ ਦੀ ਬਹਾਰ ਨਹੀਂ ਲਈ, ਨਿਸ਼ਚੇ ਜਾਣੋ ਕਿ ਮਨੁੱਖ ਜਨਮ ਹੀ ਔਗਤ ਕਰ ਗਿਆ।'

ਚੌਥੇ ਮਹਾਤਮਾ ਮਦ ਕਰਮੀ ਕੋਲੋਂ ਭੀ ਨਾ ਰਿਹਾ ਗਿਆ, ਝਟ ਬੋਲੇ—'ਕਿਉਂ ਬਈ ਇਸ ਵਿਚ ਕੋਈ ਪਾਪ ਹੈ? ਹਿੰਸਾ ਇਸ ਵਿਚ ਨਹੀਂ, ਛੋਹ ਇਸ ਵਿਚ ਨਹੀਂ, ਵਡੇ ਵਡੇ ਰਿਖੀ, ਮੁਨੀ, ਤਪੱਸ੍ਵੀ, ਰਾਜਾ, ਅਵਤਾਰ, ਸ਼ੰਕਰ, ਭੈਰਵ, ਦੁਰਗਾ ਆਦਿ ਸਭ ਪੀਂਦੇ ਆਏ ਹਨ। ਦੱਸੋ ਇਸ ਵਿਚ ਪਾਪ ਕੀਹ ਹੈ? ਕੀ ਗੁੜ ਵਿਚ ਦੋਸ਼ ਹੈ, ਜੋ ਸਾਰਾ ਜਹਾਨ ਵਰਤ ਰਿਹਾ ਹੈ? ਕਿੱਕਰ ਦੀਆਂ ਦਾਤਣਾਂ ਆਪ ਰੋਜ਼ ਕਰਦੇ ਹੋ, ਉਸ ਵਿਚ ਕੀ ਔਗੁਣ ਹੈ? ਜਿਸ ਬਿਨਾਂ ਮੂੰਹ ਪਵਿੱਤਰ ਹੀ ਨਹੀਂ ਹੁੰਦਾ ਜੇਕਰ ਮਹੂਆ ਜਾਂ ਸੇਂਧੀ* ਨੂੰ ਬੁਰਾ ਕਹੋ ਤਾਂ ਸਾਰੇ ਜੱਗ ਨੂੰ ਕਹੋ ਜੋ ਮਹੂਆ ਫਲ

*ਖਜੂਰ ਦਾ ਰਸ। [ਸੰਪਾਦਿਕ।

Digitized by Panjab Digital Library | www.panjabdigilib.org

ਤੇ ਖਜੂਰਾਂ ਖਾਂਦੇ ਹਨ। ਤਾੜੀ ਨੂੰ ਦੋਸ਼ ਦਿਓ, ਤਾਂ ਘਰ ਘਰ ਉਸਦੇ ਪੱਤੇ ਵਰਤੀਂਦੇ ਹਨ। ਭਾਈ ਸਾਹਿਬ ਕਾਗਤ ਤਾਂ ਅੱਜ ਬਣ ਗਏ, ਪਿਛਲੇ ਸਮੇਂ ਵੇਦ ਸ਼ਾਸਤ੍ਰ ਸਭ ਤਾੜੀ ਦੇ ਪੱਤਿਆਂ ਪਰ ਹੀ ਲਿਖੇ ਜਾਂਦੇ ਸਨ। ਜੇ ਅੰਗੂਰ ਵਿਚ ਐਬ ਕੱਢੋ ਤਾਂ ਦਾਖ ਸੌਗੀ ਮੁਨੱਕਾ ਸਦਾ ਵਰਤੀਂਦੇ ਹਨ, ਜੇ ਖਮੀਰ ਉੱਠਣ ਪੁਰ ਸ਼ੰਕਾ ਕਰੋ ਤਾਂ ਸਿਰਕੇ ਨੂੰ ਕਿਉਂ ਸ਼ੁੱਧ ਮੰਨਦੇ ਹੋ? ਜੇ ਨਾਲ ਰਸਤੇ ਚੁਆਉਂਣਾ ਬੁਰਾ ਹੈ, ਤਾਂ ਸੌਂਫ ਆਦਿਕ ਅਰਕ ਕਿਉਂ ਪੀਂਦੇ ਹੋ? ਅਜਿਹੀ ਨਿਰਦੋਸ਼ ਵਸਤੂ ਦਾ ਨਾਉਂ ਕਦੀ ਕਲੇਜੇ ਸਾੜਨੀ ਤੇ ਡੈਣ ਚੁੜੈਲ ਨਹੀਂ ਰੱਖਣਾ ਚਾਹੀਏ, ਪਰ ਸੱਚ ਹੈ. ਆਪ ਇਸ ਅਨੰਦ ਤੋਂ ਖਾਲੀ ਹੋ, ਇਕ ਵੇਰੀ ਪੀਓ, ਫੇਰ ਇਕੁਰ ਕਹੋ ਤਾਂ ਜਾਣੀਏ।'

ਪੰਜਵੇਂ ਸ਼ਰਾਬੀ ਆਪਣੇ ਭਰਾਵਾਂ ਦੀਗੱਲ ਹੋਰ ਪੱਕਿਆਂ ਕਰਨ ਲਈ ਉਚਰੇ, 'ਆ ਹਾ! ਸ਼ਰਾਬ "ਅਰਥਾਤ ਦੇਵਤਿਆਂ ਦਾ ਪਾਣੀ"* ਕਿਹਾ ਭਾਗੇ ਭਰਿਆ ਨਾਉਂ ਹੈ। ਗ੍ਵਾਲ ਕਵਿ ਨੇ ਇਸਦੀ ਕਿੱਡੀ ਉਪਮਾ ਕੀਤੀ ਹੈ।

ਕਵਿੱਤ ॥

ਜਾਹਰ ਜਹਾਨ ਬੀਚ, ਪਜਾਰੀ ਸੁਰਾ ਅੰਬਾ ਕੀਨ,
ਪੀਏ ਜਾਂ ਮਹਿਖਾਸੁਰ ਕੋ ਮਰਦਿਓ ਸ਼ਿਤਾਬ ਹੈ।
ਚੰਡੁ ਮੁੰਡ ਮੁੰਡਨ ਚਵਾਇ ਡਾਰੇ ਚੂਰ ਕਰ,
ਤੁੰਡਨ ਕੇ ਝੁੰਡ ਦੀਏ ਕੁੰਡਨ ਮੈਂ ਦਾਬ ਹੈ।
ਗ੍ਵਾਲ ਕਵਿ ਕਾਰਨ ਅਨੰਦਤਾ ਕੀ ਸਿੱਧ ਹੋਤ,
ਅੰਮ੍ਰਿਤ ਸਾਥ ਕਾਢੀ ਤਾਂਤੇ ਰਤਨ ਇਲਕਾਬ ਹੈ।
ਸ਼ਿਵ ਤੇ ਸ਼ਕਾਰ ਲੈਕੇ ਰਾਮ ਤੇ ਰਕਾਰ ਲੈਕੇ,
ਬਿਸ਼ਨ ਤੇ ਬਕਾਰ ਲੈਕੇ ਬਿਰਚੀ ਸ਼ਰਾਬ ਹੈ*।੧।

ਇਹ ਸ਼ਰਾਬ ਵਡੀ ਅੰਗਪਾਲ ਹੈ। ਜਿਸਨੇ ਇਕ ਵਾਰੀ ਮੂੰਹ ਲਾਈ ਫੇਰ ਉਸ ਦੇ ਮੂੰਹੋਂ ਸਾਰੀ ਉਮਰ ਨਾ ਲੱਥੀ। ਜਿਸ ਹਿਰਦੇ ਵਿਚ ਇਸਨੇ ਡੇਰਾ ਲਾਇਆ, ਕੀ ਮਜਾਲ ਕਿ ਉਥੇ ਕੋਈ ਹੋਰ ਗੁਣ ਔਗੁਣ ਰਹਿ ਜਾਵੇ। ਜਿਸ ਨਾਲ ਇਸ ਨੇ ਯਰਾਨਾਂ ਲਾਇਆ, ਅੰਤ ਤਕ ਨਾਲ ਨਿਭੀ।ਸਗੋਂ ਮੌਤ ਦੇ ਪਿੱਛੋਂ ਭੀ ਪਜ-ਕੜ ਦੇ ਪੂਤ ਆਤਮਾਂ ਨੂੰ ਬਲੀਆਂ ਦੇ ਰਸਤੇ ਮਿਲਦੀ ਰਹੀ।ਸ਼ਰਾਬਨੂੰ, ਸ਼ਰਾਬੀ ਬਿਨਾਂ, ਬੋਤਲ ਜੇਲ੍ਹਖਾਨਾ ਹੈ। ਜੇ ਇਕ ਪਜਾਲਾ ਪੀਓ ਤਾਂ ਮਸਤ ਹੋਕੇ ਰਠੇ ਕਬੂਤਰ ਵਾਂਙੂ ਗੁਟਕੋ।

ਦੋਹਰਾ-

†ਜਮ ਨਹੀਂ ਅਪਨੇ ਜਾਮ ਮੈਂ ਦੇਖਾ ਕਬਹੂੰ ਹੋਇ।
ਏਕ ਬੂੰਦ ਮਦਰਾ ਵਿਖੇ ਹਮ ਪੇਖਤ ਹੈਂ ਜੋਇ†।੧।
‡ਏ ਮਦਰਾ ਬਦਰਾ ਪਿਖਤ ਉਠਤ ਹਿਯੇ ਮੈਂ ਸ਼ੋਰ।
ਤਜੇ ਵੈਸ਼ਨਵੀ ਮਦ ਪੀਏ ਕੋਲਕ ਚੱਕ੍ਰ ਪ੍ਰਜੋਰ‡।੨।

---

*ਸੁਰਾਪਾਨ ਦੇ ਗਲਤ ਅਰਥ ਕਰਕੇ ਸ਼ਰਾਬੀ ਟਪਲਾ ਲਾਉਂਦਾ ਹੈ, ਅਸਲ ਅਰਥ ਹੈ ਸੁਰ+ਅਪਾਨ=ਜੋ ਦੇਉਤਿਆਂ ਦੇ ਪੀਣ ਜੋਗ ਨਹੀਂ, ਪਰ ਉਹ ਅਰਥ ਕਰਦਾ ਹੈ ਸੁਰਾ+ਪਾਨੀ=ਦੇਵਤਿਆਂ ਦਾ ਪਾਣੀ।

*ਅਰਥਾਤ-ਇਹ ਗੱਲ ਜਹਾਨ ਵਿਚ ਪ੍ਰਗਟ ਹੈ ਕਿ ਦੇਵੀ ਨੂੰ ਸ਼ਰਾਬ ਪਜਾਰੀ ਸੀ, ਜਿਸਨੂੰ ਪੀਕੇ ਦੇਵੀ ਨੇ ਮਹਖਾਸੁਰ ਨਾਮੇ ਦਾ-ਸ਼ ਨੂੰ ਮਾਰਿਆ। ਚੰਡ ਮੁੰਡ ਆਦਿ ਰਾਖਸ਼ਾਂ ਦੇ ਸਿਰ ਖੰਡ ਵਿਚ ਹੀ ਲਾਹ ਦਿਤੇ, ਅਤੇ ਟੋਏ ਸਿਰਾਂ ਨਾਲ ਭਰ ਦਿੱਤੇ। ਗ੍ਵਾਲ ਕਵੀ ਕਹਿੰਦਾ ਹੈ ਕਿ ਖੁਸ਼ੀ ਸ਼ਰਾਬ ਪੀਕੇ ਹੁੰਦੀ ਹੈ, ਅਰ ਸ਼ਰਾਬ ਪੀਕੇ ਸਿੱਧ ਹੁੰਦਾ ਹੈ ਕਿ ਇਹ ਅੰਮ੍ਰਿਤ ਨਾਲ ਨਿਕਲਣ ਕਰਕੇ ਰਤਨ ਕਹਾਉਂਦੀ ਹੈ। ਸ਼ਿਵ ਦਾ ਪਹਿਲਾ ਅਖਰ "ਸ਼" ਹੈ ਤੇ ਰਾਮ ਦਾ "ਰਾ" ਇਕੁਰ ਹੀ ਬਿਸ਼ਨ ਦਾ "ਬ" ਇਨ੍ਹਾਂ ਤਿੰਨਾਂ ਅਖਰਾਂ ਨੂੰ ਜੋੜੇ ਤਾਂ 'ਸ਼ਰਾਬ' ਬਣਦੀ ਹੈ।

†ਜਮਸ਼ੈਦ ਪਾਤਸ਼ਾਹ ਨੇ ਆਪਣੇ ਪਜਾਲੇ ਵਿਚ ਉਹ ਰੰਗ ਕਦੀ ਨਹੀਂ ਡਿੱਠਾ ਹੋਣਾ, ਜਿਹੜਾ ਅਨੰਦ ਅਸੀਂ ਸ਼ਰਾਬ ਦੀ ਇਕ ਬੂੰਦ ਵਿਚ ਵੇਖ ਰਹੇ ਹਾਂ।

‡ਬਦਲ ਵੇਖ ਕੇ ਇਹ ਸ਼ਰਾਬੀ ਦੇ ਦਿਲ ਵਿਚ ਬਜਾਕੁਲਤਾ ਉਠਾ ਦਿੰਦੀ ਹੈ, ਜਿਸ ਕਰਕੇ ਵੈਸ਼ਨਵੀ ਧਰਮ ਨੂੰ ਛੱਡਕੇ ਸ਼ਰਾਬ ਪੀਵੇ, ਕੋਲਕ ਮਤ ਮੁਜਬ ਭੈਰਵੀ ਚਕ੍ਰ ਦੇ ਜੋਰ।

Digitized by Panjab Digital Library | www.panjabdigilib.org

*ਜਿਸ ਬਿਨ ਮੰਤ੍ਰ ਨ ਸਫਲ ਹੈ ਦੇਵ ਨ ਭੇਟਾ ਲੇਤ।
ਜਿਸਬਿਨ ਬ੍ਰਹਮ ਨਵਿਸ਼ੈ ਸੁਖ ਮੱਦ ਮੂਢ ਤਜਦੇਤ*।
†ਮਦਅੱਦਜ ਬਰ ਸਭਾਸਦ ਗਦ ਦਹੋਤ ਪਿਆਇ।
ਘਟਮਟਨਦਬਿਨਨੁਕਲਕੇ,ਨੁਕਲਤੌਸਿੰਧਸਮਾਇ†
‡ਭਗੇ ਭਾਲਕੇ ਭਾਗ ਜਹਿੰ, ਭਾਵੀ ਭਯਦ ਭਯਾਨ।
ਤੇਬੈਸ਼ਨਵਨਿੰਦੈਂਸੁਮਦ,ਇਹਮਦਮਹਦਮਹਾਨ†।੫
§ਕੌਲਕਮਤ ਦੇਖੈ ਭਲੇ, ਤੈਤ੍ਰ ਸਾਰ ਮਤ ਦੇਖ।
ਪੁਨਅਘੋਰਮਤਦੇਖੀਏ,ਜਹਮਦਸਤੁਤਿਵਿਸ਼ੇਖ§ ।੬।
¶ਇਸ ਮਦ ਕੋ ਈਸ਼੍ਵਰ ਕਹੋ,ਪਰਮੇਸ਼੍ਵਰ ਮਦ ਭਾਖ।
ਜਿਸਬਿਨਲਾਗਤਲਿਵ ਨਹੀਂ'ਹੈਜੋਗਨਕੀਸਾਖ¶।੭
‖ਤੁਮਰੇ ਮਤ ਮੈਂ ਲਿਖ ਰਾਏ ਸ੍ਰੀਗ਼ਰਗੋਬਿੰਦਸਿੰਘ।
ਸਬਜ਼ ਨੈਨ ਅਰਸੁਰਖਦਿਹ ਸਾਕੀ ਜਾਮ ਫਰੰਗ ।੮।

*ਫਿਰਤੁਮ ਕਿਮ ਨਿੰਦਤਇਸੈਭਾਖਤ ਨਾਮ ਚੁਰੈਲ।
ਚੁੱਭੀ ਚਿਤ ਕੇ ਚਹਬਚਾ ਛਾਡਤ ਛਾਹ ਨ ਰੈਲ*।੯।
†ਜਿਤੇਸਾਕਤਕ ਜਗਤ ਮੈਂਮਦ ਕਰ ਸ਼ਕਤਹਿੰ ਪੂਜ।
ਜਿਤੇ ਭੈਰਵੀ ਜਗਤ ਮੈਂ,ਬਾਮੀ ਦਛਨਦੂਜ‡'।੧੦।

ਜਦ ਇਹ ਮਹਾਤਮਾ ਆਪਣੀ ਕਵਿਤਾ ਕਹਿ ਚੁਕੇ ਤਾਂ ਛੇਵੇਂ ਮਦਜਪਿ ਜੀ ਚੁਹੁਕ ਉਠੇ:—

'ਸਜਣੋਂ' ਆਪ ਨੂੰ ਪ੍ਰਸੰਗ ਯਾਦ ਹੋਵੇਗਾ, ਕਿ ਇਕ ਦਿਨ ਬੀਰਬਲ ਵਜ਼ੀਰ ਕਿਤੋਂ ਆ ਰਹੇ ਸਨ,ਅਚਾਨਕ ਅਗੋਂ ਅਕਬਰ ਪਾਤਸ਼ਾਹ ਦੀ ਸਵਾਰੀ ਆ ਗਈ। ਬੀਰਬਲ ਪਾਤਸ਼ਾਹੀ ਸਲਾਮ ਕਰਕੇ ਖੜੋ ਗਏ ਤਾਂ ਪਾਤਸ਼ਾਹ ਨੇ ਪੁੱਛਿਆ ਕਿ ਬੀਰਬਲ ਆਪ ਦੀ ਕੱਛ ਵਿਚ ਕੀਹ ਹੈ ? ਵਜ਼ੀਰ ਨੇ ਸਫੁਰਤ ਉੱਤਰ ਦਿੱਤਾ ਤੋਤਾ, ਸ਼ੇਰ, ਹਾਥੀ ਤੇ ਖੋਤਾ ਹੈ। ਅਕਬਰ ਹੱਕਾ ਬੱਕਾ ਹੋ ਕਹਿਣ ਲੱਗਾ—ਆਪਦੀ ਕੱਛ ਵਿਚ ਏਹਚਾਰ ਚੀਜ਼ਾਂ ਕੀਕਰ ਸਮਾਸਕਦੀਆਂ ਹਨ। ਬੀਰਬਲ ਨੇ ਝਟ ਨਕਾਨਕ ਭਰੀ ਹੋਈ ਬੋਤਲ ਅੱਗੇ ਰੱਖ ਦਿਤੀ ਤੇ ਇਹ ਸਵੱਯਾ ਪੜ੍ਹਿਆ:—

*ਫੇਰ ਤੁਸੀਂ ਕਿਸ ਤਰ੍ਹਾਂ ਇਸ ਨੂੰ ਨਿੰਦਦੇ ਹੋ ਤੇ ਇਸਦਾ ਨਾਮ ਚੁੜੈਲ ਰਖਦੇ ਹੋ, ਟੁੱਭੀ ਮਾਰਕੇ ਦੇਖੋ ਆਪਣੇ ਚਿੱਤ ਦੇ ਚੁਬੱਚੇ ਵਿਚ ਇਸਦੇ ਅਨੰਦ ਦੇ ਛਾਯਾ ਦੇ ਰਸਤੇ ਨੂੰ ਕੌਣ ਛਡਦਾ ਹੈ। †ਜਿੰਨੇ ਸ਼ਾਕਤਕ ਮਤ ਵਾਲੇ ਜਗਤ ਵਿਚ ਹਨ ਮਦਰਾ ਕਰਕੇ ਦੁਰਗਾ ਪੂਜਾ ਕਰਦੇਹਨ,ਜਿੰਨੇ ਭੈਰਵ ਮਤ ਵਾਲੇ ਤੇ ਬਾਮੀ ਦਾਛਨਾਯ ਦੇ ਤਾਂ ਹਨ ਪਰ ਸ਼ਰਾਬ ਦੇ ਭਿੱਜੇ ਚੋਲ ਦਾਛਨਾਯ ਵਿਚ ਵਿਧੇਯ ਹਨ।

‡ਭੈਰਵੀ ਮਤ ਦੋ ਪ੍ਰਕਾਰ ਦਾ ਹੈ। ਇਕ ਵਾਮ ਤੇ ਦੂਜਾ ਦਖਿਸ਼ਨ। ਵਾਮੀ ਤਾਂ ਸ਼ਰਾਬ ਆਦਿਕ ਦਾ ਖੁੱਲ੍ਹਾ ਵਰਤਾਉ ਕਰਦੇ ਹਨ ਤੇ ਦਖਸ਼ਨੀਆ ਵਿਚ ਪ੍ਰਹੇਜ਼ ਹੁੰਦਿਆਂ ਹੋਇਆਂ ਵੀ ਖਾਸ ਵਿਧਿ ਅਨੁਸਾਰ ਚੁਕਵਾਂ ਵਰਤਾਉ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਸ਼ਾਹਨ ਸ਼ਾਹ ਕਹਨੋ ਬਲ ਬੀਰ ਸੋਂ,
ਕਿਆ ਤੁਮ ਕਾਂਖ ਕੇ ਮੱਧ ਦੁਰਾਯੋ।
ਕੀਰ ਔ ਕੇਹਰ ਕੁੰਚਰ ਰਾਸ਼ਭ
ਤੇ ਡਰ ਤੇ ਇਸ ਠੌਰ ਬਸਾਯੋ।
ਕੂਰ ਕਹੀ, ਕਤ ਕਾਂਖ ਦੁਰੈ,
ਤਬ ਮੱਧ ਸਭਾ ਕੇ ਪ੍ਰਤੱਖ ਬਤਾਯੋ।
ਬੋਰੋ ਅਚੈ ਸੁਕ, ਔ ਅਤਿ ਕੇਹਰ,
ਕੁੰਚਰ, ਰਾਸ਼ਭ ਖੇਲ੍ਹ ਦਿਖਾਯੋ।

ਇਹ ਸਵੱਯਾ ਹੀ ਪ੍ਰਸ਼ਨੋਤ੍ਰ ਰੂਪ ਹੈ, ਜਿਸ ਦਾ ਭਾਵ ਇਹ ਹੈ ਕਿ ਥੋੜੀ ਪੀਕੇ ਆਦਮੀ ਤੋਤੇ ਵਾਂਙੂੰ ਗੁਟਕਦਾ ਹੈ। ਇਸ ਥੋਂ ਵੱਧ ਪੀਤਿਆਂ ਸ਼ੇਰ ਦਾ ਪ੍ਰਾਕ੍ਰਮ ਪ੍ਰਾਪਤ ਆ ਹੁੰਦਾ ਹੈ ਤੇ ਜੇ ਹੋਰ ਪੀ ਜਾਵੇ ਤਾਂ ਹਾਥੀ ਵਾਂਙੂੰ ਮਸਤ ਹੋ ਕੇ ਝੂਲਦਾ ਹੈ, ਹੁਣ ਜੇ ਬੱਸ ਨਾ ਕਰੇ ਤਾਂ ਖੋਤੇ ਵਾਂਙੂੰ ਬੇਸੁਧ ਹੋਕੇ ਬਜ਼ਾਰਾਂ ਮੋਰੀਆਂ ਵਿਚ ਰੁਲਦਾ ਤੇ ਠੁੱਡੇ ਠੁਹਕਰਾਂ ਖਾਂਦਾ ਹੈ। ਇਸ ਲਈ ਤੋਤਾ ਸ਼ੇਰ, ਹਾਥੀ ਤੇ ਖੋਤਾ ਬਨਾਉਣ ਵਾਲੀ ਇਹ ਬੋਤਲ ਸ਼ਰਾਬ ਦੀ ਹੈ। ਸੋ ਸਾਡੀ ਸਮਝ ਵਿਚ ਤਾਂ ਹਾਥੀ ਤਕ ਪੀਣੀ ਠੀਕ ਹੈ, ਅਤੇ ''ਅਤਿ ਸਰਬਤ੍ਰ ਵਰਜਨੀਯ'' ਹੈ। ਨਾ ਬਹੁਤੀ ਪੀਤੀ ਨਾ ਖੋਤੇ ਵਾਂਙੂੰ ਰੁਲੇ। ਇਹ ਤਾਂ ਦਾਰੂ ਹੈ,ਸੋ ਦਾਰੂ ਕਰਕੇ ਪੀਂਦੇ ਹਾਂ।'

ਸਤਵੇਂ ਵੈਦ ਬਾਰਣੀ ਜੀ ਕਹਿਣ ਲੱਗੇ– ਕਿ ਸਾਡੀ ਸੰਮਤੀ ਤਾਂ ਛੀਵੇਂ ਮਿਤ੍ਰ ਨਾਲ ਰਲੀ ਮਿਲੀ ਹੈ, ਕਿਉਂਕਿ ਇਹ ਸ਼ਰਾਬ ਮਿਤ ਦੀ ਪੀਤੀ ਤਾਂ ਸੁਖ ਦਿੰਦੀ ਹੈ,ਪਰ ਬਹੁਤੀ ਦੁਖ ਦਾ ਘਰਾਇਹ ਕੀਹ ਹੈ,ਜੇ ਅੰਮ੍ਰਿਤ ਵੀ ਬਹੁਤਾ ਪੀ ਜਾਓ ਤਾਂ ਢਿੱਡ ਆਫਰ ਜਾਵੇ। ਹਰ ਇਕ ਵਿਹਾਰ ਜੁਗਤ ਨਾਲ ਕਰਨਾ ਠੀਕ ਹੈ। ਜਦ ਅੱਖਾਂ ਵਿਚ ਤਾਰ ਆਈ ਪਿਆਲਾ ਹੱਥੋਂ ਰਖ ਦਿੱਤਾ। ਬਹੁਤੀ ਪੀਣ ਵਾਲਿਆਂ ਘੋਰੀਆਂ ਨੇ ਹੀ ਭਲਿਆਂ ਮਾਨਸਾਂ ਨੂੰ ਬਦਨਾਮ ਕਰ ਛਡਿਆ ਹੈ। ਇਸ ਸੋਹਣੀ ਪਦਾਰਥ ਦੀ ਨਾ ਮੂਰਖਾਂ ਨੂੰ ਕਦਰ ਅਤੇ ਨਾ ਪੀਣ ਦਾ ਢੰਗ।

ਦੋਹਿਰਾ—

ਕਰਤ ਸ਼ਰਾਬ ਖਰਾਬ ਕਹ ਝੂਠੀ ਬਾਤ ਪਛਾਨ।
ਮਦਰਾ ਹੋਤ ਖਰਾਬ ਸਚ ਮਿਲ ਸੰਗਤ ਨਾਦਾਨ।

ਜਿਨ੍ਹਾਂ ਪੁਰਖਾਂ ਨੂੰ ਪਰਮੇਸ਼ੁਰ ਨੇ ਅਕਲ ਦਿੱਤੀ ਹੈ,ਓਹ ਜੁਗਤ ਨਾਲ ਸਮੁੰਦ ਪੀ ਜਾਂਦੇ ਹਨ, ਫੇਰ ਮੁੱਛਾਂ ਸੁੱਕੀਆਂ ਰੁੜਕ ਦਿਖਾਉਂਦੇ ਹਨ। ਇਹ ਜਿਹੜੀ ਅੱਧੀ ਦੀ ਸ਼ਰਾਬ ਮੁੱਛਾਂ ਨੂੰ ਲਾਕੇ ਭੁੜਕ ਉੱਠਣਾ ਹੈ,ਸ਼ਰਾਬ ਦੀ ਮਿੱਟੀ ਪੁੱਟਣਾ ਹੈ ਤੇ ਆਪਣੇ ਆਪ ਨੂੰ ਜਗਤ ਵਿਚ ਨਸ਼ਰ ਕਰਨਾ ਹੈ ਕਿ ਅਸੀਂ ਬੀ ਸ਼ਰਾਬੀ ਹਾਂ। ਦੇਖੋ ਵੈਦਕ ਪੁਸਤਕਾਂ ਨੇ ਇਸ ਦੇ ਪੀਣ ਦੀ ਕਿਹੀ ਅਚਰਜ ਜੁਗਤ ਲਿਖੀ ਹੈ:–

ਦੋਹਰਾ ॥

*ਬਿਖ ਮਦਰਾ ਤ੍ਰਿਕ ਅੰਨ ਮੋਂ, ਏਕੋ ਗੁਨ ਕਵਿ ਲੇਖ।
ਮਿਥਜਾ ਯੁਤ ਬਹੁਰੰਗ ਕ੍ਰਿਤ ਜੁਕਤਿਸੁਧਾਸਮਦੇਖ।੧
†ਜੈਸੇ ਦੇਖੇ ਅੰਨ ਕੋ ਸਰਬ ਜਗਤ ਆਧਾਰ।
ਅਪ੍ਰਮਾਨ ਤਾਂਕੋ ਭਖੈ ਤੋ ਬਹੁ ਕਰੈ ਬਿਕਾਰ।੨।
‡ਬਿਧ ਸੋਂ ਮਾਤ੍ਰਾ ਕਾਲ ਮੈਂ, ਮਦਰਾ ਕਰੈ ਜੁ ਪਾਨ।
ਹਰਖ ਆਯੁ ਹਿਤ ਬਲ ਬਢੈ ਸੁਧਾ ਰਸਾਯਨ ਜਾਨ।੩

---

*ਜ਼ਹਰ, ਸ਼ਰਾਬ ਤੇ ਅੰਨ, ਤਿਹਾਂ ਦਾ ਗੁਣ ਮਹਾਤਮਾਂ ਇਕੋ ਜਿਹਾ ਲਿਖਦੇ ਹਨ। ਮਿਤ ਥੋਂ ਵਧੀਕ ਖਾਧੇ ਪੀਤੇ ਹੋਏ ਰੋਗ ਉਪਜਾਉਂਦੇ ਹਨ, ਪਰ ਜੁਗਤ ਨਾਲ ਵਰਤੇ ਹੋਏ ਅੰਮ੍ਰਿਤ ਵਰਗਾ ਗੁਣ ਕਰਦੇ ਹਨ। †ਜਿਸ ਤਰ੍ਹਾਂ ਅੰਨ ਨੂੰ ਸਾਰੇ ਜਗਤ ਦਾ ਅਧਾਰ ਦੇਖਦੇ ਹੋ, ਪਰ ਜੇ ਵਿਤੋਂ ਵਧਕੇ ਖਾਓ ਤਾਂ ਵਿਕਾਰ ਕਰਦਾ ਹੈ।

‡ਜੁਗਤ ਨਾਲ ਵਿਤ ਮੁਜਬ ਵੇਲੇ ਸਿਰ ਜੋ ਸ਼ਰਾਬ ਪੀਂਦੇ ਹਨ, ਉਨ੍ਹਾਂ ਦੀ ਖੁਸ਼ੀ ਉਮਰ ਪ੍ਰੀਤ ਤੇ ਬਲ ਵਧਦੇ ਹਨ, ਅਤੇ ਅੰਮ੍ਰਿਤ ਵਰਗੇ ਗੁਣ ਕਰਦੀ ਹੈ, ਸਗੋਂ ਸਮਝੋ ਤਾਂ ਰਸਾਇਨ ਹੈ।

Digitized by Panjab Digital Library | www.panjabdigilib.org

*ਅੰਬ ਮਦਰਾ ਕੀ ਯੁਕਤ ਸੁਨ,ਕਹਤ ਬੈਦ ਸਿਰਦਾਰ
ਚਿਕਨ ਅੰਨ ਵਾ ਮਾਸਕੇ,ਗ੍ਰਾਸ ਗ੍ਰਾਸ ਯੁਤ ਸਾਰ।੪

[ਪੀਣ ਦੀ ਜੁਗਤ]

ਸਵੈਯਾ ॥

†ਦੱਛਨ ਹਾਥ ਬਿਧੈ ਮਦ ਭਾਂਜਨ
ਉਤਰ ਅੰਗ ਬਿਰਾਜਤ ਭਾਮ।
ਭੂੰਨਤ ਜਾਂਗਲ ਮਾਸ ਧਰੀ ਪੁਨ
ਸੈਂਧਵ ਤੇ ਟੁਕ ਲਾਗਤ ਸ਼ਜਾਮ।
ਬੀਨ ਬਜੰਤ੍ਰ ਮ੍ਰਿਦੰਗ ਬਜੈ ਧੁਨ
ਨਾਚਤ ਗਾਵਤ ਸੁੰਦਰਿ ਰਾਮ।
ਕਾਮਨਿ ਲੋਲਪ ਚਿੱਤ ਬਿਖੈ ਰਤਿ
ਸੋ ਧਨਿ ਪੀਵਤ ਹੈ ਮਦਕਾਮ।੫।

[ਪੀਣ ਦੀ ਜਗ੍ਹਾ]

‡ਕੋਕਿਲ ਕੀਰ ਮਯੂਰ ਰਟੈਂ ਸੁਰ
ਗੁੰਜਤ ਹੈਂ ਭ੍ਰਮਰਾਨ ਕੇ ਪੁੰਜਾ।
ਅੰਬ, ਕਦੰਬ, ਸੁ ਰੰਭ ਤਰੂਘਨ,
ਬੇਲ ਮਿਲੀ ਮਧੁ ਮਾਲਤੀ ਗੁੰਜਾ।
ਸੀਤਲ ਮੰਦ ਸਮੀਰ ਬਹੈ,
ਜਲ ਫੂਲ ਰਹੀ ਚਹੁੰ ਓਰਨ ਕੁੰਜਾ।
ਛੀਨ ਕਟੀ ਤਹਿੰ ਨਾਚਤ ਹੈਂ,
ਨਰ ਪੀਤ ਸੁਰਾ ਪਲ ਸੀਕਨ ਭੁੰਜਾ।੬।

[ਪੀਣ ਦਾ ਕਾਲ]

*ਸ਼ਜਾਮ ਘਟਾ ਉਮਗੀ ਚਹੁੰ ਓਰਨ,
ਮੱਧ ਲਸੈ ਚਪਲਾ ਦੁਤਿ ਭਾਰੀ।
ਸੀਤਲ ਮੰਦ ਸਮੀਰ ਲਗੇ ਤਨ,
ਸਾਥ ਗਿਰੈਂ ਲਘੁ ਬੂੰਦਨ ਝਾਰੀ।
ਛੰਦ ਪ੍ਰਬੰਧ ਬਚਿਤ੍ ਰਚੈਂ ਕਵਿ,
ਸੁੰਦਰ ਨਾਰ ਬਚਿਤ੍ ਉਚਾਰੀ।
ਈਂ ਦ੍ਰਿਗ ਕਾਲ ਬਿਖੈ ਸੁਖਦਾਇਕ,
ਪੀਵਤ ਹੈਂ ਮਦਰਾ ਮਧਕਾਰੀ।੭।

[ਪੀਣ ਦਾ ਪ੍ਰਮਾਣ]

†ਸ਼ੁੱਧ ਸਰੀਰ ਬਿਖੇ ਉਠ ਪ੍ਰਾਤਹ,
ਪਾਨ ਕਰੇ ਮਦਰਾ ਪਲ ਦੋ।
ਫੇਰ ਦੁਯਾਮ ਸਮੈਂ ਦੁਗਨੀ ਪਿਵ,

---

*ਹੁਣ ਸ਼ਰਾਬ ਦੀ ਜੁਗਤ ਸੁਣੋ, ਵੈਦਕ ਮਤ ਵਾਲੇ ਉਤਮ ਪੁਰਖ ਕਹਿੰਦੇ ਹਨ ਕਿ ਬਿੰਧੇ ਅੰਨ ਜਾਂ ਮਾਸ ਦੀਆਂ ਗਿਰਾਹੀਆਂ ਨਾਲ ਘੁੱਟ ਘੁੱਟਪੀਓ।

†ਸੱਜੇ ਹੱਥ ਵਲ ਸ਼ਰਾਬ ਦਾ ਪਯਾਲਾ ਤੇ ਖੱਬੇ ਵਲ ਸੁੰਦਰ ਇਸਤ੍ਰੀ ਬੈਠੀ ਹੋਵੇ। ਭੁੰਨਿਆਂ ਹੋਇਆ ਜੰਗਲੀ ਜੀਵ ਦਾ ਮਾਸ, ਥੋੜਾ ਲੂਣ ਮਰਚ ਲੱਗਾ ਪਿਆ ਹੋਵੇ। ਸਤਾਰ ਨਾਲ ਮ੍ਰਿਦੰਗ ਆਦਿਕ ਵੱਜਦੇ ਹੋਣ ਤੇ ਸੁਰ ਗਤ ਨਾਲ ਗਾਉਂਦੀਆਂ ਤੇ ਨਚਦੀਆਂ ਹੋਣ ਤੀਮੀਆਂ। ਇਸਤ੍ਰੀ ਦੀ ਚਿਤ ਵਿਚ ਹੋਵੇ ਪ੍ਰੀਤ, ਐਸਾ ਧਨਾਢ ਪੁਰਖ ਪੀਂਦਾ ਹੈ ਸ਼ਰਾਬ ਕਾਮਾਰਥੀ ਹੋਕੇ।

‡ਜਿਥੇ ਕੋਇਲਾਂ,ਤੋਤੇ,ਮੋਰ ਸੁਰਾਂ ਨਾਲ ਬੋਲਦੇ ਹੋਣ ਅਤੇ ਗੁੰਜ ਰਹੇ ਹੋਣ ਬਹੁਤ ਸਾਰੇ ਭੌਰੇ। ਅੰਬ ਕਦੰਬ ਕੇਲਿਆਂ ਦੇ ਮੁਹਣੇ ਬੂਟੇ ਸੰਘਣੇ ਹੋਣ, ਤੇ ਵੇਲਾਂ ਫੁੱਲਾਂ ਵਾਲੀਆਂ ਨਾਲ ਰਲੀਆਂ ਹੋਣ ਮਾਲਤੀ ਤੇ ਰੱਤਕਾਂ ਦੀਆਂ। ਠੰਢੀ ਤੇ ਸਹਿਜੇ ਚਲਦੀ ਹੋਵੇ ਪੌਣ,ਪਾਣੀ ਦੀਆਂ ਕੂਲਾਂ ਵਗਦੀਆਂ ਹੋਣ ਤੇ ਫੁਲਾਂ ਦੀਆਂ ਕਿਆਰੀਆਂ ਚੌਂਹ ਪਾਸੀਂ ਖਿੜੀਆਂ ਹੋਣ। ਓਥੇ ਪਤਲੇ ਲੱਕ ਵਾਲੀਆਂ ਨੱਚ ਰਹੀਆਂ ਹੋਣ ਤਾਂ ਨਰ ਪੀਵੇ ਮਦਰਾ ਤੇ ਖਾਵੇ ਮਾਸ ਸੀਖਾਂ ਦਾ ਭੁੱਜਾ ਹੋਇਆ।

---

*ਕਾਲੀਆਂ ਕਾਲੀਆਂ ਘਟਾਂ ਚੌਂਹ ਪਾਸੀਂ ਉਮਡੀਆਂ ਹੋਣ,ਉਨ੍ਹਾਂ ਵਿਚ ਸੁੰਦਰ ਬਿਜਲੀ ਲਿਸ਼ਕਦੀ ਹੋਵੇ।ਠੰਢੀ ਤੇ ਹੌਲੀ ਲਗਦੀ ਹੋਵੇ ਪੌਣ ਸਰੀਰ ਨੂੰ, ਨਾਲ ਹੀ ਨਿੱਕੀਆਂ ਨਿਕੀਆਂ ਬੂੰਦਾਂ ਪੈਂਦੀਆਂ ਹੋਣ। ਪਾਸ ਬੈਠੇ ਕਵੀਸ਼ਰ ਸੁਹਣੇ ਛੰਦ ਬਣਾ ਰਹੇ ਹੋਣ, ਇਸਤ੍ਰੀਆਂ ਬੀ ਕਵਿਤਾ ਗਾਉਂਦੀਆਂ ਹੋਣ। ਇਹੋ ਜਿਹੇ ਸੁਖਦਾਇਕ ਸਮੇਂ ਵਿਚ ਪੀਂਦੇ ਹਨ ਸ਼ਰਾਬ ਅਮਲ ਜਾਂ ਹੰਕਾਰ ਕਰਨ ਵਾਲੀ।

†ਸਵੇਰੇ ਸੁੱਤਿਆਂ ਉਠਿਆਂ ਨਹਾ ਧੋ ਸ਼ੁੱਧ ਹੋਕੇ ਦੋਪਲ(ਛੇ ਤੋਲੇ)ਸ਼ਰਾਬ ਪੀਵੇ। ਫੇਰ ਦੁਪਹਿਰ ਸਮੇਂ ਦੂਣੀ (੧੨ ਤੋਲੇ) ਪੀਵੇ, ਨਾਲ ਬਿੰਧਾ ਮਾਸ ਖਾਵੇ। ਇਕੁਰ ਸੰਧਯਾ ਵੇਲੇ ੨੪ ਤੋਲੇ ਪੀਵੇ। ਤਿੰਨ ਤੋਲੇ ਰੋਟੀ ਖਾਣ ਵੇਲੇ,ਤੇ ਤਿੰਨ ਤੋਲੇ ਸੌਣ ਵੇਲੇ,ਪਰ ਕਈ ਸਿਆਣੇ ਇਨ੍ਹਾਂ ਪੰਜਾਂ ਵੇਲਿਆਂ ਲਈ ਤਿੰਨ ਤਿੰਨ ਤੋਲੇ ਹੀ ਪ੍ਰਮਾਣ ਦੱਸਦੇ ਹਨ।

Digitized by Panjab Digital Library | www.panjabdigilib.org

ਚੀਕਨ ਮਾਸ ਅਹਾਰ ਕਰੋ।
ਸਾਂਝ ਸਮੇਂ ਪਲ ਆਠ ਪਿਵੋ,
ਪਲ ਭੋਜਨ ਕਾਮਨਿ ਕੋ ਸੰਗ ਸੋ।
ਕੋਚਿਤ ਹੀ ਸੁ ਪਲੰ ਮਿਤ ਭਾਖਤ,
ਮਾਤ੍ਰ ਪ੍ਰਮਾਨ ਲਖੋ ਮਿਤ ਜੋ।੮।

[ਪੀਣ ਦਾ ਸਮਾਂ]

ਦੋਹਰਾ।

*ਗ੍ਰੀਖਮਰੁਤ ਮਦਰਾ ਮਧੁਰ ਦਾਖ ਆਦਿਕ੍ਰਿਤਪਾਨ।
ਸੀਤਲ ਕਾਲ ਤੀਖਨ ਪਿਵੋ ਗੋੜਕ ਪਿਸ਼ਟ ਸੁਜਾਨ।

[ਸ਼ਰਾਬ ਵਿਚ ਰਸਾਯਣ ਆਦਿ ਗੁਣ]

†ਕਹਤ ਰਸਾਯਨ ਤਾਸਕੋ ਕੇਲ ਤਰਨ ਸੁਖ ਦੈਨ।
ਜਰਾ ਬਯਾਧ ਤਨ ਕੀ ਹਰੈ ਸਾਰੰਗਧਰ ਕੋ ਬੈਨ‡।੧੦।
§ਥੂਲ ਹੋਇ ਤਨ ਤਾਸਕੋ ਆਯੁ ਬਢੈ ਤਨ ਕੋਰ।
ਤੇਜ ਬਢੈ, ਬਿਕ੍ਰਮ ਬਢੈ, ਬਢੈ ਕਾਮ ਹਿਤ ਹੋਰ।੧੧
¶ਮਦਰਾ ਚਾਰ ਪ੍ਰਕਾਰ ਗਿਨ, ਸਾਂਤ੍ਵ, ਰਾਜਸ, ਗੀਤ।
ਤਾਮਸ ਤੇ ਬਹੁ ਰੋਗਨੀ ਭਿੰਨ ਭਿੰਨ ਸੁਨ ਮੀਤ।੧੨

[੧. ਸਾਂਤ੍ਵਕ ਦਾ ਵਰਣਨ]

ਸਵੈਯਾ ॥

ਬੁੱਧਿ ਪ੍ਰਕਾਸ਼ ਕਰੈ, ਚਿਤ ਸਿੰਮ੍ਰਿਤ,
ਪ੍ਰੀਤ ਕਰੈ ਅਤਿਸ਼ੈ ਸੁਖ ਹੋਈ।
ਭੋਜਨ ਪਾਨ ਬਿਭੋਗ ਬਿਖੈ
ਸੁਖਦਾਇਕ, ਨੀਂਦ ਬਢੈ ਰਤਿ ਦੋਈ।
ਪਾਠਕ ਗੀਤ ਬਢਾਵਤ ਹੈ ਸੁਰ
ਆਤਮ ਬ੍ਰਹਮ ਬਿਚਾਰਤ ਜੋਈ।
ਆਦਿ ਸੁਰਾ ਦੁਖ ਦੂਰ ਕਰੈ,
ਕਵਿ ਗੰਗਜਤੀ ਲਖ ਸਾਂਤ੍ਵਕ ਸੋਈ*।੧੩।

[੨. ਰਾਜਸ]

†ਲੋਪਤ ਬੁੱਧਿ, ਬਿਨਾਚਿਤ ਸਿੰਮ੍ਰਿਤ,
ਬੈਨ ਅਹੰਕ੍ਰਿਤ ਜੋ ਮੁਖ ਭਾਖੈ।
ਸ਼ਾਂਤ ਬਿਨਾ, ਮਦ, ਲਾਲਸ ਲਾਲਤ,
ਕੋਪ ਕਰੈ ਅਪਨੋ ਕਰ ਰਾਖੈ।
ਆਲਸ ਨੀਂਦ ਕਛੂ ਤਨ ਆਵਤ,
ਬਾਰ ਹੀ ਬਾਰ ਰਜੋਗੁਣ ਸਾਖੈ।
ਈਂ ਦ੍ਰਿਗ ਲੱਛਨ ਜਾਸ ਬਿਖੈ
ਕਵਿ ਗੰਗਜਤੀ ਮਦ ਰਾਜਸ ਆਖੈ।੧੪।

[੩. ਤਾਮਸ]

ਮਾਤ ਪਿਤਾ ਗੁਰ ਆਨ ਨ ਮਾਨਤ,
ਭੋਗਤ ਹੈ ਭਗਨੀਨ ਸੁਤਾ ਕੋ।
ਭਖ ਅਭੱਖ ਭਖੈ ਬਿਨ ਚੇਤਨ,

---

*ਅਕਲ ਨੂੰ ਚਾਨਣਾ ਕਰਦੀ ਹੈ, ਚਿਤ ਚੇਤੇ ਵਾਲਾ ਕਰਦੀ ਹੈ, ਪ੍ਰੀਤ ਕੀਤਿਆਂ ਵਡਾ ਸੁਖ ਹੁੰਦਾ ਹੈ। ਅੰਨ ਪਾਣੀ ਭੋਗ ਦੇ ਸਮੇਂ ਸੁਖ ਦੇ ਦੇਣੇ ਵਾਲੀ ਹੈ, ਨੀਂਦ ਤੇ ਪ੍ਰੀਤ ਦੋਵੇਂ ਵਧ ਜਾਂਦੇ ਹਨ। ਪਾਠੀ ਤੇ ਗਵੱਯੇ ਦੀ ਸੁਰ ਵਧਾਉਂਦੀ ਹੈ, ਜਿਹੜੇ ਆਤਮਾ ਹੀ ਬ੍ਰਹਮ ਵਿਚਾਰਦੇ ਹਨ ਉਨ੍ਹਾਂ ਦੀ ਵਿਚਾਰ ਵਧਾਉਂਦੀ ਹੈ, ਇਹ ਪਹਿਲੀ ਸਾਂਤ੍ਵਕ ਸ਼ਰਾਬ ਦੁਖਾਂ ਨੂੰ ਦੂਰ ਕਰਦੀ ਹੈ, ਕਵਿ ਗੰਗਜਤੀ ਕਹਿੰਦਾ ਹੈ।

†ਲੋਪਹੋ ਜਾਂਦੀ ਹੈ ਬੁੱਧੀ, ਚਿਤ ਬਿਨਾ ਚੇਤਿਓਂ ਤੇ ਹੰਕਾਰ ਦੇ ਬਚਨ ਮੂੰਹੋਂ ਕਹਿੰਦਾ ਹੈ, ਕ੍ਰੋਧ ਦਾ ਭਰਿਆ ਤੇ ਹੰਕਾਰ ਤੇ ਇੱਛਾ ਲਾਭ ਦੀ, ਕ੍ਰੋਧ ਵਿਚ ਸਭ ਨੂੰ ਆਪਣਾ ਬਣਾ ਰਖਦਾ ਹੈ। ਆਲਸ ਤੇ ਨੀਂਦ ਕੁਝ ਕੁ ਸਰੀਰ ਵਿਚ ਆਉਂਦੀ ਹੈ, ਘੜੀ ਘੜੀ ਆਪਣੇ ਐਸ਼ਵਰਯ ਦੀਆਂ ਗਵਾਹੀਆਂ ਕਹਿੰਦਾ ਹੈ। ਏਹੋ ਜਿਹੇ ਲੱਛਨ ਜਿਸ ਵਿਚ ਹੋਣ ਕਵਿ ਗੰਗਜਤੀ ਉਸ ਸ਼ਰਾਬ ਨੂੰ ਰਾਜਸੀ ਕਹਿੰਦਾ ਹੈ।

---

*ਸਾਉਣ ਭਾਦਰੋਂ ਵਿਚ ਸ਼ਰਾਬ ਮਿੱਠੀ ਮੇਵੇ ਮੁੱਕੇ ਆਦਿਕ ਦੀ ਪੀਵੇ। ਸਿਆਲ ਵਿਚ ਤਿੱਖੀ ਤੇ ਕੌੜੀ ਸ਼ਰਾਬ ਪੀਵੇ ਗੁੜ ਤੇ ਪੀਠੇ ਹੋਏ ਸੱਕਾਂ ਦੀ ਚਤੁਰ ਮਨੁਖ। †ਕਹਿੰਦੇ ਹਨ ਸਜਾਣੇ ਰਸਾਇਣ ਉਸਨੂੰ ਜੋ ਕ੍ਰੀੜਾ ਵਿਚ ਸੁਖ ਦੇਵੇ, ਅਤੇ ਬੁਢਾਪਾ ਆਦਿਕ ਰੋਗ ਸਰੀਰ ਦੇ ਸਾਰੇ ਦੂਰ ਕਰੇ, ਇਹ ਗੱਲ ਸਾਰੰਗਧਰ ਨੇ ਲਿਖੀ ਹੈ।

‡ਰਸਾਯਨੰ ਤੁਤਦ੍ ਪ੍ਰੋਕ੍ਤੰ ਯਦਿ ਜਰਾ ਵ੍ਯਾਧਿ ਨਾਸ਼ਨੰ।

§ਸਰੀਰ ਮੋਟਾ ਹੋ ਜਾਂਦਾ ਹੈ ਉਸਦਾ ਅਤੇ ਉਮਰ ਵਧਦੀ ਹੈ ਸਰੀਰਦੀ, ਦੇਖ ਲਓ ਕਿ ਤੇਜ ਵਧ ਜਾਂਦਾ ਹੈ, ਬਲ ਵਧਦਾ ਹੈ ਆਦਿ।

¶ਸ਼ਰਾਬ ਚਾਰ ਪ੍ਰਕਾਰ ਦੀ ਗਿਣਦੇ ਹਨ, ਸਾਤਕੀ ਰਾਜਸੀ. ਤਾਮਸੀ ਤੇ ਚੌਥੀ ਬਹੁਤੇ ਰੋਗ ਉਪਜਾਉਣ ਵਾਲੀ, ਹੁਣ ਵੱਖੋ ਵੱਖਰੀ ਰੀਤ ਤੇ ਲੱਛਣ ਸੁਣ ਲਓ ਹੇ ਮਿਤ੍ਰ!

Digitized by Panjab Digital Library | www.panjabdigilib.org

ਸੁੱਧ ਸਰੀਰ ਰਹਜੋ ਨਹਿੰ ਵਾਕੋ।
ਰੋਪ ਅਰੋਪ ਕਥੈ ਸਭ ਹੀ, ਨਰ
ਏਵ ਨ ਜਾਨਤ ਬੋਲਤ ਕਾਕੋ।
ਚਾਲ ਕੁਚਾਲ ਸੁਤੰਤ੍ਰ ਚਲੈ ਕਹ
ਗੰਗਯਤੀ ਮਦ ਤਾਮਸ ਜਾਕੋ* ।੧੫

[੪. ਰੋਗਾਂ ਦੀ ਖਾਣ]

ਦੋਹਰਾ—

†ਜੋ ਨਰ ਚੌਥਾ ਮਦ ਪਿਵੈ ਮੂਢ ਆਤਮਾ ਹੋਇ।
ਟੂਟੀਕੜਛੀ ਜਿਮ ਲਖੈ ਕ੍ਰਿਯਾਹੀਨ ਤਿਮ ਸੋਇ।੧੬।
‡ਭਲੋ ਬੁਰੋ ਜਾਨੈ ਨਹੀਂ ਮਾਨਵ ਮ੍ਰਿਤਕ ਸਮਾਨ।
ਚੇਤਨ ਚਿਤ ਮੈਂ ਦੇਤ ਨਹਿੰ ਸਰਬਰੋਗ ਕੀ ਖਾਨ।੧੭।
§ਬਿਨਾਂ ਸ਼ੁਦਾਈ ਪੀਤ ਕੋ ਐਸੋ ਮਦ ਕ੍ਰਿਤ ਮੌਨ।
ਸਕਲ ਦੋਖ ਦੁਖ ਦਾਯਨੀ ਅਟਵੀ ਜਾਵੈ ਕੌਨ।੧੮।

ਸਤਵੇਂ ਮਹਾਤਮਾ ਨੇ ਜਦ ਇੰਨੇ ਪਮਾਣ ਦੇਕੇ ਸਿੱਧ ਕਰ ਦਿਤਾ ਕਿ ਸ਼ਰਾਬ ਪੀਣੀ ਵਡੀ ਉੱਤਮ ਹੈ, ਪਰ ਅਕਲ ਨਾਲ ਵਿਤ ਮੂਜਬ, ਸਮੇਂ ਸੇਤੀ ਤੇ ਮਿਤ ਦੀ, ਤਦ ਅਠਵੇਂ ਸ਼ਰਾਬੀ ਨੇ ਸੋਚਿਆ ਕਿ ਬਈ ਸਾਰਿਆਂ ਭਰਾਵਾਂ ਨੇ ਸ਼ਰਾਬ ਦੀ ਉਪਮਾਂ ਦੇ ਉਹ ਪੁਲ ਬੰਨ੍ਹ ਦਿੱਤੇ ਕਿ ਭਾਈ ਸਾਹਿਬ ਅਨੁਭ੍ਰ ਹੋਕੇ ਸ਼ਰਾਬ ਪੀ ਜਾਣਗੇ, ਪਰ ਸਾਨੂੰ ਇਹ ਸਾਰੇ ਮਖੌਲ ਕਰਨਗੇ ਕਿ ਅਸਾਂ ਨਵਾਂ ਮੁਰਗਾ ਫਾਹ ਲਿਆ ਤੇ ਤੂੰ ਘੁੱਗੂ ਮੱਟ ਹੋਕੇ ਬੈਠਾ ਰਿਹਾ।ਇਹ ਵਿਚਾਰਕੇ ਆਪ ਬੋਲ ਉਠੇ। ਭਲਾ ਜੀ! ਏਣ ਦੱਸੋ ਸ਼ਰਾਬ ਨਿੰਦ ਹੈ ਕਿ ਅਨਿੰਦ? ਇਹ ਤਾਂ ਪੈਸੇ ਦੀ ਖੇਡ ਹੈ। ਆਤਸ਼ਬਾਜ਼ੀ ਵਾਙੂੰ ਘਰ ਫੂਕ ਤਮਾਸ਼ਾ ਦੇਖਣਾ ਹੈ। ਕ੍ਰਿਪਣ, ਕੰਜੂਸ, ਮੱਖੀਚੂਸ, ਰੁੱਖੀ ਰੋਟੀ ਖਾ ਖਾਕੇ ਨਿਰਬਾਹ ਕਰਨ ਵਾਲੇ, ਨੁਕਸਾਨ ਦੇ ਭਾਂਗੇ ਫਾਕਿਆਂ ਵਿਚ ਕੱਢਣ ਵਾਲੇ ਕਦ ਦਿਲਾਵਰ ਉਦਾਰ ਆਤਮਾ ਸ਼ਰਾਬੀਆਂ ਦੀ ਰੀਸ ਕਰ ਸਕਦੇ ਹਨ। ਜਿੱਥੇ ਸੈਂਕੜਿਆਂ ਦੀ ਗਿਣਤੀ ਨਹੀਂ, ਲੱਖਾਂ ਤੇ ਹਜ਼ਾਰਾਂ ਨੂੰ ਹਾਥ ਨਹੀਂ। ਗਿੱਦੜ ਦਾਖ ਤਕ ਜਦ ਪਹੁੰਚ ਨਹੀਂ ਸਕਦਾ ਤਾਂ ਕੌੜੀ ਤੇ ਖੱਟੀ ਕਹਿਕੇ ਮਨ ਨੂੰ ਧਿਰਾਸ ਦਿੰਦਾ ਹੈ, ਇਕੁਰ ਹੀ ਆਪ ਜੈਸੇ ਮਹਾਤਮਾ ਸ਼ਰਾਬ ਦੇ ਪ੍ਰਾਪਤ ਨਾ ਹੋਣ ਕਰਕੇ ਉਸਦੀ ਨਿੰਦਾ ਵਿਚ ਹੀ ਚਿਤ ਪਰਚਾ ਛਡਦੇ ਹਨ। ਬਿਨਾਂ ਸੋਚੇ ਸਮਝੇ ਕਿਸੇ ਪਦਾਰਥ ਨੂੰ ਬੁਰਾ ਕਹਿਣਾ ਚੰਗਾ ਨਹੀਂ।ਇੰਨਾਂ ਤਾਂ ਵਿਚਾਰੋ ਕਿ ਮਨੁੱਖ ਜਨਮ ਦਾ ਫਲ ਕੀ ਹੈ, ਜੇ ਸ਼ਰਾਬ ਨਹੀਂ ਪੀਣੀ ਸੀ ਤਾਂ ਇਸ ਮਨੁੱਖ ਸਰੀਰ ਵਿਚ ਆਏ ਕਿਉਂ ? ਜੇ ਮਨੁੱਖ ਮੂਰਤ ਹੋਕੇ ਸ਼ਰਾਬ ਨਹੀਂ ਪੀਂਦੇ ਉਨ੍ਹਾਂ ਨਾਲੋਂ ਪਸ਼ੂ ਚੰਗੇ, ਕਿਉਂਕਿ ਨਿੰਦਾ ਤਾਂ ਨਹੀਂ ਕਰਦੇ।

ਲਓ ਹੁਣ ਜੇ ਕੁਝ ਹੱਥ ਪਲੇ ਹੈ ਤਾਂ ਉਤਰ ਦਿਓ ਨਹੀਂ ਤਾਂ ਆਪਣੇ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਹੋਈ ਤੁਕ ਯਾਦ ਕਰਕੇ ਗਟਾ-

---

*ਮਾਂ ਪਿਉ ਤੇ ਗੁਰੂ ਦੀ ਆਗਿਆ ਨਹੀਂ ਮੰਨਦਾ,ਧੀਆਂ ਭੈਣਾਂ ਦੀ ਇੱਜ਼ਤ ਨਹੀਂ ਕਰਦਾ। ਖਾਧ ਅਖਾਧ ਸਭ ਨਿਘੋਰੀ ਜਾਂਦਾ ਹੈ, ਭੁੱਲਾ ਹੋਇਆ ਤੇ ਸਰੀਰ ਦੀ ਚੇਤਨ ਥੋਂ ਬਿਨਾਂ ਹੋ ਜਾਂਦਾ ਹੈ, ਲੁਕਿਆ ਛਿਪਿਆ ਆਪਣਾ ਭੇਤ ਸਭ ਕਹਿ ਦੇਂਦਾ ਹੈ। ਮਨੁੱਖ ਇਹ ਨਹੀਂ ਜਾਣਦਾ ਕਿ ਮੈਂ ਕਿਸ ਨਾਲ ਬੋਲਦਾ ਹਾਂ। ਚੰਗੇ ਮੰਦੇ ਕਰਮਾਂ ਦੀ ਚਾਲ ਨਿਰਭੈ ਹੋਕੇ ਚਲਦਾ ਹੈ। ਗੰਗਯਤੀ ਕਹਿੰਦਾ ਹੈ ਕਿ ਇਹ ਤਾਮਸੀ ਸ਼ਰਾਬ ਹੈ।

†ਜੋ ਆਦਮੀ ਚੌਥੇ ਪ੍ਰਕਾਰ ਦੀ ਸ਼ਰਾਬ ਪੀਂਦਾ ਹੈ ਆਤਮਾ ਕਰਕੇ ਮੂਰਖ ਹੈ। ਟੁੱਟੀ ਕੜਛੀ ਵਾਂਙੂੰ ਜਾਣੋਂ ਕੋਈ ਕੰਮ ਨਹੀਂ ਕਰ ਸਕਦਾ ਉਹ ਆਦਮੀ। ‡ਮੰਦਾ ਚੰਗਾ ਕੁਝ ਨਹੀਂ ਜਾਣਦਾ, ਮਨੁਖ ਮੁਰਦੇ ਦੇ ਸਮਾਨ ਹੁੰਦਾ ਹੈ ਅਤੇ ਚੇਤਨਤਾ ਚਿਤ ਵਿਚ ਨਹੀਂ ਹੁੰਦੀ, ਇਹ ਸ਼ਰਾਬ ਸਾਰੇ ਰੋਗਾਂ ਦੀ ਖਾਣ ਹੈ। §ਸੋ ਬਿਨਾਂ ਸ਼ੁਦਾਈ ਪਾਗਲ ਦੇ ਕੌਣ ਪੀਂਦਾ ਹੈ,ਇਹੋ ਜਿਹੀ ਸ਼ਰਾਬ ਚੁੱਪ ਗੁੰਮ ਕਰਾਉਣ ਵਾਲੀ ਸਾਰੇ ਹੀ ਰੋਗਾਂ ਤੇ ਦੁੱਖਾਂ ਦੇ ਦੇਣ ਵਾਲੀ ਹੈ। ਓੜਕ ਨੂੰ ਕੌਣ ਜਾਵੇ ਇਸ ਦੇ ਦੁਖ ਨਾਲ ਮਸਾਣਾਂ ਵਿਚ, ਅਰਥਾਤ ਓੜਕ ਨੂੰ ਮਰ ਜਾਂਦਾ ਹੈ।

Digitized by Panjab Digital Library | www.panjabdigilib.org

ਗਟ ਪੀਓ, ਦੇਖੋ ਕੈਸਾ ਅਨੰਦ ਹੈ:—

"ਮਹਾਂ ਕਾਲ ਕੋ ਸਿੱਖ ਕਰ ਮਦਰਾ ਭਾਂਗ ਪਿਆਇ"

ਸਾਡੇ ਪਾਠਕ ਪ੍ਰਸ਼ਨ ਸੁਣਕੇ ਹੈਰਾਨ ਹੋਣਗੇ ਕਿ ਅੱਠਾਂ ਨੇ ਸਿੰਘ ਸਾਹਿਬ ਨੂੰ ਅਜਿਹਾ ਘੇਰਿਆ ਹੈ ਤੇ ਛੇਕੜਲੇ ਨੇ ਤਾਂ ਚਰਿਤ੍ਰਕ ਪ੍ਰਸੰਗ ਦੀ ਅਜਿਹੀ ਤੁਕ ਸੁਣਾਈ ਹੈ ਕਿ ਉਹ ਮਹਾਤਮਾ ਅਨੁੱਤਰ ਹੋਏ ਜਾਪਦੇ ਹਨ, ਕੀ ਪੀਣ ਨੂੰ ਤਿਆਰ ਹੋਣਗੇ? ਕਦੀ ਨਹੀਂ, ਆਪ ਸਗੋਂ ਹਰੇਕ ਨੂੰ ਵਾਰੋ ਵਾਰ ਉੱਤਰ ਦੇਣ ਲਗੇ ਹਨ।

—o—

ਉੱਤਰ

ਕੁਝ ਚਿਰ ਸੋਚਕੇ ਸਿੰਘ ਸਾਹਬ ਬੋਲੇ—ਭਰਾਓ! ਤੁਸਾਂ ਸਾਰਿਆਂ ਨੇ ਇੱਕੋ ਵਾਰੀ ਆਪਣੇ ਪ੍ਰਸ਼ਨ ਕਰ ਦਿੱਤੇ ਹਨ, ਜਿਨ੍ਹਾਂ ਦੇ ਉਤਰ ਮੈਂ ਵਾਰੋ ਵਾਰੀ ਇਕ ਇਕ ਕਰਕੇ ਦਿਆਂਗਾ, ਪ੍ਰੰਤੂ ਪਹਿਲੇ ਤੁਸੀਂ ਪਖਪਾਤ ਨੂੰ ਦਿਲੋਂ ਕੱਢ ਦਿਓ ਅਤੇ ਜੋ ਕੁਝ ਮੈਂ ਬੇਨਤੀ ਕਰਾਂ ਦਿਲ ਦੇ ਕੰਨਾਂ ਨਾਲ ਸੁਣੋ ਜੋ ਤੁਹਾਨੂੰ ਸੱਤਿ ਅਸੱਤਿ ਮਾਲੂਮ ਹੋਵੇ ਤੇ ਤਿਆਗੀ ਹੋ ਜਾਓ।

ਪਹਿਲੇ ਪ੍ਰਸ਼ਨ ਵਾਲੇ ਨੂੰ ਉੱਤਰ

ਵਾਹ ਮਹਾਂਰਾਜ, ਆਪ ਨੇ ਖੂਬ ਕਹੀ, ਸ਼ਰਾਬ ਰੋਗ ਦੂਰ ਕਰਦੀ ਤੇ ਮੁਰਦੇ ਜਿਵਾ ਦਿੰਦੀ ਹੈ—ਕਦੀ ਆਪ ਨੇ ਕੋਈ ਮੁਰਦਾ ਸ਼ਰਾਬ ਪੀਕੇ ਭੁੜਕ ਉਠਦਾ ਡਿੱਠਾ ਹੈ? ਜਾਂ ਕਦੀ ਕਿਸੇ ਸ਼ਰਾਬੀ ਨੂੰ ਸਾਰੀ ਉਮਰ ਅਰੋਗ ਰਹਿੰਦਿਆਂ ਆਪ ਨੇ ਦੇਖਿਆ ਹੈ? ਕਦੀ ਨਹੀਂ, ਸਗੋਂ ਸੈਂਕੜੇ ਗੱਭਰੂ ਤੇ ਰੰਗੀਲੇ ਜਵਾਨ ਇਸ ਦੀ ਬਦੌਲਤ ਨਿੱਤ ਦੇ ਰੋਗੀ ਤੇ ਦੁਖੀ ਹੁੰਦੇ ਡਿੱਠੇ ਹੋਣਗੇ ਤੇ ਹਜ਼ਾਰਾਂ ਮਾਂਵਾਂ ਦੇ ਲਾਲ ਇਸਪਾਣੀ ਦੀ ਅੱਗ ਨੇ ਜੋਬਨ ਦੇ ਪੰਘੂੜੇ ਵਿਚੋਂ ਚਿਖਾ ਵਿਚ ਉਤਾਰੇ ਹੋਣਗੇ। ਮੇਰੇ ਕੋਲੋਂ ਆਪ ਵਰ੍ਹਾ ਦਿਨ ਛੱਟੇ ਹੋ, ਜ਼ਰਾ ਸ਼ੀਸੇ ਵਿਚ ਦੇਖੋ ਕਿ ਕਿਸ ਦੇ ਮੂੰਹ ਪੁਰ ਝੁਰੜੀਆਂ ਪੈ ਗਈਆਂ ਹਨ। ਇਸ ਲਈ ਤੁਸੀਂ ਤਾਂ ਅਪਨੀ ਵਡਿਆਈ ਨੂੰ ਠੱਪੋ।

ਦੂਜੇ ਪ੍ਰਸ਼ਨ ਵਾਲੇ ਨੂੰ ਉੱਤਰ

ਕਹੀਏ ਭਾਈ ਸਾਹਿਬ ਆਪ ਤਾਂ ਵਡੇ ਨਜਾਯਕ ਜਾਪਦੇ ਹੋ, ਕਿਹੀ ਅਚਰਜ ਯੁਕਤੀ ਹੈ ਕਿ 'ਅਸਾਰ' ਸੰਸਾਰ, ਉਸ ਵਿਚ ਸ਼ਰਾਬ 'ਸਾਰ'! ਇਹ ਯੁਕਤੀ ਠੀਕ ਇਸ ਤਰ੍ਹਾਂ ਹੈ ਕਿ "ਫਲਾਣਾ ਆਦਮੀ ਧਰਮੀ ਤੇ ਨਿਹਪਾਪ ਹੈ, ਪਰ ਕਦੀ ਕਦੀ ਚੋਰੀ ਕਰਦਾ ਹੈ"। ਭਲਾ ਜੀ, ਜੇ ਸ਼ਰਾਬ ਸਾਰ ਹੈ ਤਾਂ ਥੋੜ੍ਹੇ ਚਿਰ ਵਿਚ ਅਸਾਰਤਾ ਰੂਪੀ ਟੋਟ ਕਿਉਂ ਦਿਖਾਉਂਦੀ ਹੈ। ਸ਼ਰਾਬ ਸਾਰ ਹੈ ਤਾਂ ਸਵੇਰੇ ਉੱਠਕੇ ਪੇੜਿਆਂ ਦੀ ਲੱਸੀ ਨੂੰ ਕਿਉਂ ਧਾੜ ਪੈਂਦੀ ਹੈ? ਮੇਰੇ ਪੀਣ ਵਲੋਂ ਜੋ ਕੁਝ ਆਪ ਕਹਿੰਦੇ ਹੋ, ਮੈਂ ਬੀ ਇਸ ਕਲੇਜੇ ਲੂਹਣੀ ਨੂੰ ਵਰਤਦਾ ਰਿਹਾ ਹਾਂ, ਤਦੇ ਹੀ ਤਾਂ ਇਸ ਦੇ ਔਗੁਣਾਂ ਦਾ ਭੇਤੀ ਹਾਂ। ਇਸ ਦੇ "ਰਾਹ ਪਿਆਂ ਜਾਣੀਏਂ ਜਾਂ ਵਾਹ ਪਿਆਂ ਜਾਣੀਏ"। ਤਦੇ ਹੀ ਮੈਂ ਨੇਮ ਕੀਤਾ ਹੈ ਕਿ ਬੇਖਬਰਾਂ ਨੂੰ ਇਸ ਨਾਗਨ ਦੇ ਡੰਗਾਂ ਦੀ ਖਬਰ ਦੇਕੇ ਅਜਾਈਂ ਮੌਤ ਮਰਨੋਂ ਬਚਾਵਾਂ।

ਤੀਸਰੇ ਪ੍ਰਸ਼ਨ ਵਾਲੇ ਨੂੰ ਉੱਤਰ

ਆਪ ਨੇ ਕਿਹਾ ਅਚਰਜ ਸ਼ਰਾਬ ਕੌਰ ਦਾ ਦਰਬਾਰ ਸਜਾ ਦਿਖਾਇਆ, ਕਿਹਾ ਅਚਰਜ ਰੂਪਕ ਅਲੰਕਾਰ ਬੱਧਾ ਹੈ! ਲਓ ਹੁਣ ਤੁਹਾਡੇ ਸਾਰੇ ਦਰਬਾਰੀਆਂ ਦੀ ਖਬਰ ਲਈਏ ਤੇ ਇਕ ਇਕ ਦੀ ਵੱਖ ਵੱਖ ਕਰਤੂਤ ਦੱਸੀਏ।

[੧. ਤਮਾਕੂ]

ਸੱਚ ਹੈ! ਜਿਹੀ ਮਹਾਂਰਾਣੀ ਤਿਹਾ ਵਜ਼ੀਰ, ਜਿਹੀ ਕਿੱਕਰ ਦੀ ਚੁੜੇਲ ਰਾਣੀ, ਤਿਹਾ ਖੇੜਾਂ

Digitized by Panjab Digital Library | www.panjabdigilib.org

ਦਾ ਭੂਤ ਪ੍ਰਧਾਨ ਮੰਤ੍ਰੀ।ਭੈੜੀ ਟੋਟ ਸ਼ਰਾਬ ਦੀ, ਪਰ ਤਮਾਕੂ ਦੀ ਉਸਥੋਂ ਬੀ ਚੰਦਰੀ, ਕਿਉਂਕਿ ਇਸਦਾ ਅਮਲ ਤਾਂ ਧੂੰਏਂ ਵਾਕਰ ਉਡਦਾ ਹੀ ਜਾਂਦਾ ਹੈ। ਭਲਾ ਸ਼ਰਾਬ ਪੀਤਿਆਂ ਢਿਡ ਤਾਂ ਆਫਰੂ,ਪਰ ਤਮਾਕੂ ਦੀ ਤਾਂ ਸੁਆਹ ਬੀ ਨਹੀਂ ਅੰਦਰ ਜਾਂਦੀ।

ਸ਼ਰਾਬ ਵਾਂਙੂ ਤਮਾਕੂ ਹੈਰੀਂ ਬੀ ਕਰਮ ਧਰਮ ਦਾ ਕੱਖ ਨਹੀਂ ਛਡਦੇ "ਮਾਰੇ ਝੂਠ ਜਾਂ ਮਾਰੇ ਜੂਠ"। ਜੋ ਰੋਗ ਉਨਮਾਦ,ਮੂਰਛਾ,ਚਿਤ ਭ੍ਰਮ, ਘੂਘਤ ਘੇਰਾ, ਸ੍ਵਾਸ ਕਾਸ ਆਦਿਕ ਪ੍ਰਗਟ ਹੁੰਦੇ ਹਨ। ਤਮਾਕੂ ਨਾਲ ਕੁਝ ਹੋਰ ਬੀ ਵਧਕੇ ਹੁੰਦੇ ਹਨ।ਕਹਿੰਦੇਹਨ ਕਿ ਤਮਾਕੂ ਸਾਰੇ ਅਮਲਾਂ ਵਿਚੋਂ ਨਖਿੱਧ ਹੈ,ਕਿਉਂਕਿ ਬੇਸਬਰਾ, ਦੁਰਗੰਧੀ ਵਾਲਾ,ਦਲਿਦਰ ਦਾ ਰੂਪ ਤੇ ਟੁੱਟਾ ਹੋਇਆ ਅਮਲ ਹੈ। ਹਰ ਵੇਲੇ ਲੋੜ ਲਗੀ ਰਹਿੰਦੀ ਹੈ, ਭਾਵੇਂ ਕਿੰਨੀਆਂ ਚਿਲਮਾਂ ਫੂਕੀ ਜਾਏ,ਬੱਸ ਨਹੀਂ। ਸ਼ਰਾਬ ਤਾਂ ਕੁਝ ਚਿਰ ਸਰੂਰ ਰੱਖ ਬੀ, ਪਰ ਇਸ ਦੀ ਬੇਸਬਰੀ ਦੀ ਕੋਈ ਹੱਦ ਹੀ ਨਹੀਂ ? ਕਿਉਂ ਨਾ ਹੋਵੇ ਜੇ ਕਦੀ ਇੰਨੀ ਵਡਿਆਈ ਬੀ ਇਸ ਵਿਚ ਨਾ ਹੋਵੇ ਤਾਂ ਹੋਰ ਵਡਿਆਈ ਇਸਦੀ ਸੁਆਹ ਹੈ ? ਵਜ਼ੀਰ ਪੂਰਾ ਹੈ।

ਦੇਖੀਏ ! ਹੁਕਈਆਂ ਦੇ ਹੱਥਾਂ ਦੀਆਂ ਤਲੀਆਂ ਤੇ ਮੁੱਛਾਂ ਧੂੰਏ ਦੀਆਂ ਨਿਸ਼ਾਨੀਆਂ ਦੱਸਦੀਆਂ ਹਨ।ਸ਼ਾਸਤ੍ਰ ਮੂਜਬ ਹੁਕਈ ਸਦੀਵ ਹਥ ਮੂੰਹ ਜੂਠੇ ਹੋਣ ਕਰਕੇ ਪਿਤਰ ਕਰਮ ਦੇ ਲਾਇਕ ਨਹੀਂ। ਦੰਦਾਂ ਤੇ ਮੈਲ ਜੰਮੀ ਰਹਿੰਦੀ ਹੈ, ਮੂੰਹ ਵਿਚੋਂ ਬੋ ਆਉਂਦੀ ਹੈ, ਜਿਸ ਕਰਕੇ ਸ਼ੁਧ ਸਥਾਨਾਂ ਵਿਚ ਬੈਠਣ ਜੋਗਾ ਨਹੀਂ ਰਹਿੰਦਾ।ਹੁਕਈ ਦਾ ਸੀਨਾਂ ਅੰਦਰੋਂ ਧੁਆਂਖਿਆ ਜਾਂਦਾ ਹੈ,ਇਸ ਗਲ ਦੀ ਉਗਾਹੀ ਲਈ ਨੇਚਾ ਤੋੜਕੇ ਦੇਖ ਲਓ। ਹੁਕਈ ਨੂੰ ਦਮਾ ਖੰਘ ਦਾ ਰੋਗ ਬਹੁਤਾ ਹੁੰਦਾ ਹੈ ਅਤੇ ਛੋਹ ਵਾਲੇ ਰੋਗ ਉਸਨੂੰ ਬਹੁਤ ਛੇਤੀ ਲਗਦੇ ਹਨ। ਹੋਰ ਸਭ ਕੰਮਾਂ ਵਿਚ ਦਲਿੱਦ੍ਰੀ, ਪਰ ਹੁੱਕੇ ਦੇ ਆਹਰ ਵਿਚ ਦਿਨ ਰਾਤ ਉੱਦਮ।ਹਜ਼ਾਰ ਗਾਲੀ ਖਾਏ, ਪਤ ਲਹਿ ਜਾਏ, ਚਿਲਮ ਭਨਾਏ, ਦਰ ਦਰ ਧੱਕੇ ਖਾਏ, ਹੱਥ ਸੜਾਏ,ਪਰ ਤਮਾਕੂ ਦੇ ਧੂੰਏਂ ਤੋਂ ਮੂੰਹ ਝੁਲਸਣੋਂ ਨਹੀਂ ਟਲਦਾ।ਕੋਈ ਸਵੇਰੇ ਉੱਠਕੇ ਪਾਠ ਪੂਜਾ ਕਰੂ,ਕੋਈ ਜਾਪ ਕਰੂ,ਕੋਈ ਨਿਮਾਜ਼ ਪੜ੍ਹੂ,ਹੁਕਈ ਹੁਰੀਂ ਚਿਲਮ ਹੱਥ ਵਿਚ ਲਈ ਭੜਭੁੰਜਿਆਂ ਅਤੇ ਹਲਵਾਈਆਂ ਦੀਆਂ ਹੱਟੀਆਂ ਤੇ ਗਾਲ੍ਹਾਂ ਖਾ ਰਹੇ ਹਨ। ਤਮਾਕੂ ਵਿਚ ਇਕ ਹੋਰ ਵਾਧਾ ਹੈ ਕਿ ਆਪਣੇ ਪ੍ਰੇਮੀਆਂ ਦੀ ਬੁੱਢੇਵਾਰੇ ਉਹ ਦੁਰਦਸ਼ਾ ਕਰਦਾ ਹੈ ਕਿ ਜਿਸਨੂੰ ਫੇਰ ਚਿਖਾ ਬਿਨਾਂ ਹੋਰ ਕੋਈ ਦੂਰ ਨਹੀਂ ਕਰ ਸਕਦਾ।ਜ਼ਰਾ ਸੋਚੋ ਕਿਹੀ ਅਚਰਜ ਵਜ਼ੀਰੀ ਹੈ ! ਜਾਤਾਂ ਕੁਜਾਤਾਂ ਦੀਆਂ ਜੂਠੀਆਂ ਚਿਲਮਾਂ ਪੀਣੀਆਂ, ਰੋਗ ਸਹੇੜਨੇ, ਧਰਮ ਕਰਮ ਨੂੰ ਡੋਬਣਾ, ਧਨ ਖਰਚਕੇ ਦੂਰ ਦੂਰ ਤੇ ਫਿਟਕ ਫਿਟਕ ਕਰਾਉਣੀ।ਗਿਰਧਰ ਜੀ ਲਿਖਦੇ ਹਨ:

ਹੁੱਕੇ ਨੇ ਹੁਰਮਤ ਖੋਈ ਨੇਮ ਧਰਮ ਗਿਆ ਛੂਟ।
ਅਨਾਜ ਵੇਚਕੇ ਲਏ ਤਮਾਕੂ ਗਈ ਹੀਏ ਕੀ ਫੂਟ।
ਗਈ ਹੀਏ ਕੀ ਫੂਟ ਆਗ ਕਉ ਘਰ ਘਰ ਡੋਲੇ।
ਜਿਸ ਪੈ ਮੰਗੇ ਆਗ, ਵੁਹੀ ਅਕੜਾਤਾ ਬੋਲੇ।
ਕਹਿ ਗਿਰਧਰ ਕਵਿਰਾਇ,ਜਨਮ ਕਾ ਆਯਾ ਰੁੱਕਾ।
ਜਬ ਛੂਟੇਂਗ ਪ੍ਰਾਣ ਤਬੀ ਛੂਟੇਗਾ ਹੁੱਕਾ।

ਦੋਹਰਾ—

ਤਲਬ ਤਮਾਕੂ ਕੀ ਲੀਏ ਭਯੋ ਜਲਾ ਗੁਲ ਹੂੜ।
ਹੁੱਕੇ ਹੀ ਕੇ ਧਯਾਨ ਮੈਂ ਹੱਕਾ* ਭੂਲਯੋ ਮੂੜ।

[੨. ਅਫੀਮ ਦੇਵੀ ਗੋਲੀ]

ਲਓ ਹੁਣ ਅਫੀਮ ਦੇ ਗੁਣ ਔਗੁਣਾਂ ਪੁਰ ਵਿਚਾਰ ਕਰੀਏ। ਅਫੀਮ ਰੋਲੀ ਠੀਕ ਹੈ।

*ਹੱਕ=ਦੱਬ।

Digitized by Panjab Digital Library | www.panjabdigilib.org

ਕਿਉਂਕਿ ਇਸਦੀ ਗੋਲੀ ਹੀ ਵੱਟਕੇ ਖਾਂਦੇ ਹਨ। ਦੂਜਾ ਗੋਲ ਪੁਣਾ ਇਸਦਾ ਇਹ ਹੈ ਕਿ ਚਾਰ ਛੇ ਪਹਿਰ ਤਕ ਰੋਟੀ ਵਾਂਙੂ ਅਮਲ ਬੀ ਰੱਖਦੀਹੈ,ਪਰ ਟੋਟ ਵੇਲੇ ਓਹੋ ਹਾਲ ਜੋ ਸ਼ਰਾਬ ਦੀ ਟੋਟ ਦਾ।ਸਗੋਂ ਨਿੱਛਾਂ ਤੇ ਅੱਖ ਨੱਕ ਵਿਚੋਂ ਪਾਣੀ ਵਾਧੇ ਦਾ ਵਗਣ ਲਗ ਪੈਂਦਾ ਹੈ।

ਅਫੀਮ ਦਾ ਗੋਲੀ ਹੋਣਾ ਇਉਂ ਭੀ ਹੈ ਕਿ ਸ਼ਰਾਬ ਛੱਡਣ ਵਿਚ ਸ਼ਰਾਬੀ ਨੂੰ ਕੋਈ ਯਤਨ ਨਹੀਂ ਕਰਨਾ ਪੈਂਦਾ, ਕੇਵਲ ਮਨ ਕਰਕੇ ਤਿਆਗੀ ਸੋ ਤਿਆਗੀ ਗਈ, ਤਨ ਕਰਕੇ ਸੁਖੀ ਹੋ ਜਾਂਦਾ ਹੈ, ਪੰਤੂ ਅਫੀਮ ਨੂੰ ਜੇ ਕੋਈ ਮਨ ਕਰਕੇ ਤਿਆਗੇ ਬੀ ਤਾਂ ਤਨ ਦੁਖੀ ਹੋ ਜਾਂਦਾ ਹੈ। ਜਦ ਤਕ ਕੋਈ ਉੱਘਾ ਸਿਆਣਾ ਕਿਸੇ ਜੁਗਤ ਨਾਲ ਨਾ ਛੁਡਾਵੇ, ਤਦ ਤਕ ਇਸ ਬਲਾ ਦਾ ਖਯ ਖਰਾ ਕਠਨ ਹੈ।

ਅਫੀਮੀ,"ਗੋਲੀ ਦੇ ਸੇਵਕ", ਦੀ ਦਸ਼ਾ ਕਿਹੀ ਅਚਰਜ ਹੁੰਦੀ ਹੈ। ਅੱਖਾਂ ਦੀਆਂ ਪੁਤਲੀਆਂ ਸੁੰਗੜੀਆਂ ਹੋਈਆਂ,ਚਿਹਰੇ ਦੀ ਕ੍ਰਾਂਤ ਨਾਸ਼, ਆਲਸ ਤੇ ਨੀਂਦਰ ਕਰਕੇ ਉਂਘਲਾਟ, ਸਰੀਰ ਦੇ ਨਿਰਬਲ ਤੇ ਸੁੱਕੇ ਹੋਏ, ਜਿੱਥੇ ਬੈਠੇ ਉਂਘਾਂ ਦੀ ਬੇਪਰਵਾਹੀ ਤੇ ਨੀਂਦਰ ਦਾ ਕੋਈ ਹਦ ਹਿਸਾਬ ਹੀ ਨਹੀਂ।ਕਦੀ ਤਾਂ ਚਾਰ ਪਹਿਰ ਦਿਨ ਤੇ ਚਾਰ ਪਹਿਰ ਰਾਤ ਸੁੱਤਿਆਂ ਲੰਘ ਗਏ,ਦੀਨ ਦੁਨੀਆਂ ਦੀ ਕੋਈ ਖਬਰ ਹੀ ਨਹੀਂ। ਕਦੀ ਜੇ ਨੀਂਦ ਉੱਖੜੀ ਤਾਂ ਸਾਰੀ ਸਾਰੀ ਰਾਤ ਉਸਲਵੱਟੇ ਭੰਨਦਿਆਂ, ਉਬਾਸੀਆਂ ਲੈਂਦਿਆਂ, ਲੱਤਾਂ ਬਾਹਾਂ ਮਾਰਦਿਆਂ, ਢਿੱਡ ਘੁਟਦਿਆਂ, ਉਠਦਿਆਂ ਬੈਠਦਿਆਂ, ਪਿਆਦੇ ਦੁੜਾਉਂਦਿਆਂ, ਪਿਟਦਿਆਂ ਖੋਂਹਦਿਆਂ ਅਫੀਮੀ ਦੀ ਰਾਤ ਜਾਂਦੀ ਹੈ, ਪਰ ਨੀਂਦ ਨਹੀਂ ਆਉਂਦੀ। ਮਸੇ ਮਸੇ ਦਿਨ ਚੜ੍ਹਿਆ, ਉੱਠੇ, ਪਖਾਨੇ ਗਏ ਤਾਂ ਸਹੀ, ਪਰ ਅਫੀਮ ਨੇ ਆਂਦਰਾਂ ਨੂੰ ਜੰਦਰਾ ਮਾਰਿਆ ਹੋਇਆ ਹੈ, ਲੱਕ ਤੇ ਮੁੱਕੀਆਂ ਮਾਰੀ ਜਾਂਦੇ ਹਨ, ਜ਼ੋਰ ਜ਼ੋਰ ਨਾਲ ਕਿੱਲ੍ਹਦੇ ਹਨ। ਮੂੰਹ ਲਾਲ ਹੋਗਿਆ, ਅੱਖਾਂ ਲਹੂ ਲੁਹਾਨ ਹੋ ਗਈਆਂ, ਪੁੜਪੁੜੀਆਂ ਦੀਆਂ ਨਾੜਾਂ ਤੁੱਪ ਤੁੱਪ ਕਰ ਰਹੀਆਂ ਹਨ, ਲੱਕ ਨੂੰ ਕੁਟੀ ਜਾਂਦੇ ਹਨ ਤੇ ਕਹੀ ਜਾਂਦੇ ਹਨ "ਨਿਕਲ ਓਇ ਦੁਸ਼ਟਾ ! ਨਿਕਲ ! ਓ ਈ ਰੱਬਾ ! ਨਿਕਲ ਓਇ ਭੈੜਿਆ ਮੈਂ ਤੈਨੂੰ ਖਾਂਦਾ ਤਾਂ ਨਹੀਂ"। ਗਲ ਕੀ ਇਸ ਦੁਰਦਸ਼ਾ ਵਿਚ ਉਸਦਾ ਢੇਰ ਚਿਰ ਬੀਤ ਜਾਂਦਾ ਹੈ, ਪੈਰ ਸੌਂ ਜਾਂਦੇ ਹਨ, ਝਰਨਾਟ ਛਿੜ ਪੈਂਦੀ ਹੈ, ਸਿਰ ਭੌਣ ਲਗ ਜਾਂਦਾ ਹੈ, ਅਖਾਂ ਅੱਗੇ ਸਾਵੇ ਤੋਤੇ ਉੱਡਣ ਲਗ ਜਾਂਦੇ ਹਨ। ਮਸੇ ਮਸੇ ਪੁਤ੍ਰ ਜੰਮੇ ਦੀ ਵਧਾਈ ਲੈਕੇ ਉਠੇ। ਹਥ ਪਾਣੀ ਕਰਕੇ ਪੰਜ ਇਸ਼ਨਾਨਾ ਕੀਤਾ। ਨ੍ਹਾਉਣ ਵਲੋਂ ਤਾਂ ਹਫੀਮੀ ਦੀ ਬੜੀ ਉੱਘੀ ਗਲ ਹੈ, "ਕਾਗਤ ਭਿਜੇ ਤਾਂ ਸੁਕਾਇਆ ਫਿਰ ਕਾਗਤ ਦਾ ਕਾਗਤ, ਪਰ ਅਫੀਮੀ ਜਾਂ ਘੋੜੇ ਡਿੱਜੇ ਦਾ ਕੱਖ ਨਹੀਂ ਰਹਿੰਦਾ"। ਅਫੀਮੀ ਨੇ ਪਾਣੀ ਡਿੱਠਾ ਤਾਂ ਕਾਂਬਾ ਛਿੜ ਪਿਆ।

ਜੇ ਕਿਤੇ ਅਫੀਮ ਖਾਣ ਦਾ ਵੇਲਾ ਖੁੰਝ ਜਾਏ ਤਾਂ ਅਫੀਮੀ ਜੀ ਸੱਥਰ ਲੱਥੇ। ਅੱਚਵੀ ਤੇ ਖੁੱਸਣ, ਨੱਕ ਅੱਖਾਂ ਵਿਚੋਂ ਪਾਣੀ, ਹੁਣ ਮੋਏ, ਖਬਰ ਨਹੀਂ ਘੜੀ ਹਨ ਕਿ ਪਲ,ਗੋਲ ਤਕ ਮੂੰਹੋਂ ਨਹੀਂ ਨਿਕਲਦੀ। ਜਦ ਚੀਨੀਆਂ ਬੇਗਮ ਮਿਲੀ, ਜਾਨ ਵਿਚ ਜਾਨ ਆਈ, ਦੁਨੀਆਂ ਵੱਸਦੀ ਡਿੱਠੀ, ਬੈਠੇ, ਲਗੇ ਉਂਘਾਂ ਤੇ ਝੂਟੇ ਖਾਣ, ਇਥੋਂ ਤੀਕ ਕਿ ਉਘਲਾਉਂਦੇ ਉਘਲਾਉਂਦੇ ਮੱਥਾ ਜ਼ਮੀਨ ਨਾਲ ਠੰਨ ਕਰਦਾ ਜਾ ਠਣਕਦਾ ਹੈ। ਹੁਣ ਚੌਂਕੇ ਤੇ ਸਹੀ, ਪਰ ਅੱਖਾਂ ਨਹੀਂ ਖੁੱਲ੍ਹਦੀਆਂ, ਫਿਰ ਉਹੋ ਹਾਲ। ਜੇ ਕਿਸੇ ਪਾਸ ਬੈਠੇ ਨੇ ਉਬਾਸੀ

Digitized by Panjab Digital Library | www.panjabdigilib.org

ਲਈ, ਝੱਟ ਅਫੀਮੀ ਦਾ ਅਮਲ ਟੁੱਟ ਗਿਆ। ਲਗੇ ਕੁੜਕੁੜਾਉਣ, ਕੁਝਕੁਝਮੂੰਹ ਵਿਚ ਬੁੜ-ਬੁੜਾਉਣ ਤੇ ਅਫੀਮ ਦੇ ਪਜਾਦੇ ਦੁੜਾਉਣ।

ਪਹਿਲੇ ਤਾਂ ਚਾਈਂ ਚਾਈਂ ਵਿਸ਼ਯ ਸੁਖ ਵਾਸਤੇ ਅਫੀਮ ਲਾਈ ਸੀ, ਪਰ ਹੁਣ ਤਾਂ ਨਾੜੀਆਂ ਅਜਿਹੀਆਂ ਸਿਥਲ ਹੋਈਆਂ ਹਨ ਕਿ ਕਿਸੇ ਗਲ ਜੋਗੇ ਰਹੇ ਹੀ ਨਹੀਂ। ਪੱਠੇ ਤੇ ਲਹੂ ਸਰੀਰ ਦਾ ਸੁਸਤ ਹੋ ਗਿਆ, ਮਾਸ ਘਟ ਗਿਆ, ਪਿੰਜਰ ਨਿਕਲ ਆਇਆ, ਚਿਹਰੇ ਦੀ ਸੋਂਦਰਯਤਾ ਮਾਰੀ ਗਈ; ਸਰੀਰ ਦਲਿੱਦਰੀ, ਆਲਸੀ, ਸੁਖੀਲਾ ਤੇ ਹਡ ਰਖ ਹੋ ਗਿਆ।

ਦੈਵਨੇਤ ਨਾਲ ਜੇ ਅਫੀਮੀ ਨੂੰ ਕੋਈ ਰੋਗ ਲਗ ਜਾਏ ਤਾਂ ਹਕੀਮਾਂ ਨੂੰ ਇਲਾਜ ਕਰਨ ਵੇਲੇ ਵਡਾ ਔਖ ਹੁੰਦਾ ਹੈ; ਹਫੀਮੀ ਨੂੰ ਦਵਾ ਛੇਤੀ ਅਸਰ ਨਹੀਂ ਕਰਦੀ, ਕਿਉਂਕਿ ਉਸ ਦੀਆਂ ਧਾਤਾਂ* ਤੇ ਉਪਧਾਤਾਂ† ਅਫੀਮ ਰੂਪ ਹੋ ਗਈਆਂ ਹੁੰਦੀਆਂ ਹਨ; ਅਤੇ ਨਾ ਹੀ ਸਰੀਰ ਵਿਚ ਬਲ ਹੁੰਦਾ ਹੈ, ਹਡ ਚੰਮ ਬਾਕੀ ਹੁੰਦੇ ਹਨ, ਸੋ ਸੰਭਾਲਣੇ ਸਿਆਣੇ ਨੂੰ ਕਠਨ ਹੋ ਜਾਂਦੇ ਹਨ। ਅਫੀਮੀ ਨੂੰ ਕੈ ਕਰਾਉਣੀ, ਜੁਲਾਬ ਦੇਣਾ ਜਾਂ ਦਸਤ ਮਰੋੜ ਬੰਦ ਕਰਨੇ, ਕਿਸੇ ਸਿਰ ਦੇ ਰੋਗ ਦੀ ਦਵਾ ਕਰਨਾ, ਹਕੀਮ ਲਈ ਕੋਈ ਖਾਲਾ ਜੀ ਦਾ ਵਾੜਾ ਨਹੀਂ ਜੋ ਉਠੇ ਤੇ ਖਰਬੂਜਾ ਭੰਨ ਕੇ ਖਾ ਲਿਆ।

‡ਚੀਨ ਪਰਬਤੀ ਮਾਲਵਾ ਮਾਰਵਾੜ ਕੀ ਠੀਕ।

*ਧਾਤਾਂ ਸੱਤ ਹਨ। ਅੰਨ, ਰਸ, ਲਹੂ, ਮਾਸ, ਹੱਡੀ, ਮੱਜਾ ਤੇ ਬੀਰਜ।

†ਤਿੰਨ ਦੋਖ ਤਿੰਨ ਵੰਦ ਜਾਂ ਤ੍ਰਿਦੋਖ।

‡ਚੀਨ, ਪਹਾੜ, ਮਾਲਵਾ, ਮਾਰਵਾੜ ਇਨ੍ਹਾਂ ਦੇਸਾਂ ਦੀ ਬਹੁਤ ਚੰਗੀ ਹੁੰਦੀ ਹੈ, ਪੋਸਤ ਦੀ ਧੀ ਅਫੀਮ, ਕਰੜੀ ਜ਼ਹਿਰ ਹੈ, ਮਾਰਵਾੜੀ ਲੋਕ ਅਫੀਮ ਦੇ ਘੋਰੀ ਮਾਚੇ ਤੋੜ ਕਹੀਦੇ ਹਨ, ਉਨ੍ਹਾਂ ਦੀ ਇਹ ਪਰਮ ਪਯਾਰੀ ਹੈ।

ਪੋਸਤ ਤਨੁਜਾ ਘੋਰ ਬਿਖ ਮਾਚੇ ਤੋੜ ਰਫੀਕ॥੧॥
*ਬਲ, ਬੁਧ, ਬੀਰਜ, ਚੇਤਨਾ ਇਮ ਲੋਕੋਕਤ ਪ੍ਰਕਾਸ਼।
"ਰੱਤੀ ਖਾਵੇ ਦੱਤ ਨੂੰ, ਮਾਸਾ ਖਾਵੇ ਮਾਸ" ॥ ੨ ॥
†ਘੋਰ ਨੀਂਦ ਤੰਦ੍ਰਾ ਨਿਲੱਜਬਿਟ ਬਧਅਧਕਸੁਤੋਦ।
ਲਖਅੰਮ੍ਰਤਬਿਖਭਖਤਜਗਧਰਹਿਜਅਨਦ ਪ੍ਰਮੋਦਾਜ਼।

ਅਫਸੋਸ ਇੰਨੇ ਔਗੁਣਾਂ ਦੀ ਭਰੀ ਨੀਚ ਵਿਹੁ ਚੀਜ਼ ਲੋਕੀਂ ਖਾਈ ਜਾਂਦੇ ਹਨ, ਪਰ ਦੁਖੀ ਹੋਣ ਪਰ ਵੀ ਨਹੀਂ ਸਮਝਦੇ। ਹਜ਼ਾਰਾਂ ਅਫੀਮੀ ਡਿੱਠੇ ਪਰ ਸਭ ਦਾ ਅੰਤ ਭੈੜਾ ਡਿੱਠਾ।

—o—

[੩. ਭੰਗ ਦੇਵੀ ਰਸੋਇਣ]

ਵਾਹ ਵਾਹ ਭੰਗ ਦੇਵੀ ਕਿਹੀ ਚਤੁਰ ਸੂਪ-ਕਾਰ ਹੋ! ਕੜਛੀ ਰੂਪ ਸੋਟਾ ਸਦੀਵ ਹਥ ਵਿਚ, ਟੋਕਨੀ ਰੂਪ ਸੁਨਹਿਰਾ ਸਿਰਹਾਂਦੀ ਪਵਾਂਦੀ। ਮਗਜ਼, ਕਾਸ਼ਨੀ, ਬਦਾਮ, ਮੁਲੱਠੀ, ਮਰਚਾਂ ਖਸ਼ਖਾਸ਼, ਦੁੱਧ ਮਿੱਠਾ ਆਦਿ ਮਿਸਾਲੇਦਾਰ ਪਦਾਰਥ, ਜਿਸਦੇ ਨਾਲ ਰਗੜ ਦੀ ਅੱਗਵਿਚ ਪੱਕੇ ਹੋਏ ਤੇਪੁਣਕੇ ਪ੍ਰੇਮੀ ਭੰਗੀ ਪੁਰਸ਼ ਬਾਟਿਆਂ ਦੇ ਬਾਟੇ ਪੈਰਾਂ ਭਾਰ ਬੈਠੇ ਹੋਏ ਝੀਕੋ ਝੀਕ ਚੜ੍ਹਾ ਰਹੇ ਹਨ। ਮਸਤੀ ਚੜ੍ਹੀ, ਸੰਸਾਰ ਦੀ ਸੁਧ ਰੁੜ੍ਹੀ, ਅਖਾਂ ਘੁਟੀਂਦੀਆਂ ਜਾਂਦੀਆਂ ਹਨ, ਸੰਕ-ਲਪ ਦੀ ਤਾਰ ਜਿਧਰ ਬੱਝੀ ਸੋ ਬੱਝੇ। ਜੇ ਕਿਤੇ ਚਿੜੀ ਉੱਡਦੀਆਈ ਜਾਣਿਆ ਢੀਂਡਾ‡ ਹੈ,

*ਸ਼ਰੀਰ ਦਾ ਬਲ, ਅਕਲ, ਬੀਰਜ ਤੇ ਚੇਤੰ-ਨਤਾ ਸਭ ਅਫੀਮ ਖਾ ਲੈਂਦੀ ਹੈ, ਲੋਕ ਬੀ ਇਉਂ ਕਹਿੰਦੇ ਹਨ:—ਰਤੀ ਭਰ ਅਫੀਮ ਸਰੀਰ ਦਾ ਲਹੂ ਨਹੀਂ ਛਡਦੀ, ਅਤੇ ਮਾਸਾ ਅਫੀਮ ਮਾਸ ਨੂੰ ਖਾ ਜਾਂਦੀ ਹੈ।

†ਘੋਰ ਨੀਂਦਰ, ਆਲਸ, ਬੇਹਯਾਈ, ਕਬਜ਼ੀ, ਖੁਸ਼ਣ, ਅੱਚਵੀ ਆਦਿਕ ਦੇਣ ਵਾਲੀ ਜ਼ਹਿਰ ਰੂਪੀ ਅਫੀਮ ਨੂੰ ਅੰਮ੍ਰਿਤ ਵਰਗੀ ਜਾਣਕੇ ਖਾ ਰਿਹਾ ਹੈ ਸੰਸਾਰ, ਚਿਤ ਵਿਚ ਪ੍ਰੇਮ ਅਤੇ ਪ੍ਰਸੰਨਤਾ ਰੱਖਕੇ।

‡ਗੁਲੇਲਾ।

Digitized by Panjab Digital Library | www.panjabdigilib.org

ਝਟ ਲੰਮੇ ਪੈ ਗਏ, ਢੀਂਡਾ ਲੰਘ ਗਿਆ ਤਾਂ ਉਠ ਬੈਠੇ। ਹੁਣ ਲੱਗੇ ਚੰਦ ਵਲ ਵੇਖਣ,ਤਾਰ ਬੱਝ ਗਈ,ਪ੍ਰਤੀਤ ਹੋਇਆ ਕਿ ਚੰਦ ਡਿਗਦਾ ਆਉਂਦਾ ਹੈ। ਬਹੁਤ ਚਿਰ ਤਕ ਜੋ ਇਕ ਟਕ ਦੇਖਦੇ ਰਹੇ ਗਿੱਚੀ ਥਕ ਗਈ, ਇੰਨੇ ਤਾਈਂ ਅੱਖ ਝਮਕੀ ਗਈ,ਝਟ ਚੌਂਕ ਉਠੇ'ਚੰਦ ਡਿਗ ਪਿਆ, ਚੰਦ ਡਿਗ ਪਿਆ'। ਅੱਖਾਂ ਮਲ ਮਲ ਕੇ ਉੱਪਰ ਵਲ ਵੇਖਦੇ ਹਨ ਤਾਂ ਚੰਦ ਉਥੇ ਦਾ ਉਥੇ ਹੀ, ਇਧਰ ਗਰਦਨ ਬੀ ਦੁਖਦੀ ਹੈ,ਹੱਕੇ ਬੱਕੇ ਬੈਠੇ ਹਨ,ਸਮਝ ਵਿਚ ਕੁਝ ਆਉਂਦਾ ਹੀ ਨਹੀਂ, ਛੇਕੜ ਇਹ ਸਮਝੇ ਕਿ ਚੰਦ ਗਿੱਚੀ ਵਿਚ ਲੱਤ ਮਾਰਕੇ ਫੇਰ ਉਤੇ ਚੜ੍ਹ ਗਿਆ ਹੈ। ਜੇ ਕਿਤੇ ਰੋਣ ਬੈਠੇ ਤਾਂ ਚੁੱਪ ਨਹੀਂ, ਜੇ ਹੱਸਣ ਬੈਠੇ ਤਾਂ ਬੱਸ ਨਹੀਂ,ਭੰਗੀ ਦੇ ਭੋਜਨ ਦਾ ਅਚਰਜ ਹਾਲ ਹੈ।

ਅਫੀਮ ਚਬਾਏ ਰੇਵੜੀਆਂ ਤੇ ਪੋਸਤ ਚਬਾਏ ਗੰਨੇ।
ਏਂਗ ਵਿਚਾਰੀ ਆਲੀ ਭੋਲੀ ਜੋ ਆਵੇ ਸੋ ਬੰਨੇ। ੧।

ਪਰ ਮਿੱਠੇ ਪਦਾਰਥ ਦੀ ਚਾਹ ਭੰਗ ਨੂੰ ਬਹੁਤ ਹੁੰਦੀ ਹੈ,ਜਿਉਂ ਜਿਉਂ ਅਮਲ ਚੜ੍ਹਦਾ ਜਾਂਦਾ ਹੈ ਤਿਉਂ ਤਿਉਂ ਭੁੱਖ ਅਭੁੱਖ,ਕੱਚੇ ਪੱਕੇ ਦੀ ਪਰਖ ਥੋਂ ਬਿਨਾਂ ਅੰਨੇਵਾਹ, ਹਪ ਗੜੱਪੇ ਖਾਈ ਹੀ ਜਾਂਦਾ ਹੈ । ਇੱਥੋਂ ਤਕ ਕਿ ਪਕੌੜੀਆਂ ਦੇ ਭੁਲੇਖੇ ਮੇਂਡਣਾ,ਖਿਚੜੀ ਦੀ ਥਾਂ ਖਲ, ਵੇਂਡ,ਵੜੇਵੇਂ, ਮਲਾਈ ਦੇ ਭੁਲੇਖੇ ਸਿਰ ਦੀ ਟੋਪੀ, ਗੁੜ ਦੇ ਭੁਲੇਖੇ ਮਿੱਟੀ ਆਦਿਕ ਪਦਾਰਥ ਭੰਗੀ ਖਾ ਗਏ, ਪਰ ਭੰਗ ਦੇ ਨਸ਼ੇ ਵਿਚ ਪਤਾ ਨਾ ਲਗਾ, ਅਫਸੋਸ!

ਭੰਗੀ ਸੁੱਤਾ ਪਿਆ ਓਹ ਘੁਰਾੜੇ ਮਾਰਦਾ ਹੈ ਕਿ ਘਰ ਵਿਚ ਬਾਲ ਬੱਚੇ ਡਰ ਡਰ ਉਠਦੇ ਹਨ।ਢਿੰਡ ਸਰੀਰਨਾਲੋਂ ਗਿੱਠ ਉੱਚਾ ਅਜਿਹਾ ਕਰੂਪ ਲਗਦਾ ਹੈ ਕਿ ਅਸ੍ਰਾਲ ਵੀ ਦੇਖ ਕੇ ਸ਼ਰਮਾਵੇ। ਕਿਸੇ ਕਿਸੇ ਵੇਲੇ ਪਾਸਾ ਪਰਤਦੇ ਹਨ ਤਾਂ ਅਧੇ ਵਾਯੂ ਇਸ ਜ਼ੋਰ ਨਾਲ ਸਰਦੀ ਹੈ ਕਿ ਛੋਟੀਮੋਟੀ ਗੜ੍ਹੀ ਦੇ ਆਕੀ ਭਾਵੇਂ ਇਨ੍ਹਾਂ ਤੋਪਾਂ ਦੀ ਛਲਕ ਤੇ ਨੱਸ ਹੀ ਜਾਣ।ਨੀਂਦਰ ਦੇ ਉਂਘਲੱਟੇ ਹੋਏ ਆਂਦੀਆਂ ਗੁਆਂਢੀਆਂ ਦੇ ਭਾਣੇ ਕੋਈ ਛਤ ਕੜਕ ਰਹੀ ਹੈ। ਸਵੇਰੇ ਉਠੇ ਤਾਂ ਸਰੀਰ ਸਿਖਲ,ਢਿਡ ਆਫਰਿਆਹੋਇਆ, ਨਕ ਮੂੰਹ ਸੰਘ ਸੁੱਕ ਕੇ ਲੱਕੜ,ਜੀ ਕੱਚਾਕੱਚਾ, ਢਹਿੰਦੇ ਡਿਗਦੇ ਪਖਾਨੇ ਪਹੁੰਚੇ ਪਰ ਅਫਸੋਸ ਭੰਗ ਦੇ ਨਸ਼ੇ ਵਿਚ ਜੋ ਅਲਮ ਗਲਮ ਖਾ ਗਏ ਸਨ ਉਸ ਨੇ ਆਂਦ੍ਰਾਂ ਵਿਚ ਠੱਕਾ ਪਾ ਛਡਿਆ ਹੈ। ਅਫੀਮੀ ਵਾਂਙੂ ਭੰਗੀ ਦੀ ਕਬਜ਼ ਬੀ ਡਾਢੀ ਕਰੜੀ ਹੁੰਦੀ ਹੈ। ਇਹ ਤਾਂ ਅੰਦਰ ਮੌਜ ਵਿਚ ਹਨ ਤੇ ਬਾਹਰ ਹੋਰ ਉਮੈਦਵਾਰ ਖੜੇ ਖੰਘੂਰ ਰਹੇ ਹਨ। ਭੰਗੀ ਜੀ ਉਂਘਾਂ ਵਿਚ ਮਸਤ ਹਨ, ਇਨ੍ਹਾਂ ਉਂਘਾਂ ਵਿਚ ਇਕ ਅਜਿਹਾ ਝੁਟਾ ਆਇਆ ਕਿ ਖੜੱਪ ਕਰਦੇ ਅਗਲੇ ਪਾਸੇ...। ਬਾਹਰ ਦੇ ਲੋਕ ਖਿੜ ਖਿੜਾ ਕੇ ਹੱਸ ਪਏ, ਸਿਰ ਮੂੰਹ ਪੂੰਝਦੇ ਲੋਟਾ ਲੈ ਇਕ ਪਾਸੇ ਹੋਏ। ਬੜੇ ਚਿਰ ਪਿਛੋਂ ਭੰਗੀ ਨੇ ਨ੍ਹਾਉਣ ਤਾਂ ਕੀਤਾ ਪਰ ਪੇਟ ਵਿਚ ਕੁਰਕਰੀ ਹੋ ਨਹੀ ਹੈ, ਕਿਸੇ ਕਿਸੇ ਵੇਲੇ ਕੋਈ ਕੋਈ ਤੋਪ ਵੀ ਦਗ ਜਾਂਦੀ ਹੈ। ਸਰੀਰ ਮੁੰਜ ਵਾਂਙੂ ਭੱਜਾ ਹੋਇਆ ਹੈ, ਆਲਸ ਨੇ ਰਗ ਰਗ ਵਿਚ ਘਰ ਕੀਤਾ ਹੋਇਆ ਹੈ। ਭੁੱਖ ਦਾ ਨਾਉਂ ਨਿਸ਼ਾਨ ਨਹੀਂ। ਗੱਲ ਕਾਹਦੀਇਕੁਰਹੀ ਆਲਸ ਤੇ ਉਬਾਸੀਆਂ ਵਿਚ,ਫੇਰ ਭੰਗ ਦਾ ਵੇਲਾ ਆ ਗਿਆ। ਉਠੇ, ਰਗੜੇ ਲਾਏ, ਪੀਤੀ, ਫੇਰ ਉੱਲੂ ਦੇ ਉੱਲੂ। ਭੰਗੀ ਨਸ਼ੇਵਿਚ ਭੁੱਖ ਚਮਕ ਉਠਣ ਦੇ ਕਾਰਨ ਅੱਲ ਪੱਲ ਖਾ ਜਾਂਦਾ ਹੈ, ਜਿਸਦਾ ਫਲ ਇਹ ਹੁੰਦਾ ਹੈ ਕਿ ਕਈ ਤਰ੍ਹਾਂ ਦੇ ਪੇਟ ਦੇ ਰੋਗ ਉਪਜ ਪੈਂਦੇਹਨ ਤੇ ਰੋਜ਼ ਦੀ ਭੰਗ ਦਿਮਾਗ ਤੇ ਪੱਠਿਆਂ ਉੱਪਰ ਅਜਿਹਾ ਅਸਰ ਕਰਦੀ ਹੈ ਜੋ ਅੰਤ ਨੂੰ

Digitized by Panjab Digital Library | www.panjabdigilib.org

ਖਫਕਾਨ ਤੇ ਸ਼ੁਦਾ ਹੋ ਜਾਂਦਾ ਹੈ, ਅਰ ਕਦੀ ਕਦੀ ਆਦਮੀ ਪੁਣਾ ਭੀ ਗੁਆ ਬੈਠਦੇ ਹਨ।

ਜਿਸ ਘਰ ਭੰਗ ਨਾ ਮੰਗਣ ਕੋਹਾ।
ਜਿਸ ਘਰ ਭੰਗ ਤਾਂ ਲੰਘਣ ਕੋਹਾ।
ਦੁੱਖਾ ਸੁੱਖਾ ਮਾਖੀ ਜੇਹਾ।
ਸਾਰਾ ਦੇਹੁ ਵਿਸਾਖੀ ਜੇਹਾ।

[੪. ਏ੍ਹਾਸ ਖਾਸ ਚਰਸ ਗਾਂਜਾ]

ਕੁਝ ਚਿਰ ਠਹਿਰ ਕੇ ਸਿੰਘ ਸਾਹਿਬ ਜੀ ਬੋਲੇ—ਕਿਉਂ ਭਾਈ ਜੀ ਚਰਸ ਆਪ ਨੇ ਖਾਸ ਖ੍ਵਾਸ ਅਰਥਾਤ ਅੰਤ੍ਰੰਗ ਸਖੀ ਕਹੀ ਸੀ? ਠੀਕ ਹੈ! ਜੇਹੀ ਰਾਣੀ ਤੇਹੀ ਸਖੀ, ਜਿਸ ਦਾ ਨਿਤ ਨਵਾਂ ਗੁਲ ਖਿੜਦਾ ਹੈ। ਰਾਣੀ ਦਾ ਨਸ਼ਾ ਚੜ੍ਹਦਿਆਂ ਤਾਂ ਕੁਝ ਚਿਰ ਲੱਗਦਾਹੈ,ਕਿਉਂਕਿ ਉਸ ਦੀ ਮਸਤ ਚਾਲ ਅਮੀਰਾਨਾ ਹੈ, ਪਰ ਇਹ ਖ੍ਵਾਸ ਅਜਿਹੀ ਚੰਚਲ ਹੈ ਕਿ ਉਧਰੋਂ ਇਸ ਦਾ ਧੂੰਆਂ ਨੱਠਾ ਤੱਕ ਪੁਜਾ, ਝਟ ਸਿਰ ਚੱਕਰ ਵਿਚ ਇਧਰੋਂ ਚਿਲਮ ਵਿਚੋਂ ਧੂੰਆਂ ਧਾਰ ਲੰਬ ਨਿਕਲੀ, ਉਧਰ ਚਰਸੀ ਹੁਰੀਂ ਉੱਲੂ, ਅੱਖਾਂ ਚੜ੍ਹ ਗਈਆਂ, ਖਜਾਲ ਵਡੇ ਵਡੇ ਉਚੇ ਹੋ ਗਏ। ਭਾਈ ਜੀ! ਆਪ ਨੇ ਭੁੱਲ ਕੇ ਇਸ ਨੂੰ ਟਹਿਲਣ ਬਣਾਇਆ, ਇਹ ਤਾਂ ਸ਼ਰਾਬ ਕੌਰ ਦੀ ਮਾਸੀ ਨਾਨੀ ਜਾਪਦੀ ਹੈ। ਆਪ ਨੂੰ ਚਰਸੀਆਂ ਦਾ ਹਾਲ ਮਲੂਮ ਨਹੀਂ, ਉਹ ਸ਼ਰਾਬ ਨੂੰ ਚਰਸ ਦੇ ਸਾਮ੍ਹਣੇ ਤੁੱਛ ਜਾਣਦੇ ਹਨ। ਲਓ ਤੁਹਾਨੂੰ ਚਰਸ ਦੀ ਅਸਲ ਗੱਲ ਦੱਸੀਏ:—

ਮੋਟੀ ਭੰਗ ਦੇ ਪੱਤਾਂ ਦੀ ਰੇਹ ਵਡੇ ਯਤਨ ਨਾਲ ਕੱਠੀ ਕੀਤੀ ਹੋਈ ਦਾ ਨਾਮ ਚਰਸ, ਗਾਂਜਾ ਹੈ। ਇਸ ਦੀ ਗੋਲੀ ਜਿਹੀ ਚਿਲਮ ਵਿਚ ਰੱਖਕੇ, ਹੁੱਕੇ ਵਾਂਙੂ ਜ਼ੋਰ ਨਾਲ ਧੂੰਆਂ ਖਿੱਚਦੇ ਹਨ, ਜਿਸ ਨੂੰ ਚਰਸ ਦਾ ਦੰਮ ਸਦਦੇ ਹਨ, ਉਹ ਧੂੰਆਂ ਸਿਰ ਦੇ ਪੱਠਿਆਂ* ਤੇ ਵਡੀ ਛੇਤੀ ਅਸਰ ਕਰਦਾ ਹੈ, ਅਰਥਾਤ ਉਨ੍ਹਾਂ ਨੂੰ ਸੁਸਤ ਕਰਕੇ ਨਸ਼ਾ ਉਤਪਤ ਕਰ ਦਿੰਦਾ ਹੈ। ਸਿਰ ਭੌਣ ਲੱਗ ਜਾਂਦਾ ਹੈ, ਚਰਸੀ ਅਸਤ ਵਿਅਸਤ ਬਕਣ ਲਗ ਜਾਂਦਾ ਹੈ ਅਰ ਥੋੜ੍ਹੇ ਦਮ ਲਾਕੇ ਅਮਲ ਵਿਚ ਅਜਿਹਾ ਗੁੱਟ ਹੁੰਦਾ ਹੈ ਕਿ ਆਪਣੇ ਆਪ ਨੂੰ ਪਰਮੇਸ਼ਰ ਜਾਂ ਕੋਈ ਹੋਰ ਮਹਾਨ ਪੁਰਖ ਮੰਨ ਬੈਠਦਾ ਹੈ। ਜੇਕਰ ਥੋੜੀ ਪੀਕੇ ਬੱਸ ਕਰ ਦੇਵੇ ਤਾਂ ਹੋਸ਼ ਬਣੀ ਰਹਿੰਦੀ ਹੈ। ਜੇਕਰ ਦਮ ਤੇ ਦਮ ਤੇ ਸੂਟੇ ਤੇ ਸੂਟਾ ਅੰਨ੍ਹੇ ਵਾਹ ਲਾਈ ਗਿਆ ਤਾਂ ਮੂਲੋਂ ਬਿਸੁਧ ਹੋ ਜਾਂਦਾ ਹੈ। ਕਦੀ ਤਾਂ ਇਹ ਬਿਹੋਸ਼ੀ ਦੇ ਚਾਰ ਪਹਿਰਾਂ ਮਗਰੋਂ ਆਪੇ ਹੀ ਹਟ ਜਾਂਦੀ ਹੈ, ਕਦੀ ਮੌਤ ਦਾ ਡਰ ਹੋ ਜਾਂਦਾ ਹੈ ਤਦ ਸਿਆਣਿਆਂ ਦੇ ਵੱਸ ਪੈਂਦਾ ਹੈ। ਵਡੇ ਦੁੱਖ ਤੇ ਜਤਨਾਂ ਨਾਲ ਹੋਸ਼ ਆਉਂਦੀ ਹੈ। ਪਰ ਕਿਸੇ ਕਿਸੇ ਵੇ੍ਲੇ ਹਕੀਮਾਂ ਦੀ ਵਾਹ ਬੀ ਨਹੀਂ ਚਲਦੀ, ਚਰਸੀ ਹੁਰੀਂ ਨਸ਼ੇ ਵਿਚ ਹੀ ਤੁਰ ਜਾਂਦੇ ਹਨ।

ਜਦ ਹੋਸ਼ ਆਈ ਤਾਂ ਅੰਗ ਅੰਗ ਭੱਜ ਰਿਹਾ ਹੈ, ਸੁਸਤੀ ਦੇ ਡੇਰੇ ਲਗੇ ਹੋਏ ਹਨ, ਕ ੇਜਾ ਧੜ ਰ ਰਿਹਾ ਹੈ, ਉਬਾਸੀ ਤੇ ਉਬ੍ਹਾਸੀ ਆ ਰਹੀ ਹੈ, ਅੱਚਵੀ ਦਮ ਨਹੀਂ ਲੈਣ ਦਿੰਦੀ ਤੇ ਕ ੇਜੇ ਵਿਚ ਘੋਰੀਆਂ ਪੈ ਰਹੀਆਂ ਹਨ। ਇਹ ਟੋਟ ਪ੍ਰਾਣਾਂਤ ਤਕ ਪੁਚਾ ਸਕਦੀ ਹੈ। ਅਵੱਸ਼ ਪੀਣੀ ਪਈ, ਪੀਤੀ ਤਾਂ ਨੇਮ ਬੱਝਾ, ਨੇਮ ਬੱਝਾ ਤਾਂ ਦੁਨੀਆਂ ਦੇ ਕੰਮਾਂ ਧੰਧਿਆਂ ਥੋਂ ਮਾਨੋਂ ਜੀਉਂਦੇ ਹੀ ਮਰ ਗਏ। ਨੇਮੀਆਂ ਦੇ ਚਿਹਰੇ ਕਰੂਪ, ਬਲ ਤੇ ਨੀਂਦਰ ਦਾ ਨਾਸ਼, ਭੁੱਖ ਦਾ ਬੁਰਾ ਹਾਲ, ਧਾਤ ਖੀਣ, ਨਾ ਤੀਮੀਂ ਨਾ ਮਰਦ,ਵਾਧਾ ਇਹ ਕਿ ਖੁਸਰਾ ਬੀ ਨਹੀਂ। ਧੜਕਾ, ਕੰਪਵਾਤ, ਅਫਾਰਾ, ਢਿੱਡ ਪੀੜ, ਚਿਤ ਭ੍ਰਮ, ਸੁਭਾਉ ਡਰਾਕੁਲ, ਉਨਮਾਦ ਤੇ

*ਸ਼ਾਯਦ।

Digitized by Panjab Digital Library | www.panjabdigilib.org

ਮੂਰਛਾ ਆਦਿਕ ਰੋਗ ਪ੍ਰਗਟ ਹੋ ਪੈਂਦੇ ਹਨ। ਓੜਕ ਅੱਚਵੀ ਦਸਤ ਮਰੋੜ ਜਾਂ ਦਮਾ ਆਦਿ ਪ੍ਰਬਲ ਹੋ ਜਾਂਦਾ ਹੈ। ਇਸ ਦੁਰਦਸ਼ਾ ਵਿਚ ਨਿਰਬਲ ਨਿਢਾਲ ਹੋਕੇ ਚਰਸ, ਚਰਸ ਖਾਨਾ ਤੇ ਚਰਸੀ ਭਰਾ ਭਾਈ ਸਭ ਰੋਂਦੇ ਕੁਰਲਾਂਦੇ ਛੱਡਕੇ ਦੂਸਰੇ ਜਹਾਨ ਨੂੰ ਰਾਹੀ ਹੁੰਦਾ ਹੈ। ਇਸ ਖ਼ਾਸ ਥੋਂ ਬਿਨਾਂ ਫਕੀਰਾਂ ਦੀ ਲਿਵ ਨਹੀਂ ਲਗਦੀ, ਇਸਥੋਂ ਬਾਝ ਢਊਏ ਪੀਲੇ ਨਹੀਂ ਹੁੰਦੇ। ਇਸ ਗਾਂਜੇ ਥੋਂ ਬਿਨਾਂ ਔਲਿਆਈ ਤੇ ਪੀਰੀ ਨਹੀਂ ਫੁਰਦੀ, ਸੱਚ ਕਿਹਾ ਹੈ, "ਕਹਤ ਕਮਲੇ ਸੁਨਤ ਬਾਵਰੇ"।

ਚਰਸੀ ਜਿੱਥੇ ਬੈਠੇ ਖੰਘਾਰਾਂ ਦੇ ਢੇਰ, ਭੱਜੀਆਂ ਟੁੱਟੀਆਂ ਚਿਲਮਾਂ, ਸੁਵਾਹ, ਕੂੜਾ, ਦੁਰਗੰਧੀ, ਖੰਘ, ਬਕਵਾਸ, ਇਸ ਕਾਰਣ ਚਰਸੀ ਨੂੰ ਸਭ ਥਾਂ ਹਟ ਹਟ ਤੇ ਦੁਰ ਦੁਰ ਹੁੰਦੀ ਰਹਿੰਦੀ ਹੈ। ਬਿਨਾਂ ਚਰਸੀ ਦੇ ਕੋਈ ਸਤਿਕਾਰ ਨਹੀਂ ਕਰਦਾ।

ਚਰਸੀ ਜੀ ਸੜ ਗੁਲ ਭਏ ਅਕਲ ਉਡੀ ਧੁੰ ਰਾਹ,
ਪਿੰਜਰ ਲੇਟਤ ਸ੍ਰਾਹ ਮੈਂ ਖਾਂਸਤ ਆਹ ਕਰਾਹ।੧।
ਗਾਂਜਾ ਨੇ ਮਾਂਜਾ ਦੀਆ ਪਤ ਮਤ ਧਨ ਸਭ ਸਾਫ।
ਮਦ ਅੰਧਾ ਈਸ਼ੁਰ ਬਨਜੋ, ਡਾਂਟੇ ਪਰ ਕਹਿ ਮਾਫ।

[੫. ਚਾਂਡੂ ਖਾਂ ਕਾਰਦਾਰ]

ਵਾਹ ਮਹਾਰਾਜ, ਕਾਰਦਾਰੀ ਚੰਗੇ ਨੂੰ ਸੌਂਪੀ ਜੇ, ਜਿਸਦਾ ਨਾਂ ਹੀ ਚੰਦੂ ਖਾਂ ਹੈ, ਉਹ ਕਿਉਂ ਨਾ ਹਨੇਰ ਦੇ ਚੰਦ ਚੜ੍ਹਾਉਂਦਾ ਹੋਊ। ਪਹਿਲੇ ਦੇਖੋ ਗੋਲੀ ਦਾ ਪੁੱਤਰ, ਦੂਜੇ ਇਹ ਚੰਡੂ ਬਾਜ ਇਸਦੇ ਡੰਗ ਵਜਣ ਥੋਂ ਪਹਿਲੋਂ ਹੀ ਲੰਮਾ ਪੈ ਜਾਂਦਾ ਹੈ, ਤੀਜੇ ਇਸਦੇ ਡੰਗੇ ਦਾ ਨਾ ਦਵਾ ਨਾ ਮੰਤਰ। ਲਓ ਤੁਹਾਨੂੰ ਇਸਦੀ ਕਾਰਦਾਰੀ ਦੱਸੀਏ। ਚੰਡੂ ਬਾਜ ਹੋਰੀਂ ਅਫੀਮ ਪੱਕੀ ਹੋਈ ਸਿਲਾਈ ਦੇ ਸਿਰੇ ਤੇ ਚੁਕਕੇ ਜਗਦੇ ਲੰਪ ਪੁਰ ਰਖਕੇ ਗਰਮ ਕਰਦੇ ਹਨ, ਤਾਂ ਉਹ ਬੁਲਬੁਲਾ ਜਿਹਾ ਬਣ ਜਾਂਦੀ ਹੈ। ਫੇਰ ਪੋਟਿਆਂ ਨਾਲ ਦੱਬ ਘੁੱਟਕੇ ਸੇਕਦੇ ਹਨ, ਜਦ ਸੜ ਉਠਣ ਦੇ ਨੇੜੇ ਪਹੁੰਚੀ ਤਾਂ ਨਕਾਲੀ (ਜੋ ਬਾਂਬੂ ਦੀ ਨਲੀ ਦੇ ਸਿਰੇ ਤੇ ਲੱਗੀ ਹੁੰਦੀ ਹੈ) ਦੇ ਛੇਕ ਵਿਚ ਰੱਖ ਦਿੱਤੀ ਤੇ ਨਕਾਲੀ ਨੂੰ ਲੰਪ ਦੀ ਲਾਟ ਉਤੇ ਕਰ ਦਿੱਤਾ, ਅਫੀਮ ਧੁਖਣ ਲਗ ਜਾਂਦੀ ਹੈ ਤੇ ਪ੍ਰੇਮੀ ਜੀ ਬਾਂਬੂ ਦੇ ਰਸਤੇ ਧੂੰਆਂ ਖਿੱਚ ਰਹੇ ਹਨ; ਅਫੀਮ ਸੜਕੇ ਇੰਛੀ ਬਣ ਗਈ ਇਸਦਾ ਨਾਉਂ ਇਕ ਛੀਂਟਾ ਹੈ।ਅਮਲ ਚੰਡੂ ਬਾਜ ਦੇ ਸਿਰ ਚੜ੍ਹਿਆ,ਬਾਂਬੂ ਰਖ ਦਿੜਾ, ਹੁਣ ਲੇਟੇ ਲੇਟੇ ਕੁਝ ਖੋਆ, ਮਲਾਈ,ਕੜਾਹ, ਖੀਰ ਆਦਿ ਖਾ ਰਹੇ ਹਨ, ਹੁੱਕਾ ਗੁੜਗੁੜਾ ਰਹੇ ਹਨ।

ਇਸੇ ਜੁਗਤ ਨਾਲ ਕਈ ਛੀਂਟੇ ਪੀਤੇ ਗਏ। ਇੰਛੀ ਅਰਥਾਤ ਅਫੀਮ ਦਾ ਸਾੜ ਛੀਂਟਿਆਂ ਵਿਚ ਜਾਗ ਸਾਂਝਕੇ ਰਲਾ ਰਲਾ ਕੇ ਉਡਾਈ ਜਾਂਦੇ ਹਨ। ਜਦ ਅਮਲ ਦੀ ਤਾਰ ਬਝੀ ਤਾਂ ਜੇ ਪਏ ਤਦ ਪਏ ਹੀ ਰਹੇ, ਜੇ ਬੈਠੇ ਤਾਂ ਪਿਣਕਾਂ ਖਾਂਦਿਆਂ ਚਾਰ ਪਹਿਰ ਬੰਨੇ, ਜੇ ਕਿਸੇ ਪਾਸੇ ਡਿੱਗੇ ਤਾਂ ਡਿੱਗੇ ਹੀ ਰਹੇ,ਜੇ ਕਿਸੇ ਹਿਲਾਯਾ ਜੁਲਾਯਾ ਤਾਂ ਚੌਂਕ ਉਠੇ,ਵਾਧਾ ਚੰਡੂ ਦਾ ਇਹ, ਕਿ ਭਾਵੇਂ ਕਿੰਨਾਂ ਹੀ ਪੀਏ, ਬੱਸ ਨਹੀਂ।ਹੋਰ ਤਾਂ ਸਭੇ ਗੱਲਾਂ ਇਸ ਵਿਚ ਅਫੀਮ ਦੀਆਂ ਹਨ, ਪਰ ਦੋ ਹ ਵਿਚ ਫਰਕ ਹੈ। ਇਕ ਤਾਂ ਚੰਡੂ ਵਿਚ ਅਫੀਮ ਦੀ ਕਬਜ਼ੀ ਨਹੀਂ। ਦੂਸਰੇ ਚੰਡੂ ਹੱਦੋਂ ਲੰਘਿਆ ਹੋਇਆ ਭਾਵੇਂ ਜੀ ਕੱਚਾ, ਉੱਕਾਰੀਆਂ, ਸਿਰ ਪੀੜ, ਭੁਖ ਬੰਦ ਸੁਸਤੀ ਆਦਿਕ ਰੋਗ ਕਰ ਦਿੰਦਾ ਹੈ, ਪਰ ਅਫੀਮ ਵਾਙੂ ਬੇਹੋਸ਼ੀ ਦੀ ਮੌਤ ਨਹੀਂ ਦਿੰਦਾ।

ਪਰ ਚੰਡੂ ਬਾਜ ਦਾ ਸਰੀਰ ਅਚਰਜ ਢਾਂਚੇ ਦਾ ਹੋ ਜਾਂਦਾ ਹੈ। ਲਹੂ ਮਿੱਝ ਮਾਸ ਮੂਲੋਂ ਸੁੱਕ

Digitized by Panjab Digital Library | www.panjabdigilib.org

ਸੜ ਜਾਂਦੇ ਹਨ, ਢਿਡ ਕੋੜ੍ਹਕਿਰਲੀ ਵਾਙੂ ਨਾਲ ਲੱਗਾ ਹੋਇਆ, ਚਿਹਰਾ ਫਿੱਕਾ ਉਦਾਸ ਤੇ ਸੁਸਤ, ਬਲ ਦਾ ਨਾਸ਼, ਆਲਸ ਤੇ ਦਲਿੱਦਰ ਰੱਜਕੇ। ਦਿਨ ਚੜ੍ਹਿਆ ਤਾਂ ਚੰਡੂ ਦਾ ਆਹਰ, ਰਾਤ ਪਈ ਤਾਂ ਚੰਡੂ ਦਾ ਫਿਕਰ। ਸਾਡੇ ਦੇਖਦਿਆਂ ਕਈ ਘਰ ਇਸ ਨੇ ਉਜਾੜੇ।ਪੂਰਬ ਵਿਚ ਕਈ ਨਵਾਬੀਆਂ ਇਸ ਨੇ ਜ਼ਰਕ ਕੀਤੀਆਂ ਤੇ ਕਈ ਕਮਾਊ ਟੁਕੜਿਆਂ ਤੋਂ ਆਤੁਰਹੋਗਏ।

ਇਕ ਧਨਾਢ ਦਾ ਤੁਹਾਨੂੰ ਹਾਲ ਸੁਣਾਈਏ। ਪਹਿਲੇ ਪਹਿਲੇ ਕਿਸੇ ਚੰਦਰੇ ਦੀ ਖੋਟੀ ਸੰਗਤ ਨਾਲ ਇਕ ਅੱਧਾ ਛੀਂਟਾ ਪੀਤਾ, ਅਜਿਹਾ ਸੁਆਦ ਪਿਆ ਕਿ ਘਰ ਨੂੰ ਚੰਡੂਖਾਨਾ ਬਣਾ ਦਿਤਾ,ਮਹੀਆਂ ਲਵੇਰੀਆਂ,ਖੰਡਾਂ ਦੀਆਂ ਬੋਰੀਆਂ, ਮੇਵਾ, ਬਦਾਮ, ਪਿਸਤਾ, ਛੁਹਾਰੇ ਆਦਿਕਾਂ ਦੇ ਮੱਟ ਨੌਕਰ ਚਾਕਰ ਇਸ ਕਾਰਦਾਰ ਦੀ ਖਾਤਰ ਹਾਜ਼ਰ ਕਰ ਦਿੱਤੇ। ਹਜ਼ਾਰਾਂ ਰੁਪੈ ਲਾਕੇ ਚੰਡੂ ਖਾਨਾ ਸਜਾਇਆ । ਉਧਰੋਂ ਧੁੰਆਂ ਧੁਖਿਆ, ਉਧਰੋਂ ਮੁਖਤ ਖੋਰੇ ਮੱਖੀਆਂ ਵਾਕਰ ਹਾਜ਼ਰ, ਕੱਚੇ ਕੁਸ਼ਾਮਤੀ ਅਣਗਿਣਤ, ਆਪੋ ਆਪਣੇ ਘਰ ਫੂਕ, ਮੁਆਤਿਆਂ ਜੇਡੇ ਬਾਂਬੂ ਹੱਥਾਂ ਵਿਚ ਲੈਕੇ,ਇਸਦੇ ਘਰ ਵੀ ਧੁੰਆਂ ਧੁਖਾ ਰਹੇ ਹਨ, ਬੱਸ ਹੁਣ ਸੁਲਗਣ ਦੀ ਢਿੱਲ ਹੈ। ਦੋਸਤਾਂ ਦੀ ਖਾਤਰ ਜੇਕਰ ਚੰਡੂ ਖਾਨੇ ਵਿਚ ਸੌ ਰੁਪੱਯਾ ਖਰਚ ਹੋਗਿਆ ਹੈ ਤਾਂ ਕੁਝ ਪਰਵਾਹ ਨਹੀਂ, ਜੇ ਪੰਜ ਸੌ ਉੱਡ ਗਿਆ ਹੈ ਤਾਂ ਕੋਈ ਵਿਚਾਰ ਨਹੀਂ, ਜੇ ਹਜ਼ਾਰ ਸਾੜ ਕੇ ਧੁੰਆਂ ਕਰ ਦਿਤਾ ਹੈ ਤਾਂ ਕੋਈ ਗਿਣਤੀ ਨਹੀਂ। ਬਸ ਘਰ ਵਿਚ ਦੂਜੇ ਆਦਮੀ ਦਾ ਨਾਉਂ ਨਹੀਂ,ਚੰਡੂ ਬਾਜ ਹੀ ਚੰਡੂ ਬਾਜ ਦਿੱਸਦੇ ਹਨ। ਵਹੁਟੀ ਜੋ ਨਿਤ ਹੋੜਦੀ ਸੀ,ਪੇਕੇ ਕੱਢ ਦਿੱਤੀ। ਸਾਰੇ ਦਿਨ ਦੀ ਮਸਤੀ ਨੇ ਆਉਂਦਣ ਦੇ ਰਸਤੇ ਬੰਦ ਕਰ ਦਿਤੇ ਹਨ ਤੇ ਖਰਚ ਦੀ ਨਹਿਰ ਵਿਚ ਹੜ ਆਏ ਹੋਏ ਹਨ।ਨਕਦੀ ਤੇ ਗਹਿਣਾ ਤਾਂ ਕਰਜ਼ਦਾਰ ਲੈ ਗਏ।ਫੇਰ ਮਕਾਨ ਹਵੇਲੀਆਂ ਕੁਰਕ ਹੋਏ। ਹੁਣ ਪੱਲੇ ਕੱਖ ਨਹੀਂ,ਬਦਾਮ ਤੇ ਮਲਾਈਆਂ ਕਿੱਥੋਂ ਆਉਣ,ਨੌਕਰਾਂ ਦੇ ਦਰਮਾਹੇ ਸਿਰ ਚੜ੍ਹੇ ਹਨ, ਕੁਝ ਵਡੇਰਿਆਂ ਦੇ ਵੇਲੇ ਦੀ ਜ਼ਮੀਨ ਤੇ ਬਗੀਚੇ ਸਨ, ਸੋ ਪਾਂਧੇ ਪਏ ਲਾਗੇ ਮੁਹਾਰਨੀ ਬੋਲਣ*, ਜੋ ਕੁਝ ਵੱਟਿਆ ਸੋ ਚੰਡੂ ਖਾਂ ਦੇ ਵੱਟੇ ਖਾਤੇ ਪਿਆ।ਗਲ ਕਾਹਦੀ ਰੁਪੱਯੇ ਦੀਮਿਠਾਸ ਘਟ ਜਾਣ ਕਰਕੇ ਮੱਖੀਆਂ ਉੱਡਣ ਲਗੀਆਂ। ਚੰਡੂ ਖਾਨਾ ਬੰਦ ਹੋਗਿਆ। ਟਕੇ ਦੀ ਮਲਾਈ ਮੰਗਾਈ ਇਕੱਲੇ ਬੈਠੇ ਧੂਆਂ ਧੁਖਾ ਰਹੇ ਹਨ, ਉਹ ਬੀ ਕਿਥੋਂ ? ਵਹੁਟੀ ਨੂੰ ਪੇਕਿਓਂ ਸਦਾ ਲਿਆ, ਚਾਰ ਟੂਮਾਂ ਜੋ ਉਸਦੇ ਉਦਾਲੇ ਸਨ ਉਹ ਬੀ ਚੰਡੂ ਦੇ ਮੂੰਹ ਉਡ ਗਈਆਂ, ਪਰ ਉਹੋ ਨੰਗ ਦੇ ਨੰਗ। ਸੁਭਾਉ ਵਿਗੜਿਆ ਹੋਇਆ ਹੈ, ਅਮਲ ਦਾ ਸੁਆਦ ਨਹੀਂ,ਟੋਟ ਹਡ ਪੈਰ ਭੰਨਦੀ ਹੈ। ਹੁਣ ਇੱਛੇ ਕੱਢ ਕੱਢ ਖਾਣ ਲਗੇ। ਅੰਤ ਨੂੰ ਇੰਨੇ ਥੋਂ ਬੀ ਰਹੇ। ਘੁਸਮੁਸੇ ਵੇਲੇ ਨਿਕਲੇ,ਕਿਸੇ ਚੰਡੂ ਖਾਨੇ ਜਾ ਵੜੇ। ਕੋਈ ਇਕ ਅੱਧਾ ਛੀਂਟਾ ਕਿਸੇ ਰੱਬ ਤਰਸੀ ਪਿਲਾ ਦਿਤਾ, ਪਰ ਇੰਨੇ ਨਾਲ ਟੋਟ ਦਾ ਟੋਟਾ ਪੂਰਾ ਨਹੀਂ ਹੋ ਸਕਦਾ ! ਲਗੇ ਆਨੇ ਬਹਾਨੇ ਇੰਛੀ ਖਾਣ ਜਾਂ ਬਾਂਬੂ ਧੋ ਧੋਕੇ ਪੀਣ। ਜਾਂ ਇਸ ਥੋਂ ਬੀ ਰਹੇ ਤਾਂ ਜੋਗਾ (ਅਫੀਮ ਦੀ ਮੈਲ) ਲੱਭਕੇ ਖਾਣ ਲੱਗੇ। ਇਹ ਜੋਗਾ ਮੌਤ ਦਾ ਘਰ ਹੁੰਦੀ ਹੈ। ਇਕ ਦਿਨ ਇਹ ਜੋਗਾ ਆਂਦ੍ਰਾਂ ਵਿਚ ਫਸ ਗਿਆ, ਢਿੱਡ ਪੀੜ ਅਜਿਹੀ ਉਠੀ ਕਿ ਵਿਲਕ ਵਿਲਕ ਦੂਹਰੇ ਹੋ ਗਏ। ਇਸ ਵੇਲੇ ਕੋਈ ਯਾਰ ਨਹੀਂ ਬਣਦਾ । ਜਿਨ੍ਹਾਂ ਮਿਤ੍ਰਾਂ ਨੇ ਇਸ ਨੂੰ ਚੁਣ

*ਭਾਵ ਗਹਿਣੇ ਪੈ ਗਏ, ਵਜ਼ਾਜਾਂ ਵਧ ਗਈਆਂ ਤੇ ਨੀਲਾਮ ਹੋਣ ਲਗ ਪਏ।

Digitized by Panjab Digital Library | www.panjabdigilib.org

ਚੁਣਕੇ ਖਾਧਾ ਸੀ, ਉਹ ਇਕ ਅੱਧੀ* ਦੀ ਜਵੈਣ ਬੀ ਨਹੀਂ ਲੈ ਦਿੰਦੇ। ਕੋਈ ਇਸ ਵੇਲੇ ਇੰਨੀ ਸਹਾਇਤਾ ਨਹੀਂ ਕਰਣ ਜੋਗਾ ਕਿ ਵਿਚਾਰੇ ਨੂੰ ਘਰ ਤਕ ਤਾਂ ਪੁਚਾ ਦੇਵੇ। ਛੋਕੜ ਤੜਫ ਤੜਫ ਕੇ ਉਠੇ, ਢਿੱਡ ਨੂੰ ਹਥਾਂ ਨਾਲ ਘੁਟਦੇ, ਹਾਇ ਹਾਇ ਕਰਦੇ, ਢਹਿੰਦੇ ਡਿੱਗਦੇ ਮਰ ਮਰਕੇ ਘਰ ਪਹੁੰਚੇ। ਕਰਮਾਂ ਦੀ ਸੜੀ ਤੀਮੀਂ ਤੇ ਬੱਚੇ ਅਗੇ ਇਸਦੇ ਹਥੋਂ ਸੜੇ ਹੋਏ ਸਨ। ਨਾ ਇਨ੍ਹਾਂ ਨੇ ਕਿਸੇ ਨੂੰ ਕਦੀ ਖਿੜੇ ਮੱਥੇ ਬੁਲਾਇਆ ਸੀ ਤੇ ਨਾ ਹੀ ਇਨ੍ਹਾਂ ਨੂੰ ਕੋਈ ਦੇਖਣਾ ਚਾਹੁੰਦਾ ਸੀ। ਆਕੇ ਲੰਮੇ ਪੈ ਗਏ ਤੇ ਲਗੇ ਹਾਇ ਹਾਇ ਕਰਨ; ਅੰਤ ਨੂੰ ਉਸੇ ਵਹੁਟੀ ਨੇ, ਜਿਸ ਨੂੰ ਇਨ੍ਹਾਂ ਨੇ ਖਾਕਸ਼ਾਹ ਕਰ ਦਿੱਤਾ ਸੀ, ਕੋਲ ਆਕੇ ਪੁੱਛਿਆ, ਅਜ ਕੀਹ ਹੈ, ਬਾਲਾਂ ਨੂੰ ਸੌਣ ਬੀ ਨਹੀਂ ਦਿੰਦੇ? ਬੋਲੇ: ਅਜ ਕਾਰਦਾਰ ਦਾ ਮੈਲਾ ਖਾ ਗਿਆ ਹਾਂ, ਸੋ ਢਿੱਡ ਪੀੜ ਨਾਲ ਜਾਨ ਚੱਲੀ ਹੈ।

ਵੇਖੋ, ਇਹ ਉਹੋ ਚੰਡੂ ਬਾਜ਼ ਹੈ ਜਿਸ ਦੇ ਚੰਡੂ ਖਾਨੇ ਵਿਚ ਸੈਂਕੜੇ ਰੁਪੈ ਧੂਏਂ ਦੇ ਮੂੰਹ ਉਡਦੇ ਸਨ, ਅਨਗਿਣਤ ਨੌਕਰ ਚਾਕਰ ਸਾਮ੍ਹਣੇ ਖੜੇ ਥਰ ਥਰ ਕੰਬਦੇ ਸਨ। ਕੱਚੇ ਕੁਸ਼ਾਮਤੀ ਹਰ ਵੇਲੇ ਵਡਿਆਈ ਦੇ ਛੱਪਰ ਢਾਹੁੰਦੇ ਸਨ, ਪਾਣੀ ਦੀ ਥਾਂ ਲਹੂ ਡੋਹਲਦੇ ਸਨ, ਹੁਣ ਕੋਈ ਭੜੂਆ ਉਸ ਵਲ ਅੱਖ ਕਰਕੇ ਨਹੀਂ ਤੱਕਦਾ। ਉਸੇ ਸੜੀ ਕੁੜੀ ਦੁਖਿਆਰਨ ਤੀਮੀਂ ਨੇ ਟਕੋਰ ਕੀਤੀ, ਸਾਰੀ ਰਾਤ ਸਿਰ੍ਹਾਣੇ ਬੈਠੀ ਰਹੀ। ਉਕਰ ਰੋਂਦਿਆਂ ਪਿੱਟਦਿਆਂ ਦਿਨ ਚੜ੍ਹਿਆ। ਕੋਈ ਭਾਂਡਾ ਟੀਂਡਰ ਗਹਿਣੇ ਰੱਖਕੇ ਹਕੀਮ ਨੂੰ ਸੱਦਿਆ, ਦਵਾ ਦਾਰੂ ਪੁੱਛਿਆ ਤਾਂ ਉਸ ਨੇ ਉਲਟੀ ਯਾਹਰੀ ਸੁਣਾਈ, ਭਈ ਜੁਲਾਬ ਕਰਾਓ, ਜੋਗਾ ਨਿਕਲੇ ਤਾਂ ਅਰਾਮ ਆਵੇ, ਜਦ ਤਕ ਜੁਲਾਬ ਨਾ ਹੋ ਚੁਕੇ ਅਫੀਮ ਨਾ ਖਾਵੇ। ਇਸ ਵੇਲੇ ਚੰਡੂ ਬਾਜ਼ ਦੀ ਦਸ਼ਾ ਦੇਖਣ ਜੋਗ ਸੀ। ਪੀੜ ਕਹਿਰ ਦੀ, ਮੂੰਹ ਤੇ ਕੱਚੀਆਂ ਤ੍ਰੋਲੀਆਂ, ਸਰੀਰ ਠੰਢਾ ਠਾਰ, ਅਫੀਮ ਦੀ ਟੋਟ, ਅੱਚਵੀ, ਖੁੱਸਣ, ਉਤੋਂ ਜੁਲਾਬ ਦੀ ਅੱਗ ਫੂਕੀ ਗਈ, ਸੰਘ ਸੁੱਕ ਗਿਆ, ਜੀਭ ਲੱਕੜ ਹੋ ਗਈ, ਪਾਣੀ ਦੀ ਡਾਂਝ, ਵਿਚ ਵਿਚ ਹਕੀਮ ਹੁਰੀਂ ਤੱਤਾ ਪਾਣੀ ਪਿਲਾ ਦਿੰਦੇ ਹਨ। ਦਸਤ ਆਉਂਦਾ ਨਹੀਂ, ਜੋਗਾ ਗਿਲਟਾ ਬਣਕੇ ਫਸ ਗਿਆ, ਨਿਕਲਦਾ ਨਹੀਂ। ਢਿੱਡ ਆਫਰ ਗਿਆ। ਟੋਟ ਹੱਦ ਤਕ ਪੁੱਜੀ। ਨਕ ਅੱਖਾਂ ਵਿੱਚੋਂ ਪਾਣੀ ਵਗਣ ਲੱਗਾ। ਉਬਾਸੀਆਂ ਨਿੱਛਾਂ ਨੇ ਜ਼ੋਰ ਪਾ ਦਿੱਤਾ, ਹਿਚਕੀ ਵੀ ਆਉਣ ਲੱਗ ਪਈ। ਹਕੀਮ ਹੁਰੀਂ ਨਬਜ਼ ਫੜੀ ਬੈਠੇ ਤਮਾਸ਼ਾ ਦੇਖਣ ਲੱਗੇ ਕਿ ਇੰਨੇ ਨੂੰ ਚੰਡੂ ਬਾਜ਼ ਨੇ ਬਤੇਰੀ ਵਾਂਙੂ ਅੱਖਾਂ ਫੇਰ ਲਈਆਂ, ਲੰਮੇ ਲੰਮੇ ਸਾਹ ਆਉਣ ਲੱਗੇ। ਇੰਨੇ ਤਕ ਮੂੰਹ ਵਿਚ ਇਕ ਲਾਲ ਬੁਲਬੁਲਾ ਝੱਗ ਦਾ ਆ ਗਿਆ ਤੇ ਚੰਡੂ ਬਾਜ ਸੈਆਂ ਵਰਿਹਾਂ ਦਾ ਹੋਗਿਆ।

*ਧਨ ਧੂਆਂ ਪਤਿ ਰਾਖ ਕਰ ਮਤ ਉਨਮਤਤਾ ਮਾਹਿ।
ਸਨਬੰਧਨ ਸਿਰ ਕਰਜ ਧਰ ਚੰਡੂ ਪ੍ਰਿਯ ਮਰ ਜਾਹਿ।

[੬.ਮੱਦਕ, ਝਾੜੂ ਬਰਦਾਰ]

ਚਾਂਡੂ ਬਾਜ ਦਾ ਇਹ ਭਯੰਕਰ ਹਾਲ ਸੁਣਕੇ ਸਾਰੇ ਨਸ਼ਈ ਕੰਬ ਉਠੇ। ਸਿੰਘ ਸਾਹਿਬ ਨੇ ਦੇਖਿਆ ਕਿ ਇਨ੍ਹਾਂ ਪੁਰ ਹੁਣ ਅਸਰ ਹੋਣਾ ਸ਼ੁਰੂ ਹੋ ਗਿਆ ਹੈ, ਲਗਦੇ ਹੱਥ ਮੱਦਕ ਤੇ

*ਧਨ ਪਦਾਰਥ ਨੂੰ ਧੂਏਂ ਰਾਹ ਉਡਾਕੇ, ਇੱਜ਼ਤ ਸ੍ਵਾਹ ਵਿਚ ਰੁਲਾਕੇ, ਅਕਲ ਹੋਸ਼ ਨੂੰ ਬੇਵਕੂਫੀ ਵਿਚਵਟਾਕੇ, ਪੁਤਾਂ ਪੋਤਿਆਂ ਦੇ ਸਿਰ ਕਰਜ ਚੜ੍ਹਾਕੇ, ਚੰਡੂ ਦਾ ਪਜਾਰਾ ਚੰਡੂ ਬਾਜ ਓੜਕ ਨੂੰ ਮਰ ਜਾਂਦਾ ਹੈ।

*ਪੈਸੇ ਦਾ ਅਠਵਾਂ ਹਿੱਸਾ ਜੋ ਅਕਸਰ ਅਠ ਕੌਡਾਂ ਦਾ ਹੁੰਦਾ ਸੀ। [ਸੰਪਾਦਿਕ।

Digitized by Panjab Digital Library | www.panjabdigilib.org

ਪੌਸਤ ਦੇ ਔਗਣ ਬੀ ਕਹਿ ਚੱਲੀਏ । ਇਸ ਤਰ੍ਹਾਂ ਬੋਲੇ ਕਿ ਮੱਦਕ ਸਚ ਮੁਚ ਝਾੜੂ ਬਰਦਾਰ ਹੈ, ਕਿਉਂਕਿ ਗੋਲੀ ਦੀ ਧੀ ਹੈ। ਚੰਗੀ ਭਲੀ ਅਕਲ ਨੂੰ ਕਿਹਾ ਅਚਰਜ ਹੁੱਝਾ ਫੇਰਦੀ ਹੈ। ਪਤ, ਮਤ, ਧਨ, ਦੌਲਤ ਨੂੰ ਕੂੜੇ ਵਾਂਙੂ ਹੁੱਝਕੇ ਠੇਕੇਦਾਰਾਂ ਦੇ ਘਰ ਪੁਚਾ ਦੇਣਾ ਇਸੇ ਦਾ ਹੀ ਕੰਮਹੈ।ਆਪ ਜਾਣਦੇ ਹੋ ਮੱਦਕ ਕੀ ਵਸਤੂ ਹੈ?

ਥੋੜ੍ਹੀ ਜਿਹੀ ਅਫੀਮ ਤੇ ਕਿੱਕਰ ਦੇ ਪੱਤੇ ਕੁੱਟਕੇ ਗੋਲੀ ਕੀਤੀ ਹੋਈ,ਜਾਂ ਭੰਗ ਕਿੱਕਰ ਤੇ ਮਹਿੰਦੀ ਦੇ ਪੱਤੇ ਕੁਟਕੇ ਗੋਲੀ ਬੰਨ੍ਹੀ ਹੋਈ ਨੂੰ ਨਿੱਕੀ ਜਿਹੀ ਚਿਲਮ ਵਿਚ ਰੱਖਕੇ ਸੁੱਕੇ ਹੁੱਕੇ ਉੱਤੇ ਟਿਕਾਕੇ, ਚਰਸ ਵਾਕਰ ਦਮ ਲਾਉਂਦੇ ਹਨ।ਜਦ ਧੂੰਆਂ ਛਡਦੇ ਹਨ ਤਾਂ ਚਿਲਮ ਵਿਚੋਂ ਮਤਾਬੀ ਵਰਗੀ ਇਕ ਲਾਟ ਨਿਕਲਦੀ ਹੈ ਤੇ ਇਧਰ ਮੱਦਕੀ ਅਮਲ ਵਿਚ ਗੁੱਟ ।

ਮੱਦਕ ਦਾ ਅਮਲ ਚਰਸ ਜਾਂ ਚੰਡੂ ਦੇ ਲਗ ਪਗ ਹੀ ਹੈ,ਕੋਈ ਲੰਮਾ ਫਰਕ ਨਹੀਂ। ਸੋਈਓ ਦੁਹਾਂ ਦੇ ਅੜਤਲੇ ਪੜਤਲੇ ਪਾੜਕੇ ਦਿਖਾ ਚੁਕਾ ਹਾਂ । ਫਰਕ ਨਿਰਾ ਇੰਨਾਂ ਹੈ ਕਿ ਮੱਦਕ ਜਾਂ ਚਰਸ ਪੀਕੇ ਆਦਮੀਬੇਸੁਧ ਤੇ ਉਸੇ ਬੇਸੁਧੀ ਵਿਚ ਮਰ ਬੀ ਜਾ ਸਕਦਾ ਹੈ, ਪਰ ਚੰਡੂ ਨਾਲ ਬਿਸੁਧ ਨਹੀਂ ਹੁੰਦਾ ਅਤੇ ਨਾ ਹੀ ਬੇਸੁਧੀ ਵਿਚ ਮਰਦਾ ਹੈ। ਭਾਵੇਂ ਸਿਰ ਪੀੜ, ਜੀ ਕੱਚਾ, ਉਕਾਰੀ, ਉਬ੍ਹਾਂ ਪਿਣਕਾਂ ਦੀਆਂ ਸੱਟਾਂ ਨਾਲ ਕੁਝ ਹੋ ਜਾਵੇ ।

ਚੁਰਟ ਤਮਾਕੂ ਚਰਸ ਪੁਨ ਮੱਦਕ ਚੰਡੂ ਪਾਂਚ।
ਪਾਂਚੋਂ ਚੇਤਨ ਨਾਸ਼ ਹੈ ਜੋ ਸੇਵੇ ਇਨ ਸਾਚ।

ਪਜਾਰੇ ਜੀ ! ਇਹ ਪੰਜੇ ਧੂਏਂ ਵਾਲੇ ਨਸ਼ੇ ਅੱਖਾਂ, ਕੰਨ, ਨੱਕ, ਜੀਭ, ਤੁਚਾ, ਇਨ੍ਹਾਂ ਪੰਜਾਂ ਦੀ ਚੇਤਨ ਸੱਤਾ ਦਾ ਨਾਸ਼ ਕਰ ਦਿੰਦੇ ਹਨ। ਆਪਦੇ ਦਰਬਾਰੀ ਕਿਹੇ ਕਾਰਦਾਰੀ ਹਨ। ਅਫਸੋਸ !!

—-o—-

[੭. ਪੌਸਤ, ਜਮਾਂਦਾਰ]

ਸੱਚ ਹੈ ਇਸ ਨਵਾਬੀ ਵਿਚ ਗੋਲੀ ਦਾ ਪਿਉ ਮਿਰਜ਼ਾ ਪੌਸਤ ਬੇਗ ਹੀ ਜਮਾਦਾਰੀ ਦੇ ਲਾਇਕ ਹੈ। ਕੂੰਡੇ ਦੀ ਚਪੜਾਸ ਤੇ ਸਾਫੀ ਦਾ ਪੜਤਲਾ ਜਦ ਦੇਖੋ ਤਿਆਰ, ਨਾਲ ਮਲਾਉਣ ਪੁਣਾਉਣ ਨੂੰ ਮਜ਼ਕੂਰੀ ਰਾਹੀਂ ਬਹੁਤ, ਪਿਣਕਾਂ ਦੀ ਹਕੂਮਤ, ਚਾਰ ਚੱਕ ਜਗੀਰ। ਨੌਂ ਸੌ ਚੁਟਕੀ ਸੱਠ ਮਰੋੜਾ ਤਾਂ ਪੌਸਤ ਦੀ ਗਰਮੀ ਤੋੜਾ

ਵਡੇ ਵੇਲੇ ਉਠੇ ਪੌਸਤ ਕੂੰਡੇ ਵਿਚ ਮਲਣ ਬੈਠ ਗਏ, ਕੱਚੇ ਰੋਟੀ ਵੇਲੇ ਤਾਈਂ ਮਲ,ਪੁਣ ਬਾਟਾ ਭਰ ਪੈਰਾਂ ਭਾਰ ਬੈਠੇ ਨਿਘੋਹ ਗਏ। ਉੱਠੇ ਦਿਸ਼ਾ ਪਾਣੀ ਗਏ। ਅਫੀਮੀ ਪੌਸਤੀ ਦਾ ਝਾੜਾ ਇਕੋ ਜਿਹਾ, ਨਾਹੁਣਾ ਧੋਣਾ ਭੀ ਇਕੋ ਜਿਹਾ। ਹਥ ਮੂੰਹ ਧੋਤਾ ਰੋਟੀ ਦੇ ਗਿਦ ਹੋ ਗਏ। ਖਾ ਪੀ ਊਂਘਾਂ ਪਿਣਕਾਂ ਵਿਚ ਹੀ ਲੇਟ ਗਏ। ਅੱਖਾਂ ਮਲਦੇ ਉਠੇ, ਝਟ ਪੌਸਤ ਮਲਣ ਬੈਠ ਗਏ। ਆਪ ਜਾਣਦੇ ਹੋ ਇਸ ਕੰਮ ਤੋਂ ਬਿਨਾਂ ਪੌਸਤੀ ਨੂੰ ਹੋਰ ਕੋਈ ਆਹਰ ਹੀ ਨਹੀਂ ਹੁੰਦਾ, ਵਡੇ ਪ੍ਰੇਮ ਨਾਲ ਪੁਣ ਬਣਾਕੇ ਪੀਤਾ, ਜਦ ਅਮਲ ਗਟਾਗਟ ਹੋਇਆ ਤਾਂ ਲੱਗੇ ਮਿੱਠੇ ਪਦਾਰਥ-ਗੰਨੇ ਸ਼ੱਨੇ-ਢੂੰਡਣ।ਨਾਲੇ ਕੁਝ ਕੁਝ ਖਾ ਰਹੇ ਹਨ ਤੇ ਕੁਝ ਕੁਝ ਮੌਜਾਂ ਪਿਣਕਾਂ ਦੀਆਂ ਲੈ ਰਹੇ ਹਨ।ਜੇ ਕਿਤੇ ਛਿੜੇ ਤਾਂ ਲਗੇ ਗੱਪਾਂ ਮਾਰਨ ਜ਼ਿਮੀ ਅਸਮਾਨ ਦੇ ਕੁਲਾਬੇ ਮਿਲਾਉਣ। ਜੇ ਪਿਣਕ ਦੀ ਤਾਰ ਬੱਝ ਗਈ ਤਾਂ ਚੱਕੀਰਾਹੇ ਵਾਂਙੂ ਮੱਥਾ ਜ਼ਮੀਨ ਨਾਲ ਠਕੋਰ ਰਹੇ ਹਨ।ਜੇ ਕੁਝ ਖਾਂਦਿਆਂ ਪਿਣਕ ਆ ਗਈ, ਤਾਂ ਅੱਧ ਚਿੱਥੀ ਮੂੰਹ ਵਿਚ ਰਹਿ ਗਈ,ਲਾਲਾਂ ਵਗ ਰਹੀਆਂ ਹਨ। ਲੌਂਦਾ ਵੇਲਾ ਹੋਗਿਆ, ਤ੍ਰੁਕ ਉਠੇ, ਕਿਤੇ ਇਕ ਅੱਧੀ ਉਬਾਸੀ ਆ ਗਈ,ਅਮਲ ਟੁੱਟ ਗਿਆ।ਛੇਤੀ ਛੇਤੀ ਪੌਸਤ

Digitized by Panjab Digital Library | www.panjabdigilib.org

ਤਿਆਰ ਕਰਕੇ ਪੀਤਾ,ਰਾਤ ਪੈਗਈ,ਪਿਣਕਾਂ ਦੀ ਤਾਰ ਬਝ ਗਈ,ਰੇਵੜੀਆਂ, ਲਾਚੀਦਾਣੇ, ਗੁੜ ਹੱਥ ਹੈ, ਅਖਾਂ ਖਜ਼ਾਨੇ ਦੇ ਬੂਹੇ ਵਾਂਙੂ ਬੰਦ, ਥੋੜ੍ਹਾ ਸਿਰ ਨੀਵਾਂ ਕੀਤਾ, ਫੇਰ ਉੱਚਾ, ਫਿਰ ਨੀਵਾਂ,ਫਿਰ ਉਚਾ, ਜ਼ਰਾਕੁ ਠਹਿਰੇ, ਫੇਰ ਚਲੇ ਲੰਮੀ ਝੋਕ, ਹੁਣ ਮੱਥਾ ਪਤੰਗ ਦੀ ਗੋਤ ਵਾਂਙੂ ਚਲਿਆ ਥੱਲੇ, ਚਲਦਾ ਚਲਦਾ ਠਨ ਕਰਕੇ ਭੋਂ ਨਾਲ ਵੱਜਾ। ਤ੍ਰਬੁਕ ਕੇ ਉਠੇ, ਅੱਖਾਂ ਮਲਕੇ ਦੇਖਦੇ ਹਨ। ਹੋਸ਼ ਆਈ, ਮੂੰਹ ਦੀਆਂ ਲਾਲਾਂ ਪੂੰਝੀਆਂ, ਮੂੰਹ ਵਿਚਲਾ ਪਦਾਰਥ ਖਾਧਾ। ਹੱਥ ਵਿਚਲਾ ਖਾਂਦੇ ਹੋਏ, ਘਰ ਨੂੰ ਸੌਣ ਉਠ ਤੁਰੇ। ਰਸਤੇ ਵਿਚ ਕੋਈ ਤੀਵੀਂ ਖਾਉਂਦ ਲੜ ਬੋਲ ਰਹੇ ਸਨ। ਖਾਉਂਦ ਨੇ ਪੋਸਤੀ ਨੂੰ ਦੇਖਕੇ ਇਕ ਇਹ ਸੋਹਲਾ ਬੀ ਵਹੁਟੀ ਨੂੰ ਚੁਕ ਸੁਣਾਇਆ ਕਿ "ਜੇ ਬਹੁਤੀ ਟੀਂ ਪੀਂ ਕੀਤੀ ਤਾਂ ਤੈਨੂੰ ਪੋਸਤੋ ਦੇ ਹਵਾਲੇ ਕਰ ਦੇਊਂ"। ਇਹ ਗਲ ਪੋਸਤੀ ਦੇ ਕੰਨੀਂ ਬੀ ਪੈ ਗਈ। ਝਟ ਉਸੇ ਬੂਹੇ ਕੋਲ ਪੇਸ਼ਾਬ ਕਰਨ ਬੈਠ ਗਏ, ਬੈਠਿਆਂ ਪਿਣਕ ਆ ਗਈ। ਇਕ ਤੀਮੀ ਤਿਵਣੇਂ ਜਾਂਦੀ ਨੇ ਉਸਨੂੰ ਗੁੱਟ ਦੇਖਕੇ ਪੱਗ ਲਾਹ ਲੈਗਈ ਤੇ ਇਕ ਪੂਣੀ ਉਸਦੇ ਸਿਰ ਉੱਤੇ ਧਰ ਗਈ। ਐਤਕੀ ਪਿਣਕ ਪੋਸਤੀ ਨੂੰ ਅਜਿਹੀ ਆਈ ਕਿ ਦਿਨ ਚੜ੍ਹ ਰਿਆ। ਓਹ ਤੀਮੀ ਖਾਉਂਦ ਬੀ ਉਠੇ, ਕੀ ਦੇਖਦੇ ਹਨ ਕਿ ਪੋਸਤੀ ਜੀ ਸਿਰ ਤੇ ਰੂੰ ਰੱਖੀ ਅੱਖਾਂ ਮੀਟੀ ਬੈਠੇ ਹਨ। ਹਰਾਨ ਹੋਕੇ ਬੋਲੇ "ਓਇ ਪੋਸਤੀ ਓਇ ਪੋਸਤੀ, ਓਇ ਇੱਥੇ ਕਿਉਂ ਬੈਠਾ ਹੈਂ?" ਪੋਸਤੀ ਜੀ ਤ੍ਰਬੁਕ ਕੇ ਉਠੇ, ਨਾਲਾ ਬੱਧਾ ਤੇ ਇਹ ਉਤ੍ਰ ਦਿੱਤਾ ਕਿ ਹੁਣੇ ਜਿਹੇ ਕਿਤੋਂ ਅਵਾਜ਼ ਆਈ ਸੀ ਕਿ ਪੋਸਤੀ ਨੂੰ ਕੋਈ ਚੀਜ਼ ਮਿਲਨੀ ਹੈ।ਸਿਰ ਹੱਥ ਤੇ ਰਖਿਆ ਤਾਂ ਰੂੰ-ਪੂਣੀ ਦੇਖਕੇ ਬੋਲੇ—ਹੈਂ ! ਕਤਾਈ ਗਈ, ਉਣਾਈ ਗਈ, ਤਣਾਈ ਗਈ, ਧੁਆਈ ਗਈ, ਠਪਾਈ ਗਈ ਫੇਰ ਰੂੰ ਦੀ ਰੂੰ ਰਹਿ ਗਈ। ਲੋਕ ਇਹ ਤਮਾਸ਼ਾ ਦੇਖਕੇ ਖਿੱਲੀ ਪਾਉਣ ਲਗੇ। ਪੋਸਤੀ ਜੀ ਦੁਮ ਦਬਾਕੇ ਘਰ ਜਾ ਵੜੇ। ਟੋਟ ਦਾ ਵੇਲਾ ਸੀ, ਝੱਟ ਪੋਸਤ ਕੁੰਡੇ ਵਿਚ ਮਲਣ ਬੈਠੇ ਹੀ ਸਨ ਕਿ ਗੋਡੇ ਗੋਡੇ ਹੰਝੂ ਵਹਿੰਦਿਆਂ, ਚੱਪਾ ਚੱਪਾ ਲੀਰਾਂ ਲਮਕਦੀਆਂ ਡੇਢ ਵਰ੍ਹੇ ਦਾ ਬਾਲ ਰਾਤ ਦਾ ਭੁੱਖਾ ਕੁੱਛੜ ਚੁੱਕੀ, ਚਾਰ ਬਰਸ ਦਾ ਮੁੰਡਾ ਨੰਗ ਧੜੰਗਾ, ਛੀ ਬਰਸ ਦੀ ਧੀ ਭੁੱਖੀ ਤਿਹਾਈ ਨਾਲ ਲਈ ਪੋਸਤੀ ਜੀ ਦੀ ਤੀਵੀਂ ਸਾਮ੍ਹਣੇ ਬੈਠਕੇ ਲੱਗੀ ਵਿਰਲਾਪ ਕਰਨ—"ਹਾਇ ਤੈਰੇ ਇਸ ਪੋਸਤ ਨੂੰ ਅਗ ਲੱਗ ਜਾਏ, ਤੇਰੇ ਇਸ ਅਮਲ ਨੂੰ ਹੂੰਝਾ ਆ ਜਾਏ, ਹਾਇ! ਤੇਰੇ ਇਸ ਕੁੰਡੇ ਨੂੰ ਮੁਗ਼ਲਾਂ ਦੀ ਲੁੱਟ ਬੀ ਨਹੀਂ ਪੌਂਦੀ। ਕਲ੍ਹ ਦੇ ਬਾਲ ਭੁੱਖ ਨਾਲ ਡਾਬੂ ਲੈ ਰਹੇ ਹਨ, ਘਰ ਸ੍ਵਾਹ ਬੀ ਨਹੀਂ,ਤੈਨੂੰ ਪੋਸਤ ਬਿਨਾਂ ਕੋਈ ਆਹਰ ਹੀ ਨਹੀਂ। ਅਜ ਤੀਕ ਤਾਂ ਪਿਉ ਦੀ ਜਾਇਦਾਦ ਵੇਚ ਵੇਚ ਕੇ ਪੋਸਤ ਪੀਤਾ, ਗੱਪਾਂ ਮਾਰੀਆਂ, ਦਿਨ ਲੰਘ ਗਿਆ, ਭੈੜੇ ਚੰਦਰੇ ਹਾਲ ਅਸਾਂ ਬੀ ਅੰਨ ਖਾਧਾ, ਮਿੱਟੀ ਖਾਧੀ, ਉਮਰ ਸਾੜੀ, ਵੇਲੇ ਨੂੰ ਓਢਰ ਦਿਤਾ, ਝੱਟ ਲੰਘ ਗਿਆ। ਘੋੜੀ ਕੱਲ ਦੀ ਭੁੱਖੀ ਤਿਹਾਈ ਨੇ ਪੌੜ ਮਾਰ ਮਾਰ ਕੇ ਸਾਰਾ ਵਿਹੜਾ ਪੁਟ ਘੱਤਿਆ। ਕਿਰਾਏ ਦਾਰਾਂ ਦੇ ਦੋ ਮਹੀਨੇ ਸਿਰ ਚੜ੍ਹ ਗਏ। ਕੱਲ ਦਾ ਘੜੇ ਪਾਣੀ ਨਹੀਂ, ਚੁੱਲ੍ਹੇ ਅੱਗ ਨਹੀਂ। ਉਧਾਰ ਪੱਲੇ ਨਹੀਂ ਪੈਂਦਾ, ਲੋਕ ਚਿੱਘੀਆਂ ਕਰਦੇ ਹਨ, ਹਾਇ ਰੱਬਾ ਸਾਨੂੰ ਮੌਤ ਬੀ ਨਹੀਂ ਆਉਂਦੀ(ਭੁੱਬਾਂ ਮਾਰਕੇ)ਇਸ ਦੁੱਖਤੋਂ ਤਾਂ ਛੁੱਟ ਜਾਈਏ।ਤੈਨੂੰ ਰਤਾ ਸੋਚ ਨਹੀਂ, ਸ਼ਰਮ ਨਹੀਂ, ਭਲਾ ਪੁੱਤ ਤਾਂ ਪਏ ਢੱਠੇ ਖੂਹ ਵਿਚ, ਧੀ ਮੁਟਿਆਰ ਹੋਈ ਹੈ, ਇਹ ਬੰਨ੍ਹ

Digitized by Panjab Digital Library | www.panjabdigilib.org

ਕਿੱਕੁਰ ਬੂਹੇ ਥੋਂ ਉਠਾਵਾਂਗੀ। (ਬਹੁਤ ਰੋ ਰੋ ਕੇ) ਹਾਇ ਰੱਬਾ, ਜਿਨ੍ਹਾਂ ਸਹੇੜ ਕੇ ਆਂਦਾ ਸੀ ਮਰ ਗਏ,ਪਦਾਰਥ ਸਾਰਾ ਕੂੰਡੇ ਵਿਚ ਮਲਿਆ ਗਿਆ। ਹਾਇ ਅੰਮਾਂ! ਨਿੰਜ ਜਣਦੀਓਂ,ਨਹੀਂ ਤਾਂ ਜੰਮਦੀ ਦਾ ਗਨ ਘੁੱਟਦੀਓਂ, ਇਹ ਦੁਖ ਤਾਂ ਨਾ ਦੇਖਦੀ''। ਇਸ ਪਰਮ ਦੁਖੀ ਇਸਤ੍ਰੀ ਦੇ ਬਚਨ ਪੱਥਰ ਨੂੰ ਮੋਮ ਕਰਨ ਵਾਲੇ ਸਨ, ਪਰ ਪੋਸਤੀ ਜੀ ਚੁਪਚਾਪ ਸੁਣੀ ਗਏ ਤੇ ਪੋਸਤ ਮਲੀ ਗਏ। ਕੁਝ ਥੋੜ੍ਹਾ ਜਿਹਾ ਅਸਰ ਤੀਮੀਂ ਦੇ ਵਿਰਲਾਪ ਦਾ ਹੋਇਆ ਤਾਂ ਸੋਚਣ ਲੱਗੇ, ਬਈ ਅਜ ਤੀਕ ਪੰਜਾਹ ਵਰਿਹਾਂ ਦੀ ਉਮਰ ਹੋਈ, ਕੱਖ ਭੰਨ ਕੇ ਦੂਹਰਾ ਨਹੀਂ ਕੀਤਾ, ਪਰ ਸਚ ਕਹਿੰਦੇ ਹਨ ਸਿਆਣੇ ''ਬੈਠਿਆਂ ਖੂਹ ਲਈ ਦੇ ਖਾਇ'' ਹੁਣ ਤਾਂ ਲਚਾਰੀ ਆ ਬਣੀ, ਚਲ ਓਇ ਮਨਾ ! ਅਜ ਪੋਸਤ ਪੀਕੇ ਖੱਟਣ ਚਲੀਏ। ਇਹ ਠਟ ਕੇ ਬੋਲੇ–''ਸਹੁਰੀਏ ਰੋਨੀ ਕਿਉਂ ਹੈਂ, ਮੈਂ ਤਾਂ ਅੱਗੇ ਹੀ ਤਿਆਰ ਹਾਂ। ਬੱਸ ਹੁਣ ਪੋਸਤ ਪੀਕੇ ਜਾਂਦਾ ਹਾਂ, ਕੁਝ ਖੱਟ ਕੇ ਮੁੜਾਂਗਾ''। ਇੰਨੇ ਵਿਚ ਪੋਸਤ ਪੁਣਿਆ ਗਿਆ, ਬੋਲੇ–ਔਹ ਲੈ ਘੁੱਟ ਕੁ ਪੋਸਤ ਤੂੰ ਬੀ ਪੀ ਲੈ, ਚੁਲੀ ਚੁਲੀ ਬਾਲਾਂ ਨੂੰ ਬੀ ਦੇਹ,ਮੇਰੇ ਆਉਂਦੇ ਤਕ ਤੁਹਾਨੂੰ ਕੁਝ ਧਿਰਾਸ ਰਹੇ ਤੇ ਮੈਂ ਬੱਸ ਪੀਕੇ ਚੱਲਿਆ, ਪਿਛਲੇ ਪੈਰੀਂ ਆਇਆ ਦੇਖ।

ਬਾਟਾ ਪੀਤਾ, ਉਠੇ, ਘੋੜੀ ਨੂੰ ਪਾਣੀ ਡਾਹਿਆ, ਚਾਰ ਜਾਮਾ ਕਸਿਆ, ਪਲਾਕੀ ਮਾਰੀ ਤੇ ਇਕ ਪਾਸੇ ਨੂੰ ਤੁਰ ਪਏ। ਜੇ ਕਿਤੇ ਪਿਣਕ ਖੁੱਲ੍ਹੀ ਤਾਂ ਘੋੜੀ ਨੂੰ ਟਿੱਚ ਟਿੱਚ ਕਰ ਛਡਿਆ, ਨਹੀਂ ਤਾਂ ਘੋੜੀ ਟਕੇ ਚਾਲ ਤੁਰੀ ਜਾਂਦੀ ਹੈ। ਕੋਈ ਪੰਜ ਸਤ ਕੋਹ ਨਿਕਲ ਗਏ, ਅਮਲ ਟੁਟ ਗਿਆ, ਇੰਨੇ ਤਾਈਂ ਇਕ ਖੂਹ ਉਤੇ ਪੰਜ ਸਤ ਪੋਸਤੀ ਪੋਸਤ ਮਲਦੇ ਬੈਠੇ ਡਿੱਠੇ, ਦੇਖਦਿਆਂ ਹੀ ਪੋਸਤੀ ਦੀਆਂ ਵਾਂਛਾਂ ਖਿੜ ਗਈਆਂ। ਸ਼ਪਾ ਸ਼ਪ ਘੋੜੀਓਂ ਉਤਰ ਪੋਸਤੀਆਂ ਦੇ ਵਿਚ ਜਾ ਬੈਠੇ । ਅਗੇ ਪੋਸਤੀ ਮਤਾ ਪਕਾ ਰਹੇ ਸਨ ਭਈ ਧੁੱਪ ਵਡਾ ਦੁਖ ਦੇਂਦੀ ਹੈ, ਖੂਹ ਨੂੰ ਛਾਂਵੇਂ ਲੈ ਚਲੀਏ, ਇਸ ਭਾਰੇ ਕੰਮ ਲਈ ਪੋਸਤ ਕੁਝ ਵਧੀਕ ਮਲਿਆ ਸੀ,ਪੁਣਿਆਂ,ਸਭ ਨੇ ਰਲ ਕੇ ਪੀਤਾ ਸ਼ਪਾ ਸ਼ਪ ਲੱਕ ਬੰਨ੍ਹ ਲਏ। ਖੂਹ ਦੇ ਦੁਆਲੇ ਲੰਮੀ ਲਜ ਦੇ ਵੇ ਵਲ ਦੇਕੇ ਅਧੇ ਅਧੇ ਪੋਸਤੀ ਦੋਵੇਂ ਸਿਰੇ ਲੰਕੇ ਲਗੇ ਜ਼ੋਰ ਲਾਉਣ ਤੇ ਤਣੀਣਾਂ ਦੇਣ ਖੂਹ ਨੂੰ ਛਾਂਵੇਂ ਲੈ ਚੱਲਣ ਨੂੰ । ਇੰਨੇ ਤਕ ਪਿਣਕ ਆ ਗਈ। ਪਿਣਕ ਵਿਚ ਹੀ ਲੌਂਢਾ ਵੇਲਾ ਹੋ ਗਿਆ। ਦਿਨ ਢਲੇ ਛਾਂ ਅਵੱਸੋਂ ਆਉਣੀ ਹੀ ਸੀ। ਇਕ ਪੋਸਤੀ ਦੀ ਪਿਣਕ ਖੁੱਲ੍ਹ ਗਈ,ਛਾਂ ਦੇਖਕੇ ਭੁੜਕ ਉਠਿਆ ''ਬਸ ਓਇ ਭਰਾਓ ਬਸ,ਖੂਹ ਛਾਵੇਂ ਆ ਗਿਆਜੇ''। ਸਭਨਾਂ ਨੇ ਲੱਜ ਛੱਡ ਦਿੱਤੀ, ਬੜੇ ਪ੍ਰਸੰਨ ਹੋ ਹੋਕੇ ਆਪਣੀਆਂ ਵਡਿਆਈਆਂ ਕਰਨ ਲਗੇ ਇਹ ਮਰਦਊ ਪੋਸਤੀਆਂ ਦਾ ਕਿ ਖੂਹ ਛਾਵੇਂ ਲੈ ਆਂਦਾ। ਇਹ ਮਹਾਤਮਾਂ ਫੇਰ ਘੋੜੀ ਤੇ ਚੜ੍ਹਕੇ ਖੱਟਣ ਤੁਰ ਪਏ। ਅਮਲ ਦੀ ਤਾਰ ਜੋ ਗਾਹੜੀ ਤਾਂ ਆਈ ਗਾਉਣ ਲਗੇ :–

ਪੋਸਤਾ ਦਿਲ ਦੋਸਤਾ ਤੇਰਾ ਸੋਨੇ ਮੜ੍ਹਾਈਂ ਬੂਟਾ।
ਲੱਖ ਰੁਪੈ ਦੀ ਪਿਣਕ ਜੁ ਦੇਨਾ ਏ ਕ੍ਰੋੜ ਰੁਪੈ ਦਾ ਝੂਟਾ।

ਇੰਨੇ ਤਕ ਇਕ ਵਾ ਵਰੋਲਾ ਉੱਠਿਆ, ਪੋਸਤੀ ਜੀ ਵਿੱਚ ਘੇਰੇ ਗਏ,ਅੱਖਾਂ ਵਿਚ ਘੱਟਾ ਭਰ ਗਿਆ, ਘੋੜੀ ਦਾ ਮੂੰਹ ਫਿਰ ਗਿਆ ਤੇ ਜਿਸ ਰਾਹ ਗਏ ਸਨ ਉਸੇ ਰਾਹ ਮੁੜ ਪਏ। ਦਿਨ ਥੋੜ੍ਹਾ ਰਹਿ ਗਿਆ ਸੀ, ਕੁਝ ਅਮਲ ਦੀ ਟੋਟ ਦਿੱਸਣ ਲੱਗੀ। ਭਾਵੇਂ ਪੋਸਤ ਪੱਲੇ ਸੀ, ਪਰ ਕੂੰਡਾ ਹੋਵੇ ਤਾਂ ਪੀਣ। ਲਾਚਾਰ ਦੋ ਤਿੰਨ ਬੂੰਦਾਂ ਅੱਕ ਦੇ ਦੁੱਧ ਦੀਆਂ ਪੀਤੀਆਂ। ਤੁਰੇ।

Digitized by Panjab Digital Library | www.panjabdigilib.org

ਦਿਨ ਲਟਪਟਾ ਜਿਹਾ ਹੋ ਗਿਆ । ਸਾਮ੍ਹਣੇ ਸ਼ਹਿਰ ਬੀ ਦਿੱਸਣ ਲਗ ਗਿਆ। ਕਿਸੇ ਰਾਹੀ ਕੋਲੋਂ ਪੁੱਛਿਆ ਇਸ ਨਗਰ ਦਾ ਨਾਉਂ ਕੀ ਹੈ ? ਉਸ ਨੇ ਕਿਹਾ: ਪੋਸਤਾਂ ਵਾਲੀ। ਸੁਣ ਕੇ ਖਿੜ ਗਏ। ਇਹ ਤਾਂ ਸਾਡੇ ਹੀ ਨਗਰ ਵਰਗਾ ਨਾਉਂ ਹੈ। ਫਿਰ ਪੁੱਛਣ ਲਗੇ: ਇਸ ਨਗਰ ਵਿਚ ਕੋਈ ਪੋਸਤੀ ਬੀ ਰਹਿੰਦਾ ਹੈ ਕਿ ਨਹੀਂ? ਰਾਹੀ ਨੇ ਉੱਤਰ ਦਿਤਾ: ਫੱਗੇ ਚੇਧਤੀ ਦਾ ਪੁਤ੍ ਰੰਗਾ ਪੋਸਤੀ ਵਡਾ ਨਾਮੀ, ਖਸਖਸ ਮਹਲੇ ਵਿਚ ਰਹਿੰਦਾ ਹੈ, ਜਿਸ ਨੇ ਜਣਦਿਆਂ ਸਹੇੜਦਿਆਂ ਦੀ ਲੱਖਾਂ ਦੀ ਜਾਇਦਾਦ ਪੋਸਤ ਦੇ ਕੁੰਡੇ ਵਿਚ ਮਲ ਮਲ ਕੇ ਫੋਗ ਕਰੇ ਸੁਟ ਪਾਈ। ਪੋਸਤੀ ਜੀ ਤਾਂ ਸੁਣਕੇ ਹਜ਼ਾਰੇ ਦੇ ਫੁਲ ਵਾਂਙੂ ਖਿੜ ਗਏ। ਇਹ ਕੁਦਰਤ ਕਰਤਾਰ ਦੀ ਹੈ, ਸਾਰੇ ਫੱਗਿਆਂ ਦੇ ਪੁਤ ਰੰਗੇ, ਨਾਲੇ ਪੋਸਤੀ ਬੀ। ਮਹੱਲਾ ਬੀ ਖਸਖਸ। ਚਲੋ ਰਾਤ ਤਾਂ ਕੱਟੀਏ, ਪੋਸਤ ਪੀਵੀਏ ਸਵੇਰੇ ਦੇਖੀ ਜਾਏਗੀ। ਇਹ ਸੋਚਦੇ ਤੇ ਟਿੱਚ ਟਿੱਚ ਕਰਦੇ ਦੇਹੁ ਆਥਣੇ,ਪੋਸਤਾਂ ਵਾਲੀ ਵਿਚ ਆ ਵੜੇ,ਲਹੋ ਦੇਖਣ ਭਈ ਸ਼ਹਿਰ ਤਾਂ ਸਾਡੇ ਸ਼ਹਿਰ ਵਰਗਾ ਹੈ। ਖਸਖਸ ਮਹੱਲਾ ਪੁੱਛਦੇ ਪੁਛਾਂਵਦੇ ਰੰਗੇ ਦੇ ਬੂਹੇ ਤੇ ਆਣ ਖਲੋਤੇ। ਲੱਗੇ ਪੁੱਛਣ, ਭਈ ਰੰਗਾ ਪੋਸਤੀ ਕਿੱਥੇ ਹੈ ? ਦੂਰੋਂ ਗੁਆਂਢੀਆਂ ਨੇ ਆਖ ਛੱਡਿਆ ਕਿ ਉਹ ਤਾਂ ਅਜ ਕਿਤੇ ਖੱਟਣ ਗਿਆ ਹੈ। ਪੋਸਤੀ ਜੀ ਬੋਲੇ—ਅਸੀਂ ਤਾਂ ਮੰਜ਼ਲ ਮਾਰਕੇ ਰੰਗੇ ਦੇ ਮਿਲਣ ਲਈ ਆਏ ਹਾਂ। ਇਹ ਕਹਿਕੇ ਘੋੜੀ ਥੋਂ ਉਤਰੇ ਤਾਂ ਘੋੜੀ ਆਪੇ ਹੀ ਆਪਣੇ ਅੱਡੇ ਵਲ ਜਾ ਖੜੋਤੀ। ਆਪ ਮੰਜਾ ਡਾਹ ਕੇ ਬੈਠ ਗਏ। ਇਧਰੋਂ ਧੀ ਨੇ ਦੇਖਕੇ ਅੰਦਰ ਮਾਂ ਨੂੰ ਜਾ ਕਿਹਾ ਕਿ ਬਾਹਰ ਬਾਪੂ ਬੈਠਾ ਹੋਇਆ ਹੈ। ਉਧਰ ਪੋਸਤੀ ਜੀ ਅੱਖਾਂ ਪਾੜ ਪਾੜ ਕੇ ਦੇਖ ਰਹੇ ਹਨ ਕਿ ਘਰ ਵੀ ਤਾਂ ਸਾਡੇ ਹੀ ਘਰ ਵਰਗਾ ਹੈ। ਪੋਸਤੀ ਜੁ ਹੋਇਆ ਦੇਖੋ ਨਾਮ ਨਿਸ਼ਾਨ ਨਗਰ ਗਲੀ ਸਭ ਇਕੋ ਜਿਹਾ ਹੀ ਹੈ। ਇਕ ਪੋਸਤ ਦੀ ਤੁਰੀ ਜਿੰਨਾਂ ਵੀ ਫਰਕ ਨਹੀਂ। ਇਧਰ ਵਹੁਟੀ ਬੀ ਸੋਚਦੀ ਹੋਈ ਕਿ ਕੀ ਖੱਟ ਲਿਆਇਆ ਹੈ, ਬਾਹਰ ਆਈ। ਪੋਸਤੀ ਹੁਰੀਂ ਇਕ ਗੁਆਂਢਣ ਨੂੰ ਸੁਨੇਹਾ ਦੇ ਰਹੇ ਸਨ ਕਿ ਜੇ ਰੰਗਾ ਇਸ ਵੇਲੇ ਘਰ ਹੁੰਦਾ ਤਾਂ ਸਾਡੀ ਵੱਡੀ ਖਾਤਰ ਕਰਦਾ, ਪਰ ਹੱਛਾ ਹੁਣ ਭਾਬੀ ਹੁਰੀਂ ਜੇ ਸਾਨੂੰ ਕੋਈ ਬਾਟੀ ਜਾਂ ਕੁੰਡਾ ਦੇਣ ਤਾਂ ਅਸੀਂ ਪੋਸਤ ਮਲਕੇ ਤਾਂ ਪੀਵੀਏ ਅਮਲ ਟੁੱਟਾ ਹੋਇਆ ਹੈ, ਨਾਲੇ ਇਹ ਬੀ ਦੱਸੋ ਕਿ ਰੰਗੇ ਦੇ ਘਰ ਕੋਈ ਲੜਕਾ ਬਾਲਾ ਬੀ ਹੈ ਕਿ ਨਹੀਂ।ਵਹੁਟੀ ਇਹ ਸਭ ਗਲਾਂ ਸੁਣਕੇ ਬੋਲੀ:ਖਟਾਊ ਨੇ ਖੱਟ ਆਂਦੀ ਭੁਖ ਤੇ ਨੰਗ,ਕੁੰਡਾ ਦਿਓ ਪੋਸਤ ਮਲੇ, ਤਾਰ ਦਿੱਤਾ ਇਸ ਪੋਸਤੀ ਦੀ ਖੱਟੀ ਨੇ, ਸਿਆਣੇ ਸਚ ਆਖ ਗਏ ਹਨ:—

ਖਟਣ ਗਏ ਖਟਾਊ ਘਰ ਕੀ ਖਟ ਲਿਆਏ,
ਸ਼ੁਕਰ ਕਰੋ ਸਿਰਮੁੰਨੀਓਂ ਘਰ ਜੀਉਂਦੇ ਆਏ।

ਕਰਾਂ ਕੀ ਮੇਰਾ ਵੱਸ ਨਹੀਂ ਚਲਦਾ ਨਹੀਂ ਤਾਂ:—

ਪੋਸਤਾ ਦਿਲ ਦੋਸਤਾ ਤੇਰਾ ਜੜ੍ਹੋਂ ਪੁਟਾਈ ਬੂਟਾ।
ਵਸਦੇ ਘਰ ਉਜਾੜ ਕਰੇ ਨਾਏਂ ਹਥ ਵਿਚ ਦੇ ਨਾਏਂ ਠੂਠਾ।

ਵਾਹ ਭਾਈ ਸਾਹਿਬ ਕਹੀ ਅਚਰਜ ਜਮਾਦਾਰੀ ਹੈ ! ਕਿਉਂਨਾ ਹੋਵੇ ਲਓ ਸੱਚੀਂ ਤੁਹਾਡੇ ਜਮਾਦਾਰ ਦੀ ਬਹਾਦਰੀ ਦੀ ਗਲ, ਸਾਡੇ ਗੁਆਂਢ ਇਕ ਨਵਾਂ ਜੁਆਨ ਪੋਸਤੀ ਬਣਿਆਂ ਹੈ। ਕਲ ਗੁੱਟ ਹੋਇਆ ਕੋਠੇ ਉਤੇ ਬੈਠਾ ਸੀ ਲਾਲਾਂ ਵਰਗ ਰਹੀਆਂ ਸਨ। ਕਿਧਰੋਂ ਕੋਈ ਭੁੱਲੀ ਭਟਕੀ ਮੱਖੀ ਬੀ ਆ ਬੈਠੀ।ਪੋਸਤੀ ਹੁਰੀਂ ਉਸੇ ਵੇਲੇ ਰੋਣ ਵਾਲੇ ਬਾਲ ਦਾ ਮੂੰਹ ਬਣਾਕੇ ਤੇ ਵਡੀ ਬ੍ਰੋਕ ਹੌਲੀ ਸੁਰ ਨਾਲ ਜਿਸ ਤਰ੍ਹਾਂ

Digitized by Panjab Digital Library | www.panjabdigilib.org

ਕੋਈ ਭੋਰੇ ਵਿਚੋਂ ਬੋਲਦਾ ਹੈ, ਰੋਗੀਆਂ ਵਾਂਙੂ ਬਹੁਤ ਹੀ ਲਮਕਾਕੇ ਖੋਲੇ 'ਹਾਇ ਰਬਾ ਮਾਰਦੀ ਹੈ' ਅੰਦਰੋਂ ਮਾਂ ਸੁਣਕੇ ਬੋਲੀ 'ਕੇਹੜੀ ਹੈ ਨੀ ਭਈਏ ਪਿੱਟੀ, ਮੇਰੇ ਲਾਡਲੇ ਪੁੱਤ ਨੂੰ ਮਾਰਦੀ'। ਪੋਸਤੀ ਹੁਰੀਂ ਫੇਰ ਉਸੇ ਤਰ੍ਹਾਂ ਬੋਲੇ, 'ਹਾਇ ਮੱਖੀ' । ਮਾਂ ਨੇ ਕਿਹਾ 'ਬੱਚਾ ਉਡਾ ਦੇ',ਤਾਂ ਪੋਸਤੀ ਹੁਰੀਂ ਛਿੱਥੇ ਹੋਕੇ ਬੋਲੇ--'ਹਾਇ ਰੱਬਾ ਦੋ ਹਨ' । ਮੈਨੂੰ ਦੇਖਕੇ ਵੜਾ ਹਾਸਾ ਆਇਆ ਕਿ ਜੁਆਨ ਆਦਮੀ,ਪਿਛਲੇ ਵਰ੍ਹੇ ਫੌਜ ਵਿਚ ਭਰਤੀ ਹੋਣ ਲਗਾ ਸੀ ਤੇ ਅਜ ਪੋਸਤ ਦੀ ਜਮਾਦਾਰੀਹੇਠ ਮੱਖੀ ਤੋਂ ਬੀ ਮਾਰ ਖਾਰਿਹਾਹੇ।

ਚੌਥੇ ਪ੍ਰਸ਼ਨ ਵਾਲੇ ਨੂੰ ਉੱਤਰ

ਸਿੰਘ ਸਾਹਿਬ ਜੀ ਜਦ ਤੀਸਰੇ ਮਹਾਤਮਾ ਨੂੰ ਉੱਤਰ ਦੇ ਚੁਕੇ ਤਾਂ ਬੋਲੇ ਕਿ ਸ਼ਰਾਬ ਕੌਰ ਦੇ ਅਮਲੇ ਦਾ ਸਮਾਚਾਰ ਤਾਂ ਕਹਿ ਚੁਕੇ ਹਾਂ ਹੁਣ ਚੌਥੇ ਮਹਾਤਮਾ ਦੀ ਨਿਸ਼ਾ ਖਾਤਰ ਕਰੀਏ ਤਾਂ ਫੇਰ ਸ਼ਰਾਬ ਕੌਰ ਦੇ ਰੱਸੇ ਪੈੜੇ ਵੱਟਾਂਗੇ।

ਚੌਥੇ ਵਲ ਮੂੰਹ ਕਰਕੇ--ਕਿਉਂ ਮਹਾਤਮਾ ਜੀ! ਆਪ ਕਹਿੰਦੇ ਹੋ ਕਿ ਸ਼ਰਾਬ ਵਿਚ ਕੋਈ ਦੋਸ਼, ਕੋਈ ਪਾਪ ਨਹੀਂ ਹੈ, ਪਰ ਇਹ ਤਾਂ ਦੱਸੋ ਕਿ ਸ਼ਰਾਬ ਨਾਲ ਕਬਾਬ ਹੁੰਦੇ ਹਨ ਕਿ ਨਹੀਂ, ਫੇਰ ਸ਼ਰਾਬ ਹਿੰਸਾ ਦਾ ਕਾਰਣ ਹੋਈ ਯਾ ਨਹੀਂ?ਅਥਵਾ ਮਸਤ ਹੋਕੇ ਜੇ ਕਿਸੇ ਨਿਰਦੋਸ਼ ਨੂੰ ਗਾਲਾਂ ਕੱਢੀਆਂ ਜਾਂ ਕਿਸੇ ਨਿਰਾਪ੍ਰਾਧ ਨੂੰਮਾਰਿਆ ਕੁੱਟਿਆ,ਜਾਂ ਜਾਨੋਂਹੀ ਮੁਕਾ ਦਿੱਤਾ ਤਾਂ ਇਸ ਹਿੰਸਾ ਤੇ ਖ਼ੂੰਨ ਦਾ ਪਾਪ ਹੋਊ ਕਿ ਨਹੀਂ ? ਹੋਰ ਗੁੜ, ਸੱਕ, ਪਾਣੀ, ਮਹੂਆ ਖਜੂਰ, ਤਾੜ, ਅੰਗੂਰ,ਖਮੀਰ ਆਦਿਕ ਪਦਾਰਥ ਕੋਈ ਦੂਖਤ ਨਹੀਂ,ਸੱਭੇ ਨਿਰਦੋਖ ਤੇ ਸ਼ੁੱਧ ਪਵਿੱਤ੍ਰ ਹਨ,ਅਤੇ ਨਾ ਹੀ ਅਸੀਂ ਸ਼ਰਾਬ ਵਿਚ ਕੋਈ ਦੋਖ ਕਹਿੰਦੇ ਹਾਂ,ਦੋਸ਼ ਤਾਂ ਸ਼ਰਾਬੀ ਵਿਚ ਹਨ,ਜਿਹੜਾ ਪੀਕੇ ਟੋਟ ਦਿਖਾਉਂਦਾ ਹੈ,ਕਿਉਂ ਨਹੀਂ ਇਕ ਤਾਰ ਰਹਿੰਦਾ? ਦੂਸਰਾ ਦੋਸ਼ ਟੋਟ ਵੇਲੇ ਬੱਸ ਕਿਉਂ ਨਹੀਂ ਕਰਦਾ ? ਤੀਸਰਾ ਦੋਸ਼ ਜਦ ਟੋਟ ਵਿਚ ਬਹੁਤੀ ਪੀ ਜਾਂਦਾ ਹੈ, ਤਾਂ ਆਪਣੀ ਸੁਧ ਵਿਚ ਕਿਉਂ ਨਹੀਂ ਰਹਿੰਦਾ ? ਚੌਥਾ ਦੋਸ਼ ਪਰਣਾਮ ਇਸਦਾ ਤਨ ਧਨ ਕਰਕੇ ਕਿਉਂ ਬੁਰਾ ਨਿਕਲਦਾ ਹੈ।

ਗੁੜ ਆਦਿ ਪਦਾਰਥ ਕੋਈ ਦੋਖੀ ਨਹੀਂ, ਸ਼ਰਾਬੀ ਦੋਖੀ ਹੈ । ਜਿਹਾਕੁ ਸੰਖੀਆ ਦੋਖੀ ਨਹੀਂ ਕਿਉਂਕਿ ਮੌਤ ਦੇਣਾ ਸੰਖੀਏ ਦਾ ਧਰਮ ਹੈ, ਇਸਤੇ ਸੰਖੀਆ ਨਿਰਦੋਖ, ਹੁਣ ਜੋ ਇਸ ਗਲ ਨੂੰ ਜਾਣ ਬੁੱਝ ਕੇ ਖਾਏ ਸੋ ਦੋਖੀ। ਇਕੁਰ ਹੀ ਸ਼ਰਾਬ ਦਾ ਸੁਤੇ ਹੀ ਸੁਭਾਵ ਪੀਣ ਵਾਲੇ ਨੂੰ ਟੋਟ ਦਿਖਾਉਣੀ ਅਤੇ ਪੀਣ ਦੀ ਤ੍ਰਿਸ਼ਨਾ ਵਧਾਉਣੀ, ਧਨ ਦਾ ਨਾਸ਼ ਕਰਨਾ, ਸਰੀਰ ਵਿਚ ਸੈਂਕੜੇ ਰੋਗ ਉਪਜਾਉਣੇ, ਮੌਤ ਤਕ ਪਹੁੰਚਾ ਦੇਣਾ। ਬੱਸ ਚੇਤੇ ਰਖੋ ਜੋ ਪੁਰਖ ਇਸ ਦੇ ਇਹ ਗੁਣ ਜਾਣਦਾ ਹੈ ਅਤੇ ਫਿਰ ਪੀਂਦਾ ਹੈ, ਸੋ ਭਾਰਾ ਦੋਖੀ ਹੈ। ਮੰਨੂ ਜੀ ਆਪਣੇ ਗ੍ਰੰਥ ਮੰਨੂ ਸਿਮ੍ਰਤੀ ਵਿਚ ਲਿਖਦੇ ਹਨ ਕਿ 'ਬ੍ਰਾਹਮਣ ਮਾਰ ਸੁਟਣਾ, ਸ਼ਰਾਬ ਪੀਣੀ, ਚੋਰੀ ਕਰਨੀ ਤੇ ਗੁਰੂ ਦੀ ਇਸਤ੍ਰੀ ਵਲ ਮਾੜੀ ਨਜ਼ਰ ਪਾਣੀ ਏਹ ਚਾਰੇ ਵਡੇ ਪਾਪ ਹਨ*',ਆਪ ਦੱਸੋ ਕਿ ਮੰਨੂ ਜੀ ਨੇ ਏਹ ਦੋਸ਼ ਅੱਖਾਂ ਮੀਟਕੇ ਲਿਖ ਦਿਤੇ ਸਨ?ਤੁਹਾਥੋਂ ਸਲਾਹ ਨਹੀਂ ਪੁੱਛੀ ਸਾਨੇ।

ਅਫਸੋਸ ! ਆਪ ਲੋਕ ਚਿਰੰਕਾਲ ਦੇ ਪਜਾਕ ਤੇ ਅਜ ਤੀਕ ਆਪ ਨੂੰ ਆਪਣੇ ਪੀਣ ਦਾ ਪਤਾ ਨਹੀਂ ਤਾਂ ਮੇਰੇ ਪੀਣ ਦਾ ਆਪ ਨੂੰ ਕਿਸ ਤਰ੍ਹਾਂ ਪਤਾ ਲੱਗੇ। ਲਓ ਹੁਣ ਪੀਤੀ ਦੇ ਅਨੰਦ ਬੀ ਸੁਣ ਲਓ ।

---

*ਬ੍ਰਹਮਹਤਯਾ,ਸੁਰਾਪਾਨੰ,ਸਤੇਯੰ,ਗੁਰਵੰਗਨਾਗਮਃ
ਮਹਾਂਤ ਪਾਤਕਾਨਯਾਹੁ ਸੰਸਰਗੰ ਸਚਾਪਿ ਤੈਸਹ ।

Digitized by Panjab Digital Library | www.panjabdigilib.org

ਪਹਿਲੇ ਪਹਿਲ ਜਦੋਂ ਕੋਈ ਸ਼ਰਾਬੀਆਂ ਦੀ ਰੀਸੇ ਜਾਂ ਸ਼ਰਾਬੀਆਂ ਦੀਆਂ ਫੁਲਾਣੀਆਂ ਤੇ ਚੁੱਕਾਂ ਦਾ ਫੁੱਲਿਆ ਜਾਂ ਮੂਰਖਤਾਈ ਦਾ ਫਸਿਆ ਲੁਕਦਾ ਛੁਪਦਾ ਕਲਾਲਖਾਨੇ ਪਹੁੰਚਦਾਹੈ, ਉਸ ਵੇਲੇ ਕਲੇਜਾ ਧੜਕਦਾਹੈ, ਚਿਹਰੇ ਪੁਰ ਹਵਾਈਆਂ ਉਡਦੀਆਂ ਹਨ, ਮਨ ਵਿਚ ਇਹ ਡਰ ਭਰਿਆ ਹੁੰਦਾਹੈ ਕਿ ਮਤਾਂ ਕੋਈ ਦੇਖ ਲਵੇ ? ਇਸੇ ਹਾਲ ਵਿਚ ਖਰੀ ਖੋਟੀ ਚੰਗੀ ਮੰਦੀ ਜਿਹੀ ਕਲਾਲ ਨੇ ਦਿੱਤੀ ਨੇਫੇ ਵਿਚ ਨੱਪੀ ਤੇ ਕਿਸੇ ਇਕੱਲ ਦੇ ਪਾਸੇ ਨੂੰ ਉਠ ਦੌੜੇ। ਰਸਤੇ ਵਿਚ ਹਲਕਾਏ ਕੁੱਤੇ ਵਾਂਙੂ ਚੁਤਰਫੀ ਅੱਖਾਂ ਪਾੜ ਪਾੜ ਕੇ ਦੇਖੀ ਜਾਂਦੇ ਹਨ ਕਿ ਕਿਤੇ ਕੋਈ ਲਿਹਾਜ਼ ਵਾਲਾ ਦੇਖ ਨਾ ਲਏ। ਜੇ ਕਿਤੇ ਕੋਈ ਸਨਬੰਧੀ ਰਸਤੇ ਵਿਚ ਮਿਲ ਭੀ ਜਾਏ ਤਾਂ ਪਰਮ ਦੁਖੀ, ਲੁਕਣ ਨੂੰ ਥਾਂ ਨਹੀਂ। ਭਲਾ ਜੇ ਕਿਤੇ ਸੰਗੀਆਂ ਸਾਥੀਆਂ ਵਿਚ ਪੁੱਜ ਭੀ ਪਿਆ। ਨਾਲ ਖਾਣ ਵਾਸਤੇ ਮਾਸ ਕਬਾਬ ਦਹੀਂ ਆਦਿਕ ਚਾਹੀਏ, ਇਸ ਲਈ ਕਿਸੇ ਸੰਗੀ ਦੀ ਮੁਥਾਜੀ ਕਰਨੀ ਪਈ, ਇੰਨੇ ਚਿਰ ਵਿਚ ਇਕ ਸੰਗੀ ਰੁੱਸ ਗਿਆ। ਉਸ ਦੇ ਮਨਾਉਣ ਵਾਸਤੇ ਪੱਗ ਲਾਹ ਲਾਹ ਮੱਥੇ ਟੇਕ ਰਹੇ ਹਨ।ਹਜ਼ਾਰ ਮਿੰਨਤਾਂ ਲੱਖ ਤਰਲੇ ਕਰ ਕਰਾਕੇ ਮਨਾਇਆ ਤਾਂ ਸਹੀ, ਪਰ ਇਕ ਸੰਗੀ ਵਿਚੋਂ ਪ੍ਰਹੇਜ਼ਗਾਰ ਨਿਕਲਿਆ, ਹੁਣ ਸਾਰੇ ਉਸਦੇ ਦੁਆਲੇ। ਓਹ ਮੰਨਦਾ ਨਹੀਂ, ਏਹ ਮਨਾਉਂਦੇ ਹਨ। ਢਾਹ ਢਾਹ ਕੇ ਉਸਦੇ ਮੂੰਹ ਵਿਚ ਪਾਉਂਦੇ ਹਨ। ਓੜਕ ਨੂੰ ਮਨਾਯਾ, ਰਲ ਮਿਲ ਕੇ ਪੀਣ ਲਗੇ। ਬੋਤਲ ਖੋਲ੍ਹੀ, ਗਲਾਸ ਵਿਚ ਪਲਟੀ, ਪਾਣੀ (ਸੋਡਾਵਾਟਰ) ਪਾਇਆ, ਲਗੇ ਇਕ ਦੂਜੇ ਨੂੰ ਕਹਿਣ 'ਚੁਕ ਬਈ' 'ਨਹੀਂ ਬਈ ਪਹਿਲੇ ਤੂੰ' ਇਸੇ ਨਹੀਂ ਨਹੀਂ ਤੂੰ ਤੂੰ ਵਿਚ ਕੋਈ ਘੜੀ ਹੋਰ ਬੀਤ ਗਈ। ਗਲ ਕਾਹਦੀ ਗਲਾਸ ਮੂੰਹ ਨਾਲ ਲਾਇਆ ਘੁੱਟੇ ਵੱਟੀ ਜਾਂ ਝੀਕੇ ਝੀਕੀ ਅੰਦਰ ਤਾਂ ਲੰਘਾਇਆ, ਪਰ ਮੂੰਹ ਤੋਂ ਲੈਕੇ ਕਲੇਜੇ ਤਕ ਬਾਰੂਤ ਦੀ ਮਤਾਬੀ ਲੂੰਹਦੀ ਤੇ ਸਾੜਦੀ ਲੰਘ ਗਈ, ਹੇਠਲਾ ਸਾਹ ਹੇਠ ਉੱਪਰਲਾ ਉੱਪਰ, ਮਿੰਟ ਅਧ ਮਿੰਟ ਵਾਸਤੇ ਬਝੱਕ ਰਹਿ ਗਿਆ, ਫੇਰ ਝੁਣਝੁਣੀ ਜਾਂ ਕੰਬਣੀ ਜਹੀ ਆਈ। ਹੁਣ ਇਕ ਹੱਥ ਲੂਹੀ ਹੋਈ ਛਾਤੀ ਉਤੇ ਫੇਰ ਰਹੇ ਹਨ, ਦੂਜੇ ਹਥ ਨਾਲ ਕੋਈ ਖਾਣ ਦੀ ਚੀਜ਼ ਢੂੰਡ ਰਹੇ ਹਨ, ਜੋ ਕਲੇਜੇ ਦੇ ਸਾੜ ਨੂੰ ਕੁਝ ਠੰਢ ਪਾਵੇ। ਕੋਲੋਂ ਸਾਥੀ ਕਹਿੰਦੇ ਹਨ ਕਬਾਬ ਖਾਹ ਕਬਾਬ। ਤਾਂ ਉੱਤਰ ਦਿੰਦਾ ਹੈ,ਜ਼ਰਾ ਠਹਿਰੋ ਕਿਤੇ ਉਛਲ ਨਾ ਜਾਵੇ। ਜਿਵੇਂ ਕਿਵੇਂ ਕਲੇਜੇ ਦੇ ਸਾੜ ਦਾ ਦੁਖ ਆਲਿਆਂ ਟੋਲਿਆਂ ਵਿਚ ਭੁਲਾ ਹੀ ਰਹੇ ਸਨ, ਝੱਟ ਚਲਦੇ ਦੌਰ ਦੀ ਵਾਰੀ ਆ ਗਈ। ਗਲਾਸ ਉਤੇ ਹੱਥ ਰੱਖਕੇ ਬੈਠ ਗਏ, 'ਮੈਂ ਨਹੀਂ' 'ਅਜੇ ਨਹੀਂ ਜ਼ਰਾ ਠਹਿਰੋ'। ਭਲਾ ਇਸ ਵੇਲੇ ਸਾਥੀ ਕਦ ਛੱਡਦੇ ਹਨ। ਲਗਾ ਥੋੜ੍ਹੀ ਥੋੜ੍ਹੀ ਦੀ ਦੁਹਾਈ ਦੇਣ, ਮੁਕਦੀ ਗਲ, ਫੇਰ ਬਲਦਾ ਮੁਆਤਾ ਕਲੇਜੇ ਨੂੰ। ਇਸੇ ਤਰ੍ਹਾਂ ਚੀਕਦਿਆਂ ਚੀਕਦਿਆਂ ਕਈ ਗਲਾਸ ਚੁੱਕੇ ਗਏ। ਸ਼ਰਾਬ ਦਾ ਜ਼ਹਿਰ ਜਿਸ ਨੂੰ 'ਅਲਕੁਹਲ' ਕਹਿੰਦੇ ਹਨ, ਸਿਰ ਨੂੰ ਲਗਾ ਚੜ੍ਹਨ। ਜਿਕੁਰ ਸਰਕੜੇ ਦੇ ਸਿੱਟੇ ਜਾਂ ਰੂੰ ਨੂੰ ਅੱਗ ਲਗਦਿਆਂ ਸਾਰ ਸਿਰ ਨੂੰ ਚੜ੍ਹਦੀ ਹੈ, ਇਕੁਰ ਇਹ 'ਅਲਕੁਹਲ' ਝੱਟ ਸਿਰ ਤੇ ਮਗਜ਼ ਨੂੰ ਜਾ ਫੜਦੀ ਹੈ। ਸਿਰ ਚੱਕ੍ਰ ਖਾਣ ਤੇ ਘੁੰਮਣ ਲਗ ਗਿਆ, ਪੱਠੇ ਆਪਣੇ ਕੰਮਾਂ ਤੋਂ ਘਬਰਾ ਗਏ ਤੇ ਅਚਲ ਬਿਚਲਤਾ ਹੋਣਲੱਗੀ। ਅੱਖਾਂ ਵਿਚ ਲਾਲ ਡੋਰੇ ਪੈ ਗਏ। ਲਹੂ ਦਾ ਗੇੜ ਤਿੱਖਾ ਹੋ ਗਿਆ,ਦਿਲ ਧੜਕਣ ਲੱਗਾ,ਪੁੜ-

Digitized by Panjab Digital Library | www.panjabdigilib.org

ਪੁੜੀਆਂ ਦੀਆਂ ਨਾੜਾਂ ਤੜਫਣ ਲੱਗੀਆਂ, ਚਿਤ ਜੋਸ਼ ਤੇ ਖਜੋਭ ਨਾਲ ਭਰ ਗਿਆ। ਸਰੀਰ ਦੀ ਕਲਾ ਸਾਰੀ ਵਿੰਗੀ ਹੋ ਤੁਰੀ, ਸੁਧ ਬੁਧ ਸਭ ਉੱਡ ਗਈ, ਮਾਂ ਭੈਣ ਇਸਤ੍ਰੀ ਦੀ ਪਰਖ ਵਲੋਂਅੰਨ੍ਹਾ,ਜਿਹੜੇ ਫੁਰਨੇ ਮਨਦੇ ਸਦੀਵ ਫੁਰਦੇ ਹਨ,ਹੁਣ ਵਿਕਲਪ ਵਿਸ਼ੇਸ਼ ਫੁਰਨ ਲਗੇ। ਇਸੇ ਬਿਹੋਸ਼ੀ ਦੀ ਹੋਸ਼ ਵਿਚ ਲਗੇ ਵਿਫਲਣ, ਸੰਕਲਪ ਅਜਿਹੇ ਬਝੇ, ਕਿ ਰੂਪ ਬੰਨ੍ਹ ਬੰਨ੍ਹ ਕੇ ਅੱਖਾਂ ਅਗੇ ਲੱਗੇ ਆਉਣ।

ਜੇ ਖਾਣ ਲਗੇ ਤਾਂ ਬਸ ਨਹੀਂ,ਜੇ ਕੈ ਕਰਨ ਲਗੇ ਤਾਂ ਮਾਨੋਂ ਸਮੁੰਦਰ ਦਾ ਉਛਾਲਾ। ਸੰਗੀ ਸਾਥੀ ਤੇ ਚੀਜ਼ਾਂ ਵਸਤਾਂ ਸਭ ਡੁਬਦੇ ਤਰਦੇ ਫਿਰਦੇ ਹਨ। ਜੇ ਬਕਵਾਸ ਕਰਨ ਲਗੇ ਤਾਂ ਆਪਣੇ ਬਿਗਾਨੇ ਰਾਜਾ ਪਰਜਾ ਸਭ ਨੌਲ ਘੱਤੇ,ਜੇ ਦਲੇਰੀਕੀਤੀ ਤਾਂ ਮਾਰਕੇ ਹੀ ਛੱਡਿਆ। ਜੇ ਡਿੱਗਣ ਲਗੇ ਤਾਂ ਘੜੰਮ,ਅੰਗ ਟੁੱਟਣ ਦਾ ਡਰ ਨਹੀਂ, ਭੋਂਡੀ ਚੰਗੀ ਥਾਂ ਦਾ ਵਿਚਾਰਨਹੀਂ। ਜੇ ਜੁੱਤੀਆਂ ਖਾਣ ਲਗੇ ਤਾਂ ਭਾਵੇਂ ਸਿਰ ਮੂੰਹ ਸੁੱਜ ਜਾਏ ਤੇ ਮਾਰਨ ਵਾਲਾ ਭੀ ਥੱਕ ਜਾਏ,ਪਰ ਸ਼ਰਾਬੀ ਦੇ ਕੰਨ ਤੇ ਜੂੰ ਨਹੀਂ ਮਰਦੀ। ਜੇ ਚੌਂਕੇ ਵੀ ਤਾਂ ਸਮਝ ਛਡਿਆ ਕਿ ਗੁਆਂਢ ਕੋਈ ਘੁਮਿਆਰ ਭਾਂਡੇ ਥੱਪਦਾ ਹੋਊ। ਜੇ ਮੁੱਤੇ ਤਾਂ ਮੁਰਦਿਆਂ ਨਾਲ ਸ਼ਰਤਾਂ ਬੰਨ੍ਹ ਕੇ।

ਇਹੋ ਜਿਹੇ ਵੇਲੇ ਜੇ ਕਿਤੇ ਟੇਟ ਵਿਸ ਪਏ ਤਾਂ ਸਮੁੰਦਰ ਖਾਲੀ ਹੋਣਾ ਭੀ ਕੁਝ ਅਚਰਜ ਨਹੀਂ।ਬਸ ਜਿਉਂ ਜਿਉਂ ਵਧੇਰੀ ਪੀਤੀ ਗਈ ਤਿਵੇਂ ਤਿਵੇਂ ਸਿਰਨੂੰ ਵਧੇਰੀ ਚੜ੍ਹਦੀ ਗਈ, ਪਹਿਲੇ ਤਾਂ ਪੱਠਿਆਂ ਵਿਚ ਬਹੁਤੀ ਹਿਲ ਜੁਲ ਹੋਈ ਸੀ, ਹੁਣ ਪੱਠੇ ਬਹੁਤ ਫੜਕ ਫੜਕ ਕੇ ਹੁੱਟ ਗਏ। ਕੁਝ ਤਾਂ ਆਕੜਕੇ ਤਣ ਗਏ, ਕੁਝ ਢਿਲਕ ਗਏ।

ਜੇ ਕਿਤੇ ਬੇਹੋਸ਼ੀ ਵਿਚ ਹੀ ਬੋਤਲ ਪਿਆਲਾ ਢਹਿਕੇ ਭੱਜ ਟੁੱਟ ਗਿਆ ਤਾਂ ਕੋਈ ਦੋ ਚਾਰ ਪਹਿਰ ਮਗਰੋਂ ਸੁਧ ਆ ਗਈ। ਭੈੜੇ ਚੰਦਰੇ ਹਾਲ ਫੇਰ ਉਠ ਬੈਠੇ। ਪਰ ਜੇ ਕਦੀ ਕੈਆਂ ਕਹਨ ਦੇ ਪਿਛੋਂ ਵੀ ਸਾਥੀਆਂ ਨੇ ਇਹੋ ਸੋਹਿਲੇ ਸੁਣਾਏ ਕਿ ਸ਼ਰਾਬ ਦੀ ਅੱਗ ਸ਼ਰਾਬ ਨਾਲ ਬੁਝਦੀ ਹੈ,ਕੈ ਆਉਣੀ ਚੰਗੀ ਹੈ, ਸੀਨਾ ਸਾਫ ਹੋ ਜਾਂਦਾ ਹੈ, ਕੋਈ ਡਰ ਨਹੀਂ 'ਹੋਰ ਪੀ, ਹੋਰ ਪੀ' ਕਹੀ ਗਏ ਤੇ ਪਜਾਕ ਵੀ ਜਾਨ ਮਾਲ ਦਾ ਵੈਰੀ ਗਟਾਗਟ ਪੀਂਦਾ ਗਿਆ, ਤਾਂ ਪੱਠਿਆਂ ਵਿਚਾਰਿਆਂ ਦੀ ਉਹ ਦੁਰਦਸ਼ਾ ਹੋਈ ਕਿ ਆਪਣੇ ਕੰਮਾਂ ਤੋਂ ਵਿਗੜ ਕੇ ਠਹਿਰਨਾ ਭੀ ਕਠਨ ਹੋ ਗਿਆ।ਲਗੇ ਲੱਤਾਂ ਬਾਹਾਂ ਮਾਰਨ। ਬਿਤੌਰੀ ਵਾਂਙੂ ਅੱਖਾਂ ਫੇਰ ਲਈਆਂ,ਸਾਹ ਲੰਮੇ ਲੰਮੇ ਆਉਣ ਲੱਗੇ(ਸ਼ਰਾਬ ਪੱਠੇ ਲਗੀ)।ਇਸ ਵੇਲੇ ਜੇ ਕਿਸੇ ਸਿਆਣੇ ਦੇ ਵੱਸ ਪਏ ਤਾਂ ਭਾਵੇਂ ਉਪਚਾਰ ਕਰ ਕਰਾਕੇ ਸ਼ਰਾਬ ਪੀਣ ਦੀ ਖਾਤਰ ਫਿਰ ਜੀਉਂਦਿਆਂ ਵਿਚ ਹੋ ਗਏ,ਜੇਕਰ ਇਸ ਵੇਲੇ ਸਿਆਣੇ ਪਾਸ ਲੈਕੇ ਕੋਈ ਨਾ ਪੁਜਾ,ਤਾਂ ਅਫਸੋਸ! ਇਡਾ ਵਡਾ ਸ਼ਰਾਬ ਦੇ ਦੁੱਖ ਨੇਮ ਝੱਲਣ ਵਾਲਾ ਕਲਾਲਖਾਨੇ ਦਾ ਗਾਹਕ, ਮਹਿਫਲ ਦੀ ਰੌਣਕ, ਤਨ ਧਨ ਦਾ ਵੈਰੀ ਨਿਰਲਜਤਾ ਦੀ ਖਾਣ ਹਾਇ! ਸ਼ਰਾਬ ਕੌਰ ਰੰਡੀ ਛਡ ਗਿਆ।

ਜੇ ਸ਼ਰਾਬੀ ਦਾ ਆਪੇ ਵੇਲੇ ਸਿਰ ਅਮਲ ਟੁੱਟਾ ਤਾਂ ਕੈਸਾ ਅਦਭੁਤ ਹਾਲ ਹੈ। ਕਲੇਜੇ ਪੁਰ ਅੰਗਾਰੇ ਰੱਖੇ ਵਰਗੀ ਸੜਨ। ਤ੍ਰੇਹ ਨਾਲ ਸੰਘ ਮੂੰਹ ਨੱਕ ਸੁਕਾ ਹੋਇਆ ਹੈ,ਸਿਰ ਪੀੜ, ਅੱਖਾਂ ਵਿਚ ਖੁਮਾਰ,ਕਲੇਜੇ ਵਿਚ ਧੜਕਾ,ਚਿਤ ਵਿਸ਼ਵਾਸ਼ੀ, ਹਡ ਪੈਰ ਖੁੱਸ ਰਹੇ ਹਨ, ਅੱਚਵੀ, ਪੇਸ਼ਾਬ ਸੜ ਸੜ ਕੇ ਚੀਸਾਂ ਨਾਲ, ਕਬਜ਼ੀ ਆਦਿਕ ਦੁੱਖਾਂ ਵਿਚ ਦੁਖਤ। ਘੜੀ ਮੁੜੀ ਨ੍ਹਾ ਰਹੇ ਹਨ,ਸਿਰ ਵਿਚ ਪਾਣੀ ਦੀ ਧਾਰ ਪੈ ਰਹੀ

Digitized by Panjab Digital Library | www.panjabdigilib.org

ਹੈ। ਪੇੜਿਆਂ ਦੀ ਲੱਸੀ ਪੀ ਰਹੇ ਹਨ।ਸੰਸਾਰਕ ਵਿਹਾਰਾਂ ਥੋਂ ਉਦਾਸ ਹੋਏ ਉਭੇ ਸਾਹ ਲੈ ਰਹੇ ਹਨ।ਅਮਲ ਵੇਲੇ ਡਿਗਣ ਢਹਿਣ ਦੀਆਂ ਸੱਟਾਂ ਦੀਆਂ ਪੀੜਾਂ, ਸੋਜਾਂ, ਜ਼ਖਮ ਆਦਿਕ ਅੰਤ ਅੰਗ ਦੁੱਖ ਦੇ ਰਹੇ ਹਨ, ਅੱਖਾਂ ਪੀਲੀਆਂ ਹਲਦੀ ਵਰਗੀਆਂ, ਭੁੱਖ ਬੰਦ। ਬਾਦ ਫਿਰੰਗ ਤੇ ਸੁਜ਼ਾਕ ਗੰਠੀਆਂ ਆਦਿਕ ਅਨੇਕ ਰੋਗਾਂ ਦੇ ਮੁੰਢ ਬੱਝ ਗਏ,ਸਹਿਜੇਸਹਜੇ ਫੁਟਣਗੇ। ਤੁਸੀਂ ਜਾਣਦੇ ਹੋ ਇਕੋ ਹੀ ਕੋਈ ਰੋਗ ਹੋਵੇ ਤਾਂ ਸਾਰੀ ਜ਼ਿੰਦਗੀ ਕੋੜੀ ਹੋ ਜਾਂਦੀ ਹੈ, ਇੱਥੇ ਸ਼ਰਾਬ ਦੇਵਤਾ ਦੀ ਕ੍ਰਿਪਾ ਹੈ, ਇਕ ਭਾਵੇਂ ਦੋ ਚਾਰ ਕੱਠੇ ਹੀ ਸਰੀਰ ਵਿਚ ਰਹਿਣਗੇ ਤੇ ਇਨ੍ਹਾਂ ਦੇ ਨਮੂਨੇ ਪੁਤ ਪੋਤਿਆਂ ਤਕ ਚੱਲਣਗੇ। ਮਾਤਾ ਪਿਤਾ ਦੇ ਕੀਤੇ ਹੋਏ ਕੁਕਰਮਾਂ ਦੇ ਫਲ ਨਿਸ਼ਪਾਪ ਬਾਲਕਾਂ ਨੂੰ ਦੁਖ ਭੋਗਣੇ ਪੈਂਦੇ ਹਨ। ''ਜੇਕਰ ਕਹੋ ਸਭਨਾਂ ਸ਼ਰਾਬੀਆਂ ਨੂੰ ਇਹ ਨਹੀਂ ਹੁੰਦਾ'' ? ਨਿਸਚੇ ਜਾਣੋ ਸ਼ਰਾਬੀਆਂ ਦੀ ਸੰਤਾਨ ਭਾਵੇਂ ਕਿਸੇ ਉਮਰ ਵਿਚ ਹੋਵੇ, ਪਰ ਉਨਮਾਦ, ਮਿਰਗੀ, ਚਿਤ ਭ੍ਰਮ ਆਦਿਕ ਸਿਰ ਦੇ ਰੋਗ ਅਵਸ਼ੱਸ਼ ਹੁੰਦੇ ਹਨ।

ਬਹੁਤਾ ਦੇਖਿਆ ਹੈ, ਜੇ ਇਸ ਤਰ੍ਹਾਂ ਦੀ ਅੰਨ੍ਹੀ ਸ਼ਰਾਬ ਬਾਲਕ ਅਵਸਥਾ ਵਿਚ ਪੀਏ ਤਾਂ ਬਲਹੀਨ ਹੋ ਜਾਂਦਾ ਹੈ, ਬਦਹਜ਼ਮੀ ਵਿਚ ਬਹੁਤਾ ਗ੍ਰਸਿਆ ਰਹਿੰਦਾ ਹੈ। ਜਦ ਜੁਆਨ ਹੋਕੇ ਪੀਂਦਾ ਹੈ, ਤਾਂ ਸਰੀਰ ਫੁੱਲ ਜਾਂਦਾ ਹੈ, ਗੋਗੜੀਆ ਗਣੇਸ਼ ਹੋ ਬੈਠਦਾ ਹੈ,ਪੀਂਦਿਆਂ ਪੀਂਦਿਆਂ ਕੰਪਵਾਤ ਆਦਿਕ ਰੋਗ ਹੋ ਜਾਂਦੇ ਹਨ, ਜੋ ਕਿਸੇ ਯਤਨ ਨਾਲ ਹਟ ਨਹੀਂ ਸਕਦੇ। ਜੇ ਬੁੱਢਾ ਹੋਕੇ ਪੀਂਦਾ ਹੈ ਤਾਂ ਧੌਲੀ ਦਾੜ੍ਹੀ ਤੇ ਆਟਾ ਖਰਾਬ,ਸੰਸਾਰ ਦਾ ਹਾਸੋਨਿਕਾਕੰਪਵਾਤ,ਗੰਠੀਆ,ਅਜੀਰਣ, ਆਦਿਕ ਝੱਟ ਆ ਚੰਬੜਦੇ ਹਨ। ਤਦ ਬਾਕੀ ਮੌਤ ਦੇ ਦਿਨ ਕੱਟਣੇ ਸ਼ਰਾਬ ਨਾਲੋਂ ਬੀ ਕੌੜੇ ਤੇ ਖਰਾਬ, ਦੀਨ ਦੁਨੀਆਂ ਦੋਵੇਂ ਔਤਰ।

—o—

ਦੂਸਰਾ ਦੌਰ

ਪਦਾਰਥਕ ਦੁੱਖ

ਆਪ ਜਾਣਦੇ ਹੋ ਕਿ ਇਹ ਦੇਸੀ ਸ਼ਰਾਬ ਘੱਟ ਤੋਂ ਘੱਟ ਇਕ ਰੁਪੈ ਦੀ ਬੋਤਲ ਤੇ ਅੰਗ੍ਰੇਜ਼ੀ ਦਾ ਤਾਂ ਅੰਤ ਹਿਸਾਬ ਹੀ ਕੋਈ ਨਹੀਂ। ਉਹ ਇਕ ਰੁਪੱਯਾ, ਜਿਸਨੂੰ ਇਕ ਮਿਹਨਤੀ ਆਦਮੀ ਨੇ ਸਰੀਰਕ ਸੁਖ ਛੱਡ ਕੇ ਚਹੁੰ ਦਿਹਾੜੀਆਂ ਵਿਚ ਯਤਨ ਨਾਲ ਪੈਦਾ ਕੀਤਾ* ਹੈ ਓਸੇ ਵਿਚੋਂ ਖਾਧਾ, ਬਾਕੀ ਅੱਧ ਰਹਿ ਗਿਆ। ਇਸ ਅੱਧੇ ਰੁਪੈ ਦੀ ਅੱਧੀ ਬੋਤਲ ਸ਼ਰਾਬ ਲੈਕੇ ਇਕ ਸਾਥੀ ਸਮੇਤ ਪੀਕੇ ਬਜ਼ਾਰ,ਅਥਵਾ ਮੋਰੀ ਬਦਰ ਹੋਂ ਤੇ ਡਾਕੀਆਂ ਕਰਕੇ ਲੇਟ ਗਏ,ਦੀਨ ਦੁਨੀਆਂ ਦੀ ਕੋਈ ਸੁਧ ਨਹੀਂ। ਜੇ ਪੁਲਸ ਦੇ ਢਹੇ ਚੜੇ ਤਾਂ ਜੁਤੀ ਪੈਜਾਰ ਹੁੰਦੇ ਧੂੰਦੇ ਘਸਟੀਂਦੇ ਕੁਤਵਾਲੀ ਪੁੱਜੇ, ਝੱਟ ਹੌਵਾਲਾਟ ਸਪੁਰਦ। ਹੋਸ਼ ਆਈ ਤਾਂ ਸਵੇਰੇ ਮੈਜਿਸਟਰੇਟ ਦੇ ਚਲਾਣ ਹੋਇਆ, ਤਹਕੀਕਾਤ ਹੋਈ, ਸਜ਼ਾ ਹਫਤਾ ਦੋ ਹਫਤੇ ਕੈਦ, ਜਾਂ ਜੁਰਮਾਨਾ,ਜਿਸਦਾ ਭਰਨਾ ਕਠਿਨ ਹੋ ਗਿਆ।

ਜੇਕਰ ਬੇਹੋਸ਼ੀ ਬਹੁਤ ਹੋਈ ਤਾਂ ਪੁਲਸ ਵਾਲੇ ਹਸਪਤਾਲ ਭੇਜਿਆ। ਹਸਪਤਾਲ ਦੇ ਨੌਕਰ ਅਗੇ ਦਿਨ ਦੇ ਥੱਕੇ ਟੁੱਟੇ ਅਰਾਮ ਦੀ ਨੀਂਦਰੇ ਸੁੱਤੇ ਪਏ ਸਨ। ਕਾਨਸਟੇਬਲਾਂ ਦੀਆਂ ਹਾਕਰਾਂ ਨਾਲ ਉਂਘਲਟੇ ਹੋਏ ਢਹਿੰਦੇ

---

* ਉਸ ਸਮੇਂ ਜਦੋਂ ਇਹ ਪੁਸਤਕ ਲਿਖੀ ਗਈ ਰਾਜ ਤੇ ਤ੍ਰਿਖਾਣ ਦੀ ਦਿਹਾੜੀ ਅੱਠ ਆਨੇ ਤੇ ਮਜ਼ਦੂਰ ਦੀ ਚਾਰ ਆਨੇ ਹੁੰਦੀ ਸੀ।

[ਸੰਪਾਦਿਕ

Digitized by Panjab Digital Library | www.panjabdigilib.org

ਡਿਗਦੇ ਉਠੇ।

ਨਾਈ ਬੁਲਾਇਆ, ਸਿਰ ਮੂੰਹ ਚੱਟਮ। ਸ਼ਰਾਬ ਦੀ ਕ੍ਰਿਪਾ, ਸ਼ਰਾਬੀ ਦਾ ਵਾਲ ਵਿੰਗਾ ਨਹੀਂ,ਸਗੋਂ ਟਕਾ ਹਜਾਮਤ ਦਾ ਬਚਿਆ । ਸਿਰ ਪੁਰ ਪਾਣੀ ਦੀ ਧਾਰ ਪੈਣ ਲਗੀ। ਡਾਕਟਰ ਨੇ ਇਕ ਗਲਾਸ ਵਿਚ ਅਪੀਕਾ-ਕ੍ਵਾਨਾ ਘੋਲਿਆ ਮੂੰਹ ਵਿਚ ਉਂਗਲਾਂ ਮੁੰਗਲਾਂ ਪਾਕੇ ਅੰਦਰ ਲੰਘਾਇਆ, ਸ਼ਰਾਬੀ ਜੀ ਮੁਰਦਿਆਂ ਨਾਲ ਸ਼ਰਤਾਂ ਬੰਨ੍ਹਕੇ ਸੁੱਤੇ ਸਨ, ਕੌ ਕੌਣ ਕਰੇ? ਹੁਣ ਯਤਨ ਕਰਦੇ ਕਰਦੇ ਮਾਸ਼ਕੀ ਨੌਕਰ ਚਾਕਰ ਹੁੱਟ ਗਏ, ਇੱਥੇ ਕਿਕਰ ਦਾ ਭੂਤ ਗੁੜ ਵਿਚ ਰਲਕੇ ਸਿਰ ਚੜ੍ਹਿਆ ਹੈ, ਕਦ ਦੀਨ ਮੰਨਦਾ ਹੈ। ਓੜਕ ਸਟਾਮਕਪੰਪ (ਮਿਹਦਾ ਧੋਣ ਦੀ ਪਿਚਕਾਰੀ) ਦੀ ਨਲੀ ਸੰਘ ਰਾਹ ਅੰਦਰ ਲੰਘਾਈ ਰ.ਈ, ਦਬਾ ਦਬ ਪਾਣੀ ਅੰਦਰ ਪੈਣ ਲਗਾ। ਜਦ ਘੜਾ ਕੁ ਅੰਦਰ ਪੈ ਗਿਆ ਤਾਂ ਉਲਟੀ ਜੁਗਤ ਨਾਲ ਕੱਢ ਸੁਟਿਆ। ਇਕੁਰ ਹੀ ਕਈ ਵਾਰੀ ਪਾਣੀ ਕੱਢਿਆ, ਕਈ ਵੇਰ ਚੜ੍ਹਾਇਆ। ਇੰਨੇ ਤਾਈਂ ਸ਼ਰਾਬੀ ਦੇ ਹੱਥ ਪੈਰ ਨਕ ਠੰਢੇ ਠਾਰ, ਨਾੜ ਗੁੰਮ, ਸਾਹ ਧੀਮਾਂ ਤੇ ਬਿਹੋਸ਼ੀ ਅੱਗੇ ਹੀ ਸੀ। ਡਾਕਟਰ ਨੂੰ ਵੀ ਹੱਥਾਂ ਪੈਰਾਂ ਦੀ ਪਈ। ਝੱਟ ਪਿਚਕਾਰੀ ਹਟਾਈ, ਹੱਥ ਪੈਰ ਫਲਾਲੈਨ ਦੀ ਟਾਕੀ ਨਾਲ ਝਸਾਉਣ ਲਗੇ ਅੰਦਰ ਬੀ ਈਥਰ ਏਮੋਨੀਆ ਦਿੱਤਾ,ਤੱਤੇ ਪਾਣੀ ਦੀ ਪਿਚਕਾਰੀ ਵੀ ਚੜ੍ਹਾਈ । ਜੇਕਰ ਤੇ ਸ਼ਰਾਬ ਕੌਰ ਦੇ ਕਰਮ ਚੰਗੇ ਹੋਏ ਤਾਂ ਮੁੜ ਕਾਂਬਾ ਛਿੜ ਪਿਆ, ਆਕੜ ਉਬਾਸੀ ਆਈ ਤਾਂ ਬੋਲ ਉਠੇ "ਬਈ ਕੱਲ ਦੀ ਸ਼ਰਾਬ ਤਾਂ ਕੁੱਝ ਨਹੀਂ ਸੀ, ਅਜ ਕੋਈ ਚੰਗੀ ਜਿਹੀ ਦੇਈਂ; ਮੇਰੇ ਪੈਸੇ ਵਡੇ ਮਿਹਨਤ ਦੇ ਨੀ।" ਹਨੇਰ! ਦੇਖੋ, ਅਜੇ ਇਹ ਸ਼ਰਾਬ ਚੰਗੀ ਨਹੀਂ ਜੇ, ਇਸਥੋਂ ਵੀ ਚੰਗੀ ਦੇ ਫ਼ਿਕਰਾਂ ਵਿਚ ਹਨ। ਵਾਹ ਨੀ ਸ਼ਰਾਬ ਕੌਰ ਤੇਰੇ ਡੰਗੇ ਹੋਏ ਦਾ ਬੀ ਕੋਈ ਮੰਤ੍ਰ ਬੂਟੀ ਨਹੀਂ! ਸੁਧ ਵਿਚ ਤਾਂ ਹਜ਼ਾਰ ਮਿਹਨਤ ਮੁਸ਼ੱਕਤ ਕਰ ਕੇ ਪਦਾਰਥ ਤੇਰੇ ਅਰਪਣ ਕੀਤਾ,ਪਰ ਬੇਸੁਧੀ ਵਿਚ ਬੀ ਤੇਰੇ ਹੀ ਗੀਤ ਗਾ ਰਹੇ ਹਨ। ਸ਼ਰਾਬੀ ਦੀ ਇਹ ਗਲ ਸੁਣਕੇ ਸਾਰੇ ਖਿੜ ਖਿੜਾ ਕੇ ਹੱਸ ਪਏ "ਭਈ ਜੇ ਇਹ ਚੰਗੀ ਨਹੀਂ ਤਾਂ ਸੰਖੀਆਂ ਫੱਕ ਲੈਣਾ ਸੀ"। ਇਸ ਵੇਲੇ ਸ਼ਰਾਬੀ ਦੀ ਪੂਜਾ ਬੀ ਖੂਬ ਹੀ ਹੋਈ। ਕਿਸੇ ਧੱਪਾ, ਕਿਸੇ ਮੁੱਕੀ, ਕਿਸੇ ਗਾਲ ! ਕੁਝ ਚਿਰ ਪਿਛੋਂ ਸ਼ਰਾਬੀ ਜੀ ਉੱਠੇ, ਲੱਗੇ ਅੱਖਾਂ ਮਲ ਕੇ ਦੇਖਣ:ਹੈਂ ! ਇਹ ਕੀ ਹੈ! ਡਾਕੀਆਂ ਦੇ ਦੌਰੇ ਤੇ ਬਾਟੇ ਭਰੇ ਪਏ ਹਨ, ਚੁਪਾਸੇ ਪਾਣੀ ਦੀ ਸਿਲ੍ਹ, ਕਪੜੇ ਸਾਰੇ ਗਿਲੇ, ਪਾਲੇ ਦਾ ਜੋਰ, ਸਰੀਰ ਕੰਬ ਰਿਹਾ ਹੈ, ਆਹਮਣੇ ਸਾਹਮਣੇ ਚਿੱਟੀਆਂ ਕੰਧਾਂ, ਇਧਰ ਉਧਰ ਪਿਚਕਾਰੀਆਂ,ਇਰਦ ਗਿਰਦ ਓਪਰੇਆਦਮੀ, ਲੰਪ ਲਟਾਲਟ ਬਲ ਰਿਹਾ ਹੈ, ਪੁਲਸ ਵਾਲੇ ਹਥਕੜੀ ਲਈ ਸਿਰ ਤੇ ਖੜੇ ਹਨ। ਦੇਖਕੇ ਹੈਰਾਨ ਪਰੇਸ਼ਾਨ ਕਿ ਹੈਂ ! ਇਹ ਕੀ ਹੋਇਆ ? ਕਲਾਲ ਦੀ ਹੱਟੀ ਕਿੱਥੇ ਗਈ, ਬੋਤਲ ਠੂਠੀ ਨੂੰ ਕੀ ਹੋਇਆ, ਸਾਥੀ ਨੂੰ ਕੀ ਸੱਪ ਲੜਿਆ। ਡਡਿਆ ਕੇ ਉਠੇ, 'ਹਾਇ ਮਰ ਗਿਆ, ਪਾਲਾ ਲਗਦਾ ਹੈ,ਕੋਈ ਕਪੜਾ ਦਿਓ?ਅੱਗ ਦਿਓ ਸੇਕਾਂ।' ਮੁਕਦੀ ਗਲ ਇਨ੍ਹਾਂ ਸਿਆਪਿਆਂ ਵਿਚ ਰਾਤ ਬੀਤੀ,ਦਿਨ ਚੜ੍ਹਿਆ ਤਾਂ ਹਵਾਲਾਤ ਸਪੁਰਦ, ਦਸ ਵਜੇ ਚਾਲਾਨ ਹੋਇਆ । ਡਾਕਟਰ ਦੀ ਗਵਾਹੀ, ਸਜ਼ਾ ਮਿਲ ਗਈ।

ਇਹ ਗਲ ਸੁਣ ਚੌਥੇ ਮਹਾਤਮਾ ਬੋਲ ਉਠੇ ਕਿ ਇਹ ਦੁਰਦਸ਼ਾ ਕੰਗਾਲਾਂ ਦੀ ਹੁੰਦੀ

Digitized by Panjab Digital Library | www.panjabdigilib.org

ਹੈ। ਧਨ ਪਾਤ੍ਰ ਲੋਕ ਪਹਿਲੇ ਤਾਂ ਦੇਸੀ ਸ਼ਰਾਬ ਪੀਂਦੇ ਹੀ ਨਹੀਂ, ਜੇ ਪੀਣ ਤਾਂ ਆਪਣੀ ਮਿਸਾਲੇ ਦਾਰ ਬਣਵਾਕੇ ਪੀਂਦੇ ਹਨ, ਆਪਣੇ ਸੁੰਦਰ ਮਹਲਾਂ ਵਿਚ, ਬਾਗਾਂ ਤੇ ਨਹਿਰਾਂ ਦੇ ਕੰਢੇ ਮੌਜਾਂ ਨਾਲ ਛਕਦੇ ਹਨ। ਨਾਲ ਮਿਤ੍ਰ ਪਯਾਰੇ, ਨੌਕਰ ਚਾਕਰ ਆਗਿਆਕਾਰੀ, ਆਪੋ ਆਪਣੇ ਕੰਮਾਂ ਦੇ ਚੌਕਸ। ਫੇਰ ਅਮੀਰ ਸਰਦਾਰ ਲੋਕ ਜਦ ਪੀਂਦੇ ਹਨ, ਇਤਨਾ ਧਨ ਬਰਸਾਉਂਦੇ ਹਨ ਕਿ ਛੱਪੜ, ਟੋਭਾ, ਰੌੜ ਟਿੱਬਾ ਸਭ ਇਕੋ ਜਿਹਾ ਕਰ ਦਿੰਦੇ ਹਨ। ਪਉਲਿਆਂ* ਧੇਲੀਆਂ ਦੀਆਂ ਬੀ ਕੋਈ ਸ਼ਰਾਬਾਂ ਹਨ, ਅਮੀਰਾਂ ਦੇ ਘਰ ਮੱਟਾਂ ਦੇ ਮੱਟ ਤ੍ਰੁੱਕਦੇ ਹਨ। ਅੰਗ੍ਰੇਜ਼ੀ ਮੰਗਾਉਂਦੇ ਹਨ ਤਾਂ ਦਰਜਨਾਂ ਬੱਧੀ, ਕਿਤੇ ਬੀਹਾਈਵ, ਕਿਤੇ ਸ਼ਾਮਪੇਨ, ਕਿਤੇ ਐਕਸ਼ਾ, ਕਿਤੇ ਬ੍ਰਾਂਡੀ, ਵਿਸਕੀ ਤੇ ਓਲਡਟਾਮ ਆਦਿ।

ਸਿੰਘ ਸਾਹਿਬ ਨੇ ਉੱਤਰ ਦਿੱਤਾ ਆਪ ਸਚ ਕਹਿੰਦੇ ਹੋ, ਪਰ ਜ਼ਰਾ ਸੋਚੋ ਕਿ ਪਦਾਰਥ ਦਾ ਮੀਂਹ ਓਹ ਲੋਕ ਵਸਾਉਂਦੇ ਹਨ, ਜਿਨ੍ਹਾਂ ਦੇ ਸੱਜਰੇ ਪਿਉ ਮਰਦੇ ਹਨ ਅਰ ਬਹੁਤਾ ਧਨ ਛਡ ਜਾਂਦੇ ਹਨ। ਓਹ ਧਨ ਲੋੜ ਵਾਲੀ ਥਾਂ ਤਾਂ ਕਦੀ ਨਹੀਂ ਗਿਆ, ਹਾਂ, ਕੁਪਾਤ੍ਰਾਂ ਵਿਚ ਜਾ ਪੈਂਦਾ ਹੈ। ਫੇਰ ਅਮੀਰ ਦੀ ਇਮਾਰਤ ਗਹਿਣੇ ਕੱਪੜੇ ਪਾਂਧੇ ਪਏ ਮੁਹਾਰਨੀ ਵੇਲਣ ਲਗਦੇ ਹਨ। ਪਾਜ ਉਘੜ ਜਾਂਦਾ ਹੈ। ਦਿਵਾਲੀਏ ਹੋਏ ਦੇਸ਼ ਬਿਦੇਸ਼ ਮਾਰੇ ਮਾਰੇ ਪਏ ਫਿਰਦੇ ਹਨ। ਕਦੇ ਕਦੇ ਛੁਰੀਆਂ ਜ਼ਹਿਰਾਂ ਖਾ ਖਾ ਕੇ ਮਰ ਜਾਂਦੇ ਹਨ। ਹੁਣ ਦੱਸੋ ਸ਼ਰਾਬ ਥੋਂ ਬਿਨਾਂ ਹੋਰ ਕੋਈ ਧਨ ਦੀ ਹਾਨੀ ਦਾ ਮੂਲ ਕਾਰਣ ਹੈ? ਜੇ ਕਦੀ ਨਾ ਪੀਂਦੇ, ਉਨਮੱਤ ਨਾ ਹੁੰਦੇ ਤਾਂ ਕਿਉਂ ਵਿਅਰਥ ਧਨ ਬਰਸਾਉਂਦੇ? ਜੇ ਇਸ ਸ਼ਰਾਬ ਖਾਨਾ ਖ਼ਰਾਬ ਦੀ ਚਾਟ ਦੇ ਪੱਟੇ ਹੋਏ ਨਾ ਹੁੰਦੇ ਤਾਂ ਕਿਉਂ ਸੈਂਕੜੇ ਰੁਪੈ ਚੰਦ੍ਰ ਆਸਵ*, ਕਹੇਲਾਦ ਆਸਵ*, ਨਿੰਬਾਦ ਅਰਿਸ਼ਟ ਤੇ ਖਰਚ ਕਰਦੇ, ਸੈਂਕੜੇ ਰੁਪੈ ਮਹਸੂਲ ਦੇ ਸਰਕਾਰ ਨੂੰ ਕਿਉਂ ਭਰਦੇ, ਸ਼ਰਾਬ ਦੇ ਸੁਦਾਗਰਾਂ ਦੇ ਬਿਲ ਕਿਉਂ ਤਾਰਦੇ, ਕਿਉਂ ਨਾ ਅਮੀਰ ਦੇ ਅਮੀਰ ਬਣੇ ਰਹਿੰਦੇ ਜੇ ਕਦੀ ਉਸ ਰੁਪੈ ਨੂੰ ਵਿਅਰਥ ਨਾ ਗੁਆਉਂਦੇ।

ਜਿਹੜੇ ਮਿਤ੍ਰ ਨੌਕਰ ਚਾਕਰ ਸਨਬੰਧੀ ਪਦਾਰਥ ਵੇਲੇ ਪਾਣੀ ਦੀ ਥਾਂ ਲਹੂ ਡੋਹਲਦੇ ਸਨ, ਕੱਚੇ ਕੁਸ਼ਾਮਤੀ ਆਪਣੇ ਖਾਣ ਦੇ ਲਾਲਚ ਤੇ ਹਰ ਵੇਲੇ ਤੁਕ ਵਿਚ ਤੁਕ ਮਿਲਾਉਂਦੇ ਸਨ; ਜੀ ਮਹਾਰਾਜ, ਗਰੀਬ ਨਿਵਾਜ, ਮਿਹਰਬਾਨ ਆਦਿਕ ਕਹਿੰਦਿਆਂ ਮੂੰਹ ਸੁੱਕਦੇ ਸਨ; ਮੁਖਤ ਖੋਰੇ ਹਰ ਵੇਲੇ ਗਡੀਆਂਦੇ ਨਾਲ, ਖਾਣ ਵੇਲੇ ਨਾਲ, ਸੈਣਵੇਲੇ ਨਾਲ, ਬਹਿਣ ਵੇਲੇ ਨਾਲ, ਕੰਜਰਾਂ ਕਲਾਲਾਂਦੇ ਘਰ ਨਾਲ ਹੁੰਦੇ ਤੇ ਵਡੇ ਹਿਤਕਾਰੀ ਬਣੇ ਰਹਿੰਦੇਸਨ, ਧਨ ਮੁੱਕੇ ਤੇ ਕੋਈ ਮੱਥੇ ਬੀ ਨਹੀਂ ਲਗਦਾ। ਜੇ ਕਿਤੇ ਦੈਵਨੇਤ ਰਾਹ ਖਹਿੜੇ ਟੱਕਰ ਬੀ ਗਿਆ, ਝੱਟ ਅੱਖ ਚੁਰਾਈ ਤੇ ਦੂਜੇ ਪਾਸੇ ਭਲਾ ਕਿਸੇ ਤੇ ਕੁਝ ਭਰੋਸਾ ਰੱਖਕੇ ਉਸਦੇ ਘਰ ਪੁੱਜੇ, ਤਾਂ ਅਗੋਂ ਬੂਹੇ ਤੇ ਹੀ ਨਕਦ ਉਤ੍ਰ ਮਿਲਦਾ ਹੈ 'ਬੈਠੇ ਨਹੀਂ'। ਲਚਾਰ ਜੇ ਕਿਤੇ ਦੂਏ ਚੌਥੇ ਮਿਲ ਬੀ ਪਏ, ਤਾਂ ਇਹੋ ਜਿਹੀਆਂ ਗੱਪਾਂ ਛੇੜ ਦਿਤੀਆਂ ਕਿ ਜਿਸ ਵਿਚ ਵਿਚਾਰੇ ਨੂੰ ਆਪਣੇ ਪ੍ਰਯੋਜਨ ਕਹਿਣ ਦੀ ਜਗਾ ਹੀ ਨਾ ਮਿਲੇ, ਮੁਕਦੀ ਗਲ ਪਾਣੀ ਤੋਂ ਬੀ ਤਿਹਾਏ

*ਪਉਲਾ = ਚਾਰ ਆਨੇ। [ਸੰਪਾਦਿਕ

*ਆਸਵ ਨਾਮ ਹੈ ਵੈਦਕ ਦਵਾਈਆਂ ਦਾ ਜੋ ਕੁਛ ਪਦਾਰਥਾਂ ਦਾ ਖਮੀਰ ਉਠਾ ਕੇ ਬਣਦੀਆਂ ਹਨ ਤੇ ਨਸ਼ੇਦਾਰ ਹੁੰਦੀਆਂ ਹਨ। [ਸੰਪਾਦਿਕ

Digitized by Panjab Digital Library | www.panjabdigilib.org

ਅੱਕ ਕੇ ਉਠ ਆਏ। ਗੁਲਾਬੀ ਛਿੜਕਾਉ ਨੇ ਦਿਮਾਗ ਸਾੜ ਦਿੱਤਾ । ਧਨੀ ਪੁਰਖ ਨਿਰਧਨ ਹੋਇਆ ਕਿਤੇ ਢੋਈ ਨਹੀਂ ਲੈਂਦਾ। ਪਰ ਵਾਹ ਨੀ ਲੱਜ਼ਤੁਲਨਸ਼ਾ* ਸ਼ਰਾਬ! ਤੇਰਾ ਸਵਾਦ ਭੀ ਡਾਢਾ ਅਚਰਜ ਹੈ। ਇਸ ਦਸ਼ਾ ਵਿਚ ਦੇਖੋ ਅੰਨ ਤੀਕ ਨਸੀਬ ਨਹੀਂ ਹੁੰਦਾ, ਪਰ ਤੇਰੀ ਚਾਹ ਤੋਂ ਅਚਾਹ ਨਹੀਂ ਹੋਏ। ਭਾਵੇਂ ਛਬੀਲਾਂ ਦੇ ਕੌਲ ਪਾਣੀ ਦੇ ਬਹਾਨੇ ਚੁਰਾਕੇ ਕਲਾਲ ਖਾਨੇ ਪੁਚਾਉਣੇ ਪੈਣ, ਪਰ ਕਲੇਜਾ ਲੂਹੇ ਬਿਨਾਂ ਨਹੀਂ ਰਹਿਣਾ। ਹੁਣ ਦੱਸੋ ਭਾਈ ਸਾਹਿਬ ਕਿੱਥੇ ਗਏ ਤੁੱਕੇ ਹੋਏ ਮੱਟ ਤੇ ਕਿੱਥੇ ਗਈਆਂ ਦਰਜਨਾਂ, ਕਿੱਥੇ ਗੱਡੀਆਂ, ਕਿੱਥੇ ਘੋੜੇ, ਕਿੱਥੇ ਨੌਕਰ,ਚਾਕਰ? ਨਹਿਰ ਬਾਗ ਤੇ ਮਹੱਲ ਕੋਹਾਂ ਦੂਰ ਹਨ। ਸੋਚੋ, ਇਹ ਸੱਭੇ ਖੇਡਾਂ ਧਨ ਦੀਆਂ ਸਨ,ਸੋ ਧਨ ਵਿਅਰਥ ਉਡ ਗਿਆ । ਅਮੀਰ ਜੀ ਸ਼ਰਾਬੀ ਬੋਟ ਦੁੱਖ ਭੋਗਣ ਨੂੰ ਬਾਕੀ ਹਨ।

ਧਨ ਨਾਸਕ ਜਿਹ ਤੀਨ ਹੈਂ ਮਦ ਬਰੂਦ ਔ ਦੰਗ।
ਮਦ ਬਹੁਗੁਣ ਵਧ ਜਾਨੀਏ, ਦੇਤ ਭੂਖ ਤੇ ਨੰਗ।

—o—

ਤੀਸਰਾ ਦੌਰ

ਧਨ ਦਾ ਨਾਸ਼

ਜਿਸ ਵੇਲੇ ਘਰ ਵਿਚ ਧਨ ਦੀ ਲਹਿਰ ਬਹਿਰ ਹੁੰਦੀਹੈ ਉਸ ਵੇਲੇ ਕਹਿਰ ਦੀ ਮਹਿੰਗੀ ਜ਼ਹਿਰ ਸ਼ਰਾਬ ਸ਼ਹਿਰ ਤੋਂ ਬਾਹਰ ਨਹਿਰ ਦੇ ਕੰਢੇ ਯਾਰਾਂ ਬਾਸ਼ਾਂ ਦੇ ਨਾਲ, ਠਹਿਰ ਠਹਿਰਕੇ ਚਸਕੀਆਂ ਲਾਈਆਂ, ਨੁਕਲਾਂ ਉਡਾਈਆਂ, ਮਹਿਰ, ਮਾਸ਼ਕੀਆਂ, ਝੂਮਾਂ ਵਧਾਈਆਂ ਗਾਈਆਂ। ਆਪੋ ਵਿਚ ਗਾਲੀ ਗਲੂਚ ਹੋਏ ਧੱਕੇ ਧੌੜੇ ਖਾਧੇ, ਨਹਿਰ ਵਿਚ ਡਿੱਗੇ, ਕਪੜੇ ਭਿੱਜੇ, ਅਮਲ ਵਿਚ ਗੁਟਾ ਗੁੱਟ ਹੋਏ, ਝਟ ਪਟ ਵਾਗਾਂ ਫੜ ਗੱਡੀ ਉੱਤੇ ਹੋ ਬੈਠੇ। ਹੋਸ਼ ਤਾਂ ਇਸ ਵੇਲੇ ਹੈ ਹੀ ਨਹੀਂ, ਇਸ ਗਲ ਨੂੰ ਕੌਣ ਸੋਚੇ ਕਿ ਦੋ ਘੋੜਿਆਂ ਦੀ ਗਡੀ* ਉਤੇ ਛੇ ਸਵਾਰੀਆਂ ਥੋਂ ਵਧੀਕ ਦੇ ਬੈਠਣ ਦਾ ਹੁਕਮ ਨਹੀਂ। ਇਥੇ ਸ਼ਰਾਬ ਸਰਬੇਸ਼ੁਰੀ ਦਾ ਪਰਤਾਪ, ਸਾਉਣ ਦੇ ਅੰਨੇ ਨੂੰਬਾਰਾਂ ਮਹੀਨੇ ਹਰਿਆ ਉਲ! ਦਸਬਾਰਾਂ ਜਿੰਨੇ ਬੈਠੇ, ਬੈਠ ਗਏ। ਕੜਾਕਾੜ ਜੋੜੀ ਨੂੰ ਦੋ ਛਾਂਟੇ ਲਗਦੇ ਹੀ ਗਡੀ ਹਵਾ ਹੋ ਗਈ। ਘੋੜੇ ਬੇਵਸ, ਇਸ ਵੇਲੇ ਜੇ ਗੱਡੀ ਰੋੜੀ ਬੀ ਜਾਏ ਤਾਂ ਮੀਲ ਭਰ ਤੇ ਜਾ ਕੇ ਠਹਿਰੇ। ਸਾਹਮਣੇ ਪਾਸਿਓਂ ਬੀ ਗੱਡੀਆਂ ਘੜੂ ਘੜੂ ਆ ਰਹੀਆਂ ਹਨ । ਸਾਈਸ ਖੜੇ 'ਹਾਈਟ' 'ਹਾਈਟ' 'ਬਚੋ' 'ਬਚੋ' ਪੁਕਾਰ ਰਹੇ ਹਨ । ਦੈਵਨੇਤ ਇਕ ਗੱਡੀ ਸਾਹਮਣਿਓਂ ਆਉਂਦੀ ਬੂਬਰ ਤੇ ਢੁੱਕੀ ਸੀ ਕਿ ਧੁਰੇ ਨਾਲ ਧੁਰਾ ਘੜੈਂ ਕਰਕੇ ਵੱਜਾ। ਦੁਪਾਸੀ ਸਵਾਰੀਆਂ ਡੇਢ ਡੇਢ ਹੱਥ ਉਛਲ ਕੇ ਧੜ ਧੜ ਕਰਦੀਆਂ ਸੜਕ ਤੇ, ਵਾਗਾਂ ਵਾਲੇ ਸ਼ਰਾਬੀ ਸਾਹਿਬ ਦੋ ਹੱਥ ਉਛਲੇ, ਕਿਉਂਕਿ ਕੱਚੇ ਘੜੇ ਦੀ ਚੜ੍ਹੀ ਸੀ। ਡਿੱਗੇ ਤਾਂ ਪੱਕੀ ਸੜਕ ਤੇ ਖਟ ਕਰਕੇ, ਝੱਟ ਘੋੜੇ ਚਮਕ ਉਠੇ ਬੰਬਾਂ ਉਪਰ ਚੜ੍ਹ ਗਈਆਂ ਸੜਕ ਦੇ ਇਕ ਪਾਸੇ ਨਿਵਾਣ ਵਿਚ ਗਡੀ ਘੜੰਮ। ਹੁਣ ਬੱਘੀ ਦੇ ਸਤਾਰਾਂ ਟੋਟੇ, ਰਾਸਾਂ ਦੇ ਪੰਦ੍ਹਾਂ, ਘੋੜੇ ਜ਼ਖਮੀ ਤੇ ਰੁਕਣੇ ਔਖੇ, ਹੋਰ ਵੀ ਬੱਘੀ ਚੂਰ। ਹਾਇ ਹਾਇ ਦੀ ਦੁਹਾਈ ਮਚ ਗਈ, ਕਿਸੇ ਦਾ ਸਿਰ ਪਾਟਾ, ਕਿਸੇ ਦੀ ਟੰਗ ਟੁਟੀ, ਕਿਸੇ ਦੀ ਬਾਂਹ ਭੱਜੀ, ਕੋਈ ਬੇਹੋਸ਼

*ਸੁਆਦਾਂ ਦੀ ਰਾਣੀ।

* ਉਸ ਸਮੇਂ ਪਹਿਲੋਂ ਯੱਕੇ ਸਨ, ਫੇਰ ਦੋ ਘੋੜਿਆਂ ਦੀ ਬੰਦ ਗਡੀ ਦਾ ਰਿਵਾਜ ਸੀ, ਫੇਰ ਵੈਗਨਟ, ਫਿਟਨ, ਵਿਕਟੋਰੀਆ ਬੰਬੂਕਾਟ ਤੇ ਟਾਂਗਿਆਂ ਦਾ ਰਿਵਾਜ ਟੁਰਿਆ ਸੀ।

Digitized by Panjab Digital Library | www.panjabdigilib.org

ਹੋਇਆ, ਕੋਈ ''ਹਾਇ ਮਰ ਗਿਆ'' ਰੋ ਰਿਹਾ ਹੈ। ਇਹੋ ਹਾਲ ਦੂਜੀ ਗੱਡੀ ਵਾਲਿਆਂ ਦਾ ਸੀ। ਆਹ ਕ੍ਰਾਹ ਦਾ ਰੌਲਾ ਖ਼ੂਬ ਮਚ ਗਿਆ। ਕਈ ਰਾਹੀ ਤਮਾਸ਼ਾ ਦੇਖਣ ਖੜੋ ਗਏ, ਕਈ ਜ਼ਿਮੀਂਦਾਰ ਖੇਤਾਂ ਤੋਂ ਦੌੜੇ ਆਏ। ਕੋਈ ਭੱਜ ਕੇ ਠਾਣੇ ਪਹੁੰਚੇ। ਕੋਈ ਇਕ ਦੂਜੇ ਦੀ ਮਿੱਟੀ ਝਾੜ ਰਹੇ ਹਨ, ਕੋਈ ਪਗਾਂ ਪਾੜ ਪਾੜ ਕੇ ਪੱਟੀਆਂ ਬੰਨ ਰਹੇ ਹਨ। ਇਸ ਵੇਲੇ ਸ਼ਰਾਬ ਦੇ ਅਨੰਦ ਨੂੰ ਇਹੋ ਮਹਾਤਮਾਂ ਚੰਗੀ ਤਰ੍ਹਾਂ ਜਾਣਦੇ ਹਨ। ਲਹੂ ਤੇ ਘੱਟੇ ਵਿਚ ਲੇਥੂ ਪੇਥੂ ਤੇ ਪੀੜ ਨਾਲ ਬੇਤਾਬ; ਇਧਰ ਕਚੇ ਕੁਸ਼ਾਮਤੀ ਆਪਣੀਆਂ ਤੁਕਾਂ ਜੋੜ ਰਹੇ ਹਨ ''ਘੋੜੇ ਤਾਂ ਅੱਗ ਦਾ ਅਵਾਂਡਾ ਹਨ, ਛਾਂਟਾ ਕਦ ਸਹਾਰਦੇ ਹਨ। ਅਗੇ ਆਉਣ ਵਾਲੇ ਬੀ ਅੰਨ੍ਹੇ ਹਨ, ਬਚਾਓ ਬਚਾਓ ਕਹਿੰਦਿਆਂ ਗਡੀ ਟਕਰਾ ਹੀ ਦਿੱਤੀ। ਦੱਸੋ ਖਾਂ ਉਨ੍ਹਾਂ ਦਾ ਕੀ ਗਿਆ। ਤਿੰਨ ਸੌ ਦੀ ਵੈਗਨਟ ਤਾਂ ਸਾਡੀ ਟੁੱਟ ਗਈ''। ਦੂਜਾ ਬੋਲਿਆ—''ਸੱਟਾਂ ਨਫੇ ਦੀਆਂ''। ਤੀਜਾ ਬੋਲਿਆ ''ਵਾਹ ਜੀ ਵਾਹ। ਸ਼ਰਾਬ ਨਹੀਂ ਸੀ ਪੀਤੀ, ਅਜੇ ਨਫੇ ਦੀ ਦੁੰਡ ਵਿਚ ਹੋ''। ਇੰਨੇ ਤਾਈਂ ਸਾਈਸ ਨੇ ਘੋੜੇ ਫੜੇ,ਮਸੇ ਮਸੇਂ ਬੰਬਾਂ ਹੇਠੋਂ ਕਢੇ, ਦੇਖੇ, ਫਰਨ ਫਰਨ ਲਹੂ ਵਗ ਰਿਹਾ ਹੈ। ਲਕੜਾਂ ਫੱਟੀਆਂ ਚੁਣ ਚੁਣ ਕਠੀਆਂ ਕੀਤੀਆਂ। ਘੋੜੇ ਫੇਰ ਹੀ ਰਹੇ ਸਨ ਕਿ ਕਾਲੀ ਬਰਦੀ ਵਾਲਿਆਂ ਨੇ ਆਣ ਪੁੱਛਿਆ, ਵਾਗਾਂ ਕਿਸ ਦੇ ਹੱਥ ਸਨ ? ਪੁਲੀਸ ਨੂੰ ਦੇਖ ਕੇ ਸਭਨਾਂ ਦੇ ਹਵਾਸ ਗੁੰਮ। ਬਹੁਤਿਆਂ ਦਾ ਅਮਲ ਤਾਂ ਮਾਰੇ ਡਰ ਦੇ ਉਡ ਗਿਆ,ਪਰ ਦੋ ਚਾਰ ਘੋਰੀ ਤਾਂ ਅਜੇ ਬੀ ਹਾਥੀ ਵਾਂਙੂ ਮਸਤ ਸਨ। ਕੱਚੇ ਕੁਸ਼ਾਮਤੀ ਹਥ ਜੋੜ ਕੰਬਦੇ ਬੋਲੇ, ''ਜਮਾਂਦਾਰ ਜੀ ਘੋੜੇ ਨਵੇਂ ਲਾਏ ਸਨ ਫੇਰਨ ਵਾਸਤੇ ਏਧਰ ਆਏ ਹੈਗੇ ਸਾਂ, ਤੂੜੀ ਦਾ ਮੂਸਲ ਤੇ ਗੱਡੇ ਦੇਖ ਕੇ ਘੋੜੇ ਤ੍ਰਹਕ ਗਏ, ਗਡੀ ਪਾਸ ਪੈ ਗਈ। ਇਥੇ ਸ਼ਰਾਬ ਤਾਂ ਕਿਸੇ ਵੀ ਨਹੀਂ ਪੀਤੀ''। ਪੁਲਸ ਵਾਲੇ ਤਾੜ ਗਏ ਕਿ ਸਾਮੀ ਨਿੱਗਰ ਹੈ, ਇਕ ਸ਼ਰਾਬੀ, ਦੂਜੇ ਗੱਡੀ ਟਕਰਾਈ, ਤੀਜੇ ਸਵਾਰੀਆਂ ਬਹੁਤ। ਬੋਲੇ:-ਲਾਲਾ ਸਾਹਿਬ ਗਡੀ ਦਾ ਅਸਬਾਬ ਚੁੱਕੋ ਸਿਰ ਉਤੇ ਤੇ ਚੱਲੋ ਠਾਣੇ। ਇਧਰ ਦੂਜੇ ਗਡੀ ਵਾਲੇ ਹਾਲ ਦੁਹਾਈ ਮਚਾ ਰਹੇ ਹਨ। ਜਮਾਂਦਾਰ ਜੀ ਨਾਹੱਕ ਮਾਰੇ ਗਏ, ਅਸੀਂ ਦੁਹਾਈ ਤਿਹਾਈ ਦੇਂਦੇ ਰਹੇ, ਇਨ੍ਹਾਂ ਬੱਘੀ ਨਹੀਂ ਰੋਕੀ, ਪਰ ਨਹੀਂ ਰੋਕੀ। ਭਲਾ ਸ਼ਰਾਬ ਇਨ੍ਹਾਂ ਪੀਤੀ, ਗੱਡੀ ਸਾਡੀ ਟੁੱਟੀ, ਸੱਟਾਂ ਲੱਗੀਆਂ, ਘੋੜਾ ਘਾਇਲ ਹੋਇਆ, ਇਨ੍ਹਾਂ ਦੇ ਪਾਪ ਦਾ ਇਹ ਫਲ ਸਾਨੂੰ ਮਿਲਿਆ। ਕਾਨਸਟੇਬਲ ਬੋਲੇ—ਚਲੋ ਠਾਣੇ ਚਲੋ, ਸਭਨਾਂ ਨੂੰ ਫਲ ਮਿਲ ਜਾਏਗਾ। ਮੁਕਦੀ ਗੱਲ, ਲਗੇ ਮਿੰਨਤਾਂ ਤਰਲੇ ਹੋਣ ''ਜਮਾਂਦਾਰ ਜੀ ਤੁਸੀਂ ਸਾਨੂੰ ਠਾਣੇ ਨਾ ਲੈ ਚੱਲੋ, ਛਡ ਦਿਓ, ਅਸੀਂ ਵੀ ਕਦੀ ਤੁਹਾਡੇ ਕੰਮ ਆਵਾਂਗੇ, ਇਹ ਸ਼ਾਮਪੇਣ ਦੀ ਇਕ ਬੋਤਲ ਬਾਕੀ ਬਚ ਰਹੀ ਹੈ, ਹੋਰ ਤਾਂ ਸੱਭ ਭਜ ਗਈਆਂ, ਆਪ ਪੀਓ ਤੇ ਸਾਡੇ ਤੇ ਰਹਮ ਬਖ਼ਸ਼ੀਕਰੋ।ਜਾਣ ਦਿਓ''। ਦੂਜੇ ਪਾਸੇ ਦੇ ਬੋਲੇ ''ਜਮਾਂਦਾਰ ਜੀ ਇਹੋ ਬੋਤਲ ਲੈਕੇ ਸਬੂਤ ਵਾਸਤੇ ਕਿਉਂ ਨਹੀਂ ਰੱਖ ਲੈਂਦੇ''। ਓੜਕ ਸਭਨਾਂ ਨੇ ਰਲ ਮਿਲ ਕੇ ਗਡੀ ਦੇ ਟੋਟੇ ਸਿਤਾਂ ਤੇ ਚੁੱਕੇ। ਘੋੜੇ ਸਾਈਸਾਂ ਨੇ ਡੁਰਿਆਏ। ਬੇਹੋਸ਼ਾਂ ਨੂੰ ਦੋ ਚਾਰ ਡੰਡੇ ਲਾਏ, ਸਾਰਾ ਸਿਰਾ ਸਾਂਗੜਾ ਲੈਕੇ ਠਾਣੇ ਪਹੁੰਚੇ। ਠਾਣੇਦਾਰ ਨੇ ਹੁਕਮ ਦਿੱਤਾ: ਦਿਓ ਆਦਮੀਆਂ ਨੂੰ ਹਵਾਲਾਤ ਵਿਚ ਤੇ ਘੋੜਿਆਂ ਨੂੰ ਕਾਂਜੀ ਹੌਜ਼ ਵਿਚ। ਰਾਤ ਬੀ ਆ ਪਹੁੰਚੀ। ਸ਼ਰਾਬੀ ਜ਼ਖਮੀ, ਭੁੱਖੇ

Digitized by Panjab Digital Library | www.panjabdigilib.org

ਮਾਂਦੇ, ਸ਼ਰਾਬ ਦੀ ਟੋਟ, ਉਤੋਂ ਹਵਾਲਾਤ, ਵਾਹ ਵਾਹ ਕਿਹਾ ਅਨੰਦ ਹੈ !!!

ਵਾਹ ਨੀ ! ਅਮੀਰਾਂ ਦੀ ਸ਼ਰਾਬ ਦੇਈ। ਸਿਰ ਚੜ੍ਹ ਖੇਡੇਂ, ਮੂੰਹ ਚੜ੍ਹ ਬੋਲੇਂ, ਖਾਸ ਫਰਾਂਸ ਇੰਗਲੈਂਡ ਦੀ ਦੇਵੀ ! ਤੇਰੇ ਸੇਵਕਾਂ ਨੂੰ ਇਹੋ ਪਰਮ ਪਦਵੀ, ਇਹੋ ਮੁਕਤੀ, ਇਹੋ ਭੁਗਤੀ, ਇਹੋ ਵਡਿਆਈ, ਜੋ ਨਾ ਮੰਨੇ ਪਤੀਆ ਲੈ ਲਵੇ, ਇਹ ਵਡਾ ਘਰ ਤੇਰੀ ਹੀ ਕ੍ਰਿਪਾ ਨਾਲ ਗ਼ਰੀਬ ਅਮੀਰ ਨੂੰ ਪ੍ਰਾਪਤ ਹੁੰਦਾ ਹੈ !! ਜਿਸ ਨੇ ਤੈਨੂੰ ਮੂੰਹ ਲਾਇਆ ਤੂੰ ਉਸਦੇ ਸਿਰ ਚੜ੍ਹੀ, ਜਿਸ ਨੇ ਤੇਰਾ ਕਾਗ ਖੋਲਿਆ ਤੈਂ ਉਸ ਦਾ ਤਨ, ਮਨ, ਧਨ, ਪਤ,ਕਰਮ,ਧਰਮ,ਵਿਸਾਹ, ਸਭ ਕੁਝ ਖੋਹ ਲਿਆ, ਤੇਰੇ ਫੱਟੇ ਦੀ ਪੱਟੀ ਦਲਿਦ੍ , ਤੇਰੇ ਡੰਗੇ ਦਾ ਮੰਤਰ ਹਵਾਲਾਤ ਤੇ ਜੇਹਲ, ਤੇਰੇ ਪਜਾਰੇ ਦੀ ਮੌਜ ਮੇਰੀਆਂ, ਬਜਾਰਾਂ ਦੀਆਂ ਠੁਹਕਰਾਂ, ਹਵਾਲਾਤਾਂ, ਸ਼ਫਾ ਖਾਨੇ ਤੇ ਪਾਗਲ ਖਾਨੇ। ਵਾਹ ਤੂੰ, ਤੇ ਵਾਹ ਤੇਰਾ ਪਰਤਾਪ। ਤੇਰੇ ਜੈਸੀ ਬੋਤਲ ਬਾਸਨੀ ਦੇਵੀ ਤੂੰ ਹੀ ਹੈਂ।

ਸਭ ਜਗ ਤੇਰਾ ਸੇਵਕੋ, ਸਭ ਥਲ ਤੇਰਾ ਮਾਨ।
ਤੂੰ ਸਭ ਦੀ ਸਿਰਦਾਰਨੀ, ਤੁਹੀਂ ਕਾਲ ਭਗਵਾਨ।

ਇੰਨੇ ਤਕ ਘਰ ਸਨਬੰਧੀਆਂ ਨੂੰ ਖਬਰ ਹੋਈ ਕਿ ਸ਼ਰਾਬੀ ਜੀ ਸਮੁੱਧੇ ਹਵਾਲਾਤ ਦੀ ਹਵਾ ਖਾ ਰਹੇ ਹਨ। ਝੱਟ ਪੱਟ ਕੱਛ ਵਿਚ ਰੁਪੱਜਾਂ ਦੇ ਤੋੜੇ ਲੈ ਕੇ ਦੌੜੇ ਦੌੜੇ ਠਾਣੇ ਪਹੁੰਚੇ, ਰਾਹ ਵਿਚੋਂ ਕੋਈ ਸਿਫਾਰਸ਼ ਬੀ ਢੂੰਡ ਫਾਂਡਕੇ ਨਾਲ ਹੀ ਲਈ ਗਏ। ਲੱਗੇ ਠਾਣੇਦਾਰ ਦੀਆਂ ਮਿੰਨਤਾਂ ਮੁਥਾਜੀਆਂ ਕਰਨ ਤੇ ਸਿਫਾਰਸ਼ਾਂ ਦਾ ਜ਼ੋਰ ਪਾਉਣ। ਹੋਰ ਤਾਂ ਕੁਝ ਨਾ ਬਣਿਆਂ, ਪਰ ਇੰਨਾਂ ਹੋ ਗਿਆ ਕਿ ਕੁਝ ਮੁਚਲਕੇ ਤੇ ਕੁਝ ਜ਼ਮਾਨਤਾਂ ਦੇ ਦਿਵਾਕੇ ਅੱਧੀ ਕੁ ਰਾਤੀਂ ਘਰ ਆਏ। ਸੱਟਾਂ ਦੀਆਂ ਪੀੜਾਂ, ਧਨ ਦਾ ਖਰਚ, ਮਿੰਨਤਾਂ ਤਰਲੇ ਵੱਖਰੇ, ਸੰਸਾਰ ਵਿਚ ਵਡਿਆਈ, ਭਾਈਚਾਰੇ ਵਿਚ ਸੂਪਨਖਾ ਤੋਂ ਬੀ ਵਧਕੇ ਨੱਕ ਵੱਢਣੀ, ਏਹ ਸ਼ਰਾਬ ਕੌਰ ਦੇ ਅਨੰਦ ਹਨ। ਜੇ ਕਦੀ ਗੰਦੇੜਾ* ਫੇਰਦੇ ਤਾਂ ਭੀ ਏਡੀ ਨਾਮਵਰੀ ਨਹੀਂ ਹੋਣੀ ਸੀ । ਖੈਰ, ਹਾਇ ! ਕ੍ਰਾਹ ! ਕਰਦਿਆਂ, ਸੇਕ ਟਕੋਰਾਂ ਹੁੰਦਿਆਂ, ਭੈੜੇ ਮੰਦੇ ਹਾਲ ਰਾਤ ਕਟੀ। ਸਵੇਰੇ ਉਠਦੇ ਹਨ ਤਾਂ ਉਠਿਆ ਨਹੀਂ ਜਾਂਦਾ, ਸਰੀਰ ਆਕੜ ਕੇ ਸ਼ਤੀਰ ਹੋ ਗਿਆ ਹੈ। ਬੰਦ ਬੰਦ ਭੱਜ ਰਿਹਾ ਹੈ, ਸਿਰ, ਮੂੰਹ, ਨੱਕ ਅੱਖਾਂ ਆਦਿ ਵਿਚ ਘੱਟਾ ਭਰਪੂਰ ਹੈ, ਬੁਰੇ ਹਾਲ ਤੇ ਬਾਂਕੇ ਦਿਹਾੜੇ, ਮਸੇ ਮਸੇ ਉੱਠੇ। ਹੇਠ ਸਿਪਾਹੀ ਅਵਾਜਾਂ ਕੱਸ ਰਹੇ ਹਨ 'ਛੇਤੀ ਛੇਤੀ ਚੱਲੋ ਠਾਣੇਦਾਰ ਸਾਹਿਬ ਯਾਦ ਕਰਦੇ ਹਨ'। ਉਸ ਵੇਲੇ ਕ੍ਰਾਏ ਦੀ ਗੱਡੀ ਮੰਗਾਈ, ਸਿਪਾਹੀਆਂ ਸਮੇਤ ਬੈਠੇ, ਠਾਣੇ ਪਹੁੰਚ ਗਏ। ਰਾਤ ਵਾਲੇ ਜ਼ਖਮੀ ਸਾਥੀਆਂ ਵਿੱਚੋਂ ਕੁਝ ਸੱਟਾਂ ਪੇਟਾਂ, ਉਤੋਂ ਡੰਡਿਆਂ ਦੀ ਮਾਰ ਤੇ ਅਮਲ ਦੇ ਖੁਮਾਰ ਨਾਲ ਆਕੜ ਫਾਕੜ ਸਵੇਰ ਤੋੜੀ ਕਾਠ ਦੀਆਂ ਘੋੜੀਆਂ ਤੇ ਲੇਟ, ਚਹੁੰ ਭਰਾਵਾਂ ਦੇ ਮੋਢੇ ਚੜ੍ਹ ਸਿੱਧੇ ਮਸਾਣਾਂ ਨੂੰ ਪਧਾਰੇ।

ਜਿੰਨੇ ਕੁ ਬਚੇ ਪੁਲੀਸ ਦੀ ਕ੍ਰਿਪਾ ਨਾਲ ਚਲਾਨ ਹੋਕੇ ਮੈਜਿਸਟ੍ਰੇਟ ਦੇ ਪਹੁੰਚੇ। ਗਵਾਹ ਸ਼ਾਹਦ ਪੁੱਛ ਪੁਛਾ ਕੇ ਕਿਸੇ ਨੂੰ ਕੈਦ,ਕਿਸੇ ਨੂੰ ਜੁਰਮਾਨਾ; ਨਫੇ ਵਿਚ ਰਿਹਾ ਮੰਜੇ ਤੇ ਪੈਣਾ ਤੇ ਟਕੋਰਾਂ ਕਰਨੀਆਂ।

ਪਰ ਵਾਹ ਬਈ ਸ਼ਰਾਬੀ !! ਗਡੀ ਦੀ

*ਖੰਡ ਦੀਆਂ ਰੋਟੀਆਂ ਵਰਗੀਆਂ ਬਣੀਆਂ ਟਿੱਕੀਆਂ, ਜੋ ਰਿਵਾਜ ਅਨੁਸਾਰ ਬ੍ਰਾਦਰੀ ਵਿਚ ਬਹੁਤ ਵੰਡੀਆਂ ਜਾਂਦੀਆਂ ਸਨ। ਇਹ ਪਦ ਖੰਡੋੜਾ ਤੋਂ ਵਿਗੜ ਕੇ ਬਣਿਆ ਜਾਪਦਾ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਮੁਰੰਮਤ ਤਕ ਭਾਵੇਂ ਨਾਗਾ ਪਿਆ ਹੋਵੇ, ਨਹੀਂ ਤਾਂ ਉਹ ਨਹਿਰ ਤੇ ਸ਼ਰਾਬ ਦੀ ਲਹਿਰ ਬਹਿਰ, ਦੌੜ ਦੀਆਂ ਮੌਜਾਂ, ਟੱਕਰਾਂ ਦੇ ਅਨੰਦ, ਹਵਾਲਾਤਾਂ ਦੀ ਸੈਰ, ਨਿਤ ਨੇਮ। ਇਸੇ ਤਰ੍ਹਾਂ ਧਨ ਹੋਰੀ ਕੰਜਰਾਂ ਕਲਾਲਾਂ ਆਦਿਕਾਂ ਦੇ ਘਰ ਪਹੁੰਚ ਗਏ। ਮਕਾਨ ਵਿਕ ਗਏ, ਹੱਟੀ ਦਾ ਦਿਵਾਲਾ, ਲੈਣਦਾਰਾਂ ਦਾ ਤਾਲਾ। ਅਮੀਰ ਜੀ ਸ਼ਰਾਬ ਦੀ ਬੋਤਲ ਪਿੱਛੇ ਦੁਮ ਦਬਾਕੇ ਲੁਕਦੇ ਫਿਰਦੇ ਹਨ ਕਿ ਕਿਤੇ ਵਰੰਟਾਂ ਵਾਲੇ ਨਾ ਫੜ ਲੈਣ। ਉੜਕ ਇਕ ਪਾਸੇ ਨੱਸ ਗਏ, ਮੰਦੇ ਹਾਲ, ਕਿਤੇ ਢੋਈ ਨਹੀਂ, ਵਾਹ ਨੀ ਸ਼ਰਾਬ ਕੌਰ!

ਧਨ ਖ਼ੋ, ਕੁਲ ਖ਼ੋ, ਜਾਤ ਖ਼ੋ, ਰਕਤ ਅੰਤ, ਖ਼ੋ ਦੇਹ।
ਵਾਹ ਸ਼ਰਾਬ ਤੇਰੀ ਕ੍ਰਿਪਾ ਚਰਨ ਸ਼ਰਨ ਰਖ ਲੇਹ।

—o—

ਚਉਥਾ ਦੌਰ

ਸਨਬੰਧੀਆਂ ਨੂੰ ਦੁਖ

ਥੋੜ੍ਹੇਚਿਰ ਪਿਛੋਂ ਸਿੰਘਸਾਹਬ ਹੁਰੀਂ ਆਪਣੀ ਗਾਥਾ ਇਉਂ ਕਹਿਣ ਲੱਗੇ। ਕਿ ਅਸਾਂ ਇਸ ਸ਼ਰਾਬ ਖ਼ਾਨਾ ਖ਼ਰਾਬ ਦੀਆਂ ਲਹਿਰਾਂ ਮੌਜਾਂ ਵਡੀਆਂ ਅਚਰਜ ਡਿੱਠੀਆਂ ਹਨ, ਵਡੇ ਵਡੇ ਸੁਹਣੇ ਜੁਆਨ, ਰੰਗੀਲੇ ਛੈਲ ਛਬੀਲੇ, ਬੁਧਿਵਾਨ, ਜਸਵਾਨ, ਕੁਲਵਾਨ,ਵਿੱਦਵਾਨ, ਧਨਵਾਨ, ਗੁਨਵਾਨ,ਪ੍ਰਬੀਨ, ਨੁਕਤਾ ਚੀਨ, ਇਸ ਸ਼ਰਾਬ ਖ਼ਾਨਾ ਖ਼ਰਾਬ ਦੇ ਹੱਥ ਅਜਿਹੇ ਵਿਕੇ ਕਿ ਬਲ,ਸਰੂਪ,ਸਜਾਵਟ,ਅਕਲ,ਜਸ, ਕੁਲ, ਵਿੱਦਯਾ, ਧਨ, ਗੁਣ, ਮਾਨ ਆਦਿਕ ਸਭ ਗਵਾ ਬੈਠੇ, ਦੀਨ ਦੁਨੀਆਂ ਦੋਂ ਹੱਥ ਧੋ ਬੈਠੇ ਤੇ ਪਰਮ ਪਜਾਰੀ ਜਾਨ ਨੂੰ ਰੋ ਬੈਠੇ।

ਦੌਰ ਚਲੇ ਹੋਰ ਚਲੇ ਹੋਰ ਚਲੇ ਸਾਕੀਆ।
ਹੋਰ ਚਲੇ ਹੋਰ ਚਲੇ ਦੌਰ ਚਲੇ ਡਾਕੀਆ।

ਕੁਝ ਸ਼ਰਾਬੀ ਜੋ ਸ਼ਰਾਬ ਪੀਣ ਲਗੇ, ਤਾਂ ਇੰਨੀ ਪੀ ਗਏ ਕਿ ਸਾਰੇ ਦੇ ਸਾਰੇ ਉੱਲੂ, ਆਪਣੇ ਹੋਸ਼ ਹਵਾਸ ਤਨ ਧਨ ਸਭ ਬੋਤਲ ਬਾਸਨੀ ਦੇ ਅਰਪਣ। ਇਨ੍ਹਾਂ ਵਿੱਚੋਂ ਕਈ ਤਾਂ ਪੀਣ ਖਾਣ ਵਾਲੇ ਮੁਸ਼ਕ ਕਾਫ਼ੂਰ ਵਾਂਙੂ ਮਰਚਾਂ ਤੋਂ ਪਹਿਲੋਂ ਹੀ ਉਡ ਗਏ। ਕੁਝ ਬੋਤਲਾਂ ਗਿਲਾਸ ਸ਼ਣੇਨ ਸ਼ਣੇਨ ਵੱਜਕੇ ਭੱਜਣ ਵੇਲੇ, ਬਿਹੋਸ਼ੀ ਗਾਫਲੀ ਦੇਖਕੇ, ਮਿਸਰੀ ਦੀ ਮੱਖੀ ਵਾਂਗੂ ਖਾਧੀ ਤੇ ਉਡੰਤ। ਕੁਝ ਇਕ ਦੂਜੇ ਨੂੰ ਬਿਸੁਧ ਪਿਆ ਦੇਖਕੇ ਤੇ ਇਹ ਸੋਚਕੇ ਭਈ ਮਤਾਂ ਕੋਈ ਇਨ੍ਹਾਂ ਦਾ ਸਨਬੰਧੀ ਇਸ ਵੇਲੇ ਆਕੇ ਦੇਖ ਲਵੇ ਤੇ ਕਿਤੇ ਸਾਨੂੰ ਕੌੜਾ ਫਿੱਕਾ ਨਾ ਕਹੇ ਕਹਾਏ,ਪਰਮੇਸ਼ੁਰ ਨਾ ਕਰੇ ਜੇ ਕਿਤੇ ਕੋਈ ਇਸ ਹਾਲ ਵਿਚ ਮਰ ਬੀ ਜਾਏ, ਤਾਂ ਫੇਰ ਪਿੱਛੋਂ ਪੁਲਸ ਦਾ ਮੂੰਹ ਦੇਖਣਾਂ ਵਡਾ ਬੁਰਾ ਹੋਊ, ਇਹੋ ਜਿਹੀਆਂ ਸਿਆਣਪਾਂ ਸੋਚ ਬਟੇਰੇ ਵਾਂਙੂ ਭੁਰਰ।

ਇਹ ਗਲ ਤਾਂ ਤੁਸੀਂ ਜਾਣਦੇ ਹੀ ਹੋ ਭਈ ਸ਼ਰਾਬੀ ਆਪਣੇ ਮੁਕਾਮ ਉਤੇ ਔਖਾ ਹੀ ਪਹੁੰਚਦਾ ਹੈ, ਦਸ ਵੀਹ ਕਦਮ ਕਿਤੇ ਲੜਖੜਾਉਂਦੀ ਚਾਲ ਚੱਲੇ, ਧੜੱਮ ਮੋਰੀ ਵਿਚ, ਡਿੱਗੇ ਸੋ ਡਿੱਗੇ, ਹੋਸ਼ ਆਵੇ ਤਾਂ ਭਾਵੇਂ ਉਠਾਵੇ, ਨਹੀਂ ਤਾਂ ਨਹੀਂ। ਪਹਿਲੇ ਸ਼ਰਾਬੀ ਜੀ ਤਾਂ ਦਿਨ ਚੜ੍ਹਦੇ ਤਾਈਂ ਇੱਕੁਰ ਪਏ ਰਹੇ।

ਦੂਜੇ ਸ਼ਰਾਬੀ ਇਕ ਬੇਸੁਧ ਮਿਤ੍ਰ ਨੂੰ ਘਰ ਤਕ ਛਡਣ ਗਏ, ਜਾਂਦਿਆਂ ਤਾਂ ਬੇਖਬਰ ਦੀ ਖਬਰ ਵਿਚ ਸਨ, ਹੁਣ ਛੱਡਕੇ ਮੁੜੇ ਤਾਂ ਰਾਹ ਵਿਚ ਇਕ ਠੰਢੀ ਹਵਾ ਦਾ ਝੋਕਾ (ਬੁੱਲਾ) ਲਗਾ, ਆਪ ਬੇਹੋਸ਼ ਹੋ ਗਏ। ਲਗੇ ਲੰਮੇ ਲੰਮੇ ਡਗ ਭਰ ਭਰ ਬਜਾਰ ਦੀ ਮਿਣਤੀ ਕਰਨ। ਕਿਧਰੇ ਤਾਂ ਦਸ ਕਦਮ ਵਡੇ ਕਾਹਲੇ ਕਾਹਲੇ ਭਰਕੇ ਪੋਸਤੀ ਦੀ ਪਿਣਕ ਵਾਂਙੂ ਅੱਖਾਂ

Digitized by Panjab Digital Library | www.panjabdigilib.org

ਮੀਟ ਇਕ ਪੈਰ ਚੁਕੀ ਖੜੋਤੇ ਹਨ, ਜ਼ਰਾ ਪਿਣਕ ਖੁੱਲੀ ਤਾਂ ਕਿਸੇ ਖਿਆਲੀ ਵੈਰੀ ਨੂੰ ਮਾਰਨ ਉਠ ਦੌੜੇ, ਕਿਤੇ ਨੀਵੀਂ ਉੱਚੀ ਥਾਂ ਤੋਂ ਪੈਰ ਉਖੜਿਆ ਧੜ ਧੜ ਕਰਦੇ ਰੇਠੜੇ ਵਾਂਙੂ ਰਿੜਦੇ ਰਿੜਦੇ ਦਸ ਕਦਮ ਤੇ ਜਾ ਪਏ, ਅਤੇ ਮੂੰਹੋਂ ਕਹੀ ਗਏ "ਹਤ ਤੇਰੀ ਆਖੀ ਹਾਈ ਕੇ"। ਇਸ ਦਸ਼ਾ ਵਿਚ ਜੇ ਕਿਸੇ ਮਿਤ੍ਰ ਜਾਂ ਸਨਬੰਧੀ ਦੇ ਢਹੇ ਚੜ੍ਹ ਗਏ ਤਦ ਤਾਂ ਘਰ ਪੁੱਜ ਪਏ,ਨਹੀਂ ਤਾਂ ਜਿੱਥੇ ਪਏਸੋ ਪਏ,ਜੇ ਪੁਲੀਸ ਦੇ ਢਹੇ ਚੜ੍ਹ ਗਏ ਤਾਂ ਓਹੋ ਦੁਰਦਸ਼ਾ ਜੋ ਪਿੱਛੇ ਸੁਣ ਚੁਕੇ ਹੋ। ਜੁਰਮਾਨਾ ਹੋ ਗਿਆ ਤਾਂ ਭਰੇ ਕੌਣ ? ਲਾਚਾਰ ਸਨਬੰਧੀਆਂ ਨੇ ਹੀ ਦੁਖੀ ਸੁਖੀ ਭਰਿਆ। ਨਾਲ ਲੈ ਤੁਰੇ ਤਾਂ ਲੋਕਾਂ ਦੇ ਮਿਹਣੇ ਤੇ ਬੋਲੀਆਂ। ਘਰ ਦਿਆਂ ਨੇ ਨਾਨਾ ਤਾਨੇ ਦੇ ਦੇ ਸਮਝਾਇਆ,ਦਿਨਸ਼ਰਮੋ ਕੁਸ਼ਰਮੋਂ ਲੰਘਾਇਆ,ਰਾਤ ਫਿਰ ਨਿਤ ਨੇਮ।

ਤੀਜੇ ਸ਼ਰਾਬੀ ਸਾਹਬ ਅਮਲ ਵਿਚ ਗਟਾ ਗੁਟ ਸ਼ੇਖੀ ਦੇ ਮਾਰੇ ਸੈਰ ਨੂੰ ਉੱਠ ਦੌੜੇ, ਲੋਕਾਂ ਨੂੰ ਰਸਤੇ ਵਿਚ ਕਈ ਰੰਗ ਤਮਾਸ਼ੇ ਦਿਖਾਉਂਦੇ, ਮੁੰਡਿਆਂ ਕੋਲੋਂ ਹੋਇ ਹੋਇ ਕਰਾਉਂਦੇ,ਇੱਟਾਂ ਵੱਟੇ ਖਾਂਦੇ,ਜਾਂਦੇ ਜਾਂਦੇ ਕਿਤੇ ਮੁੰਡਿਆਂ ਪਾਸੋਂ ਉਹਲੇ ਹੋਕੇ ਲਗੇ ਲੁਕਣ।ਹਨੇਰਾ ਤਾਂ ਸੀ ਹੀ, ਖੂਹ ਦੀ ਮਣ ਉਤੇ ਚੜ੍ਹ ਗਏ।ਖੂਹ ਪੁਰ ਚੋਂਪਟਾ ਬੀ ਨਹੀਂ ਸੀ; ਸ਼ਰਾਬੀ ਹੁਤਾਂ ਦੇ ਪੈਰੀਂ ਬੂਟ, ਹਥ ਵਿਚ ਸੋਟੀ, ਜਿਉਂ ਹੀ ਕਿ ਇਕ ਲੁੜਕਣੀ ਖਾਧੀ, ਘੜੰਮ ਖੂਹ ਵਿਚ। ਬਸ ਹੁਣ ਡਿਗੇ ਸੋ ਡਿਗੇ,ਤੀਜੇ ਦਿਨ ਫੁੱਲਕੇ ਤਰ ਪਏ। ਪੁਲੀਸ ਨੇ ਕੱਢਿਆ,ਤਹਿਕੀਕਾਤਵੇਲੇ ਵਾਰਸਾਂ ਨੂੰ ਖਬਰ ਹੋਈ, ਰੋਂਦੇ ਧੋਂਦੇ ਫੂਕ ਆਏ।

ਚੌਥੇ ਸ਼ਰਾਬੀ ਸਾਹਬ ਡਿਗਦੇ ਢਹਿੰਦੇ ਆਪਣੇ ਮਕਾਨ ਤੇ ਤਾਂ ਅੱਪੜੇ, ਪਰ ਛਤ ਚੜ੍ਹਦਿਆਂ ਉਪਰਲੀ ਪਉੜੀ ਤੋਂ ਜਿਉਂ ਪੈਰ ਉੱਖੜਿਆ, ਧੜ ਧੜ ਕਰਦੇ ਥੱਲੇ। ਡਿਗਦਿਆਂ ਹੀ ਗਰਦਨ ਟੁੱਟ ਗਈ, ਸਿਰ ਪਾਟ ਗਿਆ, ਪ੍ਰਿਥਵੀ ਲਹੂ ਲੁਹਾਨ, ਸਨਬੰਧੀਆਂ ਦੇ ਪਹੁੰਚਦਿਆਂ ਫੜਦਿਆਂ ਤੀਕ ਲੰਮੇ ਰਾਹੀਂ ਤੁਰ ਗਏ।

ਪੰਜਵੇਂ ਮਹਾਤਮਾ ਸ਼ਰਾਬੀ ਜੀ ਨਿਕਲ ਤਾਂ ਤੁਰੇ, ਪਰ ਜਿੱਥੇ ਕਿੱਥੇ ਲੜਾਈ। ਕਿਤੇ ਹਾਸਾ, ਕਿਤੇ ਗਾਲੀਂ ਗਲੂਚ, ਕਿਤੇ ਘਸੁੰਨ ਮੁੱਕੀ। ਇਸੇ ਹਾਸੇ ਠੱਠੇ ਵਿਚ ਕਿਸੇ ਨੇ ਧੱਕਾ ਦਿੱਤਾ। ਦੈਵਨੇਤ ਉਧਰੋਂ ਇਕ ਫਿਟਨ ਘਸਾ ਘਸ ਆ ਰਹੀ ਸੀ, ਬੰਬਾਂ ਨਾਲ ਜਾ ਵਜੇ, ਲੁੜਕਣੀ ਖਾ ਕੇ ਡਿੱਗੇ, ਡਿਗਦਿਆਂ ਹੀ ਸਿਰ ਪਹੀਏ ਹੇਠ, ਠੀਕਰਾ ਫੁੱਟ ਗਿਆ, ਮਿਝ ਨਿਕਲ ਗਈ, ਲਗੇ ਲੱਤਾਂ ਬਾਹਾਂ ਮਾਰਨ, ਦੋ ਚਹੁੰ ਮਿੰਟਾਂ ਵਿਚ ਪਾਰ, "ਰਾਮ ਰਾਮ ਸਤ ਹੈ" ਹੋ ਗਈ।

ਛੀਵੇਂ ਅਮਲੀ ਸਾਹਬ ਇਕ ਨੌਕਰ ਨੂੰ ਨਾਲ ਲੈ ਕੇ ਆਪਣੀ ਬੈਠਕ ਪਰ ਪੁੱਜ ਤਾਂ ਪਏ, ਪਰ ਮੰਜੇ ਬਿਸਤਰੇ ਦੀ ਕੋਈ ਸੁਧ ਨਹੀਂ, ਅੱਧਾ ਧੜ ਹੇਠ,ਅੱਧਾ ਮੰਜੇ ਤੇ, ਅੱਧੀਕੁ ਰਾਤ ਤਾਈਂ ਪਏ ਰਹੇ। ਕੁਝ ਜਾਗੇ, ਤਾਂ ਨਕ ਮੂੰਹ ਸੰਘ ਸੁੱਕਾ ਹੋਇਆ ਹੈ,ਤ੍ਰੇਹ ਨਾਲ ਕਲੇਜਾ ਸੜ ਰਿਹਾ ਹੈ,ਲੱਗੇ ਨੌਕਰਾਂ ਚਾਕਰਾਂ ਨੂੰ ਹਾਕਰਾਂ ਦੇਣ,ਪਰ ਸਭ ਸੁੱਤੇ ਪਏ ਹਨ। ਨੇੜੇ ਤੇੜੇ ਕੋਈ ਨਹੀਂ, ਅੱਕ ਕੇ ਆਪ ਉੱਠੇ. ਭੁਲੇਖੇ ਨਾਲ ਬਾਰੀ ਵੱਲ ਜਾ ਨਿਕਲੇ। ਚੰਦ੍ਰਮਾਂ ਚੜ੍ਹਿਆ ਹੋਇਆ ਸੀ,ਚਾਨਣੀ ਨਿਖਰੀ ਹੋਈ ਸੀ,ਸੜਕ ਬੀ ਚਿਟੀ,ਚਾਨਣੀ ਦੇਖਕੇ ਲਗੇ ਕਹਿਣ,ਵਾਹ ਵਾਹ ਕੇਹੀ ਸੁੰਦਰ ਨਹਿਰ ਲਹਿਰਾ ਰਹੀ ਹੈ। ਸ਼ਰਾਬ ਦੀ ਅੱਗ ਨਾਲ ਝੁਲਸੇ ਹੋਏ ਤਾਂ ਸਨ ਹੀ, ਝੱਟ ਛਾਲ, ਖਟ ਪੈਰਾਂ ਦੇ ਭਾਰ, ਡਿਗਦਿਆਂ ਹੀ ਅੰਦਰਲੀ ਬਾਹਰਲੀ ਨਲੀ ਕੜੱਕ

Digitized by Panjab Digital Library | www.panjabdigilib.org

ਟੁਟਕੇ ਸਿਰੇ ਤੁਰਾ ਨੂੰ ਪਾੜਕੇ ਬਾਹਰ ਹੋ ਗਈ। ਹੁਣ ਗਏ ਬੇਸੁਧੀ ਦੇ ਗੋਤੇ ਵਿਚ, ਲਹੂ ਵਿਚ ਡੁਬੇ ਹੋਏ ਸੜਕ ਦੀ ਨਹਿਰ ਵਿਚ ਪਏ ਹਨ। ਪਹੁ ਫੁਟਣ ਵੇਲੇ ਭੰਗੀ ਬਜਾਰ ਹੁੰਝਣ ਜੋ ਆਏ, ਕੁੱਤੇ ਦੇ ਭੁਲੇਖੇ ਝਾੜੂ ਦਾ ਬੁੰਡਾ ਢੂਏ ਤੇ ਜ਼ੋਰ ਨਾਲ ਠੋਕਿਆ ਤੇ ਦੁਰੇ ਦੁਰੇ ਕਰਕੇ ਉਠਾਉਣ ਲਗਾ। ਪੀੜ ਹੋਈ ਤਾਂ ਸ਼ਰਾਬੀ ਹੁਰੀਂ ਵੀ ਚਉਂ ਚਉਂ ਕਰਨ ਲਗੇ। ਘਬਰਾਕੇ ਉਠੇ ਤਾਂ ਲੱਤ ਹੈ ਨਹੀਂ, ਘੜੰਮ ਸਜੇ ਪਾਸਿਓਂ ਖੱਬੇ ਪਾਸੇ ਧੜੱਕ ਕਰਕੇ ਡਿਗ ਪਏ। ਉਤੋਂ ਨੌਕਰਾਂ ਚਾਕਰਾਂ ਸਨਬੰਧੀਆਂ ਬੀ ਕਿੜ ਕੀਤੀ। ਸ਼ਰਾਬੀ ਜੀ ਹੇਠ ਭੰਗੀ ਦੇ ਝਾੜੂ ਖਾ ਰਹੇ ਹਨ। ਦੌੜੇ ਦੌੜੇ ਹੇਠ ਆਏ, ਦੇਖਿਆ, ਤਾਂ ਲੱਤ ਨੂੰ ਬਿਸਰਜਨ ਕਰ ਚੁਕੇ ਹਨ। ਚੁਕਕੇ ਉਪਰ ਲੈ ਆਏ। ਸਿਆਣੇ ਨੂੰ ਸੱਦਿਆ, ਲੋਹੇ ਦੀਆਂ ਫੱਟੀਆਂ ਦੇਕੇ ਲੱਤ ਬੰਨ੍ਹੀ, ਮੰਜੇ ਨਾਲ ਕੜ ਰਖਿਆ, ਦੋ ਤਿੰਨ ਮਹੀਨੇ ਰਗੜ ਰਗੜਾ ਕੇ ਹੱਛੇ ਹੋ ਗਏ, ਪਰ ਲੰਗੜੇ ਹੋ ਗਏ। ਸ਼ਰਾਬ ਦੇ ਨਸੀਬ ਚੰਗੇ ਜੋ ਫੇਰ ਜੀਉਂਦੇ ਬਚ ਰਹੇ।

ਸਤਵੇਂ ਸ਼ਰਾਬੀ ਸਾਹਬ ਅਮਲ ਦੀ ਚੰਗੀ ਤਾਰ ਵੇਲੇ ਨਿਕਲਦੇ ਹੀ ਬੱਘੀ ਉਤੇ ਹੋ ਬੈਠੇ, ਝੱਟ ਰੇਲ ਤੇ। ਗਡੀ ਤਿਆਰ ਸੀ, ਟਿਕਟ ਲੀਤੀ, ਸਵਾਰ ਹੋਏ, ਘੰਟੀ ਹੋਈ, ਸੀਟੀ ਵਜੀ, ਸ਼ਰਰ ਰੇਲ ਤੁਰ ਗਈ। ਅਜੇ ਦੋ ਚਾਰ ਪੜਾਉ ਹੀ ਲੰਘੇ ਹੋਣਗੇ ਕਿ ਸ਼ਰਾਬ ਦੀ ਤਾਰ ਨੇ ਟੋਟ ਦਿਖਾਈ, ਉਬਾਸੀ ਆਈ, ਲੱਗੀ ਜਾਨ ਟੁੱਟਣ ਤੇ ਸਰੀਰ ਖੁੱਸਣ। ਮਸਾਲਾ ਤਾਂ ਹਰ ਵੇਲੇ ਪਾਸ ਰਹਿੰਦਾ ਹੀ ਹੈ, ਨਹੀਂ ਤਾਂ ਹੋਟਲ ਹਰੇਕ ਸਟੇਸ਼ਨ ਤੇ ਹੈ, ਜਿਸ ਵੇਲੇ ਜੋ ਚਾਹੇ ਲਏ ਪੀਏ ਮੌਜ ਕਰੇ, ਕੋਈ ਰੋਕ ਨਹੀਂ। ਗਿਲਾਸ ਤੇ ਗਿਲਾਸ ਭਰ ਭਰ ਕੇ ਨਿਘੇਰਨ ਲਗੇ, ਟੋਟ ਦਾ ਟੋਟਾ ਕਿਸੇ ਤਰ੍ਹਾਂ ਪੂਰਾ ਹੋਵੇ, ਭਾਵੇਂ ਆਪ ਪੂਰੇ ਹੋ ਜਾਣ, ਪਰ ਟੋਟ ਅਧੂਰੀ ਨਾ ਰਹਿ ਜਾਏ। ਹੁਣ ਤਾਂ ਪੀਂਦੇ ਪੀਂਦੇ ਉੱਲੂ ਦੇ ਬੀ ਦਾਦੇ ਬਣ ਗਏ। ਨਸ਼ੇ ਦੀ ਤਾਰ ਵਿਚ ਬੈਂਚ ਤੋਂ ਡਿਗ ਪਏ। ਹੁਣ ਜਿੱਥੇ ਢਹੇ ਸੋ ਢਹੇ। ਬੁਚਕਾ ਉਚੱਕਾ ਲੈ ਗਿਆ। ਉਤਰਨ ਵਾਲਾ ਸਟੇਸ਼ਨ ਬਹੁਤ ਪਿੱਛੇ ਰਹਿ ਗਿਆ। ਸ਼ਰਾਬੀ ਜੀ ਆਪਣੀ ਮੌਜ ਵਿਚ ਮੁਸਾਫਰਾਂ ਦੀ ਲਿਤਾੜ ਹੇਠ ਪਏ ਅਨੰਦ ਲੁੱਟ ਰਹੇ ਹਨ। ਦੂਰ ਛੇਕੜਲੇ ਸਟੇਸ਼ਨ ਤੇ ਰੇਲ ਠਹਿਰੀ, ਗੱਡੀਆਂ ਖਾਲੀ ਹੋਈਆਂ। ਟਿਕਟ ਕੁਲੈਕਟਰ ਸ਼ਰਾਬੀ ਜੀ ਨੂੰ ਲੱਗੇ ਵਾਜਾਂ ਮਾਰਨ "ਓ ਸੋਣੇ ਵਾਲਾ ਟਿਕਟ ਲਾਓ ਟਿਕਟ" (ਧਬ ਧਬ, ਪੈਰਾਂ ਨਾਲ ਖਟਖਟਾਕੇ), "ਟਿਕਟ ਨਿਕਾਲੋ"। ਉਥੇ ਕੋਈ ਹੋਵੇ ਤਾਂ ਬੋਲੇ। ਠੁੱਡ ਮਾਰਕੇ "ਟਿਕਟ ਨਿਕਾਲੋ"। ਮੂੰਹ ਤੋਂ ਕਪੜਾ ਲਾਹਕੇ ਦੇਖਿਆ। ਕੁਲੀ ਬੁਲਾਏ, ਬਾਹਰ ਕਢਾਕੇ ਪਲੇਟ ਫਾਰਮ ਤੇ ਲਿਟਾਇਆ, ਜਾਨ ਤਾਂ ਅਗੇ ਹੀ ਟੁੱਟ ਰਹੀ ਹੋਣੀ ਸੀ, ਟੁਟ ਫੁਟਕੇ ਪੂਰੀ ਹੋ ਗਈ। ਕਈ ਤਾਰਾਂ ਤੇ ਇਸ਼ਤਿਹਾਰ ਦਿੱਤੇ, ਕੋਈ ਮੁਦਤ ਪਾਕੇ ਘਰਦਿਆਂ ਨੂੰ ਖਬਰ ਹੋਈ। ਹੁਣ ਕਰਨ ਤਾਂ ਕੀ ਕਰਨ, ਰੋ ਧੋ ਕੇ ਸ਼ਰਾਬ ਅਤੇ ਸ਼ਰਾਬੀ ਦੀ ਜਾਨ ਨੂੰ ਸਬਰ। ਇਸ ਸ਼ਰਾਬੀ ਦਾ ਕੋਈ ਭਰਾ ਭਾਈ ਜਾਂ ਪੁੱਤਰ ਨਹੀਂ ਸੀ; ਕੁਲ ਦੇ ਵਾਧੇ ਨੂੰ ਸ਼ਰਾਬ ਨੇ ਜੰਦਰਾ ਮਾਰ ਦਿੱਤਾ।

ਅੱਠਵੇਂ ਸ਼ਰਾਬੀ ਸਾਹਬ ਜੋ ਪੀ ਪਾਕੇ ਉਠੇ, ਸਹਿਜੇ ਸਹਿਜੇ ਸੈਲ ਕਰਦੇ, ਲਾਚੀਆਂ ਚਬਦੇ, ਮੋਤੀਏ ਦੇ ਸਿਹਰੇ ਗਲ ਵਿਚ ਪਾਈ ਛੜੀ ਭੁੜਕਾਉਂਦੇ ਕੰਜਰਾਂ ਦੀ ਬੈਠਕ ਤੇ ਜਾ ਚੜ੍ਹੇ। ਕੀ ਦੇਖਦੇ ਹਨ ਕਿ ਇਕ ਮਹਾਤਮਾ ਅਗੇ ਇਸ ਬਾਰਬਧੂ ਛੋਤਰ ਤੇ ਤਨ ਮਨ ਧਨ ਸਮਰਪਣ ਕਰਕੇ ਬੈਠੇ ਰਲਕੇ ਸ਼ਰਾਬ ਪੀ ਰਹੇ ਹਨ, ਖੁਸ਼ ਖੁਸ਼ ਗੱਪਾਂ ਮਾਰ ਰਹੇ ਹਨ,

Digitized by Panjab Digital Library | www.panjabdigilib.org

ਧੀਮੀਂ ਧੀਮੀਂ ਸੁਰ ਤੇ ਤਰਨ ਤਰਾਨਾ ਹੋ ਰਿਹਾ ਹੈ। ਨੌਕਰ ਚਾਕਰ ਸਭ ਮਸਤ, ਬੂਹੇ ਚੌਪੱਟ, ਅਕਲ ਤੇ ਹੋਸ਼ ਦੇ ਜੰਦਰੇ ਬੰਦ। ਦੁਹੀਂ ਪਾਸੀਂ ਸ਼ਰਾਬ ਦਾ ਬਾਰੂਦ ਤਾਂ ਭਰਿਆ ਹੋਯਾ ਸੀ, ਝੱਟ ਕ੍ਰੋਧ ਹੁਰੀਂ ਪਲੀਤੇ ਵਾਕਰ ਚਮਕੇ, ਬੋਲੇ—"ਤੂੰ ਕੌਣ, ਤੂੰ ਕੌਣ ? ਤੂੰ ਕਿਉਂ ਆਇਆ ? ਤੂੰ ਕਿਉਂ ਆਇਆ ? ਹਾਤ ਤੇਰੀ..... ! ਹਾਤ ਤੇਰੀ.....! ਫੇਰ ਕਦੀ ਆਵੇਂਗਾ ? ਕਦੀ ਫੇਰ ਇਧਰ ਤਕੇਂਗਾ?" ਕਹਿੰਦੇ ਕਹਾਉਂਦੇ ਇਕ ਨੇ ਗਲਹੱਥਾ ਦਿੱਤਾ, ਦੂਏ ਨੇ ਘਸੁੰਨ। ਇਕ ਨੇ ਮੁੱਕੀ, ਦੂਜੇ ਨੇ ਲੱਤ। ਇਕ ਨੇ ਸੋਟੀ, ਦੂਜੇ ਨੇ ਬੋਤਲ। ਇਕ ਨੇ ਕੇਸ, ਦੂਜੇ ਨੇ ਪਟੇ। ਗਲ ਕੀ, ਵਡਾ ਸੋਹਣਾ ਬੁਲਬੁਲਾਂ ਦਾ ਗੁੱਛਾ ਹੋ ਗਿਆ। ਇੰਨੇ ਤਕ ਨੌਕਰ ਚਾਕਰ ਲੜ-ਖੜਾਉਂਦੇ ਢਹਿੰਦੇ ਡਿਗਦੇ ਉਠੇ ਛੁਡਾਉਣ। ਪਹਿਲੇ ਸਰੰਗੀ ਵਾਲੇ ਨੂੰ ਜੋ ਧੱਕਾ ਲਗਾ ਘਰੜ ਘਰੜ ਕਰਦਾ ਪੌੜੀਆਂ ਵਿਚੋਂ ਖਟ ਕਰਕੇ ਥਲੇ ਜਾਕੇ ਲਗਾ ਉੱਚੀ ਸੁਰ ਕਰਨ। ਦੂਜੇ ਪਖਾਉਜੀ ਤਬਲੇ ਦੇ ਆਟੇ ਵਾਂਙੂ ਭੁੜਕ ਕੇ ਧਾ ਕਰਦੇ ਕੰਧ ਨਾਲ ਜਾ ਵਜੇ।ਤੀਜੇ ਤਾਲ ਤੋੜਨ ਵਾਲੇ ਲੁੜਕਣੀ ਖਾਕੇ ਜੋ ਡਿਗੇ, ਤਾਂ ਲਗੇ ਇਨ੍ਹਾਂ ਤੇ ਹੀ ਤਾਲ ਟੁੱਟਣ, ਮਸੇ ਕਿਵੇਂ ਦਾਉ ਬਚਾ ਕੇ ਨਿਕਲੇ ਤਾਂ ਦੂਜੇ ਕੋਠੀ ਵਿਚ ਗੁੰਮ। ਹੁਣ 'ਬੀ ਸਾਹਿਬਾ' ਨੇ ਸੋਚਿਆ ਭਈ ਕਿਤੇ ਸੁਰਖਾਂ ਵਾਂਙੂ ਲੜ ਲੜ ਕੇ ਹੀ ਨਾ ਮਰ ਜਾਣ, ਵਿਚਾਰਿਆਂ ਦੀ ਚਿਟੀ ਚੱਦਰ ਤੇ ਕੋਈ ਚਮੂਨਾ ਕੰਡਣੀ ਖਾਂਦਾ ਵਿਠ ਨਾ ਕਰ ਜਾਏ। ਉੱਠੀ ਤੇ ਅਦਾ ਨਾਲ ਛਣਕਦੀ ਹੋਈ ਬਾਂਹ ਅਗਾਹਾਂ ਕਰਕੇ ਵੇਲੀ, "ਵੇ ਤੁਸੀ ਕਿਉਂ ਲੜਦੇ ਹੋ, ਇਥੇ ਕੋਈ ਵੰਡ ਵਿਰਸਾ ਜੇ? ਅੱਧੀ ਦੀ ਸ਼ਰਾਬ ਮੁੱਛਾਂ ਨੂੰ ਲਾਈ ਤੇ ਭਲਿਆਂ ਮਾਨਸਾਂ ਦੇ ਮਕਾਨਾਂ ਤੇ ਆ ਕੰਜਰ ਖਾਨਾ ਮਚਾਇਆ, ਕਿੱਡੀ ਅਨੋਖੀ ਸ਼ਰਾਬ ਇਨ੍ਹਾਂ ਹੀ ਪੀਤੀ ਹੈ"। ਏਹ ਕਹਿੰਦੀ ਹੀ ਅਗੇ ਹੋਕੇ ਲਗੀ ਦੋਹਾਂ ਨੂੰ ਹੱਥਾਂ ਨਾਲ ਵੱਖੋ ਵੱਖ ਕਰਨ। ਏਹ ਓਹ ਹਥ ਹਨ, ਜਿਨ੍ਹਾਂ ਦੀ ਕੋਮਲਤਾਈ ਦੇ ਛੁੰਹਦਿਆਂ ਕੁੰਭਕਰਨ ਜਿਹੇ ਘੋਰ ਨਿੰਦ੍ਰਾਲੂ ਕਚੀ ਨੀਂਦੇ ਉਠ ਬੈਠੇ ਸਨ, ਤੁਲਸੀ ਦਾਸ ਜੀ ਲਿਖਦੇ ਹਨ:—

ਸ਼ੂਲ ਕੁਲਸ ਅਸਿ ਅੰਗ ਨ ਟਾਰੇ।
ਤੇ ਰਤਿਨਾਥ ਸੁਮਨ ਸਰ ਮਾਰੇ*।

ਏਹ ਜਾਦੂ ਰੂਪੀ ਹੱਥ ਜਿਸ ਧਨਾਢ ਦੇ ਸਿਰ ਤਕ ਆਏ ਉਸਨੂੰ ਨਿਰਧਨਤਾ ਰੂਪੀ ਰਸਾਤਲ ਤਕ ਗ਼ਰਕ ਕੀਤਾ; ਜਿਸ ਸਿਧ, ਸਾਧੂ, ਜਗਜਾਸੂ ਦੇ ਚਰਨਾਂ ਤੀਕ ਏਹ ਹੱਥ ਆਏ, ਉਸਦੀ ਤਤਿਖਜਾ ਸਾਧਨਾ ਤੇ ਤਪ ਛਿੱਕੇ ਤੇ ਰੱਖਕੇ ਅਤਿ ਨੀਚ ਬਣਾ ਦਿੱਤਾ। ਹੁਣ ਬੀ ਹੱਥ ਤਾਂ ਉਹੋ ਹਨ, ਪਰ ਅਫਸੋਸ ਇਸ ਸ਼ਰਾਬ ਖ਼ਾਨਾ ਖ਼ਰਾਬ ਨੇ—ਨਹੀਂ ਮਾਲੂਮ ਓਹ ਸਨਾਤਨ ਸ਼ਕਤੀ ਤੇ ਸੱਤਾ ਕਿਹੜੇ ਅੰਨ੍ਹੇ ਖੂਹ ਨਿਘੇਰੀ ਹੈ—ਕਿ ਹੱਥ ਛੁੰਹਦਿਆਂ ਹੀ ਦੋਵੇਂ ਸੜੇ ਬਲੇ, ਕ੍ਰੋਧ ਦੇ ਭਰੇ ਹੋਏ 'ਬੀ ਸਾਹਿਬਾ' ਤੇ ਲਪਕ ਪਏ।ਇਕ ਨੇ ਤਾਂ ਨੱਕ ਤੇ ਚੱਕ ਵੱਢਿਆ। ਦੂਜੇ ਨੇ ਉਹ ਧੜਾ ਧੜ ਘਸੁੰਨ ਮੁੱਕੇ ਲਾਏ ਕਿ ਵਿਚਾਰੀ ਦਾ ਹੇਠਲਾ ਸਾਹ ਹੇਠ ਤੇ ਉਪਰਲਾ ਉਪਰ ਰਹਿ ਗਿਆ, ਇਥੋਂ ਤਕ ਕਿ "ਹਾਇ" ਬੀ ਮੰਘੋਂ ਹੇਠਾਂ ਹੀ ਰਹੀ। ਖਿਚਾ ਖਿਚੀ ਵਿਚ ਧੜੱਬ ਕਰਕੇ ਡਿਗੀ, ਡਿਗਦੀ ਨੂੰ ਹੀ ਇਕ ਨੇ ਲਤ ਮਾਰੀ ਦੂਜੇ ਨੇ ਗੁੱਤ ਲਪੇਟ ਕੇ ਗਲ ਘੁੱਟ ਘੱਤਿਆ। ਹੁਣ ਦੋਵੇਂ ਸ਼ਰਾਬੀ ਮਨ ਭਾਉਂਦੀਆਂ ਕਸਰਾਂ

*ਜਿਨ੍ਹਾਂ ਸੂਰਮਿਆਂ ਦੇ ਅੰਗ ਤ੍ਰਿਸੂਲ, ਇੰਦਰ ਦੇ ਵਜਰ ਤੇ ਤਲਵਾਰ ਨਾਲ ਨਾ ਕਟੇ ਗਏ, ਉਹ ਕਾਮਦੇਵ ਨੇ ਫੁੱਲਾਂ ਦੇ ਤੀਰਾਂ ਨਾਲ ਮਾਰ ਲਏ।

Digitized by Panjab Digital Library | www.panjabdigilib.org

ਕੱਢਣ ਲਗੇ। ਜਾਂ ਦੇਖਿਆ ਕਿ ਹੁਣ ਕੋਈ ਇਕ ਅੱਧਾ ਸਾਹ ਹੀ ਬਾਕੀ ਹੈ, ਤਾਂ ਤਾਕੀ ਦੇ ਬੂਹੇ ਖੁੱਲ੍ਹੇ ਛੱਡ ਕੇ ਉਠ ਦੌੜੇ। ਰਸਤੇ ਵਿਚ ਪੁਲਸ ਦੇ ਢਹੇ ਚੜ੍ਹ ਗਏ, ਝੱਟ ਹਵਾਲਾਤ ਸਪੁਰਦ। ਇਧਰ ਦਿਨ ਚੜ੍ਹੇ ਉਸ ਦੇ ਵਾਰਸਾਂ ਨੇ ਹੋਸ਼ ਕੀਤੀ, ਖੂੰਨੀਆਂ ਦਾ ਕੋਈ ਪਤਾ ਨਹੀਂ। ਪੁਲਸ ਨੂੰ ਖਬਰ ਹੋਈ। ਮੁਰਦਾ ਹਸਤਪਤਾਲ ਪਹੁੰਚਾ, ਖੂੰਨੀ ਅਗੇ ਹੀ ਹਵਾਲਾਤ ਵਿਚ ਸਨ। ਤਹਿਕੀਕਾਤ ਹੋਕੇ ਚਲਾਨ ਹੋਇਆ, ਬਹੁਤ ਤਰੀਕਾਂ ਪੈ ਪਵਾ ਕੇ ਉਮਰ ਕੈਦ ਹੋ ਕਾਲੇ ਪਾਣੀ। ਵਾਹ ਨੀ ਸ਼ਰਾਬ ਕੌਰ ! ਤੇਰੀ ਕ੍ਰਿਪਾ ਥੋਂ ਬਿਨਾਂ ਪੋਰਟ ਬਲੇਅਰ ਤੇ ਸਿੰਘਾਪੁਰ ਦੀ ਸੈਰ ਕਿੱਥੇ ? ਰੇਖ ਵਿਚ ਮੇਖ ਤੇਰੇ ਬਿਨਾਂ ਕੌਣ ਮਾਰੇ।

ਨਾਵੇਂ ਸ਼ਰਾਬੀ ਸਾਹਿਬ ਗਟਾਗਟ ਪੀਂਦੇ ਹੀ ਝਟਾਪਟ ਉਠ ਦੌੜੇ। ਦੋ ਚਾਰ ਫੇਰ ਉਲਟ ਪਲਟ ਚਕਰ ਬਜ਼ਾਰ ਵਿਚ ਲਾਏ, ਇੰਨੇ ਤਕ ਕੰਨ ਵਿਚ ਅਵਾਜ਼ ਪਈ "ਗੁਲਾਬੀ ਗਨੇਰੀਆਂ" ਝੱਟ ਖੜੇ ਗਏ, ਲਗੇ ਵਾਜਾਂ ਤੇ ਵਾਜਾਂ ਕੱਸਣ।ਜਦ ਗਨੇਰੀਆਂ ਵਾਲਾ ਪਾਸ ਪੁੱਜਾ ਤਾਂ ਬੋਲੇ "ਅਬੇ ਤੋਲ ਦੇ"। ਗਨੇਰੀਆਂ ਵਾਲੇ ਨੇ ਪੁੱਛਿਆ–"ਕਿੰਨੇ ਦੀਆਂ ਤੋਲਾਂ।" ਸ਼ਰਾਬੀ ਜੀ ਫੇਰ ਬੋਲੇ "ਬੱਸ ਤੋਲ ਦੇ"। ਗਨੇਰੀਆਂ ਵਾਲਾ ਛਾਬੜੀ ਰਖੀ,ਤਕੜੀ ਹੱਥ ਵਿਚ ਫੜੀ ਬੈਠਾ ਹੈ ਤੇ ਮੁੜ ਪੁੱਛਦਾ ਹੈ ਕਿ "ਬਾਬੂ ਜੀ ਕਿੰਨੇ ਦੀਆਂ ਤੋਲਾਂ।" ਹੁਣ ਤਾਂ ਬਾਬੂ ਜੀ ਫੁੱਟ ਨਿਕਲੇ"ਤੋਲ ਦੇ,ਤੋਲਦੇ,ਤੋਲ ਦੇ....."।ਗਨੇਰੀਆਂ ਵਾਲਾਹੈਰਾਨਪਰੇਸ਼ਾਨ! ਥੋੜ੍ਹਾ ਚਿਰ ਸੋਚਕੇ ਪੁੱਛਣਲੱਗਾ–"ਬਾਬੂ ਜੀ! ਕੋਈ ਪੈਸਾ ਧੇਲਾ ਭੀ ਹੈ ਕਿ ਐਵੇਂ ਹੀ ਤੋਲ ਦਿਆਂ?"ਸ਼ਰਾਬੀਜੀਬੋਲੇ"ਅਬੇਹਮਨਕਹਿਤਾ ਹੈ ਅਗਾੜੀ ਸੇ ਤੁਮਨ ਕੋ ਮਾਲਮ ਨਹੀਂ,ਹਮ ਹੈਂ ਹਮ, ਜਲਦੀ ਕਰ ਤੋਲ ਦੇ, ਤੋਲ ਦੇ,ਤੋਲ ਦੇ,ਤੋਲ ਦੇ"।ਗਨੇਰੀਆਂਵਾਲੇ ਨੇ ਆਖਿਆ– "ਬਾਬੂ ਸਾਹਬ! ਹਮ ਤੁਮ ਤੇ ਅਗਾੜੀ ਪਿਛਾੜੀ ਦੀ ਮੈਨੂੰ ਕੋਈ ਖਬਰ ਨਹੀਂ,ਪੈਸਾ ਪੱਲੇ ਹੈ ਤਾਂ ਗਨੇਰੀਆਂ ਲੈ ਲਓ"।ਸ਼ਰਾਬੀ ਜੀ ਹੁਣ ਲਗੇ ਛੜੀਨਾਲ ਗਨੇਰੀਆਂਵਾਲੇ ਦੀ ਗਰਦ ਝਾੜਨ ਤੇ ਬਕਣ:–"ਹਮ ਕਹਿੰਦਾ ਹੈ, ਹਮ ਹੈਂ, ਹਮ ਕਾ ਜਾਨਦਾ ਹੀ ਨਹੀਂ,ਹਾਤ ਤੇਰੀ ਐਸੀ ਤੈਸੀ ਪੈਂਸੀ,ਛੈਂਸੀ, ਹਮਨ ਕਾ ਖਦਰ ਗਾੜ੍ਹਾ ਬਣ ਜਾਏਗਾ ਅਬ ਜਾਨੇ ਗਾ ਹਮ ਹੈ ਹਮ,ਗਨੇਰੀ ਤੋਲ ਦੇ,ਤੋਲ ਦੇ,ਤੋਲ ਦੇ....."।ਉਹ ਵਿਚਾਰਾ ਨਿਸ਼ਪਾਪ ਕੰਗਾਲ ਮੁਸ਼ਟੰਡਾ,ਅਚਣ ਚੇਤੀ ਦੋ ਚਾਰ ਸੋਟੀਆਂ ਪੈ ਗਈਆਂ,ਚੌਸੀਆਂ ਛਿਸੀਆਂ ਉਣੀਆਂ ਗਈਆਂ, ਕ੍ਰੋਧ ਭੜਕ ਉਠਿਆ, ਸ਼ਰਾਬੀ ਦੀ ਲਗੇ ਭੁਗਤ ਸਵਾਰਣ, ਚੁਤਹੀ ਛਿਤਹੀ ਉਣਨ। ਇਕ ਘਸੁੰਨ ਰਗਾਂ ਵਿਚ, ਦੂਜਾ ਵੱਖੀ ਵਿਚ, ਤੀਜਾ ਪਿੱਠ ਵਿਚ, ਧੜਾ ਧੜ ਧੜ, ਘੁਮਿਆਰ ਭਾਂਡਾ ਠੱਪ ਰਿਹਾ ਹੈ। ਹੁਣ ਸ਼ਰਾਬ ਭੂਤ ਹੁਰੀਂ ਤਾਂ ਵਿਚੋਂ ਨਿਕਲ ਗਏ ਤੇ ਸ਼ਰਾਬੀ ਹੁਰੀਂ ਦੁਹਾਈ ਤਿਹਾਈ ਦੇ ਰਹੇ ਹਨ। ਗਨੇਰੀਆਂ ਵਾਲਾ ਘੁਮਿਆਰ ਵਾਂਙੂ ਘਸੁੰਨ ਠੋਕੀ ਜਾਂਦਾ ਹੈ ਤੇ ਕਹੀ ਜਾਂਦਾ ਹੈ, "ਕਿਉਂ ਬੱਚਾ ਉਸਤਾਦ ਅਗਾੜੀ ਪਿਛਾੜੀ ਅਜੇ ਲਗੀ ਹੈ ਕਿ ਨਹੀਂ ?" ਇਕ ਘਸੁੰਨ ਠੋਕਦਾ ਸੀ ਤੇ ਇਕ ਸੁਣਾਉਂਦਾ ਸੀ,"ਹਮਾਂਨੂੰਅਗਾੜੀ ਸੇ ਤੋਲਦਿਆਂ(ਘਸੁੰਨ), ਹਮਾਨੂੰ ਪਿਛਾੜੀ ਸੇ ਤੋਲਦਿਆਂ (ਘਸੁੰਨ), ਤੋਲਦਿਆਂ (ਘਸੁੰਨ),ਹਮਨ ਕਾ ਜਾਨਾ ਸੋਟੀ ਮਾਰਦਾ ਸੀ (ਘਸੁੰਨ), ਲੈ ਸੋਟੀ ਤੋਲਦਿਆਂ (ਘਸੁੰਨ),ਲੈ ਪੱਲਾ ਕਰ ਤੋਲਦਿਆਂ (ਘਸੁੰਨ), ਦੇਖ ਬਚਾ ਹੁਣ ਸ਼ਰਾਬ ਕਿਸ ਤਰ੍ਹਾਂ ਨਿਕਲਦੀ (ਘਸੁੰਨ),(ਘੁਰਕਕੇ) ਤੋਲਦਿਆਂ (ਘਸੁੰਨ),

Digitized by Panjab Digital Library | www.panjabdigilib.org

ਲੈ ਚੌਂਸੀ ਪੈਂਸੀ ਛਿੱਸੀ ਤੋਲਦਿਆਂ।'' ਇਹੋ ਜਿਹੀਆਂ ਬੇ ਤੁਕੀਆਂ ਕਹੀ ਜਾਂਦਾ ਹੈ ਤੇ ਵਿਚਾਰੇ ਨੂੰ ਠੇਕੀ ਜਾਂਦਾ ਹੈ। ਲੋਕਾਂ ਨੇ ਬਾਜ਼ਾਰ ਵਿਚ ਪਿੜ ਬਣਾ ਦਿਤਾ, ਟੋਪੀ ਸੋਟੀ ਬੂਟ ਦਾ ਇਕ ਪੈਰ ਸਭ ਗੁੰਮ,ਪਤਾ ਹੀ ਨਹੀਂ ਕਿੱਧਰ ਗਿਆ। ਇਸ ਵੇਲੇ ਕਿਕਰ ਦਾ ਭੂਤ ਕਲਬੂਤ ਨੂੰ ਛਡਕੇ ਹਵਾ ਹੋ ਗਿਆ। ਸ਼ਰਾਬੀ ਜੀ ਪੂਰੀ ਹੋਸ਼ ਵਿਚ ਹਨ। ਅਗਾੜੀ ਪਿਛਾੜੀ ਸਭ ਟੁੱਟ ਗਈ। ਇਕ ਸਿਰ ਤੇ ਦੁੰਬ ਹਿਲ ਰਹੀ ਹੈ ਤੇ ਮੂੰਹੋਂ ਕਹਿ ਰਹੇ ਹਨ–''ਬੱਸ,ਭਰਾ ਜੀ!ਮੈਂ ਤਾਂ ਐਵੇਂ ਤੇਰੇ ਨਾਲ ਹਸਦਾ ਸਾਂ,ਵਾਹ ਇਹ ਕੀ,ਲਓ ਹੁਣ ਬੱਸ,ਕਪੜੇਝਾੜਨਦਿਓ।'' ਤਮਾਸ਼ਾ ਵੇਖਣ ਵਾਲੇ ਖਿੜ ਖਿੜ ਹੱਸ ਪਏ। ਗਨੇਰੀਆ ਵਾਲੇ ਨੇ ਇਕ ਘਸੁੰਨ ਹੋਰ ਠੋਕ ਕੇ, ''ਤੇਰੇ ਭਰਾ ਦੀ ਨਾਨੀ ਦੇ ਕੰਨ ਕੁਤਰੇ।'' ਲੋਕ ਬੋਲ ਉਠੇ–ਬੱਸ ਬਈ ਬੱਸ, ਹੁਣ ਭੂਤ ਨਿਕਲ ਗਿਆ ਹੈ। ਗਰੀਬ ਕਲਬੂਤ ਨੂੰ ਨਾ ਮਾਰ। ਹੁਣ ਗਨੇਰੀਆਂ ਵਾਲਾ ਤਾਂ ਛਾਬੇ ਦੀ ਖਬਰ ਵਾਸਤੇ ਪਿੱਛੇ ਹਟਿਆ, ਸ਼ਰਾਬੀ ਦਾ ਦਾਉ ਭਰਿਆ, ਸਿਰੋਂ ਪੈਰੋਂ ਨੰਗੇ ਬਟੇਰੇ ਵਾਂਙੂ ਭੁਰਰ।

ਇਹ ਦੰਗਲ ਤੇਰੇ ਬਿਨਾ ਕੌਨ ਦਿਖਾਏ ਸ਼ਰਾਬ।
ਸੰਗਲ ਭੰਨੇ ਲਾਜ ਦੇ ਤਾਜ ਕਰਾਏ ਖਰਾਬ॥

ਦਸਵੇਂ ਮਹਾਤਮਾ ਜੀ ਮਸਤ ਹਾਥੀ ਵਾਂਙੂ ਝੂੰਮਦੇ ਝਾਂਮਦੇ ਘਰ ਪਹੁੰਚ ਗਏ, ਪਰ ਬੂਹਾ ਅੰਦਰੋਂ ਬੰਦ ਸੀ, ਵਹੁਟੀ ਵਿਚਾਰੀ ਦੀ ਉਡੀਕਦਿਆਂ ਉਡੀਕਦਿਆਂ ਅੱਖ ਲਗ ਗਈ ਸੀ, ਸ਼ਰਾਬੀ ਨੇ ਸੋਟੀਆਂ ਨਾਲ ਬੂਹਾ ਠਕੋਰਨਾ ਅਰੰਭ ਕੀਤਾ। ਇਸ ਧੀਮੀਂ ਅਵਾਜ ਨਾਲ ਭਲਾ ਤੀਜੀ ਛੱਤ ਤੇ ਸੁੱਤੇ ਪਏ ਆਦਮੀ ਨੂੰ ਕੀ ਪਤਾ ਲਗ ਸਕਦਾ ਹੈ। ਸ਼ਰਾਬੀ ਨੂੰ ਹੇਠਾਂ ਕੋਈ ਦਸ ਕੁ ਮਿੰਟ ਖੜੋਣਾ ਪਿਆ,ਇੰਨੇ ਤਕ ਵਹੁਟੀ ਦੀ ਜਾਗ ਖੁੱਲ੍ਹ ਗਈ,ਇਕ ਪੈਰ ਉਤੋਂ ਹੇਠਾਂ ਆਈ,ਕੁੰਡਾ ਖੋਲ੍ਹਿਆ। ਬੂਹੇ ਖੁਲ੍ਹਦਿਆਂ ਸਾਰ ਹੀ ਸ਼ਰਾਬੀ ਨੇ ਕੁੱਟਣਾ ਸ਼ੁਰੂ ਕੀਤਾ। ਸੋਟੀਆਂ ਖਾਂਦੀ ਤੇ ਵਾਸਤੇ ਪਾਉਂਦੀ ਪੌੜੀਆਂ ਚੜ੍ਹ ਗਈ,ਪਿੱਛੇ ਪਿੱਛੇ ਸ਼ਰਾਬੀ ਸਾਹਿਬਾਉ ਤੇ ਜਾਕੇ ਫੇਰ ਵਿਛਾਇਆ, ਉਹ ਵਿਚਾਰੀ ਮੱਥਾ ਟੇਕਦੀ ਤੇ ਭੁੱਲਾਂ ਬਖਸ਼ਾਉਂਦੀ ਸੀ। ਸ਼ਰਾਬੀ ਜੀ ਛਾੜਿਆਂ ਵਾਂਙੂ ਬਰਾਬਰ ਜੰਦਰ ਛੜੀ ਜਾਂਦੇ ਸਨ,ਕਿ ਸ਼ਰਾਬੀ ਦਾ ਵਡਾ ਪੁੱਤ ਤੇ ਧੀ ਅਭੜਵਾਹੇ ਉਠੇ ਅਰ ਜਾਗੋ ਮੀਟੇ ਵਿਚ ਹੀ ਉਠ ਦੌੜੇ, ਅਰ ਆਪਸ ਵਿਚ ਟਕਰਾ ਕੇ ਬੰਨੇ ਦੀ ਅਣੀ ਉਤੇ, ਇਥੋਂ ਤਿਲਕਦੇ ਹੀ ਥੱਲੇ ਦੇਵੇਂ ਟਿੱਕੀ। ਹਾਇ ਮਾਂ ਦੀ ਮਮਤਾ ਉਹ ਉਨ੍ਹਾਂ ਨੂੰ ਡਿਗਦਿਆਂ ਦੇਖ ਕੇ ਦੌੜੀ ਕਿ ਫੜਾਂ, ਇਧਰੋਂ ਸ਼ਰਾਬੀ ਹੁਰਾਂ ਨੇ ਰੰਨ ਦਾ ਪਿੱਛਾ ਕੀਤਾ। ਦੋ ਚਾਰ ਹੋਰ ਠੋਕ ਦਿਤੀਆਂ, ਮਾਰ ਖਾਂਦੀ ਜ਼ਰਾ ਕੁ ਪਿੱਛੇ ਹਟੀ ਸੀ ਕਿ ਪੈਰ ਤਿਲਕਿਆ ਤੇ ਥੱਲੇ,ਆਪਣੇ ਮੋਏ ਪੁੱਤ ਧੀ ਦੇ ਢੇਰ ਪੁਰ ਢੇਰ ਹੋ ਗਈ। ਸ਼ਰਾਬੀ ਨਸ਼ੇ ਵਿਚ ਅੰਨ੍ਹਾਂ ਹੋਇਆ ਸੀ, ਉਸ ਨੂੰ ਇਹ ਤਾਂ ਪਤਾ ਨਾ ਲਗਾ ਕਿ ਵਹੁਟੀ ਹੇਠ ਡਿਗ ਪਈ ਹੈ ਸਗੋਂ ਇਹ ਸਮਝਿਆ ਕਿ ਉਹ ਬਰਸਾਤੀ ਵਿਚ ਲੁਕ ਗਈ ਹੈ, ਉਸਨੂੰ ਲੱਭਣ ਦੀ ਆਸਾ ਤੇ ਮਗਰ ਨੱਠਾ। ਰੱਬ ਜਾਣੇ ਕਿ ਇਸ ਵੇਲੇ ਜਮਾਂ ਨੇ ਸ਼ਰਾਬੀ ਨੂੰ ਧੱਕਾ ਦਿਤਾ ਕਿ ਚੱਲ ਪਾਪੀ ਚਹੁੰ ਖੂਨਾਂ ਦਾ ਲੇਖਾ ਦੇਹ। ਨੱਸਦਾ ਹੀ ਥੱਲੇ ਡਿੱਗਾ ਅਰ ਵਹੁਟੀ ਪੁੱਤ ਤੇ ਧੀ ਦੇ ਲਹੂ ਵਿਚ ਜਾ ਨ੍ਹਾਤਾ, ਤੇ ਸਿੱਧਾ ਨਰਕ ਨੂੰ ਪਧਾਰਿਆ। ਇਸੇ ਸ਼ਰਾਬੀ ਦਾ ਇਕ ਪੁਤ ਛੇ ਮਹੀਨੇ ਦਾ ਸੁੱਤਾ ਪਿਆ ਸੀ। ਕੁਛ ਚਿਰ ਮਗਰੋਂ ਉਸਦੀ ਜਾਗ ਖੁਲ੍ਹੀ, ਮਾਂ ਨੂੰ ਨਾ ਦੇਖ ਕੇ ਬਹੁਤ ਰੁੰਨਾਂ, ਛੇਕੜ ਹਥ ਪੈਰ ਮਾਰਦਾ ਉਠਣ ਦਾ ਜਤਨ ਕਰਦਾ, ਮੰਜਿਓਂ

Digitized by Panjab Digital Library | www.panjabdigilib.org

ਡਿਗਾ ਸਿਰ ਖੁੱਲ੍ਹ ਗਿਆ, ਬਿਹੋਸ਼ ਪਿਆ ਸੀ ਕਿ ਇਕ ਭੁੱਖਾ ਇੱਲਾ ਆ ਗਿਆ, ਰਹਿੰਦਾ ਖੁੰਹਦਾ ਉਸਨੇ ਆ ਚੀਰਿਆ।

ਧਨ ਨਾਸ਼ਨ, ਕੁਲ ਨਾਸ਼ਨੀ ਜਾਨ ਨਾਸ਼ਨੀ ਨਾਸ਼।
ਵਾਹ ਸ਼ਰਾਬ ਤੇਰੀ ਕ੍ਰਿਪਾ ਕੀਨ ਸਭਨ ਕੋ ਨਾਸ਼।

—o—

ਪੰਜਵਾਂ ਦੌਰ

ਜਿਸ ਅਮੀਰ ਨੂੰ ਬੇਸੁੱਧ ਛਡ ਛਡ ਕੇ ਮਿੱਤ੍ਰਗਣ ਪਿਛਲੇ ਦੌਰ ਵਿਚ ਮੌਜਾਂ ਮਾਣ ਰਹੇ ਹਨ, ਦੇਖੋ ਉਸਦੀ ਦਸ਼ਾ ਕਿਹੀ ਅਚਰਜ ਹੋ ਰਹੀ ਹੈ।

ਪਹਿਲੇ ਤਾਂ ਜਦ ਤੀਕ ਉਨਮੱਤਤਾਈ ਤਦ ਤਕ ਬੋਤਲਾਂ ਭੰਨੀਆਂ, ਗਿਲਾਸ ਠਕੋਰੇ, ਘਰ ਦੇ ਭਾਂਡੇ ਤੋੜੇ, ਕੈਆਂ ਕੀਤੀਆਂ, ਬਕੇ, ਸਾਰੇ ਮਹੱਲੇ ਨੂੰ ਖਬਰ ਕੀਤੀ, ਗਾਲ੍ਹਾਂ ਕੱਢੀਆਂ, ਵਹੁਟੀ ਤੇ ਬਾਲਾਂ ਨੂੰ ਕੁੱਟਿਆ, ਗਲ ਕੀ ਢੇਰ ਚਿਰ ਤਕ ਭੜਥੂ ਮਚਾਈ ਰਖਿਆ । ਇਕ ਪਾਸੇ ਮਾਂ ਪਿੱਟ ਰਹੀ ਹੈ—'ਹੈ ਹੈ ਬਚਾ ਨਿਜ ਜੰਮਦੇ'।ਦੂਜੇਪਾਸੇ ਪਿਉ ਰੋ ਰੋ ਕੇ ਕਹਿ ਰਿਹਾ ਹੈ, 'ਇਸ ਪੁੱਤ ਹੋਣ ਨਾਲੋਂ ਔਂਤ ਚੰਗੇ ਸਾਂ'। ਤੀਜੇ ਪਾਸੇ ਤੀਮੀਂ ਝੁਸਕਾਰੇ ਭਰ ਭਰਕੇ ਕਹਿ ਰਹੀ ਹੈ—'ਹਾਇ ਨਸੀਬ ਸੜਗਏਕਿਸਸ਼ਰਾਬੀ ਦੇ ਪੱਲੇ ਪਈ, ਬੱਚੇ ਕਿਥੋਂ ਪਲਣਗੇ, ਮੇਰੀ ਸਾਰੀ ਉਮਰ ਸੂਲਾਂ ਦੀ ਸੇਜਾ ਪੁਰ ਕਿਸ ਤਰ੍ਹਾਂ ਬੀਤੇਗੀ ? ਮਾਪਿਆਂ ਨੇ ਚੰਗੇ ਭਾਗੀ ਭਰੇ ਦੇ ਲੜ ਲਾਈਂ' । ਹਾਂ, ਉਧਰ ਸ਼ਰਾਬੀ ਜੀ ਮਹਾਰਾਜ ਲੜਦੇ ਘੁਲਦੇ ਲੁੜਖੁੜਾਏ, ਪਟਾਕ ਡਿੱਗੇ, ਸਨਬੰਧੀਆਂ ਨੇ ਘਸੀਟ ਕੇ ਮੰਜੇ ਉਤੇ ਪਾ ਛੱਡਿਆਬਿਸੁੱਧੀ ਵਿਚ ਪਿਆਂ ਰਾਤ ਬੀਤ ਗਈ । ਸਵੇਰ ਸਾਰ ਅਮਲ ਟੁੱਟਾ ਸੰਘ ਸੁੱਕ ਕੇ ਕੰਡਾ ਹੋ ਗਿਆ, ਉਬੱਤ ਆਉਣ ਲਗ ਗਏ । ਠੰਢਾ ਪਾਣੀ ਮੰਗਣ ਲਗੇ, ਪਰ ਸੰਘ ਬੈਠੇ ਹੋਣ ਕਰਕੇ ਅਵਾਜ਼ ਹੋਠਾਂ ਤੋਂ ਬਾਹਰ ਨਹੀਂ ਨਿਕਲਦੀ,ਸੁਣੇ ਕੌਣ ? ਅੱਕ ਕੇ ਆਪ ਉਠੇ ਤਾਂ ਸਰੀਰ ਆਕੜ ਕੇ ਤਖਤਾ ਹੋਇਆ ਹੋਇਆ ਸੀ, ਉਠਦਿਆਂ ਅਗੇ ਹਨੇਰਾ ਆ ਗਿਆ ਅਤੇ ਭੁਵਾਟਣੀ ਖਾਕੇ ਖਿੱਦੋ ਵਾਂਙੂ ਔਹ ਜਾ ਪਏ, ਖੜਕ ਸੁਣ ਕੇ ਸਬੰਧੀ ਵੀ ਜਾਗ ਪਏ । ਭਾਵੇਂ ਉਨ੍ਹਾਂ ਦੇ ਕਲੇਜੇ ਇਸ ਦੀਆਂ ਕਰਤੂਤਾਂ ਵੱਲੋਂ ਪੱਕ ਕੇ ਢੇਡਾ ਹੋ ਗਏ ਸਨ, ਪਰ ਫੇਰ ਬੀ ਮਮਤਾ ਬੁਰੀ ਚੀਜ਼ ਹੈ, 'ਹੈਂ ਹੈਂ' ਕਰਦੇ ਉਠੇ, ਸ਼ਰਾਬੀ ਕੋਲੋਂ ਪੁੱਛਦੇ ਹਨ ਤਾਂ ਹਥ ਮੂੰਹ ਉਤੇ ਰੱਖ ਰੱਖ ਕੇ ਸੈਨਤਾਂ ਕਰਦਾ ਹੈ। ਖੈਰ, ਉਨ੍ਹਾਂ ਨੇ ਪਾਣੀ ਪਿਲਾਇਆ ਤੇ ਫੇਰ ਚੁਕਕੇ ਮੰਜੇ ਪੁਰ ਪਾਇਆ,ਤਾਂ ਕੀ ਡਿੱਠਾ ਕਿ ਕੱਪੜੇ ਲਹੂ ਨਾਲ ਲਿਬੜੇ ਹੋਏ ਹਨ।ਦੇਖਿਆ ਤਾਂ ਸਿਰ ਵਿਚ ਪਾਵੇ ਦਾ ਫੱਟ ਹੈ ਤੇ ਲਹੂ ਬੰਦ ਨਹੀਂ ਹੁੰਦਾ, ਫਰਨ ਫਰਨ ਵਗੀ ਜਾਂਦਾ ਹੈ,ਇਥੋਂ ਤਕ ਕਿ ਸ਼ਰਾਬੀ ਨੇ ਅੱਖਾਂ ਫੇਰ ਲਈਆਂ, ਹਥ,ਪੈਰ, ਨਕ ਠੰਢੇ, ਨਾੜ ਗੁੰਮ ਸਾਹ ਲੰਮਾ। ਘਾਬਰੇ ਹੋਏ ਸਨਬੰਧੀ ਸਿਆਣੇ ਨੂੰ ਲਿਆਏ। ਹਕੀਮ ਨੇ ਨਾੜ ਦੇਖੀ, ਸਿਰ ਫੇਰ ਕੇ ਬੋਲੇ,ਕਿ ਬਈ ਇਹ ਤਾਂ ਹੁਣ ਤੁਰਦਾ ਹੀ ਦਿੱਸਦਾ ਹੈ,ਕੋਈ ਪੁੰਨ ਦਾਨ ਕਰਾ ਲਓ। ਇਹ ਗਲ ਸੁਣਕੇ ਸਨਬੰਧੀ ਰੋ ਰੋ ਕੇ ਲਗੇ ਹਕੀਮ ਦੇ ਤਰਲੇ ਕਰਨ । ਹਕੀਮ ਜੀ ਕੋਈ ਵਾਹ ਲਾਓ,ਕਿਵੇਂ ਬਚਾਓ,ਰੁੜ੍ਹਦਾ ਬੇੜਾ ਬੰਨੇ ਲਾਓ,ਦੇਖੋ ਚੱਪਾ ਜਿੰਨੀ ਵਹੁਟੀ ਹੈ,ਨਿੱਕੇ ਨਿੱਕੇ ਬਾਲ ਹਨ,ਅਸੀਂ ਬੁੱਢੇ ਠੇਰੇ ਇਕੋ ਇਕਪੁੱਤ, ਕੀ ਕਰਾਂਗੇ ? ਪਜਾਰੇ ਪਾਠਕ!ਆਪ ਦੇਖਦੇ ਹੋ ਕਿ ਮਾਪਿਆਂ ਦੀ ਮੁਹੱਬਤ ਇਹੋ ਜਿਹੇ ਦੁੱਖ ਦੇਵੇ ਪੁੱਤ ਦੀ ਬੀ ਮੌਤ ਨਹੀਂ ਚਾਹੁੰਦੀ । ਜੇ ਅਸੀਂ ਉਸ ਵੇਲੇ ਹੁੰਦੇ ਤਾਂ ਹਕੀਮ ਹੁਰਾਂ ਨੂੰ

Digitized by Panjab Digital Library | www.panjabdigilib.org

ਇਹ ਗਲ ਕਹਿੰਦੇ'ਹਕੀਮ ਜੀ ਇਸਨੂੰਬਚਾਓ, ਨਹੀਂ ਤਾਂ ਕਲਾਲਖਾਨੇ ਦਾ ਗਾਹਕ ਘਟ ਜਾਊ।ਵਿਚਾਰੀ ਸ਼ਰਾਬਕੌਰ ਰੰਡੀਰਹਿ ਜਾਏਗੀ, ਮਾਪਿਆਂ ਦੇ ਵਖਤਾਂ ਨਾਲ ਕਮਾਏ ਹੋਏ ਧਨ ਨੂੰ ਸ਼ਰਾਬ ਅਰਥ ਕੌਣ ਉਜਾੜੇਗਾ?ਹਕੀਮਜੀ! ਕਿਸੇ ਤਰ੍ਹਾਂ ਇਸਨੂੰ ਬਚਾਓ,ਜੇ ਜੀਉ ਉਠਿਆ ਤਾਂ ਬੜੀ ਵਧਦੀ ਬ੍ਰਾਂਡੀ ਪਿਆਏਗਾ।ਜੇ ਤੁਸੀਂ ਨਾ ਪੀਂਦੇ ਹੋਵੋਗੇ ਤਾਂ ਆਪ ਪੀਕੇ ਤੁਹਾਨੂੰ ਓਹ ਬੇਤੁਕੀਆਂ ਸੁਣਾਏਗਾ ਕਿ ਪੁੱਤ ਦੇ ਵਿਆਹ ਤੇ ਕੁੜਮਾਂ ਦੇ ਘਰੋਂ ਬੀ ਨਾ ਸੁਣੀਆਂ ਹੋਜੇ।'

ਗਲ ਕਾਹਦੀ ਹਕੀਮ ਹੁਰਾਂ ਦੇ ਮਨ ਵਿਚ ਆਈ ਕਿ ਵਾਹ ਤਾਂ ਲਾਓ,ਮਤਾਂ ਇਹ ਬਚ ਹੀ ਜਾਵੇ, ਝਟਪਟ ਸੱਟ ਉਤੇ ਪਾਣੀ ਦੀ ਗੱਦੀ ਬਨ੍ਹਵਾ ਦਿੱਤੀ ਹਥ ਪੈਰ ਸੁੱਕੇ ਝਸਾਉਣ ਲਗੇ, ਇਹੋ ਜਿਹੇ ਜਤਨ ਕਰਦਿਆਂ ਕਰਾਉਂਦਿਆਂ ਸ਼ਰਾਬੀ ਨੇ ਪਾਸਾ ਪਰਤਿਆ, ਅੱਖਾਂ ਖੋਲ੍ਹਦਿਆਂ ਹੀ ਲਲਕਾਰ ਉਠੇ ''ਹਾਤ ਤੇਰੀ ਆਖੀ ਹਾਈ ਕਿ,ਹੁਣਵਾਰਕਰਕੇਜਾਏਂਗਾ ਕਿੱਥੇ ? ਮੈਂ ਤਾਂ ਤੇਰੇ ਪਿਉ ਦਾ ਭੀ ਸਿਰ ਭੰਨ ਕੇ ਛਡ੍ਡੀ''।ਵਾਹ ਨੀ ਸ਼ਰਾਬ ਕੌਰਾਂ!ਤੇਰੇ ਪੱਠਿਆਂ ਦੇ ਘਰ ਵਿਚ ਹੀ ਦੰਗਲ ਅਖਾੜੇ! ਕੰਨ ਪਟੀ ਖਾ ਕੇ ਭੀ ਪੈਂਤਰਾ ਨਹੀਂ ਚੁੱਕਦੇ, ਠੂਠੀ ਦੇ ਗਤਕੇ ਦੇ ਮੋਏ ਪਏ ਭੀ ਦਲੇਰੀ ਸਾੜ੍ਹਦੇ ਹਨ। ਹਕੀਮ ਹੁਰੀਂਇਹ ਕਹਿਕੇ ਕਿ ਏਹ ਹੁਣ ਰਾਜ਼ੀ ਹੈ, ਤੁਰਨ ਹੀ ਲਗੇ ਸਨ ਕਿ ਸ਼ਰਾਬੀ ਹੁਰੀਂ ਉਠ ਬੈਠੇ ਅਰ ਲਗੇ ਹਕੀਮ ਹੋਰਾਂ ਦੀਆਂ ਕੋਰੀਆਂ ਹੀ ਅੰਦੇ ਪਾਉਣ*। ਹਕੀਮ ਹੁਰਾਂ ਦਾ ਤਰਸ ਤੇ ਉਪਕਾਰ ਮਿਹਨਤ ਤੇ ਵਡਿ-ਆਈ ਸਭੇ ਗਾਲ੍ਹਾਂ ਦੀ ਵਾਛੜ ਅਗੇ ਇਉਂ ਉਡੇ, ਜਿਕੁਰ ਬੰਦੂਕ ਦੇ ਛੱਰਰੇ ਅਗੇ ਤਿੱਤਰ। ਇਸ ਦਸ਼ਾ ਨੂੰ ਦੇਖ ਕੇ ਹਕੀਮ ਹੁਰਾਂ ਨੇ ਹੁਕਮ ਦਿਤਾ ਕਿ ਸਿਰ ਤੇ ਬਰਫ਼ ਰੱਖੋ,ਸ਼ਰਬਤਸੰਦਲ, ਪੇੜਿਆਂ ਦੀ ਲੱਸੀ ਵਿਚ ਰਲਾ ਕੇ ਥੋੜ੍ਹਾਥੋੜ੍ਹਾ ਦਿੰਦੇ ਰਹੋ, ਅਸੀਂ ਜਾਂਦੇ ਹਾਂ ਕੁਝ ਲੋੜ ਪਏ ਤਾਂ ਖਬਰ ਦੇਣੀ। ਹਕੀਮ ਹੁਰੀਂ ਤਾਂ ਗਏ, ਇਸ ਜੁਗਤ ਨਾਲ ਸ਼ਰਾਬੀ ਜੀ ਨੂੰ ਹੋਸ਼ਆਈ, ਉਠੇ ਪਿਸ਼ਾਬ ਕਰਨ ਬੈਠੇ,ਲਗੇ ਚੀਕਾਂ ਮਾਰਨ ''ਬਾਹੁੜੀ ਓਇ ਮਰ ਰਿਆ,ਹਾਇ ਰਬਾ ਮਰ ਗਿਆ, ਮਰ ਗਿਆ''। ਸਾਰਾ ਮਹੱਲਾ ਕੱਠਾ ਹੋ ਗਿਆ,ਪੁਛਿਆ ਸ਼ਰਾਬੀ ਜੀ ਸੁਖ ਤਾਂ ਹੈ? ਸ਼ਰਾਬੀ ਜੀ ਸਿਰ ਫੇਰ ਕੇ ਬੋਲੇ—''ਹਾਇ ਮਰ ਗਿਆ, ਪਿਸ਼ਾਬ ਨਹੀਂ ਆਉਂਦਾ, ਚੀਸਾਂ ਪੈਂਦੀਆਂ ਹਨ, ਜਾਨ ਨਿਕਲਦੀ ਜਾਂਦੀ ਹੈ। ਹਾਇ ਮਰ ਗਿਆ ਛੇਤੀ ਕਿਸੇ ਸਿਆਣੇ ਨੂੰ ਸੱਦੋ।'' ਸਨਬੰਧੀ ਦੌੜ ਕੇ ਇਕ ਯੂਨਾਨੀ ਸਿਆਣੇ ਨੂੰ ਸੱਦਲਿਆਏ।ਹਕੀਮ ਹੋਰੀਂ ਨਾੜ ਤੇ ਹੱਥ ਰਖ ਕੇ ਬੋਲੇ: ਕਿਤੇ ਸ਼ਰਾਬ ਤਾਂ ਨਹੀਂ ਪੀਤੀ?ਸ਼ਰਾਬੀ ਜੀ ਬੋਲੇ—ਨਹੀਂ ਜੀ (ਚੀਸ ਵਟ ਕੇ)ਨਹੀਂ ਜੀ! ਉਹ ਤਾਂ ਜੰਮਣ ਘੁੱਟੀ ਹੈ। ਹਕੀਮ ਨੇ ਕਿਹਾ—ਕੀ ਸਬੱਬ ਅਜ ਕੁਝ ਵਧੇਰੀ ਪੀਤੀ ਗਈ ਸੀ ? ਸ਼ਰਾਬੀ ਬੋਲਿਆ—ਸ਼ਰਾਬ ਵਰਾਬ ਦੀ ਗੱਲ ਛਡੋ,ਮੇਰੀ ਜਾਨ ਤਾਂ ਚੀਸਾਂ*

*ਪੁਰਾਣੇ ਤੇ ਪਾਟੇ ਕਪੜਿਆਂ ਨੂੰ ਕਿਸੇ ਜੁਗਤ ਨਾਲ ਮੁੜੰਮਤ ਕਰਨ ਨੂੰ ਅੰਦੇ ਪਾਉਣਾ ਕਹਿੰਦੇ ਹਨ। [ਸੰਪਾਦਿਕ।

*ਇਨ੍ਹਾਂ ਚੀਸਾਂ ਦਾ ਕਾਰਨ ਇਹ ਸੀ ਕਿ ਸ਼ਰਾਬ ਨੇ ਮਸਾਨੇ ਵਿਚ ਇੰਨੀ ਅੱਗ ਫੂਕੀ ਕਿ ਪਿਸ਼ਾਬ ਸੜ ਗਿਆ।ਮਸਾਨਾ ਬਹੁਤ ਕੋਮਲ ਅੰਗ ਹੈ। ਪਿਸ਼ਾਬ ਦੇ ਸੜਨ ਨਾਲ ਪਸ਼ਾਬ ਦੇ ਖੱਟੇ ਤੇਜ਼ਾਬ ਤੇ ਹੋਰ ਖਾਰਾਂ ਆਦਿਕ ਤੇਜ਼ ਹੋ ਗਏ। ਥਾਓਂ ਥਾਈਂ ਮਸਾਨਾ ਸੜ ਕੇ ਜ਼ਖਮੀ ਹੋ ਗਿਆ। ਉਨ੍ਹਾਂ ਜ਼ਖਮਾਂ ਤੇ ਉਹ ਖਾਰੀ ਖਟਾਈ ਲਗ ਲਗਕੇ ਸੜਨ ਤੇ ਚੀਸਾਂ ਪੈਂਦੀਆਂ ਹਨ, ਜਿਉਂ ਜਿਉਂ ਪਿਸ਼ਾਬ ਕਰਨ ਲਈ ਕਿੱਲ੍ਹਦਾ ਹੈ, ਤਿਉਂ ਤਿਉਂ ਘਾਉ ਪਾਟ ਕੇ ਚੌੜੇ ਹੁੰਦੇ ਤੇ ਚੀਸ ਵਧਦੀ ਹੈ।

Digitized by Panjab Digital Library | www.panjabdigilib.org

ਨਾਲ ਨਿਕਲਦੀ ਜਾਂਦੀ ਹੈ। ਪੇਸ਼ਾਬ ਨਹੀਂ ਆਉਂਦਾ। ਹਾਇ ਮੈਂ ਗਿਆ। (ਬਿਹਬਲ ਹੋਕੇ) ਉਈ ਰਬਾ, ਹੁਣ ਤਾਂ ਗੁਰਦੇ ਵਿਚ ਬੀ ਪੀੜ ਉੱਠੀ,ਲਓਹੁਣ ਮਰਗਿਆ,ਮਰਗਿਆ ਕਹੀ ਜਾਂਦੇ ਹਨ, ਅਤੇ ਬਿਨਾਂ ਪਾਣੀਓਂ ਮੱਛੀ ਵਾਂਙੂ ਤੜਫ ਰਹੇ ਹਨ। ਏਸੇ ਪੀੜ ਦੇ ਹੱਲੇ ਵਿਚ ਸ਼ਰਾਬੀ ਜੀ ਸ਼ੇਰ ਬੋਕਣ ਲੱਗੇ, ਹਾਓ ! ਘਰ! ਘਰ! ਜੋ ਕੁਝ ਲੱਸੀ ਸ਼ਰਬਤ ਸਵੇਰ ਦਾ ਪੀਤਾ ਸੀ, ਸਭ ਬਾਹਰ, ਦੁਰਗੰਧੀ ਨਾਲ ਘਰ ਭਰ ਗਿਆ। ਮੱਖੀਆਂ ਦੀ ਭਿਣ ਭਿਣਾ-ਹਟ, ਸਨਬੰਧੀ, ਮੰਜਾ, ਬਿਸਤਰਾ ਆਦਿਕ ਸਭ ਤ੍ਰਿਬੁਡ, ਕੁਝ ਛਿੱਟਾਂ ਦਾ ਗੱਫਾ ਹਕੀਮ ਹੁਰਾਂ ਨੂੰ ਬੀ ਮਿਲਿਆ। ਹੁਣ ਸ਼ਰਾਬੀ ਜੀ ਮਹਾਰਾਜ ਨਿਢਾਲ ਹੋਕੇ ਲੇਟ ਗਏ,ਚਿਹਰੇ ਤੇ ਮੁੜੁਕਾ ਆ ਗਿਆ, ਅੱਖਾਂ ਪੀਲੀਆਂ ਹੋ ਗਈਆਂ, ਪਾਣੀ ਦੀ ਡਾਂਝ ਕਹਰ ਦੀ। ਪੀੜ ਦੀਆਂ ਚੀਸਾਂ ਵੱਖੀਆਂ ਪਿਛੋਂ ਉੱਠਕੇ ਸਾਰੇ ਨਲਾਂ ਤੇ ਚੱਡਿਆਂ ਤਕ ਆਉਣ ਲਗੀਆਂ। ਪਿਸ਼ਾਬ ਦੀ ਤਾਂਘ ਬਣੀ ਹੋਈ ਹੈ,ਬੈਠਦੇ ਹਨ ਤਾਂ ਆਉਂਦਾ ਨਹੀਂ ਪੀੜ ਠਹਿਰ ਠਹਿਰ ਕੇ ਅਜਿਹੀ ਉਠਦੀ ਹੈ,ਕਿ ਝੱਲੀ ਨਹੀਂ ਜਾਂਦੀ। ਪਾਣੀ ਤੇ ਪੱਖਾ ਘੜੀ ਘੜੀ ਮੰਗਦੇ ਹਨ ਤੇ ਹਕੀਮ ਹੁਰਾਂ ਦੇ ਤਰਲੇ ਕਰਦੇ ਹਨ ਕਿ ਕਿਵੇਂ ਮੈਨੂੰ ਅਰਾਮ ਕਰੋ। ਚੰਗੀ ਤਰ੍ਹਾਂ ਦੇਖ ਭਾਲ ਕੇ ਹਕੀਮ ਹੁਰਾਂ ਕਿਹਾ ਕਿ ਤੈਨੂੰ ਯਰਕਾਨ ਹੋਗਿਆ ਹੈ, ਦਰਦ ਗੁਰਦਾ ਬੀ ਨਾਲ ਹੈ, ਇਸ ਸ਼ਰਾਬ ਨੇ ਜਿਗਰ, ਗੁਰਦਾ,ਮਸਾਨਾ, ਦਿਲ ਦਿਮਾਗ ਆਦਿਕ ਸਾਰੇ ਅੰਗ ਲੂਹ ਘੱਤੇ ਹਨ,ਹੁਣ ਬੀ ਜੇ ਸ਼ਰਾਬ ਛਡੋ ਤਾਂ ਸੱਭੋ ਦੁਖ ਹਟ ਜਾਣਗੇ, ਨਹੀਂ ਤਾਂ ਜਦ ਸ਼ਰਾਬ ਪੀਏਂਗਾ,ਤਦਹੀ ਇਹ ਹਾਲ ਹੋਊ। ਸ਼ਰਾਬੀ ਜੀ ਬੋਲੇ—ਇਸ ਵੇਲੇ ਬਚਾਓ ਲਗਦੀ ਵਾਹ ਲਾਕੇ। ਇੰਨਾਂ ਕਹਿ ਕੇ "ਹਾਇ ਪਾਣੀ ਦਾ ਘੁਟ ਮੂੰਹ ਵਿਚ ਪਾਓ ਗੱਲ ਨਹੀਂ ਨਿਕਲਦੀ। ਫੇਰ ਦੀ ਫੇਰ ਦੇਖੀ ਜਾਇਗੀ, ਹਾਇ ਪੀੜ ਬੁਰੀ ਹੁੰਦੀ ਹੈ, ਰਖ ਲਓ"। ਹਕੀਮ ਹੁਰੀਂ ਬੋਲੇ ਕਿ ਨੇਮ ਕਰੋ ਜੇ ਸ਼ਰਾਬ ਛੱਡੀ,ਤਦ ਹੱਛੇ ਹੋਣ ਦਾ ਮੂੰਹ ਦੇਖੋਗੇ ਨਹੀਂ ਤਾਂ ਚੇਤੇ ਰਖੋਕਿ ਉਮਰ ਤੁਹਾਡੀ ਪੁੱਗੀ ਖੜੀ ਹੈ,ਇਸੇ ਤਰ੍ਹਾਂ ਤੜਫ ਤੜਫ ਕੇ ਜਾਨ ਦੇਵੋਗੇ। ਸ਼ਰਾਬੀ ਦੀ ਲੁੱਛਣੀ ਤੜਫਣੀ ਦੇਖਕੇ ਤੇ ਉਪਰੋਂ ਹਕੀਮ ਹੁਰਾਂ ਦਾ ਕੋਰਾ ਉਤਰ ਸੁਣਕੇ ਸਨਬੰਧੀ ਰੋਕੇ ਕਹਿਣ ਲੱਗੇ—ਹਕੀਮ ਜੀ!ਆਪ ਪਦਾਰਥ ਵਲੋਂ ਨਾ ਸੋਚੋ ਜੋ ਲਗੇ ਸੋ ਲਾਓ। ਭਾਵੇਂ ਨਲਾਇਕ ਹੈ, ਪਰ ਅੰਤ ਪੁਤ੍ਰ ਹੈ ਜਿਉਂ ਜਾਣੋ ਇਸ ਹਾਲੋਂ ਬਚਾਓ। ਦੇਖੋ ਸਵੇਰ ਦਾ ਇਹ ਵੇਲਾ ਆਇਆ ਹੈ. ਸਭ ਬਾਲ ਬੱਚੇ ਭੁੱਖੇ ਤਿਹਾਏ ਵਿਲ੍ਹੂੰ ਵਿਲ੍ਹੂੰ ਪਏ ਕਰਦੇ ਹਨ, ਨਾ ਚੁੱਲ੍ਹੇ ਅੱਗ ਨਾ ਘੜੇ ਪਾਣੀ, ਇਸੇ ਸ਼ਰਾਬ ਨਾਮੁਰਾਦ ਦੇ ਪਏ ਕੀਰਨੇ ਕਰਨੇ ਹਾਂ।ਜੇ ਹੁਣ ਇਸਦੀ ਦਵਾ ਦਾਰੂ ਟਹਿਲ ਸੇਵਾ ਨਾ ਕਰੀਏ ਤਾਂ ਪਹਿਲੇ ਤਾਂ ਆਪਣਾ ਮਨ ਹੀ ਨਹੀਂ ਸਹਿੰਦਾ, ਦੂਜੇ ਜਹਾਨ ਵਿਚ ਬੀ ਨੱਕ ਨਹੀਂ ਰਹਿੰਦਾ, ਹੁਣ ਰੱਬ ਅਰਥੀ ਕੋਈ ਕਾਰੀ ਕਰੋ। ਹਕੀਮ ਹੁਰਾਂ ਦੇ ਮਨ ਬੀ ਤਰਸ ਪੈ ਗਿਆ। ਬਹੁਤ ਕੁਛ ਧੀਰਜ ਬਨ੍ਹਾਇਆ ਤੇ ਕਿਹਾ—ਗੁਰਦੇ ਪੁਰ ਸਿੰਗੀਆਂ ਲਵਾਓ, ਅੰਮਲਤਾਸ ਏਲੂਏ ਦਾ ਲੇਪ ਕਰੋ, ਸੇਕੋ ਤੇ ਇਹ ਦਵਾ ਘੋਟ ਕੇ ਤੇ ਛਾਣਕੇ ਪਿਲਾਓ;- ਭੱਖੜਾ, ਕਾਸ਼ਨੀ, ਚਿਨਾ ਜੀਰਾ, ਕਸੁੰਭੇ ਦੇ ਬੀ, ਖੀਰੇ ਖਰਬੂਜਿਆਂ ਦੇ ਮਗਜ਼, ਲਾਚੀਆਂ, ਸੰਗ ਸਰਮਾਹੀ,ਜਰਿਸ਼ਕ, ਸੱਭੇ ਪੰਜਪੰਜ ਮਾਸੇ,ਮਿਸਰੀ ਦੋ ਤੋਲੇ, ਪਾਣੀ ਤ੍ਰੈ ਜਿੰਨਾਂ। ਤੇ ਧੀਰਜ ਕਰੋ।

ਇਸ ਜੁਗਤ ਨਾਲ ਕੁਝ ਆਰਾਮ ਹੋਗਿਆ

Digitized by Panjab Digital Library | www.panjabdigilib.org

ਸੀ, ਕਿ ਇੰਨੇਤਾਈਂ ਰਾਤ ਦੇ ਨਵਾਲੇ ਪਿਆਲੇ ਦੇ ਯਾਰ, ਜਿਹੜੇ ਕੋਈ ਬਚ ਰਹੇ ਸਨ, ਸਿਰ ਮੂੰਹ ਧੋ, ਕਪੜੇ ਵਟਾ, ਮੁੱਛਾਂ ਤੇ ਅਤਰ ਲਾ, ਖਬਰ ਪੁੱਛਣ ਨੂੰ ਘਮਾ ਘਮ ਆਣ ਪੁੱਜੇ। "ਕਿਉਂ, ਕਿਉਂ, ਸੁੱਖ ਤਾਂ ਹੈ, ਇਹ ਕੀ ਕਿਰਲੇ ਵਾਂਙੂ ਰੰਗ ਬਦਲ ਪਏ ਹੋ, ਰਾਤ ਕੁਝ ਬਹੁਤੀ ਪੀ ਗਏ ? ਅਸਾਂ ਤਾਂ ਰਾਤੀਂ ਹੀ ਲੱਭ ਲਿਆ ਸੀ ਕਿ ਇਸ ਵਿਚ ਰੇਠੜੇ ਭਾਵੇਂ ਸੰਖੀਏ ਦੀ ਪੁੱਠ ਹੈ, ਸਿਰ ਪੀੜ ਮੇਰੇ ਵੀ ਹੈ"।

ਦੂਜਾ ਬੋਲਿਆ—ਡਾਕੀਆਂ ਤਾਂ ਰਾਤ ਮੈਂਨੂੰ ਬੀ ਬਹੁਤ ਆਈਆਂ, ਸੀਨਾ ਸਾਫ ਹੋਗਿਆ।

ਤੀਜਾ—ਠੁੱਡਾ ਖਾਕੇ ਰਾਤੀ ਮੈਂ ਬੀ ਡਿੱਗਾ, ਸਿਰ ਮੂੰਹ ਭੱਜਾ।

ਚੌਥਾ—ਹੁਣ ਨਹੀਂ ਇਸ ਹੱਟੀ ਤੋਂ ਮੰਗਾਉਣੀ, ਪਾਣੀ ਰਲਾ ਦਿੰਦੇ ਹਨ, ਕਿਸੇ ਹੋਰ ਹਟੀ ਤੋਂ ਚੰਗੀ ਤੇਜ਼ ਮੰਗਾਵਾਂਗੇ।

ਪੰਜਵਾਂ—ਬਈ ਰਾਤ ਦੀ ਸਾਡੀ ਮੰਡਲੀ ਵਿਚੋਂ ਦੋ ਚਾਰ ਆਦਮੀ ਲੱਭਦੇ ਨਹੀਂ, ਘਰ ਦੇ ਢੂੰਡਦੇ ਫਿਰਦੇ ਹਨ।

ਛੀਵਾਂ—ਓਹ ਕਿਧਰੇ ਕਿਸੇ ਭੈੜੇ ਘਰ ਮਸਤ ਪਏ ਹੋਣਗੇ, ਖੈਰ, ਉਹ ਤਾਂ ਆ ਜਾਣਗੇ, ਹੁਣ ਇਨ੍ਹਾਂ ਦਾ ਕੁਝ ਫਿਕਰ ਕਰੋ। ਲਓ ਥੋੜੀ ਜਿਹੀ ਚੁੱਕ ਲਓ, ਬਸ ਨਵੇਂ ਨਰੋਏ ਹੋ ਜਾਓ, ਪੀਣ ਦੀ ਢਿੱਲ ਹੈ, ਸ਼ੇਰ ਜਿਹੇ ਸ਼ੇਰ।

ਸੱਤਵਾਂ—ਰਾਤੀਂ ਪੀਕੇ ਤੁਸੀਂ ਛੇਤੀ ਨਾਲ ਬਾਹਰ ਨਿਕਲੇ, ਮੈਂ ਉਸੇ ਵੇਲੇ ਜਾਂਚ ਲਿਆ ਸੀ ਕਿ ਹਵਾ ਦਾ ਬੁੱਲਾ ਲਗ ਗਿਆ ਹੈ।

ਅੱਠਵਾਂ—ਚਲੋ ਜੀ ਹੋਇਆ ਕੀ, ਜਵਾਨਾਂ ਨੂੰ ਇਹੋ ਜਿਹੇ ਕਈ ਧੱਕੇ ਥੋੜੇ ਲਗਦੇ ਹੀ ਹਨ। ਹਨੇਰ ਕੀਹ ਹੋਇਆ ?

ਨੌਵਾਂ—ਚਲੋ ਫਿਰ ਗਡੀ ਮੰਗਾਵੋ, ਹਵਾ ਖਾਓ, ਬਾਹਰ ਹੀ ਦੋ ਦੋ ਪਿਆਲੇ ਚੁੱਕ ਲੈਣੇ, ਸਭ ਕੁਝ ਠੀਕ ਹੋ ਜਾਏਗਾ॥

ਦਸਵਾਂ—ਤੁਸੀਂ ਨਹੀਂ ਜਾਣਦੇ ਸੱਪ ਦੇ ਡੰਗੇ ਨੂੰ ਸੰਖੀਆ, ਅੱਗ ਦੇ ਸੜੇ ਨੂੰ ਤਾ, ਸ਼ਰਾਬ ਦੇ ਫੱਟੇ ਨੂੰ ਸ਼ਰਾਬ ਹੀ ਗੁਣਕਾਰੀ ਹੈ। ਇਥੇ ਹਕੀਮ ਦੀ ਐਸੀ ਤੈਸੀ, ਕਰ ਕੀ ਸਕਦਾ ਹੈ ? ਹਕੀਮ ਦੇ ਕਦੀ ਪਿਉ ਦਾਦੇ ਸ਼ਰਾਬ ਨਾ ਡਿੱਠੀ, ਉਹ ਕੀ ਜਾਣੇ ਸ਼ਰਾਬੀਆਂ ਦੇ ਇਲਾਜ। ਤੁਸੀ ਦਹੀਂ ਮੰਗਾਓ, ਦੇਖੋ ਹੁਣੇ ਸਾਡੇ ਨਾਲ ਜਾਂਦੇ ਹਨ ਕਿ ਨਹੀਂ। ਬੱਸ ਸ਼ਰਾਬ ਦੇ ਅੰਦਰ ਲੰਘਣ ਦਾ ਚਿਰ ਹੈ, ਰਾਜ਼ੀ ਹੋਣ ਵਿਚ ਚੁਟਕੀ ਦਾ ਬੀ ਚਿਰ ਨਹੀਂ, ਚੜ੍ਹੋ ਘੋੜੇ ਸਵਾਰ। ਦਹੀਂ ਤੇ ਬ੍ਰਾਂਡੀ ਇਸ ਲਈ ਜਾਦੂ ਹਨ।

ਇਹ ਰੱਲਾਂ ਸੁਣ ਕੇ ਸ਼ਰਾਬੀ ਦੇ ਮੂੰਹ ਭੀ ਪਾਣੀ ਭਰ ਆਇਆ ਅਤੇ ਸਨਬੰਧੀਆਂ ਨੇ ਬੀ ਸੋਚਿਆ ਕਿ ਇਹ ਲੋਕ ਸ਼ਰਾਬ ਅਤੇ ਸ਼ਰਾਬੀ ਦੇ ਭੇਤੀ ਹਨ, ਕੀ ਜਾਣੀਏ ਇਨ੍ਹਾਂ ਦੀਆਂ ਗੱਲਾਂ ਸੱਚ ਹੀ ਹੋਣ।

ਝੱਟ ਪੱਟ ਬਰਾਂਡੀ ਤੇ ਦਹੀਂ ਦਾ ਗਲਾਸ ਭਰਕੇ ਪਿਲਾ ਦਿੱਤਾ। ਹੁਣ ਪਾਣੀ ਦੀ ਅੱਗ ਤੇ ਬਰੂਦ ਸੜੇ ਹੋਏ ਅੰਦਰ ਜਾ ਪਏ, ਸ਼ਰਾਬੀ ਜੀ ਤੜਫ ਤੜਫ ਕੇ ਲਗੇ ਪਟਪਟਾ ਟੱਕਰਾਂ ਮਾਰਨ, ਤੇ ਹਾਇ ਹਾਇ ਦੀਆਂ ਚੀਕਾਂ ਨਾਲ ਘਰ ਨੂੰ ਸਿਰ ਤੇ ਚੁੱਕਣ। ਪੀੜ ਨੇ ਉਹ ਤਾਰ ਬੱਧੀ ਕਿ ਸ਼ਰਾਬੀ ਜੀ ਹਿਡਕੋਰਿਆਂ ਤੇ, ਇੰਨੇ ਤਕ ਦਿਲ ਕੈ ਆ ਗਈ, ਜਿਸਨੇ ਨਿਢਾਲ ਕਰ ਦਿੱਤਾ, ਹਥ ਪੈਰ ਠਰ ਗਏ, ਹਿਚਕੀ ਛਿੜ ਪਈ, ਬਕਵਾਸ ਤੇ ਪਾਣੀ ਦੀ ਡਾਂਝ। ਸਨਬੰਧੀ ਘਾਬਰ ਗਏ 'ਦੌੜੋ ਦੌੜੋ ਕਿਸੇ ਵੈਦ ਨੂੰ ਸੱਦੋ'। ਸ਼ਰਾਬ ਦੀ ਅਪਦਾ ਦੇ ਮਾਰੇ ਦੀਨ ਤੇ ਦੁਖੀ ਵਿਚਾਰੇ ਵੈਦ ਰਾਜ ਜੀ ਪਾਸ ਪੁੱਜੇ।ਵਡੀ

Digitized by Panjab Digital Library | www.panjabdigilib.org

ਨਿਮਰਤਾ ਨਾਲ ਬੇਨਤੀ ਕੀਤੀ, ਮਹਾਰਾਜ ਇਕ ਰੋਗੀ ਬਹੁਤ ਲਾਚਾਰ ਹੈ, ਆਪ ਕ੍ਰਿਪਾ ਕਰਕੇ ਚੱਲੋ। ਵੈਦਰਾਜ ਜੀ ਬੋਲੇ ਤੁਸੀਂ ਦੋ ਕਿਉਂ ਆਏ, ਇਹ ਸ਼ਗਨ ਅੱਛਾ ਨਹੀਂ, ਇਕ ਜਾਓ ਇਕ ਠਹਿਰੋ। ਜਦ ਉੱਠਕੇ ਤੁਰੇ ਤਾਂ ਅਗੋਂ ਇਕ ਤੀਮੀਂ ਸਿਰ ਖੁੱਲ੍ਹਾ ਤੇ ਹਥ ਵਿਚ ਧੁਖਦੀ ਅੱਗ ਲਈ ਤੁਰੀ ਆਉਂਦੀ ਮਿਲੀ। ਵੈਦ ਜੀ ਬੋਲੇ ਇਹ ਤਾਂ ਸ਼ਗਨ ਬਹੁਤ ਖੋਟਾ ਹੈ। ਇਹ ਕਹਿੰਦੇ ਹੀ ਸਨ ਕਿ ਅਗੋਂ ਬਿੱਲੀ ਲੰਘ ਗਈ, ਫਿਰ ਤਾਂ ਪੱਕਾ ਭਰਮ ਬੱਝ ਗਿਆ, ਥੋੜਾ ਚਿਰ ਬੈਠ ਗਏ। ਪਾਣੀ ਪੀਤਾ, ਜੁੱਤੀ ਝਾੜੀ, ਉੱਠਕੇ ਤੁਰੇ। ਗਲ ਕੀ ਰੋਗੀ ਦੇ ਸਿਰਹਾਣੇ ਪੁੱਜ ਪਏ। ਅੰਦਰ ਵੜਦਿਆਂ ਦੁਰਗੰਧੀ ਨਾਲ ਨੱਕ ਸੜ ਗਿਆ। ਰੋਗੀ ਬੁੜਾਉਂਦਾ, ਸਿਰ ਪਟਕਦਾ ਸੀ ਤੇ ਹਿਡਕੀ ਨਾਲ ਸਾਹ ਅਟਕਦਾ ਸੀ। ਵੈਦ ਜੀ ਨੇ ਨਾੜੀ ਦੇਖੀ, ਬੋਲੇ ਰਕਤ ਪਿਤ ਪ੍ਰਕੋਪ ਹੋਏ ਹਨ, ਪਾਨਾਤਯ ਉਨਮਾਦ, ਹਿਕ੍ਵਾਹਰਿਦ੍ਰਕ ਜ੍ਵਰ ਆਦਿਕ ਉਪਦ੍ਰਵ ਬੀ ਨਾਲ ਹਨ। ਇਹ ਰੋਗ ਤਾਂ ਅਸਾਧ ਹੋ ਚੁਕਾ ਹੈ, ਕੋਈ ਝੱਟ ਦਾ ਪਰਾਹੁਣਾ ਹੈ, ਪਰ ਜਦ ਤਕ ਸ੍ਵਾਸ ਤਦ ਤਕ ਆਸ, ਉਪਾਵ ਤਾਂ ਅਵਸ਼ੱਸ਼ਾਂ ਕਰਨਾ ਚਾਹੀਏ। ਬੱਕਰੀ ਦਾ ਦੁੱਧ ਪਿਲਾਓ; ਮੱਥੇ ਤੇ ਚੰਦਨ ਘਸਾਕੇ ਲਾਓ, ਹਥਾਂ ਪੈਰਾਂ ਤੇ ਮੱਖਣ ਝਸਾਓ, ਕੇਲਿਆਂ ਦੇ ਪੱਤਿਆਂ ਦੀ ਸੇਜਾ ਕਰਾਓ, ਗੁਲਾਬ ਆਦਿਕ ਸੁਗੰਧੀ ਪਦਾਰਥ ਛਿਣਕਾਓ, ਪੱਖਾ ਝਲਾਓ ਅਤੇ ਇਹ ਔਖਧੀ ਕਾੜ੍ਹਕੇ ਪੁਣਕੇ ੧੬ ਮਾਸੇ ਜੌਂ ਖਾਰ ਰਲਾਕੇ ਪਿਲਾਓ। ਇਰੰਡ ਦੀਆਂ ਜੜ੍ਹਾਂ ੩੨ ਮਾਸੇ, ਸੌਂਫ ੩੨ ਮਾਸੇ, ਪਾਣੀ ਸੇਰ ਪੱਕਾ ਉਬਾਲਕੇ ਚੌਥਾ ਹਿੱਸਾ ਰੱਖ ਲਓ।

ਇਸ ਜੁਗਤ ਨਾਲ ਦੋ ਦਸਤ ਆਏ, ਪੀੜ ਕੁਝ ਠਹਿਰੀ, ਚੇਤਨਾ ਫਿਰੀ, ਪਰ ਸੜਨ, ਅਚਵੀ, ਚੀਸਾਂ ਅਜੇ ਬੀ ਬਥੇਰੀਆਂ ਸਨ। ਯਾਰ ਮਿੱਤਰ ਸਹਿਜੇ ਸਹਿਜੇ ਆਪੋ ਆਪਣੇ ਦਾਉ ਭਰੇ ਤੇ ਆਨੇ ਬਹਾਨੇ ਭੁਰਰ। ਦੁਖ ਤਾਂ ਵਿਚਾਰਿਆਂ ਸਨਬੰਧੀਆਂ ਨੂੰ, ਜਿਨ੍ਹਾਂ ਸਵੇਰਦੀਆਂ ਨਾ ਪੱਕੀਆਂ ਨਾ ਖਾਧੀਆਂ। ਇਸੇ ਆਪਦਾ ਵਿਚ ਰਾਤ ਪੈ ਗਈ। ਸ਼ਰਾਬੀ ਜੀ ਬੀ ਉੱਠ ਬੈਠੇ, ਬੈਠਦਿਆਂ ਹਾਇ ਹਾਇ ਦੀ ਦੁਹਾਈ ਮਚ ਗਈ। ਦਰਦ ਗੁਰਦਾ ਨੇ ਦੌਰਾ ਕੀਤਾ। ਅੱਚਵੀ ਇੰਨੀ ਵਧੀ ਕਿ ਜਾਨ ਟੁੱਟਣ ਲਗੀ। ਮਾਂ ਪਿਉ ਨੇ ਦੇਖਿਆ ਕਿ ਹੁਣ ਤਾਂ ਇਹ ਕੋਈ ਘੜੀ ਦਾ ਪਰਾਹੁਣਾ ਹੈ, ਛੇਕੜ ਦੀ ਵਾਹ ਤਾਂ ਲਾ ਲਓ, ਕੋਈ ਜਾਓ ਡਾਕਟਰ ਸਾਹਿਬ ਨੂੰ ਬੁਲਾ ਲਿਆਓ।

ਥੋੜੇ ਚਿਰ ਵਿਚ ਡਾਕਟਰ ਸਾਹਿਬ ਦੀ ਰੱਡੀ ਬੂਹੇ ਤੇ ਆ ਖੜੋਤੀ। ਗੱਡੀਓਂ ਉਤਰੇ, ਅੰਦਰ ਆਏ, ਅਗੋਂ ਆਦਮੀਆਂ ਦੀ ਭੀੜ, ਹਵਾ ਬੰਦ, ਡਾਕੀਆਂ ਦੀ ਮੁਸ਼ਕ ਦੇਖਕੇ ਬੋਲੇ "ਸਭ ਲੋਗ ਬਾਹਰ ਜਾਓ, ਬੋਤ (ਬਹੁਤ) ਖਰਾਬ ਵਾਲਾ ਬੋ ਹੈ, ਫੀਨਾਇਲ ਛਿੜਕੋ, ਬੀਮਾਰ ਮਾਰਨਾ ਮਾਂਗਤਾ ਹੈ? ਬਾਹਰ ਨਿਕਾਲੋ"। ਸ਼ਰਾਬੀ ਜੀ ਨੂੰ ਚੁੱਕਕੇ ਬਾਹਰ ਆਂਦਾ। ਡਾਕਟਰ ਸਾਹਬ ਦੇਖਕੇ ਬੋਲ ਉਠੇ "ਓ ਵੈਲ ਸ਼ਰਾਬ ਪੀਤਾ ਹੈ, ਓ ਡਲੇਰੀਅਮ ਹੈ, (ਅੱਖਾਂ ਵਲ ਵੇਖਕੇ) ਉ ਜਾਂਡਿਸ (ਪਨਰੇਹੁ), ਅਬ ਨਹੀਂ ਜੀਨੇ ਸਕਤਾ ਹੈ, (ਜੀਭ ਦੇਖਕੇ) ਦਰਦ ਵਾਲਾ ਹੈ"। ਸ਼ਰਾਬੀ ਜੀ ਬੋਲ ਉਠੇ: "ਸਾਹਬ! ਪੀੜ ਨਾਲ ਮਰ ਗਿਆ"। (ਹਥ ਨਾਲ ਟੋਹਕੇ) "ਓ ਗੁਰਦੇ ਵਾਲਾ ਦਰਦ ਹੈ, ਟੁਮ ਸ਼ਰਾਬ ਕਿਉਂ ਪੀਤਾ ਹੈ? ਵੈਲ, ਜੀਨਾ ਨਹੀਂ ਮਾਂਗਤਾ? ਅਬੀ ਅਬੀ ਜੋਕ ਦੋ ਦਰਜਨ ਲਗਾਓ, ਪੀਛੇ ਪੋਸਤ ਡੋਡਾ ਪਾਣੀ ਉਬਾਲ ਸੇਕ ਕਰੋ। ਵੈਲ, ਸਮਝ ਲੀਆ?" ਫੇਰ ਲਿੱਖਣ ਫੜੀ ਤੇ ਇਹ

Digitized by Panjab Digital Library | www.panjabdigilib.org

ਨੁਸਖਾ ਲਿਖਿਆ:—

℞

Potassii Acetas		gr. 60
Potassii Nitras		gr. 30
,,	Bicarb	gr. 60
Liq. Amon. Acetas		dr. 2
Liq. Morphia Hydrochl:		dr. 1
Lithii Citras		gr. 30
Spt. Aether Nitr.		dr. 1
Mucilage Gum Acacia:		oz. 1
Aqua	ad	ozs. 6

Sig:-Ft Mist. Mark 6. One mark every 2 hours.

ਪੋਟਾਸੀ ਐਸੀਟਾਸ	੩੦ ਰਤੀ
,, ਨਾਈਟ੍ਰਾਸ	੧੫ ਰਤੀ
,, ਬਾਈਕਾਰਬੁਨਾਸ	੩੦ ਰਤੀ
ਲਿਕੁਰ ਐਮੋਨੀਆ ਐਸੀਟਾਸ	੧੨੦ ਬੂੰਦ
ਲਿਕੁਰ ਮਾਰਫੀਆ ਹਾਈਡ੍ਰੋਕਲੋਰਾਸ	੬੦ ਬੂੰਦ
ਲਿਥਿਆਈ ਸਾਈਟ੍ਰਾਸ	੧੫ ਰੱਤੀ
ਸਪਿਰਟ ਈਥਰ ਨਾਈਟ੍ਰੇਸੀ	੬੦ ਬੂੰਦ
ਮਜ਼ੂਸਲਿਜ ਗਮ ਅਕੇਸ਼ੀਆ	ਅਧ ਛਟਾਂਕ
ਪਾਣੀ	੩ ਛਟਾਂਕ

ਸਭਨਾ ਦਾ ਇਕ ਮਿਕਸਚਰ ਬਣਾਓ ਤੇ ਛੇ ਖੁਰਾਕਾਂ ਦੇ ਨਿਸ਼ਾਨ ਲਾਓ। ਇਕ ਇਕ ਖੁਰਾਕ ਹਰ ਦੋ ਘੰਟੇ ਪਿੱਛੋਂ ਦਿਓ।

ਨੁਸਖਾ ਉਨ੍ਹਾਂ ਦੇ ਹੱਥ ਦਿਤਾ, ਤੇ ਕਿਹਾ, "ਮੈਡੀਕਲ ਹਾਲ ਸੇ ਮੰਗਾਓ ਔਰ ਦੋ ਦੋ ਘੰਟੇ ਬਾਦ ਇਕ ਇਕ ਖੁਰਾਕ ਪਿਲਾਓ। (ਸ਼ਰਾਬੀ ਵਲ) ਖਬਰਦਾਰ, ਕਬੀ ਸ਼ਰਾਬ ਮਤ ਪੀਨਾ, ਪੀਏਗਾ ਮਰ ਜਾਏਗਾ। ਸਲਾਮ ਸਲਾਮ, ਹਮ ਜਾਨਾ ਮਾਂਗਤਾ ਹੈ"। ਗਡੀ ਪੁਰ ਬੈਠੇ ਅਰ ਖੜ ਖੜ ਕਰਦੇ ਔਹ ਗਏ।

ਜਦ ਡਾਕਟਰ ਸਾਹਿਬ ਦੇ ਕਹੇ ਮੁਜਬ ਸਭ ਕੁਝ ਕੀਤਾ ਗਿਆ ਤਾਂ ਕੁਝ ਠਰੁੱਮਾ ਹੋਇਆ, ਪੀੜ ਘਟੀ, ਬ੍ਰਾਂਡੀ ਦਹੀਂ ਦਾ ਅਮਲ ਟੁੱਟਾ, ਨੀਂਦ ਆਈ। ਦਿਨ ਚੜੇ ਫਿਰ ਡਾਕਟਰ ਸਾਹਿਬ ਨੂੰ ਸੱਦਿਆ। ਪੰਜ ਦਸ ਦਿਨ ਦਵਾ ਦਾਰੂ, ਮਲ੍ਹਮ ਪੱਟੀ ਕਰ ਕਰਾਕੇ ਰਾਜੀ ਬਾਜੀ ਨਵੇਂ ਨਰੋਏ ਹੋ ਗਏ।

ਪਰ ਧੁਨ ਦੇ ਪੱਕੇ ਸ਼ਰਾਬੀ ਜੀ ਨੇ ਕੁਝ ਦਿਨ ਹੀ ਬਿਤਾਏ ਹੋਣਗੇ; ਕਿ ਫੇਰ ਕੱਚੇ ਕੁਸ਼ਾਮਤੀਆਂ ਨੇ ਆ ਅੱਡੇ ਲਾਇਆ, ਅਰ ਲਗੇ ਫੇਰ ਰੰਗ ਰਲੀਆਂ ਮਨਾਉਣ। ਇਕ ਦਿਨ ਸ਼ਰਾਬ ਪੀਕੇ ਮਸਤ ਜੁ ਸੁੱਤੇ, ਉਤੋਂ ਵਰਖਾ ਉਤਰ ਪਈ, ਆਪ ਬੇਸੁਧ ਪਏ ਰਾਤ ਭਿਜਦੇ ਰਹੇ। ਅੰਗੂਠੇ ਦੀ ਜੜ੍ਹ ਵਿਚ ਪੀੜ ਉਠੀ, ਅਜਿਹੀ ਕਹਿਰ ਦੀ ਕਿ ਦੂਜੀ ਰਾਤ ਸਭ ਗੰਢਾ ਸੁੱਜਕੇ ਲਗੀਆਂ ਟਾਟਾਂ ਮਾਰਨ। ਪੀੜ ਨੇ ਉਹ ਤਾਰ ਬੱਧੀ ਕਿ ਜਿਸਦੀ ਕੋਈ ਗਿਣਤੀ ਮਿਣਤੀ ਨਹੀਂ। ਜੇ ਕਿਤੇ ਚਿੱਤ ਲੇਟਿਆਂ, ਘੜੀ ਸਹਾਰਾ ਹੋਵੇ ਬੀ ਤਾਂ ਮੰਜੀ ਨਾਲ ਕਿਸੇ ਦੇ ਛੋਂਹਦਿਆਂ ਹੀ ਪੀੜ ਦਾ ਹਨੇਰ ਆ ਜਾਵੇ। ਨਾਲ ਤਪ ਚੜਨ ਲਗ ਗਿਆ ਤੇ ਮੁੜਕੇ ਵਿਚ ਖੱਟੀ ਟੀਟ ਮੁਸ਼ਕ ਪੈ ਗਈ ਅਰ ਵਡੇ ਵਡੇ ਜੋੜ ਬੀ ਸੁੱਜ ਗਏ, ਦਿਨੇ ਤਾਂ ਭਲਾ ਕਿਸੇ ਦੇ ਮੂੰਹ ਮੱਥੇ ਲਗਦਿਆਂ ਝੱਟ ਲੰਘ ਜਾਏ, ਪਰ ਰਾਤ ਕਾਲੀ ਬੋਲੀ ਮੌਤ ਦੀ ਦਿਖਾਲੀ ਦੇਵੇ, ਓੜਕ ਲਚਾਰ ਹੋਕੇ ਫੇਰ ਸਿਆਣੇ ਨੂੰ ਸੱਦਿਆ।ਸਿਆਣੇ ਨੇ ਡਿੱਠਾ ਤੇ ਕਿਹਾ ਕਿ ਇਹ ਤਾਂ ਗੰਠੀਆ (ਨੁਕਰਸ) ਹੋਗਿਆ ਹੈ ਅਰ ਪਹਿਲੇ ਕਦੀ ਆਤਸ਼ਕ ਬੀ ਹੋ ਚੁਕਾ ਹੈ। ਇਹ ਸਭ ਸ਼ਰਾਬ ਦੀ ਕ੍ਰਿਪਾ ਹੈ, ਹੁਣ ਭੀ ਛਡੋ,ਕਿਉਂ ਇਸ ਅਮੋਲਕ ਦੇਹ ਨਿਰਦੋਖ ਨੂੰ ਦੁੱਖ ਦੇਂਦੇ ਹੋ? ਯਾਦ ਰਖੋ ਇਹ ਰੋਗ ਉਮਰ ਭਰ ਨਹੀਂ ਜਾਏਗਾ, ਕਦੀ ਵਧ ਜਾਊ ਕਦੀ ਘਟ ਜਾਊ। ਇਸ ਵੇਲੇ ਦਾ ਇਲਾਜ ਇਹ ਹੈ, ਮਾਜੂਨ ਸੁਰੰਜਾਂ ੨ ਤੋਲੇ ਤ੍ਰਿਫਲੇ ਦੇ ਕਾਹੜੇ ਨਾਲ ਦੋ ਵੇ ਲੈ ਰੋਜ ਖਾਵੇ,

Digitized by Panjab Digital Library | www.panjabdigilib.org

ਦੋ ਦਸਤ ਰੋਜ ਆਉਣਗੇ, ਇਕ ਸਾਤੇ ਵਿਚ ਅਰਾਮ ਆ ਜਾਊ। ਨਹੀਂ ਤਾਂ ਇਕ ਜੁਲਾਬ ਕਰਾਕੇ ਚੋਬ ਚੀਨੀ ਖੁਵਾਓ।ਫੇਰ ਇਸ ਜੁਗਤ ਨਾਲ ਅਰਾਮ ਤਾਂ ਹੋਇਆ ਪਰ ਸ਼ਰਾਬ ਕਿੱਥੋਂ ਛੁਟੇ,ਫੇਰ ਪੀਤੀ, ਰੋਗ ਹੁਰੀਂ ਫੇਰ ਆ ਗਏ। ਹਥਾਂ ਪੈਰਾਂ ਦੀਆਂ ਗੰਢਾਂ ਸੁੱਜ ਸੁੱਜ ਫੋੜਾ ਬਣ ਗਈਆਂ ਤੇ ਪੀੜ ਦੀ ਤਾਂ ਕੋਈ ਹੱਦ ਹੀ ਨਹੀਂ, ਸਿਰ ਹਿੱਲਣ ਲਗ ਗਿਆ,ਹਥ ਕੰਬਣ ਲਗ ਪਏ। ਵਿਚ ਵਿਚ ਰਾਤ ਨੂੰ ਚੋਰੀ ਤਪ ਬੀ ਹੋਣ ਲੱਗਾ। ਸਰੀਰ ਸੁੱਕ ਸੁੱਕ ਕੇ ਪਿੰਜਰ ਨਿਕਲ ਆਇਆ। ਹੌਲੀ ਹੌਲੀ ਹੱਥ ਪੈਰ ਸੌਂ ਗਏ, ਠੰਢਾ ਤੱਤਾ ਹੁਣ ਕੁਝ ਨਹੀਂ ਭਾਸਦਾ,ਦੁਵਾਵਾਂ ਕਰਦੇ ਕਰਦੇ ਹੁੱਟਗਏ,ਰੋਗ ਦਿਨੋਂਦਿਨ ਵਧਦਾ ਹੀ ਗਿਆ। ਓੜਕ ਉਂਗਲਾਂ ਦੇ ਫੋੜੇ ਫਿੱਸ ਗਏ,ਪਾਕ ਤੁਰ ਪਈ,ਤੇ ਮੱਖੀਆਂ ਭਿਣ ਭਿਣ ਕਰਨ ਲੱਗੀਆਂ। ਇਸ ਦਸ਼ਾ ਨੂੰ ਦੇਖ ਕੇ ਬਿਰਾਦਰੀ ਨੇ ਭਾਜੀ ਜਾਂਵੀ ਪਾਣੀ ਪੱਤਲ ਸਭ ਛੇਕ ਦਿਤਾ,ਭਈ ਤੁਮੀਂ ਕੋਹੜੇ ਨੂੰ ਘਰੋਂ ਕਿਉਂ ਨਹੀਂ ਕੱਢਦੇ। ਲਾਚਾਰ ਸਨਬੰਧੀਆਂ ਨੂੰ ਠੂਠਾ ਬਿਸਤਰਾ ਵਖਰਾ ਕਰਨਾ ਪਿਆ।

ਸ਼ਰਾਬੀ ਜੀ ਇਕ ਵੱਖਰੇ ਕੋਠੇ ਵਿਚ ਪਏ ਹੋਏ ਅਨੰਦ ਭੋਗ ਰਹੇ ਹਨ, ਹੱਥਾਂ ਦੀ ਕ੍ਰਿਯਾ ਕੋਈ ਨਹੀਂ ਹੋ ਸਕਦੀ, ਰੋਟੀ ਬੀ ਕੁੱਤੇ ਵਾਂਙੂ ਮੂੰਹ ਨਾਲ ਭੰਨ ਤੋੜਕੇ ਖਾਂਦੇ ਹਨ। ਸਿਆਣੇ ਸਾਰੇ ਇਹੋ ਕਹਿਣ ਕਿ ਕੋਈ ਦਵਾ ਇਸ ਨੂੰ ਗੁਣ ਨਹੀਂ ਕਰ ਸਕਦੀ,ਜਦ ਤਕ ਕਿ ਇਹ ਸ਼ਰਾਬ ਨਹੀਂ ਛੱਡਦਾ। ਤੁਹਾਡਾ ਪੈਸਾ ਐਵੇਂ ਉਜੜ ਰਿਹਾ ਹੈ।ਦੂਜੇ ਇਹ ਰੋਗ ਹੁਣ ਵਿਗੜ ਗਿਆ ਹੈ ਤੇ ਆਤਸ਼ਕ ਦੀ ਜ਼ਹਰ ਇਸਦੇ ਰੋਮ ਰੋਮ ਵਿਚ ਫੈਲ ਗਈ ਹੈ। ਅਖਾਂ ਵਿਚ ਸੁਜ਼ਾਕ ਦੀ ਜ਼ਹਰ ਹੈ। ਇਹ ਅੱਖਾਂ ਇਸ ਦੀਆਂ ਕਦੇ ਹੱਛੀਆਂ ਨਹੀਂ ਹੋਣਗੀਆਂ, ਸਗੋਂ ਇਸੇ ਲਾਲੀ ਫੋਲੇ ਦੇ ਉਹਲੇ ਮੋਤੀਏ ਦਾ ਪਾਣੀ ਉਤਰ ਕੇ ਕੁਝ ਚਿਰ ਤੀਕ ਬੰਦ ਹੋ ਜਾਣਗੀਆਂ। ਅਜੇ ਬੀ ਸ਼ਰਾਬ ਬੰਦ ਕਰੋ, ਭਲਾ ਜੇ ਕੁਝ ਮੋੜਾ ਪੈ ਜਾਏ ਤਾਂ।

ਜਦ ਸ਼ਰਾਬੀ ਦੀ ਸ਼ਰਾਬ ਬੰਦ ਕੀਤੀ ਤਾਂ ਨਾਲ ਭੁੱਖ ਬੰਦਹੋ ਗਈ।ਹਾਇ! ਕਿਡੇ ਸ਼ੋਕ ਦੀ ਗਲ ਹੈ! ਤੁਸੀਂ ਜਾਣਦੇ ਹੋ ਭਾੜੇ ਦੇ ਟੱਟੂ ਨੂੰ ਜਦ ਕੋਟੜੇ ਮਾਰਮਾਰਕੇ ਦੁੜਾਈਏ ਤਾਂ ਮੰਜ਼ਲ ਤੇ ਪਹੁੰਚ ਕੇ ਹੁੱਟ ਜਾਂਦਾ ਹੈ, ਦੂਜੀ ਮੰਜ਼ਲ ਜਾਣ ਜੋਗਾ ਨਹੀਂ ਰਹਿੰਦਾ ਤੇ ਜੇ ਤੁਰੇ ਭੀ ਤਾਂ ਕੋਟੜੇ ਹੀ ਦੇ ਜ਼ੋਰ,ਸੁ ਬੁਰੇ ਹਾਲ। ਇਕੁਰ ਹੀ ਸ਼ਰਾਬ ਰੂਪੀ ਕੋਟੜੇ ਕਰਕੇ ਓਝਰੀ (ਜਾਂ ਭੁੱਖ) ਰੂਪੀ ਟੱਟੂ ਤੇਜ ਹੋ ਜਾਂਦਾ ਹੈ। ਕੱਚਾ ਪੱਕਾ, ਭੱਖ ਅਭੱਖ ਸਭ ਨਿਘੇਰੀ ਜਾਂਦਾ ਹੈ। ਪਰ ਜਦ ਅਮਲ ਟੁੱਟਾ, ਤਦ ਓਹੋ ਖਾਧਾ ਹੋਇਆ ਦੁੱਖ ਰੂਪ ਹੋ ਜਾਂਦਾ ਹੈ।ਹਾਜ਼ਮਾਂ ਵਿਗੜ ਜਾਂਦਾ ਹੈ, ਭੁੱਖ ਮਰ ਜਾਂਦੀ ਹੈ, ਦਸਤ ਮਰੋੜ ਆਦਿਕ ਅਨੇਕ ਰੋਗ ਉਠ ਖੜੋਂਦੇ ਹਨ। ਭੁੱਖ ਦਾ ਅਜਿਹਾ ਬੁਰਾ ਹਾਲ ਹੁੰਦਾ ਹੈ ਕਿ ਦੂਜੇ ਦਿਨ ਬਿਨਾਂ ਸ਼ਰਾਬ ਦੇ ਕੋਟੜੇ ਦੇ ਹੁਣ ਕੁਝ ਖਾ ਹੀ ਨਹੀਂ ਸਕਦਾ। ਅਤੇ ਨਿਤ ਨੇਮੀਆਂ ਦੀ ਭੁੱਖ ਮਰੀਅਲ ਟੱਟੂ ਵਾਂਗੂ ਕੋਟੜੇ ਕਾਟੜੇ ਕੁਝ ਨਹੀਂ ਮੰਨਦੀ, ਕਿਉਂਕਿ ਬਹੁਤ ਕੋਟੜੇ ਖਾ ਖਾ ਕੇ ਹੁੱਟ ਜਾਂਦੀ ਹੈ, ਜੋ ਬੈਠਾ ਸੋ ਬੈਠਾ, ਭਾਵੇਂ ਕੋਟੜਿਆਂ ਨਾਲ ਲਿੱਦ ਨਿਕਲ ਜਾਏ, ਪਰ ਉਠਣਾ ਤਦ,ਜਦ ਵਲੀਆਂ ਵਾਲੇ ਚਾਰ ਉਠਾਉਣ, ਨਹੀਂ ਤਾਂ ਨਹੀਂ। ਇਕੁਰ ਹੀ ਸ਼ਰਾਬੀ ਦੀ ਦਸ਼ਾ ਸਮਝੋ।

ਲਚਾਰ ਫੇਰ ਪੀਣੀ ਪਈ,ਪੀਤੀ,ਨਾਲ ਕੋਈ ਖੱਟੀ ਚੀਜ਼ ਖਾਧੀ ਗਈ, ਰਾਤ ਪੱਸਲੀ ਵਿਚੋਂ ਪੀੜ ਦਾ ਨੇਜ਼ਾ ਵੱਜਣ ਲਗਾ, ਸਵੇਰੇ ਨਿੱਛਾਂ ਆਉਣ ਲਗੀਆਂ, ਨੱਕ ਵਗਣ ਲਗਾ,

Digitized by Panjab Digital Library | www.panjabdigilib.org

ਪਾਲਾ ਲੱਗਣ ਲੱਗਾ। ਖੰਘਾਰਾਂ ਨਾਲ ਸੂਹਾ ਲਹੂ ਦਿੱਸਿਆ, ਡਰਕੇ ਡਾਕਟਰ ਨੂੰ ਸੱਦਿਆ। ਉਸ ਨੇ ਕਿਹਾ ਇਸਦੇ ਫਿਫਰੇ ਦੀ ਨੋਕ ਤੇ ਸੋਜ ਹੋ ਗਈ ਹੈ, ਕੋਈ ਲੰਮੇ ਤੌਖਲੇ ਦੀ ਗਲ ਨਹੀਂ ਕੇਵਲ ਸ਼ਰਾਬ ਦੀ ਕਿਰਪਾ ਹੈ। ਮੁਕਦੀ ਗਲ ਦਵਾ ਦਾਰੂ ਕਰਦਿਆਂ ਚੌਧਵੇਂ ਦਿਨ ਇਸ ਰੋਗੋਂ ਤਾਂ ਬਚੇ, ਪਰ ਖੰਘ ਬਾਕੀ ਰਹਿ ਗਈ।ਅਰ ਕਦੀ ਕਦੀ ਰਾਤ ਨੂੰ ਚੋਰੀ ਤਪ ਬੀ ਹੋ ਜਾਏ, ਮੁੜ੍ਹਕਾ ਪੈ ਜਾਏ, ਖੰਘਾਰਾਂ ਵਿਚ ਥੋੜਾ ਥੋੜਾ ਲਹੂ ਬੀ, ਛਾਤੀ ਪਿੰਜਰ ਤੱਤਾ ਰਹੇ, ਕਦੀ ਕਬਜ਼, ਕਦੀ ਦਸਤ, ਕਦੀ ਢਿਡ ਪੀੜ। ਸਰੀਰ ਸੁੱਕ ਕੇ ਕੰਡਾ ਹੋ ਰਿਆ।

ਹੁਣ ਅੱਖਾਂ ਤੇ ਬੀ ਕ੍ਰਿਪਾ ਦ੍ਰਿਸ਼ਟੀ ਹੋਈ। ਇਕ ਦੀਵੇ ਦੇ ਦੋ ਦੋ ਤਿੰਨਤਿੰਨਦਿਸਣ ਲਗੇ, ਅੰਤ ਨੂੰ ਅੱਖਾਂ ਵਿਚ ਮੋਤੀਆਬਿੰਦ ਆਗਿਆ, ਅਰ ਸ਼ਰਾਬੀ ਜੀ ਅੰਨ੍ਹੇ ਹੋ ਗਏ।

ਇਸ ਹਾਲ ਵਿਚ ਸ਼ਰਾਬੀ ਬਹੁਤ ਹੀ ਦੁਰਗਤ ਹੋ ਗਿਆ, ਜਿਸ ਭਾਂਡੇ ਵਿਚ ਆਪ ਮੂੰਹ ਮਾਰ ਮਾਰ ਕੇ ਖਾਂਦੇ ਹਨ, ਉਸੇ ਵਿਚੋਂ ਇਕ ਪਾਸੇ ਕੁਤੇ ਹੁਰੀਂ ਮੋਹਨ ਭੋਗ ਲਾ ਰਹੇ ਹਨ। ਹਾਇ! ਸ਼ੋਕ! ਅੱਖਾਂ ਨੇ ਭੀ ਇਸ ਬਿਪਤਾ ਵਿਚ ਸਾਥ ਨਾ ਦਿੱਤਾ, ਹਥਾਂ ਨੇ ਬੀ ਅੰਗ ਨਹੀਂ ਪਾਲਿਆ, ਕੁੱਤੇ ਨੂੰ ਕਿਸਤਰ੍ਹਾਂ ਹਟਾਉਣ। ਪਰ ਤੂ ਸ਼ਰਾਬ ਅਜੇ ਬੀ ਅਮਲ ਜਾਨ ਕੇ ਪੀਂਦੇ ਹਨ। ਸਨਬੰਧੀ ਇਸ ਸਮੇਂ ਪਰਮ ਦੁਖੀ ਹੋਏ ਕਰਤਾਰ ਅਗੇ ਬੇਨਤੀਆਂ ਕਰਦੇ ਹਨ ਕਿ ਹੇ ਪਰਮੇਸ਼ਰ ਇਸ ਨੂੰ ਛੇਤੀ ਸਮੇਟ, ਇਸ ਨੂੰ ਆਪਣੇ ਤੇ ਸਾਨੂੰ ਇਸ ਦੇ ਦੁਖਾਂ ਥੋਂ ਛੁਡਾਉ। ਹੇ ਨਿਰੰਕਾਰ! ਇਸ ਦੀਨ ਪਰਮ ਦੁਖੀ ਸ਼ਰਾਬੀ ਪੁਰ ਦਯਾ ਕਰ। ਹੁਣ ਇਹ ਆਪਣੇ ਕੀਤੇ ਕਰਮਾਂ ਦਾ ਫਲ ਰੱਜਕੇ ਭੋਗ ਚੁਕਾ ਹੈ।ਹੇ ਦੀਨਾਬੰਧੂ! ਪਤਤ ਪਾਵਨ! ਇਸ ਨੂੰ ਇਸ ਪਰਤੱਖ ਨਰਕ ਥੀਂ ਛੁਟਕਾਰਾ ਬਖਸ਼, ਇਸ ਵੇਲੇ ਤੇਰੀ ਪਰਮ ਕ੍ਰਿਪਾ ਦਾ ਸਰੂਪ ਮੌਤ ਹੈ ਸੋ ਬਖਸ਼। ਇਤਜਾਦਿਕ ਪ੍ਰਾਰਥਨਾ ਕਰ ਰਹੇ ਹਨ।

ਹਾਇ! ਏਹਓਹ ਮਾਪੇਹਨ, ਜਿਨ੍ਹਾਂ ਤਰਸਤਰਸ ਤੇ ਸੁੱਖਣਾਂ ਸੁੱਖ ਸੁੱਖਕੇ ਇਹ ਲਾਲ ਲੀਤਾ ਸੀ, ਜਿਸ ਦੇ ਜੰਮਣ ਦੀਆਂ ਵਧਾਈਆਂ ਵੰਡਣ ਪੁਰ ਹਜ਼ਾਰ ਰੁਪੱਯਾ ਲੱਗਾ ਸੀ, ਅੱਜ ਉਸੇ ਸੁੱਖੀ ਲੱਧੇ ਲਈ ਮੌਤ ਦਾ ਪੰਘੂੜਾ ਮੰਗ ਰਹੇ ਹਨ। ਜਿਸ ਪੁੱਤ ਦੇ ਕੰਨ ਤੱਤੇ ਹੋਏ ਤੇ ਮਾਂ ਰੇਤ ਦੀ ਮੱਛੀ ਹੁੰਦੀ ਸੀ, ਅੱਜ ਉਸੇ ਦਾ ਮਰਨਾ ਚਿਤਵ ਰਹੀ ਹੈ। ਇਹ ਓਹੋ ਮਾਂ ਹੈ, ਜਿਸ ਦੇ ਸਾਹਮਣੇ ਕਿਸੇ ਦੀ ਤਾਕਤ ਨਹੀਂ ਸੀ ਕਿ ਇਸ ਦੇ ਪੁਤ੍ਰ ਨੂੰ ਕੋਈ 'ਓਇ' ਤਾਂ ਆਖ ਜਾਏ, ਪਰ ਅਜ ਓਹੋ ਮੂੰਹ ਪਾੜ ਪਾੜ ਕੇ ਕਹਿੰਦੀ ਹੈ ਕਿ ਹੁਣ ਇਹ ਮਰ ਜਾਏ। ਕਾਰਨ ਕੀ?

ਸ਼ਰਾਬ। ਹਾਇ! ਇਸ ਸ਼ਰਾਬ ਦੀ ਬੇੜੀ ਗ਼ਰਕ! ਇਸ ਸ਼ਰਾਬ ਦੀ ਇਹ ਦਸ਼ਾ ਅਜਿਹੀ ਦਰਦਨਾਕ ਹੈ ਕਿ ਕਹਿਣ ਨੂੰ ਜੀ ਨਹੀਂ ਕਰਦਾ, ਪਰ ਤੁਸਾਡੇ ਲਾਭ ਲਈ ਕਹਿ ਰਹੇ ਹਾਂ।

ਜਿਹੜਾ ਸਰੀਰ ਪਲ ਪਲ ਕੇ ਅਤਿ ਮੋਟਾ ਹੋ ਗਿਆ ਸੀ, ਹੁਣ ਸ਼ਰਾਬ ਦੀ ਇਡੀ ਕ੍ਰਿਪਾ ਹੋਈ ਕਿ ਸੁੱਕ ਕੇ ਪਿੰਜਰ ਰਹਿ ਗਿਆ। ਜਿਨ੍ਹਾਂ ਅੱਖਾਂ ਵਿਚ ਸ਼ਰਾਬ ਦੀ ਮਸਤੀ ਨਾਲ ਲੋਕ ਪਲੋਕ, ਰਾਜਾ ਪਰਜਾ, ਆਪਣਾ ਬਿਗਾਨਾਂ ਕੁੱਝ ਨਹੀਂ ਸੁੱਝਦਾ ਸੀ, ਹੁਣ ਆਪਣੇ ਹੱਥਾਂ ਨੂੰ ਬੀ ਨਹੀਂ ਦੇਖ ਸਕਦੀਆਂ। ਜਿਨ੍ਹਾਂ ਹੱਥਾਂ ਨਾਲ ਬੋਤਲਾਂ ਦੀਆਂ ਬੋਤਲਾਂ ਖੋਹਲਕੇ ਨਿਘੇਰ ਗਏ, ਹੁਣ ਓਹ ਹੱਥ ਸੁੰਨਵਾਤ, ਕੰਪਵਾਤ, ਕੁਸ਼ਟ ਕਰਕੇ ਗ੍ਰਸਤ ਹਨ, ਠੰਢੇ ਤੱਤੇ ਥੋਂ ਸੁੰਨ। ਸਰੀਰ ਕੰਬ ਰਿਹਾ ਹੈ, ਪਾਕ ਵਰਗ ਰਹੀ

Digitized by Panjab Digital Library | www.panjabdigilib.org

ਹੈ, ਉਂਗਲਾਂ ਝੜ ਚੁਕੀਆਂ ਹਨ। ਥਾਓਂ ਥਾਈਂ ਗੜੁੰਮੀਆਂ ਪ੍ਰਗਟ ਹਨ। ਜਿਨ੍ਹਾਂ ਲੱਤਾਂ ਨਾਲ ਤੁਰਕੇ ਸ਼ਰਾਬ ਖਾਨੇ ਸ਼ਰਾਬ ਖਰੀਦਣ ਅਥਵਾ ਸ਼ਰਾਬੀਆਂ ਦੇ ਨਾਲ ਸ਼ਰਾਬ ਪੀਣ, ਸੈਲ ਕਰਨ, ਵੱਡੇ ਦੰਗ ਦਵਾਲ ਨਾਲ ਅੰਡੇ ਬੈਂਡੇ, ਟੇਢੇ ਟੇਢੇ ਚਲਦੇ ਹੁੰਦੇ ਸਨ, ਉਹੋ ਟੰਗਾਂ ਹਿੱਲਣ ਜੋਗੀਆਂ ਨਹੀਂ। ਜਿਸ ਛਾਤੀ ਵਿਚ ਮੱਟਾਂ ਦੇ ਮੱਟ ਸ਼ਰਾਬ ਸਮਾ ਗਈ, ਹੁਣ ਓਹ ਅੰਦਰੋਂ ਪਾਟ ਗਈ, ਦਬਾ ਦਬ ਲਹੂ ਖੰਘਾਰਾਂ ਨਾਲ ਆਈ ਜਾਂਦਾ ਹੈ। ਬਾਹਰੋਂ ਹੱਥ ਲਾਓ ਤਾਂ ਹਰ ਵੇਲੇ ਤੱਤੀ, ਖੰਘ ਵੇਲੇ ਕੁੱਤੇ ਵਾਂਙੂ ਘਰਕਣੀ ਚੜ੍ਹ ਜਾਂਦੀ ਹੈ। ਜਿਸ ਚਿਹਰੇ ਤੇ ਸ਼ਰਾਬ ਦੀਆਂ ਲਾਲੀਆਂ ਚੜ੍ਹੀਆਂ ਸਨ, ਉਹ ਸੇਉ ਵਰਗਾ ਚਿਹਰਾ ਹੁਣ ਮਹਾਂ ਕਰੂਪ ਤੇ ਤ੍ਰੋਲੀਆਂ ਨਾਲ ਠੰਢਾ ਠਾਰ ਹੈ। ਜਿਸ ਸ਼ਰਾਬ ਦੀ ਕ੍ਰਿਪਾ ਨਾਲ ਝੂਠੀ ਭੁੱਖ ਵੇਲੇ, ਕੱਚੇ ਪੱਕੇ, ਭੱਖਅਭੱਖ ਪਦਾਰਥ ਨਿੱਘਰਦੇ ਹੁੰਦੇ ਸਨ, ਹੁਣ ਉਸ ਆਫਰੇ ਹੋਏ ਢਿਡ ਵਿਚ ਫੁੱਲੀ ਦਾ ਡੋਡਾ ਭੀ ਨਹੀਂ ਲੰਘਦਾ।

ਕੋਠਿਓਂ ਆਕੇ ਮੁੱਛਾਂ ਨੂੰ ਅਤਰ ਲਗਦੇ ਹੁੰਦੇ ਸਨ, ਦੂਜੇ ਦਿਨ ਕਪੜਿਆਂ ਵਿਚੋਂ ਪਸੀਨੇ ਦੀ ਥੋ ਤੇ ਨਕ ਵਿੱਚੋਂ ਵਠੂੰਹੇਂ ਡਿਗਦੇ ਹੁੰਦੇ ਸਨ, ਹੁਣ ਸੱਥਰ ਤੇ ਪਏ ਪਏ ਹੀ ਦਸਤ ਫਿਰਕੇ ਪਾਸੇ ਪਰਤਦਿਆਂ ਲੇਬੂ ਪੇਬੂ ਹੋ ਰਹੇ ਹਨ। ਦੁਰਗੰਧੀ ਇਤਨੀ ਕਿ ਉਸ ਕੋਠੇ ਵਿਚ ਕੋਈ ਖੜੋ ਨਹੀਂ ਸਕਦਾ। ਮੱਖੀਆਂ ਦੀ ਭਿਣ ਭਿਣਾਹਟ ਹੱਦੋਂ ਬਾਹਰੀ। ਕਿਸੇ ਕਿਸੇ ਵੇਲੇ ਪਾਣੀ ਪਾਣੀ ਪੁਕਾਰ ਉਠਦੇ ਹਨ, ਤਾਂ ਕੋਈ ਸਨਬੰਧੀ ਰੱਬ ਤਰਸੀ ਨਕ ਮੂੰਹ ਵੱਟਕੇ, ਉਚਾ ਹੱਥ ਕਰਕੇ ਪਾਣੀ ਦੀ ਚੁਲੀ ਪਾ ਦਿੰਦਾ ਹੈ, ਪਰ ਕੁਝ ਮੂੰਹ ਵਿਚ, ਕੁਝ ਨੱਕ ਵਿਚ, ਕੁਝ ਅੱਖਾਂ ਵਿਚ ਤੇ ਕੁਝ ਗਿੱਚੀ ਉਤੇ ਜਾ ਪੈਂਦਾ ਹੈ। ਹਾਇ ਕਿੱਡਾ ਸ਼ੋਕ ਹੈ! ਕਿ ਇਡੀ ਦੁਰਦਸ਼ਾ ਵਿਚ ਬੀ ਪ੍ਰਾਣ ਨਹੀਂ ਨਿਕਲਦੇ ਅਤੇ ਨਾਂ ਹੀ ਸ਼ਰਾਬ ਦੀ ਇੱਛਾ ਦੂਰ ਹੁੰਦੀ ਹੈ!!!

[ਪਯਾਰੇ ਪਾਠਕੋ! ਜਿਸਤਰ੍ਹਾਂ ਇਸ ਸ਼ਰਾਬੀ ਦੀ ਦੁਰਦਸ਼ਾ ਦੇ ਲਿਖਣ ਵਿਚ ਸਾਡੀ ਕਲਮ ਹੇਠ ਕੇਰ ਰਹੀ ਹੈ, ਇਕੁਰ ਹੀ ਪੜ੍ਹਨ ਵੇਲੇ ਤੁਹਾਡੀਆਂ ਅੱਖਾਂ ਬੀ ਤਰ ਬਤਰ ਹੋਣਗੀਆਂ, ਪਰ ਕੀ ਕੀਤਾ ਜਾਏ, ਸਾਨੂੰ ਇਸ ਗ੍ਰਾਮ ਭਰੀ ਸਾਖੀ ਦਾ ਵਰਣਨ ਕਰਨਾ ਜ਼ਰੂਰੀ ਹੈ ਤੇ ਆਪ ਨੂੰ ਪੜ੍ਹਨਾ ਜ਼ਰੂਰੀ।]

ਇਸ ਮਲੀਨ ਦਸ਼ਾ ਵਿਚ ਕਿਰਮ ਚਲ ਪਏ, ਨੱਕ ਥਾਣੀ ਕਚਲਹੂ ਜਾਰੀ ਹੈ, ਅੱਖਾਂ, ਮੂੰਹ, ਨੱਕ ਸੁੱਜ ਕੇ ਭੜੋਲਾ ਹੋ ਗਏ, ਕੀੜਿਆਂ ਨੱਕਦੀ ਕੋਠੀ ਪੁਰਲ ਪੁਰਲ ਖਾ ਕੱਢੀ, ਦੁਰਗੰਧੀ ਹੋਰ ਬੀ ਵਧ ਗਈ। ਤਾਲੂ, ਸੰਘ, ਜੀਭ, ਦੰਦ ਸੱਭ ਸਫਨ ਸਫਾ। ਸਿਰ ਮੂੰਹ ਸੁੱਜਕੇ ਤੁਹਲ ਮੁਹਲ ਹੋ ਗਿਆ। ਲਹੂ, ਕੀੜੇ, ਦਸਤ, ਕੂੜਾ ਕਰਕਟ ਆਦਿਕ ਚੀਜ਼ਾਂ ਦੀ ਸੜਾਂਦ ਅਜਿਹੀ ਖਿਲਰੀ ਕਿ ਗੁਆਂਢੀਆਂ ਦੇ ਨੱਕ ਸੜ ਉਠੇ, ਲਗੇ ਸ਼ਰਾਬੀ ਦੇ ਸਨਬੰਧੀਆਂ ਨਾਲ ਗਾਲੀ ਗਲੂਚ ਹੋਣ, ਭਈ 'ਤੁਸੀਂ ਕਿਉਂ ਨਹੀਂ ਇਸ ਕੋਹੜੇ ਨੂੰ ਚੂੜ੍ਹਿਆਂ ਥੋਂ ਚੁਕਾਕੇ ਕਿਤੇ ਬਾਹਰ ਲੈ ਜਾਂਦੇ। ਇਹ ਕੋਠਾ ਸਾਫ ਕਿਉਂ ਨਹੀਂ ਕਰਦੇ! ਤੁਸੀਂ ਰਤਾ ਨਹੀਂ ਸੋਚਦੇ ਕਿ ਮਹੱਲੇ ਵਿਚ ਬੀਮਾਰੀ ਖਿੱਲਰ ਜਾਏਗੀ? ਦੇਖੋ ਕਿਡੇ ਹਨੇਰ ਦੀ ਦੁਰਗੰਧੀ ਹੈ, ਕੀ ਤੁਹਾਡੇ ਨੱਕ ਹੈ ਨਹੀਂ? ਮਹੱਲਾ ਸਾਰਾ ਤ੍ਰਾਸ ਤ੍ਰਾਸ ਕਰ ਉੱਠਿਆ ਹੈ, ਤੁਹਾਡੇ ਖਬਰ ਨਹੀਂ ਮਗਜ਼ ਬੀ ਮਰ ਗਏ ਹਨ। ਨਹੀਂ ਤਾਂ ਅਸੀਂ ਸਰਕਾਰੇ ਖਬਰ ਕਰਦੇ ਹਾਂ, ਪੁਲਸ ਵਾਲੇ ਆਕੇ ਆਪੇ ਸਮਝਾ ਲੈਣਗੇ।' ਉਹ ਵਿਚਾਰੇ ਇਹੋ ਜਿਹੇ ਕਰੜੇ ਬਚਨ ਸੁਣ

Digitized by Panjab Digital Library | www.panjabdigilib.org

ਕੈ, ਹਥ ਜੋੜ ਰੋ ਰੋ ਕਹਿਣ ਲਗੇ, 'ਪਰਮੇਸ਼ੁਰ ਨਾ ਕਰੇ ਜੋ ਕਿਸੇ ਦੇ ਘਰ ਸ਼ਰਾਬੀ ਜੰਮੇ, ਉਹ ਮਾਂ ਔਤ ਮਰ ਜਾਏ, ਜਿਹਦੇ ਘਰ ਸ਼ਰਾਬੀ ਦੇ ਜੰਮਣਾ ਹੋਵੇ। ਦੇਖੋ ਪਹਿਲੇ ਇਸ ਸ਼ਰਾਬ ਖਾਨਾ ਖਰਾਬ ਨੇ ਸਾਡੇ ਧਨ ਨੂੰ ਹੂੰਝਾ ਫੇਰਿਆ, ਦੁੱਖ ਨੇ ਅਜਿਹੀ ਕੀਤੀ ਕਿ ਹਕੀਮਾਂ ਤੇ ਦਵਾਵਾਂ ਦੇ ਮੂੰਹ ਰਹਿੰਦੇ ਖੂੰਹਦੇ ਕੰਗਾਲ ਹੋ ਗਏ, ਇਸ ਦੀ ਟਹਿਲ ਤੋਂ ਕੋਈ ਝੱਟ ਵਿਹਲ ਹੋਵੇ ਤਾਂ ਰੁਜ਼ਗਾਰ ਕਰੀਏ,ਅਜ ਕਿੰਨੇ ਦਿਨਾਂ ਤੋਂ ਅਸਾਂ ਚੁੱਲ੍ਹੇ ਅੱਗ ਨਹੀਂ ਪਾਈ। ਉਹ ਤਾਂ ਦੁਖੀ ਹੈ ਆਪਣੇ ਕੀਤੇ ਨੂੰ ਪਾ ਰਿਹਾ ਹੈ, ਪਰ ਜਿੰਨੇਕੁ ਅਸੀਂ ਦੁਖੀ ਹੋਏ ਹਾਂ,ਪਰਮੇਸ਼ੁਰ ਸਿਰ ਦੇ ਵੈਰੀ ਨਾਲ ਵੀ ਨਾ ਕਰੇ। ਦਿਨ ਰਾਤ ਪਰਮੇਸ਼ੁਰ ਅਗੇ ਪਏ ਬੇਨਤੀਆ ਕਰਦੇ ਹਾਂ ਕਿ ਕਿਵੇਂ ਇਸ ਦੀ ਜਾਨ ਛੇਤੀ ਕੱਢ,ਪਰ ਜਿਹੜਾ ਕੋਈ ਹੋਰ ਦੁਖ ਇਸਨੇ ਦੇਖਣਾ ਹੈ, ਸੋ ਇਸੇ ਹੀ ਦੇਖਣਾ ਹੈ, ਸਾਡੇ ਕੀ ਵੱਸ।ਹੁਣ ਅੱਜ ਦੀ ਰਾਤ ਸਾਨੂੰ ਰੱਬ ਦੇ ਵਾਸਤੇ ਬਖਸ਼ੋ, ਸਵੇਰੇ ਇਸ ਨੂੰ ਕਿਤੇ ਬਾਹਰ ਚੱਲ ਲਿਟਾਵਾਂਗੇ ਤੇ ਪ੍ਰਾਣਾਂਤ ਤਕ ਪਾਸ ਬੈਠਾਂਗੇ, ਅਗੇ ਜੋ ਭਾਗ'।

ਖੈਰ ਜਿਵੇਂ ਕਿਵੇਂ ਹਮਸਾਏ ਟਲੇ।ਇੰਨੇ ਤਕ ਹਨੇਰੀ ਆ ਗਈ,ਅਧੀਕੁ ਰਾਤ ਵੇਲੇ ਘਨਛਤ ਹੋਗਿਆ,ਬਿਜਲੀ ਇਸ ਕੜਕੇ ਨਾਲ ਕੜਕੀ ਕਿ ਕੰਧਾਂ ਕੋਠੇ ਸਭ ਹਿੱਲ ਗਏ।ਛਤ ਵਿਚੋਂ ਇਕ ਕਾਲਾ ਮੋਟਾ ਜਿਹਾ ਵਠੂੰਹਾਂ ਡਿੱਗਾ ਤੇ ਸ਼ਰਾਬੀ ਦੀਛਾਤੀ ਉਤੇ ਡਿੱਗਦਿਆਂ ਹੀ ਡੰਗ ਮਾਰਿਆ। ਇਸ ਵੇਲੇ ਦਾ ਦੁੱਖ ਸ਼ਰਾਬੀ ਹੀ ਜਾਣਦਾ ਹੈ, ਸੱਚ ਕਿਹਾ ਹੈ "ਜਿਸ ਤਨ ਲਗੀ ਸੋ ਤਨ ਜਾਣੇ, ਕਉਣ ਜਾਣੈ ਪੀਰ ਪਰਾਈ"। ਇਸ ਤੜਫਣੀ ਵਿਚ ਇਕ ਕਨਕੌਲ ਕੰਨ ਦੇ ਅੰਦਰ ਵੜ ਗਈ। ਪਾਸ ਕੋਈ ਨਹੀਂ ਜੋ ਇਸ ਵੇਲੇ ਕੁਝ ਸਹਾਇਤਾ ਕਰੇ, ਹਿੰਮਤ ਹੈ ਨਹੀਂ ਜੋ ਕੁਝ ਹੀਲਾ ਆਪ ਹੀ ਕਰਨ, ਹੱਥ ਹੈ ਨਹੀਂ ਜੋ ਕੰਨ ਵਿਚ ਉਂਗਲੀ ਹੀ ਫੇਰਨ ਜਾਂ ਛਾਤੀ ਤੋਂ ਬਿਛੂ ਹੀ ਹਟਾ ਸਕਣ । ਉਪਰੋਂ ਵਰਖਾ ਮੋਹਲੇ ਧਾਰ ਵੱਸ ਰਹੀ ਹੈ, ਪਵਨ ਇਡੇ ਵੇਗ ਨਾਲ ਚਲਦੀ ਹੈ ਕਿ ਮਾਨੋਂ ਹਨ੍ਹੇਰੀ ਦੇ ਗੱਡੇ ਚੜ੍ਹੀ ਹੈ, ਬਿਜਲੀ ਇਕੁਰ ਕਹਿਰ ਨਾਲ ਗੱਜ ਰਹੀ ਹੈ ਕਿ ਮਾਨੋਂ ਅਕਾਸ਼ ਪਾਟਣ ਲਗਾ ਹੈ। ਵਡੇ ਅਫਸੋਸ ਦੀ ਗਲ ਹੈ ਕਿ ਸ਼ਰਾਬੀ ਦਾ ਸਮਾਂ ਐਵੇਂ ਹੀ ਜਾ ਰਿਹਾ ਹੈ, ਜੇ ਇਸ ਵੇਲੇ ਕੁਝ ਬੀ ਹਿੰਮਤ ਹੁੰਦੀ ਤਾਂ ਦੋ ਚਾਰ ਗਿਲਾਸ ਜ਼ਰੂਰ ਹੀ ਉਡਦੇ।

ਉਹ ਕੋਠਾ ਕੁਝ ਪਹਿਲੇ ਹੀ ਟੁੱਟਾ ਫੁੱਟਾ ਸੀ, ਵਰਖਾ ਦੀ ਝੰਬ ਨਾਲ ਅੰਦਰ ਬਾਹਰ ਉਤੇ ਸਾਰੇ ਪਾਣੀ ਠਹਿਰ ਗਿਆ, ਸ਼ਤੀਰ ਹੇਠਲਾ ਕੌਲਾ ਫਿੱਸ ਗਿਆ, ਧੜਾਧੜ ਛਤ ਡਿੱਗ ਪਈ, ਸ਼ਤੀਰ ਸ਼ਰਾਬੀ ਦੀ ਛਾਤੀ ਤੇ। ਭਾਵੇਂ ਇਸ ਦੇ ਪ੍ਰਾਣ ਅਜੇ ਨਿਕਲਨ ਵਾਲੇ ਨਹੀਂ ਸਨ,ਪਰ ਸ਼ਤੀਰ ਬਹੁਤ ਭਾਰਾ ਸੀ, ਪਿੰਜਰ ਫਿੱਸ ਗਿਆ, ਸਰੀਰ ਛੱਤ ਦੇ ਮਿੱਟੀ ਘੱਟੇ ਵਿਚ ਦੱਬਿਆ ਗਿਆ,ਸ਼ਰਾਬੀ ਦਾ ਆਤਮਾ ਨਿਕਲਕੇ ਲਗਾ ਕਲਾਲਖਾਨੇ ਦੀਆਂ ਬੋਤਲਾਂ ਦਾ ਮੂੰਹ ਦੇਖਣ ਕਿ ਕਿਸੇ ਬੋਤਲ ਦਾ ਡੱਕਾ ਬਣਕੇ ਹੀ ਟਿਕ ਜਾਵਾਂ ।

—o—

ਛੀਵਾਂ ਦੌਰ

ਪੰਜਵਾਂ ਦੌਰ ਮੁਕਾਕੇ ਸਿੰਘ ਸਾਹਿਬ ਜੀ ਨੇ ਠੰਢੇ ਠੰਢੇ ਪਾਣੀ ਦਾ ਇਕ ਗਿਲਾਸ ਪੀਤਾ, ਅਰ ਫੇਰ ਇਉਂ ਉਚਰੇ:—

ਇਕ ਫੌਜ ਵਿਚ ਇਕ ਰਸਾਲਦਾਰ ਸਾਹਿਬ ਸਨ, ਜੋ ਸ਼ਰਾਬ ਦੇ ਹੱਥ ਅਜਿਹੇ ਵਿਕੇ ਕਿ ਦਿਨ ਰਾਤ ਮਸਤ।ਇਥੋਂ ਤਕ ਕਿ ਨਿੱਕੇ ਨਿੱਕੇ

Digitized by Panjab Digital Library | www.panjabdigilib.org

ਬੱਚਿਆਂ ਨੂੰ ਗੁੜ੍ਹਤੀ ਵੀ ਸ਼ਰਾਬ ਦੀ ਹੀ ਦਿਤੀ ਹੋਰ ਤਾਂ ਹੋਰ ਵਹੁਟੀ ਨੂੰ ਵੀ ਸ਼ਰਾਬਣ ਕਰ ਦਿਤਾ। ਜਿੰਨੀ ਤਨਖਾਹ ਆਵੇ ਸਾਰੀ ਕਲਾਲ ਖਾਨੇ। ੩੩ ਵਰ੍ਹੇ ਦੀ ਨੌਕਰੀ ਵਿਚ ਇੰਨੀ ਕਮਾਈ ਬੀ ਨਾ ਹੋਈ ਕਿ ਇਕ ਮਕਾਨ ਹੀ ਬਣਾ ਲੈਂਦੇ। ਬੁੱਢਾ ਵਾਰਾ ਆ ਗਿਆ, ਪਿਨਸ਼ਨ ਮਿਲ ਗਈ, ਸਰਕਾਰ ਨੇ ਇਕ ਦੋ ਬਹਾਦਰੀਆਂ ਦੇ ਕਾਰਨ ਕੁਝ ਜ਼ਮੀਨ ਦਿੱਤੀ, ਉਸ ਨੂੰ ਅਬਾਦ ਕਰਨ ਵਿਚ ਜੋ ਖਰਚ ਉਠਿਆ ਤਾਂ ਜੱਦੀ ਪਿੰਡ ਬੀ ਗਹਿਣੇ ਪੈ ਗਿਆ। ਉਪਰੋਥਲੀ ਇਕ ਧੀ ਤੇ ਇਕ ਪੁੱਤ ਦਾ ਵਿਆਹ, ਬਸ ਫੇਰ ਕੀਹ ਸੀ, ਪਿਉ ਦਾਦੇ ਦੀ ਬਣਾਈ ਜਾਇਦਾਦ ਸਭ ਭੋਗ ਦੇ ਭਾੜੇ ਉਡ ਗਈ। ਸਰਕਾਰੀ ਮਿਲੀ ਜ਼ਮੀਨ ਬੀ ਸ਼ਾਹਾਂ ਦੇ ਪੇਟੇ ਪੈ ਗਈ।ਹੁਣ ਇਤੇ ਵਡੇ ਸ਼ਰਾਬੀ, ਟੱਬਰ ਦਾ ਗੁਜ਼ਾਰਾ ਪਿਨਸ਼ਨ ਪੁਤ ਕਿੱਕੁਰ ਟੱਪੇ, ਅਠਾਂ ਅੱਠਾਂ ਵਰ੍ਹਿਆਂ ਦੇ ਬਾਲ ਪਉਆ ਪਉਆ ਨਿਘੇਰ ਜਾਣ।ਇਸ ਲਈ ਹੋਰ ਵਾਹ ਤਾਂ ਕੋਈ ਨਾ ਗਈ, ਪਰ ਜੂਆ ਖੇਡਣ ਲਗ ਗਏ। ਪਹਿਲੇ ਪਹਿਲ ਤਾਂ ਜੁਆਰੀਆਂ ਨੇ ਇਨ੍ਹਾਂ ਨੂੰ ਖੂਬ ਜਿਤਾਇਆ, ਪਰ ਪਿੱਛੋਂ ਰਾਜਾ ਨਲ ਵਾਲੀ ਹਾਰ ਸ਼ੁਰੂ ਹੋਈ। ਘਰ ਬਾਹਰ ਬੀ ਦਾਉ ਪਾਸਿਆਂ ਤੇ ਪੰਜਿਆਂ ਛੱਕਿਆਂ ਤੇ ਉਡ ਗਏ। ਇਸਵੇਲੇ ਰਸਾਲਦਾਰ ਸਾਹਿਬ ਅਜਬ ਕੁੜੱਕੀ ਵਿਚ ਫਸੇ। ਸ਼ਰਾਬ ਦਾ ਖਰਚ, ਖਾਣ ਪੀਣ, ਗੱਡੀ ਘੋੜੇ ਦਾ ਖਰਚ, ਉਪਰੋਂ ਰੋਜ ਦੀ ਜੂਏ ਦੀ ਹਾਰ ਤੇ ਜੱਦੀ ਜਾਇਦਾਦ ਅਰ ਗਹਿਣਾ ਗੱਟਾ ਕੱਖ ਨਹੀਂ, ਜਿਸਦੇ ਆਸਰੇ ਗੁਜ਼ਾਰਾ ਤੋਰਨ। ਬਹੁਤ ਚਿਰ ਸੋਚ ਵਿਚਾਰ ਅਰ ਤੰਗ ਹੋਕੇ ਚੋਰਾਂ ਨਾਲ ਆਂਟ ਸਾਂਟ ਰਲਾਈ। ਕਿੰਨਾਂ ਚਿਰ ਹੀ ਲੋਕਾਂ ਦੇ ਘਰ ਭੰਨਦੇ ਰਹੇ ਅਰ ਸ਼ਰਾਬ ਉੱਡਦੀ ਰਹੀ। ਧੰਨ ਜਨਮ ਹੈ ਇਹੋ ਜਿਹੇ ਮਹਾਤਮਾ ਦਾ! ਰਸਾਲਦਾਰ! ਜਿਸ ਨੇ ਲੜਾਈਆਂ ਵਿਚ ਬਹਾਦਰੀ ਦਾ ਖਿਤਾਬ ਲੀਤਾ, ਜੇ ਤਗਮੇ ਲਟਕਾਏ ਤਾਂ ਸਾਰੀ ਛਾਤੀ ਭਰ ਜਾਏ, ਲਾਟ ਸਾਹਿਬ ਦੇ ਦਰਬਾਰ ਜਿਸ ਨੂੰ ਕੁਰਸੀ ਮਿਲੇ, ਹਾਇ ਇਸ ਸ਼ਰਾਬ ਕੌਰ ਦੀ ਬਦੌਲਤ ਰਾਤ ਨੂੰ ਗਰੀਬਾਂ ਤੇ ਮਿਹਨਤੀਆਂ ਦੀ ਕਮਾਈ ਨੂੰ ਧੜਕਦੇ ਦਿਲ ਤੇ ਫਿਟਕਾਰ ਦੇ ਅੰਤਸ਼ਕਰਨ ਨਾਲ ਚੁਰਾਉਣ ਜਾਂਦਾ ਹੈ, ਅਰ ਬਹਾਦਰ ਦੀ ਥਾਂ ਕਾਲਾ ਚੋਰ ਬਣ ਗਿਆ ਹੈ! ਅਫਸੋਸ, ਇਸ ਦੁਰਗਤੀ ਨੂੰ ਪਹੁੰਚ ਕੇ ਬੀ ਸ਼ਰਾਬ ਨਹੀਂ ਛਟਦੀ!!! ਇਸ ਗਲ ਦਾ ਪਤਾ ਨਹੀਂ ਕਿ ਕਿਉਂ ਮੂੰਹੋਂ ਮੂੰਹ ਦੁਖ ਉਠਾਂਦੇ ਮੁਸੀਬਤਾਂ ਝੱਲਦੇ ਸ਼ਰਾਬੀ ਸ਼ਰਾਬ ਨਹੀਂ ਛਡਦੇ? ਸਾਨੂੰ ਇਹ ਜਾਪਦਾ ਹੈ ਕਿ ਸ਼ਰਾਬ ਦਾ ਸੁਆਦ ਕੁੱਤੇ ਦੇ ਮੂੰਹ ਹਡੀ ਵਰਗਾ ਹੈ। ਜਿਉਂ ਜਿਉਂ ਉਹ ਹੱਡੀ ਚਿੱਥਦਾ ਹੈ, ਮੂੰਹ ਪਾਟਕੇ ਲਹੂ ਨਿਕਲਦਾ ਹੈ, ਉਸੇ ਲਹੂ ਨੂੰ ਉਹ ਹਡੀ ਵਿਚੋਂ ਨਿਕਲਿਆ ਸਮਝ ਕੇ ਦੱਬੀ ਜਾਂਦਾ ਹੈ। ਉਹੋ ਦਸ਼ਾ ਸ਼ਰਾਬੀ ਦੀ ਹੈ। ਗੱਲ ਕੀ ਜਦ ਰਸਾਲਦਾਰ ਸਾਹਿਬ ਨੂੰ..... ਪਤਾ ਲਗਾ ਕਿ ਪੁਲਸ ਨੂੰ ਸਾਡੀ ਸੁੰਧਕ ਲੱਗੀ ਹੈ, ਤਾਂ ਹਿੰਦੁਸਤਾਨ ਨੂੰ ਨੱਸ ਗਏ ਅਰ ਉਥੋਂ ਦੇ ਇਕ ਨਾਮੀ ਧਾੜਵੀ ਦੇ ਜਥੇ ਵਿਚ ਰਲ ਗਏ,.....ਚੋਰ ਥੋਂ ਬਟਮਾਰ ਬਣੇ। ਇਸ ਨਵੀਂ ਦਸ਼ਾ ਵਿਚ ਆਪ ਨੇ ਸ਼ਰਾਬ ਦੀ ਬੜੀ ਮੌਜ ਲੁਟੀ, ਪੀਣ ਨ੍ਹਾਉਣ ਜੋ ਚਾਹੁਣ ਸੋ ਕਰਨ, ਪਰ ਇਸ ਮੌਜ ਦੇ ਬਦਲੇ ਰਸਾਲਦਾਰ ਨੂੰ, ਜੋ ਪਰਜਾ ਦੀ ਰਖਜਾ ਕਰਨ ਦੇ ਬਦਲੇ ਪਿਨਸ਼ਨ ਪਾ ਰਹੇ ਹਨ, ਕਈ ਅਨਾਥ ਬਾਲਾਂ ਦੇ ਲਹੂ ਵਿਚ ਹੱਥ ਰੰਗਣੇ ਪਏ, ਕਈ ਬੇਵਸ ਤੇ ਗਰੀਬ ਤੀਮੀਆਂ ਦੇ ਲਹੂ ਨ੍ਹਾਉਣਾ ਪਿਆ, ਕਈ ਥਾਂਕੇ ਤੇ ਛੈਲ

Digitized by Panjab Digital Library | www.panjabdigilib.org

ਜਵਾਨਾਂ ਦਾ ਖ਼ੂਨ ਆਪਣੀ ਗਰਦਨ ਤੇ ਚੁੱਕਣਾ ਪਿਆ; ਅਣਗਿਣਤ ਸੁਹਾਗਣਾਂ ਨੂੰ ਰੰਡੇਪੇ ਵਿਚ ਦਾਹੁਣਾ ਤੇ ਬਿਓੜਕ ਬਾਲਾਂ ਦੇ ਸਿਰੋਂ ਮਾਤਾ ਪਿਤਾ ਦੀ ਛਾਂ ਹਟਾ ਕੇ ਮੁਸੀਬਤਾਂ ਦੀ ਧੁੱਪੇ ਸਾੜਨਾ ਪਿਆ। ਕੁਝ ਕਾਲ ਇਸ ਪਾਪ ਦੇ ਸਮੁੰਦਰ ਵਿਚ ਗੋਤੇ ਲਾਉਂਦਿਆਂ ਬੀਤ ਗਿਆ, ਫੇਰ ਬੁਢਾਪੇ ਨੇ ਆ ਜ਼ੋਰ ਪਾਇਆ। ਇਸ ਕੰਮ ਥੋਂ ਬੀ ਹੱਥ ਪੈਰ ਜਵਾਬ ਦੇ ਚੱਲੇ। ਇਸ ਕਮਜ਼ੋਰੀ ਦੇ ਕਾਰਣ ਇਕ ਦਿਨ ਪੁਲਸ ਦੇ ਹੱਥੇ ਚੜ੍ਹ ਗਏ, ਰਾਤ ਨੂੰ ਹਵਾਲਾਟ ਵਿਚ ਆਪਣੀ ਦੁਰਦਸ਼ਾ ਪੁਰ ਵਿਚਾਰ ਕਰਨ ਲਗੇ। ਉਸ ਵੇਲੇ ਸਾਰੇ ਕੀਤੇ ਹੋਏ ਪਾਪ ਅੱਖਾਂ ਅਗੇ ਫਿਰਨ ਲਗੇ, ਅਰ ਸ਼ਰਮ ਨੇ ਉਹ ਗੋਤੇ ਮੁੜ੍ਹਕੇ ਦੇ ਸਮੁੰਦਰ ਵਿਚ ਦਿੱਤੇ ਕਿ ਪੁਕਾਰ ਪੁਕਾਰਕੇ ਮੌਤ ਮੰਗਣ ਲਗੇ। ਅੰਤ ਨੂੰ ਇਹ ਕੀਤਾ ਕਿ ਸੀਖਾਂ ਵਿਚੋਂ ਹਥ ਪਾਕੇ ਜੰਦਰਾ ਮਰੋੜ ਦਿਤਾ ਅਰ ਬੂਹਾ ਖੋਹਲਕੇ ਨਿਕਲ ਤੁਰੇ। ਪਹਿਰੇਦਾਰ ਸੁੱਤੇ ਦੇ ਸੁੱਤੇ ਰਹਿ ਗਏ। ਸਿੱਧੇ ਰੇਲ ਤੇ। ਟਿਕਟਲੀਤੀ ਤੇ ਘਰ ਪਹੁੰਚ ਗਏ। ਅਗੇ ਵਹੁਟੀ ਤੇ ਬਾਲ ਬੱਚੇ ਪੂਰੀ ਦੁਰਦਸ਼ਾ ਵਿਚ ਸਨ। ਮੁੰਡੇ ਛਾਬੜੀ ਲਾਉਂਦੇ ਸਨ ਤੇ ਵਹੁਟੀ ਲੋਕਾਂ ਦੇ ਚੌਂਕੇ ਭਾਂਡੇ ਕਰਦੀ ਸੀ। ਆਪਣੇ ਪਾਪਾਂ ਦੀ ਯਾਦ ਤੇ ਟੱਬਰ ਦੀ ਦੁਰਦਸ਼ਾ ਤੇ ਵਰੰਟਾਂ ਦੇ ਡਰ ਦੇ ਮਾਰੇ ਅਫੀਮ ਖਾਕੇ ਪਾਰ ਬੋਲੇ।

ਦੋਹਰਾ ॥

ਏਹ ਧਾੜ ਚੋਰੀਆਂ ਹਤਜਾ ਆਤਮ ਘਾਤ।
ਇਹ ਸ਼ਰਾਬ ਤੋਰੀ ਕ੍ਰਿਪਾ ਪ੍ਰਾਪਤ ਦਿਨ ਅਰ ਰਾਤ।

—o—

ਸੱਤਵਾਂ ਦੌਰ

ਪੰਜਵੇਂ ਸ਼ਰਾਬੀ ਦੇ ਪ੍ਰਸ਼ਨ ਦਾ ਉਤ੍ਰ

ਚਾਰ ਸ੍ਵਾਲਾਂ ਦੇ ਉੱਤਰ ਸਿੰਘ ਸਾਹਿਬ ਦੇ ਚੁਕੇ ਤਾਂ ਬਹੁਤ ਚਿਰ ਸਭਨੀਂ ਪਾਸੀਂ ਚੁਪ ਰਹੀ। ਸਿੰਘ ਸਾਹਿਬ ਦਮਾਂ ਦੇ ਗਾਹੜੇ ਕੁਝਕੁ ਥੱਕੇ ਤਾਂ ਸਹੀ, ਪਰ ਇਹ ਗਲ ਵਿਚਾਰ ਕੇ ਕਿ ਤੱਤੇ ਲੋਹੇ ਨੂੰ ਲਾਈ ਹੋਈ ਸੱਟ ਕੰਮ ਕੱਢਦੀ ਹੈ, ਠਰ ਜਾਏ ਤਾਂ ਵਿਅਰਥ, ਫੇਰ ਆਪਣੀ ਬਾਤ ਚੀਤ ਛੇੜ ਬੈਠੇ, ਅਰ ਪੰਜਵੇਂ ਸੁਰਾਪੀ ਨੂੰ ਕਹਿਣ ਲਗੇ:—

ਮਹਾਰਾਜ ਜੀ ਆਪਦਾ ਪ੍ਰਸ਼ਨ ਛੰਦਾਬੰਦੀ ਹੈ, ਅਰ ਆਪ ਕਵੀ ਜਾਪਦੇ ਹੋ, ਇਸ ਲਈ ਆਪ ਨੂੰ ਉੱਤਰ ਬੀ ਕਵਿਤਾ ਵਿਚ ਹੀ ਅਨੰਦ ਦੇਊ। ਆਪ ਦਾ ਪਹਿਲਾ ਕਥਨ "ਸੁਰਆਬ" ਅਰਥਾਤ ਦੇਵਤਿਆਂ ਦਾ ਪਾਣੀ ਠੀਕ ਨਹੀਂ। "ਸ਼ਰਾਬ" ਪਦ ਫਾਰਸੀ ਬੋਲੀ ਦਾ ਹੈ, ਅਰ ਇਸ ਦਾ ਅਰਥ 'ਸ਼ਰ+ਆਬ' ਅਰਥਾਤ ਸ਼ਤਾਰਤ ਜਾਂ ਸਿਆਪਾ ਪਾਉਣ ਵਾਲਾ ਪਾਣੀ। ਆਪ ਨੂੰ ਇੰਨੀ ਸੋਚ ਨਾ ਆਈ ਕਿ ਸੁਰ ਪਦ ਸੰਸਕ੍ਰਿਤ ਤੇ ਆਬ ਫਾਰਸੀ ਇਨ੍ਹਾਂ ਦਾ ਕੀ ਮੇਲ† ? ਲਓ ਹੁਣ ਦੇਖੋ ਗ੍ਵਾਲ ਕਵੀ ਦੇ ਉਤਰ ਵਿਚ ਕਿਹਾ ਅਚਰਜ ਕਬਿੱਤ ਹੈ:—

ਬਾਰਨੀ ਕੋ ਪੀਏ ਮਤਿ ਜਾਵਤ ਨ ਬਾਰ ਲਾਗੈ;
ਬਰਜੇ ਤੇ ਨ ਰਹੈਂ, ਅਚੈਂ ਹੋਵੈਂ ਗੇ ਖਰਾਬ ਹੈਂ‡।

*ਇਹ ਆਪ ਨੇ ਉਸ ਉਤੇ ਮਖੌਲ ਉੜਾਯਾ ਹੈ, 'ਸ਼ਰ+ਆਬ' ਕਹਿਕੇ। [ਸੰਪਾਦਿਕ

†ਆਪ ਦਾ ਇਸ਼ਾਰਾ ਹੈ ਸੁਰ+ਅਪਾਨ= 'ਸੁਰਾਪਾਨ' ਵਲ=ਜਿਸਨੂੰ ਦੇਉਤੇ ਨਾ ਪੀਣ।

‡ਸ਼ਰਾਬ ਪੀਤਿਆਂ ਅਕਲ ਹੋਸ਼ ਦੇ ਜਾਂਦਿਆਂ ਰਤਾ ਚਿਰ ਨਹੀਂ ਲਗਦਾ, ਜੇ ਕਰ ਹਟਕਿਆਂ ਨਾ ਟਲੇਂਗਾ ਤੇ ਪੀਵੇਂਗਾ ਤਾਂ ਯਾਦ ਰਖ ਖਰਾਬ ਹੋਵੇਂਗਾ।

Digitized by Panjab Digital Library | www.panjabdigilib.org

ਦੈਗਨ ਕੀ ਮਾਤਾ, ਏ ਬਿਧਾਤਾ ਰਚੀ ਜੱਗ ਬੀਚ
ਮ੍ਰਿਤੁ ਕੋ ਸਰੂਪ ਰੂਪ ਪਹਿਲੇ ਦਿਖਾਬ ਹੈ*।
ਕੁਲ, ਜਸ, ਨਾਮ, ਧਨ, ਰੂਪ, ਸੁਖ, ਭੋਗ ਤਨ;
ਬੁਧਿ, ਮਨ, ਏਤ ਸਭ ਨਾਸਤ ਸ਼ਿਤਾਬ ਹੈ †॥
ਸ਼ਤ੍ਰੁ ਤੇ ਸ਼ਕਾਰ ਲੈਕੇ, ਰਾਖਸ਼ ਤੇ ਰਕਾਰ ਲੈਕੇ,
ਬਜੋਧਿ ਤੇ ਬਕਾਰ ਲੈਕੇ, ਬਿਰਚੀ ਸ਼ਰਾਬ ਹੈ‡॥

ਹਰਦਿਆਲ ਜੀ ਨੇ ਕੈਸਾ ਅਦਭੁਤ ਦੋਹਾ ਲਿਖਿਆ ਹੈ:—

ਸੁਰਾਪਾਨ ਤੇ ਹਾਨ ਮਤ ਕਰ ਹੈ ਕਾਮ ਬਿਹੋਸ਼।
ਨਾਰੀ ਮਹਿਤਾਰੀ ਉਭੈ ਭੋਗੇ ਗਨੈ ਨ ਦੋਸ਼§।

ਸੱਚ ਹੈ ਜਿਸ ਨੇ ਸ਼ਰਾਬ ਮੂੰਹ ਲਾਈ ਉਸ ਦੇ ਸਿਰ ਇਹ ਚੁੜੈਲ ਬਣਕੇ ਚੜ੍ਹੀ। ਜਿਸਦੇ ਹਿਰਦੇ ਵਿਚ ਸ਼ਰਾਬ ਨੇ ਪਰਵੇਸ਼ ਕੀਤਾ ਉਸ ਵਿਚੋਂ ਸਭੇ ਸੋਸ਼ਟ ਕੰਮ ਨਿਕਲ ਗਏ। ਆਪ ਟਿਕ ਕਬੂਤਰ ਦੀ ਬੋਲੀ ਕਹਿੰਦੇ ਹੋ, ਉਥੇ ਸ਼ਰਾਬ ਬੇਗ਼ਮ ਦੀ ਖਾਤ੍ ਸੈਂਕੜੇ ਕਬੂਤਰਾਂ ਦੀਆਂ ਗਿਦੀਆਂ ਮਰੋੜੀਆਂ ਜਾਂਦੀਆਂ ਹਨ। ਸੀਖਾਂ ਤੇ ਰੱਖ ਰੱਖ ਕਬਾਬ ਭੁੰਨੇ ਜਾਂਦੇ ਹਨ। ਵਿਚਾਰੀਆਂ ਗ਼ੀਬ ਜਾਨਾਂ ਮੁਖਤ ਵਿਚ ਗਈਆਂ। ਲਓ ਆਪਣੇ ਦੋਹਿਆਂ ਦਾ ਉਤ੍ਰ ਸੁਣੋ:—

ਜੋ ਜਮਕੇ ਨਹਿ ਜਾਮ ਮੇ, ਸੋ ਨਹਿੰ ਦੁਨੀਆਂ ਮਾਂਹ।
ਏਕ ਬੂੰਦਕੀ ਕਜਾ ਕਹੀਜਹਿੰ ਘਟਐਂਟਤਜਾਹ*।੧।
ਬਦਰਾਦਿਨ ਦੁਰਦਿਨਕਹਤਹਿਤਦੁਰਦਸ਼ਾ ਕਰਾਲ,
ਕਜੋਂ ਨ ਉਠੈਹ੍ਰਦਮਦਪੀਏਬੈਸ਼ੁਵਬਾਂਮਕਲਾਲ†।੨
ਮਦਯਪਿ ਅਸਤ ਬਜਸਤ ਕਹ ਅੱਖਰ ਮੰਤ੍ ਨ ਸਿੱਧ।
ਬਿਨਯ ਭੇਟ ਗੁਰਦੇਵ ਕੀ ਸੁਖ ਬੈਰਾਗਸਮਿੱਧ‡।੩।
ਦੋ ਤਿੰਨ ਪੀਯ ਗਿਲਾਸ ਕੇ ਗਦ ਗਦ ਬੇਸੁਧ ਹੋਤ।
ਘਟਮਟਨਦਗਪਾਂਸਕਲ ਜਹਾਂ ਮੌਤ ਮਦ ਗੋਤ§।੪।
ਭਗੋ ਭਾਲ ਕੇ ਭਾਗ ਤਿਹ, ਭਾਵੀ ਨੀਯਰ ਸੁਮੇਤ।

---

*ਏਹ ਸ਼ਰਾਬ ਬਹੁਤੇ ਰੋਗਾਂ ਦੀ ਅੰਮਾਂ ਬ੍ਰਹਮਾ ਨੇ ਜਗ ਵਿਚ ਪ੍ਰਗਟ ਕੀਤੀ ਹੈ। ਮੌਤ ਦੇ ਸਰੂਪ ਦਾ ਰੂਪ ਪਹਿਲੇ ਹੀ ਦਿਖਾ ਦਿੰਦੀ ਹੈ, ਅਰਥਾਤ ਬੇਸੁਧ ਕਰ ਦਿੰਦੀ ਹੈ। †ਕੁਲ ਦੀ ਵਡਿਆਈ, ਵਡਿਆਂਦਾਨਾਮ, ਦੌਲਤ, ਸੁੰਦਰਤਾ ਹੋਰ ਸੁਖ ਭੋਗ ਸਰੀਰ ਦੇ, ਅਤੇ ਬੁਧਿਮਤਾ, ਮਨ ਦੇ ਸ੍ਰੇਸ਼ਟ ਸੁਭਾਵ ਇਤਯਾਦਿਕ ਪਦਾਰਥ ਸਾਰੇ ਸ਼ਰਾਬ ਦੇ ਪੀਤਿਆਂ ਛੇਤੀ ਨਸ਼ਟ ਹੋ ਜਾਂਦੇ ਹਨ। ‡ਸ਼ਤ੍ਰੁ ਦਾ ਪਹਿਲਾ ਅਖਰ 'ਸ਼' ਅਤੇ ਰਾਖਸ਼ ਪਦ ਦਾ "ਰ' ਤੇ ਬਜਾਧਿ ਵਿਚੋਂ 'ਬ' ਲੈਕੇ ਸ਼ਰਾਬ ਪਦ ਰਚਿਆ ਹੈ। ਭਾਵ ਇਹ ਕਿ ਬੁਰੀ ਚੀਜ਼ ਜਾਣਕੇ ਦੈਂਤਾਂ ਨੂੰ ਦਿੱਤੀ ਸੀ ਕਿ ਨਸ਼ਟ ਹੋ ਜਾਣ। ਗ੍ਵਾਲ ਕਵੀ ਨੇ ਇੱਕ ਖਿੱਚ ਮਾਰੀ, ਫਾਰਸੀ ਬੋਲੀ ਦੇ ਪਦ ਨੂੰ ਹਿੰਦੀ ਪੂਛਾਂ ਲਾ ਦਿਤੀਆਂ ਹਨ। [ਫਾਰਸੀ ਵਿਚ ਸ਼ਰਾਬ ਦਾ ਮੂਲ ਹੈ ਸ਼ੁਰਬ=ਪੀਣਾ]। §ਸ਼ਰਾਬ ਪੀਣ ਕਰਕੇ ਬੁਧਿ ਦਾ ਨਾਸ ਹੋ ਜਾਂਦਾ ਹੈ, ਤਦ ਕਾਮ ਕਰਕੇ (ਆਤੁਰ) ਕੋਸ਼, ਪਛਾਣ ਤੋਂ ਰਹਿਤ ਤੇ ਉਸ ਬਿਹੋਸ਼ੀ ਵਿਚ ਅਪਣੀ ਇਸਤ੍ਰੀ, ਅਪਨੀ ਮਾਂ ਦੋਹਾਂ ਦੀ ਪਰਖ ਨਹੀਂ ਕਰ ਸਕਦਾ।

*ਜੋ ਚੀਜ਼ ਜਮਸ਼ੇਦ ਪਾਤਸ਼ਾਹ ਦੇ ਪਯਾਲੇ ਵਿਚ ਨਹੀਂ, ਬਸ ਫੇਰ ਉਹ ਪਦਾਰਥ ਦੁਨੀਆਂ ਵਿਚ ਵੀ ਨਹੀਂ, ਫੇਰ ਇਕ ਬੂੰਦ ਸ਼ਰਾਬ ਵਿਚ ਅਸੰਭਵ। ਇਕ ਬੂੰਦ ਕਿਸ ਗਿਣਤੀ ਵਿਚ ਹੈ, ਜਿੱਥੇ ਘੜੇ, ਮਟ, ਖੂਹ, ਦਰਿਆ ਪਏ ਪਲਟੀ'ਦੇ ਪੀਂਦੇ ਹਨ।

†ਬੱਦਲ ਵਾਲੇ ਦਿਨ ਨੂੰ ਬੁਰਾ ਦਿਨ ਕਹਿੰਦੇ ਹਨ, ਅਪਣੀ ਦੁਰਦਸ਼ਾ ਭਯਾਨਕ ਕਰਾਉਣ ਵਾਸਤੇ। ਫੇਰ ਕਿਉਂ ਨਾ ਦਿਲ ਚਾਹੇ ਸ਼ਰਾਬ ਪੀਣ ਨੂੰ ਵੈਸ਼ਨੋ ਮਤ ਵਾਲੇ ਦਾ, ਬਾਮੀ ਨਾਲ ਰਲਕੇ ਜੋ ਕਲਾਲ ਦੇ ਅੰਦਰ ਵੜ ਕੇ ਪੀਵੇ।

‡ਜਦ ਸ਼ਰਾਬੀ ਅਸਤ ਬਿਅਸਤ ਬਕਦਾ ਹੈ ਤਾਂ ਮੰਤਰ ਦੇ ਅੱਖਰ ਕੀਕੂੰ ਸੁੱਧ ਕਹੇਗਾ ਤੇ ਅਸ਼ੁੱਧ ਮੰਤਰ ਸਿੱਧ ਨਹੀਂ ਹੁੰਦਾ। ਬੇਨਤੀ ਅਤੇ ਨਿੰਮ੍ਰਤਾ ਹੀ ਭੇਟਾ ਹੈ ਗੁਰੂ ਤੇ ਦੇਵਤੇ ਦੀ, "ਸ਼ਰਾਬ ਨਹੀਂ" ਇਕੁਰ ਹੀ ਤਯਾਗ ਵੈਰਾਗ ਵਿੱਚ ਸੁਖ ਹੈ, ਪੀਣ ਵਿਚ ਨਹੀਂ।

§ਦੋ ਤਿੰਨ ਗਲਾਸ ਪੀ ਕੇ ਭਾਰਾ ਪਯਾਕ ਖੁਸ਼ ਹੁੰਦਾ ਹੁੰਦਾ ਬੇਸੁਧ ਹੋ ਜਾਂਦਾ ਹੈ, ਘੜੇ ਤੇ ਮਟ, ਖੂਹ ਤੇ ਨਦੀਆਂ ਸਮੁੰਦਰ ਆਦਿਕ ਪੀਣੇ ਸਭ ਗੱਪਾਂ ਹਨ, ਕਿਉਂਕਿ ਸ਼ਰਾਬ ਦੀ ਜਾਤ (ਗੋਤ) ਤਾਂ ਮੌਤ ਹੈ।

Digitized by Panjab Digital Library | www.panjabdigilib.org

ਮਹਦਮਹਾਂਬਰ ਕਸ਼ਟਦਾਦੇ ਬਜਾਧਾ ਅਦਭੈਤ*।੫।
ਕੌਲਕਮਤ ਹਮਕਜਾਪਿਖੈਂ ਪਿਖ ਸਿਰ ਰਤ ਟਕਰਾਉ।
ਭੱਖੀਸਰਬ ਅਘੋਰ ਮਤ ਤੰਤ੍ਰਨ ਵਸਤਮਿਲਾਉ†।੬।
ਮਦ ਈਸੁਰ ਮਗ ਜੀਵ ਕੋ ਹੈ ਬਿਡੰਬਨੀ ਠਾਗ।
ਦੰਭੀਯੋਗਨਕੀਸਦਾਇਸ ਬਿਨਲਿਵਨਹਿੰ ਲਾਗ‡।
ਜੋ ਤੁਮ ਕਹੋ ਕਿ ਹੈ ਲਿਖਾ ਸ੍ਰੀ ਗੁਰ ਗੋਬਿੰਦ ਸਿੰਘ,
ਤਾਂਕੋ ਭਾਵ ਸ਼ਰਾਬ ਨਹਿੰ ਹੈ ਕਵਿ ਰੀਤ ਪ੍ਰਸੰਗ§।੮।

ਜੋ ਕੁਝ ਆਪ ਸਾਡੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਪਾਰੋਂ ਕਹਿੰਦੇ ਹੋ, ਉਸ ਸਮਝਣ ਵਿਚ ਬੀ ਤੁਸਾਂ ਭੁੱਲ ਕੀਤੀ ਹੈ। ਆਪ ਨੂੰ ਵਿਦਤ ਹੋਵੇ ਕਿ ਫਾਰਸੀ ਕਵੀਆਂ ਦਾ ਦਸਤੂਰ ਹੈ, ਹਰ ਕਿੱਸੇ ਕਹਾਣੀ ਦੇਪਹਿਲੇ ਮੰਗਲਾਚਰਣ ਵਿਚ ਸ਼ਰਾਬ ਮੰਗਦੇ ਹਨ, ਪੰਤੂ ਫਰਦੌਸੀ ਤੇ ਨਜ਼ਾਮੀ ਆਦਿਕ ਕਵੀਆਂ ਨੇ ਅਪਣੇ ਸ਼ਾਹਨਾਮੇ ਤੇ ਸਿਕੰਦਰ ਨਾਮੇ ਵਿਚ ਹਰ ਪ੍ਰਕਰਣ ਦੇ ਅੰਤ ਵਿਚ ਦੋ ਦੋ ਬੈਂਤ ਸ਼ਰਾਬ ਬਾਬਤ ਕਹੇ ਹਨ। ਇਸ ਕਵਿਤਾ ਦੀ ਵਿਧਿ ਨਿਭਾਉਣ ਲਈ ਹਕਾਯਤਾਂ ਵਿਚ ਹਰ ਹਕਾਯਤ ਦੇ ਅੰਤ ਵਿਚ ਦੋ ਦੋ ਬੈਂਤ ਨਸ਼ੇ ਮੰਗਣ ਵਿਚ ਕਹੇ ਹਨ। ਪਰ ਜ਼ਫਰਨਾਮੇ (ਜਿਸ ਵਿਚ ਆਪ ਨੇ ਅਪਣੇ ਜੰਗ ਜੁੱਧ ਦਾ ਹਾਲ ਲਿਖਿਆ ਹੈ) ਦੇ ਅੰਤ ਵਿਚ ਕੇਵਲ ਅਕਾਲ ਪੁਰਖ ਦੀ ਉਸਤਤਿ ਹੀ ਲਿਖੀ ਹੈ, ਸ਼ਰਾਬ ਨਹੀਂ। ਪਿਆਰੇ ਭਾਈ ਜੋ ਕੁਝ ਬੀ ਉਥੇ ਲਿਖਿਆ ਹੈ ਉਸਦਾ ਭਾਵ ਨਾਮ ਦੇ ਪਿਆਲੇ ਥੋਂ ਹੈ ਜਿਹਾਕੁ:—

[ਦੂਜੀ ਹਕੈਤ ਦੇ ਛੇਕੜਲੇ ਦੋ ਬੈਂਤ]

ਬਿਦਹਿ ਸਾਕੀਆ ਸਾਗਰੇ ਸਬਜ਼ ਰੰਗ।
ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ।

ਦੇਹ ਹੇ ਸੁਖਈਆ ਪਿਆਲਾ ਹਰੇ ਰੰਗ ਦਾ ਕਿ ਮੈਨੂੰ ਲੋੜੀਦਾ ਹੈ ਵਿੱਚ ਵੇਲੇ ਜੰਗ ਦੇ।

ਬਮਨ ਦਿਹ ਕਿ ਬਖਤ ਆਜ਼ਮਾਈ ਕੁਨਮ।
ਜ਼ਿ ਤੇਗੋ ਖ਼ੁਦਸ਼ ਕਾਰਰਵਾਈ ਕੁਨਮ।

ਮੈਨੂੰ ਦਿਹਜੋ ਮੈਂਆਪਣੇ ਭਾਗਾਂ ਨੂੰ ਪ੍ਰਤਾਵਾਂ, ਤੇਉਸਦੀ ਅਪਣੀ ਤਲਵਾਰ ਨਾਲ ਕੰਮਕਰਾਂ।

[ਤੀਸਰੀ ਦੇ ਅੰਤਲੇ ਬੈਂਤ]

ਬਿਦਿਹ ਸਾਕੀਆ ਸਾਗਰੇ ਨੈਨਪਾਨ*।
ਕੁਨਦ ਪੀਰਿ ਸਦ ਸਾਲਹ ਰਾ ਨੌ ਜਵਾਨ†।

ਦਿਹਹੇ ਸੁਖਈਆ ਪਯਾਲਾ ਅੱਖਾਂ ਨੂੰ ਰੰਗਣ ਵਾਲਾ, ਜਿਹੜਾ ਕਰੇਸੌ ਵਰ੍ਹੇ ਦੇਬੁੱਢੇਨੂੰ ਨੌਜੁਆਨ।

---

*ਭੱਜ ਗਏ ਮੱਥੇ ਦੇ ਭਾਗ ਉਸਦੇ ਅਤੇ ਹੋਣਹਾਰ ਨੇ ਨੇੜੇ ਕੀਤੀ ਸੁੰਦਰ ਮੌਤ ਦਾ ਘਰਸ਼ਰਾਬ, ਵਡੇ ਤੋਂ ਵਡੇ ਦੁੱਖਾਂ ਕਲੇਸ਼ਾਂ ਦੀ ਦੇਣ ਵਾਲੀ, ਭੂਤ ਪ੍ਰੇਤ (ਕਿੱਕਰ ਦਾ ਭੂਤ ਸ਼ਰਾਬ) ਜਿੱਥੇ ਵਡੇ ਸਤਜੁਗ ਨਾਸ ਕਰਦਾ ਹੈ। †ਕੌਲਕ ਮਤ ਨੂੰ ਅਸੀਂ ਕੀ ਦੇਖੀਏ, ਉਨ੍ਹਾਂ ਦਾ ਲਾਲ ਮੱਥਾ ਦੇਖਕੇ ਤੁਸੀਂ ਟੱਕਰ ਮਾਰੋਸਰਬ ਭੱਖੀਆਂ ਨੂੰ ਘੋਰੀ ਕਹਿੰਦੇ ਹਨ, ਜੋ ਰੰਦ ਨਹੀਂ ਛਡਦੇ ਉਨ੍ਹਾਂ ਨੂੰ ਸ਼ਰਾਬ ਕੀਹ ਹੈ ਤੇ ਤੰਤ੍ਰ ਵਿਦਯਾ ਵਿਚ ਦੋ ਚੀਜ਼ਾਂ ਦੇ ਮਿਲਨ ਥੋਂ ਤੀਜੀ ਉਪਜਦੀ ਹੈ, ਉਥੇ ਸ਼ਰਾਬ ਦੀ ਕੀ ਲੋੜ।

‡ਸ਼ਰਾਬ ਈਸ਼ੁਰ ਦੇ ਰਸਤੇ ਥੋਂ ਜੀਵ ਨੂੰ ਠੱਗਣ ਵਾਲੀ ਠੱਗਣੀ ਹੈ। ਉਹ ਲੋਕ ਪਖੰਡੀ ਹਨ ਜਿਨ੍ਹਾਂ ਦੀ ਸਮਾਧੀ ਬਿਨਾਂ ਸ਼ਰਾਬ ਦੇ ਨਹੀਂ ਲਗਦੀ, ਇਨ੍ਹਾਂ ਦਾ ਵਰਨਨ ਅਗੇ ਕਰਾਂਗੇ।

§ਜੋ ਤੁਸੀਂ ਕਹਿੰਦੇ ਹੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ, ਉਸਦਾ ਭਾਵ ਸ਼ਰਾਬ ਨਹੀਂ ਹੈ, ਉਹ ਕੇਵਲ ਕਵਿਤਾਈ ਦੀ ਰੀਤੀ ਦਾ ਇਕ ਪ੍ਰਕਰਣ ਹੈ।

*ਇਹ ਪਿਆਲਾ ਬਿਨਾਂ ਆਤਮਕ ਗੁਰੂ ਦੇ ਕੋਈ ਨਹੀਂ ਦੇ ਸਕਦਾ। †ਜਿਕੁਰ ਗੁਰੂ ਅੰਗਦ ਜੀ ਨੇ ਗੁਰੂ ਅਮਰ ਦੇਵ ਜੀ ਨੂੰ ਦਿੱਤਾ, ੮੪ ਵਰ੍ਹੇ ਦੀ ਉਮਰ ਵਿਚ ਜਵਾਨ ਬਣਾਯਾ। ਪ੍ਰਮਾਣ ਲਈ ਭਾਈ ਗੁਰਦਾਸ ਜੀ ਨੇ ਪਿਆਲੇ ਸਿੱਧ ਕੀਤੇ ਹਨ। ਯਥਾ:—ਪੰਜ ਪਿਆਲੇ ਪੰਜ ਪੀਰ ਛਠਮ ਪੀਰ ਵੈਠਾ ਗੁਰ ਭਾਰੀ॥

Digitized by Panjab Digital Library | www.panjabdigilib.org

ਬਿਦਿਹ ਸਾਕੀਆ ਸਾਗਰੇ ਸਬਜ਼ ਰੰਗ।
ਕਿ ਮਾਰਾ ਬਕਾਰ ਅਸਤ ਦਰ ਵਕ਼ਤ ਜੰਗ।

ਦਿਹ ਹੇ ਸੁਖਈਆ ਪਜ਼ਾਲ਼ਾ ਹਰੇ ਰੰਗ ਦਾ,ਕਿ ਮੈਨੂੰ ਚਾਹੀਦਾ ਹੈ ਵਿੱਚ ਵੇਲੇ ਜੁੱਧ ਦੇ।

[ਚੌਥੀ ਹਿਕਾਇਤ ਦੇ ਬੈਂਤ]

ਬਿਦਿਹ ਸਾਕੀਆ ਜਾਮੇ ਫੀਰੋਜ਼ਹ ਫਾਮ।
ਕਿ ਮਾਰਾ ਬਕਾਰ ਅਸਤ ਦੇਜ਼ੇ ਤਮਾਮ।

ਦੇਹ ਹੇ ਸੁਖਈਆ ਪਜਾਲਾ ਫੀਰੋਜ਼ੀ ਰੰਗ ਦਾ,ਕਿ ਮੈਨੂੰਚਾਹੀਏਪੂਰੇਹੋਣਦੇਦਿਨ(ਭਗਤੀ)

ਤੂ ਮਾਰਾ ਬਿਦਿਹ ਤਾ ਸ਼ਵਮ ਤਾਜ਼ਹ ਦਿਲ।
ਕਿ ਗੌਹਰ ਬਿਆਰੇਮ ਆਲੂਦਹ ਗਿਲ*।

ਤੂੰ ਮੈਨੂੰ ਦੇਹ ਭਈ ਮੈਂ ਹੁਣ ਖੁਸ਼ ਹੋਵਾਂ ਕਿ (ਕਵਿਤਾਈ ਦੇ) ਮੋਤੀ ਕੱਢੀਏ(ਚਿੱਕੜ) ਵਰਗੀ ਬੁਧਿ ਵਿਚੋਂ।

[ਪੰਜਵੀਂ ਹਕੈਤ ਦੇ ਬੈਂਤ]

ਬਿਦਿਹ ਸਾਕੀਆ ਪਜਾਲਾ ਫੀਰੋਜ਼ਹ ਫਾਮ।
ਕਿ ਮਾਰਾ ਬਕਾਰ ਅਸਤ ਦਰ ਵਕਤ ਆਮ†।

ਦੇਹ ਹੇ ਸੁਖਈਆ ਫੀਰੋਜ਼ੀ ਪਿਆਲਾ, ਕਿ ਸਾਨੂੰ ਲੋੜੀਦਾ ਹੈ ਹਰ ਵੇਲੇ।

ਬਮਨ ਦਿਹ ਕਿ ਖੁਸ਼ਤਰ ਦਿਮਾਗ਼ੇ ਕੁਨਮ।
ਕਿ ਰੋਸ਼ਨ ਤਬਹ ਚੂੰ ਚਰਾਗ਼ੇ ਕੁਨਮ।

ਮੈਨੂੰ ਦੇਹ ਕਿ ਅਪਨੀ ਬੁਧਿ ਨੂੰ ਪ੍ਰਸੰਨ ਕਰਾਂ ਤਾਂ ਜੋ ਮਨ ਨੂੰ ਪ੍ਰਕਾਸ਼ਤ ਕਰਾਂ ਦੀਵੇ ਵਾਂਗ।

*ਕਿਉਂ ਜੋ ਦੁਨੀਆਂ ਦਾ ਹਰ ਪਦਾਰਥ ਮੋਤੀ ਹੀਰੇ ਅਨਾਜ ਕਣਕ ਆਦਿ ਮਿੱਟੀ ਵਿਚੋਂ ਨਿਕਲੇ ਹਨ, ਇਸ ਲਈ ਬੁੱਧੀ ਨੂੰ ਚਿੱਕੜ ਤੇ ਮੋਤੀ ਨੂੰ ਕਵਿਤਾ ਨਾਲ ਉਪਮਾ ਦਿੰਦੇ ਹਨ। ਇਸ ਵਿਚ ਸ਼ਰਾਬ ਕਿੱਥੇ।

†ਸਦੀਵ ਲਈ ਪਜਾਲਾ ਮੰਗਦੇ ਹਨ, ਜਿਸ ਤੋਂ ਭਾਵ ਨਾਮ ਦਾ ਹੈ,ਸ਼ਰਾਬ ਦਾਨਾਉਂ ਭੀ ਨਹੀਂ।

[ਛੇਵੀਂ ਦੇ ਦੋ ਅੰਤਲੇ ਬੈਂਤ]

ਬਿਦਿਹ ਸਾਕੀਆ ਸਾਗ਼ਰੇ ਸਬਜ਼ ਪਾਨ।
ਕਿ ਸਾਹਬ ਸ਼ਊਰ ਅਸਤ ਜ਼ਾਹਿਰ ਜਹਾਨ *।

ਦੇਹ ਹੇ ਸੁਖਈਆ ਪਜਾਲਾ ਹਰੇਰੰਗ ਦਾ, ਜੋ ਮਾਲਕ ਬੁਧਿ ਦਾ ਤੇ ਪ੍ਰਗਟ ਹੈਸੰਸਾਰਵਿਚ।

ਬਿਦੇਹ ਸਾਕ਼ੀਆ ਜਾਮਿ ਫੀਰੋਜ਼ਹ ਰੰਗ।
ਕਿ ਦਰ ਵਕਤ ਸ਼ਬ ਚੂੰ ਖ਼ੁਸ਼ੇ ਰੋਜ਼ਹ ਜੰਗ†।

ਦੇਹ ਹੇ ਸੁਖਈਆ ਪਜਾਲਾ ਫਿਰੋਜ਼ੀ ਰੰਗ ਦਾ,ਜੋ ਰਾਤਵੇਲੇ ਖੁਸ਼ ਰੱਖੇਜਿੱਕੁਰ ਦਿਨਜੁੱਧਦੇ।

[ਸੱਤਵੀਂ ਦੇ ਅੰਤਲੇ ਬੈਂਤ]

ਬਿਦਿਹ ਸਾਕੀਆ ਸਾਗਰੇ ਸੁਰਖ ਫਾਮ‡।
ਕਿ ਮਾਰਾ ਬਕਾਰ ਅਸਤ ਰੋਜ਼ੇ ਮੁਦਾਮ।

ਦੇਹ ਸੁਖਈਆ ਪਜਾਲਾ ਲਾਲ ਰੰਗ ਦਾ, ਜੋ ਮੈਨੂੰ ਚਾਹੀਦਾ ਹੈ ਸਦੀਵ ਦੇ ਦਿਨ (ਪ੍ਰਲੋਕ ਵਿਚ)।

ਬਿਦਿਹ ਪਜਾਲਾ ਫੀਰੋਜ਼ ਰੰਗੀਨ ਰੰਗ।
ਕਿ ਮਾਰਾ ਖ਼ੁਸ਼ਾਮਦ ਬਸੇ ਵਕਤ ਜੰਗ।

ਦੇਹ ਮੈਨੂੰ ਪਜਾਲਾ ਫੀਰੋਜ਼ੇ ਦੇ ਰੰਗ ਵਾਲਾ, ਜੋ ਮੈਨੂੰ ਮਾਫਕ ਆਯਾ ਹੈ ਕਈਵਾਰੀਜੁੱਧਵਿਚ।

[ਅੱਠਵੀਂ ਦੇ ਬੈਂਤ ਅੰਤਲੇ]

ਬਿਦਿਹ ਸਾਕੀਆ ਸੁਰਖ ਰੰਗੇ ਫਰੰਗ§।
ਖੁਸ਼ਾਮਦ ਮਰਾ ਵਕਤਿ ਜ਼ਦ ਿਗ ਜੰਗ।

ਦੇਹ ਹੇ ਸੁਖਈਆ ਫਰੰਗ ਵਰਗੀ ਲਾਲੀ

*ਇਥੇ ਬੀ ਸ਼ਰਾਬ ਹੈ ਨਹੀਂ, ਭਾਵ ਗੁਰੂ ਥੋਂ ਹੈ। †ਇਸ ਵਿਚ ਰਾਤ ਦੇ ਸੁਖ ਤੇ ਜੰਗ ਦੇ ਦੁਖਾਂ ਵਿਚ ਮਨ ਨੂੰ ਇਕ ਸਾਰ ਰੱਖਣ ਵਾਲੇ ਪਜਾਲੇ ਦੀ ਚਾਹ ਹੈ, ਸੋ ਨਾਮ ਹੈ। ‡ਲਾਲ ਰੰਗ ਦਾ ਭਾਵ ਹੈ–'ਨਾਨਕ ਲਾਲੋ ਲਾਲੁ ਹੈ ਸਚੇ ਰਤਾ ਸਚੁ''ਆਦਿ।

§ਅਗਲੀ ਹਿਕਾਇਤ ਰਾਜਾ ਫਿਰੰਗ ਦੀ ਹੈ, ਇਹ ਉਸਦੀ ਰਿਆਇਤ ਹੈ। ਫਿਰੰਗ ਕੁਰਬਾਨ ਨੂੰ ਕਹਿੰਦੇ ਹਨ।

Digitized by Panjab Digital Library | www.panjabdigilib.org

(ਜੋਸ਼) ਜੋ (ਜੋਸ਼) ਲੜਾਈ ਤਲਵਾਰ ਦੇ ਵੇਲੇ ਮੈਨੂੰ ਭਾਇਆ ਹੈ।

ਬਮਨ ਦਿਹ ਕਿ ਖ਼ੁਦਰਾ ਪਜੋਹਸ਼ ਕੁਨਮ*।
ਬਤੇਗ਼ ਆਜ਼ਮਾਈ ਜ਼ਿ ਕੋਹਸ਼ ਕੁਨਮ।

ਮੈਨੂੰ ਦੇਹ ਕਿ ਆਪਣੇ ਆਪ ਨੂੰ ਢੂੰਡਾਂ, ਤਲਵਾਰ ਪ੍ਰਤਾਵਾ ਕਰਕੇ ਆਪਣਾ ਦਬਦਬਾ ਬਿਠਾਵਾਂ।

ਉਪਰ ਲਿਖੇ ਬੈਂਤਾਂ ਵਿਚ ਲਾਲ ਸਾਫ਼ ਤੇ ਫੀਰੋਜ਼ੀ ਰੰਗ ਦਾ ਪਜਾਲਾ ਮੰਗਿਆ ਹੈ। ਇਨ੍ਹਾਂ ਰੰਗਾਂ ਦਾ ਜੋ ਸਬੰਧ ਆਤਮਕ ਵਿਦਯਾ ਨਾਲ ਹੈ ਉਸ ਨੂੰ ਕੁਛ ਉਹੀ ਲੋਕ ਠੀਕ ਸਮਝਦੇ ਹਨ, ਜੋ ਉਸ ਦੇ ਜਗਜਾਸੂ ਹਨ, ਭਾਵ ਨਿਰਾ ਆਤਮਕ ਸ਼ਕਤੀ ਅਰ ਉਸਦੇ ਦਰਜਿਆਂ ਥੋਂ ਹੈ। ਇਨ੍ਹਾਂ ਬੈਂਤਾਂ ਵਿਚ ਹੀ ਇਕ ਦੋਂਹ ਥਾਈਂ ਸਦਾ ਦੇ ਦਿਨ ਦਾ ਵਰਣਨ ਹੈ। ਫਾਰਸੀ ਖ਼ਯਾਲ ਮੂਜਬ ਇਸ ਦਾ ਭਾਵ ਉਸ ਸਮੇਂ ਤੋਂ ਹੈ, ਜੋ ਆਤਮਾ ਦਾ ਲੇਖਾ ਕਰਮਾਂ ਕੁਕਰਮਾਂ ਅਨੁਸਾਰ ਹੋਕੇ ਆਵੇਗਾ ਅਰ ਸਦੀਵ ਰਹੇਗਾ। ਜੰਗ ਦਾ ਜੋ ਕਥਨ ਇਨ੍ਹਾਂ ਵਿਚ ਹੈ, ਉਂਵ ਤਾਂ ਲੜਾਈ ਹੀ ਜਾਪਦਾ ਹੈ, ਪਰ ਫਾਰਸੀ ਖਿਆਲ ਮੂਜਬ ਦੁਰਬੁੱਧੀ (ਯਾ ਸ਼ੈਤਾਨ) ਤੇ ਸ਼ੁੱਧ ਮਨ ਦਾ ਭਾਵ ਹੈ। ਸਾਰਾ ਅੰਤਰਾ ਇਹ ਹੈ ਕਿ ਆਪਣੇ ਸਤਿਗੁਰੂ ਯਾ ਈਸ਼ੂਰ ਪਾਸੋਂ ਭਜਨ ਤੇ ਨਾਮ ਦੀ ਪ੍ਰੀਤੀ ਦਾ ਪਜਾਲਾ ਮੰਗਦੇ ਹਨ, ਜਿਸ ਨਾਲ ਦੁਰਬੁੱਧੀ ਦੂਰ ਹੋਵੇ ਤੇ ਪ੍ਰਲੋਕ ਖੁਸ਼ੀ ਦਾਇਕ ਹੋਵੇ। ਸ਼ਰਾਬ ਦਾ ਤਾਂ ਨਾਂ ਬੀ ਨਹੀਂ। ਸ਼ਰਾਬ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਵਿਚ ਐਉਂ ਲਿਖਿਆ ਹੈ—

*ਸ਼ਰਾਬੀ ਬੀ ਕਦੀ ਆਪਨੂੰ ਢੂੰਡ ਸਕਦਾ ਹੈ, ਮੁਰਾਦ ਨਾਮ ਤੋਂ ਹੈ।

ਮਾਣਸੁ ਭਰਿਆ*ਆਣਿਆ ਮਾਣਸੁਭਰਿਆਂ† ਆਇ॥ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ‡ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ§ ਧਕੇ ਖਾਇ॥ ਜਿਤੁ ਪੀਤੈ ਖਸਮੁ¶ ਵਿਸਰੈ ਦਰਗਹA ਮਿਲੈ ਸਜਾਇ॥ ਝੂਠਾ ਮਦੁB ਮੂਲਿ ਨ ਪੀਚਈ ਫੈਕਾ ਪਾਰਿ-ਵਸਾਇC॥ ਨਾਨਕ ਨਦਰੀD ਸਚੁ ਮਦੁE ਪਾਈਐ ਸਤਿਗੁਰੁ ਮਿਲੈ ਜਿਸੁ ਆਇ॥ ਸਦਾ ਸਾਹਿਬF ਕੈ ਰੰਗਿ ਰਹੈ ਮਹਲੀG ਪਾਵੈ ਥਾਉ॥

[ਵਾਰ ਬਿਹਾ: ਮ: ੩

ਉਪਰਲੀਆਂ ਸੌਖੀਆਂ ਤੁਕਾਂ ਥੋਂ ਤੁਸੀਂ ਸਮਝ ਗਏ ਹੋਵੋਗੇ ਕਿ ਹਕਾਯਤਾਂ ਦੇ ਉਨ੍ਹਾਂ ਛੰਦਾਂ ਦਾ ਭਾਵ ਕੇਵਲ ਨਾਮ ਦੇ ਪਜਾਲੇ ਥੋਂ ਹੈ। ਲਓ ਬਾਕੀ ਦੇ ਬੈਂਤ ਬੀ ਸੁਣ ਲਓ:—

[ਨੌਵੀਂ ਦੇ ਅੰਤਲੇ ਦੋ ਬੈਂਤ]

ਬਿਦਿਹ ਸਾਕੀਆ ਜਾਮ ਸਬਜ਼ੇ ਮਰਾ।
ਕਿ ਸਰਬਸਤਾ ਮਨ ਗੰਜ ਬਖਸ਼ਮ ਤੁਰਾ।

ਦੇਹ ਹੇ ਸੁਖਈਆ ਪਜਾਲਾ ਹਰੇ ਰੰਗ ਦਾ ਮੈਨੂੰ, ਜੋ ਭਰਪੂਰ ਖ਼ਜ਼ਾਨਾ (ਮਨ) ਮੈਂ ਬਖਸ਼ਾਂ ਤੈਨੂੰ।

ਬਿਦਿਹ ਸਾਕੀਆ ਸਾਗਰੇ ਸਬਜ਼ ਫਾਮ।
ਕਿ ਖ਼ਸ਼ਮ ਅਫ਼ਗਨੀ ਵਕਤ ਹਸ਼ੂਮ ਬਕਾਮ।

ਦੇਹ ਹੇ ਸੁਖਈਆ ਪਜਾਲਾ ਸਾਵੇ ਰੰਗ ਦਾ ਜੋ ਵੈਰੀ ਢਾਹੁਣ ਦੇ ਵੇਲੇ ਮੈਨੂੰ ਲੋੜੀਦਾ ਹੈ।

[ਦਸਵੀਂ ਦੇ ਅੰਤਲੇ ਦੋ ਬੈਂਤ]

ਬਿਦਿਹ ਸਾਕੀਆ ਸਾਗਰੇ ਸਬਜ਼ ਆਬ।
ਕਿ ਬੇਰੂੰ ਬਿਉਫਤਾਦ ਪਰਦਹ ਨਕਾਬ।

*ਆਦਮੀ ਦੀ ਕਦੀ ਸ਼ਰਾਬ। †ਆਦਮੀ ਦੀ ਭਰੀ। ‡ਰਾਮਰੌਲਾ। §ਪਰਮੇਸ਼ਰ ਤੋਂ ¶ਪਰਮੇਸ਼ਰ। Aਪਰਲੋਕ। Bਝੂਠੀ ਸ਼ਰਾਬ। Cਜਿੰਨੀਂ ਵਾਹ ਲਗ ਸਕੇ। Dਕ੍ਰਿਪਾ ਦ੍ਰਿਸ਼ਟ। Eਪਰਮੇਸ਼ਰ ਦਾ ਪ੍ਰੇਮ। Fਪਰਮੇਸ਼ਰ। Gਬੈਕੁੰਠ।

Digitized by Panjab Digital Library | www.panjabdigilib.org

ਦਿਹ ਹੇ ਸੁਖਈਆ! ਪਜਾਲਾ ਹਰੇ ਪਾਣੀਦਾ,
ਜੋ ਬਾਹਰ ਡਿਗ ਪਿਆ ਹੈ ਪੜਦਾ ਘੁੰਡ ਦਾ।

ਬਿਦਿਹ ਸਾਕੀਆ ਸਬਜ ਰੰਗੋ ਫਿਰੰਗ*।
ਕਿ ਵਕਤੇ ਬਕਾਰ ਅਸਤ ਦਰ ਰੋਜ਼ਿ ਜੰਗ।

ਦਿਹ ਹੇ ਸਾਕੀ ਸਾਵਾ ਰੰਗ, ਮੈਂ ਵਾਰੀ ਜਾਵਾਂ, ਜੋ ਵੇ ਸਿਰ ਕੰਮ ਆਉਂਦਾ ਹੇ ਜੁਧ ਦੇ ਦਿਨ।

[ਯਾਰ੍ਹਵੀਂ ਦੇ ਅੰਤਲੇ ਦੋ ਬੈਂਤ]

ਬਿਦਿਹ ਸਾਕੀਆ ਸਾਗਰੇ ਕੋਕਨਾਰ†।
ਦਰੇ ਵਕਤ ਜੰਗਮ ਬਿਆਯਦ ਬਕਾਰ।

ਦਿਹ ਹੇ ਸਖਈਆ ਉਹ ਪਿਆਲਾ ਜਿਸ ਤੋਂ ਪਰੇ ਰਹਿਣਾ ਚਾਹੀਏ ਅਗੇ ਪਿਛੇ)। ਪਰੰਤੂ ਜੁੱਧ ਵੇਲੇ ਮੇਰੇ ਕੰਮ ਆਯਾ ਕਰਦਾ ਹੈ।

ਕਿ ਖ਼ੂਬ ਅਸਤ ਦਰਵਕਤਿ ਖ਼ਸ਼ਮ ਅਫ਼ਗਨੀ॥
ਬਯਕ ਕਤਰਹਅਸ਼‡ ਫੀਲ ਰਾ ਪੈ ਕੁਨੀ

ਕਿਹਾ ਅਛਾ ਹੈ ਵੈਰੀ ਦੇ ਡੇਗਣ ਵੇਲੇ ਕਿ ਉਸਦੀ ਇਕ ਬੂੰਦ ਨਾਲ ਹਾਥੀ ਨੂੰ ਤਾਬੇ ਕਰਦਾ ਹੈ।

[ਬਾਰ੍ਹਵੀਂ ਹਕੈਤ ਦੇ ਅੰਤਲੇ ਬੈਂਤ]

ਬਿਦਿਹ ਸਾਕੀਆ ਸਾਗਰੇ ਸਬਜ਼ ਗੂੰ।
ਕਿ ਮਾਰਾ ਬਕਾਰ ਅਸਤ ਜੰਗ ਅੰਦਰੂੰ।

ਦਿਹ ਹੇ ਸੁਖਈਆ ਪਜਾਲਾ ਹਰੇ ਰੰਗ ਦਾ ਕਿ ਮੈਨੂੰ ਚਾਹੀਏ ਜੁੱਧ ਵਿਚ।

ਲਬਾ ਲਬ ਕੁਨੇ ਦਮਬਦਮ ਨੌਸ਼ ਕੁਨ।
ਗਮੇ ਹਰਦੁਆਲਮ ਫਰਾਮੋਸ਼ ਕੁਨ।

ਨਕੋ ਨਕ ਭਰੀ ਤੇ ਦਬਾਦਬ ਪੀਤੀਜਾਹ,
ਚਿੰਤਾ ਦੋ ਜਹਾਨ ਦੀ ਭੁਲਾ ਦੇਹ।

ਪੰਜਵੇਂ ਸ਼ਰਾਬੀ ਨੇ ਜਦ ਇਹ ਉੱਤਰ ਸੁਣਿਆਂ, ਤਾਂ ਬੋਲਿਆ ਕਿ ਸਿੰਘ ਸਾਹਿਬ ਆਪਦੀਆਂ ਯੁਕਤੀਆਂ ਠੀਕ ਹਨ ਕਿ ਇਨ੍ਹਾਂ ਬੈਂਤਾਂ ਵਿਚ ਫਾਰਸੀ ਕਾਵਯ ਦੀ ਰੀਤ ਨਿਬਾਹੀ ਹੈ, ਪਰੰਤੂ ਤੱਕੋ ਇਨ੍ਹਾਂ ਤੁਕਾਂ ਵਿਚ ਤਾਂ ਸਾਫ ਦੱਸਿਆ ਹੈ ਕਿ ਪਰਮੇਸ਼ੁਰ ਵੀ ਸ਼ਰਾਬੀ ਹੈ:-

ਮਦਰਾ ਕਰ ਮੱਤ ਮਹਾਂ ਭਭਕੰ।
ਬਨਮੈਂਜਿਮ ਬਾਘ ਬਚਾ ਬਬਕੰ॥
ਮਦਮੱਤ ਕ੍ਰਿਪਾਲ ਕਰਾਲਧਰੰ।
ਜਯ ਸੱਦ ਸੁਰਾਸੁਰਯੰ ਉਚਰੰ॥

ਸਿੰਘ ਸਾਹਿਬ ਜੀ ਹੱਸਕੇ ਬੋਲੇ-ਵਾਹ ਮਹਾਰਾਜ! ਜੇ ਕਦੀ ਆਪ ਰਤਾਕੁ ਅਰਥ ਸੋਚਦੇ ਤਾਂ ਕਦੀ ਇਹ ਗਲ ਨਾ ਕਹਿੰਦੇ। ਦੂਜੀ ਸਤਰ ਵਿਚ 'ਜਿਮ' ਸਬਦ ਪਿਆ ਹੈ, ਜਿਸਦਾ ਅਰਥ ਹੈ 'ਜਿਸ ਤਰ੍ਹਾਂ', ਅਰਥਾਤ "ਜਿਸ ਤਰ੍ਹਾਂ ਸ਼ੇਰ ਦਾ ਬਚਾ ਨਿਰਭੈ ਹੋਕੇ ਸ਼ਰਾਬ ਵਿਚ ਮਸਤ ਬਨ ਵਿਖੇ ਭਬਕਾਰਦਾ ਹੈ"। ਇਹ ਨਿਰੀ ਉਪਮਾ ਦਿੱਤੀ ਹੈ, ਨਿਰ-ਭਯਤਾ ਦੀ ਤੇ ਤੀਜੀ ਚੌਥੀ ਸਤਰ ਦਾ ਅਰਥ ਇਹਹੈ "ਸ੍ਰਯੰਤਾ ਦੇ ਵਿਚ ਮਸਤ ਅਤੇ ਭਯਾ-ਨਕ ਤਲਵਾਰ ਨੂੰ ਗ੍ਰਹਣ ਕੀਤੇ ਹੋਏ, ਜੈ ਜੈ ਕਾਰ ਦਾ ਸ਼ਬਦ ਦੇਵਤਾ ਰਾਛਸ ਸਭ ਉਚਾ-ਰਣ ਕਰ ਰਹੇ ਹਨ"।

ਫੇਰ ਸ਼ਰਾਬੀ ਜੀ ਉਚਰੇ ਕਿ ਕ੍ਰਿਸ਼ਨਾ ਅਵਤਾਰ ਵਿਚ ਤਾਂ ਖੁੱਲ੍ਹ ਦਿਤੀ ਹੈ, ਜਿਹਾ:-

ਤਿਨਕੋ ਬਹੁਦੇ ਸੰਗ ਪਾਰਥ ਲੈ ਹਰ
ਭੋਜਨ ਕੀ ਭੂਅ ਮੈਂ ਪਗ ਧਾਰਜੋ।
ਪੋਸਤ ਭਾਂਗ ਹਫੀਮ ਮੰਗਾਇ ਪੀਜੋ
ਮਗ ਸ਼ੋਕ ਬਿਦਾ ਕਰ ਡਾਰਜੋ।
ਮਤ ਹ੍ਵੈ ਚਾਹੋਂ ਈ ਕੈਫਨ ਮੈਂ
ਸੁਤਇੰਦ੍ਰਕੋਸੋਂ ਇਮ ਸ਼ਜਾਂਮ ਉਚਾਰਜੋ।

*ਕੋਈ ਹਰੇ ਰੰਗ ਦੀ ਬਰਾਂਡੀ ਬੀ ਹੁੰਦੀ ਹੈ ਜਿਸਤੋਂ ਫਰੰਗ ਦਾ ਅਰਥ ਵਲੈਤ ਕਰੀਏ? ਫਾਰਸੀ ਵਿਚ ਇਸਦਾ ਅਰਥ ਕੁਰਬਾਨਜਾਵਾਂ ਹੈ? †ਕੋਕਨਾਰ ਪੋਸਤ ਨੂੰ ਭੀ ਕਹਿੰਦੇ ਹਨ। ਪਰ ਏਥੇ ਭਾਵ ਜੰਗੀ ਜੋਸ਼ ਦਾ ਹੈ। ‡ਬਿਨਾਂ ਨਾਮ ਦੇ ਹੋਰ ਕੋਈ ਨਸ਼ਾ ਏਡਾ ਬਲ ਦੇਂਦਾ ਹੈ?

Digitized by Panjab Digital Library | www.panjabdigilib.org

'ਕਾਮ ਕੀਜੋ ਬ੍ਰਹਮਾ ਘਟ ਕਜੋਂ
ਮਦਰਾ ਕੋ ਨ ਆਠਵੋਂ ਸਿੰਧ ਸਵਾਰਜੋ'।

ਇਸਦਾ ਅਰਥ ਤਾਂ ਆਪ ਸਮਝ ਗਏ ਹੋਵੋਗੇ ਕਿ ਉਨ੍ਹਾਂ ਨੂੰ ਬਹੁਤ ਸਾਰਾ ਧਨ ਦੇਕੇ ਕ੍ਰਿਸ਼ਨ ਜੀ ਅਰਜਨ ਨੂੰ ਨਾਲ ਲੈਕੇ ਲੰਗਰ ਵਿਚ ਆਏ, ਤੇ ਪੋਸਤ,ਅਫੀਮ, ਭੰਗ ਤੇ ਸ਼ਰਾਬ ਪੀਤੀ ਤੇ ਰਸਤੇ ਦਾ ਸ਼ੋਕ ਥਕੇਵਾਂ ਦੂਰ ਕੀਤਾ। ਜਦ ਚਹੁੰ ਨਸ਼ਿਆਂ ਵਿਚ ਮਸਤ ਹੋਏ ਤਾਂ ਅਰਜਨ ਨੂੰ ਕ੍ਰਿਸ਼ਨ ਜੀ ਕਹਿਣ ਲਗੇ, 'ਬ੍ਰਹਮਾ ਨੇ ਇਕ ਕੰਮ ਘਟ ਕਿਉਂ ਕੀਤਾ,ਕਿਉਂ ਨਾ ਸ਼ਰਾਬ ਦਾ ਅੱਠਵਾਂ ਸਮੁੰਦਰ ਬਣਾਇਆ ?'

ਸਿੰਘ ਸਾਹਿਬ ਝੱਟ ਬੋਲ ਉਠੇ ਆਪ ਔਖੇ ਨਾ ਹੋਵੋ ਅਰਜਨ ਜੀ ਦਾ ਉਤਰ ਹੀ ਆਪਦੇ ਪ੍ਰਸ਼ਨ ਦਾ ਪੂਰਾ ਉਤਰ ਹੈ ਦੇਖੀਏ:—

ਦੋਹਰਾ—

ਤਬ ਪਾਰਥ ਕਰ ਜੋਰਿਕੈ ਹਰ ਸੋਂ ਕਹਯੋ ਸੁਨਾਇ;
ਜੜ ਬ੍ਰਾਹਮਨ ਯਾ ਰਸਨ ਕੋ ਜਾਨੈ ਕਹਾ ਉਪਾਇ।

ਅਰਥਾਤ ਅਰਜਨ ਨੇ ਹਥ ਜੋੜ ਕੇ ਕਿਹਾ ਕਿ ਉਹ ਮੂਰਖ ਬਾਹਮਨ ਇਹੋ ਜਿਹੇ ਸੁਆਦਾਂ ਨੂੰ ਕੀ ਜਾਣਦਾ ਸੀ ਅਰ ਉਨ੍ਹਾਂ ਦੇ ਉਤਪਤ ਕਰਨ ਨੂੰ ਕੀ ਸਮਝਦਾ। ਆਪ ਨੇ ਦੇਖਿਆ ਕ੍ਰਿਸ਼ਨ ਜੀ ਨੂੰ ਇਸ ਵੇਲੇ ਅਰਜਨ ਨੇ ਕਿਹਾ ਕੁ ਮਖੌਲ ਕੀਤਾ ਹੈ। ਪਹਿਲੇ ਤਾਂ ਇਹ ਕਿ ਬ੍ਰਹਮਾ ਇਨ੍ਹਾਂ ਸੁਆਦਾਂ ਨੂੰ ਕੀ ਜਾਣੇ ? ਕਿਹੜੇ ਸੁਆਦ? ਜਿਸ ਨਾਲ ਕ੍ਰਿਸ਼ਨ ਵਰਗੇ ਅਵਤਾਰ ਉਤੇ ਅਜਿਹਾ ਪੜਦਾ ਪਿਆ ਕਿ ਇਸ ਗਲ ਨੂੰ ਭੁਲਹੀ ਗਏ ਕਿ ਸਤਵਾਂ ਸਮੁੰਦਰ ਸ਼ਰਾਬ* ਦਾ ਅਗੇ ਹੀ ਵਿਦਮਾਨ ਹੈ। ਭੁੱਲ ਆਪਣੀ ਤੇ ਦੋਸ਼ ਦਿੰਦੇ ਹਨ ਬ੍ਰਹਮਾ ਦੇ ਸਿਰ ਕਿ ਅੱਠਵਾਂ ਸਮੁੰਦਰ ਹੋਰ ਚਾਹੀਦਾ ਸੀ। ਆਪ ਹੀ ਜ਼ਰਾ ਸੋਚੋ ਭਾਈ ਸਾਹਿਬ ਕਿ ਇਸ ਵਿਚ ਸ਼ਰਾਬ ਪੀਣ ਦੀ ਕਿੱਥੇ ਆਗਿਆ ਹੈ। ਸਗੋਂ ਗੁਰੂ ਜੀ ਨੇ ਦੱਸਿਆ ਹੈ, ਕਿ ਇਡੇ ਵਡੇ ਆਦਮੀ ਨੂੰ ਜਿਸਨੂੰ ੧੬ ਕਲਾਂ ਸੰਪੂਰਣ ਅਵਤਾਰ ਦੱਸਦੇ ਹਨ ਸ਼ਰਾਬ ਨੇ ਅਜਿਹਾ ਭੁਲਾਯਾ ਕਿ ਆਮ ਗਲ ਨੂੰ ਬੀ ਭਲ ਗਏ। ਇਸੀ ਤਰ੍ਹਾਂ ਆਪ ਗੁਰੂ ਸਾਹਿਬ ਜੀ ਦੇ ਲੇਖਾਂ ਵਿਚ ਸ਼ਰਾਬ ਦਾ ਵਰਣਨ ਤਾਂ ਦੇਖੋਗੇ ਪਰ ਸਦਾ ਇਸਦੇ ਔਗੁਣ ਪ੍ਰਗਟ ਕਰਨ ਵਿਚ, ਕਦੀ ਇਸ ਦੀ ਉਪਮਾ ਨਹੀਂ ਦੇਖੋਗੇ। ਦੇਖੋ ਰਹਿਤ ਨਾਮੇ ਵਿਚ ਕੀ ਆਗਜਾ ਹੈ:—

'ਮੱਦ ਪਾਨ ਕੀ ਸੰਗਤ ਜਹਾਂ।
ਮੇਰਾ ਬਾਸਾ ਹੋਇ ਨ ਤਹਾਂ'।

ਫੇਰ ਸ਼ਰਾਬੀ ਸਾਹਿਬ ਬੋਲ ਉਠੇ, ਕਿ ਭਲਾ ਜੀ ਸ਼ਰਾਬ ਥੋਂ ਤਾਂ ਤੁਸਾਂ ਆਪਣੇ ਮਤ ਨੂੰ ਬਚਾ ਲਿਆ, ਪਰ ਸੁਖ ਨਿਧਾਨ (ਭੰਗ) ਅਫੀਮ ਤੇ ਪੋਸਤ ਤੋਂ ਕਿਸਤਰ੍ਹਾਂ ਬਚਾਓਗੇ। ਹਿੜਾਇਤਾਂ ਵਿਚੋਂ ਬੀ ਪੋਸਤ ਤੇ ਮੁੱਖਾ ਸਿੰਧ ਹੁੰਦਾ ਹੈ। ਅਜ ਤਕ ਤਖਤਾਂ ਤੇ ਸੁੱਖੇ ਦੀਆਂ ਦੇਗਾਂ ਤਿਆਰ ਹੁੰਦੀਆਂ ਹਨ, ਬਹੁਤਾ ਖਾਲਸਾ ਸੁੱਖਾ ਤੇ ਹਫੀਮ ਕੱਠਾ ਹੀ ਛਕਦੇ ਹਨ। ਜਦ ਸੱਭੇ ਅਮਲ ਭੈੜੇ ਹਨ ਤਾਂ ਇਨ੍ਹਾਂ ਦੀ ਰੋਕ ਤੁਹਾਡੇ ਮਤ ਵਿਚ ਕਿਉਂ ਨਹੀਂ ?

ਸਿੰਘ ਸਾਹਿਬ ਜੀ ਨੇ ਵਡੇ ਧੀਰਜ ਨਾਲ ਉਤਰ ਦਿਤਾ ਕਿ ਇਹ ਬੀ ਆਪਦੀ ਭੁੱਲ ਹੈ, ਗੁਰੂ ਜੀ ਨੇ ਕਿਤੇ ਬੀ ਇਹਨਾਂ ਨਸ਼ਿਆਂ ਦੀ ਆਗਿਆ ਨਹੀਂ ਦਿੱਤੀ। ਕੋਈ ਤੁਕ ਮੈਨੂੰ ਅਜਿਹੀ ਦੱਸੋ ਜਿਸ ਵਿਚ ਗੁਰੂ ਜੀ ਦਾ ਹੁਕਮ ਹੋਵੇ ਕਿ ਭੰਗਾਂ ਪੀ ਪੀ ਕੇ ਸਾਰਾ ਦਿਨ ਉਂਘਾਂ ਵਿਚ ਮਸਤ ਪਏਰਹੋ ਜਾਂ ਪੋਸਤ

*ਖਾਰੀ, ਖੀਰ, ਜੁ ਮਧੁ ਭਨੈ, ਦਧਿ ਘ੍ਰਿਤ ਚਾਰ ਪਛਾਨ। ਇੱਖ, ਸੁਰਾ, ਜਲ ਸੁੱਧ ਕਾ ਸਾਤੈਂ ਸਿੰਧ ਬਖਾਨ।

Digitized by Panjab Digital Library | www.panjabdigilib.org

ਅਫੀਮ ਵਿਚ ਗੁੱਟ ਰਹੋ।ਹਾਂ ਜੇਕਰ ਤੁਸੀਂ ਇਹ ਗਲ ਕਹੋ ਕਿ ਗੁਰੂ ਜੀ ਆਪ ਖਾਲਸੇਨੂੰ ਨਸ਼ਾ ਛਕਾਉਂਦੇ ਸਨ, ਤਾਂਤੇ ਖੁੱਲ੍ਹ ਹੀ ਹੋ ਗਈ ਕਿ ਦਬਾ ਦਬ ਪੀਓ। ਇਹ ਗਲ ਬੀ ਆਪ ਦੀ ਬੁੱਧਿ ਦੇ ਤੱਕੜ ਪੁਰ ਪਾਸੰਗ ਬੀ ਨਹੀਂ। ਗੁਰੂ ਜੀ ਨੇ ਝੂਠੇ ਨਸ਼ੇ ਖਾਲਸੇ ਜੀ ਨੂੰ ਕਦੇ ਨਹੀਂ ਪਿਲਾਏ। ਜੇ ਤੁਹਾਡੇ ਕਹੇ ਨੂੰ ਦਲੀਲ ਨਾਲ ਨਾ ਪਰਖੀਏ ਤਾਂ ਦੱਸੋ ਗੁਰੂ ਜੀ ਹੋਰ ਭੀ ਖਾਲਸੇ ਕੋਲੋਂ ਕਈ ਕੰਮ ਕਰਾਂਦੇ ਸਨ, ਓਹ ਤੁਸੀਂ ਕਿਉਂ ਨਹੀਂ ਕਰਦੇ ? ਗੁਰੂ ਜੀ ਸਿੰਘਾਂ ਸਣੇ ਦਿੱਲੀ ਦੇ ਪਾਤਸ਼ਾਹ ਨਾਲ ਲੜਦੇ ਸਨ, ਅਰ ਸਦਾ ਸ਼ਸਤ੍ਰ ਧਾਰੀ ਰਹਿੰਦੇ ਸਨ, ਤੁਸੀਂ ਕਿਉਂ ਮੀਸਣੀ ਬਿੱਲੀ ਬਣੀ ਬੈਠੇ ਹੋ, ਪੰਜੇ ਹਥਿਆਰ ਲਾਓ ਤੇ ਲੜੋ। ਇਸ ਦੇ ਉਤਰ ਵਿਚ ਤੁਸੀਂ ਮੈਨੂੰ ਇਹੀ ਕਹੋਗੇ ਕਿ ਸਮਾਂ ਨਹੀਂ, ਉਸ ਵੇਲੇ ਦੇ ਪਾਤਸ਼ਾਹ ਜ਼ਾਲਮ ਤੇ ਪਾਪੀ ਸਨ, ਅਰ ਪਰਜਾ ਨੂੰ ਦੁਖ ਦਿੰਦੇ ਸਨ ਉਨ੍ਹਾਂ ਦਾ ਨਾਸ਼ ਜ਼ਰੂਰੀ ਸੀ, ਇਸ ਲਈ ਜੰਗ ਕਰਨਾ ਅਤਿਆਵਸ਼ਯ ਸੀ।ਇਸੇਤਰ੍ਹਾਂ ਭਾਈ ਸਾਹਿਬ ਜੀ, ਗੁਰੂ ਜੀ ਨੇ ਅਤਿਆਵਸ਼ਯ ਨੂ ਜ਼ਰੂਰੀ ਸਮੇਂ ਪੁਰ ਖਾਲਸੇ ਨੂੰ ਜੇ ਮੰਨ ਵੀ ਲਓ ਕਿ ਭੰਗ ਦਿਤੀ, ਨਾ ਕਿ ਹਰ ਵੇਲੇ ਫੌਜਾਂ ਨਸ਼ੇ ਵਿਚ ਗੁਟ ਸਨ, ਤੇ ਰੋਜ ਹੀ ਰਗੜੇ ਲਗਦੇ ਤੇ ਪੋਸਤ ਮਲੀਂਦੇ ਸਨ। ਅਤੇ ਇਹ ਬੀ ਦੱਸੋ ਕਿ ਤੁਹਾਡਾ ਪੀਣਾ ਕੀਕੂੰ ਵਿਹਤ ਹੋ ਗਿਆ, ਕੇਹੜੀ ਜੰਗ ਦੀ ਅਤਿਆਵੱਸ਼ਕਤਾ ਦੇ ਮੂੰਹ ਤੁਸੀਂ ਆਏ ਹੋ ? ਤੁਸੀਂ ਇੰਨਾ ਨਹੀਂ ਸੋਚ ਸਕਦੇ ਕਿ ਗੁਰੂ ਜੀ ਨੇ ਤਮਾਕੂ ਦੀ ਰੋਕ ਕਿਉਂ ਕੀਤੀ ਸੀ? ਇਸੇ ਲਈ ਕਿ ਬਲ ਨੂੰ ਖੀਨ ਕਰਦਾ ਹੈ, ਅਰ ਸਮੇਂ ਦਾ ਨਾਸ਼ ਕਰਦਾ ਹੈ। ਜਦ ਇਕ ਨਸ਼ੇ ਦੀ ਇਡੀ ਕਰੜੀ ਰੋਕ ਹੈ, ਤਾਂ ਕਿਸ ਤਰ੍ਹਾਂ ਹੋਰਨਾਂ ਦੀ ਆਗਜਾ ਹੋ ਸਕਦੀ ਹੈ। ਤੁਹਾਨੂੰ ਮਾਲੂਮ ਹੋਊ ਕਿ ਜਿਸ ਵੇਲੇ ਜਸਵਾਰੀਆਂ ਦੇ ਮਸਤ ਹਾਥੀ ਦੀ ਧਾਕ ਸਿੱਖਾਂ ਵਿਚ ਪਹੁੰਚੀ ਅਰ ਗੁਰੂ ਜੀ ਨੇ ਦੁਨੀ ਚੰਦ ਮਸੰਦ ਨੂੰ ਹੁਕਮ ਦਿੱਤਾ ਕਿ ਜਾਕੇ ਟਾਕਰਾ ਕਰੋ ਤਾਂ ਉਸ ਕੈਨੀ ਕਤਰਾਈ ਅਰ ਸਿੱਖਾਂ ਵਿਚ ਉਹ ਫਸਾਦ ਦੀ ਅੱਗ ਫੂਕੀ ਕਿ ਸਾਰੇ ਨੱਸਣ ਨੂੰ ਤਿਆਰ ਹੋ ਗਏ। ਇਸ ਵੇਲੇ ਗੁਰੂ ਜੀ ਨੇ ਸੋਚਿਆ ਕਿ ਜੇ ਇਨ੍ਹਾਂ ਨੂੰ ਨਸ਼ਾ ਦਿੱਤਾ ਗਿਆ ਤਾਂ ਤਾਂ ਹੌਸਲਾ ਨਹੀਂ ਹਾਰਦੇ ਅਰ ਥੋੜੀ ਸਿਖਜਾ ਨਾਲ ਇਨਾਂ ਦੇ ਸੀਨਿਆਂਵਿਚ ਧਰਮ ਦੇ ਜੋਸ਼ ਦੀ ਅੱਗ ਭੜਕ ਉਠੇਗੀ,ਨਹੀਂ ਤੇ ਜੇ ਏਹ ਨੱਸੇ ਤਾਂ ਵੈਰੀ ਇਨ੍ਹਾਂ ਨੂੰ ਚੁਣ ਚੁਣ ਕੇ ਮਾਰੇਗਾ। ਤਦ ਗੁਰੂ ਜੀ ਨੇ ਬਚਿਤ੍ਰ ਸਿੰਘ ਨੂੰ ਹਾਥੀ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਤੇ ਉਸ ਨੂੰ ਹਫੀਮ ਤੇ ਭੰਗ ਪਿਲਾਕੇ ਹਾਥੀ ਦੇ ਟਾਕਰੇ ਲਈ ਘੱਲਿਆ।ਇਹ ਪਿਛੋਂ ਰਾਜਪੂਤ ਸੀ ਜੋ ਅਫੀਮ ਦੇ ਆਦੀ ਹੁੰਦੇ ਹਨ। ਇਸ ਬਹਾਦਰ ਨੇ ਹਾਥੀ ਦੇ ਸਿਰ ਵਿਚ ਅਜਿਹਾ ਨੇਜ਼ਾ ਮਾਰਿਆ ਕਿ ਮੱਥੇ ਪੁਰੋਂ ਲੋਹੇ ਦਾ ਤਵਾ ਚੀਰਕੇ ਸਿਰ ਨੂੰ ਜ਼ਖਮੀ ਕਰ ਗਿਆ ਤੇ ਹਾਥੀ ਨੇ ਪਿੱਛੇ ਮੁੜ ਕੇ ਆਪਣੇ ਹੀ ਲਸ਼ਕਰ ਦਾ ਸਤਜਾਨਾਸ ਕੀਤਾ। ਜੇ ਮੰਨ ਲਓ ਕਿ ਇਸੇ ਸਮੇਂ ਅਫੀਮ ਕੇ ਭੰਗ ਛਕਾਈ ਗਈ ਸੀ ਤਾਂ ਇਸ ਲਈ ਕਿ ਕਾਇਰ ਪੁਣਾ ਭੁੱਲ ਜਾਣ ਤੇ ਆਪਣਾ ਨਾਸ਼ ਨਾ ਕਰਨ।ਹੁਣ ਆਪ ਹੀ ਦੱਸੋ ਕਿ ਇਸ ਦਾ ਕੀ ਭਾਵ ਹੈ ? ਕਿ ਘਰ ਬਾਰ, ਮਿਹਨਤ ਮਜੂਰੀ,ਮਾਪੇ.ਪੁੱਤ, ਧੀਆਂ ਛੱਡੋ ਤੇ ਭੰਗ ਪੋਸਤ ਪੀਓ,ਮਸਤ ਪਏ ਰਹੋ, ਬਲ ਬੁਧਿ ਖੀਨ ਕਰੋ ਤੇ ਝੋਕਾਂ ਖਾਓ। ਮਸਤ ਹਾਥੀ ਦਾ ਟਾਕਰਾ ਤਾਂ ਦੂਰ,ਪਰਛਾਵੇਂ ਕੋਲੋਂ ਡਰ ਡਰ ਉਠੋ ਤੇ ਮੱਖੀ ਦੇ ਦੁਲੱਤਿਆਂ

Digitized by Panjab Digital Library | www.panjabdigilib.org

ਤ ਹਾਲ ਦੁਹਾਈ ਮਚਾਓ। ਜਿਥੇ ਹੋਰ ਕਈ ਗੱਲਾਂ* ਮਨਮਤੀਆਂ ਨੇ ਧਰਮ ਵਿਚ ਵਾੜ ਦਿੱਤੀਆਂ ਹਨ, ਇਕੁਰ ਹੀ ਭੰਗ ਨੂੰ ਜਾਇਜ਼ ਤੇ ਪ੍ਰਮਾਣੀਕ ਬਨਾਇਆਚਾਹੁੰਦੇਹਨ। ਦੇਖੋਗੁਰੂ ਜੀ ਨੇ ਜੋਤੀ ਜੋਤ ਸਮਾਉਣ ਦੇ ਸਮੇਂ ਆਗਜਾ ਕੀਤੀਸੀਕਿ ਸਾਡੇ ਪਿਛੋਂ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਨੂੰ ਗੁਰੂ ਜਾਨਣਾ, ਜਿਸ ਗਲ ਦੀ ਸ਼ੰਕਾ ਹੋਵੇ ਉਸਦਾ ਉਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪਾਓਗੇ ਸੋ ਦੇਖੋ ਗੁਰੂ ਗ੍ਰੰਥ ਸਾਹਿਬ ਜੀ ਕੀ ਆਗਜਾ ਦਿੰਦੇ ਹਨ:—

ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰਿ ਵਸਾਇ॥
[ਵਾਰ ਬਿਹਾ: ਮ ੩

ਕਬੀਰਭਾਂਗਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਜਾਂਹਿ ॥
[ਸਲੋ: ਕਬੀਰ ੨੭੩

ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਬਹੁਤ ਸ਼ਬਦ ਅਮਲਾਂ ਦੀ ਬਾਬਤ ਹਨ। ਪਹਿਲੇ ਤੁਹਾਨੂੰ ਇਕ ਸਾਖੀ ਸੁਣਾਉਂਦੇਹਾਂ:—

ਕਿਸੀ ਕਾਲ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਿਸੇਨਗਰਦੇ ਬਾਹਰ ਜਾਇ ਉਤਰੇ। ਬੈਠਕੇ ਬਚਨ ਕੀਤਾ ਮਰਦਾਨਿਆਂ ਰਬਾਬ ਛੇੜ ਤੇ ਸ਼ਬਦ ਸੁਣਾਉ।ਤਦ ਮਰਦਾਨੇ ਉਤਰ ਦਿੱਤਾ ਮੇਰੇ ਪ੍ਰਾਣ ਤਾਂ ਭੁੱਖ ਨਾਲ ਚੱਲੇ ਹਨ ਰਬਾਬ ਕੌਣ ਛੇੜੇ,ਪਹਿਲੇ ਮੈਨੂੰ ਆਗਜਾ ਕਰੋ ਤਾਂ ਨਗਰ ਵਿਚ ਜਾਕੇ ਕੁਝ ਉਦਰ ਪੂਰਨਾ ਕਰ ਆਵਾਂ। ਗੁਰੂ ਬਾਬੇ ਬਚਨ ਕੀਤਾ ਜੇ ਤੇਰੀ ਸਲਾਹ ਇਸਤਰ੍ਹਾਂ ਹੈ ਤਾਂ ਜਾਹ। ਮਰਦਾਨਾ ਨਗਰ ਵਿਖੇ ਗਿਆ ਤਾਂ ਕੀ ਦੇਖਦਾ ਹੈ ਕਿ ਬਹੁਤੇ ਬਹੁਤੇ ਲੋਕ ਬਹੁਤੀ ਥਾਈਂ ਜੁੜੇ ਮਿਲੇ ਬੈਠੇ ਸ਼ਰਾਬਾਂ ਪੀ ਰਹੇ ਹਨ,ਮਾਸ ਮੰਡੇ ਖਾ ਰਹੇ ਹਨ, ਬਕਵਾਸ ਕਰ ਰਹੇ ਹਨ, ਕੋਈ ਚੰਗੇ ਮੰਦੇ ਗੀਤ ਗਾਉਂਦੇ ਹਨ। ਜਿਸ ਜਿਸ ਪਾਸੋਂ ਮਰਦਾਨੇ ਨੇ ਕੁਛ ਖਾਣ ਨੂੰ ਮੰਗਿਆ ਉਸੇ ਨੇ ਗਲਹੱਥੇ ਦਿੱਤੇ, ਪਰ ਕਿਸੇ ਕਿਸੇ ਨੇ ਐਉਂ ਭੀ ਆਖਿਆ ਕਿ ਜੇ ਤੂੰ ਸ਼ਰਾਬ ਪੀਏਂ ਤਾਂ ਮਾਸ ਮੰਡੇ ਬੀ ਖਾ ਲੈ; ਅਸੀਂ ਖੁਸ਼ੀਆਂ ਮਨਾ ਰਹੇ ਹਾਂ ਤੂੰ ਭੀ ਮਨਾ ਲੈ। ਮਰਦਾਨੇ ਨੇ ਸ਼ਰਾਬ ਪੀਣੀ ਨਾ ਮੰਨੀ,ਓੜਕ ਨੂੰ ਅੱਕ ਥੱਕ ਕੇ ਭੁੱਖਾ ਭਾਣਾ ਮਹਾਰਾਜ ਪਾਸ ਮੁੜ ਆਇਆ ਤੇ ਰਬਾਬ ਲੈ ਕੇ ਸੁਰ ਕੀਤਾ ਤੇ ਬਿਹਾਗੜੇ ਦੀ ਵਾਰ ਵਿਚ ਲਾ ਕੇ ਇਹ ਸਲੋਕ ਗਾਵਿਆਂ*:—

ਸ ੋਕ ਮਰਦਾਨਾ ੧॥

ਕਲਿ ਕਲਵਾਲੀ ਕਾਮੁ ਮਦੁ ਮਨੂਆਪੀਵਣਹਾਰੁ†।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ‡॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ§॥
ਕਰਣੀ ਲਾਹਨਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ¶॥

---

*ਸਲੋਕ ਦੇ ਅੰਤ ਨਾਮ ਸ੍ਰੀ ਗੁਰੂ ਜੀ ਦਾ ਹੈ, ਇਸਤੋਂ ਇਹ ਸੰਭਾਵਨਾ ਵੀ ਹੋ ਸਕਦੀ ਹੈ ਕਿ ਮਰਦਾਨੇ ਦੇ ਸ਼ਰਾਬ ਦੇ ਹਾਲ ਦੱਸਣੇ ਪਰ ਗੁਰੂ ਜੀ ਨੇ ਉਸ ਵੇਲੇ ਉਚਾਰੇ ਹੋਣ ਤੇ ਮਰਦਾਨੇ ਪ੍ਰਥਾਇ ਦਿੱਤੇ ਹੋਣ। [ਸੰਪਾਦਿਕ

†ਇਸ ਕਲਜੁਗ ਵਿਖੇ ਕਲਵਾਲੀ (ਸ਼ਰਾਬ ਵੇਚਣ ਵਾਲੀ) ਪਾਸੋਂ ਕਾਮਨਾ ਪੂਰਬਕ, ਅਥਵਾ ਕਾਮੀ ਮਨ ਸ਼ਰਾਬ ਪੀਣੇ ਹਾਰਾ ਹੈ, ਅਰਥਾਤ ਪੀਂਦਾ ਹੈ, (ਸੋ ਕਿਸਤਰ੍ਹਾਂ ?)

‡ਕ੍ਰੋਧ ਕਰਕੇ ਲੜ ਭਿੜ ਝਗੜ ਓੜਕ ਨੂੰ ਪਜਾਲਾ ਭਰਪੂਰ ਕਰਕੇ ਸਾਕੀ ਨੇ ਹੰਕਾਰ ਸੰਜੁਕਤ ਪਿਲਾਈ। ਭਾਵ ਇਹ ਕਿ ਪੀਣ ਵੇਲੇ ਝਗੜਾ ਜ਼ਰੂਰ ਹੁੰਦਾ ਹੈ।

§ਝੂਠਿਆਂ ਅਤੇ ਲਾਲਚੀਆਂ ਦੀ ਸੰਗਤ ਵਿਚ ਬੈਠਕੇ ਘੜੀ ਮੁੜੀ ਪੀ ਪੀ ਕੇ ਇਹ ਕਾਮੀ ਮਨ ਖੁਆਰ ਹੁੰਦਾ ਹੈ।

¶ਨਿਸ਼ਕਾਮ ਕਰਮ ਰੂਪੀ ਸੱਕ ਅੰਜਤ ਸਤ ਰੂਪੀ ਗੁੜ ਨਾਲ ਰਲਿਆ ਸੱਚ (ਪਰਮੇਸ਼ਰ) ਦੀ ਮਸਤੀ ਰੂਪ ਜੋ ਸਰਾ (ਸ਼ਰਾਬ) ਸਾਰ ਚੁਆਇਆ ਹੋਇਆ ਅਤੇ

---

*ਜਿਹਾ ਕੁ ਵੱਟਿਆਂ ਦੀ ਪੂਜਾ।

Digitized by Panjab Digital Library | www.panjabdigilib.org

ਗੁਣਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰ*।
ਗੁਰਮੁਖਿ ਪਾਈਐਨਾਨਕਾ ਖਾਧੈ ਜਾਹਿਬਿਕਾਰ†।੧।

ਮਰਦਾਨਾ ੧।

ਕਾਇਆ ਲਾਹਣਿ ਆਪੁ ਮਦੁ
ਮਜਲਸ ਤ੍ਰਿਸਨਾ ਧਾਤੁ‡ ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮ ਕਾਲੁ§ ॥
ਇਤੁਮਦਿਪੀਤੈਨਾਨਕਾਬਹੁਤੇਖਟੀਅਹਿਬਿਕਾਰ¶॥
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਅਹਾਰੁ॥॥

---

*ਨਾਲ ਖਾਣ ਵਾਸਤੇ ਸੂਖ਼ਮ ਗੁਣ ਰੂਪੀ ਮੰਡੇ ਕੀਤੇ ਜਾਣ, ਸੀਤਲ ਸੁਭਾਵ ਰੂਪੀ ਘਿਉ ਕਰਕੇ ਚੋਪੜੇ ਜਾਣ ਤੇ ਆਪਣੇ ਮੰਦ ਕਰਮਾਂ ਦੀ ਸੋਚ ਰੂਪੀ ਲੱਜਾ ਸੋਈ ਮਾਸ ਇਸ ਅਹਾਰ ਦੇ ਨਾਲ ਵਰਤੇ।

†ਇਹ ਸਭ ਕੁਝ ਸਤਿਗੁਰਾਂ ਦੇ ਮੁਖਾਰਬਿੰਦ ਥੋਂ ਉਪਦੇਸ਼ ਰੂਪੀ ਪਦਾਰਥ ਦਵਾਰਾ ਪ੍ਰਾਪਤ ਹੁੰਦਾ ਹੈ, ਜਿਸਦੇ ਖਾਣ ਪੀਣ ਥੋਂ ਅਨੇਕ ਪ੍ਰਕਾਰ ਦੇ ਬਿਕਾਰ ਦੂਰ ਹੋ ਜਾਂਦੇ ਹਨ।

‡ਇਹ ਦੇਹ ਤਾਂ ਸ਼ਰਾਬ ਪੀਂਦਿਆਂ ਪੀਂਦਿਆਂ ਲ ਹਣ (ਮਿਟੀ) ਅਰਥਾਤ ਸ਼ਰਾਬ ਦਾ ਪਾਤ੍ਰ ਰੂਪ ਹੀ ਹੋ ਜਾਂਦੀ ਹੈ ਅਤੇ ਆਪਣਾ ਆਪ ਬੋਧ ਸਰੂਪੀ ਹੰਕਾਰ ਰੂਪ ਹੋ ਜਾਂਦਾ ਹੈ, ਨਾਲ ਪੀਣ ਖਾਣ ਵਾਲੇ ਮਜਲਸੀ (ਤ੍ਰਿਸ਼ਨਾਧਾਤ) ਅਰਥਾਤ ਬਹੁਤੀ ਪੀ ਜਾਂਦੇ ਹਨ, ਬੱਸ ਨਹੀਂ ਕਰਦੇ।

§ਕਿਉਂਕਿ ਜਦ ਟੋਟ ਹੋਈ ਤੇ ਸ਼ਰਾਬ ਮੂੰਹ ਲਗੀ ਤਦ ਇਛਾ ਕਟੋਰੀ ਤੇ ਭਰੀ ਸੁਰਾਹੀ ਵਲ ਹੀ ਰਹਿੰਦੀ ਹੈ, ਭਾਵੇਂ ਪੀਂਦਿਆਂ ਪੀਂਦਿਆਂ ਮੌਤ ਦਾ ਹੀ ਪਯਾਲਾ ਪਿਲਾਏ,ਪ੍ਰੰਤੂ ਵਾਸ਼ਨਾ ਪੀਣੇ ਦੀ ਨਹੀਂ ਹਟਦੀ।

¶ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਇਸ ਸ਼ਰਾਬ ਦੇ ਪੀਣੇ ਤੇ ਬਹੁਤੇ ਵਿਕਾਰ ਖੱਟੀਦੇ ਹਨ, (ਸੋ ਇਸ ਨੂੰ ਛਡੋ)।

॥ਤੇ ਇਹ ਪੀਓ:-ਗਯਾਨ (ਕਿ ਅਸੀ ਕੀ ਹਾਂ ਤੇ ਕੀ ਕਰਨ ਆਏ ਹਾਂ) ਦਾ ਗੁੜ, ਪਰਮੇਸ਼ਰ ਦੀ ਉਪਮਾਂ ਕਰਨ ਦੇ ਮੰਡੇ, ਨਿਰੰਤਰ ਕਾਲ ਦਾ ਡਰ ਮੰਨਣਾ ਸੋਈ ਮਾਸ ਖਾਣਾ ਸਮਝੋ।

ਨਾਨਕਇਹੁ ਭੋਜਨੁ ਸਚੁਹੈਸਚੁਨਾਮੁ ਆਧਾਰੁ*॥੨॥
ਕਾਯਾਂ ਲਾਹਣਿਆਪੁਮਦੁਅੰਮ੍ਰਿਤ ਤਿਸਕੀਧਾਰ†॥
ਸਤ ਸੰਗਤ ਸਿਉ ਮੇਲਾਪ ਹੋਇ ਲਿਵ ਕਟੋਰੀ
ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ‡ ॥੩॥

ਆਸਾ ਮਰਲਾ ੧।

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ§ ॥ ਭਾਠੀ
ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ
ਚੁਆਈਐ¶॥੧॥ਬਾਬਾ ਮਨੁਮਤਵਾਰੋਨਾਮ
ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ

---

*ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਭੋਜਨ ਸੱਚਾ ਹੈ, ਅਰ ਇਸ ਨਾਲ ਪਰਮੇਸ਼ਰ ਦੇ ਨਾਮ ਦਾ ਆਧਾਰ ਜਾਂ ਮਨ ਵਿਖੇ ਇਸਥਿਤੀ ਹੁੰਦੀ ਹੈ। †ਜਿਸ ਲਈ ਕਿਸੇ ਦੂਜੀ ਚੀਜ਼ ਦੀ ਲੋੜ ਨਹੀਂ।ਆਪਣੀ ਕਾਇਆਂ ਨੂੰ ਮਿੱਟੀ ਜਾਣੋ ਤੇ ਆਪ ਨੂੰ ਸੰਕਲਪ ਵਿਕਲਪ ਤੋਂ ਸੁੰਨ ਕਰ ਕੇ ਆਪੇ ਵਿਚ ਆਉਣਾ ਮਦ ਸਮਝੋ। ਪੁਨਃ ਵਾਹਿਗੁਰੂ ਸਰੂਪ ਦੀ ਅਖੰਡ ਇਸਥਿਰਤਾ ਵਿਖੇ ਅੰਮ੍ਰਿਤ ਦੀ ਅਖੰਡਧਾਰਾ ਹੈ,ਉਸ ਵਿਚ ਟੋਟਨਹੀਂ।

‡ਇਸ ਸ਼ਰਾਬ ਦੀ ਪ੍ਰਾਪਤੀ ਸਤਿਸੰਗਤ ਕਰਨ ਨਾਲ ਹੁੰਦੀ ਹੈ ਜਿਥੋਂ ਕਿ ਤੇਲ ਧਾਰਾ ਵਤ ਨਿਰੰਤ੍ ਲਿਵ ਦੀ ਕਟੋਰੀ ਅੰਮ੍ਰਿਤ ਨਾਲ ਭਰਪੂਰ ਪ੍ਰਾਪਤ ਹੁੰਦੀ ਹੈ, ਜਿਸਨੂੰ ਪੀਕੇ ਜਗਜਾਸੂ ਅਪਣੇ ਸਾਰੇ ਵਿਕਾਰ ਕੱਟ ਲੈਂਦਾ ਹੈ।

§ਗਯਾਨ (ਅਰਥਾਤ ਆਪ ਨੂੰ ਜਾਣਨਾ) ਨੂੰ ਗੁੜ ਬਣਾਈਏ ਤੇ ਈਸ਼ੁਰ ਦੇ ਧਯਾਨ ਕਰਨ ਦੇ ਮਾਨੋ ਧਾਵੇ ਦੇ ਫੁੱਲ ਬਣਾ ਲਈਏ ਅਰ ਨਿਸ਼ਕਾਮ ਕਰਨੀ ਰੂਪੀ ਸੱਕ ਪਾਈਏ।

¶ਸਰੀਰ ਨੂੰ ਭੱਠੀ ਬਣਾਕੇ, ਪਰਮੇਸ਼ਰ ਦੇ ਪ੍ਰੇਮ ਦਾ ਪੋਚਾ ਦੇਕੇ, ਇਸ ਪ੍ਰਕਾਰ ਅੰਮ੍ਰਿਤ ਰਸ ਚੁਆ ਲਈਏ।

॥ਹੇ ਬਾਬਾ ਭਰਥਰੀ ! ਇਹ ਮਨ ਬੁੱਧੀ ਵਾਲਾ ਹੈ, ਇਹ ਇਉਂ ਹੀ ਨਾਮ ਰੂਪੀ ਰਸ ਪੀਂਦਾ ਹੈ ਤੇ ਸਹਜ ਯੋਗ ਦੇ ਰੰਗ ਵਿਖੇ ਲੀਨ ਹੋ ਜਾਂਦਾ ਹੈ।

Digitized by Panjab Digital Library | www.panjabdigilib.org

ਅਨਾਹਦ ਗਹਿਆ* ॥ ੧ ॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾਕਉ ਨਦਰਿ ਕਰੇ† ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ‡ ॥ ੨ ॥ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ§ ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੇ ਕਰੈ ਕਿਆ¶॥ ੩ ॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ‖ ॥
**ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥ ੪ ॥ ੪ ॥ ੩੮ ॥

ਭਾਈ ਸਾਹਿਬ ! ਇਸ ਪ੍ਰਕਾਰ ਦੇ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਹਨ ਜਿਨ੍ਹਾਂ ਵਿਚ ਇਸ ਸ਼ਰਾਬ ਨੂੰ ਨਿੰਦ ਪਦਾਰਥ ਦੱਸਿਆ ਹੈ ਅਰ ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਸੱਚੀ ਸ਼ਰਾਬ (ਅਰਥਾਤ ਪਰਮੇਸ਼ਰ ਨਾਲ ਲਿਵ ਲਾਉਣ ਤੇ ਪ੍ਰੇਮ ਕਰਨ ਦੀ ਅਵਿਨਾਸ਼ ਤਾਰ) ਲਾਓ ਤੇ ਸਹਜ ਜੋਗ ਕਮਾਓ। ਜਿਹਾ ਕ:-

ਕਾਇਆ ਕਲਾਲਨਿ ਲਾਹਨਿ ਮੇਲਉ
ਗੁਰ ਕਾ ਸਬਦੁ ਗੁੜੁ ਕੀਨੁ ਰੇ ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ
ਕਾਟਿ ਕਾਟਿ ਕਸੁ ਦੀਨੁ ਰੇ ॥ ੧ ॥
[ਰਾਮਕਲੀ ਕਬੀਰ ਜੀ

ਪੁਨਾ:-ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ
ਭਉ ਭਾਠੀ ਮਨ ਧਾਰਾ ॥
ਸੁਖਮਨ ਨਾਰੀ ਸਹਜ ਸਮਾਨੀ
ਪੀਵੈ ਪੀਵਨਹਾਰਾ ॥ ੧ ॥
[ਰਾਮਕਲੀ ਕਬੀਰ ਜੀ

ਪੁਨਾ:-ਗੀ ਕਲਵਾਰਿ ਗਵਾਰਿ ਮੂਢਮਤਿ
ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ ਮੇਰ ਸਰ ਭਾਠੀ
ਅੰਮ੍ਰਿਤ ਧਾਰ ਚੁਆਵਉ ॥ ੧ ॥
ਆਦਿਕ । [ਕੇਦਾਰਾ ਕਬੀਰ ਜੀ

ਇਨ੍ਹਾਂ ਸਭਨਾਂ ਪ੍ਰਮਾਣਾਂ ਥੀਂ ਸਿੱਧ ਹੈ ਕਿ ਖਾਲਸਾ ਧਰਮ ਵਿਚ ਸ਼ਰਾਬ ਪ੍ਰਮਾਣੀਕ ਨਹੀਂ, ਸਗੋਂ ਸਾਰੇ ਨਸ਼ਿਆਂ ਸਮੇਤ ਵਰਜੀ ਗਈ ਹੈ। ਆਦਿ ਸਾਹਿਬਾਂ ਥੋਂ ਲੈਕੇ ਦਸਮ ਗੁਰੂ ਜੀ ਤਕ ਕਿਸੇਮਹਾਰਾਜ ਨੇ ਇਨ੍ਹਾਂ ਦੀ ਆਗਜਾ ਨਹੀਂ ਦਿਤੀ।ਉਨ੍ਹਾਂ ਦਾ ਸਤ ਉਪਦੇਸ਼ ਇਹੀ ਹੈ ਕਿ ਪ੍ਰੇਮਦੇ ਨਸ਼ੇ ਦੀ ਭਾਲ ਕਰੋ,ਅਤੇਇਨ੍ਹਾਂ ਝੂਠਿਆਂ ਨਸ਼ਿਆਂ ਥੋਂ ਜੋ ਦੀਨ ਦੁਨੀਆਂ ਵਿਚ ਕਿਸੇ ਜੋਗਾ ਨਾ ਛੱਡਣ, ਬਚੋ।

ਹਿੰਦੂ ਮਤ ਵਿਚ ਇਸ ਦੀ ਰੋਕ ਦਾ ਹਾਲ

---

*ਐਉਂ ਜੋ ਦਿਨ ਰਾਤ ਬਨੀ ਹੈ ਇਕ ਰਸ ਬ੍ਰਿਤਿ, ਜਿਸ ਵਿਚ ਪ੍ਰੇਮ ਦੀ ਲਿਵ ਲਗ ਰਹੀ ਹੈ, ਕਿਉਂਕਿ ਅਨਾਹਤ ਸ਼ਬਦ ਨੂੰ ਬ੍ਰਿਤਿ ਨੇ ਦ੍ਰਿੜ ਕਰਕੇ ਪਕੜਿਆ ਹੈ।

†ਪੂਰਣ ਪਰਮੇਸ਼ੁਰ ਇਹ ਸਹਜਯੋਗ ਦਾ ਪਯਾਲਾ ਉਸਨੂੰ ਪਿਲਾਉਂਦਾ ਹੈ ਜਿਸ ਪੁਰ ਕਿਰਪਾ ਦ੍ਰਿਸ਼ਟਿ ਕਰਦਾ ਹੈ।

‡ਜੋ ਮਹਾਤਮਾ ਇਸ ਅੰਮ੍ਰਿਤ ਦਾ ਖਰੀਦਣ ਵਾਲਾ ਹੋਵੇ ਉਹ ਝੂਠੀ ਸ਼ਰਾਬ ਨਾਲ ਕਦ ਪ੍ਰੇਮ ਕਰਦਾ ਹੈ।

§(ਪ੍ਰਸ਼ਨ-ਇਸ ਲਈ ਕੋਈ ਪ੍ਰਮਾਣ ਬੀ ਹੈ? ਉਤਰ-ਹਾਂ) ਸਤਿਗੁਰੂ ਦੀ ਗ੍ਵਾਹੀ ਹੈ, ਕਿਉਂਕਿ ਗੁਰ ਉਪਦੇਸ਼ ਅੰਮ੍ਰਿਤ ਰੂਪੀ ਬਾਣੀ ਪੀਂਦਿਆਂ ਹੀ ਪ੍ਰਵਾਣ ਹੋ ਜਾਂਦਾ ਹੈ।

¶ਜੋ ਮਹਾਤਮਾ ਅਕਾਲ ਪੁਰਖ ਦੇ ਦਰਵਾਜੇ ਤੇ ਦਰਸ਼ਨ ਦਾ ਪ੍ਰੇਮੀ ਹੋਵੇ, ਉਹ ਮੁਕਤ ਤੇ ਬੈਕੁੰਠ ਦੀ ਕੀ ਪ੍ਰਵਾਹ ਰਖਦਾ ਹੈ (ਯਥਾ:-ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥) [ਮਾਰੂ ਸਲੋ: ਮ: ੫

‖ਜਿਹੜਾ ਉਸਦੀਆਂ ਸਿਫਤਾਂ ਵਿਚ ਰੱਤਾ ਹੈ ਉਹ ਸੰਸਾਰ ਤੋਂ ਸਦੀਵ ਬੈਰਾਗੀ ਹੈ (ਉਹ ਇਸ ਫੋਕੀ ਸ਼ਰਾਬ ਦੇ ਮੂੰਹ ਰੂਪ) ਜੂਏ ਵਿਚ ਕਦ ਜਨਮ ਹਾਰਦਾ ਹੈ ?

**ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ,ਹੇ ਭਰਥਰੀ ਤੂੰ ਸੁਣ,ਜੋਗੀ ਉਹੀ ਹੈ,ਜੋਪੂਰਬੋਕਤਅਖੰਡ ਸਹਜ ਯੋਗ ਰੂਪੀ ਅੰਮ੍ਰਿਤ ਦੀ ਧਾਰਾ ਵਿਖੇ ਮਸਤ ਰਹਿੰਦਾ ਹੈ (ਤੇ ਝੂਠੀ ਸ਼ਰਾਬ ਵਿਚ ਨਹੀਂਰੁੜ੍ਹਦਾ)।

Digitized by Panjab Digital Library | www.panjabdigilib.org

ਦੱਸ ਆਏ ਹਾਂ ਤੇ ਮੁਸਲਮਾਨਾਂ ਦੇ ਮਤ ਵਿਖੇ ਕੁੱਲ ਨਸ਼ੇ ਹਰਾਮ ਲਿਖੇ ਹਨ, ਈਸਾਈਆਂ ਵਿਚ ਇਸ ਦੀ ਆਗਜਾ ਨਹੀਂ ਹੈ। ਗਲ ਕੀ ਦੁਨੀਆਂ ਦਾ ਕੋਈ ਸੋਸ਼ਟ ਮਤ ਇਸਨੂੰ ਸੀਕਾਰ ਕਰਨ ਦੀ ਆਗਜਾ ਨਹੀਂ ਦਿੰਦਾ।ਦੋ ਦੋਹੇ ਕਹਕੇ ਆਪਦੇ ਪ੍ਰਸ਼ਨ ਦੇ ਉੱਤਰ ਨੂੰ ਮੁਕਾਉਂਦੇ ਹਾਂ।

ਹਮ ਨਿੰਦਕ ਨਿੰਦਤ ਨਹੀਂ, ਸੱਤਾਸਤਿ ਬਿਬੇਕ।
ਲਾਗੀ ਗੈਲ ਚੁ ਲ ਸੀ ਭਾਵ ਸੁਧ ਸਿਧ ਏਕ* ।੧।
ਸ਼ਾਕ੍ਰਕ ਪੂਜੈ ਸ਼ਕ੍ਰਿ ਕੋ, ਸ਼ਕਤੀ ਪੀਵੈ ਮੱਦ।
ਤੁਮ ਭੈਰੋਂ ਸ਼ਕਤੀ ਨਹੀਂ ਬਾਂਮੀ ਨਹਿ ਕਿਉਂ ਅੱਦ†।

—o—

ਅਠਵਾਂ ਦੌਰ

ਛੀਵੇਂ ਪ੍ਰਸ਼ਨ ਦਾ ਉੱਤਰ

ਸਿੰਘ ਸਾਹਬ ਜੀ ਨੇ ਛੀਵੇਂ ਵੱਲ ਪਰਤ ਕੇ ਕਿਹਾ ਕਿ ਕਿਉਂ ਮਹਾਰਾਜ ਜੀ! ਇਹ ਸੈਯਾ ਬੀਰਬਲ ਦਾ ਜੋ ਆਪ ਨੇ ਪੜ੍ਹਿਆ ਹੈ ਕੀ ਆਪ ਨੂੰ ਇਸਦਾ ਕੁਝ ਹੋਰ ਬੀ ਹਾਲ ਮਾਲੂਮ ਹੈ? ਉਸਨੇ ਉੱਤਰ ਦਿਤਾ ਕਿ ਨਹੀਂ ਜੀ। ਸਿੰਘ ਸਾਹਿਬ ਜੀ ਆਖਣ ਲਗੇ ਕਿ ਇਕ ਦਿਨ ਬਹਾਦਰ ਸ਼ਾਹ ਦੀ ਕਚਹਿਰੀ ਵਿਚ ਇਹੋ ਪ੍ਰਸੰਗ ਚੱਲਿਆ ਤੇ ਇਹੀ ਆਪ ਦਾ ਤੋਤੇ ਸ਼ੇਰ ਹਾਥੀ ਤੇ ਘੋੜੇ ਵਾਲਾ ਸੈਯਾ ਪੜ੍ਹਿਆ ਗਿਆ, ਉਸ ਵੇਲੇ ਇਕ ਅਦੁਲ ਰਹਿਮਾਨ ਨਾਮੇ ਮਨਸਬਦਾਰ ਨੇ, ਜੋ ਕਵੀ ਬੀ ਸੀ, ਇਸਦਾ ਇਹ ਉਤਰ ਦਿਤਾ:—

ਦੋਹਰਾ—

ਪੀਏ ਸ਼ਰਾਬ ਜੁ ਜਗਤ ਮੈਂ ਅੰਤਹਿ ਹੋਇ ਖਰਾਬ।
ਕਾਟੈ ਬੌਰੇ ਸ੍ਵਾਨ ਜਿਉਂ ਭੂ ਪਰ ਗਿਰੈ ਸ਼ਿਤਾਬ*।

ਕਬਿਤ—

ਛਕੈ ਹੋਵੈ ਅਵਧੂਤ ਆਪਕੋ ਲਗਾਵੈ ਭੂਤ,
ਰਹਮਾਨ ਨੈਕ ਹੂੰ ਨ ਬਜੈ ਢੋਲ ਫਾਟੇ ਸੋ†।
ਕਾਹੂੰ ਕੇ ਪਰਤ ਪਾਇ ਕਾਹੂ ਸੋਂ ਅਰਤ ਆਇ,
ਭਿਸ਼ੂ ਕੋ ਗਹੈ ਸੁਭਾਉ ਡਰੈ ਨਾਂਹਿ ਡਾਟੇ ਸੋ‡।
ਕੋਊ ਦੇਤ ਸੀਖ ਵਾਂਕੋ ਗਾਰੀ ਦੇਤ ਬੁਰੀ ਤਾਂਕੋ
ਛਾਡੈ ਨ ਕਠੋਰਤਾ ਕੋ ਹੈ ਗੁਲਾਮ ਫਾਟੇ ਸੋ§।
ਪੀਏ ਜੋ ਸ਼ਰਾਬ ਅੰਤ ਹੋਤ ਤੇ ਖਰਾਬ,
ਗਿਰੈ ਭੂਮ ਪੈ ਭਰਾਬ ਬੌਰੇ ਕੂਕਰ ਕੇ ਕਾਟੇ ਸੋ¶।

ਤੁਸੀਂ ਆਪ ਸੋਚ ਸਮਝ ਕਰ ਲਓ ਕਿ ਨਿੱਕਾ ਜਿਹਾ ਕਰੁੰਡੀਆ ਸੱਪ ਡੰਗੇ ਤੇ ਵਿਹੁ ਨਾ ਚੜ੍ਹੇ, ਕਾਂਜੀ ਦੀ ਛਿੱਟ ਪਵੇ ਤੇ ਦੁੱਧ ਨਾ

---

*ਅਸੀਂ ਨਾ ਨਿੰਦਕ ਹਾਂ ਤੇ ਨਾ ਹੀ ਨਿੰਦਾ ਕਰਦੇ ਹਾਂ, ਕੇਵਲ ਸੱਚ ਝੂਠ ਨਿਤਾਰਦੇ ਹਾਂ ਕਿ ਸ਼ਰਾਬ ਚੁੜੈਲ ਵਾਙੂ ਮਗਰ ਲਗੀ ਲਹਿੰਦੀ ਨਹੀਂ, ਇਸ ਤੋਂ ਭਾਵ ਇਹੋ ਸਿੱਧ ਸੀ ਕਿ ਪੀਓ ਨਹੀਂ, ਸੁੱਧ ਰਹੋ।

†ਸ਼ਾਕਤ ਕ ਸ਼ਰਾਬ ਨਾਲ ਸ਼ਕਤੀ ਪੂਜਦਾ ਹੈ, ਸ਼ਕਤੀ (ਤੇ ਭੈਰੋਂ) ਸ਼ਰਾਬ ਪੀਣ। ਤੁਸੀਂ ਨਾ ਭੈਰੋਂ ਹੋ, ਨਾ ਸ਼ਕਤੀ ਹੋ, ਨਾ ਬਾਂਮੀ (ਨਾ ਕੌਲਕੀ) ਫੇਰ ਕਿਉਂ ਪੀਂਦੇ ਹੋ ?

*ਪੀਂਦਾ ਹੈ ਜੋ ਜਗਤ ਵਿਚ ਸ਼ਰਾਬ ਅੰਤ ਨੂੰ ਹੁੰਦਾ ਹੈ ਖਰਾਬ। ਵਢਦਾ ਹੈ ਹਲਕਾਏ ਕੁੱਤੇ ਵਾਙੂ ਤੇ ਧਰਤੀ ਪੁਰ ਡਿਗਦਾ ਹੈ ਝਟ ਪਟ। †ਪੀ ਕੇ ਹੁੰਦਾ ਹੈ ਪਾਗਲ ਮਾਨੋ ਆਪ ਨੂੰ ਕਿੱਕਰ ਦਾ ਭੂਤ ਲਗਾ ਲੈਂਦਾ ਹੈ। ਰਹਮਾਨ ਕਹਿੰਦਾ ਹੈ ਕਿ ਫੇਰ ਉਹ ਕਦੀ ਨਹੀਂ ਵੱਜਦਾ ਪਾਟੇ ਢੋਲ ਵਾਙੂ, ਭਾਵ ਨਿਕੰਮਾ ਹੋ ਜਾਂਦਾ ਹੈ। ‡ਕਿਸੇ ਦੇ ਪੈਰੀਂ ਪੈਂਦਾ ਤੇ ਕਿਸੇ ਨਾਲ ਲੜਦਾ ਮਰਦਾ ਹੈ। ਭੈੜਾ ਸੁਭਾਵ ਗ੍ਰਹਿਣ ਕਰਦਾ ਹੈ ਤੇ ਧਮਕਾਇਆਂ ਡਰਦਾ ਬੀ ਨਹੀਂ। §ਜੇ ਕੋਈ ਸ਼ਰਾਬੀ ਨੂੰ ਸਿਖਿਆ ਦੇਵੇ ਤਾਂ ਉਸ ਨੂੰ ਬਹੁਤ ਬੁਰੀਆਂ ਬੁਰੀਆਂ ਗਾਲ੍ਹਾਂ ਦਿੰਦਾ ਹੈ। ਪਿਆਰ ਅਤੇ ਸਿੱਖਿਆ ਨਾਲ ਤਾਂ ਕਠੋਰਤਾ ਨਹੀਂ ਛਡਦਾ, ਪਰ ਛਿਤ੍ਰਾਲ ਨਾਲ ਨੌਕਰ ਵਾਙੂ ਹੋ ਜਾਂਦਾ ਹੈ। ¶ਪੀਂਦਾ ਹੈ ਜੋ ਪੁਰਖ ਸ਼ਰਾਬ ਅੰਤ ਨੂੰ ਹੁੰਦਾ ਹੈ ਖਰਾਬ। ਡਿਗਦਾ ਹੈ ਪ੍ਰਿਥਵੀ ਤੇ ਭਵਾਟੜੀਆਂ ਖਾ ਖਾ ਕੇ ਜ਼ਿਕਰ ਹਲਕਾਇਆ ਕੁਤਾ ਕਦੀ ਡਿਗਦਾ ਕਦੀ ਦੌੜਦਾ ਨੱਦਦਾ ਤੇ ਤੜਫਦਾ, ਅੰਤ ਕੁਮੌਤੇ ਮਰਦਾ ਹੈ।

Digitized by Panjab Digital Library | www.panjabdigilib.org

ਫਿੱਟੇ, ਚਿਣਗਾਰੀ ਪਵੇ ਤੇ ਘਾਹ ਨਾ ਸੜੇ ? ਇਨ੍ਹਾਂ ਪ੍ਰਤੱਖ ਪ੍ਰਮਾਣਾਂ ਨੂੰ ਦੇਖ ਸੁਣ ਕੇ ਬੀ ਸ਼ਰਾਬ ਦੀ ਮਿਤ ਪ੍ਰਮਾਣ ਕਹਿੰਦੇ ਹੋ, ਦੰਦਾਂ ਹੇਠ ਜੀਭ ਨਹੀਂ ਘੁੱਟਦੇ। ਇਸ ਸ਼ਰਾਬ ਖਾਨਾ ਖਰਾਬ ਦੀ ਟੋਟ ਸੰਭਾਲਣ ਵਾਲਾ ਕੌਣ ਜੰਮਿਆ ਹੈ ਜੋ ਟੋਟ ਵੇਲੇ ਬੀ ਮਿਤ ਦੀ ਪੀਏ ਤੇ ਚੇਤੇ ਰੱਖੇ। ਜੇ ਮਿਤ ਮਾਤ੍ਰਾ ਕਰਕੇ ਪੀਤੀ ਤਾਂ ਸ਼ਰਾਬ ਹੀ ਨਹੀਂ ਪੀਤੀ, ਝੂਠ ਹੈ, ਏਵੇਂ ਗੱਪ ਹੈ। ਏਥੇ ਠੂਠੀ ਮੂੰਹ ਲਗੀ ਬਸ ਆਥਰ ਪਲਾਣੇ ਸੀਉਣੇਂ ਗਏ, ਆਉਂਦਿਆਂ ਤਕ ਘੱਟੇ ਵਿਚ ਲੇਟ ਗਏ। ਹੁਣ ਤੋਤਾ ਸ਼ੇਰ ਹਾਥੀ ਆਏ ਤਾਂ ਸਹੀ, ਪਰ ਟੋਟ ਦੇ ਟੀਟਣੇ ਤੋਂ ਅਜਿਹੇ ਡਰਕੇ ਨੱਸੇ ਕਿ ਲੁਕਣ ਕਿੱਥੇ, ਸ਼ਰਾਬੀ ਦੇ ਅੰਦਰ ਤਾਂ ਬਿਨਾਂ ਸ਼ਰਾਬ ਦੇ ਹੋਰ ਕੋਈ ਹਨੇਰੇ ਵਾਲੀ ਥਾਂ ਹੀ ਨਹੀਂ।

ਜ਼ਰਾ ਸੋਚੋ ਸ਼ਰਾਬ ਦੀ ਵਡਿਆਈ ਬਿਨਾਂ ਬਹੁਤੀ ਪੰਣ ਦੇ ਹੋਰ ਹੈ ਕੀ? 'ਅਤੀ ਸਰਬਤ੍ਰ ਵਰਜਨੀਯ' ਹੈ। 'ਮਿਤ ਮਾਤ੍ਰਾ' ਹੈ ? ਸ਼ਰਾਬ ਨਾ ਹੋਈ ਕੋਈ ਮਖੌਲ ਹੋਇਆ ਖੋਤਾ ਆਪਣੇ ਥਕੇਵੇਂ ਲਾਹੁਣ ਵਾਸਤੇ ਘੱਟੇ ਵਿਚ ਲੇਟਦਾ ਹੈ, ਕੋਈ ਬੇਸੁਧ ਤਾਂ ਨਹੀਂ ਹੁੰਦਾ, ਪਰ ਏਥੇ ਸ਼ਰਾਬ ਸਰਬੇਸ਼ੂਰੀ ਦੀ ਕ੍ਰਿਪਾ ਨਾਲ ਅਜਿਹਾ ਬਿਸੁਧ ਹੁੰਦਾ ਹੈ ਕਿ ਭਾਵੇਂ ਇਸਦੇ ਉਤੇ ਖੋਤੇ ਲੇਟ ਲੇਟ ਜਾਣ ਪਰ ਸ਼ਰਾਬੀ ਨੂੰ ਕੋਈ ਖਬਰ ਨਹੀਂ।

ਫੇਰ ਆਪ ਨੇ ਕਿਹਾ ਸੀ ਕਿ "ਇਹ ਦਾਰੂ ਹੈ, ਅਸੀਂ ਦਾਰੂ ਜਾਣਕੇ ਪੀਂਦੇ ਹਾਂ"। ਜੇਕਰ ਆਪਦਾ ਦਾਰੂ ਥੋਂ ਤਾਤਪਰਯ ਬਰੂਦ ਹੈ, ਤਾਂ ਗੱਲ ਹੀ ਵੱਖਰੀ ਹੈ, ਪਰ ਕੋਈ ਤੁਸੀਂ ਤੋਪ ਬੰਦੂਕ ਨਹੀਂ ਜੋ ਬਾਰੂਦ ਤੁਹਾਡੇ ਵਿਚ ਭਰਿਆਂ ਜੰਗ ਵਿਚ ਕੰਮ ਆਉ। ਮਤਾਬੀ ਅਨਾਰ ਨਹੀਂ ਹੋ ਜੋ ਵਿਆਹ ਵਿਚ ਤੁਹਾਡੀ ਬਦੌਲਤ ਕੁੜਮਾਂ ਦਾ ਬੂਹਾ ਹੀ ਸੋਹਣਾ ਹੋਵੇ। ਭਲਾ ਜੇਕਰ ਆਪਦਾ ਮਤਲਬ ਦਾਰੂ ਥੋਂ ਦਵਾ ਦਾ ਹੈ, ਤਾਂਬੀ ਆਪਦਾ ਕਥਨ ਬਿਰਥਾ ਹੈ, ਕਿਉਂਕਿ ਆਪ ਨੂੰ ਕੋਈ ਰੋਗ ਨਹੀਂ, ਚੰਗੇ ਭਲੇ ਹੱਟੇ ਕੱਟੇ ਹੋ। ਨਾ ਕਿਸੇ ਡਾਕਟਰ ਹਕੀਮ ਨੇ ਤੁਹਾਨੂੰ ਸ਼ਰਾਬ ਦਾ ਨੁਸਖਾ ਲਿਖ ਦਿੱਤਾ ਹੈ। ਫੇਰ ਆਪ ਕਿਉਂ ਪੀਂਦੇ ਹੋ ? ਕਦੀ ਕੁਨੀਨ ਇਸ ਤਰ੍ਹਾਂ ਖਾਧੀ ਜੇ ? ਜਾਂ ਗੁਲਕੰਦ ਤੇ ਬਰਸ਼* ਨਾਲ ਰੋਟੀ ਖਾਧੀ ਜੇ ? ਕਦੀ ਅਰਕ ਮੁਕੋ ਪਾਣੀ ਦੀ ਥਾਂ ਵਰਤਿਆ ਜੇ? ਜੇ ਉਨ੍ਹਾਂ ਦਵਾਵਾਂ ਨੂੰ ਅਰੋਗਤਾ ਵਿਚ ਕਦੀ ਨਹੀਂ ਖਾਧਾ ਪੀਤਾ ਤਾਂ ਸ਼ਰਾਬ ਕਿਉਂ ਪੀਂਦੇ ਹੋ ? ਤੁਸੀਂ ਨਹੀਂ ਜਾਣਦੇ ਕਿ ਬਿਨਾਂ ਰੋਗ ਦੇ ਦਵਾ ਖਾਧੀ ਹੋਈ ਰੋਗ ਉਪਜਾਉਂਦੀ ਹੈ ? ਆਓ ਟਲੋ ਤੇ ਪੈਸੇ ਖਰਚਕੇ ਸਿਰ ਪੀੜ ਨਾ ਸਹੇੜੋ।

ਸਤਵੇਂ ਸ਼ਰਾਬੀ ਨੂੰ ਉੱਤਰ

ਸਿੰਘ ਸਾਹਿਬ ਜੀ ਨੇ ਸੱਤਵੇਂ ਨੂੰ ਕਹਿਣਾ ਅਰੰਭ ਕੀਤਾ:—

ਆਪਦੀ ਸੰਮਤੀ ਛੀਵੇਂ ਨਾਲ ਰਲਦੀ ਮਿਲਦੀ ਹੈ, ਉਨ੍ਹਾਂ ਨੇ ਤਾਂ ਕੇਵਲ ਇਸਦਾ ਨਾਉਂ ਹੀ ਦਾਰੂ ਲੀਤਾ, ਪਰ ਤੁਸਾਂ ਵੈਦਕ ਦੇ ਉਹ ਢਕਵੰਜ ਲਾਏ ਹਨ ਕਿ ਮਾੜੇ ਮੋਟੇ ਭਲੇ ਮਾਨਸ ਨੂੰ ਤਾਂ ਔਵੇਂ ਹੀ ਫਸਾ ਲਓ। ਮੈਂ ਪਿੱਛੇ ਕਹਿ ਆਇਆ ਹਾਂ ਕਿ ਅੱਗ ਦੀ ਚਿੰਗਾਰੀ ਭਾਵੇਂ ਕਿੱਡੀ ਹੀ ਛੋਟੀ ਹੋਵੇ, ਪਰ ਸਾੜਨੋਂ ਕਦੀ ਨਾ ਟਲੇਗੀ। ਇੱਕੁਰ ਹੀ ਸ਼ਰਾਬ ਪਾਣੀ ਦੀ ਅੱਗ ਹੈ, ਭਾਵੇਂ ਥੋੜੀ ਪੀਓ ਭਾਵੇਂ ਬਹੁਤ, ਪਰ ਜਿਹੜਾ ਪਿੱਤਾਸ਼ਾ

---

*ਮਾਜੂਨ ਬਰਸ਼ਾਅਸ਼ਾ ਜੋ ਕੌੜੀ ਹੁੰਦੀ ਹੈ, ਨੂੰ ਆਮ ਲੋਕ 'ਬਰਸ਼' ਸੱਦਦੇ ਹਨ।

Digitized by Panjab Digital Library | www.panjabdigilib.org

(=ਜਿਗਰ),ਆਮਾਸ਼ਾ(=ਮਿਹਦਾ), ਮੂਤ੍ਰਾਸ਼ਾ (=ਮਸਾਨਾ), ਮਲਾਸ਼ਾ(=ਆਂਦਰਾਂ), ਮੱਜਾ (=ਚਰਬੀ)ਤੇ ਬੀਰਜ ਆਦਿਕਨੂੰ ਦਗਧ ਕਰਨਾ ਇਸ ਦਾ ਧਰਮ ਹੈ,ਸੋ ਕਰੂ।ਇਸ ਪੁਰ ਸ਼ਰਾਬੀ ਨੇ ਸ਼ੰਕਾ ਕੀਤੀ ਕਿ ਜਦ ਸ਼ਰਾਬ ਅੱਗ ਹੈ, ਅਰ ਅੱਗ ਸਦਾ ਸਾੜਦੀ ਹੈ. ਫੇਰ ਬਾਜੀਆਂ ਬੀਮਾਰੀਆਂ ਵਿਚ ਹਕੀਮ ਲੋਕ ਕਿਉਂ ਦਿੰਦੇ ਹਨ,ਕਦੀ ਕਿਸੇ ਰੋਗ ਵਿਚ ਅੱਗ ਭੀ ਫੁਕਾਉਂਦੇ ਹਨ। ਤਦ ਸਿੰਘ ਜੀ ਨੇ ਉੱਤਰ ਦਿਤਾ ਕਿ ਆਪਹਕੀਮਾਂ ਡਾਕਟਰਾਂ ਪੁਰ ਫ਼ੈਕਾ ਨਹੀਂ ਕਰ ਸਕਦੇ,ਕਿਉਂਕਿਉਹ ਆਪਣੀ ਬੁੱਧਿਅਨੁਸਾਰ ਸੰਖੀਏ ਤੇ ਕੁਚਲੇ ਨਾਲੋਂ ਬੀ ਤਿੱਖੇ ਜ਼ਹਰਾਂ ਥੋਂ ਫੈਦਾ ਲੈਂਦੇ ਹਨ, ਇੱਥੋਂ ਤਕ ਕਿ ਬਾਜ਼ੇ ਵੇਲੇ ਅੱਗ ਥੋਂ ਭੀ ਕੰਮ ਲੈਂਦੇ ਹਨ, ਜਿਹਾ ਕੁ ਸੱਪ ਡੰਗੀ ਥਾਂ ਨੂੰ ਸਾੜ ਸੁੱਟਣਾ, ਗੁਲ ਲਾਉਣੇ,ਕੁੱਜੇ ਲਾਉਣ ਆਦਿਕ।

ਫੇਰ ਆਪ ਕਹਿੰਦੇ ਹੋ ਕਿ ਪਜਾਲਾ ਹਥੋਂ ਰੱਖ ਦਿਤਾ; ਉਹ ਕਿਹੜਾ ਬਹਾਦਰ ਹੈ, ਜੋ ਸਰੂਰ ਆਏ ਤੇ ਪਿਆਲਾ ਹਥੋਂ ਰੱਖ ਦੇਵੇ। ਕੀ ਸ਼ਰਾਬ ਵਿਚੋਂ ਟੋਟ ਦਾ ਗੁਣ ਨਾਸ਼ ਹੋ ਗਿਆ ਹੈ ? ਕਦੀ ਨਹੀਂ, ਕਦੀ ਨਹੀਂ । ਕਿਉਂਕਿ ਸ਼ਰਾਬੋਂ ਸਰੂਰ, ਸਰੂਰੋਂ ਅਮਲ, ਅਮਲੋਂ ਟੋਟ, ਟੋਟੋਂ ਸ਼ਰਾਬ ਪੀਣੀ ਅਵਸ਼ਜ, ਬੱਸ ਫੇਰ ਉਹੋ ਦੌਰ। ਜੋ ਸ਼ਰਾਬ ਪੀਵੇ ਉਹ ਭਲਾ ਮਾਨਸ ? ਜਿਹਾ ਚੋਰ ਲੱਖ ਦਾ ਜਿਹਾ ਕੱਖ ਦਾ । ਪਹਿਲੇ ਮੂਰਖੱਤ ਨੇ ਸ਼ਰਾਬ ਆਂਦੀ, ਜਦ ਸ਼ਰਾਬ ਆਈ ਤਾਂ ਭਲਮਣਸਾਈ ਖੰਭ ਲਾਕੇ ਉਡ ਗਈ, ਜਾਂ ਪੀਤੀ ਤਾਂ ਪਰਮੇਸ਼ਰ ਦੀ ਬਖਸ਼ੀ ਹੋਈ ਅਮੋਲਕ ਚੀਜ਼ 'ਅਕਲ' ਪੱਤ੍ਰਾ ਵਾਚ ਗਈ।

ਦਾਨਾ ਪੀ ਨਾਦਾਨ ਹੁਇ ਸੰਗਤ ਬੁਰੀ ਸ਼ਰਾਬ।
ਟੋਟਾ ਖੋਟਾ ਮਿਲਤ ਨਹਿੰ ਪਾਗਲ ਮੌਤ ਖਰਾਬ।

ਸਮੁੰਦ੍ ਪੀਕੇ ਮੁੱਛਾਂ ਸੁੱਕੀਆਂ ਜੋ ਆਪ ਨੇ ਕਿਹਾ ਹੈ ਸੋ ਇਕ ਸਚ ਮੁਚ ਪੋਸਤੀਆਂ ਵਾਲੀ ਗੱਪ ਲਾਈ ਹੈ। ਇਕ ਪਾ ਭਰ ਪੀਕੇ ਤਾਂ ਉਹ ਦੁਰਗਤ ਹੁੰਦੀ ਹੈ ਕਿ ਚੁਪ ਹੀ ਭਲੀ । ਬਸ ਤਿੰਨਾਂ ਮਣਾਂ ਦੀ ਦੇਹੀ ਵਿਚ ਸਮੁੰਦਰ ਗ਼ਰਕ । ਹਨੇਰ ਹੈ ਕਿ ਨਹੀਂ ? ਪੀਏ ਤੇ ਫੇਰ ਨਸ਼ਰ ਨਾ ਹੋਵੇ ? ਉਹ ਸ਼ਰਾਬ ਕਾਹਦੀ ਜੋ ਪੀਤੀ ਹੋਈ ਲੁਕੀ ਰਹੇ । ਕਿਸੇ ਨੇ ਕਿਹਾ ਹੈ:—

ਚੋਰੀ ਛੱਪੀ ਜੋ ਕਿਤੇ ਪੀਤੀ ਤਾਂ ਕੀ ਸ੍ਵਾਦ।
ਗਿਣਤੀ ਵਿਚ ਨ ਪਜੱਕੜਾਂ,ਸਗਮਾਂ ਪਤ ਬਰਬਾਦ।

ਸਾਡੀ ਸਮਝ ਵਿਚ ਤਾਂ ਨਾ ਪੀਣ ਵਾਲੇ ਮੂਰਖ ਪੀਣਵਾਲੇ ਬਧਿਵਾਨਾਂ ਥੋਂ ਚੰਗੇ ਹਨ।

ਫਿਰ ਆਪ ਨੇ ਕਿਹਾ ਸੀ ਕਿ "ਵੈਦ ਮਤ ਵਾਲਿਆਂ ਨੇ ਇਸਦੀ ਜੁਗਤ ਲਿਖੀ ਹੈ" ਇਸ ਦਾ ਭਾਵ ਇਹ ਨਹੀਂ ਹੈਗਾ ਕਿ ਸਵੇਰੇ ਉਠੇ ਸਾਢੇ ਤਿੰਨ ਤੋਲੇ ਪੀ ਲਈ, ਸੰਝ ਹੋਈ ਚੌਦਾਂ ਤੋਲੇ ਪੀ ਲਈ, ਰੋਟੀ ਖਾਣ ਲਗੇ ਪੀ ਲਈ, ਸੋਣ ਲਗੇ ਪੀ ਲਈ। ਇਸਦਾ ਭਾਵ ਸ਼ਰਾਬੀ ਜੀ ਲਈ ਨਹੀਂ, ਇਹ ਦਵਾ ਸ਼ਰਾਬ ਦੇ ਕਿਸੇ ਖਾਸ ਵਰਤਾਉ ਲਈ, ਕਿਸੇ ਰੋਗ ਵਿਚ ਯੁਕਤੀ ਦੱਸੀ ਹੈ ਅਤੇ ਉਹ ਸ਼ਰਾਬ ਬੀ ਇਹ ਕਿੱਕੜ ਦਾ ਭੂਤ ਨਹੀਂ ਹੋਣੀ । ਦੂਜੇ ਗੰਗਾਰਾਮ ਯਤੀ ਜੀ ਜੈਨ ਧਰਮ ਦੇ ਪੈਰੋ ਇਸਦੇ ਗ਼ੀਬ ਕਰਤਾ ਹਨ; ਜਿਸਨੇ ਕਦੀ ਹੱਥ ਲਾਕੇ ਵੀ ਸ਼ਰਾਬ,ਸ਼ਰਾਬ ਰੂਪ ਵਿਚ ਨਾ ਡਿੱਠੀ ਹੋਊ,ਕੀ ਜਾਣੇ ਸ਼ਰਾਬ ਕਿਸ ਬਲਾ ਨੂੰ ਕਹਿੰਦੇ ਹਨ, ਇਸ ਪੁਰ ਆਪ ਜੈਸੇ ਵੈਦ ਬਾਰੁਣੀ ਜੀ ਮਹਾਰਾਜ, ਜਿਨ੍ਹਾਂ ਦੀ ਉਪਮਾਂ ਵਿਚ ਇਹ ਕਿਹਾ ਹੈ:—

ਵੈਦਜਰਾਜ ਨਮਸ੍ਤੁਭ੍ਯੰ ਯਮਰਾਜ ਸਹੋਦਰ।
ਯਮਸ੍ਤੁ ਹਰਤਿ ਪ੍ਰਾਣਾਨ੍ ਵੈਦਜ: ਪ੍ਰਾਣਾਨ੍ਧਨੈ:ਸਹ।

Digitized by Panjab Digital Library | www.panjabdigilib.org

ਹੈ ਵੈਦਜਰਾਜ ਤੈਨੂੰ ਮੱਥਾ ਟੇਕਦਾ ਹਾਂ ਤੂੰ ਤੇ ਯਮਰਾਜ ਦਾ ਵੀ ਵੱਡਾ ਭਿਰਾਉ ਹੈਂ। ਕਿਉਂਕਿ ਯਮਰਾਜ ਤਾਂ ਕੇਵਲ ਪ੍ਰਾਣ ਲੈਂਦਾ ਹੈ, ਪਰ ਤੂੰ ਧਨ ਸਮੇਤ ਪ੍ਰਾਣ ਲੈਂਦਾ ਹੈਂ।

ਸੋ ਭਾਈ ਸਾਹਿਬ ਜੋ ਕੁਝ ਆਪ ਨੇ ਸਮਝਿਆ ਅਸੱਤ ਹੈ। ਦੇਖੋ ਇਸ ਦਾ ਭਾਵ ਮੇਘਰਾਜ ਜੀ ਮੁਨਿ ਪੂਜ ਲਿਖਦੇ ਹਨ:—

ਬਿਖ ਮੈਂ ਜੋ ਔਗਣ ਹੈਂ ਜੇਤੇ
ਮਦਜ ਮਾਂਹ ਜਾਨੋਂ ਸੋ ਤੇਤੇ।
ਅਤਿ ਸ਼ਰਾਬ ਪੀਵਤ ਜੋ ਕੋਈ
ਤਾਂਤੇ ਰੋਗ ਮਦਾਤਜ ਹੋਈ।

ਜ਼ਹਿਰ ਵਿਚ ਜਿੰਨੇ ਔਗੁਣ ਹਨ, ਉਹ ਹੀ ਸ਼ਰਾਬ ਵਿਚ ਜਾਣੋ। ਬਹੁਤੀ ਸ਼ਰਾਬ ਪੀਂਦਾ ਹੈ ਜੋ ਕੋਈ, ਉਸ ਨੂੰ ਮਦਾਤਜ ਰੋਗ ਹੁੰਦਾ ਹੈ।

ਸ਼ੰਕਰ ਛੰਦ ॥

ਬਕਤ ਮੁਖ ਤੇ ਬਮਨ ਹੋਵਤ ਅੰਗ ਕਛ ਬਿਨ ਚੇਤ।
ਮਾਤ ਭਗਨੀ ਭਾਰਯਾ ਕੋ ਏਕ ਸਮ ਕਰ ਲੇਤ।
ਪ੍ਰਗਟ ਗੁਹਜ ਜੁ ਬਕਤ ਬਦਨੈ ਭਖਜਾਭਖਹ ਖਾਇ।
ਨ੍ਰਿਤ ਗੀਤ ਅਨੇਕ ਰੰਗੀ ਲਗੀ ਜਾਨ ਬਲਾਇ।

ਬਕਵਾਸ ਡਾਕੀਆਂ ਕਛ ਤੇ ਅਚੇਤ ਅੰਗ ਹੁੰਦਾ ਹੈ। ਮਾਂ ਭੈਣ ਇਸਤ੍ਰੀ ਨੂੰ ਇਕ ਸਮਾਨ ਜਾਣਦਾ ਹੈ। ਗੁੱਝੀ ਛੱਪੀ ਗਲ ਕਹਿ ਦਿੰਦਾ ਹੈ, ਅੱਲ ਪੱਲ ਖਾ ਜਾਂਦਾ ਹੈ। ਨੱਚਣ ਗਾਉਣ ਆਦਿ ਤਮਾਸ਼ੇ ਕਰਦਾ ਹੈ ਜਿਕੁਰ ਬਲਾ ਚੰਮੜੀ ਹੁੰਦੀ ਹੈ।

ਜਿਹੀ ਬਿਖ ਤਿਹੀ ਸ਼ਰਾਬ, ਜਿਸ ਤਰ੍ਹਾਂ ਵੈਦਜ ਲੋਕ ਜ਼ਹਿਰ ਨੂੰ ਪ੍ਰਜਤਨ ਕਰਕੇ, ਸੋਧਕੇ ਮਾਰਕੇ, ਹੋਰ ਕਈ ਵਸਤਾਂ ਰਲਾਕੇ ਰੋਗੀ ਦੇ ਦੇਸ਼,ਬਲ,ਕਾਲ, ਪ੍ਰਕ੍ਰਿਤੀ ਆਦਿਕ ਸਮਝਕੇ* ਰੋਗਅਨੁਸਾਰ ਮਿਤ ਮਾਤ੍ਰਾਨਾਲਦਿੰਦੇਹਨਅਰੇ ਅੰਮ੍ਰਿਤ ਦਾ ਗੁਣ ਲੈਂਦੇ ਹਨ।ਇਕੁਰ ਹੀ ਕਿਸੇ ਦਵਾ ਨੂੰ ਪੁੱਠ ਜਾਂ ਕਿਸੇ ਔਸ਼ਧਿ ਨੂੰ ਸ਼ਰਾਬ ਵਿਚਭਿਉਂਕੇਜੌਹਰ ਕੱਢ ਲੈਣੇ,ਅਥਵਾ ਸ਼ਰਾਬ ਦੇ ਦੀਵੇ ਤੇ ਕੁਝ ਪਕਾ ਲੈਣਾ,ਜਾਂ ਕਿਸੇ ਦਵਾ ਵਿਚ ਸੱਕ ਮੇਵਾ ਪਵਾਕੇ ਅਰਕ ਕਢਾ ਕੇ ਪਿਲਾਉਣਾ ਆਦਿਕਨੂੰ ਸ਼ਰਾਬ ਨਹੀਂ ਕਹਿੰਦੇ। ਅਰ ਮਿਤਮਾਤ੍ਰਾ ਬੀ ਹਕੀਮਾਂ ਨੇ ਦਵਾ ਉਪਯੋਗੀ ਕਥਨ ਕੀਤੀ ਹੈ, ਉਹ ਸ਼ਰਾਬ ਦੀ ਔਸ਼ ਲੁੱਟਣ ਵਾਸਤੇ ਨਹੀਂ। ਜੇ ਪੀਣੀ ਠੀਕ ਹੁੰਦੀ ਤਾਂ ਇਸਤੇ ਉਪਜੇ ਹੋਏ ਰੋਗ ਕਿਉਂ ਕਥਨ ਕਰਦੇ, ਜਿਹਾਕੁ ਹੰਸਰਾਜ ਜੀ ਤੇ ਮਾਧਵ ਜੀ ਨੇ ਸੰਸਕ੍ਰਿਤ ਤੇ ਯਤੀ ਜੀ ਨੇ ਭਾਖਾ ਵਿਚ ਲਿਖਿਆ ਹੈ।

ਨਿਰ੍ਹੁਕ੍ਮੇਕਾਂਤਤਏਵਮਦਜੰ ਨਿਸ਼ੇਵਜਮਾਨੰ
ਮਨੁਜੇਨ ਨਿਤਜੰ। ਉਤ੍ਪਾਦਯੇਤ੍ ਕਸ਼੍ਟਮਾਨ੍
ਵਿਕਾਰਾਨਾਪਾਦਜੇਚ੍ਚਾਪਿ ਸ਼ਰੀਰ ਭੇਦਮ੍। ੪੨।

ਜੋ ਪੁਰਖ ਨਿਰਨੇ ਕਲੇਜੇ ਏਕਾਂਤ ਵਿਚ ਸ਼ਰਾਬ ਨੂੰ ਸੇਵਨ ਕਰਦਾ ਹੈ,ਨਿਤ ਪ੍ਰਤਿ ਉਤਪਤ ਕਰਦਾ ਹੈ ਬਹੁਤੇ ਕਸ਼ਟ ਤੇ ਵਿਕਾਰ। ਅਜਿਹੀ ਸ਼ਰਾਬ ਸਾਰੇ ਸਰੀਰ ਨੂੰ ਭਦ ਜਾਂਦੀ ਹ*।ਐਸਾ ਹੀ ਹੰਸ ਰਾਜ ਜੀ ਆਪਣੇ ਨਿਦਾਨ ਵਿਚ ਲਿਖਦੇ ਹਨ।

ਮਦਜੇਹਿ ਮੂਰ੍ਛਾਂ ਜਡਤਾਂ ਕਰੋਤਿ
ਨੇਤ੍ਰੇ ਰੁਣਤ੍ਤਿ ਸ਼ਿਥਿਲੰ ਸ਼ਰੀਰਮ੍॥
ਹਰ੍ਖੰ ਪ੍ਰਲਾਪੰ ਪਰਿਬੁੱਧਿਨਾਸ਼ੰ
ਨਿਦ੍ਰਾਵਮਿਤ੍ਤੰ ਭ੍ਰਮਤਾ ਪ੍ਰਸੇਕੰ॥

*ਦੇਸ, ਉਮਰ ਬਲ, ਅਗਨ ਹੀ ਦੁਖ ਸਮਾਂ ਵਖਾਨੋਔਖਧ ਕਰਮ ਪ੍ਰਕ੍ਰਿਤਿ ਹੀ ਨਰ ਦੇਹੀ ਜਾਨੋ। ਇਨਕੇ ਪਹਿਲੇ ਦੇਖੀਏ ਪਾਛੇ ਉਪਚਾਰਾ। ਵੈਦ ਨ ਜਾਨੇ ਯਾਹ ਬਿਧ ਤਾਂਕ ਸਿਰ ਛਾਰਾ।

*ਮਦਰਾ ਕਰੇ ਜੁ ਪਾਨ ਬੈਠ ਇਕੰਤ ਮੋਂ,
ਮਾਨਵ ਕਰੇ ਨ ਭੋਜਨ ਫੇਰ ਜੁ ਤੰਤ ਮੋਂ,
ਉਪਜੈਂ ਬਹੁਤੇ ਰੋਗ ਬਿਕਾਰੀ ਦੇਹ ਮੋਂ,
ਹਰ ਜੀ ਭੇਦੇ ਸਕਲ ਸ਼ਰੀਰ ਮਿਲਾਵੇ ਖੇਹ ਮੋਂ।

Digitized by Panjab Digital Library | www.panjabdigilib.org

ਸ਼ਰਾਬ ਦੀ ਬੇਹੋਸ਼ੀ ਦੇਹ ਨੂੰ ਜੜ੍ਹ ਕਰਦੀ ਹੈ, ਅੱਖਾਂ ਦੇਖੋ ਤਾਂ ਲਾਲ ਤੇ ਸਰੀਰ ਢਿੱਲਾ, ਕਿਸੇ ਵੇਲੇ ਬਕਵਾਸ ਵਿਚ ਖੁਸ਼ ਹੁੰਦਾ ਹੈ, ਪੁੰਤੁ ਬੁੱਧਿ ਦਾ ਨਾਸ਼ ਹੋ ਜਾਂਦਾ ਹੈ। ਨੀਂਦਰ ਘੋਰ ਹੁੰਦੀ ਹੈ, ਡਾਕਦਾ ਹੈ, ਭੌਂਦਲ ਜਾਂਦਾ ਹੈ, ਮੂੰਹੋਂ ਲਾਲਾਂ ਵਗਦੀਆਂ ਹਨ।

ਖ਼ੀਣੇਨ ਸ਼ੋਕਾਭਿਭੂਵੇਨ ਚੈਵ
ਕੋਪਾਭਿਭੂਤੇਨ ਚ ਨਿਰ੍ਬਲੇਨ।
ਅਤਜਾ-ਲਭਖਜੇਣ ਚ ਸੇਵਿਤੰ
ਬਹੁ ਕਰੋਤਿ ਮਦਜੰ ਵਿਵਿਧਾਨ੍ ਵਿਕਾਰਾਨ੍।

ਜੋ ਪੁਰਖ ਧਾਤੂ ਛੀਨ ਜਾਂ ਚਿੰਤਾ ਵਿਚ ਫਸਿਆਹੋਵੇ, ਕ੍ਰੋਧੀ ਨਿਰਬਲ ਯਾ ਡਰਪੋਕ ਹੋਵੇ। ਬਹੁਤ ਖੱਟੇ ਪਦਾਰਥ ਖਾਣ ਵਾਲਾ ਹੋਵੇ ਅਜਿਹੇ ਪੁਰਖ ਨੂੰ ਸ਼ਰਾਬ ਪੀਤਿਆਂ ਕਈਪ੍ਰਕਾਰ ਦੇ ਵਿਕਾਰ ਕਰਦੀ ਹੈ। ਜਾਂ ਸ਼ਰਾਬ ਪੀਕੇ ਖੱਟਾ ਖਾਏ, ਡਰੇ, ਕ੍ਰੋਧ, ਚਿੰਤਾ ਕਰੇ, ਧਾਤ ਛੀਣ ਹੋਏ ਤਦ ਅਨੇਕ ਵਿਕਾਰ ਹੁੰਦੇ ਹਨ।

ਲੱਜਾ ਬੁੱਧਿ ਵਿਨਾਸ਼ਨੰ ਵਿਕਲਤਾਂ ਛਰਦੰ
ਗੁਰੁਤ੍ਵੰ ਤਨੋ। ਪਾਂਡੁਤ੍ਵੰ ਕ੍ਰਿਸ਼ਤਾਂ ਮੁਖੇ ਵਿਰਸਤਾਂ
ਨਿਦ੍ਰਾਂ ਵਿਮੂਰ੍ਛਾ ਤ੍ਰਿਖਾਮ੍।

ਲੱਜਾ ਬੁਧ ਨੂੰ ਨਾਸ਼ ਕਰਦੀ ਹੈ, ਅਤੇ (ਡਾਢੀ ਯਾ ਡਾਕੀ ਥੋਂ ਬਿਨਾਂ) ਘਬਰਾਹਟ ਬਹੁਤ ਹੁੰਦੀ ਹੈ, ਤੇ ਸਰੀਰ ਨੂੰ ਭਾਰਾ ਕਰਦੀ ਹੈ, ਰੰਗ ਪਿੱਲਾ ਤੇ ਸਰੀਰ ਸੁੱਕ ਜਾਂਦਾ ਹੈ, ਮੂੰਹ ਬੇਸੁਆਦ ਰਹਿੰਦਾ ਹੈ, ਨੀਂਦ ਆਲਸ ਵਧ ਜਾਂਦਾ ਹੈ, ਮੂਰਛਾ ਹੁੰਦੀ ਤੇ ਤ੍ਰੇਹ ਲਗਦੀ ਹੈ।

ਹ੍ਲੀਸ ਤਮਕੰ ਵਮਿ ਸ਼੍ਲਥਿਲਤਾਂ ਗੁਹਜ
ਪ੍ਰਕਾਸ਼ੰ ਤਮ:। ਕਾਰ੍ਯਜਾਕਾਰ੍ਯ ਵਿਮੂਢਤਾਂ
ਪ੍ਰਕੁਰੁਤੇ ਮਦਜੰਚ ਦੋਖਾਕਰ।

ਉਬਤ੍ਰਾਈਆਂ ਤੇ ਤਮਕ ਸ੍ਵਾਸ(ਜੋ ਹਿਡਕੀ ਦੇ ਪੂਰਬ ਰੂਪ ਵਿਚ ਹੁੰਦਾ ਹੈ), ਸਰੀਰ ਦਾ ਢਿੱਲਾ ਹੋਣਾ, ਗੁੱਝੀਆਂ ਗਲਾਂ ਬਕਣੀਆਂ ਤੇ ਅੱਖਾਂ ਅਗੇ ਹਨੇਰਾ ਛਾ ਜਾਂਦਾ ਹੈ। ਕਾਰਜ ਅਕਾਰਜ ਤੋਂ ਬਹੁਤ ਮੂੜਤਾ ਕਰਦੀ ਹੈ। ਇਹੋ ਜਹੀ ਦੋਖਾਂ (ਔਗੁਣਾਂ) ਦੀ ਖਾਣ ਸ਼ਰਾਬ ਦਾ ਸਰੂਪ ਹੈ*।

ਮਦਜੇ ਦ੍ਵਿਤੀਯੇ ਪੁਰੁਖ: ਪ੍ਰਮੱਤ:
ਸਜਾਨ੍ਸ਼੍ ਬੁਧਿਰ੍ ਵਿਗਤਾਤਮ ਚੇਸ਼੍ਟ:।

ਦੂਸਰਾ ਸਰੂਪ ਇਹ ਹੈ:—ਪੀਕੇ ਪੁਰਖ ਮਸਤ ਤੇ ਬੁਧਿ ਨਸ਼ਟ ਹੋ ਜਾਂਦੀ ਹੈ, ਤੇ ਆਤਮਾ† ਚੇਸ਼ਟਾ ਥੋਂ ਰਹਿਤ ਹੋ ਜਾਂਦਾ ਹੈ।

ਘੂਰਣਾਕੜੋ ਹਰ੍ਖਯੁਤੋਤਿ ਨਿਦ੍ਰੋ ਦੁਰ੍ਵਾਕਜ
ਸ਼ੀਲੋ ਬਹੁਲੀਲਜਾ ਯੁਤ:॥

ਵਿੰਗੀਆਂ ਚਿਬੀਆਂ ਅਖਾਂ ਬਣਾਕੇ ਦੇਖਣਾ, ਗਾਹੜੀ ਨੀਂਦਰ ਕਰਨੀ, ਭੈੜੇ ਬਚਨ ਬੋਲਣੇ, ਨਿਰਲੱਜ ਹੋਣਾ, ਕਈ ਲੀਲਾ (ਅਰਥਾਤ ਨੱਚਣਾ, ਟਪਣਾ, ਹੱਸਣਾ, ਗਾਉਂਣਾ ਖੇਡਣਾ, ਰੋਣਾ, ਦੌੜਨਾ, ਭੁੜਕਣਾ ਆਦਿ) ਕਰਨੀਆਂ।

ਤ੍ਰਿਤੀਯ ਮਦਜੇ ਨਸ਼੍ਟ ਦ੍ਰਿਸ਼੍ਟਿਰ੍ ਮਨੁਖਜੋ ਵਦੇਤ੍
ਸਰ੍ਵ ਗੁਹਜਾਨਿ।

ਤੀਸਰਾ ਸਰੂਪ ਮਦਰਾ ਦਾ ਇਹ ਹੈ:—ਸ਼ਰਾਬ ਮਨੁਖ ਦੀ ਦ੍ਰਿਸ਼ਟੀ ਨੂੰ ਨਸ਼ਟ ਕਰ ਦੇਂਦੀ ਹੈ ਅਤੇ ਬਕ ਦੇਂਦਾਹੈ ਸਭ ਗੁੱਝਾ ਛਿਪਾ।

ਰੱਛੇਦਗਮਜਾਨ੍ ਗੁਰੰ ਨੈਵ ਪਸ਼੍ਜੇਦ ਭਖਜੇਤ੍

---

*ਸਾਰੇ ਦਾ ਇਕ ਅਰਥ ਇਹ ਬੀ ਕਰਦੇ ਹਨ:—ਨਿਰਲਜਾ, ਵਿਕਲਤਾ, ਦਾਘ, ਡਾਕੀ, ਕਫ, ਪਾਂਡੂ ਰੋਗ, ਕ੍ਰਿਸ਼ ਰੋਗ, ਮੁਖ ਬਿਰਸ, ਅਤਿ ਨਿੰਦਰਾ, ਤ੍ਰਿਸ਼ਨਾ, ਮੂਰਛਾ, ਹ੍ਲੀਸ, ਤਮਕ ਸ੍ਵਾਸ, ਸਥਿਲ, ਪ੍ਲਾਪ, ਤਮ ਆਦਿਕ ਰੋਗ ਜੋ ਕਾਰਜ ਅਕਾਰਜ ਮੂੜਤਾ ਸੰਜੁਕਤ ਕਰਦੀ ਹੈ ਸ਼ਰਾਬ ਕਿਉਂਕਿ ਬਹੁਤੇ ਦੁੱਖਾਂ ਦੀ ਖਾਣ ਹੈ। ਇਹ ਪ੍ਥਮ ਸਰੂਪ ਹੈ।

†ਜ਼ਰਾ ਸੋਚਣ ਦੀ ਗੱਲ ਹੈ ਕਿ ਸ਼ਰਾਬ ਨਾਲ ਤਾਂ ਆਤਮਕ ਚੇਸ਼ਟਾ ਹੀ ਨਾਸ਼ ਹੋ ਜਾਂਦੀ ਹੈ, ਫਿਰ ਕਿਸ ਤਰ੍ਹਾਂ ਕਹਿੰਦੇ ਹਨ ਕਿ ਇਸ ਬਿਨਾਂ ਯੋਗੀਆਂ ਦੀ ਲਿਵ ਨਹੀਂ ਲਗਦੀ।

Digitized by Panjab Digital Library | www.panjabdigilib.org

ਸਮੰਤਾਦ੍ਵਿਲਜ੍ਞਃ ਸ੍ਰਤੰਤ੍ਰੋ ਭਵੇਦ੍ ਭਗਨ ਸ਼ੀਲਃ।

ਜਾ ਕੇ ਗਮਨ ਕਰਦਾ ਹੈ ਇਸਤ੍ਰੀਆਂ ਜੋ ਨਹੀਂ ਹਨ ਭੋਗਣੇ ਯੋਗ, ਗੁਰ ਪਰਮੇਸ਼ਰ ਨੂੰ ਨਜ਼ਰ ਹੇਠ ਨਹੀਂ ਲਿਆਉਂਦਾ ਤੇ ਨਹੀਂ ਮੰਨਦਾ, ਭੱਖ ਅਭੱਖ ਖਾ ਜਾਂਦਾ ਹੈ, ਸਾਰਿਆਂ ਪਾਸਿਆਂ ਥੋਂ ਨਿਰਲੱਜ ਹੋ ਜਾਂਦਾ ਹੈ, ਜੋ ਚਾਹੁੰਦਾ ਹੈ ਕਰਦਾ ਹੈ ਸ਼ਰਮ ਆਦਿਕ ਨੂੰ ਛਡਕੇ ਤੇ ਭੈ ਦੰਡ ਆਦਿਕ ਕਿਸੇ ਨੂੰ ਨਹੀਂ ਮੰਨਦਾ। ਇਹ ਸ਼ਰਾਬ ਦਾ ਤੀਸਰਾ ਸਰੂਪ ਹੈ।

ਚਤੁਰ੍ਥੇ ਮਦਜੇ ਮ੍ਰਿਤਜ੍ਞ ਤੁਲਜੋ ਮਨੁਖ੍ਯਜੇ ਭਵੇਦ ਗਯਾਨ ਹੀਨ:॥ ਸ੍ਮਕਾਰ੍ਯੇ ਵਿਕਾਰ੍ਯੇ ਕ੍ਰਿਯਾਚਾਰ ਸ਼ੌਚਾਦਿ ਹੀਨੋ ਵਿਮੂਢ:॥

ਚੌਥਾ ਸਰੂਪ ਸ਼ਰਾਬ ਦਾ:—ਮਨੁੱਖ ਮੁਰਦੇ ਵਾਂਙ ਜਾਣ ਪਹਿਚਾਣ ਤੋਂ ਰਹਿਤ, ਅਤੇ ਨਾ ਹੀ ਸਮਝ ਸਕਦਾ ਹੈ ਅਪਣੇ ਬਿਗਾਨੇ ਕੰਮ ਨੂੰ, ਸ਼ਰੀਰ ਦੇ ਜਿਹੜੇ ਕ੍ਰਿਯਾ ਕਰਮ ਸ਼ੌਚ ਆਦਿਕ, ਅਤੇ ਅਚੇਤ ਮੂੜ੍ਹਤਾ ਵਿਸ਼ੇਸ਼।

ਪਰੰ ਸ੍ਵੰ ਨ ਜਾਨਾਤਿ ਮੜ੍ਹੋ ਵਿਲੱਜ:।

ਅਪਨੇ ਪਰਾਏ ਨੂੰ ਕੁਝ ਨਹੀਂ ਜਾਣਦਾ ਮਸਤ ਅਤੇ ਭਾਰੀ ਨਿਰਲੱਜ ਹੋਕੇ।

ਏਹ ਚਾਰ ਸਰੂਪ ਮਦਰਾ ਦੇ ਪ੍ਰਸ਼ਨ ਦੇ ਉਤਰ ਵਿਚ ਕਹੇ ਹਨ, ਵੈਦਕ ਸ਼ਾਸਤ੍ਰ ਥੋਂ। ਹੁਣ ਹੋਰ ਮਦਾਤਜਯ ਨਾਮਕ ਰੋਗ ਚਾਰ ਪ੍ਰਕਾਰ ਦਾ ਕਥਨ ਕਰਦੇ ਹਨ।

[ਪਿੱਤ ਮਦਾਤਜ]

ਪਾਰਸ਼੍ਵ ਸ਼ੂਲ ਸ਼ਿਰ: ਕੰਪ ਸ਼੍ਵਾਸ ਹਿਕ੍ਕਾ ਪ੍ਰਜਾਗਰੈ:
ਮੁਖ ਸ਼ੋਖੋਣ ਪਿਤ੍ਤਸਜਤਮ ਵੇਹਿ ਮਦਾਤਜਯਮ੍।

ਪਸਲੀ ਤੇ ਸਿਰ ਵਿਚ ਪੀੜ, ਸਰੀਰ ਨੂੰ ਕਾਂਬਾ, ਦਮਾਂ, ਹਿੜਕੀ ਤੇ ਉਨੀਂਦਾ, ਮੂੰਹ ਦਾ ਸੁੱਕਣਾ ਆਦਿਕ ਜਦ ਸ਼ਰਾਬ ਪੀਤਿਆਂ ਲੱਛਣ ਹੋਣ ਤਾਂ ਪਿੱਤ ਮਦਾਤਜ ਰੋਗ ਇਸਨੂੰ ਕਹਿੰਦੇ ਹਨ।

[ਕਫ ਮਦਾਤਜ]

ਤੰਦ੍ਰਾ ਹ੍ਰਿਲ੍ਲਾਸ ਸ੍ਤਿਮਿਤਜ ਛਰ੍ਦਜਰੋਚਕ ਗੌਰਵੈ:॥
ਸ਼ੀਤਲਾਂਗਸਜਤੰ ਵਿਦ੍ਯਾਤ ਕਫ ਪ੍ਰਾਯੰ ਮਦਾਤਜਯਮ੍

ਆਲਸ, ਉਬੱਤ, ਸਰੀਰ ਗਿਲਾ ਢਿੱਲਾ ਡਾਕੀਆਂ ਤੇ ਭੁਖ ਬੰਦ, ਦੇਹ ਭਾਰੀ, ਅੰਗ ਸਾਰੇ ਠੰਢੇ ਠਾਰ, ਇਨ੍ਹਾਂ ਲੱਛਣਾਂ ਵਾਲੇ ਸ਼ਰਾਬੀ ਨੂੰ ਕਫ ਮਦਾਤਜ ਰੋਗ ਵਾਲਾ ਕਹਿੰਦੇ ਹਨ।

[ਵਾਤ ਮਦਾਤਜ]

ਅੰਗਮਰ੍ਦ ਤ੍ਰਿਖਾ ਸ਼ੂਲ ਰੁਛ੍ਗਾਤ੍ ਵਿਵਰ੍ਣਤਾ।
ਹਿਕ੍ਕਾ ਭ੍ਰਮੇਸ਼੍ਚ ਤੰ ਵਿਦ੍ਯਾਦ੍ਵਾਤ ਪ੍ਰਾਯੰ ਮਦਾਤਜਯਮ੍॥

ਅੰਗ ਭਜਦੇ ਹੋਣ, ਤ੍ਰੇਹ ਦੀ ਭੜਕੀ ਤੇ ਪੀੜ, ਅਰ ਦੇਹ ਰੁੱਖੀ ਰੁੱਖੀ ਹੋਵੇ, ਤੇ ਦੇਹ ਦਾ ਰੰਗ ਬੀ ਭੈੜਾ ਹੋਵੇ, ਹਿੜਕੀ ਆਉਣ ਲਗ ਪਵੇ, ਚਿਤ ਭਰਮ ਹੋ ਜਾਵੇ, ਤਿਸਨੂੰ ਜਾਣੀਦਾ ਹੈ ਵਾਤ ਮਦਾਤਜ ਰੋਗ।

[ਸੰਨਪਾਤ ਮਦਾਤਜ]

ਸੋਪਦ੍ਰਵੈ: ਸਰ੍ਵਲਿੰਗੈਸ੍ਤ੍ਰਿਦੋਖੋਤਤੈਰ੍ਮਦਾਤਜਯਮ੍॥
ਤ੍ਰਿਦੋਖ ਜਨਿਤੋ ਰੋਗੋ ਅਸਾਧ੍ਯੋਯੰ ਭਿਖ਼ਗ੍ਵਰੈ:।

ਚੌਥਾ ਕਹਿੰਦੇ ਹਨ ਸ਼ਰਾਬ ਪੀਤਿਆਂ ਜਿਸ ਵਿਚ ਪਿਛੇ ਕਹੇ ਤਿੰਨ ਪ੍ਰਕਾਰ ਦੇ ਲੱਛਣ ਮਿਲ ਜਾਣ ਅਤੇ ਉਪਦ੍ਰਵ ਵਿਵਰਣ ਸੀਤ ਮੂਰਛਾ ਕੰਠ ਭਗਨ ਆਦਿ ਹੋਣ (ਉਸ ਨੂੰ) ਸੰਨਪਾਤ ਦਾ ਮਦਾਤਜ 'ਅਸਾਧਜ' ਕਹਿੰਦੇ ਹਨ। ਸਿਆਣੇ ਕਹਿੰਦੇ ਹਨ ਇਸ ਰੋਗ ਵਾਲਾ ਨਹੀਂ ਬਚਦਾ।

ਫੇਰ ਉਹੀ ਵੈਦਜ ਲੋਗ ਤਿੰਨ ਪ੍ਰਕਾਰ ਦਾ ਪਾਨਾਤਜਯ ਰੋਗ ਕਥਨ ਕਰਦੇ ਹਨ: ਪਹਿਲੇ ਪਰਮਦ, ਦੂਜੇ ਪਾਨਾਜੀਰਣ, ਤੀਜੇ ਪਾਨ ਵਿਭ੍ਰਮ ਨਾਮਕ ਹਨ। ਤਿੰਨੇ ਸਰੂਪ ਵੱਖੋ ਵੱਖਰੇ ਇਉਂ ਹਨ:—

[ਪਹਿਲਾ ਸਰੂਪ]

ਚਿਨ੍ਹੰ ਚਤ੍ਰ ਪਰਮਦਸਜ ਵਦੰਤਿ ਵੈਦ੍ਯਾ:

Digitized by Panjab Digital Library | www.panjabdigilib.org

ਹਿਕ੍ਹਾ ਤ੍ਰਿਖ਼ਾਂਗ ਗੁਰੁਤਾ ਬਹੁ ਪਰ੍ਵ ਭੇਦਾ:॥
ਵਿਣਮੂਤ੍ਰ ਸ਼ਕ੍ਰਿਰਰੁਚਿਰ੍ ਬਿਰਸਾਸਜਤਾ ਚ
ਸ਼ੋਖ਼ਮੋ ਜ੍ਵਰਸ੍ਰ ਕ੍ਰਿਸ਼ਤਾ ਰੁਜਤਾ ਕਪਾਲੇ ॥

ਲੱਛਣ ਪਰਮਦ ਦੇ ਵੈਦ ਇਉਂ ਕਹਿੰਦੇ ਹਨ: ਨਿੱਛਾਂ, ਤ੍ਰੇਹ, ਦੇਹ ਭਾਰੀ, ਜੋੜਾਂ ਵਿਚ ਪੀੜ, ਝਾੜਾ ਪੇਸ਼ਾਬ ਬੇਖਬਰ ਨਿਕਲਣਾ, ਭੁੱਖ ਬੰਦ, ਮੂੰਹ ਬੇ ਸੁਆਦ, ਅਥਵਾ ਕਫ ਕਰਕੇ ਲੇਸਲਾ. ਤਪ ਚੜ੍ਹਿਆ, ਸਰੀਰ ਸੁੱਕਾ ਤੇ ਸਿਰ ਪੀੜ ਹੋਵੇ।

ਭਾਵੇਂ ਇਹ ਸਰੂਪ ਮੰਨ ਦਾ ਹੈ ਪਰ ਵੈਦ ਪਾਨਾਤਜਯ ਪਰਮਦ ਕਹਿੰਦੇ ਹਨ।

[ਦੂਸਰਾ ਸਰੂਪ]

ਅਜੀਰ੍ਣੰ ਮਦਜ ਪਾਨੋਤਤ੍ਰੈ ਕ੍ਰੁਧ੍ਯਾਦ੍ਵਾਹਮ
ਚਿੰਤਸ਼ਕਮ੍॥ਤ੍ਰਿਖ਼ਣਾਧਮਾਨੰ ਸਦੋਦ੍ਗਾਰੰ
ਸੰਧਿ ਭੇਦ ਸ਼ਿਰੋ ਰੁਜਮ੍ ॥

ਇਸ ਥੋਂ ਅਗੋਂ ਜਦ ਸ਼ਰਾਬ ਪੀਤਿਆਂ ਅਜੀਰਣ ਹੋਵੇ, ਤਾਂ ਕਰਦਾ ਹੈ ਦਾਹ ਰੋਗ ਨਾਲ ਬੇਸੁਧੀ, ਤ੍ਰੇਹ ਬਹੁਤੀ ਹੁੰਦੀ ਹੈ, ਪੇਟ ਆਫਰ ਜਾਂਦਾ ਹੈ, ਡਿਕਾਰ ਬੇਹਦ, ਜੋੜਾਂ ਵਿਚ ਪੀੜਾਂ, ਸਿਰ ਵਿਚ ਪੀੜ।

[ਤੀਸਰਾ ਰੂਪ]

ਭ੍ਰਮੋ ਮਦਜ ਪਾਨਾਤ੍ਤਥਾ ਕੰਠ ਧ੍ਰੁਮੰ ॥
ਕਫੰਦਾਹਮੁਰ੍ਹੀ ਜ੍ਵਰੰ ਸ਼ਸ਼ਜਾਮ ਜਿਹ੍ਮਾ ॥
ਪ੍ਰਸ਼ੋਖ਼ੰ ਪਿਪਾਸਾ ਵਮਿ ਪਾਰ੍ਸ਼੍ਵ ਸ਼ੂਲੰ ॥
ਗਰਿਸ਼੍ਠੋਦਰੰ ਨੀਲਮੋਸ਼੍ਠੰ ਪ੍ਰਕੁਰ੍ਯਾਤ੍ ॥

ਸ਼ਰਾਬ ਪੀਣ ਥੋਂ ਸਿਰ ਦਾ ਭੌਣਾ, ਕਲੇ ਜੇ ਥੋਂ ਸੰਘ ਤਕ (ਗੰਧਕ ਦੀ) ਸੜ੍ਹਾਂਦ ਜਿਹਾ ਧੂੰਆਂ, ਮੂੰਹਵਿਚ ਲੇਸ, ਕਫ, ਦਾਹ ਵਡੀ ਕਰੜੀ, ਤਾਪ ਜੋਰ ਦਾ, ਜੀਭ ਕਾਲੀ ਤੇ ਸੁੱਕੀ ਕੰਡਾ, ਤ੍ਰੇਹ ਬਹੁਤ, ਡਾਕੀਆਂ, ਪੱਸਲੀ ਵਿਚ ਪੀੜ, ਢਿੱਡ ਭਾਰਾ, ਹੋਠ ਨੀਲੇ; ਐਸੇ ਲੱਛਣ ਹੋਣ ਤਾਂ ਪਾਨਾ ਵਿਭ੍ਰਮ ਪਾਨਤਜ ਰੋਗ ਕਹਿੰਦੇ ਹਨ।

ਜਿਸ ਰੀਖ* ਦ੍ਵਾਰਾ ਆਪ ਨੇ ਪ੍ਰਸ਼ਨ ਕੀਤੇ ਸਨ, ਉਸੇ ਦੇ ਪ੍ਰਮਾਣ ਹੁਣ ਤੁਹਾਨੂੰ ਸੁਣਾਉਂਦੇ ਹਾਂ—

ਕ੍ਰੁਧੇਨ ਭੀਤੇਨ ਪਿਪਾਸਿਤੇਨ ਸ਼ੋਕਾਰ੍ਤ ਤਪ੍ਤੇਨ ਵ੍ਰੁਭੁਕ੍ਸ਼ਿਤੇਨ । ਵਜ੍ਰਾਯਮਾਮਾਰਾਧ੍ਯ ਪਰਿਕ੍ਸ਼ਤੇਨਵੇਗਾਵਰੋਧਾਭਿਹਤੇਨਚਾਪਿ ਖ਼ੜ ਅਤ੍ਯਮ੍ਲ ਭਕ੍ਸ਼ਾਵਤ ਤੋਦਰੇਣ ਸਾਜੀਰ੍ਣ ਭੁਕ੍ਤੇਨ ਤਥਾਬਲੇਨ ॥ ਉਸ਼੍ਣਾਭਿਤਪ੍ਤੇਨ ਚ ਸੇਵ੍ਯਮਾਨੰ ਕਰੋਤਿ ਮਦ੍ਯੰ ਵਿਵਿਧਾਨ੍ ਵਿਕਾਰਾਨ੍* ॥ ੪੪ ॥

ਕ੍ਰੋਧ ਜਾਂ ਭੈ ਜਾਂ ਚਿੰਤਾ ਕਰਕੇ (ਜਿਸ ਦੇ ਚਿਤ ਵਿਚ ਕ੍ਰੋਧ ਭੈ ਜਾਂ ਚਿੰਤਾ ਹੋਵੇ) ਸ਼ੋਕਾਤੁਰ ਹੋਵੇ. ਧੁੱਪ ਅੱਗ ਤੇ ਤਪਿਆ, ਜਾਂ ਭੁੱਖਾ ਹੋਵੇ, ਡੰਡ ਪੇਲਦਾ ਹੋਵੇ, ਕੰਮ ਯਾਂ ਪੈਂਡੇ ਕਰਕੇ ਥੱਕਾ ਹੋਵੇ, ਝਾੜਾ ਰੋਕਿਆ ਹੋਵੇ, ਜਾਂ ਮਾਰ ਖਾਧੀ ਹੋਵੇ; ਅਤਿਸ਼ੈ ਰੁੱਖਾ ਤੇ ਖੱਟਾ ਪਦਾਰਥ ਠੂਸਕੇ ਖਾਣਾ, ਖਾਧੇ ਤੇ ਖਾਣਾ, ਨਿਰਬਲਤਾ ਦਾ ਹੋਣਾ, ਧੁੱਪ ਅੱਗ ਦਾ ਸੇਵਣਾਂ, ਇੰਨੇ ਕੰਮਾਂ ਦੇ ਪਿੱਛੋਂ ਯਾ ਪਹਿਲੇ ਜੋ ਸ਼ਰਾਬ ਪੀਏ ਤਾਂ ਬਾਹਲੇ ਰੋਗ ਉਪਜਦੇ ਹਨ।

ਇਥੇ ਜ਼ਰਾ ਸੋਚਣ ਦੀ ਗੱਲ ਹੈ, ਕਿ ਸ਼ਰਾਬ ਪੀਕੇ ਇਨ੍ਹਾਂ ਗੱਲਾਂ ਵਿਚੋਂ ਕਿਹੜੀ ਨਹੀਂ ਕੀਤੀ ਜਾਂਦੀ। ਗੁੱਸਾ ਤੇ ਜੋਸ਼ ਪੀਂਦਿਆਂ ਸਾਰ ਆਉਂਦਾ ਹੈ। ਜੇ ਕੋਈ ਚਿੰਤਾ ਦੀ ਗੱਲ ਚੇਤੇ ਆ ਜਾਵੇ ਤਾਂ ਸ਼ੋਕ ਬੇਹੱਦ। ਅਰ ਬਹੁਤਾ ਡਿੱਠਾ ਹੈ ਕਿ ਚਿੰਤਾ ਵੇਲੇ ਸ਼ਰਾਬ ਇਸ ਖਯਾਲ ਤੇ ਪੀਂਦੇ ਹਨ ਕਿ ਚਿੰਤਾ ਭੁੱਲ ਜਾਏ। ਜੇ ਚੋਰੀ ਪੀਤੀ ਤਾਂ ਡਰ ਅਵਸ਼ੋਂ। ਨਸ਼ੇ ਵਿਚ ਭੁੱਖਾ ਤਿਹਾ-

*ਕ੍ਰੋਧ ਕਰੇ ਚਿਤ ਸ਼ੋਕ ਧਰੇ ਮਨ ਮੈਂ ਡਰ ਧਾਰਤ ਭੂਖ ਪਿਆਸਾ। ਬ੍ਯਾਮ ਕਰੇ ਮਗ ਭਾਰ ਬਹੇ ਸਿਰ, ਰੋਕਤ ਬੇਗ ਕਰੇ ਪਰ ਆਸਾ। ਆਮਲ ਰੁਖ ਭਖੇ ਮਿਤ ਹੀ ਬਿਨ, ਭੋਜਨ ਤਾਪਤ ਦ੍ਰਪ ਹੁਤਾਸਾ। ਜੋ ਨਰ ਕਾਜ ਕਰੇ ਇਤਨੇ, ਤਨ ਰੋਗ ਅਨੇਕ ਕਰੇ ਮਦਰਾਸਾ ।

*ਭਾਵ ਮਾਧਵ ਨਿਧਾਨ। [ਸੰਪਾਦਿਕ

Digitized by Panjab Digital Library | www.panjabdigilib.org

ਇਆ ਬਿਸੁੱਧ ਪਿਆ ਰਹੇ ਤਾਂ ਕੋਈ ਅਚਰਜ ਨਹੀਂ, ਉੱਠ ਉੱਠ ਕੇ ਘੁਲਣਾ ਡੰਡ ਪੇਲਣ ਨਾਲੋਂ ਵਧਕੇ ਹੈ। ਬਿਸੁਧੀ ਵਿਚ ਦੌੜ ਭੱਜ ਕਈ ਤਰ੍ਹਾਂ ਨਾਲ ਥਕੇਵਾਂ ਚੜ੍ਹਾ ਲੈਂਦਾ ਹੈ। ਸ਼ਰਾਬੀ ਨੂੰ ਸੱਟਾਂ ਪੇਟਾਂ ਦੀ ਕੁਝ ਪਤਵਾਹ ਨਹੀਂ ਰਹਿੰਦੀ। ਬੇਹੋਸ਼ੀ ਵਿਚ ਝਾੜੇ ਪੇਸ਼ਾਬ ਦਾ ਚਾਰ ਪਹਿਰ ਤਕ ਚੇਤਾ ਨਾ ਆਵੇ ਤਾਂ ਨਾ ਹੀ ਆਵੇ।ਖਟੀਆਂ ਚੀਜ਼ਾਂ ਪਕੌੜੀਆਂ ਆਦਿਕ ਬਿਨਾਂ ਸ਼ਰਾਬ ਪੀਤੀ ਹੀ ਨਹੀਂ ਜਾਂਦੀ।ਮਸਤੀ ਵਿਚ ਸ਼ਰਾਬੀ ਕੱਚਾ ਪੱਕਾ ਭੱਖ ਅਭੱਖ ਜਿਹਾ ਹੋਵੇ ਗਪ ਕਰੀ ਜਾਂਦਾ ਹੈ। ਖਾਧੇ ਤੇ ਖਾਣਾ ਸ਼ਰਾਬੀ ਦਾ ਕੰਮ ਹੈ ਹੀ। ਪੀਣ ਵਾਲਿਆਂ ਦਾ ਬਲ ਸ਼ਰਾਬ ਕਦ ਛਡਦੀ ਹੈ, ਦੇਹ ਅਰੋਗਤਾ ਨੂੰ ਅੰਦਰ ਅੰਦਰ ਖਾਂਦੀ ਰਹਿੰਦੀ ਹੈ। ਮਤ-ਵਾਲਾ ਹੋਕੇ ਧੁੱਪ ਛਾਂ ਦੀ ਪਛਾਣ ਕਿਸ ਨੂੰ ਰਹਿੰਦੀ ਹੈ। ਹੁਣ ਆਪ ਹੀ ਦੱਸੋ ਕਿ ਵੈਦਕ ਮਤ ਵਾਲਿਆਂਨੇ ਕਿਸ ਦਾਨਾਈ ਨਾਲ ਸ਼ਰਾਬ ਦੀ ਰੋਕ ਕੀਤੀ ਹੈ, "ਨਾ ਨੌ ਮਣ ਤੇਲ ਹੋਗਾ ਨਾ ਰਾਧਾਂ ਨਾਚੇਗੀ"।

ਲਓ ਹੋਰ ਸੁਣੋ:—

ਚਾਰ ਰੋਗ ਮਦਰਾ ਕਰੇ ਤਾਂਕੇ ਸੁਨ ਅਬ ਨਾਮ,
ਭਿੰਨ ਭਿੰਨ ਲੱਛਣ ਕਹਤ ਕਵਿਜਨ ਗੰਗਾ ਰਾਮ।

ਪਾਨਾਤਜਯੰ ਪਰਮਦੰ ਪਾਨਾਜੀਰ੍ਣ ਮਥਾਪਿਵਾ॥
ਪਾਨਵਿਭ੍ਰਮ ਮਤਜੁਗ੍ਲੰ ਤੇਖਾਂ ਵਛ੍ਹਾਮਿ ਲਛ੍ਹਣੰ ॥ ੪੫ ॥

ਸ਼ਰਾਬ ਪੀਣ ਥੋਂ ਤਿੰਨਪ੍ਰਕਾਰਦੇ ਰੋਗ ਹੁੰਦੇ ਹਨ ਪਾਨਾਤਜਯ ਪਰਮਦ, ਪਾਨਾ ਜੀਰਣ, ਪਾਨ ਵਿਭ੍ਰਮ। ਹੁਣ ਵੱਖੋ ਵੱਖਰੇ ਲੱਛਣ ਸੁਣੋ।

[ਮਦਾਤਜ ਦੇ ਤਿੰਨ ਭੇਦ]

ਹਿਕ੍ਕਾਸ਼੍ਵਾਸਸ਼ਿਰ:ਕੰਪ ਪਾਰ੍ਸ਼੍ਵ ਸ਼ੂਲ ਪ੍ਰਜਾਗਰੈ:॥
ਵਿਦਜਾਤ੍ ਪ੍ਲਪਨੰ ਤਸਜਵਾਤ ਪ੍ਰਾਯੰ ਮਦਾਤਜਯੰ ॥ ੪੬ ॥

ਜਿਸਨੂੰ ਹਿਚਕੀ, ਸਾਹ, ਸਿਰ ਕੰਬਣੀ (ਕੰਪਵਾਤ), ਪੱਸਲੀ ਦੀ ਪੀੜ ਤੇ ਉਨੀਂਦਾ ਹੋਵੇ, ਜਾਣੀਦਾ ਹੈ ਉਸਦੇ ਬਕਵਾਸ ਥੋਂ ਕਿ ਵਾਤ ਮਦਾਤਜਯ ਹੈ।

ਦਾਹਤ੍ਰਿਸ਼੍ਣਾ ਜ੍ਵਰ ਸ਼੍ਵਾਸਮੋਹਾਤੀਸਾਰਵਿਭ੍ਰਮੈ:॥
ਵਿਦਜਾਤ੍ ਹਰਿਤ ਵਰ੍ਣਸਜ ਪਿਤ੍ਤ ਪ੍ਰਾਯੰ ਮਦਾਤਜਯੰ ॥ ੪੭ ॥

ਸੜਨ, ਤ੍ਰੇਹ, ਤਾਪ, ਸਾਹ, ਮੋਹ,ਦਸਤ, ਭਰਮ ਜਾਣੀਦਾ ਹੈ, ਤਿਸ ਨੂੰ ਹਰੇ ਰੰਗ (ਦੇ ਦਸਤਾਂ ਤੋਂ) ਕਿ ਪਿੱਤ ਮਦਾਤਜਯ ਹੈ।

ਛਰ੍ਦਜਰੋਚਕ ਹ੍ਰਿਲ੍ਲਾਸ ਤੰਦ੍ਰਾ ਸ੍ਤੈਮਿਤਜ ਗੌਰਵੈ:।
ਵਿਦਜਾਚ੍ਛੀਤ ਪਰੀਤ ਸ਼ਜਕਫ ਪ੍ਰਾਯੰਮਦਾਤਜਯੰ॥੪੮

ਡਾਕੀ, ਭੁੱਖ ਬੰਦ, ਉਬੱਤ, ਆਲਸ, ਢਿਲਾ ਤੇ ਭਾਰਾ ਸਰੀਰ, ਜਾਣੀਦਾ ਹੈ ਠੰਢ ਲਗਣ ਥੋਂ ਕਿ ਕਫ ਮਦਾਤਜਯ ਹੈ।

ਗਜੇਯਸ੍ਤ੍ਰਿਦੋਖਜਸ਼੍ਚਾਪਿ ਸਰ੍ਵ ਲਿੰਗੈਰ੍ ਮਦਾਤਜਯ:।ਸ਼ੋਖਨੇਚਯੋਂਡ ਗੁਰੁਤਾ ਵਿਰਸਾਸਜਤਾ ਚ ਵਿਣਮੂਤ੍ਰਸ਼ਕ੍ਰਿਰਥਤੰਦਿਰਰੋਚਕਸ਼੍ਚ ॥ ਲਿੰਗੰ ਪਰਸਜ ਤੁ ਮਦਸਜ ਵਦੰਤਿ ਤਗਜਾ॥ਸ੍ਤ੍ਰਿਸ਼੍ਚਾ ਰੁਜਾਸ਼ਿਰ ਸਿਸੰਧਿ ਖ਼ੁਚਾਪਿਭੇਦ:॥ ੪੯ ॥

ਜਾਣੀ ਦਾ ਹੈ ਜਿਸ ਵਿਚ ਸਾਰੇ ਲੱਛਣ ਹੋਣ ਉਹ ਤ੍ਰਿਦੋਖ ਜਾਂ ਸੰਨ ਮਦਾਤਜਯ ਹੈ।

ਕਫ ਕਰਕੇ ਅੰਗ ਭਾਰੀ ਹੋਵੇ, ਮੂੰਹ ਬੇ-ਸੁਆਦ ਹੋ ਜਾਵੇ, ਝਾੜਾ ਪਿਸ਼ਾਬ ਆਪੇ ਨਿਕਲ ਜਾਵੇ, ਆਲਸ ਤੇ ਭੁੱਖ ਬੰਦ, ਤ੍ਰੇਹ, ਸਿਰ ਪੀੜ,ਜੋੜਾਂ ਵਿਚ ਦੁੱਖ। ਇਨ੍ਹਾਂ ਲੱਛਣਾਂ ਤੇ ਪਰਮਦ ਕਹਿੰਦੇ ਹਨ ਬੁਧਿਮਾਨ ਲੋਕ।

ਅਧ-ਮਾਨਮੁਗ੍ਮਥਵੋਦ੍ਰਿ ਰਣੰ ਵਿਦਾਹ:ਪਾਨੇਜਰਾਂ-ਸਮੁਪਗੱਛਤਿਲੱਛ੍ਣਾਨਿ॥ਹ੍ਰਿਦ੍ਗਾਤ੍ਰਤੋਦ ਕਫਸੰਸ਼੍ਰਵ ਕੰਠਧੂਮ ਮੁਰ੍ਛਾਵਮਿਜ੍ਵਰਸ਼ਿਰੋਰੁਜ ਨ ਪ੍ਰਦੇਹਾ:।੫੦।

ਅਫਾਰਾ, ਅਥਵਾ ਡਿਕਾਰ ਸੜਨ, ਦੇਹ ਵਿਚੋਂ ਭਾਫ ਜਿਹੀ ਨਿਕਲੇ ਤਾਂ ਪਾਨਾ ਜੀਰਣ ਦੇ ਲਛਣ ਕਹੇ ਹਨ: ਛਾਤੀ ਸਰੀਰ ਸਾਰੇ

Digitized by Panjab Digital Library | www.panjabdigilib.org

ਵਿਚ ਸੂਈਆਂ ਜਹੀਆਂ ਚੋਭਾਂ, ਸੰਘ ਧੂੰ ਜਿਹਾ, ਬੇਹੋਸ਼ੀ, ਡਾਕੀ, ਤਪ ਤੇ ਸਿਰ ਪੀੜ।

ਵੇਖਸੁਰਾਨੂੰਵਿਕ੍ਰਤੇ ਖ਼ੁਚ ਤੇਖ਼ੁ ਤੇਖ਼ੁ ਤੰ ਪਾਨਵਿਭ੍ਰਮ ਮੁਸ਼ੰਤਜਖਿਲੈਨਧੀਰਾ: ॥ ਹੀਨੋਤ੍ਰੁਰੋਸ਼ੁਮਤਿਸ਼ੀਤਮ ਮੰਦਦਾਹੰ ਤੇਲਪ੍ਰਭਾਸਜਮਤਿਪਾਨਹਤੰਤਜਜੇਤ੍ਰੰ ।੫੧

ਅੰਨ ਦੇਖ ਤੇ ਸਿਰ ਲਿੰਬਿਆ ਜਿਹਾ ਕਫ ਤੇ ਸਿਰ ਪੀੜ ਸੰਘ ਵਿਚ ਆਦਿਕ, ਲੱਛਣ ਕਹੇ ਹਨ ਪਾਨਵਿਭ੍ਰਮ ਦੇ ਬੁਧਿਵਾਨਾਂ ਨੇ। ਹੇਠਲਾ ਹੋਠ ਹੀਨ ਹੋਗਿਆ ਹੋਵੇ, ਪਾਲਾ ਬਹੁਤ ਲਗੇ, ਅੰਦਰ ਦਾਹ ਹੋਵੇ, ਤੇਲ ਵਰਗਾ ਚਿਹਰਾ ਚਮਕਦਾ ਹੋਵੇ ਇਹ (ਬਹੁਤ ਪੀਣ ਕਰਕੇ) ਮਰ ਜਾਏਗਾ, ਹਕੀਮ ਦੇ ਇਲਾਜ ਯੋਗ ਨਹੀਂ ਹੈ।

ਜਿਹ੍ਵੌਸ਼ੁ ਦੰਤ ਮਸਿਤੰਤ੍ਰੁਥਵਾਪਿ ਨੀਲੰ ਪੀਤੇਚ ਯਸਜ ਨਯਨੇ ਰੁਧਿਰ ਪ੍ਰਭੇਵਾ। ਹਿਕ੍ਕਾਜ੍ਰੁਰੋ ਵਮਥੁ ਵੇਪਥੁ ਪਾਰਸ਼ੁ ਸ਼ੂਲਾ: ਕਾਸ਼ ਭ੍ਰੁਮਾਵਪਿ ਚ ਪਾਨ ਹਤੰ ਭਜੰਤੇ ॥ ੫੨ ॥

ਜੀਭ ਹੋਠ ਦੰਦ ਕਾਲੇ ਹੋਣ, ਅਥਵਾ ਨੀਲੇ ਪੀਲੇ ਹੋ ਗਏ ਹੋਣ ਨੇਤ੍ਰ ਜਿਸਦੇ ਜਾਂ ਲਹੂ ਰੰਗੇ, ਹਿਡਕੀ, ਤਾਪ, ਬੁਕ ਬੁਕੀ, ਕੰਬਣੀ, ਪੱਸਲੀ ਦੀ ਪੀੜ, ਖਾਂਸੀ ਹੋਵੇ, ਚੱਕਰ ਆਉਂਦੇ ਹੋਣ, ਏਹ ਪਾਨ ਪੀਤੀ ਮਾਰਕੇ ਛਡੇਗੀ।

ਹੁਣ ਜ਼ਰਾ ਸੋਚੋ ਵੈਦ ਬਾਰਣੀ ਜੀ! ਜੇਕਰ ਸ਼ਰਾਬ ਸੁਖਦਾਈ ਪਦਾਰਥਹੈਤਾਂ ਇਤਜਾਦਿਕ ਰੋਗ ਤੇ ਏਹ ਲੱਛਣ ਕਿਉਂ ਕਹੇ ਹਨ ? ਅਸਾਂ ਤਾਂ ਤੁਹਾਨੂੰ ਬਹੁਤ ਥੋੜੇ ਪਰਮਾਣ ਦੱਸੇ ਹਨ, ਜੇਕਰ ਆਪ ਚਰਕ, ਸ਼ੁਸ਼੍ਰੁਤ, ਆਦਿਕ ਸੰਘਿਤਾ ਵਿਚ ਮਦ ਪ੍ਰਕਰਣ ਦੇਖੋ ਤਾਂ ਤੁਹਾਡੀਆਂ ਹੋਰ ਬੀ ਅੱਖਾਂ ਖੁੱਲ੍ਹਣ। ਭਾਵੇਂ ਸੰਖੀਏ ਆਦਿਕ ਬਿਖ ਪਦਾਰਥਾਂ ਨੂੰ ਕਿਡਾ ਸੋਧ ਸੋਧ ਕੇ ਮਾਰੀਏ ਅਤੇ ਕੰਮ ਬੀ ਅੰਮ੍ਰਿਤ ਦਾ ਲਈਏ ਪਰ ਬਿਖ ਪਦਾਰਥ ਅੰਤ ਬਿਖ ਹੀ ਹੈ; ਜਦ ਕਦੀ ਹਕੀਮ ਸੋਚ ਸਮਝਕੇ ਨਾ ਵਰਤੇਗਾ ਯਾ ਅਨਾੜੀ ਦੇ ਹੱਥ ਚੜ੍ਹੇਗਾ ਤਾਂ ਵਰਤਿਆਂ ਹੋਇਆਂ ਜ਼ਰੂਰ ਮੌਤ ਲਿਆਵੇਗਾ। ਇੱਕੁਰ ਹੀ ਸ਼ਰਾਬ ਹੈ।

ਇਹ ਸਾਰਾ ਪ੍ਰਸੰਗ ਸੁਣਕੇ ਸ਼ਰਾਬੀ ਸਾਹਬ ਕਹਿਣ ਲਗੇ ਕਿ ਜੋ ਕੁਝ ਤੁਸਾਂ ਕਿਹਾ ਹੋ ਸ਼ੈਤ ਠੀਕ ਹੋਵੇ, ਪਰੰਤੂ ਏਹ ਰਾਵਾਂ ਪੁਰਾਤਣ ਹਕੀਮਾਂ ਦੀਆਂ ਹਨ ਅਰ ਸੰਸਕ੍ਰਿਤ ਵਿਚ ਹਨ। ਕੋਈ ਅਜ ਕਲ ਦੇ ਲਾਇਕ ਡਾਕਟਰ ਦੀ ਰਾਇ ਦੱਸੋ ਤਾਂ ਜਾਣੀਏ। ਪਰ ਦੱਸੋ ਕਿਥੋਂ? ਅੰਗ੍ਰੇਜ਼ ਤਾਂ ਆਪ ਭਾਰੇ ਪਰੱਜੜ ਹਨ, ਓਹ ਕਦ ਇਸਦੀ ਨਿੰਦਾ ਕਰਦੇ ਹਨ ? ਅਤ ਉਨ੍ਹਾਂ ਦੀਆਂ ਸਾਰੀਆਂ ਦਵਾਈਆਂ ਹੀ ਸ਼ਰਾਬ ਆਸਰੇ ਹਨ।

ਸਿੰਘ ਸਾਹਿਬ ਨੇ ਉੱਤਰ ਦਿੱਤਾ ਕਿ ਤੁਹਾਡੀ ਪਿਛਲੀ ਗੱਲ ਦਾ ਤਾਂ ਮੈਂ ਉੱਤਰ ਦੇ ਚੁਕਾ ਹਾਂ। ਬਾਕੀ ਰਿਹਾ ਡਾਕਟਰਾਂ ਦੀਆਂ ਰਾਵਾਂ ਸੋ ਜੇ ਸਾਰੀਆਂ ਲਿਖਣ ਲੱਗੀਏ ਤਾਂ ਦਫਤਰ ਚਾਹੀਏ, ਪਰ ਕੁਝਕੁ ਆਪਨੂੰ ਸੁਣਾਉਂਦੇ ਹਾਂ।

ਸਰ ਵਿਲਿਯਮ ਗਿਲ ਐਮ.ਡੀ.ਡਾਕਟਰ ਖਾਸ ਸ੍ਰੀ ਮਹਾਰਾਣੀ ਵਿਕਟੋਰੀਆ ਕਹਿੰਦੇ ਹਨ:-

ਮੇਰਾ ਸੱਚਾ ਤੇ ਪੱਕਾ ਨਿਸ਼ਚਾ ਹੈ ਕਿ ਸ਼ਰਾਬ ਦਾ ਪਯਾਲਾ ਮੌਤ ਦਾ ਰੂਪ ਹੈ।

ਸਰ ਐਂਡ੍ਰੂ ਕਲਾਰਕ ਐਮ.ਡੀ.ਡਾਕਟਰ ਖਾਸ ਸ੍ਰੀ ਮਹਾਰਾਣੀ ਵਿਕਟੋਰੀਆ ਦਾ ਕਥਨ ਹੈ:-

ਹਸਤਪਤਾਲ ਵਿਚ ਜਿੰਨੇ ਰੋਗੀ ਮੈਂ ਡਿੱਠੇ, ਸੌ ਕੜੇ ਪ੍ਰਤਿ ੭੦ ਰੋਗੀ ਸ਼ਰਾਬ ਪੀਣ ਦੇ ਕਾਰਨ ਸਨ, ਤਿਸ ਪਰ ਬੀ ਸਰਕਾਰ ਸ਼ਰਾਬ ਪੀਣੋਂ ਕਿਉਂ ਨਹੀਂ ਰੋਕਦੀ ?

ਡਾਕਟਰ ਸਾਉਥ ਵਰਥ ਸਾਹਿਬ ਬਹਾਦਰ

Digitized by Panjab Digital Library | www.panjabdigilib.org

ਸਦਾ ਆਪਣੇ ਰੋਗੀਆਂ ਨੂੰ ਇਹ ਪੱਥ ਦੱਸਦੇ ਸਨ:-

ਜੇ ਤੇਰੀ ਰੋਟੀ ਖਾਣ ਦੀ ਮੇਜ਼ ਉਤੇ ਸ਼ਰਾਬ ਨਾ ਹੋਵੇਗੀ ਤਾਂ ਤੂੰ ਰਾਜ਼ੀ ਹੋਵੇਂਗਾ।

ਡਾਕਟਰ ਅਬਦਨਸੀ ਲਿਖਦੇ ਹਨ –

ਜੇ ਕਦੀ ਲੋਕੀ ਸ਼ਰਾਬ ਪੀਣੀ ਛੱਡ ਦੇਣ ਤਾਂ ਕੇਡੀ ਵਡੀ ਚੰਗੀ ਗਲ ਹੋਵੇ, ਫਿਰ ਤਾਂ ਹਕੀਮਾਂ ਡਾਕਟਰਾਂ ਦੀ ਕਦੀ ਲੋੜ ਹੀ ਨਾ ਪਵੇ, ਕਿਉਂਕਿ ਸ਼ਰਾਬ ਕੋਈ ਖਾਣ ਪੀਣ ਦੀ ਚੀਜ਼ ਨਹੀਂ, ਪਰ ਪੱਠਿਆਂ ਨੂੰ ਭੜਕਾਉਣ ਤੇ ਸੁਸਤ ਕਰਨ ਵਾਲੀ ਹੈ।

ਡਾਕਟਰ ਅਲੈਗਜ਼ੈਂਡਰ ਮਿਗਲਾਰਨ ਸਾਹਿਬ ਕਥਨ ਕਰਦੇ ਹਨ:-

ਜਿਹੜੀ ਘੜੀ ਸ਼ਰਾਬ ਦੀ ਖ਼ੀਦਾ ਖਰਾਦੀ ਵਿਚ ਰੁਕਦੀ ਹੈ ਉਹੋ ਘੜੀ ਆਪਣੀ ਲੋਕ ਪਰਲੋਕ ਦੀ ਹੋਸ਼ ਵਾਲੀ ਹੁੰਦੀ ਹੈ।

ਡਾਕਟਰ ਲੈਂਕਸਟਰ ਸਾਹਿਬ ਦਾ ਵਾਕ ਹੈ:-

ਫਿਟਕਾਰ ਹੈ ਉਸ ਦੇਸ਼ ਤੇ ਜਿਹੜਾ ਦੂਸਰੇ ਦੇਸ਼ਾਂ ਵਲ ਸ਼ਰਾਬ ਨੂੰ ਚੰਗੀ ਚੀਜ਼ ਜਾਣਕੇ ਘੱਲਦਾ ਹੈ।

ਡਾਕਟਰ ਮਿਕਲੀਨ ਸਾਹਿਬ ਦਾ ਉਲੇਖ ਹੈ:-

ਇਹ ਗਲ ਭਾਵੇਂ ਸੱਚ ਹੈ ਕਿ ਸ਼ਰਾਬ ਅੰਗਾਂ ਵਿਚ ਚੁਸਤੀ ਚਲਾਕੀ ਪ੍ਰਗਟ ਕਰ ਦੇਂਦੀ ਹੈ, ਪਰ ਇਹ ਚੁਸਤੀ ਅਸਲੀ ਚਾਲਾਕੀ ਦਾ ਬੀ ਸਤਜਾਨਾਸ ਕਰ ਦੇਂਦੀ ਹੈ।

ਡਾਕਟਰ ਚਾਰਲਸ ਸਮਿੱਥ ਸਾਹਿਬ ਕਿਸੇ ਸ਼ਰਾਬੀਆਂ ਦੀ ਮਜਲਸ ਵਿਚ ਘਿਰੇ ਹੋਏ ਕਹਿਣ ਲਗੇ:-

ਮੌਤ ਤਾਂ ਬੜੀ ਪ੍ਰਸੰਨਤਾ ਨਾਲ ਮਨਜ਼ੂਰ ਕਰਾਂਗਾ ਪਰ ਸ਼ਰਾਬ ਨਹੀਂ ਪੀਵਾਂਗਾ।

ਡਾਕਟਰ ਜੇ. ਬੀ. ਗਿਲ ਐਮ. ਡੀ. ਲਿਖਦੇ ਹਨ:-

ਸ਼ਰਾਬ ਇਕ ਮਾਦਿਕ ਨਸ਼ੇਦਾਰ ਪੀੜਾਂ ਦੇ ਪ੍ਰਗਟ ਕਰਨ ਵਾਲੀ ਵਸਤੂ ਹੈ। ਜਿੰਨੀ ਤੁਸੀਂ ਪੀਓਗੇ ਉਨੇ ਹੀ ਮੌਤ ਦ ਨੇੜੇ ਹੋ ਪਹੁੰਚਦੇ ਜਾਓਗੇ। ਭਾਵੇਂ ਕੋਈ ਕੇਡਾ ਹੀ ਜਵਾਨ ਬਹਾਦਰ ਮੋਟਾ ਡੱਟਾ ਹੋਵੇ ਪਰ ਇਹ ਬਲਾ ਮਾਰ ਕੇ ਢਾਹ ਲੈਂਦੀ ਹੈ। ਇਹ ਕੋਈ ਖਾਣ ਪੀਣ ਦੀ ਚੀਜ਼ ਨਹੀਂ, ਸਗੋਂ ਡੋਹ ਵਧਾਉਣ ਵਾਲੀ ਹੈ। ਇਸ ਪਾਣੀ ਦੀ ਅੱਗ ਨਾਲੋਂ ਨਿਰੋਲ ਪਾਣੀ ਹਜ਼ਾਰ ਦਰਜਾ ਚੰਗਾ ਹੈ, ਕਿਉਂਕਿ ਜੀਵਨ ਦਾ ਆਧਾਰ ਤਾਂ ਹੈ। ਮੁਕਦੀ ਗਲ ਸ਼ਰਾਬ ਦਾ ਵਰਤਣਾ ਬਹੁਤ ਹੀ ਬੁਰਾ ਹੈ।

ਡਾਕਟਰ ਸੈਮੂਯਲ ਬਾਲੀ ਸਾਹਿਬ ਕਹਿੰਦੇ ਹਨ:-

ਸ਼ਰਾਬ ਥੋੜੀ ਥੋੜੀ ਪੀਤਿਆਂ, ਭਰੋਸਾ ਹੈ, ਬਹੁਤ ਵਧ ਜਾਂਦੀ ਹੈ। ਉਹੋ ਬਹੁਤੀ ਵਧੀ ਹੋਈ ਹਜ਼ਾਰਾਂ ਦੁਖੜੇ ਤੇ ਮੌਤ ਦਾ ਘਰ ਹੋ ਜਾਂਦੀ ਹੈ।

ਡਾਕਟਰ ਸੈਵਚ ਐਮ. ਡੀ. ਕਹਿੰਦੇ ਹਨ:-

ਕਿਡੀ ਝੂਠੀ ਗਲ ਜਹਾਨ ਵਿਚ ਖਿੱਲਰੀ ਹੋਈ ਹੈ ਕਿ ਸ਼ਰਾਬ ਪੀਤਿਆਂ ਸੱਟਾਂ ਤੇ ਪੀੜਾਂ ਮਲੂਮ ਹੀ ਨਹੀਂ ਹੁੰਦੀਆਂ।

ਡਾਕਟਰ ਵਾਟਸਨ ਕਹਿੰਦੇ ਹਨ:-

ਜ਼ੁਕਾਮ ਹਟਾਉਣ ਲਈ ਸ਼ਰਾਬ ਪੀਣੀ ਭਾਰੀ ਭੁੱਲ ਦੀ ਗੱਲ ਹੈ।

ਡਾਕਟਰ ਡਬਲਯੂ. ਐਫ. ਚੈਂਬਰ ਸਾਹਿਬ ਦਾ ਕਥਨ ਹੈ–

ਮਨੁੱਖਾਂ ਨੂੰ ਬਹੁਤੀ ਗਰੀਬੀ ਖੋਟੇ ਕਰਮ ਤੇ ਰੋਗ ਸ਼ਰਾਬ ਦੀ ਹੀ ਕ੍ਰਿਪਾ ਨਾਲ ਪ੍ਰਾਪਤ ਹੁੰਦੇ ਹਨ।

ਡਾਕਟਰ ਸਰ ਐਚ ਹਾਲੈਂਡ ਸਾਹਿਬ ਦਾ ਮੁਖਵਾਕ ਹੈ:-

ਨਿਰਸੰਦੇਹ ਸ਼ਰਾਬ ਬਹੁਤੇ ਰੋਗਾਂ ਵਿਚ ਹਾਜ਼ਮੇ ਅਤੇ ਸਿਰ ਦੇ ਰੋਗਾਂ ਲਈ ਭਾਰੀ ਵਿਗਾੜ ਹੈ।

ਡਾਕਟਰ ਚੈਨ ਸਾਹਿਬ ਦਾ ਕਹਿਣਾ ਹੈ–

ਜਿਹੜੇ ਲੋਕ ਜ਼ੁਕਾਮ ਤੇ ਰਾਤ ਜਾਗਨੇ ਵਾਸਤੇ ਤੇ ਥਕੇਵੇਂ ਅਰ ਤਾਪ ਲਈ ਸ਼ਰਾਬ ਪੀਂਦੇ ਹਨ, ਬਹੁਤ ਹੀ ਬੁਰਾ ਕਰਦੇ ਹਨ।

Digitized by Panjab Digital Library | www.panjabdigilib.org

ਡਾਕਟਰ ਹਰਬਰਟ ਡੀ. ਡੀ. ਸਾਹਿਬ ਦਾ ਵਾਕ ਹੈ:—

ਜਿਸ ਪੁਰਖ ਦੀ ਸ਼ਰਾਬੀ ਨਾਲ ਮਿਤ੍ਰਾਈ ਹੋਵੇ ਅਥਵਾ ਜਿਸਦੀ ਮਜਲਸ ਵਿਚ ਸਦਾ ਸ਼ਰਾਬ ਦੋਵੇ ਉਸ ਨੂੰ ਦੇਰ ਦੁਸ਼ਮਨ ਬਣਾਉਣ ਦੀ ਕੋਈ ਲੋੜ ਨਹੀਂ ਰਹਿੰਦੀ।

ਡਾਕਟਰ ਆਰਨਲਡ ਸਾਹਿਬ ਦਾ ਕਹਿਣਾ ਹੈ:—

ਸ਼ਰਾਬ ਤੇ ਜ਼ਹਰ ਦੋਵੇਂ ਗੱਲਾਂ ਇਕੋ ਹੀ ਹਨ।

ਡਾਕਟਰ ਰਹੀਮ ਖਾਂ ਸਾਹਿਬ ਖਾਨ ਬਹਾਦਰ, ਆਨਰੇਰੀ ਸਰਜਨ ਮੈਂਬਰ ਸੈਨੇਟ, ਉਸਤਾਦ ਮੈਡੀਕਲ ਸਕੂਲਨੇ ਲਿਖਿਆਹੈ:—

ਸ਼ਰਾਬ ਸੰਖੀਏ ਵਾਂਗੂੰ ਮਾਰ ਦੇਣ ਵਾਲਾ ਜ਼ਹਰ ਹੈ। ਜਿਸ ਤਰ੍ਹਾਂ ਸੰਖੀਏ ਦੀ ਸ਼ੀਸ਼ੀ ਪੁਰ ਜ਼ਹਰ ਦੀ ਟਿਕਟ ਲਾਕੇ ਹੋਰ ਜ਼ਹਰਾਂ ਨਾਲ ਵੱਖਰੀ ਅਲਮਾਰੀ ਵਿਚ ਜੰਦਰੇ ਹੇਠ ਰਖਦੇ ਹਨ ਅਤੇ ਰੋਗ ਵੇਲੇ ਵਡੀ ਹੁਸ਼ਿਆਰੀ ਨਾਲ ਵਰਤਦੇ ਹਨ ਉਕਰ ਹੀ ਸ਼ਰਾਬ ਨੂੰ ਬੀ ਵਰਤਣਾ ਚਾਹੀਏ। ਤੁਸੀਂ ਨਹੀਂ ਦੇਖਦੇ ਕਿ ਸੈਂਕੜੇ ਜੁਆਨ ਇਸ ਪਾਪਣ ਦੇ ਪੰਜੇ ਵਿਚ ਫਸਕੇ ਬਿਨਾ ਆਈ ਆਪਣੀ ਜਾਨ ਗੁਆਉਂਦੇ ਹਨ। ਤੁਸੀਂ ਨਹੀਂ ਦੇਖਦੇ ਕਿ ਇਹ ਦੁਸ਼ਟ ਜਿਗਰ ਦਾ ਕੀ ਹਾਲ ਕਰ ਦਿੰਦੀ ਹੈ। ਤੁਸੀਂ ਨਹੀਂ ਦੇਖਦੇ ਕਿ ਇਹ ਪਾਪਣ ਗੁਰਦਿਆਂ ਦਾ ਜੋ ਪਰਮੇਸ਼ਰ ਵਲੋਂ ਸਰੀਰ ਦੀ ਸਫਾਈ ਦੇ ਦਰੋਗ਼ੇ ਹਨ ਕੀ ਹਾਲ ਕਰ ਦਿੰਦੀ ਹੈ। ਤੁਸੀਂ ਨਹੀਂ ਦੇਖਦੇ ਜੋ ਇਹ ਹਤਿਆਰਨ ਦਿਮਾਗ਼ ਦਾ ਜਿਸ ਨੂੰ ਪਰਮੇਸ਼ਰ ਨੇ ਸਰੀਰ ਦਾ ਗਵਰਨਰ ਜਨਰਲ ਥਾਪਿਆ ਹੈ, ਕਿੱਡਾ ਕੁ ਬੁਰਾ ਹਾਲ ਕਰ ਦਿੰਦੀ ਹੈ। ਆਦਮੀ ਨੂੰ ਸ਼ੁਦਾਈ ਬਣਾ ਦਿੰਦੀ ਹੈ, ਬੇਹਿਯਾ, ਬੇਸ਼ਰਮ ਕਰ ਦਿੰਦੀ ਹੈ। ਪਰਮੇਸ਼ੁਰ ਤੇ ਗੁਰੂ ਪੀਰ ਦਾ ਡਰ ਦਿਲ ਥੋਂ ਦੂਰ ਕਰ ਦਿੰਦੀ ਹੈ। ਗਲੀਆਂ ਵਿਚ ਲਿਆ ਸੁਟਦੀ ਹੈ। ਟੱਕਰਾਂ ਲੁਆਉਂਦੀ, ਕੁਤਿਆਂ ਥੋਂ ਮੂੰਹ ਚਟਵਾਉਂਦੀ ਹੈ। ਸ਼ੌਕ ਮਹਾਂ ਸ਼ੌਕ ਹੈ! ਫੇਰ ਬੀ ਲੋਕ ਨਹੀਂ ਮੰਨਦੇ। ਹੇ ਦੇਸੀ ਭਰਾਓ! ਇਸ ਨੂੰ ਮੂੰਹ ਨਾ ਲਾਓ। ਸਿਰ ਚੜ੍ਹ ਜਾਏਗੀ, ਭੂਤ ਵਾਂਗੂ ਚੰਬੜੇਗੀ, ਫੇਰ ਦੋਵੋਗੇ ਕਿ ਹਾਏ ਜਾਨ ਤੇ ਆ ਬਣੀ। ਹੁਣ ਸੰਖੀਏ ਨਾਲੋਂ ਵਧਕੇ ਇਸ ਨੂੰ ਮਾਰ ਮੁਕਾਉ ਬਿਖ ਸਮਝੋ ਅਰ ਸੱਚ ਜਾਣੋ ਕਿ ਚਕਿਤਸਾ ਮੂਜਬ ਦੇਹ ਅਰੋਗਤਾ ਵਿਚ ਸ਼ਰਾਬ ਪੀਣੀ ਆਪਣੀ ਜਾਨ ਪੁਰ ਖੇਡਨਾ ਹੈ। ਅਪਣੇ ਵਰਤਾਵੇ ਵਿਚ ਜੋ ਜੋ ਦੁੱਖ ਦੇਖੇ ਹਨ ਕੀ ਕਹਾਂ, ਉਨ੍ਹਾਂਨੂੰ ਇਨ੍ਹਾਂ ਤੁਕਾਂ ਪੁਰ ਮੁਕਾਉਂਦਾ ਹਾਂ:—

ਅਪਨੇ ਪਜਾਰੇ ਬਹੁਤ ਹੀ ਮਰੇ ਕਿ ਬਸ ਮੈਂ ਰੋਇ,
ਡਿੱਠਾ ਜੋ ਕੁਝ ਅਸਾਂ ਨੇ ਰਬ ਨ ਦਿਖਾਏ ਸੋਇ।
ਭਰੀ ਜੁਆਨੀ ਛੱਡਕੇ ਗਏ ਪ੍ਰਾਣ ਤਨ ਤਜਾਗ,
ਗਾਹੜੇ ਮਿੱਤ੍ਰ ਰਕੀਬ ਬਨ ਦੇਤ ਪਰਮ ਦੁਖਦਾਗ।

ਫੇਰ ਇਕ ਜਗ੍ਹਾ ਡਾਕਟਰ ਸਾਹਿਬ ਲਿਖਦੇ ਹਨ:—

ਹਿੰਦੁਸਤਾਨ ਵਿਚ ਸ਼ਰਾਬ ਦਾ ਪੀਣ ਮਾਨੋਂ ਅੱਗ ਵਿਚ ਘਿਉ ਛੱਡਣਾ ਹੈ।

—o—

ਅੱਠਵੇਂ ਸ਼ਰਾਬੀ ਨੂੰ ਉਤ੍ਰ

ਸੱਤਵੇਂ ਸ਼ਰਾਬੀ ਨੂੰ ਅਨੁੱਤ੍ਰ ਕਰਕੇ ਹੁਣ ਸਿੰਘ ਸਾਹਿਬ ਅੱਠਵੇਂ ਵਲ ਪਰਤੇ:ਕਹੋ ਮਹਾਰਾਜ ਜੀ! ਸ਼ਰਾਬ ਨਿੰਦ ਹੈ ਕਿ ਅਨਿੰਦ? ਜ਼ਰਾ ਸਮਝੋ, ਸਮਝ ਕੇ ਸੋਚੋ ਕਿ ਜਦ ਸ਼ਰਾਬ ਦੇ ਮੂੰਹ ਧਨ ਪਦਾਰਥ ਵਿਅਰਥ ਉਡ ਜਾਂਦਾ ਹੈ, ਤਦ ਰੁਖੀ ਸੁੱਕੀ ਲੂਣ ਨਾਲ ਜੁੜਨੀ ਬੀ ਕਠਨ ਹੋ ਜਾਂਦੀ ਹੈ, ਉਸ ਵੇਲੇ ਸ਼ਰਾਬ ਦਾ ਕਿਹਾ ਕੁ ਅਨੰਦ ਆਉਂਦਾ ਹੈ। ਅਸੀ ਤਾਂ ਸਦੀਵ ਕਾਲ ਪਰਮੇਸ਼ਰ ਅਗੇ ਇਹੋ ਬੇਨਤੀ ਕਰਦੇ ਹਾਂ ਕਿ ਸ਼ਰਾਬੀਆਂ ਦਿਲਾਵਰਾਂ ਦੀ ਸੰਗਤ ਨਾ ਦੇਹ। ਕਿਉਂਕਿ ਇਹ ਅਜਿਹੇ ਹੈਂਸਿਆਰੇ ਹੁੰਦੇ ਹਨ ਕਿ ਆਪਣੇ ਲੱਖਾਂ ਹਜ਼ਾਰਾਂ ਰੁਪੱਯਾਂ ਦੇ ਮਿਲਖ ਗਹਿਣੇ, ਇਜ਼ਤ, ਨਾਮ, ਕੁਲ, ਪਦਾਰਥ ਤੇ ਸਰੀਰ ਸੱਭੋ ਕੁਝ ਸ਼ਰਾਬ ਦੀ ਅੱਗ ਵਿਚ ਫੂਕ ਸਾੜ ਸੁਆਹ ਕਰਕੇ ਦੂਸਰਿਆਂ ਮਿੱਤ੍ਰਾਂ ਪਿਆ-

Digitized by Panjab Digital Library | www.panjabdigilib.org

ਰਿਆਂ ਦੇ ਸਰਬੰਸ ਢੂੰਕਣ ਦੇ ਉੱਦਮ ਵਿਚ ਲਗੇ ਰਹਿੰਦੇ ਹਨ।ਇਹ ਜਿਹੇ ਪੁਰਖਾਂ ਦੀ ਰੀਸ ਕਰਨੀ ਜੋ ਘਰ ਫੂਕ ਤਮਾਸ਼ਾ ਦੇਖਣਨੂੰ ਅਕਲ ਤੇ ਵਡਿਆਈ ਸਮਝਣ, ਪਰਮ ਮੂੜਤਾ ਹੈ।

ਇਹ ਸ਼ਰਾਬੀ ਦਾਖ ਭਾਵੇਂ ਕੌੜੀ ਭਾਵੇਂ ਖੱਟੀ ਹੋਵੇ, ਪ੍ਰੰਤੂ ਅਸੀਂ ਲੋਕ ਭਰਾਕਲ ਇਸ ਦੀ ਛਾਯਾ ਤਕ ਜਾਣਾ ਪਸਿੰਦ ਨਹੀਂ ਕਰਦੇ ਫੇਰ ਸੁਆਦ ਦੇ ਪਰਚੇਵੇਂ ਨਾਲ ਕੀ?ਕਿਉਂਕਿ ਮੈਂ ਜਾਣਦਾ ਹਾਂ ਕਿ ਜਦ ਤਕ ਤਰਕ ਮਿਸ਼ਤ ਉਸਤਤੀ ਕਿਸੇ ਪਦਾਰਥ ਦੀ ਨਾ ਹੋਵੇ ਤਦ ਤਕ ਬੇਖਬਰ ਮਨੁੱਖ ਫਸਦਾ ਨਹੀਂ।ਪ੍ਰੰਤੂ ਮੇਰਾ ਫਸਣਾ ਆਪ ਅਸੰਭਵ ਜਾਣੋ। ਜੇ ਕਦੀ ਆਪ ਆਪਣੇ ਅਨਭੈ ਕਰਕੇ ਸੋਚੋ ਅਤੇ ਅਕਲ ਦੇ ਤੱਕੜ ਤੇ ਤੋਲੋ ਕਿ ਸ਼ਰਾਬ ਦਾ ਤਿਆਗ ਭਲਾ ਹੈ ਜਾਂ ਅਨੁਰਾਗ, ਤਾਂ ਆਪ ਬੇਸ਼ਕ ਇਸ ਅੱਗ ਥੋਂ ਬਚ ਜਾਓਗੇ,ਨਹੀਂ ਤਾਂ ਪ੍ਰਤੱਖ ਪਾਣੀ ਦੀ ਅੱਗ ਵਿਚ ਤਾਂ ਦਗਧ ਹੋ ਹੀ ਰਹੇ ਹੋ। ਇਹ ਗੱਲ ਆਪਦੀ ਬਹੁਤ ਪਸਿੰਦ ਹੈ ਕਿ ''ਮਨੁੱਖਾਂ ਨਾਲੋਂ ਪਸ਼ੂ ਚੰਗੇ''। ਸੱਚ ਹੈ ਪਸ਼ੂ ਨੂੰ ਕਿੰਨਾਂ ਜ਼ੋਰ ਲਾਓ ਕਦੀ ਸ਼ਰਾਬ ਨਹੀਂ ਪੀਏਗਾ, ਕਿਉਂਕਿ ਮੁਸ਼ਕ ਲੈਂਦਿਆਂ ਪਰਖ ਲੈਂਦਾ ਹੈ ਕਿ ਇਹ ਬਿਖ ਹੈ,ਪੀਤੀ ਤਾਂ ਮੌਤ। ਪ੍ਰੰਤੂ ਮਨੁੱਖ ਇਸ ਜ਼ਹਿਰ ਨੂੰ ਨਿੱਤ ਪੀਂਦੇ ਅਤੇ ਨਿੱਤ ਨਵੇਂ ਸੂਰਜ ਇਸ ਬਿਖ ਦੇ ਗੁਣ ਔਗੁਣ ਦੇਖਦੇ, ਫਲ ਭੋਗਦੇ ਅੰਤ ਨੂੰ ਕੁੱਤੇ ਦੀ ਮੌਤ ਮਰਦੇ (ਤਸ਼ਨਜ)। ਪ੍ਰੰਤੂ ਫਿਰ ਬੀ ਇਸ ਨੂੰ ਨਹੀਂ ਤਿਆਗਦੇ ਇਸ ਕਾਰਨ ਪਸੂ ਚੰਗੇ।

ਬਾਸਨਮੈਂ ਮਦ ਮਦ ਢਕਯੋ ਨਰ ਮਿਲ ਮਦਮਲਮੂਤ।
ਬ੍ਰਿਥਾਮੇਲ ਜਗ ਦੁਹਨ ਕ੍ਰਿਤਪਰ ਖਰਬਰਸੁਖਸੂਤ*।

ਹੈ ਕਦਾਪਿ ਮਨੁੱਖ ਮੂਰਤ ਹੋਣ ਦਾ ਫਲ ਇਹੋ ਹੀ ਹੈ ਕਿ ਕਲੇਜਾ ਲੂਹਣਾ, ਬੇਹੋਸ਼ ਹੋਣਾ, ਬਕਣਾਂ, ਡਾਕੀਆਂ ਕਰਕੇ ਲੈਣਾ, ਮੋਰੀਆਂ ਵਿਚ ਰੁਲਨਾ,ਪੁਲਸ ਦੇ ਡੰਡੇ ਖਾਣੇ, ਸ਼ਫਾਖਾਨੇ, ਪਾਗ਼ਲ ਖਾਨੇ ਤੇ ਜੇਲ੍ਹਖਾਨਿਆਂ ਦੀ ਸੈਰ ਕਰਨੀ, ਦੀਨ ਦੁਨੀਆਂ ਦਾ ਕਲੰਕ ਸਹੇੜਨਾ,ਪੁੱਤਾਂ ਪੋਤਿਆਂ ਤਕ ਸ਼ਰੀਰਕ ਰੋਗ ਛਡ ਜਾਣੇ ਆਦਿ,ਤਾਂ ਅਸੀਂ ਸਾਫ ਕਹਿੰਦੇ ਹਾਂ ਕਿ ਸਾਨੂੰ ਉਨ੍ਹਾਂ ਪੂਤ ਮਨੁੱਖਾਂ ਵਿਚ ਨਾ ਗਿਣੋ।

ਜੇਹੜੀ ਦ੍ਰਿਸ਼ਾਂਤ ਵਿਚ ਆਪਨੇ ਦੋ ਸੌ ਸਠਵੇਂ ਚਰਿਤ੍ਰ ਦੇ ਛੇਕੜਲੇ ਦੋਹੇ ਦੀ ਪਿਛਲੀ ਤੁਕ ਕਹੀ ਹੈ, ਉਸ ਥੋਂ ਪਹਿਲੀ ਤੁਕ ਆਪਨੂੰ ਯਾਦ ਨਹੀਂ ਹੈ, ਨਹੀਂ ਤਾਂ ਆਪ ਭੁੱਲ ਕੇ ਬੀ ਨਾ ਕਹਿੰਦੇ ਦੇਖੋ:-

ਇਹ ਛਲ ਸੋ ਮਿਸਰੈ ਛਲਾ ਪਾਹਨ ਦਏ ਬਹਾਇ।
ਮਹਾਂਕਾਲ ਕੋ ਸਿੱਖ ਕਰ ਮਦਰਾ ਭਾਂਗ ਪਿਵਾਇ।

ਹੁਣ ਇਸ ਦੋਹੇ ਵਿਚ ਛਲ ਕਰਕੇ ਬ੍ਰਹਮਨ ਛਲਿਆ, ਛਲ ਕਰਕੇ ਹੀ ਪੂਜਾ ਦੇ ਪੱਥਰ ਰੁੜ੍ਹਾਏ,ਛਲ ਕਰਕੇ ਹੀ ਮਹਾਂਕਾਲ ਦਾ ਸਿੱਖ ਕੀਤਾ,ਛਲ ਕਰਕੇ ਹੀ ਮਦਰਾ ਤੇ ਭੰਗ ਪਿਆਈ। ਛਲ ਦੇ ਪ੍ਰਕਰਣ ਵਿਚ ਮਦਰਾ ਆਦਿਕ ਅਮਲ ਸਭ ਵਿਹਤ ਹਨ । ਇਹ ਚਰਿਤ੍ਰ ਰਾਜ ਕੰਨਜਾਂ ਦਾ ਹੈ । ਜਦ ਚਰਚਾ ਕਰਕੇ ਮਿਸਰ ਨਹੀਂ ਜਿੱਤਿਆ ਗਿਆ ਤਦ ਉਸ ਨੇ ਛਲ ਕੀਤਾ, ਉਸ ਛਲ ਦੇ ਛਲੇ ਮਿਸਰ ਦਾ ਸਿੱਖ ਹੋਣਾ, ਪੱਥਰ ਰੋੜ੍ਹਨੇ,ਸ਼ਰਾਬ ਤੇ ਭੰਗ ਪੀਣੀ ਇਹ ਨਹੀਂ ਸਿੱਧ ਕਰਦੀ ਕਿ ਸਦਾ ਸ਼ਰਾਬ ਪੀਓ। ਆਪ ਨਹੀਂ ਜਾਣਦੇ

*ਬਰਤਨ ਵਿਚ ਪਈ ਤਾਂ ਸ਼ਰਾਬ ਹੀ ਢਕੀ ਪਈ ਹੈ, ਪਰ ਜਦ ਆਦਮੀ ਨਾਲ ਮਿਲੀ ਮਲ ਮੂਤ ਹੀ ਹੋਗਈ, ਇਸ ਕਾਰਣ ਸ਼ਰਾਬ ਤੇ ਆਦਮੀ ਦਾ ਮੇਲ ਵਿਅਰਥ ਹੈ, ਪਰ ਖੋਤੇ ਚੰਗੇ ਹਨ ਜੋ ਨਹੀਂ ਪੀਂਦੇ ਤੇ ਸੁਖੀ ਸੌਂਦੇ ਹਨ।

Digitized by Panjab Digital Library | www.panjabdigilib.org

''ਆਪਦ ਪਰੇ ਤੇ ਕਹੋ ਕਹਾ ਨਾਹ ਕੀਜੀਏ'', ਇਸ ਵਿਚੋਂ ਇਹ ਸਿੱਧ ਤਾਂ ਨਹੀਂ ਹੁੰਦਾ ਕਿ ਸਿੱਖਾਂ ਨੂੰ ਪੀਣ ਦੀ ਆਗਜਾ ਹੈ। ਕੀ ਕਿਸੇ ਪਾਪੀ ਰਾਜਾ ਦੇ ਇਤਿਹਾਸ ਲਿੱਖਣ ਵਾਲੇ ਦਾ ਇਹ ਮਤਲਬ ਹੁੰਦਾ ਹੈ ਕਿ ਜੋ ਕੋਈ ਇਸ ਨੂੰ ਪੜ੍ਹੇ ਉਹ ਇਹੋ ਪਾਪ ਕਰੇ?ਆਪ ਝੱਟ ਕਹੋਗੇ ਕਿ ਨਹੀਂ ਉਹ ਤਾਂ ਹਾਲ ਲਿੱਖਣ ਵਾਲਾ ਹੈ, ਜੋ ਵਰਤਾਰਾ ਵਰਤਿਆ ਉਸ ਨੇ ਲਿਖ ਦਿਤਾ ਇਸੇ ਤਰ੍ਹਾਂ ਇਹ ਚਰਿਤ੍ਰ ਦੀ ਵਾਰਤਾ ਹੈ। ਚੇਤੇ ਰਖੋ ਕਿ ਜਿੱਥੇ ਕਿਤੇ ਸ਼ਰਾਬ, ਭੰਗ, ਹਫੀਮ ਆਦਿਕ ਦਾ ਵਰਣਨ ਕੀਤਾ ਹੈ, ਗੁਰੂ ਸਾਹਿਬ ਜੀ ਉਸ ਤਰ੍ਹਾਂ ਪ੍ਰਕਰਣ ਅਨੁਸਾਰ ਕਹਿੰਦੇ ਰਹੇ ਹਨ, ਜਿਕੁਰ ਮੁਸੱਵਰ ਡੁਬਦੇ ਪੁਰਖ ਦੀ ਮੂਰਤ ਖਿੱਚ ਕੇ ਇਹ ਤਾਂ ਨਹੀਂ ਪ੍ਰਗਟ ਕਰਦਾ ਕਿ ਇਕੁਰ ਤੁਸੀਂ ਬੀ ਡੁਬੋ, ਸਗੋਂ ਉਲਟਾ ਤਾਤਪਰਜ ਹੁੰਦਾ ਹੈ ਕਿ ਇਸ ਦੁਰਦਸ਼ਾ ਨੂੰ ਵੇਖ ਕੇ ਲੋਕੀ ਸੁਧਰ ਜਾਣ। ਨਸ਼ੇ ਕਰਕੇ ਛਲਿਆ ਜਾਣਾ ਜਾਂ ਮਨ ਦੇ ਭਤ ਕੀਹ ਦੇਣ ਆਦਿਕ ਔਗੁਣਾਂ ਦੇ ਪ੍ਰਗਟ ਕਰਨ ਥੋਂ ਗੁਰੂ ਜੀ ਨੇ ਸਾਫ ਦਿਖਾ ਦਿਤਾਹੈਕਿ'ਨਸ਼ਾਨਿੰਦ ਵਸਤੁ'ਹੈ।

ਆਪ ਨੂੰ ਅੱਠਾਂ ਪ੍ਰਸ਼ਨਾਂ ਦੇ ਉੱਤਰ ਮੈਂ ਦੇ ਦਿੱਤੇ ਹਨ ਅਰ ਆਪ ਪੁਰ ਪ੍ਰਗਟ ਕਰ ਦਿੱਤਾ ਹੈ ਕਿ ਨਸ਼ੇਦਾਰ ਚੀਜ਼ਾਂ ਕਿਸ ਤਰ੍ਹਾਂ ਦੀਆਂ ਜੜ੍ਹਾਂ ਪੁਟਦੀਆਂ ਹਨ ਦੇਹ ਅਰੋਗਤਾ ਦੇ ਸ਼ਰੀਰ ਦੀਆਂ, ਕਿਸ ਕਿਸ ਤਰ੍ਹਾਂ ਦੇ ਰੋਗ ਉਤਪਤ ਕਰਦੀਆਂ ਹਨ। ਗੁਰ ਪਰਮੇਸ਼ੁਰ ਥੋਂ ਬੇਮੁਖ ਕਰਕੇ ਘੋਰ ਪਾਪੀ ਬਣਾਉਂਦੀਆਂ ਹਨ। ਦੌਲਤ, ਧਨ, ਮਾਲ, ਪਤ ਅਬਰੋ, ਨਾਮ; ਜਸ ਨੂੰ ਕਿਹਾ ਕੁ ਹੁੰਝਾ ਫੇਰਦੀਆਂ ਹਨ, ਸਾਕਾਂ ਅੰਗਾਂ ਨੂੰ ਕਿਤੇ ਦੁਖੀ ਕਰਦੀਆਂ ਹਨ; ਗੱਲ ਕਾਹਦੀਸ਼ਰੀਰਕ, ਆਤਮਕ, ਧਾਰਮਕ, ਸੰਸਾਰਕ ਨਿਜਦੇ, ਸਭਦੇ, ਵਿਹਾਰਕ, ਪਦਾਰਥਿਕ ਦੁਖੜੇ ਜੋ ਜੋ ਇਨ੍ਹਾਂ ਥੋਂ ਉਪਜਦੇ ਹਨ ਮੂਤ ਦੀ ਤਰ੍ਹਾਂ ਖਿੱਚਕੇ ਦਿਖਾ ਦਿੱਤੇ ਹਨ । ਆਓ ਹੁਣ ਇਨ੍ਹਾਂ ਦਾ ਤਿਆਗ ਕਰੋ, ਆਪ ਨੂੰ ਤੇ ਦੇਸ਼ ਨੂੰ ਬਚਾਓ।

ਪਜਾਰੇ ਪਾਠਕੋ ! ਸਿੰਘ ਸਾਹਿਬ ਦੇ ਬਚਨਾਂ ਨੇ ਉਹ ਬਿਜਲੀ ਵਰਗਾ ਅਸਰ ਦਿਖਾਇਆ ਕਿ ਬੈਦ ਬਾਰਨੀ ਜੀ ਨੇ ਹੱਥ ਜੋੜ ਕੇ ਆਖਿਆ ਕਿ ਮਹਾਰਾਜ ਜੀ ਆਪ ਦੇ ਉਪਦੇਸ਼ ਸੱਤ ਹਨ, ਮੈਂ ਅੱਜ ਤੋਂ ਕਦੀ ਸ਼ਰਾਬ ਨਹੀਂ ਪੀਆਂਗਾ ਅਰ ਜਿਥੋਂ ਤਕ ਹੋ ਸਕੂ ਹੋਰਨਾਂ ਨੂੰ ਬੀ ਰੋਕਾਂਗਾ। ਇਨ੍ਹਾਂ ਨੂੰ ਦੇਖ ਬਾਕੀ ਸੱਤੇ ਸ਼ਰਾਬੀ ਤੇ ਨਸ਼ਈ ਜੋ ਗੋਡਿਆਂ ਵਿਚ ਸਿਰ ਪਾਈ ਸੱਚ ਰਹੇ ਸਨ ਬੋਲ ਪਏ ਕਿ ਮਹਾਰਾਜ ਅਸੀਂ ਤਾਂ ਚੜ੍ਹੇ ਸੂਰਜ ਪਏ ਖੂਹ ਵਿਚ ਡਿਗਦੇ ਸਾਂ, ਆਪ ਨੇ ਵਡੀ ਕਿਰਪਾ ਕੀਤੀ ਜੋ ਸਾਨੂੰ ਬਚਾ ਲਿਆ। ਅਸੀਂ ਨੇਮ ਕਰਦੇ ਹਾਂ ਕਿ ਅੱਜ ਤੋਂ ਲੈਕੇ ਮਰਦਿਆਂ ਤੀਕ ਕੋਈ ਨਸ਼ਾ ਨਹੀਂ ਵਰਤਾਂਗੇ। ਸਾਡਾ ਪਿਛਲਾ ਪੀਤਾ ਈਸ਼ੁਰ ਬਖਸ਼ੇ ਅਰ ਕਰਤਾਰ ਇਹ ਸਮਰੱਥਾ ਬੀ ਪ੍ਰਦਾਨ ਕਰੇ ਕਿ ਹੋਰਨਾਂ ਨੂੰ ਬਚਾਈਏ। ਫੇਰ ਸਾਰਿਆਂ ਨੇ ਮਿਲਕੇ ਕਿਹਾ:—

ਕਰੋਤਿ ਮਦਜੰ ਵਿਵਿਧਾਨ੍ ਵਿਕਾਰਾਨ੍॥

Digitized by Panjab Digital Library | www.panjabdigilib.org

੩.

ਦਸਮ ਗ੍ਰੰਥ ਚਰਿਤ੍ਰ
ਲਾਉਣੀਆਂ ਵਿਚ

ਨੋਟ—ਇਹ ਲੇਖ ਖਾਲਸਾ ਟ੍ਰੈਕਟ ਸੁਸਾਇਟੀ ਦੇ ਇਕ ਟ੍ਰੈਕਟ (ਨੰ: ੪੫) ਦੇ ਰੂਪ ਵਿਚ
੧੯੬੭ ਈ: ਵਿਚ ਪ੍ਰਕਾਸ਼ਤ ਹੋਇਆ ਸੀ। ਹੁਣ ਇਸ ਸੰਚਯ ਵਿਚ ਜੋੜਨ ਸਮੇਂ
ਇਸ ਵਿਚ ਥਾਓਂ ਥਾਈਂ ਪ੍ਰਸੰਗਾਂ ਦੇ ਸਿਰਲੇਖ ਤੇ ਕੁਝਕ ਪ੍ਰਯਾਯ ਅਸਾਂ ਲਾਏ ਹਨ।
[ਸੰਪਾਦਿਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਦਸਮ ਗ੍ਰੰਥ ਚਰਿਤ੍ਰ

ਲਾਉਣੀਆਂ ਵਿਚ

[ਦੇਸ਼ ਦੀ ਦਸ਼ਾ]

ਭਾਰੀ ਪਾਪ ਭਰੇ ਜਗ ਭੀਤਰ ਭੂਮ ਭਾਰ ਬਿਸ਼ੁ-
ਮਾਰ ਹੂਏ। ਦਗਾ ਧ੍ਰੋਹ ਦੁਖ ਜ਼ੁਲਮ ਬਖ਼ੀਲੀ
ਬਰਧਮਾਨ ਸੰਸਾਰ ਹੂਏ। ਤੁਰਕਨ ਜ਼ੁਲਮ
ਅਨੀਤੀਪਕੜੀ ਪਾਪ ਹੱਦ ਸੇ ਪਾਰ ਹੂਏ।ਹਿੰਦੂ
ਅਨਪੜਭਏਨਿਤਾਣੇਧਰਮਤਿਆਗਨਹਾਰਹੂਏ।
ਦੁਹੂੰ ਪੰਥ ਮੇਂ ਕਪਟ ਬਿੰਦਿਆ ਛਲ ਦੁਖ ਪਾਉਂ
ਪਸਾਰ ਹੂਏ। ਪਾਕਰ ਹੁਕਮ ਅਕਾਲ ਪੁਰਖ ਕਾ
ਗੋਬਿੰਦ ਸਿੰਘ ਅਵਤਾਰ ਹੂਏ॥੧॥ਬੇਦ ਕਤੇਬ
ਭੁਲਾਇ ਦੁਹਨ ਨੇ ਝਗੜਾ ਲਾਲਚ ਕਾਰ ਫੜੀ।
ਬਾਹਮਣ ਮੁੱਲਾਂ ਖਹੇਂ ਆਪਮੇਂ ਦਯਾ ਸਚਾਈ
ਰੋਇ ਖੜੀ। ਕੰਨਜਾਂ ਬਾਲ ਅਨਾਥ ਤਿਯਨ
ਸਿਰ ਲਗ ਰਹੀ ਛਹਬਰ ਪਾਪ ਝੜੀ। ਸਾਧ
ਬਿਨਾਂ ਕੋਈ ਥੰਮ੍ਹ ਨ ਸੱਕੇ, ਸਾਧ ਕੀ ਜਗ ਮੇਂ
ਔੜ ਪੜੀ। ਸੁਨੀ ਪੁਕਾਰ ਦੇਖ ਜਗ ਦੁਖੀਆ
ਦਯਾ ਧਾਰ ਕਰਤਾਰ ਹੂਏ।ਪਾਕਰ ਹੁਕਮਅਕਾਲ
ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੂਏ ॥੨॥
ਦੁਸ਼ਟ ਰਾਜ ਮੇਂ ਦੁਖੀਆ ਭਾਰਥ ਥੱਕ ਗਿਆ
ਥਾ ਸਹਿ ਸਹਿ ਮਾਰ।ਮੁਕਤ ਭੁਕਤ ਕਾ ਰਸਤਾ
ਰੁਕ ਗਯਾ ਸ਼ੀਲ ਧਰਮ ਥਾ ਭਇਆ ਪ੍ਰਹਾਰ।
ਦਸਮਅਵਤਾਰ ਗੁਰੂ ਗੋਬਿੰਦ ਸਿੰਘ ਆ ਚਮਕੇ
ਜਿਮ ਸੂਰ ਅੰਧਾਰਾਪ੍ਰਗਟ ਸਭੀ ਸੰਸਾਰ ਬੀਚ
ਹੈਂ ਜੋ ਕੀਨੇ ਹਮ ਪਰ ਉਪਕਾਰ।'ਉਪਜ ਮਰਨ
ਹਾਰੋਂ" ਕਾ ਸਿਮਰਨ ਆਪ ਛੁਡਾਵਨਹਾਰ ਹੂਏ।
ਪਾਕਰ ਹੁਕਮ ਅਕਾਲਪੁਰਖ ਕਾ ਗੋਬਿੰਦਸਿੰਘ
ਅਵਤਾਰ ਹੂਏ॥੩॥ ਨਾਮ ਅਟੱਲ ਅਕਾਲ ਪੁਰਖ
ਕਾ ਦਿਰੜਾਇਆ ਸੰਸਾਰ ਮਝਾਰ। ਧਰਮ ਹੇਤ
ਫਿਰ ਜੰਗ ਬਿਖੇ ਨਿਜ ਪੁੱਤ੍ਰਨ ਕਾ ਸਿਰ ਦੀਨਾਂ
ਵਾਰ। ਸੱਤਿ ਧਰਮ ਗੁਰੂ ਨਾਨਕ ਕੇਰਾ ਜਗਤ
ਬਿਖੈ ਕਿਯ ਅਟਲ ਅਪਾਰ। ਦੁਖੀ ਹਿੰਦ ਕੋ
ਜ਼ੁਲਮ ਭੰਵਰ ਸੇ ਆਪ ਕੀਆ ਸਤਿਗੁਰ ਨੈ
ਪਾਰ। ਐਸੀ ਕਰਨੀ ਕਰੀ ਆਪ ਨੈ ਕੋਇ ਨ
ਕਰਨੈਹਾਰ ਹੂਏ। ਪਾਕਰ ਹੁਕਮ ਅਕਾਲ ਪੁਰਖ
ਕਾ ਗੋਬਿੰਦ ਸਿੰਘ ਅਵਤਾਰ ਹੂਏ ॥ ੪ ॥

[ਅਵਤਾਰ]

ਸਤਮੀ ਪੋਖ ਸ਼ੁਦੀ ਪਟਨੇ ਮੈਂ ਗੁਰ ਦਸਮੇਂ ਔ-
ਤਾਰ ਲੀਆ।ਸੰਮਤ ਸੱਤਰਾਂ ਸੈ ਅਰ ਤੇਈ ਸਭ
ਜਗ ਅਨੰਦ ਅਪਾਰ ਕੀਆ। ਨਗਰ ਘੁੜਾਮ
ਵਿਖੇ ਭੀਖਨਖਾਂ ਸਜਦਾਕਰਤਬਿਚਾਰਲੀਆ,-
'ਪ੍ਰਗਟੀ ਜੋਤ ਅਕਾਲ ਪੁਰਖ ਕੀ, ਉੱਠ ਚਲ
ਹੇਤ ਦਿਦਾਰ ਜੀਆ ! ਕਰ ਦਰਸ਼ਨ ਪਤੀਆ
ਫਿਰ ਲੀਜੇ ਕੋ ਜਗ ਮੈਂ ਥਿਰ ਥਾਰ ਹੂਏ'।
ਪਾਕਰ ਹੁਕਮ ਅਕਾਲਪੁਰਖ ਕਾ ਗੋਬਿੰਦਸਿੰਘ
ਅਵਤਾਰ ਹੂਏ। ੫। ਇਤ ਨਰ ਨਾਰੀ ਮੰਗਲ

Digitized by Panjab Digital Library | www.panjabdigilib.org

ਗਾਵਹਿੰ, ਦੇਵਨ ਖੁਸ਼ੀ ਮਨਾਈ ਥੀ।'ਅਬ ਹੋਂ ਦੂਰ ਉਪੱਦ੍ਰਵ ਸਾਰੇ',ਘਰ ਘਰ ਬਜੀ ਵਧਾਈ ਥੀ। ਮੰਗਤ ਜਨ ਕੋ ਗਇਆ ਨ ਖਾਲੀ ਜਿਨੂੰ ਅਸੀਸ ਅਲਾਈ ਥੀ । 'ਜੁਗ ਜੁਗ ਜੀਓ ਅਨਾਥਾਂ ਪਾਲੋ',ਆਨੰਦ ਖੁਸ਼ੀ ਅਮਾਈ ਥੀ। ਮਾਤ ਗੂਜਰੀ ਅਤਿ ਅਨੰਦ ਮਨ, ਘਰ ਪੁਰ ਮੰਗਲ ਚਾਰ ਹੂਏ । ਪਾਕਰ ਹੁਕਮ ਅਕਾਲ ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੂਏ ।੬।

[ਭੀਖਨ]ਸ਼ਾਹ

ਭੀਖਨਸ਼ਾਹ ਜੀ ਚਲ ਘੁੜਾਮ ਸੇ ਪੁਰ ਪਟਨੇਮੇਂ ਪਹੁੰਚ ਗਏ। ਬਹੁਤ ਬੇਨਤੀ ਕਰ ਕਰ ਉਸਨੇ, ਕਰ ਦਰਸ਼ਨ, ਧਰ ਭੇਟ ਦਏ । ਘੜੀ ਧਰੀ ਦੋ ਦੁਹੂੰ ਹਾਥ,ਗੁਰ ਦਈ ਦਬਾਇ, ਸੁਝਾਇ ਕਏ। 'ਹਿੰਦੂ ਤੁਰਕ ਰਹਾਵੈਂ ਦੋਊ,ਕਰ ਹੋਂ ਤੀਜੋ ਪੰਥ ਨਏ'। ਪੀਰ ਅਦਾਬ ਬਜਾਇ ਗਜੋ ਘਰ,ਤਿਮ ਸਤਿਗੁਰ ਹੁਨਹਾਰ ਹੂਏ।ਪਾਕਰ ਹੁਕਮ ਅਕਾਲ ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੂਏ ।੭।

[ਬਾਲ ਚੋਜ]

ਦਿਨ ਪ੍ਰਤਿ ਬਰਧਮਾਨ ਤਨ ਸੁੰਦਰ, ਸੁਕਲ ਪੱਖ ਜਿਮ ਚੰਦ ਚੜੇ। ਖੇਲਤ ਖੇਲ ਮੇਲ ਜਨ ਬਾਲਨ,ਜੋਤ ਅਪੂਰਬ ਤੇਜ ਬੜੇ । ਇਤ ਉਤ ਦੈ ਦਲ ਮੇਲ ਭਿੜਾਵਤ ਚਹਿੰ ਨਿਜ ਨਿਜ ਦਿਸ ਜੀਤ ਪੜੇ। ਹੋਂ ਬਲਿਹਾਰ ਮਾਤ ਸਿਖ ਸੇਵਕ, ਲੇਤ ਨਿਛਾਵਰ ਭੀਖ ਖੜੇ।ਜਹਿ ਬਿਧਿ ਅਨੰਦ ਅਪਾਰ ਹੋਤ ਨਿਤ ਜਬ ਸੇ ਬਰਖੁਰਦਾਰ ਹੂਏ । ਪਾਕਰ ਹੁਕਮ ਅਕਾਲਪੁਰਖ ਕਾ ਗੋਬਿੰਦਸਿੰਘ ਅਵਤਾਰ ਹੂਏ।੮। ਹੋਨਹਾਰ ਬਿਰਵਾ ਕੇ ਹੋਵਤ ਪਹਿਲੇ ਤੇ ਹੀ ਚਿਕਨੇ ਪਾਤ। ਇਕ ਸ਼ਾਹਣੀ ਲਖ ਸਾਹਿਬਜ਼ਾਦੇ ਕਰੀ ਬੇਨਤੀ ਆ ਇਸ ਭਾਂਤ। 'ਤੁਮ ਸਮ ਸੁਤ ਹੋਵੈ ਘਰ ਮੇਰੇ, ਇਹੁ ਬਰੁ ਦੇਹੁ', ਕਹਜੋ ਢਿਗ ਮਾਤ । 'ਪੰਚ-ਪੁੱਤ੍ਰ ਤੇਰੇ ਗ੍ਰਿਹ ਹ੍ਵੈ ਹੈਂ ਕਿਸ਼ਤੀਮਮ ਹਿਤ ਕਰ ਪਹੁੰਚਾਤ'।ਬਚਨਸਫਲ ਸਤਗੁਰ ਕੈ ਪੂਰਨ ਮਾਨਤ ਏਤੇ ਪਾਰ ਹੂਏ । ਪਾਕਰ ਹੁਕਮ ਅਕਾਲ ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੂਏ।੯। ਅਨਿਕ ਪ੍ਰਕਾਰ ਖੇਲ ਨਿਸ ਬਾਸੁਰ ਖੇਲਤ ਸਤਿਗੁਰ ਦੀਨਨਾਥ।ਰਾਜ ਸਾਜ ਸਜ ਰਾਜਾਬਨਤੇਦਲ ਲੜਕੋਂਕਾਲੇਤੇ ਸਾਥ।ਹੋਸਵਾਰ ਹਜ,ਲੈਕਮਾਨ ਕਰ,ਮ੍ਰਿਗਿਯਾ*ਹਿਤਬਿਚਰਤਬਨਨਾਥਾਕਰਤ ਕਵਾਦਿਦ ਔਰ ਨਿਸ਼ਾਨੇ ਤੀਰ ਏਕ੍ਰੂਕਨ ਕੇਹੋ ਹਾਥ।ਰਾਜ ਯੋਗ ਮੇਂ ਬ੍ਰਿੱਧੀ ਕਰਤੇ ਇਤ ਬਿਧ ਗੁਰ ਹੁਸ਼ਿਆਰ ਹੂਏ । ਪਾਕਰ ਹੁਕਮ ਅਕਾਲ ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੂਏ।੧੦।

[ਵਿਵਾਹ]

ਬਾਲਚਰਿਤ ਸਤਿਗੁਰ ਜੀ ਪਟਨੇ.ਪੂਰਨਕਰਤ ਸੁ ਸਿੱਖਨ ਆਸਾਮਾਨ ਬਚਨ ਸਤਿਗੁਰ ਪਿਤ ਸ੍ਵਾਮੀ ਆ ਅਨੰਦਪੁਰਕੀਨ ਨਿਵਾਸ।ਇਕਦਿਨ ਹਰਿ ਜਸ ਨਾਮੀਂ ਸਿਖ ਨੇ ਬੀਚ ਦੀਵਾਨ ਕੀਨ ਅਰਦਾਸ। 'ਮੈਂ ਪੁੱਤ੍ਰੀ ਜੀਤੋ ਜੀ ਅਪਨੀ ਗੁਰੂ ਸਾਹਿਬਕੀਕਰਹੋਂ ਦਾਸਾਪਰ ਇਕ ਅਰਜ਼ ਸੁਨੋ ਤੁਮ ਗੁਰ ਜੀ!ਹਮ ਬਾਸੀ ਲਾਹੌਰ ਹੂਏ।ਪਾਕਰ ਹੁਕਮਅਕਾਲਪੁਰਖਕਾ ਗੋਬਿੰਦਸਿੰਘ ਅਵਤਾਰ ਹੂਏ।੧੧।'ਤੁਮਬੇਕੇਸਕ਼ਰੇ ਭਯੋ ਰਹਿਤੇ,†ਚਾਰ ਸਪਰਧਾ† ਕਰ ਹੈਂ ਨੀਤ। ਪਾਵਹੁ ਚਰਨ ਲਹੌਰ ਪਵਿੱਤ੍ਰ ਹ੍ਵੈ ਬਨੇ ਰਹੋਂ ਸਭ ਸਾਕ ਅਰ ਮੀਤ'। ਸੁਨ ਸਤਿਗੁਰ ਜੀ ਨੇ ਫੁਰਮਾਇਆ 'ਇਹਾਂ ਲਹੌਰ ਬਸੈ ਭਲ ਚੀਤ। ਤੁਮ ਸਨਬੰਧੀ ਸਭ ਲੈ ਆਵਹੁ, ਮਾਨਹੁ ਬਚਨ ਰਹਹੁ ਨਿਰਭੀਤ'। ਹੁਕਮ ਮਾਨ ਹਰਜਸ ਸਭ ਲਜਾਵਾ, ਬਸਜੋ ਲਹੌਰ, ਬਿਉਪਾਰ ਹੂਏ।ਪਾਕਰ ਹੁਕਮ ਅਕਾਲ ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੂਏ।੧੨।

[ਅਨੰਦਪੁਰ ਚੋਜ]

ਨਦੀ ਸਤੁੱਦ੍ਰਵ ਨ੍ਹਾਵਤ ਸਤਿਗੁਰ ਐਸੀ ਖੇਲ

*ਸ਼ਿਕਾਰ। †ਝਗੜਾ ਤੇ ਈਰਖਾ।

Digitized by Panjab Digital Library | www.panjabdigilib.org

ਮਚਾਈ ਥੀ। ਤਾਉ ਪੁੱਤ੍ਰ, ਭ੍ਰਾਤ ਦੈ ਸੰਗੀ ਛੀਂਟਨ ਮਾਰ ਮਚਾਈ ਥੀ । ਰਾਇ ਗੁਲਾਬ ਭਜਯੋ ਘਬਰਾ ਕੇ ਸੁਧ ਬੁਧ ਜਿਹ ਬਿਸਰਾਈ ਥੀ। ਲੇ 'ਦਸਤਾਰ ਗੁਰੂ' ਲਖ ਅਪਨੀ,ਸਿਰ ਧਰਿ, ਗੁਰ ਫੁਰਮਾਈ ਥੀ:-'ਹਮ ਪੀਛੇ ਕੁਛ ਕਾਲ ਆਪ ਭੀ ਗੁਰ ਬਲ ਗੱਦੀ ਦਾਰ ਹੂਏ' । ਪਾਕਰ"'। ੧੩। ਭੇਜ ਹੁਕਮ ਨਾਮੇਂ ਸਤਿਗੁਰ ਨੇ ਬਹੁ ਹਥਿਆਰ ਮੰਗਾਏ ਹੈਂ। ਖੁਸ਼ੀ ਕਰੈਂ ਸਿੱਖਨ ਪਰਦਿਨਪ੍ਰਤਿ,ਆਨੰਦ ਅਧਿਕ ਸਵਾਏ ਹੈਂ। ਰਖੈਂ ਸਵਾਰ, ਸ਼ਿਕਾਰ ਖੇਲ ਨਿਤ, ਸੂਰੇ ਸਿੱਖ ਰਹਾਏ ਹੈਂ। ਸ੍ਰੀ ਹਰਿ ਗੋਬਿੰਦ ਦਾਦਾ ਜੈਸੇ ਇਨੋਂ ਨੇ ਕਾਮ ਚਲਾਏ ਹੈਂ।ਸਿੱਖਜਾ ਦੇਤ ਕਵਾਇਦ ਸਤਿਗੁਰ,ਦਿਨ ਪ੍ਰਤਿ ਸਿਖ ਤਈਆਰ ਹੂਏ। ਪਾਕਰ"'। ੧੪। ਕਾਬਲ ਤੇ ਇਕ ਸਿਖ ਧਰ ਸ਼ਰਧਾ ਗੁਰ ਦਸਵੰਧ ਲਿਆਯਾ ਥਾ। ਤੰਬੂ ਸ਼ਮਿਆਨਾ ਅਤਿ ਸੁੰਦਰ ਤਿਸ ਹੀ ਥਲ ਬਨਵਾਯਾ ਥਾ। ਪ੍ਰੇਮ ਭਾਵਨਾ ਸੇ ਸੰਗ ਸੰਗਤ ਗੁਰ ਹਜ਼ੂਰ ਪਹੁੰਚਾਯਾ ਥਾ।ਖੁਸ਼ੀ ਲੇਇ ਗਮਨਜੋ ਪਿਖ ਸੰਗਤ 'ਵਾਹਵਾ' ਸ਼ਬਦ ਅਲਾਯਾ ਥਾ। 'ਭਈ ਨਿਹਾਲ ਕਾਬਲੀ ਸੰਗਤ' ਸ੍ਰੀ ਮੁਖ ਤੇ ਜੁ ਉਚਾਰ ਹੂਏ। ਪਾਕਰ"'।੧੫। ਬੀਚ ਬਿਰਾਜਤ ਸ੍ਰੀ ਅਨੰਦਪੁਰ ਰਾਜ ਸਮਾਜ ਸਮ੍ਹਾਲ ਲੀਆ। ਬਿਚਰਤ ਤੀਰ ਸਤੱਦ੍ਰੂ ਸਤਿਗੁਰ ਸੰਗਤ ਸਿੱਖਨ ਸੰਗ ਲੀਆ। ਖਿਲਤ ਸ਼ਿਕਾਰ ਦੂਨ ਬਨ ਗਹਬਰ,ਦੁਸ਼ਟ ਜੀਅਨ ਕਾ ਕਾਲ ਕੀਆ। ਕਰਤ ਚਰਿਤ੍ਰ ਬਚਿਤ੍ਰ ਪਵਿੱਤ੍ਰਤ,ਸਿਵਕਨਸਿੱਖ ਨਿਹਾਲ ਕੀਆ। ਸੇਵਕ ਚਾਰੋਂ ਓਰ ਮਸੰਦਨ ਇਤ ਬਿਧ ਪ੍ਰਗਟ ਸੰਸਾਰ ਹੂਏ।ਪਾਕਰ"'।੧੬।

[ਰਤਨ ਰਾਇ]

ਮੁਲਕ ਅਸਾਮ ਵਿਖੇ ਇਕ ਰਾਜਾ ਨਾਮ ਪ੍ਰਗਟ ਤਿਹ ਰਾਜਾ ਰਾਮ। ਨੌਮੇਂ ਗੁਰ ਸੇਵੇ ਜਿਹ ਰੁਚਧਰ, ਪੂਰਨ ਭਏ ਮਨੋਰਥ ਕਾਮ। ਹੁਤੀ 'ਚਾਹ ਸੁਤ*', ਗੁਰ ਬਰ ਦੀਨਾ, ਪਟ ਪਰ ਮੁਹਰ ਰਖੀ ਸੁਖ ਧਾਮ।'ਇਹ ਨਿਸ਼ਾਨ ਸੁਤ ਕੇ ਸਿਰ ਪਿਖੀਅਹੁ ਲਖੀਅਹੁ ਨਾਨਕ ਦੇਵ ਗੁਲਾਮ†'। ਇਮ ਵਰ ਦੇ ਗੁਰ ਜੀਤ ਕਾਮਰੂ ਦੇਸ਼ ਪੰਜਾਬ ਤਯਾਰ ਹੂਏ । ਪਾਕਰ"'। ੧੭। ਗੁਰ ਬਚ ਸਫਲ,ਪੁੱਤ੍ਰ ਰਾਜਾ ਘਰ ਭਯੋ,ਕਾਲ ਕੁਛ ਸਾਲ ਬਿਹਾਥ । ਰਤਨ ਰਾਇ ਜਬ ਹੋਸ਼ ਸੰਭਾਲੀ ਕੰਘਾ ਕਰਤਿ ਪਿਖਜੋ ਚਿੰਨ੍ਹ ਮਾਥ। ਚਿੰਨ੍ਹ ਪੇਖ ਮਾਤਾ ਸੇ ਪੂਛਾ 'ਹੁਤੋ ਬਰਣ ਕੈ ਲਸਨ ਅਕਾਥ?'ਮਾਤਾ ਸਗਲ ਪ੍ਰਸੰਗ ਸੁਨਾਵਾ 'ਮੁਹਰ ਲਗਾਈ ਦੀਨਾ ਨਾਥ'। ਮਨ ਉਮਗਜੋ ਸੁਨ, ਭਾਗ ਜਗੇ ਲਖ ਦਰਸ਼ਨ ਹੇਤ ਤਯਾਰ ਹੂਏ । ਪਾਕਰ"'। ੧੮। ਭੇਟ ਸਕੇਲ ਭਲੀ ਭਲਿ ਵਸਤ੍ਰ ਦਰਸ਼ਨ ਹਿਤ ਤੱਯਾਰ ਹੂਆ। ਆਨ ਅਨੰਦ ਪੁਰ ਮੇਂ ਰਾਜਾ ਕੋ ਸਤਿਗੁਰ ਕਾ ਦੀਦਾਰ ਹੂਆ।ਪੰਚਕਲਾ ਇਕ ਸ਼ਸਤਰ ਚੌਂਕੀ ਰਖ ਕਰ ਅਰਜ਼ ਗੁਜ਼ਾਰ ਹੂਆ।ਹੋਰ ਅਜਾਇਬ ਵਸਤੁ ਦੇਸ਼ ਕੀ ਭੇਟਾ ਕੋ ਅੰਬਾਰ ਹੂਆ। ਪ੍ਰੇਮ ਭਾਵਨਾ ਨਿਸ਼ਚਾ ਧਰ ਜਿਹ ਸਹ ਕੁਟੰਬ ਭਵਪਾਰ ਹੂਏ। ਪਾਕਰ"'। ੧੯। ਘੋੜੇ ਪਾਂਚ ਗੁਰੂ ਹਿਤ ਲਾਯਾ,ਜਿਨਕੀ ਕੀਮਤ ਥੀ ਬਿਸ਼ੁਮਾਰ। ਕਾਠੀ ਕਜ਼ੂਈ ਸਗਲ ਸੁਨਹਿਰੀ ਔਰ ਗਰਦਨੀ ਭੀ ਜ਼ਰਦਾਰ। ਇੱਕ ਸੁਫੈਦ ਹਾਥੀ ਗੁਣ ਸਿੱਖਜਤ ਅਤਿ ਅਦਭੁਤ ਜਿਸ ਕਾ ਆਕਾਰ। ਬਹੁ ਨਕਦੀ ਗੁਰ ਆਗੇ ਰਖ ਕਰ ਕਰੀ ਅਰਜ਼ ਗਰ ਅੰਚਰ ਡਾਰ।'ਹੇਸਤਿਗੁਰ ਜੀ! ਮੈਂ ਅਨਾਥ ਹੈਂ,ਨਾਥ ਆਪ ਅਵਤਾਰ ਹੂਏ'।ਪਾਕਰ...।੨੦। ਕੁਛਕਸਮਾਂ ਰਹਿ,ਖੁਸ਼ੀਪਾਇਗੁਰ,ਰਤਨ ਰਾਇ ਗਜੇ ਦੇਸ਼ ਅਸਾਮਾਇਸੀ ਭਾਂਤ ਦਿਨਪ੍ਰਤਿ ਗੁਰ ਜੀ ਕੋ ਭੇਟਾ ਆਵੈਂ ਆਠੋ ਜਾਮ ।ਹਾਥੀ,ਘੋੜੇ

*ਪੁਤ੍ਰ ਦੀ ਚਾਹ।

†ਗੁਰੂ ਨਾਨਕ ਦਾ ਗੁਲਾਮ ਉਸਨੂੰ ਜਾਣਨਾ

Digitized by Panjab Digital Library | www.panjabdigilib.org

ਸ਼ਸਤ੍ਰ ਪੰਚਕਲ, ਚੌਕੀ, ਡੇਰਾ ਆਦਿਕ ਨਾਮ। ਇਕ ਰਣਜੀਤ ਨਗਾਰਾ ਭਾਰਾ ਬਜੇ ਸਦਾ ਦਲ ਸੰਗ ਘਨ ਸ਼ਾਮ। ਪਿਖ ਪ੍ਰਤਾਪ ਦਿਲ ਦੁਸ਼ਟ ਖਲਨਕੇ ਟੁਕੜੇਕਈਹਜ਼ਾਰਹੂਏਪਾਕਰ'''।੨੧।

[ਰਾਜਾ ਭੀਮ ਚੰਦ]

ਪੁਰ ਬਿਲਾਸ ਕਹਲੂਰ ਪਤੀ ਰਹਿ 'ਰਾਜਾ ਭੀਮ ਚੰਦ' ਜਿਹਨਾਮ।ਕਰੀਸੰਧਿ ਸ੍ਰੀ ਗੁਰਸੋਂ ਤਿਸਨੇ ਭੇਜ ਵਜ਼ੀਰ ਭੇਟ ਕੁਛਦਾਮ।ਅੰਤਰਜਾਮੀ ਸਤਿਗੁਰ ਜਾਣੈਂ 'ਇਹ ਪੰਮਾਂ ਮਾਚੜ ਬਦਨਾਮ'।ਛਲ ਨਿਧ ਦੋਹ ਮੂਲ ਹਿਤ ਭੇਤਹਿ, ਸੰਧ ਕਰਾਵਤ ਲੈ ਨ੍ਰਿਪ ਨਾਮ।ਨੀਤਿਨਿਪੁਨ ਬੁਧਿਸ਼ੀਲਖਾਨ ਗੁਨ ਲਖਤ ਸਕਲ ਹੁਨਹਾਰ ਹੂਏ। ਪਾਕਰ'''। ੨੨। ਮਿਲਜੋ ਭੀਮ ਨ੍ਰਿਪ ਸਤਿਗੁਰ ਸੰਗੇ ਪਿਖੀ ਅਜਾਇਬ ਵਸਤੁ ਮਹਾਨ। ਹੂਆ ਹਰਾਨ ਦੇਖ ਗੁਣ ਹਾਥੀ,ਚੁਣ ਲਜਾਵਤ ਜੋ ਤੀਰ ਚਲਾਨ। ਲੈ ਝਾਰੀ* ਕਰ ਪਾਦ ਪਖਾਰਤ, ਪੌਛਤ ਪੁਨ ਰੁਮਾਲ ਸੇ ਆਨ। ਅਪਰ ਵਸਤੁ ਪਿਖ ਸਗਲ ਅਚੰਭਜੋ ਮਨ ਮੇਂ ਹੋਯੋ ਬੇਈਮਾਨ।ਆਵਾ ਅਗਨ ਸੁਲਗ ਨਿਤ ਛਾਤੀ, ਲੋਭ ਲਾਟ ਹਿਯ ਜਾਰ ਹੂਏ। ਪਾਕਰ'''। ੨੩ । ਬਿਦਾ ਹੋਇ ਘਰ ਗਮਨਜੋ ਰਾਜਾ ਪਰ ਚਿਤ ਚਿਤਵਤ ਚਿੰਤ ਮਹਾਨ।ਪਠਜੋ ਵਜ਼ੀਰ'ਮਾਂਗ ਲਾ ਵਸਤੂ,ਜਿਉਂ ਤਿਉਂ ਲਾਈਓ ਛਲ ਬਲ ਠਾਨ'।ਪੰਮਾ ਮਾਚੜ ਗੁਰ ਢਿਗ ਪਹੁੰਚਜੋ ਅਧਿਕ ਉਸਤਤੀ ਕਰੀ ਬਖਾਨ। ਪੁਨ ਕਰ ਜੋਰੇ ਦੀਨ ਸੰਦੇਸਾ 'ਰਾਜਾ ਘਰ ਸਮਧੀ ਅਬ ਆਨ। ਇਸ ਹਿਤ ਭੇਜਜੋ ਐ ਇਮ ਭਾਖਜੋ', ਡੇਰਾ ਮਾਂਗਨਹਾਰ ਹੂਏ। ਪਾਕਰ''' । ੨੪ । 'ਹਾਥੀ ਡੇਰਾ ਆਦਿਕ ਵਸਤੂ ਸਮਧਨ ਕੋ ਦਿਖਲਾਕੇ ਫੇਰਾਵਾਪਸ ਭੇਜਦਏਂਗੇ ਸਗਲੇ ਨਹੀਂ ਕਰੈਂਗੇ ਹੇਰ ਕਿ ਫੇਰ' । ਘਟਿ ਘਟਿ ਅੰਤਰਜਾਮੀ ਸ੍ਵਾਮੀ ਲਖ ਛਲ ਉੱਤਰ ਦੀਨੋ ਫੇਰ।'ਜਿਨ ਸਿੱਖਨ ਭੇਜਜੋ,ਤਿਨ ਭਾਖਜ —ਗੁਰ ਜੀ ਕਿਸੂ ਨ ਦੀਜੋ ਫੇਰ—।ਸਿੱਖ ਬਚਨ ਹਮ ਫੇਰ ਨ ਸਾਕੈਂ, ਇਸ ਕਾਰਨ ਇਨਕਾਰ ਹੂਏ' । ਪਾਕਰ''' । ੨੫। ਸੋਚਤ ਸੋਚਤ ਫਿਰ ਗਜਾ ਪੰਮਾ ਸੁਨ ਰਾਜਾ ਦੁਖਿਆਰ ਹੁਆ। ਹੀਲੇ ਅਧਿਕ ਉਪੱਦ੍ਵ ਸੋਚਤ ਪਰ ਬੇਬਸ ਲਾਚਾਰ ਹੂਆ।ਲੜੇ ਬਨੇ ਨਹਿੰ,ਮਿਲੇ ਮਿਲਤ ਨਹਿੰ, ਲੋਭ ਲਹਰ ਮੰਝਧਾਰ ਹੂਆ। ਹੋਤ ਚੁਰਾਵਨ, ਲੜ ਲੈ ਜਾਵਨ ਹੀਲਾ ਬਹੁ ਉਪਚਾਰ ਹੂਆ । ਪੁਨ ਪੰਮੇ ਕਰ ਮਾਂਗਾ ਆਪਹੁੰ ਮਿੰਨਤ ਕਰਨੇਹਾਰ ਹੂਏ । ਪਾਕਰ'''। ੨੬। ਦਲ ਸ਼ਕੇਲ ਨਿਸ਼ਚੇ ਜੰਗ ਠਾਨੀ ਪਰ ਬਿਵਾਹ ਸੁਤ ਨਿਜ-ਰਾਯਾ । ਰੁਕਜੋ ਸਕੁਨ ਲਖ*,ਪਰ ਚਿਤ ਕ੍ਰੋਧਤ, ਕ੍ਰੋਧ ਨ ਠਹਰੇ ਠਹਿਰਾਯਾ । 'ਗੁਰਕੋ ਕਠਨ ਬਨਹਿ ਯਾਂ ਰਹਨਾ ਇਸਕੋ ਸਮਝ ਨਹੀਂਆਯਾ। ਮੈਂ ਇਹ ਛੀਨ ਲੇਹੋਂਗੋ ਸਭਕੁਛ,ਪਰ ਬਿਵਾਹ ਤੇ ਹੋ ਆਇਆਂ'।ਗੁਰ ਬਲਕੋ ਨਹਿੰ ਜਾਨੈਂ ਮੂੜੇ ਫਿਕਰ ਬੀਚ ਮੁਰਦਾਰ ਹੂਏ । ਪਾਕਰ'''। ੨੭।

[ਪਾਂਵਟਾ]

ਇਤ ਨਾਹਨ ਰਾਜਾ ਨੇ ਬਿਨਤੀ ਕਰ ਪਰਧਾਨ ਪਠਾਯਾ ਥਾ । 'ਪਾਓ ਚਰਨ ਕ੍ਰਿਤਾਰਥ ਕਰ ਮੁਹਿ ਸੇਵਕ ਲਖ ਸੁਖ ਪਾਯਾ ਥਾ'।ਮਾਨ ਅਰਜ਼ ਗੁਰ ਸਾਰਮੋਰ ਦਿਸ਼ ਨਗਰ ਪਾਂਵਟਾ ਪਾਯਾ ਥਾ। ਬੁੱਧੂ ਸ਼ਾਹ ਸਢੌਰੇ ਵਾਲਾ ਪੰਜ ਸਰਦਾਰ ਲਿਆਯਾ ਥਾ†। ਕਰੀ ਅਰਜ਼ ਰਖਵਾਏ ਨੌਕਰ ਥੇ ਜੋ ਬੇਰੁਜ਼ਗਾਰ ਹੂਏ । ਪਾਕਰ'''। ੨੮ ।ਰਾਮ ਰਾਇ ਗੁਰ ਸਮਾਂ ਪਾਇ ਕਰ ਮੇਲਾ ਜਮਨਾ ਮਾਹਿ ਕੀਆ । ਭਯੋ ਅਨੰਦ ਪਰਸਪਰ ਭਾਰੀ, ਸੰਗਤ ਨੇ ਮੁੰਹ ਫੇਰ ਲੀਆ।ਬਚਨ ਭਯੋ ਗੁਰ-'ਰਾਮਰਾਇ ਸਚ,ਸੰਗਤ ਝੂਤਨਿ'ਭਾਖ ਦੀਆ।

*ਸੁਰਾਹੀ, ਝੱਜਰ।

*(ਵਿਆਹ ਦਾ) ਸ਼ਗੁਨ ਵੇਖਕੇ ਰੁਕ ਗਿਆ।

†ਬੂਟੇ ਸ਼ਾਹ।

Digitized by Panjab Digital Library | www.panjabdigilib.org

ਸਫਲ ਬਚਨ ਸਤਿਗੁਰ ਕੋ ਪੂਰਨ ਊਰਨ ਕਬਹੂ ਨਾਹਿ ਕੀਆ। ਪੁਨ ਕਪਾਲ ਮੋਚਨ ਤੀਰਥ ਕੇ ਮੇਲੇ ਪਰ ਤੁੱਜਾਰ ਹੂਏ।ਪਾਕਰ'''।੨੯

[ਕਪਾਲ ਮੋਚਨ]

ਸੰਗਤਕੀ ਮਨਜੀ ਲਖ ਗੁਰਜਾ ਮਾਤਾ ਬਚਨ ਪ੍ਰਮਾਨ ਕੀਆ।ਤਟ ਤੀਰਥ ਕੇ ਡੇਰਾ ਸਤਿਗੁਰ ਪਹੁੰਚਤ ਹੀ ਸਵਧਾਨ ਕੀਆ। ਪੇਖ ਬਿਅਦਬੀ ਕਹਤੇ ਲੋਗਨ ਪਾਗਨ ਕਾ ਫੁਰਮਾਨ ਕੀਆ। ਇਸ ਚਰਿਤ ਮੈਂ ਬਹੁਤ ਪਗੜੀਆਂ ਪ੍ਰਜਾ ਅਰੋਗ ਰਖਾਨ ਕੀਆ। ਸੋ ਧੁਲਾਇ ਬਖਸ਼ੀ ਸੰਗਤ ਕੋ ਪੁਨ ਗੁਰਜੀ ਤੁੱਜਾਰ ਹੂਏ।ਪਾਕਰ'''। ੩੦। ਪਹੁੰਚ ਪਾਂਵਟੇ ਖਬਰ ਸੁਨੀ ਹੈ ਰਾਮ ਰਾਇ ਮ੍ਰਿਤੁ ਭਈ ਅਕਾਲ। ਬਿਨਤੀ ਲਿਖੀ ਪੰਜਾਬ ਕੁਵਰਨੇ'ਕੀਨ ਮਸੰਦਨ ਨੇ ਅਸ ਹਾਲ'। ਪਹੁੰਚੇਡੇਰੇ,ਸਭਮਸੰਦ ਤਹਿੰ ਔਰੇਕਰੇਭਲੀਬਿਧ ਨਾਲ।ਯਥਾਯੋਗ ਦੇਖੀਸਭਦੇਡੇ ਅਮਨ ਕਰਾਇ ਗਏਦਰਹਾਲ।ਧੀਰਜ ਦੇਇਪੰਜਾਬ ਕੁਅਰਪ੍ਰਤਿ ਪੁਨ ਸਤਿਗੁਰ ਅਸਵਾਰ ਹੂਏ ।ਪਾਕਰ'''।੩੧।

[ਭੰਗਾਣੀ ਯੁੱਧ]

ਪਹੁੰਚ ਭੰਗਾਣਾ। ਨਗਰ ਪਾਂਵਟੇ ਖਬਰ ਸੁਨੀ ਸਤਿਗੁਰ ਇਹ ਭਾਂਤ। 'ਸ੍ਰੀ ਨਗਰੇਸ਼ ਜੁ ਫਤੇ ਸ਼ਾਹ ਨ੍ਰਿਪ ਸੁਤਾ ਵਜਾਹ ਕੀ ਅਈ ਬਰਾਤ। ਭੀਮਚੰਦ ਨ੍ਰਿਪ ਮਗ ਮਾਂਗਤ ਹੈ,ਇਤ ਲਸ਼ਕਰ, ਉਤ ਲਸ਼ਕਰ ਬ੍ਰਾਤ'। ਸਤਿਗੁਰ ਕਹਜੋ 'ਭੇਜ ਦੋ ਲੜਕਾ, ਨਾਈ, ਪ੍ਰੋਹਤ ਇਸਹੀ ਰਾਤ। ਲੀਏ ਫੌਜ ਮਤ ਆਓ ਇਧਰ ਤੁਮ ਮਿਲਤੇ ਦਲ ਮਤ ਰਾਰ ਹੂਏ' । ਪਾਕਰ...।੩੨। ਇਸ ਬਿਧਿ ਭੀਮਚੰਦ ਸੁਤ ਸ਼ਾਦੀ ਫਤੇਸ਼ਾਹ ਘਰ ਆਯਾ ਥਾ। ਔਰ ਜਥਾ ਵਿਧ ਸਗਲ ਰਸਮ ਭਈ ਵਕਤ ਤੰਬੋਲ ਸੁਹਾਯਾ ਥਾ। ਨੰਦ ਚੰਦ ਦੀਵਾਨ ਗੁਰੂ ਕਾ ਜੋ ਤੰਬੋਲ ਲਿਆਯਾ ਥਾ । ਜਲ ਬਲ ਰਾਖ ਭੀਮਚੰਦ ਹੋਆ ਨਾਮ ਰੂਰੂ ਸੁਨ ਪਾਯਾ ਥਾ । ਨੰਦ ਚੰਦ ਕੋ ਦੇਖੇ ਫਿਰ ਫਿਰ ਸਮਧੀ ਬੀਚ ਬਿਚਾਰ ਹੂਏ । ਪਾਕਰ'''। ੩੩ । ਕਹਾ ਕਿ 'ਸੁਨ ਲੌ ਫਤੇ ਸ਼ਾਹ ਜੀ ! ਗੁਰ ਕੋ ਮੀਤ ਬਨਾਓ ਜੁ ਤੁਮ । ਰਖੋ ਤੰਬੋਲ ਗੁਰੂ ਕਾ ਜੋਕਰ ਸਿੱਖੀ ਤਿਸੀ ਪੁਚਾਓ ਬਹਮ । ਬੇਟੀ ਤੁਮਰੀ ਤੁਮਰੇ ਘਰ ਹੀ ਛੋੜ ਚਲੇਂਗੇ ਅਬ ਹੀ ਹਮ'। ਫਤੇਸ਼ਾਹ ਨ੍ਰਿਪ ਹਿਦੇ ਧੜਧਕੀ ਇਤ ਸਮਧੀ ਉਤ ਗੁਰਕਾ ਗਮ। ਮਨ ਨਹੀਂ ਮਾਨਤ, ਅਪਜਸ ਕਾਰਨ, ਮਨ-ਮੁਖ ਹੀ ਕੇ ਯਾਰ ਹੂਏ। ਪਾਕਰ'''। ੩੪। ਗੁਰੂ ਦਿਵਾਨ ਅਧਿਕ ਬੁਧਿ ਰਾਖਤ ਨਿਜ ਤੰਬੋਲ ਸਮਾਨ ਸਮ੍ਹਾਰਾਲੇ ਸਵਾਰ ਸੰਗ ਅਪਨ ਪਾਂਚ ਸੌ ਚਲਜੋ ਤੁਰਤ ਮਨ ਏਹੁ ਬਿਚਾਰ। ਮਤ ਪਹਾੜੀਏ ਘਾਟ ਰੋਕ ਕਰ ਤੰਗ ਕਰੈਂ ਹਮਕੋ ਇਹ ਬਾਰ। ਇਤ ਕਿਯ ਭੀਮ ਚੰਦ ਨੇ ਸੈਨਤ ਉਮਡੀ ਫੌਜ ਸੁ ਕਿਤਿਕ ਹਜ਼ਾਰ। ਭਯੋ ਘਾਟ ਪਰ ਮੇਲ ਦੋਊ ਦਿਸ਼, ਹਾਥ ਦਿਖਾਏ ਪਾਰ ਹੂਏ । ਪਾਕਰ'''। ੩੫ । ਭੀਮਚੰਦ ਕੋ ਕ੍ਰੋਧ ਨ ਮਾਵਤ ਮੇਲੀ ਫੌਜ ਸੁ ਦਸਕ ਹਜ਼ਾਰ। ਸਮਧੀ ਫਤੇ ਸ਼ਾਹ ਸੰਗ ਲੈਕੇ ਚਲੇ ਗੁਰੂ ਸੰਗ ਕਰਨੇ ਰਾਰ। ਇਤ ਗੁਰ ਖਬਰ ਪਾਇ ਸਵਧਾਨੀ ਜੰਗ ਹੇਤ ਵਧੁ ਕਰੀ ਤਯਾਰ। ਹੁਤੇ ਉਦਾਸੀ ਪੰਜ ਸੈ ਨਿਤਪ੍ਰਤ ਛਕਤ ਕੜਾਹੁ ਪ੍ਰਸ਼ਾਦਿ ਨਿਹਾਰ । ਸੁਨਤ ਜੰਗ ਸਭ ਭਾਗ ਗਏ,ਇਕ ਰਹਜੋ ਮਹੰਤ ਹੁਸ਼ਿਆਰ ਹੂਏ । ਪਾਕਰ'''।੩੬। ਬੁੱਧੂ ਸ਼ਾਹ ਸਵੈਰੇ ਵਾਲਾ ਪਾਂਚ ਸੂਦਾਰ ਲਿਆਇਆ ਥਾ । ਸੋ ਭੀ ਨਿਮਕ ਹਰਾਮੀ ਕਰਗਏ ਸ਼ੱਤ੍ਰੂਨ ਮੇਲ ਕਰਾਯਾ ਥਾ। ਜੁਟਜੋ ਜੰਗ ਇੱਕ ਲਾਲੋਂਸਿੰਘ ਨੇ ਖੋਖਰ ਤੋਪ ਚਲਾਯਾ ਥਾ। ਕੁਤਕਾ ਮਾਰ ਕ੍ਰਿਪਾਲ ਮਹੰਤਹ ਖਾਨ ਹਯਾਤ ਗਿਰਾਯਾ ਥਾ। ਬੀਚ ਬਚਿੱਤਰ ਨਾਟਕ ਸਤਿਗੁਰ ਸ੍ਰੀ ਮੁਖ ਆਪ

Digitized by Panjab Digital Library | www.panjabdigilib.org

ਉਚਾਰ ਹੂਏ। ਪਾਕਰ"'। ੩੭। ਪਰ ਬੁੱਧੂ ਸ਼ਾਹ ਨੈ ਜਿਹ ਸੁਨ ਕਰ ਦੇ ਹਜ਼ਾਰ ਤਕ ਫੌਜ ਲਈ। ਲੜਾ ਪਹਾੜੀ ਰਾਜੋਂ ਸੇ ਆ ਤਿਸ ਮੌਕੇ ਗੁਰ ਮੌਜ ਭਈ। ਸੁਤ ਸੇਵਕ ਸੰਗ ਲੜਤਾ ਮਰਤਾ ਬੁੱਧੂ ਸ਼ਾਹ ਉਸ ਰੋਜ਼ ਲਈ। ਕਰੀ ਸਿਫਾਰਸ਼ ਤੇ ਸ਼ਰਮਿੰਦਾ ਪਰ ਗੁਰ ਖੁਸ਼ੀ ਸੁ ਖੋਜ ਲਈ। ਕਈ ਮਰੇ ਭਾਗੇ ਕੁਛ ਕਾਇਰ ਕੁਛ ਸਨਮੁਖ ਸਰਦਾਰ ਹੂਏ। ਪਾਕਰ"'। ੩੮। ਇਤ ਗੁਰ ਸਨਮੁਖ ਹਰੀ ਚੰਦ ਨ੍ਰਿਪ ਤਕ ਇੱਕ ਤੀਰ ਸੁ ਐਂਚ ਧਰਾ। ਗੁਰ ਘੋੜੇ ਕੇ ਤਨ ਮੇਂ ਲਾਗਾ ਲਾਗਤ ਹੀ ਵਹ ਜ਼ਿਮੀਂ ਗਿਰਾਦੁਤੀ ਚਲਾਯੋ ਛੁਯੋ ਨ ਕਾਨਹ ਤਬ ਤਿਨ ਤੀਸਰ ਐਂਚ ਕਰਾ। ਪੇਟੀ ਮੇਂ ਲਗ ਚੁੰਚ ਚੁਭੀ ਕਛੁ ਤਬ ਸਤਿਗੁਰ ਝੱਟ ਤੀਰ ਫਰਾ। ਚੱਲਜੋ, ਲਗਜੋ ਤਨ ਹਰੀ ਚੰਦ ਨ੍ਰਿਪ, ਗਿਰਜੋ ਧਰਤ, ਕੈਮ ਪਾਰ ਹੂਏ। ਪਾਕਰ"'। ੩੯ । ਜਸਰੋਟਜਾ ਜਸਵਾਲਜਾ ਰਾਜਾ ਭੇ ਘਾਇਲ ਤਬ ਫੌਜ ਭਗੀ। ਕਈ ਕੋਸ ਤਕ ਕੋਹੀ ਭਾਜੇ ਪਾਛੇ ਗੁਰ ਕੀ ਫੌਜ ਲਗੀ । ਕੁਛ ਜ਼ਖਮੀ ਕੁਛ ਮਰੇ ਜਾਨ ਸੇ ਲੁਟੀ ਵਸਤੁ ਡਰ ਮੌਜ ਲਗੀ। ਭਈ ਸ਼ਾਂਤ ਕੁਛ ਭੀਮਚੰਦ ਕੋ ਚਾਹ ਲੜਨ ਰਹਿ ਰੋਜ਼ ਲਗੀ। ਮਾਰੇ ਗਏ ਭਿੜੇ ਜੋ ਸਨਮੁਖ ਬਚੇ ਜੁ ਤਬ ਅਨੁਸਾਰ ਹੂਏ। ਪਾਕਰ"'।੪੦। ਨਗਰ ਪਾਂਵਟੇ ਮੈਂ ਥਿਰ ਸਤਿਗੁਰ ਸਿਖ ਸੇਵਕ ਸਭ ਪਾਸ ਦੁਆਸ। ਖੁਸ਼ੀ ਕਰੀ ਸਭ ਕੇ ਸ਼ੁਮ ਖੋਏ ਯਥਾ ਜੋਗ ਸਨਮਾਨ ਸਿਪਾਸ। ਦਈ ਮਹੰਤ ਕ੍ਰਿਪਾਲ ਦਾਸ ਕੋ ਆਧੀ ਪਗੜੀ ਅਪਨੀ ਖਾਸਾਹੁਕਮ ਨਾਮ ਦਿਯ ਬੁੱਧੂ ਸ਼ਾਹ ਕੋ ਜੋ ਅਬਲੌ ਹੈ ਉਨਕੇ ਪਾਸ। ਜੁੱਧ ਜੀਤ ਕਰ ਟਿਕੇ ਨ ਤਿਨ ਪਗ,ਕਾਹਲੂਰ ਕੋ ਤਜਾਰ ਹੂਏ। ਪਾਕਰ"'। ੪੧ ।

[ਸਾਹਿਬ ਅਜੀਤ ਸਿੰਘ ਜਨਮ]

ਨਗਰ ਅਨੰਦ ਪੁਰ ਆਨੰਦ ਭਾਰੀ ਮੰਗਲ-ਚਾਰ ਮਹਾਨ ਭਏ। ਪੁਰ ਪੁਰ ਗ੍ਰਾਮ ਗ੍ਰਾਮ ਤੇ ਸੰਗਤ ਲੈ ਭੇਟਾ ਬਿਦਮਾਨ ਭਏ । ਦੇ ਉਪਦੇਸ਼ ਨਿਹਾਲ ਕਰੇ ਗੁਰ ਕਲਿ ਕਲੇਸ਼ ਅਭਿਮਾਨ ਗਏ।ਮਾਤ ਕਹੇ ਸੁਤ ਹੇਤ ਸਤਿਗੁਰੂ ਸਿਖ ਸ਼ਰਧਾ ਮਨ ਮਾਨ ਭਏ। ਸ੍ਰੀ ਸੁੰਦਰੀ ਸੇ ਤਬ ਬਿਵਾਹ ਹੋ, ਘਰ ਘਰ ਮੰਗਲਚਾਰ ਹੂਏ। ਪਾਕਰ"'। ੪੨ । ਕਿਲਾ ਲੋਹਗੜ ਅਰ ਅਨੰਦਗੜ੍ਹ ਤਬ ਸਤਿਗੁਰ ਬਨਵਾਏ ਥੇ। ਸਗਲ ਸਮਿੱਗ੍ਰੀ ਸਾਜ ਜੰਗ ਕੀ ਤੋਪ ਰਹਕਲੇ ਲਾਏ ਥੇ। ਗੋਲੀ ਔ ਬਾਰੂਦ ਬਨੇ ਫਿਰ ਔਰ ਹਥਜਾਰ ਮੰਗਾਏ ਥੇ। ਇਨ ਹੀ ਦਿਨੋਂ ਮੇਂ ਸ੍ਰੀ ਅਜੀਤ ਸਿੰਘ ਸਾਹਿਬਜ਼ਾਦੇ ਆਏ ਥੇ। ਮਿਲਕਰ ਗਾਏ ਗੀਤ ਤ੍ਰਿਯਾ ਗਨ ਸਗਨ ਸਭੀ ਸੁਖਸਾਰ ਹੂਏ। ਪਾਕਰ"'। ੪੩ ।

[ਨਾਦੌਣ ਯੁੱਧ]

ਅਲਫਖਾਨਇਕ ਮਨਸਬਦਾਰਹਿੰ ਇਤ ਔਰੰਗੇ ਭੇਜ ਦੀਆ। 'ਕਾਨ ਮਰੋੜੇ ਜਾ ਪਹਾੜੀਅਨ, ਨਹਿ ਖਿਰਾਜ ਉਨ ਭੇਜ ਦੀਆ'। ਜੰਗ ਹੂਆ, ਕੁਛ ਅੜੇ ਪਹਾੜੀ, ਪਰਹਾਰ ਕੋਹੀਆਂ ਤੇਜ਼ ਦੀਆ। ਪਏ ਸ਼ਰਣ ਸਤਿਗੁਰ ਕੀ ਆਕਰ ਭੀਮਚੰਦ ਸਹਿ ਹੇਜ ਦੀਆ । ਦੀਨਮਨਾ ਲਖ ਸ਼ਰਣ ਸਤਿਗੁਰੂ ਹੇਤ ਸਹਾਯ ਤਯਾਰ ਹੂਏ । ਪਾਕਰ...। ੪੪ । ਨੰਦ ਚੰਦ ਦੀਵਾਨ ਕੁਛਕ ਸਿਖ ਕੁਮਕ ਹੇਤ ਤਿਨ ਸੰਗ ਦਏ। ਖੇਤ ਬੀਚ ਲੜਨੇ ਤੇ ਤੁਰਕ ਸੁ ਕਈ ਹਜ਼ਾਰ ਜਰਾਰ ਮੁਏ। ਭਜੇ ਲਹੌਰ ਪਨਾਹ ਲਈ ਤਿਨ ਰਾਜੇ ਡੇਰੇ ਦਾਰ ਭਏ। ਇਤ ਦੀਵਾਨ ਅਨੰਦਪੁਰ ਪਹੁੰਚਜੋ ਸਤਿਗੁਰ ਢਤੇ ਉਚਾਰ ਕਏ। ਉਤ ਲਹੌਰ ਤੇ ਕੁਮਕ ਲੇਯ ਪੁਨ ਲੜਨ ਹੇਤ ਅਸਵਾਰ ਹੂਏ। ਪਾਕਰ"'। ੪੫ । ਭੀਮਚੰਦ ਘਿਘਿਆਵਤ

Digitized by Panjab Digital Library | www.panjabdigilib.org

ਆਵਤ ਮਿੰਨਤ ਕਰਤ ਸਤਿਗੁਰੂ ਪਾਸ।'ਤੁਮ ਬਿਨ ਨਹੀਂ ਸਹਾਯਕ ਕੋਈ ਦਲ ਤੁਰਕਨ ਅਨਗਨ ਬਿਨ ਤ੍ਰਾਸ। ਚਲਹੁ ਸੰਗ ਨਾਦੌਨ ਤੀਕ ਪ੍ਰਭ ਬਾਈ ਧਾਰਨ ਫੌਜ ਹਰਾਸੁ'। ਸੁਨ ਬਿਨਤੀ ਤਜ ਗਿਨਤੀ ਸਤਿਗੁਰ ਚਲੇ ਸੰਗ ਲੇ ਫੌਜ ਬਿਲਾਸ। ਭਯੋ ਨਦੌਨ ਜੰਗ। ਅਤਿ ਭਾਰੀ ਅਲਫ ਖਾਨ ਫੱਰਾਰ ਹੁਏ।ਪਾਕਰ"'।੪੬

[ਖਾਨਜ਼ਾਦੇ ਦਾ ਹੱਲਾ ਤੇ ਭਾਜੜ]

ਪਾਕਰ ਜੀਤਅਨੰਦਪੁਰ ਆਵਤਜਿਨ ਦੁਸ਼ਟਨ ਉਤਪਾਤ ਕੀਆ। ਤਿਨਕੇ ਕਾਨ ਮਰੋੜਤ ਤੋੜਤ ਹੰਕ੍ਰਿਤ ਕਾ ਜਿਨ ਬਾਤ ਕੀਆ। ਪਹੁੰਚ ਅਨੰਦਪੁਰ ਆਨੰਦ ਕੇ ਸੰਗ ਸਿਖ ਸੰਗਤ ਸੁਖ ਬ੍ਰਾਤ ਕੀਆ। ਪੁਨ ਲਹੌਰ ਕੇ ਖਾਨ ਦਿਲਾਵਰ ਸੂਬੇਦਾਰ ਉਤਪਾਤਕੀਆ।ਨਾਲ ਪਹਾੜੀਆਪ ਲੜਨ ਹਿਤ ਗੁਰ ਹਿਤ ਪੁਨ ਤੱਯਾਰ ਹੁਏ। ਪਾਕਰ"'। ੪੭। ਰੁਸਤਮ ਖਾਂ ਨੇ ਸੁਤ ਅਪਨੇ ਕੋ ਭੇਜ ਦੀਆ, ਉਨ ਵਾਰ ਕੀਆ।ਅਰਧ ਰਾਤ ਕੋ ਹਮਲਾ ਕੀਆ ਆ ਜਸੂਸ ਇਖ਼ਬਾਰ ਦੀਆ। ਬਚਨ ਹੂਆ'ਰਾਹ ਮੇਂ ਜੋ ਨਾਲਾ ਵਹੀ ਹਿਮਾਯਤਦਾਰ ਕੀਆ' । ਨਾਲਾ ਚੜ੍ਹੁ ਜੋ, ਰੁੜ੍ਹੇ ਕੁਛ ਭਾਗੇ, ਮਰੇ ਕੁਛਕ ਠਰ ਠਾਰ ਕੀਆ। ਹਾਰ ਦਿਲਾਵਰ ਖਾਂ ਸੁਨ ਦਿਲ ਜਲ ਖਾਨ ਹੁਸੈਨ ਤਯਾਰ ਹੁਏ । ਪਾਕਰ"'। ੪੮। ਦੇਕੁ ਹਜ਼ਾਰ ਫੌਜ ਸੰਗ ਦੇਕਰ ਖਾਂ ਹੁਸੈਨ ਕੋ ਭੇਜ ਦੀਆ। ਜੀਤ ਕਾਂਗੜਾ, ਮੰਡੀ ਜੀਤੀ, ਫਿਰ ਗੁਲੇਰ ਕੋ ਪੇਸ਼ ਕੀਆਫਿਰ ਰਾਜੇ ਸਤਿਗੁਰ ਕੀ ਸ਼ਰਨੀਂ ਬਿਨਤੀ ਲੁੰਬੜ ਭੇਸ ਕੀਆ। ਕੁਛਕ ਸੈਨ ਦੇ ਸਿਖ ਸੰਗਤੀਆ ਕੁਮਕ ਹੇਤ ਗੁਰ ਭੇਜ ਦੀਆ। ਭਯੋ ਨਿਸੰਗ ਜੰਗ ਅਤਿ ਭਾਰੀ ਖਾਂ ਹੁਸੈਨ ਮੁਰਦਾਰ ਹੁਏ। ਪਾਕਰ"'।੪੯। ਮਰਜੋ ਹੁਸੈਨੀ ਰੁਸਤਮ ਭਾਗਜੋ ਖਾਨ ਦਿਲਾਵਰ ਕੁਮਕ ਪਠੀ। ਪਾਸ ਭਲਾਨ ਮਦਾਨ ਜੰਗ ਭਜੋ ਓੜਕ ਮੁਸਲਿਮ ਫੌਜ ਨਠੀ। ਫਤੇ ਗੁਰੂ ਸਤਿਗੁਰ ਕੀ ਹੋਈ ਭਗੇਤੁਰਕ ਭੁਲ ਸਟੀਪਠੀ। ਮੰਗਲਚਾਰ ਸਦਾ ਸਤਿਗੁਰ ਘਰ ਪਰ ਔਰੰਗੇ ਔਰ ਗਠੀ । ਸ਼ਾਹ ਮੁਅੱਜ਼ਮ ਸ਼ਾਹਜ਼ਾਦੇ ਸੰਗ ਦੇਕਰ ਫੌਜ ਤਯਾਰ ਹੂਏ। ਪਾਕਰ"'। ੫੦ । ਆਪ ਮੁਅੱਜ਼ਮ ਗਿਆ ਲਹੌਰ ਨੋ ਮਿਰਜ਼ਾ ਬੇਗ ਸਿਪਾਸ ਕੀਆ।ਤਿਸਨੇ ਕੋਹੀ ਰਾਜਿਆਂ ਤਾਈਂ ਸਰ ਕੀਆ ਔ ਤ੍ਰਾਸ ਦੀਆ । ਇਕ ਸਰਦਾਰ ਫੌਜ ਕਾ ਦਸਤਾ ਸਤਿਗੁਰ ਪਰ ਭੀ ਰਾਸ ਕੀਆ । ਆਨ ਅਨੰਦਪੁਰ ਪਰ ਕੀਯਾ ਹਮਲਾ ਲੂਟ ਕੂਟ ਪੁਰਖਾਸ਼* ਕੀਆ।ਦਿਨ ਭਰ ਦੁਸ਼ਮਨ ਹੀਆ ਬਢਾਵਤ ਸਿੱਖ ਨ ਬਹੁਜਨਹਾਰ ਹੂਏ। ਪਾਕਰ"'। ੫੧ । ਰਾਤ ਚੜ੍ਹਾਈ ਕਰੀ ਗੁਰੂ ਨੇ ਜਬ ਦਲ ਤੁਰਕ ਅਮਾਨ ਲਈ । ਸਫਾਜੰਗ ਸੰਗ ਸਫਾ ਜੰਗ ਕਰ ਸਫਾ ਜੰਗ ਮੈਦਾਨ ਲਈ। ਬਹੁਤ ਹੂਆ ਜ਼ਖਮੀ ਤੁਰਕੀ ਦਲ ਸਿੱਖ ਫੌਜ ਜਬ ਆਨ ਪਈ । ਭਏ ਭਗੌੜੇ ਮੁੜੇ ਨ ਮੋੜੇ ਗੁਰ ਪੈਗੰਬਰੀ ਜਾਨ ਲਈ । ਕੁਛ ਮਰ ਗਏ ਕੁਛ ਭਾਗੇ ਜ਼ਖਮੀ ਲੰਮੇ ਪੈਰ ਪਸਾਰ ਹੂਏ। ਪਾਕਰ"' ॥ ੫੨ ॥ ਸੁਨ ਬਦਬਖਤ ਤਯਾਰ ਮੁਅੱਜ਼ਮ ਨੰਦ ਲਾਲ ਨੇ ਰੋਕ ਦੀਆ। ਕਰੀ ਤਰੀਫ ਗੁਰੂ ਕੀ ਐਸੀ ਮਾਨ ਭੁਲ ਨਿਜ ਸ਼ੋਕ ਕੀਆ। ਇਸੀ ਦਿਵਸ ਤੇ ਭਈ ਰਫਾਕਤ†, ਮਾਂਗੀ ਖਿਮਾਂ ਔ ਜਾਪ ਕੀਆ। ਰਹੀ ਜੰਗ ਕੀ ਅਮਨ ਕੁਛਕ ਦਿਨ ਅਤਿ ਅਨੰਦ ਸਭ ਲੋਕ ਕੀਆ। ਗੁਰੂ ਕ੍ਰਿਪਾ ਤੇ ਪ੍ਰਿਥਵੀ ਕੇ ਤਬ ਕੁਛਕ ਦੂਰ ਥੇ ਭਾਰ ਹੂਏ। ਪਾਕਰ"' ॥ ੫੩ ॥

[ਸਾਹਿਬ ਜ਼ੋਰਾਵਰ ਸਿੰਘ ਜੁਝਾਰ ਸਿੰਘ ਜਨਮ]

ਗੁਰ ਘਰ ਸਾਹਿਬਜ਼ਾਦੇ ਦੂਜੇ ਜ਼ੋਰਾਵਰ ਸਿੰਘ ਜਨਮ ਲੀਆ। ਸ੍ਰੀ ਜੁਝਾਰ ਸਿੰਘ ਫਤੇ ਸਿੰਘ

*ਰੌਲਾ, ਰੱਪਾ, ਜ਼ੁਲਮ, ਲੜਾਈ।
†ਦੋਸਤੀ।

Digitized by Panjab Digital Library | www.panjabdigilib.org

ਪੁਨ ਸਮਾਂ ਬਿਤੇ ਪੁਰ ਜਨਮ ਲੀਆ। ਮਾਲਕ ਮੌਜ ਸਤਿਗੁਰੂ ਪੂਰਨ ਕੌਤਕ ਨੌਬਤ ਕਰਮ ਕੀਆ। ਬ੍ਰਹਮ ਭੋਜ ਕਾ ਰਚਨ ਕੀਆ ਪੁਨ ਨਿਉਤੇ ਸੰਗ ਅਭਰਮ ਕੀਆ। ਮਾਸ ਛਕੇ ਸੋ ਮੋਹਰ ਦੱਖਨਾ,ਟਕਾ* ਜੁ ਖੀਰ ਅਹਾਰ ਹੂਏ। ਪਾਕਰ''' । ੫੪ ।

[ਬ੍ਰਹਮਨ ਪ੍ਰੀਖਜਾ, ਹਵਨ]

ਲੋਭੀ ਬ੍ਰਹਮਨ ਧਰਮ ਨ ਜਾਨੈ,ਕਰਮ ਨ ਜਾਨੈ ਕੋਈ ਜੀ। ਛੀਟ ਲੜਾਵਨ ਮਤਸਰ ਝਗੜਾ ਆਪਸ ਕੀ ਬਦਖੋਈ ਜੀ। ਧਾਨ ਕੁਧਾਨ ਖਾਇ ਮਤ ਮਣਸੀ ਲਾਲਚ ਕਲੀ ਖਿਲੋਈ ਜੀ।ਮਾਸ ਅਹਾਰੀ ਭਏ ਘਨੇਰੇ ਦੁਤਿਯ ਕੁਛਕ ਨਰ ਜੋਈ ਜੀ। ਲਖੇ ਲਾਲਚੀ ਮੂੜ ਅਧਰਮੀ ਧਰਮ ਖੋਇ ਧਿਧਕਾਰ ਹੂਏ । ਪਾਕਰ'''।੫੫ ।ਕੁਛਕ ਬ੍ਰਾਹਮਨ ਨਿਕਸੇ ਐਸੇ ਮਾਸਨਹੀਂ ਜਿਨ ਖਾਨਕੀਆ। ਮੁਹਰ ਮੁਹਰ ਦੇ ਪਾਸ ਬਿਠਾ ਕਰ ਆਦਰ ਅਰ ਸਨਮਾਨ ਕੀਆ।ਤਿਨਮੈਂ ਤੇ ਕੁਛ ਰਾਖੇ ਨੌਕਰ ਨਹਿੰ ਤਿਨ ਘਰ ਕੋ ਜਾਨ ਕੀਆ। ਹੋਤ ਸੰਬਾਦ ਰਹਜੋ ਕੁਛ ਤਿਨ ਸੰਗ ਇਉਂ ਮਨ ਮੋਂ ਉਨ ਮਾਨ ਕੀਆ।ਏਹੋ ਸੁਨੇ ਲੋਗੋਂ ਕੇ ਸਤਿਗੁਰ ਮੌਜ ਪਿਖਨ ਹਿਤ ਤਜਾਰ ਹੂਏ । ਪਾਕਰ'''। ੫੬ । 'ਸਵਾ ਲਾਖ ਕੀ ਹੋਇ ਸਮਿੱਗ੍ਰੀ ਫਤੇ ਤੁਮਾਰੀ ਹੋਵੈਗੀ।ਹਵਨ ਕਰਾਓ ਇਕਮਤ ਹੋਕਰ ਦੁਰਗਾ ਸਭ ਦੁਖ ਖੋਵੈ ਗੀ। ਪ੍ਰਗਟ ਹੋਇ ਕਰ ਦੇ ਵਰ ਦਾਤੀ ਭੇਦ ਭਰਮ ਨਹਿੰ ਰੋਵੈ ਗੀ'।ਮਾਨ ਸਭਨ ਮਤਿ ਮਾਨਾ ਸਤਿਗੁਰ ਬਲ ਸਾਮੱਗ੍ਰੀ ਜੋਵੈਗੀ। ਲਗੇ ਹਵਨ ਪੰਡਤ ਜੀ ਕਰਨੇ ਬ੍ਰਹਮਨ ਸਭ ਅਨੁਸਾਰ ਹੂਏ । ਪਾਕਰ''' ।੫੭। ਬਰਸ ਬਿਤੇ ਪਰ ਗੁਰ ਜੀ ਪੂਛਾ 'ਪੂਰਨ ਅਬਤੋਂ ਹਵਨਕੀਆ। ਦੇਵੀ ਕਾ ਦਰਸ਼ਨ ਕਬ ਹੋਗਾ' ਸੁਨ ਪੰਡਤ ਨੇ ਬਚਨ ਕੀਆ।'ਬਲੀ ਹੇਤ ਅਬ ਪਜਾਰਾ ਚਹੀਏ

*ਰੁਪੱਜਾ।

ਸਮਾਂ ਨੀਯਰ ਹੈ' ਰਟਨ ਕੀਆ। ਬਚਨ ਕਹਜੋ ਗੁਰ'ਪਾਸ ਅਹੋ ਤੁਮ',ਸੁਨ ਪੰਡਤ ਨਹਿੰ ਕਥਨ ਕੀਆ।ਡਰਜੋ ਕਿ'ਮੇਰੀ ਬਲੀ ਨ ਦੈਂ ਗੁਰ'ਸੋਚ ਨਦੀ ਮੰਝਧਾਰ ਹੂਏ । ਪਾਕਰ'''। ੫੮।ਅਵਸਰ ਪਾਇ ਗਏ ਪੰਡਤ ਜੀ,ਹਵਨ ਕੁੰਡ ਫਿਰ ਦੇਖਾ ਨਾਹਰਹੇ ਅਡੋਲ,ਫਿਰੇ ਤਹਿੰ ਸਤਿਗੁਰ,ਪੂਰਣ ਹਵਨ ਪਰੇਖਾ ਤਾਂਹਿ। ਪ੍ਰਗਟ ਪ੍ਰਕਾਸ਼ ਦੂਰ ਲਗ ਲੋਗਨ ਦੇਖਾ ਕਛੁ ਅਵਰੇਖਾ ਆਹਿਲੇ ਕ੍ਰਿਪਾਨ ਕਰ ਉਤਰ ਸਤਿਗੁਰੂ ਸਦਾ ਤੇਜ ਜਿਨ ਪੇਖਾ ਜਾਹਿ। ਅਚਲ ਅਛੋਭ ਗੰਭੀਰ ਸਦਾ ਗੁਰ ਜਿਨ ਜਾਨਾ ਸੋ ਪਾਰ ਹੂਏ । ਪਾਕਰ''' । ੫੯ । ਜੱਗ ਕਰਜੋ ਇਕ ਭਾਰੀ ਸਤਿਗੁਰ ਸਿਖ ਸੰਗਤ ਦ੍ਵਿਜ ਅੰਤ ਨ ਪਾਰ । ਸਮਾਂ ਬਿਤਜੋ ਲਖ ਭੂਖ ਗੁਰੂ ਕਹਿ 'ਪੰਗਤ ਕਰ ਦੀਜੈ ਇਕ ਬਾਰ' । ਆਯੋ ਮਿਸਰ ਰੋਸ ਕਰ ਬੋਲਾ 'ਕਿਉਂ ਨ ਕਹੀ ਮੇਰੀ ਇੰਤਜ਼ਾਰ?'। ਗੁਰ ਕਹਿ 'ਲੇਹੁ ਨਿਹਾਲੀ ਬਾਗੋ ਭੂਲ ਗਯੋ ਅਬ ਕੋਪ ਨਿਵਾਰ। ਸਿੱਖੋਂ ਕਾ ਤਨ ਮਨ ਧਨ ਸਿਰ ਲੈਂ' ਸ੍ਰੀ ਮੁਖਵਾਕ ਉਚਾਰ ਹੂਏ। ਪਾਕਰ''' ।੬੦। ਮਾਲਕ ਮੌਜ ਮਸਤ ਏਕਾਂਤੀ ਬਹੁਤ ਕਾਲ ਗੁਰ ਲਗੇ ਰਹਨ। ਵਿੱਚ ਦਿਵਾਨ ਦਰਸ਼ ਦੇਂ ਥੋੜਾ,ਥੋੜਾ ਹੀ ਉਪਦੇਸ਼ ਕਰਨ।'ਦੇਵੀ ਪ੍ਰਗਟੀ ਉਲਟੀ ਇਨ ਪਰ' ਐਸੇ ਲਾਗੇ ਲੋਗ ਰਰਨ । ਸਤਿਗੁਰ ਭੇਵ ਪਛਾਨਤ ਸੋਈ ਜਿਸ ਪਰ ਸਤਿਗੁਰ ਕ੍ਰਿਪਾ ਕਰਨ।ਚਾਹਤ ਪੰਥ ਤ੍ਰਿਤੀ ਉਪਰਾਜਨ ਪ੍ਰਥਮ ਅਕਾਲ ਉਚਾਰ ਹੂਏ। ਪਾਕਰ''' ॥ ੬੧ ॥

[ਖਾਲਸੇ ਦੀ ਸਾਜਨਾ]

(ਬਾਰਾਂ ਮਾਂਹ)

ਚੇਤ ਚਿਤਾਰਤ ਸ੍ਰੀ ਗੁਰ ਇਸ ਬਿਧ 'ਦ੍ਵਿਜ ਨਿਜ ਕਰਮ ਅਚਾਰ ਨਹੀਂ।ਰਾਜੇ ਰਾਜਨੀਤਛਡ ਨਿਰਬਲ ਸੂਰਬੀਰ ਸਰਦਾਰ ਨਹੀਂ । ਜ਼ਾਲਮ ਤੁਰਕ ਵਧੀਕੀ ਕਰਦੇ ਭਾਰਤ ਭੂਮ ਅਧਾਰ

Digitized by Panjab Digital Library | www.panjabdigilib.org

ਨਹੀਂ। ਦ੍ਵਿਜ ਛੱਤ੍ਰੀ ਸਭ ਪਤਿਤ ਦਸ਼ਾ ਵਿਚ, ਪੁਨ ਮਨ ਇਨ੍ਹਾਂ ਵਿਚਾਰ ਨਹੀਂ"॥ ੧ ॥ ਬੀਚ ਬਿਸਾਖ ਬਿਚਾਰਤ ਸਤਿਗੁਰ 'ਸ੍ਰੀ ਅਕਾਲ' ਫੁਰਮਾਨਕੀਆ:-'ਧਰਮਚਲਾਓ, ਕੁਬੁਧਹਟਾਓ ਤੁਹਿ ਨਿਜ ਸੁਤ ਪਰਮਾਨ ਕੀਆ।ਕਈ ਪਠਾਏ ਨਾਮ ਜਪਾਵਨ ਪਰ ਤਿਨ ਅਪਨ ਪੁਜਾਨ ਕੀਆ। ਸੰਤ ਉਬਾਰਹੁ ਦੁਸ਼ਟ ਸੰਘਾਰਹੁ ਕਲਿ-ਜੁਗ ਤਾਰਹੁ ਮਾਨ ਕੀਆ'॥ ੨ ॥ਜੇਠ 'ਜ਼ੁਲਮ ਜ਼ਾਲਮ ਹਨ ਕਰਦੇ ਚਾਇ ਗਰੀਬ ਦੁਖਾਂਦੇ ਹਨ। ਵੱਢੀ ਚੀਰੀ ਚੁਗਲਿ ਜੇਜੀਆ ਮਹਾਂ ਅਨੀਤ ਕਮਾਂਦੇ ਹਨ। ਹਿੰਦੂ ਰਾਜੇ ਬੰਦੇ ਉਨਕੇ ਧੀਆਂ ਡੋਲੇ ਪਾਂਦੇ ਹਨ। ਕਰਨ ਉਪੱਦ੍ਰਵ ਦਿਨ ਦਿਨ ਦੂਨੇ ਚੌਨੇ ਹੋ ਹੋ ਜਾਂਦੇ ਹਨ'॥ ੩ ॥ ਹਾੜ੍ਹ 'ਹਟਾਂ ਨਹਿੰ ਕਹਣੋ ਹਰਿਗਿਜ਼ ਜਿਸ ਹਿਤ ਜਗ ਵਿਚ ਆਯਾ ਹਾਂ।ਮੜ੍ਹੀ ਗੋਰ ਮਠ ਬੁੱਤ ਨ ਪੂਜੋਂ ਡਿੰਭ ਨਹੀਂ ਭਰਮਾਯਾਹਾਂ।ਤੁਰਕ ਨ ਹਿੰਦੂ ਸਿੱਧ ਨ ਗੋਰਖ, ਸੇਵਕ ਪ੍ਰਭੂ ਕਹਾਯਾ ਹਾਂ। ਪੜੇ ਨਰਕ ਨਹ ਸੇਵਕ ਮਾਨੇ ਪਾਕਰ ਹੁਕਮ ਸੁਹਾਯਾ ਹਾਂ' ॥ ੪ ॥ ਸਾਵਣ ਸਤ੍ਰਾਂ ਸੌ ਛਿਪੰਜਾ ਦਿਵਸ ਵਿਸੋਏ ਵਾਲਾ ਜੀ। ਤੰਬੂ ਲਗੇ ਕੇਸਗੜ੍ਹ ਸਾਹਿਬ ਦਰਸ਼ਨ ਅਤਿ ਦੁਤਿ-ਵਾਲਾਜੀ।ਬੀਚ ਦਿਵਾਨਬਚਨ ਸਤਿਗੁਰਕਿਯ: 'ਸਿਰਦੇ ਸਿੱਖ ਸੁਖਾਲਾ ਜੀ'।ਕੰਨਾ ਸੁੰਨੀ ਲੋਗ ਕਹਨ 'ਇਹ ਦੇਵੀ ਦਰਸ਼ ਦੁਖਾਲਾ ਜੀ'॥੫ ॥ ਭਾਦ੍ਰੋਂ ਭੈ ਬਿਨ ਦਯਾਸਿੰਘ ਉਠ'ਲਿਹੁ ਸਿਰ', ਸਤਿਗੁਰ ਪਕੜ ਲੀਆ। ਬੀਚ ਕਨਾਤ, ਲਹੂ ਲਿਪ ਖੰਡਾ ਆ ਬਾਹਰ ਪੁਨ ਭਾਖ ਦੀਆ। 'ਨਿਤਰਹੁ ਸਿੱਖ ਦੇਹੋ ਸਿਰ ਗੁਰ ਕੋ' ਧਰਮ ਸਿੰਘ ਪੁਨ ਉਠਜੋ ਬੀਆ*। ਤਿਮ ਕਰ ਤ੍ਰਿਤੀ ਬਚਨ ਪੁਨ ਭਾਖਾ ਹਿੰਮਤ ਸਿੰਘ ਉਠ ਬਿਨਯ ਕੀਆ ॥ ੬ ॥ ਅੱਸੂ ਉਸੀ ਭਾਂਤ ਗੁਰ ਚੌਥੇ ਸਿਰ ਮਾਂਗਤ ਕਰ ਖੜਗ ਗਹੀ। ਨਿਤਰਜੋ ਮੁਹਕਮ ਸਿੰਘ ਹਠੀਲੋ ਝਟ ਸਤਿਗੁਰ ਤਿਹ ਬਾਹ ਲਹੀ।ਪੰਚਮ ਸਾਹਿਬ ਸਿੰਘ ਪਿਆਰਾ ਭੇ ਅਭੇਟ ਗੁਰ ਸੰਗ ਸਹੀ। ਭਾਗੋ ਲੋਗ ਪੁਕਾਰਤ ਆਰਤ, 'ਗੁਰੂ ਬਾਉਲਾ' ਕਹਿਤ ਕਈ॥ ੭ ॥ ਕੱਤਕ ਕੀਨ ਕ੍ਰਿਪਾਨ ਮਿਆਨੇ ਪਾਂਚੋਂ ਬਾਹਰ ਵਾਰ ਅਏ। ਸ਼ੁਕਰ ਅਕਾਲ ਪੁਰਖ ਕਾ ਕੀਨੋਂ ਪਾਚੋਂ ਧਰਮ ਅਧਾਰ ਭਏ। ਕਰ ਤਯਾਰ ਅੰਮ੍ਰਿਤ ਤਿਨ੍ਹ ਦੀਨਾ ਸ੍ਰੀ ਮੁਖ ਆਪ ਉਚਾਰ ਹੁਏ। 'ਤੋਮੇਂ ਮੋਮੈਂ ਅੰਤਰ ਨਾਹੀਂ ਰਹਣੀ ਰਹੋ' ਬਿਚਾਰ ਕਏ ॥ ੮ ॥ ਮੱਘਰ 'ਮੁਸਲੀ, ਕੇਸ ਬਿਅਦਬੀ, ਕੁੱਠਾ, ਬਿਖਜਾ ਚਾਰੋਂ ਏਹੁ। ਪ੍ਰਾਣ ਪ੍ਰਯੰਤ ਨ ਅੰਗੀਕਾਰੋ ਕਬਹੁ ਨ ਮੇਲ ਬਿਚਾਰੋ ਏਹੁ। ਨੜੀਮਾਰ ਪੁਨ ਕੁੜੀ ਮਾਰ ਸੰਗ ਮੀਣੇਂ ਆਦਿ ਨਿਵਾਰੋ ਏਹੁ । ਰਾਮਰਈਏ ਪੁਨ ਧੀਰਮੱਲੀਏ ਮੇਲ ਨਹੀ ਨਿਰਧਾਰੋ ਏਹੁ'॥ ੯ ॥ ਪੋਹ,'ਪ੍ਰਭੂ ਇਕ ਇਸ਼ਟ ਪਛਾਨੋ ਆਨਦੇਵਨਹਿੰ ਮਾਨੋਂ ਜੀ। ਦਯਾ ਧਰਮ ਸਚ ਨੀਤ ਦ੍ਰਿੜ੍ਹਾਵਹੁ ਸੋਢਿ ਬੰਸ ਨਿਜ ਜਾਨੋਂ ਜੀ। ਪਟਣਾ ਜਨਮ, ਨਿਵਾਸੀ 'ਨੰਦਪੁਰ ਐਸਾ ਆਪ ਪਛਾਨੋਂ ਜੀ। ਕੰਘਾ ਕੜਾ ਕ੍ਰਿਪਾਨ ਕੇਸ ਪੁਨ ਕੱਛ ਸਦਾ ਸੰਗ ਠਾਨੋਂ ਜੀ ॥ ੧੦ ॥ ਬਿਨ ਆਲਸ ਰਹੁ ਸ਼ਸਤ੍ਰ ਸੰਗ ਸਦ ਸੰਤ ਗਰੀਬਨ ਪਾਲੋ ਤੁਮ। ਅੜੈ ਦੁਸ਼ਟ ਨਿਰ ਹੈ ਮਾਰਹੁ ਧਰਮ ਹੇਤ ਜੰਗ ਘਾਲੋ ਤੁਮ। ਬਾਣੀ ਸੁਰਤ ਸ਼ਬਦ ਕਰ ਮੇਲਾ ਵਿਹਲਾ ਵਖਤ ਨ ਜਾਲੋ ਤੁਮ। ਬਿਨ ਅਕਾਲ ਇਕ ਔਰ ਨ ਮਾਨੋਂ ਪਾਛਲ ਗਤੀ ਨਿਹਾਲੋ ਤੁਮ' ॥ ੧੧ ॥ ਮਾਘ ਮਹਾਂ ਉਪਦੇਸ਼ ਸਤਿਗੁਰੂ ਬਹੁ ਬਿਧ ਆਖ ਸੁਨਾਯਾ ਹੈ।ਨਿਮਕ ਹਲਾਲੀ ਤੇਗ ਕਰਾਲੀ,ਸੁਰਨ ਵਾਲੀ ਗਾਂਯਾ ਹੈ। ਇਮ ਕਰ ਆਪ ਛਕਜੇ ਪੁਨ ਅੰਮ੍ਰਿਤ ਗੁਰ ਚੇਲਾ ਇਕ ਭਾਯਾ ਹੈ। ਵਾਹਵਾ ਗੁਰ ਗੋਬਿੰਦ ਸਿੰਘ

*ਦੂਜਾ।

Digitized by Panjab Digital Library | www.panjabdigilib.org

ਸ੍ਵਾਮੀ ਅਚਰਜ ਪੰਥ ਸਜਾਯਾ ਹੈ। ਪੁਨ ਪੰਝੀ ਸਿਖ ਖੜੇ ਹੁਏ ਤਿਨ ਅੰਮ੍ਰਿਤ ਤਹੀਂ ਛਕਾਯਾ ਹੈ॥ ੧੨॥ ਅਬ ਦਿਨਪ੍ਰਤਿ ਸਿੰਘ ਸਜਨ ਲਗੇ ਨਿਤ ਆਨੰਦ ਅਤਿ ਉਮਗਾਯਾ ਹੈ। ਸਜਤ ਮੁਛੀਲੇ ਅਧਿਕ ਹਠੀਲੇ ਗੁਰ ਉਪਦੇਸ਼ ਸੁਨਾਯਾਹੈ।ਲੜਨੇਮਰਨਅਰਨਹਿਤ ਜੋਧੇ ਬੀੜਾ ਧਰਮ ਉਠਾਇਆ ਹੈ। ਧੰਨ ਧੰਨ ਗੋਬਿੰਦਸਿੰਘ ਗੁਰੂ ਜਿਨ ਨੀਚੋਂ ਊਚ ਸਜਾਯਾ ਹੈ॥ ੧੩॥ ਫੱਗਣ ਫਰਜ਼ ਸਭਸ ਕਾ ਹੈ ਇਹ ਜੋ ਜਗ ਹਿੰਦੂ ਨਾਮੀ ਹੈ। ਕਰੇ ਸ਼ੁਕਰ ਹਰਦਮ ਸਤਿਗੁਰ ਕਾ ਰਾਖੀ ਲਾਜ ਤਮਾਮੀ ਹੈ। ਔਖੇ ਵੇਲੇ ਜਗਤ ਬਚਾਯਾ ਮੰਨੇ ਨ ਮੁੜ ਖੁਨਾਮੀ ਹੈ। ਧੰਨ ਪਿਤਾ ਗੁਰ, ਧੰਨ ਪਿਤਾ ਗੁਰ ਗੋਬਿੰਦ ਸਿੰਘ ਜਗ ਸ੍ਵਾਮੀ ਹੈ॥ ੧੪॥

[ਮਾਤਾ ਸਾਹਿਬ ਦੇਵਾਂ]

ਇਸ ਪ੍ਰਕਾਰ ਉਪਦੇਸ਼ ਸੁਨੈਂ ਨਿਤ ਸਿੰਘ ਸਜੈਂ ਅੰਮ੍ਰਿਤ ਛਕ ਛੱਕ। ਜਾਤ ਪਾਤ ਅਰ ਸਿਖਾ ਸ੍ਰੁਤ ਪੁਨ,ਤੁਰਕੋਂਸੇ ਨ੍ਰਿਪ ਰਹਿੰ ਝਕ ਝੱਕ। ਸਿੱਖ ਬਨੇ ਨਹਿੰ ਪਾਹੁਲ ਲੀਨੀ ਰਹਤ ਹ੍ਰਿਦੇ ਮੇਂ ਅਤਿ ਧਕ ਧੱਕ। ਕੱਚੀ ਬੁੱਧਿ ਪਹਾੜੀ ਪੂਜਕ ਪੈ ਪੱਥਰ ਪਾਈਂ ਪਕ ਪੱਕ। ਖਤ ਲਿਖ ਕਰ ਇਹ ਗੁਰੂ ਮਾਜਰਾ ਔਰੰਗ ਗੋਸ਼ ਗੁਜ਼ਾਰ ਹੁਏ। ਪਾਕਰ ਹੁਕਮ ਅਕਾਲ ਪੁਰਖ ਕਾ ਗੋਬਿੰਦ ਸਿੰਘ ਅਵਤਾਰ ਹੁਏ॥ ੬੨॥

'ਸ਼ਸਤ੍ਰ ਧਰੋ ਅਰ ਕਰਹੁ ਕਵਾਇਦ ਹਯ* ਅਸਵਾਰੀ ਸਿਖਹੁ ਹਰੇਕ। ਨਾਮ ਜਪਹੁ ਨਿਰਭੈ ਜਗ ਬਿਚਰਹੁ ਪਾਗ ਧਰਹੁ ਅਰ ਕੱਛ ਹਰੇਕ'॥ ਇਕਦਿਨ ਵਿਚ ਦਿਵਾਨ ਗੁਰ ਬੈਠੇ ਸਿਖਸੰਗਤ ਕਰਿ ਦਰਸ ਹਰੇਕ। ਕਰ ਜੋਰੇ ਸਿਖ ਬਿਨਤੀ ਕੀਨੀ 'ਆਸਾ ਪੂਰਨ ਹਾਰ ਹਰੇਕ ! ਮੈਂ ਨਿਜ ਸੁਤਾ ਕਰੀ ਗੁਰ ਅਰਪਨ,ਕ੍ਰਿਪਾ ਸੇ ਅੰਗੀਕਾਰ ਹੁਏ'। ਪਾਕਰ...॥੬੩॥ ਸੁਨ ਕਰ ਬਚਨ ਕਹਜੋ ਗੁਰ ਪੂਰਨ'ਬ੍ਰਹਮਚਰਜ ਅਬਧਾਰਾ ਹੈ'। ਬਿਨਵੈ ਸਿਖ:—'ਜਗਮਾਤ ਕਹਤ ਇਸ ਕੋਊ ਨ ਅੰਗੀਕਾਰਾ ਹੈ।ਪੁਨ ਮਮ ਸੁਤਾ ਪਤਿੱਬ੍ਰਤ ਪੂਰਨ ਚਹਤ ਨ ਪੁਰਖ ਨਿਹਾਰਾ ਹੈ।'ਸਿੱਖ ਅਰਜ਼ ਮਾਨੀ ਗੁਰ ਭੇਜਾ'ਘਰ ਰਹਿ ਡੋਰਾ ਕ੍ਵਾਰਾ ਹੈ'।ਮਹਲ ਤੀਸਰੇ ਸਾਹਬ ਦੇਵੀ ਇਸ ਪ੍ਰਕਾਰ ਅਨੁਸਾਰ ਹੁਏ। ਪਾਕਰ...। ੬੪। ਇਕ ਦਿਨ ਪਾਇ ਇਕੰਤ ਕੰਤ ਕੋ ਸਾਹਿਬ ਦੇਵੀ ਅਰਜ਼ ਕਰੀ। 'ਆਸਾ ਪੂਰਹੁ ਇਕ ਸੁਤ ਬਖਸ਼ਹੁ ਇਹੁ ਅਭਿਲਾਖਨ ਲਾਖ ਭਰੀ'। ਬਚਨ ਭਯੋ 'ਇਹ ਪੰਥ ਖਾਲਸਾ ਤਵ ਸੁਤ ਕੀ ਜਗ ਰਹੈ ਜਰੀ। ਸ਼ੂਰ,ਧਰਾ,ਸਸਿ ਤੀਕ ਨਾਮ ਤਵ ਰਹੈ ਪੰਥ ਮਮ ਸੰਗ ਧਰੀ।ਸ਼ੂਰ ਬੀਰ ਗੁਨ ਧਰਮ ਸ਼ੀਲ ਯੁਤ ਪ੍ਰਗਟ ਬੀਚ ਸੰਸਾਰ ਹੁਏ'। ਪਾਕਰ...। ੬੫।

[ਅਨੰਦ ਪੁਰ ਦਾ ਯੁੱਧ]

ਕਰਤ ਸ਼ਿਕਾਰ ਦੂਨ ਬਨ ਇਤ ਉਤ ਦੁਸ਼ਟ ਜੀਵ ਗਨ ਚੁਨ ਚੁਨ ਮਾਰ। ਚੋਰ ਲੁਟੇਰੇ ਰੰਘੜ ਗੂਜਰ ਜੋ ਸੰਗਤ ਦੁਖ ਦੇਤ ਅਪਾਰ। ਹਿਤ ਅਭਜਾਸ ਰਖੇ ਹਥ ਸਿੰਘਨ ਲੂਟਤ ਕੂਟਤ ਕਰਤ ਉਜਾਰ।ਗੁਰ ਸਿਖ ਮੋਦਤ ਦੁਸ਼ਟ ਬਿਸੁਰਤ ਲਰਤ ਪਰਤ ਅਜ਼ਗੈਬੀ ਮਾਰ। ਦਾਨਾ ਘਾਸ ਦੇਹਿੰ ਨਹਿੰ ਦਾਮੋਂ ਤਬ ਵੈ ਡਾਂਟਨਹਾਰ ਹੁਏ।ਪਾਕਰ...। ੬੬। ਮਿਲ ਕਰ ਦੁਸ਼ਟ ਦੁਖਤ ਹ੍ਵੈ ਨ੍ਰਿਪ ਢਿਗ ਇਸ ਬਿਧ ਜਾ ਫਰਿਯਾਦਕਰੀ। 'ਪ੍ਰਜਾ ਤੁਮਾਰੀ ਹਾਲਾ ਦੇਵੈ ਪਰ ਰਖਜਾ ਨਹਿੰ ਯਾਦ ਕਰੀ। ਸਿੰਘ ਉਜਾਰਤ ਮਾਰਤ ਨਿਤਪ੍ਰਤ ਤੁਮਹੁ ਹਾਰ ਬੁਨਿਯਾਦ ਕਰੀ'। ਭੀਮ ਚੰਦ ਸੁਨ ਕ੍ਰੋਧਵਾਨ ਕਹਿ ਪੰਮਾ ਮਾਚੜ ਯਾਦ ਕਰੀ।'ਗੁਰੂ ਪ੍ਰਬਲ ਸ਼ਸਤਰ ਨਿਤ ਬਰਧਤ ਕੋਇਨਬਰਜਨ ਹਾਰ ਹੁਏ'। ਪਾਕਰ...।੬੭। ਕਹੀ ਵਜ਼ੀਰ ਪੰਮੇ ਯੌਂ ਮਸਲਤ 'ਬਾਈਧਾਰ ਮਿਲਹੁ ਇਕ ਬਾਰ।

*ਘੋੜੇ ਦੀ।

Digitized by Panjab Digital Library | www.panjabdigilib.org

ਘਾਲਹੁ ਜ਼ੋਰ ਨਿਕਾਲਹੁ ਗੁਰ ਕੋ ਲੇਹੁ ਅਨੰਦਪੁਰ ਆਪ ਸਮ੍ਹਾਰ। ਇਕ ਦੋ ਤੇ ਸੋ ਨਿਕਸੈ ਨਾਹੀਂ ਅਹੈ ਸੂਰਮਾਂ ਬਲੀ ਜਰਾਰ'। ਮਾਨੀ ਭੀਮਚੰਦ ਲਿਖ ਪਤੀਆ ਕੋਹੀ ਰਾਜੇ ਲੀਏ ਹਕਾਰ।'ਅਬੀ ਨ ਦੁਸ਼ਮਨ ਨੇ ਜੜ੍ਹ ਪਕੜੀ ਮਿਲਹੁ ਉਖਾੜਨ ਹਾਰ ਹੂਏ' ।ਪਾਕਰ··· । ੬੮ । ਕਰੀ ਤਿਆਰੀ ਸਭ ਰਾਜੇ ਮਿਲ ਚੜ੍ਹ ਆਏ ਆਨੰਦਪੁਰ ਓਰ। ਘੇਰਾ ਪਾਇ ਮੋਰਚੇ ਲਾਏ ਤੁਪਕ ਚਲਾਵੈਂ ਕਰਕੈ ਸ਼ੋਰ।ਬਾਂਧੇ ਹੌਸ'ਲੁਟੈਂ'ਗੇ ਗੁਰ ਘਰ ਵਸਤੁ ਅਜਾਇਬ ਭਰਿ ਭਰਿ ਕੋਰ' । ਜਬ ਲਗ ਤੀਰ ਛੁਟੇ ਨਹਿੰ ਗੁਰ ਕਰ,ਤਬ ਲਗ ਮਾਨੈ ਖੁਸ਼ੀਆਂ ਬੋਰ। ਇਤ ਗੁਰ ਹੁਕਮ ਪਾਇ ਸਿੰਘ ਸੂਰੇ ਗੜ ਬਲ ਪੁਰ ਜਥਿਦਾਰ ਹੂਏ। ਪਾਕਰ··· । ੬੯ । ਦਿਨ ਭਰ ਭਿੜੇ ਘਿਰੇ ਨਿਸ ਇਤ ਉਤ ਛਾਪਾ ਮਾਰਤ ਸਿੰਘ ਸੁਜਾਨ।ਥੋੜੇ ਸਿੰਘ ਭਿੜੈਂ ਬਹੁਤਨ ਸੰਗ, ਪੁਨ ਜੀਤਤ, ਕੋਹੀ ਹੈਰਾਨ। ਬਰਜ ਦੂਰ ਹੀ ਰੱਖੈਂ ਸਤਿਗੁਰ ਨਿਕਟ ਨ ਪਹੁੰਚਤ ਕਿਮਹੀ ਆਨ।ਕਰ ਮਸਲਤ ਜਸਵਾਰਨ ਹਾਥੀ ਸਾ ਖੂਨੀ ਕਦ ਕੋਹ ਸਮਾਨ। ਦੇ ਮਦਰਾ ਸੁੰਡ ਸੈਫ ਬਾਂਧ ਪੁਨ ਤਵਾ ਮਾਥ ਬੰਧਵਾਰ ਹੂਏ। ਪਾਕਰ···।੭੦। ਇਤ ਗੁਰ ਖਬਰ ਪਾਇ ਸਵ-ਧਾਨੇ ਦੁਨੀਚੰਦ ਇਕ ਥੂਲ ਮਸੰਦ। ਪੋਤਾ ਸ੍ਰੀ ਭਾਈ ਸਾਲ੍ਹੋ ਕਾ ਪਿਖ ਗੁਰ ਬੋਲੇ ਸਦਾ ਸ੍ਰਛੰਦ। 'ਇਹ ਗੁਰ ਹਾਥੀ ਭਿੜੈ ਤਾਂਹਿ ਸੋਂ ਜਸਵਾਰਨ ਕੋ ਕਰੈ ਨਿਕੰਦ' । ਡਰਜੋ, ਭਗਜੋ ਚੋਰੀ ਨਿਸ ਡਿਗਿਓ ਟੂਟੀ ਲਾਤ ਬਿਮੁਖ ਮਤਿ ਮੰਦ। ਪ੍ਰਾਤ ਸੁਨਜੋ,ਕਹਿ:'ਭਗਜੋ ਮੌਤ ਤੇ ਮੌਤ ਨ ਠਾਕਨ-ਹਾਰ ਹੂਏ'।ਪਾਕਰ···।੭੧।ਪਲੰਘ ਪਾਹਰੂ ਸਿੰਘ ਬਚਿੱਤਰ ਗੁਰ ਥਾਪੀ ਦੇ ਕਰਜੋ ਤਿਆਰ। ਸੁੱਖਾ ਔਰ ਹਠੀਮ ਛਕਾਈ ਇਕ ਨੇਜ਼ਾ ਦੀਨੋਂ ਕਰ-ਵਾਰ । ਹੋ ਸਵਾਰ ਹਯ ਥਿਰਜੋ ਲੋਹ ਗੜ੍ਹ,ਉਤ ਹਾਥੀ ਆਯੋ ਜਸੁਵਾਰਿ। ਬਿਨਾ ਮਹਾਵਤ ਸੈਫ ਘੁਮਾਵਤ ਸੰਗ ਦਲ ਆਵਤ ਕਈ ਹਜ਼ਾਰ। ਪੈਰ ਨਿਕਟ ਪਹੁੰਚਜੋ ਪਿਖ ਗੁਰ ਸਿਖ ਝਟਪਟ ਬਾਹਰ ਵਾਰ ਹੂਏ। ਪਾਕਰ··· । ੭੨ । ਨੇਜ਼ਾ ਮਾਰਜੋ, ਫੋੜ ਫੁਲਾਦੀ, ਧਸਜੋ ਭਾਲ,ਚਿੰਘਾਰ ਕਈ।ਮਦਮਤ ਹਾਥੀ ਪਰਜੋ ਅਪਨ ਦਲ ਕਰਤ ਕਤਲ ਸੰਘਾਰ ਨਈ। ਸੈਫ ਹਿਲਾਵਤ ਮਾਰ ਤਫਾਵਤ ਇਤ ਸਿੰਘਨ ਤਰਵਾਰ ਲਈ।ਕਾਟਤ ਬਾਢਤ ਭਾਗਤ ਨਾਘਤ ਨਹਿੰ ਪਿਤ ਸੁਤ ਸੰਭਾਰ ਲਈ ।'ਜਸਵਾਰਨ ਪਿਓ ਹਾਥੀ ਪ੍ਰਠੋ' ਕਹਨਹਾਰ ਸੰਸਾਰ ਹੂਏ। ਪਾਕਰ···।੭੩ । ਫੌਜ ਹੁਤੀ ਕਛੁ ਲਾਂਗਾ ਟੇਰੀ ਇਕਠੀ ਬਾਈ ਧਾਰੋਂ ਕੀ। ਮਾਰੀ ਹਾਥੀ ਔ ਕੁਝ ਸਿੰਘਨ ਅਤਿ ਦੁਰਗਤਿ ਭਈ ਸਾਰੋਂ ਕੀ। ਬਹੁਤ ਮੂਏ ਕੁਛ ਘਾਯਲ ਹੂਏ ਉਧਮ ਆਹ ਪੁਕਾਰੋਂ ਕੀ। ਭਏ ਭਗੌੜੇ ਲੰਮੇ ਚੌੜੇ ਜੈਸੇ ਟਾਂਡ ਕੁਮ੍ਹਾਰੋਂ ਕੀ ।ਕਈ ਕੋਸ ਲਗ ਖੇਤ ਸਾਫ ਮੈਂ ਕੋਹੀ ਭਾਗਨਹਾਰ ਹੂਏ। ਪਾਕਰ···। ੭੪ । ਭੀਮਚੰਦ ਸ਼ਰਮਿੰਦਾ ਹੋਕਰ ਜਾ ਸਿਰੰਦ ਸੂਬੇ ਕੇ ਪਾਸ। ਨਕਦ ਨਜ਼ਰ ਧਰ ਅਰਜ਼ ਕਰੀ 'ਮੁਹਿ ਦੇਹੁ ਹੁਕਮ ਹੈ ਕਾਰਜ ਰਾਸ। ਗੁਰੂ ਹਠੀਲਾ ਅਤਿ ਗਰਬੀਲਾ ਪਾਓ ਫਤੇ ਤਿਹ ਪਰ ਨਿਰਜਾਸ। ਚਲਹੁ ਸੰਗ ਲੈ ਫੌਜ ਪਠਾਨੀ ਕੁਛ ਤੋਪੈਂ ਜੰਜੈਲੈਂ ਖਾਸ' । ਸੂਬੇ ਮਾਨ ਖਰਚ ਲਸ਼ਕਰ ਕਾ ਰਾਜੇ ਸੰਗ ਤੱਯਾਰ ਹੂਏ। ਪਾਕਰ···। ੭੫। ਘਿਰਜੋ ਅਨੰਦਪੁਰ ਦਲ ਜੁਗ ਆਏ ਤੀਰ ਤੁਪਕ ਬਰਖਾਨ ਲਗੇ। ਗੋਲੰਦਾਜ਼ ਕਹਜੋ 'ਮੈਂ ਗੋਲਾ ਏਕ ਹਤੋਂ ਗੁਰ ਜਾਨ ਲਗੇ'।ਹਨਜੋ ਲਗਜੋ ਸੋ ਚੌਰਦਾਰ ਕੋ ਤਬ ਗੁਰ ਤੀਰ ਚਲਾਨ ਲਗੇ ।ਪਹਿਲੇ ਤੀਰ ਮਰਜੋ ਤੁਪਚੀ ਪੁਨ ਫੌਜਹ ਪਾਰ ਬੁਲਾਨ ਲਗੇ। ਕਈ ਮਰੇ ਭਾਗੇ ਪੁਨ ਬਾਕੀ ਗੁਰਹ ਸਰਾਹਨਹਾਰ ਹੂਏ। ਪਾਕਰ···। ੭੬ । ਮਰੇ ਬਹੁਤ ਪਰ ਭਾਂਜ ਪਈ ਫਿਰ, ਜਮੇਂ ਨ ਪੈਰ ਸਵਾਰੋਂ ਕੇ। ਗੀਦੀ ਮੌਤ

Digitized by Panjab Digital Library | www.panjabdigilib.org

ਮਰੇ ਗਨ ਕਾਯਰ ਘਾਇਲ ਭੇ ਬਿਸ਼ੁਮਾਰੋਂ ਕੇ। ਭੀਮਚੰਦ ਮਤਿ ਨਿੰਦਤ ਸੁਬਾ ਦੁਖਤ ਮਰੇ ਨਿਜ ਯਾਰੋਂ ਕੇ । ਆਪੋ ਅਪਨੀ ਥਾਈਂ ਅਪੜੇ ਪੀਟਤ ਤ੍ਰਿਯਾ ਪਹਾਰੋਂ ਕੇ । ਚਿੰਤਤ ਸੋਚਤ ਛਲ ਬਲ ਨਿਸ ਦਿਨ ਭੀਮ ਚੰਦ ਨ੍ਰਿਪ ਹਾਰ ਹੂਏ। ਪਾਕਰ···। ੭੭ । ਤਬ ਪੰਮੇਂ ਮਾਚੜ ਨੇ ਨ੍ਰਿਪ ਸੋਂ ਜੁਗਤ ਕਹੀ ਇਕ ਸੋਚ ਬਿਚਾਰ। 'ਗੁਰੂ ਬਹਾਦਰ ਧਰਮ ਧੀਰ ਧੁਰ ਬਲ ਤੇ ਮਾਨੈਂਗੋ ਨਹਿੰ ਹਾਰ। ਤਾਂਤੇ ਛਲਕਰ ਇਸਹਿ ਨਿਕਾਲੇਂ, ਫਿਰ ਅਨੰਦਪੁਰ ਲੇਇਂ ਸਮ੍ਹਾਰ। ਆਕੀ ਰਹੇ ਨ ਪੈਸਨ ਦੈਹੈ, ਦੂਰ ਸ਼ਤ੍ਰੂ ਹੈ ਇਮ ਨਿਰਧਾਰ' ।'ਸੋ ਕੀ ਜੁਗਤ?'ਭੀਮਚੰਦ ਪੂਛਤ 'ਜਿਮ ਗੁਰ ਬਾਹਰ ਵਾਰ ਹੂਏ'। ਪਾਕਰ···।੭੮। 'ਆਟੇ ਕੀ ਇਕ ਗਊ ਬਨਾਵੋ ਕਸਮ ਲਿਖੋ ਤਿਹ ਗਲ ਬੰਧਵਾਇ। ਪੈਰ ਅਗੇ ਨਿਸਕੋ ਰਖਵਾਯੋ ਪ੍ਰਾਤ ਹੋਤ ਫਲ ਦਿਹੁੰ ਦਿਖਲਾਇ।' ਕਰਜੋ ਤਿਸੀ ਬਿਧ, ਖਬਰ ਸੁਨੀ ਗੁਰ, ਪਠਜੋ ਪੱਤ੍ਰ ਗੋ ਗਰ ਖੁਲੁਵਾਇ।'ਜੋ ਤੁਮ ਛੱਤ੍ਰੀ ਧਰਮ ਆਨ ਗੋ* ਤਜਾਗ ਪੁਰੀ ਇਕ ਬਾਰ ਸੁ ਜਾਇ' । ਧਰਮਧੁਰੀਨਿ ਕ੍ਰਿਪਾਨਿਧ ਨਿਰਭੈ ਬਿਹਸਤ ਉਚਰਨਹਾਰ ਹੂਏ। ਪਾਕਰ··· ।੭੯।

[ਬਸਾਲੀ ਅਤੇ ਭਬੋਰ]

ਹੁਕਮ ਕਰਜੋ ਤਜਾਰੀ ਝਟ ਹੋਈ ਥਿਰੇ ਜਾਇ ਨਿਰਮੋਹ ਸਥਾਨ। ਸੁਨ ਸੁਧ ਭੀਮਚੰਦ ਦਲ ਲੇਕਰ ਕਿਯ ਮੁਕਾਬਲਾ ਝਟਪਟ ਆਨ। ਪਰ ਗੁਰ ਧੀਰ ਬੀਰ ਗੁਨ ਪੂਰਨ ਤੀਰ ਤੁਪਕ ਰਣ ਕਿਯ ਘਮਸਾਨ। ਸ਼ੱਤ੍ਰੂ ਖਿਝਾਵਤ ਹਟ ਹਟ ਪੀਛੇ ਪਾਰ ਨਦੀ ਭਏ,ਸੱਤ੍ਰੂ ਹਰਾਨ। ਰਾਇ ਬਸਾਲੀ ਕੇ ਘਰ ਭੀਤਰ ਸ੍ਰੀ ਗੁਰ ਡੇਰੇਦਾਰ ਹੂਏ। ਪਾਕਰ··· ।।੮੦।। ਕੁਛ ਦਿਨ ਰਹੇ ਰਾਇ ਉਪਦੇਸ਼ਤ ਪੁਨ ਬਭੌਰ ਰਾਏ ਪਿਖ ਪ੍ਰੀਤ।

*ਗਊ ਦੀ ਆਣ।

ਸੱਤਿ ਧਰਮ ਉਪਦੇਸ਼ਤ ਨੀਤਹ ਰਹੈ ਕਛੁਕ ਦਿਨ ਇਸ ਹੀ ਰੀਤ। ਮਾਨ ਮਾਤ ਕੀ ਬਾਤ ਸਤਿਗੁਰੂ ਮੇਲਾ ਜਾ ਰਵਾਲਸਰ ਕੀਤ । ਆਵਤ ਮੰਡੀ ਨ੍ਰਿਪ ਗ੍ਰਿਹ ਰਾਖੇ ਸੇਵੇ ਲੈ ਬਰ ਭਯੋ ਅਭੀਤ।ਮਾਂਗ ਛਿਮਾਂ ਰਾਜਨ ਸੰਧਿ ਕੀਨੀ ਪੁਰਿ ਅਨੰਦ ਦਿਸ਼ ਤਜਾਰ ਹੂਏ। ਪਾਕਰ··· ॥ ੯੧ ॥ ਕਲਮੋਟੀ ਰੰਘੜ ਮਤ ਖੋਟੀ ਨਿਤ ਸੰਗਤ ਦੁਖ ਦੇਤ ਮਹਾਨ। ਉਚਿਤ ਸਜਾਇ ਦੇਇ ਤਿਨ ਨੀਚਨ ਆਨ ਬਿਰਾਜੇ ਅਪਨ ਸਥਾਨ। ਨਿਤ ਆਨੰਦ ਅਨੰਦਪੁਰ ਨੌਤਨ ਬਧਤ ਪੰਥ ਸਸਿ ਸੁਕਲ ਸਮਾਨ।'ਧਰਹੁ ਸ਼ਸਤ੍ਰ ਗੁਰਬਾਨੀ ਸਿਮਰਹੁ ਆਸ ਅਕਾਲ ਏਕ ਮਨ ਮਾਨ' । ਦਿਨਪ੍ਰਤਿ ਇਮ ਉਪਦੇਸ਼ ਸੰਗਤਨ ਸ੍ਰੀ ਮੁਖਵਾਕ ਉਚਾਰ ਹੂਏ। ਪਾਕਰ···। ੯੨ ।

[ਮਾਤਾ ਜੀਤੋ ਜੀ ਦਾ ਗੁਰਪੁਰੀ ਗਮਨ]

ਸ੍ਰੀ ਜੀਤੋ ਗੁਰ ਮਹਲ ਪ੍ਰਥਮ ਬਰ ਧਜਾਨ ਮਾਂਹਿ ਇਕ ਦਿਨ ਪਿਖ ਲੀਨ। ਗੁਰ-ਭਾਣਾ ਜੋ ਵਰਤਨ ਹਾਰਾ, ਭੀ ਅਚਰਜ ਚਿਤ ਚਿੰਤਾ ਲੀਨ । ਕਰੀ ਬੇਨਤੀ ਸਤਿਗੁਰ ਆਗੇ 'ਹੋਨਹਾਰ ਮੈਂ ਪਿਖੀ ਅਛੀ ਨ। ਕਰਹੁ ਕ੍ਰਿਪਾ ਅਸ ਬਿਪਦ ਨ ਆਵੈ ਨਹਿੰ ਸਹਾਰ ਸਾਕੈਂ ਮੈਂ ਦੀਨ' । 'ਪਰਮ ਧਰਮ ਭਾਣਾ ਸਿਰ ਮਾਨੋ ਕਬਹੁ ਨ ਫੇਰਨਹਾਰਹੂਏ'।ਪਾਕਰ···।੯੩। ਇਮ ਸੁਨ ਅਰਜ਼ ਕਰੀ ਪੁਨ ਜੀਤੋ 'ਬਿਪਦਾ ਦੇਖਨਹਾਰ ਨਹੀਂ। ਪਾਵੋਂ ਹੁਕਮ ਬਸੋਂ ਚਲ ਗੁਰ ਪੁਰਿ', ਗੁਰ ਕਹਿੰ 'ਭਾਣੇ ਬਾਰੁ ਨਹੀਂ" । ਤਜਾਗ ਪ੍ਰਾਨ ਪਰਲੋਕ ਪਿਆਨੀ ਜੀਤੋ ਪ੍ਰਭੁ ਦਰਬਾਰ ਗਈ । ਗੁਰ ਘਰ ਰੀਤਿ ਕਰਮ ਸਭ ਕੀਨੇ ਜਾ ਗੁਰਪੁਰ ਥਿਰ ਥਾਰ ਲਈ।ਸਦਾ ਸ੍ਵਛੰਦ ਅਦ੍ਵੰਦ ਸਤਿਗੁਰੂ ਸਦ ਉਪਦੇਸ਼ਨ ਹਾਰ ਹੂਏ। ਪਾਕਰ··· । ੯੪ ।

Digitized by Panjab Digital Library | www.panjabdigilib.org

[ਖਾਲਸੇ ਦਾ ਵਾਧਾ]

ਕਰਤ ਕਵਾਇਦ ਨਿੱਤ ਖਾਲਸਾ ਸ਼ਸਤ੍ਰਨ ਸੇਵ ਕਰਾਵੈ ਜੀ। ਕਿਲੇ ਕਿਲੇ ਮੇਂ ਜੰਗ ਸਮਿੱਗ੍ਰੀ ਭਾਰ ਅਤੋਟ ਸਜਾਵੈ ਜੀ। 'ਏਕ ਜਪਹੁ ਅਰ ਸ਼ਸਤ੍ਰ ਸਜਾਵਹੁ' ਗੁਰ ਉਪਦੇਸ਼ ਸੁਨਾਵੈਂ ਜੀ। ਲੰਗਰ ਯੱਗ ਅਤੋਟ ਚਲੇ ਸਦ ਜੋ ਆਵੈ ਸੋ ਖਾਵੈ ਜੀ । ਬਾਵਨ ਕਵੀ ਹਜ਼ੂਰ ਰਹੈਂ ਸਦ ਰੀਂਥਨ ਭਾਖਾ ਕਾਰ ਹੁਏ । ਪਾਕਰ''' । ੮੫ ।

[ਤੀਰ ਵਿੱਦਜਾ, ਚੰਦ੍ ਨਾਥ]

ਸੁਰਜ ਗ੍ਰਹਨ ਪਰ ਮਾਤਾ ਪੈ੍ਰ ਕੁਰਖੇਤਰ ਦਿਸ਼ ਚਲੇ ਗੁਰੂ। ਰੋਪੜ ਔਰ ਸੰਘੌਲ ਪਹੋਏ ਉਪਦੇਸ਼ਤ ਸਿਖ ਕਾਮ ਪੂਰੂ। ਪਹੁੰਚ ਥਨੇਸਰ ਡੇਰਾ ਕੀਨਾ ਚੰਦ੍ ਨਾਥ ਇਕ ਧਨੁਖ ਧਰੂ। ਗੁਰੂ ਤੀਰ ਕੀ ਸਿਫਤ ਸੁਨੀ ਤੇ ਕਰ ਦਰਸ਼ਨ ਬਚ ਕੀਨ ਸ਼ੁਰੂ। 'ਤੀਰ ਚਲਾਵਹੁ ਬਲ ਕਿਤਨੋ ਹੈ ਹਮਹੁ ਚਲਾਵਨ ਹਾਰ ਹੁਏ।'ਪਾਕਰ''' । ੮੬ । ਗੁਰ ਕਹਿੰ'ਪ੍ਰਥਮ ਚਲਾਇ ਦਿਖਾਵਹੁ ਦੇਖੈਂ ਕਿਤਨੀ ਦ੍ਰ ਗਇਆ'।ਏਕ ਮੀਲ ਤਕ ਤੀਰ ਪੁਚਾਯਾ ਗੁਰ ਕਾ ਡੇਢਕ ਮੀਲ ਗਇਆ । ਜੀਵ ਈਸ਼ ਕੀ ਸਮਤਾ ਕੈਸੇ ਜਗੇ ਭਾਗ ਹੰਕਾਰ ਗਇਆ। ਮਨ ਲੱਜਿਤ ਤਨ ਕਰ ਹਥ ਜੋੜੇ ਲੈ ਉਪਦੇਸ਼ ਸੁ ਸਿੱਖ ਭਇਆ। ਆਯੁਧ ਬਿੱਦਜਾ ਪੇਖ ਕਵਾਇਦ ਚੰਦ੍ਨਾਥ ਅਨੁਸਾਰਿਹੁਏ। ਪਾਕਰ'''।੮੭।

[ਗ੍ਰਹਣ ਪਰ ਗਧਾ ਦਾਨ]

ਗ੍ਰਹਣ ਸਮੈਂ ਆ ਗੌੜ ਬ੍ਰਹਮਣ ਕਹਿ'ਗੁਰ ਜੀ ਅਬ ਦਾਨ ਕਰੋ'। ਗਧਾ ਦੀਆ ਮੰਗਵਾਇ ਆਪ ਨੇ,ਨਹਿੰ ਕੁਈ ਲੇ ਬਿਬਧਾਨ ਕਰੋ। ਮਨੀ ਰਾਮ ਬ੍ਰਹਮਨ ਇਕ ਮਾਨਾ ਲੇ ਸ਼ਰਧਾਯੁਤਮਾਨ ਕਰੋ। ਖੁਸ਼ੀ ਕਰੀ ਦਿਯ ਹੁਕਮਨਾਮ ਤਿਹ, 'ਮਿਹਰ ਕਰੀ ਸਨਮਾਨ ਕਰੋ'।ਅਦਭੁਤ ਮਹਦ ਚਰਿਤ੍ ਗੁਰੂ ਕੇ ਜਿਸ ਪਰ ਕਿਰਪਾ ਧਾਰ ਹੁਏ। ਪਾਕਰ''' । ੮੮ ।

[ਆਨੰਦ ਪੁਰ ਦਾ ਵਡਾ ਯੁੱਧ]

ਚੱਲ ਵਹਾਂ ਸੇ ਸਨੇ ਸਨੇ ਫਿਰ ਆ ਚਮੌਰ ਰਹਾਏ ਹੈਂ। ਹੈਦਰ ਬੇਗ ਅਰ ਅਲਫ ਖ਼ਾਨ ਕੇ ਖੱਟੇ ਦਾਂਤ ਕਰਾਏ ਹੈਂ। ਆਨ ਬਿਰਾਜੇ ਪੁਰਿ ਅਨੰਦ ਗੁਰ, ਮੱਲ ਕਾਬਲੀ ਆਏ ਹੈਂ। ਭੇਟਾ ਗੁਰ ਕੀ ਕਰੀ ਬਹੁਤ ਤਿਨ ਜੋ ਕੁਛ ਸਾਥ ਲਿਆਏ ਹੈਂ। ਮਨੋ ਕਾਮਨਾ ਪੂਰੈਂ ਸੰਗਤ ਜਹਿੰ ਤਹਿੰ ਡੇਰੇ ਦਾਰ ਹੁਏ। ਪਾਕਰ''' । ੮੯। ਖਾਨ ਵਜੀਰ ਸਿਰੁੰਦੀਹਾਰਾ ਸੁਨ ਔਰੰਗ ਹੈਰਾਨਹੁਆ। ਪੁਨ ਪਹਾੜੀਓਂ ਰਾਜੋਂ ਕਾ ਇਕ ਖਤ ਪਹੁੰਚਾ ਪ੍ਰੇਸ਼ਾਨ ਹੁਆ। 'ਤੇਗ ਬਹਾਦਰ ਗੁਰ ਕੋ ਸੁਤ ਇਕ ਤਿਸਤੇ ਪੰਥ ਉਪਜਾਨ ਹੁਆ। ਮਾਰਤ ਲੂਟਤ ਕੂਟਤ ਨਿਸ ਦਿਨ, ਬਿਜੈ ਅਜੈ ਅਭਿਮਾਨ ਹੁਆ। ਕਿਲੇ ਰਚੇ ਅਰ ਫੌਜ ਰਖੀ ਤਿਹ ਤੁਮ ਸੰਗ ਲੜਨੇ ਹਾਰ ਹੁਏ' । ਪਾਕਰ'''।੯੦। ਰਾਜੇ ਆਪ ਭਏ ਫਰਿਆਦੀ 'ਕਜਾ ਹਜ਼ਰਤ ਗ਼ਾਫਲ ਤੁਮ ਹੋਇ। ਸ਼ੱਤ੍ ਤੁਮਾਰੇ ਦਿਨ ਦਿਨ ਬੜ੍ਹਤੋ ਇਕ ਦਿਨ ਮੁਰਚਾ ਦਿੱਲੀ ਢੋਇ। ਹਮਹੁ ਕਹਤ—ਤੁਮ ਸੰਗ ਮਿਲਹੁ ਮੁਰ,ਮੁਗ਼ਲ ਦੇਸ਼ ਤੇ ਦੇਇਂ ਕਢੋਇ—। ਪਰ ਹਮ ਹਜ਼ਰਤ ! ਬੰਦੇ ਤੇਰੇ ਦਈ ਖਬਰ ਝਟ ਤੁਮਕੋ ਸੋਇ । ਕਰਹੁ ਉਪਾਵ ਨਹੀਂ ਗੁਰ ਪਹੁੰਚੈ ਖਾਲਸ ਸਿੰਘ ਜਰਾਰ ਹੁਏ'। ਪਾਕਰ'''।੯੧। ਬਿਨ ਪਾਨੀ ਸਫਰੀ* ਔਰੰਗਾ ਲਿਖ ਪਰਵਾਨਾ ਭੇਜ ਦੀਆ । ਖਾਂ ਵਜ਼ੀਰ ਕੋ ਕਰ ਤਕੀਦ ਪੁਨ ਖਾਨ ਨਜਾਬਤ ਭੇਜ ਦੀਆ। ਰਾਜੋਂ ਕੋ ਦਿਲਬਰੀ ਬਹੁਤ ਕਰ ਕਹਾ ਕਿ ਹਮ ਕੁਛ ਭੇਜ ਦੀਆ । ਛੇੜ ਰੁ ਫੌਜ ਮਿਲਾਕਰ ਸਾਰੀ ਕਈ ਹਜ਼ਾਰਕੁ ਭੇਜ ਦੀਆ । ਘਿਰਜੋ ਅਨੰਦਪੁਰ ਚਾਰੋਂ ਦਿਸ਼ ਤੇ ਸਤਿਗੁਰ ਅੰਦਰ ਵਾਰ ਹੁਏ । ਪਾਕਰ''' । ੯੨ । ਪਾਂਚ ਦਿਵਸ ਤਕ ਰਹੀ ਲੜਾਈਥਿਰੇ ਮੋਰਚੋਂ ਮੈਂ ਦਲ ਦੋਇ।

*ਮੱਛੀ।

Digitized by Panjab Digital Library | www.panjabdigilib.org

ਛੇਵੈਂ ਦਿਨ ਗੁਰ ਹੱਲਾ ਕੀਨੋ ਮਾਰੇ ਸ਼ੱਤ੍ਰ ਸਾਂਗ ਪਰੋਇ। ਖਾਨ ਅਜ਼ੀਮ ਗੁਰੂ ਲਲਕਾਰੇ ਵਾਰ ਕਰਜੋ ਤਿਨ ਨੇਜ਼ਾ ਢੋਇ। ਰੋਕ ਢਾਲ ਪਰ ਵਾਰ ਕਰਜੋ ਗੁਰ ਪਰਜੋ ਜਨੇਊ ਸਮ ਕਟ ਦੋਇ। ਪਿਖ ਸਰਦਾਰ ਮਰਜੋ ਪੈਂਦੇ ਖਾਂ ਆ ਸਨਮੁਖ ਤਕਰਾਰ ਹੁਏਪਾਕਰ'''।੯੩।ਦੁਇ ਤ੍ਰੈ ਵਾਰ ਪਰੇ ਤਿਹ ਖਾਲੀ ਪ੍ਰਥਮਵਾਰ ਦਿਜ ਪਾਰ ਬੁਲਾਇ। ਸੈਨ ਹਿਲੀ ਸਰਦਾਰ ਮਰੇ ਪਿਖ ਭੀਮਚੰਦ ਨ੍ਰਿਪ ਜ਼ਖਮੈ ਖਾਇ।ਮਰਜੋ ਜਾਇ,ਇਤ ਸੈਦਬੇਗ ਮਨ: 'ਮਿਲੈ ਗੁਰੂ ਲਿਹੁੰ ਸੀਸ ਕਟਾਇ।ਪਾਵੈਂ ਮਨਸਬ ਹਜ਼ਰਤ ਪਾਸੋਂ' ਕਜਾ ਅਚਰਜ ਜੋ ਗੁਰ ਇਤ ਆਇ'। ਅੰਤਰਜਾਮੀ ਸਤਿਗੁਰ ਪੂਰਨ ਝਟ ਸਨਮੁਖ ਸਰਦਾਰ ਹੂਏ । ਪਾਕਰ'''। ੯੪। ਦਰਸ਼ਨ ਕਰਤ ਕਪਾਟ ਗਏ ਖੁਲ੍ਹ ਸ਼ਰਨ ਗਹੀ ਉਪਦੇਸ਼ ਚਹਾ। 'ਸਿਮਰਹੁ ਏਕ, ਆਨ ਨਹੀਂ ਮਾਨਹੁ', ਤਜਾ ਸ਼ਸਤ੍ਰ ਬਨ ਰਾਹ ਲਹਾ। ਦੀਨਾਬੇਗ ਮਰਜੋ ਦਲ ਛੂਛੋ ਤੱਛ ਮੁੱਛ ਕਰ ਸਿੰਘ ਮਹਾਂ। ਭਾਗ ਪੁਕਾਰੇ 'ਔਰੰਗ ਹਾਰੇ, ਗੁਰ ਪੈਗ਼ੰਬਰ ਸਾਚ ਅਹਾ। ਸੈਦਬੇਗ ਪਿਖ,ਏਕ ਬਾਤ ਸੁਨਿ ਸ਼ਸਤ੍ਰ ਤਿਆਗਨਹਾਰ ਹੂਏ'। ਪਾਕਰ'''। ੯੫। ਇਮ ਸੁਨ ਸ਼ਾਹੁ ਚਿਪਜੋ ਲਿਖ ਦੀਨਾ ਪਾਸ ਲਹੌਰੀ 'ਪਕੜ ਧਰੋ'। ਕਸ਼ਮੀਰੀ ਸੀਰ੍ਹੰਦੀ ਸੂਬਾ 'ਕਤਲ ਕਰੋ ਨਹਿੰ ਦੇਰ ਕਰੋ। ਸਗਲ ਫੌਜ ਆਨੰਦ ਪੁਰ ਢੋਵੋ, ਘੇਰੋ, ਬਾਂਧੋ, ਫੜੋ, ਮਰੋ। ਕੁਮਕ ਪਠੈ ਦਿਹਲੀ ਤੇ ਪੁਨ ਪੁਨ, ਨਹੀਂ ਤਾਂ ਸੈਨਾ ਹੋਰ ਭਰੋ'। ਪਾਇ ਹੁਕਮ ਸੂਬੇ ਗੁਰ ਡਰ ਮਨ ਸ਼ਾਹ ਕੇ ਹੁਕਮ ਅਨੁਸਾਰਿ ਹੂਏ। ਪਾਕਰ'''। ੯੬। ਇਤ ਲਾਹੌਰ ਸਿਰ੍ਹੰਦੀ ਸੂਬਾ ਪੁਨਹ ਪਹਾੜੀ ਫੌਜ ਘਨੀ।ਕੁੱਮਕ ਆਇ ਦਿੱਲੀ ਤੇ ਅਨਗਨ ਛੇੜ ਨ ਕਿਸਤੇ ਜਾਇ ਗਨੀ। ਕਿਲੇ ਕੇਸਗੜ੍ਹ ਸ੍ਰੀ ਅਜੀਤ ਸਿੰਘ, ਲੋਹਗੜ੍ਹ ਨਾਹਰ ਸਿੰਘ ਭਨੀ। ਅਗਮ ਪੁਰੇ ਈਸ਼ਰ ਸਿੰਘ ਰਾਖਜੋ,ਪੈਰ ਪੈਰ ਸਿੰਘ ਸੈਨ ਬਨੀ। ਰਹੇ ਦਮਦਮੇ ਆਪ ਫੌਜ ਸੰਗ ਇਤਿ ਬਿਧ ਪਾਏਦਾਰਹੂਏਪਾਕਰ''' ।੯੭। ਛਿੜਜੋ ਜੰਗ ਸੂਰੇ ਸਿੰਘ ਡਟ ਗਏ ਜਿਸ ਜਾ ਪਰ ਘਮਸਾਨ ਪੜਾ। ਏਕ ਏਕ ਗੁਰ ਸਿੰਘ ਕੇ ਆਗੇ ਸੌ ਸੌ ਤੁਰਕਨ ਹੂਆ ਖੜਾ। ਤੀਰ ਤੁਪਕ ਤਲਵਾਰ ਸੈਹਥੀ ਇਤ ਉਤ ਚਲਤ ਗਿਰਾ ਜੁ ਅੜਾ। ਟਿੱਡੀ ਦਲ ਤੁਰਕਨ ਕੀ ਸੈਨਾਂ ਸਿੰਘਨ ਕੀਨਾ ਝਾੜ ਝੜਾ। ਜਿਸ ਜਿਸ ਜਥੇਦਾਰ ਸੰਗ ਹੈ ਜੰਗ ਉਸਤੇ ਹਾਰਨਹਾਰ ਹੂਏ। ਪਾਕਰ'''। ੯੮। ਤੋਪ ਕਰੀ ਸਰ ਪਿਖ ਗੁਰ ਪੂਰਨ ਤੀਰਨ ਮਾਰ ਮਹਾਨ ਕਰੀ। ਪੁਨ ਜੰਜੈਲ ਬਾਘਨ ਗੁਰ ਛੋਰੀ ਤੁਰਕ ਸੈਨ ਜਹਿੰ ਝੁੰਡ ਖਰੀ।ਮਰਜੋ ਤੋਪਚੀ ਸੂਬੇ ਭਾਗੇ ਡੇਰਾ ਦੂਰ ਸਥਾਨ ਧਰੀ । ਸ਼ਤਰੰਜ ਖੇਲਤ ਕਹਿੰ ਇਮ ਸੂਬੇ 'ਕਰਾਮਾਤ ਗੁਰ ਜਾਨ ਪਰੀ'। ਤੀਰ ਸੰਗ ਲਿਖ ਪਠਜੋ ਤੀਰ ਤਹਿੰ 'ਇਹ ਵਰਜ਼ਸ਼ ਅਨੁਸਾਰ ਹੂਏ'। ਪਾਕਰ'''। ੯੯।

ਘੇਰਾ ਦ੍ਰਿੜ ਕਰ ਚੌਕੀ ਰਾਖੀ 'ਤ੍ਰਿਣ ਦਾਣਾ ਅੰਦਰ ਨਹਿੰ ਜਾਇ। ਅੰਦਰ ਤੇ ਬਾਹਰ ਨਹਿੰ ਨਿਕਲੇ,ਰਖਹੁ ਮੋਰਚੇ ਦ੍ਰਿੜ੍ਹ ਕਰਵਾਇ'। ਮੁਕੀ ਰਸਤਤ੍ਰਿਣ,ਛੁਧਤਸਿੰਘ ਗਨ,ਕਰਜੋਹੇਲ ਨਿਸ ਕਤਲ ਕਰਾਇ।ਕਟੇ ਤੁਰਕ ਲੜ ਆਪਸ ਹੀ ਮੇਂ ਸਿੰਘਨ ਲੀਨੀ ਰਸਤ ਪੁਚਾਇ। ਕਿਸ ਕਿਸ ਦਿਨ ਇਮ ਕਰਿ ਗੁਜ਼ਰਾਨਹਿ ਸਤਿਗੁਰ ਹਟਕਨਹਾਰ ਹੂਏ। ਪਾਕਰ''' । ੧੦੦ ।ਹੁਕਮ ਪਾਇ ਸਿੰਘ ਜਾਇੰ ਨ ਬਾਹਰ, ਲੜੈਂ ਸਦਾ ਤੱਯਾਰ ਰਹੈਂ । ਭੂਖ ਸੰਤਾਵਤ ਕਛੁਕ ਚਬੀਨਾ ਚਾਬੇ ਤੇ ਜਲ ਪਾਨ ਚਹੈਂ । ਸੁਖ ਨਿਧਾਨ ਨਿਤ ਦੇਗ ਤਜਾਰ ਹੈ ਛਕੈਂ ਸਗਲ ਬਚ ਮਾਤ ਕਹੈਂ। 'ਤੁਰਕ ਨ ਮਾਰਤ,ਭੂਖ ਅਬ ਮਾਰਤ,ਕਹੋਛਕਨ ਹਿਤ ਕਹਾਂ ਲਹੈਂ।ਨਕਦੀ ਪਟ ਭੂਖਣ ਸਭ ਗੁਰ

Digitized by Panjab Digital Library | www.panjabdigilib.org

ਜੀ ਸ਼ਤਦ੍ਰੂ ਮੇਂ ਰਖਵਾਰਹੂਏ।ਪਾਕਰ'''।੧੦੧।
ਬ੍ਰਿੱਛ ਛਾਲ ਸਿੰਘ ਕਰੈਂ ਉਬਾਲਨ,ਪਾਨ ਕਰੈਂ
ਮੁਛ ਤਾਉ ਧਰੈਂ । ਸਿਦਕ ਨ ਹਾਰੈਂ ਪ੍ਰਣ
ਪ੍ਰਤਿਪਾਰੈ ਲੜੈਂ ਮਰੈਂ, ਚਿਤ ਚਾਉ ਧਰੈਂ। ਅੰਨ
ਬਿਨਾਂ ਬਲ ਖੀਨ ਭਯੋ,ਪਰ ਤੁਰਕ ਹਤਨ ਹਿਤ
ਹਜਾਉ ਧਰੈਂ। ਕਬ ਕਬ ਮਾਤ ਪਾਸ ਕਰ
ਅਰਜ਼ੀ ਭੂਖੇ ਭੀ ਗੁਰ ਭਾਉ ਧਰੈਂ।ਢਾਈ ਤੀਨ
ਮਹੀਨੇ ਇਤ ਬਿਧ ਭੂਖੇ ਕਸ਼ਟ ਸਹਾਰ ਹੂਏ।
ਪਾਕਰ'''। ੧੦੨ ।ਇਤਿ ਸੂਬੇ ਅਰ ਰਾਜੇ ਸਾਰੇ
ਇਸ ਮੁਹਿੰਮ ਪਰ ਤੰਗ ਪਏ। ਮਰੈਂ ਨਿੱਤ ਅਰ
ਡਰੈਂ ਰਾਤ ਦਿਨ ਸਬ ਖੂਨੀ ਕਰ ਮਾਰ ਗਏ।
'ਨਹੀਂ ਉਮੈਦ ਫਤੇ ਕੀ ਇਸ ਥਲ ਗੁਰ ਕਰ-
ਮਾਤੀ' ਜਾਨ ਲਏ। ਦੇਸ ਉਜਾਰਤ ਸੈਨ ਮਿਲੀ
ਅਤਿ,ਚਿੰਤਤ ਚਿੰਤਾ ਸਿੰਧ ਪਏ। ਭਿਣਕ ਪਈ
'ਸਿਖ ਭੂਖੇ ਅੰਦਰ' ਤਿਸ ਪਰ ਰਿਪੁ ਹੁਸ਼ੀਆਰ
ਹੂਏ। ਪਾਕਰ'''। ੧੦੩। ਰਚਜੋ ਚਰਿੱਤ੍ਰ ਵਕੀਲ
ਪਠਜੋ ਢਿਗ ਮਾਤ ਅਰਜ਼ ਗੁਜ਼ਰਾਨ ਕਰੀ।
'ਕਿਲਾ ਛੋਡ ਗਰ ਜਾਹੁ ਜਿਧਰ ਚਿਤ ਸ਼ਾਹੁ ਕਹੈ
ਹਮ ਜੀਤ ਧਰੀ।ਕਸਮ ਕੁਰਾਨ ਗਊ ਠਾਕੁਰ ਕੀ
ਯਾਮੈਂ ਨਹਿੰ ਕਛੁ ਭੀਤ ਭਰੀ'।ਮਾਨੀ ਮਾਤ ਬਾਤ
ਗੁਰ ਸੰਗ।ਕਿਯ ਪੁਨ ਸਿੰਘਨ ਕਛੁ ਪੁਸ਼ਟ ਭਰੀ।ਕਹਾ
ਸਤਿਗੁਰੂ ਸੁਨੋ ਮਾਤ ਸਿਖ! ਏਹ ਤੋ ਬੜੇ ਮਕਾਰ
ਹੂਏ'। ਪਾਕਰ'''॥੧੦੪॥ ਕਹਾ 'ਦਿਖਾਵੈਂ ਦਗਾ
ਇਨੋਂ ਕਾ ਬੈਲਨ ਗੁਨ ਭਰੇ ਇਕ ਸਾਰ'। ।
ਟੂਟੇ ਛਿੱਤਰ ਲਿੱਦ ਅਰ ਕੂੜਾ ਸਿੰਘਨ ਬਾਂਧ
ਮਿਸ਼ਾਲਨ ਬਾਰ। ਗਜ ਗਜ ਪਾਇ ਬਾਦਲਾ
ਉਪਰ ਸਾਂਝ ਸਮੇਂ ਕਿਯ ਬਾਹਰ ਵਾਰ। ਚਮਕ
ਬਾਦਲਾ ਪਿਖ ਰਿਪੁ ਸੈਨਾ ਟੂਟ ਪਰੇ ਲੂਟਨ
ਵਥੁ ਭਾਰ। ਸੰਗ ਮਾਤ ਗੁਰ ਬੈਠ ਦਮਦਮੇਂ
ਕੌਤਕ ਦੇਖਨ ਹਾਰ ਹੂਏ। ਪਾਕਰ'''। ੧੦੫।
ਕਿਲੇ ਮਾਂਹਿ ਤੇ ਬੈਲ ਨਿਕਸਤੇ ਤੁਰਕੋਂ ਨੇ
ਮਿਲ ਲੂਟ ਕਰੀ। ਹੂਏ ਪਸ਼ੇਮਾ ਖੁਲ੍ਹੀ ਗੂਨ
ਪਿਖ ਕਹੈਂ ਕਿ 'ਕਿਸਮਤ ਫੂਟ ਪਰੀ। ਲਖਾ
ਖਜ਼ਾਨਾ ਗੁਰ ਕਾ ਲੂਟਾ ਕਸਮ ਤੋੜ ਨਿਜ
ਛੂਟ ਕਰੀ। ਕੂੜਾ ਕਰਕਟ, ਲਿੱਦ ਅਰ ਜੂਤੀ
ਵਿਹਪ੍ਰਾਪਤ ਮਤਿ ਹੂਟ ਗਰੀ'।ਔਰ ਨ ਜਬਕੁਛ
ਮਿਲਾਉਨੂੰ ਕੋ ਲੱਜਾਵਾਨਅਪਾਰਹੂਏ।ਪਾਕਰ'''
।੧੦੬। ਕੁਛ ਦਿਨ ਬਿਤੇ ਇਸੀ ਬਿਧ ਆਕੀ
ਨ੍ਰਿਪ ਸੂਬੇ ਸਬ ਤੰਗ ਪਏ। ਕਰ ਮਸਲਤ
'ਗੁਰ ਬਡੋ ਹਠੀਲਾ ਨਹਿੰ ਹਾਰਹਿਗੋ ਜੰਗ
ਪਏ। ਛਲ ਕਰ ਇਨਹਿ ਨਿਕਾਲਹੁ, ਜੀਤਹੁ,
ਲੜ ਕਰ ਨਹਿੰ ਸਰਬੰਗ ਪਏ'। ਪਠਜੋ ਕੁਰਾਨ
ਰਾਊ ਸਬ ਬ੍ਰਾਹਮਨ ਕਸਮ ਮਾਤ ਢਿਗ ਢੰਗ
ਪਏ। ਭੂਖੇ ਸਿੰਘ ਮਾਤ ਪੁਨ ਬੋਲੀ ਗੁਰ
ਸਮਝਾਵਨਹਾਰ ਹੂਏ । ਪਾਕਰ'''। ੧੦੭ ।
ਸਤਿਗੁਰ ਕਹਜੋ 'ਸਮੋਂ ਅਬ ਥੋਰੋ ਧੀਰਜ ਕਰੋ
ਨ ਨਿਕਸੋ ਤੁਮ'। 'ਗੁਰ ਜੀ ਰਹਜੋ ਜਾਤ ਅਬ
ਨਾਂਹੀ ਪ੍ਰਾਨ ਅੰਨ ਬਿਨ ਹੋਵਤਗੁੰਮ'।'ਰਹੋਆਠ
ਦਿਨ ਕਾਰਜ ਸੁਧਰੈ' 'ਆਠ ਘਰੀ ਨਹਿੰ ਪਹੁੰਚ
ਬਹਮ'। ਮਾਤਾ ਹੂੰ ਅਤਿ ਖਜਾਲ ਪਰੀ ਤਬ
ਬਚਨ ਕਰਜੋ ਗੁਰ ਸਦਾ ਬਿਗਮ। 'ਜੋ ਜਾਨਾ
ਚਹਿ ਲਿਖੈ ਬਿਦਾਵਾ ਹਮ ਨਹਿੰ ਹਟਕਨਹਾਰ
ਹੂਏ'।ਪਾਕਰ'''।੧੦੮।ਛਲ ਨ ਸਕੇ ਲਖਸ਼ਤ੍ਰੂਨ
ਕੇਰਾ ਅਤਿਸ਼ੈ ਭੂਖ ਸਤਾਏ ਹੈਂ। ਹੋਣਹਾਰ
ਭਾਣੇ ਅਤਿ ਭਾਵੀ ਬੇਦਾਵੇ ਲਿਖਵਾਏ ਹੈਂ।
ਸਾਬਤ ਰਹੇ ਸੁਡੋਲੇ ਨਾਂਹੀਂ,ਨਹਿੰ ਬੇਦਾਵੇ ਪਾਏ
ਹੈਂ।ਮਰਜ਼ੀ ਲਖ ਅਕਾਲ ਕੀ ਗੁਰ ਜੀ ਕਸਮਹੁ
ਰਿਪੁ ਝੁਠਿਆਏ ਹੈਂ । ਕਰੀ ਤਯਾਰੀ ਚਲਨੇ
ਵਾਲੀ।ਪਾਛਲ ਰੈਨਸਵਾਰ ਹੂਏ।ਪਾਕਰ'''।੧੦੯।
ਮਾਤ ਗੂਜਰੀ ਦੇ ਸ਼ਾਹਜ਼ਾਦੇ ਕਛੁਕ ਸਿੰਘ ਤਿਨ
ਸੰਗ ਲੀਏ। ਮਹਲਨ ਡੋਲੇ ਸੰਗ ਸਿੰਘ ਹੈ
ਪਹਿਲੇ ਬਾਹਰਵਾਰ ਕੀਏ।ਲਾਦ ਖੱਚਰੇਂ ਤੀਰਨ
ਕੀ ਸੰਗ ਕਛੁ ਮੁਹਰਨ ਕੇ ਭਾਰ ਦੀਏ। ਜਿਸ
ਪੁਰ ਹਿਤ ਇਤਨੇ ਸ਼ੂਮ ਘਾਲੇ ਤ੍ਰਿਣ ਜਿਵ

Digitized by Panjab Digital Library | www.panjabdigilib.org

ਤਜਾਗ ਬਿਹਾਰ ਕੀਏ।ਤਸਮ ਤੋੜ ਰਿਪੁ ਸੈਨਾ ਧਾਏ। ਦਹ ਲਖ ਕੁਮਕ ਬਿਥਾਰ ਹੂਏ।ਪਾਕਰ''' ।੧੧੦। ਛੱਤਾ ਸ਼ਹਦ ਉੜੈ ਜਿਮ ਮਾਖੀ ਤਿਮ ਸੈਨਾ ਬਿਸਥਾਰ ਭਈ। ਟਿੱਡੀ ਦਲ ਹਲਚਲ ਅਤਿ ਭਾਰੀ 'ਪਕੜਹੁ ਗੁਰ' ਸਭ ਬਾਤ ਕਹੀ। ਜੁਟੇ ਜੰਗ ਕਟ ਗਏ ਆਪ ਵਿਚ, ਪਰ ਕਹਿੰ ਲੈਂ, ਕੁਛ ਥਾਹ ਨਹੀਂ। ਹੜ੍ਹ ਜਿਮ ਦੌੜ ਫੌਜ ਦਿਸ਼ ਚਾਰੋਂ ਪਰ ਸਤਿਗੁਰ ਨਹਿੰ ਡਾਹ ਦਈ। ਅੜੇ ਝੜੇ, ਮਾਰੇ ਬਢ ਆਗੇ, ਇਤ ਬਿਧਿ ਸਰਸਾ ਪਾਰ ਹੂਏ। ਪਾਕਰ'''।੧੧੧।

[ਸਾਕਾ ਸਰਹੰਦ]

ਕਹਾਂ ਤੁਰਕ ਦਲ ਕਈ ਲਾਖ ਤਕ ਛੁਧਤ ਸ਼ੁਮਤ ਸਿੰਘ ਅਤਿ ਥੋੜੇ। ਟੂਟੀ ਸਰੋਹੀ ਦਾਰੂ ਮੁੜ ਗਜਾ ਅਰ ਜ਼ਖਮੀ ਹੋਏ ਘੋੜੇ। ਜਿਸਕਾ ਜਿਤ ਦਿਸ਼ ਰੁਖ ਭਜਾ ਤਿਤ ਦਿਸ਼ ਗਏ ਨਿਕਲ ਕਿਸ ਨਹਿੰ ਮੋੜੇ। ਬਡੀ ਮਾਤ ਪੋਤੇ ਜੁਗ ਛੋਟੇ ਇਕ ਬਾਮ੍ਹਨ ਸੰਗ ਬਨ ਛੋੜੇ। ਸੋ ਭੀ ਹੁਤੋ ਰਸੋਯਾ ਨੌਕਰ ਖੇੜੇ ਮੈਂ ਉਤਰਾਰਹੂਏ।ਪਾਕਰ''' ।੧੧੨।ਠਹਿਰੇ ਜਾ ਤਿਸਕੇ ਘਰ ਭੀਤਰ ਬੇਦੀ-ਮਾਨ ਦਿਲ ਉਸਕਾ ਹੂਆ।ਖੁਰਜੀ ਭਰੀ ਪਦਾਰਥ ਕੀ ਪਰ ਲੋਭਵਾਨ ਦਿਲ ਜਿਸਕਾ ਹੂਆ। ਲਈ ਚੁਰਾਇ ਦਬਾਇਧਰੀ ਧਰ,ਪੂਛਜੋ ਵਕਤ ਜੁ ਨਿਸਕਾ ਹੂਆ। 'ਇਸ ਅਪਦਾ ਮੈਂ ਲਜਾਇ ਬਚਾਯਾ ਇਹ ਫਲ ਮੁਝਕੋ ਇਸਕਾ ਹੂਆ। ਕਲਜੁਗ ਸਮਾਂ ਭਲਾ ਨਹਿੰ ਕਰਨੋਂ ਲੀਜੈ ਫਲ ਤਕਰਾਰ ਹੂਏ'। ਪਾਕਰ'''। ੧੧੩। ਝਟਪਟ ਜਾਇ ਖਬਰ ਕਿਯ ਤੁਰਕਨ 'ਗੁਰ ਸੁਤ ਮਾਤ ਮਿਰੇ ਘਰ ਹੈ'। ਆ ਸਰਦਾਰ ਮੋਰੰਡੇ ਵਾਲਾ ਗਹਿਆ ਲਵਾਇ,ਬੁਤਜ ਪਰ ਹੈ। ਕਹਜੋ ਮਾਤ 'ਧਨ ਹਿਤ ਕ੍ਰਿਤ ਕੀਨੀ, ਸੋ ਧਨ ਨਹਿੰ ਤੇਰੇ ਕਰ ਹੈ'। ਭਯੋ ਸਫਲ ਬਚ, ਤੁਰਕਨ ਕੂਟਾ*

*ਭਾਵ ਗੰਗੂ ਨੂੰ ਤੁਰਕਾਂ ਨੇ ਮਾਰਿਆ।

ਦੇ ਧਨ ਪੁਨ ਮਾਰਾ ਮਰ ਹੈ। ਬੀਚ ਕਚਹਿਰੀ ਜ਼ਾਲਮ ਸੂਬੇ ਸਿਰਹੰਦ ਕੇ ਇਜ਼ਹਾਰ ਹੂਏ। ਪਾਕਰ'''।੧੧੪। ਖਾਨ ਵਜ਼ੀਰ ਮੁਖਾਤਬ ਹੋਕੇ ਸ਼ਹਜ਼ਾਦੋਂ ਕੋ ਧੀਰਦੀਏ। 'ਬੱਚੋ ਤੁਮ ਇਸਲਾਮ ਕਬੂਲੋ, ਨਹੀਂ ਕਤਲ ਅਬ ਜਾਓ ਕੀਏ'। ਜ਼ੋਰਾਵਰ ਸਿੰਘ ਫਤੇ ਗਜਾਕੇ ਕਹੇ ਬਚਨ ਨਿਜ ਪੱਖ ਲੀਏ। 'ਦਾਦਾ ਸ੍ਰੀ ਗੁਰੂ ਤੇਗ ਬਹਾਦਰ ਸ੍ਰੀ ਗੋਬਿੰਦ ਸਿੰਘ ਪੁੱਤ੍ਰ ਜੀਏ।ਲਾਜ ਤਿਨ੍ਹੋਂ ਕੀ ਕੁਲ ਕੋ ਲਾਵੇਂ'ਜੋਐਸੇਅਵਤਾਰਹੂਏ'।ਪਾਕਰ'''।੧੧੫। ਆਗ ਬਗੋਲਾ ਹੋਕਰ ਸੂਬੇ ਹੁਕਮ ਦੀਆ'ਇਨ ਕਤਲ ਕਰੋ'। ਥਾ ਸਰਦਾਰ ਕੋਟਲੇ ਵਾਲਾ ਕਹਾ ਕਿ'ਖਾਂ ਜੀ ਸਬਰ ਧਰੋ। ਇਨਹੋਂ ਕੋਈ ਗੁਨਾਹ ਕੀਆ ਨਹਿੰ,ਖੌਫ ਖ਼ੁਦਾ ਸੇ ਜ਼ਰਾ ਡਰੋ'। ਤਿਲ-ਮਿਲਾਇ ਖੱਤ੍ਰੀ ਇਕ 'ਬੋਲਾ'ਦੇਖੋ ਗੁਰ ਕੋ ਯਾਦ ਕਰੋ। ਇਨਕਾ ਪਿਤਾ ਬਹਾਦੁਰ ਵੁਹ ਹੈ ਜਿਸ ਸੇ ਸਭ ਲਾਚਾਰਹੂਏ'।ਪਾਕਰ'''।੧੧੬।ਤਬ ਜ਼ਾਲਮ ਸੂਬੇ ਇਮ ਭਾਖਾ'ਲੇ ਜਾਵੋ ਨਹੀਂ ਦੇਰ ਕਰੋ।ਇਹ ਗੁਰ ਬੇਟੇ ਬਣੈ ਨ ਮੋਮਨ ਚਿਣੋਂ ਦਿਵਾਰ ਨ ਫੇਰ ਕਰੋ'।ਹੁਕਮ ਸੁਨੇ ਤੇ ਚਿਣੇ ਕੰਧ ਮੇਂਅਰਧ ਚਿਣੇ ਕਹਿ:'ਬੇਹਕਰੋ'*।'ਲੜ ਮੋ!ਮਾਨੋਂ ਬਾਤ ਹਮਾਰੀ ਇਸ ਮੇਂ ਫੇਰ ਨ ਹੇਰ ਕਰੋ।ਲਿਹੁ ਜਗੀਰ ਅਰ ਬਡ ਮਰਾਤਬਾ ਸੁਖਸੰਪਤਸੰਸਾਰਹੂਏ'।ਪਾਕਰ''' ।੧੧੭।'ਦੇਖ ਦਸ਼ਾ ਤੁਮਰੀ ਮਨ ਮੇਰਾ ਮਾਨਤ ਨਹਿੰ ਇਹ ਦੇਉਂ ਸਜ਼ਾਇ। ਤੁਮ ਇਸਲਾਮ ਕਬੂਲ ਕਰੋ,ਮੈਂ ਆਛੇ ਘਰ ਤੁਮ ਦੇਹੂੰ ਬਿਆਹਿ। ਚੈਨ ਕਰੋ ਤੁਮ ਆਨੰਦ ਭੋਗੋ ਹੋਨਹਾਰ ਤੁਮ ਉਮਰ ਸੁਹਾਇ। ਨਾਹਕ ਜ਼ਿਦ ਕਰ ਜਾਨ ਗਵਾਵਹੁ ਮਾਨਹੁ ਤੌ ਦਿਹੁੰ ਕੰਧ ਢਹਾਇ।ਸੁਖ ਸੰਪਤ ਸੰਗ ਪ੍ਰਾਨ ਤੁਮਾਰੇ ਰਹਨਹਾਰ ਸੰਸਾਰਹੂਏ'।ਪਾਕਰ''' ।੧੧੮। ਜ਼ੋਰਾਵਰ ਸਿੰਘ ਫਤੇ ਸਿੰਘ ਸੰਗ ਬਾਲ ਸ਼ੇਰ ਸਮਬਚਨ ਕਹੇ।'ਓੜਕ ਮੌਤ ਜਗਤ ਵਿਚ

*ਜ਼ਰਾ ਠਹਿਰ ਜਾਓ(ਭਾਵ ਰਾਜਾਂ ਨੂੰ ਰੋਕਿਆ)।

Digitized by Panjab Digital Library | www.panjabdigilib.org

ਬਾਕੀ ਰਾਵਨ ਰਾਮਹੁ ਬਿਰ ਨਰਹੋ ਕਿਸ ਜੀਵਨ ਹਿਤ ਧਰਮ ਤਿਆਗੈਂ ਸੁਖ ਸੰਪਤ ਹਮ ਚਾਹ ਨਹੋ ਤੁਮਰੀ ਜਰ ਬਿਨ ਹਮ ਸਿਰ ਦੀਨੇ ਨਹਿ ਉਖਰਤ ਇਹ ਸਾਚ ਅਹੇ। ਹਮ ਮਰਨਾ, ਸਦ ਜੀਵਨ ਮਾਨੈ ਧਰਮ ਨ ਤਜਾਗਨ ਹਾਰ ਹੂਏ'। ਪਾਕਰ'''।੧੧੯। ਕਹੈ ਕਿ'ਰਾਜ ਕਰੋ ਸੁਖ ਭੋਗੋ ਬਾਪ ਹੂੰ ਮਾਰਾਂ ਜਾਏਗਾ ਛਰੋ ਨ ਤੁਮਕੋ ਕਬ ਹੀ ਇਸ ਬਿਧਿ ਆਕਰ ਦੇਖਨ ਪਾਏਗਾ'। '*ਤੁਮ ਮੰਤਿ ਮਾਰੇ ਹਾਰੇ ਸਬ ਬਿਧ ਤਿਹ ਨ ਭੇਦ ਲਖ ਪਾਏਗਾ। ਓਹ ਮਨੁੱਖ ਨਹਿ, ਈਸ਼ ਕਲਾਧਰ ਸਬ ਬਿਧ ਤੁਮ ਝੁਠਿ ਆਏਗਾ। ਹਮ ਬੱਤ੍ਰੀ ਗੁਰ ਗੋਬਿੰਦ ਸਿੰਘ ਸੁਨ†ਮੈਤੇਂ ਨਹਿ ਡਰ ਧਾਰ ਹੂਏ'। ਪਾਕਰ'''।੧੨੦। ਪੁਨ ਬੱਤ੍ਰੀ ਦੈਸ਼ੀ ਝੂਠਾਨੰਦ ਕਹੈ ਕਿ 'ਇਹ ਨਹਿ ਮਾਨਣਹਾਰ ਆਗ ਬੁਝਾਇ ਰਖਹੁ ਚਿਣ-ਗਾਰੀ, ਸਾਂਪ ਹਤਹੁ ਬੱਚੇ ਨਿਗਹਾਰ। ਪੁਨ ਕਛੁ ਸਮਾਂ ਪਾਇ ਦੈ ਵੈਸੇ ਸ਼ਾਹੀ ਫੌਜ ਕਰੈਂ ਨਿਹਸਾਰ‡। ਦੇਤ ਕਰਨ ਅਬ ਠੀਕ ਨ ਖਾਂ ਜੀ! ਹੁਕਮ ਦਿਓ ਚਲ ਜਏ ਤਲਵਾਰ'। ਸੀਸ ਦੇਇ ਨਿਜ ਧਰਮ ਰਖ ਜੋ ਜਗ ਨੀਚ ਨ ਮੁਖ ਫਿਟਕਾਰ ਹੂਏ। ਪਾਕਰ'''।੧੨੧। ਮਾਤਾ ਖਬਰ ਬ੍ਰਤਾਜ ਮੈਂ ਸੁਨਿ ਕਰ ਕਹਾ'ਇਕੇਲੇ ਜਾਉ ਨਹੀਂ''। ਅਸ ਕਹਿ ਗਿਰੇ ਖਾਇ ਗ਼ਸ਼ ਗ਼ੋਤਾ ਮਿਲੇ ਸੰਗ ਸੁਖ ਲਗਾਉ ਨਹੀਂ। ਦੁੱਖ ਰੂਪ ਸੰਸਾਰ ਤਜਾਗ ਕਰ ਸੁਖ ਆਨੰਦ ਸਮਾਉ ਤਹੀਂ। ਕੁਛ ਕ ਭੁਚਾਲ ਅੰਧੇਰੇ ਹਾਹਾ, ਦੇਵਨ ਜੈ ਜੈ ਸ਼ਬਦ ਕਹੀ। ਇਕ ਸਿਖ ਪਜਾਰੇ ਹਿੰਮਤ ਕਰਕੈ ਲੈ ਲਾਸ਼ੇਂ ਸਸਕਾਰ ਹੂਏ। ਪਾਕਰ'''।੧੨੨।

[ਚਮਕੌਰ ਯੁੱਧ, ਸਾਹਬਜ਼ਾਦੇ ਸ਼ਹੀਦ]

ਲੜਤ ਭਿੜਤ ਇਤ ਸੂੰ ਗੁਰ ਪੂਰਨ ਚਲ ਚਮਕੌਰ ਸੁ ਆਏ ਹੈਂ। ਪਿਖੀ ਅਟਾਰੀ ਦਾਰ ਹਵੇਲੀ ਤਿਸ ਊਪਰ ਠਹਿਰਾਏ ਹੈਂ। ਕਾਲੀ ਵਰਦੀ ਦਲ ਤੁਰਕਾਂਨੇ ਚਹੁੰ ਦਿਸ ਘੇਰੇ ਪਾਏ ਹੈਂ। ਤੁਪਕ ਤੀਰ ਬਰਸਤ ਦੁਹ ਦਿਸ਼ ਤੇ ਖੂਬ ਮੋਰਚੇ ਲਾਏ ਹੈਂ। ਹੱਲਾ ਕਰ ਆਵਤ ਮੂੰਹ ਟੂਟਤ ਚੜ੍ਹ ਨ ਸਕਤ ਮੁਰਦਾਰ ਹੂਏ। ਪਾਕਰ'''।੧੨੩। ਚਾਲੀ ਸਿੰਘ ਸੰਗ ਦੇ ਸੁਤ ਲੇ ਭਏ ਮਵਾਸੀ ਤਿਸ ਥਲ ਜੋ। ਤੀਰ ਮਾਰ ਕਰ ਬਜ਼ਜ ਸ਼ਤ੍ਰੂ ਗਨ ਰਖੇ ਦੂਰ ਤਕ ਹੀ ਠਲ੍ਹ ਜੀ। ਇਕਇਕ ਤੀਰ ਬੀਸ ਤੀਸਨ ਕੇ ਪਾਰ ਪਰੈ ਤਿਸ ਕੀ ਭਲ* ਜੀ। ਤਿਸ ਪਰ ਭੀ ਇਕ ਇਕ ਸਿੰਘ ਬਾਹਰ ਨਿਕਸ ਲੜੈ ਕਰ ਖਲਭਲ ਜੀ। ਹਾਬ ਜੋਰ ਕਹਿ ਸ੍ਰੀ ਅਜੀਤ ਸਿੰਘ'ਲੜੇਂ ਜਿ ਬਚਨ ਉਚਾਰ ਹੂਏ'। ਪਾਕਰ'''।੧੨੪। ਸੁਨਕਰ ਆਪ ਬਚਨ ਬੇਟੇ ਕੇ ਛਤ੍ਰਿ ਧਰਮ ਪਰ ਬਚਨ ਕਹੇ। 'ਹਾਂ ਬੇਸ਼ਕ ਅਬ ਖੂਬ ਸਮਾਂ ਹੈ ਸ਼ਾਦਿ ਫੇਰ ਰਹੇ ਨ ਰਹੇ। ਧਰਮ ਖਾਲਸਾ ਤੁਮਰਾ ਬੇਟਾ ਮਾਰਨ ਮਰਨਾ, ਜੰਗ ਚਹੇਂ। ਪੀਠ ਠੋਕ ਕਰ ਭੇਜਾ ਸੁਤ ਕੋ 'ਸੱਤਿ ਧਰਮ ਤਵ ਸੰਗ ਸਹੇਂ। ਲੇਕਰ ਆਗਜਾ ਧਾਰ ਖੜਗ ਕਰ ਝਟ ਘੋੜੇ ਅਸਵਾਰ ਹੂਏ। ਪਾਕਰ'''। ੧੨੫। ਦੇ ਲਲਕਾਰਾ ਖੰਡਾ ਝਾਰਾ ਕਤਲ ਦੁਸ਼ਟ ਕਿਯ ਕਈ ਹਜ਼ਾਰ। ਗੋਲੀ ਤੀਰ ਲਗੇ ਅਨਗਿਨ ਤਨ ਤਊ ਕਰਤ ਭਏ ਮਾਰਾ ਮਾਰ। ਭਏ ਸ਼ਹੀਦ ਦੇਵ ਕਹਿ ਜੈ ਜੈ ਅਨਗਨ ਸ਼ਤ੍ਰੂਨ ਸੈਨ ਸੰਘਾਰ। ਆਪ ਸਗਾਹਤ ਪੁਤ੍ਰ ਸੂਰਤਾ ਦੇਖ ਦੇਖ ਹੋਵਤ ਬਲਿ-ਹਾਰ। ਬੜੇ ਭ੍ਰਾਤ ਕੀ ਪਿਖ ਬਹਾਦਰੀ ਸਿੰਘ ਜੁਝਾਰ ਤਿਆਰ ਹੂਏ। ਪਾਕਰ'''।੧੨੬। ਕਮਰ ਕਸਾ ਕਰ ਧਰਮ ਹੇਤੁ ਸੁਤ ਕਰ ਖੰਡਾ ਦੇ ਤਜਾਰ ਕੀਆ। ਕੋਮਲ ਹਾਥ ਸਰੀਰ ਤਨਕ ਸਾ ਅਨਗਨ ਦੁਸ਼ਟ ਸੰਘਾਰ ਕੀਆ। ਪਿਖ ਪਠਾਨ ਅਚਰਜ ਹਥ ਮੂੰਹ ਵਿਚ'ਅੱਲਾ! ਕਹਰ ਕਹਾ

*ਸਾਹਿਬਜ਼ਾਦੇ ਬੋਲੇ। †ਪੁਤ੍ਰ।

‡ਕਿਲੇ ਤੋਂ ਹੀਨ ਕਰ ਦੇਣਗੇ। ਭਾਵ ਹਰਾ ਦੇਣਗੇ।

*ਤੀਰ ਦੀ ਮੁਖੀ, ਤੀਰ ਦਾ ਫਲ।

Digitized by Panjab Digital Library | www.panjabdigilib.org

ਕੀਆ। ਕਜ਼ਾ ਇਹ ਬਾਲ ਕਟਤ ਰਾਜਰ ਸਮ ਮੁਗ਼ਲ ਪਠਾਨ ਸਥਾਰ ਕੀਆ'।ਅਨਗਨ ਤੀਰ ਲਗੀ ਗਨ ਗੋਹੀ ਹੋ ਸ਼ਹੀਦ ਜਗ ਪਾਰ ਹੂਏ। ਪਾਕਰ'''।੧੨੭। ਪੇਖ ਸ਼ਹਾਦਤ ਪਜਾਰੇ ਪੁੱਤ੍ਰਨ, ਸੱਤਿ ਧਰਮ ਹਿਤ ਕਾਰ ਕਰੀ। ਸ਼ੁਕਰ ਅਕਾਲ਼ ਪੁਰਖ ਮਨ ਭਾਣਾ ਇਸ ਬਿਧ ਬਾਨੀ ਗੁਰੂ ਰਰੀ। 'ਆਜ ਅਮਾਨਤ ਤੁਮਰੀ ਪ੍ਰਭੁਜੀ ਧਰਮ ਹੇਤ ਤਵ ਭੇਟ ਧਰੀ। ਸੁਤ ਸੰਪਤ ਸੁਖ ਨਹਿੰ ਪਰਵਾਹਾ ਸਦਕਾ ਧਰਮ ਅਨੁਸਾਰ ਹੂਏ'। ਪਾਕਰ'''।੧੨੮।ਹੱਲਾ ਕਰਜੋ ਤੁਰਕਦਲ ਮਿਲ ਕਰ 'ਗੜ੍ਹੀ ਢਤੇ ਕਰ ਲਿਹੁ ਇਕਬਾਰ'। ਪਿਖ ਸਤਿਗੁਰ ਕਿਯ ਤੀਰਨ ਬਰਖਾ ਦੜ ਦੜ ਗਿਰੇ ਪਰੇ ਬਿਜ ਮਾਹਾਇਕ ਇਕ ਤੀਰ ਪਾਰ ਬਹੁਤਨ ਕੇ ਪਰਤ ਜਾਇ ਨਹਿੰ ਪਾਰਾਵਾਰ। ਗਿਰੀ ਫੌਜ ਕਛੁ ਬਿਖਰੀ ਇਤ ਉਤ, ਨਾਹਰ ਖਾਂ ਨਜੀਬ ਭੇ ਪਾਰ। ਤੀਰ ਤਰੀਫ, ਤੁਰਕ ਦਲ ਹੈਰਤ, 'ਮਨੁਖ ਨ ਕਰਤਬਦਾਰ ਹੂਏ'।ਪਾਕਰ'''।੧੨੯। ਸ਼ਾਮ ਪੜੀ ਪਰ ਜਿਤਜੋ ਨ ਕੋਈ ਗੜ੍ਹੀ ਵਹੀ ਜਿਸ ਮੇਂ ਥੇ ਆਪਾਚਹੁੰਦਿਸ਼ ਘੇਰਾ ਤੁਰਕੋਂ ਕੇਰਾ ਰਾਤ ਅੰਧੇਰੀ ਜਿਮ ਜਗ ਪਾਪ। ਸਪਤ ਸਿੰਘ ਬਾਕੀ ਢਿਗ ਗੁਰ ਕੇ ਮਸਲਤ ਕੀਨੀ ਦੁਸ਼ਟਨ ਖਾਪ। ਆਪਸ ਮੇਂ ਕਰ ਮਸਲਤ ਸਾਰੇ ਬੋਲੇ 'ਸਤਿਗੁਰ ਸੁਨੀਏਆਪ'!ਹਾਥ ਜੋੜ ਯੁਤ ਅਧਿਕ ਨੰਮ੍ਰਤਾ ਸਾਤੋਂ ਅਰਜ਼ ਗੁਜ਼ਾਰ ਹੂਏ। ਪਾਕਰ'''। ੧੩੦।

[ਮਾਛੀਵਾੜੇ ਨੂੰ]

'ਸਿਰ ਕਾਇਮ ਲੌ ਜੰਗਦਾਇਮਹੈ ਛੋੜ ਦੀਜੀਏ ਹਮਰਾ ਸਾਥ। ਹਮ ਹਜਾਂ ਲੜੈਂ ਮਰੈਂ ਅਰਮਾਰੈਂ ਜਾਹੁ ਕਹੀਂ ਅਬ ਦੀਨਾ ਨਾਥ ! ਪੁਨ ਸਕੇਲ ਕਰ ਫੌਜ ਕੀਜੀਏ ਜ਼ੁਲਮ ਨਾਸ਼, ਹਿੰਦ ਪੇਖ ਅਨਾਥ'।ਮਾਨ ਅਰਜ ਤਬ ਸੰਤ ਸਿੰਘ ਪ੍ਰਤਿ ਕਲਗੀ ਜਿਗਾ ਬਧੀ ਨਿਜਹਾਥ। ਨਿਜ ਸਥਾਨ ਪਰ ਤਿਹ ਬਿਠਾਇ ਕਰ ਧਨੁਖਬਾਨ ਦੇ ਤੁਜਾਰ ਹੂਏ। ਪਾਕਰ'''।੧੩੧।ਧਰਮ ਸਿੰਘ ਅਰ ਮਾਨ ਸਿੰਘਦੋ ਲੇ ਨਿਜਸੰਗਚਲੇਇਕਓਰਾਉਤਰਗੜ੍ਹੀ ਤੇ ਕਹਜੋ ਊਚ ਸ੍ਵਰ 'ਹਿੰਦਨ ਗੁਰਤੁਮਮੈਂ,ਲਿਹੋ ਟੇਰ।ਉਠਹੁ ਲੜਹੁ ਗੀਦੀ ਕਿਉਂਸੋਵਹੁ ਨਿਮਕ ਹਰਾਮ ਬਕਹੁ ਕਰ ਸ਼ੋਰ'। ਹੜਬੜਾਇ ਉਠ ਫੌਜ ਲੜੀ ਤਬ ਆਪਸ ਮੇਂ ਕਟਿਰੇ। ਤਿਸ ਠੌਰ। ਉਸੀ ਅੰਧੇਰੇ ਹੜਬੜ ਮਾਹੀਂ ਸਾਹਿਬ ਏਕਲਵਾਰ ਹੂਏ।ਪਾਕਰ'''।੧੩੨।ਪੈਰ ਪਿਆਦੇ ਰਾਤ ਅੰਧੇਰੀ ਰਾਹ ਨਹੀਂ ਸੰਗੀ ਸੰਗ ਕੋਇ। ਮਾਛੀਵਾੜੇ ਕੇ ਰੁਖ ਚਾਲੇ ਸੈਨਾਢੂੰਡਤ ਅਨਗਨ ਢੋਇ। ਦਿਨ ਭਰ ਤੀਰ ਚਲਾਵਤ ਪੁਨ ਸ਼੍ਰਮ ਅੰਨ ਨ ਪਾਯੋ ਨੀਂਦ ਨ ਸੋਇ। ਛਾਲੇ ਪਰੇ ਪਾਉਂ,ਪਹੁ ਪਾਟੀ,ਪਾਨੀ ਤਕ ਨ ਅਹਾਰ ਹੂਏ। ਪਾਕਰ'''।੧੩੩।ਫੂਲ ਮਦਾਰ ਕਛੂਕ ਛਕ ਲੇਟੇ ਝਾੜ ਤਲੇ ਤਨ ਕਰ ਅਲਸਾਇ। ਧਰਮ ਸਿੰਘ ਅਰ ਮਾਨ ਸਿੰਘ ਨੇ ਢੂੰਡਤ ਗੁਰ ਪਾਏ ਤਿਸ ਥਾਇ। ਕੰਧ ਉਚਾਇ ਤੁਰੇ ਗੁਰ ਜੀਕੋ ਬਾਗ਼ ਤੁਰਤ ਇਕ ਤਹਿੰ ਨਿਯਰਾਇ। ਤਹਿੰ ਪਠਾਨ ਦੋ ਸੈਤ ਕਰਤ ਥੇ ਗੁਰਪਛਾਨ ਬੋਲੇਇਸ ਭਾਇ। 'ਜੇ ਹਮ ਲਾਯਕ ਸੇਵਾ ਹੋਵੈ ਹਮ ਹਾਜ਼ਰ ਇਸ ਬਾਰ ਹੂਏ।' ਪਾਕਰ'''। ੧੩੪।

[ਉੱਚ ਦੇ ਪੀਰ,ਰਾਇਕੱਲੇ ਪਾਸ]

ਪਹੁੰਚ ਗੁਲਾਬੇਘਰਕਰਨੀਲੇਬਸਤਰਹੁੰਪਹਿਰਾਏ ਹੈਂ।ਬਨੇ ਉੱਚ ਕੇ ਪੀਰ ਸਤਿਗੁਰੂ ਚਾਰ ਮੁਰੀਦ ਬਨਾਏ ਹੈਂ। ਨਬੀ ਗ਼ਨੀ ਖਾਂ ਦੋਨੋਂ ਭਾਈ ਅਰ ਦੋ ਸਿੰਘ ਸਜਾਏ ਹੈਂ। ਥਿਰੇ ਮੰਚ ਪਰ ਚਹੁੰ ਉਠਾਵਾ ਪਿੰਡੇ ਪਿੰਡ ਸਿਧਾਏ ਹੈਂ।ਦਲ ਤੁਰਕੀ ਸੰਗ ਸੂਬ ਡੇਰੇਤਸਤੇਦੇਖਨਹਾਰਹੂਏ।ਪਾਕਰ''' ।੧੩ਪਾਘੁੰਘਰਾਲੀ ਝੰਡੇ ਸੇ ਗੁਰਜੀ ਨਜ਼ਰਾਨਾ ਕੁਛ ਲੀਆ ਤਬ;ਹੇਹਰ ਬੀਚ ਕ੍ਰਿਪਾਲਦਾਸ ਨੇ ਗੁਰ ਕੋ ਰਹਿਨ ਨ ਦੀਆ ਜਬ। ਤੁਰਕ ਹਾਥ

Digitized by Panjab Digital Library | www.panjabdigilib.org

ਸੋ ਫਾਂਸੀ ਤਿਸਕੋ ਸਫਲ ਬਚਨ ਸਤਿਗੁਰ ਕੇ ਸਭ। ਜੱਟ ਪੁਰੇ ਮੋਂ ਰਾਇ ਕੱਲ੍ਹੂ ਮੋਂ ਯੌਂ ਗੁਰ ਬਾਣੀ ਉਚਰੀ ਤਬ। 'ਮਾਤਾ ਸੰਗ ਸ਼ਹਜ਼ਾਦੇ ਭੇਜੇ, ਪਰ ਹਮ ਕੁਛ ਪਿਛਵਾਰ ਹੁਏ'।ਪਾਕਰ··· ।੧੩੬। 'ਆਨੰਦ ਪੁਰ ਸੇ ਭਏ ਜੁਦਾ ਹੈਂ ਖਬਰ ਨ ਤਿਨਕੀ ਫੇਰ ਫਿਰੀ'। ਭੇਜਾ ਤਿਸਨੇ ਏਕ ਮੁਲਾਜ਼ਮ ਸਭ ਕੁਛ ਤਿਸਨੇ ਅਰਜ਼ ਕਰੀ। ਸੁਨ ਸਭ ਰੰਜ ਸ਼ੋਕ ਨਿਧ ਬੂਡੇ ਨਹਿੰ ਕਿਸਹੂੰ ਨੇ ਧੀਰ ਧਰੀ।੫ਰ ਅਛੇਭ ਬ੍ਰਿਤ ਸਤਿਗੁਰ ਪੂਰਨ ਬਾਨੀ 'ਸ਼ੁਕਰ ਅਕਾਲ' ਰਰੀ।'ਸਤਿ ਧਰਮ ਹਿਤ ਹੈ ਕੁਰਬਾਨੀ ਭੇਟ ਅਮਾਨ ਸਿਧਾਰ ਹੁਏ'।ਪਾਕਰ··· ।੧੩੭। 'ਦਈ ਭੰਗ ਭਾੜੇ ਲੀ ਸਿਰ ਦੇ, ਜੜ੍ਹ ਤੁਰਕਨ ਕੀ ਗਹਰੀ ਥੀ। ਇਨ ਕਾਟੀ ਨਿਜ ਕਰ ਤੇ ਅਪਨੀ ਜਿਮ ਇਹ ਬੂਟ ਕਟਹਰੀ ਥੀ। ਰਹੇ ਨਗਾਰ ਬੰਦ ਤਕ ਨਾਹੀਂ ਧੁਰ ਹੀ ਤੇ ਇਮ ਠਹਿਰੀ ਥੀ। ਗੁਰ ਮਾਰੀ ਕੈ ਸਿੱਖ ਉਜਾੜੈਂ ਸਤਲੁਜ ਈਂਟੈ ਸਹਰੀ ਥੀ'। ਗੁਰ ਸੋ ਸੁਨੇ ਬਚਨ ਜਬ ਐਸੇ ਕੱਲ੍ਹਾ ਬੀਚ ਬਿਚਾਰ ਹੁਏ। ਪਾਕਰ···। ੩੮।ਕੱਲ੍ਹੂ ਮੁਸਲਿਮ ਅਰਜ ਗੁਜ਼ਾਰੀ ਕੰਪਮਾਨ ਹਿਰਦਾ ਜਿਸਕਾ।'ਕੀਆ ਕਸੂਰ ਨਹੀਂ ਹਮਨੇ ਕੁਛ ਛਮਹੁ ਵਾਸਤਾ ਜਿਸ 'ਤਿਸਕਾ'। ਦੇ ਤਲਵਾਰ ਕਹਾ ਸਤਿਗੁਰ ਨੇ 'ਅਦਬ ਰਖੋ ਜਬ ਤਬ ਇਸਕਾ। ਰਹੇ ਹਕੂਮਤ ਤੁਮਰੇ ਘਰ ਮੋਂ ਵਾਲ ਨ ਵਿੰਗਾ ਹੋਕਿਸਕਾ'।ਸਿਦਕ ਟਹਲ ਉਸਕੀ ਜਬ ਦੇਖੀ ਤਿਸ ਪਰ ਗੁਰੂ ਉਦਾਰ ਹੁਏ। ਪਾਕਰ···।੧੩੯। ਰਖੀ ਅਮਾਨ ਅਦਬ ਸੋ ਜਬ ਤਕ ਤਿਨਕੇ ਘਰ ਮੋਂ ਅਮਨ ਰਹਾ। ਅਦਬ ਗਿਆ ਤਬ ਅਮਨ ਗਇਆ ਸੰਗ, ਨਾ ਵੁਹ ਰਾਜ ਨ ਚਮਨ ਰਹਾ।ਬੰਦੇ ਨੇ ਸਿਰਹੰਦ ਸਿਢੌਰਾ ਢਾਹਾ ਆਗੇ ਕਥਨ ਰਹਾ। ਦਿਹਲੀ ਗਦਰ ਤੁਰਕ ਜੜ੍ਹ ਉਖੜੀ ਨਹਿੰ ਨਗਾਰਚੀ ਸਮ ਹੀ ਰਹਾ। ਸਫਲ ਬਚਨ ਸਤਿਗੁਰ ਸਤਿਵਾਦੀ ਜੋ ਸਤਿਵਾਕ ਉਚਾਰ ਹੁਏ। ਪਾਕਰ···। ੧੬੦।

[ਮਾਲਵੇ ਵਿੱਚ]

ਜੱਟ ਪੁਰੇ ਸੇ ਚਲ ਤਖਤੂਪੁਰ ਪੁਨ ਕਾਂਗੜ ਗੁਰ ਆਏ ਹੈਂ। ਸਿਖ ਸੰਗਤ ਉਪਦੇਸ਼ਤ ਗੁਰ ਜੀ ਦੀਨੇ ਮੋਂ ਠਹਿਰਾਏ ਹੈਂ। ਗੜ੍ਹੀ ਦਈ ਲਖਮੀਰ ਚੌਧਰੀ ਲੋਹਗੜ੍ਹ ਜਹਾਂ ਬਨਾਏ ਹੈਂ। ਭਾਈ ਰੂਪਾ ਧਰਮਚੰਦ ਅਰ ਪ੍ਰੇਮਚੰਦ ਜੀ ਆਏ ਹੈਂ।ਉਮਦਾ ਘੋੜੇ ਸ਼ਸਤ੍ਰ ਪੁਸ਼ਾਕੈਂ ਲਾਕਰ ਨਜ਼ਰ ਗੁਜ਼ਾਰ ਹੁਏ। ਪਾਕਰ···।੧੪੧। ਕੁਛ ਹਥਿਆਰ ਛਠਮ ਗੁਰ ਕੇਰੇ ਵੁਹ ਭੀ ਗੁਰ ਕੋ ਆਨ ਦੀਏ। ਭਰਾ ਬਹਿਲੇ ਫੂਲਕਿਓਂ ਨੇ ਗੁਰ ਕੇ ਬਹੁ ਸਨਮਾਨ ਕੀਏ।ਰੂਪੇ ਕੇ ਮੂਲੇ ਕੇ ਆਕਰ ਸਿੰਘ ਸਜਨ ਪਰਮਾਨ ਕੀਏ। ਫੌਜ ਭਰੀ ਕੁਛ ਸਿੰਘ ਸਜੇ ਸੰਗ,ਰਹਿ ਦੀਨੇ ਸ਼ੂਮ ਹਾਰਿ ਕੀਏ। ਜ਼ਫਰਨਾਮ ਰਚ ਨਜ਼ਮ ਫ਼ਾਰਸੀ ਸ਼ਾਹ ਦਿਸ਼ ਭੇਜਨਹਾਰ ਹੁਏ। ਪਾਕਰ···।੧੪੨।

[ਜ਼ਫਰ ਨਾਮਾ]

ਦਯਾ ਸਿੰਘ ਸੰਗ ਪਾਂਚ ਸਿੰਘ ਦੇ ਜ਼ਫਰ ਨਾਮ ਖਤ ਕਰਕੇ ਬੰਦ । ਦੱਖਣ ਔਰੰਗ ਓਰ ਪਠਾਵਾ ਪਠ ਪਠ ਪ੍ਰਾਪਤ ਹੂੰ ਸ਼ਰਮਿੰਦ। ਲਖ ਜਬਰੀ ਬੇਖਬਰੀ ਅਪਨੀ ਮਿਲ ਮਾਫੀ ਚਾਹਤ ਮਤਿਮੰਦ। ਰੋਗ ਗ੍ਰਸਜੋ ਚਿੰਤਤ ਨਿਜ ਕਰਮਨ ਮਰਜੋ ਪਾਇ ਦੁਖ ਤਜਿ ਜਗ ਨਿੰਦ। ਇਤ ਸਤਿਗੁਰ ਦੀਨੇ ਤੇ ਚਲ ਕਰ ਖਿਲਤ ਸ਼ਿਕਾਰ ਤਯਾਰ ਹੁਏ।ਪਾਕਰ···।੧੪੩।

[ਕੋਟ ਕਪੂਰੇ, ਢਿੱਲਵੀਂ]

ਆਪ ਗਏ ਪੱਤੋ ਜਲਾਲ ਮੋਂ ਦਜਾਲਪੁਰੇ ਮੋਂ ਆਏ ਹੈਂ। ਹੋ ਭਦੌੜ ਸੇ ਬਿਚਰਤ ਸਤਿਗੁਰ ਕੋਟ ਕਪੂਰ ਸਿਧਾਏ ਹੈਂ। ਆਨ ਕਪੂਰੇ ਬੰਦਨ ਕੀਨੀ ਸਨਮਾਨਤ ਘਰ ਲਜਾਏ ਹੈਂ। ਸਤਿਗੁਰ ਕਹਜੋ ਕਿਲਾ ਇਹ ਦੇਵੋ ਤੁਰਕ ਪਿਛਾਰੀ ਆਏ ਹੈਂ'। ਡਰ ਕਰ ਅਰਜ਼ ਕਪੂਰੇ ਕੀਨੀ 'ਹਮ ਬੰਦੇ

Digitized by Panjab Digital Library | www.panjabdigilib.org

ਤੁਰਕਾਰ ਹੂਏ'। ਪਾਕਰ"'।੧੪੪। 'ਰੱਖ ਨ ਸਕੈ ਅਨੰਦ ਪੁਰ ਕੋ ਗਜ਼ੁ, ਇਸ ਕੋ ਤੁਰਕ ਨ ਛੋੜੇਂਗੇ। ਹਮ ਬੰਦੇ ਚਾਕਰ ਉਨਹੀਂ ਕੇ ਕੰਸੇ ਉਨ ਸੰਗ ਜੋੜੇਂਗੇ' । ਭਯੋ ਬਚਨ 'ਭੋ ਸੁਨਹੁ ਕਪੂਰੇ! ਹਮ ਤੁਰਕਨ ਸਿਰ ਤੋੜੇਂਗੇ। ਕੇਹ ਤੋਬਹਾ ਦੈ ਤੁਹਿ ਮਾਰੈਂ* ਹੋਨਹਾਰ ਨਹਿ ਹੋੜੈਂਗੇ'।ਸਾਹਿਬ ਜਾਇ ਢਿੱਲਵੀਂ ਉਤਰੇ ਕੌਲ ਚੰਦ ਸੰਗ ਪਯਾਰ ਹੂਏ। ਪਾਕਰ"'।੧੪੫। ਸੰਗਤ ਢੂੰਢਤ ਆਨ ਮਿਲੀ ਹਜ਼ਾਂ ਦਰਸ਼ਨ ਕੀਨਾ ਅਨੰਦਭਰੀ।ਦਰਸ ਕਰਤ ਮਨ ਇੱਛਾ ਪੂਰਤ ਹਯ ਹੱਦਜ਼ਾਰਨ ਭੇਟ ਧਰੀ। ਦੋ ਹਯ ਸੈਤ ਪੁਸ਼ਾਕ ਇਕ ਸੋਢੀ ਕੌਲ ਚੰਦ ਜੀ ਨਜ਼ਰ ਕਰੀ।ਅਰਜ਼ ਕਰੀ'ਇਹ ਅੰਗੀ-ਕਾਰਹੁ, ਨੀਲੇ ਤਜਿ, ਲਿਹੁ ਸੈਤ ਧਨੀ'। ਮਾਨ ਬਚਨ ਸਤਿਗੁਰ ਜੀ ਤਿਸਕੇ ਨੀਲੇ ਫਾਟਨ-ਹਾਰ ਹੂਏ।ਪਾਕਰ"'।੧੪੬। ਨੀਲੇ ਕਪੜੇ ਫਾੜ ਜਲਾਏ ਸ੍ਰੀ ਮੁਖ ਤੇ ਇਮ ਬਚਨ ਕਹਿਆ। 'ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲੁ ਗਇਆ।ਸ੍ਰੀ ਗੁਰਨਾਨਕਦੇਵ ਭਵਿੱਖਤ ਬਚਨ ਕਹਾ ਹੋ ਪੂਰ ਭਇਆ। ਲੈ ਪਹਿਰੇ ਪਰ ਅਮਲ ਕੀਆ ਥਾ ਅਬ ਫਾੜੇ ਜਬ ਅਮਲ ਗਇਆ'। ਆਸਾਵਾਰ ਵਿਖੈ ਤੁਕ ਪਰਗਟ ਹੈ ਸਰਬੰਸ ਉਚਾਰ ਹੂਏ। ਪਾਕਰ"'।੧੪੭।

[ਮਝੈਲਾਂ ਦਾ ਬਿਦਾਵਾ]

ਸਿੰਘ ਮਝੈਲ ਬਿਸੂਰਤ ਮਨ ਮੈਂ 'ਗੁਰ ਹਮਰੇ ਬਡ ਭੂਲ ਕਈ । ਚਕ੍ਰਵਰਤਿ ਸਮ ਰਾਜ ਤੁਰਕ ਕੋ ਤਿਹ ਸੌਂ ਬੈਰ ਇਹ ਭੂਲ ਕਈ । ਸੁਭ ਸੰਪਤ ਸੁਖ ਸਕਲ ਬਿਨਾਸਜੋ ਚਲੋ ਕਹੈਂ ਗੁਰ ਭੂਲ ਕਈ । ਗੁਰੂ ਮਨਾਇ ਕਹੈਂ ਸ਼ਾਹੁ ਸੋਂ ਪੁਨ ਬਖਸ਼ੈ ਜੋ ਇਹ ਭੂਲ ਕਈ' । ਸਿਖ ਸੰਗਤ ਮਨਸੂਬਾ ਕਰੜੇ ਜੰਗਲ† ਗੁਰ ਦਿਸ਼ ਤਜਾਰ ਹੂਏ । ਪਾਕਰ"'।੧੪੮। ਪਹੁੰਚੇ ਆਨ ਹਜ਼ੂਰ ਗੁਰੂ ਕੇ ਕਰ ਬੰਦਨ ਅਰ ਫਤੇ ਗਜਾਇ। ਕਰੀ ਬੇਨਤੀ ਜੋ ਮਿਥਿ ਆਏ, ਤਬ ਸਤਿਗੁਰ ਤਿਮ ਕਹਜੋ ਬੁਝਾਇ। 'ਰਾਜ ਭੋਗ ਹਿਤ ਨਾਂਹ ਮੈਂ ਆਯੋ ਕਹਜੋ ਪ੍ਰਭੂ ਸੋ ਕਰੈਂ ਬਨਾਇ। ਮੁਹਿ ਉਪਦੇਸ਼ਤ ਹੋ ਸਿਖ ਹੈਕੈ ਤੁਰਕਨਤੇਮਨਅਧਿਕ ਡਰਾਇ। ਲਿਖਹੁ ਬਿਦਾਵੇ ਜਾਹੁ ਅਪਨ ਘਰ ਤੁਰਕਨ ਕੇ ਅਨੁਸਾਰ ਹੂਏ'। ਪਾਕਰ"'।੧੪੯। ਹੋ ਹੈਰਾਨ ਮਝੈਲ, ਡਰਤ ਮਨ ਤੁਰਕਨ ਤੇ, ਸਤਿਗੁਰ ਲਿਖ ਦੀਨਾ 'ਅਬਤੇ ਸਿਖ ਹਮ ਤੇਰੇ ਨਾਹੀਂ' ਮੁੜੇਚਿੱਤਚਿੰਤਤਮਨਖੀਨ।ਇਤ ਤੁਰਕਨ ਦਲ ਸੀਰੰਦ ਸੂਬਾ ਸੰਗ ਕਪੂਰੇ ਜਾਟਹ ਲੀਨਾ ਖੋਜ ਲਗਜੋ ਗੁਰ ਪੀਛੇ ਆਵਤਪਿਖਜੋਮਝੈਲਨ ਦ੍ਰਿੜ ਕਰ ਚੀਨ। ਲਗੇ ਬਿਚਾਰ ਕਰਨ ਕੁਛ ਮਨਮੈਂ ਹੈ ਬੇਮੁਖਮੁਰਦਾਰਹੂਏ।ਪਾਕਰ"'। ੧੫੦।

[ਮੁਕਤਸਰ ਟੁੱਟੀ ਗੰਦੀ]

ਚਾਲੀ ਨਿਕਸ ਅਲਗ ਹੈ ਸਭ ਤੇ 'ਧਰਮ ਹੇਤ ਸਿਰ ਦੇਂਗੇ ਹਮ।ਪਿਤਾ ਪਿਤਾਮਾਂ ਪਾਲੀ ਸਿੱਖੀ ਗੁਰ ਕੋ ਪੀਠ ਨ ਦੇਂਗੇ ਹਮ। ਸਿੱਖਜਾ ਦੇਹ ਅਨਿਸਥਰ ਕੇ ਹਿਤ ਗੁਰੂ ਬਿਮੁਖ ਨਹਿੰ ਹੂੰਗੇ ਹਮ'।ਇਕ ਮਾਈ ਭਾਗੋ ਸੰਗ ਹੋਈ'ਮਾਫੀ ਹੋਤ ਕਹੈਂਗੇ ਹਮ'।ਉਤ ਟਿੱਬੀ ਪਰ ਥਿਰੇ ਜਾਇ ਗੁਰ ਤੁਰਕ ਪ੍ਰਤੀਖਨਹਾਰ ਹੂਏ । ਪਾਕਰ"'। ੧੫੧ । ਇਤ ਤੁਰਕੀ ਦਲ ਬਿਚਸਿੰਘਠਹਿਰੇਖਿਦਰਾਨਾ ਸਰ ਹੈ ਜਿਸ ਜਾਇ । ਝਾੜਨ ਪਰ ਕਪੜੇ ਬਹੁ ਪਾਏ ਢੰਗ ਕਵਾਇਦ ਅਪਨ ਬਨਾਇ । ਪ੍ਰਥਮ ਵਾੜ ਝਾੜੀ ਇਕਆਵਤ ਦੜਦੜਦੀਨੇ ਤੁਰਕ ਗਿਰਾਇ।ਮਚੀ ਲੜਾਈ ਤੀਰ ਤੁਪਕਕੀਓੜਕ ਤਰਵਾਰਨ ਕਰ ਆਇ।ਚਾਲੀ ਸਿੱਖ ਲੜੇਇਮ ਡਟ ਕਰ ਕਈ ਸੌ ਤਕਤਿਨਮਾਰਮੂਏ।ਪਾਕਰ"' ।੧੫੨। ਫੌਜ ਪਠਾਨੀ ਸ਼ੁਮਤ ਪਿਆਸੀ ਨੀਰ ਨ ਖਿਦਰਾਨੇ ਦਿਸਿਆ।ਕਹਤ ਕਪੂਰੇ ਸਨ ਕਹਿੰ

*ਭਾਵ, ਤੁਰਕ ਮਾਰਨਗੇ।
†ਮਾਲਵੇ ਵਲ ਨੂੰ।

Digitized by Panjab Digital Library | www.panjabdigilib.org

ਪਾਨੀ?''ਪਾਛੈ ਕਛੁਕ ਕੋਸ ਰਹਿਆ ? ਆਗੇ ਦੂਰ ਨ ਪ੍ਰਾਪਤ ਪਾਨੀ' ਸੁਨਤ ਹਟੇ ਮਨ ਕ੍ਰੋਧ ਭਇਆ। ਪੀਛਾ ਛੋੜਾ ਸਤਿਗੁਰ ਜੀ ਕਾ ਨਿਜ ਜੀਵਨ ਕਾ ਫਿਕਰ ਭਿਆ। ਛੂਟੇ ਛਿੱਕੇ ਤੁਰਤੋਂ ਕੇ ਤਬ ਪਜਾਸੇ ਸ਼ੁਮਤ ਫਰਾਰ ਹੂਏ। ਪਾਕਰ''' ।੧੫੩ਸ਼ੋਰਥੰਮੁ ਤੇ ਖਬਰ ਮੰਗਾਈ ਆਪਪਹੁੰਚ ਕਰ ਲੇਇ ਰੁਮਾਲ। ਮੁਖ ਪੌਂਛਤ ਸਿਖ ਅੱਸ਼ ਬਿਮੋਚਤ ਲਡਿਆਵਤ ਸੁਤ ਜਿਮ ਕਰ ਬਾਲੋ। 'ਪਾਂਚਹਜ਼ਾਰੀ,ਤੀਸ ਹਜ਼ਾਰੀ,ਸਾਠਹਜ਼ਾਰੀਂ ਕਹ 'ਮਮ ਲਾਲ'।ਲਾਸ਼ ਲਾਸ਼ ਪ੍ਰਤਿਦਿਮ ਬਰ ਦੇਵਤ ਮਹਾਂਸਿੰਘਸਸਕਤਦਰਹਾਲ।ਨਿਜ ਕਰ ਤੇ ਪਾਨੀ ਮੁਖ ਪਾਵਤ'ਹਮ ਬਰ ਦੇਵਨ ਹਾਰਹੂਏ'।ਪਾਕਰ''' ।੧੫੪।'ਮਾਂਗਹੁ ਬਰ ਮੈਂ ਅਤਿ ਪ੍ਰਸੰਨ ਹੌਂ ਨਹਿੰ ਅਦੇਯ* ਮੁਹ ਕੁਛ ਦਿਹ ਕਾਲ। ਸੁਖ ਸੰਪਤ ਦਿਯ ਰਾਜ ਖਾਲਸੈ ਕਰਹੁ ਪੰਜਾਬ ਫਤੇ ਸੁਖ ਨਾਲ। ਮੈਂ ਪ੍ਰਸੰਨ ਤੁੰ ਮਾਂਗ ਅਪਨ ਮੁਖ' 'ਨਹਿੰ ਮਾਂਗੋਂ ਸੈ ਕਤਦਰਹਾਲ'।'ਨਹਿੰਸੈ ਕਹੁਮਨ ਮਾਨਤ ਮਾਂਗਹੁ,ਮੈਂ ਪ੍ਰਸੰਨ ਤੁੰ ਮਾਂਗ ਉਤਾਲ'।ਕਰ ਜੋਰੇ 'ਕਹਿ ਕਾਗਜ਼ ਫਾਰਹੁ ਟੂਟੀ ਗਾਂਢਨਹਾਰ ਹੂਏ'। ਪਾਕਰ''' ।੧੫੫।'ਸਭ ਸਿਖ ਤੇਰੇ ਤੁੰਗੁਰ ਸਭਕਾ ਰਖਹੁ ਲਾਜ ਜੋ ਬਾਂਹ ਫਰੀ। ਤੁੰ ਵਾਲੀ ਅਰ ਸੰਗਤਤੇਰੀ ਸਗਲ ਬਿਦਾਵੇ ਫਾਰ ਧਰੀ।ਬਾਲਕ ਭੂਲ ਬਿਗਾਰਤ ਸਦ ਹੀ ਪਿਤ ਬਖਸ਼ਿੰਦ ਨ ਕੋਪ ਕਰੀ।ਸਿੱਖੀ ਦਾਨ ਕਰਹੁ ਨਿਜ ਸਿੱਖਨ ਨਹਿੰ ਪਰਖਹੁ ਹੈ ਭਰਮ ਭਰੀ'। ਕਾਗਜ਼ ਫਾਰੇ ਬਖਸ਼ੀ ਸੰਗਤ ਟੂਟੀ ਗਾਂਢਨਹਾਰਹੂਏ।ਪਾਕਰ''' ।੧੫੬। ਸਿਸਕਤ ਮਾਈ ਭਾਗੋ ਪਾਈ ਬਾਂਧ ਜ਼ਖਮ ਨਿਜ ਸੰਗ ਲਈ।'ਤਵ ਦਰਸਤ ਗੁਰ ਪ੍ਰਾਨ ਤਿਆਗੋਂ'' ਆਸ ਮਹਾਂਸਿੰਘ ਪੂਤ ਭਈ। ਚਾਲੀ ਲਾਸ਼ੇਂ ਕਰੀ ਏਕ ਥਲ ਦੀਂਧਨ ਅਧਿਕ ਸਕੇਲ ਕਈ। ਖਿਦਰਾਣੇ ਤਟ ਦਾਹਦਿਯੇਪੁਨਨਾਮ'ਮੁਕਤਸਰ'

*ਐਸੀ ਕੋਈ ਸ਼ੈ ਨਹੀਂ ਜੋ ਤੈਨੂੰ ਨਾ ਦੇਵਾਂ।

ਗਿਰਾ ਭਈ।ਚਾਲੀ ਮੁਕਤ ਭਏ ਤੇ ਹਾਖਾ ਅਬ ਲੌ ਪ੍ਰਗਟ ਸੰਸਾਰ ਹੂਏ। ਪਾਕਟ'''।੧੫੭।ਧੰਨ ਧੰਨ ਸਿੱਖੀ ਗੁਰ ਜੀ! ਤੇਰੀ ਚਾਲੀ ਮੁਕਤੇ ਨਾਮ ਕਹਾਤਹਿੰ ਗੁਟਦ੍ਵਾਰਾਤਾਲਮੁਕਤਸਰ ਸਤਿਗੁਰ ਝੰਡਾ ਝੂਲ ਰਹਾ। ਸੰਗਤ ਵਿਦਾ ਮਝੈਲ ਕਰੀ ਗੁਰ ਸਤਿਗੁਰ ਆਗਲ ਪੰਥ ਲਹਾ। ਮਹਤੈਕੀ ਸਰਾਇ ਜਾ ਉਤਰੇ ਤਹਿੰਤੇ ਗੁਰ ਸਰ ਪੰਥ ਨਹਾ। ਬਾਰ ਬਾਰ ਬਲਿਹਾਰੀ ਸਤਿਗੁਰ ਜਿਨੋ ਨੇ ਅਸ ਉਪਕਾਰ ਕੀਏ। ਪਾਕਟ'''।੧੫੮।ਸਾਹਿਬ ਚੰਦ ਜੱਸੇ ਸੇ ਹੋਤਰ ਫੇਰ ਬਠਿੰਡੇ ਪਹੁੰਚ ਗਏ। ਦੇਵ ਨਿਕਾਸ ਕਿਲਾ ਕਰ ਖਾਲੀ ਸ੍ਰੀ ਗੁਰ ਕੌਤਕ ਅਨਿਕ ਕੀਏ।ਥਲ ਥਲ ਦੇ ਉਪਦੇਸ਼ ਸਤਿਗੁਰੂ ਤਰੇ ਸਿੱਖ ਜੋ ਸ਼ਟਨ ਪਏ। ਇਸ ਬਿਧ ਸਾਬੇ ਕੀ ਤਿਲਵੰਡੀ ਤਹਿੰ ਡੱਲੇ ਠਹਿਰਾਇ ਲਏ। ਪ੍ਰੇਮ ਭਾਵਨਾ ਸ਼ਰਧਾ ਸੇਤੀ ਸਫਲਜਨਮ ਦੀਦਾਰ ਹੂਏ। ਪਾਕਰ'''।੧੫੯।

[ਦਮਦਮੇ ਬੀੜ ਰਚੀ]

ਥਿਰੇ ਦਮਦਮੇ ਸਤਿਗੁਰ ਸ੍ਵਾਮੀ ਦੇਸ਼ ਪਵਿੱਤਰ ਕੀਨਾ ਥਾ।ਮਹਲ ਸੁੰਦਰੀ ਸਾਹਿਬ ਦੇਵੀ ਪਹੁੰਚ ਦਰਸ ਗੁਰ ਲੀਨਾ ਥਾ। ਧੀਰ ਮੱਲ ਕਰਤਾਰ ਪੁਤੇ ਨੇ ਗੁਰੂ ਗ੍ਰੰਥ ਨਹੀਂ ਦੀਨਾ ਥਾ।''ਹੈ ਲਾਇਕ ਤੋ ਆਪ ਬਨਾਵੋ'' ਬਚਨ ਇਸ ਤਰ੍ਹਾਂ ਕੀਨਾ ਥਾ।ਥਲ ਇਕਾਂਤ ਲਖ ਸ਼ਾਂਤਿ ਸਰਬ ਦਿਸ਼ਮਨਸ਼ਾ ਪੂਰਨਹਾਰ ਹੂਏ।ਪਾਕਰ'''।੧੬੦।ਨੌ ਦਿਨ ਨੌਅ ਮਹੀਨੇ ਭੀਤਰ ਬੀੜ ਦਮਦਮੇ ਤਯਾਰ ਕਰੀ। ਖਾਲਾਸੇ ਪਦ ਕਰਜੋਖਾਲਸੇ ਭੇਦ ਹੋਤਇਤ ਕਾਰ ਕਰੀ। ਨਵਮ ਪਾਤਸ਼ਾਹੀ ਕੀ ਬਾਨੀ ਥਲ ਥਲ ਪਰ ਸੁ ਬਿਚਾਰ ਧਰੀ।ਫਿਰ ਸਭ ਥਲ ਮੈਂ ਗੁਰੂ ਗ੍ਰੰਥ ਵਿਚ ਮਹਲ ਨਵਮ ਕੀ ਸਾਰ ਕਰੀ। ਘੜ ਘੜ ਕਲਮੇਂ ਪਾਇ ਕੂਪ ਮੈਂ ਗੁਰ ਵਰ ਦੇਵਨ ਹਾਰ ਹੂਏ। ਪਾਕਰ'''।੧੬੧।

Digitized by Panjab Digital Library | www.panjabdigilib.org

[ਮਾਲਵੇ ਨੂੰ ਵਰ]

'ਪੜ੍ਹੈਂ' ਬੈਲ ਇਹ ਗੁਰ ਕੀ ਕਾਂਸ਼ੀ' ਸਫਲ ਬਚਨ ਗੁਰ ਕੇਰ ਸਦਾ ਮਾਲਕ ਮੌਜ ਪਲੰਘ ਪਰ ਲੇਟੇ ਝੱਲੇਪ੍ਰਤਿਕਿਯ ਬਚਨਤਦਾ।'ਸੁੰਦਰ ਆਂਬਲਹਕ ਰਹੇ ਸਨਮੁਖ' 'ਮਹਾਰਾਜਨਹੀਂ ਆਂਬ ਕਦਾਅਹੈਂ ਆਕ'ਪੁਨ ਕਹਾ ਗੁਰੂਜੀ ਸਮਾਂ ਪਾਇ ਬਚਕਹਾ ਮੁਦਾ'ਕਨਕ ਖੇਤ ਸੌਂਹੇ ਲਹਿਰਾ ਵੱਤ' ਕਹਿਝੱਲਾ 'ਹੁਨਹਾਰ ਹੂਏ'।ਪਾਕਰ'''।੧੬੨।'ਨਹੀਂ ਕਨਕ ਇਤ ਅਹੈ ਗੁਰੂ ਜੀ! ਮੋਠ ਬਾਜਰੀ ਦੇਹੁਮਹਾਨ। ਹੋਇਕਣਕ ਤੌ ਤੁਰਕ ਦੇਹਿੰ ਦੁਖ ਮੋਠ ਬਾਜਰੀਹੀ ਸੁਖ ਦਾਨ'।ਭਯੋਬਚਨ'ਕਿਉਂ' ਬਚਉਲਟਾਵਤ ਤੁਰਕਨ ਜੜ੍ਹ ਹਿੰਟ ਤੇ ਹੈ ਹਾਨ। ਬਸੈ ਮਾਲਵਾ ਲੈ ਸੁਖ ਸੰਪਤ ਸਤਲੁਜ ਰਹਿ ਪਿਖੀਯਤ ਇਸਥਾਨ। ਹੋਨਹਾਰ ਐਸੇ ਹੀ ਹੈ ਹੈ ਤੁਮ ਨਹਿੰ ਦੇਖਨਹਾਰ ਹੂਏ'। ਪਾਕਰ'''।੧੬੩।

[ਦੱਖਣ ਵਲ ਨੂੰ ਤੁਰੇ]

ਏਕ ਬਤਸ ਤਕ ਰਹਿ ਡੱਲੇ ਕੇ ਫਿਰ ਦੱਖਣ ਕੋ ਭਏ ਤਿਆਰ। ਡੱਲਾ ਅਰ ਭਗਤੂ ਕੇ ਪੋਤ੍ਰੇ ਕਹੇ ਗੁਰੂ ਕੇ ਭਏ ਸਵਾਰ। ਕਛ ਰ ਮਜ਼ਨ ਕਰ ਯਾਦ ਪੜੇ ਘਤ ਅਰਧ ਰਾਤ ਭਾਗੇ ਪਿਛਵਾਰ। ਪਾਛਲ ਰਾਤ ਗੁਰੂ ਕਹਿ 'ਡੱਲਾ' ਤਬੈ ਬੋਲਵਾ ਕਹਜੋ ਪੁਕਾਰ।'ਨਾ ਡੱਲਾ ਨਾ ਮੱਲਾ ਹੈਜੀ ਗੁਰੂ ਇਕੱਲਾ ਸਾਰ ਹੂਏ'। ਪਾਕਰ'''। ੧੬੪।

[ਨੈਹਰ ਮਧੁ ਸਿੰਘਾਣੇ ਆਦਿ ਥਾਈਂ]

ਪ੍ਰਾਤ ਹੋਤ ਗੁਤ ਅੱ ਸ਼ ਸਿ ਮਾਰੇ ਕਰਤ ਮੁਕਾਮ ਅਰਾਮ ਸਮੇਤ। ਦੇ ਉਪਦੇਸ਼ ਬਿਥਾਰਥ ਸਿੱਖੀ ਪਤਿਤਨ ਜਨਮ ਮਰਨ ਕਟ ਦੇਤ। ਨਾਮ ਦਾਨ ਦੇ ਅਖੁਟ ਭੰਡਾਰ। ਭ ਉ ਭ ਗਤਿ ਸ਼ਟਧਾ ਕੁਛ ਲੇਤ।ਨੈਹਰਮਧੁਸਿੰਘਾਣੇਪੁਰਪੁਤਕਰਤਕ੍ਰਿਤਾਰਥ ਜਗ ਜਸ ਸੇਤਾਪਹੁੰਚਦੇਹੁਰੇ ਦਾਦੂ ਜੀ ਕੇਪਾਹੁਨ-ਚਾਰੀ ਦਾਰ ਹੂਏ। ਪਾਕਰ'''।੧੬੫।ਜੈਪੁਤਹੋਇ ਉਦੇਪੁਰ ਪਹੁੰਚੇ ਰਾਜਾ ਨੇ ਸਨਮਾਨ ਕੀਆ। ਰਾਉ ਪ੍ਰੇਮ ਪਿਖ ਥਿਰੇ ਕਛੁਕ ਦਿਨ ਦੇ ਪੋਥੀ ਤਿਹ ਮਾਨ ਕੀਆ। ਹੋ ਪੁਸ਼ਕਰ ਬਾਘੌਰ ਪਹੁੰਚ ਕਰ ਕਛੁ ਕਰਾਰ ਉਨਮਾਨ ਕੀਆ। ਖਬਰ ਔਰੰਗੇ ਮ੍ਰਿਤੁ ਕੀ ਪਹੁੰਚੀ ਨੰਦਲਾਲ ਪੁਨ ਆਨ ਕੀਆ। 'ਸ਼ਾਹ ਬਹਾਦਰ ਲੜਤ ਭ੍ਰਾਤ ਸੰਗ। ਤੁਮ ਤਿਹ ਰਾਖਨਹਾਰ ਹੂਏ'। ਪਾਕਰ'''।੧੬੬।

[ਬਹਾਦਰ ਸ਼ਾਹ ਦੀ ਸਹਾਇਤਾ]

'ਔਰੰਗਬਾਦ ਮੈਂ ਮਰਾ ਔਰੰਗਾ ਤਾਰਾ ਆਜ਼ਮ ਚਾਹਿਆ ਹੈ। ਕਾਮ ਬਖਸ਼ ਨਿਜ ਛੋਟਾ ਭਾਈ ਤਿਸ ਨੇ ਕਤਲ ਕਰਾਯਾ ਹੈ। ਸ਼ਾਹ ਬਹਾਦਰ ਮਾਰਨ ਕੇ ਹਿਤ ਦਿੱਲੀ ਓਰ ਸਿਧਾਯਾ ਹੈ।ਇਸ ਖਲਭਲ ਮੈਂ ਮੁਝੇ ਬੁਲਾਕਰਪਾਸਹਜ਼ੂਰ ਪਠਾਯਾ ਹੈ। ਹੇ ਸਤਿਗੁਰ! ਤੁਮ ਦੀਨ ਬੰਧੁ ਹੋ ਤੁਮ ਪਰ ਆਸਾਵਾਰ ਹੂਏ'।ਪਾਕਰ'''।੧੬੭।ਸ੍ਰੀ ਸ਼ਰਣਾ-ਗਤ ਪਾਲ ਸਤਿਗੁਰੂਸੁਨੀ ਸ਼ਾਹੁਕੀਬਿਨੈਮਹਾਨ। ਨੰਦ ਲਾਲ ਪਰ ਕ੍ਰਿਪਾ ਘਨੇਰੀ 'ਦੈਂ ਸਹਾਯ' ਕਹਿ ਕ੍ਰਿਪਾ ਨਿਧਾਨ। ਕਹਜੋ ਗੁਰੂ'ਲਿਹੁ ਕੁਮਕ ਜਾਹੁ ਹਮ ਤਾਰਾ ਆਜ਼ਮ ਹਨ ਹੈਂ ਆਨ'।ਮਾਨ ਬਚਨ ਕੁਤ ਸਿੰਘ ਸੰਗ ਲੇ ਨੰਦਲਾਲ ਗਜੋ ਪੁਜ ਅਸਥਾਨ। ਕਰੇ ਜੰਗ ਪਰ ਤਾਰਾ ਮਾਰਾ ਤੀਰ ਪਛਾਨਨਹਾਰ ਹੂਏ। ਪਾਕਰ'''। ੧੬੮। ਤਾਰਾ ਆਜ਼ਮ ਮਰਜੋ ਜੀਤ ਭਈ ਹਿਤਇਨਾਮਸਗਲੇ ਸਰਦਾਰ। ਰੋਤਾ ਕਰੈਂ ਕਹੈਂ 'ਹਮ ਮਾਰਾ ਗਡਜੋ ਤੀਰ ਤਨ ਪਿਖਜੋ ਨਿਹਾਰਂ। ਸ੍ਵਰਨ ਪੰਖ ਨਹਿੰ ਮਿਲੈ ਕਿਸੂ ਸੰਗ ਗੁਰੂ ਤੀਰ ਤਬ ਨਿਸ਼ਚੈ ਧਾਰ। ਮਿਲਜੋ ਸ਼ਾਹੁ ਗੁਤ ਅਧਿਕ ਦੀਨ ਹੈ ਦਿੱਲੀ ਸੰਗ ਲਜਾਇ ਸੁਖ ਸਾਰ। ਰਹੇ ਆਗਰੇ ਸੰਗ ਬਾਗ ਮੈਂ ਸਤਿਗੁਰ ਡੇਰੇ ਦਾਰ ਹੂਏ। ਪਾਕਰ'''।੧੬੯। ਇਕ ਦਿਨ ਸ਼ਾਹ ਬਹਾਦਰ ਗੁਰ ਢਿਗ ਧੰਨਵਾਦ ਅਤਿ ਕਟਤ ਭਏ।'ਹਸ਼ਮਤਰਾਜਆਪਨੇ ਬਖਸ਼ੇ। ਮੁਝ ਪਰਇਹ ਉਪਕਾਰ ਕਏ।ਹੋਇ ਟਹਲ ਕੋਈ ਮੈਂ ਲਾਇਕ ਤਨ ਮਨ ਧਨ ਸੋ ਕਰੋਂ ਜੁਏ'।ਸੁਨ

Digitized by Panjab Digital Library | www.panjabdigilib.org

ਗੁਰ ਕਹਜੋ 'ਦੇਹੁ ਗੁਰ ਦੋਹੀ ਜਿਮ ਹਮ ਚੰਦ੍ਰ ਲਯੋ ਸੁਏ।ਜਿਨ ਸਿਖ ਸੰਗਤ ਅਧਿਕ ਸਤਾਈ ਸੋ ਹਮਰੇ ਗੁਨ੍ਹਾਗਾਰ ਹੂਏ'।ਪਾਕਰ'''। ੧੭੦ ।

ਰਿਦੇ ਧਕਧਕੀ ਅਰ ਤਨ ਕੰਪਤ ਕਰਜੋਰੇ ਇਮ ਅਰਜ਼ ਕਰੀ। 'ਹੂਆ ਤੁਸੱਲਤ ਅਭੀ ਨਯੋ ਹੈ, ਵੈ ਸੂਬੇ ਅਰ ਰਾਜ ਗਦੀ। ਜੋ ਪਕੜਾਊਂ ਅਮਨ ਨ ਰਹਿ ਹੈ ਪੜੈਂ ਦਿਵਸਹੈ ਕਾਜਸਦੀ'।ਸਤਿਗੁਰ ਕਹਜੋ'ਨ ਤੁਮਤੇ ਸਰਹੈ ਹੈ ਹੋਨਹਾਰ ਹੈ ਔਰ ਕਰੀ। ਅਹੈ ਰਾਜ ਇਹ ਬਾਦਰ ਛਾਯਾ ਜੋ ਹੋਵਨ ਹੁਨਹਾਰ ਹੂਏ।' ਪਾਕਰ'''। ੧੭੧ ।

[ਨਦੇੜ ਪੁਨਿ]

ਪੁਨਤਿਆਰ ਗੁਰਦੱਖਨਹੋਏਮਹਲ ਸੁੰਦਰੀਦਿੱਲੀ ਛੈਲ।ਸਾਹਿਬ ਦੇਵਾਂ ਸੰਗ।ਸਿਧਾਰੀਸ਼ਾਹ ਬਹਾਦਰ ਸੰਗ। ਬਹੋ।ਸੈਰ ਸ਼ਿਕਾਰ ਕਰਤ ਮਗ ਗਮਨਤ ਉਪਦੇਸ਼ਤ ਸਿੱਖਨ ਸਭ ਠੌਰ। ਕ੍ਰਮ ਕ੍ਰਮ ਪੁਰ ਬੁਰਹਾਨ ਜਬ ਪਹੁੰਚੇ ਟਿਕੇ ਕਛੁਕ ਦਿਨ ਜਗ ਸਿਰਮੌਰ। ਅਹਮਦ ਨਗਰ ਗਯੋ ਹੈ ਰੁਖਸਤ ਸਤਿਗੁਰ ਆਗੇ ਤਜਾਰ ਹੂਏ। ਪਾਕਰ'''।੧੭੨। ਸਿੱਖੀ ਬਿਸਤੀਰਤ ਮਗ ਮਾਹੀਂ ਸੱਤਿ ਧਰਮ ਉਪਦੇਸ਼ ਦਏ।ਉਲੰਘ ਬਰਾਰ ਦੇਸ਼ ਕੋ ਸਤਿਗੁਰ ਪਹੁੰਚ ਗੁਦਾਵਰ ਤੀਰ ਗਏ।ਸ਼ਹਰ ਨਦੇੜ ਪਾਸ ਇਕ ਥਲ ਪਿਖ ਕਰ ਚਿਨਾਰ ਸੋ ਮੋਲ ਲਏ । ਦੈ ਪਤਿਆ ਧੂਣੀ ਪਝੂਅਨ ਕੋ ਤਿਸ ਹੀ ਥਲ ਥਿਰ ਥਾਰ ਭਏ । ਮਿਲਜੋ ਬਹਾਦਰ ਸ਼ਾਹ ਭੇਟ ਧਰ ਹੀਰਾ ਕੀਮਤ ਦਾਰ ਹੂਏ। ਪਾੜਰ'''।੧੭੩। ਫੈਂਕ ਗੁਦਾਵਰ ਮੈਂ ਗੁਤ ਦੀਨਾ ਬਿਸਮਜੋਂ ਸ਼ਾਹ ਨ ਕਛੁ ਕਹਿ ਜਾਤ । ਕਹਜੋ ਗੁਰੂ 'ਪਛਤਾਵਹੁ ਕਿਉਂ ਤੁਮ ? ਲਿਹੁ ਨਿਕਸਾਇ, ਨਹੀਂ ਕੁਛ ਬਾਤ'। ਨਿਕਸਾਏ ਤੇ ਅਨਗਨ ਨਿਕਸੇ ਕਹਜੋ ਕਿ 'ਲਿਹੁ ਪਛਾਨ ਨਿਜ ਹਾਥ ।' ਡਰਜੋ ਸ਼ਾਹ ਕਹਿ'ਭੂਲ ਛਿਮਹੁ ਗੁਰ ਮੈਂ ਜੜ ਬੰਦਾ ਅੱਗਜ ਅਨਾਥ ।' ਹੀਰਾ ਘਾਟ ਨਾਮ ਭਜੋ ਤਿਹ ਥਲ ਔਰੇ ਨਾਮ ਉਚਾਰ ਹੂਏ । ਪਾਕਰ'''। ੧੭੪ ।

[ਬੰਦਾ]

ਘਾਟ ਨਗੀਨਾ ਨਾਮ ਇਕ ਇਸ ਬਿਧ, ਨਾਮ ਸ਼ਿਕਾਰ ਘਾਟ ਇਕ ਕੀਨਾ।ਸੰਗਤ ਘਾਟ ਨਦੇੜ ਸ਼ਹਰ ਮਧ ਅਬ ਲੈ ਥਲ ਚਿੰਨ੍ਹਤ ਲਖ ਲੀਨਾ। ਇਕ ਦਿਨ ਘਾਟ ਸ਼ਿਕਾਰ ਉਤਰ ਗੁਰ ਹੇਤ ਸ਼ਿਕਾਰ ਗੌਨ ਬਨ ਕੀਨ । ਕੁਛਕ ਦੂਰ ਚਲ ਪਿਖ ਇਕ ਕੁਟੀਆ ਉਤ੍ਰ ਠਹਿਰਾਏ ਸਿਖ ਪ੍ਰਬੀਨ । ਆਪ ਗਏ ਅੰਤਰ ਜਬ ਤਿਹਕੇ ਮੰਜੇ ਪਰ ਬਿਲਥਾਰ ਹੂਏ । ਪਾਕਰ'''। ੧੭੫। ਮਾਧੋ ਦਾਸ ਆਇ ਜਬ ਦੇਖਾ 'ਮੁਰ ਪਲੰਘ ਪਰ ਹੈ ਕੋਈ ਹੋਰ'। ਕਹਜੋ ਬੀਰ ਸੋ'ਪਟਕੋ ਯਾਕੋ'ਦੁਤੀ ਪਠਜੋ ਪੁਨ ਤ੍ਰਿਤੀ ਨਿਹੋਰ । ਚਾਰੋਂ ਭੇਜੇ ਮੰਚ ਨ ਹਾਲਾ ਅਚਰਜ ਰਹਜੋ ਪਠਜੋ ਪਗ ਦੌਰ। ਕਹਜੋ ਗੁਰੂ'ਤੂੰ ਕੌਨ ਅਹੈਂ ਕਹੁ?' 'ਮੈਂ ਬੰਦਾ ਬੇਦਾਮ ਸੁ ਤੋਰ'।'ਜੋ ਬੰਦਾ ਤੌ ਕਰਹੁ ਬੰਦਗੀ' ਸਤਿਗੁਰ ਬਖਸ਼ਨ ਹਾਰ ਹੂਏ । ਪਾਕਰ'''।੧੭੬। 'ਚਲਹੁ ਸੰਗ ਅਬ ਕਰਹੁ ਕਾਰ ਤੁਮ ਬਹੁਤ ਕਾਲ ਤਪ ਸਾਧ ਲੀਆ' । ਆਜਜ਼ ਬਕਰੀ ਸਮ ਸੰਗ ਸਤਿਗੁਰ ਕਹਤ 'ਗਿਰਤ ਮੁਹ ਥਾਮ੍ਹ ਲੀਆ'। ਡੇਰੇ ਪਹੁੰਚ ਅਰਜ਼ ਕੀ ਬੰਦੇ 'ਹੁਕਮ ਆਪ ਕਾ ਬਾਂਧ ਲੀਆ।ਟਹਲ ਕਮਾਵੋਂ' ਜੋ ਕੁਛ ਆਗਜਾ ਮੈਂ ਬੰਦਾ ਬਿਨ ਦਾਮ ਲੀਆ'।ਪਾਸ ਬਿਠਾ ਕਰ ਬੰਦੇ ਕੋ ਗੁਰ ਮਿਹਰਵਾਨ ਦਾਤਾਰ ਹੂਏ* । ਪਾਕਰ'''। ੧੭੭ ।

[ਬੰਦੇ ਨੂੰ ਪੰਜਾਬ ਵਲ ਤੋਰਨਾ]

'ਕਾਰ ਅਨੇਖੀ ਤੁਮ ਹਿਤ ਕਰਨੇ ਈਸ਼੍ਵਰ ਨੇ ਰਚ ਰਾਖੀਹੈ।ਜਾਓ ਪੰਜਾਬ ਸ਼ਿਤਾਬ ਪਹੁੰਚਤੁਮਕਰੋ ਜੁ ਹਮ ਤੁਹਿ ਭਾਖੀ ਹੈ। ਬੀਚ ਸਢੌਰੇ ਬੁੱਧੂ ਸ਼ਾਹ ਕੋ

*ਬੰਦੇ ਦੇ ਅੰਮ੍ਰਿਤ ਛਕਣ ਬਾਬਤ ਦੇਖੋ ਸੰਪਾਦਿਤ ਗੁਰਪ੍ਰਤਾਪ ਸੂਰਜ ਐਨ ੨ ਅੰਸੂ ੬ ਦੇ ਅੰਕ੩੬ ਦੀ ਟੂਕ। [ਸੰਪਾਦਿਕ

Digitized by Panjab Digital Library | www.panjabdigilib.org

ਦੁਖ ਦੈ ਤੁਰਕ ਅਭਿਲਾਖੀ ਹੈ। ਕਰ ਸਹਾਇ ਤਿਹ ਮਾਰਹੁ ਤੁਰਕਨ ਰਾਖਹੁ ਜੋ ਨਿਜ ਪਾਖੀ ਹੈਂ। ਸੋਧੋ ਜਾਇ ਪਹਾੜੀ ਰਾਜੇ, ਖਾਂ ਵਜ਼ੀਰ ਫਿਲਨਾਰ ਹੂਏ*'।ਪਾਕਰ'''।੧੭੮।'ਕਸ਼ਮੀਰੀ ਲਾਹੌਰੀ ਸੂਬਾ ਇਨਕੋ ਆਛੇ ਕਰਹੁ ਤਬਾਹ। ਇਨ ਸਿਖ ਸੰਗਤ ਅਧਿਕ ਦੁਖਾਏ ਦਿਹੋ ਜੋਰ। ਫਲ ਇਨਕੋ ਜਾਹ।ਕੋਟ ਸਿਰੰਦ ਉਜਾੜ ਢਾਹਕੇ ਵਿਚ ਪੰਜਾਬ ਜਾਯਾਂ।ਫਿਰਾਇ।ਲਿਹੁ ਤਲਵਾਰ ਅਦਾਇਬ ਰਾਖਹੁ?' ਸੁਨ ਸਿਖ ਬੋਲ ਉਠੇ ਘਬਰਾਇ। 'ਰਹੇ ਖਾਲਸਾ ਬਿਨ ਸ਼ਮਸ਼ੇਰਹ ਜੋ ਇਸ ਦੇਵਨਹਾਰ ਹੂਏ'। ਪਾਕਰ''।੧੭੯।ਮਾਨ ਬਾਤ ਦਿਯੇ ਪਾਂਚ ਤੀਰ ਤਿਹ ਕਹਜੋ 'ਬੀਰ ਇਹਪਾਂਚ ਦੀਏ।ਪਰੈ ਭੀੜ ਜਬ ਇਕ ਬਗੜਾਵਹੁ ਜੋ ਚਾਹੋ ਹੋ ਸਾਚ ਕੀਏ। ਨੌਧ ਸਿੰਘ ਅਰ ਕਾਹਨ ਸਿੰਘ ਇਹ ਬਾਬੇ ਰਹੀਓ ਅਦਬ ਲੀਏ।ਖੁਲ੍ਹੈ ਲੰਗੋਟੀ† ਗਲੈ ਕੁਠਾਲੀ ਰਖਹੁ ਖਾਲਸੇ ਮੇਲ ਜੀਏ। ਨਹਿੰ ਆਪਨ ਮਤ ਔਰ ਚਲਾਵਹੁ ਜਾਂ ਕਰ ਤੁਮ ਬੇਕਾਰ ਹੂਏ। ਪਾਕਰ'''। ੧੮੦।

[ਬੰਦਾ ਪੰਜਾਬ ਆਯਾ]

ਹੁਕਮ ਪਾਇਕਰ ਤੀਰ ਲੈਇ ਪੁਨ ਬਾਬਾ ਬੰਦਾ ਹੋਇ ਖਲੇ। ਕਰ ਅਰਦਾਸ ਲੈਇ ਬਰ ਸ੍ਰੀਮੁਖ ਨਾਇ ਮਾਥ‡ ਪੰਜਾਬ ਚਲੇ। ਸਤਿਗੁਰ ਸਿੰਘਨ ਪ੍ਰਤਿ ਲਿਖ ਭੇਜਾ 'ਬੰਦੇ ਕੋ ਦੇ ਕੁਮਕ ਭਲੇ'। ਪਹੁੰਚ ਸਿਦੌਰੇ ਊਧਮ ਕੀਨਾ ਦਲ ਤੁਰਕਨ ਕੋ ਅਧਿਕ ਗਲੇ। ਖਾਨ ਵਜੀਰ ਪਟਕ ਧਰ ਮਾਰਾ ਸਿਰੰਦ ਉਜਾੜਨ ਹਾਰ ਹੂਏ। ਪਾਕਰ''।੧੮੧। ਯਥਾ ਯੋਗ ਫਲ ਯਥਾ ਧਿਕਾਰਨ ਇਮ ਬੰਦੇ ਨੇ ਆਨ ਦੀਆ। ਮਾਰ ਪਹਾੜੀ ਰਾਜੇ ਲੂਟੇ ਪੁਰ ਹੁਸ਼ਿਆਰ ਦੀਵਾਨ ਕੀਆ। ਕੀਨ ਲਹੌਰ ਤਬਾਹ ਭਲੀ ਬਿਧ ਖਲਭਲ ਦੇਸ਼ ਮਚਾਨ ਕੀਆ। ਭਈ ਅਹੰਕ੍ਰਿਤ, ਹੁਕਮ ਭੂਲ ਗਏ, ਮਨਜੋ ਨ, ਜੋ ਸਮਝਾਨ ਕੀਆ। ਕੀਨ ਬਿਪਰਜੈ ਫਲਹੁ ਬਿਪਰਜੈ ਦਿੱਲੀ ਭੁਗਤਨਹਾਰ ਹੂਏ। ਪਾਕਰ'''।੧੮੨।

[ਮਾਤਾ ਸਾਹਿਬ ਦੇਵਾਂ]

ਮਹਲ ਪੜਿੱਬ੍ਰਤ ਸਾਹਿਬ ਦੇਵੀ ਤਿਹ ਪ੍ਰਤਿ ਇਕ ਦਿਨ ਬਚਨ ਭਇਆ। 'ਰਹੁ ਸੁੰਦ੍ਰੀ ਢਿਗ ਦਿਹਲੀ ਜਾਕੇ ਮਾਨਹੁ ਹੁਕਮ ਜੁ ਬਚਨ ਕਹਿਆ'। ਬਿਰਹ ਦੁਖਤ ਮਨ ਦੀਨ ਬਚਨ ਕਹਿ 'ਪ੍ਰਭੁ ਜੀ ! ਮੁਰ ਇਕ ਨਿਯਮ ਰਹਿਆ। ਬਿਨ ਦਰਸ਼ਨ ਕੇ ਅੰਨ ਨ ਪਾਨੀ ਛਕੋਂ ਨਿਭੈ ਕਿਮ ਕਰਹੁ ਮਇਆ'। ਛਠਮ ਗੁਰੂ ਕੇ ਸਗਲ ਸ਼ਸਤ੍ਰ ਦੇ ਹੇਤ ਸਮੋਧ ਉਚਾਰ ਹੂਏ। ਪਾਕਰ''' । ੧੮੩ । 'ਸੇਵ ਕਰਹੁ ਨਿਤ ਦਰਸ਼ਨ ਕੀਜਹੁ ਮੁਹ ਦਰਸ਼ਨ ਤੇ ਫਲ ਅਧਿਕਾਇ । ਨਾਮ ਜਪਹੁ ਸੰਗਤ ਉਪਦੇਸ਼ਹੁ ਪੁਤ੍ਰ ਖਾਲਸਹ ਨਿਤ ਲਡਿਆਇ । ਇਸ ਬਿਧ ਰਹਹੁ ਜਗਤ ਮੈਂ ਕਛੁ ਦਿਨ ਪੁਨ ਸਾਚੇ ਘਰ ਲੇਹੁੰ ਬੁਲਾਇ। ਠੀਕ ਰਹਿਨ ਦਿਹਲੀ ਮੈਂ ਅਬ ਤਵ ਹਜਾਂ ਅਕਾਲ ਭਾਣਾ ਵਰਤਾਇਂ'।ਸਿਰ ਧਰ ਆਗਜ਼ਾ, ਤਨ ਚਲ ਦਿਹਲੀ, ਚਿਤ ਚਰਣਨ ਅਨੁਸਾਰ ਹੂਏ। ਪਾਕਰ'''।੧੮੪। ਹੁਕਮ ਮਾਨਨੋਂ ਧਰਮ ਅਪਨ ਲਖ, ਪਰ ਬਿਛੁਰਨ ਕੋ ਖੇਦ ਮਹਾਨ। ਚਲਤ ਚਲਤ ਆ ਪਹੁੰਚੇ ਦਿਹਲੀ ਮਿਲੇਸੁੰਦਰੀ ਜੀ ਸੋਂ ਆਨ। ਰਹੇ ਕਾਲ ਕੁਛ ਬਿਰਹ ਖੇਦ ਬਸ ਸਮੋਂ ਪਛਾਨ ਸੁ ਤਜਾਗੇ ਪ੍ਰਾਨ । ਉਤ ਗੁਰ ਚਰਿਤ ਅਨੋਖੇ ਕੀਨੋਂ ਦਯਾ ਸਿੰਘ ਕੀਨੋਂ ਪ੍ਰਸਥਾਨ । ਹਿਤ ਸ਼ਤਰੰਜ ਖਿਲਨ ਕੇ ਨੌਕਰ ਤੁਰਕਹ ਰਾਖਨ ਹਾਰ ਹੂਏ। ਪਾਕਰ'''।੧੮੫।

[ਗੁਲ ਖ਼ਾਂ ਦਾ ਵਾਰ]

ਪਾਨ ਅਤਾਉੱਲਾ ਇਕ ਆਹਾ ਦੂਜੋ ਗੁਲਖਾਂ

---

*ਭਾਵ ਮਾਰ ਦਿਓ।

†ਇਸਮੁਹਾਵਰੇਦਾਭਾਵਹੈ ਜਤੀ ਸਤੀ ਰਹਿਣਾ ਨਹੀਂ ਤੇ ਦੇਹ ਗਲ ਜਾਏਗੀ। ‡ਮੱਥਾ ਟੇਕ ਕੇ।

Digitized by Panjab Digital Library | www.panjabdigilib.org

ਨਾਮ ਪਠਾਨ । ਪੈਂਦੇ ਖਾਨ ਬੰਸ ਮੈਂ ਜਨਮੈਂ ਰਹੇ ਗੁਰੂ ਢਿਗ ਹਿਤ ਗੁਜ਼ਰਾਨ।ਤਰਕਤ ਬਚਨ ਅਤਾਉਲ ਭਾਖਤ, 'ਗੁਰ ਸ਼ਤ੍ਰੂ, ਹਮ ਜਾਤ ਮਹਾਨ। ਤਿਸ ਕੇ ਨੌਕਰ ਧਿਕ ਜਗ ਜੀਵਨ ਚਹੀਏ ਕੀਨ ਸ਼ੱਤ੍ਰੂ ਕੀ ਹਾਨ'। ਖੋਇ ਦੀਨ ਅਰ ਲਾਜ ਪਠਾਨੀ ਗੌਦੀ ਪੇਟ ਪੁਚਾਰ ਹੂਏ । ਪਾਕਰ"'। ੧੮੬ । ਸੁਨ ਗੁਲਖ਼ਾਂ ਬਚ ਅਧਿਕ ਨੁਕੀਲੇ ਹੀਲੇ ਨਿਮਕ ਹਰਾਮੀ ਕੇ। ਸੋਚਤ ਰਹੈ ਨ ਅਵਸਰ ਪਾਵੈ ਘਾਤ ਕਰਨ ਨਿਜ ਸ੍ਵਾਮੀ ਕੇ । ਮਾਲਕ ਮੌਜ ਪਲੰਘ ਪਰ ਲੇਟੇ ਪਹੁੰਚ ਪਠਾਨ ਸਲਾਮੀ ਕੇ। ਪਾਇ ਸਮੋਂ ਕਰ ਲੇ ਕਟਾਰ ਬਰ ਮਾਰੀ ਅੰਤਰਜਾਮੀ ਕੇ। ਉਚਕ ਵਾਰ ਇਕ ਮਾਰ ਪਾਰ ਕਿਯ ਨਿਮਕ ਹ੍ਰਾਮ ਫਿਲਨਾਰ ਹੂਏ । ਪਾਕਰ"'। ੧੮੭। ਖਾਨ ਅਤਾਉਲ ਮਾਰਾ ਸਿੰਘਨ ਗੁਰ ਬਿਸਤਰ ਤਰ ਖ਼ੂਨ ਪਿਖਾ । ਸੀਓ ਜ਼ਖਮ ਬਾਂਧ ਪਟ ਪੱਟੀ ਪੁਨਹ ਮਾਜਰਾ ਸ਼ਾਹੁ ਲਖਾ । ਪਠਜੋ ਜਰਾਹੁ ਫਿਰੰਗੀ ਸ਼ਾਹ ਨੇ ਕਰ ਇਲਾਜ ਤਿਨ ਠੀਕ ਦਿਖਾਇਕ ਦਿਨ ਸ਼ਾਹ ਵਜ਼ੀਰ ਪਿਖਜੋ ਧਨੁ* ਬਡੋ ਕਠਨ ਨਹਿੰ ਹੁਇ ਕਰਖਾਂ† । ਤਿਹ ਗੁਰ ਖੈਂਚ ਦਿਖਾਇ ਧਨੁਖ ਜਬ ਟਾਂਕੇ ਟੂਟਨ ਹਾਰ ਹੂਏ । ਪਾਕਰ"'।੧੮੮।

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ]

ਪੁਨ ਨ ਸਿਵਾਜੋ ਇਉਂ ਬਚ ਗਾਯੋ'ਜੱਗ ਕਰਹੁ ਸਭ ਸਿੱਖ ਬੁਲਾਇ' । ਅੰਨ ਛਕਾਇ ਦਿਵਾਨ ਲਾਇ ਗੁਰ ਉਪਦੇਸ਼ਨ ਲਾਗੇ ਇਹ ਭਾਂਇ । 'ਦੇਹਾਦਿਕ ਪ੍ਰਪੰਚ ਸਭ ਨਾਸੀ ਆਵਨ ਜਾਨ ਖੇਲ ਸਮ ਗਾਇ । ਨਾਮ ਜਪਹੁ ਅਰ ਨਾਮ ਜਪਾਵਹੁ,ਸ਼ਸਤ੍ਰ ਨ ਤਿਆਗਨ ਕਰਹੁ ਕਦਾਇ। ਮਰਹੁ ਖੇਤ, ਨਹਿੰ ਪੀਠ ਸ਼ੱਤ੍ਰੂ ਦਿਹੁ. ਧਰਮ ਬਚਾਵਨ ਹਾਰ ਹੂਏ' ।ਪਾਕਰ "'।੧੮੯। 'ਏਕ ਬੰਸ ਇਕ ਸੁਤ ਸਮ ਭਾਈ ਕਰਹੁ ਪ੍ਰੀਤ ਹ੍ਵੈ ਬਿਪਦ ਸਹਾਯ। ਹਿੰਦੁ ਤੁਰਕ ਤੇ ਨਜਾਰੇ ਨਿਜ ਮਤ ਏਕ ਅਕਾਲ ਪੁਰਖ ਕੋ ਧਜਾਇ । ਬਿਨ ਅਕਾਲ ਕੇ ਔਰ ਨ ਮਾਨਹੁ ਕਰਹੁ ਕਾਜ ਅਰਦਾਸ ਕਰਾਇ । ਤੁਰਕ ਪਹਾੜੀ ਪਰ ਬਿਸਾਹੁ ਮਤ, ਕੀਜੋ ਤੌ ਹ੍ਵੈ ਅਤਿ ਦੁਖਦਾਇ' । ਗੁਰੂ ਗ੍ਰੰਥ ਗੁਰਦ੍ਵਾਰੇ ਪੰਥਹ ਅਦਬ ਰਖਾਵਨ ਹਾਰ ਹੂਏ । ਪਾਕਰ"'।੧੯੦। ਪੈਸੇ ਪੰਜ ਨਲੇਰ ਹਾਥ ਲੈ ਗ੍ਰੰਥ ਪਰਕ੍ਰਮਾ ਤੀਨ ਕਰੀ।ਧਰ ਆਗੇ ਨਿਜ ਸੀਸ ਨਿਵਾਵਾ ਕਹਜੋ 'ਖਾਲਸਾ ! ਕਰਹੁ ਰਹੀ। ਗ੍ਰੰਥ ਪੰਥ ਕੀ ਤਾਬਜਾ ਸਾਰੀ ਜਗਤ ਰੀਤ ਇਸ ਰੀਤ ਧਰੀ। ਕਛੁਕ ਦਿਖਾਇ ਭ੍ਰਮਾਵੈਂਗੇ ਤੁਮ, ਤੁਮ ਮਤ ਭੂਲਹੁ ਚੇਤ ਹਰੀ । ਰਹਣੀ ਬਹਣੀ ਕਹਣੀ ਮਾਹੀਂ ਰਹੋ ਸਦਾ ਹੁਸ਼ਿਆਰ ਹੂਏ' । ਪਾਕਰ"'। ੧੯੧ ।

[ਉਪਦੇਸ਼]

'ਗੁਰ ਪਰਮੇਸ਼ਰ ਮਰਜੋ ਨ ਮਾਨੋਂ ਜਾਗਤ ਜੋਤ ਸਦਾ ਜਗ ਮਾਂਹਿ । ਕਰ ਅਰਦਾਸ ਅਰਾਧਹੁ ਜਿਸ ਥਲ ਪ੍ਰਗਟ ਪਿਖਹੁ ਜਲ ਥਲ ਗਿਰ ਜਾਹਿ। ਮਿਲ ਬੱਲਨ ਆਗਜਾ ਕੁਛ ਮਾਂਗਨ ਗੁਰੂ ਗ੍ਰੰਥ ਕੀ ਸ਼ਰਨੀ ਪਾਂਹਿ । ਮੈਂ ਅਭੇਦ ਸਦ ਪੰਥ ਸੰਗ ਰਹੁੰ ਪੁਰਖ ਅਕਾਲ ਬਚਨ ਪ੍ਰਗਟਾਇ। 'ਗੁਰ ਨਾਨਕ ਅਰ ਗੁਰੂ ਗ੍ਰੰਥ ਮੈਂ ਭੇਦ ਨ ਮਾਨਨ ਹਾਰ ਹੂਏ' । ਪਾਕਰ"'।੧੯੨। ਇਤਜਾਦਿਕ ਸਿਖਜਾ ਦੇ ਸਤਿਗੁਰ ਕਰਜੋ ਬਚਨ 'ਅਬ ਤਨਹੁ ਕਨਾਤ। ਸਮਧਾ ਚੰਦਨ ਕੇਰ ਅੰਗੀਠਾ ਤਿਹ ਅੰਦਰ ਰਚ ਕਰ ਸੁ ਠਥਾਤ।ਘੋੜਾ ਕਸਹੁ ਤਬੇਲੇ ਮਾਹੀਂ ਕਰਹੁ ਸ਼ੋਕ ਨਹਿੰ ਬਿਛੁਰਤ ਤਾਤ । ਮੈਂ ਸਦ ਅੰਗ ਸੰਗ ਹੌਂ ਤੁਮਰੇ ਜਪਹੁ ਅਕਾਲ ਪੁਰਖ ਵਰਦਾਤ । ਉੱਦਮ ਧਰਹੁ ਨਿਕਾਸਹੁ ਤੁਰਕਨ ਸਨੇ ਸਨੇ ਸਰਦਾਰ ਹੂਏ'।ਪਾਕਰ"'।੧੯੩।'ਰਾਜਤੇਜ

*ਧਨੁਖ। †ਜੋ ਖਿਚਿਆ ਨਾ ਜਾ ਸਕੇ।

Digitized by Panjab Digital Library | www.panjabdigilib.org

ਘਰ ਰਹੈ ਖਾਲਸੇ ਸ਼ੱਤ੍ਰੂ ਬਿਦਾਰਨ ਸ਼ਕਤ ਭਰੀ। ਨਿਮਕ ਹਲਾਲੀ, ਤੇਗ਼ ਕਰਾਲੀ, ਸ਼ਰਨ ਸ਼ੂਰ ਭਰਪੂਰ ਕਰੀ।ਬਿੱਦਜਾ ਸੀਖਹੁ ਗੁਨਨ ਪਰੀਖਹੁ ਰਖਹੁ ਮੇਲ ਨਿਜ ਸੁਮਤ ਧਰੀ। ਰਹਤ ਬਹਤ ਮੇਂ ਪੂਰਣ ਰਹੀਓ ਜੁਗ ਜੁਗ ਜੀਓ ਅਸੀਸ ਕਰੀ। 'ਮੈਂ ਪ੍ਰਸੰਨ ਅਰ ਪਿਤ ਪ੍ਰਸੰਨ ਮੁਰ ਆਗਜਾ ਪਾਲਨ ਹਾਰ ਹੂਏ' ।ਪਾਕਰ'''।੧੯੪।

[ਜੋਤੀ ਜੋਤ]

ਅਸ ਕਹਿ ਉਠ ਅਰਦਾਸਾ ਸੋਧਾ ਪੁਨ ਸੰਗਤ ਪ੍ਰਤਿ ਫਤਹ ਗਜਾਇ । ਹੁਕਮ ਕਰਜੋ 'ਤੁਮ ਥਿਰਹੁ ਇਸੀ ਥਲ ਮਤ ਕੋ ਹਮਰੇ ਪੀਛੇ ਆਇ'। ਸੈ੍ਤ ਪੁਸ਼ਾਕ ਸਜੇ ਤਨ ਸ਼ਸਤ੍ਰਨ ਬੀਚ ਕਨਾਤ ਚਲੇ ਸੁਖਦਾਇ । ਘੋਰਾ ਲੋਪ ਤਬੇਲੇ ਹੋਵਾ ਥਿਤਜੇ ਖਾਲਸਾ ਸ਼ਬਦਨ ਗਾਇ । ਦੁਤਿਯ ਦਿਵਸ ਕੁਛ ਸਿੱਖਨ ਆਕਰ ਧੀਰਜ ਦੇਵਨ ਹਾਰ ਹੂਏ। ਪਾਕਰ'''।੧੯੫। ਸਤਿਗੁਰ ਚਰਿਤ ਅਨੋਖੇ ਕੀਨਸ ਅੰਗ ਸੰਗ ਨਹਿੰ ਰਹਿੰ ਦ੍ਰਿਸ਼-ਟਾਇ। ਬਨ ਮੇਂ ਮਿਲੇ ਕਹਜੋ 'ਨਹਿੰ ਚਿਤਵਹੁ ਹਮ ਤੁਮਰੇ ਸੰਗ ਸਦਾ ਰਹਾਇ।ਠਰਜੋ ਅੰਗੀਠਾ ਸ਼ਸਤ੍ਰ ਅਸਤ੍ਰ ਕੁਛ ਨਹਿੰ ਪਾਏ ਪੁਨ ਨਿਸ਼ਚਾ ਪਾਇ*'।ਕਿਲੇ ਮੱਧ ਤੇ ਸਿੱਖ ਨਿਕਾਸੇ ਤਿਨ ਹੂੰ ਆਕਰ ਕਹਜੋ ਸੁਨਾਇ।ਕਰੀ ਖਾਲਸੇ ਕਹੀ ਜੁ ਸਤਿਗੁਰਲੰਗਰਸੇਵਾਦਾਰਹੂਏ।ਪਾਕਰ'''।੧੯੬।

ਜਾਗਤ ਜੋਤ ਸਦਾ ਜਗ ਭੀਤਰ ਬੀਚ ਖਾਲਸੇ ਆ ਕਰਕੇ। ਹਾਜ਼ਿਰ ਨਾਜ਼ਿਰ ਜਹਾਂ ਅਰਾਧੋ ਪੂਰਨ ਰੂਪ ਸਮਾ ਕਰਕੇ। ਵੈਰੀ ਦੁਸ਼ਟ ਖਪਾਏ ਜ਼ਾਲਮ ਗੁਰ ਸ਼ਮਸ਼ੇਰ ਉਠਾ ਕਰਕੇ । ਸੰਤ ਉਬਾਰੇ ਜੁਗ ਜੁਗ ਤਾਰੇ ਬਾਣਾ ਬਿਰਦ ਬਨਾ ਕਰਕੇ।ਧੰਨ ਧੰਨ ਸ੍ਰੀ ਸਤਿਗੁਰ ਸ੍ਵਾਮੀ ਪਤਿਤਨ ਜਗਤ ਉਧਾਰ ਹੂਏ। ਪਾਕਰ'''।੧੯੭।

[ਕਵਜੋਕਤੀ]

ਅਬ ਸਭ ਸੁਨੋ ਖਾਲਸਾ ਸਾਹਿਬ ਜੋ ਸਤਿਗੁਰ ਉਪਦੇਸ਼ ਦੀਆ ਜ਼ਰਾ ਬਿਚਾਰਹੁ, 'ਹੈਂ ਹਮ ਕਰਤੇ' ਕੈ ਨਿੰਦ੍ਰਾ ਨੇ ਘੇਰ ਲੀਆ ਰਾਜ ਰਹੀ ਹੈ ਮੌਤ ਜੁ ਸਿਰਪਰ ਜਾਗਹੁ ਨੀਂਦ ਨਿਵਾਰ ਜੀਆ । ਜਪਹੁ ਜਪਾਵਹੁ ਨਾਮ ਸੁਨਾਵਹੁ ਕਰਹੁ ਅਮਲ ਗੁਰ ਹੁਕਮ ਕੀਆ । ਮਾਨਸ ਜਨਮ ਸਮਾਂ ਆਜ਼ਾਦੀ ਕਰ ਲਿਹੁ ਕਰਨੇ ਹਾਰ ਹੂਏ।ਪਾਕਰ''' । ੧੯੮ । ਹੇ ਪਾਠਕ ਪੜ੍ਹਕੇ ਇਹ ਸੋਚੀਂ ਇਹ ਹਮ ਪਰਉਪਕਾਰ ਹੂਏ। ਸਹੇ ਕਸ਼ਟ ਸੁਤ ਪਿਤ ਅਰ ਮਾਤਾ ਨਿਜ ਤਨ ਸਹਿ ਸਿਰ ਵਾਰ ਹੂਏ। ਰਾਖਜੋ ਧਰਮ ਦੁਸ਼ਟ ਜਰ ਖੋਈ ਹਮ ਹਿਤ ਕਸ਼ਟ ਸਹਾਰ ਹੂਏ। ਲਾਖ ਧਿਕਾਰ ਨ ਮਾਨੈਂ ਫਿਰ ਹਮ, ਜੜ੍ਹ ਮੂਰਖ ਬੇੜਾਰ ਹੂਏ । ਧਰਹੁ ਧਰਮ ਅਰ ਪਾਲੋ ਸਿੱਖੀ ਤਬ ਅਰਿਸ਼ਟ ਸੇ ਪਾਰ ਹੂਏ। ਪਾਕਰ''' । ੧੯੯।

---

*ਸਤਿਗੁਰ ਜੀ ਦੇ ਜੋਤੀ ਜੋਤ ਦੇ ਕੌਤਕ ਸੰਬੰਧੀਖੋਜ ਪੜਤਾਲ ਤੇ ਇਤਿਹਾਸਕ ਲੱਭਾਂ ਲਈ ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਐਨ ੨ ਅੰਸੂ ੧੯ ਦੇ ਅੰਕ੧੦ ਦੀ ਅਤੇ ਇਸੇ ਐਨ ਦੇ ਅੰਸੂ ੨੫ ਦੇ ਅੰਕ ੫੮ ਦੀ ਟੂਕ ਅਤੇ ਪੁਸਤਕ ਗੁਰਪਦ ਨਿਰਣਯ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੪.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗ਼ੀਧਰ

ਦੇ ਪਰਮ ਪਵਿਤ੍ਰ ਚਰਨਾਂ ਵਿਖੇ

ਫਰਿਯਾਦ

ਅਰਥਾਤ

ਮਨ ਪ੍ਰਬੋਧ ਬੇਨਤੀ

ਨੋਟ–ਇਹ ਕਵਿਤਾ ਪਹਿਲੇ ਮੰ: ੧੯੯੮ ਈ: ਵਿਖੇ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ (ਨੰ: ੬੯) ਦੀ ਸੂਰਤ ਵਿਚ ਛਪੀ ਸੀ। [ਸੰਪਾਦਿਕ

ਬਿਨਯ

ਪ੍ਯਾਰੇ ਸਕੱਤ੍ਰ (ਖਾ: ਟ੍ਰੈ: ਸੁ:) ਜੀ!

ਮੈਂ ਇਹ ਗੁਟਕਾ ਮਜ਼ਮੂਨ ਦੀ ਖੂਬੀ ਜਾਂ ਵਿਦ੍ਯਾ ਦਾ ਚਮਤਕਾਰ ਦਿਖਾਲਣ ਵਾਸਤੇ ਨਹੀਂ ਲਿਖਿਆ। ਆਪਣੇ ਮਨ ਦੀ ਗਿਰੀ ਹੋਈ ਦਸ਼ਾ, ਪਾਪਾਂ ਦੀ ਪੰਡ ਦੇ ਭਾਰ, ਅੰਤਸ਼ਕਰਨ ਦੀ ਪੁਕਾਰ, ਘਬਰਾਹਟ ਤੋਂ ਦੁਖੀ ਹੋਕੇ ਸਤਿਗੁਰਾਂ ਦੇ ਚਰਨਾਂ ਵਿਚ ਜੋ ਵੇਲੇ ਵੇਲੇ ਫਰਿਯਾਦਾਂ ਤੇ ਬੇਨਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਸੰਕਲਤ ਕਰਕੇ ਛਪਵਾਉਣ ਦਾ ਉਦਮ ਮਿਤ੍ਰਾਂ ਨੇ ਕਰਵਾਇਆ, ਪਰ ਪਹਿਲੇ ਇਹ ਸੋਚ ਫੁਰੀ ਕਿ ਜੇ ਸੁਸੈਟੀ ਇਸਨੂੰ ਛਾਪੇ ਤਾਂ ਹੋਰ ਕਈ ਮਨ ਤੋਂ ਦੁਖੀ ਜੀਵਾਂ ਨੂੰ ਦੁਹਾਈ ਦੇਣ ਵਿਚ ਸਹਾਇਤਾ ਮਿਲੇ। ਗੁਰੂ ਸੱਚਾ ਪਾਤਸ਼ਾਹ ਹਾਜ਼ਰ ਨਾਜ਼ਰ ਤੇ ਸਿੱਖਾਂ ਦਾ ਵਾਲੀ ਹੈ। ਉਹ ਫਰਿਯਾਦਾਂ ਸੁਣਦਾ ਤੇ ਦਯਾ ਕਰਦਾ ਹੈ। ਜੇਕਰ ਆਪ ਇਸਨੂੰ ਛਾਪੋ ਤਾਂ ਸਭ ਹਕੂਕ ਆਪ ਦੀ ਨਜ਼ਰ ਹਨ।

ਆਪਦਾ ਦਾਸ–

ਫ਼ਰਯਾਦੀ

Digitized by Panjab Digital Library | www.panjabdigilib.org

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗ਼ੀਧਰ
ਦੇ ਪਰਮ ਪਵਿਤ੍ਰ ਚਰਨਾਂ ਵਿਖੇ

ਫਰਿਯਾਦ

ਧਾ:—ਉਠੀ ਫ਼ਜਰੇ ਪੁੰਨੂੰ ਨਜ਼ਰੀ ਨ ਆਯਾ*।
[ਮੇਰੇ ਸਤਿਗੁਰ !]

ਧਿਆਵਾਂ ਚਰਨ ਗੁਰ ਨਾਨਕ ਸੁਆਮੀ। ਗੁਰੂ ਅੰਗਦ ਅਰਾਧਾਂ ਮੈਂ ਮੁਦਾਮੀ। ਮਨਾਵਾਂ ਅਮਰ ਗੁਰ ਬਰ ਅਮਰ ਵਾਲੇ। ਕਟਾਏ ਕਾਲ ਦੇ ਜਮਜਾਲ ਨਾਲੇ। ਸਹਾਈ ਗੁਰੂ ਹੋਵੀਂ ਰਾਮ ਦਾਸਾ। ਪਇਆ ਦਰ ਤੇ ਹਾਂ ਰੱਖੀ ਚਰਨ ਆਸਾ। ਤੇਰੇ ਦਰਬਾਰ ਦਾ ਕੂਕਰ ਤੇਰੇ ਦਰ। ਪਇਆ ਦਿਨ ਰਾਤ ਧੂੜੀ ਵਿਚ ਲਿਟਾਂ ਫਿਰ। ਗੁਰੂ ਅਰਜਨ ਜੁ ਅਰਜ਼ਾਂ ਸੁਣਨ ਵਾਲਾ। ਪੂਜਾਵਨਹਾਰ ਆਸਾਂ ਦਾ ਸੁਖਾਲਾ। ਅਰਾਧਨ ਸਿੱਖ ਜਿੱਥੇ ਓਥੇ ਹਾਜ਼ਰ। ਬਣਾਯਾ ਗ੍ਰੰਥ ਦਾ ਬੇੜਾ ਵਡਾ ਫਿਰ। ਲੰਘਾਈ ਪਾਰ ਭਉਸਾਗਰ ਤੋਂ ਦੁਨੀਆਂ। ਤੇਰੇ ਉਪਕਾਰ ਜਾਣੇ ਕੋਈ ਗੁਨੀਆਂ।ਸਜੀ ਤਲਵਾਰ ਦੋ ਮੀਰੀ ਤੇ ਪੀਰੀ। ਗੁਰੂ ਭਾਰੇ ਛੇਵੇਂ ਦੀ ਪੀਰੀ ਮੀਰੀ। ਗੁਰ ਹਰ ਰਾਇ ਸਿਮਰੋ ਰਾਜ ਦਾਨੀ। ਖਿੜਾਈ ਫੁਲ ਵਾੜੀ ਜਗਤ ਜਾਨੀ। ਗੁਰੂ ਹਰਕ੍ਰਿਸ਼ਨ ਦਾ ਦਰਸ਼ਨ ਸੁਹਾਵਾ। ਕੀਆ ਜਿਸਨੇ ਉਸੇ ਨੇ ਦੁਖ ਗਵਾਵਾ। ਬਹਾਦਰ ਤੇਗ ਦੇ ਫਿਰ ਸ਼ਰਨ ਸੂਰੇ। ਬਿਰਦ ਦੀ ਲਾਜ ਰੱਖਣ ਵਿੱਚ ਪੂਰੇ। ਦਿੱਤਾ ਸਿਰ ਨ ਦਿੱਤਾ ਸਿਰਰ ਅਪਨਾ। ਦਿਖਾਯਾ ਸਤ ਧਰਮ ਦਾ ਜਾਪ ਜਪਨਾ। ਬਹਾਦਰ ਤੇਗ ਹਾਦਰ ਜਹਾਂ ਧਿਆਓ। ਮੇਰੇ ਮਨ ਚਰਨ ਸਤਗੁਰ ਦੇ ਮਨਾਓ। ਜਿਗਾ ਕਲਗੀ ਉਚੇਰੀ ਸੋਹੰਦੀ ਹੈ। ਛਕੀ ਦਸਤਾਰ ਮਨ ਨੂੰ ਮੋਹੰਦੀ ਹੈ। ਉਹ ਬੁੱਕਾ ਨੂਰ ਦਾ ਚਿਹਰਾ ਸ਼ਹਾਨਾ। ਕ੍ਰਿਪਾ ਦ੍ਰਿਸ਼ਟੀ ਦਾ ਭਰਿਆ ਇਕ ਖ਼ਜ਼ਾਨਾ। ਕਸੀ ਤਲਵਾਰ ਬਾਂਕੀ ਢਾਲ ਭੱਖਾ। ਸਜੀਲੇ ਗੋਲ ਬਾਜੂ ਸ਼ੇਰ ਹੱਥਾ।ਫਿਰਾਵਨ ਤੀਰ ਦੀ ਚੁਟਕੀ ਅਨੋਖੀ।ਦਿਖੀ ਜਿਸਨੇ ਉਸੇ ਦੀ ਬ੍ਰਿੱਤ ਪੋਖੀ। ਸਹਾਯਕ ਦੀਨ ਬੰਧੂ ਕਾਛ ਕਾਛੇ। ਗੁਰੂ ਗੋਬਿੰਦ ਸਿੰਘ ਬਰ ਰੂਪ ਆਛੇ। ਹਜ਼ਾਰਾਂ ਦੁਸ਼ਟ ਮਾਰੇ ਦਾਸ ਥਾਪੇ। ਉਥਾਪੇ* ਥਾਪ ਕੇ ਅਪਣੇ ਸਿੰਞਾਪੇ। ਵਸਾਏ ਦਾਸ ਨਿਰ ਭੈ ਦਾਨ ਦਿੱਤਾ । ਨ ਭਟਕਜਾ ਫੇਰ ਜਿਸਨੂੰ ਅਪਨਾ ਕਿੱਤਾ। ਤੂੰ ਮਾਲਕ ਮੌਜ ਸਾਹਿਬ ਦੋ ਜਹਾਂ ਦਾ। ਤੂੰ ਪਾਲਕ ਦੀਨ ਤੇ ਦੁਨੀਆਂ ਦੁਹਾਂ ਦਾ। ਬਣਾਏ ਕੀੜਿਓਂ ਤੈਂ ਸ਼ੇਰ ਬਬਰੇ। ਤੁੜਾਏ ਬਾਜ ਚਿੜੀਆਂ ਤੋਂ ਬਿਖਬਰੇ। ਬਣਾਏ ਸੰਗ ਦਿਲ ਤੈਂ ਨਰਮ

*ਇਹ ਫਾਰਸੀ ਵਜ਼ਨ ਹੈ—ਮਫਾਈਲਨ ਮਫਾਈਲਨ ਫਊਲਨ। [ਸੰਪਾਦਿਕ

*ਉਖੜੇ ਹੋਇਆਂ ਨੂੰ।

Digitized by Panjab Digital Library | www.panjabdigilib.org

ਮੋਮੀ। ਬਿਠਾਏ ਸ਼ਾਂਤਿ ਦੇ, ਕਰ ਪੀਰ ਕੌਮੀ। ਘੜੇ ਅਨਘੜ ਨਹੀਂ ਸਨ ਜੋ ਘੜੀਂਦੇ। ਪੜ੍ਹੇ ਅਨਪੜ੍ਹ ਨਹੀਂ ਸਨ ਜੋ ਪੜ੍ਹੀਂਦੇ।

[ਮੇਰੇ ਮਨ ਦੀ ਦਸ਼ਾ]

ਮੇਰਾ ਮਨ ਪੱਥਰੋਂ ਕਰੜਾ ਘਨੇਰਾ। ਨਹੀਂ ਏ ਪਿਘਲਦਾ ਤਾਯਾ ਬਤੇਰਾ। ਗਲੇ ਪੱਥਰ ਜਾਂ ਪਾਵੇ ਆਂਚ* ਭਾਰੀ। ਉਡੇ ਫਿਰ ਖਾਕ ਬਣਕੇ ਵਾ ਮਝਾਰੀ। ਮੇਰਾ ਮਨ ਮਾਸਲ† ਸਖਤ ਐਸਾ। ਕਰੇ ਸ਼ਰਮਿੰਦਿਆਂ ਪੱਥਰ ਨੂੰ ਜੈਸਾ। ਨ ਪਿਘਲੇ ਅਰ ਨ ਹੋਵੇ ਖਾਕ ਕੀਮੀ। ਤੁੰਹੇ ਜੇ ਕਰੇਂ ਇਸਦੀ ਕੁਝ ਹਕੀਮੀ। ਮਿਲੇ ਪਾਖਾਕ‡ ਤਾਂ ਇਹ ਖਾਕ ਹੋਵੇ। ਪਲੀਤੀ ਛੱਡਕੇ ਕੁਝ ਪਾਕ ਹੋਵੇ। ਕਰਾਂ ਇਜ਼ਹਾਰ ਇਸਦੇ ਦੁੱਖ ਦਾ ਕੀ। ਹਠੀਲਾ ਸਖਤ ਜਿੱਦਲ ਦੁੱਖਦਾ ਬੀ। ਇ ਟੇਢੀ ਚਾਲ ਦੇ ਚਾਲੇ ਕੁਚਾਲੇ। ਚਲੇ ਦਿਨਰਾਤ, ਚੰਚਲਚਿਤਮਿਤਾਲੇ।

[ਮੇਰੀ ਫਰਿਆਦ]

ਕਰਾਂ ਫ਼ਰੀਆਦ ਮੈਨੂੰ ਦਿਲ ਦੁਖਾਯਾ। ਮਹਿੱਟਰ ਦੀਨ ਦੁਖੀਆ ਸ਼ਰਨ ਆਯਾ। ਤੂੰਹੀ ਮਾਲਕ ਤੇ ਪਾਲਕ ਤੂੰਹੇਂ ਸ੍ਵਾਮੀ! ਤੂੰਹੇਂ ਰੱਖਕ ਤੇ ਮੇਰਾ ਅੰਤ੍ਰ ਜਾਮੀ। ਮੈਨੂੰ ਇਸ ਮਨ ਦੁਖਾਯਾ ਤੇ ਸਤਾਯਾਇ ਹੋਕੇ ਬੇ ਲਗਾਮਾਂ ਮੈ ਘੁਮਾਯਾ। ਨਹੀਂ ਏ ਠਹਿਰਦਾ ਨਾ ਮੰਨਦਾ ਹੈ। ਫਿਰੇ ਭੌਂਦਾ ਅਵਾਰਾ, ਪਿੰਨਦਾ ਹੈ। ਨਹੀਂ ਗੁਰ ਪੀਰ ਦੀ ਕੁਝ ਸਿੱਖ ਸੁਣਦਾ। ਕਰੀ ਕਰਤੂਤ ਤੇ ਨਹਿ ਸੀਸ ਧੁਣਦਾ। ਰਹੇ ਡੁੱਬਾ ਖਿਆਲਾਂ ਵਿਚ ਸਦਾ ਹੀ। ਜੁ ਭੈੜੇ ਕੰਮ ਨਾਵਾਜਬ ਬੁਤਾਹੀ। ਨਹੀਂ ਲਗਦਾ ਤੇਰੇ ਚਰਨਾਂ ਦੇ ਵਿਚ ਏ।ਨਹੀਂ ਲਿਟਦਾ ਤੇਰੇ ਕਦਮਾਂ ਦੇ ਵਿਚ ਏ। ਨਹੀਂ ਸੁਣਦਾ ਤੇ ਨਾ ਕੁਝ ਮੰਨਦਾ ਹੈ। ਨਵੇਂ ਸੂਰਜ ਪੁਵਾੜੇ ਘਿੰਨਦਾ ਹੈ। ਨ ਦੇਂਦਾ ਚੈਨ ਨਾ ਇਹ ਚੈਨ ਕਰਦਾ। ਨ ਮੁੜਦਾ ਮੋੜਿਆ ਡਰਾਇਆ ਨ ਡਰਦਾ। ਮੇਰਾ ਮਨ ਤੜਫਦਾ ਤੇ ਫੜਕਦਾ ਹੈ। ਮੈਂ ਹਾਂ ਮਾਯੂਸ* ਤੇ ਦੁਖ ਖੜਕਦਾ ਹੈ। ਪਇਆ ਔਝੜ ਤੇ ਡਾਵਾਂ-ਡੋਲ ਭਉਂਦਾ। ਨ ਖਾਂਦਾ ਜਾਗਦਾ ਬਹਿੰਦਾ ਨ ਸਉਂਦਾ। ਕਰੇਂਦਾ ਰੱਡੀਆਂ† ਦੁਖ ਰੂਪ ਬਣਕੇ। ਦੁਖੀ ਹੁੰਦਾ ਹੈ ਆਪੇ ਦੁੱਖ ਜਣਕੇ। ਉਲਝ ਜਾਂਦਾ ਹੈ ਤਾਣਾ ਆਪ ਤਣਕੇ। ਨਹੀਂ ਸੁਲਝਾਇ ਸਕਦਾ ਦੁੱਖ ਠਣਕੇ। ਪਇਆ ਡਾਂਵਰ‡ ਜਿਵੇਂ ਫਾਹੀ ਦੇ ਰਹਿੰਦਾਨ ਬਹਿੰਦਾ ਚੈਨ ਲੈਂਦਾ ਭੌਂਦਾ ਰਹਿੰਦਾ। ਪਇਆ ਜਾਂਦਾ ਏ ਰਿਹਾੜੇ ਇਕੋ ਸਾਹੀ। ਮਹਿੱਟਰ ਦੀਨ ਦੁਖੀਆ ਦਾਦ ਖ੍ਵਾਹੀ। ਗਇਆ ਚੜ੍ਹ ਪੰਜੇ ਪੰਜਾਂ ਦੇ ਇਜੇਹਾ। ਹੋਇਆ ਨਿਤ ਖ੍ਵਾਰ ਪਾਮਰ ਨੀਚ ਜੇਹਾ। ਇਹ ਭਟਕਣ ਭਉਣ ਨਿਤ ਨਿਤ ਖ੍ਵਾਰ ਕਰਦੀ।ਦੁਖਾਂ ਦੀ ਨੈਂ ਕਿਵੇਂ ਨਹਿ ਜਿੰਦ ਤਰਦੀ। ਸਤਾਯਾ ਏਸ ਮਨ ਨੇ ਹੋ ਸੁਦਾਈ। ਰੁਲਾਯਾ ਏਸ ਮਨ ਨੇ ਬਦ ਹਵਾਈ। ਫਿਰਾਯਾ ਕੂਬਕੂ§ ਗ਼ਮ ਫ਼ਿਕਰ ਫ਼ਾਕੇ। ਚਖਾਏ ਦੁੱਖ ਤੇ ਭੁਖ ਦੇ ਕੜਾਕੇ। ਇਨ੍ਹਾਂ ਪੰਜਾਂ ਨੇ ਪੰਜੇ ਚਾੜ੍ਹ ਮੈਨੂੰ। ਦਿੱਤੇ ਨੇ ਜ਼ਿੰਦਗੀ ਦਾ ਸਾੜ ਮੈਨੂੰ। ਮੇਰੀ ਨਕ ਜਿੰਦ ਇਸਤੋਂ ਆ ਗਈ ਹੈ। ਮੇਰੀ ਇਹ ਜ਼ਿੰਦਗੀ ਕੈਂਹੀ ਹੁਈ ਹੈ। ਕਰਾਈ ਕਾਰ ਉਹ ਜੁ ਕਰ ਨ ਸੱਕਾਂ। ਨ ਕਰ ਸੱਕਾਂ ਨ ਮੁੱਕਾਂ ਹਾਇ ਅੱਕਾਂ। ਨਚਾਯਾ ਨਾਚ ਉਹ ਜੋ ਨਚ ਨ ਜਾਣਾ।ਖਿਲਾਯਾ ਖੇਲ ਜੋ ਖੇਲਣ ਨ ਜਾਣਾਂ। ਪਿਆਲਾ ਘੁੱਟ, ਦੇਕੇ ਸੁਖ ਦਾ ਧੋਖਾ। ਨ ਲੱਧਾ ਚੈਨ, ਖਾਧਾ ਧੋਖਾ ਚੋਖਾ। ਪਇਆ ਇਸ ਜਾਲ ਵਿਚ ਜੰਜਾਲ ਰੱਬਾ। ਘੁਸੀ ਹੁਣ ਚਾਲ, ਹਾਂ ਬੇਹਾਲ

*ਅੱਗ। †ਮੇਟਾ। ‡ਚਰਨ ਧੂੜ।

*ਬੇਆਸ। †ਜ਼ਿੰਦਾਂ। ‡ਉਮਰ ਕੈਦੀ, [ਦਾਯਮੁਲ ਹਬਸ]। §ਗਲੀ ਗਲੀ।

Digitized by Panjab Digital Library | www.panjabdigilib.org

ਰੱਬਾ। ਨ ਮਿਲਦੀ ਥਾਹ ਦੁੱਖਾਂ ਦੀ ਅਮਾਓ। ਕਦੋ ਇਸ ਖੁੱਭਣੋਂ, ਕੁਈ ਵਾਹ ਲਾਓ।

[ਮੇਰੀ ਹਾਲ ਬਾਹੁੜੀ]

ਮੇਰਾ ਮਨ ਸਖਤ ਤਰ ਘਬਰਾ ਗਇਆ ਹੈ। ਕਲੇਜਾ ਫੁਟ ਬਾਹਰ ਆ ਗਇਆ ਹੈ। ਮੇਰਾ ਇਸ ਮਨ ਨੇ ਕੀਤਾ ਗ਼ਰਕ ਬੇੜਾ। ਰਹੇ ਹਰ ਦਮ ਇਨੂੰ ਪੰਜਾਂ ਦਾ ਝੇੜਾ। ਤੇਰੇ ਦਰਬਾਰ ਹੈ ਫ਼ਰੀਆਦੋਂ ਮੇਰੀ। ਪੁਜਾਵੀਂ ਆਸ ਸਤਿਗੁਰ, ਸ਼ਰਨ ਤੇਰੀ। ਰਖੀਂ ਮੈਨੂੰ ਤੂੰ ਅਪਣੀ ਸ਼ਰਣ ਸ੍ਵਾਮੀ। ਗੁਨਾਹੀ ਲੂਣ ਹਰਾਮੀ ਮੈਂ ਹਾਂ ਖਾਮੀ। ਕਰਾਂ ਫ਼ਰੀਆਦ ਤੇ ਫਿਰ ਬਾਹੁੜੀ ਮੈਂ। ਮੇਰੇ ਸਤਿਗੁਰ ਦਿਖਾਵੀਂ ਬਾਹੁੜੀ ਮੈਂ। ਮੇਰੀ ਫ਼ਰਿਆਦ ਸੁਣਿ ਲੈ ਮੇਰੇ ਸਾਈਂ। ਮੇਰੀ ਫ਼ਰੀਆਦ ਫ਼ਰੀਆਦੀ ਗੁਸਾਈਂ। ਤੂੰ ਦੇਵਣਹਾਰ ਮੇਰੀ ਦਾਦ ਦਾ ਹੈਂ। ਤੂੰ ਸੁਣਨੇ ਹਾਰ ਇਸ ਫ਼ਰੀਆਦ ਦਾ ਹੈਂ। ਹੈਂ ਦਰਦੀ ਤੂੰ, ਸੁਣੀਂ ਦਰਦਾਂ ਦੇ ਵਾਲੀ। ਤੂੰ ਹੈਂ ਗਮਖ੍ਵਾਰ, ਮੇਰੇ ਦੀਨ ਪਾਲੀ। ਹੁਇਆ ਬੇ ਵਾਹ ਨ ਲਗੇ ਵਾਹ ਬਾਂਹ ਦੀ। ਅੈ ਬੇਪਰਵਾਹ ਲੱਧੀ ਸ਼ਰਣ ਸ਼ਾਹ ਦੀ। ਤੂੰਹੋ ਮੁਸ਼ਕਲ ਕੁਸ਼ਾ* ਸਾਹਿਬ ਬੇ ਪਰਾਂ ਦਾ। ਮੈਂ ਆਜਿਜ਼† ਦੀਨ ਦੁਖੀਆ ਰੁੜ੍ਹਿਆ ਜਾਂਦਾ ਮੈਂ ਜੋੜਾਂ ਹੱਥ ਤੇ ਗਲ ਪੱਲਾ ਮੂੰਹ ਘਾਹ। ਕਰਾਂ ਇਕ ਬੇਨਤੀ ਮੈਂ ਰੋ ਕੇ ਕੁਰਲਾਹ। ਕਰੋ ਕੁਝ ਬਾਹੁੜੀ ਬਾਲਕ ਇਵਾਣਾ। ਕਰਾਂ ਫ਼ਰੀਆਦ ਪਰ ਕਰਨੀ ਨ ਜਾਣਾ। ਮਹਿੱਟਰ, ਦਰਦ ਦੁਖੀਆ, ਦੁਖ ਸਤਾਯਾ। ਮੈਂ ਲੈ ਫ਼ਰੀਆਦ ਸਤਿਗੁਰ ਸ਼ਰਣ ਆਯਾ। ਪਇਆ ਦੁਖ ਹਾਇ ਹੈ ਜਗ ਧੰਧਿਆਂ ਦਾ। ਫਹਿਆ ਹਾਂ ਫਾਹੀਆਂ ਤੇ ਫੰਧਿਆਂ ਦਾ। ਨਹੀਂ ਕੁਝ ਔੜ੍ਹਦੀ ਸਤਿਗੁਰ ਕਰਾਂ ਕੀ? ਮੈਂ ਡੁੱਬਾ ਨਰ ਡੋਬਿਆ ਫਿਰ ਤਰਾਂ ਕੀ? ਨਹੀਂ ਹੁਣ ਵਾਹ ਕੋਈ ਆਸ ਮੇਰੀ। ਤੁਹਾਡੀ ਸ਼ਰਣ ਇਹ ਇਕ ਆਸ ਮੇਰੀ। ਸ਼ੁਦਾਈ ਬਾਉਲਾ ਖਪਤੀ ਤੇ ਭੌਂਦੂ। ਪਇਆ ਦਰ ਤੇ ਕਰਾਂ ਫ਼ਰੀਆਦ ਚੂੰ ਚੂੰ। ਮੇਰੀ ਅਰਦਾਸ ਮੇਰੇ ਪਾਤਸ਼ਾਹ ਦੇ। ਮਾਲਕ ਮੌਜ ਦੇ ਸਾਹਿਬ ਸ਼ਹਾਂ ਦੇ। ਇਹ ਦੁਖੀਆ ਦੀਨ ਆਜਜ਼ ਦਰ ਪਇਆ ਹੈ। ਤਿਰਾ ਦਰ ਢੂੰਢ ਕੇ ਮੈਂ ਲਭ ਲਇਆ ਹੈ। ਮੈਂ ਕਰਨਾਂ ਮਿੰਨਤਾਂ ਲੱਖਾਂ ਕਰੋੜਾਂ। ਤੇ ਤਰਲੇ ਵਾਸਤੇ ਹਾੜੇ ਪਛੋੜਾਂ। ਮੈਂ ਵਿਛੜਜਾ ਕਈ ਜਨਮਾਂ ਤੋਂ ਨ ਮਿਲਿਆ। ਮਨੁੱਖਾ ਜਨਮ ਮਿਲਿਆ ਦਰ ਤਾਂ ਮਿਲਿਆ। ਪਇਆ ਹਾਂ ਸ਼ਰਣ ਹੁਣ ਦ੍ਵਾਰੇ ਤੁਹਾਡੇ। ਕਰੋ ਕੁਝ ਬਾਹੁੜੀ ਸਤਿਗੁਰ ਅਸਾਡੇ। ਪਾਓ ਚਾ ਖੈਰ ਭਿੱਖ੍ਯੂ ਦਰ ਤੇਰੇ ਦਾ। ਮੈਂ ਤਰਲੇ ਮਿੰਨਤਾਂ ਦਿਨ ਦਿਨ ਕਰੇਂਦਾ। ਓ ਬੇ ਪਰਵਾਹ ਕੀ ਪਰਵਾਹ ਤੈਨੂੰ। ਕ੍ਰਿਪਾ ਦ੍ਰਿਸ਼ਟੀ ਕਰੇਂ ਤਾਰੇਂ ਚਾ ਮੈਨੂੰ। ਮੈਂ ਕੂਕਰ ਦਰ ਤੇਰੇ ਦਾ ਧੂੜ ਸੰਗਤ। ਲਿਟਾਂ ਦਿਨ ਰਾਤ ਤਲੀਆਂ ਚਟਾਂ ਪੰਗਤ। ਮੈਂ ਲੈ ਫ਼ਰੀਆਦ ਆਯਾ ਦਾਦ ਖ਼ਾਤਰ। ਮੈਂ ਲੱਧਾ ਢੂੰਡ ਕੇ ਸਤਿਗੁਰ ਤੇਰਾ ਦਰ। ਨਹੀਂ ਦਰ ਹੋਰ ਕੋਈ ਜਾ ਪੁਕਾਰਾਂ। ਨਹੀਂ ਜਾ ਹੋਰ ਜਿੱਥੇ ਢਾਈਂ ਮਾਰਾਂ। ਕਰਾਂ ਫ਼ਰੀਆਦ ਸੁਣਿ ਲੈ ਮੇਰੇ ਵਾਲੀ। ਤੂੰ ਕਰ ਬਖ਼ਸ਼ਸ਼ ਮੈਂ ਹਾਂ ਦਰ ਦਾ ਸਵਾਲੀ। ਨਹੀਂ ਦਰਦੀ ਦੇ ਸੁਣਦਾ ਕੋਈ ਦੁਖੜੇ। ਸਭੀ ਬੇਦਰਦ ਸੁੱਖਾਂ ਲਿਬੜ ਪਿਥੜੇ। ਨਹੀਂ ਸੁਣਦੇ ਨੇ ਦੁਖ ਦੁਖੀਆਂ ਦੇ ਸੁਖੀਏ। ਨਹੀਂ ਡਿੱਠੇ ਉਹਨਾਂ ਨੇ ਦੁੱਖ ਦੁਖੀਏ। ਸੁਣਾਵਾਂ ਹਾਲ ਕੀ ਓਹਨਾਂ ਨੂੰ ਅਪਣਾ। ਓਹ ਹਨ ਬੇਤਰਸ ਕਰਸਨ ਝੇੜ ਅਪਣਾ। ਹੋਯਾ ਸੈਦਾਅ ਮੈਨੂੰ ਬੇਕਸੀ ਦਾ। ਮੈਨੂੰ ਖ਼ਫ਼ਕਾਨ ਹੋਇਆ ਬੇਬਸੀ ਦਾ। ਮੈਂ ਲੱਧਾ ਢੂੰਡ ਕੇ ਤੇਰਾ ਦੁਆਰਾ। ਤੇਰੀ ਬਾਝੋਂ ਮਿਹਰ ਦੇ ਕੋਈ ਨ

*ਔਖ ਨੂੰ ਸੌਖ ਕਰਨ ਵਾਲਾ। †ਅਧੀਨ।

Digitized by Panjab Digital Library | www.panjabdigilib.org

ਚਾਰਾ। ਐ ਬੇਪਰਵਾਹ ਕੁਝ ਪਰਵਾਹ ਤੁਝ ਨਾ। ਜੇ ਤੂੰ ਬਖਸ਼ੇਂ ਤਾਂ ਮੈਨੂੰ ਫਿਕਰ ਕੁਝ ਨਾ। ਤੂੰ ਕਰਕੇ ਮਿਹਰ ਅਪਣੇ ਬਿਰਦ ਵਾਲੀ। ਕਰੇਂ ਚਾ ਬਾਹੁੜੀ ਕੁਝ ਦਰਦ ਵਾਲੀ। ਤੇਰੀ ਇਕ ਨਜ਼ਰ ਵਿਚ ਸਭ ਕੁਝ ਹੋ ਜਾਵੇ। ਤੂੰ ਪਲ ਵਿਚ ਅਰਸ਼ ਤੇ ਫਰਸ਼ੋਂ ਲਿਜਾਵੇਂ। ਤੇਰੀ ਇਕ ਮਿਹਰ ਸਾਰੇ ਕਹਰ ਕੱਟੇ। ਕਰੇਂ ਕਿਰਪਾ ਤਾਂ ਸਾਰੇ ਰੋਗ ਹੱਟੇ। ਤੇਰੇ ਦਰਬਾਰ ਫਰੀਆਦੀ ਪਇਆ ਹਾਂ। ਤੇਰੇ ਦਰਬਾਰ ਬੇਦਾਦੀ ਪਇਆ ਹਾਂ।

[ਮੇਰੀ ਦੁਨਯਾਵੀ ਦੁਖਾਂ ਤੋਂ ਫ਼ਰੀਆਦ]

ਕਰੇਂ ਸਤਿਗੁਰ ਨਜ਼ਰ ਜੇ ਮਿਹਰ ਵਾਲੀ। ਹੋਵਾਂ ਬਲਿਹਾਰ ਲੱਖਾਂ ਵਾਰ ਹਾਲੀ। ਮੇਰਾ ਬੇੜਾ ਏ ਰੁੜ੍ਹਦਾ ਪਾਰ ਹੋਵੇ। ਮੇਰਾ ਮਨ ਨਿਘਰਦਾ ਜਾਂਦਾ ਖਲੋਵੇ। ਮੇਰੀ ਦੁਰਗਤ ਹੈ ਦੁਨੀਆਂ ਨੇ ਬਨਾਈ। ਮੇਰੇ ਹੋ ਦੀਨ ਦੇ ਵਾਲੀ ਸਹਾਈ। ਮੇਰਾ ਹੁਣ ਜੀਉਣਾ ਮਰਨੇ ਤੋਂ ਬਦਤਰ। ਕਰੇਂ ਜੇ ਮਿਹਰ ਹੋਵਾਂ ਸਫਲ ਬਰ ਤਰ। ਗਵਾਯਾ ਦੀਨ ਮੈਂ ਦੁਨੀਆਂ ਦੇ ਧੋਖੇ। ਨ ਲੱਧਾ ਦੀਨ,ਦੁਨੀਆਂ ਵੀ ਨ ਪੋਖੇ। ਨਿਗਾਹੇ ਮਿਹਰ ਵਾਲੀ ਦਾ ਇਸ਼ਾਰਾ। ਹੋਵੇ ਇਕ ਵਾਰ ਬੇੜਾ ਪਾਰ ਭਾਰਾ। ਨਹੀਂ ਜਦ ਤਕ ਨਿਗਾਹੇ ਕਰਮ* ਵਾਲੀ। ਪਇਆ ਹਾਂ ਦਰ ਤੇਰੇ ਤੇ ਮੈਂ ਸਵਾਲੀ। ਹਜ਼ਾਰਾਂ ਦੁੱਖ ਤੇ ਸੰਤਾਪ ਮੈਨੂੰ। ਕਿਥੋਂ ਤਾਕਣ ਸੁਣਾਵਾਂ ਰੋਕੇ ਤੈਨੂੰ। ਕੀਤਾ ਜਗ ਧੰਧਿਆ ਰੰਜੂਰ† ਮੈਨੂੰ। ਕੀਤਾ ਇਸ ਚਾਹ ਨੇ ਦੁਖ ਪੂਰ ਮੈਨੂੰ। ਮੇਰਾ ਹੁਣ ਜਾਨ ਹੈ ਅੱਜ਼ਾਬ‡ ਅੰਦਰ। ਦੁਖੀ ਦਿਲ ਦਰਦ ਇਨ-ਕਲਾਬ§ ਅੰਦਰ। ਦਿੰਦੇ ਹਨ ਲੋਕ ਦੁਨੀਆਂ ਦੇ ਵੀ ਤਾਨੇ। ਕਰਨ ਪਰਹੇਜ਼ 'ਦੁਰ ਦੁਰ' ਕਹਿਣ ਸਜਾਣੇ। ਜਦੋਂ ਇਉਂ ਗਲ ਕੋਇ। ਰੜਕਾਉਂਦਾਹੈ।ਕਲੇਜਾ ਫੁੱਟ ਬਾਹਰ ਆਉਂਦਾ ਹੈ। ਤੇਰੇ ਦਰਬਾਰ ਆਕੇ ਰਹਾਂ ਖਾਲੀ! ਸਤਾਵੇ ਗੱਲ ਦਿਲ ਮੇਰਾ ਦੁਖਾਲੀ।ਨ ਚਲਦੀ ਵਾਹ ਤੇ ਰੋਵਾਂ ਪੁਕਾਰਾਂ। ਕਰਾਂ ਫਰੀਆਦ ਗੌਗਾ ਸ਼ੋਰ ਮਾਰਾਂ। ਤੂੰ ਸੁਨ ਮਾਲਕ ਮੇਰੇ ਦਿਲ ਦੇ ਗੁਸਾਈਂ ! ਸੁਖੀ ਸੁਤਿਆਂ ਮੁਸੀਬਤ ਕੇਹੀ ਆਈ।ਤੂੰ ਕਹੁ ਮੈਂ ਮਾਲਕਾ ਜਾਵਾਂ ਕਿਦਾਈਂ? ਗਈ ਦੁਨੀਆਂ ਨ ਪਹੁੰਚਜਾ ਦੀਨ ਤਾਈਂ। ਨਹੀਂ ਕੋਈ ਤੇਰੇ ਬਾਝੋਂ ਕਿਥਾਈਂ। ਭਿਜਾਵੇਂ ਤੂੰ ਜਿਥੇ ਵੇਵਾਂ ਉਥਾਈਂ।ਤੇਰੇ ਬਾਝੋਂ ਕਹੋ ਜਾਵਾਂ ਮੈਂ ਕਿੱਥੇ। ਮਿਲੇ ਢੋਈ ਇਜੇਹੀ ਜਾਵਾਂ ਜਿੱਥੇ। ਨਹੀਂ ਕੋਈ ਜਗਹ ਹੈ ਬਾਝ ਤੇਰੇ। ਤੂੰ ਕਰ ਬਖਸ਼ਸ਼ ਓ ਸੱਚੇ ਸ਼ਾਹ ਮੇਰੇ। ਨਹੀਂ ਦਰ ਹੋਰ ਕੋਈ ਜਾ ਪੁਕਾਰਾਂ।ਨਹੀਂ ਜਾ ਹੋਰ ਜਿੱਥੇ ਢਾਹੀਂ ਮਾਰਾਂ। ਹੋਇਆ ਸੁਖ ਦੂਰ ਸਾਥੋਂ ਹੁਣ ਇਵੇਂ ਲੈ। ਜਿਵੇਂ ਕਾਫੂਰ ਗਰਮੀ ਪਾ ਉਡੇ ਹੈ। ਦੁਖਾਂ ਦੀ ਰਾਤ ਕਾਲੀ ਬੋਲੀ ਆਈ।ਗਮਾਂ ਦੀ ਚਮਕ ਬਿਜਲੀ ਜਿਉਂ ਡਰਾਈ। ਜੁ ਬੱਦਲ ਵਾਂਗ ਚਸ਼ਮਾਂ* ਮੇਰੀਆਂ ਵੀ। ਪਈਆਂ ਵੱਸਣ ਛਮਾਂ ਛਮ ਘੋਰੀਆਂ ਵੀ। ਝੁਲੇ ਝੱਖੜ ਮੇਰੇ ਸਾਹ ਠੰਢਿਆਂ ਦਾ।ਪਈ ਏਹ ਗਰਜ ਸਾਹ ਹਿਡਕੋਰਿਆਂ ਦਾ। ਗ਼ਮਾਂ ਦੀ ਰਾਤ ਕੀ ਬਰਸਾਤ ਕਾਲੀ। ਨਹੀਂ ਮੁਕਦੀ ਨ ਚੜ੍ਹ ਹੈ ਦਿਹੁੰ ਸੁਖਾਲੀ। ਤੂੰਹੇ ਜੇ ਮਿਹਰ ਦਾ ਸੂਰਜ ਚੜਾਵੇਂ। ਕਰੇਂ ਕਿਰਪਾ ਤੇ ਕਦਮਾਂ ਨਾਲ ਲਾਵੇਂ। ਦਿਲਾਸਾ ਦੇਕੇ ਸਿਰ ਤੇ ਹੱਥ ਫੇਰੇਂ । ਗੁਜ਼ਰ ਜਾਵਣ ਏ ਦੁਖਦੇ ਦਿਹੁੰ ਕੁਫੇਰੇਂ ।ਹੋਵੇ ਪਰਕਾਸ਼ ਦਿਲ ਮੇਰੇ ਮਿਹਰ ਦਾ। ਜਾਵੇ ਫਿਰ ਭੁੱਲ ਸਾਰਾ ਦੁਖ ਕਹਰ ਦਾ। ਨਹੀਂ ਜਦ ਤਕ ਮਿਹਰ ਦੀ ਨਜ਼ਰ ਕਰਸੇਂ। ਨਹੀਂ ਜਦ ਤਕ ਮੇਰੇ ਸਿਰ ਹੱਥ ਧਰਸੇਂ। ਨਹੀਂ ਜਦ ਤਕ ਬਚਨ ਹੋਵੇ 'ਤੂੰ ਮੇਰਾ' । ਨਹੀਂ ਤਦ

*ਬਖਸ਼ਸ਼। †ਚਿੰਤਾਤੁਰ। ‡ਦੁੱਖ। §ਚੰਚਲਤਾਈ।

*ਅੱਖਾਂ।

Digitized by Panjab Digital Library | www.panjabdigilib.org

ਤੱਕ ਘਟੇਗਾ ਦੁੱਖ ਮੇਰਾ। ਤੂੰਹੈ ਮੁਸ਼ਕਲ ਕੁਸ਼ਾ ਸਾਹਿਬ ਦਿਲਾਂ ਦਾ। ਤੂੰਹੈ ਮਾਲਕ ਤੇ ਪਾਲਕ ਸਭ ਦਿਲਾਂ ਦਾ। ਮੇਰਾ ਦੁਖ ਰੋਜ਼ ਹੁੰਦਾ ਹੈ ਸਵਾਯਾ।ਮੇਰੇ ਸਿਰ ਹੜ ਦੁਖਾਂ ਦਾ ਚੜ੍ਹ ਕੇਆਯਾ। ਮੈਂ ਹਾਂ ਮਿਸਕੀਨ* ਇਹ ਦੁਖ ਝਲ ਨ ਸੱਕਾਂ। ਕਰਾਂ ਫਰੀਆਦ ਤੇਰੀ ਸ਼ਰਨ ਤੱਕਾਂ। ਮੇਰੀ ਹੁਣ ਜਾਨ ਦੁੱਖਾਂ ਆਣ ਘੇਰੀ। ਮੇਰੀ ਰੁੜ੍ਹਦੀ ਉਮਰ ਕਰ ਪਾਰ ਬੇਰੀ। ਮੇਰੇ ਦਿਲਦਾਰ ਦਿਲਦਾਰੀ ਕਰੀਂ ਤੂੰ। ਮੇਰੇ ਗ਼ਮਖ਼ਾਰ† ਗਮਖ਼ਾਰੀ ਕਰੀਂ ਤੂੰ। ਮੇਰੇ ਦਰਦਾਂ ਦਾ ਤੂੰ ਗ਼ਮਖ਼ਾਰ ਹੋਵੀਂ। ਮੇਰੇ ਦੁੱਖਾਂ ਦਾ ਤੂੰ ਦਿਲਦਾਰ ਹੋਵੀਂ।ਮੇਰਾ ਦਿਲ ਡੋਲਦਾ ਡਗਮਗ ਜਿਉਂ ਬੇਰੀ। ਤੂੰ ਲਾਵੀਂ ਵੇਰ ਮੈਂ ਹਾਂ ਸ਼ਰਨ ਤੇਰੀ। ਤੂੰ ਕਰ ਇਕ ਨਜ਼ਰ ਭਰਕੇ ਮਿਹਰ ਸੰਦੀ। ਤੂੰ ਖਾਵੰਦ ਸੱਚ ਮਾਲਕ, ਮੈਂ ਹਾਂ ਬੰਦੀ।ਤੂੰ ਰਖ ਹੁਣ ਲਾਜ ਜਿਉਂ ਭਗਤਾਂ ਦੀ ਰੱਖੀ। ਦੁਖਾਂ ਦੀ ਚਾਸ਼ਨੀ ਹੈ ਬਹੁਤ ਚੱਖੀ। ਪਇਆ ਹਰ ਵਕਤ ਚਰਨਾਂ ਨੂੰ ਚਟੇਸਾਂ। ਨਿਭੇ ਇਹ ਸ਼ਰਮ ਤੇ ਲਾਹਵਾਂ ਅੰਦੇਸਾ। ਫਿਰਾਯਾ ਗਮ ਨੇ ਕੂ ਬਕੂ‡ ਹੈ। ਰੁਲਾਯਾ ਦੇਸ਼ ਪ੍ਰਦੇਸ਼ੀਂ ਜ਼ਰਦਰੂ§ ਹੈ। ਨ ਦਿੱਤੀ ਦਾਦ ਇਸ ਫਰੀਆਦ ਏਹੋ। ਪੁਕਾਰਾਂ ਨਾਅਰੇ¶ ਮਾਰਾਂ ਹਾਇ ਹੂ ਹੋ। ਤੇਰੀ ਜੇ ਮਿਹਰ ਵਾਲੀ ਨਿਗਾਹ‖ ਹੋਵੇ। ਮੇਰੀ ਇਸ ਜ਼ਿੰਦਗੀ ਨੂੰ ਰਾਹ ਹੋਵੇ।

[ਤੇਰੇ ਚਰਨਾਂ ਤੋਂ ਸੁਭੇਛਯਾ]

ਏਹੋ ਕਰ ਫਜ਼ਲ ਤੇ ਬਖਸ਼ਸ਼ ਕਰਮ ਤੂੰ। ਕਰ ਦੇ ਲੋਹ ਮਨ ਮੇਰਾ ਨਰਮ ਤੂੰ। ਤੂੰਹੈ ਸਮਝਾ ਤੇ ਭਾਵੇਂ ਬੰਨ੍ਹ ਪਾ ਦੇਹ। ਤੂੰ ਕਰਸੇਂ ਮਿਹਰ ਤਾਂ ਲੈਸੇਂ ਮਨਾ ਏਹ। ਤੂੰਹੈ ਜੇ ਮਿਹਰ ਦਾ ਸੂਰਜ ਚੜ੍ਹਾਵੇਂ।ਕਰੇਂ ਕਿਰਪਾ ਤੇ ਕਦਮਾਂ ਨਾਲ ਲਾਵੇਂ। ਤੂੰਹੈ ਫਰੀਆਦ ਰਸ[A] ਤੇ ਦਾਦ ਦੇਵੇਂ।ਤੂੰਹੈਂ ਇਸ ਮਨ ਮੇਰੇ ਨੂੰ ਖੈਂਚ ਲੇਵੇਂ। ਤੇਰੇ ਉਪਕਾਰ ਮੰਨੇ ਤੇ ਖਲੋਵੇ। ਨ ਭਟਕੇ ਫੇਰ ਤੇ ਨਾ ਖ੍ਵਾਰ ਹੋਵੇ। ਹੋਵੇ ਦਿਲਜਾਨ ਤੋਂ ਕੁਰਬਾਨ ਤੁਝ ਪਰ। ਕਰੇ ਫਰੀਆਦ ਗੌਗਾ ਨ ਤੇਰੇ ਦਰ। ਹਜ਼ਾਰਾਂ ਸ਼ੁਕਰ ਸਲਵਾਤਾਂ* ਗੁਜ਼ਾਰੇ। ਹੋਵੇ ਬਲਿਹਾਰ ਤੇ ਕੁਰਬਾਨ ਵਾਰੇ।ਪਾਵੇ ਕੁਝ ਸ਼ਾਂਤਿ ਤਾਂ ਬੈਠੇ ਟਿਕਾ ਕਰ। ਲਗਾਵੇ ਧਜਾਨ ਚਰਨਾਂ ਦਾ ਤੇਰੇ ਫਿਰ। ਨ ਛੱਡੇ ਖਜਾਲ ਹੋਵੇ ਮਸਤ ਐਸਾ। ਹੋਵੇ ਕਮਲਾਂ ਤੇ ਭੌਰਾ ਮਸਤ ਜੈਸਾ। ਰਹੇ ਦਿਨਰਾਤ ਤੇਰਾ ਵਿਰਦ† ਕਰਦਾ। ਹਜ਼ਾਰਾਂ ਸ਼ੁਕਰ ਤੇ ਧੰਨਵਾਦ ਕਰਦਾ। ਮਰੇ ਮਾਇਆ ਤੋਂ ਜੀਵੇ ਪ੍ਰੀਤ ਪਾਸੇ। ਛਡੇ ਹੋਰ ਆਸ ਰੱਖੇ ਤੇਰੀ ਆਸੇ। ਰਹਾਂ ਹੋ ਮਹਵ‡ ਤੇ ਮਸਰੂਰ§ ਐਸਾ। ਘੰਡੇ ਹੇੜੇ¶ ਤੇ ਬੇਖੁਦ‖ ਹਿਰਨ ਜੈਸਾ। ਤੂੰਹੈ ਦਿੱਸੇਂ ਜਹਾਨਾਂ ਦੋਹੁ ਦਾ ਵਾਲੀ। ਤੂੰਹੈ ਦਿੱਸੇਂ ਮੁਵਾਲੀ ਹਾਲ ਕਾਲੀ। ਤੂੰਹੈ ਹੋਵੇਂ ਮੇਰਾ ਰਹਬਰ ਤੇ ਸਾਖੀ। ਤੂੰਹੈਂ ਮਾਲਕ ਮਹਾਵਤ ਕੁੰਡਾ ਹਾਥੀ। ਨ ਹੋਵੇ ਝਾਕ ਫਿਰ ਦਰ ਹੋਰ ਸੰਦੀ। ਨ ਪੁੱਛਾਂ ਪੁੱਛ ਫਿਰ ਵਿਸ਼ਿਆਂ ਦੀ ਗੰਦੀ। ਮੈਂ ਪਾਵਾਂ ਸ਼ਾਂਤ, ਹੋ ਏਕਾਂਤ ਬੈਠਾਂ। ਕਰਾਂ ਦਰਸ਼ਨ ਤੇ ਹੋ ਦਿਲ ਸ਼ਾਂਤਿ ਬੈਠਾਂ। ਨ ਰੱਖਾਂ ਜਮ ਦੀ ਬਾਕੀ ਦਰਸ ਝਾਕੀ। ਰਹਾਂ ਜਮ ਤੋਂ ਹਮੇਸ਼ਾਂ ਹੋਕੇ ਆਕੀ। ਲਗੇ ਲਿਵ ਬ੍ਰਿਤ ਅਖੰਡਾਕਾਰ ਹੋਵੇ। ਤੇਰੇ ਚਰਨਾਂ ਦੇ ਵਿਚ ਬਿਰਤੀ ਸਮੋਵੇ। ਰਟੇ ਦਿਨ ਰਾਤ ਮਨ ਫਿਰ ਨਾਮ ਤੇਰਾ। ਅਟੇ[A] ਜਗ ਵਿਚ ਸੁਤੰਤ੍ਰ ਕਰ ਨਿਬੇਰਾ।ਫਟੇਅਗਜਾਨ ਦਾ ਬੱਦਲ ਅੰਧੇਰਾ। ਘਟੇ ਦੁਖ ਦਰਦ ਪਜਾਰਾ ਦਰਸ ਤੇਰਾ। ਮਿਟੇ ਜਗ ਧੰਧਿਆਂ ਦਾ ਦੁੱਖ ਸਾਰਾ। ਹਟੇ ਫਿਰ ਪੰਜ ਦੂਤਾਂ ਦਾ ਪਵਾਰਾ। ਨ ਰੱਖਾਂ ਤੁੱਘ ਜਮ ਦੀ ਫੇਰ ਬਾਕੀ। ਨ ਹੋਵਨ

*ਗਰੀਬ। †ਦਰਦੀ। ‡ਗਲੀ ਗਲੀ ।§ਬਰਮਿੰਦਾ। ¶ਚੀਕਾਂ। ‖ਨਜ਼ਰ। [A]ਬਾਹੁੜੀ ਸੁਣਨ ਵਾਲਾ।

*ਉਸਤਤ। †ਵਡਿਆਈ। ‡ਮਗਨ। §ਮਸਤ ਤੇ ਖੁਸ਼।¶ਸ਼ਬਦ। ‖ਮਸਤ। [A]ਫਿਰੇ।

Digitized by Panjab Digital Library | www.panjabdigilib.org

ਦੂਤ ਦੁਸ਼ਮਨ ਦੇਖਿ ਆਕੀ। ਗਵਾਵਾਂ ਦੁੱਖ ਤੇ ਦਰਦਾਂ ਦੇ ਝੇੜੇ। ਮੇਰਾ ਸ੍ਵਾਮੀ ਜੇ ਏਥੇ ਚਾ ਨਿਬੇੜੇ। ਨ ਫਿਰ ਪਰਵਾਹ ਦੁਨੀਆਂ ਦੀ ਕਰਾਂ ਮੈਂ। ਸੁਤੰਤ੍ਰ ਮੌਜ ਤੇਰੀ ਵਿਚ ਫਿਰਾਂ ਮੈਂ। ਹੋਵਾਂ ਆਨੰਦ ਵਿਚ ਕਾਯਮ ਦਵਾਮੀ*। ਹੋਵੇ ਜੇ ਮਿਹਰ ਤੇਰੀ, ਮੇਰੇ ਸ੍ਵਾਮੀ। ਤੂੰ ਕਰ ਬਖਸ਼ਿਸ਼ ਬਿਰਦ ਅਪਨਾ ਚਿਤਾਰੀਂ। ਤੇਰੀ ਬਖਸ਼ਿਸ਼ ਤੋਂ ਜਾਵਾਂ ਸਦਕੇ ਵਾਰੀ। ਤੇਰੀ ਬਖਸ਼ਿਸ਼ ਤੋਂ ਜਹਾਂ ਵਰੁਸਾਉਂਦਾ ਹੈ।ਤੇਰਾ ਵਰੁਸਾਉ ਮੈਨੂੰ ਭਾਉਂਦਾ ਹੈ। ਤੇਰੇ ਵਰੁਸਾਉ ਤੋਂ ਵਰੁਸਾਕੇ ਆਜਿਜ਼। ਰਹੇ ਮਸਰੂਰ ਫਿਰ ਹੋਵੇ ਨ ਆਜਿਜ਼। ਤੇਰੇ ਕਦਮਾਂ ਤੋਂ ਮੈਂ ਬਲਿਹਾਰ ਹੋਵਾਂ। ਦਰਦ ਦੀਆਂ ਹੰਝੂਆਂ ਦੇ ਨਾਲ ਧੋਵਾਂ। ਕਰੇਂ ਕਿਰਪਾ ਤਾਂ ਸਦਕੇ ਜਾਨ ਹੋਵਾਂ। ਹਜ਼ਾਰਾਂ ਜਾਨ ਤੋਂ ਕੁਰਬਾਨ ਹੋਵਾਂ। ਹੋਵਾਂ ਬਲਿਹਾਰ ਚਰਨਾਂ ਤੋਂ ਮੈਂ ਵਾਰੇ। ਰਹਾਂ ਘਿਘਿਆਉਂਦਾ ਟਿਟਿਆਉਂਦਾ ਦ੍ਵਾਰੇ। ਤੇਰੇ ਦਰਬਾਰ ਦਾ ਕੂਕਰ ਕਹਾਵਾਂ।ਤੇਰੇ ਦਰਬਾਰ ਦਾ ਕੂੜਾ ਉਠਾਵਾਂ। ਚਟਾਂ ਤਲੀਆਂ ਰਹਾਂ ਕਦਮਾਂ ਤੇ ਢੱਠਾ। ਤੇਰਾ ਦਰਸ਼ਨ ਮੈਂ ਅਚਰਜ ਰੂਪ ਡਿੱਠਾ। ਤੇਰੇ ਦਰਬਾਰ ਝਾੜੂ ਕਸ਼ ਖਲੋਵਾਂ। ਤੇਰਾ ਦਰਬਾਰ ਹੰਝੂਆਂ ਨਾਲ ਧੋਵਾਂ। ਮੈਂ ਸੰਗਤ ਸਾਧ ਤੋਂ ਕੁਰਬਾਨ ਹੋਵਾਂ। ਮੈਂ ਧੂੜੀ ਸਾਧ ਸੰਗਤ ਦੀ ਮਲੋਵਾਂ। ਧਿਆਵਾਂ ਚਰਣ ਤੇਰਾ ਨਾਮ ਲੈ ਲੈ। ਕਰਾਂ ਅਰਦਾਸ ਚਰਨਾਂ ਵਿੱਚ ਪੈ ਪੈ। ਕਰਾਂ ਦਰਸ਼ਨ ਨ ਰੱਜਾਂ ਅੱਖ ਝਮਕਾਂ। ਰਹਾਂ ਢੱਠਾ ਤੇਰੇ ਅੱਗੇ ਨ ਰਮਕਾਂ। ਮੈਂ ਰੱਖਾਂ ਚਾਉ ਦਿਲ ਅਪਣੇ ਦੇ ਅੰਦਰ। ਸੇਵਾਂ ਦਿਨ ਰਾਤ ਮੈਂ ਦਰਬਾਰ ਮੰਦਰ। ਤੇਰੇ ਦਰਬਾਰ ਮੇਰੇ ਜੇਹੇ ਲੱਖਾਂ। ਮੈਂ ਸੁਣਕੇ ਸੋਇ ਤੇਰੀ ਆਸ ਰੱਖਾਂ। ਪੁਜਾ ਦੇ ਆਸ ਇਹ ਸਤਿਗੁਰ ਤੂੰ ਮੇਰੀ। ਤੂੰਹੇ ਮਾਲਕ ਮੈਂ ਬਾਂਦੀ ਦਾਸ ਤੇਰੀ। ਕਰੇਂ ਸਤਿਗੁਰ ਨਜ਼ਰ ਇਕ ਕਰਮ† ਵਾਲੀ। ਮੈਂ ਆਵੇ ਨਾਮ ਚਿਤ ਸਾਸੀਂ ਸੁਖਾਲੀ। ਹੋਵਾਂ ਕੁਰਬਾਨ ਦਿਲ ਜਾਂ ਤੋਂ ਫਿਦਾ‡ ਮੈਂ। ਨਹੀਂ ਅਹਿਸਾਨ ਕਰ ਸੱਕਾਂ ਅਦਾ ਮੈਂ। ਅਧਮ ਕੀੜੇ ਕੀਤੇ ਤੂੰ ਸ਼ੇਰ ਜਗ ਵਿਚ। ਤੁੜਾਏ ਬਾਜ ਤੂੰ ਚਿੜੀਆਂ ਤੋਂ ਪਲ ਵਿਚ।ਕੀਤੇ ਉਹ ਕਾਰਨਾਮੇ ਪੰਥ ਤੇਰੇ। ਦਿਖਾਏ ਹੱਥ ਦੁਸ਼ਮਨ ਨੂੰ ਬਥੇਰੇ। ਮੇਰੀ ਅਰਦਾਸ ਸੁਣ ਸਦਕਾ ਕਿਸੀ ਦਾ। ਮੇਰਾ ਮਨ ਬੰਨ੍ਹ ਜਿਉਂ ਤਿਉਂ ਬੇ ਬਸੀ ਦਾ। ਮੇਰਾ ਦੁਸ਼ਮਨ ਕਈ ਜਨਮਾਂ ਤੋਂ ਨਾਲੇ।ਕਰੇਂ ਕਿਰਪਾ ਤਾਂ ਸੁਖ ਦਾ ਦਿਹੁੰ ਦਿਖਾਲੇਂ।

ਗਰਤ ਘੋਰ ਅੰਧ ਤੇ ਕਾਢਹੁ
ਪ੍ਰਭ ਨਾਨਕ ਨਦਰਿ ਨਿਹਾਰਿ।

—o—

*ਨਿੱਤ। †ਦਇਆ। ‡ਵਾਰੀ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੫.

ਹੀਰ ਭਾਈ ਗੁਰਦਾਸ

ਨੋਟ–ਇਹ ਲੇਖ ਪਹਿਲੋ ਪਹਿਲ ੧੯੦੦ ਬਿ: ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ (ਨੰ: ੧੩੪) ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਸੀ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਹੀਰ ਭਾਈ ਗੁਰਦਾਸ

ਹਮਾਰੈ ਏਹ ਕਿਰਪਾ ਕੀਜੈ ॥ ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥ ੧ ॥ ਰਹਾਉ ॥ ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥ ੧ ॥ ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥ ੨ ॥ ੭ ॥ [ਕਲਿਆਨੁ ਮ: ੫

ਸ੍ਰੀ ਤਰਨ ਤਾਰਨ ਸਾਹਿਬ ਜੀ ਭਾਦ੍ਰੀ ਤੇ ਨਾਲ ਹੀ ਦੈਵਨੇਤ ਸੋਮਵਾਰ ਹੋਣੇ ਕਰ ਕੇ ਸੋਮਾਵਤੀ ਅੱਸੂਆ ਦਾ ਮੇਲਾ ਗਹਗਟਭਰ ਰਿਹਾ ਹੈ। ਇਸ ਸਾਲ ਵਰਖਾਂ ਚੰਗੀਆਂ ਮਨ ਭਾਉਂਦੀਆਂ ਹੋਣੇ ਦੇ ਕਾਰਨ ਜ਼ਿਮੀਂਦਾਰ ਲੋਕ ਵਿਹਲੇ, ਸਾਉਣੀ ਦੇ ਫਸਲ ਚੰਗੇ ਉਗੇ ਹੋਏ, ਹਾੜੀ ਦੇ ਵੱਤਰ ਨੱਪੇ ਹੋਏ ਹੋਣ ਕਰਕੇ ਚਾਓਂ ਚਾਈਂ ਚੌਹਾਂ ਲਾਭਾਂ ਤੋਂ ਬਰਸਾਤ ਦੀਆਂ ਉਮਡੀਆਂ ਹੋਈਆਂ ਘਟਾਂ ਵਾਕਰ ਘਮਾ ਘਮ ਆ ਰਹੇ ਹਨ। ਗੱਡੀਆਂ ਤੇ ਯੱਕੇ, ਬੰਬੂਕਾਟ, ਬੱਘੀਆਂ ਗੜ ਗੜ ਕਰਦੀਆਂ ਵਗਾਤਰ ਆ ਰਹੀਆਂ ਹਨ।ਭੀੜ ਵੀ ਉਹ ਭਰੀ ਹੈ ਕਿ ਤਿਲ ਮਾਰਿਆ ਭੁਇਂ ਤੇ ਨਹੀਂ ਡਿੱਗਦਾ।ਹਲਵਾਈਆਂ ਤੇ ਤੰਦੂਰਾਂ ਉਤੇ ਹਰਦ੍ਵਾਰ ਭਾਵੇਂ ਜਮਦ੍ਵਾਰ ਜੇਹੀ ਗਾਹਕੀ ਤੇਜ ਹੈ।ਵੱਟਤੇ ਹੁੱਸੜ ਬੀ ਇੰਨਾ ਕੁ ਜਿਹੜਾ ਕਹਿਣ ਤੇ ਲਿਖਣ ਦੀ ਹਦ ਤੋਂ ਬਾਹਰ, ਪਰ ਨਾਲ ਹੀ ਵਾਹਿਗੁਰੂ ਜੀ ਦੀ ਇਹ ਕ੍ਰਿਪਾ ਹੋਈ ਜੋ ਠੰਢੀ ਠੰਢੀ ਪੌਣ ਰੁਮਕਣ ਲਗ ਪਈ।ਕਿਸੇ ਵੇਲੇ ਚਿੱਟੇ ਤੇ ਮੋਟੇ ਮੋਟੇ ਬੱਦਲ ਸੂਰਜ ਦੇ ਅਗੇ ਆਕੇ ਛਾਇਆ ਦੀ ਠੰਢ ਵਰਤਾ ਦਿੰਦੇ ਹਨ, ਪਰ ਜਿਸ ਵੇਲੇ ਬੱਦਲ ਲਾਂਭੇ ਹੁੰਦੇ ਹਨ ਤੇ ਜ਼ਰਾਕੁ ਰੁਮਕਾ ਹਵਾ ਦਾ ਭੀ ਠਹਿਰ ਜਾਂਦਾ ਹੈ, ਤਾਂ ਉਸ ਵੇਲੇ ਘਬਰਾਹਟ ਉਹ ਘਬਰਾਉਂਦੀ ਹੈ ਕਿ ਘਬਰਾ ਆਪ ਵੀਘਬਰਾਦੇਹਥੋਂ ਘਾਬਰ ਘਾਬਰ ਕੇ ਮਾਨੋਂ ਤਲਾਉ ਵਿਚ ਜਾ ਗੋਤੇ ਲਾਉਂਦਾ ਹੈ, ਜਾਂ ਭੱਜ ਭੱਜ ਕੇ ਵਿਹਲਿਆਂ ਪਾਸਿਆਂ ਵਲ ਜਾ ਸਾਹ ਲੈਂਦਾ ਹੈ। ਪਸ਼ੂ ਜਿੱਥੇ ਕਿਥੇ ਮਾਰੇ ਹੁੱਸੜ ਦੇ ਘਾਬਰਦੇ ਤੇ ਭੱਜ ਭੱਜ ਪਾਣੀਆਂ ਵਿਚ ਵੜਦੇ, ਜਾਂ ਬਾਹਰ ਖਲੋਤੇ ਪਸੀਨੇ ਵਿਚ ਡੁੱਬੇ ਪਏ ਫੁੰਗਰਦੇ ਹਨ।

ਤਲਾਉ ਦੇ ਕੰਢੇ ਕੰਢੇ ਪਰਕਰਮਾ ਵਿਚ ਤਾਂ ਭੀੜ ਦਾ ਕੋਈ ਧੁਰਧਜ ਨਹੀਂ, ਬਿਅੰਤ ਸੰਗਤਾਂ ਹਨ।ਇਸੇ ਭਾਰੀ ਭੀੜ ਵਿਚ ਤਲਾਉ ਦੇ ਦੇਖਣ ਦੇ ਪਾਸੇ ਪ੍ਰਕਰਮਾ ਤੋਂ ਬਾਹਰਵਾਰ ਇਕ ਪਿੱਪਲ ਦੀ ਛਾਇਆ ਹੇਠ ਭਾਰਾ ਪਿੜ ਬੱਧਾ ਹੋਇਆ ਹੈ। ਸੈਂਕੜੇ ਆਦਮੀਆਂ ਦੇ ਟੋਲੇ ਤਾਂ ਬੈਠੇ ਹੋਏ ਹਨ, ਪਰ ਹਜ਼ਾਰਾਂ ਲਾਂਭੀਂ ਖੜੋਤੇ ਵੀ ਹੋਏ ਹਨ। ਇਕ ਇਥੇ ਹੋਰ ਵੀ ਅਨੋਖੀ ਗਲ ਦੇਖਣ ਵਿਚ ਆਉਂਦੀ ਹੈ, ਭਈ ਸਭੇ ਚੁਪ ਚਾਪ ਮਾਨੋਂ ਪੱਥਰ ਦੀਆਂ ਮੂਰਤਾਂ ਬਣੇ ਹੋਏ ਹਨ। ਸਿਰਾਂ ਤੇ ਕੇਸ ਤੇ ਰੰਗ ਰੰਗ ਦੀਆਂ ਪੱਗਾਂ, ਗਲੀਂ ਕੁੜਤੇ, ਤੇੜ ਧਬਲੀਆਂ ਬੱਧੀਆਂ, ਹੱਥੀਂ ਲਾਠੀਆਂ, ਕਈ

Digitized by Panjab Digital Library | www.panjabdigilib.org

ਖਾਲੀ ਵੀ,ਪਰ ਸਭੇ ਜੁਆਨ,ਗੱਭਰੂ ਤੇ ਚੋਬਰ। ਵਿਚਕਾਰ ਇਨ੍ਹਾਂ ਦੇ ਇਕ ਅਲਬੇਲਾ ਸਿੰਘ ਛੈਲ ਛਬੀਲਾ ਹੈ। ਲਟਪਟੀ ਜੇਹੀ ਲਪੇਟੀ ਹੋਈ ਪੱਗ ਤੇ ਕੰਨ ਤੇ ਵਿੰਗਾ ਜਿਹਾ ਜੂੜਾ ਜੋ ਖੁੱਲ੍ਹੇ ਹੋਏ ਪੇਚਾਂ ਥਾਣੀ ਦਿੱਸ ਰਿਹਾ ਸੀ। ਇੱਕੁਰ ਹੀ ਅਧਖੁਲ੍ਹਾ ਪਗ ਵੀ ਇਕ ਪਾਸੇ ਵਲ ਅੱਧੀਕੁ ਮੋਢੇ ਤੇ ਪਈ ਲਟਕਦੀ ਹੈ, ਗਲ ਵਿਚ ਮੋਕਲਾ ਕੁੜਤਾ ਤੇ ਕਿਨਾਰੇਦਾਰ ਧਬਲੀ ਵੀ ਇਸ ਦੀਆਂ ਲਟਕਾਂ ਦੇ ਨਾਲ ਨਾਲ ਪਈ ਹਿਲੋਰੇ ਖਾਂਦੀ ਹੈ। ਉਮਰਾਂ ਵਲੋਂ ਤਾਂ ਭਾਵੇਂ ਵੀਹ ਬਾਈਆਂ ਹੀ ਵਰ੍ਹਿਆਂ ਦਾ ਹੋਊ, ਪਰ ਦਾੜ੍ਹੀ ਦੀ ਖਤਕਸ਼ੇ ਮੋਚਨੇ ਤੇ ਕੈਂਚੀ ਨਾਲ ਸਫਾਈ ਕਰਾਈ ਹੋਈ ਪਈ ਦੱਸਦੀ ਹੈ ਕਿ ਨਾਈਆਂ ਦੀ ਸੇਵਕੀ ਵਿਚ ਕੋਈ ਕਸਰ ਬਾਕੀ ਨਹੀਂ ਅਤੇ ਝੂਮ ਝੂਮ ਕੇ ਲਟਕਾਂ ਦੇ ਨਾਲ ਗਾਉਣ ਤੇ ਵਿਚ ਹਿਡਕੋਰੇ ਲੈ ਲੈ ਕੇ ਬਿਸੁਰੇ ਤੇ ਬੇਤਾਲੇ ਹੋ ਜਾਣਾ ਪ੍ਰਗਟ ਕਰ ਰਿਹਾ ਹੈ ਕਿ ਭਿਰਾਈਆਂ ਦਾ ਵੀ ਪੱਕਾ ਸੇਵਕ ਹੈ।ਪਰ ਜਿਸ ਵੇਲੇ ਇਹ ਚੋਬਰ ਇਕ ਅਨੋਖੀ ਜੇਹੀ ਅਦਾ ਨਾਲ ਲੱਕ ਤੇ ਹਥ ਰੱਖਕੇ ਲੱਕੇ ਅਥਵਾ ਲੋਟਨ ਕਬੂਤਰ ਵਾਕਰ ਲੋਟਪੋਟ ਹੁੰਦਾ ਤੇ ਕਿਸੇਕਿਸੇ ਵੇਲੇ ਹੀਰ ਦੇ ਫਿਰਾਕ ਦੇ ਬੈਂਤ ਪੜ੍ਹਦਾ ਹੋਇਆ ਅਖਾਂ ਵਿਚ ਹੰਝੂ ਭਰ ਲਿਆਉਂਦਾ ਹੈ, ਸਾਰੇ ਪਿੜ ਦੇ ਦਿਲ ਹਿਲਾ ਦਿੰਦਾ ਹੈ ਤੇ ਗੇੜੇ ਖਾ ਖਾ ਕੇ ਰਾਂਝੇ ਤੇ ਸਹਤੀ ਦੇ ਜ਼ਾਬ ਤੇ ਸ੍ਵਾਲਾਂ ਦੇ ਬੈਂਤ ਗਾਉਂਦਾ ਤੇ ਸੁਰ ਵਿਚ ਵੀ ਸੁਰੀਲੀ ਮਿਠਾਸ ਵਰਸਾਉਂਦਾ ਹੈ,ਜੋ ਪ੍ਰਗਟ ਕਰਦਾ ਹੈ ਕਿ ਇਸ ਦੇ ਰੋਮ ਰੋਮ ਵਿਚ ਹੀਰ ਦਾ ਪ੍ਰੇਮ ਰਚ ਰਿਹਾ ਹੈ। ਇਸ ਵੇਲੇ ਇਸ ਦੀ ਅਜੇਹੀ ਹਵਾ ਬੱਝੀ ਹੈ ਕਿ ਆਦਮੀ ਤਾਂ ਮੂਰਛਾ ਖਾਈ ਬੈਠੇ ਹੀ ਹਨ, ਪਰ ਪਿੱਪਲ ਤੇ ਬੈਠੇ ਕਾਉਂ ਤੇ ਹੋਰ ਪੰਛੀ ਵੀ ਚੁੱਪ ਚਾਪ ਦੁਮ ਦਬਾਈ ਬੈਠੇ ਜਾਪਦੇ ਹਨ। ਸਾਰਾ ਪਿੜ ਆਪਣੇ ਘਰ ਬਾਰ ਤਨ ਮਨ ਵਿਸਾਰ ਨਿਰੇ ਪੁਰੇ ਉਸੇ ਚੋਬਰ ਦੀ ਲਟਕ ਤੇ ਹੀਰ ਦੇ ਬੈਂਤਾਂ ਦੀ ਸੁਰ ਵਿਚ ਮਸਤ ਹੈ, ਪਰ ਇਨ੍ਹਾਂ ਵਿਚ ਇਕ ਸਿੰਘ ਉਮਰ ਦਾ ਅਧਖੜ ਜਿਹਾ, ਸਿੱਧੀ, ਸਾਫ ਤੇ ਸੁਥਰੀ ਦਾੜ੍ਹੀ ਵਾਲਾ, ਤੇੜ ਸੁੰਦਰ ਕਛਹਿਰਾ, ਸਿਰ ਤੇ ਦੁਹਰੀ ਸਿੱਧੀ ਪੱਗ, ਹਥੀਂ ਕੜਾ ਤੇ ਇਕ ਹਥ ਵਿਚ ਗੜਵਾ ਤੇ ਕੱਛ, ਦੂਜੇ ਵਿਚ ਸੋਂਟੀ ਤੇ ਸਿਮਰਨਾ ਲਈ ਚੋਬਰ ਦੇ ਮੁੰਢ ਹੀ ਸਾਹਮਣੇ ਪਾਸੇ ਹੀਰ ਸੁਣ ਰਿਹਾ ਹੈ। ਕਦੀ ਚੋਬਰ ਦੀ ਲਟਕ ਵੱਲ ਵੇਖਦਾ,ਕਦੀ ਉਸਦੇ ਪ੍ਰੇਮ ਤੇ ਵਿਚਾਰਾਂ ਕਰਦਾ, ਕਦੀ ਇਸ ਦੀ ਦਾੜ੍ਹੀ ਤੇ ਕਤਾ ਵਜ਼ਾ ਵਲ ਵੇਖ ਵੇਖ ਕੇ ਝੂਰਦਾ, ਕਦੀ ਚੋਬਰ ਦੀਆਂ ਅੱਖੀਆਂ ਤਰ ਵੇਖ ਵੇਖ ਕੇ ਆਪਣੇ ਨੇਤ੍ਰਾਂ ਤੋਂ ਬੀ ਜਲ ਟਪਕਾਉਂਦਾ,ਪਰ ਚੋਬਰ ਆਪਣੀ ਲਟਕ ਵਿਚ ਮਸਤ। ਭਾਵੇਂ ਕਦੀ ਕਦੀ ਇਸ ਮਹਾਤਮਾ ਵਲ ਵੇਖ ਵੇਖ ਕੇ ਮਨ ਵਿਚ ਕੰਘੀ ਮਾਰਦਾ ਹੈ ਕਿ ਇਹ ਭਾਈ ਤਾਂ ਕੁਝ ਚੰਗਾ ਹੀਰ ਦਾ ਪ੍ਰੀਤਵਾਨ ਜਾਪਦਾਹੈ।

ਇੱਕੁਰ ਹੀ ਨੰਢੇ ਹੀਰ ਸਿਆਲ ਦੇ ਝੇੜੇ, ਰੰਗ ਪੁਰ ਖੇੜਿਆਂ ਦੇ ਬਖੇੜੇ,ਸੱਪ ਦੇ ਸਿਆਪੇ, ਅਦਲੀ ਵਾਲੇ ਦੀ ਅਦਾਲਤ,ਚੂਚਕ ਸਿਆਲ ਦਾ ਧੋਖਾ, ਹੀਰ ਤੇ ਰਾਂਝੇ ਦੀ ਸਾਦਕ ਮੌਤ ਦਾ ਸਾਰਾ ਕਿੱਸਾ ਲੰਢੇ ਕੁ ਵੇਲੇ ਤਾਈਂ ਸੁਣਾ ਕੇ ਮੁਕਾਇਆ। ਲੋਕਾਂ ਨੇ ਵੀ ਵਡਜਾਈ ਦੇ ਓਹ ਓਹ ਛੱਪਰ ਛਾਏ ਕਿ ਚੋਬਰ ਨੂੰ ਚੁੱਕ ਚੁੱਕ ਕੇ ਉਛਾਲਿਆ।ਸ਼ਾਬਾ ਵਾਹਵਾ ਦੀ ਬੁਛਾੜ ਨੇ ਤਾਂ ਹਨ੍ਹੇਰ ਹੀ ਕੀਤਾ। ਪਿੜ ਖਿੰਡ ਗਿਆ, ਪਰ ਗਾਉਣ ਵਾਲਾ ਚੋਬਰ ਉਸ ਭਾਈ ਨੂੰ ਨਜ਼ਰ ਹੇਠ ਰੱਖੀ ਖੜੋਤਾ ਰਿਹਾ (ਜਿਸਦੇ ਹੰਝੂ ਵਹਿੰਦਾ ਵੇਖਦਾ ਰਿਹਾ ਸੀ)। ਹੁਣ ਭੀੜ ਦੁਆਲਿਓਂ ਕੁਝ ਹੌਲੀ ਹੋਈ ਤਾਂ ਗਭਰੂ ਰਤਾਕੁ ਅਗਾਂਹ ਵਧ

Digitized by Panjab Digital Library | www.panjabdigilib.org

ਕੇ ਅਗੇ ਹੌਕੇ ਬੋਲਿਆ—ਬਾਬਾ ਜੀ ! ਜੁਆਨੀ ਵੇਲੇ ਆਪ ਵੀ ਹੀਰ ਗਾਉਂਦੇ ਹੁੰਦੇ ਸਾਓ?ਮੈਂ ਜਾਣਨਾਂ ਆਪ ਮੈਥੋਂ ਵੀ ਚੰਗਾ ਗਾਉਂਦੇ ਹੋਵੋਗੇ, ਕਿਉਂਕਿ ਅੱਜ ਆਪ ਨੂੰ ਹੀ ਹੋਰਨਾਂ ਨਾਲੋਂ ਬਾਹਲਾ ਸ੍ਵਾਦ ਆਯਾ ਹੈ !

ਭਾਈ—ਹਾਹੋ ਬੱਚੂ! ਜੋ ਸ੍ਵਾਦ ਸਾਨੂੰ ਆਇਆ ਹੈ ਅਜੇ ਤੈਨੂੰ ਨਹੀਂ ਆਇਆ, ਕਿਉਂ ਭਾਈ ਗੱਭਰੂਆ ! ਤੇਰਾ ਨਾਉਂ ਕੀਹ ਹੈ ?

ਗੱਭਰੂ—ਮੇਰਾ ਨਾਉਂ, 'ਮਸਤਾਨਾ' ਕਰਕੇ ਲੋਕੀਂ ਆਖਦੇ ਹਨ।

ਭਾਈ—ਮਸਤਾਨਿਆਂ! ਤੇਰਾ ਘਰ ਕਿੱਥੇ ਹੈ?

ਮਸਤਾਨਾ—ਪੱਟੀ ਦੇ ਮੁੰਢ ਇਕ ਨਿੱਕਾ ਜਿਹਾ ਪਿੰਡ ਹੈ।

ਭਾਈ—ਮਸਤਾਨਿਆਂ ! ਵਾਰੇ ਸ਼ਾਹ ਦੀ ਹੀਰ ਤਾਂ ਤੈਂ ਮੁੱਢ ਥੋਂ ਲੈਕੇ ਸਾਰੀ ਸਿੱਖੀ, ਘੋਖੀ ਗਾਵੀਂ, ਪਰ ਅਜੇ ਭਾਈ ਗੁਰਦਾਸ ਦੀ ਹੀਰ ਤੈਂ ਨਹੀਂ ਸਿੱਖੀ, ਜਿਸਤੋਂ ਤੈਨੂੰ ਹੀਰ ਦੀ ਅਸਲੀਅਤ ਮਲੂਮ ਹੋ ਜਾਂਦੀ ਤੇ ਫੇਰ ਪ੍ਰੇਮ ਵੀ ਹੀਰ ਨਾਲ ਅਸਾਡੇ ਜਿੰਨਾਂ ਰੱਖਣ ਲਗ ਪੈਂਦੇਂ।

ਮਸਤਾਨਾ—ਬਾਬਾ ਜੀ ! ਮੈਂ ਤਾ ਮੁੱਦਤਾਂ ਦਾ ਹੀਰ ਮਾਈ ਦੀ ਜ਼ਿਆਰਤ ਲਈ ਜਾਣ ਦੀਆਂ ਤਿਆਰੀਆਂ ਕਰਦਾ ਰਿਹਾ ਹਾਂ, ਪਰ ਜ਼ਿਮੀਂਦਾਰੀ ਦੇ ਕੰਮਾਂ ਕਰਕੇ ਵਡੇ ਭਰਾਉ ਨੇ ਜਾਣ ਨਹੀਂ ਸੀ ਦਿੱਤਾ।ਹੁਣ ਮਸੇਂ ਕਿਵੇਂਤਰਲੇ ਮਿੰਨਤਾਂ ਨਾਲ ਛੁਟਕਾਰਾ ਹੋਇਆ ਹੈ। ਭਾਵੇਂ ਕੰਮ ਕਾਰ ਮਾਈ ਹੀਰਦੀਆਂਹੇਕਾਂਲਾਉਂਦਿਆਂ ਮੈਨੂੰ ਕੋਈ ਨਹੀਂ ਸੁੱਝਦਾ ਤੇ ਨਾ ਹੀ ਮੈਥੋਂ ਕੁਛ ਹੁੰਦਾਹੈ,ਪਰਘਰਾਂ ਵਿਚਹੁੰਦਿਆਂ ਕੁਝਨਾਕੁਝਭੰਨੀ ਠੋਕਣੀ ਹੀ ਪੈ ਜਾਂਦੀ ਹੈ,ਉਂਵ ਤਾਂਭਿਰਾਉ ਮੈਨੂੰ ਆਖਦਾਹੈ-ਮਸਤਾਨਿਆਂ!ਮੇਰੇਜੀਉਂਦਿਆਂਮੈਂਜਾਂ ਲੁੱਟ,ਬਹਾਰਾਂ ਕਰ,ਕੋਈ ਫਿਕਰ ਫਾਕਾ ਨ ਰੱਖ। ਸੋ ਹੁਣ ਤਾਂ ਬਾਬਾ ਜੀ!ਏਸੇ ਰਾਹ ਮੈਂ ਤਾਂ ਝੰਗ ਸਿਆਲਾਂ ਵੰਨੇ ਟੁਰਿਆ ਜਾ ਰਿਹਾ ਹਾਂ, ਪਰ ਜੇ ਕੋਈ ਹੋਰ ਵੀ ਮਾਈ ਹੀਰ ਦੇ ਦਰਸ਼ਨ ਦੀ ਜਗ੍ਹਾ ਹੋਵੇ, ਤਾਂ ਕਿਰਪਾ ਕਰਕੇ ਆਪਣਿਆਂ ਵੱਡਿਆਂ ਦੀ ਖਰਾਇਤ ਦੱਸ ਛੱਡੋ, ਤਾਂ ਲਗਦੇ ਹੱਥੀਂ ਉਹ ਭੀ ਜ਼ਿਆਰਤ ਕਰੀ ਆਵਾਂ ਤੇਨਾਲ ਹੀ ਪਹਿਲੇ ਮੈਨੂੰ ਇਹ ਦੱਸ ਲਵੋ ਕਿ ਤੁਹਾਨੂੰ ਲੋਕੀਂ ਕੀ ਕਹਿਕੇ ਕਹਿੰਦੇ ਹਨ ?

ਭਾਈ ਜੀ—ਮਸਤਾਨਿਆਂ ! ਇਸ ਸਰੀਰ ਦਾ ਨਾਉਂ ਉਪਹਾਸ ਸਿੰਘ ਕਰਕੇਲੋਕੀਂਆਖਦੇ ਹਨ, ਤੇ ਅਜ ਕਲ ਬਹੁਤਾ ਰਹਣਾ ਬਹਣਾ ਸ੍ਰੀ ਅੰਮ੍ਰਿਤਸਰ ਜੀ ਵਿਚ ਹੁੰਦਾ ਹੈਭਲਾ ਸੁਣ ਖਾਂ ਤੂੰ ਝੰਗ ਸਿਆਲ ਵਿਚ ਜਾਕੇ ਬਿਨਾਂ ਹੀਰ ਦੀ ਖਾਨਗਾਹ ਦੇ ਹੋਰ ਕੀ ਜ਼ਿਆਰਤ ਕਰੇਂਗਾ? ਕੋਈ ਉਹ ਨੱਢੀ ਜੀਉਂਦੀ ਤਾਂ ਹੈ ਨਹੀਂ ਤੇ ਮੋਇਆਂ ਵੀ ਉਸਨੂੰ ਚਾਰ ਪੰਜ ਸੌ ਵਰ੍ਹਾ ਹੋ ਗਿਆ, ਅਸਲੀਅਤ ਤੂੰ ਕੀਕੁਰ ਮਲੂਮ ਕਰ ਸਕੇਂਗਾ,ਓਥੇ ਤਾਂ ਓਸਦੀ ਅਸਲੀਅਤ ਕੁਝ ਵੀ ਨਹੀਂ ਦਿੱਸਣੀ।

ਮਸਤਾਨਾ—ਬਾਬਾ ਜੀ ! ਤਾਂਹੀਏਂ ਤਾਂ ਮੈਂ ਤੁਹਾਨੂੰ ਪੁੱਛਣ ਡਹਿਆ ਹੋਇਆ ਹਾਂ, ਭਈ ਜਿੱਥੇ ਤੁਸਾਂ ਜ਼ਿਆਰਤ ਕੀਤੀ ਹੈ,ਉਹ ਥਾਂ ਮੈਨੂੰ ਵੀ ਦੱਸੋ ?

ਉਪਰਾਮਸਿੰਘ—ਭਾਈ ਮਸਤਾਨਿਆਂ!ਹੀਰ ਦੀ ਅਸਲੀਅਤ ਦਾ ਦੇਖਣਾ ਔਖਾ ਜਿਹਾ ਕੰਮ ਹੈ ਤੇ ਇਹ ਗਲ ਕੋਈ ਸੁਖਾਲੀ ਨਹੀਂ, ਕਿਸੇ ਕਿਸੇ ਦਾ ਹੀ ਕੰਮਹੈ ਜੋ ਦੱਸ ਸਕੇ ਤੇ ਮਿਹਨਤ ਵੀ ਬੜੀ ਪੈਂਦੀ ਹੈ,ਖਬਰੇ ਤੂੰ ਅੰਨਾਂਅੰਖਿਆਈ ਦੀ ਮਿਹਨਤ ਕਰ ਸਕੇਂ ਕਿ ਨਾਂ ਕਰ ਸਕੇਂ।

ਮਸਤਾਨਾ—ਬਾਬਾ ਜੀ! ਮੈਨੂੰ ਜੋ ਕੁਝ ਤੁਸੀਂ ਹੁਕਮਕਰੋਗੇ,ਮੈਂ ਕਰਾਂਗਾ, ਖੂੰਹੀਂ ਜਾਲ ਪਾਵਾਂਗਾ, ਕਹੋਗੇ ਤਾਂ ਸਾਰੀ ਸਾਰੀ ਰਾਤ ਇਕ ਟੰਗ ਦੇ ਭਾਰ ਖੜਾ ਰਹਾਂਗਾ। ਜੇ ਤਲਾ ਵਿਚ ਬਿਠਾਓ,

Digitized by Panjab Digital Library | www.panjabdigilib.org

ਤਾਂ ਬੈਠਾਂਗਾ,ਭਾਵੇਂ ਕਿੱਡਾ ਸਿਰੋਂ ਪਰੇ ਔਖਾ ਕੰਮ ਕਿਉਂ ਨਾਂ ਹੋਵੇ ਮੈਂ ਕਰਾਂਗਾ ਪਰ ਇਕ ਵੇਰੀ ਰੱਬ ਦੇ ਵਾਸਤੇ ਮਾਈ ਹੀਰ ਦਾ ਦਰਸ਼ਨ ਕਰਾ ਦਿਓ। ਦੂਣ ਮੈਨੂੰ ਘਰ ਦੀ ਕਾਈ ਸੁਧ ਬੁਧ ਨਹੀਂ ਰਹੀ, ਮੈਨੂੰ ਜਿੰਨਾਂ ਚਿਰ ਕਹੋ ਮੈਂ ਤੁਹਾਡੇ ਨਾਲ ਰਹਿਣ ਲਈ ਵੀ ਤਿਆਰ ਹਾਂ, ਮੈਨੂੰ ਤਾਂ ਤੁਹਾਡੇ ਰੋਣ ਨੇ ਕੁਝ ਜਾਦੂ ਜਿਹਾ ਕਰ ਦਿੱਤਾ ਹੈ ਤੇ ਏਹੋ ਮਲੂਮ ਹੁੰਦਾ ਹੈ, ਜੋ ਤੁਸੀਂ ਹੀਰ ਦੇ ਪੱਕੇ ਭੇਤੀ ਹੋ।

ਉਪਰਾਮ ਸਿੰਘ—ਭਾਈ ਚੋਬਰਾ ! ਅਸੀਂ ਤੈਨੂੰ ਜਤਨ ਕਰ ਦਿਆਂਗੇ, ਤੈਨੂੰ ਅਸਲੀਅਤ ਲੱਭੇ ਜਾਂ ਨਾਂ ਲੱਭੇ ਇਹ ਗਲ ਤੇਰੇ ਭਾਗਾਂ ਅਤੇ ਉੱਦਮ ਦੇ ਵੱਸ ਹੈ,ਪਰ ਜੇਕਰ ਇਹ ਪ੍ਰੇਮ ਪੱਕਾ ਹੈ ਤੇ ਸਚਮੁਚ ਤੂੰ ਔਖ ਸੌਖ ਝੱਲ ਸਕਨਾ ਹੈਂ ਤਾਂ ਤੂੰਆ ਜੋਕਰਤਾਰਕਰੇਗਾ ਭਲੀ ਕਰੇਗਾ।

ਗਲ ਕਾਹਦੀ ਭਾਈ ਉਪਰਾਮ ਸਿੰਘ ਜੀ ਦੀ ਗੱਲ ਮਸਤਾਨੇ ਦੇ ਜੀ ਵਿਚ ਖੁਭ ਗਈ ਤੇ ਪੱਕਾ ਨਿਸ਼ਚਾ ਹੋ ਗਿਆ ਭਈਹੀਰਦਾ ਦਰਸ਼ਨ ਇਸਦੇ ਰਾਹੀਂ ਜ਼ਰੂਰ ਹੋ ਜਾਊਗਾ, ਇਸ ਲਈ ਭਾਈ ਜੀ ਦੇਨਾਲਹੀ ਹੋ ਟੁਰਿਆ। ਸਿੰਘਜੀਰਾਤ ਤਾਂ ਤਰਨ ਤਾਰਨ ਸਾਹਿਬ ਜੀਹੀਰਹੇ,ਪਿਛਲੀ ਰਾਤੇ ਉਠ ਸੌਚ ਸ਼ਨਾਨ ਕਰਕੇ ਅੰਦਰ ਹਜ਼ੂਰ ਮੱਥਾ ਟੇਕਕੇ ਸ੍ਰੀ ਅੰਮ੍ਰਤਸਰਜੀ ਨਾਲ ਹੀ ਲੈਕੇ ਮਸਤਾਨੇਨੂੰਟੁਰਪਏ।ਰਾਹਵਿਚ ਹੀਰਦੇ ਦਰਸ਼ਨ ਲਈਬਹੁਤ ਸਾਰੇ ਝਗੜੇ ਮਾਮਲੇ ਹੁੰਦੇ ਆਏ। ਜਦ ਅੰਮ੍ਰਿਤਸਰ ਜੀ ਆਏ ਤਾਂ ਮਸਤਾਨੇ ਦੀ ਹਰ ਵੇਲੇ ਦੀ ਪੁਕਾਰ ਰਹੇ ਕਿ ਮਹਾਰਾਜ ਹੀਰ ਦਾ ਦਰਸ਼ਨ ਕਰਾਓ।

ਉਪਰਾਮਸਿੰਘ—ਮਸਤਾਨਿਆਂ!ਗਲ ਇਹ ਹੈ,ਭਈ ਇਹ ਗਲ ਤੂੰ ਮੰਨਚੁਕਾ ਹੈਂ,ਕਿ ਅਸੀਂ ਹੀਰ ਦੀ ਅਸਲੀਅਤ ਨੂੰ ਜਾਣਨੇ ਹਾਂ ਤਾਂ ਤੈਨੂੰ ਇਹ ਗਲ ਲੋੜੀਦੀ ਹੈ ਕਿ ਜਿੱਦਾਂ ਦੀ ਰਹਿਣੀ ਬਹਿਣੀ ਸਾਡੀ ਹੈ ਉਦਾਂ ਦੀ ਤੂੰ ਆਪਣੀ ਰਹਣੀ ਤੇ ਬਹਣੀ ਕਰ।

ਮਸਤਾਨਾ—ਮੈਂ ਤਾਂ ਰਹਣੀ ਬਹਣੀ ਨਹੀਂ ਜਾਣਦਾ,ਉਹ ਕੀਹਹੁੰਦੀਹੈਤੇ ਕਿੱਦਾਂ ਰੱਖੀਦੀਹੈ?

ਉਪਰਾਮ ਸਿੰਘ—ਲੈ ਇਹ ਗਲ ਅਸੀਂ ਤੈਨੂੰ ਸਮਝਾ ਦਿੰਦੇ ਹਾਂ, ਭਈ ਪਹਿਲੋਂਪਿਛਲੀ ਰਾਤ ਸਾਡੇ ਨਾਲ ਹੀ ਉਠਿਆਕਰਤੇਇਸ਼ਨਾਨ ਕਰਕੇ ਬੈਠਕੇ ਵਾਹਿਗੁਰੂ ਵਾਹਿਗੁਰੂ ਕਹਿੰਦਿਆਂ ਕੰਘਾਕਰਕੇ ਪੱਗ ਸੁਵਾਰਕੇ ਦੁਹਰੀ ਸਾਡੇਵਾਕਰ ਸਿੱਧੀ ਬੰਨ੍ਹਿਆਂ ਕਰ। ਅੱਜ ਤੋਂ ਲੈਕੇ ਨਾਈ ਦੇ ਨਾਲਨਹੀਂ ਛੁਹਣਾ, ਕੈਂਚੀ, ਉਸਤਰਾ, ਮੋਚਨਾ ਨਹੀਂ ਵਰਤਣਾ,ਬਹਿੰਦਿਆਂ ਉਠਦਿਆਂ ਵਾਹਿ-ਗੁਰੂ ਵਾਹਿਗੁਰੂ ਮੂੰਹੋਂ ਕਹਿੰਦਿਆਂ ਰਹਿਣਾ ਤੇ ਧਬਲੀਛੱਡਕੇ ਕਛਹਿਰੇਦੀ ਧਾਰਨਾਧਾਰਨੀਹੈ।ਜੇ ਇਕ ਇਸ਼ਨਾਨਵੇਲੇ ਉਤਾਰਨਾਂ ਤਾਂ ਦੂਜਾ ਝੱਟ ਪਟ ਪਹਿਰ ਲੈਣਾ। ਇਕੁਰ ਕਰਦਿਆਂ ਜਦ ਦੋ ਚਾਰ ਦਿਨ ਗੁਜ਼ਰੇ ਤਾਂ ਮੂਲ ਮੰਤ੍ਰ ਆਦਿ ਪੌੜੀ ਜਪੁ ਸਾਹਿਬ ਜੀ ਦੀ ਕੰਠ ਕਰਾਈਤੇਆਖਿਆ ਭਈ ਇਸਨੂੰ ਬਹਿੰਦਿਆਂ ਉਠਦਿਆਂ ਪੜ੍ਹਦਾ ਰਿਹਾ ਕਰ ਤੇ ਹੱਥ ਜੋੜਕੇ ਹਰ ਵੇਲੇ ਅਕਾਲ ਪੁਰਖ ਅੱਗੇ ਬੇਨਤੀ ਕਰਦਾ ਰਿਹਾ ਕਰ, ਹੇ ਸਰਬ ਸ਼ਕਤੀਆਂ ਵਾਲੇ ਤੇ ਸਭ ਤੋਂ ਵੱਡੇ ਪਰਮੇਸ਼ਰ ਕਿਰਪਾ ਕਰਕੇ ਮੈਨੂੰ ਹੀਰ ਦੀ ਅਸਲੀਅਤ ਦਿਖਾ ਦਿਓ ਤੇ ਭਾਈ ਗੁਰਦਾਸ ਦੀ ਹੀਰ ਸਿੱਖਣ ਦਾ ਅਧਿਕਾਰੀ ਬੀ ਹੋਜਾਵਾਂ।

ਇਕੁਰ ਹੀ ਭਾਈ ਉਪਰਾਮ ਸਿੰਘ ਜੀ ਕੁਝ ਦਿਨ ਪਾਕੇ ਤੜ੍ਹਕੇ ਆਪਣੇ ਨਾਲ ਹੀ ਸ੍ਰੀ ਦਰਬਾਰਸਾਹਿਬ ਜੀ ਆਸਾ ਦੀ ਵਾਰ ਦੇ ਵੇਲੇ ਲਿਆਉਣ ਲਗ ਪਏ। ਏਥੇ ਮਸਤਾਨਾ ਕੁਝ ਸੁੰਨ ਮੁੰਨ ਜਿਹਾ ਹੋਕੇ ਬੈਠ ਜਾਂਦਾ, ਪਰ ਪਤਾ ਕੁਝ ਨਾਂ ਲਗਦਾ।ਬੈਠਾ ਹੋਇਆ ਇਹੋ ਰਿ.ਣ-ਤੀਆਂ ਕਰਦਾ ਰਹਿੰਦਾ, ਖਬਰ ਨਹੀਂ ਉਹ

Digitized by Panjab Digital Library | www.panjabdigilib.org

ਦਿਨ ਕਦੋਂ ਆਵੇਗਾ, ਜਿਸ ਦਿਨ ਅਕਾਲ ਪੁਰਖ ਹੀਰ ਦੇ ਦਰਸ਼ਨ ਕਰਾਵੇਗਾ,ਫਿਰ ਪਤਾ ਨਹੀਂ ਉਹ ਜੱਟੀ ਕਿੱਦਾਂ ਦੀ ਹੋਊ ਤੇ ਫੇਰ ਮੈਨੂੰ ਕੀ ਆਖੂ ? ਉਹ ਜਾਣੇ ਭਾਵੇਂ ਮੈਨੂੰ ਕੁਝ ਆਖ ਛਡੇ, ਪਰ ਇਕ ਵੇਰ ਮੈਨੂੰ ਦਿੱਸ ਪਵੇ, ਦੇਖੀਏ ਰਾਂਝਾ ਵੀ ਨਾਲ ਦਿੱਸੇ ਕਿ ਉਹਦੇ ਲਈ ਕੋਈ ਹੋਰ ਔਖਜਾਈ ਝੱਲਣੀ ਪਵੇ । ਅਜਿਹੀਆਂ ਗਿਣਤੀਆਂ ਵਿਚ ਕਦੀ ਤਾਂ ਮਸਤਾਨਾ ਸੌਂ ਜਾਂਦਾ, ਕਦੀ ਜਾਗੋਮੀਟਾ ਬੈਠ ਰਹਿੰਦਾ, ਦਿਨ ਚੜ੍ਹੇ ਭੋਗ ਪਏ ਤੇ ਉੱਠਕੇ ਭਾਈ ਜੀ ਦੇ ਨਾਲ ਸਰੋਵਰ ਦੀ ਪ੍ਰਕਰਮਾ ਕਰਕੇ ਡੇਰੇ ਆ ਜਾਂਦਾ। ਖਾਣ ਪਾਨ ਦੇ ਮਗਰੋਂ ਇਕ ਪੌੜੀ ਜਪੁਜੀ ਦੀ ਨੇਮ ਨਾਲ ਕੰਠ ਕਰਦਾ। ਸੰਝ ਨੂੰ ਫਿਰ ਭਾਈ ਜੀ ਦੇ ਨਾਲ ਹੀ ਦਰਬਾਰ ਸਾਹਿਬ ਤਖਤ ਸਾਹਿਬ ਅਗੇ ਦੀਵਾਨ ਵਿਚ ਬੈਠਕੇ ਰਹਿਰਾਸ ਸੁਣਦਾ,ਅਰਦਾਸ ਹੋਣਮਗਰੋਂ ਅੰਦਰ ਆਰਤੀ ਵੇਲੇ ਹਾਜ਼ਰ ਹੁੰਦਾ। ਫਿਰ ਚੌਂਕੀ ਜੀ ਦੇ ਭੋਗ ਤਕ ਪੌੜਾਂ ਤੇ ਬੈਠਕੇ ਅਕਾਲ ਪੁਰਖ ਅਗੇ ਬੇਨਤੀਆਂ ਕਰਦਾਚੌਂਕੀ ਸਾਹਿਬ ਜੀ ਦੇ ਨਾਲ ਨਾਲ ਸ਼ਬਦ ਪੜ੍ਹਦਾ ਫਿਰਦਾਫਿਰ ਡੇਰੇ ਆਕੇ ਅਰਾਮ ਕਰਦਾਇਕੁਰਹੀ ਨੇਮ ਨਿਬਾਹੁੰਦਿਆਂ ਕੁਝ ਮੁੱਦਤ ਬੀਤ ਗਈ, ਜਪ ਸਾਹਿਬ,ਰਹਿਰਾਸ ਤੇ ਕੀਰਤਨਸੋਹਿਲਾ ਕੰਠ ਹੋਗਿਆ। ਜਪ ਸਾਹਿਬ ਦੇ ਪਾਠ ਵੀ ਰੋਜ਼ ਪੰਝੀ ਕਰਨ ਲਗ ਪਿਆ। ਅੱਖਰਾਂ ਦੀ ਸੋਝੀ ਪੈ ਗਈ,ਪੰਜ ਗ੍ਰੰਥੀ ਦਾ ਪਾਠ ਆਪੇ ਕਰਨ ਲਗ ਪਿਆ। ਦਿਨ ਵੀ ਬਹੁਤ ਸਾਰੇ ਬੀਤ ਗਏ, ਛੇਕੁਮਹੀਨੇ ਦਾ ਨੇੜਾ ਤੇੜਾ ਢੁੱਕ ਪਿਆ, ਪਰ ਅਜੇ ਤੀਕ ਹੀਰ ਦੇ ਦਰਸ਼ਨ ਦਾ ਕਿਤੇ ਮੁਸ਼ਕ ਭੀ ਨਾ ਆਇਆ । ਭਾਈ ਜੀ ਦਾ ਪਿਆਰ ਉਸ ਨੂੰ ਲਈ ਜਾਂਦਾ ਸੀ, ਪਰ ਇਕ ਦਿਨ ਕੁਝ ਅਕੇਵੇਂ ਜਿਹੇ ਵਿਚ ਆਕੇ (ਕਿਉਂਕਿ ਨਾਂ ਤਾਂ ਕੁਝ ਸਤਿਸੰਗ ਦੀ ਸੋਝੀ ਪਈ,ਨਾ ਸਤਿਸੰਗ ਦਾ ਰਸ ਆਇਆ ਤੇ ਜਿਸ ਹੀਰ ਲਈ ਇਹ ਜੱਫਰ ਜਾਲਿਆ ਸੀ, ਉਸਦਾ ਵੀ ਕੋਈ ਥਹੁ ਪਤਾ ਨਾ ਲਗਾ) ਕਹਿਣ ਲਗਾ—ਮਹਾਰਾਜ ! ਅਜੇ ਕਦੋਂ ਤਕ ਹੀਰ ਮਾਈ ਦੇ ਦਰਸ਼ਨ ਹੋਣਗੇ? ਜੇ ਮੈਂ ਖਾਨਗਾਹ ਤੇ ਜਾਂਦਾ ਤਾਂ ਅਜ ਤਕ ਚਿਰੋਕਣਾ ਜ਼ਿਆਰਤ ਕਰਕੇ ਮੁੜਵੀ ਆਉਂਦਾ, ਏਥੇ ਤਾਂ ਅਜੇ ਕੋਈ ਥਹੁ ਪਤਾ ਨਹੀਂ, ਹੁਣ ਤਾਂ ਮੈਂ ਉਦਾਸ ਹਾਂ, ਕੀ ਕਰਾਂ ? ਕੋਈ ਵਾਹ ਨਹੀਂ ਲਗਦੀ, ਖਬਰੇ ਮੇਰੇ ਭਾਗਾਂ ਵਿਚ ਨਹੀਂ ਹੋਣਾਪਰ ਤੁਸੀਂ ਆਪਣੇ ਪਾਸੋਂ ਕਿਉਂ ਨਹੀਂ ਦਰਸ਼ਨ ਕਰਾ ਦਿੰਦੇ।

ਉਪਰਾਮ ਸਿੰਘ—ਭਾਈ ਮਸਤਾਨਿਆਂ ! ਧੀਰਜ ਕਰ,ਡੰਡੀ ਡੰਡੀ ਪਿਆ ਜਾਨਾ ਹੈਂ,ਪਰ ਸੜਕੇ ਨਹੀਂ ਚੜ੍ਹਿਆ।ਅਜੇ ਸੜਕ(ਸ਼ਾਹਰਾਹ) ਲੱਭਣਾ, ਉਸ ਤੇ ਚਲਣਾ, ਫੇਰ ਕਿਤੇ ਮੁਕਾਮ ਮਜ਼ਲ ਤੇ ਅਪੜਨਾ ਤਾਂ ਕਿਤੇ ਹੀਰ ਦੀ ਅਸਲੀਅਤ ਲੱਭਣੀ, ਪਰ ਇੰਨੀ ਗਲ ਜ਼ਰੂਰ ਹੈ ਭਈ ਤੂੰ ਰਾਹ ਲੱਭਣ ਵਾਲੇ ਪਗਡੰਡੀ ਚੜ੍ਹਿਆ ਹੋਇਆ ਹੈਂ, ਜੇ ਕਿਤੇ ਪੁੰਝ ਨਾਂ ਗਿਓਂ ਤਾਂ ਰਾਹ ਪੈ ਜਾਏਂਗਾ।

ਮਸਤਾਨਾ—ਮਹਾਰਾਜ ਡੰਡੀ ਕੀਹ ਤੇ ਰਾਹ ਕੇਹਾ, ਮੈਂ ਤਾਂ ਜਦੋਂ ਤੋਂ ਆਇਆ ਅੰਮ੍ਰਿਤਸਰ ਜੀਵਿਚ ਹੀ ਰਿਹਾ, ਨਾਂ ਕਿਤੇ ਗਿਆ ਨਾਂ ਆਇਆ,ਡੰਡੀਆਂ ਸੜਕਾਂ ਕੇਹੀਆਂ,ਜੇ ਹਰਿਮੰਦਰ ਸਾਹਿਬ ਜੀ ਆਪਦੇ ਨਾਲ ਗਿਆ ਤੇ ਨਾਲ ਹੀ ਓਨ੍ਹੀਂ ਪੈਰੀਂ ਮੁੜ ਆਇਆ, ਮੈਨੂੰ ਇਸ ਡੰਡੀ ਤੇ ਰਾਹ ਦਾ ਕੁਝ ਥਹੁ ਨਹੀਂ।

ਉਪਰਾਮ ਸਿੰਘ—ਮਸਤਾਨਿਆਂ ! ਡੰਡੀ ਇਸਨੂੰ ਆਂਹਦੇ ਹਨ, ਜਿਹੜਾ ਜਪੁ ਸਾਹਿਬ ਦਾ ਪਾਠ ਕਰਨਾ ਹੈਂ, ਰਹਿਰਾਸ ਸੁਣਨਾਂ ਹੈਂ, ਕੀਰਤਨ ਸੋਹਲਾ ਪੜ੍ਹਕੇ ਸੌਂਨਾ ਹੈ, ਹਰਿਮੰਦਰ

Digitized by Panjab Digital Library | www.panjabdigilib.org

ਸਾਹਿਬ ਦਰਸ਼ਨ ਲਈ ਨੇਮ ਨਾਲ ਜਾਨਾ ਹੈਂ, ਵਾਰ ਵੇਲੇ ਬੈਠਕੇ ਸੁਣਨਾ ਹੈਂ, ਬੇਨਤੀਆਂ ਕਰਨਾ ਹੈਂ, ਪ੍ਰੇਮ ਰੱਖਨਾ ਹੈਂ, ਕੱਛ ਕੇਸਾਂ ਦੀ ਰਹਿਤ ਬਹਿਤ ਰੱਖਨਾ ਹੈਂ। ਅਜਿਹੇ ਜਿੰਨੇ ਕੰਮ ਕਰਨਾ ਹੈਂ, ਇਹ ਸਾਰੇ ਹੀਰ ਦੀ ਅਸਲੀਅਤ ਲੱਭਣ ਵਾਲੇ ਰਾਹ ਦੀਆਂ ਡੰਡੀਆਂ ਹਨ ਤੇ ਰਾਹ ਇਹ ਹੈ,ਭਈ ਅੰਮ੍ਰਿਤ ਛਕ ਲਵੇਂ ਅਤੇ ਉਪਰਲੇ ਕੰਮਾਂ ਦਾ ਰਸ (ਸ੍ਵਾਦ) ਪੈ ਜਾਵੇ ਤਾਂ ਰਾਹ ਲੱਭ ਪਿਆਰਾਹ ਲੱਭੇ ਤੇ ਜਦ ਗੁਰੂ ਪਰਮੇਸ਼ੁਰ ਕਿਰਪਾ ਕਰਨ ਤਾਂ ਮਜ਼ਲ ਕੋਈ ਦੂਰ ਨਹੀਂ, ਫਿਰ ਤਾਂ 'ਨਾਨਕ ਨਦਰੀ ਨਦਰਿ ਨਿਹਾਲ' ਵਾਲੀ ਗਲ ਹੋ ਜਾਂਦੀ ਹੈ।

ਮਸਤਾਨਾ—(ਹਥਜੋੜਕੇ ਤੇ ਨਿਰਾਸ ਜਿਹਾ ਹੋਕੇ) ਬਾਬਾ ਜੀ! ਫਿਰ ਮੈਂ ਤਾਂ ਏਵੇਂ ਹੀ ਰਿਹਾ, ਉਹ ਜਿਹੜਾ ਰਾਹ ਆਂਹਦੇ ਹੋ ਮੈਂ ਕੀਕਰ ਲੱਭਾਂਗਾ ?(ਕੁਝ ਅੱਖਾਂ ਭਰਕੇ)ਹੱਛਾ ਫੇਰ ਓਹ ਜਾਣੇ ਮੈਂ ਹੀਰ ਦੀ ਖਾਨਗਾਹ ਤੇ ਜਾਕੇ ਪੈ ਰਹਿਨਾਂ ਹਾਂ,ਜਾਂ ਤਾਂ ਰਾਹ ਦਿੱਸੂਗਾ, ਨਹੀਂ ਮੈਂ ਮਰ ਰਹੂੰ,ਇਕ ਬੰਨੇ ਤਾਂ ਲਗ ਜਾਊਂਗਾ,ਉਨਾ ਚਿਰ ਕੁਝ ਨਾ ਖਾਊਂਗਾ ਨਾ ਪੀਊਂਗਾ।

ਉਪਰਾਮ ਸਿੰਘ—ਭਾਈ! ਜੇ ਕਦੀ ਤੂੰ ਆਂਦਾਂ ਟੁੱਟਕੇ ਲੱਗੇਂ ਤਾਂ ਏਥੇ ਹੀ ਹੋਂਦੀ ਅਸਲੀਅਤ ਲੱਭ ਪਊ ਪਰ ਕਾਹਲੀ ਕੀਤਿਆਂ ਤੇ ਘਾਬਰਿਆਂ ਕੁਝ ਨਹੀਓਂ ਬਣਨਾ।

ਮਸਤਾਨਾ—ਫੇਰ ਮੈਂ ਟੁੱਟਕੇ ਕਿੱਦਾਂ ਲੱਗਾਂ?

ਉਪਰਾਮ ਸਿੰਘ—ਟੁੱਟਕੇ ਐਦਾਂ ਲੱਗੀਦਾ ਹੈ ਭਈ ਬਹਿੰਦਿਆਂ ਉਠਦਿਆਂ ਸੌਂਦਿਆਂ ਜਾਗਦਿਆਂ ਹਰ ਵੇਲੇ ਹਰ ਘੜੀ ਜਪੁਜੀ ਦਾ ਪਾਠ ਹੀ ਕਰਦਾ ਰਹੇਂ ਤੇ ਮਨ ਨੂੰ ਬੇਨਤੀ ਵਲ ਲਾਈ ਰੱਖੇਂ ਤੇ ਬੇਨਤੀ ਕਰਨ ਵੇਲੇ ਤੂੰ ਬੇਨਤੀ ਜਿਹਾ ਹੀ ਹੋਵੇਂ। ਉਹ ਬੇਨਤੀ ਭਾਵੇਂ ਪੁਕਾਰ ਅੰਦਰੋਂ ਪਈ ਨਿਕਲੇ ਤੇ ਜਿਉਂ ਜਿਉਂ ਤੂੰ ਬੇਨਤੀ ਕਰੇਂ ਤਿਵੇਂ ਤਿਵੇਂ ਤੈਨੂੰ ਬੇਨਤੀ ਦਾ ਚੋਖਾ ਸ੍ਵਾਦ ਆਉਂਦਾ ਜਾਵੇ। ਉਹ ਸ੍ਵਾਦ ਐਉਂ ਆਉਂਦਾ ਹੈ ਭਈ ਜਿਸ ਗੁਰੂ ਪਰਮੇਸ਼ਰ ਅਗੇ ਤੂੰ ਬੇਨਤੀ ਕਰਦਾ ਹੈਂ, ਉਹ ਤੈਨੂੰ ਕਿਤੇ ਸਾਹਮਣੇ ਦੀਹਦੇ ਤਾਂ ਨਹੀਂ,ਪਰ ਤੈਨੂੰ ਏਹੋ ਭਰੋਸਾ ਹੋਵੇ ਕਿ ਉਹ ਮੇਰੀ ਪੁਕਾਰ ਸੁਣਦੇ ਹਨ ਤੇ ਮੈਨੂੰ ਹੀਰ ਦੀ ਅਸਲੀਅਤ ਸੱਚਮੁਚ ਮਲੂਮ ਕਰਾ ਦੇਣਗੇ ਤੇ ਤੂੰ ਹਾੜੇ ਤਰਲੇ ਮਿੰਨਤਾਂ ਕੱਢੀ ਜਾਵੇਂ।

ਮਸਤਾਨਾ—ਮੈਂ ਤਾਂ ਐਦਾਂ ਹੀ ਕਰਨਾ ਹਾਂ, ਜੋਂਦਾਂ ਆਪ ਕਹੀ ਜਾਂਦੇਹੋ,ਪਰਮੈਂ ਏਹਆਹਨਾਂ ਹਾਂ, ਜਿੰਨਾ ਚਿਰ ਤੁਸੀਂ ਆਪ ਨਾ ਦਿਖਾਓਗੇ, ਉਨਾਂ ਚਿਰ ਮੇਰਿਆਂ ਤਹਲਿਆਂ ਨਾਲ ਕੀ ਬਣਨਾ ਹੈ।

ਉਪਰਾਮ ਸਿੰਘ—ਭਈ ਫਿਰ ਤੂੰ ਐਂਦਾਂ ਕਰ ਤੂੰ ਪਹਿਲੇ ਅੰਮ੍ਰਿਤ ਛਕ ਲੈ।

ਮਸਤਾਨਾ—ਸਤਿ ਬਚਨ ਮਹਾਰਾਜ!

ਭਾਈ ਮਸਤਾਨ ਸਿੰਘ ਜੀ ਨੇ ਚਾਰ ਸਿੰਘ ਹੋਰ ਰਹਤ ਬਿਬੇਕ ਵਾਲੇ ਚੰਗੇ ਆਪਣੇ ਪਾਸ ਬਿਠਾਕੇ ਸ੍ਰੀ ਗੁਰੂ ਗ੍ਰੰਥਸਾਹਿਬ ਦੇ ਹਜ਼ੂਰ ਖੜਾ ਕਰਕੇ ਮਸਤਾਨੇ ਦਾ ਅੰਮ੍ਰਿਤ ਸੰਸਕਾਰ ਕਰਾ ਦਿੱਤਾ ਤੇ ਨਾਲ ਹੀ ਇਹ ਭੀ ਸਮਝਾ ਦਿੱਤਾ ਭਈ ਨੇਮ ਨਾਲ ੨੫ ਪਾਠ ਜਪੁਜੀ ਦੇਕਰਿਆ ਕਰ ਤੇ ਹਰ ਇਕ ਪਾਠ ਮਗਰੋਂ ਬੇਨਤੀ ਕਰਿਆ ਕਰ ਤੇ ਬੇਨਤੀ ਕਰਨ ਵੇਲੇ ਬੇਨਤੀ ਤੋਂ ਜੁਦਾ ਨ ਹੋਯਾ ਕਰ, ਬੇਨਤੀ ਤੇਰੇ ਵਿਚੋਂ ਨਿਕਲੇ ਤੂੰ ਬੇਨਤੀ ਦੇ ਵਿਚ ਹੋਵੇਂ ਤਾਂ ਬੇਨਤੀ ਸੁਣੀਜਾਊ।

ਮਸਤਾਨਾ ਸਿੰਘ ਤਾਂ ਹੁਣ ਸਚਮੁਚ ਦਾ ਮਸਤਾਨਾ ਸਿੰਘ ਹੀਹੋਗਿਆ।ਹਰਵੇਲੇਜਪੁਜੀਦੇ ਪਾਠਤੇ ਪ੍ਰਾਰਥਨਾ,ਕਿਸੇ ਕਿਸੇ ਵੇਲੇ ਗੁਰੂ ਗ੍ਰੰਥ ਸਾਹਿਬਜੀ ਦੇ ਪਾਠਨੂੰ ਬੈਠਦਾ ਤਾਂ ਪਾਠਰੂਪ ਹੀ ਹੋ ਜਾਂਦਾ। ਭਾਵੇਂ ਅਰਥਾਂ ਦੀ ਡੂੰਘਾਈ ਨੂੰ ਨਾ ਪਹੁੰਚਦਾ, ਪਰ ਪਾਠ ਕਰਨ ਵੇਲੇ ਆਪਣੀ

Digitized by Panjab Digital Library | www.panjabdigilib.org

ਕਾਮਨਾ ਜੋ ਹੀਰ ਦੇ ਦਰਸ਼ਨ ਦੀ ਲਗ ਰਹੀ ਹੈ, ਉਸ ਇਛਜਾ ਨੂੰ ਲੈਕੇ ਪਾਠ ਵਿਚ ਮਗਨ ਤੇ ਤਤਪਰ ਵੀ ਰਹਿੰਦਾਹੈ।ਏਥੋਂ ਤਾਈਂ ਉਸਦੀ ਇਹ ਹਾਲਤ ਵਧੀ ਕਿ ਰੋਟੀ ਖਾਣੋਂ ਖੁੰਝ ਜਾਂਦਾ ਤੇ ਇਹ ਚੇਤਾ ਵੀ ਨਾਂ ਕਰਦਾ ਕਿ ਰੋਟੀ ਖਾਧੀ ਹੈ ਕਿ ਨਹੀਂ। ਨੀਂਦਰ ਤਾਂ ਮੂਲੋਂ ਹੀ ਘਟ ਗਈ, ਦਿਨ ਰਾਤ ਜਪੁਜੀ ਦੇ ਅਖੰਡ ਪਾਠ ਕਰਦਾ, ਪਰ ਪਾਠ ਕਰਦਾ ਹੋਇਆ ਭਾਈ ਉਪਰਾਮ ਸਿੰਘ ਜੋਦੀ ਸੇਵਾ ਭੀ ਕਰਦਾ।ਜੇਹਾਕੁ ਪਿਛਲੀ ਰਾਤੀਂ ਇਸ਼ਨਾਨ ਕਰਾਉਣਾ, ਡੇਰੇ ਦਾ ਝਾੜੂ ਬਹਾਰੀ ਕਰਨਾ, ਹਰਮੰਦਰ ਸਾਹਿਬ ਜੀ ਦੋਵੇਂ ਵੇਲੇਨਾਲਜਾਣਾ,ਜਿਥੇਸਤਿਸੰਗਤ,ਕਥਾ ਕੀਰਤਨ ਹੋਵੇ, ਅਥਵਾ ਏਕਾਂਤ ਵਿਚ ਬੈਠੇ ਤਾਂ ਅਦਬ ਨਾਲ ਬੈਠਣਾ, ਸਤਿਸੰਗ ਅਥਵਾ ਕਥਾ ਦੇ ਪ੍ਰਸੰਗ ਬੜੀ ਗ਼ੌਰ ਨਾਲ ਸੁਣਨੇ। ਕਦੀ ਉਨ੍ਹਾਂ ਗਲਾਂ ਨੂੰ ਬਹੁਤ ਖੋਜਣਾ,ਫਿਰ ਭਾਈ ਉਪਰਾਮ ਸਿੰਘ ਹੋਰਾਂ ਪਾਸੋਂ ਪੁੱਛਣੋਂ।ਏਥੋਂ ਤਾਈਂ ਸਤਿਸੰਗ ਵਿਚ ਰਹਿਕੇ ਕਮਾਈ ਕਰਕੇ, ਘਾਲ ਘਾਲਕੇ ਵੀ ਹੀਰ ਦੇ ਦਰਸ਼ਨ ਦੀ ਕਾਮਨਾ,ਹੀਰ ਦੇ ਇਸ਼ਕ ਦੀ ਖ਼ੂਬੀ,ਹੀਰ ਦੀ ਵਡਿਆਈ, ਜੋ ਮੁੱਦਤਾਂ ਤੋਂ ਉਸਦੇ ਅੰਦਰ ਘਰ ਕਰ ਗਈ ਹੋਈ ਸੀ ਉਹ ਨਹੀਂ ਘਟੀ, ਸਗੋਂ ਉਸਦੀ ਚਾਹ ਚਮਕਦੀ ਗਈ ਜੀਕੁਰ ਕਿਸੇ ਮੈਲੇ ਕੁਚੈਲੇ ਸ਼ੀਸ਼ੇ ਨੂੰ ਜਿਉਂ ਜਿਉਂ ਮਾਂਜੀਏ, ਤਿਵੇਂ ਤਿਵੇਂ ਉਹ ਉਜਲਾ ਤੇ ਲਿਸ਼ਕਦਾ ਆਉਂਦਾ ਹੈ, ਤਿਵੇਂ ਇਸ ਦੀ ਆਸਾ ਨਿੱਤ ਨਵੀਂ ਏਹੋ ਬੱਝਦੀ ਗਈ, ਭਈ ਅੱਜ ਭਾਵੇਂ ਸਵੇਰੇ ਤੀਕਰ ਹੀਰ ਦੇ ਦਰਸ਼ਨ ਹੋਏ ਕਿ ਹੋਏ। ਸਰੀਰ ਨੇ ਭੁੱਖ ਤੇ ਅਨੀਂਦ੍ਰੇ ਦੇ ਔਖ ਨੂੰ ਕੁਝ ਨਾਂ ਜਾਤਾ, ਸਰੀਰ ਭਾਵੇਂ ਕੁਝ ਥੋੜਾ ਮਾੜਾ ਤੇ ਲਿੱਸਾ ਜਿਹਾ ਹੋ ਗਿਆ, ਚਿਹਰੇ ਤੇ ਬੀ ਕੁਝ ਪਿਲੱਤਣ ਜੇਹੀ ਝਲਕਣ ਲਗ ਪਈ,ਪਰ ਸੇਵਾ ਤੇ ਪਾਠ ਦੇ ਨੇਮ ਵਿਚ ਨਿਰਾਲਸ ਹੀ ਰਹਿੰਦਾ।ਚਾਹ ਦਿਨੋ ਦਿਨ ਵਧੇਰੀ,ਭਰੋਸਾ ਅਥਾਹ, ਜਿਸਦਾ ਕੋਈ ਪਾਰਾਵਾਰ ਨਹੀਂ। ਸਵੇਰੇ ਆਸਾ ਦੀ ਵਾਰ ਵੇਲੇ ਇਕਇਕ ਚੌਕੜੀ ਪਹਿਰ ਪਹਿਰ ਬੈਠਾ ਰਹਿੰਦਾ, ਅੰਗ ਤਕ ਨਾਂ ਹਿਲਾਉਂਦਾ, ਜੀਕਰ ਸਰੀਰ ਅਡੋਲ ਰਖਦਾ ਓਕਰ ਹੀ ਮਨ ਦੀ ਦਸ਼ਾ ਵੀ ਅਡੋਲ ਹੀ ਰੱਖਣ ਦਾ ਯਤਨ ਕਰਦਾ, ਵੇਖਣ ਵਾਲੇ ਲੋਕ ਦੇਖ ਦੇਖ ਕੇ ਹੈਰਾਨ ਹੁੰਦੇ, ਕੋਈ ਕੋਈ ਸ਼ਰਧਾ ਵੀ ਕਰਦੇ, ਮੱਥੇ ਵੀ ਟੇਕਦੇ, ਪਰ ਇਹ ਬੇਪਰਵਾਹ ਨਾਂ ਕਿਸੇ ਨਾਲ ਬੋਲਦਾ ਤੇ ਨਾਂ ਕਿਸੇ ਨਾਲ ਗਲ ਕਰਦਾ। ਆਪਣੇ ਪਾਠ ਦੇ ਆਹਰ ਲਗਾ ਰਹਿੰਦਾ। ਭਾਈ ਉਪਰਾਮ ਸਿੰਘ ਜੀ ਦੇ ਨਾਲ ਹੋਣੇ ਕਰਕੇ ਲੋਕ ਏਨ੍ਹਾ ਵਲੋਂ ਆਪੇ ਵੀ ਰੁਕ ਜਾਂਦੇ, ਕੁਝ ਨਾਂ ਕਹਿੰਦੇ।

ਇਕੁਰ ਹੀ ਇਸ ਦਸ਼ਾ ਵਿਚ ਭਈ ਪ੍ਰਾਰਥਨਾ ਕਰਕੇ ਮੱਥਾ ਟੇਕਿਆ ਹੈ ਤਾਂ ਕਿੰਨਾ ਕਿੰਨਾ ਚਿਰ ਸਿਰ ਚੁੱਕਣੋ ਭੁਲ ਗਿਆ ਹੈ, ਜੇ ਕਿਤੇ ਪਾਠ ਕਰਦਿਆਂ ਕਿਸੇ ਪੌੜੀ ਤੇ ਆਪਣੀ ਦਸ਼ਾ ਤੇ ਉਬਾਲਾ ਖਾਧਾਹੈਅਤੇਮੱਥਾ ਜ਼ਿਮੀ ਤੇ ਰੱਖਿਆ ਗਿਆ ਹੈ ਤਾਂਪਾਠ ਦੀ ਸਮਾਪਤੀ ਤਕ,ਬਲਕਿ ਸਗੋਂ ਪ੍ਰਾਰਥਨਾ ਤਕ ਭੀ ਸਿਰ ਚੁੱਕਣੋਂ ਭੁੱਲ ਗਿਆ ਹੈ।ਇਕੁਰ ਕਰਦਿਆਂ ਜੇ ਮੱਥਾ ਚੁੱਕਿਆ ਹੈ ਤਾਂ ਅੱਖਾਂ ਦੇ ਛੱਪਰ ਭਾਰੇ ਹੋਏ ਹੋਏ ਹਨ, ਅੱਖਾਂ ਦੇ ਕੋਏ ਜਲ ਨਾਲ ਭਰੇ ਹੋਏ ਹਨ, ਚਿਹਰੇ ਤੇਉਦਾਸੀ ਆਪਣੇ ਅਸਲੀ ਰੂਪ ਵਿਚ ਛਾਈਹੈ, ਬੇਮਲੂਮਾ ਜੇਹਾ ਠੰਢਾ ਸਾਹ ਵੀ ਭਰ ਆਉਂਦਾ ਹੈ,ਪਰ ਮਸਤਾਨ ਸਿੰਘ ਏਨ੍ਹਾਂ ਗਲਾਂ ਦੀ ਕੁਛ ਖਬਰ ਨਹੀਂ ਰੱਖਦਾ ਕਿ ਕੀ ਵਾਪਰ ਰਹੀਆਂ ਹਨ ਤੇ ਸਰੀਰ ਦਾ ਕੀ ਹਾਲ ਹੋ ਰਿਹਾ ਹੈ।

ਹੁਣ ਤਾਂ ਜਿਹੜੀ ਖਤ ਕਰਾਈ ਹੋਈ ਘੋਟਵੀਂ ਦਾੜ੍ਹੀ ਲਿਆਇਆ ਸੀ, ਉਹ ਚੰਗੀ

Digitized by Panjab Digital Library | www.panjabdigilib.org

ਲੰਮੀ ਹੋ ਗਈ ਹੈ, ਖਤਕਸ਼ੀ ਦੇ ਨਿਸ਼ਾਨ ਬੀ ਗੁੰਮ ਹੋ ਗਏ ਹਨ।ਜਿਹੜਾ ਵਿੰਗਾ ਜੂੜਾ ਠੀਕ ਕੰਨ ਦੇ ਉਤੇ ਹੁੰਦਾ ਸੀ ਹੁਣ ਠੀਕ ਵਿਚਕਾਰ ਕਰਕੇ ਦਸਮ ਦੁਆਰ ਦੇ ਉਪਰ ਸੋਂਹਦਾ ਹੈ। ਜਿਹੜੀ ਲਟਪਟੀ ਪੱਗ ਦੇ ਪੇਚ ਮੋਢੇ ਤੇ ਪਿੱਠ, ਬਲਕਿ ਅੱਡੀਆਂ ਤਾਈਂ ਲਟਕਦੇ ਹੁੰਦੇ ਸਨ ਹੁਣ ਤਾਂ ਚੰਗੀ ਸੁਹਣੀ ਸੁਵਾਰ ਕੇ ਪੌੜੀਆਂਦਾਰ ਦੁਹਰੀ ਪੱਗ ਸਿਰਤੇ ਬੱਧੀ ਹੋਈ ਹੈ। ਜਿਹੜੇ ਸਰੀਰ ਦੇ ਰੋਮ ਰੋਮ ਵਿਚ ਚੰਚਲਤਾਈ,ਕੂਟ ਕੂਟ ਕੇ ਭਰੀ ਹੋਈ ਸੀ,ਗਲ ਗਲ ਵਿਚ ਥਰਕਦਾ ਤੇ ਲਟਕਾਂ ਲੈਂਦਾ ਉਚਕਦਾ ਰਹਿੰਦਾ ਸੀ,ਹੁਣ ਅਡੋਲਤੇ ਇਸਥਿਰ ਹੋਇਆ ਤਿੰਨ ਤਿੰਨ ਘੰਟੇ ਇਕ ਆਸਣ ਤੇ ਇਕ ਚੌਂਕੜੀ ਬੈਠਾ ਰਹਿੰਦਾ, ਕਦੀ ਅੱਖ ਤਕ ਨਾਂ ਝਮਕਦਾ । ਜਿਹੜਾ ਮਨ ਸੈਲ ਤਮਾਸ਼ੇ, ਖੇਡਾਂ, ਗੱਪਾਂ ਮਾਰਨ ਵਾਸਤੇ ਹਰ ਵੇਲੇ ਮੱਖੀ ਵਾਕਰ ਇਧਰ ਉਧਰ ਭੂੰ ਭੂੰ ਕਰਦਾ ਫਿਰਦਾ ਸੀ, ਹੁਣ ਸਰੀਰ ਦੀ ਕੋਠੜੀ ਵਿਚ ਇਜੇਹੀ ਛਹਿ ਮਾਰਕੇ ਬੈਠਾ ਹੈ,ਜੀਕੁਰ ਬਿੱਲੀ ਸ਼ਿਕਾਰ ਲਈ ਛਹਿ ਵੱਟਕੇ ਬੈਠਦੀ ਹੈ। ਮੁਕਦੀ ਗਲ, ਇਕੁਰ ਹੀ ਦੀਵਾਲੀ ਦਾ ਮੇਲਾ ਜੋ ਬੜੀ ਧੂਮ ਧਾਮ ਨਾਲ ਅੰਮ੍ਰਿਤਸਰ ਜੀ ਹੋਇਆ ਕਰਦਾ ਹੈ, ਬੀਤ ਗਿਆ।

ਬਹਾਰ ਗੁਲਾਬੀ ਹੋ ਗਈ, ਰਾਤ ਨੂੰ ਸਰਦੀ ਚੰਗੀ ਪੈਣ ਲਗ ਪਈ, ਦਿਨ ਦੀ ਧੁੱਪ ਵੀ ਸੁਖਾਉਣ ਲਗੀ,ਜੀਕਰ ਸ਼ਰਧਾਲੂਆਂ ਨੂੰ ਗੁਰੂ ਕੇ ਬਚਨ। ਪਉਣ ਦਾ ਰੁਮਕਾ ਇਜੇਹਾ ਪਯਾਰਾ ਲਗਦਾ ਹੈ ਜਿਕੁਰ ਗੁਰਬਾਣੀ ਦਾ ਅਨੰਦ। ਕਪੜੇ ਸਰੀਰ ਤੇ ਸੁਹਾਵਣੇ ਤੇ ਸੁਖਾਵਣੇ ਔਉਂ ਲੱਗੇ, ਜੀਕੁਰ ਪਯਾਰੇ ਦਾ ਮਿਲਾਪ। ਗਰਮੀ ਦੀ ਜ਼ੋਰਾਵਰੀ ਤੇ ਬਰਸਾਤ ਦੀ ਧਿੰਗਾਜ਼ੋਰੀ, ਬਿਜਲੀ ਬੱਦਲਾਂ ਦੀ ਚਮਕ,ਗੜ੍ਹਕ,ਹਨੇਰੀਆਂ ਦੇ ਸਰਦਾਏ ਸਭ ਸ਼ਾਂਤ ਹੋ ਗਏ, ਜਿਸ ਤਰ੍ਹਾਂ ਗੁਰੂ ਦੀ ਕ੍ਰਿਪਾ ਕਰਕੇ ਸ਼ਾਂਤਿ ਦੇ ਪ੍ਰਾਪਤ ਹੋਇਆਂ ਕ੍ਰੋਧ, ਮੋਹ, ਈਰਖਾ ਤੇ ਵੈਰ ਆਦਿਕ ਸ਼ਾਂਤ ਹੋ ਜਾਂਦੇ ਹਨ। ਮਨ ਦੇ ਠਹਿਰਾਉ ਵਰਗਾ ਸ਼ਾਂਤ ਤੇ ਸੁਹਾਵਣਾ ਸਮਾ ਹੋ ਰਿਹਾ ਹੈ। ਇਕ ਦਿਨ ਹਜ਼ੂਰ ਹਰਿਮੰਦਰ ਦੇ ਭੀ ਅਰਦਾਸ ਹੋ ਗਈ ਭਈ ਨਨਕਾਣੇ ਸਾਹਿਬ ਦੀਆਂ ਸੰਗਤਾਂ ਏਥੋਂ ਨੌਮੀ ਦਸਮੀ ਨੂੰ ਤੁਰਨਗੀਆਂ। ਅਵਤਾਰ ਦਿਨ ਦੇ ਗੁਰਪੁਰਬ ਦਾ ਦਰਸ਼ਨ ਜੋੜਮੇਲਾ ਨਨਕਾਣੇ ਸਾਹਿਬ ਹੋਵੇਗਾ, ਗੁਰੂ ਕੇ ਪ੍ਰੇਮੀ ਪਯਾਰੇ ਦਰਸ਼ਨ ਦਾ ਲਾਭ ਲੈਣ,ਜਨਮ ਸੁਫਲ ਕਰਨ ਆਦਿਕ। ਇਧਰ ਭਾਈ ਉਪਰਾਮ ਸਿੰਘ ਜੀ ਨੇ ਤਿਆਰੀਕੀਤੀ,ਮਸਤਾਨਸਿੰਘਨੂੰ ਬਚਨ ਕੀਤਾ—ਚਲੋ ਦਰਸ਼ਨ ਮੇਲੇ ਕਰਾ ਲਿਆਈਏ। ਗਜ਼ਵਾ ਤੇ ਡੋਰੀ, ਕਛਹਿਰੇ ਤੇ ਸਾਫੇ, ਆਸਨ ਲਪੇਟ ਕੇ ਨੌਮੀ ਨੂੰ ਹੀ ਅਰਦਾਸਾ ਸੋਧਕੇ ਰਾਤ ਅਟਾਰੀ ਨਿਵਾਸ ਜਾ ਕੀਤਾ, ਇਕੁਰ ਹੀ ਦਸਮੀ ਨੂੰ ਲਾਹੌਰ। ਦਸਮੀ ਨੂੰ ਰਾਤ ਜੋੜ ਮੇਲ, ਸਵਾਰੀ ਦਾ ਦਰਸ਼ਨ ਮੇਲਾ ਲਾਹੌਰ ਵਡੇ ਆਨੰਦ ਉਤਸਾਹ ਨਾਲ ਕੀਤਾ। ਦੁਪਹਿਰ ਸੰਗਤ ਨਾਲ ਰਲਕੇ ਸ਼ਬਦ ਪੜ੍ਹਦੇ ਡੇਰਾ ਫੈਜ਼ਪੁਰ, ਦੂਜੇ ਦਿਨ ਦੇਗ ਦਾ ਮੁਕਾਮ ਰਾਹ ਵਿਚ (ਦੁਪਹਿਰਾ ਕੱਟਕੇ) ਰਾਤ ਮਾਂਹ ਦੇਈ ਪਹੁੰਚੇ।ਇਕੁਰ ਹੀ ਤੀਜਾ ਦਿਨ ਰਾਹ ਵਿਚ ਲਾਕੇ ਰਾਤ ਬੁੱਢੇ ਅੱਪੜੇ। ਇਹ ਸਮਾਂ ਬਹੁਤ ਹੀ ਅਚਰਜ ਹੈ, ਇਕ ਤਾਂ ਬਹਾਰ ਦੀ ਇਜੇਹੀ ਬਹਾਰ ਖਿੜੀ ਹੋਈ ਹੈ ਕਿ ਪੂਰੇ ਚੰਦ ਦੀ ਚਾਨਣੀ, ਅਕਾਸ਼ ਨਿਤਰਿਆ ਹੋਇਆ ਤੇ ਨਿਰਮਲ, ਦੋਹੀਂ ਲਾਂਭੀਂ ਸੱਨਾਟਾ,ਪ੍ਰਿਥਵੀ ਤੋਂ ਕਿਤੇ ਕਿਤੇ ਸਾਵਣੀ ਦੇ ਫਸਲ ਵੱਢ ਲੈਣ ਦੇ ਕਾਰਨ ਜ਼ਮੀਨਾਂ ਕਿਆਰਿਆਂ ਦੀ ਸ਼ਕਲ ਤੇ ਅਵਾਰਾ ਪਈਆਂ,ਜਿਨ੍ਹਾਂ ਵਿਚ ਨਾਂ ਕੋਈ ਸੜਕ

Digitized by Panjab Digital Library | www.panjabdigilib.org

ਨਾ ਰਾਹ, ਨਾਂ ਪਹਿਆ, ਨਾ ਡੰਡੀ;ਕਿਤੇ ਕਿਤੇ ਪੀਲੂ ਦੇ ਦਰਖਤ ਬੜੇ ਬੜੇ ਉੱਚੇ ਤੇ ਘਣੇ, ਓਨ੍ਹਾਂ ਦੀਆਂ ਡਾਲੀਆਂ ਨੇ ਝੁਕ ਝੁਕ ਕੇ ਦੂਰ ਦੂਰ ਤਕ ਚੁਗਿਰਦਾ ਘੇਰ ਘੇਰ ਤੰਬੂਆਂ ਦੀ ਸ਼ਕਲ ਤੇ ਆਪਣਾ ਸੁਹਾਵ ਕੱਢਿਆ ਹੋਇਆ ਹੈ। ਕਿਤੇ ਕਿਤੇ ਕਰੀਰ ਨਿਰਵਾਸ ਪੁਰਖ ਵਾਕਰ ਪੱਤਿਆਂ ਤੋਂ ਰਹਤ ਪਰ ਸੁਨਹਿਰੀ ਫੁੱਲਾਂ ਨਾਲ ਭਰੇ ਹੋਏ ਲਾਲ ਗੁਲਾਲ ਸਾਰੇ ਜੰਗਲ ਨੂੰ ਸੁਹਣਾ ਤੇ ਹਰਿਆ ਭਰਿਆ ਕਰਕੇ ਦਿਖਾਲਣ ਲਈ ਬੱਸ ਹਨ। ਪਰੰਤੂ ਕਿਤੇਕਿਤੇ ਉਚੇ ਪੁਰਖਾਂ ਵਾਕਰ ਜੰਡ ਵੀ ਖੜੋਤੇ ਸਬਜ਼ ਪੱਤਿਆਂ ਨਾਲ ਲਹਿਲਹਾਉਂਦੇ ਹਨ। ਹੋਰ ਸਬਜ਼ੀ ਵਣਾਂ ਦੀ ਛਾਇਆ ਹੇਠ ਲੁਕੀ ਛੁਪੀ ਭਾਵੇਂ ਕਿਤੇ ਰਹੀ ਹੋਵੇ,ਪਰ ਬਾਹਰ ਮੈਦਾਨ ਦਾ ਘਾਹ ਕਾਹੀ ਦੱਭ ਪਸ਼ੂਆਂ ਨੇ ਖਾ ਖਾਕੇ ਜ਼ਮੀਨ ਨਿਰਦੇਖ ਬੁੱਧੀ ਵਾਕਰ ਸਾਫ ਤੇ ਸੁਥਰੀ ਕਰ ਛਡੀ ਹੋਈ ਹੈ। ਕਿਤੇ ਕਿਤੇ ਬਰਸਾਤ ਦੇ ਮੀਹਾਂ ਦੇ ਪਾਣੀ ਨੇ ਆਪਣੇ ਜ਼ੋਰ ਦੇ ਬਹਾਉ ਨਾਲ ਡੂੰਘਾਣ(ਖਾਲ) ਪਾ ਛਡੇ ਹੋਏ ਹਨ, ਕਿਤੇ ਕੋਈ ਉਚੇਰੀ ਜਗਹ ਜੋ ਮਲੂਮ ਤਕ ਨਹੀਂ ਹੁੰਦੀ। ਕਿਤੇ ਕੋਈ ਇਸੇ ਉਚਾਈ ਦੇ ਨਾਲ ਲਗਦੀ ਢਲਾਣ ਜਿਸਦੀ ਨਿਵਾਣ ਵੀ ਪ੍ਰਤੀਤ ਨਹੀਂ ਹੁੰਦੀ। ਪਿੰਡ, ਗਿਰਾਉਂ ਤੇ ਰਾਹ ਦਾ ਕੋਈ ਥਹੁ ਪਤਾ ਨਹੀਂ ਲਗਦਾ ਐਦਾਂ ਦਾ ਜੰਗਲ ਹੀ ਜੰਗਲ ਚੁਤਰਫੀਂ ਦਿੱਸਦਾ ਹੈ ਪਰ ਸੰਗਤ ਦੇ ਵਹੀਰ ਪੈ ਜਾਣ ਕਰਕੇ ਜੰਗਲ ਵਿਚ ਰਾਹ ਦਾ ਢਾਂਚ ਸੁਤੇ ਹੀ ਬਣਿਆ ਹੋਇਆ ਪ੍ਰਤੀਤ ਹੁੰਦਾ ਹੈ। ਸੰਗਤ ਦੇ ਅੱਗੇ ਹੋਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਨਾਲ ਮੁਹਰੀਂ ਜਥਾ ਸ਼ਬਦ ਪੜ੍ਹਦਾ ਹੋਇਆ ਟੁਰ ਪੈਂਦਾ ਹੈ, ਮਗਰ ਸੰਗਤ ਵੀ ਵਹੀਰ ਪਾ ਦੇਂਦੀ ਹੈ। ਪੈਦਲ, ਬਹਲਾਂ ਤੇ ਗੱਡੇ ਰਵਾਂ ਰਵੀਂ ਤੁਰ ਪੈਂਦੇ ਹਨ।

ਇਹ ਵਹੀਰ ਸਵੇਰੇ ਤੁਰ ਪੈਂਦਾ ਹੈ ਤੇ ਕੁਝ ਦਿਨ ਚੜ੍ਹੇ ਮੁਕਰਰਾ ਮੁਕਾਮ ਤੇ ਮੁਕਾਮ ਕੀਤਾ ਜਾਂਦਾ ਹੈ। ਸੰਗਤਾਂ ਵਿਚ ਪਰਸਪਰ ਮੈਤ੍ਰੀ ਤੇ ਪ੍ਰੇਮ ਦੀ ਆਪੋ ਵਿਚਦੀ ਇਕ ਦੂਜੇ ਦੀ ਸੇਵਾ ਭਾਵਨਾ ਇਜੇਹੀ ਅਣੋਖੀ ਤੇ ਅਸਚਰਜ ਹੁੰਦੀ ਹੈ ਕਿ ਆਪਣਾ ਨਮੂਨਾ ਆਪ ਹੀ ਹੈ। ਇਹ ਇਕ ਸਿੱਖਾਂ ਦੀ ਖਾਸ ਖੂਬੀ ਦੀ ਪੁਰਾਣੀ ਯਾਦਗਾਰ ਦਾ ਨਮੂਨਾ ਹੈ।ਸ਼ਬਦ ਬਾਣੀ ਦਾ ਬੜਾ ਅਨੰਦ ਤੇ ਉਤਸਾਹ, ਰਾਤ ਨੂੰ ਆਪੋ ਆਪਣੇ ਡੇਰੇ ਤੰਬੂਆਂ ਅਗੇ ਅੱਗ ਦੇ ਅੰਗੀਠੇ ਦਮਕ ਰਹੇ ਹਨ, ਜੋਟੀਆਂ ਦੇ ਸ਼ਬਦ ਅਨੰਦ ਨਾਲ ਪੜ੍ਹ ਰਹੇ ਹਨ।ਦੇਗ ਪ੍ਰਸ਼ਾਦ ਲੰਗਰ ਵਰਤ ਰਹੇਹਨ, ਕਥਾ ਕੀਰਤਨ ਦੇ ਅਨੰਦ ਥਾਂ ਥਾਂ ਤੇ ਹੋ ਰਹੇ ਹਨ, ਕਿਉਂ ਨਾਂ ਹੋਵੇ ਇਹ ਪਵਿਤ੍ਰ ਮੰਗਲ ਸਤਿਗੁਰ ਨਾਨਕ ਦੇਵ ਸ੍ਵਾਮੀ ਦੇ ਪ੍ਰਗਟ ਹੋਣ ਦਾ ਅਸਥਾਨ ਹੈ, ਏਥੇ ਸੰਗਤਾਂ ਚੁਗਿਰਦਿਓਂ ਹੜ੍ਹ ਦੇ ਪਾਣੀ ਵਾਕਰ ਉਮਡੀਆਂ ਚਲੀਆਂ ਆ ਰਹੀਆਂ ਹਨ। ਕੋਈ ਸੰਗਤ ਝੰਗ ਸਿਆਲ ਆਣਿਓਂ, ਕੋਈ ਮੁਲਤਾਨੋ, ਕੋਈ ਨੱਕਿਓਂ, ਕੋਈ ਥਲਾਂ ਵਿਚੋਂ ਕੋਈ ਉਪਰੋਂ ਕੰਢੀ ਵਿਚੋਂ, ਪਰ ਸ਼ਬਦ ਬਾਣੀ ਭਜਨ ਕੀਰਤਨ ਦਾ ਮੰਗਲਾਚਾਰ ਸਭ ਨਾਲ ਜੰਗਲ ਭਰ ਗੂੰਜ ਰਿਹਾ ਹੈ, ਸਤਿਪੁਰਖਾਂ ਨਾਲ ਭਰਪੂਰ ਹੈ। ਪਰਮੇਸ਼ੁਰ ਦੇ ਪਿਆਰੇ ਆਪਣੇ ਤੰਬੂ ਲਾਈ ਬੈਠੇ ਹਨ*। ਇਥੇ ਪਹੁੰਚਕੇ ਮਸਤਾਨ ਸਿੰਘ ਪਿਛਲੀਰਾਤੀਂ ਕੂਚ ਕਰਨ ਦੇ ਵੇਲੇ ਆਪਣੀ ਮਸਤੀ ਤੇ ਬੇਖਬਰੀ ਵਿਚ ਨਾਲ ਨਾਲ ਤੁਰਿਆ ਜਾਂਦਾ ਰਾਹ

*ਯਾਤ੍ਰਾ ਦੀ ਇਹ ਤਸਵੀਰ ਨਨਕਾਣੇਸਾਹਿਬ ਦੀ ਰੇਲ ਬਣਨ ਤੋਂ ਪਹਿਲਾਂ ਦੀ ਹੈ, ਜਿਨ੍ਹਾਂ ਨੇ ਇਹ ਡਿੱਠਾ ਹੈ, ਉਹ ਜਾਣਦੇ ਹਨ ਕਿਕੰਨਾ ਪ੍ਰੇਮ, ਭਗਤੀ ਭਾਵ ਤੇ ਕੁਦਰਤ ਅਰ ਸਮੇਂ ਦਾ ਰਸ ਇਸ ਯਾਤ੍ਰਾ ਵਿਚ ਹੁੰਦਾ ਸੀ। [ਸੰਪਾਦਿਕ

Digitized by Panjab Digital Library | www.panjabdigilib.org

ਭੁੱਲ ਗਿਆ। ਆਪਣੇ ਨੇਮੀ ਪਾਠ ਦੀ ਲਗਨ ਵਿਚ ਲਗਾ ਹੋਇਆ, ਜਿਉਂ ਜੰਗਲ ਵਿਚ ਪਿਆ ਕੁਝ ਰਾਹ ਦੀ ਸੋਝੀ ਨ ਲਈ। ਕੋਹਾਂ ਤਕ ਇਵੇਂ ਡਾਵਾਂਡੋਲ ਜੇਹਾ ਹੋਇਆ, ਕਦੀ ਪੂਰਬ, ਕਦੀ ਦੱਖਣ ਰੁਖ ਤੇ ਕਦੀ ਉੱਤਰ ਰੁਖ ਵਲ ਘੁੰਮਦਾ ਫਿਰਿਆ, ਪਰ ਥਹੁ ਇੱਤਾ ਰਾਹ ਦਾ ਕੋਈ ਨਾਂ ਲੱਭਿਆ। ਇਸ ਥਾਂ ਤੇ ਕੁਝ ਅਨਮਨਾ ਜੇਹਾ ਸੋਚਣ ਲਗਾ—ਭਈ ਇਕੋ ਆਸਰਾ ਭਾਈ ਉਪਰਾਮ ਸਿੰਘ ਹੋਰਾਂ ਦਾ ਸੀ ਉਹ ਬੀ ਕਿਤੇ ਮੈਥੋਂ ਓਝਲ ਹੋ ਗਏ, ਹੁਣ ਹੀਰ ਦੇ ਦਰਸ਼ਨ ਕੌਣ ਕਰਾਉ ? ਹੁਣ ਤਾਂ ਭਾਈ ਹੁਰਾਂ ਦੇ ਲੱਭਣ ਲਈ ਮੈਨੂੰ ਹੋਰ ਬੇਨਤੀਆਂ ਕਰਨੀਆਂ ਪੈਣਗੀਆਂ। ਇਜਿਹੀਆਂ ਸੋਚਾਂ ਸੋਚਦਾ ਹੀ ਸੀ ਕਿ ਇਕ ਆਵਾਜ਼ ਗੂੰਜਦੀ ਹੋਈ ਜੰਗਲ ਵਿਚੋਂ ਵਡੀ ਭਾਰੀ ਵੈਰਾਗ ਦੀ ਭਰੀ ਹੋਈ ਕੰਨਾਂ ਵਿਚ ਪਈ।

ਜ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥

[ਸਲੋ: ਵਾ: ਤੇ ਵਧੀਕ ਮ:੧

ਇਹ ਅਵਾਜ਼ ਸੀ ਕਿ ਅੰਮ੍ਰਿਤ ਦੀ ਬੂੰਦ ਸੀ; ਮਸਤਾਨ ਸਿੰਘ ਦੇ ਮੋਏ ਮਨ ਵਿਚ ਫਿਰ ਚੇਤਨਾ ਫੁਰੀ ਤੇ ਇਹ ਸੋਚ ਫੁਰੀ ਕਿ ਇਹ ਕਿਤੇ ਸਗਮਾ ਹੀਰ ਮਾਈ ਹੀ ਤਾਂ ਨਹੀਂ ਕਹਿ ਰਹੀ। ਇਹ ਸੋਚਦਾ ਹੋਇਆ ਅਵਾਜ਼ ਦੀ ਸੇਧ ਤੇ ਤੁਰਿਆ। ਅਜੇ ਕੋਈ ਸੌ ਦੋ ਸੌ ਕਦਮ ਹੀ ਤੁਰਿਆ ਹੋਊ ਕਿ ਅਗੇ ਇਕ ਮਹਾਤਮਾ ਸਫੇਦ ਦਾੜ੍ਹੇ ਵਾਲਾ, ਸਿੱਧੀ ਪਗ, ਚਿੱਟੀ ਪੁਸ਼ਾਕ ਪਾਏ ਦਰਮਜਾਨੇ ਕੱਦ ਦਾ ਹੱਥ ਵਿਚ ਸੋਟਾ, ਬੜੀ ਸੁੰਦਰ ਮਟਕ ਚਾਲ ਚਲਿਆ ਆਉਂਦਾ ਹੈ ਤੇ ਸ਼ਬਦ ਬੜੀ ਪਿਆਰੀ ਤੇ ਮਿੱਠੀ ਸੁਰੀਲੀ ਸੁਰ ਵਿਚ ਪੜ੍ਹਦਾ ਹੈ:—

ਸੂਹੀ ਮਹਲਾ ੫ ਗੁਣਵੰਤੀ ॥

ਜੋ ਦੀਸੈ ਗੁਰਸਿਖੜਾ ਤਿਸੁ ਨਿਵਿਨਿਵਿ ਲਾਗਉ ਪਾਇ ਜੀਉ॥ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥ ਇਹੁ ਮਨੁ ਤੈਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥ ਹਉ ਆਇਆ ਦੂਰਹੁ ਚਲਿਕੈ ਮੈ ਤਕੀ ਤਉ ਸਰਣਾਇ ਜੀਉ ॥ ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥ ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ ਇਉ ਪਾਵਹਿ ਹਰਿ ਦਰਸਾਵੜਾ* ਨਹ ਲਗੈ ਤਤੀ ਵਾਉ ਜੀਉ ॥ ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥ ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇਜੀਉ॥੩॥

ਮਸਤਾਨ ਸਿੰਘ ਨੇਹਥ ਜੋੜਕੇ ਫਤੇ ਗਜਾਈ ਤੇ ਚਰਨਾਂ ਨਾਲ ਹੱਥ ਲਾਏ ਤੇ ਬੇਨਤੀ ਕੀਤੀ ਮਹਾਰਾਜ ! ਏਧਰੋਂ ਬੜੀ ਪ੍ਰੇਮ ਦੀ ਅਵਾਜ ਆਈ ਸੀ "ਜ ਤਉ ਪ੍ਰੇਮ ਖੇਲਣ ਕਾ ਚਾਉ" ਓਹ ਕੀਹਦੀ ਆਵਾਜ਼ ਹੈ? ਕਿੱਥੇ ਹੈ ? ਕੀ ਓਹ ਸਚ੍ਮੁਚ ਮਾਈ ਹੀਰ ਹੀ ਕਹਿ ਰਹੀ ਹੈ ?

ਮਹਾਤਮਾ ਪੁਰਖ—ਸੰਤਾ! ਏਥੇ ਇਕ ਮਾਈ ਰਹਿੰਦੀ ਹੈ ਉਹ ਇਹ ਬਚਨ ਕਹਿੰਦੀ ਰਹਿੰਦੀ ਹੈ।

ਮਸਤਾਨ ਸਿੰਘ—ਉਹ ਕਿਥੇ ਹੈ ਤੇ ਇਹ ਗਲ ਕੀਹ ਹੋਈ ? ਭਈ ਜੇ ਮੈਂ ਹੁਣ ਸਿਰ ਵੱਢਕੇ ਤਲੀ ਤੇ ਰੱਖਾਂ ਤਾਂ ਦੇਖਾਂ ਕੀਕਰ ਤੇ ਜੀਵਾਂ ਕਿਸਤਰ੍ਹਾਂ ? ਇਹ ਗਲ ਤਾਂ ਸੱਚ ਹੋਣੀ ਹੈ, ਬਿਨਾਂ ਮਾਈ ਹੀਰ ਦੇ ਇਜੇਹੀ ਗਲ ਕੌਣ

*ਦਰਸ਼ਨ।

Digitized by Panjab Digital Library | www.panjabdigilib.org

ਕਹਿ ਸਕਦਾ ਹੈ ?

ਮਹਾਤਮਾ ਪੁਰਖ–ਚੱਲ ਭਾਈ ਸੰਤਾ ਦੇਖ ਲੈ,ਪਰ ਹੀਰ ਵਿਚਾਰੀ ਦਾ ਇਸ ਜੰਗਲ ਵਿਚ ਕਿਥੇ ਨਿਵਾਸ ਹੋਸਕਦਾ ਹੈ ?ਇਹ ਕਹਿੰਦੇ ਹੋਏ ਮਸਤਾਨ ਸਿੰਘਨੂੰਨਾਲ ਲਈ ਪੱਛੋਂ ਰੁਖਸੱਜੇ ਹੱਥ ਵੱਲਪਰਤਕੇ ਟੁਰ ਪਏ। ਅਜੇ ਕੋਈ ਵੀਹ ਤੀਹ ਕਦਮ ਹੀ ਗਏ ਹੋਣਗੇ ਕਿ ਇਕ ਇਸਤ੍ਰੀ ਉਮਰਦੀ ਅਧਖੜ,ਸਰੀਰ ਦੀਲਿੱਸੀਤੇਪਤਲੀ ਇਜੇਹੀ ਕਿ ਹੱਡੀ ਹੱਡੀ ਪਈ ਨਜ਼ਰ ਆਉਂਦੀ ਹੈ, ਚਿਹਰਾ ਵੀ ਤਾਂ ਅਜੇਹਾ ਹੀ ਲਿੱਸਾ ਤੇ ਪਤਲਾ ਪਿਆ ਹੋਇਆ ਹੈ,ਪਰ ਇਕ ਅਚਰਜ ਚਮਕਾਰਾ ਪ੍ਰਕਾਸ਼ ਵਾਲਾ ਦਿੰਦਾ ਹੈ, ਜੀਕੁਰ ਸੂਰਜ ਦਾ ਹੁੰਦਾ ਹੈ।ਚਿੱਟੇ ਕੱਪੜੇ ਪਾਈ ਵੈਰਾਗ ਦਾ ਰੂਪ ਪ੍ਰੇਮ ਵਿਚ ਮਗਨ ਬੈਠੀ ਹੋਈ ਬੜੀ ਮਾਧੁਰੀ ਸੁਰ ਵਿਚ ਇਹ ਸ਼ਬਦ ਪੜ੍ਹਰਹੀਹੈ:–

ਮਲਾਰ ਮਹਲਾ ੫ ॥

ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥
ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥ ੧ ॥ ਰਹਾਉ ॥ ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥ ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ ॥ ੧ ॥ ਬਿਨਉ ਸੁਨਿਓ ਜਬ ਠਾਕੁਰਮੇਰੇ ਢਿਗਿ ਆਇਓ ਕਿਰਪਾ ਧਾਰੇ ॥ ਕਹੁ ਨਾਨਕ ਮੇਰੇ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ ॥ ੨ ॥

ਇਹ ਕੁਝ ਦੇਖ ਸੁਣਕੇ ਮਸਤਾਨ ਸਿੰਘ ਅਚੰਭਤ ਹੋਕੇ ਪੁੱਛਣ ਲੱਗਾ–ਮਹਾਰਾਜ! ਇਹ ਕੌਣ ਹੈ ?

ਮਹਾਤਮਾ ਪੁਰਖ–ਇਹ ਗਲ ਇਸੇ ਮਾਈ ਕੋਲੋਂ ਪੁੱਛ ਦੇਂਦੇ ਹਾਂ।ਇਹ ਕਹਿਕੇ ਹਥ ਜੋੜਕੇ ਅਦਬ ਨਾਲ ਕਿਹਾ, ਮਾਈ ਜੀ!ਏਹ ਆਪਦੀ ਵਿਥਯਾ ਸੁਣਨੀ ਚਾਹੁੰਦਾ ਹੈ, ਭਈ ਆਪ ਕੌਣ ਹੋ ਤੇ ਇਸ ਜੰਡ ਕਰੀਰਾਂ ਵਾਲੇ ਜੰਗਲ ਵਿਚ ਕਿਸਤਰ੍ਹਾਂ ਨਿਵਾਸ ਕਰਦੇ ਹੋ ?

ਮਾਈ–ਮਹਾਰਾਜ ਜੀ!ਆਪ ਜਾਣੀ ਜਾਣ ਹੋ, ਪਰਉਪਕਾਰੀ ਲੋਕ ਹੋ, ਦੂਸਰਿਆਂ ਤੋਂ ਉਪਕਾਰ ਲਈ ਪੁੱਛਦੇ ਹੋ,ਸੋ ਮੈਂ ਬੇਨਤੀ ਕਰ ਦਿੰਦੀ ਹਾਂ। ਇਕ ਚੰਗੇ ਵਡੇ ਤੇ ਉੱਘੇ ਨਗਰ ਵਿਚ ਇਹ ਸਰੀਰ ਪੈਦਾ ਹੋਇਆ ਸੀ। ਮਾਪਿਆਂ ਦੇ ਘਰ ਮਾਲ ਮਿਲਖਪਦਾਰਥ ਵਧੇਰਾ ਹੋਣਕਰਕੇ ਚੰਗੇ ਲਾਡਾਂ ਤੇ ਪਜਾਰਾਂ ਨਾਲ ਪਲਦਾ ਰਿਹਾ। ਜਦ ਸਰੀਰ ਜਵਾਨ ਹੋਇਆ ਤਾਂ ਮਾਪਿਆਂ ਨੇ ਕੁਲਾ ਰੀਤਿ ਤੇ ਦੇਸ ਚਾਲ ਅਨੁਸਾਰ ਆਪਣੇ ਜੇਹੇ ਘਰ ਵਿਆਹ ਦਿੱਤਾ। ਓਥੇ ਵੀ ਦਿਨ ਰਾਤ ਖੁਸ਼ੀਆਂ ਵਿਚ ਬਿਤੀਤ ਹੁੰਦੇ ਰਹੇ। ਜਦ ਕੁਝ ਬੁਢਾਪੇ ਨੇ ਆਪਣੇ ਰੰਗ ਜਮਾਏ ਤਾਂ ਝੂਠਾ ਜਿਹਾ ਵੈਰਾਗ ਹੋ ਗਿਆ। ਇਤਨੇ ਤਕ ਦੈਵਨੇਤ ਪਤੀ ਜੀ ਨੂੰ ਸੰਤਾਂ ਮਹਾਤਮਾਂ ਦੀ ਸੰਗਤ ਹੋ ਗਈ। ਜਿਤਨੀ ਤੇ ਜੋ ਕੁਝ ਦਿਨ ਭਰ ਦੀ ਗੋਸ਼ਟ ਕੀਤੀ ਹੋਈ ਹੋਵੇ ਰਾਤ ਨੂੰ ਪਤੀ ਜੀ ਮੈਨੂੰ ਸਾਰੀ ਸੁਣਾ ਦੇਣ।ਇਕੁਰ ਹੀ ਹੁੰਦਿਆਂ ਹੁੰਦਿਆਂ ਵੈਰਾਗ ਨੇ ਬਹੁਤ ਤੀਬ੍ਰਤਾ ਕੀਤੀ। ਜੋ ਕੁਝ ਪਦਾਰਥ ਸਾ, ਕੁਝ ਤਾਂ ਵਾਹਿਗੁਰੂ ਕੇ ਲੇਖੇ ਲਾਇਆ ਕੁਝ ਹੱਕਦਾਰਾਂ ਸਨਬੰਧੀਆਂ ਨੂੰ ਆਪਣੇ ਹਥੀਂ ਵੰਡ ਕੇ ਦੇ ਦਿੱਤਾ ਤੇ ਆਪ ਥੋੜ੍ਹੇ ਦਿਨਾਂ ਦੀ ਜ਼ਿੰਦਗੀ ਸਮਝਕੇ ਨਿਰਬਾਹ ਕਰਨ ਲਈ ਇਸ ਗੁਰ ਨਾਨਕ ਦੇਵ ਜੀ ਦੇ ਪਵਿਤ੍ਰ ਬਨ ਵਿਚ ਅਸੀ ਆਣ ਰਹੇ ਹਾਂ,ਇਸ ਏਕਾਂਤ ਬਨ ਵਿਚ ਭਜਨ ਦਾ ਬੜਾ ਆਨੰਦ ਆਉਂਦਾ ਹੈ। ਖਾਣ ਵਾਸਤੇ ਪੀਲੂੰ ਤੇ ਪੋਂਹੂ, ਸੰਗਰੀ,ਪਿਪਾਂ ਆਦਿਕ ਪਦਾਰਥ ਮਿਲ ਰਹਿੰਦੇ ਹਨ, ਨਿਬਾਹ ਬਹੁਤ ਸੁੰਦਰ ਹੁੰਦਾ ਜਾਂਦਾ ਹੈ। ਕਦੀ ਕਦੀ ਇਸ ਜੰਗਲ ਵਿਚ ਸਤਿਗੁਰ ਨਾਨਕ ਦੇਵ ਜੀ ਦੇ ਦਰਸ਼ਨ ਹੁੰਦੇ ਹਨ।

Digitized by Panjab Digital Library | www.panjabdigilib.org

ਮਸਤਾਨ ਸਿੰਘ–ਏਥੇ ਮਾਈ ਹੀਰ ਦੇ ਵੀ ਕਦੇ ਦਰਸ਼ਨ ਹੁੰਦੇ ਹੋਣਗੇ, ਓਸਦਾ ਪਤਾ ਕ੍ਰਿਪਾ ਕਰਕੇ ਮੈਨੂੰ ਦੱਸੋ ?

ਮਾਈ–ਭਾਈ ਤੂੰ ਤਾਂ ਹੀਰ ਦਾ ਗੋਲਾ ਨਿਕਲਿਓਂ ਏਥੇ ਵਿਚਾਰੀ ਹੀਰ ਦਾ ਕੀ ਕੰਮ ?

ਮਸਤਾਨ ਸਿੰਘ–ਮਾਈ ਤੂੰ ਆਪਣੇ ਅਨੰਦ ਵਿਚ ਮਗਨ ਰਹੁ, ਤੈਨੂੰ ਕੀ ਖਬਰ ਜੋ ਜੱਟ ਵਿਦਿਆ ਕੀ ਹੁੰਦੀ ਹੈ। ਇਹ ਕਹਿੰਦਾ ਉਦਾਸ ਜਿਹਾ ਹੋਕੇ ਅਗਾਂਹ ਨੂੰ ਤੁਰ ਪਿਆ ਅਜੇ ਕੋਈ ਦਸ ਕੁ ਕਦਮ ਹੀ ਗਿਆ ਹੋਊ ਜੋ ਫਿਰ ਇਕ ਅਵਾਜ਼ ਬੜੀ ਗਹਿਰੀ ਤੇ ਰੂੰਜਵੀਂ ਕੰਨਾਂ ਨੂੰ ਮੋਹ ਲੈਣ ਵਾਲੀ ਸੁਣੀ:–

ਗੋਂਡ ਮਹਲਾ ੪ ॥

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥ ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥ ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥ ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥ ੨ ॥ ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੈ ਸਤਿਗੁਰ ਕੀ ਮਤਿ ਧੀਰ ॥ ੩ ॥ ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥ ੪ ॥ ੬ ॥

ਜਦ ਏਸੇ ਅਵਾਜ਼ ਦੀ ਸੇਧ ਤੇ ਤੁਰੀ ਗਏ ਤਾਂ ਇਕ ਜੰਡ ਦੇ ਬੂਟੇ ਹੇਠ ਇਕ ਚੰਗੇ ਤੇਜ ਵਾਲੇ ਪੁਰਖ ਅਕਾਲ ਪੁਰਖ ਦੇ ਪ੍ਰੇਮ ਵਿਚ ਮਗਨ, ਉਜਲ ਬਸਤ੍ਰ ਪਹਿਰੇ ਹੋਏ ਆਨੰਦ ਨਾਲ ਬੈਠੇ ਉਪਰਲਾ ਸ਼ਬਦ ਪੜ੍ਹ ਰਹੇ ਹਨ। ਭਾਵੇਂ ਬੁਢਾਪੇ ਕਰਕੇ ਵਾਲ ਚਿੱਟੇ ਤੇ ਚਿਹਰੇ ਤੇ ਝੁਰੜੀਆਂ ਪਈਆਂ ਹੋਈਆਂ ਹਨ, ਪਰ ਫਿਰ ਵੀ ਪਰਮੇਸ਼ੁਰ ਦੇ ਪ੍ਰੇਮ ਦੇ ਪਿਆਰ ਕਰਕੇ ਚਿਹਰੇ ਦੀ ਚਮਕ ਤੇ ਦਮਕ ਦੱਸ ਰਹੀ ਹੈ ਕਿ ਇਹ ਕੋਈ ਮਹਾਤਮਾ ਪੁਰਖ ਹੈ।

ਮਸਤਾਨ ਸਿੰਘ–ਮਹਾਰਾਜ ਇਹ ਕੌਣ ਹੈ?

ਮਹਾਤਮਾ ਪੁਰਖ–ਇਹ ਉਸੇ ਮਾਈ ਦਾ ਘਰ ਵਾਲਾ ਹੈ, ਇਹ ਦੋਵੇਂ ਇਸ ਜੰਗਲ ਵਿਚ ਕਦੋਕਣੇ ਨਿਵਾਸ ਕਰਦੇ ਹਨ, ਇਕੁਰ ਹੀ ਵੈਰਾਗ ਦੇ ਸ਼ਬਦ ਪੜ੍ਹਦਿਆਂ ਤੇ ਆਪਣੇ ਅਨੰਦ, ਪ੍ਰੇਮ ਵਿਚ ਮਗਨ ਰਹਿੰਦਿਆ ਜੀਵਨ ਬਿਤੀਤ ਕਰ ਰਹੇ ਹਨ।

ਮਸਤਾਨ ਸਿੰਘ–ਇਹ ਮੇਰੇ ਵਲ ਕਿਉਂ ਨਹੀਂ ਵੇਂਹਦੇ ਤੇ ਮੇਰੇ ਨਾਲ ਗਲ ਬਾਤ ਕਿਉਂ ਨਹੀਂ ਕਰਦੇ ?

ਮਹਾਤਮਾ ਪੁਰਖ–ਇਹ ਜੋ ਸ਼ਬਦ ਬੜੀ ਧੀਮੀ ਅਵਾਜ਼ ਤੇ ਠਹਿਰਾਉ ਨਾਲ ਪੜ੍ਹ ਰਹੇਹਨ, ਤੇਰੀਆਂ ਗਲਾਂ ਦਾ ਹੀ ਜਵਾਬ ਹੈ ਤੇ ਹੋਰ ਗਲਾਂ ਇਹ ਲੋਕ ਉਨ੍ਹਾਂ ਨਾਲ ਨਹੀਂ ਕਰਦੇ ਜੋ ਬਿਨਾਂ ਅਕਾਲ ਪੁਰਖ ਦੇ ਕਿਸੇ ਹੋਰ ਨਾਲ ਪ੍ਰੇਮ ਕਰਦਾ ਹੋਵੇ। ਇਹ ਸੰਸਾਰਕ ਤੇ ਵਿਹਾਰਕ ਧੰਧਿਆਂ ਤੋਂ ਵਿਰਕਤ ਹੋਏ ਹੋਏ ਹੁੰਦੇ ਹਨ। ਇਹ ਹੜੀਆਂ ਹੀਰਾਂ ਤੇ ਰੜੇ ਰਾਂਝੇ ਦੇ ਗੋਲਿਆਂ ਨਾਲ ਕੋਈ ਮੇਲ ਨਹੀਂ ਰਖਦੇ। ਹਾਂ, ਜੇ ਤੂੰ ਭੀ ਅਕਾਲ ਪੁਰਖ ਦਾ ਪ੍ਰੇਮੀ ਹੁੰਦੋਂ ਤਾਂ ਤੇਰੇ ਨਾਲ ਬੀ ਗਲ ਬਾਤ ਗਜਾਨ ਗੋਸ਼ਟ ਜ਼ਰੂਰ ਕਰਦੇ।

ਮਸਤਾਨ ਸਿੰਘ–ਹਾਂ, ਜੇ ਕਦੀ ਮਾਈ ਹੀਰ ਦਾ ਦਰਸ਼ਨ ਕਰਾ ਦੇਣ ਤਾਂ ਮੈਂ ਅਕਾਲ ਪੁਰਖ ਨਾਲ ਬੀ ਪ੍ਰੇਮ ਕਰ ਲਉਂ। ਇਹ ਕਹਿੰਦਾ ਨਿਰਾਸਤਾ ਦੇ ਗੱਡੇ ਚੜ੍ਹਿਆ ਹੋਇਆ, ਸਹਿਜੇ ਸਹਿਜੇ ਅਗਾਹਾਂ ਖਿਸਕਿਆ ਤੇ ਕੋਈ ਤਿੰਨ ਚਾਰ ਸੌ ਕਦਮਾਂ ਦੇ ਲਗ ਪਗ ਲੰਘਿਆ ਤਾਂ ਇਕ ਹੋਰ ਅਚਰਜ ਦੇਖਿਆ ਕਿ ਇਕ ਪੀਲੂ ਦੇ ਦਰਖਤ ਹੇਠ ਇਕ ਪੈਰ ਦੇ ਭਾਰ ਇਕ ਹਥ ਨਾਲ ਉਪਰਲੇ ਬ੍ਰਿੱਛ ਦੀ ਟਾਹਣੀ ਫੜੀ ਹੋਈ ਤੇ ਦੂਜਾ ਹੱਥ ਲੱਕ ਤੇ ਰਖਿਆ ਹੋਇਆ, ਅਖਾਂ ਵਿਚ ਆਂਸੂ ਭਰੇ ਹੋਏ, ਚਹੁਵੀਂ ਲਾਂਭੀਂ ਝਾਕਦੀ ਹੋਈ

Digitized by Panjab Digital Library | www.panjabdigilib.org

ਜਿਸ ਤਰ੍ਹਾਂ ਕੋਈ ਕਿਸੇ ਨੂੰ ਉਡੀਕਦਾ ਹੈ, ਖੜੋਤੀ ਹੋਈ ਇਕ ਮਾਈ ਨਜ਼ਰ ਪਈ। ਸਰੂਪ ਤੇ ਤੇਜ ਅਜਿਹਾ ਦਮਕਦਾ ਹੈ, ਮਾਨੋਂ ਇਸੇ ਜੰਗਲ ਦੀ ਦੇਵੀ ਹੈ।ਸਰੀਰ ਭਾਵੇਂ ਲਿੱਸਾ ਹੈ, ਪਰ ਵੈਰਾਗ ਤੇ ਪ੍ਰੇਮ ਬਹੁਤ ਭਾਰਾ ਹੈ। ਆਪਣੇ ਹੀ ਬਿਰਹ ਦੀ ਮਗਨਤਾਈ ਵਿਚ ਬੜੇ ਪ੍ਰੇਮ ਭਰੀ ਪ੍ਰਤੀਖਨਾ ਮਈ (ਉਡੀਕ ਵੰਦ) ਸੁਰ ਵਿਚ ਇਹ ਸਲੋਕ ਪੜ੍ਹ ਰਹੀ ਹੈ:–

ਸਲੋਕ ਮਹਲਾ ੪ ॥ ਹਉ ਖੜੀ ਨਿਹਾਲੀ ਪੰਧ ਮਤੁ ਮੂੰ ਸਜਣੁ ਆਵਏ ॥ ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥ਹਉ ਜੀਉ ਕਰੀ ਤਿਸ ਵਿਟਉ ਚਉਖੰਨੀਐ ਜੋ ਮੈ ਪਿਰੀ ਦਿਖਾਵਏ ॥ ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥ ੫ ॥

ਮਸਤਾਨ ਸਿੰਘ–ਮਹਾਰਾਜ ! ਇਹ ਇਸ-ਤਰ੍ਹਾਂ ਕਿਉਂ ਖੜੀ ਹੈ ?

ਮਹਾਤਮਾ ਪੁਰਖ–ਇਹ ਅਪਣੇ ਪਤੀ ਦੇ ਪ੍ਰੇਮ ਵਿਚ ਮੱਤੀ ਹੋਈ ਰਾਹ ਤੱਕ ਰਹੀ ਹੈ ਤੇ ਕਹਿ ਰਹੀ ਹੈ ਜੋ ਮੇਰਾ ਪਤੀ ਮਿਲਾਵੇ ਮੈ ਉਸਦੇ ਉਪਰੋਂ ਆਪਣਾ ਆਪ ਚਾਰ ਟੁਕੜੇ ਕਰਕੇ ਕੁਰਬਾਨ ਕਰ ਸਿੱਟਾਂ।

ਮਸਤਾਨ ਸਿੰਘ–ਮਹਾਰਾਜ ! ਇਸਦਾ ਪਤੀ ਕਿਹੜਾ ਹੈ ?

ਮਹਾਤਮਾ ਪੁਰਖ–ਦੱਸਣ ਲੱਗੇ ਹੀ ਸਨ ਕਿ ਉਸ ਮਾਈ ਨੇ ਇਕ ਪ੍ਰੇਮ ਭਰੀ ਵੈਰਾਗ ਭਰੀ ਸੁਰ ਵਿਚ ਹੋਰ ਸਲੋਕ ਪੜ੍ਹ ਦਿਤਾ:–

ਕਿਸਹੀ ਕੋਈ ਕੋਇ ਮੈਡੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥ ੧॥ [ਵਾਰ ਸੂਹੀ ਸਲੋਕ ਮ:੨

ਮਹਾਤਮਾ ਪੁਰਖ–ਲੈ ਭਾਈ ਸੰਤਾ ਇਹ ਤੇਰੇ ਹੀ ਪ੍ਰਸ਼ਨ ਦਾ ਉਤਰ ਹੈ, ਇਹ ਮਾਈ ਕਹਿੰਦੀ ਹੈ, ਕਿਸੇ ਦਾ ਕੋਈ ਸਾਕ ਸੈਨ ਕਿਸੇ ਦਾ ਕੋਈ ਮਿਤ੍ਰ ਪਿਆਰਾ ਸਨਬੰਧੀ ਪਰ ਮੈਂ ਨਿਮਾਣੀ ਦਾ ਤਾਂ (ਹੇ ਅਕਾਲ ਪੁਰਖ !) ਇਕ ਤੂੰ ਹੀ ਹੈਂ, ਫਿਰ ਕਿਉਂ ਨਾਂ ਰੋ ਰੋ ਕੇ ਖਪ ਖਪਕੇ ਮਰਿਆ ਜਾਵੇ ਜਦ ਤਕ ਤੂੰ ਨਾਂ ਚਿਤ ਆਵੇਂ।

ਇਹ ਗਲ ਹੋ ਹੀ ਰਹੀ ਸੀ ਕਿ ਇੰਨੇ ਤਕ ਇਕ ਗੂੰਜਵੀਂ ਪ੍ਰੇਮ ਭਰੀ ਸੁਰ ਵਿਚ ਉਸ ਮਾਈ ਨੇ ਭਖਣਾ ਪੜ੍ਹਿਆ:–

ਭਖਣਾ ਮ: ੫ ॥
ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥

ਮਹਾਤਮਾ ਪੁਰਖ–ਉਇ ਭੋਲਿਆ ! ਹੀਰ ਨੇ ਭਲਾ ਕਾਹਨੂੰ ਕਦੀ ਸਿਰ ਉਤਾਰ ਕੇ ਸੇਵਾ ਕਰਨ ਦਾ ਦਾਵਾਕੀਤਾਹੋਣਾ, ਇਹ ਤਾਂ ਸਾਫਕਹਿ ਰਹੀ ਹੈ ਕਿ ਹੇ ਮੇਰਿਆ ਸਜਣਾਂ ਜੇ ਤੂੰ ਕਹੇਂ ਤਾਂ ਮੈਂ ਆਪਣਾ ਸਿਰ ਉਤਾਰ ਦੇਵਾਂ ਕਿਉਂਕਿ ਨੇਤ੍ਰ ਮੇਰੇ ਪਏ ਤਰਸਦੇ ਹਨ ਕਦੋਂ (ਕਿਵੇਂ) ਤੇਰਾ ਦਰਸ਼ਨ ਕਰਾਂ।

ਮਸਤਾਨ ਸਿੰਘ–ਭਾਈ ਜੀ ਇਹ ਤਾਂ ਕਿਸੇ ਸੱਜਣ ਤਾਈਂ ਕਹਿ ਰਹੀ ਹੈ।

ਇਸ ਗਲ ਦਾ ਉਤ੍ਰ ਅਜੇ ਮਹਾਤਮਾ ਕਹਣ ਹੀ ਲਗੇ ਸਨ ਕਿ ਫਿਰ ਹੋਰ ਸਲੋਕ ਉਸੇ ਮਨਮੋਹਣੀ ਸੁਰ ਵਿਚ ਮਾਈ ਨੇ ਸੁਣਾ ਦਿਤਾ:–

ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈਸਾਹੁ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੈਸਾਹੁ ॥ ੨੨ ॥ [ਸਲੋਕ ਮ: ੫

ਮਸਤਾਨ ਸਿੰਘ–ਵਾਹਵਾ ਇਹ ਮਾਈ ਵੀ ਕੁਝ ਹੀਰ ਵਰਗੀ ਪ੍ਰੇਮਣ ਜਾਪਦੀ ਹੈ।

ਮਹਾਤਮਾ ਪੁਰਖ–ਕੁਝ ਸਮਝਿਆ ਹਈ ? ਇਹ ਤੇਰੀਆਂ ਹੀ ਗਲਾਂ ਦਾ ਉਤ੍ਰ ਹਈ।

ਮਸਤਾਨ ਸਿੰਘ–ਸਚਮੁਚ ਇਹ ਮਾਈ ਤਾਂ ਨਾਲੋ ਨਾਲ ਘਰ ਪੂਰਾ ਕਰੀ ਜਾਂਦੀ ਹੈ ਪਰ ਮੈਂ ਕੀ ਜਾਣਾ ਕਮਲਾ ਜੱਟ, ਜੇ ਜਾਣਾ ਹੀ ਜਾਣਾ

Digitized by Panjab Digital Library | www.panjabdigilib.org

ਤਾਂ ਹੀਰ ਵਾਰੋ ਸ਼ਾਹ ਦੀ।

ਅਜੇ ਇਧਰ ਇਹ ਗਲ ਮੁਕੀ ਹੀ ਨਹੀਂ ਸੀ ਕਿ ਉਸ ਮਾਈ ਨੇ ਪ੍ਰੇਮ ਭਰੀ ਥਰਕਦੀ ਹੋਈ ਸੁਰ ਵਿਚ ਇਕ ਹੋਰ ਡੱਖਣਾ ਪੜ੍ਹਿਆ—

ਡਖਣਾ ਮ: ੫ ॥

ਜੇ ਤੂ ਮਿਤ੍ ਅਸਾਡੜਾ ਹਿਕ ਭੇਰੀ ਨ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨਾ ਤੋਹਿ ॥ ੧ ॥

ਮਸਤਾਨ ਸਿੰਘ—ਤੇ ਲਓ ਫਿਰ ਏਹ ਕੀ ਗਲ ਹੋਈ ?

ਮਹਾਤਮਾ ਪੁਰਖ—ਭਾਈ ਸਿੱਖਾ ਇਸਦਾ ਤਾਤਪਰਜ ਇਹ ਹੈ ਭਈ ਹੇ ਅਕਾਲ ਪੁਰਖ ਜੇ ਤੂੰ ਮਿਤ੍ ਹੈਂ ਤਾਂ ਰਤਾ ਮਾਤ੍ ਵੀ ਨਾਂ ਵਿਛੋੜ। ਕਿਉਂਕਿ ਜੀਉ (ਮਨ) ਮੇਰਾ ਤੈਂ ਮੋਹ ਲਿਆ ਹੈ (ਹੁਣ) ਕਦ ਤੈਨੂੰ ਮਿੱਤ੍ਰਾ ਦੇਖਾਂ।

ਮਸਤਾਨ ਸਿੰਘ—ਭਲਾ ਦੱਸੋ ਭਾਈ ਜੀ ਸੱਜਣ ਦਾ ਅਰਥ ਤਾਂ ਰੱਬ ਵਲ ਲਗ ਗਿਆ ਹੁਣ ਤਾਂ ਇਹ ਸਾਫ ਮਿੱਤ੍ਰਾ ਕਹਿ ਰਹੀ ਹੈ।

ਮਹਾਤਮਾ ਪੁਰਖ—ਭਾਈ ਜਦੋਂ ਤੈਨੂੰ ਹੀਰ ਦੀ ਅਸਲੀਅਤ ਲੱਭੂ, ਤਦੋਂ ਤੈਨੂੰ ਇਨ੍ਹਾਂ ਪਦਾਂ ਦੇ ਅਰਥਾਂ ਦੀ ਸੋਝੀ ਪੈ ਜਾਊ। ਇਤਨਾ ਕਹਿ ਹੀ ਰਹੇ ਸਨ ਕਿ ਉਧਰੋਂ ਪ੍ਰੇਮ ਵਿਚ ਉਮਡੀ ਹੋਈ ਘਨਘੋਰ ਦੀ ਤਰ੍ਹਾਂ ਹੋਰ ਇਕ ਸ਼ਲੋਕ ਦੀ ਸੁਰ ਉਠੀ:—

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ ਅਸਾਡੜੇ ਸੇਈ॥ਹਉ ਢੂਢੇਦੀ ਜਗੁ ਸਬਾਇਆ
ਜਨ ਨਾਨਕ ਵਿਰਲੇ ਕੇਈ ॥ [ਗੂਜ: ਵਾ: ਮ:੫

ਮਹਾਤਮਾ ਪੁਰਖ—ਲੈ ਭਈ ਪਜਾਰਿਆ !

ਹੁਣ ਤਾਂ ਤਸੱਲੀ ਹੋਈ।

ਜਿਨ੍ਹਾਂ ਮਹਾਤਮਾਂ ਦੇ ਦੇਖਿਆਂ ਮੇਰੀ ਖੋਟੀ ਬੁੱਧੀ ਜਾਵੇ ਸੋਈਓ ਸਾਡੇ ਮਿਤ੍ ਹਨ,ਮੈਂ ਭਾਵੇਂ ਸਾਰੇ ਜਗਤ ਨੂੰ ਢੂੰਡਿਆ ਪਰ ਅਜੇਹੇ ਸਤਿ-ਪੁਰਖ ਕੋਈ ਕਿਤੇ ਵਿਰਲੇ ਹੀ ਹੁੰਦੇ ਹਨ। ਇਹ ਗਲ ਅਜੇ ਪੂਰੀ ਨਹੀਂ ਸੀ ਹੋਈ ਕਿ ਉਸ ਮਾਈ ਨੇ ਇਕ ਖੋਭ ਭਰੀ ਸੁਰ ਵਿਚ ਇਕ ਡਖਣਾ ਪੜ੍ਹਿਆ—

ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿਜਾਹਿ॥
ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ॥

ਮਹਾਤਮਾ ਪੁਰਖ—ਲੈ ਭਾਈ ਸੰਤਾ ਹੁਣ ਤਾਂ ਤੇਰਾ ਭਰਮ ਨਿਵਿਰਤ ਹੋਇਆ ਨਾਂ ?

ਮਸਤਾਨ ਸਿੰਘ—ਕੁਝ ਕਹਿਣ ਲਈ ਉਭਰਦਾ ਹੀ ਪਿਆ ਸੀ ਕਿ ਮਾਈ ਨੇ ਇਕ ਹੋਰ ਡਖਣਾ ਟਿਕਵੀਂ ਸੁਰ ਵਿਚ ਬੜੇ ਪ੍ਰੇਮ ਨਾਲ ਸੁਣਾ ਦਿੱਤਾ।

ਦੁਰਜਨ ਦੂਜਾ ਭਾਉ ਹੈ ਵੇਛੋੜਾ ਹਉਮੈ ਦੋਰੁ॥
ਸਜਣੁ ਸਚਾ ਤਿਸਾਹੁ ਜਿਸੁ ਮਿਲਿ ਕੀਚੈ ਹੋਰੁ॥

ਮਸਤਾਨ ਸਿੰਘ—ਹਾਹੋ ਫਿਰ ਐਦਾਂ ਤਾਂ ਮਹਾਰਾਜ ਏਹ ਸਾਰੇ ਸਬਦ ਰੱਬ ਵਲ ਹੀ ਲਗਦੇ ਜਾਂਦੇ ਹਨ। ਇੱਕ ਤੋਂ ਇੱਕ ਚੜ੍ਹਦਾ ਸਲੋਕ ਮਾਈ ਸੁਣਾਈ ਜਾਂਦੀ ਹੈ, ਹੁਣ ਇਹ ਮਾਈ ਮੇਰੇ ਨਾਲ ਬੀ ਗਲ ਬਾਤ ਕਰੇਗੀ ਕਿ ਨਾਂ ? ਤਾਂ ਜੋ ਭਲਾ ਮੈਂ ਭੀ ਕੋਈ ਪਤਾ ਹੀਰ ਦਾ ਪੁੱਛ ਲਵਾਂ।

ਇਹ ਗਲ ਕਹਿੰਦਾ ਹੀ ਸੀ ਕਿ ਉਧਰੋਂ ਇਕ ਅਭਿਲਾਖਾ ਭਰੀ ਸੁਰ ਵਿਚ ਹੋਰ ਡਖਣੇ ਦੀ ਅਵਾਜ਼ ਆਈ:—

ਜੇ ਤੂ ਵਤਹਿ ਅੰਞਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥

ਮਹਾਤਮਾ ਪੁਰਖ—ਦੇਖ ਲੈ ਪਿਆਰਿਆ ਇਹ ਮਾਈ ਅਕਾਲ ਪੁਰਖ ਦੇ ਪ੍ਰੇਮ ਵਿਚ ਮਗਨ, ਕਿਤਨਾ ਭਾਰੀ ਵੈਰਾਗ (ਫਿਰਾਕ) ਸੂਚਨ ਕਰਾ ਰਹੀ ਹੈ। ਉਂਵ ਇਸਨੂੰ ਆਪਣੇ ਸਰੀਰ ਤਾਕਰ ਕੋਈ ਸੁਧ ਬੁਧ ਨਹੀਂ ਹੈ, ਫਿਰ ਉਹ ਤੈਨੂੰ ਕੀ ਜਾਣੇ ਕਿ ਤੂੰ ਕੌਣ ਹੈਂ ਤੇ ਪੱਛਣ

Digitized by Panjab Digital Library | www.panjabdigilib.org

ਲਈ ਆਇਆ ਹੈਂ ?

ਮਸਤਾਨ ਸਿੰਘ–ਮਹਾਰਾਜ!ਕਿਵੇਂ ਤਾਂਕੁਛ ਪੁੱਛ ਦਿਓ।

ਮਹਾਤਮਾ ਪੁਰਖ–ਭਲਾ ਹੱਛਾ ਕੁਝ ਯਤਨ ਕਰਦੇ ਹਾਂ। ਇਹ ਕਹਿਕੇ ਮਾਈ ਜੀ ਨੂੰ ਸੁਣਾ ਕੇ ਇਕ ਭਖਣਾਂ ਪੜ੍ਹਿਆ:–

ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ ॥ ਪਿਰੀਏ ਤੂ ਜਾਣੁ ਮਹਿਜਾ ਸਾਉ ਨੇਈ ਸਾਈ ਮੁਹੁ ਖੜਾ ॥

ਮਾਈਂ ਨੇ ਸੁਣਕੇ ਇਨ੍ਹਾਂ ਵਲ ਇਵੇਂ ਕਿਵੇਂ ਡਿਠਾ,ਅਤੇ ਆਪਣੀ ਪ੍ਰੇਮ ਭਰੀ ਗਦਗਦ ਹੋਈ ਸੁਰ ਵਿਚ ਇਹ ਭਖਣਾ ਪੜ੍ਹਿਆ–

ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ ॥ ਸੁਤੜੀ ਸੋ ਸਹੁਡਿਠੁ ਤੈ ਸੁਪਨੈ ਹਉ ਵੰਞੀਆਂ ॥

ਮਸਤਾਨ ਸਿੰਘ–ਭਾਈ ਜੀ ! ਮੈਂ ਤੁਹਾਡੀ ਕਾਈ ਗਲ ਨਹੀਂ ਸਮਝੀ।

ਮਹਾਤਮਾ ਪੁਰਖ–ਇਹ ਗਲ ਹੈ ਭਈ ਸਾਡਾ ਭਾਵ ਇਹ ਸੀ ਤੂੰ ਪਰਮੇਸ਼ੁਰ ਦੇ ਦਰ ਤੇ ਪੈਣ ਅਹਾਰੀ ਹੋਕੇ ਸੇਧਿ ਲਾਈ ਖੜੋ ਹੈਂ। ਇਸਦੇ ਉਤਰ ਵਿਚ ਇਹ ਕਹਿੰਦੀ ਹੈ:–

ਮੈਂ ਆਪਣੇ ਸੱਜਣ ਅਕਾਲ ਪੁਰਖ ਨੂੰ ਅੱਠੇ ਪਹਿਰ ਹੀ ਦੇਖਾਂਗੀ (ਕਿਉਂਕਿ ਮੈਂ) ਸੁੱਤੀ ਹੋਈ ਨੇ ਉਹ ਮਾਲਕ ਡਿੱਠਾ ਹੈ। ਤੇਰੇ (ਉਸ) ਸੁਪਨੇ ਦੇ (ਦਰਸ਼ਨ ਤੋਂ) ਮੈਂ ਕੁਰਬਾਨ ਹਾਂ।

ਮਸਤਾਨ ਸਿੰਘ–ਇਹ ਮਾਈ ਤਾਂ ਆਪਣੇ ਪਿਆਰੇ ਤੇ ਵੱਡੀ ਆਸ਼ਕ ਹੈ, ਮਾਈ ਹੀਰ ਦਾ ਪਤਾ ਨਹੀਂ ਇਜੇਹੀ ਆਸ਼ਕ ਰਾਂਝੇ ਤੇ ਸੀ ਕਿ ਨਹੀਂ। ਇਹ ਗਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਮਾਈ ਨੇ ਇਸ ਗਲ ਦੇ ਮਾਨੋ ਉਤਰ ਵਿਚ ਇਕ ਭਖਣਾ ਪ੍ਰੇਮ ਭਰੀ ਨਿਰਵਾਸ ਆਸ ਮਈ ਸੁਰ ਵਿਚ ਸੁਣਾ ਦਿੱਤਾ–

ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ॥ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਗਈ ਆਸ ॥

ਮਸਤਾਨ ਸਿੰਘ–ਇਹ ਗਲ ਮੈਂ ਨਹੀਂ ਸਮਝੀ।

ਮਹਾਤਮਾ ਪੁਰਖ–ਆਸ਼ਕ ਸਾਰੀਆਂ ਆਸਾਂ ਤੇ ਤ੍ਰਿਸ਼ਨਾਂ ਤੋਂ ਬਾਹਰ (ਭਾਵ ਨਿਰਵਾਸ) ਹੁੰਦਾ ਹੈ (ਪਰੰਤੂ) ਮੇਰੇ ਮਨ ਵਿਚ (ਦਰਸ਼ਨ ਦੀ) ਵੱਡੀ ਆਸ ਹੈ (ਪਰੰਤੂ) ਇਕ ਤੂੰਹੀਂ ਹੈਂ (ਐਸਾ ਅਕਾਲ ਪੁਰਖ) ਜੋ ਆਸਾਤੋਂ ਨਿਰਾਸਹੈਂ।

ਮਸਤਾਨ ਸਿੰਘ–ਭਲਾ ਭਾਈ ਜੀ ਹੁਣ ਇਹ ਮਾਈ ਵਿਚਾਰੀ ਇਕੁਰ ਹੀ ਵਿਛੋੜੇ ਦੀ ਮਾਰੀ ਹਾੜੇ ਕਰਦੀ ਰਹੇਗੀ ? ਖਾਨ ਪਾਨ ਪਹਿਰਾਨ ਕੁਝ ਨਾ ਕਰੇਗੀ?ਇਹ ਗਲ ਇਧਰ ਹੋ ਹੀ ਰਹੀ ਸੀ ਕਿ ਉਸ ਮਾਈ ਨੇ ਇਕ ਪ੍ਰੇਮ ਭਰੀ ਉਪਰਾਮਤਾ ਦੀ ਸੁਰ ਵਿਚ ਇਹ ਭਖਣਾ ਬੋਲਿਆ।

ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਭੋਖੁ॥ ਕਪੜ ਭੋਗ ਭਰਾਵਣੇ ਜਿਚਰੁ ਪਿਰੀ ਨ ਭੋਖੁ ॥

ਮਸਤਾਨ ਸਿੰਘ–ਭਾਈ ਜੀ ਇਹਦਾ ਕੀ ਮਤਲਬ ਹੋਇਆ ?

ਮਹਾਤਮਾ ਪੁਰਖ–ਪਜਾਰਿਆ! ਇਸ ਤਰ੍ਹਾਂ ਦੇ ਜਿਹੜੇ ਪਰਮੇਸ਼ਰ ਦੇ ਪਜਾਰੇ ਹੁੰਦੇ ਹਨ, ਇਨ੍ਹਾਂ ਨੂੰ ਕਦੀ ਵਿਛੋੜਾ ਨਹੀਂ, ਪਰਮੇਸ਼ਰ ਸਦਾ ਇਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ ਤੇ ਏਹ ਲੋਕ ਪਰਮੇਸ਼ਰ ਦੇ ਪ੍ਰੇਮ ਵਿਚ ਲੀਨ ਹੋਏ ਹੁੰਦੇ ਹਨ, ਪਰੰਤੂ ਇਨ੍ਹਾਂ ਨੂੰ ਭਾਉਂਦਾ ਏਹੋ ਕੁਝ ਹੈ ਜੋ ਰਤਾਕੁ ਮੇਲ ਵਿਚ ਪੜਦਾ ਬਣਿਆ ਰਹੇ ਤਾਂ ਉਸ ਪ੍ਰੇਮ ਦੀ ਲੀਨਤਾ ਦਾ ਅਨੰਦ ਬਣਿਆਂ ਰਹੇ।ਇਸ ਲਈ ਇਹ ਮਾਈਸੂਚਨਾ ਕਰਦੀ ਹੈ (ਭਈ) ਪ੍ਰੇਮ ਮੇਰਾ (ਹੇ ਅਕਾਲ ਪੁਰਖ) ਤੇਰੇ ਨਾਲ ਹੈ, (ਤੈਥੋਂ ਛੁੱਟ) ਹੋਰ ਸਾਰੇ ਪ੍ਰੇਮ ਝੂਠੇ

Digitized by Panjab Digital Library | www.panjabdigilib.org

ਹਨ (ਭਾਵ ਨਾਸ਼ਵੰਤ ਹਨ), ਇਸ ਲਈ ਖਾਨ ਪਾਨ ਪਹਿਰਾਨ (ਆਦਿਕ)ਪਦਾਰਥ ਡਰਾਵਣੇ ਹਨ ਜਿੰਨਾਂ ਚਿਰ ਪਿਆਰਾ ਨਾ ਦੇਖਾਂ। ਇੰਨੇ ਤਕ ਉਸ ਮਾਈ ਨੇ ਫਿਰ ਪ੍ਰੇਮ ਭਰੀ ਅਭਿਲਾਖਾ ਮਈ ਸੁਰ ਵਿਚ ਇਹ ਡਖਣੇ ਕਥਨ ਕੀਤੇ—

ਮੂਥੀਆਉ ਸੇਜ ਨੈਣਾ ਪਿਰੀ ਵਿਛਾਵਣਾ॥
ਜੇ ਡੇਖੈ ਹਿਕਵਾਰ ਤਾ ਸੁਖ ਕੀਮਾਹੁ ਬਾਹਰੇ॥
ਮੂਥੀਆਉ ਤਖਤੁ ਪਿਰੀ ਮਹਿੰਜੇ ਪਾਤਿਸਾਹ॥
ਪਾਵਮਿਲਾਵੇਕੋਲਿਕਵਲਜਿਵੈਬਿਗਸਾਵਦੋ॥

ਮਸਤਾਨ ਸਿੰਘ—ਭਾਈ ਜੀ! ਇਨ੍ਹਾਂ ਡੂੰਘੀਆਂ ਗੱਲਾਂ ਦਾ ਮਤਲਬ ਤਾਂ ਮੇਰੀ ਸਮਝ ਵਿਚ ਰਤਾ ਵੀ ਨਹੀਂ ਆਉਂਦਾ।

ਮਹਾਤਮਾ ਪੁਰਖ—ਇਹ ਲੋਕ ਇਜੇਹੀਆਂ ਅਭਿਲਾਖਾਂ ਲਾਖਾਂ ਹੀ ਤਰ੍ਹਾਂ ਦੀਆਂ ਰੱਖਦੇ ਹਨ ਤੇ ਏਹੋ ਹੀ ਇਨ੍ਹਾਂ ਦਾ ਪ੍ਰੇਮ ਹੈ ਤੇ ਇਸੇ ਗਲ ਨੂੰ ਇਹ ਸੁਖ ਮੰਨਦੇ ਹਨ ਤੇ ਅਵਿਰਲ ਭਗਤੀ ਨੂੰ ਏਹ ਮੁਕਤਿ ਨਾਲੋਂ ਕਈ ਗੁਣਾਂ ਉੱਚਾ ਤੇ ਚੰਗਾ ਸਮਝਦੇ ਹਨ*।ਓਸੇ ਆਪਣੀ ਅਨੰਨਤਾ ਵਿਚ ਅਭਿਲਾਖਾ ਪ੍ਰਗਟ ਕਰਦੀ ਹੈ।

ਮੈਂ ਹੋਵਾਂ ਛੇਜ (ਅਤੇ) ਅੱਖੀਆਂ ਪਿਆਰੇ ਲਈਵਿਛਾਵਣਾ(ਕਰਾਂ),ਮੇਰੀਇਸ ਆਸਾ ਵਲ ਜੇ ਇਕ ਵਾਰ ਵੀ ਵੇਖ ਲਵੇਂ ਤਾਂ ਸੁਖ ਅਣਮੁੱਲੇ ਹੀ (ਪ੍ਰਾਪਤ ਹੋਣ), ਨਹੀਂ ਤਾਂ ਮੈਂ ਹੋਵਾਂ ਤਖਤ (ਹੇ) ਮੇਰੇ ਪਾਲਕ ਪਾਤਸ਼ਾਹ ! (ਜਦ) ਪੈਰ (ਤਖਤ ਦੇ) ਨੇੜੇ ਮਿਲਾਵੇਂ (ਤਦ ਮੈਨੂੰ) ਕੌਲ ਫੁੱਲ ਵਾਂਙੂ ਖਿੜਾਵੇਂ (ਪ੍ਰਸੰਨ ਕਰੇਂ)।

ਮਸਤਾਨ ਸਿੰਘ—ਭਾਈ ਜੀ! ਮੈਨੂੰ ਪੈਰੋ ਪੈਰ ਹਰਾਨੀ ਵਧਦੀ ਜਾਂਦੀ ਹੈ ਭਈ ਸਾਰੀ ਹੀਰ ਪੜ੍ਹੀ, ਪ੍ਰੇਮ ਦੀ ਕਹਾਣੀ ਸਿਰੋਂ ਪਰੇ ਡਿੱਠੀ। ਡਿੱਠੀ ਕੀ,ਮੈਂ ਆਪ ਜਿਸਦੇ ਇਸ਼ਕ ਵਿਚ ਘਰ ਬਾਰ, ਯਾਰ, ਮਿਤ੍ਰ,ਭੁਇਂ,ਭਾਂਡਾ ਛੱਡ ਛਡਾ ਕੇ ਇਥੋਂ ਤਾਈਂ ਇਸ ਹਾਲ ਨੂੰ ਪੁੱਜਿਆ, ਪਰ ਇਧਰ ਦੀ ਚਾਲ ਹੀ ਨਿਰਾਲੀ। ਵਧੀਕ ਤੋਂ ਵਧੀਕ ਕੋਈ ਗਲ ਹੀ ਇਜੇਹੀ ਨਹੀਂ ਦਿੱਸਦੀ ਜੋ ਪ੍ਰੇਮ ਤੋਂ ਖਾਲੀ ਹੋਵੇ। ਇਹ ਗਲ ਤਾਂ ਮੈਂ ਹੁਣ ਸਮਝ ਲਈ ਹੈ ਭਈ ਪ੍ਰੇਮ ਭਾਵੇਂ ਇਸ਼ਕ ਇਸੇ ਦਾ ਨਾਉਂ ਹੈ, ਪਰ ਕੀ ਇਸ ਵਿਚ ਜੋ ਦੁੱਖ ਪੈਂਦੇ ਹਨ ਓਹ ਦੁੱਖ, ਦੁੱਖ ਨਹੀਂ ਦਿੰਦੇ ?

ਇਸ ਗਲ ਦੇ ਮੁਕਦਿਆਂ ਹੀ ਉਸ ਮਾਈ ਨੇ ਫਿਰ ਇਕ ਪ੍ਰੇਮਭਰੀ ਭਰੋਸੇ ਮਈ ਸੁਰ ਵਿਚ ਇਹ ਡਖਣਾ ਪੜ੍ਹਿਆ:—

ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ॥
ਜਾਣਾ ਲਖ ਭਵੇ ਪਿਰੀ ਡਿਖੰਦੇ ਤਾ ਜੀਵਸਾ॥

ਮਹਾਤਮਾ ਪੁਰਖ—ਲੈ ਭਾਈ ਪਿਆਰਿਆ ਤੇਰੀ ਗਲ ਦਾ ਸਾਫਸਾਫ ਉੱਤਰ ਇਸ ਡਖਣੇ ਵਿਚ ਹੈ, ਭਈ ਦੁਖੀਆਂ ਨੂੰ ਦਰਦ ਤਾਂ ਬਹੁਤੇਰੇ ਹੀ ਹੁੰਦੇ ਹਨ, ਪਰ ਇਨ੍ਹਾਂ ਦੀ ਪੀੜਾ ਨੂੰ ਹੇ ਮਾਲਕਾ! ਤੂੰਹੀ ਜਾਣਦਾ ਹੈਂ। ਭਾਵੇਂ ਅਸੀਂ ਭੀ ਜਾਣਦੇ ਹਾਂ (ਪਰੰਤੂ) ਪਿਆਰੇ ਦੇ ਡਿੱਠਿਆਂ ਹੀ ਜੀਉਣ ਹੁੰਦਾ ਹੈ।

ਸੋ ਲੱਖਾਂ ਹੀ ਦੁੱਖਾਂ ਤੇ ਦਰਦਾਂ ਦੇ ਹੁੰਦਿਆਂ ਤੇ ਸਮਝਦਿਆਂ ਕਟਣੇ ਪੈਂਦੇ ਹਨ, ਇਸ ਲਈ ਕਿ ਜੀਵਨ ਦਾ ਆਸਰਾ ਸਰਬੱਗ ਹੈ ਅਤੇ ਅਸਾਡਾ ਜੀਉਣਾ ਪਜਾਰੇ ਦਾ ਦਰਸ਼ਨ ਹੈ।

ਇਹ ਗਲ ਮੁੱਕੀ ਹੀ ਸੀ ਕਿ ਮਾਈ ਨੇ ਫੇਰ ਇਕ ਹੋਰ ਡਖਣਾ ਪ੍ਰੇਮ ਭਰੀ ਬਿਸ੍ਵਾਸ ਮਈ ਸੁਰ ਵਿਚ ਉਚਾਰਨ ਕੀਤਾ—

ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ॥
ਆਉਸਜਣਤੂਮੁਖਿਲਗੁਮੇਰਾਤਨੁਮਨੁਠੰਢਾਹੋਇ॥

ਮਹਾਤਮਾ ਪੁਰਖ—ਕਿਉਂ ਭਈ ਸੰਤਾ ਸਮਝ ਲਿਆ ਹਈ ?

---

*ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥ [ਦੇਵ ਗੰਧਾਰੀ ਮ:੫

Digitized by Panjab Digital Library | www.panjabdigilib.org

ਦੇਖੀ ਹੈ ਸਾਰੀ (ਦੁਨੀਆਂ) ਢੂੰਡ ਕੇ,ਇਕ (ਪਰਮੇਸ਼ਰ)ਤੋਂ ਬਿਨਾ ਹੋਰ ਕੋਈਨਹੀਂ।(ਤਾਂਤੇ) ਆਉ ਤੂੰ ਹੇ ਸਜਣਾ ਦਰਸਨ ਦੇਹੁ (ਜਿਸ ਕਰਕੇ) ਮੇਰਾ ਤਨ (ਅਤੇ) ਮਨ ਵੀ ਸ਼ਾਂਤਿ ਹੋ ਜਾਵੇ।

ਮਸਤਾਨ ਸਿੰਘ–ਮਹਾਰਾਜ! ਫਿਰ ਇਜੇਹੇ ਲੋਕ ਕੀ ਕਰਦੇ ਰਹਿੰਦੇ ਹਨ ? ਕੋਈ ਜਪ ਤਪ ਸਾਧਨਾ ਕਰਦੇ ਹਨ ਕਿ ਕੁਝ ਹੋਰ,ਜਿਸ ਕਰਕੇ ਏਨ੍ਹਾਂ ਨੂੰ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ। ਤਾਂ ਜੋ ਮੈਂ ਭੀ ਓਹੋ ਕੁਝ ਕਰਾਂ ਜਿਸ ਕਰਕੇ ਮਾਈ ਹੀਰ ਦਾ ਦਰਸ਼ਨ ਇਕ ਵਾਰ ਕਰ ਲਵਾਂ, ਓਹ ਜਾਣੇ ਜੋ ਹੋਵੇ ਸੋ ਹੋਵੇ। ਇਹ ਗਲ ਇਧਰ ਕਰ ਹੀ ਰਹੇ ਸਨ ਕਿ ਹੋਰ ਇਕ ਡਖਣਾ ਓਕਰ ਹੀ ਪ੍ਰੇਮ ਭਰੀ ਨੈਸ਼ਟਾ ਮਈ ਸੁਰ ਵਿਚ ਉਹ ਮਾਈ ਜ਼ੁਬਾਨ ਤੇ ਲੈ ਆਈ–

ਉਠੀ ਝਾਲੁ ਕੰਤੜੇ ਹਉ ਪਸਾ ਤਉ ਦੀਦਾਰੁ ॥ ਕਾਜਲੁਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ ॥

ਮਸਤਾਨ ਸਿੰਘ–ਮਹਾਰਾਜ ਜੀ ! ਇਹ ਕਜਲਹਾਰ ਦਾ ਕੀ ਮਤਲਬ ਹੋਇਆ ?

ਮਹਾਤਮਾ ਪੁਰਖ–ਇਸ ਦਾ ਭਾਵ ਇਹ ਹੈ ਜੋਕੁਰ ਇਸਤ੍ਰੀ ਭਰਤਾ ਦੀ ਪ੍ਰਸੰਨਤਾ ਵਾਸਤੇ ਕਜਲਹਾਰ ਸਿੰਗਾਰ ਪਾਨਾਦਿਕ ਲਾਉਂਦੀ ਹੈ, ਜੇ ਕਦੀ ਭਰਤਾ ਹੀ ਨਾ ਆਵੇ ਯਾ ਨਾ ਦੇਖੇ ਤਾਂ ਸਿੰਗਾਰ ਕਰਨੇ ਵਿਅਰਥ, ਇਕੁਰ ਭਗਤਾਂ ਦਾ ਵੀ ਹਾਲ ਏਹੋ ਜੇਹਾ ਹੀ ਹੈ ਜੇਹੜੇ ਜਪ ਤਪ ਭਜਨ ਬੰਦਗੀ ਆਦਿਕ ਸ਼ੁਭ ਕਰਮ ਕੀਤੇ ਪਰਮੇਸ਼ੁਰ ਦੇ ਪਾਉਣ ਲਈ, ਜੇ ਪ੍ਰਭੂ ਹੀ ਨਾਂ ਮਿਲਿਆ ਤਾਂ ਸਭੇ ਕੀਤੇ ਐਵੇਂ ਗਏ ਤੇ ਜੇਕਰ ਏਵੇਂ ਨਿਰੇ ਪ੍ਰੇਮ ਕਰਕੇ ਹੀ ਮੇਲ ਹੋਗਿਆ ਤਾਂ ਭੀ ਸਾਧਨ ਵਿਅਰਥ, ਫਿਰ ਕੀ ਲੋੜ ਕਰਨੇ ਦੀ।ਇਸ ਭਾਵ ਨੂੰ ਸਪਸ਼ਟ ਕਰਕੇ ਦੱਸਦੀ ਹੈ–

ਸਵੇਰੇ ਹੀ ਉੱਠਕੇ ਹੇ ਮਾਲਕਾ ! ਮੈਂ ਦੇਖਾਂ ਤੇਰੇ ਦਰਸ਼ਨ ਨੂੰ (ਤੇ ਜੋ ਸਾਧਨ) ਕਜਲਹਾਰ ਪਾਨ ਸਿੰਗਾਰ(ਜਪ ਤਪ ਆਦਿਕ ਹਨ) ਬਿਨਾਂ ਦਰਸ਼ਨ ਦੇ ਸਾਰੇ ਸਿੰਗਾਰ (ਸਾਧਨ) ਸੁਆਹ (ਵਿਅਰਥ) ਹਨ।

ਇੰਨਾਂ ਕਹਿਕੇ ਭਾਈ ਜੀ ਨੇ ਇਕ ਸ਼ਲੋਕ ਸ਼ੇਖ ਫਰੀਦ ਜੀ ਦਾ ਉਚਾਰਨ ਕੀਤਾ।

ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ ਧੁਖਾਂ ਜਿਉ ਮਾਲੀਂਹ ਕਾਰਣਿ ਤਿਨ੍ਹਾ ਮਾ ਪਿਰੀ ॥ ੮੭ ॥

ਭਾਵ ਗਲੀਂ ਬਾਤੀਂ ਕਰਕੇ ਬਣੇ ਹੋਏ ਅਕਾਲ ਪੁਰਖ ਦੇ ਸਜਣਾਂ ਦੀਆਂ ਤਾਂ ਵੀਹ-ਝੀਆਂ ਹਨ, ਪਰ ਢੂੰਡਿਆਂ (ਇਮਤਿਹਾਨ ਕੀਤਿਆਂ) ਇਕ ਵੀ ਨਹੀਂ ਲੱਝਦਾ। ਇਸ ਅਣਹੋਂਦ ਦੇ ਦੁਖ ਵਿਚ ਧੁਖ ਰਹੀ ਹਾਂ ਗੋਹਿਆਂ ਦੀ ਭਾਹ ਵਾਕਰ, ਤਿਨ੍ਹਾਂ ਅਕਾਲ ਪੁਰਖ ਦੇ ਪਜਾਰਿਆਂ (ਸਾਦਕਾਂ) ਵਾਸਤੇ । ਇਸ ਦੇ ਉੱਤਰ ਵਿਚ ਉਸ ਮਾਈ ਨੇ ਹਥ ਜੋੜ ਕੇ ਪ੍ਰੇਮ ਭਰੀ ਅਕਾਂਖਜਾ ਮਈ* ਬੇਨਤੀ ਦੀ ਸੁਰ ਵਿਚ ਇਹ ਡਖਣਾ ਵਰਣਨ ਕੀਤਾ।

ਮਤੜੀ ਕਾਂਢ ਕੁਆਹ ਪਾਵ ਧੋਵੰਦੋ ਪੀਵਸਾ॥ ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾਧਣੀ॥

ਮਸਤਾਨ ਸਿੰਘ–ਮਹਾਰਾਜ ਜੀ ! ਕਿਰਪਾ ਕਰਕੇ ਇਸ ਦਾ ਮਤਲਬ ਵੀ ਸਮਝਾ ਦਿਓ ਤਾਂ ਠੀਕ ਹੈ।

ਮਹਾਤਮਾ ਪੁਰਖ–ਇਸ ਦਾ ਭਾਵ ਇਹ ਹੈ ਭਈ ਜੇ ਕੋਈ ਮੇਰੇ ਵਿਚ ਖੋਟੀ ਮਤ ਹੈ (ਸੋ) ਕੱਢ ਦਿਓ (ਤੁਹਾਡੇ)ਪੈਰ ਧੋਕੇ ਪੀਵਾਂਗੀ। ਮੇਰੇ ਤਾਈਂ ਅਸਗਾਹ ਪ੍ਰੇਮ (ਚਾਉ) ਹੈ ਸੱਚੇ ਮਾਲਕ ਦੇ ਦੇਖਣੇ ਦਾ।

ਭਾਈ ਜੀ ਤਾਂ ਇਧਰ ਮਸਤਾਨ ਸਿੰਘ ਨੂੰ

*ਇਛਾਮਈ।

Digitized by Panjab Digital Library | www.panjabdigilib.org

ਕਹਿ ਰਹੇ ਸਨ, ਓਧਰ ਮਾਈ ਜੋ ਹਥ ਜੋੜੀ ਖੜੋਤੀ ਸੀ ਭਰੇ ਹੋਏ ਨੇਤ੍ਰ ਤੇ ਰੁਕੇ ਹੋਏ ਗਲੇ ਨਾਲ ਬੋਲੀ—ਹੇ ਮਹਾਤਮਾ ਪੁਰਖੋ ! ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੇਮੀਓ ! ਜੇ ਕੋਈ ਮੇਰੇ ਵਿਚ ਭੁੱਲ ਹੈ (ਜੋ ਮੈਨੂੰ ਨਹੀਂ ਲਭਦੀ) ਤਾਂ ਕਿਰਪਾ ਕਰਕੇ ਕੱਢ ਦਿਓ,ਮੈਂ ਆਪ ਦੇ ਚਰਨ ਧੋ ਧੋ ਕੇ ਪੀਵਾਂਗੀ। ਮੈਨੂੰ ਮਾਲਕ ਦੇ ਦਰਸ਼ਨ ਦਾ ਅਪਾਰ ਪ੍ਰੇਮ ਹੈ; ਵਿਚ ਢਿੱਲ ਪਈ ਹੈ, ਇਸ ਢਿੱਲ ਕੱਢਣ ਲਈ ਕੋਈ ਮੇਰੀ ਭੁੱਲ ਮੈਨੂੰ ਚਿਤਾਓ, ਕਿਉਂਕਿ ਸੰਤ ਉਪਕਾਰੀ ਹੁੰਦੇ ਹਨ ਤੇ ਤੁਸੀਂ ਸੰਤ ਹੋ।

ਮਹਾਤਮਾ ਪੁਰਖ—ਮਾਈ! ਤੇਰੀ ਮੱਤੇ ਲਗ ਕੇ ਹੋਰ ਕਈ ਤਰਨਗੇ, ਤੇਰੇ ਵਿਚ ਕੁਮਤਿ ਕਿੱਥੇ 'ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ' । ਤੇਰੇ ਇਸ ਪ੍ਰੇਮ ਨੇ ਇਸ ਹੀਰ ਦੇ ਪ੍ਰੇਮੀ ਨੂੰ ਹੈਰਾਨ ਕਰ ਦਿੱਤਾ ਹੈ ਜੋ ਇਸ ਪਵਿਤ੍ਰ ਜੰਗਲ ਗੁਰ ਨਾਨਕ ਦੇਵ ਜੀ ਦੇ ਨੂੰ ਵੀ ਪਾਕੇ ਫਿਰ ਵੀ ਹੀਰ ਦਾ ਅਭਿਲਾਖੀ, ਏਥੋਂ ਦੇ ਸੱਚੇ ਪ੍ਰੇਮੀਆਂ ਦੇ ਦਰਸ਼ਨ ਕਰਕੇ ਬਚਨ ਸੁਣ ਕੇ ਵੀ ਹੀਰ ਦਾ ਢੂੰਡਾਊ ਰਿਹਾ।

ਮਸਤਾਨ ਸਿੰਘ—ਮਹਾਰਾਜ! ਭਾਵੇਂ ਆਪ ਇਜੇਹੇ ਲੱਖਾਂ ਤਾਨੇ ਤੇ ਮਿਹਣੇ ਦਿਓ ਪਰ ਜਦ ਤਕ ਸੱਚੇ ਰੱਬ ਦਾ ਪੂਰਾ ਬਹੁ (ਰੰਗ) ਨਾ ਲਗ ਜਾਵੇ, ਤਦ ਤਕ ਮਾਈ ਹੀਰ ਦਾ ਪ੍ਰੇਮ ਕੀਕੁਰ ਛੁੱਟੇ?ਇੰਨੀ ਉਮਰ ਜਿਸਦੇ ਗੀਤ ਗਾਉਂਦਿਆਂ ਬੀਤੀ ਜਿਸ ਦੇ ਪ੍ਰੇਮ ਵਿਚ ਅਣਕੀਤੀ ਘਾਲ ਕੀਤੀ, ਜੇ ਤੁਸੀਂ ਕਿਰਪਾ ਕਰਕੇ ਹੁਣ ਅਕਾਲ ਪੁਰਖ ਦਾ ਪਤਾ ਲਾ ਦਿਓ ਤਾਂ ਭਾਵੇਂ ਹੀਰ ਛੁੱਟ ਜਾਵੇ।

ਮਹਾਤਮਾ ਪੁਰਖ—ਭਾਈ ਸਿੱਖਾ ਤੇਰੇ ਨਾਲ ਕੋਈ ਜ਼ੋਰ ਨਹੀਂ, ਪਰ ਅਸੀਂ ਤੇਰੇ ਤੇ ਇੰਨੀ ਗਲ ਤੇ ਵੀ ਕੁਰਬਾਨ ਹਾਂ ਕਿ ਪ੍ਰੇਮੀ ਤਾਂ ਪੱਕਾ ਹੈਂ।

ਪ੍ਰੇਮਣ ਮਾਈ—ਸੰਤਾ ! ਹੀਰ ਨੂੰ ਇਸ ਜੰਗਲ ਵਿਚ ਕਿਉਂ ਢੂੰਡਨਾ ਹੈਂ। ਇਹ ਜੰਗਲ ਨਿਰਾ ਜੰਡ ਕਰੀਰ ਪੀਲ੍ਹੂ ਦਾ ਹੈ, ਇਥੇ ਸ੍ਰੀ ਗੁਰੂ ਨਾਨਕ ਦੇਵ ਪ੍ਰਗਟ ਹੋਏ, ਇਸ ਕਾਰਣ ਉਸ ਦੇ ਪ੍ਰੇਮੀ ਪੁਰਖ ਇਸ ਜੰਗਲ ਵਿਚ ਨਿਵਾਸ ਕਰਦੇ ਪੇਂਝੂ ਤੇ ਪੀਲ੍ਹੂ,ਪਿਪਾਂ, ਸੰਗਰੀ ਖਾ ਖਾ ਕੇ ਜੀਵਨ ਬਿਤੀਤ ਕਰਦੇ ਤੇ ਅਕਾਲ ਪੁਰਖ ਦੇ ਭਜਨ ਸਿਮਰਨ ਦੇ ਪ੍ਰੇਮ ਵਿਚ ਲੀਨ ਹੋਕੇ ਕਾਲ ਕੱਟਦੇ ਹਨ। ਏਥੇ ਹੀਰ ਵਿਚਾਰੀ ਨੇ ਕਿਉਂ ਆਉਣਾ ਸੀ, ਉਹ ਵਿਚਾਰੀ ਝੰਗ ਸਿਆਲਾਂ ਦੇ ਕਬਰਸਤਾਨ ਵਿਚ ਜ਼ਹਿਰ ਦੇ ਅਸਰ ਹੇਠ ਕਿਤੇ ਸੁੱਤੀ ਪਈ ਹੋਵੇਗੀ।

ਮਸਤਾਨ ਸਿੰਘ—ਸਚ ਹੈ ਮਾਈ! ਆਪਣੀ ਅਕਲ ਤੇ ਬਿਗਾਨਾ ਧਨ ਸਭ ਨੂੰ ਬਹੁਤਾ ਨਜ਼ਰੀ ਆਉਂਦਾ ਹੈ, ਇਕੁਰ ਹੀ ਤੈਨੂੰ ਇਹ ਜੰਗਲ ਤੇ ਰਬ,ਤੇ ਮੈਨੂੰ ਮਾਈ ਹੀਰ ਦਾ ਦਰਸ਼ਨ ਹੀ ਭਾਉਂਦਾ ਹੈ। ਇਹ ਕਹਿੰਦਾ ਹੋਇਆ ਮਸਤਾਨ ਸਿੰਘ ਇਕ ਹੈਰਾਨੀ ਤੇ ਪਰੇਸ਼ਾਨੀ ਦੀ ਸਰਗਰਦਾਨੀ ਵਿਚ ਮਸਤ ਅਗਾਂਹ ਨੂੰ ਟੁਰ ਪਿਆ ਤੇ ਉਸ ਮਹਾਤਮਾ ਪੁਰਖ ਨੂੰ ਪੁੱਛਣ ਲਗਾ ਕਿ ਮਹਾਰਾਜ ! ਆਪ ਕੌਣ ਹੋ ਤੇ ਏਥੇ ਕਿਸਤਰ੍ਹਾਂ ਰਹਿੰਦੇ ਹੋ ?

ਮਹਾਤਮਾ ਪੁਰਖ—ਅਸੀਂ ਬੀ ਗੁਰੂ ਕੇ ਸਿੱਖ ਹਾਂ, ਭਾਈ ਬੰਨੋ ਦੀ ਉਲਾਦ ਵਿੱਚੋਂ ਹਾਂ। ਬੰਨੋ ਆਣੀਐ ਕਰਕੇ ਅਸਾਨੂੰ ਸਿੱਖ ਸੰਗਤਾਂ ਵਿਚ ਸਤਿਕਾਰ ਮਿਲਦਾ ਹੈ ਤੇ ਹੁਣ ਅਸੀਂ ਮਾਂਗਟਾਂ ਤੋਂ ਯਾਤ੍ਰਾ ਕਰਨ ਲਈ ਆਏ ਹੋਏ ਹਾਂ। ਅੱਜ ਅੱਠ ਦਿਨ ਹੋਏ ਹਨ, ਇਸ ਪਵਿਤ੍ਰ ਜੰਗਲ ਵਿਚ ਜੋ ਗੁਪਤ ਲੁਕੇ ਹੋਏ ਮਹਾਤਮਾ ਇਸ ਵਿਚ ਕਿਤੇ ਕਿਤੇ ਰਹਿੰਦੇ ਹਨ, ਉਨ੍ਹਾਂ ਦੇ ਦਰਸ਼ਨਾਂ ਲਈ ਫਿਰ ਰਹੇ ਹਾਂ,ਇਸ ਵਿਚ ਤੇਰਾ ਦਰਸ਼ਨ ਵੀ ਹੋ ਗਿਆ !

Digitized by Panjab Digital Library | www.panjabdigilib.org

ਮਸਤਾਨ ਸਿੰਘ–ਮਹਾਰਾਜ! ਆਪਦਾ ਨਾਮ ਕੀਹ ਹੈ ?

ਮਹਾਤਮਾ ਪੁਰਖ–ਸਰੀਰ ਦਾ ਨਾਉਂ ਬਿਸ਼ਨ ਸਿੰਘ ਕਰਕੇ ਲੋਕੀ ਕਹਿੰਦੇ ਹਨ।

ਮਸਤਾਨਸਿੰਘ–ਇਹ ਬੀ ਮੇਰੇ ਭਾਗ ਚੰਗੇ ਹੋਏ ਜੋ ਭੁੱਲੇ ਹੋਏ ਨੂੰ ਰਹਬਰ ਮਿਲ ਪਿਆ।

ਇਜੇਹੀਆਂ ਗਲਾਂਵਿਚ ਰੁੱਝੇਹੋਏਸਹਜੈਸਹਜੈ ਤੁਰੇ ਜਾਂਦੇ ਸੀ।ਜਦ ਕੋਈ ਥੋੜ੍ਹੀ ਦੂਰ ਲੰਘ ਗਏ ਤਾਂ ਅਗੇ ਇਕ ਬਹੁਤ ਸੁੰਦਰ ਅਸਥਾਨ ਦੂਰੋਂ ਨਜ਼ਰੀਂ ਪਿਆ ਤੇ ਓਸੇ ਦੀ ਸੇਧ ਰੱਖਕੇ ਸਿੱਧੇ ਟੁਰੇਗਏ ਤੇਰਸਤੇ ਵਿਚਇਹਗਲਾਂਕਰਦੇਰਹੇ:–

ਮਸਤਾਨ ਸਿੰਘ–ਮਹਾਰਾਜ ਜੀ! ਜਦ ਰੱਬ ਨੂੰ ਮਿਲੇ ਹੀ ਨਾਂ, ਵਿਚ ਪੜਦਾ ਹੀ ਪਿਆ ਰਿਹਾ ਫੇਰ ਇਸ ਮਾਈ ਨੂੰ ਤਰਲੇ ਲੈਂਦਿਆਂ ਤੇ ਹਾੜੇ ਕਢਦਿਆਂ ਉਮਰ ਬੀਤ ਗਈ ਤਾਂ ਸੁਖ ਕੀਹ ਹੋਇਆ ?

ਬਿਸ਼ਨ ਸਿੰਘ–ਭਾਈ ਸਿੱਖਾ! ਨਾਨਕਸ਼ਾਹੀ ਲੋਕ ਤਾਂ ਮਿਲਕੇ ਵੀ ਫਿਰ ਪੜਦਾ ਹੀ ਰਖਦੇ ਹਨ ਤੇ ਕਹਿੰਦੇ ਹਨ, ਪੜਦੇ ਵਿਚ ਅਦਬ ਰਹਿੰਦਾ ਹੈ ਅਤੇ ਨਿਰਮਲ ਭਉ ਬਣਿਆਂ ਰਹਿੰਦਾ ਹੈ। ਭਉ ਹੋਣੇ ਤੇ ਪ੍ਰੇਮਾ ਭਗਤੀ ਸੁਹਣੀ ਹੁੰਦੀ ਰਹਿੰਦੀ ਹੈ। ਹਰ ਵੇਲੇ ਦੇ ਮੇਲ ਵਿਚ ਅਦਬ ਨਹੀਂ ਰਹਿੰਦਾ। ਜਦ ਭਗਤ ਬੇਅਦਬ ਹੋ ਜਾਵੇ ਤਾਂ ਭਉ ਕਿੱਥੇ ? ਜਦ ਭਉ ਹੀ ਨਹੀਂ ਰਿਹਾ ਤਾਂ ਭਗਤੀ ਕੌਣ ਕਰੇਗਾ ? ਇਸ ਲਈ ਮਿਲਕੇ ਬੀ ਸੁਆਮੀ ਸੇਵਕ ਦਾ ਢੰਗ ਨਿਬਾਹੁਣਾ ਏਹੋ ਧਰਮ ਹੈ।ਸੁਆਮੀ ਭਾਵੇਂ ਕਿਤਨਾ ਹੀ ਪ੍ਰਸੰਨ ਹੋ ਹੋ ਕੇ ਵਡਜਾਵੇ ਤੇ ਵਡਿਆਈ ਵੀ ਬਖਸ਼ੇ, ਪਰ ਸੇਵਕ ਦਾ ਏਹੋ ਧਰਮ ਹੈ ਕਿ ਅਦਬ ਨਾ ਛੱਡੇ*, ਉਸਦੇ ਪਯਾਰ ਭਰੇ ਭਉ ਤੋਂ ਨਿਰਭਉ ਨਾ ਹੋਵੇ, ਭਗਤੀ, ਸੇਵਾ, ਨਿੰਮ੍ਰਤਾ, ਬੇਨਤੀ ਦਾ ਸਰੂਪ ਬਣਿਆ ਰਹੇ, ਇਸ ਪਰ ਵਾਕ ਹੈ:–

ਮਤਿ ਹੋਦੀ ਹੋਇ ਇਆਣਾ ॥
ਭਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥
ਕੋ ਐਸਾ ਭਗਤੁ ਸਦਾਏ ॥ ੧੨੯ ॥

ਏਹੋ ਜਿਹੀਆਂ ਗਲਾਂਕਰਦਿਆਂ ਸੁਣਦਿਆਂ ਉਸ ਅਸਥਾਨ ਦੇ ਨੇੜੇ ਪੁੱਜ ਪਏ। ਇਹ ਇਕ ਉਚੇਰਾ ਟਿੱਬਾ ਪਹਾੜੀ ਦੀ ਸ਼ਕਲ ਤੇ ਸੰਘਣੇ ਪੀਲੂ ਦੇ ਦਰਖਤਾਂ ਨਾਲ ਛਾਏ ਹੋਏ ਦੇ ਕਾਰਨ ਸਬਜ਼ ਪਹਾੜੀ ਜੇਹੀ ਪ੍ਰਤੀਤ ਹੁੰਦਾ ਹੈ। ਕੋਈ ਪੰਛੀ ਵੀ ਇਨ੍ਹਾਂ ਦਰਖਤਾਂ ਤੇ ਬੈਠੇ ਚਹਿਚਹਾ ਰਹੇ ਹਨ, ਤੇ ਇਨ੍ਹਾਂ ਦਰਖਤਾਂ ਦੀਆਂ ਲੰਮੀਆਂ ਟਾਹਣੀਆਂ ਆਪਸ ਵਿਚ ਮਿਲ ਮਿਲਕੇ ਅਵਿਰਲ ਹੋ ਰਹੀਆਂ ਹਨ। ਹੇਠਾਂ ਤੰਬੂਆਂ ਵਾਕਰ ਜਗਾ ਬਹੁਤੀ ਥਾਈਂ ਰਹਿਣ ਬਹਿਣ ਦੇ ਲਾਇਕ ਬਣੀ ਹੋਈ ਹੈ*। ਇਕ ਲਾਂਭੇ ਵਲ ਨਿਵਾਣ ਜੇਹੀ ਤੇ ਥੋੜੀ ਜੇਹੀ ਥਾਉਂ ਵਿਚ ਸਾਫ ਤੇ ਸੁਥਰਾ ਕੱਤਕ ਦੇ ਮਹੀਨੇ ਦੀ ਠੰਢਕ ਨਾਲ ਠਰਿਆ ਹੋਇਆ, ਨਕਾ ਨਕ ਜਲ ਨਾਲ ਭਰਿਆ ਹੋਇਆ ਤਲਾਉ ਕੱਚਾ ਹੀ ਸੋਭਾ ਪਾ ਰਿਹਾ ਹੈ। ਇਸ ਤਲਾਉ ਦੇ ਪਰਲੇ ਪਾਸੇ ਵਲ ਘਣੇ ਦਰਖਤਾਂ ਦੀ ਛਾਇਆ ਹੇਠ ਇਕ ਝੁੰਡ ਇਸਤ੍ਰੀ ਅਤੇ ਪੁਰਖਾਂ ਦਾ ਬੈਠਾ ਹੋਇਆ ਹੈ। ਸਭ ਦੇ ਬਸਤ੍ਰ ਸੁਪੈਦ ਅਤੇ ਕਿਸੇ ਕਿਸੇ ਦੇ ਮੰਜੀਠੀ ਵੀ, ਸਾਫ ਤੇ ਸੁਥਰੇ ਹਨ। ਚਿਹਰੇ ਸਭਨਾਂ ਦੇ ਤੇਜ ਵਾਲੇ ਤੇ ਮਨ ਨੂੰ ਮੋਹਣੇ।

ਇਹ ਵੇਲਾ ਪਾਤਾਕਾਲ ਦਾਹੈ।ਚਾਨਣੀਲਟ ਪਟਾ ਰਹੀਹੈ, ਤੇ ਉੱਚਿਆਂ ਉੱਚਿਆਂ ਦਰਖਤਾਂ ਤੇ ਹੋ ਹੋ ਕੇ ਬੜੀਆਂ ਲੰਮੀਆਂ ਛਾਲਾਂ ਮਾਰ

*ਤਾਲਬਾਨੇ ਹੱਕ ਹਮੇਸ਼ਹ ਬਾ ਅਦਬ। ਬਾ ਅਦਬ ਬਾਸ਼ੰਦ ਦਾਯਮ ਬਾ ਅਦਬ ॥ [ਜ਼ਿੰਦਗੀ ਨਾਮਾ

*ਉਸ ਸਮੇਂ ਐਸੇ ਟਿਕਾਣੇ ਬਹੁਤ ਸਨ।

Digitized by Panjab Digital Library | www.panjabdigilib.org

ਮਾਰਕੇ ਪੱਛਮ ਰੁਖ ਚੰਦ੍ਰਮਾਂ ਵਲ ਘਮਾ ਘਮ ਜਾ ਰਹੀ ਹੈ। ਪਉਣ ਵੀ ਤਿਸ ਵੇਲੇ ਨਿੰਮ੍ਹੀ ਨਿੰਮ੍ਹੀ ਤੇ ਠੰਢੀ ਜੰਗਲੀ ਦਰਖਤਾਂ ਦੇ ਪੱਤਿਆਂ ਤੋਂ ਨਿਕਲੀ ਹੋਈ ਖੁਸ਼ਬੋ ਨਾਲ ਭਿੰਨੀ ਹੋਈ ਚਲ ਰਹੀ ਹੈ। ਚੰਦ੍ਰਮਾਂ ਦਾ ਪ੍ਰਤਿਬਿੰਬ ਉਸ ਤਲਾਉ ਦੇ ਵਿਚ(ਜਿਸ ਦੇ ਕਿਨਾਰੇ ਹਰੀ ਹਰੀ ਖੱਬਲ ਕਿਸੇ ਪ੍ਰੇਮੀ ਦੇ ਖਿੱਲ੍ਹਰੇ ਹੋਏ ਦਿਲ ਵਾਕਰ ਥਾਓਂ ਥਾਈਂ ਆਪਣੀਆਂ ਟਾਹਣੀਆਂ ਵਧਾਈ ਤਲਾਉ ਦੀ ਸ਼ੋਭਾ ਨੂੰ ਦੂਣਾ ਚਾਉਣਾ ਕਰਕੇ ਦਿਖਾ ਰਹੀ ਹੈ)ਜਗਜਾਸੂ ਦੀ ਬਿੜਕਦੀ ਹੋਈ ਬ੍ਰਿਤੀ ਵਾਕਰ ਕਿਸੇ ਵੇਲੇ ਕੋਈ ਲਹਮਾ ਭਰ ਠਹਿਰਦਾ, ਪਰ ਅਜੇ ਠਹਿਰ ਵੀ ਨਾਂ ਚੁਕਦਾ ਜੋ ਪੌਣ ਅਥਵਾ ਕਿਸੇ ਜੀਵ ਜੰਤੁ ਦੇ ਹਿੱਲਣ ਦੇ ਕਾਰਨ ਡਗਮਗਾਉਂਦਾ ਜੇਹਾ ਨਜ਼ਰ ਆ ਰਿਹਾ ਹੈ। ਇਨ੍ਹਾਂ ਦਰਖਤਾਂ ਦੀ ਛਾਇਆ,ਚੰਦ੍ਰਮਾਂ ਦੇ ਪੱਛਮ ਰੁਖ ਦੂਰ ਚਲੇਜਾਣ ਦੇ ਕਾਰਨ, ਗ੍ਰਿਹਸਤੀਆਂ ਦੀਆਂ ਵਾਸ਼ਨਾਂ ਵਾਕਰ ਬੜ੍ਹੀਆਂ ਬੜ੍ਹੀਆਂ ਲੰਮੀਆਂ ਹੋ ਰਹੀਆਂ ਹਨ। ਕਿਤੇ ਕਿਤੇ ਪੱਤਿਆਂ ਦੇ ਵਿਚ ਦੀ ਚੰਦ ਦੀਆਂ ਕਿਰਨਾਂ ਦੁਸਾਰ ਪਾਰ ਨਿਕਲਕੇ ਇਉਂ ਨਿਕਲ ਜਾਣਦੀਆਂਤਿਆਰੀਆਂ ਕਰ ਰਹੀਆਂ ਹਨ, ਜੀਕਰ ਮਾਇਆ ਦੇ ਜਾਲਾਂ ਵਿਚੋਂ ਉਦਾਸੀਨ ਜਗਜਾਸੂ ਹਰ ਵੇਲੇ ਉਪਰਾਮ ਹੋਏ ਨਿਕਲਣ ਦੀ ਤਾਂਘ ਵਿਚ ਰਹਿੰਦੇ ਹਨ।ਭਾਵੇਂ ਬਾਰਾਂ ਹੀ ਮਹੀਨੇ ਪਿਛਲੀ ਰਾਤੀਂ ਪਹੁ ਫੁਟਣੇ ਦੇ ਵੇਲੇ ਸ਼ਾਂਤਿ ਹੁੰਦੀ ਹੈ ਪਰ ਅਜ ਤਾਂ ਸਰਦ ਰੁਤ ਦੇ ਕਾਰਣ, ਜੰਗਲ ਖੁੱਲ੍ਹੇ ਹੋਣ ਦੇ ਸਬੱਬ, ਪਵਿਤ੍ਰ ਜੀਵਨ ਬਿਤੀਤ ਕਰਨ ਵਾਲਿਆਂ ਦੇ ਲਈ ਸ਼ਾਂਤਿ ਵਾਲੇ ਸਤੋ ਗੁਣੀ ਮਹਾਤਮਾਂ ਦੇ ਮਿਲਾਪ ਹੋਣੇ ਤੇ ਇਹ ਇਕ ਅਜੇਹਾ ਅਨੋਖਾ ਸਮਾਂ ਹੈ ਕਿ ਇਸ ਦੀ ਸ਼ਾਂਤਿ ਦਾ ਕਥਨ ਨਹੀਂ ਹੋ ਸਕਦਾ। ਨਾਲ ਹੀ ਇਹ ਸਾਰਾ ਮਹਾਤਮਾਂ ਪੁਰਖਾਂ ਦਾ ਝੁੰਡ ਅਜੇਹੇ ਵੇਲੇ ਗਜਾਨੀ ਦੇ ਠਹਿਰੇ ਹੋਏ ਮਨ ਵਾਕਰ ਇਸਥਿਤ ਹੋਏ,ਪ੍ਰੇਮ ਵਿਚ ਡੁਬੇ ਹੋਏ, ਆਸਾ ਬਿਲਾਵਲ ਰਾਗ ਦੀ ਲੈ ਵਿਚ ਇਹ ਸ਼ਬਦ ਅਲਾਪ ਰਹੇ ਹਨ:—

ਚੇਤਿਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੁ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕੰਉ ਮਨੁ ਲੋਚਦਾਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੁ ਤਿਸਕੈ ਪਾਇ ਲਗਾ॥

ਇਹ ਦੇਵੇਂ ਲਿਖੀ ਹੋਈ ਮੂਰਤ ਵਾਂਗਰ ਬੁਤ ਬਣੇ ਹੋਏ ਖੜੇਤੇ ਸੁਣ ਰਹੇ ਹਨ ਤੇ ਮਸਤਾਨ ਸਿੰਘ ਇਹ ਬੀ ਨਾਲੋਂ ਨਾਲ ਸੋਚ ਰਿਹਾ ਹੈ: ਬਈ ਸੱਚ ਮੁਚ ਜੋ ਸਾਰੇ ਰਵਿਆ ਹੋਇਆ, ਵਜਾਪਕ ਹੋਇਆ ਤਾਂ ਮਿਲਿਆ ਹੋਇਆ ਹੋਇਆਹੀ, ਤੇ ਫੇਰ ਉਸੇ ਦੇ ਦਰਸ਼ਨ ਨੂੰ ਮਨ ਲੋਚਦਾ ਹੋਇਆ ਤਾਂ ਪੜਦਾ ਹੋਇਆ। ਨਾ ਮਿਲਾਪ ਦਾ ਦੁਖ ਵੀ ਕਿਤੜਾ (ਕਿੰਨਾ ਹੀ ਸਾਰਾ)ਹੋਇਆ।ਫੇਰ ਬੇਨਤੀ ਵੀ ਹੈ ਕਿ ਜਿਹੜਾ ਮਿਲਾਵੇ ਉਸ ਦੇ ਚਰਨੀਂ ਲਗੀਏ। ਗਲ ਤਾਂ ਭਾਈ ਬਿਸ੍ਰਾਮ ਸਿੰਘਜੀ ਨੇ ਠੀਕ ਹੀ ਆਖੀ ਹੈ ਪਰ ਹੁਣ ਮੈਨੂੰ ਕੀਕੁਰ ਸਮਝ ਪਵੇ।

ਇਕੁਰ ਕੁਝਕ ਕਾਲ ਤਕ ਇਹ ਦੇਵੇਂ ਸਰੀਰ ਸੁਣਦੇ ਖੜੇ ਰਹੇ ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਇਨ੍ਹਾਂ ਵਲ ਅੱਖ ਭਰਕੇ ਨਾਂ ਡਿੱਠਾ। ਆਪਣੀ ਪ੍ਰੇਮ ਭਰੀ ਸੁਰ ਤੇ ਲੈ ਵਿਚ ਮਸਤ, ਆਪਣੀ ਹਾਲ ਬਹੁੜੀ,ਫਰਿਯਾਦ ਕਰਨ ਵਿਚ ਚੁਸਤ, ਤੁਕ ਤੁਕ ਤੇ ਜਿਨ੍ਹਾਂ ਦੇ ਅੰਦਰੋਂ ਕਲੇਜੇ

Digitized by Panjab Digital Library | www.panjabdigilib.org

ਵਾਕਰ ਫੁੱਟ ਫੁੱਟਕੇ ਪ੍ਰੇਮ ਨਿਕਲ ਰਿਹਾ ਹੈ। ਇਸ ਵੇਲੇ ਮਸਤਾਨ ਸਿੰਘ ਦੇ ਜੀ ਨੂੰ ਖਿੱਚ ਪੈਣ ਲਗੀ ਤੇ ਇਹ ਡੂੰਘੀ ਸੋਚ ਵੀ ਪੈਂਦਾ ਹੋਣ ਲਗੀ ਭਈ ਇਸ ਗਲ ਦਾ ਪਤਾ ਕੱਢੀਏ, ਭਈ ਓਹ ਸਾਰੇ ਵਿਆਪਕ ਕਿੱਦਾਂ ਹੈ ਤੇ ਫਿਰ ਫਿਰਾਕ ਕੀਹ ਹੈ ਤੇ ਕਿਸਦਾ ਹੈ ?ਅਰ ਪੜਦਾ ਕਿਹਾ ਹੈ,ਜਿਸਦੇ ਸ੍ਵਾਦ ਵਿਚ ਇਹ ਸਾਰੇ ਲੋਕ ਬੇਸੁਧ ਹੋਏ ਹੋਏ ਹਨ ? ਇੰਨਾ ਖਿਆਲ ਤਾਂ ਪੈਦਾ ਹੋਇਆ,ਪਰ ਨਾਲ ਹੀ ਚੇਤਾ ਆਗਿਆ ਭਈ ਪਹਿਲੇ ਮਾਈ ਹੀਰ ਦਾ ਦਰਸ਼ਨ ਕਰ ਲਈਏ, ਫਿਰ ਇਹ ਬੀ ਹੋ ਰਹੂ। ਜਿਸ ਕੰਮ ਲਈ ਏਡਾ ਜੱਫਰ ਜਾਲਿਆ ਉਹ ਤਾਂ ਪਹਿਲੇ ਸਿਰੇ ਚੜੇ ਫਿਰ ਦੇਖੀ ਜਾਊ।

ਇਹ ਗਲ ਸੋਚਕੇ ਭਾਈ ਬਿਸ੍ਰਾਮ ਸਿੰਘ ਹੋਰਾਂ ਤਾਈਂ ਕਹਿਣ ਲਗਾ, ਭਾਵੇਂ ਇਹ ਸੁਆਦ ਜੋ ਹੁਣ ਏਥੇ ਆ ਰਿਹਾ ਹੈ ਛਡਣ ਨੂੰ ਜੀ ਨਹੀਂ ਕਰਦਾ, ਪਰ ਚਲੋ ਅਗਾਹਾਂ ਚੱਲੀਏ, ਮਤਾਂ ਕਿਤੇ ਮਾਈ ਹੀਰ ਦੀ ਸੂੰਹ ਨਿਕਲ ਆਵੇ ਤੇ ਲੱਭ ਲਭਾ ਕੇ ਦਰਸ਼ਨ ਦਾ ਡੇਰਾ ਲਾਹ ਲਈਏ। ਭਾਵੇਂ ਇਹ ਗਲ ਮੈਨੂੰ ਪੱਕੀ ਤਰ੍ਹਾਂ ਜਾਪਦੀ ਹੈ ਭਈ ਇਨ੍ਹਾਂ ਪ੍ਰੇਮੀਆਂ ਵਿਚ ਕਿੱਥੇ? ਜੇ ਕਿਤੇ ਹੁੰਦੀ ਤਾਂ ਕਿਤੇ ਨਾਂ ਕਿਤੇ ਰੌਲੇਟੇ ਦੀ ਹੀ ਕੋਈ ਬੰਤ ਯਾ ਪਉੜੀ ਸੁਣੀ ਜਾਂਦੀ ਪਰ ਨਹੀਂ, ਏਥੇ ਨਿਰਾ ਤੇ ਕੋਰਾ ਅਕਾਲ ਪੁਰਖ ਦਾ ਹੀ ਪ੍ਰੇਮ ਗੂੰਜ ਰਿਹਾ ਹੈ।ਇਹ ਕਹਿੰਦਾ ਹੋਇਆ ਭਾਈ ਜੀ ਨੂੰ ਨਾਲ ਲਈ ਸਹਿਜੇ ਸਹਿਜੇ ਅਗਾਹਾਂ ਖਿਸਕਿਆ। ਇੰਨੇ ਤਾਈਂ ਚੰਦ ਹੋਰੀਂ ਤਾਂ ਇਨ੍ਹਾਂ ਦੀ ਹਠਧਰਮੀ ਤੇ ਹੱਥ ਮਲਦੇ ਹੋਏ ਆਪਣੇ ਜੇਹਾ ਮੂੰਹ ਲੈਕੇ ਉਹਲੇ ਹੋ ਗਏ, ਪਰ ਸੂਰਜ ਭਗਵਾਨ ਨੇ ਆਪਣੀਆਂ ਕਿਰਨਾ ਦੇ ਬਾਣ ਦੂਜੇ ਮੁਲਕ ਦੇ ਉਹਲਿਓਂ ਵਰਸਾਉਣੇ ਅਰੰਭ ਦਿੱਤੇ।ਪਹਿਲੇ ਤਾਰੇ ਜਿਹੜੇ ਸਾਰੀ ਰਾਤ ਬਿਰਹੀਆਂ ਦੀਆਂ ਅਖਾਂ ਵਾਙੂੰ ਭਲੂਕ ਭਲੂਕ ਕਰਦੇ ਰਹੇ ਸਨ ਥੱਕਕੇ ਅਲਸਾਉਂਦੇ ਨਿੰਦ੍ਰਾਵਲੇ ਹੁੰਦੇ ਮਾਤਪੈਣ ਲਗਪਏ ਅਤੇ ਪੂਰਬਦੇ ਪਾਸਿਓਂ ਇਕ ਅਜਿਹਾ ਸੁਫੈਦਾ ਖਿੜਨਾ ਅਰੰਭ ਹੋਇਆ ਜੀਕਰ ਬੇਖਬਰੇ ਜਗਜਾਸੂ ਦੇ ਮਨਵਿਚ ਅਨੰਦ ਦੇ ਮੁਹਰਲੇ ਪਹੁ ਫੁਟਾਲੇ ਆਉਂਦੇ ਹਨ।ਹਨ੍ਹੇਰੇ ਹੋਰੀਂ ਬੀ ਆਪਣੇ ਲੁਕਣ ਲਈ ਪਹਾੜਾਂ ਦੀਆਂ ਡੂੰਘੀਆਂ ਕੰਦਰਾਂ ਤੇ ਮੁੱਦਤਾਂ ਤੋਂ ਬੰਦ ਪਏ ਮਕਾਨਾਂ ਦੇ ਖੂੰਜੇ ਢੂੰਡਣ ਉਠ ਦੌੜੇ। ਪੌਣ ਦੇ ਠੰਢੇ ਠੰਢੇ ਝੋਕੇ ਇਸ ਵੇਲੇ ਨੂੰ ਅਜੇਹਾ ਸਤੋਗੁਣੀ ਸਰੂਪ ਬਣਾ ਰਹੇ ਹਨ, ਜਿਹਾ ਕੁ ਜਗਜਾਸੂ ਦੇ ਅੰਤਹਕਰਨ ਨੂੰ ਬੇਨਤੀ ਤੇ ਸ਼ੁਕਰ ਬਣਾ ਕੱਢਦੇ ਹਨ। ਇਕੁਰ ਹੀ ਠੰਢੀ ਹਵਾ ਦੇ ਝੋਕਿਆਂ ਵਾਕਰ ਦੋਵੇਂ ਰੁਮਕਦੇ ਰੁਮਕਦੇ ਅਜੇ ਕੁਝ ਬਹੁਤ ਦੂਰ ਨਹੀਂ ਗਏ ਸਨ ਕਿ ਪ੍ਰਭਾਤੀ ਬਿਭਾਸ ਦੀ ਲੈ ਵਿਚ ਬਸੀ ਹੋਈ ਸੁਰ ਪ੍ਰੇਮ ਤੇ ਉਮੰਗ ਦੀ ਭਰੀ ਹੋਈ ਕੰਨਾਂ ਵਿਚ ਪੈਣ ਲਗ ਪਈ। ਸੁਣਦੇ ਸੁਣਦੇ ਕੁਝ ਅਗਾਹਾਂ ਹੋਕੇ ਕੀ ਦੇਖਦੇ ਹਨ ਕਿ ਇਕ ਮਹਾਤਮਾ ਜੋ ਸਿੱਧੇ ਸਾਧੇ ਢੰਗ,ਉਮਰ ਤੇ ਨਿਸ਼ਚੇ ਭਰੋਸੇ ਦੇ ਪੱਕੇ, ਸੁਫੈਦ ਹੀ ਕਪੜੇ, ਸੁਫੈਦ ਹੀ ਦਾੜ੍ਹੀ ਵਾਲੇ, ਚੌਕੜੀ ਮਾਰੀ ਬੈਠੇ ਹਨ।ਇਕ ਪਾਸੇ ਖੜਾਵਾਂ(ਪਊਏ) ਦੀ ਜੋੜੀ ਤੇ ਕਛਹਿਰਾ ਪਏ ਸਨ, ਦੂਜੇ ਪਾਸੇ ਵਲ ਅੱਗੇ ਵਾਰ ਜਲ ਦਾ ਭਰਪੂਰ ਗੜਵਾ ਨਿਰਮਲ ਤੇ ਚਮਕਦਾ ਹੋਇਆ ਧਰਿਆ ਹੈ ਤੇ ਆਪ ਅੱਖਾਂ ਮੀਟੀ ਪਰ ਟਪ ਟਪ ਹੰਝੂਆਂ ਦੀ ਤਾਰ ਮੋਤੀਆਂ ਦੀ ਲੜੀ ਵਾਕਰ ਬੱਧੀ ਹੋਈ ਹੈ। ਬੈਠੇ ਹੋਏ ਇਹ ਸ਼ਬਦ ਪੜ੍ਹ ਰਹੇ ਹਨ:-

ਸੂਹੀ ਮਹਲਾ ੪ ॥ ਅਸਟਪਦੀਆ ਘਰੁ ੨ ॥

ੴ ਸਤਿਗੁਰ ਪ੍ਰਸਾਦਿ ॥

ਕੋਈਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ

Digitized by Panjab Digital Library | www.panjabdigilib.org

ਹਉ ਤਿਸੁ ਪਹਿ ਆਪੁ ਵੇਚਾਈ॥੧॥ਦਰਸਨੁ ਹਰਿ ਦੇਖਣਿ ਕੈ ਤਾਈ ॥ ਕਿਰਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖ ਭੀ ਤੁਝੈ ਧਿਆਈ॥ ੨ ॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੁਖ ਮਨਾਈ॥ ੩ ॥ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ ੬ ॥ ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥ ੭ ॥ ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥ ੮ ॥ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥ ਜੇ ਤੁਧੁ ਵਲਿ ਰਹੇ ਤ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥ ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥ ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥ ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰ ਸਿਖੁ ਲੰਘਿ ਗੁਰ ਪਹਿ ਜਾਈ॥੧੪॥ ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ ੧੫ ॥ ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥ ੧੬ ॥ ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥ ਨਾਨਕ ਕੀ ਏਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥ ੧੮ ॥ ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥ ੧੯ ॥ ਜੋ ਤੁਧੁ ਸੇਵਹਿ ਸੋ ਤੂ ਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥ ੨੦॥ ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ॥੨੧॥ ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ॥੨੨॥ਸਿਮਰਿ ਸਿਮਰਿ ਸਿਮਰਿ ਗੁਰੁ ਅਪਨਾ ਸੋਇਆ ਮਨੁ ਜਾਗਾਈ॥੨੩॥ ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥ ੨੪ ॥ ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥੨੫॥ ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥੨੬॥ ਪਾਲਾ ਕਕਰੁ ਵਰਫ ਵਰਸੈ ਗੁਰ ਸਿਖੁ ਗੁਰ ਦੇਖਣ ਜਾਈ ॥ ੨੭ ॥ ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥ ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥੨੯॥ ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥ ੩੦ ॥ ਨਾਨਕ ਕਾ ਜੀਉ ਪਿੰਡੁ ਗੁਰੂਹੈ ਗੁਰ ਮਿਲਿ ਤ੍ਰਿਪਤਿਅਘਾਈ॥੩੧॥ ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥ ੩੨॥੧॥

ਇਹ ਦੋਵੇਂ ਚੁਪ ਚਾਪ ਖੜੇ ਰਹੇ, ਪਰ ਹੌਲੀ ਜੇਹੀ ਮਸਤਾਨ ਸਿੰਘ ਨੇ ਭਾਈ ਬਿਸ਼੍ਰਾਮ ਸਿੰਘ ਹੁਰਾਂ ਨੂੰ ਆਖਿਆ ਭਈ ਇਹ ਪੁਰਖ ਤਾਂ ਕੋਈ ਕਰਨੀ ਵਾਲਾ ਜਾਪਦਾ ਹੈ, ਮੇਰੇ ਮਨ ਨੂੰ ਏਨ ਆਪਣੀ ਮੋਹਣੀ ਸੁਰ ਨਾਲ ਧੂਹ ਕੱਢਿਆ ਹੈ, ਗਲ ਤਾਂ ਭਾਵੇਂ ਓਹੋ ਹੀ ਹੈ ਜੋ ਪਿੱਛੋਂ ਸੁਣਦਾ ਆਇਆ ਹਾਂ, ਕੋਈ ਨਵੀਂ ਨਹੀਂ, ਪਰ ਨਹੀਂ ਮਾਲੂਮ ਏਨੂੰ ਕੀ ਜਾਦੂ ਕੀਤਾ ਹੈ। ਇਹਦੀ ਇਹ ਸੁਰ ਤੀਰਾਂ ਦੀਆਂ ਨੋਕਾਂ ਵਾਕਰ ਮੇਰੇ ਕਲੇਜੇ ਨੂੰ ਵਿੰਨ੍ਹ ਰਹੀ ਹੈ, ਖਬਰ ਨਹੀਂ ਇਹ ਕੀ ਜਾਦੂ ਹੋਇਆ ਹੈ। ਭਲਾ ਮੈਂ ਇਸ ਕੋਲੋਂ ਕੁਝ ਹੀਰ ਦਾ ਪਤਾ ਪੁੱਛ ਲਵਾਂ? ਇਹ ਜ਼ਰੂਰ ਪਤਾ ਲਾ ਦੇਵੇਗਾ ਤੇ ਮੈਨੂੰ ਭਰੋਸਾ

Digitized by Panjab Digital Library | www.panjabdigilib.org

ਪੈਂਦਾ ਹੈ ਭਈ ਏਹ ਮੈਨੂੰ ਹੀਰ ਦੇ ਦਰਸ਼ਨ ਬੀ ਕਰਾ ਦੇਵੇਗਾ।

ਬਿਸ੍ਰਾਮ ਸਿੰਘ–ਹੱਛਾ, ਸ਼ਬਦ ਤਾਂ ਪੂਰਾ ਹੋ ਚੁਕਾ ਹੈ, ਹੁਣ ਹੀ ਵੇਲਾ ਹੈ ਕੁਛ ਪੁੱਛਣਾ ਚਾਹੇਂ ਤਾਂ ਪੁੱਛ ਲੈ।

ਮਸਤਾਨ ਸਿੰਘ ਨੇ ਹਥ ਜੋੜਕੇ ਬੜੇ ਅਦਬ ਨਾਲ ਸਾਹਮਣੇ ਬੈਠਕੇ ਪਹਿਲੇ ਫਤੇ ਗਜਾਈ ਤਾਂ ਉਸ ਬ੍ਰਿਧ ਪੁਰਖ ਨੇ ਅੱਖਾਂ ਖੋਲ੍ਹਕੇ ਫਤੇ ਦਾ ਉਤ੍ਰ ਫਤੇ ਗਜਾਈ, ਤਾਂ ਅਗੋਂ ਮਸਤਾਨਸਿੰਘ ਝੱਟ ਆਪੇ ਹੀ ਬੋਲ ਪਿਆ ਮਹਾਰਾਜ ! ਆਪ ਇਸ ਪਵਿਤ੍ਰ ਜੰਗਲ ਦੇ ਰਹਿਣੇ ਵਾਲੇ ਤੇ ਅਕਾਲ ਪੁਰਖ ਦੇ ਸੱਚੇ ਪ੍ਰੇਮੀ ਹੋ, ਏਥੇ ਜਿਸ ਜਿਸ ਤੀਵੀਂ ਮਰਦ ਦਾ ਦਰਸ਼ਨ ਕੀਤਾ ਪ੍ਰੇਮ ਦੇ ਪੁਤਲੇ ਹੀ ਡਿੱਠੇ, ਫਿਰਾਕ ਦੇ ਭੰਡਾਰ, ਬੇਨਤੀ ਕਰਨ ਵਿਚ ਅਥੱਕ, ਆਪਣੇ ਆਪ ਵਿਚ ਮਸਤ ਅਲਸਤ ਬੇਪ੍ਰਵਾਹ ਪਰ ਮੈਂ ਭੀ ਭੁੱਲਾ ਭਟਕਿਆ ਏਥੇ ਆਪ ਦੇ ਚਰਨਾਂ ਵਿਚ ਆ ਪਿਆ ਹਾਂ, ਇਸ ਲਈ ਬੇਨਤੀ ਹੈ ਕਿ ਕ੍ਰਿਪਾ ਕਰਕੇ ਕਿਤੇ ਮਾਈ ਹੀਰ ਦਾ ਪਤਾ ਦੱਸੋ, ਮੈਂ ਉਸਦੇ ਦਰਸ਼ਨ ਨੂੰ ਢੂੰਡਦਾ ਢੂੰਡਦਾ ਆਪਣੇ ਆਪ ਤੋਂ ਵੀ ਭੁੱਲ ਰਿਹਾ ਹਾਂ।

ਬ੍ਰਿਧ ਪੁਰਖ–ਸੰਤਾ ਕਿਹੜੀ ਮਾਈ ਹੀਰ?

ਮਸਤਾਨ ਸਿੰਘ–ਮਹਾਰਾਜ ਜੀ ! ਹੀਰ ਸਿਆਲ ਦੀ, ਚੂਚਕ ਦੀ ਧੀ, ਕੈਦੋ ਲੰਗੇ ਦੀ ਭਤੀਜੀ,ਰਾਂਝੇ ਤਖਤ ਹਜ਼ਾਰੇ ਵਾਲੇ ਦੀ ਪ੍ਰੇਮਣ।

ਬ੍ਰਿਧ ਪੁਰਖ–ਉਇ ਭੋਲਿਆ ਜੱਟਾ ! ਤੂੰ ਅਜੇ ਤਕ ਹੀਰ ਦੀ ਅਸਲੀਅਤ ਨਹੀਂ ਦੇਖੀ। ਤੂੰ ਇੰਨਾਂ ਬੀ ਨਹੀ ਜਾਣਦਾ ਕਿ ਉਹ ਮੁਸਲਮਾਨੀ ਸੀ ਤੇ ਮੁਸਲਮਾਨਾਂ ਦੇ ਮਤ ਵਿਚ ਇਹ ਗਲ ਹੈ ਕਿ ਕਿਆਮਤ ਦੇ ਦਿਨ ਤੀਕਰ ਜੋ ਜੋ ਮੁਰਦੇ ਕਬਰਾਂ ਵਿਚ ਦਬੇ ਜਾਣਗੇ ਉਨ੍ਹਾਂ ਦੇ ਆਤਮਾ ਵੀ ਓਸੇ ਕਬਰ ਵਿਚ ਨੱਪੇ ਰਹਿਣਗੇ, ਕਿਆਮਤ ਵਾਲੇ ਦਿਨ ਫਿਰ ਉਹ ਮੁਰਦੇ ਉਠਾਏ ਜਾਣਗੇ,ਜੀਕਰ ਸੁੱਤਿਆਂ ਨੂੰ ਜਗਾਈਦਾ ਹੈ। ਤਦ ਉਨ੍ਹਾਂ ਦੇ ਕਰਮਾਂ ਉਪਰ ਲੇਖਾ ਹੋਊ ਫਿਰ ਉਨ੍ਹਾਂ ਨੂੰ ਕਰਮਾਂ ਅਨੁਸਾਰ ਨਰਕ ਸੁਰਗ ਮਿਲੇਗਾ। ਸੋ ਅਜੇ ਤਾਂ ਓਸ ਮਤ ਅਨੁਸਾਰ ਕਬਰ ਵਿਚ ਪਈ ਮਿੱਟੀ ਨਾਲ ਮਿੱਟੀ ਹੋ ਰਹੀ ਹੋਊ ਤੇ ਕਯਾਮਤ ਦੀ ਕਰਤਾਰ ਜਾਣੇ ਕਦੋਂ ਪਵੇਗੀ। ਤੇ ਹੋਰ ਐਉਂ ਬੀ ਸਮਝ ਲੈ ਭਈ ਇਸ ਪਵਿਤ੍ਰ ਜੰਗਲ ਵਿਚ ਓਹ ਕੀਕਰ ਆ ਸਕੇ ? ਉਹ ਕੋਈ ਅਕਾਲ ਪੁਰਖ ਦੀ ਪ੍ਰੇਮਣ ਨਹੀਂ ਸੀ ਉਹ ਤਾਂ ਧੀਦੋ ਜੱਟ ਜਿਸਨੂੰ ਲੋਕ ਰਾਂਝਾ ਆਖਦੇ ਹਨ ਤੇ ਮਹੀਂ ਚਾਰਨ ਕਾਰਨ ਮਾਹੀ ਵੀ ਸੱਦਦੇਹਨ, ਓਸਦੇ ਵਾਸਤੇ ਪ੍ਰੇਮ ਰਖਦੀ ਸੀ ਤੇ ਛਿਕੜ ਉਹ ਸਹੁਰੇ ਘਰੋਂ (ਉਸੇ ਰੰਝੇਟੇ)ਜੋਗੀਦੇ ਨਾਲ ਉੱਧਰ ਗਈ ਸੀ ਜਿਸ ਕਰਕੇ ਦੁਨੀਆਂ ਵਿਚ ਪੇਕੇ ਸਹੁਰੇ ਦੋਵੇਂ ਨੱਕ ਦੇਣ ਜੋਗੇ ਨਾਂ ਰਹੇ ਤੇ ਕਿੱਸਿਆਂ ਵਾਲੇ ਲਿਖਦੇ ਹਨ ਕਿ ਜਦ ਟੱਬਰਾਂ ਨੇ ਡਿੱਠਾ ਕਿ ਪਤ ਅਬਰੋ ਮਾਰੀ ਗਈ ਹੈ, ਤਾਂ ਉਸਨੂੰ ਭਰਾਵਾਂ ਨੇ ਜ਼ਹਰ ਦੇਕੇ ਮਾਰ ਘੱਤਿਆ ਸੀ, ਤੇ ਰਾਂਝਾ ਬੀ ਉਸਦੀ ਮੌਤ ਸੁਣਕੇ ਮਰ ਗਿਆ ਸੀ। ਓਹ ਆਪੋ ਵਿਚ ਦੀ ਖਿੱਚ ਦੇ ਲੋਕ ਹੋਏ,ਓਹ ਐਹੋ ਜੇਹੇ ਪਵਿਤ੍ਰ ਅਸਥਾਨਾਂਤੇ ਕੀਕਰ ਆ ਸਕਦੇ ਹਨ?ਤੂੰ ਐਵੇਂ ਉਸਦੇ ਪਿੱਛੇ ਕਮਲਾ ਹੋਇਆ ਪਿਆ ਫਿਰਨਾ ਹੈਂ?ਭਲਾ ਜੇ ਤੂੰ ਹੀਰਨੂੰ ਦੇਖ ਬੀ ਲਵੇਂਤਾਂ ਤੇਰਾ ਕੀ ਸਵਰਿਆ ਤੇ ਜੇ ਨਾਂ ਦੇਖਿਆ ਤਾਂ ਕੀ ਵਿਗੜਿਆ?

ਮਸਤਾਨ ਸਿੰਘ ਨੂੰ ਤਾਂ ਇਹ ਬਚਨ ਠੀਕ ਨਿਸ਼ਾਨੇ ਤੇ ਤੀਰ ਵਾਕਰ ਬੈਠੇ। ਹੀਰ ਦੀ ਝਾਕ ਵਿੰਨ੍ਹੀ ਗਈ ਤੇ ਇਹ ਗਲ ਪੂਰੀ ਸਮਝ ਵਿਚ ਆ ਗਈ ਭਈ ਉਹ ਤਾਂ ਉਧਲੇਵੇਂ ਦੇ ਕਾਰਣ ਮਾਪਿਆਂ ਦੇ ਨੱਕ ਨਮੂਜ ਪਿੱਛੇ ਮਾਰੀ ਗਈ।

Digitized by Panjab Digital Library | www.panjabdigilib.org

ਕੋਈ ਪ੍ਰੇਮ ਉਸ ਦਾ ਉਸ ਵੇਲੇ ਟੱਬਰ ਕਬੀਲੇ ਕਿਸੇ ਨੇ ਪਸੰਦ ਨਹੀਂ ਕੀਤਾ। ਪਰ ਏਡੀ ਵਡਜਾਈ ਜੋ ਵਾਰੇ ਸ਼ਾਹ ਨੇ ਕੀਤੀ ਹੈ ਸੋ ਕਿਸ ਗਲ ਲਈ ਹੈ? ਕੀ ਓਨ੍ਹ ਝੂਠ ਲਿਖਿਆ ਹੈ? ਭਈ ਹੁਣ ਲਗਦੇ ਹੱਥੀਂ ਇਹ ਭੀ ਪੁੱਛ ਹੀ ਲਈਏ।

ਮਸਤਾਨ ਸਿੰਘ—ਸਤਿ ਹੈ ਮਹਾਰਾਜ! ਪਰ ਵਾਰੇ ਸ਼ਾਹ ਜੇਹਿਆਂ ਨੇ ਜੋ ਜੋੜ ਜੋੜਿਆ ਹੈ ਐਵੇਂ ਝੂਠ ਹੀ ਜੋੜਿਆ? ਏਡੀਆਂ ਤਰੀਫਾਂ ਕੀਤੀਆਂ ਜੋ ਹੱਦੋਂ ਲੰਘੀਆਂ ਹੋਈਆਂ ਹਨ, ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਤੇ ਸਦਾ ਗਾਉਂ ਗਾਉਂ ਕੇ ਸਾਰੀ ਦੁਨੀਆਂ ਨਿਹਾਲ ਪਈ ਹੁੰਦੀ ਹੈ। ਜਿੱਥੇ ਕਿੱਥੇ ਗੱਭਰੂ ਚੋਬਰ ਪਿੜ ਲਾ ਬਹਿੰਦੇ ਹਨ ਤੇ ਐਵੇਂ ਹੀ ਪੜ੍ਹਦਿਆਂ ਸੁਣਦਿਆਂ ਪਿਆ ਸੁਆਦ ਆਉਂਦਾ ਹੈ, ਇਹ ਕੀ ਗੱਲ ਹੋਈ? ਕ੍ਰਿਪਾ ਕਰਕੇ ਉਹ ਭੀ ਸਮਝਾ ਦਿਓ।

ਬ੍ਰਿਧ ਪੁਰਖ—ਉਏ ਸਿੱਖਾ ਗੁਰੂ ਦਿਆ! ਤੂੰ ਜ਼ਰਾ ਆਪ ਹੀ ਆਪਣੇ ਆਪ ਵਿਚ ਹੋਕੇ ਸੋਚ, ਭਈ ਜਦ ਕਿਸੇ ਦੀ ਕੋਈ ਵਡਿਆਈ ਜਾਂ ਨਿੰਦਾ ਕਰਨ ਲਗਦਾ ਹੈ, ਲਗਦੀ ਵਾਹ ਘੱਟ ਤਾਂ ਨਹੀਂ ਕਰਦਾ। ਇਕੁਰ ਵਾਰੇ ਸ਼ਾਹ ਜੇਹਿਆਂ ਨੇ ਅਪਣੀ ਕਵਿਤਾ ਦਾ ਬਲ ਦੱਸਣ ਲਈ ਰਚਨਾ ਰਚੀ ਹੈ ਤੇ ਜ੍ਞਾਨਾਂ ਦੇ ਰਿਝਾਉਣ ਲਈ ਵਡਿਆਈ ਦੇ ਪੁਲ ਬੰਨ੍ਹ ਛੱਡੇ ਹੋਏ ਹਨ। ਪਰ ਤੂੰ ਇੰਨੀ ਗਲ ਤਾਂ ਸੋਚ ਭਈ ਏਵੇਂ ਘਰ ਦੇ ਕਾਮੇ ਨਾਲ ਸਰੀਰਕ ਪ੍ਰੀਤ ਕਰਕੇ ਦੁਨੀਆਂ ਵਿਚ ਏਡੀ ਮਸ਼ਹੂਰੀ ਹੀਰ ਨੇ ਪਾਈ ਤੇ ਉਸ ਦੀਆਂ ਕਈ ਸਿੱਠਾਂ ਜੁੜੀਆਂ, ਕਈਆਂ ਨੇ ਉਸ ਨਿਮਾਣੀ ਦੇ ਗੀਤ ਬਣਾਏ, ਤੇਰੇ ਵਰਗੇ ਕਮਲੇ ਉਸਨੂੰ ਢੂੰਡਦੇ ਵੀ ਫਿਰਦੇ ਹਨ ਪਰ ਜੇ ਕਦੀ ਸੱਚੀ ਪ੍ਰੀਤਿ ਅਕਾਲਪੁਰਖ ਪਰਮੇਸ਼ੁਰ ਦੇ ਚਰਨਾਂ ਦੀ ਹੁੰਦੀ ਤਾਂ ਉਸਦੀ ਵਡਿਆਈ ਸਚਖੰਡ ਵਿਚ ਹੁੰਦੀ। ਫਿਰ ਹੋਰ ਵੀ ਸੁਣ ਲੈ ਭਈ ਵਾਰੇ ਸ਼ਾਹ ਨੇ ਏਡਾ ਵਡਾ ਜੋੜ ਜੋੜਕੇ ਛੇਕੜ ਜੋ ਕੁਝ ਠੀਕਰਾ ਉਸਨੇ ਆਪ ਹੀ ਭੰਨਿਆ ਹੈ, ਤੂੰ ਕਦੇ ਉਹ ਬੀ ਪੜ੍ਹਿਆ ਹੈ ਕਿ ਨਹੀਂ?

ਮਸਤਾਨ ਸਿੰਘ—ਨਹੀਂ ਮਹਾਰਾਜ? ਉਹ ਕਿਦਾਂ ਦਾ ਠੀਕਰਾ ਭੰਨਿਆ ਹੈਸੁ? ਮੈਂ ਤਾਂ ਕੋਈ ਨਹੀਂ ਡਿੱਠਾ ਪੜਿਆ।

ਬ੍ਰਿਧ ਪੁਰਖ—ਉਇ ਭੋਲਿਆ! ਜਿੱਥੇ ਸਾਰੀ ਹੀਰ ਦੀ ਪੋਥੀ ਪੂਰੀ ਹੁੰਦੀ ਹੈ ਛੇਕੜਲਿਆਂ ਬੰਤਾਂ ਵਿਚ ਇਹ ਲਿਖਿਆ ਹੈਸੁ:—

ਇਹ ਨੂਹ ਕਲਬੂਤ ਦਾ ਜ਼ਿਕਰ ਸਾਰਾ,
ਨਾਲ ਅਕਲ ਦੇ ਮੇਲ ਮਿਲਾਇਆ ਈ।
ਇਕ ਹੀਰ ਨਾ ਕਿਸੇ ਨੇ ਕਹੀ ਇਥੇ,
ਸਿਹਰ ਬਹੁਤ ਮਗ਼ਰੂਰ ਬਣਾਇਆਈ।
ਵਾਰੇਸ਼ਾਹ ਮੀਆਂ ਲੋਕਾਂ ਕਮਲਿਆਂ ਨੂੰ,
ਕਿੱਸਾ ਜੋੜ ਹੁਸ਼ਿਆਰ ਸੁਨਾਇਆ ਈ।

ਲੈ ਬੱਸ, ਹੁਣ ਤੂੰ ਚੰਗੀ ਤਰ੍ਹਾਂ ਦਿਲ ਦੇ ਦਿਲ ਨਾਲ ਸਮਝਲੈ ਭਈ ਵਾਰੇਸ਼ਾਹ ਕਹਿੰਦਾ ਹੈ ਕਮਲਿਆਂ ਲੋਕਾਂ ਨੂੰ ਜੋੜਜੋੜ ਕੇ ਇਕ ਕਿੱਸਾ ਹੀਰ ਦਾ ਸੁਣਾਇਆ ਹੈ, ਇਹ ਮੈਂ ਕੋਈ ਹੀਰ ਨਹੀਂ ਕਹੀ ਇਹ ਤਾਂ ਇਕ ਜਾਦੂ ਮੂਰਖਾਂਵਾਸਤੇ ਕੀਤਾ ਹੈ, ਜਿਸਦਾ ਤੋੜ ਜੋੜ ਨਿਰਾ ਅਕਲ ਦੇ ਨਾਲ ਕੀਤਾ ਹੈ; ਹੀਰ ਕੇਹੀ ਤੇ ਰਾਂਝਾ ਕੇਹਾ। ਸੋ ਜਾਦੂ ਸੱਚ ਹੋਇਆ, ਜੋ ਤੇਰੇ ਜਿਹਿਆਂ ਅਹਮਕਾਂ ਦੇ ਸਿਰ ਚੜ੍ਹਿਆ ਪਿਆ ਖ੍ਵਾਰ ਕਰਦਾ ਹੈ। ਨਾਂ ਦੀਨ ਜੋਗਾ ਛਡਦਾ ਹੈ ਨਾਂ ਦੁਨੀਆਂ ਜੋਗਾ। ਭਲਾ ਵਿਚਾਰ ਕੇ ਦੇਖ ਭਈ ਕਿਤੇ ਹੀਰ ਹੋਈ ਭੀ ਹੈ ਤਾਂ ਕਈ ਸਦੀਆਂ ਹੋ ਚੁਕੀਆਂ ਮਰੀ ਖਪੀ ਨੂੰ। ਆਪਣੀ ਕਰਨੀ ਚੰਗੀ ਭਾਵੇਂ ਮੰਦੀ ਨਿਬਾਹ ਸੋਈ। ਹੁਣ ਉਸਦੇ ਦਰਸ਼ਨ ਦਾ ਕੀਹ ਲਾਹ? ਜੇ ਕਿਤੇ ਤੈਨੂੰ ਕੁਝ ਅਕਲ ਹੁੰਦੀ ਤਾਂ ਤੂੰ ਉਸਦੇ ਪ੍ਰੇਮ ਵਲ ਸੋਚਦੇਂ ਕਿ

Digitized by Panjab Digital Library | www.panjabdigilib.org

ਮਨੁੱਖ ਨਾਲ ਇੰਨਾ ਕੀਤਾ ਸੂ ਤੇ ਤੂੰ ਆਪਣਾ ਪ੍ਰੇਮ ਪਰਮੇਸ਼ੁਰ ਨਾਲ ਜੋੜਦੋਂ ਫਿਰ ਤਾਂ ਤੇਰੀ ਬਹਾਦਰੀ ਸੀ, ਵਡਿਆਈ ਸੀ, ਭਈ ਅਰੂੜੀ ਵਿਚੋਂ ਲਾਲ ਲੱਭਾ। ਇਹ ਗਲ ਤਾਂ ਕੋਈ ਵਡਿਆਈ ਦੀ ਨਹੀਂ ਓਸੇ ਸੜ ਗਈ ਨਿਕੰਮੀ ਹੋਈ, ਪੁਰਾਣੀ, ਗਈ ਗੁਆਤੀ ਅਰੂੜੀ ਨੂੰ ਹੀ ਪੁੱਟੀ ਗਿਆ ਤੇ ਆਪਣਾ ਸਾਰਾ ਮਨੁੱਖਾ ਜਨਮ ਵਿਅਰਥ ਕਰ ਲਿਆ।

ਮਸਤਾਨ ਸਿੰਘ ਤਾਂ ਇਹ ਬਚਣ ਸੁਣਕੇ ਕੰਬਗਿਆ ਤੇ ਆਪਣੀ ਭੁੱਲਨੂੰ ਲੱਗਾ ਵਿਚਾਰਨ ਭਈ ਇਹ ਕੀ ਗਲ ਨਿਕਲੀ। ਜਿਸ ਹੀਰ ਨੂੰ ਏਡਾ ਚੰਗਾ ਤੇ ਵਾਰਸ ਸ਼ਾਹ ਨੂੰ ਖ਼ੁਦਾ ਨਾਲੋਂ ਦੋ ਗਿਠਾਂ ਉੱਚਾ ਜਾਣਦੇ ਸਾਂ ਓਨ੍ਹ ਤਾਂ ਸਾਡੇ ਲਈ ਕੋਰਾ ਹੀ ਟਿਕਾਇਆ ਹੋਇਆ ਹੈ—

ਵਾਰਸ਼ ਸ਼ਾਹ ਮੀਆਂ ਲੋਕਾਂ ਕਮਲਿਆਂ ਨੂੰ,
ਕਿੱਸਾ ਜੋੜ ਤੁਸ਼ਿਆਰ ਸੁਨਾਇਆ ਈ।

ਤਾਂ ਏਦੂੰ ਗਲੋਂ ਤਾਂ ਅਸੀਂ ਲੋਕ ਹੀ ਕਮਲੇ ਨਿਕਲੇ।ਇਹਤਾਂ ਹੀਰਹਾਰ ਕੁਝਵੀ ਨਾਂ ਨਿਕਲੀ, ਹੁਣ ਕੀਹ ਕਰੀਏ ? ਹੀਰ ਤਾਂ ਜਾਂਦੀ ਦਿੱਸਦੀ ਹੈ ਤੇ ਘਰੋਂ ਨਿਕਲੇ ਸਾਂ ਹੀਰ ਦਾ ਦਰਸ਼ਨ ਕਰਨ,ਹੁਣ ਪਿੰਡ ਜਾਕੇ ਕੀਹ ਮੂੰਹ ਦਿਖਾਵਾਂਗੇ? ਲੋਕੀਂ ਸਾਨੂੰ ਠੱਠੇ ਕਰਨਗੇ ਤੇ ਘਰਦਿਆਂ ਦੇ ਕੰਮ ਕਾਰ ਜੋਗੇ ਰਹੇ ਨਹੀਂ। ਮਹੀਨਿਆਂ ਬੱਧੀ ਰੱਜਕੇ ਅੰਨ ਨਹੀਂ ਖਾਧਾ, ਨੀਂਦਰ ਭਰਕੇ ਸੁੱਤੇ ਨਹੀਂ। ਹੁਣ ਹਲ ਦੀ ਮੁੰਨੀ ਕਿੱਥੋਂ ਫੜੀ ਜਾਣੀ ਹੈ ਭਲਾ। ਕੁਝ ਆਹਰ ਥੋੜਾ ਬਹੁਤ ਭਾਈ ਉਪਰਾਮ ਸਿੰਘ ਹੋਰਾਂ ਦੀ ਸੇਵਾ ਦਾ ਹੁੰਦਾ ਸੀ, ਮਨ ਪਰਚਿਆ ਰਹਿੰਦਾ ਸੀ ਉਹ ਬੀ ਕਿਤੇ ਗੁਆਚ ਗਏ, ਖਬਰ ਨਹੀਂ ਕਿੱਥੇ ਹਨ, ਪਰ ਵਾਹ ਬਈ ਵਾਹ ਅਸ਼ਕੇ ਉਏ ਭਾਈ! ਤੂੰ ਜਦੋਂ ਕਦੀ ਆਖਿਆ ਏਹੋ ਆਖਿਆ ਭਈ ਤੈਨੂੰ ਹੀਰ ਦੀ ਅਸਲੀਅਤ ਮਲੂਮ ਹੋ ਜਾਊ ਤੇ ਮੈਂ ਏਹੋ ਕਹਿੰਦਾ ਹੁੰਦਾ ਸਾਂ,ਮੈਨੂੰ ਦਰਸ਼ਨ ਹੋ ਜਾਵੇ। ਓਹ ਰਬ ਦੇ ਬੰਦੇ ਨੇ ਕਦੀ ਨਹੀਂ ਸੀ ਆਖਿਆ ਜੋ ਦਰਸ਼ਨ ਕਰਾ ਦਿਆਂਗਾ। ਸੋ ਠੀਕ ਹੀ ਹੋਇਆ। ਅੱਜ ਹੀਰ ਦੀ ਸਾਰੀ ਅਸਲੀਅਤ ਮਲੂਮ ਹੋ ਗਈ ਭਈ ਇਹ ਤਾਂ ਐਵੇਂ ਕਿਸ਼ਾ ਜੋੜਿਆ ਹੋਇਆ ਹੈ ਤੇ ਅਸੀਂ ਕਮਲੇ ਹਾਂ ਜਿਨ੍ਹਾਂ ਲਈ ਜੋੜਿਆਸੂ ! ਹੁਣ ਚੰਗੀ ਗਲ ਏਹੋ ਹੈ ਜੋ ਇਸ ਮਹਾਂਪੁਰਸ਼ ਕੋਲੋਂ ਪੁੱਛੀਏ ਭਈ ਹੁਣ ਕਿਹੜੀ ਹੀਰ ਦਾ ਲੜ ਫੜੀਏ? ਇਹੋ ਜਿਹੀਆਂ ਬਹੁਤ ਗਲਾਂ ਸੋਚ ਵਿਚਾਰ ਅਪਣੇ ਜੀ ਵਿਚ ਕੰਘੀ ਮਾਰ ਮਾਰ ਕੇ ਫਿਰ ਹੱਥ ਜੋੜਕੇ ਅਦਬ ਨਾਲ ਬੋਲਿਆ—

ਮਹਾਰਾਜ!ਆਪ ਨੇ ਤਾਂ ਮੇਰੇ ਕਪਾਟ ਖੁਹਲ ਦਿੱਤੇ ਤੇ ਹੀਰ ਦੀ ਅਸਲੀਅਤ ਚੰਗੀ ਤਰ੍ਹਾਂ ਸਮਝੇ ਪੈ ਗਈ, ਸਮਝੇ ਕੀ ਪੈ ਗਈ ਜਿਹੜੀ ਸਾਰੀ ਉਮਰ ਬੜੀਆਂ ਘਾਲਾਂ ਘਾਲ ਘਾਲਕੇ ਬੱਧੀ ਸੀ ਤੇ ਸਭ ਤੋਂ ਚੰਗੀ ਚੀਜ਼ ਜਾਤੀ ਸੀ ਅੱਜ ਨਿਕੰਮੀ ਤੇ ਕੱਚ ਐਵੇਂ ਕਿਵੇਂ ਜੇਹੀ ਮਲੂਮ ਹੋ ਗਈ ਤੇ ਕੰਨੀਓਂ ਛੁੱਟ ਵੀ ਗਈ। ਪਰ ਬੇਨਤੀ ਇਹ ਹੈ ਭਈ ਹੁਣ ਕਿਹੜੀ ਹੀਰ ਦਾ ਲੜ ਫੜੀਏ ? ਜਿਸਤੇ ਪਾਰ ਉਤਾਰਾ ਵੀ ਹੋ ਜਾਏ, ਨਾਲੇ ਪਿੰਡ ਦੇ ਲੋਕੀਂ ਵੀ ਮਿਹਣੇ ਤੇ ਤਾਨ੍ਹੇ ਨਾਂ ਦੇਣ।

ਬ੍ਰਿਧ ਪੁਰਖ—ਗੁਰੂ ਕਿਆ ਪਧਾਰਿਆ ! ਤੂੰ ਇਸ ਬਚਨ ਤੇ ਭਰੋਸਾ ਕਰ ਜੋ ਗੁਰੂ ਸਾਹਿਬ ਕਹਿੰਦੇ ਹਨ:—

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ ਓਇ ਜੀਵੰਦੇ ਵਿਛੜਹਿ ਓਇ ਮੁਇਆ ਨ ਜਾਹੀ ਛੋੜਿ॥[ਮਾਰੂ ਵਾਰਮ:੫

ਮਤਲਬ ਇਸਦਾ ਇਹ ਹੈ ਕਿ ਕਚੇ ਜੋ ਸੰਸਾਰ ਦੇ ਸਾਕ ਤੇ ਮਿਤ੍ਰ ਤੇ ਕੱਚਿਆਂ ਪ੍ਰੇਮੀਆਂ ਦੇ ਕੱਚ ਨਿਰੇ ਇਸੇ ਦੁਨੀਆਂ ਦੇ ਹਨ,

Digitized by Panjab Digital Library | www.panjabdigilib.org

ਅਗਲੀ ਦੁਨੀਆਂ ਵਾਸਤੇ ਕੁਝ ਸੱਚਾ ਪ੍ਰੇਮ ਨਹੀਂ ਪਾਲਦੇ, ਉਨ੍ਹਾਂ ਨਾਲੋਂ ਤੋੜ ਪ੍ਰੀਤ ਨੂੰ, ਅਤੇ ਸੇਵਾ ਕਰ ਸੰਤਾਂ ਦੀ, ਹਾਂ ਪੱਕਿਆਂ ਸੰਤਾਂ ਦੀ। ਜੇ ਤੂੰ ਆਖੇਂ ਭਈ ਖੁਹੋਂ ਕਢਿਆ ਖਾਤੇ ਪਾਇਆ, ਸ੍ਵਾਦ ਕੀ ਆਇਆ ? ਤਾਂ ਇਸ ਗੱਲ ਨੂੰ ਇਉਂ ਸਮਝ ਲੈ ਭਈ ਸੰਤ ਸੱਜਣ ਪੱਕੇ ਹਨ ਜਿਨ੍ਹਾਂ ਦੀ ਪਕਿਆਈ ਇਉਂ ਜਾਪਦੀ ਹੈ। ਸੰਸਾਰ ਦੇ ਜਿੰਨੇ ਮੇਲੇ ਹਨ,ਸਾਕਾਂ ਸਨਬੰਧਾਂ ਦੇ ਤੇ ਮਿਤ੍ਰਾਈਆਂ ਦੇ ਸੱਭੇ ਜੀਵੰਦਿਆਂ ਹੀ ਛਡ ਦਿੰਦੇ ਹਨ ਅਥਵਾ ਉਨ੍ਹਾਂ ਦੇ ਜੀਉਂਦਿਆਂ (ਹੁੰਦਿਆਂ ਹੀ) ਇਹ ਜੀਉ ਪਰਲੋਕ ਨੂੰ ਟੁਰ ਪੈਂਦਾ ਹੈ, ਉਸ ਵੇਲੇ ਨਾਲ ਸਾਥ ਦੇਣ ਵਾਲਾ ਕੋਈ ਬੀ ਨਹੀਂ ਹੁੰਦਾ। ਬੜੀ ਹੱਦ ਕੋਈ ਘਰ ਦੀ ਦਲ੍ਹੀਜ ਤੋੜੀ ਤੇ ਕੋਈ ਮਸਾਣਾਂ ਤੋੜੀ,ਛੇਕੜ ਤਿਣਕਾ ਤੋੜ ਕੇ ਘਰੀਂ ਜਾ ਵੜਦੇ ਹਨ,ਪਰ ਸੰਤ ਸੱਜਣ ਅਜੇਹੇ ਹਨ ਕਿ ਪ੍ਰਲੋਕ ਵਿਚ ਸਹਾਇਕ ਹੁੰਦੇ ਹਨ,ਉਨ੍ਹਾਂ ਦੇ ਦੱਸੇ ਹੋਏ ਉਪਦੇਸ਼ ਤੇ ਕਮਾਏ ਹੋਏ ਬਚਨ ਅੰਗ ਸੰਗ ਰਹਿੰਦੇ ਹਨ। ਜੈਸਾਕਿ ਸ੍ਰੀ ਮੁਖਵਾਕ ਹੈ:-

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨ੍ਹਿ ॥ [ਸੂਹੀ ਮਹਲਾ ੧

ਇਸ ਲਈ ਸੰਤਾ ਦੀ ਸੇਵਾ ਕਰ ਤੇ ਬਚਨ ਕਮਾ, ਆਪਣਾ ਜਨਮ ਸਫਲਾ ਕਰ ਲੈ,ਬਿਨਾਂ ਇਸ ਗਲ ਦੇ ਹੋਰ ਕੋਈ ਗਲ ਨਹੀਂ।

ਮਸਤਾਨ ਸਿੰਘ—ਮਹਾਂਰਾਜ ! ਇਹੋ ਗਲ ਤਾਂ ਮੇਰੀ ਸਮਝ ਵਿਚ ਨਹੀਂ ਆਉਂਦੀ। ਜੀਕਰ ਹੀਰ ਦੀ ਸਮਝ ਆਈ ਸੀ ਓਕਰ ਹੀ ਇਸ ਹੀਰ ਦੀ ਸਮਝ ਆ ਜਾਵੇ ਤਾਂ ਠੀਕ ਹੈ।

ਬ੍ਰਿਧ ਪੁਰਖ—ਭਈ ਸਿੱਖਾ ਤੇਰੀ ਧੜ ਬਹੁਤ ਉਚੇਰੀ ਹੈ। ਪਹਿਲੇ ਤਾਂ ਤੂੰ ਸਿੱਖ ਦਾ ਪੁਤਰ ਹੈਂ ਦੂਜੇ ਤੈਨੂੰ ਭਾਈ ਉਪਰਾਮ ਸਿੰਘ ਜੀ ਜੈਸੇ ਮਹਾਂਪੁਰਖ ਦਾ ਸਤਿਸੰਗ ਹੋਇਆ ਹੈ,ਜਿਸ ਤੇਰੀ ਜਨਮਾਂਤ੍ਰਾਂ ਦੀ ਮੈਲ(ਪਾਪ)ਕੱਟ ਕੇ ਨਿਰਮਲ ਕੀਤਾ ਹੈ, ਤੀਜੇ ਤੇਰਾ ਅੰਮ੍ਰਿਤਸਰ ਜੀ ਵਿਚ ਨਿਵਾਸ ਹੋਇਆ ਹੈ, ਗੁਰਦ੍ਵਾਰੇ ਦੀ ਸੇਵਾ ਕਰਦਾ ਰਿਹਾ ਹੈਂ,ਪਿਛਲੀ ਰਾਤ ਵਾਰ ਦਾਅਨੰਦ ਲੈਂਦਾ ਰਿਹਾ ਹੈਂ। ਚਉਥੇ ਤੈਂ ਬਾਣੀ ਦਾ ਅਭਿਆਸ ਵੀ ਤਕੜਾ ਕੀਤਾ ਹੈ, ਸਿੱਖਾਂ ਸੰਤਾਂ ਦੀ ਟਹਿਲ ਸੇਵਾ ਵੀ ਤੈਂ ਕੀਤੀ ਹੈ। ਪੰਜਵੇਂ ਭਾਈ ਬਿਸ੍ਮਾਮਸਿੰਘ ਜੀ ਬੰਨੋਆਣੀਏ ਮਹਾਤਮਾ ਤੇਰੇ ਨਾਲ ਹਨ ਜਿਨ੍ਹਾਂ ਸਤਿ ਪੁਰਖਾਂ ਦੀ ਸਹਾਇਤਾ ਨਾਲ ਇਸ ਪਵਿਤ੍ਰ ਤੇ ਗੁਪਤ ਜੰਗਲ ਵਿਚ ਤੂੰ ਆ ਸਕਿਆ ਹੈਂ । ਇਹ ਸਾਰੀਆਂ ਗੱਲਾਂ ਤੈਨੂੰ ਸੱਚੀ ਹੀਰ ਦੱਸਣ ਲਈ ਬਾਹਲੀਆਂ ਹਨ,ਪਰ ਅੱਜਤਕ ਜਿਹੜੀ ਕੱਚੀ ਹੀਰ ਦੀ ਲਗਣ ਲਗੀ ਰਹੀ ਹੈ ਭਈ ਜੋ ਕੁਝ ਕੀਤਾ ਸੋ ਸਭੋ ਕੁਝ ਕੱਚੀ ਹੀਰ ਲਈ ਕੀਤਾ ਸੋ ਸਾਰਾ ਸਫਲ ਹੋਇਆ ਜੋ ਹੀਰ ਦੀ ਅਸਲੀਅਤ ਲੱਝ ਪਈ। ਹੁਣ ਓਹੋ ਗਲ ਮੁੜ ਕੇ ਹੈ, ਫਿਰ ਮੁੱਢੋਂ ਸੁੱਢੋਂ ਓਕਰ ਹੀ ਲਗਾ ਚਲੇਂ ਤਾਂ ਹੁਣ ਤੈਨੂੰ ਹੋਰ ਸੱਚ ਦੀ ਵੀ ਲੱਭ ਪਵੇ। ਹੁਣ ਤੂੰ ਪਹਿਲੇ ਐਦਾਂ ਕਰ, ਜਾਹ ਇਸ ਜੰਗਲ ਵਿਚ ਹੋਰ ਵੀ ਦਰਸ਼ਨ ਪਰਸਨ ਕਰ ਆ,ਇਕ ਗੇੜਾ ਲਾ ਕੇ ਫੇਰ ਤੂੰ ਆਵੇਂਗਾ ਤਾਂ ਅਗਲੀ ਗਲ ਵੀ ਤੈਨੂੰ ਸਮਝਾ ਦਿਆਂਗੇ।

ਇਹ ਬਚਨ ਸੁਣ ਕੇ ਮਸਤਾਨ ਸਿੰਘ ਅੱਗੇ ਜੰਗਲ ਨੂੰ ਤੁਰ ਪਿਆ ਤੇ ਮਨ ਵਿਚ ਲਗਾ ਵਿਚਾਰਾਂ ਕਰਨ, ਭਈ ਇਸ ਮਹਾਂ ਪੁਰਖ ਨੇ ਤਾਂ ਅਚਰਜ ਕੀਤਾ।ਜੀਕਰ ਕੋਈ ਮੇਰੇ ਜੀਉ ਤੋਂ ਸੌ ਕੜੇ ਮਣਾਂ ਦਾ ਭਾਰ ਲਾਹ ਦਿਤਾ, ਹੁਣ ਤਾਂ ਮਨ ਹੌਲਾ ਫੁੱਲ ਜਿਹਾ ਜਾਪਦਾ ਹੈ।ਜੀਕਰ ਇਹ ਕਹਿੰਦਾ ਹੈ ਭਈ ਅੰਮ੍ਰਿਤਸਰ ਜੀ ਸਵੇਰੇ ਆਸਾ ਦੀ ਵਾਰ ਸੁਣਦਾ ਸਾਂ ਤੇ ਸਾਧ ਸੰਗਤ ਦੇ ਦਰਸ਼ਨ ਕਰਦਾਂ ਸਾਂ, ਓਸ ਵੇਲੇ ਤਾਂ ਅਨੰਦ ਨਹੀਂ

Digitized by Panjab Digital Library | www.panjabdigilib.org

ਸੀ ਮਲੂਮ ਹੁੰਦਾ ਪਰ ਹੁਣ ਤਾਂ ਓਸ ਵੇਲੇ ਦਾ ਚੇਤਾ ਆਇਆਂ ਬੀ ਮਲੂਮ ਹੁੰਦਾ ਹੈ ਕਿ ਸੁਆਦ ਸੀ,ਇਹ ਕੀ ਗਲ ਹੋਈ ? ਇਹ ਆਂਹਦਾ ਹੈ ਭਈ ਤੂੰ ਬਾਣੀ ਦਾ ਪਾਠ ਕਰਦਾ ਸੈਂ ਜੋ ਹੁਣ ਤਾਈਂ ਕਰਨਾ ਹਾਂ, ਪਰ ਹੁਣ ਤਾਂ ਕੁਝ ਇਸ ਵਿਚ ਵੀ ਸ੍ਵਾਦ ਦਿੱਸਦਾ ਹੈ।

ਇਥੇ ਬਾਣੀ ਦਾ ਪਾਠ ਪੂਰਾ ਹੋਣੇ ਤੇ ਪਿੱਛੋਂ ਬੇਨਤੀ ਕਰਨ ਦਾ ਵੇਲਾ ਆ ਗਿਆ, ਓਥੇ ਹੀ ਹੱਥ ਜੋੜ ਕੇ ਪ੍ਰਾਰਥਨਾ ਕਰਨ ਖਲੋਤਾ ਤਾ ਹੈਰਾਨ, ਕੁਝ ਨਹੀਂ ਅਹੁੜਦਾ। ਅਗੇ ਤਾਂ ਤੋਂਤੇ ਵਾਕਰ ਮੁਹਾਰਨੀ ਕੰਠ ਸੀ ਓਕਰ ਹੀ ਇਕ ਮਨ ਹੋ ਕੇ ਕਰ ਲੈਂਦਾ ਸੀ। ਹੁਣ ਜਿੱਥੇ ਇਹ ਗਲ ਆਈ ਕਿ ਮੈਨੂੰ (ਮਾਈ ਹੀਰ ਦੀ ਅਸਲੀਅਤ ਲੱਭੇ ਤੇ ਦਰਸ਼ਨ ਹੋਵੇ) ਇਥੇ ਆ ਕੇ ਝਿਜਕ ਗਿਆ। ਕਿਉਂਕਿ ਹੁਣ ਹੀਰ ਦੀ ਅਸਲੀਅਤ ਲੱਭ ਗਈ ਹੈ ਤੇ ਸਮਝ ਵੀ ਪੈ ਗਈ ਹੈ, ਭਈ ਹੁਣ ਹੀਰ ਕੱਚੀ ਨੂੰ ਕੀ ਕਰਨਾ ਹੈ, ਇਸਲਈ ਤਾਂ ਇਹ ਨਹੀਂ ਕਹਿੰਦਾ ਤੇ ਹੋਰ ਕਹਿਣਾ ਅਜੇ ਕੁਝ ਅਹੁੜਦਾ ਨਹੀਂ। ਇਸ ਵੇਲੇ ਇਸ ਦੀ ਦਸ਼ਾ ਡਾਢੀ ਅਚਰਜ ਹੋਈ,ਪਿੰਡਾ ਸਾਰਾ ਤ੍ਰੌਲੀਓ ਤ੍ਰੌਲੀ,ਗਲ ਵਿਚ ਗਲੇਡੂ ਭਰ ਗਿਆ,ਅੱਖੀਆਂ ਆਪਣੀਆਂ ਹੀ ਹੰਝੂਆਂ ਵਿਚ ਡੁਬ ਗਈਆਂ, ਸਰੀਰ ਸਾਰਾ ਜੜ੍ਹ ਪੱਥਰ ਜਿਹਾ ਹੋ ਗਿਆ। ਸੁਨਸਾਨ ਜਿਹਾ ਹੋ ਕੇ ਹੱਥ ਜੋੜ ਇਸੇ ਬੇਸੁਧੀ ਵਿਚ ਡਿੱਗਾ ਪਿਆ ਰਿਹਾ ਤਾਂ ਓਹੋ ਸੰਤ ਜੋ ਇਸ ਦੇ ਨਾਲ ਰਹਿਬਰੀ ਕਰ ਰਹੇ ਸਨ ਭਾਈ ਬਿਸ੍ਰਾਮ ਸਿੰਘ ਹੋਰੀਂ,ਮਿਲੇ ਤੇ ਜਲ ਦੇ ਛੱਟੇ ਮਾਰ ਕੇ ਹੋਸ਼ ਵਿਚ ਲਿਆਂਦਾ ਤੇ ਪੁੱਛਿਆ ਭਈ ਸਿੱਖਾ ਇਹ ਕੀਹ ਹੋਇਆ ?

ਮਸਤਾਨ ਸਿੰਘ—ਮੈਨੂੰ ਕੋਈ ਸੁੱਧ ਨਹੀਂ, ਹਾਂ ਇਕ ਗਲ ਦਾ ਵਲ ਪੈ ਗਿਆ ਹੈ ਉਹ ਮੈਥੋਂ ਨਹੀਂ ਖੁੱਲ੍ਹਦਾ,ਓਸੇ ਹੀ ਗਲ ਨੇ ਡੌਰ ਭੌਰਾ ਕਰ ਦਿੱਤਾ ਹੈ, ਕ੍ਰਿਪਾ ਕਰਕੇ ਮੇਰਾ ਉਹ ਵਲ ਕੱਢ ਦਿਓ। ਇਸ ਵੇਲੇ ਤੁਹਾਡੇ ਬਾਝ ਹੋਰ ਕੋਈ ਨਹੀਂ ਦੀਹਦਾ।

ਬਿਸ੍ਰਾਮ ਸਿੰਘ—ਕਹੁ ਭਾਈ ਸੱਜਣਾ ਉਹ ਕੀ ਵਲ ਹੈ ? ਗੁਰੂ ਸੱਚਾ ਪਾਤਸ਼ਾਹ ਹੈ ਵਲ ਕੱਢਣ ਵਾਲਾ।

ਮਸਤਾਨ ਸਿੰਘ—ਮਹਾਰਾਜ ਜੀ ! ਅਗੇ ਮੈਂ ਅਰਦਾਸ ਕਰਨ ਵੇਲੇ ਬੇਨਤੀ ਕਰਦਾ ਹੁੰਦਾ ਸਾਂ ਭਈ ਮੈਨੂੰ ਹੀਰ ਦੀ ਅਸਲੀਅਤ ਮਲੂਮ ਹੋਵੇ,ਹੁਣ ਤਾਂ ਓਸ ਬੁੱਢੇ ਬਾਬੇ ਮੇਰੀ ਹੀਰ ਹਾਰ ਸਾਰੀ ਖੋਹ ਲਈ ਤੇ ਮੈਂ ਹੁਣ ਬੇਨਤੀ ਕੀ ਕਰਾਂ ?

ਭਾਈ ਬਿਸ੍ਰਾਮ ਸਿੰਘ ਹੋਰੀਂ ਇਹ ਸੁਣਕੇ ਹੱਸ ਪਏ। ਕਹਿਣ ਲਗੇ—ਉੱਠ ਤਕੜਾ ਹੋ, ਚੱਲ ਅਗੇ ਕੋਈ ਮਹਾਂਪੁਰਖਾਂ ਦੇ ਦਰਸ਼ਨ ਹੋਣਗੇ, ਇਹ ਗਲ ਬੀ ਮਲੂਮ ਹੋ ਜਾਏਗੀ। ਹੁਸੇ ਹੋਏ ਬਲਦ ਵਾਂਗ ਢੇਰੀ ਨਾ ਢਾਹ, ਲੱਕ ਬੰਨ੍ਹ ਤੇ ਚੱਲ ਅੱਗੇ। ਇਹ ਬਚਨ ਸੁਣਕੇ ਕੁਝ ਜੀ ਧਰ ਆਇਆ ਤੇ ਹੌਸਲਾ ਕਰਕੇ ਮਸਤਾਨ ਸਿੰਘ ਅਗੇ ਟੁਰ ਪਿਆ, ਪਰ ਚਾਲ ਉਖੜੀ ਹੋਈ ਨਾਲ ਤੁਰਦਾ ਹੈ, ਕਦਮ ਸਿੱਧੇ ਨਹੀਂ ਪੈਂਦੇ, ਗਿਣਤੀਆਂ ਦੇ ਅਥਾਹ ਸਮੁੰਦਰ ਵਿਚ ਗੋਤੇ ਖਾਂਦਾ ਭਾਈ ਬਿਸ੍ਰਾਮ ਸਿੰਘ ਦੇ ਸਹਾਰੇ ਤੇ ਰਿੜ੍ਹਿਆ ਜਾਂਦਾ ਹੈ। ਕੋਈ ਦੋ ਤਿੰਨ ਸੌ ਕਦਮਾਂ ਦੀ ਵਾਟ ਗਏ ਹੋਣਗੇ ਤਾਂ ਅਗੋਂ ਇਕ ਮੈਦਾਨ ਖੁੱਲ੍ਹਾ ਸਾਫ ਤੇ ਚਿੱਟਾ ਰੜਾ ਨਜ਼ਰੀਂ ਪਿਆ। ਇਸ ਮੈਦਾਨ ਦੇ ਲਾਂਭੇ ਚਾਂਭੇ ਤਾਂ ਜੰਡ ਕਰੀਰ ਪੀਲੂ ਆਦਿਕਾਂ ਦੀਆਂ ਅਨੇਕਾਂ ਝਿੰਗੀਆਂ ਹਨ. ਪਰੰਤੂ ਵਿਚਕਾਰ ਨਿਰਾ ਚਿੱਟਲ ਮੈਦਾਨ, ਇਸਦੇ ਕਿਨਾਰੇ ਤੇ ਬਹੁਤ ਸਾਰੇ ਸਿੱਖ ਚਿੱਟਿਆਂ ਕਪੜਿਆਂ ਵਾਲੇ ਆਪਣੇ ਆਨੰਦ ਵਿਚ ਮਗਨ ਸੱਚੇ ਪ੍ਰੇਮ ਨਾਲ ਤੇ ਸੁੰਦਰ ਧੀਮੀ ਧੀਮੀ ਸੁਰ

Digitized by Panjab Digital Library | www.panjabdigilib.org

ਵਿਚ ਕੁਝ ਗਾਉਂ ਰਹੇ ਦਨ, ਪਰ ਇਸ ਧੀਮੀ ਸ਼ਾਂਤਮਈ ਸੁਰ ਨੇ ਦੂਰੋਂ ਹੀ ਮਸਤਾਨ ਸਿੰਘ ਨੂੰ ਮਸਤ ਕਰ ਦਿੱਤਾ।ਭਾਵੇਂ ਅਜੇ ਤਕ ਕੋਈ ਤੁਕ ਕੰਨੀ ਨਹੀਂ ਪਈ, ਪਰ ਰੁਮਕਦੀ ਹੋਈ ਸਵੇਰ ਵੇਲੇ ਦੀ ਠੰਢੀ ਪੌਣ ਨਾਲ ਮਿਲੀ ਹੋਈ ਸੁਰ ਵੈਰਾਗੀ ਮਨਾਂ ਨੂੰ ਆਪਣੀ ਵੱਲ ਖਿਚਦੀ ਹੋਈ ਮਸਤਾਨਸਿੰਘਨੂੰਵੀ ਨੇੜੇ ਤੋੜੀ ਖਿੱਚਲਿਆਈ। ਜਾਂ ਨਜ਼ੀਕ ਪੁੱਜੇ ਤਾਂ ਕੀ ਵੇਖਦੇ ਹਨ ਭਈ ਇਕ ਭਾਰੀ ਸੰਤ ਸਭਾ ਲਗੀ ਹੋਈ ਹੈ, ਸਾਰੇ ਮਹਾਤਮਾ ਸਫੈਦ ਬਾਣੇ ਵਾਲੇ ਹੀ ਹਨ ਪਰ ਕੋਈ ਕੋਈ ਵਿਚ ਮਜੀਠੀ ਬਾਣੇ ਦਾ ਵੀ ਮਹਾਤਮਾ ਬੈਠਾ ਹੈ ਤੇ ਇਕੋ ਜੇਹੇ ਪ੍ਰੇਮ ਵਿਚ ਇਕੋ ਹੀ ਸੁਰ ਲੈ ਵਿਚ ਇਹ ਸ਼ਬਦ ਗਾਉਂ ਰਹੇ ਹਨ:—

ਮਾਝ ਮਹਲਾ ੪ ॥ ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥ ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ ਮੇਰੀ ਸਰਧਾ ਪੂਰਿ ਜਗ ਜੀਵਨ ਦਾਤੇ ॥ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥ ੧ ॥ ਮਿਲਿ ਸਤਸੰਗਿ ਏਲੀ ਹਰਿ ਬਾਣੀ ॥ ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥ ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥ ੨ ॥ ਵਡਭਾਗੀ ਹਰਿ ਸੰਗਤਿ ਪਾਵਹਿ॥ ਭਾਗ ਹੀਨ ਭ੍ਰਮਿ ਚੋਟਾ ਖਾਵਹਿ॥ ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥੩॥ ਮੈ ਆਇ ਮਿਲਹੁ ਜਗ ਜੀਵਨ ਪਿਆਰੇ॥ ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥ ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥ ੪ ॥ ੪ ॥

ਮਾਝ ਮਹਲਾ ੫ ਚਉਪਦੇ ਘਰੁ ੧ ॥

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥ ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗ ਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨ ॥ ਹਉ ਘੋਲੀ ਹਉ ਘੋਲਿ ਘੁਮਾਈ ਤੁਧ ਸਜਣ ਮੀਤ ਮੁਰਾਰੇ ਜੀਉ॥ ੧॥ ਰਹਾਉ ॥ ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩ ॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥ ੧ ॥ ਰਹਾਉ ॥ ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ਰਹਾਉ॥

ਨਟ ਮਹਲਾ ੫ ॥

ਹਉ ਵਾਰਿ ਵਾਰਿ ਜਾਉ ਗੁਰ ਗੋਪਾਲ ॥ ੧ ॥ ਰਹਾਉ ॥ ਮੋਹਿ ਨਿਰਗੁਨ ਤੁਮ ਪੂਰਨ ਦਾਤੇ ਦੀਨਾ ਨਾਥ ਦਇਆਲ ॥ ੧ ॥ ਊਠਤ ਬੈਠਤ ਸੋਵਤ ਜਾਗਤਿ ਜੀਅ ਪ੍ਰਾਨ ਧਨ ਮਾਲ ॥ ੨ ॥ ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸਨਿ ਹਾਲ॥੩॥੯

ਨਟ ਪੜਤਾਲ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ ॥

ਕੋਊ ਹੈ ਮੇਰੋ ਸਾਜਨੁ ਮੀਤੁ ॥ ਹਰਿ ਨਾਮੁ ਸੁਨਾਵੈ ਨੀਤ॥ ਬਿਨਸੈ ਦੁਖੁ ਬਿਪਰੀਤਿ ॥ ਸਭੁ ਅਰਪਉ ਮਨੁ ਤਨੁਚੀਤੁ॥੧॥ਰਹਾਉ॥ ਕੋਈ ਵਿਰਲਾ ਆਪਨ ਕੀਤ॥ਸੰਗਿ ਚਰਨ ਕਮਲ ਮਨੁ ਸੀਤ ॥ ਕਰਿ ਕਿਰਪਾ ਹਰਿ ਜਸੁ ਦੀਤ॥੧॥ ਹਾਰ ਭਜੁ ਜਨਮੁ ਪਦਾਰਥੁ

Digitized by Panjab Digital Library | www.panjabdigilib.org

ਜੀਤ ॥ ਕੋਟਿ ਪਤਿਤ ਹੋਹਿ ਪੁਨੀਤ ॥
ਨਾਨਕ ਦਾਸ ਬਲਿ ਬਲਿ ਕੀਤ ॥ ੨ ॥
੧ ॥ ੧੦ ॥ ੧੯ ॥

ਸਾਰਗ ਮਹਲਾ ੫ ਦੁਪਦੇ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਮੋਹਨ ਘਰਿ ਆਵਹੁ ਕਰਉ ਜੋਦਰੀਆ ॥
ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ
ਤੇਰੀ ਪ੍ਰਿਅ ਚਿਰੀਆ ॥ ੧ ॥ ਰਹਾਉ ॥
ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ
ਭਰਮਿ ਦੁਖ ਭਰੀਆ ॥ ਹੋਇ ਕ੍ਰਿਪਾਲ
ਗੁਰ ਲਾਹਿ ਪਾਰਦੇ ਮਿਲਉ ਲਾਲ ਮਨੁ
ਹਰੀਆ ॥ ੧ ॥ ਏਕ ਨਿਮਖ ਜੋ ਬਿਸਰੈ
ਸੁਆਮੀ ਜਾਨਉ ਕੋਟਿ ਦਿਨਸ ਲਖ
ਬਰੀਆ ॥ ਸਾਧ ਸੰਗਤਿ ਕੀ ਭੀਰ ਜਉ
ਪਾਈ ਤਉ ਨਾਨਕ ਹਰਿ ਸੰਗਿ ਮਿਰੀਆ ॥
੨ ॥ ੧ ॥ ੨੪ ॥

ਸਾਰਗ ਮਹਲਾ ੫ ॥

ਮਨਿ ਬਿਰਾਗੀਗੀ॥ਖੋਜਤੀ ਦਰਸਾਰ॥ ੧ ॥
ਰਹਾਉ॥ਸਾਧੂ ਸੰਤਨ ਸੇਵਿਕੈ ਪ੍ਰਿਉ ਹੀਅਰੈ
ਧਿਆਇਓ ॥ ਆਨੰਦ ਰੂਪੀ ਪੇਖਿਕੈ ਹਉ
ਮਹਲੁ ਪਾਵਉਗੀ ॥ ੧ ॥ ਕਾਮ ਕਰੀ ਸਭ
ਤਿਆਗਿਕੈ ਹਉ ਸਜਣਿ ਪਰਉਗੀ॥ਨਾਨਕ
ਸੁਆਮੀ ਗਰਿ ਮਿਲੇਹਉ ਗੁਰਮਨਾਵਉਗੀ
॥ ੨ ॥ ੭ ॥ ੧੩੬ ॥

ਆਸਾ ਮਹਲਾ ੧ ॥

ਏਕਨ ਭਰੀਆ ਗੁਣ ਕਰਿ ਧੋਵਾ ॥ ਮੇਰਾ
ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥ ੧ ॥
ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ
ਜਾਗੈ ਹਉ ਨਿਸਿ ਭਰਿ ਸੋਵਾ॥੧॥ਰਹਾਉ॥
ਆਸ ਪਿਆਸੀ ਸੇਜੈ ਆਵਾ ॥ ਆਗੈ ਸਹ
ਭਾਵਾ ਕਿ ਨ ਭਾਵਾ ॥ ੨ ॥ ਕਿਆ ਜਾਨਾ
ਕਿਆ ਹੋਇਗਾ ਰੀ ਮਾਈ॥ ਹਰਿ ਦਰਸਨ
ਬਿਨੁ ਰਹਨੁ ਨ ਜਾਈ ॥ ੧॥ ਰਹਾਉ ॥
ਪ੍ਰੇਮੁ ਨ ਚਾਖਿਆ ਮੇਰੀ ਤਿਸਨ ਬੁਝਾਨੀ॥
ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥
ਅਜੈ ਸੁ ਜਾਗਉ ਆਸ ਪਿਆਸੀ॥ ਭਈ
ਲੇ ਉਦਾਸੀ ਰਹਉ ਨਿਰਾਸੀ॥੧॥ਰਹਾਉ॥
ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ
ਸੋਜੈ ਰਵੈ ਭਤਾਰੁ ॥ ੪ ॥ ਤਉ ਨਾਨਕ
ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ
ਖਸਮ ਸਮਾਵੈ ॥ ੧ ॥ ਰਹਾਉ ॥ ੨੬ ॥

ਵਡਹੰਸੁ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਸੇਜ ਏਕ ਏਕੋ ਪ੍ਰਭੁ ਠਾਕੁਰੁ ॥ ਗੁਰਮੁਖਿ
ਹਰਿ ਰਾਵੈ ਸੁਖ ਸਾਗਰੁ ॥ ੧ ॥ ਮੈ ਪ੍ਰਭ
ਮਿਲਣ ਪ੍ਰੇਮ ਮਨਿ ਆਸਾ ॥ ਗੁਰੁ ਪੂਰਾ
ਮੇਲਾਵੈ ਮੋਰਾ ਪ੍ਰੀਤਮੁ ਹਉ ਵਾਰਿ ਵਾਰਿ
ਆਪਣੇ ਗੁਰੂ ਕਉ ਜਾਸਾ ॥ ੧ ॥ ਰਹਾਉ॥
ਮੈ ਅਵਗਣ ਭਰਪੂਰਿ ਸਰੀਰੇ ॥ ਹਉ ਕਿਉ
ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥ ੨ ॥
ਜਿਨਿ ਗੁਣਵੰਤੀ ਮੋਰਾ ਪ੍ਰੀਤਮੁ ਪਾਇਆ ॥
ਸੇ ਮੈ ਰੂਣ ਨਾਹੀ ਹਉ ਕਿਉ ਮਿਲਾ ਮੋਰੀ
ਮਾਇਆ ॥ ੩ ॥ ਹਉ ਕਰਿ ਕਰਿ ਥਾਕਾ
ਉਪਾਵ ਬਹੁਤੇਰੇ ॥ ਨਾਨਕ ਗਰੀਬ ਰਾਖਹੁ
ਹਰਿ ਮੇਰੇ ॥ ੪ ॥ ੭ ॥

ਮਲਾਰ ਮਹਲਾ ੪

ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ॥
ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾਕੈ
ਪਾਇਲਾਗੀ॥੧॥ਰਹਾਉ॥ਹਰਿਹਮਾਰੇਮੀਤੁ
ਸਖਾਈਹਮ ਹਰਿ ਸਿਉਪ੍ਰੀਤਿ ਲਾਗੀ॥ਹਰਿ
ਹਮ ਗਾਵਹਿ ਹਰਿ ਹਮ ਬੋਲਹਿ ਅਉਰ
ਦੂਤਾਆ ਪ੍ਰੀਤਿ ਹਮ ਤਿਆਗੀ ॥ ੧ ॥
ਮਨ ਮੋਹਨ ਮੋਰੇ ਪ੍ਰੀਤਮੁ ਰਾਮੁ ਹਰਿ
ਪਰਮਾਨੰਦੁ ਬੈਰਾਗੀ ॥ ਹਰਿ ਦੇਖੇ ਜੀਵਤ
ਹੈ ਨਾਨਕੁ ਇਕ ਨਿਮਖ ਪਲੋ ਮੁਖਿ ਲਾਗੀ
॥ ੨ ॥ ੨ ॥ ੯ ॥ ੩੭ ॥

Digitized by Panjab Digital Library | www.panjabdigilib.org

ਰਾਗੁ ਕਲਿਆਨੁ ਮਹਲਾ ੫ ਘਰੁ ੧

੧ ਓ ਸਤਿਗੁਰ ਪ੍ਰਸਾਦਿ ॥
ਹਮਾਰੈ ਏਹ ਕਿਰਪਾ ਕੀਜੈ ॥ ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥ ੧ ॥ ਰਹਾਉ ॥ ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥ ੧ ॥ ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥੨॥

ਗਉੜੀ ਮਹਲਾ ੫ ॥
ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥ ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ॥੧॥ ਰਹਾਉ॥ ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥ ਤੁਲਾ ਧਾਰ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥ ੧ ॥ ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੈ ਜਾਤ ਬਹੋਰਾ ॥ ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥

ਮਸਤਾਨ ਸਿੰਘ ਤੇ ਭਾਈ ਬਿਸ੍ਰਾਮ ਸਿੰਘ ਜੀ ਹੱਥ ਜੋੜੀ ਖੜੋਤੇ ਕੰਨਾਂ ਨਾਲ ਤਾਂ ਸ਼ਬਦ ਸੁਣ ਰਹੇ ਹਨ ਤੇ ਅੱਖਾਂ ਨਾਲ ਦੇਖ ਰਹੇ ਹਨ। ਸੰਤਾਂ ਦੇ ਨੇਤ੍ਰਾਂ ਥੋਂ ਜਲ ਦਾ ਪ੍ਰਵਾਹ ਚਲਿਆ ਜਾਂਦਾ ਹੈ ਤੇ ਅਡੋਲ ਇਸਥਿਤ ਹੋਏ ਬੈਠੇ ਇਕਤਾਰ ਵਿਚ ਸ਼ਬਦ ਕਹਿ ਰਹੇ ਹਨ।

ਇਕੁਰ ਹੀ ਸ਼ਬਦਾਂ ਦੇ ਅਨੰਦ ਵਿਚ ਮਗਨ ਖੜੋਤਿਆਂ ਖੜੋਤਿਆਂ ਸੂਰਜ ਹੁਰੀਂ ਪੂਰਬ ਦਿਸ਼ਾ ਵਲੋਂ ਉਦੇ ਹੋ ਪਏ।ਆਪਣੀਆਂ ਸੁਨਹਿਰੀ ਹਲਕੀਆਂ ਤੇ ਪਤਲੀਆਂ ਹਵਾ ਨਾਲੋਂ ਬੀ ਬਹੁਤ ਅਗੇ ਵਧ ਜਾਣ ਵਾਲੀਆਂ ਲੱਖਾਂ ਕਰੋੜਾਂ ਕੋਹਾਂ ਦੀਆਂ ਲੰਮੀਆਂ ਲੰਮੀਆਂ ਕਿਰਨਾਂ ਤੀਰਾਂ ਵਾਂਗ ਵਰਸਾਉਣ ਲਗ ਪਏ ਤੇ ਇਧਰ ਮਸਤਾਨ ਸਿੰਘ ਹੋਰੀਂ ਵਿਚਾਰਾਂ ਤੇ ਗਿਣਤੀਆਂ ਕਰ ਰਹੇ ਹਨ, ਭਈ ਕਿਵੇਂ ਇਜੇਹੀ ਹਾਲਤ ਮੇਰੀ ਵੀ ਹੋ ਜਾਵੇ ਤਾਂ ਕੈਸੀ ਚੰਗੀ ਗਲ ਹੋਵੇ। ਪਰ ਹੋਵੇ ਕੀਕੁਰ ਜੀਕਰ ਹੀਰ ਕੱਚੇ (ਮਿਜਾਜੀ) ਇਸ਼ਕ ਦੀ ਪ੍ਰੇਮਣ ਨੂੰ ਏਥੇ ਨਹੀਂ ਵੜਨਾਂ ਮਿਲਿਆ ਓਕਰ ਹੀ ਮੈਂ ਹੀਰ ਦੇ ਕੱਚੇ ਪ੍ਰੇਮੀ ਨੂੰ ਇਹ ਅਨੰਦ ਕਿੱਥੇ, ਪਰ ਇਹ ਤਾਂ ਇਉਂ ਭੀ ਪਏ ਕਹਿੰਦੇ ਹਨ'ਜਨ ਨਾਨਕ ਦੀਨ ਸਰਨ ਆਇਓ ਪ੍ਰਭ ਸਭੁ ਲੇਖਾ ਰਖਹੁ ਉਠਾਈ'। ਹੁਣ ਮੈਂ ਦੀਨ ਹਾਂ ਕਿ ਨਹੀਂ, ਮੇਰਾ ਏਥੇ ਕੋਈ ਬੀ ਨਹੀਂ, ਭਾਈ ਉਪ੍ਰਾਮ ਸਿੰਘ ਹੋਰੀਂ ਬੀ ਨਹੀਂ, ਪਰ ਇਹ ਭਾਈ ਬਿਸ੍ਰਾਮ ਸਿੰਘ ਹੋਰੀਂ ਤਾਂ ਹੈਨ, ਪਰ ਇਹ ਤਾਂ ਮੇਰੀ ਕੁਝ ਸਹਾਇਤਾ ਹੀ ਕਰਨਗੇ। ਹੀਰ ਦਾ ਲੜ ਵੀ ਹੁਣ ਤਾਂ ਛੁੱਟ ਗਿਆ ਤੇ ਮਨ ਵੀ ਮੰਨਦਾ ਹੈ ਭਈ ਮੈਂ ਦੀਨ ਹਾਂ, ਫਿਰ ਮੈਂ ਸ਼ਰਣ ਕੀਕਰ ਪਵਾਂ ? ਇਹ ਗਲ ਤਾਂ ਮੈਨੂੰ ਨਹੀਂ ਆਉਂਦੀ। ਚੰਗਾ ਇਥੋਂ ਪੁੱਛ ਲਵਾਂ। ਸੰਤਾਂ ਨੇ ਵੀ ਇਸੇ ਸ਼ਬਦ ਤੇ ਭੋਗ ਪਾ ਦਿੱਤਾ, ਕਿਉਂਕਿ ਦਿਨ ਚੜ੍ਹ ਪਿਆ ਸੀ। ਇਧਰੋਂ ਮਸਤਾਨ ਸਿੰਘ ਨੇ ਹੱਥ ਜੋੜਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ ਹੇ ਮਹਾਰਾਜ ! ਮੈਂ ਦੀਨ ਦੀ ਇਕ ਅਰਜ਼ ਹੈ, ਮੈਂ ਭੁੱਲਾ ਹੋਇਆ ਭਟਕਦਾ ਫਿਰਦਾ ਭਾਈ ਉਪ੍ਰਾਮ ਸਿੰਘ ਜੀ ਥੋਂ ਵਿਛੁੜਕੇ ਭਾਈ ਬਿਸ੍ਰਾਮ ਸਿੰਘ ਜੀ ਦੀ ਸਹਾਇਤਾ ਨਾਲ ਆਪਦੇ ਚਰਨਾਂ ਤਾਕਰ ਤਾਂ ਪੁੱਜ ਪਿਆ ਹਾਂ ਤੇ ਇਹ ਗਲ ਵੀ ਮੈਂ ਸੁਣ ਪਾਈ ਹੈ'ਦੀਨ ਸਰਨਿ ਆਇਓ ਪ੍ਰਭ ਸਭੁ ਲੇਖਾ ਰਖਹੁ ਉਠਾਈ'।ਉਹ ਸ਼ਰਣ ਕਿੰਦਾਂ ਆਈਦਾ ਹੈ, ਕ੍ਰਿਪਾ ਕਰਕੇ ਦੱਸੋ ਤਾਂ ਮੈਂ ਭੀ ਓਦਾਂ ਆਵਾਂ, ਮੈਂ ਓਸ ਹੀਰ ਨੂੰ ਤਾਂ ਛੱਡ ਆਇਆ ਹਾਂ, ਕੋਈ ਬਾਹੁੜੀ ਕਰੋ ਭਲਾ ਜੇ ਮੈਂ ਏਥੋਂ ਹੁਣ ਵਿਰਵਾ ਨਾ ਰਹਿ ਜਾਵਾਂ।

ਸੰਤ ਸਭਾ—ਭੋਲਿਆ ਸਿੱਖਾ ! ਹੁਣ ਤੂੰ ਆ

Digitized by Panjab Digital Library | www.panjabdigilib.org

ਗਿਆ ਹੈਂ ਇਸ ਪਵਿੱਤ੍ਰ ਜੰਗਲ ਵਿਚ ਤੇ ਰਸਤਾ ਦੱਸਣ ਵਾਲਾ ਤੈਨੂੰ ਭਾਈ ਬਿਸ੍ਰਾਮ ਸਿੰਘ ਹੈ ਤੇ ਸ਼ਰਣ ਆਉਣਾ ਇਸੇ ਗਲ ਦਾ ਨਾਉਂ ਹੈ।

ਹੋਇ ਨਿਮਾਣੀ ਢਹਿ ਪਈ

ਮਿਲਿਆ ਸਹਜਿ ਸੁਭਾਇ ॥[ਸ੍ਰੁਹੀ ਮ: ਪ

ਆਪਣਾ ਆਪ ਛਡਕੇ, ਆਪਣੀ ਕਰਤੂਤ, ਮੂਰਖਤਾ, ਅਗਿਆਨਤਾ ਤੇ ਪਛੁਤਾਵਾ ਸੱਚੇ ਦਿਲ ਨਾਲ ਕਰਕੇ ਪਰਮੇਸ਼ੁਰ ਅਕਾਲ ਪੁਰਖ ਅਗੇ ਅਧੀਨਗੀਆਂ ਨਾਲ ਇਕੁਰ ਬੇਨਤੀਆਂ (ਜੀਕੁਰ ਕੋਈ ਘਾਇਲ ਆਪਣੇ ਜ਼ਖਮਾਂ ਦੀ ਪੀੜ ਦੇ ਦੁਖ ਵੇਲੇ ਆਤੁਰ ਹੁੰਦਾ ਹੈ) ਕਰੀਏ ਤੇ ਇਸੇ ਹੀ ਪ੍ਰੇਮ ਦੀ ਰੰਗਣ ਵਿਚ ਪੈ ਜਾਈਏ ਫਿਰ ਰੰਗਣ ਵਾਲਾ ਜਾਣੇ, ਜੋ ਚਾਹੇ ਸੋ ਕਰੇ, ਓਸਦੀ ਰਜ਼ਾ ਵਿਚ ਰਾਜ਼ੀ ਰਹੀਏ ਤੇ ਬੇਨਤੀਆਂ ਤੇ ਤਰਲੇ ਕਰੀਏ ਤੇ ਉਸ ਮਾਲਕ ਨੂੰ ਹਰ ਵੇਲੇ, ਹਰ ਜਗਾ ਆਪਣੇ ਅੰਗ ਸੰਗ ਜਾਣੀਏ ਤੇ ਅਦਬ ਵਿਚ ਰਹੀਏ, ਉਸਤੋਂ ਨਿਡਰ ਕਦੀ ਨਾਂ ਹੋਈਏ।ਜੋ ਕੁਝ ਵਰਤੇ ਉਸਦਾ ਭਾਣਾ (ਹੁਕਮ) ਮੰਨੀਏ, ਸੁਖ ਦੁਖ ਉਸਦੀ ਦਾਤ ਜਾਣਕੇ ਕਦੀ ਤਰਕ ਨਾਂ ਕਰੀਏ। ਜਿੱਥੇ ਰੱਖੇ ਰਹੀਏ, ਜਿੱਥੇ ਭੇਜੇ ਜਾਈਏ, ਜੋ ਦੇਵੇ ਖਾਈਏ, ਜੋ ਬਖਸ਼ੇ ਹੰਢਾਈਏ । ਹਰ ਵੇਲੇ ਅਦਬ ਨਾਲ ਸ਼ੁਕਰ ਕਰੀਏ, ਆਪਣੇ ਆਪ ਨੂੰ ਦੂਰ ਕਰ ਸਿੱਟੀਏ। ਜਿੱਧਰ ਵੇਖੀਏ ਓਸੇ ਮਾਲਕ ਦਾ ਪ੍ਰਕਾਸ਼ ਹੋ ਰਿਹਾ ਹੈ,ਉਹ ਸਾਰੇ ਹੈ, ਉਹ ਸਭਸ ਵਿਚ ਹੈ, ਉਹ ਸਭ ਦਾ ਮਾਲਕ ਹੈ, ਸਭ ਕੁਝ ਓਸੇ ਦੇ ਹੁਕਮ ਵਿਚ ਹੈ।

ਇਹ ਕਹਿੰਦੇ ਹੋਏ ਸੰਤ ਤਾਂ ਸਾਰੇ ਉੱਠ ਕੇ ਖਿੰਡ ਗਏ; ਕੋਈ ਕਿਸੇ ਪਾਸੇ, ਕੋਈ ਕਿਸੇ ਪਾਸੇ। ਮਸਤਾਨ ਸਿੰਘ ਹੁਰੀਂ ਇਕ ਵਡੀ ਹੈਰਾਨੀ ਵਿਚ ਹੈਰਾਨ ਪਰੇਸ਼ਾਨ ਮਨ ਹੋਏ ਹੋਏ ਅਗਾਹਾਂ ਤੁਰੇ ਤਾਂ ਸਹੀ,ਪਰ ਜੀ ਵਿਚ ਕਹਿਣ ਲਗੇ ਭਈ ਇਹ ਗੱਲਾਂ ਤਾਂ ਭਾਈ ਉਪਰਾਮ ਸਿੰਘ ਹੁਰੀਂ ਮੈਨੂੰ ਨਿੱਤ ਕਹਿੰਦੇ ਹੁੰਦੇ ਸਨ, ਪਰ ਮੈਨੂੰ ਇਨ੍ਹਾਂ ਦਾ ਪਤਾ ਨਹੀਂ ਲਗਦਾ ਹੁੰਦਾ ਸੀ, ਓਹੋ ਮੁਹਾਰਨੀ ਹੈ, ਪਰ ਫਰਕ ਇੰਨਾ ਹੈ ਕਿ ਹੁਣ ਕੁਝ ਸਮਝ ਪੈਣ ਲਗ ਪਈ ਹੈ। ਹੁਣ ਮੈਂ ਕਿਸ ਨੂੰ ਪੁੱਛਾਂ ਮੈਥੋਂ ਇਹ ਗੱਲਾਂ ਕਿੰਦਾਂ ਹੋਣ ? ਪਹਿਲੇ ਤਾਂ ਭਾਈ ਬਿਸ੍ਰਾਮ ਸਿੰਘ ਹੁਰਾਂ ਕੋਲੋਂ ਪੁੱਛਾਂ।

ਮਸਤਾਨ ਸਿੰਘ—ਮਹਾਰਾਜ ਜੀ! ਇਹ ਜਿਹੜੀਆਂ ਗੱਲਾਂ ਮਹਾਂ ਪੁਰਖਾਂ ਨੇ ਆਖੀਆਂ ਹਨ ਏਹ ਮੈਥੋਂ ਕੀਕੁਰ ਹੋਣ,ਮੈਂ ਕਿੰਦਾਂ ਕਰ ਸਕਾਂਗਾ? ਮੇਰੀ ਤਾਂ ਸਮਝ ਵਿਚ ਵੀ ਬੜੀਆਂ ਔਖੀਆਂ ਆਉਂਦੀਆਂ ਹਨ।

ਭਾਈ ਬਿਸ੍ਰਾਮ ਸਿੰਘ ਜੀ—ਪਜਾਰਿਆ ! ਜਿਹੜੇ ਸ਼ੌਕ ਰਖਦੇ ਹਨ,ਉਹ ਆਪੇ ਹੀ ਕਰਨ ਲਗ ਪੈਂਦੇ ਹਨ, ਇਹ ਗੱਲਾਂ ਕੋਈ ਦੱਸਿਆਂ ਨਹੀਂ ਆਉਂਦੀਆਂ, ਸੁਤੇ ਹੀ ਉਪਜ ਆਉਂਦੀਆਂ ਹਨ। ਜੀਕੁਰ ਕਿਸੇ ਮਜਲ ਤੇ ਜਾਣਾ ਹੋਵੇ ਤਾਂ ਰਾਹ ਟੁਰਦਿਆਂ ਆਪੇ ਹੀ ਰਾਹ ਦੇ ਮੁਕਾਮ,ਦਰਖਤ,ਖੂਹ,ਤਲਾਉ ਠਾਹਰਾਂ ਆਉਂਦੀਆਂ ਜਾਂਦੀਆਂ ਹਨ। ਕੋਈ ਇਹ ਚੀਜ਼ਾਂ ਬੰਨ੍ਹ ਕੇ ਜਾਂ ਖਿੱਚਕੇ ਲੈ ਨਹੀਂ ਆਈ ਦੀਆਂ,ਇਕੁਰ ਹੀ ਤੂੰ ਭੀ ਟੁਰਿਆ ਚੱਲ,ਗੱਲਾਂ ਆਪੇ ਆਉਂਦੀਆਂ ਜਾਣਗੀਆਂ।

ਮਸਤਾਨ ਸਿੰਘ—ਭਲਾ ਮਹਾਰਾਜ ! ਮੇਰੀ ਉਹ ਗਲ ਅਜੇ ਅਧਵਾਟੇ ਹੀ ਹੈ ਤੇ ਮੈਂ ਫੇਰ ਅਰਦਾਸ ਕਰਨੀ ਹੈ,ਹੁਣ ਮੈਂ ਕਿੰਦਾਂ ਕਰਾਂ ?

ਭਾਈ ਬਿਸ੍ਰਾਮ ਸਿੰਘ ਜੀ—ਸੰਤਾ ਚੱਲ ਮੁੜ ਓਨ੍ਹਾਂ ਬ੍ਰਿਧ ਪੁਰਖਾਂ ਪਾਸ, ਓਥੋਂ ਤੇਰੀ ਤਸੱਲੀ ਹੋਊ। ਇਹ ਕਹਿੰਦੇ ਹੋਏ ਓਸ ਨਾਲੇ ਦੇ ਉਪਰ ਵੱਲ ਦੀ ਹੁੰਦੇ ਹੋਏ ਕੋਈ ਮੀਲ ਡੇਢ ਮੀਲ ਦਾ ਗੇੜਾ ਖਾਕੇ ਫਿਰ ਉਸ ਮਹਾਤਮਾ ਪੁਰਖ ਦੀ

Digitized by Panjab Digital Library | www.panjabdigilib.org

ਚਰਨੀਂ ਆਣ ਲੱਗੇ। ਆਉਂਦਿਆਂ ਹੀ ਮਸਤਾਨ ਸਿੰਘ ਨਿਤਾਣਾ ਜੇਹਾ ਹੋਕੇ ਰੇਤ ਦੀ ਕੰਧ ਵਾਕਰ ਚਰਨਾਂ ਤੇ ਅੱਗੇ ਡਿੱਗ ਪਿਆ ਤੇ ਬਝੀਆਂ ਉੱਚੀ ਭੁੱਬਾਂ ਮਾਰਕੇ ਰੋਣ ਲਗ ਪਿਆ ਤੇ ਕਹਿਣ ਲਗਾ, ਸੰਤਾ ! ਮੈਨੂੰ ਰੱਖ ਲੈ, ਬਾਹੁੜੀ ਓਇ ਮੈਨੂੰ ਰੱਖ ਲੈ, ਮੈਨੂੰ ਕੁਝ ਨਹੀਂ ਅਹੁੜਦੀ, ਮੈਂ ਕੀ ਕਰਾਂ ? ਮੈਥੋਂ ਕੁਝ ਨਹੀਂ ਕਿਹਾ ਜਾਂਦਾ, ਮੇਰੇ ਅੰਦਰੋਂ ਦੁੱਖ ਉਠਦਾ ਹੈ, ਉਹ ਪੀੜ ਮੇਰੇ ਸੰਘ ਤੋੜੀ ਵਲੁੰਟ ਖਾਂਦੀ ਹੈ, ਪਰ ਮੂੰਹੋਂ ਨਹੀਂ ਉ ਨਿਕਲਦੀ; ਨਾ ਕਹੀ ਜਾਂਦੀ ਉ ਤੇ ਨਾ ਹੀ ਹੁਣ ਸਹੀ ਜਾਂਦੀ ਉ। ਮੇਰੀ ਕੁਝ ਬਾਹੁੜੀ ਕਰ, ਰੱਬ ਦੇ ਵਾਸਤੇ ਬਾਹੁੜੀ ਕਰ।

ਇਉਂ ਕਹਿੰਦੇ ਕਹਿੰਦੇ ਦਾ ਗਲਾ ਰੁਕ ਗਿਆ ਤੇ ਬੇਸੁਰਤ ਜਿਹਾ ਹੋਗਿਆ ਤਾਂ ਉਸ ਬ੍ਰਿਧ ਪੁਰਖ ਨੇ ਉਠਕੇ 'ਵਾਹਿਗੁਰੂ ਸਤਿਨਾਮ' ਕਹਿਕੇ ਪਾਣੀ ਦੇ ਛੱਟੇ ਮਾਰੇ, ਮਸਤਾਨ ਸਿੰਘ ਨੂੰ ਚੇਤੰਨ ਕੀਤਾ, ਉਠਾ ਕੇ ਸਾਹਮਣੇ ਬਿਠਾਇਆ ਤੇ ਬਚਨ ਕੀਤਾ, ਧੀਰਜ ਕਰ, ਏਡਾ ਉਤਾਵਲਾ ਨਾ ਹੋ, ਜਟਕੀਆਂ ਨਾ ਲਾ, 'ਸਹਜ ਪਕੇ ਸੋ ਮੀਠਾ ਹੋਇ'। ਇੰਨਾਂ ਸ਼ੁਕਰ ਨਹੀਂ ਕਰਦਾ, ਜਿੱਥੇ ਕੋਈ ਅਸਾਡੀ ਸੂੰਹ ਨਹੀਂ ਜਾਣਦਾ ਓਸ ਪਵਿਤ੍ਰ ਜੰਗਲ ਵਿਚ ਤੈਨੂੰ ਬੜੇ ਮਹਾਂ ਪੁਰਖਾਂ ਦੇ ਦਰਸ਼ਨ, ਨਿਰੇ ਦਰਸ਼ਨ ਨਹੀਂ, ਨਾਲ ਉਪਦੇਸ਼ ਵੀ ਹੋਏ। ਫਿਰ ਭਾਈ ਬਿਸ਼੍ਰਾਮ ਸਿੰਘ ਜੇਹੇ ਤੇਰੇ ਸਹਾਈ ਹੋਣ, ਇਸਤੋਂ ਵਧਕੇ ਹੋਰ ਵਡੀ ਸ਼ੁਕਰ ਕਰਨ ਵਾਲੀ ਗਲ ਇਹ ਹੈ, ਜਿਹੜੀ ਰੋਕ ਸੀ ਪਰਮੇਸ਼ੁਰ ਦੇ ਪਾਸੇ ਵਿਚ ਪਈ ਹੋਈ, ਮਾਈ ਹੀਰ, ਸੋ ਮੂਲੋਂ ਹੀ ਛੁਟ ਗਈ। ਹੁਣ ਤਾਂ ਏਵੇਂ ਰਤਾ ਕੁ ਤੂੰ ਅੜਬਪੁਣਾ ਛੱਡਣਾ ਹੈ, ਹੋਰ ਤਾਂ ਬਾਕੀ ਕੋਈ ਲੰਮੀ ਕਸਰ ਨਹੀਂ ਹੈ। ਉਸਦੇ ਦਰਵਾਜੇ ਤਕ ਅੱਪੜ ਪਿਆ ਹੈਂ, ਉਸਦੇ ਪਿਆਰਿਆਂ ਦੇ ਮੇਲ ਤੈਨੂੰ ਹੋ ਰਹੇ ਹਨ। ਰਸਤੇ ਤੇ ਤ੍ਰੀਕੇ ਤੈਨੂੰ ਸਾਰੇ ਦੱਸੇ ਗਏ ਹਨ, ਬੱਸ ਤੇਰੀ ਮਰਦਾਨਗੀ ਬਾਕੀ ਹੈ ਜੇ ਕਰੇਂ ਤਾਂ ਬੇੜਾ ਪਾਰ ਹੈ, ਨਹੀਂ ਤਾਂ ਤੇਰੀ ਮਰਜ਼ੀ।

ਮਸਤਾਨ ਸਿੰਘ—ਮਹਾਰਾਜ ! ਮੈਨੂੰ ਵੀ ਤਾਂ ਏਹੋ ਦੁਲ ਸੂਲ ਪਏ ਉਠਦੇ ਹਨ, ਭਈ ਮੈਂ ਸਾਰੀ ਉਮਰ ਕੀ ਕਰਦਾ ਰਿਹਾ, ਸਤਿਗੁਰਾਂ ਦੇ ਪਵਿਤ੍ਰ ਸਥਾਨਾਂ, ਗੁਰਦ੍ਵਾਰਿਆਂ ਤੇ ਜਿੱਥੇ ਸਾਡੇ ਵਡੇ ਜਾਕੇ ਬਾਣੀਆਂ ਪੜ੍ਹਦੇ, ਕਾਰਾਂ ਕਰਦੇ, ਝਾੜੂ ਦੇਂਦੇ, ਸੇਵਾ ਕਰਦੇ, ਅਦਬ ਅਦਾਇਬ ਰਖਦੇ, ਮੈਂ ਓਥੇ ਜਾ ਜਾ ਕੇ ਕੁਫਰ ਦੇ ਕਲਮੇ ਤੇ ਬਕਵਾਸ, ਹੀਰ ਤੇ ਮਿਰਜੇ ਦੇ ਸੱਦ ਲਾਉਂਦਾ ਰਿਹਾ, ਲੋਕਾਂ ਨੂੰ ਰਿਝਾਉਂਦਾ ਰਿਹਾ; ਕਦੀ ਸਿਰ ਨੀਵਾਂ ਕਰਕੇ ਗੁਰਦ੍ਵਾਰੇ ਮੱਥਾ ਨਾ ਟੇਕਿਆ, ਹਾਇ ਮੇਰਾ ਕੀ ਹਾਲ ਹੋਵੇਗਾ ? ਕਿਸੇ ਤਰ੍ਹਾਂ ਮੈਨੂੰ ਬਖਸ਼ਾਓ ਮੈਂ ਵਡਾ ਅਵਗੁਣਿਆਰ ਹਾਂ, ਮੈਂ ਵਡਾ ਪਾਪੀ ਹਾਂ। ਹਾਇ ਰੱਬਾ! ਮੈਂ ਕਿਹੜੇ ਨਰਕ ਪੂਰਨ ਲਈ ਬਣਿਆਂ ਹਾਂ, ਮੈਨੂੰ ਜ਼ਿਮੀਂ ਕਿਤੇ ਵਿਹਲ ਦਿੰਦੀ ਨਹੀਂ ਨਹੀਂ ਤਾਂ ਮੈਂ ਮਾਰੇ ਸ਼ਰਮਿੰਦਗੀ ਦੇ ਗਰਕ ਹੋਜਾਵਾਂ। ਇਜੇਹੇ ਪਵਿਤ੍ਰ ਜੰਗਲ ਵਿਚ ਵੀ ਆਕੇ ਚੰਦਰੀ ਹੀਰ ਹੀ ਲਭਦਾ ਫਿਰਿਆ ਜੇ ਕਿਸੇ ਕੋਈ ਮੱਤ ਦੀ ਗਲ ਆਖੀ ਤਾਂ ਉਲਟੀ ਉਸਨੂੰ ਚਿੱਘੀ ਕੀਤੀ। ਮਹਾਰਾਜ! ਮੈਂ ਬੜੀ ਭਾਰੀ ਬੇਅਦਬੀ ਕੀਤੀ, ਮੈਨੂੰ ਭੁੱਲੇ ਨੂੰ ਰਾਹ ਪਾਓ, ਮੈਨੂੰ ਕਿਵੇਂ ਬਖਸ਼ਾਓ, ਮੇਰਾ ਰੁੜ੍ਹਦਾ ਜਾਂਦਾ ਬੇੜਾ ਬੰਨੇ ਲਾਓ। ਮੈਂ ਭਾਰੇ ਦੁੱਖਾਂ ਦੇ ਖੂਹ ਵਿਚ ਨਿਘਰਦਾ ਜਾਂਦਾ ਹਾਂ, ਕਿਵੇਂ ਮੇਰੀ ਬਾਂਹ ਫੜੋ, ਮੈਨੂੰ ਰੱਬ ਦੇ ਵਾਸਤੇ ਕੱਢੋ, ਮੇਰੀ ਕੋਈ ਬਹੁ ਠਾਹਰ ਹੈ ਨਹੀਂ। ਤੁਸੀਂ ਅਕਾਲ ਪੁਰਖ ਦੇ ਪਿਆਰੇ ਹੋ, ਪਰਉਪਕਾਰੀ ਹੋ ਸਤਪੁਰਖ ਹੋ, ਦਯਾ ਵਾਲੇ ਹੋ, ਮੈਨੂੰ ਦੀਨ ਤੇ ਅਨਾਥ ਜਾਣਕੇ ਤਰਸ ਕਰੋ, ਤਰਸ ਕਰੋ।

ਬ੍ਰਿਧ ਪੁਰਖ—ਭਾਈ ਸੰਤਾ ! ਧੀਰਜ ਕਰ,

Digitized by Panjab Digital Library | www.panjabdigilib.org

ਕਰਤਾਰ ਭਲੀ ਕਰੇਗਾ। ਸਭ ਕੁਝ ਹੋ ਜਾਵੇਗਾ ਇਹ ਗੁਰ ਨਾਨਕਦੇਵ ਸ੍ਵਾਮੀ ਦਾ ਘਰ(ਬਿਰਦ) ਹੈ, ਬਖਸ਼ਿਸ਼ ਦਾ ਦਰਵਾਜ਼ਾ ਹਰ ਵੇਲੇ ਖੁੱਲ੍ਹਾ ਹੈ, ਕਿਸੇ ਨੂੰ ਅਟਕਾਉ ਨਹੀਂ; ਤੇਰੇ ਜੇਹੇ ਲੱਖਾਂ ਕਰੋੜਾਂ ਬਖਸ਼ਾ ਗਏ ਤੂੰ ਭੀ ਭਰੋਸਾ ਕਰ ਬਖਸ਼ਿਆ ਜਾਏਂਗਾ।

ਮਸਤਾਨ ਸਿੰਘ–ਮਹਾਰਾਜ ! ਮੈਂ ਕਿਸ ਤਰ੍ਹਾਂ ਬਖਸ਼ਿਆ ਜਾਵਾਂਗਾ ? ਮੇਰੇ ਪਾਸ ਬਖਸ਼ੇ ਜਾਣ ਵਾਲੇ ਕਰਮ ਨਹੀਂ, ਹੋਰਨਾਂ ਤਾਂ ਕਿਤੇ ਭੁੱਲੇ ਚੁੱਕੇ ਕੀਤੇ ਹੋਣਗੇ, ਤਾਹੀਏਂ ਬਖਸ਼ੇ ਗਏ ਤੇ ਮੈਂ ਤਾਂ ਜਿੰਨੇ ਕਰਮ ਕੀਤੇ ਹਨ, ਸੱਭੇ ਜਾਣ ਬੁੱਝਕੇ ਕੀਤੇ ਹਨ। ਜ਼ਹਿਰ ਨੂੰ ਜ਼ਹਿਰ ਜਾਣਕੇ ਖਾਂਦਾ ਰਿਹਾ ਹਾਂ। ਪਤਾ ਅੱਜ ਲਗਾ ਹੈ ਕਿ ਇਹ ਤਾਂ ਜ਼ਹਿਰ ਦੁੱਖ ਦੇਊ। ਹਾਇ ਕੀ ਕਰਾਂ। (ਬਹੁਤ ਘਬਰਾਕੇ) ਕਿੱਥੇ ਜਾਵਾਂ, ਕੋਈ ਢੋਈ ਨਹੀਂ ਮਿਲਦੀ, ਕੋਈ ਥਾਂ ਨਹੀਂ ਲੱਭਦੀ(ਹੱਥ ਜੋੜ ਤੇ ਹਾੜੇ ਕੱਢਕੇ) ਮੇਰੇ ਬਖਸ਼ਾਉਣ ਲਈ ਮਹਾਰਾਜ ਕੋਈ ਵਾਹ ਲਾਓ,ਕ੍ਰਿਪਾ ਕਰੋ, ਸੰਤ ਦਯਾਵਾਨ ਹੁੰਦੇ ਹਨ ਮੇਰੇ ਤੇ ਭੀ ਦਯਾ ਕਰੋ !

ਬ੍ਰਿਧ ਪੁਰਖ–ਸੱਜਣਾਂ ਧੀਰਜ ਕਰ, ਦੇਖ ਤੈਨੂੰ ਬਖਸ਼ਾਉਣ ਦੀ ਗਲ ਸਮਝਾ ਦਿੰਦੇ ਹਾਂ। ਪਹਿਲੇ ਤੈਨੂੰ ਇਹ ਚਾਹੀਏ ਕਿ ਸਾਧ ਸੰਗਤ ਸਿੱਖਾਂ ਦੇ ਸਮਾਜ ਵਿਚ ਜਾਕੇ ਗਲ ਵਿਚ ਪੱਲਾ ਪਾਕੇ ਹੱਥ ਜੋੜਕੇ ਜਾਕੇ ਖੜਾ ਹੋ ਜਾਹੁ ਤੇ ਬੇਨਤੀ ਕਰ–ਮਹਾਰਾਜ ! ਮੈਂ ਤਨਖਾਹੀਆ ਹਾਂ, ਕ੍ਰਿਪਾ ਕਰਕੇ ਮੈਨੂੰ ਬਖਸ਼ੋ। ਇਸ ਪਰ ਜੋ ਕੁਛ ਪੁੱਛਣ ਸੱਚ ਸਚ ਕਹਿ ਦਿਓ। ਜੋ ਜੋ ਕੁਝ ਪਾਪ ਅਪਾਧ ਕਰਤੂਤ ਹੋਈ ਹੋਵੇ ਸੱਚੋ ਸੱਚ ਕਹਿ ਦਿਓ, ਇਸਤੋਂ ਉਪਰੰਤ ਜੋ ਕੁਝ ਤਨਖਾਹ ਲਗੇ ਉਸਨੂੰ ਪਰਵਾਣ ਕਰੋ। ਜੇ ਨਕਦੀ ਹੋਵੇ ਤਾਂ ਗੁਰੂ ਕੀ ਗੋਲਕ ਵਿਚ ਪਾਓ, ਜੇ ਸਰੀਰਕ ਸੇਵਾ ਦੀ ਹੋਵੇ ਜਾਂ ਬਾਣੀ ਦੇ ਪਾਠ ਦੀ ਹੋਵੇ ਪ੍ਰਸੰਨ ਮਨ ਹੋਕੇ ਪਰਵਾਨ ਕਰੋ, ਉਸਨੂੰ ਹੁਕਮ ਮੁਜਬ ਹੀ ਨਿਬਾਹ ਦਿਓ ਫਿਰ ਜੋ ਕੁਝ ਸਦਾ ਵਾਸਤੇ ਰਹਤ ਬਹਤ,ਬਾਣੀ,ਭਜਨ ਬੰਦਗੀ,ਨਿਤਨੇਮ ਕਰਨ ਲਈ ਆਗਿਆ ਹੋਈ ਹੋਵੇ, ਉਸਦਾ ਅੰਤ ਦੇ ਸ੍ਵਾਸਾਂ ਤਕ ਨਿਬਾਹ ਕਰੋ।

ਮਸਤਾਨ ਸਿੰਘ–ਉਠਕੇ ਖੜਾ ਹੋਕੇ ਗਲ ਵਿਚ ਪੱਲਾ ਪਾਕੇ ਲੱਗਾ ਬੇਨਤੀ ਕਰਨ। ਮਹਾਰਾਜ! ਮੈਨੂੰ ਬਖਸ਼ੋ ਮੈਂ ਤਨਖਾਹੀਆ ਹਾਂ।

ਬ੍ਰਿਧ ਪੁਰਖ–ਭਾਈ ਠੀਕ ਹੈ, ਇਕੁਰ ਹੀ ਕਹਿਣਾ ਤੇ ਕਰਨਾ,ਪਰ ਸੰਗਤ ਵਿਚ,ਦੀਵਾਨ ਵਿਚ। ਮੈਂ ਇਸ ਵੇਲੇ ਇਕੱਲਾ ਹਾਂ, ਘੱਟ ਤੋਂ ਘੱਟ ਪੰਜ ਹੋਈਏ ਤਾਂ ਬਖਸ਼ ਸਕੀਦਾ ਹੈ,ਇਸ ਲਈ ਸੰਗਤ ਵਿਚ ਹੀ ਕਾਰਜ ਠੀਕ ਸਵਰੂ।

ਮਸਤਾਨ ਸਿੰਘ–ਵਾਹ ਕਿਸਮਤੇ! ਵਾਹ ! ਕਿਥੇ ਕਿਸਮਤ ਨੇ ਮੇਰੀ ਤੋੜੀ ਆਣ ਕਮੰਦ। ਦੋ ਤਿੰਨ ਹੱਥ ਜਦ ਮਹਲਦਾਬੰਨਾ ਰਿਹਾ ਅਨੰਦ*।

ਇੰਨਾਂ ਕਹਿੰਦਾ ਹੀ ਸੀ ਕਿ ਉਸ ਸੰਤ ਸਮਾਜ ਵਿਚੋਂ ਕੁਝ ਸੰਤ ਆਪਸ ਵਿਚ ਗੱਲਾਂ ਕਰਦੇ ਹੋਏ ਇਸ ਬ੍ਰਿਧ ਪੁਰਖ ਵਲ ਤੁਰੇ ਆਉਂਦੇ ਦਿੱਸ ਪਏ, ਇਹ ਦੇਖਕੇ ਝੱਟ ਹੀ ਬੋਲ ਉਠਿਆ–

ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਗੀਆ ॥

ਇੰਨੇ ਤਕ ਓਹ ਮਹਾਤਮਾ ਆਣ ਪੁੱਜੇ ਤੇ ਆਪਸ ਵਿਚ ਫਤੇ ਗਜਾਕੇ ਬ੍ਰਿਧ ਪੁਰਖ ਦੇ ਸਤਿਕਾਰ ਆਦਰ ਨਾਲ ਬੈਠ ਗਏ। ਅਜੇ ਉਹ ਕੁਝ ਆਪਣੀ ਗਲ ਬਾਤ ਕਰਨੀ ਹੀ ਚਾਹੁੰਦੇ ਸਨ ਕਿ ਇਧਰੋਂ ਮਸਤਾਨ ਸਿੰਘ ਨੇ ਫਿਰ ਬੇਨਤੀ ਕੀਤੀ, 'ਹੇ ਗੁਰੂ ਖਾਲਸਾ ਜੀ! ਮੈਂ ਅਪ-

*ਕਿਸਮਤ ਕੀ ਖੂਬੀ ਦੇਖੀਏ ਟੂਟੀ ਕਹਾਂ ਕਮੰਦ ਦੋ ਚਾਰ ਹਾਥ ਜਬਕੇ ਲਬੇ ਬਾਮ ਰਹਿ ਗਿਆ।

Digitized by Panjab Digital Library | www.panjabdigilib.org

ਰਾਧੀ ਪਾਪੀ ਔਗੁਣਹਾਰ ਤਨਖਾਹੀਆ ਫਰਿਆਦੀ ਹਾਂ, ਮੈਨੂੰ ਬਖਸ਼ੋ। ਤੁਸੀਂ ਗੁਰੂ ਪਰਮੇਸ਼ੁਰ ਦੇ ਪਿਆਰੇ ਹੋ, ਬਿਰਦ ਦੀ ਲਾਜ ਜਾਣਕੇ ਮੈਂ ਅਨਾਥ ਨੂੰ ਬਖਸ਼ੋ, ਮੈਂ ਆਪਣੀਆਂ ਤਕਸੀਰਾਂ ਹੀ ਮੁਹਰੇ ਰੱਖਕੇ ਹਾਜ਼ਰ ਹੋਯਾ ਹਾਂ'।

ਬ੍ਰਿਧ ਪੁਰਖ–(ਨਵੇਂ ਆਏ ਹੋਏ ਮਹਾਤਮਾਂ ਪੁਰਖਾਂ ਵਲ ਮੂੰਹ ਕਰਕੇ) ਇਹ ਵਿਚਾਰਾ ਕਿਸੇ ਵੇਲੇ ਦਾ ਪਿਆ ਵਿਲਕਣੀਆਂ ਕਰਦਾ ਹੈ ਤੇ ਭਾਈ ਉਪਰਾਮ ਸਿੰਘ ਜੀ ਅਤੇ ਬਿਸ੍ਰਾਮ ਸਿੰਘ ਜੀ ਨੇ ਇਸਦੇ ਮਨ ਰੂਪੀ ਕਪੜੇ ਨੂੰ ਖੂੰਬੇ ਚਾੜ੍ਹਕੇ ਚੰਗਾ ਨਿਖਾਰ ਕੇ ਸਾਫ ਤਾਂ ਕਰ ਛਡਿਆ ਹੋਇਆ ਹੈ। ਇਸ ਪਵਿਤ੍ਰ ਭੂਮੀ ਦਾ ਪਾਹ ਬੀ ਲਗ ਰਿਹਾ ਹੈ, ਜੇ ਕ੍ਰਿਪਾ ਕਰਕੇ ਇਸਨੂੰ ਆਪਣੀ ਸ੍ਰੀ ਗੁਰੂ ਨਾਨਕ ਦੇਵ ਵਾਲੀ ਰੰਗਣ ਵਿਚ ਪਾ ਦਿਓ ਤਾਂ ਬੇ ਪਤਵਾਹ ਹੋ, ਆਪ ਦੇ ਕੀ ਪ੍ਰਵਾਹ ਹੈ?

ਨਵੇਂ ਆਏ–ਇਹ ਉਸ ਸੰਤ ਸਮਾਜ ਵਿਚ ਬੀ ਹਾੜੇ ਕਢਦਾ ਹੈ ਆਇਆ ਤੇ ਇਸਨੂੰ ਰੀਤ ਮਿਜਾਦਾ ਰਹਤ ਅਗੇ ਬਹੁਤ ਸਾਰੀ ਸਮਝਾਈ ਵੀ ਗਈ ਹੈ ਤੇ ਇਸ ਵੇਲੇ ਕੁਝ ਇਸ ਵਿਚ ਝਲਕਦੀ ਵੀ ਹੈ,ਪਰ ਆਪ ਬੜੇ ਹੋ, ਆਪ ਹੀ ਕ੍ਰਿਪਾ ਕਰੋ।

ਬ੍ਰਿਧ ਪੁਰਖ–ਇਸ ਵੇਲੇ ਤਨਖਾਹੀਆ ਬਣਕੇ ਖੜਾ ਹੈ,ਸੱਚੇ ਦਿਲ ਨਾਲ ਬਖਸ਼ਾਉਂਦਾ ਵੀ ਹੈ, ਇਸ ਲਈ ਪਹਿਲੇ ਕ੍ਰਿਪਾ ਕਰਕੇ ਇਸਦੀ ਤਨਖਾਹ ਬਖਸ਼ੋ।

ਇਹ ਬਚਨ ਸੁਣਕੇ ਇਕ ਸਿੰਘ ਵਿਚੋਂ ਉਠ ਖਲੋਤਾ ਤੇ ਅਰਦਾਸਾ ਸੋਧਕੇ ਆਗਜਾ ਲਈ, ਫਿਰ ਮਸਤਾਨ ਸਿੰਘ ਨੂੰ ਪੁੱਛਿਆ, ਕਹੁ ਭਾਈ ਸਿੱਖਾ! ਤੈਂ ਕੀ ਤਨਖਾਹ ਵਾਲੀ ਗਲ ਕੀਤੀ ਹੈ? ਸੱਚ ਸੱਚ ਕਹੀਂ।

ਮਸਤਾਨਸਿੰਘ–ਮਹਾਰਾਜ! ਮੈਂ ਬੜੇ ਅਪ੍ਰਾਧ ਕੀਤੇ ਹਨ। ਪਹਿਲੇ ਤਾਂ ਸਿੱਖ ਦਾ ਪੁੱਤ੍ਰ ਹੋਕੇ ਦਾੜ੍ਹੀ ਦੇ ਕੇਸ ਚੁਗਾਉਂਦਾ ਰਿਹਾ ਹਾਂ। ਦੂਜੇ ਮੈਂ ਕੁੱਠਾ ਵੀ ਖਾਂਦਾ ਰਿਹਾ ਹਾਂ, ਤੀਜੇ ਹਰ ਮੱਸਿਆ ਤੇ ਤਰਨ ਤਾਰਨ ਸਾਹਿਬ ਜੀ ਤਾਂ ਜਾਂਦਾ ਰਿਹਾ, ਪਰ ਹੀਰ, ਮਿਰਜਾ, ਸੋਹਣੀ ਹੀ ਗਾਉਂਦਾ ਫਿਰਿਆ ਤੇ ਤੀਵੀਆਂ ਨੂੰ ਛੇੜਦਾ ਫਿਰਿਆ। ਕਦੀ ਗੁਰਦ੍ਵਾਰੇ ਜਾਕੇ ਮੱਥਾ ਨਾਂ ਟੇਕਿਆ, ਕੁਣਕਾ ਨਾ ਕਰਾਇਆ, ਗੁਰੂ ਪਰਮੇਸ਼ਰ ਦਾ ਭੈ ਨਹੀਂ ਕੀਤਾ। ਹੀਰ ਦਾ ਪ੍ਰੇਮੀ ਇਜੇਹਾ ਬਣਿਆਂ ਕਿ ਘਰ ਬਾਰ ਸਨਬੰਧੀ ਸੱਭੇ ਛੱਡ ਛਡਾਕੇ ਢੂੰਡਦਾ ਫਿਰਦਾ ਇਥੋਂ ਤਾਈ ਪੁੱਜਿਆ ਤੇ ਏਥੇ ਆਕੇ ਵੀ ਹੀਰ ਹੀ ਢੂੰਡੀ। ਜੇ ਬਾਣੀ ਪੜ੍ਹੀ ਤਾਂ ਹੀਰ ਦੇ ਕਾਰਨ, ਜੇ ਸੰਜਮ ਕੀਤੇ ਤਾਂ ਹੀਰ ਲਈ, ਜੇ ਹਰਮੰਦਰ ਜੀ ਦੀ ਸੇਵਾ ਕੀਤੀ ਤਾਂ ਹੀਰ ਵਾਸਤੇ, ਜੇ ਅਰਦਾਸੇ ਸੋਧੇ ਤਾਂ ਹੀਰ ਦੀ ਖਾਤਰ, ਹੀਰ ਤੋਂ ਛੁੱਟ ਹੋਰ ਕੁਝ ਨਾਂ ਸੁੱਝਿਆ। ਜੇ ਹੁਣ ਆਪ ਦੀ ਕ੍ਰਿਪਾ ਨਾਲ ਸੋਝੀ ਪਈ ਤਾਂ ਬਿਨਾ ਪਛੁਤਾਵੇ ਦੇ ਹੋਰ ਕੁਝ ਨਾਂ, ਇਸ ਲਈ ਪੁਕਾਰ ਕਰਨਾਂ ਹਾਂ ਕਿਵੇਂ ਮੈਂ ਅਪਰਾਧੀ ਵੀ ਬਖਸ਼ਿਆ ਜਾਵਾਂ।

ਸਿੰਘ ਜੀ–ਤੇਰਾ ਨਾਉਂ ਕੀਹ ਹੈ?

ਮਸਤਾਨ ਸਿੰਘ–ਜੀ ਮਸਤਾਨ ਸਿੰਘ।

ਸਿੰਘਜੀ–ਤੈਂ ਖੰਡੇਦਾਅੰਮ੍ਰਿਤ ਛਕਿਆਹੈ?

ਮਸਤਾਨਸਿੰਘ–ਜੀ ਮਹਾਰਾਜ! ਛਕਿਆਹੈ?

ਸਿੰਘਜੀ–ਇਹਕੁਰਹਿਤਾਂ ਪਹਿਲੋਂਕੀਤੀਆਂ ਸਨ ਕਿ ਅੰਮ੍ਰਿਤ ਛਕਕੇ ਕੀਤੀਆਂ ਹਨ?

ਮਸਤਾਨ ਸਿੰਘ–ਜੀ ਪਹਿਲੋਂ,ਪਰ ਅੰਮ੍ਰਿਤ ਛਕਕੇ,ਭਾਵੇਂ ਇਕਵੰਜਾ ਪਾਠਾਂ ਤਕ ਰੋਜ਼ ਜਪ ਸਾਹਿਬ ਦੇ ਪੁੱਜਾ,ਪਰ ਹੀਰ ਦੀ ਖਾਤਰ ਕਰਦਾ ਰਿਹਾ।

ਸਿੰਘ ਜੀ–ਪਹਿਲੀਆਂ ਕੁਰਹਿਤਾਂ ਤੇਰੀਆਂ ਅੰਮ੍ਰਿਤ ਛਕਣ ਵੇਲੇ ਬਖਸ਼ੀਆਂ ਗਈਆਂ ਸਨ,

Digitized by Panjab Digital Library | www.panjabdigilib.org

ਬਾਕੀ ਰਹੀ ਹੀਰ; ਮੁਸਲੀ ਸਿੰਘ ਦੇ ਅੰਦਰੋਂ ਨਾ ਨਿਕਲੀ, ਇਸਲਈ ਕੁਝ ਤਨਖਾਹ ਚਾਹੀਏ, ਭਾਵੇਂ ਤੇਰੇ ਰੋਜ਼ ਦੇ ਬਾਣੀ ਦੇ ਪਾਠ ਤੇ ਸੇਵਾ ਨੇ ਮਨ ਨੂੰ ਸੁੱਧ ਕੀਤਾ, ਪਰ ਹੀਰ ਦਾ ਕੰਡਾਂ ਵਿਚ ਰੜਕਦਾ ਰਿਹਾ, ਸੋ ਵਾਹਿਗੁਰੂ ਨੇ ਕ੍ਰਿਪਾ ਕੀਤੀ, ਪੱਟਿਆ ਗਿਆ, ਇਸ ਸ਼ੁਕਰ ਗੁਜ਼ਾਰੀ ਵਾਸਤੇ ਤੈਨੂੰ ਇਕ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰੇਮ ਭਾਵਨਾ ਨਾਲ ਕਰਨਾ ਚਾਹੀਏ। ਕਿਉਂ ਖਾਲਸਾ ਜੀ ਕੀ ਆਗਜਾਹੈ, ਸਭ ਨੇਆਖਿਆ— 'ਹਾਂ ਬਹੁਤ ਠੀਕ ਹੈ'।

ਸਿੰਘ ਜੀ—ਕਿਉਂ ਭਾਈ ਮਸਤਾਨ ਸਿੰਘਾ ! ਪਰਵਾਨ ਹੈ, ਇਕ ਪਾਠ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦਾ ਕਰਨਾ ?

ਬਿਸ੍ਰਾਮਸਿੰਘ ਜੀ-ਕਹੁ ਭਾਈ 'ਪਰਵਾਨਹੈ'।

ਮਸਤਾਨ ਸਿੰਘ—ਮਹਾਰਾਜ ਪਰਵਾਨ ਹੈ।

ਸਿੰਘ ਜੀ ਨੇ ਅਰਦਾਸਾ ਸੋਧਿਆ ਭਈ ਸਿੰਘ ਨੇ ਆਗਜਾ ਪਰਵਾਨ ਕੀਤੀ ਹੈ, ਸਿੰਘ ਹੋਵੇ, ਨਾਮ ਚਿਤ ਆਵੇ। ਫਤਹ ਗਜਾਕੇ ਸੁਖ ਹੁਰੀਂ ਬੈਠ ਗਏ। ਮਸਤਾਨ ਸਿੰਘ ਹੁਰੀਂ ਵੀ ਆਗਜਾ ਪਾਕੇ ਅਦਬ ਨਾਲ ਹੱਥ ਜੋੜਕੇ ਬੈਠ ਗਏ ਤੇ ਬੇਨਤੀ ਕਰਨ ਲਗੇ, ਮਹਾਰਾਜ ਇਹ ਬੀ ਕ੍ਰਿਪਾ ਕਰਕੇ ਦੱਸੋ ਰਹਿਣੀ ਕੀ ਰੱਖਾਂ ਤੇ ਬਹਿਣੀ ਕਿਸ ਬੈਠਾਂ ?

ਬ੍ਰਿਧ ਪੁਰਖ—ਭਾਈ ਸਜਣਾ ! ਰਹਿਣੀ ਓਹੋ ਹੈ ਜੋ ਤੈਨੂੰ ਭਾਈ ਉਪਰਾਮ ਸਿੰਘ ਜੀ ਰਖਾ ਚੁਕੇ ਹਨ।

ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨ॥
ਉਆ ਡੇਰਾ ਕਾ ਸੰਜਮੋ ਗੁਰਕੇ ਸਬਦ ਪਛਾਨ॥

ਇਹ ਸੰਸਾਰ ਸਰਾਇ ਦਾ ਵਾਸਾ ਜਾਣ ਕੇ ਕਿਸੇ ਪਦਾਰਥ ਨਾਲ ਮਮਤਾ ਨਾ ਬੰਨ੍ਹਣੀ, ਰੈਣ ਬਸੇਰੇ ਲਈ ਸੁਖਦਾਈ ਜਾਨਣਾ ਤੇ ਮੰਜ਼ਲ (ਪ੍ਰਲੋਕ) ਨੂੰ ਚਿੱਤੋਂ ਨਾ ਭੁਲਾਉਣਾ। ਆਪਣੇ ਕਰਤੱਵ ਨੂੰ ਪਵਿੱਤ੍ਰ ਰਖਣਾ।ਪਰਮੇਸ਼ੁਰ ਦੀ ਯਾਦ ਵਿਚ ਰਹਿਣਾ।ਸਤ ਮਾਰਗ ਦੇ ਰਸਤੇ ਤੁਰਿਆ ਚੱਲਣਾ, ਅੱਕ ਕੇ ਜਾਂ ਥੱਕ ਕੇ ਪਿੱਛੇ ਨਾ ਮੁੜਨਾ। ਜੇ ਗੁਰੂ ਪਰਮੇਸ਼ੁਰ ਦੀ ਕ੍ਰਿਪਾ ਨਾਲ ਕੁਝ ਪਰਮਾਰਥ ਦੀ ਸੋਝੀ ਪੈ ਜਾਵੇ ਤਾਂ ਉਸ ਨੂੰ ਸ਼ੁਭ ਦੇ ਧਨ ਵਾਕਰ ਜਰ ਜਾਣਾ, ਪ੍ਰਗਟ ਨਹੀਂ ਕਰਨਾ। ਆਪਾ ਨਹੀਂ ਜਣਾਉਣਾ, ਰਜ਼ਾ ਵਿਚ ਰਾਜ਼ੀ ਰਹਿਣਾ, ਜੋ ਕੁਝ ਆ ਬਣੇ ਭਾਣਾ ਮੰਨਣਾ। ਇਸ ਲਈ ਸਭ ਨਾਲ ਪਿਆਰ ਕਰਨਾ, ਬੁਰਾ ਕਿਸੇ ਨੂੰ ਨਹੀਂ ਜਾਣਨਾ। ਜਗਤ ਦੀ ਮਿਹਾਦਾ ਵਿਚ ਮੈਂ ਮੇਰੀ ਨਹੀਂ ਕਰਨੀ; ਸਰਾਇ ਦਾ ਭਾੜਾ ਸਮਝਕੇ ਨਿਬਾਹੁਣਾ। ਇਕ ਅਕਾਲ ਪੁਰਖ ਪਰਮੇਸ਼ੁਰ ਨੂੰ ਹੀ ਪੂਜਣਾ, ਮੰਨਣਾ, ਧਿਆਉਣਾ, ਸਿਮਰਨਾ। ਓਸੇ ਦੇ ਹੁਕਮ ਵਿਚ ਵਰਤਨਾ। ਇਕੁਰ ਹੀ ਬਹਿਣੀ ਸਮਝ ਲੈ, ਜਿੱਥੇ ਸਤਿਸੰਗ ਹੋਵੇ, ਕਥਾ ਕੀਰਤਨ ਅਨੰਦ ਭਗਵਤ ਭਜਨ, ਸਤਿ ਪੁਰਖਾਂ ਦਾ ਮੇਲ, ਈਸ਼ੁਰ ਸੰਬੰਧੀ ਬਚਨ ਬਿਲਾਸ ਹੁੰਦੇ ਹੋਣ, ਅਥਵਾ ਜਿਸ ਮਹਾਂ ਪੁਰਖ ਦੇ ਪਾਸ ਬੈਠਿਆਂ, ਬਚਨ ਸੁਣਿਆਂ ਉਸਦੀ ਚਾਲ ਢਾਲ ਤੇ ਚਲਿਆਂ ਬਚਨ ਕਮਾਇਆਂ ਮਨ ਨੂੰ ਸ਼ਾਂਤਿ ਤੇ ਸੁਖ ਪ੍ਰਤੀਤ ਹੋਵੇ ਤਿਥੇ ਬੈਠੀਏ। ਬਹਿੰਦਿਆਂ ਉਠਦਿਆਂ ਜਾਗਦਿਆਂ ਸੌਂਦਿਆਂ ਬਾਣੀਨਾਮ ਦਾ ਅਭਯਾਸ ਕਰਦੇ ਰਹਿਣਾ। ਇਦ੍ਹੂੰ ਕੰਮੋ ਵਿਹਲਿਆਂ ਨਹੀਂ ਰਹਿਣਾ, ਮਨ ਨੂੰ ਵਿਹਲੇ ਨਹੀਂ ਰਖਣਾ।ਵਿਹਲਾ ਮਨ ਮਾੜੀਆਂ ਚਿਤਵਨੀਆਂ ਵਿਚ ਜਾਂਦਾ ਹੈ ਤੇ ਬਿਰਥੇ ਸੰਕਲਪਾਂ ਵਿਚ ਉਡਦਾ ਹੈ।ਜੋ ਸੰਗੀ ਹੋਵੇ ਉਸਨੂੰ ਭਲਾ ਉਪਦੇਸ਼ ਕਰਨਾ ਅਥਵਾ ਭਲਾ ਉਪਦੇਸ਼ ਸੁਣਨਾ, ਪਿਛਲੀ ਰਾਤ ਨੇਮ ਨਾਲ ਜਾਗਣਾ, ਸੌਚ ਸ਼ਨਾਨਕਰਕੇ ਵਾਹਿਗੁਰੂਦੀ ਯਾਦ ਦੇ ਆਹਰ ਵਿਚ ਲਗਿਆਂ ਰਹਿਣਾ, ਧਰਮ ਕਿਰਤ ਕਰਨੀ ਤੇ ਵੰਡ ਕੇ ਛਕਣਾ। ਦੀਨ,

Digitized by Panjab Digital Library | www.panjabdigilib.org

ਦੁਖੀ, ਰੋਗੀ, ਅਭਜਾਗਤ ਉਤੇ ਦਯਾ ਕਰਨੀ, ਸੇਵਾ ਕਰਨੀ, ਜਗਤ ਵਿਚ ਨਿਰਲੇਪ ਵਰਤਣਾ। ਹੋਰ ਤੈਂ ਸੰਤ ਸਮਾਜ ਦੇ ਉਪਦੇਸ਼ ਮਨ ਲਾਕੇ ਸਾਰੇ ਸੁਣੇ ਹੀ ਹਨ, ਓਹ ਸੱਭੇ ਕਮਾਵਣ ਵਾਲੇ ਹਨ,ਨਿਰੇ ਸੁਣ ਛਡਣ ਵਾਲੇ ਨਹੀਂ। ਇੰਨੀਆਂ ਗਲਾਂ ਕਰ ਹੀ ਰਹੇ ਸਨ ਕਿ ਉਨ੍ਹਾਂ ਮਹਾਤਮਾਂ ਨੇ ਇਹ ਤੁਕ ਕਹਿਕੇ– 'ਆਇਓ ਸੁਨਨ ਪੜਨ ਕਉ ਬਾਣੀ' ਅਗਲਾ ਸਬਦ ਗਉੜੀ ਆਸਾ ਦੀ ਲਯ ਵਿਚ ਅਰੰਭ ਕਰ ਦਿਤਾ:–

ਰਾਗੁ ਗਉੜੀ ਛੰਤ ਮਹਲਾ ੫॥

ੴ ਸਤਿਗੁਰ ਪ੍ਰਸਾਦਿ॥

ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ॥ ਮੇਰੈ ਮੀਤ ਸਖਾ ਹਰਿ ਜੀਉ ਗੁਰਪੁਰਖ ਬਿਧਾਤੇ॥ ਪੁਰਖੋ ਬਿਧਾਤਾ ਏਕੁ ਸ੍ਰੀ ਧਰੁ ਕਿਉ ਮਿਲਹ ਤੁਝੈ ਉਡੀਣੀਆ॥ ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ॥ ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ॥ ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ॥ ੧॥ ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ॥ ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ॥ ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ॥ ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ॥ ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ॥ ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ॥ ੨॥ ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥ ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥ ਅਰਪਿਆ ਤ ਸੀਸੁ ਸੁ ਥਾਨਿ ਗੁਰਪਹਿ ਸੰਗਿ ਪ੍ਰਭੂ ਦਿਖਾਇਆ॥ ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ॥ ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ॥ ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ॥ ੩॥ ਮੇਰੇ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥ ਮਿਲਿਆ ਤ ਲਾਲੁ ਰੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥ ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥ ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ॥ਬਿਨਵੰਤਿ ਨਾਨਕ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ॥ ੪॥ ੧॥

ਜਦ ਇਸ ਸ਼ਬਦ ਦਾ ਭੋਗ ਪਿਆ, ਸਭਨਾਂ ਨੇ ਸਿਰ ਨਿਵਾਇਆ, ਅਰਦਾਸ ਹੋਈ ਫਤੇ ਗਜਾ ਕੇ ਤੁਰ ਪਏ। ਤਾਂ ਫੇਰ ਮਸਤਾਨ ਸਿੰਘ ਹੱਥ ਜੋੜ ਕੇ ਬੇਨਤੀ ਕਰਨ ਲਗਾ– ਮਹਾਰਾਜ!ਮੈਂਕਿਧਰ ਜਾਵਾਂ?ਤਦ ਬ੍ਰਿੱਧ ਪੁਰਖ ਨੇ ਉੱਤਰ ਦਿੱਤਾ–ਤੂੰ ਜਾਹ ਭਾਈ ਉਪਰਾਮਸਿੰਘ ਕੋਲ ਜਿਹੜਾ ਤੈਨੂੰ ਕੋਹਕੁ ਗੁਰਦਵਾਰੇ ਤੋਂ ਉਰੇ ਹੀ ਬੈਠਾ ਉਡੀਕਦਾ ਹੈ। ਡੰਡੀ ਇਹੋ ਹੀ ਹੈ। ਸਿੱਧੇ ਤੀਰ ਚਲੇ ਜਾਓ, ਨਾਲ ਤੇਰੇ ਸਾਥ ਵਾਸਤੇ ਭਾਈ ਬਿਸ੍ਰਾਮ ਸਿੰਘ ਹੋਰੀਂ ਹੈਗੇ ਹੀ ਹਨ। ਇਹ ਕਹਿੰਦੇ ਹੋਏ 'ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ' ਗਜਾਕੇ ਜੰਗਲ ਦੇ ਰੁਖ ਚਲਦੇ ਹੋਏ ਤੇ ਮਸਤਾਨਸਿੰਘ, ਭਾਈ ਬਿਸ੍ਰਾਮ ਸਿੰਘ ਹੋਰੀਂ ਸਹਜੇ ਸਹਜੇ ਟੁਰਦੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਬੇ-ਮਲੂਮ ਜੇਹੀ ਪਗਡੰਡੀ, ਜੋ ਕਈ ਜਗਹ ਤੋਂ ਬੇਪਤਾਹੋਈਹੋਈ ਹੈ ਉਤੇ ਤੁਰੇ ਜਾ ਰਹੇਹਨ।ਜੰਡ, ਕਰੀਰ ਤੇ ਪੀਲੂ,ਕਿਤੇ ਕੋਈ ਛਿੱਛਰੇ ਦਾ ਬੂਟਾ ਵੀ ਦਿੱਸ ਪੈਂਦਾ ਹੈ। ਇਸ ਰਸਤੇ ਵਿਚ ਨਾਂ ਕੋਈ ਰਾਹੀ ਹੀ ਦਿੱਸਿਆ ਤੇ ਨਾ ਕੋਈ ਫੇਰ ਮਹਾਤਮਾ ਹੀ ਨਜ਼ਰੀਂ ਪਿਆ ਤੇ ਨਾਂਕਿਤੇਪਾਣੀ

Digitized by Panjab Digital Library | www.panjabdigilib.org

ਹੀ ਡਿੱਠਾ ਅਤੇ ਨਾਂ ਪ੍ਰਿਥਵੀ ਤੇ ਸਬਜ਼ਾਈ। ਘਾਸ ਦੀ ਜਾਂ ਦਰਖਤਾਂ ਦੀ ਹਰਿਆਉਲ ਜੋ ਝੰਗੀਆਂ ਦੀ ਸ਼ਕਲ ਬੰਨ੍ਹੀ ਖਲੋਤੇ ਹਨ ਦਿਸ ਰਹੀ ਹੈ।ਇਕੁਰ ਹੀਚਲਦਿਆਂ ਚਲਦਿਆਂ ਜਦ ਦੁਪਹਿਰ ਦੇ ਲਗ ਪਗ ਸੂਰਜ ਅੱਪੜ ਪਿਆ ਤਾਂ ਇਕ ਜਾਲ ਦੇ ਬੂਟੇ ਹੇਠ ਆਸਣ ਵਿਛਾਈ ਭਾਈ ਉਪਰਾਮ ਸਿੰਘ ਜੀ ਬੈਠੇ ਹੋਏ ਦੇਖੇ। ਮਸਤਾਨ ਸਿੰਘ ਤਾਂ ਭੱਜਕੇ ਚਰਨਾਂ ਤੇ ਜਾਕੇ ਡਿਗ ਪਿਆ ਤੇ ਭਾਈ ਬਿਸ੍ਰਾਮ ਸਿੰਘ ਹੋਰਾਂ ਆਪਸ ਵਿਚ ਫਤੇ ਗਜਾਈ, ਪਰ ਮਸਤਾਨ ਸਿੰਘ ਤਾ ਪੈਰਾਂ ਤੇ ਡਿਗਦਾ ਹੀ ਬੇਸੁਰਤ ਹੋ ਗਿਆ। ਉਪਰਾਮ ਸਿੰਘ ਜੀ ਸਿਰ ਫੜ ਫੜਕੇ ਉਠਾ ਰਹੇ, ਪਰ ਉੱਠੇ ਕੌਣ? ਕੋਈ ਸੋਝੀ ਹੋਵੇ ਤਾਂ ਉਠੇ।ਸਿਰ ਤਾਂ ਜ਼ੋਰ ਨਾਲ ਚੁਕ ਕੇ ਉਤਾਹਾਂ ਕੀਤਾ,ਨੇਤ੍ਰ ਬੰਦ, ਸ੍ਵਾਸ ਧੀਮਾ, ਚੇਤਨਾ ਤੋਂ ਰਹਿਤ, ਝਟਪਟ ਪਾਸ ਪਏ ਗੜਵੇ ਵਿਚੋਂ 'ਵਾਹਿਗੁਰੂ' ਕਹਿਕੇ ਜਲ ਦੇ ਛੱਟੇ ਮਾਰੇ ਤਾਂ ਮਸਤਾਨ ਸਿੰਘ ਨੇਸੁਰਤਕੀਤੀ।'ਸ੍ਰੀ ਵਾਹਿਗੁਰੂ' ਕਹਿਕੇ ਫਿਰ ਚਰਨਾਂ ਤੇ ਸਿਰ ਰੱਖਣ ਲਗਾ ਤਾਂ ਅਗੋਂ ਭਾਈ ਉਪਰਾਮ ਸਿੰਘ ਜੀ ਨੇ ਮੱਥਾ ਠੱਲ੍ਹ ਲਿਆ ਤੇ ਆਖਿਆ,ਧੀਰਜ ਕਰ,ਤਕੜਾ ਹੋ, ਇਹ ਕੀ ਗਲ ਹੈ ? ਸੀਸ ਨੂੰ ਸੰਭਾਲ ਲੈ।

ਮਸਤਾਨ ਸਿੰਘ–ਮਹਾਰਾਜ ! ਮੈਨੂੰ ਆਪ ਦੀਕ੍ਰਿਪਾ ਨਾਲ ਹੀਰ ਨਿਖਸਮੀਦੀ ਅਸਲੀਅਤ ਲੱਭ ਪਈ, ਇਹ ਸਾਰਾ ਤੁਹਾਡਾ ਪਰਤਾਪ ਹੈ। ਮੇਰਾ ਜੀ ਆਂਹਦਾ ਹੈ ਮੈਂ ਤੁਹਾਡੇ ਚਰਨਾਂ ਤੋਂ ਕੁਰਬਾਨ ਹੋ ਜਾਵਾਂ, ਜੋ ਕੁਝ ਮੈਂ ਅੱਜ ਡਿੱਠਾ ਹੈ ਮੇਰੇ ਅੰਦਰ ਮੇਉਂਦਾ ਨਹੀਂ। ਉਹ ਅਚਰਜ ਡਿੱਠਾ ਹੈ ਕਿ ਜਿਸਨੂੰ ਦੇਖ ਦੇਖਕੇ ਅਚਰਜ ਹੀ ਰਹਿ ਗਿਆ ਹਾਂ ਭੁੱਲੀ ਪੈ ਜਾਣਾ ਸਕਾਰਥ ਹੀ ਹੋਇਆ।

ਉਪਰਾਮ ਸਿੰਘ–ਚੱਲ ਹੁਣ ਉੱਠਅਜੇ ਕੋਹ ਪੈਂਡਾ ਹੈ, ਉਤੋਂ ਦੁਪਹਿਰ ਹੋ ਚਲੀਹੈ,ਗੁਰਦ੍ਵਾਰੇ ਛੇਤੀ ਅੱਪੜੀਏ ਤੇ ਇਹ ਤੇਰੀਆਂ ਗੱਲਾਂ ਇਕਾਂਤ ਬੈਠਕੇ ਸੁਣਾਂਗੇ,ਜ਼ਰਾ ਜਰੀਰਖ,ਧੀਰਜ ਕਰ। ਇਹ ਕਹਿੰਦੇ ਹੋਏ ਝੱਟ ਉਠ ਖੜੋਤੇ। ਆਸਣ ਝਾੜ ਮਸਤਾਨ ਸਿੰਘ ਨੇ ਮੋਢੇ ਪਾ-ਇਆ ਤੇ ਗੜਵਾ ਕਛਹਿਰਾ ਹੱਥ ਫੜਿਆ। ਅਗੇ ਅਗੇ ਤਾਂ ਭਾਈ ਉਪਰਾਮ ਸਿੰਘ ਜੀ ਤੇ ਭਾਈ ਬਿਸ੍ਰਾਮਸਿੰਘ ਜੀ ਤੇ ਪਿੱਛੇ ਪਿੱਛੇ ਅਪਣੇ ਅਨੰਦ ਵਿਚ ਮਗਨ ਮਸਤਾਨ ਸਿੰਘ ਹੋਰੀਂ ਚਲੇ ਜਾ ਰਹੇ ਹਨ।ਇਕੁਰ ਹੀ ਗੁਰਦ੍ਵਾਰੇ ਪਹੁੰਚੇ,ਡੇਰਾ ਕੀਤਾ, ਮੇਲਾ ਬੜੇ ਅਨੰਦ ਉਤਸਾਹ ਵਿਚ ਦੇਖਿਆ।ਭਾਈ ਬਿਸ੍ਰਾਮ ਸਿੰਘ ਹੋਰਾਂ ਨਾਲ ਬਹੁਤ ਗੋਸ਼ਟ ਹੁੰਦੀ ਰਹੀ।ਮਸਤਾਨ ਸਿੰਘ ਸੇਵਾ ਟਹਿਲ ਵਿਚ ਹਾਜ਼ਰ ਰਿਹਾ,ਪਰ ਬਹੁਤੀ ਚਾਹ ਰਹੀ ਕਿ ਭਈ ਕਿਵੇਂ ਆਪਣੀ ਬੀਤੀ ਸੁਣਾਵਾਂ,ਪਰ ਮੇਲੇ ਦੇ ਕਾਰਨ ਇਕਾਂਤ ਨਾ ਮਿਲੀ ਤੇ ਨਾਂ ਹੀ ਪ੍ਰਕਰਣ ਖੁੱਲ੍ਹਿਆ।ਸੋ ਇੱਕੁਰ ਹੀ ਵਾਪਸ ਟੁਰ ਪਏ। ਸਹਜੇ ਸਹਜੇ ਮਾਨਾਂ ਵਾਲੇ ਤੇ ਖਰੇ ਸੌਦੇ ਦੇ ਦਰਸ਼ਨ ਮੇਲਾ ਕਰਦੇ ਸ਼ੇਖੂਪੁਰੇ ਹੁੰਦੇ ਹੋਏ, ਫਿਰ ਲਾਹੌਰ ਪੁੱਜੇ। ਇਥੋਂ ਇਕ ਅੱਧਾ ਦਿਨ ਰਹਿਕੇ,ਫਿਰ ਸ੍ਰੀਅੰਮ੍ਰਿਤਸਰ ਜੀ ਆਨ ਨਿਵਾਸ ਕੀਤਾ। ਭਾਈ ਬਿਸ੍ਰਾਮ ਸਿੰਘ ਹੋਰੀਂ ਤਾਂ ਲਾਹੌਰੋਂ ਹੀ ਮਾਂਗਟਾ ਵਲ ਵਿਦਾ ਹੋਕੇ ਚਲੇ ਗਏ ਸਨ।

ਇਥੇ ਵੀ ਕਈ ਦਿਨ ਬੀਤ ਗਏ ਮਸਤਾਨ ਸਿੰਘ ਨੂੰ ਵੇਲਾ ਢੂੰਡਦਿਆਂ ਆਪਣੀ ਬ੍ਰਿਥਾ ਸੁਣਾਉਣ ਲਈ। ਇਕ ਦਿਨ ਰਾਤ ਨੂੰ ਪ੍ਰਸ਼ਾਦ ਛਕਕੇ ਜੋ ਲੇਟੇ ਤੇ ਆਪਣੀਮੌਜ ਵਿਚ ਆਏ ਹੋਏ ਮਹਾਂ ਪੁਰਖਾਂ ਨੇ ਬਚਨ ਕੀਤਾ।ਭਾਈ ਮਸਤਾਨ ਸਿੰਘ ਉਹ ਕੀ ਗਲ ਸੀ ਜੋ ਤੈਂਡਿੱਠੀ ਸੀ ਤੇ ਕਹਿੰਦਾ ਸੈਂ ਮੈਥੋਂ ਸਮਾਉਂਦਾ ਨਹੀਂ ?

ਮਸਤਾਨ ਸਿੰਘ–(ਬੜੇ ਅਦਬ ਨਾਲ)

Digitized by Panjab Digital Library | www.panjabdigilib.org

ਮਹਾਰਾਜ ਜੀ ! ਕੀ ਦੱਸਾਂ ਮੈਰੀ ਤਾਂ ਅਕਲ ਹੈਰਾਨ, ਓਥੇ ਕੀ ਹੈ ਨਹੀਂ ਜਿਥੋਂ ਦੀ ਗਲ ਕਰਨੀ ਚਾਹੁੰਦਾ ਹਾਂ। ਓਸ ਪਵਿੱਤ੍ਰ ਜੰਗਲ ਵਿਚ ਆਪ ਨਾਲੋਂ ਵਿਛੁੜਕੇ ਬੜੇ ਬੜੇ ਕੌਤਕ ਡਿੱਠੇ, ਬੜੇ ਬੜੇ ਮਹਾਤਮਾਂ ਪੁਰਖਾਂ ਦੇ ਦਰਸ਼ਨ ਹੋਏ। ਓਥੇ ਹੀ ਉਨ੍ਹਾਂ ਦੇ ਬਚਨਾਂ ਕਰ ਕੇ ਹੀਰ ਦੀ ਅਸਲੀਅਤ ਵੀ ਮਲੂਮ ਹੋਈ, ਮੈਂ ਆਪਣੀ ਅਕਲ ਤੇ ਓਥੇ ਪਸ਼ੇਮਾਨੀ ਵੀ ਬਹੁਤ ਹੀ ਕੀਤੀ। ਫਿਰ ਉਨ੍ਹਾਂ ਮਹਾਤਮਾਂ ਨੇ ਤਰਸ ਕਰਕੇ ਮੈਨੂੰ ਬਹੁਤ ਕੁਝ ਸਮਝਾਇਆ ਬੁਝਾਇਆ। ਇਕੁਰ ਆਦਿ ਤੋਂ ਲੈ ਕੇ ਅੰਤ ਪ੍ਰਯੰਤ ਸਾਰਾ ਪ੍ਰਸੰਗ ਭਾਈ ਮਸਤਾਨ ਸਿੰਘ ਨੇ ਸੁਨਾਇਆ ਤੇ ਨਾਲ ਇਹ ਬੀ ਕਹੀ ਗਿਆ ਕਿ ਮਹਾਰਾਜ ਇਹ ਗਲ ਆਪ ਨੇ ਕਈ ਵੇਰ ਮੈਨੂੰ ਆਖੀ ਸੀ, ਪਰ ਮੇਰੀ ਸਮਝ ਵਿਚ ਨਹੀਂ ਆਉਂਦੀ ਸੀ। ਓਥੇ ਬਦੋ ਬਦੀ ਸਮਝ ਪੈਂਦੀ ਸੀ; ਪੈਂਦੀ ਕੀ ਹੁ ਬਹੁ ਵਰਤੀ ਜਾਪਦੀ ਸੀ। ਫਿਰ ਛੇਕੜ ਮੈਨੂੰ ਇਕ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਵਨੀ ਨਾਲ ਕਰਨ ਦੀ ਆਗਿਆ ਹੋਈ ਸੀ, ਸੋ ਜਿਸ ਦਿਨ ਹੁਕਮ ਕਰੋ, ਪਾਠ ਰੱਖਾਂ। ਇਹ ਸਾਰਾ ਪ੍ਰਸੰਗ ਸੁਣਕੇ ਭਾਈ ਉਪਰਾਮ ਸਿੰਘ ਜੀ ਕਹਿਣ ਲਗੇ—ਭੋਲਿਆ! ਹੁਣ ਹੀਰ ਦਾ ਕੋਈ ਬੈਂਤ ਓਦਾਂ ਹੀ ਝੂਮ ਕੇ ਹੇਕ ਨਾਲ ਸੁਣਾ ਖਾਂ ਜਿੱਦਾਂ ਓਹ ਸੁਨਾਏ ਸਾਨੀਂ।

ਮਸਤਾਨ ਸਿੰਘ—ਮਹਾਰਾਜ ਜੀ! ਹੁਣ ਤਾਂ ਉਸਦਾ ਨਾਉਂ ਬੀ ਨਹੀਂ ਚੰਗਾ ਲਗਦਾ। ਉਸ ਨਿਖਸਮੀ ਦਾ ਨਾਉਂ ਲੈਕੇ ਕਿਉਂ ਛੇੜਦੇ ਹੋ? ਉਹ ਤਾਂ ਵਾਰੇ ਸ਼ਾਹ ਜੇਹਿਆਂ ਨੇ ਐਵੇਂ ਜੋੜ ਜੋੜਕੇ ਤੋਦੇ ਦਾ ਤੁਫਾਨ ਠੱਪ ਛੱਡਿਆ ਹੈ ਤੇ ਆਪੇ ਲਿਖ ਗਿਆ ਹੈ ਕਿ ਕਮਲੇ ਲੋਕਾਂ ਨੂੰ ਇਹ ਕਿੱਸਾ ਸੁਣਾਇਆ ਹੈ। ਸੋ ਸਾਨੂੰ ਤਾਂ ਉਂਵ ਬੀ ਕਮਲਾ ਹੀ ਲਿਖਿਆ ਹੈ। ਇਸ ਹੀਰ ਨੇ ਅਸਾਡੇ ਬਹੁਤ ਘਰਾਣੇ ਚੌੜ ਕਰ ਘੱਤੇ ਹਨ। ਅਸੀਂ ਮੂਰਖ ਲੋਕ ਐਨਾਂ ਵੀ ਨਹੀਂ ਸਮਝਦੇ, ਕਿ ਜਿਹੜੀ ਆਪ ਨਾ ਤਰੀ ਉਨ੍ਹ ਸਾਨੂੰ ਕੀ ਤਾਰਨਾ ਹੋਇਆ। ਦੂਜਾ ਇਹ ਹੀਰ ਦੇ ਬੈਂਤ ਫਿਰਾਕ ਦੇ ਭਰੇ ਹੋਏ ਜ਼ਰਾ ਚੰਗੇ ਲਗਦੇ ਸਨ। ਪਰ ਉਸ ਪਵਿੱਤ੍ਰ ਜੰਗਲ ਵਿਚ ਤਾਂ ਅਜੇਹੇ ਫਿਰਾਕ ਦੇ ਸ਼ਬਦ ਸੁਣੇ ਹਨ ਕਿ ਹੱਦ ਹੋਗਈ। ਹੀਰ ਦੀ ਉਨ੍ਹਾਂ ਸ਼ਬਦਾਂ ਅੱਗੇ ਕੀ ਹਕੀਕਤ ਹੈ।

ਭਾਈ ਉਪਰਾਮ ਸਿੰਘ—ਲੈ ਭਾਈ ਸਿੱਖਾ! ਹੁਣ ਤੂੰ ਭਾਈ ਗੁਰਦਾਸਜੀਦੀ ਹੀਰਦੇ ਸਮਝਣ ਲਾਇਕ ਹੋ ਗਿਆ ਹੈਂ। ਤੂੰ ਆਪਣੇ ਆਪ ਵਿਚ ਸਮਝ ਤਾਂ ਚੁੱਕਾ ਹੀ ਹੋਵੇਂਗਾ, ਭਈ ਐਵੇਂ ਕੁਝ ਥੋੜਾ ਜਿਹਾ ਹੀ ਸਮਾਂ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਚੌਂਕੀ ਨਾਲ ਚੜ੍ਹਨਾ, ਪਿਛਲੀ ਰਾਤੇ ਆਸਾ ਦੀ ਵਾਰ ਵੇਲੇ ਹਾਜ਼ਰ ਹੋਣਾ, ਨੇਮ ਨਾਲ ਜਪੁ ਸਾਹਿਬ ਦੇ ਪਾਠ ਕਰਨੇ, ਸੰਝ ਨੂੰ ਰਹਿਰਾਸ ਸੁਣਨੀ, ਇਨ੍ਹਾਂ ਗੱਲਾਂ ਦਾ ਫਲ ਪ੍ਰਤੱਖ ਹੋਇਆ, ਭਈ ਮਹਾਂ ਪੁਰਖਾਂ ਦੇ ਦਰਸ਼ਨ ਹੋਏ, ਨਿਰੇ ਦਰਸ਼ਨ ਹੀ ਨਹੀਂ, ਸਗੋਂ ਦਰਸ਼ਨ ਦੇ ਲਾਭ ਭੀ ਹੋਏ। ਫਿਰ ਤੂੰ ਦੇਖ ਲੈ, ਤੈਨੂੰ ਫਿਰਾਕ ਵਾਲੇ ਬੈਂਤ ਹੀਰਦੇ ਪਿਆਰੇ ਲਗਦੇ ਸਨ, ਅਜੇਹੇ ਵੈਰਾਗ ਮਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਲੱਗੇ, ਹੀਰ ਦੀ ਅਸਲੀਅਤ ਜੈਸੀ ਸੀ ਸਾਰੀ ਪ੍ਰਗਟ ਹੋ ਗਈ। ਭਾਈ ਸੰਤਾ! ਤੈਨੂੰ ਯਾਦ ਹੋਊਗਾ, ਉਹ ਪਹਿਲਾ ਦਿਨ, ਜਦੋਂ ਤੂੰ ਹੀਰ ਗਾਉਂਦਾ ਸੀ ਤੇ ਮੈਂ ਬੈਠਾ ਤੇਰੇ ਸਾਹਮਣੇ ਹੁੰਦਾ ਸਾਂ, ਤੂੰ ਜਾਣਦਾ ਸੈਂ ਇਹ ਬੀ ਹੀਰ ਦਾ ਹੀ ਪ੍ਰੇਮੀ ਹੈ, ਪਰ ਮੈਂ ਤੇਰੀ ਜੁਵਾਨੀ, ਤੇਰੀ ਸਿੱਖੀ, ਤੇਰੀ ਸੂਰਤ ਤੇ ਤੇਰੀ ਕਰਤੂਤ ਨੂੰ ਦੇਖ ਦੇਖਕੇ ਰੋ ਰਿਹਾ ਸਾਂ ਕਿ ਹਾਇ ਇਹ ਹੀਰ ਕੇਹੀ ਸਿੱਖਾਂ ਦੇ ਘਰ ਵਿਚ ਵੜੀ ਹੈ ਕਿ ਨਾਈਆਂ ਦੇ ਵੱਸ ਪਾ ਸ਼ਕਲੋਂ ਬਦਸ਼ਕਲ ਬਣਾ ਦਿੱਤਾ ਤੇ ਭਰਾਈਆਂ

Digitized by Panjab Digital Library | www.panjabdigilib.org

ਦੇ ਵੱਸ ਪਾ ਬੇਸੁਰਾ ਬੇਤਾਰਾ ਰਾਗੀ ਸਜਾ ਦਿੱਤਾ। ਤੇਰੇ ਜਿਹੇ ਜਵਾਨ ਸੁਹਣੇ ਸਜੀਲੇ ਮੁਛੀਲੇ ਬਾਂਕੇ ਬਹਾਦਰ ਸਿੰਘਾਂ ਦੇ ਚਿਹਰੇ ਤੇ ਬੁਧਿ ਅਤੇ ਬਲ ਦਾ ਸਤਜਾਨਾਸ ਹੋ ਰਿਹਾ ਹੈ। ਅਲਰੋਜਿਆਂ ਤੇ ਵੰਝਲੀਆਂ ਅੱਗੇ ਤ੍ਰੀਮਤਾਂ ਵਾਕਰ ਨੱਚਦੇ ਤੇ ਨਖਰੇ ਬਨਾਉਂਦੇ ਸ਼ਰਮ ਨਹੀਂ ਖਾਂਦੇ,ਹਮਸੋਸ! ਕਿੱਥੇ ਗਿਆ ਉਹ ਸਮਾਂ ਜਿਹੜੇ ਹੱਥਾਂ ਵਿਚ ਸ੍ਰੀ ਸਾਹਿਬ ਢਾਲਾਂ ਸ਼ੋਭਦੀਆਂ ਸਨ, ਜਿਨ੍ਹਾਂ ਦੇ ਦਰਸ਼ਨ ਤੇ ਦੁਸ਼ਮਨਾਂ ਦੇਕਲੇਜੇ ਕੰਬ ਉਠਦੇ ਸਨ, ਓਹੋ ਹੱਥ ਹੁਣ ਤੁੰਬਿਆਂ ਤੇ ਸਾਰੰਗੀਆਂ ਨੂੰ ਵਜਾ ਰਹੇ ਹਨ। ਜਿਹੜੇ ਮੂੰਹਾਂ ਕਰਕੇ ਹਰਵੇਲੇ ਗੁਰਬਾਣੀ ਦਾਪਾਠਹੁੰਦਾ ਰਹਿੰਦਾ ਸੀ,ਉਹ ਮੂੰਹ ਸੋਹਣੀ,ਹੀਰ ਤੇ ਮਿਰਜੇ ਦੇ ਸੱਦ ਲਾਉਂਦੇ ਸ਼ਰਮਾਉਂਦੇ ਨਹੀਂ। ਹੇ ਕਰਤਾਰ ! ਕੀ ਇਹ ਸਿੱਖੀ ਨਾਈਆਂ ਦੀ ਲੁੱਪਰੀ ਹੋਈ ਤੇ ਭਿਰਾਈਆਂ ਦੀ ਬਿਸੁਰੀ ਕੀਤੀ ਹੋਈ ਫੇਰ ਵੀ ਕਦੇ ਹਰੀ ਭਰੀ ਹੋਊ?ਮੈਂ ਤਾਂ ਅਜੇਹੀਆਂ ਗੱਲਾਂ ਨੂੰ ਰੋ ਰਿਹਾ ਸਾਂ,ਤੈਂ ਜਾਤਾ ਇਹ ਮੈਥੋਂ ਵੀ ਹੀਰ ਦਾ ਵਧੀਕ ਪ੍ਰੇਮੀ ਹੈ,ਪਰ ਸੱਚ ਹੈ ਜਿਸਨੂੰ ਜਿਸ ਦੀ ਲਗਨ ਹੋਵੇ ਉਸਨੂੰਓਹੋ ਰੰਗ ਸਾਰੇ ਜਾਪਦਾ ਹੈ, ਪਰ ਫਿਰ ਵੀ ਤੈਨੂੰ ਬਹੁਤ ਸ਼ਾਬਾਸ਼ਹੈ ਕਿ ਤੂੰ ਆਪਣੀ ਅਸਲੀਅਤ ਪਛਾਤੀ,ਹੀਰ ਦੀ ਅਸਲੀਅਤ ਜਾਤੀ। ਤੇਰੀ ਹਿੰਮਤ ਤੇ ਕੁਰਬਾਨ! ਜੋ ਕੁਝ ਸਾਡੀ ਇੱਛਾ ਸੀ ਪੂਰਨ ਹੋਈ। ਪਰ ਹੁਣ ਇਹ ਕੰਮ ਕਰ,ਕੱਲ ਤੋਂ ਪਾਠ ਦਾ ਅਰੰਭ ਕਰ। ਸਵੇਰੇ ਨਿੱਤ ਪਾਠ ਕਰ ਤੇਤੀਸਰੇ ਪਹਿਰ ਭਾਈ ਗੁਰਦਾਸ ਜੀ ਦੀ ਸਤਾਈਵੀਂ ਵਾਰ ਅਰਥਾਂ ਸਮੇਤ ਵੀਚਾਰਿਆਕਰ।ਇਹੋ ਭਾਈ ਗੁਰਦਾਸ ਜੀ ਦੀ ਹੀਰ ਹੈ, ਜਿਸ ਵਿਚ ਤੈਨੂੰ ਪੂਰਾ ਪਤਾ ਲਗ ਜਾਏਗਾ ਕਿ ਹੀਰ ਦੇ ਗੋਲਿਆਂ ਨੂੰ ਕੀ ਉਪਦੇਸ਼ ਦਿੰਦੇ ਹਨ।

ਇਸਦੇ ਉਪਰੰਤ ਤੇਰੇਲਈਇਹ ਕੰਮ ਬਹੁਤ ਜ਼ਰੂਰੀ ਹੈ ਕਿ ਤੂੰ ਆਪਣੇ ਪਿੰਡ ਜਾਕੇ ਆਪਣੇ ਮੇਲੀਆਂ ਨੂੰ ਓਕਰ ਹੀ ਭਾਈ ਗੁਰਦਾਸ ਦੀ ਹੀਰ ਸੁਣਾਵੇਂ,ਭੁੱਲੇ ਜਾਂਦਿਆਂ ਚੋਬਰਾਂ ਨੂੰ ਰਾਹ ਪਾਵੇਂ,ਗੁਰਬਾਣੀ ਵਲ ਲਾਵੇਂ,ਅਦਬ ਅਦਾਬ ਗੁਰਦੁਆਰਿਆਂ ਦੇ ਸਿਖਾਵੇਂ,ਸੁੱਤੀ ਪਈ ਖਾਲਸਾ ਕੌਮ ਨੂੰ ਜਗਾਵੇਂ ਤੇ ਇਹ ਗਲਸਮਝਾਵੇਂ ਭਈ ਗੁਰੂ ਗ੍ਰੰਥ ਅਤੇ ਪੰਥ ਅਜੇ ਤਕ ਦੋਨੋਂ ਕਾਇਮ ਹਨ,ਇਸ ਲਈ ਗੁਰੂ ਗ੍ਰੰਥ ਦੇ ਮਗਰ ਪੰਥ ਨੂੰ ਲਾਵੇਂ, ਮਨਮਤ ਕਰਨੋਂ ਸ਼ਬਦ ਸੁਣਾਕੇ ਸਮਝਾਵੇਂ,ਆਪ ਕਰੇ ਤੇ ਹੋਰਨਾਂ ਨੂੰ ਕਰਾਵੇਂ, ਗੁਰੂ ਕਾ ਵਾਕ ਸਫਲ ਕਰੇਂ:–

'ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ
ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'
[ਗਉ: ਵਾਰ ਮ: ੪

ਮਸਤਾਨ ਸਿੰਘ–(ਬੜੀ ਅਧੀਨਗੀਨਾਲ) ਸਤਿ ਬਚਨ।

'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ'ਕਰੀ ਚੱਲਾਂਗਾ, ਜੋ ਰਜਾ। ਜੋ ਹੁਕਮ ਹੋਵੇ ਸੱਤਿ ਹੈ, ਪ੍ਰਵਾਨ ਹੈ, 'ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥ ਜੀਉ ਪਿੰਡੁ ਸਭੁ ਤਿਸਦਾ ਸਭੁ ਕਿਛੁ ਹੈ ਤੇਰਾ ॥'

ਇਸਤਰ੍ਹਾਂ ਦੇ ਦੇਰ ਵੀ ਗੁਰ ਘਰ ਦੀ ਰਹੁ ਰੀਤਿ ਮ੍ਰਿਯਾਦਾ ਨਾਲ ਚਲਨ ਦੇ ਉਪਦੇਸ਼ ਭਾਈ ਉਪਰਾਮ ਸਿੰਘ ਜੀ ਨੇ ਬਹੁਤਸਾਰੇ ਸੁਣਾਏ ਤੇ ਮਸਤਾਨਸਿੰਘ ਨੇ ਸੁਣ ਸੁਣਕੇ ਪੱਕੇ ਕਰ ਲਏ, ਭਈ ਏਹੋ ਜੁਗਤਾਂ ਤੇ ਰਹੁ-ਰੀਤਾਂ ਵਰਤਣੀਆਂ ਹਨ। ਫਿਰ ਪਿਛਲੀ ਰਾਤੇ ਉਠ ਸੋਚ,ਇਸ਼ਨਾਨ ਕਰਕਰਾਕੇ ਨਿੱਤਨੇਮਅਨੁਸਾਰਹਰਮੰਦਰ ਜੀਦੀ ਯਾਤ੍ਰਾ ਕੀਤੀ,ਆਕੇ ਆਗਜਾ ਲੈਕੇ ਅਰਦਾਸਾ ਸੋਧਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਪ੍ਰਾਰੰਭ ਕਰ ਦਿੱਤਾ।ਫਿਰ ਤੀਸਰੇ ਪਹਿਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੋਥੀ ਖੋਲ੍ਹਕੇ

Digitized by Panjab Digital Library | www.panjabdigilib.org

ਪ੍ਰਾਰਥਨਾ ਕੀਤੀ ਕਿ ਮਹਾਰਾਜ! ਆਗਜਾ ਕਰੋ, ਉਹ ਕਿਹੜੀ ਵਾਰ ਹੈ ?

ਭਾਈ ਉਪਰਾਮ ਸਿੰਘ ਜੀ—ਸ਼ਾਬਾਸ਼ ਭਾਈ ਤੂੰ ਚੰਗਾ ਉਦਮੀ ਜੀਵ ਹੈਂ, ਸਤਾਈਵੀਂ ਵਾਰ ਕੱਢ। ਜਦ ਮਸਤਾਨ ਸਿੰਘ ਨੇ ਪੱਤ੍ਰੇ ਫੋਲਕੇ ਸਤਾਈਵੀਂ ਵਾਰ ਲੱਭੀ ਤਾਂ ਇਹ ਵਾਰ ਨਿਕਲੀ:—

੧ ਓ ਸਤਿਗੁਰ ਪ੍ਰਸਾਦਿ ॥

ਲੇਲਾਂ ਮਜਨੂੰ ਆਸਕੀ ਚਉ ਚੱਕੀ ਜਾਤੀ॥
ਸੋਰਠ ਬੀਜਾ ਗਾਵੀਐ ਜਸਸੁਘੜਾਵਾਤੀ॥
ਸੱਸੀ ਪੰਨੂੰ ਦੋਸਤੀ ਹੁਇ ਜਾਤ ਅਜਾਤੀ ॥
ਮਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ॥
ਰਾਂਝਾਹੀਰਵਖਾਣੀਐ ਉਹ ਪਿਰਮਪਿਰਾਤੀ॥
ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ
॥ ੧ ॥ ਅਮਲੀ ਅਮਲ ਨ ਛੱਡਨੀ ਹੁਇ ਬਹਿਨ ਇਕੱਠੇ ॥ ਜਿਉਂ ਜੂਏ ਜੁਆਰੀਆਂ ਲਗ ਦਾਉ ਉਪੱਠੇ॥ਚੋਰੀ ਦੇਰ ਨ ਪੱਲਰਹਿ ਦੁਖ ਸਹਿਨ ਗਰੱਠੇ ॥ ਰਹਨ ਨ ਗਨਕਾ ਵਾੜਿਅਹੁ ਵੇਕਰਮੀ ਲੱਠੇ ॥ ਪਾਪੀ ਪਾਪ ਕਮਾਂਵਦੇ ਉਇ ਫਿਰਦੇ ਨੱਠੇ ॥ ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣੱਠੇ॥ ੨ ॥ ਭਵਰੈ ਵਾਸਨਿਵਾਸਹੈ ਫਿਰ ਦਾਫੁਲਵਾੜੀ॥ ਜਲੈ ਪਤੰਗ ਨਿਸੰਗ ਹੁਇ ਕਰਿ ਅੱਖ ਉਘਾੜੀ ॥ਮਿਰਗ ਨਾਦ ਵਿਸਮਾਦ ਹੁਇ ਫਿਰਦਾ ਓਜਾੜੀ ॥ ਕੁੰਡੀ ਫਾਥੇ ਮੱਛ ਜਿਉਂ ਰਸ ਜੀਭ ਵਿਗਾੜੀ ॥ ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ ॥ ਪੀਰ ਮੁਰੀਦਾਂ ਪਿਰਹੜੀ ਲਾਇ ਨਿਜਘਰ ਤਾੜੀ ॥ ੩ ॥ ਚੰਦ ਚਕੋਰ ਪਰੀਤਿ ਹੈ ਲਾਇ ਤਾਰ ਨਿਹਾਲੇ ॥ ਚਕਵੀ ਸੂਰਜ ਹੇਤ ਹੈ ਮਿਲ ਹੋਣ ਸੁਖਾਲੇ ॥ ਨੇਹੁ ਕਵਲ ਜਲ ਜਾਣੀਐ ਖਿੜ ਮੁੰਹ ਵਿਖਾਲੇ ॥ ਮੋਰ ਬਬੀਹੇ ਬੋਲਦੇ ਦੇਖ ਬਦਲ ਕਾਲੇ ॥ ਨਾਰਿ ਭਤਾਰ ਪਿਆਰਹੈ ਮਾਂਪੁੱਤ ਸਮ੍ਹਾਲੇ॥ ਪੀਰ ਮੁਰੀਦਾਂ ਪਿਰਹੜੀ ਉਹ ਨਿਬਹੈ ਨਾਲੇ ॥ ੪ ॥ ਰੂਪੈ ਕਾਮੈ ਦੋਸਤੀ ਜਗ ਅੰਦਰ ਜਾਣੀ ॥ ਭੁੱਖੇ ਸਾਦੈ ਰੰਢ ਹੈ ਇਹ ਵਿਰਤੀ ਹਾਣੀ ॥ ਘੁਲਮਿਲ ਮਿੱਚਲ ਲਬ ਮਾਲ ਇਤ ਭਰਮ ਭੁਲਾਣੀ ॥ ਉਘੈ ਸਉੜ ਪਲੰਘ ਜਿਉਂ ਸਭ ਰੈਣ ਵਿਹਾਣੀ॥ ਸੁਹਣੇ ਸਭ ਰੰਗ ਮਾਣੀਅਨਿ ਕਰ ਚੋਜ ਵਿਡਾਣੀ ॥ ਪੀਰ ਮੁਰੀਦਾਂ ਪਿਰਹੜੀ ਉਹ ਅਕਥ ਕਹਾਣੀ ॥ ੫ ॥ ਮਾਣ ਸਰੋਵਰ ਹੰਸਲਾ ਖਾਇ ਮਾਣਿਕ ਮੋਤੀ ॥ ਕੋਇਲ ਅੰਬ ਪਰੀਤਿ ਹੈ ਮਿਠਬੋਲ ਸਰੋਤੀ॥ਚੰਦਨ ਵਾਸ ਵਣਾਸਪਤਹੁਇ ਪਾਸ ਖਲੋਤੀ॥ਲੋਹਾ ਪਾਰਸ ਭੇਟਿਐ ਹੁਇ ਕੰਚਨ ਜੋਤੀ ॥ ਨਦੀਆਂ ਨਾਲੇ ਗੰਗ ਮਿਲ ਹੋਨ ਛੋਤ ਅਛੋਤੀ ॥ ਪੀਰ ਮੁਰੀਦਾਂ ਪਿਰਹੜੀ ਇਹ ਖੇਪ ਸਓਤੀ ॥ ੬ ॥ ਸਾਹੁਰ ਪੀਹਰ ਪੱਖ ਤ੍ਰੈ ਘਰਿ ਨਾਨੇਹਾਲਾ॥ ਸਹੁਰਾ ਸੱਸ ਵਖਾਣੀਐ ਸਾਲੀ ਤੇ ਸਾਲਾ ॥ ਮਾਂ ਪਿਉ ਭੈਣਾਂ ਭਾਇਰਾ ਪਰਵਾਰ ਦੁਰਾਲਾ॥ ਨਾਨਾ ਨਾਨੀ ਮਾਸੀਆਂ ਮਾਮੇ ਨਿਜਾਲਾ ॥ ਸੁਇਨਾ ਚੁਪਾ ਸੰਜੀਐ ਹੀਰਾ ਪਰਵਾਲਾ ॥ ਪੀਰ ਮੁਰੀਦਾਂ ਪਿਰਹੜੀ ਇਹੁ ਸਾਕ ਸੁਖਾਲਾ ॥ ੭ ॥ ਵਣਜ ਕਰੇਵਾਪਾਰੀਆ ਤਿਤ ਲਾਹਾ ਤੋਟਾ॥ ਕਿਰਸਾਣੀ ਕਿਰਸਾਣ ਕਰ ਹੁਇ ਦੁਬਲਾ ਮੋਟਾ ॥ ਚਾਕਰ ਲੱਗੇ ਚਾਕਰੀ ਰਣ ਖਾਂਦਾ ਚੋਟਾ ॥ ਰਾਜ ਜੋਗ ਸੰਸਾਰ ਵਿਚ ਵਣਖੰਡ ਗੜ ਕੋਟਾ ॥ ਅੰਤਕਾਲ ਜਮਕਾਲ ਪੈ ਪਾਏ ਫਲ ਖੋਟਾ ॥ ਪੀਰ ਮੁਰੀਦਾਂ ਪਿਰਹੜੀ ਹੁਇ ਕਦੇ ਨ ਹੋਟਾ ॥ ੮ ॥ ਅਖੀਂ ਵੇਖ ਨ ਰਜੀਆਂ ਬਹੁ ਰੰਗ ਤਮਾਸੇ ॥ ਉਸਤਤਿ ਨਿੰਦਾ ਕੰਨ ਸੁਣ ਹੋਵਣ ਤੇ ਹਾਸੇ ॥ ਸਾਦੀਂ ਜੀਭ ਨ ਰੱਜੀਆ ਕਰ ਭੋਗ ਬਿਲਾਸੇ ॥ ਨੱਕ ਨ ਰੱਜਾ ਵਾਸ ਲੈ ਦੁਰਗੰਧ ਸੁਵਾਸੇ॥ ਰੱਜ ਨ ਕੋਈ ਜੀਵਿਆ ਕੂੜੇ ਭਰਵਾਸੇ ॥

Digitized by Panjab Digital Library | www.panjabdigilib.org

ਹੁਇ ਸੁਖ ਰੈਣ ਵਿਹਾਵੈ ॥ ਗੁਰ ਉਪਦੇਸ਼ ਨ ਵਿੱਸਹੈ ਬਾਬੀਹਾ ਧਜਾਵੈ ॥ ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥੧੪॥ਦਾਤਾ ਓਹ ਨ ਮੰਗੀਐ ਫਿਰ ਮੰਗਣ ਜਾਈਐ ॥ ਹੋਛਾ ਸ਼ਾਹ ਨ ਕੀਚਈ ਫਿਰ ਪੱਛੋਤਾਈਐ॥ ਸਾਹਿਬ ਓਹੁ ਨ ਸੇਵੀਐ ਜਮਦੰਡ ਸਹਾਈਐ ॥ ਹਉਮੈ ਰੋਗ ਨ ਕੱਟਈ ਉਹ ਵੈਦ ਨ ਲਾਈਐ ॥ ਦੁਰਮਤ ਮੈਲ ਨ ਉਤਰੇ ਕਿਉਂ ਤੀਰਥ ਨ੍ਹਾਈਐ ॥ ਪੀਰ ਮੁਰੀਦਾਂ ਪਿਰਹੜੀ ਸੁਖ ਸਹਜ ਸਮਾਈਐ॥ ੧੫ ॥ ਮਾਲ . ਮੁਲਕ ਚਤੁਰੰਗ ਦਲ ਦੁਨੀਆਂ ਪਤਿਸ਼ਾਹੀ ॥ ਰਿਧਿ ਸਿਧਿ ਨਿਧ ਬਹੁ ਕਰਾਮਾਤ ਸਭ ਖਲਕ ਉਮਾਹੀ ॥ ਚਿਰ ਜੀਵਣ ਬਹੁ ਹੰਢਣਾ ਗੁਣ ਗਯਾਨ ਉਗਾਹੀ॥ ਹੋਰ ਸੁ ਕਿਸੇ ਨ ਜਾਣਈ ਚਿਤ ਬੇਪਰਵਾਹੀ॥ ਦਰਗਹ ਢੋਈ ਨਾ ਲਹੈ ਦੁਬਿਧਾ ਬਦਰਾਹੀ। ਪੀਰ ਮੁਰੀਦਾਂ ਪਿਰਹੜੀ ਪਰਮਾਣ ਸੁਆਹੀ ॥ ੧੬ ॥ ਵਿਣ ਗੁਰ ਹੋਰ ਧਿਆਨ ਹੈ ਸਭ ਦੂਜਾ ਭਾਉ॥ ਵਿਣ ਗੁਰ ਸ਼ਬਦ ਗਿਆਨ ਹੈ ਫਿੱਕਾ ਆਲਾਉ॥ਵਿਣ ਗੁਰ ਚਰਣਾ ਪੂਜਣਾ ਸਭ ਕੂੜਾ ਸੁਆਉ ॥ ਵਿਣ ਗੁਰ ਬਚਨ ਜੁ ਮੰਨਣਾ ਉਰਾਪਰਥਾਉ॥ਸਾਧਸੰਗਤਵਿਣਸੰਗ ਹੈ ਸਭ ਕੱਚਾ ਚਾਉ ॥ ਪੀਰ ਮੁਰੀਦਾਂ ਪਿਰ-ਹੜੀ ਜਿਣ ਜਾਣਨਿ ਦਾਉ ॥ ੧੭ ॥ ਲੱਖ ਸਿਆਣਪ ਸੁਰਤ ਲਖ ਲਖਗੁਣਚਤੁਰਾਈ॥ ਲਖ ਮਤ ਬੁਧਿ ਸੁਧ ਗਯਾਨ ਧਯਾਨ ਲਖ ਪਤ ਵਡਿਆਈ ॥ ਲਖ ਜਪ ਤਪ ਲਖ ਸੰਜਮਾ ਲਖ ਤੀਰਥ ਨ੍ਹਾਈ ॥ ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜਾਈ ॥ ਆਪ ਗਣਾਇ ਵਿਗੁੱਚਣਾ ਉਹ ਥਾਇ ਨ ਪਾਈ ॥ ਪੀਰ ਮੁਰੀਦਾਂ ਪਿਰਹੜੀ ਹੁਇ ਆਪ ਗਵਾਈ ॥ ੧੮ ॥ ਪੈਰੀਂ ਪੈ ਪਾਖਾਕ ਹੁਇ ਛਡ ਮਣੀ ਮਨੂਰੀ ॥ ਪਾਣੀ ਪੱਖਾ ਪੀਹਣਾ ਨਿਤ ਕਰੈ ਮਜੂਰੀ ॥ ਝੁੱਪੜ ਝਾੜਿ ਵਿਛਾਇੰਦਾ ਚੁਲ੍ਹ ਏਕ ਨ ਝੂਰੀ ॥ ਮੁਰਦੇ

ਪੀਰ ਮੁਰੀਦਾਂ ਪਿਰਹੜੀ ਸੱਚੀ ਰਹਿਰਾਸੇ ॥ ੯ ॥ ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ ॥ ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰਤਰਣੀ ॥ ਧ੍ਰਿਗ ਸਰਵਣ ਉਪਦੇਸ਼ ਵਿਣ ਗੁਰ ਸੁਰਤ ਨ ਧਰਣੀ ॥ ਧ੍ਰਿਗ ਜਿਹਬਾ ਗੁਰ ਸ਼ਬਦ ਵਿਣ ਹੋਰ ਮੰਤ੍ਰ ਸਿਮਰਣੀ ॥ ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ॥ ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥ ਹੋਰਤ ਰੰਗ ਨ ਰਚੀਐ ਸਭ ਕੂੜ ਦਿਸੰਦਾ ॥ ਹੋਰਤ ਸਾਦ ਨ ਲਗੀਐ ਹੁਇ ਵਿੱਸਲ ਗੰਦਾ ॥ ਹੋਰਤ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ ॥ ਹੋਰ ਬੁਰੀ ਕਰਤੂਤ ਹੈ ਲੱਗੇ ਫਲ ਮੰਦਾ ॥ ਹੋਰਤ ਪੰਥ ਨ ਚੱਲੀਐ ਠਗ ਚੋਰ ਮੁਹੰਦਾ॥ ਪੀਰ ਮੁਰੀਦਾਂ ਪਿਰਹੜੀ ਸਚ ਸੱਚ ਮਿਲੰਦਾ ॥ ੧੧ ॥ ਦੂਜੀ ਆਸ ਵਿਣਾਸ ਹੈ ਪੂਰੀ ਕਿਉਂ ਹੋਵੈ ॥ ਦੂਜਾ ਮੋਹ ਸੁ ਧੋਹ ਹੈ ਸਭ ਅੰਤ ਵਿਗੋਵੈ ॥ ਦੂਜਾ ਕਰਮ ਸੁ ਭਰਮ ਹੈ ਕਰ ਅਵਗੁਣ ਰੋਵੈ ॥ ਦੂਜਾ ਸੰਗ ਕੁਢੰਗ ਹੈ ਕਿਉਂ ਭਰਿਆ ਧੋਵੈ ॥ ਦੂਜਾ ਭਾਉ ਕੁਦਾਉ ਹੈ ਹਾਰ ਜਨਮ ਖਲੋਵੈ ॥ ਪੀਰ ਮੁਰੀਦਾਂ ਪਿਰਹੜੀ ਗੁਣ ਗੁਣੀ ਪਰੋਵੈ॥੧੨॥ ਅਮਿਓ ਦ੍ਰਿਸ਼ਟ ਕਰ ਕੱਛੁ ਵਾਂਗ ਭਵਜਲ ਵਿਚ ਰੱਖੈ ॥ ਗਿਆਨ ਅੰਸ ਦੇ ਹੰਸ ਵਾਂਗ ਬੁਝ ਭੁੱਖ ਅਭੁੱਖੈ ॥ ਸਿਮਰਨ ਕਰਦੇ ਕੂੰਜ ਵਾਂਗ ਉਡ ਲੱਖ ਅਲੱਖੈ ॥ ਮਾਤਾ ਬਾਲਕ ਹੇਤ ਕਰ ਉਹ ਸਾਉ ਨ ਚੱਖੈ ॥ ਸਤਿਗੁਰ ਪੁਰਖ ਦਿਆਲ ਹੈ ਗੁਰ ਸਿੱਖ ਪਰੱਖੈ ॥ ਪੀਰ ਮੁਰੀਦਾਂ ਪਿਰਹੜੀ ਲਖ ਮੁਲੋ-ਅਨਕੱਖੈ ॥ ੧੩ ॥ ਦਰਸ਼ਨ ਦੇਖ ਪਤੰਗ ਜਿਉਂ ਜੋਤੀ ਜੋਤਸਮਾਵੈ॥ ਸ਼ਬਦਸੁਰਤਲਿਵ ਮਿਰਗ ਜਿਉਂ ਅਨਹਦ ਲਿਵ ਲਾਵੈ ॥ ਸਾਧ ਸੰਗਤ ਵਿਚ ਮੀਨ ਹੁਇ ਗੁਰਮਤ ਸੁਖ ਪਾਵੈ ॥ ਚਰਨ ਕਵਲ ਵਿਚ ਭਵਰ

Digitized by Panjab Digital Library | www.panjabdigilib.org

ਵਾਂਗ ਮੁਰੀਦ ਹੁਇ ਕਰ ਸਿਦਕ ਸਬੂਰੀ॥ ਚੰਦਨ ਦੇਵੈ ਸਿੰਮਲਹੁੰ ਫਲ ਵਾਸ ਹਜੂਰੀ ॥ ਪੀਰ ਮੁਰੀਦਾਂ ਪਿਰਹੜੀ ਗੁਰਮੁਖ ਮਤ ਪੂਰੀ ॥ ੧੯॥ ਗੁਰ ਸੇਵਾ ਦਾ ਫਲ ਘਣਾ ਕਿਨ ਕੀਮਤ ਹੋਈ ॥ ਰੰਗ ਸੁਰੰਗ ਅਚਰਜ ਹੈ ਵੇਖਾਲੇ ਸੋਈ ॥ ਸਾਦ ਵਡਾ ਵਿਸਮਾਦ ਹੈ ਰਸ ਗੁੰਗੇ ਗੋਈ ॥ ਉਤਭੁਜ ਵਾਸ ਨਿਵਾਸ ਹੈ ਕਰ ਚਲਿਤ ਸਮੋਈ ॥ ਤੋਲ ਅਤੋਲ ਆਂਲਹੈ ਜਦੈ ਅੱਜਰ ਕੋਈ ॥ ਪੀਰ ਮੁਰੀਦਾਂ ਪਿਰਹੜੀ ਜਾਣੈ ਜਾਣੋਈ ॥ ੨੦ ॥ ਚੰਨਣ ਦੇਵੈ ਵੰਨਣਹੁੰ ਕੋ ਚਲਿਤ ਨ ਜਾਣੈ ॥ ਦੀਵਾ ਬਲਦਾ ਦੀਵਿਓਂ ਸਮਸਰ ਪਰਵਾਣੈ॥ਪਾਣੀ ਰਲਦਾ ਪਾਣੀਐ ਤਿਸ ਕੋ ਨ ਸਿਞਾਣੈ॥ਭ੍ਰਿੰਗੀ ਦੇਵੈ ਕੀੜਿਓਂ ਕਿਵ ਆਖ ਵਖਾਣੈ॥ ਸੱਪ ਛਡੰਦਾ ਕੁੰਜ ਨੋ ਕਰ ਚੋਜ ਵਿਡਾਣੈ॥ਪੀਰ ਮੁਰੀਦਾਂ ਪਿਰਹੜੀ ਹੈਰਾਣਹੈਰਾਣੈ॥੨੧॥ਫੁੱਲੀਂ ਵਾਸ ਨਿਵਾਸ ਹੈ ਕਿਤ ਜੁਗਤ ਸਮਾਣੀ ॥ ਫਲਾਂ ਅੰਦਰ ਜਿਉਂ ਸਾਦ ਬਹੁ ਸਿੰਜੇ ਇਕ ਪਾਣੀ ॥ ਘਿਉ ਦੁੱਧ ਵਿਚ ਵਖਾਣੀਐ ਕੋ ਮਰਮ ਨ ਜਾਣੀ॥ਜਿਉਂ ਬੈਸੰਤਰ ਕਾਠ ਵਿਚਹੁ ਹਅਲਖ ਵਿਡਾਣੀ ॥ ਗੁਰਮੁਖ ਸੰਜਮ ਨਿੱਕਲੈ ਪਰਗਟ ਪਰਵਾਣੀ॥ਪੀਰ ਮੁਰੀਦਾਂ ਪਿਰਹੜੀ ਸੰਗਤ ਕੁਰਬਾਣੀ ॥ ੨੨ ॥ ਦੀਪਕ ਜਲੈ ਪਤੰਗ ਵੰਸ ਫਿਰ ਦੇਖ ਨ ਹੱਟੈ ॥ ਜਲ ਵਿਚਹੁੰ ਫੜ ਕੱਢੀਐ ਮਛ ਨੇਹੁੰ ਨ ਘੱਟੈ ॥ ਘੰਡਾ ਹੇੜੈ ਮਿਰਗ ਜਿਉਂ ਸੁਣ ਨਾਦ ਪਲੱਟੈ ॥ ਭਵਰੇ ਵਾਸ ਵਿਣਾਸ ਹੈ ਫੜ ਕਵਲ ਸਘੱਟੈ॥ ਗੁਰਮੁਖ ਸੁਖ ਫਲ ਪਿਰਮ ਰਸ ਬਹੁ ਬੰਧਨ ਕੱਟੈ॥ ਧਨ ਧਨ ਗੁਰ ਸਿਖ ਵੰਸ ਧਨ ਗੁਰਮਤ ਨਿਧ ਖੱਟੈ ॥ ੨੩ ॥

ਇਸ ਪ੍ਰਕਾਰ ਫਲ ਨਾਲ ਭਰਪੂਰ ਝੁਕੀਆਂ ਹੋਈਆਂ ਡਾਲੀਆਂ ਵਾਂਙ ਮਸਤਾਨਸਿੰਘ ਦੇਵੀ ਗੁਣਾਂ ਨਾਲ ਸੰਪੂਰਣ ਹੋਕੇ ਇਸ ਗਿਆਨ ਨੂੰ ਪਹੁੰਚ ਗਿਆ ਕਿ ਭਾਈ ਗੁਰਦਾਸ ਜੀਦੀ ਹੀਰ ਕੀਹ ਹੈ ? ਇਸ ਪਰਮ ਪਵਿੱਤ੍ਰ ਜਾਣਨੇ ਯੋਗ ਗਜਾਨ ਨੂੰ ਜਾਣਕੇ ਭਾਈ ਉਪਰਾਮ ਸਿੰਘ ਜੀ ਦੇ ਹੁਕਮ ਮੁਜਬ ਆਪਣੇ ਪਿੰਡ ਜਾ ਰਿਹਾ ਅਰ ਚੰਦਨ ਦੇ ਬਿੱਛ ਵਾਂਙ ਆਪਣੀ ਖੁਸ਼ਬੋ ਨਾਲ ਹੋਰਨਾ ਨੂੰ ਸੁਗੰਧਤ ਕਰਨ ਲੱਗਾ।

—ਇਤਿ—

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੬.

ਕਵੀ ਕੁਲ ਭੂਸ਼ਣ ਕਵੀ ਕਾਲੀਦਾਸ

ਕ੍ਰਿਤ

ਸ਼ਕੁੰਤਲਾ ਨਾਟਕ

ਦਾ

ਪੰਜਾਬੀ ਵਿਚ ਅਨੁਵਾਦ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਭੂਮਿਕਾ

ਇਹ ਮਹਾਨ ਕਵਿ ਕਾਲੀਦਾਸ ਦਾ ਕੀਤਾ ਹੋਇਆ ਸ਼ਕੁੰਤਲਾ ਨਾਟਕ ਜੋ ਉੱਤਮ ਕਾਵਜ ਸੰਸਕ੍ਰਿਤ ਜ਼ੁਬਾਨ ਵਿਦਮਾਨ ਹੇ,ਜਿਸ ਵਿਚ ਉਕਤ ਸ੍ਰੀ ਕਵਿ ਜੀ ਨੇ ਧੁਨੀ ਵਜੰਜਨਾਂ ਲੱਛਣਾਂ ਆਦਿਕ ਸਾਹਿਤਜ ਵਿਦਜਾ ਦੇ ਉੱਤਮ ਪਦਾਰਥ ਕੁੱਟ ਕੁੱਟਕੇ ਭਰੇ ਹਨ, ਇਸਦਾ ਉਲਥਾ ਪੰਜਾਬੀ ਜ਼ੁਬਾਨ ਵਿਚ ਵੈਸਾ ਹੀ ਹੋਣਾ ਅਤਿ ਕਠਨ ਜਾਪਦਾ ਹੈ; ਕਿਉਂਕਿ ਅਜੇ ਤੱਕ ਪੰਜਾਬੀ ਵਿਚ ਕੋਈ ਨਾਟਕ ਨਹੀਂ ਹੋਇਆ ਅਤੇ ਨਾ ਇਸ ਨਾਟਕ-ਸਾਹਿਤਜ ਵਿੱਦਜਾ ਦੀ ਕੋਈ ਪੋਥੀ ਅਜੇ ਤਕ ਕਿਸੇ ਨੇ ਲਿਖੀ ਅਤੇ ਨਾ ਹੀ ਸਾਹਿਤ ਵਿਦਜਾ ਦੇ ਸੰਕੇਤੀ ਪਦ ਇਸ ਜ਼ੁਬਾਨ ਵਿੱਚ ਮਿਲਦੇ ਹਨ, ਇਸ ਲਈ ਇਸ ਜ਼ੁਬਾਨ ਵਿਚ ਨਾਟਕ ਦਾ ਨਿਬਾਹੁਣਾ ਭਾਰੀ ਔਕੜ ਵਿੱਚ ਫਸਣਾ ਹੈ। ਭਾਵੇਂ ਹਿੰਦੀ, ਬ੍ਰਿਜ ਭਾਖਾ, ਉਰਦੂ, ਅੰਗ੍ਰੇਜ਼ੀ, ਲੈਟਨ ਅਤੇ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਆਦਿ ਭਾਖਾਂ ਵਿਚ ਨਾਟਕ ਬਾਹਲੇ ਮਿਲਦੇ ਹਨ, ਪਰੰਤੂ ਪੰਜਾਬੀ ਵਿਚ ਅਜੇ ਤਕ ਇਹ ਪਹਿਲਾ ਹੀ ਉਲਥਾ ਹੈ, ਕੁਝ ਸਮਾਂ ਪਾਕੇ ਬਾਹਲੇ ਹੋ ਜਾਣ ਤਾਂ ਕੋਈ ਅਚਰਜ ਨਹੀਂ।

ਹੋਰਨਾਂ ਜ਼ੁਬਾਨਾਂ ਵਿਚ ਸ਼ਕੁੰਤਲਾ ਨਾਟਕ ਦਾ ਉਲਥਾ ਅਵੱਸੋਂ ਕੁਝ ਨਾ ਕੁਝ ਹੋਰ ਰੰਗਤ ਪਕੜਦਾ ਗਿਆ ਹੈ। ਕਿਸੇ ਕਿਸੇ ਜਗ੍ਹਾ ਪਰ ਕਰਤਾ ਦੇ ਭਾਵ ਨੂੰ ਉਲਥਾਕਾਰ ਲੋਕ ਆਪੋ ਆਪਣੀ ਜ਼ੁਬਾਨ ਦੀ ਖ਼ੂਬੀ ਵਿਚ ਨਿਬਾਹ ਕਰਕੇ ਝੱਟ ਲੰਘਾ ਗਏ ਹਨ। ਭਾਵੇਂ ਲਫਜ਼ੀ ਤਰਜਮੇ ਦਾ ਦਾਵਾ ਸਾਰੇ ਉਲਥਕਾਂ ਨੇ ਕੀਤਾ ਹੈ, ਪਰੰਤੂ ਜਦ ਸਾਰਿਆਂ ਨੂੰ ਮੁਕਾਬਲਾ ਕਰਕੇ ਦੇਖਿਆ ਜਾਵੇ ਤਾਂ ਕਿਤੇ ਨਾ ਕਿਤੇ ਗਹਿਰੇ ਤੋਂ ਗਹਿਰਾ ਭੇਦ ਅਵਸੋਂ ਪਾਇਆ ਜਾਂਦਾ ਹੈ। ਚਾਹੋ ਇਸ ਢੰਗ ਨਾਲ ਜੋ ਇਸ ਨਾਟਕ ਵਿਚ ਢਾਂਚਾ ਹੈ ਥੀਏਟਰਾਂ ਵਿਚ ਨਹੀਂ ਖੇਲਿਆ ਜਾਂਦਾ, ਕਿਉਂਕਿ ਸਮੇਂ ਦੀ ਰਗੜ ਨੇ ਨਵੀਂ ਰੌਸ਼ਨੀ ਦੀ ਚਮਕ ਨਿਰਾਲੀ ਹੀ ਚਮਕਾਈ ਹੈ, ਪਰੰਤੂ ਇਹ ਢਾਂਚਾ ਜੋ ਮਹਾਨ ਕਵਿ ਕਾਲੀਦਾਸ ਦੇ ਦਿਮਾਗ ਵਿੱਚੋਂ ਨਿਕਲ ਚੁਕਾ ਹੈ, ਸਮਾਂ ਇਸਨੂੰ ਇੰਨਾਂ ਬਾਹਲਾ ਪੁਰਾਣਾ ਨਹੀਂ ਕਰ ਸਕਿਆ,ਜੇਹਾਕੁ ਹੋਰਨਾਂ ਪਦਾਰਥਾਂ ਨੂੰਇਸਨੇ ਘੁਣ ਖਾਧਾ ਬੋਦਾ ਕਰ ਦਿਤਾ ਹੈ। ਸੋ ਇਹ ਸੈਂਕੜਿਆਂ ਬਰਸਾਂ ਦਾ ਬੁੱਢਾ ਹੋਕੇ ਵੀ ਅਜੇ ਜੁਵਾਨੀ ਦੀ ਝਲਕ ਦਿਖਾਉਂਦਾ ਹੈ, ਜੋ ਬਹੁਤ ਹੀ ਥੋੜ੍ਹਾ ਜਿਹਾ ਹੇਰ ਫੇਰ ਕਰਕੇ ਅੱਜ ਕੱਲ ਦੇ ਥੀਏਟਰਾਂ ਵਿਚ ਵੀ ਡਰਾਮਾਂ ਹੋ ਸਕਦਾ ਹੈ। ਪਰੰਤੂ ਇਸ ਪੰਜਾਬੀ ਉਲਥਿਕ ਦਾ ਇਸ ਉਲਥਾ ਕਰਨ ਵਿਚ ਮੁਖ ਉੱਦਮ ਇਹ ਹੈ ਕਿ ਜੋ ਸਾਹਿਤਜਕ ਖ਼ੂਬੀਆਂ ਕਾਲੀਦਾਸ ਨੇ ਇਸ ਡਰਾਮੇ ਵਿਚ ਭਰੀਆਂ ਹਨ, ਉਨ੍ਹਾਂ ਖ਼ੂਬੀਆਂ ਨੂੰ ਅਸਲੀ ਸੁੰਦਰਤਾ ਵਿਚ ਪ੍ਰਕਾਸ਼ਿਆ ਜਾਵੇ ਤੇ ਉਨ੍ਹਾਂ ਖ਼ੂਬੀਆਂ ਤੋਂ ਪੰਜਾਬੀ ਜ਼ੁਬਾਨ ਦੇ ਪ੍ਰੇਮੀਆਂ ਨੂੰ ਜਤਲਾਇਆ ਜਾਵੇ ਕਿ ਇਹ ਖ਼ੂਬੀਆਂ ਡਾਢੀਆਂ ਸ੍ਵਾਦਲੀਆਂ ਹਨ ਅਤੇ ਮਹਾਨ ਕਵਿ ਕਾਲੀਦਾਸ ਦੀ ਵਿਦ੍ਵਤਾ ਦਾ ਕੇਹਾ ਅਚਰਜ

Digitized by Panjab Digital Library | www.panjabdigilib.org

ਚਮਤਕਾਰ ਹੈ।ਕਿਉਂਕਿ ਇਹ ਕਵਿ ਰਾਜਾ ਬਿਕ੍ਰਮਾਜੀਤ ਦੇ ਸਮੇਂ ਵਿਚ ਹੋਇਆ ਮੰਨਿਆਂ ਜਾਂਦਾ ਹੈ ਅਤੇ ਉਸਦੇ ਦਰਬਾਰ ਦੇ ਨੌਰਤਨਾਂ ਵਿਚੋਂ ਸ੍ਰੇਸ਼ਟ ਨਾਵਾਂ ਰਤਨ ਸੀ। ਓਹ ਅੱਠੇ ਰਤਨ ਬੀਆਪੋ ਆਪਣੀ ਬੁਧਿ ਵਿੱਦਜਾ ਵਿਚ ਇਕ ਦੂਜੇ ਨਾਲੋਂ ਕੋਈ ਘੱਟ ਨਹੀਂ ਸਨ। ਇਹ ਨਾਟਕ ਨਟਾਂ ਦੇ ਰਾਜਾ ਬਿਕ੍ਰਮਾਜੀਤ ਨੂੰ ਸਾਰੀ ਵਿੱਦ੍ਵਾਨ ਸਭਾ ਦੇ ਸਮੇਤ ਖੇਲ ਕਰਕੇ ਦਿਖਾਇਆ ਸਾ ਅਤੇ ਉਸ ਵੇਲੇ ਇਸ ਨਾਟਕ ਦੇ ਕਰਤਾ ਦੀ ਜੋ ਕੁਝ ਕਦਰ ਅਤੇ ਵਡਿਆਈ ਹੋਈ ਹੈ ਉਹ ਇਸ ਵੇਲੇ ਜੇਕਰ ਪ੍ਰਗਟ ਕੀਤੀ ਜਾਵੇ ਤਾਂ ਇਹ ਸਮਾਂ ਕਦੀ ਸੱਚ ਨਹੀਂ ਮੰਨ ਸਕਦਾ। ਰਾਜਾ ਬਿਕ੍ਰਮਾਜੀਤ ਜੈਸਾ ਉਦਾਰਤਮਾਂ ਰਾਜਾ ਅਤੇ ਕਾਲੀਦਾਸ ਜੈਸਾ ਮਹਾਨ ਕਵਿ ਜੋ ਆਪਣੇ ਜੇਹਿਆਂ ਨਾਲੋਂ ਬਹੁਤ ਵਡਿਆਈ ਰਖਣ ਵਾਲਾ ਸੀ, ਜੋ ਕੁਝ ਵੀ ਰਾਜਾ ਨੇ ਇਸਨੂੰ ਦਾਨ ਅਥਵਾ ਸਨਮਾਨ ਦਿੱਤਾ ਸਾ, ਭਾਵੇਂ ਉਹ ਬਾਹਲੇ ਤੋਂ ਬਾਹਲਾ ਸੀ, ਪਰੰਤੂ ਇਸਦੀ ਖ਼ੂਬੀ ਅਗੇ ਕਿਣਕਾ ਮਾਤਰ ਸੀ। ਇਹ ਕਵੀ ਕਿਸੇ ਇਕ ਡਰਾਮੇ ਤੇ ਹੀ ਬੱਸ ਨਹੀਂ ਕਰ ਬੈਠਾ ਸਾ, ਇਸਦੇ ਬਣਾਏ ਹੋਏ ਬਹੁਤ ਸਾਰੇ ਗ੍ਰੰਥ ਭਾਰਥ ਵਰਖ ਵਿੱਚ ਸੰਸਕ੍ਰਿਤ ਵਿਦਜਾ ਦੇ ਪੜ੍ਹਾਈ ਦੇ ਪ੍ਰਮਾਣੀਕ ਗ੍ਰੰਥ ਹਨ ਜੇਹਾ ਕੁ ਰਘੁਵੰਸ਼,ਮੇਘ ਦੂਤ, ਕੁਮਾਰ ਸੰਭਵ, ਵਿਕ੍ਰਮੋਰਵਸ਼ੀ ਆਦਿਕ।

ਇਸ ਨਾਟਕ ਵਿਚ ਇੰਨਾਂ ਭਾਰਾ ਸਮਾਸ ਵਿਦਮਾਨ ਹੈ ਕਿ ਜੇ ਕੋਈ ਉਲਥਕ ਇਸ ਦੇ ਇਕ ਇਕ ਨਾਟ ਨੂੰ ਵਿਸਥਾਰ ਕਰਕੇ ਨਿਬਾਹੁਣਾ ਚਾਹੇ ਤਾਂ ਇਸਦੇ ਸਾਰੇ ੧੦ਨਾਟ ਦੇ ੧੦੦ ਨਾਟ ਤੱਕ ਹੋ ਸਕਦੇ ਹਨ, ਪਰੰਤੂ ਇਸਦੇ ਸਮਾਸ ਵਿਆਸ ਕਰਨ ਲਈ ਪੂਰਨਾ ਨਹੀਂ ਹੋਈ, ਨਿਰਾ ਉਲਥਾ ਕਰਨ ਦੀ ਹੀ ਸੁਚਨਾ ਹੈ, ਇਸ ਲਈ ਉਲਥਾ ਮਾਤ੍ਰ ਕਰਨ ਵਿਚ ਹੀ ਪ੍ਰਯਤਨ ਕੀਤਾ ਗਿਆ ਹੈ। ਪਦਾਂ ਤੇ ਭਾਵਾਂ ਦਾ ਕੇਵਲ ਅਨੁਵਾਦ ਹੀ ਹਾਜ਼ਰ ਹੈ, ਨਾ ਇਸਨੂੰ ਇਸ ਸਮੇਂ ਦੀ ਰੰਗਤ ਵਿਚ ਡੋਬਾ ਦੇਕੇ ਰੰਗਿਆ ਹੈ ਅਤੇ ਨਾ ਕਿਸੇ ਇਸ ਦੇ ਕਰਤਾ ਦੇ ਭਾਵ (ਪ੍ਰਯੋਜਨ) ਨੂੰ ਬਦਲਿਆ ਹੈ। ਜੇਹਾਕੁ ਕਾਲੀਦਾਸ ਦੀ ਕਲਮ ਵਿੱਚੋਂ ਨਿਕਲਿਆ ਹੈ ਤੇਹਾ ਹੀ ਪੰਜਾਬੀ ਪੁਸ਼ਾਕ ਪਹਿਨਾਕੇ ਸੱਜਣਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਗਿਆ ਹੈ ਅਰ ਇਸ ਬਾਤ ਦਾ ਮੁੱਖ ਪ੍ਰਯਤਨ ਰਿਹਾ ਹੈ ਕਿ ਅਸਲੀ ਸੁੰਦਰਤਾ ਖਾਲਸ ਰਹੇ।

ਓਸ ਵੇਲੇ ਸੰਸਕ੍ਰਿਤ ਜ਼ੁਬਾਨ ਦਾ ਬਹੁਤ ਹੀ ਕਦਰ ਸੀ ਅਤੇ ਪੁਰਾਣਿਕ ਮਤਾਂ ਦਾ ਬਾਹਲਾ ਜ਼ੋਰ ਸੀ, ਇਸੇ ਕਾਰਨ ਕਰਤਾ ਨੇ ਬਾਹਲਾ ਮਸਾਲਾ ਇਸ ਨਾਟਕ ਦਾ ਪੁਰਾਣਾਂ ਵਿਚੋਂ ਹੀ ਲਿਆ ਹੈ, ਇਸ ਮਸਾਲੇ ਨੂੰ ਪੁਰਾਣੇ ਸਮੇਂ ਦੀ ਯਾਦਗਾਰ ਸਮਝ ਕੇ ਲਾਭ ਲੈਣਾ ਚਾਹੀਦਾ ਹੈ।

ਸ੍ਰੀ ਅੰਮ੍ਰਿਤਸਰ
ਮੱਘਰ ਸੰਃ ਗੁਰ ਨਾਃ ਸ਼ਾਃ ੪੩੧

ਦਾਸ–ਉਲਥਾਕਾਰ

Digitized by Panjab Digital Library | www.panjabdigilib.org

ਅਨੁਕ੍ਰਮਣਿਕਾ

ਇਸ਼ ਨਾਟਕ ਵਿੱਚ ਇਕ ਪ੍ਰਸਤਾਵਨਾ, ਤਿੰਨ ਮੱਧੇ ਨਾਟ ਅਤੇ ਹੋਰ ਸਾਰੇ ਸੱਤ ਨਾਟ ਹਨ। ਇਸਦੇ ਪ੍ਰਕਰਣ ਦੀ ਸੰਖੇਪ ਵਾਰਤਾ ਇਹ ਹੈ:–

ਪ੍ਰਸਤਾਵਨਾ– ਇੱਕ ਬ੍ਰਾਹਮਣ ਅਖਾੜੇਵਿਚ ਆਕੇ ਸਾਰੀ ਸਭਾ ਨੂੰ ਮੁਹਰਲੀ ਅਸੀਸ ਦਿੰਦਾ ਹੈ। ਉਪਰੰਤ ਜਥੇਦਾਰ ਨਟ ਆਪਣੇ ਸਾਥੀਆਂ ਨੂੰ ਇਹ ਕਹਿਕੇ ਕਿ ਅੱਜ ਸ਼ਕੁੰਤਲਾ ਨਾਟਕ ਦਿਖਾਵਾਂਗੇ ਤੁਸੀ ਸਾਰੇ ਖਬਰਦਾਰ ਹੋਕੇ ਖੇਲੋ ਕੁਝ ਆਪ ਗੌਂਦਾ ਹੈ ਅਤੇ ਕੁਝ ਨਟੀ ਪਾਸੋਂ ਵੀ ਗੀਤ ਗਵਾਉਂਦਾ ਹੈ।

ਨਾਟ ੧-ਹਸਤਨਾਪੁਰ ਦਾ ਪੁਰੁਵੰਸ਼ੀ ਰਾਜਾ ਦੁਖਜੰਤ ਸ਼ਿਕਾਰ ਖੇਡਦਾ ਹੋਇਆ ਇੱਕ ਹਰਨ ਦੇ ਪਿੱਛੇ ਲੱਗਾ ਮਾਲਨੀ* ਨਦੀ ਦੇ ਕਿਨਾਰੇ ਤਪੱਸ੍ਵੀਆਂ ਦੇ ਆਸ਼੍ਰਮ ਵਿੱਚ ਜਾ ਅੱਪੜਦਾ ਹੈ। ਉਥੇ ਕੰਨ੍ਹ ਮੁਨੀ ਦੀ ਕੁਆਰੀ ਕਾਕੀ ਸ਼ਕੁੰਤਲਾ ਦਾ ਰੂਪ ਦੇਖਕੇ ਅਸ਼ਕਤ ਹੋ ਜਾਂਦਾ ਹੈ, ਪ੍ਰੰਤੂ ਇਸ ਦੁਬਿਧਾ ਵਿਚ ਪੈਂਦਾ ਹੈ ਕਿ ਇਹ ਜੇਕਰ ਬ੍ਰਾਹਮਣ ਦੀ ਲੜਕੀ ਹੈ ਤਾਂ ਮੈਂ ਇਸਨੂੰ ਕੀਕੁਰ ਵਿਆਹ ਸਕਾਂਗਾ। ਫਿਰ ਸ਼ਕੁੰਤਲਾ ਦੀਆਂ ਦੋ ਸਹੇਲੀਆਂ ਨਾਲ ਕੁਝ ਗੱਲ ਬਾਤ ਕਰਕੇ ਉਹਨਾਂ ਪਾਸੋਂ ਸੁਣਦਾ ਹੈ ਕਿ ਇਹ ਕੰਨਜਾਂ ਵਿਸ਼੍ਵਾਮਿੱਤ੍ਰ ਰਾਜਰਿਖੀ ਦੀ ਬੇਟੀ ਹੈ। ਮੇਨਕਾ ਨਾਮੀ ਅਪੱਛਰਾਂ ਦੇ ਪੋਟੇਂ ਹੋਈ ਹੋਈ ਹੈ, ਇਸਦੀ ਮਾਉਂ ਇਸਨੂੰ ਜਣ ਕੇ ਜੰਗਲ ਵਿਚ ਸੁੱਟਕੇ ਚਲੀ ਗਈ ਸੀ। ਦੈਵਨੇਤ ਨਾਲ ਕੰਨ੍ਹ ਮੁਨੀ ਜੀ ਓਥੇ ਜਾ ਅੱਪੜੇ, ਇਸਨੂੰ ਐਵੇਂ ਪਿਆ ਦੇਖ ਕੇ ਦਯਾ ਆ ਗਈ, ਚੁੱਕਕੇ ਏਥੇ ਆਪਣੇ ਆਸ਼੍ਰਮ ਲੈ ਆਏ ਅਤੇ ਬੇਟੀ ਕਰਕੇ ਪਾਲੀ ਹੈ। ਅਜੇ ਇਸਦਾ ਵਿਆਹ ਨਹੀਂ ਹੋਇਆ। ਕੰਨ੍ਹ ਮੁਨੀ ਅੱਜ ਕੱਲ ਤਪੋ ਬਨ ਵਿੱਚ ਨਹੀਂ ਹਨ, ਤੀਰਥ ਯਾਤ੍ਰਾ ਕਰਨ ਗਏ ਹੋਏ ਹਨ।

ਇਹ ਗੱਲ ਬਾਤ ਹੋ ਰਹੀ ਸੀ ਕਿ ਇੰਨੇ ਤਾਈਂ ਇਕ ਬਨ ਦਾ ਹਾਥੀ ਰਾਜਾ ਦੇ ਰਥ ਤੋਂ ਡਰਕੇ ਆਸ਼੍ਰਮ ਵਿਚ ਭੜਥੂ ਮਚਾਉਂਦਾ ਆ ਗਿਆ, ਉਸਤੋਂ ਡਰਦੀ ਹੋਈ ਸ਼ਕੁੰਤਲਾ ਆਪਣੀਆਂ ਸਹੇਲੀਆਂ ਸਮੇਤ ਕੁਟੀਆ ਵਲ ਚਲੀ ਜਾਂਦੀ ਹੈ ਅਤੇ ਰਾਜਾ ਉਸਦੀ ਪ੍ਰੀਤ ਦੇ ਵੱਸ ਵਿੱਚ ਹੋਕੇ ਉਸ ਆਸ਼੍ਰਮ ਦੇ ਨੇੜੇ ਡੇਰਾ ਪਾ ਦਿੰਦਾ ਹੈ।

ਨਾਟ ੨–ਡੇਰੇ ਵਿਚ ਰਾਜਾ ਆਪਣੀ ਲਗਨ ਦਾ ਵਿਰਤੰਤ ਅਤੇ ਸ਼ਕੁੰਤਲਾ ਦੇ ਰੂਪ ਦੀ ਵਡਿਆਈ ਮਾਢੱਬਜ ਨਾਮੀ ਆਪਣੇ ਮਿੱਤ੍ਰ ਨੂੰ ਕਹਿੰਦਾ ਹੀ ਸੀ ਅਤੇ ਉਸ ਆਸ਼੍ਰਮ ਵਿੱਚ ਜਾਣ ਲਈ ਕੋਈ ਬਹਾਨਾ ਢੂੰਡਦਾ ਹੀ ਸੀ ਕਿ ਉਸ ਵੇਲੇ ਕੁਝ ਤਪੱਸ੍ਵੀਆਂ ਨੇ ਆਕੇ ਆਖਿਆ ਕਿ ਮਹਾਰਾਜ! ਸਾਡੇ ਜੱਗ ਵਿੱਚ ਰਾਖਸ਼ ਲੋਕ ਵਿਘਨ ਕਰਦੇ ਹਨ, ਤੁਸੀਂ ਆਸ਼੍ਰਮ ਤੇ ਚੱਲਕੇ ਰਾਖੀ ਕਰੋ। ਇਸ ਬੇਨਤੀ ਨੂੰ ਰਾਜਾ ਪ੍ਰਸੰਨਤਾ ਨਾਲ ਮੰਨਦਾ ਹੈ, ਕਿਉਂਕਿ ਆਸ਼੍ਰਮ ਵਿਚ ਜਾਣ

*ਮਾਲਨੀ ਇਕ ਨਿੱਕੀ ਜੇਹੀ ਨਦੀ ਬਿਜਨੌਰ ਦੇ ਜ਼ਿਲੇ ਵਿਚ ਗੰਗਾ ਜੀ ਤੋਂ ਥੋੜ੍ਹੀ ਕੁ ਦੂਰ ਪੂਰਬ ਵੱਲ ਵਗਦੀ ਹੈ ਅਤੇ ਹਸਤਨਾ ਪੁਰ ਤੋਂ ਦੱਖਣ ਰੁਖ ੧੫-੧੬ ਕੋਹ ਪਰ ਹੈ। ਵਿਚਕਾਰ ਗੰਗਾ ਜੀ ਤੋਂ ਸੱਜੇ ਪਾਸੇ ਵਲ ਕਿਨਾਰੇ ਪਰ ਸ਼ੁੱਕ੍ਰਾਵਤਾਰ ਤੀਰਥ ਹੈ, ਜਿਸਦਾ ਨਾਉਂ ਲੋਕੀ ਸ਼ੁੱਕ੍ਰਤਾਲ ਕਰਕੇ ਕਹਿੰਦੇ ਹਨ।

Digitized by Panjab Digital Library | www.panjabdigilib.org

ਦਾ ਅਤੇ ਸ਼ਕੁੰਤਲਾ ਦੇ ਦੇਖਣ ਦਾ ਬਹਾਨਾ ਮਿਲ ਜਾਂਦਾ ਹੈ।

ਨਾਟ ੩—ਸ਼ਕੁੰਤਲਾ ਦੀ ਭਾਲ ਵਿੱਚ ਰਾਜਾ ਬਹੁਤ ਘਾਬਰ ਜਾਂਦਾ ਹੈ ਅਤੇ ਉਸ ਆਸ਼੍ਰਮ ਦੀਆਂਵੇਲਾਂਬ੍ਰਿਛਾਂ ਦੀਆਂ ਗਲੀਆਂ(ਝੰਗੀਆਂ) ਵਿੱਚ ਢੂੰਢਦਾ ਹੈ। ਦੋਹਾਂ ਸਹੇਲੀਆਂ ਸਮੇਤ ਇਕ ਝੰਗੀ ਵਿਚ ਪੱਥਰ ਦੀ ਸ਼ਿਲਾ ਉਤੇ ਤਾਪ ਦੀ ਸਤਾਈ ਹੋਈ ਸਕੁੰਤਲਾ ਨੂੰ ਤਾੜਕੇ ਰੁੱਖਾਂ ਉਹਲੇ ਛਿੱਪਕੇ ਤਿੰਨਾਂ ਸਹੇਲੀਆਂਦੀਆਂ ਗੱਲਾਂ ਸੁਣਦਾ ਹੈ, ਜਿਸ ਤੇ ਪ੍ਰਤੀਤ ਕਰਦਾ ਹੈ ਕਿ ਸ਼ਕੁੰਤਲਾ ਰਾਜੇ ਦੇ ਪ੍ਰੇਮ ਦੇ ਵੱਸ ਹੋਕੇ ਡਾਢੀ ਘਾਬਰ ਰਹੀ ਹੈ। ਇਸ ਦੁੱਖ ਦੇ ਦੂਰ ਕਰਨ ਲਈ ਸਹੇਲੀਆਂ ਸ਼ਕੁੰਤਲਾਪਾਸੋਂ ਰਾਜਾ ਵੰਨੀਂ ਪ੍ਰੇਮ ਭਰੀ ਚਿਠੀ ਲਿਖਾਉਂਦੀਆਂ ਹਨ ਅਤੇ ਜਦ ਸ਼ਕੁੰਤਲਾ ਚਿੱਠੀ ਲਿਖ ਕੇ ਆਪ ਹੀ ਪੜ੍ਹਨ ਲੱਗਦੀ ਹੈ ਤਾਂ ਰਾਜਾ ਉਸੇ ਵੇਲੇ ਪ੍ਰਤੱਖ ਹੋਕੇ ਸ਼ਕੁੰਤਲਾ ਨਾਲ ਗੰਧਰਬ ਵਿਆਹ ਕਰਦਾ ਹੈ। ਸਹੇਲੀਆਂ ਬਹਾਨਾ ਪਾਕੇ ਦੋਹਾਂ ਨੂੰ ਇਕੱਲਿਆਂ ਛੱਡਕੇ ਚਲੀਆਂ ਜਾਂਦੀਆਂਹਨ।ਥੁਹੜਾ ਹੀ ਚਿਰ ਪਿੱਛੋਂ ਸ਼ਕੁੰਤਲਾ ਦੀ ਸੁਰਤ ਪੁੱਛਣ ਲਈ ਗੌਤਮੀ ਨਾਮੀ ਬੁੱਢੀ ਤਪੱਸ੍ਵਨੀ ਆਉਂਦੀ ਹੈ। ਉਸਨੂੰ ਦੇਖਕੇ ਰਾਜਾ ਰੁੱਖ ਦੇ ਉਹਲੇ ਛਿਪ ਜਾਂਦਾ ਹੈ ਅਤੇ ਸ਼ਕੁੰਤਲਾ ਗੌਤਮੀ ਦੇ ਨਾਲ ਕੁਟੀਆ ਨੂੰ ਚਲੀ ਜਾਂਦੀ ਹੈ।

ਆਪਣੇ ਟੁਰਨ ਵੇਲੇ ਰਾਜਾ ਸ਼ਕੁੰਤਲਾ ਨੂੰ ਮੁੰਦਰੀ ਦੇਕੇ ਤਿੰਨਾਂ ਪੰਜਾਂ ਦਿਨਾਂ ਦਾ ਇਕਰਾਰ ਕਰਦਾ ਹੈ ਕਿ ਤੈਨੂੰ ਮੇਰੇ ਘਰ ਦੇ ਆਦਮੀ ਆਕੇ ਲੈ ਜਾਣਗੇ।

ਚੌਥੇ ਨਾਟ ਦੇ ਮੱਧੇ—ਪਿਆਰੇ ਪਤੀ ਦੇ ਵਿਛੋੜੇ ਦੇ ਦੁੱਖ ਵਿਚ ਸ਼ਕੁੰਤਲਾ ਸੋਚਾਂ ਦੇ ਖੂਹਾਂ ਵਿੱਚ ਲੱਥੀ ਹੋਈ ਅਤੇ ਬਾਹਰਲੀ ਹੋਸ਼ ਤੋਂ ਬੇਖਬਰ ਬੈਠਦੀ ਹੈ। ਇਸੇ ਵੇਲੇ ਦੁਰਬਾਸ਼ਾ ਰਿਖੀ 'ਅਕਾਰਣ ਕ੍ਰੋਧ' ਦੀ ਮੂਰਤ ਆਉਂਦਾਹੈ। ਅੱਗੋਂ ਸ਼ਕੁੰਤਲਾ ਵੱਲੋਂ ਆਦਰ ਭਾਉ ਨਾ ਹੋਣ ਤੇ, ਬਿਨਾਂ ਹੀ ਸੋਚ ਵਿਚਾਰ ਦੇ ਕ੍ਰੋਧ ਕਰਕੇ ਸ੍ਰਾਪ ਦਿੰਦਾ ਹੈ ਕਿ ਜਿਸਦੀ ਸੋਚ ਵਿੱਚ ਡੁਬੀ ਹੋਈ ਤੂੰ ਏਡੀ ਬੇਸੁੱਧ ਹੋਈ ਬੈਠੀ ਹੈਂ ਰੱਬ ਕਰੇਗਾ ਤਾਂ ਓਹ ਤੈਨੂੰ ਭੁੱਲ ਜਾਵੇਗਾ। ਜਦੋਂ ਦੁਰਬਾਸ਼ਾ ਰਿਖੀ ਸ੍ਰਾਪ ਦੇਕੇ ਉੱਥੋਂ ਜਾਂਦਾ ਹੈ, ਤਾਂ ਅੱਗਲਵਾਂਢੀ ਸ਼ਕੁੰਤਲਾ ਦੀ ਸਹੇਲੀ ਮਿਲਕੇ ਪੈਰ ਪਕੜਦੀਹੈ ਅਤੇ ਸ੍ਰਾਪ ਬਖਸ਼ਾਉਣ ਲਈ ਬੇਨਤੀ ਕਰਦੀ ਹੈ, ਤਾਂ ਰਿਖੀ ਪ੍ਰਸੰਨ ਹੋਕੇ ਕਹਿ ਦਿੰਦਾ ਹੈ ਕਿ ਮੇਰਾ ਸ੍ਰਾਪ ਮਿਟ ਤਾਂ ਨਹੀਂ ਸਕਦਾ, ਪਰੰਤੂ ਜਦ ਰਾਜਾ ਆਪਣੀ ਦਿੱਤੀ ਹੋਈ ਮੁੰਦਰੀ ਦੇਖੇਗਾ ਤਾਂ ਉਸਨੂੰ ਸਾਰੀ ਸੁਧ ਆ ਜਾਵੇਗੀ।

ਨਾਟ ੪—ਕੰਨ੍ਹ ਮੁਨੀ ਜੀ ਤੀਰਥ ਯਾਤ੍ਰਾ ਤੋਂ ਆਉਂਦੇ ਹਨ ਅਤੇ ਸ਼ਕੁੰਤਲਾ ਨੂੰ ਗਰਭਵਤੀ ਦੇਖਕੇ ਉਸਦਾ ਗੰਧਰਬ ਵਿਆਹ ਰਾਜਾਦੁਖੰਤ ਨਾਲ ਹੋਣਾ ਪ੍ਰਵਾਣ ਕਰਕੇ ਅਤੇ ਉੱਤਮੋਤਮ ਸਿੱਖਜਾ ਦੇਕੇ, ਇਕ ਗੌਤਮੀ ਅਤੇ ਹੋਰ ਦੋ ਚੇਲਿਆਂ ਨੂੰ ਨਾਲ ਕਰਕੇ ਸਹੁਰੇ ਭੇਜਦਾ ਹੈ। ਚੱਲਣ ਵੇਲੇ ਦੋਵੇਂ ਸਹੇਲੀਆਂ ਮੱਤਾਂ ਦੇਂਦੀਆਂ ਹੋਈਆਂ ਇਹ ਭੀ ਸਮਝਾਉਂਦੀਆਂ ਹਨ ਕਿ ਜੇ ਕਦੀ ਦੈਵਨੇਤ ਕਰਕੇ ਰਾਜਾ ਤੈਨੂੰ ਭੁੱਲ ਜਾਵੇ ਤਾਂ ਤੂੰ ਇਹ ਗੱਲ ਨਾ ਭੁੱਲ ਜਾਵੀਂ, ਝੱਟ ਪੱਟ ਮੁੰਦਰੀ—ਜੋ ਤੈਨੂੰ ਰਾਜਾ ਦੇ ਗਿਆ ਹੋਇਆ ਹੈ—ਦਿਖਾ ਦੇਵੀਂ।

ਨਾਟ ੫—ਸ਼ਕੁੰਤਲਾ ਰਾਜਾ ਦੇ ਸਾਹਮਣੇ ਪਹੁੰਚਦੀ ਹੈ ਅਤੇ ਨਾਲ ਦੇ ਸੰਗੀ ਰਾਜਾ ਨੂੰ ਕਹਿੰਦੇ ਹਨ ਕਿ ਇਹ ਤੇਰੀ ਵਿਆਹੀ ਹੋਈ ਇਸਤ੍ਰੀ ਹੈ, ਇਸਨੂੰ ਰਣਵਾਸ ਵਿੱਚ ਭੇਜ ਦਿਓ, ਪਰ ਰਾਜਾ ਦੁਰਬਾਸ਼ਾ ਦੇ ਸ੍ਰਾਪ ਦੇ ਅਸਰ ਕਰਕੇ ਅਪਨੇ ਵਿਆਹ ਨੂੰ ਭੁੱਲ ਗਿਆ।

Digitized by Panjab Digital Library | www.panjabdigilib.org

ਭਾਵੇਂ ਸ਼ਕੁੰਤਲਾ ਸਮੇਤ ਸਾਰਿਆਂ ਸਾਥੀਆਂ ਨੇ ਬਥੇਰਾ ਚੇਤਾ ਕਰਾਇਆ, ਪਤੇ ਦਿੱਤੇ, ਪਰੰਤੂ ਰਾਜਾ ਨੂੰ ਕੋਈ ਚੇਤਾ ਨਾ ਆਇਆ। ਓੜਕ ਅੱਕ ਕੇ ਜਦ ਸ਼ਕੁੰਤਲਾ ਮੁੰਦਰੀ ਦਿਖਾਉਣ ਲੱਗੀ, ਆਪਣੀ ਉਂਗਲ ਟੋਹੀ ਤਾਂ ਅਗੋਂ ਖੋਟੀ ਪਰਾਰਬਧ ਨੇ ਖਾਲੀ ਹੀ ਹੱਥ ਦਿਖਾਇਆ! ਸ਼ਕੁੰਤਲਾ ਨੇ ਇਹ ਗਲ ਚੇਤੇ ਕਰਕੇ ਮੱਥੇ ਤੇ ਹੱਥ ਮਾਰਿਆ ਕਿ ਹਾਇ ਮੇਰ ਨਸੀਬ! ਸ਼ੁੱਕ੍ਰਾਵਤਾਰ ਤੀਰਥਤੇ ਸਚੀ ਤਾਲ ਪਰ ਚਰਨਾਂ-ਮ੍ਰਿਤ ਲੈਂਦਿਆਂ ਮੁੰਦ੍ਰੀ ਡਿੱਗ ਪਈ ਹੋਣੀ ਹੈ। ਓੜਕ ਦੀ ਗੱਲ ਰਾਜਾ ਕਿਸੇ ਤਰ੍ਹਾਂ ਵੀ ਸ਼ਕੁੰਤਲਾ ਨੂੰ ਨਾ ਪਛਾਣ ਕੇ ਆਪਣੇ ਧਰਮ ਤੋਂ ਡਰਦਾ ਹੋਇਆ ਪਰਾਈ ਇਸਤ੍ਰੀ ਜਾਣਕੇ ਸ਼ਕੁੰਤਲਾ ਨੂੰ ਪਰਵਾਨ ਨਹੀਂ ਕਰਦਾ। ਉਸ ਵੇਲੇ ਪ੍ਰੋਹਤ ਆਖਦਾ ਹੈ ਕਿ ਮਹਾਰਾਜ! ਜਦੋਂ ਤੱਕ ਇਸਦੇ ਬਾਲਕ ਨਹੀਂ ਪੈਦਾ ਹੁੰਦਾ ਤਦ ਤੱਕ ਇਸ ਦੇਵੀ ਦਾ ਮੇਰੇ ਘਰ ਰਹਿਣਾ ਠੀਕ ਹੈ। ਜੇਕਰ ਬਾਲਕ ਇਜੇਹੇ ਹੀ ਲੱਛਣਾਂ ਵਾਲਾ ਹੋਇਆ ਕਿ ਜਿਹੇਕੁ ਆਪਦੇ ਪੁੱਤ੍ਰ ਦੇ ਹੋਣੇ ਚਾਹੀਏ ਤਾਂ ਇਸਨੂੰ ਆਪਣੇ ਰਣਵਾਸ ਵਿਚ ਕਿਰਪਾ ਕਰਕੇ ਥਾਉਂ ਬਖਸ਼ ਦੇਣੀ, ਨਹੀਂ ਤਾਂ ਆਪਣੇ ਪੇਕੇ ਘਰ ਚਲੀ ਜਾਵੇਗੀ। ਰਾਜਾ ਇਸ ਗਲ ਨੂੰ ਪਰਵਾਣ ਕਰਦਾ ਹੈ ਅਤੇ ਸ਼ਕੁੰਤਲਾ ਪੁਰੋਹਤ ਦੇ ਪਿੱਛੇ ਪਿੱਛੇ ਥੋੜੀਕੁ ਦੂਰ ਤੱਕ ਟੁਰੀ ਜਾਂਦੀ ਹੈ, ਤਾਹੀਓਂ ਖਬਰ ਕਿ ਅਧਵਾਟਿਓਂ ਹੀ ਸ਼ਕੁੰਤਲਾ ਨੂੰ ਅਪੱਛਰਾ ਉਡਾ ਲੈ ਜਾਂਦੀ ਹੈ।

ਛੇਵੇਂ ਨਾਟ ਦੇ ਮੱਧੇ—ਜਿੱਥੇ ਸ਼ਕੁੰਤਲਾ ਦੇ ਹੱਥੋਂ ਸ਼ੁੱਕ੍ਰਾਵਤਾਰ ਤੀਰਥ ਵਿੱਚ ਮੁੰਦਰੀ ਡਿੱਗੀ ਸੀ ਉੱਥੇ ਇਕ ਝੀਵਰ ਮੱਛੀਆਂ ਫੜਕੇ ਉਨ੍ਹਾਂ ਦੇ ਪੇਟ ਚਾਕ ਕਰਦਾ ਹੈ ਤਾਂ ਇਕ ਮੱਛੀ ਦੇ ਢਿੱਡ ਵਿੱਚੋਂ ਹੀਰੇ ਜੜੀ ਸੋਨੇ ਦੀ ਮੁੰਦਰੀ ਨਿੱਕਲਦੀ ਹੈ। ਉਹ ਝੀਵਰ ਓਹੋ ਹੀਰੇ ਜੜੀ ਮੁੰਦਰੀ ਵੇਚਣ ਲਈ ਹਸਤਨਾਪੁਰ ਆਉਂਦਾ ਹੈ। ਮੁੰਦਰੀ ਪਰ ਰਾਜਾ ਦਾ ਨਾਉਂ ਉੱਕਰਿਆ ਹੋਣੇ ਕਰਕੇ ਝੀਵਰ ਪਕੜਿਆ ਜਾਂਦਾ ਹੈ। ਜਦ ਉਸ ਮੁੰਦਰੀ ਨੂੰ ਕੋਤਵਾਲ ਰਾਜਾ ਦੇ ਸਾਹਮਣੇ ਕਰਦਾ ਹੈ ਤਾਂ ਦੇਖਦੇ ਸਾਰ ਹੀ ਦੁਰਬਾਸ਼ਾ ਦਾ ਸ੍ਰਾਪ ਨਿਵਿਰਤ ਹੋਕੇ ਰਾਜਾ ਨੂੰ ਸ਼ਕੁੰਤਲਾ ਦੀ ਸੁਧ ਆ ਜਾਂਦੀ ਹੈ ਅਤੇ ਝੀਵਰ ਨੂੰ ਬਹੁਤ ਕੁਝ ਦੇਕ ਛੁਡਾ ਦਿੰਦਾ ਹੈ।

ਨਾਟ ੬—ਜਦ ਰਾਜਾ ਨੂੰ ਸੁਧ ਆਉਂਦੀ ਹੈ ਤਾ ਅਤਿ ਪਛੁਤਾਵੇ ਵਿਚ ਪੈ ਜਾਂਦਾ ਹੈ। ਰਾਜ ਕਾਜ ਸਭ ਛੱਡ ਬੈਠਦਾ ਹੈ, ਦਿਨ ਰਾਤ ਸ਼ਕੁੰਤਲਾ ਦੇ ਧਿਆਨ ਵਿਚ ਘਬਰਾਉਂਦਾ ਹੈ ਅਤੇ ਆਪਣੇ ਕੀਤੇ ਨੂੰ ਪਛਤਾਉਂਦਾ ਅਤੇ ਕੀਰਨੇ ਕਰਦਾ ਹੈ, ਅਜੇਹੇ ਵਿਯੋਗੀ ਹਾਲ ਵਿਚ ਇਕ ਦਿਨ ਇੰਦ੍ਰ ਦਾ ਰਥਵਾਹੀ ਆਕੇ ਕਹਿੰਦਾ ਹੈ ਕਿ ਦਾਨਵਾਂ ਦੇ ਨਾਲ ਲੜਾਈ ਕਰਨ ਲਈ ਇੰਦ੍ਰ ਨੇ ਆਪਨੂੰ ਬੁਲਾਇਆ ਹੈ, ਤਾਂ ਰਾਜਾ ਇੰਦ੍ਰ ਦੇ ਰਥ ਪਰ ਚੜ੍ਹਕੇ ਦਾਨਵਾਂ ਨਾਲ ਜੁੱਧ ਕਰਨ ਲਈ ਚਲਿਆ ਜਾਂਦਾ ਹੈ।

ਨਾਟ ੭—ਜਦੋਂ ਦਾਨਵਾਂ ਨੂੰ ਜਿੱਤ ਕੇ ਅਤੇ ਇੰਦ੍ਰ ਪਾਸੋਂ ਵਿਦਾ ਹੋਕੇ ਰਾਜਾ ਦੁਖਮੰਤ ਆਪਣੇ ਨੱਗਰ ਹਸਤਨਾਪੁਰ ਨੂੰ ਮੁੜਿਆ ਆਉਂਦਾ ਹੈ ਤਾਂ ਰਾਹ ਵਿਚ ਕੱਸ਼ਪ ਰਿਖੀ ਦਾ ਆਸ਼੍ਰਮ ਮਿਲਦਾ ਹੈ, ਓਥੇ ਹੀ ਰਾਜਾ ਪੁੱਤ੍ਰ ਸਮੇਤ ਆਪਣੀ ਭੁੱਲੀ ਹੋਈ ਪਿਆਰੀ ਸ਼ਕੁੰਤਲਾ ਨੂੰ ਮਿਲਦਾ ਹੈ। ਕੱਸ਼ਪ ਅਤੇ ਅਦਿੱਤੀ ਨੂੰ ਮਿਲਕੇ ਉਨ੍ਹਾਂ ਦੀਆਂ ਅਸੀਸਾਂ ਲੈਂਦਾ ਹੋਇਆ ਪੁੱਤ੍ਰ ਇਸਤ੍ਰੀ ਸਮੇਤ ਬੜੇ ਆਨੰਦ ਉਤਸਾਹ ਨਾਲ ਆਪਣੇ ਘਰ ਹਸਤਨਾਪੁਰ ਵਿੱਚ ਆਉਂਦਾ ਹੈ।

ਸ਼ਕੁੰਤਲਾ ਕੱਸ਼ਪ ਦੇ ਆਸ਼੍ਰਮ ਤੇ ਕੀਕੁਰ ਅੱਪੜੀ? ਜਦੋਂ ਸ੍ਰਾਪ ਦੇ ਵੱਸ ਭੁੱਲੇ ਰਾਜੇਨੇ ਸ਼ਕੁੰਤਲਾ ਨੂੰ ਘਰ ਨਾ ਰੱਖਿਆ ਸੀ ਤਾਂ ਰੋਂਦੀ ਹੋਈ

Digitized by Panjab Digital Library | www.panjabdigilib.org

ਪੁਰੋਹਤ ਦੇ ਪਿੱਛੇ ਪਿੱਛੇ ਜਾਂਦੀ ਨੂੰ ਉਸਦੀ ਮਾਉਂ ਮੇਨਕਾ ਨੇ ਦੇਖਿਆ, ਤਾਂ ਧੀ ਦਾ ਦੁੱਖ ਨਾ ਸਹਾਰ ਸਕੀ। ਉੱਸੇ ਵੇਲੇ ਇਕ ਅਪੱਛਰਾ ਨੂੰ ਭੇਜਕੇ ਸ਼ਕੁੰਤਲਾ ਨੂੰ ਉਡਵਾਇ ਆਂਦਾ ਅਤੇ ਕੱਸ਼ਪ ਜੀ ਦੇ ਆਸ਼੍ਰਮ ਪਰ ਰੱਖਿਆ। ਜਦ ਬਾਲਕ ਪੈਦਾ ਹੋਇਆ ਤਾਂ ਉਸ ਦਾ ਨਾਉਂ ਰਿਖੀਆਂ ਨੇ ਸਰਬਦਮਨ ਰੱਖਿਆ। ਏਹੋ ਸਰਬ ਦਮਨ ਵੱਡਾ ਹੋਕੇ ਚੱਕ੍ਰਵਰਤੀ ਰਾਜਾ ਹੋਇਆ ਜੋ ਭਰਤ ਨਾਉਂ ਕਰਕੇ ਭਾਰਤਵਰਖ ਦਾ ਮਾਲਕ ਕਹਾਇਆ।

—o—

ਨਾਟਕ ਦੇ ਪਾਤ੍ਰ

Dramatis Personae

ਅਰਥਾਤ ਸਾਂਗ ਭਰਨ ਵਾਲਿਆਂ ਦੇ ਨਾਉਂ

੧. ਦੁਖਜੰਤ—ਪੁਰੁਵੰਸ਼ੀ ਹਸਤਨਾਪੁਰ ਦਾ ਰਾਜਾ, ਇਸ ਨਾਟਕ ਦਾ ਹੀਰੋ Hero ਜਾਂ ਨਾਯਕ।

੨. ਸ਼ਕੁੰਤਲਾ—ਵਿਸ਼੍ਵਾਮਿੱਤ੍ਰ ਰਾਜ ਰਿਖੀ ਦੀ ਬੇਟੀ, ਰਾਜਾ ਗਾਧ ਦੀ ਪੋਤ੍ਰੀ, ਮੇਨਕਾ ਨਾਮਨੀ ਅਪੱਛਰਾਂ ਦੇ ਪੇਟੋਂ ਪੈਦਾ ਹੋਈ ਕੰਨ੍ਵ ਰਿਖੀ ਦੀ ਪਾਲ਼ਕ ਪੁੱਤ੍ਰੀ, ਇਸ ਨਾਟਕ ਦੀ ਹੀਰੋਇਨ Heroine ਅਰਥਾਤ ਨਾਯਕਾ।

੩. ਮਾਢੱਬਜ—ਦੁਖਜੰਤ ਦਾ ਬਿਦੂਖਕ* ਸਖਾ।

---

*ਵੇਸ ਰੂਪ ਇਤਜਾਦਿ ਕੇ ਕਰੈ ਸਖਾ ਜੋ ਹਾਸ।
ਤਾਂਹਿ ਬਿਦੂਖਕ ਕਹਤਿ ਹੈਂ ਜਾਂਕੇ ਹਿਯੇ ਹੁਲਾਸ॥
[ਸਭਾ ਪ੍ਰਕਾਸ਼

ਅਰਥ—ਭੇਸ ਅਥਵਾ ਰੂਪ ਜਾਂ ਅਵਾਜ਼ ਆਪਣੀ ਨੂੰ ਵਟਾਇਕੇ ਜਿਹੜਾ ਮਿੱਤ੍ਰਤਾ ਕਰੇ ਉਸਨੂੰ ਬਿਦੂਖਕ ਕਰਕੇ ਕਹਿੰਦੇ ਹਨ, ਜਿਸਦੇ ਵਿੱਚ ਮਿੱਤ੍ਰ ਨੂੰ ਪ੍ਰਸੰਨ ਰੱਖਣ ਦਾ ਕੇਵਲ ਆਨੰਦ ਹੁੰਦਾ ਹੈ।

੪. ਪ੍ਰਿਯੰਬਦਾ } ਦੋਵੇਂ ਸ਼ਕੁੰਤਲਾ ਦੀਆਂ
੫. ਅਨਸੂਯਾ } ਪਿਆਰੀਆਂ ਸਹੇਲੀਆਂ।

੬. ਕੰਨ੍ਵ ਰਿਖੀ—ਤਪੋ ਬਨ ਦੇ ਰਿਖੀਆਂ ਦਾ ਸ਼ਿਰੋਮਣੀ ਅਤੇ ਸ਼ਕੁੰਤਲਾ ਦਾ ਧਾਰਮਿਕ ਪਿਉ।

੭. ਸਾਰੰਗ ਰਵ } ਕੰਨ੍ਵਰਿਖੀ ਦੇ ਦੋ ਬ੍ਰਾਹਮਣ
੮. ਸਾਰ ਦੱਤ } ਚੇਲੇ।

੯. ਮਿੱਤਾਬਸੁ—ਹਸਤਨਾਪੁਰ ਦਾ ਕੋਤਵਾਲ, ਰਾਜਾ ਦੁਖਜੰਤ ਦਾ ਸਾਲਾ।

੧੦. ਕੁੰਭਲਕ—ਝੀਵਰ, ਮੱਛੀਆਂ ਫੜਨਵਾਲਾ।

੧੧. ਜਾਨਕੁ } ਦੋਵੇਂ ਪਿਆਦੇ (ਸਿਪਾਹੀ)।
੧੨. ਸੂਚਕ }

੧੩. ਬਾਤਾਇਨ ਅਥਵਾ ਕੰਚੁਕੀ—ਰਾਜਾ ਦੁਖਜੰਤ ਦੇ ਮਹਲਾਂ ਦਾ ਦਰਵਾਨ, ਰਖਵਾਲਾ।

੧੪. ਸੋਮਰਾਤ—ਰਾਜਾ ਦਾ ਪੁਰੋਹਿਤ।

੧੫. ਕਰਭਕ—ਦੂਤ (ਹਲਕਾਰਾ)।

੧੬. ਰੈਵੱਤਕ—ਦਰਵਾਨ, ਡਜੋਢੀਦਾਰ।

੧੭. ਮਾਤਲਿ—ਇੰਦ੍ਰ ਦਾ ਰਥਵਾਹੀ।

੧੮. ਸਰਬਦਮਨ—ਰਾਜਾ ਦੁਖਜੰਤ ਅਤੇ ਸ਼ਕੁੰਤਲਾ ਦਾ ਪੁੱਤ੍ਰ, ਜੋ ਚੱਕ੍ਰਵਰਤੀ ਰਾਜਾ ਹੋਕੇ ਭਰਤ ਨਾਉਂ ਤੇ ਪ੍ਰਸਿੱਧ ਹੋਇਆ ਅਤੇ ਜਿਸਦੇ ਨਾਉਂ ਪਰ ਭਾਰਤ ਵਰਖ ਅਥਵਾ ਭਰਤ ਖੰਡ ਇਸ ਦੇਸ਼ ਦਾ ਨਾਉਂ ਹੋਇਆ।

੧੯. ਕੱਸ਼ਪ—ਇਕ ਪ੍ਰਜਾਪਤੀ, ਜੋ ਮਰੀਚ ਰਿਖੀ ਦਾ ਪੁੱਤ੍ਰ, ਬ੍ਰਹਮਾ ਦਾ ਪੋਤ੍ਰਾ ਅਤੇ ਦੇਵ ਦਾਨਵਾਂ ਦਾ ਪਿਤਾ ਸੀ।

੨੦. ਗਾਲਬ—ਕੱਸ਼ਪ ਦਾ ਚੇਲਾ।

੨੧. ਅਦਿੱਤੀ—ਕੱਸ਼ਪ ਦੀ ਇਸਤ੍ਰੀ, ਦੱਖ ਪ੍ਰਜਾਪਤ ਦੀ ਧੀ, ਬ੍ਰਹਮਾ ਦੀ ਪੋਤ੍ਰੀ, ਇੰਦ੍ਰ ਆਦਿਕ ਦੇਵਤਿਆਂ ਦੀ ਮਾਉਂ।

Digitized by Panjab Digital Library | www.panjabdigilib.org

੨੨. ਸੁਖ਼ਿਤਾ—ਸਰਬ ਦਮਨ ਦੀ ਖਿਡਾਵੀ ਇਕ ਤਪੱਸ੍ਵਨੀ।

੨੩. ਸਾਨੁਮਤੀ—ਇਕ ਅਪੱਛਰਾ, ਮੇਨਕਾ ਅਪੱਛਰਾ ਦੀ ਸਹੇਲੀ।

੨੪. ਹੰਸ ਪਾਦਕਾ } ਰਾਜਾ ਦੁਖਜੰਤ ਦੀਆਂ
੨੫. ਬਸੁਮਤੀ } ਦੋਵੇਂ ਰਾਣੀਆਂ।

੨੬. ਤਰਲਕਾ—ਰਾਣੀ ਬਸੁਮਤੀ ਦੀ ਗੋਲੀ।

੨੭. ਚਤੁਰਕਾ—ਰਾਜਾ ਦੁਖਜੰਤ ਦੀ ਨਿਕਟ-ਵਰਤੀ ਗੋਲੀ।

੨੮. ਬੇਤ੍ਰ ਵਤੀ } ਮਹਲਾਂ ਦੀਆਂ ਦਰਵਾਨ-
੨੯. ਪ੍ਰਤੀਹਾਰੀ } ਣੀਆਂ।

੩੦. ਪ੍ਰਭਿਤਕਾ } ਰਾਜਾ ਦੇ ਜੰਗਲ ਦੀਆਂ
੩੧. ਮਧੁਰਕਾ } ਰਖਵਾਲੀਆਂ ਦੋਵੇਂ ਗੋਲੀਆਂ

੩੨. ਗੌਤਮੀ—ਤਪੋਬਨ ਦੀ ਇਕ ਬੁੱਢੀ ਤਪੱਸ੍ਵਨੀ।

੩੩. ਸਾਰਥੀ ਅਥਵਾ ਰਥਵਾਹੀ—ਰਾਜਾ ਦਾ ਕੋਚਵਾਨ।

੩੪. ਢਾਡੀ—ਬੰਦੀ ਜਨ, ਜਸ ਵਡਿਆਈ ਗਾਉਣ ਵਾਲੇ।

—o—

ਸੰਕੇਤ

ਅਰਥਾਤ ਨਾਟਕ ਵਿਚ ਵਰਤਮਾਨਪਦਾਂ ਦਾ ਸੰਕੇਤ

੧. ਨਟ ਅਥਵਾ ਨਟੀ—ਕਰਤਾ, ਕਰਨੇ ਵਾਲਾ।

੨. ਨਾਟ—ਕਰਮ ਅਰਥਾਤ ਖੇਲ, ਕਰਤਬ (ਤਮਾਸ਼ਾ)।

੩. ਨਾਟਕ—ਕ੍ਰਿਆ ਜੋ ਕੁਝ ਹੋਇਆ, ਅਰਥਾਤ ਨਟ ਨੇ ਜੋ ਕੁਝ ਕੀਤਾ।

੪. ਨਾਂਦੀ ਅਥਵਾ ਮੁਹਰਲੀ ਅਸੀਸ } ਨਾਟਕ ਦੇ ਅਰੰਭ ਵਿਚ ਇਕ ਬ੍ਰਾਹਮਣ ਰੰਗਭੂਮਿ (ਸਟੇਜ) ਤੇ ਆਕੇ ਅਸੀਸ ਦੇਂਦਾ ਹੋਇਆ ਗਾਉਂਦਾ ਹੈ, ਇਸਨੂੰ ਨਾਂਦੀ ਯਾ ਮੁਹਰਲੀ ਅਸੀਸ ਕਹਿੰਦੇ ਹਨ।

੫. ਸੂਤ੍ਰਧਾਰ—(ਨਟ) ਜੋ ਨਾਟ ਕਰਨ ਵਾਲਿਆਂ ਦਾ ਜਥੇਦਾਰ (*Manager*) ਹੁੰਦਾ ਹੈ। ਰੰਗਭੂਮਿ (ਅਖਾੜੇ) ਵਿਚ ਆਕੇ ਕੁਝ ਗੱਲ ਬਾਤ ਕਰਕੇ ਕਹਿੰਦਾ ਹੈ ਕਿ ਅੱਜ ਫਲਾਨਾ ਫਲਾਨਾ ਨਾਟਕ ਕੀਤਾ ਜਾਵੇਗਾ, ਫੇਰ ਸ੍ਵਾਂਗੀਆਂ ਨੂੰ ਖਬਰਦਾਰ ਕਰਦਾ ਹੋਇਆ ਆਪ ਗਾਉਂਦਾ ਹੈ ਅਤੇ ਨਟੀ ਨੂੰ ਨਾਲ ਗਵਾਉਂਦਾ ਹੈ।

੬. ਪ੍ਰਸਤਾਵਨਾ—ਇਹਉੱਪਰ ਦੀ ਸਾਰੀਮੁੱਢਲੀ ਗੱਲ ਬਾਤ ਜੋ ਜਥੇਦਾਰ ਨੇ ਕੀਤੀ ਹੈ ਇਸੇ ਨੂੰ ਪ੍ਰਸਤਾਵਨਾ (Prologue) ਕਰਕੇ ਕਹਿੰਦੇ ਹਨ।

੭. ਰੰਗ ਭੂਮਿ ਅਰਥਾਤ ਅਖਾੜਾ } ਜਿੱਥੇ ਨਟ ਸ੍ਵਾਂਗ ਭਰੇ ਹੋਏ ਕਰਤਬ ਕਰਦੇ ਹਨ ਅਤੇ ਜਿੱਥੋਂ ਹਰ ਇਕ ਦੇਖਣ ਵਾਲੇ ਬਹੁਤ ਚੰਗੀ ਤਰ੍ਹਾਂ ਦੇਖ ਸਕਦੇ ਹੋਣ ਉਸ ਜਗਾ ਦਾ ਨਾਉਂ ਅਖਾੜਾ (Stage) ਹੈ।

੮. ਨੇਪੱਥ—ਅੰਦਰ, ਉਹਲਾ। ਜਿੱਥੇ ਨਟ ਸ੍ਵਾਂਗ ਬਦਲਦੇ, ਅਥਵਾ ਆਪੋ ਆਪਣਾ ਕਰਤਬ ਕਰਕੇ ਜਿਸ ਪੜਦੇ ਪਿੱਛੇ ਅਲੋਪ ਹੋ ਜਾਂਦੇ ਹਨ ਉਸਨੂੰ ਨੇਪੱਥ ਕਹਿੰਦੇ ਹਨ।

(ਨੇਪੱਥ ਨਾਲੋਂ ਚੰਗਾ ਪਦ ਹੋਰ ਪੰਜਾਬੀ ਵਿਚ ਨਹੀਂ ਹੋ ਸਕਦਾ, ਇਸ ਲਈ ਏਹੋ ਪਦ ਵਰਤਮਾਨ ਰੱਖਿਆ ਹੈ।)

੯. ਅੰਕ ਅਥਵਾ ਨਾਟ } ਜੀਕੁਰ ਹੋਰਨਾਂ ਗ੍ਰੰਥਾਂ ਵਿਚ ਕਾਂਡ, ਧਿਆਉ, ਸਰਗ ਆਦਿਕ ਨਾਉਂ ਵਿਸ੍ਰਾਮ ਲਈ ਰੱਖੀਦੇ

Digitized by Panjab Digital Library | www.panjabdigilib.org

ਹਨ, ਇੱਕੁਰ ਹੀ ਨਾਟਕਾਂ ਵਿਚ ਅੰਕ ਅਥਵਾ ਨਾਟ ਨਾਮ ਕਰਕੇ ਰੱਖੇ ਜਾਂਦੇ ਹਨ।

੧੦. ਬਿਖਕੰਭ ਅਥਵਾ ਪ੍ਰਵੇਸ਼ਕ, ਗਰਭਾਂਕ, ਮੱਧੇ ਨਾਟ– ਜਦ ਕੋਈ ਪ੍ਰਕਰਣ ਅੰਕ ਨਾਲੋਂ ਵਾਧੂ ਓਸੇ ਅੰਕ ਦੇ ਵਿਚੋਂ ਪ੍ਰਸਰਣ ਹੋਵੇ ਤਾਂ ਉਸ ਨੂੰ ਗਰਭਾਂਕ ਜਾਂ ਮੱਧੇ ਨਾਟ ਕਰਕੇ ਕਹਿੰਦੇ ਹਨ। ਇਹ ਗਲ ਨਿਰੀ ਭਾਰਤ ਵਰਖ ਦੇ ਨਾਟਕਾਂਵਿਚ ਆਦਿ ਕਾਲ ਤੋਂ ਚਲੀ ਆਉਂਦੀ ਹੈ, ਪਰੰਤੂ ਯੂਰਪੀਨ ਨਾਟਕਾਂ ਵਿਚ ਮੱਧੇ ਨਾਟ ਨੂੰ ਵੱਖਰਾ ਕਰਕੇ ਨਹੀਂ ਕਹਿੰਦੇ ਅਤੇ ਨਾ ਹੀ ਲਿਖਦੇ ਹਨ, ਇਹ ਦ੍ਰਿਸ਼ਕੇਵਲ ਨਾਟ ਨਾਲੋਂ ਵੱਖਰਾ ਟੁਕੜਾ ਹੁੰਦਾ ਹੈ, ਪਰੰਤੂ ਹੁੰਦਾ ਉਸੇ ਨਾਟ ਵਿਚੋਂ ਹੀ ਹੈ।

੧੧. ਦ੍ਰਿਸ਼ ਅਰਥਾਤ ਝਾਕੀ– ਪੜ੍ਹਦਾ ਉੱਠਣ ਤੋਂ ਉਪਰੰਤ ਅਤੇ ਸਾਂਗੀ ਦੇ ਖੇਲ ਕਰਨ ਤੋਂ ਪਹਿਲੇ ਜੋ ਕੁਝ ਇਕ-ਬਾਰਗੀ ਬਣਾਉ ਨਜ਼ਰ ਪੈਂਦਾ ਹੈ ਉਸਨੂੰ ਝਾਕੀ (Scene) ਕਹਿੰਦੇ ਹਨ।

੧੨. ਪਟਾਛੇਪ ਅਰਥਾਤ ਜਵਨਕਾ ਪਤਨ, ਅਲੋਪਤਾ– ਜਦ ਸਾਂਗੀ ਲੋਕ ਆਪਣਾ ਕਰਤਬ ਕਰ ਚੁਕਦੇ ਹਨ ਅਰਥਾਤ ਜਿਸ ਵੇਲੇ ਨਾਟ ਪੂਰਾ ਹੁੰਦਾ ਹੈ ਉਸ ਵੇਲੇ ਇਕ ਪੜ੍ਹਦਾ ਉਤਰਕੇ ਸਾਰੇ ਖੇਲ ਅਤੇ ਝਾਕੀ ਨੂੰ ਅਲੋਪ ਕਰ ਲੈਂਦਾ ਹੈ, ਉਸਨੂੰ ਪੜ੍ਹਦਾ ਉਤਰਿਆਜਾਂ ਅਲੋਪਤਾ Dropscene ਕਰਕੇ ਕਹਿੰਦੇ ਹਨ।

ਇਹ ਵੀ ਭੁੱਲ ਨਾ ਜਾਵੇ, ਇਸ ਸ਼ਕੁੰਤਲਾ ਨਾਟਕ ਵਿੱਚ ਪਟਾਛੇਪ ਕਵਿ ਕਾਲੀ ਦਾਸ ਨੇ ਨਹੀਂ ਲਿਖਿਆ, ਕਿਉਂਕਿ ਉਸ ਵੇਲੇ ਸਾਂਗੀ ਲੋਕ ਨੇਪੱਥ ਦੇ ਉਹਲੇਨੂੰ ਹੀ ਮੁੱਖ ਰਖਦੇ ਸਨ, ਅਖਾੜਾ ਨਹੀਂ ਢਕਦੇ ਸਨ। ਇਸ ਵੇਲੇ ਨਾਟਕ ਦੇ ਕਰਤੱਬ ਨੇ ਬਧੇਤੜੀ ਕਰਕੇ ਪਟਾਛੇਪ ਦੀ ਖੂਬੀ ਪ੍ਰਗਟ ਕਰ ਦਿਖਾਈਹੈ, ਇਸ ਲਈ ਇਸਨਾਟਕਵਿੱਚ ਵੀ ਅਲੋਪਤਾ ਦੀ ਜਗਹ ਬ੍ਰੈਕਟ ਵਿਚ [ਜਾਂਦੇ ਹਨ– ਇਸ ਚਿਤਾਵਨੀ ਨੂੰ ਹੀ ਪਟਾਛੇਪ ਮੰਨ ਲੀਤਾ ਹੈ।

—o—

ਅਵਸ਼ਜਕ ਨਿਸ਼ਾਨੀਆਂ (ਚਿੰਨ੍ਹ)

ਨਾਟਕ ਦੇ ਪ੍ਰੇਮੀ ਪੜ੍ਹਣ, ਖੇਡਣ ਅਤੇ ਦੇਖਣ ਵਾਲਿਆਂ ਦੀ ਸੁਖਾਲਤਾ ਲਈ ਨਾਟਕ ਦੀਆਂ ਅਵੱਸ਼ਕ ਨਿਸ਼ਾਨੀਆਂ ਜੋ ਨਾਟਕ ਦੇ ਗ੍ਰੰਥਾਂ ਵਿਚ ਅਵੱਸ਼ ਲਿਖੀਆਂ ਜਾਂਦੀਆਂ ਹਨ, ਅਤੇ ਜੋ ਹੋਰਨਾਂ ਗ੍ਰੰਥਾਂ ਵਿਚ ਬਾਹਲੀ ਵਾਰ ਨਹੀਂ ਵੀ ਲਿਖੀਦੀਆਂ, ਉਹ ਇਹ ਹਨ:–

੧. ਪਹਿਲੀ ਨਿਸ਼ਾਨੀ–( ) ਹੈ, ਇਸ ਦਾ ਨਾਉਂ ਪ੍ਰੈਂਥਸਿਸ (Parenthesis) ਅਰਥਾਤ ਕੋਠਾ ਹੈ। ਇਸ ਕੋਠੇ ਵਿੱਚ ਜੋ ਲਿਖਿਆ ਹੁੰਦਾ ਹੈ ਉਹ ਨਿਰਾ ਪੜ੍ਹਨ ਅਤੇ ਖੇਲਣ ਵਾਲਿਆਂ ਦੇ ਸਮਝਣ ਲਈ ਸਾਂਗੀ ਦੇ ਕਰਤਬ ਦੀ ਸੂਚਨਾ ਹੁੰਦੀ ਹੈ।

੨. ਦੂਜੀ ਨਿਸ਼ਾਨੀ–[ ] ਹੈ, ਇਸਦਾ ਨਾਉਂ ਕ੍ਰਾਚਟ (Crotchet) ਹੈ, ਇਸਕੋਠੇ ਵਿੱਚ ਲਿੱਖੇ ਦੀ ਇਹ ਸਮਝੌਤੀ ਹੈ ਜੀਕੁਰ [ਆਪਣੇ ਜੀ ਵਿਚ] ਅਰਥਾਤ ਸਾਂਗੀ ਤਮਾਸ਼ਾ ਦੇਖਣ ਵਾਲਿਆਂ ਵੰਨੀ ਮੂੰਹ ਕਰਕੇ ਤਾਂ ਗੱਲ ਕਰਦਾ ਹੈ ਪ੍ਰੰਤੂ

Digitized by Panjab Digital Library | www.panjabdigilib.org

ਇਕੁਰ ਹੌਲੀ ਹੌਲੀ ਕਰਦਾ ਹੈ ਮਾਨੋਂ ਉਸਦੇ ਸਾਹਮਣਾ ਸਾਂਗੀ ਉਸਦੀ ਗੱਲ ਨਹੀਂ ਸੁਣਦਾ ਹੈ, ਇਕੁਰ ਹੀ–[ਉੱਚੀ] ਦਾ ਭਾਵ ਹੈ ਕਿ ਇਸ ਤੋਂ ਅਗਲੀ ਗੱਲ ਬਾਤ ਸਾਹਮਣੇ ਵਾਲੇ ਸਾਂਗੀ ਨੂੰ ਸੁਝਾ ਕੇ ਪ੍ਰਤੱਖ ਕਹੀ ਗਈ ਹੈ।

੩ ਤੀਜੀ ਨਿਸ਼ਾਨੀ[ਅੱਧੇ ਕੋਠੇ ਦੀ ਹੈ।ਇਸਦੀ ਵਰਤੋਂ ਇਜੇਹੀ ਜਗਹ ਤੇ ਹੁੰਦਾ ਹੈ। ਜੀਕੁਰ [ਕੋਈ ਆਇਆ ਹੈ। ਅਥਵਾ [ਕੋਈ ਜਾਂਦਾ ਹੈ, ਜਾਂ [ਸਾਰੇ ਜਾਂਦੇ ਹਨ। ਆਦਿਕ।

੪. ਚੌਥੀ ਨਿਸ਼ਾਨੀ–{ } ਹੈ। ਇਸਦਾ ਨਾਉਂ ਬ੍ਰੈਕਟ {Bracket} ਹੈ। ਇਹ ਦੁਹੰ ਚੌਂਹ ਦੇ ਨਾਉਂ ਲਿਖਕੇ ਅਗੇ ਇਹ ਇਕ ਨਿਸ਼ਾਨੀ ਦੇਕੇ ਉਪ੍ਰੰਤ ਸਾਰਿਆਂ ਦੇ ਪ੍ਰਯੋਜਨ ਦਾ ਇੱਕੋ ਪਦ ਲਿਖਕੇ ਸੂਚਨ ਕੀਤਾ ਜਾਂਦਾ ਹੈ, ਜੀਕੁਰ:–

ਪ੍ਰਿਯੰਬਦਾ, ਅਨਸੂਯਾ, ਗੌਤਮੀ } ਤਪੋਬਨ ਦੀਆਂ ਤਪੱਸ੍ਵਨੀਆਂ।

ਇਸ ਲਿਖਣ ਤੋਂ ਪ੍ਰਤੀਤ ਹੋਵੇਗਾ ਕਿ ਤਿੰਨੇ ਇਕੋ ਥਾਉਂ ਦੀਆਂ ਤਪੱਸ੍ਵਨੀਆਂ ਹਨ। ਜੇਕਰ ਇਹ ਦੁਵੱਲੀ ਕੋਠੇ ਵਾਕਰ ਹੋਵੇ ਤਾਂ ਪਹਿਲੇ ਲਿਖੇ ਪਦ ਦਾ ਅਰਥ ਬ੍ਰੈਕਟਾਂ ਵਿਚ ਜਾਨਣਾ ਚਾਹੀਏ,ਜੀਕੁਰ ਬਾਤਾਇਨ {ਕੰਚੁਕੀ} ਨੇ, ਇਸਤੋਂ ਬਾਤਾਇਨ ਦਾ ਦੂਜਾ ਨਾਉਂ ਸਮਝਣ ਲਈ ਕੰਚੁਕੀ ਦੀ ਸੂਚਨਾ ਹੈ।

—o—

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤੇਹ ॥

ਸ਼ਕੁੰਤਲਾ ਨਾਟਕ

ਪ੍ਰਸ੍ਤਾਵਨਾ

[ਅਖਾੜੇ ਵਿਚ ਬ੍ਰਾਹਮਣ ਮੁਹਰਲੀ ਅਸੀਸ ਦਿੰਦਾ ਹੋਇਆ ਆਉਂਦਾ ਹੈ:-

ਪ੍ਰਥਮ ਜਗਤ ਕਰਤਾ ਕੀ ਕਰਿਆ*।
ਜਲ ਪਰ ਸਭ ਅਕਾਰ ਕਰ ਧਰਿਆ।
ਬਿਧਿ ਤੇ ਹੱਬ ਦਏ ਜੋ ਲੈਂਦਾ†।
ਅਗਨਿ ਤੇਜ ਜਗ ਕਾਰ ਕਰੇਂਦਾ‡।
ਯੱਗ ਪੁਰਖ ਹੋਤ੍ਰੀ ਜਿਨ ਕੀਤੇ।
ਦੋ ਦੀਵੇ ਕਰ ਕਾਲ ਬਿਤੀਤੇ§।
ਦਿਨ ਰਾਤਾਂ ਦੀ ਦੌਦ ਬਨਾਉਣ।
ਸਰਬ ਬਿਆਪੀ ਸਰਬ ਸਮਾਉਣ¶।
ਰਚ ਅਕਾਸ਼, ਪੁਨ ਬੀਜ ਅਧਾਰਾ*।
ਪ੍ਰਿਥੀ ਉਗਾਉ, ਬ੍ਰਿਧਾਉ ਅਪਾਰਾ।
ਜੜ੍ਹ ਚੇਤਨ ਦੀ ਸੱਕੀ ਮਾਉਂ†।
ਪ੍ਰਾਣ ਅਧਾਰ ਪੁਨਹ ਜੋ ਵਾਉ।
ਏ ਅਠ ਜਿਸਨੇ ਪੈਦਾ ਕਰੇ।
ਸਦਾ ਰਹਣ ਓਸੇ ਵਿਚ ਧਰੇ।
ਓਹੋ ਈਸ਼੍ਵਰ ਕਰੇ ਸਹਾਇ।
ਸਦ ਕਲਿਆਣ ਤੁਹਾਡੀ ਆਇ‡। ੧।

[ਪ੍ਰਬੰਧਕ ਆਉਂਦਾ ਹੈ

ਪ੍ਰਬੰਧਕ§ (ਪਰਦੇ ਵਲ ਤੱਕ ਕੇ)—ਕਿਉਂ ਜੀ! ਸ਼ਿੰਗਾਰ ਕਰ ਚੁਕੇ ਹੋ ਤਾਂ ਆ ਜਾਓ।

[ਇਕ ਨਟੀ ਆਉਂਦੀ ਹੈ

ਨਟੀ—ਹਾਂ ਜੀ, ਮੈਂ ਆਈ, ਆਗਜਾ ਕਰੋ, ਕਿਹੀ

---

*ਜਿਸਨੂੰ ਕਰਤਾਰ ਨੇ ਸ੍ਰਿਸ਼ਟੀ ਦੇ ਆਦਿ ਵਿੱਚ ਰਚਿਆ ਅਰਥਾਤ ਜਲ।

†ਅਤੇ ਜੋ ਵਿਧੀ ਨਾਲ ਦਿੱਤੀ ਹੋਈ ਹਬ (ਆਹੁਤੀ) ਨੂੰ ਲੈਂਦਾ ਹੈ, ਅਰਥਾਤ ਅਗਨਿ। ਜੋ ਆਹੁਤੀਆਂ ਪਿਤਰਾਂ ਲਈ ਦਿੱਤੀਆਂ ਜਾਂਦੀਆਂ ਹਨ, ਉਸਨੂੰ ਕੱਬ ਕਹਿੰਦੇ ਹਨ ਅਤੇ ਜੋ ਆਹੁਤੀਆਂ ਦੇਵਤਿਆਂ ਲਈ ਦਿੱਤੀਆਂ ਜਾਂਦੀਆਂ ਹਨ, ਉਸਨੂੰ ਹੱਬ ਆਖਦੇ ਹਨ।

‡ ਜੋ ਯੱਗ ਕਰਦਾ ਹੈ ਹੋਤ੍ਰੀ, ਅਰਥਾਤ ਯੱਗ ਪੁਰਖ।

§ਦੋਵੇਂ ਜੋਤਾਂ, ਜਿਨ੍ਹਾਂ ਨੇ ਵੇਲਿਆਂ ਦੀ ਵੰਡ ਕਰਕੇ ਦਿਨ ਰਾਤਾਂ ਕੀਤੀਆਂ ਅਰਥਾਤ ਚੰਦਤੇਸੂਰਜ।

¶ਓਹ ਜੋ ਜਗਤਵਿਚ ਇਕ ਵਿਆਪਿਆਹੋਇਆ ਹੈ ਤੇ ਜਿਸਦਾ ਸ਼ਬਦ ਗੁਣ ਹੈ, ਅਰਥਾਤ ਅਕਾਸ਼।

*ਅਤੇ ਉਹ ਜਿਸਦੀ ਸਹਿਜੇ ਪ੍ਰਕ੍ਰਿਤੀ ਹੈ ਬੀਜ ਨੂੰ ਉਗਾਉਣਾਤੇ ਵਧਾਉਣਾ, ਅਰਥਾਤ ਪ੍ਰਿਥਵੀ।

†ਅਤੇ ਉਹ ਜੋ ਸਰਬੱਤ ਜੀਵਾਂ ਦਾ ਆਸਰਾ ਜਾਂ ਪ੍ਰਾਣ ਰੂਪ ਹੈ ਅਰਥਾਤ ਪੌਣ।

‡ਇਨ੍ਹਾਂ ਅੱਠਾਂ ਮੂਰਤਾਂ ਵਿਚ ਜੋ ਈਸ਼੍ਵਰ ਪ੍ਰਤੱਖ ਹੈ ਅਤੇ ਜਿਸਨੇ ਇਹ ਅੱਠੇ ਜਲ ਆਦਿਕ ਕੀਤੇ ਹਨ ਉਹੋ ਈ ਸ੍ਵਰ ਤੁਹਾਡੀ ਰੱਖਿਆ ਅਤੇ ਸਹਾਇਤਾ ਕਰੇ।

§ਪ੍ਰਬੰਧਕ ਸਾਰੇ ਨਟਾਂ ਦੇ ਉਸਤਾਦ ਨੂੰ ਕਹਿੰਦੇ ਹਨ ਜੋ ਸਾਰੇ ਖੇਲ ਦਾ ਬੰਦੋਬਸਤ ਕਰਦਾ ਹੈ।

Digitized by Panjab Digital Library | www.panjabdigilib.org

ਖੇਲ ਕਰੀਏ ?

ਪ੍ਰਬੰਧਕ–ਇਹ ਸਭਾ ਅਸਾਡੇ ਸ਼੍ਰੀ ਮਾਨ ਪਰਮ ਪ੍ਰਤਾਪੀ ਮਹਾਰਾਜਾ ਬਿੱਕ੍ਰਮਾਜੀਤ ਜੀ ਦੀ ਹੈ, ਇਸ ਵਿਚ ਵਡੇ ਵਡੇ ਚਤੁਰ ਅਤੇ ਬੁੱਧੀਮਾਨ ਪੰਡਤ ਕਵੀ ਲੋਕ ਬਿਰਾਜਮਾਨ ਹਨ। ਅੱਜ ਅਸਾਂ ਨੇ ਮਹਾਨ ਕਵਿ ਕਾਲੀ ਦਾਸ ਜੀ ਦੇ ਨਵੇਂ ਬਣਾਏ ਹੋਏ ਸ਼ਕੁੰਤਲਾ ਨਾਟਕ ਦੀ ਖੇਲ ਕਰਨੀ ਹੈ, ਇਸ ਲਈ ਤੁਹਾਨੂੰ ਸਭਨਾਂਨੂੰ ਚਾਹੀਦਾਹੈ ਕਿ ਖਬਰਦਾਰ ਹੋਕੇ ਖੇਲ ਕਰੋ।

ਨਟੀ–ਮਹਾਰਾਜ ! ਆਪਦਾ ਤਾਂ ਬਾਨ੍ਹ ਹੀ ਇਜੇਹਾ ਚੰਗਾ ਬੱਧਾ ਹੋਇਆ ਹੈ ਕਿ ਇਸ ਵਿਚ ਕਿਸੇ ਗੱਲ ਦੀ ਊਣਤਾਈ ਨਹੀਂ ਹੈ।

ਪ੍ਰਬੰਧਕ (ਮੁਸਕ੍ਰਾਕੇ)–ਸਿਆਣੀਏਂ ! ਸਾਡਾ ਪਰਜੋਜਨ ਇਹ ਹੈ:–

ਤਾਂ ਨਾਟਕ ਦੀ ਵਡਿਆਈ। ਜੋ ਦੇਖਣ ਲੋਗ ਲੁਗਾਈ। ਸੋ ਅੱਛਾ ਕਹਿਣ ਬਣਾਕੇ। ਕੁਝ ਏਥੇ ਕੁਝ ਘਰ ਜਾਕੇ। ਨਹੀਂ ਤਾਂ ਏਹੁ ਕੰਮ ਅਨੇਖਾ। ਸਿਖਿਆਂ ਨੂੰ ਦੇਂਦਾ ਧੋਖਾ। ਓਹ ਜੀ ਵਿਚ ਸੰਸਾ ਰਖਦੇ। ਕੀ ਜਾਣੀਏ ਹਨ ਏ ਸਿਖਦੇ*।ਨਹਾਕਲਛੰਦ।

ਨਟੀ–ਸੱਚ ਹੈ ਮਹਾਰਾਜ!ਹੁਣ ਕੀ ਆਗਜਾਹੈ?

ਪ੍ਰਬੰਧਕ–ਇਸ ਨਾਲੋਂ ਹੋਰ ਕੀ ਚੰਗੀ ਗੱਲ ਹੈ ਕਿ ਸਭਾ ਦੀ ਪ੍ਰਸੰਨਤਾ ਲਈ ਕੁਝ ਗੀਤ ਗਾਉਂ ਕੇ ਸੁਣਾਓ।

ਨਟੀ(ਅਧੀਨਗੀ ਨਾਲ)–ਜੀ ਸੱਤਿ ਬਚਨ, ਇਹ ਦੱਸੋ ਕਿਹੜੀ ਰੁਤ ਦਾ ਗੀਤ ਗਾਵਾਂ ?

*ਨਾਟਕਦੀ ਵਡਿਆਈ ਤਾਹੀਏਂ ਹੁੰਦੀ ਹੈ ਜਦ ਦੇਖਣੇ ਵਾਲੇ ਕਹਿਣ ਕਿ ਚੰਗਾ ਹੋਇਆ ਹੈ, ਨਹੀਂ ਤਾਂ ਇਸ ਕੰਮ ਵਿਚ ਚੰਗੇ ਤੋਂ ਚੰਗੇ ਦੇਖਣ ਵਾਲਿਆਂ ਸਿਖੇ ਹੋਇਆਂ ਨੂੰ ਵੀ ਨਿਸ਼ਚਾ ਨਹੀਂ ਹੁੰਦਾ ਕਿ ਖੇਲ ਢੰਗੀ ਕਰਨਗੇ।

ਪ੍ਰਬੰਧਕ–ਗ੍ਰੀਖਮ* ਰੁਤ ਹੁਣੇ ਹੀ ਲੱਗੀ ਹੈ ਅਤੇ ਇਹ ਰੁਤ ਖੇਲਣ ਦੇ ਲਾਇਕ ਵੀ ਹੈ, ਇਸ ਲਈ ਏਸੇ ਰੁਤ ਦਾ ਗੀਤ ਗਾਉਣਾ ਚਾਹੀਏ।

ਗ੍ਰੀਖਮ ਦੇ ਦਿਨ ਚੰਗੇ ਲਗਦੇ । ਸੰਝਾਂ ਵੇਲੇ ਸੁਖ ਜਗਮਗਦੇ ॥ ਟੇਕ ॥ ਨਦੀ ਤੁਲਾਵਾਂ ਖ੍ਰੂਹਾਂ ਉੱਤੇ ਪਾਣੀ ਖੇਡਣ ਲਗਦੇ। ਲੈਣ ਤਾਰੀਆਂ ਟੁਬੀਆਂ ਮਾਰਨ ਜੋ ਉਮਰੇਂ ਲਗਪਗ ਦੇ। ਬਨ ਵਿਚ ਸੰਘਣੀ ਛਾਉਂ ਪਿਆਰੀ ਦਿੱਸਣ ਪਾਣੀ ਵਗਦੇ। ਝੁਕ ਝੁਕ ਊਂਘ ਨੀਂਦ ਪਰ ਨਾਹੀਂ ਪਲਕਾਂ ਹੋਣ ਅਲਗਦੇ। ਸੀਤਲ ਮੰਦ ਸੁਗੰਧਿ ਗੁਲਾਬੀ ਵਾਉ ਹਿਲੋਰੇ ਲਗਦੇ । ਖਿੜੇ ਗੁਲਾਬ ਮਹਕ ਚਹੁਤਰਫੋਂ ਠੰਢੇ ਝੋਕੇ ਠਗਦੇ† ॥ ੩ ॥

[ਭੈਰਵੀ ਜਾਂ ਧਨਾਸਰੀ

ਨਟੀ–ਸੱਚ ਹੈ ਮਹਾਰਾਜ, ਵਾਹਵਾ![ਗਾਉਂਦੀਹੈ

ਕੋਹੇ ਭੌਰੇ ਭੌਂਦੇ ਫਿਰਨ। ਨਾਗ ਕੇਸਰ ਦੇ ਫੁਲਾਂ ਤੇ ਗੁੰਜਰਾਰੀ ਕਰਨ। ਫੁਲ ਸਿਰੀਹਾਂ ਧਰਨ ਕੰਨੀ ਬਨ ਝ੍ਰਿਜਾ ਮਨ ਹਰਨ। ਰੁਤ ਗ੍ਰੀਖਮ ਦੇਇ ਸੋਭਾ ਪਰਮ ਸੁੰਦਰ ਧਰਨਿ‡॥੪॥

[ਬਸੰਤ

*ਜੇਠ ਤੇਹਾੜ ਦੋ ਮਹੀਨਿਆਂਦਾ ਨਾਉਂ ਗ੍ਰੀਖਮਰੁਤ ਹੈ। †ਗ੍ਰੀਖਮ ਦੇ ਦਿਨ ਏਹੋ ਚੰਗੇ ਲਗਦੇ ਹਨ।ਸੰਝਾਂ ਵੇਲਾ ਮਨੁੱਖਾਂ ਨੂੰ ਬੜਾ ਹੀ ਸੁਖਦਾਈ ਜਗਮਗਾਉਂਦਾ ਹੈ। ਮਨ ਉਛਲਦਾ ਹੈ,ਨਦੀ ਤਲਾਵਾਂ ਖ੍ਰੂਹਾਂ ਤੇ ਨ੍ਹਾਤਿਆਂ ਸਰੀਰ ਠੰਢਾ ਹੁੰਦਾ ਹੈ,ਸੰਘਣੀ ਛਾਵਾਂ ਵਿਚ ਠੰਢੀ ਤੇ ਹਲਕੀ ਗੁਲਾਬ ਦੇ ਫੁੱਲਾਂ ਦੀ ਸੁਗੰਧੀ ਮਿਲੀ ਹੋਈ ਪੌਣ ਆਉਂਦੀ ਹੈ, ਜਿਸਦੇ ਛੁੰਹਦਿਆਂ ਹਿਰਦੇ ਨੂੰ ਆਨੰਦ ਪ੍ਰਾਪਤ ਹੁੰਦਾ ਹੈ। ‡ਦੇਖੋ ਭੌਰੇਕੀਕੁਰ ਹੌਲੀਹੌਲੀ ਨਾਗ ਕੇਸਰ ਦੇਫੁੱਲਾਂ ਦਾ ਰਸ ਲੈਂਦੇ ਹਨ ਅਤੇ ਉਹਨਾਂ ਫੁੱਲਾਂ ਨੂੰ ਕਿਸ ਪ੍ਰੇਮ ਨਾਲ ਕਲਾਵੇ ਭਰਦੇ ਹਨ,ਫਿਰਦੇਖੋਬਨਬਾਸੀ ਮੁਟਿਆਰਾਂ ਸਰੀਂਹਦੇਫੁਲਾਂਦਾਗਹਿਣਾਬਣਾਕੇਕੰਨਾਂ ਤੇ ਰੱਖਦੀਆਂ ਹਨ,ਇਹਗ੍ਰੀਖਮਬੜੀਸੁੰਦਰ ਰੁਤ ਹੈ

Digitized by Panjab Digital Library | www.panjabdigilib.org

ਪ੍ਰਬੰਧਕ–ਧੰਨ ਹੈਂ ! ਧੰਨ ਹੈਂ! ਵਾਹਵਾ ਸ਼ਾਬਾਸ਼ ਹੈ! ਬਹੁਤ ਹੀ ਚੰਗਾ ਗਾਂਵਿਆਂ ਹੈ। ਇਸ ਵੇਲੇ ਤਾਂ ਸੁਣਨ ਵਾਲਿਆਂ ਦੇ ਮਨ ਇਕਾਗ੍ਰ ਹੋਕੇ ਸਰੀਰ ਵੀ ਅਖਾੜੇ ਦੇ ਚਹੁਵੀਂ ਲਾਂਭੀ ਮੂਰਤਾਂ ਲਿਖੀਆਂ ਵਾਕਰ ਹੋ ਗਏ ਹਨ, ਹੁਣ ਦੱਸੋ ਕਿਸ ਪ੍ਰਕਰਣ ਨਾਲ ਸਭਾ ਦੇ ਸੱਜਣਾਂ ਨੂੰ ਪ੍ਰਸੰਨ ਕਰੀਏ ?

ਨਟੀ–ਕੀ, ਜੀ ਆਪ ਹੁਣੇ ਹੀ ਕਹਿ ਚੁਕੇ ਹੋ ਕਿ "ਅਭਿੱਗਜਾਨ ਸ਼ਕੁੰਤਲਾ ਨਾਟਕ" ਨਵੇਂ ਬਣੇ ਦੀ ਖੇਲ ਕਰਨੀ ਹੋਵੇਗੀ।

ਪ੍ਰਬੰਧਕ–ਵਾਹ ਸਿਆਣੀਏਂ ! ਸ਼ਾਬਾਸ਼ !ਚੰਗਾ ਚੇਤਾ ਕਰਾ ਦਿਤਾ ਹਈ, ਭੋਲੀਏ ! ਨਹੀਂ ਤਾਂ ਮੈਂ ਇਸ ਵੇਲੇ ਭੁੱਲ ਹੀ ਗਿਆ ਸਾਂ। ਬਦੋ ਬਦੀ ਇਹ ਗੀਤ ਜੋ ਲੈ ਗਯਾ ਮੈਨੂੰ ਨਾਲ। ਜਿਉਂ ਰਾਜਾ ਦੁਖੰਤ ਨੂੰ ਲਯਾਯਾ ਹਰਨ ਉਧਾਲ* ॥ ੫ ॥ ਦੋਹਰਾ ॥

[ਦੋਵੇਂ ਅਖਾੜੇ ਵਿਚੋਂ ਜਾਂਦੇ ਹਨ।

॥ ਇਤੀ ਪ੍ਰਸਤਾਵਨਾ ॥

—o—

ਨਾਟ ੧

ਝਾਕੀ ੧–ਬਨ

[ਦੁਖੰਤ ਰਾਜਾ ਰਥ ਉਤੇ ਚੜ੍ਹਿਆ ਧਨੁਖ ਬਾਣ ਖਿੱਚੀ ਹਰਨ ਦਾ ਪਿੱਛਾ ਕਰੀ ਵਾਹੋਦਾਹ ਰਥਵਾਹੀ ਸਮੇਤ ਆਉਂਦਾ ਹੈ]

ਰਥਵਾਹੀ (ਪਹਿਲੇ ਹਰਨ ਵਲ ਅਤੇ ਫਿਰ ਰਾਜਾ ਵਲ ਤੱਕ ਕੇ)–ਵੱਡੀਉਮਰਾਵਾਲੇਮਹਾਰਾਜ! ਦੇਖ ਆਪ ਤੇ ਹਰਨ ਨੂ ਨਾਲ ਧਨੁਖ ਤੇ ਬਾਣ। ਮਾਨੋ ਜਾਂਦੇ ਆਪਦੇ ਰੁਦ੍ਰ ਪਿਨਾਕਹਿ ਤਾਣ* ॥ ੬ ॥ ਦੋਹਰਾ ॥

ਦੁਖਯੰਤ–ਇਹ ਹਰਨ ਤਾਂ ਸਾਨੂੰ ਬਾਹਲੀ ਦੂਰ ਲੈ ਆਇਆ।

ਕੇਹੀ ਰਿੱਚੀ ਫਿਰ ਫਿਰ ਮੋੜੇ। ਪਰਤ ਪਰਤ ਦੇਖੇ ਰਥ ਘੋੜੇ। ਕਦੀ ਬਾਣ ਲੱਗਣ ਤੋਂ ਡਰਦਾ। ਅਗੋਂ ਪਿੱਛੋਂ ਸੁੰਗੜਨ ਕਰਦਾ। ਅਧ ਚਿਥਿਆ ਘਾਹ ਸੁਟਦਾ ਜਾਂਦਾ। ਢੱਕਜਾ ਮੂੰਹ ਅਧ ਖੁਲ੍ਹੇ ਡਿਗਾਂਦਾ। ਚੁਕਦਾ ਬੜੀ ਚੌਕੜੀ ਕੈਸੀ। ਛੁਹੇ ਨ ਧਰਤੀ ਖੁਰ ਨੂੰ ਜੈਸੀ† ॥ ੭ ॥ ਚੌਪਈ ॥ [ਹਰਾਨ ਹੋਕੇ ਹੁਣ ਕੀ ਕੀਤਾ ਜਾਵੇ ਮੈਨੂੰ ਤਾਂ ਹਰਨ ਚੰਗੀ ਤਰ੍ਹਾਂ ਦਿਖਾਈ ਵੀ ਨਹੀਂ ਦਿੰਦਾ ?

ਰਥਵਾਹੀ–ਮਹਾਰਾਜ ! ਹੁਣ ਤਾਈਂ ਧਰਤੀ ਉੱਚੀ ਨੀਵੀਂ ਸੀ, ਇਸ ਲਈ ਰਥ ਨੂੰ ਰੋਕ ਰੋਕ ਕੇ ਚਲਾਇਆ ਸੀ, ਇਸੇ ਕਰਕੇ ਇਹ ਹਰਨ ਦੂਰ ਨਿਕਲ ਆਇਆ, ਪਰੰਤੂ

---

*ਇਹ ਤੇਰਾ ਮਨਮੋਹਨ ਗੀਤ ਮੇਰੇ ਮਨ ਨੂੰ ਇੱਕੁਰ ਖਿੱਚ ਲੈ ਗਿਆ ਹੈ, ਜੱਕੁਰ ਰਾਜਾ ਦੁਖਯੰਤ ਨੂੰ ਉਹ ਹਰਨ ਤਪੋ ਬਨ ਨੂੰ ਬਦੋਬਦੀ ਖਿੱਚ ਲੈ ਗਿਆ ਸੀ।

*ਇਕ ਪੁਰਾਣਾ ਪ੍ਰਸੰਗ ਹੈ, ਜਦੋਂ ਦੱਛ ਪਰਜਾਪਤੀ ਦਾ ਜੱਗ ਮਹਾਂ ਦੇਵ ਨੇ ਨਾਸ਼ ਕੀਤਾ ਸੀ ਤਦੋਂ ਯੱਗ ਮ੍ਰਿਗ ਦਾ ਰੂਪ ਧਾਰਕੇ ਭਜ ਗਿਆ ਸਾ ਤਾਂ ਉਸਦੇ ਪਿੱਛੇ ਮਹਾਂ ਦੇਵ ਜੀ ਪਿਨਾਕਨਾਮੀ ਧਨੁਖ ਲੈਕੇ ਦੌੜੇ ਗਏ ਸਨ। ਰਥਵਾਹੀ ਓਸੇ ਪੁਰਾਣੇ ਪ੍ਰਸੰਗ ਦੀ ਸੂਚਨਾ ਕਰਾਉਂਦਾ ਹੋਇਆ ਕਹਿੰਦਾ ਹੈ ਮਹਾਰਾਜ ਜੀ!ਇਸ ਹਰਨ ਦੇ ਪਿੱਛੇ ਧਨੁਖ ਤਾਣੀ ਜਾਂਦੇ ਹੋਏ ਮੈਨੂੰ ਇਜੇਹੇ ਪ੍ਰਤੀਤ ਹੁੰਦੇ ਹੋ ਮਾਨੋਂ ਮਹਾਂਦੇਵ ਜੀ ਪਿਨਾਕ ਨਾਮੀ ਧਨੁਖ ਤਾਣੀ ਓਸ ਜੱਗ ਮ੍ਰਿਗ ਦੇ ਪਿੱਛੇ ਪਈ ਜਾਂਦੇ ਹਨ।

†ਪਿਛੇ ਆਉਂਦੇ ਹੋਏ ਰਥ ਨੂੰ ਹਰਨ ਪਰਤ ਪਰਤ ਕੇ ਵੇਖਦਾ ਜਾਂਦਾ ਹੈ ਅਤੇ ਤੀਰ ਲੱਗਣ ਦੇ ਡਰ ਤੋਂ ਅਗਲੇ ਪਾਸੇ ਵਲ ਸਰੀਰ ਦਾ ਪਿੱਛਾ ਸਮੇਟੀ (ਸੰਗੋੜੀ) ਜਾਂਦਾ ਹੈ, ਰਾਹ ਵਿਚ ਉਸ ਥਕੇ ਹੋਏ ਦੇ ਅਧਖੁਲ੍ਹੇ ਮੂੰਹ ਵਿਚੋਂ ਅਧ ਚਿੱਥਿਆ ਘਾਹ ਡਿਗਦਾ ਜਾਂਦਾ ਹੈ। ਦੂਣ ਤਾਂ ਅਜਿਹੀ ਵਡੀ ਵਡੀ ਚੌਕੜੀ ਭਰਦਾ ਹੈ, ਮਾਨੋਂ ਪ੍ਰਿਥਵੀ ਤੇ ਪੈਰ ਹੀ ਨਹੀਂ ਛੁੰਹਦਾ।

Digitized by Panjab Digital Library | www.panjabdigilib.org

ਹੁਣ ਧਰਤੀ ਪੱਧਰੀ ਆ ਗਈ ਹੈ, ਇਸ ਨੂੰ ਹੱਥੋਹੱਥੀ ਲੈ ਲੈਨੇ ਹਾਂ।

ਦੁਖਜੰਤ–ਤਾਂ ਫਿਰ ਘੋੜਿਆਂ ਦੀਆਂ ਵਾਗਾਂ ਛੱਡਣ ਦੀ ਕਰ।

ਰਥਵਾਹੀ–ਸਤਿ ਬਚਨ। (ਰਥ ਨੂੰ ਜ਼ੋਰ ਨਾਲ ਦੁੜਾਉਂਦਾ ਹੈ) ਮਹਾਰਾਜ ਦੇਖੀਏ !

ਢਿੱਲੀਆਂ ਰਾਸਾਂ ਨੇ ਕੀ ਕੀਤਾ ਤਣ ਸਰੀਰ ਅਗਲਾ ਇਨ ਲੀਤਾ । ਚਲਤ ਕਨੌਤੀ ਲਈ ਦਬਾਇ। ਕਲਗੀ ਸਿਰ ਦੀ ਹਿਲਣ ਨ ਪਾਇ। ਦੇਖੋ ਇਹ ਵਧਦੇ ਹਨ ਅੱਗੇ। ਧੂੜ ਖੁਰਾਂ ਦੀ ਨਾਲ ਨ ਲੱਗੇ। ਹੁਣ ਘੋੜੇ ਦੌੜੇ ਹਨ ਐਸੇ। ਸਹਨ ਨ ਦੌੜ ਹਰਨ ਦੀ ਜੈਸੇ* ॥ ੮ ॥ ਚੌਪਈ ॥

ਦੁਖਜੰਤ(ਪ੍ਰਸੰਨ ਹੋਕੇ)–ਠੀਕ ਹੈ, ਹੁਣ ਤਾਂ ਇਜੇਹੇ ਸਿਰਤੋੜ ਦੁੜਾਏ ਹਨ ਕਿ ਮਾਨੋਂ ਇੰਦ੍ਰ ਅਤੇ ਸੂਰਜ ਦੇ ਘੋੜਿਆਂ ਨੂੰ ਵੀ ਜਿੱਤੀ ਜਾਂਦੇ ਹਨ।

ਜੋ ਦੂਰੋਂ ਪਤਲੀ ਦਿਸ ਆਈ।
ਹੁਣ ਉਸ ਮੋਟੀ ਸ਼ਕਲ ਦਿਖਾਈ।
ਜੋ ਜਾਪੀ ਸੀ ਵੱਢੀ ਹੋਈ ॥
ਉਹ ਦੀਹਦੀ ਹੈ ਇਕੋ ਸੋਈ ॥
ਜਿਸ ਟੇਢੀ ਸੀ ਸ਼ਕਲ ਵਿਖਾਈ॥
ਸਿੱਧੀ ਸਾਫ ਉਹੋ ਦਿਸ ਆਈ ॥
ਦੂਰ ਨ ਪਲ ਵਿਚ ਹੋਈ ਨੇੜੇ ॥

*ਰਾਸਾਂ ਢਿਲੀਆਂ ਹੁੰਦਿਆਂ ਹੀ ਘੋੜਿਆਂ ਨੇ ਆਪਣਾ ਅੱਗਾ ਤਾਣਕੇ ਕਨੌਤੀਆਂ ਦਬਾਈਆਂ ਅਤੇ ਇਜੇਹੇ ਸਿਰਤੋੜ ਦੌੜੇ ਹਨ ਕਿ ਇਨ੍ਹਾਂ ਦੀਆਂ ਕਲਗੀਆਂ ਵੀ ਨਹੀਂ ਹਿਲਦੀਆਂ ਅਤੇ ਖੁਰਾਂ ਦੀ ਉੱਡੀ ਹੋਈ ਧੂੜ ਵੀ ਨਾਲ ਨਹੀਂ ਛੁਹਣ ਪਾਉਂਦੀ। ਹੁਣ ਤਾਂ ਇਜੇਹੇ ਝਪਟੇ ਹਨ ਕਿ ਮਾਨੋ ਹਰਨ ਦੀ ਦੌੜ ਸਹਾਰ ਹੀ ਨਹੀਂ ਸਕਦੇ।

ਕਾਰਨ ਚਾਲ ਤੇਜ ਰਥ ਕੇਰੇ*॥੯॥ਚੌਪਈ॥

[ਧਨੁਖ ਤੇ ਬਾਨ ਚੜਾਉਂਦਾ ਹੈ

ਰਥਵਾਹੀ–ਦੇਖੋ ਅਸੀਂ ਹੁਣੇ ਇਸ ਨੂੰ ਢਾਹ ਲੈਨੇ ਹਾਂ।

ਪਰਦੇ ਦੇ ਪਿੱਛੋਂ–ਹੇ ਰਾਜਾ ! ਇਸ ਹਰਨ ਨੂੰ ਨਾ ਮਾਰੀਂ, ਨਾ ਮਾਰੀਂ, ਇਹ ਸਾਡੇ ਆਸ਼੍ਰਮ ਦਾ ਮ੍ਰਿਗ ਹੈ। [ਅਵਾਜ਼ ਸੁਣਦਾ ਤੇ ਦੇਖਦਾ ਹੋਇਆ

ਰਥਵਾਹੀ–ਮਹਾਰਾਜ ! ਤੀਰ ਦੇ ਨਿਸ਼ਾਨੇ ਹੇਠ ਹਰਨ ਤਾਂ ਆਇਆ, ਪਰੰਤੂ ਵਿਚਕਾਰ ਏ ਤਪੱਸ੍ਵੀ ਲੋਕ ਖੜੋਤੇ ਹਨ।

ਦੁਖਜੰਤ (ਹਰਾਨ ਜਿਹਾ ਹੋਕੇ)–ਚੰਗਾ ਘੋੜਿਆਂ ਨੂੰ ਰੋਕੋ।

ਰਥਵਾਹੀ - ਸਤ ਬਚਨ![ਰਥ ਨੂੰ ਖੜਾ ਕਰਦਾ ਹੈ

[ਇਕ ਤਪੱਸ੍ਵੀ ਦੋ ਚੇਲਿਆਂ ਸਮੇਤ ਆਉਂਦਾ ਹੈ।

ਤਪੱਸ੍ਵੀ (ਬਾਂਹ ਉੱਚੀ ਕਰਕੇ)–ਹੇ ਛੱਤ੍ਰੀ ! ਇਹ ਮ੍ਰਿਗ ਆਸ਼੍ਰਮ ਦਾ ਹੈ ਮਾਰਨੇ ਲਾਇਕ (ਜੰਗਲੀ) ਨਹੀਂ ਹੈ।

ਏ ਕੋਮਲ ਤਨ ਲਾਡਾਂ ਪਲਿਆ । ਬਾਨ ਸਹਾਰਨ ਜੋਗਾ ਨਾਹੀਂ ਏਸੇ ਆਸ਼੍ਰਮ ਹਿਲਿਆ॥
ਜਿਉਂ ਫੁੱਲਾਂ ਦੇ ਢੇਰਾਂ ਦੇ ਵਿਚ ਅੱਗ ਨ ਰਖਦੇ ਸਜਾਣੇ। ਤਿਉਂ, ਇਹ ਦੀਨ ਮਿਰਗ ਹਨ ਅਤਿਸ਼ੈ ਕੋਮਲ ਪ੍ਰਾਣ ਨਿਮਾਣੇ ॥ ਤੇਰੇ ਤਿੱਖੇ ਤੀਰ ਬੱਜਰ ਸੇ ਕਰੋ ਕ੍ਰਿਪਾ ਇਸ ਵੇਲੇ। ਲਓ ਉਤਾਰ ਚਿੱਲਿਓਂ ਛੇਤੀ ਜੇ ਕਮਾਨ ਵਿਚ ਮੇਲੇ॥
ਇਹ ਬਿਦੋਸਿਆਂ ਨੂੰ ਨਹਿੰ ਮਾਰਨ ਦੁਖੀਆਂ

*ਜੋ ਚੀਜ ਦੂਰੋਂ ਪਤਲੀ ਦਿੱਸਦੀ ਸੀ ਹੁਣ ਨੇੜੇ ਅੱਪੜਨ ਤੇ ਮੋਟੀ ਜਾਪਦੀ ਹੈ। ਜਿਹੜੀ ਚੀਜ ਵਿਚੋਂ ਵੱਢੀ ਹੋਈ ਪ੍ਰਤੀਤ ਹੁੰਦੀ ਸੀ ਉਹ ਜੁੜੀ ਹੋਈ ਦਿਖਾਈ ਦੇਂਦੀ ਹੈ। ਇਕੁਰ ਹੀ ਜਿਹੜੀ ਪਹਿਲੇ ਨੇੜੇ ਦੇਣ ਤੇ ਟੇਢੀ ਜੇਹੀ ਭਾਸਦੀ ਸੀ ਓਹੋ ਵਸਤੁ ਦੂਰ ਰਹਿ ਜਾਣੇ ਤੇ ਸਿੱਧੀ ਦਿੱਸ ਰਹੀ ਹੈ, ਇਸ ਰਥ ਦੀ ਵਡੀ ਦੌੜ ਦੇ ਕਾਰਨ ਨੇੜੇ ਅਤੇ ਦੂਰ ਵਿਚ ਕੋਈ ਬਾਹਲਾ ਭੇਦ ਨਹੀਂ ਪ੍ਰਤੀਤ ਹੁੰਦਾ।

Digitized by Panjab Digital Library | www.panjabdigilib.org

ਤਾਰਨ ਵਾਲੇ । ਤੀਰ ਤਿਰੇ ਰੱਖਕ ਰਿਖੀਆਂ ਦੇ
ਦੁਸ਼ਟ ਦੇਖੀਅਨ ਗਾਲੇ* ॥ ੧੦ ॥ਪਦ ਭੈਰਵੀ॥

ਦੁਖਜੰਤ—ਲਓ ਮੈਂ ਬਾਨ ਉਤਾਰ ਲੈਂਦਾ ਹਾਂ ।

[ਬਾਨ ਉਤਾਰਦਾ ਹੈ

ਤਪੱਸ੍ਵੀ (ਪ੍ਰਸੰਨ ਹੋਕੇ)—ਪੁਰ ਕੁਲ ਦੀਪਕ !
(ਕਿਉਂ ਨਾ ਹੋਵੇ) ਤੈਨੂੰ ਐਸਾ ਹੀ ਚਾਹੀਦਾ ਹੈ:—

ਲਾਇਕ ਸੀ ਤੈਨੂੰ ਇਹੋ ਜਨਮਜੋਂ ਪੁਰੁ ਕੁਲ ਮਾਂਹਿ।
ਚੱਕ੍ਰ ਵਰਤਿ ਰਾਜਾ ਤਿਰੇ ਘਰਜਨਮੇਗਾਆਇ†।੧੨

ਦੇਵੇਂ ਚੇਲੇ (ਬਾਹਾਂ ਉਠਾਕੇ)—ਤੇਰੇ ਘਰ ਚੱਕ੍ਰ-ਵਰਤੀ ਪੁੱਤਰ ਹੋਵੇ।

ਦੁਖਜੰਤ (ਨਮਸਕਾਰ ਕਰਕੇ)—ਆਪ ਦਾ ਬਚਨ ਸਿਰ ਮੱਥੇ ਤੇ।

ਤਪੱਸ੍ਵੀ—ਰਾਜਾ!ਅਸੀਂ ਯੱਗ ਦੀ ਸਮਿੱਗ੍ਰੀ ਲੈਣ ਲਈ ਜਾਂਦੇ ਹਾਂ, ਅੱਗੇ ਮਾਲਨੀ ਨਦੀ ਦੇ ਕੰਢੇ ਕੰਨ੍ਵ ਰਿਖੀ ਦਾ ਆਸ਼੍ਰਮ ਹੈ, ਜੇਕਰ ਆਪ ਨੂੰ ਕੁਝ ਵਿਹਲ ਹੋਵੇ ਤਾਂ ਉਥੇ ਪਹੁੰਚ ਕੇ ਅਤਿੱਥੀ ਸਤਿਕਾਰ‡ ਦੇ ਭਾਗੀ ਹੋਵੋ। ਦੇਖੋ ਉਸ ਆਸ਼੍ਰਮ ਤੇ ਜਾਕੇ। ਬਿਘਨ ਬਿਨਾਂ ਰਿਖੀਆਂ ਦੇ ਕਾਰਜ ਧਰਮ ਪਰਾਯਨ ਵਾਕੇ। ਤਾਂ ਰਾਜਨ ਉਸ ਵੇਲੇ ਜੀ ਵਿਚ ਸੋਚ ਕਰੋਗੇ ਐਸੀ। ਬਾਂਹ ਮੇਰੀ ਜੋ ਧਨੁਖ ਘਾਸ ਤੇ ਸੋਂਹਦੀ ਹੈ ਕਿਸ ਜੈਸੀ ॥ ਕਿਤਨੇ ਸਤ ਪੁਰਖਾਂ ਦੀ ਰਾਖੀ ਕਰਦੀ ਹੈ ਹਰ ਵੇਲੇ। ਅਪਣੇ ਧਰਮ ਕਰਮ ਵਿਚ ਤਪਸੀ ਲਗੇ ਰਹਿਨ ਵਿਚ ਬੇਲੇ* ॥੧੩॥ ਪਦ ॥

ਦੁਖਜੰਤ—ਮਹਾਂ ਰਿਖੀ ਜੀ ਆਸ਼੍ਰਮ ਤੇ ਬਿਰਾਜ-ਮਾਨ ਹਨ ਕਿ ਨਹੀਂ ?

ਤਪੱਸ੍ਵੀ—ਆਪਣੀ ਪੁੱਤ੍ਰੀ ਸ਼ਕੁੰਤਲਾ ਨੂੰ ਅਤਿੱਥ ਸਤਿਕਾਰ ਦੀ ਆਗਜਾ ਦੇਕੇ ਓਸੇ ਦੀ ਗ੍ਰਹ ਦਸ਼ਾ ਉਤਾਰਨ ਲਈ ਸੋਮ ਤੀਰਥ ਤੇ ਗਏ ਹੋਏ ਹਨ।

ਦੁਖਜੰਤ—ਚੰਗਾ ਅਸੀਂ ਉਸ ਕੰਨਜਾਂ ਨੂੰ ਦੇਖਾਂਗੇ ਅਤੇ ਉਹ ਅਸਾਡਾ ਭਗਤੀ ਭਾਉ ਮਹਾਂ ਰਿਖੀ ਜੀ ਨੂੰ ਕਹੇਗੀ।

ਤਪੱਸ੍ਵੀ—ਆਪ ਕ੍ਰਿਪਾ ਕਰਕੇ ਜਾਈਏ,ਦੇਖੀਏ; ਅਤੇ ਅਸੀਂ ਵੀ ਆਪਣੇ ਕੰਮ ਲਈ ਜਾਨੇ ਹਾਂ।

[ਚੇਲਿਆਂ ਸਮੇਤ ਜਾਂਦਾ ਹੈ

ਦੁਖਜੰਤ—ਰਥਵਾਹੀ! ਘੋੜੇ ਰੋਕੋ,ਚਲੋ ਪਵਿੱਤ੍ਰ ਆਸ਼੍ਰਮ ਦਾ ਦਰਸ਼ਨ ਕਰਕੇ ਜਨਮ ਸਫਲ ਕਰੀਏ ।

ਰਥਵਾਹੀ—ਸਤ ਬਚਨ ਜੀ !

[ਰਥ ਨੂੰ ਫਿਰ ਤੋਰਦਾ ਹੈ

ਦੁਖਜੰਤ (ਚਹੁੰਵੀਂ ਲਾਂਭੀ ਦੇਖਕੇ)—ਰਥਵਾਹੀ ! ਜੇ ਕਦੀ ਕਿਸੇ ਨੇ ਸਾਨੂੰ ਦੱਸਿਆ ਨਾ ਵੀ ਹੁੰਦਾ ਤਾਂ ਭੀ ਅਸੀਂ ਏਥੇ ਜ਼ਰੂਰ ਪਛਾਣ ਲੈਂਦੇ ਕਿ ਤਪੋ ਬਨ ਨੇੜੇ ਹੀ ਹੈ।

---

*ਇਸ ਹਰਨ ਦੇ ਕੋਮਲ ਸਰੀਰ ਵਿਚ ਤੀਰ ਮਾਰਨਾ ਇਕੁਰ ਜੋਗ ਨਹੀਂ, ਜਿੱਕੁਰ ਫੁੱਲਾਂ ਦੇ ਢੇਰ ਵਿਚ ਸਿਆਣੇ ਪੁਰਖ ਅਗਨੀ ਨਹੀਂ ਰਖਦੇ। ਦੇਖੋ ਤਾਂ ਸਹੀ ਭਲਾ ਕਿੱਦ ਆਪ ਦੇ ਕਰੜੇ ਤਿੱਖੇ ਤੀਰ ਤੇ ਕਿੱਥੇ ਏ ਕੋਮਲ ਪ੍ਰਾਣ ਆਸ਼ਰਮ ਦੇ ਮਿਰਗ ਦੇ ਹਨ,ਇਸ ਲਈ ਹੇ ਰਾਜਨ! ਤੂੰ ਤੀਰ ਚਿੱਲਿਓਂ ਉਤਾਰ ਲੈ, ਇਹ ਤੇਰਾ ਤੀਰ ਨਿਰਦੋਖੀਆਂ ਦਾ ਰੱਖਜਕ ਹੈ ਨਾਕਿ ਓਹਨਾਂ ਨੂੰ ਮਾਰਨ ਵਾਲਾ।

†ਹੇ ਰਾਜਾ ! ਪੁਰ ਵੰਸ਼ ਵਿਚ ਜਨਮ ਲੈਕੇ ਤੈਨੂੰ ਇਸ ਵੇਲੇ ਬਾਨ ਉਤਾਰ ਲੈਣਾ ਹੀ ਚਾਹੀਦਾ ਸੀ, ਅਸੀਂ ਤੈਨੂੰ ਅਸ਼ੀਰਵਾਦ (ਅਸੀਸ) ਦਿੰਦੇ ਹਾਂ ਕਿ ਤੇਰੇ ਘਰ ਚਕ੍ਰਵਰਤੀ ਪੁੱਤਰ ਹੋਵੇ।

‡ਪਰਾਹੁਣਚਾਰੀ ਦਾ ਆਦਰ।

*ਉਸ ਆਸ਼੍ਰਮ ਵਿਚ ਜਦ ਤੁਸੀਂ ਦੇਖੋਗੇ ਕਿ ਕਿਤੇ ਧਰਮ ਕਾਰਜ ਨਿਰਬਿਘਨ ਹੁੰਦੇ ਰਹਿੰਦੇ ਹਨ ਤਾਂ ਤੁਸੀਂ ਜਾਣੋਗੇ ਕਿ ਇਹ ਮੇਰੀ ਬਾਂਹ ਜਿਸ ਵਿਚ ਧਨੁਖ ਦੀ ਘਾਸ (ਆਂਟ) ਪਈ ਹੋਈ ਗਹਿਣੇ ਵਾਕਰ ਸ਼ੋਭਾ ਦੇਂਦੀ ਹੈ, ਕਿੰਨੇ ਸਤਪੁਰਖਾਂ ਦੀ ਰੱਖਜਾ ਕਰਦੀ ਹੈ।

Digitized by Panjab Digital Library | www.panjabdigilib.org

ਰਥਵਾਹੀ–ਮਹਾਰਾਜ ! ਇਜੇਹੇ ਨਿਸ਼ਾਨ ਆਪ ਨੇ ਕੀ ਪਛਾਤੇ ਹਨ ?

ਦੁਖਜੰਤ–ਕੀ ਤੈਨੂੰ ਓਹ ਨਿਸ਼ਾਨ ਨਹੀਂ ਮਲੂਮ ਹੁੰਦੇ, ਔਹ ਦੇਖ:–

ਰੁੱਖਾਂ ਤਲੇ ਸੁਆਂਕ ਪਸਰਿਆ। ਤੋਤਿਆਂ ਦੀ ਖੁੱਡਾਂ ਤੋਂ ਡਿਗ ਕੇ ਥਾਓਂ ਥਾਈਂ ਕਿਰਿਆ ॥ ਸਿਲਾ ਚਿਕਨੀਆਂ ਜਿੱਥੇ ਤਿੱਥੇ ਪਈਆਂ ਨਜ਼ਰੀ ਆਉਣ। ਜੀਆ ਪੋਤਾ ਫਲ ਰਖ ਜਿਨ ਤੇ ਤਪਸੀ ਪੀਸ ਬਨਾਉਣ ॥ ਹਰਨ ਹਿਲੇ ਹੋਏ ਪੁਰਖਾਂ ਦੇ ਡਰਨ ਅਸਾਂ ਤੋਂ ਨਾਹੀਂ। ਰਤਾ ਨ ਚੌਂਕਣ ਰਥ ਦੇ ਖੜਕੋਂ ਫਿਰ ਫਿਰ ਤੱਕਣ ਤਾਂਹੀ ॥ ਪਗਡੰਡੀਆਂ ਦੇ ਨਾਲ ਨਾਲ ਇਕ ਲੀਕ ਬਣੀ ਹੈ ਕੈਸੀ। ਬੂੰਦ ਬੂੰਦ ਪਾਣੀ ਦੀ ਟਪਕੀ ਗਿੱਲੇ ਲੀੜਜੋਂ ਜੇਸੀ* ॥ ੧੪ ॥ ਪਦ ॥

ਲਹਰਾਂ ਨਾਲ ਉਛਲਕੇ ਪਾਣੀ ਕੰਢਜਾਂ ਤੇ ਟਕਰਾਂਦਾ। ਧੋ ਧੋ ਜੜ੍ਹਾਂ ਬੂਟਿਆਂ ਚਿੱਟੀਆਂ ਕਰ ਕਰ ਸਾਫਵਿਖਾਂਦਾ।ਨਵੇਂ ਨਵੇਂਤੇਕੋਮਲ ਪੱਤੇ ਦਿਸਣ ਧੁਆਂਖੇ ਹੋਏ। ਹੋਮ ਧੂੰਆਂ ਲਗ ਲਗ ਕੇ ਜਿਨ ਤੇ ਧੂਮਰ ਰੰਗ ਸਮੋਏ। ਅਜੀ ਬਗੀਚੇ ਦੇ ਹੈਅੱਗੇ ਦਭ ਕਟ ਜਿਮੀਂ ਸਵਾਰੀ। ਬੱਚੇ ਮਿਰਗਾਂ ਦੇ ਹਨ ਚਰਦੇ ਡਰ ਭਉ ਮਨੋ ਵਿਸਾਰੀ* ॥ ੧੫ ॥ ਪਦ ॥

ਰਥਵਾਹੀ–ਮਹਾਰਾਜ ! ਹੁਣ ਮੈਂ ਭੀ ਤਪੋ ਬਨ ਦੇ ਨਿਸ਼ਾਨ ਦੇਖੇ ਹਨ।

[ਥੋੜ੍ਹੀ ਦੂਰ ਹੋਰ ਅੱਗੇ ਪਹੁੰਚਦੇ ਹਨ

ਦੁਖਜੰਤ–ਰਥਵਾਹੀ ! ਤਪੋ ਬਨ ਦੇ ਵਸਨੀਕਾਂ ਦੇ ਕੰਮਾਂ ਵਿਚ ਕੁਝ ਵਿਘਨ ਨਾ ਪਵੇ,ਇਸ ਲਈ ਤੂੰ ਰਥ ਨੂੰ ਏਥੇ ਹੀ ਠਹਿਰਾ ਦੇਵੇਂ ਤਾਂ ਅਸੀਂ ਉੱਤਰ ਖੜੋਵੀਏ।

ਰਥਵਾਹੀ–ਮੈਂ ਰਾਸਾਂ ਖਿੱਚਦਾ ਹਾਂ,ਮਹਾਰਾਜ! ਆਪ ਉਤਰ ਜਾਈਏ। [ਉਤਰਦਾ ਹੈ।

ਦੁਖਜੰਤ–ਤਪੱਸ੍ਵੀਆਂ ਦੇ ਆਸ਼੍ਰਮ ਤੇ ਸਾਦੇ ਲਿਬਾਸ ਵਿਚ ਜਾਣਾ ਚਾਹੀਦਾ ਹੈ, ਇਸ ਲਈ ਤੂੰ ਇਹ ਲੈ ਇਥੇ ਹੀ ਰੱਖ (ਸਾਰਥੀ ਨੂੰ ਧਨੁਖ ਅਤੇ ਗਹਿਣੇ ਲਾਹਕੇ ਦੇਂਦਾ ਹੈ) ਤੇ ਜਦ ਤਕ ਮੈਂ ਤਪੋ ਬਨਬਾਸੀਆਂ ਦੇ ਦਰਸ਼ਨ ਕਰਕੇ ਨਹੀਂ ਆਉਂਦਾ ਤੂੰ ਉਨਾਂ ਚਿਰ ਘੋੜਿਆਂ ਦੀ ਪਿੱਠ ਠੰਢੀ ਕਰ (ਅਰਥਾਤ ਖੋਲ੍ਹ ਦੇਹ)।

ਰਥਵਾਹੀ–ਸਤਿ ਬਚਨ।

ਦੁਖਜੰਤ(ਜਾਂਦਾ ਹੈ ਅਤੇ ਪਰਤਕੇ ਫਿਰ ਦੇਖ ਕੇ)–

ਵਾਹ ਵਾ! ਇਹ ਤਾਂ ਆਸ਼੍ਰਮ ਦਾ ਦਰਵਾਜ਼ਾ ਆ ਗਿਆ, ਮੈਂ ਇਸਦੇ ਅੰਦਰ ਚੱਲਾਂ ?

ਸ਼ਾਂਤਿ ਛਿਤ੍ਰ ਆਸ਼੍ਰਮ ਇਹ ਭਾਰਾ। ਪੁੰਨ ਵਾਨ ਤਪਸੀ ਰਹਿੰ ਏਥੇ ਕਰ ਫਲ ਮੂਲ ਅਹਾਰਾ। ਬਾਂਹ ਮਿਰੀ ਫਰਕੀ ਇਸ ਵੇਲੇ ਕੀ ਫਲ ਏਹ ਦਿਖਾਵੇ। ਪਰ ਅਚਰਜ ਦੀ

---

*ਤਪੋ ਬਨ ਦੇ ਚਿੰਨ੍ਹ ਏ ਹੋਗੇ ਹਨ ਕਿ ਤੋਤਿਆਂ ਦੀਆਂ ਖੁੱਡਾਂ ਵਿੱਚੋਂ ਕਿਰ ਕਿਰ ਕੇ ਸੁਆਂਕ ਤੇ ਮੱਕੜੇ ਦੇ ਵਾਲ਼ ਰੁੱਖਾਂ ਦੇ ਹੇਠ ਪਏ ਦਿੱਸੇ ਹਨ ਅਤੇ ਜਿਥੇ ਕਿਥੇ ਜੀਆਪੋਤੇ ਦੀ ਗਿਰੀ ਕੁੱਟਨ ਵਾਲੀਆਂ ਸਿਲਾਂ ਬਿੰਧੀਆਂ ਹੋਈਆਂ ਰੱਖੀਆਂ ਪਈਆਂ ਹਨ। ਹਰਨ ਮਨੁੱਖਾਂ ਨਾਲ ਇਜੇਹੇ ਹਿਲੇ ਹੋਏ ਹਨ ਕਿ ਅਸਾਡਾ ਖੜਕਾਰ ਸੁਣਕੇ ਰਤਾ ਵੀ ਨਹੀਂ ਸੰਗਦੇ, ਪਗਡੰਡੀਆਂ ਦੇ ਨਾਲੋ ਨਾਲ ਗਿੱਲੇ ਬਲਕਲ ਬਸਤ੍ਰਾਂ ਦੀਆਂ ਬੂੰਦਾਂ ਡਿਗ ਡਿਗ ਕੇ ਨਾਲੋ ਨਾਲ ਕਤਾਰ ਦੀ ਲੀਕ ਬਣ ਗਈ ਹੋਈ ਹੈ।

*ਪੌਣ ਦੇ ਝਕੋਲਿਆਂ ਨਾਲ ਨਦੀ ਦੇ ਕੰਢੇ ਦੇ ਰੁੱਖਾਂ ਦੀਆਂ ਜੜ੍ਹਾਂ ਧੋਈਜ ਕੇ ਸੁਥਰੀਆਂ ਨਿਕਲ ਆਈਆਂ ਹੋਈਆਂ ਹਨ, ਅਤੇ ਨਵੀਆਂ ਕੂਮਲਾਂ ਤੇ ਪੱਤਰ ਹੋਮ ਦੇ ਧੂੰਏ ਨਾਲ ਧੁਆਂਖੇ ਹੋਏ ਧੁੰਦਲੇ ਹੋ ਗਏ ਹਨ। ਬਗੀਚੇ ਦੇ ਅਗੇ ਵਾਰ ਜਿੱਥੇ ਜ਼ਮੀਨ ਤੋਂ ਦੱਭ ਕਤਰੀ ਹੋਈ ਹੈ, ਓਥੇ ਹਰਨਾਂ ਦੇ ਬੱਚੇ ਨਿਸੰਗ ਚਰਦੇ ਫਿਰਦੇ ਹਨ।

Digitized by Panjab Digital Library | www.panjabdigilib.org

ਕੱਲ ਨ ਕੋਈ ਜੇ ਕੋਈ ਫਲ ਲਜਾਵੇ।
ਹੋਨਹਾਰ ਨਾ ਰੁਕੇ ਕਿਸੇ ਥਾਹ ਇਹ ਜਗ
ਸਾਰਾ ਜਾਣੇ। ਕੁਦਰਤ ਕਾਦਿਰ ਦੀ ਹੈ
ਕਰਨੀ ਓਹੋ ਭੇਦ ਪਛਾਣੇ*॥੧੬॥ ਪਦ॥

ਪਰਦੇ ਵਿਚੋਂ—ਨੀ ਸਖੀਓ ! ਏਧਰ ਆਓ ਨੀ ਏਧਰ !

ਦੁਖਜੰਤ (ਕੰਨ ਲਾਕੇ)—ਇਸ ਫੁਲਵਾੜੀ ਦੇ ਦੱਖਣ ਰੁਖ ਕੁਝ ਬੋਲ ਚਾਲ ਸੁਣੀਦਾ ਹੈ, ਮੈਂ ਭੀ ਓਥੇ ਹੀ ਚੱਲਾਂ (ਚੁਤਰਫੀ ਫਿਰਕੇ ਅਤੇ ਦੇਖ ਭਾਲ ਕੇ) ਓਹੋ ਇਹ ਤਾਂ ਤਪੱਸੀਆਂ ਦੀਆਂ ਲੜਕੀਆਂ ਹਨ, ਜੋ ਆਪੋ ਆਪਣੇ ਵਿਤ ਅਨੁਸਾਰ ਛੋਟੀ ਵੱਡੀ ਗਾਗਰਾਂ ਚੁੱਕੀ ਬੂਟੇ ਸਿੰਜਣ ਲਈ ਪਾਣੀ ਲਈ ਜਾਂਦੀਆਂ ਹਨ। ਧੰਨ ਹਨ ਏਹ ! ਕੈਹਾ ਮਨੋਹਰ ਦਰਸ਼ਨ ਹੈ !

ਏਥੇ ਅਦਭੁਤ ਰੂਪ ਸੁਹੰਦਾ। ਨਹੀਂ ਹੋਰਥੇ ਐਸਾ ਲਭਦਾ ਅੱਖਾ ਵਿੱਚ ਰਾਣੀਆਂ ਹੁੰਦਾ। ਜੀਕੁਰ ਬਨ ਵਿਚ ਵੇਲਾਂ ਸੋਹਣ ਸਹਜ ਸੁਭਾਵਕ ਆਪੇ। ਵੇਲਾਂ ਬਾਗ ਦੀਆਂ ਨੂੰ ਦੇਵਣ ਇਹਤਾ ਸ਼ਰਮਸਿੰਜਾਪੇ†।੧੭।ਪਦ।

[ਖੜੋਕੇ ਵੇਖਦਾ ਹੈ

[ਦੋਸਖੀਆਂਨਾਲਸ਼ਕੁੰਤਲਾਘੜਾ ਲਈਆਉਂਦੀ ਹੈ।

ਸ਼ਕੁੰਤਲਾ—ਅੜੀਓ ! ਏਧਰ ਆਓ, ਨੀ ! ਏਧਰ !

---

*ਇਹ ਤਾਂ ਪਵਿੱਤ੍ਰ ਆਸ਼੍ਰਮ ਹੈ, ਏਥੇ ਬਾਂਹ ਫਰਕਨ ਦਾ ਕੀ ਫਲ ਹੋਵੇਗਾ ਤੇ ਜਕਰ ਹੋਵੇ ਵੀ ਤਾਂ ਕੀ ਅਚਰਜ ਹੈ, ਕਿਉਂਕਿ ਹੋਣਹਾਰ ਹਜ਼ਾਰਾਂ ਦਰਵਾਜ਼ੇ ਭੰਨਕੇ ਆਣ ਹੁੰਦੀ ਹੈ।

†ਜਿਹਾ ਕਿ ਆਸ਼੍ਰਮ ਦੀਆਂ ਤੀਵੀਂਆਂ ਦਾ ਸੁੰਦਰ ਸ੍ਵਰੂਪ ਹੈ, ਰਣਵਾਸ ਦੀਆਂ ਇਸਤ੍ਰੀਆਂ ਵਿਚ ਅਜੇਹਾ ਰੂਪ ਮਿਲਨਾ ਬਹੁਤ ਕਠਨ ਹੈ। ਜੀਕੁਰ ਬਨ ਦੀਆਂ ਵੇਲਾਂ ਆਪਣੇ ਸੁਹਣੇ ਰੁਣਾਂ ਕਰਕੇ ਬਾਗਾਂ ਦੀਆਂ ਵੇਲਾਂ ਨੂੰ ਸ਼ਰਮਿੰਦੀਆਂਕਰਦੀਆਂ ਹਨ।

ਅਨਸੂਆ—ਅਨੀ ਸ਼ਕੁੰਤਲਾ ! ਮੈਂ ਜਾਣਦੀ ਹਾਂ, ਪਿਤਾ ਜੀ ਨੂੰ ਆਸ਼੍ਰਮ ਦੇ ਬੂਟੇ ਤੇਰੇ ਨਾਲੋਂ ਬਾਹਲੇ ਪਜਾਰੇ ਹੋਣਗੇ, ਨਹੀਂ ਤਾਂ ਤੈਨੂੰ ਨਵੀਂ ਚਮੇਲੀ ਵਰਗੇ ਕੋਮਲ ਅੰਗਾਂ ਵਾਲੀ ਨੂੰ ਏਹਨਾਂ ਦੇ ਸਿੰਜਣ ਦੀ ਆਗਜਾ ਕਿਉਂ ਦੇ ਜਾਂਦੇ ?

ਸ਼ਕੁੰਤਲਾ—ਇਹ ਨਿਰੀ ਪਿਤਾ ਜੀ ਦੀ ਹੀ ਆਗਜਾ ਨਹੀਂ, ਮੇਰਾ ਆਪਣਾ ਵੀ ਏਨ੍ਹਾਂ ਬੂਟਿਆਂ ਨਾਲ ਭੈਣਾਂ ਭਰਾਵਾਂ ਵਰਗਾ ਪਿਆਰ ਹੈ। [ਇਕ ਬੂਟੇ ਨੂੰ ਪਾਣੀ ਦੇਂਦੀਹੈ

ਦੁਖਜੰਤ (ਆਪਣੇ ਜੀ ਵਿਚ)—ਇਹ ਕੰਨ੍ਹ ਦੀ ਧੀ ਸ਼ਕੁੰਤਲਾ ਕੀਕਰ ਹੋਈ? ਉਹ ਰਿਖੀ ਕੋਈ ਵੱਡਾ ਹੀ ਬੇਪ੍ਰਵਾਹ ਜਿਹਾ ਹੋਵੇਗਾ ਜਿਸਨੇ ਅਜੇਹੀ ਮਲੂਕ ਨੂੰ ਆਸ਼੍ਰਮ ਦੇ ਧਰਮ ਵਿਚ ਲਾ ਛੱਡਿਆ ਹੈ ?

ਸਹਿਜ ਸੁਭਾਉ ਮਨੋਹਰ ਰੂਪ। ਨਹੀਂ ਬਨਾਵਟ ਇਸ ਵਿਚ ਦਿਸਦੀ ਹੈ ਸਬ ਤਨ੍ਹਾਂ ਅਨੂਪ॥ ਸਾਧਨ ਕਠਨ ਤਪੋ ਬ੍ਰਤ ਦੇ ਵਿੱਚ ਮੁਨਿ ਜੀ ਇਸਨੂੰ ਲਾਉਣ। ਮੈਨੂੰ ਇਹ ਨਾ ਲਾਇਕ ਸੁਝਦੀ, ਚਹੀਏ ਮੁਨਿ ਸਮਝਾਉਣ॥ ਮਾਨੋਂ ਕਮਲ ਪੰਖੜੀ ਸੇਤੀ ਤੇਜ਼ ਗਵਾਵਨ ਵਾਲੀ। ਹੈਗੀ ਹੈ ਗਲ ਏਵੇਂ ਸੁਝਦੀ ਮੁਨਿ ਅਵਿਚਾਰੀ ਗਾਲੀ* ॥ ੧੮ ॥ ਪਦ ॥

ਚੰਗਾ! ਹੁਣ ਜੋ ਹੋਵੇ ਸੋ ਹੋਵੇ, ਹੁਣ ਤਾਂ ਇਸ ਰੁੱਖ ਦੇ ਉਹਲਿਓਂ ਨਿਸ਼ੰਗ ਗੱਲ ਬਾਤ ਕਰਦਿਆਂ ਦੇਖੀ ਸੁਣੀ ਜਾਵੇਗੀ।

[ਏਕਾਂਤ ਵਿਚ ਬੈਠ ਜਾਂਦਾ ਹੈ

---

*ਇਸ ਕੋਮਲ ਅੰਗਾਂ ਵਾਲੀ ਤੋਂ ਤਪੱਸਿਆ ਕਰਾਉਣੀ ਅਜੇਹੀ ਹੈ ਜਿਵੇਂ ਕੋਲ ਫੁੱਲ ਦੀ ਖੰਭੜੀ ਤੋੜਕੇ ਵਿਅਰਥ ਸੁੱਟ ਪਾਉਣੀ ਹੈ, ਇਸ ਲਈ ਜਿਸ ਮੁਨੀ ਨੇ ਇਸ ਨੂੰ ਤਪੱਸਿਆ ਕਰਨ ਲਾਯਾ ਹੈ ਓਹ ਪੁਰਖ ਵਿਚਾਰਵਾਨ ਮਲੂਮ ਨਹੀਂ ਹੁੰਦਾ।

Digitized by Panjab Digital Library | www.panjabdigilib.org

ਸ਼ਕੁੰਤਲਾ—ਨੀ ਸਖੀ ਅਨਸੂਆ ! ਮੇਰੀ ਬਲਕਲਾਂ ਦੀ ਚੋਲੀ ਪ੍ਰਿਯੰਬਦਾ ਨੇ ਅਜੇਹੀ ਕੱਸ ਕੇ ਬੱਧੀ ਹੈ ਜਿਸ ਨਾਲ ਮੇਰੇ ਸਾਰੇ ਅੰਗ ਜਕੜੇ ਗਏ ਹਨ, ਤੂੰ ਰਤਾ ਕੁ ਇਸਨੂੰ ਢਿੱਲਿਆਂ ਕਰ ਦੇਹ।

ਅਨਸੂਆ—ਹੱਛਾ ਕਰਨੀ ਹਾਂ।

[ਢੇਲੀ ਢਿੱਲੀ ਕਰਦੀ ਹੈ

ਪ੍ਰਿਯੰਬਦਾ (ਹੱਸਕੇ)—ਮੈਨੂੰ ਨਿਕੰਮਾਂ ਉਲਾਂਭਾ ਕਿਉਂ ਦੇਨੀਹੈਂ, ਰਤਾਕੁ ਆਪਣੇ ਜੋਬਨਾਂ ਵੱਲ ਦੇਖ ਜੋ ਪਲ ਪਲ ਵਿਚ ਵਧਦੇ ਜਾਂਦੇ ਹਨ।

ਦੁਖਯੰਤ(ਆਪ ਹੀ ਆਪ)—ਇਸਨੇ ਬਹੁਤ ਠੀਕ ਆਖਿਆ ਹੈ।

ਇਸ ਨਾਜ਼ਕ ਨੂੰ ਰੰਢਾਂ ਬਧੀਆਂ। ਬਲਕਲ ਬਸਤ੍ਰ ਪਏ ਮੋਢਯਾਂ ਤੇ ਸੋਹਣ ਅਚਰਜ ਬਿਧੀਆਂ ॥ ਢਕੇ ਇਨ੍ਹਾਂ ਵਿਚ ਦਿੱਸਣ ਨਾਹੀਂ ਜੋਬਨ ਦੇ ਨੇ ਘੇਰੇ। ਉਮਗ ਰਹੀ ਹੈ ਦੇਹ ਇਹਦੀ ਤੇ ਸੁੰਦਰਤਾ ਚੌਫੇਰੇ ॥ ਨਹੀਂ ਸ਼ੋਭਦਾ ਜੀਕੁਰ ਹੋਵੇ ਸੁਹਣਾ ਫੁਲ ਗੁਲਾਬੀ। ਪੀਲੇ ਪਤਿਆਂ ਦੇ ਵਿਚ ਛਪਿਆ ਚਮਕੇ ਰੂਪ ਸ਼ਿਤਾਬੀ* ॥ ੧੯ ॥ ਪਦ ॥

ਅਥਵਾ ਭਾਵੇਂ ਮੰਨਿਆ ਜਾਵੇ ਕਿ ਭੋਜ ਪਤ੍ਰ ਇਸਦੇ ਸਰੀਰ ਦੇ ਲਾਇਕ ਨਹੀਂ ਹਨ, ਫਿਰ ਵੀ ਇਹ ਗੱਲ ਨਹੀਂ ਕਿ ਸ਼ੋਭਾ ਨਾ ਦੇਂਦੇ ਹੋਣ, ਕਿਉਂਕਿ:—

ਕੋਲ ਸਦਾ ਲਗਦਾ ਹੈ ਸੁਹਣਾ । ਭਾਵੇਂ ਚਿੱਕੜ ਹੀ ਵਿਚ ਹੋਵੇ ਹੈ ਜਦ ਕਦ ਮਨ ਮਹਣਾ ॥ ਕਾਲਾ ਦਾਗ ਅਹੈ ਵਿਚ ਭਾਵੇਂ

*ਮੋਢਿਆਂ ਤੇ ਬੱਧੇ ਹੋਏ ਅਤੇ ਦੇਹਾਂ ਅਸਬਨਾਂ ਦੀ ਗੋਲਾਈ ਨੂੰ ਢਕਦੇ ਹੋਏ ਭੋਜਪਤ੍ਰ ਦੇ ਬਸਤ੍ਰਾਂ ਵਿਚ ਇਸਦਾ ਉਮਗਦਾ ਹੋਇਆ ਜੋਬਨ ਸ਼ੋਭਾ ਨਹੀਂ ਪਾਉਂਦਾ, ਜੀਕੁਰ ਪੀਲੇ ਪੱਤਿਆਂ ਵਿਚ ਛੁਪਿਆ ਹੋਇਆ ਸੁੰਦਰ ਫੁੱਲ ਨਹੀਂ ਸੋਭਦਾ।

ਸੁਹਣਾ ਕੁਈ ਨ ਚੰਦੋਂ । ਤਿਉਂ ਇਹ ਬਲਕਲ ਦੇ ਵਿਚ ਝਲਕੇ ਸੁੰਦਰਤਾ ਸੋਹੰਦੀ॥ ਕੀ ਹੋਇਆ ਜੇ ਗਹਿਣੇ ਕਪੜੇ ਤਪ ਕਰ ਪਹਿਨੇ ਨਾਂਹੀ । ਰੂਪ ਲਿਖਜਾ ਬ੍ਰਹਮਾ ਨੇ ਮੱਥੇ ਉਹ ਨਾ ਛਪੇ ਕਦਾਹੀਂ* ॥੨੦॥ਪਦ॥

ਸ਼ਕੁੰਤਲਾ (ਅਗਾਹਾਂ ਵੱਲ ਤੱਕ ਕੇ)—ਸਖੀਓ ਨੀ! ਦੇਖੋ ਇਹ ਪੌਣ ਦੇ ਝੋਕਿਆਂ ਨਾਲ ਕਚਨਾਲ ਦੇ ਪੱਤੇ ਕੇਹੇ ਸੁਹਣੇ ਹਿੱਲਦੇ ਹਨ, ਮਾਨੋਂ ਹੱਥਾਂ ਦੀਆਂ ਸੈਨਤਾਂ ਕਰਕੇ ਮੈਨੂੰ ਆਪਣੀ ਵਲ ਸੱਦਦੇ ਹਨ।ਚੰਗਾ ਮੈਂ ਜਾਨੀ ਹਾਂ, ਰਤਾਕੁ ਇਸਦਾ ਵੀ ਮਨ ਰੱਖ ਆਵਾਂ।

[ਬੂਟੇ ਦੇ ਰੁਖ ਵਲ ਜਾਂਦੀ ਹੈ

ਪ੍ਰਿਅੰਬਦਾ—ਅਨੀ ਸ਼ਕੁੰਤਲਾ! ਤੂੰ ਰਤਾ ਕੁ ਏਥੇ ਹੀ ਖੜੋਤੀ ਰਹੁ।

ਸ਼ਕੁੰਤਲਾ—ਕਿਉਂ ?

ਪ੍ਰਿਅੰਬਦਾ—ਇਸ ਵਾਸਤੇ ਕਿ ਤੇਰੇ ਖੜੋਤਿਆਂ ਇਹ ਕਚਨਾਲ ਦਾ ਬੂਟਾ ਇਜੇਹਾ ਚੰਗਾ ਲਗਦਾ ਹੈ ਮਾਨੋਂ ਇਸ ਰੁੱਖ ਤੇ ਵੇਲ ਚੜ੍ਹੀ ਹੋਈ ਹੈ।

ਸ਼ਕੁੰਤਲਾ—ਇਨ੍ਹੀਂ ਗੱਲੀਂ ਤਾਂ ਤੇਰਾ ਨਾਉਂ ਪ੍ਰਿਯੰਬਦਾ ਰੱਖਿਆ ਹੈ।

ਦੁਖਯੰਤ (ਆਪਣੇ ਜੀ ਵਿਚ)—ਪ੍ਰਿਯੰਬਦਾ ਨੇ ਭਾਵੀ ਪਿਆਰੀ ਗੱਲ ਕਹੀ ਹੈ, ਪਰ ਸੱਚੀ ਬੀ ਕਹੀ ਹੈ, ਕਿਉਂਕਿ—

ਦੋਹਾ—ਹੇਠ ਮਨੋ ਪੱਤੇ ਨਵੇਂ, ਬਾਹਾਂ ਕੋਮਲ ਡਾਲ।

*ਕੋਲਫੁੱਲ ਚਿੱਕੜ ਵਿਚ ਵੀ ਚੰਗਾ ਸੁਹਣਾ ਲਗਦਾ ਹੈ ਅਤੇ ਚੰਦ੍ਰਮਾ ਵਿਚ ਭਾਵੇਂ ਕਾਲੇਂ ਵੀਹੈ, ਪਰ ਤਦ ਵੀ ਸੁਹਣਿਆਂ ਦਾ ਸਰਦਾਰ ਹੀਹੈ।ਤਿਵੇਂ ਹੀ ਇਸ ਸੁੰਦਰੀ ਦੇ ਸਰੀਰ ਤੇ ਬਲਕਲ ਬਸਤ੍ਰ ਵੀ ਸੋਂਹਦਾ ਹੈ। ਜਿਸਨੂੰ ਬ੍ਰਹਮਾ ਨੇ ਸਰੂਪ ਦਿੱਤਾ ਹੈ ਓਸਨੂੰ ਸਭੋ ਕੁਝ ਸੋਂਹਦਾ ਹੈ।

Digitized by Panjab Digital Library | www.panjabdigilib.org

ਅੰਗਾਂ ਤੇ ਜੋਬਨ ਉਮਗ,ਸੁਦੰਦੀਫੁੱਲਮਿਸਾਲ*।੨੧

ਅਨਸੂਆ—ਅਨੀ ਸਖੀ ਸ਼ਕੁੰਤਲਾ ! ਦੇਖ ਤਾਂ ਇਹ ਨਵੀਂ ਚੰਬੇਲੀ ਜਿਹਦਾ ਨਾਉਂ ਤੈਂ ਬਨਜੋਤਸਨਾ ਰੱਖਯਾ ਹੋਇਆ ਹੈ ਇਸ ਅੰਬ ਦੀ ਕੋਹੀ ਸੁਯੰਬਰ ਵਹੁਟੀ† ਬਣੀ ਹੋਈ ਹੈ, ਕੀਹ ਤੂੰ ਇਸ ਵਿਚਾਰੀ ਨੂੰ ਭੁੱਲ ਗਈ ਹੈਂ ?

ਸ਼ਕੁੰਤਲਾ—ਜੇ ਮੈਂ ਇਸਨੂੰ ਭੁੱਲ ਗਈ ਤਾਂ ਆਪਣੇ ਆਪਦਾ ਚੇਤਾ ਕੀਕੁਰ ਰਖਾਂਗੀ ?

[ਚਮੇਲੀ ਦੇ ਪਾਸ ਜਾਂਦੀ ਹੈ

ਅਨੀ ਇਹ ਤਾਂ ਚੰਗੀ ਬਹਾਰ ਵਿਚ ਵੇਲ ਤੇ ਰੁੱਖ ਆਪੋ ਵਿਚ ਮਿਲੇ ਹਨ, ਇਹ ਮੇਰਾ 'ਬਨਜਯੋਤਸਨਾ' ਨਵੇਂ ਫੁੱਲਾਂ ਨਾਲ ਭਰਪੂਰ ਨਵਯੋਬਨਾ ਬਣੀ ਹੋਈਹੈ, ਅਤੇ ਇੱਕੁਰ ਹੀ ਅੰਬ ਵੀ ਨਵੀਆਂ ਟਾਹਣੀਆਂ ਤੇ ਕੂਮਲਾਂ ਨਾਲ ਨੇੜੇ ਹੀ ਭੋਗਣੇ ਦੇ ਲਾਇਕ ਹੈ।[ਖੜੋਤੀ ਦੇਖਦੀ ਹੈ

ਪ੍ਰਿਅੰਬਦਾ (ਹੱਸਕੇ)—ਅੜੀਏ ਅਨਸੂਆ ! ਤੂੰ ਜਾਣਨੀ ਹੈਂ ਸ਼ਕੁੰਤਲਾ ਇਸ ਬਨ ਜਯੋਤਸਨਾ ਨੂੰ ਏਡੀ ਪ੍ਰਸੰਨਤਾ ਨਾਲ ਕਿਉਂ ਦੇਖਦੀ ਹੈ ?

ਅਨਸੂਆ—ਅਨੀਏ ! ਮੈਂ ਤਾਂ ਨਹੀਂ ਜਾਣਦੀ, ਤੂੰਹੇਂ ਦੱਸ ਦੇਹ ?

ਪ੍ਰਿਅੰਬਦਾ—ਇਹ ਇਸ ਲਈ ਕਿ ਜੀਕੁਰ ਬਨਜਯੋਤਸਨਾ ਨੂੰ ਆਪਣੇ ਜੇਹਾ ਬ੍ਰਿੱਛ ਮਿਲ ਪਿਆ ਹੈ, ਓਕਰ ਹੀ ਮੈਨੂੰ ਵੀ ਮੇਰੇ ਜਿਹਾ ਵਰ ਮਿਲੇ।

[ਪਾਣੀ ਦਾ ਘੜਾ ਪਲਟਦੀ ਹੈ

ਸ਼ਕੁੰਤਲਾ—ਇਹ ਤਾਂ ਤੂੰ ਆਪਣੇ ਮਨ ਦੀਆਂ ਕਹਿਨੀ ਹੈਂ।

ਦੁਖਯੰਤ (ਆਪਣੇ ਜੀ ਵਿਚ) -ਕਿਤੇ ਇਹ ਰਿਖੀ ਦੀ ਬੇਟੀ ਦੂਜੀ ਜਾਤ ਦੀ ਇਸਤ੍ਰੀ ਵਿਚੋਂ ਨਾ ਹੋਵੇ। ਪਰ ਹੁਣ ਸੰਦੇਹ ਨੂੰ ਛੱਡਾਂ। ਇਹ ਜੇ ਮੇਰੇ ਮਨ ਵਿਚ ਹੋਈ। ਸੁੱਧ ਸਾਫ ਆਹਾ ਮਨ ਮੇਰਾ ਇੱਛਾ ਫੁਰੀ ਨ ਕੋਈ। ਇਹ ਛੱਤ੍ਰੀ ਦੇ ਵਯਾਹੁਣ ਜੋਗੀ ਸੰਸਾ ਕੋਈ ਨਾਹੀਂ। ਹੋਵੇ ਜੇ ਸੰਸਾ ਕੁਛ ਆਕੇ ਸਜਣਾਂ ਦੇ ਮਨ ਮਾਂਹੀ। ਅੰਤਹਕਰਣ ਜੁ ਸ਼ੁੱਧ ਉਨ੍ਹਾਂ ਦੇ ਆਪੇ ਭਰਨ ਗਵਾਹੀ॥ ਮੇਰਾ ਮਨ ਇਸ ਦੇ ਬਸ ਹੁੰਦਾ ਜਾਂਦਾ ਬਦੋ ਬਦਾਹੀ*।੨੨।ਪਦ।

ਫਿਰ ਵੀ ਮੈਨੂੰ ਇਸ ਦੀ ਪੈਦਾਇਸ਼ ਦਾ ਠੀਕ ਠੀਕ ਪਤਾ ਕੱਢਣਾ ਚਾਹੀਦਾ ਹੈ।

ਸ਼ਕੁੰਤਲਾ (ਘਬਰਾਕੇ)—ਊਈ ! ਊਈ ! ਇਹ ਤਾਂ ਪਾਣੀ ਦੀਆਂ ਬੂੰਦਾਂ ਤੋਂ ਡਰਿਆ ਹੋਇਆ ਢੀਠ ਭੌਰਾ ਨਵੀਂ ਚੰਮੇਲੀ ਨੂੰ ਛੱਡਕੇ ਘੜੀ ਮੁੜੀ ਮੇਰੇ ਹੀ ਮੂੰਹ ਵੱਲ ਆਉਂਦਾਹੈ।

[ਭੌਰੇ ਦਾ ਦੁੱਖ ਵਿਖਾਉਂਦੀ ਹੈ

ਦੁਖਯੰਤ(ਇਕ ਚਿੱਤ ਹੋਕੇ ਦੇਖਦਾ ਹੈ)—ਇਸ ਦਾ ਇਹ ਝਿਜਕਣਾ ਵੀ ਚੰਗਾ ਲੱਗਦਾ ਹੈ। ਭੌਰਾ ਫਿਰ ਫਿਰ ਉਤ ਵਲ ਆਵੇ। ਜਿਤ ਵਲ ਅਖੀਆਂ ਤੇ ਮੂੰਹ ਮੋੜੇ ਗੁੰਜਰਾਰੀ ਕਰ ਗਾਵੇ॥ ਮੂੰਹ ਅਖੀਆਂ ਤੇ ਭਵਾਂ ਮਰੋਰਨ ਐਕੁਰ ਮੈਨੂੰ ਭਾਸੇ। ਡਰ ਦਾ ਰੱਖ ਬਹਾਨਾ

---

*ਇਸਦੇ ਲਾਲ ਹੋਠ ਮਾਨੋਂ ਵੇਲ ਦੇ ਨਵੇਂ ਪੱਤੇ ਹਨ.ਇਸਦੀਆਂ ਕੋਮਲ ਬਾਹਾਂ ਮਾਨੋਂ ਡਾਲੀਆਂ ਹਨ, ਹੋਰ ਸਾਰੇ ਅੰਗਾਂ ਵਿਚ ਭਰਿਆ ਹੋਇਆ ਜੋਬਨ ਮਾਨੋਂ ਸੁੰਦਰ ਮਹਿਕਦਾ ਫੁੱਲ ਹੈ।

†ਉਹ ਵਹੁਟੀ ਜਿਸਨੇ ਆਪਣਾ ਪਤੀ ਆਪ ਢੂੰਡਿਆ ਹੋਵੇ।

*ਮੇਰਾ ਮਨ ਇਸਤੇ ਅਸ਼ਕਤ ਹੁੰਦਾ ਜਾਂਦਾ ਹੈ, ਇਸ ਤੋਂ ਮੈਂ ਜਾਣਨਾ ਹਾਂ ਕਿ ਇਹ ਛੱਤ੍ਰੀ ਦੇ ਵਿਆਹੁਣ ਲਾਇਕ ਹੈ। ਕਿਉਂਕਿ ਸੰਦੇਹ ਨੂੰ ਸੱਜਣਾਂ ਦੇ ਮਨ ਦੀ ਭਾਵਨਾ ਹੀ ਨਿਵਿਰਤ ਕਰ ਦਿੰਦੀ ਹੈ।

Digitized by Panjab Digital Library | www.panjabdigilib.org

ਜੀਕਰ ਮੁਗਧਾ ਸਿਖਦੀ ਹਾਸੇ ॥੨੩॥ ਪਦ ॥

ਹੋਰ ਵੀ (ਈਰਖਾ ਜੇਹੀ ਦਿਖਾਕੇ):—

ਚੰਚਲ ਜੋ ਅੱਖੀਆਂ ਦੇ ਕੋਇ। ਪਲਕਾਂ ਕੈਬਨ ਨਾਲ ਜਿਨ੍ਹਾਂ ਦੇ ਬਾਰ ਬਾਰ ਤਿਸ ਨਾਲ ਸਮੋਏ ॥ ਕੰਨੀਂ ਲਗ ਲਗ ਗੁੰਜੇ ਹੌਲੀ ਮਿੱਠੀਆਂ ਮਿੱਠੀਆਂ ਗੱਲਾਂ। ਮਾਨੋਂ ਕਰੇ ਭੇਤ ਦੀਆਂ ਭੇਤੀ ਗੁੱਝੀਆਂ ਗੁੱਝੀਆਂ ਦਿੱਲਾਂ। ਜੋ ਰੋਕੇ ਹੈ ਨਾਲ ਹੱਥ ਦੇ ਤਾਂ ਹੋਠਾਂ ਵਲ ਆਵੇ। ਲੈ ਅਧਰਾਮ੍ਰਿਤ ਸਰਬਸ ਰਤਿ* ਦਾ ਸੁਖ ਸੁਖਸਾਰ ਲਿਜਾਵੇ॥ ਅਸੀਂ ਢੂੰਡਦੇ ਮਰੇ ਜਾਤ ਨੂੰ ਬੇਟੀ ਕਿਹਦੀ ਕਹਾਵੇ। ਸ਼ਾਬਾਸ਼ੇ ਉਇ ਭੌਰੇ ! ਤੈਨੂੰ, ਤੂੰ ਭੌਰਾ ਹੀ ਕਹਾਵੇਂ† ॥ ੨੪ ॥ ਪਦ ॥

ਸ਼ਕੁੰਤਲਾ—ਇਹ ਢੀਠ ਭੌਰਾ ਕੁਝ ਨਾ ਮੰਨੇਗਾ ਮੈਂ ਕਿਤੇ ਹੋਰਥੇ ਜਾਵਾਂ।

[ਟੇਢੀਆਂ ਅੱਖਾਂ ਨਾਲ ਦੇਖਕੇ ਹੋਰਜਗ੍ਹਾ ਜਾਖੜੋਂ ਦੀਹੈ

ਹਾਇ ਹਾਇ ! ਇਸ ਪਾਪੀ ਨੇ ਏਥੇ ਵੀ ਪਿੱਛਾ ਨ ਛੱਡਿਆ, ਹੁਣ ਕੀ ਕਰਾਂ ? ਅੜੀਓ, ਇਸ ਦੁਸ਼ਟ ਤੋਂ ਮੈਨੂੰ ਬਚਾਓ।

ਦੋਵੇਂ ਸਹੇਲੀਆਂ (ਮੁਸਕਰਾਕੇ)—ਅਸੀਂ ਵਿਚਾਰੀਆਂ ਬਚਾਉਣ ਵਾਲੀਆਂ ਕੌਣ ਹਾਂ, ਤੂੰ ਰਾਜਾ ਦੁਖਜੰਤ ਦੀ ਦੁਹਾਈ ਦੇਹ, ਓਹ ਬਚਾਵੇਗਾ, ਕਿਉਂਕਿ ਤਪੋ ਬਨ ਦੀ ਰੱਖਜਾ ਕਰਨੀ ਰਾਜਾ ਦੇ ਜ਼ਿੰਮੇ ਹੈ।

ਦੁਖਜੰਤ (ਆਪਣੇ ਜੀ ਵਿਚ)—ਹੁਣ ਮੇਰੇ ਪ੍ਰਗਟ ਹੋਣ ਦਾ ਚੰਗਾ ਸਮਾਂ ਆ ਢੁੱਕਾ ਹੈ। ਮੈਨੂੰ ਡਰ ਕਿਸਦਾ ਹੈ ? (ਇੰਨਾਂ ਕਹਿਕੇ) ਪੂੰਤੂ ਇਸ ਤਰ੍ਹਾਂ ਤਾਂ ਭੇਤ ਹੀ ਖੁੱਲ੍ਹ ਜਾਏਗਾ ਕਿ ਮੈਂ ਰਾਜਾ ਹਾਂ। ਚੰਗਾ ਹੁਣ ਜੋ ਹੋਵੇ ਸੋ ਹੋਵੇ, ਇਨ੍ਹਾਂ ਨਾਲ ਗੱਲ ਬਾਤ ਤਾਂ ਜ਼ਰੂਰ ਹੀ ਕਰਾਂਗਾ।

ਸ਼ਕੁੰਤਲਾ (ਥੋੜੀ ਜਿਹੀ ਦੂਰ ਖਲੋਕੇ)—ਹਾਇ ਰੱਬਾ! ਇਹ ਤਾਂ ਏਥੇ ਵੀ ਆ ਗਿਆ, ਹੁਣ ਮੈਂ ਕਿੱਥੇ ਜਾਵਾਂ ?

ਦੁਖਜੰਤ (ਬਹੁਤ ਛੇਤੀ ਅਗੇ ਵਧਕੇ)—

ਜਦ ਤਕ ਜਗਪਾਲਕ ਪੁਰੁਬੰਸਿ। ਰਾਜਾ ਮੈਂ ਬਨ ਰਿਹਾ ਪ੍ਰਿਥੀ ਦਾ ਕਰਾਂ ਦੁਸ਼ਟ ਵਿਧ੍ਵੰਸ। ਸਭ ਸਮ ਥ ਵਾਲਾ ਤੇ ਲਾਯਕ ਪਾਲਕ ਪੂਜਾ ਸੁਨੀਤ। ਤਦ ਤਕ ਐਸਾ ਕੌਣ ਉਪਜਿਆ ਛੱਡ ਸਜਣਾਈ ਰੀਤ ॥ਮੁਗਧਾ ਮੁਨਿ ਕੰਨਜਾ ਵਿਚ ਆਕੇ ਚਾਹੇ ਕਰਨ ਅਨੀਤ। ਮੇਰੇ ਹੁੰਦਿਆਂ ਇਉਂ ਨਹਿ ਹੋਊ ਵਰਤੇਗੀ ਰਜਨੀਤ* ॥ ੨੫ ॥ ਪਦ ॥

[ਰਾਜਾ ਨੂੰ ਅਚਾਨਕ ਵੇਖਕੇ ਸਾਰੀਆਂ ਹੈਰਾਨ ਹੁੰਦੀਆਂ ਹਨ।

ਅਨਸੂਆ—ਜੋ ਏਥੇ ਅਨੀਤ ਕਰਨ ਵਾਲਾ ਤਾਂ ਕੋਈ ਨਹੀਂ ਹੈ। ਸਾਡੀ ਇਹ ਪਜਾਰੀ ਸਖੀ ਭੌਰੇ ਨੇ ਘੇਰ ਲਈ ਸੀ, ਇਸ ਲਈ ਰਤਾਕੁ ਭਉ ਖਾ ਗਈ ਹੈ। [ਸ਼ਕੁੰਤਲਾ ਵਲ ਤੱਕਦੀਹੈ

ਦੁਖਜੰਤ (ਸ਼ਕੁੰਤਲਾ ਦੇ ਸਾਮ੍ਹਣੇ ਹੋਕੇ)—ਸੁੰਦਰੀ ! ਤੇਰਾ ਤਪੋਭੂਤ ਤਾਂ ਸਫਲ ਹੈ।

[ਸ਼ਕੁੰਤਲਾ ਕੁਝ ਸ਼ਰਮ ਖਾਕੇ ਚੁਪ ਖੜੀਰਹਿੰਦੀ ਹੈ

ਅਨਸੂਆ—ਆਪ ਜਿਹੇ ਜਦ ਸਾਡੇ ਪਰਾਹੁਣੇ

---

*ਹੋਠਾਂ ਦੇ ਰਸ ਨੂੰ ਕਾਮੀ ਲੋਗ 'ਰਤਿ ਸਰਬਸੁ' ਕਹਿੰਦੇ ਹਨ।

†ਚੰਚਲ ਕੋਇਆਂ ਦੇ ਥਰਕਦੀਆਂ ਹੋਈਆਂ ਅੱਖਾਂ ਨੂੰ ਤੂੰ ਬਾਰ ਬਾਰ ਛੁਹਨਾਂ ਹੈਂ, ਕੰਨਾਂ ਦੇ ਪਾਸ ਜਾ ਜਾ ਕੇ ਹੌਲੀ ਹੌਲੀ ਗੁੰਜਨਾਂ ਹੈਂ, ਮਾਨੋਂ ਕੋਈ ਰੁੱਝੀਆਂ ਭੇਤ ਦੀਆਂ ਗਲਾਂ ਕਰਨਾ ਹੈਂ, ਜਦ ਤੈਨੂੰ ਹੱਥਾਂ ਨਾਲ ਹਟਾਉਂਦੀ ਹੈ ਤਦ ਤੂੰ ਹੋਠਾਂ ਦਾ ਰਸ ਲੈ ਜਾਂਦਾ ਹੈਂ, ਵਾਹ ਰੇ ਛੈਲੇ ਤੂੰ ਧੰਨ ਹੈਂ, ਅਸੀਂ ਤਾਂ ਢੂੰਡਦੇ ਮਰ ਰਹੇ ਕਿ ਇਹ ਕਿਸ ਜਾਤ ਦੀ ਬੇਟੀ ਹੈ ਤੁਸੀਂ ਭੋਲੇ ਭਾਲੇ ਹੀ ਰਤਿ ਸਰਬਸ ਲੈ ਗਏ।

*ਜਦ ਤੱਕ ਮੈਂ ਪੁਰੁਬੰਸ਼ੀ ਰਾਜਾ ਇਸਪ੍ਰਿਥੀ ਦਾ ਰਖਵਾਲਾ ਬਣਿਆ ਹੋਇਆ ਹਾਂ ਤਦ ਤਕ ਕੌਣ ਐਸਾ ਹੋਇਆ ਹੈ ਜੋ ਮੁਨੀਆਂ ਦੀਆਂ ਕੰਨਜਾਂ ਦੇ ਨਾਲ ਅਨੀਤੀ ਕਰ ਸਕੇ।

Digitized by Panjab Digital Library | www.panjabdigilib.org

ਆਉਣ ਤਾਂ ਸਾਡਾ ਤਪੋ ਬ੍ਰਤ ਕਿਉਂ ਨਾ ਸਫਲ ਹੋਵੇਗਾ ? ਅਨੀ ਸ਼ਕੁੰਤਲਾ ! ਤੂੰ ਜਾ ਖਾਂ ਕੁਟੀਆ ਵਿਚੋਂ ਕੁਝ ਫੁੱਲ ਫਲ ਅਤੇ ਅਰਘਾ ਲੈ ਆ, ਪੈਰਾਂ ਦੇ ਧੋਣ ਲਈ ਪਾਣੀ ਤਾਂ ਏਥੇ ਹੈਗਾ ਹੀ ਹੈ।

[ਬੂਟੇ ਸਿੰਜਣ ਵਾਲੇ ਘੜੇ ਵੱਲ ਦੇਖਦੀ ਹੈ

ਦੁਖਜੰਤ—ਤੁਹਾਡੇ ਮਿੱਠੇ ਬਚਨਾਂ ਨਾਲ ਹੀ ਪਰਾਹੁਣੇ ਦੀ ਭਾਉ ਭਗਤੀ ਹੋ ਗਈ।

ਪ੍ਰਿੰਅਬਦਾ—ਤਾਂ ਫਿਰ ਆਓ ਪ੍ਰਾਹੁਣੇ ਜੀ ! ਘੜੀ ਕੁ ਇਸ ਸਤਪੁੜੇ* ਰੁੱਖ ਦੀ ਸੰਘਣੀ ਛਾਉਂ ਹੇਠਾਂ ਠੰਢੇ ਥੜ੍ਹੇ ਤੇ ਬੈਠਕੇ ਅਰਾਮ ਲੈ ਲਓ ।

ਦੁਖਜੰਤ—ਤੁਸੀਂ ਵੀ ਤਾਂ ਇਸ ਕੰਮ ਵਿਚ ਥੱਕ ਗਈਆਂ ਹੋਵੋਗੀਆਂ।

ਅਨਸੂਆ(ਹੌਲੀ ਜੇਹੀ ਸ਼ਕੁੰਤਲਾਨੂੰ ਕਹਿੰਦੀ ਹੈ)—ਪਰਾਹੁਣੇ ਦੇ ਪਾਸ ਅਵੱਸੋਂ ਬੈਠਣਾ ਚਾਹੀਦਾ ਹੈ, ਆਓ ਸੱਭੇ ਬੈਠ ਜਾਈਏ।

[ਸੱਭੇ ਬੈਠਦੀਆਂ ਹਨ

ਸ਼ਕੁੰਤਲਾ(ਆਪਣੇ ਜੀ ਵਿਚ)—ਇਸ ਆਦਮੀਨੂੰ ਦੇਖਕੇ ਮੇਰੇ ਮਨ ਵਿਚ ਅਜਿਹੀ ਗੱਲ ਕਿਉਂ ਉਪਜਦੀ ਹੈ, ਜੋ ਤਪੋ ਬਨ ਦੇ ਲਾਇਕ ਨਹੀਂ।

[ਦੁਖਜੰਤ ਇਕ ਇਕ ਕਰਕੇ ਸਭ ਨੂੰ ਦੇਖਦਾ ਹੈ

ਦੁਖਜੰਤ—ਇੱਕੋ ਜੇਡੀਓ ਅਤੇ ਇਕੋ ਜੇਹੇ ਸਰੂਪ ਵਾਲੀਓ ! ਤੁਹਾਡੀ ਆਪੋ ਵਿਚ ਦੀ ਪ੍ਰੀਤ ਬੜੀ ਹੀ ਚੰਗੀ ਲਗਦੀ ਹੈ।

ਪ੍ਰਿੰਅਬਦਾ (ਹੌਲੀ ਹੌਲੀ ਅਨਸੂਆ ਨੂੰ)—ਅਨੀ ਅਨਸੂਯਾ ! ਇਹ ਪ੍ਰਾਹੁਣਾ ਕੌਣ ਹੈ? ਜਿਸ ਦੇ ਰੂਪ ਵਿਚ ਚਤੁਰਾਈ ਦੇ ਨਾਲ ਗੰਭੀਰਤਾ ਅਤੇ ਬੋਲੀ ਵਿਚ ਮਿਠਾਸ ਭਰੀ ਹੋਈ ਹੈ, ਇਹ ਤਾਂ ਕੋਈ ਬਹੁਤ ਪ੍ਰਤਾਪੀ ਪੁਰਖ ਪ੍ਰਤੀਤ ਹੁੰਦਾ ਹੈ।

ਅਨਸੂਆ(ਹੌਲੀ ਹੌਲੀ ਪ੍ਰਿੰਅਬਦਾ ਨੂੰ)—ਅੜੀਏ! ਮੈਂ ਭੀ ਤਾਂ ਇਨ੍ਹਾਂ ਹੀ ਸੋਚਾਂ ਵਿਚ ਹਾਂ, ਹੁਣੇ ਏਸ ਤੋਂ ਪੁਛਨੀ ਹਾਂ। [ਪ੍ਰਗਟ] ਮਹਾਤਮਾ ਜੀ ! ਤੁਹਾਡੇ ਮਿੱਠੇ ਬਚਨਾਂ ਤੇ ਭਰੋਸਾ ਕਰਕੇ ਮੇਰਾ ਜੀ ਇਹ ਪੁੱਛਣਾ ਚਾਹੁੰਦਾ ਹੈ ਕਿ ਆਪ ਕਿਹੜੀ ਰਾਜਬੰਸ ਦੇ ਭੂਖਣ ਹੋ, ਅਤੇ ਕਿਹੜੇ ਦੇਸ਼ ਦੀ ਪ੍ਰਜਾ ਨੂੰ ਵਿਛੋੜੇ ਵਿਚ ਬਜਾਕੁਲ ਛੱਡਕੇ ਏਥੇ ਆਏ ਹੋ ? ਉਹ ਕੀ ਕਾਰਨ ਹੈ ਜਿਸ ਕਰਕੇ ਆਪ ਨੇ ਆਪਣੇ ਕੋਮਲ ਸ਼ਰੀਰ ਨੂੰ ਇਸ ਕਰੜੇ ਤਪੋ ਬਨ ਵਿਚ ਲਿਆਕੇ ਥਕਤ ਕੀਤਾ ਹੈ?

ਸ਼ਕੁੰਤਲਾ (ਆਪਣੇ ਜੀ ਵਿਚ)—ਓਇ ਮੇਰੇ ਮਨ! ਤੂੰ ਉਤਾਵਲਾ ਨਾ ਹੋ, ਰਤਾ ਧੀਰਜ ਕਰ ਤੇ ਮਤਲਬ ਦੀ ਗੱਲ ਅਨਸੂਯਾ ਪੁੱਛ ਹੀ ਰਹੀ ਹੈ।

ਦੁਖਜੰਤ (ਆਪਣੇ ਜੀ ਵਿਚ)—ਹੁਣ ਮੈਂ ਆਪਣਾਂ ਆਪ ਏਥੇ ਕੀ ਦੱਸਾਂ ? ਅਤੇ ਕੀਕਰ ਧੋਖਾ ਦੇਕੇ ਆਪਣੇ ਆਪ ਨੂੰ ਛੁਪਾਵਾਂ, ਜੋ ਹੋਵੇ ਸੋ ਹੋਵੇ ਮੈਂ ਤਾਂ ਇਉਂ ਕਹਾਂਗਾ [ਪ੍ਰਗਟ] ਏ ਰਿਖੀ ਕੁਮਾਰੀਓ ! ਪੁਰੁਵੰਸ਼ੀ ਰਾਜਾ ਨੇ ਮੈਨੂੰ ਰਾਜ ਭਾਗ ਦੇ ਧਰਮ ਕਾਰਜ ਸੌਂਪੇ ਹੋਏ ਹਨ, ਇਸ ਲਈ ਇਸ ਆਸ਼੍ਰਮ ਤੇ ਆਯਾ ਹਾਂ ਕਿ ਦੇਖਾਂ ਤਪੱਸ੍ਵੀਆਂ ਦੇ ਕੰਮਾਂ ਵਿਚ ਕੋਈ ਵਿਘਨ ਤਾਂ ਨਹੀਂ ਹੁੰਦਾ।

ਅਨਸੂਆ—ਮਹਾਤਮਾ ਜੀ ! ਆਪਦੇ ਆਉਣੇ ਕਰਕੇ ਸਾਰੇ ਧਰਮਚਾਰੀ ਸਨਾਥ ਹੋ ਗਏ।

[ਸ਼ਕੁੰਤਲਾ ਕੁਝ ਲੱਜਿਤ ਅਤੇ ਮੋਹਿਤ ਜੇਹੀ ਹੁੰਦੀ ਹੈ

ਦੋਵੇਂ ਸਹੇਲੀਆਂ (ਸ਼ਕੁੰਤਲਾ ਅਤੇ ਦੁਖਜੰਤ ਦੇ ਮਨੋਰਾਜ ਅਟਕਲਕੇ)—ਅਨੀ ਸ਼ਕੁੰਤਲਾ ! ਜੇ

---

*ਸਤਪੱਤ੍ਰਾ ਜਾਂ ਸੱਤਪੁੜਾ ਨਾਮੀ ਘਣੀ ਛਾਉਂ ਵਾਲਾ ਇਕ ਬ੍ਰਿੱਛ ਹੁੰਦਾ ਹੈ।

Digitized by Panjab Digital Library | www.panjabdigilib.org

ਕਦੀ ਅੱਜ ਪਿਤਾ ਜੀ ਘਰ ਹੁੰਦੇ ?

ਸ਼ਕੁੰਤਲਾ (ਕੁਝ ਚਿੜਕੇ)—ਤਾਂ ਕੀਹ ਹੁੰਦਾ ?

ਦੋਵੇਂ ਸਹੇਲੀਆਂ—ਤਾਂ ਇਸ ਅਨੋਖੇ ਪਰਾਹੁਣੇ ਨੂੰ ਪਯਾਰੀ ਪਯਾਰੀ ਵਸਤੁ ਦੇਕੇ ਨਿਹਾਲ ਕਰ ਦੇਂਦੇ।

ਸ਼ਕੁੰਤਲਾ—ਚਲੋ ਪਰੇ ਹਟੋ, ਮਨ ਵਿਚੋਂ ਗੱਲਾਂ ਘੜ ਘੜ ਕੇ ਕਢਦੀਆਂ ਹੋ, ਮੈਂ ਤੁਹਾਡੀ ਗੱਲ ਹੀ ਨਹੀਂ ਸੁਣਾਂਗੀ।

ਦੁਖਯੰਤ (ਅਨਸੂਆ ਅਤੇ ਪ੍ਰਿਯੰਬਦਾ ਨੂੰ)—ਕੁਮਾਰੀਓ! ਹੁਣ ਤੁਹਾਡੀ ਇਸ ਸਖੀ ਦਾ ਹਾਲ ਪੁੱਛਦਾ ਹਾਂ।

ਦੋਵੇਂ ਸਖੀਆਂ—ਜੀ ਇਹ ਭੀ ਤਾਂ ਆਪਦੀ ਕਿਰਪਾ ਹੈ।

ਦੁਖਯੰਤ—ਮਹਾਂ ਰਿਖੀ ਕੰਨ੍ਹ ਜੀ ਤਾਂ ਸਦਾ ਦੇ ਬ੍ਰਹਮਚਾਰੀ ਹਨ, ਫਿਰ ਇਹ ਤੁਹਾਡੀ ਸਖੀ ਉਹਨਾਂ ਦੀ ਬੇਟੀ ਕੀਕੁਰ ਹੋਈ ?

ਅਨਸੂਆ—ਮਹਾਰਾਜ ! ਸੁਣੀਏ ਕੌਸ਼ਕ ਵੰਸੀ ਬੜਾ ਪ੍ਰਤਾਪੀ ਰਾਜ ਰਿਖੀ ਹੈ।

ਦੁਖਯੰਤ—ਹਾਂ, ਮੈਂ ਵੀ ਸੁਣਿਆਂ ਹੈ।

ਅਨਸੂਆ—ਓਸੇ ਰਿਖੀ ਤੋਂ ਅਸਾਡੀ ਸਖੀ ਦੀ ਉਤਪਤੀ ਜਾਣ ਲਓ ਅਤੇ ਕੰਨ੍ਹ ਜੀ ਇਸ ਦੇ ਪਿਤਾ ਇਸ ਲਈ ਕਹਾਉਂਦੇ ਹਨ ਕਿ ਇਸ ਪਈ ਹੋਈ ਨੂੰ ਚੁੱਕ ਲਿਆਏ ਸਨ ਅਤੇ ਇਨ੍ਹਾਂ ਨੇ ਹੀ ਪਾਲੀ ਪੋਸੀ ਹੈ।

ਦੁਖਯੰਤ—ਪਈ ਹੋਈ ? ਇਹ ਤਾਂ ਸੁਣਕੇ ਮੈਨੂੰ ਬੜਾ ਅਚਰਜ ਹੁੰਦਾ ਹੈ, ਇਸ ਲਈ ਇਸ ਦਾ ਹਾਲ ਹਵਾਲ ਸਾਰਾ ਮੁੱਢ ਤੋਂ ਸੁਣਨਾ ਚਾਹੁੰਦਾ ਹਾਂ।

ਅਨਸੂਆ—ਚੰਗਾ ਸੁਣੀਏ, ਮੈਂ ਕਹਿਨੀ ਹਾਂ, ਜਦੋਂ ਓਸ ਰਾਜਰਿਖੀ ਨੇ ਗੌਤਮ ਨਦੀ ਦੇ ਕੰਢੇ ਤੇ ਬੜਾ ਉੱਘਾ ਤਪ ਕੀਤਾ ਤਾਂ ਕਹਿੰਦੇ ਹਨ ਕਿ ਦੇਵਤਿਆਂ ਨੇ ਕੁਝ ਸ਼ੱਕ ਕਰਕੇ ਤਪ ਭੰਗ ਕਰਨ ਲਈ ਮੇਣਕਾ ਨਾਮਨੀ ਅਪੱਛਰਾ ਉਸਦੇ ਪਾਸ ਭੇਜੀ।

ਦੁਖਯੰਤ—ਸੱਚ ਹੈ, ਦੇਵਤਾ ਹੋਰਨਾਂ ਦੀ ਤਪੱਸਜਾ ਦੇਖਕੇ ਡਰ ਜਾਂਦੇ ਹਨ, ਭਲਾ ਫਿਰ ਅਗੇ ਕੀ ਹੋਇਆ ?

ਅਨਸੂਆ—ਬਸੰਤ ਰੁਤ ਦੇ ਅਰੰਭ ਵਿਚ ਹੀ ਮੇਣਕਾ ਦੀ ਸੁੰਦਰਤਾ ਮੱਤ ਮਾਰ ਦੇਣ ਵਾਲੀ ਦੇਖਕੇ.....

[ਇੰਨਾ ਕਹਿਕੇ ਕੁਝ ਸ਼ਰਮ ਕਰਦੀ ਹੈ

ਦੁਖਯੰਤ—ਅੱਗੇ ਜੋ ਕੁਝ ਹੋਇਆ ਸੋ ਅਸਾਂ ਸਮਝ ਲਿਆ, ਤਾਂ ਇਹ ਅਪੱਛਰਾ ਦੀ ਬੇਟੀ ਹੈ।

ਅਨਸੂਆ—ਜੀ ਹਾਂ।

ਦੁਖਯੰਤ—ਸੱਚ ਹੈ, ਨਹੀਂ ਤਾਂ—

ਕੀਕੁਰ ਐਸੇ ਰੂਪ ਦੀ ਨਰ ਤੇਂ ਉਤਪਤਿ ਹੋਇ।
ਪ੍ਰਿਥਵੀ ਤੇਂ ਨਿਕਲੇ ਨਹੀਂ ਬਿਜਲੀ ਦੀ ਕਦਲੋਇ*।

[ਸ਼ਕੁੰਤਲਾ ਉਂਧੀ ਪਾਈ ਬੈਠੀ ਹੈ

(ਰਾਜਾ ਆਪਣੇ ਜੀ ਵਿਚ) ਮਨੋਂ ਕਾਮਨਾ ਮਿਲਣ ਦੇ ਕੁਝ ਲੱਛਣ ਦਿਖਾਈ ਤਾਂ ਦਿੰਦੇ ਹਨ, ਪਰੰਤੂ ਸਖੀ ਨੇ ਬਰ ਮਿਲਨੇ ਦੀ ਗਲ ਹਾਸੇ ਵਿਚ ਕਹੀਸੀ, ਜਿਸ ਤੋਂ ਦੁਬਿਧਾ ਵਿੱਚ ਪੈਕੇ ਮੇਰਾ ਮਨ ਕੁਝ ਅਧੀਰਜ ਹੁੰਦਾ ਹੈ।

ਪ੍ਰਿਅੰਬਦਾ (ਮੁਸਕ੍ਰਾਉਂਦੀ ਹੋਈ ਪਹਿਲੇ ਸ਼ਕੁੰਤਲਾ ਤੇ ਫਿਰ ਰਾਜਾ ਵਲ ਵੇਖਦੀ ਹੋਈ)—ਕੁਝ ਹੋਰ ਵੀ ਮਹਾਰਾਜ ! ਪੁੱਛਣ ਲਈ ਮਨ ਵਿੱਚ ਹੈ ?

[ਸ਼ਕੁੰਤਲਾ ਉਂਗਲੀ ਦੀ ਸੈਨਤ ਨਾਲ ਸਖੀ ਨੂੰ ਝਿੜਕਦੀ ਹੈ

ਦੁਖਯੰਤ—ਤੂੰ ਤਾਂ ਚੰਗੀ ਮੇਰੇ ਮਨ ਦੀ ਬੁੱਝੀ। ਸੱਚ ਹੈ ਮੈਨੂੰ ਅਜੇ ਇਸ ਅਣੋਖੇ ਪ੍ਰਸੰਗ

---

*ਜੀਕਰ ਧਰਤੀ ਵਿਚੋਂ ਬਿਜਲੀ ਦੀ ਲੋ ਕਦੀ ਨਹੀਂ ਨਿਕਲਦੀ, ਇਕੁਰ ਹੀ ਸ਼ਕੁੰਤਲਾ ਵੀ ਮਨੁੱਖ ਜਾਤ ਤੋਂ ਉਤਪਜ ਨਹੀਂ ਹੋਈ ਹੋਵੇਗੀ।

Digitized by Panjab Digital Library | www.panjabdigilib.org

ਸੁਣਨ ਦੀ ਹੋਰ ਵੀ ਚਾਹਨਾ ਹੈ, ਇਸ ਲਈ ਕੁਝ ਹੋਰ ਵੀ ਪੁੱਛਾਂਗਾ।

ਪ੍ਰਿਅੰਬਦਾ—ਤੁਸੀਂ ਸੋਚ ਵਿਚਾਰ ਕੋਈ ਨਾ ਕਰੋ, ਤਪੱਸੀਆਂ ਕੋਲੋਂ ਜੋ ਕੋਈ ਚਾਹੇ ਨਿਧੜਕ ਪੁੱਛ ਸਕਦਾ ਹੈ।

ਦੁਖਜੰਤ—ਮੈਂ ਇਹ ਪੁੱਛਦਾ ਹਾਂ—

ਹੈਗਾ ਏ ਵਿਸ਼ਯ ਵਿਗਾੜਨ ਵਾਲਾ। ਵੈਰੀ ਨਾਮ ਕਹਣ ਸਭ ਜਿਸ ਨੂੰ ਤਪ ਬ੍ਰਤ ਖਰਾ ਦੁਖਾਲਾ। ਤੇਰੀ ਪਜ਼ਾਰੀ ਸਖੀ ਸੁੰਦਰੀ ਕਦ ਤੱਕ ਇਹ ਬਿਧ ਰਹਿਸੀ। ਇਹ ਬੈਰਾਗ ਤਪੋ ਬ੍ਰਤ ਵਜ਼ਾਹ ਤੱਕ ਜਦੋਂ ਪਤੀ ਹੱਥ ਗਹਸੀ ? ਅਥਵਾ ਅਪਨੀਆਂ ਅੱਖਾਂ ਜੋਹੇ ਹਰਨਾਂ ਨਾਲ ਇਥਾਈਂ। ਜਨਮ ਬਿਤਾਵੇਗੀ ਤਪ ਕਰਦੀ ਏਸ ਤਪੋ ਬਨ ਮਾਂਹੀ?*

ਪ੍ਰਿਅੰਬਦਾ—ਵਾਹ ਜੀ ਮਹਾਰਾਜ! ਤੁਸਾਂ ਵਿਆਹ ਦੀ ਚੰਗੀ ਸੁਣਾਈ। ਸਾਡੀ ਸਖੀ ਤਾਂ ਅਜੇ ਧਰਮਾਂ ਕਰਮਾਂ ਵਿੱਚ ਵੀ ਪਰਾਏ ਵੱਸ ਹੈ। ਏਦੂੰ ਵਧਕੇ ਪਿਤਾ ਜੀ ਦੀ ਇੱਛਾ ਹੈ ਕਿ ਜੇ ਕਿਤੇ ਬਰੋਬਰ ਬਰ ਘਰ ਮਿਲ ਜਾਵੇ ਤਾਂ ਵਿਆਹ ਕਰ ਦਿਤਾ ਜਾਵੇ।

ਦੁਖਜੰਤ (ਆਪਣੇ ਜੀ ਵਿਚ)—ਇਹ ਮੇਰਾ ਸੰਕਲਪ ਪੂਰਾ ਹੋਣਾ ਕੋਈ ਐਖਾ ਨਹੀਂ ਪ੍ਰਤੀਤ ਹੁੰਦਾ। ਸੰਸੇ ਹੋਏ ਦੂਰ ਸਭ, ਹੁਣ ਮਨ ! ਛਡ ਦਿਹ ਸੋਗ।
ਮੈਂ ਜਾਤੀ ਸੀ ਅਗਨ ਜੋ ਰਤਨ ਗਲੇ ਦੇ ਹੋਗ† ੨੮

*ਕਾਮਦੇਵ ਦੇ ਵਿਹਾਰਾਂ ਨੂੰ ਵਿਗਾੜਨ ਵਾਲਾ ਪਰਮ ਸ਼ੱਤਰੂ ਵੈਰਾਗ ਹੈ। ਤੁਸਾਂ ਦੱਸੋ ਕਿ ਸ਼ਕੁੰਤਲਾ ਇਸ ਵੈਰਾਗ ਨੂੰ ਵਿਆਹ ਤਕ ਹੀ ਰਖੇਗੀ ਅਥਵਾ ਜਨਮ ਭਰ ਆਪਣੇ ਜਿਹੀਆਂ ਅੱਖਾਂ ਵਾਲੀਆਂ ਹਰਨੀਆਂ ਵਿਚ ਕੁਆਰੀ ਹੀ ਰਹੇਗੀ ?

†ਮੇਰੇ ਮਨਾਂ ਹੁਣ ਤੂੰ ਪ੍ਰਸੰਨ ਹੋ, ਕਿਉਂਕਿ ਜਿਸ ਨੂੰ ਅੱਗ (ਅਰਥਾਤ ਬ੍ਰਾਹਮਣ ਦੀ ਬੇਟੀ) ਸਮਝਿਆ ਸੀ, ਉਹ ਤਾਂ ਗਲੇ ਵਿਚ ਪਹਿਰਣ ਵਾਲਾ ਰਤਨ ਨਿਕਲਿਆ ਅਰਥਾਤ ਸ਼ਕੁੰਤਲਾ ਛੱਤ੍ਰੀ ਦੀ ਲੜਕੀ ਨਿਕਲੀ।

ਸ਼ਕੁੰਤਲਾ (ਕੁਝ ਚਿੜਕੇ)—ਲੈ ਅਨਸੂਯਾ ਮੈਂ ਹੁਣ ਜਾਨੀ ਹਾਂ।

ਅਨਸੂਯਾ—ਤੂੰ ਕਿਉਂ ਜਾਨੀ ਹੈਂ ?

ਸ਼ਕੁੰਤਲਾ—ਮੈਂ ਗੌਤਮੀ ਨੂੰ ਜਾਕੇ ਕਹਿਨੀ ਹਾਂ ਕਿ ਪ੍ਰਿਯੰਬਦਾ ਮੈਨੂੰ ਨਾ ਕਹਣ ਦੀਆਂ ਗੱਲਾਂ ਕਹਿੰਦੀ ਹੈ।

ਅਨਸੂਯਾ—ਅੜੀਏ ! ਇਹ ਗੱਲ ਤਾਂ ਚੰਗੀ ਨਹੀਂ ਨਾ, ਕਿ ਤੂੰ ਇਜੇਹੇ ਅਨੋਖੇ ਪਰਾਹੁਣੇ ਦੇ ਬਿਨਾਂ ਆਦਰ ਭਾ ਕੀਤੇ ਦੇ ਅੱਵੇਂ ਛੱਡ ਕੇ ਚਲੀ ਜਾਵੇਂ।

[ਸ਼ਕੁੰਤਲਾ ਬਿਨਾਂ ਹੀ ਕਿਸੇ ਉੱਤਰ ਦਿੱਤਿਆਂ ਦੇ ਜਾਣ ਲਈ ਤਿਆਰ ਹੁੰਦੀ ਹੈ।

ਦੁਖਜੰਤ (ਰੋਕਣ ਲਈ ਉਠਦਾ ਹੋਇਆ ਆਪ ਹੀ ਰੁਕ ਜਾਂਦਾ ਹੈ)—ਆਹਾ, ਪ੍ਰੇਮਕੁੱਠੇ ਪੁਰਖਾਂ ਦੇ ਚਿੱਤ ਦੀ ਗੱਲ ਬਾਹਰਲੇ ਲੱਛਣਾਂ ਤੋਂ ਆਪੇ ਹੀ ਪ੍ਰਗਟ ਹੋ ਜਾਂਦੀ ਹੈ।

ਮੈਂ ਇਸ ਪਿੱਛੇ ਹੈ ਜਾਣਾ। ਚਾਉ ਮੇਰੇ ਜੀ ਵਿਚ ਹੈ ਏਹੋ ਹਟਕਾ ਕਰਾ ਨਿੰਗਾਣਾ॥
ਪਰ ਮਿਰਜਾਦਾ ਅੱਗੇ ਆਈ ਪੈਰ ਨ ਅੱਗੇ ਪੈਂਦਾ। ਮੈਂ ਆਸਣ ਅਪਣੇ ਤੇਂ ਹੁਣ ਤਕ ਉਠਿਆ ਨਹੀਂ ਲਖੇਂਦਾ॥ ਤਦ ਵੀ ਮੈਨੂੰ ਇੱਕੁਰ ਭਾਸੇ ਜਿੱਕੁਰ ਮੈਂ ਉਠ ਕਰਕੇ। ਜਾਕੇ ਨਾਲ ਆਇ ਫਿਰ ਬੈਠਾ ਥੋੜ੍ਹੀ ਦੂਰੋਂ ਫਿਰਕੇ* ॥ ੨੯ ॥ ਪਦ ॥

ਪ੍ਰਿਅੰਬਦਾ (ਸ਼ਕੁੰਤਲਾ ਨੂੰ ਰੋਕਕੇ)—ਸਖੀਏ ! ਤੂੰ ਏਥੋਂ ਨਹੀਂ ਜਾ ਸਕੇਂਗੀ।

ਸ਼ਕੁੰਤਲਾ (ਭਵਾਂ ਚੜ੍ਹਾਕੇ)—ਕਿਉਂ ?

ਪ੍ਰਿਅੰਬਦਾ—ਅਜੇ ਤੇਰੇ ਦੋ ਪੌਦੇ ਸਿੰਜਣ ਵਾਲੇ

*ਰਿਖ ਪੁਤ੍ਰੀ ਦੇ ਪਿੱਛੇ ਮੈਂ ਚੱਲਣਾ ਚਾਹਿਆ, ਪਰੰਤੂ ਅੱਗੋਂ ਮਿਰਯਾਦਾ ਨੇ ਰੋਕ ਦਿਤਾ, ਭਾਵੇਂ ਮੈਂ ਆਪਣੀ ਜਗਹ ਤੋਂ ਨਹੀਂ ਉੱਠਿਆ ਤਦ ਭੀ ਇਉਂ ਪ੍ਰਤੀਤ ਹੁੰਦਾ ਹੈ ਕਿ ਮਾਨੋਂ ਕੁਝ ਦੂਰ ਤਕ ਨਾਲ ਚੱਲ ਕੇ ਮੁੜ ਆਇਆ ਹਾਂ।

Digitized by Panjab Digital Library | www.panjabdigilib.org

ਹੋਰ ਹੈਰੋ ਹਨ, ਪਹਿਲੇ ਇਹ ਉਧਾਰ ਤਾਂ ਚੁਕਾ ਦੇਹ, ਫਿਰ ਚਲੀ ਭੀ ਜਾਈਂ।

[ਚਲਦੀ ਹੋਈ ਨੂੰ ਜ਼ੋਰ ਨਾਲ ਰੋਕਦੀ ਹੈ

ਦੁਖਜੰਤ–ਰੁੱਖਾਂ ਨੂੰ ਸਿੰਜਦਿਆਂ ਸਿੰਜਦਿਆਂ ਤੁਹਾਡੀ ਸਖੀ ਥੱਕੀ ਹੋਈ ਪ੍ਰਤੀਤ ਹੁੰਦੀ ਹੈ, ਕਿਉਂਕਿ:–

ਮੋਢੇ ਝੁਕੇ ਥਕੇ ਹਨ ਦਿਸਦੇ। ਗਾਗਰ ਚੁਕਦਿਆਂ ਲਾਲ ਹਥੇਲੀਆਂ ਹੋਏ ਹਨ ਹਥ ਇਸਦੇ। ਥਨ ਉਠਦੇ ਹਨ ਫਿਰ ਫਿਰ ਇਸਦੇ ਛਾਤੀ ਧੜਕ ਨਿਸ਼ਾਨੀ। ਮੁੰਹ ਤੇ ਕਣੀਆਂ ਪਿਆ ਪਸੀਨਾ ਬਾਤ ਨਹੀਂ ਕੁਝ ਛਾਨੀ। ਕਰਨ ਫੂਲ ਦੀ ਖੰਭੜੀ ਗਲ੍ਹ ਤੇ ਚਪਕੀ ਨਾਲ ਪਸੀਨੇ।ਗੰਢ ਖੁਲ੍ਹੀ ਜੂੜੇ ਦੀ ਇਸਦੀ ਖਿਲਰੇ ਕੇਸ ਜੁ ਚੀਨੇ* ॥ ੩੦ ॥ ਪਦ ॥

ਇਸ ਲਈ ਇਹ ਕਰਜਾ ਮੈਨੂੰ ਚੁਕਾਉਣ ਦਿਓ। [ਮੁੰਦਰੀ ਦੇਣੀ ਚਾਹੁੰਦਾ ਹੈ

[ਦੁਖਜੰਤ ਦਾ ਨਾਉਂ ਅੰਗੂਠੀ ਤੇ ਪੜ੍ਹਕੇ ਦੋਵੇਂ ਸਖੀਆਂ ਇਕ ਦੂਜੀ ਵਲ ਵੇਖਦੀਆਂ ਹਨ।

ਦੁਖਜੰਤ–ਇਸ ਮੁੰਦਰੀ ਲੈਣ ਵਿਚ ਤੁਸੀਂ ਕੋਈ ਸੰਕੋਚ ਨਾ ਕਰੋ, ਇਹ ਰਾਜਾ ਦੀ ਵਸਤੁ ਹੈ ਅਤੇ ਮੈਂ ਭੀ ਰਾਜਾ ਦਾ ਹੀ ਆਦਮੀ ਹਾਂ ਅਤੇ ਮੈਨੂੰ ਇਹ ਰਾਜਾ ਜੀ ਪਾਸੋਂ ਹੀ ਮਿਲੀ ਹੋਈ ਹੈ।

ਪ੍ਰਿਅੰਬਦਾ–ਤਾਂ ਮਹਾਰਾਜ ਜੀ! ਇਸਨੂੰ ਆਪਣੀ ਉਂਗਲੀ ਤੋਂ ਵੱਖਰਿਆਂ ਨ ਕਰੋ, ਆਪਦੇ ਕਹਿਣ ਤੋਂ ਹੀ ਕਰਜ਼ਾ ਚੁੱਕ ਗਿਆ ਹੈ। (ਹੱਸਕੇ) ਸਖੀ ਸ਼ਕੁੰਤਲਾ! ਇਸ ਮਹਾਤਮਾ ਨੇ ਅਥਵਾ ਮਹਾਰਾਜ ਨੇ ਦਯਾ ਕਰਕੇ ਤੈਨੂੰ ਕਰਜ਼ੇ ਤੋਂ ਛੁਡਾ ਦਿੱਤਾ ਹੈ ਹੁਣ ਤੂੰ ਭਾਵੇਂ ਚਲੀ ਜਾਹ।

ਸ਼ਕੁੰਤਲਾ (ਆਪਣੇ ਜੀ ਵਿਚ) –ਜੇ ਆਪਣੇ ਵੱਸ ਵਿੱਚ ਰਹੀ ਤਾਂ [ਪ੍ਰਗਟ] ਜਾਣ ਦੀ ਆਗਯਾ ਦੇਣ ਵਾਲੀ ਅਤੇ ਰੋਕਣ ਵਾਲੀ ਤੂੰ ਕੌਣ ਹੈਂ?

ਦੁਖਜੰਤ (ਸ਼ਕੁੰਤਲਾ ਵਲ ਤੱਕਕੇ ਆਪਣੇ ਜੀ ਵਿਚ)–

ਜਿਹਾਕਿ ਮੇਰਾ ਮਨ ਇਸ ਨਾਲ ਉਲਝ ਗਿਆ ਹੈ ਰੱਬ ਜਾਣੇ ਇਸਦਾ ਮਨ ਵੀ ਮੇਰੇ ਨਾਲ ਲੱਗਿਆ ਹੈ ਕਿ ਨਹੀਂ। ਹੋਵੇ ਕਿ ਨਾ ਹੋਵੇ, ਪਰੰਤੂ ਮੈਨੂੰ ਮਨੋਰਥ ਸਿੱਧ ਹੋਣ ਦੇ ਲੱਛਣ ਜ਼ਰੂਰ ਦਿੱਸਦੇ ਹਨ। ਭਾਵੇਂ ਗੱਲ ਵਿਚ ਗੱਲ ਨ ਕਰਦੀ। ਪਰ ਇਹ ਮੇਰੀਆਂ ਬਾਤਾਂ ਦੇ ਵਿਚ ਕੰਨ ਆਪਣੇ ਧਰਦੀ। ਭਾਵੇਂ ਨਹੀਂ ਖੜੋਂਦੀ ਆਕੇ ਸਨਮੁਖ ਮੇਰੇ ਹੈ ਜੀ। ਤਾਂ ਭੀ ਨਜ਼ਰ ਹੋਰਥੇ ਅਪਣੀ ਨਾਹੀਂ ਫੇਰੇ ਹੈ ਜੀ* ॥੩੦॥ਪਦ॥

(ਨੇਪੱਥ ਵਲੋਂ) ਹੇ ਤਪੱਸੀਓ! ਆਓ ਆਸ਼੍ਰਮ ਦੇ ਜੀਵਾਂ ਦੀ ਰੱਖਿਆ ਕਰੋ।ਸ਼ਿਕਾਰ ਖੇਡਣ ਵਾਲਾ ਰਾਜਾ ਦੁਖਜੰਤ ਨੇੜੇ ਆ ਪਹੁੰਚਿਆ ਹੈ। ਦੇਖੋ–

ਆਲੇ ਬਲਕਲ ਬਸਤ੍ਰ ਜੁ ਪਾਏ। ਹੋਤ ਸੁਕਾਉਣ ਰੁੱਖਾਂ ਉੱਤੇ ਹੈਰੇ ਸਨ ਲਟਕਾਏ। ਘੋੜਿਆਂ ਦੇ ਸੁੰਮਾਂ ਦੀ ਧੂੜੀ ਉਡ ਉਡ ਪਈ ਉਨ੍ਹਾਂ ਤੇ।ਮਾਨੋਂ ਟਿੱਡੀਆਂ ਦਾ ਦਲ ਡਿੱਗਾ

*ਪਾਣੀ ਸਿੰਜਨ ਦੀਆਂ ਘੜੀਆਂ ਚੁਕਦਿਆਂ ਚੁਕਦਿਆਂ ਹਥੇਲੀਆਂ ਲਾਲ ਹੋ ਗਈਆਂ ਹਨ ਅਤੇ ਛਾਤੀ ਦੇ ਉੱਠਣ ਤੋਂ ਜਾਣਿਆਂ ਜਾਂਦਾ ਹੈ ਕਿ ਥਕੇਵੇਂ ਕਰਕੇ ਸਾਹ ਚੜ੍ਹ ਗਿਆ ਹੈ। ਕਰਨ ਫੁਲ ਹਿੱਲਦਾ ਨਹੀਂ, ਕਿਉਂਕਿ ਪਸੀਨੇ ਨਾਲ ਖੰਭੜੀ ਉਸਦੀ ਗੱਲ੍ਹ ਦੇ ਨਾਲ ਚੰਬੜ ਗਈ ਹੈ, ਜੂੜੇ ਦੀ ਗੰਢ ਖੁਲ੍ਹ ਜਾਣ ਤੇ ਕੇਸਾਂ ਨੂੰ ਇਕ ਹੱਥ ਨਾਲ ਥੰਮ੍ਹ ਰਹੀ ਹੈ।

*ਭਾਵੇਂ ਸ਼ਕੁੰਤਲਾ ਮੇਰੀ ਗੱਲਵਿਚ ਗੱਲ ਨਹੀਂ ਮਿਲਾਉਂਦੀ ਤਾਂ ਭੀ ਜਦੋਂ ਕੁਝ ਮੈਂ ਕਹਿਨਾ ਹਾਂ ਏਧਰੇ ਕੰਨ ਦੱਖਦੀ ਹੈ, ਹੋਰ ਭਾਵੇਂ ਮੇਰੇ ਸਾਹਮਣੇ ਮੂੰਹ ਨਹੀਂ ਕਰਦੀ ਫਿਰ ਵੀ ਬਾਹਲਾ ਹੋਰ ਪਾਸੇ ਵੱਲ ਵੀ ਨਹੀਂ ਦੇਖਦੀ।

Digitized by Panjab Digital Library | www.panjabdigilib.org

ਸੰਧਜਾ ਲਾਲੀ ਪਾਕੇ* ॥ ੩੨ ॥ ਪਦ ॥

ਹੋਰ ਦੇਖੋ—ਰਥ ਨੂੰ ਦੇਖ ਜੁ ਡਰਿਆ ਹਾਥੀ ਵੱਲ ਤਪੋ ਬਨ ਧਾਇਆ॥ ਵੇਲਾਂ ਅੜੀਆਂ ਟੁਟ ਟੁਟ ਲੱਤੀਂ ਜਿਉਂ ਮੰਗਲ ਲਟਕਾਇਆ॥ ਹਰਨ ਡਰਾਇ ਭਜਾਏ ਉਸਨੇ ਡਾਢਾ ਸ਼ੋਰ ਮਚਾਇਆ ॥ ਮਾਨੋ ਬਿਘਨ ਮੂਰਤੀ ਬਣਕੇ ਰੋਲਾ ਭੜਥੂ ਪਾਇਆ॥ਤੋੜ ਮਰੋੜ ਰੁੱਖ ਇਨ ਬਾਹਲੇ ਬੇਵਸਦੇੜਜਾ ਆਇਆ। ਜਦ ਮੂੰਹ ਮੋੜ ਮਗਰ ਰਥ ਤੱਕੇ ਦੰਦ ਮੋਢਿਆਂ ਲਾਇਆ† ॥ ੩੩ ॥ ਪਦ ॥

[ਰਿਖਿ ਕੁਮਾਰੀਆਂ ਕੰਨਲਾਕੇ ਸੁਣਦੀਆਂ ਹਨਅਤੇ ਚੁਕੱਨੀਆਂ ਹੁੰਦੀਆਂ ਹਨ]।

ਦੁਖਯੰਤ (ਆਪਣੇ ਜੀ ਵਿਚ)—ਓਇ ਨਗਰ ਨਿਵਾਸੀਓ ! ਧਿਕਾਰ ਹੈ ਤੁਹਾਨੂੰ, ਮੈਨੂੰ ਢੂੰਡਦਿਆਂ ਏਥੇ ਆਕੇ ਤਪੋ ਬਨ ਵਿਚ ਵਿਘਨ ਪਾ ਦਿੱਤਾ ਜੇ। ਹੁਣ ਤਾਂ ਲਾਚਾਰ ਇਨ੍ਹਾਂ ਦੇ ਪਾਸ ਜਾਣਾ ਪਿਆ।

ਦੋਵੇਂ ਸਖੀਆਂ—ਜੀ ਅਸੀਂ ਤਾਂ ਏਸ ਭੜਥੂ ਤੋਂ ਘਬਰਾਂਦੀਆਂ ਹਾਂ, ਤੁਸੀਂ ਆਗਯਾ ਦਿਓ ਤਾਂ ਆਪਣੀ ਕੁਟੀਆ ਨੂੰ ਜਾਈਏ।

ਦੁਖਯੰਤ (ਬਹੁਤ ਛੇਤੀ ਨਾਲ)—ਤੁਸੀਂ ਜਾਓ, ਮੈਂ ਵੀ ਇਜੇਹਾ ਉਪਾਉ ਕਰਾਂਗਾ ਜਿਸ ਕਰਕੇ ਤਪੋ ਬਨ ਵਿਚ ਵਿਘਨ ਨਾ ਹੋਣਾ ਪਾਵੇ।

[ਸਭ ਉਠਦੀਆਂ ਹਨ

ਦੋਵੇਂ ਸਹੇਲੀਆਂ—ਮਹਾਤਮਾ ਜੀ ! ਜਿਹਾਕੁ ਪ੍ਰਾਹੁਣਚਾਰੀ ਦਾ ਆਦਰ ਭਾਉ ਹੋਣਾ ਚਾਹੀਦਾ ਸੀ, ਉਹ ਸਾਥੋਂ ਨਹੀਂ ਹੋ ਸਕਿਆ ਇਸ ਲਈ ਇਹ ਕਹਿੰਦਿਆਂ ਸਾਨੂੰ ਸ਼ਰਮ ਆਉਂਦੀ ਹੈ ਕਿ ਤੁਸੀਂ ਕਿਰਪਾ ਕਰਕੇ ਕਦੀ ਫਿਰ ਵੀ ਦਰਸ਼ਨ ਦੇਣਾ।

ਦੁਖਯੰਤ—ਨਹੀਂ ਨਹੀਂ, ਇਹ ਕੋਈ ਗੱਲ ਨਹੀਂ, ਤੁਹਾਡਾ ਦਰਸ਼ਨ ਹੀ ਮੇਰਾ ਸਤਿਕਾਰ ਹੈ।

ਸ਼ਕੁੰਤਲਾ—ਅਨੀ ਅਨਸੂਆ ! ਇਕ ਤਾਂ ਮੇਰੇ ਪੈਰ ਵਿਚ ਨਵੀਂ ਦੱਭ ਦੀ ਨੋਕ ਚੁਭ ਗਈ ਹੈ, ਦੂਸਰੇ ਕੁੜੇ* ਦੀ ਟਹਣੀ ਨਾਲ ਪੱਲਾ ਅੜ ਗਿਆ ਹੈ, ਜ਼ਰਾ ਤੂੰ ਠਹਰ ਜਾਏਂ ਤਾਂ ਮੈਂ ਇਨ੍ਹਾਂ ਤੋਂ ਲੜ ਛੁਡਾ ਲਵਾਂ।

[ਦੁਖਯੰਤ ਵੰਨੇ ਝਾਕਦੀ ਅਤੇ ਬਹਾਨੇ ਕਰਦੀ ਥਿਬਕਦੀ ਹੋਈ ਸਖੀਆਂ ਦੇ ਸਮੇਤ ਜਾਂਦੀ ਹੈ।

ਦੁਖਯੰਤ(ਆਪਣੇ ਜੀ ਵਿਚ)—ਹੁਣ ਮੈਨੂੰ ਨੱਗਰਵਲ ਜਾਣ ਦੀ ਕੋਈ ਇੱਛਾ ਨਹੀਂ ਰਹੀ, ਇਸ ਲਈ ਸਾਥੀਆਂ ਦਾ ਡੇਰਾ ਤਪੋਬਨ ਦੇ ਪਾਸ ਕਰਾਵਾਂ, ਸ਼ਕੁੰਤਲਾ ਦੇ ਪ੍ਰੇਮ ਵਿਵਹਾਰ ਤੋਂ ਮੈਨੂੰ ਆਪਣਾ ਛੁਟਕਾਰਾ ਨਹੀਂ ਜਾਪਦਾ।

ਤਨ ਭਾਵੇਂ ਅੱਗੇ ਚਲੇ ਪਰ ਮਨ ਨਾਲ ਨ ਜਾਇ।
ਝੰਡੇ ਸੰਦਾ ਕੱਪੜਾ ਉਡਦਾ ਸੋਂਹੀ ਵਾਇ† ॥੩੪॥

[ਸਭ ਜਾਂਦੇ ਹਨ

ਪਹਿਲਾ ਨਾਟ ਸਮਾਪਤ ॥

---

*ਘੋੜਿਆਂ ਦੇ ਸੁੰਮਾਂ ਨਾਲ ਗੇਰੀ ਰੰਗ ਦੀ ਧੂੜ ਉਡ ਉਡ ਕੇ ਰੁੱਖਾਂ ਉਤਲੇ ਸੁਕਦੇ ਹੋਏ ਆਲੇ (=ਗਿੱਲੇ) ਬਲਕਲ ਬਸਤ੍ਰਾਂ ਤੇ ਪਈ ਹੈ, ਮਾਨੋਂ ਸੰਧਜਾ ਦੀ ਲਾਲੀ ਵਿਚ ਚਮਕਦਾ ਹੋਇਆ ਟਿੱਡੀ ਦਲ ਆਣ ਉਤਰਿਆ ਹੈ।

†ਇਹ ਬਨ ਦਾ ਹਾਥੀ ਰਾਜਾ ਦੇ ਰਥ ਤੋਂ ਡਰਿਆ ਹੋਇਆ ਹਰਨਾਂ ਨੂੰ ਬੜਾਕੁਲ ਦੇਖਦਾ ਹੋਇਆ ਤਪੋ ਬਨ ਵਿਚ ਸਾਡੀ ਤਪੱਸਜਾ ਲਈ ਮਾਨੋਂ ਬਿਘਨ ਦੀ ਮੂਰਤ ਬਣਕੇ ਰੁੱਖਾਂ ਨੂੰ ਤੋੜਦਾ ਅਤੇ ਪੈਰਾਂ ਵਿਚ ਵੇਲਾਂ ਦਾ ਮੰਗਲ ਘਸੀਟਦਾ ਭੌਂਦਾ ਆਉਂਦਾ ਹੈ। ਜਦ ਪਿੱਛੇ ਪਰਤ ਕੇ ਰਥ ਵਲ ਵੇਖਦਾ ਹੈ ਤਾਂ ਇਕ ਦੰਦ ਆਪਣੇ ਮੋਢੇ ਨਾਲ ਜਾ ਟਕਰਾਉਂਦਾ ਹੈ।

*ਕੁੜਾ ਇਕ ਬਿੱਛ ਹੈ ਜਿਸਦੇ ਫਲ ਨੂੰ ਇੰਦਰ ਜੌ ਕਹਿੰਦੇ ਹਨ। ਸੰਸਕ੍ਰਿਤ ਵਿਚ ਇਸੇ ਨੂੰ ਕੁਟਜ ਕਰਕੇ ਕਹਿੰਦੇਹਨ।†ਸ਼ਰੀਰ ਤਾਂ ਮੇਰਾ ਭਾਵੇਂ ਅੱਗੇ ਨੂੰ ਚਲਦਾ ਹੈ, ਪਰੰਤੂ ਮਨ ਪਿੱਛੇ ਹੀ ਰਹਿੰਦਾ ਜਾਂਦਾ ਹੈ, ਜੀਤੁਰ ਝੰਡੇ ਦਾ ਕਪੜਾ ਸਾਹਮਣੀ ਪੌਣ ਦੇ ਹੁੰਦਿਆਂ ਵੀ ਪਿੱਛੇ ਨੂੰ ਹੀ ਫਹਿਰਾਉਂਦਾ ਹੈ।

Digitized by Panjab Digital Library | www.panjabdigilib.org

ਨਾਟ–੨

ਝਾਕੀ–ਬਨ ਦੇ ਕੌਲ ਵਾਰ ਰਾਜਾ ਦਾ ਡੇਰਾ

[ਉਦਾਸ ਰੂਪ ਵਿਚ ਮਾਢੱਬਜ਼ ਆਉਂਦਾ ਹੈ]

ਮਾਢੱਬਜ਼ (ਬੜਾ ਲੰਮਾ ਸਾਹ ਭਰ ਕੇ)–ਇਸ ਸ਼ਿਕਾਰੀ ਰਾਜਾ ਦੀ ਮਿੱਤ੍ਰਾਈ ਕੋਲੋਂ ਸਾਡੀ ਤਾਂ ਨੱਕ ਜਾਨ ਆ ਗਈ ਹੈ, ਸਤ੍ਰਦੀਆਂ ਦੁਪਹਿਰਾਂ ਵਿਚ ਵੀ ਔਹੁ ਹਰਨ ਆਇਆ, ਔਹੁ ਸੁੰਞਆਇਆ, ਏਧਰ ਗੰਡਾ ਹੈ, ਓਧਰ ਸ਼ੇਰ ਗਿਆ, ਔਹੁਔਹੁਕਰਦਿਆਂ ਇਸ ਬਨ ਤੋਂ ਉਸ ਬਨ ਵਿਚ, ਉਸ ਬਨ ਤੋਂ ਇਸ ਬਨ ਵਿਚ ਦੌੜ ਭੱਜ ਹੀ ਕਰਨੀ ਪੈਂਦੀ ਹੈ।ਉਤੋਂ ਜੇਠ ਹਾੜ ਦੇ ਦਿਨ, ਕਿਤੇ ਰੁੱਖਾਂ ਦੀ ਛਾਉਂ ਵੀ ਇੰਨੀ ਨਹੀਂ ਮਿਲਦੀ ਕਿ ਜਿੱਥੇ ਕੁਝ ਪਲ ਭਰ ਸਾਹ ਲਿਆ ਜਾਵੇ। ਪਹਾੜੀ ਨਦੀਆਂ ਵਿਚ ਦਰਖਤਾਂ ਦੇ ਪੱਤੇ ਪੈ ਪੈ ਕੇ ਸੜ ਗਲ ਗਏ ਹਨ, ਜਦ ਤ੍ਰੇਹ ਲੱਗੇ ਤਾਂ ਉਨ੍ਹਾਂ ਹੀ ਨਦੀਆਂ ਦਾ ਬੇਸੁਆਦ ਪਾਣੀ ਪੀਣਾ ਪੈਂਦਾਹੈ। ਖਾਣੇ ਲਈ ਬਾਹਲੀ ਵਾਰ ਸੀਖਾਂ ਤੇ ਭੁੱਜਿਆ ਹੋਇਆ ਮਾਸ ਹੀ ਮਿਲਦਾ ਹੈ,ਓਹ ਭੀ ਕਦੀ ਵੇਲੇ ਕਦੀ ਕੁਵੇਲੇ। ਘੋੜੇ ਦੇ ਨਾਲ ਦੌੜਦਿਆਂ ਦੌੜਦਿਆਂ ਸਾਹ ਚੜ੍ਹ ਜਾਂਦਾ ਹੈ, ਰਾਤ ਨੂੰ ਵੀ ਸੌਣਾ ਨਸੀਬ ਨਹੀਂ ਹੁੰਦਾ, ਜੇ ਕਿਤੇ ਭੁੱਲੀ ਚੁਕੀ ਨੀਂਦ ਆ ਭੀ ਜਾਵੇ ਤਾਂ ਵੱਡੀ ਵੇਲੇ ਹੀ ਪੁਕਾਰ ਮਚ ਜਾਂਦੀ ਹੈ,ਚਿੜੀ ਮਾਰ ਜੀ ਚਲੋ,ਬਨ ਨੂੰ ਚਲੋ, ਬਨ ਨੂੰ ਚਲੋ, ਅਜੇਹੀ ਹਾਲਦੁਹਾਈ ਮਚਾ ਕੇ ਮੈਨੂੰ ਜਗਾਦੇਂਦੇ ਹਨ। ਅਜੇਹੇ ਦੁੱਖ ਬੇਅੰਤ ਹੈਗੇ ਹੀ ਸਨ ਕਿਦੇਂਨੇ ਤਾਈਂ ਫੱਟ ਵਿਚ ਹੋਰਫੱਟ ਆਣ ਵਜਿਆ ਹੈ ਕਿ ਕੱਲ ਤੋਂ ਰਾਜਾ ਸਾਥੋਂ ਵਿੱਛੁੜ ਕੇ ਇਕ ਹਰਨਦੇ ਪਿੱਛੇ ਪਿੱਛੇਇਸ ਤਪੱਸੀਆਂ ਦੇ ਆਸ਼੍ਰਮ ਵਿਚ ਆਣ ਪਹੁੰਚਿਆ ਹੈ। ਏਥੇ ਮੇਰੇ ਖੋਟੇ ਭਾਗਾਂ ਨੂੰ ਰਾਜੇ ਦੀ ਨਜ਼ਰ ਇਕ ਤਪੱਸ੍ਵੀ ਦੀ ਕੰਨਜਾਂ ਪਰ ਜਿਸ ਦਾ ਨਾਮ ਸ਼ਕੁੰਤਲਾ ਹੈ, ਪੈ ਗਈਹੈ।ਹੁਣ ਪਿੱਛੇ ਨਗਰ ਵਲ ਮੁੜਨਾ ਕੇਹਾ, ਓਸੇ ਦੀਆਂ ਸੋਚਾਂ ਵਿਚ ਅੱਜ ਰਾਤ ਭਰ ਮਹਾਰਾਜ ਦੀ ਅੱਖ ਨਹੀਂ ਲੱਗੀ। ਹੁਣ ਕੀ ਕੀਤਾ ਜਾਵੇ?ਜਦ ਤੱਕ ਰਾਜਾ ਜੀ ਨੂੰ ਨਿੱਤਜ ਕਰਮ ਕਰਦਾ ਹੋਇਆ ਅੱਖੀਂ ਨਾ ਦੇਖ ਲਵਾਂਗਾ ਨਾ ਜਾਣਾਗਾ ਕਿ ਮੇਰੀ ਕੀ ਗਤੀ ਹੋਵੇਗੀ। (ਭੌਂਦਾ ਜਾਂਦਾ ਹੈ ਅਤੇ ਦੇਖਦਾ ਹੈ) ਵਾਹਵਾ ਮੇਰਾ ਮਿੱਤਰ ਤਾਂ ਔਹ ਪਿਆ ਆਂਵਦਾ ਹੈ ਅਤੇ ਬਨ ਦੇ ਫੁੱਲਾਂ ਦੀ ਮਾਲਾ ਪਹਿਰੀ ਹੋਈ ਹੈ। ਆਉਂਦਾ ਤਾਂ ਏਧਰ ਹੀ ਹੈ,ਕੁਝ ਤੀਵੀਆਂ ਵੀ ਨਾਲ ਹੀ ਹਨ। ਆਉਂਦਾ ਤਾਂ ਮੇਰੀ ਵਲ ਹੀਹੈ,ਹੁਣ ਮੈਂ ਭੀ ਆਪਣਾ ਅੰਗ ਭੰਗ ਕਰਕੇ ਖੜੋ ਜਾਵਾਂਗਾ (ਲਾਠੀ ਟੇਕਕੇ ਖੜੋਂਦਾ ਹੈ) ਚਲੋ ਏਹੋ ਅਰਾਮ ਸਹੀ।

[ਉੱਪਰ ਲਿਖੀਆਂ ਤੀਵੀਆਂ ਦੇ ਨਾਲ ਦੁਖਯੰਤ ਆਉਂਦਾ ਹੈ।

ਦੁਖਯੰਤ–ਭਾਵੇਂ ਦੁਰਲੱਭ ਮਿਲਨਾ ਪਯਾਰੇ।
ਤਦ ਵੀ ਉਸ ਦੇ ਭਾਵ ਪਰਖੀਏ ਹਨਗੇ
ਆਸਾ ਵਾਰੇ। ਮੇਰੇ ਜੀ ਵਿਚ ਚਾਉ
ਉਪਜਦਾ ਖਰਾ ਮਿਲਣ ਦਾ ਭਾਰੀ। ਭਾਵੇਂ
ਚਾਉ ਨ ਪੂਰਾ ਹੋਇਆ ਮਨ ਜਿਤ ਲਿਆ
ਵਿਕਾਰੀ। ਚਾਹ ਰਹੀ ਮਨ ਅੰਦਰ ਦੋਹਾਂ
ਕਰਦੀ ਭਲੀ ਤਿਆਰੀ। ਨਹੀਂ ਮਿਲਨ
ਸੁਖ ਪ੍ਰਾਪਤ ਹੋਇਆ ਨਹਿੰ ਕੀਤੀ ਕੁਈ

Digitized by Panjab Digital Library | www.panjabdigilib.org

ਕਾਰੀ* ॥ ੩੫ ॥ ਪਦ ॥
(ਮੁਸਕਰਾਕੇ) ਜਦ ਕਿਸੇ ਦੀ ਕਿਸੇ ਨਾਲ ਲੱਗੀ ਹੁੰਦੀ ਹੈ ਤਾਂ ਓਹ ਮਨ ਦੀ ਚਾਹ ਤੋਂ ਅਗਲੇ ਦੇ ਮਨ ਦੀ ਚਾਹ ਉਨਮਾਨ ਕਰੇ ਤਾਂ ਧੋਖਾ ਖਾਂਦਾ ਹੈ।
ਭਾਵੇਂ ਉਸਦੀ ਵੇਖਨ ਹੋਰ। ਪ੍ਰੇਮ ਦ੍ਰਿਸ਼ਟਿ
ਪਜਾਰੀ ਨੋ ਮੈਂ ਧਿਰ ਕੀਤਾ ਸੀ ਮੂੰਹ ਮੋਰ।
ਭਾਰ ਨਿਤੰਬਾਂ ਦੇ ਕਰ ਹੌਲੀ ਚਾਲ ਚਲੀ
ਜਿਸ ਵੇਲੇ। ਮਨਹੁ ਜਾਪਦੀ ਸੀ ਉਹ ਮੈਨੂੰ
ਚਾਲ ਚਲੇ ਅਲਬੇਲੇ। ਰਸਤਾ ਟੋਕ ਸਖੀ
ਜਦ ਠਹਿਰੀ ਝਿੜਕ ਦਿੱਤੋ ਉਸ ਤਾਈਂ।
ਇਹ ਸਭ ਕੁਛ ਉਨ ਮੇਰੀ ਖਾਤਰ ਹੀ ਸੀ
ਬਾਤ ਬਨਾਈ। ਨਜ਼ਰ ਪ੍ਰੇਮੀਆਂ ਵਿਚ
ਇਹ ਇਉਂ ਹੀ ਅਪਨ ਪ੍ਰਯੋਜਨ ਵਾਲੀ।
ਪ੍ਰੇਮੀ ਜਨ ਅਪਣੇ ਸ੍ਵਾਰਥ ਦੀ ਕਢਦੇ
ਗੱਲ ਨਿਰਾਲੀ†। ੩੬ ॥ ਪਦ ॥

[ਮਾਢੱਬ ਜਿਵੇਂ ਖੜੋਤਾ ਸੀ ਤਿਵੇਂ ਹੀ ਖੜਾ ਹੈ
ਮਾਢੱਬ–ਮੇਰੇ ਪਿਆਰੇ ਮਿੱਤ੍ਰ! ਮੇਰੇ ਹੱਥ ਨਹੀਂ ਉੱਠ ਸਕਦੇ, ਇਸ ਲਈ ਮੈਂ ਬਚਨਾਂ ਕਰਕੇ ਹੀ ਅਸ਼ੀਰਵਾਦ ਦਿੰਦਾ ਹਾਂ, ਤੇਰੀ ਜੈ ਰਹੇ!

ਦੁਖਜੰਤ–ਕਿਉਂ ਸਖਾ! ਇਹ ਤੇਰਾ ਅੰਗ ਭੰਗ ਕੀਕੁਰ ਹੋਇਆ?

ਮਾਢੱਬ–ਆਪਣੀ ਉਂਗਲੀ ਨਾਲ ਅੱਖ ਚੁਭਾਕੇ ਫਿਰ ਪੁੱਛਦੇ ਹੋ ਇਹ ਅੱਥਰੂ ਕਿਉਂ ਆਏ?

ਦੁਖਜੰਤ–ਅਸੀਂ ਕੁਝ ਨਹੀਂ ਸਮਝੇ, ਰਤਾ ਫਿਰ ਸਮਝਾਕੇ ਆਖੋ।

ਮਾਢੱਬ–ਔਹੁ ਦੇਖੋ ਬੈਤ ਕੁੱਬਿਆਂ ਦੀ ਰੀਸ ਕਰਦਾ ਹੈ, ਭਲਾ ਦੱਸੋ ਖਾਂ ਉਹ ਆਪਣੇ ਜ਼ੋਰ ਨਾਲ ਕਰਦਾ ਹੈ ਕਿ ਨਦੀਦੇ ਪਰਵਾਹ ਦੇ ਜ਼ੋਰ ਨਾਲ?

ਦੁਖਜੰਤ–ਉਹ ਤਾਂ ਨਦੀ ਦੇ ਪਰਵਾਹ ਨਾਲ ਮੁੜ ਗਿਆ ਹੈ।

ਮਾਢੱਬ–ਇੰਕੁਰ ਹੀ ਮੇਰੇ ਅੰਗ ਭੰਗ ਦੇਣ ਦੇ ਵੀ ਆਪ ਹੀ ਕਾਰਨ ਹੋ।

ਦੁਖਜੰਤ–ਓਹ ਕਿੱਕੁਰ?

ਮਾਢੱਬ–ਤੁਸੀਂ ਤਾਂ ਹੁਣ ਰਾਜ ਕਾਜ ਛੱਡਕੇ ਇਸ ਭਯਾਨਕ {ਡਰਾਉਣੇ} ਨਿਰਜਨ ਬਨ ਵਿੱਚ ਵੱਸਕੇ ਸ਼ਿਕਾਰੀਆਂ ਦਾ ਕੰਮ ਕਰੋਗੇ, ਪੰਤ੍ਰ ਮੈਂ ਸੱਚ ਕਹਿੰਦਾ ਹਾਂ ਕਿ ਜੰਗਲੀ ਪਸ਼ੂਆਂ ਦੇ ਪਿੱਛੇ ਨਿੱਤ ਦਿਹਾੜੇ ਭਜਦਿਆਂ ਭਜਦਿਆਂ ਮੇਰੇ ਅੰਗਾਂ ਦੇ ਜੋੜ ਹਿੱਲ ਗਏ ਹਨ, ਇਸ ਵਾਸਤੇ ਦਯਾ ਕਰਕੇ ਮੈਨੂੰ ਇਕ ਦਿਨ ਤਾਂ ਅਰਾਮ ਕਰਨ ਲਈ ਛੱਡ ਜਾਓ।

ਦੁਖਜੰਤ(ਆਪਣੇ ਜੀ ਵਿਚ)–ਇਹਇਉਂਕਹਿੰਦਾ ਹੀ ਹੈ, ਓਧਰ ਮੇਰਾ ਜੀਉ ਵੀ ਰਿਖੀ ਦੀ ਕੁਮਾਰੀ ਦੀ ਸੁਧ ਵਿਚ ਸ਼ਿਕਾਰ ਵੱਲੋਂ ਮੋੜਾ ਖਾ ਗਿਆ ਹੈ। ਕਿਉਂਕਿ:–
ਹਰਨ ਜਿਨ੍ਹਾਂ ਨੇ ਭੋਲੀ ਚਿਤਵਨ। ਕਰੀ

---

*ਪਜਾਰੀ ਦਾ ਮਿਲਨਾ ਤਾਂ ਭਾਵੇਂ ਕਠਨ ਹੈ, ਪਰੰਤੂ ਉਸਦੇ ਭਾਵ ਦੇਖ ਦੇਖ ਕੇ ਮੈਨੂੰ ਭਰੋਸਾ ਹੁੰਦਾ ਹੈ ਕਿ ਮਿਲੇਗੀ, ਭਾਵੇਂ ਮਨੋਕਾਮਨਾ ਪੂਰਨ ਨਹੀਂ ਹੋਈ ਤਦ ਵੀ ਅਸਾਂ ਦੋਹਾਂ ਦੇ ਮਨਾਂ ਵਿੱਚ ਮਿਲਨੇ ਦੀ ਚਾਹਨਾ ਅੱਵੱਲ ਹੋ ਰਹੀ ਹੈ।

†ਉਸਨੇ ਭਾਵੇਂ ਹੋਰ ਹੀ ਪਾਸੇ ਦੇਖਿਆ ਹੋਵੇ, ਪਰੰਤੂ ਮੈਂ ਆਪਣੇ ਆਪ ਵਿੱਚ ਏਹੋ ਸਮਝਿਆ ਹੈ ਕਿ ਮੇਰੇ ਵੱਲ ਹੀ ਪ੍ਰੇਮ ਭਰੀ ਨਜ਼ਰ ਨਾਲ ਡਿੱਠਾ ਹੈ। ਓਹ ਨਿਤੰਬਾਂ ਦੇ ਭਾਰ ਨਾਲ ਹੀ ਹੌਲੀ ਹੌਲੀ ਤੁਰੀ ਹੋਵੇ, ਪਰੰਤੂ ਮੇਰੀ ਸਮਝ ਵਿੱਚ ਓਹ ਮੇਰੇ ਹੀ ਦਿਖਾਉਣ ਲਈ ਲਾਡ ਕਰਦੀ ਹੈ। ਫਿਰ ਜਦੋਂ ਉਸਨੂੰ ਸਖੀ ਨੇ ਚਲਨੋਂ ਰੋਕਿਆ ਤਾਂ ਓਹ ਭਾਵੇਂ ਗੁੱਸੇ ਹੀ ਹੋਈ ਹੋਵੇ, ਪਰੰਤੂ ਮੇਰੇ ਮਨ ਵਿੱਚ ਏਹੋ ਭਾਸੀ ਕਿ ਇਹ ਭੀ ਕੋਈ ਕਟਾਖ ਮੇਰੇ ਵੱਲ ਹੀ ਹੈ। ਸੱਚ ਹੈ ਅਪਣਾ ਪ੍ਰਯੋਜਨ ਦੇਖਣ ਲਈ ਪ੍ਰੇਮੀਆਂ ਦੀ ਨਜ਼ਰ ਬੜੀ ਤਿੱਖੀ ਹੁੰਦੀ ਹੈ।

Digitized by Panjab Digital Library | www.panjabdigilib.org

ਸਿਖਾਵਨ ਪਜਾਰੀ ਤਾਂਈਂ ਬਿਚਰ ਬਿਚਰ ਸੰਗ ਵਿੱਚ ਬਨ। ਹੁਣ ਮੈਂ ਤੀਰ ਚਢਾਇ ਧਨੁਖ ਵਿੱਚ ਕੀਕੁਰ ਉਹਨਾਂ ਮਾਰਾਂ। ਹੈ ਇਹ ਕਠਨ ਬਨੀ ਅਨਬਨ ਹੈ ਛੱਡਾਂ ਕਰਨ ਸ਼ਿਕਾਰਾਂ* ॥ ੩੭ ॥ ਪਦ ॥

ਮਾਢੱਬ (ਰਾਜਾ ਦੇ ਮੂੰਹ ਵੰਨੀ ਤੱਕਕੇ)—ਤੁਹਾਡੇ ਮਨ ਵਿੱਚ ਪਤਾ ਨਹੀਂ ਕੀ ਹੈ, ਮੇਰੀ ਗੱਲ ਤਾਂ ਇਜੇਹੀ ਹੋ ਗਈ ਹੈ ਜੀਕੁਰ ਬਨ ਵਿੱਚ ਰੋਣਾ।

ਦੁਖਜੰਤ (ਮੁਸਕ੍ਰਾਕੇ)—ਮੇਰੇ ਮਨ ਵਿਚ ਏਹੋ ਹੈ ਜੋ ਅਪਣੇ ਸਖਾ ਦੀ ਗੱਲ ਮੰਨ ਲਵਾਂ।

ਮਾਢੱਬ—ਤੇਰੀ ਵੱਡੀ ਉਮਰਾ ਹੋਵੇ! ਤੇ ਜੁਗ ਜੁਗ ਜੀਵੇਂ [ਉਠਕੇ ਚਲਿਆ ਚਾਹੁੰਦਾ ਹੈ

ਦੁਖਜੰਤ—ਮਿੱਤ੍ਰ! ਰਤਾ ਕੁ ਠਹਿਰ ਜਾਹ ਅਸੀਂ ਕੁਝ ਹੋਰ ਕਹਿਣਾ ਹੈ ਉਹ ਸੁਣ ਲੈ।

ਮਾਢੱਬ—ਕਹੀਏ।

ਦੁਖਜੰਤ—ਜਦੋਂ ਤੂੰ ਅਰਾਮ ਕਰ ਲਵੇਂਗਾ ਤਦ ਅਸਾਂ ਇਕ ਇਜੇਹੇ ਕੰਮ ਵਿਚ ਤੈਥੋਂ ਕੁਝ ਸਹਾਇਤਾ ਲੈਣੀ ਹੈ ਜਿਸ ਵਿਚ ਤੈਨੂੰ ਕੁਝ ਦੌੜਨਾ ਭੱਜਣਾ ਨਹੀਂ ਪਵੇਗਾ।

ਮਾਢੱਬ—ਕੀ ਲੱਭੂ ਖੁਆਓਗੇ?

ਦੁਖਜੰਤ—ਹੁਣੇ ਕਹਿਨਾ ਹਾਂ।

ਮਾਢੱਬ—ਕਹੀਏ ਹੁਣ ਤਾਂ ਬੜਾ ਚੰਗਾ ਵੇਲਾ ਹੈ।

ਦੁਖਜੰਤ—ਕੋਈ ਏਥੇ ਹੈ?

[ਦਰਬਾਨ ਆਉਂਦਾ ਹੈ

ਦਰਬਾਨ—ਸ੍ਵਾਮੀ ਜੀ ਦੀ ਕੀ ਆਗਜਾ ਹੈ?

ਦੁਖਜੰਤ—ਰੈਵੋਵੱਤਕ! ਤੂੰ ਸੈਨਾਪਤੀ ਨੂੰ ਬੁਲਾ ਲਿਆ।

ਦਰਬਾਨ—ਸੱਤਿ ਬਚਨ।(ਬਾਹਰ ਜਾਕੇ ਸੈਨਾਪਤੀ ਨੂੰ ਨਾਲ ਲੈਕੇ ਆਉਂਦਾ ਹੈ) ਆਓ, ਮਹਾਰਾਜ ਕੁਝ ਆਗਜਾ ਦੇਣ ਲਈ ਤੁਹਾਡੀ ਰਾਹ ਦੇਖ ਰਹੇ ਹਨ।

ਸੈਨਾਪਤੀ (ਦੁਖਜੰਤ ਵਲ ਤੱਕ ਕੇ)—ਸ਼ਿਕਾਰ ਨੂੰ ਦੋਸ਼ ਤਾਂ ਦਿੰਦੇ ਹਨ, ਪਰੰਤੂ ਸਾਡੇ ਮਹਾਰਾਜ ਨੂੰ ਤਾਂ ਗੁਣਦਾਇਕ ਹੀ ਹੋਇਆ।

ਦੇਹ ਰਾਜਾ ਦੀ ਬਹੁ ਬਲਵਾਲੀ। ਜਿਉਂ ਪਹਾੜ ਚਰ ਹਾਥੀ ਹੋਵੇ ਪੁਸ਼ਟ ਡੀਲ ਬਲ ਸ਼ਾਲੀ।ਕਰੜੇ ਅੰਗ ਹੋਏ ਹਨ ਸਾਰੇ ਧਨੁਖ ਖਿਚਦਿਆਂ ਭਾਰੀ। ਹੁਣ ਥਕਾਨ ਤੇ ਦੇਹ ਪਸੀਨਾ ਆਵੇ ਨਹਿੰ ਕਿਸ ਬਾਰੀ। ਧੁੱਪ ਲਗੇ ਕੁਝ ਦੁਖ ਨ ਮਨਾਵੇ ਏਸਾ ਹੀ ਉਤਸਾਹੀ। ਭਾਵੇਂ ਕੁਝ ਲਿੱਸਾਪਨ ਹੋਇਆ ਪਰ ਕੁਝ ਨਹੀਂ ਲਖਾਹੀ* ॥ ੩੮ ॥ਪਦ॥

(ਰਾਜਾ ਦੇ ਪਾਸ ਜਾਕੇ) ਸੁਆਮੀ ਦੀ ਜੈ ਹੋਵੇ! ਮਹਾਰਾਜ! ਬਨ ਵਿੱਚ ਤਾਂ ਸ਼ਿਕਾਰ ਦੇ ਖੋਜ ਦੇਖੇ ਗਏ ਹਨ, ਆਪ ਏਥੇ ਕਿਸ ਤਰ੍ਹਾਂ ਬੈਠੇ ਹੋ?

ਦੁਖਜੰਤ—ਇਸ ਮਾਢੱਬ ਨੇ ਸ਼ਿਕਾਰ ਦੀ ਨਿੰਦਜਾ ਕਰ ਕਰਕੇ ਮੇਰਾ ਉਤਸਾਹ (ਸ਼ਿਕਾਰ ਵੱਲੋਂ)ਮੰਦਾ ਕਰ ਦਿੱਤਾ ਹੈ।

ਸੈਨਾਪਤ (ਹੌਲੀ ਜਿਹੀ ਮਾਢੱਬਜ ਨੂੰ)—ਮਿੱਤ੍ਰ! ਤੂੰ ਆਪਣੀ ਗੱਲ ਤੇ ਪੱਕਾ ਰਹੁ,ਮੈਂ ਮਾਲਕ ਨੂੰ ਭਾਉਂਦੀ ਹੀ ਕਹਾਂਗਾ। (ਪ੍ਰਗਟ) ਮਹਾ-

---

*ਜਿਨ੍ਹਾਂ ਹਰਨੀਆਂ ਨੇ ਸ਼ਕੁੰਤਲਾ ਨੂੰ ਭੋਲੀ ਚਿਤਵਨ ਸਿਖਾਈ ਹੈ, ਹੁਣ ਮੈਂ ਉਹਨਾਂ ਹਰਨੀਆਂ ਤੇ ਧਨੁਖ ਚਢਾਕੇ ਬਾਨ ਕੀਕੁਰ ਮਾਰ ਸਕਾਂਗਾ।

*ਬਾਂਬਾਰ ਧਨੁਖ ਖਿੱਚਣੇ ਤੇ ਮਹਾਰਾਜ ਦਾ ਅਗਲਾ ਸਰੀਰ ਐਸਾ ਕਰੜਾ ਹੋ ਗਿਆ ਹੈ, ਜੇਹਾ ਕੁ ਪਹਾੜ ਦਾ ਹਾਥੀ ਬਲ ਵਾਲਾ ਹੁੰਦਾ ਹੈ। ਹੁਣ ਰਾਜਾ ਜੀ ਨੂੰ ਧੁੱਪ ਵੀ ਨਹੀਂ ਸਤਾਉਂਦੀ,ਥੋੜ੍ਹੇ ਥਕੇਵੇਂ ਵਿਚ ਦੁਖ ਵੀ ਨਹੀਂ ਪ੍ਰਤੀਤ ਹੁੰਦਾ ਅਤੇ ਨਾ ਹੀ ਪਸੀਨਾ ਆਉਂਦਾ ਹੈ, ਵੈਂਡ ਧੂਪ ਕਰਦਿਆਂ ਕੁਝ ਲਿੱਸਾਪਨ ਤਾਂ ਹੋ ਗਿਆ ਹੈ ਪਰੰਤੂ ਸਰੀਰ ਦੀ ਡੀਲ ਵੱਡੀ ਹੋਣੇ ਤੇ ਪ੍ਰਤੀਤ ਨਹੀਂ ਹੁੰਦਾ।

Digitized by Panjab Digital Library | www.panjabdigilib.org

ਰਾਜ! ਇਸ ਰੰਡੀ ਜਾਏ ਨੂੰ ਏਵੇਂ ਹੀ ਬਕਨ ਦਿਓ। ਇਸ ਗੱਲ ਦੇ ਤਾਂ ਆਪ ਹੀ ਸਾਖੀ ਹੋ ਕਿ ਸ਼ਿਕਾਰ ਵਿੱਚ ਕੀ ਕੀ ਗੁਣ ਹਨ।

ਗੁਣ ਸ਼ਿਕਾਰ ਦੇ ਕੀ ਕੁਝ ਕਹੀਏ।
ਚਰਬੀ ਅਤੇ ਮੁਟਾਈ ਤਨ ਦੀ ਮੇਦ ਰੋਗ
ਨਹਿ ਹੁਈਏ। ਗੋਗੜ ਘਟੇ ਛੀਟਕਾ ਤਨ
ਹੁਇ ਦੌੜਨ ਢੰਗ ਸਿਖਾਵੇ। ਪਸ਼ੂਆਂ ਦੇ
ਚਿਤ ਦੀ ਸਭ ਕਰਨੀ ਸੁਤੇ ਸਮਝ ਪੈ
ਜਾਵੇ। ਇਹ ਡਰਿਆ, ਇਹ ਚੜ੍ਹਿਆ
ਰੁੱਸੇ, ਇਹ ਮਾਰਨ ਤੇ ਆਊ। ਇਹ
ਲੁਕਿਆ, ਇਹ ਫਸਿਆ ਆਪੇ ਏਹ ਕਰੂ
ਕੁਝ ਦਾਊ। ਧਨੁਖ ਧਾਰਨੇ ਦਾ ਜਸ ਭਾਰੀ
ਹੁੰਦਾ ਹੈ ਜਗ ਮਾਂਹੀ। ਬਾਨ ਨਿਸ਼ਾਨੇ ਤੇ
ਜਦ ਬੈਠੇ ਚਲ ਦੰਡ ਨ ਪਸੁ ਜਾਹੀਂ।
ਨਹਿੰ ਸ਼ਿਕਾਰ ਤੋਂ ਹੋਰ ਚੰਗੇਰਾ ਦਿਲ ਪਰ-
ਚੇਵਾਂ ਕੋਈ। ਏਵੇਂ ਦੋਸ਼ ਦੇਇ ਜੋ ਇਸ
ਨੂੰ ਸੋ ਮੂਰਖ ਮਤਿ ਹੋਈ*॥ ੩੯॥ ਪਦ॥

ਮਾਦੱਬ—ਓਇ ਅਕਲ ਦੇ ਸੁਜਾਖੇ! ਰਾਜਾ ਜੀ ਨੇ ਤਾਂ ਸ਼ਿਕਾਰ ਖੇਡਣਾ ਛਡ ਦਿੱਤਾ। ਹੁਣ ਤੈਨੂੰ ਕੀ ਵਾ ਵਰ ਗਈ? ਇਜੇਹੀਆਂ ਗੱਲਾਂ ਕਰਕੇ ਫੇਰ ਨਵੇਂ ਸਿਰੇ ਸ਼ਿਕਾਰ ਲਈ ਉਤਸਾਹਤਿ ਕਰਨਾ ਹੈਂ? ਤੂੰਹੇਂ ਜੰਗਲ ਵਿਚ ਬਹੁਤ ਦੌੜਨ ਵਾਲਾ ਸਹੀ ਲੋਭੀਆ!

*ਸ਼ਿਕਾਰ ਵਿਚ ਏਹੋ ਗੁਣ ਹਨ ਕਿ ਸਰੀਰ ਦੀ ਚਰਬੀ ਨੂੰ ਘਟਾ ਕੇ ਅਤੇ ਵੱਡੀ ਗੋਗੜ ਨੂੰ ਛਾਂਟ ਕੇ ਸਰੀਰ ਨੂੰ ਚੰਗਾ ਤੁਰਨ ਫਿਰਨ ਵਾਲਾ ਬਣਾ ਦਿੰਦਾ ਹੈ। ਫਿਰ ਪਸ਼ੂਆਂ ਦੇ ਚਿੱਤ ਦਾ ਹਾਲ ਕਦੀ ਡਰ, ਕਦੀ ਕ੍ਰੋਧਾਦਿਕ ਚੰਗੀ ਤਰ੍ਹਾਂ ਪ੍ਰਤੀਤ ਹੁੰਦੇ ਰਹਿੰਦੇ ਹਨ। ਧਨੁਖ ਧਾਰਨ ਦਾ ਜਸ ਸਾਰੇ ਜਗ ਵਿਚ ਹੁੰਦਾ ਹੈ ਅਤੇ ਦੌੜਦੇ ਪਸੂ ਦਾ ਨਿਸ਼ਾਨਾ ਸਿਖਾਉਂਦਾ ਹੈ, ਏਹੋ ਮਨ ਦੇ ਬਹਲਾਉਣ ਦਾ ਸਭ ਨਾਲੋਂ ਚੰਗਾ ਤ੍ਰੀਕਾ ਹੈ, ਪਰ ਪਤਾ ਨਹੀਂ ਕਿ ਇਸ ਪਰ ਲੋਕੀਂ ਬਜਰਥ ਦੋਸ਼ ਕਿਉਂ ਲਗਾਉਂਦੇ ਹਨ।

ਕਿਤੇ ਬੱਦੇ ਰਿੱਛ ਦੇ ਮੂੰਹ ਵਿਚ ਨਾ ਜਾਂ ਪਵੀਂ।

ਦੁਖਜੰਤ—ਸੈਨਾਪਤੀ ਜੀ! ਇਹ ਬਨ ਆਸ਼੍ਰਮ ਦੇ ਨਾਲ ਲਗਦਾ ਹੈ, ਇਸ ਕਾਰਨ ਏਥੇ ਅਸੀਂ ਸ਼ਿਕਾਰ ਦੀ ਬਾਬਤ ਤੇਰੀ ਵਡਿਆਈ ਵਾਲਾ ਪੱਖ ਨਹੀਂ ਲੈ ਸਕਦੇ, ਏਥੇ ਤਾਂ:—

ਸੰਢਿਆਂ ਕਰਨ ਦਿਹੋ ਅੱਜ ਖੁਸ਼ੀਆਂ। ਖੂਬ
ਨਹਾਉਣ ਵਿਚ ਛਪੜਾਂ ਦੇ ਸਿੰਗ ਬੁਥੀਆਂ
ਹਸੀਆਂ। ਝੁੰਡ ਹਰਨਾਂ ਦੇ ਹੇਠ ਰੁਖਾਂ ਦੇ
ਬੈਠੇ ਕਰਨ ਜੁਗਾਲੀ। ਨਾਲ ਹਰਨੀਆਂ
ਤੇ ਲੈ ਚੋ ਫਿਰਨ ਖਾਣ ਦਭ ਡਾਲੀ।
ਸੂਰਾਂ ਨੂੰ ਅੱਜ ਮੌਜ ਕਰਨ ਦੇ ਵਿਚ ਅੱਧ
ਸੁਕੀਆਂ ਢਾਬਾਂ। ਪੁਟ ਪੁਟ ਖਾਵਣ ਜੜਾਂ
ਡੀਲਿਓਂ ਨਾਲੇ ਖਾਵਣ ਖਾਬਾਂ। ਅੱਜ
ਅਸਾਡਾ ਢਿੱਲਾ ਢਿੱਲਾ ਧਨੁਖ ਚੜ੍ਹਾਣਾ
ਨਾਹੀਂ। ਅਜ ਤਾ ਇਹੁ ਵੀ ਲਾਹ ਥਕੇਵਾਂ
ਕਰੇ ਅਰਾਮ ਇਥਾਈਂ*॥ ੪੦॥ ਪਦ॥

ਸੈਨਾਪਤੀ—ਜੋ ਮਰਜ਼ੀ ਮਹਾਰਾਜ ਦੀ।

ਦੁਖਜੰਤ—ਜਿਹੜੇ ਸ਼ਿਕਾਰੀ ਲੋਕ ਅੱਗੇ ਵਧ ਗਏ ਹੋਏ ਹਨ, ਉਨ੍ਹਾਂ ਨੂੰ ਪਿੱਛੇ ਮੋੜ ਲਓ ਅਤੇ ਸੈਨਾਂ ਵਾਲਿਆਂ ਨੂੰ ਹਟਕ ਦਿਓ ਕਿ ਤਪੋ ਬਨ ਵਿਚ ਕੋਈ ਵਿਘਨ ਨਾ ਕਰਨ ਕਿਉਂਕਿ:—

ਸ਼ਾਂਤਿ ਭਾਵ ਰਿਖੀਆਂ ਦਾ ਭਾਵੇਂ। ਤਦ
ਵੀ ਉਹਨਾਂ ਵਿਚ ਪ੍ਰਧਾਨਤਾ ਤੇਜ ਗੁਪਤ

*ਬਨ ਦੇ ਮਹਿਆਂ ਨੂੰ ਅੱਜ ਆਨੰਦ ਨਾਲ ਛੱਪੜਾਂ ਵਿਚ ਤਰਨ ਦਿਓ, ਹਰਨਾਂ ਨੂੰ ਸੰਘਣੀ ਛਾਉਂ ਹੇਠ ਬੈਠਕੇ ਉਗਾਲੀ ਕਰਨ ਦਿਓ। ਸੂਰਾਂ ਨੂੰ ਅਧ ਸੁਕੇ ਛੱਪੜਾਂ ਵਿਚੋਂ ਮੋਥਰੇ ਦੀਆਂ ਜੜ੍ਹਾਂ ਪੁੱਟ ਪੁੱਟ ਕੇ ਖਾਣ ਦਿਓ, ਅੱਜ ਮੇਰੇ ਧਨੁਖ ਦਾ ਚਿੱਲਾ ਢਿੱਲਾ ਹੋਗਿਆ ਹੈ, ਇਹ ਬੀ ਏਥੇ ਅਜ ਅਰਾਮ ਕਰ ਲਵੇ।

Digitized by Panjab Digital Library | www.panjabdigilib.org

ਦ੍ਰਿਸ਼ਟਾਵੇ। ਜਦੋਂ ਆਤਸ਼ੀ ਸ਼ੀਸ਼ਾ ਠੰਢਾ ਸੂਰਜ ਸਨਮੁਖ ਦੇਇਆ। ਅੱਗ ਉਗਲਨ ਵਿਚ ਦੇਰ ਨ ਕਰਦਾ, ਇਕੁਰ ਇਨ ਢੰਗ ਜੋਇਆ* ॥ ੪੧ ॥ ਪਦ ॥

ਸੇਨਾਪਤੀ—ਜੋ ਆਗਜਾ ਸੁਆਮੀ ਜੀ ਦੀ।

ਮਾਢੱਬ—ਚੱਲ, ਜਾਹ ਨਿਕਲ ਦਾਸੀ ਜਾਏ!

ਤੇਰਾ ਉਤਸਾਹ ਦਿਵਾਣਾ ਸਭ ਨਿਸ਼ਫਲ ਹੋਇਆ। [ਸੈਨਾਪਤੀ ਜਾਂਦਾ ਹੈ

ਦੁਖਜੰਤ (ਗੋਲੀਆਂ ਵੱਲ ਤੱਕ ਕੇ)—ਤੁਸੀਂ ਵੀ ਆਪਣਾ ਸ਼ਿਕਾਰੀ ਭੇਸ ਉਤਾਰ ਦਿਓ, ਅਤੇ ਰੈਵੀਵੱਤਕ! ਤੂੰ ਆਪਣੀ ਚੌਂਕੀ ਪਰ ਖਬਰਦਾਰ ਰਹੁ।

ਸਾਰੇ ਸੇਵਕ—ਜੋ ਆਗਿਆ ਮਹਾਰਾਜ ਦੀ। [ਸਾਰੇ ਜਾਂਦੇ ਹਨ

ਮਾਢੱਬ—ਇਹਨਾਂ ਮੱਖੀਆਂ ਨੂੰ ਤਾਂ ਚੰਗਾ ਏਥੋਂ ਉਡਾਇਆ ਜੇ, ਲੈ ਹੁਣ ਔਹ ਸੁੰਦਰ ਸਿਲਾ ਬ੍ਰਿੱਛ ਦੀ ਛਾਯਾ ਹੇਠ ਪਈ ਹੈ, ਓਥੇ ਚੱਲ ਬੈਠਾਏ; ਮੈਂ ਭੀ ਰਤਾਕੁ ਸੁਖ ਨਾਲ ਘੜੀ ਅਰਾਮ ਦੀ ਕੱਟ ਲਵਾਂਗਾ।

ਦੁਖਜੰਤ—ਅੱਗੇ ਤੂੰ ਚੱਲ।

ਮਾਢੱਬ—ਆਈਏ।

ਦੁਖਜੰਤ—ਓਇ ਮਾਢੱਬ! ਤੈਨੂੰ ਇਨ੍ਹਾਂ ਅੱਖਾਂ ਹੋਈਆਂ ਦਾ ਕੀ ਫਲ ਮਿਲਿਆ ਜਦ ਤਕ ਕਿ ਦੇਖਣੇ ਲਾਇਕ ਪਦਾਰਥਾਂ ਵਿਚੋਂ ਉੱਤਮ ਪਦਾਰਥਨੂੰ ਤੈਂ ਦੇਖਿਆ ਹੀ ਨਹੀਂ।

ਮਾਢੱਬ—ਕੀ ਮੇਰੇ ਸਾਹਮਣੇ ਮਹਾਰਾਜ ਨਿਤ ਨਹੀਂ ਰਹਿੰਦੇ?

ਦੁਖਜੰਤ—ਓਇ! ਆਪਣੇ ਆਪ ਨੂੰ ਤਾਂ ਸਭ ਕੋਈ ਚੰਗਾ ਹੀ ਜਾਣਦਾ ਹੈ, ਪਰੰਤੂ ਮੈਂ ਤਾਂ ਉਸ ਸ਼ਕੁੰਤਲਾ ਦੀ ਬਾਬਤ ਕਹਿਨਾ ਹਾਂ ਜੋ ਇਸ ਆਸ਼੍ਰਮ ਦੀ ਸ਼ੋਭਾ ਰੂਪ ਹੈ।

ਮਾਢੱਬ (ਆਪਣੇ ਜੀ ਵਿਚ)—ਮੈਂ ਇਸਨੂੰ ਇਸ ਪਾਸੇ ਵਿੱਚ ਕੁਝ ਵੀ ਕਹਿਣ ਲਈ ਵੇਲਾ ਨਹੀਂ ਦਿਆਂਗਾ। (ਪ੍ਰਗਟ) ਹੇ ਮਿੱਤ੍ਰ! ਜੇ ਓਹ ਤਪੱਸ੍ਵੀ ਦੀ ਬੇਟੀ ਹੈ ਤਾਂ ਤੁਹਾਡੇ ਵਿਆਹੁਣ ਲਾਇਕ ਹੀ ਨਹੀਂ, ਫਿਰ ਉਸ ਦੇ ਦੇਖਣ ਦਾ ਕੀ ਪ੍ਰਯੋਜਨ ਹੋਇਆ?

ਦੁਖਜੰਤ—ਪੁਰੁਵੈਸ਼ੀਆਂ ਦਾ ਮਨ ਅਯੋਗ ਵਸਤੂ ਉੱਤੇ ਕਦੀ ਨਹੀਂ ਜਾਂਦਾ।

ਨਾਮ ਧਰੀਕੀ ਮੁਨਿ ਦੀ ਜਾਇ। ਕੌਸਕ ਪਿਤਾ ਅਪੱਛਰਾਂ ਸੁਰਗੋਂ 'ਮੇਣਕ' ਇਸਦੀ ਮਾਇ। ਜਣਕੇ ਮਾਉਂ ਛੱਡ ਗਈ ਉਸਨੂੰ ਦੁਧ ਪਿਆਇਆ ਨਾਹੀਂ। ਵਿੱਚ ਜੰਗਲ ਦੇ ਪਈ ਪ੍ਰਿਥੀ ਪਰ ਕੱਲੀ ਰੋਂਦੀ ਆਹੀ। ਜੀਕੁਰ ਕਲੀ ਚੰਬੇਲੀ ਸ਼ਾਖੋਂ ਟੁੱਟ ਪਵੇ ਅਕ ਉਤੇ। ਤਿਉਂ ਇਹ ਪਈ ਦਿਖੀ ਮੁਨਿ ਜੀ ਨੇ ਗੋਦ ਲਈ ਦੁਕ ਉਤੇ। ਪਾਲੀ ਪੁੱਤ੍ਰੀ ਵਾਂਗ 'ਕੰਨ੍ਹ' ਨੇ ਇਸ ਤੇ ਧੀਅ ਕਹਾਵੇ। ਅਸਲੀ ਪੋਤੀ ਗਾਧ ਰਾਜ ਦੀ ਛੱਤ੍ਰੀ ਵੰਸ ਸਦਾਵੇ* ॥ ੪੨ ॥ ਪਦ ॥

---

*ਤਪੱਸੀਆਂ ਦਾ ਸੁਭਾਵ ਇਜੇਹਾ ਹੁੰਦਾ ਹੈ, ਜੈਸਾ ਆਤਸ਼ੀ ਸ਼ੀਸ਼ੇ ਦਾ, ਦੱਬ ਲਾਕੇ ਦੇਖੋ ਤਾਂ ਠੰਢਾ ਠਾਰ ਲਗਦਾ ਹੈ, ਪਰੰਤੂ ਸੂਰਜ ਦੇ ਤੇਜ ਦਾ ਅਨਾਦਰ ਪਾਕੇ ਅਗਨੀ ਉਗਲ਼ਣ ਲਗ ਪੈਂਦਾ ਹੈ, ਭਾਵੇਂ ਇਹਨਾਂ ਤਪੱਸੀਆਂ ਵਿਚ ਸ਼ਾਂਤਿ ਮੁੱਖ ਹੈ, ਪਰੰਤੂ ਅੰਦਰ ਲੁਕਿਆ ਹੋਇਆ ਤੇਜ ਭੀ ਅਜੇਹਾ ਰਖਦੇ ਹਨ, ਜੋਹਾਕੁ ਭਸਮ ਕਰਨ ਵਾਲੀ ਅਗਨੀ।

*ਮੁਨੀ ਦੀ ਬੇਟੀ ਸ਼ਕੁੰਤਲਾ ਤਾਂ ਏਵੇਂ ਨਾਉਂ ਧਰੀਕ ਹੈ, ਅਸਲ ਵਿਚ ਇਸਦਾ ਪਿਤਾ ਕੌਸਕ ਸੀ ਤੇ ਮਾਉਂ ਇਕ ਅਪੱਛਰਾਂ ਸੀ ਜੋ ਇਸ ਨੂੰ ਜਣਦਿਆਂ ਸਾਰ ਬਨ ਵਿਚ ਸੁੱਟਕੇ ਚਲੀ ਗਈ ਸੀ। ਦੈਵਨੇਤ ਨਾਲ ਓਥੇ ਕੰਨ੍ਹਮੁਨੀ ਜੀ ਆ ਨਿਕਲੇ, ਲਾਵਾਰਸ ਕੁੜੀ ਪਈ ਦੇਖਕੇ ਉਹਨਾਂ ਦੇ ਮਨ ਵਿਚ ਦਇਆ ਆਈ, ਗੋਦੀ ਵਿੱਚ ਚੁਕ ਕੇ ਆਸ਼੍ਰਮ ਤੇ ਲੈ ਆਏ ਅਤੇ ਏਟੀ ਵਾਕਰ ਪਾਲਨ ਪੋਸਨ ਕੀਤੀ।

Digitized by Panjab Digital Library | www.panjabdigilib.org

ਮਾਢੱਬ (ਹੱਸ ਕੇ)–ਜੀਕੁਰ ਕਿਸੇ ਦੀ ਰੁਚੀ ਛੁਹਾਰਿਆਂ ਤੋਂ ਹਟਕੇ ਇੰਬਲੀ ਤੇ ਜਾ ਲੱਗੇ ਓਕਰ ਹੀ ਤੁਸੀਂ ਆਪਣੇ ਰਣਵਾਸ ਦੇ ਇਸਤ੍ਰੀ ਰਤਨਾਂ ਨੂੰ ਛੱਡਕੇ ਉਸ ਜੰਗਲੀ ਕੰਨਜਾਂ ਪਰ ਆਸ਼ਕਤ ਹੋਏ ਹੋ।

ਦੁਖਮੰਤ–ਮਿੱਤ੍ਰ ਜੀ ! ਜੇ ਕਦੀ ਇਕ ਵਾਰੀ ਉਸਨੂੰ ਅੱਖਾਂ ਭਰਕੇ ਦੇਖ ਲਓ ਤਾਂ ਫਿਰ ਇਜੇਹੀ ਰੁੱਖੀ ਗੱਲ ਕਦੀ ਨਾ ਆਖੋ।

ਮਾਢੱਬ-ਜਦ ਤੁਹਾਨੂੰਉਸਦੇ ਦੇਖਣੇ ਤੇ ਅਚੰਭਾ ਪ੍ਰਤੀਤ ਹੋਇਆ ਹੈ ਤਾਂ ਇਸ ਗੱਲੋ ਉਹ ਨਿਰਸੰਦੇਹ ਰੂਪ ਵਾਲੀ ਹੀ ਹੋਵੇਗੀ।

ਦੁਖਮੰਤ–(ਮੁਸਕ੍ਰਾ ਕੇ) ਬਹੁਤ ਕੀ ਆਖਾਂ ? ਪਹਿਲੇ ਬ੍ਰਹਮਾ ਮੂਰਤਿ ਬਨਾਈ। ਅਥਵਾ ਰੂਪ ਵਾਲੀਆਂ ਦਾ ਮਨ ਅੰਦਰ ਬ੍ਰਹਮਾ ਧਿਆਨ ਲਗਾਈ। ਫੇਰ ਰਚੀ ਮੂਰਤ ਇਕ ਸੁੰਦਰ ਫੇਰ ਪ੍ਰਾਣਵਿਚ ਪਾਈ। ਮੈਂ ਜਦ ਸੋਚ ਬਿਚਾਰ ਆਪਣੀ ਲੰਮੀ ਦੂਰ ਦੁੜਾਈ। ਰੰਗ ਢੰਗ ਉਸਦਾ ਇਉਂ ਜਾਪੇ ਜਿਉਂ ਲਖਮੀ ਜਗ ਆਈ* ॥ ੪੩ ॥ ਪਦ ॥

ਮਾਢੱਬ-ਜੇ ਉਹ ਅਜੇਹੀ ਹੈ ਤਾਂ ਉਸਦੇ ਅੱਗੇ ਹੋਰ ਸਾਰੀਆਂ ਰੂਪ ਵਾਲੀਆਂ ਕੁਛ ਚੀਜ਼ ਨਹੀਂ ?

ਦੁਖਮੰਤ–ਮੇਰੇ ਜੀਉ ਵਿੱਚ ਤਾਂ ਸੱਚ ਮੁੱਚ ਅਜੇਹੀ ਹੀ ਹੈ।

ਉਹ ਨਿਰਦੋਖ ਨਾਰ ਮੈਂ ਦੇਖੀ। ਜਿਉਂ ਬਿਨ ਸੁੰਘੇ ਕਲੀ ਫੁੱਲ ਦੀ ਨਵੀਂ ਚਟਕਵੀਂ ਪੋਖੀ। ਨਵੀਂ ਰੁੱਖ ਦੀ ਕੋਮਲ ਕੁਮਲਿ ਜੋ ਨ ਅਜੇ ਕਿਸਿ ਤੋੜੀ।ਮਾਨੋ ਰਤਨ ਖਾਣ ਤੋਂ ਨਿਕਲਜਾ ਅਣਵਿਧ ਚਮਕ ਕਰੋੜੀ। ਅਥਵਾ ਸੁੰਦਰ ਨਵਾਂ ਸ਼ਹਿਤ ਹੈ ਜਿਉਂ ਬਿਨ ਚੱਖੇ ਹੋਵੇ। ਜਾਂ ਅਖੰਡ ਪੁੰਨਾਂ ਦਾ ਫਲ ਇਹੁ ਸੁੰਦਰ ਰੂਪ ਖਲੋਵੇ । ਪਰ ਮੈਂ ਜਾਣ ਸਕਾਂ ਕੁਝ ਨਾਹੀਂ ਹੈ ਹੁਣਹਾਰ ਕਿਵੇਹੀ। ਰਤਨ, ਕਲੀ, ਕੁਮਲਿ, ਮਧੁ ਕ੍ਰਿਸ਼ਲਯ ਹਬ ਏਹਮਾ ਕਿਸਦੇ ਹੀ।*।੪੪।।ਪਦ।।

ਮਾਢੱਬ-ਤਾਂ ਤੁਸੀਂ ਉਸ ਨੂੰ ਬਹੁਤ ਛੇਤੀ ਵਿਆਹ ਲਓ, ਨਹੀਂ ਤਾਂ ਅਖੰਡ ਪੁੰਨਾਂ ਦਾ ਫਲ ਕਿਸੇ ਜੀਆਪੋਤੇ ਦੇ ਤੇਲ ਨਾਲ ਚੋਪੜੇ ਹੋਏ ਥਿੰਧੇ ਸਿਰ ਵਾਲੇ ਜੋਗੀ ਦੇ ਹੱਥ ਜਾ ਪਏਗਾ।

ਦੁਖਮੰਤ–ਮਿੱਤ੍ਰ ! ਉਹ ਪਰਾਏ ਵਸ ਹੈ, ਤਿਸ ਪਰ ਬੀ ਉਸਦਾ ਪਿਉ ਘਰ ਨਹੀਂ ਹੈ।

ਮਾਢੱਬ-ਭਲਾ ਦੱਸੋ ਖਾਂ ਤੁਹਾਡੇ ਵਿਚ ਉਸ ਦਾ ਪ੍ਰੇਮ ਕੀਕੁਰ ਪ੍ਰਤੀਤ ਹੋਇਆ ?

ਦੁਖਮੰਤ–ਸੁਣੋ ਜੀ! ਤਪੱਸੀਆਂ ਦੀਆਂ ਕੰਨਜਾਂ ਸੁਭਾਵਕ ਹੀ ਸ਼ਰਮ ਸੰਕੋਚ ਵਾਲੀਆਂ ਹੁੰਦੀਆਂ ਹਨ।

ਮੈਂ ਜਦ ਉਸ ਦੇ ਸਨਮੁਖ ਹੋਇਆ। ਤਦ ਉਨ ਨਜ਼ਰ ਚੁਰਾਈ ਮੈਥੋਂ ਨੀਵੇਂ ਧਯਾਨ ਲਗੋਇਆ। ਫਿਰਕੇ ਕਿਸੇ ਬਹਾਨੇ ਸੇਤੀ

---

*ਬ੍ਰਹਮਾ ਨੇ ਪਹਿਲੇ ਮੂਰਤਿ ਲਿਖਕੇ ਅਥਵਾ ਸਭ ਰੂਪ ਵਾਲੀਆਂ ਦਾ ਮਨ ਵਿਚ ਧਿਆਨ ਕਰਕੇ ਇਕ ਮੂਰਤੀ ਬਨਾਈ ਹੋਵੇਗੀ, ਫਿਰ ਉਸ ਲਿਖੀ ਹੋਈ ਮੂਰਤ ਅਥਵਾ ਬਣੀ ਹੋਈ ਮੂਰਤਿ ਵਿਚ ਪ੍ਰਾਣ ਪਾਏ ਹੋਣਗੇ। ਇਸ ਤਰ੍ਹਾਂ ਸ਼ਕੁੰਤਲਾ ਬਣੀ ਹੋਵੇਗੀ। ਮੇਰੀ ਸਮਝ ਵਿੱਚ ਤਾਂ ਮਾਨੋਂ ਲੱਛਮੀ ਨੇ ਆਪ ਅਵਤਾਰ ਧਾਰਨ ਕੀਤਾ ਹੋਇਆ ਹੈ।

*ਉਸਦਾ ਸਰੂਪ ਐਸਾ ਨਿਰਦੋਸ਼ ਹੈ ਜਿਹਾਕੁ ਬਿਨਾ ਸੁੰਘਿਆ ਫੁਲ ਹੋਵੇ. ਜਾ ਅਨਟੁੱਟੀ ਨਵੀਂ ਕਰੂਮਲੀ ਹੋਵੇ, ਜਾਂ ਅਣਵਿੱਧ ਰਤਨ ਹੋਵੇ, ਅਥਵਾ ਬਿਨਾਂ ਚੱਖਿਆਂ ਨਵਾਂ ਸ਼ਹਿਤ ਬਹੁਤ ਸੁੰਦਰ ਹੋਵੇ, ਅਥਵਾ ਜੇਹਾਕੁ ਅਖੰਡ ਪੁੰਨਾਂ ਦਾ ਫਲ ਹੁੰਦਾ ਹੈ, ਪਰੰਤੂ ਮੈਂ ਨਹੀਂ ਜਾਣਦਾ ਬ੍ਰਹਮਾ ਉਹ ਰਤਨ, ਕਲੀ, ਕਰੂਮਲ, ਸ਼ਹਿਤ ਤੇ ਨਵਾਂ ਪੱਤਾ ਰੂਪ (ਸ਼ਕੁੰਤਲਾ) ਕਿਸ ਦੇ ਹੱਥ ਦੇਵੇਗਾ। [ਕਿਸ਼ਲਯ= ਨਵਾਂ ਪੱਤਾ]।

Digitized by Panjab Digital Library | www.panjabdigilib.org

ਕੁਝ ਮੁਸ਼ਕਾਨ ਦਿਖਾਈ। ਪ੍ਰਗਟ ਪ੍ਰੀਤ ਕਰ
ਸਕੀ ਨ ਅਪਣੀ ਡਾਢੀ ਲਾਜ ਸਤਾਈ।
ਤਦ ਵੀ ਗੁਪਤ ਰਹਿਆ ਕੁਝ ਨਾਹੀਂ ਭਾਵ
ਜੁ ਮਨ ਦਾ ਆਹਾ । ਕਹਣ ਕਥਨ ਵਿਚ
ਜੋ ਨਹਿੰ ਆਵੇ ਸੋ ਮੈਂ ਜਾਤਾ ਆਹਾ*।੪੫।ਪਦ

ਮਾਢੱਬ–ਹੋਰ ਕੀ ਦੇਖਦੇ ਸਾਰ ਆਪਦੇ ਕੁੱਛੜ ਵਿਚ ਆ ਬਹਿੰਦੀ ?

ਦੁਖਜੰਤ–ਫਿਰ ਜਦੋਂ ਜਾਣ ਲੱਗੀ ਤਦ ਲੱਜਾ ਵਿਚ ਵੀ ਉਸ ਸੁੰਦਰੀ ਦਾ ਪ੍ਰੇਮ ਹੀ ਮੈਨੂੰ ਪ੍ਰਤੀਤ ਹੋਇਆ।

ਜਾਣ ਲੱਗੀ ਸੀ ਉਹ ਜਿਸ ਵੇਲੇ । ਥੋੜੀ
ਦੂਰ ਜਾਇਕੇ ਠਹਿਰੀ ਰਸਤੇ ਜੰਗਲ ਬੇਲੇ।
ਲਗਾ ਦੱਭ ਦਾ ਕੰਡਾ ਕਹਜੋਸ ਦੱਭ ਨ
ਓਥੇ ਆਹੀ। ਅੜਿਆ ਬਸਤ੍ਰ ਨ ਰੁੱਖ
ਸਿਉਂ ਆਹਾ ਪਰ ਉਹ ਪਰੜਿ ਪਿਛਾਹੀਂ†।
ਲਗੀ ਛੁਡਾਉਣ ਪਿੱਛੇ ਤਕਦੀ ਥਿਬਕੀ
ਓਸੇ ਜਾ ਹੀ। ਫੇਰ ਅਗਾਹਾਂ ਸਖੀਆਂ ਸੇਤੀ
ਪੁੰਨੀ ਵਾਹੋ ਦਾਹੀ† ॥ ੪੬ ॥ ਪਦ ॥

ਮਾਢੱਬ–ਤਾਂ ਫਿਰ ਏਥੇ ਹੀ ਖਾਣ ਪੀਣ ਲਈ ਰਸਦ ਪਾਣੀ ਇਕੱਠਾ ਕਰ ਲਓ, ਕਿਉਂਕਿ ਮੈਂ ਦੇਖਦਾ ਹਾਂ ਤੁਸਾਂ ਤਪੋ ਬਨ ਨੂੰ ਘਰਦਾ ਬਗੀਚਾ ਬਣਾ ਲਿਆ ਹੈ।

ਦੁਖਜੰਤ–ਪਜਾਰੇ ਜੀ ! ਕਿਸੇ ਕਿਸੇ ਤਪੱਸ੍ਵੀ ਨੇ ਮੈਨੂੰ ਪਛਾਣ ਲੀਤਾ ਹੈ, ਹੁਣ ਇਹ ਦੱਸੋ ਕਿ ਮੈਂ ਕਿਸ ਬਹਾਨੇ ਫਿਰ ਆਸ਼੍ਰਮ ਵਿਚ ਜਾਵਾਂ ?

ਮਾਢੱਬ–ਹੋਰ ਕੀ ਬਹਾਨਾ ਕਰਨਾ ਹੋਇਆ, ਤੁਸੀਂ ਤਾਂ ਆਪ ਸੁਖ ਨਾਲ ਸੱਚ ਮੁੱਚ ਦੇ ਰਾਜਾ ਹੈ।

ਦੁਖਜੰਤ–ਰਾਜਾ ਹੋਇਆ ਤਾਂ ਫਿਰ ਕੀ ?

ਮਾਢੱਬ–ਤਪੱਸੀਆਂ ਨੂੰ ਆਖੋ ਬਨ ਦੇ ਅੰਨ ਵਿੱਚੋਂ ਮੇਰਾ ਛੇਵਾਂ ਹਿੱਸਾ ਲਿਆਓ।

ਦੁਖਜੰਤ–ਮੂਰਖ! (ਨਿਰਾ ਮੂਰਖ ਹੀ ਰਿਹੋਂ) ਏਹ ਤਪੱਸ੍ਵੀ ਤਾਂ ਅਸਾਨੂੰ ਹੋਰ ਇਕ ਇਜੇਹਾ ਹਿੱਸਾ ਦੇਂਦੇ ਹਨ ਜਿਸ ਦੇ ਅੱਗੇ ਰਤਨਾਂ ਦਾ ਢੇਰ ਵੀ ਕੁਝ ਚੀਜ਼ ਨਹੀਂ। ਦੇਖ:–

ਹੋਰ ਪ੍ਰਜਾ ਦੇ ਲੋਕਾ ਪਾਸੋਂ। ਜੋ ਕੁਝ ਅਸੀਂ
ਮਾਮਲਾ ਲੈਂਦੇ ਸੋ ਧਨ ਦੇਂਦਿ ਬਿਨਾਸੇ।
ਛੇਵਾਂ ਹਿੱਸਾ ਤਪ ਦਾ ਤਪਸੀ, 'ਸ਼ੀਰਵਾਦ
ਜੋ ਦੇਂਦੇ। ਸੋ ਹੈ ਅਜਰ ਅਮਰ ਨਹਿੰ ਜਾਂਦਾ
ਉਹ ਇਨਹਾਂ ਥੋਂ ਲੈਂਦੇ* ॥ ੪੭ ॥ਪਦ॥

ਨੇਪਥ ਵਿੱਚੋਂ–ਵਾਹਵਾ ਜੀ ਸਾਡਾ ਤਾਂ ਮਨੋਰਥ ਪੂਰਨ ਹੋ ਗਿਆ।

ਦੁਖਜੰਤ (ਕੰਨ ਲਾਕੇ)–ਇਹ ਤਾਂ ਧੀਰ ਸ਼ਾਂਤਿ ਬੋਲ ਤਪੱਸੀਆਂ ਜੇਹਾ ਪ੍ਰਤੀਤ ਹੁੰਦਾ ਹੈ।

[ਦਰਵਾਨ ਆਉਂਦਾ ਹੈ

ਦਰਵਾਨ–ਸ੍ਵਾਮੀ ਦੀ ਜੈ ਹੋਵੇ ਮਹਾਰਾਜ ! ਦੋ ਰਿਖੀਆਂ ਦੇ ਲੜਕੇ ਡਿਉਢੀ ਤੇ ਆਏਹਨ।

ਦੁਖਜੰਤ–ਬੜੀ ਛੇਤੀ ਅੰਦਰ ਲੈ ਆਓ।

ਦਰਵਾਨ–ਸਤਿ ਬਚਨ, ਹੁਣੇ ਲਿਆਇਆ।

---

*ਪ੍ਰੇਮ ਦੇ ਵਿਹਾਰ ਲੱਜਾ ਵਿਚ ਵੀ ਓਹ ਨਹੀਂ ਛੁਪਾ ਸਕੀ ਕਿਉਂਕਿ ਭਾਵੇਂ ਮੇਰੀ ਵਲੋਂ ਉਨ੍ਹ ਨਜ਼ਰ ਨੀਵੀਂ ਹੀ ਰਖੀ ਦੱਖੀ ਹੈ, ਤਦ ਵੀ ਕਿਸੇ ਨ ਕਿਸੇ ਬਹਾਨੇ ਰਤਾਕੁ ਮਿੱਠਾ ਜੇਹਾ ਮੁਸਕ੍ਰਾ ਵੀ ਗਈ ਹੈ।

†ਭਾਵੇਂ ਓਥੇ ਦੱਭ ਦਾ ਨਾਮ ਨਿਸ਼ਾਨ ਵੀ ਨਹੀਂ ਸੀ, ਤਦ ਵੀ ਥੋੜ੍ਹੀ ਦੂਰ ਜਾਕੇ ਖੜੋ ਗਈ ਤੇ ਕਹਿਣ ਲੱਗੀ–ਹਾਇ ! ਮੇਰੇ ਪੈਰ ਵਿੱਚ ਦੱਭ ਦਾ ਕੰਡਾ ਚੁਭ ਗਿਆ ਹੈ। ਭਾਵੇਂ ਕਿਸੇ ਰੁੱਖ ਨਾਲ ਬਲਕੁਲ ਬਸਤ੍ਰ ਨਹੀਂ ਅੜਿਆ ਸੀ, ਤਦ ਵੀ ਕੱਪੜਾ ਸੁਲਝਾਉਣ ਦੇ ਬਹਾਨੇ ਮੇਰੀ ਵੱਲ ਮੂੰਹ ਕਰਕੇ ਥਿਬਕ ਗਈ ਸੀ।

*ਜੋ ਮਾਮਲਾ ਰਾਜਾ ਹੋਰਨਾਂ ਲੋਕਾਂ ਪਾਸੋਂ ਲੈਂਦਾ ਹੈ ਓਹ ਸਭ ਨਾਸ਼ਵੰਤ ਹੈ, ਪਰੰਤੂ ਜੋ ਅਸ਼ੀਰਵਾਦ ਰੂਪੀ ਛੇਵਾਂ ਹਿੱਸਾ ਮਾਮਲਾ ਤਪੱਸੀਆਂ ਪਾਸੋਂ ਮਿਲਦਾ ਹੈ, ਓਹ ਅਜਰ ਅਮਰ ਹੈ।

Digitized by Panjab Digital Library | www.panjabdigilib.org

(ਬਾਹਰ ਜਾਕੇ ਰਿਖੀ ਕੁਮਾਰਾਂ ਨੂੰ ਨਾਲ ਲੈਕੇ ਫਿਰ ਅੰਦਰ ਆਉਂਦਾ ਹੈ) ਐਧਰ ਆਓ, ਐਧਰ ਆਓ।[ਦੋਵੇਂ ਰਾਜਾ ਵੰਨੀ ਤੱਕਦੇਹਨ

ਪਹਿਲਾ ਰਿਖੀ ਕੁਮਾਰ–ਵਾਹਵਾ! ਇਸ ਰਾਜਾ ਦਾ ਸ਼ਰੀਰ ਭਾਵੇਂ ਜਾਜੁਲਜਮਾਨ ਅਰਥਾਤ ਅਤਿਸ਼ੈ ਤੇਜ ਵਾਲਾ)ਹੈ,ਪਰੰਤੂ ਸਾਨੂੰ ਫਿਰ ਵੀ ਇਸ ਤੇ ਭਾਰੀ ਭਰੋਸਾ ਪੈਂਦਾ ਹੈ। ਕਿਉਂ ਨ ਹੋਵੇ ਇਹ ਬੀ ਤਾਂ ਰਿਖੀਆਂ ਵਾਂਕਰ ਹੀ ਰਹਿੰਦਾ ਹੈ।

ਇਹ ਛੱਡ ਨਗਰ ਨੂੰ ਆਇਆ। ਆਇ ਤਪੋਬਨ ਆਸ਼੍ਰਮ ਵਸਿਆ ਸ਼ਾਂਤਿ ਸੁਭਾਉ ਦਿਖਾਇਆ। ਫਿਰ ਵੀ ਪ੍ਰਜਾ ਆਪਣੀ ਪਾਲੇ ਇਹ ਤਪ ਇਸ ਦਾ ਭਾਰੀ। ਇਸ ਤੇ ਰਾਜ ਰਿਖੀ ਇਹ ਰਾਜਾ ਤਪ ਨਿਤ ਮੰਚੈ ਕਾਰੀ। ਇਸ ਨੂੰ ਗਾਉਣ ਵਿੱਚ ਸੁਰਗ ਦੇ ਉਸਤਤ ਗੀਤ ਬਣਾਕੇ। ਚਾਰਣ ਲੋਗ ਵਹੁਟੀਆਂ ਨਾਲੇ ਰਾਜ ਰਿਖੀ ਪਦ ਲਾਕੇ* ॥ ੬੮ ॥ ਪਦ ॥

ਦੂਜਾ ਰਿਖੀ ਕੁਮਾਰ–ਜੈਤਮ ਜੀ! ਕੀਹ ਏਹੋ ਇੰਦ੍ਰ ਦਾ ਮਿੱਤ੍ਰ ਰਾਜਾ ਦੁਖਜੰਤ ਹੈ?

ਪਹਿਲਾ–ਹਾਂ ਜੀ, ਏਹੋ ਹੈ।

ਦੂਜਾ–ਏਸੇ ਤੋਂ:–

ਹੈ ਇਸ ਦੀ ਹਦ ਸਾਗਰ ਤਾਈਂ। ਪ੍ਰਿਥਵੀ ਪਤਿ ਇਹ ਅਹੈ ਇਕੱਲਾ ਭਰਮ ਭੇਦ ਕਿਛ ਨਾਹੀਂ। ਇਸ ਵਿਚ ਕੁਛ ਅਚਰਜ ਨਹਿੰ ਭਾਸੇ ਨਗਰ ਦ੍ਵਾਰ ਅਰਗਲ ਸਮ ਬਾਹੀ। ਜਿਦ੍ਹੇ ਧਨੁਖ ਦੇ ਚੜ੍ਹਿਆਂ ਦੂਜੇ ਬੱਜ੍ਰ ਇੰਦ੍ਰ ਕਰੜਾਹੀਂ। ਦੱਖਣ ਆਸ ਦੇਵਤਾ ਸਾਰੇ ਅਸੁਰਾਂ ਨੂੰ ਰਨ ਜੀਤ ਸਕਾਹੀ* ॥੪੯॥ਪਦ॥

ਦੋਵੇਂ (ਰਾਜਾ ਦੇ ਕੋਲ ਵਾਰ ਜਾਕੇ)–ਮਹਾਰਾਜ ਦੀ ਜੈ ਹੋਵੇ!

ਦੁਖਜੰਤ(ਆਸਨ ਤੋਂ ਉੱਠਕੇ)–ਤੁਹਾਨੂੰ ਦੋਹਾਂ ਨੂੰ ਪ੍ਰਣਾਮ ਕਰਦਾ ਹਾਂ।

ਦੋਵੇਂ (ਫੁੱਲ ਭੇਟਾ ਕਰਦੇ ਹਨ)–ਤੇਰਾ ਕਲਜਾਨ ਹੋਵੇ!

ਦੁਖਜੰਤ (ਪ੍ਰਣਾਮ ਕਰਕੇ ਭੇਟਾ ਲੈਂਦਾ ਹੈ)–ਕੀ ਆਗਜਾ ਹੈ?

ਦੋਵੇਂ–ਮਹਾਰਾਜ! ਆਸ਼੍ਰਮ ਵਾਸੀਆਂ ਨੇ ਇਹ ਜਾਣਕੇ ਕਿ ਆਪ ਏਥੇ ਠਹਿਰੇ ਹੋ ਕੁਛ ਬੇਨਤੀ ਕੀਤੀ ਹੈ।

ਦੁਖਜੰਤ–ਕੀ ਕਿਰਪਾ ਕੀਤੀ ਹੈ?

ਦੋਵੇਂ–ਅਸਾਡੇ ਗੁਰੂ ਜੀ ਕੰਨ੍ਹ ਰਿਖੀ ਏਥੇ ਨਹੀਂ ਹਨ,ਇਸ ਲਈ ਰਾਖਸ਼ ਲੋਗ ਆਕੇ ਯੱਗਜ ਵਿਚ ਵਿਘਨ ਪਾਉਂਦੇ ਹਨ, ਸੋ ਤੁਸੀਂ ਆਪਣੇ ਰਥਵਾਹੀ ਸਮੇਤ ਕੁਝ ਰਾਤਾਂ ਇਸ ਆਸ਼੍ਰਮ ਨੂੰ ਸਨਾਥ ਕਰੋ।

ਦੁਖਜੰਤ–ਇਹ ਤਾਂ ਮੇਰੇ ਪਰ ਬੜੀਕ੍ਰਿਪਾਕੀਤੀ।

ਮਾਢਬ (ਸੈਨਤ ਕਰਕੇ)–ਹੁਣ ਤਾਂ ਮਨੋ ਕਾਮਨਾ

---

*ਇਹ ਰਾਜਾ ਰਿਖੀਆਂ ਨਾਲੋਂ ਕੋਈ ਘੱਟ ਨਹੀਂ, ਕਿਉਂਕਿ ਇਸ ਨੇ ਨਗਰ ਛੱਡਿਆ ਹੈ ਅਤੇ ਆਸ਼੍ਰਮ ਵਿਚ ਆਕੇ ਨਿਵਾਸ ਕਰ ਲਿਆ ਹੈ। ਤਿਸ ਪਰ ਫਿਰ ਵੀ ਆਪਣੀ ਪਰਜਾ ਦਾ ਪਾਲਨ ਕਰਦਾ ਹੈ। ਇਸ ਦੇ ਲਈ ਏਹੋ ਭਾਰੀ ਤਪ ਹੈ, ਇਸ ਨੂੰ ਸੁਰਗ ਵਿਚ ਚਾਰਣ ਲੋਕ ਆਪਣੀਆਂ ਵਹੁਟੀਆਂ ਸਮੇਤ ਰਿਖੀ ਪਦ ਕਹਿਕੇ ਕੀਰਤੀ ਗਾਇਨ ਕਰਦੇ ਹਨ, ਨਿਰਾ 'ਰਿਖਿ' ਪਦ ਨਾਲ ਜੋੜ ਲੈਂਦੇ ਹਨ ਜਿਸ ਕਰਕੇ 'ਰਾਜ ਰਿਖੀ' ਨਾਮ ਹੋ ਜਾਂਦਾ ਹੈ।

*ਤਾਂ ਫਿਰ ਕੀਹ ਅਚਰਜ ਹੈ ਕਿ ਇਹ ਇਕੱਲਾ ਨਗਰ ਦ੍ਵਾਰ ਦੀ ਅਰਗਲ ਸਮਾਨ ਆਪਣੀਆਂ ਲੰਮੀਆਂ ਬਾਹਾਂ ਕਰਕੇ ਸਮੁੰਦ੍ਰ ਤਾਈਂ ਸਾਰੀਪ੍ਰਿਥਵੀ ਤੇ ਰਾਜ ਕਰਦਾ ਹੈ। ਸੁਰਗ ਵਿਚ ਦੇਵਤਾ ਇੰਦਰ ਦੇ ਵੱਜਰ ਕਰਕ ਅਤੇ ਇਸ ਦੇ ਧਨੁਖ ਕਰਕੇ ਆਪਣੇ ਵੈਰੀ ਦੈਂਤਾਂ ਤੇ ਜੀਤ ਪ੍ਰਾਪਤ ਕਰਨ ਦੀ ਆਸ਼ਾ ਰਖਦੇ ਹਨ।

Digitized by Panjab Digital Library | www.panjabdigilib.org

ਪੂਰਨ ਹੋ ਗਈ ਨਾ।

ਦੁਖਯੰਤ (ਮੁਸਕਰਾਕੇ)—ਰੈਵੀਵੱਤਕ ! ਤੂੰ ਰਥ-ਵਾਹੀ ਨੂੰ ਆਗਿਆਦੇਹ, ਰਥਜੋਤਕੇ ਲਿਆਵੇ ਅਤੇ ਮੇਰਾ ਧਨੁਖ ਬਾਣ ਵੀ ਲਈ ਆਵੇ।

ਦਰਵਾਨ—ਜੋ ਮਹਾਰਾਜ ਦੀ ਆਗਿਆ।

[ਬਾਹਰ ਜਾਂਦਾ ਹੈ

ਦੋਵੇਂ ਰਿਖੀ ਕੁਮਾਰ—(ਪ੍ਰਸੰਨ ਹੋਕੇ):—

ਚਲਤ ਲੀਕ ਵਡਿਆਂ ਦੀ ਰਾਜਾ । ਹੈ ਲਾਇਕ ਵੀ ਆਪ ਜੋਗ ਇਹ ਧਰਮ ਧੁਜਾ ਮਹਾਰਾਜਾ। ਸ਼ਰਨ ਪਏ ਦੁਖੀਆਂ ਦੇ ਦੁਖ ਨੂੰ ਦੂਰ ਕਰਨ ਹਰ ਵੇਲੇ । ਰਹੋ ਤਿਆਰ ਕਮਰ ਕਸ ਫੌਜਾਂ ਹਥਿਆਰਨ ਹਥ ਲੈ ਲੈ। ਪੁਰੁਵੰਸ਼ੀ ਯਜਮਾਨ ਅਸਾਡੇ ਆਸ਼੍ਰਮ ਰੱਛਾ ਕਾਰਨ। ਕਾਰਜ ਕਰੋ ਬਰੋਬਰ ਵਡਿਆਂ ਅਤੇ ਨੀਤ ਪ੍ਰਤਿਪਾਰਨ* ॥੫੦॥ ਪਦ ॥

ਦੁਖਯੰਤ(ਨਮਸਕਾਰ ਕਰਕੇ)—ਆਪ ਚਲੀਏ ਮੈਂ ਭੀ ਆਪ ਦੇ ਪਿੱਛੇ ਪਿੱਛੇ ਆਇਆ।

ਦੋਵੇਂ—ਸਦਾ ਜੈ ਰਹੇ ! [ਦੋਵੇਂ ਜਾਂਦੇ ਹਨ

ਦੁਖਯੰਤ—ਮਾਢੱਬਜ ! ਕੀ ਤੇਰੇ ਜੀ ਵਿਚ ਵੀ ਸ਼ਕੁੰਤਲਾ ਦੇ ਦੇਖਣ ਦੀ ਇੱਛਾ ਹੈ ?

ਮਾਢੱਬ—ਪਹਿਲੇ ਤਾਂ ਬੜੀ ਉਮੰਗ ਸੀ, ਪੰਤੂ ਜਿਸ ਵੇਲੇ ਤੋਂ ਰਾਛਸਾਂ ਦਾ ਨਾਉਂ ਸੁਣਿਆ ਹੈ, ਉਸ ਵੇਲੇ ਤੋਂ ਚਾਉ ਮੱਠਾ ਪੈ ਗਿਆ ਹੈ।

ਦੁਖਯੰਤ—ਡਰਦਾ ਕਿਉਂ ਹੈਂ ਤੂੰ ਮੇਰੇ ਪਾਸ ਰਹੀਂ।

ਮਾਢੱਬ—ਰਾਖਾ ਬਣਿਆ ਰਹਾਂਗਾ।

[ਦਰਬਾਨ ਫਿਰ ਅੰਦਰ ਆਉਂਦਾ ਹੈ

ਦਰਬਾਨ—ਮਹਾਰਾਜ! ਰਥ ਆ ਗਿਆਹੈ ਅਤੇ ਅੰਮਾਂ ਜੀ ਦੀ ਕੁਝ ਆਗਿਆ ਲੈਕੇ ਕਰਭਕ ਨਾਮੀ ਦੂਤ ਭੀ ਨਗਰ ਥੋਂ ਆਇਆ ਹੈ।

ਦੁਖਯੰਤ (ਸਤਿਕਾਰ ਕਰਕੇ)—ਕੀ ਮਾਤਾ ਜੀ ਦਾ ਭੇਜਿਆ ਆਇਆ ਹੈ ?

ਦਰਬਾਨ—ਹਾਂ ਜੀ।

ਦੁਖਯੰਤ—ਤਾਂ ਉਸਨੂੰ ਲੈ ਆਓ।

ਦਰਬਾਨ—ਜੋ ਆਗਿਆ, (ਬਾਹਰ ਜਾਕੇ ਫਿਰ ਕਰਭਕ ਸਮੇਤ ਆਉਂਦਾਹੈ)ਮਹਾਰਾਜ ਇਧਰ ਹਨ, ਸਾਮ੍ਹਣੇ ਵੰਨੀ ਜਾਹ।

ਕਰਭਕ—ਸੁਆਮੀ ਜੀ ਦੀ ਜੈ ਹੋਵੇ! ਮਹਾਰਾਜ! ਅੰਮਾਂ ਜੀ ਨੇ ਆਗਿਆ ਕੀਤੀ ਹੈ ਕਿ ਅੱਜ ਤੋਂ ਚੌਥੇ ਦਿਨ ਪੁੱਤ੍ਰ ਪਿੰਡ ਪਾਲਨ ਉਪਾਸ* ਹੋਵੇਗਾ, ਉਸ ਵੇਲੇ ਤੁਸੀਂ ਵੀ, ਸਦਾ ਜੀਓ ! ਅਵੱਸ਼ ਆਕੇ ਸਾਨੂੰ ਪ੍ਰਸੰਨ ਕਰਨਾ।

---

*ਰਾਜਾ ਜੀ ਤੁਸੀਂ ਆਪਣੇ ਵਡਿਆਂ ਦੀ ਰੀਤੀ ਉੱਤੇ ਚਲਦੇ ਹੋ ਅਤੇ ਉਨ੍ਹਾਂ ਹੀ ਜੇਹੇ ਕੰਮ ਕਰਦੇ ਹੋ, ਇਸ ਲਈ ਤੁਹਾਨੂੰ ਆਸ਼੍ਰਮ ਦੀ ਰੱਛਾ ਕਰਨੀ ਅਵੱਸ਼ਯ ਹੈ। ਇਹ ਗੱਲ ਸਾਰੇ ਪ੍ਰਸਿੱਧ ਹੀ ਹੈ ਕਿ ਸ਼ਰਨ ਪਇਆਂ ਦਾ ਦੁੱਖ ਦੂਰ ਕਰਨ ਲਈ ਪੁਰੁ-ਬੰਸੀ ਲੋਕ ਸਦਾ ਹੀ ਲੱਕ ਬੰਨ੍ਹੀ ਤਿਆਰ ਹੀ ਰਹਿੰਦੇ ਹਨ।

*ਇਹ ਪਦ 'ਪੁੱਤ੍ਰ ਪਿੰਡ ਪਾਲਨ ਉਪਵਾਸ' ਹੈ, ਇਕੋ ਦਿਸਟ ਸ੍ਰਾਧ ਜੋ ਇਕ ਪਿਤਾ ਅਥਵਾ ਇਕੋ ਕਿਸੇ ਪਿਤਰ ਨਮਿੱਤ ਕੀਤਾ ਜਾਂਦਾ ਹੈ, ਇਸ ਵਿਚ ਗਿਣਤੀ ਦੇ ਜੁਸਤ ਬ੍ਰਾਹਮਣਾਂ ੨—੪—੬—੮ ਨੂੰ ਨਿਉਤਾ ਹੁੰਦਾ ਹੈ, ਯਜਮਾਨ ਅਤੇ ਬ੍ਰਾਹਮਣ ਓਸ ਦਿਨ ਬਿਨਾਂ ਓਸ ਅੰਨ ਦੇ—ਜੋ ਪਿਤਰ ਲਈ ਤਯਾਰ ਕੀਤਾ ਹੈ—ਹੋਰ ਕੁਝ ਨਹੀਂ ਖਾਂਦੇ ਪੀਂਦੇ। ਅਤੇ ਪਾਰਬਣ ਉਸ ਸ੍ਰਾਧ ਨੂੰ ਕਹਿੰਦੇ ਹਨ, ਜਿਸ ਵਿਚ ਸਾਰੇ ਪਿਤਰਾਂ ਲਈ ਨਿਮੰਤ੍ਰਣ ਹੁੰਦਾ ਹੈ ਤੇ ਬ੍ਰਾਹਮਣ ਵੀ ਤਾਕ ੧—੩—੫—੭—੧੧ ਆਦਿਕ ਹੁੰਦੇ ਹਨ। ਆਗਿਆ ਪਾਕੇ ਪੁਤਰ ਦੀ ਅਤਜਵਸਕ ਬ੍ਰਹਮਣ ਜਾਂ ਕੋਈ ਦੂਸਰਾ ਸਨਬੰਧੀ ਵੀ ਕਰਾ ਸਕਦਾ ਹੈ।

Digitized by Panjab Digital Library | www.panjabdigilib.org

ਦੁਖਜੰਤ–ਏਧਰ ਤਪੱਸੀਆਂ ਦਾ ਕੰਮ, ਓਧਰ ਵਡਿਆਂ ਦੀ ਆਗਜਾ ਇਨ੍ਹਾਂ ਦੋਹਾਂ ਵਿਚੋਂ ਮੈਂ ਇੱਕ ਵੀ ਨਹੀਂ ਉਲੰਘਣੀ ਚਾਹੁੰਦਾ, ਹੁਣ ਕਰਾਂ ਤਾਂ ਮੈਂ ਕੀ ਕਰਾਂ ?

ਮਾਢੱਬ (ਹੱਸਕੇ)–ਹੁਣ ਤ੍ਰਿਸ਼ੰਕੂ* ਬਣਕੇ ਏਥੇ ਹੀ ਠਹਿਰੇ ਰਹੋ।

ਦੁਖਜੰਤ–ਇਸ ਵੇਲੇ ਮੈਂ ਸੱਚ ਮੁੱਚ ਘਾਬਰ ਗਿਆ ਹਾਂ।

ਮੈਨੂੰ ਕੰਮ ਦੁਰਾਡੇ ਪਏ। ਇੱਕੋ ਜਿਹੇ ਤੇ ਇੱਕੋ ਵੇਲੇ ਉੱਕਣ ਜੋਗ ਨ ਏਹ। ਇਕ ਛੱਡਾਂ ਇਕ ਕਰਾਂ ਜੋਗ ਨਹਿੰ ਤਾਂ ਫਿਰ ਛੱਡਾਂ ਕਿਹੜਾ। ਇਸ ਤੋਂ ਸੱਚ ਬਹੁਤ ਘਬਰਾਇਆ ਮਨ ਮੰਤ੍ਰੀ ਸੀ ਜਿਹੜਾ। ਜੀਕੁਰ ਵਿੱਚ ਨਦੀ ਦੇ ਹੋਵੇ ਪਇਆ ਚਟਾਨ ਉਚੇਰਾ। ਪਾਣੀ ਚੀਰ ਕਰੇ ਦੁਹੁ ਪਾਸੀਂ ਇਉਂ ਮਨਦ੍ਵਿਆਮੇਰਾ†॥੫੧॥ਪਦ।

(ਸੋਚ ਸੋਚ ਕੇ) ਸਖਾ ਮਾਢੱਬ! ਤੈਨੂੰ ਵੀ ਤਾਂ ਅੰਮਾਂ ਜੀ ਪੁੱਤ੍ਰ ਹੀ ਕਹਿਕੇ ਬੁਲਾਇਆ ਕਰਦੇ ਹਨ, ਇਸ ਲਈ ਤੂੰਓਂ ਹੀ ਨੱਗਰ ਨੂੰ ਜਾਹ ਅਤੇ ਮੇਰੀ ਵੱਲੋਂ ਅੰਮਾਂ ਜੀ ਨੂੰ ਕਹੀਂ ਕਿ ਮੈਨੂੰ ਤਪੱਸੀਆਂ ਦਾ ਕਾਰਜ ਕਰਨਾ ਅਤਿ ਜ਼ਰੂਰੀ ਹੈ ਤੇ ਤੂੰ ਓਹੋ ਕੰਮ ਕਰੀਂ ਜੋ ਪੁੱਤ੍ਰ ਕਰਦਾ ਹੈ।

ਮਾਢੱਬ–ਇਹ ਤਾਂ ਮੈਂ ਸਭ ਕੁਝ ਕਰਾਂਗਾ, ਪਰ ਤੁਸੀਂ ਕਿਤੇ ਇਹ ਤਾਂ ਨਹੀਂ ਸਮਝ ਬੈਠੇ ਕਿ ਮੈਂ ਕਿਤੇ ਰਾਖਸ਼ਾਂ ਤੋਂ ਡਰ ਗਿਆ ਹਾਂ।

ਦੁਖਜੰਤ (ਮੁਸਕ੍ਰਾਕੇ)–ਨਹੀਂ, ਤੂੰ ਵਡਾ ਬ੍ਰਹਮਣ ਹੈਂ, ਅਸੀਂ ਅਜੇਹਾ ਕਿਉਂ ਸਮਝਾਂਗੇ ?

ਮਾਢੱਬ–ਤਾਂ ਮੈਨੂੰ ਹੁਣ ਰਾਜਾ ਦੇ ਛੋਟੇ ਭਿਰਾਉ ਵਾਕਰ ਜਾਣਾ ਚਾਹੀਏ ?

ਦੁਖਜੰਤ–ਹਾਂ, ਇਸੇ ਵਾਸਤੇ ਇਹ ਸਾਰੀ ਭੀੜ ਭਾੜ ਵੀ ਤੇਰੇ ਨਾਲ ਹੀ ਭੇਜਨਾਂ ਹਾਂ, ਕਿਉਂਕਿ ਤਪੋ ਬਨ ਤੋਂ ਵਿਘਨ ਦੂਰ ਹੀ ਰਹਿਣੇ ਚੰਗੇ ਹਨ।

ਮਾਢੱਬ (ਸਿਰ ਉੱਚਾ ਕਰਕੇ)–ਤਦ ਤਾਂ ਮੈਂ ਅਜ ਯੁਵਰਾਜ* ਹੀ ਹੋਇਆ।

ਦੁਖਜੰਤ(ਆਪਣੇ ਜੀ ਵਿਚ)–ਇਹ ਬੜਾ ਚੰਚਲ ਪੁਰਖ ਹੈ ਕਿਤੇ ਮੇਰੀ ਇਸ ਲਗਨ ਦਾ ਹਾਲ ਰਣਵਾਸ ਵਿੱਚ ਨ ਜਾ ਕਹੇ, ਇਸ ਲਈ ਇਸਨੂੰ ਇਉਂ ਆਖਾਂ (ਮਾਢੱਬ ਦਾ ਹਥ ਫੜਕੇ ਪ੍ਰਗਟ) ਮਿੱਤਰ ਜੀ! ਮੈਂ ਨਿਰੀ ਰਿਖੀਆਂ ਦੀ ਵਡਿਆਈ ਰੱਖਣ ਲਈ ਇਸ ਤਪੋਬਨ ਵਿੱਚ ਜਾਨਾ ਹਾਂ, ਇਹ ਤੂੰ ਨਿਸ਼ਚੇ ਜਾਣ ਛੱਡ ਕਿ ਤਪੱਸ੍ਵੀ ਦੀ ਕੰਨਜਾਂ ਸ਼ਕੁੰਤਲਾ ਵਿੱਚ ਮੇਰੀ ਚਾਹ ਨਹੀਂ, ਭਲਾ ਦੇਖ ਤਾਂ ਸਹੀ।

ਕਿੱਥੇ ਅਸੀਂ ਨਗਰ ਦੇ ਵਾਸੀ ? ਕਿਥੇ ਓਹ
ਪਲੀ ਵਿਚ ਹਰਨਾਂ ਰਹੇ ਸਦਾ ਬਨਬਾਸੀ॥
ਉਹ ਕੀ ਰਸ ਸ਼ਿੰਗਾਰ ਨੂੰ ਜਾਣੇ ਅਹੈ

---

*ਤ੍ਰਿਸੰਕੂ ਦੀ ਕਥਾ ਸਾਰੇ ਪ੍ਰਸਿੱਧ ਹੀ ਹੈ, ਕਿ ਓਹ ਅਜੁੱਧਿਆ ਦਾ ਰਾਜਾ ਸੀ, ਵਸਿਸ਼ਟ ਮੁਨੀ ਦੇ ਬੇਟਿਆਂ ਦੇ ਸ੍ਰਾਪ ਕਰਕੇ ਚੰਡਾਲ ਹੋ ਗਿਆ ਸੀ, ਪਰੰਤੂ ਬਿਸਵਾਮਿਤਰ ਨੇ ਪ੍ਰਸੰਨ ਹੋਕੇ ਉਸਨੂੰ ਸੰਦੇਹ ਸੁਰਗ ਭੇਜਣਾ ਚਾਹਿਆ ਸੀ, ਜਦ ਓਹ ਸੁਰਗ ਦੇ ਪਾਸ ਪੁੱਜਾ ਤਾਂ ਦੇਵਤਿਆਂ ਨੇ ਓਥੋਂ ਡੇਗ ਦਿੱਤਾ; ਪਰੰਤੂ ਬਿਸਵਾਮਿੱਤ੍ਰ ਨੇ ਪ੍ਰਿਥਵੀ ਤੇ ਉਸਨੂੰ ਨਾ ਡਿੱਗਣ ਦਿੱਤਾ। ਤਦੋਂ ਤੋਂ ਉਹ ਵਿਚਾਰਾ ਪ੍ਰਿਥਵੀ ਅਤੇ ਸੁਰਗ ਦੇ ਵਿਚਕਾਰ ਲਟਕ ਰਿਹਾ ਹੈ।

†ਦੂਰ ਦੂਰ ਤੇ ਦੋ ਕੰਮਾਂ ਨੂੰ ਇੱਕੋ ਵੇਲੇ ਵਿਚ ਕਰਨ, ਜੋ ਦੋਵੇਂ ਹੀ ਅਤ ਜ਼ਰੂਰੀ ਹੋਣ ਸੋ ਕੀਕਰ ਹੋ ਸਕਣ, ਇਸ ਸੋਚ ਵਿਚਾਰ ਵਿਚ ਮੇਰਾ ਮਨ ਇੱਕੁਰ ਵੰਡਿਆ ਗਿਆ ਹੈ ਜੀਕੁਰ ਚਟਾਨ ਪੱਥਰ ਦੇ ਨਾਲ ਨਦੀ ਦਾ ਪਾਣੀ ਟੱਕਰ ਖਾਕੇ ਦੋਹੀਂ ਲਾਂਭੀਂ ਵਹਿ ਨਿੱਕਲਦਾ ਹੈ।

*ਨਾਇਬੁਲ ਸਲਤਨਤ।

Digitized by Panjab Digital Library | www.panjabdigilib.org

ਸੱਚ ਨ ਤੂੰ ਮਨ ਮਾਨੀ* ॥ਪੜੋ॥ ਪਦ।

ਮਾਢੱਬ–ਸੱਚ ਹੈ। [ਸਭ ਚਲੇ ਜਾਂਦ ਹਨ

ਦੂਸਰਾ ਨਾਟ ਸਮਾਪਤ

ਜਾਨਵਰ ਨੇਹੀ। ਮੈਂ ਏਨੂੰ ਸੀ ਜੋ ਕੁਝ ਕਹਿਆ ਉਹ ਸੀ ਬਾਤ ਇਵੇਹੀ। ਮਨ ਪਰਚਾਵਣ ਵਾਲੀ ਸੀ ਇਕ ਘੜਕੇ ਕਹੀ ਕਹਾਨੀ। ਵਿੱਚ ਨ ਉਸਦੇ ਸੀ ਕੁਝ ਸੱਤਜਾ

—o—

ਤੀਸਰੇ ਨਾਟ ਦੇ ਮੱਧੇ

ਸਥਾਨ–ਤਪੋਬਨ

[ਰਿਤੰਜਬ੍ਰਾਹਮਣ ਦਾ ਚੇਲਾ ਹੱਥ ਵਿਚ ਕੁਸ਼ਾ ਲਈ ਆਉਂਦਾ ਹੈ]

ਚੇਲਾ (ਆਪਣੇ ਆਪ)—ਵਾਹਵਾ! ਦੁਖਜੰਤ ਬੜਾ ਪ੍ਰਤਾਪੀ ਰਾਜਾ ਹੈ ਜਿਸ ਦੇ ਪੈਰ ਬਨ ਵਿਚ ਪੈਂਦਿਆਂ ਹੀ ਅਸਾਡੇ ਸਾਰੇ ਧਰਮ ਕਾਰਜ ਨਿਰਵਿਘਨ ਹੋਣ ਲਗ ਪਏ ਹਨ।

ਤੀਰ ਚੜ੍ਹਾਉਣ ਰੱਲ ਕੀ, ਢਿੱਲੇ ਦਾ ਟੰਕਾਰ।
ਦੂਰੋਂ ਕਰਦਾ ਦੂਰ ਹੈ ਮਨੋਂ ਧਨੁਖ ਹੁੰਕਾਰ†॥ਪੜ॥

ਦੁਣ ਚੱਲਾਂ ਵੇਦ ਤੇ ਵਿਛਾਉਣ ਲਈ ਏ ਕੁਸ਼ਾ ਰਿਤ੍ਵੱਗ‡ ਬ੍ਰਾਹਮਣਾਂ ਨੂੰ ਦੇਣੀ ਹੈ। (ਫਿਰਕੇ ਅਤੇ ਏਧਰ ਓਧਰ ਵੇਖਕੇ) ਹੇ ਪ੍ਰਿਯੰਬਦਾ! ਤੂੰ ਕਿਸ ਦੇ ਵਾਸਤੇ ਇਹ ਉਸੀਰ§ ਲੇਪ§ ਅਤੇ ਨਾਲਾਂ ਸਮੇਤ ਕੌਲ ਫੁੱਲਾਂ ਦੇ ਪੱਤੇ ਲਈ ਜਾਨੀ ਹੈਂ? (ਹੈਨਲਾਕੇ) ਕੀ ਆਖਿਆ ਹਈ? ਧੁੱਪ ਕਰਕੇ ਸ਼ਕੁੰਤਲਾ ਬਹੁਤ ਘਾਬਤ ਗਈ ਹੈ, ਉਸ ਦੇ ਸਰੀਰ ਤੇ ਲਾਉਣ ਲਈ ਇਹ ਠੰਢਿਆਈ ਲਈ ਜਾਨੀ ਹਾਂ; ਤਾਂ ਚੰਗਾ ਜਾਹ, ਬਹੁਤ ਜਤਨ ਨਾਲ ਉਪਾਉ ਕਰਨਾ, ਕਿਉਂ ਕਿ ਇਹ ਕੰਨ੍ਹਜਾ ਗੁਰੂ ਕੰਨ੍ਹ ਦੇ ਪ੍ਰਾਣ ਹਨ, ਮੈਂ ਭੀ ਏਨੂੰ ਗੌਤਮੀ ਦੇ ਹੱਥੀਂ ਯੱਗਜ ਮੰਤ੍ਰ ਦਾ ਸ਼ਾਂਤਿ ਜਲ ਭੇਜਨਾ ਹਾਂ। [ਜਾਂਦਾ ਹੈ

ਇਤੀ ਮੱਧੇ।

—o—

*ਕਿੱਥੇ ਅਸੀਂ ਅਤੇ ਕਿੱਥੇ ਓਹ ਲੜਕੀ ਜਿਹੜੀ ਹਰਨਾਂ'ਆਂ ਨਾਲ ਜੰਮੀ ਪਲੀ ਹੋਈ ਹੈ, ਭਲਾ ਇਹ ਬਨਬਾਸਣ ਸ਼ਿੰਗਾਰ ਰਸ ਦੀਆਂ ਗੱਲਾਂ ਨੂੰ ਕੀ ਜਾਣੇ, ਮੈਂ ਜੋ ਕੁਝ ਤੇਰੇ ਤਾਈਂ ਉਸਦੀ ਬਾਬਤ ਆਖਿਆ ਸੀ ਓਹ ਨਿਰੀ ਮਨ ਪਰਚਾਉਣ ਲਈ ਮਨਘੜਤ ਕਹਾਣੀ ਸੀ, ਤੂੰ ਕਿਤੇ ਉਸਨੂੰ ਸੱਚ ਨ ਮੰਨ ਬੈਠੀਂ।

†ਧਨੁਖ ਤੇ ਬਾਨ ਚੜ੍ਹਾਉਣਾ ਤਾਂ ਦੂਰ ਰਿਹਾ ਨਿਰਾ ਢਿੱਲੇ ਦੀ ਟਨਕਾਰ ਤੋਂ ਹੀ ਸਾਰੇ ਬਿਘਨ ਨਾਸ਼ ਹੋ ਗਏ, ਜੀਕਰ ਧਨੁਖ ਦੀ ਹੁੰਕਾਰ (ਸ਼ਬਦ) ਦੂਰ ਤੋਂ ਹੀ ਬਿਘਨ ਨੂੰ ਦੂਰ ਰੋਕਦੀ ਹੈ।

‡ਰਿਤਜ ਜਾਂ ਰਿਤ੍ਵਗ ਓਸ ਬ੍ਰਾਹਮਣ ਨੂੰ ਕਹਿੰਦੇ ਹਨ ਜੋ ਯੱਗ ਕ੍ਰਿਆ ਕਰਾਉਂਦਾ ਹੈ। ਜਾਨਤ ਅਗਨੀ ਧਰ ਰਿਚਾ ਬਤਨੀ ਕ੍ਰਿਤ ਧਨ ਲੇਦਿ।ਰਿੱਤਜ ਜਾਜਕ ਨਾਮ ਦੇ ਗੁਨਿਜਨ ਭਾਖਤਿ ਸੋਇ। [ਇਤਜਮਰ:

§ਉਸੀਰ,ਪੰਨ੍ਹੀ ਦੀਆਂ ਜੜ੍ਹਾਂ ਦਾ ਨਾਮ ਭੀ ਹੈ ਅਤੇ ਖਿਵਾਲ ਦਾ ਨਾਮ ਬੀ ਹੈ,ਏਥੇ ਵਿਸ਼ੇਸ਼ ਕਰਕੇ ਸਿਵਾਲ ਹੀ ਸਮਝਣੀ ਠੀਕਹੈ, ਕਿਉਂਕਿ ਛਾਤੀ ਤੇ ਰੱਖਦਿਆਂ ਸਾਰ ਠੰਢ ਪੈਂਦੀ ਹੈ ਤੇ ਖਿਵਾਲ ਹੀ ਬਣਿਆ ਬਣਾਇਆ ਲੇਪ ਜੰਗਲੀ ਵਸਨੀਕਾਂ ਲਈ ਸੁਲਭ ਹੋ ਸਕਦਾ ਹੈ।ਖਸ ਦਾ ਬਣਿਆ ਬਣਾਇਆ ਪਲੇ ਕਮਲਾਂ ਦੇ ਪੱਤਿਆਂ ਨਾਲ ਛੱਪੜ ਵਿਚੋਂ ਲਿਆਉਣਾ ਬਣ ਨਹੀਂ ਸਕਦਾ।

Digitized by Panjab Digital Library | www.panjabdigilib.org

ਨਾਟ ੩

ਝਾਕੀ–ਬਨ

[ਆਸ਼ਕਤ ਮਨੁਖਾਂ ਵਰਗੇ ਹਾਲ ਵਿਚ ਦੁਖਜੰਤ ਆਉਂਦਾ ਹੈ।]

ਦੁਖਜੰਤ (ਲੰਮਾ ਸਾਹ ਲੈਕੇ)–

ਮੈਂ ਤਪ ਦੀ ਵਡਿਆਈ ਜਾਣਾ। ਬੜਾ ਪ੍ਰਭਾਵ ਏਸਦਾ ਜਗ ਵਿਚ ਇਸ ਤੇ ਨਹੀਂ ਇਆਣਾ। ਇਹ ਭੀ ਜਾਣਾ ਮੈਂ, ਪਰਵਸ ਹੈ ਏਹ ਤਪੱਸ੍ਵੀ ਬਾਲੀ। ਤਦ ਵੀ ਮੇਰਾ ਜੀਉ ਨ ਮੁੜਦਾ ਨਹਿ ਘਬਰਾਓਂ ਖਾਲੀ। ਜੀਕੁਰ ਪਾਣੀ ਜਾ ਇਕ ਵਾਰੀ ਢਾਲ ਨਿਵਾਣੀ ਪਾਸੇ। ਮੁੜੇ ਨ ਪਿੱਛੇ ਸੋ ਗਤਿ ਮਨ ਦੀ ਹੋਈ ਆ ਇਸ ਪਾਸੇ* ॥ ੫੪ ॥ ਪਦ ॥

ਹੇ ਕਾਮਦੇਵ ! ਤੂੰ ਅਤੇ ਚੰਦ੍ਰਮਾਂ ਅਸਾਂ ਪ੍ਰੇਮੀਆਂ ਦੇ ਭਾਰੇ ਵਿਸ਼ਾਘਾਤੀ ਹੋ।

ਵਾਹ ਨੇ ਕਾਮ! ਫੁੱਲਾਂ ਦੇ ਬਾਣ। ਤਿੱਖੇ ਕਰੜੇ ਬੱਜਰੋਂ ਡਾਢੇ ਵਿੰਨ੍ਹਣ ਹੀਆ ਅਜਾਣ। ਵਾਹਵਾ ਦੰਦ ! ਬਰਫ ਤੋਂ ਠੰਢੀਆਂ ਕਿਰਨਾਂ ਕਹਿਣ ਸਿਆਣ। ਪਰ ਇਹ ਸੱਚ, ਨ ਮੇਰੇ ਜੇਹਾ ਮੰਨਣ ਹਾਰ ਪਛਾਣ। ਫੁੱਲਾਂ ਦੇ ਬਾਣਾਂ ਮੁਝ ਵਿੰਨ੍ਹਿਆਂ ਕੀਤਾ ਦੁਖੀ ਹਿਰਾਣ। ਕਿਰਨਾਂ ਦੰਦ ਦੀਆਂ ਦੇ ਵਿਚੋਂ ਉੱਪਰ ਦਲੀ ਆਣ। ਵਸਦੇ ਅੱਗ ਭਬੂਕੇ ਹੂਕੇ ਲੂਹ ਘੱਤੇ ਜਿਨ ਪ੍ਰਾਣ। ਕੁੱਝ ਨ ਸੁਝਦਾ

---

*ਮੈਂ ਤਪ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਇਹ ਭੀ ਜਾਣਦਾ ਹਾਂ ਕਿ ਸ਼ਕੁੰਤਲਾ ਪਰਾਏ ਅਧੀਨ ਹੈ, ਫੇਰ ਵੀ ਮੇਰਾ ਮਨ ਓਧਰੋਂ ਨਹੀਂ ਮੁੜਦਾ, ਜੀਕੁਰ ਨੀਵੀਂ ਧਰਤੀ ਵਲ ਪਾਣੀ ਜਾਕੇ ਫੇਰ ਪਿਛੇ ਨਹੀਂ ਪਰਤਦਾ ॥ ੫੪ ॥

ਬੁਝਦਾ ਕੁਝ ਨਾ ਟੁਟਦੇ ਜਾਵਨ ਤ੍ਰਾਣ*।੫੫।ਪਦ

ਹੇ ਕਾਮ ਦੇਵ ! ਤੈਨੂੰ ਮੇਰੇ ਤੇ ਦਇਆ ਕਿਉਂ ਨਹੀਂ ਉਪਜਦੀ (ਕਾਮ ਪੀੜਾ ਕੇਹੀ ਦਿਖਾਉਂਦਾ ਹੋਇਆ) ਤੇਰੇ ਫੁੱਲਾਂ ਦੇ ਬਾਣਾਂ ਦੀ ਅਣੀ (=ਨੋਕ) ਏਡੀ ਤਿੱਖੀ ਕਿਉਂ ਹੈ? ਹਾਂ ਠੀਕ ਹੈ, ਮੈਂ ਜਾਨ ਗਇਆ।

ਤੁਝ ਤੇ ਸ਼ਿਵ ਕੀਤਾ ਸੀ ਕੋਪ। ਸਾੜ ਦਿਤਾ ਸੀ ਤੈਨੂੰ ਤਦ ਤੋਂ ਅੱਗ ਦਮਕਦੀ ਹੈ ਅੱਜ ਉਪਜਿਓਂ ਸਾਗਰ ਵਿਚ ਬੜਵਾ ਅਗਨੀ ਰਹੋ ਦਮਕਦੀ ਹੀ ਹਰ ਕਾਲ। ਜੇ ਇਹ ਗੱਲ ਨਹੀਂ ਹੈ ਸੱਚੀ ਤਾਂ ਕਹੁ ਕੀ ਇਹ ਹਾਲ। ਸੜਕੇ ਸੁਆਹ ਹੋਇਆ ਫਿਰ ਕਿਉਂ ਕਰ ਮੇਰੇ ਜਿਹੇ ਤਈਂ ਤੂੰ ਆਇ। ਤਾਵੇਂ ਸਾੜੇਂ ਨ ਹੋਂ ਭੁੰਨੇਂ ਕਹੁ ਕੀਕਰ ਬਨ ਆਇਤ ॥ ੫੬ ॥ ਪਦ ॥

ਫਿਰ ਵੀ:–

ਮਨ ਮੇਰੇ ਨੂੰ ਪੀੜ ਸਦਾ ਤੂੰ ਕਰਨਾ ਹੈਂ, ਇੱਕੁਰ ਨਿਤ ਆਇ। ਪਲ ਨਾ ਪੈਣ ਦੇਨਾ

---

*ਹੇ ਕਾਮਦੇਵ ! ਤੈਨੂੰ ਫੁੱਲਾਂ ਦੇ ਬਾਣਾਂ ਵਾਲਾ ਅਤੇ ਚੰਦ੍ਰਮਾਂ ਨੂੰ ਠੰਢੀਆਂ ਕਿਰਨਾਂ ਵਾਲਾ ਕਹਿਣਾ ਮੇਰੇ ਜੇਹਿਆਂ ਨੂੰ ਤਾਂ ਓਹ ਝੂਠਾ ਹੀ ਪ੍ਰਤੀਤ ਹੁੰਦਾ ਹੈ ਕਿਉਂਕਿ ਤੇਰੇ ਬਾਨ ਬੱਜਰ ਨਾਲੋਂ ਕਰੜੇ ਅਤੇ ਡਾਢੇ ਹੀ ਤਿੱਖੇ ਪ੍ਰਤੀਤ ਹੁੰਦੇ ਹਨ ਅਤੇ ਚੰਦ੍ਰਮਾਂ ਦੀਆਂ ਠੰਢੀਆਂ ਕਿਰਨਾਂ ਵਿਚੋਂ ਅੱਗ ਦੇ ਭਬੂਕੇ ਪਏ ਵੱਸਦੇ ਹਨ ॥ ੫੫ ॥

†ਮਹਾਂਦੇਵ ਦੇ ਕੋਪ ਦੀ ਅੱਗ ਅਜੇ ਤਾਈਂ ਤੇਰੇ ਵਿਚ ਦਮਕਦੀ ਹੈ, ਕਿਉਂਕਿ ਜੇ ਕਦੀ ਏਹ ਗੱਲ ਨਾਂ ਹੁੰਦਾ ਤਾਂ ਤੂੰ ਸੜਕੇ ਸਵਾਹ ਹੋਇਆ ਹੋਇਆ ਬਿਰਹੀ ਜਨਾਂ ਨੂੰ ਕੀਕਰ ਏਡਾ ਸੰਤਾਪ ਦੇ ਸਕਦੇਂ।

Digitized by Panjab Digital Library | www.panjabdigilib.org

ਏਂ ਕਲ ਓਇ ਬਜ਼ਾਕੁਲ ਚਿੱਤ ਕਰੇਂ ਘਬਰਾਇ। ਤਦ ਵੀ ਮੈਂ ਗਿਣਨਾ ਹਾਂ ਤੇਰਾ ਇਹ ਭੀ ਬਹੁਤ ਬੜਾ ਉਪਕਾਰ। ਓਸ ਨਸ਼ੀਲੀ ਅੱਖੀਆਂ ਵਾਲੀ ਖ਼ਾਤਰ ਕਰਨਾ ਏਂ ਮੈਨੂੰ ਮਾਰ* ॥ ੫੭ ॥ ਪਦ ॥

ਹੇ ਪੰਜਾਂ ਬਾਣਾਂ ਵਾਲੇ ! ਮੈਂ ਤੇਰੀ ਬਹੁਤ ਹੀ ਸਾਰੀ ਵਡਿਆਈ ਕੀਤੀ, ਭਈ ਕਿਵੇਂ ਤੂੰ ਪ੍ਰਸੰਨ ਹੋਵੇਂ, ਪਰੰਤੂ ਤੂੰ ਮੇਰੇ ਤੇ ਦਜਾਲ ਨਾ ਹੋਇਆ।

ਮੈਂ ਵਿਅਰਥ ਹੀ ਤੈਨੂੰ ਅਪਣੇ ਨਿਯਮ ਕਰੇ ਕਰ ਬਲੀਆਂ। ਦੇ ਦੇ ਸੌ ਸੌ ਵਾਰ ਪਾਲਿਆ ਕਰ ਪੋਸਨ ਕੀ ਫਲੀਆਂ ? ਉਹ ਕੁਝ ਮੇਰਾ ਸਭ ਕੁਝ ਕੀਤਾ ਰਤਿਪਤ ਨਿਸ਼-ਫਲ ਕੀਤੇ। ਕੁਝ ਉਪਕਾਰ ਨ ਜਾਤੇ ਜੀ ਵਿਚ ਜੋ ਤੇਰੇ ਸਿਰ ਕੀਤੇ। ਹੁਣ ਤੂੰ ਅਪਣਾ ਧਨੁਖ ਬਾਨ ਲੈ ਖਿਚ ਖਿਚ ਕੰਨਾਂ ਤਾਈਂ। ਕਰੇਂ ਨਿਸ਼ਾਨਾਂ ਸੀਨਾ ਮੇਰਾ ਤਾਕਤ ਲਾਇ ਅਜਾਈਂ† ॥ ੫੮ ॥ ਪਦ ॥

[ਦੁਖੀ ਹੋਇਆ ਏਧਰ ਓਧਰ ਫਿਰਦਾ ਹੈ।

*ਹੇ ਮਕਰ ਧ੍ਵਜ ! ਤੂੰ ਮੇਰੇ ਮਨ ਨੂੰ ਦੁੱਖ ਪੀੜਾ ਦੇਂਦਾ ਹੈ, ਪਰੰਤੂ ਮੈਂ ਫਿਰ ਵੀ ਤੇਰਾ ਉਪਕਾਰ ਹੀ ਮੰਨਦਾ ਹਾਂ, ਕਿਉਂਕਿ ਤੂੰ ਓਸੇ ਮਦ ਲੋਚਨੀ ਦੀ ਖਾਤਰ ਮੈਨੂੰ ਬਾਣ ਮਾਰਦਾ ਹੈਂ ॥ ੫੭ ॥

†ਯੱਗ ਵਿਚ ਕਾਮਦੇਵ ਦੇਵਤਾ ਨੂੰ ਯੱਗ ਭਾਗ ਨਹੀਂ ਮਿਲਦਾ, ਜੋਹਾਕੁ ਹੋਰ ਦੇਵਤਿਆਂ ਨੂੰ ਮਿਲਦਾ ਹੈ। ਪਰੰਤੂ ਕਾਮੀ ਜਨਾਂ ਦੇ ਨੇਮ ਅਤੇ ਵਰਤ ਕਾਮਦੇਵ ਨੂੰ ਪਾਲਦੇ ਪੋਸਦੇ ਹਨ, ਇਸੇ ਪ੍ਰਯੋਜਨ ਤੇ ਰਾਜਾ ਦੁਖ਼ਯੰਤ ਕਹਿੰਦਾ ਹੈ ਕਿ ਹੇ ਕਾਮਦੇਵ! ਮੈਂ ਵਿਅਰਥ ਆਪਣੇ ਨੇਮ ਅਤੇ ਵਰਤਾਂ ਦੀਆਂ ਬਲੀਆਂ ਦੇ ਦੇ ਕੇ ਤੈਨੂੰ ਪਾਲਿਆ ਪੋਸਿਆ, ਪਰੰਤੂ ਤੂੰ ਇਸ ਉਪਕਾਰ ਨੂੰ ਭੁਲਾਕੇ ਸਗੋਂ ਤੂੰ ਮੇਰਾ ਹੀ ਸੀਨਾ ਨਿਸ਼ਾਨਾ ਮਿਥਕੇ ਕੰਨਾਂ ਤਾਈਂ ਖਿੱਚ ਖਿੱਚਕੇ ਤੀਰ ਚਲਾਉਂਨਾ ਹੈਂ, ਇਹ ਗੱਲ ਕੀਕੁਰ ਯੋਗ ਹੈ?

ਹਾਇ ਜਦੋਂ ਯੱਗ ਸਮਾਪਤ ਹੋ ਜਾਵੇਗਾ ਤਾਂ ਰਿਖੀਆਂ ਪਾਸੋਂ ਵਿਦਾ ਹੋਕੇ ਮੈਂ ਆਪਣੇ ਇਸ ਦੁਖੀ ਜੀਉ ਨੂੰ ਲੈਕੇ ਕਿੱਥੇ ਜਾਵਾਂਗਾ?(ਲੰਮਾ ਅਤੇ ਠੰਢਾ ਸਾਹ ਭਰਕੇ)— ਪਿਆਰੀ ਦੇ ਦਰਸ਼ਨ ਬਾਝੋਂ ਮੈਨੂੰ ਕੋਈ ਧੀਰਜ ਦੇਣ ਵਾਲਾ ਨਹੀਂ ਹੈ, ਇਸ ਲਈ ਓਸੇ ਨੂੰ ਕਿਤੇ ਢੂੰਡਾਂ। (ਸੂਰਜ ਵੰਨੀ ਦੇਖਕੇ) ਇਸ ਕਰੜੀ ਦੁਪਹਿਰ ਵਿਚ ਸ਼ਕੁੰਤਲਾ ਕਿਤੇ ਮਾਲਨੀ ਨਦੀ ਦੇ ਕੰਢੇ ਤੇ ਵੇਲਾਂ ਦੀਆਂ ਕੁੰਜਾਂ ਵਿਚ ਸਖੀਆਂ ਦੇ ਨਾਲ ਝੱਟ ਕੱਟਦੀ ਹੋਊ। ਹੁਣ ਮੈਂ ਓਥੇ ਹੀ ਚੱਲਾਂ(ਪਰਤ ਕੇ ਅਰ ਦੇਖਕੇ)ਇਨ੍ਹਾਂ ਨਵੀਆਂ ਵੱਲਾਂ ਦੇ ਵਿਚੋਂ ਦੀ ਹੋਕੇ ਪਜਾਰੀ ਹੁਣੇ ਹੀ ਗਈ ਹੋਵੇਗੀ, ਇਜੇਹਾ ਹੀ ਮੈਨੂੰ ਪ੍ਰਤੀਤ ਹੁੰਦਾ ਹੈ। ਕਿਉਂਕਿ:—

ਜਿਨ੍ਹਾਂ ਡਾਲੀਆਂ ਤੋਂ ਉਸ ਪਜਾਰੀ ਪੱਤ ਲੁਣੇ ਫੁਲ ਤੋੜੇ । ਦੁੱਧ ਨ ਸੁੱਕਾ ਅਜੇ ਉਥਾਓਂ ਘਾਉ ਹਰੇ ਮੂੰਹ ਥੋੜੇ* ॥ ੫੯ ॥ ਦ੍ਵੈ॥

(ਪੈਣ ਦਾਂ ਲੱਗਣਾਂ ਕੁਝ ਪ੍ਰਗਟ ਕਰਕੇ) ਵਾਹਵਾ ਇਹ ਥਾਉਂਤਾਂ ਕੇਹਾਸੁਹਾਉਣਾ ਲਗਦਾਹੈ! ਕੋਲ ਫੁੱਲਾਂ ਦੀ ਠੰਢੀ ਰੰਧਤਿ ਅਤੇ ਨਦੀ ਜਲ ਛੁਹੰਦੀ। ਭਲੀ ਪੌਨ ਆ ਲੱਗੀ ਮੈਨੂੰ ਕਾਮ ਸੜੇ ਨੂੰ ਸੁਹੰਦੀ†॥ ੬੦॥ ਦ੍ਵੈ ॥

(ਪਰਤਕੇ ਅਤੇ ਹੇਠਾਂ ਵੱਲ ਤੱਕਕੇ) ਬੈਂਤਾਂ ਦੇ ਬਿੱਛ ਅਤੇ ਵੇਲਾਂ ਦੀ ਸੰਘਣੀ ਝੰਗੀ ਵਿਚ

*ਜਿਨ੍ਹਾਂ ਟਾਹਣੀਆਂ ਨਾਲੋਂ ਪਿਆਰੀ ਨੇ ਫੁੱਲ ਅਤੇ ਪੱਤਰ ਤੋੜੇ ਹਨ,ਉਹਨਾਂ ਦੇ ਅਜੇ ਘਾਉ ਨਹੀਂ ਭਰੇ ਅਤੇ ਨਾਹੀ ਅਜੇ ਦੁੱਧ ਜਾਂ ਰਸ ਸੁੱਕਿਆ ਹੈ।੫੯।

†ਏਥੇ ਤਾਂ ਕੋਲ ਫੁੱਲਾਂ ਦੀ ਸੁਗੰਧੀ ਵਾਲੀ ਅਤੇ ਮਾਲਨੀ ਨਦੀ ਦੇ ਤਰੰਗਾਂ ਨਾਲ ਠੰਢੀ ਹੋਈ ਹੋਈ ਪੌਣ ਆਉਂਦੀ ਹੈ, ਜਿਸਦੇ ਛੁਹੰਦਿਆਂ ਮੇਰੀ ਕਾਮ ਕਰਕੇ ਸੜੀ ਹੋਈ ਹੋਈ ਦੇਹੀ ਨੂੰ ਸੁਖ ਪ੍ਰਤੀਤ ਹੁੰਦਾ ਹੈ ॥ ੬੦ ॥

Digitized by Panjab Digital Library | www.panjabdigilib.org

ਹੀ ਮੇਰੀ ਪਿਆਰੀ ਹੋਵੇਗੀ। ਕਿਉਂਕਿ:—

ਦਿਸਦੇ ਦੈਨ ਰੇਤ ਕੇਰੀ ਵਿਚ ਖੋਜ ਲਗੇ
ਪੈਰਾਂ ਦੇ ਨੇਹ। ਹੈਨ ਨਵੇਂ ਹੁਣ ਦੇ ਹੀ
ਲੱਗੇ ਨਹੀਂ ਚਿਰਾਕੇ ਜਾਪਣ ਸੋਇ। ਪੱਬ
ਉਠੇ ਹਨ ਅੱਡੀ ਧਸਕੀ ਏਹ ਨਿਤੰਬਾਂ ਦੇ
ਹਨ ਭਾਰ। ਬਿਨਾਂ ਪ੍ਰਿਯਾ ਦੇ ਹੋਰ ਨ ਕੋਈ
ਲੰਘੀ ਹੋਊ ਏਸ ਬਹਾਰ* ॥ ੬੧ ॥ ਪਦ ॥

ਭਲਾ ਇਹਨਾਂ ਦਰੱਖਤਾਂ ਵਿਚ ਦੇਖ ਤਾਂ ਲਵਾਂ (ਪਰਤਕੇ ਅਤੇ ਪ੍ਰਸੰਨ ਹੋਕੇ ਦੇਖਕੇ) ਵਾਹਵਾ! ਹੁਣ ਤਾਂ ਮੇਰੀਆਂ ਅੱਖੀਆਂ ਸਫਲ ਹੋਗਈਆਂ, ਉਹ ਮੇਰੀ ਮਨ ਭਾਉਂਦੀ ਫੁੱਲਾਂ ਵਿੱਚ ਸਜੀ ਹੋਈ ਸਿਲ ਦੇ ਪਟੜੇ ਤੇ ਲੇਟੀ ਹੋਈ ਹੈ ਅਤੇ ਓਹੋ ਦੋਵੇਂ ਸਖੀਆਂ ਸੇਵਾ ਵਿਚ ਖੜੋਤੀਆਂ ਹਨ, ਹੁਣ ਜੋ ਹੋਵੇ, ਸੋ ਹੋਵੇ, ਪਰ ਮੈਂ ਤਾਂ ਇਨ੍ਹਾਂ ਦੀ ਸਲਾਹ ਦੀਆਂ ਗੱਲਾਂ ਭੀ ਜ਼ਰੂਰ ਸੁਣਾਂਗਾ।

[ਖੜਾ ਹੋਕੇ ਵੇਂਹਦਾ ਹੈ

[ਦੋਹਾਂ ਸਖੀਆਂ ਸਮੇਤ ਸ਼ਕੁੰਤਲਾ ਦਿੱਸਦੀ ਹੈ]

ਦੋਵੇਂ ਸਖੀਆਂ(ਪਿਆਰ ਨਾਲ ਪੱਖਾ ਝੱਲਕੇ)—ਅਨੀ ਸ਼ਕੁੰਤਲਾ! ਅਸੀਂ ਤੈਨੂੰ ਕੌਲ ਫੁਲ ਦੇ ਪੱਤਿਆਂ ਨਾਲ ਠੰਢੀ ਪੌਣ ਝੱਲ ਰਹੀਆਂ ਹਾਂ, ਤੈਨੂੰ ਚੰਗੀ ਵੀ ਲਗਦੀ ਹੈ ਕਿ ਨਹੀਂ?

ਸ਼ਕੁੰਤਲਾ—ਅੜੀਓ! ਤੁਸੀਂ ਮੈਨੂੰ ਕਿਉਂ ਪੱਖਾ ਝੱਲਦੀਆਂ ਹੋ?

[ਦੋਵੇਂ ਸਖੀਆਂ ਦੁਖੀ ਜਿਹੀਆਂ ਹੋਕੇ ਇਕ ਦੂਜੀ ਵੱਲ ਦੇਖਦੀਆਂ ਹਨ।

ਦੁਖਜੰਤ (ਅਪਣੇ ਜੀ ਵਿਚ)—ਸ਼ਕੁੰਤਲਾ ਬੇਚੈਨ ਜੇਹੀ ਦਿੱਸਦੀ ਹੈ, (ਕੁਝ ਸੋਚਕੇ) ਕੀਹ ਇਸ ਨੂੰ ਧੁੱਪ ਦਾ ਧੱਪਾ ਲੱਗਾ ਹੈ ਕਿ ਅਥਵਾ ਇਸਦੀ ਬੇਚੈਨੀ ਦਾ ਕਾਰਨ ਓਹੋ ਹੀ ਹੈ ਜੋ ਮੇਰੇ ਮਨ ਵਿੱਚ ਭਾਸਦਾ ਹੈ (ਅਭਿਲਾਖਾ ਦਿਖਾਉਂਦਾ ਹੋਇਆ) ਹੁਣ ਮੈਂ ਸੰਸਿਆਂ ਨੂੰ ਛੱਡਾਂ। ਹੈਂ!

ਲੇਪ ਉਸੀਰ ਹੁਇਆ ਸੀਨੇ ਤੇ ਵੀਣੀ
ਨਾਲ ਕੌਲ ਦੀ ਪਾਈ। ਹੈ ਕੁਛ ਦੁਖੀ ਦੇਹ
ਪਯਾਰੀ ਦੀ ਤਦ ਵੀ ਚੰਦੋਂ ਜੋਤ ਸਵਾਈ।
ਤਾਉ ਕਾਮ ਦਾ ਅਤੇ ਜੇਠ ਦਾ ਹੋਵੇ ਇਕ
ਸਮ ਆਖਣ ਭਾਈ। ਨਹਿੰ ਪੂੰਜੂ ਇਹ
ਦਾਹ ਜੇਠ ਦੀ ਦਿਸਦੀ ਪੂਰਨ ਸੁੰਦਰ-
ਤਾਈ* ॥ ੬੨ ॥ ਪਦ ॥

ਪ੍ਰਿਅੰਬਦਾ (ਹੌਲੇ ਜਿਹੇ ਅਨਸੂਆ ਨੂੰ)—ਹੇ ਅਨਸੂਆ! ਜਦੋਂ ਦੀ ਸ਼ਕੁੰਤਲਾ ਦੀ ਨਜ਼ਰ ਉਸ ਰਾਜ ਰਿਖੀ ਤੇ ਪਈ ਹੈ, ਓਸ ਵੇਲੇ ਤੋਂ ਅਸ਼ਕਤ ਜੇਹੀ ਹੋ ਗਈ ਹੈ, ਕਿਤੇ ਓਹੋ ਰੋਗ ਤਾਂ ਇਸ ਨੂੰ ਨਹੀਂ ਹੋ ਗਿਆ?

ਅਨਸੂਆ—ਮੇਰੇ ਜੀ ਵਿਚ ਵੀ ਏਹੋ ਗੱਲ ਹੈ। ਭਲਾ ਇਸ ਕੋਲੋਂ ਰਤਾ ਪੁੱਛੀਏ ਤਾਂ ਸਹੀ। (ਪ੍ਰਗਟ) ਅੜੀਏ! ਤੇਰੀ ਪੀੜ ਕੁਝ ਬਹੁਤ ਵਧੀ ਹੋਈ ਜਾਪਦੀ ਹੈ, ਇਸ ਲਈ ਅਸੀਂ ਤੈਨੂੰ ਕੁਝ ਪੁੱਛਿਆ ਚਾਹੁੰਦੀਆਂ ਹਾਂ।

---

*ਇਸ ਕੁੰਜ ਦੇ ਬੂਹੇ ਅੱਗੇ ਪੀਲੀ ਕੋਰੀ ਰੇਤ ਵਿੱਚ ਪੈਰਾਂ ਦੇ ਸੱਜਣੇ ਖੋਜ ਹੈਗੇ ਹਨ, ਜਿਹੜੇ ਨਿਤੰਬਾਂ ਦੇ ਭਾਰ ਕਰਕੇ ਅੱਡੀ ਵੱਲੋਂ ਨੀਵੇਂ ਅਤੇ ਪੱਬਾਂ ਵੱਲੋਂ ਜ਼ਰਾ ਉਚੇਰੇ ਜਾਪਦੇ ਹਨ ॥ ੬੧ ॥

*ਸਿਵਾਲ ਦਾ ਲੇਪ ਛਾਤੀ ਤੇ ਲੱਗਾ ਹੋਇਆ ਹੈ, ਹਥ ਵਿਚ ਕੌਲ ਫੁੱਲ ਦੀ ਡੰਡੀ ਦਾ ਢਿੱਲਾ ਜੇਹਾ ਕੜਾ ਬਣਾਕੇ ਪਾਇਆ ਹੋਇਆ ਹੈ। ਭਾਵੇਂ ਇਹ ਇਸ ਵੇਲੇ ਕੁਛ ਦੁਖੀ ਜੇਹੀ ਪ੍ਰਤੀਤ ਹੁੰਦੀ ਹੈ ਤਦ ਵੀ ਇਸਦਾ ਸਰੀਰ ਮਨੋਹਰ ਹੈ। ਜੇਠ ਹਾੜ ਦੀ ਗਰਮੀ ਦਾ ਤਾਉ ਅਤੇ ਕਾਮਦੇਵ ਦਾ ਸੰਤਾਪ ਇਕ ਜੇਹੇ ਹੀ ਹੁੰਦੇ ਹਨ, ਪਰੰਤੂ ਗ੍ਰੀਖਮ ਦੇ ਤਾਉ ਨਾਲ ਨਵੀਆਂ ਇਸਤ੍ਰੀਆਂ ਦਾ ਰੂਪ ਇਜੇਹਾ ਸੁੰਦਰ ਨਹੀਂ ਹੋਜਾਂਦਾ, ਇਸ ਲਈ ਨਿਸ਼ਚੇ ਹੁੰਦਾ ਹੈ ਕਿ ਇਹ ਭੀ ਕਾਮਦੇਵ ਦੀ ਸਤਾਈ ਹੋਈ ਹੈ।

Digitized by Panjab Digital Library | www.panjabdigilib.org

ਸ਼ਕੁੰਤਲਾ (ਸੈਜਾ ਤੋਂ ਰਤਾ ਕੁ ਉੱਠਕੇ)–ਅੜੀਓ! ਕੀ ਪੁਛਦੀਆਂ ਹੋ ?

ਅਨਸੂਆ–ਅੜੀਏ ! ਕਾਮਦੇਵ ਦੇ ਵਿਹਾਰਾਂ ਨੂੰ ਅਸੀਂ ਕੀ ਜਾਣੀਏਂ ? ਪਰੰਤੂ ਜੇਹਾ ਤੂ ਹਾਲ ਕਿਸੇ ਲਗਨ ਲੱਗੇ ਵਾਲੇ ਦਾ ਕਥਾ ਕਹਾਣੀਆਂ ਵਿਚ ਸੁਣੀਦਾ ਹੈ ਓਹੋ ਹੀ ਜੇਹਾ ਤੇਰਾ ਹਾਲ ਦਿੱਸਦਾ ਹੈ,ਤੂੰ ਸੱਚੋ ਸੱਚ ਆਪਣਾ ਰੋਗ ਕਹਿ ਦੇ, ਤੈਨੂੰ ਕੀਹ ਹੈ ? ਕਿਉਂਕਿ ਬਿਨਾਂ ਭੇਤ ਜਾਣਿਆਂ ਦਵਾ ਦਾਰੂ ਵੀ ਚੰਗੀ ਤਰ੍ਹਾਂ ਨਹੀਂ ਹੋ ਸਕਦਾ।

ਦੁਖਜੰਤ (ਆਪਣੇ ਜੀ ਵਿਚ)–ਅਨਸੂਆ ਨੂੰ ਵੀ ਮੇਰੇ ਜਿਹਾ ਹੀ ਭਰਮ ਹੈ।

ਸ਼ਕੁੰਤਲਾ (ਆਪਣੇ ਜੀ ਵਿਚ)–ਮੇਰੀ ਲਗਨ ਤੋਂ ਬੜੀ ਕਰੜੀ ਹੈ, ਇਨ੍ਹਾਂ ਨੂੰ ਛੇਤੀ ਨਾਲ ਕੀਕੁਰ ਕਹਿ ਦਿਆਂ ?

ਪ੍ਰਿਅੰਬਦਾ–ਅਨੀ ਸ਼ਕੁੰਤਲਾ ! ਇਹ ਠੀਕ ਕਹਿੰਦੀ ਹੈ,ਤੂੰ ਆਪਣੇ ਰੋਗ ਨੂੰ ਏਵੇਂਕਿਵੇਂ ਨਾ ਜਾਣੀ, ਤੂੰ ਦਿਨੋਂ ਦਿਨ ਲਿੱਸੀ ਪੈਂਦੀ ਜਾਨੀ ਹੈਂ। ਹੁਣ ਤਾਂ ਤੇਰਾ ਨਿਰਾ ਸਰੂਪ ਹੀ ਸਰੂਪ ਰਹਿ ਗਿਆ ਹੈ।

ਦੁਖਜੰਤ(ਆਪਣੇ ਜੀ ਵਿਚ)– ਪ੍ਰਿਅੰਬਦਾ ਨੇ ਸੱਚ ਆਖਿਆ ਹੈ।

ਇਸਦਾ ਮੁੰਹ ਲਿੱਸਾ ਪੈ ਗਿਆ । ਛਾਤੀ ਵੀ ਢਿਲਕੀ ਹੈ ਦਿਸਦੀ ਨਹਿੰ ਕਰੜਾਪਨ ਉਸ ਵਿਚ ਰਹਿਆ । ਲੱਕੋਂ ਵੀ ਦੁਬਲੀ ਹੀ ਦਿਸਦੀ ਢਾਂਚੇ ਨੇ ਇੰਸਾਪਨ ਗਹਿਆ। ਮੋਢੇ ਵੀ ਕੁਝ ਝੁਕੇ ਹੁਏ ਹਨ ਚਿਹਰਾ ਵੀ ਪੀਲਾ ਮੈਂ ਲਹਿਆ । ਇਹ ਹੁਣ ਤਰਸ ਕਰਨ ਹੈ ਜੋਗੀ ਮਦਨ ਦੇਵ ਤਨ ਮਨ ਇਸ ਦਹਿਆ। ਮਾਨੋ ਵੇਲ ਮਾਧਵੀ*। ਲੂਹੀ ਪਤ ਸੁਕ ਸੜੇ ਵਾਉ ਜਦ ਖਹਿਆ†।੬੨।

ਸ਼ਕੁੰਤਲਾ–ਅੜੀਓ ! ਤੁਹਾਨੂੰ ਨਹੀਂ ਕਹਿਣਾ ਤਾਂ ਕਿਸ ਨੂੰ ਕਹਾਂਗੀ, ਓੜਕ ਨੂੰ ਤੁਹਾਨੂੰ ਹੀ ਦੁੱਖ ਦਿਆਂਗੀ ਨਾ।

ਪ੍ਰਿਅੰਬਦਾ–ਪਿਆਰੀ!ਇੱਸੇ ਲਈ ਤਾਂ ਅਸੀਂ ਘੜੀ ਮੁੜੀ ਪੁੱਛਦੀਆਂ ਹਾਂ ਕਿ ਸੱਜਣਾਂ ਦੇ ਵੰਡਾਇਆਂ ਦੁਖ ਘਟ ਜਾਂਦਾ ਹੈ।

ਦੁਖਜੰਤ (ਆਪਣੇ ਜੀ ਵਿਚ)–

ਸੁਖ ਦੁਖ ਦੀਆਂ ਏ ਸਾਂਝੀ ਵਾਲਾਂ। ਸਾਥਣੀਆਂ ਮਿਲ ਪੁੱਛਣ ਇਸ ਤੋਂ ਕਿਸ ਦੁਖ ਕਰੀ ਬਿਹਾਲਾ ? ਹੁਣ ਇਹ ਸੱਚ ਜ਼ਰੂਰ ਕਹੂਗੀ ਕਾਰਨ ਰੋਗ ਏਹ ਦੀਆਂ ਚਾਲਾਂ। ਭਾਵੇਂ ਇਸ ਨੇ ਮੈਨੂੰ ਓਦੋਂ ਡਿੱਠਾ ਨਜ਼ਰ ਨਿਹਾਲਾਂ। ਫਿਰ ਫਿਰ ਫੇਰ ਫੇਰ ਮੁੰਹ ਮੇਂ ਧਿਰ ਅਟਕਣ ਬਿਬਕਣ ਵਾਲਾਂ। ਪਰ ਮੈਨੂੰ ਧੀਰਜ ਨਹੀਂ ਹੁੰਦਾ ਕੀ ਆਖੂ ਬੁਰ ਹਾਲਾਂ। ਮੈਂ ਡਰਦਾ ਹਾਂ ਮਤਾਂ ਦੇਰ ਕੁਝ

---

*ਮਾਧਵੀ ਬੰਤੀ ਇੱਖ ਜਾਂ ਵੇਲ ਦਾ ਨਾਉਂ ਹੈ। ਜਿਹਾਕੁ–ਮਾਧਵੀ ਲਤਾ ਸੁ ਪੁੰਡਰਕ ਅਤਿ ਮੁਕਤੀ ਮੈ ਦੇਇ। ਨਾਮ ਬਸੰਤਾ ਇੱਖ ਕੋ ਜਾਨ ਲੇਹੁ ਸਭ ਕੋਇ। [ਇਤਜਮਰ:

†ਇਸਦੀਆਂ ਗੱਲ੍ਹਾਂ ਲਿੱਸੀਆਂ ਹੋਈਆਂ ਦਿੱਸਦੀਆਂ ਹਨ, ਛਾਤੀ ਵੀ ਢਿਲਕੀ ਹੋਈ ਜਾਪਦੀ ਹੈ। ਕਮਰ ਭਾਵੇਂ ਅਗੇ ਹੀ ਪਤਲੀ ਜੇਹੀ ਸੀ,ਪਰ ਹੁਣ ਤਾਂ ਦੇਹ ਵੀ ਪਤਲੀ ਪੈ ਗਈ ਹੈ। ਮੁੰਹ ਵੀ ਇਸਦਾ ਪੀਲਾ ਪੈ ਗਿਆ ਹੈ। ਮੋਢੇ ਵੀ ਨਿਉਂ ਗਏ ਹਨ, ਹੁਣ ਤਾਂ ਇਸ ਕਾਮ ਸਤਾਈ ਦਾ ਸਰੀਰ ਤਰਸ ਕਰਨ ਜੋਗਾ ਹੋ ਗਿਆ ਹੈ। ਪਰੰਤੂ ਫਿਰ ਵੀ ਮਨੋਹਰ ਹੀ ਦਿੱਸਦਾ ਹੈ, ਜਿੱਕਰ ਲੋ ਦੀ ਮਾਰੀ ਹੋਈ ਮਾਧਵੀ ਲਤਾ ਦਾ ਹੁੰਦਾ ਹੈ।

Digitized by Panjab Digital Library | www.panjabdigilib.org

ਬੋਲੇ ਬਚਨ ਕੁਦਾਲਾਂ* ॥ ੬੪ ॥ ਪਦ ॥

ਸ਼ਕੁੰਤਲਾ—ਅੜੀਓ ! ਜਿਸ ਵੇਲੇ ਤੋਂ ਮੇਰੀਆਂ ਅੱਖੀਆਂ ਦੇ ਸਾਹਮਣੇ ਓਹ ਤਪੋ ਬਨ ਦਾ ਰਖਵਾਲਾ ਰਾਜਰਿਖੀ ਆਇਆ ਹੈ ਤਦੋਂ ਤੋਂ [ਏਨਾ ਕਹਿਕੇ ਕੁਝ ਸ਼ਰਮਿੰਦੀ ਜਹੀ ਹੋਕੇ ਚੁਪ ਕਰ ਜਾਂਦੀ ਹੈ

ਦੋਵੇਂ ਸਹੇਲੀਆਂ—ਅਨੀ ਆਖੀਂ ਚਲ ।

ਸ਼ਕੁੰਤਲਾ—ਓਸੇ ਵੇਲੇ ਤੋਂ ਮੇਰਾ ਮਨ ਉਸਦੇ ਵੱਸ ਹੋਕੇ ਇਸ ਹਾਲ ਨੂੰ ਪੁੱਜ ਪਿਆ ਹੈ।

ਦੁਖਜੰਤ (ਪ੍ਰਸੰਨ ਹੋਕੇ ਅਪਣੇ ਜੀ ਵਿਚ)—ਜੋ ਕੁਝ ਮੈਂ ਸੁਣਿਆਂ ਚਹੁੰਦਾ ਸਾਂ, ਸ਼ੁਕਰ ਹੈ ਮੈਂ ਓਹੋ ਕੁਝ ਸੁਣ ਲਿਆ ।

ਕਾਮਦੇਵ ਜੀ ਨੇ ਮਨ ਮੇਰੇ ਜੋ ਦਿੱਤਾ ਸੰਤਾਪਓਸੇ ਨੇ ਏਥੇ ਕਰ ਕਿਰਪਾਪਾਯਾਇਸ ਨੂੰਆਪ। ਪਰ ਮੇਰਾ ਦੁਖ ਏਨ ਮਿਟਾਇਆ ਸੁਣਿਆਂ ਇਸਦਾ ਤਾਪ। ਜਿਉਂ ਗ੍ਰੀਖਮ ਬੀਤੇ ਤੇ ਬੱਦਲ ਕਰਨ ਆਦਿ ਪਰਲਾਪ। ਪਹਿਲਾ ਤਾਉ ਬਰਸ ਕੇ ਮੇਟੇ ਸਗਲ ਜਗਤ ਸੁਖ ਥਾਪਾ† ॥ ੬੭ ॥ ਪਦ ॥

ਸ਼ਕੁੰਤਲਾ—ਜੇ ਤੁਸੀਂ ਚੰਗਾ ਸਮਝੋ ਤਾਂ ਇਜੇਹਾ ਉਪਾਉ ਕਰੋ, ਜਿਸ ਕਰਕੇ ਓਹ ਰਾਜਰਿਖੀ ਮੇਰੇ ਤੇ ਦਯਾ ਕਰੇ, ਨਹੀਂ ਤਾਂ ਮੈਨੂੰ ਤਿਲਾਂਜਲੀ* ਦਿਓ ।

ਦੁਖਜੰਤ (ਆਪਣੇ ਜੀ ਵਿਚ)—ਇਸ ਬਚਨ ਨੇ ਤਾਂ ਮੇਰੇ ਸਾਰੇ ਸੰਸੇ ਮੇਟ ਦਿਤੇ ।

ਪ੍ਰਿਅੰਬਦਾ (ਹੌਲੇ ਜੇਹੀ ਅਨਸੂਆ ਨੂੰ)—ਅੜੀਏ! ਇਸਦੀ ਪ੍ਰੇਮ ਵੇਦਨਾ ਇੰਨੀ ਬਾਹਲੀ ਵਧ ਗਈ ਹੈ ਕਿ ਹੁਣ ਉਪਾਉ ਵਿਚ ਦੇਰ ਕਰਨੀ ਚੰਗੀ ਨਹੀਂ ਜਾਪਦੀ ਅਤੇ ਜਿਸਤੇ ਇਹ ਮੋਹਤ ਹੋਈ ਹੈ ਉਹ ਤਾਂ ਪੁਰੂਵੰਸ਼ ਦਾ ਭੂਖਣ ਹੈ ਹੀ, ਇਸ ਲਈ ਇਸਦੀ ਅਭਿਲਾਖਾ ਵਡਿਆਈ ਦੇ ਲਾਯਕ ਹੈ।

ਅਨਸੂਆ—ਤੂੰ ਸੱਚ ਕਹਿਨੀ ਹੈਂ ।

ਪ੍ਰਿਅੰਬਦਾ (ਪ੍ਰਗਟ)—ਅੜੀਏ ! ਤੇਰੇ ਪ੍ਰੇਮ ਨੂੰ ਸ਼ਾਬਾਸ਼ ! ਸਮੁੰਦ੍ਰ ਨੂੰ ਛੱਡ ਕੇ ਮਹਾਂ ਨਦੀ ਕਿੱਥੇ ਜਾ ਸਕਦੀ ਹੈ ਅਤੇ ਅੰਬ ਦੇ ਬ੍ਰਛੇ ਬਾਝੋਂ ਨਵੇਂ ਪੱਤਰਾਂ ਵਾਲੀ ਮਾਧਵੀ ਦੀ ਵੇਲ ਨੂੰ ਕੌਣ ਲੈ ਸਕਦਾ ਹੈ ?

ਦੁਖਜੰਤ (ਆਪਣੇ ਜੀ ਵਿਚ)—ਜੇ ਕਦੀ ਖਿੱਤੀ-ਆਂ ਦੇ ਤਾਰੇ ਚੰਦਕਲਾ ਦੀਆਂ ਵਡਿਆ-ਈਆਂ ਕਰਨ ਤਾਂ ਕੀ ਅਚਰਜ ਹੈ।

ਅਨਸੂਆ—ਫਿਰ ਉਹ ਕੀ ਉਪਾਉ ਹੈ ਜਿਸ ਕਰਕੇ ਪਿਆਰੀ ਦਾ ਮਨੋਰਥ ਤਤਕਾਲ ਸਿੱਧ ਹੋ ਜਾਵੇ ਅਤੇ ਕੋਈ ਇਸ ਭੇਦ ਨੂੰ ਜਾਣ ਵੀ ਨਾ ਸਕੇ।

ਪ੍ਰਿਅੰਬਦਾ—ਮਨੋਰਥ ਦਾ ਤੁਰਤ ਫੁਰਤ ਸਿੱਧ ਹੋਣਾ ਤਾਂ ਕੋਈ ਔਖੀ ਗੱਲ ਨਹੀਂ, ਪਰੰਤੂ ਉਪਾਉ ਦਾ ਲੁਕਿਆ ਹੋਇਆ ਰਹਿਣਾ ਇਹ ਭਾਰੀ ਔਖਿਆਈ ਹੈ।

ਅਨਸੂਆ—ਉਹ ਕਿਉਂ ?

ਪ੍ਰਿਅੰਬਦਾ—ਜਦੋਂ ਤੋਂ ਉਸ ਰਾਜ ਰਿਖੀ ਨੇ ਇਸਨੂੰ ਪ੍ਰੇਮ ਭਰੀਆਂ ਅੱਖਾਂ ਨਾਲ ਡਿੱਠਾ

---

*ਦੁਖ ਅਤੇ ਸੁਖ ਵੰਡਾਉਣ ਵਾਲੀਆਂ ਇਸਦੇ ਸਰੀਰ ਦੀ ਵੇਦਨ ਦਾ ਕਾਰਨ ਪੁੱਛ ਰਹੀਆਂ ਹਨ। ਇਨ੍ਹਾਂ ਨੂੰ ਠੀਕ ਠੀਕ ਦੱਸ ਦੇਵੇਗੀ। ਭਾਵੇਂ ਇਸਨੇ ਓਸ ਵੇਲੇ ਪਰਤ ਪਰਤ ਕੇ ਮੇਰੀ ਵੰਨੇ ਬੜੇ ਪਿਆਰ ਨਾਲ ਵੇਖਿਆ ਸੀ ਤਾਂ ਭੀ ਮੈਨੂੰ ਧੀਰਜ ਨਹੀਂ ਬੱਝਦਾ, ਕਿਉਂਕਿ ਮੈਂ ਡਰਦਾ ਹਾਂ, ਕਿਤੇ ਵੇਦਨ ਦਾ ਕਾਰਨ ਕੁਝ ਹੋਰ ਹੀ ਨ ਦੱਸੇ।

†ਕਾਮਦੇਵ ਨੇ ਮੈਨੂੰ ਸੰਤਾਪ ਦਿਤਾ ਅਰ ਉਸੇ ਨੇ ਸ਼ਕੁੰਤਲਾ ਨੂੰ ਤਾਜਾ, ਪਰ ਮੇਰੀ ਵੰਨੇ ਉਸਨੂੰ ਅਸ਼ਕਤ ਕਰਕੇ ਮੇਰਾ ਸੰਤਾਪ ਮਿਟਾਇਆ, ਜੀਕੁਰ ਗ੍ਰੀਖਮ ਦੇ ਉਪਰੰਤ ਪਾਵਸ ਦੇ ਦਿਨ ਪਹਿਲੇ ਸਾਰੇ ਜਗਤ ਦੇ ਜੀਵਾਂ ਨੂੰ ਤਾਪ ਸੰਤਾਪ ਦਿਖਾਕੇ ਫਿਰ ਕਾਲੀ ਘਟਾ ਵਰਖਕੇ ਸਭ ਨੂੰ ਸੁਖ ਦਿੰਦੇ ਹਨ।

*ਤਿਲਾਂਜਲੀ ਦਿਓ ਦਾ ਭਾਵ ਮੈਨੂੰ ਮਰੀ ਸਮਝੋ।

Digitized by Panjab Digital Library | www.panjabdigilib.org

ਹੈ, ਕੀ ਉਹ ਰਾਤੀਂ ਜਾਗੇ ਕੱਟਦਾ ਲਿੱਸਾ ਨਾ ਹੋ ਗਿਆ ਹੋਵੇਗਾ ?

ਦੁਖਅੰਤ (ਆਪਣਾ ਸਰੀਰ ਝਾਕਕੇ)—ਸੱਚ ਹੈ, ਹੋ ਤਾਂ ਠੀਕ ਗਿਆ ਹਾਂ, ਕਿਉਂਕਿ:—

ਰਾਤ ਰਾਤ ਭਰ ਹੰਝੂ ਵਹਿੰਦੇ । ਵਾਂਗ ਮੋਤੀਆਂ ਡੋਲਿਆਂ ਉੱਤੇ ਛਹਬਰ ਲਾ ਲਾ ਵਹਿੰਦੇ। ਬਾਜੂ ਬੰਦਾਂ ਵਾਲੇ ਮਾਣਕ ਮੁੰਹ ਫਿਕੇ ਹੋ ਰਹਿੰਦੇ। ਫਿਰ ਫਿਰ ਇਹਨਾਂ ਬੁਹੱਟਿਆਂ ਤਾਈਂ ਕਰਨ ਉਚੇਰਾ ਚਹਿੰਦੇ। ਖਿਸਕ ਖਿਸਕ ਜਾਂਦੇ ਹਨ ਹੇਠਾਂ ਨਹੀਂ ਥਾਉਂ ਸਿਰ ਬਹਿੰਦੇ। ਘਾਸ ਪਈ ਚਿੱਲੇ ਦੀ ਮੋਢੇ ਨਹਿੰ ਓਥੇ ਅੰਟਕਹਿੰਦੇ। ਮੈਂ ਲਿੱਸਾ ਹੋਇਆ ਤਾਂ ਸਚਮੁਚ ਝੂਠ ਨ ਲੋਕੀ ਕਹਿੰਦੇ* ॥ ੬੬ ॥ ਪਦ ॥

ਪ੍ਰਿਅੰਬਦਾ (ਕੁਝ ਸੋਚਕੇ)—ਅੜੀਏ ਅਨਸੂਆ ! ਮੇਰੀ ਸੋਚ ਵਿੱਚ ਤਾਂ ਇਉਂ ਆਉਂਦਾ ਹੈ ਕਿ ਇਸ ਕੋਲੋਂ ਇਕ ਪ੍ਰੀਤੀ ਪੱਤ੍ਰ ਲਿਖਵਾ ਲਵਾਂ ਅਤੇ ਉਹ ਚਿੱਠੀ ਫੁੱਲਾਂ ਵਿੱਚ ਰਖਕੇ ਦੇਵਤਾ ਦੇ ਪ੍ਰਸ਼ਾਦ ਦੇ ਬਹਾਨੇ ਰਾਜਾ ਪਾਸ ਪੁਚਾ ਦਿਆਂ।

ਅਨਸੂਆ—ਅੜੀਏ ! ਇਹ ਉਪਾਉ ਬੜਾ ਸੁਹਣਾ ਹੈ, ਪਰ ਦੇਖੀਏ ਸ਼ਕੁੰਤਲਾ ਕੀ ਕਹਿੰਦੀ ਹੈ।

ਸ਼ਕੁੰਤਲਾ—ਇਸ ਕਰਤੱਬ ਦਾ ਅੰਤ ਮੈਨੂੰ ਸੋਚ ਲੈਣ ਦੇਣਾ।

ਪ੍ਰਿਅੰਬਦਾ—ਅਣੀਏਂ ! ਤੂੰ ਸੋਚਕੇ ਆਪਣੇ ਉੱਤੇ ਘਟਦਾ ਹੋਇਆ ਕੋਈ ਸੁੰਦਰ ਜਿਹਾ ਛੰਦ ਬਣਾ ਦੇਹ।

ਸ਼ਕੁੰਤਲਾ—ਛੰਦ ਤੇ ਮੈਂ ਬਣਾ ਦਿਆਂਗੀ, ਪਰੰਤੂ ਮੇਰਾ ਜੀਉ ਕੰਬਦਾ ਹੈ ਕਿਤੇ ਮੇਰਾ ਉਹ ਪੱਤ੍ਰ ਮੋੜਕੇ ਨਿਰਾਦਰ ਨਾ ਕਰ ਦੇਵੇ।

ਦੁਖਅੰਤ (ਪ੍ਰਸੰਨ ਹੋਕੇ ਆਪਣੇ ਜੀ ਵਿਚ)—

ਤੂੰ ਜਿਸਤੋਂ ਹੈਂ ਸ਼ੰਕਾ ਕਰਦੀ ਮਤਾਂ ਅਨਾਦਰ ਹੋਵੇ। ਉਹ ਤੇਰੇ ਦਰਸ਼ਨ ਦਾ ਭੁੱਖਾ ਲੁਕ ਲੁਕ ਕੋਲ ਖੁਲੋਵੇ। ਜੇ ਚਾਹੇ ਲਛਮੀ ਨੂੰ ਮਿਲਨਾ ਲਛਮੀ ਮਿਲੇ ਕਿ ਨਾਂਹੀ। ਪਰ ਲਛਮੀ ਹੀ ਮਿਲਨਾ ਚਾਹੇ ਨਹਿੰ ਔਖੀ ਗਲ ਤਾਂਹੀ* ॥ ੬੭ ॥ ਪਦ ॥

ਦੋਵੇਂ ਸਹੇਲੀਆਂ—ਨੀ ਆਪਣੇ ਗੁਣਾਂ ਨੂੰ ਨਿੰਦਣ ਵਾਲੀਏ ! ਭਲਾ ਇਹ ਤਾਂ ਦੱਸ ਕਿ ਅਜੇਹਾ ਮੂਰਖ ਕੌਣ ਹੈ ਜੋ ਸਰੀਰ ਦਾ ਤਾਪ ਦੂਰ ਕਰਨ ਵਾਲੀ ਸਰਦ ਚਾਨਣੀ ਦੇ ਰੋਕਣ ਲਈ ਆਪਣੇ ਸਿਰ ਤੇ ਕੱਪੜਾ ਤਾਣੇ।

ਸ਼ਕੁੰਤਲਾ (ਮੁਸਕ੍ਰਾਕੇ)—ਲੈ ਮੈਂ ਤੁਹਾਡਾ ਹੀ ਕਹਿਣਾ ਕਰਨੀ ਹਾਂ। [ਕੁਝ ਸੋਚਦੀ ਹੈ

ਦੁਖਅੰਤ (ਆਪਣੇ ਜੀ ਵਿਚ)—ਪਿਆਰੀ ਨੂੰ ਅੱਖਾਂ ਭਰਕੇ ਦੇਖਣ ਦਾ ਏਥੇ ਚੰਗਾ ਸਮਾਂ ਹੈ।

ਰਚਦੀ ਛੰਦ ਸੋਚਦੀ ਅੱਖਰ ਇਕ ਭੌਂ ਭਲੀ ਚਢਾਇ। ਗਦ ਗਦ ਰੱਲ੍ਹਾਂ ਤੋਂ ਹੈ

---

*ਰਾਤ ਨੂੰ ਜਦੋਂ ਮੈਂ ਸਿਰ ਹੇਠ ਬਾਂਹ ਰੱਖਕੇ ਸੌਂਦਾ ਹਾਂ ਤਾਂ ਸੜਦੇ ਸੜਦੇ ਤੱਤੇ ਹੰਝੂ ਮੇਰੇ ਬੁਹੱਟਿਆਂ ਤੇ ਪੈਂਦੇ ਹਨ, ਜਿਨ੍ਹਾਂ ਕਰਕੇ ਬੁਹੱਟਿਆਂ ਦੇ ਰਤਨ ਫਿੱਕੇ ਮੋਲੋ ਪੈ ਗਏ ਹਨ ਅਤੇ ਮੈਂ ਏਨਾਂ ਲਿੱਸਾ ਹੋ ਗਿਆ ਹਾਂ ਕਿ ਇਸ ਬੁਹੱਟੇ ਨੂੰ ਉੱਚਾ ਉੱਚਾ ਕਰਦਾ ਰਹਿੰਦਾ ਹਾਂ, ਪਰੰਤੂ ਇਹ ਢਿਲਕ ਢਿਲਕ ਕੇ ਹੇਠਾਂ ਹੀ ਢਹਿੰਦਾ ਰਹਿੰਦਾ ਹੈ, ਏਥੋਂ ਤਾਈਂ ਕਿ ਮੇਰੇ ਮੋਢੇ ਦੀ ਕਮਾਨ ਦੇ ਚਿੱਲੇ ਵਾਲੀ ਘਾਸ ਤੇ ਵੀ ਨਹੀਂ ਠਹਿਰਦਾ।

*ਜਿਸਦੀ ਵੱਲੋਂ ਤੈਨੂੰ ਡਰ ਹੈ ਕਿ ਮਤਾਂ ਚਿੱਠੀ ਮੋੜਕੇ ਅਨਾਦਰ ਨਾ ਕਰੇ, ਉਹ ਤਾਂ ਤੇਰੇ ਦਰਸ਼ਨਾਂ ਦਾ ਭੁੱਖਾ ਏਥੇ ਹੀ ਟੱਕ ਲਾਈ ਖੜਾ ਹੈ, ਲੱਛਮੀ ਭਾਵੇਂ ਮੰਗਣ ਵਾਲੇ ਨੂੰ ਨਾ ਮਿਲੇ, ਪਰੰਤੂ ਇਹ ਕੀਕਰ ਹੋ ਸਕਦਾ ਹੈ ਕਿ ਜਿਸਨੂੰ ਲੱਛਮੀ ਚਾਹੇ ਤੇ ਉਹ ਨਾ ਮਿਲੇ।

Digitized by Panjab Digital Library | www.panjabdigilib.org

ਮੇਰੀ ਪ੍ਰੀਤ ਰਹੀ ਝਲਕਾਇ* ॥੬੯॥ਪਦ॥

ਸ਼ਕੁੰਤਲਾ—ਅੜੀਓ ! ਗੀਤ ਤਾਂ ਮੈਂ ਬਣਾ ਲਿਆ ਜੇ, ਪਰ ਏਥੇ ਲਿੱਖਣ ਲਈ ਕਾਗਤ ਕਲਮ ਦਵਾਤ ਕੁਝ ਨਹੀਂ।

ਪ੍ਰਿਅੰਬਦਾ—ਇਸ ਤੋਂਤੇ ਦੇ ਪੇਟ ਵਰਗੇ ਕੋਮਲ ਕਮਲ ਦੇ ਪੱਤੇ ਪਰ ਨਵੁਂ ਨਾਲ ਲਿਖ ਦੇਹ।

ਸ਼ਕੁੰਤਲਾ (ਪੱਤੇ ਉੱਤੇ ਗੀਤ ਲਿਖਕੇ)—ਅੜੀਓ ਸੁਣੋਂ, ਇਸ ਛੰਦ ਵਿੱਚ ਅਰਥ ਬਣਿਆਂ ਹੈ ਕਿ ਨਹੀਂ ਬਣਿਆਂ।

ਦੋਵੇਂ ਸਹੇਲੀਆਂ—ਚੰਗਾ ਇਸਨੂੰ ਵਾਚ ਖਾਂ।

ਸ਼ਕੁੰਤਲਾ (ਗੀਤ ਵਾਚਦੀ ਹੈ)—

ਮੈਂ ਤੇਰੇ ਮਨ ਦੀ ਕੀ ਜਾਣਾਂ। ਪਰ ਮੇਰੇ ਮਨ ਤੇ ਹੈ ਮਨਮਥ ਕਰਦਾ ਜ਼ੋਰ ਪਿੰਡਾਣਾ। ਲੱਗਾ ਬਿਰਹੁੰ ਅਨੋਖਾ ਚੋਖਾ ਕਰ ਬੇਚੈਨ ਰੰਜਾਣਾਂ। ਆਸਾ ਮਿਲਣ ਵਧੀ ਹੈ ਜਾਂਦੀ ਪੋਂਤਣ ਨਹੀਂ ਮੁਹਾਣਾ ॥ ਕਹਾਂ ਕਹਿਣ ਦੀ ਗੱਲ ਨ ਕੋਈ ਹੈ ਮਨ ਅਜੇ ਇੰਵਾਣਾ†॥੭੯॥

ਦੁਖਜੰਤ (ਝੱਟ ਪੱਟ ਅਗੇ ਵਧਕੇ)—

ਤੈਨੂੰ ਨਿਰਾ ਤਪਾਵੇ ਮਨਮਥ ਕੋਮਲ ਅੰਗਾਂ ਵਾਲੀ। ਮੈਨੂੰ ਸਾੜ ਸੁਆਹ ਕੀਤੋਸੁ ਕਹਰ ਕੁਠਾਲੀ ਗਾਲੀ ॥ ਸੂਰਜ ਕਵੀਆਂ ਦੇ ਮੂੰਹ ਮੀਟੇ ਗੰਧੀ ਖਿਲਰਨ ਖਾਲੀ। ਪਰ ਸੂਰਜ ਕਰ ਦਏ ਚੰਦ ਨੂੰ ਫਿੱਕਾ ਟੰਗ

---

*ਛੰਦ ਬਣਾਉਣ ਵਿਚ ਲੀਨ ਹੈ, ਇਕ ਤੋਂਹ ਚੜ੍ਹੀ ਹੋਈ ਕੇਹੀ ਸੁੰਦਰ ਲਗਦੀ ਹੈ ਅਤੇ ਇਸਦੀਆਂ ਗਦਗਦ ਹੋਈਆਂ ਗੱਲ੍ਹਾਂ ਤੋਂ ਮੇਰੀ ਪ੍ਰੀਤ ਕੈਸੀ ਝਲਕ ਰਹੀ ਹੈ।

†ਪਿਆਰੇ ਜੀ ! ਮੈਂ ਆਪਦੇ ਮਨ ਦਾ ਹਾਲ ਨਹੀਂ ਜਾਣਦੀ, ਪਰੰਤੂ ਮੇਰੇ ਮਨ ਨੂੰ ਕਾਮਦੇਵ ਨਿੱਤ ਬੇਚੈਨ ਕਰਦਾ ਹੈ ਅਤੇ ਮੇਰੇ ਸਰੀਰ ਨੂੰ ਜੋ ਤੁਹਾਡੇ ਮਿਲਨੇ ਦਾ ਇੱਛਾਵਾਨ ਹੈ ਉਸਨੂੰ ਬਹੁਤ ਤਪਾਉਂਦਾ ਹੈ।

ਪਰਾਲੀ* ॥ ੭੦ ॥ ਗੀਤ ॥

ਦੋਵੇਂ ਸਹੇਲੀਆਂ (ਪ੍ਰਸੰਨਤਾ ਨਾਲ ਅਗੋਂ ਉਠਦੀਆਂ ਹਨ)—ਬੜੇ ਹੀ ਆਨੰਦ ਦੀ ਗੱਲਹੈ ਕਿ ਮਨੋਰਥ ਬਹੁਤ ਛੇਤੀ ਸਿੱਧ ਹੋ ਗਿਆ।

[ਸ਼ਕੁੰਤਲਾ ਭੀ ਆਦਰ ਲਈ ਉਠਦੀ ਹੈ।

ਦੁਖਜੰਤ—ਲੇਟੇ ਰਹੋ, ਮੇਰੇ ਲਈ ਏਡਾ ਜਤਨ ਕਿਉਂ ਕਰਦੇ ਹੋ ?

ਬੜੇ ਤਾਪ ਦੇ ਤਪ ਅੰਗ ਤੈਂ ਆਦਰ ਨੂੰ ਉਠ ਸਕਣ ਕਿਵੇਂ ? 'ਪੁਸ਼ਪਸੇਜ' ਦੇ ਲਗ ਤੈਂ ਅੰਗੀਂ ਮਲਿਤ ਭਏ ਹਨ, ਕਮਲ ਜਿਵੇਂ ? 'ਕਮਲਨਾਲ' ਬੀ ਨਾਲ ਗਏ ਫਿਸ, ਉੱਠ ਨ ਸਕਦੇ ਅੰਗ ਤਿਵੇਂ। ਸੋ ਸੁਹਣੇ ਪਰ ਸਿਥਲੇ ਤੈਂ ਅੰਗ ਓ ਰਹਣ ਸੇਜ ਤੇ ਪਏ ਇਵੇਂ।

ਅਨਸੂਆ—ਮਹਾਰਾਜ ਜੀ ! ਏਸੇ ਸਿਲਾ ਤੇ ਆਪ ਬਿਰਾਜਮਾਨ ਹੋ ਜਾਈਏ ਜਿਸ ਤੇ ਸ਼ਕੁੰਤਲਾ ਬੈਠੀ ਹੈ।

[ਦੁਖਜੰਤ ਬੈਠਦਾ ਹੈ ਅਤੇ ਸ਼ਕੁੰਤਲਾ ਕੁਝ ਸ਼ਰਮ ਕਰਦੀ ਹੈ

ਪ੍ਰਿਅੰਬਦਾ—ਤੁਸਾਂ ਦੋਹਾਂ ਦਾ ਇਕ ਦੂਜੇ ਵਿਚ ਪ੍ਰੇਮ ਤਾਂ ਪ੍ਰਤੱਖ ਹੈ, ਪਰ ਫੇਰ ਬੀ ਸਖੀ

---

*ਪਿਆਰੀ ! ਤੈਨੂੰ ਤਾਂ ਨਿਰਾ ਤਪਾਉਂਦਾ ਹੀ ਹੈ, ਪਰੰਤੂ ਮੈਨੂੰ ਤਾਂ ਉਸ ਨੇ ਸਾੜ ਕੇ ਸੁਆਹ ਹੀ ਕਰ ਸਿੱਟਿਆ ਹੈ, ਜੀਹ੍ਰ ਦਿਨ ਵੇਲੇ ਕਮੀ ਦੇ ਫੁਲ ਦੀ ਸ਼ੋਭਾ ਨੂੰ ਸੂਰਜ ਇੰਨਾ ਬਾਹਲਾ ਕੋਈ ਨਹੀਂ ਬਿਗਾੜਦਾ ਨਿਰਾ ਉਸਦਾ ਮੂੰਹ ਬੰਦ ਕਰਾਈ ਰਖਦਾ ਹੈ ਜਿਸ ਤੋਂ ਸੁਗੰਧੀ ਨਹੀਂ ਖਿੱਲਰਦੀ, ਪਰੰਤੂ ਜਿੰਨਾਕੁ ਸਵੇਰ ਵੇਲੇ ਚੰਦ੍ਰਮਾ ਦੇ ਰੂਪ ਰੰਗ ਤੇ ਤੇਜ ਦਾ ਸੱਤਯਾਨਾਸ ਕਰਦਾ ਹੈ।

†ਤੇਰਾ ਤਾਪ ਦਾ ਸਤਾਯਾ ਹੋਇਆ ਸਰੀਰ ਫੁੱਲਾਂ ਦੀ ਛੋਜ਼ਾ ਨਾਲ ਲੱਗਾ ਹੋਇਆ ਏਸ ਤਰ੍ਹਾਂ ਸਿਥਲ ਹੋ ਗਿਆ ਹੈ ਜਿਸ ਤਰ੍ਹਾਂ ਤੇਰੀ ਸੇਜਾ ਦੇ ਕਮਲ ਤੇ ਉਨ੍ਹਾਂ ਦੀਆਂ ਡੰਡੀਆਂ ਮਲਿਤ ਹੋ ਗਏ ਹਨ, ਤੇਰੇ ਸਿਥਲ ਅੰਗ ਉਠ ਕੇ ਆਦਰ ਕਰਨ ਦੀ ਖੇਚਲ ਸਹਾਰਨ ਜੋਗੇ ਨਹੀਂ।

Digitized by Panjab Digital Library | www.panjabdigilib.org

ਦਾ ਪਿਆਰ ਮੈਥੋਂ ਕੁਝ ਕਹਿਵਾਯਾ ਹੀ ਚਾਹੁੰਦਾ ਹੈ।

ਦੁਖਜੰਤ–ਜੋ ਕੁਝ ਕਹਿਣਾ ਚਾਹੇ ਸੋ ਕਹੋ, ਕਿਉਂਕਿ ਜੋ ਗੱਲ ਕਹਿਣ ਲਈ ਮਨ ਵਿੱਚ ਆਵੇ ਓਹ ਬਿਨਾਂ ਕਹੇ ਪਿੱਛੋਂ ਦੁਖ ਦਿੰਦੀ ਰਹਿੰਦੀ ਹੈ।

ਪ੍ਰਿਅੰਬਦਾ–ਪਰਜਾ ਵਿੱਚ ਜਦ ਕਿਸੇ ਨੂੰ ਕੋਈ ਦੁੱਖ ਹੋਵੇ ਤਾਂ ਉਸ ਦੁੱਖ ਨੂੰ ਰਾਜਾ ਹੀ ਦੂਰ ਕਰਦਾ ਹੈ, ਇਹ ਆਪ ਦਾ ਧਰਮ ਸਭ ਕੋਈ ਕਹਿੰਦਾ ਹੈ।

ਦੁਖਜੰਤ–ਸੱਚ ਹੈ, ਇਸ ਨਾਲੋਂ ਹੋਰ ਕੋਈ ਵੱਡਾ ਧਰਮ ਰਾਜਾ ਵਾਸਤੇ ਨਹੀਂ ਹੈ।

ਪ੍ਰਿਅੰਬਦਾ–ਸਾਡੀ ਇਸ ਪਜਾਰੀ ਸਖੀ ਨੂੰ ਕੰਦਰਪ ਬਲੀ ਨੇ ਤੁਹਾਡੀ ਲਗਨ ਵਿੱਚ ਇਸ ਹਾਲ ਨੂੰ ਪਹੁੰਚਾਇਆ ਹੈ, ਹੁਣ ਤੁਸੀਂ ਹੀ ਏਸ ਲਾਇਕ ਹੋ ਜੋ ਕਿਰਪਾ ਕਰਕੇ ਇਸਦੇ ਪ੍ਰਾਨ ਦਾਨ ਦਿਓ।

ਦੁਖਜੰਤ–ਹੇ ਸੁੰਦਰੀ ! ਇਹ ਪ੍ਰਾਰਥਨਾ ਤਾਂ ਦੁਵੱਲੀ* ਹੀ ਬਰਾਬਰ ਹੈ, ਪਰੰਤੂ ਕਿਰਪਾ ਤਾਂ ਹਰ ਤਰ੍ਹਾਂ ਮੇਰੇ ਪਰ ਹੀ ਹੈ।

ਸ਼ਕੁੰਤਲਾ (ਪ੍ਰਿਅੰਬਦਾ ਵੱਲ ਝੁੱਕਕੇ)–ਰਾਜ ਰਿਖੀ ਜੀ ਨੂੰ ਕਿਉਂ ਦੇਰੀ ਕਰਾਉਂਦੀਆਂ ਹੋ, ਇਨ੍ਹਾਂ ਦਾ ਮਾਨ ਤਾਂ ਰਣਵਾਸ ਵਿੱਚ ਰੱਖਿਆ ਹੋਇਆ ਹੋਵੇਗਾ।

ਦੁਖਜੰਤ–ਹੇ ਸੁੰਦਰੀ !

ਇਹ ਜੀਉੜਾ ਤੇਰੇ ਵੱਸ ਹੋਇਆ । ਹੋਰ ਕਿਸੇ ਦੇ ਵੱਸ ਨਹੀਂ ਰਹਿਆ ਕਿਉਂਕਿ ਤੁਹੀਂ ਮੇਰਾ ਜੀ ਮੋਹਿਆ ॥ ਤੂੰ ਜਦ ਵਸੀ ਮੇਰੇ ਜੀ ਅੰਦਰ ਮੈਂ ਮੰਦਰ ਫਿਰ ਹੋਰ ਨ ਜੋਹਿਆ । ਜੇ ਤੂੰ ਇਸ ਵਿਚ ਸ਼ੱਕ ਕੁਝ ਰਖਦੀ ਅਪਨੇ ਆਪ ਨੂੰ ਤਾਂ ਮੈਂ ਟੋਹਿਆ ਮਾਰੇ ਕਾਮ ਤੀਰ ਮੈਂ ਮੋਇਆ ਮੋਏ ਨੂੰ ਤੂੰ ਫਿਰ ਕਰ ਕੋਹਿਆ* ॥ ੭੨ ॥ ਪਦ ॥

ਅਨਸੂਆ (ਹੱਸਕੇ)–ਹੇ ਸੱਜਣ ਪੁਰਖ ! ਅਸੀਂ ਸੁਣਦੀਆਂ ਹਾਂ ਕਿ ਰਾਜੇ ਲੋਕ ਬਹੁਤੀਆਂ ਰਾਣੀਆਂ ਦੇ ਪਜਾਰੇ ਹੁੰਦੇ ਹਨ, ਪਰੰਤੂ ਤੁਸਾਂ ਸਾਡੀ ਸਖੀ ਦਾ ਅਜਿਹਾ ਨਿਰਬਾਹ ਕਰਨਾ ਜਿਸ ਕਰਕੇ ਇਸਦੇ ਭਾਈ ਬੰਦਾਂ ਨੂੰ ਕਲੇਸ਼ ਨਾ ਹੋਵੇ।

ਦੁਖਜੰਤ–ਹੇ ਸੁੰਦਰੀ ! ਬਹੁਤਾ ਕੀ ਕਹਾਂ ?

ਦੋ ਮੇਰੇ ਰਣਵਾਸ ਹੋਣਗੇ ਦੋ ਕੁਲ ਭੂਖਨ ਨਾਰੀ।ਇੱਕ ਪ੍ਰਿਥਵੀ ਜਿਸ ਸਿੰਧ ਤੜਾਗੀ† ਦੂਜੀ ਸਖੀ ਤੁਮਾਰੀ‡ ॥ ਪਦ । ੭੩ ॥

ਦੋਵੇਂ ਸਹੇਲੀਆਂ–ਤਾਂ ਹੁਣ ਅਸਾਡੀ ਚਿੰਤਾ ਮਿਟੀ।

ਪ੍ਰਿਅੰਬਦਾ (ਅਨਸੂਆ ਵੰਨੀ ਦੇਖਕੇ)–ਨੀ ਅਨਸੂਯਾ ! ਔਹ ਦੇਖ ਏਧਰ ਅੱਖਾਂ ਕਰ ਕੇ ਅਸਾਡੀ ਵੰਨੀ ਹਰਨੀ ਦਾ ਬੱਚਾ ਕੇਹਾ ਅਪਣੀ ਮਾਉਂ ਨੂੰ ਢੂੰਡਦਾ ਫਿਰਦਾ ਹੈ, ਚੱਲ ਉਸਨੂੰ ਮਾਂ ਲੱਭ ਦੇਈਏ।

[ਦੋਵੇਂ ਚਲਦੀਆਂ ਹਨ

ਸ਼ਕੁੰਤਲਾ–ਨੀ ਅੜੀਓ ! ਮੈਂ ਇਕੱਲੀ ਰਹਿ

---

*ਪ੍ਰਾਰਥਨਾ ਦੁਵੱਲੀ ਇੱਕੋ ਜਿਹੀ ਹੈ, ਜੀਕੁਰ ਤੂੰ ਇਸਦੇ ਪ੍ਰਾਣ ਰੱਖਣ ਲਈ ਮੈਨੂੰ ਕਹਿਨੀ ਹੈਂ ਇੱਕੁਰ ਹੀ ਮੇਰੇ ਪ੍ਰਾਣ ਰੱਖਣ ਲਈ ਇਸਨੂੰ ਵੀ ਕਹੁ ।

*ਮੇਰਾ ਮਨ ਤੇਰੇ ਹੀ ਵੱਸ ਹੈ ਹੋਰ ਕਿਸੇ ਦੇ ਨਹੀਂ। ਜੇਕਰ ਤੂੰ ਇਸ ਗੱਲ ਵਿੱਚ ਕੁਝ ਸ਼ੱਕ ਕਰਦੀ ਹੈਂ ਤਾਂ ਮਾਨੋ ਕਾਮਦੇਵ ਦੇ ਬਾਣਾਂ ਕਰਕੇ ਮੈਂ ਮਾਰੇ ਹੋਏ ਨੂੰ ਫਿਰ ਕੇ ਮਾਰਨੀ ਹੈਂ।

†ਜਿਸ ਪ੍ਰਿਥਵੀ ਦੇ ਚਹੁੰ ਓਰ ਤੜਾਗੀ ਵਾਂਗ ਸਮੁੰਦ੍ਰ ਹੈ ਅਰਥਾਤ ਸਾਰੀ ਪ੍ਰਿਥਵੀ।

‡ਇਕ ਰਾਣੀ ਮੇਰੀ ਪ੍ਰਿਥਵੀ ਹੈ ਦੂਜੀ ਸ਼ਕੁੰਤਲਾ ਹੋਵੇਗੀ, ਇਨ੍ਹਾਂ ਤੋਂ ਪਰੇ ਹੋਰ ਕੋਈ ਨਾ ਹੋਵੇਗੀ।

Digitized by Panjab Digital Library | www.panjabdigilib.org

ਗਈ, ਤੁਹਾਡੇ ਵਿੱਚੋਂ ਇਕ ਤਾਂ ਮੇਰੀ ਵੱਲ ਆਓ।

ਦੋਵੇਂ ਸਹੇਲੀਆਂ (ਮੁਸਕ੍ਰਾਕੇ)–ਤੂੰ ਸੁੱਖੀ ਸਾਂਦੀ ਇਕੱਲੀ ਕਿਉਂ ਹੈਂ, ਜੋ ਸਾਰੇ ਦੇਸ਼ ਦੁਨੀਆਂ ਦਾ ਰਖਵਾਲਾ ਹੈ ਓਹ ਤਾਂ ਤੇਰੇ ਪਾਸ ਬੈਠਾ ਹੈ।

ਸ਼ਕੁੰਤਲਾ–ਕੀ ਦੋਵੇਂ ਹੀ ਚਲੀਆਂ ਗਈਆਂ ?

ਦੁਖਯੰਤ–ਪਯਾਰੀ ! ਤੂੰ ਚਿੰਤਾ ਕਿਉਂ ਕਰਨੀ ਹੈਂ, ਕੀ ਮੈਂ ਤੇਰਾ ਟਹਿਲ ਵਾਲਾ ਤੇਰੇ ਪਾਸ ਨਹੀਂ ਹਾਂ ?

ਜੇ ਤੂੰ ਆਖੇਂ ਮੈਨੂੰ ਪਿਆਰੀ ਪੱਤਾ ਕੋਲ ਫੁੱਲਾਂ ਦਾ। ਕਰਕੇ ਪੱਖਾ ਝੱਲਾਂ ਤੈਨੂੰ ਠੰਢਾ ਝੱਲ ਜਿਨ੍ਹਾਂ ਦਾ। ਠੰਢੀ ਪੌਣ ਲਰੇ ਜਾਂ ਤਨ ਨੂੰ ਆਲਸ ਘਟੇ ਦਿਲਾਂ ਦਾ। ਜੇ ਤੂੰ ਆਖੇਂ ਪੈਰ ਤਿਰੇ ਲੈ ਗੋਦੀ ਵਿੱਚ ਟਿਕਾਂਦਾ। ਮਹਿੰਦੀ ਲੱਗੇ ਲਾਲ ਜੁ ਦਿਸਦੇ ਸਹਿਜੇ ਕੋਲ ਝਸਾਂਦਾ। ਜਿਉਂ ਤੈਨੂੰ ਸੁਖ ਭਾਸੇ ਪਯਾਰੀ ਨਹਿੰ ਕਰਦਾ ਸ਼ਰਮਾਂਦਾ* ॥ ੭੪ ॥ ਪਦ ॥

ਸ਼ਕੁੰਤਲਾ–ਮੈਂ ਵੱਡਿਆਂ ਦਾ ਅਪਰਾਧ ਆਪਣੇ ਸਿਰ ਕਦੀ ਨਾ ਲਵਾਂਗੀ।

[ਉੱਠਕੇ ਜਾਣਾ ਚਾਹੁੰਦੀ ਹੈ

ਦੁਖਯੰਤ–ਹੇ ਸੁੰਦਰੀ ! ਅਜੇ ਤਾਂ ਕਰੜੀ ਦੁਪਹਿਰ ਹੈ ਅਤੇ ਤੇਰੇ ਸਰੀਰ ਦਾ ਇਹ ਬੁਰਾ ਹਾਲ ਹੈ।

ਛੱਡਕੇ ਛੋਜ ਫੁਲਾਂ ਦੀ ਠੰਢੀ ਧੁੱਪੇ ਕੋਮਲ ਪਿੰਡਾ। ਲੈਕੇ ਕਿੱਥੇ ਜਾਣ ਲਗੀ ਹੈਂ ਤੱਤਾ ਰੇਤਾ ਖਿੰਡਾ ਛਾਤੀ ਤੇ ਰੱਖੇ ਹਨ ਪੱਤੇ ਕੇਲਾਂ ਦੇ ਕਰ ਠੰਡਾ। ਇਹ ਗਲ ਮੈਥੋਂ ਸਹੀ ਨ ਜਾਂਦੀ ਸੂਰਜ ਧੁੱਪ ਪ੍ਰਚੰਡਾ* ॥੭੫॥ਪਦ॥

[ਹੱਥ ਪਕੜਕੇ ਪਾਸ ਬਿਠਾਉਂਦਾ ਹੈ

ਸ਼ਕੁੰਤਲਾ–ਹੇ ਪੁਰੁਵੰਸ਼ੀ ! ਰਾਜਨੀਤ ਪਾਲਨ ਕਰੋ, ਭਾਵੇਂ ਮੈਂ ਕਾਮਮੇਵ ਦੀ ਸਤਾਈ ਹੋਈਹਾਂ ਤਿਸ ਪਰ ਭੀ ਮੈਂ ਸੁਤੰਤ੍ਰ ਨਹੀਂ ਹਾਂ।

ਦੁਖਯੰਤ–ਹੇ ਕਾਮਨੀ ! ਤੂੰ ਵੱਡਿਆਂ ਤੋਂ ਡਰ ਨਹੀਂ, ਕਿਉਂਕਿ ਕੰਨ੍ਹ ਰਿਖੀ ਧਰਮ ਦੀ ਗਤੀ ਨੂੰ ਜਾਣਦੇ ਹਨ, ਇਹ ਗੱਲਾਂ ਸੁਣਕੇ ਤੈਨੂੰ ਕੋਈ ਦੋਸ਼ ਨਹੀਂ ਦੇਣਗੇ।

ਰਾਜ ਰਿਖੀ ਜੋ ਬਨ ਵਿਚ ਰਹਿੰਦੇ ਬਹੁ-ਤਿਆਂ ਦੀਆਂ ਜੋ ਧੀਆਂ। ਕਰ ਗੰਧਰਬ ਵਿਆਹ ਸਾਹੁਰੇ ਵੱਸੀਆਂ ਜਾਕੇ ਸੀਆਂ। ਮਾਤ ਪਿਤਾ ਖੁਸ਼ ਹੁਏ ਉਨ੍ਹਾਂ ਦੇ ਆਦਰ ਨਾਲ ਮਿਲੇ ਹਨ। ਇਹ ਗਲ ਪ੍ਰਗਟ ਛਪੀ ਕੁਝ ਨਾਹੀਂ ਜਗ ਵਿਵਹਾਰ ਬਣੇ ਹਨ† ॥ ੭੬ ॥ ਪਦ ॥

ਸ਼ਕੁੰਤਲਾ–ਮੇਰਾ ਪੱਲਾ ਰਤਾਕੁ ਛੱਡ ਦਿਓ, ਮੈਂ ਆਪਣੀਆਂ ਸਖੀਆਂ ਨੂੰ ਫੇਰ ਕੁਝ ਪੁੱਛ ਆਵਾਂ।

ਦੁਖਯੰਤ–ਹੱਛਾ ਜੀ, ਛੱਡ ਦਿਆਂਗਾ।

ਸ਼ਕੁੰਤਲਾ–ਕਦੋਂ ਛਡੋਗੇ ?

---

*ਪਯਾਰੀ ! ਜੇ ਤੂੰ ਆਖੇਂ ਤਾਂ ਤੈਨੂੰ ਕੋਲਾਂ ਦੇ ਪੱਤਿਆਂ ਦਾ ਪੱਖਾ ਝੱਲਾਂ, ਜਿਸਦੀ ਠੰਢੀ ਪੌਣ ਕਰਕੇ ਤੇਰਾ ਪਸੀਨਾ ਸੁੱਕੇ ਅਤੇ ਸਰੀਰ ਠੰਢਾ ਹੋਵੇ। ਜੇ ਤੂੰ ਆਖੇਂ ਤਾਂ ਤੇਰੇ ਮਹਿੰਦੀ ਲੱਗੇ ਲਾਲ ਪੈਰ ਆਪਣੀ ਗੋਦੀ ਵਿਚ ਲੈਕੇ ਹੌਲੇ ਹੌਲੇ ਕਮਲ ਫੁੱਲਾਂ ਨਾਲ ਡੱਸਾਂ।

*ਇਸ ਕਹਿਰ ਦੀ ਕਰੜੀ ਦੁਪਹਿਰ ਵਿਚ ਫੁੱਲਾਂ ਦੀ ਛੋਜ ਛੱਡ ਕੇ ਅਤੇ ਕੋਲਾਂ ਦੇ ਪੱਤੇ ਛਾਤੀ ਅੱਗੇ ਟੱਕਕੇ ਆਪਣੇ ਇਜੇਹੇ ਕੋਮਲ ਸਰੀਰ ਨੂੰ ਕਿੱਥੇ ਲੈਕੇ ਚੱਲੀ ਹੈਂ ? ਇਹ ਗੱਲ ਮੈਥੋਂ ਨਹੀਂ ਸਹਾਰੀ ਜਾਂਦੀ।

†ਬਹੁਤ ਸਾਰੇ ਰਾਜ ਰਿਖੀਆਂ ਦੀਆਂ ਧੀਆਂ ਗੰਧਰਬ ਰੀਤੀ ਨਾਲ ਬਿਆਹੀਆਂ ਸੁਣੀਆਂ ਹਨ ਅਤੇ ਇਹ ਭੀ ਨਾਲ ਹੀ ਸੁਣਿਆਂ ਹੈ ਕਿ ਉਨ੍ਹਾਂ ਦੇ ਮਾਂ ਪਿਉ ਨੇ ਉਨ੍ਹਾਂ ਧੀਆਂ ਨੂੰ ਬੁਰਾ ਨਹੀਂ ਆਖਿਆ ਸਗੋਂ ਆਦਰ ਭਾਉ ਨਾਲ ਮਿਲਦੇ ਰਹੇ ਹਨ।

Digitized by Panjab Digital Library | www.panjabdigilib.org

ਦੁਖਮੰਤ–

ਜੀਕਰਕੋਮਲ ਚੰਗੇਫੁਲ ਤੋਂ ਭੋਰਾ ਵੇਲਾਪਾਕੇ।
ਹੌਲੇ ਹੌਲੇ ਸ਼ਹਤ ਫੁੱਲਾਂ ਦੀ ਲੈਂਦਾ ਤਾਉ ਦੁਝਾਕੇ। ਓਕਰ ਹੀ ਜਦ ਮੈਂ ਕਰ ਲੈਸਾਂ,
ਸੁਣ ਪਜਾਰੀ! ਗਲ ਮੇਰੀ। ਤੇਰੇ ਹੋਠ
ਅਛੋਹਾਂ ਦਾ ਮੈਂ ਰਸ ਪੀਸਾਂ ਬਿਨ ਦੇਰੀ*॥

੨੭ ॥ ਪਦ॥

[ਸ਼ਕੁੰਤਲਾ ਦਾ ਮੂੰਹ ਉੱਪਰ ਚੁੱਕਦਾ ਹੈ
ਅਤੇ ਉਹ ਹਟਕਦੀ ਹੈ

ਨੇਪਥ ਵੱਲੋਂ–ਏ ਚਕਵੀ ਰਾਤ ਆ ਗਈ,
ਹੁਣ ਤੂੰ ਆਪਣੇ ਚਕਵੇ ਤੋਂ ਵੱਖਰੀ ਹੈ।

ਸ਼ਕੁੰਤਲਾ(ਕੰਨ ਲਾਕੇ ਅਤੇ ਘਬਰਾਕੇ)–ਹੇ ਪੌਰਵ ਰਾਜ! ਮੇਰੀ ਸੁਰਤ ਲੈਣ ਲਈ ਭਗਵਤੀ
ਅਤੇ ਗੌਤਮੀ ਏਧਰ ਆ ਰਹੀਆਂ ਹਨ,
ਤੁਸੀਂ ਛੇਤੀ ਨਾਲ ਕਿਸੇ ਦਰਖਤ ਦੇ
ਉਹਲੇ ਹੋ ਜਾਓ।

ਦੁਖਮੰਤ–ਸੱਤ ਬਚਨ, ਏਹੋ ਕਰਨਾ ਹਾਂ।

[ਇਕ ਦਰਖਤ ਦੇ ਉਹਲੇ ਛਿਪਦਾ ਹੈ
[ਹੱਥ ਵਿਚ ਕਰਮੰਡਲ ਲਈ ਗੌਤਮੀ ਅਤੇ
ਭਗਵਤੀ ਦੋਵੇਂ ਸਖੀਆਂ ਆਉਂਦੀਆਂ ਹਨ]

ਗੌਤਮੀ–ਭਗਵਤੀ! ਏਧਰ ਆ ਏਧਰ।

ਗੌਤਮੀ (ਸ਼ਕੁੰਤਲਾ ਪਾਸ ਜਾਕੇ)–ਬੇਟੀ! ਅਜੇ
ਤੇਰੇ ਸਰੀਰ ਦਾ ਤਾਪ ਕੁਝ ਘਟਿਆ ਕਿ
ਨਹੀਂ?

ਸ਼ਕੁੰਤਲਾ–ਹਾਂ ਜੀ ਕੁਝ ਤਾਂ ਘਟਿਆ ਹੈ।

ਗੌਤਮੀ–ਏਸ ਕੁਸ਼ਾ ਦੇ ਪਾਣੀ ਨਾਲ ਤੇਰਾ
ਸਰੀਰ ਅਰੋਗ ਹੋ ਜਾਏਗਾ (ਸਿਰ ਤੇ ਪਾਣੀ
ਦੇ ਛੱਟੇ ਮਾਰਦੀ ਹੈ) ਬੇਟੀ! ਹੁਣ ਸੰਧਯਾ ਹੋ

*ਜੋਹਾਕੁ ਭੋਰਾ ਵੇਲਾ ਪਾਕੇ ਚੰਗਿਆਂ ਫੁੱਲਾਂ ਤੋਂ ਹੌਲੀ ਹੌਲੀ ਰਸ ਲੈਕੇ ਆਪਣੀ ਤ੍ਰਿਖਾ ਬੁਝਾਉਂਦਾ ਹੈ, ਓਕਰ ਹੀ ਹੇ ਸੁਖ ਦੇਣ ਵਾਲੀ! ਜਦੋਂ ਮੈਂ ਤੇਰੇ ਅਛੋਹ ਹੋਠਾਂ ਦੇ ਰਸ ਨਾਲ ਰੱਜ ਲਵਾਂਗਾ ਤਦ ਤੈਨੂੰ ਛੱਡ ਦਿਆਂਗਾ।

ਗਈ ਹੈ, ਚੱਲ ਹੁਣ ਕੁਟੀਆ ਨੂੰ ਚੱਲੀਏ।

ਸ਼ਕੁੰਤਲਾ (ਆਪਣੇ ਜੀ ਵਿਚ)–ਹਾਇ ਓਇ
ਮੇਰੇ ਮਨ ਜਦ ਸੁਖ ਲੈਣ ਦਾ ਵੇਲਾ
ਸਾਹਮਣੇ ਆਇਆ ਤਦ ਤੂੰ ਅਭਾਗਾ
ਕਾਇਰ ਹੋ ਨਿਕਲਿਆ। ਹੁਣ ਪਜਾਰੇ ਦੇ
ਵਿਰਹ ਦੇ ਸੰਤਾਪ ਵਿਚ ਤੇਰਾ ਕੀ ਹਾਲ
ਹੋਵੇਗਾ? (ਥੋੜੀ ਜੇਹੀ ਦੂਰ ਚੱਲਕੇ ਖੜੇ
ਜਾਂਦੀ ਹੈ) (ਪ੍ਰਗਟ) ਹੇ ਦੁਖ ਹਰਨੇ ਵਾਲੀ
ਵੇਲ! ਹੁਣ ਮੈਂ ਤੈਥੋਂ ਵੱਖਰੀ ਹੁੰਨੀ ਹਾਂ,
ਪਰ ਆਸ਼ਾ ਰੱਖਦੀ ਹਾਂ ਕਿ ਕਦੀ ਫਿਰ ਵੀ
ਤੈਨੂੰ ਦੇਖਾਂਗੀ।

[ਦੁਖੀਆ ਜੇਹੀ ਸਭਨਾਂ ਦੇ ਨਾਲ ਜਾਂਦੀ ਹੈ।

ਦੁਖਮੰਤ (ਪਹਿਲੀ ਜਗਾ ਤੇ ਜਾਕੇ ਅਤੇ ਠੰਢਾ ਸਾਹ ਭਰਕੇ)–ਹਾਇ! ਮਨੋਰਥ ਸਿੱਧ ਹੋਣ ਵਿੱਚ
ਅਨੇਕਾਂ ਹੀ ਵਿਘਨ ਆ ਪੈਂਦੇ ਹਨ।

ਘੜੀ ਮੁੜੀ ਉਨ ਹੱਥ ਰਖ ਮੂੰਹ ਤੇ ਅਪਣੇ
ਹੋਠ ਛਪਾਏ ਸਾਨ। ਨਹੀਂ ਨਹੀਂ ਸੁਰ
ਮਿੱਠੀ ਜੇਹੀ ਸੁੰਦਰ ਬਚਨ ਅਲਾਏ ਸਾਨ।
ਮੈਂ ਭੀ ਕੁਝ ਮੂੰਹ ਉਸਦਾ ਚੁਕਿਆ ਪਰ
ਉਨ ਨੇਤ੍ਰ ਮਿਟਾਏ ਸਾਨ। ਹੋਠਾਂ ਦਾ ਰਸ
ਲੈਣ ਨ ਮੇਰਾ ਹਿਆਉ ਪਇਆ ਘਬਰਾਏ
ਸਾਨ* ॥ ੨੮ ॥ ਪਦ ॥

(ਲਾਂਭ ਚਾਂਭ ਦੇਖਕੇ) ਹੁਣ ਮੈਂ ਕਿੱਥੇ ਜਾਵਾਂ,
ਏਸੇ ਵੇਲਾਂ ਦੀ ਝੰਗੀ ਵਿੱਚ ਜਿੱਥੇ ਪਿਆਰੀ
ਹੁਣੇ ਖੇਡ ਕਰਕੇ ਛੱਡ ਗਈ ਹੈ, ਘੜੀਕੁ
ਤਾਂ ਏਥੇ ਹੀ ਭਟਕੇ ਬੈਠਾ।

ਇਹ ਪਿਆਰੀ ਦੀ ਸਿਲ ਛੇਜਾ।
ਵਿੱਚ ਫੁੱਲਾਂ ਦੇ ਜਿੱਥੇ ਲੇਟੀ ਧੜਕੇ ਨਾਲ

*ਉਂਗਲੀਆਂ ਹੱਥਾਂ ਦੀਆਂ ਨਾਲ ਉਸਨੇ ਘੜੀ ਮੁੜੀ ਹੋਠ ਲੁਕਾਏ, ਨਹੀਂ ਨਹੀਂ ਕਹਿੰਦੀ ਦਾ ਮੂੰਹ ਫੜਕੇ ਮੈਂ ਕੁਝ ਉੱਚਾ ਤਾਂ ਕਰ ਲਿਆ ਸੀ, ਪਰ ਹੋਠਾਂ ਦਾ ਰਸ ਲੈਣ ਲਈ ਮੇਰਾ ਜਿਗਰਾ ਨਾ ਹੀ ਪਿਆ।

Digitized by Panjab Digital Library | www.panjabdigilib.org

ਕਲੇਜਾ। ਪੂੰਮ ਪੱਤ੍ਰ ਕੁਮਲਾਇ ਪਇਆ ਹੈ ਨਾਲ ਨਹਵਾਂ ਲਿਖ ਚਹੈ ਜੁ ਭੇਜਾ। ਪਏ ਕੜੇ ਹਨ ਇਹ ਨਾਲਾਂ ਦੇ ਹਥੋਂ ਡਿੱਗੇ ਪਏ ਇਹੈ ਜਾ। ਦੇਖ ਇਨ੍ਹਾਂ ਨੂੰ ਛੱਡ ਨ ਸੱਕਾਂ ਸੁੰਨੀ ਕੁੰਜ ਬੈਂਤਾਂ ਦੀ ਏ ਜਾ*।੭੯।ਪਦ

ਨੇਪੱਥ੍ਯ ਵਿਚੋਂ—ਹੇ ਰਾਜਾ !

ਸੰਧ੍ਯਾ ਪੂਜਨ ਹੁੰਦੇ ਸਾਰ ਪਏ ਰਾਖਸ਼ਾਂਦੀ ਆ ਛਾਯਾ ਚਹੁੰ ਲਾਂਭੀ ਜਿੱਕੁਰ ਧੂੰ ਧਾਰ।

ਸਾਂਝ ਸਮੇਂ ਦੀ ਬਦਲਾਂ ਵਾਂਗੂੰ ਕਾਲੇ ਪੀਲੇ ਰੰਗ ਸਵਾਰ। ਆਣ ਡਰਾਉਣ ਤਪਸੀ ਲੋਕਾਂ ਤ੍ਰਾਸ ਦੇਣ ਕਰ ਵਿਘਨ ਪੁਕਾਰ। ਅੱਗ ਬਲਦੀ ਦੇ ਵਿਚ ਚਹੁੰ ਪਾਸੀਂ ਆਨ ਕਰਨ ਬਹੁਤੀ ਹੀ ਰਾਰ* ॥ ੮੦ ॥ਪਦ॥

ਦੁਖਯੰਤ—ਹੇ ਤਪੱਸੀਓ ! ਘਬਰਾਓ ਨਹੀਂ ਮੈਂ ਆਯਾ। [ਜਾਂਦਾ ਹੈ

ਤੀਜਾ ਨਾਟ ਸਮਾਪਤ ਹੋਇਆ

---

*ਏਹੋ ਪਿਆਰੀ ਦੀ ਫੁੱਲਾਂ ਵਿਛੀ ਹੋਈ ਸਿਲ ਛੋਜਾ ਹੈ। ਇਹ ਤਾਂ ਓਹੋ ਚਿੱਠਾ ਪਇਆ ਹੈ ਜੋਹੜਾ ਕੋਲ ਦੇ ਪੱਤੇ ਉੱਤੇ ਨੌਂਹ ਨਾਲ ਲਿਖਿਆ ਸੀ, ਇਹ ਉਹਦੇ ਹੱਥੋਂ ਡਿੱਗਾ ਹੋਇਆ ਕਮਲ ਨਾਲ ਦਾ ਕੰਗਣਾ ਹੈ, ਅਜੇਹਾ ਸਭਨਾਂ ਚੀਜ਼ਾਂ ਨੂੰ ਦੇਖਕੇ ਇਹ ਅਭਾਗੀ ਸੁੰਞੀ ਬੈਤਾਂ ਕੁੰਜ (ਝੰਗੀ) ਵੀ ਮੈਥੋਂ ਨਹੀਂ ਛੱਡੀ ਜਾਂਦੀ।

ਚੌਥੇ ਨਾਟ ਦੇ ਮੱਧੇ

ਸਥਾਨ ਤਪੋ ਬਨ

[ਦੋਵੇਂ ਸਖੀਆਂ ਫੁਲ ਚੁਗਦੀਆਂ ਹੋਈਆਂ ਆਉਂਦੀਆਂ ਹਨ]।

ਅਨਸੂਆ—ਅਨੀ ਪ੍ਰਿਅੰਬਦਾ, ਸ਼ਕੁੰਤਲਾ ਦਾ ਗੰਧਰਬ ਵਿਆਹ ਹੋਗਿਆ ਅਤੇ ਵਰ ਵੀ ਉਸਦੇ ਜੇਹਾ ਹੀ ਮਿਲਿਆ, ਇਸ ਗੱਲੇ ਤਾਂ ਮੇਰੇ ਮਨ ਨੂੰ ਆਨੰਦ ਹੋਇਆ, ਪਰ ਫਿਰ ਵੀ ਚਿੱਤ ਦੀ ਚਿੰਤਾ ਨ ਮਿਟੀ।

ਪ੍ਰਿਅੰਬਦਾ—ਉਹ ਕਿਉਂ ਕਰ ?

ਅਨਸੂਆ—ਇਸ ਵਾਸਤੇ ਕਿ ਅਜ ਉਹ ਰਾਜ ਰਿਖੀ ਤਪੱਸੀਆਂ ਦਾ ਯੱਗ ਪੂਰਾ ਕਰਾ ਕੇ ਆਪਣੇ ਨਗਰ ਨੂੰ ਵਿਦਾ ਹੋਗਿਆ ਹੈ। ਆਪਣੇ ਰਣਵਾਸ ਵਿਚ ਜਾਕੇ ਕੀ ਜਾਣੀਏ ਇਥੋਂ ਦੀ ਗੱਲ ਦਾ ਧਿਆਨ ਰੱਖੇ ਕਿ ਨਾ ਰੱਖੇ।

ਪ੍ਰਿਅੰਬਦਾ—ਇਸ ਗੱਲ ਦੀ ਕੋਈ ਚਿੰਤਾ ਨਹੀਂ। ਅਜੇਹੀ ਪਦਵੀ ਦੇ ਲੋਕ ਮਨ ਦੇ ਖੋਟੇ ਨਹੀਂ ਹੁੰਦੇ। ਹੁਣ ਚਿੰਤਾ ਹੈ ਤਾਂ ਇਹ ਹੈ ਕਿ ਪਿਤਾ ਕੰਨ੍ਹ ਇਸ ਪ੍ਰਸੰਗ ਨੂੰ ਸੁਣਕੇ ਕੀ ਕਹਿਣਗੇ।

ਅਨਸੂਆ—ਮੈਨੂੰ ਤਾਂ ਇਹ ਭਾਸਦੀ ਹੈ ਕਿ ਉਹ ਇਹ ਪ੍ਰਸੰਗ ਸੁਣਕੇ ਪ੍ਰਸੰਨ ਹੋਣਗੇ।

ਪ੍ਰਿਅੰਬਦਾ—ਉਹ ਕੀਕੁਰ ?

ਅਨਸੂਆ—ਇਸ ਵਾਸਤੇ ਕਿ ਵੱਡਿਆਂ ਦਾ ਮੁੱਖ ਸੰਕਲਪ ਏਹੋ ਹੁੰਦਾ ਹੈ ਕਿ ਕੰਨਜਾਂ ਗੁਣਵਾਨ ਨੂੰ ਦਿੱਤੀ ਜਾਵੇ ਅਤੇ ਜੇ ਦੈਵ ਆਪ ਹੀ ਇਜੇਹਾ ਵਰ ਮਿਲਾ ਦੇਵੇ ਤਾਂ ਉਨ੍ਹਾਂ ਨੂੰ ਸਮਝਣਾਚਾਹੀਏ ਕਿ ਕਰਨਹਾਰ ਨੇ ਸੁਤੇ ਸਿੱਧ ਹੀ ਕਾਰਜ ਕਰ ਦਿੱਤਾ।

ਪ੍ਰਿਅੰਬਦਾ—ਸੱਚ ਹੈ। (ਫੁੱਲਾਂ ਦੀ ਟੋਕਰੀ ਵਲ

---

*ਸੰਧ੍ਯਾ ਦੀ ਪੂਜਾ ਦਾ ਅਰੰਭ ਹੁੰਦਿਆਂ ਹੀ ਬਲਦੀਆਂ ਵੇਦੀਆਂ ਤੇ ਰਾਖਸ਼ਾਂ ਦੇ ਝੁੰਡਾਂ ਦੀਆਂ ਕਾਲੀਆਂ ਪੀਲੀਆਂ ਛਾਵਾਂ ਪੈਣ ਲੱਗੀਆਂ ਹਨ, ਜਿੱਕੁਰ ਸੰਧ੍ਯਾ ਦੇ ਬੱਦਲ ਦੀਆਂ ਹੁੰਦੀਆਂ ਹਨ, ਏਹ ਛਾਵਾਂ ਤਪੱਸੀਆਂ ਨੂੰ ਡਾਢੀਆਂ ਡਰਾਉਣੀਆਂ ਲੱਗਦੀਆਂ ਹਨ।

Digitized by Panjab Digital Library | www.panjabdigilib.org

ਵੇਖਕੇ) ਅੜੀਏ! ਜਿੰਨੇਕੁ ਫੁੱਲ ਪੂਜਾ ਲਈ ਚਾਹੀਦੇ ਹਨ, ਉੱਨੇ ਕੁ ਤਾਂ ਅਸੀਂ ਚੁਣ ਚੁਕੀਆਂ ਹਾਂ।

ਅਨਸੂਆ—ਸ਼ਕੁੰਤਲਾ ਪਾਸੋਂ ਸੁਹਾਗ ਦੇਵੀ ਦੀ ਪੂਜਾ ਬੀ ਤਾਂ ਕਰਾਉਣੀ ਹੈ।

ਪ੍ਰਿਅੰਬਦਾ—ਬਹੁਤ ਹੱਛਾ।

[ਦੋਵੇਂ ਫੁਲ ਚੁਣਦੀਆਂ ਹਨ।

ਨੇਪਥ ਵਿਚੋਂ—ਇਹ ਮੈਂ ਹਾਂ ! ਮੈਂ !

ਅਨਸੂਆ (ਕੰਨ ਲਾਕੇ)—ਅਨੀ ਇਹ ਤਾਂ ਕਿਸੇ ਅਤਿੱਥੀ ਦੀ ਬੋਲੀ ਜਾਪਦੀ ਹੈ।

ਪ੍ਰਿਅੰਬਦਾ—ਕੀ ਸ਼ਕੁੰਤਲਾ ਕੁਟੀਆ ਵਿੱਚ ਨਹੀਂ? (ਆਪਣੇ ਆਪ) ਹੈ ਤਾਂ ਸਹੀ, ਪਰੰਤੂ ਅੱਜ ਉਸਦਾ ਜੀਉ ਠੀਕ ਨਹੀਂ।

ਅਨਸੂਆ—ਚੱਲੋ ਇਨੇ ਹੀ ਫੁੱਲ ਬਹੁਤ ਹਨ।

[ਚਲਦੀਆਂ ਹਨ

ਨੇਪਥ ਵਿਚੋਂ—ਹੇ ਅਤਿੱਥ ਦਾ ਅਨਾਦਰ ਕਰਨੇ ਵਾਲੀ !

ਮੈਂ ਜਗ ਵਿਚ ਤਪ ਧਨੀ ਕਹਾਂਦਾ। ਤੂੰ ਆਦਰ ਨਹਿੰ ਕੀਤਾ ਮੇਰਾ ਨਹਿੰ ਦੇਖਜਾ ਤੈਂ ਸਨਮੁਖ ਆਂਦਾ। ਤੇਰੀ ਏਸ ਬਿਅਦਬੀ ਉੱਤੇ ਮੈਂ ਇਸ ਵੇਲੇ ਸ੍ਰਾਪ ਅਲਾਂਦਾ। ਤੂੰ ਜਿਸਦੇ ਹੁਣ ਵਿੱਚ ਧਿਆਨ ਦੇ ਬੈਠੀ ਹੋਰ ਨ ਦੇਖਿਆ ਜਾਂਦਾ। ਉਹ ਤੈਨੂੰ ਭੁੱਲ ਜਾਊ ਐਸਾ ਕੈਸਾ ਕੋਈ ਖਿਆਲ ਦਿਲਾਂ ਦਾ। ਕਰੇਂ ਉਪਾਵ ਕਰੋੜਾਂ ਜੇਕਰ ਤਦ ਵੀ ਫੇਰ ਨ ਯਾਦ ਲਿਆਂਦਾ। ਜਿਵੇਂ ਸ਼ਰਾਬੀ ਵਖਤ ਨਸ਼ੇ ਦੀ ਭੁਲਦਾ ਚਿੱਤ ਕਰਾਂਦਾ* ॥ ੯੧ ॥ ਪਦ॥

ਪ੍ਰਿਅੰਬਦਾ—ਹਾਇ ਹਾਇ ! ਇਹ ਤਾਂ ਬੁਰਾ ਹੋਇਆ। ਕਿਸੇ ਤਪੱਸੀ ਦਾ ਅਪਰਾਧ ਬਿਸੁਧੀ ਵਿੱਚ ਸ਼ਕੁੰਤਲਾ ਪਾਸੋਂ ਹੋ ਗਿਆ (ਅਗਾਹਾਂ ਵੰਨੇ ਵੇਖਕੇ) ਹਾਇ ਹਾਇ ! ਇਹ ਤਾਂ ਕੋਈ ਜੇਹਾ ਕੇਹਾ ਨਹੀਂ, ਵੱਡਾ ਕ੍ਰੋਧੀ ਦੁਰਬਾਸ਼ਾ ਰਿਖੀ ਹੈ, ਸ੍ਰਾਪ ਦੇਕੇ ਗੁੱਸੇ ਦਾ ਭਰਿਆ ਹੋਇਆ ਲੜਖੜਾਉਂਦੇ ਪੈਰੀਂ ਕਾਹਲਾ ਕਾਹਲਾ ਜਾਂਦਾ ਪਿਆ ਹੈ। ਭਸਮ ਕਰ ਦੇਣ ਦੀ ਸਮਰੱਥਾ ਵਾਲੇ ਇਹ ਦੋਵੇਂ ਹਨ, ਇੱਕ ਅਗਨੀ ਦੂਜੇ ਦੁਰਬਾਸ਼ਾ ਜੀ।

ਅਨਸੂਆ—ਪ੍ਰਿਅੰਬਦਾ! ਤੂੰ ਦੌੜਕੇ ਜਾਹ, ਇਸਦੇ ਪੈਰੀਂ ਪਉ, ਜੀਕੁਰ ਹੋ ਸੱਕੇ ਇਸਨੂੰ ਮਨਾਉ, ਇੰਨੇ ਤਾਈਂ ਮੈਂ ਅਰਘ ਜਲ ਲੈਕੇ ਪਹੁੰਚਨੀ ਹਾਂ।

ਪ੍ਰਿਅੰਬਦਾ—ਚੰਗਾ ਮੈਂ ਜਾਨੀ ਹਾਂ। [ਜਾਂਦੀ ਹੈ

ਅਨਸੂਆ (ਥੋੜੀ ਜੇਹੀ ਦੂਰ ਹੀ ਜਾਕੇ ਡਿਗ ਪੈਂਦੀ ਹੈ)—ਹਾਇ ਰੱਬਾ! ਉਤਾਵਲੀ ਕਰਨ ਨਾਲ ਮੈਂ ਹੱਥੋਂ ਫੁੱਲਾਂ ਦੀ ਟੋਕਰੀ ਵੀ ਡੇਗਬੈਠੀ।

[ਫੁੱਲ ਚੁਣਨ ਬੈਠਦੀ ਹੈ, ਪ੍ਰਿਅੰਬਦਾ ਆਉਂਦੀ ਹੈ

ਪ੍ਰਿਅੰਬਦਾ—ਸਖੀ! ਇਸ ਮਹਿਰਿਖੀ ਦਾ ਸੁਭਾਉ ਬੜਾ ਟੇਢਾ ਹੈ, ਉਸਨੂੰ ਕੌਣ ਸਿੱਧਾ ਕਰ ਸੱਕਦਾ ਹੈ? ਪਰੰਤੂ ਮੈਂ ਥੋੜਾ ਜਿਹਾ ਮਨਾਇਆ ਹੈ।

ਅਨਸੂਆ—ਇਸ ਦਾ ਥੋੜਾ ਜੇਹਾ ਮੰਨ ਜਾਣਾ ਵੀ ਬਹੁਤ ਹੈ। ਹੁਣ ਤੂੰ ਦੱਸ ਕਿ ਕੀਕੁਰ ਮਨਾਯਾ ?

ਪ੍ਰਿਅੰਬਦਾ—ਜਦ ਇਹ ਮੋੜੋਂ ਮੁੜ ਗਿਆ ਤਾਂ ਮੈਂ ਬੇਨਤੀ ਕੀਤੀ ਕਿ ਹੇ ਮਹਾਂ ਪੁਰਖ! ਇਸ ਕੰਨਜਾਂ ਦਾ ਇਹ ਪਹਿਲਾ ਹੀ ਅਪ-

---

*ਮੈਂ ਤਪ ਦਾ ਧਨੀ ਕਹਾਉਨਾ ਹਾਂ, ਪ੍ਰੰਤੂ ਤੈਮੈਨੂੰ ਸਾਹਮਣੇ ਆਉਂਦਾ ਦੇਇਆ ਵੀ ਨਹੀਂ ਜਾਤਾ ਅਤੇ ਨਾ ਮੇਰਾ ਸਨਮਾਨ ਹੀ ਕੀਤਾ, ਇਸ ਲਈ ਮੈਂ ਤੈਨੂੰ ਸ੍ਰਾਪ ਦਿੰਦਾ ਹਾਂ ਕਿ ਜਿਸ ਦੇ ਵਿਯੋਗ ਵਿੱਚ ਤੂੰ ਅਜੇਹੀ ਬੇਸੁਧ ਧਿਆਨ ਲਾਈ ਬੈਠੀ ਹੈਂ ਉਹ ਤੈਨੂੰ ਭੁੱਲ ਜਾਏਗਾ ਅਤੇ ਬਹੁਤ ਯਾਦ ਕਰਾਉਣ ਤੇ ਵੀ ਉਸਨੂੰ ਯਾਦ ਨਾ ਆਵੇਂਗੀ, ਜੱਕੁਰ ਸ਼ਰਾਬੀ ਨੂੰ ਨਸ਼ੇ ਦੇ ਵੇਲੇ ਦੀ ਗੱਲ ਅਵੱਸੋਂ ਭੁੱਲ ਜਾਂਦੀ ਹੈ।

Digitized by Panjab Digital Library | www.panjabdigilib.org

ਰਾਧ ਹੈ ਅਤੇ ਇਹ ਵਿਚਾਰੀ ਆਪ ਦੇ ਤਪ ਦੇ ਪ੍ਰਭਾਉ ਨੂੰ ਜਾਣਦੀ ਨਹੀਂ ਸੀ, ਐਸਾ ਜਾਣਕੇ ਖਿਮਾ ਕਰੋ।

ਅਨਸੂਆ-ਫਿਰ ਕੀ ਹੋਇਆ ?

ਪ੍ਰਿਅੰਬਦਾ-ਤਾਂ ਬੋਲਿਆ ਕਿ ਮੇਰਾ ਬਚਨ ਕਦੀ ਝੂਠਾ ਨਹੀਂ ਹੁੰਦਾ, ਪਰੰਤੂ ਸੁਧ ਦੇਣ ਵਾਲੀ ਮੁੰਦਰੀ ਦੇ ਦੇਖਦਿਆਂ ਸਾਰ ਸ੍ਰਾਪ ਮਿਟ ਜਾਵੇਗਾ, ਇਹ ਕਹਿਕੇ ਰਿਖੀ ਅੰਤਰ ਧਾਨ (=ਅਲੋਪ) ਹੋ ਗਿਆ।

ਅਨਸੂਆ-ਤਦ ਤਾਂ ਚੰਗੀ ਉਮੈਦ ਹੈ ਕਿਉਂਕਿ ਉਹ ਰਾਜ ਰਿਖੀ ਟੁਰਨ ਵੇਲੇ ਆਪਣੀ ਮੁੰਦਰੀ ਜਿਸ ਵਿੱਚ ਉਸਦਾ ਨਾਉਂ ਉੱਕਰਿਆ ਹੋਇਆ ਹੈ ਸ਼ਕੁੰਤਲਾ ਦੀ ਉਂਗਲੀ ਵਿੱਚ ਸੁੱਧ ਲਈ ਪਹਿਨਾਇ ਗਇਆ ਹੈ। ਓਹੋ ਮੁੰਦਰੀ ਸਾਡੀ ਸਖੀ ਦੇ ਇਸ ਸ੍ਰਾਪ ਦਾ ਸੌਖਾ ਉਪਾਉ ਹੋਵੇਗੀ।

ਪ੍ਰਿਅੰਬਦਾ-ਚੱਲ ਅੜੀਏ ! ਹੁਣ ਦੇਵ ਕਾਰਜ ਨੂੰ ਨਿਬੇੜ ਆਈਏ (ਇੱਧਰ ਉੱਧਰ ਫਿਰਕੇ ਅਤੇ ਦੇਖਕੇ) ਲੈ ਨੀ ਅਨਸੂਆ! ਔਹ ਵੇਖ! ਖੱਬੀ ਹਥੇਲੀ ਤੇ ਗੱਲ੍ਹ ਰੱਖੀ ਸਖੀ ਮੂਰਤ ਬਣੀ ਬੈਠੀ ਹੈ, ਪਤੀ ਦੇ ਵਿਯੋਗ ਵਿੱਚ ਇਸਨੂੰ ਕਿਸੇ ਸਾਹਮਣੇ ਆਏ ਦੀ ਕੀ, ਇਹ ਤਾਂ ਆਪਣੀ ਵੀ ਹੋਸ਼ ਭੁਲਾਈ ਬੈਠੀ ਹੈ।

ਅਨਸੂਆ-ਪ੍ਰਿਅੰਬਦਾ ਹੁਣ ਇਹ ਸ੍ਰਾਪ ਦੀ ਗੱਲ ਤੇਰੇ ਅਤੇ ਮੇਰੇ ਵਿੱਚ ਹੀ ਰਹੇ ਸ਼ਕੁੰਤਲਾ ਨੂੰ ਨਾ ਸੁਣਾਈਏ, ਕਿਉਂਕਿ ਉਹ ਸੁਭਾਉ ਦੀ ਬੜੀ ਨਰਮ ਹੈ।

ਪ੍ਰਿਅੰਬਦਾ-ਇਜੇਹਾ ਕੌਣ ਹਤਿਆਰਾ ਹੋਵੇ ਜੋ ਨਵਮਲਿਕਾ(ਚੰਬੇਲੀ) ਦੀਲ ਹਿਲਹਾਉਂਦੀ ਵੇਲ ਉੱਤੇ ਤੱਤਾ ਪਾਣੀ ਛਿਣਕੇ।

[ਦੋਵੇਂ ਜਾਂਦੀਆਂ ਹਨ

ਇਤੀ ਚੌਥੇ ਨਾਟ ਦੇ ਮੱਧੇ

—o—

ਨਾਂਟ ਚੌਥਾ

ਸਥਾਨ-ਆਸ਼੍ਰਮ ਦਾ ਨੇੜਾ

[ਕੰਨ੍ਹ ਦਾ ਇਕ ਚੇਲਾ ਸੁੱਜਾ ਉੱਠਕੇ ਆਉਂਦਾ ਹੈ]

ਚੇਲਾ-ਮਹਾਤਮਾ ਕੰਨ੍ਹ ਜੀ ਹੁਣੇ ਪਰਦੇਸੋਂ ਆਏ ਹਨ ਅਤੇ ਮੈਨੂੰ ਆਗਜਾ ਕੀਤੀ ਨੇ ਕਿ ਦੇਖ ਆ ਰਾਤ ਕਿੰਨੀ ਰਹਿੰਦੀ ਹੈ, ਇਸ ਲਈ ਮੈਂ ਬਾਹਰ ਜਾਦਾ ਹਾਂ (ਏਧਰ ਓਧਰ ਫਿਰਕੇ ਅਕਾਸ਼ ਵੰਨੇ ਦੇਖਕੇ) ਵਾਹ ਇਹ ਤਾਂ ਸਵੇਰਾ ਹੋ ਗਿਆ।

ਇਕ ਧਿਰ ਵੰਨੀ ਔਖਧਿ ਰਾਜਾ ਅਸਤਾਚਲ ਦੇ ਸ਼ਿਖਰਾ ਵੰਨੀ ਜਾਂਦਾ ਖੂਬ ਬਿਰਾਜਾ। ਦੂਜੀ ਬੰਨੇ ਕਮਲਪਤੀ ਹੁਣ ਲਾਲੀ ਨਾਲ ਨਿਕਲ ਤਮ ਭ੍ਰਾਜਾ। ਅਸਤ ਉਦੈ ਹਨ ਸਿੱਖਜਾ ਦੇਂਦੇ ਏਕ ਸੰਗ ਦੋ ਤੇਜ ਮਿਜਾਜਾ। ਧੀਰਜ ਧਰਮ ਤਜੇ ਨਰ ਨਾਹੀਂ ਸੰਪਤ ਵਿਪਤਾ ਅਪਨ ਸਮਾਜਾ*।

੮੨ ॥ ਪਦ ॥

ਹੋਰ ਵੇਖੋ-ਅਸਤਾਚਲ ਸਸਿ ਪਹੁੰਚ ਗਇਆ ਹੈ। ਕਵੀਆਂ ਨੇ ਛਬਿ ਅਪਨ ਭੁਲਾਈ ਦੇਖਨ ਦਾ ਆਨੰਦ ਗਇਆ ਹੈ। ਆਇ ਰਹੀ ਛਬਿ ਚੇਤੇ ਦੇ ਵਿੱਚ ਜਿਸ ਤ੍ਰੀਮਤ

---

*ਚੰਦ ਅਤੇ ਸੂਰਜ ਦਾ ਉਦੇ ਅਸਤ ਹੋਣਾ ਆਪੋ ਆਪਣੇ ਸਮੇਂ ਤੇ ਐਸ਼ੁਰਜ ਅਤੇ ਹਾਨੀ ਦੀ ਸੂਚਨਾ ਕਰਾਉਂਦਾ ਹੈ, ਇਸ ਤੋਂ ਮਨੁੱਖ ਨੂੰ ਚਾਹੀਏ ਜੋ ਆਪਣੀ ਸੰਪਤੀ ਅਤੇ ਬਿਪਤੀ ਨੂੰ ਅਚਰਜ ਨਾ ਮੰਨੇ ਅਤੇ ਧਰਮ ਧੀਰਜ ਨੂੰ ਛੱਡ ਨਾ ਬੈਠੇ।

Digitized by Panjab Digital Library | www.panjabdigilib.org

ਦਾ ਪਤੀ ਗਇਆ ਹੈ। ਦੇਸ ਛੱਡ ਪਰਦੇਸ਼ ਸਿਧਾਯਾ. ਦੁਖ ਨ ਤਿਨ੍ਹਾਂ ਦਾ ਜਾਇ ਕਹਿਆ ਹੈ। ਉਹ ਕੀਕਰ ਹੁਣ ਦੁੱਖ ਸਹਾਰਨ ਅਬਲਾ ਨਾਉਂ ਜਿਨ੍ਹਾਂ ਦਾ ਪਇਆ ਹੈ* ॥ ੮੩ ॥ ਪਦ ॥

[ਅਨਸੂਆਪੜਦੇ ਨੂੰ ਝਟਕੇਨਾਲ ਚੁੱਕਕੇਆਉਂਦੀਹੈ

ਅਨਸੂਆ(ਅਪਣੇ ਜੀ ਵਿਚ)—ਭਾਵੇਂ ਮੈਂ ਸੰਸਾਰ ਦੀਆਂ ਗੱਲਾਂ ਵਿੱਚ ਅਨਜਾਣ ਹਾਂ ਤਾਂ ਭੀ ਮੈਂ ਇੰਨਾਂ ਤਾਂ ਜ਼ਰੂਰ ਜਾਣ ਲਿਆ ਹੈ ਕਿ ਓਸ ਰਾਜਾ ਨੈ ਸ਼ਕੁੰਤਲਾ ਨਾਲ ਅਨਰਥ ਕੀਤਾ ਹੈ।

ਚੇਲਾ—ਹੁਣ ਹੋਮ ਦਾ ਵੇਲਾ ਹੋ ਗਿਆ, ਗੁਰੂ ਜੀ ਨੂੰ ਚੱਲ ਕੇ ਆਖੀਏ।

[ਬਾਹਰ ਜਾਂਦਾ ਹੈ

ਅਨਸੂਆ (ਆਪਣੇ ਆਪ)—ਮੈਂ ਉੱਠੀ ਵੀ ਤਾਂ ਕੀ ਕਰਾਂਗੀ, ਹੱਥ ਪੈਰ ਤਾਂ ਮੇਰਾ ਕਹਿਆ ਹੀ ਨਹੀਂ ਕਰਦੇ,ਹੁਣ ਨਿਰਦਈ ਕਾਮਦੇਵ ਦਾ ਮਨੋਰਥ ਪੂਰਾ ਹੋਗਿਆ ਜਿਸਨੇ ਸਾਡੀ ਭੋਲੀ ਭਾਲੀ ਸਖੀ ਨੂੰ ਇੱਕ ਮਿੱਥਜਾਵਾਦੀ ਦੇ ਵੱਸ ਪਾਕੇ ਇਸ ਹਾਲ ਨੂੰ ਪੁਚਾਇਆ ਹੈ, ਅਥਵਾ ਇਹ ਭੁੱਲ ਦੁਰਬਾਸ਼ਾ* ਦੇ ਸ੍ਰਾਪ ਦਾ ਫਲ ਹੈ, ਨਹੀਂ ਤਾਂ ਇਹ ਕੀਕੁਰ ਹੋ ਸਕਦਾ ਸੀ ਕਿ ਉਹ ਰਾਜ ਰਿਖੀ ਇਜੇਹੇ ਬਚਨ ਦੇਕੇ ਹੁਣ ਤਾਈਂ ਸੁਨੇਹਾ ਪੱਤ੍ਰਾ ਵੀ ਕੋਈ ਨ ਭੇਜਦਾ ? ਹੁਣ ਚੇਤਾ ਕਰਾਉਣ ਲਈ ਓਸਦੇ ਪਾਸ ਮੁੰਦਰੀ ਭੇਜਣੀ ਪਈ, ਪਰ ਇਨ੍ਹਾਂ ਦੁਖੀਆਂ ਤਪੱਸੀਆਂ ਵਿੱਚੋਂ ਕਿਸਨੂੰ ਆਖਾਂ ਕਿ ਮੁੰਦਰੀ ਲੈ ਜਾ। ਜੇ ਮੈਂ ਇਹ ਜਾਣਦੀ ਕਿ ਸ਼ਕੁੰਤਲਾ ਦਾ ਦੋਸ਼ ਹੈ ਤਾਂ ਭੀ ਪਿਤਾ ਕੰਨ੍ਹ ਨੂੰ, ਜੋ ਹੁਣੇ ਤੀਰਥ ਕਰਕੇ ਆਏ ਹਨ, ਕਹਿ ਸਕਦੀ ਕਿ ਸ਼ਕੁੰਤਲਾ ਦਾ ਵਿਆਹ ਰਾਜਾ ਦੁਖਯੰਤ ਨਾਲ ਹੋ ਗਿਆ ਹੈ ਅਤੇ ਉਸਨੂੰ ਗਰਭ ਵੀ ਹੈ, ਹੁਣ ਕੀ ਕਰਨਾ ਚਾਹੀਏ ?

ਪ੍ਰਿਅੰਬਦਾ (ਹਸਦੀ ਹਸਦੀ ਆਉਂਦੀ ਹੈ)—ਅੜੀਏ ਛੇਤੀ ਚੱਲ ਸ਼ਕੁੰਤਲਾ ਦੇ ਵਿਦਾ ਕਰਨ ਦਾ ਬਾਨ੍ਹ ਬੰਨ੍ਹੀਏ।

ਅਨਸੂਆ—ਤੂੰ ਕੀ ਕਹਿਨੀ ਹੈਂ ?

ਪ੍ਰਿਅੰਬਦਾ—ਸੁਣ,ਹੁਣੇ ਮੈਂ ਸ਼ਕੁੰਤਲਾਨੂੰ ਪੁੱਛਣ ਗਈ ਸਾਂ ਕਿ ਰਾਤੀਂ ਸੁਖ ਨਾਲ ਸੁੱਤੀ ਸੈਂ ਕਿ ਨਹੀਂ।

ਅਨਸੂਆ—ਤਾਂ ਫੇਰ ?

ਪ੍ਰਿਅੰਬਦਾ—ਉਹ ਤਾਂ ਸ਼ਰਮ ਦੀ ਮਾਰੀ ਸਿਰ ਨੀਵਾਂ ਕਰੀ ਖੜੋਤੀ ਸੀ ਕਿ ਇੰਨੇ ਵਿੱਚ ਪਿਤਾ ਕੰਨ੍ਹ ਜੀ ਆ ਗਏ ਅਤੇ ਉਸਨੂੰ ਛਾਤੀ ਨਾਲ ਲਾਕੇ ਇਹ ਸ਼ੁਭ ਬਚਨ ਬੋਲੇ ਕਿ ਹੇ ਪੁੱਤ੍ਰੀ ! ਬੜੇ ਮੰਗਲ ਦੀ ਗੱਲ ਹੈ ਕਿ ਅੱਜ ਜਦੋਂ ਬ੍ਰਹਮਣ ਨੇ ਅਹੁਤੀ ਦਿੱਤੀ ਤਦੋਂ ਭਾਵੇਂ ਯੱਗਜ ਦੇ ਧੂੰਏਂ ਨਾਲ ਉਸਦੀ ਨਜ਼ਰ ਧੁੰਦਲੀ ਹੋਈ ਹੋਈ ਸੀ ਫਿਰ ਵੀ ਅਹੁਤੀ ਅੱਗ ਵਿੱਚ ਹੀ ਪਈ। ਬੇਟੀ ਜੀਕੁਰ ਲਾਯਕ ਸਿੱਖ ਨੂੰ ਵਿੱਦਯਾ ਦੇਂਦਿਆਂ

---

*ਚੰਦ ਦੇ ਅਸਤ ਹੋਣੇ ਤੇ ਕਵੀਆਂ ਦੀ ਸ਼ੋਭਾ ਨਿਰੀ ਚੇਤੇ ਵਿਚ ਰਹਿ ਗਈ ਹੈ ਅਰਥਾਤ ਦੇਖਣ ਵਿੱਚ ਨਹੀਂ ਰਹੀ, ਪਰੰਤੂ ਚੇਤੇ ਵਿਚ ਹੈ ਕਿ ਅਜੇਹੀ ਸੁੰਦਰ ਖਿੜੀ ਹੋਈ ਸੀ,ਇਕੁਰ ਹੀ ਜਿਨ੍ਹਾਂ ਨਵੀਆਂ ਤੀਵੀਆਂ ਦੇ ਪਤੀ ਪਰਦੇਸ਼ ਗਏ ਹਨ ਉਨ੍ਹਾਂ ਨੂੰ ਬਿਰਹ ਦਾ ਦੁਖ ਸਹਾਰਨਾ ਬਹੁਤਔਖਾਹੈ,ਕਿਉਂਕਿ ਉਨ੍ਹਾਂ ਦਾ ਨਾਉਂ ਹੀ ਅਬਲਾ ਅਰਥਾਤ ਬਲ ਰਹਿਤ ਹਨ, ਜਿਸਤੋਂ ਕਵੀਆਂ ਦੇ ਖਿੜਨ ਦੇ ਵੇਤੇ ਤੋਂ ਵੀ ਦੂਰ ਰਹਿ ਜਾਂਦੀਆਂ ਹਨ। ਭਾਵ ਓਹ ਪਤਿ ਵਿਯੋਗਨੀਆਂ ਸ਼ੋਭਾਹੀਨ ਹੋ ਜਾਂਦੀਆਂ ਹਨ।

†ਦੁਰਬਾਸ਼ਾ ਰਿਖੀ ਅਕਾਰਣਕ੍ਰੋਧੀ ਜੋ ਸ਼ਕੁੰਤਲਾ ਨੂੰ ਅਕਾਰਣ ਸ੍ਰਾਪ ਦੇ ਗਿਆ ਹੋਇਆ ਹੈ।

Digitized by Panjab Digital Library | www.panjabdigilib.org

ਮਨ ਨੂੰ ਦੁੱਖ ਨਹੀਂ ਹੁੰਦਾ ਇੱਕੁਰ ਹੀ ਅੱਜ ਮੈਂ ਤੈਨੂੰ ਬਿਨਾਂ ਅੱਖ ਦੇ ਤੇਰੇ ਭਰਤਾ ਪਾਸ ਰਿਖੀਆਂ ਦੇ ਨਾਲ ਭੇਜ ਦਿਆਂਗਾ।

ਅਨਸੂਆ—ਅੜੀਏ! ਜਿਹੜੀਆਂ ਗੱਲਾਂ ਮੁਨੀ ਜੀ ਦੇ ਪਿੱਛੇ ਹੋਈਆਂ ਉਹ ਉਨ੍ਹਾਂ ਨੂੰ ਕਿਸ ਨੇ ਕਹਿ ਦਿੱਤੀਆਂ ?

ਪ੍ਰਿਅੰਬਦਾ—ਜਦ ਮੁਨੀ ਜੀ ਯੱਗਜ ਅਸਥਾਨ ਦੇ ਪਾਸ ਪੁੱਜੇ ਤਦ ਆਕਾਸ਼ ਬਾਣੀ* ਛੰਦ ਵਿੱਚ ਕਹਿ ਗਈ।

ਅਨਸੂਆ (ਹੈਰਾਨ ਹੋਕੇ)--ਉਹ ਕੀ ਕਹਿਗਈ?

ਪ੍ਰਿਅੰਬਦਾ—ਅੜੀਏ ਸੁਣ, ਆਕਾਸ਼ ਬਾਣੀ ਨੇ ਏਹ ਆਖਿਆ:—

ਜਿਉਂ ਜੰਡੀ ਦੇ ਗਰਭ ਅੱਗ ਤਿਉਂ ਤੇਰੀ ਧੀ ਸੰਤ। ਰੱਖੇ ਤੇਜ ਜੋ ਦੇ ਗਿਆ ਪੂਜਾ ਹੇਤ ਦੁਖਯੰਤ† ॥ ੪੯ ॥ ਦੋਹਰਾ ।

ਅਨਸੂਆ (ਪ੍ਰਿਅੰਬਦਾ ਦੇ ਗਲ ਮਿਲਕੇ)—ਅੜੀਏ ਇਹ ਗੱਲ ਸੁਣਕੇ ਤਾਂ ਮੈਨੂੰ ਬੜੀ ਪ੍ਰਸੰਨਤਾ ਹੋਈ ਹੈ, ਬੜਾ ਹੀ ਸੁਖ ਹੋਇਆ ਹੈ, ਪਰੰਤੂ ਜਦ ਮੈਂ ਸੋਚਦੀ ਹਾਂ ਕਿ ਸ਼ਕੁੰਤਲਾ ਅੱਜ ਹੀ ਜਾਵੇਗੀ ਤਾਂ ਸੁਖ ਅਤੇ ਦੁਖ ਬਰੋਬਰ (ਇੱਕੋ ਜੇਹੇ) ਹੋ ਜਾਂਦੇ ਹਨ।

ਪ੍ਰਿਅੰਬਦਾ—ਉਹ ਸੁਖੀ ਰਹੇਗੀ, ਇਸ ਲਈ ਸਾਨੂੰ ਵੀ ਕੋਈ ਫਿਕਰ ਚਿੰਤਾ ਨਹੀਂ ਕਰਨੀ ਚਾਹੀਦੀ।

ਅਨਸੂਆ—ਮੈਂ ਏਸੇ ਦਿਨ ਲਈ ਉਸ ਨਰੇਲ ਵਿੱਚ ਜੋ ਅੰਬ ਦੇ ਬੂਟੇ ਤੇ ਲਟਕਦਾ ਹੈ ਨਿੱਤ ਨਵੀਂ ਨਾਗਕੇਸਰ ਦੀ ਮਾਲਾ ਰੱਖੀ ਸੀ, ਤੂੰ ਉਸਨੂੰ ਉਤਾਰ ਲੈ, ਤਦ ਤਾਈਂ ਮੈਂ ਮ੍ਰਿਗਰੋਚਨ (=ਕਸਤੂਰੀ)ਅਤੇ ਤੀਰਥ ਦੀ ਮਿੱਟੀ ਅਤੇ ਦੱਭ ਮੰਗਲ ਉਪਚਾਰ ਦੀ ਸਮਿੱਗ੍ਰੀ ਲੈ ਆਵਾਂ।

ਪ੍ਰਿਅੰਬਦਾ—ਬਹੁਤ ਚੰਗੀ ਗੱਲ।

[ਅਨਸੂਆ ਜਾਂਦੀ ਹੈ ਅਤੇ ਪ੍ਰਿਅੰਬਦਾ ਮਾਲਾ ਉਤਾਰਦੀ ਹੈ

ਨੇਪਥ ਵਿਚੋਂ—ਅਨੀ ਗੌਤਮੀ! ਸਾਰੰਗ ਰਵ ਅਤੇ ਸਾਰਦ੍ਵੱਤ ਮਿਸ਼ਰਾਂ ਨੂੰ ਕਹਿ ਦੇਹ ਕਿ ਸ਼ਕੁੰਤਲਾ ਨੂੰ ਛੱਡਣ ਲਈ ਜਾਣਾ ਹੋਵੇਗਾ।

ਪ੍ਰਿਅੰਬਦਾ (ਕੰਨ ਲਾਕੇ)—ਅਨਸੂਆ ! ਦੇਰੀ ਨਾ ਕਰ, ਹਸਤਨਾਪੁਰ ਜਾਣ ਵਾਲੇ ਰਿਖੀ ਸੱਦੇ ਜਾਂਦੇ ਹਨ।

[ਅਨਸੂਆ ਹੱਥ ਵਿਚ ਸਮਿਗ੍ਰੀ ਲੈਕੇ ਆਉਂਦੀ ਹੈ

ਅਨਸੂਆ—ਆਓ ਨੀ ਅੜੀਏ ! ਅਸੀਂ ਵੀ ਚੱਲੀਏ ।[ਦੋਵੇਂ ਏਧਰ ਓਧਰ ਫਿਰਦੀਆਂਹਨ

ਪ੍ਰਿਅੰਬਦਾ (ਦੇਖ ਕੇ)—ਔਹ ਦੇਖ ਲੈ ਸ਼ਕੁੰਤਲਾ ਸੂਰਜ ਨਿੱਕਲਦੇ ਹੀ ਕੇਸੀ ਸ਼ਨਾਨ ਕਰ ਬੈਠੀਹੈ,ਹੋਰ ਬਹੁਤ ਸਾਰੀਆਂ ਤਪੱਸ੍ਵਨੀਆਂ ਹੱਥ ਵਿਚ ਚਾਵਲ ਲਈ ਅਸੀਸਾਂ ਦੇ ਰਹੀਆਂ ਹਨ, ਚਲੋ ਖਾਂ ਅਸੀਂ ਵੀ ਓਥੇ ਚੱਲੀਏ। [ਜਾਂਦੀਆਂ ਹਨ

[ਉੱਪਰ ਕਹੀ ਹੋਈ ਤਰ੍ਹਾਂ ਸ਼ਕੁੰਤਲਾ ਠੀਕ ਬੈਠੀ ਦਿੱਸਦੀ ਹੈ]

ਇਕ ਤਪੱਸ੍ਵਨੀ (ਸ਼ਕੁੰਤਲਾ ਵਲ ਦੇਖਕੇ)—ਹੇ ਬੱਚੀ ! ਤੂੰ ਆਪਣੇ ਪਤੀ ਪਾਸੋਂ ਆਦਰ ਪਾਕੇ ਮਹਾਂਰਾਣੀ ਹੋਵੇਂ।

ਦੂਜੀ ਤਪੱਸ੍ਵਨੀ—ਤੂੰ ਸ਼ੂਰਬੀਰ ਦੀ ਅੰਮਾਂ ਹੋਵੇਂ।

ਤੀਜੀ ਤਪੱਸ੍ਵਨੀ—ਤੂੰ ਪਤੀ ਨੂੰ ਪਿਆਰੀ ਹੋਵੇਂ।

[ਅਸ਼ੀਰਵਾਦ ਦੇਕੇ ਸਭੇ ਜਾਂਦੀਆਂ ਹਨ, ਗੌਤਮੀ ਰਹਿੰਦੀ ਹੈ।

ਦੋਵੇਂ ਸਹੇਲੀਆਂ (ਸ਼ਕੁੰਤਲਾ ਦੇ ਪਾਸ ਜਾਕੇ)—

---

*ਅਗੰਮ ਤੋਂ ਪਤਾ ਲੱਗ ਗਿਆ।

†ਜੀਕੁਰ ਜੰਡ ਦੀ ਲੱਕੜੀ ਵਿੱਚ ਅਗਨੀ ਰਹਿੰਦੀ ਹੈ ਤਿਵੇਂ ਹੇ ਮੁਨੀ ਜੀ ! ਤੇਰੀ ਲੜਕੀ ਦੇ ਗਰਭ ਵਿੱਚ ਓਹ ਤੇਜ ਹੈ ਜੋ ਰਾਜਾ ਦੁਖਯੰਤ ਉਸਨੂੰ ਪਰਜਾ ਦਾ ਰਾਖਾ ਉਤਪਤ ਕਰਨਲਈ ਦੇਗਿਆ ਹੈ।

Digitized by Panjab Digital Library | www.panjabdigilib.org

ਤੇਰਾ ਇਸ਼ਨਾਨ ਮੰਗਲਾਂ ਦੇ ਕਰਨ ਵਾਲਾ ਹੋਵੇ।

ਸ਼ਕੁੰਤਲਾ (ਆਦਰ ਨਾਲ)–ਵਾਹ ਨੀ ਅੜੀਓ! ਚੰਗੀਆਂ ਆਈਆਂ ਜੇ, ਲੈ ਹੁਣ ਏਥੇ ਬੈਠੋ।

ਦੋਵੇਂ ਸਹੇਲੀਆਂ (ਮੰਗਲ ਪਾਤ੍ਰ ਹੱਥਾਂ ਵਿਚ ਲਈ ਬੈਠਦੀਆਂ ਹਨ)–ਅੜੀਏ! ਤੂੰ ਚੱਲਣ ਲਈ ਤਿਆਰ ਹੋ, ਆਓ ਅਸੀਂ ਪਹਿਲੇ ਲਾਗ ਚਾਰ ਦਾ ਵਟਨਾ ਕਰ ਦੇਵੀਏ।

ਸ਼ਕੁੰਤਲਾ–ਪਜਾਰੀਓ! ਤੁਹਾਡੇ ਹੱਥਾਂ ਦਾ ਸ਼ਿੰਗਾਰ ਫੇਰ ਮਿਲਨਾ ਮੈਨੂੰ ਦੁਰਲਭ ਹੋਣਾ ਹੈ, ਇਸ ਲਈ ਜੋ ਕੁਝ ਅੱਜ ਤੁਸੀਂ ਮੇਰੇ ਵਾਸਤੇ ਕਰੋਗੀਆਂ ਮੈਂ ਬਹੁਤ ਹੀ ਕਰਕੇ ਜਾਣਾਂਗੀ। [ਹੰਝੂ ਡਿਗਦੀ ਹੈ

ਦੋਵੇਂ ਸਹੇਲੀਆਂ–ਅੜੀਏ! ਇਜੇਹੇ ਮੰਗਲ ਦੇ ਵੇਲੇ ਰੋਣਾ ਚੰਗਾ ਨਹੀਂ ਹੈ।

[ਹੰਝੂਆਂ ਨੂੰ ਪੂੰਝ ਕੇ ਕੱਪੜੇ ਪਹਿਨਾਉਂਦੀਆਂ ਹਨ

ਪ੍ਰਿੰਅਬਦਾ–ਅੜੀਏ! ਤੇਰੇ ਸੁਹਣਿਆਂ ਅੰਗਾਂ ਲਈ ਚੰਗੇ ਤੋਂ ਚੰਗੇ ਗਹਿਣੇ ਅਤੇ ਕੱਪੜੇ ਚਾਹੀਦੇ ਸਨ, ਇਹ ਆਸ਼੍ਰਮ ਦੇ ਫੁੱਲ ਪੱਤ੍ਰ ਤਾਂ ਅਣਹੋਂਦ ਕਰਕੇ ਹਨ, ਪਰ ਇਹ ਤੈਨੂੰ ਬਹੁਤ ਚੰਗੇ ਨਹੀਂ ਲਗਦੇ।

[ਦੋਰਿਖੀਆਂਦੇਜੋੜੇ ਗਹਿਣੇਕੱਪੜੇਲੈਕੇਆਉਂਦੇਹਨ]

ਦੋਵੇਂ ਰਿਖੀਕੁਮਾਰ–ਭਗਵਤੀ ਨੂੰ ਇਹ ਗਹਿਣੇ ਕੱਪੜੇ ਪਹਿਰਾ ਦਿਓ।

[ਦੇਖਕੇ ਸਭ ਹਰਾਨ ਹੁੰਦੀਆਂਹਨ।

ਗੌਤਮੀ–ਪੁਤ੍ਰ ਨਾਰਦ! ਇਹ ਕਿੱਥੋਂ ਆਏਹਨ?

ਪਹਿਲਾ ਰਿਖਿ ਕੁਮਾਰ–ਪਿਤਾ ਕੰਨ੍ਹ ਜੀ ਦੇ ਪ੍ਰਤਾਪ ਕਰਕੇ।

ਗੌਤਮੀ–ਕੀ ਮਨ ਵਿਚ ਚਿਤਵਨ ਕਰਦਿਆਂ ਆ ਗਏ?

ਦੂਜਾ ਰਿਖੀ ਕੁਮਾਰ–ਨਹੀਂ ਜੀ, ਸੁਣੋ–ਜਦ ਮਹਾਤਮਾ ਕੱਸਜਪ ਜੀ ਦੀ ਆਗਜਾ ਸਾਨੂੰ ਹੋਈ ਕਿ ਸ਼ਕੁੰਤਲਾ ਵਾਸਤੇ ਰੁੱਖਾਂ ਅਤੇ ਵੇਲਾਂ ਨਾਲੋਂ ਫੁੱਲ ਲੈ ਆਓ ਤਾਂ ਤੁਰਤ ਹੀ:

ਕਿਸੇ ਰੁੱਖ ਨੇ ਲਾਹ ਕੇ ਦਿੱਤੀ ਦਿੱਨੀ ਚੰਦੋ ਸਾਰੀ* ॥ ਦਿੱਤਾ ਲਾਹ ਲਾਖ ਰਸ ਕਿਸਨੇ ਜਿਸਤੋਂ ਬਣੇ ਮਹਾਵਰ ਭਾਰੀ ॥ ਇੱਕੁਰ ਹੋਰ ਦਰਖ਼ਤਾਂ ਨੇ ਵੀ ਕਈ ਤਰ੍ਹਾਂ ਦੇ ਗਹਿਣੇ ॥ ਬਨ ਦੇਵਾਂ ਦੇ ਹੱਥੀਂ ਦਿੱਤੇ ਕੇਵਲ ਪਹੁੰਚੇ ਕਹਿਣੇ ॥ ਜੋ ਮਾਨੋ ਬਨਸ਼ਾਖਾ ਵਰਗੇ ਸੁੰਦਰ ਕੋਮਲ ਆਏ ॥ ਸੋ ਇਹ ਅੱਗੇ ਹੈਨ ਤੁਹਾਡੇ ਜੋ ਹਾਂ ਅਸੀਂ ਲਿਆਏ† ॥ ੯੫ ॥ ਪਦ ॥

ਪ੍ਰਿੰਅਬਦਾ (ਸ਼ਕੁੰਤਲਾ ਵੰਨੀ ਦੇਖਕੇ)–ਬਨ ਦੇਵੀਆਂ ਪਾਸੋਂ ਗਹਿਣੇ ਕਪੜੇ ਮਿਲਨੇ ਇਹ ਸ਼ਗਣ ਤਾਂ ਤੈਨੂੰ ਸਹੁਰੇ ਘਰ ਲੱਛਮੀ ਦੇਣ ਵਾਲਾ ਹੋਵੇਗਾ।

[ਸ਼ਕੁੰਤਲਾ ਕੁਝ ਸ਼ਰਮਾਉਂਦੀ ਹੈ

ਪਹਿਲਾ ਰਿਖਿਕੁਮਾਰ–ਗੌਤਮ ਜੀ ਆਓ! ਆਓ! ਗੁਰੂ ਜੀ ਇਸ਼ਨਾਨ ਕਰਕੇ ਆ ਗਏ ਹਨ, ਚਲੋ ਉਨ੍ਹਾਂ ਨੂੰ ਬਨ ਦੇਵੀਆਂ ਦੇ ਆਦਰ ਭਾਉ ਦਾ ਪ੍ਰਸੰਗ ਕਹਿ ਦੇਈਏ।

ਦੂਜਾ ਰਿਖਿ ਕੁਮਾਰ–ਬਹੁਤ ਅੱਛਾ।

[ਦੋਵੇਂ ਜਾਂਦੇ ਹਨ

ਦੋਵੇਂ ਸਹੇਲੀਆਂ–ਅੜੀਏ ਅਸੀਂ ਗਹਿਣਿਆਂ ਦੀ ਸਜਾਵਟ ਨੂੰ ਕੀ ਜਾਣੀਏਂ, ਪਰੰਤੂ ਚਿੱਤ ਵਿੱਦਜਾ ਦੇ ਬਲ ਨਾਲ ਤੇਰੇ ਅੰਗਾਂ ਤੇ ਪਹਿਨਾ ਦੇਂਦੀਆਂ ਹਾਂ।

---

*ਧੋਤੀ। †ਕਿਸੇ ਰੁੱਖ ਨੇ ਚਿੱਟੀ ਸਫੈਦ ਮੰਗਲੀਕ ਸਾੜ੍ਹੀ ਦਿੱਤੀ ਹੈ, ਕਿਸੀ ਨੇ ਮਹਾਵਾਰ (ਲਾਲ ਰੰਗ) ਲਈ ਲਾਖ ਦਿੱਤੀ ਹੈ। ਕਿਸੇ ਨੇ ਬਨ ਦੇਵੀਆਂਦੇ ਹੱਥੀਂ ਕਈ ਭਾਂਤ ਦੇ ਗਹਿਣੇ ਦਿੱਤੇ ਹਨ ਅਤੇ ਓਹ ਬਨ ਦੇਵੀਆਂ ਦੇ ਦੱਥ ਪਹੁੰਚਦਿਆਂ ਤਕ ਇਨ੍ਹੇਹੇ ਨਜ਼ਰੀਂ ਆਏ ਜੀਕਰ ਰੁੱਖ ਦੀਆਂ ਨਵੀਆਂ ਕੋਮਲ ਟਹਿਣੀਆਂ ਨਿਕਲਦੀਆਂ ਹਨ।

Digitized by Panjab Digital Library | www.panjabdigilib.org

ਸ਼ਕੁੰਤਲਾ–ਮੈਂ ਤੁਹਾਡੀ ਚਤੁਰਾਈ ਜਾਣਦੀਹਾਂ।

[ਦੋਵੇਂ ਸ਼ਿੰਗਾਰ ਕਰਾਉਂਦੀਆਂ ਹਨ

[ਕੰਨ੍ਹ ਜੀ ਇਸ਼ਨਾਨ ਕਰਕੇ ਆਉਂਦੇ ਹਨ]

ਅਜ ਸ਼ਕੁੰਤਲਾ ਜਾਵੇਗੀ ਲੰਖ ਜੀ ਮੇਰਾ ਘਬਰਾਂਦਾ ਹੈ ॥ ਹੰਝੂ ਡਲ੍ਹ ਡਲ੍ਹ ਅੱਖੀਂ ਕਰਦੇ ਧੁੰਦ ਜੇਹਾ ਦਿਖਰਾਂਦਾ ਹੈ॥ ਗਲਾ ਮੇਰਾ ਹੈ ਰੁਕਿਆ ਜਾਂਦਾ ਕਰਨੋਂ ਘੱਲ ਸੰਝਾਂਦਾ ਹੈ ॥ ਬਨਬਾਸੀ ਮੇਰੇ ਜੋਹਿਆਂ ਨੂੰ ਏਨਾਂ ਬਿਰਹ ਸਤਾਂਦਾ ਹੈ। ਭਲਾ ਗ੍ਰਿਹਸਤੀ ਲੋਕਾਂ ਦਾ ਕੀ ਕੈਸਾ ਹਾਲ ਬਣਾਂਦਾ ਹੈ ? ਪਹਿਲੀ ਵਾਰੀ ਪਜਾਰੀ ਧੀ ਤੋਂ ਮਾਂ ਪਿਉ ਜੇ ਵਿਛੁੜਾਂਦਾ ਹੈ* ॥ ੮੬ ॥ ਪਦ ॥

[ਇਧਰ ਓਧਰ ਫਿਰਦਾ ਹੈ

ਦੋਵੇਂ ਸਹੇਲੀਆਂ–ਅਨੀ ਸ਼ਕੁੰਤਲਾ ਤੇਰਾ ਸ਼ਿੰਗਾਰ ਹੋ ਚੁਕਾ ਹੈ,ਹੁਣ ਤੇਵਰ ਪਹਿਨ ਲੈ।

[ਸ਼ਕੁੰਤਲਾ ਉੱਠਕੇ ਸਾਹੜੀ ਪਹਿਰਦੀ ਹੈ

ਗੌਤਮੀ–ਆਨੰਦ ਦੇ ਹੰਝੂ ਭਰੇ ਤੈਨੂੰ ਦੇਖਣ ਲਈ ਗੁਰੂ ਜੀ ਆਉਂਦੇ ਹਨ, ਤੂੰ ਉਨ੍ਹਾਂ ਨੂੰ ਆਦਰ ਨਾਲ ਅੱਗਲ ਵਾਂਢੀ ਉੱਠਕੇ ਲੈ।

ਸਕੁੰਤਲਾ (ਸ਼ਰਮਾਉਂਦੀ ਹੋਈ ਉਠਕੇ)–ਪਿਤਾ ਜੀ! ਮੈਂ ਨਮਸਕਾਰ ਕਰਦੀ ਹਾਂ।

ਕੰਨ੍ਹ–ਹੇ ਬੇਟੀ !

ਆਦਰ ਵਾਲੀ ਤੂੰ ਪਤਿ ਪਾਸੋਂ ਹੋਵੀਂ ਘਰ ਵਿਚ ਜਾਕੇ । ਜੀਕਰ ਸੀ ਸਰਮਿਸ਼ਟਾ ਹੋਈ ਪਤੀ ਜਜਾਤੀ ਪਾਕੇ ॥ ਛਤਰਪਤੀ ਪੁਰ ਨਾਮ ਅਹਾ ਜਿਸ ਸੋ ਉਸਨੇ ਪੁਤ ਜਾਯਾ ॥ ਚੱਕ੍ਰਵਰਤਿ ਪੁਤ ਉਸ ਦੇ ਜੇਹਾ ਤੈਰੇ ਬੀ ਹੋ ਜਾਯਾ* ॥ ੮੭ ॥

ਗੌਤਮੀ–ਮਹਾਤਮਾ ਜੀ ! ਇਹ ਤਾਂ ਅਸ਼ੀਰਵਾਦ ਕੀਹ ਹੈ, ਵਰਦਾਨ ਹੈ।

ਕੰਨ੍ਹ–ਆ ਬੇਟੀ ! ਹੁਣੇ ਦੀ ਆਹੂਤੀ ਦਿੱਤੀ ਅਗਨੀ ਦੀ ਪ੍ਰਕਰਮਾਂ ਕਰ ਲੈ।

ਕਰੀ ਚੁਤਰਫੀ ਵੇਦੀ ਦੇ ਹੈ ਵਿਧਵਤ ਅਗਨਿ ਬਣਾਕੇ । ਨੇੜੇ ਨੇੜੇ ਕੁਸ਼ਾ ਵਿਛਾਈ ਜਗ ਮਗ ਲਕੜਾਂ ਪਾਕੇ। ਇਹ ਪ੍ਰਾਣੀ ਦੇ ਪਾਪ ਨਸਾਵੇ ਘ੍ਰਿਤ ਸੰਗ ਕੰਧ ਮਿਲਾਕੇ।ਇਹ ਜ੍ਵਾਲਾ ਤੇਰੇ ਪਾਪ ਹਰੇ ਸਭ, ਬਸੀਂ ਸਾਹੁਰੇ ਜਾਕੇ† ॥ ੮੮ ॥ ਪਦ ॥

ਹੁਣ ਪੁੱਤ੍ਰੀ ! ਤੂੰ ਸ਼ੁਭ ਘੜੀ ਵਿਚ ਵਿਦਾ ਹੋ (ਚੁਤਰਫੀਂ ਦੇਖਕੇ)ਨਾਲ ਜਾਣ ਵਾਲੇ ਮਿਸ਼ਰ ਕਿੱਥੇ ਹਨ ?

[ਸਾਰੰਗਰਵ ਅਤੇ ਸਾਰਦ੍ਵੱਤ ਆਉਂਦੇ ਹਨ

ਚੇਲੇ–ਮਹਾਰਾਜ ਮੁਨੀ ਜੀ! ਅਸੀਂ ਆ ਗਏਹਾਂ।

ਕੰਨ੍ਹ–ਆਪਣੀ ਭੈਣ ਨੂੰ ਰਾਹ ਦੱਸੋ।

ਸਾਰੰਗ ਰਵ–ਆਓ ਭੈਣ ਜੀ, ਏਧਰ ਆਓ।

[ਸਭ ਚਲਦੇ ਹਨ

ਕੰਨ੍ਹ–ਹੇ ਤਪੋ ਬਨ ਦੇ ਨਾਲ ਵੱਸਣ ਵਾਲੇ ਰੁੱਖੋ !

ਜੋ ਪਿੱਛੇ ਪੀਂਦੀ ਸੀ ਪਾਣੀ। ਪਹਿਲੇ ਲਏ ਪਿਲਾਇ ਤੁਹਾਨੂੰ ਫੁੱਲ ਪਤ ਤੋੜ ਨ

---

*ਅੱਜ ਸ਼ਕੁੰਤਲਾ ਜਾਵੇਗੀ, ਇਸ ਲਈ ਮੇਰਾ ਮਨ ਬਹੁਤ ਉਦਾਸ ਹੈ, ਗਲੇ ਵਿਚੋਂ ਰੱਲ ਨਹੀਂ ਨਿਕਲਦੀ, ਅੱਖਾਂ ਵਿਚ ਪਾਣੀ ਭਰ ਜਾਣ ਤੋ ਧੁੰਦਲਾ ਜੇਹਾ ਨਜ਼ਰ ਆਉਂਦਾ ਹੈ। ਜਦ ਮੈਨੂੰ ਜੇਹੇ ਬਨਬਾਸੀ ਤਪੱਸੀਆਂਨੂੰ ਵੀ ਬੇਟੀ ਦਾ ਪਹਿਲਾ ਵਿਯੋਗ ਏਨਾਂ ਦੁਖ ਦੇਂਦਾ ਹੈ ਤਾਂ ਗ੍ਰਿਸਤੀਆਂ ਦਾ ਕੀ ਹਾਲ ਹੁੰਦਾ ਹੋਵੇਗਾ ?

*ਜੀਕਰ ਰਾਜਾ ਜਜਾਤੀ ਦੀ ਰਾਣੀ ਹੋਕੇ ਸਰਮਿਸ਼ਟਾ ਨੇ ਆਦਰ ਪਾਇਆ ਸੀ ਉਸੇ ਤਰ੍ਹਾਂ ਤੂੰ ਭੀ ਪਤੀ ਪਾਸੋਂ ਆਦਰ ਪਾਵੇਂ। ਜੇਹਾ ਕੁ ਸਰਮਿਸ਼ਟਾ ਨੇ ਛਤ੍ਰਪਤੀ ਪੁੱਤ੍ਰ ਪੁਰ ਨਾਮਾ ਰਾਜਾ ਜਣਿਆਂ ਸੀ ਐਸਾ ਹੀ ਤੂੰ ਚੱਕ੍ਰਵਰਤੀ ਬੇਟਾ ਜਣੇਂ।

†ਏਹੋ ਯੱਗ ਦੀਆਂ ਅਗਨੀਆਂ ਜੋ ਵੇਦੀ ਦੇ ਚੁਤਰਫੀ ਰੱਖੀਆਂ ਹਨ ਅਤੇ ਜਿਨ੍ਹਾਂ ਦੇ ਆਸ ਪਾਸ ਦੱਭ ਵਿਛੀ ਹੋਈ ਹੈ, ਇਹੋ ਅਗਨੀਆਂ ਜੋ ਸਮਿੱਧ ਲੱਕੜਾਂ ਕਰਕੇ ਜਗਮਗਾਉਂਦੀਆਂ ਹੈਨ ਅਤੇ ਜੋ ਹੱਵਜ ਦੀ ਸੁਗੰਧੀ ਕਰਕੇ ਪਾਪਾਂ ਦਾ ਨਾਸ਼ ਕਰਦੀਆਂ ਹੈਨ ਸੋ ਤੈਨੂੰ ਪਵਿਤ੍ਰ ਕਰਨ।

Digitized by Panjab Digital Library | www.panjabdigilib.org

ਜਾਣੀ। ਜਦੋਂ ਤੁਸੀਂ ਫੁੱਲਣ ਤੇ ਆਓ ਫੁੱਲੀਂ ਅੰਗ ਨ ਮਾਵੇ ਮਾਣੀ। ਉਤਸਵ ਕਰਦੀ ਫਿਰੇ ਵਡੇਰੇ ਹਰਖੇ ਤਨ ਪੁਲਕਾਣੀ। ਸੋ ਇਹ ਅੱਜ ਸ਼ਕੁੰਤਲ ਜਾਵੇ ਅਪਣੇ ਪਤਿ ਘਰ ਰਾਣੀ। ਆਗਯਾ ਦਿਹੋ ਜਾਣ ਦੀ ਇਸਨੂੰ ਨਾਲ ਪਿਆਰ ਇਆਣੀ* ॥ ੯੯ ॥ ਪਦ ॥

(ਕੋਇਲ ਦੀ ਅਵਾਜ ਚਿਤਾ ਕੇ) ਇਹ ਦੇਖੋ: ਆਗਯਾ ਦੇਂਦੇ ਜਾਣ ਦੀ ਰੁੱਖ ਬਿਰਖ ਬਨ ਰਾਉ। ਬੰਧੂਜਨ ਬਨ ਬਾਸੀਆਂ ਕੋਇਲ ਸ਼ਬਦ ਸੁਨਾਉ† ॥ ੯੦ ॥

(ਨੇਪਥਯ ਵਿਚੋਂ) ਰਾਹ ਹੋਵੇ ਸੁਖ ਕਰਨੇ ਵਾਲਾ। ਧੀਮੀਂ ਪੌਣ ਪਸਿੰਦ ਜੁ ਮਨ ਨੂੰ ਕੱਟੇ ਪੰਧ ਸੁਖਾਲਾ। ਬਾਓਂ ਬਾਂਦੀਂ ਨਦੀਆਂ ਆਉਣ ਕਵੀਆਂ ਸਿਉਂ ਜਲਤਾਲਾ। ਰੁੱਖ ਜੁ ਠੰਢੀ ਛਾਯਾ ਵਾਲੇ ਧੁੱਪੇਂ ਰਖਣ ਨਿਰਾਲਾ। ਨਰਮ ਜ਼ਿਮੀਂ ਹੋ ਕਦਮ ਕਦਮ ਵਿਚ ਕਮਲ ਧੂੜ ਜਿਉਂ ਲਾਲਾ‡ ॥ ੯੦ ॥ ਪਦ ॥

---

*ਹੇ ਬ੍ਰਿੱਛੇ! ਜੇਹੜੀ ਸ਼ਕੁੰਤਲਾ ਤੁਹਾਨੂੰ ਸਿੰਞੇ ਬਿਨਾਂ ਪਾਣੀ ਨਹੀਂ ਪੀਂਦੀ ਸੀ, ਜੋ ਗਹਿਣੇ ਬਨਾਉਣ ਲਈ ਵੀ ਤੁਹਾਡੇ ਫੁੱਲ ਪੱਤੇ ਨਹੀਂ ਤੋੜਦੀ ਸੀ, ਜਿਹੜੀ ਤੁਹਾਡੇ ਫੁੱਲਾਂ ਦੇ ਦਿਨਾਂ ਵਿਚ ਫੁਲੀ ਨਹੀਂ ਮਾਉਂਦੀ ਹੁੰਦੀ ਸੀ ਅਤੇ ਬਡੇ ਉਤਸਵ ਮਨਾਉਂਦੀ ਸੀ, ਓਹ ਅੱਜ ਸਾਹੁਰੇ ਜਾਂਦੀ ਹੈ, ਤੁਸੀਂ ਸਾਰੇ ਇਸਨੂੰ ਪ੍ਰੀਤੀ ਨਾਲ ਵਿਦਾ ਕਰੋ।

†ਬਨਬਾਸੀਆਂ ਦੇ ਪਿਆਰੇ ਬ੍ਰਿੱਛ ਸ਼ਕੁੰਤਲਾ ਨੂੰ ਕੋਇਲ ਦੇ ਮੁਹੋਂ ਸਾਹੁਰੇ ਜਾਣ ਲਈ ਆਗਯਾ ਦੇਂਦੇ ਹਨ।

‡ਇਸਨੂੰ ਰਸਤਾ ਸੁਖਕਾਰੀ ਹੋਵੇ, ਜਗਹ ਜਗਹ ਕਵੀਆਂ ਨਾਲ ਛਾਏ ਹੋਏ ਤਲਾਉ ਅਤੇ ਨਦੀਆਂ ਆਉਣ, ਧੁੱਪ ਰੋਕਣ ਵਾਲੇ ਸੰਘਣੇਸੰਘਣੇ ਬ੍ਰਿੱਛ ਮਿਲਣ ਅਤੇ ਰਾਹ ਇਜੇਹਾ ਨਰਮ ਕੋਮਲ ਹੋ ਜਾਵੇ ਮਾਨੋ ਕੌਲ ਫੁੱਲਾਂ ਵਿਚਲੀ ਲਾਲ ਪੀਲੀ ਪਰਾਗ ਵਿਛੀ ਹੋਈ ਹੈ।

ਗੌਤਮੀ—ਹੇ ਪੁੱਤ੍ਰੀ ਤੇਰੀਆਂ ਹਿਤਕਾਰਨਾਂ ਤਪੋ ਬਨ ਦੀਆਂ ਦੇਵੀਆਂ ਤੈਨੂੰ ਅਸ਼ੀਰਵਾਦ ਦੇਂਦੀਆਂ ਹਨ, ਤੂੰ ਭੀ ਇਨ੍ਹਾਂਨੂੰ ਮੱਥਾ ਟੇਕ।

ਸ਼ਕੁੰਤਲਾ (ਨਮਸਕਾਰ ਕਰਕੇ, ਪ੍ਰਿਅੰਬਦਾ ਨੂੰ ਹੌਲੇ ਹੌਲੇ)—ਨੀ ਪ੍ਰਿਯੰਬਦਾ! ਆਰਯਪੁੱਤ੍ਰ ਨੂੰ ਫੇਰ ਮਿਲਣ ਦਾ ਤਾਂ ਮੈਨੂੰ ਬੜਾ ਚਾਉ ਹੈ, ਪੁੱਤ੍ਰ ਆਸ਼੍ਰਮ ਨੂੰ ਛਡਦਿਆਂ ਮਾਰੇ ਦੁਖ ਦੇ ਪੈਰ ਅੱਗੇ ਨਹੀਂ ਪੈਂਦੇ।

ਪ੍ਰਿਅੰਬਦਾ—ਇਕੱਲੀ ਤੈਨੂੰ ਹੀ ਇਹ ਦੁੱਖ ਨਹੀਂ ਹੈ, ਜਿਵੇਂ ਜਿਵੇਂ ਤੇਰੇ ਵਿਛੋੜੇ ਦਾ ਵੇਲਾ ਨੇੜੇ ਢੁੱਕਦਾ ਆਉਂਦਾ ਹੈ ਤਿਵੇਂ ਤਿਵੇਂ ਤਪੋ ਬਨ ਵੀ ਉਦਾਸ ਜਿਹਾ ਦਿੱਸਦਾ ਹੈ।

ਘਾਹ ਨ ਮੂੰਹ ਵਿਚ ਮਿਰਗਾ ਲੈਂਦੇ। ਮੋਰ ਨ੍ਰਿਤ੍ਯ ਥੈਂ ਹਟਦੇ ਜਾਂਦੇ ਨਹਿੰ ਕੁਝ ਬੋਲਣ ਚਹਿੰਦੇ। ਪੈਂਝੂਆਂ ਵਾਕਰ ਵੇਲਾਂ ਵੇਖਾਂ ਪਤ ਪੀਲੇ ਪਏ ਢਹਿੰਦੇ। ਤੇਰੇ ਵਿਛੁੜਨ ਤੋਂ ਆਸ਼੍ਰਮ ਦੇ ਜੀਵ ਜੰਤੁ ਦੁਖ ਸਹਿੰਦੇ* ॥ ੯੨ ॥ ਪਦ ॥

ਸ਼ਕੁੰਤਲਾ—ਪਿਤਾ ਜੀ! ਮੈਂ ਇਸ ਮਾਧਵੀ ਦੀ ਵੇਲ ਨੂੰ ਰਤਾ ਮਿਲ ਲਵਾਂ, ਇਸਨਾਲ ਤਾਂ ਮੇਰਾ ਭੈਣਾ ਵਰਗਾ ਪਿਆਰ ਹੈ।

ਕੰਨ੍ਵ—ਬੇਟੀ! ਮੈਂ ਭੀ ਜਾਣਦਾ ਹਾਂ ਤੇਰਾ ਇਸ ਵਿਚ ਭੈਣਾਂ ਭਰਾਵਾਂ ਵਾਲਾ ਹੀ ਪ੍ਰੇਮ ਹੈ। ਮਾਧਵੀ ਵੇਲ ਐਧਰ ਸੱਜੀ ਵੰਨੀ ਹੈ।

ਸ਼ਕੁੰਤਲਾ (ਵੇਲ ਦੇ ਪਾਸ ਜਾ ਕੇ)—ਹੇ ਬਨ-ਜੋਤਸਨਾ! ਭਾਵੇਂ ਅੰਬ ਨੂੰ ਲਿਪਟ ਰਹੀ ਹੈਂ, ਤਦ ਵੀ ਇਨ੍ਹਾਂ ਟਾਹਣੀਆਂ ਰੂਪੀ ਬਾਹਾਂ ਨਾਲ ਮੈਨੂੰ ਮਿਲ ਲੈ, ਕਿਉਂਕਿ

---

*ਹਰਨ ਚਰਨਾਂ ਅਤੇ ਮੋਰ ਨੱਚਣਾ ਛੱਡੀ ਜਾਂਦੇ ਹਨ ਅਤੇ ਵੇਲਾਂ ਵੀ ਆਪਣੇ ਆਪ ਪੀਲੇ ਪੀਲੇ ਪੱਤੇ ਪੈਝੂਆਂਵਾਂਗਹੀ ਪਈਆਂਡੋਗਦੀਆਂ ਹਨ।

Digitized by Panjab Digital Library | www.panjabdigilib.org

ਹੁਣ ਮੈਂ ਤੈਥੋਂ ਕੋਹਾਂ ਦੂਰ ਜਾ ਰਹਾਂਗੀ।

ਕੰਨ੍ਹ—ਜੇਹਾ ਵਰ ਮੈਂ ਤੇਰੀ ਖਾਤਰ ਚਿਤ ਵਿਚ ਚਿਤਵਨ ਕੀਤਾ ਸਾ। ਸੋ ਤੈਹਾ ਹੀ ਪਾਇਆ ਤੈਨੂੰ ਪੁੰਨ ਜੁ ਪਹਿਲੇ ਕੀਤਾ ਸਾ। ਮਿਲੀ ਭਲੀ ਬਿਧ ਜਾਇ ਚੰਬੇਲੀ ਅੰਬ ਨਾਲ ਹੁਣ ਸੋਹੀ ਹੈ। ਮੈਂ ਨਿਚਿੰਤ ਦੋਹਾਂ ਥੀਂ ਹੋਇਆ ਰਖੀ ਲਾਜ ਪ੍ਰਭੁ ਸੋਹੀ ਹੈ* ॥ ੯੩ ॥ ਪਦ।

ਹੇ ਪੁਤ੍ਰੀ ਹੁਣ ਡੇਰ ਨਾ ਕਰ, ਵਿਦਾ ਹੋ।

ਸ਼ਕੁੰਤਲਾ (ਦੋਹਾਂ ਸਖੀਆਂ ਨੂੰ)—ਲਓ ਅੜੀਓ! ਇਸਨੂੰ ਮੈਂ ਤੁਹਾਡੇ ਹੱਥ ਸੌਂਪਦੀ ਹਾਂ।

[ਹੰਝੂ ਵਹਾਂਦੀਆਂ ਹਨ

ਦੋਵੇਂ ਸਹੇਲੀਆਂ—ਤੇ ਸਾਨੂੰ ਕਿਸਦੇ ਹੱਥ ਸੌਂਪਦੀ ਹੈਂ ?

ਕੰਨ੍ਹ—ਅਨਸੂਆ ! ਹੁਣ ਰੋਣਾ ਛੱਡ ਦਿਓ, ਤੁਹਾਨੂੰ ਚਾਹੀਦਾ ਹੈ ਕਿ ਸ਼ਕੁੰਤਲਾ ਨੂੰ ਧੀਰਜ ਬੰਨ੍ਹਾਓ। [ਸਾਰੇ ਜਾਂਦੇ ਹੋਏ

ਸ਼ਕੁੰਤਲਾ—ਪਿਤਾ ਜੀ! ਜਦੋਂ ਉਹ ਕੁਟੀਆ ਦੇ ਕੋਲਵਾਰ ਚਰਨ ਵਾਲੀ ਪੈਰ ਭਾਰੀ ਹਰਨੀ ਸੁੱਖ ਸਾਂਦ ਨਾਲ ਬੱਚਾ ਜਣੇ ਤਾਂ ਤੁਸਾਂ ਕਿਸੇ ਦੇ ਹੱਥੀਂ ਇਹ ਮੰਗਲ ਸਮਾਚਾਰ ਮੈਨੂੰ ਕਹਾ ਭੇਜਣਾ, ਭੁੱਲ ਨਾ ਜਾਣਾ।

ਕੰਨ੍ਹ—ਚੰਗੀ ਗੱਲ, ਨਹੀਂ ਭੁੱਲਾਂਗਾ।

ਸ਼ਕੁੰਤਲਾ (ਥੋੜਾ ਚੱਲਕੇ ਅਤੇ ਪਰਤ ਕੇ)—ਇਹ ਕੌਣ ਹੈ ਜੋ ਮੇਰਾ ਪੱਲੂ ਨਹੀਂ ਛੱਡਦਾ।

[ਪਿਛੇ ਪਰਤਕੇ ਦੇਖਦੀ ਹੈ

ਕੰਨ੍ਹ—ਜਿਸਦਾ ਮੂੰਹ ਦੱਭ ਸੀਰਾਂ ਚੀਰਾਂ ਦੇਖਲਿਆ ਸੀ ਤੈਂ ਜਿਸ ਵੇਲੇ ਅਪਣੇ ਹੱਥੀਂ ਬੱਚੀਆਂ ਲੀਰਾਂ। ਘਾਵਾਂ ਤੇ ਲੈ ਤੇਲ ਹਿੰਗੋਟੀ* ਆਪਣੇ ਹੱਥੀਂ ਲਾਂਦੀ ਸੀ। ਜਿਸਦੇ ਪਾਲਣ ਕਾਰਨ ਸੁਆਂਕ ਨਿੱਤ ਬੁੱਕੀਂ ਮੂੰਹੀਂ ਖੁਆਂਦੀ ਸੀ। ਉਹ ਮ੍ਰਿਗ ਬੱਚਾ ਕਿਉਂ ਪਗ ਤੇਰੇ ਛੱਡ ਹੋਰ ਥੇ ਜਾਵੇ ਜੀ। ਜਿਸਨੂੰ ਪੁੱਤਰ ਵਾਕਰ ਹਰਦਮ ਪਾਲੇਂ ਲਾਡ ਲਡਾਵੇਂ ਜੀ† ॥ ੯੪ ॥

ਸ਼ਕੁੰਤਲਾ—ਹੇ ਮ੍ਰਿਗ ਬੱਚੇ ! ਮੈਂ ਸਹਵਾਸ ਛੱਡਦੀ ਹੋਈ ਦੇ ਪਿੱਛੇ ਤੂੰ ਕਿਉਂ ਆਉਂਦਾ ਹੈਂ। ਤੇਰੀ ਮਾਉਂ ਤੈਨੂੰ ਜਣਦਿਆਂ ਹੀ ਮਰ ਗਈ ਸੀ, ਤਦੋਂ ਤੋਂ ਮੈਂ ਤੇਰੀ ਪਾਲਨਾ ਕਰਦੀ ਰਹੀ, ਹੁਣ ਮੇਰੇ ਪਿੱਛੇ ਤੇਰੀ ਪਿਤਾ ਜੀ ਪਾਲਨਾ ਕਰਨਗੇ, ਤੂੰ ਜਾਹ ਆਸ਼੍ਰਮ ਨੂੰ ਮੁੜ ਜਾਹ। [ਹੰਝੂ ਭਰਦੀ ਹੋਈ ਚਲਦੀ ਹੈ

ਕੰਨ੍ਹ—ਕਰ ਦ੍ਰਿੜਤਾ ਹੰਝੂਆਂ ਨੂੰ ਰੋਕੀਂ ਅਗਲਾ ਰਾਹ ਪਛਾਣੀ ਤੂੰ। ਭਰੀਆਂ ਨਾਲ ਝਿਮਣੀਆਂ ਪਾਣੀ ਅੱਖੀਂ ਕਰ ਨ ਨਿਮਾਣੀ ਤੂੰ। ਉੱਚੀ ਨੀਵੀਂ ਧਰਤੀ ਦੇਖੀਂ ਠੁੱਡਾ ਖਾਇ ਨ ਜਾਣੀਂ ਤੂੰ। ਖਬਰਦਾਰ ਹੋ ਚੱਲੀਂ ਰਸਤੇ ਰਾਹੋਂ ਖਰੀ ਇਵਾਣੀ ਤੂੰ‡ ॥ ੯੫ ॥ ਪਦ।

---

*ਜੋਹਾਕੁ ਪਤੀ ਤੈਰੇ ਲਈ ਮੈਂ ਆਪਣੇ ਮਨ ਵਿਚ ਵਿਚਾਰਿਆ ਸੀ ਓਹੋ ਜੇਹਾ ਹੀ ਤੈਂ ਆਪਣੇ ਪੁੰਨਾਂ ਦੇ ਪ੍ਰਤਾਪ ਨਾਲ ਪਾ ਲਿਆ ਹੈ ਅਤੇ ਇਸ ਚੰਬੇਲੀ ਨੂੰ ਵੰਗਾ ਅੰਬ ਦਾ ਬ੍ਰਿਛ ਮਿਲ ਗਿਆ ਹੈ, ਹੁਣ ਮੈਂ ਤੁਸਾਂ ਦੋਹਾਂ ਵਲੋਂ ਨਿਚਿੰਤ ਹੋ ਗਿਆ ਹਾਂ।

*ਜੀਆ ਪੋਤੇ ਦਾ ਤੇਲ।

†ਜਿਸਦਾ ਮੂੰਹ ਦੱਭ ਦੀਆਂ ਸੀਰਾਂ ਨਾਲ ਚੀਰਿਆ ਹੋਇਆ ਦੇਖਕੇ ਤੂੰ ਉਸਦੇ ਘਾਵਾਂ ਤੇ ਜੀਏ ਪੋਤੇ ਦਾ ਤੇਲ ਆਪਣੇ ਹੱਥੀਂ ਲਾਇਆ ਕਰਦੀ ਸੈਂ। ਜਿਸਨੂੰ ਤੂੰ ਸੁਆਂਕ ਦੇ ਚਾਵਲ ਬੁਕੀਂ ਮੂੰਹੀ ਖੁਆਇਆ ਕਰਦੀ ਸੀ ਤੇ ਆਪਣੇ ਪੁੱਤ ਦੀ ਤਰਾਂ ਪਾਲਦੀ ਅਤੇ ਲਡਾਉਂਦੀ ਹੁੰਦੀ ਸੀ, ਉਹ ਹਰਨ ਦਾ ਬੱਚਾ ਇਸ ਵੇਲੇ ਤੇਰੇ ਪੈਰ ਕਿਉਂ ਛੱਡੇਗਾ।

‡ਧੀਰਜ ਬੰਨ੍ਹਕੇ ਅੱਥਰੂਆਂ ਨੂੰ ਰੋਕ, ਇਹ ਤੇਰੀਆਂ ਉੱਠੀਆਂ ਹੋਈਆਂ ਝਿਮਣੀਆਂ ਵਾਲੀਆਂ ਅੱਖਾਂ ਨੂੰ ਦੇਖਣ ਨਹੀਂ ਦਿੰਦੇ, ਏਥੇ ਪ੍ਰਿਥਵੀ ਉੱਚੀ ਨੀਵੀਂ ਹੈਗੀ ਹੈ, ਅੱਸਾ ਨ ਹੋਵੇ ਕਿਤੇ ਠੇਡਾ ਖਾਕੇ ਡਿੱਗ ਪਵੇਂ।

Digitized by Panjab Digital Library | www.panjabdigilib.org

ਸਾਰੰਗਰਵ--ਮਹਾਤਮਾ ਜੀ ! ਕਹਿੰਦੇ ਹਨ ਕਿ ਪਜਾਰਿਆਂ ਨੂੰ ਵਿਦਾ ਕਰਨ ਲਈ ਓਥੋਂ ਤਾਂਈਂ ਜਾਈਦਾ ਹੈ ਕਿ ਜਿੱਥੋਂ ਤਾਂਈਂ ਕੋਈਖੂਹ ਜਾਂ ਕੁੰਡ ਨਦੀ ਤਲਾਉ ਆਦਿਕ ਨ ਮਿਲੇਹੁਣ ਇਹ ਸਰੋਵਰ ਦਾ ਕਿਨਾਰਾ ਆ ਗਿਆ ਹੈ, ਇਸ ਲਈ ਆਪ ਏਥੇ ਹੀ ਉੱਤਮ ਸਿੱਖਜਾ ਦੇਕੇ ਆਸ਼੍ਰਮ ਵੰਨੀ ਜਾਈਏ॥

ਕੰਨ੍ਹ--ਤਾਂ ਆਓ ਪਲ ਭਰ ਏਸ ਬੋਹੜ ਦੀ ਛਾਯਾ ਹੇਠ ਬੈਠ ਜਾਈਏ।

[ਸਾਰੇ ਬੋਹੜ ਹੇਠ ਬੈਠ ਜਾਂਦੇ ਹਨ।

ਕੰਨ੍ਹ (ਆਪਣੇ ਜੀ ਵਿਚ)--ਉਸ ਰਾਜਾ ਦੁਖਜੰਤ ਲਈ ਕੀ ਸੁਨੇਹਾ ਉਚਿਤ ਹੈ ਜੋ ਮੈਂ ਇਸ ਵੇਲੇ ਭੇਜਾਂ ? [ਸੋਚਦਾ ਹੈ

ਸ਼ਕੁੰਤਲਾ (ਹੌਲੇ ਜਿਹੇ ਸਹੇਲੀ ਨੂੰ)-- ਅੜੀਏ ! ਦੇਖ ਲੈ ਚਕਵੀ ਕਮਲ ਦੇ ਪੱਤਿਆਂ ਵਿਚ ਲੁਕੇ ਹੋਏ ਪਜਾਰੇ ਚਕਵੇ ਨੂੰ ਦੇਖੇ ਬਿਨਾਂ ਘਬਰਾਕੇ ਕਹਿੰਦੀਹੈ ਕਿ ਮੈਂ ਭਾਗਹੀਣ ਹਾਂ।

ਅਨਸੂਆ--ਨਾਂ ਨੀ, ਭੈੜੀਏ ! ਇਉਂ ਨ ਕਹੁ।

ਰਾਤ ਦੁਖ ਭਰੀ ਭਾਰੀ ਕਟਦੀ ਇਹ ਪਜਾਰੇ ਦੇ ਪਾਸ ਬਿਨਾ। ਦੁੱਖ ਵਿਛੋੜੇ ਦੇ ਵਿਚ ਧੀਰਜ ਆਸ ਮਿਲਨ ਦੀ ਫੇਰ ਪੁਨਾ* ॥ ੯੬॥ ਪਦ ॥

ਕੰਨ੍ਹ--ਹੇ ਸਾਰੰਗ ਰਵ ! ਸ਼ਕੁੰਤਲਾ ਨੂੰ ਤੂੰ ਅੱਗੇ ਕਰਕੇ ਸਾਡੀ ਵੱਲੋਂ ਰਾਜਾ ਜੀ ਨੂੰ ਇਹ ਕਹਿ ਦੇਵੀਂ।

ਸਾਰੰਗ ਰਵ--ਸੱਤਿ ਬਚਨ ਮਹਾਰਾਜ !

ਕੰਨ੍ਹ--ਸਾਨੂੰ ਤਪਸੀ ਬਨ ਦੇ ਜਾਣੋ। ਕੁਲ ਗਤਿ ਅਪਣੀ ਸਭ ਬਿਧ ਉੱਚੀ ਅਪਣੇ ਮਨ ਵਿਚ ਭਲੇ ਪਛਾਣੋ। ਪ੍ਰੀਤ ਤੁਹਾਡੀ ਆਪੇ ਹੋਈ ਆਪੇ ਵਿਚ ਬਿਨ ਕਿਸੇ ਪਛਾਣੋ। ਹੈ ਹੁਣ ਲਾਇਕ ਤੈਨੂੰ ਰਾਜਾ ! ਹੋਰ ਰਾਣੀਆਂ ਵਾਂਗਰ ਮਾਣੇ। ਰੱਖੇ ਇਸਨੂੰ ਹੋਰ ਜਿ ਹੋਵੇ ਭਾਗਾਂ ਵਸ ਇਸਦੇ ਕੁਝ ਮਾਣੇ। ਸੋ ਕੁਝ ਕਹਿਣ ਨ ਜੋਗਾ ਸਾਡੇ ਜੇ ਹੋਵਹਿ ਦਰਗਹ ਪਰਵਾਣੋ* ॥ ੯੭ ॥ ਪਦ ॥

ਸਾਰੰਗਰਵ--ਇਹ ਸੁਨੇਹਾ ਮੈਂ ਚੰਗੀ ਤਰ੍ਹਾਂ ਰੰਢੀ ਬੰਨ੍ਹ ਲੀਤਾ ਹੈ।

ਕੰਨ੍ਹ--ਬੇਟੀ ! ਹੁਣ ਤੈਨੂੰ ਭੀ ਕੁਝ ਸਿੱਖਜਾ ਦਿਆਂਗਾ, ਕਿਉਂਕਿ ਭਾਵੇਂ ਅਸੀਂ ਬਨ-ਬਾਸੀ ਲੋਕ ਹਾਂ ਤਦ ਵੀ ਲੋਕਾਚਾਰੀ ਵਿਹਾਰ ਜਾਣਨੇ ਹਾਂ।

ਸਾਰੰਗ ਰਵ--ਵਿੱਦਜਵਾਨਾਂ ਕੋਲੋਂ ਕੀ ਗੁੱਝਾਹੈ?

ਕੰਨ੍ਹ--ਬੇਟੀ ! ਜਦੋਂ ਤੂੰ ਏਥੋਂ ਜਾਕੇ ਆਪਣੇ ਪਤੀ ਕੋਲ ਪੁੱਜੇਂ ਤਾਂ--

ਵਡਿਆਂ ਦਾ ਆਦਰ ਨਿਤ ਕਰਨਾ ਅਤੇ ਸੌਂਕਣਾਂ ਨਾਲ ਰਹੀਂ। ਵਾਂਗ ਸਹੇਲੀ ਰੱਖ ਮਿਤ੍ਰਾਨਾ, ਜੇ ਭਰਤਾ ਕੁਝ ਕਹੇ ਤਹੀਂ। ਗੁੱਸੇ ਹੋਕੇ ਰੁੱਸ ਨ ਬੈਠੀਂ ਭਲੀ ਸਹਾਰੀਂ ਬਾਤ ਕਹੀਂ। ਦਾਸ ਗੋਲੀਆਂ ਸਜੋਂ ਮਿਠ ਬੋਲੀਂ ਵੱਡੀ ਬਣ ਹੰਕਾਰ ਨ ਗਹੀਂ, ਇੱਕੁਰ ਵਰਤੇ ਤਾਂ ਵਡਿਆਈ, ਉਲਟੇ

---

*ਵਿਛੋੜੇ ਦੇ ਭਾਰੀ ਦੁਖ ਨਾਲ ਭਰੀਹੋਈ ਰਾਤ ਇਹ ਚਕਵੀ ਬਿਨਾਂ ਪਾਸ ਹੋਣੇ ਪਤੀ ਦੇ ਕੱਟਦੀ ਹੈ, ਕਿਉਂਕਿ ਪਤੀ ਮਿਲਨੇ ਦੀ ਆਸ਼ਾ ਉਸ ਦੁਖ ਨੂੰ ਹੌਲਿਆਂ ਕਰਦੀ ਰਹਿੰਦੀ ਹੈ।

*ਹੇ ਰਾਜਾ ! ਤੂੰ ਸਾਨੂੰ ਤਪੋ ਬਨੀ ਅਤੇ ਆਪਨੂੰ ਰਾਜਵੰਸ਼ੀ ਜਾਣਕੇ ਅਤੇ ਜੋ ਪ੍ਰੀਤ ਤੁਹਾਡੀ ਅਤੇ ਸ਼ਕੁੰਤਲਾ ਦੀ ਆਪਣੇ ਆਪ ਹੋਈ ਹੈ ਉਸਨੂੰ ਸੋਚਕੇ ਇਸ ਲੜਕੀ ਨੂੰ ਹੋਰਨਾਂ ਰਾਣੀਆਂ ਦੇ ਬਰਾਬਰ ਹੀ ਰੱਖਣਾ ਠੀਕ ਹੋਵੇਗਾ, ਸਾਡਾ ਇੰਨਾ ਹੀ ਕਹਿਣਾ ਹੈ। ਜੇਕਰ ਇਸਦੇ ਪੁੰਨਾਂ ਨੂੰ ਕੁਝ ਵਧੀਕ ਸਤਿਕਾਰ ਹੋਵੇ ਤਾਂ ਇਸਦੇ ਭਾਗਾਂ ਦੇ ਵੱਸ ਹੈ, ਸਾਡੇ ਕਹਿਣ ਗੋਚਰਾ ਨਹੀਂ।

Digitized by Panjab Digital Library | www.panjabdigilib.org

ਚਲਿਆਂ ਦੋਸ਼ ਸਹੀ* ॥੯੮॥ਪਦ॥

ਕਹੁ ਖਾਂ ਗੌਤਮੀ! ਇਹ ਸਿਖਜਾ ਕਿਹੀਕੁਹੈ?

ਗੌਤਮੀ–ਕੁਲਵੰਤੀਆਂ ਲਈ ਇਹ ਉਪਦੇਸ਼ ਬੜਾ ਹੀ ਉੱਤਮ ਹੈ, ਬੱਚੀ! ਇਹ ਉਪਦੇਸ਼ ਚੇਤੇ ਰੱਖੀਂ, ਭੁਲਾਇ ਨ ਦੇਈਂ।

ਕੰਨ੍ਹ–ਬੇਟੀ! ਆ ਮੈਨੂੰ ਅਤੇ ਆਪਣੀਆਂ ਸਹੇਲੀਆਂ ਨੂੰ ਮਿਲ ਲੈ।

ਸ਼ਕੁੰਤਲਾ–ਕੀਹ ਪਿਤਾ ਜੀ! ਪ੍ਰਿਅੰਬਦਾ ਅਤੇ ਅਨਸੂਆ ਏਥੋਂ ਹੀ ਪਰਤ ਜਾਣਗੀਆਂ?

ਕੰਨ੍ਹ–ਬੇਟੀ! ਜਦ ਤੱਕ ਇਹ ਕੁਆਰੀਆਂ ਹਨ ਤਦ ਤਕ ਇਨ੍ਹਾਂ ਦਾ ਨਗਰ ਵਿਚ ਜਾਣਾ ਠੀਕ ਨਹੀਂ, ਇਹ ਗੌਤਮੀ ਤੇਰੇ ਨਾਲ ਜਾਵੇਗੀ।

ਸ਼ਕੁੰਤਲਾ (ਕੰਨ੍ਹ ਪਿਤਾ ਨੂੰ ਮਿਲਕੇ)–ਹੁਣ ਮੈਂ ਪਿਤਾ ਜੀ ਦੀ ਗੋਦੀ ਤੋਂ ਨਿੱਖੜਕੇ ਮਲਜਾਗਿਰ ਤੋਂ ਵੱਖਰੀ ਹੋਕੇ ਚੰਦਨ ਦੀ ਟਾਹਣੀ ਵਾਕਰ ਪਰਦੇਸ਼ ਵਿਚ ਕੀਕੁਰ ਜੀਵਾਂਗੀ?

ਕੰਨ੍ਹ–ਬੇਟੀ! ਏਡੀ ਬਿਆਕੁਲ ਕਿਉਂਹੋਨੀਹੈਂ? ਕੰਤ ਕੁਲੀਨ ਬੜਾ ਜਸ ਵਾਲਾ ਉਸਦੀ ਨਾਰਿ ਕਹਾਵੇਂਗੀ। ਰਾਜ ਸਾਜ ਦੇ ਕਾਜ ਬੜੇ ਪਲ ਮਾਤਰ ਵਿਹਲ ਨ ਪਾਵੇਂਗੀ।

ਦਿਸ਼ ਪੂਰਬ ਵਾਂਗ ਜਣੇ ਸੁਤ ਸੂਰਜ ਉੱਤਮਤਾ ਦਿਖਲਾਵੇਂਗੀ। ਤਦ ਮੈਥੋਂ ਵਿਛੁੜਨ ਦਾ ਇਹ ਦੁਖ ਚੇਤੇ ਕਦੀ ਨ ਲਜਾਵੇਂਗੀ* ॥੯੯॥ ਪਦ॥

[ਸ਼ਕੁੰਤਲਾ ਪਿਤਾ ਦੇ ਪੈਰਾਂ ਤੇ ਡਿੱਗ ਪੈਂਦੀ ਹੈ

ਕੰਨ੍ਹ–ਮੇਰੀ ਅਸੀਸ ਕਰਕੇ ਤੇਰੀਆਂ ਮਨੋ ਕਾਮਨਾ ਪੂਰੀਆਂ ਹੋਣਗੀਆਂ।

ਸ਼ਕੁੰਤਲਾ(ਦੋਹਾਂ ਸਖੀਆਂ ਦੇ ਪਾਸ ਜਾਕੇ)–ਆਓ ਨੀ ਅੜੀਓ ਮੈਨੂੰ ਇਕੱਠੀਆਂ ਹੀ ਮਿਲ ਲਓ।

ਦੋਵੇਂ ਸਹੇਲੀਆਂ (ਮਿਲਕੇ)–ਲੈ ਨੀ, ਜੇ ਕਿਤੇ ਰਾਜਾ ਤੈਨੂੰ ਭੁੱਲ ਗਿਆ ਹੋਵੇ ਤਾਂ ਇਹ ਮੁੰਦਰੀ ਜਿਸਤੇ ਉਸਦਾ ਨਾਉਂ ਉੱਕਰਿਆ ਹੋਇਆ ਹੈ, ਦਿਖਾ ਦੇਵੀਂ।

ਸ਼ਕੁੰਤਲਾ–ਤੁਹਾਡੇ ਇਸ ਭੁੱਲ ਜਾਣ ਵਾਲੇ ਭਰਮ ਨੇ ਤਾਂ ਮੈਨੂੰ ਕੰਬਾ ਦਿੱਤਾ।

ਦੋਵੇਂ ਸਹੇਲੀਆਂ–ਕੋਈ ਡਰਨ ਵਾਲੀ ਗੱਲ ਨਹੀਂ, ਪਰ ਗੂੜ੍ਹੇ ਪ੍ਰੇਮ ਵਿਚ ਭੈ ਤੇ ਭਰਮ ਹੋਇਆ ਹੀ ਕਰਦੇ ਹਨ।

ਸਾਰੰਗ ਰਵ–ਹੁਣ ਤਾਂ ਦਿਨ ਪਹਿਰ ਨਾਲੋਂ ਵਧੀਕ ਚੜ੍ਹ ਗਿਆ ਹੈ, ਚਲੋ ਛੇਤੀ ਕਰੋ ਵਿਦਾ ਹੋਵੋ।

ਸ਼ਕੁੰਤਲਾ (ਆਸ਼੍ਰਮ ਵੰਨੀ ਮੂੰਹ ਕਰਕੇ ਖੜੋ ਜਾਂਦੀ ਹੈ)–ਪਿਤਾ ਜੀ! ਤਪੋ ਬਨ ਦੇ ਦਰਸ਼ਨ ਫੇਰ ਕਦੋਂ ਕਰਾਓਗੇ?

ਕੰਨ੍ਹ–ਬੇਟੀ ਸੁਣ:–

ਬਣਕੇ ਤੂੰ ਰਾਜਾ ਦੀ ਰਾਣੀ।ਸੌਂਕਣ ਪ੍ਰਿਥਵੀ

---

*ਸਹੁਰੇ ਜਾਕੇ ਵਡਿਆਂ ਦਾ ਆਦਰ ਤੇ ਸਤਿਕਾਰ ਕਰਨਾ ਅਤੇ ਸੌਂਕਣਾਂ ਨਾਲ ਈਰਖਾ ਛੱਡਕੇ ਸਹੇਲੀਆਂ ਤੇ ਭੈਣਾਂ ਵਾਕਰ ਨਿਰਬਾਹ ਕਰਨਾ, ਜੇ ਕਿਤੇ ਤੇਰਾ ਪਤੀ ਕਦੀ ਕਿਸੇ ਗੱਲੇ ਕੁਝ ਕਹਿ ਬੈਠੇ ਤਾਂ ਗੁੱਸੇ ਹੋਕੇ ਰੁੱਸ ਨਹੀਂ ਜਾਣਾ ਅਤੇ ਨਾਂ ਹੀ ਮਾਨ ਕਰਕੇ ਸੜ ਕੁੜ੍ਹਕੇ ਕੁਝ ਕੁਬਚਨ ਬੋਲਨਾ, ਇਸ ਗੱਲ ਦਾ ਅਭਿਮਾਨ ਕਦੀ ਨਾ ਕਰਨਾ ਕਿ ਮੈਂ ਬੜੇ ਰਾਜਾ ਦੀ ਰਾਣੀ ਹਾਂ। ਜੋ ਨੂੰਹ ਇਸ ਤਰ੍ਹਾਂ ਸਹੁਰੇ ਘਰ ਵਰਤਦੀ ਹੈ ਓਹ ਚੰਗੀ ਗ੍ਰਿਹਸਤਨ ਤੀਵੀਂ ਕਹਾਉਂਦੀ ਹੈ, ਜੋਹੜੀ ਇਨ੍ਹਾਂ ਗੱਲਾਂ ਤੋਂ ਉਲਟੀ ਚਲਦੀਹੈ ਓਹਕੁਲਵੰਤੀਨਹੀਂ ਕਹਾਉਂਦੀ।

*ਜਦ ਤੂੰ ਵੱਡੇ ਰਾਜਾ ਦੀ ਰਾਣੀ ਹੋਕੇ ਘਰ ਦੇ ਕੰਮਾਂ ਵਿਚੋਂ ਵਿਹਲ ਨਾ ਪਾਏਂਗੀ ਅਤੇ ਪੁੱਤ੍ਰ ਵੀ ਥੋੜ੍ਹੇ ਚਿਰ ਤਾਈਂ ਜੀਕੁਰ ਪੂਰਬ ਦਿਸ਼ਾ ਸੂਰਜ ਜਣਦੀ ਹੈ ਤੇਹਾ ਹੀ ਜਣ ਲਏਂਗੀ ਤਦ ਤੂੰ ਮੈਥੋਂ ਵਿਛੁੜਨ ਦਾ ਦੁਖ ਭੁੱਲ ਜਾਏਂਗੀ।

Digitized by Panjab Digital Library | www.panjabdigilib.org

ਦੀ ਤੂੰ ਹੋਕੈ ਰਾਂਜ ਭਾਗ ਬਾਹਲਾ ਚਿਰ ਮਾਣੀ। ਫਿਰ ਸਾਮਰਥ ਪੁੱਤ੍ਰ ਨੂੰ ਵਿਆਹਵੀਂ ਆਨੰਦ ਮੰਗਲ ਉਤਸਵ ਠਾਣੀ॥ ਜਿਸਦਾ ਰਥ ਨ ਰੁਕੇ ਕਿਸ ਰਾਹੀਂ ਜੀਤ ਫਿਰੇ ਚਾਰੋਂ ਚੱਕਵਾਣੀ। ਦੇਕੇ ਭਾਰ ਕੁਟੰਬ ਰਾਜ ਦਾ ਉਸਦੇ ਸਿਰ ਸਭ ਕਾਰ ਜਹਾਣੀ। ਛਡਕੇ ਰਾਜ ਕਾਜ ਪਤਿ ਤੇਰਾ ਨਾਲ ਲਏਗਾ ਤੈਨੂੰ ਰਾਣੀ। ਫੇਰ ਤਪੋ ਬਨ ਦੇ ਤੂੰ ਆਸ਼੍ਰਮ ਆ ਦੇਖੀਂ ਸੁੰਦਰ ਮਨ ਭਾਣੀ* ॥ ੧੦੦ ॥ ਪਦ ॥

ਗੌਤਮੀ—ਬੇਟੀ ! ਹੁਣ ਤਾਂ ਟੁਰਨ ਦਾ ਮਹੂਰਤ ਬੀਤਦਾ ਜਾਂਦਾ ਹੈ, ਪਿਤਾ ਜੀ ਨੂੰ ਜਾਣਦੇਹ। ਮੁਨਿਰਾਜ ਜੀ! ਤੁਸੀਂ ਹੁਣ ਜਾਓ, ਇਹ ਤਾਂ ਫਿਰ ਫਿਰ ਇਕੁਰ ਹੀ ਕਹਿੰਦੀ ਰਹੇਗੀ।

ਕੰਨ੍ਹ—ਬੇਟੀ ! ਮੇਰੇ ਤਪ ਦੇ ਕੰਮ ਵਿਚ ਵਿਘਨ ਪੈਂਦਾ ਹੈ।

ਸ਼ਕੁੰਤਲਾ (ਪਿਤਾ ਨੂੰ ਫੇਰ ਮਿਲਕੇ)—ਪਿਤਾ ਜੀ! ਮੇਰੇ ਲਈ ਬਹੁਤ ਸ਼ੋਕ ਨਾ ਕਰਨਾ ਕਿਉਂ ਕਿ ਤੁਹਾਡਾ ਸਰੀਰ ਤਪੱਸਿਆ ਕਰਕੇ ਬਹੁਤ ਲਿੱਸਾ ਹੋਇਆ ਹੈ।

ਕੰਨ੍ਹ (ਲੰਮਾ ਸਾਹ ਭਰਕੇ)—

ਤੈਂ ਜੋ ਧਾਨ† ਕੁਟੀ ਦੇ ਬੂਹੇ। ਬੀਜੇ ਹਨ ਪੂਜਾ ਦੀ ਖਾਤਰ ਉਹ ਉੱਗੇ ਹਨ ਜੇਹੇ ਊਹੇ। ਜਦ ਤਕ ਓਹ ਖੜੇ ਹਨ ਦਿੱਸਦੇ ਤਦ ਤਕ ਸ਼ੋਕ ਨ ਜਾਸੀ। ਤੇਰੇ ਵਿਛੁੜਨ ਤੈਂ ਇਸ ਵੇਲੇ ਪੀੜ ਜੁ ਉਪਜੀ ਖਾਸੀ। ਹਨ ਇਹ ਕਾਰਨ ਕਰਨ ਜਤਾਵਨ ਯਾਦ ਕਰਾਵਨ ਤੈਨੂੰ।ਤਿਉਂ ਤਿਉਂ ਚੁਭਕ ਵਿਛੋੜੇ ਵਾਲੀ ਕਰਸੀ ਬਜਾਕੁਲ ਮੈਨੂੰ*॥੧੦੧॥ਪਦ॥

ਹੁਣਤੂੰ ਜਾਹ, ਤੇਰਾ ਰਸਤਾ ਸੁਖਦਾਈਹੋਵੇ।

[ਸ਼ਕੁੰਤਲਾ ਸਾਥੀਆਂ ਸਮੇਤ ਚਲਦੀ ਹੈ

ਦੋਵੇਂ ਸਖੀਆਂ (ਸ਼ਕੁੰਤਲਾ ਵੰਨੀ ਦੇਖਕੇ)—ਹਾਇ ਹਾਇ ਹੁਣ ਤਾਂ ਬਨ ਦੇ ਰੁੱਖਾਂ ਨੇ ਸ਼ਕੁੰਤਲਾ ਨੂੰ ਲੁਕਾ ਲਿਆ।

ਕੰਨ੍ਹ (ਸਾਹ ਭਰਕੇ)—ਅਨਸੂਆ ! ਤੁਹਾਡੀ ਸਹੇਲੀ ਗਈ, ਹੁਣ ਤੁਸੀਂ ਸ਼ੋਕ ਛੱਡ ਕੇ ਮੇਰੇ ਪਿੱਛੇ ਪਿੱਛੇ ਚਲੀਆਂ ਆਓ।

ਦੋਵੇਂ ਸਹੇਲੀਆਂ—ਪਿਤਾ ਜੀ ! ਸ਼ਕੁੰਤਲਾ ਬਾਝੋਂ ਤਾਂ ਤਪੋਬਨ ਸੁੰਞਾ ਜੇਹਾ ਲੱਗਦਾ ਹੈ, ਅਸੀਂ ਇਸ ਵਿਚ ਕੀਕੁਰ ਜਾਈਏ ?

ਕੰਨ੍ਹ—ਸੱਚ ਹੈ, ਪ੍ਰੀਤ ਵਿਚ ਇਕੁਰ ਹੀ ਭਾਸਦਾ ਹੈ (ਧਿਆਨ ਕਰਦਾ ਹੋਇਆ) ਸ਼ਕੁੰਤਲਾ ਨੂੰ ਸਹੁਰੇ ਭੇਜਕੇ ਅੱਜ ਮੈਂ ਨਿਚਿੰਤਹੋਇਆ। ਧੀਆਂ ਮਾਲ ਪਰਾਇਆ ਕਹਿੰਦੇ। ਜੇਕਰ ਭੇਜੀ ਜਾਵੇ ਸਹੁਰੇ ਮਾਲ ਮਾਲਕਾਂ ਗਹਿੰਦੇ। ਜੀਕਰ ਰਖੀ ਅਮਾਨਤ ਹੋਵੇ ਦਈ ਸਲਾਮਤ ਜਾਵੇ । ਤੀਕਰ ਮੈਂ ਅੱਜ ਨਿੰਮਲ ਹੋਇਆ ਚਿੰਤ ਗਏ ਨਿਤ ਹਾਵੇ। ਜਿਸਦੀ ਵਸਤ ਉਸੇ ਦੇ ਪੁੰਨੀ ਚਿੱਤ ਮੇਰੇ ਸੁਖ ਕੀਤਾ। ਸੇਵਾ ਸਫਲ ਹੋਈ ਅਜ ਸਾਰੀ ਪਿਛਲਾ ਸਮਾਂ ਜੁ ਬੀਤਾ†॥ ੨੦੧ ॥

—ਇਤਿ ਚੌਥਾ ਨਾਟ ਸਮਾਪਤ—

---

*ਪ੍ਰਿਥਵੀ ਵੀ ਰਾਜਾ ਦੀ ਤੀਵੀਂ ਹੁੰਦੀ ਹੈ, ਇਸ ਲਈ ਮਹਾਂ ਰਿਖੀ ਕੰਨ੍ਹ ਕਹਿੰਦਾ ਹੈ ਕਿ ਬੇਟੀ ! ਜਦ ਤੂੰ ਬਹੁਤਾ ਸਾਰਾ ਚਿਰ ਰਾਜਾ ਦੀ ਰਾਣੀ ਅਰਥਾਤ ਪ੍ਰਿਥਵੀ ਦੀ ਸੌਂਕਣ ਬਣਕੇ ਰਹਿ ਲਵੇਂਗੀ ਅਤੇ ਆਪਣੇ ਸੂਰਬੀਰ ਬੇਟੇ ਦਾ, ਜਿਸਦੇ ਰਥ ਨੂੰ ਕੋਈ ਰੋਕਣ ਵਾਲਾ ਨਾ ਹੋਵੇਗਾ, ਵਿਆਹ ਕਰ ਲਵੇਂਗੀ ਤਦ ਤੇਰੇ ਭਰਤਾ ਪੁੱਤ੍ਰ ਨੂੰ ਰਾਜ ਭਾਗ ਸੌਂਪਕੇ ਤੇਰੇ ਸਮੇਤ ਬਨ ਦੇ ਆਸ਼੍ਰਮ ਨੂੰ ਆਉਣਾ ਹੋਵੇਗਾ। †ਧਾਈਂ, ਡੋਨਾ।

*ਬੇਟੀ! ਜਦ ਤਕ ਕੁਟੀਆ ਦੇ ਬੂਹੇ ਅੱਗੇ ਤੇਰੇ ਬੀਜੇ ਹੋਏ ਧਾਨ ਉੱਗੇ ਖਲੋਤੇ ਹਨ ਉਨ੍ਹਾਂ ਨੂੰ ਦੇਖਕੇ ਮੇਰਾ ਸ਼ੋਕ ਕਦ ਸ਼ਾਂਤ ਹੋਵੇਗਾ। †ਧੀਆਂ ਪਰਾਇਆ ਧਨ ਕਹਾਉਂਦੀਆਂ ਹਨ, ਸੋ ਅੱਜ ਮੈਂ ਸ਼ਕੁੰਤਲਾ ਨੂੰ ਸਾਹੁਰੇ ਘਰ ਭੇਜਕੇ ਇੱਕੁਰ ਨਿਚਿੰਤ ਹੋਇਆ ਹਾਂ ਜੀਕੁਰ ਕਿਸੇ ਦੀ ਅਮਾਨਤ ਮਾਲਕ ਨੂੰ ਦੇਕੇ ਨਿਚਿੰਤ ਹੋਈਦਾ ਹੈ।

Digitized by Panjab Digital Library | www.panjabdigilib.org

ਨਾਟ ਪੰਜਵਾਂ

ਅਸਥਾਨ-ਰਾਜਭਵਨ

ਰਾਜਾ ਆਸਨ ਤੇ ਬੈਠਾ ਹੈ,ਮਾਢਬਜ ਪਾਸ ਖੜੋਤਾ ਹੈ

ਮਾਢੱਬਜ(ਕੰਨ ਲਾਕੇ)–ਮਿੱਤ੍ਰ! ਸੰਗੀਤ ਸ਼ਾਲਾ* ਵੱਲ ਜਰਾ ਕੰਨ ਧਰੋ, ਦੇਖੋ ਕੇਹਾ ਮਿੱਠੀ ਸੁਰ ਦਾ ਅਲਾਪ ਹੋ ਰਿਹਾ ਹੈ, ਮੈਨੂੰ ਤਾਂ ਇਉਂ ਭਾਸਦਾ ਹੈ ਜੀਕੁਰ ਰਾਣੀ ਹੰਸਪਦਕਾ ਗਾਉਣ ਦਾ ਅੱਭਜਾਸ ਕਰਦੀ ਪਈ ਹੈ।

ਦੁਖਜੰਤ–ਓਇ ਜ਼ਰਾ ਚੁੱਪ ਕਰ ਸੁਣਨ ਦੇਹ।

[ਨੇਪੱਥ ਵਿਚ ਰਾਗ ਹੁੰਦਾ ਹੈ

ਓਇ ਭੌਰੇ ! ਤੂੰ ਮਧੁ ਚਾਖਨ ਹਾਰ। ਅੰਬਾਂ ਦੀ ਰਸ ਭਰੀ ਮੰਜਰੀ ਤਿਹ ਸਿਉਂ ਪ੍ਰੀਤ ਅਪਾਰ। ਘੁਮ ਘੁਮ ਇਸਦਾ ਨਿਤ ਰਸ ਲੈਨਾਏਂ ਕਰਨਾ ਹੈਂ ਗੁੰਜਾਰ। ਹੁਣ ਬਸਕੇ ਵਿਚ ਕਮਲ ਅਮਲ ਦੇ ਕੀਤੋਈ ਮਨੋ ਵਿਸਾਰ† ॥ਪਦ॥ ੧੦੩॥

[ਰਾਗ ਕਲੰਗੜਾ, ਇਕਤਾਲਾ

ਦੁਖਜੰਤ–ਵਾਹਵਾ ਇਹ ਕੇਹਾ ਪ੍ਰੀਤ ਪੈਦਾ ਕਰਨ ਵਾਲਾ ਸੁੰਦਰ ਗੀਤ ਹੈ।

ਮਾਢੱਬਜ–ਤੁਸਾਂ ਇਨ੍ਹਾਂ ਪਦਾਂ ਦਾ ਕੁਝ ਅਰਥ ਵੀ ਸਮਝਿਆ ਹੈ ?

ਦੁਖਜੰਤ (ਮੁਸਕ੍ਰਾਕੇ)–ਹਾਂ ਸਮਝਿਆ,ਮੈਂ ਪਹਿਲੇ ਰਾਣੀ ਹੰਸ ਪਦਕਾ ਤੇ ਅਸ਼ਕਤ ਸਾਂ, ਹੁਣ ਬਸੁਮਤੀ ਨਾਲ ਮੇਰਾ ਪ੍ਰੇਮ ਹੈ, ਇਸ ਲਈ ਇਹ ਮੈਨੂੰ ਗੀਤ ਵਿੱਚ ਉਲਾਂਭਾ ਦੇਂਦੀ ਹੈ। ਮਿੱਤ੍ਰ ਮਾਢੱਬਜ ! ਤੂੰ ਜਾਹ ਮੇਰੀ ਵਲੋਂ ਰਾਣੀ ਹੰਸਪਦਕਾ ਨੂੰ ਕਹਿ ਦੇਹ ਕਿ ਰਾਣੀ ਜੀ ! ਅਸੀਂ ਏਸੇ ਉਲ੍ਹਾਮੇ ਦੇ ਲਾਇਕ ਹਾਂ।

ਮਾਢੱਬਜ–ਜੋ ਆਗਜਾ ਮਹਾਰਾਜ ਦੀ। (ਉਠਦਾ ਹੈ, ਪਰ ਮਚਲਦਾ ਹੋਇਆ) ਪਜਾਰੇ ਜੀ ! ਜੀਕੁਰ ਅਪੱਛਰਾਂ ਦੇ ਹਥੋਂ ਤਪੱਸੀ ਦਾ ਛੁਟਕਾਰਾ ਨਹੀਂ ਹੁੰਦਾ,ਓਕਰ ਹੀ ਅੱਜ ਮੇਰਾ ਵੀ ਨਹੀਂ ਹੋਵੇਗਾ, ਓਹ ਰਾਣੀ ਮੈਨੂੰ ਕੇਸਾਂ ਤੋਂ ਪਕੜਵਾਕੇ ਦੂਜਿਆਂ ਤੋਂ ਕੁਟਵਾਏਗੀ।

ਦੁਖਜੰਤ–ਜਾਹ, ਜ਼ਰਾ ਚਤੁਰਾਈ ਨਾਲ ਸਮਝਾ ਦੇਈਂ।

ਮਾਢੱਬਜ–ਦੇਖੀਏਕੀਹਾਲਬਣਦਾ ਹੈ।[ਜਾਂਦਾ ਹੈ

ਦੁਖਜੰਤ (ਆਪਣੇ ਜੀ ਵਿਚ)–ਭਾਵੇਂ ਮੈਨੂੰ ਕਿਸੇ ਪਿਆਰੇ ਦਾ ਵਿਛੋੜਾ ਨਹੀਂ,ਤਦ ਵੀ ਇਸ ਗੀਤ ਦੇ ਸੁਣਦਿਆਂ ਜੀਉ ਨੂੰ ਆਪਣੇ ਆਪ ਉਦਾਸੀ ਪੈਦਾ ਹੋ ਆਈ ਹੈ।ਇਸਦਾ ਕੀ ਕਾਰਣ ਹੈ,ਹੋਵੇ ਨਾ ਹੋਵੇ ਤਾਂ ਇਹਹੋਵੇ। ਦੇਖ ਕੋਈ ਸੁੰਦਰ ਸੀ ਚੀਜ਼। ਅਥਵਾ ਮਧੁਰ ਗੀਤ ਸੁਣ ਕੋਈ ਕਰਨੀ ਪਈ ਤਮੀਜ਼। ਸੁਖੀਆਂ ਲੋਕਾਂ ਦੇ ਵਿਚ ਹਿਰਦੇ ਜੇ ਉਮੰਗ ਭਰ ਆਵੇ। ਕਾਰਨ ਉਸਦਾ ਇਹ ਸਮਝੀਂਦਾ ਸੁਧ ਪਿਛਲੀ ਪ੍ਰਗਟਾਵੇ। ਜਨਮ ਅਤੇ ਜਨਮਾਂਤਰ ਵਾਲੀ ਜੋ ਮਨ ਵਿੱਚ ਸਮਾਈ। ਹਿਤਕਾਰੀ ਸੱਜਣ ਸੁਖਦਾਈ ਯਾਦ ਕਿਸੇ ਦੀ ਆਈ*

---

*ਸੰਗੀਤ ਸ਼ਾਲਾ ਓਸ ਘਰ ਦਾ ਨਾਉਂ ਹੈ ਜਿਥੇ ਰਾਗ ਹੁੰਦਾ ਹੈ।

†ਹੇ ਨਵੇਂ ਸ਼ਹਿਤ ਦੇ ਲੋਭੀ ਭੌਰੇ ! ਤੂੰ ਤਾਂ ਅੰਬ ਦੀ ਮੰਜਰੀ ਦੁਆਲੇ ਨਿਤ ਹੀ ਘੁਮਰਾਂ ਪਾਉਂਦਾ ਸੀ, ਹੁਣ ਕਮਲ ਵਿਚ ਵਸਦਿਆਂ ਕਿਉਂ ਉਸ ਨੂੰ ਅਜਿਹਾ ਭੁੱਲ ਗਿਆ ਹੈਂ।

*ਕੋਈ ਚੰਗੀ ਵਸਤੂ ਦੇਖਕੇ ਅਥਵਾ ਚੰਗਾ ਰਾਗ ਸੁਣਕੇ ਜਦ ਸੁਖੀ ਮਨੁੱਖ ਦੇ ਮਨ ਵਿਚ ਉਦਾਸੀ ਪੈਦਾ ਹੋਜਾਵੇ ਤਾਂ ਇਸਦਾ ਕਾਰਨ ਇਹ ਜਾਣਨਾ ਚਾਹੀਏ ਕਿ ਬਿਨਾਂ ਸੁਧ ਤੋਂ ਪਿਛਲੇ ਜਨਮ ਦੇ ਮਿੱਤ੍ਰਾਂ ਦੀ ਸੁਧ ਆਈ ਹੈ।

Digitized by Panjab Digital Library | www.panjabdigilib.org

॥ ੧੦੪ ॥ ਪਦ ॥

[ਬੜਾਕੁਲ ਹੋਕੇ ਬੈਠ ਜਾਂਦਾ ਹੈ

[ਕੰਚੁਕੀ ਆਉਂਦਾ ਹੈ]

ਕੰਚੁਕੀ–(ਹਾਹੁਕਾ ਭਰਕੇ) ਵਾਹ ਵਾ, ਹੁਣ ਮੈਂ ਕਿਸ ਹਾਲ ਨੂੰ ਪੁੱਜਾ ਹਾਂ।

ਮੈਂ ਅਪਣੇ ਅਹੁਦੇ ਨੂੰ ਜਾਤਾ । ਪਰੰਪਰਾ ਮੰਨੀ ਸਭਨਾਂ ਦੀ ਲੈ ਲਾਠੀ ਬੂਹੇ ਤੇ ਰਾਤਾ। ਰਾਜ ਮਹਿਲ ਦੀ ਰਾਖੀ ਕਰਦਿਆਂ ਸਮਾਂ ਬਿਤੀਤਜਾ ਬਹੁਤਾ ਮੇਰਾ। ਆਣ ਬੁਢਾਪੇ ਰੰਗ ਜਮਾਇਆ ਡਗਮਗ ਚਾਲ ਦੁਏਂ ਪੈਰਾ। ਇਹ ਲਾਠੀ ਹੁਣ ਬਣੀ ਸਹਾਰਾ ਵਿੱਚ ਬੁਢਾਪੇ ਆਣ ਮਿਰੀ। ਕੀ ਕਰਤਾਰ ਕਰੇ ਕਿਸ ਵੇਲੇ ਕੀ ਹੁੰਦਾ ਹੈ ਕੌਣ ਘਰੀ?*

॥ ੧੦੫ ॥ ਪਦ ॥

ਇਹ ਤਾਂ ਸੱਚ ਹੈ ਕਿ ਰਾਜਿਆਂ ਨੂੰ ਧਰਮ ਦੇ ਕੰਮ ਅਵੱਸੋਂ ਕਰਨੇ ਹੀ ਪੈਂਦੇ ਹਨ, ਪਰੰਤੂ ਮਹਾਰਾਜ ਧਰਮ ਆਸਨ ਤੋਂ ਉੱਠਕੇ ਹੁਣੇ ਗਏ ਹਨ,ਇਸ ਲਈ ਇਹ ਗੱਲ ਵਾਜਬ ਨਹੀਂ ਹੈ ਕਿ ਉਨ੍ਹਾਂ ਨੂੰ ਇਸੇ ਵੇਲੇ ਆਖਾਂ ਕਿ ਕੰਨ੍ਹ ਰਿਖੀ ਦੇ ਚੇਲੇ ਆਏ ਹਨ, ਕਿਉਂਕਿ ਇਸ ਸੁਨੇਹੇ ਥੋਂ ਮਹਾਰਾਜ ਦੇ ਅਰਾਮ ਵਿਚ ਹਰਜ ਹੋਵੇਗਾ। ਨਹੀਂ ਨਹੀਂ, ਜਿਨ੍ਹਾਂ ਦੇ ਸਿਰ ਪ੍ਰਜਾਪਾਲਨ ਦਾ ਭਾਰ ਹੈ ਉਨ੍ਹਾਂ ਨੂੰ ਆਰਾਮ ਕੇਹਾ ? ਸੂਰਜ ਨੇ ਰਥ ਨੂੰ ਹਨ ਜੋੜੇ ਘੋੜੇ ਇਕੋ ਵਾਰੀ । ਫੇਰ ਅਰਾਮ ਨ ਕੀਤਾ ਰਹਿਕੇ ਘੜੀ ਪਲਕ ਛਿਨ ਸਾਰੀ। ਤਿਵੇਂ ਪੌਣ ਵੀ ਚਲਦੀ ਰਹਿੰਦੀ ਕਦੀ ਅਰਾਮ ਨ ਲੇਵੇ । ਭਾਰ ਪ੍ਰਿਥੀ ਦਾ ਸਿਰ ਤੇ ਵਾਸ਼ਕਿ ਹਰਦਮ ਚੁੱਕ ਰਖੇਵੇ । ਏਹੋ ਰੀਤ ਰਾਜਿਆਂ ਸੰਦੀ ਕਦੀ ਅਰਾਮ ਨ ਪਾਂਦੇ। ਛੇਵਾਂ ਹਿੱਸਾ ਲੈਣ ਮਾਮਲਾ ਪਰਜਾ ਦੇ ਸੁਖ ਭਾਂਦੇ* ॥ ੧੦੬ ॥ ਪਦ ॥

ਤਾਂ ਮੈਂ ਹੁਣ ਏਸ ਸੁਨੇਹੇ ਨੂੰ ਭੁਗਤਾਦਿਆਂ!

(ਏਧਰ ਓਧਰ ਦੇਖਕੇ) ਮਹਾਰਾਜ ਔਹ ਬੈਠੇ ਹਨ–

ਪ੍ਰਜਾ ਪੁਤ੍ਰ ਜਿਉਂ ਪਾਲ ਪਾਲ ਕੇ ਬਕਤ ਚਿੱਤ ਕੁਝ ਹੋਂਦੇ । ਥਾਉਂ ਇਕੰਤ ਢੂੰਡਦੇ ਰਾਜੇ ਬਹਿੰਦੇ ਅਥਵਾ ਸੌਂਦੇ॥ ਜਿਉਂ ਗਜਰਾਜ ਹਾਥੀਆਂ ਨੂੰ ਲੈ ਬਨ ਇਕੰਤ ਥਾਂ ਭਾਲੇ। ਧੁੱਪ ਸਤਾਯਾ ਫਿਰੇ ਢੂੰਡਦਾ ਠੰਢੀ ਛਾਉਂ ਨਿਰਾਲੇ†॥ ੧੦੭ ॥ ਪਦ ॥

[ਪਾਸ ਜਾਂਦਾ ਹੈ

ਮਹਾਰਾਜ ਦੀ ਜੈ ਹੋਵੇ ! ਸੁਆਮੀ ਜੀ ! ਹਿਮਾਲਯਾ ਦੀ ਤੁਰਾਈ ਦੇ ਬਨਬਾਸੀ ਤਪੱਸ੍ਵੀ ਇਸਤ੍ਰੀਆਂ ਸਮੇਤ ਕੰਨ੍ਹ ਮੁਨੀ ਦਾ ਸੁਨੇਹਾ ਲੈਕੇ ਆਏ ਹਨ, ਉਨ੍ਹਾਂ ਲਈ ਕੀ ਆਗਯਾ ਹੈ ?

ਦੁਖਜੰਤ–(ਆਦਰ ਨਾਲ) ਕੀ ਕੰਨ੍ਹ ਮੁਨੀ ਦਾ ਸੁਨੇਹਾ ਲਿਆਏ ਹਨ ?

---

*ਇਹੋ ਲਾਠੀ ਜਿਹੜੀ ਮੈਂ ਰਣਵਾਸਦੀ ਦਰਵਾਨੀ ਦੇ ਕੰਮ ਨੂੰ ਅਵੱਸ਼ਕ ਸਮਝਕੇ ਫੜੀ ਸੀ, ਹੁਣ ਬਹੁਤ ਸਮਾਂ ਬੀਤਜਾਣ ਤੇ ਮੈਂ ਡਗਮਗਾਉਂਦੇ ਪੈਰਾਂ ਵਾਲੇ ਤੁਰਨ ਫਿਰਨ ਲਈ ਹੁਣ ਸਹਾਰਾ ਆ ਬਣੀ ਹੈ।

*ਸੂਰਜ ਇਕੋ ਵਾਰੀ ਰਥ ਨੂੰ ਘੋੜੇ ਜੋੜਕੇ ਜਿਉਂ ਤੁਰਿਆ ਹੈ ਫਿਰ ਅੱਜ ਤਕ ਕਿਸੇ ਵੇਲੇ ਅਰਾਮ ਨਹੀਂ ਲਿਆ । ਇੱਕਰ ਹੀ ਪੌਣ ਭੀ ਸਦਾ ਹੀ ਚਲਦੀ ਰਹਿੰਦੀ ਹੈ। ਏਸੇ ਤਰ੍ਹਾਂ ਸ਼ੇਸ਼ ਨਾਗ ਵੀ ਸਦਾ ਹੀ ਆਪਣੇ ਸਿਰ ਤੇ ਪ੍ਰਿਥਵੀ ਦਾ ਭਾਰ ਚੁਕੀ ਰੱਖਦਾ ਹੈ, ਇਹੋ ਰੀਤ ਰਾਜਿਆਂ ਲਈ ਵੀ ਅਵੱਸੋਂ ਹੁੰਦੀ ਹੈ, ਜੋ ਪਰਜਾ ਦੀ ਕਮਾਈ ਵਿੱਚੋਂ ਛੇਵਾਂ ਹਿੱਸਾ ਮਾਮਲੇ ਦਾ ਲੈਂਦੇ ਹਨ।

†ਜਦ ਰਾਜਾ ਪਰਜਾ ਦੀ ਰਾਖੀ ਪੂਰਾ ਵਾਕਰ ਕਰਦਾ ਹੋਇਆ ਥੱਕ ਜਾਂਦਾ ਹੈ ਤਾਂ ਏਕਾਂਤ ਵਿੱਚ ਅਰਾਮ ਕਰਨਾ ਚਾਹੁੰਦਾ ਹੈ, ਜੀਕਰ ਗਜਰਾਜ ਹਾਥੀਆਂ ਦੇ ਝੁੰਡ ਨੂੰ ਬਨ ਵਿੱਚ ਪਹੁੰਚਾਕੇ ਧੁੱਪ ਦਾ ਸਤਾਯਾ ਠੰਢੀ ਛਾਉਂ ਢੂੰਡਦਾ ਹੈ।

Digitized by Panjab Digital Library | www.panjabdigilib.org

ਕੰਚੁਕੀ–ਜੀ ਮਹਾਰਾਜ !

ਦੁਖਜੰਤ–ਤਾਂ ਸੋਮਰਾਤ ਪੁਰੋਹਤ ਜੀ ਨੂੰ ਆਖ ਦੇਹ ਕਿ ਇਨ੍ਹਾਂ ਆਸ਼੍ਰਮ ਵਾਸੀਆਂ ਦਾ ਬੇਦ ਬਿਧੀ ਨਾਲ ਸਤਿਕਾਰ ਕਰਕੇ ਅਪਣੇ ਨਾਲ ਲੈ ਆਵੇ, ਮੈਂ ਭੀ ਤਦਤਕਤਪੱਸੀਆਂ ਦੇ ਮਿਲਣ ਵਾਲੀ ਜਗਹ ਤੇ ਜਾ ਬੈਠਦਾਹਾਂ।

ਕੰਚੁਕੀ–ਸਤਿ ਬਚਨ ਮਹਾਰਾਜ!

[ਬਾਹਰ ਜਾਂਦਾ ਹੈ

ਦੁਖਜੰਤ (ਉੱਠਕੇ)–ਪ੍ਰਤੀਹਾਰੀ! ਜ਼ਰਾ ਦੱਸ ਖਾਂ ਅਗਨਿ ਅਸਥਾਨ ਦਾ ਰਸਤਾ ਕਿੱਧਰ ਹੈ?

ਪ੍ਰਤੀਹਾਰੀ–ਮਹਾਰਾਜ ! ਏਧਰ ਆਈਏ ।

ਦੁਖਜੰਤ (ਇੱਧਰ ਉਧਰ ਫਿਰਕੇ ਅਧਿਕਾਰ ਦੇ ਭਾਰ ਦਾ ਦੁੱਖ ਦਿਖਾਉਂਦਾ ਹੋਇਆ)–ਆਪੋ ਆਪਣਾ ਮਨੋਰਥ ਪਾਕੇ ਸੱਭੇ ਪ੍ਰਸੰਨ ਹੋ ਜਾਂਦੇ ਹਨ, ਪਰੰਤੂ ਰਾਜਾ ਦੇ ਕੰਮ ਕਾਜ ਤਾਂ ਨਿਰੇ ਕਲੇਸ਼ ਅਤੇ ਦੁਖਾਂ ਦੇ ਹੀ ਭਰੇ ਹੋਏ ਹੁੰਦੇ ਹਨ ।

ਹੱਥ ਮਨੋਰਥ ਦੇ ਲੱਗਿਆਂ ਅਭਿਲਾਖਾ ਪੂਰਨ ਹੁੰਦੀ ਹੈ। ਹੱਥ ਲੱਗੇ ਦਾ ਪਾਲਨ ਕਰਨਾ ਦਿਹੁੰ ਰਾਤੀ ਦੁਖ ਦਿੰਦਾ ਹੈ। ਇਹ ਰਾਜਾ ਪਦਵੀ ਹੈ ਐਸੀ ਜਿਉਂ ਛਤਰੀ ਛਾਂ ਕਰਦੀ ਹੈ। ਪਰ ਚੁੱਕਣ ਵਿਚ ਬੋਝ ਥਕਾਵੇ, ਹਥ ਬਾਹੀਂ ਦੁਖ ਭਰਦੀ ਹੈ*॥ ਪਦ॥ ੧੦੮॥

ਨੇਪਥ ਵਿਚੋਂ ਦੋ ਢਾਡੀ–ਮਹਾਰਾਜ ਦੀ ਜੈ ਹੋਵੇ!

ਪਹਿਲਾ ਢਾਡੀ–

ਆਪਣੇ ਕਾਰਜ ਦੁਖ ਨ ਸਹਾਰੈ ਸਹੈ ਪਰਾਏ ਕਾਰਜ ਨੂੰ। ਰਾਜ ਕੁਲਾਂ ਦੀ ਰੀਤ ਅਨਾਦੀ ਚਲ ਆਈ ਸਭ ਆਰਜ ਨੂੰ। ਬਰਖਾ, ਪਾਲਾ, ਗੜਾ, ਧੁੱਪ ਨਿੱਤ ਸਿਰ ਤੇ ਸਦਾ ਸਹਾਰੇ ਜੀ। ਜੀਕਰ ਦੁਖ ਰਾਹੀਆਂ ਦੀ ਖਾਤਰ ਛਾਯਾ ਦੇਣ ਅਹਾਰੇ ਜੀ*. ॥ ੧੦੯ ॥ ਪਦ ॥

ਦੂਜਾ ਢਾਡੀ–

ਦੰਡ ਤੁਸੀਂ ਜਦ ਹਥ ਵਿਚ ਲੈਂਦੇ। ਦੁਸ਼ਟ ਜਨਾਂ ਨੂੰ ਵਸ ਅਪਣੇ ਕਰ ਰਾਜਨੀਤ ਦੇ ਰਾਹ ਚਲੇਂਦੇ। ਜੋ ਤਜਿ ਨੀਤ ਅਨੀਤ ਕਮਾਂਦੇ ਦੰਡ ਰਾਜ ਦਾ ਸਹਿੰਦੇ । ਕਰੋ ਪ੍ਰਜਾ ਪ੍ਰਤਿਪਾਲ ਕਲਹ ਦਾ ਨਾਸ਼ ਕਰੇਂਦੇ। ਜਿਸ ਲਈ ਰਾਜੇ ਜਨਮ ਕਰਮ ਸੋ ਪ੍ਰਗਟ ਹੁਵੇਂਦੇ। ਮਹਾਰਾਜ ਰਾਜਾ ਧਿਰਾਜ ਚਿਰਜੀਵ ਰਹੇਂਦੇ। ਮੇਟ ਬਿਘਨ ਉਤਪਾਤ ਪ੍ਰਜਾ ਨਿਤ ਅਭੈ ਕਰੇਂਦੇ। ਧਨ ਧਰਨੀਪਤ ਹੋਰ ਛੱਤ੍ਰੀਆਂ ਪਾਸ ਵਿ ਕਹਿੰਦੇ। ਪਰਜਾ ਪਾਲਨ ਤੇ ਹਿਤ ਕਰਨਾ ਦੋ ਵਾਧੇ ਤੁਮ ਲੈਂਦੇ। ਇੱਸੇ ਕਾਰਣ ਵਾਂਗ ਭਿਰਾਵਾਂ ਮਿਲ ਪਰਜਾ ਸਿਉਂ ਬਹਿੰਦੇ। ਮਾਨ ਵਡਾਈ ਦੇਕੇ ਸਭ ਨੂੰ ਦੁਖ ਨ ਕਿਸੇ ਪਹੁਚੇਂਦੇ† ॥ ਪਦ ॥ ੧੧੦ ॥

---

*ਰਾਜ ਮਿਲਨੇ ਤੇ ਮਨ ਦੀਆਂ ਅਭਿਲਾਖਾ ਤਾਂ ਪੂਰੀਆਂ ਹੋ ਜਾਂਦੀਆਂ ਹਨ, ਪਰੰਤੂ ਰਾਜ ਦੀ ਪ੍ਰਤਿਪਾਲਾ ਕਰਨ ਵਿਚ ਬੜਾ ਦੁਖ ਹੁੰਦਾ ਹੈ, ਕਿਉਂਕਿ ਰਾਜਾ ਪਦਵੀ ਇਕ ਇਜੇਹੀ ਚੀਜ਼ ਹੈ ਜੇਹੀ ਕੁ ਛਤਰੀ ਹੁੰਦੀ ਹੈ, ਧੁੱਪ ਰੋਕਣ ਲਈ ਤਾਂ ਸੁਖਦਾਈ ਹੈ, ਪਰੰਤੂ ਉਸਦਾ ਭਾਰ ਹਰ ਵੇਲੇ ਥੰਮ੍ਹੀ ਰੱਖਣਾ ਇਹ ਭਾਰੀ ਦੁਖ ਹੁੰਦਾ ਹੈ।

*ਹੇ ਰਾਜਾ ! ਤੁਸੀਂ ਲੋਕਾਂ ਵਾਸਤੇ ਨਿੱਤ ਦੁਖ ਸਹਾਰਦੇ ਹੋ, ਸੋ ਇਹ ਤੁਹਾਡਾ ਧਰਮ ਹੀ ਹੈ ਜੀਕਰ ਬ੍ਰਿੱਛ ਆਪਣੇ ਸਿਰ ਤੇ ਧੁੱਪ, ਪਾਲਾ, ਵਰਖਾ ਸਹਾਰਕੇ ਦੂਸਰਿਆਂ ਨੂੰ ਛਾਯਾ ਆਦਿਕ ਸੁਖ ਦੇਂਦੇ ਹਨ।

†ਜਦ ਤੁਸੀਂ ਹੱਥ ਵਿਚ ਦੰਡ ਲੈਂਦੇ ਹੋ ਤਾਂ ਕੁਰਾਹੀਆਂ ਨੂੰ ਨੀਤੀ ਦਾ ਰਾਹ ਸਿਖਾਉਂਦੇ ਹੋ, ਪਰਜਾ ਦੇ ਝਗੜੇ ਝਾਂਜੇ ਨਿਬੇੜਦੇ ਹੋ। ਜਿਸ ਲਈ ਰਾਜਾ ਦਾ ਜਨਮ ਹੁੰਦਾ ਹੈ ਸੋ ਤੁਸੀਂ ਸੱਭੇ ਕੰਮ ਕਰਦੇ ਹੋ, ਇਸੇ ਲਈ ਤੁਸੀਂ ਪਰਜਾ ਨੂੰ ਸਦਾ ਸੁਖ ਦੇਂਦੇ ਰਹੋ। ਧਨ ਅਤੇ ਪਦਾਰਥ ਤੇ ਪਤਿ

[ਬਾਕੀ ਟੂਕ ਦੇਖੋ ਅਗਲੇ ਪੰਨੇਦੇ ਪਹਿਲੇ ਅੱਧ ਹੇਠ]

Digitized by Panjab Digital Library | www.panjabdigilib.org

ਦੁਖਯੰਤ–ਇਨ੍ਹਾਂ ਨੇ ਤਾਂ ਮੇਰੇ ਮੈਲੇ ਮਨ ਨੂੰ ਫਿਰ ਸੁਰਜੀਤ ਕਰ ਦਿੱਤਾ।

[ਏਧਰ ਆਧਰ ਫਿਰਦਾ ਹੈ

ਪ੍ਰਤਿਹਾਰੀ–ਮਹਾਰਾਜ! ਅਗਨਿ ਸ਼ਾਲਾ ਦੀ ਛੱਤ ਲਿੰਬੀ ਪੋਚੀ ਹੋਈ ਸੁਥਰੀ ਪਈ ਹੈ ਅਤੇ ਪਾਸ ਹੀ ਹੋਮਧੇਨ* ਭੀ ਬੱਧੀ ਹੋਈ ਹੈ, ਓਥੇ ਹੀ ਚੱਲੀਏ।

ਦੁਖਯੰਤ (ਸੇਵਕਾਂ ਦੇ ਮੋਢਿਆਂ ਦਾ ਸਹਾਰਾ ਰੱਖਦਾ ਹੋਇਆ ਛੱਤ ਤੇ ਚੜ੍ਹਕੇ ਬੈਠਦਾ ਹੈ)–ਕਿਉਂ ਨੀ ਪ੍ਰਤਿਹਾਰੀ! ਕੰਨ੍ਹ ਮੁਨੀ ਨੇ ਕਿਸ ਲਈ ਸਾਡੇ ਪਾਸ ਰਿਖੀ ਭੇਜੇ ਹਨ? ਕੀਹ ਰਿਖੀਆਂ ਦੇ ਕਾਰਜ ਦੇ ਵਿੱਚ ਬਿਘਨ ਬੜਾ ਕੁਈ ਆਨ ਪਿਆ? ਬਨ ਦੇ ਜੀਵ ਜਾਂ ਪਸੁ ਪੰਖੀ ਤੇ ਕਿਸੇ ਦੁਸ਼ਟ ਉਤਪਾਤ ਕੀਆ। ਜਾਂ ਫਲਣੋਂ ਫੁਲਣੋਂ ਰੁਖ ਵੇਲਾਂ ਕਰਮ ਮੇਰੇ ਕਿਸ ਹਾਨ ਦਿਆ? ਐਨੇ ਸੰਸੇ ਘੇਰ ਰਹੇ ਹਨ ਮਨ ਧੀਰਜ ਨਹਿੰ ਕਿਵੇਂ ਗਹਿਆ† ॥ ੫੧੧ ॥ ਪਦ॥

*ਇਹ ਓਹ ਹੋਮਧੇਨੁ ਹੈ ਜਿਸਦਾ ਦੁੱਧ ਖੀਰ ਰਿੰਨ੍ਹਕੇ ਨਿਤ ਹੋਮ ਵਿਚ ਵਰਤਿਆ ਜਾਂਦਾ ਹੈ।

†ਕੀ ਤਪੱਸੀਆਂ ਦੇ ਧਰਮਕਾਰਜਾਂ ਵਿਚ ਕੁਝ ਵਿਘਨ ਪਿਆ ਹੈ, ਅਥਵਾ ਕਿਸੇ ਦੁਸ਼ਟ ਨੇ ਆਸ਼੍ਰਮ ਦੇ ਜੀਵਾਂ ਨੂੰ ਸਤਾਇਆ ਹੈ, ਅਥਵਾ ਮੇਰੇ ਪਾਪਾਂ ਕਰਕੇ ਵੇਲਾਂ ਅਤੇ ਬ੍ਰਿਛਾਂ ਦਾ ਫੁਲਣਾ ਫਲਣਾ ਹਟ ਗਿਆ ਹੈ, ਜਿਸ ਕਰਕੇ ਇਹ ਤਪੱਸ੍ਵੀ ਰੱਖਜਾ ਮੰਗਣ ਲਈ ਆਏ ਹਨ। ਇਜੇਹੇ ਸੰਸਿਆਂ ਤੋਂ ਮੇਰੇ ਮਨ ਵਿਚ ਬੜੀ ਦੁਬਿਧਾ ਜੇਹੀ ਪੈ ਗਈ ਹੈ।

☚[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਪ੍ਰਤਿਹਾਰੀ–ਮੇਰੇ ਜਾਣੇ ਤਾਂ ਏਹ ਤਪੱਸ੍ਵੀ ਮਹਾਰਾਜ ਦੇ ਸੁਕਰਮਾਂ ਤੋਂ ਪ੍ਰਸੰਨ ਹੋਕੇ ਧੰਨਵਾਦ ਕਹਿਣ ਆਏ ਹਨ।

[ਸ਼ਕੁੰਤਲਾ ਨੂੰ ਨਾਲ ਲਈ ਗੌਤਮੀ ਸਮੇਤ ਰਿਖੀ ਆਉਂਦੇ ਹਨ। ਕੰਚੁਕੀ ਅਤੇ ਪੁਰੋਹਤ ਇਨ੍ਹਾਂ ਤੋਂ ਅੱਗੇ ਹਨ]।

ਦਰਵਾਨ–ਇਧਰ ਆਓ ਮਹਾਤਮਾ ਲੋਕੋ! ਇਸ ਰਸਤੇ ਆਓ।

ਸਾਰੰਗਰਵ–ਹੇ ਸਾਰ ਦੱਤ!

ਭਾਵੇਂ ਇਹ ਬਡਭਾਗਾ ਰਾਜਾ। ਨੀਤ ਧਰਮ ਦਾ ਪ੍ਰੇਮੀ ਸਾਬਤ ਬਡ ਪਰਤਾਪ ਬਿਰਾਜਾ ॥ ਪਰਜਾ ਇਸਦੀ ਦਾ ਕੁਈ ਨੀਚਨ ਕੁਮਤ ਕੁਰਾਹ ਵਿਖੇ ਨਹਿ ਲਾਗਾ॥ ਪਰ ਮੈਂ ਸਦਾ ਇਕੱਲਾ ਪਲਿਆ ਇਸਤੇ ਬਹੁਤ ਸਲ੍ਹੇੜ ਵਿਰਾਗਾ॥ਰਾਜਦੁਆਰੇ ਭੀੜ ਮਨੁੱਖਾਂ ਇਉਂ ਲਗਿਆ ਜਿਉਂ ਸੜੇ ਸੁਹਾਗਾ* ॥ ਪਦ ॥ ੧੧੨॥

ਸਾਰਦੂਤ–ਸੱਚ ਹੈ, ਜਿਸ ਵੇਲੇ ਤੋਂ ਨਗਰ ਵਿੱਚ ਵੜੇ ਹਾਂ ਮੇਰਾ ਭੀ ਅਜੇਹਾ ਹੀ ਹਾਲ ਹੋ ਰਿਹਾ ਹੈ।

ਇਹ ਸੁਖ ਲੋਭੀ ਜਨਾਂ ਨੂੰ ਮੈਂ ਇਉਂ ਦਿਖ ਪਾਇਆ ॥ ਜਿਉਂ ਨਹਾਇਆ ਧੋਇਆ ਦਿਖੇ ਮੈਲੇ ਨੂੰ ਆਇਆ ॥ ਅਥਵਾ ਸੁੱਧ ਅਸੁੱਧ ਨੂੰ ਸੁੱਤੇ ਜਾਗਾਇਆ॥ ਖੁੱਲ੍ਹਾ ਬੱਧੇ ਨੂੰ

*ਇਹ ਬੜਾ ਪ੍ਰਤਾਪੀ ਰਾਜਾ ਹੈ, ਕਦੀ ਵੀ ਮਿਰਯਾਦਾ ਤੋਂ ਨਹੀਂ ਡਿਗਦਾ ਅਤੇ ਨਾ ਹੀ ਇਸਦੀ ਪਰਜਾ ਵਿਚੋਂ ਕੋਈ ਨੀਚ ਵਰਨ ਦਾ ਮਨੁੱਖ ਭੀ ਕੁਰਾਹ ਚਲਦਾ ਹੈ। ਇਹ ਸਭ ਕੁਝ ਤਾਂ ਹੈ, ਪਰੰਤੂ ਮੈਨੂੰ ਇਕਾਂਤ (ਜੰਗਲ) ਰਹਿਣ ਦਾ ਅਭਿਆਸ ਹੈ, ਇਸ ਲਈ ਇਹ ਮਨੁੱਖਾਂ ਨਾਲ ਭਰਪੂਰ ਰਾਜ ਦੁਆਰ ਮੈਨੂੰ ਇੱਕੁਰ ਲਗਦਾ ਹੈ ਜੀਕਰ ਕੋਈ ਅੱਗ ਦਾ ਭਰਿਆ ਹੋਇਆ ਘਰ ਹੋਵੇ।

Digitized by Panjab Digital Library | www.panjabdigilib.org

ਪਿਖੈ ਇਕੁਰਹਿ ਦਿਖਲਾਇਆ* ॥ ਪਦ॥

ਸ਼ਕੁੰਤਲਾ (ਕੁਸ਼ਗਨ ਦੇਖਕੇ)–ਓਈ ਰੱਬਾ ! ਮੇਰੀ ਸੱਜੀ ਅੱਖ ਕਿਉਂ ਫੜਕਣ ਲੱਗ ਪਈ ?

ਗੌਤਮੀ–ਕਰਤਾਰ ਭਲੀ ਕਰੇਗਾ, ਤੇਰੇ ਭਰਤਾ ਦੇ ਕੁਲ ਦੇਵਤਾ ਸਾਰੇ ਅਮੰਗਲਾਂ ਨੂੰ ਦੂਰ ਕਰਕੇ ਤੈਨੂੰ ਸੁਖ ਦੇਣਗੇ।

ਪੁਰੋਹਤ(ਰਾਜਾ ਵੰਨੀ ਰੁਖ਼ ਕਰਕੇ)–ਹੇ ਤਪੱਸੀਓ ! ਵਰਣਾਸ਼ਮਾਂ ਦੇ ਪ੍ਰਤਿਪਾਲਕ ਸ੍ਰੀ ਮਹਾਰਾਜ ਸਾਹਿਬ ਜੀ ਆਸਨ ਤੋਂ ਉੱਠਕੇ ਤੁਹਾਡੀ ਰਾਹ ਦੇਖ ਰਹੇ ਹਨ, ਇਨ੍ਹਾਂ ਵਲ ਦੇਖੋ।

ਸਾਰੰਗਰਵ–ਹੇ ਬ੍ਰਾਹਮਣ ਦੇਵਤਾ ! ਇਹ ਤਾਂ ਵੱਡੀ ਵਡਿਆਈ ਦੀ ਗੱਲ ਹੈ, ਪਰੰਤੂ ਜੇ ਕਦੀ ਸਾਥੋਂ ਪੁਛੋ ਤਾਂ ਇਹ ਇਨ੍ਹਾਂ ਦਾ ਧਰਮ ਹੀ ਹੈ।

ਫਲ ਪਾਏ ਸਭ ਰੁਖ ਨਿਵੈਂ ਨਿਵੈਂ ਮੇਘ ਜਲ ਲਜਾਇ। ਸਜਨ ਵਡਾਈ ਪਾ ਨਿਵੈਂ, ਇਹ ਉਪਕਾਰਿ ਸੁਭਾਇ† ॥੧੧੪॥ ਦੋ: ॥

ਪ੍ਰਤਿਹਾਰੀ–ਮਹਾਰਾਜ ! ਇਹ ਰਿਖੀ ਲੋਕ ਪ੍ਰਸੰਨ ਮੂੰਹ ਦਿਖਦੇ ਹਨ, ਇਸਤੇ ਮੈਂ ਜਾਣ ਲਿਆ ਹੈ ਕਿ ਕੋਈ ਕਲੇਸ਼ ਦਾ ਕੰਮ ਨਹੀਂ ਲਿਆਏ।

ਦੁਖਯੰਤ (ਸ਼ਕੁੰਤਲਾ ਵੰਨੀ ਦੇਖਕੇ)–ਤੇ ਇਹ ਭਗਵਤੀ ਕੌਣ ਹੈ।

ਮੂੰਹ ਢੱਕੀ ਇਹ ਕੌਣ ਖਲੀ ਹੈ? ਰੂਪ ਸਰੂਪ ਨ ਨਜਰੀਂ ਪੈਦਾ ਪਰ ਇਹ ਰੂਪ ਭਲੀ ਹੈ। ਵਿੱਚ ਤਪੱਸੀਆਂ ਦੇ ਇਹ ਇਕੁਰ ਮੈਨੂੰ ਝਲਕ ਮਿਲੀ ਹੈ। ਨਵੀਂ ਕਰੂਮਲ ਪੀਲੇ ਪੱਤਾਂ ਢਕਦੀ ਏਹ ਚਲੀ ਹੈ*।੧੧੫।ਪਦ।

ਪ੍ਰਤੀਹਾਰੀ–ਮਹਾਰਾਜ ! ਇਸਦਾ ਸਮਾਚਾਰ ਜਾਣਨ ਲਈ ਤਾਂ ਮੇਰਾ ਵੀ ਬਹੁਤ ਹੀ ਜੀ ਕਰਦਾ ਹੈ, ਪਰੰਤੂ ਮੇਰੀ ਅਕਲ ਕੰਮ ਨਹੀਂ ਕਰਦੀ।ਹਾਂ,ਇੰਨਾਂ ਤਾਂ ਮੈਂ ਅਵੱਸ਼ ਕਹਾਂਗੀ ਕਿ ਇਸ ਭਗਵਤੀ ਦਾ ਸਰੂਪ ਦਰਸ਼ਨ ਕਰਨ ਦੇ ਲਾਇਕ ਹੈ।

ਦੁਖਯੰਤ–ਰਹਿਣੇ ਦੇ ਪਰਾਈ ਇਸਤ੍ਰੀ ਨੂੰ ਦੇਖਣਾ ਚੰਗਾ ਨਹੀਂ।

ਸ਼ਕੁੰਤਲਾ (ਆਪਣੇ ਜੀ ਵਿਚ ਆਪਣੇ ਕਲੇਜੇ ਤੇ ਹਥ ਰਖਕੇ)–ਓਇ ਮੇਰਿਆ ਜੀਆ ! ਤੂੰ ਏਡਾ ਕਿਉਂ ਡਰਦਾ ਜਾਂਦਾ ਹੈਂ ? ਰਤਾ ਆਰਜ ਪੁੱਤਰ† ਦੇ ਪ੍ਰੇਮ ਦੀ ਸੋਝੀ ਕਰਕੇ ਧੀਰਜ ਕਰ।

ਪਰੋਹਤ (ਅੱਗੇ ਜਾਕੇ)–ਮਹਾਰਾਜ ! ਇਨ੍ਹਾਂ ਤਪੱਸੀਆਂ ਦਾ ਆਦਰ ਭਾਉ ਵਿਧੀ ਪੂਰਬਕ ਹੋ ਚੁਕਿਆ ਹੈ, ਹੁਣ ਇਹ ਆਪਣੇ ਗੁਰੂ ਜੀ ਦਾ ਕੁਝ ਸੁਨੇਹਾ ਲਿਆਏ ਹਨ ਸੋ ਆਪ ਸੁਣ ਲਓ।

---

*ਏਹ ਸੁਖ ਦੇ ਲੋਭੀ ਲੋਕ ਮੈਨੂੰ ਇੱਕੁਰ ਦਿਸਦੇ ਹਨ ਜੀਕਰ ਕਿਸੇ ਨ੍ਹਾਤੇ ਧੋਤੇ ਹੋਏ ਨੂੰ ਮੈਲਾ ਕੁਚੈਲਾ ਦਿੱਸੇ, ਅਥਵਾ ਕਿਸੇ ਸ਼ੁੱਧ ਨੂੰ ਅਸ਼ੁੱਧ ਦਿੱਸੇ, ਅਥਵਾ ਜਾਗਦੇ ਹੋਏ ਨੂੰ ਸੁੱਤਾ ਹੋਇਆ ਅਥਵਾ ਖੁੱਲ੍ਹੇ ਨੂੰ ਬੰਨ੍ਹਿਆ ਹੋਇਆ ਨਜ਼ਰੀਂ ਆਵੇ।

†ਫਲ ਪੈਣੇ ਤੇ ਬਿਰਛ ਨਿਉਂ ਜਾਂਦਾ ਹੈ, ਪਾਣੀ ਭਰਿਆ ਬੱਦਲ ਵੀ ਨਿਉਂ ਜਾਂਦਾ ਹੈ, ਇੱਕੁਰ ਹੀ ਵਡਿਆਈ ਪਾਕੇ ਸੱਜਨ ਪੁਰਖ ਨਿਉਂ ਜਾਂਦਾ ਹੈ, ਪਰਉਪਕਾਰੀਆਂ ਦਾ ਬਾਹਲਾ ਸੁਭਾਉ ਹੀ ਏਹੋ ਹੁੰਦਾ ਹੈ।

*ਕਪੜੇ ਨਾਲ ਮੂੰਹ ਢਕੀ ਇਹ ਕੌਣ ਖਲੋਤੀ ਹੈ, ਜਿਸ ਦੀ ਪੂਰੀ ਸੁੰਦਰਤਾ ਦਿਖਾਈ ਨਹੀਂ ਦਿੰਦੀ। ਤਪੱਸੀਆਂ ਵਿਚ ਘਿਰੀ ਹੋਈ ਇੱਕੁਰ ਭਾਸਦੀ ਹੈ, ਜੀਕਰ ਪੁਰਾਣੇ ਪਤਿਆਂ ਵਿਚ ਢਕੀ ਨਵੀਂ ਕਰੂਮਲ।

†ਆਰਜ ਪੁਤਰ ਪਤੀ ਨੂੰ ਕਹੀਦਾ ਹੈ, ਇਹ ਪਦ ਭਾਰੇ ਅਦਬ ਦਾ ਹੈ ਅਤੇ ਤੀਵੀਂ ਵੱਲੋਂ ਪਤੀ ਦੀ ਵਡਿਆਈ ਵਿਚ ਆਰਜ ਪੁੱਤਰ ਹੈ ਵੱਡੇ ਅਰਥਾਤ ਿੰਰੇ ਸਹੁਰੇ ਦੇ ਪੁੱਤ੍ਰ।

Digitized by Panjab Digital Library | www.panjabdigilib.org

ਦੁਖਜੰਤ (ਆਦਰ ਨਾਲ)–ਸੁਣਨਾ ਹਾਂ, ਕਹਿਣ ਦਿਓ।

ਦੇਵੇਂ ਰਿਖੀ (ਹਥ ਉੱਚਾ ਕਰਕੇ)–ਮਹਾਰਾਜ ਦੀ ਜੈ ਰਹੇ।

ਦੁਖਜੰਤ–ਤੁਸਾਂ ਸਭਨਾਂ ਨੂੰ ਮੈਂ ਮੱਥਾ ਟੇਕਦਾ ਹਾਂ।

ਦੇਵੇਂ ਰਿਖੀ–ਆਪ ਦੇ ਮਨੋਰਥ ਸਿੱਧ ਹੋਣ।

ਦੁਖਜੰਤ–ਮੁਨੀਆਂ ਦਾ ਤਪ ਤਾਂ ਨਿਰਵਿਘਨ ਹੁੰਦਾ ਹੈ ਨਾ?

ਸਾਰੰਗਰਵ–ਜਬ ਤਕ ਤੁਮ ਰਖਵਾਲੇ ਜਗਦੇ। ਮਹਾਰਾਜ ਬਡ ਤੇਜ ਪ੍ਰਤਾਪੀ ਪਾਲਣ ਨੀਤੀ ਮਗ ਦੇ। ਮੁਨੀਆਂ ਦੇ ਜੋ ਧਰਮ ਪਰਾਇਣ ਕਿਉਂ ਵਿਗੜਨਗੇ ਕਾਜ। ਸੂਰਜ ਜਦ ਤਕ ਚਮਕੇ ਉੱਪਰ ਵਿੱਚ ਅਕਾਸ਼ ਬਿਰਾਜ। ਨਹੀਂ ਹਨੇਰਾ ਹੋਇ ਪ੍ਰਿਥੀ ਤੇ ਤਬ ਲਗ ਸੁਨ ਮਹਾਰਾਜ* ॥ ਪਦ ॥ ੧੧੬ ॥

ਦੁਖਜੰਤ (ਆਪਣੇ ਜੀ ਵਿਚ)–ਤਾਂ ਹੁਣ ਮੇਰਾ ਰਾਜਾ ਪਦ ਠੀਕ ਹੋਗਿਆ। (ਪ੍ਰਗਟ) ਕਹੋ ਲੋਗ ਹਿਤਕਾਰੀ ਕੰਨ੍ਹ ਮੁਨੀ ਪ੍ਰਸੰਨ ਹੈਂ?

ਸਾਰੰਗਰਵ–ਮਹਾਰਾਜ ਕੁਸ਼ਲ ਤਾਂ ਤਪੱਸੀਆਂ ਦੇ ਸਦਾ ਅਧੀਨ ਹੀ ਰਹਿੰਦੀ ਹੈ, ਗੁਰੂ ਜੀ ਨੇ ਆਪ ਦੀ ਅਰੋਗਤਾ ਪੁੱਛਕੇ ਇਹ ਆਖਿਆ ਹੈ:–

ਦੁਖਜੰਤ–ਕੀ ਆਗਯਾ ਕੀਤੀ ਹੈ?

ਸਾਰੰਗਰਵ–ਕਿ ਤੁਸਾਂ ਮੇਰੀ ਕੰਨਜਾ ਨੂੰ ਗੰਧਰਬ ਰੀਤੀ ਨਾਲ ਵਿਆਹ ਲੀਤਾ ਹੈ, ਸੋ ਵਿਆਹ ਮੈਂ ਪ੍ਰਸੰਨਤਾ ਨਾਲ ਪਰਵਾਨ ਕਰ ਲਿਆ ਹੈ, ਕਿਉਂਕਿ–

*ਜਦ ਤਕ ਤੁਸੀਂ ਇਸ ਪ੍ਰਿਥਵੀ ਦ ਰਖਵਾਲੇ ਬਣੇ ਹੋ, ਤਦ ਤਕ ਤਪੱਸੀਆਂ ਦੇ ਕੰਮਾਂ ਵਿਚ ਕੁਝ ਵਿਘਨ ਨਹੀਂ ਹੋ ਸਕਦਾ, ਜੀਕੁਰ ਸੂਰਜ ਦੇ ਹੁੰਦਿਆਂ ਪ੍ਰਿਥਵੀ ਤੇ ਹਨੇਰਾ ਨਹੀਂ ਛਾ ਸਕਦਾ।

ਤੈਨੂੰ ਮੁਖੀਏ ਸੱਜਣਾਂ ਵਿਚੋਂ ਅਸੀਂ ਉਚੇਰਾ ਮੰਨਦੇ ਹਾਂ। ਤਿਵੇਂ ਸ਼ਕੁੰਤਲਾ ਰੂਪ ਸ਼ੀਲ ਵਿਚ ਵਡਿਆਈ ਗੁਣ ਗਿਣਦੇ ਹਾਂ। ਸਮ ਗੁਣ ਵਾਲੇ ਵਰ ਤੇ ਕੰਨਜਾਂ ਬ੍ਰਹਮਾ ਮੇਲ ਮਿਲਾਯਾ ਹੈ। ਬਹੁਤ ਚਿਰਾਂ ਪਿੱਛੋਂ ਉਨ ਅਪਣਾ ਅਨਘੜ ਦੋਖ ਮਿਟਾਯਾ ਹੈ* ॥ ਪਦ ॥ ੧੧੭ ॥

ਹੁਣ ਇਸ ਗਰਭਵਤੀ ਨੂੰ ਧਰਮ ਆਚਰਣ ਲਈ ਲੈ ਲਓ।

ਗੌਤਮੀ–ਰਾਜਾ ਜੀ! ਮੈਂ ਭੀ ਕੁਝ ਆਖਣਾ ਚਾਹੁਨੀ ਹਾਂ, ਪਰੰਤੂ ਕਹਿਣ ਦਾ ਵਿਹਲ ਅਜੇ ਨਹੀਂ ਮਿਲਿਆ।

ਸਕੇ ਸਬੰਧੀ ਇਸ ਨਹਿੰ ਪੁੱਛੇ ਤੂੰ ਭੀ ਪੁਛੇ ਨ ਭਾਈ। ਅਪਣੇ ਆਪ ਵਿਆਹ ਕੀਤੋ ਜੋ ਜਾਣੇ ਸਗਲ ਲੁਕਾਈ। ਸੋ ਹੁਣ ਵੀ ਓਕਰ ਹੀ ਆਪੇ ਬਾਤ ਕਰੋ ਮਨ ਆਈ†। ਪਦ। ੧੧੮।

ਸ਼ਕੁੰਤਲਾ (ਆਪਣੇ ਜੀ ਵਿਚ)–ਦੇਖੀਏ ਹੁਣ ਆਰਯ ਪੁੱਤ੍ਰ ਕੀ ਕਹਿੰਦਾ ਹੈ?

ਦੁਖਜੰਤ (ਕੁਝ ਹੈਰਾਨ ਹੋਕੇ)–ਇਹ ਕੀ ਸਾਂਗ ਹੈ?

ਸ਼ਕੁੰਤਲਾ (ਆਪਣੇ ਜੀ ਵਿਚ)–ਹੇ ਕਰਤਾਰ! ਰਾਜਾ ਦਾ ਇਹ ਬਚਨ ਤਾਂ ਨਿਰਾ ਅੱਗ ਦਾ ਭਬੂਕਾ ਹੈ।

*ਬ੍ਰਹਮਾ ਨੂੰ ਚਿਰਾਂ ਤੋਂ ਦੇਸ਼ ਲਗ ਰਿਹਾ ਹੋਇਆ ਸੀ ਕਿ ਓਹ ਅਨਮੇਲ (ਨਰੜ) ਜੋੜੀਆਂ ਜੋੜਦਾ ਹੈ, ਪਰੰਤੂ ਦੁਖਜੰਤ ਅਤੇ ਸ਼ਕੁੰਤਲਾ ਦੀ ਸਮਾਨ ਗੁਣਾਂ ਵਾਲੀ ਜੋੜੀ ਜੋੜਕੇ ਉਸ ਨੇ ਆਪਣਾ ਇਹ ਦੇਸ਼ ਬਾਹਲੇ ਦਿਨਾਂ ਪਿੱਛੋਂ ਧੋਤਾ ਹੈ।

†ਆਪੋ ਵਿਚ ਦੀ ਤੁਸਾਂ ਦੋਹਾਂ ਨੇ ਵਿਆਹ ਕਰ ਲਿਆ, ਨਾਂ ਤਾਂ ਤੁਸਾਂ ਆਪਣੇ ਕਿਸੇ ਭਾਈ ਬੰਧੂ ਨੂੰ ਪੁੱਛਿਆ ਅਤੇ ਨਾਂ ਇਸ ਨੇ ਕਿਸੇ ਆਪਣੇ ਵਡੇ ਬੁੱਢੇ ਛੋਟੇ ਨੂੰ ਪੁੱਛਿਆ, ਚੰਗਾ ਹੋਵੇ ਹੁਣ ਵੀ ਆਪੋ ਵਿੱਚ ਦੀ ਆਪ ਹੀ ਗੱਲ ਬਾਤ ਕਰ ਲਓ।

Digitized by Panjab Digital Library | www.panjabdigilib.org

ਸਾਰੰਗਰਵ–ਹੈਂ ! ਇਹ ਕੀ ਰਾਜਾ ਜੀ? ਤੁਸੀਂ ਲੋਕਾਚਾਰੀ ਦੀਆਂ ਗੱਲਾਂ ਜਾਣਦੇ ਹੋ!

ਜਾਇ ਸੁਹਾਗਣ ਜੇ ਵਸੇ ਪੇਕੇ ਘਰ ਜੋ ਨਾਰਿ। ਲੋਕ ਬੁਰੀ ਸ਼ੰਕਾ ਕਰਨ ਭਾਵੇਂ ਸਤੀ ਸੁ ਨਾਰਿ ॥ ਇਸਦੇ ਪੇਕੇ ਚਾਹੁੰਦੇ ਵਸੇ ਪਤੀ ਘਰ ਜਾਇ। ਜਿਉਂ ਚਾਹੇ ਪਤਿ ਤਿਉਂ ਰਖੇ ਨਾਰ ਸੁਲਖਣੀ ਪਾਇ* ॥ ੧੧੯ ॥ ਦੋਹਰਾ ॥

ਦੁਖ਼ਜੰਤ–ਕੀਹ ਮੇਰਾ ਇਸ ਭਗਵਤੀ ਨਾਲ ਕਦੀ ਵਿਆਹ ਹੋਇਆ ਸੀ ?

ਸ਼ਕੁੰਤਲਾ (ਉਦਾਸ ਹੋਕੇ ਆਪਣੇ ਜੀ ਵਿਚ)–ਓਇ ਮੇਰਿਆ ਮਨਾਂ ! ਜਿਹੜਾ ਤੈਨੂੰ ਡਰ ਭਾਸਦਾ ਸੀ ਓਹੋ ਤੇਰੇ ਅੱਗੇ ਆਇਆ।

ਸਾਰੰਗਰਵ–ਕੀ ਆਪਣੇ ਕੀਤੇ ਹੋਏ ਵਿੱਚ ਅਰੁਚੀ ਹੋਇਆਂ ਧਰਮ ਛੱਡ ਖਲੋਣਾ ਰਾਜਾ ਨੂੰ ਲਾਇਕ ਹੈ ?

ਦੁਖ਼ਜੰਤ–ਇਹ ਝੂਠੀ ਬਨਾਉਟ ਦਾ ਪ੍ਰਸ਼ਨ ਕਿਉਂ ਕਰਦੇ ਹੋ ?

ਸਾਰੰਗਰਵ (ਕ੍ਰੋਧ ਨਾਲ)–ਜਿਨ੍ਹਾਂ ਨੂੰ ਅੰਸ਼ੁਰਜ ਦਾ ਹੰਕਾਰ ਹੁੰਦਾ ਹੈ ਉਨ੍ਹਾਂ ਦਾ ਚਿੱਤ ਇਸਥਿਰ ਨਹਾਂ ਰਹਿੰਦਾ।

ਦੁਖ਼ਜੰਤ–ਇਹ ਕਠੋਰ ਬਚਨ ਮੇਰੇ ਹੀ ਵਾਸਤੇ ਆਪ ਨੇ ਆਖਿਆ ਹੈ ?

ਗੌਤਮੀ (ਸ਼ਕੁੰਤਲਾ ਨੂੰ)–ਬੱਚੀ ! ਥੋੜੇ ਚਿਰ ਲਈ ਰਤਾ ਸ਼ਰਮਾਇ ਨਹੀਂ, ਮੈਂ ਤੇਰਾ ਘੁੰਡ ਖੋਲ੍ਹ ਦੇਨੀ ਹਾਂ ਜਿਸਤੇ ਤੇਰਾ ਭਰਤਾ ਤੈਨੂੰ ਪਛਾਣ ਲਵੇ। [ਘੁੰਡ ਖੋਲ੍ਹਦੀ ਹੈ।

ਦੁਖ਼ਜੰਤ(ਸ਼ਕੁੰਤਲਾ ਨੂੰ ਵੇਖਕੇ ਆਪਣੇ ਜੀ ਵਿਚ)–

ਵਿਆਹੀ ਕੇ ਵਿਆਹੀ ਮੈਂ ਨਾਹੀਂ। ਉਲਝਨ ਆਨ ਵਸੀ ਮਨ ਮੇਰੇ ਨਹਿੰ ਕੁਝ ਆਖ ਸਕਾਂਹੀ ॥ ਰੂਪ ਰਤਨ ਇਹ ਸਨਮੁਖ ਮੇਰੇ ਦੇਖੀ ਖੜੀ ਜੁ ਆਹੀ ॥ ਮੈਂ ਇਸਦਾ ਮੁਖ ਲੈ ਨਹੀਂ ਸਕਦਾ ਨਾਂ ਹੀ ਤਜਾਗ ਸਕਾਂਹੀ ॥ ਓਸ ਭਰੀ ਜਿਉਂ ਕੁੰਦ ਕਲੀ ਦਾ ਭੌਰ ਲਏ ਰਸ ਨਾਹੀਂ*॥੧੨੦॥ਪਦ॥

[ਸੋਚਦਾ ਹੋਯਾ ਬੈਠਾ ਹੈ

ਪ੍ਰਤੀਹਾਰੀ (ਦੁਖ਼ਜੰਤ ਨੂੰ)–ਮਹਾਰਜ ਤਾਂ ਆਪਣੇ ਧਰਮ ਵਿਚ ਸਾਵਧਾਨ ਹਨ, ਨਹੀਂ ਤਾਂ ਸਨਮੁਖ ਆਏ ਐਸੇ ਇਸਤ੍ਰੀ ਰਤਨ ਨੂੰ ਦੇਖਕੇ ਕੌਣ ਸੋਚ ਵਿਚਾਰ ਕਰਦਾ ਹੈ ?

ਸਾਰੰਗਰਵ–ਹੇ ਰਾਜਾ ! ਆਪ ਅਜੇਹੇ ਚੁੱਪ ਕਿਉਂ ਹੋ ਰਹੇ ਹੋ ?

ਦੁਖ਼ਜੰਤ- ਹੇ ਤਪੱਸੀਓ ! ਮੈਂ ਬਾਰ ਬਾਰ ਚੇਤਾ ਕਰਦਾ ਹਾਂ, ਪਰੰਤੂ ਚੇਤਾ ਨਹੀਂ ਆਉਂਦਾ ਕਿ ਇਸ ਭਗਵਤੀ ਨਾਲ ਕਦੀ ਮੇਰਾ ਵਿਆਹ ਹੋਇਆ ਹੈ ਅਤੇ ਗਰਭਵਤੀ ਦੇ ਲੈਣ ਵਿਚ ਮੈਨੂੰ ਛੇਤ੍ਰੀ† ਕਹਾਉਣ ਦਾ ਭਾਰਾ ਡਰ ਹੈ, ਤਾਂ ਇਸ ਨੂੰ ਕੀਕੁਰ ਅੰਗੀਕਾਰ ਕਰ ਸਕਦਾ ਹਾਂ।

ਸ਼ਕੁੰਤਲਾ (ਆਪਣੇ ਜੀ ਵਿਚ)–ਹੇ ਕਰਤਾਰ !

---

*ਜਦ ਸੁਹਾਗਣ ਇਸਤ੍ਰੀ ਆਪਣੇ ਪੇਕੇ ਜਾ ਰਹੇ ਭਾਵੇਂ ਉਹ ਕੋਡੀ ਹੀ ਪਤਿਬ੍ਰਤਾ ਕਿਉਂ ਨਾ ਹੋਵੇ ਪਰ ਲੋਕੀਂ ਬੁਰੀ ਸ਼ੰਕਾ ਕਰਨ ਲਗ ਪੈਂਦੇ ਹਨ, ਇਸ ਲਈ ਇਸ ਇਸਤ੍ਰੀ ਦੇ ਭਾਈ ਬੰਧੂ ਏਹੋ ਚਾਹੁੰਦੇ ਹਨ ਕਿ ਮੁਟਿਆਰ ਲੜਕੀ ਆਪਣੇ ਪਤੀ ਦੇ ਘਰ ਵੱਸੇ ਤਾਂ ਚੰਗੀ ਗੱਲ ਹੈ। ਪਤੀ ਦਾ ਪਿਆਰ ਹੋਵੇ ਅਥਵਾ ਨਾ ਹੋਵੇ।

*ਮੇਰੇ ਮਨ ਵਿੱਚ ਏਹੋ ਸੰਸਾ ਹੈ ਕਿ ਇਸ ਰੂਪਵਤੀ ਨਾਲ ਕਦੀ ਮੇਰਾ ਵਿਆਹ ਹੋਇਆ ਕਿ ਨਹੀਂ ਹੋਇਆ ? ਇਸ ਸੰਦੇਹ ਵਿੱਚ ਨਾ ਤਾਂ ਇਸਨੂੰ ਮੈਂ ਛੱਡ ਹੀ ਸੱਕਦਾਹਾਂ ਅਤੇ ਨਾਂ ਹੀ ਇਸਨੂੰ ਗ੍ਰਹਣ ਕਰ ਸਕਦਾ ਹਾਂ, ਜੀਕੁਰ ਸਵੇਰ ਸਾਰ ਓਸ (ਤ੍ਰੇਲ) ਨਾਲ ਭਰੇ ਕੁੰਦ ਫੁੱਲ ਨੂੰ ਨਾਂ ਤਾਂ ਭੌਰਾ ਛੱਡ ਸੱਕਦਾ ਹੈ ਨਾ ਉਸਦਾ ਰਸ ਲੈ ਸਕਦਾ ਹੈ।

†ਜਿਸਦੀ ਇਸਤ੍ਰੀ ਦੂਜੇ ਪਾਸੇਂ ਗਰਭਵਤੀ ਹੋਵੇ ਉਹ ਛੇਤ੍ਰੀ ਕਹਾਉਂਦਾ ਹੈ।

Digitized by Panjab Digital Library | www.panjabdigilib.org

ਜੇ ਮੇਰੇ ਨਾਲ ਵਿਆਹ ਹੀ ਹੋਣ ਦਾ ਸੰਦੇਹ ਹੈ ਤਾਂ ਹੁਣ ਮੇਰੀ ਬਹੁਤੇ ਦਿਨਾਂ ਦੀ ਬੱਧੀ ਹੋਈ ਆਸ਼ਾ ਟੁੱਟੀ ॥

ਸਾਂਰੰਗਰਵ—ਇਹ ਗੱਲ ਨਾ ਕਹੁ।

ਤੈਂ ਜਿਸਦੀ ਧੀ ਨੂੰ ਛਲ ਲਿਆ ॥
ਇਹ ਅਨੀਤਿ ਵਰਤਾਉ ਨਾਲ ਉਸ ਤੈਂ ਆਪੇ ਕਰ ਲਿਆ। ਫਿਰ ਵੀ ਬੁਰਾ ਨ ਮੰਨਿਆਂ ਜਿਸਨੇ ਵਜਾਹ ਤੁਹਾਡਾ ਸੁਧ ਮੰਨ ਲਿਆ। ਚੋਰੀ ਦੀ ਕੋਈ ਚੀਜ਼ ਜਿਸ ਤਰ੍ਹਾਂ ਦੇ ਚੋਰਹਿ ਸਾਧੂ ਕਰ ਲਿਆ। ਓਹ ਨਿਰਾਦਰ ਲਾਇਕ ਕਿਉਂਕਰ ਰਾਜਨ ਕੀ ਵਿਚਾਰ ਜੀ ਲਿਆ* ॥ ੧੨੧ ॥ ਪਦ ॥

ਸਾਰਦੂੱਤ—ਸਾਂਰੰਗਰਵ ਜੀ ! ਹੁਣ ਤੁਸੀਂ ਰਤਾ ਠਹਿਰ ਜਾਓ। ਸ਼ਕੁੰਤਲਾ ! ਅਸਾਂ ਜੋ ਕੁੱਝ ਕਹਿਣਾ ਸੀ ਕਹਿ ਚੁਕੇ ਹਾਂ ਅਤੇ ਉਸਦਾ ਉੱਤਰ ਵੀ ਸੁਣ ਲਿਆ ਹੈ। ਹੁਣ ਤੂੰ ਕੁਝ ਕਹੁ ਜਿਸਤੇ ਭਲਾ ਕੁਝ ਇਹ ਪਤੀਜੇ।

ਸ਼ਕੁੰਤਲਾ (ਆਪਣੇ ਜੀ ਵਿੱਚ)—ਜੇਕਰ ਉਹ ਪ੍ਰੇਮ ਹੀ ਨਹੀਂ ਰਿਹਾ ਤਾਂ ਹੁਣ ਚੇਤਾ ਕਰਾਉਣ ਦਾ ਕੀ ਫਲ ਹੈ, ਹੁਣ ਤਾਂ ਮੈਨੂੰ ਜਹਾਨ ਦੀ ਨਿੰਦਾ ਤੋਂ ਬਚਣ ਦੀ ਭਾਰੀ ਚਿੰਤਾ ਖਾਂਦੀ ਹੈ। (ਪ੍ਰਗਟ) ਹੇ ਆਰਜ ਪੁੱਤ੍ਰ ! (ਇੰਨਾਂ ਕਹਿਕੇ ਰੁਕ ਜਾਂਦੀ ਹੈ) ਜੇਕਰ ਵਿਆਹ ਹੋਣ ਵਿਚ ਹੀ ਸੰਦੇਹ ਹੈ ਤਾਂ ਇਹ ਬਚਨ ਅਜੋਗ ਹੈ। ਹੇ ਪੁਰਵਾਸੀ ! ਤੈਨੂੰ ਇਹ ਗਲ ਲਾਇਕ ਨਹੀਂ ਹੈ ਕਿ ਤਪੋ ਬਨ ਦੀ (ਮੈਂ) ਸਿੱਧੇ ਸੁਭਾਉ ਵਾਲੀ ਨੂੰ ਕੌਲ ਕਰਾਰਾਂ ਦੇ ਬਚਨਾਂ ਪਰ ਫੁਸਲਾਕੇ ਹੁਣ ਇਜੇਹੇ ਕਰੜੇ ਬਚਨ ਕਹਿੰਦੇ ਹੋ।

ਦੁਖਯੰਤ (ਕੰਨਾਂ ਤੇ ਹੱਥ ਰੱਖਕੇ)—ਅਚ ਨਕ ਪਾਪ ਤੋਂ ਕਰਤਾਰ ਬਚਾਵੇ।

ਕਿਉਂ ਤੂੰ ਪਦਮਨਿ ਕੀਤਾ ਚਾਹੇਂ ਪਾਪੀ ਮੈਨੂੰ ਭਾਰਾ ਨੀ। ਵੰਸ ਮੇਰੀ ਨੂੰ ਨਾਲੇ ਦੋਸ਼ੀ, ਡਾਢੇ ਸੋਚ ਵਿਚਾਰਾਂ ਨੀ ॥
ਨਦੀ ਅਪਨ ਮਿਰਜਾਦਾ ਛੱਡੇ ਢਾਹੇ ਰੁੱਖ ਕਿਨਾਰਾ ਨੀ। ਪਾਣੀ ਰੰਧਲਾ ਅਪਣੀ ਸੋਭਾ, ਨਾਸ਼ ਕਰੇ ਰੰਗ ਸਾਰਾ ਨੀ* ॥ ੧੨੨ ॥ ਪਦ ॥

ਸ਼ਕੁੰਤਲਾ—ਜੇ ਤੁਸੀਂ ਭੁੱਲਕੇ ਸਚ ਮੁੱਚ ਮੈਨੂੰ ਪਰਾਈ ਇਸਤ੍ਰੀ ਸਮਝਦੇ ਹੋ ਤਾਂ ਤੁਹਾਡੇ ਪਤੇ ਲਈ ਤੁਹਾਡੇ ਹੀ ਹੱਥ ਦੀ ਮੁੰਦਰੀ ਦੇਨੀ ਹਾਂ ਜਿਸ ਕਰਕੇ ਤੁਹਾਡੀ ਸ਼ੰਕਾ ਮਿਟ ਜਾਵੇ।

ਦੁਖਯੰਤ—ਵਾਹਵਾ ! ਇਹ ਤਾਂ ਚੰਗੀ ਗੱਲ ਬਣਾਈ !

ਸ਼ਕੁੰਤਲਾ—(ਉਂਗਲੀ ਵੇਖਕੇ) ਹਾਇ ! ਹੈਂ ਮੁੰਦਰੀ ਕਿੱਥੇ ਗਈ ?

[ਬਹੁਤ ਘਬਰਾਕੇ ਗੌਤਮੀ ਵਲ ਦੇਖਦੀ ਹੈ

ਗੌਤਮੀ—ਜਦੋਂ ਤੈਂ ਸ਼ੁੱਕ੍ਰਾਵਤਾਰ ਦੇ ਪਾਸ ਸਚੀ ਤੀਰਥ ਤੋਂ ਜਲ ਆਚਮਨ ਕੀਤਾ ਸੀ ਤਾਂ ਓਥੇ ਡਿੱਗ ਪਈ ਹੋਵੇਗੀ।

---

*ਹੇ ਰਾਜਨ ! ਜਿਸ ਮੁਨੀ ਦੀ ਕੰਨਜਾਂ ਨੂੰ ਤੈਨੇ ਚੱਲਕੇ ਦੂਖਨਾਂ ਵਾਲੀ ਕੀਤਾ ਅਤੇ ਉਸਨੇ ਤੇਰੀ ਇਸ ਕਰਤੂਤ ਨੂੰ ਬੁਰਾ ਨਾ ਮੰਨਕੇ ਓਹੋ ਤੇਰੀ ਕੰਨਜਾਂ ਤੇਰੀ ਵਿਆਹੁੜ ਪ੍ਰਵਾਨ ਕਰ ਲਈ ਅਤੇ ਤੇਰੇ ਪਾਸ ਭੇਜ ਦਿੱਤੀ, ਜਿਸਤਰ੍ਹਾਂ ਕੋਈ ਚੋਰੀ ਦੀ ਚੀਜ਼ ਫੜਕੇ ਫੇਰ ਓਹੋ ਚੀਜ਼ ਚੋਰ ਨੂੰ ਸਾਧ ਬਨਾਉਣ ਵਾਸਤੇ ਦੇ ਦਿੰਦਾ ਹੈ। ਹੁਣ ਤੁਸੀਂ ਆਪ ਹੀ ਵਿਚਾਰਕੇ ਦੇਖੋ ਕਿ ਉਹ ਪੁਰਸ਼ ਐਸੇ ਨਿਰਾਦਰ ਦੇ ਲਾਇਕ ਹੈ ਜੋਹਾਕੁ ਤੁਸੀਂ ਉਸਦੇ ਨਾਲ ਕਰਦੇ ਹੋ?

*ਹੇ ਭਗਵਤੀ! ਤੂੰ ਮੈਨੂੰ ਕਲੰਕੀ ਅਤੇ ਮੇਰੀ ਕੁਲ ਨੂੰ ਦੂਸ਼ਨਾਂ ਵਾਲਾ ਕਿਉਂ ਕਰਨਾ ਚਾਹੁੰਦੀ ਹੈਂ। ਦੇਖ ਜਿਹੜੀ ਨਦੀ ਮਿਰਜਾਦਾ ਨੂੰ ਛੱਡਕੇ ਆਪਣੇ ਕੰਢੇ ਢਾਹੁੰਦੀ ਹੈ ਅਤੇ ਕੰਢੇ ਦੇ ਰੁੱਖਾਂ ਨੂੰ ਡੇਗਦੀ ਹੈ ਉਹ ਨਦੀ ਆਪਣਾ ਪਾਣੀ ਰੰਧਲਾ ਕਰਦੀ ਹੈ ਅਤੇ ਆਪਣੀ ਹੀ ਸ਼ੋਭਾ ਵਿਗਾੜਦੀ ਹੈ।

Digitized by Panjab Digital Library | www.panjabdigilib.org

ਦੁਖਜੰਤ (ਮੁਸਕ੍ਰਾਕੇ)–ਇਸਤ੍ਰੀ ਦੀ ਕਾਹਲੀ ਬੁੱਧ ਏਹੋ ਕਹਾਉਂਦੀ ਹੈ।

ਸ਼ਕੁੰਤਲਾ–ਇਹ ਤਾਂ ਬ੍ਰਹਮਾਂ ਨੇ ਆਪਣਾ ਬਲ ਦਿਖਾਯਾ, ਪਰ ਅਜੇ ਇਕ ਪਤਾ ਹੋਰ ਵੀ ਦਿਆਂਗੀ।

ਦੁਖਜੰਤ–ਉਹ ਭੀ ਕਹਿ ਦੇਹ,ਮੈਂ ਸੁਣ ਲਵਾਂ।

ਸ਼ਕੁੰਤਲਾ–ਉਸ ਦਿਨ ਦਾ ਆਪ ਨੂੰ ਚੇਤਾ ਹੈ। ਜਦ ਮਾਧਵੀ ਕੁੰਜ ਵਿਚ ਤੁਸਾਂ ਕਮਲ ਦੇ ਪੱਤੇ ਵਿਚ ਆਪਣੇ ਹੱਥੀਂ ਪਾਣੀ ਲਿਆਸੀ

ਦੁਖਜੰਤ–ਤਾਂ ਫਿਰ ਕੀ ਹੋਇਆ ਸੀ?

ਸ਼ਕੁੰਤਲਾ–ਓਸ ਵੇਲੇ ਮੇਰਾ ਪਾਲਿਆ ਹੋਇਆ "ਦੀਰਘਾ ਪਾਂਗ" ਨਾਮੀ ਹਰਨ ਦਾ ਬੱਚਾ ਆ ਗਿਆ ਸੀ, ਤੁਸਾਂ ਬੜੇ ਪਿਆਰ ਨਾਲ ਆਖਿਆ ਸੀ ਆ ਛੈਨੇ ਪਹਿਲੇ ਤੂੰਹੇਂ ਪੀ ਲੈ। ਉਸ ਮ੍ਰਿਗ ਛੈਨੇ ਨੇ ਤੁਹਾਨੂੰ ਓਪਰਾ ਜਾਣਕੇ ਤੁਹਾਡੇ ਹੱਥੋਂ ਪਾਣੀ ਨਾ ਪੀਤਾ, ਫਿਰ ਓਸੇ ਪੱਤੇ ਵਿੱਚ ਮੈਂ ਪਿਲਾਇਆ ਤਾਂ ਉਸ ਨੇ ਪੀ ਲਿਆ। ਉਸ ਵੇਲੇ ਤੁਸਾਂ ਹੱਸਕੇ ਆਖਿਆ ਸੀ ਕਿ ਸਭ ਕੋਈ ਆਪਣੇ ਹੀ ਸਹਵਾਸੀਆਂ ਤੇ ਪਤੀਜਦਾ ਹੈ, ਤੁਸੀਂ ਦੋਵੇਂ ਇਕੋ ਬਨ ਦੇ ਵਸਨੀਕ ਹੋ।

ਦੁਖਜੰਤ–ਆਪਣਾ ਪ੍ਰਯੋਜਨ ਸਾਧਨ ਵਾਲੀਆਂ ਦੀਆਂ ਅਜਿਹੀਆਂ ਮਿੱਠੀਆਂ ਤੇ ਝੂਠੀਆਂ ਗੱਲਾਂ ਨਾਲ ਤਾਂ ਕਾਮੀਆਂ ਦੇ ਮਨ ਡਿੱਗ ਪੈਂਦੇ ਹਨ।

ਗੌਤਮੀ–ਬੱਸ ਰਾਜਾ ! ਇਜੇਹੇ ਬਚਨ ਨਹੀਂ ਬੋਲੋ ਇਹ ਕੰਨਜਾ ਤਪੋ ਬਨ ਵਿਚ ਪਲੀ ਹੈ, ਛਲ ਛਿੱਦ੍ ਕੀਹ ਜਾਣੇ।

ਦੁਖਜੰਤ–ਏ ਬੁੱਢੀ ਤਪੱਸ੍ਵਨੀ ਸੁਣੇਂ ! ਬਿਨਾਂ ਸਿਖਾਏ ਹੀ ਚਤੁਰਾਈ। ਵਿੱਚ ਤੀਮੀਆਂ ਪ੍ਰਗਟ ਜਗਤ ਵਿਚ ਪਸ੍ਰ ਪੰਛੀਆਂ ਵੀ ਵਿਚ ਪਾਈ। ਕੀ ਗਿਣਤੀ ਵਿਚ ਮਨੁਖ ਗਿਣਾਈਏ ਜੋ ਕੁਦਰਤ ਨੇ ਬਾਤ ਬਣਾਈ। ਅਪਣੇ ਬੱਚੇ ਦੇਖੇ ਕੋਇਲ ਕਾਂਵਾਂ ਤੋਂ ਪਲਵਾਈ। ਜਦ ਤਕ ਬੱਚੇ ਉੱਡ ਨ ਸਕਣ ਪਾਲਣ ਚੋਗ ਚੁਗਾਈ*॥੧੨੩॥ਪਦ॥

ਸ਼ਕੁੰਤਲਾ (ਕ੍ਰੋਧ ਨਾਲ)–ਹੇ ਅਨਾੜੀ ! ਤੂੰ ਆਪਣੇ ਜਿਹਾ ਕੁਟਲ ਹਿਰਦਾ ਸਭਨਾਂ ਦਾ ਜਾਣਦਾ ਹੈਂ, ਤੇਰੇ ਜੇਹਾ ਛਲੀਆ ਕੌਣ ਹੋਵੇਗਾ ਜੋ ਘਾਹ ਨਾਲ ਕੱਜੇ ਹੋਏ ਖੂਹ ਵਾਕਰ ਧਰਮ ਦਾ ਭੇਸ ਰੱਖਦਾ ਹੈ।

ਦੁਖਜੰਤ (ਆਪਣੇ ਜੀਅ ਵਿਚ)–ਇਸ ਦਾ ਕ੍ਰੋਧ ਬਨਾਉਟੀ ਜਿਹਾ ਨਹੀਂ ਦਿੱਸਦਾ ਤੇ ਇਸੇ ਕਰਕੇ ਮੇਰੇ ਮਨ ਵਿਚ ਸੰਸਾ ਉਪਜਦਾ ਹੈ, ਕਿਉਂਕਿ:–

ਬਿਨ ਸੁਧ ਆਏ ਜੀਉ ਪਿੜਾਂਦਾ। ਮੈਂ ਬਹੁਤੇਰੀ ਵਾਰੀ ਕਹਿਆ ਫਿਰ ਕਹਿੰਦਾ ਹਾਂ ਨਹਿੰ ਸ਼ਰਮਾਂਦਾ। ਤੇਰਾ ਮੇਰਾ ਕਿਤੇ ਨ ਹੋਇਆ ਕੱਲਿਆਂ ਮੇਲ ਦੁਹਾਂ ਦਾ। ਤੈਂ ਕਰ ਅਖੀਆਂ ਲਾਲ ਚੜ੍ਹਾਈਆਂ ਚਿੱਲਾ ਭਵਾਂ ਕਮਾਂ ਦਾ। ਮਨਹੁ ਕ੍ਰੋਧ ਕਰ ਧਨੁਖ ਕਾਮ ਦਾ ਟੋਟੇ ਕਰੀ ਵਿਖਾਂਦਾ†॥੧੨੪॥ਪਦ॥

---

*ਇਸਤ੍ਰੀ ਦੀ ਜਾਤ ਵਿਚ ਸੁਭਾਵਕ ਹੀ ਬਹੁਤ ਚਤੁਰਾਈ ਹੁੰਦੀ ਹੈ, ਮਨੁੱਖਾਂ ਦੀ ਕੀ ਗਿਣਤੀ ਕਰੀਏ, ਪਸ੍ਰ ਪੰਛੀਆਂ ਵਿਚ ਵੀ ਇਹ ਗੱਲ ਪ੍ਰਗਟ ਹੈ, ਜੀਕਰ ਕੋਇਲ ਨੂੰ ਦੇਖੋ ਜਦ ਤਕ ਉਸਦੇ ਬੱਚੇ ਉੱਡਣ ਦੇ ਲਾਇਕ ਨਾ ਹੋ ਜਾਣ ਤਦ ਤਕ ਉਹਨਾਂ ਨੂੰ ਹੋਰਸ ਪੰਛੀਆਂ (ਕਾਵਾਂ) ਤੋਂ ਪਲਵਾਉਂਦੀ ਹੈ।

†ਜਦ ਇਸ ਦੇ ਨਾਲ ਵਿਆਹ ਹੋਣ ਦਾ ਚੇਤਾ ਨਾ ਆਇਆ ਅਤੇ ਮੈਂ ਬਾਰ ਬਾਰ ਆਖਿਆ ਕਿ ਮੇਰਾ ਤੇਰਾ ਏਕਾਂਤ ਵਿਚ ਕਦੀ ਪ੍ਰੀਤੀ ਵਿਹਾਰ ਨਹੀਂ ਹੋਇਆ ਤਦ ਇਸ ਨੇ ਕ੍ਰੋਧ ਕਰਕੇ ਆਪਣੀਆਂ ਅੱਖਾਂ ਲਾਲ ਤੇ ਭਵਾਂ ਚੜ੍ਹਾਕੇ ਇਜੇਹੀਆਂ ਮਰੋੜੀਆਂ ਕਿ ਮਾਨੋ ਕਾਮ ਦੇ ਧਨੁਖ ਨੂੰ ਤੋੜਕੇ ਦੋ ਟੋਟੇ ਕਰ ਦਿੱਤਾ ਹੈ।

Digitized by Panjab Digital Library | www.panjabdigilib.org

ਪੁਰੋਹਤ–ਹੇ ਭਗਵਤੀ ! ਦੁਖਜੰਤ ਦੇ ਸਾਰੇ ਕੰਮ ਪ੍ਰਸਿੱਧ ਹਨ, ਪਰੰਤੂ ਇਹ ਅਸਾਂ ਕਦੀ ਨਹੀਂ ਸੁਣਿਆਂ ਕਿ ਤੇਰਾ ਵਿਆਹ ਇਨ੍ਹਾਂ ਦੇ ਨਾਲ ਹੋਇਆ।

ਸ਼ਕੁੰਤਲਾ–ਮੂੰਹ ਵਿਚ ਖੰਡ ਅਤੇ ਢਿੱਡ ਵਿਚ ਜ਼ਹਿਰ ! ਇਜੇਹੇ ਪੁਰਵੰਸੀ ਦੇ ਫੰਧੇ ਵਿਚ ਫਸਕੇ ਹੁਣ ਮੈਂ ਨਿਰਲੱਜ (ਬੇਸ਼ਰਮ) ਕਹਾਈ, ਸੋ ਠੀਕ ਹੈ।

[ਮੂੰਹ ਤੇ ਕਪੜਾ ਪਾ ਲੈਂਦੀ ਹੈ

ਸਾਰੰਗਰਵ–ਜਿਹੜਾ ਕੰਮ ਬਿਨਾਂ ਵਿਚਾਰੇ ਕੀਤਾ ਜਾਵੇ ਇਸ ਤਰ੍ਹਾਂ ਪਿੱਛੋਂ ਦੁਖ ਨਿਕਲਦਾ ਹੈ, ਇਸੇ ਤੇ ਕਹਿਆ ਹੈ:–

ਬਿਨਾਂ ਪਛਾਤੇ ਕਦੀ ਨ ਕਰੀਏ । ਕਿਤੇ ਇਕੰਤ ਮਿਲਾਪ ਜਗਤ ਵਿਚ, ਹਰਦਮ ਇਸ ਤੋਂ ਡਰੀਏ। ਐਸੇ ਕੰਮਾਂ ਦੇ ਵਿਚ ਅੰਨ੍ਹੇ ਨਿਰੇ ਨ ਹੋਕੇ ਮਰੀਏ। ਭਲਾ ਭੁਲੇਖੇ ਭੇਤ ਜੁ ਮਨ ਦੇ ਪ੍ਰੀਤ ਜੋੜ ਜੇ ਧਰੀਏ। ਓਹ ਉਲਟ ਕੇ ਵੈਰ ਜਾਇ ਬਣ ਹੈ ਇਹ ਰੀਤ ਬਿਚਰੀਏ* ॥ ੧੨੫ ॥ ਪਦ ॥

ਦੁਖਜੰਤ–ਕੀਹ ਤੁਸੀਂ ਏਸੇ ਦੀਆਂ ਗਲਾਂ ਤੇ ਪ੍ਰਤੀਤ ਕਰਕੇ ਮੈਨੂੰ ਐਨੇ ਦੋਸ਼ ਲਾਉਂਦੇ ਹੋ?

ਸਾਰੰਗਰਵ (ਅਵੱਗਯਾ ਕਰਕੇ)–ਕੀਹ ਤੁਸਾਂ ਉਲਟ ਵੇਦ ਨਹੀਂ ਸੁਣਿਆ ?

ਜਨਮ ਕਾਲ ਤੋਂ ਜਿਨ੍ਹਾਂ ਨ ਜਾਤੀ ਛਲ ਮਾਇਆ ਦੀ ਰੀਤਿ ਨਿਰਾਰੀ । ਉਸਦੇ ਬਚਨਾਂ ਤੇ ਕਿਉਂ ਕਰੀਏ ਕੁਝ ਪਰਤੀਤ ਨ ਰੀਤ ਵਿਚਾਰੀ। ਅਤੇ ਉਨ੍ਹਾਂ ਨੂੰ ਹੀ ਮੰਨ ਲਈਏ ਸਤਿਵਾਦੀ ਵਿਦਵਾਨ ਉਦਾਰੀ।

*ਬਿਨਾਂ ਜਾਣ ਪਛਾਣ ਕੀਤੇ ਏਕਾਂਤ ਵਿਚ ਕਿਸੇ ਨਾਲ ਵੀ ਸੰਬੰਧ ਨਹੀਂ ਕਰਨਾ ਚਾਹੀਏ, ਕਿਉਂਕਿ ਇਕ ਦੂਜੇ ਦਾ ਸੁਭਾਉ ਜਾਣੇ ਬਿਨਾਂ ਜੇ ਪ੍ਰੀਤ ਹੋ ਜਾਂਦੀ ਹੈ ਉਹ ਪਿੱਛੋਂ ਉਲਟ ਕੇ ਵੈਰ ਰੂਪ ਹੋ ਜਾਂਦੀ ਹੈ।

ਵਿੱਦਯਾ ਵਾਕਰ ਸਿੱਖਣ ਜਿਹੜੇ ਦੂਜੇ ਨੂੰ ਠੱਗਣ ਦੀ ਕਾਰੀ* ॥ ੧੨੬ ॥ ਪਦ ॥

ਦੁਖਜੰਤ–ਹੇ ਸਤਿਵਾਦੀ ! ਭਲਾ ਇਹੋ ਹੀ ਮੰਨ ਲਿਆ ਕਿ ਅਸਾਂ ਦੂਸਰਿਆਂ ਨੂੰ ਛਲਨਾ ਵਿੱਦਯਾ ਪੜ੍ਹਨ ਵਾਕਰ ਸਿੱਖਿਆ ਹੈ, ਪਰੰਤੂ ਇਹ ਦੱਸੋ ਥਾਂ ਕਿ ਇਸ ਭਗਵਤੀ ਦੇ ਛਲਣ ਨਾਲ ਮੈਨੂੰ ਕੀਹ ਮਿਲੇਗਾ ?

ਸਾਰੰਗਰਵ–ਬੜੀ ਭਾਰੀ ਅਪਦਾ ਤੇ ਦੁੱਖ।

ਦੁਖਜੰਤ–ਨਹੀਂ ਨਹੀਂ, ਇਸ ਗੱਲ ਦੀ ਪਰਤੀਤ ਨਹੀਂ ਕੀਤੀ ਜਾਵੇਗੀ ਕਿ ਪੁਰੁਵੰਸ਼ੀ ਆਪਣੇ, ਅਥਵਾ ਪਰਾਏ ਕਿਸੇ ਲਈ ਅਪਦਾ ਚਾਹੁੰਦੇ (ਮੰਗਦੇ) ਹਨ।

ਸਾਰਦ੍ਵੱਤ–ਹੇ ਸਾਰੰਗਰਵ! ਇਸ ਝਗੜੇ ਵਿੱਚੋਂ ਕੀ ਨਿਕਲੇਗਾ ? ਅਸੀਂ ਤਾਂ ਗੁਰੂ ਜੀ ਦਾ ਸੁਨੇਹਾ ਲਿਆਂਦਾ ਸੀ ਸੋ ਭੁਗਤਾ ਚੁਕੇ ਹਾਂ, ਹੁਣ ਚੱਲੋ ਚਲੀਏ। [ਰਾਜਾ ਵੰਨੀ ਦੇਖਕੇ ਇਹ ਤੇਰੀ ਨਾਰੀ ਨ੍ਰਿਪਤ ! ਤੂੰ ਇਸਦਾ ਭਰਤਾਰ। ਰੱਖਣ ਛੱਡਣ ਦਾ ਸਗਲ ਹੈ ਤੈਨੂੰ ਅਖਤਯਾਰ† ॥ ੧੨੭ ॥ ਦੋ: ॥

ਆਓ ਗੌਤਮੀ ! ਅੱਗੇ ਨੂੰ ਚੱਲੀਏ।

[ਦੋਵੇਂ ਮਿਸਰ ਅਤੇ ਗੌਤਮੀ ਜਾਂਦੇ ਹਨ

ਸ਼ਕੁੰਤਲਾ–ਹਾਇ ਰਬਾ ! ਇਸ ਛਲੀਏ ਨੇ ਤਾਂ ਛੱਡੀ, ਕੀ ਤੁਸੀਂ ਵੀ ਮੈਂ ਦੁਖੀਆ ਨੂੰ ਛੱਡ ਜਾਓਗੇ। [ਉਨ੍ਹਾਂ ਦੇ ਪਿੱਛੇ ਜਾਂਦੀ ਹੈ

ਗੌਤਮੀ (ਖੜੀ ਹੋਕੇ)–ਬੇਟਾ ਸਾਰੰਗਰਵ ! ਇਹ ਦੇਖ ਸ਼ਕੁੰਤਲਾ ਤਾਂ ਪਿੱਛੇ ਪਿੱਛੇ ਰੋਂਦੀ

*ਜਿਸਨੇ ਜਨਮ ਤੋਂ ਲੈਕੇ ਛਲ ਦਾ ਨਾਉਂ ਵੀ ਨਾ ਜਾਣਿਆਂ ਹੋਵੇ, ਉਸਦੀ ਗੱਲ ਤਾਂ ਨਾ ਮੰਨੀਏ ਅਤੇ ਜਿਸਨੇ ਦੂਸਰਿਆਂ ਨੂੰ ਛਲਣਾ ਵਿੱਦਯਾ ਪੜ੍ਹਨ ਵਾਕਰ ਸਿੱਖਯਾ ਹੋਵੇ ਉਸਨੂੰ ਸੱਚਾ ਜਾਣੀਏ।

†ਹੇ ਰਾਜਾ ! ਇਹ ਤੇਰੀ ਇਸਤ੍ਰੀ ਹੈ ਅਤੇ ਤੂੰ ਇਸਦਾ ਪਤੀ ਹੈਂ, ਹੁਣ ਇਸ ਨੂੰ ਰੱਖਣ ਅਤੇ ਨਾ ਰੱਖਣ ਦਾ ਤੈਨੂੰ ਹੀ ਅਖਤਿਆਰ ਹੈ।

Digitized by Panjab Digital Library | www.panjabdigilib.org

ਆਉਂਦੀ ਹੈ,ਵਿਚਾਰੀ ਅਭਾਗੀ ਨੂੰ ਨਿਰ-
ਮੋਹੀ ਪਤੀ ਨੇ ਛੱਡ ਦਿੱਤਾ, ਹੁਣ ਕੀ
ਕੀਤਾ ਜਾਵੇ ?

ਸਾਰੰਗਰਵ (ਕ੍ਰੋਧ ਕਰਕੇ ਸ਼ਕੁੰਤਲਾ ਨੂੰ)—ਕਰਮਾਂ
ਦੀਏ ਮਾਰੀਏ ! ਕੀ ਤੂੰ ਸੁਤੰਤ੍ਰ ਹੋਣਾ
ਚਾਹੁਨੀ ਹੈਂ ? [ਸ਼ਕੁੰਤਲਾ ਥਰ ਥਰ ਕੰਬਦੀ ਹੈ

ਸਾਰੰਗਰਵ—ਹੇ ਸ਼ਕੁੰਤਲਾ !

ਜੇ ਤੂੰ ਐਸੀ ਜੈਸੀ ਨਰਪਤ ਆਖੀ ਆਪ।
ਤਾਂ ਤੂੰ ਜਗ ਵਿੱਚ ਪਤਿਤ ਕਹਾਸੇਂ ਪਿਤ
ਘਰ ਆਦਰ ਹੁਦਿ ਨ ਕਦਾਪਿ। ਜੇਕਰ ਤੂੰ
ਅਪਣੇ ਮਨ ਜਾਣੇ ਸਚ ਮੁਚ ਕੋਈ ਨ ਕੀਤਾ
ਪਾਪ। ਤਾਂ ਤੂੰ ਏਥੇ ਰਹੇ ਤਾਂ ਚੰਗੀ ਬਣ
ਰੋਲੀ ਪਤਿ ਦੀ ਨਿਸ਼ਪਾਪ* ।੧੨੮। ਪਦ।
ਹੁਣ ਤੂੰ ਏਥੇ ਹੀ ਠਹਿਰ ਅਤੇ ਅਸੀਂ
ਆਸ਼੍ਰਮ ਨੂੰ ਜਾਨੇ ਹਾਂ।

ਦੁਖਅੰਤ—ਹੇ ਤਪੱਸੀਓ! ਕਿਉਂ ਇਸ ਵਿਚਾਰੀ
ਨੂੰ ਧੋਖਾ ਦਿੰਦੇ ਹੋ ? ਦੇਖੋ—
ਚੰਦ ਜਗਾਵੇ ਕਵੀਆਂ ਤਾਈਂ, ਸੂਰਜ
ਕਮਲ ਜਗਾਵੇ ਹੈ। ਜਤੀ ਪੁਰਖ ਨਹਿੰ
ਹੱਥ ਪਕੜਦਾ ਪਰ ਨਾਰੀ ਬਹਕਾਵੇ
ਹੈ† ॥ ੧੨੯ ॥ ਪਦ ॥

ਸਾਰੰਗਰਵ—ਸੱਚ ਹੈ, ਪਰੰਤੂ ਤੁਸੀਂ ਐਸੇ ਹੋ ਕਿ
ਦੂਸਰੇ ਦੀ ਸੰਗਤ ਕਰਕੇ ਆਪਣੇ ਪਹਿਲੇ
ਕੀਤੇ ਨੂੰ ਭੁੱਲਦੇ ਹੋ, ਫਿਰ ਅਧਰਮ
ਤੋਂ ਡਰ ਕੈਹਾ ?

ਦੁਖਅੰਤ (ਪੁਰੋਹਤ ਨੂੰ)—ਮੈਂ ਤੈਥੋਂ ਇਸ ਬਾਰੇ
ਵਿਚ ਇਹ ਪੁੱਛਦਾ ਹਾਂ:—

ਮੈਂ ਹੀ ਹੋਇਆ ਬਾਉਲਾ ਕਿ ਇਹ ਝੂਠੀ
ਨਾਰਿ ? ਦੁਚਿਤੇ ਸੰਸੇ ਵਿਚ ਤੂੰ ਅਪਣੇ
ਆਪਿ ਬਿਚਾਰ ॥ ਨਾਰਿ ਤਿਆਗੂ ਮੈਂ
ਬਣਾਂ ਕਰਾਂ ਨਿਰਾਦਰ ਏਸ ॥ ਜਾਂ ਪਰ
ਨਾਰੀ ਪਰਸ ਦਾ ਲਵਾਂ ਪਾਪ ਸਿਰ ਬੇਸ਼*
॥ ੧੩੦ ॥ ਦੋ: ॥

ਪਰੋਹਤ (ਸੋਚਕੇ)—ਹੁਣ ਤਾਂ ਮਹਾਰਾਜ ! ਇਹ
ਕਰਨਾ ਚਾਹੀਏ।

ਦੁਖਅੰਤ—ਜੋ ਕਰਨਾ ਚਾਹੀਏ ਸੋ ਕਿਰਪਾ
ਕਰਕੇ ਦੱਸੋ ?

ਪੁਰੋਹਤ—ਜਦ ਤੱਕ ਇਸ ਭਗਵਤੀ ਨੂੰ ਬਾਲਕ
ਨਹੀਂ ਜਨਮਦਾ ਤਦ ਤਕ ਇਹ ਮੇਰੇ ਘਰ
ਰਹੇ, ਕਿਉਂਕਿ ਚੰਗੇ ਚੰਗੇ ਜੋਤਸ਼ੀਆਂ ਨੇ
ਇਹ ਆਖਿਆ ਹੋਇਆਹੈ ਕਿ ਆਪਦੇ ਘਰ
ਚੱਕ੍ਰਵਰਤੀ ਪੁੱਤਰਹੋਵੇਗਾ, ਸੋ ਜੇ ਕਦੀ ਇਸ
ਮੁਨਿ ਕੰਨਜਾਂ ਦੇ ਕੁੱਖੋਂ ਐਸਾ ਹੀ ਪੱਤਰ
ਜਨਮਿਆਂ ਕਿ ਜਿਸਦੇ ਲੱਛਣ ਚੱਕ੍ਰਵਰਤੀ
ਜੇਹੇ ਪਾਏ ਜਾਣ ਤਾਂ ਇਸਨੂੰ ਆਦਰ ਅਤੇ
ਸਤਿਕਾਰ ਨਾਲ ਰਣਵਾਸ ਵਿੱਚ ਰੱਖਲੈਣਾ,
ਜੇਕਰ ਇਹ ਗਲ ਨਾ ਪਾਈ ਜਾਵੇ ਤਾਂ
ਆਪਣੇ ਪਿਤਾ ਦੇ ਆਸ਼੍ਰਮ ਨੂੰ ਚਲੀਜਾਵੇਗੀ।

ਦੁਖਅੰਤ—ਜੋ ਤੁਸਾਂ ਵੱਡਿਆਂ ਨੂੰ ਚੰਗਾ ਲੱਗੇ
ਸੋਈ ਕਰੋ।

ਪੁਰੋਹਤ (ਸ਼ਕੁੰਤਲਾ ਨੂੰ)—ਆ ਪੁੱਤ੍ਰੀ ਮੇਰੇ ਪਿੱਛੇ

---

*ਹੇ ਸ਼ਕੁੰਤਲਾ ਜੇ ਤੂੰ ਅਜੇਹੀ ਹੈਂ ਜੇਹੀ ਕਿ ਤੈਨੂੰ ਰਾਜਾ ਕਹਿੰਦਾ ਹੈ ਤਾਂ ਤੂੰ ਦੁਸ਼ਨਾਂ ਵਾਲੀ ਹੋਕੇ ਪਿਤਾ ਦੇ ਘਰ ਕੀਕਰ ਜਾਵੇਂਗੀ ? ਜੇਕਰ ਆਪਣੇ ਮਨੋ ਤਨੋ ਸੱਚੀ ਹੈਂ, ਤਾਂ ਤੈਨੂੰ ਆਪਣੇ ਪਤੀ ਦੀ ਗੋਲੀ ਬਣਕੇ ਏਵੇ ਹੀ ਰਹਿਣਾ ਠੀਕ ਹੈ।

†ਚੰਦ੍ਰਮਾ ਕਵੀਆਂ ਨੂੰ ਖਿੜਾਉਂਦਾ ਹੈ ਅਤੇ ਸੂਰਜ ਕਮਲਾਂ ਨੂੰ ਹੀ ਖਿੜਾਉਂਦਾ ਹੈ, ਜਿਤੇਂਦ੍ਰੀ ਪੁਰਖਾਂ ਦੀ ਇਹ ਰੀਤ ਕਦੀ ਨਹੀਂ ਕਿ ਦੂਸਰੀ ਇਸਤ੍ਰੀ ਵਲ ਹੀ ਦੇਖਣ।

*ਨਹੀਂ ਜਾਣਦਾ ਕਿਤੇ ਮੈਂ ਹੀ ਭੁੱਲ ਗਿਆ ਹਾਂ, ਅਥਵਾ ਏਹੋ ਝੂਠ ਕਹਿੰਦੀ ਹੈ, ਇਸ ਬਿਖੜੇ ਸੰਦੇਹ ਵਿਚ ਤੁਸੀਂ ਹੀ ਕੁਝ ਕਹੋ,ਦੋਹਾਂ ਪਾਪਾਂ ਵਿਚੋਂ ਕਿਹੜਾ ਪਾਪ ਵੱਡਾ ਹੈ,ਅਪਣੀ ਇਸਤ੍ਰੀ ਨੂੰ ਤਿਆਗਣਾ ਕਿ ਪਰਾਈ ਇਸਤ੍ਰੀ ਨੂੰ ਗ੍ਰਹਿਣ ਕਰਨਾ।

Digitized by Panjab Digital Library | www.panjabdigilib.org

ਚਲੀ ਆ ।

ਸ਼ਕੁੰਤਲਾ–ਹੇ ਧਰਤੀ ਮਾਤਾ ! ਤੂੰ ਮੇਰੇ ਲਈ ਵਿਹਲ ਦੇਹ ਤਾਂ ਮੈਂ ਤੇਰੇ ਵਿਚ ਸਮਾ ਜਾਵਾਂ।

[ਰੋਂਦੀ ਹੋਈ ਪਰੋਹਤ ਦੇ ਪਿੱਛੇ ਪਿੱਛੇ ਤਪੱਸੀਆਂ ਸਮੇਤ ਜਾਂਦੀ ਹੈ ਅਤੇ ਰਾਜਾ ਸ੍ਰੂਪ ਦੇ ਵੱਸ ਭੁੱਲਿਆ ਹੋਇਆ ਵੀ ਸ਼ਕੁੰਤਲਾ ਦਾ ਧਿਆਨ ਕਰਦਾ ਹੈ।

ਨੇਪਥ ਵਿਚੋਂ–ਅਹਾਹਾ ਬੜਾ ਅਚਰਜ ਹੋਇਆ!

ਦੁਖਜੰਤ(ਕੰਨ ਲਾਕੇ)–ਕੀਹ ਹੋਇਆ ?

[ਪੁਰੋਹਤ ਆਉਂਦਾ ਹੈ

ਪੁਰੋਹਤ (ਹਰਾਨ ਹੋਕੇ)–ਮਹਾਰਾਜ ! ਡਾਢੀ ਹੀ ਅਚਰਜ ਵਾਲੀ ਗੱਲ ਹੋਈ ।

ਦੁਖਜੰਤ–ਕੀਹ ਹੋਇਆ ?

ਪੁਰੋਹਤ–ਜਦ ਏਥੋਂ ਕੰਨ੍ਹ ਜੀ ਦੇ ਚੇਲਿਆਂ ਦੀ ਪਿੱਠ ਫਿਰੀ–

ਅਪਣੇ ਭਾਗਾਂ ਦੀ ਉਹ ਨਿੰਦਿਆ ਟੁਰੀ ਜੁ ਕਰਦੀ ਹੋਈ । ਰੋਈ ਬਾਂਹ ਖਿਲੇਰ ਦੁਖੀ ਹੋ ਤਾਂ ਗਤਿ ਅਚਰਜ ਹੋਈ*।

ਦੁਖਜੰਤ–ਫਿਰ ਕੀ ਹੋਯਾ ?

ਪੁਰੋਹਤ–ਤਦੋਂ 'ਅਪੱਛਰਾਂ ਤੀਰਥ' ਨੇੜੇ ਅੱਚਨ-ਚੇਤੀ ਕੋਈ। ਬਿਜਲੀ ਵਾਂਗ ਚਮਕ ਲੈ ਉਡ ਗਈ ਪਤਾ ਨ ਗਈ ਕਿਥੋਈ*

॥੧੩੧॥ ਪਦ ॥ [ਸਾਰੇ ਹਰਾਨ ਹੁੰਦੇ ਹਨ।

ਦੁਖਜੰਤ–ਮੈਨੂੰ ਜਿਹੜੀ ਗਲ ਪਹਿਲੇ ਭਾਸ ਗਈ ਸੀ, ਓਹੋ ਹੀ ਹੋਈ. ਹੁਣ ਇਸ ਤੇ ਤਰਕ ਕਰਨੀ ਵਿਅਰਥ ਹੈ, ਤੁਸੀਂ ਜਾਓ ਆਰਾਮ ਕਰੋ।

ਪੁਰੋਹਤ–ਮਹਾਰਾਜ ਦੀ ਜੈ ਰਹੇ।

[ਬਾਹਰ ਜਾਂਦਾ ਹੈ।

ਦੁਖਜੰਤ–ਹੇ ਬੈਤ੍ਰਵਤੀ ! ਮੇਰਾ ਜੀਉ ਘਾਬਰਦਾ ਹੈ, ਤੂੰ ਮੈਨੂੰ ਮੇਰੇ ਸੌਣ ਵਾਲੇ ਮਹਲ ਦਾ ਰਾਹ ਦੱਸ ।

ਪ੍ਰਤੀਹਾਰੀ–ਮਹਾਰਾਜ! ਇਸ ਰਸਤੇ ਆਈਏ।

ਦੁਖਜੰਤ (ਚੱਲਦਾ ਹੋਇਆ ਆਪਣੇ ਜੀ ਵਿਚ)–

ਮੈਂ ਚੇਤੇ ਆਏ ਦੇ ਬਾਝੋਂ ਮੁੰਨਿ ਕੰਨਜਾ ਨੂੰ ਤਜਾਗ ਦਿਆ।ਪਰ ਮੇਰਾ ਜੀ ਏਹੋ ਕਹਿੰਦਾ ਉਹ ਸੱਚੀ ਉਨ ਸੱਚ ਕਿਹਾ†॥੧੩੧॥ਪਦ॥

[ਸਾਰੇ ਜਾਂਦੇ ਹਨ।

–ਪੰਜਵਾਂ ਨਾਟ ਸਮਾਪਤ ਹੋਇਆ–

ਛੇਵੇਂ ਨਾਟ ਦੇ ਮੱਧੇ

ਅਸਥਾਨ–ਇਕ ਗਲੀ

[ਰਾਜਾ ਦਾ ਸਾਲਾ ਕੋਤਵਾਲ ਅਤੇ ਦੋ ਸਿਪਾਹੀ ਇਕ ਮਨੁੱਖ ਨੂੰ ਬੰਨ੍ਹਕੇ ਲਿਆਉਂਦੇ ਹਨ]।

ਪਹਿਲਾ ਸਿਪਾਹੀ(ਬੱਧੇਹੋਏਨੂੰਮਾਰਦਾਹੋਇਆ)–ਓਇ ਕੁੰਭਲਕ ! ਤੂੰ ਸੱਚ ਦੱਸ ਇਹ ਮੁੰਦਰੀ ਕਿੱਥੋਂ ਲਈ ਹੈ ? ਇਸਦੇ ਉੱਤੇ ਰਾਜਾ ਦਾ ਨਾਉਂ ਉੱਕਰਿਆ ਹੋਇਆ ਹੈ।

---

*ਜਦ ਉਹ ਆਪਣੇ ਭਾਗਾਂ ਨੂੰ ਨਿੰਦਦੀ ਹੋਈ ਮੇਰੇ ਪਿੱਛੇ ਵਜਾਕੁਲ ਹੋਕੇ ਬਾਹਾਂ ਖਲੀਆਂ ਕਰਕੇ ਰੋਂਦੀ ਹੋਈ ਟੁਰੀ ਜਾ ਰਹੀ ਸੀ ਤਾਂ ਅਪੱਛਰਾਂ ਤੀਰਥ ਦੇ ਕੋਲਵਾਰ ਅੱਚਣਚੇਤੀ ਕਿਸੇ ਪਾਸਿਓਂ ਇਕ ਬਿਜਲੀ ਜੇਹੀ ਚਮਕ ਦੇ ਰੂਪ ਵਿੱਚ ਆਕੇ ਲੈਕੇ ਉੱਡ ਗਈ, ਜਿਸਦਾ ਕੋਈ ਪਤਾ ਨਹੀਂ ਲੱਗਦਾ ਕਿ ਕਿੱਥੇ ਅਲੋਪ ਹੋ ਗਈ।

†ਭਾਵੇਂ ਸੁੱਧ ਨਾ ਆਉਣੇ ਤੇ ਮੈਂ ਉਸ ਕੰਨਜਾਂ ਦਾ ਅੰਗੀਕਾਰ ਨਹੀਂ ਕੀਤਾ, ਪਰੰਤੂ ਮੇਰਾ ਜੀਉ ਕਹਿੰਦਾ ਹੈ ਕਿ ਉਸ ਸੱਚੀ ਤੀਵੀਂ ਦਾ ਕਹਿਣਾ ਸੱਚਾ ਹੀ ਹੋਵੇਗਾ।

Digitized by Panjab Digital Library | www.panjabdigilib.org

ਕੁੰਭਲਕ (ਕੰਬਦਾ ਹੋਇਆ)–ਮੈਂ ਗਰੀਬ ਤੇ ਦਯਾ ਕਰੋ, ਮੈਂ ਏਡਾ ਅਪਰਾਧੀ ਨਹੀਂ ਹਾਂ ਜੇਡਾਕੁ ਤੁਸਾਂ ਸਮਝਿਆ ਹੈ।

ਪਹਿਲਾ ਸਿਪਾਹੀ–ਕੀਹ ਤੂੰ ਕੋਈ ਉੱਤਮ ਬਾਹਮਣ ਹੈਂ ਜੁ ਸੁਪਾਤ੍ਰ ਸਮਝਕੇ ਰਾਜਾ ਜੀ ਨੇ ਇਹ ਮੁੰਦਰੀ ਤੈਨੂੰ ਦੱਖਣਾ ਦਿੱਤੀ ਹੈ?

ਕੁੰਭਲਕ–ਸੁਨੋ, ਮੈਂ ਸ਼ੁਕ੍ਰਾਵਤਾਰ ਤੀਰਥ ਦਾ ਝੀਉਰ ਹੈਗਾ ਹਾਂ।

ਦੂਜਾ ਸਿਪਾਹੀ-ਓਇ ਪੱਕੇ ਚੋਰਾ ! ਅਸੀਂ ਤੇਰੀ ਕੋਈ ਜਾਤ ਪਾਤ ਪੁੱਛਦੇ ਹਾਂ ?

ਕੋਤਵਾਲ–ਇਸਨੂੰ ਆਪਣਾ ਹਾਲ ਹਵਾਲ ਸਾਰਾ ਕਹਿਣ ਦਿਓ, ਵਿੱਚੋਂ ਨਾ ਟੋਕੋ।

ਦੋਵੇਂ ਸਿਪਾਹੀ–ਜੀਕਰ ਕੋਤਵਾਲ ਸਾਹਿਬ ਕਹਿੰਦੇ ਹਨ ਓਸੇ ਤਰ੍ਹਾਂ ਕਰ ਓਇ !

ਕੁੰਭਲਕ–ਮੈਂ ਤਾਂ ਜਾਲ ਕੁੰਡੀਆਂ ਨਾਲ ਮੱਛੀਆਂ ਫੜਕੇ ਆਪਣੇ ਕੁਟੰਬ ਦਾ ਪਾਲਨ ਪੋਸਨ ਕਰਦਾ ਸੀ।

ਕੋਤਵਾਲ–ਤੇਰੀ ਬੜੀ ਚੰਗੀ ਰੋਜ਼ੀ ਹੈ।

ਕੁੰਭਲਕ–ਸੁਆਮੀ ਜੀ! ਇਉਂ ਨਾ ਆਖੋ,

ਜੋ ਜਿਸਦੇ ਕੁਲ ਧਰਮ ਹੋਇ ਪ੍ਰਭ ਸੋ ਨਹਿੰ ਵਰਜਣ ਜੋਗ। ਭਾਵੇਂ ਕੋਹਾ ਨਿੰਦਤ ਹੋਵੇ ਇਉਂ ਆਖਣ ਸਭ ਲੋਗ। ਪਸੂ ਮਾਰਨੇ ਕਰਮ ਭਿਆਨਕ ਬ੍ਰਾਹਮਣ ਸ਼੍ਰੋਤ੍ਰੀ ਲੋਗ। ਬਲੀ ਦਾਨ ਹਿਤ ਮਾਰਨ ਉਹ ਭੀ ਦਯਾਵਾਨ ਬਿਨ ਸੋਗ* ॥ ੧੩੨ ॥ ਪਦ ॥

ਕੁਤਵਾਲ–ਫਿਰ ਕੀਹ ਹੋਇਆ ?

*ਜੋ ਜਿਸਦੇ ਕੁਲ ਦਾ ਧਰਮ ਹੈ ਉਹ ਉਸੇ ਵਿਚ ਲਿਵਲੀਨ ਹੈ, ਭਾਵੇਂ ਬੁਰਾ ਹੈ ਭਾਵੇਂ ਚੰਗਾ ਹੈ, ਕਿਉਂਕਿ ਪਸੂ ਮਾਰਨੇ ਭਾਵੇਂ ਭਾਰੀ ਨਿਰਦੈਤਾ ਪਣੇ ਦਾ ਕੰਮ ਹੈ, ਤਾਂ ਭੀ ਸ਼੍ਰੋਤ੍ਰੀ (ਬੇਦ ਪਾਠੀ ਬ੍ਰਾਹਮਣ) ਦਯਾਵਾਨ ਹੋਕੇ ਵੀ ਇਸ ਕੰਮ ਨੂੰ ਬਲੀਦਾਨ ਵਾਸਤੇ ਕਰਦੇ ਹੀ ਹਨ।

ਕੁੰਭਲਕ–ਇਕ ਦਿਨ ਰੋਹੂ ਮੱਛੀ ਫੜਕੇ ਵੱਢੀ ਤਾਂ ਉਸਦੇ ਢਿੱਡ ਵਿਚੋਂ ਇਹ ਹੀਰੇ ਜੜੀ ਮੁੰਦਰੀ ਨਿਕਲ ਆਈ ਸੀ। ਅੱਜ ਮੈਂ ਇਸਨੂੰ ਵੇਚਣ ਲਈ ਦਿਖਾ ਰਿਹਾ ਸਾਂ ਕਿ ਇੰਨੇ ਤਾਈਂ ਤੁਸਾਂ ਆਣ ਪਕੜਿਆ। ਬੱਸ ਇੰਨਾਂ ਹੀ ਇਸਦਾ ਵਿਰਤੰਤ ਹੈ। ਹੁਣ ਜੋ ਕੁਝ ਤੁਹਾਡੇ ਧਰਮ ਵਿੱਚ ਆਵੇ ਸੋ ਕਰੋ, ਚਾਹੇ ਮਾਰੋ ਚਾਹੇ ਛੱਡੋ।

ਕੋਤਵਾਲ–ਓਇ ਜਾਨਕ ! ਇਸ ਦੇ ਸ਼ਰੀਰ ਵਿਚੋਂ ਕੱਚੇ ਮਾਸ ਦੀ ਮੁਸ਼ਕ ਆਉਂਦੀ ਹੈ, ਇਸ ਗੱਲੇ ਭਰੋਸਾ ਹੁੰਦਾ ਹੈ ਕਿ ਇਹ ਗੁਹ* ਖਾਣ ਵਾਲਾ ਝੀਵਰ ਹੈ, ਪਰੰਤੂ ਮੁੰਦਰੀ ਮਿਲਣ ਦੇ ਬਾਰੇ ਵਿੱਚ ਇਸ ਕੋਲੋਂ ਹੋਰ ਵੀ ਪੁੱਛ ਗਿੱਛ ਹੋਣੀ ਚਾਹੀਏ। ਚਲੋ ਰਾਜਾ ਦੇ ਪਾਸ ਚੱਲੀਏ।

ਦੋਵੇਂ ਸਿਪਾਹੀ–ਜੀ, ਸਤਿ ਬਚਨ ! ਓਇ ਗੰਢੀ ਛੋੜੇ ! ਚੱਲ ਤੁਰ। [ਸੱਭੇ ਜਾਂਦੇ ਹਨ।

ਕੋਤਵਾਲ–ਓਇ ਸੁਚਕੋ ! ਤੁਸੀਂ ਦੋਵੇਂ ਨਗਰ ਦੇ ਦਰਵਾਜ਼ੇ ਦੀ ਖਬਰ ਰੱਖੋ, ਦੇਖੋ ਕਿਤੇ ਮਤਵਾਲੇ ਨਾ ਹੋ ਜਾਣਾ, ਮੈਂ ਹੁਣੇ ਹੀ ਮੁੰਦਰੀ ਲੱਭਣ ਦਾ ਹਾਲ ਸੁਣਾਕੇ ਰਾਜਾ ਜੀ ਦਾ ਹੁਕਮ ਲੈ ਆਵਾਂ।

ਦੋਵੇਂ ਸਿਪਾਹੀ–ਚੰਗਾ, ਜਾਓ ਮਹਾਰਾਜ ! ਸੁਆਮੀ ਨੂੰ ਪ੍ਰਸੰਨ ਕਰ ਆਓ।

[ਕੋਤਵਾਲ ਜਾਂਦਾ ਹੈ।

ਪਹਿਲਾ ਸਿਪਾਹੀ–ਓਇ ਜਾਨੁਕ ! ਕੁਟਵਾਲ ਸਾਹਿਬ ਹੋਰਾਂ ਨੂੰ ਤਾਂ ਬੜਾ ਚਿਰ ਲੱਗਾ।

ਦੂਜਾ–ਰਾਜਿਆਂ ਪਾਸ ਵਿਹਲ ਹੀ ਹੋਵੇ ਤਾਂ

*ਗੁਹ ਇਕ ਮੋਟੇ ਭਾਰੇ ਕਿਰਲੇ ਦੀ ਸੂਰਤ ਦਾ ਜਾਨਵਰ ਹੁੰਦਾ ਹੈ, ਉਸਨੂੰ ਸੰਸਕ੍ਰਿਤ ਵਿੱਚ ਗੋਧਾ ਕਰਕੇ ਕਹਿੰਦੇ ਹਨ, ਗੁਹ ਦਾ ਮਾਸ ਧਰਮ ਸ਼ਾਸਤ੍ਰਾਂ ਵਿੱਚ ਪਵਿੱਤ੍ਰ ਲਿਖਿਆ ਹੈ।

Digitized by Panjab Digital Library | www.panjabdigilib.org

ਹੀ ਅੱਪੜੀਦਾ ਹੈ।

ਪਹਿਲਾ (ਝੀਵਰ ਵੱਲ ਤੱਕ ਕੇ)–ਓਇ ਜਾਨੁਕ ! ਇਹ ਮੁਜਰਮ ਸੂਲੀ ਚੜ੍ਹੇਗਾ, ਇਸ ਦੇ ਸਿਰ ਸਿਹਰਾ* ਦੇਣ ਲਈ ਮੇਰੇ ਹੱਥਾਂ ਵਿਚ ਖੁਰਕ ਹੋ ਰਹੀ ਹੈ।

ਕੁੰਭਲਕ–ਮੈਨੂੰ ਬਿਨਾਂ ਕਿਸੇ ਜੁਰਮ ਦੇ ਕਿਉਂ ਮਾਰਿਆ ਚਾਹੁੰਦੇ ਹੋ ?

ਦੂਜਾ ਸਿਪਾਹੀ (ਦੇਖ ਕੇ)–ਲਓ, ਕੁਟਵਾਲ ਜੀ ਤਾਂ ਹੱਥ ਵਿੱਚ ਕੋਈ ਪਰਵਾਨਾ ਲਈ ਆਉਂਦੇ ਹਨ। ਓਇ ਕੁੰਭਲਕ ! ਹੁਣ ਤਾਂ ਚੀਲ੍ਹਾਂ ਦਾ ਭੋਜਨ ਬਣੇਂਗਾ, ਜਾਂ ਕੁੱਤਿਆਂ ਦਾ ਮੂੰਹ ਦੇਖੇਂਗਾ।

[ਕੋਤਵਾਲ ਆਉਂਦਾ ਹੈ।

ਕੋਤਵਾਲ (ਆਉਂਦਿਆਂ ਹੀ)–ਓਇ ਸੂਚਕ ! ਇਸ ਝੀਵਰ ਨੂੰ ਛੱਡ ਦੇਹ, ਮੁੰਦਰੀ ਦਾ ਸਾਰਾ ਭੇਤ ਖੁੱਲ੍ਹ ਗਿਆ।

ਸੂਚਕ–ਸੱਤ ਬਚਨ ਜੀ।

ਦੂਜਾ ਸਿਪਾਹੀ–ਇਹ ਤਾਂ ਮੌਤ ਦੇ ਮੂੰਹ ਵਿਚੋਂ ਮੁੜ ਆਇਆ ਹੈ। [ਬੰਧਨ ਖੋਲ੍ਹ ਦਿੰਦਾ ਹੈ

ਕੁੰਭਲਕ (ਕੋਤਵਾਲ ਨੂੰ ਹੱਥ ਜੋੜਕੇ)–ਦੱਸੋ ਖਾਂ ਮਹਾਰਾਜ ! ਮੇਰੀ ਰੋਜੀ ਕੇਹੀਕੁ ਹੈ ?

ਕੋਤਵਾਲ-ਓਇ ! ਮਹਾਰਾਜ ਦਾ ਹੁਕਮ ਹੋਇਆ ਹੈ ਕਿ ਮੁੰਦਰੀ ਦਾ ਪੂਰਾ ਮੁੱਲ ਤੈਨੂੰ ਮਿਲੇ ਅਤੇ ਹੋਰ ਵੀ ਕੁਝ ਦਿੱਤਾ ਜਾਵੇ,ਸੋ ਇਹ ਲੈ। [ਧਨ ਦਿੰਦਾ ਹੈ

ਕੁੰਭਲਕ (ਹਥ ਜੋੜਕੇ ਅਤੇ ਧਨ ਲੈਕੇ)–ਸੁਆਮੀ ਨੇ ਮੇਰੇ ਤੇ ਬੜੀ ਕ੍ਰਿਪਾ ਕੀਤੀ।

ਸੂਚਕ–ਦਯਾ ਕਿਉਂ ਨਹੀਂ ਕੀਤੀ, ਤੈਨੂੰ ਸੂਲੀਓਂ ਲਾਹਕੇ ਹਾਥੀ ਤੇ ਚੜ੍ਹਾ ਦਿੱਤਾ, ਹੁਣ ਤੂੰ ਕਿਉਂ ਨਾ ਕਹੇਂ।

ਜਾਨੁਕ–ਕੁਟਵਾਲ ਜੀ ! ਇਸ ਇਨਾਮ ਤੋਂ ਜਾਣਿਆਂ ਜਾਂਦਾ ਹੈ ਕਿ ਮੁੰਦਰੀ ਵਡ-ਮੁੱਲੀ ਹੋਵੇਗੀ।

ਕੁਤਵਾਲ–ਮੇਰੀ ਸਮਝ ਵਿੱਚ ਤਾਂ ਮਹਾਰਾਜ ਨੇ ਮੁੰਦਰੀ ਦਾ ਰਤਨ ਤਾਂ ਵਡਮੁੱਲਾ ਨਹੀਂ ਜਾਤਾ, ਪਰੰਤੂ ਮੁੰਦਰੀ ਦੇਖਦਿਆਂ ਸਾਰ ਰਾਜਾ ਨੂੰ ਕਿਸੇ ਆਪਣੇ ਪਿਆਰੇ ਦੀ ਸੁਧ ਆ ਗਈ ਹੈ, ਕਿਉਂਕਿ ਭਾਵੇਂ ਮਹਾਰਾਜ ਦਾ ਸੁਭਾਉ ਬੜਾ ਗੰਭੀਰ ਹੈ ਤਾਂ ਭੀ ਮੁੰਦਰੀ ਦੇਖਕੇ ਥੋੜੇ ਚਿਰ ਲਈ ਉਦਾਸ ਜਿਹੇ ਹੋ ਗਏ ਸਨ।

ਸੂਚਕ–ਤਦ ਤਾਂ ਤੁਸਾਂ ਰਾਜਾ ਜੀ ਦਾ ਬੜਾ ਕੰਮ ਕੀਤਾ।

ਜਾਨੁਕ–ਇਉਂ ਕਿਉਂ ਨਹੀਂ ਕਹਿੰਦਾ ਇਸ ਝੀਵਰ ਦਾ ਬੜਾ ਕੰਮ ਕੀਤਾ।

[ਈਰਖਾ ਭਰੀਆਂ ਅੱਖਾਂਨਾਲਝੀਵਰਵੰਨੀ ਤਕਦਾਹੈ

ਕੁੰਭਲਕ–ਗੁੱਸੇ ਨਾ ਹੋ,ਇਸ ਮੁੰਦਰੀ ਦਾ ਅੱਧਾ ਮੁੱਲ ਸਿਹਰੇ ਦੇ ਬਦਲੇ ਤੈਨੂੰ ਵੀ ਦਿਆਂਗਾ।

ਜਾਨੁਕ–ਤੈਨੂੰ ਇਜੇਹਾ ਹੀ ਚਾਹੀਦਾ ਹੈ।

ਕੁਤਵਾਲ–ਓਇ ਝੀਉਰਾ ! ਹੁਣ ਤਾਂ ਤੂੰ ਸਾਡਾ ਬੜਾ ਪਿਆਰਾ ਯਾਰ ਹੋ ਗਿਆ ਹੈਂ, ਚੱਲ ਖਾਂ ਕਲਾਲ ਦੀ ਹੱਟੀ ਤੇ ਸ਼ਰਾਬ ਕੋਰ ਨੂੰ ਇਸ ਯਰਾਨੇ ਦਾ ਸਾਥੀ ਬਣਾਈਏ।

[ਸਭੇ ਜਾਂਦੇ ਹਨ

–ਇਤਿ ਮੱਧੇ–

*ਸੂਲੀ ਦੇਣ ਵੇਲੇ ਮੁਜਰਮ ਦੇ ਗਲ ਫੁੱਲਾਂ ਦੀ ਮਾਲਾ ਪਹਿਨਾਈ ਜਾਂਦੀ ਹੁੰਦੀ ਸੀ।

Digitized by Panjab Digital Library | www.panjabdigilib.org

ਨਾਟ ਛੇਵਾਂ

ਅਸਥਾਨ—ਰਾਜ ਮਹਲ ਦੀ ਫੁਲਵਾੜੀ

[ਅਕਾਸ਼ੋਂ ਸਾਨਮਤੀ ਨਾਮੀ ਅੱਛਰਾਂ ਬਿਮਾਨ ਤੇ ਬੈਠੀ ਹੋਈ ਉਤਰਦੀ ਹੈ]

ਸਾਨਮਤੀ—ਜਦ ਤੱਕ ਸੱਜਣਾਂ ਦੇ ਨ੍ਹਾਉਣੇ ਦਾ ਵੇਲਾ ਹੈ ਤਦ ਤਕ ਸਾਨੂੰ ਅੱਛਰਾਂ ਤੀਰਥ ਤੇ ਵਾਰੀ ਵਾਰੀ ਨਾਲ ਜਾਣਾ ਪੈਂਦਾ ਹੈ। ਇਸ ਕੰਮੋਂ ਤਾਂ ਮੈਂ ਵਿਹਲੀ ਹੋਈ। ਹੁਣ ਚੱਲਕੇ ਉਸ ਰਾਜ ਰਿਖੀ ਦਾ ਹਾਲ ਦੇਖਾਂ, ਕਿਉਂਕਿ ਮੇਨਕਾ ਦੇ ਸੰਬੰਧ ਨਾਲ ਸ਼ਕੁੰਤਲਾ ਤਾਂ ਮੇਰਾ ਅੰਗ ਹੀ ਹੋ ਗਈ ਹੋਈ ਹੈ, ਅਤੇ ਮੇਨਕਾ ਨੇ ਹੀ ਮੈਨੂੰ ਆਪਣੀ ਧੀ ਦੇ ਕੰਮ ਲਈ ਭੇਜਿਆ ਵੀ ਹੈ (ਚਹੁਵੀਂ ਲਾਂਭੀ ਤੱਕਕੇ) ਹੈਂ? ਇਹ ਕੀ, ਰਿਤੋਤਸਵ* ਦੇ ਦਿਨਾਂ ਵਿੱਚ ਹੀ ਰਾਜ ਮਹਿਲਾਂ ਵਿਚ ਕੇਹੀ ਉਦਾਸੀ ਛਾਈ ਹੋਈ ਹੈ। ਮੇਰੇ ਵਿੱਚ ਇਹ ਸਮਰੱਥਾ ਤਾਂ ਹੈਗੀ ਹੈ ਕਿ ਮੈਂ ਕਿਸੇ ਨੂੰ ਨਾ ਦਿੱਸਾਂ ਅਤੇ ਮੈਂ ਸੱਭੋ ਕੁਝ ਦੇਖ ਭਾਲ ਕਰ ਲਵਾਂ, ਪਰ ਆਪਣੀ ਦੁਭੈਣ ਦੀ ਆਗਜਾ ਮੰਨਣੀ ਚਾਹੀਦੀ ਹੈ,ਇਸਲਈ ਬਨ ਰਖਵਾਲੀਆਂ ਦੇ ਪਾਸ ਵਾਰ ਹੀ ਆਪਣੀ ਮਾਇਆ ਦੇ ਆਸਰੇ ਗੁਪਤ ਹੋਕੇ ਬੈਠ ਜਾਵਾਂ।

[ਬਿਮਾਨ ਤੋਂ ਉਤਰਕੇ ਲੁਕਕੇ ਬੈਠਦੀ ਹੈ

[ਇਕ ਰੋਲੀ ਅੰਬ ਦੀ ਮੰਜਰੀ ਦੇਖਦੀ ਹੋਈ ਆਉਂਦੀ ਹੈ ਅਤੇ ਦੂਜੀ ਉਸਦੇ ਪਿੱਛੇ ਹੈ]

ਪਹਿਲੀ ਰੋਲੀ—ਰਸ ਦੀ ਭਰੀ ਮੰਜਰੀ ਏਹ।
ਅਹੋ ਅੰਬ ਦੀ ਹਰੀ ਤੇ ਪੀਲੀ ਲਾਲ ਖਿਲੀ ਹੈ ਕਰਕੇ ਨੇਹੁ। ਤੂੰਹੇਂ ਸਰਵੰਸ ਸੋਭਦਾ ਰਿਤ ਬਸੰਤ ਸੋਭੈ ਸੰਗੇਹੁ। ਪਹਿਲਾ ਦਰਸ਼ਨ ਹੈ ਅਜ ਤੇਰਾ ਕਰਾਂ ਬੇਨਤੀ ਮੁਰ-ਵਰ ਦੇਹੁ* ॥ ੧੩੪ ॥ ਪਦ ॥

ਦੂਜੀ ਰੋਲੀ—ਹਾਇ ਨੀ ਕੋਇਲੇ ! ਤੂੰ ਆਪਣੇ ਆਪ ਕੀ ਕਹਿ ਰਹੀ ਹੈਂ ?

ਪਹਿਲੀ—ਨੀ ਮਧੁਕਰੀ† ਅੰਬ ਦੀ ਮੰਜਰੀ ਦੇਖਕੇ ਕੋਇਲ ਅੱਵੱਸੋਂ ਮਸਤ ਹੋਜਾਂਦੀਹੈ!

ਦੂਜੀ ਰੋਲੀ (ਪ੍ਰਸੰਨ ਹੋਕੇ ਤੇ ਨੇੜੇ ਜਾਕੇ)—ਕਿਉਂ ਨੀ ਅੜੀਏ ! ਬਸੰਤ ਰੁਤ ਆ ਗਈ ਹੈ ?

ਪਹਿਲੀ—ਆਹੋ ਨੀ,ਤੇਰੇ ਮਿੱਠੇ ਗੀਤ ਗਾਉਣ ਦੇ ਦਿਨ ਆ ਗਏ ਹਨ।

ਦੂਜੀ—ਅੜੀਏ! ਮੈਂ ਕਾਮਦੇਵ ਦੀ ਭੇਟਾ ਕਰਨ ਲਈ ਇਸ ਅੰਬ ਦੇ ਬੂਟੇ ਤੋਂ ਮੰਜਰੀ ਲਵਾਂਗੀ.ਤੂੰ ਮੈਨੂੰ ਕੁਝ ਸਹਾਰਾ ਦੇਕੇ ਚੋੜ੍ਹਾ

---

*ਰਿਤੋਤਸਵ ਦਾ ਭਾਵ ਬਸੰਤ ਪੰਚਮੀ ਦੇ ਉਤਸਵ ਦਾ ਹੈ, ਪ੍ਰੰਤੂ ਇਹ ਭੀ ਯਾਦ ਰਹੇ ਕਿ ਹਿੰਦੂਆਂ ਵਿੱਚ ਹਰ ਇਕ ਰੁੱਤ ਵਿੱਚ ਉਤਸਵ ਮਨਾਏ ਜਾਂਦੇ ਹਨ, ਜੇਹਾ ਕੁ ਵਰਖਾ ਰਿਤੁ ਵਿੱਚ ਸਾਵੇਂ ਅਤੇ ਤੀਜਾਂ, ਸਰਦ ਵਿੱਚ ਨੁਰਾਤੇ, ਹਿਮ ਰਿਤ ਵਿੱਚ ਦੀਵਾਲੀ ਤੇ ਟੁਕੜੀ(ਕਾਤਕੀ),ਸਿਸਰ ਵਿੱਚ ਹੋਲੀਆਂ,ਬਸੰਤ ਵਿੱਚ ਬਸੰਤ ਪੰਚਮੀ,ਨੁਰਾਤੇ, ਰਾਮ ਨੌਮੀ,ਵਿਸਾਖੀ ਅਤੇ ਗ੍ਰੀਖਮ ਵਿੱਚਭੱਦ੍ਰਕਾਲੀ, ਨਿਮਾਣੀ, ਅਖੈਤੀਜ ਆਦਿਕ ਵਿਦਮਾਨ ਹਨ।

*ਹੇ ਅੰਬ ਦੀ ਮੰਜਰੀ ! ਅਨੰਦ ਨਾਲ ਭਰੀ ਹੋਈ ਤੇਰੀ ਸ਼ੋਭਾ ਕੁਝ ਹਰੀ, ਕੁਝ ਪੀਲੀ ਅਤੇ ਕੁਝ ਲਾਲੀ ਦੀ ਭਾ ਮਾਰਦੀ ਹੋਈ ਖਿਲੀ ਹੋਈ ਹੈ। ਤੂੰਹੇਂ ਬਸੰਤ ਰਿਤੁ ਦਾ ਮਾਲ ਧਨ ਸਰਬੰਸ ਜੀਵਨ ਮੂਲ ਹੈਂ ਅਤੇ ਤੂਹੇਂ ਬਸੰਤ ਦੀ ਸੋਭਾ ਰੂਪ ਵੀ ਹੈਂ। ਅੱਜ ਤੇਰਾ ਪਹਿਲਾ ਹੀ ਦਰਸ਼ਨ ਮੈਨੂੰ ਹੋਇਆ ਹੈ, ਇਸ ਲਈ ਬੇਨਤੀ ਕਰਦੀ ਹਾਂ ਤੂੰ ਇਹ ਰਿਤੁ ਦੀ ਮੰਗਲ ਤੇ ਖੁਸ਼ੀਆਂ ਕਰਨ ਵਾਲੀ ਹੋਵੀਂ।

†ਮਧੁਕਰੀ ਨਾਉਂ ਮਧੁਰਕਾ ਗੋਲੀ ਦਾ ਹੈ।

Digitized by Panjab Digital Library | www.panjabdigilib.org

ਉੱਚਾ ਕਰੇਂ ਤਾਂ ਤੋੜ ਲਵਾਂ।

ਪਹਿਲੀ–ਜੇ ਮੈਂ ਤੇਨੂੰ ਉੱਚਿਆਂ ਕਰਾਂਗੀ ਤਾਂ ਜੋ ਭੇਟਾ ਅਰਪਣ ਕਰਨ ਤੋਂ ਫਲ ਮਿਲੇਗਾ ਉਹ ਅੱਧਾ ਮੈਂ ਲਵਾਂਗੀ।

ਦੂਜੀ–ਭਲਾ ਜੇ ਤੂੰ ਇਹ ਨਾ ਕਹਿੰਦੀ ਤਾਂ ਕੀ ਅੱਧਾ ਤੈਨੂੰ ਨਾ ਮਿਲਦਾ ? ਮੇਰੇ ਅਤੇ ਤੇਰੇ ਵਿੱਚ ਵਿਧ ਮਾਤਾ ਨੇ ਇਕ ਪ੍ਰਾਣ ਤੇ ਦੋ ਦੇਹਾਂ ਬਣਾਈਆਂ ਹਨ। (ਸ਼ਖੀ ਦਾ ਸਹਾਰਾ ਲੈਕੇ ਮੰਜਰੀ ਤੋੜਦੀ ਹੈ) ਵਾਹਵਾ, ਇਹ ਤਾਂ ਅੰਬਦੀਆਂ ਕਲੀਆਂ ਖਿੜੀਆਂ ਵੀ ਨਹੀਂ ਹਨ, ਤਦ ਵੀ ਜਿੱਥੋਂ ਟੁੱਟੀਆਂ ਹਨ ਕੇਹੀ ਸੁਹਾਵਣੀ ਮਹਿਕ ਦਿੰਦੀਆਂ ਹਨ।

[ਦੋਹਾਂ ਹੱਥਾਂ ਵਿਚ ਲੈਕੇ ਅਦਬ ਨਾਲ ਮੰਜਰੀ ਅਰਪਨ ਕਰਦੀ ਹੈ

ਮੈਂ ਤੈਨੂੰ ਹਾਂ ਅਰਪਣ ਕਰਦੀ। ਅੰਬ ਮੰਜਰੀ ਸਿਰ ਮੱਥੇ ਤੋਂ ਹੈ ਮੈਥੋਂ ਇਹ ਸਰਦੀ । ਕਾਮਦੇਵ ਮਹਾਂਰਾਜ ਲਿਆ ਜਿਸ ਧਨੁਖ ਹੁਣੇ ਹਥ ਅਪਨੇ । ਤੂੰ ਪੰਜਾਂ ਬਾਣਾਂ ਵਿਚ ਹੈਵੀਂ ਸਭ ਤੋਂ ਤਿੱਖਾ ਤਪਨੇ। ਵਿੰਨ੍ਹੀ ਪ੍ਰਾਣ ਗਏ ਪਰਦੇਸ਼ ਜੁ ਪਿੱਛੇ ਬਿਰਹੀ ਨਾਰੀ'।ਮੋਹਨ ਤਾਪਨ ਬਸ ਉਨਮਾਦਨ ਉੱਚਾਟਨ ਅਨੁਸਾਰੀ*।੧੩ਪ।ਪਦ।

[ਕੰਚੁਕੀ ਆਉਂਦਾ ਹੈ

*ਹੇ ਅੰਬ ਦੀ ਮੰਜਰੀ ! ਮੈਂ ਤੈਨੂੰ ਕਾਮਦੇਵ ਦੇ ਅਰਪਣ ਕਰਦੀ ਹਾਂ, ਜਿਸ ਕਾਮ ਨੇ ਅਜੇ ਹੁਣੇ ਹੀ ਧਨੁਖ ਹਥ ਵਿੱਚ ਲਿਆ ਹੈ, ਤੂੰ ਉਸਦੇ ਪੰਜਾਂ ਬਾਣਾਂ ਵਿਚੋਂ ਬਹੁਤ ਤ੍ਰਿੱਖਾ ਬਾਣ ਬਿਦੇਸ਼ੀਆਂ ਦੀਆਂ ਬਿਰਹਣੀਆਂ ਤੀਵੀਆਂ ਦੇ ਕਲੇਜੇ ਵਿੰਨ੍ਹਣ ਵਾਲਾ ਹੋਵੀਂ।

ਕਾਵਜ ਮਤ ਵਾਲਿਆਂ ਨੇ ਕਾਮਦੇਵ ਦਾ ਧਨੁਖ ਗੰਨੇ ਦਾ ਅਤੇ ਚਿੱਲਾ ਭੌਰਿਆਂ ਦੀ ਡਾਰ ਦਾ ਲਿਖਿਆ ਹੈ, ਅਤੇ ਪੰਜ ਬਾਣ ਇਹ ਲਿਖੇ ਹਨ– ਦੋਹਰਾ–ਮੋਹਨ, ਤਾਪਨ, ਬਸ ਕਰਨ, ਉਨਮਾ-

[ਬਾਕੀ ਟੂਕ ਦੇਖੋ ਦੂਜੇ ਅੱਧ ਹੇਠ

ਕੰਚੁਕੀ (ਕੁਝ ਝਿੜਕਕੇ)–ਸ਼ੁਦਾਇਣੇ ! ਰਾਜਾ ਜੀ ਨੇ ਤਾਂ ਹੁਕਮ ਦੇ ਛੱਡਿਆ ਹੋਇਆ ਹੈ ਕਿ ਇਸ ਵਰ੍ਹੇ ਬਸੰਤੋਤਸਵ ਨਹੀਂ ਮਨਾਇਆ ਜਾਵੇਗਾ, ਫਿਰ ਤੁਸੀਂ ਕਿਉਂ ਅੰਬ ਦੀਆਂ ਕਲੀਆਂ ਤੋੜਦੀਆਂ ਫਿਰਦੀਆਂ ਹੋ?

ਦੋਵੇਂ (ਡਰਦੀਆਂ ਹੋਈਆਂ)–ਇਹ ਹੁਣ ਦਾ ਕਸੂਰ ਸਾਡਾ ਬਖਸ਼ ਦਿਓ, ਸਾਨੂੰ ਇਸ ਹੁਕਮ ਦੀ ਖਬਰ ਨਹੀਂ ਸੀ ਕਿ ਰਾਜਾ ਜੀ ਨੇ ਬੰਦ ਕੀਤਾ ਹੋਇਆ ਹੈ।

ਕੰਚੁਕੀ–ਤੁਸਾਂ ਨਹੀਂ ਜਾਤਾ ਕਿ ਬਾਗ ਦੇ ਬ੍ਰਿੱਛਾਂ ਨੇ ਅਤੇ ਉਨ੍ਹਾਂ ਤੇ ਵੱਸਣ ਵਾਲੇ ਪੰਖੀਆਂ ਨੇ ਵੀ ਤਾਂ ਮਹਾਰਾਜਾ ਦੀ ਆਗਜ਼ਾ ਮੰਨੀ ਹੋਈ ਹੈ। ਦੇਖੋ:–

ਭਾਵੇਂ ਕਈ ਦਿਨਾਂ ਤੋਂ ਲੱਗੀਆਂ ਕਲੀਆਂ ਅੰਬਾਂ ਤਾਈਂ। ਨਹੀਂ ਪਰਾਗ ਦਿੰਦੀਆਂ ਹਨ ਇਹ ਤਿਵੇਂ ਕੁੜਾ ਲਖ ਪਾਹੀ। ਲਗੀ ਕਲੀ ਪਰ ਖਿੜਦਾ ਨਾਹੀਂ ਤਿਉਂ ਕੋਇਲ

ਪਹਿਲੇ ਅੱਧ ਦੀ ਟੂਕ ਦੀ ਬਾਕੀ]

ਦਨ, ਉੱਚਾਟ। ਪਾਂਚ ਬਾਨ ਮਨਮਥਨ ਕੇ ਗਏ ਬਿਰਹਨ ਤਨ ਕਾਟ।

ਪੁਨਾ:–ਭਰਤ ਮੁਨੀ ਦੇ ਮਤ ਵਿੱਚ ਇਹ ਬਾਨ ਲਿਖੇ ਹਨ:–ਹਰਖਨ ੧ ਪ੍ਰਹਰਸਨ ੨, ਮੋਹਨ ੩, ਮੁਰਛਨ ੪, ਬਿਕਰਖਨ ੫।

ਪੁਨਾ:–ਕਿਸੀ ਰੀਤਕਾਰ ਨੇਇਹ ਲਿਖੇ ਹਨ– ਅਰਵਿੰਦ ੧, ਅਸ਼ੋਕ ੨, ਸਰਸ ੩, ਅੰਬ ਦੀ ਮੰਜਰੀ ੪, ਉਤਪਲ ੫।

ਪੁਨਾ:–ਕਿਸੀ ਦੇ ਮਤ ਵਿਚ ਇਹ ਲਿਖੇ ਹਨ–ਚੰਪਕ ੧, ਅੰਬ ਦੀ ਮੰਜਰੀ ੨, ਨਾਗ ਕੇਸਰ ੩, ਕੇਤਕੀ ੪, ਬੇਲਾ ੫।

ਪੁਨਾ:–ਗੀਤ ਗੋਬਿੰਦ ਵਿੱਚ ਇਹ ਲਿਖੇ ਹਨ– ਬਧੂਕ ੧, ਮਦੂਕ ੨, ਨੀਲ ਕਮਲ ੩, ਤਿਲ ੪, ਕੁੰਦ ੫।

Digitized by Panjab Digital Library | www.panjabdigilib.org

ਗਤਿ ਆਹੀ। ਬੀਤ ਗਈ ਰਿਤੁ ਸਿਸਰ ਅਜੇ ਨਹਿੰ ਗਲ ਕੋਇਲ ਖੁਲਦਾ ਹੀ। ਮੈਨੂੰ ਤਾਂ ਦੁਣ ਇਹ ਗਲ ਭਾਸੀ ਕਾਮ ਤੋਣ ਤੋਂ ਬਾਣ ਕਢਾਹੀ। ਜੀਕੁਰ ਡਰ ਮੰਨਕੇ ਅਧ ਕਢਿਆ ਫੇਰ ਤੋਣ ਹੀ ਵਿੱਚ ਰਖਾਹੀ*।

੧੩੬। ਪਦ।

ਦੋਵੇਂ—ਇਸ ਗੱਲ ਵਿਚ ਕੋਈ ਸੰਦੇਹ ਨਹੀਂ, ਇਹ ਰਾਜ ਰਿਖੀ ਇਜੇਹਾ ਹੀ ਪ੍ਰਤਾਪੀ ਹੈ।

ਪਹਿਲੀ—ਅਜੇ ਥੋੜ੍ਹੇ ਹੀ ਦਿਨ ਹੋਏ ਹਨ ਕਿ ਮਹਾਰਾਜ ਦੇ ਚਰਨਾਂ ਵਿੱਚ ਉਨ੍ਹਾਂ ਦੇ ਸਾਲੇ ਮਿੱਤ੍ਰਾਬਸੁ ਜੀ ਦੀਆਂ ਭੇਜੀਆਂ ਹੋਈਆਂ ਅਸੀਂ ਆਈਆਂ ਹਾਂ ਅਤੇ ਏਥੇ ਸਾਨੂੰ ਪ੍ਰਮੁਦ ਬਨ ਦੀ ਰਾਖੀ ਕਰਨ ਦਾ ਕੰਮ ਸਪੁਰਦ ਹੋਇਆ ਹੈ, ਇਸ ਲਈ ਇਹ ਵਿਰਤੰਤ ਅਸਾਂ ਪਹਿਲਾਂਨਹੀਂ ਸੁਣਿਆਂਸੀ।

ਕੰਚੁਕੀ—ਚੰਗਾ ਜੋ ਕੁਝ ਹੋਗਿਆ ਸੋ ਹੋਗਿਆ, ਫੇਰ ਇਹ ਕੰਮ ਕਦੀ ਨਾ ਕਰਨਾ।

ਦੋਵੇਂ—ਹੇ ਸੱਜਣ ਪੁਰਖ! ਸਾਡੇ ਜੀ ਵਿੱਚ ਇਹ ਗੱਲ ਸੁਣਨ ਲਈ ਚਾਉ ਹੈ ਕਿ ਰਾਜਾ ਜੀ ਨੇ ਕਿਉਂ ਬਸੰਤੋਤਸਵ ਵਰਜ ਰੱਖਿਆ ਹੈ? ਜੇ ਅਸੀਂ ਇਹ ਗਲ ਸੁਣਨ ਦੇ ਲਾਇਕ ਹੋਗੀਆਂ ਹਾਂ ਤਾਂ ਕਿਰਪਾ ਕਰਕੇ ਸੁਣਾ ਦਿਓ।

ਸਾਨੁਮਤੀ (ਆਪਣੇ ਜੀ ਵਿਚ)—ਮਨੁੱਖਾਂ ਨੂੰ ਸਦਾ ਉਤਸਵ ਪਿਆਰਾ ਹੁੰਦਾ ਹੈ, ਇਸ ਲਈ ਕੋਈ ਵਡਾ ਹੀ ਕਾਰਨ ਹੋਇਆ ਹੋਵੇਗਾ, ਜਿਸ ਕਰਕੇ ਰਾਜਾ ਜੀ ਨੇ ਇਜੇਹੀ ਆਗਜਾ ਦੇ ਛੱਡੀ ਹੋਈ ਹੈ।

ਕੰਚੁਕੀ (ਆਪਣੇ ਜੀ ਵਿਚ)—ਇਹ ਤਾਂ ਸਾਰੇ ਪ੍ਰਸਿੱਧ ਗੱਲ ਹੈ, ਜਿਸਦੇ ਕਹਿ ਦੇਣ ਵਿੱਚ ਕੀ ਦੋਸ਼ ਹੈ, (ਪ੍ਰਗਟ)—ਕੀਹ ਸ਼ਕੁੰਤਲਾ ਦੇ ਛੱਡਣ ਦੀ ਵਾਰਤਾ ਤੁਹਾਡੇ ਕੰਨਾਂ ਤਕ ਨਹੀਂ ਪਹੁੰਚੀ?

ਦੋਵੇਂ—ਆਹੋ ਜੀ! ਮੁੰਦਰੀ ਲੱਭ ਪੈਣ ਤੋੜੀ ਸਾਰਾ ਵਿਰਤੰਤ ਤਾਂ ਅਸੀਂ ਮਿੱਤ੍ਰਾਬਸੁ ਦੇ ਮੂੰਹੋਂ ਸੁਣ ਚੁਕੀਆਂ ਹਾਂ।

ਕੰਚੁਕੀ—ਤਾਂ ਹੁਣ ਮੈਨੂੰ ਥੋੜ੍ਹਾ ਜਿਹਾ ਹੀ ਕਹਿਣਾ ਬਾਕੀ ਹੈ। ਸੁਣੋ! ਜਦ ਮਹਾਰਾਜ ਜੀ ਨੂੰ ਆਪਣੀ ਮੁੰਦਰੀ ਵੇਖਕੇ ਸੁਧ ਆਈ ਤਾਂ ਉਸੇ ਵੇਲੇ ਆਖ ਦਿੱਤਾ ਕਿ ਸ਼ਕੁੰਤਲਾ ਨਾਲ ਏਕਾਂਤ ਵਿਚ ਮੇਰਾ ਵਿਆਹ ਹੋਇਆ ਸੀ ਅਤੇ ਮੈਂ ਉਸ ਨੂੰ ਬੇਸੁਧੀ ਵਿਚ ਛਡਿਆ ਹੈ।ਜਦੋਂ ਇਹ ਸੁੱਧ ਆਈ ਹੈ ਤਦੋਂ ਤੋਂ ਹੀ ਸ੍ਵਾਮੀ ਜੀ ਭਾਰੇ ਪਛੁਤਾਵੇ ਵਿਚ ਪਏ ਹੋਏ ਹਨ।

ਸੁਖ ਸੰਪਦ ਕੁਛ ਨਹੀਂ ਸੁਹਾਂਦੇ,ਮੰਤ੍ਰੀ ਗਣ ਨਹਿੰ ਪਾਸ ਬੁਲਾਂਦੇ, ਰਾਤ ਉਨ੍ਹੀਂਦੇ ਸਾਰੀ ਕਟਦੇ ਪਾਸੇ ਭੰਨ ਵਿਹਾਣੀਆਂ। ਜਦ ਅੰਦਰ ਮਹਿਲਾਂ ਵਿੱਚ ਜਾਂਦੇ, ਕਰਦੇ ਗੱਲ ਨ ਬਾਤ ਬਤਾਂਦੇ ਜੇ ਕਰਦੇ ਤਾਂ ਨਾ ਭੁਲ ਕਹਿੰਦੇ ਸ਼ਾਕੁੰਤਲ ਦੀ ਕਹਾਣੀਆਂ। ਨਾ ਨਿਕਲੇ ਤੇ ਫਿਰ ਸ਼ਰਮਾਂਦੇ, ਕਰਨੋਂ ਗੱਲਾਂ ਚੁਪ ਰਹਿ ਜਾਂਦੇ, ਕੁਝ ਲੱਜਾ ਜੇਹੀ ਜੀ ਕਰਕੇ ਚੁੱਪ ਨ ਬੋਲਣ ਬਾਣੀਆਂ। ਇੱਕੁਰ ਦਿਨ ਤੇ ਰਾਤ ਗਵਾਂਦੇ ਗਿਣਦੇ ਸੋਚਾਂ

---

*ਅੰਬ ਦੀ ਕਲੀ ਭਾਵੇਂ ਬਹੁਤ ਦਿਨਾਂ ਤੋਂ ਲੱਗੀ ਹੋਈ ਹੈ,ਪਰੰਤੂ ਪਰਾਗ, ਜੋ ਖਿੜਿਆਂ-ਖਿਲਰਦੀ ਹੈ, ਸੋ ਪਰਾਗ ਅਜੇ ਤਕ ਨਹੀਂ ਦਿੰਦੀ। ਇੱਕੁਰ ਹੀ ਕੁੜੇ ਦੇ ਇੱਛ ਵੀ ਕਲੀਆਂ ਤਾਂ ਪਾਇ ਰਹੇ ਹਨ, ਪਰੰਤੂ ਫੁੱਲਾਂ ਕਰਕੇ ਨਹੀਂ ਖਿੜਦੇ। ਭਾਵੇਂ ਸਿਸਰ ਰਿਤ ਸਾਰੀ ਬੀਤ ਗਈ ਹੈ, ਫਿਰ ਵੀ ਕੋਇਲ ਦਾ ਗਲਾ ਬੈਠਾ ਹੋਇਆ ਹੈ, ਕੂਕ ਨਹੀਂ ਨਿਕਲਦੀ। ਮੈਨੂੰ ਤਾਂ ਇਹ ਗੱਲ ਇਉਂ ਭਾਸਦੀ ਹੈ ਕਿ ਕਿਤੇ ਕਾਮਦੇਵ ਨੇ ਵੀ ਮਾਰੇ ਡਰ ਦੇ ਆਪਣਾ ਅੱਧਾ ਕਢਿਆ ਹੋਇਆ ਬਾਣ ਫਿਰ ਮੋੜਕੇ ਤਰਕਸ਼ ਵਿਚ ਹੀ ਰੱਖ ਛਡਿਆ ਹੋਵੇਗਾ।

Digitized by Panjab Digital Library | www.panjabdigilib.org

ਨੀਰ ਵਹਾਂਦੇ, ਖਾਣ ਪੀਣ ਦੀ ਗੱਲ ਨ
ਕੋਈ ਕੀਤੇ ਨੂੰ ਪਛੁਤਾਣੀਆਂ*।੧੩੭।ਪਦ।

ਸਾਨੁਮਤ(ਆਪਣੇ ਜੀ ਵਿਚ)-ਇਹ ਗੱਲ ਬਾਤ
ਤਾਂ ਮੈਨੂੰ ਬੜੀ ਪਿਆਰੀ ਲੱਗੀ ਹੈ।

ਕੰਚੁਕੀ-ਇਸੇ ਵਿਰਲਾਪ ਦੇ ਕਾਰਨ ਬਸੰਤੋ-
ਤਸਵ ਵਰਜ ਰੱਖਿਆ ਹੈ।

ਦੋਵੇਂ-ਇਹ ਤਾਂ ਫਿਰ ਐਦਾਂ ਹੀ ਚਾਹੀਦਾ ਸ਼ੀ।

ਨੇਪਥ ਵਿੱਚੋਂ-ਐਧਰ ਆਓ, ਐਧਰ ਆਓ।

ਕੰਚੁਕੀ (ਕੰਨ ਲਾਕੇ)-ਮਹਾਰਾਜ ਏਧਰ ਹੀ
ਆਉਂਦੇ ਹਨ। ਜਾਓ ਤੁਸੀਂ ਆਪੋ
ਆਪਣਾ ਕੰਮ ਦੇਖੋ। [ਦੋਵੇਂ ਜਾਂਦੀਆਂ ਹਨ
[ਰਾਜਾ ਵਿਰਲਾਪੀਆਂ ਦੇ ਭੇਸ ਵਿਚ ਆਉਂਦਾ
ਹੈ, ਪ੍ਰਤੀਹਾਰੀ ਅਤੇ ਮਾਢੱਬਜ ਨਾਲ ਹਨ]

ਕੰਚੁਕੀ(ਰਾਜੇ ਵੰਨੀ ਝੁੱਕਕੇ)-ਸੱਚ ਹੈ: ਤੇਜਵਾਨ
ਪੁਰਖ ਸਾਰਿਆਂ ਹਾਲਾਂ ਵਿਚ ਚੰਗੇ ਲੱਗਦੇ
ਹਨ, ਅਸਾਡੇ ਮਹਾਰਾਜ ਭਾਵੇਂ ਅਤਿ
ਉਦਾਸੀ ਵਿੱਚ ਹਨ ਤਾਂ ਭੀ ਇਨ੍ਹਾਂ ਦਾ
ਦਰਸ਼ਨ ਕੇਹਾ ਮਨੋਹਰ ਹੈ।

ਗਹਿਣੇ ਛੱਡੇ ਲਾਹਿ ਸਾਜ ਰਾਗ ਦੇ
ਗਵਾਇ ਸਭ ਖੱਬੇ ਹੱਥ ਕੜਾ ਇਕੋ ਰਿਹਾ
ਹੈ ਫਬਾਇਕੇ। ਤੱਤੇ ਤੱਤੇ ਸਾਸਾਂ ਆਇ
ਹੌਠਾਂ ਦਾ ਗਵਾਇਆ ਰੰਗ ਲਾਲੋਂ
ਪਿਆ ਢਿੱਕਾ ਜਿਹੜਾ ਰਹਿੰਦਾ ਸੀ
ਸੁਹਾਇਕੇ। ਸੁੱਤਿਆਂ ਨ ਆਵੇ ਨੀਂਦ
ਜਾਗਿਆਂ ਤੇ ਜਾਵੇ ਰਾਤ ਅੱਖਾਂ ਵਿਚ
ਗੁਹੜੀ ਲਾਲੀ ਰਹੀ ਹੈ ਸਜਾਇਕੇ। ਤੇਜ
ਦਾ ਪ੍ਰਤਾਪ ਦੇਹ ਲਿੱਸੀ ਵੀ ਸੁਹਾਉਣੀ ਹੈ
ਹੀਰੇ ਸੰਦੀ ਜੋਤ ਜਿਵੇਂ ਸਾਣ ਤੇ
ਘਸਾਇਕੇ* ॥ ੧੩੮ ॥ ਕਬਿੱਤ ॥

ਸਾਨੁਮਤੀ (ਰਾਜਾ ਵੰਨੀ ਤੱਕ ਕੇ)-ਸ਼ਕੁੰਤਲਾ
ਆਪਣਾ ਅਨਾਦਰ ਹੋਏ ਤੇ ਵੀ ਇਸ ਦੇ
ਵਿਛੋੜੇ ਵਿੱਚ ਦੁਖੀ ਹੋ ਰਹੀ ਹੈ, ਸੋ ਕਿਉਂ
ਨਾ ਹੋਵੇ? ਇਹ ਇਸੇ ਹੀ ਲਾਇਕ ਹੈ।

ਦੁਖਜੰਤ (ਬਹੁਤ ਸੋਚਦਾ ਹੋਇਆ ਏਧਰ ਓਧਰ
ਫਿਰਕੇ)-

ਚੇਤਾਇਆ ਚੇਤਜਾ ਨਹੀਂ ਮ੍ਰਿਗਨੈਣੀ
ਜਦ ਆਪ। ਹੁਣ ਚੇਤਜਾ ਪਾਪੀ ਹੀਆ
ਸਹਿਣ ਕਾਜ ਸੰਤਾਪ† ॥ ੧੩੯ ॥ਦੋਹਾ॥

ਸਾਨੁਮਤੀ (ਆਪਣੇ ਜੀ ਵਿੱਚ)-ਵਾਹ ਵਾਹ !
ਉਸ ਤਪੱਸ੍ਵਨੀ ਦੇ ਤਾਂ ਵੱਡੇ ਭਾਗ ਹਨ।

ਮਾਢੱਬਜ(ਆਪਣੇ ਆਪ)-ਇਸਨੂੰ ਤਾਂ ਸ਼ਕੁੰਤਲਾ
ਰੂਪੀ ਫੰਧਕ ਨੇ ਫਿਰ ਆਣ ਘੇਰਿਆ, ਮੈਂ
ਨਹੀਂ ਜਾਣਦਾ ਕੀਹ ਇਲਾਜ ਹੋਊ।

ਕੰਚੁਕੀ (ਦੁਖਜੰਤ ਦੇ ਪਾਸ ਜਾਕੇ)-ਮਹਾਰਾਜ

---

*ਆਨੰਦ ਦੇਣ ਵਾਲੀ ਕੋਈ ਵੀ ਚੀਜ਼ ਰਾਜਾ ਜੀ ਨੂੰ ਚੰਗੀ ਨਹੀਂ ਲਗਦੀ ਅਤੇ ਨਾ ਹੁਣ ਪਹਿਲੇ ਦਿਨਾਂ ਵਾਂਗੂ ਮੰਤ੍ਰੀਆਂ ਦੀ ਭੀੜ ਹੀ ਦੇਜ਼ ਪਾਸ ਰਹਿੰਦੀ ਹੈ। ਨੀਂਦ ਛੁੱਟ ਗਈ ਹੈ, ਮੰਜੇ ਦੀਆਂ ਹੀਆਂ ਤੇ ਪਾਸੇ ਭੰਨਦਿਆਂ ਰਾਤਾਂ ਬੀਤਦੀਆਂ ਹਨ। ਰਣਵਾਸ ਵਿਚ ਜਾਂਦੇ ਹਨ ਤਾਂ ਬੋਲਦੇ ਨਹੀਂ, ਜੇ ਕੁਝ ਗੱਲ ਬਾਤ ਰਾਣੀਆਂ ਨਾਲ ਕਰਨ ਲਗਦੇ ਹਨ ਤਾਂ ਨਾਉਂ ਭੁੱਲਕੇ ਬੇਵਸਾ ਸ਼ਕੁੰਤਲਾ ਹੀ ਨਿਕਲ ਜਾਂਦਾ ਹੈ, ਤਾਂ ਸ਼ਰਮਿੰਦੇ ਜੇਹੇ ਹੋ ਚੁੱਪ ਕਰ ਜਾਂਦੇ ਹਨ।

*ਰਾਜਾ ਜੀ ਨੇ ਨਿਰਾ ਇਕੋ ਕੜਾ ਖੱਬੇਹੱਥਵਿੱਚ ਰੱਖਕੇ ਹੋਰ ਸਾਰੇ ਗਹਿਣੇ ਲਾਹ ਛੱਡੇ ਹੈਨ, ਅਤੇ ਰਾਗ ਰੰਗ ਸਾਜ ਸਮਿਆਨ ਵੀ ਸਾਰੇ ਹੀ ਦੂਰ ਕਰ ਛੱਡੇ ਹੋਏ ਹਨ। ਤੱਤੇ ਸਾਹਾਂ ਨਾਲ ਹੌਠਾਂ ਦਾ ਲਾਲਰੰਗ ਫਿੱਕਾ ਪੈਗਿਆਹੈ।ਸੁਤਿਆਂ ਰਾਤਨੂੰ ਨੀਂਦ ਨਹੀਂ ਆਉਂਦੀ, ਰਾਤ ਜਾਗਦਿਆਂ ਦੀ ਬੀਤਦੀ ਹੈ, ਏਸੇ ਲਈ ਅੱਖਾਂ ਵਿਚ ਲਾਲੀ ਛਾ ਗਈ ਹੈ। ਪਰੰਤੂ ਤੇਜ ਦੇ ਕਾਰਨ ਲਿੱਸਾ ਹੋਇਆ ਸਰੀਰ ਵੀ ਸੁਹਾਉਣਾ ਲਗਦਾ ਹੈ, ਜੀਕੂਰ ਹੀਰਾ ਸਾਨ ਤੇ ਘਸ ਘਸਕੇ ਪਤਲਾ ਹੋਇਆ ਫੇਰ ਵੀ ਚਮਕਦਾ ਹੈ।

†ਜਦੋਂ ਮੇਰੇ ਇਸ ਅਭਾਗੇ ਮਨ ਨੂੰ ਸ਼ਕੁੰਤਲਾ ਨੇ ਬਹੁਤ ਤਰ੍ਹਾਂ ਤੇ ਸੁਧ ਦਿਵਾਈ ਤਦ ਭਾਂ ਇਸਨੂੰ ਚੇਤਾ ਨਾ ਆਯਾ, ਹੁਣ ਪਛੁਤਾਵੇ ਦਾ ਦੁੱਖ ਸਹਾਰਨ ਲਈ ਚੇਤਾ ਆਯਾ ਹੈ।

Digitized by Panjab Digital Library | www.panjabdigilib.org

ਦੀ ਜੇ ਹੋਵੇ ! ਸੁਆਮੀ ! ਮੈਂ ਪ੍ਰਮੁਦ ਬਨ ਚੰਗੀ ਤਰ੍ਹਾਂ ਦੇਖ ਆਇਆ ਹਾਂ, ਆਪ ਚੱਲਕੇ ਜਿੱਥੇ ਮਰਜ਼ੀ ਹੋਵੇ ਉਸ ਆਨੰਦ ਦੇ ਸਥਾਨ ਵਿੱਚ ਆਰਾਮ ਕਰੋ।

ਦੁਖ਼ੰਤ–ਨੀ ਪ੍ਰਤੀਹਾਰੀ ! ਤੂੰ ਅਸਾਡਾ ਨਾਉਂ ਲੈਕੇ ਪਿਸਨ ਮੰਤ੍ਰੀ ਨੂੰ ਕਹਿ ਆਉ ਕਿ ਬਹੁਤ ਜਾਗਣੇ ਤੇ ਸਾਡੀ ਧਰਮ ਆਸਨ ਤੇ ਬੈਠਣ ਦੀ ਸਮਰੱਥਾ ਨਹੀਂ ਰਹੀ, ਇਸ ਲਈ ਜੋ ਕੁਝ ਕੰਮ ਕਾਜ ਪਰਜਾ ਸੰਬੰਧੀ ਹੋਵੇ ਲਿਖਕੇ ਸਾਡੇ ਪਾਸ ਏਥੇ ਹੀ ਭੇਜ ਦੇਵੇ।

ਪ੍ਰਤੀਹਾਰੀ–ਜੀ ਸੱਤਿ ਬਚਨ।[ਬਾਹਰ ਜਾਂਦੀ ਹੈ

ਦੁਖ਼ੰਤ–ਬਾਤਾਯਨ* ! ਤੂੰ ਭੀ ਆਪਣੇ ਕੰਮਾਂ ਤੇ ਜਾਹ।

ਕੰਚੁਕੀ–ਜੋ ਆਗਜਾ ਮਹਾਰਾਜ ਦੀ।

[ਬਾਹਰ ਜਾਂਦਾ ਹੈ

ਮਾਢੱਬਜ–ਤੁਸਾਂ ਤਾਂ ਚੰਗੀ ਮੱਖੀ ਪੁੱਖੀ ਝਾੜ ਦਿੱਤੀ। ਹੁਣ ਗਰਮੀ ਸਰਦੀ ਦੇ ਮੇਟਣ ਵਾਲੀ ਇਸ ਪ੍ਰਮੁਦ ਬਨ ਦੀ ਕੁੰਜ ਵਿਚ ਮਨ ਨੂੰ ਵਿਲਾਓ।

ਦੁਖ਼ੰਤ–ਮਾਢੱਬਜ ! ਇਹ ਕਹਾਉਤ ਕਿ ਅਪਦਾ ਵਿੱਥ ਦੇਖਦੀ ਰਹਿੰਦੀ ਹੈ, ਕੀ ਇਹ ਗੱਲ ਸੱਚ ਹੈ ?

†ਮੁਨਿਕੰਨਜਾਂ ਦੇ ਨਾਲ ਵਜਾਹ ਦੀ ਸੁਰਤ ਭੁਲਾਉਣ ਵਾਲਾ। ਭ੍ਰਮ ਦਾ ਭਾਰ ਹਨੇਰਾ ਮਨ ਤੋਂ ਅਜੇ ਨ ਕੀਤਾ ਟਾਲਾ। ਤਦ ਤਕ ਕਾਮ ਧਨੁਖ ਲੈ ਅਪਣਾ ਆਇਆਕਾਹਲੀ ਨਾਲਾ।ਅੰਬ ਮੰਜਰੀ ਤੀਰ ਸੰਨ੍ਹ ਕੇ ਵਿੰਨ੍ਹਣ ਨੂੰ ਦਰਹਾਲਾ ॥ ੧੪੦ ॥ ਪਦ ॥

ਮਾਢੱਬਜ–ਰਤਾਕੁ ਠਹਿਰ ਜਾਹੁ! ਕਾਮਦੇਵ ਦੇ ਬਾਣਾਂ ਨੂੰ ਹੁਣੇ ਹੀ ਲਾਠੀ ਨਾਲ ਤੋੜ ਸੱਟਨਾ ਹਾਂ।

[ਅੰਬ ਦੀਆਂ ਮੰਜਰੀਆਂ ਨੂੰ ਲਾਠੀ ਚੁੱਕਕੇ ਤੋੜਨ ਲਈ ਖੜੋਂਦਾ ਹੈ।

ਦੁਖ਼ੰਤ (ਮੁਸਕ੍ਰਾਕੇ)–ਆਹੋ ! ਮੈਂ ਤੇਰਾ ਬ੍ਰਹਮ ਤੇਜ ਦੇਖ ਲਿਆ ਹੈ।ਹੁਣ ਤੂੰ ਇਹ ਦੱਸ ਕਿ ਕਿੱਥੇ ਬੈਠਕੇ ਪਿਆਰੀ ਦੇ ਬਨ ਵਰਗੀਆਂ ਵੇਲਾਂ ਵੇਖ ਵੇਖ ਕੇ ਅੱਖਾਂ ਠੰਢੀਆਂ ਕਰਾਂ।

ਮਾਢੱਬਜ–ਕੀ ਤੁਸਾਂ ਚਤੁਰਕਾ ਗੋਲੀ ਨੂੰ ਹੁਕਮ ਨਹੀਂ ਦਿੱਤਾ ਕਿ ਅਸੀਂ ਮਾਧਵੀ ਮੰਡ੍ਹਵੇ ਵਿੱਚ ਮਨ ਵਿਲਚਾਵਾਂਗੇ(=ਪਰਚਾਵਾਂਗੇ), ਤੂੰ ਜਾਕੇ ਓਥੇ ਹੀ ਪੱਟੀ ਲੈ ਆਉ ਜਿਸਤੇ ਮੇਰੇ ਹੱਥਾਂ ਦੀ ਬਨਾਈ ਭਗਵਤੀ ਸ਼ਕੁੰਤਲਾ ਦੀ ਪਿਆਰੀ ਮੂਰਤ ਹੈ।

ਦੁਖ਼ੰਤ–ਜੇ ਉਹ ਇਜੇਹਾ ਸੁੰਦਰ ਅਸਥਾਨ ਹੈ, ਤਾਂ ਮਾਧਵੀ ਮੰਡ੍ਹਏ ਦਾ ਰਾਹ ਦੱਸ ?

ਮਾਢੱਬਜ–ਮਿੱਤ੍ਰ ਜੀ ! ਇਸ ਰਾਹ ਆਓ।

[ਚਲਦੇ ਹਨ ਤੇ ਸਾਨੁਮਤੀ ਪਿੱਛੇ ਪਿੱਛੇ ਜਾਂਦੀ ਹੈ।

ਮਾਢੱਬਜ–ਜਿੱਥੇ ਮਣੀਆਂ ਨਾਲ ਜੜੀਆਂ ਹੋਈਆਂ ਪੱਟੀਆਂ (ਬੈਂਚਾਂ) ਵਿਛੀਆਂ ਹੋਈਆਂ ਹਨ ਏਹੋ ਹੀ ਮਾਧਵੀ ਕੁੰਜ ਹੈ ਨਾਂ। ਬਿਲਾਸ਼ੱਕ, ਬੇਸ਼ਕ, ਮਾਧਵੀ ਕੁੰਜ ਇਜੇਹੀ ਹੀ ਦਿੱਸਦੀ ਹੈ, ਮਾਨੋਂ ਮਨੋਹਰ ਫੁਲਾਂ ਦੀ ਭੇਟਾ ਲਈ ਹੋਈ ਸਾਨੂੰ ਅੱਗਲ ਵਾਂਢੀ ਆਦਰ ਦੇਂਦੀ ਹੈ, ਚੱਲੋ ਏਥੇ ਹੀ ਬੈਠੀਏ।

[ਦੋਵੇਂ ਜਣੇ ਕੁੰਜ ਵਿਚ ਬੈਠਦੇ ਹਨ

ਸਾਨਮਤੀ (ਆਪਣੇ ਜੀ ਵਿਚ)–ਏਥੇ ਤਾਂ ਵੇਲਾਂ ਦੇ ਉਹਲੇ ਬੈਠਕੇ ਮੈਂ ਭੀ ਆਪਣੀ ਸਖੀ ਦੀ ਮੂਰਤਿ ਵੇਖਾਂਗੀ, ਫੇਰ ਉਸਨੂੰ ਜਾਕੇ

---

*ਕੰਚੁਕੀ ਦਾ ਨਾਉਂ ਹੈ।

†ਮੇਰੇ ਮਨ ਵਿਚੋਂ ਜਿਸ ਭਰਮ ਨੇ ਸ਼ਕੁੰਤਲਾ ਦੇ ਨਾਲ ਵਿਆਹ ਹੋਣ ਦੀ ਸੁੱਧ ਭੁਲਾ ਦਿੱਤੀ ਸੀ ਉਹ ਭਰਮ ਤਾਂ ਮਿਟਿਆ ਹੀ ਨਹੀਂ ਸੀ ਕਿ ਇੰਨੇ ਤਾਈਂ ਧਨੁਖ ਤੇ ਅੰਬ ਦੀ ਮੰਜਰੀ ਦਾ ਬਾਣ ਚੜ੍ਹਾਇਕੇ ਕਾਮਦੇਵਮੈਨੂੰਮਾਰਨਲਈ ਆਗਿਆ ਹੈ

Digitized by Panjab Digital Library | www.panjabdigilib.org

ਦੱਸਾਂਗੀ ਕਿ ਤੇਰੇ ਪਤੀ ਦਾ ਤੇਰੇ ਵਿੱਚ ਬੜਾ ਹੀ ਪ੍ਰੇਮ ਹੈ।

[ਵੈਲਾਂ ਦੇ ਉਹਲੇ ਬੈਠਦੇ ਹਨ

ਦੁਖਜੰਤ–ਹੇ ਪਿਆਰੇ ਮਿੱਤ੍ਰ! ਮੈਨੂੰ ਸ਼ਕੁੰਤਲਾ ਦੇ ਪਹਿਲੇ ਵਿਰਤੰਤ ਦੀ ਸਾਰੀ ਸੁਧ ਆ ਗਈ ਹੈ, ਮੈਂ ਤੈਨੂੰ ਵੀ ਤਾਂ ਤਦੋਂ ਆਖਨਾ ਸੀ, ਪਰੰਤੂ ਜਿਸ ਵੇਲੇ ਮੈਥੋਂ ਉਸਦਾ ਅਨਾਦਰ ਹੋਇਆ ਤੂੰ ਉਸਵੇਲੇ ਮੇਰੇ ਪਾਸ ਨਹੀਂ ਸੀ।ਹੁਣ ਤਾਈਂ ਤੈਂ ਭੀ ਕਦੀ ਨਾਉਂ ਨਾ ਲਿਆ, ਸੋ ਕੀਹ ਤੂੰ ਵੀ ਮੇਰੇ ਵਾਂਙੂੰ ਉਸਨੂੰ ਭੁੱਲ ਗਿਆ ਸੀ ?

ਮਾਢੱਬਜ–ਨਹੀਂ ਨਹੀਂ,ਮੈਂ ਤਾਂ ਨਹੀਂਭੁੱਲਿਆ ਸਾਂ, ਪਰੰਤੂ ਜਦੋਂ ਤੁਸੀਂ ਸਾਰੀ ਗੱਲ ਕਹਿ ਚੁਕੇ ਸਾਓ ਤਾਂ ਇਹ ਭੀ ਤਾਂ ਤੁਸਾਂ ਆਖਿਆ ਸੀ ਕਿ ਇਹ ਇਕ ਪ੍ਰੇਮ ਦੀ ਕਹਾਣੀ ਹੈ ਅਸਾਂ ਆਪਣੇ ਮਨ ਵਿਲਚਾਉਣ ਲਈ ਘੜੀ ਹੈ ਅਤੇ ਮੈਂ ਗੌਤਮ ਗਣੇਸ਼ ਨੇ ਤੁਸਾਡੇ ਕਹਿਣੇ ਨੂੰ ਆਪਣੇ ਭੋਲੇ ਸੁਭਾਵ ਨਾਲ ਪ੍ਰਤੀਤ ਕਰ ਲਿਆ ਸੀ। ਹੋਣਹਾਰ ਬੜੀ ਭਾਂਢੀ ਚੀਜ਼ ਹੈ।

ਸਾਨੁਮਤੀ(ਆਪਣੇ ਜੀਵਿਚ)–ਸੱਚਆਖਿਆਈ।

ਦੁਖਜੰਤ (ਸ਼ੋਕ ਵਿਚ)–ਓਇ ਮੇਰੇ ਪਯਾਰੇ ਸਖਾ! ਮੈਨੂੰ ਇਸ ਦੁੱਖ ਤੋਂ ਛੁਡਾਉ।

ਮਾਢੱਬਜ–ਇਹ ਤੈਨੂੰ ਕੀਹ ਹੋਇਆ ਹੈ, ਸਤਪੁਰਖਾਂ ਨੂੰ ਸ਼ੋਕ ਕਰਕੇ ਏਡਾ ਅਧੀਰਜ ਹੋਣਾ ਲਾਇਕ ਨਹੀਂ। ਦੇਖੋ ਪੌਣ ਭਾਵੇਂ ਕੇਡੀ ਜ਼ੋਰ ਦੀ ਵਗੇ ਫਿਰ ਵੀ ਪਹਾੜ ਨੂੰ ਨਹੀਂ ਹਿਲਾ ਸਕਦੀ।

ਦੁਖਜੰਤ–ਹੇ ਮਿੱਤ੍ਰ! ਜਿਸ ਵੇਲੇ ਮੈਂ ਪਿਆਰੀ ਦਾ ਤਿਆਗ ਕੀਤਾ ਸੀ ਉਸ ਵੇਲੇ ਉਸ ਦੀ ਇਜੇਹੀ ਹਾਲਤ ਸੀ ਕਿ ਹੁਣ ਉਸਦੀ ਸੁਧ ਕਰਕੇ ਮੈਂ ਘਾਬਰਦਾ ਜਾਂਦਾ ਹਾਂ। ਮੈਂ ਉਸਨੂੰ ਜਦ ਐਉਂ ਕਹਿ ਦਿਤਾ, ਮੈਂ ਤੈਨੂੰ ਨਾਹੀਂ ਲੈ ਸਕਦਾ, ਤਦ ਆਪਣੇ ਸੰਗੀਆਂ ਦੇ ਪਿੱਛੇ ਦੂਰ ਪਈ ਨਾਲ ਗਿਲਾਨੀਆਂ । ਇਕ ਮੁਨਿ ਪਿਤ ਜੇਹਾ ਉਸ ਆਹਾ, ਉਨ ਹਟਕੀ ਤੂੰ ਰਹਿ ਇਸ ਜਾਹਾ, ਨਹਿੰ ਪਿਤ ਪਾਸ ਜਾਇ ਤੂੰ ਸਕਦੀ, ਕਰੜੇ ਬਚਨ ਬਖਾਨੀਆ । ਤਦ ਉਨ ਹੰਝੂ ਭਰੀਆਂ ਅੱਖਾਂ, ਉਨ ਅੱਖਾ ਸੰਗ ਮੈਨੂੰ ਡਿੱਠਾ, ਕਰੜਾ ਜੀ ਸੜਿਆ ਇਉਂ ਮੇਰਾ, ਜਿਉਂ ਕਰ ਕੋਈ ਚੁਭਾਨੀਆਂ। ਨੈਜਾ ਨੋਕ ਬੁਝਾਈ ਜ਼ਹਿਰਾਂ, ਲੱਗੀ ਛਾਤੀ ਕਰਦੀ ਕਹਿਰਾਂ, ਕੁਈ ਨ ਬੰਨ੍ਹਦਾ ਹਾਇ ਫਟ ਮੇਰੇ, ਕਹਿ ਕਹਿਕੇ ਬਿਲ ਖਾਨੀਆ*। ੧੪੧। ਪਦ।

ਸਾਨੁਮਤੀ(ਆਪਣੇ ਜੀ ਵਿਚ)–ਵਾਹਵਾ! ਸ੍ਰਾਰਙ ਵੀ ਕੇਹੀ ਜ਼ੋਰਾਵਰ ਚੀਜ਼ਹੈ ਕਿ ਇਸਰਾਜਾ ਦਾ ਸੰਤਾਪ ਵੀ ਇਸ ਵੇਲੇ ਸੁਹਾਉਂਦਾ ਹੈ।

ਮਾਢੱਬਜ–ਮੇਰੀ ਵਿਚਾਰ ਵਿੱਚ ਤਾਂ ਇਹ ਆਉਂਦਾ ਹੈ ਕਿ ਉਸ ਭਗਵਤੀ ਨੂੰ ਕੋਈ ਦੇਵਤਾ ਚੁੱਕ ਲੈ ਗਿਆ।

ਦੁਖਜੰਤ–ਇਜੇਹੀ ਪਤਿੱਬ੍ਰਤਾ ਨੂੰ ਛੁਹਣ ਦੀ ਵੀ ਕਿਸ ਵਿਚ ਸਮਰਥਾ ਹੋ ਸਕਦੀ ਹੈ, ਮੈਂ ਸੁਣਿਆਂ ਹੈ ਕਿ ਉਸਦੀ ਮਾਉਂ ਮੇਨਕਾ ਨਾਮੀ ਅਪੱਛਰਾ ਹੈ; ਸੋ ਓਸੇ ਦੀਆਂ ਸਖੀਆਂ ਸਹੇਲੀਆਂ ਚੁੱਕ ਲੈ ਗਈਆਂ

*ਜਦੋਂ ਮੈਂ ਉਸਨੂੰ ਆਖ ਦਿੱਤਾ ਕਿ ਮੈਂ ਤੈਨੂੰ ਨਹੀਂ ਰਖ ਸਕਦਾ, ਤਦ ਓਹ ਆਪਣੇ ਨਾਲ ਵਾਲਿਆਂ ਦੇ ਪਿੱਛੇ ਚਲਣ ਲੱਗੀ, ਉਨ੍ਹਾਂ ਵਿੱਚੋਂ ਇਕ ਰਿਖਿਕੁਮਾਰ ਨੇ ਜਿਸਨੂੰ ਉਹ ਗੁਰੂ ਸਮਾਨ ਮੰਨਦੀ ਸੀ,ਘੂਰਕੇ ਆਖਿਆ ਕਿ ਤੂੰ ਸਾਡੇ ਨਾਲ ਨਾ ਚੱਲ,ਏਥੇ ਹੀ ਰਹੁ, ਉਸ ਵੇਲੇ ਜੋ ਹੰਝੂ ਭਰੀਆਂ ਅੱਖਾਂ ਦੀ ਦ੍ਰਿਸ਼ਟੀ ਉਸਨੇ ਮੇਰੇ ਵਲ ਕੀਤੀ ਸੀ, ਸੋ ਹੁਣ ਕਠੋਰ ਹਿਰਦੇ ਨੂੰ ਇਜੇਹਾ ਵਿੰਨ੍ਹਦੀ ਹੈ, ਜੀਕੂਰ ਨੈਜੇ ਦੀ ਨੋਕ ਵਿਹੁ ਵਿੱਚ ਬੁਝਾਈ ਹੋਈ ਹੋਵੇ।

Digitized by Panjab Digital Library | www.panjabdigilib.org

ਹੋਣਗੀਆਂ, ਮੈਨੂੰ ਤਾਂ ਇਹੋ ਸ਼ੱਕ ਹੈ।

ਸਾਨੁਮਤੀ (ਆਪਣੇ ਜੀ ਵਿਚ)–ਸੁਧ ਦਾ ਭੁੱਲ ਜਾਣਾ ਅਚਰਜ ਦੀ ਗੱਲ ਹੈ, ਨਾਕਿ ਸੁੱਧ ਦਾ ਆਉਣਾ ਅਚਰਜ ਦੀ ਬਾਤ ਹੈ।

ਮਾਢੱਬਜ–ਮਿੱਤ੍ਰ! ਜੇ ਏਹੋ ਗੱਲ ਹੈ ਤਾਂ ਉਸਦੇ ਮਿਲਣ ਵਿੱਚ ਦੇਰੀ ਨਾ ਸਮਝੋ।

ਦੁਖਜੰਤ–ਕਿਉਂ ਭਈ! ਇਹ ਗੱਲ ਤੂੰ ਕੀਕਰ ਜਾਣਨਾ ਹੈਂ?

ਮਾਢੱਬਜ–ਮੈਂ ਇਹ ਇਸ ਤਰ੍ਹਾਂ ਜਾਣਨਾ ਹਾਂ ਕਿ ਮਾਂ ਪਿਉ ਆਪਣੀ ਧੀ ਨੂੰ ਪਤੀ ਵਿਜੋਗ ਵਿਚ ਬਹੁਤਾ ਚਿਰ ਦੁਖੀ ਨਹੀਂ ਦੇਖ ਸਕਦੇ ਹੁੰਦੇ।

ਦੁਖਜੰਤ–ਹੇ ਮਿੱਤ੍ਰ ਪਿਆਰੇ ਜੀ!

ਨਹਿੰ ਜਾਣਾਂ ਮੈਂ ਸੁਪਨਾ ਆਹਾ। ਜਾਂ ਕੁਈ ਭਰਮ ਉਪਜਿਆ ਮੈਨੂੰ ਜਾ ਛਲ ਛਿੱਦ੍ਰ ਕਿਨੂੰ ਉਪਾਹਾ। ਜਾਂ ਮੇਰੇ ਪੁੰਨਾਂ ਦਾ ਸੀ ਫਲ ਪ੍ਰਗਟ ਹੋਇ ਤਤਕਾਲ ਬਿਨਾਹਾ। ਆਸਾ ਨਹਿੰ ਕੁਝ ਫੇਰ ਮਿਲੇ ਉਹ ਸੁਖ ਅਨੰਦ ਜਿਸ ਮਾਹਾ। ਪਏ ਮਨੋਰਥ ਮੇਰੇ ਜਾ ਹੁਣ ਵਿੱਚ ਸਮੁੰਦ੍ਰ ਅਸਗਾਹਾ*। ੧੪੨। ਪਦ।

ਮਾਢੱਬਜ–ਇਉਂ ਨਾ ਆਖੋ ਜੀ, ਮੁੰਦਰੀ ਹੀ ਇਸ ਗੱਲ ਦਾ ਦ੍ਰਿਸ਼ਟਾਂਤ ਹੈ ਕਿ ਗਈ ਗੁਆਚੀ ਵਸਤੁ ਫਿਰ ਮਿਲ ਸਕਦੀ ਹੈ, ਪਰਮੇਸ਼ਰ ਦੀ ਮਰਜ਼ੀ ਬੜੀ ਜ਼ੋਰਾਵਰ ਤੇ ਬਲ ਵਾਲੀ ਹੈ, ਅਚਾਨਕ ਹੀ ਮੇਲ ਹੋ ਜਾਂਦਾ ਹੈ।

ਦੁਖਜੰਤ (ਮੁੰਦਰੀ ਵੰਨੀ ਵੇਖਕੇ)–ਹਾਇ! ਇਹ ਮੁੰਦਰੀ ਵੀ ਕੇਹੀ ਅਭਾਗੀ ਹੈ, ਕਿਉਂਕਿ ਅਜਿਹੀ ਜਗ੍ਹਾ ਤੋਂ ਡਿੱਗੀ ਹੈ ਜਿੱਥੇ ਫਿਰ ਇਸਨੂੰ ਅੱਪੜਨਾ ਦੁਰਲਭ ਹੈ।

ਮੁੰਦਰੀ ਤੇਰੇ ਭਾਗ ਇਜੇਹੇ, ਹੀਨ ਹੋਏ ਹਨ ਮੇਰੇ ਜੇਹੇ, ਜੋ ਕੁਝ ਦੇਇਆ ਇਸਤੋਂ ਜਾਪੇ, ਕਰ ਨਿਰਨੇ ਮੈਂ ਜਾਣਿਆ। ਡਾਢੇ ਲਾਲ ਮਨੋਹਰ ਆਹੇ,ਨਹੁੰਵਾਂ ਸਮੇਤ ਉਂਗਲੀਆਂ ਜਾਹੇ, ਤੂੰ ਓਥੇ ਅੱਪੜ ਕੇ ਢਠੀਓਂ; ਨਿਬੜੇ ਪੁੰਨ ਪੁਰਾਣਿਆਂ*। ੧੪੩। ਪਦ।

ਸਾਨੁਮਤੀ (ਆਪਣੇ ਜੀ ਵਿਚ)–ਜੇ ਕਿਸੇ ਹੋਰ ਦੇ ਢਹੇ ਚੜ੍ਹ ਜਾਂਦੀ ਤਾਂ ਨਿਰਸੰਦੇਹ ਇਸ ਮੁੰਦਰੀ ਦਾ ਭਾਗ ਖੋਟਾ ਹੀ ਹੁੰਦਾ।

ਮਾਢੱਬਜ–ਕਿਰਪਾ ਕਰਕੇ ਇਹ ਤਾਂ ਦੱਸੋ ਕਿ ਇਹ ਮੁੰਦਰੀ ਉਸ ਭਗਵਤੀ ਦੀ ਉਂਗਲੀ ਤੀਕ ਕੀਕਰ ਅੱਪੜੀ।

ਸਾਨੁਮਤੀ (ਆਪਣੇ ਜੀ ਵਿਚ)–ਮੈਂ ਵੀ ਇਹੋ ਗੱਲ ਸੁਣੀ ਚਾਹੁੰਦੀ ਸਾਂ।

ਦੁਖਜੰਤ–ਸੁਣੋ ਜੀ! ਜਦੋਂ ਮੈਂ ਤਪੋ ਬਨ ਤੋਂ ਆਪਣੇ ਨਗਰ ਨੂੰ ਆਉਣ ਲੱਗਾ ਤਾਂ ਉਸ ਵੇਲੇ ਪਿਆਰੀ ਨੇ ਅੱਖਾਂ ਭਰ ਲਈਆਂ ਅਤੇ ਕਹਿਣ ਲੱਗੀ,ਹੇ ਆਰਯ ਪੁੱਤ੍ਰ! ਫਿਰ ਮੇਰੀ ਖਬਰ ਸਾਰ ਕਦੋਂ ਲਓਗੇ?

ਮਾਢੱਵਜ–ਭਲਾ ਫੇਰ ਤੁਸਾਂ ਕੀ ਆਖਿਆ?

ਦੁਖਜੰਤ–ਤਦ ਮੈਂ ਇਹ ਮੁੰਦਰੀ ਉਸ ਦੀ ਉਂਗਲੀ ਵਿਚ ਪੁਆਕੇ ਇਉਂ ਆਖਿਆ: ਅੱਖਰ ਮੇਰੇ ਨਾਉਂ ਗਿਣਾਈਂ, ਇਕ

---

*ਸ਼ਕੁੰਤਲਾ ਦੇ ਨਾਲ ਮੇਰਾ ਮੇਲ ਹੋਇਆ ਸੋ ਉਹ ਕੀਹ ਸੁਪਨਾ ਸੀ, ਅਥਵਾ ਕੋਈ ਛਲ ਛਿੱਦ੍ਰ ਦਾ ਮਾਇਆਵੀ ਜਾਲ ਸੀ,ਜਾਂ ਉਹ ਮੇਰੇ ਪੁੰਨਾਂ ਦਾ ਫਲ ਸੀ ਜੋ ਉਦੇ ਹੋਕੇ ਬਹੁਤ ਛੇਤੀ ਮਿਟ ਗਿਆ? ਭਾਵੇਂ ਕੁਝ ਵੀ ਹੋਵੇ, ਪਰ ਉਹ ਸੁਖ ਫੇਰ ਨਹੀਂ ਮਿਲੇਗਾ, ਕਿਉਂਕਿ ਮੇਰਾ ਮਨੋਰਥ ਤਾਂ ਅਸਗਾਹ ਸਮੁੰਦ੍ਰ ਵਿੱਚ ਜਾ ਪਿਆ ਹੈ।

*ਹੇ ਮੁੰਦਰੀ! ਇਸ ਫਲ ਤੋਂ ਜਾਣਿਆ ਜਾਂਦਾ ਹੈ ਕਿ ਤੇਰਾ ਪੁੰਨ ਵੀ ਮੇਰੇ ਹੀ ਪੁੰਨ ਵਰਗਾ ਏਵੇਂ ਰਤਾਕੁ ਹੀ ਸੀ, ਕਿਉਂਕਿ ਤੂੰ ਉਨ੍ਹਾਂ ਲਾਲ ਮਨੋਹਰ ਨਹੁੰਵਾਂ ਵਾਲੀਆਂ ਉਂਗਲਾਂ ਵਿੱਚ ਪਹੁੰਚਕੇ ਫੇਰ ਡਿੱਗ ਪਈ।

Digitized by Panjab Digital Library | www.panjabdigilib.org

ਇਕ ਦਿਨ ਇੱਕ ਅੱਖਰ ਲਾਈਂ ਜਿਸ ਦਿਨ ਗਿਣਤੀ ਪੂਰੀ ਹੋਵੇ, ਤਾਂ ਇਉਂ ਮਨ ਵਿੱਚ ਜਾਣੀਓਂ। ਦਦਾ ਇਕ ਵਿਸਰਗਾਂ ਦੂਜੀ, ਖੱਖਾ ਯੱਯਾ ਤੱਤਾ ਪੂਜੀ, ਦੋ ਰਾਰਾ ਤੇ ਜੱਜਾ ਗਿਣਨਾ, ਸਾਤਾ ਇਕ ਪਛਾਣੀਓਂ। ਨਿਸਚੇ ਕਰ ਤੂੰ ਮਨ ਵਿਚ ਜਾਣੀ, ਦਿਨ ਸਤਵਾਂ ਗਿਣ ਜੀਅ ਪਛਾਣੀਂ,ਕਰੀਂ ਉਡੀਕ ਇਥਾਈਂ ਬੈਠੀ, ਹੋ ਮਹਿਲਾਂ ਦੀ ਰਾਣੀਓਂ।ਰਣਵਾਸੋਂ ਕੁਈ ਆਉਗੁ ਏਥੇ, ਨਾਲ ਲਿਜਾਉਗੁ ਤੈਨੂੰ ਓਥੇ, ਇਹ ਗੱਲ ਸੱਚੇ ਸੱਚੀ ਮੰਨੀ,ਕੁਦਰਤ ਦੀ ਪਰਵਾਣੀਓਂ* ॥ ੧੪੪ ॥ ਪਦ ॥

ਪਰੰਤੂ ਹਾਇ ਹਾਇ ! ਮੈਂ ਨਿਰਦਈ ਨੂੰ ਮੂਲੋਂ ਹੀ ਚੇਤਾ ਵਿੱਸਰ ਗਇਆ।

ਸਾਨੁਮਤੀ (ਆਪਣੇ ਜੀ ਵਿਚ)--ਫਿਰ ਮਿਲਣ ਦੀ ਹੱਦ ਤਾਂ ਚੰਗੀ ਰੱਖੀ ਸੀ ਪਰੰਤੂ ਬਿਧਾਤਾ ਨੇ ਵਿਗਾੜ ਦਿੱਤੀ।

ਮਾਢੱਬਜ--ਫੇਰ ਉਹ ਮੁੰਦਰੀ ਝੀਵਰ ਦੀ ਚੀਰੀ ਹੋਈ ਰੋਹੂ ਮੱਛੀ ਦੇ ਢਿੱਡ ਵਿੱਚ ਕੀਕੁਰ ਚਲੀ ਗਈ ?

ਦੁਖਜੰਤ--ਜਿਸ ਵੇਲੇ ਪਿਆਰੀ ਨੇ ਸਚੀ ਤੀਰਥ ਤੋਂ ਚਰਨਾਂਮ੍ਰਿਤ ਲਿਆ ਓਸ ਵੇਲੇ ਹੱਥੋਂ ਢਹਿਕੇ ਗੰਗਾ ਵਿੱਚ ਮੁੰਦਰੀ ਜਾ ਪਈ ਸੀ,

ਓਥੇ ਕਿਸੇ ਮੱਛੀ ਨੇ ਨਿਗਲ ਲਈ ਹੋਉ।

ਮਾਢੱਬਜ--ਠੀਕ ਹੈ।

ਸਾਨੁਮਤੀ (ਆਪਣੇ ਜੀ ਵਿਚ)--ਏਥੇ ਤਾਂ ਏਹੋ ਗੱਲ ਹੈ ਕਿ ਇਸ ਰਾਜਰਿਖੀ ਨੇ ਅਧਰਮ ਕੋਲੋਂ ਡਰਦਿਆਂ ਵਿਚਾਰੀ ਤਪੱਸ੍ਵੀ ਸ਼ਕੁੰਤਲਾ ਦੇ ਨਾਲ ਵਿਆਹ ਹੋਣ ਵਿਚ ਸੰਦੇਹ ਕੀਤਾ, ਪਰੰਤੂ ਮੁੰਦਰੀ ਦੇਖਣ ਤੋਂ ਇਸਨੂੰ ਏਡਾ ਪ੍ਰੇਮ ਵਿਰਾਗ ਕਿਉਂ ਹੋਇਆ ?

ਦੁਖਜੰਤ--ਏਸੇ ਲਈ ਮੈਂ ਇਸ ਮੁੰਦਰੀ ਦੀ ਨਿੰਦਿਆ ਕਰਦਾ ਹਾਂ।

ਮਾਢੱਬਜ (ਆਪਣੇ ਜੀ ਵਿਚ)--ਇਸਨੇ ਤਾਂ ਬਾਉਲਿਆਂ ਵਾਲਾ ਰਾਹ ਪਕੜਿਆ ਹੈ।

ਦੁਖਜੰਤ--ਨੀ ਮੁੰਦਰੀ ਇਹ ਗੱਲ ਸੁਣਾਈਂ,ਤੈਥੋਂ ਇਹ ਕੀਕਰ ਬਣਿਆਈ, ਹਾਇ ਕਿਤੇਈ ਇਹ ਕੀ ਕਾਰਨ, ਜੋ ਅਜੋਗ ਸੀ ਭਾਰਿਆ । ਉਹ ਕੋਮਲ ਜੋ ਫਾਂਗੁ ਫਲੀਆਂ, ਨਰਮ ਲਾਲ ਪਤਲੀ ਜੁ ਉਂਗਲੀਆਂ, ਛੱਡ ਉਹਨਾਂ ਨੂੰ ਜਲ ਵਿੱਚ ਧਸੀਓਂ,ਕਹੁ ਕੀਭਲਾ ਵਿਚਾਰਿਆ? ਜੜ੍ਹ ਵਸਤਾਂ ਵਿਚ ਨਾਂਹੀਂ ਹੋਵੇ, ਭਲਾ ਬੁਰਾ ਗੁਣ ਔਗੁਣ ਜੋਵੇ, ਜਿਸਤੇ ਨਾਉਂ ਅਚੇਤਨ ਪੈਂਦਾ,ਮੈਂ ਸਦਕੇ ਬਲਿਹਾਰਿਆ। ਮੈਂ ਚੇਤਨ ਹੋਕੇ ਕਿਉਂ ਕੀਤਾ, ਭਾਰ ਨਿਰਾਦਰ ਦਾ ਸਿਰ ਲੀਤਾ, ਮੈਂ ਛੱਡੀ ਪਯਾਰੀ ਹੋ ਰੱਬਾ, ਅਪਣਾ ਆਪ ਵਿਸਾਰਿਆ* ॥ ੧੪੫ ॥ ਪਦ ॥

---

*ਮੇਰੇ ਨਾਉਂ ਦੇ ਅੱਖਰ ਇਕ ਇਕ ਰੋਜ ਕਰਕੇ ਗਿਣਦੀ ਰਹੀਂ, ਛੇਕੜਲੇ ਅੱਖਰ ਵਾਲੇ ਦਿਨ ਤੈਨੂੰ ਲੈਣ ਲਈ ਕੋਈ ਆਵੇਗਾ ਤੇ ਤੂੰ ਭੀ ਓਸ ਦਿਨ ਮੇਰੇ ਰਣਵਾਸ ਵਿਚ ਪਹੁੰਚ ਜਾਵੇਂਗੀ।

ਸੋ ਦਦਾ ਖਖਾ ਤਤਾ ਤਿੰਨ ਅੱਖਰ ਬਣਦੇ ਹਨ ਅਤੇ ਰਾਜਾ ਦਾ ਭਾਵ ਵੀ ਤਿੰਨਾਂ ਦਿਨਾਂ ਦਾ ਹੀ ਸਾ, ਪਰੰਤੂ ਇਹ ਸੱਤ ਅੱਖਰ ਅਤਯੋਕਤੀ ਕਰਕੇ ਬਣਾਏ ਹਨ, ਦਦਾ ੧, ਵਿਸਰਗਾਂ ੨, ਖਖਾ ੩, ਯਯਾ ੪, ਤਤਾ ੫, ਅਤੇ ਰਾਜਾ ਦਾ ਰਾਰਾ ਜਜਾ ਮਿਲਾਕੇ ੭ ਬਣ ਜਾਂਦੇ ਹਨ, ਇਸ ਲਈ ਸਾਤੇ ਦਾ ਇਕਰਾਰ ਸਿੱਧ ਹੁੰਦਾ ਹੈ।

*ਨੀ ਮੁੰਦ੍ਰੀਂ ! ਤੂੰ ਉਹਨਾਂ ਨਰਮ ਉਂਗਲੀਆਂ ਨੂੰ ਛੱਡਕੇ ਕੀਕੁਰ ਪਾਣੀ ਵਿਚ ਜਾ ਧਸੀਓਂ, ਇਹ ਮੁੰਦਰੀ ਤਾਂ ਅਚੇਤਨ (ਜੜ੍ਹ) ਵਸਤੂ ਹੈ, ਇਸਨੂੰ ਬੁਰੇ ਭਲੇ ਦਾ ਕੋਈ ਅਗਯਾਨ ਨਹੀਂ ਪਰੰਤੂ ਮੈਂ ਆਪ ਚੇਤਨ ਹੋਕੇ ਫਿਰ ਕਿਉਂ ਉਸ ਪਿਆਰੀ ਇਸਤ੍ਰੀ ਦਾ ਨਿਰਾਦਰ ਕੀਤਾ ?

Digitized by Panjab Digital Library | www.panjabdigilib.org

ਮਾਢੱਬਜ(ਆਪਣੇ ਜੀ ਵਿਚ)–ਇਹ ਤਾਂ ਮੁੰਦਰੀ ਦੇ ਧਿਆਨ ਵਿੱਚ ਮਗਨ ਹੈ, ਮੈਂ ਕਿਉਂ ਭੁੱਖਾ ਮਰਾਂ ?

ਦੁਖਜੰਤ–ਹੇ ਪਿਆਰੀ ! ਮੈਂ ਤੈਨੂੰ ਬਿਨਾਂ ਹੀ ਕਿਸੇ ਕਾਰਨ ਦੇ ਛੱਡਿਆ ਹੈ, ਹੁਣ ਤੂੰ ਆਪੇ ਹੀ ਦਯਾਲ ਹੋਕੇ ਮੇਰੇ ਤਪੇ ਹੋਏ ਹਿਰਦੇ ਨੂੰ ਫਿਰ ਦਰਸ਼ਨ ਦੇਹ, ਤਾਂਕਿ ਠੰਢ ਪੈ ਜਾਵੇ।

[ਇਕ ਇਸਤ੍ਰੀ ਹਥ ਵਿਚ ਮੂਰਤ ਲੈਕੇ ਆਉਂਦੀ ਹੈ

ਚਤੁਰਕਾ–ਮਹਾਰਾਜ ! ਇਹ ਦੇਖੋ, ਮਹਾਰਾਣੀ ਜੀ ਦੀ ਮੂਰਤ ਇਹ ਹੈ।

[ਮੂਰਤ ਦਿਖਾਉਂਦੀ ਹੈ

ਮਾਢੱਬਜ–ਹੇ ਸਖਾ ! ਇਹ ਮੂਰਤ ਤਾਂ ਬਹੁਤ ਠੀਕ ਬਣੀ ਹੈ, ਜੋ ਜੋ ਕੁਝ ਜਿੱਥੇ ਕਿੱਥੇ ਜਿਹਾਕੁ ਚਾਹੀਏ ਤਿਵੇਹਾ ਹੀ ਬਣਿਆ ਹੈ, ਮੇਰੀ ਨਿਗਾਹ ਤਾਂ ਇਸਦੀ ਉਚਾਈ ਨਿਵਾਈ ਵਿੱਚ ਧੋਖਾ ਜਿਹਾ ਖਾਂਦੀ ਹੈ।

ਸਾਨੁਮਤੀ (ਆਪਣੇ ਜੀ ਵਿਚ)–ਵਾਹਵਾ ! ਧੰਨ ਹੈ ਇਸ ਰਾਜ ਰਿਖੀ ਦੀ ਸੁਘੜਤਾ, ਇਸ ਮੂਰਤ ਵਿੱਚ ਤਾਂ ਮੈਨੂੰ ਇਉਂ ਜਾਪਦੀ ਹੈ ਮਾਨੋਂ ਸਾਮ੍ਹਣੇ ਓਹੋ ਹੀ ਖੜੋਤੀ ਹੈ।

ਦੁਖਜੰਤ–ਜੋ ਜੋ ਗੱਲ ਨ ਮੂਰਤ ਦੇ ਵਿੱਚ ਠੀਕ ਠੀਕ ਮੈਂ ਸਕਿਆ ਲਜਾਇ। ਸੋ ਸੋ ਮੈਂ ਭੀ ਇਵੇਂ ਮਨ ਤੋਂ ਉਕਤ ਜੁਗਤ ਕਰ ਲਈ ਬਨਾਇ। ਤਾਂ ਭੀ ਉਸਦੇ ਰੂਪ ਭਲੇ ਦੀ ਛਬਿ ਸੁੰਦਰ ਜੋ ਤਨ ਦੀ ਆਇ। ਹੈ ਝਲਕਾਂਦੀ ਲੀਕਾਂ ਦੇ ਵਿੱਚ ਕੁਝ ਕੁਝ ਓਕਰ ਜਾਪੀ ਜਾਇ* ॥ ੧੪੬ ॥ ਪਦ ॥

*ਕਾਰੀਗਰਾਂ ਦੀ ਰੀਤ ਹੈ ਕਿ ਜੋ ਵਸਤੁ ਮੂਰਤ ਵਿੱਚ ਠੀਕ ਨਾ ਆ ਸਕੇ ਤਾਂ ਓਸਨੂੰ ਕਿਸੇ ਦੂਜੀ ਤਰ੍ਹਾਂ ਨਾਲ ਲਿਖ ਕੱਢਦੇ ਹਨ, ਇੱਕਰ ਹੀ ਮੈਂ ਭੀ ਏਸ ਮੂਰਤ ਵਿੱਚ ਕੀਤਾ ਹੈ, ਤਦ ਵੀ ਪਯਾਰੀ ਦੇ ਰੂਪ ਦੀ ਛਬਿ ਕੁਝ ਕੁਝ ਇਸ ਮੂਰਤ ਦੀਆਂ ਲੀਕਾਂ ਵਿਚ ਝਲਕਦੀ ਹੈ।

ਸਾਨੁਮਤੀ (ਆਪਣੇ ਜੀ ਵਿਚ)–ਇਹ ਪ੍ਰੇਮ ਭਰੇ ਬਚਨ ਥੜੇ ਹੀ ਪਛੁਤਾਵੇ ਦੇ ਹਨ ਅਤੇ ਨਿਰਅਭਿਮਾਨਤਾ ਦੇ ਵੀ ਹਨ।

ਮਾਢੱਬਜ–ਏਥੇ ਤਿੰਨ ਭਗਵਤੀਆਂ ਦਿੱਸਦੀਆਂ ਹਨ ਅਤੇ ਸਾਰੀਆਂ ਹੀ ਦੇਖਣ ਦੇ ਲਾਇਕ ਹਨ, ਇਨ੍ਹਾਂ ਵਿਚ ਭਗਵਤੀ ਸ਼ਕੁੰਤਲਾ ਕੌਣ ਹੈ ?

ਸਾਨੁਮਤੀ (ਆਪਣੇ ਜੀ ਵਿਚ)–ਇਸਨੇ ਇਸ ਰੂਪਵਤੀ ਦਾ ਦਰਸ਼ਨ ਨਹੀਂ ਕੀਤਾ, ਇਸ ਲਈ ਇਸਦੀਆਂ ਅੱਖਾਂ ਐਵੇਂ ਨਿਸ਼ਫਲ ਹੀ ਹਨ।

ਦੁਖਜੰਤ–ਭਲਾ ਦੱਸ ਖਾਂ! ਇਨ੍ਹਾਂ ਤਿੰਨਾਂ ਵਿੱਚੋਂ ਤੂੰ ਸ਼ਕੁੰਤਲਾ ਕਿਸਨੂੰ ਜਾਣਨਾ ਹੈਂ ?

ਮਾਢੱਬਜ–ਮੇਰੀ ਜਾਚੇ ਤਾਂ ਏਹੋ ਸ਼ਕੁੰਤਲਾ ਹੋਵੇਗੀ ਜਿਸਦਾ ਜੂੜਾ ਢਿੱਲਾ ਹੋਕੇ ਕੇਸਾਂ ਵਿੱਚੋਂ ਫੁਲ ਡਿੱਗਦੇ ਪਏ ਹਨ ਅਤੇ ਕੁਝ ਥੱਕਿਆ ਹੋਇਆ ਜਿਹਾ ਸਰੀਰ ਜਾਪਦਾ ਹੈ, ਪਸੀਨੇ ਦੀਆਂ ਕਣੀਆਂ ਮੂੰਹ ਤੇ ਵਹਿੰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਅਨੋਖੀ ਹੀ ਤਰ੍ਹਾਂ ਬਾਹਾਂ ਖਿਲਾਰ ਰਹੀ ਹੈ ਅਤੇ ਇਸ ਸਿੰਜੇ ਹੋਏ ਕਰੁੰਬਲਾਂ ਵਾਲੇ ਅੰਬ ਦੇ ਪਾਸ ਖੜੋਤੀ ਹੈ। ਆਸੇ ਪਾਸੇ ਦੀਆਂ ਦੋਵੇਂ ਸਖੀਆਂ ਹੋਣਗੀਆਂ।

ਦੁਖਜੰਤ–ਤੂੰ ਬੜਾ ਚਤੁਰ ਆਦਮੀ ਹੈਂ, ਦੇਖ, ਇਸ ਮੂਰਤ ਵਿਚ ਮੇਰੇ ਸਾਤ੍ਵਿਕ ਭਾਵ* ਦੇ ਚਿੰਨ੍ਹ ਹਨ।

ਮੁੜਕੇ ਭਿੱਜੀ ਲਗੀ ਉਂਗਲੀ ਦੇਖੋ ਮੈਲੀ ਠੀਕ ਹੋਈ। ਹੰਝੂ ਢੱਠੇ ਗੱਲ੍ਹਾਂ ਉੱਤੇ ਢਿੱਕੇ

*ਅਠ ਸਾਤ੍ਵਿਕ ਪ੍ਰਸਿੱਧ ਹਨ, ਸਤੰਭ ੧, ਸ੍ਵੇਦ ੨, ਰੋਮਾਂਚ ੩, ਸੁਰਭੰਗ ੪, ਕੰਪ ੫, ਵਿਵਰਨ ੬, ਅੱਸ਼ ੭, ਲਯਤਾ ੮ ਆਦਿਕ।

Digitized by Panjab Digital Library | www.panjabdigilib.org

ਰੰਗ ਰੰਗੀਕ ਹੋਈ* ॥ ੧੪੭ ॥ ਪਦ ॥

ਹੇ ਚਤੁਰਕਾ ! ਅਜੇ ਇਸ ਬਿਨੋਦ ਅਸਥਾਨ† ਦੀ ਮੂਰਤ ਪੂਰੀ ਨਹੀਂ ਬਣੀ, ਤੂੰ ਜਾਕੇ ਮੂਰਤ ਬਨਾਉਣ ਵਾਲੀ ਚੀਜ਼ ਵਸਤੁ ਸਾਰੀ ਇੱਥੇ ਲੈ ਆਉ ।

ਚਤੁਰਕਾ–ਲੈ ਮਾਢੱਬਜ ਜੀ ! ਜਦ ਤਕ ਚੀਜ਼ ਲੈ ਕੇ ਆਉਨੀ ਹਾਂ ਤੁਸੀਂ ਉੱਨਾਂ ਚਿਰ ਇਹ ਮੂਰਤ ਦੀ ਪੱਟੀ ਥੰਮੀ ਰੱਖੋ ।

ਦੁਖੰਜੇਤ–ਲਿਆ ਉੱਨਾਂ ਚਿਰ ਮੈਂ ਆਪ ਹੀ ਫੜੀ ਰੱਖਨਾਂ ਹਾਂ ।

[ਮੂਰਤ ਹੱਥੋਂ ਲੈਂਦਾ ਹੈ, ਚਤੁਰਕਾ ਜਾਂਦੀ ਹੈ

ਦੁਖੰਜੇਤ–ਹਾਇ !

‡ਜਦੋਂ ਸਾਹਮਣੇ ਪਜਾਰੀ ਆਈ, ਮੈਂ ਕਰੜਾਈ ਬਹੁਤ ਦਿਖਾਈ, ਖਬਰ ਨਹੀਂ ਕੀ ਹੋਇਆ ਮੈਨੂੰ, ਚੇਤਾ ਸਗਲ ਵਿਸਾਰਿਆ। ਹੁਣ ਓਸੇ ਦੀ ਮੂਰਤ ਤਾਈਂ ਜੋ ਮੈਂ ਹੱਥੀਂ ਆਪ ਬਣਾਈ, ਫਿਰ ਫਿਰ ਆਦਰ ਦੇਇ ਨ ਥੱਕਾਂ, ਕੀ ਕੁਦਰਤ ਕਰਤਾਰਿਆ। ਜੀਕੁਰ ਨਦੀ ਭਰੇ ਜਲ ਵਾਲੀ, ਪਾਰ ਉਤਰ ਉਸ ਤੋਂ ਕੋਈ ਹਾਲੀ, ਮ੍ਰਿਗ ਤ੍ਰਿਸ਼ਨਾ ਦੇ ਪਾਣੀ ਪਿੱਛੇ ਭਉਂਦਾ ਭਉਂ ਭਉਂ ਹਾਰਿਆ। ਓਹੋ ਹਾਲ ਹੋਇਆ ਹੈ ਮੇਰਾ, ਪੀੜ ਦੁਖੀ ਪਛੁਤਾਉ ਬਥੇਰਾ, ਮੈਂ ਡੁੱਬਾ ਹਾਂ ਵਿੱਚ ਰੜੇ ਦੇ, ਬਾਝੋਂ ਬਾਂਹ ਉਲਾਰਿਆ ॥ ੧੪੮ ॥ ਪਦ ॥

ਮਾਢੱਬਜ(ਆਪਣੇ ਜੀ ਵਿੱਚ)–ਇਹ ਤਾਂ ਨਦੀਓਂ ਪਾਰ ਹੋਕੇ ਮ੍ਰਿਗ ਤ੍ਰਿਸ਼ਨਾਂ ਦੇ ਅਸਗਾਹ ਵਿੱਚ ਜਾ ਪਿਆ ਹੈ।(ਪ੍ਰਗਟ)–ਮਿਤ੍ਰ! ਹੁਣ ਇਸ ਵਿੱਚ ਹੋਰ ਕੀ ਲਿਖਣਾ(ਬਨਾਉਣਾ) ਰਹਿੰਦਾ ਹੈ !

ਸਾਨੁਮਤੀ (ਆਪਣੇ ਜੀ ਵਿੱਚ)–ਮੇਰੀ ਜਾਚੇ ਤਾਂ ਹੁਣ ਰਾਜਾ ਉਨ੍ਹਾਂ ਅਸਥਾਨਾਂ(ਜਗ੍ਹਾਂ)ਨੂੰ ਲਿਖੇਗਾ ਜੋ ਮੇਰੀ ਸਖੀ ਨੂੰ ਪਜਾਰੇ ਸਨ।

ਦੁਖੰਜੇਤ–ਸੁਣ:–

*ਕੰਮ ਲਿਖਣ ਦਾ ਅਜੇ ਬਤੇਰਾ ਰਹਿੰਦਾ ਹੈ ਇਸ ਵਿੱਚ ਮੈਂ ਹੇਰਾ, ਨਦੀ ਕਿਨਾਰਾ ਵਹਿੰਦੀ ਸੰਦਾ ਨਾਉਂ ਮਾਲਨੀ ਜਾਣੀਐ । ਹੰਸਾਂ ਦੀ ਜੋੜੀ ਇੱਕ ਜੇਹੀ, ਨਦੀ ਕਿਨਾਰੇ ਹੋਇ ਅਡੇਹੀ, ਫਿਰਦੀ ਚੁਗਦੀ ਸੈਲਾਂ ਕਰਦੀ, ਉੱਜਲ ਖੰਭ ਸੁਜਾਣੀਐ। ਦੂਹ ਕੰਦਿਆਂ ਤੇ ਸੈਲ ਹਿਮਾਲਾ, ਪਰਮ ਪਵਿੱਤਰ ਬਰਫਾਂ ਵਾਲਾ, ਹਰਨ ਉਨ੍ਹਾਂ ਤੇ ਬੈਠੇ ਹੋਵਣ, ਕਰਨ ਉਗਾਲੀ ਜਾਣੀਐ । ਇਕ ਗਲ ਹੋਰ ਲਿਖਣ ਹੈ ਵਾਲੀ, ਰੁੱਖ ਲਿਖਾਂ ਪੱਤੇ ਸਨ ਡਾਲੀ, ਕਪੜੇ ਬਲਕਲ ਹੋਣ ਉਹਨਾਂ ਤੇ,

---

*ਮੁੜ੍ਹਕੇ ਨਾਲ ਭਿੱਜੀਆਂ ਹੋਈਆਂ ਉਂਗਲੀਆਂ ਲਗ ਲਗ ਕੇ ਕੰਢੇ ਦੀਆਂ ਲੀਕਾਂ ਮੈਲੀਆਂ ਹੋ ਗਈਆਂ ਹਨ ਅਤੇ ਹੰਝੂਆਂ ਦੀਆਂ ਬੂੰਦਾਂ ਡਿੱਗਕੇ ਮੂਰਤ ਦੀਆਂ ਗੋਲ੍ਹਾਂ ਦਾ ਰੰਗ ਵਿਗੜ ਗਿਆ ਹੈ। ਏਥੇ ਸ੍ਵੇਦ ਅਤੇ ਅੱਸ਼ ਦੋ ਸਾਤ੍ਵਿਕ ਵਿਦਮਾਨ ਹਨ।

†ਬਿਲਾਸ ਦੀ ਜਗ੍ਹਾ।

‡ਜਦੋਂ ਉਹ ਮੇਰੇ ਸਾਹਮਣੇ ਆਪ ਆਈ ਤਦ ਮੈਂ ਭਾਰੀ ਕਰੜਾਈ ਕਰਕੇ ਉਸ ਨੂੰ ਅੰਗੀਕਾਰ ਨਾ ਕੀਤਾ, ਹੁਣ ਓਸੇ ਦੀ ਮੂਰਤ ਨੂੰ ਘੜੀ ਮੁੜੀ ਆਦਰ ਦੇਂਦਾ ਹੋਇਆ ਥੱਕਦਾ ਨਹੀਂ ਹਾਂ, ਮੇਰੀ ਦਸ਼ਾ ਠੀਕ ਓਹੋ ਹੀ ਇਸ ਵੇਲੇ ਹੋਈ ਹੈ ਜੀਕੁਰ ਕੋਈ ਪੁਰਖ ਵਗਦੀ ਹੋਈ ਨਦੀ ਨੂੰ ਲੰਘਕੇ ਫਿਰ ਮ੍ਰਿਗ ਤ੍ਰਿਸ਼ਨਾਂ ਦੇ ਜਲ ਨੂੰ ਭੱਜਾ ਫਿਰੇ।

*ਲਿੱਖਣ ਦੀਆਂ ਗੱਲਾਂ ਏਹ ਹਨ ਕਿ ਮਾਲਨੀ ਨਦੀ ਬਣਾਈ ਜਾਵੇ, ਉਸਦੇ ਕੰਢੇ ਹੰਸਾਂ ਦੇ ਜੋੜੇ ਬੈਠੇ ਹੋਣ, ਨਦੀ ਦੇ ਦੁਵੱਲੀ ਪਵਿੱਤ੍ਰ ਹਿਮਾਲੇ ਦੇ ਹੇਠਲੇ ਪਹਾੜ ਹੋਣ ਜਿਨ੍ਹਾਂ ਤੇ ਹਰਨ ਬੈਠੇ ਹੋਏ ਉਗਾਲੀ ਕਰਦੇ ਹੋਣ ਅਤੇ ਮੈਂ ਇਹ ਭੀ ਚਾਹੁੰਦਾ ਹਾਂ ਕਿ ਕਿਸੇ ਰੁੱਖ ਦੇ ਹੇਠਾਂ ਜਿਸਦੀਆਂ ਟਾਹਣੀਆਂ ਤੇ ਧੋਕੇ ਬਲਕਲ ਬਸਤ੍ਰ ਸੁੱਕਣੇ ਪਾਏ ਹੋਏਹੋਣ।ਇਕ ਹਰਨੀ ਲਿਖਾਂ ਜੋ ਆਪਣੀ ਖੱਬੀ ਅੱਖ ਕਾਲੇ ਹਰਨ ਦੇ ਸਿੰਗ ਨਾਲ ਖੁਰਕ ਰਹੀ ਹੋਵੇ।

Digitized by Panjab Digital Library | www.panjabdigilib.org

ਮੁੱਕਦੇ ਪਏ ਪਛਾਣੀਐ॥ ਉਸ ਦੁੱਖ ਹੇਠਾਂ ਹਰਨੀ ਹੋਵੇ, ਸੱਜੇ ਪਾਸੇ ਹਰਨ ਖਲੋਵੇ, ਨਾਲ ਸਿੰਗ ਦੇ ਅੱਖ ਜੁ ਖੱਬੀ, ਖੱਨਦੀ ਪਈ ਸਿੰਜਾਣੀਐ॥ ੧੪੯ ॥

ਮਾਢੱਬਜ (ਆਪਣੇ ਜੀ ਵਿੱਚ)–ਮੈਥੋਂ ਪੁੱਛੇ ਤਾਂ ਆਖਾਂ 'ਬਗੀਆਂ ਦਾਹੜੀਆਂ ਵਾਲੇ ਤਪੱਸੀਆਂ ਦੀਆ ਮੂਰਤਾਂ ਨਾਲ ਸਾਰੀ ਪੱਟੀ ਭਰ ਦੇਹ'।

ਦੁਖਜੰਤ–ਹੇ ਮਿੱਤ੍ਰ! ਏਥੇ ਸ਼ਕੁੰਤਲਾ ਦਾ ਇਕ ਗਹਿਣਾ ਲਿਖਣਾ ਚਾਹੁੰਦਾ ਸਾਂ ਜੇਹੜਾ ਮੈਂ ਭੁੱਲ ਗਿਆ ਹਾਂ।

ਮਾਢੱਬਜ–ਉਹ ਕੇਹਾ ਗਹਿਣਾ?

ਸਾਨੁਮਤੀ (ਆਪਣੇ ਜੀ ਵਿੱਚ)–ਜਿਹਾਕੁ ਬਨ ਦੀਆਂ ਇਸਤ੍ਰੀਆਂ ਦਾ ਹੁੰਦਾ ਹੈ।

ਦੁਖਜੰਤ–ਮੇਰੇ ਪਿਆਰੇ!

ਲਿਖਜਾ ਗਇਆ ਨ ਕੰਨਾਂ ਉੱਤੇ ਫੁੱਲ ਸਰੀਂਹ ਜੁ ਰਖਿਆ ਸੀ। ਪਇਆ ਲਟਕਦਾ ਗੱਲ੍ਹਾਂ ਉਤੇ ਕੇਸਰ ਤੁਰੀਆਂ ਲਖਿਆ ਸੀ। ਕਮਲ ਨਾਲ ਦੀ ਮਾਲ ਗਲੇ ਵਿਚ ਲਿਖਨੀ ਰਹਿ ਗਈ ਹਾਇ ਅਜੇ। ਸਰਦ ਚੰਦ ਦੀ ਕਿਰਨਾਂ ਵਾਂਗੂੰ ਕੋਮਲ ਛਾਤੀ ਤੇ ਜੁ ਸਜੇ*॥ ੧੫੦॥ਪਦ॥

ਮਾਢੱਬਜ–ਮਹਾਰਾਜ! ਇਹ ਭਗਵਤੀ ਆਪਣੇ ਮੂੰਹ ਕਮਲ ਨੂੰ ਲਾਲ ਕਮਲ ਦੇ ਪੱਤਿਆਂ ਵਰਗੇ ਹੱਥਾਂ ਨਾਲ ਢਕਕੇ ਹਰਾਨ ਜੇਹੀ ਕਿਉਂ ਖੜੋਤੀ ਹੈ (ਚਿਤ ਲਾਕੇ ਵੇਖਦਾ ਹੈ) ਵਾਹਵਾਹ ਜੀ! ਮੈਂ ਜਾਣ ਲਿਆ ਇਹ ਗੋਲੀ ਜਾਇਆ ਭੌਰਾ ਫੁੱਲਾਂ ਦੇ ਰਸ ਦਾ ਚੋਟਾ ਭਗਵਤੀ ਦੇ ਮੂੰਹ ਤੇ ਡੋਂਦਾ ਹੈ।

ਦੁਖਜੰਤ–ਇਸ ਢੀਠ ਭੌਰੇ ਨੂੰ ਦੂਰ ਕਰੋ।

ਮਾਢੱਬਜ–ਢੀਠਾਂ ਨੂੰ ਸਜ਼ਾ ਦੇਣ ਦੀ ਸਮਰੱਥ ਤੁਹਾਨੂੰ ਹੀ ਹੈ, ਇਸ ਲਈ ਇਸ ਨੂੰ ਵੀ ਦੂਰ ਕਰ ਸਕੋਗੇ।

ਦੁਖਜੰਤ–ਸੱਚ ਆਖਿਆ ਈ, ਓਇ ਫੁੱਲਾਂ ਵਾਲੀਆਂ ਵੇਲਾਂ ਦੇ ਪਿਆਰੇ! ਤੂੰ ਏਥੇ ਭੌਣ ਲਈ ਕਿਉਂ ਆਇਆ ਹੈਂ?

ਬੈਠੀ ਭੌਰੀ ਫੁੱਲ ਤੇ ਦੇਖੇ ਤੇਰੀ ਰਾਹ। ਪ੍ਰੀਤ ਲਗੀ ਵੀ ਰਸ ਨਹੀਂ ਪੀਂਦੀ ਤੁਝ ਬਿਨ ਆਹਿ*॥ ੧੫੧॥ ਦੋ:॥

ਸਾਨੁਮਤੀ (ਆਪਣੇ ਜੀ ਵਿਚ)–ਇਹ ਵਰਜਨਾ ਤਾਂ ਬਹੁਤ ਹੀ ਅਨੋਖਾ ਹੈ।

ਮਾਢੱਬਜ–ਭੌਰੇ ਦੀ ਜਾਤ ਬੜੀ ਢੀਠ ਹੁੰਦੀ ਹੈ, ਹਟਾਇਆਂ ਨਹੀਂ ਹਟਦਾ।

ਦੁਖਜੰਤ–ਓਇ ਭੌਰੇ! ਜੇ ਤੂੰ ਮੇਰਾ ਹੁਕਮ ਨਹੀਂ ਮੰਨੇਗਾ, ਤਾਂ ਸੁਣ ਲੈ।

ਇਸ ਪਜਾਰੀ ਦੇ ਹੋਠ ਨਰਮ ਹਨ ਲਾਲ ਕਰੂਮਲ ਜੇਹੇ। ਮੈਂ ਮਿਲਾਪ ਵੇਲੇ ਅਧਰਾਂ-ਮ੍ਰਿਤ ਲੀਤਾ ਹੈ ਸਹਜੇਹੇ। ਜੇ ਤੂੰ ਰਤਾ ਕਿਤੇ ਅਧਰਾਂ ਨੂੰ ਛੁਹ ਜਾਵੇਂਗਾ ਭੌਰੇ। ਕੈਦ ਕਰਾਂਗਾ ਕਮਲ ਪੇਟ ਵਿੱਚ ਬੰਦੀ-ਖਾਨਾ ਹੋਰੇ† ॥ ੧੫੨ ॥ ਪਦ ॥

---

*ਅਜੇ ਕੰਨਾਂ ਤੇ ਸਰੀਂਹ ਦਾ ਫੁੱਲ ਲਿਖਣਾ ਰਹਿ ਗਿਆ ਹੈ, ਜਿਸਦੀਆਂ ਤੁਰੀਆਂ ਕੇਸਰ ਦੀਆਂ ਤੁਰੀਆਂ ਵਰਗੀਆਂ ਗੱਲ੍ਹਾਂ ਤੇ ਪਲਮਦੀਆਂ ਹੋਣ ਅਤੇ ਛਾਤੀ ਤੇ ਕਮਲ ਨਾਲ ਦੀ ਮਾਲਾ ਲਿਖਣੀ ਰਹਿ ਗਈ ਹੈ ਜੋ ਸਰਦ ਰਿਤੂ ਤੇ ਚੰਦ੍ਰਮਾਂ ਦੀ ਕਿਰਨ ਵਰਗੀ ਠੰਢੀ ਕੋਮਲ ਅਤੇ ਸੁੰਦਰ ਹੋਵੇ।

*ਓਇ ਭੌਰੇ! ਇਹ ਭੌਰੀ ਫੁੱਲ ਤੇ ਬੈਠੀ ਹੋਈ ਤੇਰੀ ਰਾਹ ਤੱਕਦੀ ਹੈ, ਤੇਰੇ ਬਿਨਾ ਭੁੱਖੀ ਤਿਹਾਈ ਵੀ ਰਸ ਨਹੀਂ ਲੈਂਦੀ।

†ਮੇਰੀ ਪਿਆਰੀ ਦੇ ਹੋਠ ਅਜੇਹੇ ਕੋਮਲ ਹਨ ਜੇਹੀਆਂ ਦਰਖਤਾਂ ਦੀਆਂ ਨਵੀਆਂ ਕਰੂੰਮਲਾਂ ਹੁੰਦੀਆਂ ਹਨ, ਇਨ੍ਹਾਂ ਤੋਂ ਮੈਂ ਮਿਲਾਪ ਵੇਲੇ ਹੌਲੀ ਹੌਲੀ ਅਧਰਾਂਮ੍ਰਿਤ ਲਿਆ ਸੀ, ਓਇ ਭੌਰੇ! ਜੇ ਤੂੰ ਕਿਤੇ ਰਤਾ ਵੀ ਇਨ੍ਹਾਂ ਹੋਠਾਂ ਨੂੰ ਛੁਹ ਲਿਆ ਤਾਂ ਤੈਨੂੰ ਕਮਲ ਫੁੱਲ ਦੇ ਢਿੱਡ ਰੂਪੀ ਕੈਦਖਾਨੇ ਵਿਚ ਕੈਦੀ ਬਣਾਕੇ ਪਾ ਛੱਡਾਂਗਾ।

Digitized by Panjab Digital Library | www.panjabdigilib.org

ਮਾਢਬਜ–ਇਜੇਹੀ ਕਰੜੀ ਸਜ਼ਾ ਸੁਣਕੇ ਭਲਾ ਕਿਉਂ ਨ ਡਰੇਗਾ ? (ਹੱਸ ਕੇ ਆਪਣੇ ਜੀ ਵਿਚ)–ਸਜ਼ੀਅਲ ਸ਼ੁਦਾਈ ਹੋ ਗਿਆ ਹੈ, ਇਸਦੇ ਤਾਂ ਨਾਲ ਰਹਿਕੇ ਮੈਂ ਭੀ ਇਕੁਰ ਹੀ ਊਲ ਜਲੂਲ ਕਹਿਣ ਲਗ ਜਾਵਾਂਗਾ। (ਪ੍ਰਗਟ)–ਪਜਾਰੇ ਮਿੱਤ੍ਰ ! ਇਹ ਪਜਾਰੀ ਨਹੀਂ ਹੈ, ਮੂਰਤ ਹੈ।

ਦੁਖਜੰਤ–ਮੂਰਤਿ ਕੇਹੀ ?

ਸਾਨੁਮਤੀ (ਆਪਣੇ ਜੀ ਵਿਚ)–ਇਸ ਵੇਲੇ ਤਾਂ ਮੈਨੂੰ ਵੀ ਸੁਧ ਨਾ ਰਹੀ ਕਿ ਇਹ ਮੂਰਤ ਹੈ, ਫਿਰ ਇਸ ਬਿਰਹੀ ਵਿਚਾਰੇ ਰਾਜਾ ਨੂੰ ਕੀਕੁਰ ਸੁਧ ਰਹੀ ਹੋਵੇਗੀ ?

ਦੁਖਜੰਤ–ਓਇ ਮਿੱਤ੍ਰਾ ! ਤੂੰ ਬੁਰਾ ਕੀਤਾ। ਮੈਂ ਦਰਸ਼ਨ ਦਾ ਸੁਖ ਸਾਂ ਲੈਂਦਾ। ਇਕ ਟੁਕ ਦੇਖ ਰਿਹਾ ਸਾਂ ਉਸ ਨੂੰ ਮਨੋਂ ਤਨੋਂ ਸਾਂ ਕਹਿੰਦਾ। ਤਦ ਤਕ ਤੂੰ ਮੂਰਤ ਹੀ ਕਹਿਕੇ ਏਵੇਂ ਹੋਸ਼ ਕਰਾਈ । ਹੁਣ ਪਜਾਰੀ ਦੀ ਮੂਰਤ ਰੱਬਾ ਮੂਰਤਿ ਹੀ ਦਿਸ ਆਈ* ॥੧੫੩॥ਪਦ॥ [ਹੰਝੂ ਡੇਗਦਾ ਹੈ।

ਸਾਨੁਮਤੀ (ਆਪਣੇ ਜੀ ਵਿਚ)–ਵਿਛੋੜੇ ਦੀ ਚਾਲ ਵੀ ਡਾਢੀ ਅਨੋਖੀ ਹੈ, ਬਿਰਹੀ ਜਿੱਧਰ ਵੀ ਦੇਖਦਾ ਹੈ ਓਧਰ ਦੁੱਖ ਨਜ਼ਰੀਂ ਪੈਂਦਾ ਹੈ।

ਦੁਖਜੰਤ–ਹਾਇ ਰੱਬਾ ! ਹੁਣ ਮੈਂ ਘੜੀ ਘੜੀ ਦਾ ਦੁੱਖ ਕੀਕੁਰ ਸਹਾਰਾਂ ?

ਸੁਪਨ ਮਿਲਾਵਾ ਮਿਟ ਗਿਆ ਨਿਤ ਜਾਗਣ ਦੇ ਕਾਣ। ਮੂਰਤ ਦਾ ਦਰਸ਼ਨ ਗਇਆ ਹੰਝੂ ਨਜ਼ਰ ਗਵਾਣ* ।੧੫੪। ਪਦ।

ਸਾਨੁਮਤੀ (ਆਪਣੇ ਜੀ ਵਿਚ)–ਤੁਸਾਂ ਤਾਂ ਸ਼ਕੁੰਤਲਾ ਦੇ ਨਿਰਾਦਰ ਕਰਨ ਦਾ ਦੁੱਖ ਸਾਰਾ ਹੀ ਧੋ ਕੱਢਿਆ।

[ਚਤੁਰਕਾ ਆਉਂਦੀ ਹੈ

ਚਤੁਰਕਾ–ਮਹਾਰਾਜ ਦੀ ਜੈ ਹੋਵੇ ! ਮੈਂ ਰੰਗਾਂ ਦਾ ਡੱਬਾ ਏਧਰ ਲਈ ਔਂਦੀ ਸਾਂ।

ਦੁਖਜੰਤ–ਫਿਰ ਕੀਹ ਹੋਇਆ ?

ਚਤੁਰਕਾ–ਮਹਾਂਰਾਣੀ ਬਸੁਮਤੀ ਜੀ ਨੇ ਤਰਲਕਾ ਦੇ ਸਮੇਤ ਰਸਤੇ ਵਿੱਚ ਮੇਰੇ ਹਥੋਂ ਡੱਬਾ ਖੋਹ ਲਿਆ ਹੈ ਅਤੇ ਆਖਣ ਲੱਗੀ ਕਿ ਇਸ ਡੱਬੇ ਨੂੰ ਮੈਂ ਆਪ ਹੀ ਚੱਲ ਕੇ ਮਹਾਰਾਜ ਜੀ ਨੂੰ ਦਿਆਂਗੀ।

ਮਾਢੱਬਜ–ਇਹ ਭੀ ਚੰਗਾ ਹੋਇਆ ਕਿ ਤੂੰ ਆਪ ਏਥ ਆਈਓਂ !

ਚਤੁਰਕਾ–ਰਾਣੀ ਜੀ ਦਾ ਪੱਲਾ ਕੰਡਿਆਲੇ ਰੁੱਖ ਨਾਲ ਅੜ ਗਿਆ ਹੈ, ਉਹ ਤਰਲਕਾ ਛੁਡਾਉਣ ਲੱਗੀ ਸੀ, ਇੰਨੇ ਚਿਰ ਵਿੱਚ ਮੈਂ ਅੱਗੇ ਨਿਕਲ ਆਈ ਹਾਂ।

ਦੁਖਜੰਤ–ਹੇ ਮਿੱਤ੍ਰ ! ਮਾਨ ਗਰਬਤਾ† ਰਾਣੀ ਬਸੁਮਤੀ ਆਉਂਦੀ ਹੈ, ਤੂੰ ਰਤਾਕੁ ਇਸ ਮੂਰਤ ਨੂੰ ਲੁਕਾ ਲੈ।

ਮਾਢੱਬਜ–ਉਹ ਕਿਉਂ?ਇਉਂ ਨਹੀਂ ਕਹਿੰਦਾ

---

*ਪਿਆਰੇ ! ਮੈਂ ਤਾਂ ਆਪਣੀ ਪਜਾਰੀ ਦੇ ਦਰਸ਼ਨ ਦਾ ਲਾਭ ਲੈ ਰਿਹਾ ਸਾਂ, ਹਾਇ ! ਤੂੰ ਕਿਉਂ ਕਹਿ ਦਿੱਤਾ ਕਿ ਇਹ ਮੂਰਤ ਹੈ। ਹੁਣ ਤਾਈਂ ਤਾਂ ਉਹ ਮੇਰੇ ਸਾਹਮਣੇ ਪ੍ਰਤੱਖ ਸੀ, ਪਰ ਤੇਰੇ ਕਹਿਣ ਨਾਲ ਮੂਰਤ ਦੀ ਮੂਰਤ ਰਹਿ ਗਈ।

*ਨਿੱਤ ਦੇ ਜਾਗਿਆਂ ਨੇ ਸੁਪਨ ਮਿਲਾਪ ਮਿਟਾਇਆ ਸੀ, ਇੱਕੁਰ ਹੀ ਮੂਰਤ ਦਾ ਦਰਸ਼ਨ ਵੀ ਦੁਰਲੱਭ ਹੋ ਗਿਆ, ਕਿਉਂਕਿ ਜਦ ਮੂਰਤ ਦੇਖਦਾ ਹਾਂ ਅੱਖਾਂ ਵਿੱਚ ਹੰਝੂ ਭਰ ਆਉਂਦੇ ਹਨ ਜਿਸ ਕਰਕੇ ਨਜ਼ਰ ਧੁੰਦਲੀ ਹੋ ਜਾਂਦੀ ਹੈ।

†ਜੋ ਆਪਣੇ ਰੂਪ ਅਥਵਾ ਗੁਣਾਂ ਦਾ ਅਹੰਕਾਰ ਰੱਖਦੀ ਹੋਵੇ ਉਸ ਨੂੰ ਗਰਬਤਾ ਅਥਵਾ ਪਹਿਲੇ ਕੋਈ ਪਦ ਜਿਹਾਕੁ ਰੂਪਗਰਬਤਾ, ਮਾਨਗਰਬਤਾ ਆਦਿਕ ਕਰਕੇ ਕਹਿੰਦੇ ਹਨ।

Digitized by Panjab Digital Library | www.panjabdigilib.org

ਕਿ ਮੈਨੂੰ ਹੀ ਲੁਕਾ ਲੈ (ਇਹ ਕਹਿੰਦਾ ਹੋਇਆ ਮੂਰਤ ਲੈਕੇ ਉੱਠ ਖੜੋਂਦਾ ਹੈ) ਲਓ, ਜਦੋਂ ਤੁਸੀਂ ਰਣਵਾਸ ਦੀ ਵਿਹੁ ਤੋਂ ਛੁਟ ਜਾਓਗੇ ਤਾਂ ਮੈਨੂੰ ਮੇਘ ਪ੍ਰਤਿਛੰਦ ਭਵਨ* ਤੋਂ ਸਦਾ ਲੈਣਾ। [ਛੇਤੀ ਛੇਤੀ ਜਾਂਦਾ ਹੈ

ਸਾਨੁਮਤੀ (ਆਪਣੇ ਜੀ ਵਿਚ)--ਦੂਜੀ ਇਸਤ੍ਰੀ ਨਾਲ ਆਸ਼ਕਤ ਹੋਕੇ ਵੀ ਪਹਿਲੀ ਦੀ ਪ੍ਰੀਤ ਨਿਬਾਹੁੰਦਾ ਹੈ, ਪਰੰਤੂ ਹੁਣ ਇਸ ਰਾਣੀ ਵਿੱਚ ਇਸਦਾ ਮੋਹ ਬਹੁਤ ਥੋੜ੍ਹਾ ਜਾਪਦਾ ਹੈ।

[ਪ੍ਰਤੀਹਾਰੀ ਚਿੱਠੀ ਹੱਥ ਵਿਚ ਲੈਕੇ ਆਉਂਦੀ ਹੈ

ਪ੍ਰਤੀਹਾਰੀ--ਮਹਾਰਾਜ ਦੀ ਜੈ ਹੋਵੇ !

ਦੁਖਜੰਤ--ਕਿਉਂ ਪ੍ਰਤੀਹਾਰੀ ! ਰਸਤੇ ਵਿੱਚ ਮਹਾਰਾਣੀ ਬਸੁਮਤੀਨੂੰ ਤਾਂ ਨਹੀਂ ਦੇਖਿਆ?

ਪ੍ਰਤੀਹਾਰੀ--ਹਾਂ ਜੀ, ਮਹਾਰਾਜ ! ਮੈਨੂੰ ਰਾਹ ਵਿੱਚ ਮਿਲੇ ਸਨ, ਪਰੰਤੂ ਮੇਰੇ ਹੱਥ ਵਿਚ ਚਿੱਠੀ ਦੇਖ ਕੇ ਪਿਛਲੇ ਪੈਰੀਂ ਮੁੜ ਗਏ ਹਨ।

ਦੁਖਜੰਤ--ਰਾਣੀ ਸਾਹਿਬ ਵੇਲੇ ਨੂੰ ਚੰਗਾ ਪਛਾਣਦੇ ਹਨ, ਮੇਰੇ ਕੰਮਾਂ ਵਿੱਚ ਵਿਘਨ ਨਹੀਂ ਪਾਉਣਾ ਚਾਹੁੰਦੇ।

ਪ੍ਰਤੀਹਾਰੀ--ਮਹਾਰਾਜ ! ਮੰਤ੍ਰੀ ਜੀ ਨੇ ਇਹ ਬੇਨਤੀ ਕੀਤੀਹੈ ਕਿ ਅੱਜ ਭੰਡਾਰ(ਖਜ਼ਾਨੇ) ਵਿੱਚ ਰੁਪੱਜਾ ਬਹੁਤ ਆਇਆ ਹੈ ਉਸਦੇ ਗਿਣਨ ਸਾਂਭਣ ਵਿੱਚ ਵਿਹਲ ਨਾ ਲੱਗੀ, ਇਸ ਲਈ ਨਿਰਾ ਇੱਕੋ ਹੀ ਨਗਰ ਦਾ ਕੰਮ ਹੋ ਸੱਕਿਆ ਹੈ, ਜੋ ਇਸ ਕਾਗਤ ਤੇ ਲਿਖ ਦਿੱਤਾ ਹੈ, ਸੋ ਆਪ ਪੜ੍ਹ ਲਓ।

ਦੁਖਜੰਤ--ਲਿਆ ਚਿੱਠੀ ਦਿਖਲਾ।

*ਮੇਘ ਪ੍ਰਤਿ ਛੰਦ ਭਵਨ ਇਕ ਮਹਿਲ ਦਾ ਨਾਮ ਹੈ ਜਿਸ ਵਿੱਚ ਮੇਘ ਡੰਬਰ ਵਿਤਨਾਦਿਕ ਵਸਤਾਂ ਸਜੀਆਂ ਰਹਿੰਦੀਆਂ ਹਨ।

[ਪ੍ਰਤੀਹਾਰੀ ਚਿੱਠੀ ਦਿੰਦੀ ਹੈ।

ਦੁਖਜੰਤ (ਚਿੱਠੀ ਪੜ੍ਹਦਾ ਹੈ)--"ਸਮੁੰਦਰਾਂ ਵਿੱਚ ਜਾਕੇ ਸੁਦਾਗਰੀ ਕਰਨ ਵਾਲਾ ਧਨ ਮਿੱਤ੍ਰ ਨਾਮੀ ਸੇਠ ਬੇੜੇ ਸਮੇਤ ਵਿਚ ਹੀ ਡੁੱਬਕੇ ਮਰ ਗਿਆ ਹੈ, ਉਸ ਦਾ ਪੁੱਤਰ ਕੋਈ ਨਹੀਂ,ਇਸ ਲਈ ਉਸ ਦਾ ਧਨ ਪਦਾਰਥ ਮਾਲ ਸਰਕਾਰੀ ਖਜ਼ਾਨੇ ਵਿੱਚ ਆਉਣਾ ਚਾਹੀਦਾ ਹੈ"।

(ਹਮਸੋਸ ਨਾਲ)--ਹਾਇ ! ਨਿਪੁੱਤਰਾ ਹੋਣਾ ਵੀ ਕੇਡੇ ਹਮਸੋਸ ਦੀ ਗੱਲ ਹੈ, ਪਰੰਤੂ ਜਿਸ ਦੇ ਪਾਸ ਇੰਨਾਂ ਧਨ ਸੀ ਉਸ-ਦੀਆਂ ਤੀਵੀਆਂ (ਵਹੁਟੀਆਂ) ਵੀ ਤਾਂ ਕਿੰਨੀਆਂ ਹੀ ਹੋਣਗੀਆਂ, ਇਸ ਲਈ ਪਹਿਲੇ ਇਹ ਗੱਲ ਪੁੱਛ ਦੱਸ ਲੈਣੀ ਚਾਹੀਦੀ ਹੈ ਕਿ ਉਸ ਦੀਆਂ ਤੀਵੀਆਂ ਵਿਚੋਂ ਕੋਈ ਗਰਭਵਤੀ ਹੈ ਕਿ ਨਹੀਂ ?

ਪ੍ਰਤੀਹਾਰੀ--ਮਹਾਰਾਜ ! ਸੁਣਿਆਂ ਤਾਂ ਹੈ ਕਿ ਉਸ ਦੀ ਇੱਕ ਵਹੁਟੀ ਨੂੰ ਜੋ ਅਜੁੱਧਿਆ ਦੇ ਸੇਠ ਦੀ ਧੀ ਹੈ ਥੋੜੇ ਹੀ ਦਿਨ ਹੋਏ ਹਨ ਕਿ ਭੋਰੇ ਰੀਤਾਂ ਚੜ੍ਹੀਆਂ ਹਨ।

ਦੁਖਜੰਤ--ਗਰਭ ਦਾ ਬਾਲਕ ਪਿਉ ਦੇ ਧਨ ਪਦਾਰਥ ਦਾ ਮਾਲਕ ਹੁੰਦਾ ਹੈ,ਜਾਹ ਮੰਤ੍ਰੀ ਨੂੰ ਏਹੋ ਕੁਝ ਕਹਿ ਦੇਹ।

ਪ੍ਰਤੀਹਾਰੀ--ਸਤਿ ਬਚਨ ! [ਬਾਹਰ ਜਾਂਦੀ ਹੈ

ਦੁਖਜੰਤ--ਰਤਾ ਠਹਿਰ ਜਾਹ !

ਪ੍ਰਤੀਹਾਰੀ--ਮਹਾਰਾਜ ! ਮੈਂ ਆਈ।

[ਪਰਤਕੇ ਆਉਂਦੀ ਹੈ

ਦੁਖਜੰਤ--ਇਸ ਗੱਲ ਨਾਲ ਕੀ, ਸੰਤਾਨ ਹੋਵੇ ਕਿ ਨਾ ਹੋਵੇ ?

ਬਿਨਾ ਪਾਪੀਆਂ ਦੇ ਜਗ ਸਾਰੇ। ਮੇਰੀ ਪਰਜਾ ਵਿੱਚ ਜੋ ਵਸਦੇ ਦੈਵਨੇਤ ਕਰ ਹੋਣ ਦੁਖਾਰੇ। ਕਿਸੇ ਸੰਬੰਧੀ ਤੋਂ ਵਿੱਛੁੜਕੇ

Digitized by Panjab Digital Library | www.panjabdigilib.org

ਜੇ ਹੋਵਨ ਦੁਖਿਅੰਤ ਦੁਖਾਰੇ। ਓਹੋ ਸਾਕ ਆਪਣਾ ਮੈਨੂੰ ਮੰਨਣ ਪ੍ਰੀਤ ਪ੍ਰਕਾਰੇ। ਨਗਰ ਢੰਡੋਰਾ ਏਹੋ ਫੇਰੋ ਹੋਰ ਨ ਕੁੱਝ ਉਚਾਰੇ*

॥ ੧੫੫ ॥ ਪਦ ॥

ਪ੍ਰਤੀਹਾਰੀ–ਸਤਿ ਬਚਨ, ਮਹਾਰਾਜ! ਏਹੋ ਢੰਡੋਰਾ ਹੋ ਜਾਏਗਾ।

[ਬਾਹਰ ਜਾਕੇ ਫਿਰ ਆਉਂਦੀ ਹੈ।

ਪ੍ਰਤੀਹਾਰੀ–ਮਹਾਰਾਜ ਦੇ ਹੁਕਮ ਨੇ ਨਗਰ ਵਿੱਚ ਅਜੇਹਾ ਅਨੰਦ ਦਿੱਤਾ ਹੈ, ਜਿਸ ਤਰ੍ਹਾਂ ਵੇਲੇ ਸਿਰ ਮੀਂਹ ਪਿਆ ਆਨੰਦ ਦੇਂਦਾ ਹੈ।

ਦੁਖ਼ਜੰਤ (ਲੰਮਾ ਸਾਹ ਭਰਕੇ)–ਜਿਸ ਕੁਲ ਵਿੱਚ ਅੱਗੇ ਲਈ ਸੰਤਾਨ ਨਹੀਂ ਹੁੰਦੀ, ਉਸਦੀ ਸੰਪਦਾ (ਪਦਾਰਥ)ਮਾਲਕ ਦੇ ਮਹ ਗਿਆਂ ਐਵੇਂ ਬਿਗਾਨੇ ਘਰੀਂ ਜਾ ਪੈਂਦੀ ਹੈ। ਕਿਸੇ ਦਿਨ ਮੇਰੇ ਪਿੱਛੇ ਵੀ ਪੁਰੁਵੰਸ਼ ਦਾ ਰਾਜ ਭਾਗ ਇੱਕੁਰ ਹੀ ਰਹਿ ਜਾਵੇਗਾ, ਜੀਕੁਰ ਕੁਵੇਲੇ ਬੀਜੀ ਹੋਈ ਜ਼ਮੀਨ ਐਵੇਂ ਰਹਿ ਜਾਂਦੀ ਹੈ।

ਪ੍ਰਤੀਹਾਰੀ–ਕਰਤਾਰ ਇਜੇਹੀ ਬੁਰੀ ਗੱਲ ਨਾ ਕਰੇ।

ਦੁਖ਼ਜੰਤ–ਧਿਕਾਰ ਹੈ ਮੈਨੂੰ! ਜਿਸ ਨੇ ਪ੍ਰਾਪਤ ਹੋਏ ਹੋਏ ਸੁਖ ਨੂੰ ਲੱਤ ਮਾਰੀ।

ਸਾਨੁਮਤੀ (ਆਪਣੇ ਜੀ ਵਿੱਚ)–ਇਹ ਗੱਲ ਨਿਸਚੇ ਹੈ ਕਿ ਇਸਨੇ ਆਪਣੀ ਨਿੰਦਿਆ ਮੇਰੀ ਸਖੀ ਦੀ ਸੁੱਧ ਹੋਣੇ ਤੇ ਕੀਤੀ ਹੈ।

ਦੁਖਜੰਤ–ਕੁਲ ਵਡਿਆਈ ਵਾਲੀ ਅਪਣੀ ਤੀਵੀਂ ਤਜੀ ਨਿਦੋਸੀ। ਫੇਰ ਸਗਰਭਾ ਆਹੀ ਮੈਥੋਂ ਕੀ ਮੈਂ ਕਰੀ ਬਿਹੋਸ਼ੀ॥ ਜੀਕੁਰ ਮੂਰਖ ਜੱਟ ਉਤ ਮਤ ਫਸਲ ਪਕਣ ਦੇ ਵੇਲੇ। ਅਪਣੀ ਬੀਜੀ ਧਰਤੀ ਛੱਡੇ ਆਪ ਅਕਲ ਨੂੰ ਪੋਲੇ* ॥ ੧੫੬ ॥ ਪਦ ॥

ਸਾਨੁਮਤੀ (ਆਪਣੇ ਜੀ ਵਿੱਚ)–ਤੇਰਾ ਵੰਸ ਸਦਾ ਬਣਿਆਂ ਰਹੇਗਾ।

ਚਤੁਰਕਾ (ਪ੍ਰਤੀਹਾਰੀ ਨੂੰ)–ਹੈਂ ਹੈਂ, ਸੇਠ ਦੀ ਇਸ ਗੱਲ ਨੇ ਮਹਾਰਾਜ ਜੀ ਦੀ ਕੀ ਹਾਲਤ ਕਰ ਦਿੱਤੀ ਹੈ, ਇਨ੍ਹਾਂ ਦਾ ਚਿੱਤ ਪਰਚਾਉਣ ਲਈ ਤੂੰ ਜਾਕੇ ਮਾਢੱਬਜ ਨੂੰ ਮੇਘ ਪ੍ਰਤੀ ਛੰਦ ਭਵਨ ਵਿਚੋਂ ਲੈ ਆਉ।

ਪ੍ਰਤੀਹਾਰੀ–ਸੱਚ ਕਹਿਨੀ ਹੈਂ।

[ਬਾਹਰ ਜਾਂਦੀ ਹੈ

ਦੁਖਜੰਤ–ਧਿਕਾਰ ਹੈ ਮੈਨੂੰ! ਜਿਸਦੇ ਪਿਤਰ ਇਸ ਸੰਦੇਹ ਵਿਚ ਪਏ ਹੋਣਗੇ।

ਪਿਤਰਾਂ ਸਾਡਿਆਂ ਸੋਚਾਂ ਪਈਆਂ, ਮੈਥੋਂ ਪਿਛੇ ਚਿੰਤਾ ਰਹੀਆਂ, ਕੌਣ ਦੇਇਗਾ ਫੇਰ ਅਸਾਨੂੰ, ਜਲ ਤਿਲ ਪਿੰਡ ਸਵਾਰਿਆ।
ਤਰਪਨ ਕੌਣ ਕਰੇਗਾ ਫੇਰੇ, ਹੁਣ ਮੈਂ ਪੁੱਤਰ ਹੀਣ ਜੁ ਹੋਰੇ, ਨਿਤ ਦੇਂਦੇ ਹੀ ਹਠ ਸੋ ਲੈਂਦੇ, ਧੋਂਦੇ ਹੰਝੂ ਵਿਚਾਰਿਆ†

॥ ੧੫੭ ॥ ਪਦ ॥

---

*ਮੇਰੀ ਪਰਜਾ ਵਿੱਚ ਬਿਨਾਂ ਪਾਪੀਆਂ ਤੋਂ ਜਿਸ ਕਿਸੇ ਨੂੰ ਕਿਸੇ ਆਪਣੇ ਪਰਾਏ ਸੰਬੰਧੀ ਦਾ ਵਿਛੋੜਾ ਹੋ ਗਿਆ ਹੋਵੇ ਉਹ ਪੁਰਖ ਓਸੇ ਆਪਣੇ ਸੰਬੰਧੀ ਦੀ ਜਗਹ ਰਾਜਾ ਦੁਖਜੰਤ ਨੂੰ ਆਪਣਾ ਓਹੋ ਸਾਕ ਸਮਝੇ। ਇਹ ਨਗਰ ਵਿਚ ਢੰਡੋਰਾ ਫੇਰ ਦਿਓ।

*ਮੈਂ ਆਪਣੇ ਕੁਲ ਦੀ ਵਡਿਆਈ ਵਾਲੀ ਧਰਮ ਪਤਨੀ, ਜੋ ਮੈਥੋਂ ਹੀ ਗਰਭਵਤੀ ਹੋਈ ਸੀ, ਇੱਕੁਰ ਛੱਡ ਦਿਤੀ ਜੀਕੁਰ ਕੋਈ ਮੂਰਖ ਕਿਸਾਨ ਫਸਲ ਪੱਕਣ ਦੇ ਵੇਲੇ ਆਪਣੀ ਬੀਜੀ ਹੋਈ ਧਰਤੀ ਨੂੰ ਛਡ ਦੇਵੇ।

†ਦੁਖਜੰਤ ਦੇ ਪਿਛੋਂ ਸਾਡੀ ਕੁਲ ਵਿੱਚੋਂ ਫੇਰ ਕੌਣ ਬਿਧੀ ਪੂਰਬਕ ਜਲ ਤਿਲ ਪਿੰਡ ਦੇਵੇਗਾ। ਹੁਣ ਤਾਂ ਓਹ ਮੇਰੇ ਕੀਤੇ ਹੋਏ ਸ਼ਰਾਧ ਦੇ ਜਲ ਨਾਲ ਓਸੇ ਨੂੰ ਪੀਂਦੇ ਹੋਣਗੇ, ਜਿਹੜਾ ਹੰਝੂਆਂ ਦੇ ਧੋਣ ਤੋਂ ਬਚਦਾ ਹੈ, ਅਰਥਾਤ ਰੋ ਰੋ ਕੇ ਤਰਪਣ ਲੈਂਦੇ ਹੋਣਗੇ।

Digitized by Panjab Digital Library | www.panjabdigilib.org

[ਅਤਿ ਸ਼ੋਕ ਵਿਚ ਮੂਰਛਾ ਖਾਂਦਾ ਹੈ

ਚਤੁਰਕਾ (ਹਰਾਨੀ ਨਾਲ ਦੇਖਕੇ)-ਮਹਾਰਾਜ! ਮਹਾਰਾਜ ! ਚੇਤਨ ਹੋਵੋ, ਸਾਵਧਾਨ ਹੋਵੀਏ ।

ਸਾਨੁਮਤੀ (ਆਪਣੇ ਜੀ ਵਿਚ)-ਹਾਇ ਹਾਇ ! ਇਸ ਦਾ ਇਸ ਵੇਲੇ ਇਜੇਹਾ ਹਾਲ ਹੈ ਜੀਕੁਰ ਦੀਵੇ ਦੇ ਸਾਹਮਣੇ ਹੁੰਦਿਆਂ ਵੀ ਅੱਗੇ ਪੜਦਾ ਆ ਜਾਵੇ ਤਾਂ ਹਨੇਰਾ ਹੀ ਦਿੱਸਦਾ ਹੈ।ਮੈਂ ਤਾਂ ਇਸ ਦਾ ਦੁਖ ਹੁਣੇ ਹੀ ਦੂਰ ਕਰ ਦੇਂਦੀ,ਪਰੰਤੂ ਕੀ ਕਰਾਂ ? ਇੰਦਰ ਦੀ ਮਾਉਂ ਦੇ ਮੂੰਹੋਂ ਸ਼ਕੁੰਤਲਾ ਨੂੰ ਇਉਂ ਸਮਝਾਉਂਦਿਆਂ ਸੁਣ ਚੁੱਕੀਹਾਂ ਕਿ ਯੱਗਜ ਭਾਗ ਦੀ ਚਾਹ ਵਾਲੇ ਦੇਵਤਾ ਇਜੇਹਾ ਕੁਝ ਕਰਨਗੇ, ਜਿਸ ਕਰਕੇ ਤੇਰਾ ਭਰਤਾ ਥੋੜ੍ਹੇ ਕਾਲ ਤਾਈਂ ਤੈਂ ਧਰਮ ਪਤਨੀ ਨੂੰ ਆਨੰਦ ਦੇਵੇਗਾ, ਇਸ ਲਈ ਜਦੋਂ ਤਕ ਉਹ ਸ਼ੁਭ ਘੜੀ ਨਾ ਆਵੇ ਤਦ ਤਕ ਮੈਨੂੰ ਕੁਝ ਨਹੀਂ ਕਰਨਾ ਚਾਹੀਦਾ, ਹਾਂ,ਇੰਨਾਂ ਤਾਂ ਜ਼ਰੂਰ ਕਰਾਂਗੀ ਕਿ ਆਪਣੀ ਪਿਆਰੀ ਸਖੀ ਨੂੰ ਇਸ ਪ੍ਰਸੰਗ ਨਾਲ ਧੀਰਜ ਬਨ੍ਹਾਵਾਂਗੀ। [ਉਡ ਜਾਂਦੀ ਹੈ

ਨੇਪਥ ਵਿਚੋਂ-ਕੋਈ ਬਚਾਓ, ਕੋਈ ਬਚਾਓ।

ਦੁਖਯੰਤ (ਖਬਰਦਾਰ ਹੋਕੇ ਅਤੇ ਕੰਨ ਧਰਕੇ) ਹੈਂ ! ਇਹ ਤਾਂ ਮਾਢੇਬਜ ਜੇਹਾ ਲਗਦਾ ਹੈ, ਕੋਈ ਹੈ, ਕੋਈ ਹੈ ?

[ਪ੍ਰਤੀਹਾਰੀ ਆਉਂਦੀ ਹੈ

ਪ੍ਰਤੀਹਾਰੀ-ਮਹਾਰਾਜ ! ਬਿਪਦਾ ਵਿੱਚ ਫਸੇ ਹੋਏ ਆਪਣੇ ਮਿੱਤ੍ਰ ਨੂੰ ਬਚਾਓ।

ਦੁਖਯੰਤ-ਕਿਸਨੇ ਇਸਦਾ ਨਿਰਾਦਰ ਕੀਤਾਹੈ?

ਪ੍ਰਤੀਹਾਰੀ-ਦਿੱਸਿਆ ਤਾਂ ਕੁਝ ਨਹੀਂ, ਪਰ ਕਿਸੇ ਭੂਤ ਪ੍ਰੇਤ ਨੇ ਫੜਕੇ ਮੇਘ ਪ੍ਰਤਿ ਛੰਦ ਭਵਨ ਦੇ ਬਨੇਰੇ ਪਰ ਰੱਖ ਦਿੱਤਾ ਹੈ।

ਦੁਖਯੰਤ-ਓਇ ਨੀਚ ! ਮੇਰੇ ਮਿੱਤ੍ਰ ਨੂੰ ਨਾ ਸਤਾ, ਕੀ ਮੇਰੇ ਘਰ ਵਿੱਚ ਵੀ ਭੂਤ ਪ੍ਰੇਤ ਆਉਣ ਲਗ ਪਏ ? ਸੱਚ ਹੈ:-

ਭੇਤ ਨ ਅਪਣੇ ਪੈਰਾਂ ਸੰਦਾ ਅਪਣਾ ਆਪ ਨ ਸੱਕਾਂ ਜਾਣ। ਖਬਰਦਾਰ ਹੋ ਤੁਰਾਂ ਨ ਰਸਤੇ ਠੁਹਕਰ ਖਾਵਾਂ ਹੋ ਅਨਜਾਣ। ਤਾਂ ਫਿਰ ਕੀਕੁਰ ਬਾਤ ਪਰਾਈ ਜਾਣ ਸਕਾਂ ਮੈਂ ਹੋ ਨਿਗਹਾਣ। ਕਿਹੜਾ ਕੌਣ ਪ੍ਰਜਾ ਦੇ ਵਿੱਚੋਂ ਚਲਦਾ ਏ ਰਾਹ ਕੁਰਾਹ ਪਛਾਣ*॥ ੧੫੮ ॥ ਪਦ ॥

ਨੇਪਥ ਵਿੱਚੋਂ-ਹੇ ਮਿੱਤ੍ਰ! ਛੇਤੀ ਚਲਿਆ ਆਉ ।

ਦੁਖਯੰਤ (ਸੁਣਦਾ ਅਤੇ ਦੇਖਦਾ ਹੋਇਆ)-ਡਰ ਨਹੀਂ, ਮਿੱਤ੍ਰਾ ! ਕੋਈ ਡਰਨ ਵਾਲੀ ਗੱਲ ਨਹੀਂ ।

ਨੇਪੱਥ ਵਿਚੋਂ-ਡਰ ਕਿਉਂ ਨਹੀਂ ਹੈ, ਇਹ ਤਾਂ ਮੇਰੀ ਸੰਘੀ ਘੁੱਟੀ ਰੰਨੇ ਵਾਕਰ ਨਪੀੜੀ ਜਾਂਦਾ ਹੈ।

ਦੁਖਯੰਤ (ਚੁਤਰਫੀ ਦੇਖਦਾ ਹੋਇਆ)-ਕੋਈ ਹੈ? ਮੇਰਾ ਧਨੁਖ ਲਿਆਵੇ।

ਯਵਨੀ-ਮਹਾਰਾਜ ! ਹਸਤਾਵਰ† ਸਮੇਤ ਇਹ ਧਨੁਖ ਹੈ।

[ਦੁਖਯੰਤ ਧਨੁਖ ਬਾਣ ਲੈਂਦਾ ਹੈ।

ਨੇਪੱਥ ਵਿੱਚੋਂ-ਮੈਂ ਤਿਰਹਾਇਆ ਲਹੂ ਤਿਰੇ ਦਾ। ਜੋ ਨਰਗਟ ਦਾ ਬਾਹਲਾ ਸਾਰਾ ਸੋ ਅਜ ਬਾਹਰ ਕਰੇਂਦਾ। ਅਜ ਤੈਨੂੰ ਤੜਫਾਕੇ

---

*ਜਦ ਮਨੁੱਖ ਨਿੱਤ ਦਿਹਾੜੇ ਆਪਣੇ ਹੀ ਕੁਕਰਮਾਂ ਨੂੰ ਜੋ ਪਾਗਲਪਣੇ ਵਿੱਚ ਹੁੰਦੇ ਹਨ ਨਹੀਂ ਜਾਣ ਸਕਦਾ ਤਾਂ ਉਹ ਕੀ ਜਾਣੇਗਾ ਕਿ ਪਰਜਾ ਵਿੱਚ ਕੌਣ ਕੋਈ ਕਿਸ ਰਾਹ ਚਲਦਾ ਹੈ।

†ਹਸਤਾਵਾਰ ਉਸ ਅਸਤ੍ਰ ਨੂੰ ਕਹਿੰਦੇ ਹਨ ਜੋ ਧਨੁਖ ਦੇ ਚਿੱਲੇ ਦੀ ਫਟਕਾਰ ਤੋਂ ਬਾਂਹ ਨੂੰ ਬਚਾਉਣ ਲਈ ਪਹੁੰਚੇ ਤੇ ਪਾਇਆ ਜਾਂਦਾ ਹੈ।

Digitized by Panjab Digital Library | www.panjabdigilib.org

ਮਾਰਾਂ, ਜਿਉਂ ਜੀ ਸ਼ੇਰ ਮਰੇਂਦਾ। ਦੁਣ ਕਹੁ ਕਿੱਥੇ ਰਾਖਾ ਤੇਰਾ ਜੋ ਦੁਖਜੰਤ ਸਦੇਂਦਾ। ਆਣ ਛੁਡਾਵੇ ਧਨੁਖ ਚੜ੍ਹਾਵੇ ਲਗਦੀ ਵਾਹ ਲਗੇਂਦਾ* ॥ ੧੫੯ ॥ ਪਦ ॥

ਦੁਖਜੰਤ (ਕ੍ਰੋਧ ਨਾਲ)—ਹੈਂ, ਇਹ ਤਾਂ ਮੈਨੂੰ ਵੀ ਚਿਤਾਉਂਦਾ ਹੈ, ਓਇ ਮੁਰਦਾਰ ਖਾਣ ਵਾਲੇ! ਖੜਾ ਰਹੁ, ਮੈਂ ਆਇਆ ਹੁਣ ਤੇਰੀ ਮੌਤ ਨੇੜੇ ਢੁੱਕੀ ਹੈ। [ਧਨੁਖ ਚੜ੍ਹਾਕੇ

ਪ੍ਰਤੀਹਾਰੀ! ਪੈਂਡੀ ਦਿਖਾ ਕਿੱਧਰ ਹੈ?

ਪ੍ਰਤੀਹਾਰੀ—ਮਹਾਰਾਜ! ਰਸਤਾ ਇਧਰ ਹੈ।

[ਛੇਤੀ ਛੇਤੀ ਜਾਂਦਾ ਹੈ

ਦੁਖਜੰਤ(ਚੁਤਰਫੀਤੱਕਕੇ)—ਹੈਂਏਥੇਤਾਂਕੋਈਨਹੀਂ। ਨੇਪੱਥ ਵਿਚੋਂ—ਬਚਾਓ ਓਇ! ਕੋਈ ਮੈਨੂੰ ਬਚਾਓ, ਮਹਾਰਾਜ! ਮੈਂ ਤਾਂ ਤੁਹਾਨੂੰ ਦੇਖਦਾ ਹਾਂ, ਤੁਸੀਂ ਹੀ ਮੈਨੂੰ ਨਹੀਂ ਦੇਖਦੇ, ਇਸ ਵੇਲੇ ਮੈਂ ਆਪਣੇ ਜੀਉਣ ਤੋਂ ਅਜੇਹਾ ਨਿਰਾਸ ਹੋ ਚੁੱਕਾ ਹਾਂ ਜੀਕੁਰ ਬਿੱਲੀ ਦਾ ਫੜਿਆ ਚੂਹਾ ਹੋਵੇ।

ਦੁਖਜੰਤ—ਓਇ ਮਾਇਆ ਦੇ ਜਾਲ ਹੰਕਾਰੀ! ਜੇ ਤੂੰ ਮੈਨੂੰ ਨਹੀਂ ਦਿੱਸਦਾ ਤਾਂ ਕੀ ਹੋਇਆ ਮੇਰੇ ਬਾਣ ਨੂੰ ਤਾਂ ਦਿੱਸੇਂਗਾ, ਹੁਣ ਦੇਖ ਮੈਂ ਚਲਾਉਨਾ ਹਾਂ ਜੋ—

ਤੈਂ ਪਾਪੀ ਨੂੰ ਮਾਰ ਕੇ ਮਿਤ੍ਰਹ ਲਵਾਂ ਬਚਾਇ। ਦੁੱਧੋਂ ਨੀਰ ਨਿਤਾਰਸਾਂ ਜੀਕੁਰ ਹੰਸ ਬਨਾਇਦਾ ॥ ਦੋ: ॥ ੧੬੦ ॥

*ਤੇਰੇ ਨਰਗਟ ਦੇ ਲਹੂ ਦਾ ਤਿਹਾਇਆ ਮੈਂ ਤੈਨੂੰ ਇੱਕੁਰ ਪਛਾੜਾਂਗਾ ਜਿੱਕੁਰ ਤੜਫਦੇ ਪਸ਼ੂ ਨੂੰ ਸ਼ੇਰ ਮਾਰਦਾ ਹੈ, ਹੁਣ ਦੱਸ! ਦੁਖੀਆਂ ਦੀ ਰੱਛਾ ਕਰਨ ਲਈ ਧਨੁਖ ਧਾਰਨ ਕਰਨੇ ਵਾਲਾ ਦੁਖਜੰਤ ਕਿੱਥੇ ਹੈ ਜੋ ਤੈਨੂੰ ਬਚਾਵੇ?

†ਇਹ ਤੈਂ ਦੁਸ਼ਟ ਨੂੰ ਮਾਰਕੇ ਆਪਣੇ ਮਿੱਤ੍ਰ ਨੂੰ ਇੱਕੁਰ ਬਚਾ ਲਵਾਂਗਾ ਜਿੱਕੁਰ ਹੰਸ ਪਾਣੀ ਵਿਚੋਂ ਦੁੱਧ ਨਿਤਾਰ ਲੈਂਦਾ ਹੈ।

[ਧਨੁਖ ਬਾਨ ਚੜ੍ਹਾਉਂਦਾ ਹੈ

(ਮਾਢੱਬਜ ਨੂੰ ਛੱਡ ਕ ਮਾਤਲਿ ਆਉਂਦਾ ਹੈ)

ਮਾਤਲਿ—ਤੇਰੇ ਤੀਰ ਚਲਾਵਨ ਕਾਰਨ ਰਾਖਸ਼ ਇੰਦ੍ਰ ਦਿਖਾਏ। ਕਿਉਂ ਨਹੀਂ ਅਪਣਾ ਧਨੁਖ ਉਨ੍ਹਾਂ ਦੇ ਬਲ ਤੇ ਜਾਇ ਚੜ੍ਹਾਏਂ। ਮਿੱਤ੍ਰਾਂ ਤੇ ਨਹਿੰ ਕੁਈ ਛਡੇਂਦਾ ਤਿੱਖੇ ਤੀਰ ਸਜਨ ਜੀ। ਕ੍ਰਿਪਾ ਦ੍ਰਿਸ਼ਟਿ ਦੀ ਨਜ਼ਰ ਉਨ੍ਹਾਂ ਤੇ ਚਾਹੀਏ ਸਦਾ ਰਖਨ ਜੀ॥੧੬੧॥ਪਦ

ਦੁਖਜੰਤ (ਅਸਤ੍ਰ ਉਤਾਰਦਾ ਹੋਇਆ)—ਆਓ ਇੰਦ੍ਰ ਦੇ ਸਾਰਥੀ! ਚੰਗੇ ਆਏ।

[ਮਾਢੱਬਜ ਆਉਂਦਾ ਹੈ

ਮਾਢੱਬਜ—ਹੈਂ, ਜਿਹੜਾ ਮੈਨੂੰ ਬਲੀ ਦੇਣ ਵਾਲੇ ਪਸ਼ੂ ਵਾਂਗੂੰ ਮਾਰਦਾ ਸੀ ਦੇਖੋ ਉਸਦਾ ਇਹ ਆਦਰ ਕਰਦਾ ਹੈ।

ਮਾਤਲਿ (ਮੁਸਕ੍ਰਾਕੇ)—ਮਹਾਰਾਜ! ਜਿਸ ਕੰਮ ਲਈ ਇੰਦ੍ਰ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ ਸੋ ਸੁਣ ਲਓ:—

ਦੁਖਜੰਤ—ਕਹੋ, ਮੈਂ ਸੁਣਦਾ ਹਾਂ।

ਮਾਤਲਿ—ਕਾਲਨੇਮੀ* ਦੇ ਵੰਸ਼ ਵਿੱਚੋਂ ਇੱਕ ਅਜੇਹਾ ਦਾਨਵਾਂ ਦਾ ਟੋਲਾ ਜ਼ੋਰਾਵਰ ਹੋ ਗਿਆ ਹੈ ਕਿ ਜਿਸਦਾ ਜਿੱਤਣਾ ਇੰਦ੍ਰ ਨੂੰ ਬਹੁਤ ਔਖਾ ਹੋ ਰਿਹਾ ਹੈ।

ਦੁਖਜੰਤ—ਇਹ ਤਾਂ ਮੈਂ ਅੱਗੇ ਹੀ ਨਾਰਦ ਦੇ ਮੁੰਹੋਂ ਸੁਣ ਚੁੱਕਾ ਹਾਂ।

ਮਾਤਲਿ—ਜਿਤਿਆ ਗਿਆ ਨ ਇੰਦ੍ਰ ਪਾਸੋਂ ਵੈਸ਼ ਜੁ ਦੁਸ਼ਮਨ ਸੰਦਾ। ਰਣ ਅਗਵਾਨੀ

*ਕਾਲਨੇਮੀ ਨਾਮ ਦਾ ਇਕ ਰਾਖਸ਼ ਸਾ ਜਿਸ ਨੂੰ ਰਾਵਣ ਨੇ ਹਨੂਮਾਨ ਬੂਟੀ ਲੈਣ ਗਏ ਨੂੰ ਰਾਹ ਵਿਚ ਵਕਤ ਖੁੰਝਾਉਣ ਲਈ ਭੇਜਿਆ ਸਾ ਤੇ ਕਾਲਨੇਮੀ ਨੇ ਰਾਹ ਵਿੱਚ ਇਕ ਤਲਾਉ ਦੇ ਕਿਨਾਰੇ ਪਰ ਤਪੱਸੀ ਬਣਕੇ ਹਨੂਮਾਨ ਨੂੰ ਧੋਖਾ ਦਿੱਤਾ ਸਾ ਅਤੇ ਓਥੇ ਹੀ ਹਨੂਮਾਨ ਦੇ ਹਥੋਂ ਮਾਰਿਆ ਗਿਆ ਸਾ।

Digitized by Panjab Digital Library | www.panjabdigilib.org

ਕਰਕੇ ਤੈਨੂੰ ਲੜਨਾ ਫੇਰ ਚਹੰਦਾ । ਰਾਤ ਨ ਸੂਰਜ ਸਕੇ ਹਨੇਰਾ ਕਦੀ ਹਟਾਇ ਜੁ ਆਕੇ । ਚੰਦ ਸੁਖਾਲਾ ਉਸੇ ਹਟਾਂਦਾ ਤਿਉਂ ਤੂੰ ਓਥੇ ਜਾਕੇ* ॥ ੧੬੨॥ ਪਦ ॥

ਹੁਣ ਤੁਸੀਂ ਹਥਜਾਰ ਬੰਨ੍ਹੋ ਅੜੇ ਇੰਦ੍ਰ ਦੇ ਰਥ ਪਰ ਚੱਢਕੇ ਦਾਨਵਾਂ ਨੂੰ ਫਤਹ ਕਰਨ ਲਈ ਚੱਲੋ ।

ਦੁਖਯੰਤ–ਦੇਵ ਰਾਜ ਨੇ ਇਹ ਆਦਰ ਦੇਕੇ ਮੇਰੇ ਤੇ ਬੜੀ ਕਿਰਪਾ ਕੀਤੀ ਹੈ । ਪਰੰਤੂ ਇਹ ਦੱਸੋ ਕਿ ਮਾਢੱਬਯ ਨੂੰ ਤੁਸਾਂ ਅਜੇਹਾ ਕਿਉਂ ਸਤਾਇਆ ?

ਮਾਤਲਿ–ਕਿਸੇ ਕਾਰਣ ਤੇ ਮੈਂ ਆਪ ਨੂੰ ਉਦਾਸ ਦੇਖਿਆ ਤਾਂ ਮੈਂ ਗੁੱਸਾ ਦਿਵਾਉਣ ਲਈ ਇਹ ਕੰਮ ਕੀਤਾ ਸੀ ਕਿਉਂਕਿ:–

ਬਾਲਣ ਬਿਨਾ ਹਟਾਏ ਜੀਕਰ ਚਮਕੇ ਅਗਨੀ ਨਾਹੀਂ । ਛੇੜੇ ਬਾਝ ਨ ਫਨੀਅਰ ਜੀਕਰ ਫਣ ਨੂੰ ਦੂਰੇ ਉਤਾਹੀਂ । ਛੋਭ ਨ ਪਾਏ ਨਰ ਜਿਉਂ ਕਦਹੀ ਬਿਨ ਅਪਮਾਨ ਉਠਾਏ ।ਇੱਕ ਸੁਭਾਉ ਇਨ੍ਹਾਂ ਤਿੰਨਾਂ ਦਾ ਸਭ ਕੁਈ ਆਖ ਸੁਣਾਏ† ।੧੬੩।ਪਦ।

ਦੁਖਯੰਤ(ਹੌਲੀ ਜਿਹੀ ਮਾਢੱਬਯ ਨੂੰ)–ਹੇ ਮਿਤ੍ਰ ! ਇੰਦ੍ਰ ਦੀ ਆਗਯਾ ਮੋੜਨਾ ਚੰਗੀ ਨਹੀਂ, ਇਸ ਲਈ ਤੂੰ ਪਿਸ਼ਨ ਮੰਤ੍ਰੀ ਨੂੰ ਇਹ ਸਮਾਚਾਰ ਸੁਣਾਕੇ ਮੇਰੀ ਵਲੋਂ ਕਹਿ ਦੇਈਂ ਕਿ:–

ਜਦ ਤਕ ਮੇਰਾ ਧਨੁਖ ਜਾ ਲੱਗੇ ਕੰਮੀ ਹੋਰ । ਤਦ ਤਕ ਪਰਜਾ ਪਾਲ ਤੂੰ ਅਪਣੀ ਮਤ ਦੇ ਜ਼ੋਰ‡ ॥ ੧੬੪ ॥ ਪਦ ॥

ਮਾਢੱਬਯ–ਸਤਿ ਬਚਨ,ਪਰ ਮੈਂ ਆਪਣੀ ਦੁਰਗਤੀ ਨਹੀਂ ਦੱਸਣੀ । [ਜਾਂਦਾ ਹੈ

ਮਾਤਲਿ–ਮਹਾਰਾਜ ! ਰਥ ਤੇ ਚੜ੍ਹੋ ।

[ਦੁਖਯੰਤ ਰਥ ਤੇ ਚੜ੍ਹਦਾ ਹੈ, ਹੋਰ ਸਭ ਜਾਂਦੇ ਹਨ।

–ਇਤੀ ਛੇਵਾਂ ਨਾਟ ਸਮਾਪਤਿ ਹੋਇਆ–

—o—

ਨਾਟ ਸੱਤਵਾਂ

[ਦੁਖਯੰਤ ਅਤੇ ਮਾਤਲਿ ਰਥ ਤੇ ਬੈਠੇ ਹੋਏ ਅਕਾਸ਼ੋਂ ਉਤਰਦੇ ਹਨ]

ਦੁਖਯੰਤ–ਮਾਤਲਿ ! ਇਹ ਤਾਂ ਸੱਚ ਹੈ ਕਿ ਮੈਂ ਇੰਦ੍ਰ ਦੀ ਆਗਯਾ ਪਾਲੀ, ਪਰੰਤੂ ਫਿਰ ਵੀ ਮੈਂ ਆਪਣੇ ਆਪ ਨੂੰ ਇਸ ਵਡੇਰੇ ਆਦਰ ਦੇ ਲਾਇਕ ਨਹੀਂ ਜਾਣਦਾ ਹਾਂ ਜਿਹੜਾ ਆਦਰ ਮੈਨੂੰ ਇੰਦਰ ਨੇ ਦਿੱਤਾ ਹੈ।

ਮਾਤਲਿ–ਹੇ ਮਹਾਰਾਜ ! ਦੂਹਾਂ ਨੂੰ ਇਹੋ ਸੰਕੋਚ

---

*‡ਜਿਸ ਸ਼ੱਤ੍ਰੂਆਂ ਦੇ ਵੰਸ ਦੇ ਜਿੱਤਣ ਵਿੱਚ ਤੇਰਾ ਮਿੱਤ੍ਰ ਇੰਦ੍ਰ ਸਮਰੱਥਾ ਹੀਣ ਹੈ ਉਹ ਸ਼ੱਤ੍ਰੂ ਵੰਸ ਦੇ ਮਾਰਨ ਲਈ ਤੁਸੀਂ ਹੀ ਅਗਵਾਨੀ ਮਿਥੇ ਗਏ ਹੋ, ਜੀਕੂਰ ਰਾਤ ਦੇ ਹਨੇਰੇ ਹਟਾਉਣ ਦਾ ਬਲ ਸੂਰਜ ਵਿਚ ਨਹੀਂ ਹੁੰਦਾ, ਪਰੰਤੂ ਚੰਦ੍ਰਮਾਂ ਸੁਖੱਲਾ ਹੀ ਹਟਾ ਦੇਂਦਾ ਹੈ।

†ਜਦ ਤਕ ਲੱਕੜਾਂ ਬਾਲਣ ਹਿਲਾਇਆ (ਛੇੜਿਆ) ਨਾ ਜਾਵੇ ਤਦ ਤਕ ਅੱਗ ਚੰਗੀ ਤਰ੍ਹਾਂ ਨਹੀਂ ਮਚਦੀ ਅਤੇ ਜਦ ਤਕ ਫਨੀਅਰ ਨੂੰ ਛੇੜਿਆ ਨ ਜਾਵੇ ਤਦ ਤਕ ਫਣ ਨਹੀਂ ਚੁਕਦਾ, ਇਕੁਰ ਹੀ ਜਦ ਤਕ ਮਨੁੱਖ ਦਾ (ਜੇ ਨਿਰਾਦਰ ਦੇ ਲਾਇਕ ਨਹੀਂ ਹੈ) ਅਪਮਾਨ (ਨਿਰਾਦਰ) ਨਾ ਕੀਤਾ ਜਾਵੇ ਤਦ ਤਕ ਉਸਨੂੰ ਕ੍ਰੋਧ ਨਹੀਂ ਆਉਂਦਾ।

‡ਜਦ ਤਕ ਮੇਰਾ ਧਨੁਖ ਦੂਸਰੇ ਕੰਮ ਵਿਚ ਰੁੱਝਦਾ ਹੈ ਤਦ ਤਕ ਤੂੰ ਪਰਜਾ ਦੀ ਰਾਖੀ ਆਪਣੀ ਬੁੱਧੀ ਨਾਲ ਕਰ।

Digitized by Panjab Digital Library | www.panjabdigilib.org

(ਸ਼ੰਕਾ) ਨੇ।
ਜੋ ਭੀ ਤੈਂ ਇੰਦ੍ਰ ਤੇ ਕਰਿਆ, ਵੱਡਾ ਹੀ ਉਪਕਾਰ ਬਿਚਰਿਆ, ਫਿਰ ਭੀ ਨਿਜ ਉਪਕਾਰੋਂ ਵੱਡਾ ਉਸ ਦਾ ਆਦਰ ਜਾਣਿਆ।
ਦੇਖ ਤੇਰੀ ਉਹ ਸੁਰਮਤਾਈ, ਅੱਤਿ ਹਿਰਾਨ ਹੁੰਦਾ ਮਨ ਮਾਂਹੀ, ਇੱਨਾ ਆਦਰ ਦੇਕੇ ਤੈਨੂੰ ਕੁਝ ਨਾ ਬਾਹਲਾ ਜਾਣਿਆ*।੧੬੫।ਪਦ।

ਦੁਖਮੰਤ–ਇਹ ਨਾ ਆਖੋ, ਇੰਦ੍ਰ ਨੇ ਵਿਦਾ ਕਰਨ ਵੇਲੇ ਮੇਰਾ ਇੰਨਾਂ ਸਨਮਾਨ ਕੀਤਾ ਹੈ ਜਿਸ ਦੀ ਮੈਨੂੰ ਉਮੈਦ ਨਹੀਂ ਸੀ, ਕਿਉਂਕਿ ਦੇਵਤਿਆਂ ਦੇ ਦੇਖਦਿਆਂ ਮੈਨੂੰ ਆਪਣੇ ਨਾਲ ਇਕੋ ਸਿੰਘਾਸਨ ਤੇ ਬਿਠਾਇਆ।

ਜਿਸ ਮਾਲਾ ਦੀ ਰਖ ਮਨ ਆਸਾ, ਪਾਸ ਜਯੰਤ ਖੜੋਤਾ ਖਾਸਾ, ਕਲਪ ਬ੍ਰਿੱਛ ਦੇ ਫੁੱਲਾਂ ਸੰਦੀ, ਚੰਨਣ ਛਿੜਕ ਸੁਆਰੀਆ।
ਕੁਝ ਮੁਸਕਾਇ ਪੁਤ੍ਰ ਵਲ ਡਿੱਠਾ, ਗਲੋਂ ਉਤਾਰੀ ਕਹਿ ਕੁਝ ਮਿੱਠਾ, ਅਪਣੇ ਹੱਥੀਂ ਮੈਂ ਗਲ ਪਾਈ, ਇਹ ਆਦਰ ਮੁਹਿ ਭਾਰੀਆ†। ੧੬੬। ਪਦ।

ਮਾਤਲਿ–ਮਹਾਰਾਜ! ਆਪ ਦੇਵਤਿਆਂ ਪਾਸੋਂ ਕਿਹੜੇ ਕਿਹੜੇ ਆਦਰ ਦੇ ਲਾਇਕ ਨਹੀਂ ਹੋ।
ਇੰਦਰ ਲੋਕ ਨੂੰ ਦੋਹਾਂ ਕੀਤਾ, ਦਾਨਵ ਕੰਡਾ ਦੂਰ ਅਨੀਤਾ, ਅੱਗੇ ਨਹੁੰ ਨਰਸਿੰਘ ਦੇਵ ਦੇ ਹੁਣ ਤਵ ਤੀਰ ਕਰਾਰੀਆ*। ੧੬੭। ਪਦ।

ਦੁਖਮੰਤ–ਸਾਨੂੰ ਤਾਂ ਇਸ ਵਡਿਆਈ ਦਾ ਮਿਲਨਾ ਨਿਰਾ ਇੰਦ੍ਰ ਦੀ ਵਡਿਆਈ ਦਾ ਹੀ ਫਲ ਹੈ, ਕਿਉਂਕਿ:–
ਵੱਡਾ ਕਾਰਜ ਸਿੱਧ ਜਿ ਕੋਈ, ਦੈਵਨੇਤ ਸੇਵਕ ਤੋਂ ਹੋਈ, ਕਾਰਣ ਉਸਦਾ ਇਉਂ ਮਨ ਜਾਣੇ, ਸੁਆਮੀ ਕ੍ਰਿਪਾ ਸਵਾਰਿਆ।
ਅਰੁਣ ਪਿੰਗਲਾ ਕੀ ਬਲ ਪਾਵੇ, ਰਾਤ ਹਨੇਰਾ ਆਇ ਹਟਾਵੇ, ਜੇ ਸੂਰਜ ਉਸ ਜਗ੍ਹਾ ਨ ਦੇਵੇ, ਅੱਗੇ ਰੱਥ ਬਿਠਾਰਿਆ†। ੧੬੮। ਪਦ।

ਮਾਤਲਿ–ਠੀਕ ਹੈ, (ਥੋੜ੍ਹੀ ਦੂਰ ਚੱਲਕੇ)–ਮਹਾਰਾਜ ਰਤਾ ਏਧਰ ਨਿਗਾਹ ਕਰਕੇ ਆਪਣੇ ਸੁਰਗ ਤਾਈਂ ਅੱਪੜੇ ਹੋਏ ਜੱਸ ਦੀ ਵਡਿਆਈ ਦੇਖੋ।

ਅੰਗ ਰਾਗ ਜੋ ਕਰਨ ਦੇਵੀਆਂ ਚੰਦਨਾਦਿ ਕਸਤੂਰੀ। ਬਚਨ ਰੰਗ ਦੀ ਲਏ ਦੇਵਤਾ ਲਿਖਣ ਲੱਗੇ ਹਨ ਪੂਰੀ। ਤੇਰੀ ਵਡਿਆਈ ਤੇ ਮਹਿਮਾ ਕਰਤੂਤਾਂ ਤੇ ਕਾਰਾਂ। ਕਲਪ ਬ੍ਰਿੱਛ ਦੇ ਪੱਤਿਆਂ ਉੱਤੇ ਰਚ ਰਚ

---

*ਹੇ ਰਾਜਾ! ਤੁਸਾਂ ਇੰਦ੍ਰ ਤੇ ਇੰਨਾ ਵੱਡਾ ਉਪਕਾਰ ਕੀਤਾ ਤਿਸਤੇ ਫਿਰ ਵੀ ਤੁਸੀਂ ਉਸਦੇ ਕੀਤੇ ਹੋਏ ਆਦਰ ਦੇ ਸਾਹਮਣੇ ਉਸ ਆਪਣੇ ਕੀਤੇ ਉਪਕਾਰ ਨੂੰ ਏਵੇਂ ਕਿਵੇਂ ਹੀ ਜਾਣਦੇ ਹੋ। ਇੱਕੁਰ ਹੀ ਉਹ ਭਾ ਤੁਹਾਡੀ ਸੁਰਮਤਾਈ ਦੇਖਕੇ ਆਪਣੇ ਦਿੱਤੇ ਹੋਏ ਆਦਰ ਨੂੰ ਕੁਝ ਵੀ ਨਹੀਂ ਗਿਣਦਾ।

†ਜਿਸ ਮਾਲਾ ਦੇ ਮਿਲਣ ਦੀ ਆਸ਼ਾ ਵਿੱਚ ਜਯੰਤ (ਇੰਦ੍ਰ ਦਾ ਪੁੱਤ੍ਰ) ਪਾਸ ਖੜੋਤਾ ਸੀ, ਉਹ ਮਾਲਾ ਹਰ ਚੰਦਨ ਲਗੀ ਹੋਈ ਕਲਪ ਬ੍ਰਿੱਛ ਦੇ ਫੁਲਾਂ ਦੀ ਬਣੀ ਹੋਈ ਇੰਦ੍ਰ ਨੇ ਆਪਣੇ ਗਲੋਂ ਲਾਹਕੇ ਪੁੱਤ੍ਰ ਵੰਨੀ ਤੱਕ ਮੁਸਕ੍ਰਾਕੇ ਆਪਣੇ ਹਥੀਂ ਮੇਰੇ ਗਲ ਪਹਿਰਾਈ ਜਿਸ ਤੇ ਮੇਰਾ ਵਡਾ ਸਤਿਕਾਰ ਹੋਇਆ।

*ਸੁਰਗ ਦਾ ਦੁੱਖ ਦੋਹਾਂ ਨੇ ਹੀ ਦੂਰ ਕੀਤਾ ਹੈ, ਪਹਿਲੇ ਨਰਸਿੰਘ ਦੇਵ ਦੇ ਨਹੁੰਆਂ ਨੇ ਅਤੇ ਹੁਣ ਤੁਹਾਡੇ ਤਿੱਖੇ ਬਾਣਾਂ ਨੇ।

†ਜਦ ਕੋਈ ਵੱਡਾ ਕੰਮ ਸੇਵਕਾਂ ਤੋਂ ਬਣਿ ਆਵੇ ਤਾਂ ਮਾਲਕਾਂ ਦੀ ਹੀ ਵਡਿਆਈ ਦਾ ਫਲ (ਸਦਕਾ) ਸਮਝਿਆ ਜਾਂਦਾ ਹੈ। ਵਿਚਾਰੇ ਅਰੁਣ ਪਿੰਗਲੇ ਦੀ ਕੀ ਸਮਰੱਥਾ ਸੀ ਜੋ ਰਾਤ ਦੇ ਹਨੇਰੇ ਨੂੰ ਦੂਰ ਕਰਦਾ, ਜੇ ਕਦੀ ਸੂਰਜ ਉਸਨੂੰ ਆਪਣੇ ਰਥ ਦੇ ਅੱਗੇ ਨਾ ਬਿਠਾਉਂਦਾ।

Digitized by Panjab Digital Library | www.panjabdigilib.org

ਜਸ ਦੀਆਂ ਵਾਰਾਂ । ਡੂੰਘੀ ਸੋਚ ਸੋਚਦੇ ਬੈਠੇ ਪਦ ਅੱਖਰ ਮਿਠਵਾਲੇ । ਗੀਤ ਬਨਾਉਣ ਕਾਰਨ ਹਨ ਇਹ ਲਿਖਦੇ ਪਏ ਸੁਖਾਲੇ* ॥ ਪਦ ॥ ੧੬੯ ॥

ਦੁਖਮੰਤ–ਹੇ ਮਾਤਲਿ ! ਦਾਨਵਾਂ ਦੇ ਮਾਰਨ ਦੇ ਉਤਸਾਹ ਵਿੱਚ ਜਾਂਦੀ ਵੇਰ ਇੱਧਰ ਇਹ ਸੁਰਗ ਦਾ ਰਾਹ ਚੰਗੀ ਤਰ੍ਹਾਂ ਨਾਲ ਨਹੀਂ ਸੀ ਦੇਖਿਆ। ਹੁਣ ਤੂੰ ਦੱਸ, ਅਸੀਂ ਇਸ ਵੇਲੇ ਪਵਨਾਂ ਦੇ ਕਿਸ ਰਾਹ ਵਿਚ ਚਲੇ ਜਾ ਰਹੇ ਹਾਂ ?

ਮਾਤਲਿ–ਇਹ ਰਸਤਾ ਬਾਵਨ ਨੇ ਕੀਤਾ ਪਰਮ ਪਵਿੱਤਰ ਆਹਾ । ਦੂਜਾ ਕਦਮ ਇਧਰ ਹੀ ਧਰਿਆ ਸੀਗਾ ਤਦੋਂ ਉਤਾਹਾਂ ਪਵਨ ਇਥਾਈਂ ਚਲਦੀ ਜਿਹੜੀ ਸੋ 'ਪਰਵਹ' ਕਹਿਲਾਵੇ। ਓਹੋ ਪਵਨ ਅਕਾਸ਼ ਗੰਗ ਨੂੰ ਨਿਤਪ੍ਰਤਿ ਪਈ ਵਹਾਵੇ। ਏਧਰ ਆਧਰ ਕਿਰਨਾਂ ਵੰਡੇ ਉਸਨੂੰ ਏਹ ਘੁਮਾਵੇ। ਏਹ ਪਵਨ ਸੱਤਾਂ ਰਿਖੀਆਂ ਨੂੰ ਚੱਕਰ ਪਈ ਦਿਵਾਵੇ† ॥ ੧੭੦॥ ਪਦ ॥

ਦੁਖਮੰਤ–ਹੇ ਮਾਤਲਿ ! ਏਸੇ ਲਈ ਮੇਰਾ ਆਤਮਾ ਅੰਦਰੋਂ ਬਾਹਰੋਂ ਇੰਦ੍ਰੀਆਂ ਸਮੇਤ ਵੱਡੇ ਆਨੰਦ ਨੂੰ ਪਹੁੰਚਿਆ ਹੈ। (ਰਥ ਦੇ ਪਹੀਆਂ ਵਲ ਦੇਖਕੇ) ਹੁਣ ਤਾਂ ਅਸੀਂ ਬੱਦਲਾਂ ਦੇ ਰਸਤੇ ਵਿੱਚ ਉਤਰ ਆਏ।

ਮਾਤਲਿ–ਇਹ ਗੱਲ ਤੁਸਾਂ ਕੀਕੁਰ ਜਾਤੀ ?

ਦੁਖਮੰਤ–*ਪਹੀਆਂ ਦੇ ਆਰਾਂ ਦੇ ਵਿੱਚਦੀ ਚਾਤ੍ਰਿਕ ਲੰਘਦੇ ਜਾਂਦੇ ਹਨ। ਅਤੇ ਤੁਰੰਗਾਂ ਅੰਗਾਂ ਉੱਤੇ ਬਿਜਲੀ ਲਹਿਰ ਦਿਸਾਂਦੇ

---

*ਆਪਣੀਆਂ ਇਸਤ੍ਰੀਆਂ ਦੇ ਅੰਗ ਰਾਗ ਤੋਂ ਬਚੇ ਹੋਏ ਮਹਾਵਰ ਕਸਤੂਰੀ ਚੰਦਨਾਦਿਕ ਰੰਗ ਲੈਕੇ ਦੇਵਤਾ ਲੋਕ ਤੇਰੇ ਜਸ ਵਡਿਆਈਆਂ ਦੀਆਂ ਵਾਰਾਂ ਰਚ ਰਚਕੇ ਕਲਪ ਬ੍ਰਿੱਛ ਦੇ ਪੱਤਿਆਂ ਤੇ ਡੂੰਘੀਆਂ ਵਿਚਾਰਾਂ ਨਾਲ ਸੁੰਦਰ ਪਦ ਅੱਖਰ ਸੋਧ ਸੋਧਕੇ ਲਿਖ ਰਹੇ ਹਨ।

†ਇਹ ਰਸਤਾ ਬਾਵਨ ਜੀ ਦੇ ਦੂਸਰੇ ਕਰੋਂ (ਕਰਮ) ਦਾ ਪਵਿੱਤ੍ਰ ਕੀਤਾ ਹੋਇਆ ਹੈ ਅਤੇ ਇਸ ਜਗਾ ਉਹ ਪਵਨ ਚਲਦੀ ਹੈ ਜੋ 'ਪਰਵਹ' ਨਾਉਂ ਕਹਾਉਂਦੀ ਹੈ, ਏਹੋ ਪਵਨ ਅਕਾਸ਼ ਗੰਗਾ ਨੂੰ ਵਹਾਉਂਦੀ ਅਤੇ ਸੱਤ ਰਿਖੀਆਂ ਦੇ ਮੰਡਲ ਨੂੰ ਘੁਮਾਉਂਦੀ ਹੈ।

[ਬਾਕੀ ਟੂਕ ਦੇਖੋ ਦੂਜੇ ਅੱਧ ਹੇਠ]

*ਤੁਹਾਡਾ ਰਥ ਆਪ ਹੀ ਕਹਿੰਦਾਹੈ ਕਿ ਅਸੀਂ ਪਾਣੀ ਭਰੇ ਬੱਦਲਾਂ ਵਿਚ ਚਲਦੇ ਪਏਹਾਂ, ਕਿਉਂਕਿ ਪਹੀਏ ਭਿੱਜ ਗਏ ਹਨ। ਇੰਦ੍ਰ ਦੇ ਘੋੜਿਆਂ ਦੇ ਅੰਗ ਬਿਜਲੀ ਵਰਗੇ ਚਮਕਦੇ ਹਨ ਅਤੇ ਪਹੀਆਂ ਦੀਆਂ ਆਰਾਂ ਵਿਚੋਂ ਹੋਕੇ ਚਾਤ੍ਰਿਕ (ਪਪੀਹੇ) ਏਧਰ ਆਧਰ ਨਿਕਲਕੇ ਉੱਡ ਰਹੇ ਹਨ।

[ਪਹਿਲੇ ਅੱਧ ਦੀ ਟੂਕ ਦੀ ਬਾਕੀ]

ਪੁਰਾਣਾਂ ਦੇ ਮੱਤ ਅਨੁਸਾਰ ਅਕਾਸ਼ ਸੱਤਾਂ ਰਸਤਿਆਂ ਵਿਚ ਵੰਡਿਆ ਹੋਇਆ ਹੈ ਅਤੇ ਹਰ ਇਕ ਰਸਤੇ ਵਿਚ ਵੱਖੋ ਵੱਖਰੀ ਪੌਣ ਚਲਦੀ ਹੈ। ਪਹਿਲਾ ਰਸਤਾ ਪ੍ਰਿਥਵੀ ਤੋਂ ਲੈਕੇ ਸੂਰਜ ਤੀਕ ਹੈ, ਇਸ ਰਸਤੇ ਵਿਚਜਿਹੜੀ ਪੌਣ ਚਲਦੀ ਹੈ,ਉਸਦਾ ਨਾਉਂ (੧) ਆਵਹ ਕਰਕੇ ਕਹਿੰਦੇ ਹਨ, ਉਹ ਅੰਤਰੀਛ ਵਿਚ ਵਹਿਕੇ ਬੱਦਲਾਂ ਅਤੇ ਬਿਜਲੀ ਤੇ ਉਲਕਾਪਾਤ ਨੂੰ ਚਲਾਉਂਦੀ ਹੈ। ਹੋਰ ਬਾਕੀ ਦੇ ਛੇ ਰਸਤੇ ਸੁਰਗ ਵਿਚ ਹਨ ਇਨ੍ਹਾਂ ਵਿਚੋਂ ਪਹਿਲੇ ਰਸਤੇ ਵਿਚ (੨) ਪ੍ਰਵਾਹ ਪਵਨ ਵਹਿੰਦੀ ਹੈ ਜੋ ਸੂਰਜ ਨੂੰ ਚਲਾਉਂਦੀ ਹੈ, ਦੂਜੇ ਰਸਤੇ ਵਿਚ (੩) ਸਮਵਾਹ ਪਵਨ ਵਹਿੰਦੀ ਹੈ ਜੋ ਚੰਦ੍ਰਮਾਂ ਨੂੰ ਘੁਮਾਉਂਦੀ ਹੈ। ਤੀਸਰੇ ਰਸਤੇ ਵਿਚ (੪) ਉਦਵਹ ਪਵਨ ਵਹਿੰਦੀ ਹੈ ਜੋ ਤਾਰਿਆਂ ਨੂੰ ਚਲਾਉਂਦੀ ਹੈ। ਚੌਥੇ ਰਸਤੇ ਵਿੱਚ(੫)ਵਿਵਾਹ ਨਾਮੀਪਵਨ ਵਹਿੰਦੀ ਹੈ, ਜੋ ਸੱਤਾਂ ਗ੍ਰੋਹਾਂ ਨੂੰ ਚਲਾਉਂਦੀ ਹੈ। ਪੰਜਵੇਂ ਰਸਤੇ ਵਿੱਚ (੬)ਪਰਿਵਹ ਨਾਮੀ ਪਵਨ ਵਹਿੰਦੀ ਹੈ ਜੋ ਸਪਤਰਿਖੀ ਤੇ ਮ੍ਰੁਰ ਗੰਗਾ ਨੂੰ ਚਲਾਉਂਦੀ ਹੈ, ਛੇਵੇਂ ਰਸਤੇ ਵਿੱਚ (੭) ਪਰਵਾਹ ਨਾਮੀ ਪਵਨ ਵਹਿੰਦੀ ਹੈ ਜੋ ਧ੍ਰੁ ਤਾਰੇ ਨੂੰ ਘੁਮਾਉਂਦੀ ਹੈ।

Digitized by Panjab Digital Library | www.panjabdigilib.org

ਹਨ। ਭਿੱਜੇ ਪਹੀਏ ਮੀਂਹ ਜਤਾਉਣ ਰਥ ਦੇ ਜੋ ਭੌਂ ਜਾਂਦੇ ਹਨ। ਬੱਦਲਾਂ ਪਾਣੀ ਭਰਿਆਂ ਵਿਚ ਹੀ ਪੁੱਜੇ ਆਪ ਦਿਖਾਂਦੇ ਹਨ॥ ੧੭੧ ॥ ਪਦ॥

ਮਾਤਲਿ–ਹੁਣੇ ਆਪ ਪਲਕੁ ਤਾਈਂ ਆਪਣੇ ਰਾਜ ਵਿੱਚ ਪਹੁੰਚਦੇ ਹੋ।

ਦੁਖਜੰਤ (ਹੇਠ ਵੰਨੀ ਤੱਕਕੇ)–ਛੇਤੀ ਹੇਠਾਂ ਉਤਰਨ ਵਿੱਚ ਇਹ ਮਨੁਖ ਲੋਕ ਅਚਰਜ ਜੇਹਾ ਦਿੱਸਦਾ ਹੈ।

ਪ੍ਰਿਥਵੀ ਇਉਂ ਜਾਪੀ ਹੈ ਮਾਨੋ, ਉਠਦੀ ਚੋਟੀ ਸਿਖਰ ਪਛਾਨੋ, ਖਿਸਕੀ ਜਾਂਦੀ ਧਰਾ ਹਿਠਾਹਾਂ, ਸੁੰਦਰ ਲਹਿਰ ਬਨਾਈਆਂ। ਰੁੱਖ ਛੱਕੇ ਜੋ ਪੱਤਾਂ ਕਰਕੇ, ਜਾਪਣ ਮੋਢੇ ਉੱਚੇ ਢਰਕੇ, ਪੈਰੋ ਪੈਰ ਪ੍ਰਤੀਤ ਹੋਂਵਦੇ, ਸੁਹਣੇ ਨਾਲ ਸਫਾਈਆਂ। ਲੀਕਾਂ ਵਾਂਗ ਜੁ ਨਦੀਆਂ ਆਹੀਆਂ, ਹੁਣ ਪਾਣੀ ਦੀ ਧਾਰ ਦਿਖਾਈਆਂ, ਪਤਲਾਪਨ ਮਿਟ ਗਿਆ ਉਨ੍ਹਾਂ ਦਾ ਰੇਤਾ ਚਮਕ ਦਿਖਾਈਆਂ।ਭੂ ਮੰਡਲ ਸਾਡੀ ਵਲ ਆਵੇ, ਜੀਕੁਰ ਕੋਈ ਉਛਾਲ ਦਿਖਾਵੇ, ਨੇੜੇ ਨੇੜੇ ਹੁੰਦਾ ਜਾਂਦਾ, ਭਾਰੀ ਹੋਣ ਹਵਾਈਆਂ* ॥ ੧੭੨ ॥ ਪਦ ॥

ਮਾਤਲਿ–ਆਪ ਨੇ ਤਾਂ ਬਹੁਤ ਚੰਗੀ ਤਰ੍ਹਾਂ ਦੇਖਿਆ (ਫਿਰ ਪ੍ਰਿਥਵੀ ਵੰਨੀ ਬੜੇ ਆਦਰ ਨਾਲ ਤੱਕਕੇ) ਵਾਹਵਾ ! ਮਨੁੱਖ ਲੋਕ ਕੇਹਾ ਸੁੰਦਰ ਦਿਖਾਈ ਦੇਂਦਾ ਹੈ।

*ਪ੍ਰਿਥਵੀ ਏਥੋਂ ਇਜੇਹੀ ਜਾਪਦੀ ਹੈ ਮਾਨੋਂ ਉਤਾਂਹ ਨੂੰ ਉਠਦੇ ਹੋਏ ਪਹਾੜਾਂ ਦੀਆਂ ਚੋਟੀਆਂ ਤੋਂ ਹਿਠਾਹਾਂ ਖਿਸਕਦੀ ਜਾਂਦੀ ਹੈ, ਬ੍ਰਿੱਛਾਂ ਦੀ ਸ਼ਕਲ ਜੋ ਪੱਤਿਆਂ ਵਿਚ ਢੱਕੀ ਹੋਈ ਸੀ, ਹੁਣ ਖੁੱਲ੍ਹਦੀ ਜਾਂਦੀ ਹੈ, ਨਦੀਆਂ ਦਾ ਪਤਲਾਪਣ ਮਿਟਦਾ ਜਾਂਦਾ ਹੈ ਅਤੇ ਪ੍ਰਿਥਵੀ ਮੰਡਲ ਸਾਡੇ ਨੇੜੇ ਆਉਂਦਾ ਹੋਇਆ ਇੱਕੁਰ ਜਾਪਦਾ ਹੈ ਜੀਕੁਰ ਕਿਸੇ ਨੇ ਉਤਾਹਾਂ ਉਛਾਲ ਦਿੱਤਾ ਹੋਵੇ।

ਦੁਖਜੰਤ–ਮਾਤਲਿ ! ਕਹੁ ਖਾਂ ਪੂਰਬ ਪੱਛਮ ਦੇ ਸਮੁੰਦਰਾਂਵਿੱਚ ਦੀ ਇਹ ਕਿਹੜਾ ਪਹਾੜ ਹੈ ਜਿਸਤੋਂ ਸੁਨਹਿਰੀ ਧਾਰਾ ਇਜੇਹੀ ਨਿਕਲਦੀ ਹੈ ਮਾਨੋਂ ਸੰਧਯਾ ਦੇ ਬੱਦਲਾਂ ਲਈ ਅਰਗਲਾ।

ਮਾਤਲਿ–ਮਹਾਰਾਜ ! ਇਹ ਤਪੱਸਿਆ ਦਾ ਛੇਤ੍ਰ ਕਿੰਨਰਾਂ ਦਾ ਹੇਮਕੂਟ* ਨਾਮਾ ਪਰਬਤ ਹੈ।

ਪੁਤ ਮਰੀਚ ਪੋਤਾ ਕੁਬਜ ਦੇਵ ਦਨੁਜ ਦਾ ਤਾਤ। ਏਥੇ ਤਪੇ ਪ੍ਰਜਾਪਤੀ ਨਾਲ ਸੁਰਾਂ ਦੀ ਮਾਤ† ॥ ਦੋ: ॥ ੧੭੩ ॥

ਦੁਖਜੰਤ–ਤਾਂ ਕਲਜਾਨ ਪ੍ਰਾਪਤ ਕਰਨ ਲਈ ਇਸ ਵੇਲੇ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਏ, ਸਾਂਗੇ ਨਾਲ ਆਏ ਹੋਏ ਹਾਂ, ਮੱਥਾ ਟੇਕੀ ਚੱਲੀਏ। [ਦੋਵੇਂ ਉਤਰਦੇ ਹਨ

ਮਾਤਲਿ–ਇਹ ਵਿਚਾਰ ਤਾਂ ਆਪ ਦਾ ਬਹੁਤ ਹੀ ਉੱਤਮ ਹੈ।

ਦੁਖਜੰਤ (ਹੈਰਾਨ ਜਿਹਾ ਹੋਕੇ)–ਖੜਕ ਨ ਹੋਇਆ ਰਤਾ ਵੀ ਪਹੀਆਂ ਦਾ ਭਾਈ।ਧੂੜ ਉਡੀ ਦੇਖੀ ਨਹੀਂ ਕਿਸ ਪਾਸੇ ਜਾਈ। ਤੂੰ ਜਿਸ ਰਥ ਨੂੰ ਸਾਧਿਆ ਮਾਤਲ ਸੀ ਆਹੀ। ਲੱਗਾ ਨਹੀਂ ਜ਼ਮੀਨ ਤੇ ਉਤਰਨ ਨ ਲਖਾਹੀ‡ ॥ ੧੭੪ ॥ ਪਦ ॥

*ਹੇਮਕੂਟ ਪਰਬਤ ਇੰਨੀ ਉਚਾਈ ਰੱਖਦਾ ਹੈ ਜੋ ਪੱਛਮ ਦੇ ਬੱਦਲਾਂ ਨੂੰ ਪੂਰਬ ਵੰਨੀ ਜਾਣ ਲਈ ਇਕ ਅਰਗਲਾ ਵਾਕਰ ਵਿਚਕਾਰ ਬੰਨਾ ਪਿਆ ਹੋਇਆ ਹੈ।

†ਮਰੀਚ ਦੇ ਬੇਟੇ ਬ੍ਰਹਮਾ ਦੇ ਪੋਤੇ ਦਿਉਤੇ ਤੇ ਦੈਂਤਾਂ ਦੇ ਪਿਤਾ ਕੱਸਪ ਪ੍ਰਜਾਪਤੀ ਆਪਣੀ ਇਸਤ੍ਰੀ ਅਦਿੱਤੀ ਸਮੇਤ ਏਸੇ ਆਸ਼੍ਰਮ ਵਿੱਚ ਤਪੱਸਿਆ ਕਰਦੇ ਹਨ।

‡ਰਥ ਦੇ ਪਹੀਆਂ ਦਾ [illegible] ਵੀ ਖੜਕ ਨਾ ਹੋਇਆ, ਨਾ ਧੂੜ ਹੀ ਉੱਡੀ ਅਤੇ ਨਾ ਹੀ ਉਤਰਨਾ ਮਲੂਮ ਹੋਇਆ।

Digitized by Panjab Digital Library | www.panjabdigilib.org

ਮਾਤਲਿ–ਰਾਜਾ ਜੀ! ਆਪ ਦੇ ਰਥ ਅਤੇ ਇੰਦ੍ਰ ਦੇ ਰਥ ਵਿਚ ਬੱਸ ਇੰਨਾ ਹੀ ਫਰਕ ਹੈ।

ਦੁਖੰਤ–ਕੱਸਜਪ ਜੀ ਦਾ ਆਸ਼੍ਰਮ ਕਿੱਥੇ ਹੈ?

ਮਾਤਲਿ (ਹੱਥ ਨਾਲ ਦਿਖਾਕੇ)–ਜਿੱਥੇ ਸੁੱਕੀ ਲਕੜ ਵਾਂਗੂੰ ਮੁਨਿ ਸੂਰਜ ਦੇ ਸੋਂਹੇ। ਅਹੋ ਖੜੋਤਾ ਸੋਉਂਕ ਖਾਧਾ ਅੱਧਾ ਸਪ ਲਪਟੋਹੇ। ਵੇਲ ਅਧਸੁਕੀ ਪਈ ਜਿਦ੍ਹੇ ਗਲ ਜਿਉਂ ਸੇਲੀ ਹੈ ਕੱਸੀ। ਜਟਾਂ ਮੋਢਿਆਂ ਤਾਈਂ ਪਈਆਂ ਚਿੜੀ ਘੁਰਾ ਕਰ ਵੱਸੀ* ॥ ੧੭੫ ॥ ਪਦ ॥

ਦੁਖੰਤ–ਏਜੇਹੇ ਉੱਗਰ ਤਪ ਵਾਲੇ ਨੂੰ ਨਮਸਕਾਰ।

ਮਾਤਲਿ (ਘੋੜਿਆਂ ਦੀਆਂ ਵਾਗਾਂ ਖਿੱਚਕੇ)–ਮਹਾਰਾਜ! ਹੁਣ ਅਸੀਂ ਪ੍ਰਜਾਪਤੀ ਦੇ ਉਸ ਆਸ਼੍ਰਮ ਵਿਚ ਆ ਗਏ ਹਾਂ ਜੋ ਅਦਿੱਤੀ ਦੇ ਸਿੰਜੇ ਹੋਏ ਕਲਪ ਬਿੱਛਾਂ ਨਾਲ ਸੁਹਾਉਂਦਾ ਹੈ।

ਦੁਖੰਤ–ਇਹ ਤਾਂ ਸੁਰਗ ਨਾਲੋਂ ਵੀ ਵਧੀਕ ਸੁਖ ਵਾਲੀ ਜਗਹ ਹੈ, ਇਸ ਵੇਲੇ ਮੈਂ ਇਜੇਹਾ ਹੋ ਰਿਹਾ ਹਾਂ ਮਾਨੋਂ ਅੰਮ੍ਰਤ ਦੇ ਕੁੰਡ ਵਿਚ ਇਸ਼ਨਾਨ ਕਰ ਰਿਹਾ ਹਾਂ।

ਮਾਤਲਿ (ਰਥ ਨੂੰ ਖੜਾ ਕਰਕੇ)–ਮਹਾਰਾਜ ! ਹੁਣ ਉਤਰ ਲਓ।

ਦੁਖੰਤ (ਰਥ ਤੋਂ ਉਤਰਕੇ)–ਤੂੰ ਰਥ ਨੂੰ ਛੱਡਕੇ ਕੀਕੁਰ ਚੱਲੇਂਗਾ !

ਮਾਤਲਿ–ਮੈਂ ਉਪਾਉ ਕਰ ਲਿਆ ਹੈ, ਰਥ ਏਥੇ ਖੜਾ ਰਹੇਗਾ, ਮੈਂ ਆਪ ਦੇ ਨਾਲ ਚੱਲਦਾ ਹਾਂ (ਰਥ ਤੋਂ ਉਤਰਦਾ ਹੈ) ਮਹਾਰਾਜ ! ਇਸ ਰਸਤੇ ਆਈਏ ਅਤੇ ਮਹਾਤਮਾਂ ਰਿਖੀਆਂ ਦੇ ਤਪੋ ਬਨ ਦਾ ਦਰਸ਼ਨ ਕਰੀਏ।

ਦੁਖੰਤ–ਮੈਂ ਅਚਰਜ ਨਾਲ ਦੇਖਨਾ ਹਾਂ।

ਤਪੀ ਮੁਨੀ ਤਪ ਆਸਾ ਕਰਦੇ, ਜਿਹ ਥਲ ਵਸਣ ਹੇਤ ਹਨ ਮਰਦ, ਓਥੇ ਏਹ ਤਪਦੇ ਹਨ ਤਪਸੀ, ਇੰਦ੍ਰੇ ਭੋਗ ਤਿਆਗਿਆ। ਕਲਪ ਬ੍ਰਿੱਛ ਬਨ ਕੁੰਜ ਅਨੋਖੀ, ਪਵਨ ਅਧਾਰ ਤਪੀ ਤਨ ਪੋਖੀ, ਕਮਲ ਪਰਾਗ ਮਿਲਜੋ ਜਲ ਪੀਲਾ, ਸੰਧਯਾਕਾਲ ਮਿਲਾ ਗਿਆ।ਧਯਾਨ ਲਈ ਬੈਠਣ ਨੂੰ ਪਈਆਂ, ਸਿਲਾ ਮਣੀ ਦੀਆਂ ਬਾਹਲੀਆਂ ਹਈਆਂ ਹੁੰਦਿਆਂ ਪਾਸ ਅੱਛਰਾਂ ਦੇਵੀ, ਸੰਜਮ ਨੇਮ ਨਿਬਾਹ ਗਿਆ* ॥ ੧੭੬ ॥ ਪਦ ॥

ਮਾਤਲਿ–ਸਤਿਪੁਰਖਾਂ ਦੀ ਅਭਿਲਾਖਾ ਸਦਾ ਉੱਚੀ ਹੀ ਰਹਿੰਦੀ ਹੈ(ਇਧਰ ਆਧਰ ਫਿਰਕੇ) ਕਹੋ ਬ੍ਰਿਧ ਸ਼ਾਕੱਲਜ ਜੀ ! ਇਸ ਵੇਲੇ ਮਹਾਤਮਾ ਕੱਸ਼ਜਪ ਜੀ ਕੀ ਕਰ ਰਹੇ ਹਨ? ਕੀਹ ਆਖਿਆ, ਦੱਖ ਦੀ ਬੇਟੀ ਨੇ ਜੋ

---

*ਕੱਸਜਪ ਜੀ ਦਾ ਆਸ਼੍ਰਮ ਓਹ ਹੈ,ਜਿੱਥੇ ਓਹ ਤਪੱਸੀ ਸੁੱਕੇ ਹੋਏ ਰੁਖ ਵਾਂਗ ਅਡੋਲ ਸੂਰਜ ਵਲ ਟਕ ਲਾਈ ਖੜੋਤਾ ਹੈ, ਜਿਸਦੇ ਅੱਧੇ ਸਰੀਰ ਨੂੰ ਸਿਉਂਕ ਚੜ੍ਹ ਗਈ ਹੋਈ ਹੈ, ਜਨੇਊ ਵਾਕਰ ਸੱਪ ਦੀ ਖੱਲੜੀ ਪਈ ਹੋਈ ਹੈ, ਗਲ ਵਿੱਚ ਅਧਸੁਕੀ ਵੇਲ ਚੰਮੜੀ ਹੋਈ ਹੈ ਅਤੇ ਜਟਾ ਵਿਚ ਚਿੜੀਆਂ ਨੇ ਆਲ੍ਹਣੇ ਕੀਤੇ ਹੋਏ ਹਨ।

*ਜਿਸ ਜਗਹ ਵਿੱਚ ਵਾਸ ਕਰਨ ਲਈ ਤਪੀਸ਼ੁਰ ਲੋਕ ਆਪੋ ਆਪਣੇ ਤਪ ਨਾਲ ਚਾਹਨਾ ਕਰਦੇ ਹਨ,ਜਿੱਥੇ ਕਲਪ ਬ੍ਰਿੱਛਾਂ ਦੇ ਬਨ ਵਿਚ ਪੌਣ ਭੁੱਖਕੇ ਪ੍ਰਾਣਾਂ ਦੇ ਰੱਖਣ ਦਾ ਵੇਲਾ ਹੈ,ਜਿੱਥੇ ਸੋਨੇ ਵਰਗੀ ਪੀਲੀ ਕਮਲਾਂ ਦੀ ਪਰਾਗ ਨਾਲ ਪੀਲਾ ਹੋਇਆ ਪਾਣੀ ਸੰਧਯਾ ਪੂਜਨ ਲਈ ਮਿਲਦਾ ਹੈ, ਜਿੱਥੇ ਰਤਨਾਂ ਦੀਆਂ ਸਿਲਾਂ ਪਰ ਬੈਠਕੇ ਧਿਆਨ ਹੋ ਸਕਦਾ ਹੈ ਅਤੇ ਅੱਛਰਾਂ ਲੋਕਾਂ ਦੇ ਪਾਸ ਹੁੰਦਿਆਂ ਹੀ ਇੰਦ੍ਰੀਆਂ ਨੂੰ ਵੱਸ ਕਰਨਾ ਬਣ ਪੈਂਦਾ ਹੈ, ਇਜੇਹੇ ਇਸ ਅਸਥਾਨ ਵਿਚ ਤਪੱਸੀ ਤਪ ਤਪਦੇ ਹਨ।

Digitized by Panjab Digital Library | www.panjabdigilib.org

ਪਤੀਬ੍ਰਤ ਧਰਮ ਪੁੱਛਿਆ ਸੀ ਓਹ ਉਨ੍ਹਾਂ ਨੂੰ ਅਤੇ ਹੋਰ ਰਿਖੀਆਂ ਦੀਆਂ ਇਸਤ੍ਰੀਆਂ ਨੂੰ ਸੁਣਾ ਰਹੇ ਹਨ।

ਦੁਖਜੰਤ (ਕੰਨ ਲਾਕੇ)–ਮੁਨੀਆਂ ਪਾਸ ਵੇਲਾ ਦੇਖਕੇ ਜਾਣਾ ਚਾਹੀਦਾ ਹੈ।

ਮਾਤਲਿ (ਰਾਜਾ ਵੰਨੀ ਤੱਕਕੇ)–ਆਪ ਇਸ ਅਸ਼ੋਕ ਬ੍ਰਿੱਛ ਦੀ ਛਾਇਆ ਹੇਠ ਜ਼ਰਾ ਸਾਹ ਲੈ ਲਓ, ਓਨਾਂ ਚਿਰ ਮੈਂ ਆਪ ਦੇ ਆਉਣ ਦਾ ਸੁਨੇਹਾ ਵੇਲਾ ਦੇਖਕੇ ਇੰਦ੍ਰ ਦੇ ਪਿਤਾ ਪਾਸ ਕਹਿ ਆਉਨਾ ਹਾਂ।

ਦੁਖਜੰਤ–ਜੋ ਤੈਨੂੰ ਭਾਵੇ। [ਬੈਠਦਾ ਹੈ

ਮਾਤਲਿ–ਮੈਂ ਇਹ ਕੰਮਕਰਕੇ ਹੁਣੇ ਆਇਆ।

ਦੁਖਜੰਤ(ਸ਼ਗਨ ਦੇਖਕੇ)–ਸਿੱਧ ਮਨੋਰਥ ਦੇਣ ਦੀ ਹੈ ਆਸ ਨ ਕੋਈ। ਫਿਰ ਤੂੰ ਫਰਕੇ ਬਾਂਹ ਕਿਉਂ ਏਂਵੇਹਾ ਸੋਈ। ਜੋ ਆਏ ਸੁਖ ਨੂੰ ਕਰੇ ਲਤ ਮਾਰ ਪਿਛਾਹਾਂ। ਉਲਟ ਬਣੇ ਦੁਖਓਸਨੂੰ ਓਹੋ ਜੁ ਅਗਾਹਾਂ*।੧੭੭।ਪਦ।

ਨੇਪਥ ਵਿੱਚੋਂ–ਵੇ ਤੂੰ ਦੇਖ, ਏਡੀ ਚਲਾਕੀ ਨਾ ਕਰ,ਕੀ ਤੂੰ ਆਪਣੀ ਗਲ ਨਹੀਂ ਛੱਡੇਂਗਾ?

ਦੁਖਜੰਤ (ਕੰਨ ਲਾਕੇ)–ਹੈਂ, ਇਸ ਅਸਥਾਨ ਵਿਚ ਚਲਾਕੀ ਦਾ ਕੀਹ ਕੰਮ ? ਇਹ ਤਾੜਨਾ (ਘੂਰਨਾ) ਕਿਸਨੂੰ ਹੋ ਰਹੀ ਹੈ (ਜਿੱਧਰੋਂ ਅਵਾਜ਼ ਆਈ ਸੀ ਓਧਰ ਦੇਖਕੇ ਅਚਰਜ ਕਰਕੇ) ਵਾਹਵਾ ਇਹ ਕਿਸਦਾ ਬਲਵਾਨ ਬਾਲਕ ਹੈ ਜਿਸ ਨੂੰ ਦੋ ਤਪੱਸ੍ਵਨੀਆਂ ਰੋਕ ਰਹੀਆਂ ਹਨ ?

ਅੱਧਾ ਪੀਤਾ ਏਸਨੇ ਦੁਧ ਮਾਤਾ ਸੰਦਾ।
ਹੈ ਇਹ ਬੱਚਾ ਸ਼ੇਰਦਾਜਿਸਨਾਲ ਖਿਡੰਦਾ।

ਪਕੜੀ ਆਇਆ ਘਸੀਟਦਾ ਖਿਚਦਾ ਨਹਿੰ ਡਰਦਾ। ਓਹ ਭੀ ਸਨਿੰਦਾ ਦੁੱਖ ਨੂੰ ਚੂੰ ਚਾਂ ਨਹਿੰ ਕਰਦਾ* ॥ ੧੭੮ ॥ਪਦ॥

[ਇਕ ਬਾਲਕ ਸ਼ੇਰ ਦੇ ਬੱਚੇ ਨੂੰ ਘਸੀਟਦਾ ਹੋਇਆ ਲਿਆਉਂਦਾ ਹੈ ਅਤੇ ਦੋ ਤਪੱਸ੍ਵਨੀਆਂ ਉਸਨੂੰ ਹਟਾਉਂਦੀਆਂ ਹੋਈਆਂ ਆਉਂਦੀਆਂ ਹਨ]

ਬਾਲਕ–ਓਇ ! ਤੂੰ ਆਪਣਾ ਮੂੰਹ ਖੋਲ੍ਹ, ਮੈਂ ਤੇਰੇ ਦੰਦ ਗਿਣਾਂਗਾ।

ਪਹਿਲੀ ਤਪੱਸ੍ਵਨੀ–ਓਇ ਅਨਜਾਈ ਬੱਚੇ ! ਤੂੰ ਵਿਚਾਰਿਆਂ ਪਸ਼ੂਆਂ ਨੂੰ ਕਿਉਂ ਦੁੱਖ ਦੇਨਾ ਹੈਂ ? ਇਨ੍ਹਾਂ ਨੂੰ ਬਾਲਾਂ ਬੱਚਿਆਂ ਵਾਂਗ ਰੱਖੀਦਾ ਹੈ । ਹਾਇ ! ਤੇਰਾ ਹੌਂਸਲਾ ਦਿਨੋ ਦਿਨ ਵਧਦਾ ਹੀ ਜਾਂਦਾ ਹੈ, ਤੇਰਾ ਨਾਉਂ ਰਿਖੀਆਂ ਨੇ ਸਰਬ ਦਮਨ ਭਾਵੇਂ ਇਸੇ ਲਈ ਰੱਖਿਆ ਹੈ।

ਦੁਖਜੰਤ (ਆਪਣੇ ਜੀ ਵਿੱਚ)–ਵਾਹਵਾ, ਇਹ ਕੀ ਕਾਰਨ ਹੈ ਕਿ ਮੇਰਾ ਪ੍ਰੇਮ ਇਸ ਬਾਲਕ ਵੱਲ ਇਜੇਹਾ ਹੁੰਦਾ ਆਉਂਦਾ ਹੈ ਜੇਹਾਕੁ ਪੁੱਤ੍ ਵਿੱਚ ਹੁੰਦਾ ਹੈ ? ਇਸ ਲਈ ਹੁੰਦਾ ਹੋਊ ਕਿ ਮੈਂ ਪੁੱਤ੍ ਹੀਣ ਹਾਂ।

ਦੂਜੀ ਤਪੱਸ੍ਵਨੀ–ਜੇ ਤੂੰ ਇਸ ਬੱਚੇ ਨੂੰ ਨਾ ਛੱਡੇਂਗਾਤਾਂ ਇਹ ਸ਼ੇਰਨੀ ਤੇਰੇ ਤੇ ਦੌੜੇਗੀ।

ਬਾਲਕ (ਮੁਸਕ੍ਰਾਕੇ)–ਠੀਕ ਹੈ, ਮੈਨੂੰ ਇਸ ਸ਼ੇਰਨੀ ਦਾ ਭਾਰਾ ਡਰ ਪਿਆ ਹੈ।

[ਮੂੰਹ ਚਿੜਾਉਂਦਾ ਹੈ

ਦੁਖਜੰਤ–†ਮੈਨੂੰ ਬਾਲਕ ਇਹ ਦਿਖੇ ਤੇਜੱਸ੍ਵੀ ਭਾਰਾ।ਅਗਨ ਖੜੇ ਬਾਲਣ ਚਹੇ ਬਲਬੀਰ

---

*ਇਥੇ ਤਾਂ ਮੈਨੂੰ ਮੇਰੇ ਮਨੋਰਥ ਸਫਲ ਹੋਣ ਦੀ ਕੋਈ ਆਸ ਨਹੀਂ ਹੈ, ਫਿਰ ਹੇ ਮੇਰੀ ਬਾਂਹ ! ਕਿਉਂ ਹਾਸੀ ਕਰਨ ਨੂੰ ਫਰਕਦੀ ਹੈਂ। ਸੱਚ ਹੈ ਜੋ ਮਨੁਖ ਆਪਣੇ ਸਾਹਮਣੇ ਆਏ ਹੋਏ ਸੁਖ ਨੂੰ ਲੱਤ ਮਾਰਦਾ ਹੈ, ਉਹ ਓਸ ਦੇ ਬਦਲੇ ਦੁੱਖ ਭੋਗਦਾ ਹੈ।

*ਸ਼ੇਰਨੀ ਦੇ ਬੱਚੇ ਨੂੰ ਜਿਸ ਨੇ ਆਪਣੀ ਮਾਉਂ ਦੇ ਥਣਾਂ ਦਾ ਅੱਧਾ ਹੀ ਦੁੱਧ ਪੀਤਾ ਹੈ, ਖੇਡਣ ਲਈ ਘਸੀਟੀ ਲਈ ਆਉਂਦਾ ਹੈ।

†ਇਹਲੜਕਾ ਮੈਨੂੰ ਬੜਾ ਪ੍ਰਤਾਪੀ ਦਿੱਸਦਾ ਹੈ, ਕਿਉਂਕਿ ਇਹ ਇਜੇਹਾ ਖੜਾ ਹੈ ਜੀਕੁਣ ਬਾਲਣ ਚਾਹੁੰਦੀ ਹੋਈ ਮਘਦੀ ਅੱਗ।

Digitized by Panjab Digital Library | www.panjabdigilib.org

ਕਰਾਰਾ ॥ ੧੭੯ ॥ ਪਦ ॥

ਪਹਿਲੀ ਤਪੱਸ੍ਵਨੀ–ਮੇਰੇ ਪਿਆਰੇ ਬੱਚੇ ! ਤੂੰ ਸ਼ੇਰ ਦੇ ਬੱਚੇ ਨੂੰ ਛੱਡ ਦੇਹ, ਮੈਂ ਤੈਨੂੰ ਹੋਰ ਖਿਡਾਉਣਾ ਦਿਆਂਗੀ।

ਬਾਲਕ–ਕਿੱਥੇ ਹੈ, ਲਿਆ ਦੇਹ ਖਾਂ ?

ਦੁਖੰਜੈਤ–ਇਸਦੇ ਤਾਂ ਲੱਛਣ ਵੀ ਚੱਕ੍ਰਵਰਤੀਆਂ ਵਾਲੇ ਹਨ।

ਏਨ ਖਿਡੌਣਾ ਲੈਣ ਨੂੰ ਜਦ ਹੱਥ ਪਸਾਰਿਆ। ਸੁਮਿਲ ਉਂਗਲੀਆਂ ਸਾਰੀਆਂ ਮੈਂ ਭਲੇ ਨਿਹਾਰਿਆ। ਮਨਹੁ ਸਵੇਰੇ ਲਾਲ ਹੁਇ ਜਿਉਂ ਕਮਲ ਖਿੜੰਦਾ। ਤਿੱਕੁਰ ਵਿੱਥ ਨ ਉਂਗਲਾਂ ਇਹ ਲੱਛਣ ਹੁੰਦਾ* ।੧੮੦। ਪਦ

ਦੂਜੀ ਤਪੱਸ੍ਵਨੀ–ਨੀ ਸੁਬ੍ਰਿਤਾ ! ਇਹ ਗੱਲਾਂ ਨਾਲ ਨਹੀਂ ਮੰਨੇਗਾ, ਜਾਹ ਮੇਰੀ ਕੁਟੀਆ ਵਿਚੋਂ ਇਕ ਮਿੱਟੀ ਦਾ ਮੋਰ ਜੋ ਰਿਖਿ ਕੁਮਾਰ ਮਾਰਕੰਡੇ ਦੇ ਖੇਡਣ ਦਾ ਰੱਖਿਆ ਹੋਇਆ ਹੈ ਉਹ ਲੈ ਆਉ।

ਪਹਿਲੀ ਤਪੱਸ੍ਵਨੀ–ਮੰਹੁਣੇਲਿਆਈ।[ਜਾਂਦੀ ਹੈ

ਬਾਲਕ–ਉੱਨਾਂ ਚਿਰ ਮੈਂ ਇਸੇ ਸ਼ੇਰ ਦੇ ਬੱਚੇ ਨਾਲ ਖੇਡਾਂਗਾ।

[ਇਹ ਕਹਿਕੇ ਤਪੱਸ੍ਵਨੀ ਵੰਨੀ ਹੱਸਦਾ ਹੈ

ਦੁਖੰਜੈਤ(ਆਪਣੇ ਜੀ ਵਿਚ)–ਇਸਦੇ ਖਿਡਾਉਣ ਨੂੰ ਮੇਰਾ ਜੀ ਕੇਡਾ ਲਲਚਾਉਂਦਾ ਹੈ ?

ਬਿਨ ਕਾਰਨ ਜੋ ਹੱਸਣਹਾਰੇ, ਜੀਭ ਬਤੀਸੀ ਪ੍ਰਗਟ ਦਿਖਾਰੇ, ਇਕੁਰ ਲਗੇ ਸੁਹਾਉਣ ਚੰਗੀ, ਨਿੱਕੀਆਂ ਕਲੀਆਂ ਸਾਰੀਆਂ। ਬੋਲਣ ਲਗਿਆਂ ਗੱਲ ਅਧੂਰੀ, ਬਹੁਤ ਅਨੂਠੀ ਮਿੱਠੀ ਪੂਰੀ, ਹੋਇ ਤੋਤਲੀ ਪਰ ਖੁਸ਼ ਆਵੇ, ਜਦ ਉਹ ਕਰੇ ਉਚਾਰੀਆਂ। ਕਦ ਕੁੱਛੜ ਕਦ ਵਿਹੜੇ ਫਿਰ ਫਿਰ, ਮਨ ਭਾਵੇ ਤਾਂ ਦੌੜਨ ਤਰਤਰ, ਜੀ ਚਾਹੇ ਤੇ ਬੈਠਣ ਉੱਠਣ, ਹੱਸਣ ਤੇ ਕਿਲਕਾਰੀਆਂ। ਧੰਨ ਧੰਨ ਓਹ ਜਗ ਵਿਚ ਆਏ, ਧੂਰ ਭਰੇ ਪੁਤ ਗੋਦ ਉਠਾਏ, ਤਿਸ ਧੂੜੀ ਤੋਂ ਅੰਗ ਕਰ ਮੈਲੇ, ਅਤਿ ਅਨੰਦ ਮਨ ਧਾਰੀਆਂ* । ੧੮੧ ।

ਦੂਜੀ ਤਪੱਸ੍ਵਨੀ–ਇਹ ਮੇਰੀ ਸੁਣਦਾ ਹੀ ਨਹੀਂ (ਏਧਰ ਆਧਰ ਦੇਖਕੇ) ਕੋਈ ਰਿਖਿਕੁਮਾਰ ਏਥੇ ਹੈ ?(ਦੁਖੰਜੈਤ ਵੰਨੀ ਵੇਖਕੇ) ਮਹਾਤਮਾ ਜੀ ! ਤੁਸੀਂ ਹੀ ਆਓ ਕਿਰਪਾ ਕਰਕੇ ਇਸ ਬਲੀ ਬਾਲਕ ਦੇ ਹੱਥੋਂ ਵਿਚਾਰੇ ਸ਼ੇਰ ਦੇ ਬੱਚੇ ਨੂੰ ਛੁਡਾਓ, ਇਹ ਇਸਨੂੰ ਖੇਡ ਵਿਚ ਇਜੇਹਾ ਜਕੜ ਕੇ ਪਕੜ ਰਿਹਾ ਹੈ ਕਿ ਛੁਡਾਉਣਾ ਔਖਾ ਹੋ ਗਿਆ ਹੈ।

ਦੁਖੰਜੈਤ–ਬਹੁਤ ਹੱਛਾ (ਬਾਲਕ ਦੇ ਪਾਸ ਜਾਕੇ ਅਤੇ ਹੱਸਕੇ)

ਵੱਸਣ ਆਸ਼੍ਰਮ ਰੀਤਿ ਉਨ੍ਹਾਂ ਦੀ, ਪਸ਼ੂ ਪਾਲਨੀ ਪ੍ਰੀਤ ਜਿਨ੍ਹਾਂ ਦੀ। ਹੇ ਰਿਖਿ ਪੁਤ ਤੂੰ ਓਹ ਗਵਾਈ, ਉਲਟੀ ਪਲਟੀ ਚਾਲ ਵਿਖਾਈ । ਜਮਦਗ੍ਨਾ ਚਾਲ ਫੜੀ ਤੈਂ ਚੰਗੀ, ਜੋ ਮੁਨੀਆਂ ਨੂੰ ਬੜੀ ਕੁਢੰਗੀ । ਤੈਂ ਤਪ ਬਨ ਨੂੰ ਇੱਕੁਰ ਕੀਤਾ, ਕਾਲਾ

---

*ਖਿਡੌਣਾ ਲੈਣ ਲਈ ਜਦ ਉਸਨੇ ਹੱਥ ਪਸਾਰਿਆ ਤਾਂ ਮਿਲੀਆਂ ਹੋਈਆਂ ਉਂਗਲੀਆਂ ਨਾਲ ਇਜੇਹਾ ਸੁਹਣਾ ਹੱਥ ਦਿੱਸਿਆ ਮਾਨੋਂ ਸਵੇਰ ਸਾਰ ਖਿੜਦਾ ਹੋਇਆ ਲਾਲ ਕਮਲ ਹੈ, ਜਿਸ ਦੀਆਂ ਖੰਭੜੀਆਂ ਅਜੇ ਵੱਖੋ ਵੱਖ ਨਾ ਹੋਈਆਂ ਹੋਣ। ਇਹ ਲੱਛਣ ਚੱਕ੍ਰਵਰਤੀ ਦਾ ਹੈ।

*ਬਿਨਾਂ ਕਿਸੇ ਗੱਲੋਂ ਹੱਸਣਾ, ਤੁਤਲਾਕੇ ਗੱਲ ਕਰਨੀ, ਦੌੜ ਦੌੜ ਕੇ ਗੋਦੀ ਵਿਚ ਜਾਣਾ, ਇਹ ਗੱਲਾਂ ਬਾਲਕਾਂ ਦੀਆਂ ਬਹੁਤ ਪਿਆਰੀਆਂ ਹੁੰਦੀਆਂ ਹਨ। ਉਨ੍ਹਾਂ ਮਾਪਿਆਂ ਦਾ ਹੋਣਾ ਧੰਨ ਹੈ ਜੋ ਇਜੇਹੇ ਪੁੱਤਾਂ ਨੂੰ ਗੋਦੀ ਵਿਚ ਲੈਕੇ ਉਨ੍ਹਾਂ ਦੇ ਸਰੀਰ ਦੀ ਧੂੜ ਨਾਲ ਆਪਣੇ ਸਰੀਰ ਨੂੰ ਮੈਲਾ ਕਰਦੇ ਹਨ।

Digitized by Panjab Digital Library | www.panjabdigilib.org

ਸਪ ਚੰਦਨ ਲਿਪਟੀਤਾ* । ੧੮੨ । ਚੌ: ।

ਦੂਜੀ ਤਪੱਸ੍ਵਨੀ–ਵਡੇ ਭਾਗਾਂ ਵਾਲਿਆ ! ਇਹ ਰਿਖਿ ਕੁਮਾਰ ਨਹੀਂ ਹੈ।

ਦੁਖਜੰਤ–ਸੱਚ ਹੈ, ਇਹ ਗੱਲ ਤਾਂ ਇਸਦੇ ਢਾਂਚੇ ਤੋਂ ਪ੍ਰਗਟ ਹੈ ਜੋ ਇਜੇਹੇ ਕੰਮ ਇਹ ਕਰ ਰਹੇ ਹਨ, ਪੰਤੂ ਮੈਂ ਤਪੋ ਬਨ ਵਿਚ ਰਹਿਣਾ ਦੇਖਕੇ ਰਿਖਿ ਕੁਮਾਰ ਹੀ ਜਾਤਾ ਸੀ। (ਜੋ ਮਨ ਦੀ ਚਾਹਨਾ ਸੀ ਬਾਲਕ ਦਾ ਹਥ ਅਪਣੇ ਹਥ ਵਿਚ ਲੈਕੇ, ਆਪਣੇ ਜੀ ਵਿਚ) ਵਾਹਵਾ। ਕੀ ਜਾਣਾ ਕਿਸ ਵੰਸ਼ ਦਾ ਇਹ ਅੰਗੂਰੀ ਬਾਲ। ਮੈਂ ਤਾਂ ਛੁਹੰਦੇ ਸਾਰ ਹੀ ਹੋਇਆ ਸੁਖੀ ਨਿਹਾਲ। ਉਸ ਵਡਭਾਗੀ ਦੇ ਰਿਦੇ ਕਿੰਨੀ ਦੂਉ ਉਮੰਗ। ਹੋਏ ਜਿਸਦੇ ਅੰਗ ਥੋਂ ਪੈਦਾ ਇਸਦੇ ਅੰਗ† । ੧੮੩। ਦੋਹਾ।

ਤਪੱਸ੍ਵਨੀ (ਦੋਹਾਂ ਵੰਨੀ ਦੇਖਕੇ)–ਇਹ ਤਾਂ ਬੜੇ ਅਚੰਭੇ ਦੀ ਗੱਲ ਹੈ।

ਦੁਖਜੰਤ–ਤੈਨੂੰ ਕਿਉਂ ਅਚੰਭਾ ਹੋਇਆ ?

ਤਪੱਸ੍ਵਨੀ–ਇਸ ਵਾਸਤੇ ਅਚੰਭਾ ਹੋਇਆ ਕਿ ਇਸ ਬਾਲਕ ਅਤੇ ਆਪ ਦੀ ਨੁਹਾਰ (ਸੂਰਤ) ਬਹੁਤ ਮਿਲਦੀ ਜੁਲਦੀ ਹੈ ਅਤੇ ਤੁਹਾਨੂੰ ਜਾਣੇ ਪਛਾਣੇ ਬਿਨਾਂ ਵੀ ਇਸਨੇ ਤੁਹਾਡਾ ਕਹਿਣਾ ਮੰਨ ਲਿਆ ਹੈ।

ਦੁਖਜੰਤ (ਬਾਲਕ ਨੂੰ ਖਿਡਾਉਂਦਾ ਹੋਇਆ)–ਤਪੱਸ੍ਵਨੀ ! ਜੇਕਰ ਇਹ ਰਿਖਿ ਪੁਤ੍ਰ ਨਹੀਂ ਤਾਂ ਕਿਸਦੀ ਵੰਸ਼ ਹੈ ?

ਤਪੱਸ੍ਵਨੀ–ਇਹ ਪੁਰੁਵੰਸ਼ੀ ਹੈ ?

ਦੁਖਜੰਤ (ਆਪਣੇ ਜੀ ਵਿਚ)–ਇਹ ਅਸਾਡੇ ਵੰਸ਼ ਦਾ ਕੀਕੁਰ ਹੋਇਆ ? ਇਸ ਭਗਵਤੀ ਨੇ ਇਸਨੂੰ ਮੇਰੀ ਸੂਰਤ ਦਾ ਕਿਉਂ ਆਖਿਆ ? ਪਰੰਤੂ ਪੁਰੁਵੰਸ਼ੀਆਂ ਵਿਚ ਇਹ ਰੀਤਿ ਤਾਂ ਸੱਚ ਮੁੱਚ ਹੈਗੀ ਹੈ:–

ਪ੍ਰਿਥਵੀ ਪਾਲਣ ਕਾਰਣੇ ਪਹਿਲੇ ਇਉਂ ਕਰਦੇ। ਸੁੰਦਰ ਮਹਿਲਾਂ ਅੰਦਰੀਂ ਵੱਸਣ ਸੁਖ ਭਰਦੇ। ਕਰਨ ਬਿਲਾਸ ਸੁਹਾਵਣੇ ਮਨ ਅਨਦ ਉਪਾਂਦੇ। ਪਿੱਛੋਂ ਜਾਕੇ ਬਨਾਂ ਵਿਚ ਹਨ ਕੁਟੀ ਬਨਾਂਦੇ। ਅਥਵਾ ਰੁੱਖਾਂ ਹੇਠ ਹੀ ਤਪ ਨੇਮ ਨਿਬਾਹੁਣ। ਇੰਦ੍ਰੇ ਜਿੱਤਣ ਰੋਕ ਮਨ ਇੱਕੁਰ ਬਨ ਆਉਣ*। ੧੮੪। ਪਦ।

(ਪ੍ਰਗਟ) ਪਰੰਤੂ ਇਹ ਜਗ੍ਹਾ ਇਜੇਹੀ ਨਹੀਂ ਜਿਥੇ ਮਨੁੱਖ ਆਪਣੇ ਬਲ ਨਾਲ ਅੱਪੜ ਸੱਕੇ।

ਦੂਜੀ ਤਪੱਸ੍ਵਨੀ–ਤੁਸੀਂ ਸੱਚ ਕਹਿੰਦੇ ਹੋ, ਇਸ ਦੀ ਮਾਂ ਮੇਣਕਾ ਨਾਮਨੀ ਅਪੱਛਰਾਂ ਦੀ ਬੇਟੀ ਹੈ, ਉਸਦੇ ਪ੍ਰਤਾਪ ਕਰਕੇ ਇਸਦਾ ਜਨਮ ਦੇਵ ਪਿਤਰਾਂ ਦੇ ਤਪੋ ਬਨ ਵਿਚ ਹੋਇਆ ਹੈ।

---

*ਹੇ ਰਿਖੀ ਕੁਮਾਰ ! ਤੈਂ ਆਸ਼੍ਰਮ ਦੇ ਉਲਟ ਕੰਮ ਕਰਕੇ ਆਪਣੇ ਪੁਰਖਾਂ ਦੇ ਸ੍ਰੇਸ਼ਟ ਕੰਮਾਂ ਨੂੰ, ਜਿਸ ਵਿਚ ਪਸ਼ੂ ਜੀਵਾਂ ਦੀ ਰਾਖੀ ਕਰਨੀ ਹੀ ਮੂਲ ਹੈ, ਕਿਉਂ ਇਜੇਹਾ ਕਲੰਕੀ ਕੀਤਾ ਹੈ, ਜੀਕਰ ਕਾਲੇ ਸੱਪ ਦਾ ਬੱਚਾ ਚੰਦਨ ਦੇ ਬੂਟੇ ਨੂੰ ਕਾਲਾ ਕਰਦਾ ਹੈ।

†ਮੈਂ ਨਹੀਂ ਜਾਣਦਾ ਕਿ ਇਹ ਬਾਲਕ ਕਿਸ ਵੰਸ਼ ਦਾ ਹੈ, ਜਿਸ ਨਾਲ ਇਕ ਵਾਰਾਂ ਹੀ ਛੁਹਣ ਨਾਲ ਬਹੁਤ ਹੀ ਅਨੰਦ ਪ੍ਰਤੀਤ ਹੋਇਆ ਹੈ, ਫਿਰ ਜਿਸਦੇ ਅੰਗ ਤੋਂ ਇਹ ਪੈਦਾ ਉਪਜਿਆ ਹੈ ਉਸ ਵਡਭਾਗੀ ਨੂੰ ਇਸ ਤੋਂ ਕਿੰਨਾਕੁ ਸੁਖ ਨਾ ਹੁੰਦਾ ਹੋਊ।

*ਪੁਰੁ ਵੰਸ਼ੀਆਂ ਦੀ ਇਹ ਰੀਤ ਹੈ ਕਿ ਜਵਾਨੀ ਵੇਲੇ ਭੋਗ ਬਿਲਾਸ ਵੀ ਕਰਦੇ ਹਨ ਅਤੇ ਪਰਜਾ ਵੀ ਪਾਲਦੇ ਹਨ, ਫਿਰ ਬੁੱਢੇ ਵਾਰੇ ਬਾਨਪ੍ਰਸਥ ਆਸ਼੍ਰਮ ਲੈਕੇ ਬਨ ਦੇ ਹੇਠਾਂ ਕੁਟੀਆ ਬਣਾਕੇ ਰਹਿੰਦੇ ਹਨ ਅਤੇ ਨਿਰਾ ਇੰਦ੍ਰੀਆਂ ਨੂੰ ਵੱਸ ਰੱਖਣ ਦਾ ਨੇਮ ਕਰਦੇ ਹਨ।

Digitized by Panjab Digital Library | www.panjabdigilib.org

ਖੁ ਤ (ਆਪਣੇ ਜੀ ਵਿਚ)–ਇਹ ਦੂਜੀ ਗੱਲ ਆਸ ਉਪਜਾਉਣ (ਪੁਰਾਉਣ) ਵਾਲੀ ਹੋਈ (ਪ੍ਰਗਟ) ਭਲਾ ਇਸ ਦੀ ਮਾਂ ਕਿਸ ਰਾਜ ਰਿਖੀ ਦੀ ਇਸਤ੍ਰੀ ਹੈ ?

ਦੂਜੀ ਤਪੱਸ੍ਵਨੀ–ਜਿਸ ਨੇ ਆਪਣੀ ਵਿਆਹੁੜ ਇਸਤ੍ਰੀ ਨੂੰ ਬਿਨਾ ਦੋਸ਼ ਦੇ ਛੱਡ ਦਿੱਤਾ ਉਸਦਾ ਨਾਉਂ ਕੌਣ ਲਵੇ ?

ਦੁਖਜੰਤ (ਆਪਣੇ ਜੀਵਿੱਚ)–ਇਹ ਗੱਲ ਤਾਂ ਸਾਰੀ ਮੇਰੇ ਤੇ ਹੀ ਲੱਗਦੀ ਹੈ।ਹੁਣ ਬਾਲਕ ਦੀ ਮਾਉਂ ਦਾ ਨਾਉਂ ਪੁੱਛਾਂ ? (ਸੋਚਕੇ) ਪਰੰਤੂ ਪਰਾਈ ਇਸਤ੍ਰੀ ਦਾ ਹਾਲ ਹਵਾਲ ਪੁੱਛਣਾ ਅਨੀਤਿ ਹੈ ?

[ਤਪੱਸ੍ਵਨੀ ਮਿੱਟੀ ਦਾ ਮੋਰ ਲੈਕੇ ਆਉਂਦੀ ਹੈ

ਤਪੱਸ੍ਵਨੀ–ਹੇ ਸਰਬ ਦਮਨ! ਸ਼ਕੁੰਤ ਲਾਵੈਨ* ਦੇਖ ।

ਬਾਲਕ (ਬੜੇ ਚਾਉ ਨਾਲ ਦੇਖਕੇ)–ਕਿੱਥੇ ਹੈ ਸ਼ਕੁੰਤਲਾ ਮੇਰੀ ਅੰਮੀ ?

ਦੋਵੇਂ ਤਪੱਸ੍ਵਨੀਆਂ–ਇਹ ਮਾਉਂ ਦੇ ਨਾਉਂ ਤੋਂ ਧੋਖਾ ਖਾ ਗਿਆ।

ਦੂਜੀ ਤਪੱਸ੍ਵਨੀ–ਸੁਣਿਆਂ, ਮੈਂ ਆਖਿਆ ਸੀ ਇਸ ਮਿੱਟੀ ਦੇ ਸੁਹਣੇ ਮੋਰ ਨੂੰ ਦੇਖ !

ਦੁਖਜੰਤ (ਆਪਣੇ ਜੀ ਵਿਚ)–ਕੀ ਇਸ ਦੀ ਮਾਉਂ ਦਾ ਨਾਉਂ ਸ਼ਕੁੰਤਲਾ ਹੈ ? ਪਿਆ ਹੋਵੇ, ਇਕ ਨਾਉਂ ਦੇ ਕਈ ਹੁੰਦੇ ਹਨ। ਕਿਤੇ ਮੈਨੂੰ ਦੁੱਖ ਦੇਣ ਲਈ ਨਾਉਂ ਓਸਦਾ ਹੀ ਮ੍ਰਿਗ ਤ੍ਰਿਸ਼ਨਾ ਵਾਕਰ ਨਾ ਬਣਾਇਆ ਹੋਵੇ ।

ਬਾਲਕ –ਮੈਨੂੰ ਇਹ ਮੋਰ ਬਹੁਤ ਚੰਗਾ ਲੱਗਦਾ ਹੈ, (ਖਿਡਾਉਣੇ ਨੂੰ ਲੈਂਦਾ ਹੈ) ।

ਪਹਿਲੀ ਤਪੱਸ੍ਵਨੀ (ਘਾਬਰਕੇ)–ਹੈਂ ਹੈਂ, ਇਸ ਦੀ ਬਾਂਹ ਦਾ ਰੱਖਜਾ ਬੰਧਨ (ਗੰਡਾ) ਕਿੱਥੇ ਗਿਆ ?

ਦੁਖਜੰਤ–ਘਾਬਰੋ ਨਹੀਂ, ਜਦੋਂ ਇਹ ਸ਼ੇਰ ਦੇ ਬੱਚੇ ਨਾਲ ਖੇਡਦਾ ਸੀ, ਇਸ ਦੇ ਹੱਥੋਂ ਗੰਡਾ ਢਹਿ ਪਿਆ ਸੀ, ਸੋ ਇਹ ਪਿਆ ਹੋਇਆ ਹੈ [ਰੰਡਾ ਚੁੱਕਣ ਲਈ ਨਿਉਂਦਾ ਹੈ

ਦੋਵੇਂ ਤਪੱਸ੍ਵਨੀਆਂ–ਨਾ ਚੁੱਕਣਾ, ਨਾ ਚੁੱਕਣਾ। ਹੈਂ ਹੈਂ ! ਇਸ ਨੇ ਕਿਉਂ ਚੁੱਕ ਲਿਆ ?

[ਦੋਵੇਂ ਅਚੰਭਤ ਹੋਕੇ ਛਾਤੀ ਤੇ ਹੱਥ ਰੱਖ ਕੇ ਇਕ ਦੂਜੀ ਵਲ ਤੱਕਦੀਆਂ ਹਨ ।

ਦੁਖਜੰਤ–ਤੁਸਾਂ ਮੈਨੂੰ ਇਸ ਰੰਡੇ ਚੁੱਕਣ ਤੋਂ ਕਿਉਂ ਵਰਜਿਆ ?

ਦੂਜੀ ਤਪੱਸ੍ਵਨੀ–ਸੁਣੋ ਮਹਾਰਾਜ ! ਇਸ ਰੰਡੇ ਦਾ ਨਾਉਂ ਅਪਰਾਜਿਤ ਹੈ । ਜਿਸ ਵੇਲੇ ਇਸ ਬਾਲਕ ਦਾ ਜਾਤ ਕਰਮ ਹੋਇਆ ਸੀ, ਮਹਾਤਮਾ ਮਰੀਚ ਦੇ ਪੁੱਤ੍ਰ ਕੱਸਯਪ ਨੇ ਇਹ ਗੰਡਾ ਦਿੱਤਾ ਸੀ । ਇਸ ਵਿੱਚ ਇਹ ਗੁਣ ਹੈ ਕਿ ਜੇ ਕਦੀ ਧਰਤੀ ਤੇ ਡਿੱਗ ਪਵੇ ਤਾਂ ਬਿਨਾਂ ਇਸ ਬਾਲਕ ਅਤੇ ਇਸ ਦੇ ਮਾਂ ਪਿਉ ਤੋਂ ਹੋਰ ਕੋਈ ਨਾ ਚੁੱਕ ਸਕੇ ।

ਦੁਖਜੰਤ–ਭਲਾ ਜੇ ਹੋਰ ਕੋਈ ਚੁੱਕ ਲਵੇ ਤਾਂ ?

ਪਹਿਲੀ ਤਪੱਸ੍ਵਨੀ–ਤਾਂ ਇਹ ਗੰਡਾ ਸੱਪ ਬਣਕੇ ਝੱਟ ਪੱਟ ਉਸ ਨੂੰ ਡੰਗ ਮਾਰਦਾ ਹੈ।

ਦੁਖਜੰਤ–ਤੁਸਾਂ ਕਦੀ ਇਸ ਤਰ੍ਹਾਂ ਹੁੰਦਿਆਂ ਡਿੱਠਾ ਹੈ ?

ਦੋਵੇਂ ਤਪੱਸ੍ਵਨੀਆਂ–ਅਨੇਕਾਂ ਵਾਰੀ ।

ਦੁਖਜੰਤ (ਪ੍ਰਸੰਨ ਹੋਕੇ ਆਪਣੇ ਜੀ ਵਿਚ)–ਹੁਣ ਮੇਰਾ ਮਨੋਰਥ ਪੂਰਾ ਹੋ ਗਿਆ ? ਹੁਣ ਅਨੰਦ ਕਿਉਂ ਨਾ ਮਨਾਵਾਂ ?

---

*ਤਪੱਸ੍ਵਨੀ ਨੇ ਆਖਿਆ ਸੀ 'ਸ਼ਕੁੰਤ ਲਾਵੈਨ ਦੇਖ', ਸ਼ਕੁੰਤ ਦੇ ਅਰਥ ਹਨ ਪੰਛੀ (ਮੋਰ) ਤੇ ਲਾਵੈਨ ਦੇ ਅਰਥ ਸੁਹਣਾ; ਬਾਲਕ ਨੇ ਸਮਝਿਆ ਕਹਿੰਦੀ ਹੈ 'ਸ਼ਕੁੰਤਲਾ ਵੈਨੀ ਦੇਖ'।

Digitized by Panjab Digital Library | www.panjabdigilib.org

ਅੰਗ ਦਿਖਾਂਦੇ ਹਨ। ਸਿਰ ਤੇ ਗੁੱਤ ਇੱਕੋ ਹੈ ਇਸ ਦੇ ਕੱਪੜੇ ਮੈਲੇ ਭਾਂਦੇ ਹਨ। ਵੱਡੀ ਸਤੀ ਬਿਰਹ ਵ੍ਰਤ ਸਾਧੇ ਸਾਰੇ ਸੁਖਬਿਸਰਾਏ ਹਨ। ਕਾਰਨ ਮੈਂ ਨਿਰਦਈ ਏਸ ਨੇ ਸੀਲ ਸੁਭਾਉ ਨਿਬਾਹੇ ਹਨ* । ੧੮੫ । ਪਦ।

ਸ਼ਕੁੰਤਲਾ (ਪਛਤਾਵੇ ਵਿਚ ਰੂਪ ਵਿਗੜੇ ਹੋਏ ਰਾਜਾ ਵੰਨੀ ਦੇਖਕੇ)–ਇਹ ਤਾਂ ਮੇਰੇ ਪਤੀ ਵਰਗਾ ਨਹੀਂ ਹੈ। ਜੇ ਉਹ ਨਹੀਂ ਤਾਂ ਕੌਣ ਹੈ ਜਿਸਨੇ ਰੰਡਾ ਪਾਏ ਹੋਏ ਮੇਰੇ ਬਾਲਕ ਨੂੰ ਪਕੜਕੇ ਛੁਹ ਦਿੱਤਾ।

ਬਾਲਕ (ਦੌੜਕੇ ਮਾਂ ਪਾਸ ਜਾਕੇ)–ਅੰਮਾਂ ! ਇਹ ਆਦਮੀ ਕੌਣ ਹੈ ਜਿਸ ਨੇ ਮੈਨੂੰ ਪੁੱਤਰ ਪੁੱਤਰ ਕਹਿਕੇ ਕੁੱਛੜ ਚੁੱਕਲਿਆ ਹੈ।

ਦੁਖਜੰਤ–ਪ੍ਰਾਣ ਪਯਾਰੀ, ਮੈਂ ਤੇਰੇ ਨਾਲ ਬਹੁਤ ਕਰੜਾਈ ਕੀਤੀ ਹੈ, ਪਰੰਤੂ ਅੰਤ ਚੰਗਾ ਨਿਕਲਿਆ ਕਿਉਂਕਿ ਮੈਂ ਦੇਖਦਾ ਹਾਂ ਕਿ ਤੂੰ ਮੈਨੂੰ ਪਛਾਣ ਲਿਆ ਹੈ।

ਸ਼ਕੁੰਤਲਾ(ਆਪਣੇ ਜੀ ਵਿਚ)–ਓਇ ਮੇਰੇ ਮਨਾਂ! ਤੂੰ ਧੀਰਜ ਕਰ, ਹੁਣ ਕੁਝ ਭਰੋਸਾ ਪੈਂਦਾ ਹੈ ਕਿ ਵਿਧਮਾਤਾ ਨੇ ਮੇਰੇ ਨਾਲੋਂ ਈਰਖਾ ਛੱਡਕੇ ਕੁਝ ਦਇਆ ਕੀਤੀ ਹੈ (ਪ੍ਰਗਟ) ਇਹ ਤਾਂ ਸੱਚ ਮੁੱਚ ਮੇਰਾ ਹੀ ਪਤੀ ਹੈ।

ਦੁਖਜੰਤ–ਪਯਾਰੀ !

ਸੁਧ ਆਈ ਭ੍ਰਮ ਮਿਟ ਗਏ ਸਾਰੇ ਕਾਰਜ ਸਫਲ ਹੋਏ ਮੇਰੇ। ਦੁੱਖ ਭਾਗ ਅਜ ਡਿੱਠੀ ਅੱਖੀਂ ਅੱਗੇ ਵਾਰ ਪਰੇਰੇ। ਜਦੋਂ ਗ੍ਰਹਿਣ ਦਾ ਮਿਟੇ ਹਨੇਰਾ ਦੂਰ ਸੋਗ ਸਭ ਹੋਵੇ। ਤੁਰਤ

*ਬਹੁਤੇ ਦਿਨ ਇਸ ਨੂੰ ਵਰਤ ਨੇਮ ਕਰਦਿਆਂ ਬੀਤੇ ਹਨ, ਇਸ ਲਈ ਇਸ ਦਾ ਸਰੀਰ ਮਾੜਾ ਹੋ ਗਿਆ ਹੈ, ਸਿਰ ਤੇ ਇੱਕੋ ਗੁਤ ਹੈ, ਹੋਰ ਬਸਤ੍ਰ ਸਾਰੇ ਮੈਲੇ ਹਨ, ਸਾਦੇ ਮੁਖ ਛੱਡ ਕੇ ਮੈਂ ਕਠੋਰ ਮਨ ਲਈ ਆਪਣੇ ਸ਼ੀਲ ਸੁਭਾਉ ਨਾਲ ਵਿਛੋੜੇ ਦਾ ਦੁੱਖ ਸਹਾਰ ਰਹੀ ਹੈ।

[ਬਾਲ ਨੂੰ ਗੋਦੀ ਵਿੱਚ ਚੁੱਕ ਲੈਂਦਾ ਹੈ

ਦੂਜੀ ਤਪੱਸ੍ਵਨੀ–ਆਓ ਸੁਬ੍ਰਿਤਾ ! ਇਹ ਸੁਖ ਦਾ ਸਮਾਚਾਰ ਚੱਲ ਕੇ ਸ਼ਕੁੰਤਲਾ ਨੂੰ ਸੁਣਾਈਏ, ਉਹ ਵਿਚਾਰੀ ਬਹੁਤ ਦਿਨਾਂ ਤੋਂ ਵਿਯੋਗ ਦੇ ਕਰੜੇ ਨੇਮ ਵਰਤ ਕਰ ਰਹੀ ਹੈ। [ਦੋਵੇਂ ਜਾਂਦੀਆਂ ਹਨ

ਬਾਲਕ–ਮੈਨੂੰ ਛੱਡੋ ਮੈਂ ਆਪਣੀ ਮਾਂ ਦੇ ਪਾਸ ਜਾਵਾਂਗਾ।

ਦੁਖਜੰਤ–ਪੁੱਤਰ ! ਤੂੰ ਮੇਰੇ ਨਾਲ ਚੱਲੀਂ, ਚੱਲਕੇ ਆਪਣੀ ਮਾਂ ਨੂੰ ਸੁਖ ਦੇਈਂ।

ਬਾਲਕ–ਮੇਰਾ ਬਾਪ ਤਾਂ ਦੁਖਜੰਤ ਹੈ, ਤੂੰ ਮੇਰਾ ਬਾਪ ਨਹੀਂ।

ਦੁਖਜੰਤ (ਮੁਸਕਰਾਕੇ)–ਇਹ ਝਗੜਾ ਵੀ ਮੈਨੂੰ ਨਿਸਚਾ ਕਰਾਉਂਦਾ ਹੈ ਅਤੇ ਪ੍ਰਸੰਨਤਾ ਦਿੰਦਾ ਹੈ।

[ਇਕੋ ਗੁੱਤ ਧਾਰੀ* ਦੋਈ ਸ਼ਕੁੰਤਲਾ ਆਉਂਦੀ ਹੈ

ਸ਼ਕੁੰਤਲਾ (ਆਪਣੇ ਜੀ ਵਿਚ)–ਮੈਂ ਸੁਣ ਤਾਂ ਚੁੱਕੀ ਹਾਂ ਕਿ ਸਰਵਦਮਨ ਦੇ ਰੰਡੇ ਨੇ ਵੇਲਾ ਪਾਕੇ ਵੀ ਆਪਣਾ ਰੂਪ ਨਹੀਂ ਪਲਟਿਆ, ਪਰੰਤੂ ਆਪਣੇ ਭਾਗਾਂ ਦਾ ਮੈਨੂੰ ਕੋਈ ਭਰੋਸਾ ਨਹੀਂ ਪੈਂਦਾ, ਹਾਂ, ਇੰਨੀ ਕੁ ਆਸ ਹੈ ਜੇ ਕਦੀ ਸਾਨੁਮਤੀ ਦਾ ਕਹਿਣਾ ਸੱਚ ਹੋ ਗਿਆ ਹੋਵੇ ਤਾਂ ਅਚਰਜ ਨਹੀਂ।

ਦੁਖਜੰਤ (ਸਕੁੰਤਲਾ ਨੂੰ ਵੇਖ ਕੇ)– ਵਾਹਵਾ ਇਹੋ ਪਯਾਰੀ ਸ਼ਕੁੰਤਲਾ ਹੈ ?

ਨੇਮ ਕਰਦਿਆਂ ਬਿਤੇ ਬਹੁਤ ਦਿਨ ਲਿੱਸੇ

*ਇਹ ਇੱਕੋ ਗੁੱਤ ਧਾਰੀ ਹੋਈ ਤੇਂ ਬਿਰਹਨੀ ਪਤਿਵ੍ਰਤਾ ਦਾ ਭੇਸ ਸਿੱਧ ਹੁੰਦਾ ਹੈ, ਜੀਕੁਰ ਮੈਲੇ ਤੇ ਸਾਦੇ ਅਤੇ ਥੋੜੇ ਕੱਪੜੇ ਪਹਿਰੇ ਹੋਏ ਸਿਰ ਤੇ ਇੱਕੋ ਮੀਢੀ ਵਾਲੀ ਗੁੱਤ ਜੋ ਕਦੀ ਨਹੀਂ ਸ਼ਿੰਗਾਰੀ ਸੁਵਾਰੀ ਹੋਵੇ ਇਹ ਭਾਵ ਹੈ।

Digitized by Panjab Digital Library | www.panjabdigilib.org

ਚੰਦ ਦੇ ਨਾਲ ਪਤੀ ਕਰ ਸੰਜੋਗ
ਖੜੇਵੇ*। ੧੮੬। ਪਦ।

ਸ਼ਕੁੰਤਲਾ—ਮਹਾਰਾਜ! ਕੀ...

[ਇੰਨਾਂ ਕਹਿਕੇ ਗਦਗਦ ਕੰਠ ਹੋ ਹੰਝੂ ਸੁੱਟਦੀ ਹੈ

ਦੁਖਜੰਤ—ਭਾਵੇਂ 'ਫਤਹ' ਸ਼ਬਦ ਵਿਚ ਗਲ
ਦੇ ਹੰਝੂਆਂ ਰੋਕ ਲਿਆ ਹੈ। ਪਰ ਹੁਣ ਸੰਗ
ਰਹੀ ਨਹੀਂ ਕੋਈ ਫਤਹ ਅਸਾਂ ਕਰਿਆ
ਹੈ। ਸੁੰਦਰ ਮੁਖ ਵਾਲੀ ਦਾ ਸੁਹਣਾ ਮੈਂ ਮੁਖ
ਦੇਖ ਲਿਆ ਹੈ। ਸੁਰਖੀ ਬਾਝੋਂ ਹੋਠ ਲਾਲ
ਹਨ ਜੀ ਮੈਂ ਨਿਸਚਾ ਧਰਿਆ ਹੈ†।੧੮੭।ਪਦ।

ਬਾਲਕ—ਅੰਮਾਂ! ਇਹ ਆਦਮੀ ਕੌਣ ਹੈ।

ਸ਼ਕੁੰਤਲਾ—ਬੇਟਾ! ਆਪਣੇ ਭਾਗਾਂ ਕੋਲੋਂ ਪੁੱਛ!

ਦੁਖਜੰਤ(ਸ਼ਕੁੰਤਲਾ ਦੇ ਪੈਰਾਂ ਤੇ ਡਿਗਦਾ ਹੈ)—
‡ਪਯਾਰੀ ਮਨ ਤੋਂ ਦੂਰ ਕਰੀਂ ਹੁਣ, ਮੈਂ
ਅਪਮਾਨ ਜੁ ਕੀਤਾ ਸਾ। ਉਸ ਵੇਲੇ ਮੇਰੇ
ਹਿਰਦੇ ਤੇ ਅਤਿ ਅਗਿਆਨ ਮਲੀਤਾ ਸਾ।

ਇਹ ਗਲ ਬਹੁਤਾ ਦੇਖੀ ਜਾਂਦੀ ਭ੍ਰਮ ਵਸ
ਲੋਕੀਂ ਕਰਦੇ ਹਨ। ਅੰਨ੍ਹੇ ਹਾਰ ਗਲੋਂ ਲਾਹ
ਸੁਟਦੇ ਸੱਪ ਭੁਲੇਖੇ ਡਰਦੇ ਹਨ।
੧੮੮।ਪਦ।

ਸ਼ਕੁੰਤਲਾ—ਉਠੋ ਪ੍ਰਾਨਨਾਥ ਉਠੋ, ਉਨ੍ਹਾਂ
ਦਿਨਾਂ ਵਿਚ ਮੇਰੇ ਪਿਛਲੇ ਜਨਮਾਂ ਦੇ ਪਾਪ
ਉਦੇ ਹੋਏ ਹੋਏ ਸਨ, ਜਿਨ੍ਹਾਂ ਨੇ ਪੁੰਨਾਂ ਦੇ
ਫਲ ਮੇਟਕੇ ਦਯਾਵਾਨ ਪਤੀ ਨੂੰ ਮੇਰੀ
ਵਲੋਂ ਨਿਰਮੋਹ ਕਰ ਦਿੱਤਾ ਸਾ।(ਰਾਜਾ
ਉਠਦਾ ਹੈ) ਇਹ ਹੁਣ ਦੱਸੋ ਮੈਂ ਦੁਖਜਾ-
ਰਨ ਦੀ ਸੁਧ ਤੁਹਾਨੂੰ ਕੀਕੁਰ ਆਈ?

ਦੁਖਜੰਤ—ਜਦ ਸੰਤਾਪ ਦਾ ਕੰਡਾ, ਮੇਰੇ ਕਲੇ-
ਜਿਓਂ ਨਿਕਲ ਜਾਵੇਗਾ ਤਦ ਸਭ ਕੁਝ
ਕਹਾਂਗਾ।
ਮੈਂ ਡਿੱਠੀ ਅਣਡਿੱਠੀ ਕੀਤੀ ਉਸ ਦਿਨ
ਭ੍ਰਮ ਨੂੰ ਪਾਕੇ। ਤੇਰੀ ਹੰਝ ਹੋਠ ਤੇ ਢੱਠੀ
ਉੱਤੋਂ ਵਹਿੰਦੀ ਆਕੇ। ਉਹ ਪਛੁਤਾਯਾ
ਅਜ ਮੈਂ ਪਯਾਰੀ ਹੁਣ ਮੈਂ ਹੰਝ ਮਿਟਾਕੇ।
ਜੋ ਹੁਣ ਹੈ ਪਲਕਾਂ ਵਿਚ ਤੇਰੇ ਭਰਿਆ
ਡੁੱਬ ਡੁਬਾਕੇ*। ੧੮੯। ਪਦ।[ਹੰਝੂ ਪੁੰਝਦਾ ਹੈ

ਸ਼ਕੁੰਤਲਾ (ਰਾਜਾ ਦੀ ਉਂਗਲੀ ਵਿਚ ਮੁੰਦਰੀ
ਦੇਖਕੇ)—ਕੀ ਇਹ! ਉਹੋ ਮੁੰਦਰੀ ਹੈ?

ਦੁਖਜੰਤ—ਹਾਂ, ਇਸੇ ਮੁੰਦਰੀ ਦੇ ਮਿਲਦਿਆਂ
ਤੇਰੀ ਸੁੱਧ ਆਈ ਸੀ।

ਸ਼ਕੁੰਤਲਾ—ਇਸ ਨੇ ਬੜਾ ਬੁਰਾ ਕੀਤਾ, ਜਦ
ਮੈਂ ਆਪਣੇ ਸੁਆਮੀ ਜੀ ਨੂੰ ਪ੍ਰਤੀਤ ਕਰਾ-
ਉਂਦੀ ਸਾਂ ਤਾਂ ਕਿਤੇ ਦੁਰਲਭ ਹੋ ਗਈ ਸੀ।

ਦੁਖਜੰਤ—ਪਯਾਰੀ! ਇਸ ਨੂੰ ਹੁਣ ਤੂੰ ਫਿਰ
ਪਹਿਨ ਲੈ, ਜੀਕਰ ਰੁੱਤ ਦੇ ਆਇਆਂ ਫੇਰ

---

*ਇਹ ਭਾਗਾਂ ਵਾਲੀ ਦਿਨ ਘੜੀ ਹੈ ਕਿ ਮੇਰਾ ਭਰਮ ਮਿਟ ਗਿਆ ਅਤੇ ਆਪਣੀ ਇਸਤ੍ਰੀ ਮੈਂ ਆਪਣੇ ਸਾਹਮਣੇ ਖੜੋਤੀ ਦੇਖਦਾ ਹਾਂ, ਜੀਕੁਰ ਗ੍ਰਹਿਣ ਹਟਣ ਦੇ ਪਿੱਛੋਂ ਤੁਰਤ ਹੀ ਚੰਦ ਨਾਲ ਰੋਹਣੀ ਦਾ ਮਿਲਾਪ ਹੁੰਦਾ ਹੈ।

†ਹੇ ਸੁੰਦਰੀ! ਮੈਂ ਜਾਣ ਲਿਆ ਹੈ ਤੂੰ ਜੋ 'ਜੇ' ਸ਼ਬਦ ਕਹਿਣਾ ਚਾਹੁੰਦੀ ਸੀ ਉਹ ਹੰਝੂਆਂ ਨੇ ਗਲੇ ਵਿੱਚ ਰੋਕ ਲਿਆ ਹੈ, ਪਰੰਤੂ ਮੇਰੀ ਜੇ ਹੋਣ ਵਿਚ ਕੋਈ ਸੰਦੇਹ ਨਹੀਂ ਰਿਹਾ, ਕਿਉਂਕਿ ਸੁਰਖੀ ਲਾਏ ਤੋਂ ਬਿਨਾਂ ਹੀ ਤੇਰੇ ਲਾਲ ਹੋਠਾਂ ਵਾਲਾ ਮੂੰਹ ਦੇਖ ਲਿਆ ਹੈ।

‡ਪਯਾਰੀ! ਹੁਣ ਤੂੰ ਨਿਰਾਦਰ ਕੀਤੇ ਹੋਏ ਦੇ ਪਛੁਤਾਵੇ ਨੂੰ ਭੁੱਲ ਜਾਹ। ਜਿਸ ਵੇਲੇ ਕਿ ਮੈਂ ਤੈਨੂੰ ਅੰਗੀਕਾਰ ਨਹੀਂ ਕੀਤਾ ਸੀ, ਮੇਰਾ ਚਿੱਤ ਉਸ ਵੇਲੇ ਭਰਮ ਵਿਚ ਸੀ। ਇਹ ਗਲ ਬਹੁਤ ਵੇਰੀਂ ਦੇਖੀ ਗਈ ਹੈ ਕਿ ਮਨੁੱਖ ਅੱਗਜਾਨ ਦੇ ਵੱਸ ਹੋਕੇ ਸਾਹਮਣੇ ਆਏ ਸੁਖ ਦਾ ਅਨਾਦਰ ਕਰ ਦੇਂਦੇ ਹਨ, ਜੀਕਰ ਅੰਨ੍ਹੇ ਦੇ ਗਲ ਹਾਰ ਪਹਿਰਾਈਏ ਤਾਂ ਉਹ ਸੱਪ ਦੇ ਭਰਮ ਕਰਕੇ ਲਾਹ ਸੁੱਟੇ।

*ਓਸ ਦਿਨ ਤੇਰੇ ਹੋਠ ਤੇ ਡਿਗਦੀ ਹੋਈ ਹੰਝੂ ਮੈਂ ਭਰਮ ਦੇ ਵਸ ਹੋਕੇ ਦੇਖੀ ਅਨਦੇਖੀ ਕੀਤੀ ਸੀ, ਓਸ ਪਛਤਾਵੇ ਨੂੰ ਅੱਜ ਮੈਂ ਤੇਰੇ ਪਲਕਾਂ ਵਿਚ ਡੁਬ ਡੁਬਾਏ ਹੰਝੂ ਪੁੰਝਕੇ ਮਿਟਾਵਾਂਗਾ।

Digitized by Panjab Digital Library | www.panjabdigilib.org

ਵੇਲ ਫੁੱਲਾਂ ਨੂੰ ਧਾਰਨ ਕਰਦੀ ਹੈ।

ਸ਼ਕੁੰਤਲਾ--ਹੁਣ ਮੈਨੂੰ ਇਸ ਦਾ ਭਰੋਸਾ ਨਹੀਂ ਰਿਹਾ, ਇਸ ਲਈ ਆਪ ਹੀ ਪਾਈ ਰੱਖੋ। [ਮਾਤਲਿ ਆਉਂਦਾ ਹੈ

ਮਾਤਲਿ--ਮਹਾਰਾਜ ! ਧੰਨ ਹੈ ਉਹ ਦਿਨ ਕਿ ਆਪ ਨੇ ਫਿਰ ਧਰਮ ਪਤਨੀ ਪਾਈ ਅਤੇ ਪੁੱਤ੍ਰ ਦਾ ਮੂੰਹ ਡਿੱਠਾ।

ਦੁਖਯੰਤ--ਹਾਂ ਅਜ ਮੇਰਾ ਮਨੋਰਥ ਸਫਲ ਹੋਇਆ। ਮਾਤਲਿ ! ਤੂੰ ਇਹ ਤਾਂ ਦੱਸ ਕਿ ਇਸ ਵਿਰਤੰਤ ਨੂੰ ਇੰਦਰ ਨੇ ਜਾਣ ਲਿਆ ਸੀ ਕਿ ਨਹੀਂ ?

ਮਾਤਲਿ(ਹੱਸਕੇ)--ਦੇਵਤਿਆਂ ਕੋਲੋਂ ਕੀ ਲੁਕਦਾ ਹੈ ? ਹੁਣ ਆਓ ਮਹਾਤਮਾ ਕੱਸਯਪ ਜੀ ਤੁਹਾਨੂੰ ਦਰਸ਼ਨ ਦੇਣਗੇ।

ਦੁਖਯੰਤ--ਪਯਾਰੀ ! ਤੂੰ ਪੁਤ੍ਰ ਦਾ ਹੱਥ ਪਕੜ ਲੈ, ਮੈਂ ਤੈਨੂੰ ਨਾਲ ਲੈਕੇ ਮਹਾਤਮਾਂ ਦਾ ਦਰਸ਼ਨ ਕਰਨਾ ਚਾਹੁੰਦਾ ਹਾਂ।

ਸ਼ਕੁੰਤਲਾ--ਤੁਹਾਡੇ ਨਾਲ ਜਾਂਦਿਆਂ ਵਡਿਆਂ ਦੇ ਸਾਹਮਣੇ ਮੈਨੂੰ ਸ਼ਰਮ ਜੇਹੀ ਆਉਂਦੀਹੈ।

ਦੁਖਯੰਤ--ਅਜਿਹੇ ਸ਼ੁਭ ਵੇਲੇ ਇਕੁਰ ਹੀ ਕਰਨਾ ਚਾਹੀਦਾਹੈ,ਆਓ।[ਸਾਰੇ ਫਿਰਦੇਹਨ

[ਆਸਨ ਤੇ ਬੈਠੇ ਹੋਏ ਕੱਸਯਪ ਤੇ ਅਦਿਤੀ ਦਿੱਸਦੇ ਹਨ

ਕੱਸਯਪ(ਰਾਜਾ ਵੰਨੀਦੇਖਕੇ)--ਦੇਖ ਦੱਖ ਦੀਪੁੱਤ੍ਰੀ!

*ਤੇਰੇ ਪੁਤ ਦਾ ਰਣ ਅਗਵਾਨੀ ਇਹ ਰਾਜਾ ਹੈ ਆਇਆ। ਨਾਮ ਜਿਹਦਾ ਦੁਖਿਅੰਤ ਆਖਦੇ ਜਸ ਪਰਤਾਪ ਸਵਾਇਆ। ਜਿਹਦੇ ਧਨੁਖ ਪਰਤਾਪ ਤੇ ਹੁਣ ਅਰਾਮ ਹੈ ਪਾਇਆ। ਸ਼ੋਭਾ ਹੀ ਖਾਤਰ ਰਹਿ ਗਇਆ ਇੰਦ੍ਰ ਬੱਜ੍ਰ ਲਖ ਪਾਇਆ ॥ ੧੯੦ ॥ ਪਦ ॥

ਅਦਿੱਤੀ--ਵਡਿਆਈ ਤਾਂ ਇਸਦੇ ਚਿਹਰੇ ਤੋਂ ਹੀ ਦਿੱਸਦੀ ਹੈ।

ਮਾਤਲਿ (ਦੁਖਯੰਤ ਨੂੰ)--ਰਾਜਾ ਜੀ! ਏਹ ਦੇਵਤਿਆਂ ਦੇ ਮਾਤਾ ਪਿਤਾ ਆਪ ਵੰਨੇ ਪਿਆਰ ਦੀਆਂ ਨਿਗ੍ਹਾ ਨਾਲ ਇੱਕੁਰ ਦੇਖ ਰਹੇ ਹਨ ਜਿੱਕੁਰ ਕੋਈ ਆਪਣੇ ਪੁੱਤ੍ਰ ਨੂੰ ਦੇਖਦਾ ਹੈ, ਆਓ ਇਨ੍ਹਾਂ ਦੇ ਪਾਸ ਚਲੋ।

ਦੁਖਯੰਤ--ਮਾਤਲਿ ! ਕੀਹ ਕੱਸਯਪ ਜੀ ਅਤੇ ਅਦਿੱਤੀ ਏਹੋ ਹੀ ਹਨ?

ਇਨ੍ਹਾਂ ਦੁਹਾਂ ਨੂੰ ਰਿਖਿ ਮੁਨਿ ਧਿਆਉਣ। ਪਿਉ ਬਾਰਾਂ ਰਵਿ ਦੇ ਕਹਿਲਾਉਣ। ਇਹ ਮਰੀਚ ਪੁਤ ਦੱਛ ਸੁਤਾ ਇਹ। ਪੋਤਾ ਪੋਤੀ ਹਨ ਬ੍ਰਹਮਾ ਦੇ। ਇੰਦ੍ਰ ਇਨ੍ਹਾਂ ਨੇ ਹੀ ਹੈ ਜਣਿਆ। ਜੋ ਤਿਰਲੋਕੀ ਮਾਲਕ ਬਣਿਆ। ਬਿਧ ਤੋਂ ਪਰ ਜੋ ਪੁਰਖ ਕਹਾਵੇ। ਬਾਵਨ ਜੀ ਇਨ ਤੇ ਜਨਮਾਵੇ*।੧੯੧।ਪਦ।

ਮਾਤਲਿ--ਹਾਂ ਜੀ, ਏਹੋ ਹੀ ਹੈਨ।

ਦੁਖਯੰਤ (ਨਮਸਕਾਰ ਕਰਕੇ)--ਹੇ ਮਹਾਤਮਾਓ! ਤੁਹਾਡੇ ਪੁੱਤ੍ਰ ਦਾ ਆਗਯਾਕਾਰੀ ਦੁਖਯੰਤ ਮੱਥਾ ਟੇਕਦਾ ਹੈ।

ਕੱਸਯਪ ਜੀ--ਬੇਟਾ ਤੂੰ ਚਿਰੰਜੀਵ ਹੋਕੇ ਪ੍ਰਿਥਵੀ ਦੀ ਪਾਲਣਾ ਕਰ।

ਅਦਿੱਤੀ--ਬੇਟਾ! ਤੂੰ ਰਣ ਵਿੱਚ ਅਜੀਤ ਹੋਵੇਂ।

ਸ਼ਕੁੰਤਲਾ--ਮੈਂ ਭੀ ਆਪ ਦੇ ਚਰਨਾਂ ਵਿਚ ਬਾਲਕ ਸਮੇਤ ਮੱਥਾ ਟੇਕਦੀ ਹਾਂ।

ਕੱਸਯਪ ਜੀ--ਪੁੱਤ੍ਰੀ !

---

*ਤੇਰੇ ਪੁੱਤ੍ਰ ਇੰਦ੍ਰ ਦੀ ਸੈਨਾਂ ਦਾ ਅਗਵਾਨੀ ਪ੍ਰਿਥਵੀ ਲੋਕ ਦਾ ਰਾਜਾ ਦੁਖਯੰਤ ਏਹੋ ਹੀ ਹੈ, ਏਸੇ ਦੇ ਧਨੁਖ ਤੇ ਪ੍ਰਤਾਪ ਕਰਕੇ ਹੁਣ ਇੰਦ੍ਰ ਦਾ ਬੱਜ੍ਰ ਸ਼ੋਭਾ ਮਾਤ੍ਰ ਹੀ ਰਹਿ ਗਿਆ ਹੈ।

*ਏਹੋ ਹੀ ਬਾਰਾਂ ਸੂਰਜਾਂ ਦੇ ਮਾਤਾ ਪਿਤਾ ਹਨ, ਇਨ੍ਹਾਂ ਤੋਂ ਹੀ ਤ੍ਰਿਲੋਕੀ ਦੇ ਨਾਥ ਇੰਦਰ ਦਾ ਜਨਮ ਹੋਇਆ ਹੈ. ਇਨ੍ਹਾਂ ਤੋਂ ਹੀ ਬਿਸ਼ਨੂ ਜੀ ਨੇ ਬਾਵਨ ਹੋਕੇ ਜਨਮ ਲਿਆ ਸੀ, ਏਹੋ ਮਰੀਚ ਦੇ ਪੁੱਤ੍ਰ ਅਤੇ ਦੱਖ ਦੀ ਪੁਤ੍ਰੀ ਅਰਥਾਤ ਬ੍ਰਹਮਾਜੀ ਦੇਪੋਤਾਪੋਤੀਹਨ।

Digitized by Panjab Digital Library | www.panjabdigilib.org

ਭਰਤਾ ਤੇਰਾ ਇੰਦ੍ਰ ਜਿਹਾ ਹੈ ਪੁੱਤ ਜਯੰਤ ਜਿਵੇਹਾ। ਤੂੰ ਹੈ ਸਚੀ ਸਮਾਨ ਪਤਿਬ੍ਰਤ ਹੋਰ ਕਹੈ ਵਰ ਕੇਹਾ* ॥੧੯੨॥ ਪਦ॥

ਅਦਿੱਤੀ–ਹੇ ਪੁੱਤ੍ਰੀ ! ਤੂੰ ਸਦਾ ਆਪਣੇ ਪਤੀ ਨੂੰ ਪਯਾਰੀ ਹੋਵੇਂ ਅਤੇ ਇਹ ਬਾਲਕ ਵੱਡੀ ਉਮਰ ਵਾਲਾ ਹੋਕੇ ਦੋਹਾਂ ਕੁਲਾਂ ਦਾ ਕੁਲਦੀਪਕ ਹੋਵੇ। ਆਓ ਬੈਠੋ।

[ਸਾਰੇ ਪਰਜਾਪਤੀ ਦੇ ਸਾਹਮਣੇ ਬੈਠਦੇ ਹਨ

ਕੱਸਜਪ ਜੀ(ਇਕਇਕਵੰਨੀਦੇਖਕੇ,ਦੁਖਜੰਤ ਨੂੰ)–

ਨਾਰ ਸਤੀ ਇਹ ਸੁੰਦਰ ਰੂਪਾ। ਦੇ ਕੁਲ ਸੁੱਧ ਪੁੱਤ੍ਰ ਸਮ ਰੂਪਾ। ਤੂੰ ਰਾਜਨ ਰਾਜਾ ਮਹਾਰਾਜਾ। ਇਹ ਤਿੰਨਾਂ ਦਾ ਪੰਨਜ ਸਮਾਜਾ। ਜਿਉਂ ਸ਼ਰਧਾ ਵਿਧਿ ਬਿਤ ਇਕ ਥਾਉਂ। ਆਇ ਮਿਲਣ ਆਨੰਦ ਉਪਾਉ†॥ ੧੯੩॥ ਪਦ ॥

ਦੁਖਜੰਤ–ਸ੍ਰੀ ਮਹਰਿਖੀ ਜੀ! ਆਪਦੀ ਕਿਰਪਾ ਬੜੀ ਅਚਰਜ ਹੈ।

‡ਫੁੱਲ ਪੈਣ ਤਾਂ ਫਲ ਹੋ ਆਵੇ ਜੋ ਬੱਦਲ ਤਾਂ ਮੋਹ। ਕਾਰਣ ਦੋਂ ਕਾਰਜ ਦੀ ਗਲ ਜਿਉਂ ਇਸ ਗਲ ਵਿੱਚ ਨ ਹੈ ਸੰਦੇਹ। ਪਰ ਤੁਮਰੀ ਕਿਰਪਾ ਹੈ ਅਚਰਜ ਜਾਤੀ ਮੈਂ ਅਜ ਆਇ। ਵਰ ਪਿਛੋਂ ਤੈ ਕਾਰਜ ਪਹਿਲੇਂ ਪੂਰਣ ਭਇਸਬਾਇ ॥ਪਦ॥੧੯੪॥

ਮਾਤਲਿ–ਪਰਜਾ ਪਤੀਆਂ ਦੀ ਕਿਰਪਾ ਦੀ ਏਹੋ ਵਡਿਆਈ ਹੈ।

ਦੁਖਜੰਤ–ਕ੍ਰਿਪਾ ਨਾਥ ! ਆਪਦੀ ਇਸ ਦਾਸੀ ਦਾ ਵਿਆਹ ਮੇਰੇ ਨਾਲ ਗੰਧਰਬ ਰੀਤੀ ਨਾਲ ਹੋਇਆ ਸਾ,ਫਿਰ ਕੁਝ ਕਾਲ ਪਿੱਛੇ ਇਸਦੇ ਪੇਕਿਆਂ ਦੇ ਲੋਕ ਇਸ ਨੂੰ ਮੇਰੇ ਪਾਸ ਲਿਆਏ. ਤਾਂ ਉਸ ਵੇਲੇ ਮੇਰੀ ਇਜੇਹੀ ਸੁਧ ਭੁੱਲੀ ਕਿ ਇਸਨੂੰ ਪਛਾਣ ਨਾ ਸੱਕਿਆ,ਅਤੇ ਇਸਦਾ ਤਜਾਗ ਕਰਕੇ ਆਪਦੇ ਗੋਤ੍ਰੀ ਕੰਨ੍ਹ ਰਿਖੀ ਜੀਦਆਪਰਾਧੀ ਬਣਿਆਂ, ਪਿੱਛੋਂ ਮੁੰਦਰੀ ਦੇਖਕੇ ਮੈਨੂੰ ਸੁੱਧ ਆਈ ਕਿ ਕੰਨ੍ਹ ਦੀ ਪੁੱਤ੍ਰੀ ਨਾਲ ਮੇਰਾ ਵਿਆਹ ਹੋਇਆ ਸੀ, ਇਹ ਵਿਰਤੰਤ ਜੋ ਬੀਤਿਆ ਹੈ ਸੋ ਮੈਨੂੰ ਡਾਢਾ ਹੀ ਅਚਰਜ ਭਾਸਦਾ ਹੈ।

*ਵੇਖੋ ਹਾਥੀ ਖੜਾ ਸਾਹਮਣੇਫੇਰ ਕਹੋ ਇਹ ਹਾਥੀ ਨਾਹਿੰ। ਚਲਾ ਜਾਇ ਤਾਂ ਤੂਰੇ ਮਨ ਵਿੱਚ ਦੁਬਿਧਾ ਸੰਸਾ ਆਹਿ ਕਿ ਨਾਹਿੰ। ਖੋਜ ਮਿਲੇ ਤਾਂ ਜਾਣੇ ਹਾਥੀ ਭੁਲ ਅਪਣੀ ਤੇ ਫਿਰ ਪਛੁਤਾਹਿ। ਏਹੋ ਹਾਲ ਵਰਤਿਆ

---

*ਤੇਰਾ ਪਤੀ ਇੰਦ੍ਰ ਦੇ ਸਮਾਨ ਅਤੇ ਪੁੱਤ੍ਰ ਜਯੰਤ ਦੇ ਸਮਾਨ ਅਤੇ ਤੂੰ ਸਚੀ ਦੇ ਸਮਾਨ ਹੋ, ਇਸ ਤੋਂ ਵਧਕੇ ਦੇਰ ਤੈਨੂੰ ਕੀ ਅਸੀਸ ਦਿਆਂ ?

†ਤੇਰੀ ਇਸਤ੍ਰੀ ਪਤਿਬ੍ਰਤਾ ਅਤੇ ਬੇਟਾ ਦੁਹਾਂ ਕੁਲਾਂ ਦਾ ਸੁੱਧ ਅਤੇ ਤੂੰ ਆਪ ਬੜਾ ਰਾਜਾ ਪ੍ਰਤਾਪੀ ਹੈਂ, ਤੁਸਾਂ ਤਿੰਨਾਂ ਦਾ ਇਜੇਹਾ ਅਚਰਜ ਜੋਗ ਜੁੜਿਆ ਹੈ ਜੀਕੁਰ ਸ਼ਰਧਾ, ਵਿਧੀ ਤੇ ਧਨ ਇਕੋ ਥਾਂਉਂ ਇਕੱਠੇ ਹੋ ਜਾਣ।

‡ਪਹਿਲੇ ਫੁੱਲ ਪੈਂਦੇ ਹਨ ਉਪੰਤ ਫਲ ਲਗਦੇ ਹਨ, ਪਹਿਲੇ ਬੱਦਲ ਆਉਂਦੇ ਹਨ, ਉਪੰਤ ਮੀਂਹ ਵਸਦਾ ਹੈ, ਪਰੰਤੂ ਤੁਹਾਡੀ ਕਿਰਪਾ ਅਨੋਖੀ ਹੀ ਹੈ ਕਿ ਮੈਨੂੰ ਆਪਦਾ ਅਸ਼ੀਰਵਾਦ ਪਿੱਛੋਂ ਮਿਲਿਆ, ਪਰੰਤੂਕਾਰਜ ਸਿੱਧ ਪਹਿਲੇ ਹੀ ਹੋ ਚੁਕਾ ਹੋਇਆਸੀ।

*ਜਦ ਸ਼ਕੁੰਤਲਾ ਮੇਰੇ ਸਾਹਮਣੇ ਆਈ ਤਾਂ ਮੈਂ ਆਖਿਆ ਕਿ ਇਸ ਨਾਲ ਮੇਰਾ ਵਿਆਹ ਕਦੀ ਨਹੀਂ ਹੋਇਆ, ਫਿਰ ਜਦ ਮੇਰੇ ਪਾਸੋਂ ਚਲੀਗਈ ਤਾਂ ਮੈਨੂੰ ਕੁਝ ਸੰਸਾ ਉਪਜਿਆ ਕਿ ਮਤਾਂ ਕਦੀਇਸ ਨਾਲ ਵਿਆਹਹੋਇਆ ਦੇਵੇ,ਓੜਕ ਨੂੰ ਜਦ ਮੁੰਦਰੀ ਦੇਖੀ ਤਾਂ ਵਿਆਹ ਦਾ ਨਿਸਚਾ ਹੋ ਗਿਆ, ਜੀਕਰ ਸਾਹਮਣੇਹਾਥੀਖੜਾ ਦੇਖਕੇਕਹੇਕਿਇਹ ਹਾਥੀਨਹੀਂ ਹੈ, ਫਿਰ ਜਦ ਚਲਿਆ ਜਾਵੇ ਤਾਂ ਕਹੇ ਕਿ ਹਾਥੀ ਹੋਵੇਗਾ ਕਿ ਨਾਂ ਹੋਵੇਗਾ ਅਤੇ ਜਦ ਉਸ ਦੇ ਖੋਜ ਦੇਖੇ ਤਾਂ ਨਿਹਚੇ ਕਰਕੇ ਜਾਣੇ ਕਿ ਹਾਥੀ ਹੀ ਸਾ, ਠੀਕ ਮੇਰਾ ਹਾਲ ਇਕੁਰ ਹੀ ਹੋਇਆ।

Digitized by Panjab Digital Library | www.panjabdigilib.org

ਮੇਰਾ ਉਲਟ ਪਲਟ ਫਿਰ ਫਿਰ ਅਕੁਲਾਹਿ ॥ ੧੯੫॥ ਪਦ ॥

ਕੱਸਜਪ ਜੀ—ਹੇ ਪੁੱਤ੍ਰ ! ਜੋ ਕੁਝ ਅਪਰਾਧ ਹੋਇਆ ਹੈ ਉਸਦੀ ਚਿੰਤਾ ਆਪਣੇ ਮਨੋਂ ਦੂਰ ਕਰ ਦੇਹ, ਕਿਉਂਕਿ ਤੈਨੂੰ ਉਸ ਵੇਲੇ ਭਰਮ ਨੇ ਘੇਰਿਆ ਸ਼ਾ। ਹੁਣ ਸੁਣ:—

ਦੁਖਜੰਤ—ਮੈਂ ਇਕਾਗ੍ਰ ਚਿੱਤ ਹੋਕੇ ਸੁਣਨਾ ਹਾਂ, ਆਪ ਕਹੀਏ ?

ਕਸਜਪ ਜੀ—ਜਦ ਅਪੱਛਰਾਂ ਤੀਰਥ ਤੇ ਮੇਨਕਾ ਨੇ ਸ਼ਕੁੰਤਲਾ ਨੂੰ ਅਤਿ ਵਿਆਕੁਲ ਡਿੱਠਾ ਤਾਂ ਉਸ ਨੂੰ ਲੈ ਕੇ ਅਦਿੱਤੀ ਦੇ ਪਾਸ ਆਈ, ਓਸੇ ਵੇਲੇ ਧਯਾਨ ਦੀ ਸ਼ਕਤੀ ਨਾਲ ਮੈਂ ਜਾਣ ਲਿਆ ਕਿ ਤੁਸਾਂ ਆਪਣੀ ਪਤਿਬ੍ਰਤਾ ਇਸਤ੍ਰੀ ਨੂੰ ਨਿਰਾ ਦੁਰਬਾਸ਼ਾ ਦੇ ਸ੍ਰਾਪ ਕਰਕੇ ਛਡਿਆ ਹੈ ਅਤੇ ਇਸ ਸ੍ਰਾਪ ਦੀ ਹੱਦ ਮੁੰਦਰੀ ਦੇ ਦਰਸ਼ਨ ਤੀਕ ਹੈ।

ਦੁਖਜੰਤ (ਆਪਣੇ ਜੀ ਵਿੱਚ)—ਤਾਂ ਮੈਂ ਧਰਮ-ਪਤਨੀ ਤਿਆਗ ਦੀ ਨਿੰਦਜਾ ਤੋਂ ਬਚ ਗਿਆ।

ਸ਼ਕੁੰਤਲਾ (ਆਪਣੇ ਜੀ ਵਿਚ)—ਧੰਨ ਕਰਤਾਰ ਹੈ ਕਿ ਸ੍ਵਾਮੀ ਜੀ ਨੇ ਮੈਨੂੰ ਜਾਣ ਬੁੱਝ ਕੇ ਨਹੀਂ ਛੱਡਿਆ ਸਾ, ਪਰੰਤੂ ਮੈਨੂੰ ਚੇਤਾ ਨਹੀਂ ਆਉਂਦਾ ਕਿ ਸ੍ਰਾਪ ਕਦੋਂ ਹੋਇਆ, ਅਥਵਾ ਉਸ ਵੇਲੇ ਵਿਰਹ ਦੇ ਸੋਚ ਵਿਚ ਬੇਸੁੱਧ ਹੋਵਾਂਗੀ, ਕਿਉਂਕਿ ਮੇਰੀਆਂ ਸਹੇਲੀਆਂ ਨੇ ਮੈਨੂੰ ਸੁਝਾ ਦਿੱਤਾ ਸਾ ਕਿ ਆਪਣੇ ਭਰਤਾ ਨੂੰ ਮੁੰਦਰੀ ਦਿਖਾ ਦੇਈਂ।

ਕੱਸਜਪ ਜੀ—ਹੇ ਪੁੱਤ੍ਰੀ ! ਹੁਣ ਤੂੰ ਕ੍ਰਿਤਾਰਥ ਹੋ ਗਈ, ਪਤੀ ਦਾ ਅਪਰਾਧ ਨਾ ਸਮਝ:—

ਪਤਿ ਤੇਰੇ ਨੇ ਤੈਨੂੰ ਛੱਡਿਆ ਸੁੱਧ ਭੁਲੀ ਜਾਂ ਹੋਇਆ ਸ੍ਰਾਪ। ਸੁਧ ਆਈ ਸਾਰਾ ਭ੍ਰਮ ਮਿਟਿਆ ਮਿਲੀ ਵਡਾਈ ਤੈਨੂੰ ਆਪਾ ਜਦ ਸ਼ੀਸ਼ਾ ਮੈਲਾ ਹੋ ਜਾਵੇ ਚਿਹਰਾ ਉਸ ਵਿਚ ਦਿਸਦਾ ਨਾਂਹਿ ਜਾਂ ਫਿਰ ਧੋਕੇ ਸਾਫ ਕੀਜੀਏ ਫਿਰ ਦਿੱਸੇ ਮੁਖ ਸਹਜ ਸੁਭਾਇ*। ੧੯੬। ਪਦ

ਦੁਖਜੰਤ—ਮਹਾਤਮਾ ਜੀ ! ਇਹ ਮੇਰੇ ਵੰਸ ਦੀ ਵਡਿਆਈ ਹੈ। [ਬਾਲਕ ਦਾ ਹਥ ਪਕੜਦਾ ਹੈ

ਕੱਸਜਪ ਜੀ—ਇਹ ਜਾਣ ਲਓ ਕਿ ਇਹ ਬਾਲਕ ਚੱਕ੍ਰਵਰਤੀ ਹੋਵੇਗਾ:—

ਇਹ ਸੁਖ ਗਾਮੀ ਰਥ ਤੇ ਚੜ੍ਹਸੀ ਪਾਰ ਸਮੁੰਦਰੋਂ ਜਾਸੀ। ਬੜੇ ਬੜੇ ਇਹ ਸੂਰੇ ਜਿਤਸੀ ਸੱਤੇ ਦੀਪ ਹਰਾਸੀ ॥ ਏਥੇ ਏਨ ਪਸ਼ੂ ਵਸ ਕੀਤੇ ਸਰਬ ਦਮਨ ਇਹ ਨਾਮ ਕਹਾਇ। ਪ੍ਰਜਾ ਭਰੇਗਾ ਵੇਰ ਪਏਗਾ ਭਰਤ ਨਾਉਂ ਇਸਦਾ ਜਗ ਆਇ† ।੧੯੭। ਪਦ।

ਦੁਖਜੰਤ—ਜਿਸ ਦੇ ਆਪ ਨੇ ਸੰਸਕਾਰ ਕੀਤੇ ਹਨ ਉਸ ਤੇ ਸਾਨੂੰ ਕਿਸ ਕਿਸ ਵਡਿਆਈ ਦੀ ਆਸ ਨਹੀਂ ?

ਅਦਿੱਤੀ—ਹੇ ਭਗਵਨ ! ਸ਼ਕੁੰਤਲਾ ਦੇ ਮਨੋਰਥ ਸਿੱਧ ਹੋਏ, ਇਸ ਲਈ ਇਸਦੇ ਪਿਤਾ ਨੂੰ ਵੀ ਇਹ ਵਿਰਤੰਤ ਸੁਨਾਉਣਾ ਚਾਹੀਏ ਅਤੇ ਇਸਦੀ ਮਾਉਂ ਮੇਨਕਾ ਤਾਂ ਮੇਰੇ ਪਾਸ ਹੀ ਹੈ ਅਤੇ ਉਸਤੋਂ ਕੋਈ ਗੱਲ

---

*ਤੇਰੇ ਪਤੀ ਨੇ ਸ੍ਰਾਪ ਦੇ ਵੱਸ ਸੁਧ ਭੁਲਾਕੇ ਤੈਨੂੰ ਛੱਡਿਆ ਸੀ ਹੁਣ ਉਸਦਾ ਭਰਮ ਮਿਟ ਗਿਆ ਅਤੇ ਤੈਨੂੰ ਸਭ ਤਰ੍ਹਾਂ ਦੀ ਵਡਿਆਈ ਮਿਲੀ, ਜੀਕਰ ਸ਼ੀਸ਼ੇ ਨੂੰ ਮੈਲ ਲਗ ਜਾਣ ਕਰਕੇ ਵਿਚੋਂ ਮੂੰਹ ਨਹੀਂ ਦਿੱਸਦਾ, ਪਰੰਤੂ ਜਦ ਮੈਲ ਧੋਕੇ ਸਾਫ ਕਰ ਦਈਏ ਤਾਂ ਉਕਰ ਹੀ ਸ਼ੀਸ਼ੇ ਵਿਚ ਛਾਯਾ ਪੈਣ ਲਗ ਜਾਂਦੀ ਹੈ।

†ਇਹ ਤੁਹਾਡਾ ਬੀਰ ਪੁਤ੍ਰ ਸੱਤਾਂ ਦੀਪਾਂ ਨੂੰ ਜਿੱਤੇਗਾ। ਜੀਕੁਰ ਇਸਨੇ ਇਸ ਆਸ਼੍ਰਮ ਵਿਚ ਦੁਸ਼ਟ ਪਸ਼ੂਆਂ ਨੂੰ ਦਬਾਕੇ ਸਰਬ ਦਮਨ ਨਾਉਂ ਪਾਇਆ ਹੈ, ਇਸੇ ਤਰ੍ਹਾਂ ਪਰਜਾ ਦਾ ਭਰਣ ਪੋਖਣ ਕਰਨੇ ਕਰਕੇ ਭਰਤ ਨਾਉਂ ਹੋਵੇਗਾ।

Digitized by Panjab Digital Library | www.panjabdigilib.org

ਗੁੱਝੀ ਵੀ ਨਹੀਂ ਹੈ।

ਸ਼ਕੁੰਤਲਾ (ਆਪਣੇ ਜੀ ਵਿਚ)—ਇਸ ਭਗਵਤੀ ਨੇ ਤਾਂ ਮੇਰੇ ਹੀ ਮਨ ਦੀ ਕਹੀ।

ਕੱਸਜਪ ਜੀ—ਅਪਣੇ ਤਪ ਦੇ ਵਲ ਨਾਲ ਕੰਨ੍ਹ ਮੁਨੀ ਸਾਰਾ ਵਿਰਤੰਤ ਜਾਣਦੇ ਹੋਣਗੇ।

ਦੁਖੰਜੰਤ—ਏਸੇ ਕਰਕੇ ਮੁਨੀ ਜੀ ਨੇ ਮੇਰੇ ਤੇ ਕ੍ਰੋਧ ਨਹੀਂ ਕੀਤਾ ਸਾ।

ਕੱਸਜਪ ਜੀ—ਤਾਂ ਵੀ ਇਹ ਗਲ ਚਾਹੀਦੀ ਹੈ ਕਿ ਕੰਨ੍ਹ ਮੁਨੀ ਨੂੰ ਇਹ ਮੰਗਲ ਸਮਾਚਾਰ ਸੁਣਾਈਏ। ਕੋਈ ਹੈ ?

[ਇਕ ਚੇਲਾ ਆਉਂਦਾ ਹੈ

ਚੇਲਾ—ਮਹਾਤਮਾ ਜੀ ਕੀ ਆਗਜਾ ਹੈ ?

ਕੱਸਜਪ—ਗਾਲਬ ! ਤੂੰ ਹੁਣੇ ਆਕਾਸ਼ ਦੇ ਰਸਤੇ ਜਾਕੇ ਕੰਨ੍ਹ ਦੇ ਪਾਸ ਪਹੁੰਚ ਅਤੇ ਮੇਰੀ ਵੱਲੋਂ ਇਹ ਮੰਗਲ ਸਮਾਚਾਰ ਸੁਣਾ ਦਿਹ ਕਿ ਦੁਰਵਾਸ਼ਾ ਦਾ ਸ੍ਰਾਪ ਮਿਟ ਜਾਣ ਤੇ ਅੱਜ ਦੁਖੰਜੰਤ ਨੇ ਆਪਣੀ ਪੁੱਤ੍ਰ ਵਾਲੀ ਸ਼ਕੁੰਤਲਾ ਪਛਾਣ ਕੇ ਅੰਗੀਕਾਰ ਕਰ ਲਈ ਹੈ।

ਚੇਲਾ—ਸੱਤਿਬਚਨ। [ਜਾਂਦਾ ਹੈ

ਕੱਸਜਪ ਜੀ—ਪੁੱਤ੍ਰ ! ਹੁਣ ਤੁਸੀਂ ਵੀ ਪੁੱਤ੍ਰ ਇਸਤ੍ਰੀ ਸਮੇਤ ਇੰਦ੍ਰ ਦੇ ਰਥ ਪਰ ਸਵਾਰ ਹੋਕੇ ਅਨੰਦ ਨਾਲ ਆਪਣੀ ਰਾਜਧਾਨੀ ਵਿੱਚ ਅੱਪੜੋ।

ਦੁਖੰਜੰਤ—ਸੱਤਿਬਚਨ।

ਕੱਸਜਪ ਜੀ—ਹੋਰ ਸੁਣੋ:—

ਬਾਹਲੇ ਮੀਂਹ ਇੰਦਰ ਬਰਸਾਵੇ ਸੁਖ ਪਾਵੇ ਪਰਜਾ ਬਹੁ ਭਾਂਤ। ਕਰ ਕਰ ਯੱਗ ਤੂੰ ਭੀ ਬਹੁਤੇਰੇ ਕਰੀਂ ਪ੍ਰਸੰਨ ਦੇਵ ਸਭ ਜਾਤ। ਇੱਕੁਰ ਕੰਮ ਦੁਵੱਲੀ ਸਾਧੇ ਸੋ ਜੁਗ ਰਾਜ ਕਰੋ ਸੁਖ ਪਾਇ। ਵਾਸੀ ਦੁਹ ਲੋਕਾਂ ਸੁਖ ਪਾਉਣ ਗਾਉਣ ਜਸ ਦੋਹਾਂ ਮਨ ਲਾਇ*

॥ ੧੯੮ ॥ ਪਦ ॥

ਦੁਖੰਜੰਤ—ਮਹਾਤਮਾ ਜੀ ! ਜਿੱਥੋਂ ਤੱਕ ਹੋ ਸਕੂ ਮੈਂ ਇਸ ਸੁਖ ਲਈ ਸਭ ਉਪਾ ਕਰੂੰ।

ਕੱਸਜਪ ਜੀ—ਕਹੁ ਹੇ ਪੁੱਤਰ ! ਤੈਨੂੰ ਹੋਰ ਕੀ ਅਸ਼ੀਰਬਾਦ ਦਿਆਂ ?

ਦੁਖੰਜੰਤ—ਜੋ ਕੁਝ ਆਪ ਨੇ ਕ੍ਰਿਪਾ ਕੀਤੀ ਹੈ ਇਸ ਤੋਂ ਵਧੀਕ ਹੋਰ ਅਸ਼ੀਰਵਾਦ ਕੀਹ ਹੋਵੇਗੀ, ਜੇਕਰ ਆਪ ਪੁੱਛਦੇਹੀ ਹੋ ਤਾਂ ਭਰਤ ਦਾ ਇਹ ਬਚਨ ਪੂਰਾ ਹੋਣ ਦਿਓ:—

ਪਰਜਾ ਹਿਤ ਰਾਖਾ ਨਿਤ ਹੋਵੇ, ਪੁੰਨਾਂ ਵਿੱਚ ਤੱਤਪਰ ਮਨ ਜੋਵੇ, ਬ੍ਰਾਹਮਣ ਕਰਨ ਸੁਰਸਤੀਪੂਜਾ, ਹਿਤਚਿਤਲਾਇਮੰਨਾਵਣਿਆਂ। ਸ਼ਿਵ ਗਿਰਜਾਪਤਿ ਨਾਉਂ ਕਹਾਉਣ ਜਗਤ ਪਤੀ ਸਰਬਾਂਗ ਸੁਹਾਉਣ, ਮੈਨੂੰ ਭਵਜਲ ਤੋਂ ਕੱਢ ਰੱਖਣ, ਪੀੜਾ ਬਿਪਦ ਛੁਡਾਵਣਿਆਂ†। ੧੯੯। ਪਦ।

ਕੱਸਜਪ ਜੀ—ਤਥਾਸਤੁ (ਐਸਾ ਹੀ ਹੋਵੇਗਾ)।

[ਸਾਰੇ ਬਾਹਰ ਜਾਂਦੇ ਹਨ

ਸੱਤਵਾਂ ਨਾਟ ਸਮਾਪਤ ਹੋਇਆ॥

॥ ਇਤਿ ॥

---

*ਇੰਦ੍ ਬਹੁਤ ਸਾਰਾ ਮੀਂਹ ਵਸਾਵੇ ਜਿਸ ਕਰਕੇ ਤੇਰੀ ਪਰਜਾ ਨੂੰ ਸੁਖ ਹੋਵੇ ਅਤੇ ਤੂੰ ਬਹੁਤ ਸਾਰੇ ਯੱਗ ਕਰੇਂ ਜਿਨ੍ਹਾਂ ਕਰਕੇ ਸੁਰਗ ਦੇ ਦੇਵਤਾ ਪ੍ਰਸੰਨ ਹੋਣ, ਇਸ ਤਰ੍ਹਾਂ ਇਕ ਦੂਜੇ ਦਾ ਉਪਕਾਰ ਕਰਦੇ ਹੋਏ ਤੁਸੀਂ ਦੋਵੇਂ ਸੋ ਜੁਗ ਤੀਕ ਰਾਜ ਕਰਦੇ ਰਹੋ, ਜਿਸ ਕਰਕੇ ਦੋਹਾਂ ਲੋਕਾਂ ਦੇ ਵੱਸਣ ਵਾਲੇ ਸੁਖੀ ਰਹਿਣ, ਤੁਸਾਂ ਦੋਹਾਂ ਦਾ ਜੱਸ ਗਾਉਂਦੇ ਰਹਿਣ।

†ਰਾਜਾ ਲੋਕ ਆਪਣੀਪਰਜਾ ਦੇ ਸੁਖ ਵਾਸਤੇ ਪੁੰਨਾਂ ਵਾਲੇ ਸ੍ਰੇਸ਼ਟ ਕੰਮ ਕਰਨ, ਵੇਦ ਪਾਠੀ ਬ੍ਰਾਹਮਣ ਸੁਰਸਤੀ ਦੀ ਸੇਵਾ ਕਰਦੇ ਰਹਿਣ ਅਤੇ ਸ਼ਿਵਜੀ ਮਹਾਰਾਜ ਆਵਾਗਵਨ ਦੀ ਬਿਪਦਾ ਤੋਂ ਮੈਨੂੰ ਬਚਾਉਣ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੭.

ਸ਼੍ਰੀ ਗੁਰੂ ਗ੍ਰੰਥ

ਬਾਣੀ ਬਿਉਰਾ

ਅਰਥਾਤ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰਲੇਖ ਉਪਲੇਖ

ਆਦਿ ਪਦਾਂ ਦੇ ਵਾਕਾਂ ਦਾ ਵਿਚਾਰ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਹੈ ਮਨਿ ਭਇਆ ਨਿਧਾਨਾ ॥

ਉਥਾਨਕਾ

ਪਹਿਲੇ ਪਹਿਲ ਸ੍ਰੀ ਗੁਰੂ ਅਰਜਨ ਦੇਵ ਸ੍ਵਾਮੀ ਪੰਚਮ ਪਾਤਸ਼ਾਹ ਜੀ ਨੇ ਸਿਖ ਸੰਗਤ ਦੇ ਉਧਾਰ ਲਈ ਨਾਮ ਦੇ ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਮਤ ੧੬੬੦ ਬਿਕ੍ਰਮੀ ਵਿਚ ਅਰੰਭੀ।ਇਸਵਿੱਚ ਸ੍ਰੀ ਮੁਖਵਾਕ ਬਾਣੀ ਪਹਿਲੇ ਪਾਤਸ਼ਾਹ,ਦੂਜੇ ਪਾਤਸ਼ਾਹ,ਤੀਜੇ ਅਤੇ ਚੌਥੇ ਪਾਤਸ਼ਾਹ ਜੀ ਦੀ(ਜੋ ਬਾਵਾ ਸਹੰਸਰ ਰਾਮ ਜੀ ਦੇ ਹੱਥਾਂ ਦੀ ਲਿਖੀ ਹੋਈ ਸੀ, ਅਤੇ ਸ੍ਰੀਗੁਰੂ ਅਮਰਦੇਵ ਜੀ ਦੇ ਸਪੁਤ੍ਰ ਬਾਬਾ ਮੋਹਨ ਦੀ ਇਕਤ੍ਰ ਕੀਤੀ ਹੋਈ ਸੀ) ਗੋਇੰਦਵਾਲੋਂ ਲਿਆ ਕੇ ਤੇ ਗੁਰੂ ਸਾਹਿਬਾਂ ਦੀ ਹੋਰ ਬਾਣੀ ਅਤੇ ਆਪਣੀ ਸ੍ਰੀ ਮੁਖ ਉਚਰੀ ਹੋਈ ਅਤੇ ਕਈ ਇਕ ਭਗਤਾਂ ਦੀ ਬਾਣੀ ਜੋ ਆਪਣੀ ਬਾਣੀ ਦੇ ਅਨੁਕੂਲ ਸੀ, ਸਾਰੀ ਬੀੜ ਵਿੱਚ ਰੱਖੀ। ਇਸ ਆਦਿ ਬੀੜ ਦੇ ਲਿਖਾਰੀ ਭਾਈ ਗੁਰਦਾਸ ਜੀ ਭੱਲੇ ਸੇ। ਰਾਮਦਾਸ ਪੁਰੇ ਦੇ ਦੱਖਣ ਦਿਸ਼ਾ ਵੱਲ ਰਾਮਸਰ ਨਾਮੀ ਅਸਥਾਨ ਪੁਰ ਬੈਠਕੇ ਇਸੇ ਕਾਰਜ ਨੂੰ ਨਿਭਾਇਆ। ਫਿਰ ਭਾਈ ਬੰਨੋ ਜੀ ਮਾਂਗਟਾਂ ਵਾਲੇ ਨੂੰ ਆਗਜਾ ਹੋਈ ਕਿ ਲਾਹੌਰੋਂ ਜਾ ਕੇ ਜਿਲਦ ਬੰਨ੍ਹਵਾਇ ਲਿਆਓ। ਇਸ ਪਰ ਭਾਈ ਬੰਨੋ ਨੇ ਹੱਥ ਜੋੜਕੇ ਅਦਬ ਨਾਲ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਤੇਰੀਆਂ ਸਿੱਖ ਸੰਗਤਾਂ ਇਸ ਪਵਿਤ੍ਰ ਬੀੜ ਦੇ ਦਰਸ਼ਨ ਦੀਆਂ ਪਿਆਸੀਆਂ ਹਨ ਤੇ ਅਧੀਨਗੀ ਨਾਲ ਬੇਨਤੀ ਕਰਦੀਆਂ ਹਨ ਕਿ ਇਕ ਵਾਰ ਮਾਂਗਟਾਂ ਵਿਚ ਦਰਸ਼ਨ ਦੀ ਆਗਜਾ ਬਖਸ਼ੋ। ਇਸਵੇਲੇ ਲਹੌਰ ਤਕ ਜਾਣ ਦਾ ਤਾਂ ਆਵਸ਼ਜਕ ਕਾਰਜ ਹੈ ਹੀ ਅਤੇ ਮਾਂਗਟ ਅਗੋਂ ਬਹੁਤ ਨੇੜੇ ਹੈ। ਤਿਸ ਪਰ ਬਚਨ ਹੋਇਆ ਅਜੇ ਤਕ ਦੂਜਾ ਉਤਾਰਾ ਨਹੀਂ ਹੋਇਆ ਅਤੇ ਸੰਗਤਾਂ ਦੂਰੋਂ ਦੂਰੋਂ ਦਰਸ਼ਨ ਲਈ ਆ ਰਹੀਆਂ ਹਨ ਤੇ ਤੁਹਾਡੇ ਜੇਹੇ ਪ੍ਰੇਮੀਆਂ ਦਾ ਬਚਨ ਵੀ ਨਹੀਂ ਮੋੜਿਆ ਜਾਂਦਾ, ਇਸ ਲਈ ਤੁਸੀਂ ਕੇਵਲ ਇੱਕੋ ਰਾਤ ਮਾਂਗਟਾਂ ਵਿਚ ਰਹਿਕੇ, ਸੰਗਤਾਂ ਨੂੰ ਦਰਸ਼ਨ ਕਰਾਕੇ, ਪ੍ਰਸੰਨ ਕਰਕੇ, ਜਿਲਦ ਬੰਨ੍ਹਵਾਕੇ ਪਰਤ ਆਵਣਾ।

ਮਹਾਂਰਾਜ ਦੇ ਇਸ ਹੁਕਮ ਅਨੁਸਾਰ ਭਾਈ ਬੰਨੋ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਵਿਚ ਪਧਰਾਇਕੇ ਪੱਛੋਂ ਰੁਖ ਟੁਰ ਪਏ। ਕੋਹ ਦੋ ਕੋਹਾਂ ਤੇ ਜਾਕੇ ਡੇਰਾ ਕਰ ਦਿੱਤਾ ਅਤੇ ਜਿੰਨੇਕੁ ਸੰਗੀ ਲਿਖਾਰੀ ਸਨ ਸਭਨਾਂ ਅੱਗੇ ਕਾਗਤ ਕਲਮ ਦਵਾਤ ਸੇਂਚੀਆਂ ਰੱਖ ਦਿੱਤੀਆਂ; ਓਹਨਾਂ ਪਾਸੋਂ ਵੀ ਜਿੰਨੀਕੁ ਹਿੰਮਤ ਹੋ ਸਕੀ ਸੰਧਯਾ ਤਾਈਂ ਲਿਖਦੇ ਰਹੇ। ਰਾਤ ਨੂੰ ਪ੍ਰਸ਼ਾਦ ਪਾਣੀ ਛਕਕੇ ਬਿਸ੍ਰਾਮ ਕੀਤਾ,ਅੰਮ੍ਰਿਤ ਵੇਲੇ ਉਠਕੇ ਕੂਚ ਕਰ ਦਿੱਤਾ, ਕੋਹ ਦੋ ਕੋਹਾਂ ਤੇ ਜਾਕੇ ਡੇਰੇ ਲਾ ਦਿੱਤੇ ਅਤੇ ਲਿਖਾਰੀਆਂ ਨੇ ਆਪਣੀ ਨੇਮ ਦੀ ਕਿਰਤ ਸੰਭਾਲੀ। ਇਕੁਰ ਹੀ ਕੋਹ ਦੋ ਕੋਹੀਂ ਰੋਜ ਤੰਬੂ ਗਡਦੇ ਸਵੇਰ ਤੋਂ

Digitized by Panjab Digital Library | www.panjabdigilib.org

ਸੰਧਜਾਂ ਤੱਕ ਉਤਾਰਾ ਕਰਦੇ ਹੋਏ ਤੁਰੇ ਗਏ। ਬਹੁਤੇ ਲਿਖਣ ਵਾਲਿਆਂ ਦੇ ਹੋਣੇ ਕਰਕੇ ਮਾਂਗਟਾਂ ਤਾਈਂ ਦੂਜਾ ਉਤਾਰਾ ਹੋ ਗਿਆ। ਭਾਈ ਜੀ ਨੇ ਮਾਂਗਟਾਂ ਵਿਚ ਹੁਕਮ ਅਨੁਸਾਰ ਇਕੋ ਰਾਤ ਨਿਵਾਸ ਕੀਤਾ। ਸਿੱਖ ਸੰਗਤਾਂ ਨੂੰ ਦਰਸ਼ਨ ਕਰਾਕੇ ਫਿਰ ਲਾਹੌਰ ਪੁੱਜੇ। ਏਥੇ ਜਿਲਦ ਕਰਾਉਣੀ ਦਿੱਤੀ ਤਾਂ ਕਹਿੰਦੇ ਹਨ ਕਿ ਲਾਹੌਰ ਦੀ ਸੰਗਤ ਨੇ ਹਿੰਮਤ ਕਰਕੇ ਥੋੜੇ ਹੀ ਦਿਨਾਂ ਵਿਚ ਉਤਾਰਾ ਕਰ ਲਿਆ ਅਤੇ ਇਹ ਵੀ ਕਹਿੰਦੇ ਹਨ ਕਿ ਇਕ ਸਲੋਕ ਹੋਰ ਵਿਚ ਲਿਖ ਲਿਆ* ।

ਸਲੋਕ:–

ਧਰ ਅੰਬਰ ਵਿਚ ਵੇਲੜੀ ਤਹ ਲਾਲ ਸੁਗੰਧਾ ਬੂਲ।
ਅਖਰ ਇਕ ਨ ਆਇਓ ਨਾਨਕ ਨਹੀਂ ਕਬੂਲ॥

ਜਦ ਭਾਈ ਬੰਨੋ ਸ੍ਰੀ ਅੰਮ੍ਰਿਤਸਰ ਜੀ ਪੁਜੇ ਤਾਂ ਗੁਰੂ ਜੀ ਨੇ ਦੋ ਜਿਲਦਾਂ ਦੇਖਕੇ ਅਤੇ ਦੇਰੀ ਲਗਣੇ ਦੇ ਕਾਰਨ ਪੁਛੇ, ਤਿਸ ਪਰ ਭਾਈ ਜੀ ਨੇ ਹੱਥ ਜੋੜਕੇ ਬੇਨਤੀ ਕੀਤੀ:–

ਸੱਚੇ ਪਾਤਸ਼ਾਹ! ਇਹ ਸੇਵਾ ਰਾਹ ਵਿਚ ਤੇਰੀਆਂ ਸੰਗਤਾਂ ਨੇ ਕੀਤੀ ਹੈ ਜੋ ਦੂਜਾ ਉਤਾਰਾ ਹੋ ਗਿਆ ਹੈ।

ਜਦ ਗੁਰੂ ਜੀ ਨੇ ਪ੍ਰਕਾਸ਼ ਕਰਕੇ ਦੇਖਿਆ ਤਾਂ ਦੂਜੀ ਬੀੜ ਵਿਚ ਮੁੰਦਵਾਣੀ ਤੋਂ ਅਗੇ ਤੇ ਰਾਗ ਮਾਲਾ ਤੋਂ ਪਹਿਲੇ ਬਾਇ ਆਤਸ, ਰਤਨ ਮਾਲਾ, ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਜਿਤ ਦਰ ਲਖ ਮੁਹੰਮਦਾ ਆਦਿਕ ਬਾਣੀ ਵਾਧੂ ਲਿਖੀ ਹੈ ਅਤੇ ਵਿੱਚ ਵੀ 'ਰੁਣਝੁੰਜਨੜਾ' 'ਰੇ ਮਨ ਤਜ ਬੇਮੁਖਨ ਕੋ ਸੰਗ', ਆਦਿਕ ਸਾਰੇ ਸਬਦ ਲਿਖੇ ਹਨ। ਇਹ ਵਿਸ਼ੇਸ਼ ਬਾਣੀਆਂ ਲਿਖੀਆਂ ਦੇਖਕੇ ਬਚਨ ਹੋਇਆ, ਜਿਸ ਨੂੰ ਪ੍ਰੰਪ੍ਰਾਵੀ ਇਸ ਭਾਵ ਵਿਚ ਪ੍ਰਗਟ ਕਰਦੇ ਹਨ:–ਇਹ ਮੁੰਦਾਵਣੀ ਤੋਂਅਗੇ ਤੇ ਰਾਗ ਮਾਲਾ ਤੋਂ ਪਹਿਲੇ ਤੁਸਾਂ ਵਾਧੂ ਬਾਣੀ ਆਪਣੀ ਮਰਜ਼ੀ ਨਾਲ ਲਿਖੀ ਹੈ, ਇਸ ਲਈ ਇਹ ਖਾਰੀ ਬੀੜ ਹੋਵੇਗੀ ਅਤੇ ਤੇਰੀ ਸੰਤਾਨ ਪਾਸ ਰਹੇ*, ਪਰੰਤੂ ਪਹਿਲੀ ਬੀੜ ਵਿੱਚ ਏਹ ਵਾਧੂ ਬਾਣੀ ਹੁਣ ਨਹੀਂ ਚੜ੍ਹੇਗੀ, ਹੋਰ ਬਾਣੀ ਸਿਰਫ ਇਕ ਮਰਦ ਦੀ ਚੜ੍ਹੇਗੀ ਜੋ ਧਰਮ ਵਾਸਤੇ ਆਪਣੇ ਸਿਰ ਦੀ ਪਰਵਾਹ ਨਹੀਂ ਕਰੇਗਾ, ਅਸਾਂ ਓਸੇ ਲਈ ਪੱਤਰੇ ਕੋਰੇ ਛੱਡੇ ਹਨ। ਭਾਈ ਜੀ! ਤੁਹਾਡੇ ਇਸ ਉਤਾਰੇ ਕਰਨ ਤੋਂ ਕਰਤਾਰ ਦੀ ਇਹ ਮਰਜ਼ੀ ਪ੍ਰਤੀਤ ਹੁੰਦੀ ਹੈ ਕਿ ਗੁਰ ਸਿਖਾਂ ਦੇ ਘਰ ਘਰ ਸ਼੍ਰੀ ਗ੍ਰੰਥ ਸਾਹਿਬ ਜੀ ਬਿਰਾਜਣਗੇ।

ਸੋ ਇਸ ਵਾਧੂ ਬਾਣੀ ਦੇ ਕੋਈ ६੩ ਤ੍ਰੋਹਠ ਕੁ ਸ਼ਬਦ ਹੋਣਗੇ। ਜੋ ਓਸੇ ਬੀੜ ਵਿਚ ਦਰਜ ਰਹੇ, ਪਹਿਲੀ ਬੀੜ ਵਿਚ ਦਰਜ ਨਹੀਂ ਹੋਏ। ਭਾਵੇਂ ਇਸਤੋਂ ਉਤਾਰੇ ਅਨੇਕ ਹੋਏ, ਪਰ ਪਹਿਲੀ ਜਿਲਦ ਮਾਂਗਟਾਂ ਵਿਚ ਵਿਦਮਾਨ ਹੈ।

ਆਦਿ ਬੀੜ ਵਿਚ(ਜੋ ਇਸਵੇਲੇ ਕਰਤਾਰ ਪੁਰ ਬਿਰਾਜ ਰਹੀ ਹੈ) ਸੋ ਪੁਰਖ ਦੀ ਬਾਣੀ ਸੋਦਰ ਦੇ ਨਾਲ ਨਹੀਂ ਲਿਖੀ ਹੈ, ਅਜ ਕਲ ਸਰਬੱਤ ਵਿਚ ਲਿਖੀ ਹੋਈ ਹੈ, ਪਰ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਹੋਇਆ ਜਿਸ ਵਿਚ ਸੋ ਪੁਰਖ ਸੋਦਰ ਦੇ ਨਾਲ ਨਹੀਂ ਲਿਖਿਆ ਹੈ, ਜੋ ਬਹੁਤ ਪਰਾਚੀਨ ਸਾ; ਨਹੀਂ ਤਾਂ ਹੋਰ ਸਭ ਜਗ੍ਹਾ ਸੋਦਰ ਲਿਖਿਆ ਹੈ। ਜਾਪਦਾ ਹੈ ਕਿ ਕਿਸੇ ਸਮੇ ਇਹ ਕਰਤਾਰ ਪੁਰ ਵਾਲੀ ਬੀੜ ਦਾ ਉਤਾਰਾ ਹੋਇਆ ਹੈ। ਉਪ੍ਰੰਤ ਗੁਰੂ ਸਾਹਿਬ ਜੀ ਨੇ ਉਸ ਆਦਿ

*ਇਹ ਉਤਾਰਾ ਭਾਈ ਬੰਨੋ ਦੀ ਬੀੜ ਤੋਂ ਹੋਇਆ ਸਹੀ ਹੁੰਦਾ ਹੈ।

*ਭਾਵ ਤੇਰੀ ਜ਼ਾਤੀ ਬੀੜ ਰਹੇਗੀ। [ਸੰਪਾਦਿਕ

Digitized by Panjab Digital Library | www.panjabdigilib.org

ਬੀੜ ਦਾ ਜੋ ਭਾਈ ਗੁਰਦਾਸ ਜੀ ਤੋਂ ਲਿਖਵਾਈ ਸੀ ਬੜੇ ਭਾਰੇ ਉਤਸਾਹ ਨਾਲ ਸੰਮਤ ੧੬੬੬ ਭਾਦੋਂ ਸੁਦੀ ਏਕਮ ਵਾਲੇ ਦਿਨ ਅੰਦਰ ਸ੍ਰੀ ਹਰਿਮੰਦਰ ਜੀ ਦੇ ਪ੍ਰਕਾਸ਼ ਕੀਤਾ ਅਤੇ ਭਾਈ ਬੁੱਢਾ ਜੀ ਨੂੰ ਗ੍ਰੰਥੀ ਦੀ ਜਗਹ ਤਾਬਿਆ ਬਿਠਾਇਆ ਉਸੇ ਦਿਨ ਤੋਂ ਅੰਦਰ ਹਰਿਮੰਦਰ ਜੀ ਦੀ ਮਿਰਜਾਦਾ ਉਸੇ ਤਰ੍ਹਾਂ ਚਲੀ ਆਉਂਦੀ ਹੈ। ਆਮ ਪ੍ਰਸਿਧ ਇਹ ਬੀ ਹੈ ਕਿ ਛੇਵੇਂ ਸਾਹਿਬਾਂ ਦੇ ਵੇਲੇ ਨਵਾਂ ਵਾਰਾਂ ਉੱਤੇ ਧੁਨਾਂ ਦੀ ਸੂਚਨਾ ਲਿਖੀ ਗਈ।

ਇੰਕੁਰ ਹੀ ਕੋਈ ਕਾਲ ਬੀਤਿਆ, ਤੁਰਕਾਂ ਨਾਲ ਜੁੱਧ ਜੰਗ ਦੇ ਅਖਾੜੇ ਪੁਆੜੇ ਪੈਂਦੇ ਰਹੇ, ਤਾਂ ਜਿੱਥੇ ਜਿੱਥੇ ਗੁਰੂ ਸਾਹਿਬ ਆਪ ਨਿਵਾਸ ਕਰਦੇ ਰਹੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੀ ਅਦਬ ਅਦਾਬ ਨਾਲ ਨਾਲ ਹੀ ਰਖਦੇ ਰਹੇ, ਪਰ ਜਦ ਕੋਈ ਪੰਝੀ ਤੀਹ ਵਰ੍ਹੇ ਬਿਤੀਤ ਹੋ ਗਏ ਤਾਂ ਧੀਰ ਮੱਲ ਜੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪੋਤ੍ਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਕਰਤਾਰ ਪੁਰ ਜਾ ਰਹੇ ਅਤੇ ਫੇਰ ਲਗਦੀ ਵਾਹ ਉਹਨਾਂ ਨੇ ਸ੍ਰੀਗੁਰੂਗ੍ਰੰਥ ਸਾਹਿਬ ਜੀ ਨਾ ਦਿੱਤੇ, ਇੱਥੋਂ ਤਾਂਈਂ ਕਿ ਛੇਵੇਂਸਾਹਿਬਾਂ ਦੇ ਸੱਚਖੰਡ ਜਾਣ ਦੇ ਮਗਰੋਂ ਵੀ ਪਾਠ ਕਰਨ ਲਈ ਕੀਰਤ ਪੁਰ ਨਾ ਭੇਜੇ; ਇਸ ਲਈ ਜਿਹੜਾ ਉਤਾਰਾ ਭਾਈ ਬਿਧੀ ਚੰਦ ਜੀ ਨੇ ਬਿਲਾਵਲ ਭਗਤ ਬਾਣੀ ਤਕ ਕੀਤਾ ਹੋਇਆ ਸੀ ਓਸੇ ਪਰ ਪਾਠ ਹੋਕੇ ਭੋਗ ਪਾਇਆ ਗਿਆ।

ਫੇਰ ਸੰਮਤ ੧੭੨੧ ਵਿਚ ਮੱਖਣ ਸ਼ਾਹ ਲੁਬਾਣੇ ਨੇ ਧੀਰ ਮੱਲ ਦੀ ਵਧੀਕੀ ਕਰਨੇ ਪਰ ਉਸਦੇ ਡੇਰੇ ਦੀ ਲੁੱਟ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਆਂਦਾ, ਪਰ ਲੁੱਟ ਦਾਅਸਬਾਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਭ ਮੁੜਵਾ ਦਿੱਤਾ। ਪਰੰਤੂ ਮੱਖਣ ਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਮੋੜਿਆ। ਜਦ ਬਿਆਸਾ ਨਦੀ ਲੰਘਣ ਵੇਲੇ ਦੇਖਕੇ ਗੁਰੂ ਜੀ ਨੇ ਸਾਰਾ ਹਾਲ ਮਲੂਮ ਕੀਤਾ ਤਾਂ ਬਿਆਸਾ ਨਦੀ ਦੇ ਕਿਸੇ ਟਿਕਾਣੇ ਅਮਾਨਤ ਰੱਖਕੇ* ਆਪ ਅੱਗੇ ਚਲੇ ਗਏ। ਧੀਰ ਮਲ ਇਹ ਖਬਰ ਸੁਣਕੇ ਜਾਲ ਟੋਭੇ ਆਦਿਕ ਵਸਤਾਂ ਲਿਆਕੇ ਠੀਕ ਚੌਧਵੇਂ ਦਿਨ ਬਿਆਸਾ ਨਦੀ ਵਿਚੋਂ ਸਾਬਤ ਅਮਾਨਤ ਕਢਾ ਕੇ ਲੈ ਗਿਆ। ਭਾਵੇਂ ਸਾਰੇ ਰੁਮਾਲ ਅੜੇ ਪੱਤ੍ਰਿਆਂ ਦਾ ਹਾਸ਼ੀਆ ਭਿੱਜ ਗਿਆ ਸੀ, ਪਰ ਅੱਖਰਾਂ ਤਕ ਜਲ ਨਹੀਂ ਪਹੁੰਚ ਸਕਿਆ ਸੀ। ਸੋ ਅੱਜ ਤੱਕ ਪ੍ਰਤੱਖ ਦੇਖੀਦਾ ਹੈ ਕਿ ਕਰਤਾਰਪੁਰਵਾਲੇ ਬਾਬੇ ਦਾ ਹਾਸ਼ੀਆ ਨਵਾਂ ਲੱਗਾ ਹੋਇਆ ਹੈ।

ਇਹ ਪਵਿਤ੍ਰ ਬੀੜ ਇਕੇਰਾਂ ਗੁਰੂ ਕਲਗ਼ੀਧਰ ਜੀ ਨੇ ਮੰਗ ਭੇਜੀ ਸੀ, ਤਾਂ ਧੀਰ ਮੱਲ ਨੇ ਮੰਗਣ ਆਏ ਆਦਮੀ ਨੂੰ ਇਹ ਕਹਿਕੇ ਖਾਲੀ ਮੋੜ ਭੇਜਿਆ ਕਿ ਜੇ ਗੁਰੂ ਸ਼ਕਤੀ ਵਾਲਾ ਹੈ ਤਾਂ ਆਪੇ ਉਚਾਰ ਲਵੇ। ਤਿਸ ਪਰ ਗੁਰੂ ਦਸਵੇਂ ਪਾਤਸ਼ਾਹ ਜੀਨੇ ਉਜੇਹਾ ਹੀ ਕੀਤਾ ਜੋ ਆਪਣੇ ਸ੍ਰੀ ਮੁਖਵਾਕ ਤੋਂ ਉਚਰੀ ਗਏ ਅਤੇ ਲਿਖਾਰੀ ਲਿਖੀ ਗਿਆ। ਨੌਵੇਂ ਸਾਹਿਬਾਂ ਦੀ ਬਾਣੀ ਭੀ ਇਸੇ ਬੀੜ ਪਰ ਚੜ੍ਹਾਈ ਗਈ, ਜੋ ਦਮਦਮੇ ਦੀ ਬੀੜ ਕਰਕੇ ਪ੍ਰਸਿੱਧ ਹੈ।

ਪਹਿਲੀ ਬੀੜ ਭਾਈਗੁਰਦਾਸ ਜੀ ਵਾਲੀ ਹੈ, ਜੋ ਕਰਤਾਰਪੁਰ ਜੀ ਹੈ। ਦੂਜੀ ਭਾਈ ਬੰਨੋ ਜੀ ਵਾਲੀ ਜੋ ਮਾਂਗਟਾਂ ਵਿਚ ਬੰਨੋਆਣੀਆਂ ਪਾਸ

---

*ਸੂ: ਪ੍ਰਕਾਸ਼ ਵਿਚ ਲਿਖਿਆ ਹੈ ਕਿ ਕਰਤਾਰ ਪੁਰ ਜਾਂਦੇ ਇਕ ਰਾਹੀ ਦੇ ਹੱਥੀਂ ਧੀਰ ਮਲ ਨੂੰ ਸ੍ਰੀ ਗੁਰੂ ਜੀ ਨੇ ਸੁਨੇਹਾ ਘੱਲ ਦਿੱਤਾ ਸੀ ਕਿ ਬੀੜ ਅਸੀਂ ਇਸ ਟਿਕਾਣੇ ਰੱਖ ਚੱਲੇ ਹਾਂ ਆਕੇ ਲੈ ਜਾਓ। [ਸੰਪਾਦਿਕ

Digitized by Panjab Digital Library | www.panjabdigilib.org

ਪ੍ਰਤੱਖ ਸਤਿਗੁਰੂ ਮੰਨੇ ਜਾਂਦੇ ਹਨ।

ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਆਪ ਸ੍ਰੀਗੁਰੂਗੋਬਿੰਦਸਿੰਘਜੀਮਹਾਰਾਜ ਕਲਗ਼ੀਧਰ ਜੀ ਨੇ ਭਾਈ ਮਨੀ ਸਿੰਘ ਜੀ ਪ੍ਰਤੀ ਸੁਣਾਏ ਸਨ, ਤਿਸਤੇ ਉਪਰੰਤ ਅਰਥਾਂ ਦੀ ਸੰਪ੍ਰਦਾ ਚੱਲ ਪਈ। ਪਰੰਤੂ ਸਮੇਂ ਦੇ ਫੇਰ, ਬੁੱਧੀ ਚਪਲਤਾ ਤੇ ਵੇਦਾਂਤ ਸ਼ਾਸਤ੍ਰ ਦੀ ਖਿੱਚ ਨੇ ਅਰਥਾਂ ਦੀ ਪ੍ਰਕ੍ਰਿਆ ਵਿੱਚ ਆਪੋ ਆਪਣੇ ਭਾਵਾਂ ਤੇ ਅਰਥਾਂਵਿਚ ਖ਼ਿੱਚਾ ਖਿੱਚੀ ਨੇ ਅਨੋਖੇ ਰੰਗ ਦਿਖਾਏ। ਇਸ ਅਰਥਾਂ ਦੀ ਖਿੱਚਾਤਾਣੀ ਤੇ ਟੀਕਾ ਵੀ ਹੋਈਆਂ, ਪਰ ਉਨ੍ਹਾਂ ਵਿਚ ਵੀ ਵੇਦਾਂਤ ਮਤ ਦੀ ਖਿੱਚ ਨੇ ਗੁਰੂ ਜੀ ਦੇ ਆਸ਼ੇ ਨੂੰ ਨਾ ਪ੍ਰਗਟ ਹੋਣਦਿੱਤਾ ਅਤੇ ਗਿਆਨੀ ਲੋਕ ਹੋਰਨਾਂ ਸ਼ਾਸਤ੍ਰਾਂ ਦੇ ਬਲ ਤੋਂ ਰਹਿਤ ਹੋਣ ਦੇ ਕਾਰਨ ਅਰਥਾਂ ਨੂੰ ਕੰਠ ਕਰਕਰਕੇ ਰਖਦੇ ਹਨ, ਪਰੰਤੂ ਕਈ ਗਜਾਨੀਗਹਿਰੇਭਾਵਵਲ ਦ੍ਰਿਸ਼ਟੀ ਨਹੀਂ ਦੇਂਦੇ। ਕਈ ਗਿਆਨੀ ਲੋਕ ਸੰਗੀਤਕ ਸ਼ਾਸਤ੍ਰ ਦੇ ਵੇਤਾ ਨਾ ਹੋਣ ਕਰਕੇ ਸੰਗੀਤਕ ਪਦਾਂ ਦੇ ਅਰਥ ਵੀ ਅੱਖਰਾਂ ਦੇ ਅਰਥ ਮਨੋਕਤ ਢੰਚੇ ਲਾਕੇ ਝੱਟ ਲੰਘਾ ਲੈਂਦੇ ਹਨ। ਕਈ ਮੁਹਾਵਰੇ ਨੂੰ ਪੁਨਰੁਕਤੀ ਦੂਖਣ ਮੰਨਕੇ ਅਰਥ ਵਿਗਾੜ ਦੇਂਦੇ ਹਨ,ਪਰ ਅਰਥ ਤੇ ਬਾਣੀ ਦੇ ਭਾਵ ਆਸ਼ਯ ਵਲ ਦ੍ਰਿਸ਼ਟੀ ਨਹੀਂ ਦਿੰਦੇ। ਇਕੁਰ ਹੀ ਰਾਗੀ ਲੋਕਰਾਗ ਵਿੱਦਜਾਜੋਪੁਰਾਣੀ ਚਲੀ ਆਉਂਦੀ ਸ੍ਰੀ ਛਡੀ ਜਾਂਦੇਹਨ,ਕਿਉਂਕਿ ਤਮਾਸ਼ੇ ਵਾਲਿਆਂ ਨੇ ਦੇਸੀਰਾਗਾਂ*ਦੀ ਬਹਾਰ ਨਾਲ ਲੋਕਾਂ ਦੇ ਕੰਨ ਵਿਗਾੜ ਦਿੱਤੇਹਨ, ਜਿਸ ਦਾ ਫਲ ਪ੍ਰਤੱਖ ਇਹ ਹੋਇਆ ਜੋ ਲੋਕਾਂ ਦੇ

*ਰਾਗ ਦੋ ਪ੍ਰਕਾਰ ਦੇ ਹਨ ਮਾਰਗੀ ਤੇ ਦੇਸੀ। ਇਥੇ ਦੇਸੀ ਤੋਂ ਮੁਰਾਦ local tunes (ਸਦਾਨਕ ਸੁਰਾਂ) ਹੈ।

ਦੀ ਪੂਰਤੀ ਹੋਈ ਹੈ। ਪੰਜਵੇਂ ਸਾਹਿਬਾਂ ਦੇ ਬਚਨ ਦੀ ਸਫਲਤਾ ਪੂਰਨ ਹੋ ਰਹੀ ਹੈ, ਭਾਈ ਗੁਰਦਾਸ ਜੀ ਦਾ ਬਚਨ ਹੈ "ਘਰ ਘਰ ਬਾਬਾ ਗਾਵੀਐ" ਏਹੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਸਿਖ ਮਤ ਦਾ ਇਕ ਧਾਰਮਕ ਪ੍ਰਮਾਣੀਕ ਧਰਮਗ੍ਰੰਥ ਗੁਰੂ ਰੂਪ ਵਿਚਪੂਜਜਦੈ।

ਇਹ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਸਤਿਗੁਰਾਂ ਦੇ ਸ੍ਰੀ ਗੁਰੂ ਮੁਖਵਾਕ ਹੋਣੇ ਕਰਕੇ ਅਤੇ ਸ੍ਰੀ ਗੁਰੂ ਅਰਜਨਦੇਵ ਜੀ ਦੇ ਅਦਬ ਅਦਾਬ ਕੀਤੇ ਜਾਣੇ ਕਰਕੇ, ਕੇਵਲ ਈਸ਼ੁਰ ਉਪਾਸਨਾ ਲਈ ਈਸ਼ੁਰੀ ਬਾਣੀ ਹੋਣੇਕਰਕੇ, ਕਲਗੀਧਰਦਸਮ ਪਾਤਸ਼ਾਹ ਦੇ ਪੰਜ ਪੈਸੇ ਤੇ ਨਾਰੀਏਲ ਹੱਥ ਵਿਚ ਲੈ ਪ੍ਰਕਰਮਾਂ ਕਰ ਅੱਗੇ ਰੱਖਕੇ ਮੱਥਾ ਟੇਕਣੇਕਰਕੇ ਗੁਰਿਆਈ ਦੇ ਸਿੰਘਾਸਨ ਪਰ ਬਿਰਾਜਮਾਨ ਹਨ ਅਤੇ ਜੁਗੋ ਜੁਗ ਅਟੱਲ ਪਦਵੀ ਮਿਲਣ ਕਰਕੇ:—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ
ਅੰਮ੍ਰਿਤੁ ਸਾਰੇ ॥ ਗੁਰਬਾਣੀ ਕਹੈ ਸੇਵਕੁ
ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥
[ਨਟ ਮ: ੪

ਹੋਰ ਵੀ ਅਨੇਕਾਂ ਕਾਰਣਾਂ ਕਰਕੇ ਸਿੱਖ ਮਤ ਵਿੱਚ ਅਤੀ ਸਨਮਾਨਨੀਯ ਅਤੇ

*ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਦੋ ਜਗਹ ਦਸਖਤ ਹਨ। ਇਕ ਜਗਹ ਪੰਜਵੇਂ ਸਾਹਿਬਾਂ ਦੇ ਦੂਜੀ ਜਗਹ ਛੇਵੇਂ ਸਾਹਿਬਾਂ ਦੇ।

Digitized by Panjab Digital Library | www.panjabdigilib.org

ਕੈਨ ਪੁਰਾਣੇ ਰਾਗਾਂ ਅਤੇ ਸਾਜ਼ਾਂਦੀਆਂ ਧਾਰਨਾਂ ਕਬੂਲਣੋਂ ਰਹਿ ਗਏ, ਇਸ ਲਈ ਲਾਚਾਰ ਰਾਗੀਆਂ ਨੂੰ ਸਾਜ਼ ਬਦਲ ਬਦਲਕੇ ਥੀਏਟਰਾਂ ਦੀ ਧਾਰਨਾਂ ਪਰ ਸ਼ਬਦ ਗਾਉਣੇ ਪਏ, ਜਿਸ ਦਾ ਅਸਰ ਇਹ ਪਿਆ ਕਿ ਪਿਛਲੇ ਅਸਲੀ ਰਾਗਾਂ ਦੀ ਗਵਾਈ ਲੁਕਣ ਲਗ ਗਈ; ਜਿਹੜੀਆਂ ਗੱਲਾਂ ਰਾਗੀਆਂ ਨੇ ਦਿਨੋਂ ਦਿਨ ਖੋਜ ਕੇ ਕੱਢਣੀਆਂ ਸਨ ਓਹ ਭੁਲਾਉਣੀਆਂ ਅਰੰਭੀਆਂ । ਏਥੇ ਸੰਗੀਤ ਵਿੱਦਜਾ ਦੇ ਸਿਖਾਉਣ ਯਾ ਪ੍ਰਗਟ ਗੁੰਮ ਕਰਾਉਣ ਦਾ ਕੋਈ ਮਤਲਬ ਨਹੀਂ, ਪਰੰਤੂ ਇੰਨਾਂ ਜ਼ਰੂਰ ਪ੍ਰਗਟ ਕਰਨ ਦੀ ਜ਼ਰੂਰਤ ਹੈ ਕਿ ਕਈ ਇਕ ਬਾਣੀਆਂ ਦੇ ਸਿਰਲੇਖ ਜੋ ਸੰਗੀਤ ਵਿੱਦਜਾ ਨਾਲ ਸੰਬੰਧ ਰਖਦੇ ਹਨ ਉਨ੍ਹਾਂ ਦੇ ਗਜਾਨੀ ਕੁਝ ਹੋਰ ਹੀ ਅਰਥ ਕਰਕੇ ਝੱਟ ਲੰਘਾ ਜਾਂਦੇ ਹਨ ਅਤੇ ਰਾਗੀਆਂ ਨੂੰ ਖਬਰ ਨਹੀਂ ਅਤੇ ਨਾਂ ਹੀ ਕੋਸ਼ਸ਼ ਕਰਦੇ ਹਨ। ਜੇ ਪੁੱਛੀਏ ਤਾਂ ਉਤੂ ਦਿੰਦੇ ਹਨ ਕਿ ਹੁਣ ਸਾਡੇ ਅੰਦਰ ਪਏ ਪਿਛਲੇ ਰਾਗਾਂ ਨੂੰ ਉੱਲੀ ਜਾਂ ਘੁਣ ਲੱਗ ਰਿਹਾ ਹੈ, ਕੋਈ ਨਹੀਂ ਸੁਣਦਾ ਅਤੇ ਨਾ ਕੋਈ ਸੁਣਕੇ ਖੁਸ਼ ਹੁੰਦਾ ਹੈ,ਅਸੀਂ ਕੀ ਕਰੀਏ ? ਪਰ ਖੋਜੀ ਸਿੱਖ ਨਹੀਂ ਟਲਦੇ, ਜੋ ਪੁੱਛਣੋਂ ਖੋਜ ਕੱਢਣੋਂ ਮੁੜ ਜਾਣ, ਇਸ ਲਈ ਸ਼੍ਰੀਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਵੇਰਵਾ ਕੁੱਜੀ ਵਿਚ ਸਮੁੰਦਰ ਪਾਉਣ ਵਾਕਰ ਦਿਖਾਯਾ ਜਾਂਦਾ ਹੈ ਜੋ ਅਰਥਾਂ ਦੇ ਭਾਵ ਦੇ ਖੋਜੀਆਂ ਨੂੰ ਕੁਝ ਲਾਭ ਪਹੁੰਚੇ। ਦੂਜੇ ਦਿਨੋਂ ਦਿਨ ਵਿੱਦਜਾ ਦੀ ਖੀਣਤਾ ਹੁੰਦੀ ਵੇਖਕੇ ਵੀ ਨਹੀਂ ਰਿਹਾ ਗਿਆ ਕਿ ਪ੍ਰੇਮੀ ਸਿੱਖ ਬਾਣੀ ਦੀ ਡੂੰਘੀ ਖੋਜ ਕਰਨ ਵਾਲੇ ਬਾਣੀ ਦੇ ਬਿਉਰੇ ਤੋਂ ਕਿਉਂ ਖਾਲੀ ਰਹਿਣ।

ਇਸ ਲਈ ਪਹਿਲੇ ਬਾਣੀਆਂ ਦੇ ਸਿਰ-ਲੇਖਾਂ ਦਾ ਵਰਣਨ ਜੇਹਾ ਕੁ 'ਸੋਦਰ' 'ਆਰਤੀ' ਆਦਿਕ, ਅਤੇ ਫਿਰ ਰਾਗਾਂ ਦੇ ਰੂਪ ਸੰਗੀਤ ਵਿਦਜਾ ਅਨੁਸਾਰ; ਇਸ ਤੋਂ ਉਪ੍ਰੰਤ ਬਾਣੀ ਦੇ ਸ਼ਬਦ, ਦੁਪਦੇ, ਅਸਟਪਦੀਆ ਆਦਿਕਾਂ ਦੀ ਗਿਣਤੀ ਦਾ ਵੇਰਵਾ ਕਰਕੇ ਲਿਖਿਆ ਜਾਂਦਾ ਹੈ*, ਜਿਸ ਨੂੰ ਪੜ੍ਹ ਸੁਣਕੇ ਪ੍ਰੇਮੀ ਖੋਜੀ ਸਿੱਖ ਲਾਭ ਲੈਣ।

---

*ਇਸ ਪੁਸਤਕ ਵਿੱਚ ਵਿਸ਼ੇਸ਼ ਕਰਕੇ ਸੰਗੀਤ ਗ੍ਰੰਥਾਂ ਦੇ ਉਦਾਹਰਣ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗੀਤ ਵਿੱਦਜਾ ਦਾ ਇਕ ਭਾਰੀ ਖਜ਼ਾਨਾ ਹੈ ਅਤੇ ਸ੍ਰਿਸ਼ਟ ਅਥਵਾ ਮਹਾਂ ਪੁਰਖਾਂ ਨੇ ਦੋ ਹੀ ਵਿੱਦਜਾ ਪਰ ਬਹੁਤ ਕੁਝ ਉਸਤਤੀ ਦੇ ਬਚਨ ਕਹੇ ਹਨ ਜਿਹਾ ਕਿ 'ਸਾਹਿਤਜ ਸੰਗੀਤ ਕਲਾ ਬਿਹੀਨ.....'। ਆਪ ਸ੍ਰੀ ਮੁਖ ਤੋਂ ਉਚਾਰਣ ਕਰਦੇ ਹਨ:—

ਇਕਨ੍ਹਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥ [ਵਾਰ ਸਾਰੰਗ ਮ:੧

ਰਾਗੀ ਨਾਦੀ ਬਾਹਰਾ ਇਨ੍ਹੀ ਹੁਕਮੁ ਨ ਬੂਝਿਆ ਜਾਇ ॥ [ਵਾਰਾਂ ਤੇ ਵਧੀਕ ਮ: ੪

ਤਿਸ ਪਰ ਸੋਨਾ ਅਤੇ ਸੁਗੰਧ ਵਾਲੀ ਭਾਰੀ ਅਚਰਜ ਗਲ ਇਹ ਹੈ ਕਿ ਸੰਗੀਤ ਸਾਹਿਤਜ ਬਾਣੀ ਵਿੱਚ ਬ੍ਰਹਮ ਵਿੱਦਜਾ ਦਾ ਵਰਣਨ ਕਿਸ ਅਛੋਤੇ ਢੰਗ ਨਾਲ ਨਿਭਿਆ ਹੈ ਕਿ ਜ਼ੁਬਾਨ ਗੂੰਗੀ ਹੁੰਦੀ ਜਾਂਦੀ ਹੈ, ਕੋਈ ਉਪਮਾ ਨਹੀਂ ਲਭਦੀ, ਹੈਰਾਨੀ ਹੈ, ਹੈਰਾਨੀ ਹੈ! ਅਚਰਜ ਹੈ, ਅਚਰਜ ਹੈ !!

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

ਸ਼੍ਰੀ ਗੁਰੂ ਗ੍ਰੰਥ

ਬਾਣੀ ਬਿਉਰਾ

[ਮੰਗਲਾ ਚਰਨ]

ਮਹਲਾ ੨ ॥

ਸਿਫਤਿ ਜਿਨ੍ਹਾ ਕਉ ਬਖਸੀਐ ਸੇਈ ਪੋਤੇ ਦਾਰ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲਿ ਭੰਡਾਰ ॥ ਜਹ ਭੰਡਾਰੀ ਹੁ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ ॥ ੨ ॥

ਸਿਰਲੇਖ

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ੭੪ ਸਿਰਲੇਖਵਿਦਮਾਨ ਹਨ, ਜਿਨ੍ਹਾਂਦਾ ਵੇਰਵਾ ਵੱਖੋ ਵੱਖਰਾ ਭਾਵਾਂ ਸਮੇਤ ਅਗੇ ਲਿਖਿਆ ਜਾਂਦਾ ਹੈ ਅਤੇ ਕ੍ਰਮ ਇਨ੍ਹਾਂ ਦਾ ਉੜੇ ਅੋੜੇ ਤੇ ਰਖਿਆ ਹੈ, ਜਿਸਤੇ ਸੌਖਾ ਲੱਭ ਪਵੇ:-

[੧] ੧ ੐ ਸਤਿਗੁਰਪ੍ਰਸਾਦਿ ॥

ਇਹ ਸਿਰਲੇਖ ਤਿੰਨ ਭਾਂਤ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਦਮਾਨ ਹਨ:-

(ੳ) ੧ ੐ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਅ) ੧ ੐ ਸਤਿਨਾਮੁ ਕਰਤਾਪੁਰਖੁਗੁਰਪ੍ਰਸਾਦਿ॥

(ੲ) ੧ ੐ ਸਤਿਗੁਰਪ੍ਰਸਾਦਿ ॥

ਇਹ ਤਿੰਨੇ ਮੂਲ ਮੰਗਲਾਚਰਨ ਅਸਥਾਨ ਰੱਖੇ ਹਨ! ਬਾਣੀ ਦੇ ਆਰੰਭ ਵਿੱਚ ਗੁਰ ਸੰਪ੍ਰਦਾਇ ਵਿੱਚ ਏਹੋ ਮੰਗਲਾਚਰਨ ਲਿਖੇ ਜਾਂਦੇ ਹਨ। (ੳ) ਅਤੇ (ੲ) ਤਾਂ ਸਰਬ ਜਗਾ ਬਾਣੀ ਅਰੰਭ ਵੇਲੇ ਗੁਰ ਸੰਪ੍ਰਦਾਈ ਅਵਸੋਂ ਲਿਖਦੇ ਹਨ, ਪਰੰਤੂ (ਅ) ਬਿਨਾਂ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਹੋਰ ਕਿਤੇ ਵਰਤਿਆ ਨਹੀਂ ਦੇਖਿਆ, ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਕੇਵਲ ੯ਵਾਰ ਅੱਠਾਂ ਅਸਥਾਨਾਂ ਤੇ ਹੀ ਲਿਖਿਆ ਹੈ। (ੳ) ੩੩ ਜਗਾ ਪਰ ਵਿਦਮਾਨ ਹੈ,(ੲ)ਪੰਜ ਸੌ ਪੰਝੀ(੫੨੫) ਜਗ੍ਹਾ ਪਰ ਵਿਦਮਾਨ ਹੈ, ਅਰਥ ਇਸ ਦੇ ਜਪੁਜੀ ਦੇ ਟੀਕਾ ਵਿੱਚ ਦੇਖੋ।

ਵੇਰਵਾ ਇਨ੍ਹਾਂ ਦਾ ਚਕ੍ਰ ਨੰਬਰ ੩੭ ਵਿਚ ਦੇਖੋ।

[੨] ਆਰਤੀ।

ਜਿਨ੍ਹਾਂ ਸ਼ਬਦਾਂ ਦਾ ਸਿਰਲੇਖ "ਆਰਤੀ" ਲਿਖਿਆ ਹੈ ਓਹ ਆਰਤੀ ਦੇ ਢੰਗ ਦੇ ਹਨ

Digitized by Panjab Digital Library | www.panjabdigilib.org

ਅਤੇ ਓਸ ਬਾਣੀ ਵਿੱਚਵਿਸ਼ੇਸ਼ ਕਰਕੇ ਆਰਤੀ ਦੇ ਪਦਾਰਥਾਂ ਦਾ ਹੀ ਵਰਣਨ ਹੈ, ਜਿਹਾ ਕਿ-ਧੂਪ, ਦੀਪ, ਥਾਲ, ਜੋਤ, ਕੇਸਰ ਆਦਿਕ, ਅਤੇ ਇਹ ਬਾਣੀ ਅਵੱਸੋਂ ਰਹਿਰਾਸ ਦੇ ਉਪਰੰਤ ਗੁਰਸਿਖਾਂ ਵਿਚ ਪੜ੍ਹੀ ਜਾਂਦੀ ਹੈ, ਇਹ ਪ੍ਰਸਿੱਧ ਬਾਤ ਹੈ। ਆਰਤੀ ਪਦ ਆਰਤੀ ਦਾ ਨਾਮ ਹੈ, ਪਰੰਤੂ ਤਿੰਨਾਂ ਚਹੁੰ ਸ਼ਬਦਾਂਦਾਸਿਰਲੇਖ ਆਰਤੀ ਨਹੀਂ ਲਿਖਿਆਹੈ, ਤਦ ਭੀ ਆਰਤੀਦੇ ਪਦਾਰਥ ਓਨ੍ਹਾਂ ਸ਼ਬਦਾਂ ਵਿਚ ਹੋਣੇ ਤੇ ਓਹ ਭੀ ਆਰਤੀ ਦੇ ਹੀ ਸ਼ਬਦ ਗੁਰਸਿੱਖਾਂ ਵਿੱਚ ਵਿਦਮਾਨ ਹਨ।

[੩] ਅਲਾਹਣੀਆਂ।

ਅਲਾਹਣੀਆਂ ਪਦ ਪ੍ਰਸਿੱਧਹੈ, ਜੋ ਸਨਬੰਧੀ ਮਰ ਗਏ ਪਿੱਛੋਂ ਜਿਨ੍ਹਾਂ ਗੀਤਾਂ ਅਤੇ ਰਹੁਰੀਤਾਂ ਵਿੱਚ ਮ੍ਰਿਤਕ ਨੂੰ ਅਲਾਹਿਆ (ਸਲਾਹਿਆ) ਜਾਂਦਾ ਹੈ, ਉਨ੍ਹਾਂ ਗੀਤਾਂ ਦਾ ਨਾਉਂ ਅਲਾਹਣੀਆਂ ਕਰਕੇ ਕਹਿੰਦੇ ਹਨ। ਉਨ੍ਹਾਂ ਗੀਤਾਂ ਦੀ ਰੀਤਿ ਪਰ ਅਤੇ ਕਾਲ ਭੇ ਦੀ ਸੂਚਨਾਂ ਪਰ ਜੋ ਬਾਣੀ ਲਿਖੀ ਹੈ, ਉਸਦਾ ਸਿਰਲੇਖ ''ਅਲਾਹਣੀਆਂ'' ਲਿਖਿਆ ਹੈ ਅਤੇ 'ਇਸ ਬਾਣੀ ਵਿਚ ਵਿਸ਼ੇਸ਼ ਕਰਕੇ ਗਾਉਣ ਦੀ ਧਾਰਨਾਂ ਅਲਾਹਣੀਆਂ ਦੀ ਹੀ ਹੈ। ਇਹ ਸਾਰੇ ੯ ਸ਼ਬਦ ਹਨ, ਪੰਜ ਗੁਰ ਸਿੱਖਾਂ ਵਿਚ ਇਹ ਸ਼ਬਦ ਅਤੇ ਹੋਰ ਵਡਹੰਸ ਦੇ ਸ਼ਬਦ ਅੰਗੀਠੇ ਵੇਲੇ ਗਾਂਵੇ ਜਾਂਦੇ ਹਨ।

[੪] ਅਨੰਦ।

ਅਨੰਦ ਪਦ ਦਾ ਅਰਥ ਪ੍ਰਸੰਨਤਾ ਹੈ, ਸੋਈ ਇਹ ਬਾਣੀ ਪ੍ਰਸੰਨਤਾ, ਮੰਗਲ, ਖੁਸ਼ੀ, ਉਤਸਾਹ ਦੇ ਵੇਲਿਆਂ ਤੇ ਪੜ੍ਹੀ ਜਾਂਦੀ ਹੈ। ਪੰਤੂ ਕਈ ਇਉਂ ਭੀ ਕਹਿੰਦੇ ਹਨ ਕਿ ਤੀਜੇ ਗੁਰੂ ਪਾਤਸ਼ਾਹ ਗੁਰੂ ਅਮਰਦੇਵ ਜੀ ਨੇ ਆਪਣੇ ਪੋਤ੍ਰੇ ਪ੍ਰਤੀ ਇਸ ਬਾਣੀ ਦ੍ਵਾਰਾ ਉਪਦੇਸ਼ ਦਿੱਤਾ ਸੀ, ਇਸ ਲਈ ਬਾਣੀ ਦਾ ਨਾਉਂ ਅਤੇ ਪੋਤ੍ਰੇ ਦਾਨਾਉਂਅਨੰਦਰਖਿਆ।ਕਹਿੰਦੇਹਨ ਇਸਬਾਣੀ ਦੀਆਂ ਅਠੱਤੀ ਪਉੜੀਆਂ ਆਪ ਉਚਰੀਆਂ ਅਤੇ ਉਨਤਾਲੀਵੀਂ ਪਉੜੀ ਚਉਥੇ ਸਤਿਗੁਰਾਂ ਨੇ ਉਚਰੀ ਅਤੇ ਚਾਲੀਵੀਂ ਪਉੜੀ ਪੰਜਵੇਂ ਸਾਹਿਬਾਂ ਉਚਰਕੇ ਬਾਣੀ ਪੂਰੀ ਕੀਤੀ। ਇਹ ਗੱਲ ਅੱਜ ਤੱਕ ਗੁਰਅਮਰ ਬੰਸ ਵਿਚ ਵਿੱਦਮਾਨ ਹੈ।ਅਨੰਦ ਭਗਤ ਜੀ ਦਾ ਚੁਬਾਰਾ ਗੋਇੰਦਵਾਲ ਜੀ ਵਿਚ ਹੈ।ਭੱਲੇ ਸਾਹਿਬਜ਼ਾਦੇ ਆਪਣੇਮੰਗਲ ਸਮਿਆਂ ਪਰ ਓਥੇ ਹੀ ਜਾਕੇ ਕਾਰਜ ਕਰਦੇਹਨ, ਨਾਇਣਾਂ ਢੋਲਕੀਆਂ ਨਾਲ ਅਨੰਦਸਾਹਿਬਜੀ ਦਾ ਉਚਾਰਨ ਕਰਦੀਆਂ ਹਨ। ਬਿਨਾਂ ਅਨੰਦ ਦੇ ਹੋਰ ਗਣੇਸ਼ ਪੂਜਾ ਕੋਈ ਨਹੀਂ ਕਰਦੇ ਅਤੇ ਅਨੰਦ ਭਗਤ ਦੀ ਬੰਸ ਨੂੰ ਅਦਬ ਨਾਲ ਦੇਖਦੇ ਹਨ। ਸੰਗੀਤ ਸ਼ਾਸਤ੍ਰ ਵਿਚ ਅਨੰਦ ਦੇ ਜਾਤੀ ਭੇਦ ਬਾਬਤ ਇਉਂ ਲਿਖਿਆ ਹੈ:-ਨਿਸਾਰ ਪ੍ਰਬੰਧ (ਛੰਦ) ਜੋ ਨਿਸਾਰ ਤਾਲ ਵਿਚ ਗਾਂਵਿਆਂ ਜਾਂਦਾ ਹੈ, ਉਸਦੇ ਛੇ ਭੇਦ ਹਨ ਬੈਕੁੰਠ ੧, ਆਨੰਦ ੨, ਕਾਂਤਰਾ ੩. ਸੁਮਰ ੪, ਬਾਂਛਤ ੫, ਬਿਸਾਲ ੬। ਇਨ੍ਹਾਂ ਵਿਚੋਂ ਆਨੰਦ ਦਾ ਰੂਪ ਇਹ ਲਿਖਿਆ ਹੈ:-

ਦੋਹਰਾ-ਬਿਰਾਮਾਤ ਦਤ ਜੁਗਲ ਸੋ ਆਨੰਦ ਸੰਗਯਾ ਹੋਇ ॥ ਲਘੁ ਗੁਰ ਸੋ ਕਾਂਤਾਰ ਹੈ ਕਹੈਂ ਸਕਲ ਕਵਿ ਲੋਇ ॥ ਅਰਥ-ਦੋਇ ਦ੍ਰੁਤ ਅੰਤ ਬਿਰਾਮ ਐਸੇ ਨਿਸਾਰਤਾਲ ਸੋਂ ਗਾਵੈ, ਉਸਕਾ ਨਾਉਂ ਅਨੰਦ ਪ੍ਰਬੰਧ ਹੈ, ਇਸਨੂੰ ਸ਼ਿੰਗਾਰ ਰਸ ਵਿਚ ਮੰਗਲ ਸਮੇਂ ਗਾਉਂਦੇ ਹਨ ਅਤੇ ਇਸੇ ਪ੍ਰਬੰਧ ਵਿਚ ਇਕ ਗੁਰ ਇਕ ਲਘੁ ਹੋਣੇ ਤੇ ਕਾਂਤਰਾ ਕਹੀਦਾ ਹੈ, ਇਹਬਿਯੋਗਸਮੇਂ ਗਾਉਂਦੇ ਹਨ। ਇਸੀ ਤਰ੍ਹਾਂ ਹੋਰ ਸਭਨਾਂ ਦੇ ਰੂਪ ਲਿਖੇ ਹਨ। ਅਨੰਦ ਇਕ ਰਾਗ ਦਾ ਨਾਉਂ ਵੀ ਹੈ। ਬਾਣੀ ਦੇ ਆਦਿ ਅਰੰਭ ਵਿਚ ਅਨੰਦ ਪਦ ਹੋਣੇ

Digitized by Panjab Digital Library | www.panjabdigilib.org

ਤੇ ਵੀ ਸਿਰਲੇਖ ਅਨੰਦ ਲਿਖਿਆ ਹੈ।

ਸੰਗੀਤ ਬਿਨੋਦ ਗ੍ਰੰਥ ਵਿਚ ਲਿਖਿਆ ਹੈ, ਮਾਲਕੌਂਸ ਰਾਗ ਦੀਆਂ ਪੰਚਇਸਤ੍ਰੀਆਂਹਨ:—

੧.ਦੇਵਗੰਧਾਰੀ ਇਸਦੇ ਦੋ ਪੁੱਤ ਮਾਰੂ ਤੇਮੇਵਾਰ।
੨.ਗੰਧਾਰੀ ,, ,, ਮਸਤਾਂਗ ਤੇ ਪੂਬਲ।
੩.ਸੀਹੁਤੀ ,, ,, ਚੰਦ ਤੇ ਖੋਖਰ।
੪.ਧਨਾਸਰੀ ,, ,, ਭੂਮਰ ਤੇ ਅਨੰਦ।
੫.ਗੌਡ ਗਰੀ ਨਿਪੁੰਸਕ ਰਾਗ ਹੈ।

ਸੋ ਇਸ ਮਤ ਅਨੁਸਾਰ ਮਾਲਕੌਸ ਦਾ ਅੱਠਵਾਂ ਪੁੱਤ੍ਰ ਅਨੰਦ ਹੈ।

ਇਹ ਇਕੋ ਬਾਣੀ ਹੈ। ਪੁਰਾਣੇ ਰਾਗੀ ਇਸ ਬਾਣੀ ਨੂੰ ਢਾਈ ਤਾਲ ਵਿਚ ਗਾਉਂਦੇਰਹੇਹਨ।

[੫] ਅੰਜਲੀ,ਅੰਜਲੀਆਂ।

ਇਸ ਪਦ ਦਾ ਅਰਥ ਹੱਥ ਜੋੜ ਕੇ ਬੇਨਤੀ ਕਰਨੀ ਹੈ। ਅੰਜਲੀਆਂ ਦਾ ਅਰਥ ਬੇਨਤੀਆਂ ਹੈ। ਦੋ ਹੱਥ ਜੋੜਨ ਵਾ ਬੁੱਕ ਨੂੰ ਅੰਜਲੀ ਕਹਿੰਦੇ ਹਨ ਅਤੇ ਬੁੱਕਵਿਚ ਫੁੱਲ ਲੈਕੇ ਕਿਸੇਨੂੰ ਅਰਪਣ ਕਰਨ ਨੂੰ ਪੁਸ਼ਪਾਂਜਲੀ ਅਤੇ ਤਿਲ ਜਲ ਦਾ ਬੁੱਕ ਭਰਕੇ ਦੇਵੇ ਤਾਂ ਤਿਲਾਂਜਲੀ। ਇੱਕੁਰ ਹੀ ਜੇ ਨਿਰੇ ਜਲ ਦੇ ਬੁੱਕ ਭਰ ਭਰਕੇ ਦੇਵੇ ਤਾਂ ਜਲਾਂਜਲੀਆਂ ਕਹਿੰਦੇ ਹਨ। ਜੇਹਾਕੁ ਤਰਪਣ ਵੇਲੇ ਦੇਵਤਾ, ਰਿਖੀ ਅਤੇ ਪਿਤਰਾਂ ਦੇ ਨਾਉਂ ਲੈ ਲੈ ਕੇ ਪਾਣੀ ਦੇ ਬੁੱਕ ਦਿੱਤੇ ਜਾਂਦੇ ਹਨ। ਇਸ ਭਾਵ ਤੋਂ ਪ੍ਰਤੀਤਹੁੰਦਾਹੈਕਿਕਿਸੇ ਤਰਪਣ ਕਰਦੇ ਦੇਏ ਨੂੰ ਇਹ ਉਪਦੇਸ਼ ਕੀਤਾ ਹੈ ਜੋ ਅੱਗੇ ਬਾਣੀ ਵਿਚ ਸਪਸ਼ਟ ਹੈ ਕਿ ਇਹ ਜੀਵ ਹੁਕਮ ਦਾ ਬੱਧਾਹੋਇਆਜੂਨੀਆਂਵਿਚ ਆਉਂਦਾ ਹੈ, ਇਸ ਲਈ ਇਸ ਬਾਣੀ ਦਾ ਸਿਰਲੇਖ ਅੰਜਲੀਆਂ ਹੈ। ਆਮ ਤੌਰ ਤੇ ਗੁਰਬਾਣੀ ਵਿਚ ਅੰਜਲੀ ਦਾ ਅਰਥ ਬੇਨਤੀ ਹੈ, ਜੈਸਾ ਕਿ ਸ੍ਰੀ ਮੁਖ ਵਾਕ 'ਕਰਿ ਸਾਧੂ ਅੰਜਲੀ ਪੁਨ ਵਡਾਹੈ'। ਬੇਨਤੀ ਕਰਨੇ ਤੇ ਵੀ ਉਹ ਪਰਮੇਸ਼ਰ ਵੱਡਾ ਹੈ, ਇਸ ਲਈ ਇਹ ਪਦ ਬੇਨਤੀਆਂ ਵਾਚਕ ਹੈ। ਇਹ ਕੇਵਲ ਦੋ ਸ਼ਬਦ ਮਾਰੂ ਰਾਗ ਵਿਚ ਹਨ। ਵੇਰਵੇ ਲਈ ਦੇਖੋ ਚੱਕ੍ਰ ਨੰਬਰ ੪੩।

[੬] ਅਸਟਪਦੀਆਂ।

ਅੱਠਾਂ ਪੌੜੀਆਂ ਦੇ ਇਕ ਸ਼ਬਦ ਦਾ ਨਾਉਂ ਅਸਟਪਦੀ ਪ੍ਰਬੰਧ (ਛੰਦ) ਹੈ। ਪ੍ਰਤੱਖ ਵਿਚ ਅਸਟਪਦੀ ਦੀ ਪੂਰਣਤਾਪਰਦਾਅੰਗ ਵਿਦਮਾਨ ਹੈ, ਵਿਸ਼ੇਸ ਪ੍ਰਕਰਣ ਖਟ ਪਦੀ ਦੇ(ਛਿਪਦੇ) ਪ੍ਰਕਰਣ ਵਿਚ ਦੇਖੋ, ਓਕਰ ਹੀ ਅਸਟਪਦੀਹੈ।

ਸੂਚਨਾ—ਅੱਗੇ ਨਕਸ਼ਿਆਂ ਦੇ ਖਾਨਿਆਂ ਵਿਚ ਪਦਿਆਂ ਦੇ ਖਾਨਿਆਂ ਨਾਲੋਂ ਇਸ ਲਈ ਵੱਖਰਾ ਹੈ ਕਿ ਦੁਪਦੇ ਤੋਂ ਛੇ ਪਦੇ ਤਕ ਪਦਾਂ ਦਾ ਕ੍ਰਮ ਚਲਾ ਆਇਆ ਹੈ, ਅੱਗੇ ਸਪਤ ਪਦੇ ਨਹੀਂ ਹਨ, ਸਿਰਲੇਖ ਅਸਟਪਦੀ ਦਾ ਚਲਦਾ ਹੈ। ਜੇ ਕਿਤੇ ੭ ਅਥਵਾ ੯ ਦਾ ਅੰਗ ਹੈਗਾ ਹੈ ਤਾਂ ਓਹ ਸ਼ਬਦ ਅਸਟਪਦੀਆਂ ਵਿਚ ਹੀ ਸਮਝਣੇ ਚਾਹੀਏ, ਇਸ ਕਾਰਨ ਅਸਟਪਦੀ ਦੇ ਖਾਨੇ ਵਿਚ ਹੀ ਗਿਣਤੀ ਰੱਖੀ ਹੈ। ਇਹ ਬਹੁਤਿਆਂ ਰਾਗਾਂ ਵਿਚ ਵਿਦਮਾਨ ਹੈ। ਵੇਰਵਾ ਦੇਖੋ ਚੱਕ੍ਰ ਨੰਬਰ ੪੪।

[੭] ਇਕ ਤੁਕੇ।

ਜਿਸ ਸ਼ਬਦ ਦੀ ਇਕ ਇਕ ਤੁਕ ਅਥਵਾ ਅੱਧੀਆਂ ਅੱਧੀਆਂ ਦੋ ਦੋ ਤੁਕਾਂ ਉਤੇ ਪਦ ਦਾ ਅੰਗ ਹੈ ਜੋ ਗਾਉਣੇ ਵਿਚ ਸਾਰੀ ਤੁਕ ਮੰਨੀਦੀ ਹੈ, ਓਥੇ ਸਿਰ ਲੇਖ ਇਕ ਤੁਕੇ ਲਿਖਿਆ ਹੈ। ਇਸਦਾ ਵਿਸ਼ੇਸ਼ ਕਰਣ ਸੰਗੀਤ ਵਿਦਯਾ ਅਨੁਸਾਰ ਰੁਪਦੀ ਪ੍ਰਬੰਧ ਵਿਚ ਵੇਖੋ। ਇਹ ਭੀ ਵੈਸਾ ਹੀ ਇਕ ਪ੍ਰਬੰਧ ਹੈ। ਏਹ ਬਹੁਤਿਆਂ ਰਾਗਾਂ ਵਿਚ ਵਿਦਮਾਨ ਹਨ।

[੮] ਏਕੁ ਸੁਆਨੁ ਕੈ ਘਰਿ ਗਾਵਣਾ।

ਇਹ ਸਿਰਫ ਓਸ ਸ਼ਬਦ ਦੇ ਤਾਰ ਦੀ

Digitized by Panjab Digital Library | www.panjabdigilib.org

ਸੂਚਨਾ ਹੈ ਜੋ ਸਿਰੀ ਰਾਗ ਵਿਚ "ਏਕੁ ਸੁਆਨੁ ਦੁਇ ਸੁਆਨੀ ਨਾਲਿ" ਵਾਲਾ ਲਿਖਿਆ ਹੈ। ਜਿਸ ਤਾਰ ਵਿਚ ਓਹ ਸਬਦ ਗਾਵਿਆਂ ਜਾਂਦਾ ਹੈ ਓਸੇ ਤਾਰ ਵਿਚ ਇਹਗਾਵਣਾ।ਅਰਥਾਤਓਥੇ ਘਰ ੪ ਲਿਖਿਆ ਹੈ ਸੋਈ ਏਥੇ ਸਪਸ਼ਟ ਭਾਵ ਹੈ, ਕਿ ਇਹ ਸ਼ਬਦ ਵੀ ਓਸੇ ਸਬਦ ਦੇ ੪ ਤਾਰ ਦੀ ਧਾਰਨਾ ਵਿੱਚ ਗਾਉਣਾ। ਇਹ ਇਕੋ ਹੀ ਸਬਦ ਹੈ।

[੯] ਸੋਦਰ।

ਇਸ ਸ਼ਬਦ ਦਾ ਅਰੰਭ 'ਸੋ ਦਰੁ' ਪਦ ਤੋਂ ਹੁੰਦਾ ਹੈ, ਜੇਹਾਕੁ "ਸੋ ਦਰੁ ਕੇਹਾ ਸੋ ਘਰੁ ਕੇਹਾ"। ਅਰਥ ਇਸਦਾ ਓਹ ਦਰਵਾਜ਼ਾ ਕੇਹਾ ਹੈ ਅਤੇ ਓਹ ਘਰ ਕੇਹਾ ਹੈ। ਇਸਦਾ ਖੁਲਾਸਾ ਸਾਰੇ ਸ਼ਬਦ ਵਿੱਚ ਲਿਖਿਆ ਹੈ।

ਕਈਕੁ ਇਉਂ ਭੀ ਕਹਿੰਦੇ ਹਨ-ਜਦ ਗੁਰੂ ਜੀ ਸਚਖੰਡ ਅਕਾਲ ਪੁਰਖ ਪਾਸ ਪੁੱਜੇ ਸੀ ਤਦ ਇਸ ਸ਼ਬਦ ਦ੍ਵਾਰਾ ਸਨਮੁਖ ਉਸਤਤੀ ਕੀਤੀ ਸੀ ਅਤੇ ਓਹੋ ਉਸਤਤੀ ਫਿਰ ਭਾਈ ਬਾਲੇ ਪ੍ਰਤੀ ਸੁਣਾਈ ਸੀ। ਇਹ ਭੀ ਅਰਥ ਕਹਿੰਦੇ ਹਨ ਕਿ ਇਹ ਫਾਰਸੀ ਦਾ ਮਿਸ਼੍ਰਤ ਪਦ ਹੈ। ਸੋ-ਦਰ ਅਰਥ ਉਹ—ਦਰ-ਵਾਜ਼ਾ ਅਥਵਾ ਦਰਗਾਹ ਸਚਖੰਡ ਕੇਹਾ ਹੈ, ਅਥਵਾ ਦਰ-ਸੰਸਾਰ ਘਰ-ਸਤਿਸੰਗ। ਭਾਵੇਂ ਇਜੇਹੇ ਅਨੇਕਾਂ ਅਰਥ ਕਰਦੇ ਹਨ, ਪਰੰਤੂ ਮੁੱਖ ਅਰਥ ਬਾਣੀ ਦੇ ਆਦਿ ਸੋਦਰ ਪਦ ਹੋਣੇ ਤੇ ਸਿਰਲੇਖ ਵੀ ਸੋਦਰ ਪਦ ਹੈ। ਇਹ ਸੋਦਰ ਦੇ ਸਬਦ ਤਿੰਨ ਜਗ੍ਹਾ ਵਿਦਮਾਨ ਹਨ, ਪਰੰਤੂ ਅੱਖਰਾਂ ਵਿਚ ਥੋੜ੍ਹਾ ਥੋੜ੍ਹਾ ਫਰਕ ਹੈ, ਭਾਵ ਇਕੋ ਹੈ।ਇਸ ਬਾਣੀ ਦੇ ਪੰਜ ਸ਼ਬਦ ਹਨ,ਇਸੇ ਬਾਣੀ ਦਾ ਨਾਉਂ ਰਹਿਰਾਸ ਪ੍ਰਸਿੱਧ ਹੈ, ਪਰੰਤੂ ਰਹਿਰਾਸ ਵਿਚ ਸੋ ਪੁਰਖ ਬਾਣੀ ਨਾਲ ਹੈ, ਜੋ ਸਾਰੇ ੯ ਸ਼ਬਦ ਹਨ।

[੧੦] ਸੋ ਪੁਰਖ।

ਇਹੋ ਪਦ ਸਬਦ ਦੇ ਅਰੰਭ ਵਿਚ ਹੋਣੇ ਕਰਕੇ ਇਸਦਾ ਸਿਰਲੇਖ ਵੀ ਸੋ ਪੁਰਖ ਹੀ ਰਖਿਆ ਹੈ। ਅਰਥ ਇਸਦਾ ਓਹੋ ਪਰਮੇਸ਼ੁਰ ਪੁਰਖ ਹੈ "ਠਾਕੁਰੁ ਏਕੁ ਸਬਾਈ ਨਾਰਿ॥"

ਇਹ ਬਾਣੀ ਸਿੱਖ ਧਰਮ ਵਿਚ ਅਵੱਸ਼ ਸੰਧਜਾ ਵੇਲੇ ਪੜ੍ਹਦੇ ਹਨ, ਇਸ ਲਈ ਇਸਦਾ ਨਾਉਂ ਕੋਈ ਸਿਖ "ਸੋਦਰ ਰਹਿਰਾਸ ਆਰਤੀ" ਕਰਕੇ ਇਕੱਠਾ ਵੀ ਲੈਂਦੇ ਹਨ। ਸੋ ਪੁਰਖ ਦੇ ੪ ਸ਼ਬਦ ਹਨ।

[੧੧] ਸੋਹਿਲਾ।

ਇਸ ਪਦ ਦਾ ਅਰਥ ਜਸ (ਗਾਉਣਾ) ਪ੍ਰਸਿੱਧ ਹੈ ਅਤੇ ਇਸ ਦੂਸਰੀ ਤੁਕ "ਤਿਤੁ ਘਰਿ ਗਾਵਹੁ ਸੋਹਿਲਾ" ਵਿਚ ਅਤੇ "ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ" ਰਹਾਉ ਵਿੱਚ ਪ੍ਰਤੱਖ ਹੈ, ਇਸ ਲਈ ਇਸ ਬਾਣੀ ਦਾ ਸਿਰਲੇਖ ਸੋਹਿਲਾ ਲਿਖਿਆ ਹੈ ਅਤੇ ਗੁਰ ਸੰਪ੍ਰਦਾਇ ਵਿੱਚ ਇਸ ਬਾਣੀ ਨੂੰ ਪਹਿਰ ਰਾਤ ਤਕ ਕੀਰਤਨ ਕਰਕੇ ਉਪਰੰਤ ਪੜ੍ਹਨੇ ਦੀ ਮਿਰਜਾਦਾ ਹੈ; ਇਸ ਲਈ ਇਸ ਬਾਣੀ ਦਾ ਨਾਉਂ "ਕੀਰਤਨ ਸੋਹਿਲਾ" ਪ੍ਰਸਿੱਧ ਹੈ।

ਇਸ ਬਾਣੀ ਵਿਚ ਇਕ ਸਬਦ ਆਰਤੀ ਦਾ ਹੋਣੇ ਕਰਕੇ ਕਈ ਸਿਖ "ਆਰਤੀ ਸੋਹਿਲਾ" ਵੀ ਕਹਿੰਦੇ ਹਨ,ਅਥਵਾ ਸੋਦਰ ਤੋਂ ਉਪ੍ਰੰਤ ਆਰਤੀ, ਇਸ ਤੋਂ ਉਪ੍ਰੰਤ ਸੋਹਿਲਾ ਪੜ੍ਹਨਾ ਨੇਮ ਹੈ,ਇਸ ਲਈ ਆਰਤੀ ਸੋਹਿਲਾ ਮਸ਼ਹੂਰ ਹੋ ਗਿਆ, ਪਰੰਤੂ ਸਿਰਲੇਖ ਕੇਵਲ "ਸੋਹਿਲਾ" ਪਦ ਹੈ।

ਜਪੁ, ਸੋਦਰ, ਸੋ ਪੁਰਖ,ਸੋਹਿਲਾ, ਬਾਣੀਆਂ ਦੇ ਸ਼ਬਦਾਂ ਦੇ ਵੇਰਵੇ ਲਈ ਦੇਖੋ ਵੱਕ੍ਰ ਨੰਬਰ ੨।

Digitized by Panjab Digital Library | www.panjabdigilib.org

[੧੨] ਸੋਲਹੇ।

ਸੋਲਾਂ ਪਦਾਂ ਵਾਲੇ ਸ਼ਬਦਾਂ ਦਾ ਸਿਰਲੇਖ 'ਸੋਲਹੇ' ਕਰਕੇ ਲਿਖਿਆ ਹੈ। ਭਾਵੇਂ ਕੋਈ ੧੫–੧੭–੨੧ ਪਦਾਂ ਦਾ ਵੀ ਵਿਦਮਾਨ ਹੈ, ਪਰੰਤੂ ਸੰਗਜਾ ਸਭ ਦੀ ਸਿਰਲੇਖ ਸੋਲਹੇ ਹੀ ਲਿਖੀ ਹੈ। ਹੋਰ ਰਚਨਾ ਗੁਰਬਾਣੀ ਦੀ ਸੰਗੀਤ ਦੇ ਪਿੰਗਲ ਅਨੁਸਾਰ ਹੈ, ਪਰੰਤੂ ਮਾਰੂ ਸੋਲਹੇ ਅਤੇ ਫੁਨਹੇ ਦੀ ਰੀਤ ਰਚਨਾ ਹੋਰ ਪਿੰਗਲਾਂ ਅਨੁਸਾਰ ਹੈ। ਇਹ ਛੰਦ ਮਾਤ੍ਰਿਕ ਹੈ ਅਤੇ ਮਾਤ੍ਰਿਕ ਛੰਦਾਂ ਵਿਚੋਂ ਇਹ ਵਡਾ ਛੰਦਹੈ।ਨਾਉਂ ਇਸਦਾ ਚਿੱਤ੍ਰਕਲਾ ਛੰਦ ਹੈ। ਜਿਹਾ ਕੁ ਬ੍ਰਿਤ ਚੰਦ੍ਰੋਦਯ ਨਾਮੀ ਪਿੰਗਲ ਵਿਚ ਲਿਖਿਆ ਹੈ:–

ਜਾਕੀ ਟੁਕ ਮੈਂ ਕਾਹਠ ਮੱਤਾ, ਸੋਲਹਿ ਅਰ ਸੋਲਹ ਪੈ ਜੱਤਾ, ਪੁਨ ਸੋਲਹ ਤੇਰਹਿ ਪਰ ਜਾਨੋ ਐਸੀ ਭਾਂਤਿ ਬਖਾਨਿਆਂ। ਚਿਤ੍ਰ ਕਲਾ ਸੋ ਛੰਦ ਕਹਾਵੈ, ਸਭ ਕਵਿ ਕੇ ਮਨ ਮੈਂ ਅਤਿ ਭਾਵੈ, ਅੰਤ ਏਕ ਗੁਰ ਆਨ ਸਵਾਰੈ ਐਸੀ ਛਬਿ ਸੋ ਲਾਨਿਆ।

ਇਹ ਸੋਲਹੇ ਦਾ ਰੂਪ ਹੈ। ਯਥਾ ਗੁਰਬਾਣੀ:–

ਸਾਚਾ ਸਚੁ ਸੋਈ ਅਵਰੁ ਨ ਕੋਈ॥ ਜਿਨਿ ਸਿਰਜੀ ਤਿਨਹੀ ਫੁਨਿ ਗੋਈ ॥ ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੈ॥ ੧ ॥
ਆਪਿ ਉਪਾਏ ਆਪਿ ਖਪਾਏ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੈ ॥ ੨ ॥

[ਮਾਰੂ ਸੋਲਹੇ ਮ: ੧

ਪੁਨਾ:–ਜਾਤੇ ਬਿਰਥਾ ਕੋਊ ਨਾਹੀ ॥ ਆਠ ਪਹਰ ਹਰਿ ਰਖੁ ਮਨ ਮਾਹੀ ॥ ਸਾਧ ਸੰਗਿ ਭਜੁ ਅਚੁਤ ਸੁਆਮੀ ਦਰਗਹ ਮੈਡਾ ਪਾਵਣਾ ॥ ੩ ॥ ਚਾਰਿ ਪਦਾਰਥ ਅਸਟ ਦਸਾ ਸਿਧਿ ॥ ਨਾਮੁ ਨਿਧਾਨੁ ਸਹਜ ਸੁਖੁ ਨਉਨਿਧਿ ॥ ਸਰਬ ਕਲਿਆਣ ਜੋ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ ॥ ੪ ॥

[ਮਾਰੂ ਸੋਲਹੇ ਮ: ੫

[੧੩] ਸੁਧ। [੧੪] ਸੁਧਕੀਚੇ।

ਸੁਧ ਪਦ ਵਾਰਾਂ ਦੇ ਅੰਤ ਵਿਚ ਲਿਖਿਆ ਹੈ। ਭਾਵ ਇਸਦਾ ਗੁਰੂ ਜੀ ਵੱਲੋਂ ਭਾਈ ਗੁਰਦਾਸ ਜੀ ਨੂੰ ਸੂਚਨਾ ਹੈ ਕਿ ਇਹ ਵਾਰ ਦੀ ਬਾਣੀ ਸੁੱਧ ਹੈ, ਇਸਨੂੰ ਲਿਖ ਲਓ। ਪਰੰਤੂ ਇਕੋ ਜਗ੍ਹਾ ਮਹਲਾ ੫ ਦੀ ਵਾਰ ਦੇ ਅੰਤ ਵਿਚ 'ਸੁਧ ਕੀਚੇ' ਲਿਖਿਆ ਹੈ, ਇਸ ਦਾ ਭਾਵ ਸਪਸ਼ਟ ਹੈ ਕਿ ਇਸ ਵਾਰ ਨੂੰ ਦੁਬਾਰਾ ਦੇਖ ਲਓ।

ਕਈ ਸਿਆਣੇ ਇਉਂ ਭੀ ਕਹਿੰਦੇ ਹਨ ਕਿ ਅੱਠਾਂ ਨਵਾਂ ਰਾਗਾਂ ਦੀ ਸੁਧ ਸੰਗਜਾ ਹੈ। ਜਿਸ ਰਾਗ ਨੂੰ ਸੰਕੀਰਣ ਸੁਰਾਂ ਕਰਕੇ ਗਾਉਂਦੇ ਹਨ, ਉਸਨੂੰ ਸੁਧ ਅਥਵਾ ਸੁਧਾ ਕਹਿੰਦੇ ਹਨ, ਪਰੰਤੂ ਏਥੇ ਇਹ ਭਾਵ ਬਿਵਸਥਾ ਨਹੀਂ ਖਾਂਦਾ।ਵਾਰਾਂ ਨੂੰ ਇਕੋ ਇਕ ਰੀਤ ਤੇ ਗਾਉਣ ਲਈ ਛੇਵੇਂ ਸਾਹਿਬਾਂ ਨੇ ਧੁਨਾਂ ਦੀ ਸੂਚਨਾ ਲਿਖੀ ਹੈ।

[੧੫] ਸੁਧੰਗ।

ਇਸ ਪਦ ਦਾ ਅਰਥ' ਸੁਧ ਦਾ ਅੰਗ' ਹੈ।

ਭਾਵ ਇਸਦਾ–ਆਸਾਵਰੀ ਟੋਡੀ ਸੁੱਧਹੁੰਦੀ ਹੈ ਅਤੇ ਟੋਡੀ ਸੁੱਧ ਵੀ ਸੰਗੀਤ ਵਿਚ ਹੈ,ਇਸ ਲਈ ਇਹ ਸੂਚਨਾ ਹੈ੧੬ ਤਾਰ ਵਿਚ ਆਸਾਵਰੀ ਸੁਧ ਅੰਗ ਵਿਚ ਗਾਵਣੇ ਵਾਲੀ। ਯਾਦ ਰਹੇ ਆਸਾ ਸੁੱਧਨਹੀਂ,ਪਰੰਤੂ ਆਸਾਵਰੀ ਟੋਡੀ ਹੋਣੇ ਕਰਕੇ ਸੁੱਧ ਹੈ। ਵਿਸ਼ੇਸ਼ ਸੂਚਨਾ ਲਿਖਣੇ ਦਾ ਪ੍ਰਯੋਜਨ ਹੀ ਇਹ ਹੈ ਕਿ ਏਥੇ ਆਸਾ ਰਾਗ ਵਿਚ ਆਸਾਵਰੀ ਦਰਜਹੈ।ਪਰੰਤੂਆਸਾਵਰੀ ਰਾਗ ਅਡਰਾ ਕਰਕੇ ਨਹੀਂ ਲਿਖਿਆ। ਇਸ ਲਈ ਇਕ ਜਗ੍ਹਾ ਸੁਧੰਗ ਦੀ ਸੂਚਨਾ ਲਿਖੀ ਹੈ ਕਿ ਇਹ ਸਬਦ ਟੋਡੀ ਮੁਧਾ ਕਰਕੇ

Digitized by Panjab Digital Library | www.panjabdigilib.org

ਗਾਓ। ਇਹ ਸੁਧੰਗ ਪਦ ਇਕੋ ਜਗ੍ਹਾ ਹੀ ਹੈ।

[੧੬] ਸੁਚਜੀ।

ਸੁਚਜੀ ਪਦ ਦਾ ਅਰਥ ਚੰਗੇ ਕਰਮਾਂ ਵਾਲੀ ਇਸਤ੍ਰੀ ਹੈ।

ਸੁਚਜੀ ਇਸਤ੍ਰੀ ਰੂਪੀ ਜਗਜਾਸੀ ਪ੍ਰਤੀ ਸ੍ਰੋਸ਼ਟ ਕਰਮਾਂ ਪਰਥਾਇ ਉਪਦੇਸ਼ ਜਿਸ ਸਬਦ ਵਿਚ ਉਚਰਿਆ ਉਸਦਾ ਸਿਰਲਖ ਸੁਚਜੀ ਹੈ, ਇਹ ਇਕੋ ਹੀ ਸਬਦ ਹੈ।

[੧੭] ਸਦ।

ਇਹ ਇਕ ਪੰਜਾਬੀ ਗੀਤ ਦੇ ਪ੍ਰਬੰਧ ਦਾ ਪ੍ਰਸਿੱਧ ਨਾਉਂ ਹੈ। ਬਹੁਤੇ ਲੋਕ ਸੱਦ ਗਾਂਵਿਆਂ ਕਰਦੇ ਹਨ। ਇਹ ਸੱਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਬਾ ਸੁੰਦਰ ਨੇ ਸੁਣਾਇਆ ਸੀ, ਜਿਸ ਵਿਚ ਤੀਜੇ ਸਾਹਿਬਾਂ ਦਾ ਛੇਕੜਲੇ ਵੇਲੇ ਦਾ ਉਪਦੇਸ਼ ਕਹਿਣਾ ਸੀ। ਇਹ ਪ੍ਰਬੰਧ ਸੱਦ ਹੋਣੇ ਕਰਕੇ ਇਸਦਾ ਸਿਰਲੇਖ ਸੱਦ ਹੈ। ਸੱਦ ਭਾਵੇਂ ਕਈ ਭਾਂਤ ਦੇ ਪ੍ਰਬੰਧ ਹਨ ਜੋ ਬਹੁਤਾ ਸੁਣੇ ਜਾਂਦੇ ਹਨ, ਪੰਤੂ ਇਕ ਦੇਸੀ ਪ੍ਰਬੰਧ ਹੋਣੇ ਕਰਕੇ ਸੰਗੀਤ ਵਿਚ ਇਸ ਪ੍ਰਬੰਧ ਦਾ ਪ੍ਰਕਰਣ ਨਹੀਂ ਹੈ। ਇਹ ਇਕੋ ਹੀ ਹੈ।

[੧੮] ਸਿਧ ਗੋਸਟਿ।

ਇਸਦਾ ਅਰਥ "ਸਿੱਧਾਂ ਨਾਲ ਚਰਚਾ" ਹੈ, ਸੋ ਇਸ ਬਾਣੀ ਵਿਚ ਮਛਿੰਦ੍ਰ ਗੋਰਖ ਆਦਿ ਸਿੱਧਾਂ ਦੇ ਪ੍ਰਸ਼ਨ ਉੱਤਰ ਸਪਸ਼ਟ ਨਾਵਾਂ ਸਮੇਤ ਲਿਖੇ ਹਨ, ਇਸ ਲਈ ਇਸ ਬਾਣੀ ਦਾ ਸਿਰਲੇਖ'ਸਿਧ ਗੋਸਟਿ'ਰੱਖਿਆ ਹੈ।

ਕਈ ਕਹਿੰਦੇ ਹਨ ਇਹ ਬਾਣੀ ਪੰਜਵੇਂ ਸਾਹਿਬਾਂ ਨੇ ਉਚਰੀ ਹੇ, ਆਦਿ ਸਾਹਿਬਾਂ ਦੀ ਚਰਚਾ ਦਾ ਅਨੁਵਾਦ ਹੈ, ਪਰੰਤੂ ਸਿਰਲੇਖ ਪਰ 'ਮਹਲਾ ੧' ਲਿਖਿਆ ਹੈ, ਇਸ ਲਈ ਇਹ ਕਲਪਨਾ ਮਾਤ੍ਰ ਹੈ। ਆਦਿ ਸਾਹਿਬਾਂ ਦੀ ਹੀ ਬਾਣੀ ਪਰਮਾਣ ਹੈ।

ਇਹ ਇਕੋ ਬਾਣੀ ਰਾਗ ਰਾਮਕਲੀ ਵਿਚ ਵਿਦਮਾਨ ਹੈ।

[੧੯] ਸਬਦ।

ਇਹ ਪ੍ਰਬੰਧ ਮਾਤ੍ਰ ਹੈ। ਇਸੇ ਨੂੰ ਵਿਸ਼ਨ ਪਦਾ ਜੋ ਅਸਲ ਨਾਉਂ ਵਿਖਮ ਪਦ ਹੈ, ਅਥਵਾ ਗੀਤ ਕਰਕੇ ਕਹਿੰਦੇ ਹਨ। ਜੀਕਰ ਛੰਦ ਪਦ ਹੈ। ਜਦ ਤੱਕ ਕੋਈ ਨਾਉਂ ਇਸਦੇ ਪਹਿਲੇ ਨਾ ਲੱਗੇ ਤਦ ਤੱਕ ਛੰਦ ਅਥਵਾ ਪਦ ਨੂੰ ਸ਼ਬਦ ਕਹੀਦਾ ਹੈ। ਜਿਸ ਰਾਗ ਵਿਚ ਸ਼ਬਦ ਹੋਵੇ ਓਸੇ ਰਾਗ ਦੇ ਪ੍ਰਬੰਧ ਦਾ ਪਦ ਸਮਝ ਲਓ। ਜੀਕਰ ਬਿਲਾਵਲ ਅੱਗੇ ਸਬਦ ਲਿਖਿਆ ਹੈ ਤਾਂ ਬਿਲਾਵਲ ਦਾ ਸਬਦ ਸਮਝੋ ਅਤੇ ਰੂਪ ਇਸਦਾ ਸੰਗੀਤ ਵਾਲੇ ਇਹ ਕਹਿੰਦੇ ਹਨ। ਸਥਾਈ, ਅੰਤਰਾ, ਧ੍ਰੁਵ,ਆਭੋਗ ਇਹ ਤਿੰਨੇ ਚਾਰੇ ਜਿਸ ਵਿਚ ਠੀਕ ਗਾਉਣ ਵਿਚ ਆਉਣ ਉਸਦਾ ਨਾਉਂ ਸਬਦ ਹੈ। ਭਾਵੇਂ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਬਦਾਂ ਵਿਚ ਹੈ, ਪਰੰਤੂ ਸਿਰਲੇਖ ਬਹੁਤ ਥੋੜੀ ਜਗ੍ਹਾ ਲਿਖਿਆ ਹੈ। ਸੋ ਜਿਥੇ 'ਰਾਗ' 'ਮਹਲ' ਪਦ ਸਿਰਲੇਖ ਹੈ ਓਥੇ ਸਮਾਨ ਸੂਚਨਾ ਸਬਦ ਦੀ ਥੀ ਹੈ, ਪਰੰਤੂ ਪਉੜੀ, ਸਲੋਕ, ਛੰਦ, ਅਸਟਪਦੀ ਆਦਿ ਤੋਂ ਬਿਨਾਂ ਹੋਰ ਸ਼ਬਦ ਸਮਝਣੇ ਚਾਹੀਏ।

[੨੦] ਸੁਖਮਨੀ।

ਅਰਥ ਇਸਦਾ 'ਸੁਖਾਂ ਦੀ ਮਣੀ' ਹੈ।

ਇਸਦੀ ਰਹਾਉ ਦੀ ਤੁਕ "ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ" ਅਤੇ ਅੰਤਲੀ ਤੁਕ "ਨਾਨਕ ਇਹ ਗੁਣਿ ਨਾਮੁ ਸੁਖਮਨੀ" ਹੋਣੇ ਤੇ ਇਸਦਾ ਸਿਰਲੇਖ (ਨਾਉਂ) ਸੁਖਮਨੀ ਲਿਖਿਆ ਹੈ।ਆਮ ਸਿੱਖ ਜੰਨਤਾ ਵਿਚ ਨਿਤ-

Digitized by Panjab Digital Library | www.panjabdigilib.org

ਨੇਮ ਦੇ ਨਾਲ ਹੀ ਇਸ ਦਾ ਪਾਠ ਬੀ ਕੀਤਾ ਜਾਂਦਾ ਹੈ। ਇਸਦਾ ਬੜਾ ਮਹਾਤਮ ਹੈ। ਇਹ ਬਾਣੀ ਮਨ ਨੂੰ ਸੁਖਮਨ ਸਹਿਜ ਅਵਸਥਾ ਦੇਣੇ ਵਾਲੀ ਹੈ। ਹੋਰ ਸੰਸਾਰਕ ਸੁਖ ਦੇ ਵੀ ਦੇਣਹਾਰ ਹੈ।

ਇਹ ਬਾਣੀ ਅਸਟਪਦੀਆਂ ਵਿਚ ਵਿਦਮਾਨ ਹੈ, ਪਰੰਤੂ ਸਿਰਲੇਖ ਸੁਖਮਨੀ ਹੋਣੇ ਤੇ ਇਸਦਾ ਨਾਉਂ ਸੁਖਮਨੀ ਹੈ।

ਇਹ ਇਕੋ ਬਾਣੀ ਰਾਗ ਗਉੜੀ ਵਿਚ ਵਿਦਮਾਨ ਹੈ।

[੨੧] ਸਲੋਕ।

ਇਸਦਾ ਨਾਉਂ ਸੰਗੀਤ ਵਿੱਦਜਾ ਵਿਚ ਦ੍ਵਿਪਥ ਪ੍ਰਬੰਧ ਕਰਕੇ ਲਿਖਿਆ ਹੈ। ਗ੍ਰਾਮੀਣ ਭਾਖਾ ਵਿਚ ਏਸੇ ਨੂੰ ਦੋਹੜਾ ਕਰਕੇ ਕਹਿੰਦੇ ਹਨ ਅਤੇ ਪ੍ਰਾਕ੍ਰਿਤ ਭਾਖਾ ਤੇ ਬ੍ਰਿਜ ਭਾਖਾ ਵਿਚ ਦੋਹਾ; ਪਰੰਤੂ ਸਿੰਧੀ ਭਾਖਾ ਵਿਚ ਡੱਖਣਾ ਵਾ ਡੱਖਣੇ ਕਰਕੇ ਕਹਿੰਦੇ ਹਨ, ਗੁਰ ਸੰਪ੍ਰਦਾਇ ਵਿੱਚ ਸਲੋਕ ਪ੍ਰਤੱਖ ਹੈ।

ਰੂਪ ਇਸ ਪ੍ਰਬੰਧ ਦਾ ਇਉਂ ਲਿਖਿਆ ਹੈ:

ਪਹਿਲੇ ਅੱਧਾ ਉਦਗ੍ਰਾਹ ਅਤੇ ਦੂਜਾ ਅੱਧਾ ਧ੍ਰੁਵ, ਅਗੇ ਆਭੋਗ ਵਿੱਚ ਕਵੀਸ਼ਰ ਦਾ ਨਾਉਂ ਅੱਗੇ ਉਦਗ੍ਰਾਹ ਵਿਚ ਨਜਾਸ ਕਰੀਦਾ ਹੈ, ਸੋ ਦ੍ਵਿਪਥ ਹੈ। ਉਸ ਸਲੋਕ ਦੇ ਦੋ ਭੇਦ ਹਨ। ਜੇ ਇਕ ਤਾਲ ਵਿੱਚ ਗਾਵੀਏਂ ਤਾਂ ਪਹਿਲਾ ਭੇਦ, ਜੇ ਅਨੇਕ ਤਾਲ ਵਿੱਚ ਗਾਵੀਏਂ ਤਾਂ ਦੂਜਾ ਭੇਦ ਹੈ।ਇੱਕੁਰ ਹੀ ਇਸਦੇ ਚਾਰ ਭੇਦ ਹੋਰ ਹਨ।

ਜੇਕਰ ਉਦਗ੍ਰਾਹ ੧ ਅਤੇ ਧ੍ਰੁਵ ੨, ਇਨ੍ਹਾਂ ਦੋਹਾਂ ਸੁਰਾਂ ਵਿੱਚ ਗਾਵੀਏਂ ਤਾਂ ਇਸਦਾ ਨਾਉਂ 'ਸੁਰੋਭਜ' ਕਹਿੰਦੇ ਹਨ।੧।

ਜਿੱਥੇ ਅਰਧ ਅਕਾਰੀ ਦੇ ਗਮਕ ਨਾਲ ਸੁਰਾਂ ਵਿੱਚ ਬੰਨ੍ਹੀਏ ਤਾਂ ਉਸਨੂੰ 'ਪ੍ਰਯੋਗੋਭਜ' ਕਹਿੰਦੇ ਹਨ ॥ ੨ ॥

ਜਿੱਥੇ ਪਹਿਲਾਂ ਅਧੇ ਸੁਰਾਂ ਅਤੇ ਦੂਜੇ ਅਕਾਰੀ ਦੀਆਂ ਗਮਕਾਂ ਵਿੱਚ ਰਚੀਏ ਤਾਂ ਉਸਨੂੰ 'ਸੁਰ ਪ੍ਰਯੋਗੋਭਜ' ਕਹਿੰਦੇ ਹਨ ॥੩॥

ਜਿੱਥੇ ਨਿਰੇ ਹੀ ਅੱਧੇ ਪਦਾਂ ਵਿੱਚ ਰਚਕੇ ਗਾਵੀਏਂ ਉਸਨੂੰ 'ਅਨੋਭਜ' ਕਹਿੰਦੇ ਹਨ।

ਇਕੁਰ ਹੀ ਇਸਦੀਆਂ ਮਾਤ੍ਰਾਂ ਗੁਰ ਲਘੂ ਦੇ ਭੇਦਾਂ ਕਰਕੇ ੯ ਭੇਦ ਹਨ।

ਜਿਸਦੇ ਪਹਿਲੇ ਤੀਜੇ ਚਰਨ ਵਿੱਚ ੧੩ ਮਾਤ੍ਰਾ, ਅਤੇ ਦੂਜੇ ਚੌਥੇ ਚਰਨਵਿਚ ੧੧ ਮਾਤ੍ਰਾ ਹੋਣ ਉਸਨੂੰ ਹਾਰਸ ਕਹਿੰਦੇ ਹਨ ॥ ੧ ॥

ਜਿਸ ਦੇ ਪਹਿਲੇ ਤੀਜੇ ਚਰਨ ਵਿਚ ੧੩ ਮਾਤ੍ਰਾ ਅਤੇ ਦੂਜੇ ਚੌਥੇ ਵਿਚ ੧੨ ਮਾਤ੍ਰਾਂ ਹੋਣ ਉਸਦਾ ਨਾਉਂ ਸਾਰਸ ਕਰਕੇ ਕਹਿੰਦੇ ਹਨ।੨।

ਜਿਸਦੇ ਪਹਿਲੇ ਤੀਜੇ ਚਰਨ ਵਿਚ ੧੪ ਮਾਤ੍ਰਾ ਅਤੇ ਦੂਜੇ ਚੌਥੇ ਵਿੱਚ ੧੨ ਮਾਤ੍ਰਾਂ ਹੋਣ ਉਸਨੂੰ ਭਰਯਾ ਭਵਰ ਕਹਿੰਦੇ ਹਨ ॥੩॥

ਜਿਸਦੇ ਪਹਿਲੇ ਤੀਜੇ ਚਰਨ ਵਿਚ ੧੩ ਮਾਤ੍ਰਾਂ ਅਤੇ ਦੂਜੇ ਚੌਥੇ ਵਿਚ ਚੌਦਾਂ ਮਾਤ੍ਰਾਂ ਹੋਣ ਉਸਨੂੰ ਕੁਹਰ ਕਹਿੰਦੇ ਹਨ ॥੪॥

ਜਿਸਦੇ ਪਹਿਲੇ ਤੀਜੇ ਚਰਨ ਵਿਚ ੧੩ ਮਾਤ੍ਰਾਂ ਹੋਣ ਅਤੇ ਦੂਜੇ ਚੌਥੇ ਵਿਚ ਵੀ ੧੩ ਮਾਤ੍ਰਾਂ ਹੋਣ ਉਸਨੂੰ ਚੰਦ੍ਰਲੇਖਾ ਕਹਿੰਦੇ ਹਨ॥੫॥

ਜਿਸਦੇ ਪਹਿਲੇ ਤੀਜੇ ਚਰਨ ਵਿਚ ੧੩ ਮਾਤ੍ਰਾਂ ਅਤੇ ਦੂਜੇ ਚੌਥੇ ਵਿਚ ੧੫ ਮਾਤ੍ਰਾਂ ਹੋਣ ਤਾਂ ਉਸਨੂੰ ਕੁੰਜਰ ਕਹਿੰਦੇ ਹਨ ॥ ੬ ॥

ਜਿਸਦੇ ਪਹਿਲੇ ਤੀਸਰੇ ਵਿਚ ੧੫ ਮਾਤ੍ਰਾਂ ਹੋਣ ਅਤੇ ਦੂਜੇ ਚੌਥੇ ਵਿਚ ੧੪ ਮਾਤ੍ਰਾਂ ਹੋਣ ਉਸਨੂੰ ਹੰਸਕ੍ਰੀੜ ਕਹਿੰਦੇ ਹਨ॥ ੭ ॥

ਜਿਸਦੇ ਏਹ ਸਾਰਿਆਂ ਦੇ ਦੋਹਾਂ ਅੰਤਲੇ ਪਦਾਂ ਵਿਚ ਪੰਜ ਪੰਜ ਅਥਵਾ ਛੇ ਛੇ ਲਘੁ ਲਾਈਏ ਉਸਦਾ ਨਾਉਂ ਮਯੂਰ ਕਹਿੰਦੇਹਨ॥੮॥

ਇਸਤੋਂ ਉਪਰੰਤ ਕਿਤੇ ਇਸਦੀ ਰਚਨਾ

Digitized by Panjab Digital Library | www.panjabdigilib.org

ਉਲਟੀ ਵੀ ਹੁੰਦੀ ਹੈ, ਇਸ ਨੂੰ ਪ੍ਰਸਿੱਧ ਵਿਚ ਸੋਰਠਾ ਕਹਿੰਦੇ ਹਨ। ਜੀਕੁਰ ਪਹਿਲੇ ਚਰਨ ਦੀਆਂ ਮਾਤ੍ਰਾਂ ਦੂਜੇ ਵਿਚ ਅਤੇ ਚੌਥੇਦੀਆਂਤੀਜੇ ਵਿਚ ਹੋਣ ਤਾਂ ਸੋਰਠਾ ਕਹਿੰਦੇ ਹਨ, ਇਕੁਰ ਹੀ ਪਹਿਲੇ ਦੂਜੇਨੂੰ ਦੁਬਾਰਾ ਗਾਵੀਏ ਅਤੇਤੀਜੇ ਚੌਥੇ ਨੂੰ ਇਕ ਵਾਰ ਗਾਵੀਏ, ਫਿਰ ਪਹਿਲੀ ਰੀਤ ਨਾਲ ਅਭੰਗ ਰਚਕੇ ਗਾਵੀਏ, ਪਹਿਲੇ ਅੱਧੇ ਵਿਚ ਨਜਾਸ ਕਰੀਏ ਤਾਂ ਇਹ ਉਲਟਾ ਹੋ ਜਾਂਦਾ ਹੈ। ਇਕੁਰ ਹੀ ਇਕ ਚਰਨ ਦੇ ਚਰਨ ਤਿੰਨ ਚਰਨਾਂ ਨੂੰ ਕ੍ਰਮ ਤੇ ਇਕ ਇਕ ਦੋ ਦੋਵੇਰ ਗਾਇਨ ਕਰਨੇ ਤੇ ਇਸ ਦ੍ਰਿਪਥ (ਸਲੋਕ) ਦੇ ਅਨੇਕਾਂ ਭੇਦ ਹੋ ਜਾਂਦੇ ਹਨ। ਇਹਬਹੁਤ ਰਾਗਾਂ ਵਿਚ ਵਿਦਮਾਨ ਹਨ।

ਸ਼ਲੋਕਾਂ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੩੪ ਵਿੱਚ।

[੨੨] ਸਲੋਕ ਸਹਸਕ੍ਰਿਤੀ।

ਸਲੋਕ ਨਾਮ ਪ੍ਰਬੰਧ ਦਾ ਹੈ। ਜਿਸ ਭਾਖਾ ਵਿਚ ਸੰਸਕ੍ਰਿਤ ਪ੍ਰਾਕ੍ਰਿਤ ਅਤੇ ਦੇਸ਼ ਭਾਖਾ ਮਿਲੀ ਹੋਈ ਹੋਵੇ ਉਸ ਦਾ ਨਾਉਂ ਸਹਸਕ੍ਰਿਤ ਭਾਖਾ ਹੈ, ਇਸ ਭਾਖਾ ਦੇ ਪ੍ਰਾਚੀਨ ਗ੍ਰੰਥ ਕੁਛ ਮਿਲਦੇ ਹਨ, ਅਥਵਾ ਗੁਜਰੀ ਜੈਦੇਵ 'ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ',ਆਦਿਕ ਇਸੇ ਭਾਖਾ ਵਿਚ ਹਨ। ਇਹ ਸੰਸਕ੍ਰਿਤ ਨਹੀਂ ਹੈ, ਪ੍ਰਾਕ੍ਰਿਤ ਭਾਖਾ ਦਾ ਵਿਸ਼ੇਸ਼ ਰੂਪਾਂਤਰ ਹੈ। ਇਹ ਇਕ ਬਾਣੀ ਹੈ, ਪਰੰਤੂ ਗਾਥਾ* ਦੇ ਸ਼ਲੋਕ ਇਸੇ ਬਾਣੀ ਨਾਲ ਹਨ।

[੨੨] ਸਲੋਕ ਵਾਰਾਂ ਤੇ ਵਧੀਕ।

ਇਹ ਬਹੁਤ ਹੀ ਉੱਘਾ ਪਦ ਹੈ, ਇਸਦਾ ਭਾਵ ਸਪਸ਼ਟ ਹੈ। ਵਾਰਾਂ ਵਿਚ ਇਕ ਇਕ ਪਉੜੀ ਨਾਲ ਦੋ ਦੋ ਸਲੋਕ ਲਿਖੇ ਗਏ ਹਨ। ਬਾਈ ਵਾਰਾਂ ਦੇ ਉਪਰੰਤ ਜੋ ਸਲੋਕ ਵਧ ਰਹੇ ਓਹ ਅੱਡਰੇ ਲਿਖ ਦਿੱਤੇ ਅਤੇ ਉਨ੍ਹਾਂਦੇ ਸਿਰਲੇਖ ''ਸਲੋਕ ਵਾਰਾਂ ਤੇ ਵਧੀਕ'' ਲਿਖਿਆ॥

ਜਿਹਾ ਕਿ ਵਾਰਾਂ ਵਿਚ ਪਉੜੀਆਂ ਤਾਂ ਇਕੋ ਮਹਲ ਦੀਆਂ ਵਿਦਮਾਨ ਹਨ ਜਿਸ ਦੀ ਹਰ ਇਕ ਵਾਰ ਦੇ ਸਿਰਲੇਖ ਪਰ ਮਹਲਾ ੧ ਅਥਵਾ ਤੀਜਾ ਚੌਥਾ ਪੰਜਵਾਂ ਕਰਕੇ ਲਿਖਿਆ ਹੈ। ਪਰੰਤੂ ਸਲੋਕ ਹਰ ਇਕ ਮਹਲੇ ਦੇ ਲਾਏ ਹਨ ਜੋ ਹਰ ਇਕ ਸਲੋਕ ਨਾਲ ਮਹਲੇ ਦੀ ਸੂਚਨਾ ਹੈ, ਜਿਸਦਾ ਭਾਵ ਇਹ ਹੈ ਕਿ ਪਉੜੀ ਪਦ ਦੇ ਅਗੇ ਮਹਲਾ ਸੂਚਕ ਨਹੀਂ, ਕਿਉਂਕਿ ਵਾਰ ਦੇ ਸਿਰਲੇਖ ਵਾਲਾ ਮਹਲਾ ਪ੍ਰਗਟ ਹੈ। ਸਲੋਕ ਭਾਵੇਂ ਦੁਬਾਰਾ ਨਹੀਂ ਲਿਖਿਆ, ਪਰੰਤੂ 'ਮਃ' ਇਹ ਚਿੰਨ ਮਹਲੇ ਦਾ ਦੇਕੇ ਅੱਗੇ ਅੰਗ ਦਾ ਪਤਾ ਅਵਸੱਂ ਲਿਖਿਆ ਹੈ, ਸੋਈ ਮਹਲੇ ਦੀ ਸੂਚਨਾ ਪਰ ਵਾਧੂ ਸਲੋਕਾਂ ਦੇ ਵੀ ਚਾਰ ਖੰਡ ਲਿਖੇ ਹਨ:–ਮਃ ੧ ਦੇ, ਮਃ ਤੀਜੇ ਦੇ, ਮਃ ਚੌਥੇ ਦੇ,ਮਃ ਪੰਜਵੇਂ ਦੇ। ਹੋਰ ਸਲੋਕ ਦਾ ਸਰੂਪ ਦੇਖੋ ਸਲੋਕ ਵਿਚ।

ਸਲੋਕ ਵਾਰਾਂ ਤੋਂ ਵਧੀਕ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੩੬।

[੨੪] ਸਵਯੇ, ਸਵਈਏ।

ਇਹ ਬਾਣੀ ਪੰਜਵੇਂਸਾਹਿਬਾਂਨੇਆਪਉਚਰਕੇ ਭੱਟਾਂ ਨੂੰ ਨਮੂਨਾ ਦੱਸਿਆ ਹੈ,ਜਿਸਦਾਸਿਰਲੇਖ ਸਵਯੇ ਲਿਖਜਾ ਹੈ। ਇਹ ਸੰਗੀਤ ਵਿੱਦਜ਼ਾ ਅਨੁਸਾਰ ਪਦ ਹਨ। ਪਰੰਤੂ ਭੱਟਾਂ ਨੇ ਆਪਣੀ ਭਟਈ (ਡ੍ਹਮ) ਭਾਖਾ ਵਿਚ ਸਵਯੇ ਬਣਾਏ, ਜਿਨ੍ਹਾਂ ਵਿਚ ਸੋਰਠੇ, ਛਪਯ, ਝੂਲਨੇ, ਕਬਿੱਤ ਆਦਿਕ ਰਲੇ ਮਿਲੇ ਛੰਦ ਹਨ,ਸੋ ਭਟਈਕਾਵ੍ਯ ਹੈ, ਏਸੇ ਕਾਰਨ ਸਵਯੇ ਪਦ ਨੂੰ ਸਵਈਏਕਰਕੇ ਲਿਖਿਆ ਹੈ।ਸਵਯੇ ਪ੍ਰਬੰਧ ਵਾਚਕ ਪਦ ਹੈ।

ਸਵਯਾ ਸਤਾਂ ਭਗਨਾਂ ਅਥਵਾ ਸਤਾਂਯਗਨਾਂ

*ਦੇਖੋ ਗਾਥਾ ਅੰਕ ੨੯।

Digitized by Panjab Digital Library | www.panjabdigilib.org

ਜਾਂ ਸਤਾਂ ਤਗਨਾਂ ਕਰਕੇ ਬਣਦਾ ਹੈ । ਇਸਦੇ ਭੇਦ ਮਤ ਦ੍ਰਮਲ, ਮਤ ਗਯੰਦ, ਬਿਜੈ ਛੰਦ, ਵਾ ਸੁੰਦਰੀ ਛੰਦ ਆਦਿਕ ਬਹੁਤੇਰੇਪਿੰਗਲ ਮਤ ਅਨੁਸਾਰ ਲਿਖੇ ਹਨ,ਢੂੰਡਾਉ ਪੁਰਖ ਦੇਖ ਸਕਦੇ ਹਨ। ਇਹ ਇਕੋ ਬਾਣੀ ਹੈ।

ਸਵੈਯਾਂ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੩੫ ਵਿਚ।

[੨੫] ਕੁਚੱਜੀ।

ਅਰਥ ਇਸਦਾਭੈੜੇਕੰਮਾਂਵਾਲੀ ਇਸਤ੍ਰੀਹੈ। ਜਿਸ ਸ਼ਬਦ ਪਰ ਸਿਰਲੇਖ ਕੁਚੱਜੀ ਹੈ, ਓਸ ਵਿਚ ਆਪਣੇ ਆਪ ਔਗੁਣਾਂ ਦਾ ਪਛਤਾਵਾ ਅਤੇ ਬੇਨਤੀ ਹੈ।

ਭਾਵ ਕੁਚੱਜੀ ਇਸਤ੍ਰੀ ਪਰਥਾਇ ਜੋ ਸ਼ਬਦ ਉਚਰਿਆ, ਉਸ ਬਾਣੀ ਦਾ ਨਾਉਂ ਕੁਚਜੀ ਰੱਖਿਆ। ਇਹ ਇਕੋ ਸ਼ਬਦ ਸ੍ਰੀ ਰਾਗ ਵਿਚ ਵਿਦਮਾਨ ਹੈ।

[੨੬] ਕਾਫੀ ।

ਇਹ ਇਕ ਦੇਸੀ ਪ੍ਰਬੰਧਹੈ,ਜੀਕੁਰਖਿਆਲ ਟੱਪਾ ਤਿਵੇਂ ਕਾਫੀ ਅਥਵਾ ਕਾਫੀਆਂ ਹਨ। ਕਈ ਪੰਜਾਬੀ ਕਾਫੀਆਂ ਮਸ਼ਹੂਰ ਹਨ, ਜੀਕਰ ਬੁਲ੍ਹੇਸ਼ਾਹ ਦੀਆਂਕਈ ਕਾਫੀ ਰਾਗ ਵੀ ਕਹਿੰਦੇ ਹਨ,ਪਰੰਤੂ ਏਥੇ ਸਿਰਲੇਖ ਕਾਫੀ ਰਾਗ ਸੂਚਕ ਨਹੀਂ, ਕਿਉਂਕਿ ਸ੍ਰੀ ਤਿਲੰਗ ਆਸਾ ਰਾਗ ਆਦਿਕਾਂ ਦੇ ਨਾਲ ਕਰਕੇ ਲਿਖਿਆ ਹੈ, ਇਸ ਕਾਰਣ ਤੇ ਇਸਨੂੰ ਪ੍ਰਬੰਧ (ਛੰਦ) ਸਮਝਣਾ ਚਾਹੀਏ। ਕਿਉਂਕਿ ਕਈ ਸਿਆਣੇ ਕਾਫੀ ਨੂੰ ਸਿੰਧੜਾ ਕਹਿੰਦੇ ਹਨ, ਪਰੰਤੂ ਸਿੰਧੜਾ ਅਤੇ ਕਾਫੀ ਰਾਗ ਅੱਡੋ ਅੱਡ ਹਨ,ਦੇਖੋ ਦੋਵੇਂ ਨਕਸ਼ੇ।

ਰਾਗ ਕਾਫੀ

ਸੁਰ ਗੁਰ–	ਨਿਖਾਧ
ਬਾਦੀ–	ਮਧਮ
ਸੰਬਾਦੀ–	ਪੰਚਮ
ਏਨਬਾਦੀ–	ਗੰਧਾਰ
ਅਹ ਸੰਪੂਰਣ ਹੈ–	ਨ ਸ ਰ ਗ ਮ ਪ ਧ
ਖਰਜ–	ਸੁਧ
ਰਿਖਭ ਧੈਵਤ–	ਤੀਬ੍ਰ
ਮਧਮ–	ਕੋਮਲ
ਪੰਚਮ–	ਸੁਧ
ਗੰਧਾਰ ਨਿਖਾਧ–	ਸਕਾਰੀ
ਵੇਲਾ–	ਅਧੀ ਰਾਤ
ਮੇਲਾਪ-ਕਾਨੜਾ, ਬੀਰਸਾ, ਮੁਲਤਾਨੀ ।	

ਰਾਗ ਸਿੰਧੜਾ

ਸੁਰ ਗੁਰ–	ਪੰਚਮ
ਬਾਦੀ–	ਪੰਚਮ
ਸੰਬਾਦੀ–	ਮਧਮ
ਅਨਬਾਦੀ–	ਨਿਖਾਧ
ਸੰਪੂਰਨ ਹੈ–	ਪ ਗ ਰ ਸ ਮ ਧ ਨ
ਖਰਜ–	ਸੁਧ
ਰਿਖਭ–	ਤੀਬ੍ਰ
ਗੰਧਾਰ–	ਅਤੀ ਕੋਮਲ
ਪੰਚਮ–	ਸੁਧ
ਧੈਵਤ–	ਤੀਬ੍ਰ
ਨਿਖਾਧ–	ਅਤੀ ਕੋਮਲ
ਵੇਲਾ–	ਤੀਸਰਾ ਪਹਿਰ
ਮਿਲਾਪ-ਆਸਾਵਰੀ	ਅਹੀਰੀ ਨਾਲ ।

ਪਰੰਤੂ ਏਥੇ ਇਨ੍ਹਾਂ ਦੁਹਾਂ ਰਾਗਾਂ ਨਾਲ ਇਸ ਕਾਫੀ ਦਾ ਕੋਈ ਸੰਬੰਧ ਨਹੀਂ ਹੈ। ਇਸ ਤੇ ਸਿੱਧ ਹੋਇਆ ਕਿ ਇਹ ਇਕ ਦੇਸੀ ਪ੍ਰਬੰਧ ਹੈ। ਜਿਸ ਜਿਸ ਰਾਗ ਵਿਚ ਗਾਉਣ ਦੀ ਧਾਰਨਾ ਸੀ, ਓਸੇ ਰਾਗ ਵਿਚ ਕਾਫੀ ਲਿਖਿਆ ਹੈ। ਇਹ ਆਸਾ, ਤਿਲੰਗ, ਮਾਰੂ, ਸ੍ਰੀ ਆਦਿਕ

Digitized by Panjab Digital Library | www.panjabdigilib.org

ਰਾਗਾਂ ਵਿਚ ਵਿਦਮਾਨ ਹੈ।

[੨੭] ਕਰਹਲੇ ।

ਇਸ ਬਾਣੀ ਵਿਚ ਬਹੁਤ ਵਾਰੀ ਕਰਹਲੇ ਪਦ ਦੇ ਆਉਣੇ ਕਰਕੇ ਇਸ ਦਾ ਸਿਰਲੇਖ ਨਾਉਂ ਵੀ ਕਰਹਲੇ ਹੀ ਰੱਖਿਆ, ਜੀਕੁਣ ਪਹਿਰੇ ਹਨ। ਅਰਥ ਇਸਦਾ 'ਉਦਮ' ਉਪਦੇਸ਼ ਕਰਕੇ ਬਚਨ ਕਰਦੇ ਹਨ 'ਹੱਲਾ ਕਰ', ਅਰਥਾਤ 'ਉੱਦਮ ਕਰ'।

ਕਈਕੁ ਇਸਦਾ ਅਰਥ ਊਠ ਵੀ ਕਰਦੇ ਹਨ ਅਤੇ ਭਾਵ ਇਹ ਕਹਿੰਦੇ ਹਨ। ਜੀਕਰ ਊਠ ਅਵਸੋਂ ਪੰਧ ਪਰਦੇਸ਼ ਵਿਚ ਹੀ ਰਹਿੰਦਾ ਹੈ ਤਿਵੇਂ ਹੀ ਇਹ ਜੀਵ ਭੀ ਪਰਦੇਸ਼ੀ ਹੈ ਅਤੇ ਜੂਨੀਆਂ ਦੇ ਪੰਧ ਵਿਚ ਪਿਆ ਹੋਇਆ ਹੈ, ਪਰ ਇਹ ਅਰਥ ਭਾਵ ਬਿਵਸਥਾ ਨਹੀਂ ਖਾਂਦਾ, ਇਸ ਲਈ ਇਸਦਾ ਭਾਵ ਕਰਹਲਾ ਪਦ ਦੀ ਆਬ੍ਰਤੀ ਕਰਕੇ ਸਿਰਲੇਖ ਕਰਹਲਾ ਹੈ। ਇਹ ਕੇਵਲ ਦੋ ਸ਼ਬਦ ਹੀ ਹਨ।

[੨੮] ਗੁਣਵੰਤੀ।

ਅਰਥ ਇਸਦਾ ਗੁਣਾਂ ਵਾਲੀ ਇਸਤ੍ਰੀ ਹੈ। ਜਿਸ ਸ਼ਬਦ ਪਰ ਸਿਰਲੇਖ ਗੁਣਵੰਤੀ ਹੈ, ਉਸ ਵਿਚ ਸ੍ਰੇਸ਼ਟ ਗੁਣਾਂ ਦੀ ਅਭਿਲਾਖਾ ਪਰ ਉਪਦੇਸ਼ ਹੈ।

ਭਾਵ ਸ੍ਰੇਸ਼ਟ ਗੁਣਾਂ ਪਰਥਾਇ ਜੋ ਸ਼ਬਦ ਉਚਰਿਆ ਉਸਦਾ ਨਾਉਂ ਗੁਣਵੰਤੀ ਰਖਿਆ। ਇਹ ਭੀ ਇਕੋ ਸ਼ਬਦ ਸੂਹੀ ਰਾਗ ਵਿਚ ਵਿਦਮਾਨ ਹੈ।

[੨੯] ਗਾਥਾ ।

ਇਹ ਸਿਰਲੇਖ ਸਹਸਕ੍ਰਿਤੀ ਸਲੋਕਾਂ ਵਿਚ ਹ। ਇਹ ਇਕ ਛੰਦ ਦਾ ਨਾਉਂ ਹੈ ਜੋ ਸੰਗੀਤ ਪਿੰਗਲ ਅਨੁਸਾਰ ਬਣਦਾ ਹੈ।

ਸੰਗੀਤ ਸ਼ਾਸਤ੍ਰ ਵਿਚ ਇਹ ਗਾਥਾ ਆਲ ਪ੍ਰਬੰਧ ਦਾ ਪੰਦ੍ਰਵਾਂ ਭੇਦ ਲਿਖਿਆਹੈ ਜਿਹਾਕਿ—

ਇਸਦਾ ਸਾਰਾ ਸਰੂਪ ਆਰਯਾ ਛੰਦ ਦਾ ਹੈ, ਪਰੰਤੂ ਇਹ ਕੇਵਲ ਪ੍ਰਾਕ੍ਰਿਤ ਭਾਖਾ ਹੋਣੇ ਤੇ ਇਸਦਾ ਨਾਉਂ ਗਾਥਾ ਹੈ।

ਪ੍ਰਾਕ੍ਰਿਤ ਭਾਖਾ ਦੇ ਉਨ੍ਹਾਂ ਸਾਰਿਆਂ ਛੰਦਾਂ ਨੂੰ ਜੋ ੨੬ਅਖਰਾਂ ਤੋਂ ਉਪਰ ਹੈਨ ਗਾਥਾ ਕਹਿ ਦੇਂਦੇ ਹਨ। ਪ੍ਰਾਕ੍ਰਿਤ ਭਾਖਾ ਦਾ ਤੇ ਗਾਥਾ ਦਾ ਏਸ ਕਰਕੇ ਗੂੜ੍ਹਾ ਸਬੰਧ ਹੈ, ਏਥੋਂਤਕ ਕਿ ਗਾਥਾ ਵੀ ਇਕ ਪ੍ਰਕਾਰ ਦੀ ਪ੍ਰਾਕ੍ਰਿਤ ਭਾਖਾ ਗਿਣੀ ਜਾਂਦੀ ਹੈ।

ਗਾਥਾ ਛੰਦ ਦਾ ਆਰਯਾ ਛੰਦ ਵਾਕਰ ਹੀ ਉਦਗ੍ਰਾਹ ੧ ਧ੍ਰੁਵ ੨ ਆਭੋਗ ਗਾਉਂ ਕੇ ਉਦਗ੍ਰਾਹ ਵਿਚ ਨਜਾਸ ਕਰਦੇ ਹਨ।

ਕਦੀ ਕਦੀ ਕੋਈ ਸਿਆਣੇ ਗਾਥਾ ਨੂੰ ਤਿੰਨਾਂ ਪਦਾਂ ਅਥਵਾ ਪੰਜਾਂ ਛਿਆਂ ਪਦਾਂ ਤਕ ਵੀ ਰਚਦੇ ਹਨ।

ਹੋਰ ਵਰਣ ਮਾਤ੍ਰਾ ਆਦਿਕ ਸਾਰੇ ਆਰਯਾ ਛੰਦ ਵਾਕਰ ਹੀ ਹਨ, ਇਨ੍ਹਾਂ ਕਰ ਕੇ ਭੇਦ ਵੀ ਛਬੀ ਹੀ ਜਾਨਣੇ। ਇਹ ਇੱਕੋ ਬਾਣੀ ਹੈ।

ਨੋਟ—ਦੇਖੋ ਗੁਰੂ ਗ੍ਰੰਥ ਕੋਸ਼।

[੩੦] ਘੋੜੀਆਂ।

ਇਹ ਇਕ ਪੰਜਾਬੀ ਗੀਤ ਦਾ ਨਾਉਂ ਹੈ ਜੋ ਅਵਸੋਂ ਲੜਕੇ ਦੇ ਵਿਆਹ ਸਮੇਂ ਤੀਵੀਆਂ ਗਾਉਂਦੀਆਂ ਹਨ। ਜੀਕੁਰ ਲੜਕੀ ਦੇ ਵਿਆਹ ਸਮੇਂ ਸੁਹਾਗ ਗਾਉਂਦੀਆਂ ਹਨਤਿਵੇਂਘੋੜੀਆਂ। ਸੋਈ ਘੋੜੀਆਂ ਗੀਤਾਂ ਪਰਥਾਇ ਹੋਣੇ ਅਤੇ ਬਾਰ ਬਾਰ ਘੋੜੀ ਪਦ ਸ਼ਬਦ ਵਿਚ ਆਉਣੇ ਤੇ (ਜਿਹਾਕੁ ''ਦੇਹ ਤੇਜਣ ਘੋੜੀ ਜੀ'')ਇਸ ਬਾਣੀ ਦਾ ਨਾਉਂ ਘੋੜੀਆਂ ਰਖਿਆ। ਇਹ ਗੀਤ ਠੀਕ ਉਸੇ ਗੀਤ ਦੀ ਧਾਰਨਾਂ ਪਰ

Digitized by Panjab Digital Library | www.panjabdigilib.org

ਵਿਆਹ ਵੇਲੇ ਗਾਉਂਦੇ ਹਨ। ਇਹ ਕੇਵਲ ਦੋ ਸ਼ਬਦ ਹਨ।

[੩੧]ਘਰ।

ਇਹ ਸਿਰਲੇਖ ਜਗ੍ਹਾ ਜਗ੍ਹਾ ਲਿਖਿਆ ਹੈ, ਅਰਥ ਇਸਦਾ ਤਾਰ (ਤਾਲ) ਹੈ।

ਘਰ ਪਦ ਦੇ ਅਗੇ ਜੋ ਅੰਗ ਹੋਵੇ ਉਸ ਅਨੁਸਾਰ ਸਮਝ ਲਵੋ ਕਿ ਇਹ ਸ਼ਬਦ ਦੋ ਅਥਵਾ ਚਾਰ ਯਾ ਦਸ ਤਾਲ ਵਿਚ ਗਾਉਣਾ ਚਾਹੀਏ ।

ਕਿਉਂਕਿ ਸੁਰ, ਤਾਲ, ਲਯ,ਅੰਗ,ਨਜਾਸ ਗ੍ਰਹਿ, ਇਹੋ ਗੱਲਾਂ ਰਾਗ ਦਾ ਸਰੂਪ ਪ੍ਰਕਾਸ਼-ਦੀਆਂ ਹਨ, ਇਸੇ ਲਈ ਜਿੰਨੇ ਜਿੰਨੇ ਤਾਲ ਵਿਚ ਜੋ ਜੋ ਰਾਗ ਦਾ ਸ਼ਬਦ ਵਾ ਬਾਣੀ ਉਚਰੀ ਸੋ ਸੋ ਗਾਉਣੇ ਲਈ ਉਸ ਦੇ ਤਾਲ ਦਾ ਪਤਾ ਨਾਲ ਲਿਖਿਆ ਹੈ।

ਨੋਟ--ਤਾਰ, ਤਾਲ, ਘਰ,ਇਕੋ ਹੀ ਗਲ ਹੈ। ਤਾਲ ਦੇ ਭੇਦ ਸੰਗੀਤ ਗ੍ਰੰਥਾਂ ਵਿਚ ਬਹੁਤ ਲਿਖੇ ਪਏ ਹਨ। ਖੋਜੀ ਲੋਕ ਉਨ੍ਹਾਂ ਗ੍ਰੰਥਾਂ ਵਿਚੋਂ ਦੇਖ ਸਕਦੇ ਹਨ। ਏਥੇ ਵਿਸ਼ੇਸ਼ ਪ੍ਰਕਰਣ ਇਸ ਲਈ ਨਹੀਂ ਲਿਖਿਆ ਕਿ ਇਹ ਪ੍ਰਕਰਣ ਬਹੁਤ ਭਾਰੀ ਹੈ, ਗ੍ਰੰਥ ਇਸੇ ਖੁਲਾਸੇ ਵਿਚ ਭਾਰੀ ਹੋ ਜਾਏਗਾ ਤੇ ਅਸਲ ਮਤਲਬ ਬੇਪਤਾ ਰਹਿ ਜਾਏਗਾ। ਦੇਖਣ ਲਈ ਗ੍ਰੰਥ ਸੁਰ ਤਾਲ ਸੰਬੂਹ ਰਾਗ ਰਤਨਾਕਰ ਦੇ ਪੰਜਵੇਂ ਧਜਾਇ ਅਤੇ ਸਰਮਾਇਆ ਇਸ਼ਰਤ ਆਦਿਕ ਵਿਚ ਬਹੁਤ ਖੁਲਾਸਾ ਹਾਲ ਲਿਖਿਆ ਹੈ।

[੩੨] ਚਉਪਦੇ।

ਚਹੁੰ ਪਉੜੀਆਂ ਦੇ ਸ਼ਬਦਾਂ ਨੂੰ ਚਉਪਦੇ ਕਰਕੇ ਲਿਖਿਆ ਹੈ, ਸ਼ਬਦ ੪ ਦੀ ਪੂਰਣਤਾ ਪਰ ਅਵਸੋਂ ੪ ਦਾ ਅੰਗ ਚਹੁੰ ਪਦਾਂ ਦੀ ਸੂਚਨਾ ਕਰਾਉਂਦਾ ਹੈ।

ਪਰੰਤੂ ਸੰਗੀਤ ਵਿੱਦਜਾ ਵਿੱਚ ਚਤੁਸਪਦੀ ਪ੍ਰਬੰਧ ਕਰਕੇ ਲਿਖਿਆ ਹੈ, ਜਿਹਾ ਕਿ ਪਹਿਲੇ ਤੀਸਰੇ ਚਰਨ ਵਿੱਚ ੧੫ ਮਾਤ੍ਰਾ ਹੋਣ, ਦੂਜੇ ਚੌਥੇ ਚਰਨ ਵਿਚ ਸੋਲਾਂ ਸੋਲਾਂ ਮਾਤ੍ਰਾਂ ਹੋਣ ਪਹਿਲੇ ਦੂਜੇ ਅੱਧੇ ਤੁਕਾਂਤ ਵਿਚ ਯਮਕ ਹੋਵੇ।

ਪਹਿਲੇ ਸੁਰ ਰਚਕੇ ਉਦਗ੍ਰਾਹ ਕਰੀਏ, ਦੂਜੇ ਅੱਧੇ ਵਿੱਚ ਤੇਨਕ ਰਚਕੇ ਧ੍ਰੁਵ ਕਰੀਏ, ਫੇਰ ਆਭੋਗ ਰਚਕੇ ਧ੍ਰੁਵ ਦਾ ਗੌਨ ਕਰਕੇ ਨਜਾਸ ਕਰੀਏ ਤਾਂ ਇਸੇ ਪ੍ਰਬੰਧ ਨੂੰ ਚਤੁਸਪਦੀ ਕਰਕੇ ਕਹਿੰਦੇ ਹਨ। ਇਸ ਨੂੰ ਕਰਨਾਟੀ ਭਾਖਾ ਵਿੱਚ ਅਵਸ ਰਚੀਦਾ ਹੈ, ਬਰਤਾ ਤਾਲ ਕੋਈ ਨਹੀਂ। ਬਹੁਤ ਰਾਗਾਂ ਵਿੱਚ ਵਿਦਮਾਨ ਹਨ।

[੩੩] ਚਉਤੁਕੇ।

ਜਿਨ੍ਹਾਂ ਸ਼ਬਦਾਂ ਵਿੱਚ ਚਹੁੰ ਚਹੁੰ ਤੁਕਾਂ ਦੇ ਪਦ ਹਨ ਉਨ੍ਹਾਂ ਦਾ ਨਾਉਂ ਚਉਤੁਕੇ ਕਰਕੇ ਲਿਖਿਆ ਹੈ। ਇਹ ਕਿਸੇ ਕਿਸੇ ਰਾਗ ਵਿੱਚ ਵਿਦਮਾਨ ਹਨ।

'[੩੪] ਚਉਬੋਲੇ।

ਭਾਵੇਂ ਇਹ ਇਕ ਦੇਸੀ ਗੀਤ ਦਾ ਨਾਉਂ ਪ੍ਰਸਿੱਧ ਹੈ,ਪਰੰਤੂ ਏਥੇ ਗੀਤ ਦੀ ਸੂਚਨਾ ਨਹੀਂ ਅਤੇ ਨਾਂ ਹੀ ਇਹ ਓਸ ਗੀਤ ਦੀ ਧਾਰਨਾ ਹੈ। ਭਾਵ ਇੱਥੇ ਚਹੁੰ ਪੁਰਖਾਂ ਦੇ ਵੱਲੇ (ਵਾਕ) ਤੋਂ ਹੈ ਕਿਉਂਕਿ ਸੰਮਨ, ਮੂਸਨ, ਜਮਾਲ ਅਤੇ ਪਤੰਗ. ਇਨਾਂ ਚਹੁੰ ਦੇ ਬਚਨਾਂ ਦਾ ਅਨੁਵਾਦ ਹੈ। ਇਸ ਲਈ ਇਸਦਾ ਨਾਉਂ ਚਉਬੋਲੇ ਲਿਖਿਆ ਹੈ। ਉਪਰ ਲਿਖੇ ਚਾਰੇ ਨਾਉਂ ਬਾਣੀ ਵਿੱਚ ਸਪਸ਼ਟ ਲਿਖੇ ਪਏ ਹਨ। ਇਹ ਬਾਣੀ ਇਕੋ ਜਗ੍ਹਾ ੧੧ ਸਲੋਕਾਂ ਵਿੱਚ ਵਿਦਮਾਨ ਹੈ।

[੩੫] ਛਿਪਦੇ

ਇਹ ਸਿਰਲੇਖ ਭਾਵੇਂ ਨਹੀਂ ਲਿਖਿਆ, ਪਰੰਤੂ ਪੰਚ ਪਦੇ ਸ਼ਬਦਾਂ ਦੇ ਵਿੱਚਛੇਕੜ ਛਿਪਦੇ

Digitized by Panjab Digital Library | www.panjabdigilib.org

ਸ਼ਬਦ ਬਹੁਤੀ ਥਾਈਂ ਵਿਦਮਾਨ ਹਨ, ਇਸ ਲਈ ਸੂਚਨਾ ਹੈ। ਜਿੱਥੇ ਛਿਆਂ ਪਉੜੀਆਂ ਦੇ ਸ਼ਬਦ ਹੈਨ ਅਤੇ ਸ਼ਬਦ ਦੀ ਪੂਰਣਤਾ ਪਰ ਅੰਗ ਵੀ ਛਿਆਂ ਦਾ ਹੈ, ਓਹ ਛੇਪਦੇ ਸਮਝਣੇ ਚਾਹੀਏ, ਕਿਉਂਕਿ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਦੇ ਕ੍ਰਮ ਅਨੁਸਾਰ ਛਿਪਦੇ ਮੰਨਣੇ ਯੋਗ ਹਨ। ਚੇਤੇ ਰਹੇ ਕਿ ਇਸ ਕ੍ਰਮ ਵਿੱਚ ਸਪਤ ਪਦੇ ਨਹੀਂ ਹਨ, ਜੇ ਕਿਤੇ ਕੋਈ ਸਪਤ ਪਦੀ ਹੈ ਭੀ ਤਾਂ ਅਸਟਪਦੀਆਂ ਵਿੱਚ ਮਿਲ ਗਈ ਹੈ। ਭਾਵੇਂ ਛਿਪਦੇ ਵੀ ਪੰਚ ਪਦੇ ਵਿੱਚ ਹੀ ਮਿਲੇ ਹੋਏ ਹਨ, ਪਰੰਤੂ ਛਿਪਦੇ ਬਹੁਤ ਹੋਣੇ ਕਰਕੇ ਵਖਰਾ ਵੇਰਵਾ ਪ੍ਰਗਟ ਕਰਨਾ ਅਵੱਸ਼ ਹੋਇਆ।

ਸੰਗੀਤ ਵਿਦਜਾ ਵਿੱਚ ਵੀ ਸਪਤ ਪਦੀ ਪ੍ਰਬੰਧ ਨਹੀਂ ਲਿਖਿਆ, ਪਰੰਤੂ ਖਟ ਪਦੀ ਪ੍ਰਬੰਧ ਲਿਖਿਆ ਹੈ ਜਿਹਾ ਕਿ:—

ਜਿਥੇ ਛੇ ਚਰਣ ਹੋਣ, ਚਤੁਸਪਦੀ ਦੀਆਂ ਮਾਤ੍ਰਾਂ ਦਾ ਪਹਿਲਾ ਤੀਜਾ ਪੰਜਵਾਂ ਚਰਨ ਪੰਦ੍ਰਾਂ ਪੰਦ੍ਰਾਂ ਮਾਤ੍ਰਾਂ ਦਾ ਰਚੀਏ। ਦੂਜਾ ਚੌਥਾ ਛੇਵਾਂ ਸੋਲਾਂ ਸੋਲਾਂ ਮਾਤ੍ਰਾਂ ਦਾ ਰਚੀਏ, ਦੋਹੁ ਚਰਨਾਂ ਦੇ ਅੰਤ ਵਿੱਚ ਯਮਕ ਹੋਵੇ, ਛੇਵੇਂ ਤੀਜੇ ਚਰਨ ਵਿੱਚ ਪਹਿਲੇ ਦੋ ਦੋ ਕਾਮ ਗਣ ਰਚੀਏ, ਇਕ ਇਕ ਬਾਣ ਗਣ ਕਰੀਏ, ਇਕੁਰ ਹੀ ਦੁਹਾਂ ਚਰਨਾਂ ਵਿੱਚ ਛੇ ਛੇ ਗਣ ਅਤੇ ਪਹਿਲੇ ਦੂਸਰੇ ਚੌਥੇ ਪੰਜਵੇਂ ਚਰਨਾਂ ਵਿਚ ਦੋ ਦੋ ਕਾਮਗਣ ਹੋਣ ਇਕੁਰ ਹੀ ਚੌਦਾਂ ਗਣ ਪੂਰੇ ਹੋਣ ਤਾਂ ਉਸਨੂੰ ਖਟਪਦੀ ਪ੍ਰਬੰਧ ਕਹਿੰਦੇ ਹਨ।

ਜਿੱਥੇ ਪਹਿਲੇ ਅੱਧੇ ਸੁਰ ਵਿੱਚ ਰਚਕੇ ਉਦਗ੍ਰਾਹ ਕਰੀਏ ਅਤੇ ਦੂਜੇ ਤੀਜੇ ਅੱਧੇ ਵਿਚ ਤੇਨਕ ਰਚਕੇ ਧ੍ਰੁਵ ਕਰੀਏ ਫੇਰ ਆਭੋਗ ਰਚ ਉਦਗ੍ਰਾਹ ਵਿੱਚ ਨਯਾਸ ਕਰੀਏ ਤਾਂ ਖਟਪਦੀ ਪ੍ਰਬੰਧ ਹੈ। ਏਥੇ ਤਾਲ ਕੋਈ ਨਹੀਂ, ਪਰ ਕਰਨਾਟੀ ਭਾਖਾ ਵਿੱਚ ਰਚੀਏ।

[੩੬] ਛਿੰਝ।

ਇਹ ਪਦ ਵੀ ਸਿਰਲੇਖ ਨਹੀਂ ਹੈ, ਪਰੰਤੂ ਇਸ ਬਾਣੀ ਦੇ ਅੰਤ ਵਿੱਚ "ਹਉ ਬਾਹੁੜਿ ਛਿੰਝ ਨ ਨਚਉ" ਅਤੇ ਵਿਚਕਾਰ "ਸਭ ਹੋਈ ਛਿੰਝ ਇਕਠੀਆ" ਅਤੇ ਪੂਰਣ ਵੀ ਇਸ ਬਾਣੀ ਵਿੱਚ "ਮਲ ਲਥੇ ਲੈਦੇ ਫੇਰੀਆਂ" ਤੋਂ ਛਿੰਝ ਦਾ ਹੀ ਸਪਸ਼ਟ ਹੈ। ਇਸ ਕਾਰਣ ਤੇ ਇਸ ਬਾਣੀ ਦਾ ਨਾਉਂ ਗੁਰ ਸਿੱਖਾਂ ਵਿੱਚ ਛਿੰਝ ਕਰਕੇ ਹੀ ਪ੍ਰਸਿੱਧ ਹੈ। ਅਰਥ ਇਸਦਾ ਕੁਸ਼ਤੀ ਵੀ ਤੇ ਅਖਾੜਾ ਵੀ ਹੈ, ਭਾਵ ਪਹਿਲਵਾਨਾਂ ਦੀ ਅਖਾੜੇ ਵਿੱਚ ਕੁਸ਼ਤੀ ਹੋਣ ਵੇਲੇ ਦੇ ਦੇਖਣ ਵਾਲਿਆਂ ਦੇ ਪਿੜ ਦਾ ਨਾਉਂ ਛਿੰਝ ਹੈ। ਹੋਰ ਛਿੰਝ ਦਾ ਰੂਪਕ ਸ਼ਬਦ ਵਿੱਚ ਸਪਸ਼ਟ ਹੀ ਹੈ। ਇਹ ਬਾਣੀ ਤਾਂ ਭਾਵੇਂ ਇਕੋ ਹੈ, ਪਰ ਗੁਰ ਸੰਪ੍ਰਦਾਈ ਮਃ ੧ ਦੀ ਅਤੇ ਮਃ ੫ ਦੀ ਦੋਨੋਂ ਦਾ ਨਾਮ ਛਿੰਝ ਕਰਕੇ ਕਹਿੰਦੇ ਹਨ। ਵੇਰਵਾ ਇਸਦਾ ਦੇਖੋ ਚੱਕ੍ਰ ਨੰਬਰ ੩ ਦੇ ਨੋਟ ਵਿਚੋਂ।

[੩੭] ਛੰਤ, ਛੰਨਤ।

ਇਹ ਪ੍ਰਸਿੱਧ ਛੰਦ ਪਦ ਦਾ ਛੰਤ ਪਦ ਹੈਂ, ਅਰਥ ਇਸਦਾ ਜਸ ਕਰਦੇ ਹਨ।

ਇਹ ਭੀ ਇਕ ਸੰਗੀਤ ਵਿੱਦਜਾ ਅਨੁਸਾਰ ਪ੍ਰਬੰਧ ਹੈ, ਪਰੰਤੂ ਇਸਦਾ ਦੂਸਰਾ ਨਾਉਂ ਨਾ ਮਾਲੂਮ ਹੋਣੇ ਕਰਕੇ ਨਹੀਂ ਲਿਖਿਆ ਗਿਆ। ਪਰੰਤੂ ਖਟ ਪਦੀ ਪ੍ਰਬੰਧ ਦੇ ਭੇਦਾਂ ਵਿਚੋਂ ਇਕ ਭੇਦ ਹੈ। ਇਹ ਛੰਤ ਕਈ ਰਾਗਾਂ ਵਿੱਚ ਵਿਦਮਾਨ ਹਨ ਅਤੇ ਓਹਨਾਂ ਹੀ ਰਾਗਾਂ ਦੀ ਧੁਨ, ਸੁਰ, ਲੈ ਵਿਚ ਗਾਵਣੇ ਲਈ ਤਾਰ ਦੀ ਸੂਚਨਾ ਥਾਓਂ ਥਾਈਂ ਲਿਖੀ ਹੈ, ਜਿਹਾ ਕਿ ਘਰ ੧ ਯਾ ੪ ਆਦਿਕ, ਅਥਵਾ ਫਲਾਣੇ ਦੀ

Digitized by Panjab Digital Library | www.panjabdigilib.org

ਜਤਿ (ਧਾਰਨਾ)।

ਅਤੇ (ਰਿਵਾਜ) ਪ੍ਰਚਲਤ ਰੀਤੀ ਵੀ ਇਹ ਪ੍ਰਤੱਖ ਹੈ ਕਿ ਜੋ ਛੰਤ ਚਹੁੰ ਤੁਕਾਂ ਦੇ ਹਨ ਓਹ ਇਕੋ ਹੀ ਕਿਸਮ ਦੇ ਤਾਰ ਵਿੱਚ ਭਾਵੇਂ ਗਾਵੇਂ ਜਾਂਦੇ ਹਨ, ਜਿਹਾ ਕਿ "ਹਰਿ ਅੰਮ੍ਰਿਤ ਭਿੰਨੇ ਲੋਇਣਾ" ਆਦਿ ੪ ਤਾਰ ਵਿੱਚ ਗਾਉਂਦੇ ਹਨ ਅਤੇ ਛਿਆਂ ਤੁਕਾਂ ਵਾਲੇ "ਤੂੰ ਸੁਣਿਹਰਣਾ ਕਾਲਿਆ" ਆਦਿਕ ਦੀਆਂ ਪਹਿਲੀਆਂ ਦੋ ਤੁਕਾਂ ਤਿੰਨ ਤਾਰ ਵਿੱਚ ਅਤੇ ਬਾਕੀ ਦੀਆਂ ਚਾਰ ਤੁਕਾਂ ਦੋ ਤਾਰ ਵਿੱਚ ਗਾਂਵੀਦੀਆਂ ਹਨ। ਇਹ ਬਹੁਤ ਰਾਗਾਂ ਵਿਚ ਵਿਦਮਾਨ ਹਨ ਵੇਰਵੇ ਲਈ ਦੇਖੋ ਚਕ੍ਰ ਨੰਬਰ ੪੩।

[੩੮] ਛਕਾ।

ਇਹ ਪਦ ਕਿਤੇ ਕਿਤੇ ਛਿਆਂ ਸ਼ਬਦਾਂ ਦੇ ਅੰਤ ਵਿੱਚ ਲਿਖਿਆ ਹੈ। ਅਰਥ ਇਸ ਦਾ ਹੈ ਛਿਆਂ ਦਾ ਇਕ। ਭਾਵ ਉਪਰਲੇ ਛਿਆਂ ਸ਼ਬਦਾਂ ਦਾ ਇਕ ਛੱਕਾ (ਬਾਣੀ) ਹੈ।

ਯਾਦ ਰਹੇ ਇਹ ਛਿਪਦਾ ਨਹੀਂ।

ਕਹਿੰਦੇ ਹਨ ਚਹੁੰ ਛੱਕਿਆਂ ਦੀ ਇਕ ਸੁਖਮਨੀ ਹੈ ਜੋ ਚਹੁੰ ਥਾਈਂ ਕਰਕੇ ਵੰਡਕੇ ਛੇ ਛੇ ਅਸਟਪਦੀਆਂ ਸ਼ਬਦ ਰਖੇ ਹਨ, ਨਹੀਂ ਤਾਂ ਇਹ ਇਕੋ ਸੁਖਮਨੀ ਬਾਣੀ ਸੀ। ੨੪ ਅਸਟਪਦੀਆਂ ਹੋਣੇ ਤੇ ਕਈ ਸੁਖਮਨੀ ਅਰਥ ਕਰਦੇ ਹਨ, ਇਸ ਲਈ ਇਹ ਭੀ ਚਹੁੰ ਛਕਿਆਂ ਦੀਸੁਖਮਨੀ ਕਹਿੰਦੇ ਹਨ, ਪੂੰਤੂ ਇਸ ਗਲ ਦੀ ਪ੍ਰਮਾਣਕਤਾ ਕੋਈ ਨਹੀਂ ਲੱਭਦੀ।

[੩੯] ਜਪੁ ਨੀਸਾਣੁ

ਇਹ ਨਾਉਂ ਆਦਿ ਨਿਤ ਨੇਮ ਦੀ ਬਾਣੀ ਦਾ ਪ੍ਰਗਟ ਹੈ, ਗੁਰਪ੍ਰਸਾਦਿ ਦੇ ਅਗੇ॥ ਜਪੁ॥ ਸਿਰ ਲੇਖ ਸਪਸ਼ਟ ਲਿਖੇ ਹੋਣ ਤੇ ਇਸ ਬਾਣੀ ਦਾ ਨਾਉਂ 'ਜਪੁ' ਪ੍ਰਗਟ ਹੈ, ਅਰਥ ਇਸਦਾ ਜਪਣਾ ਕ੍ਰਿਯਾ ਵਾਚਕ ਹੈ। ਨੀਸਾਣੁ ਪਦ ਜਪੁ ਸਾਹਿਬ ਵਿਚ ਦੇ ਵਾਰ ਪ੍ਰਗਟ ਹੈ, ਇਸੇ ਲਈ ਤਤਕਰੇ ਦੇ ਆਦਿ ਵਿਚ ਜਪੁ ਨੀਸਾਣ ਕਰਕੇ ਲਿਖਿਆ ਹੈ,ਨੀਸਾਣ ਪਦ ਦਾ ਅਰਥਪ੍ਰਗਟਹੈ।

ਭਾਵ ਇਹ ਜਪ ਬਾਣੀ ਜਪਣੇ ਲਈ ਮੂਲ ਮੰਤ੍ਰ ਰੂਪ ਪ੍ਰਗਟ ਹੈ,ਅਥਵਾ ਬਾਣੀ ਦਾ ਝੰਡਾ ਸਰਬੋਪਰੀ ਇਹ ਬਾਣੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਰੂਪ ਮੂਲ ਮੰਤ੍ਰ ਜਪੁਜੀ* ਪ੍ਰਗਟ ਹੈ।

ਤੁਕਾਂ–੧. ਗਾਵੈ ਕੋ ਦਾਤਿ ਜਾਣੈ ਨੀਸਾਣੁ॥
੨. ਨਦਰੀ ਕਰਮਿ ਪਵੈ ਨੀਸਾਣੁ॥

[੪੦] ਜੁਮਿਲਾ।

ਇਹ ਪਦ ਕਿਤੇ ਕਿਤੇ ਕਿਸੇ ਬਾਣੀ ਦੇ ਅੰਤ ਵਿਚ ਲਿਖਿਆ ਹੈ।

ਅਰਥ ਇਸਦਾ "ਵੱਡਾ ਜੋੜ" ਹੈ। ਲਫਜ਼ ਫਾਰਸੀ ਜ਼ੁਬਾਨ ਦਾ ਹੈ।

ਭਾਵ–ਉਪਰਲੇ ਸ਼ਬਦਾਂ ਦਾ ਜੋੜ, ਜੋ ਅਗੇ ਅੰਗਾਂ ਵਿਚ ਸਪਸ਼ਟ ਲਿਖਿਆ ਹੈ।

[੪੧] ਜਤਿ।

ਇਹ ਪਦ ਜਿਥੇ "ਕੀ" ਪਦ ਦੇ ਨਾਲ ਲਿਖਿਆ ਹੋਵੇ ਓਥੇ ਇਹ "ਧਾਰਨਾ" ਦਾ ਸੂਚਕ ਹੈ, ਜਿਹਾਕੁ "ਬਿਰਹੜੇ ਘਰ ੪ ਛੰਤਾ ਕੀ ਜਤਿ" ਏਥੇ ਭਾਵ ਛੰਤਾਂ ਦੀ ਧਾਰਨਾ ਪਰ ਗਾਵਣੇ ਦਾ ਹੈ। ਪੂੰਤੂ ਜਿਥੇ ਕੇਵਲ "ਜਤਿ"। ਪਦ ਹੈ ਓਥੇ ਜੋੜੀ ਦੀ ਜਤ ਵਲ ਸੂਚਨਾ ਹੈ, ਜਿਹਾਕੁ "ਬਿਲਾਵਲ ਮਹਲਾ ੧ ਘਰੁ ੧੦ ਜਤਿ" ਏਥੇ ਜੋੜੀ ਦੀ ਜਤਿ ਸਮਝਣੀ ਚਾਹੀਏ।

ਜਤਿ,ਗਤਿ, ਸਾਥ, ਇਹ ਤਿੰਨੇ ਜੋੜੀ ਦੇ

*ਇਸ ਬਾਣੀ ਦੇ ਅੱਖਰ ਮਾਤ੍ਰਾ ਦਾ ਪਉੜੀਆਂ ਵਾਰ ਵੇਰਵਾ ਦੇਖੋ ਚੱਕ੍ਰ ਨੰਬਰ ੧।

Digitized by Panjab Digital Library | www.panjabdigilib.org

ਕਰਤਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤਿ ਵਾਕਰ ਉਂਗਲੀਆਂ ਵਿਚੋਂ ਜੋੜੀ ਦੇ ਕਿਨਾਰੇ ਦੇ ਵਿਚਕਾਰ ਕੰਮ ਕਰੇ ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਕਹਿੰਦੇ ਹਨ ਅਤੇ ਜਦੋਂ ਦੋਹਾਂ ਹਥਾਂ ਦੀਆਂ ਉਂਗਲੀਆਂ ਹਰਫ ਕੱਢਣ ਜੋ ਪਾਟਾਛਰ ਕਹੀਦੇ ਹਨ ਅਤੇ ਅਵਾਜ਼ ਵੀ ਨਰਮ ਨਰਮ ਨਿਕਲੇ ਉਸ ਨੂੰ ਗਤਿ ਕਹਿੰਦੇ ਹਨ।

ਜਦ ਦੋਵੇਂ ਦੱਥ ਖੁੱਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁੱਲ੍ਹਾ ਨਿਕਲੇ ਜਿਸ ਨੂੰ ਕੜਾ-ਕੁੱਟ ਪ੍ਰਸਿੱਧ ਵਿਚ ਕਹਿੰਦੇ ਹਨ, ਤਾਂ ਉਸਨੂੰ ਸਾਥ ਕਹਿੰਦੇ ਹਨ।

[੪੨] ਡਖਣੇ।

ਇਹ ਸਿੰਧੀ ਭਾਖਾ ਵਿਚ ਇਕ ਵਚਨ ਹੈ, ਅਰਥ ਇਸਦਾ ਸਲੋਕ ਹੈ। ਵਿਸ਼ੇਸ਼ ਰੂਪ ਅਤੇ ਭਾਵ ਇਸਦਾ ਸਲੋਕ ਦੇ ਪ੍ਰਕਰਣ ਵਿਚ ਲਿਖਿਆ ਹੈ ਕਈ ਸਿਆਣੇ ਇਉਂ ਭੀ ਕਹਿੰਦੇ ਹਨ:—ਸਲੋਕ, ਡੋਹਾ ਲਾਉਣ ਦੀ ਚਾਲ ਸਿੰਧ ਦੇਸ ਵਿਚ ਦੱਖਣ ਦੇ ਪਾਸੇ ਵਲੋਂ ਆਈ ਹੋਣ ਕਰਕੇ ਸਿੰਧੀਆਂ ਨੇ ਸਲੋਕ ਦਾ ਨਾਉਂ ਡੱਖਣੇ ਰੱਖ ਲਿਆ ਹੈ। ਇਹ ਸਲੋਕਾਂ ਤੋਂ ਵਖਰੇ ਨਹੀਂ ਰਖੇ ਗਏ, ਇਸਦੇ ਵੇਰਵੇ ਲਈ ਦੇਖੋ ਚਕ੍ਰ ਨੰ: ੨੩ ਦਾ ਨੋਟ।

[੪੩] ਤਿਪਦੇ।

ਤਿੰਨਾਂ ਪਉੜੀਆਂ ਦੇ ਸ਼ਬਦਾਂ ਦਾ ਨਾਉਂ ਤਿਪਦੇ ਕਰਕੇ ਲਿਖਿਆ ਹੈ, ਸਬਦ ਦੀ ਪੂਰਣਤਾ ਪਰ ੩ ਦਾ ਅੰਗ ਤਿੰਨਾਂ ਪਦਾਂ ਦੀ ਸੂਚਨਾ ਕਰਾਉਂਦਾ ਹੈ।

ਪਰੰਤੂ ਸੰਗੀਤ ਵਿਦਜਾ ਵਿਚ ਇਸ ਨੂੰ ਦ੍ਵਿਪਦੀ ਤ੍ਰਿਪਦੀ ਪ੍ਰਬੰਧ ਕਰਕੇ ਲਿਖਿਆ ਹੈ, ਜਿਹਾ ਕੁ:—

ਜਿਥੇ ਪਹਿਲੇ ਦੋਹੁ ਚਰਨਾਂ ਵਿਚ ਦੋ ਦੋ ਕਾਮ ਗਣ ਹੋਣ ਅਤੇ ਤੀਜੇ ਵਿਚ ਇਕ ਕਾਮ ਗਣ ਹੋਵੇ ਅਤੇ ਇਕ ਗਤਿ ਗਣ ਹੋਵੇ ਅਗੇ ਕਾਮ ਗਣ ਹੋਵੇ ਇਨ੍ਹਾਂ ਹੀ ਤਿੰਨਾਂ ਗਣਾਂ ਦਾ ਚੌਥਾ ਚਰਨ ਹੋਵੇ ਇਕੁਰ ਹੀ ਚੌਹਾਂ ਚਰਨਾਂ ਵਿਚ ਯਾਰਾਂ ਗਣ ਹੋਣ ਉਸ ਨੂੰ ਤ੍ਰਿਪਦੀ ਪ੍ਰਬੰਧ ਕਰਕੇ ਕਹਿੰਦੇ ਹਨ। ਇਸ ਦੇ ਦੋ ਚਰਨ ਪਹਿਲੇ ਉਦਗ੍ਰਾਹ ਵਿਚ ਗਾਉਂਕੇ ਤੀਜੇ ਨੂੰ ਪਹਿਲੇ ਤਿੰਨੇ ਵਾਰਾਂ ਗਾਉਂਕੇ ਫੇਰ ਤੀਜੇ ਨੂੰ ਸੰਪੂਰਨ ਗਾਵੀਏ, ਫੇਰ ਆਕਾਰੀ ਦੇ ਸੁਰਾਂ ਨੂੰ ਰਚ ਕੇ ਚੌਥਾ ਚਰਨ ਗਾਵੀਏ, ਇਹ ਧ੍ਰੁਵ ਹੈ। ਫੇਰ ਪਦਾਂ ਦਾ ਆਭੋਗ ਰਚ ਕੇ ਉਦੱਗ੍ਰਾਹ ਵਿਚ ਨਜਾਸ ਕਰੀਏ ਅਤੇ ਤਾਲ ਨ ਲਈਏ ਤਾਂ ਉਸਦਾ ਨਾਉਂ ਤ੍ਰਿਪਦੀ ਹੈ, ਇਹ ਕਰਨਾਟੀ ਭਾਖਾ ਵਿਚ ਰਚੀਏ ਤਾਂ ਠੀਕ ਹੁੰਦਾ ਹੈ।

[੪੪] ਤਿਤੁਕੇ।

ਜਿਨ੍ਹਾਂ ਸ਼ਬਦਾਂ ਦੇ ਤਿੰਨਾਂ ਤਿੰਨਾਂ ਤੁਕਾਂ ਦੇ ਪਦ ਹਨ, ਓਥੇ ਸਿਰਲੇਖ ਤਿਤੁਕੇ ਵਾ ਤਿੰਨਾਂ ਤੁਕਾਂ ਕਰਕੇ ਲਿਖਿਆ ਹੈ।

[੪੫] ਥਿਤੀ।

ਜੋ ਬਾਣੀ ਤਿੱਥਾਂ ਦ੍ਵਾਰਾ ਅਥਵਾ ਥਿਤਾਂ ਪਰਥਾਇ ਉਚਰੀ ਹੈ ਉਸਦਾ ਸਿਰਲੇਖ ਥਿਤੀ ਲਿਖਿਆ ਹੈ, ਨਾਲ ਜਤ ਪਦ ਵੀ ਲਿਖਿਆ ਹੈ, ਸੋ ਜਤ ਜੋੜੀ ਦੀ ਸੂਚਨਾ ਹੈ, ਦੇਖੋ ਜਤਿ। ਸੀਕਰ ਵਾਰਾਂ ਹਨ ਤਿਵੇਂ ਥਿਤੀ ਹੈ, ਇਹ ਬਾਣੀ ਦੋ ਵੇਰ ਹੈ, ਦੇਖੋ ਚਕ੍ਰ ਨੰ: ੪੩–੪੪।

[੪੬] ਦੁਪਦੇ।

ਦੋ ਪਉੜੀਆਂ ਦੇ ਸ਼ਬਦਾਂ ਦਾ ਨਾਉਂ ਦੁਪਦੇ ਕਰਕੇ ਲਿਖਿਆ ਹੈ। ਸ਼ਬਦ ਦੀ ਪੂਰਣਤਾ ਪਰ ੨ ਦਾ ਅੰਗ ਦੋਹੁ ਪਦਾਂ ਦੀ ਸੂਚਨਾ ਕਰਾਉਂਦਾ

Digitized by Panjab Digital Library | www.panjabdigilib.org

ਹੈ। ਪਰੰਤੂ ਸੰਗੀਤ ਵਿਚ ਦ੍ਰਿਪਦੀ ਪ੍ਰਬੰਧ ਕਰਕੇ ਲਿਖਿਆ ਹੈ। ਜਿਥੇ ਛੰਤ ਨੂੰ ਕਰਣ ਅਤੇ ਤਾਲ ਨਾਲ ਵਰਤੀਏ ਉਸਨੂੰ ਪ੍ਰਬੰਧ ਕਰਕੇ ਕਹਿੰਦੇ ਹਨ,ਇਸ ਦੇ ੪ ਭੇਦ ਹਨ,ਸੁਧ ੧,ਖੰਡ ੨, ਮਾਤ੍ਰਾ ੩, ਸੰਪੂਰਣ ੪।

ਜਿਸ ਦੀਆਂ ਚਹੁੰਆਂ ਤੁਕਾਂ ਵਿਚ ਇਕ ਛਗਣ ਪੰਚ ਭਗਣ ਅਤੇ ਅੰਤ ਗੁਰੂ ਹੋਵੇ, ਅਥਵਾ ਇਕ ਛਗਣ ਫੇਰ ਜਗਣ ਅਤੇ ਤਿੰਨ ਭਗਣ,ਇਕ ਜਗਣ ਅਤੇ ਗੁਰੂ ਹੋਵੇ, ਪਹਿਲੇ ਅੱਧੇ ਦੇ ਅੰਤ ਵਿਚ ਖੜਜਾਦਿਕ ਸੁਰ ਰਚੀਏ ਉਸਨੂੰ ਸੁੱਧ ਦ੍ਰੁਪਦੀ ਕਹਿੰਦੇ ਹਨ। ੧।

ਜਿੱਥੇ ਪਹਿਲਾ ਅਧਾ ਹਿੱਸਾ ਸੁਧ ਦ੍ਰੁਪਦੀ ਦਾ ਹੋਵੇ ਅਤੇ ਅਗਲਾ ਅੱਧਾ ਆਪਣੀ ਇੱਛਾ ਨਾਲ ਉਲਟੇ ਪੁਲਟੇ ਗਣ ਲਾਏ ਹੋਣ ਤਾਂ ਉਸਨੂੰ ਖੰਡਾ ਦ੍ਰੁਪਦੀ ਕਹਿੰਦੇ ਹਨ ॥ ੨ ॥

ਜਿੱਥੇ ਚਹੁਵਾਂ ਚਰਨਾਂ ਵਿਚ ਛਿਆਂ ਗਣਾਂ ਦੀ ਥਾਉਂ ਗੁਰੂ ਕਰੀਏ ਉਸਨੂੰ ਮਾਤ੍ਰਾ ਦ੍ਰਿਪਦੀ ਕਹਿੰਦੇ ਹਨ ॥ ੩ ॥

ਜਿੱਥੇ ਚਹੁਵਾਂ ਚਰਨਾਂ ਵਿਚ ਸੁਧਾ ਵਾਂਙੂੰ ਛਗਣ ਭਗਣ ਪੰਜ ਪੰਜ ਗਣ ਰੱਖਕੇ ਇਕ ਇਕ ਗੁਰੂ ਟੱਕੀਏ ਤਾਂ ਉਸਨੂੰ ਸੰਪੂਰਨਦ੍ਰਿਪਦੀ ਕਰਕੇ ਕਹਿੰਦੇ ਹਨ ॥ ੪ ॥

ਇਕੁਰ ਹੀ ਇਸਦੇ ਹੋਰ ਵੀ ਚਾਰਭੇਦ ਹਨ ਆਨਵੀ ੧,ਚੰਦ੍ਰਕਾ੨,ਧ੍ਰੁਤ ੩, ਤਾਰਾ ੪।

ਇਨ੍ਹਾਂ ਦਾ ਵਿਸਥਾਰ ਦੇਖੋ ਰਾਧਾ ਗੋਬਿੰਦ ਸੰਗੀਤ ਸਾਰ ਗ੍ਰੰਥ ਵਿਚੋਂ।

ਦ੍ਰੁਪਦੇ ਹਰ ਇਕ ਰਾਗ ਵਿਚ ਹਨ, ਵੇਰਵੇ ਲਈ ਦੇਖੋ ਚਕ੍ਰ ਨੰਬਰ ੪੩।

[੪੭] ਦੁਤੁਕੇ।

ਜਿੱਥੇ ਜਿਸ ਸ਼ਬਦ ਵਿਚ ਦੋ ਦੋ ਤੁਕਾਂ ਤੇ ਪਦ ਦਾ ਅੰਗ ਹੈ, ਓਥੇ ਦੁਤੁਕੇ ਅਥਵਾ ਦੁਤੁਕੀਆਂ ਕਰਕੇ ਲਿਖਿਆ ਹੈ।

ਅਰਥ ਇਸ ਦਾ ਦੋ ਦੋ ਤੁਕਾਂ ਦੀਆਂ ਪਉੜੀਆਂ ਵਾਲੇ ਸ਼ਬਦ ਹੈ।

[੪੮] ਦਿਨ ਰੈਣ।

ਦਿਨ ਰੈਣ ਦ੍ਵਾਰਾ ਅਥਵਾ ਦਿਨ ਰਾਤ ਪਰਥਾਇ ਜੋ ਬਾਣੀ ਉਚਰੀ ਹੈ ਉਸਦਾ ਸਿਰਲੇਖ ਦਿਨ ਰੈਣ ਲਿਖਿਆ ਹੈ। ਜੀਕਰ ਥਿਤੀ ਵਾਰ ਰੁਤੀ ਪਹਰੇ ਆਦਿਕ ਹਨ। ਇਹ ਇਕੋ ਹੀ ਸ਼ਬਦ ਹੈ।

[੪੯] ਦਖਣੀ ਓਅੰਕਾਰ।

[੫੦] ਦਖਣੀ।

ਇਹ ਬਾਣੀ (ਦਖਣੀ ਓਅੰਕਾਰ) ਭੀ ਬਾਵਨ ਅੱਖਰੀ ਵਾਕੁਰ ਪੱਟੀ ਦੀ ਰੀਤ ਪਰ ਅੱਖਰਾਂ ਪਰਥਾਇ ਉਚਰੀ ਹੋਈ ਹੈ, ਜੀਕੁਰ ਪੈਂਤੀਸ ਅੱਖਰੀ ਹੁੰਦੀ ਹੈ। ਦਖਣੀ ਪਦ ਤੋਂ ਭਾਵ ਇਹ ਹੈ ਕਿ ਦੱਖਣੀ ਪੈਂਤੀ ਦੇ ਅੱਖਰਾਂ ਪਰਵਰਣਨ ਹੈ।ਜਿਸਦੇ ਪਹਿਲੇ ਓਨਮਹਸਿਧੰ ਹੁੰਦਾ ਹੈ ਸੋਈ ਲਿਖਿਆ ਹੈ, "ਓਨਮ ਅਖਰ ਸੁਣਹੁ ਬੀਚਾਰੁ ॥" ਸਾਰੀਆਂ ਚੁਰੰਜਾ ਪਉੜੀਆਂ ਹਨ, ਪਹਿਲੀ ਪਿਛਲੀ ਪਉੜੀ ਮੰਗਲਾਚਰਨ ਦੀ ਹੈ ਅਤੈ ਪ੨ ਪਉੜੀਆਂ ਅੱਖਰਾਂ ਪਰ ਲਿਖੀਆਂ ਹਨ। ਏਹੋ ਕ੍ਰਮ ਬਾਵਨ ਅੱਖਰੀ ਦਾ ਹੈ। ਹੋਰ ਦੇਖੋ 'ਪੱਟੀ'।

ਕਈ ਕਹਿੰਦੇ ਹਨ, ਇਹ ਬਾਣੀ ਦੱਖਣ ਦੇਸ ਵਿਚ ਉਪਦੇਸ਼ ਪਰ ਉਚਰੀ ਸੀ, ਇਸ ਲਈ ਇਸਦਾ ਨਾਉਂ ਦੱਖਣੀ ਓਅੰਕਾਰ ਰਖਿਆ।ਇਸ ਗੱਲ ਦੀ ਪ੍ਰਮਾਣਕਤਾ ਕੋਈ ਨਹੀਂ ਮਿਲੀ,ਪਰੰਤੂ ਦੱਖਣੀ ਇਕ ਰਾਗਣੀ ਦਾ ਨਾਮ ਹੈ, ਜੇ ਕਦੀ ਰਾਮਕਲੀ ਵਿੱਚ ਦੱਖਣੀ ਰਾਗਣੀ ਦੀ ਸੂਚਨਾਂ ਮੰਨੀ ਜਾਵੇ ਤਾਂ ਦੱਖਣ ਦੇਸ ਦੀ ਸੂਚਨਾਂ ਨਾਲੋਂ ਵਿਸ਼ੇਸ਼ ਹੈ।

Digitized by Panjab Digital Library | www.panjabdigilib.org

ਦੂਸਰਾ ਵਡਹੰਸ ਮਹਲਾ ੧ ॥ ਦਖਣੀ ਕਰਕੇ ਲਿਖਿਆ ਹੈ।

ਇਹ ਵਡਹੰਸ ਦੱਖਣੀ ਹੈ, ਜਿਹਾ ਕਿ ਗਉੜੀ ਪੂਰਬੀ, ਗਉੜੀ ਮਾਲਵਾ ਲਿਖਿਆ ਹੈ, ਭਾਵ ਇਸਦਾ ਏਹੋ ਹੈ। ਜਿਸ ਦੇਸੀ ਰਾਗ ਨਾਲ ਮਿਲਾਕੇ ਕੋਈ ਰਾਗ ਗਾਂਵਿਆਂ ਜਾਵੇ ਉਸ ਦੇਸੀ ਰਾਗ ਦਾ ਨਾਉਂ ਨਾਲ ਰਲਾਇਕੇ ਲਿਖਿਆ ਹੈ, ਜੀਕੁਰ ਪ੍ਰਭਾਤੀ ਬਿਭਾਸ ਹੈ। ਤੀਸਰਾ ਬਿਲਾਵਲ ਮਹਲਾ ੧ ਛੰਤ ਦੱਖਣੀ

ਇਸਦਾ ਭਾਵ ਬੀ ਉਪਰਲਾ ਹੀ ਹੈ ਕਿ ਬਿਲਾਵਲ ਦੱਖਣੀ ਰਾਗਣੀ ਨਲ ਮਿਲਿਆ ਹੋਇਆ ਹੈ।

ਦਾਛਣਾਤਜਾ ਰਾਗਣੀ ਹੈ, ਜਿਸ ਵਿਚ ਭਿੰਨ ਖੜਜ ਭਾਖਾ ਹੋਵੇ ਅਤੇ ਅੰਸ ਸੁਰ ਗ੍ਰਹ ਸੁਰ ਸਮਾਪਤ ਧੈਵਤ ਵਿਚ ਹੋਣ, ਪੰਚਮ ਸੁਰ ਥੋੜਾ ਲਗੇ, ਖੜਜ ਧੈਵਤ ਵਿਚ ਅਤੇ ਖੜਜ ਪੰਚਮ ਵਿਚ ਮਿਲੀ ਹੋਈ ਹੋਵੇ ਉਸ ਨੂੰ ਦਛਣਾਤਜਾ* ਕਹਿੰਦੇ ਹਨ। ਇਹ ਖਾਡਵ ਹੈ ਧ ਨ ਸ ਗ ਮ ਪ ਪ, ਰਿਖਭ ਹੀਨ ਹੈ। ਹਰ ਵੇਲੇ ਗਾਂਵੀਦੀ ਹੈ।

[੫੧] ਧੁਨਾ।

ਇਹ ੯ ਵਾਰਾਂ ਦੇ ਸਿਰਲੇਖ ਲਿਖੇ ਹਨ।

ਧੁਨਿ ਅਤੇ ਗਮਕ, ਏਹ ਰਾਗ ਦੀ ਜਾਨ ਹੁੰਦੀਆਂ ਹਨ, ਪਰੰਤੂ ਏਥੇ ਓਨ੍ਹਾਂ ਧੁਨਾਂ ਦੇ ਨਾਲ ਸੂਰਬੀਰ ਪੁਰਖਾਂ ਦੇ ਨਾਉਂ ਬੀ ਲਿਖੇ ਹਨ, ਜਿਨ੍ਹਾਂ ਨੇ ਭਾਰੀ ਅਤੇ ਵੱਡੀ ਸੂਰਬੀਰਤਾ ਕਰਕੇ ਲੋਕ ਪ੍ਰਲੋਕ ਵਿੱਚ ਜਸ ਖੱਟਿਆ ਅਤੇ ਉਨ੍ਹਾਂ ਦੇ ਜਸ ਢਾਡੀਆਂ ਨੇ ਗਾਵੇਂ। ਹੋਰਨਾਂ ਸੂਰਬੀਰਾਂ ਨੂੰ ਗਾਉਂਕੇ ਸੁਣਾਏ ਅਤੇ ਉਨ੍ਹਾਂ ਨੇ ਸੁਣਕੇ ਹੌਂਸਲੇ ਵਧਾਏ, ਜਿਸਤੋਂ ਓਨ੍ਹਾਂ ਵੀ ਜੁੱਧ ਵਿੱਚ ਬੜੇ ਬੜੇ ਕਾਰਨਾਮੇ ਕਰਕੇ ਦਿਖਾਏ। ਓਹੋ ਵਾਰਾਂ (ਜਸ) ਦਾ ਜੋ ਕੁਝ ਪ੍ਰਬੰਧ ਬਣਿਆਂ ਹੋਇਆ ਸਾ, ਢਾਡੀਆਂ ਨੇ ਛੇਵੇਂ ਸਾਹਿਬਾਂ ਨੂੰ ਸੁਣਾਇਆ, ਕਿਉਂਕਿ ਜੁੱਧ ਜੰਗ ਵੇਲੇ ਅਵੱਸੋਂ ਢਾਡੀ ਗਾਉਂਦੇ ਰਹੇ, ਪੰਤੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਓਸੇ ਤੱਰਜ਼ ਯਾ ਤਰੀਕੇ ਪਰ ਢਾਡੀਆਂ ਨੂੰ ਵਾਰਾਂ ਦੇ ਗਾਉਣ ਦੀ ਆਗਜਾ ਕਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਜਗਾ ਜਗਾ ਤੇ ਸੂਚਨਾ ਲਿਖੀ।ਓਨ੍ਹਾਂ ਨਵਾਂ ਦੇ ਨਾਉਂ ਅਤੇ ਪ੍ਰਸੰਗ ਭਾਵੇਂ ਏਥੇ ਲਿਖਣ ਦੀ ਕੋਈ ਲੋੜ ਨਹੀਂ, ਪਰੰਤੂ ਸੂਚਨਾ ਮਾਤ੍ਰ ਪ੍ਰਗਟ ਕਰਨੇ ਵੀ ਸੰਸਾ ਦੂਰ ਕਰਨ ਲਈ ਚੰਗੇ ਹੋਣਗੇ ਅਤੇ ਇਹ ਗੱਲ ਪ੍ਰਸਿੱਧ ਹੈ ਕਿ ਕਈਕੁ ਵਾਰਾਂ ਹੁਣ ਤਕ ਢਾਡੀ ਰਬਾਬੀ ਲੋਕ ਉਨ੍ਹਾਂ ਹੀ ਰੀਤਾਂ ਪਰ ਗਾਉਂਦੇ ਹਨ। ਇਕ ਅੱਧੀ ਪਉੜੀ ਤਾਂ ਉਨ੍ਹਾਂ ਵਾਰਾਂ ਦੀ ਅਵੱਸੋਂ ਰਬਾਬੀਆਂ ਦੇ ਯਾਦ ਹੁੰਦੀ ਹੈ, ਸਾਰੀਆਂ ਵਾਰਾਂ ਨਾ ਲਿਖੀਆਂ ਹੋਣ ਦੇ ਕਾਰਨ ਹੁਣ ਦੁਰਲੱਭ ਹੋ ਗਈਆਂ ਹਨ। ਏਥੇ ਵੀ ਇਕ ਇਕ ਪਉੜੀ ਨਮੂਨੇ ਮਾਤ੍ਰ ਲਿਖੀ ਗਈ ਹੈ। ਨੌਂ ਸਿਰਲੇਖ ਏਹ ਹਨ:-

੧. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥

੨. ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲ ਦੀ ਮੌਜਦੀ ਕੀ ਵਾਰ ਕੀ ਧੁਨਿ ਉਪਰ ਗਾਵਣੀ ॥

੩. ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ

*ਇਹ ਰਾਗ ਇਸ ਦੇਸ਼ ਵਿਚ ਕੋਈ ਨਹੀਂ ਜਾਣਦਾ, ਪਰੰਤੂ ਕਰਣਾਟਕ ਦੇਸ਼ ਵਿਚ ਇਸ ਰੀਤ ਦੇ ਰਾਗ ਵਰਤੇ ਜਾਂਦੇ ਹਨ।

Digitized by Panjab Digital Library | www.panjabdigilib.org

ਅਸਰਾਜੇ ਕੀ ਧੁਨੀ ॥

੪. ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ।

੫. ਵਡਹੰਸ ਕੀ ਵਾਰ ਮਹਲਾ ੪ ਲਲਾ ਬਹਲੀਮਾ ਕੀ ਧੁਨਿ ਗਾਵਣੀ।

੬. ਰਾਮਕਲੀ ਕੀ ਵਾਰ ਮਹਲਾ ੩ ਜੋਧੈ ਵੀਰੈ ਪੂਰਬਾਣੀ ਕੀ ਧੁਨਿ।

੭. ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ।

੮. ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ।

੯. ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ।

ਵਾਰ ਮਾਝ ਕੀ ਤਥਾ ਸਲੋਕ ਮਹਲਾ ੧

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ

ਤਥਾ ਦਾ ਭਾਵ ਤੇਸੇ ਹੀ । ਸਲੋਕ ਵੀ ਮਹਲੇ ਦੀ ਸੂਚਨਾ ਹੈ।

ਬਾਦਸ਼ਾਹ ਅਕਬਰ ਦੇ ਵੇਲੇ 'ਮਲਕ ਮੁਰੀਦ' ਅਤੇ 'ਚੰਦ੍ਰਹੜਾ ਸੋਹੀਆ' ਦੋਨੋਂ ਮਨਸਬਦਾਰ ਜ਼ਾਤ ਦੇ ਰਾਜਪੂਤ ਸਨ, ਇਕ ਦਾ ਨਾਉਂ 'ਮੁਰੀਦ' ਸੀ ਅਤੇ 'ਮਲਕ' ਸ਼ਾਹੀ ਖਿਤਾਬ ਸੀ। ਦੂਜੇ ਦਾ ਨਾਉਂ 'ਚੰਦ੍ਰਹੜਾ' ਸੀ ਅਤੇ 'ਸੋਹੀਆ' ਉਸ ਦੀ ਜੱਦੀ ਅੱਲ (ਉਪ ਨਾਉਂ) ਸੀ। ਇਹ ਆਪਸ ਵਿੱਚ ਕੋਈ ਲੁਕਵੀਂ ਵੈਰ ਦੀ ਅੰਸ਼ ਤਾਂ ਰਖਦੇ ਸੀ, ਪਰ ਪ੍ਰੱਤਖ ਵਿਚ ਇਕ ਦੂਜੇ ਦੇ ਹਿਤੂ ਬਣੇ ਰਹਿੰਦੇ ਸਨ। ਇਕ ਦਿਨ ਪਾਤਸ਼ਾਹ ਨੇ ਮਲਕ ਮੁਰੀਦ ਨੂੰ ਸਿਰੋਪਾਉ ਅਤੇ ਫੌਜ ਦੇ ਕੇ ਸਰਹੱਦੀ ਮੁਲਕ ਦੇ ਬਾਗ਼ੀਆਂ ਨੂੰ ਠੀਕ ਕਰਨ ਲਈ ਤੋਰ ਦਿਤਾ। ਇਸ ਬਹਾਦਰ ਰਾਜਪੂਤ ਨੇ ਵੀ ਆਪਣੀ ਕੁਲ ਦੀ ਲਾਜ ਪਾਲੀ, ਜੋ ਬਗ਼ਾਵਤ ਦੀ ਜਗਹ ਤੇ ਪਹੁੰਚ ਕੇ ਸਾਮ, ਦਾਮ, ਭੇਦ, ਦੰਡ, ਰਾਜਨੀਤ ਅਨੁਸਾਰ ਬਗ਼ਾਵਤ ਦੀ ਅੱਗ ਨੂੰ ਬੁਝਾਇਆ, ਪਿਛਲੇ ਅਟਕੇ ਹੋਏ ਟਕੇ ਅਤੇ ਕੁਝ ਜੁਰਮਾਨਾ ਵੀ ਵਸੂਲ ਕਰਕੇ ਦੇਹਲੀ ਭੇਜਿਆ ਅਤੇ ਆਪ ਬੰਦੋਬਸਤ ਅਤੇ ਦਬਦਬੇ ਲਈ ਓਥੇ ਰਹਿਣਾ ਮੁਨਾਸਬ ਸਮਝਿਆ। ਕੁਝ ਕੁ ਚਿਰ ਪਿੱਛੋਂ ਕਿਸੇ ਕਾਰਣ ਤੇ ਮਾਮਲਾ ਉਘਰਨ ਵਿਚ ਦੇਰੀ ਅਤੇ ਕਮੀ ਹੋ ਗਈ। ਇਹ ਖਬਰ ਪਹੁੰਚੀ ਤੇ ਚੰਦ੍ਰਹੜੇ ਅਤੇ ਉਸ ਦੇ ਮੇਲੀਆਂ ਉਮਰਾਵਾਂ ਨੇ ਬਾਦਸ਼ਾਹ ਨੂੰ ਇਹ ਸਿੱਧ ਕਰ ਦਿੱਤਾ ਕਿ ਮਲਕ ਬਾਗ਼ੀ ਹੋਗਿਆ ਹੈ, ਬਿਹਤਰ ਹੋਵੇ ਕਿ ਉਸ ਦੇ ਸਿਰ ਕੁੱਟਣੇ ਲਈ ਚੰਦ੍ਰਹੜੇ ਨੂੰ ਭੇਜ ਦਿੱਤਾ ਜਾਵੇ। ਮੁੱਕਦੀ ਗੱਲ ਇੱਕੁਰ ਹੀ ਹੋਈ। ਜਦ ਹੁਕਮ ਅਤੇ ਫੌਜ ਬਾਦਸ਼ਾਹੀ ਲੈਕੇ ਚੰਦ੍ਰਹੜਾ ਮਲਕ ਪਾਸ ਪੁੱਜਾ ਤਾਂ ਆਪਣੀ ਮਿੱਤ੍ਰਤਾ ਪ੍ਰਗਟ ਕੀਤੀ, ਪਰੰਤੂ ਮਲਕ ਨੂੰ ਪਹਿਲੇ ਹੀ ਸਾਰੀ ਖਬਰ ਪਹੁੰਚ ਚੁਕੀ ਸੀ, ਉਸਨੇ ਆਪਣਾ ਬੰਦੋਬਸਤ ਪੂਰਾ ਪੂਰਾ ਕੀਤਾ ਹੋਇਆ ਸੀ, ਚੰਦ੍ਰਹੜੇ ਦਾ ਛਲ ਕੰਮ ਨਾ ਆਇਆ। ਓੜਕ ਜੇੜ੍ਹੀ ਈਰਖਾ ਦੀ ਅੱਗ ਚੰਦ੍ਰਹੜੇ ਦੇ ਜੀ ਵਿਚ ਧੁਖ ਰਹੀ ਸੀ ਸਮੇਂ ਦੀ ਹਵਾ ਨੇ ਭੜਕਾ ਦਿੱਤੀ, ਇਕ ਭਾਰੀ ਲੜਾਈ ਹੋਈ, ਦੋਹਾਂ ਧਿਰਾਂ ਦੇ ਸਿਪਾਹੀ ਕੰਮ ਆਏ। ਇਹ ਲੜਾਈ ਬਹੁਤ ਮੁੱਦਤ ਤਕ ਲਗੀ ਰਹੀ, ਦੋਵੇਂ ਹੀ ਸ਼ਸਤ੍ਰ ਵਿੱਦਿਆ ਦੇ ਸਿਆਣੇ ਲੜਾਈਆਂ ਦੇ ਦਾਉ ਘਾਉ ਜਾਣਨ ਵਾਲੇ ਸੀ; ਅੜੇ ਰਹੇ, ਕੋਈ ਪਾਸਾ ਹਾਰ ਨਾ ਮੰਨੇ, ਪਰੰਤੂ ਬਹੁਤ ਚਿਰ ਤਕ ਲੜਾਈ ਰਹਿਣ ਦੇ ਕਾਰਨ ਸਿਪਾਹ ਬਹੁਤ ਮਾਰੀ ਗਈ, ਖਜ਼ਾਨੇ ਦਾ ਬਹੁਤ ਖਰਚ ਉਠਿਆ ਦੁਹੀਂ ਪਾਸੀਂ ਪਾਤਸ਼ਾਹੀ ਨੁਕਸਾਨ ਨੇ ਮਲਕ ਦੇ ਜੀ ਵਿਚ ਇਕ ਚੋਭ (ਰੰਜ) ਪ੍ਰਗਟ ਕਰ

Digitized by Panjab Digital Library | www.panjabdigilib.org

ਦਿੱਤਾ, ਉਸਨੇ ਇਕ ਚਿੱਠੀ ਚੰਦ੍ਰਹੜ ਵਲ ਲਿਖੀ। ਓਇ ਗੀਦੀ ਸੋਹੀਏ! ਜਦ ਤੂੰ ਮੇਰੇ ਨਾਲ ਲੜਨ ਲਈ ਚੜ੍ਹਕੇ ਆਇਆ ਹੈਂ, ਤਾਂ ਹੁਣ ਤੀਵੀਆਂ ਵਾਕਰ ਕਿਉਂ ਲੁਕਾਂ ਲੈਂਦਾ ਫਿਰਦਾ ਹੈਂ? ਸਿਪਾਹ ਬੇਗੁਨਾਹ ਮਰ ਰਹੀ ਹੈ, ਨੁਕਸਾਨ ਪਾਤਸ਼ਾਹ ਦਾ ਵਿਅਰਥ ਹੋਰਿਹਾ ਹੈ, ਜੇ ਤੇਰੇ ਵਿਚ ਕੋਈ ਰਜਪੂਤੀ ਦੀ ਆਣ ਹੈ ਅਤੇ ਤੂੰ ਆਪਣੇ ਆਪ ਨੂੰ ਸਿਪਾਹੀ ਸਮਝਣਾਂ ਹੈਂ ਤਾਂ ਆਪ ਮੈਦਾਨ ਵਿਚ ਨਿੱਤਰ, ਕਿਉਂ ਬੇਗੁਨਾਹ ਫੌਜ ਦੇ ਲਹੂ ਨੂੰ ਨ੍ਹਾਉਣਾ ਹੈਂ? ਰੰਜ, ਗੁੱਸਾ, ਸ਼ਰੀਕੀ, ਬਖੀਲੀ, ਲੜਾਈ ਮੇਰੇ ਨਾਲ ਹੈ, ਸੋ ਤੂੰ ਮੇਰੇ ਸਾਹਮਣੇ ਆ। ਫਤਹ ਕਿਸਮਤ ਦੀ ਚੀਜ਼ ਹੈ, ਜਿਸ ਨੂੰ ਪਰਮੇਸ਼ਰ ਬਖਸ਼ੇ ਲੈ ਲਵੇ, ਤਲਵਾਰਾਂ ਆਪੇ ਵੰਡੀਆਂ ਪਾ ਲੈਣਗੀਆਂ।

ਇਹ ਚਿੱਠੀ ਚੰਦ੍ਰਹੜਾ ਪੜ੍ਹਕੇ ਬਿਨਾਂ ਅੱਗ ਤੋਂ ਸੜ ਗਿਆ, ਬਹਾਦਰੀ ਦਾ ਲਹੂ ਇਸ ਜੋਸ਼ ਵਿਚ ਆਇਆ ਕਿ ਜਿਹਾ ਰਾਜਪੂਤਾਂ ਦਾ ਆਉਣਾ ਚਾਹੀਏ।

ਦੂਜੇ ਦਿਨ ਫੌਜ ਨੂੰ ਹਟਕਕੇ ਦੋਨੋਂ ਸਰਦਾਰ ਮੈਦਾਨ ਵਿਚ ਨਿੱਤਰੇ ਅਤੇ ਓਹ ਪਟੇਬਾਜ਼ੀ ਦੇ ਕਰਤਬ ਕੀਤੇ ਜੋ ਦੇਖ ਦੇਖਕੇ ਫੌਜਾਂ ਹੈਰਾਨ ਪਰੇਸ਼ਾਨ ਰਹਿ ਗਈਆਂ, ਪਰ ਦੋਵੇਂ ਬਹਾਦਰ ਤੁਲਵੇਂ ਇਕੋ ਜਿਹੇ ਲੜਾਈ ਦੇ ਕਰਤਬਾਂ ਦੇ ਅਭਜਾਸੀ ਆਪੋ ਆਪਣੀ ਜਿੱਤ ਕਰਨ ਵਾਲੇ ਹੋਣ ਦੇ ਕਾਰਨ ਹਾਰ ਕਿਸੇ ਦੇ ਹਿੱਸੇ ਨਾ ਆਈ। ਓੜਕ ਮੈਦਾਨ ਖਾਲੀ ਹੋ ਗਿਆ, ਦੋਹਾਂ ਦੀਆਂ ਲੋਥਾਂ ਦੰਦ ਪੀਂਹਦੀਆਂ, ਭੌਹਾਂ ਤਾਣਦੀਆਂ ਅਤੇ ਤਲਵਾਰਾਂ ਦੇ ਕਬਜ਼ੇ ਘੁਟਦੀਆਂ ਠੰਢੀਆਂ ਹੋ ਗਈਆਂ।

ਇਨ੍ਹਾਂ ਸੂਰਮਿਆਂ ਦੀ ਇਸ ਜਾਨ ਤੋੜਵੀਂ ਬਹਾਦਰੀ ਤੇ ਢਾਡੀਆਂ ਨੇ ਵਾਰ ਬਣਾਈ ਅਤੇ ਉਸ ਜੰਗ ਦਾ ਹਾਲ ਸਾਰਾ ਬੜੀ ਖੂਬੀ ਅਤੇ ਅਸਲੂਬੀ ਨਾਲ ਗਾਂਵਿਆਂ, ਉਸ ਦਾ ਨਾਉਂ ਵਾਰ ਹੈ। ਜਿਸ ਰਾਗ ਧੁਨਿ ਲੈ ਵਿੱਚ ਵਾਰ ਗਾਵੀਂ ਸੀ, ਓਸ ਰਾਗ ਧੁਨਿ ਵਿੱਚ ਮਾਝ ਦੀ ਵਾਰ ਗਾਉਣ ਲਈ ਗੁਰੂ ਜੀ ਨੇ ਉੱਪਰ ਧੁਨੀ ਦਾ ਪਤਾ ਲਿਖਕੇ ਸੂਚਨਾ ਕਰਾਈ ਹੈ। ਨਮੂਨੇ ਮਾਤ੍ ਇਹ ਪੌੜੀ ਉਸ ਵਾਰ ਦੀ ਹੈ:-

ਕਾਬਲ ਵਿਚ ਮੁਰੀਦ ਸਾ ਫੜਿਆ ਬਡ ਜ਼ੋਰ।
ਚੰਦ੍ਰਹੜਾ ਲੈ ਫੌਜ ਕੋ ਚੜਿਆ ਬਡ ਤੋਰ।
ਦੁਹਾਂ ਕੰਧਾਰਾਂ ਮੂੰਹ ਜੁੜੇ ਦੰਮਾਮੇ ਦੋਰ।
ਸ਼ਸਤ੍ ਪਜੂਤੇ ਸੂਰਿਆਂ ਸਿਰ ਬੱਧੇ ਟੋਰ।
ਹੋਲੀ ਖੇਲੈ ਚੰਦ੍ਰਹੜਾ ਰੰਗ ਲੱਗੇ ਸੋਰ।
ਦੋਵੇਂ ਤਰਫਾਂ ਜੁੱਟੀਆਂ ਸਰ ਵੱਗਨ ਕੋਰ।
ਮੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ।
ਦੋਨੋਂ' ਸੂਰੇ ਸਾਹਮਣੇ ਜੂਝੇ ਉਸ ਠੌਰ।

ਮਾਝ ਵਾਰ ਦੀ ਤੁਕ-ਤੂੰ ਕਰਤਾ ਪੁਰਖੁ ਅਗੰਮੁ ਹੈ
ਆਪ ਸ੍ਰਿਸਟਿ ਉਪਾਤੀ।

ਗਉੜੀ ਕੀ ਵਾਰ ਮਹਲਾ ੫

ਰਾਇ ਕਮਾਲ ਦੀ ਮੋਜਦੀ ਕੀ ਵਾਰ ਕੀ ਧੁਨਿ
ਉਪਰਿ ਗਾਵਣੀ

ਇਕ ਰਾਇ ਕਮਾਲਦੀ ਅਤੇ ਦੂਜੇ ਭਿਰਾਉ ਦਾ ਨਾਉਂ ਰਾਇ ਸਾਰੰਗ ਸੀ, ਇਹ ਦੋਵੇਂ ਸੱਕੇ ਭਾਈ ਸਨ। ਪਿਉ ਦੇ ਵਿਛੋੜੇ ਵੰਡਣ ਤੋਂ ਕੁਝ ਖਟਪਟ ਹੋ ਗਈ, ਜਿੰਨਾ ਕੁ ਬਾਰ ਦੇਸ ਦਾ ਇਲਾਕਾ ਹਿੰਮਤ ਨਾਲ ਮੱਲ ਸਕੇ ਮੱਲ ਲਿਆ, ਪਰ ਕਮਾਲ ਵੱਡਾ ਟਿੱਕਾ ਹੋਣ ਦੇ ਕਾਰਨ ਚਾਹੁੰਦਾ ਸੀ ਕਿ ਭਿਰਾਉ ਨੂੰ ਕੁਝ ਨਾ ਦਿਆਂ, ਪਰ ਭਿਰਾਉ ਦੇ ਬਹਾਦਰ ਹੋਣੇ ਕਾਰਨ ਕੁਝ ਨਾ ਕਰ ਸੱਕਿਆ। ਜਦ ਪਾਤਸ਼ਾਹੀ ਟਕੇ ਦੇਣ ਦਾ ਵੇਲਾ ਪੁੱਜਾ ਤਾਂ ਪਾਤਸ਼ਾਹ ਪਾਸ ਚੁਗਲੀ ਕਰਕੇ ਭਿਰਾਉ ਸਾਰੰਗ ਨੂੰ ਬਗ਼ਾਵਤ ਦੀ ਤੁਹਮਤ ਲਾਕੇ ਕੈਦ ਕਰਾ ਦਿੱਤਾ। ਕੁਝ ਚਿਰ ਮਗਰੋਂ ਪਾਤਸ਼ਾਹ ਨੂੰ ਮਾਲੂਮ ਹੋ ਗਿਆ ਕਿ

Digitized by Panjab Digital Library | www.panjabdigilib.org

ਰਾਇ ਸਾਰੰਗ ਬੇ ਕਸੂਰ ਨਿਰੇ ਅਦਾਵਤ ਦੇ ਜੁਰਮ ਵਿੱਚ ਕੈਦ ਹੈ, ਤਾਂ ਉਸਨੂੰ ਸਿਰੋਪਾਉ ਸ਼ਾਹੀ ਦੇ ਕੇ ਇੱਜ਼ਤ ਆਦਰ ਨਾਲ ਆਪਣੇ ਇਲਾਕੇ ਨੂੰ ਭੇਜ ਦਿੱਤਾ।

ਇਹ ਕਮਾਲ ਦੀ ਨੂੰ ਬਹੁਤ ਔਖੀ ਬਣੀ, ਜੋ ਭਿਰਾਉ ਦਾ ਦਬਾਇਆ ਹੋਇਆ ਰਾਜ ਕੀਕਰ ਮੋੜਕੇ ਦੇਵੇ, ਜੇ ਨਾ ਦੇਵੇ ਤਾਂ ਪਾਤਸ਼ਾਹੀ ਮੁਜਰਮ ਬਣੇ। ਇਸ ਔਕੜ ਵਿਚ ਫਾਥੇ ਨੇ ਆਉਂਦੇ ਭਿਰਾਉ ਦੀ ਵਡੀ ਆਗਤ ਭਾਗਤ ਕੀਤੀ ਅਤੇ ਆਪਣੀ ਵਧੀਕੀ ਦੀ ਮੁਆਫੀ ਮੰਗੀ। ਗਲਤੀ ਹੋਣਹਾਰ ਦੇ ਮੱਥੇ ਮਲੀ। ਫਿਰ ਭਿਰਾ ਭਿਰਾਵਾਂ ਦੇ ਤੇ ਕਾਂ ਕਾਵਾਂ ਦੇ ਵਾਲੀ ਗਲ ਬਣ ਗਈ। ਰਲ ਬੈਠੇ, ਪਰ ਕਮਾਲ ਦੀ ਨੀਯਤਵਿੱਚ ਜਿਹੜੀ ਖੁਟਿਆਈ ਸੀ, ਉਹ ਸ਼ਰਾਬ ਦੀ ਸ਼ਕਲ ਬਣਕੇ ਸਾਰੰਗ ਦੇ ਪੇਸ਼ ਆਈ। ਵਡੇ ਪਿਆਰ ਅਤੇ ਚਾਉ ਨਾਲ ਦੁਹਾਂ ਨੇ ਰਲ ਕੇ ਪੀਤੀ, ਇਹ ਸ਼ਰਾਬ ਸ਼ਰਾਬ ਨਹੀਂ ਸੀ ਏਹ ਤਾਂ ਮੌਤ ਦਾ ਪਿਆਲਾ ਸੀ, ਪੀਤਾ ਤਾਂ ਸਹੀ ਪਰ ਫੇਰ ਹੋਰ ਕਦੀ ਨਾਂ ਲੀਤਾ। ਕਮਾਲਦੀ ਦੇ ਦਿਲ ਵਿਚੋਂ ਸਾਰਾ ਫਿਕਰ ਦੂਰ ਕਰ ਦਿੱਤਾ। ਲੋਕਾਚਾਰੀ ਰੋਂਦੇ ਪਿਟਦੇ ਨੇ ਮ੍ਰਿਤਕ ਸੰਸਕਾਰ ਕਰਾ ਦਿਤੇ। ਇਸ ਕੌਤਕ ਨੂੰ ਵੇਖਕੇ ਰਾਇ ਸਾਰੰਗ ਦੀ ਇਸਤ੍ਰੀ ਜਿਸਦੇ ਕੁੱਛੜ ਮੌਜਦੀ ਨਾਮੀ ਇਕ ਬਾਲਕ ਸੀ, ਰਾਤੋ ਰਾਤ ਨੱਸ ਕੇ ਆਪਣੇ ਪੇਕੇ ਜਾ ਠਹਿਰੀ। ਕੋਈ ਕਾਲ ਉਸ ਰਣਧੀਰ* ਦੇ ਪਾਲਣ ਪੋਖਣ ਅਤੇ ਸ਼ਸਤ੍ਰ (ਧਨੁਖ) ਵਿੱਦਜਾ ਸਿਖਾਉਣ ਵਿੱਚ ਕੱਟਿਆ, ਪੁੱਤ੍ਰ ਜਦ ਉਹ ਬਾਲਕ ਜਵਾਨ ਹੋ ਗਿਆ ਤਾਂ ਪਿਉ ਦਾ ਵੈਰ ਸੰਭਾਲਿਆ, ਮਾਮਿਆਂ ਦੀ ਫੌਜ ਲੈਕੇ ਕਮਾਲਦੀ ਤੇ ਚੜ੍ਹਾਈ ਕਰਕੇ ਆਨ ਢੁੱਕਾ ਅਤੇ ਮੈਦਾਨ ਜੰਗ ਵਿੱਚ ਤਾਏ ਨੂੰ ਚੰਗੀ ਤਰ੍ਹਾਂ ਤਾਇਆ ਅਤੇ ਇਸ ਖੂਬੀ ਨਾਲ ਲੜਿਆ ਕਿ ਕਮਾਲਦੀ ਆਪਣਾ ਆਪ ਕਿਸੇ ਪਹਿਲੂ ਤੋਂ ਨਾ ਸੰਭਾਲ ਸਕਿਆ। ਜਦ ਆਹਮੋਂ ਸਾਹਮਣੇ ਜੰਗ ਵਿਚ ਜੁਟੇ ਤਾਂ ਕਮਾਲਦੀ ਹੁਰੀ ਮਾਰੇ ਗਏ ਅਰ ਰਣਧੀਰੇ ਨੇ ਆਪਣੇ ਦਾਦੇ ਦਾ ਮੁਲਕ ਅਤੇ ਮਾਲ ਸਾਰਾ ਸਾਂਭਿਆ ਅਤੇ ਆਪ ਰਾਜਾ ਹੋ ਗਿਆ। ਇਨ੍ਹਾਂ ਦੋਹਾਂ ਬਹਾਦਰਾਂ ਦੀ ਲੜਾਈ ਦੀ ਵਾਰ ਢਾਡੀਆਂ ਨੇ ਬਣਾ ਕੇ ਗਾਵੀਂ ਅਤੇ ਮੌਜਦੀ ਨੂੰ ਸੁਣਾਈ, ਬਹੁਤ ਇਨਾਮ ਅਤੇ ਮਨਸਬ ਪਾਏ। ਜਿਸ ਧੁਨਿ ਰਾਗ ਵਿੱਚ ਇਹ ਵਾਰ ਢਾਡੀਆਂ ਨੇ ਗਾਵੀਂ ਓਸੇ ਧੁਨਿ ਵਿੱਚ ਇਹ ਗਉੜੀ ਦੀ ਵਾਰ ਵੀ ਗਾਉਣੀ ਚਾਹੀਏ। ਇਹ ਸੂਚਨਾ ਹੈ।

ਉਸ ਵਾਰ ਦੀ ਪਉੜੀ ਨਮੂਨੇ ਮਾਤ੍ਰ ਏਹ ਹੈ:—

ਰਾਣਾ ਰਾਇ ਕਮਾਲਦੀ ਰਣ ਭਾਰਾ ਬਾਹੀ।
ਮੌਜਦੀ ਤਲਵੰਡੀਓਂ ਚੜ੍ਹਿਆ ਸਾਬਾਹੀ।
ਢਾਲੀ ਅੰਬਰ ਛਾਇਆ ਫੁੱਲੇ ਅੱਕ ਕਾਹੀ।
ਜੂੱਟ ਆਹਮੋਂ ਸਾਹਮਣੇ ਨੇਜੇ ਝਲਕਾਹੀ।
ਮੌਜੇ ਘਰ ਵਧਾਈਆਂ ਘਰ ਚਾਚੇ* ਧਾਹੀ।

ਗਉੜੀ ਦੀ ਵਾਰ ਦੀ ਤੁਕ—

ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ॥

ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਟੁੰਡੇ ਅਸਰਾਜੇ ਕੀ ਧੁਨੀ॥

ਇਹ ਅਸਰਾਜ ਨਾਮੀ ਇਕ ਰਾਜਾ

---

*ਇਹ ਮੌਜਦੀ ਦਾ ਦੂਜਾ ਨਾਮ ਹੈ ਜੋ ਨਾਨਕਿਆਂ ਰੱਖਿਆ ਸੀ।

*ਚਾਚੇ ਤਾਏ ਦਾ ਕੋਈ ਭੇਦ ਨਹੀਂ ਹੁੰਦਾ, ਭਟੱਈ ਭਾਖਾ ਵਿੱਚ ਇਹ ਰੱਲਾਂ ਖੁੱਲ੍ਹੀਆਂ ਹਨ।

Digitized by Panjab Digital Library | www.panjabdigilib.org

ਸਾਰੰਗ* ਦਾ ਪੁੱਤ੍ਰ ਸੀ, ਇਸਦੀ ਉਮਰ ਅਜੇ ਜਵਾਨੀ ਦੇ ਜਹਾਜ ਪਰ ਸਵਾਰ ਹੋਣ ਲਈ ਤਯਾਰ ਹੀ ਸੀ ਕਿ ਇਸਦੇ ਪਿਤਾ ਨੇ ਚੜ੍ਹਦੇ ਬੁਢਾਪੇ ਵਿੱਚ ਇਕ ਹੋਰ ਵਿਆਹ ਕਰ ਲਿਆ। ਓਹ ਨਵੀਂ ਵਿਆਹੀ ਚੜ੍ਹਦੀ ਜਵਾਨੀ ਦੀ ਹਨੇਰੀ ਦੇ ਹਨੇਰ ਵਿੱਚ ਅੰਨੀ ਹੋਈ ਆਪਣੇ ਸਪੁਤ੍ਰ ਅਸਰਾਜ ਨੂੰ ਧਰਮੋਂ ਡੇਗਣ ਲਈ ਤਯਾਰ ਹੋਈ, ਪਰ ਕਰਤਾਰ ਦੀ ਕ੍ਰਿਪਾ ਨਾਲ ਅਸਰਾਜ ਦੇ ਧਰਮ ਨੇ ਉਸਨੂੰ ਡਿੱਗਣ ਨਾ ਦਿੱਤਾ। ਇਹ ਸਤ ਧਰਮ ਵੇਖਕੇ ਓਸ ਰਾਣੀ ਨੀਯਤ ਦੀ ਕਾਣੀ ਨੇ ਰਾਜੇ ਪਾਸ ਝੂਠ ਸੱਚ ਥੱਪ ਕੇ ਅਸਰਾਜ ਲਈ ਫਾਂਸੀ ਦਾ ਹੁਕਮ ਜਾਰੀ ਕਰਾ ਦਿੱਤਾ। ਪਰ ਮੰਤ੍ਰੀ(ਵਜ਼ੀਰ) ਨੇ ਬਹੁਤ ਡੂੰਘੀ ਨਜ਼ਰ ਨਾਲ ਸੋਚ ਕੇ ਇਕ ਹੱਥ ਕਟਵਾ ਕੇ ਸ਼ਹਿਰੋਂ ਬਾਹਰ ਦੁਰਾਡੇ ਜੇਹੇ ਖੂਹ ਤੇ ਇਕੱਲਾ ਛੱਡ ਦਿੱਤਾ। ਅਸਰਾਜ ਵੀ ਆਪਣੇ ਸਤ ਧਰਮ ਨੂੰ ਨਾਲ ਸਾਥੀ ਲੈਕੇ ਜ਼ਖਮੀ ਹੱਥ ਦੇ ਕਾਰਨ ਓਸ ਖੂਹ ਤੇ ਛਾਯਾ ਦੇਖਕੇ ਲੇਟ ਰਿਹਾ। ਦੂਜੇ ਕੁ ਦਿਨ ਓਥੇ ਬਨਜਾਰੇ ਲੋਕ ਆ ਉਤਰੇ, ਉਨ੍ਹਾਂ ਇਕ ਸਰੂਪ ਵਾਲਾ ਗਭਰੂਟ ਜਿਹਾ ਲੜਕਾ ਹੱਥੋਂ ਹੀਣਾ ਤੇ ਜ਼ਖਮ ਦੀ ਪੀੜਾ ਵਿੱਚ ਦੁਖੀ ਦੇਖਕੇ ਤਰਸ ਖਾਧਾ, ਮੱਲ੍ਹਮ ਪੱਟੀ ਕੀਤੀ, ਅੰਨ ਪਾਣੀ ਦੀ ਸੇਵਾ ਵੀ ਕੀਤੀ ਅਤੇ ਉਸਨੂੰ ਆਪਣੇ ਨਾਲ ਲੈਕੇ ਅਗੇ ਮੁਲਕ ਨੂੰ ਸੌਦਾ ਖਰੀਦਣ ਵੇਚਣ ਲਈ ਟੁਰ ਗਏ। ਓਥੇ ਹੋਰਸ ਰਾਜ ਵਿਚ ਏਵੇਂ ਥੋੜੇ ਹੀ ਮੁਲ ਤੇਂ ਅਸਰਾਜ ਨੂੰ ਇਕ ਧੋਬੀ ਦੇ ਹੱਥੀਂ ਵੇਚ ਦਿਤਾ। ਓਹ ਧੋਬੀ ਰੋਜ਼ ਸਵੇਰੇ ਆਪਣੇ ਧੋਣ ਵਾਲੇ ਕੱਪੜੇ ਬੰਨ੍ਹ ਕੇ ਬਲਦ ਉਤੇ ਲੱਦ ਕੇ ਉਪਰ ਉਸ ਟੁੰਡੇ ਬਾਲਕ ਨੂੰ ਬਿਠਾ ਦੇਂਦੇ ਸਨ ਅਤੇ ਬਲਦ ਦੀ ਨੱਥ ਦਾ ਰੱਸਾ ਉਸਦੇ ਟੁੰਡ ਨਾਲ ਬੰਨ੍ਹ ਕੇ ਧੋਬੀ ਘਾਟ ਨੂੰ ਨਾਲ ਬੁਚਕੇ ਚੁੱਕ ਕੇ ਲੈ ਜਾਂਦੇ ਅਤੇ ਰਾਤ ਨੂੰ ਨਾਲ ਲੈ ਆਉਂਦੇ। ਇਕੁਰ ਹੀ ਕੁਝ ਹਿੱਸਾ ਉਮਰ ਦਾ ਧੋਬੀਆਂ ਦੇ ਘਰ ਬਿਤੀਤ ਹੋ ਗਿਆ। ਦੈਵਨੇਤ ਨਾਲ ਇਕ ਦਿਨ ਓਸ ਨਗਰ ਦਾ ਰਾਜਾ ਜੋ ਬੇਵਾਰਸ ਸੀ,ਮਰ ਗਿਆ। ਮੰਤ੍ਰੀਆਂ ਇਹ ਸਲਾਹ ਗਿਣ ਕੇ ਕਿ ਜੋ ਪੁਰਖ ਸਵੇਰੇ ਇਸ ਕਿਲ੍ਹੇ ਦੇ ਦਰਵਾਜ਼ੇ ਨੂੰ ਹੱਥ ਲਾਕੇ ਖੋਹਲੇ ਉਸ ਨੂੰ ਰਾਜਾ ਮੰਨ ਲਿਆ ਜਾਵੇ। ''ਕਰਤਾ ਕਾਰਜ ਕੀਤਾ ਲੋੜੇ, ਸੋਆਂ ਸਬਬਾਂ ਦੇ ਪਲ ਵਿਚ ਜੋੜੇ'' ਵਾਲੀ ਗਲ ਹੋਈ, ਓਹੋ ਟੁੰਡਾ ਮੁੰਡਾ ਪ੍ਰਾਤੇਕਾਲ ਬਲਦ ਖੁੱਲ੍ਹ ਜਾਣ ਦੇ ਕਾਰਨ ਓਸੇ ਦਰਵਾਜ਼ੇ ਤੇ ਆਣ ਪੁੱਜਾ ਜਿਸ ਦੇ ਛੁਹੰਦਿਆਂ ਹੀ ਕਹਿੰਦੇ ਹਨ ਕਿ ਦਰਵਾਜ਼ਾ ਖੁੱਲ੍ਹ ਗਿਆ। ਇਹ ਦਰਵਾਜ਼ਾ ਕੀ ਖੁੱਲ੍ਹਿਆ, ਮਾਨੋਂ ਕਿਸਮਤ ਦਾ ਦਰਵਾਜ਼ਾ ਖੁੱਲ੍ਹ ਗਿਆ। ਰਾਜਾ ਦਾ ਪੁੱਤ੍ਰ ਰਾਜਾ ਹੋ ਗਿਆ। ਇਸ ਨੇ ਵੀ ਰਾਜ ਸਾਜ ਦੇ ਕੰਮਾਂ ਨੂੰ ਰਾਜ ਰੀਤਿ ਅਨੁਸਾਰ ਚੰਗਾ ਨਿਬਾਹਿਆ, ਪਰੰਤੂ ਅਜੇ ਥੋੜ੍ਹੇ ਕੁ ਵਰ੍ਹੇ ਹੀ ਬੀਤੇ ਸਨ ਕਿ ਹੋਰਨਾਂ ਮੁਲਕਾਂਵਿਚ ਅੰਨ ਕਾਲ ਨੇ ਆਪਣੀ ਭੁੱਖੀ ਤਿਹਾਈ ਡਰਾਉਣੀ ਡਾਢੀ ਦੁਖਦਾਇਕ ਸ਼ਕਲ ਆਣ ਦਿਖਾਈ। ਇਸ ਵਰ੍ਹੇ ਅਸਰਾਜ ਨੇ ਫਸਲ ਦੇ ਦਿਨਾਂ ਵਿਚ ਮਾਮਲੇ ਦਾ ਕਣ ਅਤੇ ਪਿਛਲੇ ਵਰ੍ਹਿਆਂ ਦੇ ਕਣ ਜੋ ਇਕੱਠੇ ਹੋਏ ਪਏ ਸਨ, ਵੇਚਣੇ ਆਰੰਭ ਕਰ ਦਿੱਤੇ। ਦੂਰੋਂ ਦੂਰੋਂ ਲੋਕੀਂ ਅੰਨ ਖਰੀਦਣ ਲਈ ਆਏ। ਇਸ ਖਰੀਦ ਵਿੱਚ ਏਸ ਦੇ ਬਾਪ ਦਾ ਮੰਤ੍ਰੀ–ਜਿਸਨੇ ਇਸਤੇ ਦਯਾ ਕਰਕੇ ਜਾਨੋਂ ਬਚਾਇਆ ਸੀ ਅਤੇ ਇਕੋ ਹੱਥ ਵੱਢ ਕੇ ਉਜਾੜ ਦੇ ਖੂਹ ਤੇ ਛੱਡ ਦਿਤਾ

*ਕੋਈ ਇਸ ਸਾਰੰਗ ਰਾਜਾ ਦਾ ਨਾਉਂ ਚਿਤ੍ਰ ਬੀਜ ਵੀ ਕਹਿੰਦੇ ਹਨ, ਪਰ ਪਉੜੀ ਵਿਚੋਂ ਸਾਰੰਗ ਨਾਉਂ ਸਪਸ਼ਟ ਹੁੰਦਾ ਹੈ।

Digitized by Panjab Digital Library | www.panjabdigilib.org

ਸੀ—ਆਇਆ। ਜਦ ਆਪੋ ਵਿੱਚ ਦੀ ਮਿਲੇ ਤਾਂ ਵੱਡੀ ਪ੍ਰਸੰਨਤਾ ਹੋਈ ਅਤੇ ਦਾਣੇ ਵੀ ਅਣਮੁੱਲੇ ਬਾਹਲੇ ਉਸ ਨੂੰ ਦਿੱਤੇ। ਓਸ ਮੰਤ੍ਰੀ ਨੇ ਜਾਕੇ ਇਸਦੇ ਪਿਤਾ ਪਾਸ ਇਸਦਾ ਜਸ ਤੇ ਵਡਿਆਈ ਪ੍ਰਤਾਪ ਬਹੁਤ ਸਾਰਾ ਸੁਣਾਇਆ ਤੇ ਇਸਦੀ ਸੁਸ਼ੀਲਤਾ ਵੀ ਦੱਸੀ ਅਤੇ ਇਹ ਭੀ ਦੱਸਿਆ ਕਿ ਜੇ ਉਹ ਇਸ ਵੇਲੇ ਆਪਣਾ ਬਦਲਾ ਲੈਣਾ ਚਾਹੇ, ਤਾਂ ਪੂਰਾ ਬਲ ਰਖਦਾ ਹੈ। ਇਸ ਪਰ ਭੀ ਓਸ ਨੇ ਤੇਰਾ ਅਦਬ ਸਨਮਾਨ ਜਿਹਾ ਵਡਿਆਂ ਦਾ ਚਾਹੀਏ ਤਿਹਾ ਹੀ ਰਖਿਆ ਹੈ ਅਤੇ ਤੇਰਾ ਵੀ ਕੋਈ ਰਾਜ ਦਾ ਵਾਰਸ ਹੋਰ ਤੇਰੇ ਪਿੱਛੇ ਨਹੀਂ ਹੈ, ਕਿਹਾ ਚੰਗਾ ਹੋਵੇ ਜੋ ਤੂੰ ਉਸ ਨੂੰ ਸੱਦ ਕੇ ਆਪਣੇ ਰਾਜ ਦੀ ਪੰਡ ਉਸੇ ਦੇ ਸਿਰ ਤੇ ਰੱਖਕੇ ਆਪ ਸਉਤਰਾ ਹੋ ਜਾਵੇਂ। ਇਹ ਗੱਲ ਰਾਜੇ ਨੂੰ ਬੜਾ ਡੂੰਘਾ ਅਸਰ ਕਰ ਗਈ, ਕਿਉਂਕਿ ਉਸ ਚੰਦਰੀ ਰਾਣੀ ਦੇ ਕਰਤੱਬ ਉਸਨੂੰ ਪਰਗਟ ਹੋ ਚੁਕੇ ਹੋਏ ਸਨ ਅਤੇ ਆਪਣੀ ਭੁੱਲ ਉਤੇ ਬਹੁਤ ਵਾਰੀ ਪਛੁਤਾਵਾ ਕਰਦਾ ਹੁੰਦਾ ਸੀ, ਇਸ ਲਈ ਉਸਨੂੰ ਇਹ ਵੇਲਾ ਬਹੁਤ ਹੀ ਚੰਗਾ ਮਿਲ ਗਿਆ।

ਉਸੇ ਮੰਤਰੀ ਦੇ ਰਾਹੀਂ ਆਪਣੇ ਪੁੱਤਰ ਨੂੰ ਸਦਾਇਆ ਅਤੇ ਬੜੇ ਆਦਰ ਅਤੇ ਸਤਿਕਾਰ ਨਾਲ ਮਿਲਿਆ ਅਰ ਖੁਸ਼ੀਆਂ ਤੇ ਉਤਸਾਹ ਕੀਤੇ; ਓੜਕ ਨੂੰ ਆਪਣੇ ਮੁਲਕ ਦਾ ਉਸ ਨੂੰ ਮਾਲਕ ਕਰ ਕੇ ਆਪ ਭਜਨ ਕਰਨ ਲਈ ਬਨ ਨੂੰ ਚਲਾ ਗਿਆ। ਇਹ ਆਪਣੇ ਸਤ ਧਰਮ ਦੀ ਸਹਾਇਤਾ ਕਰਕੇ, ਦੋ ਰਜਵਾੜਿਆਂ ਦਾ ਰਾਜਾ ਹੋਕੇ ਆਪਣੇ ਸਤ ਧਰਮ ਅਤੇ ਪਰਜਾ ਪਾਲਣ ਵਿਚ ਸਾਰੀ ਉਮਰ ਲਗਾ ਰਿਹਾ ਤੇ ਜਨਮ ਜੀਵਨ ਸਫਲ ਕਰ ਗਿਆ।

ਇਸ ਟੁੰਡੇ ਅਸਰਾਜੇ ਦੇ ਜਸ ਦੀ ਵਾਰ ਢਾਡੀਆਂ ਬਣਾਕੇ ਗਾਵੀਂ ਅਤੇ ਰਾਜਾ ਤੋਂ ਬਹੁਤ ਕੁਝ ਪਾਇਆ। ਓਹੋ ਵਾਰ ਗੁਰੂ ਸਾਹਿਬ ਨੇ ਸੁਣਕੇ ਢਾਡੀਆਂ ਨੂੰ ਆਸਾ ਦੀ ਵਾਰ ਲਾਉਣ ਲਈ ਪਰੇਰਨਾ ਕੀਤੀ, ਜੋ ਅਜੇ ਤਕ ਵੀ ਉਸੇ ਧਾਰਨਾਂ ਵਿਚ ਢਾਡੀ ਵਾਰ ਲਾਉਂਦੇ ਹਨ।

ਨਮੂਨੇ ਦੀ ਪਉੜੀ ਇਹ ਹੈ:—

ਭਭਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ।
ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਆਜੇ।

ਕੋਈ ਇਹ ਪਉੜੀ ਵੀ ਕਹਿੰਦੇ ਹਨ:—

ਭਭਕਿਆ ਸ਼ੇਰ ਸਰਦੂਲ ਰਾਜਾ।
ਖਾਨ ਸੁਲਤਾਨ ਤੁਮ ਬੜੇ ਕਾਜਾ।
ਖਤ ਲਿਖੀਂ ਟੁੰਡੇ ਅਸਰਾਜ ਨੂੰ।
ਲੱਜ ਰਖੀਂ ਸਾਰੰਗ ਬਾਪ ਨੂੰ।
ਟਿਕ ਦਿਤਸ ਰਾਜੇ ਆਪ ਨੂੰ।

ਆਸਾ ਦੀ ਵਾਰ ਦੀ ਤੁਕ:—

ਆਪੀਨੈ ਆਪੁ ਸਾਜਿਓ ਆਪੀਨੈ
ਰਚਿਓ ਨਾਉ॥

ਗੂਜਰੀ ਕੀ ਵਾਰ ਮਹਲਾ ੩

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

ਸਿਕੰਦਰ ਅਤੇ ਬਿਰਾਹਿਮ ਇਹ ਦੋਵੇਂ ਰਾਜਪੂਤ ਸ਼ਰੀਕੇ ਵਿੱਚੋਂ ਭਿਰਾਉ ਭਾਈ ਲਗਦੇ ਸੀ, ਪਰੰਤੂ ਸਿਕੰਦਰ ਕੁਝ ਪਿੰਡਾਂ ਦਾ ਰਾਜ ਕਰਦਾ ਸੀ ਅਤੇ ਬਿਰਾਹਿਮ ਇਕ ਉਸੇ ਹੀ ਦਾ ਸਰਦਾਰ ਸੀ, ਪਰ ਸੂਰਬੀਰ ਗਿਣਤੀ ਦਾ ਚੋਣਵਾਂ ਸੀ।ਸਿਕੰਦਰ ਨੂੰ ਵੀ ਜਦ ਕਦੀ ਔਕੜ ਆ ਬਣਦੀ ਤਾਂ ਮੈਦਾਨ ਜੰਗ ਵਿਚ ਇਹੋ

Digitized by Panjab Digital Library | www.panjabdigilib.org

ਬਿਰਾਹਮ ਬਹਾਦਰ ਹੀ ਫਤਹ ਕਰਕੇ ਆਉਂਦਾ ਸੀ; ਇਸੇ ਲਈ ਸਿਕੰਦਰ ਇਸ ਦੀ ਮਾਨ ਵਡਿਆਈ ਬਾਹਲੀ ਰਖਦਾ ਹੁੰਦਾ ਸੀ। ਰਾਜਾ ਹੋਣੇ ਕਰਕੇ ਸਿਕੰਦਰ ਹੰਕਾਰੀ ਅਤੇ ਖੋਟੇਕਰਮਾਂ ਵਿਚ ਬਹੁਤਾ ਲੱਗਿਆ ਰਹਿੰਦਾ ਅਰ ਪਰਲੋਕ ਦੇ ਭਉ ਤੋਂ ਨਿਰਭਉ ਹੋਇਆ ਕਹਿੰਦਾ ਹੁੰਦਾ ਸੀ''ਏਹੋ ਜੁਗ ਮਿੱਠਾ,ਅਗਲਾ ਕਿਨਡਿੱਠਾ''।

ਇਕ ਦਿਨ ਦੈਵਨੇਤ ਨਾਲ ਕੋਈ ਬ੍ਰਾਹਮਣ ਮੁਕਲਾਵੇ ਆਪਣੀ ਤੀਵੀਂ ਨੂੰ ਲਈ ਆਉਂਦਾ ਸ਼ਿਕਾਰ ਜਾਂਦੇ ਨੂੰ ਰਾਹ ਵਿਚ ਟੱਕਰ ਪਿਆ, ਉਸ ਬ੍ਰਾਹਮਣੀ ਦੀ ਫੁੱਟਦੀ ਜਵਾਨੀ ਦੀ ਸੂਰਤ ਵੇਖਕੇ ਸਕੰਦਰ ਆਪਣੀ ਅਕਲ ਅਤੇ ਧਰਮ ਦੋਵੇਂ ਗੁਆ ਬੈਠਾ। ਬੇਵਸੇ ਹੋਏ ਨੇ ਬ੍ਰਾਹਮਣ ਕੋਲੋਂ ਨਾਉਂ ਥਾਉਂ ਪਤਾ ਨਿਸ਼ਾਨ ਪੁੱਛ ਗਿੱਛ ਲਿਆ।ਹੁਣ·ਸ਼ਿਕਾਰ ਲਈ ਕੀਕਰ ਜਾਵੇ, ਓਹ ਤਾਂ ਪਾਪ ਦਾ ਸ਼ਿਕਾਰ ਆਪ ਬਣ ਗਿਆ, ਆਪਣੀ ਅਣਹੋਈ ਤੇ ਅਣਬੁਝੀ ਅੱਗ ਵਿਚ ਬਿਨਾਂ ਬਾਲਣੋਂ ਬਲਣ ਲੱਗਾ ਅਤੇ ਅਨੇਕਾਂ ਹੀ ਉਪਾਉ ਉਸ ਵਿਚਾਰੀ ਬਾਹਮਣੀ ਦੇ ਧਰਮ ਨਾਸ਼ ਕਰਨ ਲਈ ਕਰਨ ਲੱਗਾ। ਜਦ ਕੋਈ ਗੁੱਝੀ ਤਦਬੀਰ ਦੀ ਪੇਸ਼ ਨਾ ਗਈ ਤਾਂ ਆਪਣੀ ਹਕੂਮਤ ਦੇ ਜ਼ੋਰ ਦੀ ਜ਼ੋਰਾਵਰੀ ਦਿਖਾਲਣ ਲਈ ਤਿਆਰ ਹੋਇਆ। ਇਸ ਭਾਰੀ ਔਕੜ ਅਤੇ ਲਚਾਰੀ ਵੇਲੇ ਅਨਾਥ ਬ੍ਰਾਹਮਣ ਬਿਰਾਹਿਮ ਦੀ ਸ਼ਰਨ ਆਇਆ ਅਤੇ ਪੁਕਾਰ ਕੇ ਕਹਿਣ ਲੱਗਾ 'ਕਲਜੁਗ ਦਾ ਰਾਜ ਹੈ, ਵਾੜ ਖੇਤ ਨੂੰ ਖਾਣਾ ਚਾਹੁੰਦੀ ਹੈ, ਤੇਰੇ ਬਿਨਾਂ ਹੋਰ ਕੋਈ ਸਹਾਇਕ ਨਜ਼ਰ ਨਹੀਂ ਆਉਂਦਾ, ਧਰਮ ਦੇ ਵਾਸਤੇ ਸਾਡੇ ਧਰਮ ਦੀ ਸਹਾਇਤਾ ਕਰ, ਇਸ ਅਧਰਮੀ ਦੇ ਰਾਜ ਵਿਚ ਵੱਸਣ ਦਾ ਕੋਈ ਧਰਮ ਨਹੀਂ। ਤੈਨੂੰ ਇਕ ਧਰਮ ਦਾ ਥੰਮ੍ਹਾ ਜਾਣਕੇ ਤੇਰਾ ਆਸਰਾ ਲੈਂਦਾ ਹਾਂ'।

ਇਹ ਗੱਲ ਸੁਣੀ ਅਤੇ ਉਨ੍ਹਾਂ ਦੀ ਹਾਲਤ ਡਾਢੀ ਮੁਸ਼ਕਲ ਡਿੱਠੀ, ਰਾਜਾ ਦੀ ਅਜਿਹੀ ਬਦਨੀਯਤ ਉਤੇ ਆਪਣੇ ਅਫਸੋਸ ਦੇ ਹੱਥ ਮਲੇ ਅਤੇ ਜਾਕੇ ਧਰਮ ਨੀਤਿ ਦੀ ਬਹੁਤ ਸਾਰੀ ਸਿੱਖਜਾ ਸੁਣਾਈ, ਪਰ ਉਸ ਸੱਪ ਦੇ ਡੰਗੇ ਹੋਏ ਨੂੰ ਨਿੰਮ ਕੌੜੀ ਨਹੀਂ ਭਾਸਦੀ ਸੀ। ਆਪਣੀ ਧੁਨ ਦੇ ਪੱਕੇ ਨੇ ਕਹਿ ਦਿੱਤਾ ਕਿ ਮੈਂ ਉਸਨੂੰਪਤਾਲੋਂ ਵੀ ਕਢਾ ਲਵਾਂਗਾ ਅਤੇਅਕਾਸ਼ੋਂ ਵੀ ਤਾਰੇ ਵਾਂਗ ਲਾਹ ਲਵਾਂਗਾ ਅਤੇ ਇਸ ਗਲ ਨੂੰ ਅਧਰਮ ਅਥਵਾ ਅਨੀਤਿ ਵੀ ਕਦੀ ਨਹੀਂ ਸਮਝਾਂਗਾ, ਕਿਉਂਕਿ ਰਈਅਤ ਮੇਰੀ ਖੇਤੀ ਹੈ, ਮੈਂ ਜਿਸ ਤਰ੍ਹਾਂ ਚਾਹਵਾਂ ਉਸੇ ਤਰ੍ਹਾਂ ਆਪਣੀ ਖੇਤੀ ਨਾਲ ਸਲੂਕ ਕਰਾਂ। ਪਰਲੋਕ ਦੇ ਢਕੌਂਸਲੇ ਜੋ ਟੁਕੜ ਗਦਾਈਆਂ ਨੇ ਮਨਘੜਤ ਭਰਾਵੇ ਠੱਪੇ ਹਨ, ਓਹ ਨਹੀਂ ਮੰਨਾਂਗਾ। ਇਹ ਰਾਜਾ ਦਾ ਨਿਡਰ ਉੱਤਰ ਅਤੇ ਅਨਜਾਣ ਦੀ ਅੰਨ੍ਹੇਰੀ ਵਿਚਾਰ ਕੇ ਬਿਰਾਹਿਮ ਨੇ ਕਹਿ ਦਿੱਤਾ ਕਿ ਓਹ ਇਸਤ੍ਰੀ ਪੁਰਖ ਦੋਵੇਂ ਮੇਰੀ ਸ਼ਰਣ (ਪਨਾਹ) ਵਿਚ ਹਨ. ਤੂੰ ਕਿਸੇ ਤਰ੍ਹਾਂ ਓਹਨਾਂ ਵੱਲ ਅੱਖ ਧਰਕੇ ਦੇਖ ਨਹੀਂ ਸਕਦਾ। ਇਹ ਕਹਿਕੇ ਬਿਰਾਹਿਮ ਚਲਾ ਆਇਆ, ਪਰ ਸਿਕੰਦਰ ਦੇ ਸਿਰ ਉਸ ਵੇਲੇ ਅਣਹੋਇਆ ਜਿੰਨ ਸਵਾਰ ਸੀ, ਪਿੱਛੇ ਹੀ ਉਸਨੇ ਫੌਜ ਭੇਜ ਦਿੱਤੀ ਤੇ ਇਹ ਹੁਕਮ ਦਿੱਤਾ ਕਿ ਬਿਰਾਹਿਮ ਨੂੰ ਬ੍ਰਾਹਮਣੀ ਸਮੇਤ ਪਕੜ ਲਿਆਓ।ਜਦ ਬਿਰਾਹਿਮ ਨੇ ਆਪਣੇ ਅਧਰਮੀ ਰਾਜਾ ਦੀ ਇਹ ਕਰਤੂਤ ਵੇਖੀ ਤਾਂ ਰਾਜਪੂਤੀ ਤੇ ਮਰਦਾਨਗੀ ਨੂੰ ਮੈਦਾਨ ਵਿਚ ਮੁਹਰੇ ਕਰਕੇ ਦਿਖਾਇਆ, ਜਿੰਨੇ ਕੁ ਜੰਗੀ ਆਦਮੀ ਆਏ ਸਨ ਸਭਨਾਂ ਤੋਂ ਹਥਯਾਰ ਖੋਹ ਲੀਤੇ ਅਤੇ ਕੈਦ ਕਰਕੇ ਸਿਕੰਦਰ ਪਰ ਇੱਕੋ ਹੱਲੇ ਨਾਲ ਫਤਹ

Digitized by Panjab Digital Library | www.panjabdigilib.org

ਪਾਈ, ਰਾਜਾਨੂੰ ਕੈਦਖਾਨੇ ਦੀ ਠੰਢੀ ਹਵਾ ਖਾਣ ਵਾਸਤੇ ਅਤੇ ਪੈਰਾਂ ਦੀ ਸੇਵਾ ਲਈ ਸੋਨੇਦੀਆਂ ਜੜਾਊ ਬੇੜੀਆਂ ਪਹਿਰਾ ਦਿੱਤੀਆਂ।ਰਾਜ ਸਾਜ ਦੇ ਕੰਮਾਂ ਨੂੰ ਆਪਣੇ ਹੱਥਾਂ ਵਿਚ ਲੀਤਾ ਅਤੇ ਮਿ੍ਯਾਦਾ ਨਾਲ ਨਿਬਾਹੁਣਾ ਅਰੰਭ ਕੀਤਾ। ਪਹਿਲੇ ਕਈ ਕਾਲ ਤੱਕ ਰਾਜਾ ਦੀ ਕੋਈ ਖਬਰ ਨਾ ਲੀਤੀ, ਜਦ ਬਹੁਤ ਦੁਖੀ ਹੋ ਗਿਆ ਤਾਂ ਇਕ ਉਪਦੇਸ਼ਕਨੂੰ ਉਸਦੇ ਸਿੱਖਯਾ ਦੇਣ ਲਈ ਭੇਜਿਆ, ਜਿਸਨੇ ਉਸਦੇ ਧਰਮ ਦੀਆਂ ਮਿ੍ਯਾਦਾ ਅਤੇ ਰਾਜ ਨੀਤਿ ਦੇ ਬਚਨ ਰ:ਜਾਨ ਅਰ ਵਿਰਾਗ ਭਗਤੀ ਆਦਿਕਾਂ ਦੇ ਪ੍ਰਕਰਣ ਕੁਛ ਮੁੱਦਤ ਤੱਕ ਰਾਜਾ ਦੇ ਕੰਨਾਂ ਥਾਣੀਂ ਰਿਦੇ ਵਿਚ ਪਾਏ ਅਤੇ ਅਧਰਮ, ਖੋਟੇ ਕਰਮਾਂ ਦੇ ਫਲਾਂ ਦੇ ਨਮੂਨੇ ਪਰਤੱਖ ਕਰਕੇ ਸੂਚਨ ਕਰਾਏ। ਈਸ਼ੁਰ ਅਰਾਧਨ ਅਤੇ ਕੀਤੇ ਕਰਮਾਂ ਦੀਆਂ ਭੁੱਲਾਂ ਬਖਸ਼ਾਵਣ ਦੇ ਰਾਹ ਸਿਖਾਏ, ਤਾਂ ਰਾਜਾ ਨੂੰ ਕੁਛ ਸੂਝ ਪਈ, ਆਪਣੀ ਬਿਅਕਲੀ ਤੇ ਪਛੁਤਾਵਾ ਕਰਨ ਲੱਗਾ। ਉਸ ਵੇਲੇ ਕਿਸੇ ਦੇ ਰਾਹੀਂ ਬਿਰਾਹਿਮ ਪਾਸ ਖਿਮਾਂ ਮੰਗਣੇ ਦੀ ਪੱਤ੍ਰਕਾ ਭੇਜੀ, ਫਿਰ ਬਿਰਾਹਿਮ ਨੇ ਉਸ ਨੂੰ ਸਤਿਕਾਰ ਨਾਲ ਉਸਦੇ ਰਾਜ ਤਖਤ ਤੇ ਬਿਠਾਇਆ ਅਤੇਆਪ ਉਸੇ ਪਹਿਲੀ ਸ੍ਰਦਾਗੀ ਦੇ ਦਰਜੇ ਤੇ ਖੜੇ ਹੋਕੇ ਅਦਬ ਕੀਤਾ। ਇਸ ਬਿਰਾਹਿਮ ਦੀ ਬਹਾਦਰੀ ਨੇ ਇਕ ਅਧਰਮੀ ਰਾਜਾਤੋਂਸੁਧਰਮੀ ਕਰ ਦਿੱਤਾ ਅਤੇ ਆਪ ਕਿਸੇ ਰਾਜ ਵਡਿਆਈ ਦਾ ਲੋਭ ਨਾ ਕੀਤਾ ਦੇਖਕੇ ਢਾਡੀਆਂ ਨੇ ਵਾਰ ਬਨਾਈ ਅਤੇ ਗਾਉਂ ਕੇ ਸੁਣਾਈ, ਬਹੁਤ ਸਾਰਾ ਪਦਾਰਥ ਪਾਇਆ। ਉਸੇ ਵਾਰ ਦੇ ਢੰਗ ਪਰ ਇਹ ਗੂਜਰੀ ਦੀ ਵਾਰ ਗਾਉਣ ਲਈ ਗੁਰੂ ਜੀ ਨੇ ਪੂਰਨਾਂ ਕੀਤੀ ਅਤੇ ਲਿਖਕੇ ਵੀ ਸੂਚਨਾਂ ਕਰਾਈ।

ਨਮੂਨੇ ਦੀ ਪਉੜੀ ਇਹ ਹੈ:—

ਪਾਪੀ ਖਾਨ ਬਿਰਾਹਿਮ ਪਰ ਚੜ੍ਹ ਆਇ ਸਿਕੰਦਰ।
ਭਿੜ ਦੁਹਾਂ ਦਾ ਮੱਚਿਆ ਬਡ ਰਣ ਦੇ ਅੰਦਰ।
ਫੜਿਆ ਖਿਨ ਬਿਰਾਹਿਮ ਨੇ ਕਰ ਵੱਡ ਅਡੰਬਰ।
ਬੱਧਾ ਸੰਗਲ ਪਾਇਕੇ ਜਨੁ ਕੀਲੇ ਬੰਦਰ।
ਅਪਣਾ ਹੁਕਮ ਮਨਾਇਕੇ ਛਡਿਆ ਜਗ ਅੰਦਰ॥੧॥

ਕੋਈ ਇਹ ਪਉੜੀ ਵੀ ਕਹਿੰਦੇ ਹਨ:—

ਸਿਕੰਦਰ ਕਹੇ ਬਿਰਾਹਮ ਨੂੰ ਇਕ ਗੱਲ ਹੈ ਭਾਈ।
ਤੇਰੀ ਸਾਡੀ ਰਣ ਵਿਖੇ ਅਜ ਪਈ ਲੜਾਈ।
ਤੂੰ ਨਾਹੀਂ ਕਿ ਮੈਂ ਨਹੀਂ ਇਹ ਹੁੰਦੀ ਆਈ।
ਰਜਪੂਤੀ ਜਾਤੀ ਨੱਸਿਆਂ ਰਣ ਲਾਜ ਮਰਾਈ।
ਲੜੀਏ ਆਹਮੋਂ ਸਾਹਮਣੇ ਜੋ ਕਰੇ ਸੁ ਸਾਂਈ।

ਗੂਜਰੀ ਦੀ ਵਾਰ ਦੀ ਤੁਕ—

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥

ਵਡਹੰਸ ਕੀ ਵਾਰ ਮਹਲਾ ੪

ਲਲਾ ਬਹਲੀਮਾ ਕੀ ਧੁਨਿ ਗਾਵਣੀ॥

ਇਹ ਦੌਵੇਂ ਲਲਾ ਅਤੇ ਬਹਲੀਮਾ ਕਾਂਗੜੇ ਦੇਸ਼ ਦੇ ਰਜਪੂਤ ਜ਼ਿਮੀਂਦਾਰ ਸਰਦਾਰ ਸੇ, ਪਰੰਤੂ ਲਲਾ ਦੀ ਜ਼ਮੀਨ ਵਿੱਚ ਸਦਾ ਹੀ ਪਾਣੀ ਵੱਲੋਂ ਸੋਕਾ ਰਹਿੰਦਾ ਸੀ। ਦੈਵਨੇਤ ਨਾਲ ਇਕ ਸਾਲ ਭਾਰੀ ਔੜ ਲੱਗ ਗਈ, ਇਸ ਔੜ ਦੀ ਔਕੜ ਵੇਲੇ ਲਲਾ ਨੇ ਬਹਲੀਮੇ ਨੂੰ ਆਖਿਆ—ਮੇਰਾ ਜ਼ਿਮੀਂਦਾਰਾ ਇਸ ਔੜ ਵਿੱਚ ਰੁੜ੍ਹਿਆ ਜਾਂਦਾ ਹੈ, ਜੇ ਤੂੰ ਆਪਣੀਆਂ ਕੂਲ੍ਹਾਂ ਥਾਣੀ ਮੇਰੀ ਜ਼ਮੀਨ ਨੂੰ ਵੀ ਪਾਣੀ ਦੇ ਦੇਵੇਂ ਤਾਂ ਬੇੜਾ ਬੰਨੇ ਲੱਗ ਜਾਵੇ।

ਬਹਲੀਮੇ ਨੇ ਆਖਿਆ ਇਸ ਪਾਣੀ ਦਾ ਮਾਮਲਾ ਪੈਦਾਵਾਰ ਦਾ ਛੇਵਾਂ ਹਿੱਸਾ ਤੈਨੂੰ ਦੇਣਾ ਪਏਗਾ। ਇਹ ਗੱਲ ਲਲੇ ਨੇ ਪ੍ਰਵਾਨ ਕਰਕੇ ਪਾਣੀ ਦੇ ਖਾਲ ਪੁੱਟ ਲਿਆਂਦੇ ਅਤੇ ਆਪਣੀ ਸਾਰੀ ਜ਼ਮੀਨ ਸਿੰਜ ਲਈ, ਫਸਲ ਚੰਗੇ ਹੋ ਗਏ,ਵੱਢ ਗਾਹਕੇ ਦਾਣਾ ਫੱਕਾ ਸਾਰਾ ਹੀ ਲਲੇ ਨੈ ਸਾਂਭ ਸਿੱਤ੍ਰ ਲਿਆ ਤੇ ਬਹਲੀਮੇ ਨੂੰ

Digitized by Panjab Digital Library | www.panjabdigilib.org

ਮਾਮਲਾ ਜੋ ਛੇਵਾਂ ਹਿੱਸਾ ਦੇਣਾ ਸੀ, ਨਾ ਦਿੱਤਾ। ਇਸ ਗੱਲ ਤੋਂ ਗੱਲ ਬਾਹਲੀ ਵਧ ਗਈ, ਇੱਥੋਂ ਤਾਈਂ ਕਿ ਇਕ ਵੱਡੀ ਭਾਰੀ ਜਾਨ ਤੋੜਵੀਂ ਤੇ ਬਹਾਦਰਾਂ ਦਾ ਮੂੰਹ ਮੋੜਵੀਂ ਲੜਾਈ ਹੋਈ। ਭਾਵੇਂ ਲਲਾ ਬੜਾ ਬਹਾਦਰ ਰਾਜਪੂਤ ਸਾ, ਪਰ ਬਹਿਲੀਮੇ ਦੀ ਬਹਾਦਰੀ ਅੱਗੇ ਸ਼ਿਕਸਤ ਖਾ ਗਿਆ, ਜੀਉਂਦਾ ਹੀ ਪਕੜਿਆ ਗਿਆ। ਬਹਿਲੀਮੇ ਨੇ ਥੋੜੇ ਚਿਰ ਵਾਸਤੇ ਕੈਦ ਰਖਿਆ ਅਤੇ ਆਪਣਾ ਮਾਮਲਾ ਜੋ ਛੀਵਾਂ ਹਿੱਸਾ ਕਣ ਲੈਣਾਂ ਸਾ, ਲੈਕੇ ਲਲੇ ਨੂੰ ਛੱਡ ਦਿੱਤਾ ਅਤੇ ਉਸਦੀ ਜ਼ਮੀਨ ਉਸਨੂੰ ਮੋੜ ਦਿੱਤੀ।

ਇਨ੍ਹਾਂ ਦੀ ਇਹ ਜਾਨ ਤੋੜਵੀਂ ਬਹਾਦਰੀ ਪਰ ਢਾਡੀਆਂ ਨੇ ਵਾਰ ਬਣਾਈ ਅਤੇ ਬਹਾਦਰਾਂ ਨੂੰ ਸੁਣਾ ਸੁਣਾਕੇ ਇਨਾਮ ਰੋਜ਼ੀਨੇ ਪ੍ਰਾਪਤ ਕੀਤੇ।

ਇਸੇ ਵਾਰ ਦੇ ਗਾਉਣ ਦੀ ਰੀਤ ਪਰ ਵਡਹੰਸ ਦੀ ਵਾਰ ਗਾਉਣ ਲਈ ਗੁਰੂ ਜੀ ਨੇ ਆਗਿਆ ਕੀਤੀ ਅਤੇ ਲਿਖਿਆ।

ਨਮੂਨੇ ਲਈ ਉਸ ਵਾਰ ਦੀ ਪਉੜੀ;–

ਧਾਈ ਧਾਈ ਆਕੀਐ ਗਹਿਰੀ ਸੱਟ ਪਈ
ਜਿਉਂ ਵਦਾਣੇ:–
ਧੂਹ ਮਿਆਨੋਂ ਕੱਢੀਐ ਤ੍ਰਿੱਖਾ ਤੀਰ ਬਬਾ ਤ੍ਰਗਾਣੇਂ
ਅੰਗਾਕਣ ਤੇ ਤਲਵਾਰ ਹੈ ਦੇਹੀਂ ਮਨ ਬੈਠਾ ਅਰਕਾਣੇ
ਤੇਗਾ ਮਾਰਿਆ ਲਲਾ ਬਹਲੀਮ ਕੀ ਭੁੱਖਾ ਸ਼ੀਂਹ
ਫਿਰੇ ਵੈਰਾਣੇ ॥ ੧ ॥
ਕਾਲ ਲਲਾ ਦੇ ਦੇਸ ਦਾ ਖੋਆ ਬਹਲੀਮਾ।
ਹਿੱਸਾ ਛਠਾ ਮਨਾਇ ਕੇ ਜਲ ਨਹਰੋਂ ਦੀਮਾ।
ਫਿਰਾਹੁਨ ਹੁਇ ਲਲਾ ਨੇ ਰਣ ਮੰਡਿਆ ਧੀਮਾ।
ਭੇੜ ਦੁਹੂੰ ਦਿਸ ਮੱਚਿਆ ਸੱਟ ਪਈ ਅਜ਼ੀਮਾ।
ਸਿਰ ਧੜ ਡਿੱਗੇ ਖੇਤ ਵਿਚ ਜਿਉਂ ਵਾਹਣ ਢੀਮਾਂ।
ਦੇਖ ਮਾਰੇ ਲਲਾ ਬਹਲੀਮ ਨੇ ਰਣ ਮੈ ਧਰ ਸੀਮਾ।

ਵਡਹੰਸ ਕੀ ਵਾਰ ਦੀ ਤੁਕ:–

ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁਕੀਆ ॥

ਰਾਮਕਲੀ ਕੀ ਵਾਰ ਮਹਲਾ ੩

ਜੋਧੈ ਵੀਰੈ ਪੂਰਬਾਣੀ ਕੀ ਧੁਨੀ

ਜੋਧਾ ਅਤੇ ਵੀਰਾ ਏਹ ਦੋਵੇਂ ਧਾੜਵੀ ਲੱਖੀ ਜੰਗਲ ਦੇ ਵਡੇ ਉੱਘੇ ਹੋ ਚੁੱਕੇ ਸਨ, ਪੂਰਬਾਣੀ ਇਨ੍ਹਾਂ ਦੇ ਬਾਪ ਦਾ ਨਾਉਂ ਸੀ। ਇਹ ਜੰਗਲ ਦੇਸ ਵਿਚ ਸਦਾ ਆਕੀ ਹੀ ਰਹੇ। ਅਕਬਰ ਬਾਦਸ਼ਾਹ ਦੇ ਵੇਲੇ ਕਸ਼ਮੀਰ ਕਾਬਲ ਦੀਆਂ ਡਾਲੀਆਂ ਅਤੇ ਟਕੇ ਦਿੱਲੀ ਜਾਂਦੇ ਹੋਏ ਕੇਈ ਵੇਰੀ ਜੋਧੇ ਵੀਰੇ ਨੇ ਲੁੱਟੇ। ਕੇਈ ਵੇਰੀ ਬਾਦਸ਼ਾਹੀ ਫੌਜਾਂ ਨਾਲ ਮੁਕਾਬਲੇ ਵੀ ਕੀਤੇ, ਪਰ ਸਦਾ ਹੀ ਫਤੇ ਆਪਣੀ ਮਨਾਉਂਦੇ ਰਹੇ। ਕਦੀ ਕਿਸੇ ਦੇ ਦਹੇ ਨਾ ਚੜ੍ਹੇ। ਕੇਈ ਸ਼ਾਹੀ ਫੌਜਾਂ ਨੂੰ ਆਪਣੇ ਮਗਰ ਭੁਆਇਆ ਅਰ ਧੋਖੇ ਦੇ ਦੇ ਸਭ ਖ਼ੂਨ ਕੀਤੇ। ਬੜੇ ਬੜੇ ਉਮਰਾਉ ਅਤੇ ਅਮੀਰ ਲੁੱਟੇ। ਓੜਕ ਬਾਦਸ਼ਾਹ ਨੇ ਅੱਕ ਕੇ ਲਿਖ ਭੇਜਿਆ ਕਿ ਜੰਗਲ ਦੇਸ ਦੀ ਹਾਕਮੀ ਤੁਹਾਨੂੰ ਦੇਂਦਾ ਹਾਂ, ਤੁਸੀਂ ਰਾਜ ਕਰੋ ਤੇ ਇਹ ਧਾੜੇ ਮਾਰਨੇ ਛਡ ਦਿਓ, ਪਰ ਇਨ੍ਹਾਂ ਧੁਨ ਦੇ ਪੱਕਿਆਂ ਨੇ ਇਕ ਨਾ ਮੰਨੀ। ਸਾਰੀ ਜ਼ਿੰਦਗੀ ਇਸੇ ਧਾੜਾ ਮਾਰਨ ਦੀ ਬਹਾਦਰੀ ਵਿਚ ਗੁਜ਼ਾਰੀ, ਪਰ ਦੀਨ, ਦੁਖੀਏ, ਅਨਾਥ, ਅੰਗਹੀਨਾਂ ਦੀ ਦਾਰੀ ਕਰਨੀ ਅਤੇ ਪਰਮੇਸ਼ਰ ਪਰ ਭਰੋਸਾ, ਆਪਣੇ ਧਰਮ ਤੇ ਨਿਸਚਾ ਵੀ ਬਹਾਦਰੀ ਜਿਹਾ ਹੀ ਨਿਬਾਹ ਗਏ। ਇਨ੍ਹਾਂ ਦੀ ਸਾਰੀ ਜ਼ਿੰਦਗੀ ਵਿਚ ਕੋਈ ਅਜੇਹਾ ਦਿਨ ਨਹੀਂ ਆਇਆ ਸੀ ਜਦ ਇਨ੍ਹਾਂ ਕਿਸੇ ਤੋਂ ਹਾਰ ਮੰਨੀ ਹੋਵੇ, ਅਥਵਾ ਕਿਸੇ ਦੀ ਹਕੂਮਤ ਮੰਨੀ ਹੋਵੇ ਜਾਂ ਕਿਸੇ ਜੰਗ ਵਿੱਚੋਂ ਹਾਰ ਖਾਧੀ ਹੋਵੇ। ਇਜੇਹੇ ਬਹਾਦਰਾਂ ਦੀ

Digitized by Panjab Digital Library | www.panjabdigilib.org

ਬਹਾਦਰੀ ਅਤੇ ਆਪੋ ਵਿੱਚ ਦੇ ਭਰਾਵਾਂ ਦੀ ਮਿਲਤ ਪਰ ਢਾਡੀਆਂ ਨੇ ਵਾਰ ਬਣਾਈ ਅਤੇ ਗਾਉਂ ਕੇ ਸੁਣਾਈ।

ਓਸੇ ਧਾਰਨਾ ਪਰ ਗਾਉਣ ਲਈ ਗੁਰੂ ਜੀ ਨੇ ਰਾਮਕਲੀ ਦੀ ਵਾਰ ਗਾਉਣ ਲਈ ਸੂਚਨਾ ਲਿਖੀ ਹੈ।

ਜੋਧ ਬੀਰ ਦੋਹੀਂ ਸਾਮਨੇ ਬਾਤਾਂ ਕਰੈਂ ਕਰਾਰੀਆਂ।
ਬਸੰਤ੍ ਧੋਵੇ ਕੱਪੜੇ ਰਾਜਾ ਪਵਨ ਦੇਹਿ ਬੁਹਾਰੀਆਂ।
ਚੜ੍ਹਿਆ ਰਾਣਾ ਜੋਧ ਬੀਰ ਹਾਥੀ ਸੋਹਨ ਹੰਬਾਰੀਆਂ।
ਧੂਹ ਮਿਆਨੋਂ ਕੱਢੀਆਂ ਬਿਜਲੀ ਜਿਉਂ ਚਮਕਾਰੀਆਂ
ਕੈਹੀ ਕੀਤੀ ਜੋਧ ਬੀਰ ਪੂਰਬਾਣੀ ਗੱਲਾਂ ਭਾਰੀਆਂ।
ਜੋਧਬੀਰਪੂਰਬਾਣੀਏਂ ਦੇ ਇਗੱਲਾਂ ਕਰਨਿਕਰਾਰੀਆਂ।
ਫੌਜਾਂ ਚਾੜੀਆਂ ਬਾਦਸ਼ਾਹ ਅਕਬਰ ਨੇ ਭਾਰੀਆਂ।
ਸਨਮੁਖ ਹੋਏ ਰਾਜਪੂਤ ਸੂਤਰੀ ਰਣਕਾਰੀਆਂ ;
ਇੰਦਰ ਸਣੇ ਅਪੱਛਰਾਂ ਦੇਹਾਂ ਨੂੰ ਕਰਨ ਜੁਹਾਰੀਆਂ।
ਏਹੀ ਕੀਤੀ ਜੋਧ ਵੀਰ ਪਾਤਸ਼ਾਹੀ ਗੱਲਾਂ ਸਾਰੀਆਂ।

ਰਾਮਕਲੀ ਕੀ ਵਾਰ ਦੀ ਤੁਕ:-

ਸਚੈ ਤਖਤੁ ਰਚਾਇਆ ਬੈਸਣ ਕਉ ਜਾਂਦੀ ॥

ਸਾਰੰਗ ਕੀ ਵਾਰ ਮਹਲਾ ੪

ਰਾਇ ਮਹਮੇ ਹਸਨੇ ਕੀ ਧੁਨਿ

ਰਾਇ ਮਹਿਮਾ ਅਤੇ ਰਾਇ ਹਸਨਾ ਦੋਵੇਂ ਰਜਵਾੜਿਆਂ ਦੇ ਰਾਜਾ ਸਨ ਅਤੇ ਸ਼ਰੀਕੇ ਵਿਚੋਂ ਭਾਈ ਭੀ ਸਨ। ਮਹਿਮਾ ਰਾਜ ਵਿਚ ਵਡੇਰਾ ਸੀ, ਪਰ ਹਸਨਾ ਐਂਠ ਆਕੜ ਬਹਾਦਰੀ ਵਿਚ ਕਿਸੇ ਤੋਂ ਘੱਟ ਨਹੀਂ ਸਾ। ਮਹਿਮਾ ਆਪਣੀ ਦੀਨ ਅਤੇ ਸਿੱਕਾ ਚਲਾਇਆ ਚਾਹੁੰਦਾ ਸਾ, ਪਰ ਹਸਨਾ ਇਹ ਗੱਲਾਂ ਨਹੀਂ ਮੰਨਦਾ ਸਾ ਅਤੇ ਕਹਿੰਦਾ ਸਾ ਕਿ ਸ਼ਰੀਕ ਦੀ ਦੀਨ ਨਹੀਂ ਮੰਨਣੀ। ਇਹ ਗਲ ਧੁਖਦੀ ਧੁਖਦੀ ਭਾਂਬੜ ਵਾਂਗ ਬਲ ਪਈ, ਆਪੋ ਵਿਚ ਜਾਨ ਤੋੜਵੀਂ ਬੜੀ ਭਾਰੀ ਲੜਾਈ ਹੋਈ। ਹਸਨੇ ਦੀ ਬਹਾਦਰੀ ਵਿਚ ਤਾਂ ਕੋਈ ਕਸਰ ਬਾਕੀ ਨਹੀਂ ਸੀ ਰਹੀ, ਪਰ ਫਰੇਬ ਅਗੇ ਬਹਾਦਰੀ ਦੀ ਕੋਈ ਪੇਸ਼ੀ ਨਾ ਚੱਲੀ। ਹਸਨਾ ਪਕੜਿਆ ਗਿਆ। ਮਹਿਮੇ ਨੇ ਕੈਦ ਕਰਕੇ ਆਖਿਆ ਕਿ ਹੁਣ ਵੀ ਦੀਨ ਮੰਨ ਲੈ ਤੇ ਆਪਣਾ ਰਾਜ ਕਰ। ਹਸਨੇ ਨੇ ਆਪਣੀ ਐਂਠ ਕੈਦ ਵਿਚ ਵੀ ਆਕੜ ਵਾਲੀ ਹੀ ਦਿਖਾਈ। ਦੀਨ ਮੰਨਣੀ ਤਾਂ ਕਿਤੇ ਰਹੀ, ਉਸ ਬਹਾਦਰ ਨੇ ਦਾਉ ਘਾਉ ਪਾਕੇ ਬੇੜੀ ਤੋੜ ਘੱਤੀ ਅਤੇ ਰਾਤ ਵੇਲੇ ਕੈਦਖਾਨੇ ਵਿੱਚੋਂ ਚੰਨਾ ਚੀਰ ਕੇ ਨਿਕਲ ਗਿਆ। ਮਹਿਮੇ ਨੇ ਬਹੁਤ ਢੂੰਡ ਭਾਲ ਕੀਤੀ, ਪਤਾ ਕੁਝ ਨਾ ਲੱਗਾ, ਪਰ ਥੜ੍ਹਾ ਹੀ ਚਿਰ ਬੀਤਿਆ ਸੀ ਕਿ ਪਾਤਸ਼ਾਹ ਦੀਆਂ ਫੌਜਾਂ ਨਾਲ ਲਈ ਹਸਨੇ ਨੇ ਮਹਿਮੇ ਨੂੰ ਆਣ ਘੇਰਿਆ ਅਤੇ ਲੜਾਈ ਛਿੜ ਪਈ। ਬਤੇਰੀ ਫੌਜ ਕੰਮ ਆਈ। ਓੜਕ ਨੂੰ ਮਹਿਮੇ ਅਤੇ ਹਸਨੇ ਦੀ ਛੇਕੜਲੀ ਲੜਾਈ ਇਕ ਭਾਰੀ ਜਾਨ ਤੋੜਵੀਂ ਹੋਈ, ਜਿਸਦਾ ਸਿੱਟਾ ਇਹ ਨਿਕਲਿਆ ਕਿ ਰਾਇ ਹਸਨਾ ਰਾਇ ਮਹਿਮੇ ਦੇ ਹਥੋਂ ਮਾਰਿਆ ਗਿਆ ਅਤੇ ਉਸਦੇ ਰਾਜ ਭਾਗ ਦਾ ਮਾਲਕ ਰਾਇ ਮਹਿਮਾ ਹੋ ਗਿਆ।

ਇਸ ਬਹਾਦਰੀ ਪਰ ਢਾਡੀਆਂ ਨੇ ਵਾਰ ਬਣਾ ਕੇ ਗਾਵੀਂ, ਗੁਰੂ ਜੀ ਓਸੇ ਵਾਰ ਦੀ ਧਾਰਨਾ ਪਰ ਸੂਚਨਾ ਕਰਾਉਂਦੇ ਹਨ ਕਿ ਓਸੇ ਧੁਨ ਵਿਚ ਗਾਉਣੀ।

ਪਉੜੀ ਨਮੂਨੇ ਦੀ:-

ਹਸਨੈ ਮਹਿਮੇ ਰਾਣਿਆਂ ਦੋਹਾਂ ਉਠਾਈ ਕੱਲ੍ਹ।
ਮਹਿਮੇ ਹਸਨਾ ਮਾਰਿਆ ਦੁੱਧ ਤੋਂ ਮੱਖੀ ਗਈਆ ਟੱਲ।
ਬਹੁਤੇ ਰੰਗ ਵਿਰੁੱਤਿਆ ਅਥਰਬਣ ਬੇਦ ਪਇਆ ਟੁਟ ਗੱਲ।
ਆਖੀਂ ਮਾਖੇ ਢਾਡੀਆ ਦੋ ਸ਼ੀਂਹ ਨ ਟੁਰਦੇ ਰਲ।੧।

Digitized by Panjab Digital Library | www.panjabdigilib.org

ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ।
ਹਸਨੇ ਬੇਈਮਾਨਗੀ ਨਾਲ ਮਹਿਮੇ ਵੱਟੀ।
ਭੇੜ ਦੁਹਾਂ ਦਾ ਮੱਚਿਆ ਸਰ ਵੱਗੇ ਫੱਟੀ।
ਮਹਿਮੇ ਪਾਈ ਫਤੇ ਰਣ ਗਲ ਹਸਨੇ ਘੱਟੀ।
ਬੰਨ੍ਹ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ।

ਸਾਰੰਗ ਕੀ ਵਾਰ ਦੀ ਤੁਕ:-

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ॥

ਵਾਰ ਮਲਾਰ ਕੀ ਮਹਲਾ ੧

ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ

ਰਾਣਾ ਕੈਲਾਸ ਦੇਉ ਅਤੇ ਰਾਣਾ ਮਾਲਦੇਉ ਇਹ ਦੋਵੇਂ ਰਾਜਪੂਤ ਭਾਈ ਸੇ। ਕਹਿੰਦੇ ਹਨ ਬਾਦਸ਼ਾਹ ਜਹਾਂਗੀਰ ਦੇ ਵੇਲੇ ਇਹ ਦਵੇਂ ਜੰਮੂ ਕਸ਼ਮੀਰ ਦਾ ਰਾਜ ਕਰਦੇ ਸੇ, ਪਰ ਟਕੇ ਪਾਤਸ਼ਾਹੀ ਭਰਦੇ ਸੇ।

ਇਹ ਰਾਣੇ ਬੜੇ ਨਾਮੀ ਗ੍ਰਾਮੀ ਚੁਣਵੇਂ ਅਤੇ ਤੁਲਵੇਂ ਗਿਣਤੀ ਦੇ ਸੂਰਮੇ ਸਨ, ਇਸ ਲਈ ਇਨ੍ਹਾਂ ਵਲੋਂ ਪਾਤਸ਼ਾਹ ਨੂੰ ਕੁਝ ਧੁਖਧੁਖੀ ਜੇਹੀ ਲਗੀ ਰਹਿੰਦੀ ਸੀ ਕਿ ਮਤਾਂ ਕਦੀ ਕਿਸੇ ਗਲੋਂ ਵਿਗੜਕੇ ਬਾਗ਼ੀ ਨਾ ਹੋ ਜਾਣ। ਇਸ ਲਈ ਓਸ ਨੇ ਇਕ ਰਾਜਨੀਤ ਦੀ ਚਾਲ ਖੇਡੀ। ਕਿਸੇ ਨੂੰ ਵਿਚ ਭੇਤੀ ਪਾ ਕੇ ਭਿਰਾਵਾਂ ਦੇ ਮੇਲ ਦੇ ਖਲਵਾੜੇ ਵਿਚ ਅੱਗ ਦੀ ਚਿਣੰਗ ਸੁੱਟ ਦਿੱਤੀ ਅਤੇ ਦੋਹੀਂ ਲਾਂਭੀ ਫੂਕਾਂ ਮਾਰ ਮਾਰ ਕੇ ਭਖਾ ਕੇ ਭਾਂਬੜ ਬਾਲ ਦਿਖਾਇਆ, ਇਸੇ ਤਾਉ ਵਿਚ ਭਿਰਾਵਾਂ ਨੇ ਤਾਉ ਦਿੱਤੇ ਅਤੇ ਆਪੋ ਆਪਣੇ ਦਾਵੇ ਬੰਨ੍ਹ ਕੇ ਫੌਜਾਂ ਤਿਆਰ ਕੀਤੀਆਂ ਅਰ ਲੜਾਈ ਲੱਗ ਪਈ।

ਇਸ ਖਾਨਾ ਜੰਗੀ ਦੀ ਕੁਫੰਗੀ ਖਬਰ ਸੁਣਕੇ ਬਾਦਸ਼ਾਹ ਨੇ ਖੁਸ਼ੀ ਮਨਾਈ ਕਿ ਦੁਸ਼ਮਨ ਆਪੋ ਵਿਚ ਦੀ ਆਪੇ ਲੜ ਮਰਨਗੇ।

ਪਰ ਕਰਤਾਰ ਨੂੰ ਇਹ ਗੱਲ ਨਹੀਂ ਭਾਉਂਦੀ ਸੀ। ਭਾਵੇਂ ਭਰਾਵਾਂ ਦੀਆਂ ਜਾਨ ਤੋੜਵੀਆਂ ਬਹੁਤ ਸਾਰੀਆਂ ਲੜਾਈਆਂ ਨੇ ਪੀਰ ਪੰਜਾਲ ਜੇਹੇ ਟਿੱਲਿਆਂ ਨੂੰ ਕੰਬਾ ਦਿੱਤਾ ਸੀ ਅਤੇ ਫੌਜੀ ਬਹਾਦਰਾਂ ਦੇ ਆਹੂ ਵੀ ਬਤੇਰੇ ਲਹਿ ਗਏ ਸਨ ਤੇ ਮੁਲਕ ਦੀ ਵੈਰਾਨੀ ਨੇ ਪਰਜਾ ਦੇ ਦਿਲਾਂ ਨਾਲ ਬਿਜਲੀ ਵਾਲਾ ਹੱਥ ਕਰ ਰਖਿਆ ਸੀ ਤੇ ਇੱਕੁਰ ਹੀ ਖਜ਼ਾਨੇ ਨੇ ਵੀ ਭੁੱਖੇ ਬਘਿਆੜ ਵਾਕਰ ਉਛਲਵਾਂ ਮੂੰਹ ਖੋਲ੍ਹ ਰੱਖਿਆ ਸੀ,ਪਰ ਤਦ ਵੀ ਭਰਾਵਾਂ ਦੇ ਦਿਲਾਂ ਦੇ ਜੋਸ਼ ਨਿਕਲਨੇ ਅਜੇ ਬਸ ਨਹੀਂ ਹੋਏ ਸਨ। ਆਪੋ ਆਪਣੀ ਜਿੱਤ ਦੀਆਂ ਉਮੰਗਾਂ ਵਾਗਾਂ ਫੜੀ ਘੋੜਿਆਂ ਤੇ ਰਣ ਭੂਮਕਾ ਵਿਚ ਨੱਚ ਰਹੀਆਂ ਸਨ। ਤਲਵਾਰ ਦੀ ਪਾਨ ਦਾ ਪਾਣੀ ਬਹਾਦਰ ਲੋਕ ਪੀ ਪੀ ਕੇ ਹਜ਼ਾਰਾਂ ਹੀ ਮਸਤ ਹੋਏ ਪਏ ਸਨ ਕਿ ਅਚਣਚੇਤੀ ਇਹਨਾਂ ਰਾਣਿਆਂ ਦਾ ਇਕ ਵਡਾ ਸਨਬੰਧੀ (ਜਿਸ ਨੂੰ ਅਸਲੀ ਭੇਤ ਦੀ ਕੁਝ ਸੂੰਹ ਲਗ ਗਈ ਸੀ) ਪਾਣੀ ਦੇ ਭਰੇ ਹੋਏ ਬੱਦਲ ਵਾਂਗ ਝੁਕਿਆ ਅਤੇ ਦੁਹੀਂ ਲਾਂਭੀ ਸ਼ਾਂਤ ਵਰਤਾਈ, ਕ੍ਰੋਧ ਦੀ ਘਰ ਸਾੜਵੀਂ ਅੱਗ ਨੂੰ ਠੰਢਾ ਕੀਤਾ,ਪਾਤਸ਼ਾਹੀ ਚਾਲਨੂੰਸਮਝਾਇਆ, ਵਿਚਾਲੂਆਂ ਲੂਤੀਆਂ ਲਾਉਣ ਵਾਲਿਆਂ ਦੇ ਪੱਕੇ ਪਤੇ ਦੱਸੇ ਤਾਂ ਦੁਹਾਂ ਧਿਰਾਂ ਨੇ ਆਪੋ ਆਪਣੀ ਭੁੱਲ ਨੂੰ ਭੁੱਲ ਜਾਤਾ ਅਤੇ ਇਕ ਦੂਜੇ ਨੇ ਖਿਮਾਂ ਮੰਗੀ ਅਤੇ ਅੱਗੇ ਲਈ ਸਚ ਮੁਚ ਦੇ ਸਕੇ ਭਿਰਾਉ ਬਣ ਗਏ।

ਇਸ ਬਹਾਦਰੀ ਦੇ ਪ੍ਰਸੰਗ ਦੀ ਵਾਰ ਬਣਾ ਢਾਡੀਆਂ ਨੇ ਗਾਵੀਂ,ਬੜੇ ਇਨਾਮ ਪਾਏ;ਓਸੇ ਵਾਰ ਦੇ ਗੀਤ ਪਰ ਗਾਉਣ ਲਈ ਗੁਰੂ ਜੀ ਨੇ ਸੂਚਨਾ ਲਿਖੀ ਹੈ।

ਨਮੂਨੇ ਦੀ ਪਉੜੀ ਇਹ ਹੈ:-

ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ।
ਨਉ ਸੈ ਨਦੀ ਨਰਿੰਨਵੇ ਰਾਣਾ ਜਲ ਕੰਬਰ।

Digitized by Panjab Digital Library | www.panjabdigilib.org

ਢੁੱਕਾ ਰਾਇ ਅਮੀਰ ਦੇਵ ਕਰ ਮੇਘ ਅਡੰਬਰ।
ਆਨਤ ਖੰਡਾ ਰਾਣਿਆਂ ਕੈਲਾਸੇ ਅੰਦਰ।
ਬਿੱਜਲ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ।
ਮਾਲ ਦੇਵ ਕੈਲਾਸ ਨੂੰ ਬੰਨ੍ਹਿਆ ਕਰ ਸੰਬਰ।
ਫਿਰ ਅੱਧਾ ਧਨ ਮਾਲ ਦੇ ਛਡਿਆ ਗੜ੍ਹ ਅੰਦਰ।
ਮਾਲ ਦੇਉ ਜਸ ਖੱਟਿਆ ਵਾਂਗ ਸ਼ਾਹ ਸਿਕੰਦਰ।
ਤੁਕ:-ਆਪੀਨੈ ਆਪੁ ਸਾਜਿ ਆਪੁ ਪਛਾਣਿਆ॥

ਕਾਨੜੇ ਕੀ ਵਾਰ ਮਹਲਾ ੪

ਮੂਸੇ ਕੀ ਵਾਰ ਕੀ ਧੁਨੀ

ਇਹ ਇਕ ਬਹਾਦਰ ਮੂਸਾ ਨਾਮੀ ਰਾਠ ਸਾ, ਭਾਰਾ ਸੂਰਮਾ ਬਾਂਕਾ ਘੋੜਚੜ੍ਹਾ ਮਸ਼ਹੂਰ ਸਾ। ਕਿਤਨੇ ਕੁ ਪਿੰਡ ਆਪਣੇ ਜ਼ਿਮੀਂਦਾਰੇ ਦੇ ਰਖਦਾ ਸਾ। ਇਸ ਸ਼ਾਹ ਸਵਾਰ ਦੀ ਚੜ੍ਹਦੀ ਜਵਾਨੀ ਵੇਲੇ ਇਕ ਚੰਗੇ ਘਰ ਮੰਗਣੀ ਹੋ ਗਈ। ਘਰ ਵਿਚ ਖੁਸ਼ੀਆਂ ਅਤੇ ਵਧਾਈਆਂ ਹੋਈਆਂ, ਪਰ ਅਜੇ ਕੁਝ ਬਹੁਤ ਚਿਰ ਨਹੀਂ ਸਾ ਬੀਤਿਆ ਕਿ ਧੀ ਵਾਲਿਆਂ ਨੂੰ ਕਿਸੇ ਕੁਧਰਮੀ ਨੇ ਭਰਮਾ ਦਿਤਾ ਕਿ ਮੂਸੇ ਨਾਲੋਂ ਸੌ ਗੁਣਾਂ ਚੰਗਾ ਧਨ ਪਦਾਰਥ ਵਾਲਾ ਜਾਤੋਂ ਵੀ ਉੱਚਾ ਰਾਣਾ ਹੈ, ਤੂੰ ਓਥੇ ਧੀ ਦਾ ਵਿਆਹ ਕਰ ਦੇਹ। ਇਹ ਗੱਲ ਵਿਚਾਲੂ ਦੀ ਢਾਲ ਪੈ ਗਈ, ਮੂਸੇ ਦੀ ਮੰਗ ਇਕ ਹੋਰ ਰਾਣੇ ਨਾਲ ਵਿਆਹੀ ਗਈ। ਇਹ ਖਬਰ ਜਦ ਮੂਸੇ ਨੇ ਸੁਣੀ ਤਾਂ ਕ੍ਰੋਧ ਦੀ ਅੱਗ ਅੰਦਰੇ ਅੰਦਰ ਧੁਖਣੀ ਅਰੰਭ ਹੋਈ, ਪਰ ਜਦ ਯਾਰਾਂ ਦੋਸਤਾਂ ਦੀਆਂ ਮਸਖਰੀਆਂਨੇ ਤੇਲਪਾਇਆਤਾਂ ਭੜਕਉੱਠੀ।

ਮੂਸਾ ਰਾਠ ਕਮਰਕੱਸਾ ਕਰ ਕੇ ਘੋੜੇ ਤੇ ਸਵਾਰ ਹੋ ਕੇ ਤਾਬੜਤੋੜ ਉਸ ਨਵੇਂ ਵਿਹੀਂ-ਦੜ ਦੇ ਘਰ ਪੁੱਜਾ ਅਤੇ ਆਪਣੀਆਂ ਬਲ ਭਰੀਆਂ ਬਾਹਾਂ ਦੇ ਜ਼ੋਰ ਨਾਲ ਰਾਣੇ ਨੂੰ ਹਿਮਾਇਤੀਆਂ ਸਮੇਤ ਕੈਦਕਰ ਲਿਆ ਅਤੇਆਪਣੀ ਮੰਗ ਵੀ ਕੈਦ ਕਰ ਲਈ। ਨਗਰ ਵਿਚ ਢੰਡੋਰਾ ਦੇ ਦਿੱਤਾ ਕਿ ਜੇ ਕਿਸੇ ਨੇ ਰਾਣੇ ਦੀ ਮੱਦਤ ਕਰਨੀ ਹੋਵੇ ਤਾਂ ਇਹ ਵੇਲਾ ਹੈ ਨਿਸ਼ੰਗ ਹੋ ਕੇ ਕਰੇ, ਪਿੱਛੋਂ ਦਾ ਪਛਤਾਵਾ ਨ ਰਹਿ ਜਾਵੇ, ਪਰ ਮੂਸੇ ਦੇ ਦਬਦਬੇ ਅਗੇ ਕਿਸੇ ਬਹਾਦਰ ਨੇ ਸਿਰ ਨਾ ਉਕਾਸਿਆ। ਤਾਂ ਮੂਸਾ ਆਪਣੇ ਕੈਦੀਆਂ ਨੂੰ ਨਾਲ ਲੈ ਕੇ ਘਰ ਪੁੱਜਾ, ਆ ਕੇ ਕਮਰਕੱਸਾ ਖੋਲ੍ਹਿਆ, ਜਲ ਪਾਣੀ ਪੀ ਕੇ ਮਨ ਤਨ ਨੂੰ ਠੰਢਾ ਕੀਤਾ,ਮਿਤਰਾਂ ਦੋਸਤਾਂ ਕੋਲੋਂ ਵਾਹ ਵਾਹ ਦੀ ਅਵਾਜ਼ ਸੁਣੀ, ਫਿਰ ਧੀਰਜ ਨਾਲ ਆਪਣੀ ਮੰਗ ਕੈਦਣ ਕੋਲੋਂ ਪੁੱਛਿਆ ਕਿ ਤੂੰ ਮੇਰੀ ਮੰਗ ਸੀ, ਰਾਣੇ ਨਾਲ ਕਿਉਂ ਵਿਆਹੀ ਗਈ ?

ਅਗੋਂ ਕੈਦਣ ਨੇ ਉੱਤਰ ਦਿਤਾ-ਇਹ ਗੱਲ ਮੇਰੇ ਵੱਸ ਤੋਂ ਬਾਹਰ ਸੀ, ਜੀਕਰ ਤੇਰੀ ਮੰਗ ਹੋਣ ਵਿਚ ਮੇਰਾ ਕੋਈ ਵੱਸ ਨਹੀਂ ਸਾ, ਇੱਕੁਰ ਹੀ ਰਾਣੇ ਨਾਲ ਵਿਆਹੀ ਜਾਣ ਵਿਚ ਵੀ ਮੇਰਾ ਕੋਈ ਵੱਸ ਨਹੀਂ ਰਹਿਆ ਸੀ।

ਫਿਰ ਮੂਸੇ ਨੇ ਆਖਿਆ-ਇਹ ਵੱਸ ਕਿਸਦਾ ਸੀ ?

ਤਾਂ ਕੈਦਣ ਬੋਲੀ-ਵੱਸ ਮਾਪਿਆਂ ਦਾ ਸੀ।

ਤਾਂ ਮੂਸੇ ਫਿਰ ਪੁੱਛਿਆ-ਹੁਣ ਸੱਚ ਦੱਸ ਤੇਰੀ ਕੀ ਮਰਜ਼ੀ ਹੈ ?

ਇਸ ਤੇ ਕੈਦਣ ਨੇ ਉੱਤਰ ਦਿੱਤਾ-ਇਸ ਵੇਲੇ ਤੇਰੀ ਕੈਦਣ ਹਾਂ, ਜੋ ਕੁਛ ਤੂੰ ਚਾਹੇਂ ਕਰ ਸਕਦਾ ਹੈਂ, ਮਾਰ ਸਿੱਟ ਭਾਵੇਂ ਰੱਖ ਲੈ, ਕੈਦੀ ਦਾ ਕੋਈ ਉਜ਼ਰ ਹੀਲਾ ਨਹੀਂ ਹੋ ਸਕਦਾ,ਪਰ ਔਰਤ ਓਸੇ ਦੀ ਹਾਂ ਅਤੇ ਹੋਵਾਂਗੀ,ਜਿਸ ਨਾਲ ਵਿਆਹੀ ਗਈ ਹਾਂ, ਤੇਰੀ ਔਰਤ ਨਹੀਂ ਹੋ ਸਕਦੀ। ਮੌਤ ਕੋਈ ਭਾਰੀ ਚੀਜ਼ ਨਹੀਂ, ਪਰ ਧਰਮ ਇਕ ਭਾਰੀ ਚੀਜ਼ ਹੈ।

ਮੂਸੇ ਰਾਠ ਨੂੰ ਇਹ ਸੱਚੀ ਅਤੇ ਸਾਦੀ ਗੱਲ ਬਹੁਤ ਪਸੰਦ ਆਈ ਅਤੇ ਨਰਮ ਮਿੱਠੇ ਬਚਨਾਂ

Digitized by Panjab Digital Library | www.panjabdigilib.org

ਨਾਲ ਧੀਰਜ ਦਿੱਤਾ। ਕਿਹਾ ਕਿ ਡਰ ਨਾਂ ਕਰ, ਤੇਰੇ ਧਰਮ ਦਾ ਸਹਾਈ ਤੇਰਾ ਸਤ ਹੈ।

ਓਸੇ ਵੇਲੇ ਰਾਣੇ ਨੂੰ ਸਾਥੀਆਂ ਸਮੇਤ ਕੈਦੋਂ ਕਢਾ ਲਿਆ। ਖਾਤਰ ਅਤੇ ਇੱਜ਼ਤ ਨਾਲ ਆਪਣੇ ਪਾਸ ਬਿਠਾਇਆ, ਮਿੱਤ੍ਰਤਾ ਗੰਢੀ ਆਪੋ ਵਿਚ ਦੀ ਕਰਾਰ ਕੀਤੇ, ਫਿਰ ਉਸ ਦੀ ਇਸਤ੍ਰੀ ਨੂੰ ਬਹੁਤ ਸਾਰੇ ਗਹਿਣੇ ਕਪੜੇ ਦੇਕੇ ਓਸਦੇ ਨਾਲ ਟੋਰ ਦਿਤਾ ਤੇ ਆਪ ਸਮਾਂ ਪਾ ਕੇ ਹੋਰ ਵਿਆਹ ਕਰਾ ਲਿਆ।

ਇਸ ਧਰਮ ਅਤੇ ਉਦਾਰਤਾ ਵਾਲੀ ਬਹਾਦਰੀ ਪਰ ਢਾਡੀਆਂ ਨੇ ਵਾਰ ਬਨਾਈ ਅਤੇ ਮੁਸੇ ਨੂੰ ਗਾਉਂਕੇ ਸੁਣਾਈ, ਬਹੁਤ ਇਨਾਮ ਪਾਏ। ਓਸੇ ਵਾਰ ਪਰ ਕਾਨੜੇ ਦੀ ਵਾਰ ਗਾਉਣ ਲਈ ਗੁਰੂ ਜੀ ਨੇ ਸੂਚਨਾ ਲਿਖੀ ਹੈ। ਨਮੂਨੇ ਲਈ ਓਸ ਵਾਰ ਦੀ ਪਉੜੀ ਇਹ ਹੈ:–

ਤੈ ਸੈ ਸੱਠ ਮਰਾਤਬਾ ਇਕ ਘੁਰੀਏ ਡੱਗੇ।
ਚੜ੍ਹਿਆ ਮੁਸਾ ਪਾਤਸ਼ਾਹ ਸਭ ਜੱਗ ਪਰੱਖੇ।
ਦੰਦ ਚਿੱਟੇ ਬਡ ਹਾਥੀਆਂ ਕਹੁ ਕਿੱਤ ਵਰੱਗੇ।
ਰੁੱਤ ਪਛਾਤੀ ਬਗਲਿਆਂ ਘਟ ਕਾਲੀ ਅੱਗੇ।
ਏਹੀ ਕੀਤੀ ਮੁਸਿਆ ਕਿਨ ਕਰੀ ਨ ਅੱਗੇ।
ਤੁਕ–ਤੂੰ ਆਪੇ ਹੀ ਸਿਧ ਸਾਧਿਕੇ ਤੂ ਆਪੇ ਹੀ ਜੁਗ ਜੋਗੀਆ॥

[੫੨] ਪਉੜੀ।

ਸੂਰਮਿਆਂ ਦੇ ਜੁੱਧਾਂ ਜੰਗਾਂ ਦੇ ਹਾਲ ਉਨ੍ਹਾਂ ਦੇ ਜਸ ਕਥਨ ਵਿਚ ਰਚਕੇ ਢਾਡੀ ਗਾਵਿਆਂ ਤੇ ਉਸਨੂੰ ਵਾਰ ਕਿਹਾ ਕਰਦੇ ਸਨ। ਵਾਰ ਦੇ ਛੰਦ ਨੂੰ ਪਉੜੀ* ਕਹਿੰਦੇ ਸਨ। ਪਰ ਪਉੜੀ ਦੇ ਵਜ਼ਨ ਕਈ ਹੁੰਦੇ ਸਨ। ਲਗ ਪਗ ੧੨ ਕੁ ਵਜ਼ਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਉੜੀਆਂ ਦੇ ਹਨ।

ਸ਼ਬਦਾਂ ਵਿਚਲੇ ਅੰਗਾਂ ਵਾਲੇ ਪਦੇ ਵੀ ਪਉੜੀਆਂ ਹੀ ਕਹੀਦੇ ਹਨ, ਪਰੰਤੂ ਜਿਨ੍ਹਾਂ ਪਦਾਂ ਵਿਚ ਕੋਈ ਅੰਗ ਨਹੀਂ ਓਥੇ ਸਿਰਲੇਖ 'ਪਉੜੀ' ਅਵੱਸੋਂ ਲਿਖਿਆ ਹੈ, ਜਿਹਾ ਕਿ ਬਾਵਨ ਅਖਰੀ ਅਤੇ ਵਾਰਾਂ ਵਿਚ ਉੱਘਾ ਹੈ ਅਤੇ ਇਹ ਭੀ ਭੇਤ ਪ੍ਰਗਟ ਹੀ ਹੈ ਕਿ ਸ਼ਬਦ ਦੀ ਪਹਿਲੀ ਤੁਕ ਅੱਵੱਸੋਂ ਛੋਟੀ ਹੁੰਦੀ ਹੈ, ਪਰੰਤੂ ਪਉੜੀ ਦੀ ਅੰਤਲੀ ਤੁਕ ਹੋਰਨਾਂ ਤੁਕਾਂ ਨਾਲੋਂ ਅੱਵੱਸੋਂ ਛੋਟੀ ਹੁੰਦੀ ਹੈ, ਪਰ ਤੁਕਾਂ ਦੀ ਕੋਈ ਹੱਦ ਨਹੀਂ।

ਵੇਰਵੇ ਲਈ ਦੇਖੋ ਚਕ੍ਰ ਨੰਬਰ ੩੮।

[੫੩] ਪੰਚਪਦੇ।

ਪੰਜਾਂ ਪਉੜੀਆਂ ਦੇ ਸ਼ਬਦਾਂ ਤੇ ਸਿਰਲੇਖ ਪੰਚਪਦੇ ਕਰਕੇ ਲਿਖਿਆ ਹੈ ਅਤੇ ਇਨ੍ਹਾਂ ਸ਼ਬਦਾਂ ਦੀ ਪੁਰਣਤਾ ਪਰ ਅੰਗ ਵੀ ਪੰਜ ਦਾ ਵਿਦਮਾਨ ਹੈ।

ਇਹ ਬਹੁਤ ਰਾਗਾਂ ਵਿੱਚ ਵਿਦਮਾਨ ਹਨ, ਵੇਰਵਾ ਦੇਖਣ ਲਈ ਦੇਖੋ ਚੱਕ੍ਰ ਨੰਬਰ ੪੩।

[੫੪] ਪਹਿਰੇ।

ਇਹ ਬਾਣੀ ਪਹਿਰਾਂ ਪਰਥਾਇ ਕਰਕੇ ਉਪਦੇਸ਼ ਮਈ ਉਚਾਰੀ ਹੈ। ਜਿਹਾ ਕਿ "ਪਹਿਲੈ ਪਹਰੈ ਰੈਣਿਕੈ," "ਦੂਜੈ ਪਹਰੈ" ਆਦਿ ਹੋਣੇ ਤੇ ਇਸਦਾ ਸਿਰਲੇਖ "ਪਹਰੇ" ਲਿਖਿਆ ਹੈ। ਇਹ ਭੀ ਰੁੱਤੀ ਥਿਤੀ ਵਾਰਾਂ ਵਾਜ਼ਰ ਜਾਣਨੀ ਚਾਹੀਏ। ਇਹ ਪਹਿਰਾਂ ਪਰਥਾਇ (ਦ੍ਵਾਰਾ) ਉਮਰਾ ਦੀ ਸੂਚਨਾ ਪਰ ਵਿਦਮਾਨ ਹੈ।ਇਹ ਦੋ ਸ਼ਬਦ ਵਿਦਮਾਨ ਹਨ॥

ਵੇਰਵੇ ਲਈ ਦੇਖੋ ਚਕ੍ਰ ਨੰਬਰ ੪੪।

*ਗਾਉਣ ਵਿਚ ਪਉੜੀ ਲਾਉਣ ਦਾ ਢੰਗ ਸਿੱਖ ਸੰਗੀਤ ਵਿਚ ਨਿਰਾਲਾ ਹੁੰਦਾ ਸੀ ਜੋ ਨਵੀਨ ਰਾਗੀ ਭੁਲਾ ਰਹੇ ਹਨ। ਪਉੜੀ ਲਾਉਣ ਵੇਲੇ ਗਤ ਨਹੀਂ ਵਜਾਈ ਜਾਂਦੀ ਪਰ ਸਾਥ।

[ਸੰਪਾਦਿਕ।

Digitized by Panjab Digital Library | www.panjabdigilib.org

ਪਹਿਰਿਆਂ ਕੇ ਘਰ ਗਾਵਣਾ

ਜਿਸ ਤਾਰ ਵਿੱਚ ਪਹਿਰੇ ਬਾਣੀ ਦੇ ਸ਼ਬਦ ਗਾਂਵੇਂ ਜਾਂਦੇ ਹਨ, ਉਸੇ ਤਾਰ ਵਿੱਚ ਇਹ ਸ਼ਬਦ ਗਾਵਣੇ।

ਜਿਹਾ ਕਿ ਪਹਿਰੇ ੧ ਘਰ ਵਿੱਚ ਗਾਂਵੀਦੇ ਹਨ ਤਿਵੇਂ ਹੀ ਏਹ ਇਕ (ਯਕੇ ਤਾਲ) ਵਿੱਚ ਗਾਵਣਾ। ਏਹ ਇਕੋ ਹੀ ਸ਼ਬਦ ਹੈ, ਵੇਰਵੇ ਲਈ ਦੇਖੋ ਚਕ੍ਰ ਨੰਬਰ ੪੪।

[੫੫] ਪੜਤਾਲ।

ਜਿਸ ਵਿੱਚ ਦੋ ਤਿੰਨ ਲੈਆਂ ਅਰਥਾਤ ਠਾ—ਦੁਗਨ—ਆਡ ਵਗੈਰਾ ਆਉਣ, ਅਰਥਾਤ ਇਕ ਸੈਕਿੰਡ ਵਿੱਚ ਇਕ ਇਕ ਤੇ ਦੋ ਦੋ ਹਰਫ ਅਤੇ ਛੂਫ ਛੂਫ ਆਉਣ, ਸੋ ਪੜਤਾਲ* ਹੁੰਦਾ ਹੈ। ਨਾਂ ਏਹ, ਕਿ ਪਰਨ ਵਾਕਰ ਯਾ ਪੜਤਾਲ ਵਾਕਰ ਪੂਰੇ ਤਾਰ (ਗੁਰ) ਪਰ ਆਵੇ। ਇਹ ਭੇਦ ਸੰਗੀਤ ਵਿੱਚ ਬਹੁਤ ਉੱਘੇ ਹਨ। ਅਰਥ ਇਸਦਾ ਪਰਤਾਉ ਤਾਲ ਦਾ ਹੈ, ਭਾਵ ਜਿਸਦੇ ਗਾਉਣ ਵਿੱਚ ਤੁਕ ਤੁਕ ਤੇ ਤਾਲ ਪਰਤਦਾ ਜਾਂਦਾ ਹੋਵੇ ਸੋ ਪੜਤਾਲ*, ਇਹ ਬਹੁਤ ਰਾਗਾਂ ਵਿਚ ਵਿਦਮਾਨ ਹੈ। ਵੇਰਵੇ ਲਈ ਦੇਖੋ ਚਕ੍ਰ ਨੰਬਰ ੪੩।

[੫੬] ਪਟੀ। [੫੭] ਪਟੀ ਲਿਖੀ।

ਇਹ ਬਾਣੀ ਮਹਲ ੧ ਦੀ ਹੈ, 'ਪਟੀ ਲਿਖੀ' ਪਦ ਤੋਂ ਪ੍ਰਤੀਤ ਹੁੰਦਾ ਹੈ ਕਿ ਜਦ ਆਦਿ ਸਾਹਿਬ ਪਾਂਧੇ ਦੇ ਪੜ੍ਹਨੇ ਪਏ ਸਨ ਤਾਂ ਇਹ ਪਟੀ ਲਿਖੀ ਸੀ, ਜੋ ਸਪਸ਼ਟ ਅੱਖਰਾਂ ਦ੍ਵਾਰਾ ਪਾਂਧੇ ਪ੍ਰਤੀ ਉਪਦੇਸ਼ ਹੈ ਅਤੇ ''ਪਟੀ'' ਇਹ ਬਾਣੀ ਤੀਜੇ ਮਹਲ ਦੀ ਕਿਸੇ ਪਾਂਧੇ ਪ੍ਰਤੀ ਅੱਖਰਾਂ ਦ੍ਵਾਰੇ ਉਪਦੇਸ਼ ਹੋਇਆ ਵਿਦਮਾਨ ਹੈ। ਮਹਲੇ ੧ ਦੀ ਪਟੀ ਪੈਂਤੀਸ ਅੱਖਰੀ ਪੂਰੀਆਂ ੩੫ ਪਉੜੀਆਂ ਹਨ, ਪਰੰਤੂ ਮਹਲੇ ਤੀਜੇ ਦੀ ਪਟੀ ਦੀਆਂ ਅਠਾਰਾਂ ਪਉੜੀਆਂ ਹਨ, ਕਿਉਂਕਿ ਇਕ ਇਕ ਤੁਕ ਵਿੱਚ ਵਧੇਰੇ ਅੱਖਰ ਵੀ ਨਿਭੇ ਹੋਏ ਹਨ, ਜਿਹਾ ਕਿ ''ਅਜੋ ਅੰਡੈ ਸਭੁ ਜਗੁ ਆਇਆ ਕਾਖੈਘੰਡੈ ਕਾਲੁ ਭਇਆ'' ਆਦਿਕ। ਇਹ ਬਾਵਨ ਅੱਖਰੀ ਅਥਵਾ ਓਅੰਕਾਰ ਵਾਕਰ ਹੀ ਅੱਖਰਾਂ ਪਰਥਾਇ ਬਾਣੀ ਹੈ। ਵੇਰਵੇ ਲਈ ਦੇਖੋ ਚਕ੍ਰ ਨੰਬਰ ੪੩।

[੫੮] ਪਦੇ, ਪਦਾ।

ਇਹ ਸਬਦ ਵਾਚਕ ਹੈ, ਦੇਖੋ 'ਸਬਦ'। ਕਈ ਇਕ ਇਸ ਨੂੰ ਇਕ ਪਦਾ ਵੀ ਕਹਿੰਦੇ ਹਨ, ਪਰ ਜਿੱਥੇ ਪਦੇ ਯਾ ਪਦਾ ਸਿਰਲੇਖ ਲਿਖਿਆ ਹੈ ਅਰ ਉਸ ਸਬਦ ਵਿੱਚ ਪਦਾਂ ਦੇ ਅੰਗ ਵੀ ਲਿਖੇ ਹਨ, ਇਸ ਲਈ ਪਦ, ਪਦਾ, ਪਦੇ ਇਹ ਤਿੰਨੇ ਨਾਉਂ ਵਿਸ਼ਨਪਦ ਦਾ ਸੰਖੇਪ ਹੈ। ਪਦੇ ਬਹੁਵਾਚਕ ਹੈ।

[੫੯] ਫੁਨਹੇ।

ਇਸਦਾ ਅਰਥ ਪੁਨਹ ਪੁਨਹ=ਬਾਰੰਬਾਰ ਹੈ। ਇਸ ਬਾਣੀ ਵਿੱਚ, 'ਹਰਿਹਾਂ' ਪਦ ਬਾਰੰਬਾਰ ਆਉਣੇ ਤੇ ਇਸਦਾ ਨਾਉਂ ਸਿਰਲੇਖ ''ਫੁਨਹੇ'' ਕਰਕੇ ਲਿਖਿਆ ਹੈ। ਪਿੰਗਲ ਸ਼ਾਸਤ੍ਰਾਂ ਵਿੱਚ ਇਹ ਅੜਿਲ ਛੰਦ ਹੈ, ਇਸਦਾ ਰੂਪ ਇਹ ਹੈ, ਤੁਕ ਤੁਕ ਵਿੱਚ ਇਕੀ ਮਾਤ੍ਰਾਂ, ਯਾਰਾਂ ਪਰ ਬਿਸ੍ਰਾਮ ਅਤੇ ਅੰਤਲੀ ਤੁਕ ਦੇ ਆਦਿ ਵਿੱਚ ਕੋਈ ਵਾਧੂ ਪਦ। ਜੇਹਾ ਕੁ 'ਹੋ' 'ਹੋਜੀ' ''ਪਰਹਾਂ'' ''ਹਰਿਹਾਂ'' ''ਫੁਨ ਹਰੀ'' ਰੱਖਕੇ ਛੰਦ ਪੂਰਾ ਕੀਤਾ ਜਾਂਦਾ ਹੈ। ਜੈਸਾ ਕਿ ਲਿਖਿਆ ਹੈ—ਇੱਕੀ ਮੱਤਾ ਜਾਸ,

---

*ਇਹ ਅਕਸਰ ਚਾਰ ਤਾਲ—ਪਟਤਾਲ—ਵਿਚ ਗਾਏ ਜਾਂਦੇ ਹਨ। [ਸੰਪਾਦਿਕ।

Digitized by Panjab Digital Library | www.panjabdigilib.org

ਬਿਖੈ ਸੁਰ ਕਿੱਜੀਯੈ। ਗਜਾਰਹਿ ਪੈ ਬਿਸਰਾਮ ਸੁ ਨੀਕੈ ਦਿੱਜਿਯੈ। ਚਾਰੋਂ ਤੁਕ ਇਹ ਭਾਂਤ, ਰਚੇ ਮਨ ਲਾਇਕੈ। ਹੋ ਤਾਂਹਿ ਅੜਿੱਲ ਸੁ ਛੰਦ, ਸੋਸ ਕਹਿ ਗਾਇਕੈ॥ ਗੁਰਬਾਣੀ—ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥ ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥ ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ।

ਜੇਹਾ ਕੁ ਬਜੀਦ ਦੇ ਅੜਿੱਲ ਹਨ:—

ਰਾਮ ਨਾਮ ਕੀ ਲੂਟ, ਫਬੈ ਹੈ ਜੀਵਕੋ।
ਨਿਸ ਬਾਸੁਰ ਕਰ ਧਿਆਨ, ਸਿਮਰ ਤੂੰ ਪੀਵ ਕੋ,
ਯਹ ਹੈ ਬਾਤ ਪ੍ਰਸਿੱਧ, ਕਹਤ ਸਭ ਗਾਇ ਰੇ।
ਪਰਹਾਂ, ਬਾਜੀਦਾ, ਅਧਮ ਅਜਾਮਿਲ ਤਰੇ,
ਨਾਰਾਇਣ ਗਾਇ ਰੇ।

ਇਹ ਬਾਣੀ ਇਕੋ ਜਗਹ ਵਿਦਮਾਨ ਹੈ।

ਇਹ ਛੰਦ ਵੀ ਦੂਜੇ ਪਿੰਗਲਾਂ ਅਨੁਸਾਰ ਹੈ, ਸੰਗੀਤ ਪਿੰਗਲ ਦਾ ਨਹੀਂ ਹੈ। ਕੋਈ 'ਹਰਿਹਾਂ' ਸਾਲੀ ਦਾ ਸੰਬੋਧਨ ਨਾਉਂ ਕਰਕੇ ਕਹਿੰਦੇ ਹਨ। ਇਹ ਗੱਲ ਪ੍ਰਮਾਣੀਕ ਤਦ ਹੋ ਸਕਦੀ ਹੈ ਜੇ ਛੰਦ ਦੀ ਚਾਲ ਐਸੀ ਨਾ ਹੋਵੇ, ਅਤੇ ਫੁਨਹੇ ਸਿਰਲੇਖ ਏਸੇ ਹਰਿਹਾਂ ਪਦ ਦੀ ਬਾਰੰਬਾਰ ਦੀ ਸੂਚਨਾ ਪਰ ਲਿਖਿਆ ਹੈ, ਇਸ ਲਈ ਸਾਲੀ ਵਾਲੀ ਗਲ ਪ੍ਰਮਾਣ ਨਹੀਂ ਹੁੰਦੀ, ਕਿਉਂਕਿ ਪਰਹਾਂ ਪਦ ਪਰ ਭੀ ਕਵੀਆਂ ਨੇ ਪੁਰਣਤਾ ਮੰਨੀ ਹੋਈ ਹੈ, ਇਸ ਲਈ ਏਹ ਕੇਵਲ ਛੰਦ ਦੀ ਚਾਲ ਹੀ ਐਸੀ ਹੈ।

[੬੦] ਬਾਵਨ ਅਖਰੀ।

ਇਹ ਭੀ ਇਕ ਪੈਂਤੀਸ ਅੱਖਰੀ ਓਅੰਕਾਰ ਵਾਕਰ ਪੱਟੀ ਹੈ। ਇਹ ਬਾਣੀ ਬਵੰਜਾ ਅੱਖਰਾਂ ਪਰ ੫੨ ਪਉੜੀਆਂ ਹਨ ਅਤੇ ਆਦ ਅੰਤ ਦੀ ਪਉੜੀ ਮੰਗਲਾ ਚਰਨ ਪਰਥਾਇ ਹੈ, ੨ ਪਉੜੀਆਂ ਓਂਕਾਰ ਪਰ ਹਨ, ਸਾਰੀਆਂ ੫੬ ਪਉੜੀਆਂ ਹਨ, ਇਸੇ ਲਈ ਇਸ ਦਾ ਨਾਉਂ ਬਾਵਨ ਅਖਰੀ ਰਖਿਆ ਹੈ। ਇਕ ਪਰ ਮਹਲਾ ਪੰਜਵਾਂ ਲਿਖਿਆ ਹੈ, ਦੂਜੀ ਪਰ ਕਬੀਰ ਜੀਉ ਲਿਖਿਆ ਹੈ। ਇਸ ਦੀਆਂ ੪੫ ਪਉੜੀਆਂ ਹਨ। ਦੋਹਾਂ ਪੱਟੀਆਂ, ਓਂਕਾਰ ਅਤੇ ਦੋਵੇਂ ਬਾਵਨਅਖਰੀਆਂ ਦੇ ਅੱਖਰਾਂ ਦੇ ਕ੍ਰਮ ਅਡੋ ਅੱਡ ਹਨ। ਇਸ ਤੇ ਇਹ ਭਾਵ ਪ੍ਰਤੀਤ ਹੁੰਦਾ ਹੈ ਕਿ ਵਖੋ ਵਖਰੀ ਲਿਪੀ ਦੀਆਂ ਪੈਂਤੀਆਂ ਪਰ ਵਰਣਨ ਹੈ। ਕੋਈ ਲੰਡਿਆਂ ਦੀ, ਕੋਈ ਨਾਗਰੀ ਦੀ, ਕੋਈ ਦੱਖਣ ਦੇਸ ਦੀ ਹੋਣੇ ਤੇ ਵਿਲੱਖਣਤਾ ਹੈ, ਹੋਰ ਕੋਈ ਸੰਦੇਹ ਨਹੀਂ।ਇਹ ਬਾਣੀ ਇਕੋ ਜਗ੍ਹਾ ਵਿਦਮਾਨ ਹੈ। ਵੇਰਵੇ ਲਈ ਦੇਖੋ ਚਕ੍ਰ ਨੰਬਰ ੪੩।

[੬੧] ਬਿਰਹੜੇ।

ਇਸ ਬਾਣੀ ਦਾ ਨਾਉਂ ਬਿਰਹੜੇ ਹੈ। ਜੈਸੇ ਮਿਠੜੇ, ਅਥਵਾ ਭਾਗਠੜੇ। ਇਸ ਵਿਚ ਬਿਰਹੋਂ ਦੀ ਵਿਯੋਗੀ ਉਦਾਸੀਨਤਾ ਵਾਲੀ ਚਾਲ ਹੋਣੇ ਤੇ ਨਾਉਂ ਬਿਰਹੜੇ ਰਖਿਆ ਹੈ। ਨਾਲ ਹੀ ਲਿਖਿਆ ਹੈ ''ਘਰ ੪ ਛੰਤਾ ਕੀ ਜਤਿ'' ਇਸ ਦਾ ਭਾਵ ਹੈ ਚਾਰ ਤਾਰ ਵਿਚ ਗਾਉਣ ਵਾਲੇ ਛੰਤਾਂ ਦੀ ਧਾਰਨਾਂ ਪਰ ਗਾਵਣਾ। ਦੇਖੋ ਛੰਤ।

ਯਾਦ ਰਹੇ ਏਥੇ ਜਤਿ ਜੋੜੀ ਦੀ ਨਹੀਂ ਹੈ। ਦੇਖੋ 'ਜਤਿ'।

ਇਹ ਬਾਣੀ ਕੇਵਲ ਤਿੰਨਾਂ ਸ਼ਬਦਾਂ ਵਿਚ ਵਿਦਮਾਨ ਹੈ।ਵੇਰਵੇ ਲਈ ਦੇਖੋ ਚਕ੍ਰ ਨੰ:੪੩।

[੬੨] ਬਾਰਾਂ ਮਾਹ।

ਬਾਰਾਂ ਮਹੀਨਿਆਂ ਪਰਥਾਇ ਜੋ ਬਾਣੀ ਉਚਰੀ ਹੈ ਉਸਦਾ ਸਿਰਲੇਖ 'ਬਾਰਾਂ ਮਾਹ'

Digitized by Panjab Digital Library | www.panjabdigilib.org

ਲਿਖਿਆ ਹੈ, ਜੀਕਰ ਰੁਤੀ, ਵਾਰ, ਪਹਰੇ, ਥਿਤੀ, ਦਿਨ ਰੈਣ ਆਦਿਕ ਬਾਣੀ ਹੈ ਤਿਵੇਂ ਹੀ ਬਾਰਾਂ ਮਾਹ ਹਨ। ਇਹ ਬਾਣੀ ਦੋ ਜਗ੍ਹਾਂ ਵਿਦਮਾਨ ਹੈ। ਵੇਰਵੇ ਲਈ ਦੇਖੋ ਚਕ੍ਰ ਨੰਬਰ ੪੩–੪੪ ।

[੬੩] ਮੰਗਲ।

ਇਸ ਦਾ ਅਰਥ ਮੰਗਲਾ ਚਾਰ, ਮੰਗਲਾ ਰੰਭ, ਸਿਹਰਾ, ਖੁਸ਼ੀ, ਸ਼ਾਦੀ, ਆਦਿਕ ਹੈ।

ਇਹ ਸਿਰਲੇਖ ਬਹੁਤ ਹੀ ਥੋੜ੍ਹੇ ਸ਼ਬਦਾਂ ਪਰ ਹੈ, ਪਰੰਤੂ ਮੰਗਲ ਸ਼ਬਦ ਜਗ੍ਹਾ ਜਗ੍ਹਾ ਪਰ ਬਹੁਤੇਰੇ ਹਨ, ਜੇਹਾਕੁ "ਮੰਗਲ ਸਾਜੁ ਭਇਆ" ਅਤੇ "ਗਾਉ ਗਾਉ ਰੀ ਦੁਲਹਨੀ ਮੰਗਲ-ਚਾਰਾ ॥" ਆਦਿਕ। ਇਸ ਸਿਰਲੇਖ ਦੀ ਸੂਚਨਾ ਭੀ ਏਹੋ ਹੈ ਕਿ ਮੰਗਲ, ਹਰਖ, ਵਿਆਹ, ਅੰਮ੍ਰਿਤ, ਗੱਦੀ, ਪਗ, ਤਿਲਕ, ਆਦਿਕ ਉਤਸਾਹ ਦੇ ਸਮਿਆਂ ਪਰ ਗਾਉਣੇ ਚਾਹੀਏ।

ਮੰਗਲ ਸ਼ਬਦਾਂ ਵਿਚ ਭਾਵ ਵੀ ਵਿਸ਼ੇਸ਼ ਕਰਕੇ ਮਿਲਾਪ, ਧੰਨਵਾਦ, ਬੇਨਤੀ ਆਦਿਕ ਦੇ ਹੀ ਹੁੰਦੇ ਹਨ।ਬਾਹਲੇ ਮੰਗਲ ਦੇ ਸ਼ਬਦ ਛੰਤਾਂ ਵਿਚ ਹਨ, ਜੇਹਾ ਕੁ ਛੰਤ ਬਿਲਾਵਲ ਮਹਲਾ ੪ 'ਮੰਗਲ' ਹੈ, ਇਸ ਵਿਚ ਠੀਕ ਪ੍ਰਾਪਤੀ ਪਰ ਧੰਨਵਾਦ ਤੇ ਖੁਸ਼ੀ ਦਾ ਸਮਾਂ ਵਰਣਨ ਹੈ, ਪਰੰਤੂ ਸੰਗੀਤ ਵਿਚ ਇਕ ਮੰਗਲਾਰੰਭ ਕਰਕੇ ਅਤੇ ਦੂਜਾ ਮੰਗਲਾਚਾਰ ਕਰਕੇ ਅਤੇ ਤੀਜਾ ਮੰਗਲ ਪ੍ਰਬੰਧ ਕਰਕੇ ਲਿਖਿਆ ਹੈ। ਮੰਗਲਾ-ਰੰਭ ਦਾ ਸਰੂਪ ਇਉਂ ਲਿਖਿਆ ਹੈ:–

ਕਿ ਜਦ 'ਕਰਨ' ਨੂੰ ਮੰਗਲਾਰੰਭ, ਆਨੰਦ ਬਰਧਨ ਅਤੇ ਕੀਰਤ ਲਹਰੀ ਇਨ੍ਹਾਂ ਤਿੰਨਾਂ ਭੇਦਾਂ ਨਾਲ ਤਿੱਗੁਣੇ ਕਰੀਏ ਤਾਂ 'ਕਰਨ' ਦੇ ਸਤਾਈ ਭੇਦ ਹੋ ਜਾਂਦੇ ਹਨ ॥

ਮੰਗਲਾਰੰਭ ਦਾ ਰੂਪ (੧)

ਗਾਨ ਕ ਉਦਗ੍ਰਾਹ ਕੋ ਪਹਿਲੇ ਹੀ ਦੈ ਬਾਰ।
ਗਾਵੈ ਧ੍ਰੁਵ ਆਭੋਗ ਕੋ ਏਕ ਬਾਰ ਨਿਰਧਾਰ।
ਬਹੁਰੋ ਧ੍ਰੁਵ ਆਭੋਗ ਕੋ ਗਾਵੈ ਲੱਛਨ ਜਾਨ।
ਯਹੈ ਮੰਗਲਾਰੰਭ ਹੈ ਨਿਜ ਚਿਤ ਸੋ ਤੂੰ ਮਾਨ।

ਆਨੰਦ ਬਰਧਨ

ਉਦਗ੍ਰਾਹ ਧ੍ਰੁਵ ਗਾਈਏ ਪ੍ਰਥਮ ਭਾਂਤ ਨਿਜ ਜਾਨ।
ਧ੍ਰੁਵ ਕੋ ਉੱਤਰੋ ਖੰਡ ਮੈ ਗਾਨ ਬਹੁਰ ਤੂੰ ਠਾਨ।
ਗਾਇ ਬਹੁਰ ਇਕ ਬਾਰ ਤੂੰ ਭੋਗ ਧ੍ਰੁਵਕ ਉਦਗ੍ਰਾਹ।
ਆਨੰਦ ਬਰਧਨ ਨਾਮ ਹੈ ਯਹੈ ਕਹੰਤ ਕਬਿ ਨਾਹਿ।

ਕੀਰਤ ਲਹਰੀ

ਖੰਡ ਦੁਤੀ ਉਦਗ੍ਰਾਹ ਕੋ ਧ੍ਰੁਵਕ ਖੰਡ ਨੋ ਠੌਰ।
ਗਾਇ ਰੀਤ ਸਭ ਪਹਿਲੀਏ ਕੀਰਤ ਲਹਰੀ ਔਰ।

ਮੰਗਲਾਚਾਰ ਦਾ ਸਰੂਪ (੨)

ਜਿਥੇ ਗਦ੍ਯ ਅਥਵਾ ਛੰਦ ਵਿਚ ਦੋ ਦੋ ਚਰਨਾਂ ਦੇ ਅੰਤ ਵਿਚ ਸੁਰ ਰਚਕੇ ਪਹਿਲੇ ਅੱਧਾ ਉਦਗ੍ਰਾਹ ਤੇ ਦੂਸਰਾ ਅੱਧਾ ਧ੍ਰੁਵ ਅਤੇ ਅਗੇ ਉਦਗ੍ਰਾਹ ਵਿੱਚ ਨਜਾਸ ਕੀਰੀਏ ਸੋ ਮੰਗਲਾਚਾਰ ਹੈ, ਇਸ ਨੂੰ ਨੀਸਾਰ ਤਾਲ ਵਿੱਚ ਗਾਉਂਦੇ ਹਨ। ਇਸ ਦੇ ਤਿੰਨ ਭੇਦ ਹਨ, ਜੋ ਗਦ੍ਯ ਵਿੱਚ ਰਚੀਏ ਸੋ ਗਦ੍ਯਜ ੧, ਜੋ ਛੰਦ ਵਿੱਚ ਰਚੀਏ ਸੋ ਪਦ੍ਯਜ ੨, ਜੋ ਦੋਇ ਚਰਨ ਗਦ੍ਯ ਦੇ ਰਚੀਏ ਅਤੇ ਦੋਇ ਚਰਨ ਪਦ੍ਯ ਦੇ ਰਚੀਏ ਸੋ ਗਦ੍ਯ ਪਦ੍ਯਜ ੩ ਕਹਿੰਦੇ ਹਨ।

ਮੰਗਲ ਪ੍ਰਬੰਧ (੩)

ਜਿਥੇ ਕੈਸਕ ਜਾਤਿ ਵਿਚ ਅਥਵਾ ਬੇਦ ਰਾਗ ਵਿਚ ਮੰਗਲ "ਤੇਨਕ" ਸਬਦ ਨਾਲ ਅਥਵਾ ਸੰਖ ਚੱਕ੍ਰ ਗਦਾ ਪਦਮ ਸ਼ਬਦਾਂ ਨਾਲ ਮੰਗਲਛੰਦ ਵਿਚ ਚਾਰਚਰਨ ਰਚਕੇ ਬਿਲੰਬਤ ਲਯ ਨਾਲ ਪਹਿਲੇ ਅੱਧਾ ਉਦਗ੍ਰਾਹ ਦੂਜਾ ਅੱਧਾ ਧ੍ਰੁਵ ਅਤੇ ਅਗੇ ਨਜਾਰੇ ਨਜਾਰੇ ਆਭੋਗ ਰਚਕੇ ਉਦਗ੍ਰਾਹ ਵਿੱਚ ਨਜਾਸ ਕਰੀਏ ਸੋ ਮੰਗਲ ਪ੍ਰਬੰਧ ਹੈ।

Digitized by Panjab Digital Library | www.panjabdigilib.org

ਇਕ ਭੈਰਉ ਰਾਗ ਦਾ ਪੁਤ੍ਰ ਵੀ ਮੰਗਲ ਰਾਗ ਹੈ, ਪਰੰਤੂ ਏਥੇ ਓਸ ਰਾਗ ਦੀ ਸੂਚਨਾ ਨਹੀਂ ਹੈ।

[੬੪] ਮਹਲ।

੧. ਅਰਬੀ ਦਾ ਪਦ ਹੈ ਮਹਲ=ਉਤਰਨੇ ਦਾ ਥਾਂ। ਗੁਰੂ ਨਾਨਕ ਜੀ ਵਿਚ ਵਾਹਿਗੁਰੂ ਜੀ ਉੱਤਰੇ, ਗੁਰੂ ਅੰਗਦ ਵਿਚ ਗੁਰੂ ਨਾਨਕ, ਐਉਂ ਪਹਿਲੇ ਗੁਰੂ ਦੂਸਰੇ ਵਿੱਚ ਹਲੂਲ ਕਰਨ ਕਰਕੇ ਮਹਲ ਸਦਾਏ।

੨. ਇਹ ਪਦ ਇਸਤ੍ਰੀ ਵਾਚਕ ਬੀ ਹੈ। ਮਹਲਾ 'ਆ' ਪ੍ਰਤੇ ਹੋਣੇ ਤੇ ਭੀ ਇਸਤ੍ਰੀ ਵਾਚਕ ਹੈ। ਐਉਂ ਵੀ ਕਹਿੰਦੇ ਹਨ। ਗੁਰੂ ਜੀ ਨੇ ਆਪਣੇ ਆਪ ਨੂੰ ਇਸਤ੍ਰੀ ਕਰਕੇ (ਮੰਨ ਕੇ) ਪਤੀ ਪਰਮੇਸ਼ਰ ਨਾਲ ਪ੍ਰੇਮ ਕੀਤਾ ਹੈ, ਇਸ ਵਾਸਤੇ ਆਪਣੇ ਲਈ ਮਹਲਾ ਪਦ ਵਰਤਿਆ ਹੈ, ਕਿਉਂਕਿ "ਠਾਕੁਰੁ ਏਕੁ ਸਬਾਈ ਨਾਰਿ" ਜੇਹਾ ਕੁ ਮਹਲਾ੧। ਮਹਲਾ ਦੂਜਾ ਆਦਿਕ ਵਿਦਮਾਨ ਹਨ। ਮਹਲਾ ੧ ਤੋਂ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ, ਦੂਜੇ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੈ, ਇਕੁਰ ਹੀ ਤੀਜਾ ਚੌਥਾ ਪੰਜਵਾਂ ਅਤ ਨਾਵਾਂ ਸਮਝਣਾ ਚਾਹੀਏ। 'ਮਃ' ਇਹ ਨਿਸ਼ਾਨ ਮਹਲਾ ਪਦ ਦਾ ਸੰਖੇਪ ਹੈ, ਸਪਸ਼ਟ ਮਹਲ ਦਾ ਬੋਧਕ ਹੈ। ਮਃ ਅੰਗ ਇਕ ਦੋ ਹੋਣੇ ਉਪਰਲੇ ਪਾਤਸ਼ਾਹੀਆਂ ਦੇ ਕ੍ਰਮ ਦੀ ਸੂਚਨਾ ਹੈ, ਇਹ ਪਦ ਹਰ ਰਾਗ ਅਤੇ ਸ਼ਬਦਾਂ ਦੇ ਨਾਲ ਵਿਦਮਾਨ ਹੈ। ਵੇਰਵੇ ਲਈ ਦੇਖੋ ਚੱਕ੍ਰ ਨੰਬਰ ੪੪।

[੬੫] ਮੁੰਦਾਵਣੀ।

ਇਹ ਪਦ ਪੌਠੇਹਾਰ ਵਿਚ ਹੁਣ ਤਕ ਵਰਤੀਂਦਾ ਹੈ। ਭਾਵ ਕਿਸੇ ਗੁਹਜ ਗਲ ਦੇ ਬੁਝਾਰਤ ਵਾਙ ਹੋਣ ਤੋਂ ਹੈ। ਜੰਞ ਰੋਟੀ ਖਾਣ ਬੈਠੇ ਤਾਂ ਬੁਝਾਰਤ ਵਰਗੀ ਕਠਨ ਗਲ ਪਾ ਕੇ ਕਹਿੰਦੇ ਹਨ ਇਹ ਖੁਹਲੇ ਤਾਂ ਰੋਟੀ ਖਾਓ। ਇਹ ਸਿਰਲੇਖ ਦੋ ਥਾਈਂ ਵਿਦਮਾਨ ਹੈ। ਬਿਲਾਵਲ ਵਿਚ ਤੇ ਨੌਵੇਂ ਮਹਲੇ ਦੇ ਸਲੋਕਾਂ ਮਗਰੋਂ। ਪਹਿਲੇ ਵਿਚ ਤਾਂ ਲਿਖਿਆ ਹੈ, "ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ" ॥

ਇਸ ਪਦ ਦਾ ਅਰਥ ਮੁੰਦਣਾ ਬੀ ਕਰ ਲੈਂਦੇ ਹਨ ਕਿ ਇਹ ਅੰਤਲੀ ਬਾਣੀ ਹੈ, ਪਰ ਇਸ ਸਲੋਕ ਮਗਰੋਂ "ਤੇਰਾ ਕੀਤਾ ਜਾਤੋ ਨਾਹੀ" ਵਾਲਾ ਸਲੋਕ ਤੇ "ਰਾਗ ਮਾਲਾ" ਹੈ। ਨਾਲੇ ਜੇ ਇਹੀ ਅਰਥ ਹੀ ਹੋਵੇ ਤਾਂ ਬਿਲਾਵਲ ਵਾਲੇ ਸਲੋਕ ਵਿਚ ਮੁੰਦਾਵਣੀ ਵਾਲਾ ਸਲੋਕ ਅੰਤ ਪਰ ਨਹੀਂ ਹੈ ਉਹ ਗੁਰਬਾਣੀ ਦੇ ਵਿਚਾਲੇ ਹੈ। ਬਿਲਾਵਲ ਵਾਲੇ ਸਲੋਕ ਵਿਚ ਮੁੰਦਾਵਣੀ ਪਾਈ ਹੈ ਤੇ ਇਸ ਅੰਤਲੇ ਮੁੰਦਾਵਣੀ ਦੇ ਸਲੋਕ ਵਿਚ ਖੁਹਲੀਹੈ*।

[੬੬] ਯਾਨੜੀਏ ਕੈ ਘਰਿ ਗਾਵਣਾ।

ਇਸ ਸਿਰਲੇਖ ਦੀ ਸੂਚਨਾ ਹੈ, ਕਿ ਤਿਲੰਗ ਦਾ ਸਬਦ "ਇਆਨੜੀਏ ਮਾਨੜਾ ਕਾਇ ਕਰੇਹਿ" ਵਾਲੇ ਤਾਰ ਵਿੱਚ ਗਾਵਣਾ। ਓਸ ਸਬਦ ਤੇ ਘਰ ੩ ਲਿਖਿਆ ਹੈ, ਇਸ ਲਈ ਇਹ ਸਬਦ ਵੀ ੩ ਤਾਰ ਵਿੱਚ ਗਾਉਣਾ ਚਾਹੀਏ। ਪਰੰਤੂ ਇਸ ਸਿਰਲੇਖ ਨਾਲ ਬਿਲਾਵਲ ਮਹਲਾ ੫ ਘਰ ੨ ਵੀ ਲਿਖਿਆ ਹੈ ਅਤੇ ਇਆਨੜੀਏ ਵਾਲੇ ਸਬਦ ਪਰ ਘਰ ੩ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਸਬਦ ੨ ਤਾਰ ਵਿੱਚ ਵੀ ਅਤੇ ਤਿੰਨ ਤਾਰ

*ਵਿਸ਼ੇਸ਼ ਵਿਸਥਾਰ ਇਸ ਵਿਸ਼ੇ ਦਾ ਦੇਖੋ ਖਾ: ਟ੍ਰੈ: ਸੋ: ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ। [ਸੰਪਾਦਿਕ।

Digitized by Panjab Digital Library | www.panjabdigilib.org

ਵਿੱਚ ਵੀ ਗਾਵਿਆਂ ਜਾਂਦਾ ਹੈ। 'ਇ' ਅਤੇ 'ਆ' ਦੀ ਇਕੱਠੀ ਆਵਾਜ਼ 'ਯਾ' ਦਿੰਦਾ ਹੈ, ਇਸ ਲਈ ''ਇਆਨੜੀਏ'' ਦੀ ਥਾਂ 'ਯਾਨੜੀਏ' ਲਿਖਿਆ ਹੈ। ਇਹ ਇਕੋ ਹੀ ਸ਼ਬਦ ਹੈ।

[੬੭] ਰੁਤੀ।

ਜੋ ਬਾਣੀ ਛਿਆਂ ਰੁੱਤਾਂ ਪਰਥਾਇ ਉਚਰੀ ਹੈ ਉਸਦਾ ਸਿਰਲੇਖ ਰੁਤੀ ਰਖਿਆ ਹੈ। ਜਿਹਾਕੁ ਪਹਰੇ, ਬਾਰਾਂ ਮਾਹ ਆਦਿਕ ਬਾਣੀ ਸਮਿਆਂ ਦੀ ਵਿਸ਼ੇਸ਼ ਵੰਡ ਪ੍ਰਥਾਇ ਹੈ। ਤੇਹਾ ਹੀ ਰਾਮਕਲੀ ਮਹਲਾ ੫, ਰੁੱਤੀ।

ਦੇਖੋ ਚੱਕ੍ਰ ਨੰਬਰ ੪੩।

[੬੮] ਰਾਗ।

ਸੰਗੀਤ ਵਿੱਚ ਰਾਗ ਦਾ ਸਰੂਪ ਇਹ ਲਿਖਿਆ ਹੈ:—

ਧੁਨਿ ਵਿਸ਼ੇਸ਼ ਸੁਰ ਵਰਣ ਸੋ ਹੋਇ ਬਿਭੂਖਤ ਦੇਹ।
ਜਨ ਮਨ ਕੋ ਮੋਹਤ ਕਰੈ ਵਹੈ ਰਾਸ ਰਸ ਗ੍ਰੋਹ।

ਬੀਣਾ ਅਥਵਾ ਗਲੋਂ ਤੋਂ ਸੱਤਾਂ ਸੁਰਾਂ ਦੇ ਸਮੇਤ ਅਤੇ ਸਥਾਈ ਸੱਤਾਂ ਸੁਰਾਂ ਦੇ ਚਾਰੇ ਵਰਨ ਤੇ ਅਲੰਕਾਰ ਜਿਸ ਵਿੱਚ ਹੋਣ ਅਤੇ ਸੁਣਨ ਵਾਲਿਆਂ ਨੂੰ ਮੋਹਤ ਕਰੇ ਉਸ ਨੂੰ ਰਾਗ ਕਹਿੰਦੇ ਹਨ। ਅਥਵਾ ਸੁਰ, ਤਾਰ, ਲੈ ਨਾਲ ਮਿਲੀ ਹੋਈ ਜੋ ਧੁਨ ਹੋਵੇ ਸੋ ਰਾਗ ਜਾਣੀਏਂ, ਇਹ ਗੱਲ ਪ੍ਰਸਿੱਧ ਹੈ।

ਸੋ ਮੁੱਖ ਛੇ ਰਾਗ ਹਨ, ਜਿਨ੍ਹਾਂ ਦੀ ਪੁਰਖ ਸੰਗਯਾ ਹੈ ਅਤੇ ਹੋਰ ਇਸਤ੍ਰੀ ਰਾਗਨੀਆਂ ਅਤੇ ਪੁੱਤ੍ਰ ਰਾਗ। ਇਕੁਰ ਹੀ ਨੂੰਹਾਂ ਰਾਗਨੀਆਂ ਆਦਿਕ ਪਰਵਾਰ ਦਾ ਪ੍ਰਕਰਣ ਦੇਖੋ ਰਾਗ ਮਾਲਾ ਵਿੱਚ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੇਵਲ ਇਕੱਤੀ ਰਾਗਾਂ ਵਿੱਚ ਵਿਦਮਾਨ ਹੈ। ਜਿਹਾਕੁ:—

(ਕਬਿੱਤ)

੧ ਸਿਰੀ, ੨ ਮਾਝ, ੩ ਗੌਰੀ, ੪ ਆਸਾ, ੫ ਗੂਜਰੀ, ੬ ਤੈਧਾਰੀ
੭ ਦੇਵ, ੮ ਬਿਹਾਗੜਾ, ੯ ਵਡਹੰਸ, ਸੋਰਠ ਕੋ ਜਾਨੀਏ।
੧੦ ਧਨਾਸਿਰੀ, ੧੧ ਜੈਤਸਿਰੀ, ੧੨ ਜੈਜਾਵੰਤੀ, ੧੩ ਟੋਡੀ ਜਾਨ,
੧੪ ਬੈਰਾੜੀ, ੧੫ ਤਿਲੰਗ, ੧੬ ਸੂਹੀ, ੧੭ ਬਿਲਾਵਲ,
੧੮ ਬਖਾਨੀਏ। ੧੯ ਗੌਂਡ, ੨੦ ਰਾਮਕਲੀ, ੨੧ ਨਟ,
੨੨ ਮਾਲੀਗੌੜਾ, ੨੩ ਮਾਰੂ ਰਾਗ, ੨੪ ਤੁਖਾਰੀ, ੨੫ ਕਿਦਾਰਾ,
੨੬ ਭੈਰੌ, ੨੭ ਮਾਧੋ, ੨੮ ਸਾਰਿੰਗਾਨੀਏ*। ੨੯ ਕਾਨੜਾ, ੩੦ ਮਲਾਰ
੩੧ ਕਲਿਆਨ, ਪਰਭਾਤੀ ਰਾਗ, ਯਾਹੀ
ਇਕਤੀਸਨ ਮੈਂ ਬਿਵਰਾ ਪ੍ਰਮਾਨੀਏ।

ਜਿਹੜਾ ਸੁਰ ਗੀਤ ਦੇ ਅੱਗੇ ਗਾਂਵੀਏ ਸੋ ਗ੍ਰਹ ਕਹਿੰਦੇ ਹਨ, ਜਿਹੜਾ ਸੁਰ ਅੰਤ ਨੂੰ ਗਾਵੀਏਂ ਸੋ ਨਜਾਸ ਕਹੀਦਾ ਹੈ ਤੇ ਜਿਹੜਾ ਸੁਰ ਗੀਤ ਵਿੱਚ ਬਾਰ ਬਾਰ ਗਾਂਵੀਏਂ ਸੋ ਅੰਸ ਹੈ।

ਇਨ੍ਹਾਂ ਇਕੱਤੀ ਰਾਗਾਂ ਦੇ ਸਰੂਪ ਸੰਗੀਤ ਅਨੁਸਾਰ ਇਹ ਹਨ। ਇਨ੍ਹਾਂ ਦੇ ਕ੍ਰਮ ਅਨੁਸਾਰ ਉਤਪਤੀ ਅਤੇ ਸੰਬੰਧ ਸਮਾਂ ਵੇਲਾ ਗੁਣ ਆਦਿਕ ਵੱਖੋ ਵੱਖਰੇ ਲਿਖੇ ਜਾਂਦੇ ਹਨ। ਸਭ ਤੋਂ ਪਹਿਲੇ ਸ੍ਰੀ ਰਾਗ ਹੈ†।

---

*ਮਾਧੋ = ਬਸੰਤ। ਸਾਰਿੰਗਾਨੀਏ=ਸਾਰਿੰਗ, ਗਾਨੀਏ, ਭਾਵ ਗਾਈਏ। [ਸੰਪਾਦਿਕ।

†ਪੁਰਾਣੇ ਗ੍ਰੰਥਾਂ ਨੇ ਰਾਗ ਦੋ ਤਰ੍ਹਾਂ ਦੇ ਮੰਨੇ ਹਨ- 'ਮਾਰਗੀ' ਤੇ 'ਦੇਸੀ'। ਰਿਖੀ ਪ੍ਰਣੀਤ ਨੂੰ ਮਾਰਗੀ ਤੇ ਦੇਸ ਭੇਦ ਜਾਂ ਹੋਰ ਮੇਲਾਂ ਕਰਕੇ ਬਣੇ ਨੂੰ ਦੇਸੀ। ਇਸੇ ਤਰ੍ਹਾਂ ਰਾਗ ਤ੍ਰੈ ਪ੍ਰਕਾਰ ਦੇ ਹਨ, ਸੱਤ ਸੁਰਾਂ ਵਾਲੇ ਸੰਪੂਰਨ, ਛੇ ਸੁਰਾਂ ਵਾਲੇ ਖਾੜਵ ਤੇ ਪੰਜ
[ਬਾਕੀ ਫੁਟਨੋਟ ਦੇਖੋ ਸਫਾ੨੩੬ ਕਾਲਮ ੧ਹੇਠ]

Digitized by Panjab Digital Library | www.panjabdigilib.org

[ਪਹਿਲਾ] ਸਿਰੀ ਰਾਗ।

ਸ੍ਰੀ ਮੁਖਵਾਕ ਹੈ–ਰਾਗਾ ਵਿਚਿ ਸ੍ਰੀ ਰਾਗੁ ਹੈ ਜੋ ਸਚਿ ਧਰੇ ਪਿਆਰੁ ॥

ਸੰਗੀਤ ਵਿੱਚ ਇਸ ਦਾ ਸਰੂਪ ਇਹ ਲਿਖਿਆ ਹੈ:–

ਦੋਹਰਾ–

ਸ਼ੁਭ ਤ੍ਰਿਯ ਭੂਖਨ ਅੰਗ ਸ਼ੁਭ, ਸੰਪੂਰਨ ਪਰਮਾਨ।
ਤੀਨ ਪਹਰ ਪਰ ਗਾਈਏ ਸਕਲ ਕਹੈਂ ਸੁ ਗ੍ਯਾਨ।

ਅੰਸ, ਗ੍ਰਹ, ਨ੍ਯਾਸ ਇਸ ਦਾ ਖਰਜ ਹੈ, ਪਰੰਤੂ ਕੋਈਕ ਰਿਖਭ ਭੀ ਲਿਖਦੇ ਹਨ। ਧੈਵਤ ਨਾਲ ਇਸ ਦੀ ਪ੍ਰੀਤ ਬਹੁਤ ਹੈ। ਸੰਪੂਰਣ ਹੈ। ਸ, ਰ, ਗ, ਮ, ਪ, ਧ, ਨਿ, ਸ, ਅਥਵਾ ਰਿ, ਗ.ਮ.ਪ.ਧ.ਰਿ.ਸ.ਰਿਇਹ 'ਰਾਗਦੀਪਕਾ' ਦਾ ਮਤ ਹੈ।ਬੁਧ ਪ੍ਰਕਾਸ਼ ਦਰਪਣ ਵਿਚ ਲਿਖਿਆ ਹੈ, ਸੁਰਭੀ, ਤ੍ਰਿਸੂਲ, ਅਰਧ ਤਨ, ਉਪਸਾਰ, ਨਾਭਿ, ਕੂਲ, ਬਿਸ੍ਰਾਮ ਏ ਤਾਨ ਹੈ। ਨਾਇਕੀ ਮੁੰਦਰਾ ਹੈ। ਸਿਰੀ ਰਾਗ ਨੂੰ ਜੇਠ, ਹਾੜ ਅਤੇ ਮਾਘ, ਫੱਗਣ ਦੇ ਮਹੀਨੇ ਵਿੱਚ ਤਪਸ੍ਵੀ ਲੋਕ ਬਨਾਂ ਵਿੱਚ ਗਾਉਂਦੇ ਹਨ। ਵਡਹੰਸ, ਟੰਕ, ਗਉੜੀ, ਏਹ ਤਿੰਨੇ ਮਿਲਣ ਤਾਂ ਸ੍ਰੀ ਰਾਗ ਹੁੰਦਾ ਹੈ। ਸੁਰ ਤਾਲ ਸਮੂਹ ਨਾਮੀ ਗ੍ਰੰਥ ਵਿੱਚ ਲਿਖਿਆ ਹੈ:–ਅੰਸ, ਗ੍ਰਹ, ਨ੍ਯਾਸ, ਇਸਦਾ ਖਰਜ ਹੈ, ਸੰਧ੍ਯਾ ਵੇਲੇ ਘੜੀ ਕੁ ਦਿਨ ਰਹਿੰਦੇ ਇਸ ਨੂੰ ਗਾਵੀਂਦਾ ਹੈ।

ਸੁਰ ਗੁਰ ਇਸ ਦਾ ਖਰਜ ਹੈ
ਬਾਦੀ ਸੁਰ ਪੰਚਮ ਹੈ
ਸਮਬਾਦੀ ਸੁਰ ਰਿਖਭ ਹੈ
ਅਨਬਾਦੀ ਸੁਰ ਨਿਖਾਧ ਹੈ

ਖਰਜ ਸੁਧ, ਰਿਖਭ ਵਕਾਰੀ (ਕੋਮਲ), ਧੈਵਤ ਸਕਾਰੀ (ਕੋਮਲ), ਗੰਧਾਰ ਤੀਬ੍ਰ, ਮਧਮ ਤੀਬ੍ਰ, ਨਿਖਾਧ ਤੀਬ੍ਰ, ਪੰਚਮ ਸੁਧ।

ਇਹ ਰਾਗ ਤਨ੍ਕ, ਗਉੜੀ ਤੇ ਵਡਹੰਸ ਮਿਲ ਕੇ ਸਿਰੀ ਰਾਗ ਹੁੰਦਾ ਹੈ ਅਤੇ ਕਈ ਮਤ ਵਾਲੇ ਸੰਕਰਾ ਵਰਨ, ਮਾਲਸਿਰੀ ਮਿਲਕੇ ਬਣਿਆਂ ਮੰਨਦੇ ਹਨ, ਪਰੰਤੂ ਗੁਰਮਤ ਸੰਗੀਤ ਵਿਚ ਖਾਲਸ (ਸੁਧ) ਹੈ, ਇਸੇ ਲਈ ਇਹ ਵਡਿਆਈ ਇਸ ਨੂੰ ਮਿਲੀ ਹੈ ਕਿ ਹੋਰਨਾਂ ਰਾਗਾਂ ਵਿਚੋਂ ਸੁੱਧ ਰਾਗ ਸ੍ਰੀਰਾਗਹੀ ਹੈ, ਜਿਹੜਾ ਕੋਈ ਇਸ ਨਾਲ ਪ੍ਰੇਮ ਕਰੇ* ਉਹ ਸ਼ਾਂਤ ਨਿਰਵੈਦ ਈਸ਼ੁਰ ਭਗਤੀ ਯਸ ਆਦਿਕ ਗਾਵੇਂ ਜੈਸਾ ਕਿ ਸਾਰੇ ਰਾਗ ਵਿਚ ਵਿਦਮਾਨ ਹੈ। ਇਹ ਹੇਮੰਤ ਰਿਤੁ ਵਿਚ ਗਾਉਂਦੇ ਹਨ। ਇਸਦੀ ਆਲਾਪਕਾਰੀ ਤੋਂ ਅਨੰਦ ਖੁਸ਼ੀ ਪ੍ਰਗਟ ਵਾ ਪ੍ਰਾਪਤ ਹੁੰਦੀ ਹੈ।

ਹੋਰ ਵਿਸ਼ੇਸ਼ ਪ੍ਰਕਰਣ ਦੇਖਣੇ ਦੀ ਇੱਛਾ ਹੋਵੇ ਤਾਂ ਸੰਗੀਤ ਦੇ ਗ੍ਰੰਥਾਂ ਵਿਚੋਂ ਦੇਖੋ।

ਸਿਰੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚੱਕ੍ਰ ਨੰਬਰ ੩।

---

*ਰਾਗਾ ਵਿਚਿ ਸ੍ਰੀ ਰਾਗੁ ਹੈ ਜੋ ਸਚਿ ਧਰੇ ਪਿਆਰੁ।

(ਸਫਾ ੩੩੫ ਦਾ ਬਾਕੀ ਫੁਟਨੋਟ)

ਸੁਰਾਂ ਵਾਲੇ ਔੜਵ ਕਹੀਦੇ ਹਨ। ਇਸੀ ਤਰ੍ਹਾਂ ਤਿੰਨ ਭੇਦ ਹੋਰ ਹਨ। ਜੋ ਰਾਗ ਆਪਣੇ ਸਰੂਪ ਵਿਚ ਸੁੱਧ ਹਨ ਤੇ ਆਦਿ ਥਾਪੀਆਂ ਸੁਰਾਂ ਵਿਚ ਹਨ ਓਹ ਸੁੱਧ, ਜਿਨ੍ਹਾਂ ਵਿਚ ਕਿਸੇ ਦੂਸਰੇ ਰਾਗ ਦੀ ਛਾਇਆ ਪਵੇ ਛਾਇਆ ਲਿੰਗਤ ਤੇ ਜੋ ਮਿਲ ਜੁਲ ਕੇ ਬਣੇ ਹਨ, ਸੰਕੀਰਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਰਾਗਾਂ ਦੇ ਵੇਰਵੇ ਤੇ ਫਰਕ ਡਾਕਟਰ ਸਾਹਿਬ ਨੇ ਇਕ ਵੱਖਰੇ ਲੇਖ ਵਿਚ ਲਿਖੇ ਹਨ, ਜਿਸ ਵਿਚ ਰਾਗ ਦਾ ਮਤ ਗੁਰਮਤ ਦਾ ਵੱਖਰਾ ਹੈ। ਰਾਗਮਾਲਾ ਭਿੰਨ ਹੈ, ਰਾਗਾਂ ਦੇ ਸੁਰ ਆਦਿ ਭਿੰਨਤਾ ਰਖਦੇ ਹਨ, ਦਰਸਾਏ ਹਨ। ਉਹ ਇਸੇ ਪੁਸਤਕ ਵਿਚ 'ਗੁਰਮਤ ਸੰਗੀਤ ਨਿਰਣੈ' ਨਾਮ ਹੇਠ ਅੱਗੇ ਛਾਪਿਆ ਹੈ, ਪਾਠਕ ਓਥੇ ਪੜ੍ਹ ਲੈਣ। [ਸੰਪਾਦਿਕ

Digitized by Panjab Digital Library | www.panjabdigilib.org

(ਦੂਜਾ) ਮਾਝ ।

ਸੁਰ ਤਾਲ ਸੰਬੁਹ ਵਿਚ ਲਿਖਿਆ ਹੈ ਕਿ ਸੋਰਠ, ਬਿਲਾਵਲ, ਸਾਰੰਗ, ਧਨਾਸਰੀ, ਨਟ ਪੰਜੇ ਮਿਲਨੇ ਕਰਕੇ ਮਾਝ ਰਾਗ ਬਣਦਾ ਹੈ। ਕਈ ਇਸਨੂੰ ਰਾਗਨੀ ਕਰਕੇ ਵੀ ਕਹਿੰਦੇ ਹਨ, ਪੰਤੂ ਬੁਧ ਪ੍ਰਕਾਸ਼ ਦਰਪਨ ਵਿਚ ਇਉਂ ਲਿਖਿਆ ਹੈ:—

ਦੋ:—ਸਿਰੀ ਰਾਗ ਮਧ ਮਾਧਵੀ, ਅਰ ਮਲਾਰ
ਸੁਰ ਜਾਨ । ਇਹ ਮਿਲ ਮਾਝ
ਬਖਾਨਹੀ, ਲੀਜੋ ਗੁਨਿ ਜਨ ਮਾਨ।

ਸੰਪੂਰਣ ਹੈ:—ਸ, ਰ, ਗ, ਮ, ਪ, ਧ,ਨੀ। ਦੁਪਹਿਰ ਦੇ ਪਿੱਛੇ ਇਸਨੂੰ ਗਾਉਂਦੇ ਹਨ। ਇਹ ਦੇਸੀ ਰਾਗ ਹੋਣੇ ਤੇ ਸੰਗੀਤ ਵਿਚੋਂ ਹੋਰ ਬਹੁਤਾ ਹਾਲ ਨਹੀਂ ਮਿਲਦਾ। ਮਾਝੇ ਦੇਸ਼ ਦੀ ਹੋਣੇ ਤੇ ਇਸਦਾ ਨਾਉਂ ਮਾਝ ਹੈ, ਇਹ ਰਾਗ ਦੇ ਪਰਵਾਰ ਵਿਚੋਂ ਨਹੀਂ ਥਾਪੀ ਗਈ।

ਮਾਝ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੪।

(ਤੀਜੀ) ਗਉੜੀ।

ਸ੍ਰੀ ਮੁਖ ਵਾਕਹੈ—ਗਉੜੀਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥

ਇਸ ਦਾ ਨਾਉਂ ਸੰਗੀਤ ਵਿਚ ਗੌਰੀ ਕਰਕੇ ਵੀ ਲਿਖਿਆ ਹੈ। ਸੰਗੀਤ ਰਤਨਾਕਰ ਵਿਚ ਪੰਜਾਂ ਗੀਤਾਂ (ਸੁਧਾ ਗੀਤ,ਭਿੰਨਾਂਗੀਤ, ਗਉੜੀ ਗੀਤ, ਬੈਸਰਾ ਗੀਤ, ਸਾਧਾਰਣੀ ਗੀਤ) ਵਿਚੋਂ ਤੀਜਾ ਗਉੜੀ ਗੀਤ ਹੈ। ਇਸ ਦੇ ਦੋ ਭੇਦ ਹਨ—ਇਕ ਗਉੜੀ,ਦੂਜਾਐਹਾਟੀ। ਗੌੜੀ ਗੀਤ ਦਾ ਰੂਪ ਇਉਂ ਲਿਖਿਆ ਹੈ:—ਜਿੱਥੇ ਰਾਗ ਦੇ ਸੁਰ ਇੱਕੋ ਜਹੇ ਉਚਾਰਨ ਕਰੀਏ ਅਤੇ ਮਨ ਨੂੰ ਪਿਆਰੇ ਵੀ ਲਗਦੇ ਹੋਣ। ਮੰਦਰ, ਮਧਜ, ਤਾਰ ਇਨ੍ਹਾਂ ਤਿੰਨਾਂ ਜਗਾਂ ਤੇ ਸੰਘਣਾ ਕੰਪ ਹੋਵੇ ਅਤੇ ਇਸਥਿਤੀ ਵੀ ਅਖੰਡਤ ਹੋਵੇ, ਕਿਧਰੋਂ ਟੁੱਟੇ ਨਹੀਂ, ਉਪਰਲੀਆਂ ਤਿੰਨਾਂ ਥਾਵਾਂ ਤੇ ਕੰਨਾਂ ਨੂੰ ਬਹੁਤੀ ਭਾਂਵਦੀ ਹੋਵੇ ਅਤੇ ਗੌੜਦੇਸ ਵਿਚ ਪ੍ਰਸਿੱਧ ਵੀ ਹੋਵੇ, ਉਸਨੂੰ ਗੌੜੀ ਗੀਤ ਕਹਿੰਦੇ ਹਨ।

ਨਾਦ ਬਿਨੋਦ ਗ੍ਰੰਥ ਵਿਚ ਲਿਖਿਆ ਹੈ, ਗੌਰੀ ਸਿਰੀ ਰਾਗ ਦੀ ਰਾਗਨੀ ਹੈ।

ਰਾਗ ਮਾਲਾ ਵਿਚ ਵੀ ਲਿਖਿਆ ਹੈ "ਗਵਰੀ ਗਾਵਹਿ ਆਸਾਵਰੀ" ॥

ਅੰਸ,ਨਜਾਸ,ਗ੍ਰਿਹ ਇਸ ਦਾ ਖਰਜ ਹੈ, ਪੰਚਮ ਵਰਜਤ ਹੈ, ਪੂੰਤ੍ਰ ਆਰੋਹੀ ਵਿਚ ਸੰਪੂਰਨ ਹੈ। ਮੂਰਛਨਾ ਸਰਬ ਅੰਗ ਸੁੰਦਰ ਹੈ, ਪਰੰਤੂ ਸੁਰ ਤਾਲ ਸੰਝੁਹ ਵਿਚ ਲਿਖਿਆ ਹੈ, ਸੁਰ ਗੁਰੂ ਖਰਜ ਹੈ, ਬਾਦੀ ਧੈਵਤ ਹੈ, ਸੰਬਾਦੀ ਗੰਧਾਰ ਹੈ, ਅਨਬਾਦੀ ਖਰਜ ਹੈ, ਔੜਵ ਹੈ। ਸ, ਗ, ਮ, ਧ, ਨ, ਮਾਰਗ ਹੈ, ਸੰਕੀਰਨ ਹੈ। ਇਸਦੇ ਦੋ ਭੇਦ ਹਨ:— ਸੁਧ ਗੌਰੀ ੧, ਜੈਤੀ ਗੌਰੀ ੨। ਮੌਸਮ ਸਿਸਰ ਰਿਤੁ,ਵੇਲਾ ਤੀਸਰੇ ਪਹਿਰ ਦਿਨਦੇਗਾਂਵੀਦੀ ਹੈ।

ਜੈਜਾਵੰਤੀ, ਆਸਾਵਰੀ ਸੁੱਧ ਅਤੇ ਸੋਰਠ ਮਿਲਕੇ ਗੌਰੀ ਬਣਦੀ ਹੈ। ਖਾਸ ਸੁਰਏਹਹਨ- ਖਰਜ ਸੁਧ, ਰਿਖਭ ਸਕਾਰੀ, ਮਧਮ ਕੋਮਲ ਧੈਵਤ ਸਕਾਰੀ,ਨਿਖਾਧ ਤੀਬ੍ਰ,ਗੰਧਾਰ ਤੀਬ੍ਰ, ਪੰਚਮ ਕੋਮਲ ਲਗਦਾ ਹੈ, ਪਰ ਬੁਧ ਪ੍ਰਕਾਸ਼ ਦਰਪਣ ਵਿਚ ਇਹ ਲਿਖਜਾ ਹੈ:—

"ਗੌਰੀ ਦਾਦਰ ਸੁਰ ਤੇ ਸੋਧੀ। ਖੇੜਸ ਬਰਖ ਗੌਰ ਤਨ ਅਦਭੁਤ ਪਟ ਬਹੁਰੰਗ ਸਮੋਧੀ। ਆਦਿ ਅੰਤ ਮੈਂ ਜਹਿੰ ਖਾੜਵ ਸੁਰ ਅਰ ਬਸੰਤ ਮੁਦ੍ਰਾ ਸੋ। ਘਰੀ ਚਾਰ ਰਹਤੇ ਦਿਨ ਗਾਵੈ ਪਾਂਚ ਤਾਨ ਮਿਲਤਾਸੋ। ਸੁਰ ਬਿਸ੍ਰਾਮ[੧] ਅਰ ਘਨਤਕਾਰ[੨] ਸੋ ਅਲਾਪਤ ਸਾਥ[੩] ਮਿਲਾਏ। ਬਜਾਨ[੪]

Digitized by Panjab Digital Library | www.panjabdigilib.org

ਅਲਾਪਤ[੫], ਸੋਧ ਸਭਨ ਬਿਧਿ ਪਾਂਚ ਤਾਨ ਏ ਪਾਏ। ਸਿਰੀ ਰਾਗ ਸੋਂ ਪਰਜ ਮਿਲਾਈ ਤਬ ਗੌਰੀ ਸੁਰ ਜਾਨੀ । ਤਾਕੋ ਨਾਉਂ ਤਰੋਨੀ ਭਾਖੈਂ ਅਰ ਪੂਰਬੀ ਬਖਾਨੀ। ਔਰ ਨਾਮ ਜਾਂਕੇ ਬਹੁ ਖੰਪਤ ਤੀਨ ਨਾਮ ਮੈਂ ਜਾਨੀ । ਰੂਪ ਰੇਖ ਸੁਰ ਅੰਬਰ ਮੁਦ੍ਰਾ ਖੋੜਸ ਬਰਖ ਬਖਾਨੀ''।

ਇਹ ਰਾਗਨੀ ਦੇ ਨਾਵਾਂ ਕਰਕੇ ਸੰਗੀਤ ਵਿਚ ਲਿਖੀ ਹੈ–ਤਰੋਨੀ ੧, ਪੂਰਬੀ ੨, ਪ੍ਰੰਤੂ ਗੁਰੂ ਸਾਹਿਬ ਨੇ ਗਉੜੀ ਦੀਪਕੀ, ਗਉੜੀ ਪੂਰਬੀ, ਗਉੜੀ ਚੇਤੀ, ਗਉੜੀ ਬੈਰਾਗਣ ਗਉੜੀ ਮਾਲਾ, ਗਉੜੀ ਮਾਲਵਾ ਆਦਿਕ ਗੌੜੀਆਂ ਵਿਚ ਬਾਣੀ ਉਚਰੀ ਹੈ। ਇਸ ਵਿਚ ਕੇਵਲ ਹੋਰ ਰਾਗ ਰਾਗਨੀਆਂ ਦੇ ਮਿਲਾਪ ਪਰ ਨਾਉਂ ਰਖੇ ਹਨ, ਜਿਸ ਜਿਸ ਦਾ ਨਾਉਂ ਨਾਲ ਗਉੜੀ ਦੇ ਲਿਖਿਆ ਹੈ, ਜੇਹਾ ਕੁ ਦੀਪਕੀ, ਇਸ ਤੇ ਸੂਚਨਾ ਹੈ ਕਿ ਦੀਪਕੀ ਰਾਗਨੀ ਨਾਲ ਮਿਲੀ ਹੋਈ ਗਉੜੀ ਹੈ, ਇਸੀ ਤਰ੍ਹਾਂ ਸੱਭੇ ਗਉੜੀਆਂ ਜਾਣਨੀਆਂ।

ਹੋਰ ਗਉੜੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੫।

(ਚੌਥੀ) ਆਸਾ* ।

ਬੁਧ ਪ੍ਰਕਾਸ਼ ਦਰਪਣ ਵਿਚੋਂ:–

ਸਿਰੀ ਰਾਗ ਸੁਰ ਪ੍ਰਥਮ ਹੀ ਦੂਜੇ ਮਾਰੂ ਰਾਗ।
ਬਿਬ ਸੁਰ ਮਿਲ ਆਸਾ ਭਈ ਜੋਗਾ ਵੇ ਵਡ ਭਾਗ।

ਆਸਾਵਰੀ ।

ਚਾਰ ਘਰੀ ਨਿਸ ਰਹੈ ਨਾਦ ਤਿਹ ਕਿੰਨਰ ਜਿਹ ਸੁਰ ਗਾਵਤ। ਨਾਦ ਨਿਰਾ ਕਾਸ ਕਾ ਮੁੰਦ੍ਰਾ ਪਾਂਚੋ ਤਾਨ ਮਿਲਾਵਤ। ਲਲਿਤ ਅਲਾਪ ਅਵਰ ਸੁਰ ਮਿਸ੍ਰਤ ਅਰਧ ਤਨਤ ਉਪਸਾਰ । ਓੜਵ ਸੁਰ, ਸੰਗ੍ਰਹ ਬਨਾ ਸ. ਜਿਹ ਧੈਵਤ ਧਰੀ ਸੁਧਾਰ। ਆਸਾ ਭੈਰਵ ਪਰਜ ਮਿਲਾਈ ਤਬ ਆਸਾਵਰੀ ਪਾਈ। ਮਿਲੈ ਗੰਧਾਰ ਜੋਗੀਆ ਕੀ ਸੁਰ ਪਹਿਰ ਚੜ੍ਹੈ ਦਿਨ ਗਾਈ।

ਪੁਨਾ:–ਸੁਰ ਤਾਲ ਸਮ੍ਹੂਹ ਵਿਚ ਲਿਖਿਆ ਹੈ

ਸੁਰ ਗੁਰੂ	ਖਰਜ ਹੈ
ਬਾਦੀ	ਧੈਵਤ
ਸੰਬਾਦੀ	ਮਧਮ
ਅਨੁਵਾਦੀ	ਪੰਚਮ
ਬਿਬਾਦੀ	ਗੰਧਾਰ ਰਿਖਭ ਹੈ

ਪਰੰਤੂ ਸਕਾਰ ਲਗਦੇ ਹਨ

ਸੁਰ ਏਹ ਹਨ:–

ਖਰਜ, ਮਧਮ, ਪੰਚਮ ਸੁਧ	
ਰਿਖਭ ਧੈਵਤ	ਸਕਾਰੀ
ਗੰਧਾਰ ਨਿਖਾਧ	ਸਕਾਰੀ

ਇਹ ਔੜਵ ਹੈ ਸ. ਮ. ਪ. ਧ. ਨ. ਪਰੰਤੂ ਕਿਸੇ ਮਤ ਵਿਚ ਸੰਪੂਰਨ ਵੀ ਹੈ। ਸ. ਰ. ਮ. ਪ. ਨ. ਧ. ਗ.

ਮਲਾਰ, ਪਰਜ ਅਤੇ ਬਸੰਤ ਮਿਲਕੇ ਆਸਾਵਰੀ ਬਣਦੀ ਹੈ, ਇਸਦੇ ਦੋ ਭੇਦ ਹਨ–ਸੁਧ ਆਸਾਵਰੀ ੧, ਜੋਗੀਆ ਆਸਾਵਰੀ ੨। ਮੌਸਮ–ਹੇਮੰਤ ਰਿਤੁ। ਵੇਲਾ–ਪਹਿਰ ਦਿਨ ਚੜ੍ਹੇ ਗਾਉਂਦੇ ਹਨ, ਜਿਸਤੋਂ ਖੁਸ਼ੀ ਪੈਦਾ ਹੁੰਦੀ ਹੈ। ਇਹ ਰਾਗਨੀ ਸੁੱਧ ਸੰਕੀਰਨ ਹੈ, ਮੇਘਰਾਜ ਦੀ ਇਸਤ੍ਰੀ ਹੈ।

ਆਸਾ ਅਤੇ ਆਸਾਵਰੀ ਦਾ ਇਕੱਠਾ ਭੇਦ ਇਸ ਲਈ ਰੱਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਸਾ ਆਸਾਵਰੀ ਵੱਖਰੀ ਨਹੀਂ ਲਿਖੀ, ਇਕੱਠੀ ਹੀ ਹੋਣ ਤੇ ਏਥੇ ਵੀ

*ਇਹ ਰਾਗ ਪੁਰਾਤਨ ਨਹੀ, ਇਸੇ ਕਰਕੇ ਪੁਰਾਤਨ ਗ੍ਰੰਥਾਂ ਵਿਚ ਨਹੀਂ ਮਿਲਦਾ। ਜਾਪਦਾ ਹੈ ਕਿ ਇਹ ਸ੍ਰੀ ਗੁਰੂ ਨਾਨਕ ਜੀ ਨੇ ਰਚਿਆ ਹੈ।

[ਸੰਪਾਦਿਕ

Digitized by Panjab Digital Library | www.panjabdigilib.org

ਇਕੱਠਾ ਹੀ ਰੂਪ ਦਿਖਾਇਆ ਹੈ*।ਆਮ ਲੋਕ ਅਸਾਉਰੀ ਟੋਡੀ ਨੂੰ ਕਹਿੰਦੇ ਹਨ, ਪਰ ਇਹ ਭੇਦ ਮਾਲੂਮ ਹੁੰਦਾ ਹੈ ਕਿ ਅਸਾਉਰੀ ਟੋਡੀ ਨੂੰ ਕਹਿੰਦੇ ਹਨ, ਨਾਕਿ ਆਸਾਵਰੀ ਨੂੰ। ਗੁਰੂ ਜੀ ਆਸਾਵਾਰੀ ਕਰਕੇ ਲਿਖਦੇ ਹਨ ਅਤੇ ਆਸਾ ਰਾਗ ਵਿੱਚ ਮੇਲ ਕੇ ਲਿਖਿਆ ਹੈ, ਇਸ ਲਈ ਗੁਰੂ ਜੀ ਦੇ ਮਤ ਵਿੱਚ ਆਸਾਵਰੀ ਟੋਡੀ ਨਹੀਂ ਹੈ।

ਪਰੰਤੂ ਜਿਸ ਤੇ ਸੁਧੰਗ ਦਾ ਸਿਰਲੇਖ ਦਿੱਤਾ ਹੈ, ਓਹ ਸਬਦ ਭਾਵੇਂ ਟੋਡੀ ਨਾਲ ਮਿਲਦੇ ਹੋਣ, ਫਿਰ ਭੀ ਟੋਡੀ ਅੱਡਰਾ ਰਾਗ ਹੋਣੇ ਤੇ ਸਪਸ਼ਟ ਹੈ ਕਿ ਆਸਾਵਰੀ ਟੋਡੀ ਨਹੀਂ।

ਕੋਈ ਕਹਿੰਦੇ ਹਨ–ਦੇਵ ਗੰਧਾਰ, ਜੋਗ, ਪਰਜ ਮਿਲਕੇ ਆਸਾ ਬਣਦੀ ਹੈ, ਪਰੰਤੂ ਪਰਜ ਗਾਲਬ ਹੁੰਦਾ ਹੈ। ਆਸਾ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬ੍ਰ ੬।

(ਪੰਜਵੀਂ) ਗੂਜਰੀ।

ਸ੍ਰੀ ਮੁਖਵਾਕ ਹੈ–

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥

ਨਾਦ ਬਿਨੋਦ ਵਿੱਚ ਭੈਰਉ ਦੀ ਇਸਤ੍ਰੀ ਗੂਜਰੀ ਲਿਖੀ ਹੈ, ਪਰੰਤੂ ਗੁਰਮਤ ਅਤੇ ਹਨੁਮੰਤ ਮਤ ਵਿੱਚ ਦੀਪਕ ਦੀ ਇਸਤ੍ਰੀ ਲਿਖੀ ਹੈ। ਜਿਹਾ ਕੁ ਰਾਗਮਾਲਾ ਵਿੱਚ ਵੀ "ਕਾਮੋਦੀਅਉਗੂਜਰੀਸੰਗਦੀਪਕ ਕੇ ਥਾਪਿ॥" ਲਿਖਿਆ ਹੈ। ਅੰਸ ਨਜਾਸ ਗੁਰ ਇਸਦਾ ਧੈਵਤ ਹੈ ਅਤੇ ਸੰਪੂਰਨ ਹੈ। ਰਾਮਕਲੀ ਟੋਡੀ ਸਮ ਮਕੀਤ ਬਰਾਟੀ ਮਿਲਕੇ ਗੂਜਰੀ ਬਣਦੀ ਹੈ। ਦਿਨ ਦੇ ਪਹਿਲੇ ਪਹਿਰ ਇਸਨੂੰ ਗਾਉਂਦੇ ਹਨ। ਕਾਨੂੰਨ ਮੌਸੀਕੀ ਅਤੇ ਸੁਰ ਤਾਲ ਸਮੂਹ ਵਿਚ ਲਿਖਿਆ ਹੈ, ਇਹ ਤਿੰਨ ਭਾਂਤ ਦੀ ਹੈ ਸੁਧ ੧, ਖਟ ੨, ਸਜਾਮ ੩।

ਸੁਰ ਏਹ ਹਨ:–

ਸੁਰ ਗੁਰ– ਪੰਚਮ ਹੈ,
ਬਾਦੀ– ਪੰਚਮ,
ਸਮ ਬਾਦੀ– ਰਿਖਭ,
ਅਨ ਬਾਦੀ– ਗੰਧਾਰ ਧੈਵਤ ਹੈ।
ਸੰਪੂਰਨ ਹੈ– ਪ ਧ ਨੀ ਸ ਮ ਗ ਰੇ,
ਮੌਸਮ– ਬਰਖਾ ਰਿਤੂ,
ਵੇਲੇ ਦੁਪਹਿਰ ਦੇ ਗਾਵੀਂਦੀ ਹੈ।
ਖਰਜ– ਸੁੱਧ ਲਗਦਾ ਹੈ,
ਰਿਖਭ ਗੰਧਾਰ– ਕੋਮਲ
ਮਧਮ– ਸੁੱਧ ਅਤੇ ਤੀਬ੍ਰ
ਪੰਚਮ– ਸੁੱਧ
ਧੈਵਤ– ਕੋਮਲ
ਨਿਖਾਧ– ਤੀਬ੍ਰ
ਮਧਮ ਇਸ ਵਿੱਚ ਦੋਵੇਂ ਲਗਦੇ ਹਨ

ਲਲਿਤ ਅਤੇ ਰਾਮਕਲੀ ਮਿਲਕੇ ਗੂਜਰੀ ਬਣਦੀ ਹੈ। ਪਰੰਤੂ ਬੁਧ ਪ੍ਰਕਾਸ਼ ਦਰਪਨ ਵਿੰਚ ਲਿਖਿਆ ਹੈ, ਦੀਪਕ ਦੀ ਇਸਤ੍ਰੀ ਹੈ।

ਗੂਜਰ ਛੈਨੇ ਮ੍ਰਿਗ ਸੁਰ ਲੀਨੀ। ਦੇਹ ਅਰਨਤਾ ਅਧਰ ਬਿੰਬ ਫਲ ਮੁਕਤ ਮਾਲ ਉਰ ਦੀਨੀ। ਕੰਕਨ ਜਟਤ ਹਸਤਿ ਕੇ ਦਾਂਤਨ ਪਟ ਉੱਤਮ ਤਨ ਪਾਏ। ਮਧ੍ਯਾਵਨਿ ਜਾਸ ਕੀ ਮੁੰਦ੍ਰਾ ਖਟ ਤਾਨਨ ਮਿਲ ਗਾਏ। ਕੰਠ ਪੁਲਿਤ, ਨਾਦੀਕ, ਲੁਲਿਤ, ਪੁਨ ਦੀਪ ਸੁਰਤ, ਮਨ ਆਨੀ। ਅਰ ਸਰਮਿਸਟ, ਤਿਕੂਲ ਨਾਮ ਖਟ ਸੰਪੂਰਨ ਸੁਰ ਜਾਨੀ। ਭੈਰਵ ਰਾਮਕਲੀ ਸੋ ਮਿਲਕੇ

*ਹੋਰ ਵੇਰਵੇ ਦੇਖੋ 'ਗੁਰਮਤ ਸੰਗੀਤ ਨਿਰਣਯ' ਇਸੇ ਪੋਥੀ ਦੇ ਅਗੇ ਆਉਣ ਵਾਲੇ ਲੇਖ ਵਿਚ।

[ਸੰਪਾਦਿਕ

Digitized by Panjab Digital Library | www.panjabdigilib.org

ਰਾਗ ਗੂਜਰੀ ਗਾਈ।ਧਰੀ ਨਿਖਾਧ ਆਦਿ ਅਰ ਅੰਤਹ ਪ੍ਰਾਤੇ ਕਾਲ ਸੁਨਾਈ। ਏਕ
ਕਹੈ ਸੋਰਾਸਟ੍ ਤਿਸੀ ਕੋ ਏਕ ਡਾਢਰੀ
ਭਾਖੈ। ਏਕ ਡਾਖਣੀ ਕਹੈ ਯਾਹਿ ਕੋ ਦੇਸ
ਬਚਨ ਸੁਰ ਆਖੈ । ਰਾਮਕਲੀ ਬਹੁਲਾ
ਗੰਧਾਰੀ ਸਜਾਮ ਸੁਰੈਂ ਜੁ ਮਿਲਾਵੈ ।

ਜਾਕੋ ਕਹੈਂ ਗੂਜਰੀ ਮੰਗਲ ਇੰਦ੍ ਸਭਾ ਮੈਂ ਗਾਵੈ।

ਪਾਸਟਿਕ ਮਤ ਵਿਚ ਗੂਜਰੀ ਦੇ ਨੌ ਭੇਦ ਲਿਖੇ ਹਨ, ਜਿਹਾਕੁ ਮਹਾਰਾਸਟ੍ ਗੂਜਰੀ ੧, ਦੱਖਣਾ ਗੂਜਰੀ ੨, ਦ੍ਰਾਵੜੀ ਗੂਜਰੀ ੩, ਉਤਰਾ ਗੂਜਰੀ ੪, ਸੋਰਾਸਟ੍ ਗੂਜਰੀ ੫, ਮੰਗਲ ਗੂਜਰੀ ੬, ਰਾਮਕਲੀ ਗੂਜਰੀ ੭, ਬਹੁਲਾ ਗੂਜਰੀ ੮, ਸਜਾਮ ਗੂਜਰੀ ੯।

ਗੂਜਰੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੭

(ਛੇਵੀਂ) ਦੇਵਗੰਧਾਰੀ ।

ਨਾਦ ਬਿਨੋਦ ਵਿਚ ਭੈਰੋਂ ਦਾ ਪੁਤ੍ ਕਰਕੇ ਲਿਖਿਆ ਹੈ, ਅੰਸ, ਨਜਾਸ, ਗ੍ਰਹਿ ਇਸਦਾ ਧੈਵਤ ਹੈ । ਮਧਮ ਕੋਮਲ ਲਗਦਾ ਹੈ। ਸੰਪੂਰਨ ਹੈ।

ਟੋਡੀ, ਆਸਾਵਰੀ, ਦੇਸੀ, ਤਿੰਨੇ ਮਿਲਕੇ ਦੇਵਗੰਧਾਰ ਬਣਦਾ ਹੈ। ਪ੍ਰੰਤੂ ਨ੍ਰਿਤਜ ਨਿਰਣੈ ਗ੍ਰੰਥ ਵਿਚ ਸ੍ਰੀ ਰਾਗ ਦਾ ਪੁਤ੍ ਕਰਕੇ ਲਿਖਿਆ ਹੈ। ਸੰਪੂਰਣ ਹੈ, ਦੁਪਹਿਰ ਵੇਲੇ ਗਾਂਵੀਦਾ ਹੈ । ਇਕ੍ਰ ਹੀ ਮਾਨ ਕੌਤੂਹਲ ਵਿਚ ਲਿਖਿਆ ਹੈ, ਗੌਰੀ ਸੁਧ ਆਸਾਵਰੀ ਭੈਰਉ ਦੇਵਗਿਰੀ ਦੇ ਮਿਲਨੇ ਤੇ ਦੇਵ ਗੰਧਾਰ ਬਣਦਾ ਹੈ, ਪਰੰਤੂ ਸੁਰ ਤਾਲ ਸੰਬ੍ਹ ਵਿਚ ਲਿਖਿਆ ਹੈ, ਸੁਰ ਗੁ੍ ਖਰਜ ਹੈ, ਬਾਦੀ ਖਰਜ ਹੈ, ਸਮਬਾਦੀ ਪੰਚਮ ਹੈ, ਅਨਬਾਦੀ ਗੰਧਾਰ ਹੈ। ਔੜਵ ਹੈ। ਸ. ਧ. ਪ. ਗ. ਰੇ. ਭੈਰਉ ਅਤੇ ਨਟ ਮਿਲਕੇ ਦੇਵ ਗੰਧਾਰ ਬਣਿਆਂ ਹੈ। ਸਵੇਰ ਵੇਲੇ ਗਾਂਵੀਦਾ ਹੈ। ਖੁਸ਼ੀ ਪੈਦਾ ਕਰਦਾ ਹੈ।

ਸੁਰ ਏਹ ਹਨ:—

ਖਰਜ	ਸੁਧ,
ਰਿਖਭ ਗੰਧਾਰ	ਤੀਵ੍,
ਮਧਮ	ਕੋਮਲ,
ਪੰਚਮ	ਸੁਧ,
ਧੈਵਤ, ਨਿਖਾਧ	ਤੀਬ੍।

ਪਰੰਤੂ ਰਾਗਮਾਲਾ ਵਿੱਚ ਮਾਲਕੌਸ ਦੀ ਰਾਗਣੀ ਕਰਕੇ ਲਿਖੀ ਹੈ, ਜਿਹਾਕੁ "ਗੌਡਕਰੀ ਅਰੁ ਦੇਵਗੰਧਾਰੀ ॥" ਸੰਗੀਤ ਬਿਨੋਦ ਅਤੇ ਰਾਗ ਦੀਪਕ ਵਿਚ ਵੀ ਮਾਲਕੌਸ ਦੀ ਇਸਤ੍ਰੀ ਕਰਕੇ ਲਿਖਜਾ ਹੈ, ਇਸੇ ਦੇਵ ਗੰਧਾਰੀ ਦੇ ਦੋ ਪੁਤ੍ ਮਸਤਾਂਗ ੧ ਔਰ ਪ੍ਰਬਲ ੨ ਕਰਕੇ ਲਿਖੇ ਹਨ। ਦੇਵਗੰਧਾਰੀ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੮।

(ਸੱਤਵਾਂ) ਬਿਹਾਗੜਾ।

ਇਸ ਰਾਗ ਦਾ ਰਾਗਮਾਲਾ ਵਿੱਚ ਜ਼ਿਕਰ ਨਹੀਂ ਹੈ । ਕਿਸੇ ਗ੍ਰੰਥਕਾਰ ਨੇ ਕਿਸੇ ਰਾਗ ਦੀ ਬੰਸਾਵਲੀ ਵਿੱਚ ਨਹੀਂ ਲਿਖਿਆ। ਨਾਦ ਬਿਨੋਦ ਵਿੱਚ ਇਕ ਛਾਯਾ ਬਿਹਾਗ ਦੂਜੇ ਬਿਹਾਗ ਕਰਕੇ ਲਿਖਿਆ ਹੈ, ਪਰੰਤੂ ਸੁਰ ਤਾਲ ਸਮੂਹ ਵਿਚ ਸਿਰੀ ਰਾਗ ਦਾ ਪੁੱਤ੍ ਕਰਕੇ ਲਿਖਿਆ ਹੈ। ਇਸਦਾ ਸੁਰ ਗੁ੍ ਨਿਖਾਧ ਹੈ, ਬਾਦੀ ਪੰਚਮ ਹੈ, ਸਮਬਾਦੀ ਗੰਧਾਰ ਹੈ, ਅਨ-ਬਾਦੀ ਨਿਖਾਧ ਹੈ। ਸੰਪੂਰਨ ਹੈ । ਨ. ਸ. ਮ.

Digitized by Panjab Digital Library | www.panjabdigilib.org

ਗ. ਰ. ਧ. ਪ.। ਸੁਰ ਏਹ ਲਗਦੇ ਹਨ, ਖਰਜ ਪੰਚਮ ਸੁਧ ਹੈ। ਰਿਖਭ ਗੰਧਾਰ ਤੀਬ੍ਰ। ਮਧਮ ਦੋਨੋਂ। ਧੈਵਤ ਨਿਖਾਧ ਤੀਬ੍ਰ। ਇਸਨੂੰ ਅੱਧੀ ਰਾਤ ਵੇਲੇ ਗਾਉਂਦੇ ਹਨ, ਮੌਸਮ ਹੇਮੰਤ ਰਿਤੁ ਖੁਸ਼ੀ ਵਿਯੋਗ ਦੀ ਪੈਦਾ ਕਰਦੀ ਹੈ। ਕੇਦਾਰ, ਮਾਰਵਾ, ਸਰਸ੍ਵਤੀ ਮਿਲਕੇ ਬਿਹਾਗੜਾ ਬਣਦਾ ਹੈ। ਇਸੇ ਨੂੰ ਬਿਹਾਗ ਕਰਕੇ ਕਹਿੰਦੇ ਹਨ*। ਬਿਹਾਗੜੇ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰ: ੯।

(ਅੱਠਵਾਂ) ਵਡਹੰਸ।

ਸ੍ਰੀ ਮੁਖਵਾਕ ਹੈ:—ਸਬਦਿ ਰਤੇ ਵਡਹੰਸ ਹੈ
ਸਚੁ ਨਾਮੁ ਉਰਿਧਾਰਿ॥

ਨਾਦ ਬਿਨੋਦ ਵਿਚ ਮੇਘ ਰਾਗ ਦੀ ਰਾਗਨੀ ਵਡਹੰਸ ਕਰਕੇ ਲਿਖੀ ਹੈ। ਅੰਸ ਨਜਾਸ ਗ੍ਰਿਹ ਨਿਖਾਧ ਹੈ। ਸੰਪੂਰਨ ਹੈ। ਦੁਪਹਿਰ ਵੇਲੇ ਗਾਂਵੀਦੀ ਹੈ। ਸਾਰੰਗ ਮੇਘ ਕਾਮੋਦ ਮਿਲਕੇ ਬਣੀ ਹੈ।

ਸੁਰ ਤਾਲ ਸੰਭੂਹ ਵਿਚ ਮਾਲਕੌਂਸ ਦਾ ਪੁੱਤ੍ ਕਰਕੇ ਲਿਖਿਆ ਹੈ।

ਸੁਰ ਗੁਰੂ ਇਸਦਾ	ਪੰਚਮ ਹੈ
ਬਾਦੀ—	ਪੰਚਮ ਹੈ
ਸਮ ਬਾਦੀ—	ਮਧਮ
ਅਨ ਬਾਦੀ—	ਰਿਖਭ

ਖਾੜਵ ਹੈ—ਪ. ਨੀ. ਸਾ. ਰੇ. ਗਾ. ਮ.
ਤੀਸਰੇ ਪਹਿਰ ਦਿਨ ਦੇ ਗਾਂਵੀ ਦੀ ਹੈ

ਸੁਰ ਏਹ ਹਨ:—

ਖਰਜ ਮਧਮ—	ਸੁਧ
ਪੰਚਮ—	ਗੰਧਾਰ
ਰਿਖਭ, ਧੈਵਤ, ਨਿਖਾਧ—	ਤੀਬ੍ਰ

ਮਾਰੂ, ਗੌਰਾਨੀ, ਦੁਰਗਾ, ਧਨਾਸਰੀ, ਜੈਤੀ ਮਿਲਕੇ ਵਡਹੰਸ ਬਣੀ ਹੈ।

ਦੇਸੀ ਸੰਕੀਰਨ ਹੈ। ਮੌਸਮ ਸਰਦ ਰਿਤੁ ਹੈ। ਪਰੰਤੂ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਲਿਖਿਆ ਹੈ: ਦੇਵਗਿਰੀ, ਰੌਂਰੀ, ਮਾਲਵ, ਸੰਕੀਰਣ, ਪੂਰੀਆ, ਧਨਾਸਰੀ ਮਿਲਕੇ ਵਡਹੰਸ ਬਣਿਆ ਹੈ। ਸੰਪੂਰਨ ਹੈ। ਸ. ਰ. ਗ. ਮ. ਪ. ਧ. ਨਿ. ਸ.। ਦਿਨ ਦੇ ਤੀਜੇ ਪਹਿਰ ਗਾਂਵੀਦਾ ਹੈ। ਕਿਸੇ ਮਤ ਵਿਚ ਪੰਚਮ ਦੀ ਰਾਗਨੀ ਵਡਹੰਸ ਕਹੀ ਹੈ, ਪਰ ਓਸਵਿਚ ਟੋਡੀ ਦਾ ਮੇਲ ਹੈ।ਪਰੰਤੂ ਰਾਗਮਾਲਾ ਵਿਚ ਇਸ ਦਾ ਨਾਉਂ ਨਹੀਂ ਲਿਖਿਆ ਹੋਇਆ। ਵਡਹੰਸ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੧੦।

(ਨਾਵਾਂ) ਸੋਰਠ।

ਸ੍ਰੀ ਮੁਖ ਵਾਕ ਹੈ:—ਸੋਰਠਿ ਸਦਾ ਸੁਹਾਵਣੀ
ਜੇ ਸਚਾ ਮਨਿ ਹੋਇ॥

ਤਥਾ—"ਸੋਰਠਿ ਸੋ ਰਸੁ ਪੀਜੀਐ"

ਨਾਦ ਬਿਨੋਦ ਵਿਚ ਮੇਘ ਰਾਗ ਦੀ ਰਾਗਨੀ ਸੋਰਠੀ ਲਿਖੀ ਹੈ।

ਅੰਸ ਨਜਾਸ ਗ੍ਰਿਹ ਇਸਦਾ ਖਰਜ ਹੈ।ਅੱਧੀ ਰਾਤ ਨੂੰ ਗਾਂਵੀਦੀ ਹੈ। ਪਰੰਤੂ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਨਟ ਨਾਰਾਇਣ ਦੀ ਇਸਤ੍ਰੀ ਲਿਖੀ ਹੈ। ਨਟ ਦੀ ਛਾਯਾ ਸਮੇਤ ਹੈ, ਅੱਧੀ ਰਾਤ ਨੂੰ ਗਾਂਵੀਦੀ ਹੈ। ਸੰਪੂਰਣ ਹੈ ਸ. ਰ. ਗ. ਮ. ਪ. ਧ. ਨਿ. ਸ. ਇਹ ਸਾਰਾ ਰਾਗਾਰਣਵ ਦਾ ਮਤ ਹੈ। ਹਰਬੱਲਭ ਲਿਖਦਾ ਹੈ:—"ਤੀਨੋ ਪੰਚਮ ਸੁਰਹਿਤੇ ਖਾਂਡਵ ਰਿਖਭ ਬਿਹੀਨ। ਪ੍ਰਿਥਮ ਪਹਿਰ ਪਰ ਸੋਰਠੀ ਗਾਵੈਂ ਬਡੇ ਪ੍ਰਬੀਨ।' ਅੰਸ ਗ੍ਰਿਹ ਨਜਾਸ ਪੰਚਮ ਹੈ, ਰਿਖਭ ਵਰਜਤ ਹੈ। ਖਾਂਡਵ ਹੈ। ਪ. ਧ. ਨਿ

*ਐਸਾ ਕਹਿਣ ਵਾਲੇ ਦੱਸਦੇ ਹਨ ਕਿ ਬਿਹਾਗ ਵਿਚ ਨਿਖਾਧ ਕੋਮਲ ਲਾ ਦਿਓ ਤਾਂ ਬਿਹਾਗੜਾ ਬਣ ਜਾਂਦਾ ਹੈ ਤੇ ਮਧਮ ਤੀਬ੍ਰ ਨੂੰ ਬੀ ਛੁਹ ਜਾਂ ਹਨ। [ਸੰਪਾਦਿਕ

Digitized by Panjab Digital Library | www.panjabdigilib.org

ਸ. ਗ. ਮ. ਪ। ਪਹਿਰ ਹਾਤ ਗਈ ਗਾਂਵੀਦੀ ਹੈ, ਇਸਦਾ ਨਾਉਂ ਸੌਰਾਸਟਰੀ ਵੀ ਕਹਿੰਦੇ ਹਨ । ਮਾਨ ਕੌਤੂਹਲ ਵਿੱਚ ਲਿਖਿਆ ਹੈ, ਬੰਗਲਾ, ਗੂਜਰੀ, ਪੰਚਮ, ਗੰਧਾਰ, ਭੈਰਵੀ ਇਹ ਸੱਭੇ ਮਿਲਕੇ ਸੋਰਠੀ ਬਣਦੀ ਹੈ। ਪਰੰਤੂ ਬੁਧ ਪ੍ਰਕਾਸ਼ ਵਿੱਚ ਮੇਘ ਰਾਗ ਦੀ ਇਸਤ੍ਰੀ ਕਹੀ ਹੈ, ਜੋਹਾਕੁ–"ਸਾਰਸ ਕੀ ਸੁਰ ਤੇ ਸੁਰ ਸੋਧ ਲਈ ਸਬ ਮੈਂ ਅਧਿਕਾਨੀ । ਸਿੰਧਵੀ ਕਾਨਰ ਕਾਫੀ ਮਲਾਰ ਮਿਲੇ ਬਡਹੰਸ ਤੇ ਸੋਰਠ ਜਾਨੀ । ਸੁਰਠੀ ਕੀ ਸੁਰ ਸੋਧਕੈ ਰੂਪ ਰੇਖ ਮਨ ਲਾਇ। ਤੀਨ ਪਹਿਰ ਦਿਨ ਟਾਰਿ ਕੈ ਤਬ ਸੋਰਠੀ ਸੁਨਾਇ।"ਰਾਗ ਮਾਲਾ ਵਿਚ ਇਸਨੂੰ ਮੇਘ ਦੀ ਇਸਤ੍ਰੀ ਕਰਕੇ ਲਿਖਿਆ ਹੈ। ਜੋਹਾਕੁ "ਸੋਰਠਿ ਗੌਡ ਮਲਾਰੀ ਧੁਨੀ ॥" ਸੁਰ ਤਾਲ ਸੰਬੂਹ ਵਿੱਚ ਭੈਰਵ ਦੀ ਨੂੰਹ ਕਰਕੇ ਲਿਖੀ ਹੋਈ ਹੈ।

ਸੁਰ ਗੁਰੂ– ਨਿਖਾਧ ਹੈ,
ਬਾਦੀ–ਨਿਖਾਧ ਕੋਮਲ ਹੈ,
ਸੰਬਾਦੀ–ਧੈਵਤ ਤੀਬ੍ਰ ਹੈ,
ਅਨਬਾਦੀ–ਰਿਖਭ ਤੀਬ੍ਰ ਹੈ।
ਮਧਮ, ਪੰਚਮ–ਸੁਧ ਹੈ ।
ਖਰਜ, ਮਧਮ,–ਪੰਚਮ ਸੁੱਧ ਹੈ।
ਰਿਖਭ, ਗੰਧਾਰ, ਧੈਵਤ ਤੀਬ੍ਰ ਹੈ।
ਨਿਖਾਧ– ਕੋਮਲ
ਖਾੜਵ ਹੈ–ਨੀ, ਮ, ਰੇ, ਮ, ਪ, ਧ,
ਸਾਰੰਗ, ਗੂਜਰੀ, ਪੰਚਮ ਗੰਧਾਰ, ਭੈਰਵੀ, ਤੇ ਬੰਗਾਲ ਮਿਲਕੇ ਸੋਰਠਿ ਬਣਦੀ ਹੈ ।
ਵੇਲਾ–ਪਹਿਰ ਰਾਤ ਗਈ ਗਾਂਵੀਦੀ ਹੈ।
ਸੋਰਠੀ,ਸੋਰਠ ਇਕੋ ਨਾਉਂ ਹੈ।
ਇਸਦੇ ਦੋ ਭੇਦ ਹਨ:–
ਸਾਰੰਗ ਸੋਰਠ ੧, ਗਿਰਧਾਰੀ ਸੋਰਠ ੨,
ਮੌਸਮ ਇਸਦਾ ਸਰਦ ਰਿਤੁ ਹੈ।

ਸੋਰਠ ਰਾਗ ਦੀ ਬਾਣੀ ਦਾ ਵੇਰਵਾ
ਦੇਖੋ ਚਕ੍ਰ ਨੰਬਰ ੧੧

(ਦਸਵੀਂ) ਧਨਾਸਰੀ ।

ਸ੍ਰੀ ਮੁਖ ਵਾਕ ਹੈ:–ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥

ਰਾਗ ਦੀਪਕਾ, ਬੁਧ ਪ੍ਰਕਾਸ਼ ਅਤੇ ਸਿਧ ਸਾਰਸ੍ਵਤ ਦੇ ਮਤ ਨਾਲ ਮਾਲਕੌਸ ਦੀ ਰਾਗਨੀ (ਇਸਤ੍ਰੀ) ਧਨਾਸਰੀ ਹੈ। ਰਾਗ ਮਾਲਾ ਵਿੱਚ ਲਿਖਿਆ ਹੈ "ਧਨਾਸਰੀ ਏ ਪਾਚਉ ਗਾਈ ॥ ਮਾਲ ਰਾਗ ਕਉਸਕ ਸੰਗ ਲਾਈ ॥" ਪਰੰਤੂ ਨਾਦ ਬਿਨੋਦ ਵਿੱਚ ਦੀਪਕ ਦੀ ਇਸਤ੍ਰੀ ਕਰਕੇ ਲਿਖੀ ਹੈ। ਅੰਸ ਨਜਾਸ ਗ੍ਰਹ ਪੰਚਮ ਹੈ; ਮਾਲਸਿਰੀ, ਗੌਰੀ, ਟੋਡੀ, ਤਿੰਨੇ ਮਿਲਕੇ ਧਨਾਸਰੀ ਬਣਦੀ ਹੈ। ਸੰਪੂਰਨ ਹੈ । ਤੀਜੇ ਪਹਿਰ ਗਾਂਵੀਦੀ ਹੈ।

ਸੁਰ ਤਾਲ ਸਮੂਹ ਵਿੱਚ ਲਿਖਿਆ ਹੈ, ਧਨਾਸਰੀ ਮਾਲਕੌਸ ਦੀ ਨੂੰਹ ਹੈ। ਸੁਰ ਗੁਰੂ ਨਿਖਾਧ ਹੈ । ਬਾਦੀ ਨਿਖਾਧ, ਸਮ ਬਾਦੀ ਗੰਧਾਰ ਹੈ। ਅਨਬਾਦੀ ਪੰਚਮ ਹੈ, ਸੰਪੂਰਨ ਹੈ, ਨ. ਸ. ਗ. ਮ. ਪ. ਧ. ਰ। ਦੇਸੀ ਸੰਕੀਰਨ ਹੈ। ਵਕਤ ਤੀਸਰੇ ਪਹਿਰ ਗਾਂਵੀਦੀ ਹੈ। ਮੌਸਮ ਸਿਸਰ ਰਿਤੁ। ਸੁਰ ਏਹ ਹਨ:–ਖਰਜ ਸੁੱਧ। ਰਿਖਭ ਸਕਾਰੀ। ਗੰਧਾਰ ਮਧਮ ਤੀਬ੍ਰ। ਪੰਚਮ ਸੁਧ। ਧੈਵਤ,ਨਿਖਾਧ ਤੀਬ੍ਰ।ਟੋਡੀ ਆਸਾਵਰੀ, ਮਾਰਵਾ ਮਿਲਕੇ ਧਨਾਸਰੀ ਬਣਦੀ ਹੈ।

ਪਰੰਤੂ ਇਉਂ ਬੀ ਲਿਖਿਆ ਹੈ:–ਸ੍ਰੀ ਰਾਗ ਦੀ ਰਾਗਣੀ ਹੈ । ਧਨਾਸਰੀ ਦਾ ਸਰੂਪ ਇਉਂ ਲਿਖਿਆ ਹੈ:–

ਸੁਰ ਗੁਰੂ ਖਰਜ ਹੈ। ਬਾਦੀ ਨਿਖਾਧ ਹੈ। ਸਮਬਾਦੀ ਗੰਧਾਰ ਹੈ। ਅਨਬਾਦੀ ਪੰਚਮ ਹੈ, ਬਿਬਾਦੀ ਮਧਮ ਕੋਮਲ ਹੈ। ਸੁਧ ਅਤੇ ਤੀਬ੍ਰ

Digitized by Panjab Digital Library | www.panjabdigilib.org

ਲਗਦਾ ਹੈ।ਸੰਪੂਰਨ ਹੈ–ਸ. ਨੀ. ਮ. ਗ. ਪ. ਧ. ਰੇ।

ਸੁਰ ਏਹ ਲੱਗਦੇ ਹਨ:–ਖਰਜ ਸੁਧ, ਰਿਖਭ ਤੀਬ੍ਰ, ਗੰਧਾਰ ਕੋਮਲ, ਮਧਮ ਤੀਬ੍ਰ। ਪੰਚਮ ਸੁਧ, ਧੈਵਤ ਤੀਬ੍ਰ, ਨਿਖਾਧ ਕੋਮਲ ਤੀਬ੍ਰ। ਦਿਨ ਦੇ ਤੀਜੇ ਪਹਿਰ ਗਾਵੀਦੀ ਹੈ। ਸੁਧ ਸੰਕੀਰਨ ਹੈ। ਟੋਡੀ, ਆਸਾਵਰੀ,ਮਾਰਵਾ ਮਿਲਕੇ ਧਨਾਸਰੀ ਬਣਦੀ ਹੈ। ਮੌਸਮ ਹੇਮੰਤ ਰਿਤੁ। ਵਿਯੋਗ ਉਦਾਸੀ ਪੈਦਾ ਕਰਦੀ ਹੈ। ਬੁਧ ਪ੍ਰਕਾਸ਼ ਦਰਪਣ ਵਿੱਚ ਵੀ ਮਾਲਕੌਂਸ ਦੀ ਇਸਤ੍ਰੀ ਕਰਕੇ ਇਉਂ ਲਿਖਿਆਹੈ–ਪਦ:–

‘ਲਾਲਗਾਤ ਸਿਰ ਉਰਗ ਬਿਰਾਜੈ। ਬਲ ਖਾਏ ਪਟ ਅਲਕ ਬਨਤ ਜਿਹ ਪੰਕਜ ਪਾਨਹ ਸਾਜੈ। ਭੀਮ ਪਲਾਸੀ, ਜੈਤਸਿਰੀ, ਇਹ ਚੇਰੀ ਹੈ ਸੰਗ ਦੋਊ। ਆਦਿ ਅੰਤ ਜਿਹ ਖੜਗ ਧਰੀ ਹੈ ਧੰਨ ਕਹੈ ਸਭ ਕੋਊ। ਏਖਟਤਾਨਸੁਰਤ ਸੁਰ ਮਿਸ੍ਰ ਨਾਭਿਪੁਲਤ ਉਪਸਾਰ। ਕੰਠ ਪੁਲਿਤ ਤਾ ਸੋ ਤ੍ਰਿਕੁਲ ਏ ਤਾਨ ਭਏ ਮਨ ਧਾਰ । ਜੈਤਸਿਰੀ ਟੰਕਾਰ ਸੁਰੈ ਮਿਲ ਤ੍ਰਿਵਨ ਦਿਸਾਖ ਮਿਲਾਏ। ਬ੍ਰਹਮਾਣੀ ਮੁਦ੍ਰਾ ਸੋ ਖਾੜਵ ਸਭ ਧਨਾਸਰੀ ਗਾਏ। ਜਾਕੇ ਨੀਰ ਢਰਤ ਨੈਨਨ ਤੇ ਯਹਿ ਸਰੂਪ ਬਨਿ ਆਈ। ਡੇਢ ਪਹਿਰ ਦਿਨ ਚੜ੍ਹੇ ਗਾਉ ਤਿਹ ਅਤਿ ਸੁੰਦਰ ਮਨਭਾਈ।ਗੁਨਿਜਨਿ ਕਹੈਧਨਾਸਿਰ ਪੁਰੀਆ ਜਬ ਸੁਰ ਮਿਲੈ ਹਿੰਡੋਲੈ। ਆਸਾ ਮਾਰੂ ਮਿਲੈ ਧਨਾਸਿਰ ਤਬ ਕੌਨੋ ਸੁਰ ਚੋਲੈ । ਮੁਲਤਾਨ ਧਨਾਸਿਰ ਤਾਂਕੋ ਸਭ ਕਹਿ ਰਾਗ ਸੁਭਾਗ ਸੁਨਾਵੈ। ਲਛੀ ਰਾਮ ਦਿਵਾਨ ਅਟਲ ਜਗ ਸਭ ਜਾਕੋ ਗੁਨ ਗਾਵੈ।

ਇਸੀ ਤਰ੍ਹਾਂ ਹੋਰ ਹੋਰ ਭੇਦ ਵੀ ਸੰਗੀਤ ਦੇ ਗ੍ਰੰਥਾਂ ਵਿਚ ਲਿਖੇ ਹਨ, ਖੋਜ ਕਰਨ ਵਾਲਿਆਂ ਲਈ ਸੰਗੀਤ ਸਮੁੰਦਰ ਅਪਾਰ ਹੈ, “ਜੋ ਖੋਜੈ ਸੋ ਪਾਵੈ”। ਧਨਾਸਰੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ੧੨।

(ਯਾਰ੍ਹਵੀਂ) ਜੈਤਸਿਰੀ।

ਸੁਰ ਤਾਲ ਸਮੂਹ ਵਿਚ ਲਿਖਿਆ ਹੈ, ਮਾਲਕੌਸ ਦੀ ਨੂੰਹ ਜੈਤਸਿਰੀ ਹੈ। ਸੁਰ ਗੁਰੂ ਇਸਦਾ ਖਰਜ ਹੈ, ਬਾਦੀ ਗੰਧਾਰ ਹੈ। ਸਮ-ਬਾਦੀ ਪੰਚਮ ਹੈ। ਅਨਬਾਦੀ ਨਿਖਾਧ ਹੈ। ਸੰਪੂਰਨ ਹੈ ਸ, ਰ, ਪ, ਮ, ਧ,ਗ, ਨ। ਵੇਲਾ ਤੀਜੇ ਪਹਿਰ ਦਿਨ ਦੇ ਗਾਵੀਂਦੀ ਹੈ। ਸੁਰ ਏਹ ਲਗਦੇ ਹਨ:–ਖਰਜ, ਪੰਚਮ ਸੁਧ। ਰਿਖਭ ਕੋਮਲ। ਗੰਧਾਰ,ਮਧਮ,ਧੈਵਤ,ਨਿਖਾਧ ਤੀਬ੍ਰ। ਦੇਸੀ ਸੰਕੀਰਨ ਹੈ। ਮੌਸਮ ਸਿਸਰੁ ਰਿਤੁ। ਖੁਸ਼ੀ ਪ੍ਰਗਟ ਕਰਦੀ ਹੈ। ਧੌਲ, ਬੈਰਾਗੀ, ਦੇਸਕਾਰ, ਤਿੰਨੇ ਮਿਲਕੇ ਜੈਤਸਿਰੀ ਬਣਦੀ ਹੈ। ਨਾਦ ਬਿਨੋਦ ਵਿਚ ਦੀਪਕ ਦੀ ਰਾਗਨੀ ਲਿਖੀ ਹੈ।

ਅੰਸ,ਨਜਾਸ,ਗ੍ਰਿਹ ਮਧਮ ਹੈ। ਖਾਂਡਵ ਹੈ, ਰਿਖਭ ਵਿਵਰਜਤ ਹੈ। ਧਨਾਸਰੀ, ਧਾਨੀ, ਮਾਲਸਿਰੀ ਮਿਲਕੇ ਜੈਤਸਿਰੀ ਬਣਦੀ ਹੈ। ਤੀਜੇ ਪਹਿਰ ਤੋਂ ਪਿੱਛੇ ਗਾਵੀਂਦੀ ਹੈ। ਪਰੰਤੂ ਬੁਧ ਪ੍ਰਕਾਸ਼ ਵਿਚ ਵੀ ਮਾਲਕੌਂਸ ਦੀ ਨੂੰਹ ਲਿਖੀ ਹੈ।

ਦੋਹਰਾ ॥ ਦੇਸੀ ਟੋਡੀ ਪ੍ਰਥਮ ਹੀ ਗੌਰੀ ਸਾਥ ਬਿਭਾਸ। ਦੇਂਥੇ ਸੁਰ ਟੋਡੀ ਮਿਲੈ ਜੈਤਸਿਰੀ ਸੁਰ ਰਾਸ।

ਰਾਧਾ ਗੋਬਿੰਦ ਸੰਗੀਤ ਸਾਰ ਵਿੱਚ ਦੇਸਕਾਰ ਰਾਗ ਦੀ ਇਸਤ੍ਰੀ ਲਿਖੀ ਹੈ–

ਦੋਹਰਾ ॥ ਖੜਜ ਸੁਰਨ ਹੈ ਨਜਾਸ ਗ੍ਰਿਹ ਅੰਸ ਕੁਗ੍ਰਹੋ ਬਨਾਇ। ਜੈਤਸਿਰੀ ਪਰਭਾਤ ਹੀ ਦੇਸੀ ਮੈਲ ਠਹਿਰਾਇ॥

ਅੰਸ ਗ੍ਰਿਹ ਨਜਾਸ ਖੜਜ ਹੈ। ਦੇਸੀ ਰਾਗ ਦੇ ਮੇਲ ਤੋਂ ਬਣਦੀ ਹੈ। ਸੰਪੂਰਨ ਹੈ, ਸ. ਰਿ. ਗ.

Digitized by Panjab Digital Library | www.panjabdigilib.org

ਮ. ਪ. ਧ. ਨਿ. ਸ. । ਰਾਤ ਦੇ ਪਹਿਲੇ ਪਹਿਰ ਤਾਈਂ ਗਾਵੀਂਦੀ ਹੈ । ਰਾਗਮਾਲਾ ਵਿਚ ਦਰਜ ਨਹੀਂ ।

ਜੈਤਸਿਰੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ
ਚਕ੍ਰ ਨੰਬਰ ੧੩

(ਬਾਰ੍ਹਵੀਂ) ਟੋਡੀ ।

ਨਾਦ ਬਿਨੋਦ ਵਿਚ ਭੈਰੋਂ ਰਾਗ ਦੀ ਇਸਤ੍ਰੀ ਟੋਡੀ ਲਿਖੀ ਹੈ।

ਅੰਸ ਨਜਾਸ ਗ੍ਰਹ ਗੰਧਾਰ ਹੈ,ਪਰ ਮਧਮ ਨਾਲ ਪ੍ਰੀਤ ਹੈ। ਸੰਪੂਰਨ ਹੈ। ਪਹਿਲੇ ਪਹਿਰ ਗਾਵੀਂਦੀ ਹੈ । ਪਰੰਤੂ ਸੁਰ ਤਾਲ ਸਮੂਹ ਵਿਚ ਲਿਖਿਆ ਹੈ, ਮਾਲਕੌਸ ਦੀ ਇਸਤ੍ਰੀ ਟੋਡੀ ਹੈ, ਸੁਰ ਗੁਰੂ ਖਰਜ ਹੈ। ਬਾਦੀ ਗੰਧਾਰ ਹੈ। ਸਮ ਬਾਦੀ ਧੈਵਤ ਹੈ। ਸਮਬਾਦੀ ਮਧਮ ਤੀਬ੍ਰ। ਵੇਲਾ ਪਹਿਰ ਦਿਨ ਚੜ੍ਹੇ ਗਾਵੀਂਦੀਹੈ, ਸੰਪੂਰਨ ਹੈ, ਸ. ਧ. ਨ. ਰ. ਗ. ਮ. ਪ। ਸੁਰ ਏਹ ਲਗਦੇ ਹਨ;—ਖਰਜ, ਪੰਚਮ ਸੁਧ । ਮਧਮ, ਨਿਖਾਧ ਤੀਬ੍ਰ । ਰਿਖਭ, ਗੰਧਾਰ, ਧੈਵਤ, ਸਕਾਰੀ। ਮਾਰਗੀ ਹੈ । ਸੁਧ ਹੈ। ਧਨਾਸਰੀ, ਆਸਾਵਰੀ, ਖਟ, ਤਿੰਨੇ ਮਿਲਕੇ ਟੋਡੀ ਬਣਦੀ ਹੈ । ਵਿਜੋਗ ਪੈਦਾ ਕਰਦੀ ਹੈ। ਮੌਸਮ ਸਰਦ ਰਿਤੁ। ਭੇਦ ਇਸਦੇ ੧੩ ਹਨ, ਜੇਹੇ ਕੁ ਸੁਧ ਟੋਡੀ ੧, ਬਹਾਦਰੀ ਟੋਡੀ ੨, ਜੌਨਪੁਰੀ ਟੋਡੀ ੩, ਲਾਚਾਰੀ ਟੋਡੀ ੪,ਬੈਰਾਟੀ ਟੋਡੀ ੫,ਦੇਸੀ ਟੋਡੀ ੬,ਮੰਗਲੀ ਟੋਡੀ ੭, ਪੁਨਾ ਟੋਡੀ ੮, ਖਟ ਟੋਡੀ ੯, ਰਾਮਾ ਟੋਡੀ ੧੦,ਸੂਹੀ ਟੋਡੀ ੧੧,ਹੋਮੀ ਟੋਡੀ ੧੨, ਮੀਆਂ ਕੀ ਟੋਡੀ ੧੩।

ਪਰੰਤੂ ਬੁਧ ਪ੍ਰਕਾਸ ਦਰਪਣ ਵਿੱਚ ਇਉਂ ਲਿਖਿਆ ਹੈ। ਦੀਪਕ ਰਾਗ ਦੀ ਇਸਤ੍ਰੀ ਟੋਡੀ ਹੀ ਹੈ, ਰਾਗ ਮਾਲਾ ਵਿਚ ਵੀ ਏਹੋ ਲਿਖਿਆ ਹੈ—

"ਕਛੇਲੀ ਪਟ ਮੰਜਰੀ ਟੋਡੀ ਕਹੀ ਅਲਾਪਿ ॥ ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪਿ" ॥

ਸਰੂਪ ਇਸ ਤਰ੍ਹਾਂ ਲਿਖਿਆ ਹੈ—

ਟੋਡੀ ਸੁਰ ਉਲੂਕ ਤੇ ਪਾਈ। ਤੀਨ ਤਾਨ ਤਾ ਮਾਂਹਿ ਮਿਲਾਈ।ਸੁਰ ਮਿਸ੍ਰ ਉਪਸਾਰ ਬਖਾਨੈ ॥ ਅਰ ਅਨੁਸਾਰ ਤਾਨ ਏ ਜਾਨੈ। ਗਜ ਪਰ ਆਰੂੜਤ ਏ ਜਾਨੈ । ਮੁਦ੍ਰਾ ਖਾਧ ਕਾਸ ਪਹਿਚਾਨੈ। ਸੰਪੂਰਨ ਸੁਰ ਮੁਖ ਉਚਰੀ। ਸੰਗ੍ਰਹ ਬਨਾ ਸੁ ਧੈਵਤ ਧਰੀ। ਟੋਡੀ ਤੀਨ ਸੁਰਨ ਸੋ ਪਾਈ। ਸਵਾ ਪਹਿਰ ਚੜ੍ਹਤੇ ਦਿਨ ਗਾਈ। ਆਸਾਵਰੀ ਦੂਰ ਜਬ ਕਰੈ। ਰਹਤੀ ਸੁਰ ਆਸਾ ਮਿਲ ਭਰੈ। ਇਨ ਸੁਰ ਦੇਸੀ ਟੋਡੀ ਕਹੈ। ਜਾਂਕੋ ਮਹਾਂ ਸੁਜਨ ਜਨ ਲਹੈ। ਭੈਰਵ ਹਿੰਡੋਲ ਅਰ ਦੇਸੀ ਜੁਰੈ। ਨਾਮ ਭੈਰਵੀ ਟੋਡੀ ਰਰੈ। ਭੈਰਵੀ ਟੋਡੀ ਮਿਲ ਗੰਧਾਰ। ਗੰਧਾਰੀ ਟੋਡੀ ਉਚਾਰ। ਦੇਸ ਟੋਡੀ ਬਿਚ ਸਿੰਧੂ ਲਹੈ। ਤਹਿ ਬਹਾਦਰੀ ਟੋਡੀ ਕਹੈ। ਜਬ ਧਨਾਸਰੀ ਨਾਯਕੀ ਰਲੈ। ਦੇਸੀ ਟੋਡੀ ਕੀ ਸੁਰ ਭਰੈ। ਜੌਨ ਪੁਰੀ ਇਨ ਸੁਰ ਮਿਲ ਲਹੀ। ਤਾਂਕੋ ਨਾਮ ਕਲਾਵਤੀ ਕਹੀ।

ਟੋਡੀਆਂ ਦੇ ਹੋਰ ਹੋਰ ਭੇਦ ਵੀ ਮਤਾਂ ਅਨੁਸਾਰ ਬਤੇਰੇ ਲਿਖੇ ਹਨ, ਜੇਹਾ ਕੁ ਕਾਫੀ ਟੋਡੀ ੧, ਮਾਰਗ ਟੋਡੀ ੨, ਬਰਾਲੀ ਟੋਡੀ ੩, ਛਾਯਾ ਟੋਡੀ ੪, ਪੁਨਾ ਕੀ ਟੋਡੀ ੫, ਤਾਨਸੇਨੀ ਟੋਡੀ ੬, ਸੰਧੂਰੀਆ ਟੋਡੀ ੭ ਆਦਿਕ ਹੈਨ।

ਟੋਡੀ ਰਾਗ ਦੀ ਬਾਣੀ ਦਾ ਵੇਰਵਾ
ਦੇਖੋ ਚਕ੍ਰ ਨੰਬਰ ੧੪

[ਤੇਰ੍ਹਵੀਂ] ਬੈਰਾੜੀ ।

ਸੁਰ ਤਾਲ ਸਮੂਹ ਵਿੱਚ ਲਿਖਿਆ ਹੈ

Digitized by Panjab Digital Library | www.panjabdigilib.org

ਭੈਰੋਂ ਰਾਗ ਦੀ ਇਸਤ੍ਰੀ ਬੈਰਾੜੀ ਹੈ, ਇਸਨੂੰ ਬੈਰਾਟੀ ਵੀ ਕਹਿੰਦੇ ਹਨ। ਸੁਰ-ਗੁਰੂ ਖਰਜ, ਸੰਮਬਾਦੀ ਵੀ ਖਰਜ ਹੈ ਅਤੇ ਖਰਜ ਤੋਂ ਹੀ ਉਚਾਰ ਹੁੰਦਾ ਹੈ। ਬਾਦੀ ਗੰਧਾਰ ਹੈ ਸਮਬਾਦੀ ਮਧਮ ਹੈ।ਇਸ ਨੂੰ ਤੀਜੇ ਪਹਿਰ ਗਾਉਂਦੇ ਹਨ। ਸੰਪੂਰਨ ਹੈ, ਸ. ਨ. ਗ. ਰ. ਮ.ਪ. ਧ.। ਸੁਰ ਏਹ ਲਗਦੇ ਹਨ:—ਖਰਜ ਪੰਚਮ ਸੁਧ। ਰਿਖਭ ਧੈਵਤ ਸਕਾਰੀ। ਮਧਮ, ਤੀ ਂ, ਗੰਧਾਰ, ਨਿਖਾਧ ਸੁਧ ਪਰ ਥੋੜਾ ਤੀਬ੍ਰ। ਦੇਸੀ ਸੰਕੀਰਨ ਹੈ। ਦੇਸੀ ਤਿਰਵਨ, ਟੋਡੀ ਮਿਲਕੇ ਬੈਰਾੜੀ ਬਣਦੀ ਹੈ। ਪਰੰਤੂ ਨਾਦ ਬਿਨੋਦ ਵਿਚ ਲਿਖਿਆ ਹੈ ਕਿ ਇਸਦਾ ਅੰਸ ਨਜਾਸ ਗ੍ਰਿਹ ਮਧਮ ਹੈ, ਪਰੰਤੂ ਰਿਖਭ ਨਾਲ ਪ੍ਰੀਤ ਰਖਦੀ ਹੈ। ਖਾੜਵ ਹੈ। ਪੰਚਮ ਸੁਰ ਵਿਵਰਜਤ ਹੈ। ਪਿਛਲੇ ਪਹਿਰ ਗਾਵੀਂਦੀ ਹੈ।

ਰਾਧਾ ਗੋਬਿੰਦਸੰਗੀਤਸਾਰਵਿਚ ਲਿਖਿਆਹੈ:—

ਦੋ:—ਸੰਪੂਰਨ ਸੁਰ ਹੋਤ ਹੈ ਸਤ੍ਰਿਯ ਭੂਖਨ ਅੰਗ।
ਪਹਿਰ ਦ੍ਵੈਕ ਬੀਤੇ ਕਰੇ ਰਾਗ ਬਿਰਾਟੀ ਰੰਗ।

ਇਸਨੇ ਵੀ ਭੈਰੋਂ ਦੀ ਰਾਗਨੀ ਲਿਖੀ ਹੈ, ਇਹ ਰਾਗਨੀ ਸੰਪੂਰਨ ਹੈ ਸ. ਰ. ਗ. ਮ. ਪ. ਧ. ਨਿ. ਸ. ਅੰਸ ਨਜਾਸ ਗ੍ਰਿਹ ਇਸਦਾ ਖਰਜ ਹੈ। ਦੋ ਪਹਿਰ ਦਿਨ ਬੀਤੇਗਾਂਵੀਂਦੀਹੈ।

ਬੁਧ ਪ੍ਰਕਾਸ਼ ਦਰਪਨ ਵਿਚ ਦੀਪਕ ਰਾਗ ਦੀ ਨੂੰਹ ਕਰਕੇ ਲਿਖੀ ਹੈ, ਜੇਹਾ ਕੁ:ਪਦ—

ਸਸੇ ਸੋਧ ਬੈਰਾਟੀ ਕੀਨੀ। ਨਖ ਤੇ ਸਿਖ ਲੈ ਭੂਖਨ ਪਹਿਰੇ ਸਬ ਗੁਨ ਬਹੁਤਪ੍ਰਬੀਨੀ। ਕਰਕੰਕਨ ਪਟ ਨੂਪਰ ਜਾਂਕੈ ਪਟ ਬਹੁ ਰੰਗ ਬਨਾਏ। ਅਪਨੇ ਧਾਮ ਸਖੀ ਸੋਂ ਮਿਲਕੈ ਰਟੈ ਰਾਗ ਮਨ ਭਾਏ ! ਬਾਹਨ ਸਸਾ ਕੱਦ ਦੀ ਬਾਲਕ ਬ੍ਰਹਮਾਣੀ ਮੁੰਦ੍ਰਾ ਕੀ। ਖਟਸੁਰ ਰਟਤ ਸਦਾ ਮੁਖ ਮੀਠੀ ਤੀਨ ਤਾਨ ਹੈ ਤਾਕੀ। ਘਨਤਕਾਰ, ਬਿਬਤਾਨ ਅਰ ਸੁਰ-ਝੀ ਰਸ ਸ੍ਰੁਤ ਸੰਗ ਬਖਾਨੀ।ਸਾਰੰਗ ਸਿਰੀ ਰਾਗ ਸੋਂ ਮਿਲਕੋ ਏਰਾਟੀਸੁਰਜਾਨੀ।ਮਾਲ ਕੋਸ ਕੀ ਕਹੈ ਨਾਮ ਇਕ ਅਰ ਘਾਰਸੀ ਕਹਾਵੈ। ਏਰਾਟੀ ਕੇ ਨਾਮ ਤੀਨ ਹੈਂ ਤਾਕੋ ਸੰਧਜਾ ਗਾਵੈ।

ਸੰਗੀਤ ਬਿਨੋਦ ਅਤੇ ਰਾਗਮਾਲਾ ਵਿਚ ਲਿਖਿਆ ਹੈ ਕਿ ਸ੍ਰੀ ਰਾਗ ਦੀ ਇਸ ਤ੍ਰੀ ਬੈਰਾਟੀ ਹੈ। ਜੇਹਾ ਕੁ "ਬੈਰਾਰੀ ਕਰਨਾਟੀ ਧਰੀ"।

ਬੈਰਾੜੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੧੫।

(ਚੌਦ੍ਹਵਾਂ) ਤਿਲੰਗ।

ਰਾਗ ਦੀਪਕਾ ਅਤੇ ਸੰਗੀਤ ਦਰਪਣ, ਬੁਧ ਪ੍ਰਕਾਸ਼ ਦਰਪਣ ਵਿਚ ਹਿੰਡੋਲਦੀਇਸਤ੍ਰੀ ਤਿਲੰਗੀ ਲਿਖੀ ਹੈ, ਐਸਾ ਹੀ ਰਾਗਮਾਲਾ ਵਿਚ ਲਿਖਦੇ ਹਨ ਹਿੰਡੋਲ ਦੀਆਂ ਇਸਤ੍ਰੀਆਂ ਵਿਚ:—"ਤੇਲੰਗੀ ਦੇਵਕਰੀ ਆਈ"।

ਬੁਧ ਪ੍ਰਕਾਸ਼ ਦਰਪਣ ਵਿਚੋਂ ॥ ਕਬਿੱਤ ॥

ਸਾਨ ਪੈ ਕ੍ਰਿਪਾਨ ਕੋ ਘਸੋ ਤੇ ਸੁਰ, ਸੋ ਤਿਲੰਗੀ ਖੋੜਸ ਬਰਸ ਕੀ ਔ ਕਾਫੀ ਭੀ ਕਹਾਵਤੀ। ਲੋਚਨ ਬਿਸਾਲ ਸਮ ਕੰਜ ਔ ਪ੍ਰਸੰਨ ਮੁਖ ਕੰਠ ਕੋਕਿਲਾ ਤੇ ਨੀਕੋ ਮੋਤੀ ਮਾਲ ਭਾਵਤੀ। ਸੁਮਨ ਬਨਾਏ ਮਾਥੇ ਜਰੇ ਤਾਕੇ ਕੰਕ ਸੋਨ ਉਜਲ ਹੈਂ ਪਟ ਚਾਰ ਚੋਰੀ ਸੋਭਾ ਪਾਵਤੀ। ਸਿਆਮ ਗੌਰੀ ਪੂਰਬੀ ਮਿਲਾਏ ਤੇ ਤਿਲੰਗੀ ਭਈ ਗਾਵੋ ਬਿਬ ਘਰੀ ਦਿਨ ਰਹੇ ਸਿਵ ਭਾਵਤੀ।

ਅਤੇ ਰਾਗ ਦੀਪਕੀ ਵਿੱਚ ਇੰਨੀ ਗਲ ਵਿਸ਼ੇਸ਼ ਲਿਖੀ ਹੈ ਕਿ ਤਿਲੰਗੀ ਦੇ ਅੰਗਾਂ ਦੀ ਸੋਭਾ ਤਿਲ ਤਿਲ ਪ੍ਰਮਾਣ ਅਧਿਕੋ ਅਧਿਕ ਹੈ।

ਸੁਰ ਤਾਲ ਸੰਮ੍ਹੁਹ ਵਿੱਚ ਮੇਘ ਰਾਗ ਦੀ ਰਾਗਨੀ ਕਰਕੇ ਲਿਖੀ ਹੈ,ਇਸਦਾ ਦੂਜਾ ਨਾਉਂ ਤਨਕ ਭੀ ਕਹਿੰਦੇ ਹਨ।

ਇਸਦਾ ਸੁਰ ਗੁਰੂ ਗੰਧਾਰ ਹੈ। ਬਾਦੀ

Digitized by Panjab Digital Library | www.panjabdigilib.org

ਗੰਧਾਰ ਹੈ। ਸਮਵਾਦੀ ਮਧਮ ਹੈ। ਅਮਬਾਦੀ ਪੰਚਮ ਹੈ।ਬਿਬਾਦੀ ਰਿਖਭ ਹੈ ਤੇ ਕੋਮਲ ਲਗਦਾ ਹੈ। ਧੈਵਤ ਤੀਬ੍ਰ ਹੈ।

ਖਾੜਵ ਹੈ,ਗ. ਮ. ਪ. ਸ. ਨ. ਰ.। ਸੁਰ ਏਹ ਲਗਦੇ ਹਨ,ਖਰਜ,ਰਿਖਭ ਕੋਮਲ,ਗੰਧਾਰ ਤੀਬ੍ਰ,ਮਧਮ ਪੰਚਮ ਸੁਧ,ਧੈਵਤ ਅਤੀ ਤੀਬ੍ਰ, ਨਿਖਾਧ ਤੀਬ੍ਰ,ਅਧੀ ਰਾਤ ਵੇਲੇਇਸਨੂੰਗਾਂਵਦੇ ਹਨ। ਮੌਸਮ ਬਰਖਾ ਰਿਤੁ। ਖੁਸ਼ੀ ਵਿਯੋਗ ਦੀ ਪੈਦਾ ਕਰਦੀ ਹੈ। ਇਸ ਰਾਗਨੀ ਨੂੰ ਪੰਜਾਬ ਵਿਚ ਵਿਸ਼ੇਸ਼ ਗਾਂਵਦੇ ਹਨ। ਸੁਧ ਸੰਕੀਰਨ ਹੈ। ਸ੍ਰੀ ਰਾਗ ਕਾਨੜਾ ਭੈਰੋਂ ਮਿਲ ਕੇ ਤਿਲੰਗੀ ਬਣਦੀ ਹੈ।

ਤਿਲੰਗ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੧੬।

(ਪੰਦ੍ਰਵੀਂ) ਸੂਹੀ।

ਰਾਧਾ ਗੋਬਿੰਦ ਸੰਗੀਤ ਸਾਰ ਵਿੱਚ ਨਟ ਨਾਰਾਯਨ ਦੀ ਇਸਤ੍ਰੀ ਸੂਹੀ ਲਿਖੀ ਹੈ। ਸੰਪੂਰਨ ਹੈ। ਪਰੰਤੂ ਬੁਧ ਪ੍ਰਕਾਸ਼ ਦਰਪਣ ਵਿੱਚ ਰਾਗਮਾਲਾ ਅਨੁਸਾਰ ਮੇਘ ਰਾਗਦੀ ਹੀ ਇਸਤ੍ਰੀ ਲਿਖੀ ਹੈ,ਜੇਹਾਕ "ਊਚੈ ਸੁਰਿ ਸੂਹਉ ਪੁਨਿ ਕੀਨੀ"॥ ਇਸ ਪਰਥਾਇ ਵਾਰ ਵਿੱਚ ਬੀ ਬਚਨ ਹੈ, "ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ" ਆਦਿਕ। ਪਰੰਤੂ ਬੁਧ ਪ੍ਰਕਾਸ਼ ਦਰਪਣ ਵਿੱਚ ਇਸ ਦਾ ਸਰੂਪ ਇਉਂ ਲਿਖਿਆ ਹੈ:—

ਮੇਘ ਸ਼ਬਦ ਸੂਹਬੀ ਸੁਧਾਰੀ। ਖੋੜਸ ਬਰਸ ਵੈਸ ਬਨਤਾਰੀ। ਅੰਜਨ ਸਹਤ ਨੈਨ ਅਨਿਯਾਰੇ। ਕਚ ਬਿਸਾਲ ਕਿੰਕਨੀ ਸੁਧਾਰੇ। ਉੱਜਲ ਮੋਤੀ ਨਾਕ ਬਿਰਾਜੇ। ਮੁਖ ਛਬਿ ਦੇਖ ਕਲਾਨਿਧ ਲਾਜੇ। ਕੰਕਨ ਕਰ ਪਟ ਕੇਸਰ ਭੀਨੇ। ਚਾਰ ਤਾਨ ਬਾਹਨ ਸਸਾ ਕੀਨੇ। ਕੰਠ ਪਲੁਤ ਔ ਗੁਨਤ ਮਿਲਾਏ। ਸੁਰਤ ਬਚਨ ਏ ਤੀਨ ਸੁਨਾਏ। ਸੰਪੂਰਨ ਸੁਰ ਜਾਕੀ ਬਾਨੀ। ਸੰਗ੍ਰਹ ਬਨਾ ਸੁ ਖਰਜ ਬਖਾਨੀ। ਭੈਰਵ ਸਿਰੀ ਰਾਗ ਔ ਸਾਰੰਗ। ਕਾਨੜਾ ਮਿਲੈ ਤਬੈ ਸੁਹਬ ਅੰਗ। ਨਾਭ ਸਬੇਦ ਨਾਉ ਇਕ ਦੂਜੋ। ਤ੍ਰਿਤੀਏ ਟੰਕ ਨਾਉਂ ਮਨ ਬੂਝੋ। ਯਹ ਸਬ ਬਾਤ ਸਮਝ ਮਨ ਲਜਾਵੈ। ਤੀਜੇ ਪਹਰ ਸੂਹਬੀ ਗਾਵੈ।

ਪਰੰਤੂ ਸੁਰ ਤਾਲ ਸਮ੍ਰਹ ਵਿੱਚ ਭੈਰਵ ਦੀ ਨੂੰਹ ਸੂਹੀ ਲਿਖੀ ਹੈ,ਸੁਰ ਗੁਰ ਇਸਦਾ ਪੰਚਮ ਹੈ, ਬਾਦੀ ਖਰਜ ਹੈ, ਸਮਬਾਦੀ ਪੰਚਮ, ਅਮਬਾਦੀ ਨਿਖਾਧ। ਔੜਵ ਹੈ ਸ. ਗ. ਮ. ਪ. ਨੀ.। ਦੇਸੀ ਹੈ, ਸੰਕੀਰਨ ਹੈ।ਮੌਸਮ ਬਹਾਰ ਵਿਚ ਹਰ ਵੇਲੇ, ਪਰ ਹਰ ਰੋਜ ੧੦ ਬਜੇ ਦਿਨ ਦੇ ਗਾਂਵੀਂਦੀ ਹੈ।

ਸੁਰ ਏਹ ਲਗਦੇ ਹਨ। ਖਰਜ ਪੰਚਮ ਸੁਧ ਹੈ, ਮਧਮ ਰੇ ਵੇਂ, ਰਿਖਭ ਧੈਵਤ ਸੁੱਧ, ਗੰਧਾਰ ਨਿਖਾਧ ਕੋਮਲ। ਮਾਲ ਸਿਰੀ ਸੁੱਧ, ਬਿਭਾਸ, ਬਿਲਾਵਲ, ਬਾਰੋਸਰੀ ਮਿਲਕੇ ਸੂਹੀਰਾਗਣੀ, ਬਣਦੀ ਹੈ। ਸੂਹੁ ਨਾਮ ਰਾਗ ਹੈ ਜੋ ਪੁਤ੍ਰਾਂ ਵਿਚ ਲਿਖਿਆ ਹੈ ਕੁਝ ਸ੍ਰੁਤੀਆਂ ਦੇ ਫਰਕਪੈਣ ਨਾਲ ਰਾਗ ਰਾਗਨੀ ਭਿੰਨ ਹੋ ਜਾਂਦੇ ਹਨ।

ਸੂਹੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੧੭।

(ਸੋਲ੍ਹਵਾਂ) ਬਿਲਾਵਲ।

ਸ੍ਰੀ ਮੁਖ ਵਾਕ ਹੈ—"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁਰਾਗੁ॥" ਰਾਧਾ ਗੋਬਿੰਦ ਸੰਗੀਤ ਸਾਰ ਵਿੱਚ ਲਿਖਿਆ ਹੈ,ਬਿਲਾਵਲ ਰਾਗ ਭੈਰੋਂ ਦਾ ਪੁਤ੍ਰ ਹੈ। ਕੇਸਰ ਚੰਦਨ ਦੀਆਂ ਛਿਟਕਾਂ ਵਾਲੇ ਚਿਟੇ ਬਸਤ੍ਰ ਪਹਿਨੇ ਸਿਰ ਤੇ ਜੜਾਉ ਮੁਕਟ ਅਤੇ ਕੰਨਾਂ ਵਿਚ ਜੜਾਉ ਕੁੰਡਲ ਪਾਏ ਹੋਏ ਸੱਜੇ ਹੱਥ

Digitized by Panjab Digital Library | www.panjabdigilib.org

ਵਿਚ ਕਮਲ ਫੁੱਲ ਅਤੇ ਖੱਬੇ ਹੱਥ ਨਾਲ ਧੀਂ ਧੀਂ ਧਿਧਕਟ ਕਰਕੇ ਮ੍ਰਿਦੰਗ ਵਜਾਉਂਦਾ ਹੈ, ਐਸਾ ਬਿਲਾਵਲ ਰਾਗ ਹੈ, ਸੰਪੂਰਣ ਹੈ। ਮ. ਪ. ਧ. ਨਿ. ਸ. ਰਿ. ਗ. ਦਿਨ ਦੇ ਪਹਿਲੇ ਪਹਿਰ ਗਾਵੀਂਦਾ ਹੈ।

ਬੁਧ ਪ੍ਰਕਾਸ਼ ਦਰਪਣ ਵਿਚ ਵੀ ਭੈਰੋਂ ਦਾ ਪੁੱਤ੍ਰ ਲਿਖਿਆ ਹੈ।

ਚੌਪਈ—ਹਾਰਲ ਖਗ ਕੀ ਸੁਰਤੈ ਪਾਯੇ। ਕੁੰਡਲ ਕਾਨ ਅਮੋਲ ਜਰਾਯੇ। ਅੰਗ ਗੌਰ ਪਰ ਕੇਸਰ ਲਾਏ। ਭਾਲ ਮੁਕਟਪਟ ਸੋਤ ਬਣਾਏ। ਇਕ ਕਰ ਕੰਜ (ਮ੍ਰਿਦੰਗ) ਮੁਰਜ ਅਤਿ ਸੋਹੈ। ਟੇਢ ਚਾਲ ਤੁਰਜ ਧੁਨ ਮੋਹੈ। ਸਾਜਹੁ ਤੇ ਸੁਰ ਲੋਨੀ ਗਾਵੈ। ਦੇਵਗਰੀ ਸੁਘਰਈ ਮਿਲਾਵੈ। ਮਿਲੈ ਬਿਲਾਵਲ ਇਨ ਧੁਨ ਕਰੀ। ਪ੍ਰਾਤਕਾਲ ਗਾਵੈ ਬਿਬ ਘਰੀ। ਮਿਲ ਬਿਹਾਗਰਾ ਭਯੋ ਅਲਹੀਆ। ਏਮਨ ਮਿਲੈ ਕੋਲਸੁਰ ਕਹੀਆ। ਏਮਨ ਬੋਲਾਵਲ ਕਹਿੰ ਤਾਂਕੋ। ਧੀਰ ਸੁਹਿਰਦ ਰੀਝਤ ਸੁਨ ਜਾਂਕੋ। ਸੂਹਬ ਮਿਲੈ ਕਉਨ ਦੂਨ ਹੋਨੀ। ਨਾਮ ਸੂਹਬ ਬਿਲਾਵਲ ਸੁਠ ਲੋਨੀ।ਗੋੜ ਸਾਰੰਗ ਸੁਰ ਜਬੈ ਮਿਲਾਵੈ। ਪੂਰਬਾ ਬਿਲਾਵਲ ਤਬ ਗਾਵੈ।

ਰਾਗ ਮਾਲਾ ਵਿਚ ਇਸ ਨੂੰ ਭੈਰਉ ਦਾ ਪੁੱਤ੍ਰ ਲਿਖਿਆ ਹੈ, ਜਿਹਾ ਕਿ "ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀਭਾਂਤਿ।" ਅਤੇ ਇਸਦੀ ਵਡਿਆਈ ਵਿਚ ਗੁਰੂ ਜੀ ਲਿਖਦੇ ਹਨ। "ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ"॥

ਪਰੰਤੂ ਸੁਰ ਤਾਲ ਸਮੂਹ ਵਿਚ ਹਿੰਡੋਲ ਦੀ ਰਾਗਣੀ ਬਿਲਾਵਲ ਕਰਕੇ ਲਿਖੀ ਹੈ। ਸੁਰ ਗੁਰ ਧੈਵਤ ਹੈ, ਬਾਦੀ ਧੈਵਤ, ਸਮਬਾਦੀ ਗੰਧਾਰ, ਅਮਬਾਦੀ ਪੰਚਮ, ਬਿਬਾਦੀ ਮੱਧਮ।

ਬਾਰਹ ਸਰੁਤੀਓਂ ਕੇ ਫਰਕ ਸੇ ਹੈ, ਧ. ਪ. ਮ. ਗ. ਰੇ. ਸਾ. ਨੀ.। ਵਕਤ—ਪਹਿਰ ਦਿਨ ਚੜ੍ਹੇ ਗਾਵੀਂਦਾ ਹੈ। ਕਲਿਆਣ, ਕੇਦਾਰੀ ਮਿਲਕੇ ਬਿਲਾਵਲ ਬਣਦਾ ਹੈ। ਦੇਸੀ ਮੰਕੀਰਣ ਹੈ। ਮੌਸਮ ਬਸੰਤ ਰਿਤੁ। ਸੁਰ ਇਹ ਲਗਦੇ ਹਨ—ਖਰਜ ਸੁੱਧ। ਮਧਮ, ਪੰਚਮ ਸੁਧ। ਰਿਖਭ, ਗੰਧਾਰ, ਧੈਵਤ, ਨਿਖਾਧ ਤੀਬ੍ਰ।

ਵਿਯੋਗ ਪੈਦਾ ਕਰਦਾ ਹੈ। ਭੇਦ ਇਸਦੇ ਚੌਦਾਂ ਹਨ। ਸੁਧ ਬਿਲਾਵਲ ੧, ਅਲਹੀਆ ਬਿਲਾਵਲ ੨, ਸ਼ੁਕਲ ਬਿ: ੩, ਖਮਾਇਚੀ ਬਿ: ੪, ਸੁਖੀਆ ਬਿ: ੫, ਬਿਹਾਗ ਬਿ: ੬। ਸੂਹਾ ਬਿਲਾਵਲ ੭, ਕਕੁਭ ਬਿ: ੮, ਜੈਜਾਵੰਤੀ ਬਿ: ੯, ਸੰਕਰਾ ਬਿ:੧੦, ਕਾਜਲੀ ਬਿ: ੧੧, ਏਮਨ ਬਿਲਾਵਲ ੧੨, ਕਾਮੋਦੀਬਿ:੧੩, ਮਧਰਸੀਆਬਿਲਾਵਲ੧੪।

ਇਕ ਬਿਲਾਵਲੀ ਭੈਰੋਂ ਦੀ ਰਾਗਣੀ ਵੀ ਲਿਖੀ ਹੈ।

ਬਿਲਾਵਲ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੧੯।

(ਸਤਾਰ੍ਹਵਾਂ) ਗੌਂਡ।

ਸੁਰ ਤਾਲ ਸਮੂਹ ਅਤੇ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਵੀ ਸਿਰੀ ਰਾਗ ਦਾ ਪੁਤ੍ਰ ਗੌਡ ਲਿਖਿਆ ਹੈ, ਰਾਗ ਮਾਲਾ ਵਿਚ ਵੀ ਸਿਰੀ ਰਾਗ ਦਾ ਹੀ ਪੁਤ੍ਰ "ਸਾਲੂ ਸਾਰਗ ਸਾਗਰਾ ਅਉਰ ਗੌਡ ਗੰਭੀਰ" ਲਿਖਿਆ ਹੈ। ਸੁਰ ਗੁਰੂ ਗੰਧਾਰ ਹੈ। ਬਾਦੀ ਪੰਚਮ। ਸਮਬਾਦੀ ਮਧਮ। ਅਨਬਾਦੀ ਗੰਧਾਰ। ਖਾੜਵ ਹੈ। ਗ. ਰ. ਸ. ਨ. ਮ. ਪ.।ਧਨਾਸਰੀ ਮਲਾਰ, ਬਿਲਾਵਲ ਮਿਲਕੇ ਗੌਂਡ ਬਣਦਾ ਹੈ। ਸੁਧ ਸੰਕੀਰਨ ਹੈ। ਮੌਸਮ ਹੇਮੰਤ ਰਿਤੁ ਖੁਸ਼ੀ ਸੰਜੋਗ ਲੀਆ ਕਰੇ। ਸੁਰ ਏਹ ਹਨ।

Digitized by Panjab Digital Library | www.panjabdigilib.org

ਖਰਜ ਪੰਚਮ ਸੁਧ, ਮਧਮ ਕੋਮਲ। ਰਿਖਭ, ਗੰਧਾਰ, ਧੈਵਤ, ਨਿਖਾਧ, ਤੀਬ੍ਰ। ਦਿਨ ਦੇ ਤੀਜੇ ਪਹਿਰ ਗਾਵੀਂਦੀ ਹੈ, ਬਰਸਾਤ ਵਿਚ ਹਰ ਵੇਲੇ। ਪਰੰਤੂ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਇਸ ਨੂੰ ਔੜਵ ਕਰਕੇ ਲਿਖਿਆ ਹੈ। ਸ, ਰ. ਗ. ਮ. ਧ. ਸ।

ਨਾਦਬਿਨੋਦ ਵਿਚ ਗੌਡ ਮੇਘ ਦਾ ਪੁੱਤ੍ਰ ਲਿਖਿਆ ਹੈ।

ਬੁਧ ਪ੍ਰਕਾਸ਼ ਦਰਪਣ ਵਿਚ ਵੀ ਮੇਘ ਦਾ ਪੁੱਤ੍ਰ ਹੀ ਲਿਖਿਆ ਹੈ।

ਦੋਹਰਾ ॥ ਤਨ ਪਲਾਸ ਪਾਤਨ ਕਵਚ ਗੌੜ ਮਹਾ ਬਲ ਸੋਇਆਧੀ ਰਾਤ ਤ੍ਰਿਕੂਲ ਮੈ ਗਾਵਤ ਹੈ ਸਭ ਕੋਇ।

ਗੌਡ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚੱਕ੍ਰ ਨੰਬਰ ੧੯।

(ਅਠਾਰ੍ਹਵੀਂ) ਰਾਮਕਲੀ।

ਸ੍ਰੀ ਮੁਖਵਾਕ ਹੈ—

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥

ਨਾਦ ਬਿਨੋਦ ਵਿਚ ਭੈਰੋ ਦੀ ਰਾਗਣੀ ਰਾਮਕਲੀ ਲਿਖੀ ਹੈ। ਅੰਸ ਨਜਾਸ ਗ੍ਰਿਹ ਇਸਦਾ ਧੈਵਤ ਹੈ। ਸੰਪੂਰਨ ਹੈ। ਪਹਿਲੀ ਮੂਰਛਨਾ ਹੈ। ਕਰਨਾ ਰਸ ਨਾਲ ਭਰਪੂਰ ਹੈ। ਭੈਰੋ ਤੇ ਗੁਜਰੀ, ਟੋਡੀ ਮਿਲਕੇ ਰਾਮਕਲੀ ਬਣਦੀ ਹੈ। ਪ੍ਰਾਤੇਕਾਲ ਗਾਵੀਂਦੀ ਹੈ।

ਸਿਧ ਸਾਰਸ੍ਵਤ ਮਤ ਵਿਚ ਹਿੰਡੋਲ ਦੀ ਇਸਤ੍ਰੀ ਰਾਮਕਲੀ ਲਿਖੀ ਹੈ। ਤੀਜੇ ਪਹਿਰ ਗਾਵੀਂਦੀ ਹੈ।

ਸੁਰਤਾਲ ਸਮੂਹ ਵਿਚ ਬੀ ਹਿੰਡੋਲ ਦੀ ਇਸਤ੍ਰੀ ਰਾਮਕਲੀ ਹੈ, ਸੁਰ ਗੁਰੂ ਖਰਜ ਹੈ। ਬਾਦੀ ਧੈਵਤ। ਸਮਬਾਦੀ ਮਧਮ। ਅਮਬਾਦੀ ਗੰਧਾਰ। ਬਿਬਾਦੀ ਰਿਖਭ ਪੰਚਮ। ਰਿਖਭ ਸਕਾਰੀ ਲਗਦਾ ਹੈ। ਪੰਚਮ ਤੀਬ੍ਰ। ਖਾੜਵ ਹੈ ਸ. ਧ, ਰ. ਗ. ਮ. ਨ। ਸੁਰ ਇਹ ਹਨ--ਖਰਜ, ਮਧਮ ਸੁਧ। ਰਿਖਭ ਸਕਾਰੀ। ਗੰਧਾਰ ਸੁਧ। ਧੈਵਤ ਕੋਮਲ। ਨਿਖਾਧ ਤੀਬ੍ਰ। ਸਵੇਰ ਵੇਲੇ ਗਾਵੀਂਦੀ ਹੈ।

ਸੁਧ ਸੰਕੀਰਨ ਹੈ।ਸੰਕਰਾਭਰਨ,ਅਡਾਨਾ, ਸੋਰਠ ਮਿਲਕੇ ਰਾਮਕਲੀ ਬਣਦੀ ਹੈ। ਮੌਸਮ ਬਸੰਤ, ਵਿਯੋਗ ਪੈਦਾ ਕਰਦੀ ਹੈ।

_ਧ ਪ੍ਰਕਾਸ਼ ਦਰਪਣ ਵਿਚ ਸ੍ਰੀ ਰਾਗ ਦੀ ਰਾਗਨੀ ਲਿਖੀ ਹੈ।

ਕਬਿਤ--ਚਾਤਕ ਤੇ ਸੁਰ ਰਹਿ, ਬਰ ਲਖ ਤੰਤੀ ਕਾਰ ਕੰਠ ਲੁਲਤ ਤਾਨ ਚਾਰ ਕਰਨ ਸਹਿਤ ਹੈ। ਜੋਬਨ ਅਨੂਪ ਮੁਖ ਚੰਦ ਮੋਤੀ ਮਾਲ ਉਰ, ਕੁਚ ਕਾਰੀ ਆਂਗੀ ਪਗ ਨੂਪਰ ਬਜਤ ਹੈ। ਕੰਕਨ ਲਸਤ ਕਰ, ਓਢਨੀ ਦਿਪਤ ਲਾਲ, ਸਰਪਨੀ ਮੁਦ੍ਰਾ, ਬੈਨ ਮੀਠੇ ਉਚਰਤ ਹੈ। ਭੈਰਵੀ ਬਿਭਾਸ ਐ ਹਿੰਡੋਲ ਹੂੰ ਤੇ ਰਾਮਕਲੀ ਪ੍ਰੇਮ ਸੰਗ ਰਾਮ ਚੰਦ ਪ੍ਰਾਤਹਿ ਰਟਤ ਹੈ।

ਪਰੰਤੂ ਇਹ ਰਾਗਨੀ ਰਾਗਮਾਲਾ ਵਿਚ ਨਹੀਂ।

ਰਾਮਕਲੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚੱਕ੍ਰ ਨੰਬਰ ੨੦।

(ਉਨੀਹਵਾਂ) ਨਟ ਨਾਰਾਇਣ।

ਰਾਧਾ ਗੋਬਿੰਦ ਸੰਗੀਤ ਸਾਰ ਵਿਚ ਏਹ ਪੂਰਣ ਰਾਗ ਕਰਕੇ ਲਿਖਿਆ ਹੈ। ਇਸਦੇ ਪੁੱਤ੍ਰ ਅਤੇ ਰਾਗਨੀਆਂ ਦੇ ਭੇਦ ਵੀ ਲਿਖੇ ਹਨ। ਇਹ ਰਾਗ ਖਾੜਵ ਹੈ, ਪ. ਮ. ਰ. ਗ. ਧ. ਸ. ਦਿਨ ਦੇ ਤੀਜੇ ਪਹਿਰ ਗਾਉਂਦੇ ਹਨ। ਮੌਸਮ ਬਰਖਾ ਰੁਤ ਹੈ। ਸੋਲਾਂ ਇਸਦੇ ਭੇਦ ਹਨ। ਸੁਧ ਨਾਟ ੧, ਸਾਲੰਗ ਨਾਟ ੨, ਛਾਯਾ ਨਾਟ ੩, ਕਲਜਾਨ ਨਾਟ ੪, ਆਭੀਰ

Digitized by Panjab Digital Library | www.panjabdigilib.org

ਨਾਟ ੫, ਕਰਨਾਟ ਨਾਟ ੬, ਦਰਾਲੀ ਨਾਟ ੭, ਸਾਰੰਗ ਨਾਟ ੮, ਕਮੋਦ ਨਾਟ ੯, ਬਰਣ ਨਾਟ ੧੦, ਬਿਭਾਸ ਨਾਟ ੧੧, ਹੰਮੀਰ ਨਾਟ ੧੨, ਕਦੰਮ ਨਾਟ ੧੩, ਪੂਰਣ ਨਾਟ ੧੪, ਪੂਰਣ ਕਰਣਾ ਨਾਂਟ ੧੫, ਕੇਦਾਰ ਨਾਟ੧੬। ਇਨ੍ਹਾਂ ਦੇ ਰੂਪ ਵੀ ਲਿਖੇ ਹਨ, ਇਹ ਸਾਰਾ ਅਨੂਪ ਬਿਲਾਸ ਦਾ ਮਤ ਹੈ। ਪਰੰਤੂ ਸੁਰਤਾਲ ਸਮੂਹ ਵਿਚ ਮੇਘ ਦਾ ਪੁੱਤ੍ਰ ਨਟ ਨਾਰਾਇਣ ਲਿਖਿਆ ਹੈ। ਸੁਰ ਗੁਰ ਇਸ ਦਾ ਮੱਧਮ ਹੈ, ਬਾਦੀ ਰਿਖਭ, ਸਮਬਾਦੀ ਖਰਜ। ਅਮਬਾਦੀ ਗੰਧਾਰ ਔੜਵ ਹੈ ਮ. ਪ.ਗ. ਰ. ਸ.।ਸੁਰ ਏਹ ਲਗਦੇ ਹਨ ਖਰਜ ਸੁਧ। ਰਿਖਭ ਗੰਧਾਰ ਤੀਬ੍ਰ। ਮਧਮ ਕੋਮਲ। ਪੰਚਮ ਸੁਧ। ਧੈਵਤ ਨਿਖਾਧ ਤੀਬ੍ਰ। ਸੰਧਜਾ ਵੇਲੇ ਗਾਂਵੀਂਦਾ ਹੈ, ਸੁਧ ਸੰਕੀਰਨ ਹੈ।ਸੰਕਰਾਭਰਨ, ਬਿਲਾਵਲ, ਮਦ ਮਾਦਲਕ ਧੁਨਨਾਲਮਿਲਕੇਨਟਨਰਾਇਣ ਬਣਦਾ ਹੈ। ਮੌਸਮ ਬਰਖਾ ਰੁਤ ਹੈ।ਖੁਸ਼ੀਪੈਦਾ ਕਰਦਾ ਹੈ।

ਰਾਗਮਾਲਾ ਵਿਚ ਨਟ ਨੂੰ ਮੇਘ ਰਾਗ ਦਾ ਪੁਤ੍ਰ ਕਰਕੇ ਲਿਖਿਆ ਹੈ।

'ਜਬਲੀਧਰ ਨਟ ਅਉ ਜਲਧਾਰਾ' ॥

ਬੁਧ ਪ੍ਰਕਾਸ਼ ਦਰਪਣ ਵਿਚ ਮੇਘ ਦਾ ਪੁਤ੍ਰ ਲਿਖਿਆ ਹੈ॥ ਪਦ॥

ਨਟਕਰ ਸੋਹੇ ਨਗਰ ਕ੍ਰਿਪਾਨੀ। ਰੂਪ ਜਾਤ
ਜਬ ਘਸਤ ਕਸੌਟੀ ਤਿਹ ਸੁਰਸੋਧੀ ਬਾਨੀ।
ਮਨ ਬਚ ਕਰਮ ਨਾਟ ਸੁਰ ਮੰਡਲ ਦੇਵ
ਮਯਾ ਕਰ ਗਾਵਤ। ਬਿਬ ਅਰ ਅਰਧਜਾਮ
ਦਿਨ ਬੀਤੇ ਤਬ ਇਹ ਸੁਰੋ ਸੁਨਾਵਤਾਇਕ
ਹੰਬੀਰ ਕਲਿਆਨ ਮਿਲੈ ਨਟ ਤਬ ਨਟ
ਸੁੱਧ ਕਹਾਵੈ। ਮਿਲੈ ਕਾਨਰਾ ਸੁਧ ਨਾਟਸੋਂ
ਕਾਨ ਨਾਟ ਤਬ ਗਾਵੈ। ਮਿਲੇ ਗੌੜ ਸਾਰੰਗ
ਨਟ ਸੋਤੀ ਤਬਹ ਗੌੜ ਨਟ ਗਾਈ।ਨਟ ਸੋ
ਏਕ ਕਿਦਾਰਾ ਮੇਲੈ ਸੁਧ ਕਿਦਾਰ ਨਟ
ਪਾਈ। ਮਧ ਮਾਧਵਿ ਜਬ ਮਿਲੇ ਨਾਟ ਸੋ
ਮਧ ਨਟ ਸੁਰੋਂ ਬਖਾਨੀ।ਪਾਵਸਸੋਮਿਲਾਇ
ਨਟ ਗਾਵਤ ਤਬ ਪਾਵਸ ਨਟ ਜਾਨੀ।ਮਾਰੂ
ਰਾਗ ਮਿਲੈ ਨਟ ਜਬ ਸੋ ਤਬ ਹੰਬੀਰ
ਨਟ ਹੋਵੈ। ਮਿਲੈ ਧਾਰਸੀ ਨਟ ਕਿਦਾਰ ਸੋ
ਤਬ ਸੰਗੀਤ ਨਟ ਜੋਵੈ। ਸੰਕਰ ਭਰਨ
ਬਿਲਾਵਲ ਸੋਤੀ ਮਧਮਾਧਵੀ ਸਮੋਈ।ਚੌਥੈ
ਲੰਕ ਦਹਨ ਮਿਲ ਨਟ ਸੋ ਨਟ ਨਾਰਾਯਣ
ਹੋਈ।ਮਾਝਮਿਲਾਇ ਰਟੇ ਨਟ ਸੋ ਜਬ ਮਾਝ
ਨਾਟ ਤਬ ਪਾਵੈ । ਦ੍ਵਾਦਸ ਨਟ ਹੋਵੈ
ਤਬ ਪੂਰਣ ਜਬ ਛਾਯਾ ਨਟ ਗਾਵੈ॥

ਇਕ ਨਟ ਦੀਪਕ ਦੀ ਰਾਗਣੀ ਵੀ ਲਿਖੀ ਹੈ ਜੋ ਸੰਪੂਰਨ ਹੈ ਸ. ਗ. ਮ. ਪ. ਧ. ਰੇ .ਨੀ. ਦੇਖੋ ਸੁਰ ਤਾਲ ਸਮੂਹ ਵਿਚੋਂ।

ਨਟ ਨਾਰਾਇਣ ਰਾਗ ਦੀਬਾਣੀਦਾਵੇਰਵਾ ਦੇਖੋ ਚਕ੍ਰ ਨੰਬਰ ੨੧।

(ਵੀਹਵਾਂ) ਮਾਲੀ ਗੌੜਾ।

ਇਸ ਰਾਗ ਨੂੰ ਰਾਗ ਮਾਲਾ ਵਿਚ ਜਗਾ ਨਹੀਂ ਮਿਲੀ ਅਤੇ ਕਿਸੇ ਹੋਰ ਸੰਗੀਤ ਵਾਲੇ ਨੇ ਇਸ ਨੂੰ ਕਿਸੇ ਬੰਸਾਵਲੀ ਵਿਚਨਹੀਂ ਲਿਖਿਆ ਹੈ।ਸੁਰ ਤਾਲ ਸਮੂਹ ਵਿਚ ਲਿਖਿਆ ਹੈ।ਉਥੇਇਸਦਾ ਸੁਰਗੁਰਖਰਜਹੈ, ਬਾਦੀਗੰਧਾਰ, ਸਮਬਾਦੀ ਪੰਚਮ, ਅਮਬਾਦੀ ਧੈਵਤ, ਖਾੜਵ ਹੈ ਸ. ਪ. ਧ. ਮ. ਗ. ਰ.। ਸੁਰ ਏਹ ਲਗਦੇ ਹਨ। ਖਰਜ ਸੁਧ। ਰਿਖਭ ਸਕਾਰੀ। ਗੰਧਾਰ ਤੀਬ੍ਰ। ਮਧਮ ਸੁਧਾਪੰਚਮ ਸੁਧ, ਧੈਵਤ ਸਕਾਰੀ ਨਿਖਾਧ ਤੀਬ੍ਰ। ਦੁਪਹਿਰ ਵੇਲੇ ਇਸ ਨੂੰ ਗਾਂਵੀਂਦਾ ਹੈ। ਉਮੰਗ ਖੁਸ਼ੀ ਦੀ ਪੈਦਾ ਕਰਦਾ ਹੈ। ਸੋਰਠ ਅਤੈ ਗੌਰੀ ਮਿਲਕੇ ਮਾਲੀ ਗੌੜਾ ਬਣਦਾ ਹੈ।

ਰਾਧਾ ਗੋਬਿੰਦ ਸੰਗੀਤਸਾਰਵਿਚ ਲਿਖਿਆ ਹੈ ਮਾਲਵ ਗੌੜ ਸੰਪੂਰਨ ਹੈ। ਸ. ਰ. ਗ. ਮ.

Digitized by Panjab Digital Library | www.panjabdigilib.org

ਪ. ਧ. ਨਿ. ਸ. । ਦੁਪਹਿਰ ਤੋਂ ਸੰਧਯਾ ਤਕ ਗਾਵੀਦਾ ਹੈ। ਇਸ ਨੂੰ ਦੇਸ ਵਾਲੇ ਅਤੇ ਕਰਣਾਰ ਗੌੜ ਵੀ ਕਹਿੰਦੇ ਹਨ। ਮਾਨ ਕੌਤੂਹਲ ਲਿਖਦਾ ਹੈ:—ਮਲ,ਨਟ ਹੰਬੀਰ ਧੀਰ ਇਨ੍ਹਾਂਦੇ ਮਿਲਨੇ ਤੇ ਗੌੜ ਰਾਗ ਉਤਪਤ ਹੁੰਦਾ ਹੈ, ਸੋ ਮੁਖ ਗੌੜ ਨਿਖਾਧ ਪੰਚਮ ਕਰਕੇ ਹੁੰਦਾ ਹੈ,ਇਹ ਰੀਤ ਗੌੜ ਵਿਚ ਕਿਸੇ ਰਾਗ ਦਾ ਮੇਲ ਨਹੀਂ ਹੈ, ਧੈਵਤ ਤੋਂ ਇਸਦਾ ਉਚਾਰ ਹੈ। ਅਵਰੋਹ ਵਿਚ ਪੰਚਮ ਸੁਰ ਨਹੀਂ,ਨਜਾਸ ਖਰਜ ਰਿਖਭ ਵਿਚ ਹੁੰਦਾ ਹੈ। ਸੰਪੂਰਣ ਹੈ।ਇਸਦੇ ਭੇਦ ਮਾਲਵ ਗੌੜ ੧ ਨਾਰਾਯਣ ਗੌੜ ੨, ਕੇਦਾਰ ਗੌੜ ੩, ਕਾਨੜਾ ਗੌੜ ੪ ਆਦਿਕ ਹਨ।

ਪਰੰਤੂ ਬੁਧ ਪ੍ਰਕਾਸ਼ ਦਰਪਣ ਵਿਚ ਲਿਖਿਆ ਹੈ। ਏਕ ਮਿਲਾਵੇ ਮਾਲਵਾ ਦੂਜੇ ਗੌੜ ਮਿਲਾਇ।ਏ ਦੋ ਸੁਰੰ ਮਿਲਾਇਕੈ ਮਾਲੀ ਗਉੜਾ ਗਾਇ।

ਕੋਈ ਗਉੜੀ ਸੋਰਠ ਦੇ ਮੇਲ ਤੋਂ ਬਣਿਆਂ ਕਹਿੰਦੇ ਹਨ ਅਤੇ ਚਾਰ ਭੇਦ ਲਿਖਦੇ ਹਨ:— ਸੁਧ ਗੌਰਾ ੧, ਮਾਲੀ ਗੌਰਾ ੨, ਜੈਤੀ ਗੌਰਾ ੩, ਸਿਰੀਗਉਰਾ ੪, ਸੰਪੂਰਨ ਹੈ। ਮਾਲੀ ਗੌੜਾ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੨।

(ਇਕੀਹਵਾਂ) ਮਾਰੂ।

ਸ੍ਰੀ ਮੁਖ ਵਾਕ—ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ॥

ਸੁਰ ਤਾਲ ਸਮੂਹ, ਰਾਗ ਦੀਪਕਾ, ਰਾਗ ਬਿਨੋਦ ਵਿਦ ਮਾਲਕੌਸ ਦਾਪੁਤ੍ਰਮਾਰੂਲਿਖਿਆ ਹੈ। ਸੋਈ ਰਾਗ ਮਾਲਾ ਵਿਚ "ਮਾਰੂ ਮਸਤ ਅੰਗ ਮੇਵਾਰਾ" ਮਾਲਕੌਸਦਾ ਹੀ ਪੁਤ੍ਰ ਲਿਖਿਆ ਹੈ।ਸੁਰ ਗੁਰ ਧੈਵਤ ਹੈ।ਬਾਦੀ ਧੈਵਤ। ਸਮਬਾਦੀ ਗੰਧਾਰ। ਅਮਬਾਦੀ ਰਿਖਭ। ਬਿਬਾਦੀਪੰਚਮ। ਖਾਡਵ ਹੈ। ਧ. ਮ. ਨ. ਸ. ਰ. ਗ. ਸੁਰ ਏਹ ਲਗਦੇ ਹਨ। ਖਰਜ ਸੁੱਧ, ਰਿਖਭ ਕੋਮਲ। ਗੰਧਾਰ,ਮਧਮ, ਧੈਵਤ,ਨਿਖਾਧ ਤੀਬ੍ਰ। ਦਿਨ ਦੇ ਤੀਜੇ ਪਹਿਰ ਇਸ ਨੂੰ ਗਾਂਵਦੇ ਹਨ। ਜੌਨਪੁਰੀ ਗੌਰੀ ਪਰਜ ਸੋਰਠ ਸਿਰੀ ਰਾਗ ਮਿਲਕੇ ਮਾਰੂ ਬਣਦਾ ਹੈ। ਦੇਸੀ ਸੰਕੀਰਨ ਹੈ, ਮੌਸਮ ਸਰਦ ਰੁਤ, ਜੋਸ਼ ਲੜਾਈ ਦਾ ਪੈਦਾ ਕਰਦਾ ਹੈ।

ਬੁਧ ਪ੍ਰਕਾਸ਼ਦਰਪਣਵਿਚਲਿਖਿਆਹੈ।ਪਦ।

ਹਰਿ ਰਥਿ ਪੰਖ ਉਡਤ ਸੁਰ ਪਾਈ। ਗੌਰ ਗਾਤ ਬਸਤਰ ਬਹੁਰੰਗੀ ਕੁੰਕਮ ਅੰਗ ਲਗਾਈ। ਬਦਨ ਪ੍ਰਸੰਨ ਹਾਥ ਮੈਂ ਨੈਜਾ ਮਾਥੇ ਮੁਕਟ ਬਨਾਯੇ,। ਮਹਾਂ ਬਲਿਸਟ ਉਦਤ ਉਦ ਮਦ ਸੋਂ ਮਾਰੂ ਨਾਉਂ ਧਰਾਯੇ। ਟੰਕ ਇਹਾਂਕ ਭੈਰਵੀ ਆਸਾ ਚਾਰੋ ਸੁਰਨ ਸੁਧਾਰੀ। ਪਹਿਰ ਰਾਤ ਬੀਤੇ ਤੇ ਗਾਵੇ ਅਰਧ ਰਾਤ ਲੌ ਭਾਰੀ। ਜੈਸੇ ਸੁਨਜੋ ਕਹਜੋ ਮੈਂ ਤੈਸੋ ਯਾਕੋ ਸੁਜਸ ਅਪਾਰੂ।ਸੁਨ ਕੈ ਸੁਧ ਨ ਰਹੈ ਕਾਯਰਕੀ ਜਬ ਬਾਜੈ ਦੁਨ ਮਾਰੂ॥

ਇਹੀ ਕੁਝ ਰਾਧਾ ਗੋਬਿੰਦ ਸੰਗੀਤ ਵਿਚ ਲਿਖਿਆ ਹੈ। ਕੋਈ ਇਸਨੂੰ ਸੰਪੂਰਨ ਵੀ ਕਹਿੰਦੇ ਹਨ।

ਮਾਰੂ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੩।

(ਬਾਈਵਾਂ) ਤੁਖਾਰੀ।

ਇਸ ਰਾਗ ਨੂੰ ਵੀ ਰਾਗ ਮਾਲਾ ਵਿੱਚ ਜਗ੍ਹਾ ਨਹੀਂ ਮਿਲੀ, ਇਕੁਰ ਹੀ ਸੰਗੀਤ ਵਿਚ ਵੀ ਇਸਨੂੰ ਰਾਗ ਦੀ ਕਿਸੇ ਬੰਸਾਵਲੀ ਵਿੱਚ ਨਹੀਂ ਲਿਖਿਆ। ਤੁਖਾਰੀ ਨਾਮ ਕਰਕੇ ਇਕ ਰਾਗ ਲਿਖਿਆ ਹੈ, ਪਰੰਤੂ ਵਰਤਿਆ ਨਹੀਂ ਹੋਇਆ। ਬਹੁਤ ਭਾਲ ਕਰਨ ਤੋਂ ਮਲੂਮ ਹੋਇਆ ਹੈ ਕਿ ਇਹ ਰਾਗ ਸੰਪੂਰਨ ਹੈ, ਸ. ਰ. ਗ. ਮ. ਪ. ਧ. ਨ.। ਪ੍ਰਾਤੇਕਾਲ

Digitized by Panjab Digital Library | www.panjabdigilib.org

ਗਾਵੀਂਦਾ ਹੈ। ਭੈਰੋ, ਰਾਮਕਲੀ, ਟੋਡੀ ਮਿਲ ਕੇ ਤੁਖਾਰੀ ਰਾਗ ਬਣਦਾ ਹੈ। ਕਈ ਇਸ ਦਾ ਨਾਉਂ ਧੁੰਖਾਰ ਕਰਕੇ ਕਹਿੰਦੇ ਹਨ। ਕੋਈ ਇਸਦਾ,ਅੰਸ,ਨਜਾਸ,ਗ੍ਰਹ ਰਿਖਭ ਕਹਿੰਦੇਹਨ।

ਤੁਖਾਰੀ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੪।

(ਤੇਈਵਾਂ) ਕੇਦਾਰਾ।

ਸ੍ਰੀ ਮੁਖਵਾਕ–

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ
ਸਬਦੇ ਕਰੇ ਪਿਆਰੁ॥

ਰਾਗ ਬਿਨੋਦਵਿਚ ਦੀਪਕ ਦਾ ਪੁੱਤ੍ਰ ਕੇਦਾਰਾ ਲਿਖਿਆ ਹੈ। ਅੰਸ, ਨਜਾਸ, ਗ੍ਰਿਹ, ਇਸਦਾ ਮਧਮ ਹੈ, ਪਰ ਧੈਵਤ ਨਾਲ ਬਹੁਤ ਪ੍ਰੀਤ ਹੈ। ਰਾਤ ਦੇ ਦੂਜੇ ਪਹਿਰ ਗਾਂਵਦੇ ਹਨ। ਪਰੰਤੂ ਸੁਰ ਤਾਲ ਸਮੂਹ ਵਿੱਚ ਦੀਪਕ ਦੀ ਰਾਗਣੀ ਕਰਕੇ ਕੇਦਾਰਾ ਲਿਖੀ ਹੈ। ਸ੍ਰ ਜ਼ੁਰੂ ਇਸਦਾ ਖਰਜ ਹੈ। ਬਾਦੀ ਪੰਚਮ ਹੈ। ਸਮਬਾਦੀ ਮਧਮ ਹੈ। ਅਮਬਾਦੀ ਨਿਖਾਧ ਹੈ। ਬਿਬਾਦੀ ਰਿਖਭ ਧੈਵਤ ਸੁਧ ਹੈ, ਦੋਵੇਂ ਤੀਬ੍ਰ ਲਗਦੇ ਹਨ। ਸੰਪੂਰਣ ਹੈ,ਸਾ. ਰੇ. ਨੀ. ਧਾ. ਮ. ਗ. ਪ.। ਾ੍ਰ ਏਹ ਲਗਦੇ ਹਨ, ਖਰਜ ਸੁਧ। ਪੰਚਮ ਸੁਧ। ਮਧਮ ਦੋਨੋਂ ਨਿਖਾਧ, ਗੰਧਾਰ, ਧੈਵਤ, ਰਿਖਭ ਤੀਬ।ਅੱਧੀ ਰਾਤ ਨੂੰ ਗਾਂਵੀਦੀ ਹੈ, ਸੁਧ ਸੰਕੀਰਨ ਹੈ। ਕਕੁਭ ਪੂਰਬੀ ਬਿਲਾਵਲ ਮਿਲਕੇ ਕੇਦਾਰਾ ਬਣਦਾ ਹੈ। ਮੌਸਮ ਗ੍ਰੀਖਮ ਰੁਤ । ਖੁਸ਼ੀ ਅਤੇ ਵਿਯੋਗ ਪੈਦਾ ਕਰਦਾ ਹੈ। ਭੇਦ ਇਸਦੇ ਪੰਜ ਹਨ। ਸੁਧ ਕੇਦਾਰਾ ੧, ਸ਼ਾਮ ਕੇਦਾਰਾ ੨, ਨਟ ਕੇਦਾਰਾ ੩, ਲਲਿਤ ਕੇਦਾਰਾ ੪, ਮਾਰਵਾ ਕੇਦਾਰਾ ੫।

ਪਰੰਤੂ ਬੁਧ ਪ੍ਰਕਾਸ਼ ਦਰਪਣ ਵਿਚ ਮੇਘ ਦਾ ਪੁਤ੍ਰ ਲਿਖਿਆ ਹੈ, ਰਾਗ ਮਾਲਾ ਵਿਚ ਵੀ ਮੇਘ ਦਾ ਹੀ ਪੁਤ੍ਰ ਲਿਖਿਆ ਹੈ 'ਬੈਰਾ ਧਰ ਗਜ ਹਰ ਕੇਦਾਰਾ''।

ਕਬਿੱਤ॥ ਧੁਜਾ ਕੀ ਫਰਫਰਾਹਟ ਤੇ ਲੀਨੀ ਹੈ ਕੇਦਾਰੇ ਸੁਰ ਦ੍ਰਿਗ ਲਾਲ ਪੰਕਜ ਜੋ ਸੁੰਦਰ ਹੈ ਕਾਮ ਤੇ। ਕੋਦੰਡ ਕਾਕ ਕਟ ਦੱਛਨ ਬਿਰਾਜਤ ਹੈ ਬਾਮੇ ਹੈ ਤ੍ਰਿਸ਼ੂਲ ਮਾਨ ਧਜਾਨ ਦੇਵ ਬਾਮ ਤੇ। ਬਿਦਜਾ ਮੈ ਪ੍ਰਬੀਨ ਜੋਗ ਆਸਨ ਹੈ ਦ੍ਰਿੜ ਜਾਕੋ ਐਸੋ ਮਹਾਜੋਧਾ ਗਾਈਏ ਨਿਸ ਬੀਤੇ ਜਾਮ ਤੇ। ਪਾਵਸ ਸੋ ਮੇਲ ਕੇ ਮਲਾਰ ਸੋ ਬਨਾਇ ਯਾਹੀ ਹੋਤ ਹੈ ਕਿਦਾਰਾ ਰਾਗ ਸੁਨਜੋ ਇਹ ਨਾਮ ਤੇ।

ਰਾਧਾ ਗੋਬਿੰਦ ਸੰਗੀਤ ਸਾਰ ਵਿਚ ਵੀ ਮੇਘ ਦਾ ਪੁਤ੍ਰ ਕੇਦਾਰਾ ਲਿਖਿਆ ਹੈ। ਸੰਪੂਰਣ ਹੈ। ਨਿ. ਧਾ. ਪ. ਮ. ਗ. ਰ. ਸ. ਇਸਨੂੰ ਰਾਤ ਦੇ ਦੂਜੇ ਪਹਿਰ ਤਕ ਗਾਉਂਦੇ ਹਨ।

ਕੇਦਾਰਾ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੫।

(ਚੌਵੀਵਾਂ) ਭੈਰਉ।

ਇਹ ਰਾਗ ਹਨੂਮਾਨ ਮਤ ਵਿਚ ਪਹਿਲਾ ਰਾਗ ਹੈ। ਰਾਗ ਮਾਲਾ ਵਿਚ ਵੀ ''ਪ੍ਰਥਮ ਰਾਗ ਭੈਰਉ ਵੈ ਕਰਹੀ'' ਲਿਖਿਆ ਹੈ। ਹਨੂਮਾਨ ਮਤ ਵਿਚ ਲਿਖਿਆ ਹੈ:–

ਦੋਹਰਾ॥ ਅੰਸ, ਨਜਾਸ, ਗ੍ਰਿਹ, ਇਹ ਸਭੈ ਧੈਵਤ ਆਦਿ ਹੈ ਹੋਤ। ਪੂਰਨ ਧੈਵਤ ਮੂਰਛਨਾ ਭੈਰਵ ਪ੍ਰਾਤ ਉਦੋਤ।

ਅਰਥ–ਅੰਸ ਗ੍ਰਿਹ ਨਜਾਸ ਧੈਵਤ ਵਿਚ ਦੇਵੇ. ਧੈਵਤ ਦੀ ਪੂਰੀ ਮੂਰਛਨਾ ਹੋਵੇ। ਸਵੇਰ ਸਾਰ ਗਾਂਵੀਏ ਸੋ ਭੈਰਉ ਰਾਗ ਹੈ। ਆਦਿ ਪਦ ਤੋਂ ਖੜਜ ਨਜਾਸ ਭੀ ਹੋ ਸਕਦਾ ਹੈ, ਐਸਾ ਹੀ ਨ੍ਰਿਤਜ ਨਿਰਣਯ ਵਿਚ ਲਿਖਿਆ ਹੈ। ਇਹ ਰਾਗ ਔੜਵ ਹੈ ਧ. ਨ. ਸ. ਗ. ਮ. ਧ.।

Digitized by Panjab Digital Library | www.panjabdigilib.org

ਪਰੰਤੂ ਕੋਈ ਰਿਖਭ ਪੰਚਮ ਭੀ ਵਰਤ ਲੈਂਦੇ ਹਨ ਜਿਸਤੇ ਸੰਪੂਰਨ ਹੋ ਜਾਂਦਾ।

ਨਾਦ ਬਿਨੋਦ ਲਿਖਦਾ ਹੈ। ਅੰਸ ਨਜਾਸ ਗ੍ਰਹ ਇਸਦਾ ਗੰਧਾਰ ਹੈ, ਸੁਰ ਦੀ ਪੂਰੀ ਮੂਰਛਨਾ ਹੈ, ਵਡੀ ਸਵੇਰੇ ਗਾਵੀਂਦਾ ਹੈ। ਰਾਮਕਲੀ ਟੋਡੀ ਗੌਰੀ ਮਿਲਕੇ ਭੈਰੋਂ ਰਾਗ ਬਣਦਾ ਹੈ। ਧੈਵਤ ਨਾਲ ਇਸਦੀ ਬਹੁਤ ਪ੍ਰੀਤ ਹੈ।

ਸੁਰ ਤਾਲ ਸਮੂਹ ਵਿਚ ਲਿਖਿਆ ਹੈ, ਸੁਰ ਗੁਰ ਇਸਦਾ ਧੈਵਤ ਹੈ, ਉਚਾਰ ਧੈਵਤ ਤੋਂ ਹੁੰਦਾ ਹੈ।ਬਾਦੀ ਧੇਵਤ। ਸੰਬਾਦੀ ਗੰਧਾਰ। ਅਮਬਾਦੀ ਖਰਜ। ਬਿਬਾਦੀ ਰਿਖਭ। ਪੰਚਮ ਸੁਧ ਹੈ। ਰਿਖਭ ਸਕਾਰੀ । ਪੰਚਮ ਤੀਬ੍ਰ। ਚਾਰ ਘੜੀ ਰਾਤ ਤੋਂ ਲੈਕੇ ਸੂਰਜ ਉਦੇ ਤਕ। ਸੁਰ ਏਹ ਲਗਦੇ ਹਨ। ਖਰਜ, ਮੱਧਮ ਸੁਧ, ਰਿਖਭ ਧੇਵਤ ਸਕਾਰੀ । ਗੰਧਾਰ, ਨਿਖਾਧ, ਪੰਚਮ ਤੀਬ੍ਰ। ਮਾਰਗਵ ਸੁਧ ਹੈ। ਪੂਰੀਆ, ਹਿੰਡੋਲ ਸੁਧ ਅਤੇ ਕਾਨੜਾ ਮਿਲਕੇ ਭੈਰਵ ਰਾਗ ਬਣਦਾ ਹੈਔੜਵ ਹੈ ਧ. ਨ. ਸ. ਗ.ਮ. ਮੌਸਮ ਸਰਦ ਰਿਤ ਹੈ। ਖੁਸ਼ੀ ਪੈਦਾ ਕਰਦਾ ਹੈ। ਭੇਦ ਇਸਦੇ ਚਾਰ ਹਨ। ਸੁਧ ਭੈਰੋਂ ੧, ਕੜੀ ਭੈਰੋਂ ੨, ਕੀਰਲ ਭੈਰੋਂ ੩, ਸੰਕੀਆ ਯਾ ਸੰਕੀਰਨ ਭੈਰੋਂ ੪। ਪਰੰਤੂ ਬੁਧ ਪ੍ਰਕਾਸ਼ ਦਰਪਣ ਵਿਚ ਇਉਂ ਲਿਖਿਆ ਹੈ.—

ਚੌਪਈ ॥ ਸੁਰਭੀ ਸਬਦ ਭ੍ਰਿੰਗ ਸੁਰ ਰੁਖ ਤੇ। ਉਚਰਜੋ ਬਾਮ ਦੇਵ ਨਿਜ ਮੁਖ ਤੇ। ਭੈਰਵ ਰਾਖਜੋ ਤਾਂਕੇ ਨਾਮ। ਪਾਂਚ ਤਾਨ ਤਾਮਹਿ ਬਿਸ੍ਰਾਮ। ਰੋਨਾਗਰ, ਔ ਸਵਰਨ ਭਾਰ। ਦੰਤ ਬਿਸ੍ਰਾਮ ਅਰ ਘਨਤ ਕਾਰ। ਮਲੈ ਅਫਰ ਨਾਦੀਕਸ, ਪਾਂਚੋ । ਇਹ ਬਿਧਿ ਪਾਂਚ ਤਾਨ ਤਨ ਰਾਚੇ।ਆਦਿ ਅੰਤ ਸੁਰ ਕੋਨ ਬਖਾਨੀ। ਸੋ ਸਭ ਧੈਵਤ ਹੀ ਸੁਰ ਜਾਨੀ। ਲਲਿਤ ਹਿੰਡੋਲ ਬਿਭਾਸ ਗੰਧਾਰ। ਭੈਰਵ ਇਨ ਮਿਲ ਰੇਤ ਉਚਾਰ। ਮੁਦ੍ਰਾ ਰੁਦ੍ਰ ਉਡਵ ਸੁਰ ਸੋਹੈ । ਗਉਰ ਗਾਤ ਗ੍ਰੀਵਾ ਬਿਖਮੋਹੈ । ਬਸਤ੍ਰ ਸ੍ਵੇਤ ਨੇਤਰ ਹੈਂ ਲਾਲ ।ਬਾਹਿਨ ਬ੍ਰਿਖਭ ਚੰਦ੍ਰਮਾ ਭਾਲ । ਜਾਇ ਅਲਾਪ ਇਸੀ ਬਿਧ ਜਾਨੋ। ਕੋਲੁ ਫਿਰੈ ਬੈਲ ਬਿਨ ਮਾਨੋ।

ਏਸੇ ਤਰ੍ਹਾਂ ਹੋਰ ਵੀ ਰਾਗ ਦੀਪਕਾ, ਅਨੂਪ ਬਿਲਾਸ ਆਦਿਕ ਗ੍ਰੰਥਾਂ ਵਿਚ ਇਸਦਾ ਬਹੁਤ ਪ੍ਰਕਰਣ ਲਿਖਿਆ ਹੈ, ਢੂੰਢਾਉ ਪੁਰਖ ਦੇਖ ਸਕਦਾ ਹੈ।

ਭੈਰਉ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੬।

(ਪੰਝੀਵਾਂ) ਬਸੰਤ।

ਸ੍ਰੀ ਮੁਖਵਾਕ ਹੈ—

ਪਹਿਲ ਬਸੰਤੈ ਆਗਮਨਿ ਤਿਸਕਾ ਕਰਹੁ ਬੀਚਾਰੁ ॥ ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥

ਰਾਧਾ ਗੋਬਿੰਦ ਸੰਗੀਤ ਸਾਰ, ਰਾਗ ਦੀਪਕਾ ਵਿਚ ਹਿੰਡੋਲ ਰਾਗ ਦਾ ਪੁਤ੍ਰ ਬਸੰਤ ਲਿਖਿਆ ਹੈ। ਇਕੁਰ ਹੀ ਰਾਗ ਮਾਲਾ ਵਿੱਚ ਭੀ 'ਗਾਵਹਿ ਸਰਸ ਬਸੰਤ ਕਮੋਦਾ' ਲਿਖਿਆ ਹੈ।

ਇਹ ਰਾਗ ਸੰਪੂਰਨ ਹੈ ਸ. ਰ. ਗ. ਮ. ਪ. ਧ. ਨਿ. ਸ.। ਇਸ ਨੂੰ ਬਸੰਤ ਰਿਤੁ ਵਿਚ ਬਸੰਤ ਪੰਚਮੀ ਦੇ ਦਿਨ ਗਾਉਂਦੇ ਹਨ, ਇਹ ਰਾਗ ਮੰਗਲੀਕ ਹੈ।ਹਰ ਇਕ ਵੇਲੇ ਗਾਵੀਂਦਾ ਹੈ ।ਹਿੰਡੋਲ ਮਾਲਕੌਂਸ ਮਿਲਕੇ ਬਸੰਤ ਬਣਦਾ ਹੈ। ਸਿੱਧ ਸਾਰਸੁਤ ਦੇ ਮਤ ਵਿਚ ਲਿਖਿਆ ਹੈ ਕਿ ਬਸੰਤ ਰਾਗ ਦਹੀਂ ਦੇ ਸਮੁੰਦਰ ਤੋਂ ਉਪਜਿਆ ਹੈ, ਪੁੱਤਰ ਇਸਦਾ ਦੇਸ਼ ਹੈ, ਛੇ ਇਸਦੀਆਂ ਰਾਗਣੀਆਂ ਹਨ, ਪਰੰਤੂ ਮਤੰਗ ਮੁਨੀ ਦੇ ਮਤ ਵਿਚ ਸ਼ਿਵਜੀ ਦੇ ਬਾਮ ਦੇਵ

Digitized by Panjab Digital Library | www.panjabdigilib.org

ਨਾਮੇ ਮੁਖ ਤੋਂ ਪੈਦਾ ਹੋਇਆ ਹੈ। ਦਿਨ ਦੇ ਪਹਿਲੇ ਪਹਿਰ ਗਾਂਵੀਂਦਾ ਹੈ ਬਸੰਤ ਰੁਤ ਯਾ ਬਸੰਤਪੰਚਮੀ ਇਸਦਾ ਮੌਸਮ ਹੈ।ਸਾਰੰਗ ਨਟ ਮਲਾਰ ਬਿਲਾਵਲ ਦੇਵਗਿਰੀ ਮਿਲਕੇ ਬਸੰਤ ਬਣਦਾ ਹੈ।

ਸੁਰ ਤਾਲ ਸਮੂਹ ਵਿਚ ਸ੍ਰੀ ਰਾਗ ਦੀ ਰਾਗਣੀ ਕਰਕੇ ਇਸ ਨੂੰ ਲਿਖਿਆ ਹੈ। ਸੁਰ ਇਸਦਾ ਪੰਚਮ ਹੈ, ਬਾਦੀ ਮਧਮ। ਸਮਬਾਦੀ ਪੰਚਮ । ਅਮਬਾਦੀ ਧੈਵਤ । ਸੰਪੂਰਣ ਹੈ ਮ. ਪ. ਧ. ਗ, ਸ. ਰ. ਨ. । ਸੁਰ ਏਹ ਲਗਦੇ ਹਨ । ਖਰਜ ਪੰਚਮ ਸੁਧ। ਰਿਖਭ ਕੋਮਲ। ਗੰਧਾਰ ਤੀਬ੍ਰ। ਧੈਵਤ ਨਿਖਾਧ ਤੀਬ੍ਰ।

ਦੁਪਹਿਰ ਵੇਲੇ ਇਸਨੂੰ ਗਾਂਵੀਂਦਾਹੈ। ਮੌਸਮ ਬਸੰਤ ਰਿਤੂ। ਹਰ ਵੇਲੇ ਸੁਧ ਸੰਕੀਰਨ ਹੈ।ਦੇਵ ਗਿਰੀ, ਨਟ, ਮਲਾਰ ਸਾਰੰਗ, ਬਿਲਾਵਲ ਮਿਲਕੇ ਬਸੰਤ ਬਣਦਾ ਹੈ।

ਪਰੰਤੂ ਬੁਧ ਪ੍ਰਕਾਸ਼ ਦਰਪਣ ਵਿਚ ਹਿੰਡੋਲ ਦਾ ਹੀ ਪੁੱਤ੍ਰ ਲਿਖਿਆ ਹੈ, ਜੇਹਾਕੁ–

[ਕਬਿੱਤ]

ਪ੍ਰਾਤ ਸੁਨ ਕੁਰਕਟ ਕੀ ਬਾਨੀ ਤੇ ਬਸੰਤਬਨਜੋ,
ਗੌਰ ਗਾਤ ਮਾਥੇ ਪੈ ਮੁਕਟ ਬਾਗ ਮੋਰ ਹੈ।
ਪਟ ਬਹੁ ਰੰਗ, ਇੰਦ੍ਰ ਸਭਾ ਮੈ ਬੁਲਾਵੈ ਨਿਤ,
ਸੁਮਨ ਅਨੇਕ, ਗ੍ਰੀਵ ਮੁਖ ਤੌਤ ਮੋਰ ਹੈ।
ਕਾਮ ਰੂਪ ਕਾਂਧੇ ਬੀਨ ਸਭ ਸਾਜ ਮੈ ਪ੍ਰਬੀਨ,
ਤੀਯ ਜਨ ਸੋ ਬਿਲਾਸ ਸਾਤੋ ਸੁਰ ਸੋਰ ਹੈ।
ਆਦਿ ਅੰਤ ਖੜਜ ਹਿੰਡੋਲ ਮਿਲ ਮਾਲਕੌਂਸ, ।
ਸੋਹਤ ਬਸੰਤ, ਰਿਤੁ ਲੋਕ ਗਾਵਤੋ ਰਹੈ।

ਦੋ:–ਡੇਢਪਹਿਰ ਦਿਨਜਬਚੜੈਗਾਵਤਮਧੁਰ ਬਸੰਤ।
ਮਧੁ ਰਿਤ ਮੈਂ ਗਾਵਤ ਸਬੈ ਨਾਰਨ ਸੋਂਮਿਲਕੰਤ।

ਹਿੰਡੋਲ।

ਇਹ ਰਾਗ ਬਸੰਤ ਵਿਚਮਿਲਿਆਹੋਇਆ ਗੁਰੂ ਜੀ ਨੇ ਲਿਖਿਆ ਹੈ, ਜੀਕਰ 'ਬਸੰਤ ਹਿੰਡੋਲ' ਇਸ ਲਈ ਥੋੜਾਕੁ ਹਿੰਡੋਲ ਦਾ ਰੂਪ ਵੀ ਏਥੇ ਲਿਖਣਾ ਠੀਕ ਹੈ।

ਇਹ ਛੇਆਂ ਰਾਗਾਂ ਵਿਚੋਂ ਰਾਗ ਹੈ–

ਰਾਧਾ ਗੋਬਿੰਦ ਸੰਗੀਤ ਸਾਰ ਵਿਚ ਲਿਖਿਆ ਹੈ।

ਖੜਜ ਅੰਸ ਅਰ ਨਜਾਸ, ਗ੍ਰਿਹ, ਅਰ
ਔੜਵ ਸੁਖ ਬੋਲ। ਕੋਬਿਦ ਯੋ ਸਭ ਕਹਤ
ਹੈ ਰਿਧ ਬਾਜਤ ਹਿੰਡੋਲ।

ਜਿਸ ਰਾਗ ਨੂੰ ਸੁਣਕੇ ਦੇਵਤਿਆਂ ਦਾ ਚਿੱਤ ਸੁਖ ਰੂਪੀ ਹਿੰਡੋਲੇ ਵਿਚ ਝੂਲੇ ਉਸ ਦਾ ਨਾਉਂ ਹਿੰਡੋਲ ਰਾਗ ਹੈ। ਅੰਸ ਨਜਾਸ ਗ੍ਰਿਹ ਖੜਜ ਕਾਹਲੀ ਨਾਲ ਕਹਿੰਦੇ ਹਨ–ਸ. ਨਿ. ਪ. ਮ. ਗ. ਸ.। ਦੋ ਘੜੀ ਦਿਨ ਚੜ੍ਹੇ ਤੋਂ ਚਾਰ ਘੜੀ ਦਿਨ ਚੜ੍ਹੇ ਤਕ ਗਾਂਵੀਦਾ ਹੈ। ਸ਼ਿਵਜੀ ਦੇ ਸਦਜੋਜਾਤ ਨਾਮ ਮੁਖ ਤੇ ਉਪਜਿਆ ਹੈ।

ਸੁਰ ਤਾਲ ਸਮੂਹ ਵਿਚ ਲਿਖਿਆ ਹੈ:–

ਸੁਰ ਗੁਰੂ ਖਰਜ ਹੈ। ਬਾਦੀ ਗੰਧਾਰ ਹੈ। ਸਮਬਾਦੀ ਧੈਵਤ । ਅਮਬਾਦੀਖਰਜ। ਬਿਬਾਦੀ ਰਿਖਭ ਤੇ ਪੰਚਮ, ਪਰ ਰਿਖਭ ਸਕਾਰੀ ਹੈ। ਮੌਸਮ ਬਸੰਤ ਰਿਤੂ, ਦਿਨ ਦੇ ਤੀਜੇ ਪਹਿਰ ਗਾਂਵੀਂਦਾ ਹੈ। ਮਾਰਗਵ ਸੁਧ ਹੈ। ਔੜਵ ਹੈ। ਸ. ਗ. ਮ. ਧ. ਨ. ਸੁਰ ਏਹ ਲਗਦੇ ਹਨ। ਖਰਜ ਸੁਧ। ਰਿਖਭ ਸਕਾਰੀ। ਗੰਧਾਰ, ਧੈਵਤ, ਨਿਖਾਧ, ਤੀਬ੍ਰ ਮਧਮਦੋਨੋ।ਲੀਲਾਵਤੀ, ਪੰਚਮ, ਪੂਰੀਆ ਮਿਲਕੇ ਹਿੰਡੋਲ ਬਣਦਾ ਹੈ। ਖੁਸ਼ੀ ਪੈਦਾ ਕਰਦਾ ਹੈ । ਨਾਦ ਬਿਨੋਦ ਵਿਚ ਲਿਖਿਆ ਹੈ:–ਅੰਸ ਨਜਾਸ ਗ੍ਰਹ ਖਰਜ ਹੈ। ਪੰਜਾਂ ਸੁਰਾਂ ਦਾ ਔੜਵ ਹੈ। ਬਸੰਤ ਮਾਲਕੌਸ, ਪੰਚਮ ਤਿੰਨੇ ਮਿਲ ਕੇ ਹਿੰਡੋਲ ਬਣਦਾ ਹੈ। ਰਿਖਭ, ਪੰਚਮ ਨਹੀਂ ਲਗਦੀਆਂ। ਬੁਧ ਪ੍ਰਕਾਸ਼ ਦਰਪਣ ਵਿਚ ਲਿਖਿਆਹੈ।ਪਦ।

ਮਧੁ ਚਿਤ ਗਾਵਤ ਸਰਸ ਹਿੰਡੋਲ। ਮਾਦੇ

Digitized by Panjab Digital Library | www.panjabdigilib.org

ਮੁਕਟ ਜਟਿਤ ਮਣਿ ਸੋਹਤ ਸੁੰਦਰ ਕੁੰਡਲ ਲੋਲ। ਗੋਰ ਗਾਤ ਉਰ ਕੰਜਨ ਮਾਲਾ ਧਨਖ ਬਾਨ ਕਰ ਸੋਹੈ। ਖ੍ਰਹਮਾ ਨੇ ਸਰੀਰ ਤੇ ਉਪਜਯੋ ਸੁਨੋ ਰੀਝ ਸੁਖ ਸੋਹੈ। ਉਪਬਨ ਰਹਤ ਸਬਨ ਪਰ ਸੋਹਤ ਬਾਹਨ ਦੰਸ ਬਿਰਾਜੈ। ਜਿਹ ਧਮਾਕ ਮੁੰਦ੍ਰਾ ਓੜਵ ਸੁਰ ਸਪਤ ਤਾਨ ਸੰਗ ਰਾਜੈ। ਘਨ ਚਿਕਾਰ ਦੀਰਘ ਗਹਵਰ ਸੰਗ ਕੰਠਲੁਲਤਮਨ ਭਾਵੈ। ਕੰਠ ਲੁਲਤ ਬਿਸ੍ਰਾਮ ਅਵਰ ਗਤਿ ਉਪਸਰ ਤਾਨ ਏ ਪਾਏ। ਆਦਿ ਅੰਤ ਜਿਹ ਖਰਜ ਧਰੀ ਹੈ ਪਾਂਚ ਸੁਰਨ ਮਿਲ ਗਾਵੈਂ।ਲਲਿਤ ਬਿਲਾਵਲ ਭੈਰੋ ਪੰਚਮ ਪੁਰੀਆ ਸਾਥ ਮਿਲਾਵੈਂ। ਤਬ ਹਿੰਡੋਲ ਪਰ ਪੂਰਨ ਸੋਹੈ ਪਹਿਰ ਚੜੇ ਦਿਨ ਗਾਓ। ਜਿਹ ਅਲਾਪ ਕੀ ਯਹੀ ਪ੍ਰਤਗਯਾ ਝੂਲੇ ਬਿਨਾਂ ਝੁਲਾਓ।

ਬਸੰਤ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੭।

(ਛੱਬੀਵਾਂ) ਸਾਰੰਗ।

ਰਾਧਾ ਗੋਬਿੰਦ ਸੰਗੀਤ ਸਾਰ, ਸੁਰ ਤਾਲ ਸਮੂਹ, ਬੁੱਧਪ੍ਰਕਾਸ਼ ਦਰਪਣ ਆਦਿਕ ਗ੍ਰੰਥਾਂ ਵਿਚ ਮੇਘ ਦਾ ਪੁਤ੍ਰ ਸਾਰੰਗ ਲਿਖਿਆ ਹੈ, ਪਰੰਤੂ ਰਾਗ ਦੀਪਕਾ ਵਿਚ ਸਿਰੀ ਰਾਗ ਦਾ ਪੁਤ੍ਰ ਕਰਕੇ ਲਿਖਿਆ ਹੈ। ਰਾਗ ਮਾਲਾ ਵਿਚ ਵੀ 'ਸਾਲੂ ਸਾਰਗ ਸਾਗਰਾ ਅਉਰ ਗੋਡ ਗੰਭੀਰ' ਸਿਰੀ ਰਾਗ ਦਾ ਹੀ ਪੁਤ੍ਰ ਲਿਖਿਆ ਹੈਪਰੰਤੂ ਨਾਦ ਬਿਨੋਦ ਵਿਚ ਮੇਘ ਦੀ ਰਾਗਨੀ ਕਰਕੇ ਲਿਖੀ ਹੈ। ਅੰਸ਼ ਨਜਾਸ ਗ੍ਰਿਹ ਨਿਖਾਦ ਹੈ, ਪੰਜਾਂ ਸੁਰਾਂ ਦੀ ਔੜਵ ਹੈ, ਗੰਧਾਰ ਧੈਵਤ ਬਰਜਤ ਹੈ। ਦੁਪਹਿਰ ਵੇਲੇ ਗਾਂਵੀਂਦਾ ਹੈ। ਰਾਧਾਗੋਬਿੰਦ ਸੰਗੀਤ ਸਾਰ ਵਿਚੋਂ ਸੰਪੂਰਣਹੈ, ਸ. ਰ. ਗ. ਮ. ਪ. ਧ. ਨਿ. ਸ.। ਦੁਪਹਿਰੇ ਗਾਵੀਂਦਾ ਹੈਸੁਰ ਤਾਲ ਸਮੂਹ ਵਿਚ ਲਿਖਿਆ ਹੈ।ਇਸਦਾ ਸੁਰ ਗੁਰਪੰਚਮ ਹੈ।ਬਾਦੀ ਪੰਚਮ। ਸਮਬਾਦੀ ਰਿਖਭ ਹੈ। ਅਮਬਾਦੀ ਮਧਮਔੜਵ ਹੈ ਪ. ਮ.ਰੇ. ਸ. ਨੀ। ਸੁਰ ਏਹ ਲਗਦੇ ਹਨ। ਖਰਜ ਸੁਧ, ਰਿਖਭ ਤੀਬ੍ਰ, ਗੰਧਾਰ ਮਧਮ ਕੋਮਲ। ਪੰਚਮ ਸੁਧ। ਧੈਵਤ ਤੀਬ੍ਰ, ਨਿਖਾਦ ਕੋਮਲ। ਦੁਪਹਿਰ ਵੇਲੇ ਗਾਂਵੀਂਦਾ ਹੈ। ਸੁਧ ਸੰਕੀਰਨ ਹੈ। ਦੇਵਗਿਰੀ ਮਲਾਰ, ਨਟ ਤਿੰਨੇ ਮਿਲਕੇ ਸਾਰੰਗ ਬਣਦਾ ਹੈ। ਮੌਸਮ ਬਰਖਾ ਰਿਤੂ। ਖੁਸ਼ੀ ਪੈਦਾ ਕਰੇ। ਚੌਦਹ ਇਸਦੇ ਭੇਦ ਹਨ। ੧ ਸੁਧ ਸਾਰੰਗ, ੨ ਬਿੰਦ੍ਰਾਬਨੀ ਸਾਰੰਗ, ੩ ਖੜਹੰਸ ਸਾਰੰਗ, ੪ ਮਲਦੁਹਨ ਸਾਰੰਗ, ੫ ਸਾਵੰਤ ਸਾਰੰਗ, ੬ ਧੌਲੀਆ ਸਾਰੰਗ, ੭ ਸੋਰਠੀ ਸਾਰੰਗ, ੮ ਸੰਬਾਰੀ ਸਾਰੰਗ, ੯ ਮਧ ਮਾਧ ਸਾਰੰਗ, ੧੦ ਗੌਂਡ ਸਾਰੰਗ, ੧੫ ਸਚਾਨਕ ਸਾਰੰਗ, ੧੨ ਗੋਬਰਾਰੀ ਸਾਰੰਗ, ੧੩ ਲੁਹਸਾ ਸਾਰੰਗ, ੧੪ ਲੰਕਦੇਹਨ ਸਾਰੰਗ।

ਬੁਧ ਪ੍ਰਕਾਸ਼ ਦਰਪਣ ਵਿਚੋਂ:—

ਪਦਾਸਜਾਮ ਤਨ ਸਾਰੰਗ ਸੁਭਗ ਸੁਹਾਯੋ। ਚਤੁਰ ਭੁਜਾ ਪੀਤਾਂਬਰ ਓਢੈ ਬਾਹਨ ਗਰੜ ਬਨਾਯੋ। ਸੰਖ ਚੱਕ੍ਰ ਅਰ ਗਦਾ ਪਦਮ ਕਰ, ਬਰ ਕੁਵੰਡ ਜਿਹ ਰਾਜੈ। ਸੁੰਦਰ ਮਹਾਂ ਦੇਖ ਛਬਿ ਮੋਹਤ, ਕਿੰਕਰ ਸੰਗ ਬਿਰਾਜੈ। ਜਾਕੋ ਸੁਰਗ ਦੇਵ ਸੁਰ ਗਾਵਤ ਉਸਤਤ ਅਤਹਿ ਬਖਾਨੈਂ। ਜਲ ਪਹਾਰ ਤੇ ਗਿਰਤ ਉਠਤ ਸੁਰ ਤਿਹ ਸੁਰ ਸਾਰੰਗ ਜਾਨੈ। ਦਰਬਾਰੀ ਕਾਨੜਾ ਏਕ ਸੁਰ ਮਧ ਮਾਧਵੀ ਮਿਲਾਈ। ਦੇਵਗਿਰੀ ਮਲਾਰ ਨਟ ਸੋ ਮਿਲ ਤਬ ਸਾਰੰਗ ਸੁਰ ਪਾਈ। ਬਿੰਦ੍ਰਾਬਨੀ ਹੋਤ ਤਬ ਸਾਰੰਗ ਸੋਰਠ ਸਾਥ ਮਿਲਾਵੈ। ਜਬਹੀ ਸਿਖਰ ਹੋਤ ਹੈ ਦਿਨਮਣਿ ਤਬ ਯਾਕੀ ਸੁਰ ਗਾਵੈ। ਜਬ ਦਰਬਾਰੀ ਅਧਕ ਕਾਨੜਾ ਸਾਰੰਗ ਸਾਥ ਮਿਲਾਵੈ। ਤਬ ਸੁਰੰਗ ਸਾਰੰਗ ਸੁਰ ਜਾਨੋ ਰੁਨਿ ਜਨ ਗਾਇ ਸੁਨਾਵੈਂ।

Digitized by Panjab Digital Library | www.panjabdigilib.org

ਅਤੇ ਕੋਈ ਇਸ ਨੂੰ ਮਲਾਰ ਮਾਰਵਾ ਦੇ ਮੇਲ ਤੋਂ ਕਹਿੰਦੇ ਹਨ।

ਸਾਰੰਗ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚੱਕ੍ਰ ਨੰਬਰ ੨੯।

(ਸਤਾਈਵੀਂ) ਮਲਾਰ।

ਸ੍ਰੀ ਮੁਖਵਾਕ ਹੈ–ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥

ਮੇਘ ਰਾਗ ਦੀ ਪਹਿਲੀ ਰਾਗਨੀ ਮਲਾਰੀ ਹੈ, ਇਸ ਵਿਚ ਸਾਰੇ ਸੰਗੀਤ ਸ਼ਾਸਤ੍ਰਾਂ ਦੀ ਸੰਮਤੀ ਹੈ। ਰਾਗ ਮਾਲਾ ਵਿਚ ਵੀ "ਸੋਰਠਿ ਗੋਡ ਮਲਾਰੀ ਧੁਨੀ" ਲਿਖਜਾ ਹੈ। ਨਾਦ ਬਿਨੋਦ ਵਿਚੋਂ:–ਅੰਸ ਨਜਾਸ ਗ੍ਰਹ ਗੰਧਾਰ ਹੈ, ਸੰਪੂਰਣ ਹੈ, ਮੇਘ ਗੌਂਡ ਸਾਰੰਗ ਮਿਲਕੇ ਮਲਾਰ ਬਣੀ ਹੈ, ਬਰਖਾ ਸਮੇਂ ਗਾਉਂਦੇ ਹਨ। ਰਾਧਾ ਗੋ: ਸੰ: ਸਾਰ ਵਿਚੋਂ। ਧੈਵਤ ਅੰਸ ਰੁ ਨਜਾਸ ਗ੍ਰਹ ਖਰਜ ਰਿਖਭ ਸੁਰ ਹੋਨ। ਗਾਵੈ ਔੜਵ ਪ੍ਰਾਤਹੀ ਮਾਲ'ਰੀ ਪਰਬੀਨ। ਔੜਵ ਹੈ. ਧ. ਨਿ. ਗ. ਨੰ. ਪ. ਧਾ.। ਲੋਕਾਂ ਵਿੱਚ ਸੰਪੂਰਨ ਵੀ ਕਹਿੰਦੇ ਹਨ। ਧ. ਨ. ਸ. ਰ. ਗ. ਮ. ਪ. ਧ.। ਇਸਨੂੰ ਰਾਤ ਦੇ ਦੂਜੇ ਪਹਿਰ ਦੀ ਅੱਤਵੀਂ ਘੜੀ ਵਿਚ ਗਾਂਵਦੇ ਹਨ। ਹੋਰ ਭਾਵੇਂ ਕਿਸੇ ਵੇਲੇ ਗਾਓ।

ਸੁਰਤਾਲ ਸਮੂਹ ਵਿਚ ਲਿਖਿਆ ਹੈ:–

ਇਸ ਵਿਚ ਸੁਰ ਗੁਰ ਧੈਵਤ ਹੈ। ਬਾਦੀ ਖਰਜ। ਸਮਬਾਦੀ ਗੰਧਾਰ। ਅਮਬਾਦੀ ਮਧਮ, ਬਿਬਾਦੀ ਰਿਖਭ ਪੰਚਮ, ਪ੍ਰੰਤੂ ਰਿਖਭ ਤੀਬ੍ਰ ਪੰਚਮ ਕੋਮਲ ਲਗਦਾ ਹੈ, ਖਾੜਵ ਹੈ। ਧ. ਸ. ਪ. ਮ. ਗ. ਰੇ। ਸੁਰ ਏਹ ਲਗਦੇ ਹਨ। ਖਰਜ ਸੁਰ, ਰਿਖਭ ਗੰਧਾਰ ਤੀਬ੍ਰ. ਮਧਮ ਸੁਧ, ਪੰਚਮ ਕੋਮਲ। ਧੈਵਤ ਤੀਬ੍ਰ। ਨਿਖਾਧ ਕੋਮਲ। ਮੌਸਮ ਬਰਸਾਤ ਵਿੱਚ ਹਰ ਵੇਲੇ, ਹੋਰ ਅੱਧੀ ਰਾਤ ਨੂੰ ਗਾਵੀਏ। ਸਾਰੰਗ ਸੋਰਠ ਬਿਲਾਵਲ ਮਿਲਕੇ ਮਲਾਰ ਬਣਦੀ ਹੈ। ਖੁਸ਼ੀ ਪੈਦਾ ਕਰਦੀ ਹੈ। ਭੇਦ ਇਸਦੇ ੧੫ ਹਨ।

੧ ਸੁਧ ਮਲਾਰ, ੨ ਗੌਂਡ ਮਲਾਰ, ੩ ਧੌਲੀਆ ਮਲਾਰ, ੪ ਮਲਦੁਹਨ ਮਲਾਰ, ੫ ਰਾਮਦਾਸੀ ਮਲਾਰ, ੬ ਸੂਰਦਾਸੀ ਮਲਾਰ, ੭ ਸਾਵੰਤ ਮਲਾਰ, ੮ ਮੇਘਾਵਲੀ ਮਲਾਰ, ੯ ਬਸੰਤੀ ਮਲਾਰ, ੧੦ ਹਿੰਡੋਲੀ ਮਲਾਰ, ੧੧ ਸਾਵਰੀ ਮਲਾਰ, ੧੨ ਕਚ ਮਲਾਰ, ੧੩ ਮੀਆਂ ਕੀ ਮਲਾਰ, ੧੪ ਸਿੰਧ ਮਲਾਰ, ੧੫ ਨਟ ਮਲਾਰ।

ਪਰੰਤੂ ਬੁੱਧ ਪ੍ਰਕਾਸ਼ ਦਰਪਣ ਵਿਚ ਲਿਖਿਆ ਹੈ:–

ਪਦਾ ਬੇਸਰ ਮੋਤੀ ਨਾਕ, ਮਲਾਰੀ। ਮੁਖ ਤਮੋਲ ਬਿਨ ਲਾਲ ਦਿਪਤ ਹੈ ਖੋੜਸ ਬਰਸ ਸੁ ਨਾਰੀ। ਚੰਦਨ ਖੌਰ ਕੀਓ ਤਨ ਊਪਰ ਪਟ ਬਹੁ ਰੰਗ ਬਨਾਏ। ਮੋਤੀ ਮਾਲ ਦਿਪਤ ਜਿਹ ਗ੍ਰੀਵਾ ਮੋਰ ਨਚਤ ਜਿਹ ਗਾਏ। ਜਾਂਕੀ ਸੁਰ ਬਿਜੁਲ ਘਨ ਗਰਜਤ ਮ੍ਰਿਗ ਨਾਚਤ ਸੁਨ ਜਾਂਕੋ। ਹੈਯਾਅਰ, ਜਿਤ ਤੇ ਸੁਰ ਉਤਪਤਿ ਜਿਹ ਰਵਨੀ ਮੁੰਦ੍ਰਾ ਜਾਕੀ। ਇਕ ਤ੍ਰਿਕੁਲ ਸੁਰ ਮਿਸ੍ਰ, ਸੁਰਤ ਏਹ ਤੀਨ ਤਾਨ ਬਨ ਤਾਕੀ। ਸੁਰ ਔੜਵ ਸੰਗ੍ਰਹ ਬਨਾਸ ਮੈ ਧੈਵਤ ਧਰੀ ਸੁਧਾਰ। ਸੋਰਠ, ਮਧ ਮਾਧਵੀ; ਕਾਨਤਾ, ਇਨ ਮਿਲ ਹੋਤ ਮਲਾਰ। ਮੇਘ ਕਾਨਰਾ ਮਿਲੈ ਜਬੈ ਏਹ ਛਾਯਾ ਮਲਾਰੀ ਪਾਵੈ। ਬਰੁਖਾ ਰਿਤ ਸਾਵਨ ਅਰ ਭਾਦਵ ਘਨ ਗਰਜੈ ਇਸ ਗਾਵੈ।

ਰਾਧਾ ਗੋਬਿੰਦ ਸੰਗੀਤ ਸਾਰ ਵਿਚ ਇਕ ਮੇਘ ਰਾਗ ਦਾ ਪੁਤ੍ਰ ਮਲਾਰ ਨਾਉਂ ਕਰਕੇ ਲਿਖਿਆ ਹੈ। ਸੰਪੂਰਨ ਹੈ ਨਿ. ਧ. ਮ. ਗ.

Digitized by Panjab Digital Library | www.panjabdigilib.org

ਰਿ. ਸ.। ਮੰਗਲੀਕ ਹੈਬਰਖਾ ਸਮੈਂ ਗਾਉਂਦੇ ਹਨ। ਮਲਾਰ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੨੯।

(ਅਠਾਈਵਾਂ) ਕਾਨੜਾ।

ਨਾਦ ਬਿਨੋਦ ਵਿੱਚ ਦੀਪਕ ਦਾ ਦੂਜਾ ਪੁੱਤ੍ਰ ਨਾਇਕੀ ਕਾਨੜਾ ਅਤੇ ਪੰਜਵਾਂ ਪੁੱਤ੍ਰ ਦਰਬਾਰੀ ਕਾਨੜਾ ਲਿਖਿਆ ਹੈ। ਪਰੰਤੂ ਸੁਰ ਤਾਲ ਸਮੂਹ ਵਿਚ ਦੀਪਕ ਦੀ ਰਾਗਨੀ ਕਰ ਕੇ ਕਾਨੜਾ ਲਿਖਿਆ ਹੈ, ਜਿਸਦਾ ਸੁਰ ਗੁਰ ਨਿਖਾਧ ਹੈ। ਬਾਦੀ ਖਰਜ।ਸਮਬਾਦੀਰਿਖਭ ਅਮਬਾਦੀ ਨਿਖਾਧ ਹੈ। ਖਾਡਵ ਹੈ, ਨੀ. ਸ. ਰੇ. ਗ. ਮ. ਪ.। ਸੁਰ ਏਹ ਲਗਦੇ ਹਨ:–

ਰਿਖਭ ਧੈਵਤ ਤੀਬ੍ਰ।ਖਰਜ ਸੁਧ। ਗੰਧਾਰ ਮਧਮ। ਨਿਖਾਧ ਕੋਮਲ। ਪੰਚਮ ਸੁਧ। ਸੁਧ ਸੰਕੀਰਣ ਹੈ। ਇਸ ਨੂੰ ਪਹਿਰ ਰਾਤ ਗਈ ਤੇ ਗਾਂਵਦੇ ਹਨ। ਦੇਵ ਸਾਖ, ਜੈਤਸਿਰੀ ਸੁਧਨਾਟ ਲਲਿਤ ਮਿਲਕੇ ਕਾਨੜਾ ਬਣਦਾ ਹੈ। ਮੌਸਮ ਗ੍ਰੀਖਮ ਰਿਤੁ। ਖੁਸ਼ੀ ਪੈਦਾ ਕਰਦਾ ਹੈ। ਭੇਦ ਇਸਦੇ ੨੦ ਹਨ।

ਸੁਧ ਕਾਨੜਾ੧,ਨਾਯਕੀ ਕਾਨੜਾ ੨,ਸਹਾਨਾ ਕਾਨੜਾ ੩, ਆਡਾਨਾ ਕਾਨੜਾ ੪,ਸੁਘਰਈ ਕਾਨੜਾ ੫,ਬਸੰਤੀ ਕਾਨੜਾ ੬, ਖਮਾਇਚੀ ਕਾਨੜਾ ੭,ਸੋਰਠੀ ਕਾਨੜਾ ੮, ਜੈਜਾਵੰਤੀ ਕਾਨੜਾ ੯,ਦਰਬਾਰੀ ਕਾਨੜਾ ੧੦, ਗਾਰੀ ਕਾਨੜਾ ੧੧,ਕਰਨਾਟੀ ਕਾਨੜਾ੧੨,ਦੇਲਤੀ ਕਾਨੜਾ ੧੩. ਮੰਗਲੀ ਕਾਨੜਾ ੧੪, ਕੀਲ ਕਾਨੜਾ ੧੫, ਮੰਦਰੀਕ ਕਾਨੜਾ ੧੬,ਬਾਗੇਸਰੀ ਕਾਨੜਾ ੧੭, ਸੁਹਾ ਕਾਨੜਾ ੧੮, ਧੌਲੀਆ ਕਾਨੜਾ ੧੯, ਕੌਸੀ ਕਾਨੜਾ ੨੦।

ਰਾਗਮਾਲਾ ਵਿਚ ਇਸ ਨੂੰ ਦੀਪਕ ਦਾ ਪੁੱਤ੍ਰ ਲਿਖਦੇ ਹਨ "ਗਉਰਾ ਅਉ ਕਾਨਰਾ ਕਲ੍ਯਾਨਾ" ਪਰੰਤੂ ਰਾਧਾ ਗੋਵਿੰਦ ਸੰਗੀਤ ਸਾਰ ਵਿਚ ਇਸ ਨੂੰ ਮੇਘ ਦਾ ਪੁੱਤ੍ਰ ਲਿਖਿਆ ਹੈ, ਇਹ ਰਾਗ ਸੰਪੂਰਣ ਹੈ। ਪ. ਧ. ਨਿ. ਸ , ਰਿ. ਗ. ਮ. ਪ.। ਰਾਤ ਦੇ ਪਹਿਲੇ ਪਹਿਰ ਤੋਂ ਅਧੀ ਰਾਤ ਤਾਈਂ ਗਾਂਵੀਂਦਾ ਹੈ।

ਪਾਸਟਿਕ ਮਤ ਵਿਚ ਕਾਨੜੇ ਦੇ ਚੌਦਾਂ ਭੇਦ ਲਿਖੇ ਹਨ, ਇਸਦਾ ਨਾਮ ਕਰਨਾਟ ਭੀ ਕਹਿੰਦੇ ਹਨ । ਸੁਧ ਰਾਗ ਮਿਲੇ ਤੇ ਦਰਬਾਰੀ ਕਾਨੜਾ ੧, ਮਲਾਰ ਮਿਲੇ ਤੇ ਨਾਯਕੀ ਕਾਨੜਾ ੨, ਧਨਾਸਰੀ ਮਿਲੇ ਤੇ ਬਾਗੇਸਰੀ ਕਾਨੜਾ ੩, ਮੇਘ ਰਾਗ ਮਿਲੇ ਤੇ ਅਡਾਨਾ ਕਾਨੜਾ ੪, ਫਰੋਦਸਤ ਰਾਗ ਮਿਲੇ ਤੇ ਸਹਾਨਾ ਕਾਨੜਾ ੫, ਜੈਤਸਿਰੀ ਮਿਲੇ ਤੇ ਪੂਰੀਆ ਕਾਨੜਾ ੬, ਇਸੇ ਨੂੰ ਮੰਗਲਾਸਟਕ ਕਹਿੰਦੇ ਹਨ। ਮੁਦ੍ਰਕ ਰਾਗ ਮਿਲੇ ਤੇ ਮੁਦ੍ਰਕ ਕਾਨੜਾ ੭, ਗਾਰਾ ਰਾਗ ਮਿਲੇ ਤੇ ਗਾਰਾ ਕਾਨੜਾ ੮, ਹੁਸੈਨੀ ਰਾਗ ਮਿਲੇ ਤੇ ਹੁਸੈਨੀ ਕਾਨੜਾ ੯, ਕਾਫੀ ਰਾਗ ਮਿਲੇ ਤੇ ਕਾਫੀ ਕਾਨੜਾ ੧੦, ਸੋਰਠ ਮਿਲੇ ਤੇ ਸੋਰਠ ਕਾਨੜਾ ੧੧, ਖੰਮਾਇਚ ਮਿਲੇ ਤੇ ਖੰਮਾਇਚ ਕਾਨੜਾ ੧੨, ਗੌੜ ਮਿਲੇ ਤੇ ਗੌੜ ਕਾਨੜਾ ੧੩, ਕਿਸੇ ਹੋਰ ਰਾਗ ਨਾਲ ਮਿਲੇ ਤੇ ਕਰਣਾਟ ਕਾਨੜਾ ੧੪ ਹੁੰਦਾ ਹੈ।

ਪਰੰਤੂ ਬੁਧ ਪ੍ਰਕਾਸ਼ ਦਰਪਣ ਵਿੱਚ ਮੇਘ ਦਾ ਪੁੱਤ੍ਰ ਕਾਨੜਾ ਲਿਖਿਆ ਹੈ।

ਚੌਪਈ ॥ ਕਾਂਸੀ ਕੇ ਬਾਸਨ ਕਬ ਬਾਜੈ। ਤਾਂ ਸੁਰ ਸੋਧ ਕਾਨਰਾ ਬਾਜੈ। ਦਸਨ ਦਮਕ ਹੀਰਾ ਜਹਿੰ ਹਾਰੇ। ਕੁੰਡਲ ਜਟਤ ਕਾਨ ਜਿਹ ਧਾਰੇ। ਪੀਤਾਂਬਰ ਓਢੇ ਤਨ ਤਾਕੇ। ਮੋਤੀ ਮਾਲ ਗ੍ਰੀਵ ਹੈ ਜਾਕੇ। ਤਾਪਰ ਬਹੁ ਫੂਲਨ ਕੀ ਮਾਲਾ। ਬਾਜੂ ਬੰਦ ਜਟਿਤ ਭੁਜ ਲਾਲਾ। ਜਿਤੇ ਸੰਗੀਤ

Digitized by Panjab Digital Library | www.panjabdigilib.org

ਭੇਦ ਸਭ ਜਾਨੈ । ਜਾਂ ਕੋ ਗਾਇ ਦੇਵ ਸੁਖ ਮਾਨੈ । ਕਾਫੀ ਅਰ ਏਰਾਕ ਮਲਾਰੀ । ਮਿਲ ਕਾਨਰਾ ਭਜੋ ਦਰਬਾਰੀ। ਦੇਵਗਿਰੀ ਕਾਨਰੋ ਮਿਲਾਵੈ। ਤਬ ਕਾਨਰਾ ਸਹਾਨਾ ਗਾਵੈ। ਮਿਲ ਬਿਹਾਗਰੋ ਸਾਥ ਸਹਾਨਾ। ਤਬ ਕਾਨਰਾ ਨਾਯਕੀ ਜਾਨਾ। ਦਰਬਾਰੀ ਮਿਲ ਰੌੜ ਮਲਾਰ । ਬੈਜੂ ਗੁਪਾਲ ਕਾਨਰਾ ਸਾਰ। ਜਬ ਧਨਾਸਰੀ ਕਾਨਰਾ ਸਮੋਈ । ਬਾਗੇਸਰੀ ਕਾਨਰਾ ਹੋਈ। ਚਾਰ ਘਰੀ ਨਿਸ ਜਬਹੀ ਜਾਇ। ਤਬ ਇਹ ਰਾਗ ਸੋਧ ਕੈ ਗਾਇ।

ਕਾਨੜਾ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚੱਕ੍ਰ ਨੰਬਰ ੩੦।

(ਉਨੱਤੀਵਾਂ) ਕਲਿਆਨ।

ਸੁਰ ਤਾਲ ਸੰਮ੍ਹ ਵਿਚ ਮੇਘ ਦਾ ਪੱਤ੍ਰ ਕਲਿਆਨ ਲਿਖਿਆ ਹੈ। ਰਾਗ ਮਾਲਾ ਵਿਚ ਦੀਪਕ ਦਾ ਪੁੱਤ੍ਰ "ਗਉਰਾ ਅਉ ਕਾਨਰਾ ਕਲ੍ਯਾਨਾ" ਲਿਖਿਆ ਹੈ । ਇਸਦਾ ਸੁਰ ਗੁਰੂ ਖਰਜ ਹੈ। ਸਮਬਾਦੀ ਪੰਚਮ। ਅਮਬਾਦੀ ਰਿਖਭ। ਬਾਦੀ ਖਰਜ। ਖਾੜਵ ਹੈ। ਸਾ, ਨੀ. ਧ. ਪ. ਗ. ਰੇ,ਸੁਰ ਏਹ ਲਗਦੇ ਹਨ। ਖਰਜ ਸੁਧ। ਰਿਖਭ ਗੰਧਾਰ ਤੀਬ੍ਰ। ਮਧਮ ਬਰਜਤ ਹੈ, ਤੀਬ੍ਰ ਕੋਮਲ ਹੈ, ਦੇਰ ਕਰਕੇ ਲਾਉਂਦੇ ਹਨ ਪੰਚਮ ਸੁਧ। ਧੈਵਤ ਨਿਖਾਧ ਤੀਬ੍ਰ। ਸੰਧਜਾ ਵੇਲੇ ਇਸਨੂੰ ਗਾਉਂਦੇ ਹਨ। ਸੁਧ ਸੰਕੀਰਨ ਹੈ। ਤਨਕ ਕਾਮੋਦ ਗੌੜ ਮਿਲਕੇ ਕਲਜਾਨ ਬਣਦਾ ਹੈ। ਮੌਸਮ ਬਰਖਾ ਰਿਤੁ। ਖੁਸ਼ੀ ਪੈਦਾ ਕਰਦਾ ਹੈ।ਬਾਰਹ ਅਥਵਾ ਚੌਦਹ ਇਸਦੇ ਭੇਦ ਹਨ।ਸੁਧ ਕਲਿਆਨ ੧,ਏਮਨ ਕਲਿਆਨ ੨ ਭੂਪਾਲਕਲਿਆਨ ੩,ਪੂਰੀਆ ਕਲਿਆਨ ੪, ਹਮੀਰ ਕਲਿਆਨ ੫, ਖੇਮ ਕਲਿਆਨ ੬, ਸਾਂਵਰੀ ਕਲਿਆਨ ੭,ਸਜਾਮ ਕਲਿਆਨ ੮, ਕਾਮੋਦੀ ਕਲਿਆਨ ੯, ਨਟ ਕਲਿਆਨ ੧੦, ਹੋਮ ਕਲਿਆਨ ੧੧, ਜਤ ਕਲਿਆਨ ੧੨, ਨਾਯਕੀ ਕਲਿਆਨ ੧੩, ਬਿਨੋਦ ਕਲਿਆਨ ੧੪ ਹਨ। ਪਰੰਤੂ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਵਿਸ਼ੇਸ਼ ਰਾਗਾਂ ਵਿਚ ਕਲਿਆਨ ਲਿਖਿਆ ਹੈ, ਮਧਮ ਅਤੇ ਪੰਚਮ ਸੁਰ ਤੋਂ ਰਹਤ ਪੰਚਾਂ ਸੁਰਾਂ ਦਾ ਰਾਗ ਕਲਿਆਨ ਹੈ। ਔੜਵ ਹੈ ਸ. ਰ. ਗ. ਪ. ਧ. ਸ.। ਇਸਨੂੰ ਰਾਤ ਦੇ ਪਹਿਲੇ ਪਹਿਰ ਗਾਉਂਦੇ ਹਨ।

ਨਾਦ ਬਿਨੋਦ ਵਿਚ ਲਿਖਿਆ ਹੈ ਅੰਸ ਨਜਾਸ ਗ੍ਰਿਹ ਗੰਧਾਰ ਹੈ, ਰਿਖਭ ਨਾਲ ਪ੍ਰੀਤੀ ਹੈ। ਇਸਨੂੰ ਸੰਧਜਾ ਵੇਲੇ ਗਾਂਵੀਦਾ ਹੈ। ਪਾਸਟਕ ਮਤ ਵਿਚ ਸਿਰੀ ਰਾਗ ਦਾ ਪੁਤ੍ਰ ਲਿਖਿਆ ਹੈ, ਸੰਪੂਰਨ ਹੈ ਪ. ਮ. ਧ. ਨਿ. ਸ. ਰ. ਧ. ਮ. ਪ. ਸ. ਰਿ. ਗ. ਅੱਧੀ ਰਾਤ ਤਾਈਂ ਗਾਉਂਦੇ ਹਨ ਅਤੇ ਬੁਧਪ੍ਰਕਾਸ਼ਦਰਪਣ ਵਿਚ ਸਿਰੀ ਰਾਗ ਦਾ ਪੁੱਤਰ ਲਿਖਿਆ ਹੈ।

ਚੌਪਈ ॥ ਮੇਘ ਗੁੰਜ ਤੇ ਬਾਨੀ ਪਾਈ। ਤਬ ਕਲਜਾਨ ਕੀ ਦੇਹ ਬਨਾਈ। ਸਕਲ ਸੁਗੰਧ ਲੇਪ ਤਨ ਲਾਯੋ। ਅੰਬਰ ਅੰਗ ਸੋਤ ਪਹਿਰਾਯੋ । ਗ੍ਰੀਵ ਬਿਸਾਲ ਮੋਤੀਅਨ ਮਾਲਾ। ਹਾਥ ਕਮਲ ਕਾ ਫੂਲ ਉਜਾਲਾ। ਜਟਤ ਸਿੰਘਾਸਨ ਬੈਠੋ ਸੋਹੈ। ਛਤ੍ਰ ਜਰਿਓ ਗਨ ਮਨਿ ਸਿਰ ਜੋਹੈ। ਚਮਰ ਸੁਕਲ ਬਿਬ ਓਰ ਝੁਲਾਏ। ਰਾਜਾ ਰੰਕ ਹੋਤ ਸੁਖ ਗਾਏ। ਮਹਿਖੀ ਬਾਹਨ ਸੁਭਗ ਬਿਰਾਜੈ। ਸਵਾ-ਧਾਨ ਮੁਦ੍ਰਾ ਜਿਹ ਰਾਜੈ । ਚਾਰ ਤਾਨ ਖਾਡਵ ਸੁਰ ਮੇਲੀ । ਨਾਦ ਕੰਠ ਬਿਸ੍ਰਾਮ ਸੁਹੇਲੀ। ਸਰਮਿਸ੍ਰਾ ਸੁਰਭੀਰੁ ਬਖਾਨੀ। ਚਾਰ ਤਾਨ ਤਾਮਹਿ ਯਹ ਜਾਨੀ। ਆਦਿ ਅੰਤ ਧੈਵਤ ਜਿਹ ਰਾਖੀ।ਘਰੀ ਦੋਇ ਰਹਤੇ ਦਿਨ ਭਾਖੀ। ਮਿਲ ਮਲਾਰ ਕਲਜਾਨ ਕਿਦਾਰਾ। ਅਰ ਗੁਜਰੀ ਹੰਭੀਰ ਉਚਾਰਾ।

Digitized by Panjab Digital Library | www.panjabdigilib.org

ਜੈਤਸਿਰੀ ਹੰਭੀਰ ਮਿਲਾਓ। ਜੈਤ ਕਲਜਾਨ ਤਾਹ ਸੁਰ ਗਾਓ। ਹੰਭੀਰ ਕਲਜਾਨ ਸੁਧ ਨਟ ਮਿਲੀ। ਸਜਾਮ ਕਲਜਾਨ ਤਬਹਿ ਸੁਰ ਭਲੀ। ਭੂਪਾਲੀ ਬਿਭਾਸ ਕੋਦਾਰਾ। ਮਿਲੇ ਬਿਲਾਵਲ ਏਹ ਮਨ ਧਾਰਾ। ਜਬ ਕਲਜਾਨ ਕਮੋਦ ਮਿਲਾਇਆ। ਤਬ ਕਲਿਆਨ ਕਮੋਦ ਸੁਨਾਇਆ। ਖੋਮ ਕਲਿਆਨ ਮਿਲੇ ਕਹ ਬਾਨੀ। ਖੋਮ ਕਲਿਆਨ ਸੁਰੈ ਪਹਿਚਾਨੀ। ਸਾਂਵਰ ਅਰ ਕਲਿਆਨ ਮਿਲਾਵੈ। ਤਬ ਸਾਂਵਰ ਕਲਿਆਨ ਸੁਨਾਵੈ।

ਕਲਿਆਨ ਰਾਗ ਦੀ ਬਾਣੀ ਦਾ ਵੇਰਵਾ ਦੇਖੋ ਚੱਕ੍ਰ ਨੰਬਰ ੩੧।

(ਤੀਹਵਾਂ) ਪ੍ਰਭਾਤੀ।

ਇਸ ਨਾਮ ਦਾ ਰਾਗ ਅਥਵਾ ਰਾਗਣੀ ਪ੍ਰਾਚੀਨ ਗ੍ਰੰਥਾਂ ਵਿਚੋਂ ਨਹੀਂ ਮਿਲਿਆ ਅਤੇ ਇਸਨੂੰ ਰਾਗਮਾਲਾ ਵਿਚ ਭੀ ਜਗਹ ਨਹੀਂ ਮਿਲੀ। ਪ੍ਰੰਤੂ ਕਹਿੰਦੇ ਹਨ ਕਿ ਇਹ ਰਾਗ ਸੰਪੂਰਨ ਹੈ ਸ. ਰ. ਗ. ਮ. ਪ. ਧ. ਨ.। ਆਸਾ ਭੈਰੋ ਦੇ ਮਿਲਾਪ ਤੇ ਬਣਦਾ ਹੈ। ਪ੍ਰਾਤਾਕਾਲ ਇਸਨੂੰ ਗਾਉਂਦੇ ਹਨ। ਇਸ ਰਾਗ ਵਿਚ ਬਿਭਾਸ ਕਰਕੇ ਗੁਰੂ ਜੀ ਨੇ ਕਿਤੇ ਕਿਤੇ ਲਿਖਿਆ ਹੈ, ਇਹ ਬਿਭਾਸ ਪੰਚਮ ਰਾਗ ਦੀ ਰਾਗਣੀ ਕਰਕੇ ਮਤੰਗ ਮਤ ਵਿਚ ਲਿਖੀ ਹੈ।

ਦੋ:—ਸਵਰ ਬੇਖਕੇ ਬਸਨ ਤਨ ਕੁੰਕਮ ਤਿਲਕ ਲਿਲਾਟ।
ਬਜ ਕਿਸ਼ੋਰ ਜਿਹ ਗੌਰ ਤਨ ਜਹਿ ਬਿਭਾਸ ਕੋ ਠਾਟ।

ਏਹੋ ਬਿਭਾਸ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਹਿੰਡੋਲ ਦਾ ਪੁਤ੍ਰ ਕਰਕੇ ਲਿਖਿਆ ਹੈ ਸੰਪੂਰਨ ਹੈ ਗ.ਧ. ਸ. ਨਿ. ਪ. ਮ. ਰਿ.ਗ.। ਇਸ ਨੂੰ ਰਾਤ ਦੇ ਚੌਥੇ ਪਹਿਰ ਵਿਚ ਗਾਂਵਦੇ ਹਨ।

ਨਾਦ ਬਿਨੋਦ ਵਿਚ ਲਿਖਿਆ ਹੈ:—ਸੰਪੂਰਨ ਹੈ। ਧੈਵਤ ਆਦਿ ਹੈ। ਭੂਪਾਲੀ ਦੇਸਕਾਰ, ਮਾਲਵਾ ਮਿਲ ਕੇ ਬਣਿਆਂ ਹੈ। ਸੁਰ ਤਾਲ ਸਮੂਹ ਵਿਚ ਹਿੰਡੋਲ ਦਾ ਪੁਤ੍ਰ ਕਰਕੇ ਲਿਖਿਆ ਹੈ, ਸੁਰ ਗੁਰੂ ਖਰਜ ਹੈ। ਬਾਦੀ ਖਰਜ ਹੈ। ਸੰਬਾਦੀ ਰਿਖਭ। ਅਨਬਾਦੀ ਗੰਧਾਰ। ਬਿਬਾਦੀ ਗੰਧਾਰ ਮਧਮ। ਖਾੜਵ ਹੈ। ਸ . ਨ. ਰ. ਗ. ਮ. ਧ.। ਗੰਧਾਰ ਅਤੀ ਤੀਬ੍ਰ। ਮਧਮ ਤੀਬ੍ਰ।

ਬਾਦੀ ਬਿਬਾਦੀ ਸੁਰ ਨਾਲ ਅੱਠਾਂ ਸੁਤੀਆਂ ਦਾ ਫਰਕ ਹੈ। ਸੁਰ ਏਹ ਲਗਦੇ ਹਨ— ਰਿਖਭ ਧੈਵਤ ਸਕਾਰੀ। ਗੰਧਾਰ, ਮਧਮ, ਤੀਬ੍ਰ। ਖਰਜ ਪੰਚਮ ਮੁਧ। ਗੰਧਾਰ ਅਤੀ ਤੀਬ੍ਰ। ਨਿਖਾਧ ਦੋਨੋਂ। ਪਿਛਲੀ ਰਾਤ ਸੂਰਜ ਤੋਂ ਪਹਿਲੇ ਗਾਵੀਏਂ। ਸੰਕੀਰਣ ਹੈ। ਬਿਲਾਵਲ ਆਸਾਵਰੀ ਗੂਜਰੀ ਮਿਲਕੇ ਇਭਾਸ ਬਣਦਾ ਹੈ, ਮੌਸਮ ਬਸੰਤ ਰਿਤੁ। ਖੁਸ਼ੀ ਪੈਦਾ ਕਰੇ।

ਬੁਧ ਪ੍ਰਕਾਸ਼ ਦਰਪਨ ਵਿਚੋਂ:—
ਕਬਿਤ॥ ਸੁਰ ਚਕ੍ਰਧਰ ਕੀ ਸੁਨੀ ਹੈ ਸੁਰਨ ਸੁਰ, ਤਾਹੀ ਕੇ ਬਿਚਾਰ ਕੈ ਬਿਭਾਸ ਰਾਸ ਕੀਨੋ ਹੈ। ਕੋਮਲ ਹੈ ਗਾਤ ਅਰ ਔਰ ਕਿਲਮਾਨੀ ਪਟ, ਦੀਛਨ ਬਿਲਾਸ ਤਿਲਕ ਭਾਲ ਮਾਹ ਦੀਨੋ ਹੈ। ਡੋਲੈ ਨਿਰਬੰਧਨ ਸੁ ਸਾਚੀ ਬਿਧ ਐਸੀ ਸੁਨੀ, ਪ੍ਰੇਮ ਸੋ ਪਢਾਵੈ ਕਰ ਮਾਹਿ ਕੀਰ ਲੀਨੋ ਹੈ। ਸੁਘਰਈ ਮਾਲਕੋਸ ਪਰਜ ਮਿਲਾਏ ਤੇ, ਬਿਭਾਸ ਭਜੈ ਜਾਕੋ ਪ੍ਰਾਤ ਗਾਵੈ ਘਰੀ ਤੀਨੋ ਹੈ।

ਪ੍ਰਭਾਤੀ ਰਾਗ ਦੀ ਬਾਣੀ ਦਾ ਵੇਰਵਾ ਏਥੇ ਚਕ੍ਰ ਨੰਬਰ ੩੨।

(ਇਕਤੀਹਵਾਂ) ਜੈਜਾਵੰਤੀ।

ਇਸ ਰਾਗ ਨੂੰ ਵੀ ਰਾਗ ਮਾਲਾ ਵਿਚ ਜਗਾ ਨਹੀਂ ਮਿਲੀ ਅਤੇ ਹੋਰ ਵੀ ਕਿਸੇ ਸੰਗੀਤ ਗ੍ਰੰਥ ਨੇ ਇਸ ਨੂੰ ਕਿਸੇ ਰਾਗ ਦੀ ਬੰਸ ਵਿਚ ਨਹੀਂ ਲਿਖਿਆ। ਪਰੰਤੂ ਸੁਰ ਤਾਲ ਸੰਮੂਹ

Digitized by Panjab Digital Library | www.panjabdigilib.org

ਵਿਚ ਦੀਪਕ ਦੀ ਨੁੰਹ ਕਰਕੇ ਲਿਖੀ ਹੈ। ਇਸ ਵਿਚ ਸੁਰ ਗ਼ੁਨੁ ਰਿਖਭ ਹੈ। ਬਾਦੀ ਰਿਖਭ। ਸਮਬਾਦੀ ਧੈਵਤ। ਅਮਬਾਦੀ ਮਧਮ। ਔੜਵ ਹੈ ਰ. ਧ. ਪ. ਮ. ਗ. ਸੁਰ ਏਹ ਲਗਦੇ ਹਨ। ਖਰਜ,ਮਧਮ,ਪੰਚਮ ਸੁਧਾਰਿਖਭ ਗੰਧਾਰ,ਧੈਵਤ ਸੁਧ। ਨਿਖਾਧ ਦੋਨੋਂ।ਪਹਿਰ ਰਾਤ ਗਈ ਪਿਛੇ ਗਾਉਂਦੇ ਹਨ। ਧੌਲਸਿਰੀ, ਸੋਰਠ ਬਿਲਾਵਲ ਮਿਲਕੇ ਜੈਜਾਵੰਤੀ ਬਣਦੀ ਹੈ। ਮੌਸਮ ਗ੍ਰੀਖਮ ਰਿਤੁ। ਸੁਧ ਸੰਕੀਰਨ ਹੈ।ਖ਼ੁਸ਼ੀ ਪੈਦਾ ਕਰਦੀਹੈ।

ਇਸ ਰਾਗ ਦਾ ਪ੍ਰਕਰਣ ਹੋਰ ਵਿਸ਼ੇਸ਼ ਨਹੀਂ ਮਿਲਿਆ।

ਰਾਗ ਜੈਜਾਵੰਤੀ ਬਾਣੀ ਦਾ ਵੇਰਵਾ ਦੇਖੋ ਚਕ੍ਰ ਨੰਬਰ ੩੩।

—o—

[੬੯] ਰਾਗ ਮਾਲਾ।

ਅਰਥ–ਰਾਗਾਂ ਦੀ ਲੜੀ, ਸੰਗਲੀ।

ਇਸ ਬਾਣੀ ਵਿਚ ਰਾਗਾਂ ਦੀ ਅਨੁਕ੍ਰਮਣਕਾ ਹੈ ਕਿ ਕੌਣ ਕੌਣ ਰਾਗ ਕਿਸ ਕਿਸ ਨਾਲ ਸੰਬੰਧ ਰਖਦਾ ਹੈ, ਅਤੇ ਇਹ ਰਾਗਮਾਲਾ ਕਿਹੜੇ ਮਤ ਦੀ ਹੈ ? ਸੋ ਇਹ ਨਿਰਨੈ ਸੰਗੀਤ ਦੇ ਗ੍ਰੰਥਾਂ ਵਿਚ ਬਹੁਤ ਭਾਂਤਾਂ ਕਰਕੇ ਲਿਖੇ ਹਨ, ਜੋ ਬਿਨਾਂ ਸੰਗੀਤ ਵਿਦ੍ਯਾ ਦੇ ਦੂਜੇ ਨਹੀਂ ਜਾਣਦੇ। ਰਾਗ ਦੇ ਮਤਾਂ ਦੇ ਭੇਦ ਰਾਗਮਾਲਾ ਤੋਂ ਜਾਣੀਦੇ ਹਨ। ਰਾਗਮਾਲਾ ਦਾ ਭਾਵ ਇਹ ਦੱਸਣ ਦਾ ਹੈ ਕਿ ਰਾਗਮਾਲਾ ਕਿਸ ਮਤ ਦੀ ਹੈ। ਹੁਣ ਤਕ ਗੁਰਮਤ ਦੇ ਸੰਗੀਤ ਨੂੰ ਹਨੁਮਤ ਮਤਿ ਨਾਲ ਸਮਝਣ ਦਾ ਖਿਆਲ ਹੈ। ਸਾਰੇ ਮਤ ਜੈਸਾ ਕਿ ਸੰਗੀਤ ਪਾਰਜਾਤਿਕ ਮਤ ਅਤੇ ਪਾਸਟਿਕ ਮਤ, ਮਤੰਗ ਮਤ, ਹਨੁਮੰਤ ਮਤ, ਭਰਤ ਮਤ ਆਪਸ ਵਿਚ ਭੇਦ ਰਖਦੇ ਹਨ*। ਜਿਹਾ ਕਿ ਪਾਸਟਿਕ ਮਤ ਵਿਚ ਰਾਗਮਾਲਾ ਲਿਖੀਹੈ:–

ਸਕਤਿਰੁ ਸਿਵ ਸੰਜੋਗ ਤੇ ਉਪਜਤ ਹੈਂ ਸਭ ਰਾਗ। ਮੋਹ ਬਢੇ ਜਿਨ ਕੋ ਸੁਨੇ ਉਪਜ ਰਹੈਅਨੁ ਰਾਗ।੧।ਪ੍ਰਥਮੈਂ ਸਦਜੋਜਾਤ ਮੁਖ ਸ੍ਰੀ ਰਾਗਹ ਉਪਜਾਇ। ਬਾਮ ਦੇਵ ਮੁਖ ਦੂਸਰੇ ਕਹਜੋ ਬਸੰਤ ਬਨਾਇ ॥੨॥ ਤੀਜੇ ਮੁਖ ਸੋ ਅਘੋਰ ਹੈ ਸੋ ਭੈਰਵ ਕੀ ਠੌਰ। ਦੱਖੇ ਮੁਖ ਤਤ ਪੁਰਖ ਹੈ ਤਾਂਤੇ ਪੰਚਮ ਔਰ। ੩॥ ਮੇਘ ਰਾਗ ਪ੍ਰਗਟਿਓ ਬਹੁਰ ਪਾਂਚੈ ਮੁਖ ਈਸਾਨ। ਨਟ ਨਰਾਇਨ ਹੈ ਭਜੇ ਗਿਰਜਾ ਮੁਖਹਿ ਪ੍ਰਮਾਨ ॥੪॥

ਸ੍ਰੀ ਰਾਗਹ ਕੀ ਰਾਗਨੀ ਤਿਨ ਕੋ ਏ ਖਟ ਨਾਮ। ਟੰਕ ਮਲਾਰੀ ਗੁਜਰੀ ਤ੍ਰਿਬਣੀ ਅਤਿ ਅਭਿਰਾਮ। ਗੌਰੀ ਕੇਦਾਰੀ ਬਹੁਰ ਮਧੁਮਾਧਵੀ ਬਖਾਨ। ਛਠਈ ਹੈ ਜੁ ਪਹਾੜਕਾ ਅਤਿਹੀ ਰਸ ਕੀ ਖਾਨ। ਦੇਸੀ ਦੇਵਗਰੀ ਬਹੁਰ ਬੈਰਾੜੀ ਸੁਖ ਧਾਮ। ਟੋਡੀ ਲਲਤਾ ਬਹੁਰ ਹੈ ਉਪਜਾਵੈ ਚਿਰਨਾਮ। ਹਿੰਦੋਲੀ ਭਾਵਤ ਬਹੁਰ ਰਾਗ ਬਸੰਤਹ ਚਿੱਤ। ਏ ਖਟ ਯਾਕੀ ਰਾਗਨੀ ਲੇਹੁ ਸਮਝ ਤੁੰ ਮਿੱਤ।

---

*ਪਹਿਲੇ ਖਿਆਲ ਕੀਤਾ ਜਾਂਦਾ ਸੀ ਕਿ ਗੁਰਮਤ ਦਾ ਸੰਗੀਤ ਹਨੁਮੰਤ ਮਤ ਅਨੁਸਾਰ ਹੈ। ਇਹੀ ਪੁਰਾਣਾ ਖਿਆਲ ਸੀ ਜਦੋਂ ਡਾਕਟਰ ਸਾਹਿਬ ਨੇ ਇਹ ਪੋਥੀ ਲਿਖੀ ਸੀ, ਪਰ ਉਨ੍ਹਾਂ ਦਾ ਮਨ ਖੋਜੀ ਸੀ, ਉਹ ਪ੍ਰਤੀਤ ਕਰਦੇ ਸਨ ਕਿ ਗੁਰਮਤ ਸੰਗੀਤ ਵੱਖਰਾ ਹੈ। ਸੋ ਆਪ ਨੇ ਖੋਜ ਜਾਰੀ ਰਖੀ ਤੇ ੧੯੦੫-੬ ਤਕ ਆਪ ਨੇ ਯਾਰਾਂ ਬਾਰਾਂ ਰਾਗਮਾਲਾ ਤੇ ਭਿੰਨ ਭਿੰਨ ਮਤਾਂ ਦੇ ਟਾਕਰੇ ਕਰਕੇ ਇਹ ਗੱਲ ਸਿੱਧ ਕਰ ਲਈ। ਇਹ ਸਾਰੀ ਖੋਜ ਇਸੇ ਰੁੱਖ ਦੇ ਅਖੀਰ ਦੇ ਲਗ ਪਗ 'ਗੁਰਮਤ ਸੰਗੀਤ ਨਿਰਣਯ' ਦੇ ਨਾਮ ਹੇਠ ਛਾਪੀ ਜਾ ਰਹੀ ਰਹੀ ਹੈ, ਆਪ ਦੀ ਉਹ ਕਈ ਬਰਸਾਂ ਦੀ ਖੋਜ ਦਰੁਸਤ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਭੈਰੌ ਦੀ ਰਾਗਨੀ

ਸੋਰਠਾ—ਪ੍ਰਥਮ ਭੈਰਵੀਜਾਨ,ਗੁਜਰੀ ਰੇਵਾ ਗੁਨਕਰੀ।
ਪੁਨ ਬੰਗਾਲੀ ਮਾਨ, ਬਹੁ ਲਾਜਤ ਭੈਰੌ ਤ੍ਰਿਯਾ।

ਪੰਚਮ ਰਾਗਨੀ

ਪਹਿਲੇ ਕਹਤ ਬਿਭਾਸ ਕੋ ਭੂਪਾਲੀ ਪੁਨ ਹੋਇ। ਕਰਨਾਟੀ ਬਡਹੰਸ ਕਾ ਮਾਲਸਿਰੀ ਪੁਨ ਸੋਇ । ਪਟ ਮੰਜਰੀ ਬਖਾਨੀਏ ਏ ਖਟ ਪੰਚਮ ਤੀਯ। ਨਿਤ ਹੀ ਤਾਕੇ ਸੰਗ ਰਹਿ ਉਪਜਾਵਤ ਸੁਖ ਜੀਯ।

ਮੇਘ ਰਾਗਨੀ।

ਮਲਾਰੀ ਅਰ ਸੋਰਠੀ ਸਾਮੇਰੀ ਰਸ ਸਾਰ।
ਕੌਸਕ ਗੰਧਾਰੀ ਬਹੁਰ ਛਠਏ ਹਰਸਿੰਗਾਰ।

ਨਟ ਨਾਰਾਇਨ ਰਾਗਨੀ।

ਪ੍ਰਥਮੇ ਕਾਮੋਦਨ ਕਹੌ ਕਲਜਾਨੀ ਆਭੀਰ।
ਬਹੁਰ ਨਾਟਕੀ ਸਾਰਗੀਛਠਏ ਨਟਹੰਮੀਰ।

ਅੱਗੇ ਇਨਹਾਂ ਦੇ ਪੁਤ੍ਰਾਂ ਦਾ ਵੇਰਵਾ ਹੈ, ਉਪਰੰਤ ਨੂਹਾਂ ਦੇਨਾਮ ਲਿਖੇ ਹਨ।

ਹਨੁਮਤ ਮਤ ਅਨੁਸਾਰ ਰਾਗ ਮਾਲਾ:—

ਯਥਾ—ਭੈਰਵ ਕੌਸਕ ਅਰ ਹਿੰਡੋਲ। ਦੀਪਕ ਸਿਰੀ ਰਾਗ ਪੁਨ ਬੋਲ । ਮੇਘ ਰਾਗ ਪੁਨ ਛਟਓ ਮਾਨ। ਇਨੈ ਪੁਰਖਤੂੰਨਿਸਚੈ ਮਾਨ।

ਇਹ ਰਾਗ ਮਾਲਾ ਦਾਮੋਦਰ ਕ੍ਰਿਤ ਸੰਗੀਤ ਦਰਪਨ, ਰਾਗ ਦੀਪਕਾ ਸੰਗੀਤ ਬਿਨੋਦ, ਸੰਗੀਤ ਭੂਖਨ, ਬੁਧ ਪ੍ਰਕਾਸ਼ ਦਰਪਨ ਆਦਿਕ ਗ੍ਰੰਥਾਂ ਵਿਚ ਲਿਖੀ ਹੈ। ਪਰੰਤੂ ਸੁਧਸਾਰਸ੍ਵਤ ਨੇ ਏਹੋ ਛੀਏ ਰਾਗ ਲਿਖਕੇ ਸਤਵਾਂ ਬਸੰਤ ਰਾਗ ਲਿਖਿਆ ਹੈ ਅਤੇ ਇਨ੍ਹਾਂ ਦੀ ਉਤਪਤੀ ਸੱਤਾਂ ਸਮੁੰਦਰਾਂ ਤੋਂ ਲਿਖੀ ਹੈ, ਜੇਹਾ ਕੁ ਖਾਰੇ ਸਮੁੰਦਰ ਤੋਂ ਭੈਰਵ ਰਾਗ ਉਪਜਿਆ ਹੈ, ਜਲ ਦੇ ਸਮੁੰਦਰ ਤੋਂ ਮਾਲਕੌਂਸ, ਦੁੱਧ ਦੇ ਤੋਂ ਹਿੰਡੋਲ, ਘ੍ਰਿਤ ਦੇ ਤੋਂ ਦੀਪਕ,ਖੰਡ ਦੇ ਤੋਂ ਸ੍ਰੀ ਰਾਗ, ਸ੍ਵਾਦੀਕ ਤੋਂ ਮੇਘ, ਦਹੀਂ ਦੇ ਤੋਂ ਬਸੰਤ, ਹੋਰ ਪੰਜਪੰਜ ਇਸਤ੍ਰੀਆਂ ਅੱਠ ਅੱਠ ਪੁਤ੍ਰ ਤੇ ਨੌਹਾਂ ਦੀ ਗਿਣਤੀ ਹੈ, ਨਾਮ ਹੋਰ ਹੋਰ ਵੀ ਹਨ।

ਕਈ ਮਹਾਂ ਪੁਰਖ ਸੰਕਾ ਕਰਦੇ ਹਨ ਕਿ ਸ਼੍ਰੀ ਗੁ_ ਗ੍ਰੰਥ ਸਾਹਿਬ ਜੀ ਵਿੱਚ ਕੇਵਲ ੩੧ ਰਾਗ ਲਿਖੇਹਨ, ਜਿਨ੍ਹਾਂ ਵਿੱਚ ਬਾਣੀ ਹੈ ਅਤੇ ਰਾਗ ਮਾਲਾ ਵਿੱਚ ਵੇਰਵਾ ੮੪ ਰਾਗਾਂ ਦਾ ਹੈ, ਇਹ ਕੀ ਕਾਰਣ ਹੈ ?

ਉਤ੍ਰ—ਇਨ੍ਹਾਂ ੩੧ ਰਾਗਾਂ ਦਾ ਗਯਾਨ ਬਿਨਾਂ ਚੁਰਾਸੀਆਂ ਦੇ ਵੇਰਵੇ ਸਮਝੇ ਤੋਂ ਹੋ ਨਹੀਂ ਸਕਦਾ, ਏਸੇ ਲਈ ਚੁਰਾਸੀ ਦਾ ਵੇਰਵਾ ਆਵਸ਼ਯਕ ਹੋਇਆ, ਜੇਹਾ ਕੁ ਮਾਲ-ਕੌਸ ਰਾਗ ਗੁਰੂ ਗ੍ਰੰਥ ਜੀ ਵਿਚ ਨਹੀਂ ਲਿਖਯਾ, ਪਰੰਤੂ ਮਾਰੂ ਲਿਖਯਾ ਹੈ। ਬਿਨਾਂ ਰਾਗਮਾਲਾ ਦੇ ਕੀਕਰ ਜਾਣਿਆਂ ਜਾਵੇਗਾ ਕਿ ਇਹ ਮਾਰੂ ਮਾਲਕੌਸ ਦਾ ਪੁੱਤ੍ਰ ਹੈ ਅਤੇ ਧਨਾਸਰੀ ਇਸੇ ਦੀ ਇਸਤ੍ਰੀ ਹੈ ।

ਇਕੁਰ ਹੀ ਕੋਈ ਕਹਿ ਦਿੰਦੇ ਹਨ ਕਿ ਰਾਗਮਾਲਾ ਵਿੱਚ ਤਾਂ "ਪ੍ਰਥਮ ਰਾਗ ਭੈਰਉ ਵੈ ਕਰਹੀ" ਪਰੰਤੂ ਅਰੰਭ ਵਿਚ ਸ੍ਰੀ ਰਾਗ ਹੈ ਅਤੇ ਵਾਰ ਵਿੱਚਿ ਲਿਖਿਆ ਹੈ "ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ" ਇਹ ਵਿਰੋਧਾ ਭਾਸ ਕਿਉਂ ਹੈ ?

ਉਤ੍ਰ—ਇਹੋ ਗਲ ਰਾਗ ਮਾਲਾ ਦੱਸਦੀ ਹੈ ਹਨੁਮੰਤ ਮਤ ਵਿਚ ਭੈਰਉ ਹੀ ਪਹਿਲਾ ਰਾਗ ਮੰਨਿਆਂ ਹੈ। ਪਰੰਤੂ ਪਾਸਟਿਕ ਮਤ ਵਿੱਚ ਪਹਿਲੇ ਸ੍ਰੀ ਰਾਗ ਦੀ ਉਤਪਤੀ ਲਿਖੀ ਹੈ*, ਇਸ ਲਈ ਸ੍ਰੀ ਰਾਗ ਹੀ ਆਦਿ ਵਿਚ

*ਜੈਸਾ ਕਿ ਪਿਛੇ ਪੰਨਾ੩੫੯ਦੇ ਨੋਟ ਵਿਚ ਦਸ ਆਏ ਹਾਂ, ਇਸ ਕਿਸਮ ਦੇ ਖਿਆਲ ਹੀ ਡਾਕਟਰ ਸਾਹਿਬ ਜੀ ਨੂੰ ਵਿਸ਼ੇਸ ਖੋਜ ਵਿਚ ਲੈ ਗਏ ਜਿਸਤੋਂ ਉਨ੍ਹਾਂ ਨੇ ਕਈ ਬਰਸਾਂ ਦੀ ਖੋਜ ਬਾਦ ਗੁਰਮਤ ਸੰਗੀਤ ਨੂੰ ਵੱਖਰਾ ਪਾਇਆ। [ਸੰਪਾਦਿਕ

Digitized by Panjab Digital Library | www.panjabdigilib.org

ਰਖਿਆ ਹੈ।ਇਸ ਤੋਂ ਸੂਚਨਾ ਹੈ ਕਿ ਪਾਸਟਿਕ ਅਤੇ ਹਨੁਮੰਤ ਦੋਹਾਂ ਮਤਾਂ ਅਨੁਸਾਰ ਇਨ੍ਹਾਂ ਰਾਗਾਂ ਨੂੰ ਗਾਓ। ਜੇਕਰ ਕਿਸੇ ਸੱਜਣ ਨੂੰ ਇਸ ਉਲੇਖ ਉਤੇ ਸੰਸਾ ਹੋਵੇ ਤਾਂ ਸੰਗੀਤ ਸ਼ਾਸਤ੍ਰ ਦੇ ਗ੍ਰੰਥਾਂ ਨੂੰ ਦੇਖੇ, ਜਿਹਾ ਕੁ ਬੁਧ ਪ੍ਰਕਾਸ਼ ਦਰਪਨ, ਸਿਧ ਸਾਰਸ੍ਵਤ; ਰਾਧਾ ਗੋਬਿੰਦ ਸੰਗੀਤ ਸਾਰ, ਸੰਗੀਤ ਬਿਨੋਦ, ਸੰਗੀਤ ਭੂਖਨ ਆਦਿਕ ਗ੍ਰੰਥਾਂ ਵਿੱਚ ਵਿਸਤਾਰ ਨਾਲ ਇਹ ਪ੍ਰਕਰਣ ਲਿਖੇ ਪਏ ਹਨ, ਓਥੋਂ ਆਪਣਾ ਸੰਸਾ ਨਵਿਰਤ ਕਰ ਲਵੇ।

ਜੋ ਪੁਰਖ ਕਹਿੰਦਾ ਹੈ ਕਿ ਮਾਧਵਾਨਲ ਵਿਚੋਂ ਰਾਗ ਮਾਲਾ ਕਿਸੇ ਨੇ ਲਿਖੀ ਹੈ, ਉਹ ਧੋਖਾ ਖਾਂਦਾਹੈ,ਕਿਉਂਕਿਸ੍ਰੀਗੁਰੂਜੀਰਾਗਵਿਦਜਾ ਦੇ ਨਿਧੀ ਸੇ ਤੇ ਉਨ੍ਹਾਂ ਗੁਰਮਤ ਦਾ ਸੰਗੀਤਰੂਪ ਸ੍ਰੀ ਗੁਰੂ ਗ੍ਰੰਥਸਾਹਿਬਰਚਿਆਜਿਸਦੀਬਦੌਲਤ ਪੰਥ ਵਿਚ ਅਜੇ ਤੱਕ ਵੀ ਇਸ ਵਿਦਜਾ ਅਤੇ ਵਿਦਜਾਵਾਨਾਂ ਰਾਗੀਆਂ ਦੀ ਵਡਿਆਈ ਚਲੀ ਆਉਂਦੀ ਹੈ। ਤਿਸ ਪਰ ਸਤਿਗੁਰੂ ਸਰਬੱਗ ਸੇ, ਸਾਡੀ ਤਰ੍ਹਾਂ ਅਲਪੱਗ ਜੀਵ ਬੁੱਧੀ ਵਾਲੇ ਨਹੀਂ ਸੇ, ਜੋ ਮਾਧਵਾਨਲ ਕਿ ਇਕ ਕਹਾਣੀ ਦਾ ਗ੍ਰੰਥ ਹੈ ਤੇ ਸੰਗੀਤ ਸ਼ਾਸਤ੍ਰ ਨਹੀਂ ਹੈ, ਉਸ ਵਿਚੋਂ ਰਾਗਮਾਲਾ ਲੈ ਲੈਂਦੇ। ਫਿਰ ਉਸ ਵਿਚ ਰਾਗ ਮਾਲਾ ਨਾਲ ਰਾਗਾਂ ਦੀਆਂ ਨੂੰਹਾਂ ਵੀ ਲਿਖੀਆਂ ਹਨ ਅਤੇ ਦੋਹੇ ਚੌਪਈ ਦੀ ਬੰਦਸ਼ ਬੀ ਹੋਰ ਹੈ ਪਰ ਇਸ ਰਾਗ ਮਾਲਾ ਵਿਚ ਗੁਰੂ ਸਾਹਿਬਾਂ ਨੇ ਨੂਹਾਂ ਨਹੀਂ ਲਿਖੀਆਂ,ਛੰਦਾਂ ਦੀ ਵੰਦਸ਼ ਬੀ ਆਪਣੀ ਹੈ, ਫਿਰ ਗੁਰੂ ਕੇ ਪਿਆਰੇ ਕਿਉਂ ਧੋਖਾ ਖਾਣ ਜੋ ਕਿ ਇਹ ਰਾਗ ਮਾਲਾ ਮਾਧਵਾਨਲ ਦੀ ਰਾਗ ਮਾਲਾ ਹੈ। ਜੇ ਕਦੀ ਕੋਈ ਸੰਗੀਤ ਵੇਤਾ ਕਿਸੇ ਸੰਗੀਤ ਦੇ ਗ੍ਰੰਥ ਵਿਚੋਂ ਜਾਂ ਛਲਾਣੇ ਮਤ ਵਿਚੋਂ ਇਹ ਰਾਗਮਾਲਾ ਗੁਰੂ ਜੀ ਨੇ ਲਿਖੀ ਹੈ, ਸਾਬਤ ਕਰ ਦਿੰਦਾ ਤਾਂ ਬੇਸ਼ਕ ਕਹਿਣ ਵਾਲੇ ਦੀ ਵਡਿਆਈ ਹੁੰਦੀ,ਹੁਣ ਝੂਠ ਅਪ੍ਰਾਧ

---

*ਇਹ ਪੁਸਤਕ ਪਹਿਲੀ ਵੇਰ ੧੯੦੨ ਵਿਚ ਛਪੀ ਸੀ, ੧੯੦੫ ਵਿਚ ਡਾਕਟਰ ਸਾਹਿਬ ਜੀ ਨੇ ਇਸ ਦੀ ਮੁੜ ਸੁਧਾਈ ਕੀਤੀ, ਪਰ ਉਹ ਸੋਧਿਆ ਖਰੜਾ ਪੁਸਤਕਾਂ ਵਿੱਚ ਹੀ ਅੱਪੜ ਹਾਲਤਵਿਚ ਹੀ ਪਿਆ ਰਿਹਾ ਤੇ ਸੁਸੈਟੀ ਵਲੋਂ ਪਹਿਲੀ ਦੀ ਹੂ ਬਹੂ ਨਕਲ ਹੀ ਛਪਦੀ ਰਹੀ। ਹੁਣ ਉਸ ਖਰੜੇ ਦੇ ਮਿਲਣ ਤੇ ਉਸ ਅਨੁਸਾਰ ਸੁਧਾਈ ਕੀਤੀ ਗਈ। ਇਹ ਅਗਲਾ ਮੈਟਰ ਬੀ ਜੋ ਉਨ੍ਹਾਂ ਦੀ ਕਲਮ ਦਾ ਲਿਖਜਾ ਹੋਜਾ ਹੈ ਇਥੇ ਵਧਾ ਦਿੱਤਾ ਗਿਆ ਹੈ।ਰਾਗ ਮਾਲਾ ਸਬੰਧੀ ਆਪਦੀ ਖੋਜ ਜਾਰੀ ਰਹੀ ਤੇ ਆਪ ਨੇ ਬੜਾਕੁਝ ਸੰਗ੍ਰਹ ਕਰ ਲਿਆਸੀ,ਤੇ ਹੋਰ ਕਰ ਰਹੇ ਸਨ ਕਿ ਸੱਚੇ ਸੱਦੇ ਆ ਗਏ ਉਹ ਨੋਟ ਆਪ ਦੇ ਗੁਰਪੁਰੀ ਪਿਆਨੇ ਤੋਂ ਬਾਦ ਖਾ:ਟ੍ਰੈ: ਸੁਸੈਟੀ ਦੇ ਸ੍ਰੀ ਗੁਰੂਗ੍ਰੰਥ ਕੋਸ਼ ਦੇ ਅੰਤ ਪਰ ਛਪਿਆ, ਜੋ ਇਸ ਗ੍ਰੰਥ ਵਿਚ ਵੀ ਅੱਗੇ ਚੱਲਕੇ ਦਿਆਂਗੇ ਤੇ ਨਾਮ ਹੋਵੇਗਾ "ਗੁਰਮਤ ਸੰਗੀਤ ਨਿਰਣਯ"। [ਸੰਪਾਦਿਕ

---

*ਹੁਣ ਸਾਬਤ ਹੋ ਚੁਕਾ ਹੈ ਕਿ ਮਾਧਵਾਨਲ ਦਾ ਕਿੱਸਾ ਅਕਬਰ ਦੇ ਸਮੇਂ ਜੋਧ ਕਵੀ ਨੇ ਸੰਸਕ੍ਰਿਤ ਵਿਚ ਸੰਨ ੧੯੭੧ਹਿਜਰੀ ਵਿਚ ਲਿਖਿਆਸੀ।ਇਹ ਵੀ ਸਾਬਤ ਹੋ ਗਿਆ ਹੈ ਕਿ ਆਲਮ ਕਵੀ ਦਸਮੇਂ ਪਾਤਸ਼ਾਹ ਦੇ ਵੇਲੇ ਹੋਇਆ ਜਿਸ ਨੇ ਜੋਧ ਕਵੀ ਦੇ ਸੰਸਕ੍ਰਿਤ ਕਿੱਸੇ ਦਾ ਹਿੰਦੀ ਅਨੁਵਾਦ ਕੀਤਾ, ਉਸ ਦੇ ਅਨੁਵਾਦ ਦਾ ਸੰਮਤ ੧੭੭੪ ਬਿ: ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ੧੭੬੭ਬਿ: ਵਿਚ੧੧ ਸਾਲ ਪਹਿਲੇ ਬਣ ਤੇ ਬੱਝ ਚੁਕੀ ਸੀ। ਸੋ ਜੇ ਲਈ ਤਾਂ ਆਲਮ ਨੇ ਗੁਰੂ ਘਰਵਿਚੋਂ ਰਾਗ ਮਾਲਾ ਲਈ ਜੋ ਆਪ ਦਸਮੇਸ਼ ਜੀ ਦੇ ਪਰ ਕਵੀਆਂ ਵਿਚ ਬੀ ਸੀ। ਜੋਧ ਕਵੀ ਨੇ ਰਾਗ ਮਾਲਾ ਕੋਈ ਨਹੀਂ ਦਿੱਤੀ, ਆਲਮ ਨੇ ਗੁਰੂ ਘਰ ਦੀ ਸੁਣੀ ਸੁਣਾਈ ਵਿਚ ਪਾ ਦਿੱਤੀ ਤੇ ਉਸਨੇ ਆਪ ਮੰਨਿਆਂ ਹੈ ਕਿ ਮੈਂ"ਕਿਛ ਆਪਨ ਕੁਛ ਪਰਕ੍ਰਿਤ ਜੋਰੇ'ਪਦ ਪਦਾਰਥ ਪੋਥੀ ਵਿਚ ਪਾਏ ਹਨ। [ਸੰਪਾਦਿਕ।

Digitized by Panjab Digital Library | www.panjabdigilib.org

ਦੇ ਧੋਖੇ ਵਿਚ ਬੁਧਿਮਾਨ ਕਦੀ ਨਹੀਂ ਫਸ ਸਕਦੇ। ਦੂਸਰੇ ਕਰਤਾਰ ਪੁਰ ਵਾਲੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਰਾਗ ਮਾਲਾ ਭਾਈ ਗੁਰਦਾਸ ਜੀ ਦੀ ਕਲਮ ਨਾਲ ਲਿਖੀ ਹੋਈ ਵਿਦਮਾਨ ਹੈ, ਇਕੁਰ ਹੀ ਭਾਈ ਬੰਨੋ ਜੀ ਨੇ ਪਹਿਲੀ ਬੀੜ ਵਿਚ ਉਤਾਰਾ ਕੀਤਾ, ਜੋ ਮਾਂਗਟਾਂ ਵਿਚ ਵਿਦਮਾਨ ਹੈ। ਸਭ ਤੋਂ ਵਧ ਕੇ ਸ੍ਰੀਗੁਰੂ ਗੋਬਿੰਦ ਸਿੰਘ ਜੀ ਨੇ ਜਦ ਸ੍ਰੀ ਮੁਖ ਵਾਕ ਤੋਂ ਦਮਦਮੇ ਵਾਲੀ ਬੀੜ ਦਾ ਉਚਾਰਨ ਕੀਤਾ, ਉਸ ਵੇਲੇ ਰਾਗ ਮਾਲਾ ਵੀ ਨਾਲ ਹੀ ਉਚਾਰੀ ਜੋ ਅੱਜ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ। ਇਨ੍ਹਾਂ ਪ੍ਰਮਨ ਸਬੂਤਾਂ ਦੇ ਹੁੰਦਿਆਂ ਜੇ ਕੋਈ ਕਹੇ ਕਿ ਰਾਗ ਮਾਲਾ ਗੁਰੂ ਸਾਹਿਬਾਂ ਵਲੋਂ ਨਹੀਂ ਉਹ ਪੁਰਖਗੁਰਘਰ ਦੇਇਤਿਹਾਸ ਤੇ ਰਹੁਰੀਤਤੋਂ ਵਾਕਫਨਹੀਂ*ਹੈ।

ਇਕ ਬੰਧਨ ਗੁਰ ਸਿਖਾਂ ਵਿਚ ਅਜੇ ਤਕ ਬਹੁਤ ਪੱਕਾ ਚਲਿਆ ਆਉਂਦਾ ਹੈ ਕਿ ਕੋਈ ਆਪਣੀ ਮਨਮਤ ਕਰਕੇ ਸ੍ਰੀਗੁਰੂ ਗ੍ਰੰਥਸਾਹਿਬ ਜੀ ਵਿਚ ਇਕ ਅੱਖਰ ਵੀ ਵੱਧ ਘੱਟ ਨਹੀਂ ਕਰ ਸਕਦਾ। ਭਾਈ ਮਨੀ ਸਿੰਘ ਜੀ ਵਾਲੀ ਸਾਖੀ ਸਾਰੇ ਪੰਥ ਵਿਚ ਪ੍ਰਗਟ ਹੈ ਇਸ ਲਈ ਰਾਗ ਮਾਲਾ ਪਾਉਣ ਅਥਵਾ ਰਾਗਮਾਲਾ ਨੂੰ ਕੱਢਣ ਦਾ ਹੌਂਸਲਾ ਪੰਥ ਵਿਚੋਂ ਕੋਈ ਸਿਖ ਨਾ ਕਰ ਸਕਦਾ ਹੈ ਨਾਕਰੇਗਾ ਅਤੇ ਨਾ ਅੱਜ ਤਾਈਂ ਕਿਸ ਨੇ ਕਾਮਯਾਬੀ ਨਾਲ ਕੀਤਾ ਹੈ। ਸੰਗੀਤ ਵਿਦਯਾ ਤੋਂ ਬੇਖਬਰੇ ਲੋਕ ਇਜੇਹੀਆਂ ਤਰਕਾਂ ਕਰਕੇ ਪਾਪੋਂਭਾਰੇਹੁੰਦੇ ਹਨ।

[੨੦] ਰਹੋਏ ਕੈ ਛੰਤਾ ਕੇ ਘਰ।

ਇਹ ਭੀ ਇਕ ਵੈਸੀ ਹੀ ਸੂਚਨਾ ਹੈ ਜੇਹਾਕੁ ਲਿਖਿਆ ਹੈ'ਏਕੁ ਸੁਆਨੁ ਕੇ ਘਰਿ ਗਾਵਣਾ' ਅਥਵਾ 'ਪਹਿਰਿਆ ਕੈ ਘਰਿ ਗਾਵਣਾ'। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਰਹੋਏ ਕੈ ਛੰਤ' ਕਿਤੇ ਨਹੀਂ ਲਿਖੇ,ਇਸਲਈ ਲਾਂਭੇ ਭਾਲ ਕਰਨੀ ਪਈ ਕਿ ਰਹੋਏ ਕੀ ਹਨ?

ਸੰਗੀਤ ਸ਼ਾਸਤ੍ਰ ਵਿੱਚੋਂ ਸਫ਼ੁਟ ਰਹੋਏ ਪਦ ਦਾ ਕੋਈ ਪਦਾਰਥ ਨਹੀਂ ਮਿਲਿਆ, ਪਰੰਤੂ ਪ੍ਰਕੀਰਣ ਅਧਯਾਇ ਵਿੱਚ ਜਿੱਥੇ ਸਥਾਈ ਦੇ ੯੬ ਭੇਦ ਲਿਖੇ ਹਨ ਓਥੇ ਇਕ ਸਥਾਈਨਾ ਸਥਾਈ ਦਾ ਭੇਦ ਲਿਖਿਆ ਹੈ,ਜਿਸਦਾ ਸਰੂਪ ਇਉਂ ਹੈ-ਜਿੱਥੇ ਸਬਦ ਦੀਆਂ ਸਾਰੀਆਂ ਤੁਕਾਂ ਦੇ ਅੰਤ ਦਾ ਠਹਿਰਾਇ ਠਹਿਰਾਇ ਕੇ ਕਰਤਬ ਨਾਲ ਉਚਾਰ ਕਰੀਏ ਉਸ ਨੂੰ ਸਥਾਈਨਾ ਕਹਿੰਦੇ ਹਨ, ਜਦ ਇਸ ਸਥਾਈਨਾ ਦੇ ਨਾਲ ਰਾਗਖੰਡ ਵਰਤੈ ਤਦ 'ਸਥਾਈਨਾ ਸਥਾਈ' ਕਹਿੰਦੇ ਹਨ। ਇਹ ਰਾਗੀਆਂ ਕੋਲੋਂ ਪੁੱਛਿਆ, ਕਿਸੇ ਨੇ ਪਤਾ ਨਾ ਦਿੱਤਾ, ਪਰੰਤੂ ਸਥਾਈ ਰਹਾਉ ਦਾ ਨਾਉਂ ਹੋਣੇ ਤੇ ਖੋਜ ਲਗੀ ਰਹੀ।

ਜਦ ਪੰਜਾਬੀ ਗੀਤਾਂ ਦੀ ਭਾਲ ਕੀਤੀ ਤਾਂ ਬਹੁਤ ਢੂੰਡ ਕਰਨੇ ਤੇ ਪੁਰਾਣੇ ਸਮੇਂ ਦੀਆਂ ਬ੍ਰਿਧ ਇਸਤ੍ਰੀਆਂ ਪਾਸੋਂ ਇੰਨੀਕੁ ਪ੍ਰਾਪਤੀਹੋਈ।

ਪੰਜਾਬੀ ਇਸਤ੍ਰੀਆਂ ਪ੍ਰਾਚੀਨ ਸਮਿਆਂ ਵਿਚ ਸੰਗੀਤ ਵਿਦਯਾ ਵਿੱਚ ਪ੍ਰਬੀਨ ਹੁੰਦੀਆਂ ਸਨ, ਜਿਨ੍ਹਾਂ ਦੇ ਬਣਾਏ ਹੋਏ ਘੋੜੀਆਂ ਸੁਹਾਗ ਆਦਿਕ ਗੀਤ ਅਜੇ ਤਕ ਭੀ ਓਹਨਾਂ ਹੀ ਤਾਰਾਂ ਵਿੱਚ ਗਾਂਵੇ ਜਾਂਦੇ ਹਨ ਜਿਨ੍ਹਾਂ ਵਿਚ ਰਚੇ ਗਏ ਸਨ, ਕਿਸੇ ਹੀ ਤਰ੍ਹਾਂ ਤਾਲ ਬਦਲੇ ਨਹੀਂ ਗਏ।ਸਮੇਂ ਦੀ ਹੇਰਾ ਫੇਰੀ ਨੇ ਸੰਗੀਤ ਵਿਦਯਾ ਤਾਂ ਇਸ ਦੇਸ਼ ਤੋਂ ਦੁਰਾਡੀ ਕਰ ਦਿਤੀ, ਪਰੰਤੂ ਗੀਤ ਅਜੇ ਤਕ ਗੱਡੀ ਦੀਲੀਕੇ ਪਏਜਾਂਦੇ ਹਨ।

ਉਨ੍ਹਾਂ ਅਨੇਕ ਗੀਤਾਂ ਵਿਚੋਂ ਇਕ ਛੰਦ ਨਾਮੀ ਗੀਤ ਪ੍ਰਸਿੱਧ ਹਨ ਜਿਨ੍ਹਾਂ ਦੀਆਂਧਾਰਨਾਂ

*ਰਾਗ ਮਾਲਾ ਪਰ ਅਸ਼ੰਕਾਂ ਬਾਬਤ ਡਾਕਟਰ ਸਾਹਿਬ ਦੀ ਖੋਜ "ਗੁਰਮਤ ਸੰਗੀਤ ਨਿਰਣਯ" ਵਿਚ ਦੇਖੋ ਜੋ ਅਗੇ ਇਸੇ ਗ੍ਰੰਥ ਵਿਚ ਆਵੇਗੀ।

Digitized by Panjab Digital Library | www.panjabdigilib.org

ਤਾਂ ਬਹੁਤ ਭਾਤਾਂ ਦੀਆਂ ਹਨ, ਪਰ ਬਹੁਤਾ ਏਹ ਛੰਦ ਬਾਲਾਂ ਨੂੰ ਸੁਬਜ਼ਾ ਸੀਤਲਾ ਨਿਕਲੀ ਤੇ ਬਾਲਕਾਂ ਦੇ ਪਾਸ ਗਾਉਂਦੀਆਂ ਹਨ। ਕਿਸੇ ਛੰਦ ਦਾ ਤੁਕਾਂਤ ਰਹਾਉ ਵਾਕਰ ਬਾਰੰਬਾਰ ਠਹਰਾਇਕੇ ਬੜੀ ਮਿੱਠੀ ਸੁਰਪੁਰ ਗਾਉਂਦੀਆਂ ਹਨ ਜਿਸਦੇ ਸੁਣਨ ਦੀਤਾਸੀਰਨਾਲਬੱਚੇਭਾਰੀ ਤਕਲੀਫ ਵਿਚ ਵੀ ਸੌਂ ਜਾਇਆ ਕਰਦੇ ਹਨ।

ਭਾਵੇਂ ਓਹ ਛੰਦ ਯਥਾਵਤ ਨਹੀਂ ਰਹੇ, ਹੋਰ ਹੋਰ ਨਵੀਂ ਕਲਪਨਾ ਦੇ ਬਹੁਤੇਰੇ ਬਣ ਗਏ ਹਨ, ਪਰੰਤੂ ਅਜੇ ਵੀ ਤਿੰਨ ਤਾਰ ਵਾਲੇ ਛੰਦ ਆਪਣੀ ਖੂਬੀ ਆਪਣੇ ਨਾਲ ਰੱਖਦੇ ਹਨ, ਨਮੂਨੇ ਲਈ ਤਿੰਨ ਚਾਰ ਤੁਕਾਂ ਹਾਜ਼ਰ ਹਨ:—

ਛੰਦ—ਤੇਰੇ ਧਰਮ ਦੁਆਰੇ ਜਾਈਏ।ਜਿਥੋਂ ਮੂੰਹੋਂ ਮੰਗਿਆ ਪਾਈਏ। ਨੀ ਮਈਆ ਬਲਿ ਬਲਿ ਜਾਈਏ । ਤੈਥੋਂ ਸਦ ਬਲਿਹਾਰੇ ਜਾਈਏ ॥ ੧ ॥ ਨੀ ਮਈਆ ਤੇਰੇ ਆਵਾਂ ਜਾਵਾਂ । ਨਾਮ ਜਪਾਂ ਤੇਰਾ ਹਰਿ ਗੁਣ ਗਾਵਾਂ । ਤੁਸੀਂ ਜੁਮਲਾ ਦੀ ਆਸ ਪੁਰਾਈਏ।ਤੈਥੋਂ ਸਦਬਲਿਹਾਰੇਜਾਈਏ।੨।

ਇਸ ਧਾਰਨਾਂ ਪਰ ਬਹੁਤ ਲੰਮੇਰਾ ਛੰਦ ਹੈ। ਇਸਦੇ 'ਜਾਈਏ' ਤੁਕਾਂਤ ਨੂੰ ਬਹੁਤ ਵੇਹ ਰਹਿ ਰਹਿਕੇ ਗਾਉਂਦੀਆਂ ਹਨ, ਪਰ 'ਰਹੋਏ' ਪਦ ਨੂੰ ਨਹੀਂ ਜਾਣਦੀਆਂ, ਤਾਰ ਵੀ ਠੀਕ ਤਿੰਨ ਵਿਚ ਹੀ ਗਾਉਂਦੀਆਂ ਹਨ।

ਤਿਵੇਂ ਹੀ ਤਿੰਨ ਤਾਰ ਇਹ ਗਉੜੀ ਦਾ ਸ਼ਬਦ "ਹੈ ਕੋਈ ਰਾਮ ਪਿਆਰੇ ਗਾਵੈ" ਗਾਂਵਿਆਂ ਜਾਂਦਾ ਹੈ।ਰਹੋਏ ਪਦ ਦਾ ਅਰਥ—ਜੋ ਰਹਿ ਰਹਿ ਕੇ ਅਰਥਾਤ ਰਹਾਉ ਵਾਕਰ ਫੇਰ ਫੇਰ ਗਾਂਵਿਆਂ ਜਾਵੇ ਸੋ ਰਹੋਏ ਕਹੀਦੇ ਹਨ।

ਜੇ ਮਹਾਂ ਪੁਰਖ ਇਸ ਢੂੰਡ ਭਾਲ ਤੇ ਵੀ ਤਸੱਲੀ ਨਾਂ ਕਰੇ ਸੋ ਖੋਜਨਾ ਕਰ ਲਵੇ "ਜੋ ਖੋਜੈ ਸੋ ਪਾਵੈ"।

ਗੁਰੂ ਸਾਹਿਬ ਜੀ ਦੇ ਸਮੇਂ ਇਹਨਾਂ ਛੰਦਾਂ ਦਾ ਬਹੁਤ ਰਿਵਾਜ ਸਾ, ਲੋਕੀਂ ਗਾਂਵਿਆਂ ਕਰਦੇ ਸੇ, ਇਸ ਲਈ ਗੁਰੂ ਜੀ ਨੇ ਰਹੋਏ ਕੇ ਛੰਤਾਂ ਕੈ ਘਰਿ ਗਾਉਣ ਦੀ ਸੂਚਨਾ ਲਿਖੀ ਹੈ।

[੭੧] ੧ ਰਹਾਉ ॥

ਇਹ ਸਿਰਲੇਖ ਬਹੁਤਾ* ਸ਼ਬਦਾਂ ਵਿਚ ਲਿਖਿਆ ਹੈ ਅਤੇ ਰਹਾਉ ਦੇ ਪਹਿਲੇ ੧ ਵੀ ਲਿਖਿਆ ਹੈ।ਭਾਵ—ਇਕ ਰਹਾਉ ਜਾਂ ਰਹਾਉ ਪਹਿਲਾ ਹੈ। ਕਿਤੇ ਕਿਤੇ ਇਕੋ ਸਬਦ ਵਿਚ ਰਹਾਉ ਦੂਜਾ ਰਹਾਉ ਤੀਜਾ ਚੌਥਾ ਕਰ ਕੇ ਵੀ ਲਿਖਿਆ ਹੈ, ਇਕੁਰ ਕਿਸੇ ਸਬਦ ਦੇ ਅੰਤ ਵਿਚ ਰਹਾਉ ਦੂਜਾ ਵੀ ਲਿਖਿਆ ਹੈ। ਇਕ ਦੀ ਸੂਚਨਾ ਦੂਜੇ ਤੀਜੇ ਤੋਂ ਅੱਡਹੀ ਕਰਨ ਲਈ ਹੈ। ਜੇ ਅਗੇ ਦੂਜੇ ਤੀਜੇ ਦੀ ਸੰਖਜਾ ਹੈ ਤਾਂ ਓਹਾਤੁਕ ਰਹਾਉ ਦੀ ਹੈ ਜਿਸਜਿਸਅਗੇਰਹਾਉ ਹੈ; ਚਾਹੇ ਜਿਸ ਨੂੰ ਟੇਕ ਬਣਾ ਕੇ ਗਾ ਲਵੋ†।

---

*ਰਾਮਕਲੀ ਦੀ ਵਾਰ ਪਾਤਸ਼ਾਹੀ ੩ ਦੀ ਪਹਿਲੀ ਪਉੜੀ ਦੇ ਮਗਰ ੧ ਰਹਾਉ ਲਿਖਿਆ ਹੈ। ਫੇਰ ਹਰ ਪਉੜੀ ਦੀ ਅੰਤਲੀ ਤੁਕ ਦਾ ਕਾਫੀਆ (ਤੁਕਾਂਤ) ਇਸ ਰਹਾਉ ਵਾਲੀ ਤੁਕ ਨਾਲ ਮੇਲਿਆ ਹੈ। ਜਿਸਤੋਂ ਸਹੀ ਹੁੰਦਾ ਹੈ ਕਿ ਪਹਿਲੀ ਪਉੜੀ ਦੀ ਅੰਤਲੀ ਤੁਕ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ" ਰਹਾਉ ਹੈ ਤੇ ਵਾਰ ਦੀਆਂ ਸਾਰੀਆਂ ਪਉੜੀਆਂ ਦੇ ਗਾਇਨ ਵਿਚ ਹਰ ਪਉੜੀ ਦੀ ਅੰਤਲੀ ਤੁਕ ਇਸਦੇ ਨਾਲ ਮੇਲਣੀ ਹੈ। [ਸੰਪਾਦਿਕ

†ਭਾਵ ਇਹ ਹੈ ਕਿ ਸੰਗੀਤ ਵਿਚ ਰਹਾਉ ਦਾ ਅਰਥ ਹੈ ਸਥਾਈ ਯਾ ਟੇਕ—ਉਹ ਤੁਕ ਜੋ ਅੰਤਰੇ ਦੀ ਹਰ ਤੁਕ ਦੇ ਬਾਦ ਵਾਰ ਵਾਰ ਗਾਵੀਂ ਜਾਵੇ—ਪਰ ਸ਼ਬਦ ਦੇ ਅਰਥ ਕ੍ਰਮ ਵਿਚ ਰਹਾਉ ਦੀ ਤੁਕ ਵਿਚ ਸਾਰੇ ਸ਼ਬਦ ਦਾ ਮੁੱਖ ਭਾਵ ਤੇ ਕਈ ਵੇਰ ਕੁੰਜੀ ਦੀ ਤਰ੍ਹਾਂ ਸਾਰੇ ਦੇ ਭਾਵ ਖੁਹਲਣ ਲਈ ਰਾਹ ਮਿਲ ਜਾਂਦਾ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਅਰਥ–ਸਥਾਈ, ਟੇਕ, ਉਦਗ੍ਰਾਹ, ਅਸਥਾਈ ਆਦਿਕ ਹਨ।

ਰਹਾਉ ਦਾ ਭਾਵ ਇਹ ਭੀ ਦੱਸੀਦਾ ਹੈ ਕਿ ਸ਼ਬਦ ਦੇ ਅਰਥ ਦਾ ਕ੍ਰਮ ਰਹਾਉ ਦੀ ਤੁਕ ਤੋਂ ਚੁਕਿਆਂ ਬਿਵਸਥਾ ਠੀਕ ਲਗਦੀ ਜਾਂਦੀ ਹੈ।

ਸੰਗੀਤ ਸ਼ਾਸਤ੍ਰ ਵਿਚ ਪ੍ਰਬੰਧ (ਛੰਦ)* ਦੇ ਚਾਰ ਖੰਡ ਕਰਕੇ ਲਿਖੇ ਹਨ,ਇਨ੍ਹਾਂਖੰਡਾਂ ਨੂੰ ਧਾਤੁਸੰਗਜਾਕਰਕੇਭੀਕਹਿੰਦੇਹਨ। ਜੋਐਉਂਹੈ:–

ਅਸਥਾਈ ੧ ਸੰਚਾਰੀ ੨ ਅੰਤਰਾੜ ਭੋਗ ੪ ਇਹ ਰਾਗੀਆਂ ਵਿਚ ਪ੍ਰਸਿੱਧ ਨਾਉਂ ਹਨ†।

ਅਸਥਾਈ ਦਾ ਸਰੂਪ ਇਹ ਹੈ:–

ਅਸਥਾਈ ਤੋਂ ਹਰ ਇਕ ਚੀਜ਼ ਅਰੰਭ ਹੁੰਦੀ ਹੈ, ਭਾਵੇਂ ਖਿਆਲ ਹੋਵੇ, ਭਾਵੇਂ ਠੁਮਰੀ, ਭਾਵੇਂ ਸ਼ਬਦ ਹੋਵੇ।ਇਸਦਾ ਉਠਾਉ ਨੀਚੇ ਤੋਂ ਹੁੰਦਾ ਹੈ।ਇਸਨੂੰ ਪਹਿਲਾ ਪਦ ਵੀ ਕਹਿੰਦੇਹਨ। ਇਹ ਪਦ ਇਕ ਅਵਰਦ ਯਾ ਦੋ ਤਿੰਨ ਅਵਰਦ ਦਾ ਵੀ ਹੁੰਦਾ ਹੈ। ਤਿਵੇਂ ਹੀ ਅਗਲੇ ਤਿੰਨਾਂ ਦੇ ਵੀ ਰੂਪ ਲਿਖੇ ਹਨ,ਦੇਖੋ ਕਾਨੂੰਨ ਮੌਸੀਕੀ।

ਫੇਰ ਰਾਧਾ ਗੋਬਿੰਦ ਸੰਗੀਤ ਸਾਰ ਦੇ ਪ੍ਰਕੀਰਣ ਅਧਿਆਇ ਵਿਚ ਲਿਖਿਆ ਹੈ ਕਿ ਜਿਥੇਰਾਗ ਖੰਡ ਵਿਚ ਨਜਾਸ ਸੁਰ੧,ਬਿਨਜਾਸ ਸੁਰ ੨, ਅਪਨਜਾਸ ਸੁਰ ੩, ਸੰਨਜਾਸ ਸੁਰ ੪, ਇਨ੍ਹਾਂ ਚਹੁੰਵਾਂ ਵਿਚੋਂ ਕਿਸੇ ਤੇ ਬਿਸ੍ਰਾਮਪਾਵੇ।ਅੰਸ ਗ੍ਰਹਾਦਿਕਸੁਰਾਂ ਨੂੰ ਸੁਰਾਂਦਾ ਰਾਗ ਖੰਡ ਕਹਿੰਦੇ ਹਨ। ਇਸੇ ਰਾਗ ਖੰਡ ਦਾ ਨਾਉਂ ਸਥਾਈ ਹੈ । ਇਸ ਸਥਾਈ ਵਿਚ ਜਿਹੜੀ ਯਮਕ ਹੁੰਦੀ ਹੈ,ਉਸੇ ਨੂੰ ਰਾਗ ਕਹਿੰਦੇ ਹਨ। ਇਹ ਸਥਾਈ ਚਾਰ ਪ੍ਰਕਾਰ ਦੀ ਹੈ:–

ਪਹਿਲੇ ਅਸੰਕੀਰਣ ਸਥਾਈ, ਇਹ ਦਸ ਪ੍ਰਕਾਰ ਦੀ ਹੈ। ਦੂਜੇ ਗੁਣ ਕ੍ਰਿਤਯਾ ਸਥਾਈ, ਇਹ ਤੇਤੀ ਪ੍ਰਕਾਰ ਦੀ ਹੈ । ਤੀਜੇ ਈਖਤ ਸਥਾਈ, ਇਹ ਪ੍ਰਸਿੱਧ ਹੈ ਤੇ ਵੀਹ ਪ੍ਰਕਾਰ ਦੀ ਹੈ।ਚੌਥੇ ਸੰਕੀਰਣ ਸਥਾਈ,ਇਹ ਤੇਤੀ ਪ੍ਰਕਾਰ ਦੀ ਹੈ । ਇਹ ਚੌਵ੍ਹਾਂ ਭੇਦਾਂ ਦੇ ੯੬ ਭੇਦ ਹਨ। ਪਰੰਤੂ ਇਨ੍ਹਾਂ ਵਿਚ ਵੀ ਕਿਸੇ ਦੇ ਦੋ ਦੋ ਚਾਰ ਚਾਰ ਭੇਦ ਹਨ,ਇਉਂਇਨ੍ਹਾਂ ਛਿਆਨਵੇਂ ਭੇਦਾਂ ਦੇ ਅੰਤਰ ਗਤ ਹੋਰ ਵੀ ਪ੍ਰਭੇਦ ਹਨ।

ਇਹ ਭੇਦ ਪ੍ਰਭੇਦ ਬਹੁਤ ਵਿਸਥਾਰ ਨਾਲ ਹੋਣੇ ਕਰਕੇ ਨਹੀਂ ਲਿਖੇ, ਖੋਜੀ ਪੁਰਖ ਸੰਗੀਤ ਗ੍ਰੰਥਾਂ ਵਿਚੋਂ ਦੇਖ ਸਕਦੇ ਹਨ।

[੭੨] ਲਾਵਾਂ।

ਇਹ ਸਿਰਲੇਖ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਲਿਖਿਆ, ਪਰ ਸ਼ਬਦ ਵਿਚ ਇਕ ਤੋਂ ਚਾਰ ਲਾਵਾਂ ਤਕ ਕ੍ਰਮ ਨਾਲ ਵਰਤਨ ਹੋਣੇ ਤੇ ਗੁਰਸਿੱਖਾਂ ਵਿਚ ਇਸ ਬਾਣੀ ਦਾ ਨਾਉਂ 'ਲਾਵਾਂ' ਪ੍ਰਸਿੱਧਹੈ ਅਤੇ

---

*ਪ੍ਰਥਮ ਭੇਦ ਉਦਗ੍ਰਾਹ ਮੈਂ ਮਿਲਾਪਕ ਪੁਨ ਹੋਇ।
ਧ੍ਰੁਵ ਤੀਸਰੇ ਆਭੋਗ ਹੈ ਚੌਥੇ ਜਾਨਤ ਲੋਇ।
[ਰਾਧਾ ਗੋਬਿੰਦ ਸੰਗੀਤ ਸਾਰ।

ਰਹਿ ਰਹਿ ਕਹੀਏ ਏਕ ਸੁਰ ਥਾਈ ਤਾਂਕੋ ਨਾਮ।
ਊਰਧ ਗਾਮੀ ਹੋਇ ਜੋ ਸੋ ਆਰੋਹੀ ਧਾਮ।
ਊਰਧ ਤੇ ਅਧਕੋ ਚਲੈ ਅਵਰੋਹੀ ਕਹਿ ਤਾਂਹਿ।
ਏਹ ਜਬਹੀ ਤੀਨੋ ਮਿਲੈਂ ਸੰਚਾਰੀ ਕਹਿ ਵਾਹਿ।

ਅਥਵਾ

ਜਾ ਸੁਰ ਮੈਂ ਠਹਿਰਾਇ ਸੁਰ ਥਾਈ ਤਾਂਹਿਬਖਾਨ।
ਸਭ ਕਬਿ ਕੋਬਿਦ ਜੋ ਕਹੈ ਦੂਜੇ ਮਤ ਯਹ ਜਾਨ।
[ਸੰਗੀਤਦਰਪਣ

ਸਾਲਗ ਸੂੜ ਸਰੂਪ ਮੈਂ ਅੰਤਰ ਹੋਤ ਜੁ ਆਇ।
ਔਰ ਠੌਰ ਹੈ ਨਹਿ ਕਹੂੰ ਮੈ ਯਹ ਕਹਜੋ ਬਨਾਇ।
[ਰਾ: ਗੋਬਿੰਦ ਸੰ:

†ਆਮ ਗਾਇਨ ਵਿਚ ਸਿਰਫ ਸਥਾਈ ਤੇ ਅੰਤਰਾ ਹੀ ਵਰਤਦੇ ਹਨ। ਅੰਤਰੇ ਦੀਆਂ ਤੁਕਾਂ ਦੇ ਮਗਰੋਂ ਸਥਾਈ ਦੀ (ਰਹਾਉ) ਦੀ ਤੁਕ ਬਾਰ ਬਾਰ ਗਾਵੀਂ ਜਾਂਦੀ ਹੈ। [ਸੰਪਾਦਕ

Digitized by Panjab Digital Library | www.panjabdigilib.org

ਇਸ ਬਾਣੀ ਨੂੰ ਠੀਕ ਵਿਵਾਹ ਵੇਲੇ ਫੇਰੇ ਫਿਰਨ ਦੇ ਸਮੇਂ ਪੜ੍ਹਦੇ ਹਨ। ਅਰਥ ਇਸਦਾ ਵਿਵਾਹ ਦੀਆਂ ਫੇਰੀਆਂ ਫਿਰਨਾ ਹੈ। ਇਸ ਬਾਣੀ ਵਿਚ ਵਿਵਾਹ ਦਾ ਹੀ ਪ੍ਰਕਰਣ ਵਰਣਿਤ ਹੈ। ਇਕ ਇਕ ਪਉੜੀ ਵਿਚ ਦੋ ਦੋ ਵਾਰ ਲਾਵ ਪਦ ਦੀ ਆਖ੍ਰਿਤੀ ਹੈ, ਇਸ ਤਰ੍ਹਾਂ ਅੱਠ ਵੇਰ ਲਾਵ ਪਦ ਹੈ। ਇਸਨੂੰ ਪੂਰਬੀ ਭਾਖਾ ਵਿਚ ਭਾਂਵਰੀ ਬੀ ਕਹਿੰਦੇ ਹਨ। ਜੇਹਾ ਕ੍ਰ–

ਰਾਮਰਾਇ ਸਿਉ ਭਾਵਰਿ ਲੈਹਉ

[੭੩] ਵਾਰ।

ਵਾਰ ਪਦ ਦਾ ਅਰਥ ਜਸ ਕਰਦੇ ਹਨ*, ਅਤੇ ਦੇਸ ਭਾਖਾ ਵਿਚ ਵੀ ਦੇਸੀ ਗੀਤ ਵਿਚ ਜੱਸ ਗਾਉਣ ਦਾ ਨਾਉਂ 'ਵਾਰ' ਪ੍ਰਸਿੱਧ ਹੈ। ਇਨ੍ਹਾਂ ਬਾਣੀ ਵਾਰਾਂ ਵਿਚ ਵੀ ਗੁਰ ਪਰਮੇਸ਼ਰ ਦਾ ਜਸ ਵਰਣਿਤ ਹੈ ਅਰ ਛੰਦਾਂ ਦੀ ਚਾਲ ਢਾਡੀਆਂ ਦੀਆਂ ਵਾਰਾਂ ਵਾਲੇ ਛੰਦਾਂ ਦੀ ਹੈ ਇਸ ਲਈ ਸਿਰਲੇਖ ਵਾਰ ਕਰਕੇ ਲਿਖਿਆ ਹੈ। ਜਿਸ ਜਿਸ ਰਾਗ ਨਾਲ ਅਨੁਸੰਧਾਨ (ਸੰਬੰਧ) ਹੈ ਵਾ ਜਿਸ ਰਾਗ ਵਿਚ ਗਾਉਣਾ ਚਾਹੀਏ ਓਸੇ ਰਾਗ ਦਾ ਨਾਲ ਪਤਾ ਹੈ, ਜੇਹਾ ਵਾਰ ਮਾਝ ਦੀ। ਇਕੁਰ ਹੀ ਨਾਲ ਮਹਲੇ ਦਾ ਵੀ ਪਤਾ ਲਿਖਿਆ ਹੈ, ਜਿਸਤੋਂ ਪ੍ਰਗਟ ਹੁੰਦਾ ਹੈ ਕਿ ਪਉੜੀਆਂ ਸਿਰਲੇਖ ਵਾਲੇ ਮਹਲੇ ਦੀਆਂ ਹਨ, ਅਤੇ ਸਲੋਕਾਂ ਦੇ ਮਹਲੇ ਨਾਲ ਵਿਦਮਾਨ ਹਨ।

ਕਿਸੇ ਥਾਂ ਜੇ ਵਾਰ ਵਿਚ ਪਉੜੀ ਓਸੇ ਮਹਲੇ ਦੀ ਨਹੀਂ ਤਾਂ ਉਥੇ ਪਉੜੀ ਦੇ ਬੀ ਮਹਲੇ ਦਾ ਪਤਾ ਦਿਤਾ ਹੈ ਜਿਹਾਕੁ ਮਲਾਰ ਦੀ ਵਾਰ ਦੀ ਸਤਾਈਵੀਂ ਪਉੜੀ ਮਹਲੇ ਪਹਿਲੇ ਦੀ ਨਹੀਂ ਉਥੇ ਸਿਰਲੇਖ ਹੈ 'ਪਉੜੀ ਨਵੀਂ ਮਹਲਾ ੫' ਤਿਵੇਂ ਸਾਰੰਗ ਦੀ ਵਾਰ ਮ: ੪ ਵਿਚ ੩੫ਵੀਂ ਪਉੜੀ ਮ: ੫ ਦੀ ਹੈ।

ਪਰੰਤੂ ਕਿਸੇ ਵਾਰ ਤੇ ਇਹ ਭੀ ਸਿਰਲੇਖ ਹੈ:–"ਸਲੋਕ ਵੀ ਮਹਲੇ ਪਹਲੇ ਕੇ" ਤਾਂ ਇਸਦਾ ਭਾਵ ਏਹੋ ਹੈ ਕਿ ਪਉੜੀਆਂ ਅਤੇ ਸਲੋਕ ਇਕੋ ਮਹਲ ਦੇ ਹਨ। ਫਿਰ ਰਾਮਕਲੀ ਦੀ ਤੀਸਰੀਵਾਰ ਤੇ ਸਿਰਲੇਖ ਮਹਲਾ ਨਹੀਂ ਲਿਖਿਆ, ਪਰ "ਰਾਇ ਬਲਵੰਡ ਤਥਾ ਸਤੈ ਡੂਮਿ ਆਖੀ" ਲਿਖਿਆ ਹੈ,ਤਾਂ ਇਸਤੋਂ ਸਫੁਟਹੈਕਿ ਇਹਵਾਰ ਸਤੇ ਬਲਵੰਡ ਦੀਉਚਰੀ ਹੋਈ ਹੈ। ਇਸ ਵਾਰ ਦਾ ਨਾਉਂ ਗੁਰੂ ਸਿੱਖਾਂ ਵਿਚ ਟਿੱਕੇ ਦੀ ਵਾਰ ਕਰਕੇ ਪ੍ਰਸਿੱਧ ਹੈ। ਕਿਉਂਕਿ ਟਿੱਕਾ ਪਦ ਦੂਸਰੇ ਸਾਹਿਬਾਂ ਦਾ ਸੰਬੋਧਨ ਹੈ ਅਤੇ ਇਸ ਵਾਰ ਦੀ ਆਂ ਚਾਰ ਪਉੜੀਆਂ ਵਿਚ ਗੁਰੂ ਅੰਗਦਦੇਵ ਜੀ ਦੀ ਉਸਤਤੀ ਵਰਣਿਤ ਹੈ ਅਤੇ ਪਹਿਲੀ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਹੈ। ਪਿਛਲੀਆਂ ਤਿੰਨਾਂ ਪਉੜੀਆਂ ਵਿਚ ਕ੍ਰਮ ਨਾਲ ਤੀਜੇ ਚੌਥੇ ਪੰਜਵੇਂ ਸਾਹਿਬਾਂ ਦੀ ਵਡਿਆਈ ਹੈ ਇਸ ਲਈ 'ਸੋ ਟਿਕਾ ਸੋ ਬੈਹਣਾ' ਪਦ ਤੀਜੇ ਸਾਹਿਬਾਂ ਦੀ ਵਡਿਆਈ ਵਾਲੀ ਛੇਵੀਂ ਪਉੜੀ ਵਿਚ ਵਿਦਮਾਨ ਹੈ। ਇਹ ਟਿਕਾ ਪਦ ਵਾਰ ਵਿਚ ਮੌਜੂਦ ਹੋਣੇ ਤੇ ਗੁਰਸਿਖਾਂ ਵਿਚ ਟਿਕੇ ਦੀ ਵਾਰ ਕਰਕੇ ਪ੍ਰਗਟ ਹੈ।

ਇਸ ਟਿਕੇ ਦੀ ਵਾਰ ਵਿਚ ਸਲੋਕ ਨਹੀਂ ਹਨ, ਨਿਰੀਆਂ ਪਉੜੀਆਂ ਹਨ, ਤਿਵੇਂ ਹੀ

---

*ਜੁੱਧਾ ਜੰਗਾ ਵਿਚ ਸੂਰਮਿਆਂ ਦੇ ਕਾਰਨਾਮੇ ਉਨ੍ਹਾਂ ਦਾ ਜਸ ਕਾਯਮ ਰਖਣੇ ਲਈ ਢਾਡੀ ਗਾਇਆ ਕਰਦੇ ਸਨ,ਉਸਨੂੰ ਵਾਰ ਕਹਿੰਦੇ ਸਨ। ਇਉਂ ਵਾਰ ਦਾ ਭਾਵ ਜਸ ਹੋਇਆ। ਉਂਵ 'ਵਾਰ' ਨਾਮ ਹੈ ਹਮਲੇ ਦਾ ਜਿਸ ਤੋਂ ਜੁੱਧ ਅਰਥ ਸਿੱਧ ਹੈ। ਸੰਸਕ੍ਰਿਤ ਵਿਚ 'ਵ੍ਰੀ' ਧਾਤੁ ਤੋਂ ਵਾਰਣੰ ਪਦ ਬਣਦਾ ਹੈ। ਜਿਸਦਾ ਅੰਰਥ ਹੈ–ਰੋਕ, ਹੱਲੇ ਅਗੇ ਰੋਕ ਥਾਮ। ਮੁਕਾਬਲਾ। ਇਸਤੋਂ ਹੀ ਪੰਜਾਬੀ ਦਾ ਪਦ 'ਵਾਰ' ਬਣਿਆਂ ਸਹੀ ਹੁੰਦਾ ਹੈ।

Digitized by Panjab Digital Library | www.panjabdigilib.org

ਬਸੰਤ ਦੀ ਵਾਰ ਵਿਚ ਸਲੋਕ ਕੋਈ ਨਹੀਂ ਨਿਰਾ ਤਿੰਨਾਂ ਹੀ ਪਉੜੀਆਂ ਤੇ ਸਮਾਪਤੀ ਹੈ। ਭਾਵੇਂ ਬਸੰਤ ਦੇ ਸ਼ਲੋਕ ਹੋਰ ਬਤੇਰੇ ਵਿਦਮਾਨ ਹਨ ਪਰੰਤੂ ਵਾਰਵਿਚ ਕੋਈ ਨਹੀਂ, ਨਿਰਾ ਤਿੰਨਾਂ ਹੀਪਉੜੀਆਂਦਾਨਾਉਂਵਾਰਲਿਖਿਆਹੈ।

ਇਹ ਗੱਲ ਵੀ ਲੁਕੀ ਨਾਂ ਰਹੇ, ਦੇਸੀ ਕਵੀਆਂ ਦੀਆਂ ਵਾਰਾਂ ਵਿਚ ਨਿਰੀਆਂ ਪਉੜੀਆਂ ਹੁੰਦੀਆਂ ਹਨ, ਸਲੋਕ ਦੋਹੜੇ ਓਪਰੇ ਲਾਕੇ ਵਾਰਾਂ ਗਾਵਿਆਂ ਕਰਦੇ ਹਨ, ਪਰੰਤੂ ਗੁਰੂ ਜੀ ਨੇ ਇਕੀ ਵਾਰਾਂ ਵਿਚ ਸਲੋਕ ਹਰ ਇਕ ਪਉੜੀ ਨਾਲ ਲਿਖੇ ਹਨ। ਜਿਸਤੇ ਬਾਹਰੋਂ ਓਪਰੇ ਸ਼ਲੋਕ ਦੇਣ ਦੀ ਲੋੜ ਨਾ ਰਹੇ,ਵਾਰਾਂ ਦੀਆਂ ਪਉੜੀਆਂ ਤੇ ਸ਼ਲੋਕਾਂ ਦਾ ਵੇਰਵਾ ਦੇਖੋ ਚਕ੍ਰ ਨੰਬਰ ੩੮,੩੯।

[੭੪] ਵਾਰ ੭ ਵਾਰ ਸਤ।

ਇਹ ਬਾਣੀ ਵਾਰਾਂ ਅਰਥਾਤ ਦਿਨਾਂ ਪਰਥਾਇ ਹੋਣ ਤੇ ਇਸਦਾ ਸਿਰਲੇਖ ਵਾਰ ਕਰਕੇ ਲਿਖਿਆ ਹੈ। ਜੀਕਰ ਰੁਤੀ,ਥਿਤੀ,ਤਿਵੇਂ ਵਾਰ ਹਨ। ਇਸ ਬਾਣੀ ਵਿਚ ਆਇਤ ਵਾਰ ਤੋਂ ਸ਼ਨੀਵਾਰ ਤਕ ਸਤਾਂ ਦਾ ਕ੍ਰਮ ਹੋਣੇ ਤੇ '੭' ਵਾ 'ਸਤ' ਕਰਕੇ ਲਿਖਿਆ ਹੈ। ਇਹ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਜਗਹ ਵਿਦਮਾਨ ਹੈਨ। ਦੇਖੋ ਚਕ੍ਰ ਨੰਬਰ ੪੪।

—o॥ ਇਤਿ ॥o—

ਬਾਣੀਆਂ ਦੇ ਚਕ੍ਰ।

੩੯ ਨੰਬਰ ਤਕ ਅਲਗ ਅਲਗ ਰਾਗਾਂ ਅਥਵਾ ਬਾਣੀਆਂ ਪਰਥਾਇ ਬਾਣੀ ਦੇ ਵੇਰਵੇ ਵਾਰ ਚਕ੍ਰ ਹਨ, ਪਰੰਤੂ ਨੰਬਰ ੪੦ ਅਤੇ ੪੧ ਕੇਵਲ ਭਗਤਾਂ ਦੀ ਬਾਣੀ ਦਾ ਵੇਰਵਾ ਹੈ ਜੋ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਬਾਣੀ ਜੋੜ ਕੀਤੀ ਗਈ ਹੈ।

ਇਕੁਰ ਹੀ ਨੰਬਰ ੪੨ ਦੇਚਕ੍ਰ ਵਿਚ ਗੁਰਬਾਣੀ ਅਤੇ ਭਗਤ ਬਾਣੀ ਦਾ ਜੋੜ ਲਿਖਿਆ ਹੈ। ਇਸੀ ਭਾਂਤ ਚਕ੍ਰ ਨੰਬਰ ੪੩ ਵਿਚ ਗੁਰੂ ਬਾਣੀਆਂ ਦਾ ਵੇਰਵਾ ਹੈ ਜੋ ਹਰ ਇਕ ਰਾਗ ਵਿੱਚੋਂ ਪ੍ਰਤਖ ਪਈਆਂ ਦਿੱਸਦੀਆਂ ਹਨ।

ਚਕ੍ਰ ਨੰਬਰ ੪੪ ਵਿਚ ਮਹਲਾਂ ਦੇ ਵੇਰਵੇ ਵਾਰ ਦੁਪਦੇ ਆਦਿ ਬਾਣੀਆਂ ਦਾ ਵੇਰਵਾ ਵਿਦਮਾਨ ਹੈ, ਜਿਸ ਵਿੱਚੋਂ ਸਾਰੀ ਬਾਣੀ ਦਾ ਜੋੜ ਜਮਾਂ ਬਹੁਤ ਉੱਘਾ ਨਜ਼ਰੀ ਆਉਂਦਾਹੈ।

ਚਕ੍ਰ ਦੇਖਣੇ ਵੇਲੇ ਦੀ ਸੂਚਨਾ।

ਪਹਿਲੇ ਉਪਰਲੇ ਸਿਰੇ ਦੇ ਖਾਨੇ ਦੇਖੋ, ਜਿਨ੍ਹਾਂ ਵਿਚ ਨਾਮ ਲਿਖੇ ਹਨ। ਫਿਰ ਅੰਤਭ ਦੀਆਂ ਸਤਰਾਂ ਤੇ ਨਾਉਂ ਲਿਖੇ ਹੋਏ ਦੇਖੋ। ਫਿਰ ਵਿਚਲੇ ਲਿਖੇ ਹੋਏ ਅੰਗਾਂ ਵਲ ਦੇਖਕੇ ਵਿਚਾਰ ਕਰ ਲਓ,ਇਨ੍ਹਾਂ ਅੰਗਾਂ ਤੋਂ ਸਾਰਾ ਪਤਾ ਲਗ ਜਾਂਦਾ ਹੈ। ਵਿਚਲੇ ਜੋੜ ਦੇ ਖਾਨੇ ਵੀ ਵਿਚਾਰ ਨਾਲ ਦੇਖਣੇ ਚਾਹੀਏ ਜੇਹੜੇ ਹਰ ਇਕ ਪਾਸਿਓਂ ਜੋੜ ਦੀ ਠੀਕਤਾਈ ਦੱਸ ਰਹੇ ਹਨ। ਸਭ ਤੋਂ ਛੇਕੜਲੇ ਖਾਨੇ ਵਿਚਲਾ ਜੋੜ ਸਾਰੇ ਜੋੜਾਂ ਦਾ ਜੋੜ ਹੈ, ਜੋ ਹਰ ਇਕ ਪਾਸਿਓਂ ਠੀਕ ਹੈ।

ਚੇਤਾਵਨੀ।

ਦੁਮਾਤ੍ਰਕ ਅੱਖਰ ਅਤੇ ਮਾਤ੍ਰਾਂ ਦਾ ਪਦਾਂ ਪਰ ਵਿਚਾਰ, ਦੂਜੀ ਤੀਜੀ ਵਾਰ ਸਬਦਾਂ ਦਾ ਆਉਣਾ ਅਤੇ ਉਨ੍ਹਾਂ ਸਬਦਾਂ ਦੇ ਆਪਸ ਵਿਚ ਪਾਠ, ਅਰਥ, ਭਾਵ ਆਦਿਕਾਂ ਦੇ ਭੇਦ, ਇਨ੍ਹਾਂ ਭੇਦਾਂ ਦੇ ਕਾਰਨ, 'ਮਹਲ' ਇਕ ਜਗਾ ਪਹਿਲਾ ਫਿਰ ਦੂਸਰੀ ਜਗਾ ਦੂਜਾ ਹੋਣੇ ਦੇ ਭੇਦ ਆਦਿਕ ਦੀ ਸੂਚਨਾ ਗੁਰ ਗ੍ਰੰਥ ਵਯਾਕਰਨ ਵਿਚ ਪ੍ਰਗਟ ਹੋਵੇਗੀ, ਕਿਉਂਕਿਬਾਣੀਆਂ ਦੇਬਿਉਰੇ ਨਾਲ ਵਿਆਕਰਨ ਦਾ ਪ੍ਰਯੋਜਨ ਨਹੀਂ, ਇਹ ਗ੍ਰੰਥ ਵੱਖਰਾ ਹੀ ਬਣਨ ਲਈ ਕੋਸ਼ਸ਼ ਹੋ ਰਹੀ ਹੈ।

—o—

Digitized by Panjab Digital Library | www.panjabdigilib.org

ਚੱਕ੍ਰ ਨੰਃ ੧ ਜਪ ਨੀਸਾਣ ਦੇ ਅੱਖਰ ਮਾਤ੍ਰਾਂ ਦਾ ਪਉੜੀਆਂ ਵਾਰ ਵੈਰਵਾ

ਅੰਕ ਪਉੜੀਆਂ ਦੇ	ਪਤਾ ਪਉੜੀਆਂ ਦਾ	ਗਿਣਤਾ ਅੱਖਰਾਂ ਦੀ ਪਉੜੀ ਵਾਰ	ਪਉੜੀਆਂ ਵਾਰ ਮਾਤ੍ਰਾਂ ਦੀ ਗਿਣਤੀ											ਪਉੜੀਆਂ
			ਮੁਕਤੇ	ਹੰਨੇ	ਸਿਹਾਰੀਆਂ	ਬਿਹਾਰੀਆਂ	ਔਂਕੜ	ਦੁਲੈਂਕੜ	ਲਾਵਾਂ	ਦੁਲਾਵਾਂ	ਦੂਜੇ	ਕਨੌੜੇ	ਟਿੱਪੀਆਂ	ਜੋੜ	
੧	੧ ਓ ਸਤਿਗੁਰਪ੍ਰ	੮੯	੨੦	੭	੭	੬	੧੨	੨	੦	੩	੨	੦	੧	੫੯	੧
੧	ਸੋਚੈ ਸੋਚਿ ਨ	੧੦੨	੩੫	੧੯	੧੫	੭	੯	੧	੩	੬	੭	੦	੧	੧੦੨	੨
੨	ਹੁਕਮੀ ਹੋਵਨਿ	੧੧੪	੪੦	੧੧	੧੯	੧੨	੨੦	੦	੧	੬	੫	੦	੧	੧੧੪	੩
੩	ਗਾਵੈ ਕੋ ਤਾਣ	੧੪੯	੨੮	੩੩	੨੨	੯	੧੪	੨	੯	੧੮	੧੩	੦	੧	੧੪੯	੪
੪	ਸਾਚਾ ਸਾਹਿਬੁ	੧੧੭	੨੫	੨੫	੧੯	੭	੨੦	੦	੮	੭	੩	੧	੨	੧੧੭	੫
੫	ਥਾਪਿਆ ਨ	੧੫੮	੩੮	੩੭	੨੬	੧੫	੨੫	੦	੫	੬	੪	੦	੩	੧੫੮	੬
੬	ਤੀਰਥਿ ਨਾਵਾ	੬੦	੨੩	੧੬	੨੦	੧੦	੬	੦	੬	੨	੧	੦	੦	੬੦	੭
੭	ਜੇ ਜੁਗ ਚਾਰੇ	੧੧੭	੨੭	੭੬	੨੧	੯	੨੬	੧	੧੦	੪	੭	੦	੪	੧੧੭	੮
੮	ਸੁਣਿਐ ਸਿਧ	੬੪	੨੨	੧੩	੧੦	੨	੮	੧	੧	੫	੨	੦	੦	੬੪	੯
੯	ਸੁਣਿਐ ਈਸਰੁ	੬੮	੨੨	੧੦	੧੩	੧	੧੨	੧	੨	੫	੧	੦	੧	੬੮	੧੦
੧੦	ਸੁਣਿਐ ਸਤੁ	੬੭	੧੭	੧੪	੧੪	੦	੧੩	੧	੧	੫	੧	੦	੧	੬੭	੧੧
੧੧	ਸੁਣਿਐ ਸਗ	੬੩	੧੬	੧੬	੮	੧	੧੦	੧	੩	੬	੧	੦	੧	੬੩	੧੨
੧੨	ਮੰਨੇ ਕੀ ਗਤਿ	੬੩	੧੭	੯	੧੩	੩	੫	੦	੪	੪	੮	੦	੪	੬੩	੧੩
੧੩	ਮੰਨੈ ਸੁਰਤਿ	੬੧	੧੪	੮	੧੨	੧	੬	੦	੧	੮	੫	੦	੬	੬੧	੧੪
੧੪	ਮੰਨੈ ਮਾਰਗਿ	੬੨	੧੭	੭	੧੦	੧	੭	੦	੨	੭	੩	੦	੮	੬੨	੧੫
੧੫	ਮੰਨੈ ਪਾਵਹਿ ਮੋਖ	੬੦	੧੫	੧੦	੯	੦	੬	੦	੨	੮	੪	੦	੬	੬੦	੧੬
੧੬	ਪੰਚ ਪਟਵਾਣ	੨੫੩	੬੨	੫੩	੨੯	੧੧	੩੮	੬	੧੮	੧੮	੧੪	੨	੮	੨੫੩	੧੭
੧੭	ਅਸੰਖ ਜਪ	੧੩੮	੬੫	੨੫	੧੧	੫	੧੦	੩	੨	੧	੩	੦	੧੩	੧੩੮	੧੮
੧੮	ਅਸੰਖ ਮੂਰਖ	੧੩੫	੫੬	੨੭	੧੯	੫	੭	੪	੩	੨	੪	੦	੧੧	੧੩੫	੧੯
੧੯	ਅਸੰਖ ਨਾਵ	੧੬੩	੫੬	੩੪	੨੬	੧੦	੧੪	੧	੬	੨	੬	੦	੮	੧੬੩	੨੦
੨੦	ਭਰੀਐ ਹਥੁ	੧੦੨	੨੪	੧੬	੧੦	੧੧	੧੫	੨	੫	੧੦	੬	੦	੩	੧੦੨	੨੧
੨੧	ਤੀਰਥੁ ਤਪੁ	੨੭੧	੬੮	੬੦	੪੨	੧੯	੪੩	੧	੧੨	੧੦	੧੩	੦	੩	੨੭੧	੨੨
੨੨	ਪਾਤਾਲਾ ਪਾਤਾ	੮੨	੨੭	੨੩	੧੦	੨	੫	੧	੫	੫	੪	੦	੦	੮੨	੨੩
੨੩	ਸਾਲਾਹੀ ਸਾਲਾ	੭੦	੨੫	੧੩	੯	੧੦	੮	੦	੩	੧	੧	੦	੦	੭੦	੨੪
੨੪	ਅੰਤੁ ਨ ਸਿਫਤੀ	੧੬੪	੩੬	੩੨	੨੧	੫	੨੬	੬	੧੨	੮	੫	੦	੧੩	੧੬੪	੨੫
੨੫	ਬਹੁਤਾ ਕਰਮੁ	੧੭੧	੪੧	੪੦	੩੩	੮	੧੧	੩	੨੧	੬	੬	੦	੨	੧੭੧	੨੬
੨੬	ਅਮੁਲ ਗੁਣ	੨੮੭	੧੦੨	੫੩	੬੮	੧੦	੩੭	੦	੨੨	੬	੮	੦	੧	੨੮੭	੨੭
੨੭	ਸੋਦਰੁ ਕੋਹਾ	੪੪੧	੧੩੫	੯੧	੬੯	੩੭	੩੨	੧	੪੧	੮	੧੭	੦	੧੦	੪੪੧	੨੮
੨੮	ਮੁੰਦਾ ਸੰਤੋਖੁ	੮੭	੧੯	੧੫	੧੩	੧੦	੧੭	੧	੫	੧	੩	੦	੩	੮੭	੨੯
੨੯	ਭਗਤਿ ਗਿਆਨੁ	੯੦	੨੨	੨੦	੨੦	੩	੧੪	੦	੬	੧	੩	੦	੨	੯੦	੩੦
੩੦	ਏਹਾ ਮਾਈ	੧੦੨	੧੬	੨੦	੧੭	੬	੨੦	੦	੧੦	੭	੪	੦	੨	੧੦੨	੩੧
੩੧	ਆਸਣੁ ਲੋਇ	੭੧	੧੮	੧੫	੧੧	੩	੧੦	੦	੭	੨	੪	੦	੧	੭੧	੩੨
੩੨	ਇਕਦੁ ਜੀਭੈ	੮੩	੨੮	੧੨	੯	੧੫	੬	੩	੩	੩	੩	੧	੦	੮੩	੩੩
੩੩	ਆਖਣਿ ਜੋਰੁ	੬੨	੨੭	੭	੧੩	੫	੧੬	੦	੨	੩	੧੩	੦	੨	੬੨	੩੪
੩੪	ਰਾਤੀ ਰੁਤੀ	੧੨੦	੪੭	੨੧	੧੭	੧੪	੮	੦	੩	੪	੩	੦	੩	੧੨੦	੩੫
੩੫	ਧਰਮ ਖੰਡ	੧੬੭	੬੨	੧੭	੭	੧੧	੮	੪	੪੮	੧	੧	੦	੮	੧੬੭	੩੬
੩੬	ਗਿਆਨ ਖੰਡ	੬੭	੨੬	੧੪	੧੭	੮	੧੦	੨	੨	੮	੩	੦	੪	੬੭	੩੭
੩੭	ਕਰਮ ਖੰਡ	੧੬੪	੭੫	੨੫	੩੨	੬	੧੧	੩	੭	੧੪	੧੨	੦	੬	੧੬੪	੩੮
੩੮	ਜਤੁ ਪਾਹਾਰਾ	੮੪	੩੬	੧੪	੧੨	੫	੧੪	੦	੧	੧	੦	੦	੧	੮੪	੩੬
੧	ਸਲੋਕ। ਪਵਣੁ	੧੦੦	੨੬	੨੧	੧੬	੬	੬	੩	੮	੩	੧	੦	੧	੧੦੦	੪੦
	ਜੋੜ	੫੬੭	੧੪੮੦	੬੧੬	੭੪੬	੩੦੬	੫੮੫	੫੪	੩੧੦	੨੧੬	੨੦੦	੪	੧੪੮	੫੬੭	

Digitized by Panjab Digital Library | www.panjabdigilib.org

ਜਪ ਨੀਸਾਣ ਦੀ ਬਾਣੀ ਦੇ ਅੱਖਰ ਤੇ ਮਾਤ੍ਰਾਂ ਦਾ ਵੇਰਵਾ:–

ਪਹਿਲਾ ਇਕ ਅੰਗ ਛੱਡਕੇ 'ਓਅੰਕਾਰ' ਤੋਂ 'ਹੋਸੀ ਭੀ ਸਚੁ'–ਤਕ ਅੱਖਰ –	੫੮
ਅਤੇ ਅਠੱਤੀ ਪਉੜੀਆਂ ਦੇ ਅੱਖਰ–	੪੮੧੯
'ਸਲੋਕ' ਦੇ ਤਿੰਨ ਅੱਖਰ ਛੱਡਕੇ–'ਪਵਣੁ ਗੁਰੂ' ਦੇ ਅੱਖਰ–	੧੦੦
ਕੁੱਲ ਜੋੜ ਅੱਖਰਾਂ ਦਾ	੪੯੭੭

ਨੋਟ ਮਾਤ੍ਰਾ ਅਤੇ ਮੁਕਤੇ ਜਦ ਜੋੜੀਏ ਤਾਂ ਜੋੜ ਅੱਖਰਾਂ ਜਿੰਨਾਂ ਹੀ ਆਉਂਦਾ ਹੈ। ਇਸ ਲਈ ਮਾਤ੍ਰਾ ਦਾ ਜੋੜ ਵੀ ਹੈ:– ੪੯੭੭

ਖੁਲਾਸਾ ਪਉੜੀਆਂ ਦਾ ਨੰਬਰ ਵਾਰ ਚਕ੍ਰ ਨੰ: ੧ ਵਿਚ ਦੇਖੋ।

ਚੱਕ੍ਰ ਨੰ: ੨

ਆਦਿ ਮੰਗਲਾ ਚਰਨ–ਨਿਤਨੇਮ ਦੀ ਬਾਣੀ ਦਾ ਵੇਰਵਾ

ਜਪੁ ਨੀਸਾਣ ਦੀਆਂ ਪਉੜੀਆਂ,	੪੦
ਸੋਦਰ ਸੋ ਪੁਰਖ (ਰਹਰਾਸਿ) ਦੇ ਸ਼ਬਦ	੯
ਸੋਹਿਲੇ (ਕੀਰਤਨ ਸੋਹਿਲੇ) ਦੇ ਸ਼ਬਦ	੫
ਕੁੱਲ ਜੋੜ	੫੪

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਜਪੁ ਨੀਸਾਣ, ਸੋਦਰ, ਸੋ ਪੁਰਖ, ਸੋਹਲੇ ਦੇ ਸ਼ਬਦਾਂ ਦਾ ਵੇਰਵਾ:–

ਮਹਲ	ਜਪ ਨੀਸਾਣ ਦੀਆਂ ਪਉੜੀਆਂ	ਸੋਦਰ ਦੇ ਸਬਦ	ਸੋ ਪੁਰਖ ਦੇ* ਸਬਦ	ਸੋਹਲੇ ਦੇ ਸਬਦ	ਜੋੜ
੧ ਮਹਲਾ ਪਹਿਲਾ	੪੦†	੩	੧	੩	੪੭
੪ ,, ਚਉਥਾ	...	੧	੨	੧	੪
੫ ,, ਪੰਜਵਾਂ	...	੧	੧	੧	੩
ਜੋੜ	੪੦	੫	੪	੫	੫੪

*ਸੋਦਰ ਰਹਰਾਸਿ ਦੇ ਸ਼ਬਦ–੯ ਹਨ।

†ਜਪੁਜੀ ਦੀਆਂ ਪਉੜੀਆਂ ੩੮ ਹਨ, 'ਮੂਲ ਮੰਤ੍ਰ' ਅਤੇ 'ਪਵਣੁ ਗੁਰੂ' ਦੇ ਸ਼ਲੋਕ ਸਮੇਤ ੪੦ ਹਨ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨

ਸ੍ਰੀ ਰਾਗ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਦੇ	ਸਲੋਕ	ਪਉੜੀ	ਛੰਤ	ਜੋੜ	ਅਸਟਪਦੀਆਂ	ਛੰਤ: ਘਰ ੧	ਛੰਤ: ਘਰ ੨	ਵਣਜਾਰਾ	ਜੋੜ	ਵਾਰ: ਸਲੋਕ	ਵਾਰ: ਪਉੜੀ	ਵਾਰ: ਸਲੋਕ ਵਾਰਾਂ ਤੇ ਵਧੀਕ	ਵਾਰ	ਜੋੜ	ਕੁਲ ਜੋੜ
੧ ਮਹਲਾ ਪਹਿਲਾ	-	੨	੨੮	੩	੩੩	੧੮	"	"	੨	"	੨੦	੪	੩	-	੭	੬੦
੩ " ਤੀਜਾ	"	੧	੨੬	੪	੩੧	੮	-	-	-	-	੮	੧੬	੧੭	-	੩੩	੭੨
੪ " ਚੌਥਾ	-	-	੬	-	੬	-	੧	-	੧	੧	੩	-	-	੨੧	੨੧	੩੦
੫ " ਪੰਜਵਾਂ	-	-	੩੦	-	੩੦	੩	੨	੫	੧	-	੧੧	-	੯	-	੯	੪੨
੨ " ਦੂਜਾ	"	-	"	-	-	-	-	-	-	-	-	੧	੧	-	੨	੨
ਜੋੜ	-	੩	੯੦	੭	੧੦੦	੨੯	੩	੫	੪	੧	੪੨	੨੧	੨੨	੨੧	੬੪	੨੦੬
ਕਬੀਰ ਜੀਉ	"	੧	੧	-	੨	-	-	-	-	-	-	-	-	-	-	੨
ਤ੍ਰਿਲੋਚਨ ਜੀ	"	-	੧	-	੧	-	-	-	-	-	-	-	-	-	-	੧
ਬੇਣੀ ਜੀ	"	-	-	੧	੧	-	-	-	-	-	-	-	-	-	-	੧
ਰਵਿਦਾਸ ਜੀ	"	੧	-	-	੧	-	-	-	-	-	-	-	-	-	-	੧
ਜੋੜ	-	੨	੨	੧	੫	-	-	-	-	-	-	-	-	-	-	੫
ਵਡਾ ਜੋੜ	-	੫	੯੨	੮	੧੦੫	੨੯	੩	੫	੪	੧	੪੨	੨੧	੨੨	੨੧	੬੪	੨੧੧

ਨੋਟ:- ਇਸ ਰਾਗ ਵਿਚ ੨੮ ਅਸਟਪਦੀਆਂ ਹਨ ਜਿਨ੍ਹਾਂ ਵਿਚੋਂ ੨੭ ਪਉੜੀ ਛੰਦ ਵਿਚ ਹਨ, ਕੇਵਲ ਇਕ ਅਸਟਪਦੀ ਪਦੇ ਵਿਚ ਹੈ।

ਨੋਟ:- ਇਸ ਰਾਗ ਵਿਚ ੨੮ ਪਉੜੀਆਂ ਹਨ ਜਿਨ੍ਹਾਂ ਵਿਚੋਂ ੨੭ ਪਉੜੀ ਛੰਦ ਵਿਚ ਹਨ, ਕੇਵਲ ਇਕ ਪਉੜੀ ਪਦੇ ਵਿਚ ਹੈ।

72

ਚੱਕ੍ਰ ਨੰਬਰ ੪

ਮਾਝ ਰਾਗ ਦੀ ਬਾਣੀ ਦਾ ਵੇਰਵਾ

ਮਹਲ	ਪਦੇ	ਸਲੋਕ	ਪਉੜੀ	ਛੰਤ	ਜੋੜ	ਵਾਰ: ਸਲੋਕ	ਵਾਰ: ਪਉੜੀ	ਵਾਰ: ਸਲੋਕ ਵਾਰਾਂ ਤੇ ਵਧੀਕ	ਵਾਰ	ਜੋੜ	ਨੋਟ: ਇਸ ਰਾਗ ਵਿਚ ੨੮ ਅਸਟਪਦੀਆਂ ਹਨ ਜਿਨ੍ਹਾਂ ਵਿਚੋਂ ੨੭ ਅਸਟਪਦੀ ਛੰਦ ਵਿਚ ਹਨ, ਕੇਵਲ ਇਕ ਅਸਟਪਦੀ ਪਦੇ ਵਿਚ ਹੈ।
੧ ਪਹਿਲਾ	-	੧	-	-	੧	੨੨	੨੪	੨੭	੭੩	੭੪	
੨ ਦੂਜਾ	-	-	-	-	-	੪	੮	-	੧੨	੧੨	
੩ ਤੀਜਾ	-	੩੨	-	-	੩੨	੧	੨	-	੩	੩੫	
੪ ਚੌਥਾ	੭	੧	-	-	੮	-	੨	-	੨	੧੦	
੫ ਪੰਜਵਾਂ	੪੩	੫	੧੪	੧	੬੩	-	-	-	-	੬੩	
ਜੋੜ	੫੦	੩੯	੧੪	੧	੧੦੪	੨੭	੩੬	੨੭	੯੦	੧੯੪	

Digitized by Panjab Digital Library | www.panjabdigilib.org

ਚੱਕ੍ਰ ਨੰਬਰ ੫ 15

ਗਉੜੀ ਰਾਗ ਦੀ ਬਾਣੀ ਦਾ ਵੇਰਵਾ

ਨੋਟ:-ਮ:੧ ਤੋਂ ਮ:੪ ਤਕ ਪਹਿਲੇ ਚਾਰ ਮਹਲ ਹਨ। ਮ:੫ ਪੰਜਵਾਂ ਮਹਲ ਹੈ। ਮ:੯ ਨੌਵਾਂ ਮਹਲ ਹੈ। ਚਕ ੧ ਵਿਚ ਕੁਲ ਮਹਲੇ ੫ ਦੀ ਵਾਰ ਵਿਚ ਗਿਣੀ ਹੋਈ ਬਾਣੀ ਦਾ ਵੇਰਵਾ ਹੈ। ਚਕ, ਅਸਲ ਵਿਚ ਮਹਲੇ ੪ ਦੀ ਵਾਰ ਦੀਆਂ ੩੨, ਪੌੜੀਆਂ ਦੀ ਗਿਣਤੀ ਦਾ ਵੇਰਵਾ ਹੈ। ਵਿਚਵੇਂ ਪਉੜੀਆਂ ਨਾਲ ਮਹਲਾ ਪੜ ਕੇ ਜੋ ਸਲੋਕ ਦਿੱਤਾ ਹੈ ਉਹ ਸਲੋਕ ਵਾਰ ਦੇ ਅੰਤ ਵਿਚ ਹੈ।

ਮਹਲ ਅਤੇ ਭਰਤ	ਪਹਿਰੇ	ਦੁਪਦੇ	ਚਉਪਦੇ	ਪੰਚਪਦੇ	ਛਿਪਦੇ	ਸ੍ਲੋਕ	ਅਸ੍ਟਪਦੀਆਂ	ਰਹਾਉ	ਛੰਤ ਛੰਤ	ਛੰਤ ਸ੍ਲੋਕ	ਬਾਵਨ ਅਖਰੀ ਸ੍ਲੋਕ	ਬਾਵਨ ਅਖਰੀ ਅਸ੍ਟਪਦੀਆਂ	ਸੁਖਮਨੀ ਸ੍ਲੋਕ	ਸੁਖਮਨੀ ਅਸ੍ਟਪਦੀਆਂ	ਥਿਤੀ ਸ੍ਲੋਕ	ਥਿਤੀ ਪਉੜੀਆਂ	ਸ੍ਲੋਕ	ਵਾਰ ਸ੍ਲੋਕ	ਵਾਰ ਪਉੜੀ	ਵਾਰ ਸ੍ਲੋਕ	ਵਾਰ ਵਾਰ	ਵਾਰਾਂ ਦੀ ਗਿਣਤੀ
੧ ਪਹਿਲਾ	-	੨	੧੫	੧	੨	੨੦	੧੯	-	੨	-	-	-	-	-	-	-	੨੦	-	-	-	-	੩੦
੩ ਤੀਜਾ	-	-	੧੯	-	-	੧੮	੯	-	੫	-	-	-	-	-	-	-	੧੪	੩	੪	-	੭	੩੯
੪ ਚਉਥਾ	-	-	੩੦	੨	-	੩੨	-	੨	"	-	-	-	-	-	-	-	੨	੨੬	੨੭	੨੮	੯੧	੧੧੫
੫ ਪੰਜਵਾਂ	੧੨	੬	੧੪੭	੭	-	੧੭੨	੧੫	-	੪	੧	੫੭	੫੫	੨੪	੨੪	੧੭	੧੭	੨੧੪	੨੫	੨੫	੨੬	੭੬	੪੬੨
੯ ਨਾਵਾਂ	੭	੨	-	"	"	੯	"	"	"	"	"	"	"	"	"	"	-	"	"	"	-	੯
ਜੋੜ	੧੯	੧੦	੨੧੭	੧੦	੨	੨੫੧	੪੨	੨	੧੧	੧	੫੭	੫੫	੨੪	੨੪	੧੭	੧੭	੨੫੦	੫੪	੫੬	੫੪	੧੬੪	੬੬੫
ਕਬੀਰ ਜੀਉ	੧੧	੨੩	੩੪	੩	੨	੭੩	੧	-	-	-	-	੪੫	-	-	-	੧੬	੬੨	ਹਾਰ ਸ਼ਬਦ	-	-	੮	੧੪੩
ਨਾਮਦੇਵ ਜੀ	੧	"	"	"	"	੧	"	"	"	"	"	"	"	"	"	"	"	"	"	"	"	੭
ਰਵਿਦਾਸ ਜੀ	"	੩	੧	-	-	੪	੧	"	"	"	"	"	"	"	"	"	੧	"	"	"	"	੫
ਜੋੜ	੧੨	੨੬	੩੫	੩	੨	੭੮	੨	-	-	-	-	੪੫	-	-	-	੧੬	੬੩	੮	-	-	੮	੧੪੯
ਵਡਾ ਜੋੜ	੩੧	੩੬	੨੪੫	੧੩	੪	੩੨੫	੪੪	੨	੧੧	੧	੫੭	੧੦੫	੨੪	੨੪	੧੭	੩੩	੩੧੩	੬੨	੫੬	੫੪	੧੭੨	੮੧੪

Digitized by Panjab Digital Library | www.panjabdigilib.org

ਚੱਕ੍ਰ ਨੰਬਰ ੬ ੫

ਆਸਾ ਰਾਗ ਦੀ ਬਾਣੀ ਦਾ ਵੇਰਵਾ

ਹਿਸਾਬ ਅੰਕ ਭੰਗਤ	ਦੋਹਰੇ	ਤਿਪਦੇ	ਚਉਪਦੇ	ਪੰਚਪਦੇ	ਛਿਪਦੇ	ਪੜਤਾਲ: ਦੁਪਦੇ	ਪੜਤਾਲ: ਚਉਪਦੇ	ਅਸ਼ਟਪਦੀਆਂ ਦੀ ਸੰਖਿਆ	ਜੋੜ	ਅਸ਼ਟਪਦੀਆਂ: ਸੰਖਿਆ	ਅਸ਼ਟਪਦੀਆਂ: ਪਦੇ	ਖਿਲਾਰਾ	ਛੰਤ: ਸੰਖਿਆ	ਛੰਤ: ਪਦੇ	ਜੋੜ	ਵਾਰ: ਸੰਖਿਆ	ਵਾਰ: ਮਃ	ਵਾਰ: ਸੰਖਿਆ	ਜੋੜ	ਕੁਲ ਜੋੜ
੧ ਪਹਿਲਾ	੨	੧	੩੧	੫	੧	-	-	-	੪੦	੧੨	੧੦	-	੫	-	੬੨	੨੧	੨੫	੨੪	੭੦	੧੭੨
੨ ਦੂਜਾ	"	"	"	"	"	"	"	"	"	"	"	"	"	"	"	੩	੧੧	"	੧੪	੧੪
੩ ਤੀਜਾ	"	"	੧੨	"	"	"	"	੧	੧੩	੩	੧੨	"	੨	"	੩੫	"	"	"	੪੯	
੪ ਚਉਥਾ	੨	"	੧੧	੧	"	"	"	੨	੧੬	"	"	"	੧੪	"	੧੪	"	"	"	੩੦	
੫ ਪੰਜਵਾਂ	੨੫	੧੩	੧੦੪	੩	"	੪	੧	੧੯	੧੬੮	੨	"	੩	੧੪	"	੨੪	"	"	"	੧੬੨	
੯ ਸਾਂਦਾ	-	੧	-	=	"	"	"	"	੧	"	"	"	"	"	"	"	"	"	"	੧
ਜੋੜ	੨੯	੧੫	੧੫੮	੯	੧	੪	੧	੨੧	੨੩੮	੧੭	੨੨	੩	੫੩	੩੫	੫	੧੩੫	੨੪	੩੬	੨੪	੯੪	੪੫੭
ਕਬੀਰਜੀ	੩	੮	੧੭	੬	"	"	"	"	੩੭	"	"	"	"	"	"	"	"	"	"	"	੩੭
ਨਾਮਦੇਵ	੧	੧	੩	"	"	"	"	"	੫	"	"	"	"	"	"	"	"	"	"	"	੫
ਰਵਿਦਾਸ	"	੪	੨	"	"	"	"	"	੬	"	"	"	"	"	"	"	"	"	"	"	੬
ਪੀਪਾ ਜੀ	"	੧	੨	"	"	"	"	"	੩	"	"	"	"	"	"	"	"	"	"	"	੩
ਫਰੀਦ	"	"	੧	"	"	"	"	"	੧	੧	"	"	"	"	"	੧	"	"	"	"	੨
ਜੋੜ	੪	੧੪	੨੫	੬	"	"	"	"	੫੨	੧	"	"	"	"	"	੧	"	"	"	"	੫੩
ਵਡਾ ਜੋੜ	੩੩	੨੯	੧੮੩	੧੮	੧	੪	੧	੨੧	੨੯੦	੧੮	੨੨	੩	੫੩	੩੫	੫	੧੩੬	੨੪	੩੬	੨੪	੯੪	੫੧੦

Digitized by Panjab Digital Library | www.panjabdigilib.org

ਚੱਕ੍ਰ ਨੰਬਰ ੭ ਗੂਜਰੀ ਰਾਗ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਸਲੋਕ	ਛੰਤ	ਅਸਟਪਦੀ	ਸ਼ਬਦ	ਵਾਰ			ਸ਼ਬਦ	ਜੋੜ
						ਸ਼ਲੋਕ	ਛੰਤ	ਪਉੜੀ		
੧ ਮਹਲਾ ਪਹਿਲਾ	~	~	੨	-	੨	੫	੫	-	੧	~	੧	੮
੩ " ਤੀਜਾ	~	~	੫	੨	੭	੧	੧	੨੧	੨੧	੨੨	੬੪	੭੨
੪ " ਚਉਥਾ	~	~	੬	੧	੭	੧	੧	~	~	~	~	੮
੫ " ਪੰਜਵਾਂ	੧੯	੧	੧੦	੨	੩੨	੨	੨	੨੧	੨੧	੨੧	੬੩	੯੭
ਜੋੜ	੧੯	੧	੨੩	੫	੪੮	੯	੯	੪੨	੪੩	੪੩	੧੨੮	੧੯੫
ਕਬੀਰ ਜੀਉ	~	~	੨	-	੨	~	~	੧	-	~	੧	੩
ਨਾਮਦੇਵ ਜੀ	~	੧	੧	~	੨	~	~	~	~	~	~	੨
ਰਵਿਦਾਸ ਜੀ	~	~	~	੧	੧	~	~	~	~	~	~	੧
ਤ੍ਰਿਲੋਚਨ ਜੀ	~	~	੧	੧	੨	~	~	~	~	~	~	੨
ਜੈ ਦੇਵ ਜੀ	~	~	~	੧	੧	~	~	~	~	~	~	੧
ਜੋੜ	~	੧	੪	੩	੮	~	~	੧	~	~	੧	੮
ਵਡਾ ਜੋੜ	੧੯	੨	੨੭	੮	੫੬	੯	੯	੪੩	੪੩	੪੩	੧੨੯	੧੯੪

ਨੋਟ:—ਇਸ ਰਾਗ ਵਿਚ ਦੋ ਵਾਰਾਂ ਹਨ ਇਕ ਤੀਸਰੇ ਪਾਤਸ਼ਾਹ ਦੀ ਤੇ ੧ ਪੰਜਵੇਂ ਪਾਤਸ਼ਾਹ ਜੀ ਦੀ ਅਤੇ ਵਾਰ ਵਿਚ ੧ ਸਲੋਕ ਕਬੀਰ ਜੀ ਦਾ ਹੈ।

ਚੱਕ੍ਰ ਨੰਬਰ ੮ ਦੇਵ ਗੰਧਾਰੀ ਰਾਗ ਦੀ ਬਾਣੀ ਦਾ ਵੇਰਵਾ

ਮਹਲ	ਪਉੜੀ	ਛੰਤ	ਸ਼ਬਦ
੪ ਮਹਲਾ ਚਉਥਾ	੬	~	੬
੫ " ਪੰਜਵਾਂ	੩੬	੨	੩੮
੯ " ਨਾਵਾਂ	੩	~	੩
ਜੋੜ	੪੫	੨	੪੭

ਨੋਟ:—ਇਸ ਰਾਗ ਵਿਚ ਕੇਵਲ ੪੭ ਸ਼ਬਦ ਹਨ ਹੋਰ ਕੋਈ ਬਾਣੀ ਨਹੀਂ ਲਿਖੀ ਹੈ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੯ ਰਾਗ ਬਿਹਾਗੜੇ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਸਲੋਕ	ਸਲੋਕ ਵਧੀਕ	ਛੰਤ	ਜੋੜ	ਵਾਰ ਸਲੋਕ	ਵਾਰ ਅੰ	ਵਾਰ ਪਉੜੀਆਂ	ਜੋੜ	ਕੁਲ ਜੋੜ
੧ ਮਹਲਾ ਪਹਿਲਾ	~	~	~	~	~	~	~	੧	੧	~	੨	੨
੩ " ਤੀਜਾ	~	~	~	~	~	~	~	੧੬	੧੭	~	੩੩	੩੩
੪ " ਚਉਥਾ	~	~	~	~	~	੬	੬	੪	੧	੨੧	੨੩	੨੯
੫ " ਪੰਜਵਾਂ	~	~	੧	੧	~	੯	੯	੧	੧	~	੨	੧੨
੯ " ਨਾਂਵਾਂ	~	੧	~	੧	~	~	~	~	~	~	~	੧
ਜੋੜ	~	੧	੧	੨	~	੧੫	੧੫	੧੯	੨੦	੨੧	੬੦	੭੭
ਮਰਦਾਨਾ ਜੀ	~	~	~	~	~	~	~	੩	~	~	੩	੩
ਕਬੀਰ ਜੀਉ	~	~	~	~	~	~	~	੧	~	~	੧	੧
ਜੋੜ	~	~	~	~	~	~	~	੪	~	~	੪	੪
ਵਡਾ ਜੋੜ	~	੧	੧	੨	~	੧੫	੧੫	੨੩	੨੦	੨੧	੬੪	੮੧

ਚੱਕ੍ਰ ਨੰਬਰ ੧੦ ਰਾਗ ਵਡਹੰਸ ਦੀ ਬਾਣੀ ਦਾ ਵੇਰਵਾ

ਮਹਲ	ਤਿਪਦੇ	ਦੋਪਦੇ	ਚਉਪਦੇ	ਪੰਚਪਦੇ	ਜੋੜ	ਸਲੋਕ ਵਧੀਕ	ਛੰਤ ਵੱਡੇ	ਛੰਤ ਛੋਟੇ	ਸਲੋਕ	ਅਸਟਪਦੀਆਂ	ਜੋੜ	ਵਾਰ ਸਲੋਕ	ਵਾਰ ਅੰ	ਵਾਰ ਪਉੜੀਆਂ	ਜੋੜ	ਕੁਲ ਜੋੜ
੧ ਮਃ ਪਹਿਲਾ	~	੩	~	~	੩	~	੨	~	~	੫	੭	੧	੨	~	੩	੧੩
੩ " ਤੀਜਾ	~	੮	੧	~	੯	੨	੬	~	~	੪	੧੨	੨੦	੨੦	~	੪੦	੬੧
੪ " ਚਉਥਾ	~	੧	੧	੧	੩	~	੪	~	੨	~	੬	~	~	੨੧	੨੧	੩੦
੫ " ਪੰਜਵਾਂ	੧	੭	੧	~	੯	~	੩	੪	~	~	੭	~	~	~	~	੧੬
ਜੋੜ	੧	੧੯	੩	੧	੨੪	੨	੧੫	੪	੨	੯	੩੨	੨੧	੨੨	੨੧	੬੪	੧੨੦

ਨੋਟ:—ਅਲਾਹਣੀਆਂ ਭਾਵੇਂ ਤੀਜੇ ਮਹਲ ਨਾਲ ਨਹੀਂ ਲਿਖੀਆਂ ਪਰ ਪਹਲੇ ਮਹਲ ਨਾਲ ਲਿਖੇ ਹੋਣ ਤੇ ਅਤੇ ਅਲਾਹਣੀਆਂ ਨਾਲ ਵਜਨ ਤੇ ਭਾਵ ਸਭ ਤਰ੍ਹਾਂ ਮਿਲਣ ਤੇ ਚਾਰੇ ਸ਼ਬਦ ਅਲਾਹਣੀਆਂ ਹੀ ਹਨ, ਇਸ ਲਈ ੯ ਸ਼ਬਦ ਅਲਾਹਣੀਆਂ ਦੇ ਹੋਏ।

Digitized by Panjab Digital Library | www.panjabdigilib.org

ਚਕ੍ਰ ਨੰਬਰ ੧੧ ਸੋਰਠ ਰਾਗ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਅਸ਼ਟਪਦੀ	ਛੰਤ	ਸਲੋਕ ਵਾਰ ਤੇ ਵਧੀਕ	ਜੋੜ	ਵਾਰ ਦੀਆਂ ਪਉੜੀਆਂ	ਵਾਰ ਦੇ ਸਲੋਕ	ਵਾਰ ਦੇ ਸਲੋਕ ਵਧੀਕ	ਜੋੜ	ਜੋੜ ਵਾਰ ਸਮੇਤ
੧ ਮਹਲਾ ਪਹਿਲਾ	~	~	੯	੩	੧੨	੪	੪	੨	~	~	੨	੧੮
੨ " ਦੂਜਾ	~	~	~	~		~	~	~	੧	~	੧	੧
੩ " ਤੀਜਾ	~	~	੧੨	~	੧੨	੩	੩	੨੪	੨੪	~	੪੮	੬੩
੪ " ਚਉਥਾ	~	~	੮	੧	੯	~	~	੩	੪	੨੯	੩੬	੪੫
੫ " ਪੰਜਵਾਂ	੪੧	~	੫੨	੧	੯੪	੩	੩	~	~	~	~	੯੭
੯ " ਨਾਂਵਾਂ	੪	੮	~	~	੧੨	~	~	~	~	~	~	੧੨
ਜੋੜ	੪੫	੮	੮੧	੫	੧੩੯	੧੦	੧੦	੨੯	੨੯	੨੯	੮੭	੨੩੬
ਕਬੀਰ ਜੀਉ	~	੩	੮	~	੧੧	~	~	~	~	~	~	੧੧
ਨਾਮਦੇਵ ਜੀ	~	੧	੨	~	੩	~	~	~	~	~	~	੩
ਰਵਿਦਾਸ ਜੀ	~	੩	੨	੨	੭	~	~	~	~	~	~	੭
ਭੀਖਨ ਜੀ	੧	੧	~	~	੨	~	~	~	~	~	~	੨
ਜੋੜ	੧	੮	੧੨	੨	੨੩	~	~	~	~	~	~	੨੩
ਵਡਾ ਜੋੜ	੪੬	੧੬	੯੩	੭	੧੬੨	੧੦	੧੦	੨੯	੨੯	੨੯	੯੭	੨੫੯

ਨੋਟ–ਚੱਕ੍ਰ ਨੰਬਰ ੧੨ ਪੰਨਾ ੩੭੫ ਪਰ ਹੈ।

ਚੱਕ੍ਰ ਨੰਬਰ ੧੩ ਨਾਮਾ ਜੈਤਸਿਰੀ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਅਸ਼ਟਪਦੀ	ਛੰਤ		ਸਲੋਕ ਵਾਰ ਤੇ ਵਧੀਕ	ਜੋੜ	ਵਾਰ ਦੀਆਂ ਪਉੜੀਆਂ	ਵਾਰ ਦੇ ਸਲੋਕ	ਵਾਰ ਦੇ ਸਲੋਕ ਵਧੀਕ	ਜੋੜ ਵਾਰ ਸਮੇਤ
					ਛੰਤ	ਸਲੋਕ ਵਾਰ ਤੇ ਵਧੀਕ						
੪ ਮਹਲਾ ਚਉਥਾ	~	~	੧੧	੧੧	~	~	~	~	~	~	~	੧੧
੫ " ਪੰਜਵਾਂ	੧੧	~	੨	੧੩	੩	੫	੮	੨੦	੨੦	੨੦	੬੦	੮੧
੯ " ਨਾਂਵਾਂ	੨	੧	~	੩	~	~	~	~	~	~	~	੩
ਜੋੜ	੧੩	੧	੧੩	੨੭	੩	੫	੮	੨੦	੨੦	੨੦	੬੦	੮੫
ਰਵਿਦਾਸ ਜੀ	੧	~	~	੧	~	~	~	~	~	~	~	੧
ਵਡਾ ਜੋੜ	੧੪	੧	੧੩	੨੮	੩	੫	੮	੨੦	੨੦	੨੦	੬੦	੮੬

Digitized by Panjab Digital Library | www.panjabdigilib.org

ਚੱਕ੍ਰ ਨੰਬਰ ੧੨ ੧ ਧਨਾਸਰੀ ਰਾਗ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭੁਗਤ	ਪਉੜੀ	ਸਲੋਕ ਵਾਰਾਂ ਤੇ ਵਧੀਕ	ਸਲੋਕ ਵਾਰਾਂ ਤੇ ਵਧੀਕ	ਸਲੋਕ ਵਾਰਾਂ ਤੇ ਵਧੀਕ	ਸਲੋਕ ਵਾਰਾਂ ਤੇ ਵਧੀਕ	ਸਲੋਕ ਵਾਰਾਂ ਤੇ ਵਧੀਕ	ਛੰਤ	ਅਸ਼ਟਪਦੀਆ	ਚਉਪਦੇ	ਦੁਪਦੇ	ਸਲੋਕ	ਜੋੜ
੧ ਮਹਲ ਪਹਿਲਾ	~	~	੭	੨	~	~	੫	੨	੩	੧	੬	੧੫
੩ " ਤੀਜਾ	~	੧	੮	~	~	~	੫	~	~	~	~	੧੪
੪ " ਚਉਥਾ	੬	~	੭	~	~	~	੧੩	~	੧	~	~	੨੦
੫ " ਪੰਜਵਾਂ	੩੭	੫	੧੮	੨	~	੨	੫੮	੧	੧	~	੨	੪੦
੯ " ਨਾਂਵਾਂ	੪	~	~	~	~	~	੪	~	~	~	~	੪
ਜੋੜ	੪੧	੬	੪੦	੪	~	੨	੯੩	੩	੫	੧	੯	੧੦੨
ਕਬੀਰ ਜੀ	੧	੧	੩	~	~	~	੫	~	~	~	~	੫
ਨਾਮ ਦੇਵ ਜੀ	੧	੧	੨	੧	~	~	੫	~	~	~	~	੫
ਤ੍ਰਿਵੇਣੀ ਜੀ	੨	~	~	~	~	~	੨	~	~	~	~	੩
ਤ੍ਰਿਲੋਚਨ ਜੀ	~	~	~	~	੧	~	੧	~	~	~	~	੧
ਸੈਣ ਜੀ	~	~	~	~	~	~	~	~	~	~	~	~
ਪੀਪਾ ਜੀ	੧	~	~	~	~	~	੧	~	~	~	~	੧
ਧੰਨਾ ਜੀ	~	~	~	~	~	~	~	~	~	~	~	~
ਜੋੜ	੫	੨	੫	੧	੧	~	੧੪	~	~	੩	੩	੧੭
ਵਡਾ ਜੋੜ	੪੬	੮	੪੫	੫	੧	੨	੧੦੭	੩	੫	੪	੧੨	੧੧੯

ਚੱਕ੍ਰ ਨੰਬਰ ੧੪ ੩ ਰਾਗ ਟੋਡੀ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭੁਗਤ	ਪਉੜੀ	ਸਲੋਕ ਵਾਰਾਂ ਤੇ ਵਧੀਕ	ਛੰਤ	ਜੋੜ
੪ ਮਹਲ ਚਉਥਾ	~	੧	~	੧
੫ " ਪੰਜਵਾਂ	੨੫	੩	੧	੨੯
੯ " ਨਾਂਵਾਂ	੧	~	~	੧
ਜੋੜ	੨੬	੪	੧	੩੧
ਨਾਮਦੇਵ ਜੀ	੩	~	~	੩
ਵਡਾ ਜੋੜ	੨੯	੪	੧	੩੪

ਨੋਟ:–ਇਸ ਰਾਗ ਵਿਚ ਨਿਰੇ ੩੪ ਸ਼ਬਦ ਹੀ ਹਨ, ਹੋਰ ਕੋਈ ਬਾਣੀ ਨਹੀਂ ਹੈ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੧੫

ਰਾਗ ਬੈਰਾੜੀ ਦੀ ਬਾਣੀ ਦਾ ਵੇਰਵਾ

ਮਹਲ	ਦੁਪਦੇ	ਤਿਪਦੇ	ਜੋੜ
੪ ਮਹਲ ਚਉਥਾ	੬	-	੬
੫ " ਪੰਜਵਾਂ	੧	-	੧
	੭	-	੭

ਨੋਟ:-ਇਸ ਰਾਗ ਵਿਚ ਨਿਰੇ ਸੰਤ ਸਬਦ ਦੁਪਦੇ ਹੀ ਹੈਨ।

ਚੱਕ੍ਰ ਨੰਬਰ ੧੬

ਰਾਗ ਤਿਲੰਗ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਦੁਪਦੇ	ਤਿਪਦੇ	ਚਉਪਦੇ	ਕਾਫੀ: ਦੁਪਦੇ	ਕਾਫੀ: ਤਿਪਦੇ	ਜੋੜ	ਅਸ਼ਟਪਦੀ	ਛੰਤ	ਜੋੜ	ਸੰਪੂਰਨ
੧ ਮਹਲ ਪਹਿਲਾ	੧	੧	੩	-	-	੫	੨	-	੨	੭
੪ " ਚਉਥਾ	੨	-	-	-	-	੨	-	-	-	੨
੫ " ਪੰਜਵਾਂ	੧	-	੪	-	-	੫	-	-	-	੫
੯ " ਨਾਂਵਾਂ	-	-	-	੨	੧	੩	-	-	-	੩
ਜੋੜ	੪	੧	੭	੨	੧	੧੫	੨	-	੨	੧੭
ਕਬੀਰ ਜੀਉ	-	-	੧	-	-	੧	-	-	-	੧
ਨਾਮ ਦੇਵ ਜੀ	-	੧	੧	-	-	੨	-	-	-	੨
ਜੋੜ	-	੧	੨	-	-	੩	-	-	-	੩
ਵਡਾ ਜੋੜ	੪	੨	੯	੨	੧	੧੯	੨	-	੨	੨੦

Digitized by Panjab Digital Library | www.panjabdigilib.org

ਚੱਕ੍ਰ ਨੰਬਰ੧੭

ਰਾਗ ਸੂਹੀ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਤਪਦੇ	ਦਿਹਪਦੇ	ਚਉਪਦੇ	ਪੰਚਪਦੇ	ਛਿਪਦੇ	ਪਣਤਾਲ ਪਦੇ	ਜੋੜ	ਅਸ਼ਟ-ਪਦੀਆਂ ਪਹਿਲੀਆਂ	ਅਸ਼ਟ-ਪਦੀਆਂ ਪਿਛਲੀਆਂ	ਸਲੋਕ	ਵਣਜਾਰਾ	ਵਾਰਾਂ ਤੇ ਵਧੀਕ	ਕੁਲ	ਜੋੜ	ਦਾਰ ਸਲੋਕ	ਦਾਰ ਮਹਲ	ਦਾਰ ਪਉੜੀ	ਜੋੜ	ਵਡਾ ਜੋੜ
੧ ਮਹਲਾ ਪਹਿਲਾ	-	-	੭	੧	੧	-	੯	੨	੩	੧	੧	-	੫	੧੨	੧੦	੧੩	-	੨੩	੪੪
੨ " ਦੂਜਾ	-	-	-	-	-	-	-	-	-	-	-	-	੭	੧੧	੩	੭	੨ੰ	੩੬	੪੭
੩ " ਤੀਜਾ	-	-	-	-	-	-	-	੪	-	-	-	-	੭	੧੧	੭	੮	੨ੰ	੩੬	੪੭
੪ " ਚਉਥਾ	-	-	੧੪	-	੧	-	੧੫	੨	-	-	-	-	੬	੮	-	-	-	-	੨੩
੫ " ਪੰਜਵਾਂ	੫	੨	੪੭	੨	-	੨	੫੮	੩	੨	-	-	੧	੧੧	੧੭	-	-	-	-	੭੫
ਜੋੜ	੫	੨	੬੮	੩	੨	੨	੮੨	੧੧	੫	੧	੧	੧	੨੯	੪੮	੨੦	੨੯	੨੦	੬੯	੧੮੯
ਕਬੀਰ ਜੀਉ	-	੧	੪	-	-	-	੫	-	-	-	-	-	-	-	-	-	-	-	੫
ਰਵਿਦਾਸ ਜੀ	-	੨	੧	-	-	-	੩	-	-	-	-	-	-	-	-	-	-	-	੩
ਸ਼ੇਖ ਫਰੀਦ ਜੀ	-	੧	੧	-	-	-	੨	-	-	-	-	-	-	-	-	-	-	-	੨
ਜੋੜ	-	੪	੬	-	-	-	੧੦	-	-	-	-	-	-	-	-	-	-	-	੧੦
ਵਡਾ ਜੋੜ	੫	੬	੭੪	੩	੨	੨	੯੨	੧੧	੫	੧	੧	੧	੨੯	੪੮	੨੦	੨੯	੨੦	੬੯	੨੦੯

Digitized by Panjab Digital Library | www.panjabdigilib.org

ਚੱਕ੍ਰ ਨੰਬਰ ੧੮

ਰਾਗ ਬਿਲਾਵਲ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭੁਰਾਤ	ਪੌੜੀ	ਦੁਪਦੇ	ਚੌਪਦੇ	ਪੰਚਪਦੇ	ਪੜਤਾਲ: ਚੌਪਦੇ	ਪੜਤਾਲ: ਪੰਚਪਦੇ	ਜੋੜ	ਅਸ਼ਟਪਦੀਆਂ	ਬਿਪਦੀ ਦੀਆਂ	ਪਖੰਡਿਤ ਵਾਰ ਦੀਆਂ	ਛੰਤ: ਛੰਤ	ਛੰਤ: ਪਖੰਡਿਤ	ਜੋੜ	ਵਾਰ: ਪ੍ਰਸਿੱਧ	ਵਾਰ: ਸਹਲਾ	ਵਾਰ: ਪਖੰਡਿਤ	ਜੋੜ	ਦਲ ਜੋੜ
੧ ਮਹਲਾ ਪਹਿਲਾ	-	-	੪	-	-	-	੪	੨	੨੦	-	੨	-	੨੪	੧	੧	-	੨	੩੦
੩ " ਤੀਜਾ	-	-	੫	੧	-	-	੯	੧	"	੧੦	"	"	੯੧	੧੧	੧੩	"	੨੪	੪੧
੪ " ਚਉਥਾ	-	-	੬	-	੧	-	੭	੬	"	-	੨	੧	੯	੧	-	੧੩	੧੪	੩੦
੫ " ਪੰਜਵਾਂ	੭੧	-	੫੫	੧	੧	੧	੧੨੯	੨	-	-	੫	੧	੮	-	-	-	-	੧੩੭
੯ " ਨਾਂਵਾਂ	੨	੧	-		-	-	੩	-	-	-	-	-	-	-	-	-	-	੩
ਜੋੜ	੭੩	੧	੭੦	੨	੨	੧	੧੪੯	੧੧	੨੦	੧੦	੯	੨	੫੨	੧੩	੧੪	੧੩	੪੦	੨੪੧
ਕਬੀਰ ਜੀਉ	੬	੨	੩	੧	-	-	੧੨	-	-	-	-	-	-	-	-	-	-	੧੨
ਨਾਮਦੇਵ ਜੀ	੧	-	-	-	-	-	੧	-	-	-	-	-	-	-	-	-	-	੧
ਰਵਿਦਾਸ ਜੀ	-	੨	-	-	-	-	੨	-	-	-	-	-	-	-	-	-	-	੨
ਸਧਨਾ ਜੀ	-	-	੧	-	-	-	੧	-	-	-	-	-	-	-	-	-	-	੧
ਜੋੜ	੭	੪	੪	੧	-	-	੧੬	-	-	-	-	-	-	-	-	-	-	੧੬
ਵਡਾ ਜੋੜ	੮੦	੫	੭੪	੩	੨	੧	੧੬੫	੧੧	੨੦	੧੦	੯	੨	੫੨	੧੩	੧੪	੧੩	੪੦	੨੫੭

ਨੋਟ:—੪ ਛੰਤ ਮੰਗਲ ਹਨ। ੨ ਛੰਤ ਦਖਨੀ ਹਨ।

ਨੋਟ:—ਚੱਕ੍ਰ ਨੰਬਰ ੧੯ ਤੱਕੋ ਪੰਨਾ ੩੯੩ ਪਰ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨੦ s ਰਾਗ ਰਾਮਕਲੀ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਦੋਪਦੇ	ਤਿਪਦੇ	ਚਉਪਦੇ	ਪੰਚਪਦੇ	ਛਿਪਦੇ	ਪੜਤਾਲ ਦਪਦੇ	ਜੋੜ	ਅਸਟਪਦੀਆਂ	ਛੰਤ ਕੈਂਤ	ਛੰਤ ਸਲੋਕ	ਰੁਤੀ ਕੈਂਤ	ਰੁਤੀ ਸਲੋਕ	ਅਨੰਦ ਪਉੜੀਆਂ	ਓਅੰਕਾਰ ਪਉੜੀਆਂ	ਸਿਧ ਗੋਸਟਿ =	ਸਦ =	ਜੋੜ	ਵਾਰ ਸਲੋਕ	ਵਾਰ ਮ:	ਵਾਰ ਪਉੜੀ	ਜੋੜ	ਵਡਾ ਜੋੜ
੧ ਮਹਲ ਪਹਿਲਾ	-	੧	੧੦	-	-	-	੧੧	੬	-	-	-	-	-	੫੪	੭੩	-	੧੩੬	੬	੧੩	-	੧੯	੧੬੬
੨ " ਦੂਜਾ	-	-	-	-	-	-	-	-	-	-	-	-	-	-	-	-	੩	੪	-	੨	੨
੩ " ਤੀਜਾ	-	-	-	-	੧	-	੧	੫	-	-	-	-	੪੦	-	-	-	੪੫	੧੦	੧੩	੨੧	੪੪	੯੦
੪ " ਚਉਥਾ	-	-	੫	੧	-	-	੬	-	-	-	-	-	-	-	-	-	-	-	-	-	-	੬
੫ " ਪੰਜਵਾਂ	੨	੧	੫੩	੨	-	੨	੬੦	੮	੬	੪	੮	੧੬	-	-	-	-	੪੨	੨੨	੨੨	੨੨	੬੬	੧੬੮
੯ " ਨਾਂਵਾਂ	-	੩	-	-	-	-	੩	-	-	-	-	-	-	-	-	-	-	-	-	-	-	੩
ਜੋੜ	੨	੫	੬੮	੩	੧	੨	੮੧	੨੨	੬	੪	੮	੧੬	੪੦	੫੪	੭੩	-	੨੨੩	੪੧	੫੨	੪੩	੧੩੬	੪੪੦
ਬਾਬਾ ਸੁੰਦਰ ਜੀ	-	-	-	-	-	-	-	-	-	-	-	-	-	-	-	੬	੬	-	-	-	-	੬
ਸਤਾ ਤਥਾ ਬਲਵੰਡ	-	-	-	-	-	-	-	-	-	-	-	-	-	-	-	-	-	-	-	੮	੮	੮
ਕਬੀਰ ਜੀ	੨	੪	੨	੨	੧	-	੧੧	੧	-	-	-	-	-	-	-	-	੧	੨	-	-	੨	੧੪
ਨਾਮਦੇਵ ਜੀ	-	੧	੩	-	-	-	੪	-	-	-	-	-	-	-	-	-	-	-	-	-	-	੪
ਰਵਿਦਾਸ ਜੀ	-	੧	-	-	-	-	੧	-	-	-	-	-	-	-	-	-	-	-	-	-	-	੧
ਬੇਣੀ ਜੀ	-	-	-	-	-	-	-	੧	-	-	-	-	-	-	-	-	੧	-	-	-	-	੧
ਜੋੜ	੨	੬	੫	੨	੧	-	੧੬	੨	-	-	-	-	-	-	-	੬	੮	੨	-	੮	੧੦	੩੪
ਵਡਾ ਜੋੜ	੪	੧੧	੭੩	੫	੨	੨	੯੭	੨੪	੬	੪	੮	੧੬	੪੦	੫੪	੭੩	੬	੨੩੧	੪੩	੫੨	੫੧	੧੪੬	੪੭੪

ਰਾਗ ਰਾਮਕਲੀ ਵਿਚ ਇਹ ਬਾਣੀਆਂ ਹਨ:-

ਸਬਦ	
ਅਸਟਪਦੀਆਂ	੧
ਛੰਤ	੧
ਰੁਤੀ	੧
ਅਨੰਦ	੧
ਓਅੰਕਾਰ	੧
ਸਿਧ ਗੋਸਟਿ	੧
ਵਾਰਾਂ	੩

ਨੋਟ ੧:-ਸਲੋਕ ਕਬੀਰ ਜੀ ਦੇ ਮ: ਤੀਜੇ ਦੀ ਵਾਰ ਵਿਚ ਹਨ ਜਿਹੜੇ ਭਗਤ ਬਾਣੀ ਦੇ ਨਕਸ਼ੇ ਵਿਚ ਹਨ। ਨੋਟ ੨:-ਇਸ ਰਾਗ ਵਿਚ ਗੋਰਖ ਚਰਪਟ ਆਦਿ ਸਿਧਾਂ ਦੇ ਨਾਉਂ ਹਨ ਉਨ੍ਹਾਂ ਦੀ ਗਿਣਤੀ ਉਨ੍ਹਾਂ ਦੇ ਨਾਵਾਂ ਹੇਠ ਨਹੀਂ ਦਿੱਤੀ, ਕਿਉਂਕਿ ਉਹ ਦੇ ਬਚਨਾਂ ਨੂੰ ਗੁਰੂ ਜੀ ਨੇ ਆਪਣੇ ਰਚੇ ਛੰਦਾਂ ਵਿਚ ਅਦਾ ਕੀਤਾ ਹੈ। ਨੋਟ ੩:-ਸਤੇ ਬਲਵੰਡ ਦੀ ਵਾਰ ਦੀਆਂ ੮ ਪਉੜੀਆਂ ਤੇ ਸੁੰਦਰ ਜੀ ਦੀ ਸਦ ਦੀਆਂ ੬ ਪਉੜੀਆਂ

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨੧

ਰਾਗ ਨਟਨਾਰਾਇਣ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪੜਤਾਲ								
	ਪਹਿਲਾ	ਦੂਜਾ	ਤੀਜਾ	ਪਹਿਲਾ	ਦੂਜਾ	ਤੁਕ	ਅਸਟਪਦੀਆਂ	ਛੰਤ	ਸ਼ਬਦ	ਜੋੜ
੪ ਮਹਲ ਚਉਥਾ	~	~	੬	੩	~	੮	ਛੱਕਾ ੬	~	੬	੧੫
੫ " ਪੰਜਵਾਂ	੭	੧	੧	੧	~	੧੦	~	~	~	੧੦
ਜੋੜ	੭	੧	੭	੪	~	੧੮	੬	~	੬	੨੫

ਨੋਟ:–ਇਸ ਰਾਗ ਵਿਚ ਭਗਤਾਂ ਦੀ ਬਾਣੀ ਅਤੇ ਵਾਰ ਕੋਈ ਨਹੀਂ।

ਚੱਕ੍ਰ ਨੰਬਰ ੨੨

ਰਾਗ ਮਾਲੀਗਉੜਾ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਹਿਲਾ	ਦੂਜਾ	ਤੀਜਾ	ਤੁਕ	ਜੋੜ
੪ ਮਹਲ ਚਉਥਾ	~	੬	~	੬	੬
੫ " ਪੰਜਵਾਂ	੩	੫	~	੮	੮
ਜੋੜ	੩	੧੧	~	੧੪	੧੪
ਨਾਮਦੇਵ ਜੀ	੨	੧	~	੩	੩
ਜੋੜ	੨	੧	~	੩	੩
ਵਡਾ ਜੋੜ	੫	੧੨	~	੧੭	੧੭

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨੩

ਰਾਗ ਮਾਰੂ ਦੀ ਬਾਣੀ ਦਾ ਵੇਰਵਾ

ਮਹਲ ਅਤੇ ਛਰਤ	ਦੁਪਦੇ	ਤਿਪਦੇ	ਚਉਪਦੇ	ਪੰਚਪਦੇ	ਛਿਪਦੇ	ਜੋੜ	ਅਸਟਪਦੀਆਂ ਅਸਟ-ਪਦੀਆਂ	ਲਾਵਾਂ	ਚਉਪਦੀਆਂ	ਅਸਟਪਦੀਆਂ	ਸਲੋਕ	ਜੋੜ	ਵਾਰ ਸਲੋਕ	ਵਾਰ ਮ:	ਵਾਰ ਪਉੜੀ	ਜੋੜ	ਜੋੜ ਵਾਧਾ
੧ ਮਹਲ ਪਹਿਲਾ	~	੧	੭	੩	੧	੧੨	੮	੩	~	~	੨੨	੩੩	੮	੧੦	~	੧੮	੬੪
੨ " ਦੂਜਾ	~	~	~	~	~	~	~	~	~	~	~	~	੧	੧	~	੨	੨
੩ " ਤੀਜਾ	~	~	੪	੧	~	੫	੧	~	~	~	੨੪	੨੫	੧੧	੧੩	੨੨	੪੬	੭੬
੪ " ਚਉਥਾ	~	~	੬	੨	~	੮	~	~	~	~	੨	੨	੧	੩	~	੪	੧੪
੫ " ਪੰਜਵਾਂ	੮	~	੨੦	੧	੧	੩੧	੬	~	੨	੨	੧੪	੨੪	੨੨	੪੫	੨੩	੯੦	੧੪੫
੬ " ਨਾਂਵਾਂ	੩	~	~	~	~	੩	~	~	~	~	~	~	~	~	~	~	੩
ਜੋੜ	੧੨	੧	੩੭	੭	੨	੫੯	੧੫	੩	੨	੨	੬੨	੮੪	੪੪	੭੨	੪੫	੧੬੧	੩੦੪
ਕਬੀਰ ਜੀਉ	੩	੧	੫	~	~	੯	੧	~	~	~	~	੧	੨	~	~	੨	੧੨
ਨਾਮਦੇਵ ਜੀ	~	~	੧	~	~	੧	~	~	~	~	~	~	~	~	~	~	੧
ਜੈਦੇਵ ਜੀ	~	੧	~	~	~	੧	~	~	~	~	~	~	~	~	~	~	੧
ਰਵਿਦਾਸ ਜੀ	੧	੧	~	~	~	੨	~	~	~	~	~	~	~	~	~	~	੨
ਜੋੜ	੪	੩	੬	~	~	੧੩	੧	~	~	~	~	੧	੨	~	~	੨	੧੬
ਵਡਾ ਜੋੜ	੧੬	੪	੪੩	੭	੨	੭੨	੧੬	੩	੨	੨	੬੨	੮੫	੪੬	੭੨	੪੫	੧੬੩	੩੨੦

ਵੇਰਵਾ

੧-ਵਾਰ ਮ: ੫ ਵੇਂ ਦੀ ਵਿਚ ਡਖਣੇ ਵਿਦਮਾਨ ਹਨ ਸੋ ਸਲੋਕਾਂ ਨਾਲ ਸ਼ਾਮਲ ਹਨ, ਡਖਣਿਆਂ ਦਾ ਵੇਰਵਾ ਇਹ ਹੈ:-

੬੫ ਡਖਣੇ ਮਹਲਾ ੫ ਦੇ
੩ " " ੧ "
੧ " " ੨ "
੬੯ ਜੋੜ

ਇਸ ਰਾਗ ਵਿਚ ਵਾਰਾਂ ਦੇ ਹੋਣੇ ਤੇ ਦੋਹਾਂ ਦੇ ਸਲੋਕ ਮਹਲਿਆਂ ਪਰ ਵੰਡਣੇ ਵਧ ਘਟ ਜਾਪਦੇ ਹਨ, ਅਸਲ ਵਿਚ ਮ: ੫ ਦੀ ਵਾਰ ਵਿਚ ੬੯ ਸਲੋਕ ਅਤੇ ੨੩ ਪਉੜੀਆਂ ਹਨ। ਮਹਲ ਤੀਜੇ ਦੀ ਵਾਰ ਵਿਚ ੪੭ ਸਲੋਕ ਅਤੇ ੨੨ ਪਉੜੀਆਂ ਹਨ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨੪
ਰਾਗ ਤੁਖਾਰੀ ਦੀ ਬਾਣੀ ਦਾ ਵੇਰਵਾ

ਮਹਲ	ਛੰਤ	ਪਉੜੀ ਦੁਪਦੇ	ਜੋੜ
੧ ਮਹਲ ਪਹਿਲਾ	੫	੧੭	੨੨
੪ " ਚਉਥਾ	੪	~	੪
੫ " ਪੰਜਵਾਂ	੧	~	੧
ਜੋੜ	੧੦	੧੭	੨੭

ਨੋਟ੧:–ਇਸ ਰਾਗ ਵਿਚ ਨਿਰੇ ਛੰਤ ਹੀ ਹਨ, ਬਾਰਾਂ ਮਾਹ ਵੀ ਛੰਤਾਂ ਵਿਚ ਹੀ ਹੈ ਭਾਵੇਂ ਮ: ੧ ਦੀ ਬਾਣੀ ਦੇ ਸ਼ਬਦਾਂ ਦਾ ਸਿਰਲੇਖ ਨਹੀਂ ਲਿਖਿਆ ਪ੍ਰੰਤੂ ਛੰਤਾਂ ਦੀ ਧਾਰਨਾ ਹੋਣ ਤੇ ਛੰਤ ਹੀ ਪ੍ਰਵਾਨ ਹੈ।

ਨੋਟ ੨:– ਬਾਰਾਂ ਮਾਹ ਦੇ ਉਪਰੰਤ ਇਕ ਛੰਤ ਵਿਚ ਪਹਰੇ ਪਰਬਾਣ ਬਾਣੀ ਹੈ ਜੋ ਸਿਰਲੇਖ ਪਹਰੇ ਨਾ ਹੋਣ ਤੇ ਪਹਰਿਆਂ ਦਾ ਖਾਨਾ ਵਖਰਾ ਨਹੀਂ ਦਿਤਾ ਗਿਆ।

ਨੋਟ ੩:– ਹੋਰ ਬਾਣੀ ਭਗਤਾਂ ਦੀ ਅਤੇ ਵਾਰ ਇਸ ਰਾਗ ਵਿਚ ਨਹੀਂ ਹੈ।

ਚੱਕ੍ਰ ਨੰਬਰ ੨੫
ਰਾਗ ਕੇਦਾਰਾ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਛੰਤ	ਅਸਟਪਦੀਆਂ	ਵਾਰ	ਸਲੋਕ	ਜੋੜ
੧ ਮਹਲ ਪਹਿਲਾ	੧	~	੧	੨	~	~	~	੨
੫ " ਪੰਜਵਾਂ	੧੫	~	~	੧੫	~	੧	੧	੧੬
ਜੋੜ	੧੬	~	੧	੧੭	~	੧	੧	੧੮
ਕਬੀਰ ਜੀਉ	੨	~	੪	੬	~	~	~	੬
ਰਵਿਦਾਸ ਜੀ	~	੧	~	੧	~	~	~	੧
ਜੋੜ	੨	੧	੪	੭	~	~	~	੭
ਵਡਾ ਜੋੜ	੧੮	੧	੫	੨੪	~	੧	੧	੨੫

Digitized by Panjab Digital Library | www.panjabdigilib.org

ਚੱਕ੍ਰ ਨੰਬਰ ੧੯

ਰਾਗ ਗੌਂਡ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਦੇ	ਚਉਪਦੇ	ਛੰਤ ਪਦੇ	ਪੜਤਾਲ ਪਦੇ	ਜੋੜ	ਸਲੋਕ ਪਦੇ	ਕੁਲ ਜੋੜ
੪ ਮਹਲ ਚਉਥਾ	~	~	੬ ਛੰਤਾ	~	੬	~	੬
੫ " ਪੰਜਵਾਂ	੧	~	੨੧	~	੨੨	੧	੨੩
ਜੋੜ	੧	~	੨੭	~	੨੮	੧	੨੯
ਕਬੀਰ ਜੀਉ	~	੨	੮	੧	੧੧	~	੧੧
ਨਾਮਦੇਵ ਜੀ	੧		੪	੨	੭	~	੭
ਰਵਿਦਾਸ ਜੀ	~		੨	~	੨	~	੨
ਜੋੜ	੧	੨	੧੪	੩	੨੦	~	੨੦
ਵਡਾ ਜੋੜ	੨	੨	੪੧	੩	੪੮	੧	੪੯

ਚੱਕ੍ਰ ਨੰਬਰ ੨੬

ਰਾਗ ਭੈਰਉ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਦੇ	ਚਉਪਦੇ	ਛੰਤ ਪਦੇ	ਦੁਪਦੇ	ਤ੍ਰਿਪਦੇ	ਪੜਤਾਲ ਪਦੇ	ਜੋੜ	ਸਲੋਕ ਪਦੇ	ਕੁਲ ਜੋੜ
੧ ਮਹਲ ਪਹਿਲਾ	~	~	੭	੧	~	~	੮	੧	੯
੩ " ਤੀਜਾ	~	~	੧੫	੪	੨	~	੨੧	੨	੨੩
੪ " ਚਉਥਾ	~	~	੭	~	~	~	੭	~	੭
੫ " ਪੰਜਵਾਂ	੨	੧	੫੦	੩	~	੧	੫੭	੩	੬੦
ਜੋੜ	੨	੧	੭੯	੮	੨	੧	੯੩	੬	੯੯
ਕਬੀਰ ਜੀਉ	~	੩	੧੧	੨	੨	~	੧੮	੨	੨੦
ਨਾਮਦੇਵ ਜੀ	~	੨	੬	੧	~	~	੯	੨	੧੧
ਰਵਿਦਾਸ ਜੀ	~	~	੨	~	~	~	੨	~	੨
ਜੋੜ	~	੫	੧੯	੩	੨	~	੨੯	੪	੩੩
ਵਡਾ ਜੋੜ	੨	੬	੯੮	੧੧	੪	੧	੧੨੨	੧੦	੧੩੨

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨੭

ਰਾਗ ਬਸੰਤ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਪੜਤਾਲ	ਸ਼ਬਦ	ਸਲੋਕ ਸਹਸਕ੍ਰਿਤੀ	ਦਖਣੀ ਓਅੰਕਾਰ	ਦਖਣੀ	ਸ਼ਬਦ	ਜੋੜ
੧ ਮਹਲ ਪਹਿਲਾ	-	੧	੯	-	੧੦	੮	-	-	-	੧੮
੩ " ਤੀਜਾ	-	-	੧੯	੧	੨੦	-	-	-	-	੨੦
੪ " ਚਉਥਾ	-	-	੭	-	੭	੧	-	-	-	੮
੫ " ਪੰਜਵਾਂ	੧	-	੨੦		੨੧	੨	-	੩	੩	੨੯
੯ " ਨਾਵਾਂ	੧	-	੪		੫	-	-	-	-	੫
ਕਬੀਰ ਜੀਉ	-	੫	੧	੧	੭	-	-	-	-	੭
ਰਾਮਾਨੰਦ ਜੀ	-	੧	-	-	੧	-	-	-	-	੧
ਨਾਮਦੇਵ ਜੀ	-	੨	੧	-	੩	-	-	-	-	੩
ਰੰਵਿਦਾਸ ਜੀ	-	-	੧	-	੧	-	-	-	-	੧
ਵਡਾ ਜੋੜ	੨	੯	੬੨	੨	੭੫	੧੧	-	੩	੩	੩੯

ਚੱਕ੍ਰ ਨੰਬਰ ੨੮

ਰਾਗ ਸਾਰੰਗ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਪੜਤਾਲ	ਸ਼ਬਦ	ਸਲੋਕ ਸਹਸਕ੍ਰਿਤੀ	ਛੰਤ	ਸ਼ਬਦ	ਦਖਣੀ ਓਅੰਕਾਰ	ਅ	ਦਖਣੀ	ਸ਼ਬਦ	ਜੋੜ
੧ ਮਹਲ ਪਹਿਲਾ	-	੩	-	-	੩	੨	-	੨	੧੬	੧੮	-	੩੪	੩੮
੨ " ਦੂਜਾ	-	-	-	-	-	-	-	-	੫	੩	-	੮	੮
੩ " ਤੀਜਾ	-	-	-	-	-	੩	-	੩	੧੨	੧੧	-	੨੩	੨੬
੪ " ਚਉਥਾ	੭	੪	੨	-	੧੩	੨	-	੨	੩	੩	੩੫	੪੧	੫੬
੫ " ਪੰਜਵਾਂ	੧੧੧	੧੭	੧	੧੦	੧੩੯	-	੧	੧	੧	੨	੧	੪	੧੪੪
੯ " ਨਾਂਵਾਂ	੪	-	-	-	੪	-	-	-	-	-	-	-	੪
ਕਬੀਰ ਜੀਉ	੧	੨	-	-	੩	-	-	-	-	-	-	-	੩
ਨਾਮਦੇਵ ਜੀ	੨	੧	-	-	੩	-	-	-	-	-	-	-	੩
ਰਮਾਨੰਦ ਜੀ	੧	-	-	-	੧	-	-	-	-	-	-	-	੧
ਸੂਰਦਾਸ ਜੀ	੨	-	-	-	੨	-	-	-	-	-	-	-	੨
ਵਡਾ ਜੋੜ	੧੨੮	੨੭	੩	੧੦	੧੬੮	੭	੧	੮	੩੭	੩੭	੩੬	੧੧੦	੨੮੬

Digitized by Panjab Digital Library | www.panjabdigilib.org

ਚੱਕ੍ਰ ਨੰਬਰ ੨੯

ਰਾਗ ਮਲਾਰ ਦੀ ਬਾਣੀ ਦਾ ਵੇਰਵਾ

| ਮਹਲ ਅਤੇ ਭਰਾਤ | ਦੁਹਿ | ਤਿਪਦੇ | ਚਉਪਦੇ | ਪੰਚਪਦੇ | ਪੜਤਾਲ ਦੁਹਿ | ਤਿਪਦੇ | ਚਉਪਦੇ | ਸ੍ਰਲੋ | ਗਾਥਾ ਫੁਨਹੇ ਚਉਬੋਲੇ | ਵਣਜਾਰਾ | ਸ੍ਰਲੋ | ਵਾਰ ਸ੍ਰਿਪਦੀ | ਪਉੜੀ | ਸ੍ਰਲੋ | ਵਾਰ ਦਾ ਜੋੜ |
|---|---|---

ਚੱਕ੍ਰ ਨੰਬਰ ੩੦

ਰਾਗ ਕਾਨੜੇ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਰਾਤ	ਪਉੜੀ	ਦੁਪਦੇ	ਚਉਪਦੇ	ਅਸ਼ਟਪਦੀਆਂ	ਸ਼ਲੋਕ	ਅਸ਼ਟਪਦੀਆਂ	ਛੰਤ	ਵਾਰ			ਸ਼ਲੋਕ	ਕੁਲ ਜੋੜ
								ਸਲੋਕਾਂ	ਪਉੜੀਆਂ	ਸਲੋਕ		
੪ ਮਹਲ ਚਉਥਾ	~	~	੬	੬	੧੨	੬	-	੬	੧੫	੧੫	੧੫	੪੫	੬੩
੫ " ਪੰਜਵਾਂ	੪੧	੨	੭	~	੫੦	~	੧	੧	~	~	~	~	੫੧
ਜੋੜ	੪੧	੨	੧੩	੬	੬੨	੬	੧	੭	੧੫	੧੫	੧੫	੪੫	੧੧੪
ਨਾਮਦੇਵ ਜੀ	੧	~	~	~	੧	~	~	~	~	~	~	~	੧
ਜੋੜ	੧	~	~	~	੧	~	~	~	~	~	~	~	੧
ਵਡਾ ਜੋੜ	੪੨	੨	੧੩	੬	੬੩	੬	੧	੭	੧੫	੧੫	੧੫	੪੫	੧੧੫

ਚੱਕ੍ਰ ਨੰਬਰ ੩੧

ਰਾਗ ਕਲਿਆਣ ਦੀ ਬਾਣੀ ਦਾ ਵੇਰਵਾ

ਮਹਲ	ਪਉੜੀ	ਦੁਪਦੇ	ਚਉਪਦੇ	ਅਸ਼ਟਪਦੀਆਂ	ਛੰਤ	ਕੁਲ ਜੋੜ
੪ ਮਹਲ ਚਉਥਾ	੧	੬ ਛੰਕਾ	੭	੬ ਛੰਕਾ	੬	੧੩
੫ " ਪੰਜਵਾ	੮	੨	੧੦	~	~	੧੦
ਜੋੜ	੯	੮	੧੭	੬	੬	੨੩

Digitized by Panjab Digital Library | www.panjabdigilib.org

ਚੱਕ੍ਰ ਨੰਬਰ ੩੨

ਰਾਗ ਪ੍ਰਭਾਤੀ ਦੀ ਬਾਣੀ ਦਾ ਵੇਰਵਾ

ਮਹਲ ਅਤੇ ਭਗਤ	ਪਉੜੀ	ਦੁਪਦੇ	ਚਉਪਦੇ	ਛੰਤ	ਸਲੋਕ	ਪਦੇ ਅਸਟਪਦੀਆਂ	ਸਲੋਕ ਵਾਰਾਂ ਤੇ ਵਧੀਕ	ਜੋੜ
੧ ਮਹਲ ਪਹਿਲਾ	-	-	੧੪	੩	-	-	੧੭	੨੪
੩ " ਤੀਜਾ	-	-	੬	੧	-	-	੭	੮
੪ " ਚਉਥਾ	-	-	ਛੱਕਾ ੬	-	-	੧	੭	੭
੫ " ਪੰਜਵਾਂ	੧	-	੧੨	-	-	੨	੧੫	੩	੧੮
ਜੋੜ	੧	-	੩੮	੪	-	੩	੪੬	੧੨	੫੮
ਕਬੀਰ ਜੀਉ	-	੧	੩	-	੧	-	੫	-	੫
ਨਾਮਦੇਵ ਜੀ	-	੧	੨	-	-	-	੩	-	੩
ਬੇਣੀ ਜੀ	-	-	-	੨	੧	-	੧	-	੧
ਜੋੜ	-	੨	੫	-	੨	-	੯	-	੯
ਵਡਾ ਜੋੜ	੧	੨	੪੩	੪	੨	੩	੫੫	੧੨	੬੭

ਇਸ ਰਾਗ ਵਿਚ ਕਬੀਰ ਜੀ ਦਾ ਇਕ ਸਬਦ ਆਰਤੀ ਦਾ ਹੈ।

ਚੱਕ੍ਰ ਨੰਬਰ ੩੩

ਰਾਗ ਜੈਜਾਵੰਤੀ ਦੀ ਬਾਣੀ ਦਾ ਵੇਰਵਾ

ਮਹਲ	ਪਉੜੀ	ਚਉਪਦੇ	ਸਲੋਕ ਛੰਤ ਪਦੇ
੯ ਮਹਲ ਨਾਵਾਂ	੪	-	੪
ਜੋੜ	੪	-	੪

ਇਸ ਰਾਗ ਵਿਚ ਨਿਰੇ ਚਾਰ ਸ਼ਬਦ ਨਾਵੇਂ ਮਹਲ ਦੇ ਹੀ ਹਨ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੩੪ ਰਾਗਾਂ ਤੋਂ ਅਗਲੀ ਬਾਣੀ ਦਾ ਵੇਰਵਾ

ਮਹਲ ਅਤੇ ਭਰਾਤ	ਸਲੋਕ ਵਾਰਾਂ ਤੇ ਵਧੀਕ	ਸਲੋਕ ਵਾਰਾਂ ਤੋਂ ਵਧੀਕ	ਪਉੜੀ ਛੰਤ ਆਦਿਕ	ਵਾਰ	ਸ਼ਬਦ	ਸ਼ਬਦ ਹਜ਼ਾਰੇ	ਸ਼ਬਦ ਦੁਤੁਕੇ	ਜੋੜ
੧ ਮਹਲ ਪਹਿਲਾ	੪	-	-	-	੪	-	-	੪
੩ " ਤੀਜਾ	-	-	-	-	-	੧	੩	੪
੪ " ਚਉਥਾ	-	-	-	-	-	-	-	-
੫ " ਪੰਜਵਾਂ	੬੭	੨੪	੨੩	੧੧	੧੨੫	੪	੫	੯	੧੩੪
ਜੋੜ	੭੧	੨੪	੨੩	੧੧	੧੨੯	੫	੮	੧੩	੧੪੨
ਕਬੀਰ ਜੀਉ	-	-	-	-	-	੨੩੬	-	੨੩੬	੨੩੬
ਨਾਮਦੇਵ ਜੀ	-	-	-	-	-	੧	-	੧	੧
ਰਵਿਦਾਸ ਜੀ	-	-	-	-	-	੧	-	੧	੧
ਫਰੀਦ ਜੀ	-	-	-	-	-	-	੧੨੨	੧੨੨	੧੨੨
ਜੋੜ		-	-	-	-	੨੩੮	੧੨੨	੩੬੦	੩੬੦
ਵਡਾ ਜੋੜ	੭੧	੨੪	੨੩	੧੧	੧੨੯	੨੪੩	੧੩੦	੩੭੩	੫੦੨

ਚੱਕ੍ਰ ਨੰਬਰ ੩੬

ਸਲੋਕ ਵਾਰਾਂ ਤੋਂ ਵਧੀਕ ਦੀ ਬਾਣੀ ਦਾ ਵੇਰਵਾ

ਮਹਲ	ਸਲੋਕ ਮਃ ੧	ਸਲੋਕ ਮਃ ੨	ਸਲੋਕ ਮਃ ੩	ਸਲੋਕ ਮਃ ੪	ਸਲੋਕ ਮਃ ੫	ਸਲੋਕ ਮਃ ੯	ਸਲੋਕ ਨਾਂਦ	ਜੋੜ	ਮਃ ੧ ਵਿਚ
੧ ਪਹਿਲਾ	੩੩	-	-	-	-	-	-	੩੩	ਅਠਾਈਵਾਂ
੩ ਤੀਜਾ	-	੬੭	-	-	-	-	-	੬੭	ਸਲੋਕ ਮਹਲ
੪ ਚਉਥਾ	-	-	੩੦	-	-	-	-	੩੦	ਤੀਜੇ ਦਾ ਹੈ।
੫ ਪੰਜਵਾਂ	-	-	-	੨੨	-	-	੨	੨੪	
੯ ਨਾਂਦ	-	-	-	-	੫੬	੧	-	੫੭	
ਜੋੜ	੩੩	੬੭	੩੦	੨੨	੫੬	੧	੨	੨੧੯	

Digitized by Panjab Digital Library | www.panjabdigilib.org

ਚੱਕ੍ਰ ਨੰਬਰ ੩੫ ਭਟਾਂ ਦੇ ਸਵਈਆਂ ਦੀ ਬਾਣੀ ਦਾ ਵੇਰਵਾ

ਨਾਮ	ਸਵੱਯੇ			ਮਹਲੇ ਚਉਥੇ ਦੇ			ਮਹਲੇ ਪੰਜਵੇਂ ਦੇ		ਜੋੜ
	ਇਕ ਛੰਦ ਦੇ	ਦੋ ਛੰਦ ਦੇ	ਤਿੰਨ ਛੰਦ ਦੇ	ਚਾਰ ਛੰਦ ਦੇ	ਪੰਜ	ਛੇ ਛੰਦ ਦੇ	ਚਾਰ ਛੰਦ ਦੇ	ਪੰਜ ਛੰਦ ਦੇ	
ਸ੍ਰੀ ਮੁਖਵਾਕ ਮ: ੫	੨੦	"	"	"	"	"	"	"	੨੦
ਕਲਜ	੧੦	੫	੮	੧੩	"	"	੧੬	੩	੫੫
ਕਲਸਹਾਰ	"	੫	੯	"	"	"	"	"	੧੪
ਟਲਜ ੩	"	"	"	"	"	"	"	"	"
ਜਾਲਪ ੪	"	"	"	"	"	"	"	"	"
ਜਲਜ	"	"	"	"	"	"	"	"	"
ਕੀਰਤ	"	"	"	"	"	"	"	"	"
ਸਲਜ	"	"	"	"	"	"	"	"	"
ਭਲਜ	"	"	"	"	"	"	"	"	"
ਨਲਜ	"	"	"	"	"	"	"	"	"
ਭਿਖਾ	"	"	"	"	"	"	"	"	"
ਜਲਨ	"	"	"	"	"	"	"	"	"
ਦਾਸ	"	"	"	"	੩	੪	"	"	੧੪
ਗਯੰਦ	"	"	"	੫	"	"	"	"	੫
ਸੇਵਕ	"	"	"	੭	"	"	"	"	੭
ਮਥਰਾ	"	"	"	੩	"	"	੭	"	੧੦
ਬਲਜ	"	"	"	੫	"	"	"	"	੫
ਹਰਬੰਸ	"	"	"	"	"	"	੨	"	੨
ਜੋੜ	੩੦	੧੦	੨੨	੫੩	੩	੪	੧੮	੩	੧੪੩

ਕਵਿਤ:—ਪ੍ਰਥਮ ਸਵੱਯੇ ਰਚੇ ਸ੍ਰੀ ਮੁਖ ਵਾਕ ਆਪ, ਰਚੇ ਪੁਨ ਭਾਟਨ ਨੇ ਤੈਸੇ ਤਾਹੀ ਭਾਂਤਿ ਹੈਂ।
ਕਲਜ, ਕਲਸਹਾਰ, ਟਲਜ, ਜਲਜਨ ਜਾਲਪ ਜਲ ਕੀਰਤ ਕੀ ਕੀਰਤ ਨ ਕਹੂ ਕਹੀ ਜਾਤ ਹੈ।
ਬਲਜ, ਐਗਯੰਦ, ਭਿੱਖਾ, ਮਥਰਾ, ਸੇਵਕ ਜਾਨ ਰਚਨਾ ਬਚਿਤ੍ਰ ਜਾ ਕੀ ਮਹਾਂ ਬਖਯਾਤ ਹੈ।
ਭਲਜ, ਸਲਜ, ਨਲਜ, ਹਰਬੰਸ, ਏ ਸਤਾਰਾ ਨਾਮ ਭਾਟੀ ਭਾਖਾ ਮਾਂਹ ਬਾਣੀ ਰਚੀ ਅਵਦਾਤ ਹੈ।

ਨੋਟ ੧:—ਕਲਜ, ਅਤੇ ਕਲਸਹਾਰ ਇਕੋ ਭਟ ਦਾ ਨਾਮ ਹੈ ਕਈ ਗਯਾਨੀਆਂ ਨੇ ਦੋ ਮੰਨੇ ਹਨ, ਇਕੋ ਸਵੱਯੇ ਵਿਚ ਦੋ ਨਾਮ ਪ੍ਰਤਖ ਹਨ। ੨.ਜਾਲਪ ਸੱਲਜ ਅਤੇ ਜਲਨ ਇਕੋ ਭਟ ਦਾ ਨਾਮ ਜਾਪਦੇ ਹਨ, ਕਈਆਂ ਨੇ ਇਕ ਦੇ ਤਿੰਨ ਨਾਮ ਮੰਨੇ ਹਨ।
" ੩.ਇਕ ਪੰਜਾਂ ਸਵਈਆਂ ਦੇ ਕਰਤਾ ਦਾ ਨਾਮ ਨਹੀਂ ਮਿਲਦਾ, ਹੋਰ ਸਭ ਨਾਮ ਮਿਲਦੇ ਹਨ, ਸੋ ਦਾਸ ਦੇ ਨਾਮ ਪਰ ਮੰਨੇ ਗਏ ਹਨ। ੪.ਸ੍ਰੀ ਮੁਖ ਵਾਕ ਦੇ ਪਹਿਲੇ ੯ ਸਵੱਯੇ ਕੇਵਲ ਆਦ ਸਾਹਿਬ ਦੀ ਉਸਤਤੀ ਹੈ ਅਤੇ ਦੂਜੇ ਯਾਰਾਂ ਵਿਚ ਉਪਦੇਸ਼ ਹੈ।
" ੫.ਭਟਾਂ ਦੇ ੧੨੩ ਸਵੱਯੇ ਹਨ ਅਤੇ ੨੦ ਸਵੱਯੇ ਮਹਲਾ ੫ ਦੇ ਹਨ।
" ੬.ਰਡ ਭੀ ਇਕ ਛੰਦ ਦਾ ਨਾਮ ਹੈ, ਦੇਖੋ ਪਿੰਗਲ। ਨੋਟ ੭ ਦੇਖੋ ਪੰਨਾ ੩੮੫ ਹੇਠ।

Digitized by Panjab Digital Library | www.panjabdigilib.org

ਚੱਕ੍ਰ ਨੰਬਰ ੩੭

ਓਅੰਕਾਰ ਦਾ ਵੇਰਵਾ, ਜਿੰਨੀ ਤਰ੍ਹਾਂ ਦਾ ਅਤੇ ਜਿੰਨੀ ਵੇਰਾਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹਨ

	ਨਾਮ ਹਾਰ ਆਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ।	੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।	੧ ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ।	੧ ਓ ਸਤਿਗੁਰ ਪ੍ਰਸਾਦਿ।	ਜੋੜ
੧	ਜਪੁ ਸ਼ੀਸ਼ਾਣ	੧	-	-	੧
੨	ਸੋਦਰੁ	"	"	੧	੧
੩	ਸੋ ਪੁਰਖੁ	"	"	੧	੧
੪	ਸੋਹਿਲਾ	"	"	੧	੧
੫	ਸਿਰੀ ਰਾਗ	"	"	੧੩	੧੩
੬	ਮਾਝ ,,	੧	੧	੪	੬
੭	ਗਉੜੀ ,,	੧	੬	੩੯	੪੬
੮	ਰਾਗ ਆਸਾ	੧	"	੫੯	੬੨
੯	,, ਗੂਜਰੀ	੧	"	੨੩	੨੪
੧੦	,, ਦੇਵ ਗੰਧਾਰੀ	੧	"	੮	੯
੧੧	,, ਬਿਹਾਗੜਾ	੧	"	੫ *	੬
੧੨	,, ਵਡਹੰਸ	੧	"	੧੪	੧੫
੧੩	,, ਸੋਰਠ	੧	"	੧੯	੨੦
੧੪	,, ਧਨਾਸਰੀ	੧	"	੨੬	੨੭
੧੫	,, ਜੈਤਸ੍ਰੀ	"	"	੧੦	੧੦
੧੬	,, ਟੋਡੀ	੧	"	੮	੯
੧੭	,, ਬੈਰਾੜੀ	-	-	੨	੨
੧੮	,, ਤਿਲੰਗ	੧	-	੭	੮
੧੯	,, ਸੂਹੀ	੧	-	੪੩	੪੪
੨੦	ਰਾਗ ਬਿਲਾਵਲ	੧	੧	੩੦	੩੨
੨੧	,, ਗੌਂਡ	੧	-	੮	੯

*ਰਾਗ ਬਿਹਾਗੜਾ ਵਿਚ ਇਕ ਵਾਰ ੧ ਓ ਸਤਿਨਾਮੁ ਗੁਰ ਪ੍ਰਸਾਦਿ ॥ ਬੀ ਪਾਠ ਹੈ ਜੋ ਇਸ ਗਿਣਤੀ ਵਿਚ ਸ਼ਾਮਲ ਹੈ।

(ਬਾਕੀ ਅਗਲੇ ਪੰਨੇ ਪਰ ਤੁੱਕੋ)

Digitized by Panjab Digital Library | www.panjabdigilib.org

	ਨਾਮ ਰਾਗ ਆਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ।	੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।	੧ ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ	੧ ਓ ਸਤਿਗੁਰ ਪ੍ਰਸਾਦਿ।	ਜੋੜ
੨੨	,, ਰਾਮਕਲੀ	੧	-	੨੫	੨੯
੨੩	,, ਨਟ ਨਾਰਾਇਣ	੧	-	੫	੯
੨੪	,, ਮਾਲੀ ਗਉੜਾ	੧	-	੩	੪
੨੫	,, ਮਾਰੂ	੧	-	੩੯	੩੭
੨੬	,, ਤੁਖਾਰੀ	-	-	੩	੩
੨੭	,, ਕੇਦਾਰਾ	-	-	੯	੯
੨੮	,, ਭੈਰਉ	੧	-	੧੬	੧੭
੨੯	,, ਬਸੰਤ	੧	-	੨੧	੨੨
੩੦	,, ਸਾਰੰਗ	੧	-	੨੧	੨੨
੩੧	,, ਮਲਾਰ	੧	-	੧੮	੧੯
੩੨	,, ਕਾਨੜਾ	੧	-	੧੫	੧੬
੩੩	,, ਕਲਿਆਨ	੧	-	੪	੫
੩੪	,, ਪ੍ਰਭਾਤੀ	੧	-	੧੨	੧੩
੩੫	,, ਜੈਜਾ ਵੈਤੀ	੧	-	-	੧
੩੬	ਸਲੋਕ ਸਹਸਕ੍ਰਿਤੀ	੨	-	-	੨
੩੭	ਗਾਥਾ	-	-	੧	੧
੩੮	ਫੁਨਹੇ	-	-	੧	੧
੩੯	ਚਉਬੋਲੇ	-	-	੧	੧
੪੦	ਸਲੋਕ ਭਗਤ ਕਬੀਰ ਜੀ	-	-	੧	੧
੪੧	,, ਸੇਖ ਫਰੀਦ ਜੀ	-	-	੧	੧
੪੨	ਸਵਯੇ	੧	-	੬	੭
੪੩	ਸਲੋਕ ਵਾਰਾਂ ਤੋਂ ਵਧੀਕ	੧	-	੩	੪
੪੪	ਨਾਵੇਂ ਮਹਲ ਦੇ ਸਲੋਕ	-	-	੧	੧
੪੫	ਮੁੰਦਾਵਣੀ	-	-	-	-
੪੬	ਰਾਗ ਮਾਲਾ ※	-	-	੧	੧
ਜੋੜ		੩੩	੮	੫੨੫	੫੬੬

※ ਰਾਗ ਮਾਲਾ ਸੰਬੰਧੀ ਵਖਰੇ ਨਕਸ਼ੇ ਅੱਗੇ ਆਉਣਗੇ "ਗੁਰਮਤ ਸੰਗੀਤ ਨਿਰਣਯ" ਵਿਚ॥

Digitized by Panjab Digital Library | www.panjabdigilib.org

ਚੱਕ੍ਰ

ਬਾਈ ਵਾਰਾਂ ਦੇ ਸਲੋਕਾਂ

	ਵਾਰਾਂ ਵਾਲੇ ਰਾਗਾਂ ਦੇ ਨਾਉਂ ਮਹਲ ਸਮੇਤ			ਪਉੜੀਆਂ ਦੀ ਗਿਣਤੀ	ਸਲੋਕ ਮ: ੧	ਸਲੋਕ ਮ: ੨	ਸਲੋਕ ਮ: ੩
੧	ਵਾਰ ਸਿਰੀ ਰਾਗ	ਮਹਲਾ	੪	੨੧	੭	੨	੩੩
੨	" ਮਾਝ	ਮਃ	੧	੨੭	੪੬	੧੨	੩
੩	" ਗਉੜੀ	ਮਃ	੪	੩੩	"	"	੭
੪	" "	ਮਃ	੫	੨੧	"	"	"
੫	" ਆਸਾ	ਮਃ	੧	੨੪	੪੬	੧੪	"
੬	" ਗੂਜਰੀ	ਮਃ	੩	੨੨	੧	"	੪੨
੭	" "	ਮਃ	੫	੨੧	"	"	"
੮	ਬਿਹਾਗੜਾ	ਮਃ	੪	੨੧	੨	"	੩੩
੯	ਵਡਹੰਸ	ਮਃ	੪	੨੧	੩	"	੪੦
੧੦	ਸੋਰਠ	ਮਃ	੪	੨੯	੨	੧	੪੯
੧੧	ਜੈਤਸਰੀ	ਮਃ	੫	੨੦	"	"	"
੧੨	ਸੂਹੀ	ਮਃ	੩	੨੦	੨੧	੧੧	੧੫
੧੩	ਬਿਲਾਵਲ	ਮਃ	੪	੧੩	੨	"	੨੪
੧੪	ਗਾਮਕਲੀ	ਮਃ	੩	੨੧	੧੯	੭	੨੩
੧੫	"	ਮਃ	੫	੨੨	"	"	"
੧੬	ਸਤੇ ਬਲਵੰਡ ਕੀ			੮	"	"	"
੧੭	ਮਾਰੂ	ਮਃ	੩	੨੨	੧੬	੧	੨੪
੧੮	"	ਮਃ	੫	੨੩	੩	੧	"
੧੯	ਬਸੰਤ	ਮਃ	੫	੩	"	"	"
੨੦	ਸਾਰੰਗ	ਮਃ	੪	੩੬	੩੪	੮	੨੩
੨੧	ਮਲਾਰ	ਮਃ	੧	੨੮	੨੪	੫	੨੬
੨੨	ਕਾਨੜਾ	ਮਃ	੪	੧੫	"	"	"
	ਜੋੜ			੪੭੧	੨੨੬	੬੨	੩੪੧

Digitized by Panjab Digital Library | www.panjabdigilib.org

ਟੇਬਲ ੩੮

ਅਤੇ ਪਉੜੀਆਂ ਦਾ ਵੇਰਵਾ

ਸਲੋਕ

ਸਲੋਕਾਂ ਦਾ ਜੋੜ	ਮਰਦਾਨਾ	ਕਬੀਰ	ਮਹਲ ੫	ਮਹਲ ੯
੪੩ ੫੮ ੪੨ ੩੦ ੪੪ ੪੪ ੪੩ ੪੬ ੫੧ ੪੦ ੪੭ ੨੬ ੪੫ ੨੭ ੩੦	੩	੪	੪੨ ੪੨ ੪੦ ੪੨ ੪੪ ੪੦ ੪੨ ੪੨ ੪੨

ਚੱਕ੍ਰ ਨੰਬਰ ੪੦

ਭਗਤਾਂ ਦੀ ਬਾਣੀ ਦਾ ਵੇਰਵਾ ਸਾਰੇ ਰਾਗਾਂ ਵਿਚੋਂ

ਰਾਗ	ਕਬੀਰ ਜੀ ਕੀ	ਫਰੀਦ ਜੀ ਕੀ	ਸੈਣੀ ਜੀ ਕੀ	ਨਾਮਦੇਵ ਜੀ ਕੀ	ਪੀਪਾ ਜੀ ਕੀ	ਰਵਿਦਾਸ ਜੀ ਕੀ	ਤ੍ਰਿਲੋਚਨ ਜੀ ਕੀ	ਭਗਤ ਬੇਣੀ ਜੀ ਕੀ	ਭਗਤ ਧੰਨਾ ਜੀ ਕੀ	ਭਗਤ ਜੈਦੇਵ ਜੀ ਕੀ	ਭਗਤ ਪਰਮਾਨੰਦ ਜੀ ਕੀ	ਭਗਤ ਸੂਰਦਾਸ ਜੀ ਕੀ	ਭਗਤ ਕਲ੍ਹਣ ਜੀ ਕੀ	ਭਗਤ ਭੀਖਨ ਜੀ ਕੀ	ਭਗਤ ਸਧਨਾ ਜੀ ਕੀ	ਭਗਤ ਸੈਣ ਜੀ ਕੀ	ਭਗਤ ਹਰਿਦਾਸ ਜੀ ਕੀ	ਭਗਤ ਕਬੀਰ ਜੀ ਕੀ ਵਾਰ ਸਲੋਕ	ਜੋੜ
ਸਿਰੀ ਰਾਗ	੨	੧	੧	-	-	-	-	-	-	-	-	-	-	-	-	-	੧	-	੫
ਗਉੜੀ	੧੪੩	-	-	੧	-	-	-	-	-	-	-	-	-	-	-	-	੫	-	੧੪੯
ਆਸਾ	੩੭	-	-	੫	੩	੨	-	-	-	-	-	-	-	-	-	-	੬	-	੫੩
ਗੂਜਰੀ	੩	੨	-	੨	-	-	੧	-	-	-	-	-	-	-	-	-	੧	-	੯
ਬਿਹਾਗੜਾ	੧	-	-	-	-	-	-	-	-	-	-	-	-	-	੩	-	-	-	੪
ਸੋਰਠ	੧੧	-	-	੩	-	-	-	੨	੫	-	-	-	-	-	-	-	੭	-	੨੩
ਧਨਾਸਰੀ	੫	੧	-	੫	੧	-	-	-	੧	੧	-	-	-	-	-	-	੩	-	੧੭
ਜੈਤਸਰੀ	-	-	-	-	-	-	-	-	-	-	-	-	-	-	-	-	੧	-	੧
ਟੋਡੀ	-	-	-	੩	-	-	-	-	-	-	-	-	-	-	-	-	-	-	੩
ਤਿਲੰਗ	੧	-	੨	੨	-	-	-	-	-	-	-	-	-	-	-	-	-	-	੩
ਸੂਹੀ	੫	-	-	-	-	੨	-	-	-	-	-	-	-	-	-	-	੩	-	੧੦
ਬਿਲਾਵਲ	੧੨	-	-	੧	-	-	-	-	-	੧	-	-	-	-	-	-	੨	-	੧੬
ਗੌਂਡ	੧੧	-	-	੭	-	-	-	-	-	-	-	-	-	-	-	-	੨	-	੨੦
ਰਾਮਕਲੀ	੧੫	-	੧	੧੧	-	-	-	-	-	-	-	-	-	-	੮	-	੬	੧	੩੪
ਮਾਲੀ ਗੌੜਾ	-	-	-	੩	-	-	-	-	-	-	-	-	-	-	-	-	-	-	੩
ਮਾਰੂ	੧੨	-	-	੧	-	-	੧	-	-	-	-	-	-	-	-	-	੨	-	੧੬
ਕੇਦਾਰਾ	੬	-	-	-	-	-	-	-	-	-	-	-	-	-	-	-	੧	-	੭
ਭੈਰਉ	੨੦	-	-	੧੩	-	-	-	-	-	-	-	-	-	-	-	-	੨	-	੩੩
ਬਸੰਤ	੭	-	-	੨	-	-	-	-	-	-	-	੧	-	-	-	-	੧	-	੧੨
ਸਾਰੰਗ	੩	-	-	੩	-	-	-	-	-	-	-	੧	੫	੨	-	-	-	-	੬
ਮਲਾਰ	-	-	-	੨	-	-	-	-	-	-	-	-	੧	-	-	-	੨	-	੫
ਕਾਨੜਾ	-	-	-	੧	-	-	-	-	-	-	-	-	-	-	-	-	-	-	੧
ਪ੍ਰਭਾਤੀ	੫	-	੧	੩	-	-	-	-	-	-	-	-	-	-	-	-	-	-	੯
ਸਲੋਕ	੨੪੩	-	-	-	-	੧੩੦	-	-	-	-	-	-	-	-	-	-	-	-	੩੭੩
ਸਵਈਏ	-	-	-	-	-	-	-	-	-	-	-	-	-	-	-	-	-	੧੨੩	੧੨੩
ਜੋੜ	੫੪੧	੪	੩	੬੦	੪	੧੩੪	੨	੨	੧	੧	੧	੧	੧	੨	੮	੩	੬	੪੧	੧੨੩	੯੩੮

ਨੋਟ:-ਭਗਤ ਬਾਣੀ ੯੩੮

ਗੁਰ ਬਾਣੀ ੪੯੫੬ (ਦੇਖੋ ਚੱਕ੍ ਨੰ: ੪੪)

ਜੋੜ ੫੯੯੪

੩੯੪

Digitized by Panjab Digital Library | www.panjabdigilib.org

ਚੱਕ੍ਰ ਨੰਬਰ ੪੧

ਭਗਤਾਂ ਦੀਆਂ ਬਾਣੀਆਂ ਦਾ ਵੇਰਵਾ

ਭਗਤਾਂ ਦੇ ਨਾਮ		ਤੁਖਾਰੀ	ਧਨਾਸਰੀ	ਗੂਜਰੀ	ਦੇਵਗੰਧਾਰੀ	ਬਿਹਾਗੜਾ	ਵਡਹੰਸ	ਸੋਰਠਿ	ਪਉੜੀਆਂ						ਜੈਤਸਰੀ	ਟੋਡੀ	ਬੈਰਾੜੀ	ਤਿਲੰਗ	ਸੂਹੀ	ਬਿਲਾਵਲ	ਗੌਂਡ	ਰਾਮਕਲੀ	ਮਾਰੂ	ਕੇਦਾਰਾ	ਭੈਰਉ	ਬਸੰਤ	ਸਾਰੰਗ	ਮਲਾਰ	ਕਾਨੜਾ	ਕਲਿਆਨ	ਪ੍ਰਭਾਤੀ	ਜੈਜਾਵੰਤੀ	ਸਲੋਕ	ਫੁਟਕਲ	ਜੋੜ
									ਸਹਸਕ੍ਰਿਤੀ	ਪ੍ਰਾਕ੍ਰਿਤ	ਅਪਭ੍ਰੰਸ	ਦੱਖਣੀ	ਹਿੰਦੀ	ਮੁਲਤਾਨੀ																							
੧	ਸ੍ਰੀ ਕਬੀਰ ਜੀ ਉ	੨੯	੫੬	੧੦੭	੧੯	੬	੨੧੭	੫	੪੫	੧੬	੮	-	-	੨੪੯*	-	੧	੩੨੪	੫੪੧																	
੨	" ਤ੍ਰਿਲੋਚਨ ਜੀ	-	-	੨	੧	੧	੪	-	-	-	-	-	-	-	-	-	-	੪																	
੩	" ਬੇਣੀ ਜੀ	-	-	-	੧	-	੧	੨	-	-	-	-	-	-	-	-	੨	੩																	
੪	" ਰਵਿਦਾਸ ਜੀ	੪	੨੧	੧੧	੩	-	੩੯	੧	-	-	-	-	-	-	-	੧	੨	੪੧																	
੫	" ਨਾਮਦੇਵ ਜੀ	੧੩	੧੨	੨੯	੫	-	੫੯	੨	-	-	-	-	-	-	-	-	੨	੬੦																	
੬	" ਧੰਨਾ ਜੀ	-	੧	੨	-	-	੩	-	-	-	-	-	-	-	-	੧	੧	੪																	
੭	" ਫਰੀਦ ਜੀ	-	੧	੨	-	-	੩	੧	-	-	-	-	-	੧੩੦	-	-	੧੩੧	੧੩੪																	
੮	" ਜੈਦੇਵ ਜੀ	-	੧	-	੧	-	੨	-	-	-	-	-	-	-	-	-	-	੨																	
੯	" ਭੀਖਨ ਜੀ	੧	੧	-	-	-	੨	-	-	-	-	-	-	-	-	-	-	੨																	
੧੦	" ਸੈਣ ਜੀ	-	-	-	-	-	-	-	-	-	-	-	-	-	-	੧	੧	੧																	
੧੧	" ਪੀਪਾ ਜੀ	੧	-	-	-	-	੧	-	-	-	-	-	-	-	-	-	-	੧																	
੧੨	" ਸਧਨਾ ਜੀ	-	-	੧	-	-	੧	-	-	-	-	-	-	-	-	-	-	੧																	
੧੩	" ਰਾਮਾਨੰਦ ਜੀ	-	੧	-	-	-	੧	-	-	-	-	-	-	-	-	-	-	੧																	
੧੪	" ਪਰਮਾਨੰਦ "	੧	-	-	-	-	੧	-	-	-	-	-	-	-	-	-	-	੧																	
੧੫	" ਸੂਰ ਦਾਸ ਜੀ	੨	-	-	-	-	੨	-	-	-	-	-	-	-	-	-	-	੨																	
੧੬	" ਸੁੰਦਰ ਜੀ	-	-	-	-	-	-	-	-	-	-	੬	-	-	-	-	੬	੬																	
੧੭	" ਸਤਾ ਤੇ ਬਲਵੰਡ	-	-	-	-	-	-	-	-	-	-	-	੮	-	-	-	੮	੮																	
੧੮	" ਮਰਦਾਨਾ ਜੀ	-	-	-	-	-	-	-	-	-	-	-	-	੩	-	-	੩	੩																	
੧੯	ਭਟ ੧੭ ਭਿੰਨ ਭਿੰਨ ਆਦ	-	-	-	-	-	-	-	-	-	-	-	-	-	੧੨੩	-	੧੨੩	੧੨੩																	
ਜੋੜ		੫੧	੯੪	੧੫੩	੩੭	੭	੩੩੫	੧੧	੪੫	੧੬	੮	੬	੮	੩੮੨	੧੨੩	੪	੬੦੩	੯੩੮																	

ਨੋਟ ੧:—ਬਾਵਨ ਅਖਰੀ, ਥਿਤੀ, ਵਾਰ ਸਤ, ਸਦ, ਵਾਰ ਸਵੈਯੇ, ਇਹ ਇਕ ਇਕ ਬਾਣੀ ਹੈ, ਗਿਣਤੀ ਲਈ ਨਕਸ਼ੇ ਵਿਚ ਬਾਣੀਆਂ ਦੀਆਂ ਪਉੜੀਆਂ ਦਰਜ ਹਨ।

ਨੋਟ:—ਚੱਕ੍ਰ ਨੰ: ੪੨ ਪੰਨਾ ੪੦੦ ਪਰ ਹੈ।

* ਕਬੀਰ ਜੀ ਦੇ ਸਲੋਕ ਹਨ ੨੪੩ ਪਰ ਇਕ ਸਲੋਕ ਵਾਰ ਗੂਜਰੀ ਵਿਚ, ਇਕ ਵਾਰ ਬਿਹਾਗੜਾ ਵਿਚ, ਦੋ ਰਾਮਕਲੀ ਵਿਚ ਤੇ ਦੋ ਹੀ ਮਾਰੂ ਰਾਗ ਵਿਚ ਹਨ ਸੋ ੨੪੩+੬=੨੪੯ ਹਨ।

541
241
212

247
137
384

138
313
451

Digitized by Panjab Digital Library | www.panjabdigilib.org

ਚੱਕ੍ਰ ਨੰਬਰ ੪੩ ਰਾਗਾਂ ਵਿਚ

ਰਾਗ ਦਾ ਨਾਂ	ਸੁਰ	ਸ਼ਬਦ	ਪੰਕਤੀ	ਪੜਤਾਲ			ਕਾਫੀਆਂ			ਸ਼ਲੋਕ ਸਹਸਕ੍ਰਿਤੀ	ਜੋੜ	ਅਸਟਪਦੀਆਂ			ਛੰਤ		ਰੁਤੀ	
				ਪੂਰਨ	ਦੁਤੁਕੀ	ਸੁਤੁਕੀ	ਪੂਰਨ	ਦੁਤੁਕੀ	ਸੁਤੁਕੀ			ਸ਼ਲੋਕ ਸਹਸਕ੍ਰਿਤੀ	ਸ਼ਲੋਕ ਵਾਰ ਤੇ ਵਧੀਕ	ਜੋੜ	ਛੰਤ	ਛੰਤ ਵਾਰ ਤੇ ਵਧੀਕ	ਰੁਤੀ	ਰੁਤੀ ਵਾਰ ਤੇ ਵਧੀਕ
੧ ਸ੍ਰੀ ਰਾਗ	~	੩	੯੦	੭	~	~	~	~	~	~	~	੧੦੦	੨੯	~	~	੩	੫	~	~
੨ ਮਾਝ	~	~	੫੦	~	~	~	~	~	~	~	~	੫੦	੩੯	~	~	~	~	~	~
੩ ਗਉੜੀ	੧੯	੧੦	੨੧੦	੧੦	੨	~	~	~	~	~	~	੨੫੧	੪੨	~	~	੧੧	੧	~	~
੪ ਆਸਾ	੨੯	੧੫	੧੫੮	੯	੧	੪	~	੧	~	~	੨੧	~	੨੩੮	੧੭	੨੨	~	੩੫	੫	~
੫ ਗੂਜਰੀ	੧੯	੧	੨੩	੫	~	~	~	~	~	~	~	~	੪੮	੯	~	~	~	~	~
੬ ਦੇਵਗੰਧਾਰੀ	੪੫	~	੨	~	~	~	~	~	~	~	~	~	੪੭	~	~	~	~	~	~
੭ ਬਿਹਾਗੜਾ	~	੧	੯	~	~	~	~	~	~	~	~	~	੨	~	~	~	੧੫	~	~
੮ ਵਡਹੰਸ	~	੧	੧੯	੩	੧	~	~	~	~	~	~	~	੨੪	੨	~	~	੧੫	੪	~
੯ ਸੋਰਠ	੪੫	੮	੮੧	੫	~	~	~	~	~	~	~	~	੧੩੯	੧੦	~	~	~	~	~
੧੦ ਧਨਾਸਰੀ	੪੧	੬	੪੦	੪	~	੨	~	~	~	~	~	~	੯੩	੩	~	~	੫	~	~
੧੧ ਜੈਤਸਰੀ	੧੩	੧	੧੩	~	~	~	~	~	~	~	~	~	੨੭	~	~	~	੩	੫	~
੧੨ ਟੋਡੀ	੨੬	~	੪	੧	~	~	~	~	~	~	~	~	੩੧	~	~	~	~	~	~
੧੩ ਬੈਰਾੜੀ	੭	~	~	~	~	~	~	~	~	~	~	~	੭	~	~	~	~	~	~
੧੪ ਤਿਲੰਗ	੪	੧	੭	~	~	~	~	~	~	੨	੧	~	੧੫	੨	~	~	~	~	~
੧੫ ਸੂਹੀ	੫	੨	੬੮	੩	੨	੨	~	~	~	~	~	~	੮੨	੧੧	~	੫	੨੬	~	~
੧੬ ਬਿਲਾਵਲ	੭੩	੧	੭੦	੨	~	੨	੧	~	~	~	~	~	੧੪੯	੧੧	~	~	~	~	~
੧੭ ਗੌਂਡ	੧	~	੨੭	~	~	~	~	~	~	~	~	~	੨੮	੧	~	~	~	~	~
੧੮ ਰਾਮਕਲੀ	੨	੫	੬੮	੩	੧	੨	~	~	~	~	~	~	੮੧	੨੨	~	~	~	~	~
੧੯ ਨਟ ਨਾਰਾਇਣ	੭	੧	੭	~	~	੪	~	~	~	~	~	~	੧੮	੬	~	~	~	~	~
੨੦ ਮਾਲੀ ਗਉੜਾ	੩	~	੧੧	~	~	~	~	~	~	~	~	~	੧੪	~	~	~	~	~	~
੨੧ ਮਾਰੂ	੧੨	੧	੩੭	੭	੨	~	~	~	~	~	੨	~	੬੧	੧੫	੩	੨	~	~	~
੨੨ ਤੁਖਾਂ ਰੀ	~	~	~	~	~	~	~	~	~	~	~	~	~	~	~	~	੧੦	੧	~
੨੩ ਕੇਦਾਰਾ	੧੬	~	੧	~	~	~	~	~	~	~	~	~	੧੭	~	~	~	~	~	~
੨੪ ਭੈਰਉ	੨	੧	੭੯	੯	੨	੧	~	~	~	~	~	~	੯੩	੬	~	~	~	~	~
੨੫ ਬਸੰਤ	੨	੧	੫੯	੧	~	~	~	~	~	~	~	~	੬੩	੧੧	~	~	~	~	~
੨੬ ਸਾਰੰਗ	੧੨੨	~	੨੪	੩	~	੧੦	~	~	~	~	~	~	੧੫੯	੭	~	~	~	~	~
੨੭ ਮਲਾਰ	੧੪	੧	੩੧	੫	~	੮	੧	੧	~	~	~	~	੬੧	੮	~	~	~	~	~
੨੮ ਕਾਨੜਾ	੪੧	੨	੧੩	~	~	੬	~	~	~	~	~	~	੬੨	੬	~	~	੧	~	~
੨੯ ਕਲਿਆਨ	੮	੮	~	~	~	~	~	~	~	~	~	~	੧੭	੬	~	~	~	~	~
੩੦ ਪ੍ਰਭਾਤੀ	੧	~	੩੮	੪	~	੩	~	~	~	~	~	~	੪੬	੧੨	~	~	~	~	~
੩੧ ਜੈਜਾਵੰਤੀ	੪	~	~	~	~	~	~	~	~	~	~	~	੪	~	~	~	~	~	~
ਜੋੜ	੫੬੨	੭੦	੧੨੩੧	੮੦	੧੧	੪੪	੨	੨	੨	੧	੨੧	੨	੨੭੨੮	੨੭੫	੩੦	੨	੧੪੫	੨੬	੮	੧੬

Digitized by Panjab Digital Library | www.panjabdigilib.org

ਵੰਨਗੀ ਵਾਰ ਪਰਿਵਾਰਾਂ ਅਤੇ ਜੀਆਂ ਦੀ ਗਿਣਤੀ

ਵੰਨਗੀ	ਪਰਿਵਾਰਾਂ ਦੀ ਗਿਣਤੀ	ਜੀਆਂ ਦੀ ਗਿਣਤੀ
ਚਿਠ ਰੈਣ	੧	੧
ਵੰਜਾਰਾ	੧੦	੧੦
ਪਹਿਰੇਦਾਰ ਸਬਦ	੪	੧੭
ਕਰਹਲੇ	੨	੮
ਭਿਰਹੜੇ	੩	੧੨
ਚੜ੍ਹੀਆਂ	੨	੭
ਅਲਾਹਣੀਆਂ	੧	੫
ਸੁਚਜੀ	੧	੨
ਛੰਤ	੧	੨
ਗਾਣਵੰਤੀ	੧	੨
ਆਰਤੀ	੧	੨
ਸੋਲਹੇ	੧	੨
ਵਾਰਸਤ	੧੦	੪੦
ਪਟੀ	੨	੮
ਬਾਰਹ ਮਾਹ	੧	੪
ਅਨੰਦ	੧	੪
ਦਖਣੀਓਅੰਕਾਰ	੧	੪
ਸਿਧਗੋਸਟ	੧	੪
ਸਲੋਕ	੧੭	੬੮
ਪਉੜੀਆਂ	੧੭	੬੮
ਸਲੋਕ	੧੭	੬੮
ਅਸਟਪਦੀਆਂ	੧੭	੬੮
ਸਲੋਕ	੧੭	੬੮
ਪਉੜੀਆਂ	੧੭	੬੮
ਜੋੜ	੨੫੦	੧੦੦੦
ਵਡਾ ਜੋੜ	੨੬੭	੧੦੬੮

ਸੰਗਤ ਵੇਰਵੇ
ਸਮ ਸੇਵਕ ਸੰਗਤਾਂ ਦੇ ਸਬਦ
ਹੁਕਮਨਾਮੇ ਦੀ ਬਾਣੀ
ਹਰਮੰਦਰ ਸਾਹਿਬ ਦੇ ਪਵਿਤਰੀਆਂ
ਹਰਮੰਦਰ ਸਾਹਿਬ ਦੇ ਸਬਦ
ਰਾਗਾਂ ਦੀ ਬਾਣੀ ਦੇ ਸਬਦ
ਦਰਸ਼ਨ ਸੇਵਾ
ਪਟ ਦਾਮ

Digitized by Panjab Digital Library | www.panjabdigilib.org

ਚੱਕ੍ਰ ਨੰਬਰ ੪੪ ਸਮੱਗ੍ਰ ਗੁਰਬਾਣੀ ਦੀਆਂ ਬਾਣੀਆਂ ਦਾ ਵੇਰਵਾ

| ਮਹਲ | ੧ ਆਦਿ ਨਿਰੰਜਨ ਦੀ ਬਾਣੀ | | | | ੨ ਪਦੇ | | | | | ੩ ਪੜਤਾਲ | | | ੪ ਕਾਫੀਆਂ | | | | ੫ ਅਸਟ-ਪਦੀਆਂ | | ੬ ਛੰਤ | | ੭ ਬਾਣੀਆਂ | | | | |

ਉਪਰਲੇ ਪੰਨੇ ਤੋਂ ਅੱਗੇ ਬਾਕੀ ਦਾ **ਚੱਕ ਨੰਬਰ ੪੪**

ਇਕ ਸਮੇਂ ਵਿਚ ਕੰਮ ਕਰਨ ਵਾਲੇ ਆਦਮੀਆਂ ਦੀ ਗਿਣਤੀ = ਸਮੇਂ ਦੀ ਗਿਣਤੀ × ਵਾਰਾਂ ਦੀ ਗਿਣਤੀ

ਮਹਲ	(ਉਪਰਲੇ ਪੰਨੇ ਤੋਂ ਅੱਗੇ) 2 (" " ") ਬਾਲੀਆਂ																								੮ ਵਾਰ				੯ ਨੰ	ਇਕ ਸਮੇਂ ਵਿਚ ਕੰਮ ਕਰਨ ਵਾਲੇ ਆਦਮੀਆਂ ਦੀ ਗਿਣਤੀ
	੩੬ ਗਾਹ ਦੇਣਾ	੩੭ ਚੌਪਦੀਆਂ ਮੈਂਬਲਾਂ	੩੮ ਸਫ਼ਾਦਦੀਆਂ	੩੯ ਪਹਾ ਟੀਆਂ ਪਹੀਆਂ	੪੦ ਬਾਦਨ ਅਖਰੀ ਮਲੇਰ	ਪਹੀਆਂ	੪੨ ਸੁਆਨਣੀ ਮਲੇਰ	ਸਫ਼ਾਦ ਪਹੀਆਂ	੪੪ ਦਥਲੀ ਉ ਅੰਦਾਰ	੪੫ ਸਿਧ ਹੋਸ	੪੬ ਅਨੰਦ	੪੭ ਆਜਲੀ	੪੮ ਸੈਲਨੀ	੪੯ ਸਮਾਨਿਤੀ ਮਲੇਰ	੫੦ ਜਾਬਾ	੫੧ ਦੰਦੀਦੰਦੇ	੫੨ ਸਫ਼ਾਦੇ	੫੩ ਮਲੇਰ ਵਾਲਾ ਟੁੱਟ	੫੪ ਸੈਂਤਾਲੀ ਟੁੱਟੇ	੫੫	੫੬ ਸਮੇਂ	੫੭ ਸਮਲੇਰ	੫੮ ਮਾਹਲਾ	੫੯ ਪਹੀਦੀ	੬੦ ਸਮੇਂ	੬੧ ਕੁਲ ਸਮੇਂ	
੧ ਪਹਿਲਾ	-	-	-	੩੫	-	-	-	-	੫੪	੭੩	-	੧	੨੨	੪	-	-	-	੩੩	-	-	੪੧੬	੧੦੫	੧੨੬	੭੮	੩੦੨	੯੭੪		
੨ ਦੂਜਾ	-	-	-	-	-	-	-	-	-	-	-	-	-	-	-	-	-	-	-	-	-	੨੨	੪੦	-	੬੨	੬੨		
੩ ਤੀਜਾ	-	-	-	੨੮	-	-	-	-	-	-	੪੦	-	੨੪	-	-	-	-	੬੭	-	-	੩੦੭	੧੬੭	੭੬	੮੫	੪੨੮	੯੦੭		
੪ ਚਉਥਾ	-	-	-	-	-	-	-	-	-	-	-	-	੨	-	-	-	-	੩੦	-	-	੧੨੩	੫੦	੫੫	੧੮੩	੨੮੮	੬੭੯		
੫ ਪੰਜਵਾਂ	੧	੨	੨	-	੪੭	੫੫	੨੪	੨੪	-	-	-	-	੧੪	੬੭	੨੪	੧੧	੨੦	੨੨	੨	੨੩	੫੨੪	੧੧੩	੧੩੮	੧੧੭	੩੬੬	੨੨੧੮		
੬ ਨਾਵਾਂ	-	-	-	-	-	-	-	-	-	-	-	-	-	-	-	-	-	੫੬ ਵਾਧਾ	-	-	੫੭	-	-	-	-	੧੧੬		
ਜੋੜ	੧	੨	੨	੪੩	੪੭	੫੫	੨੪	੨੪	੫੪	੭੩	੪੦	੧	੬੨	੭੧	੨੪	੧੧	੨੦	੨੦੬	੨	੨੩	੧੪੨੭	੪੫੭	੪੨੬	੪੬੩	੧੪੪੬	੪੬੫੬		

224
33
257

176
167
65
411

174
257
717
231
436

ਚੱਕ੍ਰ ਨੰਬਰ ੪੨ ਗੁਰ ਬਾਣੀ ਅਤੇ ਭਗਤ ਬਾਣੀ ਦਾ ਵੇਰਵਾ

ਨੰਬਰ ਲੜੀ	ਬਾਣੀ ਅਤੇ ਰਾਗ ਦੇ ਨਾਮ	ਕੁਲ ਸ਼ਬਦਾਂ ਦੀ ਗਿਣਤੀ ਜਿਹੜੇ ਸ਼ਬਦ ਇਸ ਚੱਕ੍ਰ ਵਿਚ ਦਰਜ ਹਨ	ਉਹਨਾਂ ਸ਼ਬਦਾਂ ਦੀ ਗਿਣਤੀ ਜਿਹੜੇ ਸ਼ਬਦ ਇਸ ਚੱਕ੍ਰ ਵਿਚ ਦਰਜ ਨਹੀਂ ਹਨ	ਜੋੜ	ਟਿੱਪਣੀ
੧	ਜਪੁ ਜੀ	੪੦	-	੪੦	
੨	ਸੋਦਰ	੫	-	੫	
੩	ਸੋਪੁਰਖ	੪	-	੪	
੪	ਸੋਹਲਾ	੪	-	੪	
੫	ਸਿਰੀ ਰਾਗ	੨੦੬	੫	੨੧੧	
੬	ਮਾਝ ਰਾਗ	੧੯੪	-	੧੯੪	
੭	ਗਉੜੀ "	੬੬੫	੧੪੯	੮੧੪	
੮	ਆਸਾ "	੪੫੭	੫੩	੫੧੦	
੯	ਗੂਜਰੀ "	੧੮੫	੯	੧੯੪	
੧੦	ਦੇਵਗੰਧਾਰੀ "	੪੭	-	੪੭	
੧੧	ਬਿਹਾਗੜਾ "	੭੭	੪	੮੧	
੧੨	ਵਡਹੰਸ "	੧੨੦	-	੧੨੦	
੧੩	ਸੋਰਠ "	੨੩੬	੨੩	੨੫੯	
੧੪	ਧਨਾਸਰੀ "	੧੦੨	੧੭	੧੧੯	
੧੫	ਜੈਤਸਰੀ "	੮੫	੧੦	੯੬	
੧੬	ਟੋਡੀ "	੩੧	੩	੩੪	
੧੭	ਬੈਰਾੜੀ "	੭	-	੭	
੧੮	ਤਿਲੰਗ "	੧੭	੩	੨੦	
੧੯	ਸੂਹੀ "	੧੮੭	੧੦	੨੦੭	
੨੦	ਬਿਲਾਵਲ "	੨੪੧	੧੬	੨੫੭	
੨੧	ਗੌਂਡ "	੨੯	੨੦	੪੯	
੨੨	ਰਾਮਕਲੀ "	੪੪੦	੩੪	੪੭੪	
੨੩	ਨਟ ਨਾਰਾਇਣ "	੨੫	-	੨੫	
੨੪	ਮਾਲੀ ਗਉੜਾ "	੧੪	੩	੧੭	
੨੫	ਮਾਰੂ "	੩੦੫	੧੬	੩੨੦	
੨੬	ਤੁਖਾਰੀ "	੨੭	-	੨੭	
੨੭	ਕੇਦਾਰਾ "	੧੮	੭	੨੫	
੨੮	ਭੈਰਉ "	੯੯	੩੩	੧੩੨	
੨੯	ਬਸੰਤ "	੭੭	੧੨	੮੯	
੩੦	ਸਾਰੰਗ "	੨੭੭	੯	੨੮੬	
੩੧	ਮਲਾਰ "	੧੫੬	੫	੧੬੧	
੩੨	ਕਾਨੜਾ "	੧੧੪	੧	੧੧੫	
੩੩	ਕਲਿਆਣ "	੨੩	-	੨੩	
੩੪	ਪ੍ਰਭਾਤੀ "	੫੮	੫	੬੩	
੩੫	ਜੈ ਜੈ ਵੰਤੀ "	੪	-	੪	
੩੬	ਸ: ਸ੍ਰਲੋਕ ਵਿਚੀ ਛੁਟੇ, ਜੋੜੇਲੇ	੧੨੯	-	੧੨੯	
੩੭	ਸਲੋਕ ਕਬੀਰ ਜੀ ਤੇ ਫਰੀਦ ਜੀ	-	੩੭੩	੩੭੩	
੩੮	ਮਵੈਯੇ	੨੦	੧੨੩	੧੪੩	
੩੯	ਵਾਰਾਂ ਤੇ ਵਧੀਕ ਸਲੋਕ	੨੦੯	-	੨੦੯	
੪੦	ਮੰਦਾਵਣੀ	੨	-	੨	
ਜੋੜ		੪੯੫੬	੯੩੮	੫੮੯੪	

Digitized by Panjab Digital Library | www.panjabdigilib.org

੮.

ਇਕ ਟੇਢੀ ਚਾਲ

ਨੋਟ–ਇਹ ਲੇਖ ਮਾਰਚ ੧੯੦੨ ਈ: ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰਬਰ ੧੭੦ ਦੇ ਰੂਪ ਵਿਚ ਪਹਿਲੀ ਵੇਰ ਪ੍ਰਕਾਸ਼ਤ ਹੋਇਆ ਸੀ।

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ ॥

ਇਕ ਟੇਢੀ ਚਾਲ

ਅੱਹਹਾ ! ਅਜ ਤਾਂ ਕੇਹੀ ਅਤੇ ਕੇਡੀ ਵਡੀ ਸੁਹਾਵਣੀ ਰਾਤ ਹੈ। ਵਾਹਵਾ, ਛੋਟੀ ਬੱਦਲੀਆਂ ਨੇ ਥਾਓਂ ਥਾਈਂ ਅਕਾਸ਼ ਦੇ ਸੁਹਣੱਪ ਨੂੰ ਕੇਹੀ ਅਚਰਜ ਅਨੋਖੀ ਵੰਨੀ ਚੜ੍ਹਾਈ ਹੈ। ਚੰਦ੍ਰਮਾਂ ਨੇ ਵੀ ਇਸ ਵੇਲੇ ਕੇਹਾ ਜੋਬਨ ਨਿਖਾਰਿਆ ਹੈ। ਆਪਣੇ ਹੀ ਵਾਕਰ ਤਾਰਿਆਂ ਨੂੰ ਵੀ ਕਿਤੇ ਕਿਤੇ ਛੋਟੀ (ਤਿੱਤਰ ਖੰਭੀ) ਬੱਦਲੀਆਂ ਦੇ ਪਹਿਰਾਵੇ ਪਹਿਨਾ ਪਹਿਨਾ ਕੇ ਸਜ ਧਜ ਦੇਖ ਕੇ ਜਾਂਵੀਆਂ ਵਾਕਰ ਨਮੂਨੇ ਕੱਢੇਹਨ। ਆਪ ਵੀ ਸੁਖ ਨਾਲ ਘੜੀ ਘੜੀ ਪੁਸ਼ਾਕਾਂ ਬਦਲਾਕੇ ਆਪਣੇ ਆਪ ਨੂੰ ਸ਼ਿੰਗਾਰ ਨਿਖਾਰ ਕਰੀ ਜਾਂਦਾ ਹੈ। ਇਸਦੇ ਇਸ ਕਾਹਲੇ ਬਾਹਲੇ ਕੰਮ ਕਰਨਤੋਂ ਮਾਰੇ ਥਕਾਨ ਦੇ ਓਸ ਦੇ ਕਿਣਕਿਆਂ ਵਾਕਰ ਪਸੀਨੇ ਤ੍ਰੁਪਕਦੇ ਹੋਏ ਨੂੰ ਦੇਖਕੇ ਪੁਰੇ ਦੀ ਪੌਣ ਹੌਲੀ ਹੌਲੀ ਵਗਦੀ ਹੋਈ ਮਾਨੋਂ ਪੱਖਾ ਝੋਲ ਰਹੀ ਹੈ। ਚਾਂਦਨੀ ਦਾ ਸੁਹਾਉ ਅਤੇ ਖਿੜਾਉ ਇਸ ਵੇਲੇ ਬਹੁਤ ਹੀ ਅਚਰਜ ਹੈ, ਜੀਕਰ ਕੋਈ ਕਹੇ ਅਕਾਸ਼ੋਂ ਕਪੂਰ ਵੱਸ ਰਿਹਾ ਹੈ, ਜਾਂ ਕੋਈ ਕਹਿ ਦੇਵੇ ਕਿਸੇ ਭਲੇ ਉਪਕਾਰੀ ਪੁਰਖ ਦਾ ਜਸ ਖਿੱਲਰ ਰਿਹਾਹੈ।ਪਰੰਤੂ ਪੋਹ ਦਾ ਮਹੀਨਾ ਅੱਤਿ ਕਕਰੀਲਾ ਤੇ ਠਠਰੀਲਾ ਹੋਣ ਦੇ ਕਾਰਨ ਇਸ ਅਚਰਜ ਚਾਂਦਨੀ ਦਾ ਸੁਖ ਕੋਈ ਜੀਵ ਜੰਤ ਕਵੀ ਆਦਿਕ ਨਹੀਂ ਮਾਣਦੇ। ਸੋ ਸ਼ਹਿਰਾਂ, ਉਜਾੜਾਂ, ਰੇਤ ਥਲਿਆਂ ਅਤੇ ਸਮੁੰਦ੍ਰਾਂ ਉਪਰ ਦੀ ਏਵੇਂ ਖਿਲਰ ਖਿਲਰਕੇ ਆਪਣੀ ਨਿਸਫਲਤਾ ਉਪਰ ਅਫਸੋਸ ਕਰਦੀ, ਕੰਧਾਂ, ਕੋਠਿਆਂ, ਮਨਾਰਿਆਂ, ਦਰਖਤਾਂ ਅਤੇ ਮੈਦਾਨਾਂ ਦੇ ਸਿਰਾਂ ਉਪਰ ਤਲੀਆਂ ਮਲਦੀ, ਓੜਕ ਪਰਛਾਵੇਂ ਵਾਂਗ ਚੰਦ ਦੇ ਪਿਛੇਪਿਛੇ ਢਲਦੀ ਤੇ ਉਚੇ ਉਚੇ ਪਹਾੜਾਂ ਦੀਆਂ ਚੋਟੀਆਂ ਤੋਂ ਲੰਮੀਆਂ ਛਲਾਂਗਾਂ ਭਰਦੀ, ਅੱਕ ਥੱਕ ਕੇ ਦਿਨ ਚੜ੍ਹਨ ਤੋਂ ਪਹਿਲੇ ਹੀ, ਆਪਣੇ ਗੋਰੇਗੋਰੇ ਮੁੰਹਤੇ ਨੀਲੀ ਪਰ ਡਾਢੀ ਚਮਕੀਲੀ ਚਾਦਰ ਤਾਣਦੀ ਹੋਈ ਸੂਰਜ ਚੜ੍ਹਨ ਤੋਂ ਪਹਿਲੇ ਹੀ ਗੁੰਮ ਹੋ ਜਾਂਦੀ ਹੈ। ਜੀਕਰ ਜੰਗਲਾਂ ਵਿਚ ਖਿੜੇ ਹੋਏ ਫੁਲ ਅਤੇ ਦਲਿੱਦ੍ਰੀ ਦੇ ਮਨ ਦੀਆਂ ਖੇਪਾਂ ਕਿਸੇ ਹੀ ਅਰਥ ਨਹੀਂ ਆਉਂਦੀਆਂ, ਤਿਵੇਂ ਹੀ ਇਹ ਚਾਨਣੀ--ਹੁੰਦੀ ਸੁੰਦੀ ਚਾਨਣੀ--ਗੜੇ ਮਾਰੀ ਫਸਲ ਵਾਂਙੂ ਅਣਹੋਈ ਨਾਲੋਂ ਵੀ ਪਰਲੇ ਪਾਰ ਵਿਅਰਥ ਚਲੀ ਜਾਂਦੀ ਹੈ। ਇਜੇਹੇ ਅਚਰਜ ਅਨੋਖੇ ਇਕੱਲ ਵਾਲੇ ਪਰ ਲਹਿਲਹਾਉਂਦੇ ਸਮੇਂ ਇਕ ਉੱਘੇ ਚੰਗੇ ਰੌਣਕੀ ਪੰਜਾਬੀ ਨਗਰ ਦੇ ਅੰਦਰ ਇਕ ਪੱਕਾ ਤਿਨਛੱਤਾ ਦਰੀਚਿਆਂ ਵਾਲਾ ਸੁਹਣਾ ਮਕਾਨ ਹੈ, ਜਿਹੜਾ ਸਜਾਵਟ, ਬਨਾਵਟ, ਨਿਖਾਰ, ਸਿੰਗਾਰ ਵਿਚ ਨਿਰਾਲਾ, ਮਾਨੋ ਮੂੰਹੋਂ ਬੋਲ ਬੋਲ ਕੇ ਕਹਿ ਰਿਹਾ ਹੈ 'ਮੈਂ ਅੱਜ ਆਪਣੇ ਮਾਲਕ ਦੇ ਆਉਣ ਦੀ ਖੁਸ਼ੀ ਹੋਣ ਕਰਕੇ ਆਪੇ ਵਿਚ ਸਮਾ ਨਹੀਂ ਸਕਦਾ, ਇਸ ਲਈ ਨਿਖਰ ਨਿਖਰ ਕੇ ਅਪਣੀ ਸਫਾਈ ਅਤੇ

Digitized by Panjab Digital Library | www.panjabdigilib.org

ਰੌਸ਼ਨੀ ਦੇ ਉਤਸਾਹ ਵਿਚ ਨਕਾਨਕ ਭਰਪੂਰ ਹੋ ਰਿਹਾ ਹਾਂ, ਆਪਣੇ ਮਾਲਕ ਦੇ ਜਾਨ ਮਾਲ ਦੇ ਉਪਰੋਂ ਆਪਣਾ ਆਪ ਪਹਿਰੇਦਾਰ ਵਾਕਰ, ਕਮਰਕੱਸਾ ਕਰੀ ਕੁਰਬਾਨ ਹੋਣ ਲਈ ਤਿਆਰ ਹਾਂ'। ਮਾਲਕ ਨੇ ਵੀ ਅਜੇਹੇ ਆਪਣੇ ਨਿਮਕ ਹਲਾਲ ਮਕਾਨ ਦੀ ਪਾਲਨ ਪੋਖਨ ਵਿਚ ਕੋਈ ਕਸਰ ਨਹੀਂ ਦੱਖੀ। ਜਿਸ ਜਿਸ ਭਾਂਤ ਦੇ ਪਦਾਰਥ ਦਾ ਅਧਿਕਾਰੀ ਦੇਖਿਆ ਬਿਨਾਂ ਹੀ ਮੰਗੇ ਦੇ ਰੱਜਵਾਂ ਬਖਸ਼ਕੇ ਨਿਹਾਲ ਕਰ ਦਿੱਤਾ। ਕਿਸੇ ਗੱਲੋਂ ਊਣਾ ਨਹੀਂ ਛੱਡਿਆ। ਮਕਾਨ ਵੀ ਆਪਣੇ ਉਦਾਰਾਤਮਾਂ ਮਾਲਕ ਵਲੋਂ ਦਾਤ, ਜੋਤਿ, ਵਡਿਆਈ ਪਾ ਪਾ ਕੇ ਆਪਣੇ ਪਿਆਰੇ ਮਾਲਕ ਦੇ ਜਸ ਵਡਜਾਈ ਦਾ ਮਾਨੋ ਪ੍ਰਤੱਖ ਨਮੂਨਾ ਬਣ ਰਿਹਾ ਹੈ।ਇਜੇਹੇ ਅਦਭੁਤ ਸੁਆਮੀ ਸੇਵਕ ਦੇ ਮਿਲਾਪ ਦੇ ਸਮੇਂ ਕਿ ਜਿਸ ਵੇਲੇ ਤ੍ਰੇਲ ਨਾਲ ਭਿੰਨੀ ਹੋਈ ਪੋਹ ਦੀ ਨਿਖਰਵੀਂ ਚਾਂਦਨੀ ਵਿਚ ਰਾਤ ਨੂੰ ਕਕਰੀਲੇ ਪਾਲੇ ਤੋਂ ਡਰਦੀ ਹੋਈ ਲੰਪਾਂ ਦੀ ਰੌਸ਼ਨੀ ਝੀਤਾਂ ਤੋਂ ਬਾਹਰ ਨਹੀਂ ਨਿਕਲ ਸਕਦੀ ਅਤੇ ਨਾ ਹੀ ਲੰਪਾਂ ਦੀਆਂ ਚਿਮਨੀਆਂ ਨੂੰ ਬਾਹਲਾ ਗਰਮ ਕਰ ਸਕਦੀ ਹੈ ਤੇ ਅੰਗੀਠੀ ਦੀ ਅੱਗ ਕਹਿਰ ਦੀ ਸਰਦੀ ਤੋਂ ਡਰਦੀ ਸਹਿੰਮਦੀ ਸੁੰਗੜਦੀ ਹੋਈ ਕੁਝ ਧੂੰਆਂ ਬਣ ਬਣ ਕੇ ਧੂੰਕਸ਼ ਦੇ ਰਸਤੇ ਬਾਹਰ ਜਾਕੇ ਛਾ ਰਹੀ ਹੈ, ਤੇ ਕੁਝ ਬੇਬਸ ਹੋਈ ਕੰਬਦੀ ਸਹਮਦੀ ਸੁਆਹ ਦੀ ਢੇਰੀ ਹੁੰਦੀ ਜਾਂਦੀ ਹੈ। ਕੁਝ ਇਸ ਤਰ੍ਹਾਂ ਕੁਝ ਆਪਣੇ ਤੇਜ ਪ੍ਰਤਾਪ ਨੂੰ ਠੰਢਾ ਕਰਕੇ ਲੋਕਾਂ ਦੀਆਂ ਬੁੱਕਲਾਂ ਵਿਚ ਸਿਰ ਲੁਕਾਉਂਦੀ ਫਿਰਦੀ ਹੈ*। ਨਿੱਘੇ ਅਤੇ ਉੱਘੇ ਮਕਾਨ ਦੇ ਅੰਦਰ ਸ੍ਰੀ ਮਾਨ ਸਰਦਾਰ ਗੁਲਾਬ ਸਿੰਘ ਰਸਾਲਦਾਰ ਜੀ ਮੇਜਰ ਇਕ ਵਰ੍ਹੇ ਦੀ ਫਰਲੋ ਛੁੱਟੀ ਲੈਕੇ ਬਰਮਾ ਦੇਸ਼ ਦੇ ਛਿੰਨਛਾਨ ਦੇ ਇਲਾਕੇ ਵਲੋਂ ਆਏ ਹੋਏ ਅਪਣੇ ਪਲੰਘ ਤੇ ਬੈਠੇ ਆਪਣੀ ਸਰਦਾਰਨੀ ਵਿਕਾਸ਼ ਕੌਰ ਨਾਲ ਨਿੱਘੀਆਂ ਨਿੱਘੀਆਂ ਗਲਾਂ ਕਰ ਰਹੇ ਹਨ। ਇਹ ਗਲਾਂ ਕੋਈ ਐਵੇਂ ਕਿਵੇਂ ਦੀਆਂ ਹਾਸੇ ਠੱਠੇ ਵਾਲੀਆਂ ਗਪਾਂ ਨਹੀਂ ਹਨ, ਸਗੋਂ ਗ੍ਰਿਹਸਤ ਮਾਰਗ ਦੇ ਮੁਸਾਫਰਾਂ ਲਈ ਗ੍ਰਿਹਸਤ ਯਾਤ੍ਰਾ ਵਿਚ ਸੁਖ ਅਤੇ ਸਹਾਯਤਾ ਕਰਨ ਵਾਲੀਆਂ ਹਨ।

ਸਰਦਾਰਨੀ—ਲਖ ਲਖ ਸ਼ੁਕਰ ਹੈ ਓਸ ਅਕਾਲ ਪੁਰਖ ਪਰਮੇਸ਼ੁਰ ਦਾ ਜਿਸਦੀ ਕਿਰਪਾ ਵਾਲੀ ਪ੍ਰੇਰਨਾ ਨਾਲ ਆਪ ਠੀਕ ਵੇਲੇ ਸਿਰ ਘਰ ਆਨ ਪਹੁਤੇ ਹੋ। ਮੈਂ ਦਿਨ ਰਾਤ ਸੁੱਖਾਂ ਸੁਖਦੀ, ਸਤਿਗੁਰਾਂ ਨੂੰ ਧਿਆਉਂਦੀ ਸੀ ਕਿ ਪਹਿਲਾ ਪਹਿਲ ਘਰ ਵਿਚ ਢੰਗ ਆਇਆ ਹੈ, ਆਪ ਏਥੇ ਨਹੀਂ, ਮੈਂ ਕੋਈ ਇਜੇਹੀ ਗਲ ਅਜੇ ਤੀਕ ਵਾਹੀ ਵਿਗੋਈ ਨਹੀਂ, ਹੇ ਕਰਤਾਰ ਤੂੰ ਆਪਣੀ ਕ੍ਰਿਪਾ ਕਰ, ਸਰਦਾਰ ਹੋਰੀਂ ਛੁਟੀ ਲੈਕੇ ਇਜੇਹੇ ਚਹਿਲ ਪਹਿਲ ਦੇ ਵੇਲੇ ਘਰ ਆਉਣ, ਆਪਣੀ ਮੁਰਾਦ ਆਕੇ ਅੱਖੀਂ ਵੇਖਣ ਅਤੇ ਆਪਣੇ ਹਥੀਂ ਸਾਰੇ ਢੰਗ ਸੁਆਰਥ ਕਰਨ।

ਸਰਦਾਰ—ਕੀ ਕੋਈ ਵਿਆਹ ਦਾ ਸਮਾਗਮ ਢੁੱਕਾ ਹੋਇਆ ਹੈ ? ਤੁਸਾਂ ਖਤ ਵਿਚ ਤਾਂ ਕੋਈ ਕੁਝ ਨਹੀਂ ਲਿਖਿਆ।

ਸਰਦਾਰਨੀ—ਸੁਖ ਨਾਲ ਵਿਆਹ ਦੇ ਦਿਨ ਵੀ ਪੁੰਨੇ ਹੀ ਸਮਝੋ, ਪਰ ਹਾਲੀ ਤਾਂ ਦੋਹੀਂ ਪਾਸੀਂ ਗਹਿਣੇ ਦੇਣ ਅਤੇ ਲੈਣ ਦੀ ਗੱਲ ਢੁੱਕੀ ਹੋਈ ਹੈ।

ਸਰਦਾਰ—ਗਹਿਣਾਂ, ਦੋਹਾਂ ਪਾਸੀਂ ਕੁੜਮਾਂ ਨਾਲ ? ਕੀ ਗਲ ਹੋਈ ?

ਸਰਦਾਰਨੀ—ਜੀ ਕਾਕੇ ਦੇ ਸਾਹੁਰੇ ਗਹਿਣਾ ਭੇਜਣਾਂ ਹੈ, ਇਕੁਰ ਹੀ ਕਾਕੀ ਕਰਤਾਰ ਕੌਰ ਦੇ ਸਾਹੁਰਿਓਂ ਗਹਿਣਾ ਆਉਣਾ ਹੈ।

*ਕਾਂਗੜੀਆਂ ਤੋਂ ਮੁਰਾਦ ਹੈ।

Digitized by Panjab Digital Library | www.panjabdigilib.org

ਸਰਦਾਰ–ਹੈਂ ! ਵਿਆਹ ਹੋਣ ਤੋਂ ਪਹਿਲੇ ਗਹਿਣਾ ਕੇਹਾ ?

ਸਰਦਾਰਨੀ–ਜਹਾਨ ਦੀ ਚਾਲ ਜੁ ਹੋਈ।

ਸਰਦਾਰ–ਇਹ ਕੇਹੀ ਚਾਲ ਹੈ ? ਕੋਈ ਕੁੜਮਾਂ ਦੀ ਜਾਇਦਾਦ ਪਰਖਣੀ ਹੁੰਦੀ ਹੈ, ਕੱਚੇ ਕੁਆਰੇ ਸਾਕੀਂ ਜੋਖੋਂ ਲੈਣੀ ਦੇਣੀ, ਜਿਸ ਵਿਚ ਸੈਂਕੜੇ ਖਤਰੇ ਹੋਣੇ ਹੋਏ, ਇਹ ਚਾਲ ਢਾਲ ਸਾਡੀ ਸਮਝ ਵਿਚ ਨਹੀਂ ਆਉਂਦੀ।

ਸਰਦਾਰਨੀ–ਮਹਾਰਾਜ ਜੀ ! ਜਗਤ ਦੇ ਵਰਤਾਰੇ ਵਿਚ ਹੀ ਜੋ ਵਰਤਣਾ ਹੋਇਆ, ਸਰਬੱਤੀ ਚਾਲ ਚਲੇ ਬਿਨਾ ਨਿਰਬਾਹ ਨਹੀਂ ਹੁੰਦਾ।

ਸਰਦਾਰ–ਇਹ ਗਹਿਣਾ ਕੀ ਹੁੰਦਾ ਹੈ? ਕੀਕਣ ਦੇਈਦਾ ਹੈ? ਕੀਕਰ ਲਈਦਾ ਹੈ? ਇਹ ਜਗਤ ਵਰਤਾਰਾ ਸਾਰਾ ਖੋਲ੍ਹ ਕੇ ਸੁਣਾਓ, ਸਮਝਾਓ।

ਸਰਦਾਰਨੀ–ਬਾਲ ਕੁੜੀ ਦੇ ਮੰਗਣੇ ਤੋਂ ਪਿਛੋਂ ਪਰ ਵਿਆਹ ਤੋਂ ਪਹਿਲੇ ਪਹਿਲੇ ਸਾਹੁਰੇ ਨੂੰਹ ਨਾਲ ਚਾਉ ਮਲ੍ਹਾਰ ਕੁਆਰਿਆਂ ਹੀਕਰਦੇ ਹਨ। ਆਪਣੇ ਵਿਤ ਅਨੁਸਾਰ ਸਾਹੁਰੀਆਂ ਚਾਂਦੀ ਸੋਨੇ ਦੇ ਗਹਣੇ, ਗੀਟੇ, ਹੋਰ ਗੁੜੀਆਂ, ਖਿਡਾਉਣੇ, ਫਲ ਮੇਵੇ, ਮਠਿਆਈ, ਆਦਿਕ ਵਸਤਾਂ ਲੈਕੇ ਕੁੜਮਾਂ ਦੇ ਘਰ ਆਕੇ ਦੇ ਜਾਂਦੀਆਂ ਹਨ, ਇਕੁਰ ਹੀ ਵਿਤ ਅਨੁਸਾਰ ਕੁੜੇ ਮਿਸਰੀ ਦੇ ਭਾਵੇਂ ਮਠਿਆਈ ਦੀਆਂ ਟੋਕਰੀਆਂ, ਖੁਸ਼ੀਆਂ ਨਾਲ ਲੈ ਜਾਂਦੀਆਂ ਹਨ। ਜੇ ਕਿਸੇ ਨੇ ਇਹ ਗਹਿਣਾ ਪ੍ਰਗਟ ਨਾ ਲੈਣਾ ਹੋਇਆ ਤਾਂ ਕੁੜਮਣੀ ਆਪ ਕਿਸੇ ਵੇਲੇ ਚੁਪ ਚਾਪ ਦੇ ਗਈ, ਅਥਵਾ ਨੂੰਹ ਨੂੰ ਹੱਥੀਂ ਪੁਆ ਗਈ।

ਸਰਦਾਰ–ਫਿਰ ਇਸ ਗਹਿਣੇ ਅਤੇ ਹੋਰ ਫਲ ਮਠਿਆਈ ਨੂੰ ਕੀ ਕਰੀਦਾ ਹੈ ?

ਸਰਦਾਰਨੀ–ਜੀ ਓਹ ਗਹਿਣਾ ਕੁੜੀ ਹੰਢਾਉਂਦੀ ਰਹਿੰਦੀ ਹੈ। ਜੇ ਸੂਝ ਵਾਲਾ ਘਰ ਹੋਇਆ ਤਾਂ ਕਿਸੇ ਦਿਨ ਦਿਹਾਰ ਵੇਲੇ ਗਹਿਣਾ ਪਾਇਆ ਫੇਰ ਸਾਂਭ ਰਖਿਆ, ਜੇ ਕੋਈ ਅਸੂਝ ਘਰ ਹੋਇਆ ਤਾਂ ਰੋਜ ਪਾਈ ਰਖਿਆ, ਭਜਦਾ ਗੁਆਚਦਾ ਰਿਹਾ ਛੇਕੜ ਵਿਆਹ ਵੇਲੇ ਮੋੜ ਦਿੱਤਾ। ਜਿਹੜੇ ਫਲ ਮੇਵੇ ਮਠਿਆਈ ਹੋਏ ਓਹ ਸਾਰੇ ਸਾਕਾਂ ਵਿਚ, ਰਤਾ ਰਤਾ ਪ੍ਰਸ਼ਾਦ ਵਾਕਰ ਵੰਡ ਦਿੱਤੇ।

ਸਰਦਾਰ–ਕੀ ਇਹ ਗਲ ਸੱਚ ਹੈ ਕਿ ਤੀਵੀਂਆਂ ਭੀ ਧੀ ਦੀ ਸਾਹੁਰੀ ਚੀਜ਼ ਸਾਕਾਂ ਅੰਗਾਂ ਵਿਚ ਵੰਡਕੇ ਖਾ ਲੈਂਦੀਆਂ ਹਨ।

ਸਰਦਾਰਨੀ–ਫਿਰ ਚਾਲ ਜੋ ਏਹੋ ਹੋਈ। ਜਗਸਾਂਵੀਂ ਗਲ ਜੋ ਹੋਈ।

ਸਰਦਾਰ–ਇਸ ਚਾਲ ਤੋਂ ਅਕਲ ਕੁਰਬਾਨ! ਕੇਹੀ ਅਨੋਖੀ ਚਾਲ ਹੈ। ਉਂਵ ਤਾਂ ਧੀ ਦੇ ਪਿੰਡ ਤੇ ਗਲੀ ਮਹੱਲੇ ਦੇ ਖੂਹ ਦਾ ਜਲ ਤਕ ਅੰਗੀਕਾਰ ਨਹੀਂ ਕਰਨਾ, ਪੁੱਤ ਧੀ ਦੇ ਸਾਹੁਰਿਓਂ ਆਈਆਂ ਖਾਣ ਦੀਆਂ ਵਸਤਾਂ ਵਡੇ ਚਾਵਾਂ ਮਲ੍ਹਾਰਾਂ ਨਾਲ ਸਾਕਾਂ ਸਨਬੰਧੀਆਂ ਵਿਚ ਵੰਡਕੇ ਖਾਣ ਆਂ, ਕੈਸੀ ਹਾਬੀ ਵਰਗੀ ਚਾਲ ਹੈ। ਬਲਿਹਾਰ ਜਾਈਏ ਅੈਸੀ ਸੁੰਦਰ ਚਾਲ ਦੇ। ਭਲਾ ਇਹ ਤਾਂ ਰਤਾ ਸਮਝਾ ਦਿਓ ਕਿ ਇਹ ਗਹਿਣਾ ਜੋਖੋ ਹੋਇਆ ਕਿ ਨਾ? ਜੇਕਰ ਇਸ ਵਿਚੋਂ ਨੁਕਸਾਨ ਹੋਜਾਵੇ, ਖੜਿਆ ਜਾਵੇ, ਜਾਂ ਚੋਰ, ਅਗ, ਪਾਣੀ, ਆਦਿਕ ਕਿਸੇ ਹਰਜ ਮਰਜ ਵਿਚ ਵਨਾਹ ਹੋ ਜਾਵੇ, ਘਸਕੇ ਭੱਜ ਟੁਟ ਹੀ ਜਾਵੇ ਤਾਂ ਮੋੜਨ ਵੇਲੇ ਕੁੜਮਾਂ ਵਲੋਂ ਤਾਂ ਕੋਈ ਗਲ ਨਹੀਂ ਨਾ ਹੋਇਆ ਕਰਦੀ ?

ਸਰਦਾਰਨੀ–ਮਹਾਰਾਜ ਜੀ ! ਕੋਈ ਸ਼ੁਭ ਬਚਨ ਬੋਲੋ, ਇਹ ਗਹਿਣਾ ਵਡੇ ਸ਼ਗਨਾਂ ਸੁਆਰਥਾਂ ਨਾਲ ਬਣਾਈਦਾ ਹੈ ਤੇ ਸਭ ਕੋਈ ਜਾਣਦਾ ਹੈ ਗਹਿਣਾ ਕਪੜਾ ਹੰਢਾਉਣ ਦੀ ਚੀਜ ਹੈ, ਕੋਈ ਵਿਆਜੀ ਨਹੀਂ ਦਿਤਾ ਜਾਂਦਾ ਜਿਸਦੀ

Digitized by Panjab Digital Library | www.panjabdigilib.org

ਸਵਾਈ ਨਾਲ ਰਲਦੀ ਰਹੇ। ਹਰਜਾਂ ਮਰਜਾਂ ਸਭ ਨਾਲ ਹੀ ਹੁੰਦੀਆਂ ਹਨ, ਓੜਕ ਗਹਿਣਾ ਗਹਿਣੇ ਵਾਲਿਆਂ ਦਾ ਹੁੰਦਾ ਹੈ। ਰੱਬ ਨਾ ਕਰੇ ਕੋਈ ਕਿਸੇ ਖਾ ਲੈਣਾ ਹੈ, ਪਰ ਕਰਤਾਰ ਦੇ ਭਾਣੇ ਨਾਲ ਕਿਸੇ ਦਾ ਕੀ ਜੋਰ।

ਸਰਦਾਰ—ਬਹੁਤ ਖੂਬ ਘੜਵਾਂ ਅਤੇ ਤੁਲਵਾਂ ਉਤੂ ਹੈ, ਪਰ ਇਹ ਗਲ ਅਜੇ ਤਕ ਸਮਝਵਿਚ ਨਹੀਂ ਆਈ ਜੁ ਧੀ ਵਾਲੇ ਇਹ ਗਹਿਣਾਂ ਕੀ ਸਮਝਕੇ ਲੈਂਦੇ ਹਨ। ਕੀ ਕੋਈ ਕੁੜਮਾਂ ਦੀ ਅਮੀਰੀ ਪਰਖਣ ਦੀ ਇਹ ਕਸਵਟੀ ਹੈ ਜਾਂ ਕੋਈ ਆਪਣੇ ਕਾਰ ਵਿਹਾਰ ਵਾਸਤੇ ਕੋਈ ਚਾਲ ਹੈ ਯਾ ਇਹ ਗਹਿਣਾ ਕਿਸੇਤਰ੍ਹਾਂ ਦੀ ਕੋਈ ਸਾਈ ਸਮਝੀ ਜਾਂਦੀ ਹੈ, ਭਈ ਜਿਹੜਾ ਕੁੜਮਾਈਓਂ ਫਿਰੇ ਉਹ ਇਸੇ ਗਹਣੇ ਦੀ ਸੱਟ ਖਾਏ, ਪਰਇਸ ਤਰ੍ਹਾਂ ਧੀ ਵਾਲੇ ਦਾ ਹੱਥ ਉੱਚਾ ਰਹਿੰਦਾ ਹੈ। ਜਾਂ ਧੀ ਵਾਲੇ ਪਹਿਲੇ ਹੀ ਕੁੜਮਾਈ ਹੋਰ ਥੇ ਕਰਨ ਦੀ ਨੀਯਤ ਰੱਖਕੇ ਗਹਣਾ ਲੈਂਦੇ ਹਨ ਜੁ ਦੂਸਰੇ ਘਰ ਤੀਸਰੇ ਯਾ ਚੌਥੇ ਪੰਜਵੇਂ ਤਾਈਂ ਭੁਗਤਾਨ ਦੇ ਹੇਰੀ ਫੇਰੀ ਵਿਚ ਕੋਈ ਫਾਇਦੇ ਦੀ ਸੂਰਤ ਸਮਝਦੇ ਹੋਣ। ਯਾ ਕਿ ਕੁੜਮਾਂ ਨੂੰ ਭੰਡਣ ਲਈ|ਤੇ ਦਿਵਾਲਾ ਕਢਾਉਣਦੀ ਨੀਯਤ ਉਤੇ ਲੈਂਦੇਹਨਾਇਸ ਚਾਲ ਦਾ ਅਸਲ ਮਤਲਬ ਕੀ ਹੈ ? ਰਤਾ ਭੇਦ ਖੋਲ੍ਹਕੇ ਗਲ ਸਮਝਾਓ।

ਸਰਦਾਰਨੀ—ਕਰਤਾਰ, ਕਰਤਾਰ, ਬਖਸ਼ੀਂ ਰਬਾ, ਮਹਾਰਾਜ ਜੀ! ਆਪ ਤਾਂ ਕੁਝ ਅਨੋਖੀਆਂ ਜੇਹੀਆਂ ਗਲਾਂ ਕਰਨ ਲਗਪਏਹੋ, ਇਹਤਾਂਕਦੀ ਡਿੱਠੀਆਂ ਸੁਣੀਆਂਨਹੀਂ। ਕੁੜਮਾਂ ਵਿਚਾਰਜਾਂ ਨੇ ਕੀ ਸੋਚਣਾ ਹੋਇਆ, ਕੇਹੜੀਭਾਰੀ ਸੋਚਣਵਾਲੀ ਗਲ ਹੋਈ। ਇਹ ਤਾਂ ਦੁਨੀਆਂਦਾਰਾਂ ਨੇ ਇਕ ਚਾਲ ਪੂਰੀ ਕਰਨੀ ਹੋਈ, ਜੇਹੜੀ ਚਾਲ ਮੁਢੋਂ ਚਲੀ ਆਉਂਦੀ ਹੈ, ਆਦਿ ਅੰਤ ਸਭ ਕੋਈ ਕਰਦਾ ਆਇਆ। ਆਪਦੀਆਂ ਇਹ ਗਲਾਂ ਜ਼ੋਰਾਵਰੀ ਦੀਆਂ ਹਨ। ਦਿਨਾਂ ਦਿਹਾਰਾਂ ਨੂੰ ਬਾਲੜੀਆਂ ਲੋਕਾਂ ਦੇ ਮੂੰਹਾਂ ਵਲ ਦੇਖਣ? ਸਾਹੁਰੇ ਰੀਝਾਂ ਵਾਲੇ ਹੋਏ, ਵੇਲੇ ਸਮੇਂ ਕੁੜੀਆਂ ਗਹਣਾ ਪਾਇਆ, ਪੇਕੇ ਸਾਹੁਰੇ ਪ੍ਰਸੰਨ ਹੋ ਗਏ। ਗਹਣਾ ਹੋਣਾ ਹੀ ਕੁੜੀਆਂ ਵਾਸਤੇ ਹੋਇਆ, ਹੋਰ ਸੁਖੀ ਸਾਂਦੀ ਅਸਲ ਬਿਅਸਲ ਕੀ ਹੋਵੇ।

ਸਰਦਾਰ—ਇਹ ਕੋਈ ਜ਼ੋਰਾਵਰੀ ਦੀ ਗਲ ਨਹੀਂ, ਅਸੀਂ ਬਰਮਾ ਦੇ ਛਿੰਨਸਾਨ ਦੇ ਪਹਾੜੀ ਜੰਗਲਾਂ ਵਿਚ ਦੰਦ ਬੰਦੀਆਂ ਕਰਾਉਂਦੇ ਫਿਰਦੇ ਦਸਾਂ ਬਰਸਾਂ ਪਿੱਛੇ ਮਸੇਮਸੇ ਇਕ ਵਹੁਦੀਛੁਟੀ ਲੈਕੇ ਆਏ ਹਾਂ। ਓਥੇ ਕੋਈ ਏਹੋ ਜੇਹੀਆਂ ਗਲਾਂ ਨਾ ਕਿਤੇ ਡਿੱਠੀਆਂ ਅਤੇ ਨਾ ਸੁਣੀਆਂ, ਸਾਨੂੰ ਇਸ ਜਹਾਨ ਦੇ ਤੌਰ ਚਾਲੇ ਦੀ ਕੀ ਖਬਰਹੋਵੇ। ਹੁਣ ਜਿਉਂ ਜਿਉਂ ਵਾਹ ਪੈਂਦਾ ਜਾਊ ਨਾਲੋ ਨਾਲ ਤੁਸੀਂ ਸਮਝਾਈ ਚਲੋਗੇ, ਸਮਝੀਜਾਵਾਂਗੇ। ਅਸਾਂ ਤੁਹਾਥੋਂ ਹੀ ਇਕ ਵੇਰੀ ਸੁਣਿਆਂ ਸੀ ਕਿ "ਜਿੱਥੇ ਧੀ ਭੈਣ ਵਿਆਹੀ ਜਾਵੇ ਓਸ ਘਰ ਦੀ ਕੀ ਗਲ ਹੈ ਓਸ ਪਿੰਡ ਗਲੀ ਮਹੱਲੇ ਦੇ ਖੂਹ ਦਾ ਪਾਣੀ ਤਕ ਵੀ ਮਾਪਿਆਂਨੂੰਅੰਗੀਕਾਰਨਹੀਂ ਕਰਨਾ ਚਾਹੀਦਾ"। ਹੁਣ ਫੇਰ ਤੁਹਾਥੋਂ ਹੀ ਸੁਣਨੇ ਹਾਂ ਜੋ ਕੁਆਰੇ ਕੁੜਮਾਂ ਦੇ ਘਰੋਂ ਆਏ ਹੋਏ ਪਦਾਰਥ ਸਾਰੇ ਸਾਕਾਂ ਵਿਚ ਵੰਡਕੇ ਖਾਈਦੇ ਹਨ, ਨਾਲੇ ਗਹਣਾ ਧੀ ਨੂੰ ਹੰਢਵਾਈਦਾ ਹੈ। ਤਾਂ ਭਾਵੇਂ ਇਹ ਗਲ ਇਉਂ ਹੋਣੀ ਹੈ ਕੁਆਰਿਆਂ ਧੀ ਦੇ ਸਾਹੁਰਿਓਂ ਲੈਣਾ, ਖਾਣਾ, ਵੰਡਣਾ ਹੰਢਾਉਣਾ ਕੋਈ ਵਿਚਾਰ ਵਾਲੀ ਗਲ ਨਹੀਂ ਹੋਣੀ, ਪਰ ਵਿਆਹ ਦੇ ਪਿਛੋਂ ਸੌਂਹ ਪੈ ਜਾਂਦੀ ਹੈ ਜੋ ਫੇਰ ਓਸ ਘਰ ਦਾ ਪਾਣੀ ਤਕ ਨਹੀਂ ਛੁਹਣਾ। ਇਹ ਕੀ ਗਲ ਹੋਈ ?

ਸਰਦਾਰਨੀ—ਮਹਾਰਾਜ ਜੀ! ਤੁਸੀਂ ਕੇਹੀਆਂ ਭੋਲੀਆਂ ਗੱਲਾਂ ਕਰਦੇ ਹੋ, ਓਹ ਚੀਜਾਂ ਵਸਤਾਂ ਕੋਈ ਧੀ ਵਾਲੇ ਆਪ ਖਾਂਦੇ ਹਨ ਜੋ ਦੇਸ਼ ਹੋਵੇ?

Digitized by Panjab Digital Library | www.panjabdigilib.org

ਓਹ ਤਾਂ ਸਗੋਂ ਕੁਝ ਹੋਰ ਪਾਸੋਂ ਪਾਕੇ ਏਵੇਂ ਰਤਾ ਰਤਾ ਸਾਰੇ ਸਾਕਾਂ ਤੇ ਭਾਈਚਾਰਿਆਂ ਵਿਚ ਮਸੇ ਕਿਵੇਂ ਵੰਡਕੇ ਪੂਰੀਆਂ ਕਰਦੇ ਹਨ। ਗਹਿਣਾ ਕੁੜੀ ਦਾ ਦੇਇਆ ਜੇਹਾ ਵਿਹੀਜ ਕੇ ਪਾਉਣਾ ਤੇਹਾ ਕੁਆਰਿਆਂ ਪਾਉਣਾ, ਦੇਸ਼ ਕੀ ਹੋਇਆ ?

ਸਰਦਾਰ–ਠੀਕ, ਹੁਣ ਗਲ ਸਮਝੀ, ਭਈ ਠੀਕ, ਧੀ ਦੇ ਘਰ ਦੀ ਚੀਜ ਵਸਤ ਲੈਣੀ ਦੇਸ਼ ਹੈ, ਪਰ ਵੰਡਕੇ ਸਾਰੇ ਭਾਈਚਾਰੇ ਵਿਚ ਖਾਧਿਆਂ ਦੇਸ਼ ਨਹੀਂ ਲਗਦਾ। ਜੀਕਰ ਜ਼ਿਮੀਕੰਦ ਏਵੇਂ ਕੱਚੇ ਨੂੰ ਹੱਥ ਲਗ ਜਾਏ ਤਾਂ ਛਾਲੇ ਪਾ ਦੇਵੇ ਪਰ ਆਉਲੇ ਅਧਰਕ ਨਾਲ ਰਲ ਕੇ ਅੰਮ੍ਰਿਤ ਭੋਜਨ ਬਣ ਜਾਂਦਾ ਹੈ. ਇਕੁਰ ਹੀ ਕੁਆਰਿਆਂ ਧੀ ਦੇ ਘਰ ਦੀ ਚੀਜ ਅੰਮ੍ਰਿਤ ਹੁੰਦੀ ਹੈ, ਪਰ ਵਿਆਹਿਆਂ ਫਿਰ ਜ਼ਹਰ ਪੈ ਜਾਂਦੀ ਹੈ। ਵਾਹ ਬਲਿਹਾਰ ਜਾਈਏ ਇਸ ਅਦਭੁਤ ਚਾਲ ਦੇ, ਕੁਰਬਾਨ ਜਾਈਏ ਇਸ ਅਣੱਖੇ ਤੋਰੇ ਦੇ।

ਸਰਦਾਰਨੀ(ਕੁਝ ਦਿਲੋਂ ਤੰਗ ਜੇਹੀ ਹੋਕੇ)–ਮਹਾਰਾਜ ਜੀ! ਹੁਣ ਮੈਂ ਕੀ ਆਖਾਂ?ਤੁਸੀਂ ਤਾਂ ਰਲ ਨੂੰ ਆਪਣੀ ਵਲ ਬਹੁਤ ਸਾਰਾ ਖਿੱਚ ਲੈਂਦੇ ਹੋ। ਜਹਾਨ ਦੀ ਚਾਲ ਜੁ ਇਹੋ ਹੀ ਹੋਈ, ਫਿਰ ਕੀ ਕਰੀਏ, ਏਹੋ ਕਰਨੀ ਹੈ।

ਸਰਦਾਰ–ਹੱਛਾ ਹੋਰ ਗੱਲਾਂ ਛਡਕੇ ਇਹ ਤਾਂ ਦੱਸੋ ਜੇਕਰ ਧੀ ਵਾਲੇ ਗਹਿਣਾ ਨਾ ਲੈਣ ਤਾਂ ਕੀ ਚਾਲ ਦੀ ਕੋਈ ਲੱਤ ਬਾਂਹ ਭੱਜ ਜਾਏਗੀ, ਲੰਗੀ ਲੂਲੀ ਹੋ ਜਾਊ।'

ਸਰਦਾਰਨੀ–ਹੋਰ ਲੰਡੀ ਡੁਡੀ ਦੀ ਤਾਂ ਮੈਨੂੰ ਕੋਈ ਖਬਰ ਨਹੀਂ, ਪਰ ਸਾਕਾਂ ਅੰਗਾਂ ਵਿਚ ਮੂੰਹ ਦੇਣ ਜੋਗਿਆਂ ਨਹੀਂ ਰਹੀਦਾ। ਜਹਾਨ ਕਈ ਕਈ ਨਾਉਂ ਰੱਖਣ ਲਗ ਪੈਂਦਾ ਹੈ। ਬਾਲ ਲਾਉਣੇ ਲਗਾਉਣੇ ਹੋਏ, ਨਾਮਣਾ ਨਿਕਲਿਆ ਫਿਰ ਹੱਥ ਨਹੀਂ ਆਉਂਦਾ। ਕਿਉਂਕਿ ਸਾਰੀ ਉਮਰ ਇਨ੍ਹਾਂ ਹੀ ਕੰਮਾਂ ਲਈ ਖੱਟੀ ਕਮਾਈਦਾ ਹੈ ਜੋ ਲਜਲੀਹ ਵੇਲੇ ਜਹਾਨ ਵਿਚ ਮੂੰਹ ਉੱਜਲਾ ਹੋਵੇ। ਹੋਰ ਜੇ ਢਿਡ ਭਰਨ ਦੀ ਆਖੋ ਤਾਂ ਪਸੂ ਵੀ ਢਿਡ ਭਰ ਛਡਦਾ ਹੈ। 'ਜੇ ਧੀਆਂ ਪੁਤਰ ਜਣੇ ਤਾਂ ਲਾਹੇ ਟੋਟੇ ਗਣੇ'।ਜੇ ਢੰਗਾਂ ਸੁਆਰਥਾਂ ਵੇਲੇ ਹੀ ਕੁਝ ਨਾ ਕੀਤਾ ਤਾਂ ਕਰਨਾ ਕਿਹੜੇ ਵੇਲੇ ਹੋਇਆ। ਜੇ ਕਿਸੇ ਦੇ ਕੋਈ ਪੁੱਜੀ ਤਾਂ ਜਗ ਸਾਵਾਂ ਹੋਇਆ,ਨਹੀਂ ਏਵੇਂਘਰਦਿੰਗਰੀਆਟਾ ਵੀਟਦਾ ਫਿਰਦਾ ਹੈ? ਜੇ ਇਜੇਹੇ ਵੇਲੇ ਸਗਨਾਂ ਸੁਆਰਥਾਂ ਦੇ ਚਾਉ ਮਲ੍ਹਾਰ ਨ ਕੀਤੇ ਜਾਣ ਤਾਂ ਲੋਕ ਕਈ ਕਈ ਨਾਉਂ ਰਖਦੇ ਹਨ। ਸਿਆਪਿਆਂ ਵਿਚ ਖੜੋਣਾ ਨਹੀਂ ਮਿਲਦਾ, ਕੋਈ ਕਹਿੰਦੀ ਹੈ ਨੀ ਓਸ ਮੁਕਾਲੀ ਨੇ ਕੀ ਕਰਨਾ ਹੋਇਆ,ਜਿਸ ਨੇ ਪਹਿਲਾਂ ਹੀ ਕੁੜਮਾਂਨੂੰ ਹਟਕ ਭੇਜਿਆ, ਮੈਂ ਪ੍ਰਸ਼ਾਦ ਨਹੀਂ ਲੈਣਾ।ਦੂਜੀ ਪਾਸੋਂ ਕਹਿੰਦੀ ਹੈ ਓਸ ਮੱਖੀ ਚੂਸਣੀ ਦੀ ਕੀ ਗਲ ਕਹਿਣੀ ਹੋਈ,ਵਡੀ ਸ਼ੂਮਣੀ ਹੈ,ਪੁਤ੍ਰ ਦੇ ਸਾਹੁਰਿਆਂ ਗਹਿਣਾਮੰਗ ਭੇਜਿਆਸੜੀਹੋਈਮੁਕਾਲੀ ਨੇ ਨਾ ਹੀ ਦਿਤਾ,ਭਾਵੇਂ ਮੁੰਡਾ ਦੁਹਾਜੂ ਹੋਇਆ ਪਰ ਧੀ ਵਾਲਿਆਂ ਦੀ ਧੀ ਤਾਂ ਸਿਕ ਸਿਕਾਵੀਂ ਸੁੱਖੇ ਲੱਧੀ ਹੈ ਨਾਤੀਜੀ ਪਾਸੋਂ ਵੰਨੀ ਚਾੜ੍ਹਦੀ ਹੋਈ ਬੋਲਦੀ ਹੈ–'ਨੀ ਆਹੋ! ਡਿੱਠੀ ਹੋਈ ਹੈ, ਇਨ੍ਹਾਂ ਹੀ ਕਰਤੂਤਾਂ ਨਾਲ ਤਿੰਨੇਮੁੰਡੇ ਦਾੜ੍ਹੀਆਂ ਵਾਲੇ ਕੁਆਰੇ ਲਈਬੈਠੀਹੈ,ਕੰਜੂਸਣੀਕਰਤੂਤੋਂ ਮੇਸੀ ਹੈ'। ਚੌਥੀ ਕੋਲੋਂ ਪੁਠ ਭਰਦੀ ਹੈ 'ਧੀ ਤਾਂ ਚੰਗੇ,ਟਿਕਾਣੇ ਲਗੀ ਹੋਈ ਹੈ ਸ੍ਰ,ਗੁਰੂ ਕਰੇ ਬਹੀ ਬੁਕੀ ਰਵੇ।' ਪੰਜਵੀਂ ਚੁਪ ਕੀਤੀ ਬੋਲ ਪੈਂਦੀ ਹੈ 'ਧੀਆਂ ਵੀ ਕਦੀ ਕਿਸੇ ਦੀਆਂ ਅਟਕੀਆਂਹਨ ਨਾਲੇ ਪਹਿਲੇਪਹਿਲ ਲਗ ਗਈ ਚੰਗੇਘਰ,ਜਦ ਤੋਂ ਕਰਤੂਤਾਂ ਉੱਘੀਆਂ ਹੋਈਆਂ ਤਦ ਤੋਂ ਫੇਰ ਕੋਈਬਾਲਕਿਉਂਨਾ ਲਾ'ਲਏ।' ਛੇਵੀਂਇਕਠੰਢਾ

Digitized by Panjab Digital Library | www.panjabdigilib.org

ਸਾਹ ਭਰਕੇਆਖਦੀਹੈ–'ਪਰਮੇਸਰਕਰੇਕਿਸੇਦਾ ਨਾਮਣਾ ਨਾ ਨਿਕਲ ਜਾਵੇ ਨਹੀਂ ਤਾਂ ਵਿਚਾਰੀ ਕਿਸਗਲੋਂ ਮਾੜੀਹੈ?ਅਜੇਕਲ ਧੀ ਨੂੰ ਬੜੀਆਂ ਚੰਗੀਆਂ ਰੀਤਾਂ ਗਹਣਾ ਕਪੜਾ ਸਭੋ ਕੁਝਵੰਨ ਸੁਵੰਨਾਦਿੱਤਾਸੁ।'ਸਤਵੀਂ ਤਨਕਕੇ ਉੱਚੀ ਜੇਹੀ ਬੋਲਉਠਦੀਹੈ–'ਆਹੋਨੀਕੁਸ਼ਾਮਤਣੇ!ਦਿੱਤਾਸੁ, ਫੇਰ ਮੇਰੇ ਮੂੰਹੋਂ ਹੁਣੇ ਕੁਝ ਸੁਣਦੀ ਹੈਂ,ਕੀਦਿਤਾ ਸੁ ? ਓਹ ਭੈੜਾ ਝੂਠਾ ਗੋਟਾ ਲਗਾ ਹੋਇਆ ! ਤੇ ਕਪੜਾ ਕਿਸ ਚਜ ਦਾ ਸੀ, ਨਾਲੇ ਗਹਣਾ ਬੜਾ ਨਿਗਰ ਸੀ,ਜਿਹੜਾ ਔਤਰਾ ਹੇਠ ਚਾਂਦੀ ਦੀ ਪੀਠੀ ਉਤੇ ਸੋਨੇ ਦਾ ਪੱਤਰਾ,ਕਿਡਾ ਗਹਣਾ ਕਢਿਆਸੂ?ਪਰ ਵਿਚਾਰੀਏ ਤੂੰ ਸੱਚੀ ਹੈਂ ਨਾਲ ਓਹਨੇ ਤੈਨੂੰ ਕਪੜਾ ਜੁ ਲੈਦਿਤਾ,ਤੂੰਤਾਂਕੁਸ਼ਾਮਤ ਕਰਨੀ ਹੋਈ ਸਾਨੂੰਕਿਸੇ ਦੀ ਡਰੀ ਨਹੀਂ ਪਈ, ਅਸੀਂ ਤਾਂ ਸੱਚ ਕਹਾਂਗੇ।'ਏਹੋ ਜੇਹੀਆਂ ਤੂਤ-ਭੀਤੀਆਂ ਮਨਘੜਤ ਅਨੇਕਾਂ ਹੀ ਨਿਕਲਦੀਆਂ ਹਨ, ਇਹ ਤੀਵੀਆਂ ਜਿਸਦੇ ਮਗਰ ਹੱਥ ਧੋਕੇ ਪੈ ਜਾਣ ਉਸਦਾ ਸਿਆਪੇ ਵਿਚ ਠਹਿਰਨਾ ਅਤੇ ਜੀਉਣਾ ਮੌਤ ਕਰ ਦਿੰਦੀਆਂ ਹਨ ।

ਸਰਦਾਰ-ਜੇਕਰ ਤੁਸੀਂ ਸਿਆਪੇ ਨਾ ਜਾਓ ਤਾਂ ਫੇਰ ਕੀ ਹੋਵੇ ?

ਸਰਦਾਰਨੀ–ਦੇਖਾਂ ਫੇਰ ਤੁਸੀਂ ਤਾਂ ਕਿੱਲੇ ਦੀ ਮਿੱਟੀ ਪੁਛਦੇ ਹੋ ਕਿਧਰ ਗਈ। ਭਲਾ ਸਿਆਪੇ ਕਿਕੁਰ ਕੋਈ ਨਾ ਜਾਵੇ। ਆਦਿ ਅੰਤ ਤੋਂ ਏਹੋ ਚਲੀ ਆਈ। ਗਏ ਬਾਝੋਂ ਕਿਸੇ ਦੀ ਨਿਭਦੀ ਵੀ ਹੈ ? ਦੁਨੀਆਂ ਵਿਚ ਵਡੀ ਸੱਥ ਤਾਂ ਸਿਆਪੇ ਹੋਏ।

ਸਰਦਾਰ–ਇਹ ਚਾਲ ਸਾਡੀ ।ਬਰਾਦਰੀ ਵਿਚ ਅਨੋਖੀ ਨਿਕਲੀ ਹੈ, ਜੇ ਕਿਸੇ ਦਾ ਪੁਜਾਲਾ ਨਾ ਪੁਜਦਾ ਹੋਵੇ, ਤਾਂ ਓਹ ਕੀਕਰ ਗਹਿਣਾ ਦੇਵੇ।

ਸਰਦਾਰਨੀ–ਜੀ ਇਹ ਚਾਲ ਸਾਡੇ ਘਰਾਣਿਆਂ ਵਿਚ ਅਨੋਖੀ ਨਹੀਂ, ਕਿਉਂਕਿ ਇਹ ਚਾਲ ਸਾਡੇ ਸਾਰੇ ਦੇਸ ਦੀ ਹੈ। ਪਰ ਬਿਰਾਦਰੀਆਂ ਬਹੁਤ ਹੋਣ ਕਰਕੇ ਚਾਲ, ਨਾਉਂ ਅਤੇ ਸ਼ਕਲਾਂ ਹੋਰ ਹੋਰ ਵਿਚ ਵਰਤ ਰਹੀ ਹੈ। ਜੀਕਰ ਭਾਟੀਏ, ਬਾਣੀਏ, ਬਾਹਮਣ,ਭਾਬੜੇ, ਜਟ, ਕੰਬੋ, ਝੀਵਰ, ਤਖਾਣ, ਖਤ੍ਰੀ, ਸ਼ੂਦ, ਸਗੀਣ, ਕਲਾਲ, ਸੁਨਜਾਰੇ, ਖਟੀਕ, ਨਿਆਰੀਏ, ਚਮਾਰ, ਚੂਹੜੇ, ਮੁਸਲਮਾਨ, ਆਦਿਕ ਹੋਰ ਅਨੇਕ ਜਾਤਾਂ ਦੀਆਂ ਬਿਰਾਦਰੀਆਂ ਵਿਚ ਸਭ ਦੇ ਵਿਆਹ ਤੋਂ ਪਹਲੇ ਕਈ ਭਾਤਾਂ ਵਿਚ ਗਹਿਣਾ ਜਾਂਦਾ ਹੈ,ਪਰ ਢੰਗ ਤੇ ਵੇਲੇ ਵੱਖੋ ਵੱਖਰੇ ਹਨ। ਜਿਹਾਕੁ ਕਿਸੇ ਦੇਚੁੰਨੀਚੜ੍ਹਾਉਨੀ ਕਹਿੰਦੇ ਹਨ, ਕਿਤੇ ਕੋਈ ਤੇਉਰ ਚੜ੍ਹਾਉਣਾ ਆਖਦੇ ਹਨ, ਕਿਤੇ ਪੀਲੜਾ ਪਿਚਕਾਰਾ ਕਰਕੇ ਕਹਿੰਦੇ ਹਨ, ਕੋਈ ਵਰੀ ਨਾਉਂ ਰਖਦੇ ਹਨ, ਇਕੁਰ ਹੀ ਹਰ ਇਕ ਬਿਰਾਦਰੀ ਦਾ ਵੇਲਾ ਤੇ ਨਾਉਂ ਅਤੇ ਚਾਲ ਆਪੋ ਆਪਣੀ ਹੈ।ਕਿਸੇ ਨੇ ਅੰਦਰ ਵੜਕੇ ਗੁਪ ਚੁਪ ਨਿਭਾ ਲਈ, ਕਿਸੇ ਨੇ ਦੁਨੀਆਂ ਵਿਚ ਭੰਡੀ ਪਾਕੇ ਪੂਰੀ ਕਰ ਦਿੱਤੀ। ਗੁਪਤ ਭਾਵੇਂ ਪ੍ਰਗਟ ਕਰਨੀ ਸਭ ਨੂੰ ਪੈਂਦੀ ਹੈ, ਓੜਕ ਸੰਸਾਰ ਦੇ ਰਾਹ ਸਭ ਨੂੰ ਟੁਰਨਾ ਪੈਂਦਾ ਹੈ।

ਸਰਦਾਰ–ਇਹ ਤਾਂ ਹੋਰ ਵੀ ਚੋਖੀ ਸੁਣਾਈ ਜੇ,ਜਿਸ ਰਸਤੇ ਵਿਚ ਕੰਡੇ ੧,ਖਾਲ ੨,ਜਾਂ ਪਾਣੀ ਦਾ ਹੜ ੩, ਅੱਗ ੪, ਚੋਰ ੫, ਸੱਪ ੬, ਬਘਿਆੜ ੭,ਸ਼ੇਰ ੮ ਇਨ੍ਹਾਂ ਅਠਾਂ ਵਿਚੋਂ ਕੋਈ ਹੋਵੇ ਉਸ ਖਤਰੇ ਵਾਲੇ ਰਸਤੇਵਿਚ ਕੀਕਰ ਟੁਰਨਾ ਚਾਹੀਏ, ਜਿਸ ਵਿਚ ਜਾਨ ਜੋਖੋਂ ਦਾ ਡਰ ਹੋਵੇ ?'

ਸਰਦਾਰਨੀ–ਹੈਂ ਹੈਂ ਇਹ ਕੇਹੇ ਜੇਹੇ ਤੁਸੀਂ ਬਚਨ ਕਰਦੇਹੋ।ਕਰਤਾਰ!ਕਰਤਾਰ!ਸੁਖੀ ਸਾਂਦੀ ਮਰ ਮਰ ਕੇ ਜੱਗ ਪਰਾਤਾ ਹੈ,ਅੱਗ ਦੁਸ਼ਮਨਾਂਦੇ

Digitized by Panjab Digital Library | www.panjabdigilib.org

ਰਾਹ ਵਿਚ ਆਵੇ ।ਇਹ ਤਾਂ ਸਗਨਾਂਸੁਆਰਥਾਂ ਦੇਕੰਮ ਹੋਏ,ਜੋ ਗੁਰੂ ਪਰਮੇਸ਼ਰ ਮਨਾਕੇ ਕਰੀਦੇ ਹਨ।ਫੇਰ ਸਦਾ ਤੋਂ ਹੋਂਦੜ ਆਈ, ਸਭ ਕੋਈ ਕਰਦਾ ਆਇਆ,ਓਕਰ ਹੀ ਸਾਨੂੰ ਵੀ ਕਰਨੇ ਆਏ। ਰੱਖਾਂ ਸੰਤਾਂ ਦੀਆਂ,ਕੋਹੇ ਸੱਪ ਬਘਜਾੜ ਤੇ ਕੋਹੀ ਸੁੰਞੀ ਅੱਗ ਤੇ ਪਾਣੀ। ਤੁਹਾਨੂੰ ਮੇਰੇ ਕਹਿਣੇ ਤੇ ਪਰਤੀਤ ਨਹੀਂ ਆਉਂਦੀ ਤਾਂ ਤੁਸੀਂ ਵਡੀ ਬੇਬੇ ਹੋਰਾਂ ਕੋਲੋਂ ਪੁੱਛ ਲੈਣਾ,ਭਈ ਜਹਾਨ ਦੀ ਕੀ ਰੀਤ ਹੈ, ਕਿਸ ਚਾਲੇ ਚੱਲੀਦਾ ਹੈ।

ਸਰਦਾਰ—ਬੇਬੇ ਹੋਰਾਂ ਕੋਲੋਂ ਫੇਰ ਪੁੱਛਾਂਗੇ. ਪਹਿਲੇ ਦੋ ਚਾਰ ਗੱਲਾਂ ਤੁਸੀਂ ਦੱਸੋ। ਪਹਿਲੇ, ਕਿਸੇ ਘਰ ਇਸ ਗਹਿਣੇ ਬਾਬਤ ਕੁੜਮਾਂ ਦਾ ਆਪੋ ਵਿਚ ਦੀ ਕੋਈ ਝਗੜਾ ਪਿਆ ਹੋਵੇ।

ਸਰਦਾਰਨੀ—ਜੀ ਇਸ ਗਲ ਨਾਲ ਕੀ, ਏਡਾ ਸੰਸਾਰ ਜੋ ਵਸਦਾ ਹੋਇਆ. ਜੇ ਕਿਸੇ ਘਰ ਕੋਈ ਝਗੜਾ ਮਾਮਲਾ ਹੋ ਗਿਆ .ਤਾਂ ਕੀ ਅਚਰਜ ਹੈ, ਅਜੇ ਥੋੜਾ ਚਿਰ ਹੋਇਆ ਹੈ ਕਿ ਫਲਾਣੇ ਲਕੜ ਹਾਰਿਆਂ ਦਾ ਕੁਦਰਤ ਨਾਲ ਕੰਮ ਹਿਲ ਗਿਆ ਤੇਲ ਵਾਲਿਆਂ ਨੇ ਉਨ੍ਹਾਂ ਦੀ ਮੰਗ ਹੋਰਥੇ ਵਿਆਹ ਦਿਤੀ,ਗਹਣਾਂ ਬਾਰਾਂ ਸੋ ਦਾ ਲਿਆ ਹੋਇਆ ਸੀ ਬੜਾ ਮੁਕਦਮਾਂ ਹੋਇਆ, ਫਿਰੰਗੀ ਜਗੀਮਾਨਾ ਕਰਨ ਲਗਾ ਤਾਂ ਲੋਕਾਂ ਪੰਚਾਂ ਨੇ ਵਿਚ ਪੈਕੇ ਮੁਕਾ ਦਿਤੀ, ਮੁੰਡਾ ਫੇਰ ਕਿਤੇ ਹੋਰ ਥੇ ਵਿਆਹਿਆ।

ਸਰਦਾਰ—ਦੂਜੇ ਇਹ ਦੱਸੋ ਭਈ ਕਿਸੇ ਘਰ ਅੱਗ ਲੱਗੀ ਹੋਵੇ ਜਾਂ ਚੋਰੀ ਚਿਕਾਰੀ ਅਥਵਾ ਕਿਸੇ ਤਰ੍ਹਾਂ ਨੁਕਸਾਨ ਹੋ ਗਿਆ ਹੋਵੇ ਫੇਰ ਇਸ ਗਹਿਣੇ ਬਾਬਤ ਕੁੜਮਾਂ ਨਾਲ ਕੋਈ ਝਗੜਾ ਉਠਿਆ ਹੋਵੇ।

ਸਰਦਾਰਨੀ—ਜੀ ਆਹੋ, ਇਹ ਗਲ ਵੀ ਪਿਛਲੀ ਗਲੀ ਵਰਤ ਚੁਕੀ ਹੈ। ਵਿਚਾਰਿਆਂ ਦੇ ਘਰ ਪਹਿਲੇ ਚੋਰਾਂ ਨੇ ਚੋਰੀ ਕੀਤੀ, ਉਪਰੋਂ ਉਨ੍ਹਾਂ ਹੀ ਚੰਦ੍ਰਿਆਂ ਅੱਗ ਲਾਈ, ਘਰ ਵਾਲਿਆਂ ਦਾ ਕੱਖ ਕੰਡਾ ਕੁਝ ਨਾ ਰਿਹਾ ਵਿਚੇ ਇਹ ਗਹਿਣਾ ੧੦੦੦) ਰੁਪੈ ਦਾ ਜਾਨ ਹੋ ਗਿਆ,ਫੇਰ ਲੋਕਾਂ ਨੇ ਵੜੀ ਮੁੱਰਵਤ ਕੀਤੀ ਜੋ ਕਿਸੇ ਕਿਸੇ ਨੇ ਕੁਝ ਕੁਝ ਦੇਕੇ ਉਜੜਿਆਂ ਨੂੰ ਵਸਦਿਆਂ ਵਿਚ ਕੀਤਾ,ਫੇਰ ਦੋ ਵਰਿਹਾਂ ਪਿਛੋਂ ਉਹ ਕੁੜੀ ਵਿਆਹੀ ਗਈ, ਪਰ ਸ਼ਾਬਾਸ਼ੇ ਕੁੜਮਾਂ ਦਾ ਉਨਾਂ ਅਲਫੋਂ ਬੇ ਨਹੀਂ ਆਖੀ, ਪਰ ਇੰਨੀ ਗਲ ਜ਼ਰੂਰ ਹੋਈ ਕੁੜੀ ਨੂੰ ਗਹਿਣਾ ਏਵੇਂ ਕਿਵੇਂ ਜੇਹਿਆ ਪਾਇਆ,ਜਿਸਤੇ ਧੀ ਵਾਲਿਆਂ ਵੀ ਸਬਰ ਹੀ ਰਖਿਆ, ਕੋਈ ਬੋਲੀ ਠੋਲੀ ਨਹੀਂ ਹੋਈ।

ਸਰਦਾਰ—ਤੀਜੇ ਕਿਤੇ ਕੋਈ ਕੁੜੀ ਜਾਂ ਮੁੰਡਾ ਠੰਢਾ ਹੋ ਗਿਆ ਹੋਵੇ ਤੇ ਮਗਰੋਂ ਇਸ ਗਹਿਣੇ ਬਾਬਤ ਕੋਈ ਵਿਗਾੜ ਹੋਇਆ ਹੋਵੇ।

ਸਰਦਾਰਨੀ—ਮਹਨਾ ਜੀਉਣਾ ਤਾਂ ਸੰਸਾਰ ਵਿਚ ਲਗਾ ਹੋਇਆ ਹੈ,ਕੋਈ ਅਚਰਜਨਹੀਂ, ਪਰ ਜੇ ਕਿਤੇ ਕੋਈ ਧਿਰ ਵਿਣਛ ਗਈ ਹੋਵੇ ਤਾਂ ਗਹਣਾਂ ਮਾਲਕਾਂ ਦਾ ਹੈ,ਭਾਵੇਂ ਕੌੜੇ ਫਿਕੇ ਹੋ ਹਵਾਕੇ ਲੈਣ, ਭਾਵੇਂ ਰਹੁ ਰਾਸਤੀ ਨਾਲ ਦੇਣ ਲੈਣ, ਪਰ ਅਜੇ ਤਕ ਕੋਈ ਗਲ ਸੁਣੀ ਨਹੀਂ,ਪਰ ਬੀਤਣੀ ਅਚਰਜ ਵੀ ਕੋਈ ਨਹੀਂ।

ਸਰਦਾਰ—ਚੌਥੀ ਗਲ ਇਹ ਦੱਸੋ ਜੋ ਕਿਸੇ ਘਰ ਇਹ ਗਹਿਣਾ ਲਹਿਣੇ ਦੇਣੇ ਵਿਚ ਕੁੜਕ ਹੋਕੇ ਧਨੀ ਨੂੰ ਮਿਲ ਗਿਆ ਹੋਵੇ ਅਥਵਾ ਨੀਲਾਮ ਬੋਲੀ ਹੋਵੇ।

ਸਰਦਾਰਨੀ—ਪਰਸੋਂ ਇਕ ਫਲਾਣੇ ਗੁਆਂਢੀਆਂ ਦੇ ਘਰ ਸਵੇਰੇ ਸਾਰ ਸਿਪਾਹੀ, ਚੌਧਰੀ, ਧਨੀ, ਕੋਈ ਦੋ ਚਾਰ ਹੋਰ ਮਰਦ ਕੁੜਕੀ ਕਰਾਉਣ ਲਈ ਆ ਗਏ। ਓਹਦੀ ਮਾਂ ਬੁੱਢੀ ਇਸ ਗਹਿਣੇ ਦਾ ਛਿੱਕੂ ਲੁਕਾਕੇ ਕੰਬਦੀ ਕੰਬਦੀ ਸਾਡੇ ਘਰ ਲੈ ਆਈ ਤੇ

Digitized by Panjab Digital Library | www.panjabdigilib.org

ਲੁਕਾਕੈ ਰੱਖ ਗਈ।

ਹੋਰ ਉਨ੍ਹਾਂ ਦੇ ਘਰੋਂ ਕੁਝ ਨਾ ਨਿਕਲਿਆ, ਕਿਉਂਕਿ ਉਨ੍ਹਾਂ ਤਾਂ ਇਸੇ ਗਹਿਣੇ ਦੀ ਸੂੰਹ ਤੇ ਕੁੜਕੀ ਕਢਾਈ ਸੀ।

ਸਰਦਾਰ—ਪੰਜਵੇਂ ਕਿਸੇ ਨੇ ਇਸ ਗਹਿਣੇ ਨੂੰ ਗਹਿਣੇ ਪਾਇਆ ਅਥਵਾ ਵੇਚਕੇ ਅਪਣਾ ਝੱਟ ਲੰਘਾਇਆ ਹੋਵੇ ਤੇ ਪਿੱਛੋਂ ਇਸਦਾ ਝਗੜਾ ਉਠਿਆ ਹੋਵੇ।

ਸਰਦਾਰਨੀ—ਜੀ ਆਹੋ, ਇਹ ਗਲ ਕਲ ਵਡੀ ਨਿਨਾਣ ਨੇ ਸੁਣਾਈ ਸੀ ਕਿ ਫਲਾਣਿਆਂ ਨੇ ਇਹ ਗਹਿਣਾ ਕਿਸੇ ਔਕੜ ਵੇਲੇ ਵਿਚੋਂ ਕੁਝ ਵੇਚ ਲਿਆ ਸੀ, ਵਿਆਹ ਵੇਲੇ ਕੁੜਮਾਂ ਦਾ ਆਪੋ ਵਿਚ ਦੀ ਬੜਾ ਬੋਲ ਬੁਲਾਰਾ ਹੋਇਆ, ਏਥੋਂਤਾਂਈ ਬਖੇੜਾ ਵਧਿਆ ਕਿ ਡੋਲੀ ਛੱਡ ਕੇ ਟੁਰ ਪਏ, ਬੜੀ ਬੇਰਸੀ ਹੋਈ, ਗਰੀਬ ਵਿਚਾਰੇ ਭੰਡੇ ਗਏ। ਪੰਚਾਂ ਨੇ ਹਥੀਂ ਪੈਰੀਂ ਪੈਕੇ ਡੋਲੀ ਬੂਹੇ ਤੋਂ ਚੁਕਾਈ, ਪਰ ਕੁਝ ਨਾ। ਲੋਕੀਂ ਚਹੁ ਰਾਹਾਂ ਦਾ ਘੱਟਾ ਪਏ ਪਾਉਂਦੇ ਹਨ।

ਸਰਦਾਰ—ਛੀਵੇਂ ਇਸ ਗਹਿਣੇ ਦੇ ਮੁਕਦਮੇ ਪਰ ਸਰਕਾਰ ਨੇ ਜੋ ਕੁਝ ਕੀਤਾ ਹੋਵੇ ਉਹ ਗਲ ਬੀ ਕੋਈ ਸੁਣਾਓ।

ਸਰਦਾਰਨੀ—ਸਰਕਾਰੀ ਖਬਰਾਂ ਮੈਂ ਕੀ ਜਾਣਾਂ, ਤੀਵੀਂ ਮਾਣੂ, ਪਰ ਅਜ ਅਠ ਦਸ ਦਿਨ ਹੋਏ ਹਨ ਤਾਂ ਤੁਹਾਡਾ ਭਣੇਵਾ ਭੜਭੰਡਾ ਸਿੰਘ ਆਇਆ ਸੀ। ਮੈਂ ਉਸ ਨੂੰ ਆਖਿਆ ਦੋਹਤਰਿਆ! ਤੇਰੇ ਮਾਮੇ ਹੋਰੀਂ ਖਬਰੇ ਕਦੋਂ ਆਉਣਗੇ ਤੂੰ ਮੈਨੂੰ ਦਸ ਪੰਜ ਗਹਿਣੇ ਘੜਵਾ ਦੇਹ, ਕਾਕੇ ਦੇ ਸਾਹੁਰੇ ਦੇਣੇ ਹਨ। ਉਸ ਅਗੋਂ ਏਹ ਸੋਹਲਾ ਸੁਣਾਇਆ ਸੀ—ਮਾਮੀ ਜੀ! ਤੁਸਾਂ ਸੁਣਿਆਂ ਨਹੀਂ ਫਲਾਣਿਆਂ ਨੇ ਇਸ ਗਹਣੇ ਬਾਬਤ ਮੁਕੱਦਮਾ ਕੀਤਾ ਹੋਇਆ ਹੈ। ਫਰੰਗੀ ਕਹਿੰਦਾ ਹੈ ਅਮਾਨਤ ਵਿਚ ਖਾਨਤ ਕੋਈ ਹੁੰਦੀ ਹੋਵੇਗੀ ਓਹ ਹੋ ਗਈ ਹੈ ਹੁਣ ਉਨ੍ਹਾਂ ਦੀ ਕੋਈ ਜ਼ਮਾਨਤ ਨਹੀਂ ਦਿੰਦਾ। ਪਰ ਵਿਚ ਕੋਈ ਚੰਗੇਰੇ ਲੋਕ ਪਏ ਹੋਏ ਹਨ, ਫਰੰਗੀ ਨੂੰ ਕਹਿੰਦੇ ਪਏ ਹੈਨ ਤੁਸੀਂ ਇਨ੍ਹਾਂ ਨੂੰ ਛੱਡ ਦਿਓ, ਇਹ ਘਰ ਵਿਚ ਆਪੇ ਨਿਬੇੜ ਲੈਣਗੇ। ਪਰ ਓਹ ਕੋਈ ਨਵਾਂ ਹੈ ਤੇ ਵਡਾ ਡਾਢਾ ਹੈ, ਮੰਨਦਾ ਕਿਸੇ ਦੀ ਨਹੀਂ, ਕਈ ਵਕੀਲ ਪਏ ਝਗੜਦੇ ਹਨ। ਇਸ ਵਾਸਤੇ ਤੁਸੀਂ ਮਾਮੀ ਜੀ ਚਾਰ ਦਿਨ ਠਹਰ ਜਾਓ ਦੇਖੀਏ ਇਸ ਮੁਕੱਦਮੇ ਦਾ ਕੀ ਬਣਦਾ ਹੈ।

ਸਰਦਾਰ—ਸਤਵੇਂ ਇਹ ਦੱਸੋ ਜੁ ਕਿਤੇ ਕੁੜਮਣੀਆਂ ਦੀ ਆਪੋ ਵਿਚ ਦੀ ਇਸ ਗਹਿਣੇ ਬਾਬਤ ਲੜਾਈ ਭਿੜਾਈ ਹੋਵੇ।

ਸਰਦਾਰਨੀ—ਜੀ! ਇਹ ਕੋਈ ਗਲ ਕਹਣ ਵਾਲੀ ਨਹੀਂ, ਇਸ ਗਲੋਂ ਕੋਈ ਨਿਕਾਰਾ ਘਰ ਖਾਲੀ ਹੋਵੇਗਾ, ਪਰ ਇਹ ਗਲ ਇਉਂ ਨਿਬੜ ਜਾਂਦੀ ਹੈ ਜੇਹੀਆਂ ਦੋ ਚਾਰ ਟਕੋਰਾਂ ਕੀਤੀਆਂ ਤੇਹੀਆਂ ਕਰਾ ਲੀਤੀਆਂ, ਕੋਈ ਕਿਸੇ ਦਾ ਗਿਲਾ ਉਲਾਮਾ ਬਾਕੀ ਨਹੀਂ ਰਹਿੰਦਾ। ਹਰ ਸਿਆਪੇ ਵਿਚ ਇਨ੍ਹਾਂ ਗੱਲਾਂ ਦਾ ਕਜੀਆ ਛਿੜਿਆ ਰਹਿੰਦਾ ਹੈ। ਕਿਤੇ ਗਹਿਣਾ ਦੇਣ ਦਾ ਹੋਛਾਪਨ, ਕਿਤੇ ਲੈਣ ਵਾਲੀ ਬਿਸਬਰੀ ਨਿਕਦਰੀ ਦੀ ਨਿੰਦਿਆ ਦੇ ਕਾਰਨੇ ਪਏ ਹੁੰਦੇ ਹਨ। ਦੋ ਢਾਈ ਮਹੀਨਿਆਂ ਦੀ ਗਲ ਹੈ ਕਿ ਦੋ ਕੁੜਮਣੀਆਂ ਆਪੋ ਵਿਚ ਲੜੀਆਂ, ਝਾਟ-ਮਝਾਟੀ ਹੋਈਆਂ, ਗੁੱਤਾਂ ਖੋਹੀਆਂ, ਪਿੱਟੀਆਂ ਰੋਈਆਂ, ਆਹਮੋ ਸਾਹਮਣੇ ਮੇਹਣੇ ਕੁਮੇਹਣੇ ਦਿੱਤੇ ਲਏ, ਪਰ ਇਹ ਬਾਲਾਂ ਬੁੱਢੀਆਂ ਦੀਆਂ ਲੜਾਈਆਂ: ਮੂਲੀ ਤੋਂ ਲੜਾਈ ਗਾਜਰ ਤੋਂ ਮਨੇਵਾ, ਸੋ ਕੀ ਗਲ ਕਰਨੀ ਹੋਈ।

ਸਰਦਾਰ—ਅਠਵੇਂ ਇਹ ਭੀ ਦੱਸੋ ਜੇ ਕਿਸੇ ਦਾ

Digitized by Panjab Digital Library | www.panjabdigilib.org

ਕੰਮ ਹਿਲ ਗਿਆ ਹੋਵੇ, ਪਰ ਧੀ ਵਾਲਿਆਂ ਇਸ ਗਹਿਣੇ ਦੇ ਲਿਹਾਜ ਕਰਕੇ ਧਰਮ ਕਾਇਮ ਰੱਖਿਆ ਹੋਵੇ।

ਸਰਦਾਰਨੀ—ਇਹ ਗਲ ਤਾਂ ਬਹੁਤੀ ਘਰੀਂ ਪਈ ਹੁੰਦੀ ਹੈ, ਪਰ ਆਪ ਦੇ ਕਹਿਣ ਨਾਲੋਂ ਹੋਰ ਵਧਕੇ ਗੱਲਾਂ ਹਨ, ਜੇਹਾ ਕੁ ਪੁਤ੍ਰ ਵਾਲੇ ਗਹਿਣਾ ਦੇ ਨਾ ਸਕਦੇ ਹੋਏ ਧੀ ਵਾਲਿਆਂ ਗਲ ਵਿਚ ਤੰਦੀ ਦਿੱਤੀ, ਸਾਡੀ ਬਾਲਡੀ ਚਾਉ ਕਰਦੀ ਹੈ। ਇਜੇਹੀ ਔਕੜ ਫਾਥਿਆਂ ਜੀ ਜਾਮਾ ਗਹਿਣੇ ਪਾਕੇ ਵੇਲਾ ਢਕਣ ਲਈ ਗਹਿਣਾ ਬਣਵਾ ਭੇਜਣਾ, ਦੋਦ ਪੂਰਾ ਕਰਨਾ ਪਿਆ । ਅੰਦਰ ਆਪਣਾ ਸਹਿਆ ਨਾ, ਬਾਹਰਲਾ ਭਗਲ ਪਿਟਣਾ ਪਿਆ। ਇਧਰੋਂ ਵਿਆਜ ਔੜੇ ਨੇ ਸਿਰ ਚੜ੍ਹੀ ਜਾਣਾ, ਕੰਮ ਨੇ ਹਿੱਲ ਖਲੋਣਾ। ਕੁੜਮਾਂ ਪਾਸੋਂ ਮੰਗਣਾ ਤਾਂ ਕਿਸੇ ਪਾਸੇ ਰਿਹਾ, ਸਗੋਂ ਪੱਲ ਲੁਕਾਉਣਾ ਹੋਇਆ, ਪਰ ਜਿਸ ਵੇਲੇ ਕੰਮ ਖਿਸਕ ਜਾਣਾ ਚੰਦ ਚੜ੍ਹਿਆ ਸਾਰੇ ਜਹਾਨ ਨੂੰ ਦਿੱਸ ਪੈਣਾ। ਇਧਰੋਂ ਕੁੜਮਾਂ ਵੀ ਗਹਿਣਾ ਘੁੱਟ ਲੈਣਾ ਹੋਇਆ, ਭਈ ਇਹ ਭੀ ਪਲੇਥਨ ਨਾ ਹੋ ਜਾਏ। ਇਜੇਹੇ ਨਾਜ਼ਕ ਵੇਲੇ ਕੋਈ ਹੁੰਦਾ ਹੈ ਜਿਹੜਾ ਧਰਮ ਕਾਇਮ ਰਖੇ।

ਸੋ ਮਹਾਰਾਜ ਜੀ ! ਭਾਵੇਂ ਕੁਝ ਹੋਵੇ ਪਰ ਸੰਸਾਰ ਦੀ ਚਾਲ ਏਹੋ ਹੈ, ਇਸੇ ਰਸਤੇ ਚੱਲੀਦਾ ਹੈ ਭਾਵੇਂ ਕੁਝ ਹੋਵੇ।ਗ੍ਰਿਹਸਤੀਆਂ ਦੀ ਇਕ ਅੱਖ ਰੋਂਦੀ ਹੈ ਇਕ ਹਸਦੀ ਹੈ, ਜੇ ਨਾਂ ਵੀ ਹਸਦੀ ਹੋਵੇ ਤਾਂ ਹਸਦੀ ਦਿਖਾਉਣੀ ਪੈਂਦੀ ਹੈ* ਕਿਉਂਕਿ ਜਹਾਨ ਤਾਂ ਵੇਖਦਾ ਹੈ ਨਾ,ਕਿ ਏਹ ਟੁੱਕਰ ਖਾਂਦੇ ਹਨ।ਵੱਸਣਾ ਵੀ ਏਸੇ ਸੰਸਾਰ ਵਿਚ ਹੋਇਆ ਤੇ ਸੰਸਾਰ ਦੇ ਕੰਡੇ ਸਮੇਟੇ ਵੀ ਕਿਸੇ ਨਹੀਂ, ਇਸ ਲਈ ਜੋ ਲੱਜ ਲੀਹ ਆ ਪਵੇ ਜਗਤ ਰੱਖਣ ਵਾਸਤੇ ਅਵਸੋਂ ਕਰਨੀ ਹੀ ਪੈਂਦੀ ਹੈ। ਇਜੇਹੀਆਂ ਵਿਚਾਰਾਂ ਤੇ ਗ੍ਰਿਹਸਤੀ ਨੂੰ ਸਭਨਾਂ ਪਾਸਿਆਂ ਵੱਲੋਂ ਸਟ ਸਹਾਰਨੀ ਪੈਂਦੀ ਹੈ, ਬੜੇ ਬੜੇ ਪਏ ਸੱਟਾਂ ਖਾਂਦੇ ਹਨ, ਅਸੀਂ ਕੌਣ ਵਿਚਾਰੇ ਹਾਂ।

ਸਰਦਾਰ—ਹੁਣ ਇਕ ਗਲ ਹੋਰ ਵੀ ਦੱਸੋ, ਕੋਈ ਘਰ ਐਸਾ ਵੀ ਹੈ ਜਿਸਨੇ ਗਹਿਣਾ ਨਾ ਦਿੱਤਾ ਹੋਵੇ ਅਤੇ ਉਪਰਲੀਆਂ ਅੱਠਾ ਗੱਲਾਂ ਵਿਚੋਂ ਕੋਈ ਝਗੜਾ ਉਠਿਆ ਹੋਵੇ।

ਸਰਦਾਰਨੀ (ਕੁਝ ਡੂੰਘੇ ਜੇਹੇ ਸੋਚ ਵਿਚ ਹੋਕੇ)—ਇਜੇਹੀ ਖਬਰ ਤਾਂ ਬਹੁਤ ਹੀ ਘੱਟ, ਸਗੋਂ ਕਦੇ ਵੀ ਨਹੀਂ ਸੁਣੀ। ਸਚੀ ਜਿੱਥੇ ਗਹਣਾ ਹੀ ਨਾ ਦਿੱਤਾ-ਉੱਥੇ ਝਗੜਾ ਕਿਸ ਗਲ ਦਾ ਪੈਣਾ ਹੋਇਆ, ਪਰ ਹਾਂ, ਜਿੱਥੇ ਗਹਣਾ ਨਾ ਦਿੱਤਾ ਜਾਵੇ ਉਥੇ ਕੁੜਮਾਈ ਕਾਇਮ ਰਹੇ ਕਿ ਨਾ ਰਹੇ।

ਸਰਦਾਰ—ਕੁੜਮਾਈ ਦੀ ਗਲ ਰਹਿਣ ਦਿਓ,ਤੁਸੀਂ ਇਹ ਦੱਸੋ ਗਹਣੇ ਬਾਝੋਂ ਝਗੜਾ ਤਾਂ ਕੋਈ ਨਹੀਂ ਨਾ ਹੁੰਦਾ ?

ਸਰਦਾਰਨੀ—ਜੀ ਆਹੋ, ਪਰ ਬਿਨਾਂ ਗਹਣਿਓਂ ਕੁੜਮਾਈ ਵੀ ਨਹੀਂ ਰਹਿੰਦੀ,ਫੇਰ ਕੋਈ ਸਾਕ ਵੀ ਨਹੀਂ ਦਿੰਦਾ।

ਸਰਦਾਰ—ਹੁਣ ਸਾਡਾ ਲੱਕ ਬਨ੍ਹਾ ਦਿੱਤਾ ਜੇ,ਇਸ ਰਸਤੇ ਤੋਂ ਖਬਰਦਾਰ ਕਰ ਦਿੱਤਾ ਜੇ, ਚੰਗੇ ਸੋਚ ਵਿਚਾਰ ਦੇ ਬੰਦੋਬਸਤ ਨਾਲ ਟੁਰਾਂਗੇ।ਲਓ ਹੁਣ ਰਤਾ ਕੁ ਆਪਣੇ ਮਨ ਵਿਚ ਡੂੰਘੀ ਜੇਹੀ ਕੰਘੀ ਮਾਰ ਕੇ ਦੇਖੋ ਕਿ ਇਸ ਗਹਣੇ ਦੇਣ ਵਾਲੇ ਸੰਸਾਰ ਦੇ ਰਸਤੇ ਵਿਚ ਅੱਠੇ ਭਰਾਉਣ ਵਾਲੀਆਂ ਚੀਜਾਂ ਠੀਕ ਹੈਨ ਕਿ ਨਹੀਂ,ਕੰਡੇ ੧, ਖਾਲ ੨,ਪਾਣੀ ਦਾ ਹੜ ੩,ਅੱਗ ੪,ਚੋਰ ੫,ਸੱਪ ੬,ਬਘਿਆੜ ੭,ਸ਼ੇਰ

*ਅੰਦਰ ਪੈਣ ਕੁੜੱਲਾਂ, ਬਾਹਰ ਬੇਸੀ ਵਾਲੇ ਨਾਲ ਗੱਲਾਂ।

Digitized by Panjab Digital Library | www.panjabdigilib.org

੮। ਤੁਸਾਂ ਆਪ ਅੱਠੇ ਪ੍ਰਸੰਗ ਏਸ ਰਾਹ ਦੇ ਬੀਤੇ ਹੋਏ ਸੁਣਾਏ ਹਨ। ਸਾਨੂੰ ਤਾਂ ਕਿਤੇ ਇਕ ਚੀਜ਼ ਦਾ ਅਨੁਮਾਨ ਹੁੰਦਾ ਸੀ ਕਿ ਮਤਾਂ ਕੋਈ ਡਰਾਉਣੀ ਸ਼ੈ ਹੋਵੇ,ਪਰ ਤੁਸਾਂ ਤਾਂ ਅੱਠਾਂ ਦੀਆਂ ਅੱਠੇ ਹੀ ਸਾਬਤ ਕਰ ਦਿਤੀਆਂ, ਫੇਰ ਇਸ ਰਸਤੇ ਗਹਿਣਾ ਲੈਕੇ ਕੀਕਰ ਟੁਰਿਆ ਜਾਵੇ।

ਹੁਣ ਰਤਾ ਕੁ ਦਿਲ ਦੇ ਕੰਨਾਂ ਨਾਲ ਸੁਣੋ ਸਮਝੋ,ਫਿਰ ਵਿਚਾਰੋ ਕਿ ਕੀ ਨਫਾ ਹੈ, ਕੀ ਨੁਕਸਾਨ ਹੈ, ਫੇਰ ਜੋ ਮਨ ਮੰਨੇ ਸੋ ਕਰੋ। ਅਸਾਂ ਨੌਕਰੀ ਚਾਕਰੀ ਲਈ ਬਹੁਤਾ ਪਰਦੇਸ ਰਹਿਣਾ ਹੋਇਆ,ਇਕ ਵਾਰ ਗਹਿਣਾ ਬਣਾਕੇ ਹੁਣ ਦੇ ਜਾਈਏ ਜਿਹੜਾ ਹੰਢੀਂਦਾ ੧,ਘਸਦਾ ੨, ਭਜਦਾ ੩, ਗੰਢੀਂਦਾ ੪, ਟੁਟਦਾ ੫, ਗਹਿਣੇ ਪੈਂਦਾ ੬, ਵਿਕਦਾ ੭, ਗੁਆਚਦਾ ਹੋਇਆ ੮; ਵਿਆਹ ਤੋੜੀ ਜੇ ਅੱਠਾਂ ਵਿਘਨਾਂ ਤੋਂ ਬਚੇ ਰਹੇ ਤਾਂ ਕੋਈ ਰੁਪੈ ਦੇ ਦੋ ਚਾਰ ਆਨੇ ਬਾਕੀ ਰਹਿ ਜਾਣਗੇ, ਉਪ੍ਰੰਤ ਵਿਆਹ ਨੂੰ ਆਕੇ ਨਵੇਂ ਸਿਰੇ ਵਰੀ ਬਣਾਉਣੀ ਪਵੇਗੀ, ਜੋ ਬਣਾਉਣੀ ਇਕ ਜ਼ਰੂਰੀ ਗਲਤੁਸਾਂ ਕਹਿਣੀ ਹੈ। ਪਹਿਲੀ ਵਰੀ ਤਾਂ ਮੰਰੇ.ਵੇ ਦੇ ਜਰਮਾਨੇ ਵਿਚ ਗਈ, ਜਿਸਦਾ ਕੋਈ ਫਾਇਦਾ ਨਹੀਂ ਨਿਕਲਣਾ। ਦੂਜੀ ਗਲ ਬਿਨਾਂ ਗਹਿਣਾ ਦਿਤੇ ਕੁੜਮਾਈ ਨਹੀਂ ਰਹਿਣੀ ਇਸਨੂੰ ਇਉਂ ਵਿਚਾਰੋ ਜਦ ਇਹ ਗਲ ਸਮਝ ਪੈਗਈ ਕਿ ੧ਗਹਿਣਾ ਦੇਕੇ ਪਿੱਛੋਂ ਝਗੜਾ ਸਹੇੜਨਾ ਹੈ, ੨ ਭਲਿਆਂ ਮੂੰਹਾਂ ਤੋਂ ਬੁਰਾ ਬਣਨਾ ਹੈ, ੩ ਪੈਂਚਾਂ ਮੁੱਸੱਦੀਆਂ ਦੀਆਂ ਖੁਸ਼ਾਮਦਾਂ ਕਰਦਿਆਂ ਫਿਰਨਾ ਹੈ,੪ਕਿਸੇ ਇਕ ਤਰੀਕੇ ਤੇ ਕਚਹਿਰੀ ਦੇ ਬੂਹੇ ਰੁਲਨਾ ਹੈ, ੫ ਵਕੀਲਾਂ ਦੇ ਘਰ ਭਰ ਭਰ ਕੇ ਉੱਜੜਨਾ ਹੈ, ੬ ਸੋ ਸਿਆਪਿਆਂ ਨਾਲ ਕਿਤੇ ਅੱਧ ਪਚੱਧ, ਸੋ ਭੀ ਜੇ ਕਿਸਮਤ ਹੋਈ ਤਾਂ ਹਾਸਲ ਕਰਨਾ ਹੈ, ੭ ਅਥਵਾ ਹੋਰ ਵੀ ਲਾ ਲਗਾ ਕੇ ਹੱਥ ਧੋ ਬੈਠਣਾ ਹੈ, ੮ ਨੂੰਹ ਨੂੰ ਸਾਰੀ ਉਮਰ ਵਾਸਤੇ ਮਿਹਣੇ ਵਾਝਵਾਂ ਕਰਨਾ ਹੈ, ਇਸ ਗਹਿਣੇ ਦੇ ਅਨੋਖੇ ਰਸਤੇ ਵਿਚ ਓਹੋ ਕੰਡੇ ਆਦਿਕ ਅੱਠੇ ਬਲਾਈਆਂ ਦਾ ਖਤਰਾ ਹੈ,ਫਿਰ ਅਸੀਂ ਜਾਣ ਬੁੱਝ ਕੇ ਕੀਕਰ ਇਸ ਖਤਰੇ ਵਾਲੇ ਰਾਹ ਟੁਰਾਂਗੇ? ਤੀਜੀ ਗਲ ਜਾਣ ਬੁੱਝਕੇ ਸੱਟ ਖਾਣੀ, ਗ੍ਰਿਹਸਤੀ ਲੋਕ ਦੇਖਦੇ ਭਾਲਦੇ,ਸਮਝਦੇ ਬੁਝਦੇ ਸੱਟਾਂ ਖਾ ਰਹੇ ਹਨ, ਸੋ ਇਹ ਸੱਟਾਂ ਤੁਸਾਂ ਤੀਵੀਆਂ ਦੀਆਂ ਕਿਰਪਾ ਨਾਲ ਖਾਈਦੀਆਂ ਹਨ, ਕਿਉਂਕਿ ਤੁਸੀਂ ਹਠ ਨਹੀਂ ਛਡਦੀਆਂ ੧,ਨਫਾ ਨੁਕਸਾਨ ਨਹੀਂ ਸਮਝਦੀਆਂ ੨, ਸਿਆਣਪ ਦੀ ਗੱਲ ਨਹੀਂ ਮੰਨਦੀਆਂ ੩, ਅਵੱਸ ਇਕ ਦੂਜੀ ਦੇ ਮਗਰ ਲਗਦੀਆਂ ੪, ਠੁਹਕਰ ਖਾਕੇ ਵੀ ਨਹੀਂ ਸਿਖਦੀਆਂ ੫,ਆਪਣੇ ਮਨ ਆਈ ਕਰਦੀਆਂ ੬, ਗੁਰੂ ਪਰਮੇਸੁਰ ਖਾਵੰਦ ਦਾ ਭਉ ਛਡਕੇ ਕੁੜਮਾਂ ਤੋਂ ਡਰਦੀਆਂ ੭, ਪਰ ਓੜਕ ਨੂੰ ਪੱਛੋਤਾਉਂਦੀਆਂ ਤੇ ਦੁੱਖ ਭਰਦੀਆਂ ਹੋ ੮। ਇਹੋ ਅੱਠੇ ਗੱਲਾਂ ਇਸ ਰਾਹ ਵਿਚ ਕੰਡੇ ਆਦਿਕ ਖਤਰੇ ਤੁਸਾਂ ਖਿਲੇਰੇ ਹੋਏ ਹਨ,ਸਾਥੋਂ ਇਹ ਜੀਉਂਦੀ ਮੱਖੀ ਕੀਕਰ ਨਿਗਲੀ ਜਾਵੇ ?

ਸਰਦਾਰਨੀ–ਫਿਰ ਕੀ ਕੋਈ ਬਰਮਾ ਵਿਚ ਜਾ ਵਸਣਾ ਹੈ ? ਓੜਕ ਹਾਰ ਕੇ ਨਿਵਾਣ ਦੇ ਪਾਣੀਆਂ ਨਿਵਾਣ ਹੀ ਆਕੇ ਠਹਿਰਨਾ ਹੈ। ਜਿਥੇ ਰਹਣਾ, ਓਥੇ ਵਰਤਣਾ। ਜਿੱਥੇ ਵਸਣਾ, ਓਥੇ ਹੀ ਧੀਆਂ ਪੁਤ੍ਰ ਲਾਉਣੇ ਲਗਾਉਣੇ। ਜਿਥੇ ਸਾਕ ਹੋਣੇ, ਓਥੇ ਉਨ੍ਹਾਂ ਦੀ ਰਹੁ ਰੀਤੇ ਚੱਲਣਾ।

ਸਰਦਾਰ–ਇਹ ਸਭੋ ਸੱਚ ਹੈ,ਪਰ ਰਤਾਕੁ ਏਵੇਂ ਵਿਚਾਰ ਦਾ ਘਾਟਾ ਹੈ, ਜੀਕਰ ਤੁਸਾਂ ਆਪ ਹੀ ਅੱਠਵੀਂ ਗਲ ਦੇ ਉਤੁ ਵਿਚ

Digitized by Panjab Digital Library | www.panjabdigilib.org

ਆਖਿਆ ਸੀ–''ਜਿਥੇ ਗਹਿਣਾ ਹੀ ਨਾ ਦਿਤਾ ਓਥੇ ਝਗੜਾ ਕਿਸ ਗਲ ਦਾ ਪੈਣਾ ਹੋਇਆ'' ਤਾਂ ਵਿਚਾਰੋ ਕਿ ਝਗੜੇ ਦਾ ਮੂਲ ਗਹਿਣਾ ਹੈ, ਫਿਰ ਓਹ ਕਿਉਂ ਦੇਣਾ ਅਤੇ ਲੈਣਾ, ਪਰ ਇਸ ਵਿਚ ਤੁਸੀਂ ਕਹੋਗੇ ਫਿਰ ਸਾਕ ਹੀ ਨਾ ਮਿਲੂ। ਇਹੋ ਡਰ ਸਾਰੀ ਪੱਟੀ ਮੋਸਦਾ ਹੈ ਅਤੇ ਏਹੋ ਗਲ ਭਾਰੀ ਸੋਚਕੇ ਕਰਨ ਵਾਲੀ ਹੈ, ਜਿਸ ਦੀ ਸੋਖੀ ਸੋਚ ਇਉਂ ਕਰੀਦੀ ਹੈ। ਕੀ ਸਾਰੇ ਸੰਸਾਰ ਵਿਚ ਸਾਡੇ ਜੇਹੀ ਸੋਚ ਵਾਲਾ ਕੋਈ ਨ ਹੋਵੇਗਾ?ਸਗੋਂ ਬਤੇਰੇ ਹੋਣਗੇ,ਪਰ ਪ੍ਰਗਟ ਨਾ ਹੋਣ ਤੇ ਅੰਦਰ ਅੰਦਰ ਸੜ ਧੁਖਕੇ ਰਹਿ ਗਏ ਹੋਣਗੇ ਜਾਂ ਸਾਡੇ ਵਾਂਗੂ ਅੱਕ ਥੱਕ ਕੇ ਆਪਣੇ ਜੇਹਾ ਢੂੰਡਦੇ ਹੋਣਗੇ,ਇਕੁਰ ਢੂੰਡ ਭਾਲ ਕਰਕੇ ਆਪਣੇ ਜਿਹੇ ਲੱਭ ਲਵਾਂਗੇ । ਜਦ ਇਕ ਖਜਾਲ ਵਾਲੇ ਕੁੜਮ ਮਿਲਾਂਗੇ ਤਾਂ ਰਹਿ ਬਣ ਵੀ ਚੰਗੀ ਆਊ।ਨਾ ਜਗਤ ਦੀ ਚਾਲਚੱਲਾਂਗੇ, ਨਾ ਲੰਡੇ ਲੂਲ੍ਹੇ ਬਣਾਂਗੇ।ਆਪਣੇ ਗੁਰਮੁਖ ਸਿੱਖਾਂ ਵਾਲੀਚਾਲੇ ਚੱਲਾਂਗੇ,ਸੁਖ ਨਾਲਗ੍ਰਿਹਸਤਯਾਤ੍ਰਾ ਦੀ ਮਜਲ ਪੂਰੀ ਕਰਾਂਗੇ। ਜਿਸ ਨੂੰ ਆਪ ਸੰਸਾਰ ਦੀ ਚਾਲ ਕਹਿੰਦੇ ਹੋ ਉਹ ਮਨਮਤ ਦੀ ਚਾਲ ਹੈ, ਜਿਸ ਚਾਲ ਵਿਚ ਅਠ ਅਠ ਕਰੜੇ ਖ਼ਤਰੇ ਹਨ । ਜਿਸਨੂੰ ਮਨਮਤੀਏ ਲੋਕ ਡਿਗਦੇ, ਢਹਿੰਦੇ,ਠੁਹਕਰਾਂ ਖਾਂਦੇ,ਭੁੱਖੇ,ਤਿਹਾਏ ਥੱਕੇ, ਮਾਂਦੇ ਕੱਟਦੇ ਹਨ। ਪਰੰਤੂ ਗੁਰਮੁਖਾਂ ਦਾ ਸਿੱਧਾ ਗੁਰਮਤ ਦਾ ਰਾਹ ਜਿਸ ਵਿਚ ਕੋਈ ਡਿੰਗ ਡੋਲ ਖ਼ਤਰਾ ਨਹੀਂ ਗੁਰਮੁਖ ਲੋਕ ਬਿਨਾ ਕਿਸੇ ਭਰਮ ਭਉ ਦੇ ਚਲੇ ਚਲਦੇ ਹਨ ।

ਗੁਰਸਿਖ ਮੀਤ ਚਲਹੁ ਗੁਰ ਚਾਲੀ ॥

ਆਪਣੇ ਮੇਲ ਦਾ ਕੋਈ ਭਲਾ ਗੁਰਮੁਖੀ ਘਰ ਸਿੱਖ ਦਾ ਦੇਖਕੇ ਧੀ ਭੈਣ ਦੀ ਕੁੜਮਾਈ ਕਰ ਛੱਡੀ (ਹੱਥ ਜੋੜਕੇ ਫਤੇ ਬੁਲਾ ਛਡੀ)ਜਦ ਵਿਆਹ ਦਾ ਸਮਾ ਪੁੰਨਾ ਜੋ ਸਰਿਆ ਬਣਿਆਂ ਮੱਥਾ ਟੇਕਿਆ ਵਿਦਾ ਕਰ ਦਿੱਤਾ। ਇਹੋ ਗੁਰਮੁਖੀ ਰੀਤ ਪੁਰਾਤਨ ਚਲੀ ਆਉਂਦੀ ਹੈ। ਕੇਹੇ ਗਹਿਣੇ, ਕੇਹੇ ਕਪੜੇ ਤੇ ਕੇਹੇ ਝਗੜੇ। ਇਹ ਕੁੜਮਾਂ ਦੇ ਸਨਬੰਧ ਫੁਲਾਂਦੀਆਂਵਾਸ਼ਨਾ, ਮੋਤੀਆਂ ਦੀ ਆਬ ਵਾਕਰ ਜਿਨੀ ਵਡਿਆਈ ਕਰੀਏ ਉਤਨੀ ਆਪਣੀ ਇੱਜ਼ਤਦੂਣ ਸਵਾਈ ਹੁੰਦੀ ਹੈ,ਇਹ ਮਨਮਤਦੀ ਚਾਲ ਜਿਹੜੀਧੀਆਂ ਨੂੰ ਸਾਹੁਰਿਆਂ ਦੇ ਕੁਆਰਿਆਂਗਹਿਣੇ ਪਾਉਣ ਵਾਲੀ ਗਲ ਹੈ ਇਹ ਤਾਂ ਮਾਨੋਂ ਆਪ ਦੁੱਖਾਂ ਦੇ ਹਥ ਗਹਿਣੇ ਪੈਣ ਵਾਲੀ ਚਾਲ ਹੈ।ਇਸਤੋਂ ਉਤਰਕੇ ਚੌਥੀ ਗਲ ਇਹ ਹੈ ਜੋ ਹੋਈਆਂ ਕੁੜਮਾਈਆਂ ਦਾ ਨਿਰਬਾਹ ਬਿਨਾਂ ਗਹਿਣੇ ਕੀਕਰ ਹੋਊ ?ਉਸਦੀ ਜੁਗਤ ਇਉਂ ਸੋਚਣੀ ਚਾਹੀਦੀ ਹੈ: ਜੇਕਰ ਸਾਡੇ ਕੁੜਮ ਗੁਰਮੁਖ ਸਿੱਖ ਭਲੇ ਲੋਕ ਹਨ ਤਾਂ ਨਿਸ਼ਚਾ ਹੈ ਕਦੀ ਮਨਮਤ ਨਹੀਂ ਕਰਨਗੇ (ਗਹਿਣਾ ਨਹੀਂਲੈਣ ਦੇਣਗੇ) ਜੇਕਰ ਓਹ ਦੂਸਰੀ ਚਾਲ ਢਾਲ ਦੇ ਲੋਕ ਹੋਏ ਤਾਂ ਸਾਡਾ ਉਨ੍ਹਾਂ ਨਾਲ ਸਾਰੀ ਉਮਰ ਨਿਰਬਾਹ ਕੀਕੁਰ ਹੋਵੇਗਾ ? ਕਦ ਤਕ ਅਸੀਂ ਡਰਦੇ ਲਿਹਾਜਕਰਾਂਗੇ?ਇਕੁਰ ਹੀ ਓਹ ਕਦ ਤਕ ਸਾਡਾ ਮੂੰਹ ਤੱਕਣਗੇ ? ਇਕ ਨਾ ਇਕ ਦਿਨ ਬਿਗੜ ਜਾਏਗੀ। ਜਦ ਓੜਕ ਬਿਗੜਨੀ ਹੈ ਅਤੇ ਬਿਗੜਨੇ ਵਾਲੀ ਗਲ ਮਨਮਤਮੁੱਢ ਤੋਂ ਲੈਕੇ ਨਾਲਹੀ ਰਹਿਣੀ ਹੋਈ, ਤਾਂਤੇ ਇਸ ਲਈ ਮੁੱਢੋਂ ਹੀ ਬਿਗੜ ਜਾਣੀ ਚੰਗੀ ਹੈ, ਕਿਉਂਕਿ ਦੁਹਾਂ ਧਿਰਾਂ ਨੂੰ ਆਪੋ ਆਪਣੇ ਮੇਲ ਦੇ ਘਰ ਢੂੰਡਣ ਦਾ ਸਮਾਂ ਮਿਲ ਜਾਊ, ਨਹੀਂ ਤਾਂ ਪਿੱਛੋਂ ਬਿਗੜੀ ਤੇ ਬਿਨਾਂ ਪਛੁਤਾਵੇ ਹਥ ਕੁਝ ਨਾ ਆਊ।ਹੁਣ ਇਸ ਸੋਚ ਨੂੰ ਵਰਤਣਾ ਕੀਕਰ ਚਾਹੀਏ?ਉਸਦੀ ਜੁਗਤ ਇਹ ਹੈ: ਪਹਿਲੇ ਕਾਕੇ ਕਰਤਾਰ ਕੌਰ ਦੇ ਸਾਹੁਰੇ ਕੱਲ ਆਪ ਚਲੇ ਜਾਓ ਅਤੇ ਹੱਥ ਜੋੜਕੇ

Digitized by Panjab Digital Library | www.panjabdigilib.org

ਕੁੜਮਣੀ ਨੂੰ ਕਹਿ ਦਿਓ ਕਿ ਆਪਣੇ ਗਹਿਣੇ ਬਧੇ ਬਣਾਉਣ ਲਈ ਭੰਨ ਭਨਉਆ ਨਹੀਂ ਕਰਨਾ, ਕਿਉਂ ਅਸਾਂ ਆਪਣੀ ਦਲੀਜ ਦੇ ਅੰਦਰ ਤੁਹਾਡੀ ਕੋਈ ਚੀਜ਼ ਨਹੀਂ ਵਾੜਨੀ। ਜਦ ਸੁਖ ਨਾਲ ਕਾਕੀ ਵਹੀਜ ਕੇ ਤੁਹਾਡੇ ਘਰ ਆਵੇਗੀ ਫਿਰ ਤੁਹਾਡਾ ਮਾਲ ਮਿਲਖ ਹੈ ਜੋ ਚਾਹੋ ਹੰਢਵਾਓ, ਜੋ ਚਾਹੋ ਖੁਲਾਓ, ਪਿਲਾਓ, ਪਹਿਨਾਓ,ਪਰਚਾਓ, ਸਾਡਾ ਸੇਵਾ ਕਰਨਾ ਧਰਮ ਹੈ ਜੋ ਤਿਲ ਫੁਲ ਸਾਥੋਂ ਸਰੇ ਬਣੇਗਾ ਸੋ ਲੈ ਮਿਲਾਂਗੇ। ਇਕੁਰ ਹੀ ਕੱਲ ਕਾਕੇ ਦੇ ਸਾਹੁਰੇ ਵੀ ਕਹਿ ਭੇਜੋ ਕਿ ਅਸੀਂ ਗਰੀਬ ਸਿਖ ਲੋਕ ਹਾਂ, ਸਾਡੀ ਸਮਰਥਾ ਨਾ ਕਾਕੀ ਦੇ ਸਾਹੁਰਿਓਂ ਗਹਿਣੇ ਲੈਣ ਦੀ ਹੈ ਅਤੇ ਨਾ ਹੀ ਗਹਿਣੇ ਦੇਣ ਦੀ, ਨਾਲੇ ਇਹ ਗਲ ਸਾਡੀ ਗੁਰਮਤ ਵਿਚ ਨਹੀਂ ਆਉਂਦੀ।

ਬਸ ਦੋਵੇਂ ਪਾਸਿਆਂ ਦੀ ਤਾਂਘ ਨਿਵਿਰਤ ਕਰ ਕੇ ਹਰਿ ਗੁਣ ਗਾਓ, ਜੇਕਰ ਸਾਡੇ ਕਹਿਣ ਨੂੰ ਤੁਸੀਂ ਟਾਲਾ ਯਾ ਕੰਜੂਸੀ ਸਮਝਦੇ ਹੋ ਭਈ ਖਰਚ ਕਰਨੋ ਟਲਾਵਾ ਕਰਦੇਹਨ ਤਾਂ ਇਸ ਦੀ ਤਸੱਲੀ ਕਰਨ ਵਾਸਤੇ ਜਿੰਨੇਕੁ ਦੀ ਵਰੀ ਜਰੀ ਬਣਾਉਣ ਦਾ ਸੰਕਲਪ ਹੋਵੇ ਓਹ ਰੁਪੱਯਾ ਸਾਥੋਂ ਨਕਦ ਲੈਕੇ ਕੁੜਮਾਂ ਦੀ ਮਾਰਫਤ ਕਿਤੇ ਬੈਂਕ ਅਥਵਾ ਸ਼ਾਹੂਕਾਰ ਪਾਸ ਰੱਖਦਿਓ ਉਹ ਵਿਆਹਵਾਂ ਤਾਕਰ ਨਾਲ ਹੋਰ ਵਿਆਜ ਰਲਕੇ ਵਧੇਰਾਹੋਜਾਏਗਾ,ਜੇਕਾਕੇਦੇਵਿਆਹ ਵਿਚਅਠ ਕੁ'ਵਰੇ ਹੋਰ ਪੈ ਗਏਤਾਂਜਿੰਨੇਰੁਪੈਅੱਜ ਵਿਆਜੀ ਰੱਖੋਗੇ ਦੂਣੇ ਹੋ ਜਾਣਗੇ. ਵਰੀ ਚੰਗੀ ਭਾਰੀ ਗੌਰੀ, ਓਸ ਵੇਲੇ ਬਣਵਾ ਲੈਣੀ। ਵਿਅਰਥ ਗੁਆਕੇ ਝਗੜਾ ਸਹੇੜਨ ਨੂੰ ਸਾਡਾ ਮਨ ਨਹੀਂ ਮੰਨਦਾ, ਪਰ ਜੇਕਰ ਤੁਹਾਡਾ ਮਨ ਸਾਡੀ ਗਲ ਨਹੀਂ ਮੰਨਦਾ ਤਾਂ ਇਸਦਾ ਨਿੱਕਾ ਜੇਹਾ ਉਪਾਉ ਹੈ ਕਿ ਅਸੀਂ ਕਲ ਸਵੇਰੇ ਪਿਛਾਹਾਂ ਬਰਮਾ ਨੂੰ ਟੁਰ ਜਾਨੇ ਹਾਂ ਜਾਕੇ ਛੁੱਟੀ ਕੈਂਸਲ ਕਰਾ ਦੇਨੇ ਹਾਂ, ਫਿਰ ਤੁਸੀਂ ਜਾਣੋ ਤੁਹਾਡੀਆਂ ਚਾਲਾਂ, ਤੁਹਾਡਾ ਲੰਗਾ ਲੂਲ੍ਹਾ ਸੰਸਾਰ ਜਾਣੇ ਸਾਨੂੰ ਕੀ ਭਾਵੇਂ ਖੂਹ ਪਵੇ ਭਾਵੇਂ ਖਾਤੇ, ਸਾਨੂੰ ਤੁਹਾਡੇ ਵਿਆਹ ਸ਼ਾਦੀਆਂ ਨਾਲ ਕੋਈ ਦਖਲ ਨਹੀਂ। ਹੁਣ ਜੋ ਕੁਝ ਮਾਹਵਾਰੀ ਤੁਹਾਨੂੰ ਖਰਚ ਆਉਂਦਾ ਹੈ ਸੋਈ ਆਉਂਦਾ ਰਹੇਗਾ, ਇਸੇ ਵਿਚ ਆਪਣੇ ਮਨ ਭਾਉਂਦੀਆਂ ਚਾਲਾਂ ਚੱਲੋ,ਲੋਕ ਪਰਲੋਕ ਦਾ ਮੁਕਾਲਾ ਮੱਲੋ,ਤੁਹਾਨੂੰ ਖੁੱਲ੍ਹਾ ਅਖਤਜਾਰ ਹੈ, ਅਸਾਂ ਇਸ ਮਨਮਤ ਦੇ ਰਾਹ ਨਹੀਂ ਚੱਲਣਾ।

ਸਰਦਾਰਨੀ–ਇਕ ਹੈਰਾਨੀ ਅਤੇ ਸੋਚਾਂ ਦੇ ਭਾਰੇ ਡੂੰਘੇ ਖੂਹ ਵਿੱਚੋਂ ਪਤਾਲ ਦੀ ਮਿੱਟੀ ਲੱਭਣ ਗਈ ਪਰ ਅਕਲ ਦੀ ਲੱਜ ਨੂੰ ਹੱਥੋਂ ਨਾ ਛਡਕੇ ਕੁਝ ਚਿਰ ਗੋਤੇ ਲਾਉਂਦੀ ਰਹੀ, ਪਰ ਹਥ ਵਿਚ ਕੋਈ ਘੁੱਘਾ ਮਾਣਕ ਨਾ ਆਇਆ, ਤਾਂ ਇਸਦੀ ਇਹ ਹੈਰਾਨੀ ਵਾਲੀ ਚੁੱਪ ਦੇਖਕੇ ਸਰਦਾਰ ਸਾਹਿਬ ਫਿਰ ਬੋਲੇ–ਕੀ ਇਸ ਬਰਾਦਰੀ ਦੇ ਚੌਧਰੀ ਇਸ ਗਹਿਣੇ ਬਾਬਤ ਕੋਈ ਬੰਦੋਬਸਤ ਨਹੀਂਕਰਦੇ?

ਸਰਦਾਰਨੀ (ਇਕ ਠੰਢਾ ਤੇ ਲੰਮਾ ਸਾਹ ਭਰਕੇ)–ਕੇਈ ਵਾਰਾ ਕਰ ਚੁਕੇ ਹਨ, ਬਥੇਰਾ ਜ਼ੋਰ ਲਾ ਥਕੇ ਹਨ, ਪਰ ਚਾਲ ਹੀ ਕੋਈ ਇਜੇਹੀ ਸੁੰਞੀ ਪੈ ਗਈ ਹੈ ਜੋ ਕਿਸੇ ਕੋਲੋਂ ਨਹੀਂ ਹਟਦੀ।

ਸਰਦਾਰ–ਤੁਸੀਂ ਸਵੇਰੇ 'ਸਤਿਨਾਮ' ਦਾ ਡੰਡਾ ਪਕੜਕੇ ਇਸ ਚਾਲ ਦੀ ਲੱਤ ਭੰਨ ਘੱਤੋ, ਜਦ ਲੰਗੀ ਹੋ ਜਾਏਗੀ ਤਾਂ ਕੀਕਰ ਚੱਲੇਗੀ। ਜੇਕਰ ਏਹੋ ਜੇਹੇ ਦੋ ਚਾਰ ਕਰਾਰੇ ਡੰਡੇ ਬਣ ਗਏ ਤਾਂ ਆਪੇ ਦੁੰਬ ਦਬਾ ਕੇ ਕਿਤੇ ਲੁਕ ਜਾਏਗੀ; ਤੁਸੀਂ ਪਹਿਲ ਕਰੋ, ਫਿਰ ਆਪੇ ਹਟ ਜਾਏਗੀ।ਤੁਸੀਂਹੌਸਲਾ ਕਰੋ,ਜੇਹੜੀ

Digitized by Panjab Digital Library | www.panjabdigilib.org

ਚੌਧਰੀਆਂ ਕੋਲੋਂ ਨਹੀਂ ਹਟੀ ਤੁਹਾਡੇ ਰਾਹੀਂ ਗੁਰੂ ਕਿਰਪਾ ਕਰੇਗਾ ਤਾਂ ਕਿਤੇ ਨਜ਼ਰ ਹੀ ਨਹੀਂ ਆਵੇਗੀ, ਤੁਸੀਂ ਉੱਦਮ ਕਰੋ ਚਾਲ ਸਹੁਰੀ ਚੀਜ਼ ਕੀ ਹੈ।

ਸਰਦਾਰਨੀ—ਜੀ ਸਤਿਬਚਨ, ਕੱਲ ਕਾਕੇ ਦੇ ਸਾਹੁਰੇ ਤਾਂ ਮੈ ਜ਼ਰੂਰ ਚਲੀ ਜਾਵਾਂਗੀ, ਪਰ ਕਾਕੇ ਦੇ ਸਹੁਰਿਓਂ ਜਦ ਕੋਈ ਗਹਿਣਾ ਮੰਗੇਗਾ ਤਾਂ ਕਹਿ ਦਿਆਂਗੀ, ਫੇਰ ਜੋ ਕਰਤਾਰ ਕਰੇ ਰਹੇ ਚਾਹੇ ਨਾ ਰਹੇ।

ਸਰਦਾਰ—ਸ਼ਾਬਾਸ਼ ਹੁਣ ਅਸਾਂ ਲਈ ਸਤਿਗੁਰੂ ਕਾਰਜ ਸੁਧਾਰਨਗੇ।

ਇਹ ਗਲਾਂ ਕਰਕੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧਕੇ ਅਰਾਮ ਕਰਨ ਲਈ ਸੌਂ ਗਏ।

॥ ਇਤਿ ॥

Digitized by Panjab Digital Library | www.panjabdigilib.org

੯.

ਹੋਲੀ ਹੈ

ਸੂਚਨਾ–ਇਹ ਲੇਖ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਟ੍ਰੈਕਟ ਨੰ: ੧੭੪ ਦੇ ਰੂਪ ਵਿਚ ਅਪ੍ਰੈਲ ਸੰ: ੧੯੦੨ ਈ: ਵਿਖੇ ਪ੍ਰਕਾਸ਼ਤ ਹੋਇਆ ਸੀ। ਇਸ ਪਰ 'ਭਾਗ ੨' ਛਪਿਆ ਹੈ। ਪਹਿਲਾ ਭਾਗ ਕਿਸੇ ਹੋਰ ਸੱਜਣ ਦੀ ਰਚਨਾ ਸੀ ਤੇ ਇਹ ਦੂਜਾ ਭਾਗ ਡਾਕਟਰ ਸਾਹਿਬ ਜੀ ਨੇ ਰਚਿਆ ਸੀ। ਇਸ ਦਾ ਉਸ ਨਾਲ ਸਬੰਧ ਕੁਛ ਸੁਤੰਤ੍ਰ ਜੇਹਾ ਹੈ। ਆਪਣੇ ਆਪ ਵਿਚ ਇਹ ਲੇਖ ਇਸ ਕਰਕੇ ਇਕੱਲਾ ਭੀ ਸੰਪੂਰਨ ਹੈ। [ਸੰਪਾਦਿਕ

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਹੋਲੀ ਹੈ

ਅਲਬੇਲ ਸਿੰਘ–ਇਹ ਧਾਰਨਾ ਜੋ ਕੁਝ ਆਪ ਨੇ ਕਥਨ ਕੀਤੀ ਹੈ ਸਰਬੱਤੀ ਨਹੀਂ ਹੋ ਸਕਦੀ, ਕਿਉਂਕਿ ਇਸ ਵੇਲੇ ਜਿਤਨੇ ਸੰਗਤ ਵਿਚ ਸਿੰਘ ਬੈਠੇ ਹਨ, ਪੁਸ਼ਾਕੇ ਸਭਨਾਂ ਦੇ ਹੋਲੀਆਂ ਦੇ ਰੰਗ ਨਾਲ ਰੰਗੇ ਹੋਏ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਦੇ ਰੁਮਾਲ ਵੀ ਕੇਸਰ ਗੁਲਾਲ ਨਾਲ ਹੀ ਇਸ ਵੇਲੇ ਸ਼ੋਭ ਰਹੇ ਹੈਨ।

ਗਜਾਨੀ ਸੁਗਜਾਨ ਪ੍ਰਕਾਸ਼ ਸਿੰਘ ਜੀ–ਇਹ ਸਾਰੀ ਗਲ ਸਚ ਹੈ, ਅਜ ਕਲ ਗੁਰਦੁਆਰਿਆਂ, ਧਰਮਸਾਲਾਂ, ਸਿਖਾਂ ਦੇ ਆਪੋ ਆਪਣੇ ਘਰੀਂ ਅਨੰਦ ਮੰਗਲਾਚਾਰ ਹੋ ਰਹੇ ਹਨ, ਜੈਸਾ ਕਿ ਪਹਿਲੇ ਕਥਨ ਕਰ ਚੁਕੇ ਹਾਂ, ਕੇਵਲ ਗੁਰਮਤ ਵਿਚ ਮਿੱਟੀ, ਘੱਟਾ, ਸ੍ਵਾਹ ਅਤੇ ਗੰਦਾ ਵਿਅਰਥ ਬਕਵਾਸ, ਸ਼ਰਾਬ, ਅਕਾਰਣ ਦੋਹ, ਅਦਬ ਵਾਲਿਆਂ ਦੀ ਬੇਅਦਬੀ ਕਰਨੀ ਆਦਿਕ ਕਰਮ ਚੰਗੇ ਨਹੀਂ ਹਨ।

ਇਹ ਗਲ ਸੁਣਦਿਆਂ ਸੰਗਤ ਵਿਚੋਂ ਇਕ ਸਿੰਘ 'ਚਤਰ ਸਿੰਘ' ਨਾਮੀ ਹਥ ਜੋੜਕੇ ਬੜੇ ਅਦਬ ਨਾਲ ਕਹਿਣ ਲਗਾ–ਬਿਅਦਬੀ ਮੁਆਫ, ਜੇਕਰ ਤਨ ਅਤੇ ਮਨ ਖੋਲ੍ਹਕੇ ਕ੍ਰਮ ਅਤੇ ਬਚਨ ਖੋਲ੍ਹਕੇ ਨਾ ਕੀਤੇ ਤਾਂ ਹੋਲੀ ਕੇਹੀ ? ਉਹ ਤਾਂ ਸੋਗ ਦੀ ਨਿਸ਼ਾਨੀ ਹੋਈ। ਕੁਦਰਤ ਤਾਂ ਇਸ ਵੇਲੇ ਬਹਾਰ ਦੀ ਹੇਰੀ ਫੇਰੀ ਕਰ ਕਰਕੇ ਕੈਸਾ ਅਨੋਖਾ ਰੰਗ ਰੂਪ ਬਦਲ ਰਹੀਹੈ, ਪਹਿਲੇ ਹਵਾ ਸਰਦੀਨੂੰ ਛਾਣਦੀ ਹੋਈ ਫੁਟਦੇ ਦਰਖਤਾਂ ਪਾਸੋਂ ਅਪਣੇ ਵਿਚ ਮਹਕ ਭਰਦੀ ਹੋਈ, ਗਰਮੀ ਦੀ ਆਉਭਗਤ ਕਰਦੀ ਹੋਈ, ਸਰੀਰਾਂ ਨਾਲ ਛੁਹਦਿਆਂ ਦਿਲ ਅਤੇ ਦਿਮਾਗ ਵਿਚ ਉਮੰਗ ਭਰਦੀ ਹੋਈ ਵਗ ਰਹੀ ਹੈ। ਇਕੁਰ ਹੀ ਬਾਗਾਂ ਅਤੇ ਬਨਾਂ ਦੇ ਦਰਖਤਾਂ ਵਿਚੋਂ ਕੁਦਰਤ ਕੋਹੇ ਅਨੋਖੇ ਰੰਗਾਂ ਦੀਆਂ ਅੱਖਾਂ ਝਮਕ ਰਹੀ ਹੈ ਕਿਤੇ ਨਿਰੇ ਹੀ ਫੁੱਲਾਂਨਾਲ ਸਿਰਤੋਂ ਪੈਰਾਂ ਤਕ ਦਰਖਤ ਲਹਲਹਾ ਰਹੇਹਨ ਕਿਤੇ ਅਜੇ ਫੋਟਾਂ ਹੀ ਨਿਕਲ ਰਹੀਆਂ ਹਨ। ਕਿਤੇ ਪੱਤਿਆਂ ਨੇ ਕਰੂਮਲਾਂ ਕੱਢਣੀਆਂ ਹੀ ਅਰੰਭੀਆਂ ਹਨ, ਕਿਤੇ ਪਤ ਝਾੜ ਹੋਏ ਦਰਖਤ ਅਜੇ ਗਰਮੀ ਦੀ ਉਡੀਕ ਵਿਚ ਬਾਹਾਂ ਚੁਕੀ ਤਪੱਸੀਆਂ ਹਾਰ ਤਪ ਕਰ ਰਹੇ ਹਨ। ਕਿਤੇ ਕੋਇਲਾਂ ਅੰਬਾਂ ਦੇ ਬੌਰਾਂ ਤੇ ਬਾਉਰੀਆਂ ਹੋਈਆਂ ਕੂਕ ਕਰਦੀਆਂ ਚੁੰਝਾਂ ਮਲ ਰਹੀਆਂ ਹਨ ਤੇ ਕਿਤੇ ਮਮੋਲਿਆਂ ਦੀਆਂ ਫੇਰੀਆਂ ਪਾਣੀਆਂ ਦੇ ਕੰਢੇ ਪੈ ਰਹੀਆਂ ਹਨ। ਕਿਤੇ ਭੌਰਿਆਂ ਦੀ ਗੂੰਜ ਨਾਲ ਬਨ ਗੂੰਜ ਰਿਹਾ ਹੈ, ਕਿਤੇ ਮੋਰਾਂ ਨੇ ਆਪਣੀਆਂ ਪਾਇਲਾਂ ਨਾਲ ਜੰਗਲਨੂੰ ਚਿਤ੍ਰਮਿਤ੍ਰਾਲਾ ਕਰਕੇ ਸੋਹਣਾ ਬਣਾਛਡਿਆ ਹੈ। ਕਿਤੇ ਪਾਣੀਆਂ ਦੀਆਂ ਨਹਰਾਂ, ਕੂਲ੍ਹਾਂ, ਨਿਰਮਲ ਅਤੇ ਠੰਢੀਆਂ ਸਾਫ ਸੁਥਰੀਆਂ ਵਗ ਰਹੀਆਂ ਹਨ, ਕਿਤੇ ਹਰਨਾਂ ਦੀਆਂ ਡਾਰਾਂ ਕਨੌਤੀਆਂ ਚੁਕਦੀਆਂ ਫਿਰਦੀਆਂ

Digitized by Panjab Digital Library | www.panjabdigilib.org

ਹਨ। ਇਕੁਰ ਹੀ ਨਗਰਾਂ ਵਿਚ ਲੋਕਾਂ ਦੇ ਦਿਲ ਸਿਆਲੇ ਦੀ ਸਰਦੀ ਵਿਚੋਂ ਉਕਸਦੇ ਹੋਏ ਉਭਰ ਰਹੇ ਹਨ ਤੇ ਕਪੜਿਆਂ ਦਾ ਭਾਰਾ ਦਲਿਦ੍ਰ ਪਾਪਾਂ ਵਾਕਰ ਗਲੋਂ ਲਹਿ ਰਿਹਾ ਹੈ। ਦਿਨ ਦਿਨੋਂ ਦਿਨ ਉਭਾਇਣ ਸੁਰਜ ਨੂੰ ਪਾਕੇ ਖੁਸ਼ੀਆਂ ਵਾਕਰ ਵਧ ਰਹਿਆ ਹੈ। ਹੁਲਾਸ, ਹਰਖ, ਹੌਸਲਾ, ਚਾਉ, ਉਮੰਗ, ਖੇਲ, ਕੁੱਦ, ਹਾਸ ਬਿਲਾਸ, ਨ ਚ, ਮੁਜਰਾ, ਰਾਗ, ਰੰਗ, ਆਦਿਕਾਂ ਲਈ ਇਹ ਸਿਆਲੇ ਦਾ ਮਾਰਿਆ ਦਰਿਦ੍ਰੀ ਮਨ ਉਮਡ ਰਿਹਾ ਹੈ। ਬਸੰਤ ਅਤੇ ਹੋਲੀਆਂ ਦਾ ਰਾਗ ਹਰ ਸਾਜ ਤਾਨ ਅਤੇ ਅਲਾਪ ਵਿਚ ਵਸ ਰਿਹਾ ਹੈ, ਫਿਰ ਕਿਸਤਰ੍ਹਾਂ ਕੋਈ ਹੋਲੀਆਂ ਤੋਂ ਬਚ ਸਕਦਾ ਹੈ?

ਜੀਕਰ ਸਿਆਲ ਦੀ ਨਹੂਸਤ (ਸੁਸਤੀ) ਇਕੱਠੀ ਹੋਈ ਹੋਈ ਸਾਰੇ ਬਰਸ ਦੀਆਂ ਖੋਟੀਆਂ ਵਾਸ਼ਨਾਂ ਅਤੇ ਸੰਕਲਪ ਹਿਰਦਿਆਂ ਵਿਚ ਭਰੇ ਹੋਏ ਸਾਰੇ ਵਰ੍ਹੇ ਦਾ ਘਰਦਾ ਹੁੰਜ, ਕੂੜਾ ਕਰਕਟ ਅੰਦਰਾਂ ਵਿਚ ਭਰਿਆ ਹੋਇਆ ਅਤੇ ਸਾਰੇ ਸਾਲ ਭਰ ਦੇ ਜਤ੍ਰੀ ਬੰਧਨਾਂ ਵਿਚ ਬੱਧਾ ਹੋਇਆ ਮਨ ਇਕੋ ਵਾਰ ਰੁਕੇ ਹੋਏ ਪਾਣੀ ਦੇ ਖੁੱਲਣ ਤੇ ਹੜ ਵਾਕਰ ਉਛਲਕੇ ਕੰਢਿਆਂ ਦੇ ਪਦਾਰਥ ਰੁੜ੍ਹਾ ਲੈ ਜਾਂਦਾ ਹੈ, ਇਕੁਰ ਹੀ ਹੋਲੀਆਂ ਦੇ ਦਿਨਾਂ ਦੀ ਆਜ਼ਾਦੀ ਨੇਮ, ਧਰਮ, ਮ੍ਰਿਜਾਦਾ, ਡਰ, ਲੋਕ ਲਾਜ, ਅਦਬ, ਅਦਾਬ, ਵਡਜਾਈ, ਛੁਟਾਈ, ਆਦਿਕ ਸਭ ਰੁੜ੍ਹਾ ਲੈ ਜਾਂਦੀ ਹੈ, ਕੋਈ ਠਹਿਰਨਾ ਨਹੀਂ ਪਾਉਂਦਾ।

ਮਾਨੁਖ ਦਾ ਅਸਲੀ ਸਰੂਪ ਪ੍ਰਗਟ ਹੋ ਜਾਂਦਾ ਹੈ। ਜੋ ਕੁਛ ਪੰਜ ਬਰਸ ਦੀ ਉਮਰ ਹੇਠ, ਅਥਵਾ ਪਾਗਲ ਹੋਇਆ ਜਾਂ ਸ਼ਰਾਬ ਪੀਤਿਆਂ ਪ੍ਰਗਟ ਹੁੰਦਾ ਹੈ, ਸੋਈ ਸਰੂਪ ਹੋਲੀਆਂ ਦੇ ਦਿਨਾਂ ਵਿਚ ਪ੍ਰਗਟ ਹੁੰਦਾ ਹੈ। ਇਸ ਵੇਲੇ ਕੋਈ ਅਜੋਗ ਗਲ ਨਹੀਂ ਕਰਦਾ। ਜੇ ਕਦੀ ਜੋਗ ਅਜੋਗ ਦੀ ਕੁਝ ਸਮਝ ਹੋਵੇ ਤਾਂ ਕਦੀ ਕਰੇ ਹੀ ਨਹੀਂ। ਇਸ ਦਸ਼ਾ ਵਿਚ ਜੋ ਕੁਝ ਕ੍ਰਿਯਾ ਕਰਦਾ ਹੈ, ਅਥਵਾ ਬੋਲਦਾ ਹੈ, ਸਭ ਅਪਨੇ ਆਪ ਵਿਚ ਚੰਗੀ ਅਤੇ ਹਰਖ ਉਤਸਾਹ ਭਰਨਵਾਲੀ ਗਲ ਕਰਦਾ ਹੈ, ਦੂਸਰੇ ਨੂੰ ਜੋ ਬੁਰੀ ਭਾਸਦੀ ਹੈ। ਸੋ ਉਹ ਪੁਰਖ ਉਸ ਅਵਸਥਾ ਆਪਣੀ ਵਿਚ ਅਜੇ ਅਡੂ ਹੋ ਨਹੀਂ ਹੋਇਆ ਹੁੰਦਾ ਜੀਕਰ ਭਾਈ ਜੀ ਕਹਿੰਦੇ ਹਨ:—

ਸਭਨਾਂ ਦੇ ਸਿਰ ਰੰਦੀਅਨ ਰੰਜੀ ਗੁਰੜਾਵੈ।

ਜਦ ਉਹ ਭੀ ਉਸੇ ਦਸ਼ਾ ਵਿਚ ਹੋ ਜਾਂਦਾ ਹੈ ਤਾਂ ਉਹ ਤਰਕ ਜੋ ਪਹਿਲੇ ਫੁਰਦੀ ਸੀ ਹੁਣ ਨਹੀਂ ਉਪਜਦੀ। ਇਸਤੋਂ ਉਪਰੰਤ ਇਹ ਗਲ ਇਉਂ ਭੀ ਹੈ ਕਿ ਜਿਸ ਵੇਲੇ ਬਹਾਰ ਬਦਲਦੀ ਹੈ, ਪਾਲੇ ਹੋਰੀਂ ਆਪਣਾ ਆਸਨ ਬਾਸਨ ਸਮੇਟਣ ਲਗ ਦੇਹਨ ਅਤੇ ਗਰਮੀ ਆਪਣੀ ਚਦਰ ਵਿਛਾਉਂਦੀ ਹੈ ਇਸ ਆਹਮੋ ਸਾਹਮਣੇ ਗਰਮੀ ਸਰਦੀ ਦੇ ਮੇਲ ਵਿਚ ਇਕ ਅਨੋਖੀ ਉਦਾਸੀ ਪ੍ਰਗਟ ਹੋ ਜਾਂਦੀ ਹੈ, ਸ਼ਹਿਰਾਂ ਵਿਚ ਤਾਂ ਧੁਪ ਅਤੇ ਚਾਨਣੀ ਦੇ ਰੰਗ ਫਿੱਕੇ ਪੀਲੇ ਦਿੱਸਣ ਲੱਗ ਪੈਂਦੇ ਹਨ। ਹਵਾ ਦੀ ਸੂਰਤ ਕੁਛ ਪਹਿਲੀ ਸਰਦੀ ਨਾਲੋਂ ਚਿਟਕੀ ਹੋਈ ਨਿੰਮ੍ਹੀ ਹੋ ਜਾਂਦੀ ਹੈ, ਬਾਗਾਂ ਬਨਾਂ ਵਿਚ ਤ੍ਰੇਲ ਦਾ ਸਿਲਾਭਾ, ਘਾਸ ਵਿਚ ਸਬਜ਼ੀ, ਦਰਖਤਾਂ ਵਿਚ ਪਤਿਆਂ ਦੀ ਬਰਬਾਦੀ, ਪਾਣੀਆਂ ਵਿਚ ਸਿਵਾਲ ਪੈ ਜਾਂਦੀ ਹੈ। ਇਜੇਹੇ ਵੇਲੇ ਹਰ ਇਕ ਮਾਨੁਖ ਮਾਤ੍ਰ ਦੇ ਹਿਰਦੇ ਵਿਚ ਸਾਰੇ ਉਦਾਸੀ ਦੇ ਸਾਮਾਨ ਅੱਖਾਂ ਅਗੇ ਆਉਣੇ ਤੇ ਉਦਾਸੀ ਪੈਦਾ ਹੋ ਜਾਂਦੀ ਹੈ। ਇਸ ਵੇਲੇ ਕੰਮ ਕਾਰਾਂ ਵਲ ਜੀ ਨਹੀਂ ਲਗਦਾ, ਨੀਂਦਰ ਉਖੜ ਜਾਂਦੀ ਹੈ, ਅਰਾਮ ਉਡ ਜਾਂਦਾ ਹੈ, ਆਲਸ ਨੇੜੇ ਨਹੀਂ ਢੁਕਦਾ, ਇਕ ਅਨੋਖੀ ਜੇਹੀ ਘਬਰਾਹਟ ਹਰ ਇਕ ਦੇ ਜੀਅ ਵਿਚ ਪ੍ਰਗਟ ਹੋ ਪੈਂਦੀ ਹੈ, ਹਰ ਇਕ ਆਦਮੀ ਇਸ ਉਦਾਸੀ ਦੇ ਪਰਚੌਣੇ ਵਾਸਤੇ ਦਿਲ ਬਹਿਲਾਉਣ ਅਤੇ ਝੱਟ

Digitized by Panjab Digital Library | www.panjabdigilib.org

ਟਪਾਉਣ ਲਈ ਤਦਬੀਰਾਂ ਕਰਦਾ ਹੈ। ਕੋਈ ਭੰਗ ਘੋਟਣ ਦੇ ਆਹਰ ਵਿਚ ਲਗਦਾ ਹੈ, ਕੋਈ ਸ਼ਰਾਬਖਾਨੇ ਦੀ ਰੌਣਕ ਜਾ ਵਧਾਉਂਦਾ ਹੈ, ਕੋਈ ਨਹਿਰ, ਨਦੀ, ਤਲਾਉ, ਜੰਗਲ, ਬਾਗ, ਵਲ ਉੱਠ ਤੁਰਦਾ ਹੈ। ਕੋਈ ਖਾਣ ਪੀਣ ਦੇ ਪਦਾਰਥਾਂ ਵਲ ਉਲਟ ਪੈਂਦਾ ਹੈ, ਕੋਈ ਮੁਜਰੇ ਦੀ ਮਹਿਫਲ ਵਿਚ ਕੰਨ ਤੇ ਅੱਖਾਂ ਹਾਰ ਬੈਠਦਾ ਹੈ। ਕੋਈ ਮਖੌਲ ਮਸਖਰੀ ਦੇ ਸਾਧਨ ਤਜਾਰ ਕਰਦਾ ਹੈ, ਕੋਈ ਰੰਗ ਘੋਲਕੇ ਨਿਸ਼ੰਗ ਹੋਕੇ ਉਮੰਗਾਂ ਵਿਚ ਰੰਗ ਲਾਉਂਦਾ ਫਿਰਦਾ ਹੈ।ਕੋਈ ਨਿਸੰਗ ਹੋਕੇ ਆਪਣੀ ਲਾਹ ਦੂਜੇ ਦੀ ਲਾਹੁਣ ਲਈ ਦੌੜਦਾ ਹੈ, ਕੋਈ ਘੱਟਾ ਮਿੱਟੀ ਸੁਆਹ ਪਾਣੀ ਗੰਦ ਉਡਾਉਂਦਾ ਹੈ। ਕੋਈ ਬਕਵਾਸ ਬਦਹਵਾਸ ਬੇਕਿਆਸ ਬਕਦਾ ਹੈ, ਕੋਈ ਗੁਡੀ ਡੋਰ ਪਤੰਗ ਦੇ ਪੇਚੇ ਵਿਚ ਪੇਚ ਵਲ ਗੁੰਝਲਾਂ ਖਾਂਦਾ ਅਕਾਸ਼ ਵਿਚ ਉਡਦਾ ਫਿਰਦਾ ਹੈ। ਕੋਈ ਕਪੜੇ ਬਦਲ ਬਦਲਕੇ ਰੰਗ ਦੀਆਂ ਛਿੱਟਾਂ ਨਾਲ ਸਜਾਉਂਦਾ ਹੈ, ਕੋਈ ਗੰਦੇ ਤੋਂ ਗੰਦੇਅਤੇ ਮੰਦੇ ਬੋਲਾਂ ਵਾਲੇ ਗੀਤ ਗਾਲੀਆਂ ਗਾਉਂਦਾ ਹੈ। ਕੋਈ ਅੰਦਰ ਵੀ ਲੁਕ ਬੈਠਦਾ ਹੈ, ਕੋਈ ਬਾਹਰ ਤਾਂ ਫਿਰਦਾ ਹੈ,ਪਰ ਆਪਣੇ ਆਪ ਨੂੰ ਚੁਰਾਉਂਦਾ ਛਿਪਾਉਂਦਾ ਰਹਿੰਦਾ ਹੈ। ਕੋਈ ਇਜੇਹਾ ਕਿਸੇ ਦੇ ਢਹੇ ਚੜ੍ਹਿਆ ਭਿੱਜਾਹੋਇਆ ਲੜਦਾ ਭਿੜਦਾ ਗਾਲੀਆਂ ਦੇਂਦਾ ਮਾਰ ਖਾਂਦਾ ਅਰਜੀ ਪਰਚਾ ਕਰਦਾ ਫਿਰਦਾ ਹੈ, ਕੋਈ ਆਪਣੇ ਆਪ ਵਿਚ ਗੁੰਮ ਹੋਕੇ ਏਕਾਂਤ ਸਥਾਨ ਵਿਚ ਬਠਾ ਵਕਤ ਕੱਟਦਾ ਹੈ।ਕੋਈ ਇਕ ਦੂਜੇ ਦੀ ਨਿੰਦਾ ਚੁਗਲੀ ਬਖੀਲੀ ਸ਼ਿਕਾਇਤ ਕਰਦਾ ਫਿਰਦਾ ਹੈ,ਮੁਕਦੀ ਗਲ ਆਪੋ ਆਪਣੇ ਕੰਮਾਂ ਤੋਂ ਉਦਾਸ ਹੋਏ ਲੋਕ ਏਹੋ ਜੇਹੀਆਂ ਦਿਲ ਪਰਚਾਉਣ ਵਾਲੀਆਂ ਖੇਡਾਂ ਵਿਚ ਪੈਕੇ ਹੋਲੀਆਂ ਦੇ ਸਿਰ ਸੁਆਹ ਪਾਉਂਦੇ ਹਨ*।

ਅਥਵਾ ਇਹ ਇਕ ਹੋਲੀਆਂ ਦਾ ਦਿਹਾਰ, ਬਹੁਤ ਚਿਰਾਕਾ ਹਜ਼ਾਰਾਂ ਲੱਖਾ ਬਰਸਾਂ ਤੋਂ ਦੇਸ਼ ਚਾਲ ਦੀ ਚਾਲੇ ਚਲਿਆ ਆਉਂਦਾ ਹੈ ਜੋ ਇਸ ਮੁਲਕ ਦੇ ਵਸਨੀਕ ਬਹੁਤਾ ਇਨ੍ਹਾਂ ਉਪਰ ਲਿਖੇ ਰੰਗਾਂ ਢੰਗਾਂ ਨਾਲ ਹੀ ਮਨਾਉਂਦੇ ਹਨ। ਫਿਰ ਇਹ ਹੋਲੀਆਂ ਗੁਰਮਤ ਦੇ ਵਿਰੁੱਧ ਕਿਸ ਤਰ੍ਹਾਂ ਹੋ ਸਕਦੀਆਂ ਹਨ ਜਦ ਗੁਰੂ ਕਿਆਂ ਨੇ ਆਪ ਹੋਲਾ ਖੇਡਿਆ, ਸੰਗਤਾਂ ਨੂੰ ਨਾਲ ਖਿਡਾਇਆ, ਪਿੱਛੇ ਅਜ ਤਕ ਗੁਰਦੁਆਰਿਆਂ ਅਤੇ ਫੌਜਾਂ ਵਿਚ ਖਾਲਸਾ ਜੀ ਹੋਲਾ ਮਹੱਲਾ ਮਨਾਉਂਦਾ ਹੈ ਅਤੇ ਇਕੁਰ ਹੀ ਮਨਾਉਂਦਾ ਰਹੇਗਾ ।

ਇਥੇ ਚਤੁਰ ਸਿੰਘ ਦੀ ਗਲ ਅਧਵਾਟਿਓਂ ਤੋੜਕੇ ਭਾਈ ਸੁਚਾ ਸਿੰਘ (ਇਕ ਸ਼ੂਤਾ) ਬੋਲ ਪਿਆ—ਇਵੇਂ ਹੀ ਹੈ, ਸਾਰੀ ਗਲ ਸੱਚੀ, ਕੁਦਰਤਇਵੇਂਹੀਕਰਤਾਰਦੀਦਿਸਣਲਗਵੇਂਦੀ ਹੈ, ਉਦਾਸੀ ਵੀ ਵਤ ਭਾਦੀ ਜੋਰ ਦੀ ਹੋ ਵੇਂਦੀ ਹੈ, ਅਤੇ ਹਿਕ ਦੂਜੇ ਦੀ ਰੀਸੇ ਹੋਲੀਆਂ ਦਾ ਸ਼ੁਦਾਈ ਭੂਤ ਸਭਨਾਂ ਦੇ ਸਿਰ ਚੜ ਵੇਂਦਾ ਹੈ। ਕੋਈ ਕਿਸੇ ਦੀ ਲੱਜ ਸ਼ਰਮ ਨਹੀਂ ਰਖੇਂਦਾ, ਪਰ ਪਿਛੋਂ ਤੋੜੀ ਜਿਹੜੇ ਦੁਖ ਰੋਗ ਅਤੇ ਝੇੜੇ ਗਲ ਉਠੀ ਪੌਂਦੇ ਹਨ ਓਹਨਾਂ ਵਲ ਕੋਈ ਧਿਆਨ ਨਹੀਂ ਦਿੰਦਾ,ਸਗਾਂ ਪਹਿਲੇ ਹੋਲੀਆਂ ਨੇ ਮਤ ਮਾਰੀ ਉਤੋਂ ਸ਼ਰਾਬ ਦੇ ਨਸ਼ੇ ਨੇ ਮਤ ਲਤਾੜੀ, ਉਪਰੰਦ ਹਿਕ ਦੂਜੇ ਦੀ ਰੀਸ ਨੇ ਵੰਨੀ ਚਾ ਚਾੜ੍ਹੀ, ਉਪਰੋਂ ਸਵਾਹ ਮਿਟੀ ਨੇ ਇਜੇਹੀ ਵਿਗਾੜੀਕਿਬਸ ਕਾਈਗਲ ਨਾ ਦੀਨ ਜੋਗੀ ਰਹੀ ਅਤੇ ਨਾ ਹੀ ਦੁਨੀਆਂ ਜੋਗੀ ਰਹੀ। ਇਹ ਵਿਚਾਰ ਅਸਲੂੰ ਨਾ ਫੁਰੀ ਕਿ ਸਾਰੀ

*ਇਹ ਉਸ ਸਮੇਂ ਦੀ ਹੋਲੀਆਂ ਦੇ ਦਿਨਾਂ ਦੀ ਠੀਕ ਤਸਵੀਰ ਵਰਣਨ ਹੋਈ ਹੋਈਹੈ। [ਸੰਪਾਦਿਕ

Digitized by Panjab Digital Library | www.panjabdigilib.org

ਉਮਰ ਹੋਲੀਆਂ ਦੇ ਸਿਰ ਤਾਂ ਨਹੀਂ ਮਿਟੀ ਪੈਂਦਿਆਂ ਰਹਿਣਾ ਇਹ ਤਾਂ ਓੜਕ ਅੱਠਾਂ ਦਿਨਾਂ ਤੋੜੀ ਉਠ ਵੈਸਨ, ਪਿੱਛੋਂ ਅਸਾਂ ਰੋਟੀ ਕਮਾਣੀ ਹੈ,ਉਮਰ ਕੱਟਣੀ ਹੈ, ਇਸੇ ਦੁਨੀਆਂ ਨਾਲ ਵਤ ਵਰਤਣਾ ਹੈ, ਵਤ ਇਨਹਾਂ ਦਿਨਾਂ ਦੇ ਝਗੜੇ ਬਿਖੇੜੇ ਛੇੜੇ ਹੋਏ ਕੋਈ ਵਰ੍ਹਾਤੋੜੀ ਨਹੀਂ ਨਿਬੜਸਨ । ਇਵੇਂ ਹੀ ਰੋਗ ਵੀ ਗਲ ਚਮੜੇ ਹੋਏ ਉਮਰਾ ਤੋੜੀ ਪਿਛਾਨਹੀਂ ਛਡੇਸਨ, ਵਤ ਕਿਉਂ ਨਾ ਹੋਲੀਆਂ ਦੇ ਸਿਰ ਸਵਾਹ ਚਾ ਘੱਤੀਏ ਅਤੇ ਆਪਣੇ ਸਦਾ ਦੇ ਸੁਖਾਂ ਕਾਣ ਕਾਈ ਚੰਗੀ ਗਲ ਕਰੀਏ। ਇੰਵੇ ਕਰੇਂਦਿਆਂ ਹੋਲੀਆਂ ਨੇ ਤਾਂ ਹਰ ਵਰਹੇ ਫਗਣ ਦੇ ਮਹੀਨੇ ਚਾ ਫੇਰਾ ਘੱਤਣਾ ਹੋਇਆ, ਵਤ ਇਹ ਬੰਦਾ ਨਿੱਤ ਹੀ ਗੰਦੇ ਕਰਮ ਅਤੇ ਮੰਦੇ ਬੋਲ ਤਾਂ ਨਾ ਨਾ ਪਿਆ ਕਰੇ, ਕਦੀ ਕਾਈ ਹੋਸ਼ ਵੀ ਸੰਮ੍ਹਲੇ ਅਤੇ ਕਰੇ, ਨਹੀਂ ਤਾਂ ਆਪਣੀ ਇਜਤ ਅਤੇ ਦੌਲਤ ਨਾਲ ਹੀ ਉਮਰਾਂ ਨੂੰ ਹੱਥ ਪਿਆ ਪੈਂਦਾ ਹਿਸ, ਰਤਾ ਅਖੀਂ ਪੱਟ ਕੇ ਵੇਖੇ ਤਾਂ ਕੁਝ ਸੁੱਝਸ।

ਇਨੇ ਤਾਈਂ ਇਕਅਮੰਡਾਸਿੰਘਨਾਮੀਸਿੰਘ ਬੋਲ ਉਠਿਆ—ਇਹ ਤਾਂ ਭਾਈ ਸੁਚਾ ਸਿੰਘ ਹੋਰਾਂ ਦੇ ਕੋਰੇ ਧੋਤੇ ਹੋਏ ਬਚਨ ਹਨ, ਪਰ ਇਹ ਭੀ ਜ਼ਰਾ ਕੋਈ ਸੋਚੇ ਭਈ ਜਿਹੜਾ ਸੈਂਕੜੇ ਵਰਿਹਾਂ ਤੋਂ ਗੰਦ ਇਕੱਠਾ ਹੁੰਦਾ ਆਉਂਦਾ ਹੈ ਉਸਨੂੰ ਹੋਰ ਵਧਾਈ ਜਾਣਾ ਕਿ ਉਸਨੂੰ ਸਾਫ ਕਰ ਸਿੱਟਣਾ ਚਾਹੀਏ?ਉਸ ਗੰਦ ਦੇ ਜਮਾ ਹੋਣ ਦੀ ਥਾਂ ਚੰਗ ਕਠਾ ਹੋਵੇ ਤਾਂ ਚੰਗੀ ਗਲ ਹੈ ਨਾ ਕਿ ਗੰਦ ਹੀ ਗੰਦ ਕੱਠਾ ਹੋਵੇ।

ਚਤਰ ਸਿੰਘ—ਇਹ ਗਲ ਕੌਣ ਕਹਿੰਦਾ ਹੈ ਕਿ ਗੰਦ ਕਠਾ ਹੁੰਦਾ ਰਹੇ, ਹਰ ਸਾਲ ਫਗਣ ਦੇ ਮਹੀਨੇ ਚਿਟੀਆਂ ਚਾਨਣੀਆਂ ਹੋਲੀਆਂ ਦੇ ਦਿਨਾਂਵਿਚ ਤਨ ਅਤੇ ਮਨ ਆਪਣੇ ਦਾ ਨਾਲ ਹੀ ਆਂਢੀਆਂ ਗੁਆਂਢੀਆਂ ਦਾ ਗੰਦ ਇਕਠਾ ਕੀਤਾ ਹੋਇਆ ਹੋਲੀਆਂ ਦੇ ਸਿਰ ਪਾਕੇ ਆਪ ਇਸ਼ਨਾਨ ਕਰਕੇ ਸੁਧ ਨਿਰਵਿਕਾਰ ਹੋ ਜਾਓ, ਏਸੇ ਤਨ ਮਨ ਦੇ ਵਿਕਾਰਾਂ ਦੀ ਸਫਾਈ ਕਰਨ ਲਈ ਤਾਂ ਹੋਲੀਆਂ ਵਿਚਾਰੀਆਂ ਆਉਂਦੀਆਂ ਹਨ,ਫਿਰ ਵੀ ਤੁਸੀਂ ਗੰਦ ਮੰਦ ਜਮਾ ਰਖੋ ਤਾਂ ਤੁਹਾਡੀ ਮੂਰਖਤਾਈ ਹੈ,ਹੋਲੀ ਵਿਚਾਰੀ ਦਾ ਕੀ ਕਸੂਰ।ਇਸ ਗਲ ਤੇ ਸਾਰੀ ਸੰਗਤ ਖਿੜ ਖਿੜ ਕਰਕੇ ਹੱਸ ਪਈ ਅਤੇ ਭਾਈ ਸੁਗਜਾਨਪ੍ਰਕਾਸ਼ ਸਿੰਘ ਜੀ ਬੋਲ ਪਏ।

ਸੁਨੋ ਸਰਬੱਤ ਸਾਧ ਸੰਗਤ ਖਾਲਸਾ ਜੀ ! ਸ੍ਰੀ ਵਾਹਿਗੁਰੂ ਬੋਲਣਾ।

ਹੋਲੀਆਂ ਚਿਰੰਕਾਲ ਤੋਂ ਹਰ ਵਰ੍ਹੇ ਆਉਂਦੀਆਂ ਹਨ ਅਤੇ ਇਕੁਰ ਹੀ ਚੰਦ ਸੂਰਜ ਦੇ ਹੇਰ ਫੇਰ ਵਿਚ ਆਉਂਦੀਆਂ ਰਹਿਣਗੀਆਂ, ਪਰ ਏਥੇ ਕੇਵਲ ਗੁਰਮਤ ਦਾ ਨਿਰਣਾ ਕਰਨਾ ਹੈ। ਗੁਰਮਤ ਵਿਚ ਏਹ ਕੀਕਰ ਪ੍ਰਵਾਣ ਹੈਨ ? ਇਸਦੀ ਵਿਚਾਰ ਇਉਂ ਖਾਲਸਾ ਜੀ ਕਰਦੇ ਹਨ, ਜੀਕਰ ਚੁਰਾਸੀ ਦੇ ਲੋਕ ਸ਼ਰਾਬ ਪੀਕੇ ਰਹੀ ਸਹੀ ਅਕਲ ਦੇ ਸਿਰ ਸੁਆਹ ਪਾਕੇ ਪੌਲੇ-ਬਾਜੀ ਕਰਦੇ ਹਨ ਇਹ ਤਾਂ ਗੁਰਮਤ ਦੇ ਸਦਾ ਤੋਂ ਵਿਰੁੱਧ ਹੈ ਅਤੇ ਏਹ ਖੇਡ ਭਲਿਆਂ ਪੁਰਸ਼ਾਂ ਲਈ ਕਦੀ ਵੀ ਨਹੀਂ ਸੋਂਹਦੀ। ਨੀਚ ਸੁਭਾਵ ਦੇ ਨੀਚ ਕਰਮਾਂ ਦੇ ਕਰਨੇ ਵਾਲੇ ਮਾਨੁਖੀਯ ਮ੍ਰਿਜਾਦਾ ਤੋਂ ਬਾਹਰ ਹੋਕੇ ਖੇਡਦੇ ਹਨ। ਭਲਾ ਏਥੇ ਵਿਚਾਰ ਕਰੋ ਖਾਂ ਕੋਈ ਗਲ ਭਾਵੇਂ ਕੇਹੀ ਚੰਗੀ ਹੋਵੇ ਆਪਣੀ ਹਦ ਤੋਂ ਲੰਘੀ ਹੋਈ ਚੌੜ ਨਹੀਂ ਹੋ ਜਾਂਦੀ ਅਤੇ ਫਲ ਵੀ ਉਸਦਾ ਬਹੁਤ ਮੰਦਾ ਨਹੀਂ ਨਿਕਲਦਾ ? ਤਿਵੇਂ ਹੀ ਇਹ ਗੰਦੀ ਅਤੇ ਮੰਦੀ ਹੋਲੀ ਆਪਣੀ ਹਦ ਤੋਂ ਲੰਘੀ ਹੋਈ ਜਾਪਦੀ ਹੈ, ਜਿਸ ਦਾ ਫਲ ਪਰਤਖ ਹੈ, ਜੋ ਸਰੀਰ ਨੂੰ ਥਕਾਨ, ਭੁੱਖ

Digitized by Panjab Digital Library | www.panjabdigilib.org

ਨੂੰ ਫਾਕਾ, ਕਲੇਜੇ ਨੂੰ ਸ਼ਰਾਬ ਦਾ ਲੂਹਾ, ਸਿਰ ਨੂੰ ਛਿਤ੍ਰ ਪੈਲਾ ਘੱਟਾਮਿੱਟੀ, ਹੱਡਾਂ ਨੂੰ ਭਿਗਣ ਢਹਿਣ ਮਾਰਕੁੱਟ ਦੀਆਂ ਸੱਟਾਂ, ਸਨਬੰਧੀਆਂ ਨੂੰ ਜਾਨੋ ਮਰਨ ਦੇ ਸੋਗ, ਆਪਨੂੰਵਧੀਕੀਆਂਕਰਨ ਦੀਆਂਅਦਾਲਤਵਲੋਂ ਸਜਾਵਾਂਪ੍ਰਾਪਤ ਹੁੰਦੀਆਂ ਹਨ ।ਤਾਂਤੇ ਨਿਸ਼ਚੇ ਹੋਇਆ ਕਿ ਇਹ ਹੰਕਾਰੇ ਹੋਏਮੂਰਖਾਂ ਦੀਮੂਰਖਤਾਈ ਹੈ, ਮੂਰਖਾਂਨੇ ਬਦਲੇ ਕੱਢਣਦਾ ਮਾਨੋਂਹੋਲੀਆਂ ਇਕਪੁਰਬ ਮੰਨਿਆ ਹੋਇਆ ਹੈ। ਤੁਸੀਂ ਕਦੀ ਨਹੀਂ ਦੇਖਿਆ ਹੋ-ਲੀਆਂ ਬੀਤੀਆਂ ਤੇ ਹਕੀਮਾਂ ਡਾਕਦਾਰਾਂ ਦੇ ਮਕਾਨਾਂ ਪਰ ਭੀੜ ਭਰ ਜਾਂਦੀ ਹੈ, ਕੋਈ ਕਹਿੰ-ਦਾ ਹੈ ਮਰੋੜ ਲਗ ਗਏਹਨ, ਕੋਈ ਕਹਿੰਦਾ ਹੈ ਪਨਰੇਹੇ ਪੈ ਗਏ ਹਨ, ਕੋਈ ਕਹਿੰਦਾ ਹੈ ਕਲੇਜਾ ਸੜਦਾ ਹੈ, ਕੋਈ ਕਹਿੰਦਾ ਹੈ ਭੁੱਖਨਹੀਂਲਗਦੀ। ਕੋਈ ਮੱਥੇ ਦਾ ਜ਼ਖਮ ਲਈ ਬੈਠਾ ਹੈ, ਕੋਈ ਲਤ ਬਾਂਹ ਭੰਨਾਈ ਬੈਠਾ ਹੈ, ਕੋਈ ਹਕੀਮ ਦੇ ਕਹਿਰ ਵਿਚ ਹੈ।ਇਜੇਹੇ ਅਨੇਕਾਂ ਰੋਗਾਂਵਾਲੇ ਜੋ ਰੋਗ ਨਿਰੇ ਹੋਲੀਆਂ ਦੇ ਕਾਰਣ ਤੋਂ ਪੈਦਾ ਹੋਏ ਹਨ ਇਲਾਜ ਕਰਾਉਣ ਲਈ ਮੇਲਾ ਲਾ ਰਹੇ ਹਨ।ਏਥੇ ਸਿਆਣੇ ਲੋਕ ਆਪੇ ਸੋਚ ਸਕਦੇ ਹਨ ਕਿ ਆਪਣੇ ਪਿਛਲੇ ਕਰਮਾਂਦੇਫਲ ਭੋਗਣਲਈ ਤਾਂ ਹਰ ਵੇਲੇ ਈਸ਼ਰਨੂੰ ਉਲਾਂਭੇ ਦਿੰਦੇ ਹਾਂਅਤੇ ਹੋਰ ਦੁਖਾਂ ਦੇ ਭੋਗਣ ਵਾਸਤੇ ਪਰਤਖ ਕਰਮ ਅਜੇਹੇ ਕਰਦੇ ਹਾਂ ਕਿ ਜਿਨ੍ਹਾਂ ਦੇ ਫਲ ਭੋਗਣ ਵਾਸਤੇ ਇਸੇ ਜਨਮ ਵਿਚ ਹਥੋ ਹਥ ਨਿਬੇੜਾ ਹੋ ਜਾਵੇ। ਇਸ ਵਾਸਤੇ ਖਾਲਸਾ ਜੀ ! ਇਹ ਰੋਲ ਘਚੋਲੀ ਗੰਦੀ ਹੋਲੀ, ਅੰਨ੍ਹੀ ਬੋਲੀ ਕਦੀ ਵੀ ਗੁਰਮਤ ਵਿਚ ਨਹੀਂ ਆਸਕਦੀ।ਦੇਸ਼ਚਾਲ ਮਾਤ੍ਰ ਹੋਲੀ ਕਹੋ, ਤਾਂ ਸਾਰੇ ਦੇਸ਼ ਵਿਚ ਵਰਤੀ ਹੋਈ ਪ੍ਰਤੱਖ ਹੀ ਹੈ, ਇਸਦੇਸ਼ ਤੋਂ ਬਾਹਰਵਸ-ਨੀਕ ਹੋ ਨਹੀਂ ਸਕਦੇ, ਦੇਖਣ ਸੁਣਨ ਵਿਚ ਹੋਲੀਆਂ ਦਾ ਗੰਦ ਅਵਸੋਂ ਆਉਂਦਾ ਹੈ, ਪਰ ਵਰਤਣ ਵਾਸਤੇ ਇਸਦੇ ਅਧਿਕਾਰੀ ਗੁਰੂ ਕੇ ਸਿਖ ਨਹੀਂ।ਜੇਹੜੀ ਗੁਰੂ ਕਿਆਂ ਨੇ ਹੋਲੀ ਖੇਡੀ ਹੈ ਓਹ ਪਵਿਤ੍ਰ ਹੋਲੀ ਹੈ ਜੋ ਅਜੇਤਕ ਗੁਰੂ ਘਰ ਵਿਚ ਚਲੀ ਆਉਂਦੀ ਹੈ ਤੇ ਗੁਰੂ ਕਿਆਂ ਬਚਨਾਂਤੋਂ ਪ੍ਰਗਟ ਹੋ ਰਹੀ ਹੈ ।

ਆਜੁਹਮਾਰੇ ਬਨੇਫਾਗ॥ਪ੍ਰਭਸੰਗੀਮਿਲਿਖੇਲਨਲਾਗ॥

ਆਦਿਕ ਹੋਰ ਵੀ ਤੁਕਾਂ ਹਨ।

ਸ੍ਰੀ ਗੁਰੂ ਦਸਮ ਪਾਤਸ਼ਾਹ ਜੀਨੇਫੌਜਾਂਵਿਚ ਇਸਦਾ ਪ੍ਰਚਾਰ ਸੂਰਮਿਆਂ ਵਿਚ ਅਭਯਾਸ ਕਰਾਉਣ ਲਈ ਆਪਣੇ ਹਜ਼ੂਰ ਵਿਚ ਬੜੀ ਪਵਿਤ੍ਰਤਾਨਾਲ ਕਰਾਇਆ ਸੀ ਜੇਹਾਕੁ ਭਾਈ ਨੰਦਲਾਲ ਜੀ ਲਿਖਦੇ ਹਨ।

ਗੁਲੇ ਦੋਲੀਬਬਾਗ਼ੋਦਹਿਰਈਂਬਿਸ਼ਿਰੁਫਤ,
ਲਬੇ ਚੂੰ ਗੁੰਚਹ ਰਾ ਫਰਖੰਦਹ ਖੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ,
ਚੁ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ।
ਜ਼ਿਹੇ ਪਿਚਕਾਰੀਏ ਪੁਰ ਜ਼ਾਅਫਰਾਨੀ,
ਕਿ ਹਰ ਬੇਰੰਗ ਰਾ ਖੁਸ਼ਰੰਗ ਰੂ ਕਰਦ।
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ,
ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।
ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼,
ਚੁ ਸ਼ਾਹਮ ਜਾਮਹ ਰੰਗੀਂ ਦਰ ਗਲੂ ਕਰਦ।
ਕਸੇ ਕੋ ਦੀਦ ਦੀਦਾਰੇ ਮੁਕੱਦਸ,
ਮੁਰਾਦੇ ਉਮਰ ਰਾ ਹਾਸਲਾ ਨਿਕੋ ਕਰਦ।
ਸ਼ਵਦ ਕੁਰਬਾਨ ਖਾਕੇ ਸਾਧ ਸੰਗਤ,
ਦਿਲੇ ਗੋਯਾ ਹਮੀਂ ਰਾ ਆਰਜ਼ੂ ਕਰਦ।

ਮਹੱਲੇ ਵਾਲੇ ਦਿਨ ਇਕ ਜੰਗੀ ਹੋਲਾ ਹੁੰਦਾ ਸੀ ਜਿਸਦਾ ਵਰਣਨ ਪਿੱਛੇ ਕਰ ਆਏ ਹਾਂ।

ਬਾਕੀਰਹੀ ਉਦਾਸੀ ਵਾਲੀਗਲ, ਸੋ ਇਕੁਰ ਹੀ ਮਾਲੂਮ ਹੁੰਦੀ ਹੈ, ਅੱਸੂ ਦੇਮਹੀਨੇਅਤੇਫਗਣ ਦੇ ਮਹੀਨੇ ਭਾਰੀ ਉਦਾਸੀ ਦੇ ਹੁੰਦੇ ਹਨ। ਜਦ ਪੂਰੀ ਸਰਦੀ ਪਵੇ ਤਦ ਵੀ ਲੋਕ ਅੰਦਰੀਂ ਨੱਪੇ ਜਾਂਦੇ ਜਾਂਦੇ ਹਨ, ਉਕਸਦੇ ਨਹੀਂ। ਜਦ ਗਰਮੀ

Digitized by Panjab Digital Library | www.panjabdigilib.org

ਭਾਰੀ ਪੈਂਦੀ ਹੈ ਤਦ ਵੀ ਗਰਮੀ ਦੇ ਭਾਰੇ ਹੇਠ ਨੱਪੇ ਨਪਾਏ ਮੀਂਹ ਦੀ ਉਡੀਕ ਵਿਚ ਝੱਟ ਕੱਟ ਲੈਂਦੇ ਹਨ, ਪਰ ਅੱਸੂ ਅਤੇ ਫਗਣ ਦੇ ਮਹੀਨੇ ਜੋ ਸਰਦੀ ਗਰਮੀਦੇਹਾਂ ਤੋਂਛਣੇ ਹੋਏਹੁੰਦੇ ਹਨ, ਉਦਾਸੀ ਵਰ੍ਹਾਉਂਦੇ ਹਨ, ਸੋਈਓ ਅੱਸੂ ਵਿਚ ਰਾਮ ਲੀਲਾ ਦੇ ਬਹਾਨੇ ਅਤੇ ਫਗਣ ਵਿਚ ਹੋਲੀਆਂ ਦੇ ਸਿਰ ਮਿੱਟੀ ਪਾਕੇ ਉਦਾਸੀ ਨੂੰ ਪਰਚਾਉਂਦੇ ਹਨ, ਪਰ ਜੇ ਕਦੀ ਇਸ ਉਦਾਸੀ ਦੇ ਪਰਚਾਵੇ ਵਾਸਤੇ ਬਾਣੀ ਦਾ ਪਾਠ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਉਣ, ਉਤਸਵ ਕਰਨ, ਮਿੱਤ੍ਰ ਭੋਜਨ ਕਰਨ, ਸ਼ਬਦ ਕੀਰਤਨ ਕਰਨ, ਅਨੰਦ ਪੁਰ ਸਾਹਿਬ ਜੀ ਅਥਵਾ ਹਜ਼ੂਰ ਸ੍ਰੀ ਅਬਚਲ ਨਗਰ ਸਾਹਿਬ ਜੀ ਦੀ ਯਾਤ੍ਰਾ ਕਰਨ, ਤਾਂ ਕੀ ਉਦਾਸੀ ਨਹੀਂ ਲੱਥੇਗੀ? ਤਖਤਸਾਹਿਬਾਂ ਦੇ ਦਰਸ਼ਨ,ਦੀਵਾਨ, ਮੇਲੇ, ਜੋੜ, ਕੀਰਤਨ, ਧਰਮਸਾਲਾਂ ਗੁਰਦ੍ਵਾਰਿਆਂ ਦੀ ਸੇਵਾ ਕਰਨ ਵਿਚ ਉਦਾਸੀ ਨੂੰ ਕੇਹੜੀ ਧਾੜ ਪੈਂਦੀ ਹੈ ਜੋ ਨਹੀਂ ਲਹਿੰਦੀ? ਜੇ ਛਿਤ੍ ਖਾਧੇ ਬਿਨਾਂ ਖੁਰਕ ਨਾ ਮੱਠੀ ਹੁੰਦੀ ਹੋਵੇ ਤਾਂ ਵਖਰੀ ਗਲ ਹੈ, ਪਰੰਤੂ ਸਾਡੇ ਸਾਹਿਬ ਤਾਂ ਬਚਨ ਕਰਦੇ ਹਨ।

"ਅਲੁਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ" ॥

ਖਾਲਸਾ ਜੀ!ਤੁਹਾਡੀ ਹਿੰਮਤ ਦਾ ਗੁਰਮਤਾ ਇਹ ਹੋਣਾ ਚਾਹੀਏ। ਜਿਹੜੇ ਮੂਰਖ ਲੋਗ ਇਸ ਰੰਦੀ ਹੋਲੀ ਦੇ ਅੰਗਣਾਂਨੂੰ ਨਹੀਂ ਜਾਣਦੇ ਅਤੇ ਮਨਮਤ ਦੇ ਅਧੀਨ ਹੋਏ ਆਪਣੇ ਲਈ ਲੋਕ ਪ੍ਰਲੋਕ ਦੇ ਦੁੱਖ ਮੁਕਾਲੇ ਸਹੇੜ ਰਹੇ ਹਨ, ਉਨ੍ਹਾਂ ਨੂੰ ਮਿੱਠਤ ਨਾਲ,ਪਿਆਰ ਨਾਲ ਸਮਝਾਉਣਾ ਚਾਹੀਏ:ਦੁਖਾਂਦਾ ਨਮੂਨਾਦਿਖਾਉਣਾ ਚਾਹੀਏਤੇ ਗੁਰਮਤ ਵਲ ਲਾਉਣਾ ਚਾਹੀਏ। ਭਲਾ ਜੇਕਰ ਕੋਈ ਪ੍ਰਾਰਬਲਾ ਕਰਮ ਸਹਾਇਤਾਕਰੇ,ਗੁਰਮਤ ਉਨ੍ਹਾਂ ਦੇ ਹਿਰਦੇ ਵਿਚ ਵਸੇ, ਸ਼ੁਭ ਮਾਰਗ ਦੇ ਰਾਹੀ ਹੋ ਜਾਣ ਤਾਂ ਤੁਸੀਂ ਵੀ ਪਰਉਪਕਾਰੀਆਂ ਵਿਚ ਗਿਣੇ ਜਾਓ, ਨਾਕਿ ਉਲਟਾ ਆਪਣੀ ਪਵਿੱਤ੍ਰਤਾ, ਸੁਚ, ਸੰਜਮ, ਰਹਤ, ਬਹਤ ਵਿਚ ਦਾਗ ਲਗਾਉਣਾ, ਤਨਖਾਹੀਏ ਹੋਣਾ ਤੇ ਸਤਿਸੰਗਤ ਵਿਚ ਸ਼ਰਮਿੰਦਿਆਂਹੋਣਾ ਪਏ। ਸ਼ੇਰ ਦਾ ਬੁਰਕਾ ਪਹਿਨਕੇ ਚੋਤਿਆਂ ਵਾਕਰ ਸੁਆਹ ਵਿਚ ਲੇਟਣਾ, ਬੁਰਕੇ ਨੂੰ ਕਲੰਕ ਲਾਉਣਾ ਕਦ ਠੀਕ ਹੋ ਸਕਦਾਹੈ?

ਚਤ੍ਰ ਸਿੰਘ—ਏਹ ਤਾਂ ਆਪਦੇ ਕਹਿਣ ਨੂੰ ਅਸੀਂ ਫੁੱਲਾਂ ਨਾਲ ਤੋਲਦੇ ਹਾਂ,ਜਿੰਨੀਕੁ ਸਾਥੋਂ ਹੋ ਸਕੇ ਕਦਰ ਕਰਦੇ ਹਾਂ,ਪਰ ਆਪਨੂੰ ਵੀਇਹ ਦੇਖਣਾ ਚਾਹੀਏ ਕਿਹੋਲੀ ਵਿਚ ਕੋਈ ਦੋ ਚਾਰ ਦਸ ਨਹੀਂ ਵਿਗੜੇ ਹੋਏ ਹੁੰਦੇ ਸਾਰਾ ਦੇਸ ਢਿੱਠਿਆ ਹੋਇਆ ਹੁੰਦਾ ਹੈ।

"ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥ ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ" ॥

ਫਿਰ ਕਿਸ ਕਿਸ ਨੂੰ ਉਪਦੇਸ਼ ਦੇਈਏ,ਕਿਸ ਕਿਸ ਨੂੰ ਸਮਝਾਈਏ, ਕਿਸ ਕਿਸ ਦਾ ਸਿਰ ਆਪਣੇ ਅੱਗੇ ਭੰਨੀਏ ? ਹਜ਼ਾਰ ਲੁਕ ਲੁਕ ਕੇ ਬੈਠੀਏ ਫਿਰ ਵੀ ਜਗਸਾਂਵੀਂ ਵਾਉ ਵਗਦੀ ਦਾ ਝੋਕਾ ਲੱਗੇ ਹੀ ਲੱਗੇ, ਭਾਵੇਂ ਅੱਖਾਂ ਥਾਣੀ ਲਗੇ ਭਾਵੇਂ ਕੰਨਾਂ ਥਾਣੀ ਲੱਗੇ।

ਬਾਲਕਾਂ ਨੂੰ ਵੀ ਜੇਕਰ ਖੇਡਣ ਕੁੱਦਣ ਲਈ ਕੋਈ ਵਿਹਲ ਨਾ ਦਿਤੀ ਜਾਵੇ ਤਾਂ ਚੰਗੇ ਨਹੀਂ ਪਲਦੇ, ਰੋਗੀ ਹੋ ਜਾਂਦੇ ਹਨ, ਕਮਜ਼ੋਰ ਲਿੱਸੇ,ਪਤਲੇ ਤੇ ਭਰਪੋਕ ਜੇਹੇ ਰਹਿ ਜਾਂਦੇਹਨ, ਇਕੁਰ ਜੇ ਕਰ ਕਦੀ ਕਦਾਈਂ ਵੀ ਮਨੁਖ ਆਪਣੀ ਖੇਡ ਕੁਦ ਖੁਲਾਸੀ ਤਰ੍ਹਾਂ ਨ ਕਰ ਲਵੇ ਤਦ ਤਕ ਸਰੀਰ ਦਾ ਬਲ ਠੀਕਨਹੀਂਰਹਿੰਦਾ।

ਨਾਲੇ ਕਹਿੰਦੇ ਹਨ ਇਹ ਜੀਵ ਰੰਦੀਆਂ ਵਾ-

Digitized by Panjab Digital Library | www.panjabdigilib.org

ਸ਼ਨਾਂ ਲੈਕੇ ਦੇਹਾਂ ਧਾਰਦੇ ਹਨ, ਗੰਦੇ ਪਦਾਰਥਾਂ ਤੋਂ ਹੀ ਦੇਹਾਂ ਪ੍ਰਗਟ ਹੁੰਦੀਆਂ ਹਨ, ਦੇਹੀ ਦੇ ਵਿਚ ਵੀ ਜਿੰਨੇ ਪਦਾਰਥ ਹਨ ਸਾਰੇ ਗੰਦੇ ਹਨ, ਇਨ੍ਹਾਂਕਾਰਨਾਂ ਤੇ ਅਗੋਲਈ ਵੀ ਇਸਦੇ ਸੰਕਲਪ ਗੰਦੇ ਹੀ ਹੁੰਦੇ ਰਹਿੰਦੇ ਹਨ,ਸੋ ਜੇਕਰ ਤਾਂ ਓਹ ਗੰਦੇ ਸੰਕਲਪ ਕਿਸੇ ਤਰ੍ਹਾਂ ਨਿਵਿਰਤ ਹੋ ਜਾਣ ਤਾਂ ਅਗੋਂ ਲਈ ਮੁਕਤ ਦੀ ਉਮੈਦ ਹੋ ਸਕਦੀ ਹੈ ਤੇ ਜੇਕਰ ਓਹ ਗੰਦੀਆਂ ਵਾਸ਼ਨਾ ਅੰਦਰੇ ਬਣੀਆਂ ਰਹੀਆਂ ਜੋ (ਵਿਆਜ ਵਾਕਰ ਨਿਤ ਵਧਦੀਆਂ ਹਨ) ਫਿਰ ਅਗਲੇ ਜਨਮਾਂ ਦਾ ਕਾਰਣ ਰੂਪ ਪਈਆਂ ਰਹਿੰਦੀਆਂਹਨ,ਇਸ ਲਈਇਹ ਅਠਵਾਰਾਓਹਨਾਂਗੰਦੀਆਂ ਵਾਸ਼ਨਾ ਦੀ ਨਿਬ੍ਰਤੀ ਵਾਸਤੇ ਮੁਕਰਰ ਹੈ, ਹਰ ਵਰ੍ਹੇ ਪਿਛੋਂ ਲੇਖਾ ਸਾਫ ਹੋਗਿਆ,ਗੰਦੇ ਦਿਨਾਂ ਵਿਚ ਗੰਦ ਸਾਫ ਕਰ ਛਡਿਆ।

ਜੇ ਓਸ ਗੰਦ ਉਤੇ ਚੰਗਾ ਪੋਚਾ ਪਾਕੇ ਲੁਕਾਈ ਗਏ ਤਾਂ ਹੋਰ ਮੁਸ਼ਕਦਾ ਗਿਆ। ਜਨਮ ਮਰਨ ਦਾ ਕਾਰਣ ਨੱਪਿਆ ਰਿਹਾ। ਇਹ ਗਲ ਵੀ ਪ੍ਰਤੱਖ ਪਈ ਦਿੱਸਦੀ ਹੈ ਹੋਲੀਆਂ ਤੋਂ ਬਿਨਾਂ ਕਦੀ ਕੋਈ ਕਿਸੇ ਨੂੰ ਗਾਲ ਕੱਢੇ ਅਥਵਾਕੋਈ ਕਿਸੇ ਤੇ ਛਿੱਟਾਂ ਪਾਵੇ ਜਾਂ ਪੱਗ ਨੂੰ ਛੂਹੇ ਓਸੇ ਵੇਲੇ ਉਸਦੀ ਭੁਗਤ ਸੌਰ ਜਾਂਦੀ ਹੈ, ਬਲਕੇ ਅਦਾਲਤ ਵੀ ਸਜ਼ਾ ਦੇ ਦੇਂਦੀ ਹੇ। ਪਰੰਤੂ ਹੋਲੀਆਂ ਦੇ ਦਿਨਾਂ ਵਿਚ ਕਿਤਨੀ ਹੀ ਵਧੀਕੀ ਕਿਉਂ ਨਾ ਕੋਈ ਕਰ ਲਵੇ ਨਾ ਕੋਈ ਕਿਸੇ ਤੇ ਗੁੱਸਾ ਕਰਦਾ ਹੈ ਅਤੇ ਨਾ ਕੋਈ ਕਿਸੇ ਨੂੰ ਸਜ਼ਾ ਦਿਲਾਉਂਦਾ ਹੈ, ਇਸਤੋਂ ਹੋਲੀਆਂ ਦੀ ਪ੍ਰਤੱਖ ਸ਼ਕਤੀ ਦੇਖੀ ਜਾਂਦੀ ਹੈ। ਇਹੋ ਦਿਨ ਪਰਬ ਜਾਣੇ ਗਏ ਹਨ,ਜੋ ਅਪਰਾਧਾਂ ਦਾ ਬੀ ਨਾਸ਼ ਕਰਨ ਲਈ ਬਣੇ ਹਨ। ਏਹ ਜੋ ਕੁਝ ਆਪ ਬਚਨ ਕਰ ਰਹੇ ਹੋ, ਇਹ ਸੋਗੀ ਹੋਲੀਆਂ ਦੇ ਹਨ, ਜਿਨ੍ਹਾਂ ਦੇ ਮਨ ਮਰ ਗਏ, ਸੰਗਤ ਕੋਈ ਹੋਈ ਨਾ,ਸਰੀਰ ਰੋਗੀ,ਦਲਿਦ੍ਰੀ, ਆਲਸੀ ਹੋਏ ਓਹ ਅੰਦਰ ਵੜਕੇ ਗੁਰਮਤ ਦਾ ਬਹਾਨਾ ਕਰਕੇ ਲੁਕ ਬੈਠੇ। ਇਹ ਤਾਂ ਪ੍ਰਤੱਖ ਦਿੱਸ ਪਈ ਜਿਨ੍ਹਾਂਨੇ ਹੋਲੀ ਵਲੋਂ ਮੂੰਹ ਮੋੜਿਆ ਓਹ ਆਪੇ ਹੀ ਇਕ ਹਫਤਾ ਹਵਾਲਾਟਾਂ ਵਿਚ ਰਹੇ ਅਥਵਾ ਜ਼ਮਾਨਤ ਦੇਕੇ ਹਾਜ਼ਰ ਰਹੇ।

ਗਜਾਨੀਸਿੰਘਜੀ—ਸ਼ਾਬਾਸ਼ ਤੇਰੀ ਚਤੁਰਾਈ ਦੇ ਜਿਸ ਨਾਲ ਇਹ ਅਣਬਣ ਗੱਲ ਬਣਾਂਕੇ ਬੁਤ ਬੰਨ੍ਹ ਦਿਖਾਇਆ ਹਈ। ਪਰ ਇੰਨੀ ਗੱਲ ਜਰੂਰ ਚੇਤੇ ਰਖਣੀ, "ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ" ਵਾਲੀ ਗੱਲ ਹੈ, ਕਦੀ ਗੰਦੀਆਂ ਹੋਲੀਆਂ ਗੰਦ ਬਕਦਿਆਂ ਤੇ ਗੰਦ ਉਡਾਂਦਿਆਂ ਪਵਿੱਤ੍ਰ ਨਹੀਂ ਹੋ ਸਕਦੀਆਂ।

ਗੰਦੀਆਂ ਵਾਸ਼ਨਾਂ ਕਢਿਆਂ ਕਦੀ ਪਵਿਤ੍ਰ ਨਹੀਂ ਹੋਈਦਾ। ਨਾਮ ਕਰਕੇ ਪਵਿਤ੍ਰ ਹੋਈਦਾ ਹੈ, ਬਾਣੀ ਕਰਕੇ ਵਾਸ਼ਨਾਂ ਸੁਧ ਹੁੰਦੀਆਂ ਹਨ, ਸਤਿਗੁਰਾਂ ਦੀ ਕ੍ਰਿਪਾ ਕਰਕੇ ਕਰਮਾਂ ਦੇ ਗੋੜ੍ਹਾਂ ਵਿਚੋਂ ਨਿਕਲੀਦਾ ਹੈ। ਕਦੀ ਖੁਰਕ ਨੂੰ ਖੁਰਕਦਿਆਂ ਖੁਰਕ ਦਾ ਅਰਾਮ ਨਹੀਂਆਉਂਦਾ ਸਗੋਂ ਦੁਖ ਵਧਦਾ ਹੈ। ਇਕੁਰ ਹੀ ਗੰਦੀਆਂ ਵਾਸ਼ਨਾ ਗੰਦ ਬਕਦਿਆਂ ਵਧੇਰਾ ਦੁਖ ਦੇਂਦੀਆਂ ਅਤੇ ਅਗੇ ਲਈ ਪੁਸ਼ਟ ਹੁੰਦੀਆਂ ਹਨ। ਜੀਕਰ ਦਵਾਈ ਲਾਇਆਂ ਖੁਰਕ ਹਟਦੀ ਹੈ, ਤਿਵੇਂ ਸਤਿਗੁਰਾਂ ਦੇ ਉਪਦੇਸ਼ਕਮਾਇਆਂਮੰਦ ਵਾਸ਼ਨਾਂ ਨਿਵਿਰਤ ਹੁੰਦੀਆਂ ਹਨ, ਜੀਕਰ ਲਹੂ ਨਾਲ ਲਹੂ ਦੇ ਦਾਗ ਧੋਤਿਆਂ ਨਹੀਂ ਲਹਿੰਦੇ, ਤਿਵੇਂ ਮੰਦ ਵਾਸ਼ਨਾ ਮੰਦ ਬਕਿਆਂ ਨਹੀਂ ਦੂਰਹੁੰਦੀਆਂ, ਜੀਕਰ ਪਾਣੀ ਸਾਬਣ ਨਾਲ ਧੋਤਿਆਂ ਲਹੂ ਦੇ ਦਾਗ ਲਹਿੰਦੇ ਹਨ, ਤਿਵੇਂ ਪਸਚਾਤਾਪ ਅਤੇ ਸਤਿਗੁਰੂ ਦੇ ਬਚਨਾਂ ਅਨੁਸਾਰ ਚਲਣੇ ਤੇ ਮੰਦ ਵਾਸ਼ਨਾਂ ਦੇ ਗੰਦੇ ਦਾਗ ਲਹਿੰਦੇ ਹਨ।

ਵਰਜ਼ਸ਼ ਨੇਮ ਦੀ ਕੀਤੀ ਹੋਈ ਸਰੀਰ

Digitized by Panjab Digital Library | www.panjabdigilib.org

ਨੂੰ ਅਰੋਗ ਰਖਦੀ ਹੈ, ਬਰਸ ਪਿਛੋਂ ਇਹ ਰੰਦੀ ਵਰਜ਼ਸ਼ ਕੀਤੀ ਹੋਈ ਉਲਟਾ ਥਕੇਵਾਂ ਅਤੇ ਸਰੀਰ ਵਿਚ ਰੋਗ ਪੈਦਾ ਕਰਦੀ ਹੈ, ਇਹ ਕਦੀ ਸੁਖ ਦਾ ਸਾਧਨ ਨਹੀਂ ਹੋ ਸਕਦੀ।

ਇਸ ਜੀਵ ਦੇ ਜਨਮਾਂਤ੍ਰਾਂ ਵਾਲੇ ਗੰਦ ਅਤੇ ਸਰੀਰ ਦਾ ਗੰਦਾ ਪਨ ਨਾਮ ਜਪਣੇ ਤੇ ਅਤੇ ਸਾਧ ਸੰਗਤ ਗੁਰਦ੍ਵਾਰੇ ਆਦਿਕਾਂ ਦੀ ਸੇਵਾ ਕਰਕੇ ਪਵਿਤ੍ਰ ਹੁੰਦੇ ਹਨ, ਗੰਦ ਖਿਲੇਰਨੇ ਤੇ ਹੋਲੀਆਂ ਕਦੀ ਪਵਿੱਤ੍ਰ ਨਹੀਂ ਕਰ ਸਕੀਦੀਆਂ।

ਏਹ ਸੁਕਰਮ ਕਰਨੇ ਪੋਚਾ ਨਹੀਂ ਹਨ, ਮੰਦਕਰਮਾਂ ਦੀ ਜਗਹ ਭਰਨੀ ਹੈ, ਜਦਮੰ ਦਿਆਂ ਦੀ ਥਾਂ ਚੰਗੇ ਸਾਂਭ ਲੈਣਗੇ ਤਾਂ ਮੰਦਿਆਂ ਲਈ ਕੋਈ ਥਾਂ ਨ ਰਹੂ, ਤਾਂ ਮੰਦ ਆਪੇ ਨਿਕਲ ਜਾਣਗੇ। ਨਿਰਾ ਪੋਚਾ ਹੈ ਤਾਂ ਅੰਤ ਨੂੰ ਪਾਜ ਉਘੜ ਜਾਊ "ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ" ਜਿਨ੍ਹਾਂ ਦੇ ਭਾਗ ਜਾਗੇ ਉਹ ਉਪਦੇਸ਼ ਸੁਣਦੇ ਹਨ, ਧਾਰਦੇ ਹਨ, ਪਵਿਤ੍ਰ ਹੁੰਦੇ ਜਨਮ ਮਰਣ ਦੇ ਬੰਧਨ ਕਟ ਦੇਹਨ ਸਤਿਗੁਰਾਂ ਦੇ ਚਰਨਾਂ ਵਿਚ ਮਿਲੇ ਰਹਿੰਦੇ ਹਨ। ਵਰਖਾ ਬਾਗਾਂ, ਖੇਤਾਂ ਅਤੇ ਬੰਜਰਾਂ, ਕਲਰਾਂ, ਵਿਚ ਇਕੋ ਜੇਹੀ ਹੁੰਦੀ ਹੈ। ਖੇਤਾਂ ਵਿਚ ਫਸਲ, ਬੰਜਰਾਂ ਵਿਚ ਘਾਹ, ਕੱਲਰਾਂ ਵਿਚ ਕੰਡੇ, ਬਾਗਾਂ ਵਿਚ ਫੁਲ ਪੈਦਾ ਹੁੰਦੇ ਹਨ, ਇਸੇ ਭਾਂਤ ਜੇਹੇ ਜਿਨ੍ਹਾਂ ਜੀਵਾਂ ਦੇ ਅੰਕੂਰ ਹਨ ਉਪਦੇਸ਼ ਰੂਪੀ ਵਰਖਾ ਵਿਚ ਗਜਾਨਮੁਕਤੀ, ਵਿਚਾਰ, ਸੁਕਰਮ, ਦਾਨ ਅਭਿਮਾਨ, ਤਰਕ ਆਦਿਕ ਪੈਦਾ ਕਰਦੇ ਹਨ, ਇਸ ਲਈ ਉਪਦੇਸ਼ ਦੀ ਵਰਖਾ ਅਵੱਸ ਹੋਣੀ ਚਾਹੀਏ। ਇਹ ਗੱਲ ਬਿਲਕੁਲ ਠੀਕ ਹੈ ਜੋ ਪੁਰਖ ਪਰਮਾਰਥ ਵਲ ਲਗੇ ਹਨ ਓਹ ਸੰਸਾਰ ਦੀਆਂ ਹੋਲੀਆਂ ਵਲੋਂ ਮਹਾਂ ਦਲਿੱਦ੍ਰੀ, ਆਲਸੀ, ਰੋਗੀ ਹੀ ਬਣੇ ਰਹਿੰਦੇ ਹਨ ਅਤੇ ਇਜੇਹੇ ਪੁਰਖਾਂ ਦੀ ਸੰਗਤ ਤੋਂ ਭਜਦੇ ਲੁਕਦੇ ਫਿਰਦੇ ਹਨ, ਇਸ ਕੈਦ ਨੂੰ ਆਰਾਮ ਸਮਝਦੇ ਹਨ, ਪਰ ਹੋਲੀਆਂ ਦੇ ਭੜੂਏ ਬਣਨ ਦੀ ਇੱਛਾ ਕਦੀ ਨਹੀਂ ਕਰਦੇ।

ਇਹ ਗੱਲ ਵੀ ਲੁਕੀ ਨਾ ਰਹਿ ਜਾਵੇ, ਉਨ੍ਹਾਂ ਦੇ ਦਿਲਾਂ ਵਿਚ ਮੰਦ ਵਾਸ਼ਨਾ ਉਪਜਦੀਆਂ ਹੀ ਨਹੀਂ, ਬਾਣੀ ਦੇ ਪ੍ਰਤਾਪ ਕਰਕੇ ਸਦਾ ਉਪਕਾਰ ਚਿਤਵਦੇ ਤੇ ਭਜਨ ਕਰਦੇ ਰਹਿੰਦੇ ਹਨ।

ਉਹ ਮਹਾਂਪੁਰਖ 'ਜਾਂ ਬੋਲੈ ਤਾ ਬ੍ਰਹਮ ਗਿਆਨ' ਇਸ ਲਈ ਉਹ ਲੋਕ ਰੰਦੀਆਂ ਹੋਲੀਆਂ ਵਿਚ ਗੰਦੀ ਜ਼ੁਬਾਨ ਕਿੱਥੋਂ ਲਿਆਵਨ ਤੇ ਕੀਕਰ ਕੱਢਣ? ਉਥੇ ਤਾਂ 'ਹਰਿ ਹਰਿ ਅਖਰ ਦੁਇ ਇਹ ਮਾਲਾ ॥ ਜਪਤ ਜਪਤ ਭਏ ਦੀਨ ਦਇਆਲਾ॥' ਵਾਲੀ ਗੱਲ ਹੁੰਦੀ ਹੈ। ਸੋਗੀ ਹੋਲੀਆਂ ਵਾਲੀ ਗੱਲ ਵੀ ਸੱਚ ਹੈ। ਜਿਨ੍ਹਾਂ ਸੱਜਣਾਂ ਦੇ ਮਨ ਮਰ ਚੁਕੇ ਹਨ, ਉਹ ਸਦਾ ਲਈ ਮਨ ਦਾ ਸੋਗ ਰਖਦੇ ਹਨ, ਫਿਰ ਕਿਉਂ ਰੰਦੀਆਂ ਹੋਲੀਆਂ ਦੇ ਗੰਦ ਵਿਚ ਰਲਨ ? ਇਹ ਬਿਯੋਗੀ ਹੋਲੀਆਂ ਜੋ ਮਹਲੇ ਪਿੱਛੋਂ ਆਪਣਾ ਮੁਕਾਲਾ ਧੋਣ ਲਈ ਵਰ੍ਹਾ ਸਾਰਾ ਖਾਰੇ ਸਮੁੰਦਰ ਵਿਚ ਜਾ ਡੁਬਦੀਆਂ ਹਨ ਉਨ੍ਹਾਂ ਲਈ ਕੀ ਮੁਕਾਲਾ ਮਲਣਾ, ਕੀ ਗੰਦ ਤੋਲਣਾ ਤੇ ਕੀ ਬਿਅਰਥ ਬੋਲਣਾ ਹੋਇਆ। ਸਾਹਿਬ ਬਚਨ ਕਰਦੇ ਹਨ 'ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥' ਇਹ ਸਿਧਾਂਤ ਪੱਕਾ ਕਰ ਛੱਡੋ ਭਈ ਹੋਲੀ ਦੇ ਭੜੂਏ ਸਤਿਸੰਗਤ ਵਿਚ ਨਹੀਂ ਆਉਂਦੇ ਅਤੇ ਸਤਿਸੰਗੀ ਲੋਕ ਰੰਦੀਆਂ ਹੋਲੀਆਂ ਦੇ ਮੱਥੇ ਨਹੀਂ ਲੱਗਦੇ।

ਭਾਈ ਘੁਮੰਡਾਸਿੰਘ ਜੀ ਬੋਲ ਉੱਠੇ:—ਵਾਹ ਗਿਆਨੀ ਸਿੰਘ ਜੀ ਵਾਹ, ਧੰਨ ਹੈ ਆਪ ਦੀ ਰਸਨਾ, ਬਲਿਹਾਰ ਜਾਈਏ ਕਿਉਂ ਚਤਰਸਿੰਘ

Digitized by Panjab Digital Library | www.panjabdigilib.org

ਜੀ! ਹੁਣ ਹੋਰ ਰੱਲ ਬਾਕੀ ਤਾਂ ਕੋਈ ਨਹੀਂ ਰਹੀ? ਗਜਾਨੀ ਸਿੰਘ ਜੀ ਨੇ ਉੜ੍ਹ ਤਾਂ ਪੂਰੇ ਪੂਰੇ ਦੇਕੇ ਘਰ ਪੂਰਾ ਕਰ ਦਿੱਤਾ ਹੈ, ਹੁਣ ਜੋ ਕੁਝ ਕਰਨਾ ਹੈ ਗੁਰਮਤ ਦੇ ਵਿਰੁੱਧ ਕਰਨਾ ਹੈ।

ਅਲਬੇਲ ਸਿੰਘ–ਸਤਿ ਹੈ ਮਹਾਰਾਜ ਜੀ, ਮੇਰਾ ਘਰ ਤਾਂ ਪਹਿਲੇ ਹੀ ਪੂਰਾ ਹੋ ਚੁਕਾ ਸੀ।

ਸੁਚਾ ਸਿੰਘ–ਇਹ ਗੁਰਮਤ ਦਾ ਨਿਰਣਾ ਡਾਢਾ ਚੰਗਾ ਥੀ ਗਿਆ ਨਾ, ਵਤ ਕੋਈ ਲੁਕ ਛਪ ਤਾਂ ਨਹੀਂ ਰਹੀ ! ਅੱਗੇ ਸਿੱਖ ਦੀ ਮਰਜੀ ਰਹੀ, ਹਥ ਵਿਚ ਡੀਵਾ ਫਧਕੇ ਖੂਹ ਵਿਚ ਧੂਕ ਚਾ ਮਾਰੇ ਤਾਂ ਡੀਵੇ ਵਿਚਾਰੇ ਦਾ ਕੇ ਡੋਸ ?

ਗਜਾਨੀ ਸਿੰਘ ਜੀ–

ਕਾਨੜਾ ਮਹਲਾ ੫ ਘਰੁ ੮

ਤਿਆਗੀਐ ਗੁਮਾਨੁ ਮਾਨੁ ਪੇਖਤਾ ਦਾਂਇ-ਆਲ ਲਾਲ ਹਾਂ ਹਾਂ ਮਨ ਚਰਨ ਰੇਨ ॥ ੧ ॥ ਰਹਾਉ ॥ ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥ ੧ ॥ ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥ ਕ੍ਰਿਪਾਲ ਦਇਆ ਮਇਆ ਧਾਰਿ ॥ ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥ ੨ ॥੧॥ ੩੯॥

ਸਾਰਗ ਮਹਲਾ ੫ ॥

ਮੋਹਨੀ ਮੋਹਤ ਰਹੈ ਨ ਹੋਰੀ ॥ ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥ ੧ ॥ ਰਹਾਉ ॥ ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਬੋਰੀ ॥ ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥ ੧ ॥ ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮਗਤਿ ਮੋਰੀ ॥ ਸਾਧ ਸੰਗਤਿ ਨਾਨਕ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥

ਸਾਰਗ ਮਹਲਾ ੫ ॥

ਅਨਦਿਨੁ ਰਾਮ ਕੋ ਗੁਣ ਕਹੀਐ ॥ ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥੧॥ ਰਹਾਉ ॥ ਆਵਹੁ ਸੰਤ ਪ੍ਰਾਨ ਸੁਖਦਾਤੇ ਸਿਮਰਹ ਪ੍ਰਭੁ ਅਬਿਨਾਸੀ॥ ਅਨਾਥਹ ਨਾਥੁ ਦੀਨ ਦੁਖ ਭੰਜਨ ਪੂਰਿ ਰਹਿਓ ਘਟ ਵਾਸੀ ॥ ੧ ॥ ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ॥ ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮ ਨਾਮ ਲਿਵ ਜਾਗੇ ॥ ੨ ॥ ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ॥ ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥ ੩ ॥ ਤੂ ਸਮਰਥੁ ਪਾਰ ਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ ॥ ਪੂਰਿ ਰਹਿਓ ਸਰਬ ਮਹਿ ਠਾਕੁਰੁ ਨਾਨਕ ਸੋ ਪ੍ਰਭੁ ਨੇਰਾ ॥ ੪ ॥ ੧੨ ॥

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥ ਬਹੁਤੇ ਵੇਸ ਕਰੀ ਫਿਰ ਬਾਝਹੁ ਮਹਲੀ ਲਹਾ ਨ ਥਾਓ ॥ ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥ ੧੬ ॥

ਇਹ ਸਬਦ ਪੜ੍ਹਕੇ ਭਾਈ ਜੀ ਨੇ ਭੋਗ ਪਾਇਆ ਹੀ ਸੀ, ਇਕ ਬਾਜ ਸਿੰਘ ਨਾਮੀ ਸਿੰਘ ਬੋਲਿਆ–ਮਹਾਰਾਜ ਜੀ ! ਜੇ ਹੋਲੀਆਂ ਵਿਚ ਗੁੱਡੀ ਡੋਰ ਲੈਕੇ ਜੀ ਦਾ ਪਰਚਾਵਾ ਕਰ ਛਡੇ ਅਤੇ ਦਿਹਾੜੇ ਵੀ ਕੱਟ ਛਡੇ ਤਾਂ ਕਿਸੇ ਗੰਦ ਮੰਦ ਵਿਚ ਤਾਂ ਨਾ ਫਸੇ, ਇਹ ਗੱਲ ਤਾਂ ਗੁਰਮਤ ਦੇ ਵਿਰੁੱਧ ਵੀ ਨਹੀਂ ਹੋਣੀ।

ਗਜਾਨੀ ਸਿੰਘ ਜੀ–ਇਹ ਤਾਂ ਬਹੁਤ ਹੀ ਸੁੰਦਰ ਬਚਨ ਬੋਲਿਆ ਜੇ, ਬਿੱਲੀ ਕਢਦਿਆਂ

Digitized by Panjab Digital Library | www.panjabdigilib.org

ਉਠ ਵੜ ਗਿਆ। ਇਹ ਗੁਰਮਤ ਦੇ ਵਿਰੁੱਧ ਨਹੀਂ ਤਾਂ ਅਨਕੂਲ ਵੀ ਕਿਸੇ ਤਰ੍ਹਾਂ ਨਹੀਂ ਹੋਸਕਦੀ। ਵਾਕ ਹੈ–

'ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀਸਾਂਈ ਦੈ ਦਰਬਾਰਿ॥

ਬਾਜ ਸਿੰਘ–ਇਹ ਗੱਲ ਕੀਕਰ ਹੋਈ, ਕਿਸੇ ਨੂੰ ਦੁੱਖ ਨਹੀਂ ਦੇਣਾ, ਸ਼ਰਾਬ ਕਬਾਬ ਦੇ ਰਾਹ ਨਹੀਂ ਜਾਣਾ, ਮੰਦਾ ਨਹੀਂ ਬੋਲਣਾ, ਗੰਦ ਨਹੀਂ ਉਡਾਉਣਾ, ਇਕਾਂਤ ਕੋਠੇ ਤੇ ਜਾਕੇ ਉਪਰਲੇ ਰਬ ਦੀਆਂ ਕੁਦਰਤਾਂ ਵੇਖਣੀਆਂ, ਕਾਗਤਾਂ ਦੇ ਘੋੜੇ ਦੁੜਾਉਣੇ, ਅਸਮਾਨ ਵਿਚ ਲੜਾਈ ਕਰਨੀ, ਫਿਰ ਜਿੱਤ ਹਾਰ ਕਿਸਮਤ ਦੇ ਮੱਥੇ ਮਾਰਨੀ, ਇਸ ਵਿਚ ਔਗੁਣ ਵਾਲੀ ਕਿਹੜੀ ਗਲ ਹੋਈ ? ਜਿਸਨੂੰ ਵਿਸਾਰਨਾ ਹੋਇਆ।

ਗਜਾਨੀ ਸਿੰਘ–ਭਾਈ ਬਾਜ ਸਿੰਘ ਜੀ ! ਆਪ ਦੇ ਕਥਨ ਨੂੰ ਬਿਨਾਂ ਹੋਲੀਆਂ ਦੇ ਭਾਫੇ ਭਾਰ ਤੋਂ ਹੋਰ ਕਿਸ ਨਾਲ ਤੋਲੀਏ ?

ਤੁਹਾਡੇ ਇਸ ਉਦਮ ਤੋਂ ਕਈ ਚੀਲਾਂ ਖੰਭ ਚਿਰਵਾਕੇ ਕੁਰਬਾਨ ਹੋ ਗਈਆਂ। ਪੈਣ ਵੀ ਸਿਧੀ ਪੁੱਠੀ ਵਗ ਵਗ ਕੇ ਤੁਹਾਡੇ ਗੁਡੀਆਂ ਦੇ ਭਾਰ ਢੋ'ਦੀ ਥੱਕ ਸੋਈ। ਕਈ ਅਨਭੋਲ ਬਚਿਆਂ ਦੀਆਂ ਜਾਨਾਂ ਡੋਰ ਗੁਡੀ ਲੁਟਦਿਆਂ ਕੋਠਿਆਂ ਤੋਂ ਡਿਗ ਡਿਗ ਕੇ ਅਜਾਈਂ ਮੌਤੇ ਗਈਆਂ। ਕਈਆਂ ਬਾਲਕਿਆਂ ਦੀਆਂ ਪੜ੍ਹਾਈਆਂ ਚੌੜ ਹੋ ਹੋ ਕੇ ਇਮਤਿਹਾਨੋਂ ਪਾਸ ਹੋਣ ਦੀਆਂ ਉਮੈਦਾਂ ਰਹਿ ਗਈਆਂ। ਕਈ ਕਾਕੇ ਵਿਚਾਰੇ ਆਕੇ ਬਾਕੇ ਇਨ੍ਹਾਂ ਗੁਡੀਆਂ ਦੀ ਖਾਤ੍ਰ ਘਰੋਂ ਚੋਰੀਆਂ ਕਰਨ ਸਿੱਖ ਗਏ। ਕਈ ਅਨਗਹਿਲੇ ਵਿਚਾਰੇ ਬੋ ਕਾਟੇ ਦੀ ਆਵਾਜ਼ ਸੁਣਦੇਹੀਬਾਹਾਂ ਖੜੀ ਕਰੀ, ਵੰਝਾਂ ਤੇ ਢਿੰਗਰ ਜਹੇ ਬਾਉਲੇ ਹੋਏ ਅਵਾਰਾ ਦੌੜੇ ਫਿਰਦੇ ਨਿਕੰਮੀਆਂ ਲੜਾਈਆਂ ਲੜਨ ਸਿੱਖ ਗਏ। ਕੋਈ ਸੁਹਣੇ ਸਜਾਦੇ ਰੰਗੀਲੇ ਜੁਆਨੀ ਚੜਦੇ ਇਨ੍ਹਾਂ ਗੁਡੀਆਂ ਦੀ ਖਾਤ੍ਰ ਦਰਖਤਾਂ ਤੇ ਚੜ੍ਹਦੇ, ਤਲਾਵਾਂ ਵਿਚ ਛਾਲਾਂ ਮਾਰਦੇ, ਨੀਵੇਂ ਉਚੇ ਕੋਠਿਆਂ ਤੋਂ ਟਪਦੇ ਹੋਏ ਡਿਗਦੇ ਢਹਿੰਦੇ ਠਠਰਦੇ ਹਵਾ ਅਤੇ ਸਰਦੀ ਦੇ ਮਾਰੇ ਠੰਢੇ ਹੋ ਗਏ। ਹੋਰ ਵੀ ਕੋਈ ਲੜਕੇ ਇਨ੍ਹਾਂ ਗੁਡੀਆਂ ਡੋਰਾਂ ਦੀ ਖਾਤ੍ਰ ਧਰਮਭ੍ਰਿਸ਼ਟ, ਨੀਚ, ਚੋਰ, ਬਦਮਾਸ਼, ਜੁਆਰੀਏ, ਗੰਢੀ ਛੋੜੇ ਬਣ ਗਏ। ਹੋਰ ਕੀ ਦੱਸੀਏ, ਉਡਾਉਣ ਵਾਲਿਆਂ ਦੀਆਂ ਅੱਖਾਂ ਤਾਂ ਅਸਮਾਨੇ ਹੁੰਦੀਆਂ ਹਨ, ਪਰ ਪੈਰਾਂ ਦਾ ਕੋਈ ਪਤਾ ਨਹੀਂ ਕਿ ਕਿਹੜੇ ਖੂਹ ਪੈਂਦੇ ਹਨ, ਪਤਾ ਤਦ ਲਗਦਾ ਹੈ ਜਦੋਂ ਗਰਦਨ ਦਾ ਮਣਕਾ ਕੜੱਕ ਹੋਗਿਆ। ਕਾਲੀ ਵਰਦੀ ਵਾਲੇ ਗਲੀ ਮਹੱਲਾ ਕੱਠਾ ਕਰਕੇ ਗੁੱਡੀ ਬਾਜ ਨੂੰ ਮੰਜੇ ਤੇ ਪਾਕੇ ਹਸਪਤਾਲ ਦੇ ਰਾਹ ਪਏ। ਪਿੱਛੇ ਭਾਵੇਂ ਸ਼ਨਬੰਧੀਆਂ ਦੀ ਵਹੀਰ ਲਗ ਤੁਰੀ, ਪਰ ਗੁਡੀ ਦੇ ਪ੍ਰੇਮ ਨੇ ਗੁਡੀਬਾਜ ਦੀ ਮੁਕਤੀ ਜਰੂਰ ਕਰ ਦਿੱਤੀ।

ਗੁਡੀਬਾਜ ਦੇ ਹਥ ਬੜੇ ਸੁਹਣੇ ਸੁਧਰੇ ਹੋਏ ਦੇਖਣ ਦੇ ਲਾਯਕ ਹੁੰਦੇ ਹਨ। ਡੋਰਾਂ ਦੇ ਚੀਰਾਂ ਨਾਲ ਉਂਗਲਾਂ ਚੀਰੀਆਂ ਹੋਈਆਂ, ਕੋਹੜਿਆਂ ਵਾਕਰ ਲੀਰਾਂ ਲਪੇਟੀਆਂ ਹੋਈਆਂ, ਪੈਰੋਂ ਨੰਗੇ, ਸਿਰਾਂ ਤੇ ਵਾਲ ਬਿਖਰੇ ਹੋਏ, ਚਿੱਤਾਂ ਦੀਆਂ ਬ੍ਰਿਤੀਆਂ ਪੰਖੇਰੂ ਹੋਈਆਂ ਅਕਾਸ਼ ਵਿਚ ਪੇਚ ਖਾਂਦੀਆਂ ਫਿਰਦੀਆਂ ਹਨ। ਛਡ ਪਿੜੀ, ਦੇਹ ਡੋਰ, ਦਈ ਚਲ ਡੋਰ, ਲਗਾ ਜਾਂਦਾਈ, ਛੱਡ ਡੋਰ, ਔਹ ਬੋ ਕਾਟਾ ਹੋ ਗਿਆ, ਸ਼ਪਾ ਸ਼ਪ ਖਿੱਚ ਡੋਰ, ਸ਼ਪਾ ਸ਼ਪ ਖਿੱਚ। ਚੱਲ ਹਥੋਂ ਤੋੜ ਕੇ ਛਡ ਦੇਹ ਇਤਯਾਦਿਕ ਮਹਾਂ ਵਾਕਾਂ ਤੋਂ ਬਿਨਾਂ ਹੋਰ ਕਿਹੜਾ ਉਤਮ ਭਜਨ ਹੋਣਾ ਹੋਇਆ। ਹੋਰ ਕਿੱਥੋਂ ਤਾਈਂ ਵਡੀ

Digitized by Panjab Digital Library | www.panjabdigilib.org

ਵਡਿਆਈ ਇਨ੍ਹਾਂ ਗੁੱਡੀਆਂ ਡੋਰਾਂ ਦੇ ਉੱਦਮ ਦੀ ਕਰੀ ਜਾਈਏ। ਹੋਰ ਪਦਾਰਥਾਂ ਦੀ ਜੂਠ ਅਥਵਾ ਮੈਲ ਰਹਿ ਜਾਂਦੀ ਹੈ, ਗੁੱਡੀ ਡੋਰ ਦੀ ਖੇਡ ਵਿਚ ਧਨ ਪਦਾਰਥ ਦੀ ਕੋਈ ਜੂਠ ਨਹੀਂ ਰਹਿੰਦੀ ਅਤੇ ਨਾਹੀ ਕੋਈ ਮੈਲ ਬਣਦੀ ਹੈ ਕਿਉਂਕਿ ਇਹ ਪਦਾਰਥ ਕਿਸੇ ਦੇ ਮੂੰਹ ਨਹੀਂ ਪੈਂਦਾ, ਕਿਸੇ ਦੇ ਅਰਥ ਨਹੀਂ ਲੱਗਦਾ, ਆਪਣੇ ਹਥੀਂ ਅਕਾਸ਼ (ਸੁਰਗ) ਵਿਚ ਉਡਾ ਕੇ ਪੁਚਾ ਦੇਈਦਾ ਹੈ। ਹੋਰ ਬੀਜ ਜ਼ਮੀਨ ਵਿਚ ਬੀਜ ਕੇ ਕਈ ਗੁਣਾਂ ਫਲ ਦੀ ਆਸਾ ਕਰੀ ਦੀ ਹੈ, ਗੁੱਡੀ ਡੋਰ ਦਾ ਬੀਜ ਅਕਾਸ਼ ਵਿਚ ਬੀਜੀਦਾ ਹੈ, ਜਿੱਥੇ ਪਾਣੀ ਦੇਣ ਦੀ ਕੋਈ ਲੋੜ ਨਹੀਂ, ਫਲ ਦੀ ਕਾਮਨਾ ਹੀ ਕੋਈ ਨਹੀਂ ਕਰਦਾ, ਕਿਉਂਕਿ ਜਿੱਥੇ ਵੱਢਣ, ਗਾਹਣ, ਖਲਵਾੜੇ ਕਰਕੇ ਬੋਹਲ ਸਾਂਭਣ ਦੀ ਅਤੇ ਹਾਲੇ ਮਾਮਲੇ ਭਰਨ ਦੀ ਕੋਈ ਖਿੱਚ ਨਹੀਂ, ਜਿਨ੍ਹਾਂ ਦੇ ਫਸਲਾਂ ਵਿਚ ਜਾਨ ਹਥੇਲੀ ਤੇ ਸਿਰ ਤਲੀ ਤੇ ਗੁੱਡੀਆਂ ਤੋਂ ਕੁਰਬਾਨ ਕਰਨ ਲਈ ਗੁੱਡੀ ਬਾਜ ਨਿਸੰਗ ਲਈ ਫਿਰਦੇ ਹਨ। ਏਨੇਕੁ ਗੁੱਡੀਆਂ ਦੇ ਗੁਣ ਅਤੇ ਵਡਿਆਈਆਂ ਪ੍ਰਤੱਖ ਵੇਖ ਵੇਖ ਕੇ ਸਾਡੀ ਜੀਭ ਸੜੇ ਅਸੀਂ ਕਿਸ ਤਰ੍ਹਾਂ ਕਹਿ ਦਿਆਂਗੇ ਜੋ ਗੁੱਡੀਆਂ ਦੀ ਖੇਡ ਗੁਰਮਤ ਦੇ ਵਿਰੁੱਧ ਨਹੀਂ।

ਭਾਵੇਂ ਗੁੱਡੀਆਂ ਦੀ ਖੇਡ ਵਿਚ ਧਨ ਵਿਅਰਥ ਉੱਡ ਜਾਂਦਾ ਹੈ, ਜੋ ਕਿਸੇ ਦੇ ਕੰਮ (ਅਰਥ) ਨਹੀਂ ਆਉਂਦਾ। ਵੇਲਾ ਜੋ ਇਕ ਅਮੋਲਕ ਪਦਾਰਥ ਕਰਤਾਰ ਨੇ ਬਖਸ਼ਿਆ ਹੈ, ਉਹ ਭੀ ਏਵੇਂ ਹੋਇ ਹੋਇ ਦੇ ਭਾੜੇ ਵਿਚ ਭੁੱਖਿਆਂ ਤਿਹਾਇਆਂ ਤੇ ਛਾਲਾਂ ਮਾਰਦਿਆਂ, ਅਥਵਾ ਮਕਾਨਾਂ ਵਾਲਿਆਂ ਦੀਆਂ ਰੱਜ ਰੱਜ ਕੇ ਗਾਲ੍ਹਾਂ ਖਾਂਦਿਆਂ ਬਿਅਰਥ ਬੀਤ ਜਾਂਦਾ ਹੈ। ਉਸਤਾਦ ਅਤੇ ਮਾਂ ਪਿਉ ਪਾਸੋਂ ਸ਼ਰਮਿੰਦਗੀ ਦਿਵਾਉਣ ਵਾਲੀ ਇਹੋ ਜੇਹੀ ਹੋਰ ਕੋਈ ਖੇਡ ਨਹੀਂ ਹੈ, ਪਰ ਤਦ ਵੀ ਮੈਂ ਲਾਚਾਰ ਹਾਂ, ਇਹੋ ਹੀ ਕਹਾਂਗਾ ਕਿ ਗੁੱਡੀਆਂ ਕਦੀ ਗੁਰਮਤ ਦੇ ਅਨਕੂਲ ਨਹੀਂ ਹੋ ਸਕਦੀਆਂ। ਮੇਰੇ ਗੁਰੂ ਸੱਚਾ ਪਾਤਸ਼ਾਹ ਜਦ ਕਹਾਵੇ ਤਾਂ ਏਹੋ ਬਚਨ ਕਹਾਵੇ:-

'ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਗਿ।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ'॥

Digitized by Panjab Digital Library | www.panjabdigilib.org

੧੦.

ਜੰਗ ਮੜੋਲੀ

ਸੂਚਨਾ—ਇਹ ਲੇਖ ੧੯੦੩ ਈ: ਵਿਖੇ ਖਾ: ਟ੍ਰੈ: ਸੁ: ਅੰ: ਦੇ ਚਾਰ ਟ੍ਰੈਕਟਾਂ ਨੰ: ੨੦੭, ੨੦੮, ੨੧੧ ਤੇ ੨੧੨ ਦੇ ਰੂਪ ਵਿਚ ਚਾਰ ਭਾਗਾਂ ਵਿਚ ਛਪਿਆ ਸੀ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥
[ਆਸਾ ਮਹਲਾ ੧

ਜੈਤਾ ਮੜੋਲੀ

[ਭਾਗ ਪਹਿਲਾ]

ਇਹੁ ਮਨੁ ਸਕਤੀ ਇਹੁ ਮਨੁ ਸੀਉ॥
ਇਹੁ ਮਨੁ ਪੰਚ ਭੂਤ ਕੋ ਜੀਉ ॥
[ਗਉੜੀ ਬਾ: ਅ: ਕ:]

ਇਕ ਅਚਰਜ ਅਨੋਖੇ ਰਮਣੀਕ ਅਤੇ ਘਣੇ ਵਸਨੀਕ ਸ਼ਹਿਰ ਵਿਚ ਕੁਝਕੁ ਘਰ ਸਿੱਖਾਂ ਅਤੇ ਸਿੰਘਾਂ ਦੇ ਵੱਸਦੇ ਸਨ।

ਇਨ੍ਹਾਂ ਘਰਾਂ ਵਿਚ ਇਕ ਘਰਾਣਾ ਚੰਗਾ ਟੁੱਕਰ ਖਾਂਦਾ ਜਗੀਰਦਾਰ ਵੱਸਦਾ ਸੀ, ਪਰਵਾਰ ਅਤੇ ਸਾਕਾਂ ਸਨਬੰਧਾਂ ਵਿਚ ਵੀ ਬਹੁਤ ਫੈਲਿਆ ਹੋਇਆ ਸੀ। ਇਸ ਘਰਾਣੇ ਦੇ ਵਡੇ ਮਾਲਕ ਦਾ ਨਾਉਂ ਲੋਕੀਂ ਸਰਦਾਰ ਅਪਰਮਿਤ ਸਿੰਘ ਕਰਕੇ ਕਹਿੰਦੇ ਸਨ। ਇਹ ਸਰਦਾਰ ਧਨ ਪਦਾਰਥ ਪਰਿਵਾਰ ਕਰਕੇ ਸੱਚਮੁਚ ਅਪਰਮਿਤ ਹੀ ਸਾ। ਇਸਦੇ ਛੇ ਪੁਤ੍ਰ ਬੜੇ ਲਾਇਕ ਨਾਮੀ ਗਰਾਮੀ ਚੰਗੇ ਚੰਗੇ ਅਹੁਦਿਆਂ ਪਰ ਸਨ। ਕੋਈ ਡਿਪਟੀ ਸਾ, ਕੋਈ ਮੁਨਸਫ ਸਾ, ਕੋਈ ਪਲੀਡਰ ਸਾ, ਕੋਈ ਬੈਰਿਸਟਰ ਸਾ, ਕੋਈ ਇਨਸਪੈਕਟਰ ਸਾ, ਪਰ ਛੇਵਾਂ ਪੁਤ੍ਰ ਸਭ ਤੋਂ ਛੋਟਾ ਸਾ ਅਤੇ ਮਾਂ ਪਿਉ ਦਾ ਵਡਾ ਲਾਡਲਾ ਹੋਣ ਕਰਕੇ ਇਸਦਾ ਨਾਉਂ ਪਿਤਾ ਨੇ ਲਾਡਾਂ ਨਾਲ ਅਲਬੇਲਾ ਸਿੰਘ ਰੱਖਿਆ ਹੋਇਆ ਸੀ। ਇਹ ਬਰਖੁਰਦਾਰ ਪੜ੍ਹਾਈ ਵਿਚ ਐਮ. ਏ. ਦੀ ਡਿਗਰੀ ਲੈ ਚੁਕਾ ਸੀ, ਪਰ ਅਜੇ ਕਿਸੇ ਕੰਮ ਦੇ ਸਿਰ ਤੇ ਨਹੀਂ ਸੀ ਹੋਇਆ, ਇਸਨੂੰ ਇਮਤਿਹਾਨੋਂ ਵਿਹਲੇ ਹੋਣ ਦੇ ਕਾਰਨ ਨਾਵਲ ਪੜ੍ਹਨ ਦਾ ਸ਼ੌਂਕ ਪੈ ਗਿਆ, ਦਿਨ ਰਾਤ ਨਾਵਲਾਂ ਦੀ ਪੜ੍ਹਾਈ ਵਿਚ ਮਸਤ ਰਹਿੰਦਾ ਸੀ। ਜੀਕਰ ਕੋਈ ਭੌਰਾ ਭੌਰਾ ਪੀਕੇ ਹਰ ਵੇਲੇ ਆਪਣੇ ਤਰੰਗਾਂ ਵਿਚ ਉਛਲਦਾ ਰਹਿੰਦਾ ਹੈ, ਓਕਰ ਹੀ ਕਿਸੇ ਕਿਸੇ ਵੇਲੇ ਇਹ ਲਾਡਲਾ ਨਾਵਲ ਪੜ੍ਹਦਾ ਹੋਇਆ ਆਪੇ ਹੀ ਹੱਸਣ ਲਗ ਪੈਂਦਾ, ਕਦੀ ਰੋਣ ਲਗ ਜਾਂਦਾ, ਕਦੀ ਖਿੱਦੋ ਵਾਂਗ ਬੁੜ੍ਹਕ ਬੁੜ੍ਹਕ ਪੈਂਦਾ। ਖਾਣਾ, ਪੀਣਾ, ਸੌਣਾ ਤਾਂ ਕਈ ਵੇਰ ਭੁੱਲ ਜਾਂਦਾ, ਪਰ ਨਾਵਲਾਂ ਦੀ ਬਹਾਰ ਵਿਚ ਹਰ ਵੇਲੇ ਲਾਲੋ ਲਾਲ ਰਹਿੰਦਾ।

ਜੇ ਕਿਤੇ ਹਵਾ ਖਾਣ ਲਈ ਬਾਗ਼ ਬਗੀਚੇ ਵਿਚ ਜਾਂਦਾ ਤਾਂ ਭੀ ਕੋਈ ਨ ਕੋਈ ਨਾਵਲ ਅਵਸ਼ੱਸ਼ ਹੱਥ ਵਿਚ ਰਖਦਾ। ਬਗ਼ੀਚੇ ਦੇ ਫੁੱਲਾਂ ਅਤੇ ਦਰਖਤਾਂ ਦੀ ਕਿਸੇ ਖੂਬੀ ਵਲ ਅੱਖ ਪਰਤਕੇ ਵੀ ਨਾ ਦੇਖਦਾ, ਨਿਰਾ ਨਾਵਲਾਂ ਹੀ ਪੜ੍ਹਦਾ ਰਹਿੰਦਾ। ਕਿਸੇ ਯਾਰ ਦੋਸਤ ਮਿਤ੍

Digitized by Panjab Digital Library | www.panjabdigilib.org

ਬੁਰਾ ਭਾਈ ਸਨਬੰਧੀ ਨਾਲ ਵੀ ਕੋਈ ਗਲ ਬਾਤ ਨਾ ਕਰਦਾ, ਨਿਰਾ ਆਪਣੀ ਹੀ ਧੁਨ ਵਿਚ ਲਗਾ ਰਹਿੰਦਾ । ਇਸਦੇ ਇਜੇਹੇ ਅਨੋਖੇ ਰਟਨ ਨੂੰ ਵੇਖਕੇ ਮਾਂ ਪਿਉ ਨੇ ਕੋਈ ਵੇਰੀ ਸਮਝਾਇਆ, ਬੁਝਾਇਆ, ਭਰਾਵਾਂ ਨੇ ਨਸੀਹਤਾਂ ਕੀਤੀਆਂ, ਮੱਤਾਂ ਦਿੱਤੀਆਂ, ਪਰ ਇਸ ਨਾਵਲਾਨੁਰਾਗੀ ਪੁਰਖ ਨੇ ਕਿਸੇ ਦੀ ਇਕ ਵੀ ਜੀ ਵਿਚ ਨਾ ਵਸਾਈ ਅਤੇ ਨਾ ਨਾਵਲਾਂ ਤੋਂ ਅੱਖ ਫਿਰਾਈ; ਨਿਰਾ ਆਪਣੀ ਲੇ ਵਿਚ ਮਸਤ ਅਤੇ ਨਾਵਲ ਪੜ੍ਹਨ ਵਿਚ ਇਹ ਹਰ ਵੇਲੇ ਚੁਸਤ ਬਣਿਆ ਰਹਿੰਦਾ ।

ਜੇ ਕਦੀ ਨਵੀਂ ਕਿਤਾਬ ਨਾਵਲ ਦੀ ਆਉਣ ਵਿਚ ਦੇਰ ਹੁੰਦੀ ਤਾਂ ਆਪ ਨਾਵਲ ਰਚਦਾ, ਉਪਰੰਤ ਉਨ੍ਹਾਂ ਦੇ ਛਪਾਉਣ ਦੀਆਂ ਤਦਬੀਰਾਂ ਸੋਚਦਾ, ਪਰੰਤੂ ਆਪਣੇ ਅਖਤਜਾਰ ਵਿਚ ਇਤਨਾ ਖੁੱਲ੍ਹਾ ਪਦਾਰਥ ਨਾ ਹੋਣੇ ਕਰਕੇ ਨਿਰੀ ਆਪਣੀਆਂ ਅਲਮਾਰੀਆਂ ਦੀ ਸਜਾਵਟ ਹੀ ਪੂਰੀ ਕਰ ਛਡਦਾ।ਇਜੇਹੇ ਨਾਵਲਾਂ ਦੇ ਪ੍ਰੇਮੀ ਅਲਬੇਲਾ ਸਿੰਘ ਨੂੰ ਕਾਲਜ ਛਡਿਆਂ ਡੇਢ ਕੁ ਵਰ੍ਹਾ ਬੀਤ ਗਿਆ, ਇੰਨੇ ਚਿਰ ਵਿਚ ਇਸਨੇ ਦੋ ਸੌ ਬਹੁਤ ਨਾਵਲਾਂ ਪੜ੍ਹ ਪੜ੍ਹਕੇ ਅਲਮਾਰੀਆਂ ਸਜਾਈਆਂ । ਇਕੁਰ ਹੀ ਨਿਤ ਨਵੀਂ ਨਾਵਲ ਖਰੀਦਦਾ ਦਿਨ ਰਾਤ ਕਰਕੇ ਅੱਖਾਂ ਵਿਚ ਦੀ ਕਢਦਾ। ਆਪਣਾ ਜੇਬ ਖਰਚ ਜੋ ਕਝ ਪਿਤਾ ਵਲੋਂ ਮਿਲਦਾ ਉਹ ਸਾਰਾ ਨਾਵਲਾਂ ਤੇ ਖਰਚ ਕਰਕੇ ਫਿਰ ਵੀ ਕਰਜਾਈ ਬਣਿਆ ਰਹਿੰਦਾ।

ਇਕ ਦਿਨ ਦੈਵਨੇਤ ਨਾਲ ਸਰਦਾਰ ਅਪਰਮਿਤ ਸਿੰਘ ਜੀ ਦੇ ਘਰ ਇਕ ਗੁਰਮੁਖ ਪੁਰਖ ਚੰਗੇ ਵਿਦਵਾਨ ਅਤੇ ਧਾਰਨਾਂ ਵਾਲੇ, ਰਹਤ ਬਹਤ ਦੇ ਪੱਕੇ, ਨਿਤਨੇਮ ਦੇ ਨੇਮੀ, ਗੁਰਬਾਣੀ ਦੇ ਪ੍ਰੇਮੀ,ਦੇਸ਼ਾਂ ਦੇਸ਼ਾਂਤ੍ਰਾਂ ਦਾ ਸੈਲਾ ਕਰਦੇ, ਬਿਅੰਤ ਕੁਦਰਤ ਦੇ ਰੰਗਾਂ ਦੇ ਦਮ ਭਰਦੇ, ਹਰਿ ਗੁਣ ਗਾਉਂਦੇ, ਭੁੱਲਿਆਂ ਨੂੰ ਪਰਮਾਰਥ ਦੇ ਰਾਹ ਪਾਉਂਦੇ,ਆਣ ਉਤਰੇ।

ਸਰਦਾਰ ਅਪਰਮਿਤ ਸਿੰਘ ਜੀ ਵੀ ਪੁਰਾਣੇ ਸਿੰਘਾਂ ਵਿਚੋਂ ਚੰਗੀ ਧਾਰਨਾ ਵਾਲੇ ਸਤਿਸੰਗੀ ਸਿੰਘ, ਰਹਿਤ ਬਹਿਤ ਦੇ ਭਰੋਸੇ ਅਤੇ ਦਾਈਏ ਵਾਲੇ ਸਿੰਘ ਸੇ, ਉਪਰੋਕਤ ਭਾਈ ਦਿਵਾਕਰ ਸਿੰਘ ਜੀ ਇਨ੍ਹਾਂ ਦੇ ਪੁਰਾਣੇ ਸਤਿਸੰਗੀ ਅਤੇ ਮੇਲੀ ਹੋਣੇ ਕਰਕੇ ਬਾਹਲਾ ਸਰਦਾਰ ਹੁਰਾਂ ਦੇ ਘਰ ਹੀ ਉਤਰਿਆ ਕਰਦੇ ਸੇ,ਇਸ ਵਾਰਾਂ ਵੀ ਭਾਈ ਜੀ ਨੇ ਏਥੇ ਹੀ ਡੇਰਾ ਕੀਤਾ ।

ਸਰਦਾਰ ਹੋਰਾਂ ਵੀ ਵਡੇ ਪ੍ਰੇਮ ਅਤੇ ਭਾਰੀ ਭਾਵਨਾਂ ਕਰਕੇ ਕੁਝ ਦਿਨਾਂ ਦੇ ਸਤਿਸੰਗ ਦੇ ਪਰਚੇ ਲਈ ਭਾਈ ਜੀ ਨੂੰ ਆਪਣੇ ਪਾਸ ਅਟਕਾ ਲਿਆ । ਸਰਦਾਰ ਹੋਰਾਂ ਦੀ ਗੋਸ਼ਟ ਸੰਤਾਂ ਨਾਲ ਹਰ ਵੇਲੇ ਗਰਮ ਰਹਿਣ ਲਗੀ, ਗੁਰਮਤ ਦੇ ਚੰਗੇ ਚੰਗੇ ਬਚਨ ਬਿਲਾਸ ਹੁੰਦੇ, ਗੁਰਬਾਣੀ ਦੇ ਅਰਥ ਅਤੇ ਭਾਵ ਆਦਿਕਾਂ ਦੇ ਨਿਰਣੇ ਕਰਦੇ, ਰਹਿਤ ਬਹਿਤ ਪਰਥਾਇ ਡੂੰਘੇ ਡੂੰਘੇ ਵੇਰਵੇ ਖੁੱਲ੍ਹਦੇ. ਸਿਖੀ ਅਤੇ ਸਿਦਕ ਭਰੋਸੇ ਦੇ ਪ੍ਰਕਰਣਾਂ ਵਿਚ ਕਈ ਸਾਦਿਕਾਂ ਦੀਆਂ ਸਾਖੀਆਂ ਸੁਣਾਉਂਦੇ, ਜੋ ਕੁਝ ਗੁਰ ਘਰ ਪਰਥਾਇ ਸਰਦਾਰ ਹੋਰੀਂ ਪ੍ਰਸ਼ਨ ਕਰਦੇ ਉਸਦਾ ਸਮਾਧਾਨ ਭਾਈ ਦਿਵਾਕਰ ਸਿੰਘ ਜੀ ਬੜੀ ਚੰਗੀ ਤਰ੍ਹਾਂ ਗੁਰਮਤ ਅਨੁਸਾਰ ਕਰਦੇ । ਇਸੇਤਰ੍ਹਾਂ ਸਤਿਸੰਗ ਦੇ ਅਨੰਦ ਵਿਚ ਕੋਈ ਕੁ ਦਿਨ ਗੁਜ਼ਰ ਗਏ। ਹੋਰ ਤਾਂ ਸਾਰਾ ਟੱਬਰ ਇਨ੍ਹਾਂ ਗੁਰਮੁਖਾਂ ਦੇ ਬਚਨ ਬਿਲਾਸ ਸੁਣਦਾ ਅਤੇ ਰਹਤ ਬਹਤ ਵਿਚ ਦਿਨੋਂ ਦਿਨ ਪੱਕਾ ਤੇ ਪੀਡਾ ਹੁੰਦਾ ਗਿਆ, ਪਰੰਤੂ ਸਰਦਾਰ ਅਲਬੇਲ ਸਿੰਘ ਆਪਣੀ

Digitized by Panjab Digital Library | www.panjabdigilib.org

ਨਾਵਲਾਂ ਪੜ੍ਹਨਵਾਲੀ ਚਾਲੇ ਪਿਆ ਰੇਲ ਗਡੀ ਵਾਂਙੂ ਅਥੱਕ ਪਟੜੀ ਤੋਂ ਨਾ ਹਿੱਲਿਆ। ਇਕ ਰਾਤ ਨੂੰ ਭਾਈ ਦਿਵਾਕਰ ਸਿੰਘ ਜੀ ਨੇ ਸਰਦਾਰ ਹੋਰਾਂ ਨੂੰ ਪੁੱਛਿਆ ਕਿ ਇਹ ਬਾਲਕਾ ਜੋ ਸਾਹਮਣੇ ਕਮਰੇ ਵਿਚ ਲੈਂਪ ਦੇ ਚਾਨਣੇ ਬੈਠਾ ਹੋਇਆ ਕਿਤਾਬ ਘੋਖ ਰਿਹਾ ਹੈ, ਕੀ ਪੜ੍ਹਦਾ ਹੈ? ਕੀ ਇਸਨੂੰ ਕਿਸੇ ਇਮਤਿਹਾਨ ਦੇਣ ਦੀ ਬਹੁਤ ਤਾਂਘ ਹੈ? ਚੰਗਾ ਤਕੜਾ ਗੱਠਕੇ ਲਗਾ ਹੋਇਆ ਹੈ?

ਸਰਦਾਰ ਹੁਰਾਂ ਬੇਨਤੀ ਕੀਤੀ ਕਿ ਇਹ ਇਮਤਿਹਾਨ ਦੇਕੇ ਵਿਹਲਾ ਹੋ ਚੁਕਾ ਹੈ, ਡੇਢ ਬਰਸ ਇਮਤਿਹਾਨ ਪਾਸ ਕੀਤੇ ਨੂੰ ਬੀਤ ਚੁਕਾ ਹੈ ਪਰੰਤੂ ਕਿਸੇ ਕਾਰੇ ਨਹੀਂ ਲੱਗਾ, ਕਿਉਂਕਿ ਅਜ ਕਲ ਨੌਕਰੀ ਬਹੁਤ ਦੁਰਲਭ ਹੋ ਗਈ ਹੈ। ਭਾਵੇਂ ਸਫਾਰਸ਼ ਦਰਖ਼ਾਸਤ ਕੋਈ ਜਗ੍ਹਾ ਕੀਤੀ ਕਰਾਈ ਹੈ ਪਰ ਅਜੇ ਤਕ ਕਿਤੇ ਢੋ ਨਹੀਂ ਢੁੱਕਾ। ਇਸ ਲਈ ਕਈ ਸੋਚਾਂ ਵਿਚਾਰਾਂ ਕਰ ਰਹੇ ਹਾਂ ਭਈ ਕਿਤੇ ਕੋਈ ਹੱਟੀ ਪੱਟੀ ਹੀ ਕਰ ਦੇਈਏ, ਜਾਂ ਕਿਤੇ ਠੇਕੇਦਾਰੀ ਦਾ ਹੀ ਕੰਮ ਲੈ ਦੇਈਏ। ਵਿਹਲਾ ਰਹਿਣ ਕਰਕੇ ਇਹ ਦਿਨ ਰਾਤ ਅਖੰਡ ਨਾਵਲਾਂ ਪੜ੍ਹਨ ਵਿਚ ਲਗਾ ਹੋਇਆ ਹੈ, ਆਪਣੇ ਖਾਣ ਪੀਣ, ਸੌਣ ਜਾਗਣ ਦੀ ਵੀ ਕੋਈ ਲੰਮੀ ਹੋਸ਼ ਨਹੀਂ ਰਖਦਾ। ਕੀੜੇ ਵਾਂਗ ਕਿਤਾਬਾਂ ਨੂੰ ਲਗਾ ਹੋਇਆ ਉਨ੍ਹਾਂ ਵਿਚੋਂ ਨਿਕਲਦਾ ਹੀ ਨਹੀਂ। ਖਰਚ ਨਾਵਲਾਂ ਤੇ ਇੰਨਾਂ ਕਰਦਾ ਹੈ ਕਿ ਬੱਸ ਕੁਝ ਪੁੱਛੋ ਹੀ ਨਾ। ਕੇਈ ਵਾਰਾਂ ਸਮਝਾ ਚੁਕੇ ਹਾਂ ਭਈ ਐਦਾਂ ਨਾਵਲਾਂ ਦਾ ਪੜ੍ਹਨਾ ਨਿਰਾ ਸ਼ੁਦਾਪੁਣਾ ਹੈ, ਪਰ ਇਸਨੂੰ ਇਕ ਨਹੀਂ ਪੌਂਹਦੀ।

ਭਾਈ ਦਿਵਾਕਰ ਸਿੰਘ ਜੀ--ਸਰਦਾਰ ਜੀ ਨਾਵਲ ਕੀ ਹੁੰਦੇ ਹਨ?

ਸਰਦਾਰ ਜੀ--ਮਹਾਰਾਜ, ਨਾਵਲ ਅੰਗ੍ਰੇਜ਼ੀ ਵਿਚ ਮਨਘੜਤ ਕਿੱਸੇ ਕਹਾਣੀਆਂ ਦੀ ਰਚਿਤ ਕਿਤਾਈਂ ਨੂੰ ਕਹਿੰਦੇ ਹਨ। ਕਿੱਸੇ-ਠੱਪ ਲੋਗ ਅਕਾਸ਼ਵਿਚਖਿਆਲੀ ਮਹਿਲ ਉਸਾਰਕੇ ਵਿਖਾ ਦਿੰਦੇ ਹਨ।ਨਾਵਲ ਵਿਚ ਇਕ ਹੀਰੋ(ਰਸਕ ਯਾ ਨਾਯਕ)ਅਤੇ ਦੂਜੀ ਹੀਰੋਇਨ(ਨਾਇਕਾ)ਕਲਪ ਕੇ ਉਸਦਾ ਕਿੱਸਾ ਜੋੜ ਕੱਢਦੇਹਨ,ਰਚਨਾਂਅਤੇ ਦਰਸ਼ਨ ਬਹੁਤ ਮਨੋਹਰ ਹੁੰਦੇ ਹਨ, ਪਰ ਕਿਤੇ ਕਿਤੇ ਸਿਖਜਾ, ਉਪਦੇਸ਼,ਤਰਕ, ਦੇਖ ਦ੍ਰਿਸ਼ਟੀ ਆਦਿ ਬਹੁਤ ਅੱਛੇ ਨਿਭੇ ਹੋਏ ਹੁੰਦੇ ਹਨ। ਸਾਰੇ ਨਾਵਲ ਦੀ ਬਣਤ ਨਿਰੀ ਅਕਾਸ਼ ਦੇ ਹੀ ਫੁੱਲਾਂ ਵਾਕਰ ਹੁੰਦੀ ਹੈ। ਨਿਰੇ ਨਾਵਲਾਂ ਦੇ ਪੜ੍ਹਾਕੂਆਂ ਨੂੰ ਨਾਵਲਾਂ ਬਹੁਤਾ ਸ਼ੁਦਾਈ ਕਰ ਛਡਦੀਆਂ ਹਨ। ਕਿਉਂਕਿ ਉਹ ਸਿਖ ਮਤ ਨਹੀਂ ਚੁਣਦੇ ਨਿਰੇ ਕਹਾਣੀ ਦੇ ਰਸ ਵਿਚ ਪੜ੍ਹਦੇ ਪੜ੍ਹਦੇ ਦਿਮਾਗ ਥਕਾ ਲੈਂਦੇ ਹਨ। ਜੇ ਕੋਈ ਪੜ੍ਹਾਕੂ ਸ਼ੁਦਾਈ ਨਾ ਹੋਵੇ ਭਾਂ ਭੀ ਸੰਸਾਰ ਦੇ ਕੰਮਾਂ ਕਾਰਾਂ ਜੋਗਾ ਨਹੀਂ ਰਹਿਣ ਦੇਂਦੀਆਂ। ਹਰ ਵੇਲੇ ਉਸ ਨਿਕੰਮੇ ਦੀਆਂ ਅੱਖਾਂ ਅੱਗੇ ਨਾਵਲਾਂ ਦੇ ਪੜ੍ਹੇ ਹੋਏ ਬਨ, ਬਾਗ, ਪਹਾੜ, ਚਸ਼ਮੇ,ਪੱਥਰ, ਰੇਗਸਤਾਨ, ਦਰਿਆ, ਹਨੇਰਾ, ਬਿਜਲੀ, ਬਾਰਸ਼, ਅੱਗ, ਲੜਾਈ, ਖ਼ੂਨ, ਡਾਕੇ,ਚੋਰੀਆਂ ਛਲ,ਧੋਖੇ, ਪਾਪ, ਦਰੋਹ,ਸੂਰਤਾਂ ਬਣ ਬਣ ਕੇ ਘੁੰਮਦੇ ਰਹਿੰਦੇ ਹਨ। ਇਜੇਹੇ ਖਿਆਲੀ ਖਿਆਲਾਂ ਵਿਚ ਜਦ ਅਕਲ ਫਸਕੇ ਉਲਝ ਜਾਂਦੀ ਹੈ ਤਦ ਪ੍ਰਤੱਖ ਪਦਾਰਥ ਜੋ ਹਰ ਵੇਲੇ ਵਰਤਣ ਦੇ ਹਨ ਉਨ੍ਹਾਂ ਤੋਂ ਬੁੱਧਿ ਭ੍ਰਮਕ ਹੋ ਜਾਂਦੀ ਹੈ, ਜਿਸਦਾ ਫਲ ਘਰਾਂ ਵਿਚ ਛਿਥਿਆਣ, ਕਲਹ ਕਲੇਸ਼ ਤੇ ਉਪੱਦ੍ਰਵ ਉਠ ਖੜੋਂਦੇ ਹਨ। ਕਦੀ ਪੜ੍ਹਾਕੂ ਅਪਣੇ ਆਪ ਨੂੰ ਹੀਰੋ ਮੰਨ ਬੈਠਦਾ ਹੈ ਜਿਸ ਕਰਕੇ ਲੋਕੀਂ

Digitized by Panjab Digital Library | www.panjabdigilib.org

ਸ਼ੁਦਾਈ ਕਹਿਣ ਲਗ ਜਾਂਦੇ ਹਨ, ਨਹੀਂ ਤਾਂ ਆਪ ਵੀ ਨਾਵਲ ਹੀ ਰਚਣ ਲਗ ਪੈਂਦਾ ਹੈ। ਪੜ੍ਹਾਕੂ ਭਾਵੇਂ ਇਹ ਗਲ ਚੰਗੀ ਤਰ੍ਹਾਂ ਜਾਣਦਾ ਵੀ ਹੈ ਕਿ ਨਾਵਲਾਂ ਦੇ ਪਦਾਰਥ ਸਾਰੇ ਹੀ ਖਿਆਲੀ ਹੁੰਦੇ ਹਨ, ਪਰ ਤਾਂ ਭੀ ਪਿਆਰ, ਸ਼ੰਕਾ, ਗਿਲਾਨੀ, ਕਰੁਣਾ, ਰੋਣਾ, ਹੱਸਣਾ, ਆਦਿਕ ਕ੍ਰਿਆ ਕਰਨੋਂ ਨਹੀਂ ਰੁਕਦਾ, ਬੇਵਸਾ ਹੋਕੇ ਕਰਦਾ ਹੈ। ਮੁਕਦੀ ਗਲ ਇਹ ਹੈ ਜੋ ਨਾਵਲਾਂ ਦੇ ਪੜ੍ਹਾਕੂ ਨਾਵਲਾਂ ਦੇ ਸਰੂਪ ਹੀ ਹੋ ਜਾਂਦੇ ਹਨ।

ਭਾਈ ਜੀ—ਤਾਂ ਤਾਂ ਛੋਟੇ ਸਰਦਾਰ ਹੋਰੀਂ ਬੜੇ ਪ੍ਰੇਮੀ ਪੁਰਖ ਹਨ(ਅਵਾਜ ਮਾਰਕੇ) ਸਰਦਾਰ ਅਲਬੇਲਾ ਸਿੰਘ ਜੀ ! ਜ਼ਰਾ ਕਿਰਪਾ ਕਰਕੇ ਏਧਰ ਦਰਸ਼ਨ ਤਾਂ ਦਿਓ।

ਅਲਬੇਲਾ ਸਿੰਘ—ਕਿਤਾਬ ਵਿਚ ਨਿਸ਼ਾਨੀ ਰੱਖਕੇ ਅੱਖਾਂ ਮਲਦੇ ਹੋਏ ਨੇ ਆਕੇ ਫਤੇ ਗਜਾਈ। ਭਾਈ ਜੀ ਨੇ ਵਡੇ ਸਤਿਕਾਰ ਅਤੇ ਪਿਆਰ ਨਾਲ ਪਾਸ ਬਿਠਾਇਆ ਤੇ ਆਖਿਆ-ਸਰਦਾਰ ਜੀ! ਅਸੀਂ ਤੁਹਾਡੇ ਦਰਸ਼ਨ ਲਈ ਕੇਡੀ ਦੂਰੋਂ ਚੱਲਕੇ ਆਏ ਹਾਂ ਤੇ ਤੁਸੀਂ ਬੱਸ ਕਿਤਾਬ ਵਿਚ ਨਿਰੇ ਕਿਤਾਬ ਰੂਪ ਹੋ ਰਹੇ ਹੋ। ਭਲਾ ਇਹ ਤਾਂ ਦੱਸੋ ਨਾਵਲਾਂ ਦੇ ਗੱਫੇ ਆਪੇ ਆਪ ਹੀ ਲਾਈਦੇ ਹਨ ਕਿ ਕਿਸੇ ਨੂੰ ਵੰਡਕੇ ਵੀ ਛਕਦੇ ਹੋ?

ਅਲਬੇਲਾ ਸਿੰਘ (ਹੱਥ ਜੋੜਕੇ ਅਦਬ ਨਾਲ)—'ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ''।

ਭਾਈ (ਪਿੱਠ ਤੇ ਹੱਥ ਫੇਰਕੇ)—ਸ਼ਾਬਾਸ਼, ਬੜਾ ਬਰਖੁਦਾਰ ਹੈਂ। ਗੁਰਬਾਣੀ ਦੀ ਵੀ ਸੂਝ ਹੈ! ਭਲਾ ਦੱਸ ਖਾਂ ਭਈ ਨਿਤਨੇਮ ਦੀ ਬਾਣੀ ਪੜ੍ਹਨਾ ਹੁੰਨਾ ਏਂ ਕਿ ਨਹੀਂ? ਜਪ ਸਾਹਿਬ ਕੰਠ ਹੈ ਕਿ ਨਹੀਂ?

ਅਲਬੇਲਾ ਸਿੰਘ (ਅਦਬ ਨਾਲ)—ਆਪ ਦੀ ਕਿਰਪਾ ਕਰਕੇ ਨੇਮ ਦੀ ਬਾਣੀ ਤਾਂ ਨੇਮ ਨਾਲ ਹੀ ਪੜ੍ਹਦਾ ਹਾਂ।

ਭਾਈ ਜੀ—ਇਹ ਭੀ ਦੱਸ ਖਾ ਜੋ ਕਦੀ ਬਾਣੀ ਪੜ੍ਹਦੇ ਦਾ ਜੀ ਵੀ ਲਗਦਾ ਹੈ ਕਿ ਨਹੀਂ?

ਅਲਬੇਲਾ ਸਿੰਘ—ਜੀ ਲੱਗਣ ਦੀ ਤਾਂ ਮੈਨੂੰ ਖਬਰ ਨਹੀਂ, ਪੜ੍ਹ ਲੈਂਦਾ ਹਾਂ।

ਭਾਈ ਜੀ (ਜ਼ਰਾ ਕੁ ਹੱਸਕੇ)—ਪਰ ਨਾਵਲਾਂ ਪੜ੍ਹਨ ਵਿਚ ਤਾਂ ਜੀ ਲਗ ਜਾਂਦਾ ਹੈ?

ਅਲਬੇਲਾ ਸਿੰਘ—ਜੀ ਨਾਵਲਾਂ ਤਾਂ ਏਵੇਂ ਵਿਹਲਿਆਂ ਦਾ ਜੀ ਪਰਚਾਵਾ ਹੈ। ਨਿਕੰਮਿਆਂ ਨੂੰ ਪੰਜ ਪਹਾੜ ਦਿਨ ਨਹੀਂ ਗੁਜਰਦਾ। ਇਕੁਰ ਕਿਤਾਬਾਂ ਦੇ ਵਰਕੇ ਉਥਲਦਿਆਂ ਸਮਾਂ ਸੌਖਾ ਲੰਘ ਜਾਂਦਾ ਹੈ, ਨਾਲ ਹੀ ਪੁੰਨ ਅਤੇ ਫਲੀਆਂ ਵਾਲੀ ਗਲ ਵਾਕਰ ਵਿਦਿਆ ਵਿਚ ਭੀ ਵਾਧਾ ਹੋ ਜਾਂਦਾ ਹੈ। ਅਵਾਰਾ ਫਿਰਨ ਨਾਲੋਂ ਕਿਤਾਬਾਂ ਵਿਚ ਫਿਰ ਘਿਰਕੇ ਦਿਹਾੜੀ ਕੱਟ ਛੱਡਣੀ ਬੁਰੀ ਨਹੀਂ।

ਭਾਈ ਜੀ—ਫਿਰ ਸਾਨੂੰ ਵੀ ਕੋਈ ਨਾਵਲ ਸੁਣਾਓ।

ਅਲਬੇਲਾ ਸਿੰਘ—ਜੀ ਸਤਿ ਬਚਨ।

ਭਾਈ ਜੀ—ਇਹ ਜਿਹੜਾ ਹੁਣ ਨਾਵਲ ਪੜ੍ਹਦੇ ਪਏ ਹੋ ਇਸੇ ਦਾ ਤਾਤਪਰਜ ਸਮਝਾਓ।

ਅਲਬੇਲਾ ਸਿੰਘ ਨੇ ਝਟ ਪੱਟ ਪੰਜਾਬੀ ਵਿੱਚ ਨਾਵਲ ਦਾ ਮਤਲਬ ਸੁਣਾਇਆ। ਸੁਣਕੇ ਭਾਈ ਜੀ ਨੇ ਆਖਿਆ ਇਹ ਤਾਂ ਬੜਾ ਸੁੰਦਰ ਨਾਵਲ ਹੈ, ਪਰ ਜੇ ਕਦੀ ਤੁਸੀਂ ਸੁਣਨਾ ਚਾਹੋ ਤਾਂ ਅਸੀਂ ਬੀ ਇਕ ਨਾਵਲ ਸੁਣਾਈਏ।

ਅਲਬੇਲਾ ਸਿੰਘ—ਜੀ ਜ਼ਰੂਰ ਸੁਣਾਓ।

ਭਾਈ ਜੀ—ਭਾਈ ਅਸਾਡੀ ਤਾਂ ਪੰਜਾਬੀ ਠੁੱਲੀ ਤੇ ਮੋਟੀ ਬੋਲੀ ਹੈ। ਅੰਗ੍ਰੇਜ਼ੀ ਫਾਰਸੀ ਅਸੀਂ ਪੜ੍ਹੇ ਨਹੀਂ ਤੇ ਬਰੀਕੀਆਂ ਅਸੀਂ

Digitized by Panjab Digital Library | www.panjabdigilib.org

ਜਾਣਦੇ ਨਹੀਂ।

ਅਲਬੇਲਾ ਸਿੰਘ–ਜੀ ਮੈਂ ਪੰਜਾਬੀ ਬੋਲੀ ਚੰਗੀ ਤਰ੍ਹਾਂ ਲਿਖ ਪੜ੍ਹ ਸਕਦਾ ਹਾਂ, ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਅੱਜ ਤਕ ਮੈਂ ਸਾਰੇ ਪੜ੍ਹੇ ਹਨ ਅਤੇ ਨੰਬਰਵਾਰ ਮੇਰੇ ਪਾਸ ਵੀ ਹਨ।

ਭਾਈ ਜੀ–ਸ਼ਾਬਾਸ਼! ਭਰੋਸਾ ਹੈ, ਹੁਣ ਤੂੰ ਸਾਡੇ ਨਾਵਲ ਨੂੰ ਵੀ ਚੰਗੀਤਰ੍ਹਾਂ ਸਮਝਸਕੇਂਗਾ। ਪਰ ਪਹਿਲੇ ਇਹ ਗੱਲ ਦੱਸ ਕਿ ਤੂੰ ਕੋਈ ਸਿੰਘਾਂ ਅਤੇ ਤੁਰਕਾਂ ਮੁਗਲਾਂ ਦਾ ਜੰਗ ਵੀ ਪੜ੍ਹਿਆ ਹੈ ਕਿ ਨਹੀਂ।

ਅਲਬੇਲਾ ਸਿੰਘ–ਜੀ ਮੈਂ ਹਿਸਟ੍ਰੀ ਔਫ ਦੀ ਪੰਜਾਬ, ਸ਼ਮਸ਼ੇਰ ਖਾਲਸਾ, ਖੁਰਸ਼ੈਦ ਖਾਲਸਾ, ਤਾਰੀਖੇ ਪੰਜਾਬ ਬਾਬੇ ਬੰਦੇ ਦਾ ਜੰਗ ਆਦਿਕ ਬੀ ਚੰਗੀਤਰ੍ਹਾਂ ਪੜ੍ਹੇ ਹੋਏ ਹਨ।

ਭਾਈ ਜੀ–ਬੱਸ, ਫਿਰ ਤਾਂ ਸਾਰੇ ਕਾਰਜ ਰਾਸ ਹਨ, ਲੈ ਹੁਣ ਮਨ ਦੇ ਕੰਨ ਦੇਕੇ ਸੁਣਨਾ ਤੇ ਮਨ ਦੇ ਮਨ ਨਾਲ ਵਿਚਾਰੀਜਾਣਾ, ਜਿਹੜੀ ਕੋਈ ਗੱਲ ਸਮਝ ਵਿਚ ਨਾ ਆਵੇ ਨਿਸ਼ੰਗ ਪੁੱਛ ਲੈਣੀ, ਭਰਮ ਕੱਢ ਲੈਣਾ।

ਅਲਬੇਲਾ ਸਿੰਘ–ਜੀ ਸੱਤਿ ਬਚਨ।

ਭਾਈ ਦਿਵਾਕਰ ਸਿੰਘ ਜੀ ਸੁਣਾਉਣ ਲੱਗੇ ਅਤੇ ਅਲਬੇਲਾ ਸਿੰਘ ਤੇ ਸਾਰਾ ਪਰਵਾਰ ਵਡੇ ਸਰਦਾਰ ਹੋਰਾਂ ਦੇ ਸਮੇਤ ਸੁਣਨ ਲੱਗੇ।

ਇਕ 'ਕਾਯਾਂ ਗੜ੍ਹ' ਨਾਮੀ ਕਿਲ੍ਹੇ ਦੇ ਢਾਂਚੇ ਦਾ ਨਗਰ ਵਿਦਮਾਨ ਹੈ, ਜਿਸ ਦੇ ਨੌਂ ਦਰਵਾਜ਼ੇ ਤਾਂ ਪ੍ਰਗਟ ਹਨ ਪਰ ਇਕ ਦਰਵਾਜ਼ਾ ਅਗਮ ਗੜ੍ਹ ਨਾਮੀ ਕਿਲੇ ਦਾ ਗੁਪਤ ਹੈ।

'ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥' [ਰਾਮ: ਅਨੰਦ

ਇਹ ਗੜ੍ਹ ਅਨਘੜ ਜਿਹਾ ਤਿਕੋਣ ਚੁਕੋਣ ਤੇ ਬਹੁਤ ਲੰਬਾ ਜਿਹਾ ਦਿਖਾਈ ਦੇਂਦਾ ਹੈ, ਜਿਸ ਦੇਦਰਵਾਜ਼ਿਆਂਦੀਬਣਤਬਾਹਲੀਅਨੋਖੀ ਹੀ ਨਜ਼ਰ ਆਉਂਦੀ ਹੈ। ਅਚਰਜ ਵਾਲੀ ਗਲ ਇਹ ਹੈ ਕਿ ਹਰ ਇਕ ਦਰਵਾਜ਼ੇ ਦੀ ਸ਼ਕਲ ਸੂਰਤ ਇਕ ਦੂਜੇ ਨਾਲੋਂ ਨਿਰਾਲੀ ਹੀ ਹੈ। ਇਕੁਰ ਹੀ ਦਰਵਾਜ਼ਿਆਂ ਦੇ ਪਹਿਰੇਦਾਰ ਵੀ ਇਕ ਤੋਂ ਇਕ ਅਨੋਖੇ ਹੀ ਰੰਗ ਢੰਗ ਦੇ ਹਨ। ਕੋਈ ਦਰਵਾਜ਼ਾ ਤਾਂ ਨਿਰਾ ਅੰਦਰ ਹੀ ਵੜਨ ਲਈ ਰੱਖਿਆ ਹੈ, ਕੋਈ ਨਿਰਾ ਬਾਹਰ ਨਿਕਲਣ ਲਈ ਬਣਿਆ ਹੈ। ਕੋਈ ਹਰ ਵੇਲੇ ਆਉਣ ਜਾਣ ਲਈ ਖੁੱਲ੍ਹਾ ਰੱਖਿਆ ਹੈ। ਕੋਈ ਨਿਰਾ ਦੇਖਣ ਲਈ ਹੀ ਵਿਦਮਾਨ ਹੈ। ਕੋਈ ਸੁਣਨ ਲਈ ਹੀ ਨੀਯਤ ਹੈ ਜਿਥੋਂ ਦੇ ਦ੍ਵਾਰਪਾਲ ਹੀ ਅੰਦਰ ਖਬਰ ਪਹੁੰਚਾਉਂਦੇ ਹਨ।ਇਸ ਨਗਰ ਦੇ ਦਰਵਾਜ਼ੇ ਹੋਰਨਾਂ ਸ਼ਹਿਰਾਂ ਵਾਕਰ ਘਮਸਾਨ ਚੌਦੇਂ ਵਾਲੇ ਨਹੀਂ ਬਣੇ। ਇਨ੍ਹਾਂ ਦੇ ਕੰਮ ਅਤੇ ਕੰਮ ਕਰਨ ਵਾਲੇ ਨੌਕਰ ਆਪੋ ਆਪਣੇ ਕੰਮਾਂ ਤੇ ਪੂਰੇ ਸਾਵਧਾਨ, ਚਤੁਰ, ਚਾਲਾਕ ਤੇ ਹਰ ਵੇਲੇ ਚੁਸਤ, ਤਜਾਰ ਬਰ-ਤਜਾਰ ਰਹਿੰਦੇ ਹਨ। ਇਨ੍ਹਾਂ ਦਰਵਾਜ਼ਿਆਂ ਦੇ ਨਾਉਂ ਅਤੇ ਕੰਮ ਅੱਡੋ ਅੱਡ ਕਰਕੇ ਇਹਹਨ:–

ਪਹਿਲੇ ਦੇ ਦਰਵਾਜ਼ੇ ਆਪੋ ਵਿਚ ਠੀਕ ਆਮੋ ਸਾਮ੍ਹਣੇ ਹਨ ਅਤੇ ਸ਼ਕਲ ਸੂਰਤ ਵਿਚ ਤਾਂ ਮਾਨੋਂ ਕਾਰੀਗਰਾਂ ਨੇ ਜਲੇਬੀ ਦੇ ਸੱਚੇ ਵਿਚ ਢਾਲ ਕੇ ਉਤਾਰੇ ਹਨ।ਇਹ ਦੁਇ 'ਸੁਨੀਅਰ' ਨਾਮ ਕਰਕੇ ਲੋਕਾਂ ਵਿਚ ਪ੍ਰਸਿੱਧ ਹਨ। ਇਸ ਰਸਤੇ ਖਾਸ ਮਹਲਾਂ ਤਕ ਅਵਾਜ਼ ਹੀ ਲੰਘ ਕੇ ਪਹੁੰਚਦੀ ਹੈ, ਅਥਵਾ ਅੰਦਰਲੇ ਦ੍ਵਾਰਪਾਲ ਸੁਣ ਕੇ ਖਬਰ ਪਹੁੰਚਾਉਂਦੇ ਹਨ।

ਦੂਜੇ ਦੇ ਦਰਵਾਜ਼ੇ ਇਨ੍ਹਾਂ ਤੋਂ ਕੁਝ ਦੁਰਾਡੇ ਕਰਕੇ ਰਚੇ ਹਨ। ਸ਼ਕਲ ਸੂਰਤ ਵਿਚ ਮਾਨੋਂ ਕਾਰੀਗਰ ਨੇ ਬਦਾਮ ਦੇ ਸੱਚੇ ਵਿਚ ਢਾਲਕੇ

Digitized by Panjab Digital Library | www.panjabdigilib.org

ਰਖੇ ਹਨ। 'ਨੈਣੂ' ਦਰਵਾਜ਼ੇ ਕਰਕੇ ਇਨ੍ਹਾਂ ਦਾ ਨਾਉਂ ਵੱਡਾ ਉੱਘਾ ਹੈ।ਇਨ੍ਹਾਂ ਦੇ ਦ੍ਵਾਰਪਾਲ ਨਿਰਾ ਦੇਖਕੇ ਹੀ ਅੰਦਰ ਖਬਰ ਪਹੁੰਚਾ ਦਿੰਦੇ ਹਨ।

ਤੀਜੇ ਦੇ ਦਰਵਾਜੇ ਨੈਣੂ ਦਰਵਾਜਿਆਂ ਦੇ ਠੀਕ ਵਿਚਕਾਰ ਵਾਰ ਇਕ ਲੰਮੇਰੀ ਸੁਰੰਗ ਵਾਕਰ ਡੇਉਢੀ ਦੀ ਤਰ੍ਹਾਂ ਵਧੇ ਹੋਏ ਹਨ। ਇਨ੍ਹਾਂ ਦੇ ਵਿਚਕਾਰ ਇਕ ਕੰਧ ਦਾ ਪੜਦਾ ਦੇਕੇ ਇਕ ਦੇ ਦੋ ਦਰਵਾਜ਼ੇ ਕੀਤੇ ਹੋਏ ਹਨ, ਇਹ ਦਰਵਾਜ਼ੇ ਆਉਣ ਜਾਣ ਲਈ ਦਿਨਰਾਤ ਖੁਲ੍ਹੇ ਰਹਿੰਦੇ ਹਨ। ਇਸ ਦੇ ਪਹਿਰੇ ਦਾਰ ਆਉਂਦੇ ਜਾਂਦੇ ਨੂੰ ਰੋਕਦੇ ਨਹੀਂ। ਜੇ ਕਿਤੇ ਕੋਈ ਅੰਦਰ ਖਬਰ ਕਰਨੀ ਹੋਵੇ ਤਾਂ ਇਸਦੇ ਦ੍ਵਾਰਪਾਲ ਨਿਰੀ ਗੰਧ ਕਰਕੇ ਹੀ ਪਹੁੰਚਾਉਂਦੇ ਹਨ।'ਨਕਟ੍ਟ'ਦਰਵਾਜੇ ਕਰਕੇ ਇਨ੍ਹਾਂਦਾ ਨਾਉਂ ਮਸ਼ਹੂਰ ਹੈ।

ਸਤਵਾਂ ਇਨ੍ਹਾਂ ਤੋਂ ਬਹੁਤ ਨੇੜੇ ਬਹੁਤ ਖੁੱਲ੍ਹਾ ਦਰਵਾਜਾ ਹੈ । ਇਸ ਦਰਵਾਜੇ ਦੇ ਅੰਦਰਲੇ ਪਾਸੇ ਬੜੇ ਬੜੇ ਡਰਾਉਣੇ ਸੰਦ ਅਤੇ ਕਲਾਂ ਰੱਖੀਆਂ ਹੋਈਆਂ ਹਨ, ਕੋਈ ਕਲਾ ਕੱਟਣ ਵੱਢਣ ਦੀ ਹੈ, ਕੋਈ ਪੀਹਣ ਦਰੜਣ ਦੀ ਹੈ, ਕੋਈ ਤੋੜਨ ਫੋੜਨ ਦੀ ਹੈ । ਕੋਈ ਗਿੱਲਿਆਂ ਕਰਨ ਦੀ ਤੇ ਕੋਈ ਹਿਲਾਉਣ ਚਲਾਉਣ ਦੀ ਹੈ, ਕੋਈ ਪਕੜਨ ਦੀ ਹੈ,ਕੋਈ ਧਕੇਲਣ ਦੀ ਹੈ। ਇਸ ਦੇ ਸੰਦ ਅਤੇ ਪਾਹਰੂ ਬੜੇ ਡਰਾਉਨੀ ਸ਼ਕਲ ਦੇ ਹਨ, ਸੂਰਤ ਇਸਦੀ ਠੀਕ ਪਹਾੜ ਦੀ ਕੰਦਰਾ ਦੇ ਨਮੂਨੇ ਦੀ ਹੈ।'ਮੁਖ ਮੁਹਾ' ਦਰਵਾਜ਼ਾ ਇਸਦਾ ਨਾਉਂ ਪ੍ਰਸਿੱਧ ਹੈ।

ਇਸਦੇ ਅੰਦਰ ਇਕ 'ਰਸਪਤ' ਨਾਮੀ ਕਰਕੇ ਅਚਰਜ ਕਲਾ ਹੈ ਜੋ ਅੰਦਰਲੇ ਸਾਰਿਆਂ ਸੰਦਾਂ ਨੂੰ ਸਹਾਇਤਾ ਦਿੰਦੀ ਹੈ। ਇਸ ਕਲਾ ਦੇ ਪਿਛਲੇਰੇ ਪਾਸੇ ਇਕ ਢਾਲੂਵਾਂ ਬੜਾ ਭਾਰੀ ਚੌਕ (ਚੌਗਾਨ) ਹੈ। ਉਪਰ ਲਿਖੇ ਦਰਵਾਜ਼ਿਆਂ ਦੇ ਸਾਰੇ ਰਸਤੇ ਇਸ ਚੌਂਕ ਵਿਚ ਖੁੱਲ੍ਹ ਜਾਂਦੇ ਹਨ ਅਤੇ ਅੰਦਰੋਂ ਸ਼ਹਿਰ ਦੇ ਆਏ ਹੋਏ ਵੀ ਦੋ ਰਸਤੇ ਇਸੇ ਚੌਂਕ ਵਿਚ ਮਿਲ ਜਾਂਦੇ ਹਨ। ਇਸ ਵਡੇ ਮੁਹਰਲੇ ਦਰਵਾਜ਼ੇ ਥਾਣੀਂ ਖਾਣ ਪੀਣ ਦੀ ਜਿਨਸ ਬਿਨਾਂ ਮਹਿਸੂਲ ਦੇ ਨਗਰ ਅੰਦਰ ਲੰਘਦੀ ਰਹਿੰਦੀ ਹੈ। ਇਸੇ ਰਾਹ ਲੰਘੀ ਹੋਈ ਜਿਨਸ ਕਰਕੇ ਸ਼ਹਿਰ ਦਾ ਕਾਰ ਵਿਹਾਰ ਚਲਦਾ ਰਹਿੰਦਾ ਹੈ।

ਅਠਵਾਂ ਦਰਵਾਜ਼ਾ ਇਨ੍ਹਾਂ ਤੋਂ ਬਹੁਤ ਦੁਰਾਡਾ ਬਣਿਆਂ ਹੋਇਆ ਹੈ, ਇਸ ਰਸਤੇ ਸਫਾਈ ਦੇ ਕਾਰ ਪਰਦਾਜ਼ ਦਰੋਗੇ ਧੋਤੇ ਵਟ ਦਾ ਗੰਦਾ ਪਾਣੀ ਬਾਹਰ ਢੋਂਦੇ ਰਹਿੰਦੇ ਹਨ।

ਇਸਦੇ ਬਹੁਤ ਨੇੜੇ ਨਾਲ ਵਾਰ ਕਰਕੇ ਨਾਵਾਂ ਦਰਵਾਜ਼ਾ ਹੈ, ਇਸ ਰਸਤੇ ਵੀ ਸਫਾਈ ਦੇ ਮਹਿਕਮੇ ਵਾਲੇ ਸ਼ਹਿਰ ਦਾ ਗੰਦਾ ਕੂੜਾ ਕਰਕਟ ਹੀ ਬਾਹਰ ਢੋਂਦੇ ਰਹਿੰਦੇ ਹਨ। ਇਹ ਦਰਵਾਜ਼ੇ ਬਿਨਾਂ ਜ਼ਰੂਰਤ ਦੇ ਕਿਸੇ ਵੇਲੇ ਨਹੀਂ ਖੁੱਲ੍ਹਦੇ ।

ਦਸਵਾਂ ਦਰਵਾਜ਼ਾ 'ਅਗਮ ਗੜ੍ਹ' ਜੋ ਉੱਚਾ ਕਿਲਾ ਹੈ, ਉਸ ਵਿਚ ਗੁਪਤ ਹੈ। ਅਥਵਾ ਖਾਸ ਮਹਲਾਂ ਦਾ ਇਹ ਦਰਵਾਜ਼ਾ ਹੈ। ਪਰ ਇਹ ਹਰ ਵੇਲੇ ਚਿਣਿਆ ਰਹਿੰਦਾ ਹੈ। ਕਦੀ ਕਦਾਈਂ ਮਾਲਕ ਆਪਣੀ ਮੌਜ ਭਾਵੇਂ ਜ਼ਰੂਰਤ ਨਾਲ ਖੋਲ੍ਹਦਾ ਹੈ।

ਵਾਰ ਰਾਮਕਲੀ ਮਹਲਾ ੩ ਵਿਚੋਂ ਪੰਦ੍ਰਵੀਂ ਪਉੜੀ

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥ ਸਭ ਮਹਿ ਏਕੁ ਵਰਤਦਾ ਜਿਨਿ ਆਪੇ

Digitized by Panjab Digital Library | www.panjabdigilib.org

ਰਚਨ ਰਚਾਈ ॥ ੧੫ ॥

ਸੋਲਹੇ ॥

ਮਾਰੂ ਮਹਲਾ ੧ ਦਖਣੀ

ਕਾਇਆ ਨਗਰੁ ਨਗਰ ਗੜ ਅੰਦਰਿ ॥
ਸਾਚਾ ਵਾਸਾ ਪੁਰਿ ਗਗਨੰਦਰਿ ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ
ਆਪੁ ਉਪਾਇਦਾ ॥ ੧ ॥ ਅੰਦਰਿ ਕੋਟ
ਛਜੇ ਹਟਨਾਲੇ ॥ ਆਪੇ ਲੇਵੈ ਵਸਤੁ
ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ
ਗੁਰ ਸਬਦੀ ਖੋਲਾਇਦਾ॥੨॥ ਭੀਤਰਿ ਕੋਟ
ਗੁਫਾ ਘਰ ਜਾਈ ॥ ਨਉ ਘਰ ਥਾਪੇ
ਹੁਕਮਿ ਰਜਾਈ ॥ ਦਸਵੇ ਪੁਰਖੁ ਅਲੇਖੁ
ਅਪਾਰੀ ਆਪੇ ਅਲਖੁ ਲਖਾਇਦਾ ॥ ੩ ॥

ਮਾਰੂ ਸੋਲਹੇ ਮ: ੧ ਵਿਚੋਂ

ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ
ਖਵਾਸ ਭਲਾ ਦਰਵਾਜਾ ॥ ਮਿਥਿਆ
ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁ-
ਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ
ਕਾਰੀ॥ਜਤੁ ਸਤੁ ਸੰਜਮੁ ਸਰਣਿ ਮੁਰਾਰੀ॥
ਨਾਨਕ ਸਹਜਿ ਮਿਲੈ ਜਗੁ ਜੀਵਨੁ ਗੁਰ
ਸਬਦੀ ਪਤਿ ਪਾਇਦਾ ॥ ੧੬ ॥

ਇਸ ਕਿਲੇ ਦੀ ਫਸੀਲ ਕੱਚੀ ਹੈ। ਇਸ ਵਿਚ ਕ੍ਰੋੜਾਂ ਮੋਰਚੇ ਹਨ, ਪਰ ਕੱਚੀ ਹੋਣੇ ਕਰਕੇ ਇਸ ਤੇ ਕ੍ਰੋੜਾਂ ਹੀ ਸਰਕੜੇ ਦੇ ਝਾੜ ਉੱਗੇ ਹੋਏ ਹਨ, ਜਿਨ੍ਹਾਂ ਕਰਕੇ ਮੋਰਚੇ ਢਕੇ ਰਹਿੰਦੇ ਹਨ। ਇਸ ਕੋਟ ਦੇ ਮਾਲਕ ਰਾਜਾਧਿਰਾਜ ਮਹਾਰਾਜ ਸ੍ਰੀ ਪਰਮਾਤਮ ਰੂਪ* ਸਿੰਘ ਜੀ ਆਪਣੇ ਅਗੰਮਗੜ੍ਹ ਦੇ ਮਹਲਾਂ ਵਿਚ ਨਿਵਾਸ ਰਖਦੇ ਹਨ। ਇਹ ਮਹਾਰਾਜ ਸੁਭਾਵ ਦੇ ਬੜੇ ਦਯਾਲੂ ਤੇ ਕ੍ਰਿਪਾਲੂ ਹਨਾਨਗਰ ਦੀ ਵਸਨੀਕ ਪਰਜਾ ਅਤੇ ਆਪਣੇ ਨੌਕਰਾਂ ਨੂੰ ਵਡੇ ਪਿਆਰ ਨਾਲ ਪਾਲਦੇ ਪੋਸਦੇ ਰਹਿੰਦੇ ਹਨ। ਵਡੇ ਵਡੇ ਅਖਤਜਾਰ ਅਤੇ ਮਨਸਬ ਮਰਾਤਬ ਦੇ ਦੇ ਕੇ ਵਡਿਆਉਂਦੇ ਹਨ। ਹੋਰ ਸਭ ਤਰ੍ਹਾਂ ਦੀ ਰਛਜਾ ਕਰਦੇ ਹਨ, ਕਿਸੇ ਦੁਸ਼ਟ ਅਰਿਸ਼ਟ ਦਾ ਦੁੱਖ ਨਹੀਂ ਪਹੁੰਚਣ ਦਿੰਦੇ।

ਇਸ ਮਹਾਰਾਜ ਦਾ ਅਛਿੰਦਾ ਅਤੇ ਲਾਡਲਾ ਇਕ ਪੁੱਤ੍ਰ ਹੈ। ਇਹ ਆਪਣੇ ਸੁਭਾਉ ਦਾ ਵਡਾ ਅਨਮੋੜ ਤੇ ਜਿੱਦਲ ਹੈ, ਪਰੰਤੂ ਪਿਤਾ ਦਾ ਆਗਜਾ-ਨੁਵਰਤੀ ਬੀ ਹੈ। ਭਾਵੇਂ ਇਹ ਬਾਲਾ ਚੰਚਲ ਅਤੇ ਅਨਿਸਥਰ ਹੈ, ਤਿਸ ਪਰ ਭੀ ਪਿਤਾ ਨੇ ਇਸਨੂੰ ਕਿਲੇ ਦੇ ਨੌਕਰਾਂ, ਚਾਕਰਾਂ, ਦ੍ਵਾਰ ਪਾਲਾਂ ਤੇ ਪੂਰਾ ਅਖਤਜਾਰ ਦਿਤਾ ਹੋਇਆ ਹੈ। ਇਹ ਨੌਜਵਾਨ ਰਾਜਕੁਮਾਰ ਸ੍ਵੈਛਾਚਾਰੀ ਸੰਸਾਰ ਭਰ ਦੇ ਜੰਗਲਾਂ ਵਿਚ ਸ਼ਿਕਾਰ ਖੇਡਦਾ ਫਿਰਦਾ ਹੈ, ਪਰੰਤੂ ਆਪਣੇ ਕਿਲੇ ਦੀ ਆੜ ਹੇਠ ਭੀ ਖੇਡਦਾ ਮਲਦਾ ਰਹਿੰਦਾ ਹੈ। ਇਸਨੂੰ ਇਕੁਰ ਅਵਾਰਾ ਫਿਰਦਾ ਦੇਖਕੇ ਪਿਤਾ ਨੇ ਭਾਈ ਸੁਚੱਜਾ ਸਿੰਘ ਜੀ ਗਿਆਨੀ ਪਾਸ ਪੜ੍ਹਨੇ ਪਾ ਦਿਤਾ।

ਭਾਵੇਂ ਗਿਆਨੀਸਿੰਘ ਹੁਰੀਂ ਬੜੇ ਪਿਆਰ ਅਤੇ ਸਤਿਕਾਰ ਨਾਲ ਪੜ੍ਹਾਉਂਦੇ, ਪਰੰਤੂ ਰਾਜ-ਕੁਮਾਰ ਇਕਲੌਤਾ ਅਤੇ ਲਾਡਲਾ ਹੋਣ ਦੇ ਕਾਰਨ ਸਿੱਖਿਆ ਸਿੱਖਣੇ ਅਤੇ ਪੜ੍ਹਨੇਂ ਬਾਹਲਾ ਅਵੈਸਲਾ ਘੋਸਲਾ ਰਹਿੰਦਾ ਸੀ।ਭਾਈ ਸੁਚੱਜਾ ਸਿੰਘ ਇਸਨੂੰ ਰਾਜ ਪੁਤ੍ ਹੋਣੇ ਕਰਕੇ ਤਾੜਨਾ ਨਹੀਂ ਕਰਦਾ ਸਾ।

ਇਕ ਦਿਨ ਦੈਵਨੇਤ ਨਾਲ ਪਿਤਾ ਪਰਮਾਤਮ ਰੂਪ ਸਿੰਘ ਜੀ ਮਹਾਰਾਜ ਨੇ ਕੁਝ ਪੁੱਤ੍ ਦੀ ਪਰੀਖਿਆ ਕੀਤੀ ਤਾਂ ਉਸ ਵਿਚ 'ਮੰਨਾ-ਸਿੰਘ' ਹੁਰੀ ਨਿਰੇ ਦਬਤ੍ਰ ਘੁਸਤ੍ਰ ਹੀ ਨਿਕਲੇ। ਇਸ ਗਲ ਪਰ ਗਿਆਨੀ ਸਿੰਘ ਹੁਰਾਂ ਨੂੰ ਭਾਰੀ ਤਾਕੀਦ ਹੋਈ ਕਿ ਰਾਜਕੁਮਾਰ ਨੂੰ ਤਾੜਕੇ

*ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥

Digitized by Panjab Digital Library | www.panjabdigilib.org

ਪੜ੍ਹਾਓ ਸਿਖਾਓ, ਇਹ ਕਿਤੇ ਕੱਚਾ ਪਿੱਲਾ ਹੀ ਰਹਿ ਨਾ ਜਾਵੇ। ਮਹਾਰਾਜ ਦੀ ਇਸ ਭਾਰੀ ਤਾਕੀਦ ਕਰਕੇ ਭਾਈ ਜੀ ਨੇ ਟਿੱਕਾ ਸਾਹਿਬ ਨੂੰ ਪਸਚਾਤਾਪ ਦੀ ਹਨੇਰੀ ਕੋਠੜੀ ਵਿਚ ਬੰਦ ਕਰਕੇ ਖੂਬ ਤਾੜਿਆ ਤਾਂ ਮੰਨਾ ਸਿੰਘ ਹੁਰਾਂ ਭੁੱਲਾਂ ਬਖਸ਼ਾਈਆਂ ਤੇ ਹਥ ਜੋੜ ਕੇ ਆਖਿਆ ਤੇ ਕਿਹਾ:—

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
ਆਗੈ ਮਾਰਗਿ ਪਾਵੈ ॥

ਫਿਰ ਤਾਂ ਟਿਕਾ ਸਾਹਿਬ ਨੇ ਥੋੜ੍ਹੇ ਹੀ ਦਿਨਾਂ ਵਿਚ ਵਿਦਿਆ ਪੜ੍ਹ ਲਈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਕਰਾ ਦਿੱਤਾ। ਨਾਲ ਹੀ ਕਾਵ੍ਯ ਕੋਸ਼ ਫਜਾਕਰਨ ਤੇ ਨਿਆਇ ::ਾਸਤ੍ਰ ਵੀ ਥੋੜ੍ਹੇ ਦਿਨਾਂ ਵਿਚ ਪੜ੍ਹ ਲਏ।ਇਸੇ ਹੀ ਪੜ੍ਹਾਈ ਵਿਚ ਸ਼ਸਤ੍ਰ ਵਿਦਿਆ ਵਿਚ ਵੀ ਰਾਜਕੁਮਾਰ ਨੂੰ ਨਿਪੁਨ ਕੀਤਾ ਗਿਆ।

ਜਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤਿਆਰ ਹੋਗਿਆ ਤਾਂ ਪਿਤਾ ਨੇ ਬੜੇ ਉਤਸਾਹ ਅਤੇ ਮੰਗਲਾਚਾਰ ਕਰਕੇ ਭੋਗ ਪਵਾਇਆ, ਉਪ੍ਰੰਤ ਭਾਈ ਜੀ ਨੇ ਰਾਜ ਨੀਤ ਵਿੱਦਜਾ ਪੜ੍ਹਾਈ।

ਇਸ ਤੋਂ ਉਪ੍ਰੰਤ ਰਾਜਕੁਮਾਰ ਨੂੰ ਦਿਨੋਂ ਦਿਨ ਚਾਨਣੇ ਪੱਖ ਦੇ ਚੰਦ ਵਾਙੂ ਜੁਵਾਨ ਹੁੰਦਿਆਂ ਦੇਖਕੇ ਪਿਤਾ ਨੇ ਵਿਆਹ ਦਾ ਫਿਕਰ ਕੀਤਾ। ਬਹੁਤ ਸਾਰੀ ਢੂੰਡ ਭਾਲ ਕਰਦਿਆਂ ਕਰਾਉਂਦਿਆਂ ਸਾਕਾਂ ਵਿੱਚੋਂ ਹੀ ਇਕ ਭਲਾ ਘਰ ਟੱਕਰ ਪਿਆ, ਅਰਥਾਤ ਆਤਮ ਵਿਸ਼੍ਰੇਣੀ ਪਟਰਾਣੀ ਬੁਧਿਵੰਤ ਕੌਰ ਜੀ ਦੇ ਦੂਰ ਨੇੜੇ ਦੇ ਸਾਕਾਂ ਵਿਚੋਂ ਬੀਬੀ ਸੁਮਤ ਕੌਰ' ਨਾਲ ਚੰਗਾ ਦਿਨ ਦੇਖਕੇ ਵਡੇ ਉਤਸਾਹਾਂ ਨਾਲ ਵਿਆਹ ਕਰ ਦਿੱਤਾ।ਇਸ ਵਿਆਹ ਪਰ ਬਹੁਤ ਮੰਗਲਾਚਾਰ ਹੋਏ, ਦਾਨ, ਮਾਨ ਅਤੇ ਸਨਮਾਨ, ਯਥਾ ਅਧਿਕਾਰ ਲਾਗੀਆਂ, ਮਿੱਤ੍ਰਾਂ ਅਤੇ ਸਨਬੰਧੀਆਂ ਨਾਲ ਕੀਤੇ ਗਏ। ਟਿੱਕਾ ਮੰਨਾ ਸਿੰਘ ਹੁਰੀਂ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਸੁਮੱਤ ਕੌਰ ਜੈਸੀ ਸੁੰਦਰ ਤੇ ਸੁਸ਼ੀਲ ਤੇ ਮਨੋਰਜ ਰਾਜ ਕੁਮਾਰੀ ਇਸਤ੍ਰੀ ਨੂੰ ਪਾਕੇ ਪ੍ਰਸੰਨ ਹੋਏ, ਜਵਾਨੀ ਨੇ ਜ਼ੋਰ ਆ ਪਾਇਆ ਤੇ ਇਸ ਵੇਲੇ ਵਿਦਜਾ ਦਾ ਅਭਜਾਸ, ਅਤੇ ਗਜਾਨੀ ਸਿੰਘ ਹੋਰਾਂ ਦੀ ਤਾੜਨਾ ਅਤੇ ਨੇਮੀ ਪਾਠ, ਇਹ ਤਿੰਨੇ ਗੱਲਾਂ ਅਮਾਨਤ ਰਹਿ ਗਈਆਂ।ਟਿੱਕਾ ਸਾਹਿਬ ਜੀਵਿਕ ਜੁਵਾਨੀ ਭਰੇ ਉਮੰਗ ਵਿਚ ਮਸਤਾਨੀ ਜੇਹੀ ਦਸ਼ਾ ਬਨਾਏ ਬੇਪਰਵਾਹੀ ਦੇ ਜੰਗਲਾਂ ਵਿਚ ਅਵਾਰਾ ਫਿਰਨ ਲੱਗੇ, ਪਰੰਤੂ ਅਪਣੇ ਨੌਕਰਾਂ ਚਾਕਰਾਂ ਦੀ ਖਬਰਦਾਰੀ ਅਤੇ ਕਿਲੇ ਕੋਟ ਦੀ ਰਖਵਾਲੀ ਵਿਚ ਹਰ ਵੇਲੇ ਸਾਵਧਾਨ ਤਜਾਰ ਬਰਤਜਾਰ ਰਹਿੰਦੇ ।

ਇਕ ਦਿਨ ਦੈਵਨੇਤ ਨਾਲ ਟਿੱਕਾ ਮੰਨਾ ਸਿੰਘ ਹੋਰੀਂ ਇਕਾਂਤ ਅਸਥਾਨ ਵਿਚ ਬੈਠੇ ਹੋਏ ਕੁਝ ਸੋਚ ਰਹੇ ਸਨ ਕਿ ਸੁਨੇਅਰ ਦਰਵਾਜੇ ਦੇ ਚੋਬਦਾਰਾਂ ਨੇ ਬੜੇ ਅਦਬ ਨਾਲ ਝੁਕ ਕੇ ਫਤਹ ਗਜਾਈ ਅਤੇ ਇਕ ਲਪੇਟਿਆ ਹੋਇਆ ਕਾਗਤ ਪੇਸ਼ ਕੀਤਾ। ਟਿੱਕਾ ਜੀ ਨੇ ਕਾਗਤ ਹਥ ਵਿਚ ਲੈਕੇ ਪੁੱਛਿਆ ਕਿ ਇਹ ਕਾਗਤ ਕੌਣ ਲਿਆਇਆ ਹੈ, ਤਾਂ ਚੋਬਦਾਰਾਂ ਬੇਨਤੀ ਕੀਤੀ—ਮਹਾਰਾਜ ! ਸੰਗੀਤ ਨਾਮੀ ਮਿਰਾਸੀ ਲਿਆਇਆ ਹੈ। ਫਿਰ ਟਿੱਕਾ ਸਾਹਿਬ ਨੇ ਪੁੱਛਿਆ ਕਿ ਇਹ ਕਿਸ ਰਸਤੇ ਪਹੁੰਚਿਆ ਹੈ, ਤਾਂ ਚੋਬਦਾਰਾਂ ਨੇ ਬੇਨਤੀ ਕੀਤੀ, ਮਹਾਰਾਜ ! ਮਾਲਕੌਂਸ ਵਾਲੇ ਰਾਹ ਸਿੱਧਾ ਆਣ ਪੁੱਜਾ ਹੈ।

ਇੰਨੇ ਤੱਕ ਖਤ ਦਾ ਕਾਗਤ ਖੁੱਲ੍ਹ ਗਿਆ ਤੇ ਰਾਜ ਕੁਮਾਤ ਪੜ੍ਹਣ ਲੱਗੇ, ਜਿਸ ਵਿਚ ਇਉਂ ਲਿਖਿਆ ਸੀ:—

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਸ੍ਰੀ ਸ੍ਰੀ ਸ੍ਰੀ ਸ੍ਰੀ ਸਰਬ ਗਣ ਗੁਣਾਲੰਕ੍ਰਿਤ ਮਹਾਰਾਜਾਧਿਰਾਜ ਕਾਇਆ ਕੋਟਾਧਿਪਤੀ ਸ੍ਰੀ ਮਾਨ ਯੁਵਰਾਜ ਸਾਹਿਬ ਜੀ ਪ੍ਰਤੀ ਦਾਸੀ ਰੂਪ ਕੌਰਾਂ ਦੀ ਅਤੀ ਸਨੰਮ੍ਰ ਚਰਨ ਬੰਦਨਾਂ ਕਬੂਲ ਹੋਵੇ। ਮੇਰੇ ਮਾਨ ਦੇ ਅਸਥਾਨ ਪਰਮ ਸੁਜਾਨ ਜੀ! ਬੇਨਤੀ ਹੈ ਕਿ ਮੈਂ ਚਰਨ ਦਾਸੀ ਪਤੀ ਪਿਤਾ ਰਹਿਤ ਇਕ ਅਨਾਥ ਇਸਤ੍ਰੀ ਆਪ ਦੀ ਚਰਨ ਚਾਪੀ ਕਰਨ ਲਈ ਚਰਨ ਸ਼ਰਨ ਆਈ ਚਾਹੁੰਦੀ ਹਾਂ, ਇਸ ਲਈ ਇਹ ਬੇਨਤੀ ਪਤ੍ਰ ਸੇਵਾ ਵਿਚ ਅਰਪਨ ਕਰਕੇ ਆਸਵੰਦ ਹਾਂ ਕਿ ਪਰਵਾਨਗੀ ਦਾ ਪਰਵਾਨਾ ਦੇਕੇ ਕ੍ਰਿਤਾਰਥ ਕੀਤਾ ਜਾਵੇ।

ਲੇਖਕਾ—ਆਪਦੀ ਕ੍ਰਿਪਾ ਅਭਿਲਾਖਨੀ
ਅਨਾਥ—ਰੂਪ ਕੌਰਾਂ।

ਇਹ ਚਿੱਠੀ ਪੜ੍ਹਦਿਆਂ ਰਾਜ ਕੁਮਾਰ ਬਹੁਤ ਹੈਰਾਨ ਹੋਇਆ ਅਤੇ ਚੋਬਦਾਰਾਂ ਨੂੰ ਹੁਕਮ ਹੋਇਆ ਕਿ ਸੰਗੀਤ ਮਿਰਾਸੀ ਨੂੰ ਹਾਜ਼ਰ ਕਰੋ। ਚੋਬਦਾਰਾਂ ਬਹੁਤ ਢੂੰਡ ਭਾਲ ਕੀਤੀ, ਪਰ ਪਤਾ ਨਿਸ਼ਾਨ ਕੁਝ ਨਾ ਲੱਭਾ। ਇਸ ਚਿੱਠੀ ਨੂੰ ਰਾਜਕੁਮਾਰ ਨੇ ਕਈ ਵੇਰ ਪੜ੍ਹਿਆ ਅਤੇ ਬਹੁਤੇ ਡੂੰਘੇ ਵਹਿਣਾ ਵਿਚ ਪੈ ਪੈ ਕੇ ਸੋਚਿਆ, ਪਰ ਰਾਣੀ ਰੂਪ ਕੌਰ ਦਾ ਕੁਝ ਵੀ ਪਤਾ ਨਾ ਲਗਾ। ਕੈਈ ਵਾਰ ਮੜ੍ਹੀਆਂ ਮਸਾਣਾਂ, ਜੰਗਲਾਂ ਉਜਾੜਾਂ, ਬਾਗਾਂ, ਸ਼ਹਿਰਾਂ, ਪਹਾੜਾਂ, ਕੰਦਰਾਂ, ਵਿਚ ਵੀ ਟੋਹਾਂ ਲਾਈਆਂ, ਪੁੱਛਾਂ ਦੱਸਾਂ ਕਢਾਈਆਂ, ਪਰ ਸੱਭੇ ਵਿਅਰਥ ਹੀ ਗਈਆਂ, ਰਾਣੀ ਦਾ ਕੁਝ ਪਤਾ ਨਿਸ਼ਾਨ ਨਾ ਲਗਾ। ਕੋਈ ਸਮਾਂ ਏਵੇਂ ਹੀ ਬੀਤ ਗਿਆ, ਪਰ ਰਾਜਕੁਮਾਰ ਦੇ ਚਿਤੋਂ ਸੂੰਹ ਕੱਢਣ ਦੀ ਚੋਂਪ ਨਾ ਗਈ, ਨਾਲ ਹੀ ਨਿਰਾਸਤਾ ਅਤੇ ਉਦਾਸੀ ਆਪਣੀ ਹੈਰਾਨੀ ਭਰੀ ਸੂਰਤ ਦਿਖਾਕੇ ਕਿਸੇ ਕਿਸੇ ਵੇਲੇ ਰਾਜਕੁਮਾਰ ਜੀ ਨੂੰ ਪਰੇਸ਼ਾਨ ਕਰਨ ਲਗ ਪਈਆਂ।

ਫਿਰ ਇਕ ਦਿਨ ਰਾਜਕੁਮਾਰ ਅਪਣੇ ਮਹਲ ਵਿਚ ਸੁਮਤਿ ਕੌਰ ਨਾਲ ਬੈਠੇ ਹੋਏ ਕੁਝ ਬਚਨ ਬਿਲਾਸ ਕਰ ਰਹੇ ਸਨ ਕਿ ਸੁਨੀਅਰ ਦੇ ਚੋਬਦਾਰਾਂ ਨੇ ਬੜੇ ਅਦਬ ਨਾਲ ਫਤਹ ਬੁਲਾਕੇ ਇਕ ਰੰਗੀਨ ਲਫਾਫਾ ਜਿਸਤੇ ਬੜੀ ਚਿਤ੍ਰਕਾਰੀ ਕੀਤੀ ਹੋਈ ਸੀ, ਪੇਸ਼ ਕੀਤਾ, ਰਾਜਕੁਮਾਰ ਨੇ ਜਦ ਲਫਾਫਾ ਪੜ੍ਹਿਆ ਤਾਂ ਸਿਰਨਾਵਾਂ ਇਹ ਲਿਖਿਆ ਸੀ:—

ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨ ਵੇਛੋੜਿ ॥ ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥੧॥[ਵਾ:ਮਾ:ਭ:ਮ:੫
ਦੁਖੀਆ ਦਰਦ ਘਣੇ ਵੇਦਨ ਜਾਣੈ ਤੂ ਧਣੀ॥
ਜਾਣਾ ਲਖ ਭਵੇ ਪਿਰੀ ਡਿਖੰਦੇ ਤਾ ਜੀਵਸਾ ॥ ੨ ॥ [ਵਾਰ ਮਾਰੂ ਭ: ਮ: ੫

ਰਾਜਕੁਮਾਰ ਨੇ ਪੁੱਛਿਆ ਇਹ ਖਤ ਕੌਣ ਲਿਆਇਆ ਹੈ? ਅਗੋਂ ਚੋਬਦਾਰਾਂ ਅਦਬ ਨਾਲ ਬੇਨਤੀ ਕੀਤੀ ਕਿ ਸਾਹਿਤਜਾਚਾਰਯ ਨਾਮੀ ਪਾਂਧਾ ਲਿਆਇਆ ਹੈ। ਇੰਨੇ ਤਕ ਲਿਫਾਫਾ ਖੁੱਲ੍ਹ ਗਿਆ।ਚਿੱਠੀ ਖੋਲ੍ਹੀ ਤਾਂ ਉਸ ਵਿਚ ਇਹ ਲਿਖਿਆ ਸਾ:—

ੴ ਸਤਿਗੁਰਪ੍ਰਸਾਦਿ ॥

ਸ੍ਰੀ ਯੁਤਿ, ਸ੍ਰੀ ਨੁਤਿ*, ਸ੍ਰੀ ਦੁਤਿ†, ਸ੍ਰੀ ਮਤਿ ਸ੍ਰੀ ਮਹਾਰਾਜਾਧਿਰਾਜ ! ਕਾਇਆਂ ਕੋਟਿ ਗੜੇਸ਼੍ਵਰ, ਈਸ਼੍ਵਰ, ਜਗਤੇਸ਼੍ਵਰ ਸਿਰ ਤਾਜ ! ਨਾਥ ਅਨਾਥਹਿ ਕੀ ਇਕ ਬਿਨਤੀ ਸੁਨ ਲੀਜੋ ਮਹਾਰਾਜ! ਤੁਮ ਕਿਸ਼ੋਰ‡, ਬਯ§, ਪੂਰਣ ਜੋਬਨ

*ਤਾਰੀਫ ਵਾਲਾ। †ਸੁੰਦਰਤਾ। ‡੧੮ਬਰਸ ਤੋਂ ੨੫ ਤਕ ਦੀ ਅਵਸਥਾ। §ਉਮਰ।

Digitized by Panjab Digital Library | www.panjabdigilib.org

ਰੰਸਿਕ ਸ਼ਿਰੋਮਨਿ ਰਾਜ ॥ ੧ ॥ ਸਦਾ ਨਵੀਨ, ਪ੍ਰਬੀਨ ਪੀਨ* ਮਤਿ ਚੀਨ† ਲੀਨ ਮੈ ਆਪ। ਬਿਨਤੀ ਪ੍ਰਿਥਮ ਪਠੀ ਚਰਨਨ ਮੈ ਬਿਨ ਸੰਦੇਹ ਨਿਜਾਪ‡। ਨਹਿੰ ਉਤ੍ਰ, ਮੈਂ ਬਿਹਬਲ ਅਤਿਸ਼ੈ, ਦਰਸ਼ਨ ਕਰਨ ਚਹੌਂ ਪ੍ਰਭ ਤੋਰਿ। ਕਰੋ ਕ੍ਰਿਪਾ ਮੈ ਚਕਵੀ ਦਾਸਨ, ਤੁਮ ਰਵਿ§ ਚਕ੍ਰ¶ ਬਿਕਾਸਨ[1] ਮੋਰਿ ॥ ੨ ॥ ਅਤਿ ਅਧੀਨ ਮੈ ਦੀਨ ਅਨਾਥਨਿ, ਨਾਥ ਲਖਜੋ ਨਾਥਹੁ ਨਥ[2] ਪਾਇ। ਅਨਥ ਨ ਰਾਖਹੁ, ਨਾਥਹੁ, ਨਾਥਹੁ, ਕਾਇਆ ਨਾਥ, ਅਨਾਥ ਅਲਾਇ[3]। ਅਤ੍ਰ[4] ਵਚਿਤ੍ਰ[5] ਪਤ੍ਰ, ਪਦ ਪੰਕਜ[6] ਤਵ, ਮੈ ਅਰਪਨ ਕੀਨ। ਮਮ ਸੁੰਦਰਤਾ ਆਸ਼੍ਰਿਤ ਤੁਮਰੇ ਜਿਮ ਰਵਿ ਸੰਗ ਨ ਧੂਪ ਮਲੀਨ ॥ ੩ ॥

ਲੇਖਕਾ—ਆਪਦੀਇਛਾਤੁਰਾ ਅਨਾਥਾ—
ਰੂਪ ਕੌਰ।

ਇਹ ਚਿਠੀ ਪੜ੍ਹਕੇ ਚੌਬਦਾਰਾਂ ਨੂੰ ਪੁੱਛਿਆ ਇਹ ਵਤੀਸਰ ਕਿਸ ਰਸਤੇ ਆਇਆ ਹੈ? ਤਾਂ ਚੌਬਦਾਰਾਂ ਅਰਜ ਕੀਤੀ,ਮਹਾਰਾਜ ! ਚਾਤਰੀ ਦੀ ਸੜਕ ਪੈਕੇ ਆਣ ਪੁੱਜਾ ਹੈ।ਹੁਕਮ ਹੋਇਆ ਜਲਦੀ ਹਾਜ਼ਰ ਕਰੋ। ਚੌਬਦਾਰਾਂ ਨੇ ਢੂੰਡ ਭਾਲ ਕਰਕੇ ਬੇਨਤੀ ਕੀਤੀ–ਮਹਾਰਾਜ ਜੀ! ਉਸਦਾ ਕੁਝ ਪਤਾ ਨਹੀਂ । ਚਿੱਠੀ ਦੇਂਦਾ ਹੀ ਕਿਸੇ ਉਪਮਾਨ[7] ਅਥਵਾ ਉਪਮੇਯ[8] ਵਿਚ ਲੋਪ ਹੋ ਗਿਆ ਹੈ । ਅਸੀਂ ਰਸ, ਲੱਛਨਾਂ ਬਾਦ ਸ਼ਹਿਰ ਤੋੜੀ ਤੇ ਅਲੰਕਾਰ ਦੇ ਮਹੱਲਿਆਂ ਵਿਚ ਵੀ ਭਾਲ ਕਰ ਥੱਕੇ ਹਾਂ,ਪਰ ਵਤੀਸਰ ਜੀ ਦਾ ਕੋਈ ਪਤਾ ਨਹੀਂ ਲਗਦਾ ।

ਇਹ ਸੁਣਕੇ ਰਾਜਕੁਮਾਰ ਹੈਰਾਨੀ ਦੀ ਹਦ ਤੋਂ ਵਧ ਗਿਆ ਅਤੇ ਚਿੱਠੀ ਨੂੰ ਫਿਰ ਦੁਬਾਰਾ ਪੜ੍ਹਿਆ, ਫਿਰ ਤੀਜੀ ਵਾਰ ਪੜ੍ਹਕੇ ਅਰਥ ਵਿਚਾਰਨ ਲਗੇ। ਇਹ ਚਿਠੀ ਹੈ ਕਿ ਚਤੁਰਾਈ ਦੀ ਹੱਦ ਹੈ । ਅਰੰਭ ਵਿਚ ਹੀ ਪੰਜੇ ਵਾਰਾਂ'ਸ਼੍ਰੀ' ਕੈਸੇ ਅਨੋਖੇ ਵਿਸ਼ੇਸ਼ਨਾ ਨਾਲ ਜੋੜਕੇ ਲਿਖੀਆਂ ਹਨ। ਫਿਰ ਹੇ ਨਾਥ ! ਮੈਂ ਅਨਾਥ ਦੀ ਬੇਨਤੀ, ਨਾਥ, ਅਨਾਥ ਪਦਾਂ ਦਾ ਅਨੁਪ੍ਰਾਸ* ਵਡਾ ਅਨੋਖਾ ਪਾਇਆ ਹੈ । ਵਾਹਵਾ ਕਿਸ਼ੋਰ ਅਵਸਥਾ ਦੀ ਪੂਰਣਤਾ ਪਰ ਜੋਬਨ ਦਾ ਹੋਣਾ ਕੈਸਾ ਸੁੰਦਰ ਹੈ। ਬੁੱਧੀ ਦੀ ਵਡਿਆਈ ਵਿਚ ਨਵੀਨਪਨ ਤੇ ਪ੍ਰਬੀਨ ਕਿਹਾ ਚੱਜਾ ਲਿਖਿਆ ਹੈ।

ਭਲਾ ਮੈਂ ਤਾਂ ਇਸ ਰੂਪ ਕੌਰ ਨੂੰ ਅਜੇ ਅੱਖਾਂ ਭਰਕੇ ਵੇਖਿਆ ਵੀ ਨਹੀਂ ਤੇ ਉਸ ਮੈਨੂੰ ਕੀਕਰ ਪਛਾਣਿਆਂ?ਇਹ ਅਚਰਜ ਗਲ ਹੈ !

ਹੇ ਕਰਤਾਰ ! ਇਹ ਕਿਤੇ ਸ਼ੁਦਾਇਣ ਤਾਂ ਨਹੀਂ ਹੋ ਗਈ। ਐਡੀ ਬਿਆਕੁਲ ਹੋਈ ਚਕਵੀ ਬਣੀ ਜਾਂਦੀ ਹੈ। ਨਾਲ ਹੀ ਚਕਵਾ ਸੂਰਜ ਮੈਨੂੰ ਬਣਾਉਂਦੀ ਹੈ, ਇਹ ਦ੍ਰਿਸ਼ਟਾਂਤ ਘਰੋਗਾ ਹੀ ਹੈ; ਚੰਗਾ–ਦੀਨ ਅਨਾਥ ਨੇ ਨਾਥ ਲੱਭਿਆ ਹੈ ! ਤੇ ਕਾਹਲੀ ਵੀ ਏਡੀ ਕੁ ਹੈ ਕਿ 'ਸੁਹਾਗ ਦੀ ਨੱਥ ਪਾਕੇ ਨੱਥ ਲਓ' ਲਿਖਦੀ ਹੈ, ਕੈਸਾ ਆਰਤ† ਬਚਨ ਹੈ। ਨੱਥ ਵਿਹੂਣੀ ਨਾ ਰਖੋ, ਨੱਥ ਪਾਓ, ਨੱਥ ਪਾਓ ! ਐ ਮੇਰੇ ਸਰੀਰ ਦੇ ਮਾਲਕ ! ਮੈਂ ਅਨਾਥ ਹੋਈ ਕਹਿਨੀ ਹਾਂ। ਫਿਰ ਛੇਕੜ ਤਾਂ ਖਤ ਲਿਖਕੇ ਲਿੱਖਣ ਹੀ ਭੰਨ ਘੱਤੀ ਹੈ, ਕਿ ਮੇਰੀ ਸੁੰਦਰਤਾ ਤੁਹਾਡੇ ਅਗੇ ਇਸ ਤਰ੍ਹਾਂ ਹੈ ਜੀਕਰ ਧੁੱਪ ਦੀ ਖ਼ੂਬੀ ਸੂਰਜ ਦੇ ਆਸਰੇ

---

*ਮਜਬੂਤ।†ਦੇਖ ਲਿਆ।‡ਨਿਜ ਆਪ। §ਸੂਰਜ ¶ਚਕਵਾ। [1]ਖਿੜਾਉਣ ਵਾਲਾ । [2]ਨੱਥਕੇ, ਨਥ (ਸੁਹਾਗ) ਦੀ ਪਾਕੇ। [3]ਮੈਂ ਅਨਾਥ ਬੇਨਤੀ ਕਰ ਰਹੀ ਹਾਂ। [4]ਇਹ। [5]ਅਨੋਖੀ। [6]ਕਵਲ।[7]ਜਿਸ ਦੀ ਉਪਮਾ ਦਿਤੀ ਜਾਵੇ।[8]ਜਿਸ ਨੂੰ ਉਪਮਾਨਿਆਜਾਵੇ।

*ਹਮ ਵਜ਼ਨ ਹੋਣਾ ਅਠਾਰਾਂ ਬਰਸ ਦੀ ਉਮਰ †ਨਿੰਮ੍ਰਤਾ ਦਾ।

Digitized by Panjab Digital Library | www.panjabdigilib.org

ਹੁੰਦੀ ਹੈ। "ਜਾਨ ਨ ਪਹਿਚਾਨ ਮੈਂ ਤੇਰਾ ਮਹਿਮਾਨ" ਮੈਂ ਤਾਂ ਇਸਨੂੰ ਜਾਣਦਾ ਵੀ ਨਹੀਂ ਤੇ ਇਹ ਭਾਗ ਸੁਲੱਖਾ ਮੇਰੇ ਆਸਰੇ ਹੋਕੇ ਚਮਕ ਰਹੀ ਹੈ! ਬੇਸ਼ਕ ਇਹ ਨਿਰੀ ਰੂਪ ਕੌਰ ਹੀ ਨਹੀਂ, ਇਹ ਤਾਂ ਕੁਝ ਅਕਲ ਕੌਰ ਵੀ ਪ੍ਰਤੀਤ ਹੁੰਦੀ ਹੈ, ਪਰ ਏਹ ਏਡੀ ਘਬਰਾਹਟ ਕਿਉਂ ਲਿਖਦੀ ਹੈ? ਇਹ ਗਲ ਅਚਰਜ ਤੋਂ ਵਧ ਗਈ ਹੈ। ਚਿੱਠੀ ਤਾਂ ਸੁਖ ਨਾਲ ਦੂਜੀ ਵੇਰ ਬਿਜਲੀ ਵਾਂਗ ਆ ਧਮਕੀ ਹੈ, ਪਰ ਅਪਣਾ ਨਿਸ਼ਾਨ ਪਤਾ ਥਹੁ ਟਿਕਾਣਾ ਸਭ ਗੁੰਮ ਹੈ। ਕੋਈ ਤਦਬੀਰ ਨਹੀਂ ਹੋ ਸਕਦੀ, ਜਿਸ ਤਰ੍ਹਾਂ ਇਸਦਾ ਕੋਈ ਥਾਂ ਮਕਾਨ ਲੱਭੇ, ਤਾਂ ਜੋ ਕੁਝ ਮੋੜਵਾਂ ਉੱਤਰ ਦਿੱਤਾ ਜਾਵੇ। ਇਸ ਚਤੁਰਾਈ ਦਾ ਕੋਈ ਪਤਾ ਨਹੀਂ ਲਗਦਾ ਕਿ ਪਤਾ ਕਿਉਂ ਨਹੀਂ ਲਿਖਦੀ। ਭਾਵੇਂ ਕਿਤੇ ਇਹੋ ਗਲ ਨਾ ਹੋਵੇ ਕਿ ਡਾਢੀ ਘਬਰਾਹਟ ਵਿਚ ਆਪਣਾ ਪਤਾ ਲਿਖਣੋਂ ਭੁੱਲ ਗਈ ਹੋਵੇ, ਪਰ ਜੇ ਭੁੱਲ ਗਈ ਹੋਵੇ ਤਾਂ ਦੂਜੀ ਵੇਰਾਂ ਹੀ ਚੇਤਾ ਰਖਦੀ। ਇਹ ਕੋਈ ਪਤਾ ਨਹੀਂ ਲਗਦਾ ਕਿ ਕੀ ਗਲ ਹੈ?

ਝੰਜਟ ਵਿਚ ਝੁੰਝਲਾਕੇ ਰਾਜ ਕੁਮਾਰ ਨੇ ਚੋਬਦਾਰਾਂ ਨੂੰ ਹੁਕਮ ਦਿੱਤਾ ਕਿ ਜੋ ਕੋਈ ਚਿੱਠੀ ਲਿਆਵੇ ਉਸਨੂੰ ਚਿੱਠੀ ਸਮੇਤ ਹਾਜ਼ਰ ਕਰੋ, ਜੇ ਹਾਜ਼ਰ ਨਾ ਹੋਵੇ ਤਾਂ ਪਹਿਰੇ ਵਿਚ ਰਖੋ ਅਤੇ ਖਬਰ ਬਹੁਤ ਜਲਦੀ ਪੁਚਾਓ। ਚੋਬਦਾਰ ਇਸ ਹੁਕਮ ਨੂੰ ਸੁਣਕੇ ਸਿਰ ਨਿਵਾਕੇ ਆਪਣੀ ਚੌਂਕੀ ਪਰ ਜਾ ਠਹਿਰੇ। ਇਧਰ ਰਾਜਕੁਮਾਰ ਬੜੀਆਂ ਭਾਰੀਆਂ ਡੂੰਘੀਆਂ ਸੋਚਾਂ ਦੇ ਖੂਹਾਂ ਵਿਚ ਟੁੱਬੀਆਂ ਲਾਉਣ ਲਗੇ ਤੇ ਲੱਜਾਂ ਹਥੋਂ ਛੱਡ ਤੇ ਪਤਾਲ ਦੀ ਮਿੱਟੀ ਲਿਆਉਣ ਲਗੇ। ਮੁਸਾਹਿਬ ਲੋਕ ਇਹ ਹਾਲ ਦੇਖ ਦੇਖਕੇ ਹੈਰਾਨੀ ਦੇ ਸਮੁੰਦਰਾਂ ਵਿਚ ਤਰਨ ਲਗੇ ਕਿ ਰਾਜਕੁਮਾਰ ਨੂੰ ਇਹ ਕੀ ਬੀਮਾਰੀ* ਹੋ ਗਈ ਹੈ, ਜਦ ਦੇਖੋ ਸੋਚਾਂ ਵਿਚ ਚਿੰਤਾ ਹੀ ਕਰਦਾ ਦਿੱਸਦਾ ਹੈ, ਕੋਈ ਉਪਾਉ ਸੋਚੀਏ ਤੇ ਇਸਨੂੰ ਕਿਸੇ ਪਾਸੇ ਵਲ ਲਾਈਏ ਪਰਚਾਈਏ, ਪਰ ਰਾਜਕੁਮਾਰ ਇਕ ਖੂਹ ਵਿੱਚੋਂ ਅਜੇ ਨਿਕਲ ਹੀ ਨਹੀਂ ਚੁਕਦੇ ਕਿ ਦੂਜੇ ਦੀ ਤਹ ਵਿਚ ਹਥ ਪੈਰ ਮਾਰਨ ਲਗ ਜਾਂਦੇ ਹਨ।

ਓੜਕ ਮੁਸਾਹਿਬਾਂ ਨੇ ਇਕ ਦਿਨ ਟਿੱਕਾ ਜੀ ਨੂੰ ਭੰਗ ਪਿਲਾ ਸੁਲਾ ਦਿੱਤਾ ਅਤੇ ਆਪ ਵੀ ਅਰਾਮ ਵਿਚ ਹੋ ਗਏ। ਸਮਾਂ ਦੇਖਕੇ ਮਹਿਕਾ ਨਾਮ ਦਾ ਇਕ ਨਾਈ ਕਸਤੂਰੇ ਨਾਪੇਂ ਦੇ ਰਾਹੋਂ ਲੰਘਦਾ ਨਕਟ੍ਹ ਦਰਵਾਜੇ ਦੇ ਚੋਬਦਾਰਾਂ ਨੂੰ ਗਾਫਲ ਪਾਕੇ ਆਪ ਹੀ ਅੰਦਰ ਲੰਘ ਗਿਆ। ਅੱਗੇ ਰਾਜ ਕੁਮਾਰ ਨੂੰ ਸੁੱਤਿਆਂ ਵੇਖਕੇ ਆਪੇ ਤਲੀਆਂ ਝੱਸਣ ਲਈ ਬੈਠ ਗਿਆ। ਇਸਦੇ ਉਪਰਾਂਦੇ† ਹੱਥਾਂ ਦੀ ਝਸਾਵਟ ਤੇ ਰਾਜ ਕੁਮਾਰ ਨੇ ਅੱਖਾਂ ਖੋਲ੍ਹ ਦਿੱਤੀਆਂ। ਓਪਰਾ ਆਦਮੀ ਦੇਖਕੇ ਟਿਕੇ ਨੇ ਜ਼ਰਾ ਖੜਕ ਕੇ ਪੁੱਛਿਆ—ਤੂੰ ਕੌਣ ਹੈਂ?

ਮਹਿਕਾ—ਜੀ ਮੈਂ ਲਾਗੀ ਹਾਂ।

ਰਾਜ ਕੁਮਾਰ—ਏਥੇ ਵਤੀਸਰ ਕਿਉਂ ਆਇਆ?

ਮਹਿਕਾ—ਹਜ਼ੂਰ ਵਾਸਤੇ ਸ਼ਗਨ ਲੈ ਕੇ ਆਇਆ ਹਾਂ।

ਰਾਜ ਕੁਮਾਰ (ਚੌਂਕਕੇ)—ਸ਼ਗਨ ਕਿਹਾ, ਕਿਸ ਘਰ ਦਾ ਸ਼ਗਨ?

ਮਹਿਕਾ—ਰਾਣੀ ਸਾਹਿਬ ਦਾ ਸ਼ਗਨ।

ਰਾਜ ਕੁਮਾਰ—ਕੌਣ ਰਾਣੀ?

ਮਹਿਕਾ—ਮੜੋਲੀ ਨਗਰ ਦੀ ਰਾਣੀ ਦਾ

*ਰਾਜਕੁਮਾਰ ਮੰਨਾ ਸਿੰਘ ਦੀ ਸੰਸੇ ਬ੍ਰਿਤੀ।

†ਉੱਪਰੇ।

Digitized by Panjab Digital Library | www.panjabdigilib.org

ਸ਼ਗਨ ਹੈ।

ਰਾਜ ਕੁਮਾਰ (ਦੁਖੀ ਹੋਕੇ)—ਰਾਣੀ ਦਾ ਸ਼ਗਨ? ਇਹ ਕੀ ਗਲ ਹੋਈ ? ਸ਼ਗਨ ਰਾਜ ਕੁਮਾਰੀ ਦਾ ਹੁੰਦਾ ਹੈ ਨਾ ਕਿ ਰਾਣੀ ਦਾ!

ਮਹਿਕਾ—ਜੀ ਹਜ਼ੂਰ ਇਹ ਸ਼ਗਨ ਤਾਂ ਰਾਣੀ ਜੀ ਦਾ ਹੀ ਹੈ, ਰਾਜ ਕੁਮਾਰੀ ਦਾ ਨਹੀਂ ਹੈ।

ਰਾਜ ਕੁਮਾਰ—ਤੂੰ ਬੜਾ ਮਸਖਰਾ ਹੈਂ, ਕਦੀ ਰਾਣੀਆਂ ਨੇ ਭੀ ਸ਼ਗਨ ਭੇਜੇ ਹਨ ? ਰਾਣੀ ਰਾਜਾ ਦੀ ਹੁੰਦੀ ਹੈ, ਫਿਰ ਰਾਜਾ ਦੇ ਹੁੰਦਿਆਂ ਰਾਣੀ ਕਦ ਸ਼ਗਨ ਭੇਜ ਸਕਦੀ ਹੈ, ਆਪਣਾ ਸ਼ਗਨ ਕਦੀ ਕਿਸੇ ਰਾਣੀ ਨੇ ਆਦਿ ਜੁਗਾਦਿ ਵਿਚ ਭੇਜਿਆ ਹੈ ?

ਮਹਿਕਾ (ਬੜੇ ਅਦਬ ਨਾਲ)—ਹਜ਼ੂਰ ! ਮੇਰੀ ਕਮੀਨ ਨਾਈ ਦੀ ਕੀ ਮਜਾਲ ਹੈ ਜੋ ਮਹਾਰਾਜਿਆਂ ਨਾਲ ਮਸਖਰੀ ਕਰਾਂ ? ਪਰ ਏਵੇਂ ਰਤਾ ਕੁ ਇਸ ਗਲ ਵਿਚ ਵਲ ਹੈ। ਬਿਅਦਬੀ ਮਾਫ ਹੋਵੇ, ਤਾਂ ਕੁਝ ਅਰਜ ਕਰਾਂ। ਅਸੀਂ ਨਾਈ ਲੋਕ ਵਤੀਸਰ ਰਾਜ ਕੁਮਾਰੀਆਂ ਦੇ ਸ਼ਗਨ ਉਨ੍ਹਾਂ ਦੇ ਮਾਪਿਆਂ ਦੇ ਰਾਹੀਂ ਲੈਕੇ ਵਰ ਘਰ ਨੂੰ ਢੂੰਡਣ ਲਈ ਦੇਸਾਂ ਪਰਦੇਸ਼ਾਂ ਵਿਚ ਜਾਂਦੇ ਹਾਂ, ਪਰ ਏਥੇ ਤਾਂ ਮਹਾਰਾਜ ! ਰਾਣੀ ਸਾਹਿਬ ਨੇ ਆਪਣਾ ਵਰ ਆਪ ਨੂੰ ਆਪੇ ਹੀ ਢੂੰਡ ਕੱਢਿਆ ਹੈ, ਮੈਂ ਤਾਂ ਨਿਰਾ ਸ਼ਗਨ ਹੀ ਲੈਕੇ ਹਜੂਰ ਦੇ ਚਰਨਾਂ ਵਿਚ ਹਾਜ਼ਰ ਆਣ ਹੋਇਆ ਹਾਂ।

ਰਾਜ ਕੁਮਾਰ—ਇਸਦੇ ਮਾਪਿਆਂ ਦੇ ਹੱਥੀਂ ਸ਼ਗਨ ਕਿਉਂ ਨਾ ਲਿਆਇਆ।

ਮਹਿਕਾ—ਮਹਾਂਰਾਜ ਜੀ ! ਇਹ ਰਾਣੀ ਪਤੀ ਪਿਤਾ ਰਹਤ ਹੈ, ਇਹ ਸ਼ਗਨ ਰਾਣੀ ਦਾ ਆਪਣਾ ਭੇਜਿਆ ਹੋਇਆ ਹੈ।

ਰਾਜਕੁਮਾਰ—ਹੱਛਾ, ਇਹ ਕੋਈ ਵਿਧਵਾ ਰਾਣੀ ਹੈ? ਪਰੰਤੂ ਮੈਂ ਤਾਂ ਆਪ ਇਸਤ੍ਰੀ ਵਾਲਾ ਹਾਂ ਅਤੇ ਮਾਤਾ ਪਿਤਾ ਵਾਲਾ ਵੀ ਹਾਂ, ਇਹ ਸ਼ਗਨ ਵਿਧਵਾ ਰਾਣੀ ਦਾ ਕਿਸ ਤਰ੍ਹਾਂ ਲੈ ਲਵਾਂ ?

ਮਹਿਕਾ—ਮਹਾਰਾਜ! ਆਪ ਦਾ ਜੁਗ ਜੁਗ ਰਾਜਵਰਤੋ। ਰਾਜਿਆਂ ਮਹਾਰਾਜਿਆਂ ਦੇ ਮਹਲਾਂ ਵਿਚ ਅਨੇਕਾ ਰਾਣੀਆਂ ਹੁੰਦੀਆਂ ਹਨ, ਉਨ੍ਹਾਂ ਵਿਚ ਇਹ ਰਾਣੀ ਵੀ ਆਪ ਦੀ ਸੇਵਾਦਾਰ ਬਣੀ ਰਹੇਗੀ। ਗਰੀਬ ਨਿਵਾਜ ਜੀ ! ਮੇਰਾ ਮੂੰਹ ਛੋਟਾ ਹੈ, ਪਰ ਬਾਤ ਜ਼ਰਾਕੁ ਵਡੀ ਹੈ। ਇਸ ਲਈ ਬਿਅਦਬੀ ਮਾਫ, ਸਾਡੀ ਮਹਾਰਾਣੀ ਸਾਹਿਬਾ ਨੇ ਅਗੇ ਹਜ਼ੂਰ ਦੀ ਸੇਵਾ ਵਿਚ ਬੇਨਤੀਆਂ ਕਰ ਕਰ ਭੇਜੀਆਂ, ਪਰ ਸਰਕਾਰ ਵਲੋਂ ਮੋੜਵਾਂ ਕੋਈ ਉੱਤਰ ਨਾ ਪਹੁੰਚਣ ਕਰਕੇ ਵਿਚਾਰਿਆ ਕਿ "ਮਹਾਰਾਜ ਜੀ ਦੀ ਮਰਜ਼ੀ ਤਾਂ ਹੈ, ਕਿਉਂਕਿ ਚੁਪ ਰਹਿਣਾ ਅਧੇ ਰਾਜ਼ੀ ਹੋਣ ਦੀ ਨਿਸ਼ਾਨੀ ਹੁੰਦੀ ਹੈ ਪਰ ਮੇਰੇ ਦੂਸਰੀ ਵਾਰ ਵਿਆਹੇ ਜਾਣ ਦੇ ਕਾਰਨ ਪ੍ਰਗਟ ਨਹੀਂ ਕੀਤਾ ਚਾਹੁੰਦੇ।" ਇਸ ਅਪਨੇ ਗੁਪਤ ਮਤੇ ਨੂੰ ਚੁਪ ਗੁਪ ਹੀ ਨਿਰਬਾਹ ਕਰਨ ਲਈ ਰਾਣੀ ਜੀ ਨੇ ਸ਼ਗਨ ਆਪਦੀ ਸੇਵਾ ਵਿਚ ਭੇਜਿਆ ਹੈ। ਮੈਂ ਭੀ ਰਾਣੀ ਸਾਹਿਬ ਦੇ ਇਸ ਅਨੁਮਾਨ ਨੂੰ ਪ੍ਰਮਾਣੀਕ ਹੀ ਜਾਤਾ ਅਤੇ ਇਕਾਂਤ ਵਿਚ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ।

ਰਾਜਕੁਮਾਰ—ਵਾਹ ਵਾ! ਰਾਣੀ ਤਾਂ ਨਿਆਇ ਸ਼ਾਸਤ੍ਰ ਦੀ ਪੰਡਤਾ ਹੈ, ਇਜੇਹੀ ਚਾਤੁਰੀ ਦਾ ਢਾਂਚਾ।...ਉਹ ਕਿਸ ਦੇਸ਼ ਦੀ ਰਾਣੀ ਹੈ।

ਮਹਿਕਾ—ਹਜ਼ੂਰ ! ਉਹ ਮੜੋਲੀ ਨਾਮੇ ਇਕ ਨਗਰ ਦੀ ਰਾਣੀ ਹੈ।

ਰਾਜਕੁਮਾਰ—ਉਸਦੇ ਰਾਜਾ ਦਾ ਕੀ ਨਾਉਂ ਸੀ?

ਮਹਿਕਾ—ਜੀ ਉਸਦਾ ਨਾਉ ਰਾਜਾ ਵਿਦੇਹ ਸਾ।

ਰਾਜਕੁਮਾਰ—ਉਸਦਾ ਅਪਨਾ ਨਾਮ ਕੀਹ ਹੈ?

Digitized by Panjab Digital Library | www.panjabdigilib.org

ਮਹਿਕਾ—ਸ੍ਰੀ ਮਤੀ ਮਹਾਂ ਰੂਪ ਵਤੀ ਸਾਰੇ ਜਗਤ ਵਿਚ ਪ੍ਰਗਟ ਰਾਜ ਰਾਜੇਸ਼ਰੀ ਮਹਾਰਾਣੀ ਰੂਪ ਕੌਰ ਸਾਹਿਬਾ ਜੀ ਹੈ।

ਰਾਜਕੁਮਾਰ (ਚੌਂਕਕੇ)—ਤੂੰ ਰੂਪ ਕੌਰ ਦਾ ਨਾਈ ਹੈਂ ?

ਮਹਿਕਾ—ਜੀਹਜ਼ੂਰਦਾਟਹਿਲਵਾਲਾਗ਼ੁਲਾਮ। ਰਾਜਕੁਮਾਰ—ਸਾਨੂੰ ਤਾਂ ਅਜ ਤਕ ਰਾਣੀ ਰੂਪ ਕੌਰ ਦਾ ਪਤਾ ਹੀ ਕੁਝ ਨਾ ਸੀ ਲਗਦਾ, ਪਰੰਤੂ ਤੇਰੇ ਡੂੰਘੇ ਨਜਾਇ ਦੀ ਘੋਟ ਵਿਚ ਰੂਪ ਕੌਰ ਦਾ ਪਤਾ ਚਮਕ ਆਇਆ।

ਮਹਿਕਾ(ਮੌਕਾ ਦੇਖਕੇ ਅਤੇ ਬੜੀ ਦਲੇਰੀ ਨਾਲ)—ਹਜ਼ੂਰ! ਇਹ ਸ਼ਗਨ ਹੈ। ਇਸ ਵੇਲੇ ਸਾਇਤ ਅੱਛੀ ਹੈ। ਛੁਹਾਰਾ ਆਪਦੇ ਮੂੰਹ ਲਗ ਜਾਵੇ ਤਾਂ ਠੀਕ ਹੈ। ਪੰਡਤ 'ਰਸ ਰਾਜ' ਜੀ ਭੀ ਮੁਖਮੁੰਹੇ ਦਰਵਾਜ਼ੇ ਤੇ ਹਾਜ਼ਰ ਹਨ। ਹੁਕਮ ਹੋਵੇ ਤਾਂ ਸਗਨ ਮੂੰਹ ਲਗਵਾ ਜਾਣ।

ਰਾਜਕੁਮਾਰ (ਆਪਣੇ ਆਪ ਨੂੰ ਸੰਭਾਲ ਕੇ)—ਮੈਂ ਸੁਤੰਤ੍ਰ ਨਹੀਂ ਹਾਂ, ਮੇਰੇ ਸਿਰ ਪਰ ਮਾਤਾ ਪਿਤਾ ਹਨ, ਉਹ ਮਾਲਕ ਹਨ, ਉਨ੍ਹਾਂ ਦੀ ਆਗਿਆ ਬਿਨਾਂ ਮੈਂ ਸ਼ਗਨ ਅੰਗੀਕਾਰ ਨਹੀਂ ਕਰ ਸਕਦਾ।

ਮਹਿਕਾ—ਹਜ਼ੂਰ ਟਹਿਲ ਵਾਲੇ ਦੀ ਜਾਨ ਬਖਸ਼ੀ ਕਰੋ, ਤਾਂ ਅਰਜ਼ ਕਰਾਂ। ਇਹ ਵਿਆਹ ਜੇ ਕਦੀ ਸਰਕਾਰ ਨੇ ਸੰਸਾਰ ਵਿਚ ਪ੍ਰਗਟ ਹੋਕੇ ਵਾਜਿਆਂ ਗਾਜਿਆਂ ਨਾਲ ਕਰਨਾ ਹੋਵੇ ਤਾਂ ਗੁਲਾਮ ਵਡੇ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਹੋਕੇ ਬੇਨਤੀ ਕਰੇ।

ਰਾਜ ਕੁਮਾਰ—ਤੇਰੀ ਪਹੁੰਚ ਮਹਾਂਰਾਜ ਤਕ ਨਹੀਂ ਹੈ।

ਮਹਿਕਾ—ਹਜ਼ੂਰ ! ਮੈਂ ਮਹਲਾਂ ਦੇ ਰਸਤੇ ਦਾ ਜਾਣੂ ਹਾਂ। ਗੁਣ ਦੂਵਜ ਆਦਿਕ ਵਿੰਗੀਆਂ ਤੇ ਲੰਮੀਆਂ ਕੁੰਜ ਗਲੀਆਂ ਲੰਘਕੇ, ਚਿਦਾਕਾਸ ਵਾਲੀ ਘਾਟੀ ਉਤਰਕੇ ਭਾਗ ਤਜਾਗ ਆਦਿਕ ਲੱਛਣਾਂ ਦੁਆਰੇ ਸਿੱਧਾ ਮਹਾਂਰਾਜ ਦੇ ਮਹਲਾਂ ਦਾ ਰਾਹ ਹੈ। ਅਸਾਂ ਲਾਗੀਆਂ ਲੋਕਾਂ ਦੀ ਸਾਰੀ ਉਮਰ ਬੂਤੀਆਂ ਹੀ ਕੱਢਦਿਆਂਬੀਤਦੀ ਹੈ, ਭਾਵੇਂ ਇਹ ਰਾਹ ਔਖੇਰੇ ਹਨ, ਪਰ ਅਸੀਂ ਲੋਕ ਨਜਾਈ ਜੇ ਹੋਏ, ਇਸ ਲਈ ਔਖੇ ਸੌਖੇ ਰਾਹ ਲੰਘ ਹੀ ਲਈਦੇ ਹਨ।

ਇਹ ਕਹਿੰਦਾ ਹੋਇਆ ਉਠ ਖੜੋਤਾ, ਅਤੇ ਝੁਕਕੇ ਬੜੇ ਅਦਬ ਨਾਲ ਫਤਹ ਬੁਲਾਕੇ ਅਸੀਸਾਂ ਦੇਂਦਾ ਟੁਰ ਪਿਆ, ਅਤੇ ਰਾਹ ਵਿਚ ਕੇਈ ਘੱਟ ਭੰਨੇ, ਕੇਈ ਪੱਟ ਪਾੜੇ, ਅਧਾਰਾਂ ਨੂੰ ਆਸਰੇ ਬਣਾ ਬਣਾਕੇ ਤਿਲਕੇ, ਕਿਤੇ ਕਿਤੇ ਸੰਮਲੇ, ਕਿਤੇ ਚੁਫਾਲ ਡਿਗ ਪਏ।ਕਿਤੇ ਜੁਗਤੀ ਦੀ ਬਲਮ ਦੇ ਆਸਰੇ ਲੰਘੇ, ਕਿਤੇ ਅਨੁਮਾਨ ਕਰਦੇ ਬੈਠ ਗਏ।ਕਿਤੇ ਦ੍ਰਿਸ਼ਟਾਂਤਾਂ ਦੇ ਕਿਲ੍ਹੇ ਤੇ ਚੜ੍ਹੇ, ਕਿਤੇ ਪ੍ਰਮਾਨ ਕਰਦੇ ਲੇਟ ਗਏ, ਕਿਤੇ ਏਵੇਂ ਮਚਲ ਗਏ, ਪਰ ਓੜਕ ਥੱਕ ਹੁਟ ਟੁੱਟ ਮਰ ਖਪਕੇ ਮਾਨੋਂ ਮਹਲਾਂ ਦੇ ਦਰਵਾਜੇ ਅਗੇ ਪਹੁੰਚ ਪਏ। ਅੱਗੇ ਦਰਵਾਜੇ ਬੰਦ । ਬਤੇਰਾ ਦਰਵਾਜਾ ਹਲਾਇਆ, ਖੜਕਾਇਆ, ਵਾਜਾਂ ਮਾਰੀਆਂ, ਕਿੰਨਾ ਕੁ ਚਿਰ ਬਕ ਬਕ ਕੀਤੀ, ਕਈ ਲੱਛਨ ਲਾਏ, ਕਈ ਬਾਕੀਆਂ ਕੱਢੀਆਂ,ਪਰ ਮੋੜਵਾਂ ਉੱਤਰ ਕੋਈ ਨਾ ਮਿਲਿਆ, ਸਗੋਂ ਮਹੱਲ ਦੇ ਸਾਮ੍ਹਣੇ ਦਰਵਾਜ਼ੇ ਤੇ ਵਡੇ ਮੋਟੇ ਅੱਖਰਾਂ ਵਿਚ ਇਹ ਕੁਝ ਲਿਖਿਆ ਦੇਖਕੇ ਨਿਰਾਸ ਹੋ ਗਿਆ:—

ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥ [ਵਾਰ ਮਾਰੂ ਡ: ਮ: ੫

ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨ੍ਹਿ॥ ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥੨॥ [ਵਾਰ ਮਾਰੂ ਡ: ਮ: ੫

Digitized by Panjab Digital Library | www.panjabdigilib.org

ਓੜਕ ਨੂੰ ਅਕ ਥੱਕ ਕੇ ਵੇਦਾਂਤ ਨਾਮੀ ਘਾਟੀ ਦੇ ਰਾਹੋਂ ਉਤਰ ਕੇ ਹੇਠਾਂ ਨੂੰ ਖਿਸਕਦੇ ਹੋਏ:—

ਰਾਗੁ ਗਉ: ਗੁਆਰੇਰੀ ਮਹਲਾ ੫ ਚਉਪਦੇ ਦੁਪਦੇ।

੧ ਓ ਸਤਿਗੁਰਪ੍ਰਸਾਦਿ॥

ਜੋ ਪਰਾਇਓ ਸੋਈ ਅਪਨਾ ॥ ਜੋ ਭਜਿ ਛੋਡਨ ਤਿਸੁ ਸਿਉ ਮਨੁ ਰਚਨਾ ॥ ੧ ॥ ਕਹਹੁ ਗੁਸਾਈ ਮਿਲੀਐ ਏਹ ॥ ਜੋ ਬਿਬਰਜਤ ਤਿਸ ਸਿਉ ਨੇਹ ॥ ੧ ॥ਰਹਾਉ॥ ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥ ੨ ॥ ਬਾਦੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥ ੩ ॥ਦੋਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥ ੪ ॥ ੨੯ ॥ ੯੮ ॥

ਬਸਤਿ ਕਰੇਦੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥ ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭਦਰਬਾਰਾ॥੪॥ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥ ੫ ॥ [ਸੂਹੀ ਅ: ਮ: ੫

ਏਧਰ ਗਿਆਨੀ ਸੁਚੱਜਾ ਸਿੰਘ ਹੁਰੀਂ ਅਚਾਨਕ ਟਿਕਾ ਸਾਹਿਬ ਪਾਸ ਆਣ ਪੁੱਜੇ। ਅਗੇ ਰਾਜਕੁਮਾਰ ਨੇ ਉਠਕੇ ਬਹੁਤ ਹੀ ਸਾਰਾ ਆਦਰ ਸਨਮਾਨ ਤੇ ਸਤਿਕਾਰ ਕਰਕੇ ਭਾਈ ਸਾਹਿਬ ਨੂੰ ਆਪਣੇ ਨਾਲੋਂ ਸ੍ਰੇਸ਼ਟ ਆਸਨ ਪਰ ਬਿਠਾਇਆ ਤੇ ਹੱਥ ਜੋੜਕੇ ਫਤਹ ਗਜਾਈ। ਗਜਾਨੀ ਸਿੰਘ ਹੋਰਾਂ ਫਤਹ ਦਾ ਉਤ੍ਰ ਦੇਕੇ ਕੁਸਲ ਪ੍ਰਸ਼ਨ ਪੁੱਛਿਆ, ਉਪਰੰਤ ਨਾਲ ਹੀ ਰਾਣੀ ਰੂਪ ਕੌਰ ਦੀ ਖਬਰ ਪੁੱਛੀ। ਰਾਜਕੁਮਾਰ ਚੁਕੰਨਾ ਜਿਹਾ ਹੋਕੇ ਕਹਿਣ ਲਗਾ ਕਿ ਮਹਾਰਾਜ ਜੀ ! ਆਪ ਨੂੰ ਰੂਪ ਕੌਰ ਦਾ ਕੀਕਰ ਪਤਾ ਹੈ ?

ਗਜਾਨੀ ਸਿੰਘ—ਸਾਨੂੰ ਖਬਰ ਆਪ ਮਹਾਰਾਜ ਨੇ ਕੀਤੀ ਹੈ ਅਤੇ ਉਚੇਚਾ ਤੁਹਾਡੀ ਵੱਲ ਭੇਜਿਆ ਹੈ।

ਰਾਜਕੁਮਾਰ—ਜੀ ਠੀਕ ਹੈ ! ਕਲ ਨਜਾਈ ਮਹਾਰਾਜ ਦੀ ਸੇਵਾ ਵਿਚ ਗਿਆ ਸਾ, ਨਹੀਂ ਮਲੂਮ ਮਹਾਂਰਾਜ ਨੇ ਉਸਨੂੰ ਕੀ ਹੁਕਮ ਫੁਰਮਾਇਆ।

ਗਜਾਨੀ ਸਿੰਘ—ਓਸ ਦਰਗਾਹ ਵਿਚ ਨਿਰੇ ਖੁਸ਼ਕ ਨਜਾਇਕਾਂ ਦਾ ਕੀ ਵਟੀਂਦਾ ਹੈ ਤੇ ਇਹੋ ਜੇਹੇ ਕੰਮੀਆਂ ਨੂੰ ਮਹਾਰਾਜ ਦੇ ਦਰਸ਼ਨ ਕਿੱਥੇ ਧਰੇ ਪਏ ਹਨ। ਉਸ ਦਰਗਾਹ ਵਿਚ ਤਾਂ "ਪੂਰਬ ਲਿਖਿਆ ਪਾਇਆ ਨਾਨਕ ਸੰਤ ਸਹਾਇ" ਵਾਲੀ ਗਲ ਹੈ। ਉਹ ਨਜਾਇਕ ਆਪਣੇ ਘਟ ਪਟ ਭੰਨ ਤੋੜਕੇ ਅੱਕ ਥੱਕ ਕੇ ਬਾਹਰੋਂ ਮੁੜ ਗਿਆ ਸੀ।

ਰਾਜਕੁਮਾਰ—ਮੁੜਦਾ ਹੋਇਆ ਇਸ ਰਸਤੇ ਤਾਂ ਨਹੀਂ ਲੰਘਿਆ।

ਗਜਾਨੀ ਸਿੰਘ—ਉਹ ਵੇਦਾਂਤ ਦੀ ਘਾਟੀ 'ਅਹੰ ਬ੍ਰਹਮਾਸਮਿ' ਦੀ ਗਲੀ ਥਾਣੀਂ ਗੁਜਰ ਗਿਆ ਸਾ। ਲੈ ਹੁਣ ਤੁਸੀਂ ਦੱਸੋ ਕਿ ਤੁਸੀਂ ਕੁਲੀਨ ਰਾਜਕੁਮਾਰ, ਤਿਸ ਪੁਰ ਵਿਦ੍ਵਾਨ, ਵਿਚਾਰਵਾਨ, ਪਰਮਾਰਥ ਦੇ ਜਾਣਨੇ ਵਾਲੇ, ਇਸਤ੍ਰੀਬ੍ਰਤ ਧਰਮ ਨੂੰ ਭਲੀ ਪ੍ਰਕਾਰ ਸਮਝਣ ਵਾਲੇ ਹੋਕੇ ਫਿਰ ਧੋਖੇ ਦੀ ਟਟੀਆਂ-ਰੰਡੀਆਂ —ਦੇ ਪ੍ਰੀਤਮ ਬਣਨ ਲੱਗੇ ਹੋ, ਇਹ ਕੀ ਗੱਲ ਹੈ ? ਰੰਡੀ ਵੀ ਐਸੀ ਰੰਡੀ ਮੁੰਡੀ, ਮੁਸ਼ਟੰਡੀ, ਛੜੀ ਛੰਡੀ ਕਿ ਜਿਸਦਾ ਨਾ ਕੁਲ ਦਾ ਪਤਾ, ਨਾ ਕੁਝ ਮਾਤਾ ਪਿਤਾ ਦਾ ਬਹੁ ਥਿੱਤਾ, ਨਾ ਜਾਤ ਪਾਤ ਦਾ ਵਰਤਾਉ, ਨਾ ਉਸ ਦੀ ਖੋ ਬੋ ਦੀ ਵਾਕਫੀਅਤ, ਫਿਰ ਆਪ ਉਸ ਦੀ ਕਿਸ ਖੂਬੀ ਤੇ ਰੀਝੇ ਹੋ ਜੋ

Digitized by Panjab Digital Library | www.panjabdigilib.org

ਮਹਾਂਰਾਜ ਤਕ ਨਾਈ ਵੀ ਭੇਜ ਦਿੱਤੇ ਤੇ ਆਪ ਭੀ ਤਜਾਰੀ ਦੀਆਂ ਸੋਚਾਂ ਵਿਚ ਮਗਨ ਬੈਠੇ ਹੋ। ਸੁਮਤੀ ਅਤੇ ਆਪ ਦੀ ਜੋੜੀ ਜੁਗ ਜੁਗ ਜੀਵੇ। ਐਸੀ ਕੁਲੀਨ, ਪਤਿਬ੍ਰਤਾ,ਮਨੋਗਜ* ਵਿਦਵਾਨ, ਸੁਸ਼ੀਲ, ਸੁਕੁਮਾਰਿ† ਵਿਵਾਹਤਾ ਇਸਤ੍ਰੀ ਦੇ ਘਰ ਹੁੰਦਿਆਂ ਸੰਦਿਆਂ ਆਪ ਜੈਸੇ ਰਾਜ ਕੁਮਾਰ ਵਾਸਤੇ ਕਿਸੇ ਹੋਰ ਪਰ ਰੀਝਣਾ ਭਾਰੀ ਸ਼ਰਮ ਅਤੇ ਹਾਨੀਕਾਰਕ ਬਾਰਤਾ ਹੈ ਤੇ ਉਜਲ ਬੰਸ ਨੂੰ ਕਲੰਕਤ ਕਰਨਾ ਹੈ।

ਰਾਜ ਕੁਮਾਰ (ਹੱਥ ਜੋੜ ਕੇ)—ਗਰੀਬ ਨਿਵਾਜ ਜੀ ! ਮੈਂ ਨਹੀਂ ਰੀਝਿਆ, ਮੈਂ ਉਸਦੇ ਥਹੁ ਪਤੇ ਤੋਂ ਵੀ ਬੇ ਪਤਾ ਹਾਂ, ਪਰੰਤੂ ਓਸ ਰੂਪੇ ਕਰੂਪੇ ਦੇ ਚਿਠੌੜ ਅਤੇ ਸੁਨੇਹੇ ਮੇਰੇ ਪਾਸ ਪੁੱਜੇ ਹਨ। ਛੋਕੜ ਜਦ ਨਾਈ ਸਗਨ ਹੀ ਲੈਕੇ ਆਣ ਪੁੱਜਾ ਤਾਂ ਮਹਾਰਾਜ ਜੀ ਦੇ ਹਜ਼ੂਰ ਭੇਜ ਦਿੱਤਾ ਗਿਆ ਹੈ। ਹੁਣ ਜੋ ਕੁਝ ਹੁਕਮ ਆਵੇ ਸੋ ਪ੍ਰਵਾਨ ਕਰਾਂਗਾ। ਮੇਰਾ ਉਸ ਮੁੰਡੀ ਨਾਲ ਕੋਈ ਵਾਸਤਾ ਪ੍ਰਯੋਜਨ ਨਹੀਂ ਅਤੇ ਨਾ ਕੋਈ ਜਾਣ ਪਹਿਚਾਣ ਹੈ।

ਗਜਾਨੀ ਸਿੰਘ ਜੀ—ਟਿੱਕਾ ਸਾਹਿਬ ਜੀ ! ਇਹ ਗਲ ਸੱਚ ਹੈ ਕਿ ਆਪ ਉਸ ਨੂੰ ਨਹੀਂ ਜਾਣਦੇ, ਪਰ ਅਸੀਂ ਉਸ ਦੇ ਹਾਲ ਚਾਲ ਤੁਹਾਨੂੰ ਦੱਸ ਦੇਂਦੇ ਹਾਂ। ਉਸ ਦੇ ਫੰਧੇ ਫਰੇਬ ਤੋਂ ਬਚ ਕੇ ਰਹਿਣਾ। ਉਹ ਠਗਣੀ ਹੈ। ਉਹ ਜਾਦੂਗਰਨੀ ਹੈ। ਉਸ ਨੇ ਜਾਦੂ ਦੇ ਜ਼ੋਰ ਨਾਲ ਸਭ ਨੂੰ ਵਸ ਕੀਤਾ ਹੈ, ਉਸ ਨੇ ਸਭ ਦੇ ਸਿਰ ਸੁਆਹ ਧੂੜੀ ਹੈ। ਸਾਰੇ ਉਸਦੇ ਨਚਾਏ ਪਏ ਨੱਚਦੇ ਹਨ, ਪਰੰਤੂ ਸੂਰਮੇਂ ਤੇ ਬਹਾਦਰ ਉਹ ਗਿਣੇ ਜਾਂਦੇ ਹਨ ਜਿਨ੍ਹਾਂ ਨੇ ਇਸਨੂੰ ਜਿੱਤਿਆ ਹੈ। ਇਸਦੇ ਕਰਤਬ ਕੀ ਕੀ ਤੁਹਾਨੂੰ ਸੁਣਾਈਏ। ਇਹ ਇਕ ਇਕੱਲੀ ਇਕੋ ਜਿਹੀ ਸਭਨਾਂ ਤੇ ਭਾਰੂ ਹੈ। ਇਸ ਦੇ ਫੱਟੇ ਕਦੇ ਰਾਜ਼ੀ ਨਹੀਂ ਹੋਏ। ਇਸ ਦੇ ਡੰਗੇ ਹੋਏ ਕਦੀ ਨਹੀਂ ਬਚੇ। ਲਓ ਸੁਣੋ ਇਹ ਕੀ ਆਫਤ ਹੈ:—

ਜਲ ਮਹਿ ਮੀਨ ਮਾਇਆ ਕੇ ਬੇਧੇ॥
ਦੀਪਕ ਪਤੰਗ ਮਾਇਆ ਕੇ ਛੇਦੇ॥
ਕਾਮ ਮਾਇਆ ਕੁੰਚਰ ਕਉ ਬਿਆਪੈ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੈ॥੧॥
ਮਾਇਆ ਐਸੀ ਮੋਹਨੀ ਭਾਈ॥ਜੇਤੇ ਜੀਅ ਤੇਤੇ ਡਹਕਾਈ॥੧॥ ਰਹਾਉ॥ ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੈ॥ ਤੁਰੇ ਉਸਟ ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ॥ ੨॥ ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥ ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥੩॥ ਸੁਆਨ ਸਿਆਲ ਮਾਇਆਮਹਿ ਰਾਤਾ॥ ਖੰਤਰ ਚੀਤੇ ਅਰੁ ਸਿੰਘਾਤਾ॥ ਮਾਜਾਰ ਗਾਡਰਅਰੁਲੂਬਰਾ॥ ਬਿਰਖ ਮੂਲ ਮਾਇਆ ਮਹਿ ਪਰਾ॥ ੪॥ ਮਾਇਆ ਅੰਤਰਿ ਭੀਨੇ ਦੇਵ॥ ਸਾਗਰ ਇੰਦ੍ਰਾ ਅਰੁ ਧਰਤੇਵ॥ ਕਹਿ ਕਬੀਰ ਜਿਹ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥ ੫॥ ੫॥ ੧੩॥ [ਭੈ: ਕਬੀਰ

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥
ਏਨਾ ਠਗਨਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥ ੨॥
[ਵਾ:ਮਲਾਰ ਮ: ੧

ਲਓ ਹੁਣ ਤੁਸਾਂ ਸੱਭੋ ਕੁਝ ਸਮਝ ਲਿਆ ਹੈ, ਖਬਰਦਾਰ ਰਹਿਣਾ, ਉਸਦੇ ਮੱਥੇ ਨਹੀਂ

*ਮਨ ਦੀ ਮਹਰਮ। †ਰਾਜ ਕੰਨਜਾ।

Digitized by Panjab Digital Library | www.panjabdigilib.org

ਲਗਣਾ। ਜਦ ਮੱਥੇ ਲਗੋਗੇ ਉਸਦਾ ਜੋਰ ਚੱਲ ਜਾਏਗਾ, ਕਾਬੂ ਕਰ ਲਏਗੀ, ਫਿਰ ਕਿਸੇ ਜਤਨ ਵੀ ਨਹੀਂ ਛੁੱਟ ਸਕੋਗੇ। ਇਸ ਲਈ ਦ੍ਵਾਰਪਾਲਾਂ ਨੂੰ ਹੁਕਮ ਕਰੋ ਕਿ ਰੂਪ ਕੌਰ ਦਾ ਕੋਈ ਖਤ ਅਥਵਾ ਸੁਨੇਹਾ ਆਵੇ ਤਾਂ ਅੰਦਰ ਨਹੀਂ ਲੰਘਣ ਦੇਣਾ, ਬਾਹਰੋ ਬਾਹਰ ਹੀ ਝਾੜਕੇ ਕੱਢ ਦੇਣਾ।

ਰਾਜਕੁਮਾਰ ਮੰਨਾਸਿੰਘ ਜੀ—ਸਤਿ ਬਚਨ, ਅਜ ਤੋਂ ਏਹੋ ਹੀ ਬੰਦੋਬਸਤ ਕਰਾਂਗਾ, ਅਗੇ ਜੋ ਹੁਕਮ ਹੋਵੇ।

ਗਿਆਨੀ ਸਿੰਘ ਜੀ—ਤੇ ਆਪ ਇਹ ਕਰਨਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਨਿਤਨੇਮ ਵਿਚ ਸਾਵਧਾਨ ਰਹਿਣਾ।

ਇਹ ਕਹਿ ਸੁਣਕੇ ਗਿਆਨੀ ਸਿੰਘ ਹੋਰੀ ਵਿਦਾ ਹੋਏ। ਰਾਜਕੁਮਾਰ ਦਰਵਾਜੇ ਤਕ ਨਾਲ ਆਇਆ, ਬੜੇ ਅਦਬ ਨਾਲ ਸਿਰ ਨੀਵਾਂ ਕਰਕੇ ਫਤਹ ਗਜਾਈ। ਮੁੜਕੇ ਆ ਆਪਣੇ ਸਿੰਘਾਸਨ ਪਰ ਟਿਕਾ ਸਾਹਿਬ ਮੰਨਾ ਸਿੰਘ ਜੀ ਬਿਰਾਜਮਾਨ ਹੋਏ। ਰੂਪ ਕੌਰ ਦੀ ਬਾਬਤ ਜੋ ਕੁਝ ਗਿਆਨੀ ਸਿੰਘ ਹੋਰਾਂ ਆਖਿਆ ਸੀ, ਉਸਨੂੰ ਚੰਗੀ ਤਰ੍ਹਾਂ ਵਿਚਾਰ ਹੀ ਰਹੇ ਸਨ ਕਿ ਇੰਨੇ ਤਕ ਨੈਣੂ ਦਰਵਾਜਿਆਂ ਦੇ ਚੋਬਦਾਰ ਦੌੜੇ ਦੌੜੇ, ਹਫੇ ਹੋਏ —ਜਿਨ੍ਹਾਂ ਦੀ ਖੱਲ ਵਿਚ ਸਾਹ ਨਹੀਂ ਮੇਉਂ ਸਕਦਾ ਸੀ—ਆਏ। ਘਬਰਾਇਆਂ ਹੋਇਆਂ ਨੂੰ ਅਦਬਅਤੇ ਫਤਹ ਦੀ ਮਿਰਜਾਦਾ ਵਰਤਣੀ ਬੀ ਭੁੱਲ ਗਈ। ਸਹਿਕਦੇ ਸਵਾਸਾਂ ਅਤੇ ਟੁੱਟੇ ਹੋਏ ਬਚਨਾਂ ਵਿਚ ਇਹੋ ਕਹੀ ਜਾਂਦੇ ਸਨ, ਮਹਾਰਾਜ ਅਕਾਲ ਪੁਰਖ ਆਪ ਦਾ ਸਹਾਈ ਹੋਵੇ। ਜਦ ਬਹੁਤੀ ਵਾਰੀ ਏਹੋ ਗਲ ਸੁਣੀ ਤੇ ਘਬਰਾਹਟ ਵੀ ਹੱਦੋਂ ਵਧੀ ਹੋਈ ਦੇਖੀ ਤਾਂ ਟਿਕਾ ਸਾਹਿਬ ਨੇ ਆਖਿਆ ਜ਼ਰਾ ਧੀਰਜ ਨਾਲ ਗਲ ਕਰੋ, ਇਡੀ ਵਡੀ ਘਬਰਾਹਟ ਕਿਸ ਗਲ ਦੀ ਹੈ, ਇਹ ਕੈਸੀ ਔਕੜ ਹੈ? ਆਰਾਮ ਨਾਲ ਸਾਰੀ ਵਾਰਤਾ ਆਖੋ ਤਾਂ ਸਮਝ ਵਿਚ ਆਵੇ।

ਚੋਬਦਾਰ—ਹਜ਼ੂਰ! ਕਿਲੇ ਦੇ ਬੂਹੇ ਅਗੇ ਅਚਣਚੇਤ ਅੱਗ ਬਰਸਨ ਲਗ ਪਈ ਹੈ। ਕੁਝ ਦੁਰਾਡੀ ਜਿਹੀ ਫੌਜ ਵੀ ਆ ਉਂਦੀ ਜਾਪਦੀ ਹੈ, ਅਚਰਜ ਇਹ ਹੈ ਕਿ ਨਿਰੀ ਅੱਗ ਹੀ ਅੱਗ ਦਿੱਸਦੀ ਹੈ, ਅੱਗ ਵਾਲਾ ਕੋਈ ਨਹੀਂ ਦਿੱਸਦਾ। ਅੱਗ ਵੀ ਕੋਈ ਚਿਣਗਾਰੀਆਂ ਜਾਂ ਆਤਸ਼-ਬਾਜ਼ੀ ਦੀਆਂ ਵਰਖਾ ਨਹੀਂ ਹਨ, ਵੱਡੇ ਬਲਦੇ ਬਲਦੇ ਚੁਆਤੇ ਭਖਦੇ ਭਖਦੇ ਜਾਂਦੇ ਕੋਲਿਆਂ ਦਾ ਉਲਕਾਪਾਤ* ਹੋ ਰਿਹਾ ਹੈ। ਸਰਕਾਰ ਕੁਝ ਛੇਤੀ ਬੰਦੋਬਸਤ ਕਰੋ, ਅਥਵਾ ਵਡੇ ਮਹਾਂਰਾਜ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ, ਨਹੀਂ ਤਾਂ ਇਹ ਕਿਲਾ ਪਲੋਪਲੀ ਵਿਚ ਸ੍ਵਾਹ ਹੋ ਜਾਏਗਾ।

ਰਾਜਕੁਮਾਰ (ਹੈਰਾਨ ਹੋਕੇ)—ਹੈਂ, ਇਹ ਉਲਕਾਪਾਤ ਕੈਸਾ? ਨਹੀਂ ਨਹੀਂ, ਕਿਤੇ ਟਿਟਾਣੇ ਚਮਕਦੇ ਹੋਣਗੇ॥(ਦੱਬੀ ਜ਼ੁਬਾਨਵਿਚ) ਨਹੀਂ, ਹੁਣ ਤਾਂ ਦਿਨ ਦਾ ਵੇਲਾ ਹੈ, ਟਿਟਾਣੇ ਕਦ ਚਮਕ ਸਕਦੇ ਹਨ।

ਇੰਨੇ ਤਕ ਹੋਰ ਪਹਿਰੇ ਵਾਲੇ ਸਿਰਤੋੜ ਦੌੜੇ ਆਏ ਤੇ ਕਹਿਣ ਲੱਗੇ—'ਮਹਾਰਾਜ! ਆਪ ਦਾ ਸਤ ਧਰਮ ਸਹਾਈ ਹੋਵੇ'। ਅਜੇ ਉਹ ਕੁਝ ਕਹਿਣ ਹੀ ਲੱਗੇ ਸਨ ਕਿ ਰਾਜਕੁਮਾਰ ਨੇ ਆਖਿਆ—ਦਰਵਾਜ਼ੇ ਬੰਦ ਕਰ ਲਓ।

ਪਹਿਰੇ ਵਾਲੇ—ਹਜ਼ੂਰ! ਇਹੋ ਰਪੋਟ ਦੇਣ ਲਈ ਹਾਜ਼ਰ ਹੋਏ ਹਾਂ ਕਿ ਦਰਵਾਜ਼ੇ ਬੰਦ ਕੀਤੇ ਗਏ ਹਨ, ਪਰ ਅੱਗ ਦੀਆਂ ਲਾਟਾਂ

*ਬਲਦੇ ਬਲਦੇ ਡਿੱਗਦੇ ਤਾਰੇ ਜਾਂ ਉਤੋਂ ਡਿੱਗਦੇ ਅੰਗਾਰੇ।

Digitized by Panjab Digital Library | www.panjabdigilib.org

ਦਰਵਾਜ਼ਿਆਂ ਦੇ ਅੰਦਰੋਂ ਵੀ ਨਿਕਲਣ ਲਗ ਪਈਆਂ ਹਨ । ਗ਼ਰੀਬ ਨਿਵਾਜ ਜੀ ! ਇਹ ਕਿਲਾ ਹੁਣੇ ਹੀ ਭਸਮੀ ਭੂਤ ਹੋਣ ਵਾਲਾ ਹੈ। ਜੇਕਰ ਕੁਝ ਉਪਾਉ ਹੋ ਸਕਦਾ ਹੈ ਤਾਂ ਬਹੁਤ ਫੁਰਤੀ ਕਰੋ, ਦੇਰੀ ਦਾ ਵਕਤ ਨਹੀਂ ਰਿਹਾ। ਰਾਜਕੁਮਾਰ ਨੇ ਜਦ ਇਹ ਡਾਢੀ ਡਰਾਉਣੀ ਅਤੇ ਦਿਲਕੰਬਾ ਦੇਣ ਵਾਲੀ ਖ਼ਬਰ ਸੁਣੀ ਤਾਂ ਹੁਕਮ ਕੀਤਾ ਕਿ ਵਿਚਾਰ ਘੋੜਾ ਤਿਆਰ ਕਰੋ। ਇਕੁਰ ਹੀ ਪੰਜਾਂ ਮੁਸਾਹਿਬਾਂ ਨੂੰ ਵੀ ਹੁਕਮ ਹੋਇਆ ਕਿ ਝਟ ਪਟ ਤਿਆਰ ਹੋ ਜਾਓ, ਨਾਲ ਚਲਨਾ ਹੋਵੇਗਾ। ਜਦ ਸਵਾਰ ਹੋਕੇ ਤਿਆਰ ਬਰਤਿਆਰ ਕਿਲੇ ਦੇ ਦਰਵਾਜ਼ੇ ਤਕ ਪੁੱਜੇ ਤਾਂ ਓਥੇ ਸੁੰਨ ਸਾਨ ਪਾਈ। ਝਰੋਖਿਆਂ ਅਤੇ ਝੀਥਾਂ ਵਿੱਚੋਂ ਨੀਝਾਂ ਲਾ ਲਾ ਕੇ ਦੇਖਿਆ ਤਾਂ ਕੁਝ ਵੀ ਨਜ਼ਰੀਂ ਨਾ ਪਿਆ। ਹੁਕਮ ਕੀਤਾ ਦਰਵਾਜ਼ੇ ਖੋਲ੍ਹ ਦਿਓ, ਏਥੇ ਕੋਈ ਅੱਗ ਪਾਣੀ ਹੈ ਨਹੀਂ।

ਜਦ ਦਰਵਾਜ਼ੇ ਖੁੱਲ੍ਹੇ ਤਾਂ ਸਜੇ ਖਬੇ ਕੀ ਦੇਖਦੇ ਹਨ ਕਿ ਇਕ ਭਾਰੀ ਫੌਜ ਦਾ ਦਸਤਾ ਸਨੱਧਬਧ* ਬੰਦੂਕਾਂ ਤੇ ਤੋੜੇ ਜਮਾਈ ਖੜੋਤਾ ਹੋਇਆ ਹੈ । ਇਹ ਅਚਰਜ ਕੌਤਕ ਦੇਖਕੇ ਰਾਜਕੁਮਾਰ ਹੈਰਾਨ ਹੋ ਗਿਆ ਕਿ ਇਹ ਅਚਾਨਕ ਫੌਜ ਕਸ਼ੀ ਕਿਸ ਦੁਸ਼ਮਨ ਨੇ ਕੀਤੀ। ਮਹਾਂਰਾਜ ਨੂੰ ਅਜੇ ਤਕ ਮੈਂ ਕੋਈ ਖਬਰ ਨਹੀਂ ਕੀਤੀ, ਮੇਰੇਨਾਲ ਫੌਜ ਨਹੀਂ, ਮੇਰੀ ਫੌਜ ਨੂੰ ਇਸ ਅਚਾਨਕ ਆ ਪੈਣ ਵਾਲੇ ਦੁਸ਼ਮਨ ਦੀ ਕੋਈ ਖਬਰ ਤਕ ਨਹੀਂ, ਤਿਆਰੀ ਕਿਸ ਤਰ੍ਹਾਂ ਹੁੰਦੀ। ਹੁਣ ਦੁਸ਼ਮਨ ਨੇ ਨਾਕਾ ਬੰਦ ਕਰ ਘੱਤਿਆ ਹੈ, ਮੈਂ ਇਕੱਲਾ ਬੇਸਾਮਾਨ ਇਸ ਵੇਲੇ ਕੀ ਕਰਾਂ ? ਹੇ ਕਰਤਾਰ ! ਕੁਝ ਸਹਾਇਤਾ ਕਰ। (ਘਬਰਾਕੇ) ਕੋਈ ਦਾਉ ਘਾਉ ਇਸ ਵੇਲੇ ਨਹੀਂ ਅਹੁੜਦਾ। ਜੇ ਨੱਸ ਜਾਵਾਂ ਤਾਂ ਕੁਲ ਨੂੰ ਲਾਜ ਲੱਗਦੀ ਹੈ, ਨਾਲੇ ਨੱਸਿਆਂ ਦੁਸ਼ਮਨ ਨੇ ਜਾਣ ਨਹੀਂ ਦੇਣਾ, ਇਹ ਮੂਠ ਭੇੜਾ ਹੀ ਹੋ ਗਿਆ ਹੈ, ਜੇ ਲੜਾਂ ਤਾਂ ਮੈਂ ਤਜਾਰ ਨਹੀ। ਪਰ ਹੱਛਾ ਹੁਣ ਮੁੜਨਾਂ ਧਰਮ ਨਹੀਂ, ਜੰਗ ਵਿਚ ਲੜਕੇ ਸ਼ਹੀਦ ਹੋ ਜਾਣਾ ਧਰਮ ਹੈ। ਇਹ ਜੀ ਵਿੱਚ ਸੋਚਕੇ ਟਿੱਕਾ ਮੰਨਾ ਸਿੰਘ ਨੇ ਮੁਸਾਹਿਬਾਂ ਨੂੰ ਲਲਕਾਰ ਕੇ ਆਖਿਆ ਭਾਈ ਧੀਰਜ ਸਿੰਘ ਜੀ! ਏਹੋ ਵੇਲਾ ਸਾਥ ਦੇਣ ਦਾ ਹੈ, ਔਕੜ ਪਈ ਵੇਖਕੇ ਛੱਡ ਨਾ ਜਾਣਾ। ਜੰਗ ਦੀਆਂ ਦੋਵੇਂ ਗੱਲਾਂ ਹੁੰਦੀਆਂ ਹਨ, ਜਾਂ ਮਾਰ ਲਿਆ, ਨਹੀਂ ਮਰ ਗਏ। ਨੱਸ ਜਾਣਾ ਮਰਦਾਨਗੀ ਤੋਂ ਬਾਹਰ ਹੈ।

ਭਾਈ ਸੰਜਮ ਸਿੰਘ ਜੀ ! ਖਬਰ ਦਾਰ ਹੋ ਜਾਓ। ਏਹੋ ਵੇਲਾ ਹੈ, ਜਾਂ ਇਤ ਪਾਰ ਜਾਂ ਉਤ ਪਾਰ। ਪਿੱਠ ਨਹੀਂ ਦਿਖਾਉਣੀ। ਮੌਤ ਤੋਂ ਡਰਨਾ ਸਿੰਘ ਦਾ ਧਰਮ ਨਹੀਂ। ਦੇਖਣਾ ਨੇਮ ਸਿੰਘ ਜੀ! ਕੰਬ ਨਹੀਂ ਜਾਣਾ। ਦਿਲ ਕਰੜਾ ਕਰੋ, ਵਧਕੇ ਲੜੋ ਤੇ ਦੁਸ਼ਮਨਾਂ ਦਾ ਮੂੰਹ ਤੋੜ ਦਿਓ, ਮਤਾਂ ਪਿੱਛੇ ਕਦਮ ਰਖਦੇ ਹੋਵੋ। ਦੇਖੋ ਸਰਦਾਰ ਸਤਧਰਮ ਸਿੰਘ ਜੀ ! ਕਰਤਾਰ ਸਹਾਈ ਹੈ, ਭੱਜਣ ਲਈ ਕੋਈ ਮੈਦਾਨ ਨਹੀਂ, ਨਿਤਰਨ ਦਾ ਸਮਾਂ ਹੈ, ਜ਼ਰਾ ਵਧਕੇ ਹੱਥ ਦਿਖਾਉਣੇ। ਸੰਤੋਖ ਸਿੰਘ ਜੀ ! ਇਹ ਦੁਸ਼ਮਨ ਦੀ ਫੌਜ ਦਰਿਆ ਦੀ ਮੌਜ ਵਾਕਰ ਉਮਡੀ ਹੋਈ ਸਿਰ ਤੇ ਆ ਪਈ ਹੈ, ਮਗਰ ਮੱਛ ਵਾਕਰ ਇਸਦੇ ਵਿੱਚ ਪੈਕੇ ਹਿਲਾ ਦਿਓ।

ਰਾਜ ਕੁਮਾਰ ਮੰਨਾ ਸਿੰਘ ਮੁਸਾਹਿਬਾਂ ਨੂੰ ਇਹ ਦਲੇਰੀਆਂ ਦੇ ਦੇ ਕੇ ਤਜਾਰ ਹੀ ਕਰ ਰਿਹਾ ਸੀ ਕਿ ਦੁਸ਼ਮਨ ਵਲੋਂ ਇਕ ਵਾੜ ਝੜੀ। ਬਹੁਤ ਸਾਰੀਆਂ ਗੋਲੀਆਂ ਤਾਂ ਕਿਲੇ ਵਿਚ ਵੱਜੀਆਂ, ਪਰ ਇਕ ਗੋਲੀ ਸਤ ਧਰਮ

*ਸ਼ਸਤ੍ਰ ਧਾਰੀ।

Digitized by Panjab Digital Library | www.panjabdigilib.org

ਸਿੰਘ ਦੇ ਸੀਨੇ ਵਿਚ ਲੱਗੀ। ਸਰਦਾਰ ਹੁਰੀਂ ਮੂਰਛਾ ਖਾਕੇ ਦੜ ਕਰਕੇ ਜ਼ਮੀਨ ਪਰ ਡਿੱਗ ਪਏ।ਦੂਜੀ ਸੰਤੋਖ ਸਿੰਘ ਦੇ ਡੌਲੇ ਵਿਚ ਲੱਗੀ, ਸੱਜੀ ਬਾਂਹ ਭੱਜ ਗਈ। ਇਹ ਭੀ ਆਪਣੇ ਸਾਥੀ ਦੇ ਉਤੇ ਮੂਧੇ ਡਿੱਗ ਪਏ। ਤੀਜੀ ਗੋਲੀ ਧੀਰਜ ਸਿੰਘ ਦੇ ਮੱਥੇ ਵਿਚ ਲੱਗੀ, ਕਪਾਲ ਫੁੱਟ ਗਿਆ। ਸੰਜਮ ਸਿੰਘ ਤਲਵਾਰ ਲੈਕੇ ਬੜੇ ਰੋਹ ਵਿਚ ਆਕੇ ਨਿਕਲਿਆ, ਜੋ ਕਿਸੇ ਦਾ ਬਦਲਾ ਲਵੇ ਕਿ ਇੰਨੇ ਤਕ ਇਕ ਸ਼ੂੰਕਦੇ ਸਰਪ ਵਾਕਰ ਤਿੱਖਾ ਤੀਰ ਕਲੇਜੇ ਵਿਚ ਖਾਧਾ, ਨੇਮ ਸਿੰਘ ਦੀ ਲੱਤ ਵਿਚ ਗੋਲੀ ਲੱਗੀ, ਉਥੇ ਹੀ ਢਹਿ ਪਿਆ।

ਰਾਜ ਕੁਮਾਰ ਆਪਣੇ ਸਾਥੀਆਂ ਦੀ ਇਹ ਦਸ਼ਾ ਦੇਖਕੇ ਕ੍ਰੋਧ ਵਿਚ ਭਰਪੂਰ ਹੋ ਗਿਆ। ਘੋੜੇ ਨੂੰ ਅੱਡੀ ਲਾਈ ਅਤੇ ਦੇਖ ਦ੍ਰਿਸ਼ਟੀ ਦੀ ਤਲਵਾਰ ਬਿਜਲੀ ਨਾਲੋਂ ਵੀ ਤੇਜ ਚਮਕਦੀ ਹੋਈ ਧੂਹਕੇ ਦੁਸ਼ਮਨ ਦੀ ਫੌਜ ਵਿਚ ਜਾ ਪਿਆ। ਪਿਆ ਹੀ ਸੀ ਕਿ ਅਚਾਨਕ ਵਿਚਾਰ ਘੋੜੇ ਦੇ ਸੀਨੇ ਵਿਚ ਦੁਗਾੜਾ ਵਜਾ। ਵਜਦਿਆਂ ਹੀ ਘੋੜਾ ਦੜ ਕਰਦਾ ਜ਼ਮੀਨ ਤੇ ਡਿਗਾ। ਰਾਜਕੁਮਾਰ ਬਹੁਤ ਹੀ ਸੰਭਲਿਆ, ਕਿ ਕਿਸੇ ਤਰ੍ਹਾਂ ਅਪਣੇ ਆਪ ਨੂੰ ਬਚਾਵੇ, ਪਰ ਨਾ ਬਚ ਸਕਿਆ। ਘੋੜੇ ਦੇ ਨਾਲ ਹੀ ਪਾਸੇ ਪਰਨੇ ਡਿੱਗਾ। ਡਿਗਦਿਆਂ ਹੀ ਦੋਖ ਦ੍ਰਿਸ਼ਟੀ ਦੀ ਤਲਵਾਰ ਫੈਲਾਦੀ ਨਾ ਹੋਣ ਦੇ ਕਾਰਨ ਟੁੱਟ ਗਈ।

ਅਜੇ ਰਾਜਕੁਮਾਰ ਅਪਣੀ ਲਤ ਮੋਏ ਹੋਏ ਘੋੜੇ ਹੇਠੋਂ ਕੱਢ ਨਹੀਂ ਚੁਕਾ ਸੀ ਕਿ ਦੁਸ਼ਮਨ ਦੀ ਫੌਜ ਦਾ ਜਮਾਦਾਰ ਸਰਦਾਰ ਲਟਕਣ ਖਾਨ ਬਹਾਦਰ ਕਾਲੀ ਬਲਾ ਵਾਕਰ ਸਿਰ ਤੇ ਆਣ ਖੜੋਤਾ। ਰਾਜਕੁਮਾਰ ਵਿਚਾਰਾ ਬੇਬਸ ਅਤੇ ਬੇਪਰਵਾਹ ਐਸੀ ਅਪਦਾ ਵਿਚ ਫਸਿਆ ਕਿ ਨਾ ਕਿਤੇ ਨੱਸਣ ਜੋਗਾ, ਨਾ ਕਿਤੇ ਲੁਕਣ ਜੋਗਾ, ਜ਼ਖਮੀ ਅਤੇ ਬੇਹਥਯਾਰਾ ਹੋਣ ਦੇ ਕਾਰਨ ਲੜਨ ਜੋਗਾ ਵੀ ਨਾ ਰਿਹਾ। ਜਾਨ ਦਾ ਵੈਰੀ ਫਾਹੀ ਹਥ ਵਿਚ ਲਈ ਬਿਜਲੀ ਵਾਕਰ ਸਿਰ ਤੇ ਕੜਕ ਰਿਹਾ ਹੈ। ਮੁਕਦੀ ਗਲ ਇਹ, ਟਿਕਾ ਮੰਨਾ ਸਿੰਘ ਹੋਰੀਂ ਕੈਦ ਹੋ ਗਏ। ਇੰਨੇ ਤਕ ਜਨਰਲ ਗ਼ਰੂਰ ਖਾਂ ਸਿਪਾਹ ਸਲਾਰ ਦਾ ਹੁਕਮ ਆਇਆ ਕਿ ਰਾਜਕੁਮਾਰ ਬਹੁਤ ਚਤੁਰ ਚਾਲਾਕ ਹੈ, ਐਸਾ ਨਾ ਹੋਵੇ ਕਿਤੇ ਨੱਸ ਭੱਜ ਜਾਵੇ, ਤੁਹਾਡੀ ਕੀਤੀ ਕਰਾਈ ਬਹਾਦਰੀ ਦੇ ਸਿਰ ਨਿਰੀ ਸੁਆਹ ਹੀ ਪੈ ਜਾਵੇ, ਇਸ ਲਈ ਹਥੀਂ ਹਥੌੜੀਆਂ, ਪੈਰੀਂ ਬੇੜੀਆਂ ਅਤੇ ਗਲ ਵਿਚ ਤੌਕ ਪਹਿਰਾਕੇ ਪੇਸ਼ ਕਰੋ।

ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿਆਇ ॥ ਜੇ ਬੈਠੇ ਸੋ ਫਾਹਿਆ ਉਬਰੇ ਭਾਗ ਮਥਾਇ ॥ ੨ ॥ [ਵਾਰ ਮਾ: ਮ: ੫

ਇੰਨੇ ਤਕ ਦੂਸਰਾ ਹੁਕਮ ਆਇਆ ਕਿ ਕਰੜੇ ਪਹਿਰੇ ਵਿਚ ਰਖੋ। ਪੰਜ ਜਵਾਨ ਹਰ ਵੇਲੇ ਨੰਗੀ ਤਲਵਾਰ ਲਈ ਨਾਲ ਰਹਿਨ ਤੇ ਮੜੋਲੀ ਲਿਚੱਲਕੇ ਪੇਸ਼ ਕਰੋ।ਪਰ ਖਬਰਦਾਰ! ਜੇ ਕਿਤੇ ਗ਼ਫਲਤ ਹੋ ਗਈ ਤਾਂ ਯਾਦ ਰਖੋ ਤੋਪ ਅਗੇ ਉਡਾਏ ਜਾਓਗੇ। ਸਚ ਹੈ:—

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥ ੧ ॥ ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮਦਲੁ ਬਿਖਮੁ ਘਨਾ ॥ ੧ ॥ ਰਹਾਉ॥ ਉਸਾਰਿ ਮੜੋਲੀ ਰਾਖੈ ਦੁਆਰਾ॥ ਭੀਤਰਿ ਬੈਠੀ ਸਾਧਨਾ ॥ ਅੰਮ੍ਰਿਤ ਕੋਲ ਕਰੇ ਨਿਤ ਕਾਮਣਿ ਅਵਰਿ ਲੂਟੈ ਨਿਸੁ ਪੰਚ ਜਨਾ...॥ ੪ ॥ ੨ ॥ ੧੪ ॥

[ਗਉੜੀ ਚੇਤੀ ਮ: ੧

Digitized by Panjab Digital Library | www.panjabdigilib.org

ਰਾਜਭੰਵਨ ਵਿਚ ਰਾਣੀ ਸਾਹਿਬ ਸੁਵਰਨ ਦੇ ਸਿੰਘਾਸਨ ਪਰ ਬਿਰਾਜਮਾਨ ਹਨ, ਸਖੀਆਂ ਸਹੇਲੀਆਂ ਅਤੇ ਗੋਲੀਆਂ ਆਪੋ ਆਪਣੇ ਮਨਸਬਾਂ ਪਰ ਅਦਬ ਅਦਾਬ ਨਾਲ ਬੈਠੀਆਂ, ਖਲੋਤੀਆਂ ਹਾਜ਼ਰ ਹਨ। ਕੋਈ ਖੜੀ ਚਵਰ ਕਰ ਰਹੀ ਹੈ, ਕੋਈ ਹੁਕਮ ਦੀ ਉਡੀਕ ਵਿਚ ਲੱਕ ਬੰਨ੍ਹੇ ਹਥ ਜੋੜੀ ਖੜੀ ਹੈ। ਕੋਈ ਮਸਨਦ ਦਾ ਕੋਨਾ ਦਬਾਏ ਬੈਠੀ ਹੋਈ ਅਦਬ ਨਾਲ ਮੂੰਹ ਵਲ ਦੇਖ ਰਹੀ ਹੈ, ਪਰ ਰਾਣੀ ਸਾਹਿਬਾ ਦੇ ਚਿਹਰੇ ਤੇ ਅੱਜ ਤੀਉੜੀ ਕਿਸੇ ਹੋਰ ਹੀ ਢਬ ਦੀ ਹੈ, ਕਰਤਾਰ ਸੁੱਖ ਕਰੇ।ਕੋਈਗੋਲੀ ਡੇਉਢੀ ਦੇ ਦਰਵਾਜੇਵਿਚ ਖੜੀ ਅੰਦਰ ਬਾਹਰ ਦੀ ਖਬਰਦਾਰੀ ਕਰ ਰਹੀ ਹੈ, ਪਰੰਤੂ ਰਾਣੀ ਸਾਹਿਬਾ ਦਾ ਚਿਹਰਾ ਕੁਝਕ ਗੁੱਸੇਨਾਲ ਲਾਲੀ ਦੀ ਭਾਹ ਮਾਰ ਰਿਹਾ ਹੈ,ਇੰਨੇ ਤਕ ਡੇਉਢੀ ਵਾਲੀ ਛੜੀ ਬਰਦਾਰ ਨੇ ਅਦਬ ਨਾਲ ਸਿਰ ਨਿਵਾਕੇ ਅਰਜ਼ ਕੀਤੀ ਕਿ ਹਜ਼ੂਰ ! ਜਮਾਂਦਾਰ ਟਿੱਕਾ ਸਾਹਿਬ ਨੂੰ ਲੈ ਕੇ ਡੇਉਢੀ ਪਰ ਹਾਜ਼ਰ ਹੈ, ਉਸ ਲਈ ਕੀ ਹੁਕਮ ਹੈ ?

ਰਾਣੀ ਰੂਪ ਕੌਰ ਜੋ ਇਕ ਤੋਂ ਇਕ ਵਧਵੀਆਂ ਸੋਚਾਂ ਦੇ ਅੰਦਰੇ ਅੰਦਰ ਮੋਤੀ ਪਰੋ ਰਹੀ ਸੀ, ਚੁਕੰਨੀ ਹੋਕੇ ਬੋਲੀ ਕਿ ਗਾਰਦ ਦੇ ਸਿਪਾਹੀ ਸਭ ਮੋੜ ਦਿੱਤੇ ਜਾਣ, ਆਪ ਜਮਾਂਦਾਰ ਕੈਦੀ ਨੂੰ ਪੇਸ਼ ਕਰੇ। ਇਸੇ ਹੁਕਮ ਅਨੁਸਾਰ ਜਮਾਂਦਾਰ ਸਾਹਿਬ ਨੇ ਟਿੱਕਾ ਜੀਨੂੰ ਹਥੌੜੀਆਂ ਬੇੜੀਆਂ ਅਤੇ ਤੌਕ ਸਮੇਤ ਹਾਜ਼ਰ ਕੀਤਾ। ਆਪ ਝੁਕ ਕੇ ਅਦਬ ਨਾਲ ਸਲਾਮ ਕੀਤਾ। ਰਾਣੀ ਸਾਹਿਬਾ ਇਕ ਟੇਢੀ ਜੇਹੀ ਨਿਗਾਹ ਨਾਲ ਦੇਖਦੇ ਹੋਏ ਅਤੇ ਆਉਂਦੇ ਹੋਏ ਹਾਸੇ ਨੂੰ ਮੋੜਕੇ ਬਣਾਉਟੀ ਗੁੱਸੇ ਜੇਹੇ ਦੇ ਢਾਂਚੇ ਪਰ ਕੈਦੀ ਨੂੰ ਕਹਿਣ ਲੱਗੇ:—ਕਹੀਏ, ਮਹਾਰਾਜ ! ਹੁਣ ਤਾਂ ਰਾਜ਼ੀ ਹੋ ? ਆਪ ਦੇ ਮਾਤਾ ਪਿਤਾ ਇਸਤ੍ਰੀ ਪਰਵਾਰ ਸਭ ਰਾਜ਼ੀ ਹਨ ? ਸੁਣਾਓ ਆਪ ਦੇ ਕਿਲੇ ਕੋਟ ਦਾ ਕੀ ਹਾਲ ਹੈ ? ਆਪ ਦੇ ਸੱਤ ਉਪਦੇਸ਼ੀ ਗਜਾਨੀ ਸਿੰਘ ਹੋਰੀਂ ਕਿੱਥੇ ਹਨ? ਕਿਸੇ ਠੱਗੀ ਮਹਿਕਮੇ ਵਿਚ ਤਾਂ ਨਹੀਂ ਨੌਕਰ ਹੋ ਗਏ ? ਦੱਸੋ ਅਜੇ ਆਪਣੇ ਪਿਤਾ ਦਾ ਹੁਕਮ ਵਿਵਾਹ ਵਾਸਤੇ ਲੈ ਲਿਆ ਹੈ ਕਿ ਨਹੀਂ ? (ਥੋੜਾ ਚਿਰ ਚੁਪ ਹੋਕੇ) ਹੁਣ ਆਖੋ ਏਥੇ ਆਪ ਦਾ ਕੌਣ ਸਹਾਇਕ ਹੈ ?

ਰਾਜ ਕੁਮਾਰ ਬਿਟ ਬਿਟ ਦੀਦੇ ਫਾੜਕੇ ਦੇਖਦਾ ਹੈ, ਪਰ ਹੈਰਾਨੀ ਦੇ ਅਚਰਜ ਵਿਚ ਪਰੇਸ਼ਾਨ ਹੈ, ਉੱਤਰ ਕੋਈ ਨਹੀਂ ਅਹੁੜਦਾ ਸੁਣਿਆਂ ਤਾਂ ਸਭ ਕੁਝ, ਪਰ ਐਉਂ ਜਿਵੇਂ ਸਮਝਿਆ ਕੱਖ ਵੀ ਨਹੀਂ।

ਰਾਣੀ ਸਾਹਿਬਾ ਨੇ ਫਿਰ ਜ਼ਰਾਕੁ ਦਬਾਕੇ ਆਖਿਆ, ਆਪ ਹੁਣ ਇਕ ਖੂਹ ਵਿਚ ਕੈਦ ਕੀਤੇ ਜਾਓਗੇ, ਕੋਈ ਅਰਜ਼ ਕਰਨੀ ਹੋਵੇ ਤਾ ਹੁਣ ਵੇਲਾ ਹੈ, ਫਿਰ ਕੋਈ ਪੁਕਾਰ ਨਹੀਂ ਸੁਣੀ ਜਾਏਗੀ।

ਉਤ੍ਰ ਵਿਚ ਟਿੱਕਾ ਸਾਹਿਬ ਵਲੋਂ ਨਿਰੀ ਤੇ ਕੋਰੀ ਚੁੱਪ ਹੀ ਰਹੀ।

ਰਾਣੀ ਸਾਹਿਬਾ ਨੇ ਨਿਗਾਹ ਪਰਤਕੇ ਦੇਖਿਆ,ਤਾਂ ਜਮਾਂਦਾਰ ਅਦਬ ਨਾਲ ਝੁਕਿਆ ਖਲੋਤਾ ਹੈ, ਰਾਣੀ ਦੇ ਚਿਹਰੇ ਤੇ ਪਰਸੰਨਤਾ ਪਰਤੀ ਅਤੇ ਇਹ ਹੁਕਮ ਕੀਤਾ:—ਜਮਾਂਦਾਰ ਸਾਹਿਬ ! ਆਪ ਦੀ ਬਹਾਦਰੀ ਪਰ ਸ਼ਾਬਾਸ਼ ਹੈ, ਅਸੀਂ ਬਹੁਤ ਪ੍ਰਸੰਨ ਹਾਂ, ਅੱਜ ਤੋਂ ਖਿਤਾਬ ਲਾਮ* ਦਾਦਿੱਤਾ ਜਾਂਦਾ ਹੈ,ਇਨਾਮ ਵਿੱਚ ਮੋਮੀ ਪੇਟੀ ਅਤੇ ਤਨਖਾਹ ਸਵਾਈ ਕੀਤੀ ਜਾਂਦੀ ਹੈ, ਆਪ ਜਾਈਏ

*ਕੁਟਲ।

Digitized by Panjab Digital Library | www.panjabdigilib.org

ਡੇਉਢੀ ਦੇ ਚਬੂਤ੍ਰੇ ਪਰ ਖਬਰਦਾਰ ਰਹੋ। ਜਮਾਦਾਰ ਨੇ ਝੁਕਕੇ ਸਲਾਮ ਕੀਤਾ ਅਤੇ ਨਿਉਂ ਕੇ ਪੈਰ ਚੁੰਮੇ। ਫਿਰ ਉਸੇ ਤਰ੍ਹਾਂ ਸਿਰ ਝੁਕਾਏ ਪਿਛਲੇ ਪੈਰੀਂ ਹਟਦਾ ਹੋਇਆ ਚਲਾ ਗਿਆ।

ਰਾਣੀ ਜੀ ਫਿਰ ਆਪਣੇ ਕੈਦੀ ਵਲ ਪਰਤੇ ਅਤੇ ਇਉਂ ਕਹਿਣ ਲਗੇ–ਕਿਉਂ ਜੀ ਮਹਾਂਰਾਜ ! ਹੁਣ ਬੋਲਦੇ ਕਿਉਂ ਨਹੀਂ ? ਦੱਸੋ ਸਲਾਹ ਕੀ ਠਹਿਰੀ ?

ਅਗੋਂ ਉਤ੍ਰ ਕੁਝ ਨਹੀਂ।

ਫਿਰ ਰਾਣੀ ਸਾਹਿਬਾ ਕੁਝ ਜੋਸ਼ ਵਿਚ ਆਕੇ ਬੋਲੇ, "ਅੰਧੇਰ ਰਾਜਾ ਤੇ ਚੌਪਟ ਨਗਰੀ" ਵਾਲੀ ਗਲ। ਸਾਡਾ ਲਾਗੀ ਸ਼ਗਨ ਲੈਕੇ ਜਾਵੇ, ਆਪ ਦੀ ਮਿਜਾਜ ਸੱਤਵੇਂ ਅਸਮਾਨ ਤੇ ਚੜ੍ਹੀ ਹੋਈ ਕੁਝ ਪਰਵਾਹ ਹੀ ਨਾ ਕਰੇ। ਪਿਤਾ ਆਪ ਦੇ ਤਾਂ ਬੱਸ ਖੁਦ ਖੁਦਾ ਹੋਏ, ਅਸਾਂ ਗਰੀਬਾਂ ਦੀ ਓਥੇ ਕੌਣ ਸੁਣਦਾ ਹੈ ! ਹੈ ਹੈ ਅੰਧੇਰ, ਗਜਬ ਦਾ ਹਨੇਰ, ਲਾਗੀ ਬਾਹਰ ਬੈਠਾ ਭੌਂਕਦਾ ਹੈ, ਅੰਦਰ ਕੋਈ ਖਬਰ ਤਕ ਨਹੀਂ ਕਰਦਾ। ਉਸ ਗਲ ਦਾ ਬਦਲਾ ਇਹ ਜੇ, ਹੁਣ ਉਨ੍ਹਾਂ ਨੂੰ ਖਬਰ ਭੇਜੋ, ਆਕੇ ਛੁਡਾ ਲੈ ਜਾਣ। ਜੇ ਕੋਈ ਵਾਹ ਲਗਦੀਹੋਵੇ ਤਾਂ ਲਾ ਲੈਣ।(ਜ਼ਰਾਕੁ ਠਹਿਰਕੇ) ਮਹਾਰਾਜ ! ਆਪ ਇਸ ਵੇਲੇ ਰਾਜਕੁਮਾਰ ਨਹੀਂ ਹੋ, ਨਿਰੇ ਮੇਰੇ ਕੈਦੀ ਹੋ, ਕੋਈ ਦਿਮਾਗ ਵਿਚ ਘਮੰਡ ਨਾ ਰਖਣਾ। ਆਪ ਕਿਸੇ ਤਰ੍ਹਾਂ ਆਪਣੇ ਕਿਲੇ ਵਿਚ ਪਰਤਕੇ ਨਹੀਂ ਜਾ ਸਕਦੇ, ਇਸੇ ਮੜ੍ਹੇਲੀ ਦੀ ਚੱਕੀ ਦੇ ਫੇਰ ਵਿਚ ਫਿਰਨਾ ਆਪ ਦੀ ਜ਼ਿੰਦਗਾਨੀ ਹੈ।

ਇਜੇਹਾ ਅਪਣੇ ਦਿਲ ਦਾ ਗਰਦ ਗੁਬਾਰ ਰਾਣੀ ਨੇ ਬਤੇਰਾ ਝਾੜਿਆ। ਟਿਕਾ ਮੰਨਾਸਿੰਘ ਨੇ ਸੁਣਨ ਵਿਚ ਤਾਂ ਕੋਈ ਫਰਕ ਨਹੀਂ ਕੀਤਾ, ਪਰ ਉਤ੍ਰ ਦੇਣ ਵਿਚ ਜੀਭ ਮਾਨੋਂ ਗਹਿਣੇ ਪਾ ਦਿਤੀ। ਗੁੰਗਿਆਂ ਨਾਲ ਸ਼ਰਤ ਬੰਨ੍ਹਕੇ ਚੁਪ ਵਟੀ। ਨ ਹਾਂ, ਨ ਹੂੰ, ਨ ਚੀਂ, ਨ ਚਾਂ, ਕੁਝ ਨਾ।

ਇੰਨੇ ਤਕ ਦਯਾ ਨਾਮੀ ਸਹੇਲੀ ਨੇ ਅਦਲ ਨਾਮੀ ਸਖੀ ਨੂੰ ਹੌਲੀ ਜਿਹੀ ਆਖਿਆ–ਇਹ ਰਾਜ ਕੁਮਾਰ ਪਿਉ ਦਾ ਅਲਬੇਲਾ ਇਕਲੌਤਾ, ਲਾਡਾਂ ਨਾਲ ਪਾਲਿਆ ਵਿਚਾਰਾ ਕਿਸ ਕਰਣੀ ਨੂੰ ਫੜਿਆ ਗਿਆ ਹੈ? ਅਗੋਂ ਅਦਲ ਨੇ ਆਖਿਆ–ਇਹ ਬਾਲਕ ਨਿਰਦੋਸ਼ ਹੈ, ਜੋ ਕੁਝ ਇਸ ਵੇਲੇ ਹੋ ਰਿਹਾ ਹੈ, ਇਹ ਸੱਭੋ ਕੁਝ ਵਧੀਕੀ ਹੈ, ਪਰ ਰਾਣੀ ਸਾਡੀ ਨੂੰ ਅਖਤਿਆਰ ਹੈ ਜੋ ਚਾਹੇ ਸੋ ਕਰੇ।

ਇਹ ਗਲ ਸੁਣਕੇ ਨਿਰਦਯ ਸਖੀ ਜ਼ਰਾ ਗੱਜਕੇ ਬੋਲ ਉਠੀ–ਇਹ ਕੇਹੀ ਵਧੀਕੀ ਹੈ, ਇਹ ਮੁੰਡਾ ਨਿਰਾ ਹੱਠਲ ਤੇ ਭਾਰਾ ਅਨਮੋੜ, ਅੜੀਅਲ, ਸੜੀਅਲ ਕੈਦ ਦੀ ਲਾਇਕ ਜਾਣਕੇ ਹੀ ਕੈਦ ਕੀਤਾ ਗਿਆ ਹੈ।

ਅਦਲ ਬੋਲੀ–ਹੈ ਤਾਂ ਨਹੀਂ ਪਰ.....

ਦਯਾ ਬੋਲੀ–ਭਾਵੇਂ ਇਹ ਰਾਜਾ ਦਾ ਪੁੱਤ੍ਰ ਇਜੇਹਾ ਹੀ ਹੋਵੇ, ਪਰ ਜਿਸ ਨਾਲ ਕੁਝ ਪਜਾਰ ਹੋਵੇ ਉਹ ਮਿਹਰ ਤੇ ਪਰਵਰਸ਼ ਦਾ ਹੱਕਦਾਰ ਹੁੰਦਾ ਹੈ। ਉਹ ਇਜੇਹੀ ਕਰੜੀ ਕੈਦ ਦਾ ਸਜ਼ਾਵਾਰ ਨਹੀਂ ਹੁੰਦਾ। ਅੱਜ ਤੱਕ ਕਿਸੇ ਨੇ ਪਿਆਰੇ ਦੇ ਲਹੂ ਵਿਚ ਹੱਥ ਨਹੀਂ ਭਰੇ।

ਇੰਨੇ ਤੱਕ ਠਠੋਲ ਸਖੀ ਬੋਲੀ–ਅਜੇ ਇਹ ਜ਼ੰਜੀਰ ਤਾਂ ਹੱਥਾਂ ਪੈਰਾਂ ਨੂੰ ਹੀ ਮਾਰੇ ਹਨ, ਆਪ ਦੇਖੋਗੀਆਂ ਸਾਡੀ ਰਾਣੀ ਸਾਹਿਬਾ ਨੇ ਇਸ ਦੀਆਂ ਅੱਖਾਂ ਨੂੰ ਸੰਗਲ ਮਾਰਨੇ ਹਨ, ਇਹ ਢੀਠ ਦੀਦੇ ਪਾੜ ਪਾੜ ਕੇ

Digitized by Panjab Digital Library | www.panjabdigilib.org

ਸਾਹਮਣੇ ਤੱਕ ਰਿਹਾ ਹੈ।

ਹਸੈੜ ਸਹੇਲੀ ਬੋਲੀ–ਚਲੋ ਨੀ, ਏਹੋ ਜੇਹੀਆਂ ਗੱਲਾਂ ਇਸ ਦਰਗਾਹ ਵਿੱਚ ਨਹੀਂ ਕਰੀਦੀਆਂ, ਇਹ ਸਾਡੀ ਰਾਣੀ ਸਾਹਿਬਾ ਦਾ ਸਤਰ ਖਾਨਾ ਹੈ, ਏਥੇ ਓਪਰੇ ਪੁਰਸ਼ਾਂ ਦਾ ਕੀ ਕੰਮ। ਜਿਹੜਾ ਕੋਈ ਓਪਰਾ ਪੁਰਸ਼ ਬੇਖਬਰਾ ਏਥੇ ਆਉ, ਉਹ ਇੱਕੁਰ ਹੀ ਕੈਦ ਕੀਤਾ ਜਾਉ।

ਲਾਡੋ ਸਹੇਲੀ ਬੋਲੀ–ਸਦਕੇ ਜਾਈਏ ਜੇਹਾ ਰਾਜ ਕੁਮਾਰ ਸੁੰਦਰ ਸਜੀਲਾ ਤੇ ਛੈਲ ਛਬੀਲਾ ਹੈ, ਸਾਡੀ ਰਾਣੀਸਾਹਿਬਾ ਨੇ ਗਹਿਣੇ ਵੀ ਸੁੱਖ ਨਾਲ ਓਹੋ ਜੇਹੇ ਲੋਹੇ ਦੇ ਪਹਿਨਾਏ ਹਨ, ਕੁਰਬਾਨ ਜਾਈਏ, ਕਿਸੇ ਗੱਲ ਦੀ ਕੋਈ ਤੋਟ ਨਹੀਂ, ਪਰ ਜੇ ਹੈ ਤਾਂ ਨਿਰੀ ਇੰਨੀ ਕੁ ਹੀ ਕਿ ਕਿਸੇ ਨਿਜਲੇ ਖੂਹ ਵਿਚ ਕੈਦ ਨਹੀਂ ਕੀਤਾ।

ਫਸਾਦੋ ਸਹੇਲੀ ਬੋਲੀ (ਰਾਜ ਕੁਮਾਰ ਦੇ ਕੋਲ ਖਲੋਕੇ)–ਕਿਉਂ ਵੇ ਤੇਰੇ ਦੀਦੇ ਨਿਉਂਦੇ ਕਿਉਂ ਨਹੀਂ ? ਪਲਕਾਂ ਝਮਕਦੀਆਂ ਕਿਉਂ ਨਹੀਂ ? ਇਕੋ ਟੱਕ ਲਾਈ ਸਾਹਮਣੇ ਤੱਕੀ ਜਾਨਾ ਏਂ, ਤੇਰੀ ਗਰਦਨ ਕਿਉਂ ਨਹੀਂ ਝੁਕਦੀ ? ਹੱਥ ਜੋੜਕੇ ਪੈਰੀਂ ਕਿਉਂ ਨਹੀਂ ਪੈ ਜਾਂਦਾ ? ਕੀ ਹਥੌੜੀਆਂ ਪਈਆਂ ਕਰਕੇ ਨਿਵਿਆਂ ਨਹੀਂ ਜਾਂਦਾ ? ਚੱਲ ਹੋਇਆ ਕੀ, ਜਰਾ ਨੱਕ ਹੀ ਰਗੜਦੇਹ? ਮੈਂ ਹੋਂ ਹੀ ਕਹਿ ਦੇਹ, ਮੈਂ ਭੁੱਲ ਗਿਆ। ਹੋਇਆ ਕੀ ਤੂੰ ਰਾਜ ਕੁਮਾਰ ਹੀ ਸਹੀ, ਰਾਜਾਧਿਰਾਜ ਹੀ ਸਹੀ, ਪਰ ਇਹ ਦਰਗਾਹ ਵੀ ਤਾਂ ਸ਼੍ਰੀਮਹਾਰਾਣੀ ਸ਼੍ਰੀ ਮਤੀ ਰੂਪ ਵਤੀ ਠਕੁਰਾਣੀ ਰਾਜ ਰਾਜੇਸ਼੍ਰੀ ਰੂਪ ਕੁੰਵਰ ਸਾਹਿਬਾ ਦੀ ਹੈ, ਏਥੇ ਕਿਸੇ ਦੀ ਵਡਿਆਈ ਨਹੀਂ ਚੱਲਦੀ।

ਅਕਲੋ ਨਾਮੀ ਅੰਤ੍ਰੰਗ ਸਖੀ ਨੇ ਇਹ ਗੱਲ ਬੜੇ ਅਦਬ ਨਾਲ ਆਪਣੀ ਜਾਨ ਹੀਲ ਕੇ ਹੱਥ ਜੋੜਕੇ ਬੇਨਤੀ ਕੀਤੀ:–ਇਹ ਬਾਲਕ ਸੁਕੁਮਾਰ ਹੈ, ਏਡੀ ਕਰੜਾਈ ਤੇ ਕਠਨਾਈ ਝੱਲਣ ਜੋਗਾ ਨਹੀਂ, ਐਸਾ ਨਾ ਹੋਵੇ ਕਿ ਹੱਥਾਂ ਦੀਆਂ ਰੰਗਾਂ ਦਿੱਤੀਆਂ ਦੰਦੀਆਂ ਨਾਲ ਫੇਰ ਆਪ ਨੂੰ ਹੀ ਖੋਹਲਣੀਆਂ ਪੈਣ।

ਇੰਨੇ ਤਕ ਸਿਫਾਰਸ਼ੀ ਸਹੇਲੀ ਬੋਲੀ, (ਅਦਬ ਨਾਲ ਖੜੋਕੇ)–ਹਜ਼ੂਰ ਬਿਨਾਂ ਪੁੱਛੇ ਅਰਜ਼ ਕਰਨੀ ਮੁਨਾਸਬ ਨਹੀਂ, ਪਰੰਤੂ ਲਾਚਾਰੀ ਹੈ, ਇਸ ਵੇਲੇ ਇਹ ਆ ਬਣੀ ਹੈ ਕਿ ਜੇ ਅਰਜ਼ ਨਾ ਕੀਤੀ ਜਾਵੇ ਤਾਂ ਹਜ਼ੂਰ ਦਾ ਹਰਜ ਹੈ ਅਤੇ ਸਾਨੂੰ ਆਪ ਦਾ ਨਿਮਕ ਖਾਧਾ ਹੋਇਆ ਹਰਜ ਦੇਖਣ ਨਹੀਂ ਦਿੰਦਾ। ਕੁਲੀਨ ਰਾਜੇ ਮਹਾਰਾਜੇ ਜਦ ਕਿਸੇ ਰਾਜੇ ਨੂੰ ਪਕੜਦੇ ਹਨ ਤਾਂ ਸ਼ਾਹੀ ਕੈਦ ਵਿਚ ਰਖਦੇ ਹਨ, ਬੇਹਥਿਆਰ ਕਰਕੇ ਪਹਿਰੇ ਵਿਚ ਰੱਖਣਾ ਅਤੇ ਖਾਣ ਪਾਨ ਪਹਿਰਾਨ ਖਜ਼ਾਨੇ ਵਿਚੋਂ ਦੇਣਾ ਉਨ੍ਹਾਂ ਦਾ ਵਤੀਰਾ ਹੁੰਦਾ ਹੈ। ਕੈਦੀ ਆਪਣੀ ਹੱਦ ਵਿਚ ਫਿਰੇ, ਤੁਰੇ, ਸੈਰ ਕਰੇ, ਨਿਰਾ ਨਿਗਾਹਬਾਨੀ ਵਿਚ ਰਹੇ, ਪਰੰਤੂ ਇਕੁਰ ਜਕੜਕੇ ਮਾਰਨਾ ਰਾਜਨੀਤ ਦੇ ਵਿਰੁੱਧ ਹੈ। ਦੂਸਰੇ ਇਹ ਭੀ ਸਨਿਮ੍ਰ ਬੇਨਤੀ ਹੈ ਜਿਹਾਕੁ ਦਯਾ ਨੇ ਵੀ ਕਿਹਾ ਹੈ ਕਿ ਜਿਸ ਤੇ ਪ੍ਰੀਤ ਦੀ ਨਜ਼ਰ ਹੋਵੇ ਉਸ ਪਰ ਕਹਿਰ ਗੁਜ਼ਾਰਨਾ ਮਿਹਰ ਤੋਂ ਖਾਲੀ ਵਾਲੀ ਗਲ ਹੈ। ਇਸ ਲਈ ਕੈਦੀ ਦੇ ਬੰਧਨ ਖੋਲ੍ਹਕੇ ਅਪਣੇ ਮਹਲ ਵਿਚ ਜਗਾ ਬਖਸ਼ਕੇ ਆਪਣਾ ਅਹਿਸਾਨਮੰਦ ਬਣਾਓ ਅਤੇ ਪਰਚੇਵੇਂ ਲਈ ਕੋਈ ਕਾਰ ਸਪੁਰਦ ਕਰੋ ਤਾਂ ਜੋ ਉਦਾਸ ਨਾ ਹੋਵੇ। ਖਿਦਮਤ ਲਈ ਆਪਣੇ ਨੌਕਰ ਚਾਕਰ ਮੁਕਰਰ ਕਰੋ, ਜਿਹੜੇ ਖਿਦਮਤ ਅਤੇ ਰਾਖੀ ਦੋਵੇਂ ਕੰਮ ਨਿਬਾਹ ਸਕਣ।

ਇਹ ਸਿਫਾਰਸ਼ੀ ਸਹੇਲੀ ਦੀ ਚਤੁਰਾਈ

Digitized by Panjab Digital Library | www.panjabdigilib.org

ਭਰੀ ਸਫਾਰਸ਼ ਸੁਣਕੇ ਰਾਣੀ ਰੂਪਕੌਰ ਮੁਸਕਰਾਈ ਤੇ ਬੋਲੀ–ਇਹ ਮੇਰਾ ਕੈਦੀ ਹੈ। ਜੈਸਾ ਮੇਰਾ ਮਨ ਕਰੇਗਾ ਵੈਸਾ ਹੀ ਇਸ ਨਾਲ ਸਲੂਕ ਕਰਾਂਗੀ, ਇਸ ਨਾਲ ਤੁਹਾਨੂੰ ਕੀਹ। ਤੁਹਾਡਾ ਕੀ ਲਗਦਾ ਹੈ ਤੁਸੀਂ ਬਦੋ ਬਦੀ ਤੁਕ ਬੰਦੀ ਕਰ ਰਹੀਆਂ ਹੋ?

ਸਿਫਾਰਸ਼ੋ–ਗਰੀਬ ਨਿਵਾਜ ਜੀ ! ਸਾਡਾ ਹੋਰ ਤਾਂ ਕੁਝ ਨਹੀਂ ਲਗਦਾ, ਪਰ ਸਾਡੀ ਮਹਾਰਾਣੀ ਸਾਹਿਬਾ ਦਾ ਸਿਰ ਦਾ ਤਾਜ, ਮੱਥੇ ਦਾ ਭਾਗ, ਦੁਨੀਆਂ ਦਾ ਰਾਜ, ਮਨ ਦੀ ਮੁਰਾਦ ਲਗਦਾ ਹੈ, ਏਸੇ ਲਈ ਇਸਦੀ ਇਹ ਕਹਿਰ ਦੀ ਜਕੜਬੰਦੀ ਅਤੇ ਆਪਦੀ ਬੇਪਰਵਾਹੀ ਨਹੀਂ ਦੇਖੀ ਜਾਂਦੀ।

ਰਾਣੀ ਸਾਹਿਬਾ–ਪਹਿਲੇ ਜ਼ਮਾਨਤ ਨਾਮਾ ਸਿਫਾਰਸ਼ੇ ਲਿਖ ਦੇਵੋ,ਫਿਰ ਬੰਧਨ ਖੋਲ੍ਹਦਿਓ।

ਇਹ ਹੁਕਮ ਸੁਣਕੇ ਝੱਟ ਸਿਫਾਰਸ਼ੇ ਅਤੇ ਦਯਾ ਨੇ ਉਠਕੇ ਰਾਜਕੁਮਾਰ ਦੇ ਬੰਧਨ ਖੋਲ੍ਹ ਦਿੱਤੇ ਅਤੇ ਵਗਦਿਆਂ ਹੰਝੂਆਂ ਦੇ ਦਰਿਆ ਵਿਚ ਇਸ਼ਨਾਨ ਕਰਕੇ ਪਤਪਰਤੀਤ ਦੇ ਕਪੜੇ ਪਹਿਨਾਏ । ਹਸੌੜੇ ਨੇ ਚਾਈਂ ਚਾਈਂ ਮੱਥੇ ਤੇ ਕੇਸਰ ਦਾ ਟਿਕਾ ਲਾ ਦਿਤਾ। ਲਾਡੋ ਨੇ ਲਾਡਾਂ ਨਾਲ ਕੁਰਸੀ ਅਗੇ ਕਰਕੇ ਬੈਠਣ ਲਈ ਆਖਿਆ। ਇੰਨੇ ਤਕ ਮਹਲ ਵਿਚੋਂ ਤਨਕੇ ਗੋਲੀ ਆ ਗਈ। ਆਉਂਦੀ ਝਿਝਕੇ ਛੇਤੀ ਨਾਲ ਮੂੰਹ ਤੇ ਕਪੜਾ ਕਰਕੇ ਬੋਲੀ–ਹੈਂ ਹੈਂ ਇਹ ਸਤਰ ਖਾਨਿਆਂ ਵਿਚ ਓਪਰਾ ਪੁਰਸ਼ ਕਿਉਂ ਆ ਗਿਆ ?

ਹਸੌੜੇ–ਨਹੀਂ ਨੀ, ਇਹ ਤਾਂ ਲਾਡੋ ਨੇ ਮਰਦਾਵਾਂ ਸਾਂਗ ਕੀਤਾ ਹੋਇਆ ਹੈ।

ਤਨਕੇ (ਤਿਝੰਗ ਕੇ)–ਆਹੋ ਨੀ, ਮੈਂ ਜਾਣਨੀ ਹਾਂ, ਨਾਲੇ ਤੂੰ ਮਰਦ ਬਣੀ ਬੈਠੀ ਹੈਂ, ਇਹ ਤਾਂ ਕੋਈ ਓਪਰਾ ਅਮੀਰਜਾਦਾ ਹੈ।

ਰਾਣੀ ਸਾਹਿਬਾ–ਚੁੱਪ ਰਹੁ, ਬਹੁਤੀ ਬਕ ਬਕ ਨ ਕਰਿਆ ਕਰ, ਕੋਈ ਹੋਵੇ ਤੈਨੂੰ ਕੀਹ।

ਤਨਕੇ–ਨਾ ਬੀਬੀ, ਸਾਨੂੰ ਕੀ ? ਸਾਨੂੰ ਕਿਉਂ ਨਹੀਂ, ਸਾਨੂੰ ਸੱਭੋ ਕੁਝ ਹੈ, ਜੇ ਸਾਨੂੰ ਕੋਈ ਕਲਨੂੰ ਪੁੱਛੇ ਤਾਂ ਕੀਹ ਕਹਾਂਗੇ,ਸਾਨੂੰ ਖਬਰ ਨਹੀਂ? ਤਾਂ ਫਿਰ ਇਸਤਰ੍ਹਾਂ ਤਾਂ ਸਾਨੂੰ ਜਵਾਬ ਦੇ ਦਿਓ,ਸਾਨੂੰ ਕੋਈ ਹੋਰ ਘਰ ਲੱਭ ਪਏਗਾ, ਭੁਈਏਂ ਸੌਣਾ ਤਾਂ ਪਰੇਡੇ ਕੀ ਕਹਾਉਣਾ ? ਨਾ ਬੀਬੀ ਸਾਨੂੰ ਇਹ ਗਲ ਕਦੀ ਵੰਗੀ ਨਹੀਂ ਲਗਣੀ।

ਰਾਣੀ ਸਾਹਿਬਾ–ਪਰੇ ਦੂਸਰੇ ਕਮਰੇ ਵਿਚ ਜਾਕੇ ਮਰ, ਏਵੇਂ ਬੜ ਬੜ ਨਾ ਕਰ, ਐਡੀ ਸਾਨੂੰ ਕੀਹ ਦੀ ਬੱਚੀ । ਚੱਲ ਹਟ ਦਫਾ ਹੋ, ਜਾਕੇ ਹੈਰਾਨੀ ਨੂੰ ਏਧਰ ਭੇਜ।

ਹੈਰਾਨੀ ਨੇ ਆਕੇ ਤਾਂ ਬਸ ਹਰੇਲੀ ਹੀ ਮਚਾ ਦਿਤੀ। ਰਾਣੀ ਦੇ ਚਿਹਰੇ ਪਰ ਉਦਾਸੀ ਮਲ ਦਿਤੀ। ਸਖੀਆਂ ਦੇ ਮੱਥੇ ਖਾਸੀ ਨਿਰਾਸੀ ਲਾ ਦਿਤੀ। ਚੁਪ ਚਾਂ ਦਾ ਰੰਗ ਉਹ ਉਡਾਇਆ ਕਿ ਬੱਸ ਗੁਬਾਰ ਹੀ ਬੱਝ ਗਿਆ। ਰਾਜਕੁਮਾਰ ਦੇ ਚਿਹਰੇ ਤੇ ਉਹ ਪੀਲੱਤਣ ਵਰਤਾਈ ਕਿ ਪਨਰੇਹੇ ਵੀ ਮਾਰੇ ਸ਼ਰਮ ਦੇ ਪੀਲੇ ਪੈਕੇ ਪਰੇ ਦੂਰ ਜਾ ਰਹੇ। ਰਾਜਕੁਮਾਰ ਜੀ ਜਿਨ੍ਹਾਂ ਨੀਆਂ ਨਾਲ ਸੁਰਤ ਲਾਕੇ ਹਾਰ ਬੈਠੇ; ਮਾਨੋ ਧਤੂਰਾ ਖਾ ਬੈਠੇ, ਅਕਲ ਦੀਆਂ ਕੁੰਜੀਆਂ ਗੁਵਾ ਬੈਠੇ। ਹੋਸ਼ ਦੀ ਦਵਾ ਲੈਣ ਗਿਆ ਨੌਕਰ ਹਕੀਮਖਾਨੇ ਹੀ ਰਹਿ ਗਿਆ, ਖਿਆਲਾਂ ਦਾ ਵਲਵਲਾ ਉਠਦਾ ਹੋਇਆ ਝੱਗ ਵਾਕਰ ਬਹਿ ਗਿਆ। ਸ਼ਹੀਦਾਂ ਦੀ ਗਵਾਹੀ ਭਰਦਾ ਹੋਇਆ ਆਪ ਵੀ ਰਹਿ ਗਿਆ। ਰੁੰਗਿਆਂ ਪਾਸ ਸੁਰਤ ਹਾਰੀ ਗਈ, ਪਤੰਗਿਆਂ ਦੀ ਕੁਰਬਾਨੀ ਪਿੱਛੇ ਪੈ ਗਈ। ਜਿਗਰੀ ਘਾਇਲਾਂ ਦਾ ਚੀਕ ਚਿਹਾੜਾ

Digitized by Panjab Digital Library | www.panjabdigilib.org

ਸ਼ਰਮਿੰਦਾ ਹੋ ਗਿਆ:—

ਮ੍ਰਿਗਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ ॥ [ਆਸਾ ਰਵਿਦਾਸ ਜੀ

—o—

[ਭਾਗ ਦੂਸਰਾ]

ਉਨ ਕੈ ਸੰਗਿ ਤੁ ਕਰਤੀ ਕੇਲ ॥ ਉਨ ਕੈ ਸੰਗਿ ਹਮ ਤੁਮ ਸੰਗਿ ਮੇਲ॥ਉਨ੍ਕੈ ਸੰਗਿ ਤੁਮ ਸਭੁ ਕੋਊ ਲੋਰੈ ॥ ਓਸੁ ਬਿਨਾ ਕੋਊ ਮੁਖੁ ਨਹੀ ਜੋਰੈ ॥ ੧॥ ਤੇ ਬੈਰਾਗੀ ਕਹਾ ਸਮਾਏ ॥ ਤਿਸੁ ਬਿਨੁ ਤੁਹੀ ਦੁਹੇਰੀ ਰੀ ॥ ੧ ॥ ਰਹਾਉ ॥ ਉਨਕੈ ਸੰਗਿ ਤੁ ਗ੍ਰਿਹ ਮਹਿ ਮਾਹਰਿ ॥ ਉਨ੍ ਕੈ ਸੰਗਿ ਤੁ ਹੋਈ ਹੈ ਜਾਹਰਿ ॥ ਉਨ੍ਕੈ ਸੰਗਿ ਤੁ ਰਖੀ ਪਪੋਲਿ ॥ ਓਸਿ ਬਿਨਾ ਤੂੰ ਛੁਟਕੀ ਰੋਲਿ ॥ ੨ ॥ ਉਨ੍ ਕੈ ਸੰਗਿ ਤੇਰਾ ਮਾਨੁ ਮਹਤੁ ॥ ਉਨ੍ਕੈ ਸੰਗਿ ਤੁਮ ਸਾਕੁ ਜਗਤੁ ॥ ਉਨ੍ਕੈ ਸੰਗਿ ਤੇਰੀ ਸਭ ਬਿਧਿ ਬਾਟੀ ॥ ਓਸੁ ਬਿਨਾ ਤੰ ਹੋਈ ਹੈ ਮਾਟੀ ॥ ੩ ॥ ਓਹੁ ਬੈਰਾਗੀ ਮਰੈ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥ ਜੋੜਿ ਵਿਛੋੜੇ ਨਾਨਕ ਥਾਪਿ ॥ ਅਪਨੀ ਕੁਦਰਤਿ ਜਾਣੈ ਆਪਿ ॥ ੪ ॥ ੩੧ ॥ ੯੨ ॥

[ਆਸਾ ਮ: ੫ ਦੁਤੁਕੇ ੯

ਰਾਜ ਕੁਮਾਰ ਦੇ ਪਕੜੇ ਜਾਣ ਤੋਂ ਪਿਛੋਂ ਕਾਇਆ ਕੋਟ ਦਾ ਬੁਰਾ ਹਾਲ ਹੋ ਗਿਆ, ਆਵਾਜਾਈ ਦਾ ਬਾਜ਼ਾਰ ਮੱਧਮ ਪੈ ਗਿਆ, ਜਿਨਸ ਅੰਦਰ ਲੰਘਣੋਂ ਰਹਿ ਗਈ। ਨੌਂ ਦਰਵਾਜੇ ਲੂਹੇ ਗਏ ਅਤੇ ਸੁਨੀਅਰਾਂ ਦੇ ਚੌਂਕੀਦਾਰ ਸ਼ਰਾਬਾਂ ਪੀ ਪੀ ਕੇ ਮਸਤ ਹੋ ਰਹੇ. ਫੌਜ ਦਾ ਰੁਜ਼ੀਨਾ ਬੰਦ ਹੋ ਜਾਣ ਦੇ ਕਾਰਣ ਕੁਝ ਸਿਪਾਹੀ ਬੀਮਾਰ ਹੋ ਗਏ । ਕੁਝ ਮਾਰੇ ਫਾਕਿਆਂ ਦੇ ਮਰ ਗਏ, ਕੁਝ ਨੱਸ ਭੱਜ ਗਏ।

ਰਾਜ ਕੁਮਾਰ ਦੇ ਫੜੇ ਜਾਣ ਤੋਂ ਪਿੱਛੋਂ ਸੁਮਤਿ ਕੌਰ ਦੀ ਬੁਰੀ ਹਾਲਤ ਹੋ ਗਈ, ਪਹਿਲੇ ਤਾਂ ਬਹੁਤ ਰੋਂਦੀ ਖਪਦੀ ਰਹੀ, ਜਦ ਰੋਂਦੀ ਰੋਂਦੀ ਦੀਆਂ ਅੱਖਾਂ ਦਾ ਪਾਣੀ ਸੁੱਕ ਗਿਆ, ਕਲੇਜਾ ਪੱਕਗਿਆ ਤੇ ਸੰਘ ਸੁਕਕੇ ਥੱਕ ਗਿਆ ਤਾਂ ਗਸ਼ ਖਾ ਗਈ । ਇਸ ਵੇਲੇ ਇਸ ਵਿਚਾਰੀ ਦਾ ਕੋਈ ਦਰਦੀ ਨਹੀਂ, ਜੋ ਇਸ ਭਾਰੀ ਦੁੱਖ ਨੂੰ ਦੇਖਕੇ ਤਰਸ ਕਰੇ, ਪਾਣੀ ਦਾ ਛੱਟਾ ਮਾਰੇ ਕਿ ਦੰਦਣ ਹੀ ਖੋਲ੍ਹਕੇ ਮੂੰਹ ਵਿਚ ਪਾਣੀ ਚੋਏ ਜਿੱਥੇ ਕਿਸਮਤ ਦੀ ਮਾਰੀ ਵਿਚਾਰੀ ਖੇਹ ਖ਼ੁਆਰੀ ਵਿਚ ਬੇਸੁਰਤ ਪਈ, ਓਥੇ ਹੀ ਪਈ ਰਹੀ।

ਰਾਜ ਕੁਮਾਰ ਮੰਨਾ ਸਿੰਘ ਦੀ ਮਾਈ, ਪਟਰਾਣੀ ਬੁਧਿਵੰਤ ਕੌਰ ਕਿਲੇ ਦੀ ਵੈਰਾਨੀ, ਨੌਕਰਾਂ ਚਾਕਰਾਂ ਦੀ ਬੇਈਮਾਨੀ, ਪੁਤ ਦਾ ਅਚਾਨਕ ਕੈਦ ਹੋ ਜਾਣਾ, ਨੂੰਹ ਵਿਚਾਰੀ ਦਾ ਮੌਤ ਦੇ ਦਰਵਾਜੇ ਤੱਕ ਪਹੁੰਚ ਪੈਣਾ ਆਦਿਕ ਭਾਰੀਆਂ ਤੋਂ ਭਾਰੀਆਂ ਅਪਦਾ ਵੇਖ ਵੇਖਕੇ ਇਤਨੀ ਘਬਰਾਈ ਕਿ ਜਿਸਦਾ ਕੋਈ ਹੱਦ ਹਿਸਾਬ ਨਹੀਂ। ਪੇਸ਼ ਅਤੇ ਵਾਹ ਕੋਈ ਚੱਲਦੀ ਨਹੀਂ,ਕੋਈ ਆਸਰਾ ਧਿਰਾਸ ਦਿੱਸਦਾ ਨਹੀਂ ਜੋ ਕੋਈ ਧੀਰ ਬੰਨ੍ਹਾਵੇ, ਡੁਬਦੇ ਜਾਂਦੇ ਕਲੇਜੇ ਨੂੰ ਸਹਾਰਾ ਅਥਵਾ ਕੋਈ ਸਹਾਇਤਾ ਕਰਨ ਦੀ ਹਾਮੀ ਭਰੇ। ਜਦ ਸਭਨਾਂ ਪਾਸਿਆਂ ਵਲੋਂ ਨਿਰਾਸ ਹੋਈ ਤਾਂ ਗਲ ਵਿਚ ਪੱਲਾ ਪਾਕੇ ਆਪਣੇ ਪਤੀ ਪਰਮਾਤਮਰੂਪਸਿੰਘ ਜੀ ਦੇ ਚਰਨਾਂ ਦਾ ਧਿਆਨ ਧਰਕੇ ਇਹ ਬੇਨਤੀ ਕੀਤੀ:—

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥
ਧਾਇਓ ਰੇ ਮਨ ਦਹਦਿਸ ਧਾਇਓ ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ
ਤਿਨਿ ਪ੍ਰਭਿ ਆਪਿ ਭੁਲਾਇਓ ॥ਰਹਾਉ॥
ਹਰਿ ਕਥਾ ਹਰਿ ਜਸ ਸਾਧ ਸੰਗਤਿ ਸਿਉ
ਇਕੁ ਮੁਹਤੁ ਨ ਇਹੁ ਮਨੁ ਲਾਇਓ ॥
ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ
ਜੋਹਨਿ ਜਾਇਓ ॥ ੧ ॥ ਚਰਨ ਕਮਲ
ਸਿਉ ਭਾਉ ਨ ਕੀਨੋ ਨਹ ਸਤ ਪੁਰਖੁ
ਮਨਾਇਓ ॥ ਧਾਵਤ ਕਉ ਧਾਵਹਿ ਬਹੁ
ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ॥੨॥
ਨਾਮ ਦਾਨੁ ਇਸਨਾਨੁ ਨ ਕੀਓ ਇਕ
ਨਿਮਖ ਨ ਕੀਰਤਿ ਗਾਇਓ ॥ ਨਾਨਾ
ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ
ਅਪਨਾਇਓ ॥ ੩ ॥ ਪਰ ਉਪਕਾਰ ਨ
ਕਬਹੂ ਕੀਏ ਨਹੀ ਸਤਿਗੁਰੁ ਸੇਵਿ
ਧਿਆਇਓ ॥ ਪੰਚ ਦੂਤ ਰਚਿ ਸੰਗਤਿ
ਗੋਸਟਿ ਮਤਵਾਰੋ ਮਦ ਮਾਇਓ ॥ ੪ ॥
ਕਰਉ ਬੇਨਤੀ ਸਾਧ ਸੰਗਤਿ ਹਰਿ ਭਗਤਿ
ਵਛਲ ਸੁਨਿ ਆਇਓ ॥ ਨਾਨਕ ਭਾਗਿ
ਪਰਿਓ ਹਰਿ ਪਾਛੈ ਰਾਖੁ ਲਾਜ
ਅਪੁਨਾਇਓ ॥ ੫ ॥ ੭ ॥ ੩ ॥
[ਟੋਡੀ ਮ: ੫ ਘਰ ੨ ਚਉ:

ਹੇ ਅਨਾਥ ਨਾਥ, ਦੀਨ ਦਯਾਲ, ਕ੍ਰਿਪਾ ਸਾਗਰ ਜੀ ! ਆਪ ਇਸ ਵੇਲੇ ਬਾਹੁੜੀ ਕਰੋ ਕਿਲਾ ਕੋਟ ਵੈਰਾਨ ਹੋ ਗਿਆ, ਰਾਜ ਕੁਮਾਰ ਕੈਦ ਹੋ ਗਿਆ, ਅਸੀਂ ਵਿਚਾਰੀਆਂ ਨਿਮਾਣੀਆਂ, ਨਿਤਾਣੀਆਂ ਦਰਦ ਹੰਢਾਣੀਆਂ ਇਹ ਭਾਰੀ ਅਪਦਾ ਦੇਖਣੋਂ ਲਈ ਅਵਾਰਾ ਰਹਿ ਗਈਆਂ ਹਾਂ, ਆਪ ਕ੍ਰਿਪਾ ਕਰਕੇ ਆਪਣੇ ਕਿਲੇ ਕੋਟ ਦੀ ਖਬਰ ਲਓ।ਇਕਲੌਤੇ ਪੁਤ੍ਰ ਦੀ ਕੁਝ ਸਹਾਇਤਾ ਕਰੋ। ਇਸ ਵੇਲੇ ਬਿਨਾਂ ਪੁਕਾਰ ਫਰਿਆਦ ਦੇ ਹੋਰ ਸਾਡੀ ਕੋਈ ਵਾਹ ਨਹੀਂ ਚੱਲਦੀ। ਅਸਾਂ ਦੀਨ ਦੁਖੀਆਂ ਤ ਕ੍ਰਿਪਾ ਭਰੀ ਨਿਗਾਹ ਕਰੋ। ਆਪਦੇ ਅੰਤਹਪੁਰ ਦੀ ਬੜੀ ਦੁਰਦਸ਼ਾ ਹੋ ਰਹੀ ਹੈ। ਹੇ ਕ੍ਰਿਪਾ ਸਿੰਧੂ! ਇਸ ਵੇਲੇ ਦੇਰੀ ਕਰਨ ਦਾ ਵੇਲਾ ਨਹੀਂ।

ਇਸ ਤਰ੍ਹਾਂ ਦੀਆਂ ਬੇਨਤੀਆਂ ਦੀ ਲਗਾਤਾਰ ਪੁਕਾਰ ਦੀ ਤਾਰ ਮਹਾਰਾਜਾਧਿਰਾਜ ਸ੍ਰੀ ਪਰਮਾਤਮਰੂਪਸਿੰਘ ਜੀ ਦੇ ਪਾਸ ਪੁੱਜੀ, ਆਪ ਅਗਮ ਗੜ ਤੋਂ ਕਾਂਇਆਂ ਕੋਟ ਆਏ।

ਨਾਨਕ ਢੇਰੀ ਢਹਿ ਪਈ ਮਿਟੀ ਸੰਦਾ
ਕੋਟੁ ॥ ਭੀਤਰਿ ਚੋਰੁ ਬਹਾਲਿਆ ਖੋਟੁ ਵੇ
ਜੀਆ ਖੋਟੁ ॥ [ਵਾ: ਸਾ:ਮ:੧

ਰਾਜ ਸਾਜ ਸਭ ਵੈਰਾਨ ਹੋ ਚੁਕਾ ਹੈ, ਨੌਕਰ ਕਿਤੇ ਕੋਈ ਹੈ ਨਹੀਂ, ਕਿਤੇ ਕੋਈ ਹੈਨ ਤਾਂ ਸ਼ਰਾਬਾਂ ਪੀ ਪੀਕੇ ਪਤਾਲ ਦੀਆਂ ਖਬਰਾਂ ਲੈਣ ਚਲੇ ਗਏ ਹੋਏ ਹਨ, ਸਿਪਾਹੀ ਦਰੋਗੇ ਜਮਾਂਦਾਰ ਆਦਿਕ ਇਕ ਵੀ ਨਹੀਂ। ਇਕ ਪਾਸਿਓਂ ਕਿਲ੍ਹੇ ਨੂੰ ਸੰਨ੍ਹ ਲਗੀ ਹੋਈ ਹੈ, ਹੋਰ ਕੋਈ ਬਾਰਕਾਂ ਖਰਾਬ ਹੋਈਆਂ ਪਈਆਂ ਹਨ, ਕਿਤੇ ਕੂੜਾ ਕਰਕਟ ਭਰਿਆ ਪਿਆ ਹੈ, ਕਿਤੇ ਮੋਰਚੇ ਢੱਠੇ ਪਏ ਹਨ, ਕਿਤੇ ਬੈਠਕ ਸੁੰਨੀ ਪਈ ਹੈ, ਮਹਾਰਾਜ ਏਹ ਕੌਤਕ ਵੇਖਕੇ ਬੋਲੇ:-

ਹੰਇ ਇਆਣਾ ਕਰੇ ਕੰਮੁ ਆਣਿ ਨ ਸਕੈ
ਰਾਸਿ ॥ ਜੇ ਇਕ ਅਧ ਚੰਗੀ ਕਰੇ ਦੂਜੀ
ਭੀ ਵੇਰਾਸਿ ॥ ੫ ॥ [ਆਸਾ ਵਾਰ ਮਃ ੨

ਹੁਣ ਲਗੇ ਟਿਕਾ ਸਾਹਿਬ ਜੀ ਦੀ ਭਾਲ ਕਰਨ ਕਿ ਕਿੱਥੇ ਹੈ, ਨੈਣ ਦਰਵਾਜ਼ੇ ਝੁਲਸੇ ਹੋਏ ਨਜ਼ਰੀਂ ਪਏ। ਉਪਰਲੀਆਂ ਬੈਠਕਾਂ ਵਿਚ ਦੇਖਿਆ ਤਾਂ ਆਤਮ ਵਿਸ਼ੈਣੀ ਪਟਰਾਣੀ ਬੁਧਿਵੰਤ ਕੌਰ ਆਪਣੀ ਗੋਦੀ ਵਿਚ ਸੁਮਤਿ ਕੌਰ ਨੂੰ ਪਾਈ ਹਾੜੇ ਤੇ ਬੇਨਤੀਆਂ ਕਰਦੀ ਜ਼ਾਰੋ ਜ਼ਾਰ ਰੋ ਰਹੀ ਹੈ। ਇਸ ਬੇਚਾਰੀ

Digitized by Panjab Digital Library | www.panjabdigilib.org

ਦੀਨ ਮਨਾਂ ਦੀ ਫਰੀਆਦ ਪਰ ਮਹਾਰਾਜ ਨੇ ਬਚਨ ਕੀਤਾ, ਕਿਉਂ ਇਤਨਾ ਦੁਖੀ ਹੋ ਹੋ ਕੇ ਵਿਰਲਾਪ ਕਰ ਰਹੇ ਹੋ ? ਸੁਮਤੀ ਨੂੰ ਕੀ ਹੋਇਆ ਹੈ ? ਇਹ ਅੰਮ੍ਰਿਤ ਰੂਪ ਬਚਨ ਰਾਣੀ ਸਾਹਿਬਾ ਨੇ ਸੁਣਕੇ ਅੱਖਾਂ ਖੋਲ੍ਹੀਆਂ, ਸਾਹਮਣੇ ਮਹਾਰਾਜ ਦਾ ਦਰਸ਼ਨ ਕਰਕੇ ਇਹ ਪੁਕਾਰਦੀ ਹੋਈ ਚਰਨਾਂ ਤੇ ਡਿੱਗ ਪਈ–

ਤੂ ਮੇਰੇ ਮੀਤ ਸਖਾ ਹਰਿ ਪ੍ਰਾਨ ॥
ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ
ਤਨੁ ਸੀਤੋ ਤੁਮਰੈ ਧਾਨ ॥ ੧ ॥ ਰਹਾਉ ॥
ਤੁਮਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ
ਦੀਏ ਮਾਨ ॥ ਸਦਾ ਸਦਾ ਤੁਮ ਹੀ ਪਤਿ
ਰਾਖਹੁ ਅੰਤਰਜਾਮੀ ਜਾਨ॥੧॥ਜਿਨ ਸੰਤਨ
ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥
ਜਨ ਕਾ ਸੰਗੁ ਪਾਈਐ ਵਡਭਾਗੀ ਨਾਨਕ
ਸੰਤਨ ਕੈ ਕੁਰਬਾਨ ॥ ੨ ॥ ੪੧ ॥ ੬੪ ॥

[ਸਾਰੰਗ ਮਃ ਪ

ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ ॥
ਜੋ ਕਾਹੂ ਕੋ ਦੈਰੋ ਦੈਵਤ ਠਾਕੁਰ ਹੀ ਪਹਿ
ਜਾਵੈ ॥ ੧ ॥ ਰਹਾਉ ॥ ਅਪਨੇ ਪਹਿ ਦੂਖ
ਅਪਨੇ ਪਹਿ ਸੂਖਾਅਪੁਨੇ ਹੀ ਪਹਿਬਿਰਥਾ॥
ਅਪੁਨੇ ਪਹਿ ਮਾਨੁ ਅਪਨੇ ਪਹਿ ਤਾਨਾ
ਅਪਨੇ ਹੀ ਪਹਿ ਅਰਥਾ ॥ ੧ ॥ ਕਿਨਹੀ
ਰਾਜ ਜੋਬਨੁ ਧਨ ਮਿਲਖਾ ਕਿਨਹੀ ਬਾਪ
ਮਹਤਾਰੀ ॥ ਸਰਬ ਥੋਕ ਨਾਨਕ ਗੁਰ ਪਾਏ
ਪੂਰਨ ਆਸ ਹਮਾਰੀ ॥ ੨ ॥ ੩੪ ॥ ੫੭ ॥

[ਸਾਰੰਗ ਮਹਲਾ ਪ

ਮਹਾਰਾਜ ਨੇ ਆਪ ਬੁਧਵੰਤ ਕੌਰ ਦਾ ਸਿਰ ਪੈਰਾਂ ਤੋਂ ਚੁਕਿਆ, ਆਂਸੂ ਪੁੰਝੇ, ਧੀਰਜ ਦੇ ਬਚਨ ਕਹੇ ਕਿ ਸਾਰਾ ਪ੍ਰਸੰਗ ਸੁਣਾਓ। ਜੋ ਜੋ ਕੁਛ ਵਰਤਿਆ ਹੈ ਦੱਸੋ। ਫਿਰ ਸੁਮਤ ਕੌਰ ਤੇ ਕ੍ਰਿਪਾ ਭਰੀ ਨਿਗਾਹ ਕੀਤੀ, ਗੁਲਾਬ ਦੇ ਛੱਟੇ ਮਾਰੇ, ਚੇਤੰਨਤਾ ਫਿਰੀ ਤਾਂ ਰਾਣੀ ਬੁਧਵੰਤ ਕੌਰ ਨੇ ਰੂਪ ਕੌਰ ਦੇ ਅਚਾਨਕ ਕਿਲ੍ਹੇ ਪਰ ਹਮਲਾ ਕਰਕੇ ਟਿੱਕਾ ਮੰਨਾ ਸਿੰਘ ਨੂੰ ਬੰਨ੍ਹਕੇ ਲੈਜਾਣ ਦਾ ਸਾਰਾ ਪ੍ਰਸੰਗ ਸੁਣਾਇਆ। ਮਹਾਰਾਜ ਸਾਰੀ ਵਾਰਤਾ ਸੁਣਕੇ ਹੱਸੇ ਤੇ ਬੋਲੇ–ਬਾਲਕ ਹੋਛਾ ਹੀ ਨਿਕਲਿਆ।

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ
ਨਾਲਿ ਪਿਆਰੋ ॥ [ਬਸੰਤ ਮਃ ੧

ਏਵੇਂ ਠਗਣੀ ਜੇਹੀ ਦੇ ਕਾਬੂ ਆ ਗਿਆ, ਪਰ ਕੋਈ ਚਿੰਤਾ ਵਾਲੀ ਗੱਲ ਨਹੀਂ, ਅਕਾਲ ਪੁਰਖ ਭਲੀ ਕਰੇਗਾ। ਮੰਨਾ ਸਿੰਘ ਹੁਰਾਂ ਨੂੰ ਅਮਨ ਅਮਾਨ ਨਾਲ ਚੁਕਰ ਹੀ ਛੁਡਾ ਲਿਆਵਾਂਗੇ। ਇਹ ਕਹਿਕੇ ਫਿਰ ਸੁਮਤਿ ਕੌਰ ਨੂੰ ਕਹਿਣ ਲੱਗੇ:–

ਰਾਮਕਲੀ ਵਾਰ ਮਹਲਾ ਪ ਵਿਚੋਂ

ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ
ਕਰੇ ਉਧਾਰਣੁ ॥ ਸੁੰਦਰ ਬਚਨ ਤੁਮ
ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾ-
ਰਣੁ ॥ ਦੁਰਜਨ ਸੇਤੀ ਨੇਹੁ ਰਚਾਇਓ
ਦਸਿ ਵਿਖਾ ਮੈ ਕਾਰਣੁ ॥ ਊਣੀ ਨਾਹੀ
ਝੂਣੀ ਨਾਹੀ ਨਾਹੀ ਕਿਸੈ ਵਿਹੂਣੀ ॥ ਪਿਰੁ
ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ
ਕਰਮਿ ਵਿਹੂਣੀ ॥

ਅਗੋਂ ਸੁਮਤ ਕੌਰ ਨੇ ਅਦਬ ਨਾਲ ਹਥ ਜੋੜ ਸਿਰ ਜ਼ਮੀਨ ਤੇ ਰੱਖਕੇ ਬੇਨਤੀ ਕੀਤੀ:–

ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ
ਨਾਹੀ ਦੇਸਾ ॥ ਜਿਤੁ ਹਉ ਲਾਈ ਤਿਤੁ
ਹਉ ਲਗੀ ਤੂ ਸੁਣਿ ਸਚੁ ਸੰਦੇਸਾ ॥
ਸਾਈ ਸੋਹਾਗਣਿ ਸਾਈ ਭਾਗਣਿ ਜੋ ਪਿਰਿ
ਕਿਰਪਾ ਧਾਰੀ ॥ ਪਿਰਿ ਅਉਗਣ ਤਿਸਕੇ
ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥
ਕਰਮ ਹੀਣ ਧਨ ਕਰੈ ਬਿਨੰਤੀ ਕਦਿ ਨਾਨਕ
ਆਵੈ ਵਾਰੀ ॥ ਸਭਿ ਸੁਹਾਗਣਿ ਮਾਣਹਿ
ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥੧॥

ਇਹ ਸੁਮਤੀ ਦੀ ਬੇਨਤੀ ਸੁਣਕੇ ਆਪਨੇ ਧੀਰਜ ਦਿਤਾ:–

Digitized by Panjab Digital Library | www.panjabdigilib.org

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ
ਕਿਆ ਤੂੰ ਕਰਹਿ ਉਪਾਏ ॥ ਤਾਕਉ ਕਹੁ
ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥

ਕਹਿਕੇ ਆਪ ਕਚਹਿਰੀ ਘਰ ਆਨ ਬਿਰਾਜੇ ਅਤੇ ਭਾਈ ਦ੍ਰਿੜ ਨਿਸਚਾ ਸਿੰਘ ਨਾਮੀ ਮੰਤ੍ਰੀ ਨੂੰ ਯਾਦ ਕੀਤਾ। ਮੰਤ੍ਰੀ ਨੇ ਬੜੇ ਅਦਬ ਨਾਲ ਚਰਨਾਂ ਤੇ ਸਿਰ ਰੱਖਕੇ ਮੱਥਾ ਟੇਕਿਆ। ਮਹਾਰਾਜ ਨੇ ਸਤਿਕਾਰ ਨਾਲ ਆਪਣੇ ਪਾਸ ਬਿਠਾਇਆ ਅਤੇ ਟਿੱਕਾ ਸਾਹਿਬ ਜੀ ਦੇ ਕੈਦ ਹੋਣ ਦਾ ਪ੍ਰਸੰਗ ਚਲਾਇਆ। ਨੌਕਰਾਂ ਚਾਕਰਾਂ ਦੀ ਬੇਈਮਾਨੀ, ਕਿਲ੍ਹੇ ਦੀ ਵੈਰਾਨੀ ਉਪਰ ਮੰਤ੍ਰੀ ਨੇ ਬਹੁਤ ਸ਼ੋਕ ਪ੍ਰਗਟ ਕੀਤਾ ਅਤੇ ਇਹ ਭੀ ਨਾਲ ਹੀ ਬੇਨਤੀ ਕੀਤੀ ਕਿ ਵਿਦੇਹ ਰਾਜਾ ਦੇ ਮੜੌਲੀ ਨਾਮੇ ਕਿਲ੍ਹੇ ਵਿਚੋਂ ਯੁਵਰਾਜਾ ਸਾਹਿਬ ਨੂੰ ਰੂਪ ਕੌਰ ਦੇ ਸਮੇਤ ਹੀ ਫਤੇ ਕਰਕੇ ਲਿਆਈਏ ਤਾਂ ਠੀਕ ਹੈ।

ਇੰਨੇ ਤਕ ਭਾਈ ਧੀਰਜ ਸਿੰਘ ਜੀ ਜਰਨੈਲ ਨੇ ਹਥ ਜੋੜਕੇ ਫਤਹ ਆ ਗਜਾਈ। ਮਹਾਰਾਜ ਨੇ ਆਦਰ ਨਾਲ ਬਿਠਾਇਆ ਅਜੇ ਮੰਤ੍ਰੀ ਕੁਝ ਕਹਿਣਾ ਹੀ ਚਾਹੁੰਦਾ ਸੀ ਕਿ ਭਾਈ ਧਰਮਸਿੰਘ ਜੀ ਕਰਨੈਲ ਨੇ ਆ ਫਤਹ ਬੁਲਾਈ, ਉਸਨੂੰ ਭੀ ਮਹਾਰਾਜ ਨੇ ਸਨਮਾਨ ਦੇਕੇ ਬਿਠਾਇਆ। ਇਤਨੇ ਨੂੰ ਮੰਤ੍ਰੀ ਨੇ ਹੱਥ ਜੋੜਕੇ ਬੇਨਤੀ ਕੀਤੀ ਕਿ ਧਰਮਾਵਤਾਰ ਫੌਜ ਨਈ ਭਰਤੀ ਕੀਤੀ ਜਾਵੇ ਤਾਂ ਠੀਕ ਹੋਵੇ।

ਮਹਾਰਾਜ—ਹਾਂ, ਇਹ ਗਲ ਠੀਕ ਹੈ, ਪਰ ਸਰਦਾਰ ਪੁਰਾਣੇ ਤਜਰਬਾਕਾਰ, ਬੜੇ ਲਾਇਕ ਜਿਨ੍ਹਾਂ ਅਗੇ ਕੋਈ ਜੰਗ ਫਤਹ ਕੀਤੇ ਹੋਣ, ਓਹ ਰੱਖਣੇ। ਸਰਦਾਰ ਨਵੀਂ ਉਮਰ ਦੇ ਭਰਤੀ ਨਹੀਂ ਕਰਨੇ, ਫੌਜ ਜਰੂਰ ਨਵੀਂ ਗਭਰੂ ਗੱਭਰੂ ਜਵਾਨਾਂ ਦੀ ਰੱਖੋ। ਇਹ ਪੁਰਾਣੇ ਸਰਦਾਰ ਕੋਈ ਵਾਰਾਂ ਜੁਧ ਜੰਗਾਂ ਵਿਚ ਫਤਹ ਪਾ ਚੁਕੇ ਹੋਏ ਹਨ:—ਸਰਦਾਰ ਉਪਾਸਨਾ ਸਿੰਘ ਮੇਜਰ ਰਸਾਲਦਾਰ, ਸਰ ਸਰਦਾਰ ਗਿਆਨ ਸਿੰਘ ਜੀ, ਸਰਦਾਰ ਸਣੁਧ ਸਿੰਘ ਰਸਾਲਦਾਰ, ਸਰਦਾਰ ਸਾਧੂ ਸਿੰਘ ਮੇਜਰ ਸੂਬੇਦਾਰ, ਸਰਦਾਰ ਸੰਤ ਸਿੰਘ ਸੂਬੇਦਾਰ, ਸਰਦਾਰ ਸਤਨਾਮ ਸਿਘ ਜਮਾਂਦਾਰ, ਸਰਦਾਰ ਭਗਤ ਸਿੰਘ ਦਫੇਦਾਰ; ਸਰਦਾਰ ਸੇਵਾ ਸਿੰਘ ਕੋਤ ਹੌਲਦਾਰ, ਸਰਦਾਰ ਮਿਠ ਬੋਲਾ ਸਿੰਘ ਹਵਾਲਦਾਰ, ਸਰਦਾਰ ਨਿਰਹੰਕਾਰ ਸਿੰਘ ਨਾਇਕ, ਸਰਦਾਰ ਨੇਮ ਸਿੰਘ ਕਮਾਨੀਅਰ, ਇਨ੍ਹਾਂ ਸਰਦਾਰਾਂ ਨੂੰ ਕੱਠਿਆਂ ਕਰਕੇ ਹੁਕਮ ਦਿਓ ਕਿ ਅਪਣੀ ਮਰਜ਼ੀ ਮੁਤਾਬਕ ਫੌਜ ਭਰਤੀ ਕਰ ਲੈਣ।

ਮੰਤ੍ਰੀ ਸਾਹਿਬ ਨੇ ਇਸ ਹੁਕਮ ਦੀ ਤਾਮੀਲ ਪੂਰੇ ਤੌਰ ਤੇ ਕੀਤੀ। ਉਪਰ ਕਹੇ ਸਭਨਾਂ ਸਰਦਾਰਾਂ ਨੂੰ ਪ੍ਰੇਮ ਪਤ੍ਰ ਭੇਜਕੇ ਸਦਵਾਇਆ, ਬੜੇ ਆਦਰ ਖਾਤ੍ਰ ਨਾਲ ਮਿਲੇ। ਏਕਾਂਤ ਵਿਚ ਬੈਠਕੇ ਮਤਾ ਕੀਤਾ ਕਿ ਮਹਾਰਾਜ ਦਾ ਹੁਕਮ ਹੈ ਜੋ ਟਿਕਾ ਸਾਹਿਬ ਨੂੰ ਵਿਦੇਹ ਦੀ ਮੜੌਲੀ ਵਿਚੋਂ ਛੁੜਾ ਲਿਆਇਆ ਜਾਵੇ। ਪਰ ਉਥੇ ਤੁਰਕੀ ਫੌਜ ਦਾ ਬੜਾ ਜ਼ੋਰ ਹੈ, ਉਹ ਸਾਰੀ ਰਾਜਧਾਨੀ ਮਾਨੋ ਤੁਰਕਾਂ ਦੀ ਹੋ ਰਹੀ ਹੈ, ਇਸ ਵਾਸਤੇ ਆਪੋ ਆਪਣੇ ਸਜਣਾਂ ਪਿਆਰਿਆਂ ਨੂੰ ਇਜੇਹੇ ਵੇਲੇ ਵੰਗਾਰ ਲੈਣਾ ਠੀਕ ਹੋਊ, ਨਿਰੀ ਨਵੀਂ ਭਰਤੀ ਕੀਤੀ ਫੌਜ ਕੰਮ ਨਹੀਂ ਦੇਵੇਗੀ, ਇਸ ਲਈ ਕੁਝ ਨਾਮੀ ਗਿਰਾਮੀ ਸੂਰਮਿਆਂ ਦੀ ਲੋੜ ਹੈ।

ਇਸ ਪਰ ਸਭ ਤੋਂ ਪਹਿਲੇ ਸਰਦਾਰ ਉਪਾਸਨਾ ਸਿੰਘ ਹੋਰੀਂ ਬੋਲੇ, ਸਰਦਾਰ ਸਾਹਿਬੋ! ਜੋ ਕੁਝ ਮੰਤ੍ਰੀ ਸਾਹਿਬ ਕਹਿੰਦੇ ਹਨ ਠੀਕ ਹੈ, ਇਸਵੇਲੇ ਸਿੰਘਾਂਨੂੰ ਇਕ ਢਾਲ ਹੇਠ ਕੱਠਿਆਂ

Digitized by Panjab Digital Library | www.panjabdigilib.org

ਹੋਣਾ ਚਾਹੀਦਾ ਹੈ। ਮੇਰੇ ਇਕ ਪਯਾਰੇ ਖਾਲਸਾ ਸਰਦਾਰ ਜੋਗਾ ਸਿੰਘ ਹੋਰੀਂ ਹਨ, ਗਿਣਤੀ ਦੇ ਸੂਰਮੇ ਜਿਨ੍ਹਾਂ ਦੀ ਬਹਾਦਰੀ ਦੀ ਧਾਂਕ ਜਗਤ ਵਿਚ ਪ੍ਰਸਿੱਧ ਹੈ।ਕਈ ਜੁਵਾਨ ਹਰ ਵੇਲੇ ਉਨ੍ਹਾਂ ਦੇ ਨਾਲ ਰਹਿੰਦੇ ਹਨ, ਇਕ ਖਿਣ ਭਰ ਦਾ ਵੀ ਵਿਸਾਹ ਨਹੀਂ ਕਰਦੇ। ਇਨ੍ਹਾਂ ਦੇ ਨਾਮ- ਸਮ ਸਿੰਘ, ਦਮ ਸਿੰਘ, ਉਪਰਾਮ ਸਿੰਘ, ਧਯਾਨ ਸਿੰਘ, ਧਾਰਣਾ ਸਿੰਘ, ਸਮਾਧਿਸਿੰਘ, ਤਤਿਖਜਾ ਸਿੰਘ, ਅਸਤੇਯ ਸਿੰਘ,ਪ੍ਰਾਣਾਯਾਮ ਸਿੰਘ ਆਦਿਕ ਹਨ, ਇਸ ਬਚਨ ਨੂੰ ਸੁਣਕੇ ਸਾਰਿਆਂ ਸਰਦਾਰਾਂ ਵਾਹ ਵਾ ਦੇ ਜੈਕਾਰੇ ਗਜਾਏ।

ਉਪਰੰਤ ਸਰਦਾਰ ਗਜਾਨ ਸਿੰਘ ਨੇ ਆਖਿਆ ਕਿ ਮੇਰੇ ਵੀ ਇਕ ਸਰਦਾਰ ਮੇਲੀ ਹਨ, ਨਾਮ ਉਹਨਾਂ ਦਾ ਸਰਦਾਰ ਪ੍ਰੇਮ ਸਿੰਘ ਜੀ ਹੈ, ਆਪਣੀ ਸੂਰਮਤਾਈ ਵਿਚ ਸਾਰੇ ਸੰਸਾਰ ਵਿਚ ਉੱਘੇ ਹਨ,ਇਕ ਜੱਥਾ ਬਹਾਦਰਾਂ ਦਾ ਹਰ ਵੇਲੇ ਜਿਨ੍ਹਾਂ ਦੇ ਨਾਲ ਰਹਿੰਦਾ ਹੈ, ਜਿਨ੍ਹਾਂ ਦੇ ਨਾਂ ਇਹ ਹਨ–ਅਭਜਾਸਾ ਸਿੰਘ, ਆਸਾ ਸਿੰਘ, ਜਪ ਸਿੰਘ, ਰਟਨ ਸਿੰਘ, ਰੋੜਾ ਸਿੰਘ, ਨਾਮ ਸਿਮਰਨ ਸਿੰਘ, ਕੀਰਤਨ ਸਿੰਘ, ਭਜਨ ਸਿੰਘ, ਸਹਜ ਸਿੰਘ, ਅਰਦਾਸਾ ਸਿੰਘ, ਬੇਨਤੀ ਸਿੰਘ, ਕੁਰਬਾਨਾ ਸਿੰਘ, ਮੰਨਣ ਸਿੰਘ, ਨਿਦਧਜਾਸਨ ਸਿੰਘ, ਇਸ ਪਰ ਫਿਰ ਸਰਦਾਰਾਂ ਨੇ ਧੰਨ ਖਾਲਸਾ ਜੀ ਦੇ ਜੈਕਾਰੇ ਗਜਾਏ।

ਉਪਰੰਤ ਸਰਦਾਰ ਸੁਬੁਧ ਸਿੰਘ ਹੋਰੀਂ ਬੋਲੇ ਖਾਲਸਾ ਜੀ ! ਏਹ ਸਮਾਂ ਇਕੁਰਦਾ ਹੀ ਹੈ, ਆਪੋ ਆਪਣੇ ਹਥਿਆਰ ਆਪੋ ਆਪਣੇ ਸੱਜਣ ਮਿਤ੍ਰ ਪਿਆਰੇ ਸੂਰਮੇ ਹੀ ਨਿਤਰਨ ਤਾਂ ਵੈਰੀ ਮਾਰੇ ਜਾਣਗੇ, ਨਹੀਂ ਤਾਂ ਫੌਜ ਦੁਸ਼ਮਨ ਦੀ ਕੀੜੀ ਜਾਪਦੀ ਹੈ। ਮੇਰੇ ਵੀ ਦੋ ਕੁ ਸਰਦਾਰ ਬਹਾਦਰ ਮੇਲੀ ਹਨ, ਜਿਨ੍ਹਾਂ ਨਾਲ ਰਹਿਣੀ ਬਹਿਣੀ ਇਕੱਠੀ ਹੈ। ਇਕ ਦਾ ਨਾਉਂ ਸਰਦਾਰ ਸਤਿ ਸੰਗਤ ਸਿੰਘ ਹੈ ਅਤੇ ਦੂਜੇ ਸਰਦਾਰ ਦਾ ਨਾਉਂ ਗੁਰਬਾਣੀ ਸਿੰਘ ਜੀ ਹੈ। ਇਕ ਇਕ ਜੱਥਾ ਸਿੰਘਾਂ ਦਾ ਇਨ੍ਹਾਂ ਦੇ ਨਾਲ ਹੀ ਰਹਿੰਦਾ ਹੈ, ਸੂਰਮਤਾਈ ਵਿਚ ਇਨ੍ਹਾਂ ਦੀ ਕੀ ਸਿਫਤ ਕਰਨੀ ਹੈ; ਅਜ ਤੱਕ ਜਨਮ ਧਾਰਕੇ ਇਨ੍ਹਾਂ ਬਹਾਦਰਾਂ ਨੇ ਕਦੀ ਮੈਦਾਨ ਜੰਗ ਵਿਚ ਪਿੱਠ ਨਹੀਂ ਦਿਖਾਈ । ਇਨ੍ਹਾਂ ਦੇ ਸਾਥੀ ਸੂਰਮਿਆਂ ਦੇ ਇਹ ਨਾਉਂ ਹਨ:–ਦਯਾ ਸਿੰਘ, ਉਪਕਾਰ ਸਿੰਘ, ਸੰਤੋਖ ਸਿੰਘ, ਭਰੋਸਾ ਸਿੰਘ, ਸ਼ਰਧਾ ਸਿੰਘ, ਭਉ ਸਿੰਘ; ਭਾਉ ਸਿੰਘ. ਦਾਨ ਸਿੰਘ, ਵਿਸਾਹ ਸਿੰਘ, ਜਗਜਾਸਾ ਸਿੰਘ।

ਦੂਜੇ ਗੁਰਬਾਣੀ ਸਿੰਘ ਜੀ ਦੇ ਜੱਥੇ ਦੇ ਸਿੰਘ ਹਨ–ਪਾਠ ਸਿੰਘ, ਧੰਨਵਾਦ ਸਿੰਘ, ਰਹਣੀ ਸਿੰਘ, ਬਹਣੀ ਸਿੰਘ, ਕਹਣੀ ਸਿੰਘ, ਰਹੁਰੀਤ ਸਿੰਘ, ਅੰਮ੍ਰਿਤ ਵੇਲਾ ਸਿੰਘ, ਕੇਸਾ ਸਿੰਘ, ਸ੍ਵਾਸਾ ਸਿੰਘ, ਇਸ਼ਨਾਨਾ ਸਿੰਘ, ਬਲਿਹਾਰੀ ਸਿੰਘ, ਉੱਦਮ ਸਿੰਘ, ਹਿੰਮਤ ਸਿੰਘ। ਇਹ ਬਚਨ ਸੁਣਕੇ ਸਾਰਿਆਂ ਨੇ ਇਕ ਜੁਬਾਨ ਹੋਕੇ ਕੁਰਬਾਨ ਜਾਈਏ ਖਾਲਸਾ ਜੀ ਦੇ–ਜੈਕਾਰੇ ਗਜਾਏ।

ਇਸਤੋਂ ਉਪਰੰਤ ਸਰਦਾਰ ਸਾਧੂ ਸਿੰਘ, ਅਤੇ ਸਰਦਾਰ ਸੰਤ ਸਿੰਘ ਹੋਰੀਂ ਬੋਲੇ, ਖਾਲਸਾ ਜੀ ! ਗੁਰਮਤਾ ਏਹੋ ਹੀ ਠੀਕ ਹੈ। ਆਪਣੇ ਵੀ ਇਕ ਦੋ ਸਰਦਾਰ ਮੇਲੀ ਗੇਲੀ ਹਨ, ਜੋ ਇਸ ਵੇਲੇ ਮਨੋਂ ਤੇ ਤਨੋਂ ਧਨੋਂ ਸਹਾ- ਇਤਾ ਵਿਚ ਹਾਜ਼ਰ ਸਮਝਣੇ ਚਾਹੀਏ, ਇਕ ਸਰਦਾਰ ਦਾ ਨਾਉਂ ਬਿਬੇਕਾ ਸਿੰਘ ਜੀ ਹੈ, ਅਤੇਦੂਜੇ ਦਾਨਾਉਂਧਿਆਨਸਿੰਘ ਜੀ ਹੈ,ਪਹਿਲੇ ਸਰਦਾਰ ਨਾਲ ਫੌਜ ਤਾਂ ਥੋੜ੍ਹੀਹੈ,ਪਰ ਸਰਦਾਰ

Digitized by Panjab Digital Library | www.panjabdigilib.org

ਮਾਰੇ ਬਕਾਰੇ ਵਾਲਾ ਬਹੁਤ ਬੜਾ ਹੈ। ਜਿਸ ਪਾਸਿਓਂ ਲੰਘ ਜਾਏ, ਉਹ ਪਰਹਿ* ਤੂਹਿ ਤੂਹਿ ਕਰ ਉੱਠਦਾ ਹੈ। ਪਹਿਲੇ ਸਰਦਾਰ ਦੀ ਫੌਜ ਦੇ ਨਾਮੀ ਸੂਰਮੇਂ ਇਹ ਹਨ:–ਤਨਖਾਹ ਸਿੰਘ, ਰਹਿਤ ਸਿੰਘ, ਬਹਿਤ ਸਿੰਘ, ਅੰਮ੍ਰਿਤ ਸਿੰਘ, ਸਦਾਚਾਰ ਸਿੰਘ, ਸਤ ਸਿੰਘ, ਹਠ ਸਿੰਘ, ਤਪ ਸਿੰਘ, ਜਤ ਸਿੰਘ, ਬ੍ਰਤ ਸਿੰਘ ਅਤੇ ਦੂਜੇ ਸਰਦਾਰ ਦੀ ਫੌਜ ਦੇ ਚੁਣਵੇਂ ਬੀਰ ਬਹਾਦਰ ਇਹ ਹਨ:–ਸੁਰਤਿ ਸਿੰਘ, ਸਬਦ ਸਿੰਘ,ਲਿਵ ਸਿੰਘ,ਤਾਰ ਸਿੰਘ,ਅਨੰਨਜਸਿੰਘ, ਏਕਾਗਰ ਸਿੰਘ, ਅਖੰਡਾ ਕਾਰ ਸਿੰਘ,ਨਿਰਾਧਾਰ ਸਿੰਘ, ਸਰਬਾਧਾਰ ਸਿੰਘ, ਸਹਿਜਾ ਸਿੰਘ, ਭਗਤ ਸਿੰਘ, ਸਹਿਜ ਵਿਰਾਗਾ ਸਿੰਘ, ਸਹਿਜ ਜੋਗਾ ਸਿੰਘ। ਇਸ ਕਹਿਣੀ ਪਰ 'ਬਲਿਹਾਰ ਜਾਈਏ ਖਾਲਸਾ ਜੀ ਦੇ' ਜੈਕਾਰੇ ਗਜਾਏ ਗਏ।

ਫਿਰ ਸਰਦਾਰ ਭਗਤ ਸਿੰਘ ਜੀ ਬੋਲੇ:–

ਖਾਲਸਾ ਜੀ! ਸਮਾਂ ਐਸਾ ਆਣ ਬਣਿਆ ਹੈ ਜੋ ਇਸ ਵੇਲੇ ਅਸੀਂ ਕੁਰਬਾਨ ਹੋ ਜਾਈਏ, ਤਨ, ਮਨ, ਧਨ ਸੱਭੋ ਵਾਰ ਦੇਈਏ। ਪਰੰਤੂ ਅਸਾਂ ਗਰੀਬਾਂ ਦੀ ਪਾਇਆਂ ਕੁਝ ਨਹੀਂ ਅਤੇ ਮੇਲੀ ਗੇਲੀ ਵੀ ਸਰਦਾਰ ਬਹੁਤ ਘੱਟ ਹਨ, ਪਰ ਥੋੜ੍ਹੀ ਜਿਹੀ ਜਾਣ ਪਛਾਣ ਸਰਦਾਰ ਵੈਰਾਗਾ ਸਿੰਘ ਹੁਰਾਂ ਨਾਲ ਹੈ ਅਤੇ ਉਹ ਆਪਣੀ ਕ੍ਰਿਪਾ ਦ੍ਰਿਸ਼ਟੀ ਵੀ ਰੱਖਦੇ ਹਨ, ਉਨ੍ਹਾਂ ਦੀ ਫੌਜ ਦੇ ਤੁਲਵੇਂ ਸੂਰਮੇਂ ਵੀ ਇਹ ਹਨ:–ਉਪਰਾਮ ਸਿੰਘ, ਨਿਰਵਾਸਾ ਸਿੰਘ, ਵਿਰਕਤ ਸਿੰਘ, ਅਸ੍ਵਾਦ ਸਿੰਘ, ਅਡੋਲ ਸਿੰਘ, ਅਸਪਰਸ ਸਿੰਘ, ਨਿਹਕੰਚਨ ਸਿੰਘ, ਨਿਹਕੇਵਲ ਸਿੰਘ,ਨਿਰਬਾਣ ਸਿੰਘ,ਨਿਰਮਾਣ ਸਿੰਘ।ਇਸ ਪਰ ਬੀ ਖਾਲਸਾ ਜੀ ਨੇ ਮਿਲ ਕੇ ਧੰਨਵਾਦ ਦੇ ਜੈਕਾਰੇ ਗਜਾਏ।

ਉਪ੍ਰੰਤ ਸਰਦਾਰ ਸੇਵਾ ਸਿੰਘ ਨੇ ਬਚਨ ਕੀਤਾ–ਖਾਲਸਾ ਜੀ ! ਇਸ ਵੇਲੇ ਦਾ ਗੁਰਮਤਾ ਬਹੁਤ ਹੀ ਸਲਾਹੁਣੇ ਦੇ ਲਾਇਕ ਹੈ। ਇਸ ਜੰਗ ਦੇ ਸਮੇਂ ਕੋਈ ਸਿੰਘ ਨਾਹ ਨਹੀਂ ਕਰੇਗਾ। ਜਾਨ ਵਿਚ ਜਾਨ ਹੁੰਦਿਆਂ ਤਾਕਰ ਗੁਰੂ ਖਾਲਸੇ ਜੀ ਦੀ ਸੇਵਾ ਤੋਂ ਮੂੰਹ ਨਹੀਂ ਮੋੜੇਗਾ ਅਤੇ ਮੈਨੂੰ ਵੀ ਭਰੋਸਾ ਹੈ ਕਿ ਸਰਦਾਰ ਜਗਿਆਸਾ ਸਿੰਘ ਅਤੇ ਸਰਦਾਰ ਮਮੋਖਾਸਿੰਘ ਹੁਰੀ ਮੇਰੀ ਬੇਨਤੀ ਨੂੰ ਸ੍ਵੀਕਾਰ ਕਰਕੇ ਇਸ ਧਰਮ ਜੁੱਧ ਵਿਚ ਸ਼ਰੀਕ ਹੋਕੇ ਸੇਵਾ ਦਾ ਹਿੱਸਾ ਲੈਣਗੇ। ਮੁਖੀ ਸੂਰਮੇਂ ਇਨ੍ਹਾਂ ਦੋਹਾਂ ਦੇ ਏਹ ਹਨ:–ਦਾਸ ਸਿੰਘ, ਆਰਤ ਭਗਤ ਸਿੰਘ, ਸ੍ਵਾਰਥ ਭਗਤ ਸਿੰਘ, ਟਹਿਲ ਸਿੰਘ, ਚਰਨ ਚਾਪੀ ਸਿੰਘ, ਪਾਨੀ ਹਾਰ ਸਿੰਘ, ਸੇਵਾਦਾਰ ਸਿੰਘ, ਸੂਹਨਿ ਬਰਦਾਰ ਸਿੰਘ, ਫਰਮਾ ਬਰਦਾਰ ਸਿੰਘ, ਭਾਣਾ ਕਰਤਾਰ ਸਿੰਘ, ਹੋਨ ਹਾਰ ਸਿੰਘ, ਮਨਸਾ ਧਾਰ ਸਿੰਘ। ਇਸ ਪਰ ਭੀ ਸਰਦਾਰਾਂ ਨੇ 'ਸਦਕੇ ਜਾਈਏ ਖਾਲਸਾ ਜੀ ਦੇ' ਜੈਕਾਰੇ ਗਜਾਏ।

ਪਿਛੋਂ ਸਰਦਾਰ ਮਿਠਬੋਲਾ ਸਿੰਘ ਜੀ ਬੋਲੇ:–

ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥
ਕਵਨ ਮੂਲ ਤੇ ਮਾਨੁਖੁ ਕਰਿਆ ਇਹੁ
ਪਰਤਾਪੁ ਤੁਹਾਰਾ ॥ [ਸਾਰੰਗ ਮਃ ੫

ਇਸ ਦਾਸ ਪਾਸੋਂ ਬਿਨਾਂ ਪਾਣੀ ਪੱਖੇ ਦੀ ਸੇਵਾ ਕਰਨ ਦੇ ਹੋਰ ਕੀ ਹੋ ਸਕਦਾ ਹੈ, ਪਰੰਤੂ ਇਕ ਸਰਦਾਰ ਖਿਮਾ ਸਿੰਘ ਹੋਰੀਂ ਦਾਸ ਪਰ ਵਡੀ ਕਿਰਪਾ ਰੱਖਦੇ ਹਨ, ਇਸ ਲਈ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਾਂਗਾ ਪੂਰੀ ਉਮੈਦ ਹੈ ਕਿ ਆਪਣੀ ਫੌਜ ਦੇ ਸਮੇਤ ਇਸ ਧਰਮ ਕਾਰਜ ਵਿਚ ਹਿੱਸਾ ਲੈਣਗੇ। ਫੌਜੀ ਸੂਰਮੇ ਵਧਕੇ ਲੜਨ ਵਾਲੇ ਏਹ ਹਨ:–

*ਇਕ ਫੌਜ ਦਾ ਦਸਤਾ।

Digitized by Panjab Digital Library | www.panjabdigilib.org

ਭਾਈ ਗੁਜਾਰ ਸਿੰਘ, ਬਖਸ਼ਨਹਾਰ ਸਿੰਘ, ਕ੍ਰੋਧਮਾਰ ਸਿੰਘ, ਈਰਖਾਮਾਰ ਸਿੰਘ, ਭੁੱਲ ਵਿਸਾਰ ਸਿੰਘ, ਤੰਦੂਰ ਠਾਰ ਸਿੰਘ, ਭੜਕ ਮਾਰ ਸਿੰਘ,ਸ਼ਾਂਤਿ ਹਥਜਾਰ ਸਿੰਘ। ਇਸ ਪਰ ਵੀ ਸਰਦਾਰਾਂ ਨੇ'ਵਾਰਨੇ ਜਾਈਏ' ਦੇ ਜੈਕਾਰੇ ਗਜਾਏ। ਉਪਰੰਤ ਸਰਦਾਰ ਨਿਰਹੰਕਾਰ ਸਿੰਘ ਜੀ ਬੋਲੇ;—

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥

[ਬਿਲਾ: ਮ: ੫

ਖਾਲਸਾ ਜੀ ! ਅਸਾਂ ਸ਼ਹੀਦਾਂ ਨੇ ਕੀ ਕਰਨਾ ਹੋਯਾ, ਪਰ ਇਕ ਸਰਦਾਰ ਨਿਸ਼ਕਪਟ ਸਿੰਘ ਨਾਮੇ ਮੇਰੇ ਨਾਲ ਪ੍ਰੇਮ ਰੱਖਦੇ ਹਨ ਅਤੇ ਆਪ ਭੀ ਸੁਖ ਨਾਲ ਭੁਲਵੇਂ ਸੂਰਮੇ ਹਨ। ਇਨ੍ਹਾਂ ਦੇ ਫੌਜੀ ਸਰਦਾਰ ਬੀ ਇਸ ਵੇਲੇ ਪੂਰੇ ਸੂਰਮੇ ਹਨ:—ਨਿਰਛਲ ਸਿੰਘ,ਨਿਹਕਾਮ ਸਿੰਘ, ਨਿਰਮੋਹ ਸਿੰਘ, ਨਿਰਵਿਕਾਰ ਸਿੰਘ, ਨਿਰਵੈਰ ਸਿੰਘ, ਨਿਰਹਾਰ ਸਿੰਘ, ਨਿਰਮਾਣ ਸਿੰਘ, ਨਿਰਬਾਣ ਸਿੰਘ, ਨਿਰਅਭਿਮਾਨ ਸਿੰਘ, ਨਿਰਨਿੰਦ ਸਿੰਘ, ਨਿਰਚਿੰਦ ਸਿੰਘ, ਨਿਰਦ੍ਵੰਦ ਸਿੰਘ। ਇਸ ਪਰ ਸਭਨਾਂ ਸਰਦਾਰਾਂ ਨੇ'ਘੋਲੇਜਾਈਏਖਾਲਸਾ ਜੀ ਦੇ' ਜੈਕਾਰੇਗਜਾਏ।

ਉਪਰੰਤ ਸਰਦਾਰ ਧੀਰਜ ਸਿੰਘ ਅਤੇ ਸਰਦਾਰ ਧਰਮ ਸਿੰਘ ਹੋਰਾਂ ਨੇ ਬਚਨ ਕੀਤਾ, 'ਖਾਲਸਾ ਜੀ ! ਇਹ ਸਾਰੇ ਸਰਦਾਰ ਆਪੋ ਆਪਣੇ ਜਥੇ ਸਮੇਤ ਸਰਦਾਰ ਨੇਮ ਸਿੰਘ ਜੀ ਬਹਾਦਰ ਕਮਾਨੀਅਰ ਦੀ ਕਮਾਨ ਹੇਠ ਰਹਿਣ ਤਾਂ ਠੀਕ ਹੋਵੇ' ।ਸਭ ਨੇ'ਪਰਵਾਨ ਹੈ, ਪਰਵਾਨ ਹੈ' ਦੀ ਪਰਵਾਨਗੀ ਨਾਲ ਗੂੰਜ ਬੰਨ੍ਹ ਦਿੱਤੀ।

ਮੰਤ੍ਰੀ ਦ੍ਰਿੜ ਨਿਸ਼ਚਾ ਸਿੰਘ ਹੋਰਾਂ ਨੇ ਖੜੇ ਹੋਕੇ ਅਰਦਾਸਾ ਸੋਧਿਆ ਕਿ ਸਰਬਤ ਖਾਲਸਾ ਜੀ ਨੇ ਗੁਰਮਤਾ ਕੀਤਾ ਹੈ ਕਿ ਸਰਦਾਰ ਨੇਮ ਸਿੰਘ ਹੋਰਾਂ ਦੀ ਕਮਾਂਨ ਹੇਠ ਹੋਕੇ ਮੜੌਲੀ ਦੇ ਜੰਗ ਦੀ ਚੜ੍ਹਾਈ ਕਰਨੀ ਹੈ । ਹੇ ਸਤਿਗੁਰੂ ਸੱਚੇ ਪਾਤਸ਼ਾਹ ਕਲਗੀਆਂ ਵਾਲੇ, ਪੰਥ ਦੇ ਵਾਲੀ!ਆਪਣਿਆਂ ਦਾਸਾਂ ਦੇ ਅੰਗ ਸੰਗ ਹੋਕੇ ਸਹਾਇਤਾ ਕਰਨੀ, ਅੜੇ ਸੋ ਝੜੇ, ਫਤਹ ਬਖਸ਼ਣੀ। ਧਰਮ ਜੁੱਧ ਦੇ ਸ਼ਹੀਦਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਨਾ, ਦੁਸ਼ਟ ਦੋਖੀਆਂ ਨੂੰ ਦੂਰ ਕਰਨਾ, ਸੁਖ ਹੋਵੇ, ਤੇਰਾ ਨਾਮ ਚਿਤ ਆਵੇ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ! ਇਸ ਤੋਂ ਉਪ੍ਰੰਤ ਫਤਹ ਦੇ ਜੈਕਾਰੇ ਗਜਾਏ ਗਏ ਅਤੇ ਸਭੈ ਰੁਖਸਤ ਹੋਏ।

ਆਪੋ ਆਪਣੇ ਡੇਰਿਆਂ ਵਿਚ ਜਾਕੇ ਰੋਜ਼ ਦੀ ਕਵਾਇਦ ਪ੍ਰੇਟ ਸੂਰਮਿਆਂ ਅਰੰਭ ਕਰ ਦਿਤੀ। ਮੜੌਲੀ ਦੀ ਲੜਾਈ ਸੁਣ ਸੁਣ ਕੇ ਸੂਰਮਿਆਂ ਦੇ ਚਾਉ ਤੇ ਉਤਸਾਹ ਦਿਨੋਂ ਦਿਨ ਸਵਾਏ ਹੋਣ ਲੱਗੇ। ਸ਼ਿਕਾਰ ਦੀ ਨਿੱਤ ਸੈਰ ਹੋਣ ਲੱਗੀ । ਗੋਲੀ ਬਰੂਦ ਖੁੱਲ੍ਹਾ ਮਿਲ ਗਿਆ । ਹਥਿਆਰਾਂ ਦੀ ਸਫਾਈ ਸ਼ੁਰੂ ਹੋ ਗਈ, ਬਰਦੀਆਂ ਤਿਆਰ ਹੋ ਗਈਆਂ, ਹੁਕਮ ਦੀ ਉਡੀਕ ਨੂੰ ਉਡੀਕਣ ਲੱਗੇ।

ਇੱਧਰ ਮੰਤ੍ਰੀ ਨੇ ਸਾਰੇ ਗੁਰਮਤੇ ਦੀ ਖਬਰ ਮਹਾਰਾਜ ਦੀ ਸੇਵਾ ਵਿਚ ਆ ਪੁਚਾਈ। ਹੁਕਮ ਹੋਇਆ ਕਿ ਇਸ ਚੜ੍ਹਾਈ ਤੋਂ ਪਹਿਲੇ ਸ੍ਰੀਹੀਏ ਭੇਜੋ, ਜੋ ਪੱਕੀ ਖਬਰ ਲਿਆਉਣ ਤੇ ਪਿਛੋਂ ਫੌਜ ਕੱਠੀ ਹੋਵੇ।

ਇਸ ਹੁਕਮ ਦੀ ਪੂਰਣਤਾ ਲਈ ਮੰਤ੍ਰੀ ਨੇ ਸੋਚ ਸੋਚ ਕੇ ਕੁਝ ਸਿੰਘਣੀਆਂ ਭੇਸ ਬਦਲਾਕੇ ਮੜੌਲੀ ਵਿਚ ਭੇਜਣ ਨੂੰ ਤਿਆਰ ਕੀਤੀਆਂ । ਵਿਮਲ ਵਿਰਾਗ ਕੌਰ ਅਤੇ ਉਪਰਾਮਕੌਰ,ਉਪਦੇਸ਼ ਕੌਰ,ਸਿੰਮ੍ਰਤਕੌਰ,ਗੁਰਸਿਖਜਾ ਕੌਰ, ਗਿਲਾਨ ਕੌਰ, ਦੋਖਦ੍ਰਿਸ਼ਟ

Digitized by Panjab Digital Library | www.panjabdigilib.org

ਕੌਰ, ਧਿਰਾਸ ਕੌਰ । ਇਹ ਮਿਰਾਸਣਾਂ ਦੇ ਭੇਸ ਬਦਲਕੇ ਢੋਲਕੀਆਂ ਛੈਣੇ ਅਤੇ ਹਾਰਮੋਨੀਅਮ ਵਾਜਾ ਲੈਕੇਮੜੋਲੀ ਅੱਪੜ ਪਈਆਂ। ਜਦ ਦਰਵਾਜ਼ੇ ਵਿਚ ਦਰਵਾਨਾਂ ਪੁਛਿਆ ਤਾਂ ਉੱਤਰ ਦਿੱਤਾ ਕਿ ਅਸੀਂ ਨਿਰਬਾਣ ਪੁਰੇ ਦੀਆਂ ਮਿਰਾਸਣਾਂ ਹਾਂ, ਰਾਣੀ ਸਾਹਿਬਾ ਨੂੰ ਚੌਂਕੀ ਸੁਣਾਉਣੀ ਹੈ । ਇਹ ਖਬਰ ਅੰਦਰ ਖਾਸ ਰਾਣੀ ਸਾਹਿਬਾ ਪਾਸ ਪੁੱਜੀ, ਤਾਂ ਹਸੌੜ ਸਖੀ ਨੂੰ ਹੁਕਮ ਹੋਇਆ—ਜਾਓ, ਸਤਿਕਾਰ ਨਾਲ ਮਿਰਾਸਣਾਂ ਨੂੰ ਅੰਦਰ ਲੈ ਆਓ। ਹਸੌੜ ਹਸਦੀਹਸਦੀ ਆਈ ਤੇ ਚਾਈਂਚਾਈਂ ਮਿਰਾਸਣਾਂ ਨੂੰ ਨਾਲ ਲੈਕੇ ਮਹਲਾਂ ਵਿਚ ਗਈ ਤੇ ਉਨ੍ਹਾਂਨੂੰ ਰਾਣੀ ਸਾਹਿਬਾ ਦੇ ਪੇਸ਼ ਕੀਤਾ।ਰਾਣੀ ਸਾਹਿਬਾ ਨੇ ਵੀ ਕੁਸ਼ਲ ਪ੍ਰਸ਼ਨ ਪੁੱਛਕੇ ਆਦਰ ਨਾਲ ਬਿਠਾਇਆ। ਮਿਰਾਸਣਾਂ ਨੇ ਚਾਰੇ ਪਾਸੇ ਬਿਜਲੀ ਵਾਕਰ ਨਜ਼ਰ ਫੇਰੀ । ਸਭ ਸਖੀਆਂ ਦਾ ਸਮਾਜ ਅਤੇ ਰਾਜ ਸਾਜ ਦੀ ਵਿਭੂਤੀ ਨਜ਼ਰ ਆਈ, ਪਰ ਆਪਣਾ ਰਾਜਕੁਮਾਰ ਕਿਤੇ ਨਜ਼ਰ ਨਾ ਆਇਆ, ਮਾਨੋ ਮਾਰੇ ਹੈਰਾਨੀ ਦੇ ਟੁੱਟੇ ਲੱਕ ਨਾਲ ਬੈਠ ਗਈਆਂ, ਬੈਠਦਿਆਂ ਹੀ ਰਾਣੀ ਸਾਹਿਬਾ ਨੇ ਹੁਕਮ ਕੀਤਾ—ਅਜ ਤਬੀਅਤ ਉਦਾਸ ਹੈ,ਕੁਝ ਸੁਣਾਓ । ਮਿਰਾਸਣਾਂ ਨੇ ਸਤਿ ਬਚਨ ਆਖਕੇ ਸਾਜ ਸੁਰ ਕਰਨੇ ਅਰੰਭੇ ਅਤੇ ''ਆਨੰਦ ਗੁਣ ਨਿਧਾਨ'' ਦਾ ਸ਼ਬਦ ਪੜ੍ਹਕੇ ਇਹ ਸ਼ਬਦ ਗਾਉਣਾ ਅਰੰਭ ਕੀਤਾ:—

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥ ੧॥ ਭਜਹੁ ਗੋਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥ [ਭੈਰਉ ਕਬੀਰ ਜੀ

ਇਸ ਸ਼ਬਦ ਦੇ ਪੂਰਣ ਹੋਇਆਂ ਸਾਹਮਣੇ ਦਾਲਾਨ ਵਿਚੋਂ ਰਾਜ ਕੁਮਾਰ ਮੰਨਾ ਸਿੰਘ ਹੋਰੀਂ ਦੋਹੁੰ ਚੌਹੁੰ ਸਖੀਆਂ ਦੇ ਨਾਲ ਮਸਤੀ ਵਿਚ ਝੂਮਦੇ ਹੋਏ ਆਏ। ਰਾਣੀ ਰੂਪ ਕੌਰ ਦੇ ਹੁਕਮ ਅਨੁਸਾਰ ਤਖਤ ਦੇ ਸਾਹਮਣੇ ਆਕੇ ਪੈਰਾਂ ਤੇ ਸਿਰ ਰੱਖਕੇ ਮੱਥਾ ਟੇਕਿਆ, ਅਤੇ ਕੁਝ ਚਿਰ ਤਕ ਹੁਕਮ ਦੀ ਉਡੀਕ ਵਿਚ ਖੜੇ ਰਹੇ। ਫਿਰ ਆਗਜਾ ਪਾਕੇ ਸਨਮੁਖ ਹੱਥ ਜੋੜ ਕੇ ਬੈਠ ਗਏ। ਇਹ ਦਸ਼ਾ ਦੇਖ ਕੇ ਮਿਰਾਸਣਾਂ ਦੇ ਕਲੇਜੇ ਵਿੰਨ੍ਹੇ ਗਏ, ਪਰ ਕੀ ਕਰਨ ''ਫਕੀਰ ਦਾ ਕਹਰ ਝੌਂਪੜੀ ਤੇ'' ਵਿਮਲ ਵਿਰਾਗ ਕੌਰ ਨੇ ਇਹ ਸ਼ਬਦ ਅਲਾਪਨਾ ਅਰੰਭਿਆ:—

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਾਧਾਈ ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥ ੫ ॥ ਮਨ ਤੂੰ ਗਾਰਬਿਅਟਿਆ ਗਾਰਬਿ ਲਦਿਆ ਜਾਹਿ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥ ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥ ਅਹੰਕਾਰੁ ਤਿਸਨਾ ਰੋਗੁਲਗਾ ਬਿਰਥਾ ਜਨਮੁ ਗਵਾਵਹੇ॥ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥ ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥ ੬ ॥ ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾਹੋਹੁ॥ਅੰਤਰਿਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥ਹੋਹੁ

Digitized by Panjab Digital Library | www.panjabdigilib.org

ਨਿਮਾਣਾ ਸਤਿਗੁਰੁ ਅਗੈ ਮਤ ਕਿਛੁ ਆਪੁ ਲਖਾਵਹੇ ॥ ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥ ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥ ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥ ੭ ॥

[ਆਸਾ ਮ: ੩ ਛੰ: ਘ: ੩

ਇਸ ਸਬਦ ਦੇ ਭੋਗ ਪੈਂਦਿਆਂ ਸਾਰ ਉਪਦੇਸ਼ ਕੌਰ ਨੇ ਇਹ ਸ਼ਬਦ ਅਲਾਪਿਆ;-

ਮਮਾ ਮੂਲ ਗਹਿਆ ਮਨੁ ਮਾਨੈ ॥
ਮਰਮੀ ਹੋਇ ਸੁ ਮਨ ਕਉ ਜਾਨੈ ॥
ਮਤ ਕੋਈ ਮਨ ਮਿਲਤਾ ਬਿਲਮਾਵੈ ॥
ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥
ਮੰਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨਸਾ ਮਿਲਿਆ ਨ ਕੋਇ॥੩੨॥
ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥

[ਗਉ: ਕਬੀ: ਬਾ: ਅ:

੧ ਓ ਸਤਿਗੁਰਪ੍ਰਸਾਦਿ ॥

ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥ ੧ ॥ ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ ਤਿਸ ਸਿਉ ਨੇਹ ॥੧॥ਰਹਾਉ॥ ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥ ੨ ॥ ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥ ੩ ॥ ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸ ਮੇਲੇ ਨਾਨਕ ਸੋ ਮੁਕਤਾ ਹੋਈ ॥ ੪ ॥ ੨੯ ॥ ੯੮ ॥

[ਗ: ਮ: ੫

ਇੰਨੇ ਤਕ ਉਪਰਾਮ ਕੌਰ ਨੇ ਇਹ ਸਲੋਕ ਦਿਤੇ:-

ਠਗਾ ਨੀਦੁਮਤੋੜਿ ਜਾਣੁ ਰੰਧੂਆ ਨਗਰੀ॥ ਸੁਖ ਘਟਾਊ ਡੂਇ ਇਸੁ ਪੰਧਾਣੂ ਘਰ ਘਣੇ ॥ ੩ ॥

[ਮਾਰੂ ਵਾ: ਡ: ਮ: ੫

ਨਾਨਕ ਕਚੜਿਆ ਸਿਉ ਤੋੜਿ ਦੂਢਿ ਸਜਣ ਸੰਤ ਪਕਿਆ ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥ ੧ ॥

[ਵਾਰ ਮਾਰੂ ਡ: ਮ: ੫

ਗੁਰਸਿਖਜਾ ਕੌਰ ਨੇ ਇਹ ਸ਼ਬਦ ਪੜ੍ਹਿਆ:-

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥
ਸ੍ਰਵਣਿ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥ ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੈ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗ ਹਾਰੇ ॥ ੨ ॥ ਉਨ ਤੇ ਰਾਖੈ ਬਾਪ ਨ ਮਾਈ ॥ ਉਨਤੇ ਰਾਖੈ ਮੀਤੁ ਨ ਭਾਈ ॥ ਦਰਬਿ ਸਿਆਣਪ ਨਾ ਓਇ ਰਹਤੇ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥੩॥ ਕਰਿ ਕਿਰਪਾ ਮੋਹਿ ਸਾਰਿੰਗ ਪਾਣਿ॥ਸੰਤਨ ਧੂਰਿ ਸਰਬ ਨਿਧਾਨ ॥ ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥ ਸੋ ਜਾਗੈ ਜਿਸੁ ਪ੍ਰਭ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥ ੧ ॥ ਰਹਾਉ ਦੂਜਾ ॥ ੨੦॥ ੯੯ ॥

[ਗਉੜੀ ਗੁਆਰੇਰੀ ਮ: ੫

ਜਦ ਸਿਮ੍ਰਿਤ ਕੌਰ ਵੱਲ ਟਿੱਕਾ ਜੀ ਦੀ

Digitized by Panjab Digital Library | www.panjabdigilib.org

ਨਜ਼ਰ ਪਈ ਤਾਂ ਨਾਲ ਹੀ ਗਿਲਾਨ ਕੌਰ ਬੈਠੀ ਹੋਈ ਸ਼ਲੋਕ ਦੇ ਰਹੀ ਸੀ:—

ਖਟਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥ ਕੁੰਜੀ ਕੁਲਹੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥ ੧ ॥ ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ॥੧॥ਰਹਾਉ॥ਪੰਚ ਪਹਰੂਆ ਦਰ ਮਹਿ ਰਹਤੇ ਤਿਨ੍ ਕਾ ਨਹੀ ਪਤੀਆਰਾ ॥ ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥ ੨ ॥ ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥ ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ ੩ ॥ ੨੨॥੭੩॥

[ਗਉੜੀ ਕਬੀਰ

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ ॥ ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥ ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨ ॥ ਬੰਕੇ ਬਾਲ ਪਾਗ ਸਿਰ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥ ੩ ॥ ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ॥ ੪॥ ਮੇਰੀ ਜਾਤਿ ਕੀਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥ ਤੁਮ ਸਰਨਾਗਤਿ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ ॥ ੫ ॥ ੬ ॥

[ਸੋਰਠ ਰਵਿਦਾਸ ਜੀ

ਫਿਰ ਵਿਮਲ ਵਿਰਾਗ ਕੌਰ ਨੇ ਇਹ ਸਬਦ ਪੜ੍ਹਿਆ:—

ਮਨੁ ਭੂਲਉ ਭਰਮ ਸਿ ਆਇ ਜਾਇ ॥
ਅਤਿ ਲੁਬਧ ਲੁਭਾਨਉ ਬਿਖਮ ਮਾਇ ॥
ਨਹ ਅਸਥਿਰੁ ਦੀਸੈ ਏਕ ਭਾਇ ॥
ਜਿਉ ਮੀਨ ਕੁੰਡਲੀਆ ਕੰਠਿ ਪਾਇ॥੧॥
ਮਨੁ ਭੂਲਉ ਸਮਝਸਿ ਸਾਚਿ ਨਾਇ ॥
ਗੁਰ ਸਬਦੁ ਬੀਚਾਰੇ ਸਹਜ ਭਾਇ ॥ ੧ ॥
ਰਹਾਉ ॥ ਮਨੁ ਭੂਲਉ ਭਰਮਸਿ ਭਵਰ ਤਾਰ॥ ਬਿਲ ਬਿਰਥੇ ਚਾਹੈ ਬਹੁ ਬਿਕਾਰ ॥
ਮੈਗਲ ਜਿਉ ਫਾਸਸਿ ਕਾਮ ਹਾਰ॥ ਕੜਿ ਬੰਧਨ ਬਾਧਿਓ ਸੀਸ ਮਾਰਿ ॥ ੨ ॥
ਮਨੁ ਮੁਗਧੋ ਦਾਦਰੁ ਭਗਤਿ ਹੀਨੁ ॥
ਦਰ ਝੂਸਟ ਸਰਾਪੀ ਨਾਮ ਬੀਨੁ ॥
ਤਾਕੈ ਜਾਤਿ ਨ ਪਾਤੀ ਨਾਮ ਲੀਨ॥ ਸਭਿ ਦੂਖ ਸਖਾਈ ਗੁਣਹ ਬੀਨ ॥ ੩ ॥ ਮਨੁ ਚਲੈ ਨ ਜਾਈ ਠਾਕਿ ਰਾਖੁ ॥ ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ॥ ਤੂ ਆਪੇ ਸੁਰਤਾ ਆਪਿ ਰਾਖੁ ॥ ਧਰਿ ਧਾਰਣ ਦੇਖੈ ਜਾਣੈ ਆਪਿ ॥ ੪ ॥

[ਬਸੰਤੁ ਮਹਲਾ ੧, ਅਸਟ:

ਇਹ ਚੌਂਕੀ ਹੋ ਰਹੀ ਹੈ ਕਿ ਇਕ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ, ਸੁਰ ਤਾਰ ਲਯ ਇਕੋ ਜਿਹੀ ਮਿਲਵੀਂ,ਸਾਜ਼ਾਂ ਦੀ ਸੁਰ ਮਿਲੀ ਹੋਈ, ਵੇਲੇ ਦੀ ਰਾਗਦਾਰੀ ਦਾ ਅਲਾਪ, ਢੋਲਕੀ ਤਬਲੇ ਤੇ ਆ ਧਾ ਦੀ ਥਾਪ ਨੇ ਤਾਸੀਰ ਵੀ ਪੂਰੀ ਕੀਤੀ, ਰਾਣੀ ਤੇ ਰਾਜ ਭਵਨ ਦੀਆਂ ਸਖੀਆਂ ਸਹੇਲੀਆਂ ਗੌਲੀਆਂ ਸਭ ਸੁੰਨ ਹੋ ਗਈਆਂ,ਐਸੀਆਂ ਮਸਤ ਕਿ ਮਾਨੋ ਕਿਸੇ ਨੇ ਲੱਖਾਂ ਮਣਾਂ ਦਾ ਨਸ਼ਾ ਪਿਲਾ ਦਿੱਤਾ ਹੈ। ਪਰ ਰਾਜ ਕੁਮਾਰ ਦੇ ਕਲੇਜੇ ਵਿਚ ਇਨ੍ਹਾਂ ਸ਼ਬਦਾਂ ਨੇ ਤਿੱਖੇ ਤੀਰਾਂ ਦਾ ਕੰਮ ਕੀਤਾ। ਘਾਇਲ ਹੋਏ ਵਾਂਗ ਤੜਫਣੀ ਲੱਗੀ। ਲੋਟਨ ਕਬੂਤਰ ਵਾਂਗ ਲੋਟ ਪੋਟ ਹੋ ਗਿਆ । ਗਿਲਾਨ ਕੌਰ ਦੇ ਸ਼ਬਦ ਨੇ ਪਿਛਲਾ ਚੇਤਾ ਕਰਾ ਦਿਤਾ। ਇਸ ਚਿਤਾਵਨੀ ਨੇ ਕੰਮ ਬਰਛੀ ਦਾ ਦਿੱਤਾ। ਸਿੰਘ ਦਾ ਮਨ ਪਰੋਤਾ ਗਿਆ, ਗਿਲਾਨ ਕੌਰ ਅਤੇ ਦੇਖ ਦ੍ਰਿਸ਼ਟ ਕੌਰ ਨੇ ਤਾੜ ਲਿਆ ਕਿ ਸਾਡਾ ਆਉਣਾ ਸਫਲ ਹੋਇਆ। ਰਾਜ ਕੁਮਾਰ

Digitized by Panjab Digital Library | www.panjabdigilib.org

ਨੂੰ ਜਿਹੜੀ ਰੂਪ ਕੌਰ ਨੇ ਕੁਮਾਰੀ ਚਾੜ੍ਹੀ ਸੀ ਸੋ ਲੱਥੀ ਜਾਪਦੀ ਹੈ, ਪਰ ਐਸਾ ਨਾ ਹੋਵੇ ਕਿਤੇ ਅਜੇਹੀ ਹਾਲਤ ਵਿਚ ਰਾਜ ਕੁਮਾਰ ਆਤਮਘਾਤ ਕਰ ਬੈਠੇ। ਇਸ ਲਈ ਕੋਈ ਧੀਰਜ ਦਾ ਬਾਨ੍ਹੂ ਬੰਨ੍ਹਣਾ ਚਾਹੀਏ ਤਾਂ ਧਿਰਾਜ ਕੌਰ ਨੇ ਇਹ ਸ਼ਬਦ ਅਰੰਭਿਆ।

ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ ॥ ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ॥ ਹਰਿ ਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ ॥ ਜਿਨ ਕਉ ਪੂਰਬਿ ਲਿਖਿਆ ਤਿਨ ਰੰਗ ਲਗਾ ਨਿਰੰਕਾਰ ॥ ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ ॥

[ਰਾਮ: ਵਾ: ਮ: ੫, ਸ: ੨ ਪਉ: ੬ ॥

ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥ ਸਦਾ ਮੁਕਤੁ ਤਾਕੈ ਪੂਰੇ ਕਾਮ ॥ ਜਾਕੈ ਰਿਦੈ ਵਸੈ ਹਰਿ ਨਾਮ ॥ [ਰਾਮਕਲੀ ਮਹਲਾ ੫

ਇਸ ਸਬਦ ਨੇ ਠੀਕ ਜ਼ਖਮਾਂ ਤੇ ਲੂਣ ਛਿੜਕਣ ਵਾਲਾ ਕੰਮ ਕੀਤਾ।

"ਲਾਗੀ ਦੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥ [ਗਉ: ਕਬੀਰ

ਰਾਣੀ ਅਤੇ ਸਖੀ ਸਮਾਜ ਸਾਰਾ ਗਾਫਲ ਵੇਖਕੇ ਰਾਜ ਕੁਮਾਰ ਨੇ ਇਸ ਮੌਕੇ ਨੂੰ ਹੱਥੋਂ ਨਾ ਜਾਣ ਦਿੱਤਾ। ਓਸੇ ਹੀ ਸੁਰ ਤਾਰ ਲਯ ਵਿਚ ਸਾਜ਼ਾਂ ਨਾਲ ਮਿਲਦੀ ਜੁਲਦੀ ਸੁਰ ਵਿਚ ਅਲਾਪਨਾ ਅਰੰਭ ਕਰ ਦਿੱਤਾ, ਜਿਸ ਵਿਚ ਅਪਣੀ ਬੇਵਸੀ ਅਤੇ ਤੇ ਸਹਾਯਤਾ ਦੀ ਯਾਚਨਾ ਕੂੰਟ ਕੂੰਟ ਕੇ ਭਰੀ ਸੀ:—

ਲੋਭ ਲਹਰਿ ਅਤਿ ਨੀਝਰ ਬਾਜੈ ਕਾਇਆ ਡੂਬੈ ਕੇਸਵਾ ॥ ੧ ॥ ਸੰਸਾਰੁ ਸਮੁੰਦੇ ਤਾਰਿ ਕੁੰਬਿੰਦੇ ਤਾਰਿ ਲੈ ਬਾਪ ਬੀਠਲਾ ॥ ੧ ॥ ਰਹਾਉ ॥ ਅਨਿਲ ਬੇੜਾ ਹਉ ਖੇਵਿ ਨ ਸਾਕਉ ਤੇਰਾ ਪਾਰੁ ਨ ਪਇਆ ਬੀਠੁਲਾ ॥ ੨ ॥ ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋਕਉ ਪਾਰਿ ਉਤਾਰੇ ਕੇਸਵਾ ॥ ੩ ॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ ਮੋਕਉ ਬਾਹਦੇਹਿ ਬਾਹਦੇਹਿ ਬੀਠੁਲਾ॥੪॥੭॥੨॥

[ਬਸੰਤ ਨਾਮ ਦੇਵ

ਇਸ ਜਿਗਰ ਚੀਰਵੇਂ ਸ਼ਬਦ ਦੀ ਲਯ ਨੇ ਸਮਾਜ ਨੂੰ ਹੋਰ ਵੀ ਮਸਤ ਕੀਤਾ, ਪਰ ਉਪਦੇਸ਼ ਕੌਰ ਨੇ ਵੇਲਾ ਹੱਥੋਂ ਨਾ ਜਾਣ ਦਿੱਤਾ ਤੇ ਸ਼ਬਦ ਦੇ ਵਿਚ ਹੀ ਇਹ ਸ਼ਲੋਕ ਦਿੱਤਾ:—

ਪਾਪੜਿਆ ਪਛਾੜਿ ਬਾਣ ਸਚਾਵਾ ਸੰਨ੍ਹਿ ਕੈ ॥ ਗੁਰ ਮੰਤ੍ਰੁੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥ [ਵਾਰ ਗੂਜਰੀ ਮ: ੩

ਇਸ ਰਾਜ ਕੁਮਾਰ ਨੇ ਓਸੇ ਆਪਣੇ ਪਸਚਾਤਾਪ ਦੇ ਭਰੇ ਹੋਏ ਜੋਸ਼ ਵਿਚ ਆਪਣੀ ਦਸ਼ਾ ਜੋ ਕੁਝ ਏਥੇ ਬੀਤ ਰਹੀ ਸੀ ਓਸੇ ਸੁਰ ਤਾਰ ਲਯ ਵਿਚ ਗਾਵੀਂ:—

ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ੧ ॥ ਰਹਾਉ ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥ ੧ ॥ ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂ ਨਾਹੀ ॥ ਏਕ ਬਾਤ ਸੁਨਿ ਤਾਕੀ ਓਟਾ ਸਾਧ ਸੰਗਿ ਮਿਟਿ ਜਾਹੀ॥

[ਗਉੜੀ ਮਹਲਾ ੫

ਅਵਰਿ ਪੰਚ ਹਮ ਏਕ ਜਨਾ॥ ਕਿਉ ਰਾਖਹੁ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥੧॥

[ਗਉੜੀ ਚੇਤੀ ਮਹਲਾ ੧

ਇਸ ਪਰ ਗੁਰ ਸਿੱਖਿਆ ਕੌਰ ਨੇ ਇਹ ਸਲੋਕ ਦਿਤਾ:—

ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ

Digitized by Panjab Digital Library | www.panjabdigilib.org

ਨਿਵਾਰਿ॥ ਰਾਖਿ ਲੇਹੁ ਪ੍ਰਭ ਆਪਨੈ ਨਾਨਕ ਸਦ ਬਲਿਹਾਰਿ ॥ [ਵਾਰ ਰੂ ਜਰੀ ਮ: ਪ

ਟਿਕਾ ਸਾਹਿਬ ਲਈ ਇਹ ਸ਼ਲੋਕ ਚਾਬਕ ਦਾ ਕੰਮ ਕਰ ਗਿਆ, ਪਰ ਬੇਬਸੀ ਦੀਆਂ ਵਾਰਾਂ ਕੁਝ ਕਰਨ ਨਹੀਂ ਦੇਂਦੀਆਂ ਸਨ, ਜੋਸ਼ ਠੱਲਿਆ ਨਹੀਂ ਜਾਂਦਾ। ਪਾਣੀ ਬਣਾਕੇ ਅੱਖਾਂ ਥਾਣੀ ਸੋਮਾਂ ਫੁੱਟ ਨਿਕਲਿਆ ਅਤੇ ਇਸ ਸ਼ਬਦ ਦਾ ਭਾਵ ਮਾਨੋ ਰੋਮ ਰੋਮ ਵਿਚੋਂ ਫੁੱਟ ਫੁੱਟ ਕੇ ਨਿਕਲ ਤੁਰਿਆ। ਇਹ ਸ਼ਬਦ ਗਾਉਂਦਾ ਹੋਇਆ ਕਿਤੇ ਕਿਤੇ ਰਾਜਕੁਮਾਰ ਬਿਹਬਲ ਹੋ ਹੋ ਕਹਿਣ ਲਗਾ:—

ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ॥ਸਾਰਿਸਮਾਲਿਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ ॥ ੧ ॥ ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥ ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਹੀ ਜਹ ਜਾਤਾ ॥ ੧ ॥ ਰਹਾਉ ॥ ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥ ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥ ੨ ॥ ਜਿਸਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥ ਨਵਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈਮਨਿ ਬਾਂਛੈ ਸੋ ਲੈਸੀ ॥ ੩ ॥ ਪਿਤਾ ਕ੍ਰਿਪਾਲ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥ ੪ ॥ ੨ ॥ [ਮਲਾਰ ਮ: ਪ

ਇਸ ਸ਼ਬਦ ਨੇ ਰਾਜਕੁਮਾਰ ਨੂੰ ਹਦੋਂ ਬਾਹਰਾ ਰੁਆਇਆ ਅਤੇ ਨਿਢਾਲ ਕਰ ਦਿਤਾ, ਪਰ ਰਾਜ ਭਵਨ ਵਿਚ ਅਚਰਜ ਤਰ੍ਹਾਂ ਨੀਂਦ ਛਾਈ ਰਹੀ ਕਿ ਕਿਸੇ ਨੂੰ ਵੀ ਅਪਣੇ ਤਨ ਬਦਨ ਦੀ ਸੁਧ ਬੁਧ ਨਹੀਂ ਰਹੀ, ਤਿਸ ਪਰ ਗਿਲਾਨ ਕੌਰ ਨੇ ਚੀਰੇ ਹੋਏ ਦਿਲ ਤੇ ਇਕ ਹੋਰ ਚਿਰਕਾ ਦਿਤਾ—

ਮੈ ਕੀਤਾ ਨ ਜਾਤਾ ਹਰਾਮ ਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ [ਸਿਰੀ:ਮ:੧

ਇਸ ਵੇਲੇ ਰਾਜ ਕੁਮਾਰ ਦੀ ਦਸ਼ਾ ਅਕਹ ਸੀ ਤੇ ਬਾਰੰਬਾਰ ਇਸ ਸਲੋਕ ਨੂੰ ਅਲਾਪਦਾ ਸੀ:—

ਖੰਭ ਵਿਕਾਂਦੜੇ ਜੇ ਲਹਾਂ ਘਿਨਾ ਸਾਵੀ ਤੋਲਿ ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥੨੧॥ [ਸਲੋਕ ਵ: ਤੇ ਵ: ਮ: ਪ

ਇਕ ਹੋਰ ਸ਼ਬਦ ਆਪਣੇ ਤਨ ਮਨ ਹਾਰੇ ਹੋਏ ਰਾਜ ਕੁਮਾਰ ਨੇ ਗਾਂਵਿਆ, ਪਰ ਬਹੁਤ ਜਗਾਂ ਗਲਾ ਰੁਕ ਰੁਕ ਗਿਆ ਤੇ ਕਲੇਜਾ ਫੁੱਟ ਫੁੱਟਕੇ ਬਾਹਰ ਉਛਲਨ ਨੂੰ ਪਿਆ। ਬਿਹੋਸ਼ੀ ਨੇ ਵੀ ਕਈ ਵੇਰੀ ਆਪਣੀ ਸੂਰਤ ਦਿਖਾਈ, ਪਰ ਰਾਜ ਕੁਮਾਰ ਨ ਆਪਣੀ ਅਭਿਲਾਖਾ ਇਸ ਵਿਚ ਪੂਰੀ ਤਰ੍ਹਾਂ ਪ੍ਰਗਟ ਕਰ ਦਿੱਤੀ:—

ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥ ਮੈ ਲਖ ਵਿਡਤੋ ਸਾਹਿਬਾ ਜੋ ਬਿੰਦ ਬੋਲਾਈਆ॥ ਮੈ ਚਾਰੇ ਕੂੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ॥ ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੁ ਮਿਲਾਈਆ ॥ ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥ ਨਿਤ ਸੇਵਿਹੁ ਸਾਹਿਬ ਆਪਣਾ ਸਤਸੰਗਿ ਮਿਲਾਈਆ ॥ ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥ ਤੁਧ ਜੇਵਡੁ ਦੈਰ ਨ ਸੁਝਈ ਮੇਰੇ ਮਿਤ੍ਰ ਗੋਸਾਈਆ॥੧੨॥ [ਮਾਰੂ ਵਾਰ ਡ: ਮ: ਪ

ਇਨ੍ਹਾਂ ਸ਼ਬਦਾਂ ਪਰ ਮੰਨਾਂ ਸਿੰਘ ਹੁਰਾਂ ਦੀ ਬੇਬਸੀ, ਪਿਤਾ ਮਿਲਣ ਦੀ ਅਭਿਲਾਖਾ, ਦੀਨਤਾ, ਬੇਨਤੀ, ਪ੍ਰੇਮ, ਆਪਣੇ ਕੀਤੇ

Digitized by Panjab Digital Library | www.panjabdigilib.org

ਕਰਮਾਂ ਦਾ ਪਛਤਾਵਾ ਆਦਿਕ ਬਾਰਤਾ ਸਭ ਸ਼ੁਹਾਂਅਣਾਂ ਨੇ ਸਮਝ ਲਈ ਤਾਂ ਧਿਰਾਸ ਕੌਰ ਨੇ ਪਉੜੀ ਲਾਈ, ਜਿਸਦੇ ਪਹਿਲੇ ਇਹ ਸਲੋਕ ਗਾਵੇਂ:—

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥ ੩ ॥ ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥ ਕਹੁ ਕਬੀਰ ਸੰਸਾ ਨਹੀ ਅੰਤਿ ਪਰਮ-ਗਤਿ ਪਾਇ ॥ ੪ ॥ ੧ ॥ ੪ ॥

[ਗਉੜੀ ਕਬੀਰ ਵਿਚੋਂ

ਬਹਿ ਸਖੀਆ ਜਸੁ ਗਾਵਹਿ ਗਾਵਣ ਹਾਰੀਆ ॥ ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ ॥ ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥ ਗੁਰ ਮੁਖੀਆ ਹਰਿ ਮੇਲੁ ਮਿਲਾਵਣਹਾਰੀਆ ॥ ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣ ਹਾਰੀਆ ॥੮॥

[ਸੋਰਠ ਦੀ ਵਾਰ ਵਿਚੋਂ ਅੱਠਵੀਂ ਪਉੜੀ

ਪਉੜੀ ਵੇਲੇ ਤਬਲੇ ਦੀ ਥਾਪ ਜ਼ੋਰ ਨਾਲ ਪਈ, ਰਾਗ ਤਾਲ ਦਾਦਰਾ ਹੋ ਗਿਆ।ਪਿਛਲੇ ਬਸੇ ਹੋਏ ਰਾਗ ਦੀ ਤਾਸੀਰ ਉਤਰ ਗਈ, ਰਾਣੀ ਰੂਪ ਕੌਰ ਤੇ ਹੋਰ ਸਖੀਆਂ ਸਹੇਲੀਆਂ ਸੱਭੇ ਜਾਗ ਪਈਆਂ। ਇਧਰੋਂ ਚੌਂਕੀ ਦਾ ਭੋਗ ਪੈ ਗਿਆ, ਵਾਹਵਾਹ ਧੰਨ ਧੰਨ ਦੀ ਅਵਾਜ਼ ਨੇ ਰਾਜ ਮਹੱਲ ਭਰਪੂਰ ਕਰ ਦਿੱਤਾ, ਰਾਗਣਾਂ ਨੇ ਸ਼ਲੋਕ ਪੜ੍ਹਿਆ, ਸਾਜ ਸਮੇਟੇ।

ਰਾਣੀ ਸਾਹਿਬ ਬੜੇ ਹੀ ਪ੍ਰਸੰਨ ਹੋਏ, ਬਹੁਤ ਇਨਾਮ ਇਕਰਾਮ ਦਿੱਤਾ ਤੇਆਖਿਆ—ਜੇ ਕਦੀ ਆਪ ਏਵੇਂ ਰਹੋ, ਤਾਂ ਆਪ ਦਾ ਘਰ ਹੈ, ਮੈਨੂੰ ਸੇਵਕਾ ਸਮਝੋ,ਅੰਨ ਪਾਣੀ ਕਰਤਾਰ ਦਾ ਹੈ। ਜੇ ਇਹ ਝੌਂਪੜੀ ਪਸਿੰਦ ਨਾ ਹੋਵੇ ਤਾਂ ਕਿਰਪਾ ਕਰਕੇ ਕਦੀ ਕਦੀ ਦਰਸ਼ਨ ਦਾ ਲਾਭ ਦੇਕੇ ਕ੍ਰਿਤਾਰਥ ਕਰਦੇ ਰਹਿਣਾ। ਇਸ ਪਰ ਵਿਮਲ ਵਿਰਾਗ ਕੌਰ ਨੇ ਆਖਿਆ—ਰਾਣੀ ਸਾਹਿਬਾ ! ਅਸੀਂ ਲੋਕ ਰਾਜ ਮੰਦਰਾਂ ਵਿਚ ਰਹਿੰਦੇ ਹੋਏ ਨਹੀਂ ਸੋਭਦੇ, ਜਿਥੇ ਰਾਤ ਪਈ ਸਾਡਾ ਮੁਕਾਮ ਹੈ, ਜਿੱਥੇ ਦਿਨ ਚੜ੍ਹਿਆ ਸਾਡਾ ਪੰਧ ਹੈ:—

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥ ਆਂਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟਕਾਇ ॥ [ਸਿਰੀ ਰਾਗੁ ਮ: ੪

ਇਹ ਰਾਜ ਭਵਨ ਅਤੇ ਰਾਜ ਸਮਾਜ ਕਰਤਾਰ ਨੇ ਆਪਜੈਸੇ ਰਾਜਿਆਂ ਮਹਾਰਾਜਿਆਂ ਲਈ ਰਚਿਆ ਹੈ, ਆਪ ਰਹੋ, ਬਹੋ, ਵਸੋ, ਰਸੋ, ਪਰਾਰਬਧ ਅਨੁਸਾਰ ਬਿਲਾਸ ਕਰੋ, ਸਾਡਾ ਆਉਣਾ ਜਾਣਾ ਕਰਤਾਰ ਦੇ ਅਧੀਨ ਹੈ, ਸਾਡੇ ਵੱਸ ਨਹੀਂ, ਹੁਕਮ ਨਾਲ ਫੇਰਾ ਹੈ।

ਫਿਰ ਰਾਣੀ ਨੇ ਆਖਿਆ ਕੋਈ ਮੇਰੇ ਲਾਇਕ ਟਹਿਲ ਸੇਵਾ ਹੋਵੇ ਤਾਂ ਆਪ ਕਿਰਪਾ ਕਰਕੇ ਕਹੋ, ਜਿਸਨੂੰ ਕਰਕੇ ਮੈਂ ਆਪਣਾ ਆਪ ਸਫਲ ਮੰਨਾਂ।

ਧਿਰਾਸ ਕੌਰ ਨੇ ਆਖਿਆ ਕਰਤਾਰ ਨੇ ਕਿਸੇ ਗਲ ਦੀ ਇੱਛਾ ਬਾਕੀ ਨਹੀਂ ਰਖੀ—ਪਰੰਤੂ 'ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸਕਾ ਮੋਲੁ ॥' ਪਰਮਾਣ ਕਰਨੀ ਜ਼ਰੂਰੀ ਹੈ, ਇਸ ਲਈ ਆਪਣੇ ਰਾਜ ਭਵਨ ਦਾ ਦਰਸ਼ਨ ਕਰਾ ਦਿਓ।

ਇਸੀ ਬਾਤ ਪਰ ਰਾਣੀ ਬਹੁਤ ਹੀ ਪ੍ਰਸੰਨ ਹੋਈ, ਵਿਰਾਗ ਕੌਰ ਦਾ ਹੱਥ ਪਕੜਕੇ ਸਿੰਘਾਸਨ ਤੋਂ ਉੱਠ ਖਲੋਤੀ ਅਤੇ ਆਪਣੇ ਅੰਦਰਲੇ ਰਾਜ ਮਹਲ, ਕਚਹਿਰੀ ਘਰ,ਅਰਾਮ ਘਰ,ਆਦਿਕ ਦਿਖਾਉਂਦੀ ਹੋਈਉਪਰਕੁਬੁਧਿ ਚਾਰ ਕਮਾਨ ਦੇ ਚਬੂਤਰੇ ਪਰ ਲੈ ਚੜ੍ਹੀ।

Digitized by Panjab Digital Library | www.panjabdigilib.org

ਸਾਰਾ ਸ਼ਹਿਰ ਤੇ ਕਿਲੇ ਦੀ ਹਾਲਤ ਉਚੋਂ ਦਿਖਾਈ ਤੇ ਕਿਹਾ ਕਿ ਇਹ ਰਾਜਾ ਵਿਦੇਹ ਦਾ ਬਣਾਇਆ ਮਜ਼ੋਲੀ ਨਾਮ ਕਰਕੇ ਕਿਲ੍ਹਾ ਹੈ। ਤੀਹਰੀ ਇਸਦੇ ਗਿਰਦ ਖਾਈ ਹੈ। ਇਸਦੇ ਸਾਮ੍ਹਣੇ ਬੁਰਜ ਵਿਚ ਗਰੂਰ ਖਾਂ, ਸਿਪਾਹ ਸਲਾਰ, ਮਦਾਰੁਲ ਮਹਾਮ ਵਜ਼ੀਰ ਆਜ਼ਮ ਰਹਿੰਦਾ ਹੈ, ਜਿਸਦੇ ਹੱਥ ਵਿਚ ਇਸ ਸਾਰੇ ਕਿਲ੍ਹੇ ਦਾ ਅਤੇ ਸਿਪਾਹ ਦਾ ਬੰਦੋਬਸਤ ਹੈ। ਇਹ ਦੇਖੋ ਬੁਰਜਾਂ ਤੇ ਤੋਪਾਂ ਚਾੜ੍ਹੀਆਂ ਹੋਈਆਂ ਹਨ, ਔਹ ਦੇਖੋ ਸੂਰਮਿਆਂ ਬਹਾਦਰਾਂ ਸਿਪਾਹੀਆਂ ਦੀਆਂ ਰਹਿਣ ਵਾਲੀਆਂ ਬਾਰਕਾਂ ਹਨ, ਸਿਪਾਹ ਸਾਰੀ ਤੁਰਕੀ ਹੈ।

ਦੇਖ ਦ੍ਰਿਸ਼ਟ ਕੌਰ ਨੇ ਪੁੱਛਿਆ, ਰਾਣੀ ਸਾਹਿਬ ! ਇਹ ਕੀ ਗਲ, ਸਾਰੀ ਫੌਜ ਤੁਰਕੀ ਕਿਉਂ ਹੈ ?

ਰਾਣੀ ਸਾਹਿਬ ਨੇ ਆਖਿਆ, ਤੁਰਕੀ ਫੌਜ ਰੱਖਣ ਦਾ ਇਕ ਖਾਸ ਕਾਰਨ ਹੈ, ਆਪਣੀ ਜਾਤ ਬਿਰਾਦਰੀ ਅਥਵਾ ਮਜ਼ੂਬ ਦੇ ਨੌਕਰ ਚਾਕਰ ਕੰਮ ਨਹੀਂ ਦਿੰਦੇ, ਇਸ ਗੁਮਾਨ ਵਿਚ ਹਰ ਵੇਲੇ ਭਰੇ ਹੋਏ ਗੁਮਾਨੀ ਹੋ ਜਾਂਦੇ ਹਨ ਕਿ ਇਹ ਰਾਜ (ਹਕੂਮਤ) ਸਾਡਾ ਹੈ, ਪਰ ਦੂਜੀ ਕੌਮ ਦੇ ਕੰਮ ਜਾਨ ਤੋੜਕੇ ਕਰਦੇ ਹਨ, ਜਦ ਵਡਿਆਈ ਦਿੱਤੀ ਜਾਏ ਤਾਂ ਸ਼ੁਕਰ ਗੁਜ਼ਾਰ ਹੁੰਦੇ ਹਨ, ਹਾਕਮ ਨੂੰ ਹਾਕਮ ਜਾਣਦੇ ਹਨ ਅਤੇ ਆਪਣੇ ਆਪ ਨੂੰ ਮਹਕੂਮ ਸਮਝਦੇ ਹੋਏ ਹੱਕ ਖਿਦਮਤ ਅਦਾ ਕਰਦੇ ਹਨ। ਮੇਰੀ ਸਮਝ ਵਿਚ ਕੌਮ ਪਰਵਰੀ ਕਰਨੀ ਹੋਵੇ ਤਾਂ ਜਾਗੀਰ ਦੇ ਦੇਣੀ, ਮਾਫੀ ਦੇ ਦੇਣੀ ਬਹੁਤ ਚੰਗੀ ਹੈ ਪਰ ਨੌਕਰੀ ਤਾਂ ਦੇਵੇ । ਇਸ ਗੱਲ ਪਰ ਉਪਰਾਮ ਕੌਰ ਕੁਝਕ ਹੱਸ ਪਈ ਤੇ ਬਹੁਤ ਹੌਲੀ ਨਾਲ ਭੈਣ ਨੂੰ ਆਖਿਆ—ਹਰ ਇਕ ਰਾਜਾ ਆਪਣੀ ਨੀਤਿ ਮਿਰਜਾਦਾ ਦਾ ਆਪ ਮੁਖਤਾਰ ਤੇ ਜ਼ਿੰਮੇਵਾਰ ਹੈ, ਕਿਸੇ ਨੂੰ ਇਸ ਵਿਚ ਕੀ ਤਰਕ, ਪਰ ਆਪਣਿਆਂ ਤੇ ਬੇ-ਵਿਸਾਹੀ ਤੇ ਓਪਰਿਆਂ ਤੇ ਵਿਸਾਹ, ਅੱਗੇ ਤਾਂ ਕਿਸੇ ਭਲੀ ਰਾਜਧਾਨੀ ਦਾ ਨਿਯਮ ਨਹੀਂ ਸੁਣਿਆਂ। ਪਰ ਜਿਥੇ ਵਜ਼ੀਰ ਹੀ ਓਪਰੇ ਹੋਏ ਉਥੇ ਇਹ ਨਿਯਮ ਕਿਉਂ ਨਾ ਹੋਣ ਤੇ ਆਪ-ਣਿਆਂ ਤੇ ਵਿਸਾਹ ਕਿਸਤਰ੍ਹਾਂ ਬਣ ਆਵੇ।

ਦੇਖ ਦ੍ਰਿਸ਼ਟ ਕੌਰ—ਰਾਣੀ ਸਾਹਿਬ ! ਇਹ ਤਾਂ ਦੱਸੋ ਇਹ ਫੌਜ ਲੜਦੀ ਕੈਸੀਕੁ ਹੈ?

ਰਾਣੀ ਸਾਹਿਬ—ਅੱਜ ਤੱਕ ਜਿੱਥੇ ਕਿਤੇ ਇਸ ਫੌਜ ਦਾ ਇਕ ਅੱਧਾ ਦਸਤਾ ਭੇਜਿਆ ਫਤਹ ਹੀ ਕਰਕੇ ਆਇਆ ਹੈ। ਕਦੀ ਇਨ੍ਹਾਂ ਕਿਸੇ ਪਾਸੋਂ ਭਾਂਜ ਨਹੀਂ ਖਾਧੀ, ਕਦੀ ਕੋਈ ਇਨ੍ਹਾਂ ਨੂੰ ਜਿੱਤ ਨਹੀਂ ਸੱਕਿਆ। ਬੜੇ ਬੜੇ ਗਿਣਤੀ ਦੇ ਛਟੇ ਹੋਏ ਲੜਾਕੇ ਜੋ ਸਭਨੀਂ ਗੱਲੀਂ ਸਾਮਰਥ ਹਨ, ਸੋ ਸਿਪਾਹ ਸਲਾਰ ਨੇ ਚੁਣ ਚੁਣਕੇ ਭਰਤੀ ਕੀਤੇ ਹੋਏ ਹਨ, ਕੀ ਕੀ ਸਿਫਤ ਕਰਾਂ ? ਇਨ੍ਹਾਂ ਨੇ ਬੜੇ ਬੜੇ ਮੋਨੀ, ਹੱਠੀ, ਤਪੀ, ਜਤੀ, ਸਤੀ, ਬ੍ਰਤੀ ਰਿਖੀ ਮੁਨੀ, ਆਦਿਕ ਧੋਣ ਨੱਪਕੇ ਮੇਰੇ ਚਰਨੀ ਆਣ ਪਾਏ ਹਨ। ਮੇਰੇ ਆਂਢ ਗੁਆਂਢ ਤੇ ਅਮੀਰ ਰਈਸ ਰਾਣੇ ਸਭ ਮੇਰੀ ਆਨ ਮੰਨਦੇ ਹਨ, ਇਸ ਲਈ ਜਿੱਥੋਂ ਤੱਕ ਮੁਨਾਸਬ ਹੈ ਇਨ੍ਹਾਂ ਦੀ ਤਲਬ ਤਨਖਾਹ ਇਨਾਮ ਰੁਜ਼ੀਨਾ ਰਸਦ ਵਗੈਰਾ ਬੰਦੋਬਸਤ ਵਜ਼ੀਰ ਆਜ਼ਮ ਦੇ ਹੱਥੀਂ ਹੋ ਰਿਹਾ ਹੈ, ਕੋਈ ਬਾਹਰੋਂ ਮੁਹਿੰਮ ਆ ਬਣੇ ਤਾਂ ਗਿਰਦ ਦੇ ਰਾਣੇ ਰਾਜੇ ਸਭ ਕੁਮਕ ਲੈਕੇ ਅੱਪੜ ਪੈਂਦੇ ਹਨ, ਇਸ ਲਈ ਕੋਈ ਸ਼ਤ੍ਰੂ ਨਹੀਂ, ਜੋ ਇਸ ਵੇਲੇ ਮੇਰੀ ਵੱਲ ਅੱਖ ਪਰਤੱਕੇ ਦੇਖ ਸਕੇ। ਇਹ ਕਹਿੰਦੀ ਹੀ ਸੀ ਕਿ ਅਚਾਨਕ ਗਰੂਰ ਖਾਨ ਅਤੇ

Digitized by Panjab Digital Library | www.panjabdigilib.org

ਸ਼ਫ਼ੂਰ ਖਾਂ ਨੇ ਝੁਕਕੇ ਸਲਾਮ ਕੀਤੀ, ਇਧਰੋਂ ਵਿਮਲ ਵਿਰਾਗ ਕੌਰ ਨੇ ਰੁਖ਼ਸਤ ਚਾਹੀ। ਰਾਣੀ ਦਾ ਖਿਆਲ ਵਜ਼ੀਰ ਵਲ ਪਰਤ ਗਿਆ ਸੀ। ਇਸ ਲਈ ਇਨ੍ਹਾਂ ਨੂੰ ਰੁਖ਼ਸਤ ਕਰ ਦਿੱਤਾ, ਫਿਰ ਵਜ਼ੀਰ ਨੇ ਅਦਬ ਨਾਲ ਬੇਨਤੀ ਕੀਤੀ ਕਿ ਅੱਜ ਹਜ਼ੂਰ ਨੇ ਥੋੜੀ ਜੇਹੀ ਗ਼ਲਤੀ ਕੀਤੀ ਹੈ:–

ਰਾਣੀ (ਹੈਰਾਨ ਹੋਕੇ)–ਉਹ ਕੇਹੀ ਗ਼ਲਤੀ, ਅਤੇ ਕੀਕਰ ਹੋਈ ?

ਸ਼ਫ਼ੂਰ ਖਾਂ–ਹਜ਼ੂਰ ! ਇਹ ਜੋ ਮਿਰਾਸਣਾਂ ਆਈਆਂ ਸਨ, ਜੋ ਹਜ਼ੂਰ ਨੇ ਹੁਣੇ ਰੁਖ਼ਸਤ ਕੀਤੀਆਂ ਹਨ, ਇਨ੍ਹਾਂ ਦੀ ਕੋਈ ਜਾਣ ਪਹਿਚਾਣ ਵੀ ਹੈ ਕਿ ਨਹੀਂ ?

ਰਾਣੀ–ਇਹ ਲੋਕ ਆਪਣੇ ਪੇਟ ਦੀ ਖ਼ਾਤਰ ਅਮੀਰਾਂ ਨੂੰ ਗਾਉਂਕੇ ਰਿਝਾਂਦੇ ਰਹਿੰਦੇ ਹਨ, ਇਨ੍ਹਾਂ ਦੀ ਜਾਣ ਪਹਿਚਾਣ ਦੀ ਕਿਸੇ ਨੂੰ ਕੀਹ ਲੋੜ ਹੋਈ ?

ਸ਼ਫ਼ੂਰ ਖਾਂ–ਇਹੋ ਤਾਂ ਧੋਖੇ ਖਾਣ ਵਾਲੀ ਗਲ ਹੈ, ਇਸ ਫ਼ਕੀਰੀ ਦੇ ਭੇਸ ਹੇਠ ਬਹੁਤ ਕੁਝ ਲੁਕਿਆ ਹੋਇਆ ਹੈ, ਆਪ ਜ਼ਰਾ ਵਿਚਾਰਕੇ ਦੇਖੋ ਜੋ ਕਿਸੇ ਦੁਸ਼ਮਨ ਦੀ ਤਰਫੋਂ ਜਾਸੂਸ (ਸੂੰਹੀਏ) ਬਣਾਉਂਤ ਬਣਾਕੇ ਆਈਆਂ ਹੋਣ ਤਾਂ ਫਿਰ ਕੀ ਹੋਵੇ ? ਹੈ ਕਿ ਨਹੀਂ ਸਾਰਾ ਭੇਤ ਪੜਦਾ ਕੱਢਕੇ ਲੈਗਈਆਂ? ਇਸ ਲਈ ਅਰਜ਼ ਹੈ,ਆਪ ਜ਼ਰਾ ਗ਼ੌਰ ਨਾਲ ਸੋਚ ਸਮਝਕੇ ਕੰਮ ਕਰਿਆ ਕਰੋ, ਪਹਿਲੇ ਇਕ ਦੋ ਦਿਨ ਕੇਵਲ ਰਸਦ ਭੇਜ ਦੇਣੀ ਮੁਨਾਸਬ ਸੀ, ਰਹਿਣ ਲਈ ਮਕਾਨ ਦੇਕੇ ਖਿਦਮਤ ਲਈ ਆਪਣੇ ਨੌਕਰ ਮੁਕਰਰ ਕਰਕੇ ਵਿਚੋਂ ਵਿਚਦੀ ਸਾਰਾ ਭੇਤ ਲੈਕੇ ਫਿਰ ਮੁਲਾਕਾਤ ਕਰਨੀ ਸੀ, ਇੰਨੇ ਚਿਰ ਵਿਚ ਆਦਮੀ ਆਪਣੇ ਆਪ ਸਭ ਤਰ੍ਹਾਂ ਖਬਰਦਾਰ ਹੋ ਜਾਂਦਾ ਹੈ।

ਰਾਣੀ–ਬੇਸ਼ਕ, ਇਸ ਗਲ ਵਿਚ ਗ਼ਲਤੀ ਹੀ ਹੋਈ, ਪਰ ਹੁਣ ਤਾਂ ਵੇਲਾ ਲੰਘ ਗਿਆ, ਦੇਖੀ ਜਾਏਗੀ।

ਸ਼ਫ਼ੂਰ ਖਾਂ–ਇਹ ਤਾਂ ਆਪ ਸੱਚ ਕਹਿੰਦੇ ਹੋ, ਪਰ ਅਗੇ ਲਈ ਇਜੇਹੇ ਮੌਕਿਆਂ ਪਰ ਬਹੁਤ ਚੌਕਸ ਰਹਿਣਾ ਚਾਹੀਏ, ਮੈਨੂੰ ਸ਼ੱਕ ਪੈਂਦਾ ਹੈ ਕਿ ਇਹ ਔਰਤਾਂ ਸੂੰਹੀਆਂ ਸਨ ਤੇ ਟੋਹ ਲਾਉਣ ਲਈ ਆਈਆਂ ਸਨ।

ਰਾਣੀ–ਫਿਰ ਹੁਣ ਕੁਝ ਬੰਦੋਬਸਤ ਹੋ ਸਕਦਾ ਹੈ ਤਾਂ ਕਰੋ।

ਵਜ਼ੀਰ–ਜਮਾਂਦਾਰ ਨੂੰ ਮਗਰ ਭੇਜਿਆ ਹੈ, ਟੋਹ ਕਰੇਗਾ।

ਜਦ ਮਹਿਲਾ ਵਿਚੋਂ ਵਿਮਲ ਵਿਰਾਗ ਕੌਰ ਆਦਿਕ ਨਿਕਲੀਆਂ ਤਾਂ ਕਦਮ ਤਿੱਖੇ ਚੁਕੇ, ਜਮਾਂਦਾਰ ਨੇ ਹੁਕਮ ਮੁਜਬ ਪਿੱਛਾ ਕੀਤਾ, ਜਦ ਇਨ੍ਹਾਂ ਨੇ ਆਪਣੇ ਪਿੱਛੇ ਆਉਂਦਾ ਕੋਈ ਸਿਪਾਹੀ ਮਲ੍ਹਮ ਕੀਤਾ ਤਾਂ ਹੋਰ ਭੀ ਕਾਹਲੇ ਕਦਮੀਂ ਚਲੀਆਂ। ਇਸਤੋਂ ਜਮਾਂਦਾਰ ਦੇ ਜੀ ਵਿਚ ਨਿਸਚਾ ਹੋ ਗਿਆ ਜੋ ਇਹ ਨਿਰੀਆਂ ਮਿਰਾਸਣਾਂ ਨਹੀਂ ਹੋਣੀਆਂ, ਪਰ ਸੀ ਇਕੱਲਾ, ਕਰੇ ਕੀ, ਪਿੱਛੇ ਹਟੇ ਤਾਂ ਇਨ੍ਹਾਂ ਦੇ ਗ਼ਾਇਬ ਹੋ ਜਾਣ ਦਾ ਡਰ ਤੇ ਅਗੇ ਵਧੇ ਤਾਂ ਉਂਜ ਭੀ ਇਨ੍ਹਾਂ ਦੀ ਗਿਣਤੀ ਤੇ ਬਹਾਦਰ ਸੂਰਤਾਂ ਤੋਂ ਭੈ ਆਵੇ, ਜੋ ਕਿਤੇ ਫੜਕੇ ਹੀ ਨਾਲ ਲੈ ਜਾਂਦੀਆਂ ਹੋਣ। ਇਸ ਬੇਚੈਨੀ ਜੇਹੀ ਵਿਚ ਇਕ ਦਾਉ ਸੁੱਝਾ, ਜ਼ਰਾ ਕੁ ਪਿੱਛੇ ਹਟਕੇ ਜਮਾਂਦਾਰ ਨੇ ਐਵੇਂ ਜ਼ੋਰ ਨਾਲ ਅਵਾਜ ਮਾਰੀ: ਦੌੜੋ, ਪਕੜੋ। ਸੂਹਣੀਆਂ ਦੇ ਭੀ ਇਹ ਅਵਾਜ਼ ਕੰਨੀਂ ਪਈ, ਸਮਝਿਆ ਜੋ ਭੇਤ ਖੁੱਲ੍ਹ ਗਿਆ ਤੇ ਬਿਅੰਤ ਪਿਆਦੇ ਪਿੱਛੇ ਲੱਗੇ ਆ ਰਹੇ ਹਨ, ਤਾਂਤੇ ਇਥੋਂ ਤੁਰੰਤ

Digitized by Panjab Digital Library | www.panjabdigilib.org

ਹਰਣ ਹੋਣਾ ਹੀ ਠੀਕ ਸਮਝਕੈ ਸਭੋ ਹਵਾ ਦੇ ਘੋੜੇ ਪਰ ਸਵਾਰ ਹੋ ਗਈਆਂ। ਕਾਹਲ ਵਿਚ ਵਿਚਾਰੀ ਉਪਰਾਮਕੌਰ ਨੇ ਇਕ ਠੇਡਾ ਖਾਧਾ, ਪਹਿਲਾਂ ਤਾਂ ਸੰਭਲੀ, ਪਰ ਅੱਗੇ ਇਕ ਵੱਡਾ ਟੋਆਸੀ ਸੰਭਲਦੀ ਸੰਭਲਦੀ ਉਸਵਿਚਘੜੰਮ ਜਾ ਪਈ। ਸਾਥਣਾਂ ਨੇ ਇਸ ਨੂੰ ਸੰਭਲਦੀ ਦੇਖਕੇ ਜਾਣ ਲਿਆ, ਜੋ ਡਰ ਕੋਈ ਨਹੀਂ, ਨਾਲ ਹੀ ਹੈ, ਇਸਦੇ ਡਿੱਗਣ ਦਾ ਕਿਸੇ ਨੂੰ ਹਫਲਾ ਤਫਲੀ ਵਿਚ ਪਤਾ ਨਾ ਲੱਗਾ ਤੇ ਇਸੇ ਭਰੋਸੇ ਵਿਚ ਬਾਕੀ ਸਾਰੀਆਂ ਨੇ ਮੜੈਲੀ ਦੀ ਹੱਦੋਂ ਟੱਪਕੇ ਸਾਹ ਲਿਆ, ਉੱਥੇ ਡਿੱਠਾ ਤਾਂ ਉਪਰਾਮ ਕੌਰ ਨਾਲ ਨਹੀਂ ਹੈ। ਸਭ ਨੂੰ ਬੜੀ ਚਿੰਤਾ ਹੋਈ, ਕੁਝ ਚਿਰ ਤਾਂ ਉਡੀਕ ਕੀਤੀ ਜੋ ਸ਼ਾਇਦ ਨੇੜੇ ਹੀ ਹੋਵੇ ਤੇ ਆ ਮਿਲੇ, ਫਿਰ ਬਹੁਤ ਟੋਲ ਭਾਲ ਭੀ ਕੀਤੀ, ਪਰ ਪਤਾ ਕੁਝ ਨਾ ਲੱਗਾ, ਜਿਸਤੋਂ ਸਮਝਿਆ ਕਿ ਯਾ ਤਾਂ ਉਹ ਪਕੜੀ ਗਈ ਯਾ ਕਿਤੇ ਦੁਸ਼ਮਨਾਂ ਤੋਂ ਬਚਣ ਲਈ ਅੱਖ ਬਚਾ ਕੇ ਉਹਲੇ ਹੋ ਗਈ। ਇਸ ਸਮਝ ਵਿਚ ਕੁਝ ਫੇਰ ਉਡੀਕ ਕੀਤੀ, ਪਰ ਉਪਰਾਮ ਕੌਰ ਨਾ ਬਹੁੜੀ। ਹੁਣ ਇਕੱਲੇ ਫੌਜ ਤੋਂ ਬਿਨਾਂ ਚੌਕੰਨੇ ਤੇ ਭਰਮੀ ਦੁਸ਼ਮਨ ਦੇ ਇਲਾਕੇ ਵਿਚ ਜਾਣਾ ਵਿਮਲ ਵਿਰਾਗ ਕੌਰ ਨੇ ਠੀਕ ਨਾ ਸਮਝਿਆ ਤੇ ਇਹ ਗੁਰਮਤਾ ਕੀਤਾ, ਜੋ ਮੁੜ ਚੱਲ ਕੇ ਮੰਤ੍ਰੀ ਸਾਹਿਬ ਦੀ ਸੇਵਾ ਵਿੱਚ ਸਾਰਾ ਹਾਲ ਕਹੀਏ, ਫਿਰ ਜਿਸਤਰ੍ਹਾਂ ਉਹ ਆਗਿਆ ਦੇਣਗੇ ਕੀਤਾ ਜਾਊ।

ਇਧਰ ਜਮਾਂਦਾਰ ਨੇ ਉਪਰਾਮ ਕੌਰ ਨੂੰ ਡਿੱਗਦੀ ਵੇਖ ਲਿਆ, ਇੰਨੇ ਵਿੱਚ ਹੀ ਖੈਰ ਮਨਾਈ ਤੇ ਉਸਦੀ ਟੋਲ ਵਿਚ ਬਹੁਤ ਢੂੰਡ ਭਾਲ ਕੀਤੀ, ਪਰ ਉਪਰਾਮ ਕੌਰ ਇਕ ਇਜੇਹੇ ਉਹਲੇ ਹੇਠ ਛਿਪ ਰਹੀ ਕਿ ਮੰਦ ਹਸਨ ਬੇਗ ਦੇਖ ਨਾ ਸੱਕਿਆ।

ਉਧਰ ਵਿਮਲ ਵਿਰਾਗ ਕੌਰ ਤੇ ਸਾਥਣਾਂ ਛੇਤੀ ਛੇਤੀ ਰਾਹ ਮੁਕਾ ਕੇ ਮੰਤ੍ਰੀ ਸਾਹਿਬ ਪਾਸ ਅੱਪੜੀਆਂ ਤੇ ਸਤਿ ਸ੍ਰੀ ਅਕਾਲ ਗਜਾਇਆ।

ਮੰਤ੍ਰੀ—ਕਹੋ ਸੁੱਖ ਨਾਲ ਪੁੱਜੀਆਂ ਹੋ, ਕੋਈ ਔਕੜ ਸੌਕੜ ਤਾਂ ਨਹੀਂ ਬਣੀ?

ਧਿਰਾਸ ਕੌਰ—ਆਪਦੀ ਕਿਰਪਾ ਕਰਕੇ ਕਾਰਜ ਵਿਚ ਤਾਂ ਕਿਉਂ ਔਕੜ ਆਉਣੀ ਸੀ, ਪਰ ਉਪਰਾਮ ਕੌਰ ਪਿੱਛੇ ਗੁੰਮ ਹੋ ਗਈ ਹੈ, ਨਾ ਜਾਣੇ ਕਿਸੇ ਸਿਪਾਹੀ ਦੇ ਕਾਬੂ ਆ ਗਈ ਹੈ ਯਾ ਰਾਹ ਖੁੰਝ ਗਈ ਹੈ, ਪਰ ਸਾਡੇ ਨਾਲੋਂ ਭੱਜਦਿਆਂ ਕਿਤੇ ਬੇਮਲੂਮੀ ਨਿੱਖੜ ਗਈ ਹੈ।

ਮੰਤ੍ਰੀ—ਭੱਜਣ ਦਾ ਕਿਹਾ ਮੌਕਾ ਬਣਿਆਂ ਸੀ। ਜੋ ਕੁਝ ਓਥੇ ਕਾਰਰਵਾਈ ਹੋਈ ਹੈ, ਸਾਰੀ ਸੁਣਾਓ।

ਵਿਮਲ ਵਿਰਾਗ ਕੌਰ—ਮਹਾਰਾਜ! ਕੀ ਬੇਨਤੀ ਕੀਤੀ ਜਾਵੇ, ਉਥੇ ਤਾਂ ਗਰੂਰ ਖਾਂ ਦੀ ਹਾਕਮੀ ਹੈ, ਜੋ ਚਾਹੇ ਸੋ ਕਰੇ, ਰਾਜਕੁਮਾਰ ਕੈਦੀ ਹੈ, ਉਸਦੀ ਕੋਈ ਵਾਹ ਨਹੀਂ ਚਲਦੀ। ਇਤਨਾ ਕਹਿਕੇ ਸਾਰੇ ਰਾਜਕੁਮਾਰ ਦੇ ਕਹੇ ਹੋਏ ਸ਼ਬਦਾਂ ਦੇ ਭਾਵ ਅਰਜ਼ ਕਰ ਦਿੱਤੇ ਤੇ ਆਖਿਆ ਜੋ ਇਹ ਵੀ ਸੋਚ ਲੈਣਾ ਕਿ ਉਥੇ ਬੰਦੋਬਸਤ ਬੜੇ ਪੱਕੇ ਹਨ, ਸਿਪਾਹ ਬੜੀ ਲੜਾਕੀ ਨਿਰੀ ਤੁਰਕੀ ਹੀ ਹੈ, ਜੁੱਧ ਜੰਗ ਵੇਲੇ ਗਿਰਦ ਨਵਾਹ ਦੇ ਰਾਜੇ ਰਾਣੇ ਸਭ ਕੁਮਕ ਲੈਕੇ ਇਕੱਠੇ ਹੋ ਜਾਣਗੇ। ਕਿਲ੍ਹੇ ਦੀ ਸਫਾਈ ਬਹੁਤ ਚੰਗੀ ਹੈ, ਪਹਿਰੇ ਬੜੇ ਮਜ਼ਬੂਤ ਹਨ, ਸਿਪਾਹੀ ਬੜੇ ਚੁਸਤ ਤੇ ਚਾਲਾਕ ਹਨ, ਰਾਣੀ ਆਪ ਫੌਜ ਦੀ ਕਮਾਨ ਬਹੁਤ ਚੰਗੀ ਕਰ ਸਕਦੀ

Digitized by Panjab Digital Library | www.panjabdigilib.org

ਹੈ, ਬਲਕਿ ਵਕਤ ਪਏ ਤੇ ਹਥਿਆਰ ਬੰਨ੍ਹ ਕੇ ਬਹਾਦਰਾਨਾ ਲੜ ਸਕਦੀ ਹੈ। ਜਦ ਅਸੀਂ ਚੌਕੀ ਕਰਕੇ ਰਾਣੀ ਨੂੰ ਨਾਲ ਲੈ ਕੇ ਰਾਜ ਮਹਲ ਚਬੂਤ੍ਰੇ ਆਦਿਕ ਦੇਖ ਰਹੀਆਂ ਸਾਂ ਤਾਂ ਅਚਾਨਕ ਹੀ ਵਜ਼ੀਰ ਆ ਗਿਆ । ਓਸ ਦੇ ਤੇਵਰ ਬਦਲੇ ਹੋਏ ਅਸੀਂ ਤਾੜ ਗਈਆਂ, ਝਟ ਰੁਖਸਤ ਹੋਕੇ ਰਾਹ ਪਈਆਂ। ਜਾਂ ਪਿੱਛੇ ਸਾਡੇ ਕੋਈ ਸਿਪਾਹੀ ਆਉਂਦਾ ਮਲੂਮ ਹੋਇਆ ਤਾਂ ਅਸਾਂ ਛੇਤੀ ਕੀਤੀ, ਤਾਂ ਪਿਛੇ ਉਹ ਭੀ ਦੌੜਦਾ ਮਲੂਮ ਹੋਇਆ। ਉਸ ਦੇ ਨਾਲ ਹੋਰ ਬਹੁਤ ਹਮਾਇਤੀ ਨੇੜੇ ਹੀ ਹੋਣੇ ਹਨ, ਉਨ੍ਹਾਂ ਨੂੰ ਭੀ ਇਸ ਨੇ ਲਲਕਾਰਿਆ, ਇਸ ਸਮੇਂ ਵਿਚ ਅਸੀਂ ਹਰਨਾਂ ਦੀ ਚੌਕੜੀ ਫੜੀ। ਉਪਰਾਮ ਕੌਰ ਕਿਸੇ ਰਸਤੇ ਵਿਚ ਉਹਲੇ ਹੋ ਗਈ। ਜਦ ਅਸੀਂ ਹਦ ਲੰਘ ਆਈਆਂ ਤਾਂ ਪਤਾ ਲੱਗਾ, ਟੋਲ ਭਾਲ ਤੇ ਉਡੀਕ ਤਾਂ ਬਹੁਤ ਕੀਤੀ, ਪਰ ਆਪ ਦੀ ਆਗਿਆ ਬਿਨਾ ਹੋਰ ਕੋਈ ਤਦਬੀਰ ਨਹੀਂ ਚਲਾਈ ਤੇ ਹਾਜ਼ਰ ਆ ਹੋਈਆਂ ਹਾਂ।

ਮੰਤ੍ਰੀ ਨੇ ਇਹ ਸਾਰਾ ਵਿਰਤੰਤ ਸੁਣ ਕੇ ਮਹਾਂਰਾਜ ਪਾਸ ਜਾ ਬੇਨਤੀ ਕੀਤੀ ਕਿ ਅਗੇ ਤਾਂ ਰਾਜ ਕੁਮਾਰ ਦਾ ਫਿਕਰ ਸੀ, ਹੁਣ ਉਪਰਾਮ ਕੌਰ ਵੀ ਉਥੇ ਹੀ ਰਹੀ, ਜਿਸ ਦਾ ਕੋਈ ਥਹੁ ਥਿੱਤਾ ਨਹੀਂ। ਜਦ ਮਹਾਰਾਜ ਨੇ ਮੜੋਲੀ ਦਾ ਸਾਰਾ ਪ੍ਰਸੰਗ ਸੁਣ ਲਿਆ ਤਾਂ ਹੁਕਮ ਦਿੱਤਾ ਕਿ ਇਕ ਮੁਰਾਸਲਾ ਰੂਪ ਕੌਰ ਦੇ ਨਾਮ ਜਾਰੀ ਕਰੋ ਕਿ ਰਾਜ ਕੁਮਾਰ ਅਤੇ ਉਪਰਾਮ ਕੌਰ ਨੂੰ ਪਸਚਾਤਾਪ ਤਾਵਾਨਸ਼ਾਹੀ(ਜੁਰਮਾਨਾ) ਨਾਲ ਲੇਕੇ ਆਪ ਹਾਜ਼ਰ ਹੋਵੇ ਨਹੀਂ ਤਾਂ ਇਸ ਦਿਨ ਨੂੰ ਪਛੁਤਾਉਣਾ ਪਵੇਗਾ, ਜਿਸ ਮੜੋਲੀ ਦਾ ਗੁਮਾਨ ਹੈ ਇਸਦਾ ਕਿਤੇ ਨਾਮ ਨਿਸ਼ਾਨ ਭੀ ਨਹੀਂ ਰਹੇਗਾ। ਇਸ ਦੇ ਉਪਰੰਤ ਫੌਜ ਦੀ ਹਾਜ਼ਰੀ ਲਓ, ਕਵਾਇਦ ਦੇਖੋ, ਗੋਲੀ ਬਾਰੂਦ ਦਾ ਬੰਦੋਬਸਤ ਕਰੋ, ਹਰ ਇਕ ਸਿਪਾਹੀ ਦੇ ਗੱਠੇ ਭਰ ਦਿਓ, ਅਜ ਕਲ ਵਿਚ ਤਿਆਰੀ ਹੀ ਸਮਝੋ, ਸੰਝ ਸਵੇਰੇ ਕੂਚ ਹੀ ਕੂਚ ਜਾਣੇ।

ਫ਼ੌਜੀ ਸਰਦਾਰ ਵਰਦੀਆਂ ਪਾਈ, ਹਥਿਆਰ ਲਾਈ ਸਵਾਰ ਅਤੇ ਪੈਦਲ ਵੱਖੋ ਵੱਖ ਪੈੜ ਜਮਾਈ, ਕਵਾਇਦ ਕਰ ਰਹੇ ਹਨ, ਚਾਂਦ ਮਾਰੀ ਪਰ ਜ਼ੋਰ ਹੈ, ਨੇਜ਼ੇ ਬਾਜ਼ੀ ਦੇ ਘੋੜਿਆਂ ਦੀ ਚਲਾਕੀ ਅਤੇ ਸੁਬਕੀ ਵਡਿਆਈ ਦੇ ਲਾਇਕ ਹੈ। ਨਿਸ਼ਾਨੇਬਾਜ਼ੀ ਪਰ ਵਾਹ ਵਾਹ ਅਤੇ ਧੰਨ ਧੰਨ ਦੀ ਗੂੰਜ ਭਰ ਰਹੀ ਹੈ। ਸਰਦਾਰਾਂ ਦੀਆਂ ਵਰਦੀਆਂ ਇਸ ਵੇਲੇ ਅਜੇਹੀ ਚਮਕ ਦਮਕ ਦਿਖਾ ਰਹੀਆਂ ਹਨ ਕਿ ਬਿਜਲੀਆਂ ਮਾਰੇ ਸ਼ਰਮ ਦੇ ਬਦਲਾਂ ਵਿਚ ਜਾ ਲੁਕੀਆਂ। ਸਰਦਾਰਾਂ ਦੇ ਘੋੜੇ ਇੰਡੇ ਕੱਦਾਵਰ ਹਨ ਕਿ ਉਠਾਂ ਨੂੰ ਦੋ ਇੰਚ ਨੀਵਾਂ ਕਰਕੇ ਦਿਖਾ ਰਹੇ ਹਨ। ਚਾਲ ਵਿਚ ਤਾਂ ਪੌਣ ਪਿੱਛੇ ਪਈ ਉਨ੍ਹਾਂ ਦੀ ਗਰਦ ਤਕ ਨਹੀਂ ਪਹੁੰਚ ਸਕਦੀ ! ਸਰਦਾਰਾਂ ਦੇ ਚਿਹਰਿਆਂ ਪਰ ਬਹਾਦਰੀ ਦੀ ਲਾਲੀ ਅਤੇ ਪਰਤਾਪ ਦੇ ਸਤਾਰੇ ਦੀ ਚਮਕ ਤੋਂ ਲੱਜਾਮਾਨ ਹੋਇਆ ਸੂਰਜ ਵੀ ਸ਼ਾਮ ਦੀ ਉਡੀਕ ਵਿਚ ਡੁੱਬਣ ਦੀਆਂ ਤਿਆਰੀਆਂ ਕਰ ਰਿਹਾ ਹੈ। ਇਹ ਸਰਦਾਰ ਬਹਾਦਰ ਆਪੋ ਆਪਣੇ ਨਾਮਾਂ ਨੂੰ ਸਫਲ ਤੇ ਸਾਰਥ ਕਰਨ ਵਿਚ ਹਰ ਵੇਲੇ ਸਰਗਰਮ ਹਨ । ਜੰਗ ਕਰਦੇ ਕਦੇ ਥੱਕਦੇ ਨਹੀਂ, ਫਤਹ ਕਰਦੇ ਕਦੇ ਅੱਕਦੇ ਨਹੀਂ, ਹਿੰਮਤ ਤੇ ਪੁਰਸ਼ਾਰਥ ਇਨ੍ਹਾਂ ਦੀਆਂ ਰਕਾਬਾਂ ਨਾਲ ਲਟਕਦੇ ਰਹਿੰਦੇਹਨ, ਇੰਨੇਤੱਕ ਅਚਾਨਚੱਕ ਇਕ ਮਿਰਜ਼ਾ ਧੋਖਾ ਬੇਗ ਨਾਮੀ ਮੁਗਲ ਸਿਰ ਤੇ ਕੁੱਲਾ(ਟੋਪੀ)ਪਹਿਨੇ, ਪੰਜ ਹਥਿਆਰ ਬੰਨ੍ਹੇ, ਚੁਸਤੀ ਅਤੇ ਚਲਾਕੀ ਦਾ ਪੁਤਲਾ ਧੋਖਾ ਦੇਣ ਵਿਚ ਉਸਤਾਦ ਕਾਮਲ, ਬਾਤ

Digitized by Panjab Digital Library | www.panjabdigilib.org

ਚੀਤ ਕਰਨ ਵਿਚ ਬੜਾ ਚਤੁਰ ਆ ਨਿਕਲਿਆ ਤੇ ਬਹੁਤ ਝੁਕ ਕੇ ਸਲਾਮ ਕੀਤਾ ਅਤੇ ਬੜੀ ਫੁਰਤੀ ਨਾਲ ਇਕ ਲਿਫ਼ਾਫਾ ਪੇਸ਼ ਕੀਤਾ।

ਮੰਤ੍ਰੀ ਨੇ ਲਿਫਾਫਾ ਹੱਥ ਵਿਚ ਲੈਕੇ ਆਖਿਆ, ਤੂੰ ਕੌਣ ਹੈਂ ?

ਮਿਰਜ਼ਾ—ਹਜ਼ੂਰ ਦਾ ਗ਼ੁਲਾਮ,ਰਾਣੀ ਸਾਹਿਬ ਰੂਪ ਕੌਰ ਦਾ ਭੇਜਿਆ ਹੋਇਆ ਵਕੀਲ।

ਮੰਤ੍ਰੀ—ਆਪ ਜਲਦੀ ਕਰੋ,ਹਥਿਆਰ ਉਤਾਰ ਦਿਓ, ਔਰ ਆਪਣੇ ਆਪ ਨੂੰ ਕੈਦੀ ਸਮਝੋ।

ਮਿਰਜ਼ਾ—ਹਜ਼ੂਰ ! ਪਹਿਲੇ ਕਾਗਜ਼ ਹਜ਼ੂਰੀ ਵਿਚ ਪੇਸ਼ ਕਰੋ, ਫਿਰ ਜੋ ਹੁਕਮ ਹੋਵੇ ਮੈਂ ਹਾਜ਼ਰ ਹਾਂ, ਭਾਵੇਂ ਵਕੀਲ ਕਦੀ ਕੈਦੀ ਨਹੀਂ ਹੁੰਦੇ ,ਮਗਰ ਮੈਂ ਇਸ ਹੁਕਮ ਦੀ ਤਾਮੀਲ ਕਰਨ ਲਈ ਦਿਲੋਂ ਜਾਨ ਤੋਂ ਹਾਜ਼ਰ ਹਾਂ।

ਮੰਤ੍ਰੀ ਜੀ ਮਿਰਜ਼ੇ ਤੇ ਲੁਕਵਾਂ ਪਹਿਰਾ ਕਾਇਮ ਕਰਕੇ, ਆਪ ਮਹਾਰਾਜ ਪਾਸ ਪਹੁੰਚੇ ਅਤੇ ਕਾਗਜ਼ ਪੇਸ਼ ਕੀਤਾ ।

ਮਹਾਰਾਜ ਨੇ ਹੁਕਮ ਕੀਤਾ ਕਿ ਸੁਣਾਓ ਇਸ ਵਿਚ ਕੀ ਲਿਖਿਆ ਹੈ। ਮੰਤ੍ਰੀ ਨੇ ਝਟ ਪਟ ਲਿਫਾਫਾ ਫਾੜ ਕੇ ਵਿਚੋਂ ਪਤ੍ਰ ਕੱਢਿਆ ਤੇ ਹੁਕਮ ਅਨੁਸਾਰ ਇਉਂ ਪੜ੍ਹਨਾ ਅਰੰਭਿਆ।

੧ ਓ ਸਤਿਗੁਰ ਪ੍ਰਸਾਦਿ ॥

ਸ੍ਰੀ ਸਰਬੋਪਰੀ ਬਿਰਾਜਮਾਨ, ਪ੍ਰਤਿਪਾਲ ਪਿਤਾ, ਸ੍ਰੀ ਮਾਨ ਜੋਤੀ ਸਰੂਪ ਵਿਦਮਾਨ ਰਾਜਾਧਿਰਾਜ ਮਹਾਰਾਜ, ਰਾਜਾਧਿਪਤੀ ਖਟ ਸ੍ਰੀ ਸੰਯੁਕਤ ਗ਼ਰੀਬ ਨਿਵਾਜ ਮਹਾਂਰਾਜ ਪਰਮਾਤਮ ਰੂਪ ਸਿੰਘ ਜੀ ਦੇ ਚਰਨਾਰਬਿੰਦੇਂ ਪਰ ਦਾਸਨ ਦਾਸੀ ਰੂਪ ਕੌਰ ਦੀ ਚਰਨ ਬੰਦਨਾਂ ਪਰਵਾਨ ਹੋਵੇ।

ਕ੍ਰਿਪਾ ਨਾਥ ! ਮੈਂ ਅਨਾਥ ਦਾਸੀ ਆਪਦੀ ਨਿਵਾਜੀ ਹੋਈ ਇਸ ਵੇਲੇ ਆਪਦੀ ਨੂੰਹ ਕਲਪੀ ਗਈ ਹਾਂ, ਬੜਿਆਂ ਨੂੰ ਅੱਸ ਛੋਟਿਆਂ ਦੀ ਲਾਜ ਹੁੰਦੀ ਹੈ। ਫਿਰ ਮੈਂ ਇਕ ਅਬਲਾ ਇਸਤ੍ਰੀ ਨਿੱਕੀ ਜੇਹੀ ਮੜ੍ਹੋਲੀ ਵਿਚ ਨਿਰਬਾਹ ਕਰਨ ਵਾਲੀ, ਆਪ ਰਾਜਨ ਪਤਿ ਰਾਜਾ ਮਹਾਰਾਜਾ ਹੋ, ਮੇਰੀ ਆਪ ਦੀ ਲੜਾਈ ਪੁੱਜ ਨਹੀਂ ਸਕਦੀ। ਆਪਦੇ ਅੱਖ ਦੇ ਇਸ਼ਾਰੇ ਨਾਲ ਕੁਝ ਦਾ ਕੁਝ ਹੋ ਸਕਦਾ ਹੈ, ਮੈਂ ਇਕ ਤੁਛ ਕੀੜੀ ਆਪਦਾ ਮੁਕਾਬਲਾ ਨਹੀਂ ਕਰ ਸਕਦੀ। ਰਾਜਕੁਮਾਰ ਕੈਦੀ ਨਹੀਂ ਹੈ, ਸਗੋਂ ਮੇਰੇ ਸਿਰ ਦਾ ਮਾਲਕ ਹੈ, ਆਪ ਸੁਤੰਤ੍ਰ ਹੈ। ਹਾਂ, ਪਹਿਲੇ ਮੈਂ ਬਹੁਤ ਵੇਰੀ ਬੇਨਤੀਆਂ ਕਰ ਕਰ ਭੇਜੀਆਂ ਸਨ ਕਿ ਦਾਸੀ ਨੂੰ ਆਪਣੇ ਮਹੱਲਾਂ ਵਿੱਚ ਜਗ੍ਹਾ ਬਖਸ਼ੋ,ਸੁਮਤੀ ਦੀ ਗੋਲੀ ਕਰਕੇ ਦੱਖ ਲਓ, ਪਰ ਟਿੱਕਾ ਜੀ ਨੂੰ ਕਿਸੇ ਸ਼ੈਤਾਨ ਨੇ ਭੰਗ ਪਿਲਾਕੇ ਉਲਟੀ ਪੱਟੀ ਪੜ੍ਹਾਈ ਕਿ ਮੇਰੀ ਬੇਨਤੀ ਕੋਈ ਨਾ ਸੁਣੀ। ਉਸ ਬੇਪਰਵਾਹੀ ਦਾ ਫਲ ਇਹ ਹੋਇਆ ਕਿ ਉਨ੍ਹਾਂ ਨੂੰ ਲਾਚਾਰ ਮੜ੍ਹੋਲੀ ਰਹਿਣਾ ਪਿਆ।

ਦੂਜੇ ਉਪਰਾਮ ਕੌਰ ਆਪ ਹੀ ਖੁੜੱਲ ਵਿੱਚ ਡਿੱਗ ਪਈ ਸੀ, ਦੂਜੇ ਤੀਜੇ ਦਿਨ ਪਤਾ ਲੱਗਣ ਤੇ ਕਢਾਕੇ ਆਪ ਦੀ ਅਮਾਨਤ ਸਮਝ ਕੇ ਮੈਂ ਪਾਸ ਰੱਖੀ ਹੋਈ ਹੈ, ਜਿਸ ਵੇਲੇ ਹੁਕਮ ਹੋਵੇ ਆਪ ਦੀ ਸੇਵਾ ਵਿੱਚ ਭੇਜ ਦੇਵਾਂ, ਪਰੰਤੂ ਮੈਂ ਦਾਸੀ ਪਰ ਹੁਣ ਭੀ ਜੋ ਹੁਕਮ ਕਰੋ ਜਾਨ ਤਕ ਹਾਜ਼ਰ ਹੈ। ਆਪਣਿਆਂ ਚਰਨਾਂ ਵਿਚ ਨਿਵਾਸ ਬਖਸ਼ੋ ਤਾਂ ਸੁਮਤੀ ਦੀ ਸੇਵਕ ਹੋਕੇ ਝੱਟ ਕਟਾਂਗੀ, ਪਰ ਜੇ ਕਦੀ ਸੁਮਤੀ ਸੌਤੀਆ ਡਾਹ ਨਾ ਕਰੇ ਤਾਂ ਕੋਈ ਝਗੜਾ ਨਹੀਂ ਹੋ ਸਕਦਾ। ਜੋ ਕੁਝ ਹੋਇਆ ਹੈ, ਇਸ ਵਿਚ ਦਾਸੀ ਦਾ ਕੋਈ ਕਸੂਰ ਨਹੀਂ, ਰਾਜ ਕੁਮਾਰ ਨੇ ਆਪ ਹੀ ਕੰਡੇ ਬੀਜੇ ਸਨ, ਉਸ ਲਈ ਭੁੱਖੜੇ ਦੀ ਰੋਟੀ ਖਾਣੀ ਪਈ।

Digitized by Panjab Digital Library | www.panjabdigilib.org

ਮੈਂ ਅਬਲਾ ਇਸਤ੍ਰੀ ਪਰ ਫੌਜ ਕਸ਼ੀ ਦੀ ਕੀ ਜ਼ਰੂਰਤ ਹੈ, ਆਪਦੇ ਅਨੁਸਾਰੀ ਹਾਂ, ਆਗਜਾਨੁਵਰਤੀ ਹਾਂ।

"ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥"

ਲੇਖਕ--ਆਪਦੀ ਬਹੂ ਬੇਟੀ
ਰੂਪ ਕੌਰ ਮਜੈਲੀ ਵਾਲੀ।

ਮਹਾਰਾਜ ਨੇ ਇਹ ਲੰਮਾਂ ਸਾਰਾ ਚਿੱਠਾ ਸੁਣਦੇ ਹੀ ਅਸਲ ਗਲ ਜਾਣ ਲਈ, ਜੋ ਮਜੈਲੀ ਦੀ ਰਾਣੀ ਬਹੂ ਬੇਟੀ ਬਣਕੇ ਸਾਡੇ ਨਾਲ ਵੀ ਦਾਉ ਪੇਚ ਹੀ ਖੇਡਦੀ ਹੈ। ਪੁੱਛ ਕਰਕੇ ਮੰਤ੍ਰੀ ਜੀ ਨੂੰ ਹੁਕਮ ਕੀਤਾ ਕਿ ਇਸਦਾ ਜਵਾਬ ਲਿਖਕੇ ਇਸੇ ਦੂਤ ਦੇ ਹੱਥੀਂ ਭੇਜ ਦਿਓ ਕਿ ਰੂਪ ਕੌਰ ਸੁਮਤ ਕੌਰ ਦੀ ਨਿਰੋਲ ਗੋਲੀ ਹੋਕੇ ਰਹਿ ਸਕਦੀ ਹੈ, ਪਰੰਤੂ ਰਾਣੀ ਹੋਕੇ ਤੁਰਕੀ ਫੌਜ ਸਮੇਤ ਨਹੀਂ ਰਹਿ ਸਕਦੀ। ਆਪਣੇ ਗੋਲੀ ਹੋਣੇ ਦਾ ਸਬੂਤ ਬਹੁਤ ਜਲਦੀ ਭੇਜੇ, ਜੇ ਦੇਰੀ ਹੋਵੇਗੀ ਤਾਂ ਜਾਣਿਆਂ ਜਾਵੇਗਾ ਕਿ ਆਕੀ ਹੈ। ਬੱਸ ! ਨਾਲ ਹੀ ਇਹ ਸਮਝੌਤੀ ਭੀ ਮਹਾਰਾਜ ਜੀ ਨੇ ਕੀਤੀ ਕਿ ਫੌਜ ਦੀ ਤਿਆਰੀ ਵਿਚ ਫਰਕ ਨਾ ਆਵੇ। ਮੰਤ੍ਰੀ ਜ਼ੀ ਇਹ ਆਰਿਆ ਪਾਕੇ ਆਪਣੇ ਡੇਰੇ ਪਹੁੰਚੇ ਤਾਂ ਅਗੇ ਆਪਣਾ ਦੂਤ ਜੋ ਪਰਵਾਨਾ ਲੈਕੇ ਗਿਆ ਸਾ ਆਣ ਪੁਜਾ ਅਤੇ ਉਸ ਨੇ ਉਥੋਂ ਦੇ ਬੰਦੋਬਸਤ ਅਤੇ ਤਿਆਰੀਆਂ ਜੰਗੀ ਸਾਮਾਨ, ਜੁਵਾਨਾਂ ਦੀ ਉਮੰਗ, ਮਾਰੇ ਬਕਾਰੇ ਦੇ ਸਾਰੇ ਹਾਲ ਕਹਿ ਸੁਣਾਏ।

ਮੰਤ੍ਰੀ ਨੇ ਜਦ ਸੁਲਹਨਾਮੇ ਦਾ ਜ਼ਿਕਰ ਕੀਤਾ ਤਾਂ ਇਸ ਅਪਣੇ ਦੂਤ ਨੇ ਸਾਫ ਅੱਖਰਾਂ ਵਿਚ ਬੇਨਤੀ ਕਰ ਦਿੱਤੀ ਕਿ ਮਹਾਰਾਜ ਜੀ ! ਇਹ ਨਿਰਾ ਧੋਖਾ ਹੈ, ਉਸਨੇ ਕਦੀ ਸੁਲਹ ਨਹੀਂ ਕਰਨੀ। ਦੂਰੋਂ ਦੂਰੋਂ ਫੌਜਾਂ ਕੁਮਕ ਲਈ ਘਮਾਂ ਘੰਮ ਆ ਰਹੀਆਂ ਹਨ, ਕੈਂਪ ਲੱਗ ਰਹੇ ਹਨ, ਮੋਰਚੇਬੰਦੀ ਹੋ ਰਹੀ ਹੈ। ਓਨ੍ਹਾਂ ਨੇ ਧੋਖਾ ਦੇਕੇ ਸ਼ਬਖੂਨ ਕਰਨਾ (ਛਾਪਾ ਮਾਰਨਾ) ਹੈ, ਅਵੇਸਲੇ ਨਹੀਂ ਹੋਣਾ ਚਾਹੀਏ। ਦੁਸ਼ਮਨ ਆਪਣੇ ਦਾਉ ਘਾਉ ਵਿੱਚ ਪੱਕੇ ਲੱਗੇ ਹੋਏ ਹਨ।

—o—

[ਭਾਗ-ਤੀਸਰਾ]

ਮਿਰਜ਼ਾ ਧੋਖਾ ਬੇਗ ਜਦ ਰਾਣੀ ਸਾਹਿਬ ਪਾਸ ਪੁੱਜਾ ਤਾਂ ਉਨ੍ਹਾਂ ਨੇ ਪਰਵਾਨਾਂ ਸ਼ਾਹੀ ਪੜ੍ਹਿਆ। ਮੱਥੇ ਤੇ ਹੱਥ ਮਾਰਿਆ। ਠੰਢਾ ਸਾਹ ਭਰਿਆ। ਉਛਲੇ ਜਾਂਦੇ ਕਲੇਜੇ ਨੂੰ ਹੱਥ ਰੱਖਕੇ ਸਾਂਭਿਆ ਤੇ ਆਖਿਆ ਹਾਇ ਕਿਸਮਤ, ਇਹ ਕੇਹੀ ਔਕੜ ਆ ਬਣੀ ਹੈ (ਠੰਢਾ ਸਾਹ ਭਰਕੇ) ਹਾਇ ! ਜੇ ਲੜਾਂ ਤਾਂ ਜਿਤ ਦੀ ਉਮੈਦ ਨਹੀਂ ਪੈਂਦੀ, ਜੇ ਨਾ ਲੜਾਂ ਤਾਂ ਰਾਣੀਓਂ ਗੋਲੀ ਬਣਨਾ ਪੈਂਦਾ ਹੈ। ਫਿਰ ਗੋਲੀ ਵੀ ਅਪਣੇ ਕੈਦੀ ਦੀ ਵਹੁਟੀ ਦੀ। ਫਿਰ ਵਹੁਟੀ ਵੀ ਉਹ, ਜੇਹੜੀ ਮੈਨੂੰ ਮੌਂਕਣ ਭਾਸਦੀ ਹੈ। (ਕਿਸਮਤ ਦੇ ਸਿਰ ਥੱਪੜ ਮਾਰ ਕੇ) ਹਾਇ ਓਇ ਮੇਰਿਆ ਚੰਦਰਿਆ ਚਿੱਤਾ, ਜੇ ਕਦੀ ਅਕਲ ਕਰਦੋਂ ਰਾਜਕੁਮਾਰ ਦੇ ਪਿੱਛੇ ਮੱਖੀ ਹੋਇਆ ਨਾ ਫਿਰਦੋਂ ਤਾਂ ਅਜ ਇਹ ਅਪਦਾ ਦੇ ਦਿਨ ਕਿਉਂ ਦੇਖਦੋਂ। (ਜ਼ਰਾ ਕੁ ਦਮ ਘੁੱਟ ਕੇ ਅਤੇ ਫਿਰ ਇਕ ਉਚੀ ਆਹ ਕੱਢ ਕੇ) ਹਾਇ ! ਇਹ ਕਿਲ੍ਹਾ, ਰਾਜ, ਹੁਕਮ, ਫੌਜਾਂ, ਪਦਾਰਥ, ਪ੍ਰਤਾਪ, ਤੇਜ, ਮਾਣ, ਵਡਿਆਈ, ਕੁਝ ਨਹੀਂ ਰਹਿੰਦੀ ਦਿੱਸਦੀ। ਮੇਰੇ ਤੇ

Digitized by Panjab Digital Library | www.panjabdigilib.org

ਇਹ ਕਹਾਉਤ ਠੀਕ ਹੀ ਉਤਰੀ "ਕੁਥਾਉ ਫਾਥੀ ਤੇ ਸਹੁਰਾ ਵੈਦ" ਕਰਾਂ ਤਾਂ ਇਸ ਵੇਲੇ ਕੀ ਕਰਾਂ, ਕਿਤੇ ਡੁੱਬ ਮਰਾਂ, ਕੁਝ ਨਹੀਂ ਅਹੁੜਦੀ । ਰਾਜਕੁਮਾਰ ਕੋਲੋਂ ਸਲਾਹ ਪੁੱਛਾਂ, ਭਲਾ ਕੋਈ ਚੰਗੀ ਜੇਹੀ ਤਦਬੀਰ ਦੱਸੇ ਕਿਉਂਕਿ ਰਾਜਪੁਤ੍ਰ ਹੈ, ਪਰ ਨਹੀਂ ਇਹ ਗਲ ਨਹੀਂ, ਕਦੀ ਨਹੀਂ ਹੋਣੀ ਚਾਹੀਏ । ਮੇਰੀ ਇਸ ਆਉਣ ਵਾਲੀ ਤਬਾਹੀ ਦਾ ਮੂਲ ਕਾਰਨ ਰਾਜਕੁਮਾਰ ਹੀ ਹੈ, ਜਿਸਨੂੰ ਮੈਂ ਕੈਦੀ ਕਰਕੇ ਰਖਿਆ ਹੈ,ਉਹ ਭਲਾ ਮੇਰੀ ਭਲਾਈ ਅਤੇ ਆਪਣੇ ਮਾਂ ਪਿਉ ਦੀ ਬੁਰਾਈ ਬਾਬਤ ਸਲਾਹ ਦੇ ਸਕਦਾ ਹੈ ? ਜਿਹੜਾ ਆਪਣਾ ਕਿਲ੍ਹਾ ਨਹੀਂ ਸਾਂਭ ਸਕਿਆ, ਉਹ ਮੇਰੀ ਮੜੇਲੀ ਦਾ ਕੀ ਉਪਾਉ ਸੋਚ ਸਕਦਾ ਹੈ। ਫਿਰ ਕੀ ਕਰਾਂ, ਕਿਸ ਤੋਂ ਪੁੱਛਾਂ, ਕੌਣ ਸਲਾਹ ਦੇਵੇ? ਕਿਸਦਾ ਆਸਰਾ ਲੈਕੇ ਉੱਦਮ ਕਰਾਂ? (ਕੰਬਕੇ)ਹਾਇਰੋਲੀ ਬਣਕੇ ਤਾਂ ਜ਼ਿੰਦਗੀਨਹੀਂ ਕੱਟੀ ਜਾਣੀ। ਮਰ ਜਾਣਾ ਕਬੂਲ,ਪਰ ਸੈਂਕਣ ਦੀ ਗੋਲੀ ਬਣਨਾ ਕਦੀ ਮਨਜ਼ੂਰ ਨਹੀਂ। ਹਾਇ ਸੈਂਕਣ, ਸੈਂਕਣ ਤਾਂ ਕਦੀ ਮੱਖਣ ਦੀ ਵੀ ਨਹੀਂ ਸੁਖਾਈ।

ਇਸ ਵੇਲੇ ਅੱਖਾਂ ਤਰ ਹੋ ਗਈਆਂ, ਖੱਬੇ ਹੱਥ ਦੇ ਸਹਾਰੇ ਤੇ ਸਿਰ ਟਿਕਾਕੇ ਜਿਉਂ ਇਕ ਟਕ ਨਜ਼ਰ ਟਿਕਾਈ ਬਸ ਰਾਣੀ ਪੱਥਰ ਹੀ ਹੋ ਗਈ। ਸਾਸ ਤਾਂ ਆਉਂਦੇ ਹਨ,ਪਰ ਬਹੁਤ ਮੱਧਮ, ਹੋਰ ਸਾਰੇ ਸਰੀਰ ਦੇ ਅੰਗ, ਨਿਹਚਲ ਜੜ੍ਹ ਹੋਏ ਹੋਏ ਜਿੱਥੇ ਪਏ ਹਨ ਉਥੇ ਠਹਿਰੇ ਹੋਏ ਹਨ। ਜੇ ਕਦੀ ਇਸ ਵੇਲੇ ਸੋਚ ਅਤੇ ਚਿੰਤਾ ਇਸਨੂੰ ਦੇਖ ਲੈਣ ਤਾਂ ਹੈਰਾਨ ਹੋਕੇ ਕਹਿਣ ਕਿ ਹੈਂ!ਇਹ ਰਾਣੀ ਸਾਥੋਂ ਵੀ ਵਧ ਗਈ ਹੈ। ਇਕ ਅਡੋਲ ਸੰਗਮਰਮਰ ਦੀ ਮੂਰਤਿ ਵਾਂਗ ਬੈਠੀ ਹੋਈ ਸੀ ਕਿ ਅਚਾਨਕ ਵਜ਼ੀਰ ਆਜ਼ਮ, ਸਿਪਾਹਸਲਾਰ, ਮੱਦਾਰੁਲਮਹਾਮ,ਮਸ਼ੀਰੇ ਮਾਲ, ਸਾਲਾਰੇ ਜੰਗ ਜਨਰਲ ਗ਼ਰੂਰ ਖਾਨ ਬਹਾਦਰ ਬਿਜਲੀ ਦੀ ਤਰ੍ਹਾਂ ਆਨ ਧਮਕੋਰਾਣੀ ਦੀ ਪੱਥਰ ਸੂਰਤ ਦੇਖਕੇ ਪਹਲੇ ਤਾਂ ਘਬਰਾਏ ਫਿਰ ਚਮਕਕੇ ਗੱਜੋਰਾਣੀ ਸਾਹਿਬ! ਹਜ਼ੂਰ ਰਾਣੀ ਸਾਹਿਬ ! (ਜ਼ਰਾ ਹੱਥ ਨਾਲ ਹਿਲਾਕੇ) ਹਜ਼ੂਰ !(ਗੁਲਾਬ ਦਾ ਛੱਟਾ ਮਾਰਕੇ) ਹਜ਼ੂਰ! (ਲਖ-ਲਖਾ ਸੁੰਘਾ ਕੇ) ਜਨਾਬ ਰਾਣੀ ਸਾਹਿਬ!ਰਾਣੀ ਸਾਹਿਬ!ਰਾਣੀ ਸਾਹਿਬ ਕਹਿ ਹੀ ਰਹੇ ਸਨ ਕਿ ਰਾਣੀ ਸਾਹਿਬਾ ਨੇ ਸਿਰ ਚੁੱਕਿਆ। ਹੱਥ ਸੁੰਨ ਹੋ ਗਿਆ ਸੀ। ਗੋਲੀਆਂ ਨੇ ਝੱਟ ਪੱਟ ਅੱਖਾਂ ਪੂੰਝੀਆਂ, ਪੱਖਾ ਝੱਲਿਆ, ਹੱਥ ਦਬਾਇਆ, ਮੂੰਹ ਆਈਆਂ ਗੱਲਾਂ ਬਤੇਰੀਆਂ ਕਹੀਆਂ ।

ਗ਼ਰੂਰ ਖਾਨ ਬੋਲਿਆ—ਆਪ ਕਿਸ ਫਿਕਰ ਵਿਚ ਹੋ, ਇਸ ਲੜਾਈ ਦਾ ਫਿਕਰ ਹੀ ਕੀਹ ਹੈ?ਵਿਚਾਰੇ ਭੰਗੜ ਸਿੱਖਾਂ ਦੀ ਫੌਜ! ਜਿਹੜੇ ਕੀੜੀ ਦੁਖਾਉਣੀ ਵੀ ਪਾਪ ਸਮਝਦੇ ਹਨ । ਸੈਂਕੜੇ ਵਾਰ ਦੀਆਂ ਪੁਰਾਣੀਆਂ ਜੰਗਾਲ ਦੀਆਂ ਮਾਰੀਆਂ ਮੋਰਚਿਆਂ ਦੀਆਂ ਖਾਧੀਆਂ ਹੋਈਆਂ ਖੁੰਢੜੀਆਂ ਤਲਵਾਰਾਂ, ਜੋ ਸਾਗ ਵੀ ਨਹੀਂ ਚੀਰ ਸਕਦੀਆਂ । ਓਸ ਫੌਜ ਪਾਸੋਂ ਇੰਨਾ ਡਰਨਾ ਠੀਕ ਗਲ ਨਹੀਂ। ਓਹ ਗਵਾਰ ਲੋਕ ਜੰਗ ਦੇ ਦਾਉ ਘਾਉ ਕੀ ਜਾਣਨ। ਭੰਗਾਂ ਘੋਟੀਆਂ, ਬਾਟੇ ਭਰੇ ਤੇ ਪੀ ਛੱਡੇ । ਨੁਗਦਾ ਸੁੱਟਣ ਵੇਲੇ ਮੂੰਹੋਂ ਕਹਿ ਛੱਡਿਆ—ਔਹ ਮਾਰਿਆ ਪਿਆ ਹਈ ਤੁਰਕੜਾ। ਤੁਰਕੀ ਫੌਜ ਦਾ ਅਜੇ ਓਹਨਾਂ ਮੂੰਹ ਨਹੀਂ ਡਿੱਠਾ।

ਤੁਹਾਡੀ ਫੌਜ ਦਾ ਇਕ ਇਕ ਸਿਪਾਹੀ ਤੱਛਿਆ ਮੁੱਛਿਆ, ਬਾਂਕਾ, ਸਜੀਲਾ, ਫੁਰਤੀਲਾ, ਕਟੀਲਾ,ਹਠੀਲਾ,ਛੈਲ ਛਬੀਲਾ,

Digitized by Panjab Digital Library | www.panjabdigilib.org

ਤੇ ਨਸ਼ੀਲਾ ਹੈ। ਸ਼ਾਹ ਸਵਾਰੀ ਵਿਚ ਤਾਕ, ਤੀਰੰਦਾਜ਼ੀ ਅਤੇ ਨੇਜ਼ੇ ਬਾਜ਼ੀ ਵਿੱਚ ਬਡੇ ਚਾਲਾਕ। ਦੁਸ਼ਮਨਾਂ ਨੂੰ ਧੋਖਾ ਦੇਕੇ ਮਾਰ ਦੇਣ ਵਿਚ ਪੂਰੇ ਉਸਤਾਦ, ਛਾਪਾ ਮਾਰਨ ਵਿਚ ਬੜੇ ਪਰਬੀਨ ਤੇ ਮਾਰਕੇ ਭੱਜ ਜਾਣ ਵਿਚ ਸੰਸਾਰ ਵਿਚ ਪਰਸਿੱਧ ਹਨ। ਅਜਿਹੀ ਲੜਾਕੀ ਫੌਜ ਦੇ ਹੁੰਦਿਆਂ ਆਪਦਾ ਅਜਿਹੇ ਫਿਕਰ ਵਿਚ ਪੈਣਾ ਕਦੀ ਠੀਕ ਨਹੀਂ ਹੈ, ਸਗੋਂ ਬਹਾਦਰਾਂ ਦੀ ਦਲੇਰੀ ਤੋੜਨੀ ਹੈ। ਇਹ ਜੰਗ ਮੇਰੇ ਸਿਰ ਤੇ ਰਹਿਣ ਦਿਓ, ਆਪ ਬੇਫਿਕਰ ਹੋ ਜਾਓ, ਮੈਂ ਜਾਣਾਂ ਤੇ ਇਹ ਜੰਗ ਜਾਣੇ। ਤਿੰਨਾਂ ਤੋਪਾਂ ਵਿੱਚ ਜੇ ਸਾਰਾ ਜੰਗ ਫਤੇ ਨਾ ਕਰ ਦਿਆਂ ਤਾਂ ਮੇਰਾ ਨਾਉਂ ਗ਼ਰੂਰ ਖਾਂ ਨਹੀਂ। ਅੱਲਾ ਦੀ ਸੌਂਹ, ਆਪਦੇ ਰਿਜਕ ਦੀ ਸੁਗੰਦ, ਜੇ ਇਹ ਲੜਾਈ ਫਤਹ ਨਾ ਕਰਾਂ ਤਾਂ ਫਿਰ ਪਰਤਕੇ ਆਪਦੇ ਮੱਥੇ ਨਹੀਂ ਲੱਗਾਂਗਾ।

ਇਹ ਗੱਲਾਂ ਗ਼ਰੂਰ ਖਾਂ ਦੀਆਂ ਹੌਂਸਲੇ ਦੀਆਂ ਭਰੀਆਂ ਹੋਈਆਂ ਰਾਣੀ ਦੇ ਦਿਲ ਦਿਮਾਗ਼ ਨੂੰ ਧਿਰਾਸ ਦੇ ਗਈਆਂ। ਕੁਝ ਬਹਾਦਰੀ ਦੀ ਸੂਰਤ ਮੂਰਤ ਵਾਕਰ ਅੱਖਾਂ ਅੱਗੇ ਫਿਰਨ ਲੱਗੀ। ਸਿਪਾਹ ਸਾਲਾਰ ਦੀ ਕੁਝ ਵਡਿਆਈ ਕਰਕੇ ਸ਼ਾਬਾਸ਼ ਦਿੱਤੀ।

ਵਜ਼ੀਰ ਸਾਹਿਬ--ਹਜ਼ੂਰ ਮੈਂ ਬਹੁਤ ਕੁਛ ਬੰਦੋਬਸਤ ਕਰ ਚੁੱਕਾ ਹਾਂ, ਆਪ ਜ਼ਰਾ ਮੇਰੇ ਨਾਲ ਹੋਕੇ ਦੇਖੀਏ ਕਿ ਇਸ ਕਿਲ੍ਹੇ ਦਾ ਕੈਸਾ ਅਜੀਬ ਪ੍ਰਬੰਧ ਹੋ ਗਿਆ ਹੈ। ਸਿੰਘਾਂ ਦੀ ਫੌਜ ਕੀ, ਜੋ ਕਦੀ ਕੁਰਾਸਾਨ ਦੀ ਵੀ ਫੌਜ ਆਵੇ ਤਾਂ ਕਦੀ ਮੋਰਚੇ ਤੱਕ ਨਾ ਪਹੁੰਚ ਸਕੇ।

ਇਸ ਵੇਲੇ ਰਾਣੀ ਸੋਚਾਂ ਦੇ ਸਮੁੰਦਰ ਵਿੱਚੋਂ ਕੰਢੇ ਲੱਗੀ। ਫਿਕਰ ਦੀਆਂ ਛੱਲਾਂ ਤੋਂ ਆਰਾਮ ਵਿੱਚ ਆਈ। ਜਨਰਲ ਵਲ ਅੱਖਾਂ ਪਰਤਕੇ ਦੇਖਿਆ ਤਾਂ ਅਜੀਬ ਸੂਰਤ, ਮਾਨੋਂ ਬਹਾਦਰੀ ਆਪ ਦੇਹ ਧਾਰੇ ਰਾਣੀ ਦੇ ਅਦਬ ਵਿੱਚ ਖੜੋਤੀ ਹੈ। ਸਿਰ ਤੇ ਮਮਤਾ ਦਾ ਫੈਲਾਦੀ ਟੋਪ ਪਾਇਆ ਹੋਇਆ ਹੈ, ਸ੍ਵਾਦ ਦੇ ਬਰੀਕ ਜ਼ੰਜੀਰਾਂ ਦੀਆਂ ਸੰਗਲੀਆਂ ਦੀ ਉਣੀ ਹੋਈ ਫੈਲਾਦੀ ਸੰਜੋਅ ਪਹਿਰੀ ਹੋਈ ਹੈ। ਕੁਬੁੱਧ ਨਾਮੀ ਸ਼ਹਿਰ ਦੀ ਬਣੀ ਹੋਈ ਬੜੀ ਕਰੜੀ ਕਮਾਨ ਮੋਢੇ ਤੇ ਪਾਈ ਹੋਈ ਹੈ। ਤ੍ਰਿਸ਼ਨਾ ਦੇ ਤਿੱਖੇ ਅਣੀਆਂ ਵਾਲੇ ਤੀਰਾਂ ਨਾਲ ਭਰਿਆ ਭੱਥਾ ਲੱਕ ਨਾਲ ਬੱਧਾ ਹੋਇਆ ਹੈ। ਮਨਮਤ ਦਾ ਲੰਬਾ ਜੰਗੀ ਜੋੜਾ ਪਹਿਨਿਆਂ ਹੋਇਆ ਹੈ। ਕੁਬਚਨਾਂ ਦਾ ਲੰਬਾ ਨੇਜਾ ਹੱਥ ਵਿਚ ਹੈ। ਇਸ ਦੀ ਬਹਾਦਰਾਨਾ ਸੂਰਤ ਦੇਖਕੇ ਰਾਣੀ ਦੇ ਡਰੇ ਹੋਏ ਹੌਸਲੇ ਨੇ ਕਮਰ ਪੇਟੀ ਬੱਧੀ। ਉੱਠਕੇ ਜਨਰਲ ਦੇ ਨਾਲ ਬੰਦੋਬਸਤ ਦੇਖਣ ਲਈ ਤੁਰ ਪਈ। ਮਹੱਲ ਦੇ ਦਰਵਾਜ਼ਿਓਂ ਨਿਕਲਦਿਆਂ ਹੀ ਜਨਰਲ ਨੇ ਸਰਦਾਰ ਨਾਜ਼ ਖਾਂ, ਨਖ਼ਰੇ ਖਾਂ, ਸੂਬਕ ਖਾਂ ਨੂੰ ਬੁਲਵਾਇਆ ਤੇ ਕਿਹਾ ਜੋ ਅੱਜ ਮੌਕਿਆ ਬਣਿਆਂ ਹੈ, ਸਾਰੀ ਉਮਰ ਦਾ ਖਾਧਾ ਹੋਇਆ ਹਲਾਲ ਕਰੋ, ਫਿਰ ਇਜੇਹਾ ਵੇਲਾ ਹੱਥ ਨਹੀਂ ਆਉਣਾ। ਇਹ ਰਾਜਾ ਵਿਦੇਹ ਦਾ ਕਿਲ੍ਹਾ ਹੈ, ਇਸਨੂੰ ਅੱਜ ਤੱਕ ਕੋਈ ਦੇਹਧਾਰੀ ਨਹੀਂ ਜਿੱਤ ਸਕਿਆ ਅਤੇ ਨਾ ਹੀ ਕਿਸੇ ਪਾਸੋਂ ਇਹ ਫਤਹ ਹੋ ਸਕਦਾ ਹੈ। ਇਸ ਕਿਲੇ ਪਰ ਸਿੱਖਾਂ ਦਾ ਟੱਲਾ ਚੜ੍ਹਾਈ ਕਰਦਾ ਹੈ, ਜਿਹੜੇ ਭਾਰੀ ਭੰਗੜ ਗਿਣੇ ਗਏ ਹਨ। ਭੰਗ ਦਾ ਬਾਟਾ ਛਕਿਆ ਤੇ ਉਨ੍ਹਾਂ ਦੇ ਅੱਠ ਪਹਿਰ ਬੰਨੇ ਹੋ ਗਏ, ਜੇ ਜਾਗੇ ਤਾਂ ਅੱਠ ਪਹਿਰ ਝੋਕਾਂ ਖਾਦਿਆਂ ਲੰਘਗਏ।ਨਾ ਕਵਾਇਦ ਦੀ ਰੋਗਤਾ ਵਿੱਚਫਸੇ ਅਤੇ ਨਾ ਕਦੀ ਹਥਿਆਰ ਚੰਡਵਾਏ। ਨਿਰੇ ਭੰਗਾਂ ਦੇ ਨੁਗਦਿਆਂ ਨਾਲ ਤੁਰਕ ਮਾਰ ਛੱਡੇ। ਪਰ ਜਿਸ ਵੇਲੇ ਤੁਰਕਾਂ ਦੇ ਹੱਥ ਲੱਗਣਗੇ ਤਾਂ ਪੀਹੜੀਆਂ ਤੱਕ ਯਾਦ ਕਰਨਗੇ।

Digitized by Panjab Digital Library | www.panjabdigilib.org

ਜਲਦੀ ਕਰੋ ਹੱਲਾਸ਼ੇਰੀ ਦੇਕੇ ਬੁਰਜਾਂ ਪਰ ਤੋਪਾਂ ਚੜ੍ਹਵਾ ਦਿਓ। ਗੋਲਨਦਾਜ਼ਾਂ ਨੂੰ ਤਾਕੀਦ ਕਰੋ ਜੋ ਸ਼ਿਸਤਾਂ ਬੰਨ੍ਹ ਰਖਣ। ਯਾਦ ਰਹੇ ਦੁਸ਼ਮਨ ਨੂੰ ਮੜੋਲੀ ਦੀ ਹਦ ਤਕ ਨਹੀਂ ਵੜਨ ਦੇਣਾ ਬਾਹਰੋਂ ਬਾਹਰ ਉਨ੍ਹਾਂ ਦਾ ਕੰਘਾ ਕਰ ਸੁਟਣਾਹੈ।

ਏਥੋਂ ਚਲਕੇ ਇਕ ਸਰਦਾਰਾਂ ਦੇ ਜਥੇ ਕੋਲ ਪਹੁੰਚੇ। ਓਥੇ ਅਗੇ ਹੀ ਜੰਗ ਦੀ ਤਿਆਰੀ ਹੋ ਰਹੀ ਸੀ, ਜਨਰਲ ਅਤੇ ਰਾਣੀ ਸਾਹਿਬ ਨੂੰ ਦੇਖਕੇ ਸਭਨੇ ਸ਼ਾਹੀ ਸਲਾਮ ਕੀਤਾ। ਇਤਨ ਪਰ ਜਨਰਲ ਨੇ ਹਰ ਇਕ ਦਾ ਨਾਉਂ ਲੈਕੇ ਆਖਿਆ ਸਰਦਾਰ ਗ਼ਫਲਤ ਬੇਗ, ਕਾਹਲ ਖਾਂ, ਬੇਪਰਵਾਹ ਸ਼ਾਹ, ਮਸਤ ਸ਼ਾਹ, ਕੈਫ ਸ਼ਾਹ, ਝੁਰਮਟ ਸ਼ਾਹ, ਝੁੰਡ ਸ਼ਾਹ, ਸਤਰਸ਼ਾਹ, ਸ਼ੇਖ ਆਕੜ ਜਾਨ, ਮਿਰਜਾ ਉਕੜੂ ਬੇਗ, ਸ਼ੇਖ ਭਾਜ ਦੀਨ, ਆਗ਼ਾ ਮੰਦ ਹਸਨ ਖਾਨ, ਆਗਾ ਗੁਫਤਾਰ ਖ਼ਾਨ, ਆਗਾ ਤਾਉ ਖਾਨ, ਆਗ਼ਾ ਪੇਚ ਖ਼ਾਨ, ਆਗ਼ਾ ਤਨਜ ਖ਼ਾਨ, ਆਗ਼ਾ ਰਮਜ਼ ਖ਼ਾਨ, ਆਗ਼ਾ ਕਾਲੇ ਖ਼ਾਨ, ਆਗ਼ਾ ਸੁਫੈਦ ਖ਼ਾਨ, ਆਗ਼ਾ ਲਾਲ ਖ਼ਾਨ, ਆਗ਼ਾ ਚਸਮ ਖ਼ਾਨ, ਆਗ਼ਾ ਦਹਾਨ ਖ਼ਾਨ, ਸੱਭੇ ਇਸ ਵੇਲੇ ਦੀਨ ਦੀ ਕਸਮ ਖਾਓ ਜੋ ਸਿੱਖਾਂ ਨਾਲ ਇਸ ਜੰਗ ਵਿਚ ਓਹ ਕਰਨੀ ਹੈ ਜੋ ਇਕ ਵੇਰੀ ਛਠੀ ਦਾ ਦੁੱਧ ਯਾਦ ਆ ਜਾਵੇ। ਭਜਦਿਆਂ ਨੂੰ ਥਾਂ ਨਾ ਲੱਭੇ। ਇਹ ਗਲ ਤੁਸੀਂ ਸੱਭੇ ਜਾਣਦੇ ਹੀ ਹੋ, ਫਤਹ ਕਰਨ ਵਾਲਿਆਂ ਨੂੰ ਇਨਾਮ, ਤਮਗੇ, ਜਾਗੀਰਾਂ ਅਤੇ ਬਹਾਦਰੀਆਂ ਦੀਆਂ ਵਡਿਆਈਆਂ ਮਿਲਿਆ ਕਰਦੀਆਂ ਹਨ।

ਇੰਨੇ ਤਕ ਜਮਾਦਾਰ ਨੇ ਆਕੇ ਬੜੇ ਅਦਬ ਨਾਲ ਸਲਾਮ ਕੀਤਾ ਤੇ ਅਰਜ ਕੀਤੀ—ਹਜੂਰ! ਆਪ ਦੇ ਪ੍ਰਤਾਪ ਨਾਲ ਫੌਜ ਸਾਰੀ ਤਿਆਰ ਬਰ ਤਿਆਰ ਹੈ, ਗੋਲੀ ਬਾਰੂਦ ਵੰਡਿਆ ਗਿਆ। ਤੋਪਾਂ ਸਾਰਿਆਂ ਬੁਰਜਾਂ ਤੇ ਚੜ੍ਹ ਗਈਆਂ ਹਨ। ਮੋਰਚੇ ਬੰਦੀ ਹੋ ਗਈ ਹੈ। ਕੁਬੁਧਿ ਚਾਰ ਕਮਾਨ ਵਾਲੇ ਬੁਰਜ ਪਰ ਭੀ ਤੋਪ ਖਾਨਾ ਬੀੜਿਆ ਗਇਆ ਹੈ। ਜੇਵਰ ਖਾਨ ਸੂਬੇਦਾਰ ਬਹਾਦਰ ਦੀ ਨੌਕਰੀ ਫੌਜ ਸਮੇਤ ਕਿਲਿਓਂ ਬਾਹਰ ਤੈਨਾਤ ਕੀਤੀ ਗਈ ਤੇ ਲੜਾਈ ਦਾ ਮੁਢ ਤੇ ਮੋਹਰੇ ਹੋਕੇ ਲੜਨਾ ਉਸਦੇ ਸਪੁਰਦ ਕੀਤਾ ਗਇਆ ਹੈ!

ਅਤੇ ਸਰਦਾਰ ਬਹਾਦਰ ਤੇਵਰ ਖਾਨ ਮੇਜਰ ਸੂਬੇਦਾਰ ਦਰਵਾਜੇ ਦੇ ਉਪਰਲੇ ਬੁਰਜ ਪਰ ਤੈਨਾਤ ਕੀਤਾ ਗਇਆ ਹੈ ਤਾਂਕਿ ਉਪਰੋਂ ਹੀ ਦੁਸ਼ਮਨ ਤੇ ਵਾੜ ਝਾੜੇ। ਕਰਨੈਲ ਲਿਬਾਸਖਾਨ ਖਾਨ ਬਹਾਦਰ ਕਿਲੇ ਦੇ ਚੁਗਿਰਦੇ ਰਾਖੀ ਕਰਨ ਲਈ ਫੌਜ ਸਮੇਤ ਤੈਨਾਤ ਕੀਤਾ ਗਇਆ ਹੈ ਅਤੇ ਸੈਯਦ ਨਿਖਾਰ ਅਲੀਸ਼ਾਹ ਲਾਲ ਤੰਬੂ ਦੇ ਕੰਮ ਪਰ ਲਗਾਇਆ ਹੈ ਕਿ ਮੈਦਾਨ ਜੰਗ ਦੀ ਸਫਾਈ ਰਖੇ, ਕਿਸੇ ਜੰਗੀ ਸਿਪਾਹੀ ਦਾ ਮੁਰਦਾ ਫੌਜਾਂ ਦੀ ਲਿਤਾੜ ਹੇਠ ਨਾ ਆਉਣਾ ਪਾਵੇ। ਜਖਮੀ ਅਤੇ ਮੁਰਦੇ ਲਾਲਤੰਬੂ ਵਿਚ ਝਟਾ ਪਟ ਪਹੁੰਚਦੇ ਜਾਣ।

ਸਰ ਸਰਦਾਰ ਬਹਾਦਰ ਆਗ਼ਾ ਸ਼ਿੰਗਾਰ ਖਾਨ ਨਿਰੇ ਸੋਲਾਂ ਬਹਾਦਰਾਂ ਦੀ ਗਾਰਦ ਨਾਲ ਲੈਕੇ ਸਦਰ ਬਾਜ਼ਾਰ ਦੀ ਰਾਖੀ ਲਈ ਮੁਕਰਰ ਕੀਤੇ ਗਏ ਹਨ ਕਿ ਕੋਈ ਸੂੰਹੀਆਂ ਦੁਸ਼ਮਨਾਂ ਦਾ ਸੂੰਹ ਕੱਢਣ ਲਈ ਨਾ ਆਉਣਾ ਪਾਵੇ। ਸਰਦਾਰ ਆਗ਼ਾ ਹੁਸਨਖਾਨ ਤੇ ਸ਼ੇਖ ਜਮਾਲੁਦੀਨ ਦੋਨੋਂ ਸਰਦਾਰ ਕਮਾਨੀਅਰ ਮੁਕਰਰ ਕੀਤੇ ਗਏ ਹਨ। ਇਨ੍ਹਾਂ ਨੂੰ ਫੌਜ ਵੰਡ ਚੁੰਡ ਕੇ ਮੋਰਚਿਆਂ ਪਰ ਦਿੱਤੀ ਗਈ ਹੈ ਅਤੇ ਦੁਸ਼ਮਨ ਦੀ ਉਡੀਕ ਵਿਚ ਬੈਠੇ ਧੂੜ ਉਡਦੀ ਤੱਕ ਰਹੇ ਹਨ ਕਿ ਬਾੜ ਮਾਰੀਏ ਤੇ ਗਰਦ ਝਾੜਕੇ

Digitized by Panjab Digital Library | www.panjabdigilib.org

ਬਿਠਾ ਦੇਈਏ।

ਇੰਨਾਂ ਕੁਝ ਦੇਖ ਸੁਣਕੇ ਰਾਣੀ ਸਾਹਿਬ ਨੇ ਆਪਣੇ ਜਰਨੈਲ ਵਲ ਦੇਖਕੇ ਆਖਿਆ-ਖ਼ਾਨ ਬਹਾਦਰ ਜੀ! ਇਹ ਬੰਦੋਬਸਤ ਆਪਦੀ ਹਿੰਮਤ ਅਤੇ ਕੋਸ਼ਸ਼ ਨਾਲ ਬਹੁਤ ਠੀਕ ਹੋਇਆ ਹੈ, ਪਰ ਆਪ ਉਹਨਾਂ ਸਿੱਖਾਂ ਦੀ ਬਹਾਦਰੀ ਦੇ ਵਾਕਫ ਨਹੀਂ ਹੋ। ਜੇ ਇਕ ਵੀ ਉਸ ਫੌਜ ਦਾ ਸਰਦਾਰ ਉਪਰਾਮ ਸਿੰਘ ਅਥਵਾ ਵਿਰਾਗ ਸਿੰਘ ਜੇਹਾ ਆ ਪਿਆ, ਤਾਂ ਅਗੋਂ ਇਸ ਫੌਜ ਦੇ ਜੁਵਾਨਾਂ ਵਿਚੋਂ ਇਕ ਵੀ ਮੁਕਾਬਲਾ ਕਰਨ ਜੋਗਾ ਨਹੀਂ। ਓਹ ਸਿਖ ਲੋਕ ਲੋਹੇ ਦੇ ਢਲੇ ਹੋਏ ਲੋਹੇ ਦੇ ਸੱਚੇ ਹੁੰਦੇ ਹਨ ਅਤੇ ਉਨ੍ਹਾਂ ਨੇ ਲੋਹਾ ਹੀ ਧੋਕੇ ਪੀਤਾ ਹੋਇਆ ਹੁੰਦਾ ਹੈ। ਓਹ ਮਹਾਲੋਹ, ਸਰਬਲੋਹ ਦੇ ਪਿਆਰੇ ਹੋਣ ਕਰਕੇ ਬੜੇ ਜੰਗ ਬਹਾਦਰ ਹੁੰਦੇ ਹਨ। ਦੇਸ ਪਰਦੇਸ, ਸਿਆਲ, ਉਨ੍ਹਾਲ, ਪੱਧਰ, ਪਹਾੜਾਂ ਵਿਚ ਇਕੋ ਜੇਹੇ ਤੁਲਵੇਂ ਲੜਾਕੇ ਤੇ ਢਲਵੇਂ ਜਵਾਨ ਹੁੰਦੇ ਹਨ, ਜਿਨ੍ਹਾਂ ਦੀ ਸੁਭਾਵਕ ਬੋਲੀ ਵਿਚ ਇਕ ਨੂੰ ਸਵਾ ਲੱਖ ਕਹਿੰਦੇ ਹਨ। ਉਨ੍ਹਾਂ ਦੀਆਂ ਜੰਗਾ-ਲੀਆਂ ਤਲਵਾਰਾਂ ਅਤੇ ਭੰਗਦੇ ਨੁਸ਼ਾਦੇ ਲੋਕਾਂਦੇ ਲਈ ਮਖੌਲ ਹਨ, ਅਸਲ ਵਿਚ ਓਹ ਰਾਠ ਹਨ। ਇਹ ਆਪਣੀ ਫੌਜ ਜੋ ਇਸ ਕਿਲ੍ਹੇ ਤੋਂ ਬਾਹਰ ਕਦੀ ਨਹੀਂ ਗਈ ਉਨ੍ਹਾਂ ਬਹਾਦਰਾਂ ਦੇ ਸਾਮ੍ਹਣੇ ਲੜਨ ਵਿਚ ਕਦੀ ਪੂਰੀ ਨਹੀਂ ਢੁੱਕੇਗੀ ਅਤੇ ਨਾ ਹੀ ਇਸ ਸਾਮਾਨ ਨਾਲ ਫਤਹ ਦੀ ਪੂਰੀ ਉਮੈਦ ਹੋ ਸਕਦੀ ਹੈ।

ਗਰੂਰ ਖ਼ਾਨ ਜਨਰਲ–(ਹੱਥ ਜੋੜਕੇ) ਹਜ਼ੂਰ! ਇਸੇ ਫੌਜ ਤੇ ਬਸ ਨਹੀਂ ਹੈ, ਹੋਰ ਛੇੜ ਦਾ ਬੰਦੋਬਸਤ ਭੀ ਕੀਤਾ ਗਿਆ ਹੈ। ਬਾਹਰੋਂ ਪਿੰਡਾਂ ਵਿਚੋਂ ਜੇਹੜੇ ਕੋਈ ਲੋਕ ਸਿੱਖਾਂ ਦੇ ਹੱਥੋਂ ਸਤੇ ਹੋਏ ਹਨ ਬਹੁਤ ਸਾਰੇ ਕੁਮਕ ਲਈ ਆ ਰਹੇ ਹਨ, ਜਿਨ੍ਹਾਂ ਦੇ ਸਰਦਾਰ ਬੜੇ ਨਾਮੀ ਗਰਾਮੀ ਬਹਾਦਰ ਹਨ। ਗਰੀਬ ਨਿਵਾਜ ਜੀ! ਸਿੱਖਾਂ ਨੇ ਕਿਲ੍ਹੇ ਦੇ ਦਰਵਾਜ਼ੇ ਤੱਕ ਵੀ ਨਹੀਂ ਪਹੁੰਚਣਾ, ਬਾਹਰਲੀ ਫੌਜ ਬਾਹਰ ਹੀ ਕੰਘਾ ਕਰ ਛਡੇਗੀ। ਆਪ ਦੇ ਗੁਆਂਢ ਹੀ ਰਹਿਣ ਵਾਲਾ ਸਯਦ ਜ਼ੁਲਮਤ ਫਰੇਬ ਸ਼ਾਹ ਮਕਾਰ, ਬੜਾ ਨਾਮੀ ਗਰਾਮੀ ਬਹਾਦਰ ਸਾਰੇ ਬਾਹਰੇ ਵਿਚ ਮੰਨਿਆਂ ਪਰਮੰਨਿਆ ਇਕ ਕਾਇਆਂ ਦਾ ਆਦਮੀ ਹੈ। ਦੂਜਾ ਪੀਰ ਬਦਨੀਯਤ ਸ਼ਾਹ ਭੀ ਘੱਟ ਨਹੀਂ। ਅੱਲਾ ਦੀ ਸੁਗੰਦ ਅਜ ਤਕ ਇਸਦੇ ਮੁਕਾਬਲੇ ਆਕੇ ਕੋਈ ਸਾਬਤ ਨਹੀਂ ਗਇਆ। ਤੀਜੇ ਦੁਸ਼ਟ ਖਾਨ ਪਠਾਨ, ਜਿਸਤੋਂ ਸਾਰਾ ਇਲਾਕਾ ਥਰ੍ ਥਰ੍ ਕੰਬਰਹਿਆ ਹੈ। ਚੌਥੇ ਸ਼ੇਖ ਅਯਾਸ਼ੁ ਦੀਨ ਕੱਜ਼ਾਕ ਜਿਸਦੀ ਮੁਲਕਾਂ ਮੁਲਕਾਂ ਵਿਚ ਆਨ ਮੰਨੀ ਜਾਂਦੀ ਹੈ। ਕੌਣਦੁਹਾਂ ਸਿਰਾਂ ਵਾਲਾ ਜੰਮਿਆ ਹੈ ਜੋ ਹਥਯਾਰ ਬੰਨ੍ਹਕੇ ਇਸਦੇ ਸਾਹਮਣੇ ਆ ਸਕੇ। ਪੰਜਵੇਂ ਮਿਰਾਸੀ ਦਰੋਗਸ਼ਾਹ, ਇਸ ਬਹਾਦਰ ਦੀ ਸਿਫਤ ਕੌਣ ਕੀ ਕਰ ਸਕਦਾ ਹੈ? ਇਸਦੇ ਜੇਹਾ ਏਹੋ ਇੱਕੋ ਦੁਨੀਆਂ ਵਿਚ ਪੈਦਾ ਹੋਇਆ ਹੈ। ਜਿਸ ਦਾ ਸਿੱਕਾ ਸਾਰੇ ਚੱਲ ਰਿਹਾ ਹੈ। ਛੇਵਾਂ ਰੰਘੜ ਬੇਹਯਾ ਖਾਨ ਸਿਫਲਾ, ਜਿਸ ਤੋਂ ਸਾਰਾ ਜਹਾਨ ਮਾਰੇ ਸ਼ਰਮ ਦੇ ਸ਼ਰਮਿੰਦਾ ਹੈ। ਮੁਕਾ-ਬਲੇ ਦੀ ਕੀ ਗਲ, ਕੋਈ ਹਵਾ ਤਕ ਨਹੀਂ ਪਹੁੰਚ ਸਕਦਾ। ਇਜੇਹੇ ਬਹਾਦਰਾਂ ਦੀ ਫੌਜ ਚੁਤਰਫਿਓਂ ਬੱਦਲਾਂ ਵਾਂਗ ਉਮਡੀ ਚਲੀ ਆਉਂਦੀ ਹੈ। ਆਪ ਏਵੇਂ ਹੌਸਲਾ ਹਾਰੀਜਾਂਦੇ ਹੋ। ਜ਼ਰਾਂ ਦੇਖੋ ਤਾਂ ਸਹੀ ਸਾਡੇ ਸੂਰਮਿਆਂ ਦੇ ਹੱਥ, ਜੇ ਸਿਖ ਮੂੰਹ ਵਿਚ ਘਾਹ ਲੈ ਕੇ ਪਨਾਹ ਮੰਗਣ ਨਾ ਆਉਣ ਤਾਂ ਕਹਿਣਾ। ਇਕਵਾਰੀ ਜੰਗ ਛਿੜ ਲਵੇ ਫਿਰ ਦੇਖਣਾ ਕਿਸ ਤਰ੍ਹਾਂ ਜ਼ਮੀਨ ਵਿਚੋਂ ਦਰਖਤਾਂ ਵਾਕਰ ਬਹਾਦਰ ਪੈਦਾ ਹੁੰਦੇ ਹਨ।

Digitized by Panjab Digital Library | www.panjabdigilib.org

ਜਨਰਲ ਗਰੂਰਖਾਂ ਇਹ ਕਹਿੰਦਾ ਹੋਇਆ ਰਾਣੀ ਸਾਹਿਬ ਨੂੰ ਨਾਲ ਲੈਕੇ ਉਪਰ ਕਬੁਧ ਚਾਰ ਕਮਾਨ ਵਾਲੇ ਚਬੂਤ੍ਰੇ ਪਰ ਚੜ੍ਹ ਗਿਆ। ਕਿਲ੍ਹੇ ਦੇ ਚਵ੍ਹੀਂ ਲਾਂਭੀਂ ਨਜ਼ਰ ਫੇਰਕੇ ਬੜੀ ਪ੍ਰਸੰਨਤਾ ਨਾਲ ਹੱਸਿਆ ਅਤੇ ਕਹਿਣ ਲੱਗਾ— ਹਜ਼ੂਰ!ਜ਼ਰਾ ਦੇਖੀਏ,ਰੰਘੜਾਂ ਰਾਜਪੂਤਾਂ ਅਤੇ ਗੁਜਰਾਂ ਦੀ ਬਾਹਰਲੀ ਭੀੜ ਕਿਸ ਤਰ੍ਹਾਂ ਚੁਤਰਫਿਓਂ ਝੁਕੀ ਚਲੀ ਆਉਂਦੀ ਹੈ । ਦੂਰ ਦੂਰ ਤਕ ਧੂੜ ਉਡਦੀ ਪ੍ਰਤੀਤ ਹੁੰਦੀ ਹੈ। ਔਹ ਦੇਖੋ ਰਾਣੀ ਸਾਹਿਬ ਕਿਲ੍ਹੇ ਦੇ ਸਜੇ ਪਾਸੇ ਵੱਲ, ਰਾਠੌਰ ਰਾਜਪੂਤ ਮਹਾਰਾਜਾ ਮਹਾਮੋਹ ਰਾਜ ਬਹਾਦਰ, ਜੋ ਕਦੀ ਕਿਸੀ ਜੰਗ ਵਿਚ ਨਹੀਂ ਹਾਰਿਆ, ਉਹ ਕੌਣ ਹੈ, ਜਿਸ ਨੇ ਇਸ ਦਾ ਸਾਇਆ ਸਿੱਕਾ ਨਹੀਂ ਮੰਨਿਆ। ਆਪਣਾ ਕੈਂਪ (ਤੰਬੂ) ਮਾਇਆ ਆਦੀ ਆੜ (ਛਾਇਆ) ਹੇਠ ਲਗਾ ਰਿਹਾ ਹੈ। ਤ੍ਰਿਗੁਣੀ ਖਾਈ ਖੁਦਵਾ ਕੇ ਵਿਚਕਾਰ ਦ੍ਵੈਤ ਦਾ ਬਜ੍ਰਹ (ਕਿਲ੍ਹਾ) ਬਣ ਰਿਹਾ ਹੈ। ਦੇਖੀਏ ਬਜ੍ਰਹ (ਕਿਲ੍ਹੇ) ਦਾ ਦਰਵਾਜ਼ਾ ਕੈਸਾ ਸ਼ੋਭਨੀਕ, ਪਵਿੱਤ੍ਰ ਅਤੇ ਸ਼ੁੱਧ ਪਾਪ ਦਾ ਰੂਪ ਰੱਖਿਆ ਹੈ। ਕਾਮ ਦੇ ਤਖਤਿਆਂ ਨਾਲ ਅਚਰਜ ਹੀ ਸਜਾਇਆ ਹੋਇਆ ਹੈ । ਦੁਖਰਾਮਦਾਸ ਦਰੋਗਾ, ਜਿਸਦਾ ਪ੍ਰਸਿੱਧ ਨਾਉਂ ਸੁਖਰਾਮ ਦਾਸ ਕਰਕੇ ਕਹਿੰਦੇ ਹਨ, ਦਰਵਾਨ ਮੁਕਰਰ ਕੀਤਾ ਹੋਇਆ ਹੈ। ਇਸ ਰਾਠੌਰ ਰਾਜੇ ਦਾ ਵਜ਼ੀਰ ਕ੍ਰੋਧ ਚੰਦ੍ ਨਾਮੀ ਚੰਬਜਾਲ ਰਾਜਪੂਤ ਹੈ ਜੋ ਅੱਗ ਦਾ ਅਲਾਂਬਾ,ਬੜਾ ਖ਼ਰ੍ਹਦੀ,ਭਾਰੀ ਫਸਾਦੀ,ਅਕਾਰਣ ਕ੍ਰੋਧੀ ਹੈ ਅਤੇ ਜਿਸਦੇ ਮੱਥੇ ਦੇ ਵੱਟ ਕਦੀ ਲੱਥੇ ਹੀ ਨਹੀਂ । ਇਹੋ ਬਹਾਦਰ ਇਸਦੀ ਫੌਜ ਦਾ ਸਿਪਾਹ ਸਾਲਾਰ ਹੈ। ਇਹ ਸ਼ੂਰਮਾਂ ਹਰ ਵੇਲੇ ਸ਼ਾਦੀਕ ਦੇਸ਼ ਦੇ ਲੋਹੇ ਦਾ ਬਣਿਆਂ ਹੋਇਆ ਸੰਜੋਅ ਪਹਿਨੀ ਰੱਖਦਾ ਹੈ ਅਤੇ ਇਸਨੇ ਮਮਤਾ ਦਾ ਪੱਕਾ ਫੌਲਾਦੀ ਟੋਪ ਸਿਰ ਤੇ ਪਾਇਆ ਹੈ, ਜਿਸ ਨਾਲ ਹੋਰ ਵੀ ਭਾਰੀ ਕੱਦਾਵਰ ਜਵਾਨ ਪ੍ਰਤੀਤ ਹੁੰਦਾ ਹੈ।ਖੋਟੀ ਮਤਿ ਦੀ ਕਰੜੀ ਕਮਾਨ ਠੀਕ ਚੌਦਾਂ ਟਾਂਕ ਦੀ ਖਾਸ ਲਜਾਹੌਰ ਦੇ ਕਾਰੀਗਰਾਂ ਦੀ ਬਣਾਈ ਹੋਈ ਇਸਦੇ ਪਾਸ ਹੈ, ਜਿਸ ਨੂੰ ਬਿਨਾਂ ਇਸ ਕ੍ਰੋਧ ਚੰਦ ਬਹਾਦਰ ਦੇ ਹੋਰ ਕੋਈ ਖਿੱਚ ਨਹੀਂ ਸਕਦਾ। ਤ੍ਰਿਸ਼ਨਾਂ ਦੇ ਅਨੇਕਾਂ ਰੰਗਾਂ ਦੇ ਜੌਹਰਾਂ ਦੀਆਂ ਪਾਣਾਂ ਦੇਕੇ ਚੰਡੇ ਹੋਏ ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਬੰਨ੍ਹੀ ਖਲੋਤਾ ਹੈ। ਮੱਥੇ ਤੇ ਤਿਊੜੀ ਚੜ੍ਹਾਏ ਆਪਣੇ ਨਾਮੀ ਗਰਾਮੀ ਸਰਦਾਰਾਂ ਪੰਜੇ ਤੱਤ, ਪੰਝੀ ਪ੍ਰਕ੍ਰਿਤੀਆਂ, ਆਦਿਕਾਂ ਨੂੰ ਡਾਂਟ ਰਿਹਾ ਹੈ।

ਇਹ ਰਾਜਪੂਤ ਬਾਂਕੀਆਂ ਮੁੱਛਾਂ ਵਾਲੇ ਜਗਤ ਵਿਚ ਬਡੇ ਉੱਘੇ ਸ਼ੂਰਮੇ ਹਨ, ਜਿਨ੍ਹਾਂ ਨੇ ਜੰਗ ਵਿਚ ਆਕੇ ਕਦੀ ਪਿੱਠ ਨਹੀਂ ਦਿਖਾਈ। ਸੈਂਕੜੇ ਹਜ਼ਾਰਾਂ ਲੜਾਈਆਂ ਦੇ ਮਾਅਰਕੇ ਜਿਨ੍ਹਾਂ ਜਿੱਤੇ ਹੋਏ ਹਨ, ਬੜੇ ਉੱਘੇ ਅਤੇ ਪ੍ਰਸਿੱਧ ਹਨ। ਲਓ ਰਾਣੀ ਜੀ ਜ਼ਰਾ ਖੱਬੇ ਹਥ ਵਲ ਦੇਖਣਾ। ਆਪ ਦੇ ਦਿਨ ਤਾਂ ਖ਼ੁਦਾ ਵੱਲੋਂ ਆਪੇ ਹੀ ਸੁਤ ਹੁੰਦੇ ਜਾਂਦੇ ਹਨ। ਔਹ ਦੇਖੋ,ਆਸਮਾਨੀ ਰੰਗ ਦਾ ਤੰਬੂ। ਇਹ ਕਲਹ ਕਾਰ ਨਾਮੀ ਇਕ ਜਿੰਨਣੀ ਦਾ ਹੈ। ਇਸਦੇ ਪਾਸ ਇਕ ਐਸਾ ਅਚਰਜ ਸ਼ੂਰਮਾ ਹੈ, ਜਿਸ ਕਰਕੇ ਇਸਨੂੰ ਕੋਈ ਨਹੀਂ ਦੇਖ ਸਕਦਾ,ਪਰ ਇਹ ਸਭ ਨੂੰ ਦੇਖਦੀ ਹੈ। ਇਹ ਹੋਰਨਾਂ ਸ਼ੂਰਮਿਆਂ ਨਾਲੋਂ ਬਡੀ ਬਹਾਦਰ ਹੈ।ਇਸਨੇ ਚੌਦਾਂ ਲੋਕਾਂ ਵਿਚ ਇਨਾ ਜਿੱਤੇ ਕਿਸੇ ਨੂੰ ਨਹੀਂ ਛਡਿਆ। ਕੋਈ ਹਥਯਾਰ ਐਸਾ ਬਾਕੀ ਨਹੀਂ ਰਿਹਾ ਜੋ ਏਹ ਨਾ ਚਲਾ ਸਕਦੀ ਹੋਵੇ। ਕੋਈ ਦੇਸ਼ ਅਰ ਰਾਜ ਐਸਾ ਨਹੀਂ ਜਿੱਥੇ ਇਸਦਾ ਡਰ ਨਾ ਹੋਵੇ।

Digitized by Panjab Digital Library | www.panjabdigilib.org

ਇਸਦਾ ਇਕ ਪੁਤ੍ਰ ਵਿਦ੍ਰੋਹ ਨਾਮੀ ਬੜਾ ਪ੍ਰਸਿੱਧ ਹੈ, ਜਿਸਦਾ ਦੋਖ ਨਾਮੀ ਇਕ ਜਿੰਨ ਮਿੱਤ੍ਰ ਹੈ। ਇਸ ਕਲਹਕਾਰ ਦੀ ਇਕ ਈਰਖਾ ਨਾਮੀ ਧੀ ਹੈ, ਜਿਹੜੀ ਅਜੇ ਤਕ ਕਿਤੇ ਵਰ ਘਰ ਨਾ ਮਿਲਣੇ ਕਰਕੇ ਆਪਣੀਆਂ ਪੰਜ ਸਖੀਆਂ ਨਾਲ ਕੁਆਰੀ ਹੀ ਖੇਡਦੀ ਫਿਰਦੀ ਹੈ: ਚੁਗਲੀ ੧, ਬਖੀਲੀ ੨, ਨਿੰਦਾ ੩, ਹਿੰਸਾ ੪ ਤੇ ਤਾਤ ੫। ਇਹ ਇਸਦੀਆਂ ਸਹੇਲੀਆਂ ਵਡੀਆਂ ਉੱਘੀਆਂ ਹਨ ਤੇ ਇਨ੍ਹਾਂ ਦੀ ਵਡਿਆਈ ਕੋਈ ਛਿਪੀ ਨਹੀਂ। ਇਸ ਕਲਹਕਾਰ ਦੇ ਘਰ ਜਿਸ ਦਿਨ ਇਹ ਭਾਗ ਸੁਲਖਾਂ ਚੰਗੇ ਪੈਰੇ ਵਾਲੀ, ਕਦਮ ਸੁਲੱਖਣੀ ਜਨਮੀ ਓਸੇ ਦਿਨ ਤੋਂ ਇਸਦਾ ਆਪਣੇਪਤੀ ਕਲਿਜੁਗ ਨਾਲ ਵਿਦ੍ਰੋਹ ਹੋ ਗਿਆ।

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥ ੧ ॥

[ਵਾਰ ਬਿਹਾਗੜਾ ਮਃ ੧

ਏਸੇ ਦੇ ਹੋਰ ਖਬੇ ਪਾਸੇ ਵਲ ਦੇਖੀਏ ਇਕ ਧੁਆਂਖਿਆ ਹੋਇਆ ਡੇਰਾ ਸਿੰਙਾਂ ਦੀਆਂ ਕਲਸੀਆਂ ਵਾਲਾ ਦਿੱਸ ਰਹਿਆ ਹੈ। ਏਹ ਰਾਜਾਧਿਰਾਜ ਮਹਾਰਾਜ 'ਕਲਜੁਗ ਦੇਵ' ਦਾ ਡੇਰਾ ਹੈ। ਇਹ ਆਪਣੀ ਫੌਜ ਅਤੇ ਮੰਤ੍ਰੀਆਂ ਸਮੇਤ ਇਸ ਵੇਲੇ ਵਿਦਮਾਨ ਹੈ। ਮੰਤ੍ਰੀਆਂ ਦੀ ਅਤੀ ਪਰਬੀਨਤਾ ਦੇ ਕਾਰਨ ਇਸਦਾ ਝੰਡਾ ਤੇ ਪ੍ਰਤਾਪ ਦਸੋ ਦਿਸ਼ਾਂ ਵਿਚ ਫੈਲ ਰਿਹਾ ਹੈ। ਇਨ੍ਹਾਂ ਵਿਚੋਂ ਪਹਿਲਾ ਮੰਤ੍ਰੀ ਸਰਬ ਗੁਣ ਸੰਪੰਨ ਸਰਬ ਕਲਾ ਪ੍ਰਬੀਨ 'ਮਿਥਜਾ ਚਾਰ ਦੇਵ' ਨਾਮੀ ਬੜਾ ਸੂਰਬੀਰ ਹੈ। ਦੂਜਾ ਮੰਤ੍ਰੀ ਇਸਦਾ ਸਰਬ ਗੁਣ ਗੁਣਾਲੰਕ੍ਰਿਤ ਸ੍ਰੀ ਮਾਨ 'ਅਤੀਚਾਰ ਦੇਵ' ਬੜਾ ਬਿਖਯਾਤ ਬੀਰ ਹੈ। ਤੀਜਾ ਮੰਤ੍ਰੀ ਮਹਾ ਮਹਾਸ਼ਯ 'ਬਿਕਾਰਦੇਵ' ਬਹਾਦਰ ਹੈ। ਚੌਥਾ ਮੰਤ੍ਰੀ ਇਸਦਾ ਸੋਲਾਂ ਕਲਾ ਸੰਪੂਰਨ ਸ੍ਰੀ 'ਬਿਭਚਾਰ ਦੇਵ' ਹੈ, ਪੰਜਵਾਂ ਮੰਤ੍ਰੀ ਸਰਬੋਪਰੀ ਬਿਰਾਜਮਾਨ 'ਕਪਟ ਬਿਹਾਰਦੇਵ' ਕਰਕੇ ਪ੍ਰਸਿੱਧ ਹੈ। ਛੇਵਾਂ ਮੰਤ੍ਰੀ ਮਹਾ ਮਹਾਨ ਅਛੂਤ ਨੀਤਿ ਨਿਪੁਨ 'ਬਿਖ ਸੰਚਾਰ ਦੇਵ' ਨਾਮ ਕਰਕੇ ਸਾਰੇ ਉੱਘਾ ਹੈ। ਸੱਤਵੇਂ ਮੰਤ੍ਰੀ 'ਅਪਮਾਨ ਦੇਵ' ਜੀ ਬੜੇ ਉੱਤ੍ਰ ਉਤਕਟ (ਮਸ਼ਹੂਰ) ਮੂਰਤੀ ਵਾਲੇ ਹਨ। ਅੱਠਵੇਂ ਮੰਤ੍ਰੀ ਬੀਰ ਬਹਾਦਰ ਸਰਬ ਕਲਾ ਸਮਰੱਥ 'ਅਨਰਥ ਦੇਵ' ਜੀ ਵਿਦਮਾਨ ਹਨ। ਨਾਵੇਂ ਮੰਤ੍ਰੀ ਸਭ ਤੋਂ ਸ੍ਰੇਸ਼ਟ ਮੂਰਤੀ 'ਵਿਸਾਹਘਾਤ' ਨਾਮੀ ਹਨ। ਦਸਵੇਂ ਮੰਤ੍ਰੀ ਜੀ ਬੜੇ ਚਤੁਰ 'ਮਿੱਤ੍ਰ ਘਾਤ' ਜੀ ਕਰਕੇ ਪ੍ਰਗਟ ਹਨ। ਯਾਰ੍ਹਵੇਂ ਮੰਤ੍ਰੀ 'ਸ੍ਵਾਮਿਘਾਤ' ਨਾਮ ਕਰਕੇ ਰਾਜ ਸ਼੍ਰੇਣੀ ਵਿਚ ਪ੍ਰਚੁਰ ਹਨ। ਬਾਰ੍ਹਵੇਂ ਮੰਤ੍ਰੀ ਮਹਾਨ ਸ਼ਾਂਤਿਮੂਰਤੀ, ਪਰਉਪਕਾਰੀ, ਧੈਰਜ ਅਤੇ ਸਾਹਸ ਦਾ ਪੁੰਜ, 'ਆਤਮਘਾਤ' ਨਾਮ ਕਰਕੇ ਪ੍ਰਤੱਖ ਹਨ। ਤੇਰ੍ਹਵੇਂ ਤਿੰਨ ਭ੍ਰਾਤਾ ਇਕ ਮੰਤ੍ਰੀ ਪਦ ਪਰ ਬਿਰਾਜਮਾਨ ਹਨ, ਯੁਕਤੀ, ਉਕਤੀ, ਹਾਜ਼ਰ ਜਵਾਬੀ ਵਿਚ ਬੜੇ ਨਿਪੁਨ ਹਨ। ਤਰਕਵਾਦ ੧, ਵਿਤੰਡਾ ਵਾਦ ੨ (ਅਕਾਰਥ ਝਗੜਾਲੂ) ਮਿਥਜਾਵਾਦ ੩ ਨਾਮ ਕਰਕੇ ਕਹੇ ਜਾਂਦੇ ਹਨ। ਇੱਕੁਰ ਹੀ ਦੇ ਮੰਤ੍ਰੀ ਮਹਾਂ ਮਹੋਪਾਧਜਾਇ ਸ੍ਵਾਮੀ 'ਵਾਚ ਗਜਾਨ' ਅਤੇ ਸ੍ਵਾਮੀ 'ਧੋਖਾ ਗਜਾਨ' ਜੀ ਬੀ ਨਾਲ ਹੀ ਹਨ। ਇੱਕੁਰ ਹੀ ਉਪਮੰਤ੍ਰੀ ਜੀ ਮਹਾਰਾਜ ਸ੍ਰੀ 'ਕ੍ਰਿਤਘਨ ਦੇਵ' ਬਿਰਾਜਮਾਨ ਹਨ।

ਇਸ ਰਾਜਾ ਦੀ ਫੌਜ ਦਾ ਕੋਈ ਹਦ ਹਿਸਾਬ ਨਹੀਂ। ਕੋਈ ਕੋਈ ਸੂਰਮੇਂ ਵਿਚ ਬੜੇ ਨਾਮੀ ਗਰਾਮੀ ਹਨ। ਜੇਹਾਕੁ ਕੁਚੀਲ, ਛੁਧਾ, ਦਲਿੱਦ੍ਰ, ਝੂਠ, ਬ੍ਰਹਮ ਦੋਖ, ਅੰਨ ਦੋਖ, ਨਿਹਲਾਜਾ, ਭਰਮ ਦੇਵ, ਆਪਦ ਦੇਵ,

Digitized by Panjab Digital Library | www.panjabdigilib.org

ਕੁਮੰਤ੍ਰ ਦੇਵ, ਅਸ਼ੁਭ ਦੇਵ, ਅਸੰਤੋਖ ਦੇਵ, ਅਪਰਾਧ ਦੇਵ, ਘਾਤ ਦੇਵ, ਉਚਾਟ ਦੇਵ, ਰਾਜ ਦੋਖ, ਅਨਾਸੋਚ, ਬਜੋਗ ਦੇਵ, ਕਲੇਸ਼ ਦੇਵ, ਮਿੱਤ੍ਰਦੋਖ, ਅਕਾਰਣ ਦੋਖ, ਪ੍ਰਜਾ ਦੋਖ, ਆਦਿਕ ਹਨ।

ਇਸ ਰਾਜਾਧਿਰਾਜ ਮਹਾਰਾਜ ਕਲਿਜੁਗ ਦੇਵ ਦੇ ਤੇਜ ਪ੍ਰਤਾਪ ਦੇ ਅੱਗੇ ਇਹ ਵਿਚਾਰੇ ਸਿਖੜੇ ਨੰਗਾਂ ਭੁੱਖਾਂ ਦੇ ਮਾਰੇ ਹੋਏ ਸਤਸਿੰਘ, ਤਪ ਸਿੰਘ, ਦਾਨ ਸਿੰਘ, ਹਠ ਸਿੰਘ, ਪ੍ਰਤਿ· ਸਟਾ ਸਿੰਘ, ਸੰਜਮ ਸਿੰਘ, ਜੇਹੇ ਆਪੋ ਅਪਣੀ ਥਾਉਂ ਤੇ ਏਵੇਂ ਮਾਰੇ ਡਰ ਦੇ ਪਏ ਥਰਨ ਥਰਨ ਕੰਬਦੇ ਹਨ* ।

*ਕਿਤੈ ਦੇਸਿ ਨ ਆਇਆ ਸੁਣੀਐ ਤੀਰਥਿ ਪਾਸਿ ਨ ਬੈਠਾ॥੨॥ ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥ ੨ ॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥ ਜੇ ਕੋ ਨਾਉ ਲਏਬਦਨਾਵੀ ਕਲਿ ਕੇ ਲਖਣ ਏਈ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੋਹੁ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥ ੪ ॥ ਆਧੁ ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥ ੧ ॥ ਰਹਾਉ ॥ ਕਲਿ ਕਲਿਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥ ੫ ॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥ ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂੰ ਏਕੋ [ਬਾਕੀ ਟੂਕ ਦੇਖੋ, ਦੂਜੇ ਅੱਧ ਹੇਠ]

ਰਾਣੀ ਸਾਹਿਬ! ਚਾਰੇ ਬਰਨ, ਚਾਰੇ ਆਸ਼੍ਰਮ ਛੀਏ ਦਰਸਨ ਅਤੇ ਬੜੇ ਤੋਂ ਬੜੇ ਸਿਆਣੇ ਚਤੁਰ ਚਾਲਾਕ ਸਭ ਇਸਦੇ ਰਾਜ ਦੀਆ ਈਨਾਂ ਮੰਨਦੇ ਹਨ । ਇਸਦੇ ਪੰਜੇ ਪੈਂਚ ਬੜੇ ਸੂਰਬੀਰ ਬਹਾਦਰ ਕਿਸੇ ਦੇ ਕਾਬੂ ਨਹੀਂ ਆਉਂਦੇ। ਏਹ ਵੱਡੀ ਭਾਰੀ ਕੌਮ ਦੇ ਸੂਰਮੇ ਹਨ, ਫੌਜ ਇਨ੍ਹਾਂ ਦੀਬੜੀ ਹਠੀਲੀਹੈ*, ਜਿਨ੍ਹਾਂ

*ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰਤਲੀ ਰੇ ॥ ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥ ੧ ॥ ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥ ੧ ॥ ਰਹਾਉ ॥ ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ ਕਹੁ ਨਾਨਕ ਤਿਨਿ ਜਨਿ ਨਿਰ ਦਲਿਆ ਸਾਧ ਸੰਗਤਿ ਕੈ ਝਲੀ ਹੈ ॥ ੨ ॥ ੩ ॥ ੧੩੨ ॥ [ਆਸਾ ਮਃ ੫

ਤਥਾ-ਕਲਿਹੋਈ ਕੁਤੇ ਮੁਹੀ ਖਾਜੁਹੋਆਮੁਰਦਾਰੁ ॥ ਕੂੜ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥ ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ ॥ ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥ ੧ ॥ ਮਃ ੧ ॥ ਰੈਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚਭੰਨੀ ਖਾਣਾ ਖਾਜੁ ਅਹਾਜੁ ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥ ੨ ॥ [ਸਾਰੰਗ ਵਾਰ ਮਃ ੧

[ਪਹਿਲੇ ਅੱਧ ਦੀ ਬਾਕੀ ਟੂਕ]
ਜਾਣੁ ॥ ੭ ॥ ਨਾਨਕ ਨਾਮੁ ਮਿਲੈ ਵਡਿਆਈ ਏਵੈ ਊਪਰਿ ਕਰਮੁ ਨਹੀ ॥ ਜੋ ਘਰਿ ਹੋਦੈ ਮੰਗਣਿ ਜਾਈਐ ਫਿਰਿਓਲਾਮਾ ਮਿਲੈ ਤਹੀ ॥ ੮ ॥ ੧ ॥ [ਰਾਮ: ਮਃ ੧ ਅਸ:

Digitized by Panjab Digital Library | www.panjabdigilib.org

ਪਿੱਠ ਕਦੀ ਨਹੀਂ ਦਿਖਾਈ ਇਨ੍ਹਾਂ ਦੇ ਹੁੰਦਿਆਂ ਕੀ ਕਿਸੇ ਗੱਲਦਾ ਡਰ ਖੌਫ ਹੋਇਆ।

ਇਨ੍ਹਾਂ ਦੀਆਂ ਰਾਣੀਆਂ ਰੂਪ ਅਤੇ ਗੁਣਾਂ ਕਰ ਕੇ ਸ਼ਿੰਗਾਰੀਆਂ ਹੋਈਆਂ ਸਦਾ ਨਾਲ ਹੀ ਰਹਿੰਦੀਆਂ ਹਨ, ਜੇਹਾ ਕੁ ਚਿੰਤਾ, ਅਸੋਚਤਾ, ਕੁਕਿਰਿਆ, ਕੁਚੀਲਤਾ, ਤੰਦ੍ਰਾ, ਬੇਪਰਵਾਹੀ, ਤ੍ਰੋਹ, ਨਿੰਦ੍ਰਾ, ਮਸਤੀ, ਠੱਗੀ, ਅਹੰ ਬ੍ਰਹਮਾਸਮਿ, ਉਪਾਧੀ ਭੇਦ, ਸ਼ੰਕਾ, ਈਰਖਾ, ਮਤਸਰਤਾ ਆਦਿਕ।

ਰਾਣੀ ਸਾਹਿਬ ਜੀ! ਏਹ ਮਹਾਰਾਜਾ ਬੜਾ ਨੀਤੀ ਨਿਪੁਨ ਹੈ। ਚਹੁੰ ਭਰਾਵਾਂ ਵਿੱਚੋਂ ਇਸਦੀ ਨੀਤੀ ਦਾ ਡੰਕਾ ਚਵ੍ਹੀਂ ਲਾਂਭੀ ਵਜ ਰਿਹਾ ਹੈ। ਹਜ਼ਾਰਾਂ ਬਰਸਾਂ ਦੇ ਜ਼ੁਲਮ ਰਸੀਦਹ ਘਰਾਂ ਬਾਰਾਂ ਦੇਸ਼ਾਂ ਤੋਂ ਬਿਦਾਵੇ ਕੀਤੇ ਹੋਏ ਜਿਨ੍ਹਾਂ ਦੇ ਪਰਛਾਵਿਆਂ ਤੋਂ ਸੰਸਾਰ ਪਰੇ ਪਰੇ ਤੇ ਦੁਰ ਦੁਰ ਕਰਦਾ ਸੀ ਇਸ ਰਾਜਾ ਦੇ ਨਜਾਯ ਸ਼ੀਲਤਾ ਦੇ ਆਸਰੇ ਉੱਚੀਆਂ ਪਦਵੀਆਂ ਪਰ ਬਿਰਾਜ ਰਹੇ ਹਨ, ਜੇਹਾਕੁ ਸ੍ਰੀ ਮਤ ਕਲਾਲ ਛੇਤ੍ਰ. ਸ੍ਰੀ ਮਤ ਬੇਸਜਾ ਛੇਤ੍ਰ, ਸ੍ਰੀ ਮਤਿ ਜ੍ਰੂਪ ਬਿਹਾਰ ਆਦਿਕ। ਇਸ ਰਾਜਨ-ਪਤਿ ਰਾਜਾ ਨੇ ਆਪਣੇ ਕੈਂਪ ਦੇ ਅੱਗੇ ਚਾਰ ਖਾਈਆਂ ਕੀ ਚਾਰ ਨਦੀਆਂ ਖੁਦਵਾ ਰੱਖੀਆਂ ਹਨ। ਪਹਿਲੀ ਖਾਈ ਵਲ ਦੇਖੀਏ ਕਿਤਨੀ ਲੰਬੀ ਹੈ ਜਿਸ ਦਾ ਆਦਿ ਅੰਤ ਕੁਝ ਨਹੀਂ ਲੱਭਦਾ। ਰਾਣੀ ਸਾਹਿਬ! ਇਸ ਖਾਈ ਵਿੱਚ ਪਾਣੀ ਨਹੀਂ ਹੈ। ਨਿਰੀ ਗੰਧਕ ਅਤੇ ਰਾਲ ਧੁਖ ਰਹੀ ਹੈ। ਇਸ ਦਾ ਚਿੱਟਾ ਧੁੰਆਂ ਪਾਣੀ ਦਾ ਭੁਲੇਖਾ ਦਿੰਦਾ ਹੈ। ਇਸ ਖਾਈ ਦਾ ਨਾਮ ਹਿੰਸਾ ਨਦੀ ਕਰਕੇ ਰੱਖਿਆ ਹੈ। ਹਤਜਾ ਦੇਵ ਨਾਮੀ ਲਫਟੈਣ ਇਸ ਖਾਈ ਪਰ ਤੈਨਾਤ ਹੈ। ਦੂਜੀ ਖਾਈ ਇਸਤੋਂ ਕੁਝ ਅੱਗੇ ਵਧ ਕੇ ਦੇਖੀਏ ਇਸ ਨਾਲੋਂ ਵੀ ਲੰਬਾਈ ਵਿੱਚ ਵੱਧ ਹੈ। ਇਸਦਾ ਨਾਮ ਹੇਤਵਾ ਨਦੀ ਰੱਖਿਆ ਹੈ, ਮੋਹ ਚੰਦ ਨਾਮੀ ਲਫਟੈਣ ਆਪਣੀ ਫੌਜ ਸਮੇਤ ਇਸ ਖਾਈ ਪਰ ਤੈਨਾਤ ਹੈ। ਇਸ ਖਾਈ ਵਿੱਚ ਨਿਰਾ ਪੱਥਰ ਦਾ ਕੋਲਾ ਬਲ ਰਿਹਾ ਹੈ ਜਿਸਨੇ ਧੁੰਏਂ ਦਾ ਗੁਬਾਰ ਬੰਨ੍ਹ ਛੱਡਿਆ ਹੈ। ਤੀਜੀ ਖਾਈ ਵਲ ਦੇਖੀਏ ਜਿਹੜੀ ਇਸ ਨਾਲੋਂ ਵਡੇਰੀ ਜਾਪਦੀ ਹੈ। ਇਸਦਾ ਨਾਉਂ ਲੋਭ ਨਦੀ ਰੱਖਿਆ ਹੈ। ਇਸ ਖਾਈ ਪਰ ਤ੍ਰਿਸ਼ਨਾਤੁਰ ਦੇਵ ਨਾਮੀ ਲਫਟੈਣ ਮੁਕੱਰਰ ਹੈ। ਇਸ ਵਿਚ ਜੰਡ ਕਿੱਕਰ ਕਰੀਰ ਆਦਿਕ ਜਲ ਰਹੇ ਹਨ। ਇਹ ਬੜੀ ਭੜਕਵੀਂ ਅੱਗ ਦੀ ਨਦੀ ਹੈ। ਅੱਗੇ ਦੇਖੀਏ ਔਹ ਚੌਥੀ ਖਾਈ ਹੈ ਜਿਹੜੀ ਇਨ੍ਹਾਂ ਤਿੰਨਾਂ ਖਾਈਆਂ ਨਾਲੋਂ ਵੀ ਲੰਮੇਰੀ ਹੈ। ਇਸ ਖਾਈ ਦਾ ਨਾਉਂ ਕੋਪਾਗਨਿ* ਹੈ। ਇਸ ਵਿਚ ਗੰਧਕ, ਸ਼ੋਰਾ, ਮਨਸਿਲ, ਪੁਟਾਸ਼, ਜਿਸਤ, ਹੜਤਾਲ, ਚਾਂਦੀ, ਕੋਲਾ, ਆਦਿਕ ਵਸਤਾਂ ਮਿਲੀਆਂ ਹੋਈਆਂ ਜਲ ਰਹੀਆਂ ਹਨ, ਜਿਨ੍ਹਾਂ ਦੇ ਰੰਗ ਨਿਕਲਦੇ ਹਨ ਅਤੇ ਅਨੇਕਾਂ ਭਾਂਤਾ ਦੇ ਭੜਾਉਨੇ ਪਟ ਪਟਾਹਟ ਦੇ ਅਵਾਜ਼ੇ ਹੁੰਦੇ ਹਨ। ਇਸ ਪਰ ਮਹਾਰਾਜ ਭੜਕ ਚੰਦ ਨਾਮੀ ਲਫਟੈਣ ਆਪਣੀ ਫੌਜ ਸਮੇਤ ਤਈਨਾਤ ਹੈ।

ਇਸ ਕੈਂਪ ਤੋਂ ਜ਼ਰਾ ਹੋਰ ਖੱਬੇ ਪਾਸੇ ਵਲ ਦੇਖਣਾ ਔਹ ਚਿੱਟੇ ਦੰਦਾਂ ਵਾਲੇ ਮਸਤ ਹਾਥੀ ਉਤੇ ਬਿਜਲੀ ਵਰਗੇ ਚਮਕਦੇ ਹੋਏ ਕੱਚ ਦੇ ਪੰਘੂੜੇ ਵਿੱਚ ਹੁਲਾਰੇ ਲੈਂਦੀ ਹੋਈ ਪਾਲਕੀ ਵਿਚ ਰਾਣੀ ਨੁਕਲ ਦੇਈ ਬੈਠੀ ਗੱਲਾਂ ਕਰ ਰਹੀ ਹੈ। ਇਸਦੇ ਸਿਰ ਪਰ ਝੱਗ ਵਰਗਾ ਚਿੱਟਾ ਚੌਰ ਹੁੰਦਾ ਆਉਂਦਾ ਹੈ। ਇਸ ਦੀ

*ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥ ੨॥ [ਵਾਰ ਮਾਝ ਮਃ ੧

Digitized by Panjab Digital Library | www.panjabdigilib.org

ਬਹਾਦਰੀ ਕੀ ਦੱਸਾਂ। ਜ਼ਰਾ ਜੰਗ ਵੇਲੇ ਇਸ ਭਾਗਵਾਨ ਦੇ ਹੱਥ ਖੰਡੇ ਦੇਖਣੇ। ਇਹ ਆਪਣੇ ਤੇਜ ਪ੍ਰਤਾਪ ਦੇ ਅੱਗੇ ਦੁਸ਼ਮਣ ਦਾ ਕੱਖ ਨਹੀਂ ਰਹਿਣ ਦਿੰਦੀ। ਬੜੇ ਬੜੇ ਪੱਕੇ ਪਾਤਸ਼ਾਹੀ ਮਹੱਲ ਤੇ ਕਿਲ੍ਹੇ ਇਸਨੇ ਦਰਿਆ ਦੀ ਢਾਹ ਵਾਕਰ ਰੁੜ੍ਹਾ ਕੇ ਖਬਰ ਨਹੀਂ ਕਿਧਰ ਵਹਾ ਦਿੱਤੇ। ਇਹ ਬੜੀ ਹੀ ਜੰਗ ਬਹਾਦੁਰ ਰਾਣੀ ਹੈ।ਇਹ ਕੰਧਾਰੀ ਅੰਗੂਰਚੰਦ ਦੀ ਇਕਲੌਤੀ ਧੀ ਹੈ ਅਤੇ ਭੈਰਮ ਬਾਮ ਦੀ ਪਟਰਾਣੀ ਹੈ। ਕਲਾਲ ਛੇਤੂ ਇਸਦੀ ਰਾਜਧਾਨੀ ਦਾ ਅਸਥਾਨ ਹੈ, ਦੋ ਲੜਕੀਆਂ ਇਸ ਦੀਆਂ ਕੁਆਰੀਆਂ ਹਨ। ਵਡੀ 'ਮਸਤੀ' ਅਤੇ ਛੋਟੀ 'ਸੁਸਤੀ'।ਇਹ ਬੜੀਆਂ ਚਤੁਰ ਚਾਲਾਕ ਜੰਗ-ਜਦਲ ਵਿਚ ਮੋਹਰੇ ਹੋਕੇ ਲੜਨ ਵਾਲੀਆਂ ਹਨ ਕਿ ਕੀ ਤਾਰੀਫ ਕੀਤੀ ਜਾਵੇ।ਔਹ ਕੈਂਪ ਇਸਦਾ ਲਗ ਰਿਹਾ ਹੈ। ਇਨ੍ਹਾਂ ਗਲਾਂ ਤੋਂ ਉਪਰੰਤ ਜਨਰਲ ਨੇ ਇਕ ਬਾਰਗੀ ਖਿੜ ਖਿੜਕੇ ਹੱਸਣਾ ਅਰੰਭ ਦਿਤਾ ਅਤੇ ਜ਼ੁਬਾਨੀ ਕੁਛ ਕਹਿਣ ਤੋਂ ਪਹਿਲੇ ਰਾਣੀ ਸਾਹਿਬ ਦੇ ਕਦਮਾਂ ਨੂੰ ਹੱਥ ਲਾਇਆ ਅਤੇ ਆਖਿਆ ਹਜ਼ੂਰ ! ਆਪ ਦੇ ਇਕਬਾਲ ਤੋਂ ਕੁਰਬਾਨ ਹੋ ਜਾਵਾਂ, ਜ਼ਰਾ ਔਧਰ ਕਿਲ੍ਹੇ ਦੇ ਪੱਛੋਂ ਰੁਖ ਦੇਖਣਾ। ਔਹ ਜਿਹੜਾ ਸਬਜ਼ ਬਨਾਤੀ ਕੈਂਪ ਲਗ ਰਿਹਾ ਹੈ, ਜਿਸ ਪਰ ਕਾਰਚੋਬੀ ਅਤੇ ਤਮਾਮੀ ਦਾ ਕੰਮ ਬਹੁਤ ਸਾਰਾ ਹੋਇਆ ਹੋਇਆ ਹੈ, ਇਹ ਮੇਰੇ ਇਕ ਬਾਲ ਸਖਾਈ ਦੋਸਤ ਮਿਰਜ਼ਾ 'ਖਾਨਹ ਜੰਗੀ ਬੇਗ'ਦਾ ਕੈਂਪ ਹੈ। ਇਹ ਸ਼ਖਸ ਇਲਮਦਾਰ, ਨੇਕੋਕਾਰ ਨਾਮੀ ਗਰਾਮੀ ਬਹਾਦਰ ਹੈ। ਇਸ ਨੇ ਕਈ ਪਾਤਸ਼ਾਹੀਆਂ ਦੇ ਪੁਰਜ਼ੇ ਉਡਾ ਦਿੱਤੇ, ਬਡੇ ਬਡੇ ਚੁਸਤ ਚਲਾਕਾਂ ਦੇ ਤਬਕ ਹਿਲਾ ਦਿੱਤੇ। ਇਸ ਜੋਧੇ ਦੇ ਭਰਪੂਰ ਹੱਥਾਂ ਦੇ ਵਾਰ ਨਾਲ ਜ਼ਖਮੀ ਹੋਕੇ ਕਦੀ ਕੋਈ ਨਹੀਂ ਜੀਵਿਆ, ਸਗੋਂ ਦੁਹਰੀਆਂ ਤਿਹਰੀਆਂ ਲੋਥਾਂ ਹੀ ਫੜਕਦੀਆਂ ਦੇਖੀਆਂ ਹਨ। ਜਿਹੜੇ ਕੋਈ ਫਟੇ ਹੋਏ ਕਿਸਮਤ ਦੀ ਮਾਰ ਨੂੰ ਜਰਾਹ ਪਾਸ ਗਏ ਹਨ ਉਨ੍ਹਾਂ ਦੇ ਝੁੱਗੇ ਝਾਏ ਸਾਰੇ ਲਗ ਗਏ ਪਰ ਕਾਰੀ ਲਗੇ ਹੋਏ ਜ਼ਖਮਾਂ ਦੀ ਕਾਰੀ ਕੋਈ ਨਾ ਹੋ ਸਕੀ। ਇਹ ਬੜਾ ਹਥਯਾਰ ਬੰਦ ਆਦਮੀ ਹੈ। ਇਸ ਵੇਲੇ ਮੇਰੇ ਨਾਮ ਨੂੰ ਸੁਣਦਿਆਂ ਸਾਰ ਕੁਮਕ ਲੈਕੇ ਵੇਲੇ ਸਿਰ ਆਣ ਪੁੱਜਾ ਹੈ। ਇਸ ਇਕੱਲੇ ਦੇ ਮੁਕਾਬਲੇ ਵਿਚ ਸਾਰੀ ਸਿੱਖ ਫੌਜ ਦੀ ਕੁਝ ਗਿਣਤੀ ਨਹੀਂ। ਕਿਉਂ ਜੋ ਇਸ ਇਕੱਲੇ ਨੂੰ ਸਿੰਘਾਂ ਨੂੰ ਜਿਤ ਲੈਣ ਦੀ ਖਾਸ ਅਟਕਲ ਹੈ।ਜਦ ਹੋਰ ਸਭਹਾਰ ਜਾਣ ਇਹ ਤਦ ਭੀ ਜਿੱਤ ਘਰ ਆਉਂਦਾ ਹੈ। ਅਰ ਸਿੱਖਾਂ ਵਿਚ ਕਾਮਯਾਬੀ ਨਾਲ ਕੰਮ ਕਰਨ ਦੀ ਇਸਨੂੰ ਖਾਸ ਜਾਚ ਹੈ।

ਏਸੇ ਤੰਬੂ ਦੇ ਜ਼ਰਾ ਦੱਖਣ ਰੁਖ ਦੇਖੀਏ। ਇਕ ਚਮਕੀਲਾ ਸੋਨੇ ਦੀਆਂਕਲਸੀਆਂਵਾਲਾ ਸਭ ਤੋਂ ਨਿਰਾਲਾ ਤੰਬੂ ਚਮਕ ਰਿਹਾ ਹੈ। ਇਹ ਰਾਣਾ (ਅਭਿਮਾਨ ਚੰਦ) ਹਾਡਾ ਰਾਜਪੂਤ ਦਾ ਤੰਬੂ ਹੈ। ਫੇਗੀ ਇਸਦੀ ਰਾਜਧਾਨੀ ਹੈ। ਮੇਰਾ ਇਹ ਸ੍ਰਾਧਜਾਈ ਹੈ,ਇੱਕੋ ਮਦਰੱਸੇ ਵਿਚ ਪੜ੍ਹੇ ਸਾਂ। ਹੁਣ ਇਹ ਮੇਰੀ ਖਬਰ ਸੁਣਦੇ ਸਾਰ ਕੁਮਕ ਲੈਕੇ ਆਣ ਪੁੱਜਾ ਹੈ। ਇਸਦੇ ਸੱਜੇ ਹੱਥ ਵੱਲ ਦੇਖੀਏ, ਨਾਲ ਹੀ ਰਾਣਾਂ ਅਪਮਾਨ ਚੰਦ ਵਜ਼ੀਰ ਆਜ਼ਮ ਹੈ, ਇਹੋ ਇਸਦਾ ਸਿਪਹਸਾਲਾਰ ਹੈ। ਇਸ ਵਜ਼ੀਰ ਦੀ ਕੀ ਸਿਫਤ ਕਰਾਂ। ਹੋਰ ਕਿਸੇ ਦੁਨੀਆਂ ਵਿੱਚ ਪੈਦਾ ਹੋਏ ਦੀ ਕੀ ਗਿਣਤੀ ਹੋਈ, ਇਹ ਤਾਂ ਦੱਬ ਨਾਲ ਆਢਾ ਲਾਉਣੋਂ ਵੀ ਨਹੀਂ ਟਲਦਾ। ਫੌਜ ਇਸਦੀ ਬੜੀ ਹੀ ਕਟੀਲੀ ਤੇ ਫੁਰਤੀਲੀ ਹੈ।

Digitized by Panjab Digital Library | www.panjabdigilib.org

ਰਾਣੀ ਸਾਹਿਬਾ ! ਜ਼ਰਾ ਪੂਰਬੀਕੋਣ ਵੱਲ ਦੇਖੀਏ। ਔਹ ਰਾਣਾ ਅਗਜਾਨ ਚੰਦ ਠਾਕਰ ਦਾ ਤੰਬੂ ਹੈ, ਇਹ ਰਾਤ ਵਾਕਰ ਸੂਰਜ(ਰ.ਜਾਨ) ਦੇ ਅੱਗੇ ਪਿੱਛੇ ਹੀ ਲੱਗਾ ਰਹਿੰਦਾ ਹੈ । ਇਹ ਅੰਧੇਰ ਨਗਰੀ ਦਾ ਰਾਜਾ ਹੈ। ਇਸਦੀ ਬਹਾਦਰੀ ਤੋਂ ਕੁਰਬਾਨ ਜਾਈਏ । ਧੂਮਪੋਤ* ਪਰ ਸਵਾਰ ਹੋਕੇ ਚਾਰੇ ਖਾਈਆਂ ਲੰਘ ਆਇਆ ਜੇ। ਔਹ ਦੇਖੋ ਇਸਦੇ ਪਾਸ ਅਵਿਦਿਆ ਦੀ ਤੋਪ ਦੇ ਫੁਟ ਚੌੜੇ ਮੂੰਹ ਵਾਲੀ ਹੈ, ਜਿਸਦੇ ਚਲਦਿਆਂ ਆਪ ਦੇਖੋਗੇ ਕੈਸਾ ਧੂੰਆਂ ਧਾਰ ਅੰਧਕਾਰ ਬਰਸਦਾ ਹੈ, ਜੋ ਸਾਰੇ ਸੰਸਾਰ ਨੂੰ ਹੱਥ ਪਸਾਰਿਆਂ ਵੀ ਨਜ਼ਰ ਆ ਜਾਵੇ ਤਾਂ ਮੇਰਾ ਨਾਉਂ ਗਰੂਰਖਾਂ ਨਹੀਂ। ਇਜੇਹੇ ਸੂਰਮੇਂ ਰਾਣੀ ਜੀ ਆਫਤ ਦੇ ਗੋਲੇ ਹੁੰਦੇ ਹਨ। ਜਿਸ ਪਾਸੇ ਵੱਲ ਪੈ ਜਾਣ,ਨਾਸ ਕਰ ਛੱਡਦੇ ਹਨ।

ਲਓ ਗ਼ਰੀਬ ਨਿਵਾਜ ! ਜ਼ਰਾ ਕਿਲੇ ਦੇ ਉੱਤਰ ਕੋਣ ਵੱਲ ਦੇਖਣਾ। ਔਹ ਤੰਬੂ ਇਕ ਸਾਨੀਏਂ ਰੁਸਤਮ ਪਹਿਲਵਾਨ ਦਾ ਹੈ।ਦੇਖਣੇ ਵਿੱਚ ਪਹਿਲਵਾਨ ਅੈਵੇਂ ਸਵਾਹ ਮਿੱਟੀ ਦਾ ਲਿੱਬੜਿਆ ਹੋਇਆ ਲਟਬਉਰਾ ਬੇਹਥਿਆਰਾ ਹੀ ਫਿਰਦਾ ਦਿੱਸਦਾ ਹੈ। ਕੋਈ ਇਸ ਨੂੰ ਇੱਟ, ਵੱਟਾ, ਢੀਮ, ਘਸੁੰਨ ਮੁੱਕੀ ਮਾਰੇ ਤਾਂ ਪਰਵਾਹ ਕੁਝ ਨਹੀਂ ਕਰਦਾ, ਨਾ ਪਰਤਕੇ ਵੇਖਦਾ ਹੈ, ਪਰ ਜਦ ਆਪਣੇ ਕਰਤੱਬ ਕਰਨ ਤੇ ਉੱਤਰਦਾ ਹੈ ਤਾਂ ਸੰਸਾਰ ਵਿੱਚ ਕੋਈ ਐਸਾ ਪਹਿਲਵਾਨ ਨਹੀਂ ਜਿਸਨੂੰ ਇਸ ਬਹਾਦਰ ਨੇ ਚੁਫਾਲ ਪਿੱਠ ਪਰਨੇ ਮੈਦਾਨ ਵਿੱਚ ਨਾ ਪਟਕਿਆ ਹੋਵੇ। ਇਸਦੇ ਦਾਉ ਘਾਉ ਨੂੰ ਕੋਈ ਨਹੀਂ ਸੰਭਲ ਸਕਦਾ । ਫਿਰ ਵਾਧਾ ਇਹ ਕਿ ਅਖਾੜੇ ਵਿਚ ਇਸ ਨਾਲ ਭਾਵੇਂ ਕਿੰਨੇ ਹੀ ਜ਼ੋਰ ਆਜ਼ਮਾਈ ਕਰਨ ਪਰ ਇਹ ਇਕ ਇਕੱਲਾ ਸਥਾਰਾਂ ਦੇ ਸਥਾਰ ਲਾਹੀ ਜਾਂਦਾ ਹੈ।ਹੁਣ ਵੀ ਆਪ ਦੇਖ ਲਓ ਕੋਈ ਜੰਗ ਦਾ ਸਾਜ਼ ਸਾਮਾਨ ਇਸਦੇ ਨਾਲ ਹੈਨਹੀਂ ਅਤੇ ਨਾ ਹੀ ਕੋਈ ਨਾਲ ਫੌਜ ਹੈ, ਇਕੱਲਾ ਰੇਤ ਦੇ ਟਿਬੇ ਤੇ ਅੱਕ ਧਤੂਰਾ ਪਾਸ ਰੱਖੀ ਬੈਠਾ ਦੁਸ਼ਮਨ ਦੀ ਫੌਜ ਦਾ ਰਾਹ ਤੱਕ ਰਿਹਾ ਹੈ। ਨਾਉਂ ਇਸ ਬਹਾਦਰ ਦਾ 'ਮੱਕਾਰਖਾਨ' ਹੈ। ਇਹ ਈਸਬਜ਼ਈ ਪਠਾਨ ਹਰਇਕ ਦੇਸ਼ ਅਤੇ ਭੇਸ ਵਿਚ ਵਿਚਰਦਾ ਹੈ। ਇਸ ਬਹਾਦਰ ਤੋਂ ਹੋਰ ਪੱਛਮ ਰੁਖ ਹੇਠਾੜ ਵਲ ਦੇਖੀਏ ! ਹਜ਼ਰਤ ਪਾਸੇ ਖਾਨ ਅਫ਼ਗਾਨ ਦੀ ਫੌਜ ਛਿਤ੍ ਮੂਧੇ ਮਾਰੀ ਡਲ ਡਲ ਉਤਰੀ ਪਈ ਹੈ। ਇਹ ਪੰਚਾਇਤੀ ਫੌਜ ਹੈ। ਜੋ ਇਨ੍ਹਾਂ ਦੇ ਦਾਉ ਚੜ੍ਹਿਆ ਤਿੰਨ ਕਾਣੇ ਕਰਕੇ ਛੱਡਿਆ, ਪਰੰਤੂ ਇਸ ਲਸ਼ਕਰ ਦੇ ਸਦਾ ਹੀ ਪੌਂ ਬਾਰਾਂ ਰਹੇ। ਕਦੀ ਮੂਰਤ ਦੀ ਮੂਰਤ ਦਿਖਾਕੇ ਦੁਸ਼ਮਨ ਦੀ ਸਤਜਾ ਖਿੱਚ ਲਈ; ਕਦੀ ਆਪਣੇ ਦਾਣੇ ਸਿੱਧੇ ਕੀਤੇ, ਪੂਰੇ ਪੂਰ ਹੱਥ ਮਾਰਿਆ, ਦੁਸ਼ਮਨ ਦਾ ਜਾਨ ਮਾਲ ਰੱਬ ਦੇ ਹਵਾਲੇ ਕਰ ਦਿੱਤਾ। ਇਨ੍ਹਾਂ ਦੀਆਂ ਨੰਗ ਭੁੱਖ ਦੀਆਂ ਤਲਵਾਰਾਂ ਐਸੀਆਂ ਤੇਜ ਤੇ ਤਿੱਖੀਆਂ ਰਹਿੰਦੀਆਂ ਹਨ ਕਿ ਕਦੀ ਮਿਆਨ ਵਿਚ ਨਹੀਂ ਹੋਈਆਂ। ਕੱਖ ਅਤੇ ਲੱਖ ਇਕ ਬਰਾਬਰ ਇਸੇ ਦਰਗਾਹ ਵਿਚ ਰਹਿੰਦਾ ਹੈ।ਜਿਸ ਦੁਸ਼ਮਨ ਦਾ ਮੁਕਾਬਲਾ ਇਸ ਫੌਜ ਨਾਲ ਪਿਆ ਉਸਦੀ ਕਉਡੀ ਹਡੀ ਇਸ ਦੁਨੀਆਂ ਦੇ ਤਖਤੇ ਪਰ ਫਿਰ ਕਦੀ ਨ ਦੇਖੀ ਗਈ। ਇਸ ਫੌਜ ਦੀਆਂ ਛੱਲੇਬਾਜ਼ੀਆਂ ਅਤੇ ਰੰਗਸਾਜ਼ੀਆਂ ਦੇ ਦਾਉ ਤੋਂ ਸਿਆਣੇ ਤੋਂ ਸਿਆਣਾਂ ਕੰਨਾਂ ਤੇ ਹੱਥ ਧਰਦਾ ਹੈ।

ਇੰਨੀ ਗਲ ਕਰਦਾ ਹੀ ਪਿਆ ਸੀ ਕਿ ਅਚਾਨਕ ਜਨਰਲ ਦੀ ਨਜ਼ਰ ਇਕ ਦੁਰਾਡੀ ਜੇਹੀ ਵਾਟ ਤੇ ਜਾ ਪਈ । ਇਸ ਚਮਕਾਰੇ ਨੂੰ

*ਧੂੰਏਂ ਦਾ ਜਹਾਜ਼, ਅਥਵਾ ਹਨੇਰਾ।

Digitized by Panjab Digital Library | www.panjabdigilib.org

ਦੇਖਕੇ ਜਨਰਲ ਗ਼ਰੂਰ ਖਾਂ ਇਕ ਭਾਰੇ ਗ਼ਰੂਰ ਵਿਚ ਆਕੇ ਖਿੱਦੋ ਵਾਂਗ ਬੁੜ੍ਹਕ ਉਠਿਆ ਤੇ ਇਉਂ ਬੋਲਿਆ, ਔਹ ਲਓ ਰਾਣੀ ਸਾਹਿਬ! ਮੁਬਾਰਕ, ਹੁਣ ਸਾਰੇ ਕੰਮ ਸੂਤ ਹੋ ਗਏ। ਹੁਣ ਸਾਡੀ ਫਤਹ ਹੋ ਗਈ ਜਾਣੋ, ਦੁਸ਼ਮਨ ਦਾ ਕੋਈ ਖ਼ੌਫ ਖ਼ਤਰਾ ਨਹੀਂ ਰਿਹਾ । ਬਿਨਾ ਆਈ ਅਜਾਈਂ ਮੌਤੇ ਮਾਰੇ ਜਾਣਗੇ, ਬਿਨਾ ਹੀ ਲੜੇ ਭਿੜੇ ਲਹੂ ਡੋਹਲੇ ਤੋਂ ਇਸ ਲੜਾਈ ਦੀ ਫਤੇ ਦਾ ਮੈਦਾਨ ਸਾਡੇ ਹੱਥ ਰਹੇਗਾ।

ਰਾਣੀ—ਪਰ ਕੁਝ ਹਾਲ ਵੀ ਕਰੋ।

ਜਰਨਲ (ਨੀਵਾਂ ਹੋਕੇ ਸਲਾਮ ਕਰਕੇ)—ਔਹ ਦੇਖੀਏ ਰਾਣੀ ਸਾਹਿਬ! ਔਹ ਇਕ ਸਾਂਈਂ ਲੋਕ ਸੜਕ ਦੇ ਕੰਢੇ ਕੰਢੇ ਮਸਤੀ ਵਿਚ ਝੂਮਦਾ ਹੋਇਆ ਚਮਕੀਲੇ ਕੱਪੜਿਆਂ ਵਾਲਾ ਟੁਰਿਆ ਆਉਂਦਾ ਹੈ। ਕਾਲੇ ਕਾਲੇ ਵਲਾਂ ਵਾਲੇ ਵਾਲ ਪਿੱਛੇ ਪਾਈ ਅਤੇ ਪੈਰਾਂ ਵਿਚ ਘੁੰਘਰੂ ਠੁਮਕਾਈ ਹੱਥਾਂ ਵਿਚ ਏਵੇਂ ਕੁਝ ਫੁੱਲ ਜੇਹਾ ਲਮਕਾਈ ਠੁਮਕਦਾ ਆਉਂਦਾ ਹੈ।ਇਸ ਨਾਲ ਪਿੱਛੇ ਪਿੱਛੇ ਦੋ ਚਾਰ ਹੋਰ ਵੀ ਹਨ। ਔਹ ਸੱਜੇ ਪਾਸੇ ਵਲ ਇਕ ਦੇ ਹੱਥ ਵਿੱਚ ਸਾਰੰਗੀ ਹੈ ਅਤੇ ਖੱਬੇ ਪਾਸੇ ਵਲ ਤਬਲੇ ਵਾਲਾ ਮਲੂਮ ਹੁੰਦਾ ਹੈ।

ਰਾਣੀ—ਠੀਕ ਹੈ, ਜਿਸ ਦੇ ਕਪੜਿਆਂ ਨਾਲ ਕੁਝ ਜ਼ਰੀ ਜੇਹੀ ਚਮਕਦੀ ਜਾਪਦੀ ਹੈ, ਅਤੇ ਤੁਰਦਾ ਹੋਇਆ ਕਦੀ ਅੱਗੇ ਪਿੱਛੇ ਸੱਜੇ ਖੱਬੇ ਲਾਂਭੀਂ ਵੀ ਠੁਮਕਦਾ ਹੈ। ਕਦੀ ਠਹਿਰ ਵੀ ਜਾਂਦਾ ਹੈ। ਔਹ ਵੇਖੋ ਭੁਆਟਣੀ ਖਾਕੇ ਬੈਠ ਗਿਆ। ਏਹੋ ਹੀ ਹੈ ਨਾ ? ਜਨਰਲ ! ਇਸਦਾ ਨਾਉਂ ਕੀਹ ਹੈ ? ਅਤੇ ਇਹ ਕੌਣ ਹੈ ?

ਜਨਰਲ (ਹੱਥ ਜੋੜਕੇ)—ਹਜ਼ੂਰ ! ਇਹ ਸਾਂਈਂ ਲੋਕ ਬੜੇ ਕਰਾਮਾਤੀ ਹਨ। ਜਿੱਧਰ ਇਕ ਕਹਿਰ ਭਰੀ ਨਿਗਾਹ ਭਰਕੇ ਦੇਖਣ ਓਹ ਪਾਸਾ ਆਪ ਤੋਂ ਆਪ ਕਤਲ ਹੋ ਜਾਂਦਾ ਹੈ। ਕੋਈ ਬਹਾਦਰ ਸਾਹਮਣੇ ਨਹੀਂ ਠਹਿਰ ਸਕਦਾ। ਬੱਸ ਮੱਛੀ ਵਾਂਗ ਲੁਛਦੇ ਤੇ ਤੜਫਦੇ ਹੀ ਰਹਿ ਜਾਂਦੇ ਹਨ। ਇਹ ਸਾਂਈਂ ਲੋਕ ਭਾਵੇਂ ਕੰਸੇ ਚੰਦੂ ਭੈੜੇ ਸ਼ੂਮ ਸੋਫੀ ਕੰਜੂਸ ਦੇ ਵੀ ਮੱਥੇ ਲੱਗ ਜਾਣ ਪਰ ਓਹ ਅਗੋਂ ਆਪਣਾ ਕਲੇਜਾ ਹੀ ਕੱਢਕੇ ਨਜ਼ਰ ਕਰ ਦੇਂਦਾ ਹੈ। ਜਿਸ ਕਿਸੇ ਦੇ ਸਿਰ ਤੇ ਇਹ ਅੱਲਾ ਵਾਲੇ ਮਿਹਰ ਦਾ ਹਥ ਫੇਰ ਦੇਣ; ਓਹ ਕਦੀ ਮੁੜਕੇ ਘਰ ਨਹੀਂ ਗਿਆ। ਬੱਸ ਸਿਰੇ ਸੁਆਹ ਪਾਈ ਇਨ੍ਹਾਂ ਦੇ ਹੀ ਦਰ ਤੇ ਧੂਣੀ ਲਾਈ, ਅੱਗਾਂ ਦੌਂਹਦਿਆਂ ਉਮਰ ਲੰਘਾ ਲਈ। ਇਹ ਬਜ਼ੁਰਗ ਅੱਲਾ ਵਾਲੇ ਐਸੀ ਕਰਾਮਾਤ ਰੱਖਦੇ ਹਨ ਕਿ ਜਿਸ ਨਸੀਬ ਵਾਲੇ ਦੇ ਸਿਰ ਇਨ੍ਹਾਂ ਦੀ ਧੂੜ ਪੈ ਗਈ, ਬੱਸ ਓਹ ਯਕੀਨ ਨਾਲ ਸਮਝ ਲਓ ਕਿ ਦੀਨ ਦੁਨੀਆਂ ਵਲੋਂ ਖਾਕ ਹੋਕੇ ਇਨ੍ਹਾਂ ਦੀ ਪੈਰਾਂ ਦੀ ਖਾਕ ਵਿਚ ਸਮਾ ਗਿਆ।

ਰਾਣੀ—ਇਹ ਵਡਿਆਈ ਵਾਲੇ ਐਸੇ ਬਜ਼ੁਰਗ ਕਰਾਮਾਤੀ ਕੌਣ ਸਾਂਈਂ ਲੋਕ ਹਨ ਅਤੇ ਏਹ ਰਹਿੰਦੇ ਕਿੱਥੇ ਹਨ ?

ਜਰਨਲ (ਬੜੇ ਅਦਬ ਨਾਲ)—ਏਹ ਬੇ-ਪ੍ਰਵਾਹ ਲੋਕ ਮਸਤ ਹਨ। ਕਿਸੇ ਦੀਨ ਮਜ਼ਹਬ ਦੀ ਹਦ ਵਿਚ ਨਹੀਂ ਟਿਕਦੇ।ਪਰ ਲੋਕੀਂ ਇਨ੍ਹਾਂ ਦੇ ਮਤ ਦਾ ਨਾਉਂ ਜ਼ਰਨਿਸਾਰ ਕਰਕੇ ਕਹਿੰਦੇ ਹਨ ਅਤੇ ਦੌਲਤਾਬਾਦ ਦੀਆਂ ਝੌਂਪੜੀਆਂ ਵਿਚ ਬਹੁਤ ਵਾਰ ਠਹਿਰਿਆ ਕਰਦੇ ਹਨ। ਆਪਣਿਆਂ ਮੁਰੀਦਾਂ ਦੇ ਖਿੱਚੇ ਹੋਏ ਹਰ ਇਕ ਜਗ੍ਹਾ ਪਾਰੇ ਵਾਂਗ ਉੱਛਲਕੇ ਅੱਪੜ ਪੈਂਦੇ ਹਨ। ਜਿੱਥੇ ਕੋਈ ਯਾਦ ਕਰੇ ਉਥੇ ਹਾਜ਼ਰ ਨਾਜ਼ਰ ਦਿੱਸਦੇ ਹਨ।

ਰਾਣੀ—ਇਨ੍ਹਾਂ ਦਾ ਭਾਗੀ ਭਰਿਆ ਨਾਉਂ

Digitized by Panjab Digital Library | www.panjabdigilib.org

ਕੀਹ ਹੈ ?

ਜਰਨਲ–ਹਜ਼ੂਰ!ਇਨ੍ਹਾਂਬਜ਼ੁਰਗਾਂਦੇਅਨੇਕਾਂ ਨਾਉਂ ਹਨ। ਆਪੋ ਆਪਣੀਆਂ ਭਾਉਣੀਆਂ ਨਾਲ ਲੋਕਾਂ ਬਹੁਤ ਹੀ ਨਾਉਂ ਰੱਖੇ ਹੋਏ ਹਨ। ਪਰ ਮਸ਼ਹੂਰ, ਸਦਕੇ ਜਾਈਏ ਇੱਕੋ ਨਾਉਂ ਹੈ, ਜੋ ਹਰ ਕੋਈ ਸਿਮਰਦਾ ਹੈ, ਸੋ 'ਕੰਜਰ ਹੁਸਨ ਸ਼ਾਹ' ਕਰਕੇ ਕਹਿੰਦੇ ਹਨ। ਇਨ੍ਹਾਂ ਦੇ ਹੁੰਦਿਆਂ ਜੰਗ ਦੇ ਕਿਸੇ ਸਾਮਾਨ ਦੀ ਕੋਈ ਲੋੜ ਨਹੀਂ। ਨਾ ਗੋਲੀ ਨਾ ਬਾਰੂਦ, ਨਾ ਸਿਪਾਹੀ ਨਾ ਕੋਈ ਹਥਿਆਰ, ਨਾ ਕੋਈ ਕਿਲ੍ਹਾ ਚਾਹੀਦਾ ਹੈ। ਨਿਰਾ ਇਕ ਵਾਰਾਂ ਕਹਿਰ ਵਿਚ ਆਕੇ ਸਿੱਖਾਂ ਦੀ ਫੌਜ ਵਲ ਦੇਖ ਲੈਣ ਬਸ ਮੈਦਾਨ ਸਾਫ ਹੋ ਜਾਏਗਾ, ਸਭ ਮਾਰੇ ਜਾਣਗੇ। ਕੋਈ ਪਾਣੀ ਦੇਵਾ ਬਾਕੀ ਨਹੀਂ ਬਚੇਗਾ।

ਰਾਣੀ (ਬੜੀ ਖੁਸ਼ੀ ਹੋਕੇ)–ਜੇਕਰ ਇਹ ਸਾਈਂ ਲੋਕ ਇਜੇਹੇ ਕਰਾਮਾਤ ਵਾਲੇ ਹਨ ਤਾਂ ਇਨ੍ਹਾਂ ਦਾ ਕੁਝ ਸਨਮਾਨ ਆਦਰ ਵੀ ਕਰਨਾ ਚਾਹੀਏ।

ਜਰਨਲ–ਜੀ ਹਜ਼ੂਰ ਦੀ ਇਹ ਕਦਰ-ਦਾਨੀ ਹੈ। ਜੇ ਆਪ ਜੈਸੇ ਅਮੀਰ ਖਾਤ੍ਰ ਨਾ ਕਰਨ ਤਾਂ ਹੋਰ ਕੌਣ ਕਰੇ, ਪਰ ਇਸ ਵੇਲੇ ਆਓ ਭਗਤ ਵਾਸਤੇ ਆਪ ਦਾ ਜਾਣਾ ਠੀਕ ਨਹੀਂ। ਇਹ ਜੰਗ ਦਾ ਮੌਕਿਆ ਬਹੁਤ ਨਾਜ਼ਕ ਜੇਹਾ ਹੈ। ਇਸ ਲਈ ਜੇ ਕਦੀ ਆਪ ਦੀ ਸਹੇਲੀ ਸਾਹਿਬਾ ਸ੍ਰੀ ਮਤੀ ਬੀਬੀ ਸ਼ਰਾਬ ਕੌਰ ਸਾਹਿਬਾ ਅਗਲਵਾਂਢੀ ਜਾਕੇ ਖਾਤ੍ਰ ਨਾਲ ਲਿਆਕੇ ਆਪਣੇ ਹੀ ਤੰਬੂ ਵਿਚ ਸਤਿਕਾਰ ਨਾਲ ਰੱਖ ਲਵੇ ਤਾਂ ਬਹੁਤ ਠੀਕ ਹੋਵੇ। ਬੀਬੀ ਸਾਹਿਬ ਇਨ੍ਹਾਂ ਦੇ ਮੇਲੀ ਭੀ ਹਨ, ਸੁਭਾਉ ਦੇ ਜਾਣੂ ਪਛਾਣੂ ਭੀ ਹਨ, ਇਸ ਲਈ ਚੰਗੀ ਮਾਨ ਪ੍ਰਿਤਸ਼ਟਾਤੇਅਦਬ ਨਾਲਪੇਸ਼ਆਉਣਗੇ।

ਰਾਣੀ–ਇਹ ਸਲਾਹ ਬਹੁਤ ਠੀਕ ਹੈ।

ਇਹ ਕਹਿਕੇ ਝਟਪਟ ਇਕਖਤ ਲਿਖਿਆ ਜਿਸ ਵਿਚ ਇਹ ਮਤਲਬ ਸੀ:–

ਮੇਰੀ ਸਹੇਲੀ ਪਰਮ ਪਿਆਰੀ ਭੈਣ ਜੀ! ਜ਼ਰਾਕੁ ਖੇਚਲ ਕਰਕੇ ਮੀਆਂ ਕੰਜਰਹੁਸੈਨਸ਼ਾਹ ਮਸਤ ਹੋਰਾਂ ਨੂੰ ਅਗਲਵਾਂਢੀ ਹੋਕੇ ਨਾਲ ਲੈ ਆਉਣਾ ਅਤੇ ਡੇਰਾ ਵੀ ਸਾਂਈਂ ਲੋਕਾਂ ਦਾ ਆਪਣੇ ਪਾਸ ਹੀ ਖਾਤ੍ਰ ਨਾਲ ਕਰਾਉਣਾ। ਮੈਂ ਸਿੱਖਾਂ ਦੇ ਜੰਗ ਤੋਂ ਵਿਹਲੀ ਹੋਕੇ ਸਾਂਈਂ ਲੋਕਾਂ ਦੇ ਦਰਸ਼ਨ ਕਰਾਂਗੀ।

ਲੇਖਕਾ–ਤੇਰੀ ਸੱਚੀ ਮੁਚੀ ਦੀ ਪਿਆਰੀ ਭੈਣ
ਨੂਪ ਕੌਰਾਂ।

ਇਹ ਚਿੱਠੀ ਲਾਡੋ ਗੋਲੀ ਦੇ ਹੱਥ ਦੇ ਕੇ ਝੱਟ ਪੱਟ ਦੌੜਾ ਦਿੱਤਾ।

ਜਰਨਲ ਨੇ ਦੂਰਬੀਨ ਰਾਣੀ ਸਾਹਿਬਾ ਦੇ ਹੱਥ ਵਿੱਚ ਦੇਕੇ ਅਦਬ ਨਾਲ ਬੇਨਤੀ ਕੀਤੀ–ਦੇਖੀਏ ਸਾਰਿਆਂ ਕੈਂਪਾਂ ਦੇ ਮੁਹਰੇ ਇਕ ਝੰਡਾ ਖੜਾ ਕੀਤਾ ਗਿਆ ਹੈ। ਉਸਦੇ ਫਰਰੇ ਤੇ ਲਿਖਿਆ ਹੈ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥*

ਇਹ ਦੀਨ ਦੀ ਲੜਾਈ ਹੈ, ਅਸੀਂ ਸਾਰੇ ਅਪਣੇ ਧਰਮ ਖਾਤਰ ਲੜਨ ਮਰਨ ਲਈ ਤਿਆਰ ਹਾਂ। ਸਾਡਾ ਧਰਮ ਹੈ ਸ੍ਰੀ ਅਤੇ ਪ੍ਰਮਾਤਮ ਰੂਪ ਸਿੰਘ ਨੂੰ ਦੁਖ ਦੇਣਾ ਸਾਡਾ ਦੀਨ ਅਮਾਨ ਤੇ ਧਰਮ ਹੈ। ਇਸ ਦੀਨ ਦੀ ਲੜਾਈ ਵਿੱਚ ਅਜੇ ਹੋਰ ਸੈਂਕੜੇ ਹਜ਼ਾਰਾਂ ਬਹਾਦਰ ਜੋ ਸਿੱਖਾਂ ਦੇ ਹਥੋਂ ਕਲਪੇ ਹੋਏ ਹਨ ਆ ਰਲਣਗੇ। ਆਪ ਏਥੇ ਚਬੂਤ੍ਰੇ ਪਰ ਬੈਠਕੇ ਜੰਗ ਦਾ ਤਮਾਸ਼ਾ ਦੇਖੋ ਕਿ

*ਮਾਰੂ ਕਬੀਰ ਜੀ।

Digitized by Panjab Digital Library | www.panjabdigilib.org

ਕੀਹ ਕੁਝ ਬਣਦਾ ਹੈ।

ਇਹ ਕਹਿਕੇ ਜਰਨਲ ਰਾਣੀ ਸਾਹਿਬ ਪਾਸੋਂ ਹੁਕਮ ਲੈਕੇ ਕੈਂਪ ਦੇ ਬੰਦੋਬਸਤ ਦੀ ਮਜ਼ਬੂਤੀ ਵਾਸਤੇ ਰੌਂਦ ਕਰਨ ਲਈ ਚਲਾ ਗਿਆ।

—o—

ਇਧਰ ਮੰਤ੍ਰੀ ਦ੍ਰਿੜ੍ਹ ਨਿਸਚਾ ਸਿੰਘ ਜੀ ਨੇ ਅਵਸਰ ਪਾਕੇ ਮਹਾਰਾਜ ਪਾਸ ਬੇਨਤੀ ਕੀਤੀ ਕਿ ਗਰੀਬ ਨਿਵਾਜ ਜੀ! ਸੁੰਹੀਏ ਲੋਗ ਮੜੋਲੀ ਦੀਆਂ ਖਬਰਾਂ ਕੁਝ ਬਿਖੜੀਆਂ ਜੇਹੀਆਂ ਸੁਣਾਂਦੇ ਹਨ:—

ਜਿਥੇ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ [ਵਾਰ ਮਲਾ: ਮ: ੧

ਪੁਨ:—ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥
ਫਉਜ ਸਤਾਣੀ ਹਾਠ ਪੰਚਾ ਜੋੜੀਐ ॥
ਦਸ ਨਾਰੀ ਅਉਧੂਤ ਦੋਨਿ ਚਮੋੜੀਐ ॥
ਜਿਣਿ ਜਿਣਿ ਲੈਨਿ ਰਲਾਇ ਏਹੋ ਏਨਾਂ ਲੋੜੀਐ ॥ ਤ੍ਰੈ ਗੁਣ ਇਨ੍ਹਕੈ ਵਸਿ ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥

ਇਹ ਸੁਣਕੇ ਮਹਾਰਾਜ ਨੇ ਬਚਨ ਕੀਤਾ—ਸਿੰਘ ਜੀ! ਅੱਗੇ ਇਹ ਬੀ ਪੜ੍ਹੋ:—

ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ॥ ਹਉ ਤਿਸੁ ਆਗੈ ਦਿਨ ਰਾਤਿ ਰਹਾ ਕਰ ਜੋੜੀਐ ॥ ੧੫॥ [ਗੂਜਰੀ ਵਾਰ ਮਃ ੫

ਪਰ ਸੁੰਹੀਏ ਪੇਸ਼ ਕਰੋ ਜੋ ਪਤਾ ਲਗੇ।

ਇਸ ਹੁਕਮ ਦੀ ਤਾਮੀਲ ਪੂਰੀ ਕਰਨ ਲਈ ਮੰਤ੍ਰੀ ਨੇ ਜਗਜਾਸਾ ਸਿੰਘ ਅਤੇ ਮਸੋਖਾ ਸਿੰਘ ਆਦਿਕ ਸੂਹੀਆਂ ਨੂੰ ਹਜ਼ੂਰ ਵਿਚ ਪੇਸ਼ ਕਰਕੇ ਬੇਨਤੀ ਕੀਤੀ ਕਿ ਇਹ ਜਾਸੂਸ ਸੇਵਾ ਵਿਚ ਹਾਜ਼ਰ ਹਨ। ਸਿੰਘਾਂ ਨੇ ਅਦਬ ਨਾਲ ਹਥ ਜੋੜਕੇ ਫਤਹ ਗਜਾਈ। ਮਹਾਰਾਜ ਨੇ ਕ੍ਰਿਪਾ ਭਰੀ ਨਿਗਾਹ ਨਾਲ ਦੇਖਕੇ ਬਚਨ ਕੀਤਾ—ਕਹੋ ਮੜੋਲੀ ਦਾ ਕੀ ਰੰਗ ਢੰਗ ਦੇਖਿਆ ?

ਅਗੋਂ ਜਗਜਾਸਾ ਸਿੰਘ ਨੇ ਹਥ ਜੋੜ ਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ—ਮਹਾਰਾਜ ਜੀ! ਮੜੋਲੀ ਦੇ ਕਿਲ੍ਹੇ ਵਿਚ ਜੰਗ ਦੀਆਂ ਤਿਆਰੀਆਂ ਹਨ। ਬੜੇ ਬੜੇ ਬਹਾਦਰ ਚੁਤਰਫੀਓਂ ਕੱਠੇ ਹੋ ਰਹੇ ਹਨ, ਇਨ੍ਹਾਂ ਨੂੰ ਵੇਖਕੇ ਭੈ ਭੀਤ ਹੋਕੇ ਅਵਸੋਂ ਇਹ ਮੂੰਹੋਂ ਨਿਕਲਦਾ ਹੈ:—

ਹੋ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥ ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ ॥ ਹਰਿ ਕਰਣਹਾਰੰ ਨਮਸਕਾਰੇ ਸਰਣਿ ਨਾਨਕ ਜਗਦੀਸ੍ਵਰਹ ॥ ੪੫ ॥ [ਸਲੋਕ ਸਹ: ਮਃ ੫

ਹੇ ਨਾ ਜਿੱਤੇ ਜਾਣ ਵਾਲ ਵਿਸ਼ੇ (ਵਿਕਾਰ) ਜੁੱਧ ਦੇ ਸੂਰਮੇਂ, ਬੜੇ ਬਲੀ, ਬਹੁਤਿਆਂ ਨੂੰ ਮਲਨ ਦਲਨ ਵਾਲੇ, ਅਨੇਕਾਂ ਗੰਧਰਬ ਦੇਵੜੇ ਮਨੁੱਖ, ਪਸ਼ੂ ਪੰਛੀ ਆਦਿਕਾਂ ਨੂੰ ਮੋਹਤ ਕਰਕੇ ਕਾਬੂ ਕਰ ਲੈਣ ਵਾਲੇ ਤੈਥੋਂ ਕਰਣਹਾਰ ਜਗਦੀਸ਼ੁਰ ਹੀ ਬਚਾਵੇ, ਜਿਸ ਜਗਦੀਸ਼ੁਰ ਦੀ ਨਮਸਕਾਰ ਕਰਕੇ ਸ਼ਰਨ ਪੈਨੇ ਹਾਂ।

ਇਸ ਪਰ ਮਸੋਖਾ ਸਿੰਘ ਨੇ ਬੇਨਤੀ ਕੀਤੀ ਅਜਿਹੇ ਬਲੀ ਬਹੁਤ ਸਾਰੇ ਹਨ, ਪਰ ਪੰਜ ਤਾਂ ਬੜੇ ਉੱਘੇ ਸੂਰਮੇ ਹਨ, ਜਿਨ੍ਹਾਂ ਨੂੰ ਦੇਖ ਕੇ ਭਾਰੀ ਭੈ ਪ੍ਰਤੀਤ ਹੁੰਦਾ ਹੈ ਤੇ ਇਹ ਮੂੰਹੋਂ ਨਿਕਲਦਾ ਹੈ:—

ਹੋ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ ਚੰਚਲ ਉਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥੪੬॥

Digitized by Panjab Digital Library | www.panjabdigilib.org

ਹੇ ਕਾਮ ਨਰਕਾਂ ਵਿੱਚ ਬਿਸ੍ਰਾਮ ਕਰਾਉਣ ਵਾਲੇ, ਬਹੁਤੀਆਂ ਜੂਨਾਂ ਵਿੱਚ ਫਿਰਾਉਣ ਵਾਲੇ,ਚਿੱਤਾਂ ਨੂੰ ਮੋਹ ਲੈਣ ਵਾਲੇ,ਤਿੰਨਾਂ ਲੋਕਾਂ ਵਿੱਚ ਨਿਰਭੈ ਫਿਰਨ ਵਾਲੇ, ਜਪ ਤਪ ਸੀਲ ਦੇ ਨਾਸ਼ ਕਰਨ ਵਾਲੇ, ਤੁੱਛ ਅਨਿਸਬਰ ਸੁਖ ਦੇਣ ਵਾਲੇ, ਉੱਚਾਂਨੀਚਾਂ ਵਿੱਚ ਇਕਸਾਰ ਸਮਾਉਣ ਵਾਲੇ ! ਤੇਰੇ ਭੈ ਤੋਂ ਸਾਧਾਂ ਦੇ ਸੰਗ ਕਰਕੇ ਹੀ ਛੁਟੀਦਾ ਹੈ ਜਿਨ੍ਹਾਂ ਨੂੰ ਪਰਮੇਸਰ ਦੀ ਓਟ ਹੈ।

ਏ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸੰ ਕਰੋਤਿ ਨਿਰਤੰ ਕਰੋਤਿ ਜਥਾ ਮਰਕਟਹ ॥ ਅਨਿਕ ਸਾਸਨ ਤਾੜੰਤਿ ਜਮਦੂਤਹ ॥ ਤਵ ਸੰਗੇ ਅਧਮੰ ਨਰਹ ॥ ਦੀਨ ਦੁਖ ਭੰਜਨ ਦਯਾਲ ਪ੍ਰਭੂ ਨਾਨਕ ਸਰਬ ਜੀਅ ਰਖਾ ਕਰੋਤਿ ॥ ੪੭ ॥

ਹੇ ਕਲਿਜੁਗ ਦੇ ਮੂਲ,ਕਦੀ ਜਿਸ ਦੇ ਹਿਰਦੇ ਦਯਾ ਨਹੀਂ ਉਪਜੀ, ਤੂੰ ਵਿਸ਼ਿਆਂ ਦੇ ਅਧੀਨ ਜੀਵਾਂ ਨੂੰ ਵੱਸ ਕਰ ਲੈਂਦਾ ਹੈਂ ਤੇ ਉਹ ਬਾਂਦਰ ਵਾਂਗ ਨੱਚਦੇ ਹਨ ਅਤੇ ਅਨੇਕ ਤਰ੍ਹਾਂ ਦੀਆਂ ਤਾੜਨਾ ਕਰਦੇ ਹਨ ਜਮਦੂਤ, (ਤਵ) ਤੇਰੀ ਸੰਗਤ ਕਰਕੇ ਜੀਵ ਨੀਚ ਹੋ ਜਾਂਦੇ ਹਨ। ਹੇ ਕ੍ਰਿਪਾ ਨਾਥ ਅਜਿਹਿਆਂ ਪਾਸੋਂ ਸਰਬੱਤ ਜੀਵਾਂ ਦੀ ਰੱਖਜਾ ਕਰੋ।

ਹੇ ਲੋਭਾ ਲੰਪਟ ਸਿਰਮੋਰਹ ਅਨਿਕ ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥ ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਜਾ ॥ ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ ਅਸਾਜ੍ਹੰ ਸਾਜਿ ਸਮਜਜਾ ॥ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਰਾਪ੍ਰਿ ਨਾਨਕ ਹਰਿ ਨਰਹਰਹ ॥ ੪੮ ॥

ਹੇ ਲੋਭਦੇਵ ! ਤੂੰ ਸ਼ਿਰੋਮਣੀ ਪੁਰਖਾਂ ਨੂੰ ਲਿਪਟ ਰਹਿਆ ਹੈਂ, ਜਿਸ ਤੇ ਉਹ ਅਨੇਕ ਲਹਿਰਾਂ ਦੇ ਕਲੋਲ ਕਰਦੇ ਹਨ। ਤੇਰੇ ਕਾਰਣ ਅਨਕ ਤਰ੍ਹਾਂ ਜੀਵ ਦੌੜਦੇ ਭਰਮਦੇ ਭਟਕਦੇ ਹਨ। ਕਿਸੇ ਮਿਤ੍ਰ ਇਸਟ ਸਨਬੰਧੀ ਮਾਤਾ ਪਿਤਾ ਦੀ ਲੱਜਾ ਤੂੰ ਨਹੀਂ ਕਰਦਾ, ਨਾ ਕਰਨ ਦੇ ਕੰਮ ਤੂੰ ਕਰਾਉਂਦਾ ਹੈਂ। ਨਾ ਖਾਣ ਦੇ ਪਦਾਰਥ ਖੁਆਉਂਦਾ ਹੈ। ਅਣ ਬਣ ਨੂੰ ਤੂੰ ਬਣਾਉਂਦਾ ਹੈ,ਮਹਾਰਾਜ ! ਆਪਦੀ ਸ਼ਰਣ ਹੋਕੇ ਬੇਨਤੀ ਕਰਦੇ ਹਾਂ ਇਸ ਕੋਲੋਂ ਰਖ ਲੈ-

ਮਿਰਤ ਮੋਹੰ ਅਲਪ ਬੁਧੰ ਰਚੰਤਿ ਬਨਿਤਾ ਬਿਨੋਦ ਸਾਹੰ ॥ ਜੋਬਨ ਬਹਿਕ੍ਰਮ ਕਨਿਕ ਕੁੰਡਲਹ॥ ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤ੍ਰੰਤ ਮਾਇਆ ਬ੍ਯਾਪਤੰ ॥ ਹੇ ਅਚੁਤ ਸਰਣਿ ਸੰਤ ਨਾਨਕ ਭੇ ਭਗਵਾਨ ਏ ਨਮਹ ॥ ੧੧ ॥

ਮਰ ਰਿਹਾ ਹੈ ਮੋਹ ਵਿਚ ਤੁੱਛ ਬੁੱਧੀ ਵਾਲਾ ਜੀਵ, ਰਚ ਰਿਹਾ ਹੈ ਇਸਤ੍ਰੀ ਆਦਿਕਾਂ ਦੇ ਤਮਾਸ਼ਿਆ ਵਿਚ, ਫਸ ਰਿਹਾ ਹੈ ਜ਼ਾਨੀ ਸੋਨੇ ਦੇ ਗਹਿਣੇ ਅਤੇ ਬਸਤ੍ਰ ਆਦਿਕਾਂ ਦੀਮਾਇਆ ਵਿਚ, ਇਸ ਲਈ ਹੇ ਮਹਾਰਾਜ ! ਤੇਰੇ ਸੰਤਾਂ ਦੀ ਸ਼ਰਣ ਲੈਨੇ ਹਾਂ,ਇਨ੍ਹਾਂ ਤੋਂ ਬਚਾਓ (ਅਤੀ ਨੰਮ੍ਰ ਹੋਕੇ) ਬਚਾਓ-

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥ ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥ ਭ੍ਰਮ ਭਜਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥ ਬੈਦ੍ਹੰ ਪਾਰ-ਬ੍ਰਹਮ ਪ੍ਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥ ੪੯ ॥

ਹੇ ਹੰਕਾਰਦੇਵ ਜਨਮਾ ਮਰਣਾਂ ਦੇ ਮੂਲ ਕਾਰਣ, ਤੂੰ ਪਾਪਾਤਮਾ ਹੈ, ਤੂੰ ਮਿਤ੍ਰਾਂ ਨੂੰ ਛੁਡਾ

Digitized by Panjab Digital Library | www.panjabdigilib.org

ਦੈਣ ਵਾਲਾ, ਸ਼ਤ੍ਰੂਆਂ ਨੂੰ ਦੁਸ਼ਮਨਾਈ ਵਿੱਚ ਪੱਕਿਆਂ ਕਰਾਉਣੇ ਵਾਲਾ, ਅਨੇਕ ਭਾਤਾਂ ਦੇ ਦੁਖ ਭੁਗਾਉਣ ਵਾਲਾ ਹੈਂ।ਤੂੰ ਆਵਾਗੌਣ ਵਿਚ ਪਾਕੇ ਜੀਵਾਂ ਨੂੰ ਥਕਾਉਣ ਵਾਲਾ, ਭਯਾਨਕ ਜੰਗਲਾਂ ਦੇ ਦੁੱਖਾਂ ਵਿੱਚ ਭਟਕਾਉਣ ਵਾਲਾ, ਬੜੇ ਬੜੇ ਅਸਾਧ ਰੋਗਾਂ ਵਿੱਚ ਫਸਾਉਣ ਵਾਲਾ ਹੈਂ। ਇਸ ਤੋਂ ਬਚਾਉਣ ਵਾਲੇ ਵੈਦ ਸਰੂਪ ਪਾਰਬ੍ਰਹਮ ਪਰਮੇਸਰ ਹੈਂ। ਤਿਸ ਦਾ ਨਾਮ ਜਪਣਾ ਹੀ ਸੱਚ ਦਾਰੂ ਹੈ।

ਇਸਤਰ੍ਹਾਂ ਦੇ ਦੁਖੀ ਬਚਨ ਜਗਜਾਸਾ ਸਿੰਘ ਦੇ ਸੁਣਕੇ ਮਹਾਰਾਜ ਨੇ ਮੰਤ੍ਰੀ ਦ੍ਰਿੜ ਨਿਸ਼ਚਾਸਿੰਘ ਵਲ ਰੁਖ ਕਰਕੇਬਚਨ ਕੀਤਾ:—

ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ
ਤਨਿ ਨਿੰਮ੍ਰਤਾਹ ॥ ਆਵਧਹ ਗੁਣ ਗੋਬਿੰਦ
ਰਮਣੰ ਓਟ ਗੁਰ ਸਬਦ ਕਰ ਢਰਮਣਹ ॥
ਆਰੂੜ ਤੇ ਅਸ੍ਵਰਥ ਨਾਗਹ ਬੁਝੰਤੇ ਪ੍ਰਭ
ਮਾਰਗਹ ॥ ਬਿਚਰਤੇ ਨਿਰਭੈ ਸਤ੍ਰ ਸੈਨਾ
ਧਾਯੰਤੇ ਗੁੋਪਾਲ ਕੀਰਤਨਹ ॥ ਜਿਤ ਤੇ
ਬਿਸ੍ਵ ਸੰਸਾਰਹ ਨਾਨਕ ਵਸ੍ਮੈ ਕਰੋਤਿ
ਪੰਚ ਤਸਕਰਹ ॥ ੨੯ ॥

ਸਾਧ ਐਸੇ ਸੂਰਮਿਆਂ ਦੀ ਸੈਨਾ ਹੈ ਜੋ ਅਜੀਤ ਹੈ। ਜਿਨ੍ਹਾਂ ਨੇ ਨਿੰਮ੍ਰਤਾ ਦੀ ਸੰਜੋਅ ਜੋ ਪਹਿਨੀ ਹੈ। ਅਕਾਲ ਪਰਖ ਦੇ ਗੁਣ ਰਮਣ ਦੇ ਹਥਜਾਰ ਰੱਖਦੇ ਹਨ ਅਤੇ ਗੁਰ ਸ਼ਬਦ ਦੀ ਢਾਲ ਦਾ ਆਸਰਾ ਰੱਖਦੇ ਹਨ। ਸ੍ਰਵਣ ਮੰਨਣ ਨਿਦਧ੍ਯਾਸਨ ਆਦਿਕ ਘੋੜੇ ਰਥ ਹਾਥੀਆਂ ਪਰ ਚੜ੍ਹਦੇ ਹਨ ਤੇ ਲੱਭ ਲੈਂਦੇ ਹਨ ਪ੍ਰਭੂ ਦੇ ਰਸਤੇ ਨੂੰ, ਅਤੇ ਧਾਵਾ ਕਰਦੇ ਹਨ ਅਕਾਲ ਪੁਰਖ ਦੇ ਕੀਰਤਨ ਦਾ, ਜਿਸ ਨਾਲ ਜਿੱਤ ਲੈਂਦੇ ਹਨ ਸਾਰੇ ਸੰਸਾਰ ਨੂੰ ਅਤੇ ਵੱਸ ਕਰ ਲੈਂਦੇ ਹਨ ਪੰਜਾਂ ਚੋਰਾਂ ਨੂੰ।

ਤੁਸੀਂ ਕਿਉਂ ਕਿਸੇ ਗੱਲ ਦਾ ਭੈ ਕਰਦੇ ਹੋ।

ਪਾਰਬ੍ਰਹਮੁ ਜਪਿ ਪਹਿਰਿ ਸਨਾਹ* ॥ ਕੋਟਿ ਆਵਧਾਂ ਤਿਸੁ ਬੇਧਤ ਨਾਹਿ॥ਹਰਿ ਚਰਣ ਸਰਣ ਗੜ ਕੋਟ ਹਮਾਰੈ ॥ ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥ [ਸੂਹੀ ਮਃ ਪ

ਜਿਨ੍ਹਾਂ ਦੇ ਹਿਰਦੇ ਵਿੱਚ ਅਕਾਲ ਪੁਰਖ ਦਾ ਨਾਮ ਵੱਸਦਾ ਹੈ ਉਨ੍ਹਾਂ ਦੀਆਂ ਕਈ ਕਰੋੜ ਫੌਜਾਂ ਹਨ।

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ॥
ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥
[ਭੈਰਉ ਅਸਟ:ਮ: ਪ

ਇਨ੍ਹਾਂ ਬਹਾਦਰਾਂ ਦੇ ਬਲਿਹਾਰ ਜਾਈਏ, ਜਿਨ੍ਹਾਂ ਇਜੇਹੇ ਜੰਗ ਦੇ ਦਾਉ ਘਾਉ ਨੂੰ ਚੰਗੀ ਤਰ੍ਹਾਂ ਜਾਣਿਆਂ ਹੈ,ਇਸ ਜੁੱਧ ਰੂਪੀ ਸਮੁੰਦਰ ਤੋਂ ਪਾਰ ਉਤਰ ਗਏ ਹਨ:—

ਜਿਨ ਜਾਨਿਆ ਸੇਈ ਤਰੇ ਸੋ ਸੂਰੇ ਸੋ ਬੀਰ ॥ ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥ ੨ ॥[ਰਾਮ: ਮ: ਪ, ਰੁਤੀ

ਇਸ ਸਤਿਸੰਗਤ ਦੀ ਫੌਜ ਵਿਚੋਂ ਉਹ ਗਿਣਤੀ ਦਾ ਚੌਣਵਾ ਸੂਰਮਾ ਹੈ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥
[ਵਾਰ ਸਿਰੀ: ਮ: ੩

ਇਹ ਧੀਰਜ ਤੇ ਭਰੋਸੇ ਦਾ ਕਮਰਕਸਾ ਕਰਾਉਣ ਵਾਲੇ ਮਹਾਰਾਜ ਦੇ ਬਚਨ ਸੁਣਕੇ ਸਮੋਖਾ ਸਿੰਘ ਨੇ ਅਦਬ ਨਾਲ ਹਥ ਜੋੜਕੇ ਬੇਨਤੀ ਕੀਤੀ:—

ਕਿਉ ਲੀਜੈ ਗੜੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥ ੧ ॥ ਰਹਾਉ ॥ ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥ ਜਨ ਗਰੀਬ ਕੋ

*ਜ਼ਿਰਹ ਬਕਤਰ ਯਾ ਸੰਜੋਅ। †ਹਥਿਆਰ।

Digitized by Panjab Digital Library | www.panjabdigilib.org

ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥ ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥ ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥ [ਭੈਰਉ ਕਬੀਰ ਜੀ

ਹੋਰ ਓਥੇ ਅਨੇਕ ਸੂਰਮੇ ਬੜੇ ਡਰਾਉਣੇ ਹਨ ਜਿਨ੍ਹਾਂ ਦੀਆਂ ਸੂਰਤਾਂ ਦੇਖਕੇ ਕਲੇਜਾ ਕੰਬ ਉਠਦਾ ਹੈ;—

ਜਿਨ੍ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥ ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥ ਭਲਕੇ ਉਠਿ ਨਿਤ ਪਰਦਰਬੁ ਹਿਰਹਿ ਹਰਿਨਾਮੁ ਚੁਰਾਇਆ ॥ ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥ [ਵਾਰ ਸਾਰੰਗ ਮਃ ੪ ਪਉ: ੧੭

ਇਜੇਹੇ ਬਚਨ ਮਸੋਖਾ ਸਿੰਘ ਹੋਰਾਂ ਦੇ ਸੁਣਕੇ ਮਹਾਰਾਜ ਨੇ ਬੜੇ ਧੀਰਜ ਅਤੇ ਉਤ-ਸਾਹ ਦੇ ਭਰੇ ਹੋਏ ਬਚਨਾਂ ਦੀ ਰਚਨਾਂ ਵਿਚ ਉਚਾਰਣ ਕੀਤਾ—

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥ ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥ ੧੧੪ ॥ [ਸਲੋਃ ਫਰੀਃ ਜੀ

ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥ ਨੇਜਾ ਨਾਮ ਨੀਸਾਣੁ ਸਤਿ ਗੁਰ ਸਬਦਿ ਸਵਾਰਿਅਉ ॥ [ਸਵਃ ਮਃ ਪ ਕੇ

ਆਪ ਧੀਰਜ ਕਰੋ, ਗੁਰੂ ਪਰਮੇਸਰ ਦਾ ਭਰੋਸਾ ਰੱਖੋ ਤੇ ਉੱਦਮ ਨੂੰ ਮੋਹਰੇ ਕਰਕੇ ਪਰਮੇਸਰ ਦੇ ਭਾਣੇ ਵਿਚ ਰਹੋ। ਸਰਦਾਰ ਨੇਮ ਸਿੰਘ ਕਮਾਨੀਅਰ ਦੀ ਕਮਾਨ ਹੇਠ ਚਲੇ ਚੱਲੋ, ਫਿਰ ਦੇਖੋ ਕਰਤਾਰ ਦੇ ਰੰਗ ਇੱਕ ਮੜੋਲੀ ਦਾ ਕਿਲਾ ਕੀ ਚੀਜ਼ ਹੈ, ਅਨੇਕਾਂ ਏਹੋ ਜੇਹੇ ਕਿਲੇ ਫਤੇ ਹੋ ਜਾਣਗੇ।

ਇਸਤੋਂ ਉਪਰੰਤ ਮੰਤ੍ਰੀ ਨੂੰ ਹੁਕਮ ਹੋਇਆ, ਹੁਣ ਤਜਾਰੀ ਵਿੱਚ ਦੇਰੀ ਨਹੀਂ ਕਰੋ। ਧੌਂਸਿਆਂ ਪਰ ਦੁਹਰੀ ਚੋਬ ਦਿਓ। ਨਿਸ਼ਾਨਚੀਆਂ ਨੂੰ ਹੁਕਮ ਦਿਓ ਜੋ ਮੈਦਾਨ ਵਿੱਚ ਵਧਕੇ ਝੰਡਾ ਗੱਡ ਦੇਣ। ਢਾਡੀਆਂ ਨੂੰ ਕਹਿ ਦਿਓ ਵਾਰਾਂ ਲਾਉਣ, ਜਿਸ ਤੇ ਫੌਜ ਨੂੰ ਉਤਸਾਹ ਭਰੇ ਤੇ ਵਧਕੇ ਲੜੇ। ਫੌਜ ਦੀ ਪੂਟ ਕਰੋ, ਗੋਲੀ ਬਾਰੂਦ ਹਥਜਾਰ ਸਭ ਦੀ ਜਾਚ ਪੜਤਾਲ ਲਓ ਤੇ ਅਰਦਾਸਾ ਸੋਧ ਕੇ ਪ੍ਰਾਤੇਕਾਲ ਚੜ੍ਹਾਈ ਕਰ ਦਿਓ।

ਮੰਤ੍ਰੀ ਨੇ ਬੜੇ ਅਦਬ ਨਾਲ ਸਿਰ ਝੁਕਾਕੇ 'ਸਤਿ ਬਚਨ' ਆਖਿਆ ਅਤੇ ਹੁਕਮ ਦੀ ਤਾਮੀਲ ਇਸ ਤਰ੍ਹਾਂ ਕੀਤੀ। ਪਹਿਲੇ ਧੌਂਸਿਆਂ ਵਾਲਿਆਂ ਨੂੰ ਸਮਝਾਇਆ ਕਿ ਮਾਰੂ ਅਥਵਾ ਵਡਹੰਸ ਰਾਗ ਦੀ ਗਤਿ ਵਿੱਚ ਇਹ ਬੋਲ ਵਜਾਓ ਜਿਸਤੇ ਸੂਰਮਿਆਂ ਨੂੰ ਬੀਰ ਰਸ ਵਧੇ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ [ਮਾਰੂ ਕਬੀਰ

ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥ ਨਾਨਕ ਜੋ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥ ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥ ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰ ਭੇਟੈ ਸੋਇ ॥ [ਮਾਰੂ ਵਾਰ ਮਃ ੩

ਇੱਕੁਰ ਹੀ ਨਿਸ਼ਾਨਚੀਆਂ ਨੂੰ ਹੁਕਮ ਦਿੱਤਾ ਕਿ ਇਹ ਸ਼ਲੋਕ ਝੰਡੇ ਦੇ ਪਰਦੇ ਪਰ ਲਿਖ ਦਿਓ।

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮਗੜ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ [ਗੂਜ: ਵਾ: ਮ: ੫

ਇਸ ਤੇ ਉਪਰੰਤ ਢਾਡੀਆਂ ਨੂੰ ਹੁਕਮ

Digitized by Panjab Digital Library | www.panjabdigilib.org

ਹੋਇਆ ਕਿ ਵਾਰ ਲਾਓ, ਪਰ ਐਸੀ ਜੋ ਉਸਦੇ ਸੁਣਦਿਆਂ ਸੂਰਮਿਆਂ ਨੂੰ ਉਹ ਬੀਰ ਰਸ ਚੜ੍ਹੇ ਕਿ ਵਧ ਵਧ ਕੇ ਲੜਨ, ਕਟ ਕਟ ਕੇ ਮਰਨ, ਪਰ ਬਿਨਾ ਆਪਣੀ ਜਿੱਤ ਕੀਤੇ ਪਿਛੇ ਪੈਰ ਨਾ ਧਰਨ । ਪਿਛਲੇ ਨਾਮੀ ਗਰਾਮੀ ਸੂਰਮਿਆਂ ਦੇ ਜਸ ਤੇ ਉਨ੍ਹਾਂ ਦੇ ਧਾਰਨਾਮੇ ਵਾਰ ਵਿਚ ਭਰੇ ਹੋਏ ਹੋਣੇ ਚਾਹੀਏ। ਇਹ ਹੁਕਮ ਸੁਣਕੇ ਢਾਡੀਆਂ ਨੇ ਅਦਬ ਨਾਲ ਫਤਹ ਗਜਾਈ। ਸਤਿ ਬਚਨ ਦਾ ਪੈੜਾ ਪੜ੍ਹਕੇ ਆਪਣੇ ਸਾਜ ਸੰਭਾਲਕੇ ਸੁਰ ਕਰਨੇ ਅੱਰੰਭੇ ।

ਇਧਰ ਮੰਤ੍ਰੀ ਜੀ ਨੇ ਫੌਜ ਦੀ ਪ੍ਰੇਟ ਦੇਖਣੀ ਅਰੰਭੀ, ਜਿਸ ਵਿਚ ਪਹਿਲੀ ਗਿਣਤੀ ਨਾਲੋਂ ਵਧੀਕ ਹੋਰ ਵੀ ਸਰਦਾਰ ਆਣ ਰਲੇ ਸਨ, ਪਹਿਲੇ ਹੀ ਆਪਣੇ ਤਿੰਨਾਂ ਬੀਰ ਬਹਾਦਰ ਪੁੱਤ੍ਰਾਂ ਪਰ ਨਜ਼ਰ ਪਈ। ਨਿਰਵਿਕਲਪ ਭਰੋਸਾ ਸਿੰਘ, ਨਿਰਵਿਕਲਪ ਵਿਸਾਹ ਸਿੰਘ, ਸਿਖੀ ਸਿੱਦਕ ਸਿੰਘ। ਇਨ੍ਹਾਂ ਦੇ ਸਿਪਾਹੀ ਵੀ ਤਜਾਰ ਬਰਤਜਾਰ ਦੇਖੇ। ਗੁਰ ਭਗਤ ਸਿੰਘ, ਗੁਰ-ਕੀਰਤ ਸਿੰਘ, ਗੁਰਕ੍ਰਿਪਾ ਸਿੰਘ, ਗੁਰਚਰਨ ਸਿੰਘ, ਗੁਰਦਿਆਲ ਸਿੰਘ, ਗੁਰਕ੍ਰਿਪਾਲ ਸਿੰਘ, ਗੁਰਦਾਨ ਸਿੰਘ, ਕਥਾ ਕੀਰਤਨ ਸਿੰਘ, ਹਰ ਕੀਰਤ ਸਿੰਘ, ਹਰ ਭਗਤ ਸਿੰਘ, ਹਰ ਭਜਨ ਸਿੰਘ, ਤਪਾਵਸ ਸਿੰਘ, ਨਿਰਣੀਤ ਸਿੰਘ, ਨਿਰਜਾਸ ਸਿੰਘ, ਨਿਰਪੱਖ ਸਿੰਘ, ਨਿਰਸੰਕਲਪ ਸਿੰਘ, ਬ੍ਰਹਮ ਸਿੰਘ, ਹੁਕਮ ਸਿੰਘ, ਭਾਣਾ ਸਿੰਘ, ਤੇਰੀ ਰਜ਼ਾ ਸਿੰਘ, ਮਰਜ਼ੀ ਸਿੰਘ, ਆਗਿਆ ਸਿੰਘ, ਲੇਖ ਸਿੰਘ, ਕਰਮ ਸਿੰਘ, ਪ੍ਰਾਰਬਧ ਸਿੰਘ,ਲਿਖਤ ਸਿੰਘ, ਨਸੀਬ ਸਿੰਘ, ਤਕਦੀਰ ਸਿੰਘ ਆਦਿਕ ਹੋਰ ਵੀ ਬਹੁਤ ਜਥੇ ਕੱਠੇ ਹੋਏ ਦੇਖੇ।

ਸਾਰੀ ਫੌਜ ਦੇ ਸੱਜੇ ਪਾਸੇ ਕਮਾਨੀਅਰ ਸਰਦਾਰ ਨੇਮ ਸਿੰਘ ਤਿਆਰ ਬਰਤਿਆਰ ਖੜਾ ਕਵਾਇਦ ਕਰਵਾ ਰਿਹਾ ਨਜ਼ਰੀ ਪਿਆ।

ਮੰਤ੍ਰੀ ਨੇ ਸਾਹਮਣੇ ਖੜੇ ਹੋਕੇ ਸਾਰੀ ਫੌਜ ਦਾ ਰੁਖ ਆਪਣੀ ਵੱਲ ਕਰਕੇ ਬਚਨ ਕੀਤਾ, ਖਾਲਸਾ ਜੀ ! ਇਸ ਵੇਲੇ ਮੜੋਲੀ ਦੇ ਕਿਲ੍ਹੇ ਦੀ ਇਕ ਦੁਬਿਧਾ ਜੇਹੀ ਆ ਬਣੀ ਹੈ। ਕਿਸੇ ਵੇਲੇ ਤਾਂ ਰਾਣੀ ਰੂਪ ਕੌਰ ਦੀ ਸੁਲਹ ਨਾਮੇ ਦੀ ਚਿੱਠੀ ਆਉਂਦੀ ਹੈ, ਕਿਸੇ ਵੇਲੇ ਜੰਗ ਦੀਆਂ ਤਜਾਰੀਆਂ ਦੀ ਖਬਰ ਆਉਂਦੀ ਹੈ, ਹੁਣ ਮਹਾਰਾਜ ਦਾ ਹੁਕਮ ਹੈ ਕਿ ਇਸ ਦੁਬਿਧਾ ਦੀ ਨਿਵਰਤੀ ਕੀਤੀ ਜਾਵੇ । ਸਵੇਰੇ ਅੰਮ੍ਰਿਤ ਵੇਲੇ ਮੜੋਲੀ ਪਰ ਧਾਵਾ ਕਰਨਾ ਹੈ, ਇਸ ਦੁਬਿਧਾ ਦਾ ਮੂਲ ਉਖੇੜ ਦੇਣਾ ਹੈ। ਸੋ ਤੁਸਾਂ ਬੀਰ ਬਹਾਦਰਾਂ ਦੀ ਸੂਰਮਤਾਈ ਦੇ ਸਫਲ ਕਰਨ ਦਾ ਵੇਲਾ ਆ ਬਣਿਆ ਹੈ, ਜਿਸ ਨੇ ਇਸ ਦੁਬਿਧਾ ਨੂੰ ਮਾਰਿਆ ਉਸਦੀ ਵਡਿਆਈ ਗੁਰੂ ਸਾਹਿਬ ਇਉਂ ਲਿਖਦੇ ਹਨ–

ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜਜੋਗੁ ਕਮਾਵੈ ॥ ੧ ॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹਿ ਸਿਝੈ ॥ ੨ ॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥ ੩ ॥ ਜੋ ਇਸ ਮਾਰੇ ਤਿਸਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ

Digitized by Panjab Digital Library | www.panjabdigilib.org

ਮੋਹੁ ਲੋਭੁ ਅਹੰਕਾਰਾ ॥ ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥ ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣ ਹਾਰਾ ॥ ੧ ॥

[ਮਾਰੂ ਵਾਰ ਮਃ ੩

ਜੋ ਜਨ ਲੂਝਹਿ ਮਨੈ ਸਿਉ ਸੋ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥ ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥ ਜਿਨ ਗੁਰਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥

[ਮਾਰੂ ਵਾਰ ਮਃ ੩

ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥ ਗੁਰ ਸਬਦੀ ਹਰਿ ਏਦਹੀ ਹਰਿ ਜਪਿ ਹਰਿ ਬੂਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥ ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹਿ ਸੀਝੈ ॥

[ਮਾਰੂ ਵਾਰ ਮਃ ੩

ਮਰਣੁ ਨ ਮੰਦਾ ਲੋਕਾ ਆਖੀਐ ਜੋ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥ ਭੈਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥ ੨ ॥ਮਰਣ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੈ ॥ ਸੂਰੇ ਸੋਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੈ ॥ ਦਰਗਹਿ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ

ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥ ੪ ॥ ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁ ਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥ ੫ ॥ ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥ ੬ ॥ ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥ ੭ ॥ ਜਾਕਉ ਭਏ ਕ੍ਰਿਪਾਲ ਕ੍ਰਿਪਾਨਿਧਿ ॥ ਤਿਸੁ ਭਈ ਖਲਾਸੀ ਦੇਈ ਸਗਲ ਸਿਧਿ ॥ ਗੁਰਿ ਦੁਬਿਧਾ ਜਾਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥ ੮ ॥

[ਗਉੜੀ ਮਃ ੫ ਅਸਟਪਦੀਆ

ਮੰਤ੍ਰੀ ਦੇ ਇਸ ਬਚਨ ਨੂੰ ਸਭ ਨੇ ਸ੍ਵੀਕਾਰ ਕੀਤਾ ।

ਇੰਨੇ ਤੱਕ ਢਾਡੀਆਂ ਵਾਰ ਲਾਉਣੀ ਅਰੰਭ ਕੀਤੀ ।

ਜਿਉਂ ਜਿਉਂ ਸੂਰਮੇ ਵਾਰ ਸੁਣਨ ਲੱਗੇ ਤਿਵੇਂ ਤਿਵੇਂ ਚਿਹਰਿਆਂ ਪਰ ਲਾਲੀਆਂ ਚੜ੍ਹਨ ਲੱਗੀਆਂ, ਬਾਹਾਂ ਫੜਕਨ ਲੱਗੀਆਂ, ਤਲਵਾਰਾਂ ਮਿਆਨਾਂਵਿੱਚੋਂ ਉਛਲਣਲੱਗੀਆਂ, ਘੋੜਿਆਂ ਦੇ ਸੁੰਮ ਪੈਲਾਦੀ ਨਾਲਾਂ ਨਾਲ ਜੜੇ ਹੋਏ ਘਨਘੋਰ ਦਾ ਅਵਾਜ਼ਾ ਕਰਨ ਲੱਗੇ। ਸਵਾਰ ਵਾਗਾਂ ਰੋਕ ਰੋਕ ਕੇ ਥੰਮ੍ਹਣ ਲੱਗੇ, ਇਤਨੇ ਨੂੰ ਢਾਡੀਆਂ ਨੇ ਇਹ ਸ਼ਬਦ ਵਾਰ ਦੇ ਹੋਰ ਲਾਏ:—

ਗੁਰਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ

Digitized by Panjab Digital Library | www.panjabdigilib.org

॥ करि एकु धिआवहि तां फलु पावहि जितु सेविऐ भउ भागै ॥ ऊचा नही कहणा मन महि रहणा आपे जाणै जाणै ॥ मरणु मुणसां सूरिआ हकु है जो होइ मरहि परवाणै ॥ ३ ॥

[ਵਡਹੰਸ ਮ: ੧ ਅਲਾਹਣੀਆਂ

ਇਧਰ ਮੰਤ੍ਰੀ ਨੇ ਹੋਰ ਇਕ ਸਿਪਾਹੀ ਅਤੇ ਸਰਦਾਰ ਵੱਲ ਚੰਗੀ ਤਰ੍ਹਾਂ ਦੇਖ ਭਾਲ ਅਰੰਭੀ। ਪਹਿਲੇ ਸ੍ਰੀ ਸਾਹਿਬਾਂ ਦੀ ਫਤਹ ਹੋਈ। ਉਪਰੰਤ ਸੰਗੀਨਾਂ, ਬੰਦੂਕਾਂ, ਗੋਲੀਆਂ ਦੇ ਗੱਠੇ ਕਾਰਤੂਸ ਆਦਿਕ ਸਭੇ ਹਥਿਆਰਾਂ ਦੀ ਪੜਤਾਲ ਕੀਤੀ ਗਈ। ਇਧਰ ਢਾਡੀਆਂ ਨੇ ਵਾਰ ਦਾ ਭੋਗ ਪਾਇਆ, ਓਧਰ ਮੰਤ੍ਰੀ ਨੇ ਮਹਾਰਾਜ ਦਾ ਹੁਕਮ ਕਮਾਨੀਅਰ ਨੂੰ ਸੁਣਾਇਆ ਕਿ ਸਵੇਰੇ ਅੰਮ੍ਰਿਤ ਵੇਲੇ ਨਿਤਨੇਮ ਤੋਂ ਉਪ੍ਰੰਤ ਖਾਲਸਾ ਜੀ ਨੇ ਧਾਵਾ ਕਰਨਾ ਹੈ, ਫੌਜ ਤਿਆਰ ਬਰਤਿਆਰ ਰਹੇ ਉਪ੍ਰੰਤ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਕੇ ਸਭ ਆਪੋ ਆਪਣੇ ਡੇਰਿਆਂ ਪਰ ਚਲੇ ਗਏ।

ਜਦ ਮੰਤ੍ਰੀ ਸਾਹਿਬ ਜੀ ਅਪਣੇ ਡੇਰੇ ਪਹੁੰਚੇ ਤਾਂ ਅੱਗੇ ਦਰੋਗਾ ਦਰੋਗਸ਼ਾਹ ਜ਼ੁਲਮਾਤ ਬਡੀ ਸਜ ਧਜ ਨਾਲ ਸਿਰ ਤੇ ਜ਼ੂਮੀ ਟੋਪੀ ਪਾਏ ਬੇਹਥਿਆਰ ਕਮਰਕੱਸਾ ਕੀਤੇ ਖੜੇ ਹਨ। ਮੰਤ੍ਰੀ ਜੀ ਨੂੰ ਦੇਖ ਕੇ ਜ਼ਮੀਨ ਤੱਕ ਝੁਕ ਕੇ ਫਰਸ਼ੀ ਸਲਾਮ ਕੀਤਾ। ਮੰਤ੍ਰੀ ਨੇ ਪੁੱਛਿਆ ਕਿ ਆਪ ਕੌਣ ਹੋ ? ਉੱਤਰ ਵਿਚ ਬੋਲਿਆ—ਏਲਚੀ। ਮੰਤ੍ਰੀ ਨੇ ਫਿਰ ਦੁਹਰਾਇਆ ਕਿਸਦਾ ਏਲਚੀ ? ਦਰੋਗਸ਼ਾਹ ਨੇ ਹੱਥ ਜੋੜਕੇ ਬੜੇ ਅਦਬ ਨਾਲ ਅਰਜ਼ ਕੀਤੀ—ਹਜ਼ੂਰ ਮਹਾਰਾਣੀ ਸ੍ਰੀ ਮਤੀ ਰੂਪ ਕੌਰ ਸਾਹਿਬਾ ਦਾ।

ਮੰਤ੍ਰੀ—ਕੀ ਕੰਮ ਹੈ ?

ਦਰੋਗ ਸ਼ਾਹ—ਹਜ਼ੂਰ ਰਾਣੀ ਸਾਹਿਬਾ ਅਰਜ਼ ਕਰਦੇ ਹਨ ਕਿ ਮੇਰਾ ਹਜ਼ੂਰ ਨਾਲ ਕਿਸੇ ਤਰ੍ਹਾਂ ਮੁਕਾਬਲਾ ਨਹੀਂ ਹੋ ਸਕਦਾ। ਇਸ ਲਈ ਆਪ ਫੌਜ ਕਸ਼ੀ ਦਾ ਸੰਕਲਪ ਨਾ ਕਰੋ। ਮੈਂ ਰਾਜਕੁਮਾਰ ਅਤੇ ਉਪਰਾਮ ਕੌਰ ਆਪਦੇ ਪਾਸ ਭੇਜ ਦੇਵਾਂਗੀ, ਆਪ ਬੇਫਿਕਰ ਹੋ ਜਾਓ।

ਮੰਤ੍ਰੀ—ਕਦ ਤਕ ਭੇਜੇਗੀ ?

ਦਰੋਗਸ਼ਾਹ—ਹਜ਼ੂਰ ਅੱਜ ਸਵੇਰੇ. ਦੁਪਹਿਰੇ ਤੀਜੇ ਪਹਿਰ, ਸ਼ਾਮ ਨੂੰ, ਆਰਾਮ ਵੇਲੇ ਆਪ ਦੇ ਪਾਸ ਪਹੁੰਚ ਜਾਣਗੇ।

ਮੰਤ੍ਰੀ—ਤੇਰੇ ਨਾਲ ਕਿਉਂ ਨਹੀਂ ਭੇਜੇ ? ਸਵੇਰੇ ਦੁਪਹਿਰੇ ਤ੍ਰਿਪਹਿਰੇ ਇਹ ਕੀ ਗਲ ਹੋਈ ? ਕੋਈ ਲਿਖਤ ਤੇਰੇ ਪਾਸ ਹੈ ?

ਏਲਚੀ—ਜੀ ਹਜ਼ੂਰ ! ਹਾਂ ਲਿਖਤ—ਮੇਰੇ ਪਾਸ ਕੋਈ ਨਹੀਂ—ਪਰ ਮੈਂ ਸੱਚ ਤੋਂ ਬਹੁਤ ਵਧਕੇ ਸੱਚੀ ਅਰਜ਼ ਕਰਦਾ ਹਾਂ ਕਿ ਸ਼ਾਇਦ ਰਾਣੀ ਸਾਹਿਬ ਆਪ ਨਾਲ ਲੈਕੇ ਆਉਣ।

ਮੰਤ੍ਰੀ ਸਾਹਿਬ ਤਾੜ ਗਏ ਕਿ ਇਹ ਕੋਈ ਸ੍ਹੈਹੀਆ ਹੈ, ਏਲਚੀ ਨਹੀਂ ਹੈ। ਆਵਾਜ਼ ਕੀਤੀ, "ਕੋਈ ਹੈ" ਇਸ ਅਵਾਜ਼ ਪਰ ਪਹਿਰੇ ਵਾਲੇ ਸਿਪਾਹੀ ਬਿਜਲੀ ਵਾਕਰ ਆ ਪੁਜੇ ਤੇ ਅਰਜ਼ ਕੀਤੀ "ਹੁਕਮ"।

ਮੰਤ੍ਰੀ—ਇਸ ਏਲਚੀ ਨੂੰ ਨਜ਼ਰਬੰਦੀ ਵਿਚ ਰਖੋ।

ਏਲਚੀ—ਹਜ਼ੂਰ ਏ ਦਸਤੂਰ ਨਹੀਂ ਹੈ। ਕਦੀ ਏਲਚੀ ਕੈਦ ਨਹੀਂ ਹੋਏ। ਆਪ ਐਸਾ ਵਾਧਾ ਨਾ ਕਰੋ।

ਮੰਤ੍ਰੀ—ਇਹ ਵਾਧੇ ਦੀ ਕੋਈ ਬਾਤ ਨਹੀਂ। ਜਦ ਤਕ ਰਾਜਕੁਮਾਰ ਨਹੀਂ ਆਉਂਦਾ, ਜੈਸਾ ਕਿ ਆਪ ਨੇ ਕਿਹਾ ਹੈ, ਤਦ ਤਕ ਆਪਨੂੰ ਨਿਗਰਾਨੀ ਵਿਚ ਰੱਖਣਾ ਜ਼ਰੂਰੀ ਹੈ, ਉਪਰੰਤ ਆਪਨੂੰ ਰਾਣੀ ਸਾਹਿਬਾ ਲੈ ਜਾਣਗੇ॥

Digitized by Panjab Digital Library | www.panjabdigilib.org

ਕਾਲੀ ਬੋਲੀ ਰਾਤ ਉਮਰਾ ਦੇ ਘਾਟੇ ਵਾਂਗ ਘੱਟਦੀ ਹੋਈ ਸਵਾ ਪਹਿਰ ਬਾਕੀ ਰਹਿ ਗਈ। ਤਾਰਿਆਂ ਦੀ ਫੇਰੀ ਕਿਸਮਤ ਦੇ ਪਲਟੇ ਵਾਂਗ ਲਹਿੰਦੇ ਨੂੰ ਆ ਗਈ। ਓਸ ਨਾਲ ਭਿੰਨੀ ਹੋਈ ਨਿੰਮ੍ਹੀ ਨਿੰਮ੍ਹੀ ਪੌਣ ਵਾਸ਼ਨਾਂ ਦੇ ਸ਼ਾਂਤਿ ਸਮੇਂ ਵਾਂਗ ਰੁਮਕ ਰਹੀ ਹੈ। ਬ੍ਰਹਮ ਗਿਆਨ ਦੇ ਰਸ ਵਾਕਰ ਅਥਾਹ ਵਰਸਦੀ ਹੋਈ ਤੌਲ, ਅਭਜਾਸੀਆਂ ਦੇ ਹਿਰਦਾ ਰੂਪੀ ਫੁੱਲਾਂ ਨੂੰ ਤਰ ਬਤਰ ਕਰ ਰਹੀ ਹੈ। ਢਲਦੇ ਹੋਏ ਰਾਤ ਦੇ ਜੋਬਨ ਦੇ ਪਿਛਲੇ ਪਹਿਰ ਦੀ ਸਿਥਿਲਤਾ ਭੁੱਲੇ ਹੋਏ ਮਨਾਂ ਨੂੰ ਪਰਮੇਸ਼ਰ ਵਲ ਜੋੜਨ ਲਈ ਸਤੋਗੁਣ ਦੀ ਸ਼ਾਂਤਿ ਵਰਸਾ ਰਹੀ ਹੈ। ਅਜਿਹੇ ਅਚਰਜ ਤੇ ਅਨੋਖੇ ਸਾਂਤਿ ਸਤੋਗੁਣ ਦੇ ਅੰਮ੍ਰਿਤ ਪਰ ਗੁਰੂ ਮਹਾਰਾਜ ਦਾ ਬਚਨ ਹੈ:—

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥
[ਆਸਾ ਮਃ ੫

ਪੁਨਃ—ਝਾਲਾਘੇ ਉਠਿ ਨਾਮੁਜਪਿ ਨਿੰਸ ਬਾਸੁਰ ਆਰਾਧਿ॥ ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ [ਬਾਵਨ ਅਖਰੀ ੨੫

ਪੁਨਃ—ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ ਸੋਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥ [ਵਾਰ ਮਾਝ ਮਃ ੧

ਪੁਨਃ—ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥ ੧੧੨॥ [ਸਲੋਕ ਫਰੀਦ

ਪੁਨਃ—ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ [ਜਪੁਜੀ

ਇਜੇਹੇ ਸ਼ਾਂਤ ਸਮੇਂ ਰਾਗੀਆਂ ਨੇ ਆਸਾ ਬਿਲਾਵਲ ਰਾਗ ਵਿੱਚ ਸ਼ਬਦ ਅਲਾਪਿਆ:—

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥੧॥ਜਾਗਹੁ ਜਾਗਹੁ ਸੂਤਿ ਹੋ ਚਲਿਆ ਵਣਜਾਰਾ॥ ੧॥ ਰਹਾਉ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ॥ ੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥ ਤੁਮ ਦੇਵਹੁਗੇ ਓਸਨੋ ਤੁਮ ਕਉ ਕਉਣੁ ਰੋਈ॥ ੩॥ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥ ਓਹੁ ਨ ਸੁਣਈ ਕਤਹੀ ਤੁਮ ਲੋਕ ਸੁਣਾਵਹੁ॥ ੪॥ਜਿਸਤੇ ਸੁਤਾ ਨਾਨਕਾ ਜਾਗਾਏ ਸੋਈ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥ ੫॥ ਜੋ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ॥ ਤਾ ਧਨੁ ਸੰਚਹੁ ਦੇਖਿਕੈ ਬੂਝਹੁ ਬੀਚਾਰੇ॥ ੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥ ੭॥ ਧਰਮੁ ਬੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥ ੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ॥ ਨਾਮੁ ਵਖਾਣੈ ਸੁਣੈ ਨਾਮੁ ਨਾਮੇ ਬਿਉਹਾਰਾ॥ ੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥੧੦॥
[ਆਸਾ ਕਾਫੀ ਮਹਲਾ ੧

ਇਸ ਸ਼ਾਂਤ ਸਤੋਗੁਣ ਦੇ ਵੇਲੇ ਆਸਾ ਰਾਗ ਦੀ ਭਿੰਨੀ ਹੋਈ ਮਧੁਰ ਬਿਲਾਵਲ ਦੀ ਲੈ ਵਿਚ ਸੁਰ ਨਿਰਵੇਦ ਸਿਖਜਾ ਨਾਲ ਭਰੀ ਹੋਈ ਜਿਉਂ ਜਿਉਂ ਸਿੱਖਾਂ ਦੇ ਕੰਨਾਂ ਵਿਚ ਪਹੁੰਚੀ ਤਿਵੇਂ ਤਿਵੇਂ ਨੀਂਦਰ ਅਤੇ ਆਲਸ ਪਰ ਚਾਬਕਾਂ ਦਾ ਕੰਮ ਹੁੰਦਾ ਗਿਆ, ਹਰ ਇਕ ਇਹ ਸ਼ਬਦ ਪੜ੍ਹਦਾ ਹੋਇਆ ਜਾਗਿਆ—

ਜਾਗਿ ਲੇਹੁ ਰੇ ਮਨਾ ਜਾਗਿ ਲੇਹੁ॥ ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ॥ ੧॥

Digitized by Panjab Digital Library | www.panjabdigilib.org

ਰਹਾਉ ॥ ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾਸਿਉ ਕੀਨਾ॥ ਜੀਉ ਛੁਟਿਓ ਜਬ ਦੇਹਿ ਤੇ ਡਾਰਿ ਅਗਨਿ ਮੈ ਦੀਨਾ ॥ ੧ ॥ ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥ ੨ ॥ ੨ ॥

[ਤਿਲੰਗ ਮਹਲਾ ੯

ਰਾਗੀਆਂ ਨੇ ਆਸਾ ਦੀ ਵਾਰ ਲਾਈ। ਖਾਲਸਾ ਜੀ ਬਸਤ੍ਰ ਸ਼ਸਤ੍ਰ ਸਜਾਕੇ ਤਯਾਰ ਬਰ ਤਯਾਰ ਹੋਕੇ ਦੀਵਾਨ ਵਿਚ ਬਿਰਾਜਣ ਲਗੇ। ਰਾਗੀਆਂ ਸਿੰਘਾਂ ਨੇ ਵਾਰ ਦਾ ਭੋਗ ਪਾਕੇ ਉਪ੍ਰੰਤ ਇਹ ਸ਼ਬਦ ਇਕ ਵੱਡੀ ਮਨਮੋਹਣੀ ਅਵਾਜ਼ ਨਾਲ ਸਿਰੀ ਰਾਗ ਦੀ ਉਦਾਸੀ ਭਰੀ ਸੁਰ ਤਾਰ ਦੀ ਲੈ ਵਿਚ ਪੜ੍ਹਿਆ:-

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੇ ਕੀ ਧੇਖ ॥ ਮੁਕਾਮੁ ਤਾਪਰੁ ਜਾਣੀਐ ਜਾ ਰਹੈ ਨਿਹਚਲੁ ਲੇਕ ॥ ੧ ॥ ਦੁਨੀਆ ਕੈਸਿ ਮੁਕਾਮੇ ॥ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥ ੧ ॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥ ੨ ॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ ਦਰਿ ਕੂਚ ਕੂਚਾ ਕਰਿ ਗਏ ਅਵਰੋ ਭਿ ਚਲਣ ਹਾਰ ॥ ੩ ॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥ ੪॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥ ੫ ॥ ਅਲਾਹੁ ਅਲਖੁ ਅਗੰਮ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ ੬ ॥ ਮੁਕਾਮੁ ਤਿਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ ੭ ॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥ ੧੭ ॥

[ਸਿਰੀ ਰਾਗ ਮਃ ੧ ਘਰੁ ੨ ਅਸ:

ਇਸ ਸ਼ਬਦ ਪਰ ਸਾਰੀ ਫੌਜ ਵੈਰਾਗ ਨਾਲ ਪਰੀਪੂਰਣ ਹੋ ਗਈ ਅਤੇ ਸਰਦਾਰਾਂ ਨੇ ਆਖਿਆ—ਰਾਹੀਸਿੰਘ ਜੀ! ਏਸੇ ਭਾਵ ਪਰ ਇਕ ਸ਼ਬਦ ਹੋਰ ਪੜ੍ਹਕੇ ਅਰਦਾਸਾ ਸੋਧ ਦਿਓ।

ਰਾਗੀਆਂ ਨੇ ਏਸੇ ਬਸੀ ਹੋਈ ਸਿਰੀ ਰਾਗ ਦੀ ਸੁਰ ਤਾਰ ਲੈ ਵਿਚ ਇਹ ਸ਼ਬਦ ਆਖਿਆ:-

ਗੋਇਲਿ ਆਇਆ ਰੋਇਲੀ ਕਿਆ ਤਿਸੁ ਡੰਫੁ ਪਸਾਰੁ ॥ ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥ ੧ ॥ ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥ ਕਿਆ ਥੋੜੜੀ ਬਾਤ ਗੁਮਾਨੁ ॥ ੧ ॥ ਰਹਾਉ ॥ ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥ ੧ ॥ ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥ ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ ੨ ॥ ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥ ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ ੪ ॥ ੨੨ ॥ ੯੨ ॥

[ਸਿਰੀ ਰਾਗ ਮਹਲਾ ੫ ਘਰੁ ੨

ਸ਼ਬਦ ਕੀਰਤਨ ਦਾ ਭੋਗ ਪਾਕੇ ਅਰਦਾਸਾ ਸੋਧਿਆ, ਜਿਸਦੇ ਛੇਕੜ ਇਹ ਪ੍ਰਾਰਥਨਾ ਕੀਤੀ "ਕਿ ਸਚੇ ਪਾਤਸ਼ਾਹ ਆਪਦੇ ਦਰੋਂ ਘਰੋਂ ਆਗਜਾ ਲੈਕੇ ਖਾਲਸਾ ਜੀ ਚੜ੍ਹਾਈ ਕਰਦਾ ਹੈ ਮੜੈਲੀ ਪਰ, ਫਤੇ ਬਖਸ਼ਣੀ,

Digitized by Panjab Digital Library | www.panjabdigilib.org

ਅੰਗ ਸੰਗ ਸਹਾਈ ਹੋਣਾ। ਖਾਲਸਾ ਜੀ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਵਾਹਿਗੁਰੂ। ਅੜੇ ਸੋ ਝੜੇ । ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ। ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ'' ਗਜਾਕੇ ਮੱਥਾ ਟੇਕਿਆ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ।

ਸਵਾਰਾਂ ਨੇ ਘੋੜਿਆਂ ਦੀਆਂ ਪਿੱਠਾਂ ਸਮੁਾਲੀਆਂ। ਪੈਦਲਾਂ ਨੇ ਜ਼ਮੀਨ ਦੀ ਪਿੱਠ ਮਿਣਨੀ ਅਰੰਭ ਦਿੱਤੀ । ਆਪੋ ਆਪਣੇ ਸਰਦਾਰਾਂ ਨੂੰ ਮੱਜੇ ਹੱਥ ਰੱਖ ਕੇ ਖਾਲਸਾ ਜੀ ਨੇ ਕੂਚ ਕੀਤਾ, ਧੌਂਸੇ ਦੀ ਧੁੰਕਾਰ ਨੇ ਸਵੇਰ ਵੇਲੇ ਗੂੰਜ ਬੰਨ੍ਹ ਦਿੱਤੀ। ਫੌਜ ਦੀ ਕਲਮਲਾਟ ਨੇ ਸੁੱਤੇ ਹੋਏ ਜੀਵ ਜੰਤੂ ਜਗਾ ਦਿੱਤੇ। ਘੋੜਿਆਂ ਦੇ ਸੁੰਬਾਂ ਨਾਲ ਉੱਡੀ ਹੋਈ ਧੂੜ ਨੇ ਅਸਮਾਨ ਵਿੱਚ ਘਨ ਛੱਤ ਕਰ ਦਿੱਤੀ। ਕੁਝ ਥੋੜ੍ਹੀ ਦੂਰ ਤੱਕ ਫੌਜ ਪਹੁੰਚੀ ਸੀ ਕਿ ਦਿਨ ਦਾ ਪ੍ਰਕਾਸ਼ ਹੋ ਆਇਆ।

ਦਲ ਇਕੋ ਵਾਰਾਂ ਅਟਕ ਕੇ ਖਲੋ ਗਿਆ। ਕੀ ਦੇਖਦੇ ਹਨ ਕਿ ਅੱਗੇ ਇਕ ਬੜੀ ਭਾਰੀ ਕੰਧ ਹੈ। ਆਦਿ ਅੰਤ ਇਸਦਾ ਕਿਤੇ ਨਹੀਂ ਦਿੱਸਦਾ। ਉਚਾਈ ਵਿੱਚ ਏਡੀ ਵਡੀ ਉੱਚੀ ਹੈ ਜੋ ਮਿਣੀ ਨਹੀਂ ਜਾਂਦੀ। ਸਰਦਾਰਾਂ ਨੇ ਬਹੁਤ ਨੇੜੇ ਹੋਕੇ ਦੇਖਿਆ, ਸੋਝਲਾ ਤਾਂ ਹੋ ਹੀ ਗਿਆ ਸੀ, ਮਲੂਮ ਹੋਇਆ ਕਿ ਹੰਗਤਾਂ ਦੀਆਂ ਇੱਟਾਂ ਅਤੇ ਮਮਤਾ ਦੇ ਚੂਨੇ ਨਾਲ ਇਹ ਹਉਮੈ ਦੀ ਕੰਧ ਗੱਚ ਕੀਤੀ ਬੜੀ ਪੱਕੀ ਬਣੀ ਹੋਈ ਹੈ। ਇਸਤੋਂ ਲੰਘਣਾ ਅਥਵਾ ਇਸ ਨੂੰ ਤੋੜਨਾ ਬੜਾ ਔਖਾ ਜਾਪਿਆ।ਦਲ ਤਾਂ ਸਾਰਾ ਏਥੇ ਹੀ ਅਟਕ ਗਿਆ। ਸਰਦਾਰਾਂ ਅਤੇ ਫੌਜ ਨੇ ਇਸ ਕੰਧ ਦੇ ਨਾਲ ਨਾਲ ਦੂਰ ਤੱਕ ਘੋੜੇ ਮਾਰੇ,ਪਰ ਕਿਤੋਂ ਵੀ ਰਸਤਾ ਨਾ ਲੱਭਾ। ਪਰਤ ਕੇ ਫਿਰ ਇਕੱਠੇ ਹੋਕੇ ਮਤਾ ਕਰਨ ਲੱਗੇ। ਇੰਨੇ ਤਕ ਮੰਤ੍ਰੀ ਦ੍ਰਿੜ ਨਿਸ਼ਚਾ ਸਿੰਘ ਜੀ ਵੀ ਆਣ ਪਹੁੰਚੇ। ਸਭਨਾਂ ਨੂੰ ਹਉਮੈ ਦੀ ਕੰਧ ਪਾਸ ਰੁਕੇ ਹੋਏ ਦੇਖਕੇ ਪੁੱਛਿਆ ਕਿ ਕੋਈ ਰਸਤਾ ਵੀ ਢੂੰਡਿਆ ਹੈ ਕਿ ਨਹੀਂ ? ਤਾਂ ਕਮਾਨੀਅਰ ਨੇ ਅਰਜ਼ ਕੀਤੀ, ਮਹਾਰਾਜ ! ਰਸਤਾ ਤਾਂ ਕੋਈ ਨਹੀਂ ਲੱਭਾ, ਢੂੰਡ ਭਾਲ ਬਤੇਰੀ ਕੀਤੀ ਹੈ। ਸਰਦਾਰਾਂ ਦੇ ਮਤੇ ਵਿਚ ਇਹ ਗੱਲਾਂ ਆਈਆਂ ਹਨ ਕਿ ਇਸ ਕੰਧ ਦੇ ਹੇਠੋਂ ਦੀ ਸੁਰੰਗ ਖੋਦਕੇ ਪਾਰ ਹੋ ਚੱਲੀਏ। ਕੋਈ ਕਹਿੰਦਾ ਹੈ, ਪਉੜੀਆਂ ਬਣਾਕੇ ਲਾਈਏ ਤਾਂ ਪਾਰ ਹੋ ਜਾਈਏ। ਇਹ ਕੰਧ ਮਜ਼ਬੂਤ ਐਸੀ ਹੈ ਕਿ ਇਹ ਟੁੱਟ ਨਹੀਂ ਸਕਦੀ। ਕੋਈ ਕੋਈ ਇਹ ਭੀ ਕਹਿੰਦੇ ਹਨ ਕਿ ਇਸਦਾ ਤੋੜਨਾ ਹੀ ਠੀਕ ਹੈ। ਮੰਤ੍ਰੀ ਨੇ ਆਖਿਆ--ਜਦ ਤਕ ਇਹ ਕੰਧ ਨਾ ਟੁੱਟੇਗੀ ਤਦ ਤਕ ਅੱਗੇ ਚੱਲਕੇ ਵੀ ਫਤਹ ਦੀ ਉਮੈਦ ਨਹੀਂ ਹੋ ਸਕਦੀ। ਕਿਉਂਕਿ ਇਸ ਨਾਲੋਂ ਅੱਗੇ ਬਹੁਤ ਕਰੜੀਆਂ ਖਾਈਆਂ ਹਨ, ਇਸ ਲਈ ਇਸ ਕੰਧ ਦਾ ਤੋੜਨਾ ਬਹੁਤ ਜ਼ਰੂਰੀ ਹੈ, ਤੁਹਾਨੂੰ ਚਾਹੀਦਾ ਹੈ ਹੌਸਲਾ ਨਾ ਹਾਰੋ। ਹਿੰਮਤ ਨੂੰ ਹੱਥੋਂ ਨਾ ਜਾਣ ਦਿਓ। ਗੁਰੂ ਕਰਤਾਰ ਪਰ ਭਰੋਸਾ ਪੱਕਾ ਕਰੋ। ਦੇਖੋ ਤੁਹਾਡੇ ਵਿੱਚੋਂ ਹੀ ਕੋਈ ਸਿੰਘ ਬਹਾਦਰ ਨਿਕਲਦਾ ਹੈ ਜੋ ਇਸ ਕੰਧ ਦੇ ਤੁਹਾਡੇ ਦੇਖਦਿਆਂ ਹੀ ਤਬਕ ਉਡਾ ਦਿੰਦਾ ਹੈ । ਸਾਰੀ ਸਿਪਾਹ ਅਤੇ ਸਰਦਾਰਾਂ ਵੱਲ ਮੁਖ ਕਰਕੇ ਮੰਤ੍ਰੀ ਨੇ ਉੱਚੀ ਜੇਹੀ ਆਖਿਆ:—

ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥ ੧ ॥ ਰਹਾਉ ॥

[ਗਉੜੀ ਮ: ੫

ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਦੋਹ ਮੋਹ ਭਰਮ ਹੀ ਤੇ ਹੋਰੈ ॥੧ ॥ਰਹਾਉ॥

Digitized by Panjab Digital Library | www.panjabdigilib.org

॥ ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥ ੧ ॥ [ਆਸਾ ਮਹਲਾ ੫

"ਹੇ ਕੋਊ ਐਸੋ ਮੀਤੁ ਜਿ ਤੋਰੇ ਬਿਖਮ ਗਾਂਠਿ"

[ਫੁਨਹੇ ਮਃ ੫

ਜਦ ਮੰਤ੍ਰੀ ਜੀ ਨੇ ਇਸ ਤਰ੍ਹਾਂ ਵੰਗਾਰਿਆ ਕਿ ਇਸ ਵੇਲ ਕੋਈ ਨਿਤਰੇ ਜਿਹੜਾ ਇਸ ਕੰਧ ਨੂੰ ਤੋੜੇ ਤਾਂ ਇਕ ਸਰਦਾਰ ਨਿਰਹੰਕਾਰ ਸਿੰਘ ਨਾਮੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ! ਆਪ ਅਰਦਾਸਾ ਸੋਧ ਕੇ ਕਿਸੇ ਨਿਮਾਣੇ ਸਿਖ ਸਿਪਾਹੀ ਨੂੰ ਥਾਪੀ ਦਿਓ ਸਤਿਗੁਰੂ ਆਪੇ ਇਸ ਕੰਧ ਨੂੰ ਤੋੜ ਦੇਣਗੇ। ਇਸ ਬਚਨ ਪਰ ਮੰਤ੍ਰੀ ਸਾਹਿਬ ਨੇ ਸ਼ਾਬਾਸ਼ ਦਿਤੀ। ਆਪਣੇ ਘੋੜੇ ਤੋਂ ਉਤਰਕੇ ਗਲ ਵਿਚ ਪੱਲਾ ਪਾਕੇ ਬੜੀ ਨਿੰਮ੍ਰਤਾ ਅਤੇ ਅਧੀਨਗੀ ਨਾਲ ਅਰਦਾਸਾ ਸੋਧਿਆ। ਅਕਾਲ ਪੁਰਖ ਅਗੇ ਮੱਥਾ ਟੇਕਕੇ ਨਿਰਹੰਕਾਰ ਸਿੰਘ ਨੂੰ ਬਚਨ ਕੀਤਾ ਕਿ ਆਪ ਨਿਰਮਾਨਤਾ ਦੀ ਗੋਂਤੀ ਲੈ ਕੇ ਦੇ ਚਾਰ ਛੇਕ ਇਸ ਕੰਧ ਵਿਚ ਕਰ ਦਿਓ ਫਿਰ ਫੌਜ ਦੇ ਸਿਪਾਹੀ ਇਕ ਇਕ ਇਟ ਭੀ ਉਖੇੜਨਗੇ ਤਾਂ ਇਸ ਕੰਧ ਦਾ ਕਿਤੇ ਨਾਮ ਨਿਸ਼ਾਨ ਤਕ ਨਹੀਂ ਰਹੇਗਾ।

ਨਿਰਹੰਕਾਰ ਸਿੰਘ ਨੇ ਇਸ ਹੁਕਮ ਦੇ ਸੁਣਦਿਆਂ ਸਾਰ ਹੀ ਦੇ ਚਾਰ ਟੱਕ ਗੋਂਤੀ ਦੇ ਇਸ ਜ਼ੋਰ ਨਾਲ ਮਾਰੇ ਕਿ ਏਡੀ ਪਕੀ ਕੰਧ ਵਿਚ ਵਡੇ ਵਡੇ ਛੇਕ ਪੈ ਗਏ। ਫਿਰ ਫੌਜ ਇਕ ਵਾਰ ਹੀ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਕੇ ਜਿਉਂ ਭਬਕ ਪਈ ਕੰਧ ਹਥੋਂ ਹਥੀ ਦਹਿ ਢੇਰੀ ਹੋ ਗਈ। ਅਗੇ ਸਾਫ ਅਤੇ ਚਿਟਲ ਮੈਦਾਨ ਨਜ਼ਰ ਆਇਆ। ਥੋੜ੍ਹੀ ਦੂਰ ਹੀ ਅਗੇ ਚੱਲੇ ਸਨ ਕਿ ਬੜੀ ਭਾਰੀ ਉਚੀ ਅਤੇ ਮੋਟੀ ਕੂੜੇ ਦੀ ਵਟ (ਪਾਲ) ਨਜ਼ਰ ਆਈ। ਫੌਜ ਕੁਝ ਅਟਕਣ ਹੀ ਲਗੀ ਸੀ ਕਿ ਮੰਤ੍ਰੀ ਜੀ ਨੇ ਲਲਕਾਰ ਕੇ ਆਖਿਆ ਖਾਲਸਾ ਜੀ—

ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦਖੁ ਜਾਇ ॥ ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥ ਕੂੜੇ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥

[ਵਡ: ਵਾਰ ਮਃ ੩

ਅਟਕਣ ਠਟਕਣ ਦਾ ਵੇਲਾ ਕੋਈ ਨਹੀਂ। ਓਕਰ ਹੀ ਕਹੀਆਂ ਅਤੇ ਗੋਂਤੀਆਂ ਨਾਲ ਉਡਾ ਦਿਓ। ਜਦ ਏਥੋਂ ਵੀ ਫੌਜ ਪਾਰ ਲੰਘ ਗਈ ਤਾਂ ਮੜੌਲੀ ਦੀ ਹੱਦ ਦਿੱਸਣ ਲਗ ਪਈ। ਅੱਗ ਦੀਆਂ ਖਾਈਆਂ ਦੇ ਧੂੰਏਂ ਅਤੇ ਤੰਬੂਆਂ ਦੀਆਂ ਕਲਸੀਆਂ ਅਤੇ ਝੰਡਿਆਂ ਦੇ ਫਰਰੇ, ਨਗਾਰਿਆਂ ਦੇ ਸ਼ੋਰ ਇੰਨੇ ਭਾਰੇ ਸੁਣੇ ਕਿ ਅੱਖਾਂ ਕੰਨ ਹੈਰਾਨ ਹੋ ਗਏ।

ਇਥੇ ਫੌਜ ਨੇ ਆਪਣਾ ਮੁਕਾਮ ਕਰਨਾ ਅਤੇ ਆਪਣੇ ਮੋਰਚਿਆਂ ਲਈ ਹਦਬੰਦੀ ਕਰਨੀ ਜ਼ਰੂਰੀ ਸਮਝੀ, ਇਸ ਲਈ ਫੌਜ ਨੂੰ ਹੁਕਮ ਹੋਇਆ ਕਿ ਖਾਲਸਾ ਜੀ ਝੰਡਾ ਗੱਡ ਦਿਓ ਅਤੇ ਤਯਾਰ ਬਰ ਤਯਾਰ ਹੋ ਜਾਓ। ਹੁਣ ਮੈਦਾਨ ਜੰਗ ਦੇ ਸਿਰ ਪਰ ਅੱਪੜ ਪਏ ਹਾਂ, ਇਸ ਲਈ ਤਿੰਨ ਹਿਸੇ ਫੌਜ ਦੇ ਹੋਣੇ ਬਹੁਤ ਜ਼ਰੂਰੀ ਹਨ, ਤਾਂਕਿ ਵਕਤ ਪਏ ਤੇ ਇਕ ਦੂਜੇ ਜਥੇ ਦੀ ਸਹਾਇਤਾ ਕਰ ਸਕੀਏ। ਇਸ ਹੁਕਮ ਦੇ ਹੁੰਦਿਆਂ ਹੀ ਫੌਜਾਂ ਦਾ ਝੰਡਾ ਗਡਿਆ ਗਿਆ ਅਤੇ ਮੋਰਚੇ ਬੰਦੀ ਸ਼ੁਰੂ ਹੋ ਗਈ।

ਪਹਿਲੇ ਸਵਾਰਾਂ ਦਾ ਬੇੜਾ ਸਰਦਾਰਾਂ ਸਮੇਤ ਸਜੇ ਪਾਸੇ ਵਲ ਮੋਰਚੇ ਬੰਨ੍ਹਣ ਲਈ ਅਗੇ ਵਧ ਗਿਆ। ਇਕੁਰ ਹੀ ਪਿਆਦਾ ਬੇੜਾ ਖਬੇ ਪਾਸੇ ਵਲ ਬਹੁਤ ਸਾਰੀ ਲਾਂਭੇ ਹੋਕੇ ਮੋਰਚੇ ਬੰਨ੍ਹਣ ਲਗ ਗਿਆ। ਦੋਹਾਂ ਬੇੜਿਆਂ

Digitized by Panjab Digital Library | www.panjabdigilib.org

ਦੇ ਵਿਚਕਾਰ ਕੁਝ ਪਿਛਾਹਾਂ ਵਾਰ ਸਰਦਾਰ ਗਿਆਨ ਸਿੰਘ ਨੇ ਆਪਣੇ ਬੇੜੇ ਸਮੇਤ ਤੋਪਾਂ ਟਿਕਾਈਆਂ ਤੇ ਮੜ੍ਹੋਲੀ ਦੇ ਕੁਬੁਧ ਚਾਰ ਕਮਾਨ ਵਾਲੇ ਚਬੂਤਰੇ ਦੀ ਸੇਧ ਦੂਰਬੀਨ ਲਗਾਕੇ ਬੰਨ੍ਹ ਦਿਤੀ। ਇਸ ਮੋਰਚੇ ਦੇ ਪਿਛੇ ਮੰਤ੍ਰੀ ਦ੍ਰਿੜ ਨਿਸਚਾ ਸਿੰਘ ਆਪਣੇ ਪੁਤ੍ਰਾਂ ਅਤੇ ਬੇੜੇ ਸਮੇਤ ਮਹਾਰਾਜ ਦੇ ਪਾਸ ਤਿਆਰ ਬਰ ਤਿਆਰ ਟਿਕ ਗਿਆ। ਜਦ ਇਹ ਮੋਰਚੇ-ਬੰਦੀ ਹੋ ਗਈ ਤਾਂ ਸਿਪਾਹੀਆਂ ਨੇ ਕਮਾਨੀਅਰ ਪਾਸ ਬੇਨਤੀ ਕੀਤੀ ਕਿ ਇਸ ਵੇਲੇ ਢਾਡੀਆਂ ਦੀ ਲੋੜ ਹੈ, ਜੋ ਵਾਰ ਲਾਉਣ ਅਤੇ ਮਾਰੂ ਵਡਹੰਸ ਅਲਾਪਣ, ਜਿਸਤੇ ਸੂਰਮਿਆਂ ਨੂੰ ਰੋਹ ਚੜੇ ਅਤੇ ਜੰਗ ਛਿੜੇ। ਇਹ ਬਚਨ ਸੁਣਕੇ ਕਮਾਨੀਅਰ ਨੇ ਢਾਡੀਆਂ ਨੂੰ ਹੁਕਮ ਦਿੱਤਾ ਕਿ ਸਾਡੇ ਵਡਿਆਂ ਦੇ ਕਥਨ ਕੀਤੇ ਹੋਏ ਜੰਗ ਜੁੱਧ ਦੀ ਵਾਰਤਾ ਵਾਰਾਂ ਵਿਚ ਗਾਕੇ ਸੁਣਾਓ, ਪਰ ਮਾਰੂ ਰਾਗ ਦੀ ਲੈ ਵਿਚ। ਧੌਂਸਿਆਂ ਵਾਲਿਆਂ ਨੂੰ ਹੁਕਮ ਹੋਇਆ ਕਿ ਮਾਰੂ ਰਾਗ ਦੀਆਂ ਗਤਾਂ ਵਜਾਓ, ਜਿਸਤੇ ਬੀਰ ਰਸ ਉਛਲ ਆਵੇ। ਇਸ ਹੁਕਮ ਦੇ ਸੁਣਦਿਆਂ ਹੀ ਢਾਡੀਆਂ ਨੇ ਰਬਾਬ ਸੁਰ ਕੀਤੇ ਅਤੇ ਇਹ ਸ਼ਬਦ ਵਾਰ ਦੇ ਢੰਗ ਪਰ ਅਲਾਪਣੇ ਆਰੰਭੇ:—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਏਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥

[ਤਿਲੰਗ ਮ: ੧

ਜਿਨ੍ਹ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ ੧ ॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥ ੨ ॥ ਇਕੁ ਲਖੁ ਲਹਨ੍ਹਿ ਬਹਿ ਠੀਆ ਲਖੁ ਲਹਨ੍ਹਿ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੋਜੜੀਆ ॥ ਤਿਨ੍ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥ ੩ ॥ ਧਨੁ ਜੋਬਨੁ ਦੁਇ ਵੈਰੀ ਦੇਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ੫ ॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੁ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ੬ ॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ

Digitized by Panjab Digital Library | www.panjabdigilib.org

ਮਾਨੁਖਾ॥੭॥੧੧॥ [ਆਸਾ ਮਃ ੧, ਅਸਟ:

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥ ਕਹਾ ਸੁ ਤੇਗ ਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥ ਕਹਾ ਸੁ ਆਰ-ਸੀਆ ਮੁਹ ਬੰਕੇ ਅੰਬੈ ਦਿਸਹਿ ਨਾਹੀ॥ ੧॥ ਇਹੁ ਜਗੁ ਭੋਰਾ ਤੂ ਗੋਸਾਈ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ॥ ੧॥ ਰਹਾਉ॥ ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸੁਰਾਈ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥ ੨॥ ਇਸ ਜਰਿ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ ੩॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥ ੪॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥ ਓਨੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥ ਜਿਨ ਕੀ ਚੀਰੀ ਦਰਗਹ ਫਾਟੀ ਤਿਨ੍ਹਾ ਮਰਣਾ ਭਾਈ॥ ੫॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥ ਇਕਨ੍ਹਾ ਪੈਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥ ੬॥ ਆਪੇ ਕਰੇ ਕਰਾਏ ਕਰਤਾ ਕਿਸਨੋ ਆਖਿ ਸੁਣਾਈਐ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੁਆਈਐ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥

॥ ੭ ॥ ੧੨ ॥ [ਆਸਾ ਮਹਲਾ ੧ ਅਸਟ:

ਤੁਸੀ ਵੇਗਿਹੁ ਭੁੰਚਹੁ ਭਾਈਹੋ॥ ਗੁਰ ਦੀ-ਬਾਣਿ ਕਵਾਇ ਪੈਨਾਈਓ॥ ਹਉ ਹੰਆ ਮਾਹਰੁ ਪਿੰਡ ਦਾ ਬੰਨਿਆਦੇ ਪੰਜ ਸਰੀਕ ਜੀਉ॥ ੪ ॥ ਹਉ ਆਇਆ ਸਾਮੈ ਤਿਰੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥ ਕੰਨੁ ਕੋਈ ਕਢਿ ਨ ਦੇਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥

ਤਬਾ—ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥ ਵਾਤ ਵਜਨਿ ਟਮਕ ਭੇਰੀਆ ॥ ਮਲ ਲਬੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥ ੧੮ ॥ ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾ-ਇਆ ॥ ਗੁਰਮੁਖਿ ਲਾਹਾ ਲੈ ਗਏ ਮਨ-ਮੁਖ ਚਲੇ ਮੂਲੁ ਗਵਾਇ ਜੀਉ ॥ ੧੯॥

[ਸਿਰੀ ਰਾਗ ਮਃ ਪ

ਹੁਣ ਪਉੜੀ ਲਾਈ ਗਈ:—

ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥ ਜਿਸਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ ੨॥ [ਬਸੰਤ ਕੀ ਵਾਰ ਮਃ ਪ

ਇੰਨੇ ਤਕ ਦੇਵਨੇਤ ਨਾਲ ਮਹਾ-ਰਾਜਾਧਿਰਾਜ ਕਲਜੁਗ ਦੇਵ ਦਾ ਤੀਸਰਾ ਮੰਤ੍ਰੀ ਬਿਕਾਰ ਦੇਵ ਨਾਮੀ ਆਪਣੇ ਸਿਪਾ-ਹੀਆਂ ਸਮੇਤ ਰੌਂਦ (ਗਸ਼ਤ) ਕਰਦਾ ਮੜੋਲੀ ਦੀ ਹਦ ਪਰ ਮੋਰਚੇਬੰਦੀ ਹੁੰਦੀ ਦੇਖਕੇ ਛਟਕ ਗਿਆ ਅਤੇ ਪੁੱਛਿਆ ਕਿ ਇਹ ਫੌਜਾਂ ਕਿਸ-ਦੀਆਂ ਹਨ। ਸਿਪਾਹੀਆਂ ਤੋਂ ਪਤਾ ਲਗਾ

Digitized by Panjab Digital Library | www.panjabdigilib.org

ਇਹ ਉਹੋ ਫੌਜ ਆਣ ਪੁੱਜੀ ਹੈ ਜਿਸ ਸਿਖ ਫੌਜ ਦੀ ਉਡੀਕ ਮੜੋਲੀ ਵਿਚ ਹੋ ਰਹੀ ਹੈ, ਸਰਦਾਰ ਨਿਸਕਪਟ ਸਿੰਘ ਬਹਾਦਰ ਦੇ ਜਥੇ ਵਿਚੋਂ ਨਿਰਵਿਕਾਰ ਸਿੰਘ ਨਾਮੀ ਇਕ ਸੂਰਮਾ ਉਚੇ ਖੜੋਤਾ ਮੋਰਚਾ ਬੰਨ੍ਹ ਰਿਹਾ ਸੀ, ਉਸ ਵਲ ਰੁਖ ਕਰਕੇ ਬਿਕਾਰ ਦੇਵ ਨੇ ਆਖਿਆ ਇਹ ਭੰਰੋਰੇ ਸਿੱਖਾਂ ਦੀ ਫੌਜ ਏਵੇਂ ਮੌਤ ਦੇ ਮੂੰਹ ਆ ਪਈ। ਕੋਈ ਇਨ੍ਹਾਂ ਨੂੰ ਸਮਝਾਉਣ ਵਾਲਾ ਨਹੀਂ। ਇਹ ਗਲ ਸੁਣਦਿਆਂ ਨਿਰਬਿਕਾਰ ਸਿੰਘ ਨੇ ਤਲਵਾਰ ਦੇ ਕਬਜ਼ੇ ਤੇ ਹੱਥ ਰਖ ਲਿਆ ਅਤੇ ਗੰਭੀਰ ਜੋਸ਼ ਵਿਚ ਆਕੇ ਨਿਰਭੈ ਬੋਲਿਆ:—

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥੧॥ਅੰਧੇ ਚੇਤਿ ਹਰਿਹਰਿ ਰਾਇਆ॥ ਤੇਰਾ ਸੋ ਦਿਨੁ ਨੇੜੈ ਆਇਆ ॥ ੧ ॥ ਰਹਾਉ ॥ ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਭੂੰਮਰੁ ॥ ਜੈਸਾ ਸੰਗੁ ਭਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰਗਹੁ ॥ ੨ ॥ ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥ ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥ ੩ ॥ [ਆਸਾ ਮਹਲਾ ੫

ਮੰਤ੍ਰੀ ਬਿਕਾਰ ਦੇਵ ਇਹ ਬਚਨ ਸੁਣਕੇ ਸੜ ਬਲ ਕੇ ਲੋਹਾ ਲਾਖਾ ਹੋ ਗਿਆ ਅਤੇ ਕਹਿਣ ਲਗਾ, ਤੈਨੂੰ ਮੇਰੇ ਸਾਥੀ ਬਿਭਚਾਰ ਦੇਵ ਦੀ ਖਬਰ ਨਹੀਂ, ਜਿਸਦੇ ਅਗੇ ਤੇਰੇ ਜੇਹੇ ਕਿਸ ਗਿਣਤੀ ਵਿਚ ਹੋਏ ? ਬੜੇ ਬੜੇ ਹਠੀ ਤਪੀ ਪਏ ਥਰਨ ਥਰਨ ਕੰਬਦੇ ਹਨ। ਇੰਨੇ ਤਕ ਮੰਤ੍ਰੀ ਬਿਭਚਾਰ ਦੇਵ ਸਨੱਧਬਧ ਸਾਮ੍ਹਣੇ ਆ ਗਿਆ। ਇਧਰ ਨਿਰਬਿਕਾਰ ਸਿੰਘ ਨੇ ਬੜੇ ਕ੍ਰੋਧ ਵਿਚ ਆਕੇ ਤਿਆਗ ਦੀ ਤਲਵਾਰ ਮਿਆਨਵਿਚੋਂ ਧੂਹਕੇ ਬਿਜਲੀ ਦੀ ਤਰ੍ਹਾਂ ਚਮਕਾਈ ਅਤੇ ਖੱਬੇ ਹਥ ਵਿਚ ਗੁਰਸ਼ਬਦ ਦੀ ਢਾਲ ਲੈਕੇ ਪੈਤਰਾ ਬਦਲ ਲਿਆ ਅਤੇ ਕਹਿਣ ਲਗਾ, ਸੂਰਮਤਾਈ ਹੈ ਤਾਂ ਆਓ ਨਿਤਾਰ ਕਰੋ ਅਰ ਵਾਰ ਖਾਓ। ਇਹ ਫੁਰਤੀ ਅਤੇ ਚੁਸਤੀ ਚਾਲਾਕੀ ਨਿਰਬਿਕਾਰ ਸਿੰਘ ਦੀ ਦੇਖਕੇ ਦੋਵੇਂ ਮੰਤ੍ਰੀ ਖੁਰੀਆਂ ਸਿਰ ਤੇ ਰੱਖਕੇ ਉਠ ਦੌੜੇ, ਪਿੱਛੇ ਪਰਤ ਕੇ ਵੀ ਨਾ ਡਿੱਠੇਨੇ।

ਇਧਰ ਮਹਾਰਾਜ ਪਾਸ ਰਪੱਟ ਪਹੁੰਚੀ ਕਿ ਮੋਰਚੇਬੰਦੀ ਹੋ ਗਈ। ਫੌਜ ਖਿਲਰ ਕੇ ਜਗਾ ਜਗਾਂ ਪਰ ਕੈਂਪ ਲਗਾਕੇ ਛੇੜ ਛਾੜ ਨੂੰ ਉਡੀਕ ਰਹੀ ਹੈ, ਦੋ ਸਰਦਾਰ ਮੰਤ੍ਰੀ ਕਲਜੁਗ ਦੇ ਆਏ ਸਨ, ਪਰ ਇਧਰ ਦੀ ਮਜ਼ਬੂਤੀ ਵੇਖਕੇ ਨੱਸ ਗਏ ਹਨ। ਇਸ ਪਰ ਹੁਕਮ ਹੋਇਆ ਚਾਰ ਘੜੀਆਂ ਧੀਰਜ ਕਰੋ ਦੁਸ਼ਮਨ ਦਾ ਰਾਹ ਦੇਖੋ। ਜੇ ਕੋਈ ਨਾ ਆਵੇ, ਤਾਂ ਇਕ ਦਸਤਾ ਫੌਜ ਦਾ ਲੈਕੇ ਸਰਦਾਰ ਬਿਬੇਕਾ ਸਿੰਘ ਅਗੇ ਵਧ ਜਾਵੇ ਤੇ ਵੈਰੀ ਦੇ ਜੰਗ ਦੇ ਟਿਕਾਣੇ ਦੀ ਜਾਚ ਪੜਤਾਲ ਕਰੇ। ਜੇ ਕੁਝ ਛੇੜ ਹੋ ਪਵੇ ਤਾਂ ਵਾੜ ਝਾੜੇ। ਇਸ ਤਰ੍ਹਾਂ ਸਮਾਂ ਮਿਲ ਜਾਣੇ ਪਰ ਫੌਜ ਨੇ ਸੁਖਮਨੀ ਸਾਹਿਬ ਦਾ ਪਾਠ ਅਰੰਭਿਆ।

[ਭਾਗ ਚੌਥਾ]

ਇਧਰ ਉਨ੍ਹਾਂ ਭਗੌੜਿਆਂ (ਬਿਕਾਰ ਦੇਵ ਤੇ ਬਿਭਚਾਰ ਦੇਵ) ਨੇ ਆਪਣੇ ਮਾਲਕ ਨੂੰ ਹਉਂਕਦਿਆਂ ਹਉਂਕਦਿਆਂ ਘਬਰਾਈ ਹੋਈ ਸੂਰਤ ਵਿੱਚ ਖਬਰ ਪੁਚਾਈ ਕਿ ਮਹਾਰਾਜ ਓਸੇ ਹੱਦ ਪਰ ਸਿੱਖਾਂ ਦੀ ਹਠੀਲੀ ਫੌਜ ਆ ਪਈ ਹੈ, ਅਸੀਂ ਉਨ੍ਹਾਂ ਦੇ ਢਹੇ ਤਾਂ ਚੜ੍ਹ ਗਏ

Digitized by Panjab Digital Library | www.panjabdigilib.org

ਸਾਂ, ਪਰ ਮਸੇਂ ਕਿਵੇਂ ਜਾਨ ਬਚਾਕੇ ਨਿਕਲੇ, ਅਤੇ ਪੈਰਾਂ ਨੂੰ ਸਿਰ ਤੇ ਰੱਖਕੇ ਦੌੜ ਆਏ ਹਾਂ, ਹੁਣ ਕੁਝ ਬੰਦੋਬਸਤ ਕਰਨਾ ਚਾਹੀਏ, ਨਹੀਂ ਤਾਂ ਸੋਚ ਲਓ ਭਈ ਜੇਹੜੇ 'ਹਉਮੈ ਦੀ ਕੰਧ' ਢਾਹ ਆਏ ਹਨ, 'ਕੂੜ ਦੀ ਪਾਲ' ਲਿਤਾੜ ਆਏ ਹਨ, ਉਹ ਅੱਗੇ ਆਉਣੋਂ ਕਦ ਰੁਕਦੇ ਹਨ।

ਇਹ ਦੁਸ਼ਮਨ ਦੀ ਫੌਜ ਪਹੁੰਚਣ ਦੀ ਖਬਰ ਸੁਣਕੇ ਮਹਾਰਾਜਾ ਧਿਰਾਜ ਕਲਿਜੁਗ ਨੇ ਅਪਣੀ ਇਸਤ੍ਰੀ ਕਲਹ ਨੂੰ ਆਖਿਆ, ਕਿ ਇਸ ਵੇਲੇ ਤੂੰ ਜਲਦੀ ਪਹੁੰਚ ਅਤੇ ਮੈਂ ਮਿਰਜ਼ਾ ਖਾਨਹ ਜੰਗੀ ਬੇਗ ਨਾਲ ਇਕ ਦਸਤਾ ਫੌਜ ਦੇਕੇ ਮੁਹਰੇ ਭੇਜਦਾ ਹਾਂ। ਇਹ ਮੁਗਲ ਅੱਗੇ ਕਈ ਵੇਰੀ ਸਿੰਘਾਂ ਨੂੰ ਸ਼ਿਕਸਤ ਦੇ ਚੁਕਾ ਹੈ, ਇਸ ਤੋਂ ਬਿਨਾਂ ਹੋਰ ਕੋਈ ਇਨ੍ਹਾਂ ਤੇ ਜ਼ੋਰਾਵਰ ਨਹੀਂ ਪੈਣਾ।

ਕਲਹ ਆਪਣੇ ਟੱਬਰ ਟੋਰ ਨੂੰ ਨਾਲ ਲੈਕੇ ਤੁਰੀ। ਇਧੋਂ ਜਦ ਕਲਿਜੁਗ ਦੀ ਚਿੱਠੀ ਜਨਰਲ ਗ਼ਨੂਰ ਖਾਨ ਪਾਸ ਪੁੱਜੀ, ਤਾਂ ਸਰ ਸਰਦਾਰ ਮਿਰਜ਼ਾ ਖਾਨਹਜੰਗੀ ਸਮੇਤ ਫੌਜ ਦੇ ਰਵਾਨਾ ਕਰ ਦਿੱਤਾ ਗਿਆ। ਇਹ ਫੌਜ ਸਰਦਾਰ ਨਿਰਦ੍ਵੰਦ ਸਿੰਘ, ਮਿਲਾਪਸਿੰਘ, ਅਤੇ ਸ਼ਾਂਤਿ ਹਥਜਾਰ ਸਿੰਘ ਦੇ ਜੱਥੇ ਦੀ ਨਜ਼ਰੀਂ ਪੈਗਈ, ਉਨ੍ਹਾਂ ਵਲੋਂ ਇਨ੍ਹਾਂ ਤੇ ਅਜਿਹੀ ਵਾੜ ਝਿੜੀ ਕਿ ਕਈ ਥਾਂ ਰਹੇ, ਬਾਕੀ ਉੱਠ ਨੱਸੇ, ਮਿਰਜ਼ਾ ਜੀ ਤੇ ਰਾਣੀ ਕਲਹਕਾਰ ਕੈਦ ਹੋ ਗਏ, ਤੇ ਮੰਤ੍ਰੀ ਜੀ ਪਾਸ ਪਹੁੰਚਾਏ ਗਏ, ਏਥੇ ਹੁਕਮ ਹੋਇਆ ਕਿ ਇਨ੍ਹਾਂ ਨੂੰ ਦਰਖਤਾਂ ਨਾਲ ਜਕੜਕੇ ਬੰਨ੍ਹ ਦਿੱਤਾ ਜਾਵੇ ਅਤੇ ਸਰਦਾਰ ਬਿਬੇਕਾ ਸਿੰਘ ਅੱਗੇ ਵਧੇ।

ਇਸ ਹੁਕਮ ਦੇ ਪੂਰਾ ਕਰਨ ਲਈ ਸਰਦਾਰ ਬਿਬੇਕਾ ਸਿੰਘ ਹੋਰੀਂ ਵਧੇ, ਪਰ ਅੱਗੇ ਜੁ ਅੱਗ ਦੀ ਖਾਈ ਭੜ ਭੜ ਕਰਦੀ ਬਲਦੀ ਦਿੱਸੀ, ਬੜੇ ਬੜੇ ਡਰਾਉਣੇ ਅਵਾਜ਼ੇ ਵੀ ਕੰਨੀਂ ਪਏ, ਪਾਰਲੇ ਪਾਸੇ ਵਲ ਕੁਝ ਫੌਜ ਵੀ ਦਿੱਸੀ, ਇਸ ਅੱਗ ਵਿਚੋਂ ਲੰਘਣਾ ਆਪ ਨੂੰ ਭਾਰੀ ਤੋਂ ਭਾਰੀ ਕਠਨ ਜਾਪਿਆ, ਕੰਢੇ ਤੇ ਖੜੇ ਹੋਕੇ ਅਰਦਾਸਾ ਸੋਧਿਆ ਅਤੇ ਆਪਣੇ ਸਾਥੀ ਸੂਰਮਿਆਂ ਨੂੰ ਆਖਿਆ ਕਿ "ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥" [ਗਉ: ਕਬੀਰ

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਬੀਐ ਜਾਂ ਤੁਟੈ ਪਥਰ ਬੰਧੁ ॥ ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥ ੩ ॥

[ਮਲਾਰ ਵਾਰ ਮਃ ੩

ਤਾਂਤੇ ਖਾਲਸਾ ਜੀ ! ਜ਼ਰਾ ਇਕਲਵਾਂਜੇ ਫਿਰੋ, ਆਪਣੀ ਹੱਦ ਦੇ ਵਿਚੋਂ ਸਤਿਸੰਗਤਿ ਦੇ ਦਰਿਆ ਦੀ ਨਹਿਰ ਲਿਆਓ, ਤਾਂ ਇਹ ਅੱਗ ਠੰਢੀ ਹੋਵੇ। ਇਸ ਹੁਕਮ ਦੀ ਦੇਰ ਸੀ ਤਾਮੀਲ ਇਸ ਫੁਰਤੀ ਨਾਲ ਹੋਈ ਕਿ ਸਮਾਂ ਬਿਤੀਤ ਹੁੰਦੇ ਦਾ ਪਤਾ ਨਾ ਲੱਗਾ। ਸਤਿਸੰਗ ਸਰੋਵਰ ਦਾ ਸ਼ਾਂਤਿ ਰੂਪ ਪਾਣੀ ਖਾਈ ਵਲ ਧਾਈ ਕਰਕੇ ਆਇਆ, ਜਿਸਦੇ ਪੈਂਦੇ ਸਾਰ ਹੀ ਖਾਈ ਠੰਢੀ ਹੋ ਗਈ। ਭੜਕ ਚੰਦ ਹੋਰੀਂ ਨੱਸ ਗਏ। ਸਿੱਖਾਂ ਨੇ ਪਿੱਛਾ ਕੀਤਾ ਤੇ ਇਸਨੂੰ ਰਾਹ ਵਿੱਚ ਹੀ ਮਾਰਿਆ। ਸਤਿਸੰਗ ਦਾ ਸ਼ਾਂਤਿ ਰਸ ਜਲ ਪਹਿਲੀ ਖਾਈ ਠੰਢੀ ਕਰਕੇ ਦੂਜੀ ਵਿੱਚ ਆਇਆ, ਇਹ ਭੀ ਠੰਢੀ ਹੋਗਈ, ਇਥੇ ਤ੍ਰਿਸਨਾਤੁਰ ਦੇਵ ਮਾਰਿਆ ਗਿਆ। ਇੱਕੁਰ ਹੀ ਹੱਲਾ ਕਰੀ ਜਾਂਦਿਆਂ ਖਾਲਸਾ ਜੀ ਨੇ ਤੀਜੀ ਖਾਈ ਨੂੰ ਠੰਢਾ ਕਰਕੇ ਮੋਹ ਚੰਦ ਲਫਟੈਣ ਨੂੰ ਕਤਲ ਕੀਤਾ ਤੇ ਚੌਥੀ

Digitized by Panjab Digital Library | www.panjabdigilib.org

ਖਾਈ ਦੇ ਆਹਰ ਵਿੱਚ ਲੱਗੇ। ਇੱਥੇ ਇਕ ਲੜਾਈ ਬੜੀ ਭਾਰੀ ਜਾਨ ਤੋੜਵੀਂ ਹੋਈ ਜਿਸ ਲੜਾਈ ਵਿੱਚ ਸਿੱਖ ਸਿਪਾਹੀ ਬਹੁਤ ਕੰਮ ਆਏ, ਪਰ ਪਿਛੋਂ ਸਰਦਾਰ ਸਤਿ ਸੰਗਤ ਸਿੰਘ ਆਪਣੇ ਸੂਰਮੇ ਦਯਾ ਸਿੰਘ, ਉਪਕਾਰ ਸਿੰਘ, ਸੰਤੋਖ ਸਿੰਘ, ਭਉ ਸਿੰਘ, ਵਿਸਾਹ ਸਿੰਘ ਆਦਿਕਾਂ ਦੀ ਕੁਮਕ ਲੈਕੇ ਅੱਪੜ ਪਿਆ, ਇਧਰੋਂ ਨਹਿਰ ਨੇ ਜਲ ਥਲ ਕਰ ਦਿੱਤਾ, ਉਪਰੋਂ ਸਿੰਘਾਂ ਨੇ ਦੁਸ਼ਮਨ ਤਲਵਾਰ ਦੇ ਘਾਟ ਉਤਾਰਨੇ ਅਰੰਭੇ। ਹੱਤਿਆ ਦੇਵ ਦੁਰੀਂ ਭਾਂਜ ਖਾਕੇ ਨੱਸ ਗਏ, ਸਿਪਾਹ ਕਤਲ ਹੋ ਗਈ, ਅੱਗ ਦੀ ਖਾਈ ਪਾਣੀ ਨਾਲ ਭਰ ਗਈ। ਸਿੰਘਾਂ ਨੇ ਪਹਿਲੀ ਲੜਾਈ ਵਿੱਚ ਅੱਗ ਦੀਆਂ ਖਾਈਆਂ ਤੋਂ ਪਾਰ ਹੋਕੇ ਤ੍ਰਿਗੁਣੀ ਖਾਈ ਦੇ ਉਹਾਰ ਆਪਣੀ ਫਤਹ ਦਾ ਝੰਡਾ ਗੱਡ ਦਿੱਤਾ ਅਤੇ ਮੋਰਚੇਬੰਦੀ ਕਰਕੇ ਤਯਾਰ ਬਰ ਤਯਾਰ ਹੋਕੇ ਜੈਕਾਰੇ ਗਜਾਉਂਦੇ ਡਟ ਗਏ।

ਇਧਰ ਰਾਣਾ ਅਗਯਾਨ ਚੰਦ ਅਤੇ ਰਾਣਾ ਅਭਿਮਾਨ ਚੰਦ ਨੇ ਸਲਾਹ ਕੀਤੀ ਕਿ ਸਾਡੇ ਜੀਉਂਦਿਆਂ ਸਿੱਖਾਂ ਨੇ ਜੇ ਮੜੌਲੀ ਪਰ ਫਤਹ ਪਾਈ, ਤਾਂ ਸਾਡੇ ਹੋਣ ਨੂੰ ਧਿਕਾਰ ਹੈ, ਅਸੀਂ ਬੈਠੇ ਤਮਾਸ਼ਾ ਦੇਖਦੇ ਹਾਂ ਤੇ ਸਾਡੀ ਫੌਜ ਤਬਾਹ ਹੋ ਰਹੀ ਹੈ ਇਕ ਦੋ ਨਿਕਾਰੇ ਜਿਹੇ ਸਿੱਖ ਸਰਦਾਰਾਂ ਨੇ ਕਹਿਰ ਕਰ ਦਿਖਾਇਆ ਹੈ। ਹੁਣ ਇਜੇਹਾ ਹੱਥ ਕਰੀਏ ਜੋ ਇਹ ਭੀ ਇਕ ਵੇਰ ਯਾਦ ਤਾਂ ਕਰਨ ਕਿ ਮੜੌਲੀ ਦੇ ਜੰਗ ਵਿੱਚ ਕਿਸੇ ਨੇ ਹੱਥ ਦਿਖਾਏ ਸਨ, ਤਾਂਤੇ ਅੱਜ ਰਾਤ ਨੂੰ ਛਾਪਾ ਮਾਰੋ, ਐਸੀ ਵਾੜ ਝਾੜੋ ਜੋ ਸਿੱਖ ਆਪਸ ਵਿੱਚ ਕੱਟਕੇ ਮਰ ਜਾਣ, ਮੈਦਾਨ ਖਾਲੀ ਸਾਡੇ ਵਾਸਤੇ ਰਹਿ ਜਾਵੇ। ਇਧਰੋਂ ਸਰਦਾਰ ਸਾਧੂ ਸਿੰਘ ਜੀ ਅਤੇ ਸਰਦਾਰ ਸੰਤ ਸਿੰਘ ਜੀ ਆਪੋ ਆਪਣੀ ਫੌਜ ਲੈਕੇ ਖਾਈਆਂ ਉਤਰਕੇ ਸਰਦਾਰ ਬਿਬੇਕਾ ਸਿੰਘ ਅਤੇ ਸਰਦਾਰ ਸਤਿਸੰਗਤ ਸਿੰਘ ਹੁਰਾਂ ਪਾਸ ਪੁੱਜ ਪਏ। ਇਕ ਮੁੰਹੀਏ ਨੇ ਖਬਰ ਲਿਆ ਦਿੱਤੀ ਕਿ ਅਜ ਰਾਤ ਨੂੰ ਰਾਣਾ ਅਗਯਾਨ ਚੰਦ ਅਤੇ ਰਾਣਾ ਅਭਿਮਾਨ ਚੰਦ ਚੁੱਪ ਕੀਤੇ ਹਨੇਰੇ ਵਿੱਚ ਪੈਣਗੇ ਅਤੇ ਆਪਣਾ ਵਾਰ ਕਰਕੇ ਲਾਂਭੇ ਹੋ ਜਾਣਗੇ। ਇਸ ਬਾਤ ਪਰ ਸਰਦਾਰਾਂ ਨੇ ਮਤਾ ਕੀਤਾ ਕਿ ਉਸ ਵੇਲੇ ਪ੍ਰਕਾਸ਼ ਦੀ ਬੜੀ ਲੋੜ ਹੈ, ਐਸਾ ਨਾ ਹੋਵੇ ਕਿਤੇ ਦੁਸ਼ਮਨ ਵਾਰ ਕਰ ਜਾਵੇ, ਇਸ ਲਈ ਬਾਣੀ ਰੂਪ ਦਾ ਚਾਨਣਾ ਕਰਨਾ ਜ਼ਰੂਰੀ ਹੈ:-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥ [ਆਸਾ ਵਾਰ ਮਃ ੨

ਤਥਾ—ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿਆਇ ॥ [ਸਿਰੀ: ਮ: ੩

ਇਹ ਗੁਰਮਤਾ ਕਰਕੇ ਸੋਦਰ ਸੰਧਯਾ ਆਰਤੀ ਦਾ ਅਰਦਾਸਾ ਸੋਧਕੇ ਸਰਦਾਰ ਆਪੋ ਆਪਣੇ ਮੋਰਚਿਆਂ ਪਰ ਤਿਆਰ ਬਰਤਿਆਰ ਸਾਵਧਾਨ ਹੋ ਗਏ। ਜਦ ਅੱਧੀਕੁ ਰਾਤ ਦਾ ਵੇਲਾ ਹੋਇਆ ਤਾਂ ਗਾਹੜੇ ਹਨੇਰੇ ਦੇ ਵੇਲੇ ਠੀਕ ਅੰਨ੍ਹੀ ਹਨੇਰੀ ਉੱਠੀ, ਉਸ ਵੇਲੇ ਰਾਣਾ ਅਗਯਾਨ ਚੰਦ ਨੇ ਰਾਣਾ ਅਭਿਮਾਨ ਚੰਦ ਨੂੰ ਸੁਚੇਤ ਕੀਤਾ ਅਤੇ ਆਖਿਆ ਕਿ ਇਹ ਵੇਲਾ ਘੋਰ ਅੰਧਕਾਰ ਦਾ ਹੈ, ਇਹ ਸਮਾਂ ਹੱਥੋਂ ਨਾ ਨਿਕਲ ਜਾਵੇ। ਦੁਸ਼ਮਨ ਇਸ ਵੇਲੇ ਗਾਫਲ ਪਏ ਹੋਣਗੇ, ਜੇ ਚੁੱਪ ਕੀਤੇ ਛਾਪਾ ਚੱਲ ਮਾਰੀਏ ਤਾਂ ਬੱਸ ਕਾਰਜ ਹੀ ਰਾਸ ਹੈ। ਦੁਸ਼ਮਨ ਆਪਣੀ ਮੌਤੇ ਆਪ ਹੀ ਮਰ ਗਏ ਸਮਝੋ।

ਇਹ ਸਲਾਹ ਪੱਕੀ ਕਰਕੇ ਫੌਜ ਦਾ ਇੱਲੀ

Digitized by Panjab Digital Library | www.panjabdigilib.org

ਕੂਹ (ਚੁਪ ਚੁਪਾਤਾ ਕੂਚ) ਕਰਕੇ ਦੋਵੇਂ ਰਾਜੇ ਝੱਟ ਪੱਟ ਹਨੇਰੀ ਦੇ ਬੁੱਲੇ ਵਾਂਗ ਸਿੱਖਾਂ ਦੇ ਸਿਰ ਪਹੁੰਚੇ ਤੇ ਇਜੇਹੇ ਚੁੱਪ ਕੀਤੇ ਪਏ ਕਿ ਇਨ੍ਹਾਂ ਦੇ ਪੈਰਾਂ ਦੀ ਬਿੜਕ ਤਕ ਵੀ ਕਿਸੇ ਨਾ ਸਣੀ, ਪਰ ਦੈਵ ਨੇਤ, "ਜਿਸੁ ਰਾਖੈ ਤਿਸੁ ਕੋਇ ਨ ਮਾਰੈ॥ ਸੋ ਮੂਆ ਜਿਸੁ ਮਨਹੁ ਬਿਸਾਰੈ॥" ਵਾਲੀ ਗੱਲ ਠੀਕ ਆ ਬਣੀ, ਹਨੇਰ ਦੀ ਹਨੇਰੀ ਵਿਚ ਕਾਲੇ ਕਾਲੇ ਬੱਦਲ ਵੀ ਉਮਡ ਆਏ ਸਨ। ਉਨ੍ਹਾਂ ਬੱਦਲਾਂ ਵਿੱਚੋਂ ਬਿਜਲੀ ਅਚਾਨਕ ਚਮਕੀ, ਸੂੰਹੀਏ ਤੋਂ ਖਬਰ ਪਹੁੰਚ ਚੁੱਕੀ ਸੀ। ਬਿਜਲੀ ਦੇ ਲਿਸ਼ਕਣ ਨੇ ਸਿੱਖਾਂ ਨੂੰ ਦਿਖਾ ਦਿੱਤਾ ਕਿ ਦੁਸ਼ਮਨ ਤੇ ਸਿਰ ਤੇ ਆਣ ਵੱਜਿਆ ਹੈ ਅਤੇ ਹਨੇਰਾ ਦੁਸ਼ਮਨ ਦਾ ਅਗੂਆ ਹੈ। ਇਸ ਇਸ਼ਾਰੇ ਦੇ ਹੁੰਦਿਆਂ ਸਾਰ ਹੀ ਸਿਖਾਂ ਨੇ ਬੜੀ ਫੁਰਤੀ ਨਾਲ ਗੁਰਬਾਣੀ ਦੀਆਂ ਮਿਸਾਲਾਂ ਜਗਾ ਦਿੱਤੀਆਂ ਅਤੇ ਮੁਕਾਬਲੇ ਵਿੱਚ ਵਿਚਾਰ ਦੀਆਂ ਤਲਵਾਰਾਂ ਧੂਹਕੇ ਹੱਥੋ ਹੱਥੀ ਨਿੱਤਰ ਪਏ, ਉਹ ਭਰਵੇਂ ਤੁਲਵੇਂ ਹੱਥ ਦਿਖਾਏ ਕਿ ਰਾਜਪੂਤਾਂ ਦੀ ਫੌਜ ਦੇ ਪੁਰਜ਼ੇ ਪੁਰਜ਼ੇ ਉੜਾ ਦਿੱਤੇ। ਰਾਣਾ ਅਗਜਾਨ ਚੰਦ ਤਾਂ ਇਸ ਕਤਲਾਮ ਵਿੱਚ ਮਾਰਿਆ ਗਿਆ ਅਤੇ ਰਾਣਾ ਅਭਿਮਾਨ ਚੰਦ ਜ਼ਖਮੀਂ ਹੋਕੇ ਆਪਣੇ ਡੇਰੇ ਨੱਸ ਗਿਆ। ਫੌਜ ਇਨ੍ਹਾਂ ਦੀ ਬਹੁਤ ਮਾਰੀ ਗਈ, ਲੋਥਾਂ ਪਰ ਲੋਥਾਂ ਚੜ੍ਹ ਗਈਆਂ, ਲਹੂ ਦੇ ਦਰਿਆ ਵਹਿ ਤੁਰੇ, ਆਹ ਕਰਾਹ ਘਾਇਲਾਂ ਦੀਆਂ ਚੀਕਾਂ ਨੇ ਆਸਮਾਨ ਵਿੱਚ ਗੂੰਜ ਭਰ ਦਿੱਤੀ। ਬਹਾਦਰਾਂ ਦੀ ਫੁਰਤੀ ਨੇ ਬਿਜਲੀ ਵਾਲੇ ਫੁਰਤੀਲੇ ਹੱਥ ਮੈਦਾਨ ਵਿੱਚ ਅਜਿਹੇ ਚਮਕਾਏ ਕਿ ਕਾਇਰਾਂ ਦੀ ਮੁਕਾਲਕ ਤਲਵਾਰਾਂ ਦੇ ਘਾਟਾਂ ਪਰ ਧੋ ਧੋ ਕੇ ਸਾਫ ਕਰ ਦਿੱਤੀ।

ਇਸ ਕੱਟੀ ਵੱਢੀ ਪਈ ਨਿਖਸਮੀ ਫੌਜ ਦੇ ਅਫਸੋਸ ਵਿੱਚ ਕਾਲਾ ਬੋਲਾ ਬੱਦਲ ਹਨੇਰ ਦੇ ਰੰਗ ਨਾਲ ਗੜੇ ਗੜੇ ਦੀ ਹੰਝ ਰੋਣ ਲੱਗ ਪਿਆ, ਲੋਥਾਂ ਦੇ ਮੂੰਹ ਉਤੋਂ ਘੱਟਾ ਮਲ ਮਲ ਕੇ ਧੋਣ ਲੱਗ ਪਿਆ। ਸਿੱਖਾਂ ਨੇ ਤਲਵਾਰਾਂ ਮਿਆਨ ਕੀਤੀਆਂ, ਆਪਣੇ ਮੋਰਚਿਆਂ ਵਿਚ ਓਕਰ ਹੀ ਮਿਸਾਲਾਂ ਜਗਦੀਆਂ ਰੱਖ ਕੇ ਸਾਵਧਾਨ ਹੋ ਰਹੇ।

ਓਧਰ ਦਿਨ ਚੜ੍ਹੇ ਰਾਣਾ ਅਗਜਾਨ ਚੰਦ ਦੇ ਤੰਬੂ ਵਿੱਚ ਰੋਣ ਪਿੱਟਣ ਦਾ ਸ਼ੋਰ ਪੈ ਗਿਆ, ਫੱਟ ਬੰਨ੍ਹੇ ਰਾਣਾ ਅਭਿਮਾਨ ਚੰਦ ਦੇ ਗਿਰਦ ਹੋ ਗਏ, ਪੱਟੀਆਂ ਬੰਨ੍ਹਕੇ ਮੰਜੇ ਤੇ ਪਾ ਦਿੱਤਾ। ਜਦ ਜਨਰਲ ਗਰੂਰ ਖਾਂ ਨੂੰ ਖਬਰ ਪਹੁੰਚੀ ਕਿ ਮਿਰਜ਼ਾ ਅਤੇ ਕਲਹ ਕੈਦ ਹੋ ਗਏ, ਅੱਗ ਦੀਆਂ ਖਾਈਆਂ ਵਿਚ ਨਹਿਰ ਪੈ ਗਈ, ਤਿੰਨ ਸਰਦਾਰ ਮਾਰੇ ਗਏ, ਚੌਥਾ ਜ਼ਖਮੀ ਹੋਕੇ ਨੱਠ ਗਿਆ, ਰਾਣਾ ਅਗਜਾਨ ਚੰਦ ਮਾਰਿਆ ਗਿਆ, ਰਾਣਾ ਅਭਿਮਾਨ ਚੰਦ ਘਾਇਲ ਹੋ ਗਿਆ, ਸਿਪਾਹ ਅਣ-ਗਿਣਤ ਮਾਰੀ ਗਈ, ਛੋਕੜ ਦੀ ਫੌਜ ਰੰਘੜਾਂ ਗੁਜਰਾਂ ਵਿੱਚ ਥਲਕਾ ਮੱਚ ਗਿਆ ਹੈ, ਤਿੰਨੇ ਲੜਾਈਆਂ ਵਿੱਚ ਸਿੱਖ ਫਤਹਮੰਦ ਰਹੇ ਹਨ, ਆਪਣੇ ਪਾਸੇ ਨੂੰ ਭਾਰੀ ਨੁਕਸਾਨ ਪੁੱਜਾ ਹੈ, ਤਾਂ ਜਨਰਲ ਅਤਿ ਚਿੰਤਾਤੁਰ ਹੋਇਆ, ਵਿਚਾਰਨ ਲੱਗਾ ਇਹਸਿੱਖ ਕਿਸ ਕਾਇਆਂ ਦੇ ਆਦਮੀ ਹਨ, ਏਡੇ ਏਡੇ ਬਹਾਦਰਾਂ ਦੇ ਇਨ੍ਹਾਂ ਦੰਦ ਖੱਟੇ ਕਰ ਦਿੱਤੇ ਹਨ ਜਿਹੜੇ ਕਦੀ ਕਿਸੇ ਪਾਸੋਂ ਜਿੱਤੇ ਨਹੀਂ ਗਏ ਸਨ, ਪਰ ਹੱਛਾ ਜੋ ਹੋਇਆ ਸੋ ਹੋਇਆ, ਅੱਗੇ ਲਈ ਕੁਝ ਬਾਨ੍ਹ ਬੰਨ੍ਹਣਾ ਚਾਹੀਏ।

ਇਹੋ ਜੇਹੀਆਂ ਬਹੁਤ ਸਾਰੀਆਂ ਗੱਲਾਂ ਜੀ ਵਿੱਚ ਗਿਣਦਾ ਹੋਇਆ ਉੱਠ ਕੇ ਤੁਰ

Digitized by Panjab Digital Library | www.panjabdigilib.org

ਪਿਆ। ਆਗ਼ਾ ਮੱਕਾਰ ਖਾਨ ਦੇ ਡੇਰੇ ਪੁੱਜਕੇ ਸਲਾਮ ਕੀਤੋਸੁ। ਅੱਗੋਂ ਓਨ ਵੀ ਉੱਠਕੇ ਖਾਤਰ ਨਾਲ ਬਿਠਾਇਆ, ਸੁੱਖ ਪੁਛੀ। ਜਨਰਲ ਨੇ ਆਖਿਆ ਸੁੱਖ ਕਾਹਦੀ, ਕਲ ਹੀ ਜੰਗ ਛਿੜਿਆ, ਸੋਈ ਦੁਸ਼ਮਨ ਦਾ ਹੱਥ ਉੱਚਾ ਰਿਹਾ, ਆਪਣੇ ਪਾਸੇ ਦੇ ਕਈ ਜਵਾਨ ਕੰਮ ਆਏ, ਫੌਜ ਵੀ ਬਹੁਤ ਕੰਮ ਆਈ। ਕਲਿਜ਼ੁਗ ਦੀਆਂ ਚਵ੍ਹਾਂ ਖਾਈਆਂ ਵਿਚ ਪਾਣੀ ਫਿਰ ਗਿਆ, ਵੱਡਾ ਅਰਮਾਨ ਇਹੋ ਹੈ ਕਿ ਤੁਸੀਂ ਇਸ ਜੰਗ ਵਿੱਚ ਸਾਡੀ ਧਿਰ ਹੋਵੋ ਅਤੇ ਫਿਰ ਵੀ ਸਾਡੀ ਹੇਠੀ ਹੋਵੇ, ਇਹ ਸ਼ਰਮ ਅੰਦਰੋ ਅੰਦਰੀ ਖਾਈ ਜਾਂਦੀ ਹੈ।

ਮੱਕਾਰ ਖਾਨ–ਖਾਨ ਸਾਹਿਬ ਜੀ! ਮੈਂ ਕੱਲ ਤੋਂ ਹੀ ਆਪਣੇ ਦਾਉ ਘਾਉ ਲਈ ਬਹੁਤ ਅਕਲ ਦੇ ਘੋੜੇ ਦੌੜਾ ਰਿਹਾ ਹਾਂ, ਪਰ ਇਹ ਸਿੱਖ ਲੋਕ ਖਬਰ ਨਹੀਂ ਕਿਸ ਫੌਲਾਦੀ ਸੱਚੇ ਵਿੱਚ ਢਲੇ ਹਨ, ਕਿਸੇ ਦਾਉ ਦੇ ਹੇਠ ਨਹੀਂ ਆਉਂਦੇ। ਮੈਂ ਭੀ ਬੇਫਿਕਰ ਨਹੀਂ ਬੈਠਾ, ਹਾਂ ਇਕ ਤਦਬੀਰ ਚੁਣਵੀਂ ਸੋਚਕੇ ਕੱਢੀ ਹੈ. ਅੱਜ ਮੈਂ ਰਾਣੀ ਸ਼ਰਾਬ ਕੌਰ ਨੂੰ ਨਾਲ ਲੈਕੇ ਕਿਤੇ ਲਾਂਭੇ ਛਿਪ ਰਹਾਂਗਾ, ਜਿਸ ਵੇਲੇ ਜੰਗ ਜ਼ੋਰਾਂ ਵਿੱਚ ਛਿੜ ਪਏਗਾ, ਸਿੱਖ ਸਾਹਮਣੇ ਪਾਸੇ ਰੁੱਝੇ ਹੋਣਗੇ, ਅਸੀਂ ਲਾਂਭਿਓਂ ਚੁੱਪ ਕੀਤੇ ਅਪਣੀ ਫੌਜ ਨੂੰ ਲਲਕਾਰਕੇ ਪਿਛਲ ਵਾਙੀਓਂ ਜਾਂ ਸੱਜਿਓਂ ਖੱਬਿਓਂ ਪੈਕੇ ਆਹੂ ਲਾਹ ਦਿਆਂਗੇ, ਇਕ ਵੀ ਜੀਊਂਦਾ ਸਿੱਖ ਪਿੱਛੇ ਨਹੀਂ ਜਾਣ ਦਿਆਂਗੇ। ਇਹ ਸਲਾਹ ਸੁਣਕੇ ਜਨਰਲ ਬਹੁਤ ਖੁਸ਼ ਹੋਇਆ ਤੇ ਤਾਕੀਦ ਕਰਕੇ ਆਪਣੇ ਡੇਰੇ ਆਕੇ ਸੂਦਾਰ ਫਰੇਬ ਸ਼ਾਹ ਜ਼ੁਲਮਤ, ਸਰਦਾਰ ਬਦਨੀਅਤ ਅਲੀ ਦਗ਼ਾ, ਸਰਦਾਰ ਦੁਜ਼ਦ ਖਾਨ ਸਾਰਿਕ, ਸ਼ੇਖ ਅਯਾਸ਼ ਦੀਨ ਕਜ਼ਾਕ, ਅਤੇ ਸਰਦਾਰ ਬੇਹਯਾ ਖਾਨ ਸਿਫਲੇ ਨੂੰ ਹੁਕਮ ਦਿੱਤਾ ਕਿ ਤੁਸੀਂ ਪੰਜੇ ਸਰਦਾਰ ਆਪੋ ਆਪਣੀ ਕੁਮਕ ਲੈਕੇ ਇਕੱਠੇ ਸਿੱਖਾਂ ਨਾਲ ਲੜੋ, ਉਪਰੋਂ ਅਸੀਂ ਵੀ ਤੋਪ ਰਵਾਂ ਕਰ ਦਿਆਂਗੇ। ਇਸ ਹੁਕਮ ਦੀ ਤਾਮੀਲ ਕਰਨ ਲਈ ਪੰਜੇ ਸਰਦਾਰਾਂ ਨੇ ਫੌਜ ਦੀ ਤਿਆਰੀ ਕੀਤੀ। ਪਲੋ ਪਲੀ ਵਿੱਚ ਮੋਰਚਿਆਂ ਪਰ ਅੱਪੜ ਪਏ, ਜਦ ਗੋਲੀ ਦੀ ਮਾਰ ਹੇਠ ਅੱਪੜੇ ਤਾਂ ਅੱਗੋਂ ਇੱਕ ਵਾਰ ਝੜੀ। ਦੜ ਦੜ ਕਰਦੇ ਮੁਨਾਰਿਆਂ ਵਾਕਰ ਕਈਡਿੱਗ ਪਏ,ਪਰ ਧੁਨ ਦੇ ਪੱਕਿਆਂ ਨੇ ਇਸ ਗੱਲਦੀ ਕੁਝ ਪਰਵਾਹ ਨਾ ਕੀਤੀ,ਆਪਣੀਆਂ ਬੰਦੂਕਾਂ ਦਸਤ ਰਵਾਂ ਕਰਦੇ ਗੜਿਆਂ ਵਾਂਗ ਗੋਲੀਆਂ ਬਰਸਾਉਂਦੇ ਅੱਗੇ ਵਧੀ ਚਲੇ ਆਏ। ਇਸ ਵੇਲੇ ਲੜਾਈ ਦਾ ਜੁੱਟ ਬੜੇ ਰੰਗ ਵਾਲਾ ਬੱਝਿਆ, ਧੌਂਸਿਆਂ ਦੀ ਧੁੰਕਾਰ, ਮਾਰ ਮਾਰ ਦੀ ਪੁਕਾਰ, ਬਹਾਦਰਾਂ ਦੀ ਵੰਗਾਰ, ਲੜਾਈ ਦਾ ਜੋਸ਼, ਤਲਵਾਰਾਂ ਦੀ ਖਚਾ ਖੱਚ, ਬੰਦੂਕਾਂ ਦੀ ਠਹਾ ਠਹੀ, ਆਪੋ ਆਪਣੀ ਜੀਤ ਦੀ ਉਮੰਗ ਵਿੱਚ ਜਵਾਨਾਂ ਨੇ ਆਪਣੇ ਲਹੂ ਡੋਲ੍ਹੇ, ਬਹਾਦਰੀ ਦੇ ਨਾਮ ਨੂੰ ਆਸਮਾਨ ਤੱਕ ਪੁਚਾਇਆ, ਪਲੋ ਪਲੀ ਵਿੱਚ ਲੋਥਾਂ ਪਰ ਲੋਥਾਂ ਚੜ੍ਹਾ ਦਿੱਤੀਆਂ, ਲਹੂ, ਮਿੱਝ, ਮਾਸ ਨਾਲ ਜ਼ਮੀਨ ਲਾਲਗੁਲਾਲ ਕਰ ਦਿੱਤੀ।ਤਿਸ ਪਰ ਭੀ ਜਾਨ ਤੋੜਵੇਂ ਬਹਾਦਰ ਇਸ ਕਹਿਰ ਦੀ ਲੜਾਈ ਲੜ ਕੇ ਵੀ ਨਾ ਰੱਜੇ। ਇਧਰੋਂ ਪਿੱਛੋਂ ਕੋਈ ਕੁਮਕ ਨਾ ਪਹੁੰਚਣ ਦੇ ਕਾਰਣ ਕੁਝ ਖਾਲਸਾ ਜੀ ਦੇ ਪੈਰ ਹਿੱਲ ਗਏ। ਜਦ ਪਿੱਛੇ ਪਰਤੇ ਤਾਂ ਬਲਦੀ ਸੁਰਤ ਮੀਆਂ ਮੱਕਾਰ ਖਾਨ ਦੀ ਫੌਜ ਅਤੇ ਰਾਣੀ ਸ਼ਰਾਬ ਕੌਰ ਦੀ ਫੌਜ ਨਾਗਹਾਨੀ ਆਫਤ ਵਾਕਣ ਮੱਥੇ ਲੱਗੀ। ਇਸ ਅਨੋਖੇ ਘੇਰੇ ਵਿੱਚ ਆਕੇ

Digitized by Panjab Digital Library | www.panjabdigilib.org

ਖਾਲਸਾ ਜੀ ਨੇ ਆਪਣੀਆਂ ਜਾਨਾਂ ਅਜਾਈਂ ਬਹੁਤ ਗਵਾਈਆਂ। ਅੱਗੇ ਪਿੱਛੇ ਦੋਹੀਂ ਲਾਂਭੀਂ ਦੁਸ਼ਮਨ ਜ਼ੋਰਾਵਰ ਪੈਣ ਤੇ ਆਪ ਬੇ ਮੱਦਦ ਅਤੇ ਏਜ਼ਾਰ ਹੋਣ ਦੇ ਕਾਰਣ ਖਾਲਸਾ ਜੀ ਰਾਣੀ ਸ਼ਰਾਬ ਕੌਰ ਦੇ ਹੱਥ ਚੜ੍ਹਕੇ ਮੈਦਾਨ ਜੰਗ ਵਿੱਚ ਸ਼ਹੀਦ ਹੋ ਗਏ, ਮੈਦਾਨ ਦੁਸ਼ਮਨ ਦੇ ਹੱਥ ਰਿਹਾ ਅਤੇ ਸਿੱਖਾਂ ਦੀ ਫੌਜ ਵਿੱਚੋਂ ਕੋਈ ਕੋਈ ਭੱਜ ਨੱਸਕੇ ਆਪਣੇ ਕੈਂਪ ਤੱਕ ਅੱਪੜਿਆ ਤੇ ਆਪਣੀ ਤਬਾਹੀ ਦੀ ਸਾਰੀ ਖਬਰ ਤੇ ਰਾਣੀ ਸ਼ਰਾਬ ਕੌਰ ਦੀ ਬਹਾਦਰੀ ਕਹਿ ਸੁਣਾਈ। ਮੰਤ੍ਰੀ ਜੀ ਨੇ ਮਹਾਰਾਜ ਪਾਸ ਅਰਜ਼ ਕੀਤੀ ਕਿ ਪਹਿਲੀ ਫਤਹ ਹੋਣ ਦੇ ਬਦਲੇ ਅੱਜ ਸਿੱਖਾਂ ਭਾਰੀ ਭਾਂਜ ਖਾਧੀ ਹੈ, ਸ਼ਰਾਬ ਕੌਰ ਨੇ ਆਹੂ ਲਾਹ ਦਿੱਤੇ ਹਨ। ਮਹਾਰਾਜ ਨੇ ਹੁਕਮ ਦਿੱਤਾ ਕੁਝ ਪਰਵਾਹ ਨਹੀਂ ਧੀਰਜ ਰੱਖੋ, ਕਰਤਾਰ ਭਲੀ ਕਰੇਗਾ, ਆਪਣੀ ਫੌਜ ਤਿਆਰ ਰਹੇ, ਕਿਉਂਕਿ ਦੁਸ਼ਮਨ ਦੀ ਫੌਜ ਅਪਣੀ ਜਿੱਤ ਵੇਖਕੇ ਸਮਾ ਨਹੀਂ ਸਕੇਗੀ, ਪਿੱਛਾ ਕਰਦੀ ਹੋਈ ਪਿੱਛੇ ਹੀ ਆਵੇਗੀ, ਜੇ ਤੁਸੀਂ ਗਾਫਲ ਹੋਏ ਤਾਂ ਆਹੂ ਲਾਹੇਗੀ, ਜੇਕਰ ਤੁਸੀਂ ਅੱਗੋਂ ਟਾਕਰੇ ਨੂੰ ਤਯਾਰ ਹੋਕੇ ਮਿਲੇ, ਤਾਂ ਉਹ ਥੱਕੀ ਹੋਣ ਕਰਕੇ ਤੁਹਾਡੇ ਵਾਰ ਅੱਗੇ ਸੁੰਸਰੀ ਵਾਂਗ ਸੌਂ ਜਾਏਗੀ। ਇਸ ਲਈ ਜਲਦੀ ਕਰੋ, ਸਰਦਾਰ ਸੁਬੁਧ ਸਿੰਘ ਅਤੇ ਸਰਦਾਰ ਗੁਰਬਾਣੀ ਵਿਚਾਰ ਸਿੰਘ ਹੋਰੀਂ ਆਪੋ ਆਪਣਿਆਂ ਜੱਥਿਆਂ ਸਮੇਤ ਅਗਾਂਹ ਵੱਧ ਜਾਣ, ਅਤੇ ਦੁਸ਼ਮਨ ਪਰ ਬਾਜ਼ ਦੀ ਤਰ੍ਹਾਂ ਜਾ ਪੈਣ:ਅਜਿਹੀ ਮਾਰ ਕਰਨ ਕਿ ਆਉਂਦਿਆਂ ਦਾ ਮੂੰਹ ਮੋੜ ਦੇਣ। ਅਤੇ ਪਿੱਛੇ ਕੁਮਕ ਲਈ ਸਰਦਾਰ ਉਪਦੇਸ਼ ਸਿੰਘ ਮੰਤ੍ਰੀ ਦੇ ਜੱਥੇ ਵਿੱਚੋਂ ਆਪਣੀ ਫੌਜ ਸਮੇਤ ਅੱਪੜ ਪਵੇ, ਫਿਰ ਸਾਰੇ ਕਾਰਜ ਰਾਸ ਹਨ, ਵਾਹਿਗੁਰੂ ਤੁਹਾਡੇ ਅੰਗ ਸੰਗ ਹੈ।

ਇਸ ਹੁਕਮ ਦੀ ਤਾਮੀਲ ਅੱਖ ਦੇ ਪਲਕਾਰੇ ਵਿੱਚ ਹੋ ਗਈ। ਸਰਦਾਰ ਸੁਬੁਧ ਸਿੰਘ ਨੇ ਮੋਹਰੇ ਦੌੜੇ ਵਧੇ ਆਉਂਦੇ ਦੁਸ਼ਮਨ ਨੂੰ ਰੋਕਿਆ, ਚੰਗੇ ਹੱਥ ਦਿਖਾਏ, ਸਰਦਾਰ ਵੀ ਉਨ੍ਹਾਂ ਦੇ ਥਾਂ ਰੱਖੇ, ਇਤਨੇ ਤੱਕ ਗੁਰਬਾਣੀ ਵਿਚਾਰ ਸਿੰਘ ਨੇ ਮਾਰਕੇ ਲਿਥੇੜ ਪਥੇਰ ਕਰਾ ਦਿੱਤੀ, ਦੁਸ਼ਮਨ ਦੇ ਪੈਰ ਉਖੜ ਗਏ, ਏਸੇ ਹਲਾਚਲੀ ਵਿੱਚ ਬਾਕੀ ਤਿੰਨੇ ਸਰਦਾਰ ਮਾਰੇ ਗਏ, ਮੱਕਾਰ ਖਾਨ ਕਾਬੂ ਆਇਆ, ਸ਼ਰਾਬ ਕੌਰ ਦਾ ਹਾਥੀ ਫੜਿਆ ਗਿਆ, ਆਪ ਭੀ ਕੁਝ ਗੋਲੀਆਂ ਖਾਕੇ ਘਾਇਲ ਹੋ ਗਈ, ਪਰ ਫੌਜ ਉਸਦੀ ਚਲਾਕ ਹੋਣ ਦੇ ਕਾਰਣ ਨੱਸ ਭੱਜਕੇ ਖਾਲਸੇ ਜੀ ਦੀ ਮਾਰ ਦੇ ਥੋਂ ਨਿਕਲ ਗਈ ਤੇ ਘਾਇਲ ਰਾਣੀ ਨੂੰ ਭੀ ਨਾਲ ਲੈ ਗਈ।

ਇਧਰ ਖਾਲਸਾ ਜੀ ਧੰਨਜਵਾਦ ਦੇ ਜੈਕਾਰੇ ਗਜਾਉਂਦੇ, ਸ਼ਬਦ ਪੜ੍ਹਦੇ ਆਪਣੇ ਕੈਂਪ ਵੱਲ ਆਏ, ਓਧਰ ਸਾਰੀ ਰੀਪੋਰਟ ਜਨਰਲ ਪਾਸ ਪੁੱਜੀ। ਪਹਿਲੀ ਜਿੱਤ ਅਤੇ ਪਿਛਲੀ ਤਬਾਹੀ ਸੁਣਕੇ ਜਨਰਲ ਨੇ ਸਿਪਾਹੀਆਂ ਨੂੰ ਬਹੁਤ ਝਾੜ ਝਪਾੜ ਕੀਤੀ ਤੇ ਕਿਹਾ ਓਇ ਖੁਦਾ ਦੇ ਮਾਰਿਓ ! ਜਦ ਅੱਲਾ ਨੇ ਤੁਹਾਨੂੰ ਫਤਹ ਦਿੱਤੀ ਸੀ ਤਾਂ ਓਥੋਂ ਹੀ ਮੁੜ ਆਉਣਾ ਸੀ, ਪਰ ਤੁਸੀਂ ਸ਼ੈਤਾਨ ਦੇ ਜੁਆਈ ਆਪਣੀ ਜਿੱਤ ਨੂੰ ਪਚਾ ਨਾ ਸੱਕੇ. ਸਿੱਧੇ ਮੌਤ ਦੇ ਮੂੰਹ ਵਿੱਚ ਜਾ ਪਏ, ਚਲੋ ਹੱਟੋ ਅੱਖਾਂ ਅਗੋਂ ਦਫਾ ਹੋ ਜਾਓ। ਇਹ ਕਹਿੰਦਾ ਹੋਇਆ ਉਠਕੇ ਰਾਣੀ ਸ਼ਰਾਬ ਕੌਰ ਦੇ ਕੈਂਪ ਵਿਚ ਆਇਆ ਅਤੇ ਫੱਟ ਬੰਨ੍ਹੇ। ਖਿਦਮਤ ਲਈ ਦੋ ਚਾਰ ਗੋਲੀਆਂ ਸਪੁਰਦ ਕਰਕੇ ਰਾਜਾ ਕਲਿਜੁਗ ਦੇ ਤੰਬੂ ਵਿਚ ਪੁੱਜਾ। ਬੈਠਕੇ ਦੋਹਾਂ

Digitized by Panjab Digital Library | www.panjabdigilib.org

ਸਲਾਹ ਕੀਤੀ ਕਿ ਫੁਟਕਲ ਲੜਾਈ ਵਿਚ ਸਾਡਾ ਕੁਝ ਨਹੀਂ ਬਣਦਾ,ਇਸ ਲਈ ਬਿਹਤਰ ਹੋਵੇ ਕਿ ਸਾਰੀ ਫੌਜ ਇਕਠੀ ਹੋਕੇ ਇਕ ਵਾਰ ਹੀ ਟੁਟਕੇ ਪੈ ਜਾਵੇ,ਤਾਂ ਯਕੀਨ ਹੈ ਅਸੀਂ ਕਾਮਯਾਬ ਹੋ ਜਾਵਾਂਗੇ।

ਕਲਿਜੁਗ ਨੇ ਆਖਿਆ—ਸਾਨੂੰ ਜਿੱਤ ਦੀ ਉਮੈਦ ਔਖੀ ਹੈ, ਸਿਖਾਂ ਦੀ ਫੌਜ ਬੜੀ ਕਟੀਲੀ ਹੈ, ਇਨ੍ਹਾਂ ਦੇ ਮਾਰਨ ਭਾਵੇਂ ਕਾਬੂ ਕਰਨ ਲਈਕਲਹ ਹੀ ਸੀ,ਸੋ ਵਿਚਾਰੀ ਪਹਿਲੇ ਹਥ ਕੈਦ ਹੋ ਗਈ, ਉਸਤੋਂ ਉਤਰਕੇ ਖਾਨਾ-ਜੰਗੀ ਬੇਗ ਮਿਰਜ਼ਾ ਸੀ, ਜਿਸਨੇ ਕਈ ਵੇਰੀ ਸਿੱਖਾਂ ਦੇ ਘਾਣ ਲਾਹੇ ਤੇ ਕਈ ਵੇਰੀ ਇਨ੍ਹਾਂ ਨੂੰ ਸ਼ਿਕਸਤ ਦਿੱਤੀ ਸੀ, ਅੱਜ ਤਕ ਕਦੀ ਵੀ ਮਿਰਜ਼ਾ ਨੇ ਇਨ੍ਹਾਂ ਹਥੋਂ ਸੱਟ ਨਹੀਂ ਖਾਧੀ ਸੀ; ਕੋਈ ਸਾਡੀ ਉਲਟੀ ਕਿਸਮਤ ਦੀ ਮਾਰ ਨੇ ਲੋਹਾ ਅਪੁੱਠਾ ਕੀਤਾ ਹੈ ਕਿ ਪਹਿਲੇ ਹਥ ਹੀ ਮਿਰਜ਼ਾ ਕਾਬੂ ਆ ਗਿਆ। ਇਸੇ ਕਾਰਣ ਸਿੱਖਾਂ ਦਾ ਲੋਹਾ ਸਿੱਧਾ ਪੈ ਗਿਆ, ਪਰ ਲੜਾਈ ਵਿਚ ਸਾਈਂ ਕੰਜਰ ਹੁਸਨ ਸ਼ਾਹ ਮੇਰੇ ਨਾਲ ਹੋਕੇ ਮੈਦਾਨ ਜੰਗ ਵਿਚ ਨਿਤਰਨ ਤਾਂ ਸ਼ਾਇਦ ਅਸੀਂ ਕਾਮਯਾਬ ਹੋ ਜਾਈਏ। ਜਨਰਲ ਨੇ ਇਹ ਸਲਾਹ ਪਸੰਦ ਕੀਤੀ ਅਤੇ ਆਪ ਉੱਠਕੇ ਸਾਂਈਲੋਕਾਂ ਪਾਸ ਪੁੱਜੇ। ਬੜੀ ਮਿੰਨਤ ਅਤੇ ਅਧੀਨਗੀ ਨਾਲ ਅਰਜ਼ ਕੀਤੀ ਕਿ ਸਾਈਂ ਜੀ! ਆਪ ਬੇਪਰਵਾਹ ਲੋਕ ਹੋ, ਅੱਲਾ ਵਾਲੇ ਹੋ, ਕਿਸੇ ਦੇ ਦੁੱਖ ਦਰਦ ਨਾਲ ਆਪ ਨੂੰ ਕੀਹ ? ਪਰ ਇਸ ਵੇਲੇ ਅਸਾਡੇ ਤੇ ਕਹਿਰ ਨਾਜ਼ਲ ਹੋ ਰਿਹਾ ਹੈ, ਹਾਰ ਗਲੇ ਪੈ ਰਹੀ ਹੈ, ਸਿੱਖਾਂ ਦਾ ਲੋਹਾ ਇਸ ਵੇਲੇ ਸਿੱਧਾ ਪੈਂਦਾ ਜਾਂਦਾ ਹੈ, ਸਾਨੂੰ ਸ਼ਰਮ ਦਾ ਕੋਈ ਖੂਹ ਨਹੀਂ ਲੱਭਦਾ ਜਿੱਥੇ ਡੁੱਬ ਮਰੀਏ, ਆਪ ਜੈਸੇ ਵਲੀ ਸਾਡੀ ਪੁਸ਼ਤਪਨਾਹ ਹੋਣ ਅਤੇ ਅਸੀਂ ਰੜੇ ਵਿਚ ਡੁੱਬ ਜਾਈਏ ? ਇਸ ਲਈ ਬੜੇ ਅਦਬ ਨਾਲ ਅਰਜ਼ ਕੀਤੀ ਜਾਂਦੀ ਹੈ ਕਿ ਖੁਦਾ ਦੇ ਵਾਸਤੇ ਇਸ ਵੇਲੇ ਮਦਦ ਕਰੋ।

ਸਾਂਈ ਲੋਕ ਖਿੜ ਖਿੜ ਕਰਕੇ ਹੱਸ ਪਏ ਤੇ ਬੋਲੇ—ਭੋਲਿਆ—ਮੌਜ ਲਗੀ ਹੋਈ ਹੈ, ਗਿਦੜ, ਕੁੱਤੇ, ਕਾਂ ਇੱਲਾਂ ਦੀ ਬਕਰੀਦ ਹੋਈ ਹੋਈ ਹੈ, ਖਾਂਦੇ ਹਨ, ਪੀਂਦੇ ਹਨ, ਮੌਜਾਂ ਕਰਦੇ ਹਨ,ਜੇ ਸਿੱਖ ਜਿੱਤ ਗਏ ਤਾਂ ਕੀ ਹੋਇਆ, ਜੇ ਤੁਸੀਂ ਜਿਤ ਗਏ ਤਾਂ ਕੀ ਹੋਇਆ, ਅਸਾਂ ਤਾਂ ਮੌਜ ਮੇਲਾ ਹੀ ਕਰਨਾ ਹੈ।

ਜਨਰਲ (ਬੜੇ ਅਦਬ ਨਾਲ)—ਹਜ਼ਰਤ ਮਿਹਰ ਕਰੋ. ਕੁਝ ਤਰਸ ਕਰੋ, ਨਹੀਂ ਤਾਂ ਅਸਾਡਾ ਕੁਝ ਨਹੀਂ ਰਹੇਗਾ।

ਸਾਂਈ ਜੀ ਇਸ ਬਚਨ ਪਰ ਹੋਰ ਹੱਸੇ ਤੇ ਕਹਿਣ ਲਗੇ—ਜੀਕਰ ਤੁਹਾਡਾ ਕੁਝ ਰਹਿ ਜਾਵੇ ਅਸੀਂ ਓਦਾਂ ਕਰ ਦਿੰਦੇ ਹਾਂ, ਦੱਸੋ ਉਹ ਕਿੱਦਾਂ ਰਹੂ ?

ਜਨਰਲ—ਹਜ਼ੂਰ ! ਕੱਲ ਰਾਜਾ ਕਲਜੁਗ ਦੇਵ ਮੈਦਾਨ ਜੰਗ ਵਿਚ ਲੜੇਗਾ, ਉਸਦੀ ਸਵਾਰੀ ਨਾਲ ਆਪ ਵੀ ਹੋਵੋ ਅਤੇ ਜੰਗ ਦੇ ਰੰਗ ਢੰਗ ਦੇਖੋ ਕਿ ਦੁਸ਼ਮਨ ਕੀ ਬਿਪਤਾ ਪਾਉਂਦੇ ਹਨ।

ਸਾਂਈ ਲੋਕ—ਬਹੁਤ 'ਅਛਾ, ਅਸੀਂ ਕੱਲ ਨਾਲ ਚਲਾਂਗੇ ਤੇ ਦੇਖਾਂਗੇ ਦੁਸ਼ਮਨ ਕੀਕਰ ਵਾਰ ਕਰਦੇ ਹਨ।

ਇਸ ਬਾਤ ਪਰ ਜਨਰਲ ਖੁਸ਼ ਹੋ ਗਿਆ, ਕਦਮ ਚੁੰਮਕੇ ਸਲਾਮ ਕੀਤੀ, ਰੁਖਸਤ ਹੋਕੇ ਜਦ ਰਾਣੀ ਰੂਪਕੌਰ ਪਾਸ ਪੁੱਜਾ ਤਾਂ ਉਥੇ ਹੋਰ ਹੀ ਨਕਸ਼ਾ ਨਜ਼ਰ ਆਇਆ,ਰਾਣੀ ਸਾਹਿਬਨੂੰ ਸਰਦਾਰ ਸ਼ਉਰ ਖਾਂ ਜਾਸੂਸ ਨੇ ਸਾਰੀ ਖਬਰ ਸ਼ਿਕਸਤ ਵਾਲੀ ਸੁਣਾ ਦਿਤੀ ਸੀ, ਇਸ ਲਈ ਰਾਣੀ ਇਕ ਭਾਰੇ ਸੋਚਾਂ ਦੇ ਖਾਤੇ ਵਿਚ

Digitized by Panjab Digital Library | www.panjabdigilib.org

ਪਈ ਬੈਠੀ ਤਿਣਕੇ ਚੁਣ ਰਹੀ ਸੀ। ਗ਼ਰੂਰ ਖਾਨ ਨੂੰ ਦੇਖਕੇ ਝਿੜਕ ਕੇ ਬੋਲੀ—ਚੰਗਾ ਜੰਗ ਵਿਢਿਆ, ਚੰਗੇ ਚੰਗੇ ਜਵਾਨਾਂ ਦੀਆਂ ਜਾਨਾਂ ਗਵਾਈਆਂ, ਰਾਣੀ ਸ਼ਰਾਬ ਕੌਰ ਜ਼ਖਮੀ ਹੋ ਗਈ, ਪਤਾ ਨਹੀਂ ਜੀਵੇਗੀ ਬੀ ਕਿ ਨਹੀਂ ?

ਜਨਰਲ (ਬੜੇ ਅਦਬ ਨਾਲ)—ਰਾਣੀ ਸਾਹਿਬ ! ਜੰਗ ਦੇ ਦੋ ਸਿਰੇ ਹੁੰਦੇ ਹਨ—ਇਕ ਜਿੱਤ ਦਾ ਇਕ ਹਾਰ ਦਾ। ਦੋਹਾਂ ਵਿਚੋਂ ਇਕ ਜ਼ਰੂਰ ਹਾਸਲ ਹੁੰਦਾ ਹੈ. ਇਸ ਜੰਗ ਵਿਚ ਖੁਦਾ ਦੇ ਹੁਕਮ ਨਾਲ ਜਿੱਤ ਸਾਡੀ ਹੋਵੇਗੀ। ਕੱਲ ਵਾਲੀ ਸ਼ਿਕਸਤ ਸਰਦਾਰਾਂ ਦੀ ਸ਼ੇਖੀ ਤੇ ਗ਼ਲਤੀ ਨਾਲ ਹੋਈ, ਪਹਿਲੇ ਦੁਸ਼ਮਨ ਨੂੰ ਫਤਹ ਕਰਕੇ ਜਿੱਤ ਨੂੰ ਪਚਾ ਨਾ ਸਕੇ. ਆਪਣੇ ਪੈਰਾਂ ਤੇ ਨਾ ਠਹਿਰ ਸਕੇ, ਉਨ੍ਹਾਂ ਦੇ ਘਰਾਂ ਤਕ ਮਾਰ ਕਰਦੇ ਚਲੇ ਗਏ। ਇਹ ਉਥੇ ਪਹੁੰਚਕੇ ਥਕ ਗਏ, ਉਹ ਜ਼ੋਰਾਵਰ ਉਲਟਕੇ ਇਨ੍ਹਾਂ ਤੇ ਪੈ ਗਏ ਤੇ ਇਹ ਮਾਰੇ ਗਏ, ਇਸ ਲਈ ਸ਼ਿਕਸਤ ਹੋਈ। ਸਾਡੀ ਸ਼ਿਕਸਤ ਨਹੀਂ, ਆਪ ਕੱਲ ਦੇਖੋਗੇ ਕਿ ਖੁਦਾ ਕੀ ਕਰਦਾ ਹੈ।

ਦੂਜੇ ਦਿਨ ਰਾਜਨ ਪਤਿ ਰਾਜਾ ਕਲਿਜੁਗ ਦੇਵ ਆਪਣੇ ਲਸ਼ਕਰ ਨੂੰ ਲੈਕੇ ਧੌਂਸਿਆ ਪਰ ਦੁਹਰੀ ਚੋਬ ਠੋਕਦਾ ਹੋਇਆ ਮੈਦਾਨ ਜੰਗ ਵਿਚ ਆਕੇ ਬਹੁਤ ਉਚੀ ਉਚੀ ਪੁਕਾਰ ਕੇ ਕਹਿਣ ਲਗਾ ਕਿ ਕੋਈ ਬਹਾਦਰ ਇਸ ਸੰਸਾਰ ਵਿਚ ਹੈ ਜੋ ਮੇਰੇ ਸਾਮ੍ਹਣੇ ਆਵੇ ? ਜਿਹੜੇ ਕੋਈ ਆਪਣੇ ਆਪ ਵਿਚ ਖੰਨੀ ਖਾਂ ਕਹਾਉਂਦੇ ਸਨ, ਉਹ ਸਾਰੇ ਮੇਰੇ ਟਕੇ ਭਰਦੇ ਹਨ, ਉਨ੍ਹਾਂ ਵਿਚੋਂ ਕੋਈ ਨਹੀਂ ਸਾਮ੍ਹਣੇ ਆ ਸਕਦਾ। ਅਜ ਜੰਗ ਦਾ ਮੈਦਾਨ ਮੇਰਾ ਹੈ, ਬਿਨਾ ਲੜੇ ਭਿੜੇ ਮੈਂ ਜਿੱਤ ਦਾ ਨਗਾਰਾ ਵਜਾ ਰਿਹਾ ਹਾਂ। ਇੰਨੇ ਤਕ ਸਾਈਂ ਕੰਜਰ ਹੁਸਨ ਸ਼ਾਹ ਮਸਤ ਵੀ ਹੱਥਾਂ ਦੀਆਂ ਕੜੀਆਂ ਛਣ-ਕਾਉਂਦੇ ਗਲ ਵਿਚ ਲਿਟਾਂ ਲਮਕਾਈ ਆਪਣੀ ਮਸਤੀ ਵਿਚ ਝੂਮਦੇ ਮੈਦਾਨ ਵਿਚ ਆ ਗਏ।

ਇਧਰ ਮੰਤ੍ਰੀ ਦ੍ਰਿੜ ਨਿਸ਼ਚਾ ਸਿੰਘ ਜੀ ਨੇ ਕਮਾਨੀਅਰ ਨੂੰ ਏਲਾਕੇ ਸਮਝਾਇਆ ਕਿ ਅੱਜ ਦਾ ਮੈਦਾਨ ਜੰਗ ਜਿੱਤ ਹਾਰ ਦਾ ਫੈਸਲਾ ਕਰ ਦੇਵੇਗਾ।ਅਜ ਦੇ ਮੋਰਚੇ ਪਰ ਸਰਦਾਰ ਪ੍ਰੇਮ ਸਿੰਘ ਅਤੇ ਸਰਦਾਰਵੈਰਾਗਸਿੰਘਨੂੰਫੌਜ ਸਮੇਤ ਤਈਨਾਤ ਕਰ ਦਿਓ, ਬੋੜ੍ਹਾ ਕੁ ਪਿੱਛੇ ਹਟਵਾਂ ਸੂਦਾਰ ਸੇਵਾ ਸਿੰਘ ਕੁਮਕ ਲਈ ਦਾਉ ਘਾਉ ਵਿਚ ਲਗਾ ਰਹੇ। ਜੇਹਾ ਸਮਾਂ ਆ ਬਣੇ ਤੇਹਾ ਵਰਤਾਉ ਕਰ ਲਵੇ ਅਤੇ ਇਕ ਜਥੇਦਾਰ ਫੌਜ ਸਮੇਤ ਤੋਪਖਾਨੇ ਪਾਸ ਸਰਦਾਰ ਗਿਆਨ ਸਿੰਘ ਦੀ ਮਦਦ ਲਈ ਠਹਿਰੇ। ਬਾਕੀ ਫੌਜ ਚੋਹਵੀਂ ਲਾਂਭੀ ਖਿੱਲਰੇ। ਇੰਨੇ ਤਕ ਪਹਿਰੇਦਾਰ ਨੇ ਖਬਰ ਦਿਤੀ ਕਿ ਮੈਦਾਨ ਜੰਗ ਵਿਚ ਕਲਿ-ਜੁਗ ਉਤਰ ਆਇਆ ਹੈ ਤੇ ਆਉਂਦਾ ਹੀ ਜਿੱਤ ਦੇ ਜੈਕਾਰੇ ਗਜਾ ਰਹਿਆ ਹੈ। ਇਹ ਖਬਰ ਸੁਣਦਿਆਂ ਸਾਰ ਕਮਾਨੀਅਰ ਨੇ ਸੂਦਾਰ ਪ੍ਰੇਮ ਸਿੰਘ ਅਤੇ ਸਰਦਾਰ ਵੈਰਾਗ ਸਿੰਘ ਨੂੰ ਵੰਗਾਰਿਆ ਕਿ ਜਲਦੀ ਕਰੋ, ਦੁਸ਼ਮਨ ਵਧਿਆ ਚਲਿਆ ਆਉਂਦਾ ਹੈ, ਉਸਦਾ ਅੱਗਾ ਰੋਕੋ। ਇਨ੍ਹਾਂ ਸਰਦਾਰਾਂ ਨੂੰ ਅਗੇ ਭੇਜਕੇ ਕਮਾਨੀਅਰ ਸਾਹਿਬ ਆਪ ਸੂਦਾਰ ਸੇਵਾ ਸਿੰਘ ਹੋਰਾਂ ਨੂੰ ਨਾਲ ਲੈਕੇ ਮੈਦਾਨ ਜੰਗ ਵਲ ਟੁਰ ਪਏ, ਜਦ ਸਰਦਾਰ ਪ੍ਰੇਮ ਸਿੰਘ ਹੋਰੀ ਪੁੱਜੇ ਤਾਂ ਅਗੇ ਕਲਿਜੁਗ ਦਾ ਪ੍ਰਭਾਵ ਇੰਨਾਂ ਖਿੱਲਰਿਆ ਹੋਇਆ ਦਿੱਸਿਆ ਕਿ ਜਿਸਦਾ ਕੋਈ ਹੱਦ ਹਿਸਾਬ ਨਹੀਂਸੀ,ਆਪਣੇ ਮੂੰਹੋਂ ਆਪਣੀ ਵਡਿਆਈ ਅਤੇ ਹੋਰ ਸਭ ਦੀ ਨਿੰਦਯਾ ਹੁੰਦੀ ਕੰਨੀ ਪਈ, ਇਧਰੋਂ ਕੀਰਤਨ ਸਿੰਘ ਨੇ ਦਸਤ ਰਵਾਂ ਕਰਕੇ ਬੰਦੂਕ ਝੋਕ

Digitized by Panjab Digital Library | www.panjabdigilib.org

ਦਿੱਤੀ । ਗੋਲੀ ਗਈ ਤਾਂ ਝੁੰਕਦੀ, ਪਰ ਕਲਿਜੁਗ ਦੇ ਕੰਨਾਂ ਪਾਸੋਂ ਲੰਘ ਗਈ। ਇਸ ਗੋਲੀ ਦੇ ਲੰਘਦਿਆਂ ਕਲਜੁਗ ਚੁਕੰਨਾ ਹੋ ਗਿਆ। ਆਪ ਮੋਰਚੇ ਦੇ ਉਹਲੇ ਹੋਕੇ ਸਿਪਾਹੀਆਂ ਨੂੰ ਲਲਕਾਰ ਕੇ ਅੱਗੇ ਕਰ ਦਿੱਤਾ। ਦੁਵੱਲੀ ਗੋਲੀ ਦੀ ਠਹਾ ਠਹੀ ਅਰੰਭ ਹੋ ਗਈ। ਉਧਰੋਂ ਜਨਰਲ ਨੇ ਦੂਰਬੀਨ ਲਾਕੇ ਦੇਖਿਆ ਕਿ ਲੜਾਈ ਸ਼ੁਰੂ ਹੋ ਗਈ ਤਾਂ ਝੱਟ ਗੋਲਮਦਾਜ਼ਾਂ ਨੂੰ ਹੁਕਮ ਹੋਇਆ ਕਿ ਗੋਲਾਬਾਰੀ ਕਰੋ, ਬਸ ਉੱਥੇ ਤਾਂ ਹੁਕਮ ਦੀ ਹੀ ਦੇਰ ਸੀ, ਮਮਤਾ ਦੀ ਤੋਪ ਪਰ ਲਾਲਚ ਦਾ ਪਲੀਤਾ ਪਾਇਆ। 'ਧੰਨ'''ਨਾ ਧਨ'''ਨਾ' ਕਰਦਾ ਕੂੜ ਦਾ ਗੋਲਾ ਫੌਜ ਵਿਚ ਆਣ ਪਾਟਾ। ਇਸ ਗੋਲੇ ਬਾਰੀ ਨੇ ਬਹੁਤ ਹੀ ਨੁਕਸਾਨ ਪਹੁੰਚਾਇਆ । ਇਧਰੋਂ ਕਲਜੁਗ ਦੀ ਫੌਜ ਇਕੋ ਵਾਰੀ ਪੈ ਗਈ । ਇਧਰੋਂ ਸਾਈਂ ਕੰਜਰ ਹੁਸਨ ਸ਼ਾਹ ਨੇ ਕੋਈ ਕਲਾਮਾਂ ਪੜ੍ਹ ਪੜ੍ਹਕੇ ਹੱਥਾਂ ਦੀਆਂ ਚੂੜੀਆਂ ਚਕ੍ਰਾਂ ਵਾਂਗ ਚਲਾਉਣੀਆਂ ਅਰੰਭੀਆਂ, ਉਪਰੋਂ ਗੋਲਿਆਂ ਨੇ ਧੁੰਆਂਧਾਰ ਅੰਧਕਾਰ ਕਰ ਦਿੱਤਾ। ਇਸ ਲੜਾਈ ਵਿਚ ਸਿੰਘਾਂ ਦੀ ਫੌਜ ਬਹੁਤ ਕੰਮ ਆਈ, ਪਰ ਆਪਣੀ ਵਲੋਂ ਜਾਨਾਂ ਤੋੜ ਤੋੜਕੇ ਇਜੇਹੇ ਲੜੇ ਕਿ ਲਹੂ ਦੀਆਂ ਨਦੀਆਂ ਵਹਾ ਦਿੱਤੀਆਂ, ਲੋਥਾਂ ਨਾਲ ਮੈਦਾਨ ਭਰਪੂਰ ਕਰ ਦਿੱਤਾ, ਓੜਕ ਨੂੰ ਖਾਲਸਾ ਜੀ ਦੇ ਪੈਰ ਹਿੱਲ ਗਏ। ਇਸ ਵੇਲੇ ਸਰਦਾਰ ਸੇਵਾ ਸਿੰਘ ਜੀ ਨੇ ਬਾਜ਼ ਦੀ ਤਰ੍ਹਾਂ ਇਕ ਝਪਟਾ ਮਾਰਿਆ, ਫੌਜ ਨੂੰ ਫਿਰ ਲੜਨ ਦੀ ਤਾਕਤ ਹੋ ਗਈ ਤੇ ਸਰਦਾਰ ਬੇਨਤੀ ਸਿੰਘ ਤੇ ਬਾਣੀ ਸਿੰਘ ਦੀ ਕੁਮਕ ਪਹੁੰਚਣ ਕਰਕੇ ਦੁਸ਼ਮਨ ਦੀ ਫੌਜ ਉੱਤੇ ਐਸਾ ਜ਼ੋਰ ਪਿਆ, ਕਿ ਉਹ ਪਿੱਛੇ ਹੱਟ ਗਈ। ਇਧਰੋਂ ਤਿੰਨਾਂ ਹੀ ਸਰਦਾਰਾਂ ਨੇ ਮਿਲਕੇ ਉਹ ਤਲਵਾਰ ਵਾਹੀ ਕਿ ਕਲਿਜੁਗ ਦੀ ਫੌਜ ਲੋਥਾਂ ਦੀ ਸੂਰਤ ਵਿੱਚ ਦਿੱਸਣ ਲੱਗ ਪਈ। ਜਦ ਫੌਜ ਨੇ ਭਾਂਜ ਖਾਧੀ ਤਾਂ ਕਲਿਜੁਗ ਨੇ ਆਪਣਿਆਂ ਬਹਾਦਰਾਂ ਨੂੰ ਲਲਕਾਰਿਆ। ਇੰਨੇ ਤਾਂਈਂ ਵਾਹਿਗੁਰੂ ਸਿੰਘ ਨੇ ਕਲਿਜੁਗ ਨੂੰ ਕਾਬੂ ਕੀਤਾ, ਮੁਸ਼ਕਾਂ ਬੰਨ੍ਹਕੇ ਕੈਦ ਕਰ ਲਿਆ। ਜਿਸ ਵੇਲੇ ਕੁਬੁਧਿ ਚਾਰ ਕਮਾਨ ਦੇ ਚਬੂਤ੍ਰੇ ਤੋਂ ਮਮਤਾ ਦੀ ਤੋਪ ਚੱਲਣ ਲੱਗੀ ਸੀ, ਓਸੇ ਵੇਲੇ ਸਰਦਾਰ ਗਿਆਨ ਸਿੰਘ ਨੇ ਗੋਲਮ ਦਾਜ ਬ੍ਰਹਮ ਸਿੰਘ ਨੂੰ ਸਮਝਾਇਆ ਕਿ ਸੇਧ ਠੀਕ ਕਰੇ, ਸੁਰਤਿ ਦੀ ਤੋਪ ਵਿਚ ਗੁਰਬਾਣੀ ਦੀ ਥੈਲੀ ਪਾਕੇ ਸ਼ਬਦ ਦਾ ਸੁੰਬਾ ਫੇਰ ਦਿਓ। ਹੁਣ ਠੀਕ ਵੇਲਾ ਦੇਖਕੇ ਸਹਿਜ ਜੋਗ ਦੀ ਅੱਗ ਨਾਲ ਪ੍ਰੇਮ ਦਾ ਪਲੀਤਾ ਬ੍ਰਹਮ ਸਿੰਘ ਨੇ ਦਾਗ ਦਿੱਤਾ।ਇਹ ਤੋਪ ਧਨਨ੍ਹ ਧੰਨ੍ਹਨਨ ਸ਼ਬਦ ਕਰਦੀ ਹੋਈ ਚੱਲੀ। ਇਕ ਅੱਖ ਦੇ ਫੋਰ ਵਿੱਚ ਗੋਲਾ ਗਰੂਰ ਖਾਨ ਦੀ ਛਾਤੀ ਵਿੱਚ ਲੱਗਦਿਆਂ ਹੀ ਕੁਬੁਧ ਚਾਰ ਕਮਾਨ ਦੇ ਚਬੂਤ੍ਰੇ ਤੋਂ ਦੜ ਦੜ ਕਰਦਾ ਹੇਠ ਆ ਪਿਆ। ਰਾਣੀ ਰੂਪ ਕੌਰ ਕਲਿਜੁਗ ਦਾ ਕੈਦ ਹੋਣਾ ਦੇਖ ਰਹੀ ਸੀ, ਉਪਰੋਂ ਕਿਸੇ ਨੇ ਖਬਰ ਦਿੱਤੀ ਕਿ ਰਾਣਾ ਅਭਿਮਾਨ ਚੰਦ ਜੋ ਕੱਲ ਪਰਸੋਂ ਤੋਂ ਜ਼ਖਮੀ ਹੋਇਆ ਸੀ ਮਰ ਗਿਆ ਹੈ। ਜਨਰਲ ਦਾ ਇਕੋ ਵਾਰ ਉਛਲਕੇ ਡਿੱਗਣਾ ਰਾਣੀ ਨਾ ਸਹਾਰ ਸੱਕੀ । ਅੱਖਾਂ ਅੱਗੇ ਹਨੇਰਾ ਆ ਗਿਆ। ਪੈਰਾਂ ਹੇਠੋਂ ਮਹੱਲ ਨਿਕਲ ਗਿਆ, ਘੇਰਨੀ ਖਾਕੇ ਉਹ ਭੀ ਹੇਠ ਡਿੱਗ ਪਈ। ਦੈਵਨੇਤ ਨਾਲ ਹੇਠ ਨਿਮਾਣੇ ਗੋਲੀ ਖਲੋਤੀ ਸੀ ਉਸਨੇ ਬੋਚ ਲਿਆ। ਆਪਣੀ ਗੋਦੀ ਵਿੱਚ ਪਾਕੇ ਅੰਦਰ ਮਹੱਲ ਵਿੱਚ ਪਲੰਘ ਤੇ ਲਿਜਾਕੇ ਲਿਟਾ ਦਿੱਤਾ:—

Digitized by Panjab Digital Library | www.panjabdigilib.org

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥[ਸਲੋਕ ਕਬੀਰ ਜੀ

ਓਧਰ ਸਤ ਸਿੰਘ, ਸੰਤੋਖ ਸਿੰਘ ਅਤੇ ਸਿਮਰਨ ਸਿੰਘ ਜਿਹੇ ਬਹਾਦਰਾਂ ਨੇ ਤ੍ਰਿਗੁਣੀ ਖਾਈ ਲੰਘਕੇ ਦਰਵਾਜ਼ੇ ਤੋੜ ਦਿੱਤੇ,ਬਾਹਰਲੀ ਛੇੜ ਦੀ ਫੌਜ ਕੁਝ ਮਾਰੀ ਗਈ, ਕੁਝ ਆਪਣੇ ਪ੍ਰਾਨ ਬਚਾਕੇ ਨੱਸ ਭੱਜਕੇ ਕਾਵਾਂ ਕੁੱਤਾ ਹੋ ਗਈ। ਮੜੈਲੀ ਦਾ ਕਿਲ੍ਹਾ ਫਤਹ ਹੋ ਗਿਆ, ਸਰਦਾਰਾਂ ਨੇ ਦਰਵਾਜ਼ੇ ਤੇ ਬੁਰਜ ਚਬੂਤ੍ਰੇ ਸਭ ਹੱਥੋ ਹੱਥੀ ਢਾਹ ਸਿੱਟੇ:-

ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥ ਬ੍ਰਹਮਿ ਅਗਨਿ ਸਹਜੇ ਪਰ ਜਾਲੀ ਏਕਹਿ ਚੋਟ ਸਿਝਾਇਆ ॥ ੪ ॥ ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥ਸਾਧ ਸੰਗਤਿ ਅਰੁ ਗੁਰਕੀਕ੍ਰਿਪਾ ਤੇ ਪਕਰਿਓਗਢਕੋਰਾਜਾ॥ ਪ॥ ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਫੈ ਫਾਸੀ॥ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਨਾਸੀ॥ ੬ ॥

[ਭੈਰਉ ਕਬੀਰ ਜੀ

ਰਾਣੀ ਰੂਪ ਕੌਰ ਦੀ ਢੂੰਡ ਭਾਲ ਹੋਣ ਲੱਗੀ, ਤਾਂ ਬੜੀ ਮੁਸ਼ਕਲ ਨਾਲ ਮਹੱਲਾਂ ਦੇ ਅੰਦਰ ਬੇਹੋਸ਼ ਪਈ ਹੋਈ ਲੱਭੀ । ਨਿਮਾਣੇ ਗੋਲੀ ਸਿਰਹਾਣੇ ਬੈਠੀ ਹੋਸ਼ ਦੀ ਦਵਾ ਸੁੰਘਾ ਰਹੀ ਸੀ,ਉਪਰਾਮ ਕੌਰ ਪੱਖਾ ਝੱਲ ਰਹੀ ਸੀ,ਮੀਆਂ ਸ਼ਊਰ ਖਾਂ ਅਤੇ ਅਦਲੇ ਗੋਲੀ ਲੱਕ ਬੱਧੀ ਸੇਵਾ ਵਿਚ ਹਾਜ਼ਰ ਸਨ । ਇਜੇਹੇ ਵੇਲੇ ਇਸੇ ਹਾਲਤ ਵਿੱਚ ਰਾਣੀ ਪਹਿਰੇ ਅੰਦਰ ਕੀਤੀ ਗਈ । ਸਰਦਾਰ ਸਤ ਸਿੰਘ ਅਤੇ ਸਿਮਰਨ ਸਿੰਘ ਨੇ ਰਾਣੀ ਨੂੰ ਡੋਲੀ ਵਿਚ ਪੁਵਾਕੇ ਮਹਾਰਾਜ ਪਾਸ ਲੈ ਚੱਲਣ ਲਈ ਤਿਆਰੀ ਕੀਤੀ।

ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ ॥ ਵੈਨੁ ਗਇਆ ਰੂਪੁ ਵਿਣਸਿਆ ਦੁਖਾ ਦੇਹ ਰੁਲੀ ॥ ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁਸੀ ॥ ਮਨਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥ ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ ॥ ੨ ॥

[ਵਾਰ ਮਲਾਰ ਮ: ੧

ਰਾਜਕੁਮਾਰ ਮੰਨਾ ਸਿੰਘ ਦੀ ਢੂੰਡ ਭਾਲ ਹੋਈ, ਪਤਾ ਕੁਝ ਨਾ ਲਗਾ, ਰਾਣੀ ਬੇਹੋਸ਼ ਹੈ, ਗੋਲੀਆਂ ਭੇਸ ਬਦਲਾਕੇ ਨੱਸ ਗਈਆਂ। ਇਕ ਅਦਲੇ ਅਤੇ ਦੂਜਾ ਸ਼ਊਰਖਾਂ ਸੋ ਭੀ ਪੱਥਰ ਦੀ ਮੂਰਤ ਵਾਕਰ ਅਚਲ ਦੀਵਾਰ ਨਾਲ ਲੱਗੇ ਖਲੋਤੇ ਹਨ। ਸਰਦਾਰਾਂ ਨੇ ਖਿਝ ਕੇ ਹੁਕਮ ਦਿੱਤਾ ਕਿ ਮੜੈਲੀ ਦਾ ਘਰ ਘਰ ਢੂੰਡੋ ਤੇ ਲੁਕਵੀਆਂ ਜਗ੍ਹਾ ਢਾਹਕੇ ਸਾਫ ਕਰ ਦਿਓ। ਹੁਕਮ ਹੁੰਦੇ ਹੀ ਤਾਮੀਲ ਲੱਗੀ ਹੋਣ। ਮਹਾਰਾਜ ਦਾ ਵਾਕ ਸੱਚਾ ਹੋਗਿਆ:-

ਸਲੋਕਮਃ੧॥ਮਰਣਿ ਨ ਮੂਰਤੁਪੁਛਿਆਪੁਛੀ ਥਿਤਿ ਨ ਵਾਰੁ॥ ਇਕਨੀ ਲਦਿਆ ਇਕਿ ਲਦਿਚਲੇ ਇਕਨ੍ਹੀਬਧੇ ਭਾਰ॥ਇਕਨ੍ਹਾਹੋਈ ਸਾਖਤੀ ਇਕਨ੍ਹਾ ਹੋਈ ਸਾਰ ॥ ਲਸਕਰ ਸਣੇ ਦਮਾਮਿਆ ਛੁਟੇ ਬੰਕ ਦੁਆਰ ॥ ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ॥੧॥ਮਃ ੧ ॥ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ ॥ ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ ॥ ੨ ॥

[ਸਾਰੰਗ ਕੀ ਵਾਰ

ਇੰਨੇ ਤੱਕ ਫਤਹ ਦੀਆਂ ਖਬਰਾਂ ਮਹਾਰਾਜ ਤਕ ਸਰਦਾਰ ਜਰਿਆਸਾ ਸਿੰਘ ਨੇ ਬੜੇ ਅਦਬ ਨਾਲ ਪੁਚਾਈਆਂ ਤੇ ਧੰਨਵਾਦ ਸਹਿਤ ਬੇਨਤੀ ਕੀਤੀ ਜੋ:-

ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੋਤ ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੋਤ ॥੧॥ਹਰਿ ਹਰਿ ਹਰਿ ਹਰਿ ਹਰਿ

Digitized by Panjab Digital Library | www.panjabdigilib.org

ਹਰਿ ਹਰੇ ਹਰਿ ਹਰਿ ਹਰਿ ਹੋਤ ॥ ਉਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥ ੧ ॥ ਰਹਾਉ ॥ ਪੰਚ ਚੋਰ ਆਗੈ ਭਗੇ ਜਬ ਸਾਧ ਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥ ੨ ॥ ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥ ੩ ॥ ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥ ਨਾਨਕ ਪਾਇਆ ਸਾਧ ਸੰਗਿ ਹਰਿ ਹਰਿ ਅੰਮ੍ਰਿਤ ॥ ੪ ॥ ੯ ॥ ੩੯ ॥ [ਬਿਲਾ: ਮ: ੫

ਮਹਾਰਾਜ ਨੇ ਆਪੇ ਆਪਣੇ ਸਰਦਾਰਾਂ ਪਰ ਖੁਸ਼ੀ ਪਰਗਟ ਕੀਤੀ ਅਤੇ ਹੁਕਮ ਕੀਤਾ ਕਿ ਜੋ ਜੋ ਦੁਸ਼ਮਨ ਕੈਦ ਕੀਤੇ ਹਨ ਉਹ ਹਾਜ਼ਰ ਕਰੋ ਅਤੇ ਟਿਕਾ ਸਾਹਿਬ ਨੂੰ ਜਲਦੀ ਲਿਆਓ। ਇਸ ਹੁਕਮ ਦੀ ਤਾਮੀਲ ਕਰਨ ਲਈ ਸਿੰਘਾਂ ਦੀ ਕੁਝ ਹੋਰ ਫੌਜ ਹੁਮ ਹੁਮਾਕੇ ਮੜੈਲੀ ਪਰ ਪਹੁੰਚੀ। ਅਗੋਂ ਮੜੈਲੀ ਨੂੰ ਢਾਹ ਲਗੀ ਹੋਈ ਹੈ, ਰਾਣੀ ਬੇਹੋਸ਼ ਪਈ ਹੈ, ਰਾਜਕੁਮਾਰ ਦਾ ਪਤਾ ਨਹੀਂ ਲਗਦਾ, ਪੱਤ ਪੱਤ ਢੂੰਡ ਹੋ ਰਹੀ ਹੈ, ਉਪਰੋਂ 'ਜਲਦੀ ਰਾਜਕੁਮਾਰ ਨੂੰ ਲਿਆਓ' ਵਾਲੇ ਹੁਕਮ ਨੇ ਗਜ਼ਬ ਕਰ ਦਿਤਾ, ਸਰਦਾਰਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਜਿਸ ਰਾਜਕੁਮਾਰ ਵਾਸਤੇ ਐਡਾ ਭਾਰਾ ਜੁੱਧ ਜੰਗ ਹੋਇਆ, ਇਡੇ ਖੂਨ ਖਰਾਬੇ ਹੋਏ, ਉਸਦਾ ਕੋਈ ਪਤਾ ਨਹੀਂ ਲਗਦਾ। ਇੰਨੇ ਤਕ ਇਕ ਸਰਦਾਰ ਨੇ ਆਖਿਆ, ਭਾਈ ਏਏ ਵਸਣ ਵਾਲਿਆਂ ਤੋਂ ਪੁੱਛ ਦੱਸ ਕਰੋ ਤਾਂ ਪਤਾ ਲਗੇਗਾ। ਸਾਨੂੰ ਲੱਭਣਾ ਕਠਨ ਹੈ।

ਇੰਨੇ ਤਕ ਰਾਣੀ ਲਈ ਡੋਲੀ ਤਿਆਰ ਹੋਕੇ ਆ ਗਈ, ਤਾਂ ਸਰਦਾਰ ਸੇਵਾ ਸਿੰਘ ਜੀ ਨੇ ਨਿਮਾਣੇ ਗੋਲੀ ਨੂੰ ਪੁੱਛਿਆ ਕਿ ਰਾਜ-ਕੁਮਾਰ ਦਾ ਪਤਾ ਦਿਓ ਕਿੱਥੇ ਹੈ? ਉਤੂ ਵਿਚ ਨਿਮਾਣੇ ਸਿਰ ਅੱਖਾਂ ਨੀਵੀਆਂ ਕਰਕੇ ਚੁੱਪ ਰਹਿ ਗਈ, ਫਿਰ ਉਪਰਾਮ ਕੌਰ ਵਲ ਰੁਖ ਕਰ ਕੇ ਪੁਛਿਆ ਤੂੰ ਇਥੇ ਹਾਜ਼ਰ ਹੈਂ, ਪਰ ਰਾਜ-ਕੁਮਾਰ ਹਾਜ਼ਰ ਨਹੀਂ, ਉਹ ਕਿੱਥੇ ਹੈ? ਉਪਰਾਮ ਕੌਰ ਨੇ ਹਥ ਜੋੜਕੇ ਬੇਨਤੀ ਕੀਤੀ ਕਿ ਮਹਾਰਾਜ! ਜਿਸ ਵੇਲੇ ਜੰਗ ਛਿੜਿਆ ਸੀ, ਉਸ ਵੇਲੇ ਤੋਂ ਰਾਜਕੁਮਾਰ ਨੂੰ ਰਾਣੀ ਨੇ ਕੁਝ ਅਮਲ ਪਿਲਾ ਦਿੱਤਾ ਸੀ, ਉਹ ਉਸ ਵੇਲੇ ਤੋਂ ਇਸ ਸ਼ਫ਼ੀਰ ਖਾਂ ਦੇ ਪਿਛਲੇ ਪਾਸੇ ਕੋਠੜੀ ਵਿਚ ਸੁੱਤੇ ਪਏ ਹਨ। ਜਦ ਇਹਖਬਰ ਮਿਲੀ ਤਾਂ ਸਰਦਾਰ ਨੇ ਸ਼ਫ਼ੀਰ ਖਾਂ ਨੂੰ ਖੂਬ ਡਾਂਟਿਆ ਅਤੇ ਆਪ ਅਗੇ ਵਧਕੇ ਰਾਜ ਕੁਮਾਰ ਨੂੰ ਬੇਹੋਸ਼ ਪਿਆਂ ਲੱਭਲਿਆ, ਚੁੱਕ ਕੇ ਬਾਹਰ ਹਵਾ ਵਿੱਚ ਲਿਆਂਦਾ, ਪੱਖਾ ਕੀਤਾ ਗੁਲਾਬ ਦੇ ਛੱਟੇ ਮਾਰੇ, ਕੋਈ ਸੁਗੰਧੀ ਸੁੰਘਾਈ, ਹਿਲਾ ਜੁਲਾ ਅਵਾਜ਼ਾਂ ਮਾਰਕੇ ਜਗਾਇਆ, ਅਤੇ ਖੁਸ਼ਖਬਰੀ ਸੁਣਾਈ ਕਿ 'ਮੜੈਲੀ ਫਤਹ ਹੋ ਗਈ। ਆਪ ਨੂੰ ਮਹਾਰਾਜ ਯਾਦ ਕਰਦੇ ਹਨ। ਜਲਦੀ ਚੱਲੀਏ।' ਦੂਜੇ ਪਾਸੇ ਸਰਦਾਰਾਂ ਨੇ ਰੂਪ ਕੌਰ ਨੂੰ ਡੋਲੀ ਵਿੱਚ ਪਾਕੇ ਨਿਮਾਣੇ ਗੋਲੀ, ਅਦਲੇ ਗੋਲੀ, ਸ਼ਫ਼ੀਰ ਖਾਂ ਗ਼ੁਲਾਮ ਤੇ ਉਪਰਾਮ ਕੌਰ ਦੇ ਮੋਢੀਂ ਚੁਕਾਇਆ ਅਤੇ ਇਧਰ ਰਾਜ ਕੁਮਾਰ ਮੰਨਾ ਸਿੰਘ 'ਵਿਚਾਰ' ਘੋੜੇ ਪਰ ਸਵਾਰ ਹੋਇਆ। ਸਾਰੀ ਫੌਜ ਨਾਲ ਹੋਕੇ ਖੁਸ਼ੀ ਅਤੇ ਫਤਹ ਦੇ ਜੈਕਾਰੇ ਗਜਾਉਂਦੀ ਹੋਈ ਮਹਾਰਾਜ ਦੀ ਹਜ਼ੂਰੀ ਵਲ ਰਵਾਨਾ ਹੋਈ। ਰਾਹ ਵਿਚੋਂ ਵਾਹਿਗੁਰੂ ਸਿੰਘ ਨੂੰ ਜੋ ਕਲਿਜੁਗ ਨੂੰ ਕਾਬੂ ਕਰੀ ਖਲੋਤਾ ਸੀ, ਨਾਲ ਲੈ ਲਿਆ। ਇਧਰੋਂ ਮਹਾਰਾਜ ਵੀ ਮੰਤ੍ਰੀ ਅਤੇ ਸਰਦਾਰ ਗਿਆਨ ਸਿੰਘ ਅਤੇ ਕਮਾਨੀਅਰ ਨੇਮ ਸਿੰਘ ਸਮੇਤ

Digitized by Panjab Digital Library | www.panjabdigilib.org

ਸਹਿਜੇ ਸਹਿਜੇ ਅੱਗੇ ਵੱਧੇ। ਅਗੋਂ ਫੌਜੀ ਸਰਦਾਰ ਕੈਦੀਆਂ ਨੂੰ ਲਈ ਆਉਂਦੇ ਹੋਏ ਮਿਲੇ। ਮਹਾਰਾਜ ਨੇ ਕਮਾਨੀਅਰ ਨੂੰ ਹੁਕਮ ਦਿੱਤਾ ਕਿ ਫੌਜ ਦੀ ਸੰਭਾਲ ਕਰੋ, ਥੱਕੇਮਾਂਦਿਆਂ ਦੀ ਖਬਰਗੀਰੀ ਕਰੋ, ਸ਼ਹੀਦਾਂ ਦੇ ਸਸਕਾਰ ਦਾ ਬੰਦੋਬਸਤ ਕਰੋ। ਘਾਇਲਾਂ ਨੂੰ ਡੋਲੀਆਂ ਪਰ ਪੁਵਾਕੇ ਕਿਲ੍ਹੇ ਨੂੰ ਭੇਜੋ, ਤਾਂਕਿ ਝੱਟ ਪੱਟ ਮੱਲ੍ਹਮ ਪੱਟੀ ਹੋ ਜਾਵੇ। ਕਮਾਨੀਅਰ ਏਸ ਹੁਕਮ ਦੀ ਤਾਮੀਲ ਵਿੱਚ ਲੱਗਾ।ਇਧਰੋਂਰਾਣੀ ਰੂਪ ਕੌਰ ਦੀ ਡੋਲੀ ਨੇੜੇ ਪਹੁੰਚ ਪਈ। ਰਾਣੀ ਨੂੰ ਰਾਹ ਵਿੱਚ ਸ਼ਫੂਰ ਖਾਂ ਨੇ ਅਵਾਜ਼ਾਂ ਮਾਰ ਮਾਰ ਬੇਹੋਸ਼ ਹੁੰਦੀ ਜਾਂਦੀ ਨੂੰ ਦੇਸ਼ ਵਿੱਚ ਲਿਆਂਦਾ ਸੀ।ਜਦਡੋਲੀ ਕੈਂਪ ਦੇ ਅੱਗੇ ਪਹੁੰਚੀ, ਰਾਣੀ ਨੇ ਝੱਟ ਪੱਟ ਉਤਰਕੇ ਰਲ ਪੱਲਾ ਮੂੰਹ ਘਾਹ ਲੈ ਕੇ ਤ੍ਰਾਹ ਤ੍ਰਾਹ ਕਰਦੀ ਨੇ ਇਹ ਤੁਕ ਮੂੰਹੋਂ ਕੱਢੀ:–

ਜੋ ਭੁਲੀ ਜੋ ਦੁਕੀ ਸਾਈਂ ਭੀ ਭਹਿੰਜੀ ਕਾਦੀਆ ॥ ਜਿਨ੍ਹਾ ਨੇਹੁ ਦੂਜਾਣੇ ਲਗਾ ਡੂਰਿ ਮਰਹੁ ਸੇ ਵਾਦੀਆ॥ [ਸੂਹੀ ਮਃ ੫ ਅਸ:

ਇਹ ਕਹਿੰਦੀ ਮਹਾਰਾਜ ਦੇ ਚਰਣਾਂ ਤੇ ਢਹਿ ਪਈ ਅਤੇ ਰੋ ਰੋ ਕੇ ਮਹਾਰਾਜ ਦੇ ਚਰਨ ਕਮਲ ਧੋ ਦਿੱਤੇ। ਮਹਾਰਾਜ ਨੇ ਆਖਿਆ, ਉਠੋ, ਹੁਣ ਆਪਣਾ ਆਪ ਸੰਭਾਲੋ, ਜੋ ਕੁਝ ਤੁਸਾਂ ਕੀਤਾ ਉਸਦਾ ਫਲ ਪਾਇਆ, ਹੋਰ ਜੁ ਕੁਝ ਕਰੋਗੇ ਉਸਦਾ ਫਲ ਪਾਓਗੇ:–

ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹਿ ਓਹੁ ਹਾਰੈ ॥ ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ। [ਸਾ: ਮਃ ੫

ਰਾਣੀ ਦਾ ਰੋਂਦਿਆਂ ਰੋਂਦਿਆਂ ਗਲਾ ਰੁਕ ਗਿਆ ਸੀ, ਹਿਚਕੀਆਂ ਲੱਗ ਗਈਆਂ ਸਨ, ਨੇਤ੍ਰਾਂ ਤੋਂ ਅਸਗਾਹ ਪ੍ਰਵਾਹ ਹੰਝੂਆਂ ਦਾ ਚੱਲ ਰਿਹਾ ਸੀ ਅਤੇ ਹਰ ਹਡਕੋਰੇ ਹਿਚਕੀ ਨਾਲ ਇਹੋ ਮੂੰਹੋਂ ਨਿਕਲਦਾ ਸੀ:–

ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥ ੧ ॥ ਰਹਾਉ ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਦਾਰਿ ॥ ੧ ॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥ ੨ ॥ ੪ ॥ [ਦੇਵ ਗੰਧਾਰੀ ਮਃ ੪

ਇਸ ਘਿਘਿਆਉਣ ਅਤੇ ਰੋ ਰੋ ਕੇ ਬੇਨਤੀ ਕਰਨ ਤੇ ਮਹਾਰਾਜ ਦਾ ਹਿਰਦਾ ਦ੍ਰਵ ਆਇਆ ਅਤੇ ਬਚਨ ਕੀਤਾ ਕਹੁ ਇਸ ਵੇਲੇ ਕੀ ਚਾਹੀਦਾ ਏ ?

ਰਾਣੀ ਬਹੁਤ ਹੀ ਨਿੰਮਰ ਹੋਕੇ ਗਲੇ ਰੁਕੇ ਹੋਏ ਦੀ ਟੁਟਦੀ ਅਵਾਜ਼ ਵਿਚ ਬੋਲੀ–ਸੱਚਾ ਪਾਤਸ਼ਾਹ ! ਜੋ ਕੁਝ ਕਸੂਰ ਇਸ ਦਾਸੀ ਪਾਸੋਂ ਹੋਇਆ ਇਹ ਸਾਰਾ ਦਵੈਤ ਦੀ ਸੰਗਤ ਹੋਣੇ ਕਰਕੇ ਹੋਇਆ, ਸੋ ਆਪਣੇ ਕੀਤੇ ਦੀ ਸਜ਼ਾ ਪਾਈ ਮੈਂ ਇਸ ਵੇਲੇ:–

ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥ [ਤੁਖਾਰੀ ਮ: ੧

ਆਪਦੇ ਦਰ ਤੇ ਪਈ ਹਾਂ, ਹੁਣ ਆਪ ਨੂੰ ਸਰਣ ਪਿਆਂ ਦੀ ਲਾਜ ਹੈ। ਆਪਣੇ ਜੋੜਿਆਂ ਵਿੱਚ ਜਗ੍ਹਾ ਬਖਸ਼ੋ, ਸਤਿਸੰਗ ਦੇ ਦਰ ਤੇ ਪਈ ਰਹਿਣ ਦਿਓ। ਗਰੀਬ ਨਿਵਾਜ ਜੀ ! ਮੈਂ ਸੁਮਤੀ ਦੇ ਜੋੜੇ ਝਾੜਾਂਗੀ। ਘਰ ਦਾ ਝਾੜੂ ਬਹਾਰੀ ਕਰਾਂਗੀ, ਪੱਖਾ ਕਰਾਂਗੀ, ਖੜੋਤੀ ਸੇਵਾ ਕਰਾਂਗੀ, ਆਪਣੇ ਨਾਮ ਦੇ ਵਾਸਤੇ ਬਿਰਦ ਦੀ ਲਾਜ ਰੱਖੋ, ਆਪਣੇ ਦਰ ਤੇ ਪਈ ਰਹਿਣ ਦਿਓ, ਇਸ ਜਗ੍ਹਾ ਦਰਗਾਹ ਦੀਆਂ ਗੋਲੀਆਂ ਦੀ ਪੜਗੋਲੀ ਹੋਕੇ ਰਹਾਂਗੀ। ਇਹ

Digitized by Panjab Digital Library | www.panjabdigilib.org

ਕਹਿੰਦੀ ਹੋਈ ਫਿਰ ਪੈਰਾਂ ਤੇ ਡਿੱਗ ਪਈ। ਬਖਸ਼ ਲਓ ! ਰੱਖ ਲਓ, ਰੱਖ ਲਓ, ਹੁਣ ਕੋਈ ਜਗ੍ਹਾ ਨਹੀਂ:—

ਦਰੁਬੀਜਾ ਮੈ ਨੀਮਿ ਕੋ ਕੈ ਕਰੀ ਸਲਾਮੁ॥
ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥
[ਆਸਾ ਮ: ੧, ਕਾਫੀ ਅਸਟ:

ਇਹ ਵਿਲਖਣੀਆਂ ਦੇਖ ਸੁਣਕੇ ਮਹਾਰਾਜ ਦੇ ਚਿੱਤ ਵਿੱਚ ਦਯਾ ਤਾਂ ਉਪਜੀ,ਪਰ ਪਹਿਲੇ ਧੋਖਿਆਂ ਅਤੇ ਝੂਠਾਂ ਨੇ ਦਯਾ ਨੂੰ ਰਾਹ ਵਿੱਚ ਰੋਕਿਆ, ਇਸ ਲਈ ਹੁਕਮ ਹੋਇਆ, ਇਸਨੂੰ ਅਜੇ ਪਹਿਲੇ ਵਿੱਚ ਰੱਖੋ, ਹੋਰ ਕੋਈ ਕੈਦੀ ਹੈ ਤਾਂ ਪੇਸ਼ ਕਰੋ। ਇਸ ਹੁਕਮ ਪਰ ਮੰਤ੍ਰੀ ਨੇ ਰਾਜਾ ਕਲਿਜੁਗ ਕੈਦੀ ਨੂੰ ਪੇਸ਼ ਕੀਤਾ। ਕਿਤਨੇ ਕੁ ਮੰਤ੍ਰੀ ਵੀ ਇਸ ਦੇ ਨਾਲ ਹੀ ਪੇਸ਼ ਹੋਏ । ਕਲਿਜੁਗ ਦੀ ਦਸ਼ਾ ਇਸ ਵੇਲੇ ਬੜੀ ਹੀ ਅਚਰਜ ਸੀ । ਕਾਲਾ ਧੂਤ ਰੰਗ ਦਾ ਬੜਾ ਡਰਾਉਣਾ ਸਰੀਰ, ਸਿਰ ਤੇ ਵਾਲ ਖਿੰਡੇ ਹੋਏ, ਅੱਖੀਆਂ ਦੀ ਲਾਲੀ ਫੁੱਟ ਫੁਟ ਕੇ ਅੱਖੀਆਂ ਸਮੇਤ ਬਾਹਰ ਨਿਕਲਣ ਨੂੰ ਕਰਦੀ ਸੀ । ਅਵਧੂਤ ਨੰਗ ਮੁਨੰਗਾ, ਥੋੜ੍ਹਾ ਜਿਹਾ ਚਮੜਾ ਲੱਕ ਦੁਆਲੇ ਲਪੇਟੀ, ਮਸਤ ਹਾਥੀ ਵਾਕਰ ਨਿਡਰ ਅਤੇ ਸਰੀਰ ਦਾ ਭਾਰਾ ਦੁਗਡ਼ਦੁੱਲਾ ਜੇਹਾ, ਹਥ ਜੋੜੀ, ਗਲ ਪੱਲਾ ਪਾਈ, ਮੂੰਹ ਵਿਚ ਘਾਹ ਦੇ ਤਿਨਕੇ ਲਈ ਤ੍ਰਾਹਿ ਤ੍ਰਾਹਿ ਕਰਕੇ ਮਹਾਰਾਜ ਦੇ ਚਰਨਾਂ ਅੱਗੇ ਡਿੱਗ ਪਿਆ।

ਮਹਾਂਰਾਜ ਨੇ ਪੁੱਛਿਆ—ਇਸ ਨੂੰ ਕਿਸ ਨੇ ਪਕੜਿਆ ਸੀ ? ਮੰਤ੍ਰੀ ਨੇ ਹੱਥ ਜੋੜਕੇ ਬੇਨਤੀ ਕੀਤੀ—ਮਹਾਂਰਾਜ ਜੀ ! ਭਾਈ ਵਾਹਿਗੁਰੂ ਸਿੰਘ ਨੇ ਕੀਰਤਨ ਸਿੰਘ ਦੀ ਮਦਦ ਨਾਲ ਸਾਥੀਆਂ ਸਮੇਤ ਪਕੜਿਆ ਸੀ। ਦੁਸ਼ਮਨ ਦੀ ਸਾਰੀ ਫੌਜ ਵਿੱਚੋਂ ਇਹ ਭਾਰਾ ਲੜਾਕਾ ਸੀ, ਇਸ ਨੇ ਸਾਡੀ ਫੌਜ ਦੇ ਬੜੇ ਆਹੂ ਲਾਹੇ ਸਨ।

ਕਲਜੁਗ ਨੇ ਹੱਥ ਜੋੜਕੇ ਬੜੇ ਅਦਬ ਨਾਲ ਬੇਨਤੀ ਕੀਤੀ—ਜੋ ਲੜਾਈ ਵਿਚ ਹਰ ਇਕ ਆਪਣੀ ਜਿੱਤ ਦੀ ਉਮੈਦ ਤੇ ਇਹੋ ਕੁਝ ਕਰਦਾ ਹੈ, ਪਰ ਹੁਣ ਮੈਂ ਆਪਦਾ ਕੈਦੀ ਹਾਂ, ਜੋ ਚਾਹੋ ਕਹੋ। ਇਸ ਪਰ ਮਹਾਂਰਾਜ ਨੇ ਬਚਨ ਕੀਤਾ ਕਿ ਤੇਰੇ ਲਾਇਕ ਸਜ਼ਾ ਫਾਂਸੀ ਦੀ ਹੋਣੀ ਚਾਹੀਦੀ ਹੈ, ਜਾਂ ਤੋਪ ਅੱਗੇ ਰਖਕੇ ਤੈਨੂੰ ਉਡਾ ਦਿੱਤਾ ਜਾਵੇ ਤਾਂ ਠੀਕ ਹੈ, ਪਰ ਇਸ ਵੇਲੇ ਤੇਰਾ ਅਜੇ ਸਮਾਂ ਨਹੀਂ ਪੁੱਜਾ, ਅਕਾਲ ਪੁਰਖ ਦਾ ਹੁਕਮ ਅਜੇ ਨਹੀਂ ਆਇਆ ਕਿ ਤੈਨੂੰ ਨਿਰਮੂਲ ਕੀਤਾ ਜਾਵੇ, ਇਸ ਲਈ ਤੂੰ ਏਥੇ ਅਹਿਦਨਾਮਾ ਲਿਖ ਦੇਹ ਕਿ ਜਿੱਥੇ ਇਸ ਸਿੰਘਾਂ ਦੀ ਫੌਜ ਦਾ ਕੋਈ ਸੂਰਮਾ ਹੋਵੇ ਓਥੇ ਮੁਕਾਬਲਾ ਨਹੀਂ ਕਰਨਾ। ਨਿਉਂ ਕੇ ਚੱਲਣਾ ਹੋਵੇਗਾ, ਸਿੰਘਾਂ ਦੇ ਮੁਲਕ ਜਗੀਰਾਂ ਵਿਚ ਕਦੀ ਆਪ ਨੇ ਸ਼ਿਕਾਰ ਨਹੀਂ ਖੇਡਣਾ ਹੋਵੇਗਾ। ਇਸ ਬਚਨ ਪਰ ਕਲਜੁਗ 'ਸਤਿਬਚਨ' ਆਖਕੇ ਕਲਮ ਕਾਗਜ਼ ਦਵਾਤ ਲੈ ਇਕਰਾਰ ਨਾਮਾ ਲਿਖਣ ਲੱਗਾ, ਪਰ ਰਤਾ ਕੁ ਠਿਠੰਬਰ ਕੇ ਕਹਿਣ ਲੱਗਾ—ਸੱਚੇ ਪਾਤਸ਼ਾਹ ! ਮੇਰੀ ਇਸਤ੍ਰੀ ਕਲਹ ਅਤੇ ਮਿਰਜ਼ਾ ਖਾਨਹ ਜੰਗੀ ਬੇਗ ਆਪ ਦੇ ਪਾਸ ਕੈਦੀ ਹਨ, ਉਨ੍ਹਾਂ ਦਾ ਫੈਸਲਾ ਮੇਰੇ ਨਾਲ ਹੋਣਾ ਚਾਹੀਦਾ ਹੈ, ਕਿਉਂਕਿ ਉਹ ਮੇਰੇ ਹਨ; ਜਦ ਮੈਨੂੰ ਬਖਸ਼ਿਆ ਜਾਂਦਾ ਹੈ ਤਾਂ ਉਨ੍ਹਾਂ ਤੇ ਵੀ ਮਿਹਰ ਦੀ ਨਜ਼ਰ ਹੋਣੀ ਚਾਹੀਏ।

ਇਸ ਬਾਤ ਪਰ ਮਹਾਂਰਾਜ ਨੇ ਮੰਤ੍ਰੀ ਵੱਲ ਰੁਖ ਕਰਕੇ ਹੁਕਮ ਕੀਤਾ,ਉਨ੍ਹਾਂ ਨੂੰ ਭੀ ਜਲਦੀ ਪੇਸ਼ ਕਰੋ। ਇਸ ਹੁਕਮ ਪਰ ਝਟ ਪਟ ਦਰੱਖਤਾਂ ਨਾਲੋਂ ਕੈਦੀ ਖੋਲ੍ਹੇ ਗਏ ਅਤੇ ਹਜ਼ੂਰ

Digitized by Panjab Digital Library | www.panjabdigilib.org

ਅੱਗੇ ਪੇਸ਼ ਕੀਤੇ ਗਏ। ਮਹਾਂਰਾਜ ਨੇ ਦੋਵੇਂ ਕਲਿਜੁਗ ਦੇ ਹਵਾਲੇ ਕੀਤੇ ਅਤੇ ਬਚਨ ਕੀਤਾ ਕਿ ਇਹ ਆਪ ਸਮੇਤ ਇਸੇ ਅਹਿਦ ਪਰ ਚੱਲਣ, ਜੋ ਕੁਝ ਤੂੰ ਨੇ ਲਿਖਿਆ ਹੈ। ਜਿਥੇ ਕੋਈ ਸਿੰਘ ਹੋਵੇ ਅਥਵਾ ਜੱਥਾ ਹੋਵੇ ਤੁਹਾਡੇ ਵਿੱਚੋਂ ਓਥੇ ਕੋਈ ਨਾ ਠਹਿਰੇ। ਸਿੰਘਾਂ ਦੀਆਂ ਸਾਲ ਦੀਆਂ ਜਗੀਰਾਂ ਪਿੰਡਾਂ ਗਿਰਾਵਾਂ ਵਿਚ ਤੁਸਾਂ ਵਾਸਾ ਨਹੀਂ ਕਰਨਾ।ਓਥੇ ਸ਼ਿਕਾਰ ਨਹੀਂ ਖੇਡਣਾ,ਓਸ ਰੱਯਤ ਨੂੰ ਕੋਈ ਤਕਲੀਫ ਨਹੀਂ ਦੇਣੀ।

ਕਲਿਜੁਗ ਨੇ ਬੜੇ ਅਦਬ ਤੇ ਨਿੰਮ੍ਰਤਾ ਨਾਲ ਕਿਹਾ—ਜੀ ਸਤਿਬਚਨ ਤੇ ਇਹ ਇਕਰਾਰਨਾਮਾ ਲਿਖ ਦਿੱਤਾ:-

ਮੈਂ ਰਾਜਾ ਕਲਿਜੁਗ ਦੇਵ ਇਸ ਵੇਲੇ ਮਹਾਂਰਾਜ ਸ੍ਰੀ ਪ੍ਰਮਾਤਮ ਰੂਪ ਸਿੰਘ ਜੀ ਦਾ ਕੈਦੀ ਆਪਣੀ ਇਸਤ੍ਰੀ ਕਲਹ ਅਤੇ ਮਿੱਤ੍ਰ ਖਾਨਹ ਜੰਗੀ ਬੇਗ ਸਮੇਤ ਮਹਾਂਰਾਜ ਦਾ ਧੰਨਜਵਾਦ ਕਰਦਾ ਹੋਇਆ ਅਹਿਦਨਾਮਾ ਲਿਖਦਾ ਹਾਂ। ਅੱਜ ਤੋਂ ਅੱਗੇ ਮਹਾਰਾਜ ਦੀ ਫੌਜ ਦੇ ਸਿੰਘਾਂ ਦਾ ਕੋਈ ਸੂਰਮਾ ਅਥਵਾ ਪਿੰਡ ਜਾਗੀਰ ਜਿਥੇ ਹੋਣਗੇ, ਉਥੇ ਮੈਂ ਆਪਣਾ ਆਪ ਸਮੇਟ ਕੇ ਲਾਂਭੇ ਹੋ ਰਹਾਂਗਾ,ਕਿਸੇ ਤਰ੍ਹਾਂ ਦਾ ਕੋਈ ਦਖਲ ਨਹੀਂ ਦਿਆਂਗਾ। ਨਹੀਂ ਤਾਂ ਫਿਰ ਵਾਹਿਗੁਰੂ ਸਿੰਘ ਅਤੇ ਕੀਰਤਨ ਸਿੰਘ ਹੋਰਾਂ ਨੂੰ ਅਖਤਿਆਰ ਹੋਵੇਗਾ ਜੋ ਚਾਹੁਣ ਸਜ਼ਾ ਦੇ ਸਕਦੇ ਹਨ, ਪਰੰਤੂ ਜੇ ਕੋਈ ਸਿੰਘ ਆਪ ਮੈਨੂੰ ਬੁਲਾਏਗਾ ਅਤੇ ਮਹਾਂਰਾਜ ਦੀ ਰੱਯਤ ਹੋਣ ਤੋਂ ਬਾਗ਼ੀ ਹੋਕੇ ਮੇਰੇ ਪਾਸ ਆਵੇਗਾ ਤਾਂ ਮੇਰਾ ਕਸੂਰ ਮਾਫ ਕਰਨ ਦੇ ਲਾਇਕ ਹੋਵੇਗਾ। ਉਹ ਲਾਚਾਰ ਮੇਰੀ ਰਿਆਸਤ ਵਿਚ ਵਸ ਸਕੇਗਾ। ਹਾਂ, ਜੇਕਰ ਮਹਾਂਰਾਜ ਉਸ ਬਾਗ਼ੀ ਦੀਆਂ ਬਾਹਾਂ ਮੰਗਣਗੇ ਤਾਂ ਮੈਨੂੰ ਉਸ ਬਾਗ਼ੀ ਦੇ ਵਾਪਸ ਦੇਣ ਵਿਚ ਕੋਈ ਉਜ਼ਰ ਨਾ ਹੋਵੇਗਾ ਅਤੇ ਮੈਂ ਅੱਜ ਤੋਂ ਆਪਣੇ ਆਪ ਨੂੰ ਮਹਾਂਰਾਜ ਦੀ ਤਾਬਿਆ ਰੱਖਾਂਗਾ। ਜੋ ਕੁਝ ਹੁਕਮ ਹੋਵੇਗਾ ਉਸਦੀ ਤਾਮੀਲ ਵਿਚ ਲਗਦੀ ਵਾਹੇ ਕੋਈ ਉਜ਼ਰ ਜਾਂ ਬਹਾਨਾ ਨਹੀਂ ਕਰਾਂਗਾ।

ਇਹ ਚੋਜ਼ੀਆਂ ਸਤਰਾਂ ਯਾਦਗੀਰੀ ਲਈ ਆਪਣੇ ਹਥੀਂ ਲਿਖ ਦਿਤੀਆਂ ਹਨ, ਜੋ ਕਰਤਾਰ ਨਾ ਕਰੇ ਲੋੜ ਵੇਲੇ ਕੰਮ ਆਉਣ।

ਦਸਖਤ ਰਾਜਾ ਕਲਜੁਗ
ਦੇਵ ਕਲਹ ਦੇਵੀ ਤੇ
ਖਾਨਹਜੰਗੀਬੇਗ ਮੁਗਲ

ਸੰਮਤ ਨਾਨਕ ਸ਼ਾਹੀ
ਕੱਤਕ ਸੁਦੀ ਪੁੰਨਜਾਂ

ਇਸ ਵੇਲੇ ਕਲਜੁਗ ਦੀ ਖਲਾਸੀ ਹੋਣੇ ਪਰ ਮਹਾਂਰਾਜ ਦੀ ਬਹਾਦਰੀ ਅਤੇ ਉਦਾਰਤਾ ਦੀਰਘ ਦਰਸ਼ਤਾ ਪੁਰ ਜਿਤਨੇ ਇਸ ਵੇਲੇ ਹਜ਼ੂਰੀ ਵਿਚ ਹਾਜ਼ਰ ਸਨ, ਸਭ ਨੇ ਇਕ ਜ਼ੁਬਾਨ ਹੋਕੇ ਅਕਾਲ ਪੁਰਖ ਦੀ ਧੰਨਵਾਦਤਾ ਪੁਰ ਇਹ ਸ਼ਬਦ ਆਸਾ ਬਿਲਾਵਲ ਦੀ ਲਯ ਵਿਚ ਬੜੀ ਮਧੁਰ ਸੁਰ ਨਾਲ ਗਾਂਵਿਆਂ:—

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥ ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥ ੧ ॥ ਕਲਿਜੁਗੁ ਉਧਾਰਿਆ ਗੁਰਦੇਵ ॥ ਮਲ ਮੂਤ ਮੂੜ ਜਿ ਮੁਧ ਹੋਤੇ ਸਭਿ ਲਗੇ ਤੇਰੀ ਸੇਵ ॥ ੧ ॥ਰਹਾਉ ॥ ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥ ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥ ੨ ॥ ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥ ਅਹਿਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥ ੩ ॥ ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥ ਕਰ ਜੋੜਿ ਨਾਨਕ ਦਾਨੁ ਮਾਗੈ

Digitized by Panjab Digital Library | www.panjabdigilib.org

ਅਪਣਿਆ ਸੰਤਾ ਦੇਹਿ ਹਰਿ ਦਰਸੁ ॥ ੪ ॥ ੫ ॥ ੧੪੦ ॥ [ਆਸਾ ਮਃ ੫

ਜਦ ਸਭਨਾਂ ਕੈਦੀਆਂ ਦੀ ਖਲਾਸੀ ਹੋ ਗਈ ਤਾਂ ਮਹਾਂਰਾਜ ਨੇ ਟਿੱਕਾ ਸਾਹਿਬ ਨੂੰ ਯਾਦ ਕੀਤਾ। ਮੰਤ੍ਰੀ ਨੇ ਮਹਾਂਰਾਜ ਦੇ ਹਜ਼ੂਰ ਪੇਸ਼ ਕੀਤਾ। ਇਸ ਵੇਲੇ ਰਾਜਕੁਮਾਰ ਮੰਨਾ ਸਿੰਘ ਦੀ ਅਚਰਜ ਸੂਰਤ ਬਣੀ ਹੋਈ ਸੀ। ਸਿਰ ਦੀ ਪੱਗ ਦੇ ਪੇਚ ਬਿਖਰੇ ਹੋਏ ਸਨ, ਅੱਖਾਂ ਵਿਚ ਮਾਨੋ ਟੁਟਦੇ ਅਮਲ ਦੀ ਪਤਲੀ ਲਾਲੀ ਪਈ ਹੋਈ ਸੀ। ਚਿਹਰੇ ਦੀ ਰੌਣਕ ਉਦਾਸੀ ਅਤੇ ਹੈਰਾਨੀ ਵਿਚ ਬਦਲੀ ਹੋਈ ਸੀ। ਅੰਗਾਂ ਵਿਚ ਸਿਥਲਤਾ ਦੀ ਭੱਜ ਟੁਟ ਵਾਲੀ ਅੱਚਵੀ ਹੋ ਰਹੀ ਸੀ। ਕਲੇਜੇ ਵਿਚ ਧੜਕੀ ਦੀ ਧਕਧਕ ਧੜੀ ਹੋਈ ਸੀ। ਸਾਰੀ ਦੇਹ ਸ਼ਰਮਿੰਦਗੀ ਅਤੇ ਪਸੀਨੇ ਵਿਚ ਡੁਬੀ ਹੋਈ, ਜ਼ੁਬਾਨ ਅਤੇ ਗਲਾ ਰੁਕੇ ਹੋਏ ਦੀ ਦਸ਼ਾ ਵਿਚ ਰਾਜਕੁਮਾਰ ਮੰਨਾ ਸਿੰਘ ਗਲ ਵਿਚ ਪੱਲਾ ਪਾਕੇ ਮਹਾਰਾਜ ਦੇ ਚਰਨ ਕਮਲਾਂ ਤੇ ਡਿਗ ਪਿਆ। ਮਹਾਰਾਜ ਰਾਜ ਕੁਮਾਰ ਨੂੰ ਇਸ ਤਰ੍ਹਾਂ ਦੀ ਦਸ਼ਾ ਵਿੱਚ ਦੇਖਕੇ ਬੜੀ ਗੰਭੀਰ ਅਵਾਜ਼ ਵਿੱਚ ਬੋਲੇ—ਐ ਖੁਟਿਆਰੇ! ਹੁਣ ਤੇਰਾ ਕੋਈ ਇਤਬਾਰ ਨਹੀਂ ਰਿਹਾ, ਤੂੰ ਬੜਾ ਭਾਰੀ ਪਾਗਲ ਨਿਕਲਿਆ। ਸੱਚ ਹੈ ਗਧੇ ਦਾ ਪੈਖੜ ਲਦੀਣ ਵੇਲੇ ਹੀ ਲਾਹੁਣਾ ਚਾਹੀਏ, ਐਵੇਂ ਲਾਹਿਆਂ ਪਛੁਤਾਵਾ ਨਿਕਲਦਾ ਹੈ।

ਕਵਨੁ ਕਵਨੁ ਨਹੀ ਪਤਰਿਆ ਤੁਮ੍ਹਰੀ ਪਰਤੀਤਿ ॥ ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ੧ ॥ ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥ ਜਪ ਤਪ ਸੰਜਮ ਤੁਮ੍ ਖੰਡੇ ਜਮਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥ ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥ ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ ॥ ੪ ॥ ੨੮ ॥ ੫੮ ॥ [ਬਿਲਾਵਲ ਮਃ ੫

ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਾਮਾਨੀ ਰੀਤਿ ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ ॥ ੧ ॥ ਮਾਇਆ ਮੋਹ ਭੂਲੈ ਅਵਰੈ ਹੀਤ ॥ ਹਰਿ ਫੰਦਉਰੀ ਬਨਹਰ ਪਾਤ ਰੇ ਇਹੈ ਤੁਹਾਰੋ ਬੀਤ ॥ ੧ ॥ ਰਹਾਉ ॥ ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥ ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥ ੨ ॥ ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ॥ ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ ॥ ੩ ॥ ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥ ਸਾਧ ਸੰਗਿ ਇਨ ਦੁਖਤੇ ਨਿਕਸਿਓ ਨਾਨਕ ਏਕ ਪਰੀਤ ॥ ੪ ॥ ੯ ॥ [ਧਨਾਸਰੀ ਮਃ ੫

ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥ ੧ ॥ ਰਹਾਉ ॥ ਕਨਿਕ ਕਾਮਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥ ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤਹੇ ॥੧॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥ ਐਸੇ ਗੜਿ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥ ੨ ॥ ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ

Digitized by Panjab Digital Library | www.panjabdigilib.org

ਮਾਵਤ ਹੋ ॥ ੩ ॥ ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੋ ॥

ਜਦ ਮਹਾਂਰਾਜ ਨੇ ਝਿੜਕਕੇ ਇਹ ਕੁਝ ਬਚਨ ਕੀਤਾ ਤਾਂ ਰਾਜ ਕੁਮਾਰ ਮੰਨਾ ਸਿੰਘ ਨੇ ਬੜੀ ਨਿੰਮ੍ਰਤਾ ਨਾਲ ਰੁਕੇ ਹੋਏ ਗਲੇ ਨਾਲ ਟੁਟਦੀ ਬਾਣੀ ਵਿਚ ਛੇਕੜਲੀ ਤੁਕ ਕਹੀ:—

ਕਹੁ ਨਾਨਕ ਬੰਧਨ ਕਾਟਨ ਕਉ
ਮੈ ਸਤਿਗੁਰੁ ਪੁਰਖੁ ਧਿਆਵਤ ਹੋ॥੪॥੨॥੮੮॥
[ਬਿਲਾਵਲ ਮਃ ੫

ਮਹਾਂਰਾਜ ਇਸ ਕਹਿਣ ਪਰ ਪ੍ਰਸੰਨ ਹੋ ਗਏ । ਪਕੜ ਕੇ ਮੰਨਾ ਸਿੰਘ ਨੂੰ ਗਲੇ ਲਾਇਆ, ਗੋਦੀ ਵਿੱਚ ਬਿਠਾਕੇ ਪਿਆਰ ਕੀਤਾ ਅਤੇ ਬਚਨ ਕੀਤਾ—ਟਿੱਕਾ ! ਜੀ ਆਪ ਨੂੰ ਭਾਈ ਸੁਚੱਜਾ ਸਿੰਘ ਜੀ ਨੇ ਸਭ ਕੁਝ ਸਮਝਾਇਆ ਸੀ ਫਿਰ ਕਿਉਂ ਕਾਬੂ ਆ ਗਏ ? ਮੰਨਾ ਸਿੰਘ ਨੇ ਹੱਥ ਜੋੜਕੇ ਡੁਬ ਡੁਬਾਈਆਂ ਅੱਖੀਆਂ ਨੀਵੀਂਆਂ ਕਰਕੇ ਬੇਨਤੀ ਕੀਤੀ, ਮਹਾਂਰਾਜ ਮੇਰੇ ਵੱਸ ਤੋਂ ਗੱਲ ਬਾਹਰ ਹੋ ਗਈ। ਓਸ ਮੋਹਣੀ ਦੇ ਛਲ ਫਰੇਬ ਮੇਰੀ ਸਮਝ ਵਿਚ ਕੁਝ ਨਹੀਂ ਆਏ ਸਨ। ਪਰੰਤੂ ਇਹ ਆਪਦੀ ਕ੍ਰਿਪਾਲਤਾ ਹੈ ਕਿ ਮੇਰੇ ਜੈਸੇ ਨੀਚ ਅਕ੍ਰਿਤਘਨ ਅਨਾਥ ਨੂੰ ਇਸ ਤਰ੍ਹਾਂ ਨਿਵਾਜਿਆ, ਮੈਂ ਕੀ ਕਹਾਂ ? ਮੇਰਾ ਇਹ ਮੂੰਹ ਸ਼ਰਮਿੰਦਾ ਕੁਝ ਕਹਿਣ ਜੋਗਾ ਨਹੀਂ. ਪਰੰਤੂ ਬਿਨਾਂ ਧੰਨਵਾਦ ਕਰਨ ਦੇ ਹੋਰ ਕੁਝ ਨਹੀਂ ਅਹੁੜਦਾ।

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥ ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ ੧ ॥ ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥ ੧ ॥ ਰਹਾਉ ॥ ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲਭਵਨ ਪ੍ਰਗਟਈ ॥ ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥ ੨ ॥ ਆਢ ਆਢ ਕਉ ਫਿਰਤ ਢੂੰਢਤੋ ਮਨ ਸਗਲ ਤ੍ਰਿਸਨ ਬੁਝਿ ਗਈ ॥ ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ ॥ ੩ ॥ ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥ ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥ ੪ ॥ ੨ ॥ ੧੨੪ ॥ [ਆਸਾ ਮਹਲਾ ੫

ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਬਹਨਿ ਨ ਸਾਕਉ ਬਹੁ ਗੁਨ ਤੇਰੇ॥੧॥ਰਹਾਉ॥..... ਅਕਿਰਤ ਘਣਾ ਕਾ ਕਰੇ ਉਧਾਰੁ ॥ ਪ੍ਰਭੁ ਮੇਰਾ ਹੈ ਸਦਾ ਦਇਆਰੁ॥[ਰਾਮਕਲੀ ਮਃ ੫—੫੦

ਇਸ ਤਰ੍ਹਾਂ ਦੀਆਂ ਰਾਜਕੁਮਾਰ ਦੀਆਂ ਬੇਨਤੀਆਂ ਤੇ ਧੰਨਵਾਦ ਸੁਣਕੇ ਮਹਾਂਰਾਜ ਨੇ ਫਿਰ ਗਲੇ ਲਗਾਇਆ, ਸਿਰ ਤੇ ਕ੍ਰਿਪਾ ਦ੍ਰਿਸ਼ਟੀ ਦਾ ਹੱਥ ਫੇਰਿਆ। ਇਧਰ ਮੰਤ੍ਰੀ ਵੱਲ ਰੁਖ ਕਰਕੇ ਹੁਕਮ ਦਿੱਤਾ ਕਿ ਹੁਣ ਕੂਚ ਕਰੋ, ਅਪਣੇ ਕਿਲ੍ਹੇ ਵੱਲ ਜਲਦੀ ਚੱਲੋ । ਇਸ ਹੁਕਮ ਦੀ ਤਾ:ਮੀਲ ਲਈ ਬਿਗਲ ਹੋਂਗਿਆ। ਸਭ ਸਰਦਾਰ ਘੋੜਿਆਂ ਪਰ ਸੁਵਾਰ ਹੋ ਗਏ। ਮਹਾਰਾਜ ਦੇ ਨਾਲ ਕਦਮ ਕਦਮ ਟੁਰ ਪਏ। ਇੰਨੇ ਤਕ ਮੰਤ੍ਰੀ ਨੇ ਹੱਥ ਜੋੜਕੇ ਬੇਨਤੀ ਕੀਤੀ ਕਿ ਹਜ਼ੂਰ ਰਾਣੀ ਰੂਪ ਕੌਰ ਲਈ ਕੀ ਹੁਕਮ ਹੈ ? ਮਹਾਰਾਜ ਨੇ ਹੁਕਮ ਕੀਤਾ—ਇੱਕੁਰ ਹੀ ਡੋਲੀ ਚੁਕਾਈ ਨਾਲ ਲਈ ਚੱਲੋ, ਕਿਲ੍ਹੇ ਚੱਲਕੇ ਮੁਨਾਸਬ ਬੰਦੋਬਸਤ ਕੀਤਾ ਜਾਵੇਗਾ। ਰਸਤੇ ਵਿਚ ਅੱਗੇ ਇਕ ਗਹਿਬਰ ਜੰਗਲ ਆ ਗਿਆ, ਇੱਥੇ ਮਹਾਰਾਜ ਨੇ ਆਪਣੀ ਫੌਜ ਦੇ ਖੁਸ਼ੀ ਕਰਨ ਲਈ ਹੁਕਮ ਦਿੱਤਾ ਕਿ ਇਸ ਜੰਗਲ ਵਿਚ ਸ਼ਿਕਾਰ ਖੇਡਦੇ ਚੱਲੋ । ਇਸ ਹੁਕਮ ਨੂੰ ਪਾਕੇ ਖਾਲਸੇ ਜੀ ਨੇ ਸ਼ਿਕਾਰ ਅਰੰਭਿਆ:—

Digitized by Panjab Digital Library | www.panjabdigilib.org

ਦਸ ਮਿਰਗੀ ਸਹਜੇ ਬੰਧਿ ਆਨੀ ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥ ੧ ॥
ਸੰਤ ਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ
ਪਕਰੇ ਬਿਨੁ ਘੋਰ ਹਥੀਆਰ ॥੧॥ਰਹਾਉ॥
ਆਖੇਰ ਬਿਰਤਿ ਬਾਹਰਿ ਆਇਓ ਧਾਇ॥
ਅਹੇਰਾ ਪਾਇਓ ਘਰ ਕੈ ਗਾਂਇ ॥ ੨ ॥
ਮ੍ਰਿਗ ਪਕਰੇ ਘਰਿ ਆਣੇ ਹਾਟਿ॥ ਚੁਖ ਚੁਖ
ਚੁਖ ਲੈ ਗਏ ਬਾਂਢੇ ਬਾਟਿ॥੩॥ਏਹੁ ਅਹੇਰਾ
ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ
ਨਾਮੁ ॥ ੪ ॥ ੪ ॥ [ਭੈਰਉ ਮਃ ੫

ਇਸ ਸ਼ਿਕਾਰ ਵਿਚ ਦਸ ਹਰਨੀਆਂ ਅਤੇ ਪੰਜੇ ਹਰਨ ਮਾਰ ਲਏ। ਕਿੰਨੇਕੁ ਜੀਵ ਜੰਤ ਹਰਨ ਪਾਹੜੇ ਆਦਿਕ ਪੈਦਲਾਂ ਨੇ ਹੱਥੋ ਹੱਥੀ ਫੜ ਲਏ। ਕੋਈਆਂ ਨੇ ਇਹ ਸ਼ਿਕਾਰ ਦੇ ਜੀਵ ਨਾਲ ਚੁੱਕ ਲਏ,ਭਈ ਘਰ ਲੈ ਚੱਲੀਏ, ਕੋਈਆਂ ਨੇ ਟੋਟੇ ਕਰਕੇ ਵੰਡ ਦਿੱਤੇ, ਆਪ ਨਿਰਾ ਸ਼ਿਕਾਰ ਦਾ ਨਾਉਂ ਹੀ ਲੈਕੇ ਤੁਰ ਪਏ। ਇਸ ਤਰ੍ਹਾਂ ਬਨ ਵਿੱਚ ਅਨੇਕ ਤਰ੍ਹਾਂ ਦੇ ਕੌਤਕ ਕਰਦੇ ਹੋਏ ਕਿਤੇ ਕਿਸੇ ਮਿਰਗ ਨੂੰ ਫੜਦੇ, ਕਿਤੇ ਤਰਸ ਖਾਕੇ ਛਡ ਦਿੰਦੇ ਹੋਏ ਜੰਗਲ ਨੂੰ ਲੰਘ ਆਏ ਤਾਂ ਆਪਣੇ ਕਿਲ੍ਹੇ ਦੀਆਂ ਕੰਧਾਂ ਦਿੱਸਣ ਲੱਗ ਪਈਆਂ।

ਜਦ ਕਿਲ੍ਹੇ ਵਿੱਚ ਫਤਹ ਦੀਆਂ ਖਬਰਾਂ ਪਹੁੰਚੀਆਂ ਤਾਂ ਅੱਗੇ ਹੀ ਵਧਾਈਆਂ ਅਨੰਦ ਉਤਸਾਹ ਹੋਣ ਲਗ ਪਏ, ਕਿਲ੍ਹੇ ਦੀ ਸਫਾਈ ਅਤੇ ਸਜਾਵਟ ਹੋ ਗਈ, ਸਤਿਨਾਮ ਦਾ ਝੰਡਾ ਝੂਲਣ ਲਗ ਪਿਆ। ਬੂਹਿਆਂ ਤੇ ਬੰਦਨਵਾਰਾਂ ਬੱਝ ਗਈਆਂ, ਘਰੋ ਘਰੀ ਲੰਗਰ ਲਗ ਪਏ। ਦਾਨ ਪੁੰਨ ਨੇ ਅਸਗਾਹ ਪ੍ਰਵਾਹ ਵਗਾ ਦਿੱਤਾ। ਕੋਈ ਜਗ੍ਹਾ ਤੇ ਸਜਾਵਟ ਲਈ ਕੋਈ ਤਰ੍ਹਾਂ ਦੇ ਰੰਗਦਾਰ ਨਕਸ਼ੇ ਅਤੇ ਝੰਡੀਆਂ ਲਟਕਾਈਆਂ ਗਈਆਂ। ਪ੍ਰਜਾ ਅਤੇ ਨੌਕਰਾਂ ਚਾਕਰਾਂ ਨੇ ਵਧਾਈਆਂ ਵੰਡੀਆਂ, ਰੌਣਕਾਂ ਦਿਖਾਈਆਂ।

ਜਦ ਕਿਲ੍ਹੇ ਦੇ ਬਹੁਤ ਨੇੜੇ ਅੱਪੜੇ ਤਾਂ ਨਗਰ ਦੇ ਚੰਗੇ ਚੰਗੇ ਮਹਾਜਨ (ਰਈਸ) ਲੋਕ ਮਿਲਕੇ ਅਗਲਵਾਂਢੀ ਲੈਣ ਲਈ ਆਏ। ਇਕੁਰ ਜਿਹੜੇ ਕੋਈ ਸੰਤ ਭਗਤ ਲੋਕ ਰਹਿੰਦੇ ਸਨ ਉਹ ਵੀ ਛੈਣੇ ਢੋਲਕੀਆਂ ਲੈਕੇ ਬੜੇ ਪ੍ਰੇਮ ਉਤਸਾਹ ਨਾਲ ਸ਼ਬਦ ਪੜ੍ਹਦੇ ਹੋਏ ਆਏ:-

ਮਿਲਿ ਆਏ ਨਗਰ ਮਹਾਜਨਾ ਗੁਰ
ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ
ਗੁਰੁ ਰੋਵਿਦ ਪੁਛਿ ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ
ਸੁਕਿ ਪ੍ਰਹਿਲਾਦਿ ਸ੍ਰੀ ਰਾਮ ਕਰਿ ਗੁਰ
ਗੋਵਿਦੁ ਧਿਆਇਆ ॥ ਦੇਹੀ ਨਗਰਿ
ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ
ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ
ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ
ਭਗਤਿ ਲਹੀ ॥ ਮਿਲਿ ਆਏ ਨਗਰ
ਮਹਾਜਨਾ ਗੁਰ ਸਤਿਗੁਰ ਓਟ ਗਹੀ ॥
੬ ॥ ੪ ॥ ੧੦ ॥ [ਤੁਖਾਰੀ ਮਃ ੫ ॥

ਮਹਾਰਾਜ ਨੇ ਅਗੋਂ ਆਉਂਦਿਆਂ ਨੂੰ ਦੇਖਕੇ ਬੜ ਸਤਿਕਾਰ ਅਤੇ ਆਦਰ ਨਾਲ ਖੇਮ ਕੁਸ਼ਲ ਪੁੱਛੀ। ਬੜੇ ਪਿਆਰ ਭਰੀਆਂ ਗਲਾਂ ਕਰਦੇ ਕਰਾਉਂਦੇ ਕਿਲ੍ਹੇ ਦੇ ਅੰਦਰ ਆਣ ਪਹੁੰਚੇ। ਅੱਗੇ ਰਾਣੀ ਸੁਬੁਧਿ ਕੌਰ ਅਤੇ ਸੁਮਤਿ ਕੌਰ, ਜੋ ਹਰ ਵੇਲੇ ਇਸ ਫਤਹ ਦੀ ਉਡੀਕ ਵਿਚ ਘੜੀਆਂ ਪਲਾਂ ਗਿਣ ਰਹੀਆਂ ਸਨ, ਸਭ ਹਰਖ ਅਤੇ ਉਤਸਾਹ ਨਾਲ ਭਰਪੂਰ ਹੋਕੇ ਉਠੀਆਂ-"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ" ਸ਼ਬਦ ਪੜ੍ਹਦੀਆਂ ਨੇ ਅਕਾਲ ਪੁਰਖ ਦੀ ਉਪਮਾ ਵਿਚ ਆਰਤੀ ਦੇ ਸ਼ਬਦ ਦਾ ਪਾਠ ਕੀਤਾ ਤੇ ਇਸ ਸ਼ਬਦ ਦਾ ਉਚਾਰਨ ਕੀਤਾ:-

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ

Digitized by Panjab Digital Library | www.panjabdigilib.org

ਸਹਜ ਸੇਤੀ ਘਰਿ ਆਉ ॥ ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥ ੧ ॥ ਤੁਮ ਘਰਿ ਆਵਹੁ ਮੇਰੇ ਮੀਤ ॥ ਤੁਮਰੇ ਦੇਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਤੀਤ ॥ ਰਹਾਉ ॥ ਪ੍ਰਗਟ ਕੀਨੇ ਪ੍ਰਭ ਕਰਨੇ ਹਾਰੇ ਨਾਸਨ ਭਾਜਨ ਥਾਨੇ ॥ ਘਰਿ ਮੰਗਲ ਵਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥ ੨ ॥ ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥ ਜੈ ਜੈ ਕਾਰ ਸਗਲ ਭੂਮੰਡਲ ਮੁਖ ਊਜਲ ਦਰਬਾਰ ॥ ੩ ॥ ਜਿਨ ਕੋ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥ ਅਚਰਜੁ ਕੀਆ ਕਰਨੈਹਾਰੈ ਨਾਨਕੁ ਸਚੁ ਵਡਿਆਈ ॥੪ ॥ ੪॥ ੨੯॥

[ਧਨਾਸਰੀ ਮਃ ੫

ਫਿਰ ਧੰਨਵਾਦਤਾ ਦੇ ਹੋਰ ਸ਼ਬਦ ਬੜੀ ਮਧੁਰ ਸੁਰ ਨਾਲ ਗਾਵੇਂ। ਮਹਾਂਰਾਜ ਨੇ ਬਹੁਤ ਸਤਿਕਾਰ ਕੀਤਾ। ਆਪ ਕਿਲ੍ਹੇ ਅੰਦਰ ਅੱਪੜ ਕੇ ਘੋੜੇ ਤੋਂ ਉਤਰੇ, ਕਮਰਕਸਾ ਖੋਲ੍ਹਿਆ। ਕਚਹਿਰੀ ਘਰ ਬੈਠਕੇ ਆਪਣੇ ਸੂਰਮਿਆਂ ਦੀ ਸਾਰੀ ਫੌਜ ਦੀ ਹਾਜ਼ਰੀ ਲਈ। ਸਤਿਨਾਮ ਸਿੰਘ ਕੀਰਤਨ ਸਿੰਘ ਅਤੇ ਗੁਰਬਾਣੀ ਸਿੰਘ ਪਰ ਬਹੁਤ ਖੁਸ਼ੀ ਹੋਈ, ਸਰ ਸਰਦਾਰੀ ਦੇ ਖਿਤਾਬ ਬਖਸ਼ੇ ਗਏ। ਸਤਿਸੰਗਤ ਪੁਰਾ, ਨਿਰਬਾਣ ਪੁਰਾ, ਕੈਵਲਜ ਪੁਰਾ ਤਿੰਨਾਂ ਨੂੰ ਜਗੀਰ ਵਿਚ ਬਖਸ਼ਿਆ। ਅਤਾ ਨਾਮਿਆਂ ਪੁਰ ਆਪਣੇ ਦਸਤਖਤ ਕਰ ਦਿੱਤੇ ਅਤੇ ਸ਼ਾਂਤਿ ਸੰਤੋਖ ਦੇ ਤਮਗ਼ੇ ਬਹਾਦਰੀ ਦੀ ਨਿਸ਼ਾਨੀ ਦੇ ਬਖਸ਼ੇ। ਇਕੁਰ ਹੀ ਹੋਰ ਵੀ ਸਰਦਾਰਾਂ ਤੇ ਸਿਪਾਹੀਆਂ ਨੂੰ ਜਥਾ ਅਧਿਕਾਰ ਸਰਦਾਰੀਆਂ ਜਗੀਰਾਂ ਅਤੇ ਤਮਗ਼ੇ ਬਖਸ਼ੇ। ਇਸਤੋਂ ਉਪਰੰਤ ਮਹਾਂਰਾਜ ਨੇ ਟਿੱਕਾ ਸਾਹਿਬ ਨੂੰ ਹੁਕਮ ਦਿੱਤਾ ਕਿ ਇਸ਼ਨਾਨ ਕਰੋ. ਪੁਸ਼ਾਕ ਬਦਲੋ। ਸਵਾ ਲੱਖ ਪਾਠ ਜਪੁ ਸਾਹਿਬ ਦੇ ਕਰਨ ਦਾ ਨੇਮ ਕਰੋ, ਸਤਿਸੰਗਤ ਵਿਚ ਖੜੋਕੇ ਅਰਦਾਸਾ ਸੁਧਾਓ। ਇਸ ਕਿਲ੍ਹੇ ਦੀ ਰਾਖੀ ਕਰੋ, ਏਥੇ ਆਪ ਦੀ ਬਾਦਸ਼ਾਹਤ ਹੈ। ਨੌਕਰਾਂ ਚਾਕਰਾਂ ਨੂੰ ਡਾਂਟਕੇ ਰੱਖੋ, ਕੋਈ ਗਾਫਲ ਅਤੇ ਸੁਸਤ ਨਾ ਹੋਣਾ ਪਾਵੇ। ਖਬਰਦਾਰ ਹੋਵੋ, ਫਿਰ ਕਿਸੇ ਅਜਿਹੇ ਫੰਧ ਫਰੇਬ ਵਿਚ ਨਾ ਫਸ ਜਾਣਾ।

ਇਸ ਵੇਲੇ ਅਚਾਨਕ ਰਾਣੀ ਰੂਪ ਕੌਰ ਡੋਲੀ ਵਿੱਚੋਂ ਨਿਕਲਕੇ ਰੋਂਦੀ ਰੋਂਦੀ ਘਿਘਜਾ ਕੇ ਮਹਾਂਰਾਜ ਦੇ ਚਰਨਾਂ ਤੇ ਆ ਪਈ ਤੇ ਕਹਿਣ ਲਗੀ—ਹੇ ਬਖਸ਼ਿੰਦਾ! ਬਖਸ਼ ਲੈ, ਰੱਖ ਲੈ। ਸ਼ਰਨ ਪਿਆਂ ਦੀ ਸਦਾ ਰੱਖਦਾ ਆਇਆ ਹੈਂ, ਹੁਣ ਵੀ ਰੱਖ ਲੈ। ਮੇਰੇ ਅਵ-ਗੁਣਾਂ ਵੱਲ ਨਾ ਵੇਖ, ਕਿਉਂਕਿ ਮੈਂ ਨਿਰੀ ਅਵਗੁਣਾਂ ਦੀ ਪੰਡ ਹਾਂ, ਪਰਤੂੰ ਆਪਣੇ ਬਖ-ਸ਼ਿੰਦ ਬਿਰਦ ਦੀ ਲਾਜ ਰੱਖ। ਮੇਰੇ ਜੇਹੇ ਅਨੇਕ ਪਾਪੀ ਤੇਰੀ ਸ਼ਰਣ ਪੈਕੇ ਵਰੁਸਾ ਗਏ ਹਨ। ਹੇ ਕ੍ਰਿਪਾ ਸਾਗਰ! ਮੈਂ ਅਨਾਥ ਤੁੱਛ ਕੀੜੀ ਪਰ ਭੀ ਮਿਹਰ ਕਰ (ਫਿਰ ਮੱਥਾ ਟੇਕਕੇ) ਰੱਖ ਲੈ, ਬਖਸ਼ ਲੈ, ਬਖਸ਼ ਲੈ, ਇਸ ਦਰਗਾਹ ਤੋਂ ਬਾਝ ਮੇਰੀ ਹੋਰ ਕੋਈ ਥਾਉਂ ਨਹੀਂ। ਹੇ ਸ਼ਰਣ ਪਾਲ! ਝਾਹਿ ਝਾਹਿ ਮੈਂ ਤੇਰੀ ਸ਼ਰਣ ਹਾਂ। ਪਾਹਿ ਮਾਂ ਪਾਹਿ ਮਾਂ ਕਹਿ ਕਹਿ ਕੇ ਬਾਰੰਬਾਰ ਮੱਥਾ ਟੇਕਣ ਲੱਗੀ ਅਤੇ ਤਰਲੇ, ਮਿੰਨਤਾਂ ਤੇ ਹਾੜੇ ਕੱਢਣ ਲਗੀ। ਇਸ ਵੇਲੇ ਜਿਤਨੇ ਹਾਜ਼ਰੀਨ ਸਨ, ਸਭਨਾਂ ਦੇ ਮਨ ਇਸ ਦੀ ਇਸ ਦੀਨਤਾ ਪਰ ਦ੍ਰਵ ਗਏ ਅਤੇ ਮਨੋ ਮਨੀ ਇਹ ਚਾਹੁਣ ਲਗੇ ਕਿ ਇਹ ਇਸ ਵੇਲੇ ਬਖਸ਼ਣੇ ਜੋਗ ਹੈ, ਕੀਤੇ ਕਰਮਾਂ ਦੀ ਸਜ਼ਾ ਇਸਨੂੰ ਬਥੇਰੀ ਮਿਲ ਗਈ ਹੈ। ਇਤਨੇ

Digitized by Panjab Digital Library | www.panjabdigilib.org

ਤਕ ਮਹਾਂਰਾਜ ਨੇ ਬਚਨ ਕੀਤਾ—ਕਹੁ ਕੀ ਚਾਹੁੰਦੀ ਹੈਂ ?

ਰਾਣੀ—ਜਿਸਦੀ ਰੋਂਦਿਆਂ ਕੁਰਲਾਂਦਿਆਂ ਤੇ ਹਾੜੇ ਕੱਢਦਿਆਂ ਭਾਢੀ ਅਨੋਖੀ ਦਸ਼ਾ ਹੋ ਗਈ ਹੋਈ ਸੀ, ਹਿਚਕੀ ਬੱਝ ਗਈ ਹੋਈ ਸੀ, ਏਸੇ ਹਾਲ ਵਿਚ ਆਪਣੇ ਆਪਨੂੰ ਸੰਭਲਕੇ ਬੜੀ ਅਧੀਨਗੀ ਅਤੇ ਨਿੰਮ੍ਰਤਾ ਨਾਲ ਬੋਲੀ—ਹੇ ਸੱਚੇ ਪਾਤਸ਼ਾਹ ! ਆਪਣੇ ਦਰ ਘਰ ਵਿਚ ਨਿਵਾਸ ਬਖਸ਼ੋ:—

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥ ਜਿਹਵਾ ਏਕ ਕਵਨ ਗੁਨ ਕਹੀਐ।ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ ॥ ੧ ॥ ਰਹਾਉ ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਬੋਰੀ ਤੁਮ ਆਪਨ ਬਿਰਦੁ ਰਖਾਵਹੁ ॥ ੨ ॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥ ੩ ॥ ੧੨ ॥

[ਧਨਾਸਰੀ ਮ: ੫

ਆਪਣੇ ਦਰ ਦੇ ਗੋਲਿਆਂ ਦੀ ਗੋਲੀ ਬਣਾਕੇ ਰਖੋ। ਸੁਮਤਿ ਕੌਰ ਦੀ ਚਰਨੀਂ ਲਾਓ ''ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ''॥ਇਜੇਹੇ ਆਰਤ ਬਚਨ ਸੁਣਕੇ ਮਹਾਂਰਾਜ ਨੇ ਕ੍ਰਿਪਾ ਕੀਤੀ ਤੇ ਬਚਨ ਕੀਤਾ ਇਸ਼ਨਾਨ ਕਰੋ, ਪੁਸ਼ਾਕ ਬਦਲੋ। ਯਾਰਾਂ ਦਿਨ ਤੱਕ ੪੧ ਪਾਠ ਰੋਜ਼ ਜਪੁ ਸਾਹਿਬ ਦੇ ਕਰੋ, ਉਪਰੰਤ ਗੁਰੂ ਖਾਲਸੇ ਦੀ ਸਤਿ ਸੰਗਤ ਵਿੱਚ ਹਾਜ਼ਰ ਹੋਕੇ ਸਨਿੰਮ੍ਰ ਬੇਨਤੀ ਕਰੋ। ਜਦ ਓਹ ਕ੍ਰਿਪਾ ਕਰਕੇ ਆਪ ਨੂੰ ਜਹਾਜ਼ ਚੜ੍ਹਾਉਣ (ਅੰਮ੍ਰਿਤ ਛਕਾਉਣਗੇ) ਅਤੇ ਰਹਿਤ ਬਹਿਤ ਦੇ ਜੋ ਉਪਦੇਸ਼ ਉਹ ਕਰਨਗੇ, ਉਨ੍ਹਾਂ ਪਰ ਆਪ ਭਰੋਸਾ ਰੱਖਕੇ ਪੂਰਾ ਅਮਲ ਕਰੋਗੇ ਤਾਂ ਸੁਮਤੀ ਦੀ ਸੇਵਾ ਵਿੱਚ ਹਾਜ਼ਰ ਹੋ ਸਕੋਗੇ। ਜੇਕਰ ਆਪ ਨੂੰ ਇਹ ਗੱਲਾਂ ਪ੍ਰਵਾਨ ਹਨ, ਤਾਂ ਕਹੋ !

ਰੂਪ ਕੌਰ ਨੇ ਹੱਥ ਜੋੜਕੇ ਬੇਨਤੀ ਕੀਤੀ 'ਮੈਂ ਨਿਮਾਣੀ ਨੂੰ ਕੀ ਉਜ਼ਰ ਹੋ ਸਕਦਾ ਹੈ ?' ਇਹ ਕਹਿਕੇ ਝੱਟ ਪੱਟ ਕੁਝ ਗਹਿਣਾ ਉਤਾਰ ਕੇ ਮੀਆਂ ਸ਼ਫੂਰ ਖਾਂ ਨੂੰ ਦੇ ਦਿੱਤਾ ਤੇ ਆਖਿਆ ਮੇਰੀ ਸਾਰੀ ਫੌਜ ਵਿਚੋਂ ਇੱਕ ਤੂੰ ਬਾਕੀ ਬੱਚਿਆ ਸੈਂ, ਤੇਰੀ ਨਿਮਕ ਹਲਾਲੀ ਪਰ ਸ਼ਾਬਾਸ਼ ਹੈ, ਇਹ ਜ਼ੇਵਰ ਜੋ ਕੁਝ ਮੇਰੇ ਪਾਸ ਹੈ ਤੈਨੂੰ ਇਨਾਮ ਵਿੱਚ ਦਿੱਤਾ ਜਾਂਦਾ ਹੈ। ਜਾਓ ਰੁਖਸਤ। ਪਰ ਜਨਰਲ ਗਰੂਰ ਖਾਂ ਦੇ ਮਾਤਹਿਤ ਹੋਣ ਕਰਕੇ ਤੂੰ ਜੋ ਆਪਣੇ ਅਸਲੀ ਫਰਜ਼ਾਂ ਨੂੰ ਭੁਲਾਕੇ ਮੈਨੂੰ ਗੁਰਮਤ ਅਨੁਸਾਰ ਸਲਾਹ ਨਾਂ ਦਿੱਤੀ ਤੇ ਇਸ ਜੰਗ ਵਿੱਚ ਫਸਾਕੇ ਮਹਾਂਰਾਜ ਦਾ ਸਾਹਮਣਾ ਕਰਾਇਆ, ਇਸਦਾ ਹੁਣ ਇਹ ਡੰਡ ਨਾਲ ਦਿੱਤਾ ਜਾਂਦਾ ਹੈ, ਜੋ ਤੇਰੀ ਸਰਦਾਰੀ ਤੋੜਕੇ ਹੁਣ ਤੈਨੂੰ ਰਾਜ ਕੁਮਾਰ ਜੀ ਦਾ ਗੋਲਾ ਕਰਕੇ ਉਨ੍ਹਾਂ ਦੇ ਪਾਸ ਜਾਣ ਦਾ ਹੁਕਮ ਹੈ। ਉਨ੍ਹਾਂ ਦੀ ਸੇਵਾ ਕਰੋ, ਨਿਮਕ ਹਲਾਲ ਹੋਕੇ ਸੇਵਕ ਬਣੋ ਤੇ ਫਿਰ ਪ੍ਰਸੰਨਤਾ ਹਾਸਲ ਕਰਕੇ ਆਪਣੀ ਨਿਮਕ ਹਲਾਲੀ ਦੇ ਬਦਲੇ ਸਰਦਾਰੀ ਪਾਓ। ਇੱਕੁਰ ਹੀ ਅਦਲੇ ਗੋਲੀ ਨੂੰ ਵੀ ਕੁਝ ਗਹਿਣਾ ਦੇਕੇ ਆਖਿਆ, ਮੈਂ ਤੇਰੀਆਂ ਕਹੀਆਂ ਬਹੁਤ ਗੱਲਾਂ ਨਹੀਂ ਮੰਨਦੀ ਸੀ ਤੇ ਤੈਨੂੰ ਕਮੀਨੀ ਗੋਲੀ ਸਮਝਦੀ ਹੁੰਦੀ ਸਾਂ, ਪਰ ਤੇਰੀਆਂ ਗੱਲਾਂ ਸਭ ਠੀਕ ਨਿਕਲੀਆਂ। ਤੇਰੀ ਸੇਵਾ ਦਾ ਬਦਲਾ ਤਾਂ ਮੈਂ ਕੁਝ ਦੇ ਨਹੀਂ ਸਕਦੀ,ਪਰ ਇਹ ਜ਼ੇਵਰ ਕੁਝ ਰਹੀ ਖਹੀ ਚੂਨ

Digitized by Panjab Digital Library | www.panjabdigilib.org

ਭੂਨ ਵਿਚੋਂ ਬਾਕੀ ਹੈ, ਸੋ ਤੂੰ ਲੈ ਜਾਹ ਤੇ ਅੱਗੇ ਲਈ ਮਹਾਂਰਾਜ ਦੀ ਸ਼ਰਨ ਪੈ ਕੇ ਉਨ੍ਹਾਂ ਤੋਂ ਆਗਿਆ ਮੰਗ।ਇੱਕੁਰ ਦੋਹਾਂ ਨੂੰ ਰੁਖ਼ਸਤ ਕਰ ਕਰਕੇ ਫਿਰ ਹੱਥ ਜੋੜਕੇ ਬੇਨਤੀ ਕੀਤੀ:ਗਰੀਬ ਨਿਵਾਜ! ਕੋਈ ਆਸਰਾ ਬਖਸ਼ੋ ਜਿਸਦੇ ਸਾਂਰੇ ਹੁਕਮ ਦੀ ਤਾਮੀਲ ਕਰ ਸੱਕਾਂ। ਇਸ ਬਾਤ ਪਰ ਮਹਾਰਾਜ ਨੇ ਕਮਾਨੀਅਰ ਨੇਮ ਸਿੰਘ ਵਲ ਰੁਖ਼ ਕਰਕੇ ਬਚਨ ਕੀਤਾ ਕਿ ਰੂਪ ਕੌਰ ਨੂੰ ਉਪਰਾਮ ਕੌਰ ਅਤੇ ਵਿਮਲ ਵਿਰਾਗ ਕੌਰ ਦੀ ਨਿਗਰਾਨੀ ਵਿੱਚ ਰੱਖੋ, ਜਦ ਇਸ ਦਾ ਅੰਮ੍ਰਿਤ ਸੰਸਕਾਰ ਹੋ ਜਾਵੇ ਤਾਂ ਇਸਨੂੰ ਸੁਮਤ ਕੌਰ ਦੀ ਸੇਵਾ ਦਾ ਅਧਿਕਾਰ ਬਖਸ਼ਣਾ। ਦੂਜੇ ਪਾਸੇ ਗਿਆਨੀ ਸੂਰਜ ਸਿੰਘ ਜੀ ਵਲ ਨਿਗਾਹ ਕਰਕੇ ਮਹਾਰਾਜ ਨੇ ਹੁਕਮ ਦਿੱਤਾ ਜੋ ਰੂਪ ਕੌਰ ਦੇ ਸੇਵਕ ਸ਼ਊਰ ਖਾਂ ਤੇ ਅਦਲੋ ਗੋਲੀ ਨੂੰ ਆਪਦੇ ਸਪੁਰਦ ਕੀਤਾ ਜਾਂਦਾ ਹੈ, ਇਨ੍ਹਾਂ ਨੂੰ ਗੁਰਮਤ ਦੇ ਅਧਿਕਾਰੀ ਬਣਾਵੋ।

ਇਸ ਹੁਕਮ ਤੋਂ ਉਪਰੰਤ ਮਹਾਂਰਾਜ ਨੇ ਕਚਹਿਰੀ ਬਰਖਾਸਤ ਕੀਤੀ, ਆਪ ਉੱਠਕੇ ਆਪਣੇ ਰੂਪ ਸਰੂਪੀ ਮਹਿਲ* ਵਿੱਚ ਜਾ ਬਿਰਾਜੇ। ਜਿਸ ਇਸਥਿਤੀ ਵਿੱਚ ਉਨ੍ਹਾਂ ਨੂੰ ਘਟ ਘਟ ਰਵ ਰਹੇ ਅਕਾਲਪੁਰਖ ਦਾ ਨਿਰੰਤਰ ਮਿਲਾਪ ਤੇ ਉਸਦੇ ਮਿਲਾਪ ਦਾ ਅਖੰਡ ਰਸ ਆਪਣੇ ਵਿੱਚ ਖਚਤ ਰੱਖਦਾ ਹੈ। ਯਥਾ:—

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥ ੪ ॥
[ਗਉ: ਮਃ ੫

ਇਧਰ ਟਿੱਕਾ ਸਾਹਿਬ ਜੀ ਇਸ਼ਨਾਨ ਕਰਕੇ ਜਪ ਸਾਹਿਬ ਦਾ ਪਾਠ ਕਰਦੇ ਸੁਮਤ ਕੌਰ ਦੇ ਮਹਿਲਾਂ ਵਿਚ ਅੱਪੜੇ ਤਾਂ ਅੱਗੇ ਬੜੇ ਅਦਬ ਤੇ ਪ੍ਰੇਮ ਨਾਲ ਸੁਮਤ ਕੌਰ ਨੇ ਚਰਨਾਂ ਤੇ ਮੱਥਾ ਟੇਕਿਆ ਅਤੇ ਧੰਨਵਾਦ ਪਰ ਇਹ ਸ਼ਬਦ ਬੜੀ ਮਧੁਰ ਸੁਰ ਨਾਲ ਸਹਿਜੇ ਸਹਿਜੇ ਗਾਂਵਿਆਂ ॥ ੨ ॥ ੭ ॥ ੩੦ ॥

ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥
ਬਚਨ ਨਾਦ ਮੋਰੇ ਸ੍ਰਵਨਹੁ ਪੂਰੇ ਦੇਹਾ
ਪ੍ਰਿਅ ਅੰਕਿ ਸਮਾਨੀ ॥ ੧ ॥ ਰਹਾਉ ॥
ਛੁਟਰਿ ਤੇ ਗੁਰਿ ਕੀਈ ਸੁਹਾਗਨਿ ਹਰਿ
ਪਾਇਓ ਸੁਘੜ ਸੁਜਾਨੀ ॥ ਜਿਹ ਘਰ
ਮਹਿ ਬੈਸਨੁ ਨਹੀਂ ਪਾਵਤ ਸੋ ਥਾਨੁ
ਮਿਲਿਓ ਬਾਸਾਨੀ ॥ ੧ ॥ ਉਨਕੈ ਬਾਸ
ਆਇਓ ਭਗਤਿ ਬਛਲੁ ਜਿਨਿ ਰਾਖੀ
ਆਨ ਸੰਤਾਨੀ ॥ ਕਹੁ ਨਾਨਕ ਹਰਿ ਸੰਗਿ
ਮਨੁ ਮਾਨਿਆ ਸਭ ਚੂਕੀ ਕਾਣਿ ਲੋਕਾਨੀ
॥ ੨ ॥ ੮ ॥ ੩੧ ॥ [ਸਾਰੰਗ ਮਃ ੫

ਇਹ ਸ਼ਬਦ ਪੜ੍ਹਦੀ ਹੋਈ ਨੇ ਰਾਜ ਕੁਮਾਰ ਜੀ ਨੂੰ ਸੁੰਦਰ ਆਸਣ ਪਰ ਬਿਠਾਇਆ, ਕੁਸ਼ਲ ਅਨੰਦ ਪੁੱਛੀ ਤੇ ਆਪ ਬਹੁਤ ਫੁਰਤੀ ਕਰਕੇ ਲੰਗਰ ਤਯਾਰ ਕੀਤਾ। ਬੜੇ ਚਾਉ ਅਤੇ ਹਰਖ ਉਤਸਾਹ ਵਿੱਚ ਜਿਤਨੇ ਕੁ ਸੇਵਾ ਦੇ ਢੰਗ ਸਨ ਸਭ ਆਪਣੇ ਹੱਥੀਂ ਆਪ ਨਿਭਾਏ। ਨੌਕਰਾਂ ਚਾਕਰਾਂ ਨੂੰ ਉਪਰਲੀ ਸੇਵਾ ਪਰ ਰੱਖਿਆ। ਇੰਨੇ ਤੱਕ ਪ੍ਰੇਮ ਦੇ ਬੱਦਲ ਅੱਖੀਆਂ ਦੀਆਂ ਕਾਲੀਆਂ ਘਟਾਂ ਬੰਨ੍ਹ ਕੇ ਉਮਡੇ। ਘਟਾਂ ਵਿੱਚੋਂ ਬਿਜਲੀ ਦੀ ਚਮਕ ਬੂੰਦਾ ਬਾਂਦੀ ਦੀ ਰਿਮਝਿਮ ਤੇ ਠੰਢੀ ਠੰਢੀ ਪੌਣ ਦੇ ਝੋਕੇ ਚੱਲਣ ਲੱਗੇ। ਪ੍ਰੇਮ ਦੇ ਰੰਗ ਵਿੱਚ ਭਿੱਜੀ ਹੋਈ ਨੇ ਧੰਨਜਵਾਦਤਾ ਪਰ

---

*ਇਹ ਮਹੱਲ ਸਰੂਪ ਪ੍ਰਾਪਤੀ, ਸਹਜ ਅਵਸਥਾ ਆਦਿ ਦਸ਼ਾ ਦਾ ਵਾਚਕ ਹੈ। ਦੇਹੀ ਦੇ ਵਿੱਚ ਪ੍ਰਛਿੰਨ ਹੋਕੇ ਕਿਸੇ ਨੁੱਕਰੇ ਲੁਕਿਆ ਬੈਠਾ ਨਾ ਸਮਝ ਲੈਣਾ। ਵਾਰਤਾ ਹੋਣ ਕਰਕੇ ਉਸ ਅਨੰਦ ਮਯ ਅਵਸਥਾ ਨੂੰ ਅਗਮ ਗੜ੍ਹ ਕਿਲਾ, ਮਹੱਲ, ਕੋਟ ਆਦੀ ਕਿਹਾ ਹੈ, ਪਰ ਏਹ ਵਾਚਕ ਸਰੂਪ ਇਸਥਿਤੀ ਦਾ ਹੈ।

Digitized by Panjab Digital Library | www.panjabdigilib.org

ਇਹ ਸ਼ਬਦ ਠੀਕ ਇਸ ਵੇਲੇ ਦੀ ਦਸ਼ਾ ਵਿੱਚ ਮਲਾਰ ਰਾਗ ਦੀ ਲੈ ਵਿੱਚ ਗਾ ਕੇ ਰਾਜ ਕੁਮਾਰ ਪ੍ਰਤੀ ਬੇਨਤੀ ਕੀਤੀ ਕਿ ਲੰਗਰ ਤਿਆਰ ਹੈ, ਪ੍ਰਸ਼ਾਦਿ ਛਕੀਏ:—

ਕਿਆ ਤੂੰ ਸੋਚਹਿ ਕਿਆ ਤੂ ਚਿਤਵਹਿ
ਕਿਆ ਤੂੰ ਕਰਹਿ ਉਪਾਏ ॥ ਤਾਕਉ ਕਹਹੁ
ਪਰਵਾਹੁ ਕਾਹੂ ਕੀ ਜਿਹ ਗੋਪਾਲ
ਸਹਾਏ ॥ ੧ ॥ ਬਰਸੈ ਮੇਘੁ ਸਖੀ ਘਰਿ
ਪਾਹੁਨ ਆਏ ॥ ਮੋਹਿ ਦੀਨ ਕ੍ਰਿਪਾ ਨਿਧਿ
ਠਾਕੁਰ ਨਵ ਨਿਧਿ ਨਾਮਿ ਸਮਾਏ ॥ ੧ ॥
ਰਹਾਉ ॥ ਅਨਿਕ ਪ੍ਰਕਾਰ ਭੋਜਨ ਬਹੁ
ਕੀਏ ਬਹੁ ਬਿੰਜਨ ਮਿਸਟਾਏ ॥ ਕਰੀ
ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ
ਭੋਗੁ ਹਰਿਰਾਏ ॥ ੨ ॥ ਦੁਸਟ ਬਿਦਾਰੇ
ਸਾਜਨ ਰਹਸੇ ਇਹਿ ਮੰਦਿਰ ਘਰ
ਅਪਨਾਏ ॥ ਜਉ ਗ੍ਰਿਹਿ ਲਾਲੁ ਵੰਗੀਓ
ਆਇਆ ਤਉ ਮੈ ਸਭਿ ਸੁਖ ਪਾਏ ॥ ੩ ॥
ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ
ਲੇਖੁ ਲਿਖਾਏ ॥ ਜਨ ਨਾਨਕ ਕੰਤੁ
ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ
ਆਏ ॥ ੪ ॥ ੧ ॥ [ਮਲਾਰ ਮਃ ੫

ਰਾਜ ਕੁਮਾਰ ਨੇ ਇਸ ਪ੍ਰੇਮ ਰਸ ਵਿੱਚ ਭਿੱਜੀ ਹੋਈ ਮਧੁਰ ਸੁਰ ਦੇ ਸ਼ਬਦ ਨੂੰ ਸੁਣਿਆ, ਸੁਮਤੀ ਨੇ ਪਾਠ ਦਾ ਭੋਗ ਪਾਇਆ। ਉੱਠਕੇ ਅੰਮ੍ਰਿਤ ਭੋਜਨ ਪਾਇਆ ਅਤੇ ਸੁਮਤੀ ਸਮੇਤ ਮਾਤਾ ਸੁਬੁਧਿ ਕੌਰ ਦੇ ਪਾਸ ਪੁੱਜੇ, ਬੜੀ ਹੀ ਨਿੰਮ੍ਰਤਾ ਨਾਲ ਹੱਥ ਜੋੜਕੇ ਤ੍ਰਾਹ ਤ੍ਰਾਹ ਕਰਦੇ ਇਹ ਸ਼ਬਦ ਮੂੰਹੋਂ ਪੜ੍ਹਦੇ ਹੋਏ ਚਰਨਾਂ ਤੇ ਡਿੱਗ ਪਏ:—

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ
ਧਨੁ ਭੋਜਨੁ ਭਾਇਆ ॥ ਨਿਮਖ ਨ
ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ
ਮਹਿ ਪਾਇਆ ॥ ੧ ॥ ਮਾਈ ਖਾਟਿ
ਆਇਓ ਘਰਿ ਪੂਤਾ ॥ ਹਰਿ ਧਨੁ ਚਲਤੋ
ਹਰਿ ਧਨੁ ਬੈਸੋ ਹਰਿ ਧਨੁ ਜਾਗਤ ਸੂਤਾ ॥ ੧ ॥
ਰਹਾਉ ॥ ਹਰਿ ਧਨੁ ਇਸਨਾਨੁ ਹਰਿ ਧਨੁ
ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ
ਹਰਿ ਤਾਰਿ ਪਰਾਨਾ ॥ ੨ ॥ ਹਰਿ ਧਨ
ਮੇਰੀ ਚਿੰਤ ਵਿਸਾਰੀ ਹਰਿ ਧਨਿ
ਲਾਹਿਆ ਧੋਖਾ ॥ ਹਰਿ ਧਨ ਤੇ ਮੈ
ਨਵ ਨਿਧਿ ਪਾਈ ਹਾਥਿ ਚੜਿਓ ਹਰਿ ਥੋਕਾ
॥ ੩ ॥ ਖਾਵਹੁ ਖਰਚਹੁ ਤੋਟਿ ਨ ਆਵੈ ਹਲਤ
ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ
ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ
ਰੰਗੇ ॥ ੪ ॥ ੨ ॥ ੩ ॥ [ਗੂਜਰੀ ਮਃ ੫

ਮਾਤਾ ਜੀ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਟਿੱਕਾ ਜੀ ਨੂੰ ਉਠਾਕੇ ਗਲ ਲਾਇਆ, ਮੱਥਾ ਚੁੰਮਿਆ, ਅਕਾਲ ਪੁਰਖ ਦਾ ਧੰਨਜਵਾਦ ਕੀਤਾ, ਪੁੱਤ੍ਰ ਨੂੰ ਸਹੀ ਸਲਾਮਤ ਆਪਣੀ ਗੋਦੀ ਵਿਚ ਬੈਠਾ ਦੇਖਿਆ, ਦੁਸ਼ਟ ਅਰਿਸ਼ਟ ਅਤੇ ਅਪਦਾ ਕਲੇਸ਼ ਦੁਖ ਬਿਤੀਤ ਹੋਏ ਹੋਏ ਦੇਖੇ ਤਾਂ ਇਸ ਵੇਲੇ ਚਿਤ ਦੀ ਪ੍ਰਸੰਨਤਾਂ ਨਾਲ ਸਿਖਜਾ-ਮਈ ਅਸੀਸ ਪਰਥਾਇ ਇਹ ਸ਼ਬਦ ਪੜ੍ਹਿਆ:—

ਜਿਸ ਸਿਮਰਤ ਸਭਿ ਕਿਲਵਿਖ ਨਾਸਹਿ
ਪਿਤਰੀ ਹੋਇ ਉਧਾਰੋ ॥ ਸੋ ਹਰਿ ਹਰਿ
ਤੁਮ ਸਦ ਹੀ ਜਾਪਹੁ ਜਾਕਾ ਅੰਤੁ ਨ
ਪਾਰੋ ॥ ੧ ॥ ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥
ਸਤਿਗੁਰੁ ਤੁਮ੍ ਕਉ ਹੋਇ ਦਇਆਲਾ
ਸੰਤ ਸੰਗਿ ਤੇਰੀ ਪ੍ਰੀਤਿ ॥ ਕਾਪੜੁ ਪਤਿ
ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ
॥ ੨ ॥ ਅੰਮ੍ਰਿਤ ਪੀਵਹੁ ਸਦਾ ਚਿਰੁ
ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ

Digitized by Panjab Digital Library | www.panjabdigilib.org

ਬਿਆਪੈ ਚਿੰਤਾ ॥ ੩ ॥ ਭਵਰੁ ਤੁਮਾਰਾ ਇਹੁ ਮਨੁ ਦੇਵਉ ਹਰਿ ਚਰਣਾ ਹੋਹੁ ਕਉਲਾ ॥ ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥ ੪ ॥ ੩ ॥ ੪ ॥ [ਗੂਜਰੀ ਮ: ੫

ਫਿਰ ਕੁਝ ਕੁਝ ਬਾਰਤਾਲਾਪ ਬੀਤੀ ਹੋਈ ਬਾਤ ਪਰ ਭੀ ਹੋਈ, ਜਿਨ੍ਹਾਂ ਗਲਾਂ ਦੇ ਉਤ੍ਰ ਵਿਚ ਟਿੱਕਾ ਜੀ ਨੇ ਸ਼ਰਮੀਲੀਆਂ ਅੱਖਾਂ ਨੂੰ ਨੀਵੀਆਂ ਕਰਕੇ ਹਾਂ, ਹੂੰ, ਜੀ, ਨਹੀਂ, ਸਤ ਬਚਨ, ਭੁੱਲ ਗਿਆ, ਭਾਵੀ, ਭਾਣਾ, ਆਦਿਕ ਬਚਨ ਕਹਿ ਕਹਿਕੇ ਓੜਕ ਨੂੰ ਆਗਯਾ ਮੰਗੀ ਤਾਂ ਮਾਤਾ ਜੀ ਨੇ ਅਸੀਸ ਦਿੱਤੀ। ਇਕੁਰ ਹੀ ਸੁਮਤਿ ਕੌਰ ਨੂੰ ਪੈਰਾਂ ਤੇ ਮੱਥਾ ਟੇਕਦਿਆਂ ਦੇਖਕੇ ਅਸੀਸ ਦਿਤੀ।

ਟਿੱਕਾ ਜੀ ਪੂਰੇ ਅਦਬ ਅਤੇ ਨਿੰਮ੍ਰਤਾ ਪ੍ਰੇਮ ਨਾਲ ਗਹਗਟ ਮੱਥਾ ਟੇਕ ਕੇ ਆਨੰਦ ਪੂਰਬਕ ਆਪਣੇ ਆਰਾਮ ਅਸਥਾਨ ਵਿਚ ਆਰਾਮ ਕਰਨ ਲਈ ਆਣ ਬਿਰਾਜੇ। ਰਾਜ ਕੁਮਾਰ ਦਿਨ ਰਾਤ ਜਪੁ ਸਾਹਿਬ ਦੇ ਪਾਠ ਵਿਚ ਐਸੇ ਰੁੱਝੇ ਕਿ ਹਰ ਵੇਲੇ ਪਾਠ ਦੀ ਧੁਨ ਲੱਗੀ ਰਹੇ, ਕਿਸੇ ਵੇਲੇ ਭੀ ਪਾਠ ਤੋਂ ਵਿਹਲੇ ਨਾ ਹੋਣ। ਇਸੇ ਤਰ੍ਹਾਂ ਰਾਜ ਕੁਮਾਰ ਦੀ ਦਸ਼ਾ ਠੀਕ ਇਸ ਸ਼ਬਦ ਅਨੁਸਾਰ ਹੋਗਈ।

ਅਨਹਦ ਵਾਜੈ ਸਹਜਿ ਸੁਹੇਲਾ ॥ ਸਬਦਿ ਅਨੰਦ ਕਰੇ ਸਦ ਕੇਲਾ ॥ ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ ॥ ੧ ॥ ਫਿਰਿ ਘਿਰਿ ਅਪੁਨੇ ਗ੍ਰਿਹਿ ਮਹਿ ਆਇਆ ॥ ਜੋ ਲੋੜੀਦਾ ਸੋਈ ਪਾਇਆ ॥ ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥ ੨ ॥ ਆਪੇ ਰਾਜਨੁ ਆਪੇ ਲੋਗਾ ॥ ਆਪਿ ਨਿਰਬਾਣੀ ਆਪੇ ਭੋਗਾ ॥ ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੂਕਾਰਿਆ ਜੀਉ ॥ ੩ ॥ ਜੈਹਾ ਡਿਠਾ ਮੈ ਤੈਹੋ ਕਹਿਆ ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥ ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥ ੪ ॥ ੩ ॥ ੧੦ ॥

[ਮਾਝ ਮਹਲਾ ੫

ਇਧਰ ਰੂਪ ਕੌਰ ਨੇ ਮਹਾਰਾਜ ਦੀ ਆਗਿਆ ਅਨੁਸਾਰ ਦਿਨ ਰਾਤ ਲੱਗਕੇ ਜਪ ਸਾਹਿਬ ਦੇ ਪਾਠਾਂ ਦੇ ਨੇਮ ਨਿਬਾਹੇ। ਹਰ ਵੇਲੇ ਉਪਰਾਮ ਕੌਰ ਦੀ ਸਿੱਖਿਆ, ਵਿਮਲ ਵਿਰਾਗ ਕੌਰ ਦੇ ਉਪਦੇਸ਼, ਨਿਮਾਣੇ ਰੋਲੀ ਦੀ ਤਨ ਮਨ ਵਾਰਵੀਂ ਸੇਵਾ ਨੇ ਰੂਪ ਕੌਰ ਦੀ ਥੋੜ੍ਹੇ ਦਿਨਾਂ ਵਿਚ ਕਾਇਆਂ ਪਲਟ ਕਰ ਦਿੱਤੀ। ਜਿਸ ਵੇਲੇ ਦੇਖੋ ਜੀਭ ਪਾਠ ਵਿਚ ਰੁੱਧੀ ਹੈ, ਮਨ ਪ੍ਰੇਮ ਵਿਚ ਡੁੱਬਾ ਹੋਇਆ, ਹੱਥ ਝਾੜੂ ਫੇਰ ਰਹੇ ਹਨ, ਸਿਰ ਪਾਣੀ ਢੋ ਰਿਹਾ ਹੈ, ਪੈਰ ਸਤਿਸੰਗ ਵਲ ਦੌੜ ਰਹੇ ਹਨ, ਮੱਥਾ ਦਰਵਾਜ਼ੇ ਅੱਗੇ ਘਿਸ ਰਿਹਾ ਹੈ, ਚਿਤ ਹਾੜੇ ਕਰਨ ਦੀਆਂ ਚਿਤਵਨੀਆਂ ਕਰ ਰਿਹਾ ਹੈ, ਰਿਦਾ ਪਛੁਤਾਵੇ ਵਿੱਚ ਸ਼ਰਮਿੰਦਾ ਹੋਇਆ ਗੜੇ ਗੜੇ ਜੇਡੀਆਂ ਹੰਝੂਆਂ ਬਰਸਾ ਰਿਹਾ ਹੈ, ਸਰੀਰ ਸਤਿਸੰਗ ਦੀ ਪੁੜੀ ਵਿਚ ਨੂਹਾ ਰਿਹਾ ਹੈ, ਅੱਖਾਂ ਦਰਸ਼ਨ ਦੀ ਅਭਿਲਾਖਾ ਵਿਚ ਤਰਸ ਰਹੀਆਂ ਹਨ, ਕੰਨ ਗੁਰਬਾਣੀ ਦੇ ਰਸ ਵਿਚ ਗੁੱਧੇ ਗਏ ਹਨ ਤੇ ਨਾਸਾਂ ਸਤਿਸੰਗ ਦੇ ਵਾਯੂ ਮੰਡਲ ਦੀ ਸੁਗੰਧੀ ਨੂੰ ਲੋਚ ਰਹੀਆਂ ਹਨ। ਇੱਕੁਰ ਸਾਰਾ ਸਰੀਰ ਕੀ ਸਰੀਰ ਦੇ ਰੋਮ ਰੋਮ ਵਿਚੋਂ ਗੁਰਬਾਣੀ ਦਾ ਅਨੰਦ, ਪਿਆਰੇ ਪਰਮੇਸ਼ੁਰ ਦੀ ਅਭਿਲਾਖਾ, ਧੰਨਵਾਦ ਮਈ ਬੇਨਤੀ ਦੇ ਰੰਗ ਢੰਗ ਦਿੱਸ ਰਹੇ ਹਨ। ਪਿਛਲੀ ਰਾਣੀਪੁਣੇ ਦੀ ਕੋਈ ਰੱਲ ਦਾ

Digitized by Panjab Digital Library | www.panjabdigilib.org

ਚੇਤਾ ਤੱਕ ਵੀ ਨਹੀਂ ਰਿਹਾ।

ਇਕ ਦਿਨ ਰੂਪ ਕੌਰ ਵਿਮਲ ਵਿਰਾਗ ਕੌਰ ਦੇ ਨਾਲ ਮਹਾਂਰਾਜ ਦੇ ਦਰਵਾਜ਼ੇ ਪਰ ਝਾੜੂ ਦੇਂਦੀ ਹੋਈ ਵੈਰਾਗ ਭਰੀ ਸੁਰ ਵਿਚ ਪ੍ਰਾਤਾਕਾਲ ਨੇਤ੍ਰਾਂ ਤੋਂ ਜਲ ਦਾ ਪ੍ਰਵਾਹ ਵਗਾਉਂਦੀ ਹੋਈ ਤੇ ਆਪਣੇ ਆਪ ਬੇਨਤੀ ਧੰਨਜਵਾਦੀ ਪਸਚਾਤਾਪ ਅਤੇ ਅਭਿਲਾਖਾ ਵਿਚ ਇਹ ਸ਼ਬਦ ਗਾਉਂ ਰਹੀ ਸੀ:—

ਕਵਨ ਗੁਨ ਪ੍ਰਾਨਪਤਿ ਮਿਲਉ ਮੋਰੀ ਮਾਈ ॥ ੧ ॥ ਰਹਾਉ ॥ ਰੂਪਹੀਨ ਬੁਧਿ ਬਲਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥ ੧ ॥ ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀਕਰਹੁ ਸਮਾਈ॥੨॥ਖੋਜਤ ਖੋਜਤ ਭਈ ਬੈਰਾਗਨਿ॥ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥ ੩ ॥ ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੋਰੀ ਜਲਨਿ ਬੁਝਾਈ ॥ ੪ ॥ ੧ ॥ ੧੧੮ ॥ [ਗਉੜੀ ਪੂ: ਮ: ੫

ਇਹ ਨਿਰਮਲ ਸਤੋਗੁਣ ਸ਼ਾਂਤ ਸਰੂਪ ਪਿਛਲੀ ਰਾਤ ਦੇ ਵੇਲੇ ਨਿਸਕਪਟ ਹਿਰਦੇ ਵਿੱਚੋਂ ਪ੍ਰੇਮ ਨਾਲ ਭਿੱਜੇ ਹੋਏ ਸ਼ਬਦ ਦੀ ਲਯ ਮਹਾਂਰਾਜ ਦੇ ਕੰਨਾਂ ਤੱਕ ਅਚਾਨਕ ਪਹੁੰਚ ਗਈ। ਪਛਾਣ ਕਰਨੇ ਤੇ ਰੂਪ ਕੌਰ ਜਾਪੀ ਤਾਂ ਉਸੇ ਵੇਲੇ ਮੰਤ੍ਰੀ ਝਿੜੂ ਨਿਸ਼ਚਾ ਸਿੰਘ ਹੋਰਾਂ ਨੂੰ ਹੁਕਮ ਹੋਇਆ ਕਿ ਮਾਲੂਮ ਹੁੰਦਾ ਹੈ ਜੋ ਰੂਪ ਕੌਰ ਅੰਮ੍ਰਿਤ ਸੰਸਕਾਰ ਦੀ ਅਧਿਕਾਰਨ ਹੋ ਗਈ ਹੈ। ਅੱਜ ਇਸ ਨੂੰ ਖਾਲਸੇ ਜੀ ਦੇ ਸਤਿਸੰਗ ਦੇ ਦੀਵਾਨ ਵਿਚ ਖੜਾ ਕਰ ਦਿਓ ਤੇ ਅੱਜੋ ਅੰਮ੍ਰਿਤ ਛਕਾਕੇ ਰਹਿਤ ਬਹਿਤ ਵਿਚ ਪੱਕਿਆਂ ਕਰਕੇ ਸੁਮਤਿ ਕੌਰ ਦੀ ਸੇਵਾ ਵਿਚ ਲਾ ਦਿਓ। ਇਸ ਹੁਕਮ ਦੀ ਤਾਮੀਲ ਕਰਨ ਤੋਂ ਪਹਿਲੇ ਮੰਤ੍ਰੀ ਨੇ ਬੜੇ ਅਦਬ ਅਤੇ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ ਇਹ ਵਿਮਲ ਵਿਰਾਗ ਕੌਰ ਦੇ ਹਰ ਵੇਲੇ ਦੇ ਉਪਦੇਸ਼ ਅਤੇ ਤਾੜਨਾ ਕਰਕੇ ਰਹਿਤ ਬਹਿਤ ਵਿਚ ਪੱਕੀ ਹੋ ਗਈ ਹੈ। ਦੀਵਾ ਵੱਟੀ ਤੇਲ ਨਾਲ ਸੁਵਾਰਿਆ ਗਿਆ ਹੈ ਕੇਵਲ ਅਗਨੀ ਜਗਾਉਣ ਦੀ ਲੋੜ ਸੀ, ਸੋ ਹਜ਼ੂਰ ਦੀ ਆਗਜਾ ਅਨੁਸਾਰ ਅੱਜ ਹੀ ਸਾਧ ਸੰਗਤ ਦੇ ਦਰੋਂ ਘਰੋਂ ਇਸਦਾ ਅੰਮ੍ਰਿਤ ਸੰਸਕਾਰ ਵੀ ਹੋ ਜਾਏਗਾ। ਇਹ ਕਹਿਕੇ ਮੱਥਾ ਟੇਕਕੇ ਹੁਕਮ ਅਨੁਸਾਰ ਆਕੇ ਸਾਧ ਸੰਗਤ ਵਿੱਚ ਸਨਿੰਮ੍ਰ ਬੇਨਤੀ ਕਰਕੇ ਰੂਪ ਕੌਰ ਨੂੰ ਇਸ਼ਨਾਨ ਕਰਾਕੇ ਸੁੱਧ ਬਸਤ੍ਰਾਂ ਨਾਲ ਸਨਮੁਖ ਖੜਾ ਕਰ ਦਿੱਤਾ। ਖਾਲਸਾ ਜੀ ਨੇ ਅਰਦਾਸਾ ਸੋਧਕੇ ਅੰਮ੍ਰਿਤ ਤਿਆਰ ਕਰਕੇ ਪੂਰਣ ਮ੍ਰਿਯਾਦਾ ਨਾਲ ਛਕਾਯਾ। ਨਾਮ ਬਾਣੀ ਤੇ ਰਹਿਤ ਬਹਿਤ ਦਾ ਉਪਦੇਸ਼ ਕੀਤਾ । ਅੰਮ੍ਰਿਤ ਸੰਸਕਾਰ ਤੋਂ ਉਪਰੰਤ ਰੂਪ ਕੌਰ ਨੂੰ ਵਿਮਲ ਵਿਰਾਗ ਕੌਰ, ਉਪਰਾਮ ਕੌਰ ਤੇ ਨਿਮਾਣੋ ਗੋਲੀ ਦੇ ਸਮੇਤ ਮੰਤ੍ਰੀ ਨੇ ਰਾਜ ਕੁਮਾਰ ਦੇ ਪੇਸ਼ ਕੀਤਾ ਅਤੇ ਬੇਨਤੀ ਕੀਤੀ ਕਿ ਮਹਾਂਰਾਜ ਦਾ ਹੁਕਮ ਹੈ ਕਿ ਇਸਨੂੰ ਅੰਮ੍ਰਿਤ ਸੰਸਕਾਰ ਹੋ ਗਿਆ ਹੈ, ਹੁਣ ਇਹ ਸੁਮਤਿ ਕੌਰ ਦੀ ਸੇਵਾ ਵਿਚ ਅੰਤ੍ਰੰਗ ਟਹਿਲਣ ਹੋਕੇ ਰਹੇ। ਇਸ ਪਰ ਰਾਜ ਕੁਮਾਰ ਨੇ ਦੋਇ ਕਰ ਜੋੜ ਪਰਮ ਅਧੀਨਗੀ ਨਾਲ ਮਹਾਰਾਜ ਦਾ ਹੁਕਮ ਪ੍ਰਵਾਨ ਕੀਤਾ ਤੇ ਸੁਮਤਿ ਕੌਰ ਵੱਲ ਭੀ ਪ੍ਰਵਾਨਗੀ ਲਈ ਹੁਕਮ ਭਰੀ ਨਿਗਾਹ ਕੀਤੀ॥

ਸੁਮਤੀ ਨੇ ਹੱਥ ਜੋੜਕੇ ਬੇਨਤੀ ਕੀਤੀ:—

‘ਜੋ ਤਿਸੁ ਭਾਵੇ ਨਾਨਕਾ ਸਾਈ ਗਲ ਚੰਗੀ॥’’

ਇਸ ਪਰ ਰੂਪ ਕੌਰ ਨੇ ਹੱਥ ਜੋੜਕੇ ਗਲ ਵਿੱਚ ਪੱਲਾ ਪਾਕੇ ਬੜੀ ਅਧੀਨਤਾ ਨਾਲ ਆਪਣੀ ਇਸ ਵੇਲੇ ਦੀ ਦਸ਼ਾ ਪਰ ਇਹ ਸ਼ਬਦ ਪੜ੍ਹਿਆ:—

Digitized by Panjab Digital Library | www.panjabdigilib.org

ਸਿਮਰਿ ਸਿਮਰਿ ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ ॥ ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ ॥ ੧ ॥ ਜਗ ਜੀਵਨ ਨਾਮੁ ਤੁਮਾਰਾ॥ ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ ॥ ੧ ॥ ਰਹਾਉ ॥ ਤੂ ਹੈ ਮੰਤ੍ਰੀ ਸੁਨਹਿ ਪ੍ਰਭ ਤੂ ਹੈ ਸਭੁ ਕਿਛੁ ਕਰਣੈ ਹਾਰਾ ॥ ਤੂ ਆਪੇ ਦਾਤਾ ਆਪੇ ਭੁਗਤਾ ਕਿਆ ਇਹੁ ਜੰਤੁ ਵਿਚਾਰਾ ॥ ੨ ॥ ਕਿਆ ਗੁਣ ਤੇਰੇ ਆਖਿ ਵਖਾਣੀ ਕੀਮਤਿ ਕਹਣੁ ਨ ਜਾਈ ॥ ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ ॥ ੩ ॥ ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ ਪਤਿ ਮਤਿ ਕੀਨੀ ਪੂਰੀ ॥ ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥ ੪ ॥ ੧੩ ॥ ੬੩ ॥ [ਸੋਰਠ ਮਃ ੫

ਇਸ ਦਿਨ ਤੋਂ ਰੂਪ ਕੌਰ ਸੁਮਤੀ ਦੀ ਸੰਗਤ ਵਿੱਚ ਰਹਿਕੇ ਸੁਮਤੀ ਦਾ ਰੂਪ ਹੋ ਗਈ। ਸੇਵਾ ਕਰਨ ਵਿੱਚ ਤਾਂ ਅੱਗੇ ਹੀ ਅਥੱਕ ਅਤੇ ਨਿਰਾਲਸ ਸੀ, ਹੁਣ ਸੁਮਤੀ ਨੇ ਏਕਾਗ੍ਰ ਹੋਕੇ ਬਾਣੀ ਪੜ੍ਹਨੀ ਅਤੇ ਸੇਵਾ ਕਰਨੇ ਦੇ ਹੋਰ ਉੱਤਮ ਢੰਗ ਸਿਖਾਏ। ਮਨ ਬਾਣੀ ਅਤੇ ਸੁਰਤਿ ਇਨ੍ਹਾਂ ਦੀ ਇਕ ਲਿਵ (ਤਾਰ) ਦੇ ਢੰਗ ਸਮਝਾਏ। ਇਸ ਵੇਲੇ ਰੂਪ ਕੌਰ ਦੀ ਦਸ਼ਾ ਠੀਕ ਇਸ ਸ਼ਬਦ ਦੇ ਅਨੁਸਾਰ ਹੋ ਗਈ:—

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹੁ ਅਪੁਨੈ ਗ੍ਰਿਹ ਭੀਤਰਿ ਵਾਰੇ ॥ ਜਨਮ ਮਰਨ ਦੂਕ ਸਭਿ ਭਾਗੇ॥ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥ ੧ ॥ ਰਹਾਉ ॥ ਸਭ ਕੀ ਰੇਨੁ ਹੋਇ ਰਹੈ ਮਨੁਆ ਸਗਲੇ ਦੀਸਹਿ ਮੀਤ ਪਿਆਰੇ ॥ ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥ ੨ ॥ ਏਕੈ ਏਕੁ ਆਪਿ ਇਕੁ ਏਕੈਏਕੈ ਹੈ ਸਗਲਾ ਪਾਸਾਰੋ॥ ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥ ੩ ॥ ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥ ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥ ੪ ॥ ੩੬ ॥ [ਆਸਾ ਮਹਲਾ ੫

ਅਤੇ ਰਾਜਕੁਮਾਰ ਦੀ ਇਹ ਅਵਸਥਾ ਹੋਈ:—

ਮਨ ਤੇ ਭੈ ਭਉ ਦੂਰਿ ਪਰਾਇਓ ॥ ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ ॥ ੧ ॥ ਰਹਾਉ ॥ ਗੁਰਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥ ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ ॥ ੧ ॥ ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥ ਕਰਨਾ ਆਪਿ ਕਰਾਵਨ ਆਪੇ ਕਹੁ ਨਾਨੰਕ ਆਪਿ ਆਪਾਇਓ ॥ ੨ ॥ ੩੦ ॥ ੫੩ ॥ [ਸਾਰੰਗ ਮਃ ੫

—o—

ਭਾਈ ਦਿਵਾਕਰ ਸਿੰਘ ਜੀ ਨੇ ਚੇਤਾ ਕੇ ਆਖਿਆ—ਸਰਦਾਰ ਅਲਬੇਲਾ ਸਿੰਘ ਜੀ! ਸਾਨੂੰ ਤਾਂ ਇਜੇਹੇ ਮੋਟੇ ਸੋਟੇ ਨਾਵਲ ਆਉਂਦੇ ਹਨ, ਹੁਣ ਤੁਸੀਂ ਦੱਸੋ ਇਹ ਨਾਵਲ ਕੁਝ ਤੁਹਾਡੇ ਪਸੰਦ ਵੀ ਆਇਆ ਹੈ ਕਿ ਨਹੀਂ ?

ਅਲਬੇਲਾ ਸਿੰਘ ਹਥ ਜੋੜਕੇ ਕਹਿਣ ਲਗਾ—ਮਹਾਰਾਜ ਜੀ! ਇਹ ਤਾਂ ਅਣੋਖਾ ਨਾਵਲ ਸੁਣਿਆ ਹੈ ਅਤੇ ਮਤਲਬ ਬੀ ਇਸ ਵਿਚ ਕੋਈ ਅਨੋਖਾ ਹੀ ਹੈ।

ਸਰਦਾਰ ਅਪਰਮਿੱਤ ਸਿੰਘ ਹੁਰੀਂ ਬੋਲੇ—ਜੇ ਕਦੀ ਹੋਰ ਭੀ ਇਜੇਹੇ ਨਾਵਲ ਹੋਣ ਤਾਂ

Digitized by Panjab Digital Library | www.panjabdigilib.org

ਪਰਮਾਰਥ ਦਾ ਤਾਂ ਕੁਝ ਸਵਰ ਜਾਵੇ, ਪਰ ਅਫਸੋਸ ਹੈ ਕਿ ਹੋਰ ਨਾਵਲ ਨਿਰੇ ਹਾਹਾ ਹੀ ਹੀ ਕਰਾਉਣ ਵਾਲੇ ਹੀ ਹੁੰਦੇ ਹਨ। ਅਸੀਂ ਤਾਂ ਜਾਣਨੇ ਹਾਂ ਇਹ ਨਾਵਲ ਸਤਿਸੰਗੀ ਪੁਰਸ਼ਾਂ ਦੇ ਸੁਣਨੇ ਪੜ੍ਹਨੇ ਲਾਇਕ ਹੈ।

ਭਾਈ ਜੀ–ਇਸ ਗਲ ਵਿਚ ਕੀ ਸ਼ੱਕ ਹੈ, ਪਰ ਜੇ ਕਦੀ ਸਰਦਾਰ ਅਲਬੇਲਾ ਸਿੰਘ ਹੁਰੀਂ ਪਸਿੰਦ ਕਰਨ ਤਾਂ ਠੀਕ ਹੈ, ਨਹੀਂ ਤਾਂ ਕੁਝ ਨਾਂ।

ਅਲਬੇਲਾ ਸਿੰਘ–ਜੀ, ਭਲਾ ਮੈਂ ਕਿਉਂ ਨਾਂ ਪਸੰਦ ਕਰਾਂ ? ਇਹ ਪੰਜਾਬੀ ਵਿਦਿਆ ਦਾ ਮੁੱਢ ਬੰਨ੍ਹਣ ਵਾਲਾ ਪ੍ਰੇਮ ਗ੍ਰੰਥ ਹੈ। ਕਿੱਸੇ ਕਹਾਣੀਆਂ ਦੇ ਨਾਵਲ ਨਿਕਾਰੇ ਇਸ ਪਵਿੱਤ੍ਰ ਪੁਸਤਕ ਦੇ ਅੱਗੇ ਹੀ ਕੀ ਹਕੀਕਤ ਰਖਦੇ ਹਨ। ਇਸ ਦਾ ਗਹਿਰਾ ਮਤਲਬ ਖੋਜੀਆਂ ਨੂੰ ਪਰਮਾਰਥ ਦੇ ਸਿੱਧੇ ਰਸਤੇ ਪਾ ਦੇਣ ਵਾਲਾ ਹੈ। ਪੜ੍ਹਨ ਵਾਲਿਆਂ ਨੂੰ ਇਕ ਲੜਾਈ ਭਿੜਾਈ ਦੀ ਕਹਾਣੀ ਤੇ ਸੁਵਾਦਲੀ ਬਣਤ ਦਾ ਉੱਤਮ ਰੂਖ ਪ੍ਰਸੰਨ ਕਰਨ ਵਾਲਾ ਹੈ।

ਭਾਈ ਦਿਵਾਕਰ ਸਿੰਘ ਜੀ ਨੇ ਹੱਸਕੇ ਆਖਿਆ–ਨਿੱਕਿਆ ਤੇਰੀ ਸਮਝ ਬਹੁਤ ਬਰੀਕ ਹੈ, ਭਰੋਸਾ ਹੈ ਗੁਰੂ ਕਿਰਪਾ ਕਰੇ ਤੇ ਤੂੰ ਕਿਸੇ ਚੰਗੇਰੇ ਕੰਮ ਤੇ ਹੋਵੇਂ ਤਾਂ ਤੇਰੇ ਹੱਥੋਂ ਚੰਗੇ ਬੁੱਧਿਮਤਾ ਵਾਲੇ ਕੰਮ ਹੋਣਗੇ। ਲੈ ਹੁਣ ਨਾਵਲਾਂ ਵਿਚ ਦੀਦੇ ਘੋਰੀ ਕਰਨ ਨੂੰ ਮੱਥਾ ਟੇਕੋ, ਓਹੋ ਵਿਹਲਾ ਵੇਲਾ ਗੁਰਬਾਣੀ ਵਿਚ ਸਫਲ ਕਰੋ ਤੇ ਆਓ ਹੁਣ ਇਸ ਸ਼ਬਦ ਨੂੰ ਸੱਭੇ ਮਿਲਕੇ ਪੜ੍ਹੀਏ:–

ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ ॥ ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥ ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥ ੬ ॥ [ਮਾਰੂ ਵਾਰ ਮਃ ਪ

—o—

ਸਿੱਧਾਂਤ

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥ ੩ ॥ ਕੋਈ ਗਾਵੈ ਕੋ ਸੁਣੈ ਹਰਿਨਾਮਾ ਚਿਤੁ ਲਾਇ ॥ ਕਹੁ ਕਬੀਰ ਸੰਸਾ ਨਹੀ ਅੰਤਿ ਪਰਮਗਤਿ ਪਾਇ ॥ ੪ ॥ ੧ ॥ ੪ ॥ ੫੫ ॥ [ਗਉੜੀ ਕਬੀਰ ਜੀ

ਸਮਾਪਤ

Digitized by Panjab Digital Library | www.panjabdigilib.org

੧੧.

ਨੀਤੀ ਵਾਰਤਾ

ਤੇ

ਉਨ੍ਹਾਂ ਦੀ ਸਿਖਜਾ

ਸੂਚਨਾ–ਇਸ ਉਪਰ ਲਿਖੇ ਨਾਮ ਦਾ ਇਕ ਮਾਮੂਲੀ ਖਰੜਾ ਕਿਸੇ ਮਿਡਲ ਸਕੂਲ ਦੇ ਇਕ ਵਿਦਯਾਰਥੀ ਨੇ ਲਿਖਕੇ ਖਾਲਸਾ ਟ੍ਰੈਕਟ ਸੁਸਾਇਟੀ ਨੂੰ ਘੱਲਿਆ ਸੀ ਅਤੇ ਇਹ ਉਸ ਦਸ਼ਾ ਵਿਚ ਸੁਸਾਇਟੀ ਦੇ ਛਾਪਣ ਦੇ ਉੱਕਾ ਯੋਗ ਨਹੀਂ ਸੀ। ਸੁਸਾਇਟੀ ਨੇ ਸੋਧ ਹਿਤ ਡਾਕਟਰ ਸਾਹਿਬ ਜੀ ਨੂੰ ਦਿੱਤਾ, ਪਰ ਡਾਕਟਰ ਸਾਹਿਬ ਜੀ ਨੇ ਇਸ ਨੂੰ ਐਸਾ ਸੋਧਿਆ ਕਿ ਲਗ ਪਗ ਨਵਾਂ ਹੀ ਬਣਾ ਦਿੱਤਾ। ਗੁਰਬਾਣੀ ਦੇ ਪ੍ਰਮਾਣਾਂ ਨਾਲ ਭੂਸ਼ਿਤ ਕਰ ਦਿਤਾ, ਬੋਲੀ ਦੇ ਗਹਿਣੇ ਪਾਕੇ ਇਬਾਰਤ ਬੀ ਤਕਰੀਬਨ ਸਾਰੀ ਦੀ ਸਾਰੀ ਨਵੀਂ ਬਣਾ ਦਿੱਤੀ ਤੇ ਹਰ ਇਕ ਵਾਰਤਾ ਨਾਲ ਸਿਖਜਾ ਲਿਖ ਦਿੱਤੀ ਜਿਸ ਦਾ ਸਿੱਟਾ ਇਹ ਹੋਇਆ ਕਿ ਵਾਰਤਾ ਦੇ ਨਿਰਜੀਵ ਕਲਬੂਤ ਵਿਚ ਸਾਹਿਤਕ ਰੂਹ ਫੁਕ ਕੇ ਇਕ ਜਿਉਂਦੀ ਜਾਗਦੀ ਸਿਖਜਾ ਪ੍ਰਦਾਤੀ ਰਚਨਾ ਪੈਦਾ ਹੋ ਗਈ, ਜੋ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ: ੨੩੨ ਤੇ ੨੩੫ ਦੇ ਭਾਗਾਂ ਵਿਚ ਸੰਨ ੧੯੦੪ ਵਿਚ ਪ੍ਰਕਾਸ਼ਤ ਹੋਈ। [ਸੰਪਾਦਕ

Digitized by Panjab Digital Library | www.panjabdigilib.org

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਨੀਤੀ ਵਾਰਤਾ

[ਭਾਗ ਪਹਿਲਾ]

੧.

ਇਕੋਰਾਂ ਦੀ ਵਾਰਤਾ ਹੈ ਕਿ ਇਕ ਮਸਤਾਨਾ ਪੁਰਖ ਆਪਣੀ ਮੌਜ ਵਿਚ ਵਿਚਰਦਾ ਸੰਧਯਾ ਵੇਲੇ ਚੋਬਦਾਰਾਂ ਦੀ ਨਜ਼ਰ ਤੋਂ ਬੇਖਬਰ ਬਾਦਸ਼ਾਹ ਦੇ ਮਹਲ ਅੰਦਰ ਲੰਘ ਗਿਆ। ਘੁਸਮੁਸਾ ਵੇਲਾ ਸੀ, ਪਹਿਰੇ ਹਰ ਵੇਲੇ ਮਜ਼ਬੂਤ ਰਹਿੰਦੇ ਸਨ, ਅੰਦਰਲੇ ਲੋਕਾਂਨੂੰ ਕਦੀ ਵੀ ਓਪਰੇ ਆਦਮੀ ਦਾ ਅੰਦਰ ਲੰਘ ਆਉਣੇ ਦਾ ਭਰਮ ਨਹੀਂ ਪੈ ਸਕਦਾ ਸੀ। ਮਸਤਾਨਾ ਮਹਿਲਾਂ ਵਿਚ ਏਧਰ ਔਧਰ ਥੋੜਾ ਜੇਹਾ ਚਿਰ ਘੁੰਮ ਕੇ ਪਾਤਸ਼ਾਹ ਲਈ ਜੋ ਨਰਮ ਨਰਮ ਫੁਲਾਂ ਦੀ ਸੇਜ ਬਣਾਈ ਗਈ ਸੀ, ਉਸ ਪਰ ਲੇਟ ਗਿਆ। ਫੁਲਾਂ ਦੀ ਭਿੰਨੀ ਭਿੰਨੀ ਮਸਤ ਸੁਗੰਧੀ ਨੇ ਮਸਤਾਨੇ ਨੂੰ ਹੋਰ ਵੀ ਮਸਤ ਕੀਤਾ। ਇਹ ਨਿਰੀ ਮਸਤੀ ਹੀ ਨਹੀਂ ਸੀ, ਸਗੋਂ ਬਿਹੋਸ਼ੀ ਅਥਵਾ ਗਾਹੜੀ ਨੀਂਦ ਸੀ, ਜਿਸ ਕਰਕੇ ਮਸਤਾਨੇ ਨੂੰ ਆਪਣੇ ਸਰੀਰ ਅਤੇ ਰਾਜ ਮਹਲ ਦੀ ਕੋਈ ਖਬਰ ਨਾ ਰਹੀ। ਜਦ ਕੁਝ ਰਾਤ ਬੀਤੀ, ਆਪਣੇ ਨੇਮ ਅਨੁਸਾਰ ਬਾਦਸ਼ਾਹ ਆਰਾਮ ਕਰਨ ਲਈ ਬੇਗਮਾਂ ਸਮੇਤ ਉਸ ਸੇਜਾ ਪਾਸ ਆਇਆ ਤਾਂ ਸੇਜਾ ਤੇ ਇਕ ਓਪਰਾ ਆਦਮੀ ਘੂਕ ਸੁੱਤਾ ਪਿਆ ਦਿੱਸਿਆ। ਬਾਦਸ਼ਾਹ ਨੂੰ ਦੇਖਦਿਆਂ ਹੀ ਚੜ੍ਹ ਗਿਆ ਅਤੇ ਹਥਲੀ ਕਮਚੀ ਨਾਲ ਸੌਣ ਵਾਲੇ ਦੀ ਮਸਤੀ ਝਾੜੀ। ਮਸਤਾਨੇ ਹੁਰੀਂ ਚੌਂਕੇ ਤੇ ਚੀਕਾਂ ਮਾਰਦੇ ਉਠੇ। ਝੱਟ ਸੇਜ ਤੋਂ ਉਤਰੇ ਅਤੇ ਖੁੱਲ੍ਹੇ ਮੂੰਹ ਬੋਲ ਉਠੇ—ਹਾਇ, ਇਸ ਸੇਜ ਪਰ ਇਕ ਘੜੀ ਭਰ ਸੌਣ ਵਾਲੇ ਦੀ ਇਹ ਦੁਰਗਤੀ ਹੋਈ ਹੈ, ਹੇ ਕਰਤਾਰ! ਜਿਹੜੇ ਪੁਰਖ ਨਿੱਤ ਇਜੇਹੀਆਂ ਸੇਜਾ ਪਰ ਸਉਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ? ਇਹ ਗਲ ਨਹੀਂ ਸੀ, ਇਹ ਇਕ ਤਿੱਖਾ ਤੀਰ ਸੀ, ਜਿਸਨਾਲ ਬਾਦਸ਼ਾਹ ਦਾ ਕਲੇਜਾ ਵਿੰਨ੍ਹਿਆ ਗਿਆ। ਬਾਦਸ਼ਾਹ ਨੇ ਬਹੁਤ ਛੇਤੀ ਮਸਤਾਨੇ ਦੇ ਪੈਰ ਫੜ ਲਏ ਤੇ ਅਪਣੀ ਭੁੱਲ ਬਖਸ਼ਾਈ। ਇਹ ਮਸਤਾਨਾ ਇਕ ਚੰਗਾ ਸਾਧੂ ਸੀ ਉਸ ਦੇ ਉਪਦੇਸ਼ ਨਾਲ ਬਾਦਸ਼ਾਹ ਨੇ ਬਾਦਸ਼ਾਹੀ ਉਸੇ ਵੇਲੇ ਤਜਾਗ ਦਿੱਤੀ ਅਤੇ ਓਸੇ ਮਸਤਾਨੇ ਦੀ ਮਸਤੀ ਵਿਚ ਮਸਤ ਹੋਣ ਲਈ ਜਗਤ ਦੀਆਂ ਮਸਤੀਆਂ ਅਤੇ ਖਰ-ਮਸਤੀਆਂ ਦਾ ਤਿਆਗ ਕਰ ਦਿੱਤਾ ਤੇ ਉਸ ਮਸਤਾਨੇ ਜੇਹਾ ਮਸਤਮੌਲਾ ਬਣਕੇ ਬਣ ਨੂੰ ਨਿਕਲ ਗਿਆ।

ਸਿਖਜ਼ਾ—ਇਹ ਸੰਤਾਂ ਦਾ ਸਹਿਜ ਸੁਭਾਉ।
ਸ਼ਰਨ ਆਏ ਨੂੰ ਲੈ ਗਲ ਲਾਉ।
ਜਿਸਨੂੰ ਦੇਖਣ ਕਰਨ ਨਿਹਾਲ।

Digitized by Panjab Digital Library | www.panjabdigilib.org

ਪਰ ਅਗਲੇ ਦੀ ਕਿਸਮਤ ਨਾਲ।

"ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥" [ਸ੍ਰੀਮਃ ਪ

ਸ੍ਰੀ ਸਤਿਗੁਰ ਨੇ ਇਉਂ ਫੁਰਮਾਯਾ।

ਪੂਰੇ ਸਤਿਗੁਰ ਬਾਨ ਜੁ ਬਾਹਿਆਃ-

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥ ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੈ ਛੇਕੁ ॥ ੧੫੭ ॥ [ਸਲੋਕ ਕਬੀਰ ਜੀ

ਤਾਂਤੇ ਸੰਤਨ ਸੰਗ ਕਰੀਜੈ।
ਜਦ ਤਕ ਇਸ ਦੁਨੀਆਂ ਵਿਚ ਜੀਜੈ।
ਬਿਨ ਸਤਿਸੰਗ ਨ ਕਿਨਹੀ ਪਾਇਆ।
ਪਾਇਆ ਸੰਤ ਦੁਆਰੇ ਪਾਇਆ।
ਤਾਂਤੇ ਸੰਤਨ ਧੂਰੀ ਚਾਹੋ।
ਸੰਤ ਸਰਣ ਬਿਨ ਅਵਰ ਨ ਰਾਹੋ।

ਕਬੀਰਇਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ੨੩੨ ॥ [ਸਲੋਕ ਕਬੀਰ ਜੀ

੨.

ਇਕ ਜਵਾਨ ਭਰਮੀ ਪੁਰਖ ਆਪਣੇ ਪਿੰਡੋਂ ਕਿਸੇ ਕਾਰਜ ਲਈ ਦੂਜੇ ਦੁਰਾਡੇ ਪਿੰਡ ਵਲ ਚਲਿਆ। ਘਰੋਂ ਟੁਰਨ ਵੇਲੇ ਰਾਹ ਵਿੱਚ ਖਾਣ ਲਈ ਮਾਂ ਨੇ ਸੱਤ ਰੋਟੀਆਂ ਨਾਨਕ ਸ਼ਾਹੀ ਪਕਾ ਦਿੱਤੀਆਂ ਅਤੇ ਸਿੱਖਿਆ ਦਿੱਤੀ ਕਿ ਕਲਿਜੁਗ ਦਾ ਸਮਾਂ ਬੀਤ ਰਿਹਾ ਹੈ, ਕਿਸੇ ਨੂੰ ਸਾਥੀ ਨਹੀਂ ਬਨਾਉਣਾ, ਕਿਉਂਕਿ ਲੋਕੀਂ ਪਹਿਲੇ ਨਾਲ ਰਲਦੇ ਹਨ ਫਿਰ ਸੁਭਾਉ ਨਾਲ ਮੇਲਦੇ ਹਨ, ਉਪਰੰਤ ਵਿਸਾਹਘਾਤ ਕਰਦੇ ਹਨ। ਸੋ ਉਹ ਰੋਟੀਆਂ ਅਤੇ ਸਿੱਖਿਆ ਗੰਢੀ ਬੰਨ੍ਹ ਕੇ ਟੁਰ ਪਿਆ। ਜਦ ਕੋਈ ਅੱਧੀਕੁ ਵਾਟ ਲੰਘ ਗਿਆ ਤੇ ਅਚਾਨਕ ਪਿੱਛੇ ਪਰਤ ਕੇ ਦੇਖਿਆ ਤਾਂ ਚੋਰ ਵਾਂਗੂੰ ਪਰਛਾਵਾਂ ਪਿੱਛੇ ਚਲਿਆ ਆਉਂਦਾ ਹੈ, ਉੱਥੇ ਹੀ ਮੁੰਹ ਫੇਰ ਕੇ ਖੜੋ ਗਿਆ। ਮਾਤਾ ਦੀ ਕਹੀ ਗੱਲ ਨੂੰ ਚੇਤੇ ਕਰਕੇ ਪਰਛਾਵੇਂ ਨੂੰ ਕਹਿਣ ਲੱਗਾ ਭਾਈ ਭਲਿਆ ਪੁਰਖਾ! ਤੂੰ ਅਸਾਡਾ ਪਿੱਛਾ ਛੱਡ ਦੇਹ, ਮੇਰੀ ਤੇਰੀ ਕੋਈ ਜਾਣ ਪਹਿਚਾਣ ਨਹੀਂ, ਤੂੰ ਆਪਣੇ ਰਾਹ ਜਾਹ, ਮੈਂ ਆਪਣੇ ਰਾਹ ਲੱਗਾਂ। ਜੇ ਭੁੱਖ ਨੇ ਦੁਖੀ ਕੀਤਾ ਹੈ ਤਾਂ ਔਹ ਲੈ ਇਕ ਰੋਟੀ, ਮੈਂ ਛੀਆਂ ਨਾਲ ਹੀ ਗੁਜ਼ਾਰਾ ਕਰਲਵਾਂਗਾ।ਇਹ ਕਹਿਕੇ ਇਕਰੋਟੀ ਸੁੱਟ ਦਿੱਤੀ ਤੇ ਆਪ ਟੁਰ ਪਿਆ। ਅਜੇ ਕੋਹ ਕੁ ਵਾਟ ਨਹੀਂ ਗਿਆ ਸੀ ਕਿ ਚੇਤਾ ਆ ਗਿਆ ਭਈ ਹੁਣ ਓਹ ਪਿਛੇ ਲੱਗਾ ਪਿੱਛੇ ਹੈ ਕਿ ਰੋਟੀ ਲੈਕੇ ਚਲਾ ਗਿਆ। ਜਾਂ ਪਰਤ ਕੇ ਦੇਖਿਆ ਤਾਂ ਸਾਯਾ ਸਚਮੁਚ ਭੂਤ ਵਾਂਕਰਪਿੱਛੇ ਹੀ ਪਿਆ ਆਉਂਦਾ ਹੈ। ਦੇਖਕੇ ਆਪ ਡਰੇ ਤੇ ਝਿਜਕੇ ਫਿਰ ਖੜੋ ਗਏ ਤੇ ਕਹਿਣ ਲੱਗੇ ਜੇ ਤੁਸੀਂ ਭੁੱਖੇ ਹੋ ਇੱਕ ਰੋਟੀ ਨਾਲ ਨਹੀਂ ਰੱਜੇ ਤਾਂ ਇੱਕ ਰੋਟੀ ਹੋਰ ਲੈ ਲਓ ਪਰ ਸਾਡਾ ਪਿਛਾ ਛੱਡ ਦਿਓ। ਇਹ ਕਹਿੰਦੇ ਹੋਏ ਨੇ ਇੱਕ ਰੋਟੀ ਹੋਰ ਪੁਜਾ ਕੀਤੀ ਤੇ ਤੁਰਪਿਆ। ਥੋੜੀ ਦੂਰ ਚੱਲਕੇ ਪਹਿਲੇਵਾਕਰਫਿਰ ਝਾਕਿਆ ਤਾਂ ਠੀਕ ਛਾਯਾ ਵਾਕਰ ਹੀ ਪਰਛਾਵਾਂ ਨਾਲ ਆਪ ਨੇ ਬੜੀ ਅਧੀਨਗੀ ਅਤੇ ਮਿੰਨਤਾਂ ਤਰਲੇ ਕਰਕੇ ਤੀਜੀ ਰੋਟੀ ਹੋਰ ਪ੍ਰਦਾਨ ਕੀਤੀ। ਮੁਕਦੀ ਗੱਲ ਇੱਕੁਰ ਹੀ ਇਕ ਤੋਂ ਉਪ੍ਰੰਤ ਦੂਜੀ ਤੀਜੀ ਰੋਟੀ ਕਰਕੇ ਸੱਤੇ ਹੀ ਰੋਟੀਆਂ ਪਰਛਾਵੇਂ ਦੇ ਅਰਪਨ ਕਰ ਦਿੱਤੀਆਂ। ਇੰਨੇ ਤਾਈਂ ਦੇਵਨੇਤ ਨਾਲ ਸੂਰਜ ਦੇ ਅੱਗੇ ਫਿਰਦਾ ਫਿਰਦਾ ਬੱਦਲ ਆ ਗਿਆ। ਝੜ ਹੁੰਦਿਆਂ ਹੀ ਪਰਛਾਵੇਂ ਹੁਰੀਂ ਅਲੋਪ ਹੋ ਗਏ। ਜਵਾਨ ਪੁਰਖ ਪ੍ਰਸੰਨ ਹੋਇਆ ਤੇ ਕਰਤਾਰ ਦਾ ਧੰਨਵਾਦ ਕੀਤਾ। ਭਈ ਕਿਵੇਂ ਇਹ ਬਲਾ ਮਗਰੋਂ ਲੱਥੀ ਹੈ ਅਤੇ ਕਹਿਣ ਲੱਗਾ-ਨਾਮੁਰਾਦ ਸੱਤੇ

Digitized by Panjab Digital Library | www.panjabdigilib.org

ਹੀ ਰੋਟੀਆਂ ਲੈਕੇ ਪਿੱਛੋਂ ਹਟਿਆ, ਨਹੀਂ ਤਾਂ ਪਿੱਛਾ ਹੀ ਕਰੀ ਚਲਿਆ ਆਉਂਦਾ ਸਾ।

ਸਿਖਜਾ:—ਸਤਗੁਰ ਸਿਖੈ ਭਰਮ ਨਕਰਨਾ।
ਭਰਮ ਹਨੇਰਾ ਦੁਖ ਵਿਚ ਮਰਨਾ।
ਕੁਈ ਨ ਦੂਜਾ ਦੇਇ ਸੰਤਾਪ।
ਭਰਮ ਆਪਣਾ ਚਾੜ੍ਹੈ ਤਾਪ।
ਭੇਦ ਭਰਮ ਸਭ ਬੰਧਨ ਤਿਆਗੈ।
ਕੇਵਲ ਨਾਮ ਕੀਰਤਨ ਸੰਗ ਰਾਚੈ।
ਤੇਰੇ ਭਰਮ ਮਨੋਤਾਂ ਤੇਰੀ।
ਪਰਛਾਵੇਂ ਜਿਉਂ ਘੋਰ ਚੁਫੇਰੀ।
ਫੇਰੀ ਦੇਂਦੇ ਜਨਮਨ ਕੇਰੀ।
ਦੁਰਗਤ ਦਿਨ ਦਿਨ ਹੋਵੈ ਤੇਰੀ।
ਜੇਤੂੰ ਸ਼ਤਿਗੁਰ ਬਚਨ ਕਮਾਵੈਂ।
ਭਰਮ ਹਨੇਰੇ ਸਗਲ ਗੁਵਾਵੈਂ।
ਇਸ ਮਾਇਆ ਦੇ ਬੰਧਨ ਟੁੱਟਨ।
ਹਰਖ ਤਾਪ ਤੇਰੇ ਸਾਰੇ ਛੁੱਟਨ।

"ਹਰਿ ਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ॥ ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ॥" [ਬਿਲਾਵਲ ਮਃ ੫

੩.

ਇਕੇਰਾਂ ਦੀ ਗਲ ਹੈ ਇਕ ਸ਼ਾਹੂਕਾਰ ਨੇ ਆਪਣੇ ਲਹਿਣੇ ਲੈਣ ਲਈ ਅਪਣੇ ਕਰਜ਼ਾਈ ਤੇ ਅਰਜ਼ੀ ਪਾਈ। ਜਦੋਂ ਕਚਹਿਰੀ ਵਿਚ ਪੇਸ਼ ਹੋਏ ਤਾਂ ਕਰਜ਼ਾਈ ਨੇ ਉਸਦੇ ਹੱਥਾਂ ਦੀ ਰਸੀਦ ਹਾਕਮ ਨੂੰ ਦਿਖਾਈ ਤੇ ਆਖਿਆ—ਮੈਂ ਇਸਦਾ ਦੇਣਾ ਸਾਰਾ ਦੇ ਚੁਕਾ ਹੋਇਆ ਹਾਂ। ਜਦ ਸ਼ਾਹੂਕਾਰ ਨੇ ਦੇਖਿਆ ਭਈ ਮੇਰਾ ਮੁਕੱਦਮਾ ਤਾਂ ਹੁਣ ਹਾਰ ਚੱਲਿਆ ਹੈ ਤਾਂ ਓਹ ਰਸੀਦ ਤੋਂ ਮੁਕਰ ਗਿਆ ਤੇ ਕਹਿਣ ਲੱਗਾ ਕਿ ਮੈਂ ਤਾਂ ਅਨਪੜ੍ਹ ਹੈਗਾ ਹਾਂ, ਲਿਖਨਾ ਪੜ੍ਹਨਾ ਸਿਖਿਆ ਹੀ ਨਹੀਂ, ਹਟੀ ਦਾ ਵਹੀ ਖਾਤਾ ਕਾਗਜ਼ੀ ਕਰਦਾ ਹੈ, ਇਹ ਰਸੀਦ ਝੂਠੀ ਹੈ। ਇਹ ਉਸਦੀ ਬਣਾਉਟੀ ਗਲ ਹਾਕਮ ਨੂੰ ਸੁੱਝ ਗਈ, ਤਾਂ ਹਾਕਮ ਨੇ ਦੂਜੀ ਤੀਜੀ ਵੇਰ ਉਸਤੋਂ ਇਹੋ ਗਲ ਕਹਾਈ ਤੇ ਉਸਦਾ ਬਿਆਨ ਲਿਖਕੇਪਿਛੋਂ ਆਖਿਆ—ਜੋ ਹੇਠਾਂ ਦਸਖਤ ਕਰ ਦੇਹ।ਸ਼ਾਹੂਕਾਰ ਨੇ ਜਾਤਾ ਜੋ ਮੇਰਾਝੂਠਬਾਂ ਪਿਆ। ਹਾਕਮ ਮੇਰੀ ਗੱਲ ਮੰਨ ਗਿਆ। ਝੱਟ ਕਲਮ ਫੜਕੇ ਹੇਠਾਂ ਆਪਣਾ ਨਾਂ ਲਿਖ ਦਿੱਤਾ। ਕਲਮ ਰੱਖਣ ਦੀ ਢਿੱਲ ਹੀ ਸੀ ਜੋ ਹਾਕਮ ਕਾਗਜ਼ ਚੁੱਕਕੇ ਹੱਸ ਪਿਆ ਤੇ ਕਹਿਣਲੱਗਾ—ਤੁਸਾਂ ਮੇਰੇ ਸਾਮ੍ਹਣੇ ਬਿਆਨਾਂ ਤੇ ਦਸਤਖਤ ਕੀਤੇ, ਤੁਸੀਂ ਪੜ੍ਹੇ ਹੋਏ ਹੋ, ਦਸਤਖਤ ਤੁਹਾਡੀਆਂ ਰਸੀਦਾਂ ਨਾਲ ਮਿਲ ਗਏ ਹਨ ਸੋ ਦੇਖ ਲਓ ਲਾਲਾ ਜੀ! ਝੂਠ ਦੇ ਪੈਰ ਨਹੀਂ ਹੁੰਦੇ, ਸੱਚ ਨਿੱਤਰ ਆਇਆ ਹੈ। ਸ਼ਾਹੂਕਾਰ ਇਹ ਗੱਲ ਸੁਣਕੇ ਬੜਾ ਸ਼ਰਮਿੰਦਾਹੋਇਆ ਤੇ ਸਿਰ ਨੀਵਾਂ ਕਰਕੇ ਪਤ ਆਬਰੋ ਕਚਹਿਰੀ ਦੇ ਚਪੜਾਸੀ ਦੇ ਹਵਾਲੇ ਕਰ ਕਮਰੇ ਤੋਂ ਬਾਹਰ ਹੋ ਗਿਆ।

ਸਿਖਜਾ:—ਆਪਣੇ ਮੁੰਹ ਥੀਂ ਆਪੇ ਝੂਠਾ।
ਬੋਲ ਵਿਗਾੜੇ ਮੂਰਖ ਘੁਠਾ।
ਸੱਚ ਲੁਕਾਵੇ ਆੜੇ ਕੂੜ।
ਉਘੜੇ ਕੂੜ ਅੰਤ ਨੂੰ ਮੂੜ।
ਫਿਰ ਸ਼ਰਮਿੰਦਾ ਰੰਦਾ ਹੋਵੇ।
ਪਤ ਪਰਤੀਤ ਸਗਲ ਹੀ ਖੋਵੇ।
ਤਾਂਤੇ ਸੱਚਾ ਕਰੋ ਵਿਚਾਰ।
ਹਲਤ ਪਲਤ ਨਹਿੰ ਆਵੇ ਹਾਰ।
ਸੱਤ ਧਰਮ ਸਮ ਹੋਰ ਨ ਕੋਈ।
ਸੱਚ ਸਹਾਯਕ ਸਭਨਾਂ ਹੋਈ।
"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥" [ਵਾਰ ਆਸਾ ਮਃ ੧

੪.

ਇਕੇਰਾਂ ਤਿੰਨ ਜਣੇ, ਵਧੀ ਹੋਈ ਅਕਲ

Digitized by Panjab Digital Library | www.panjabdigilib.org

ਵਾਲੇ, ਦਰਿਆ ਦੇ ਕੰਢੇ ਸੈਲ ਕਰ ਰਹੇ ਸਨ। ਇਕ ਨੇ ਖਿਆਲ ਪ੍ਰਗਟ ਕੀਤਾ, ਭਈ ਦੇਖੋ ਦੈਵਨੇਤ ਨਾਲ ਜੇ ਕਿਤੇ ਦਰਿਆ ਨੂੰ ਅੱਗ ਲੱਗ ਜਾਏ ਤਾਂ ਪਾਣੀ ਵਿੱਚ ਵੱਸਣ ਵਾਲੇ ਜੀਵ ਜੰਤੂ, ਮੱਛੀਆਂ, ਕੱਛੂ ਕਿੱਥੇ ਜਾਣ। ਦੂਜੇ ਨੇ ਛੇਤੀ ਨਾਲ ਆਖਿਆ ਕਿਨਾਰੇ ਕੋਈ ਝੱਲ ਬੇਲੇ ਦੀ ਕਮੀ ਹੈ। ਝੱਟ ਛਾਲਾਂ ਮਾਰਕੇ ਦਰਖਤਾਂ ਤੇ ਚੜ੍ਹ ਜਾਣਗੇ। ਤੀਜਾ ਬੋਲ ਉੱਠਿਆ ਇਹ ਭੀ ਕੋਈ ਗਾਈਆਂ ਮਹੀਆਂ ਹਨ ? ਬਈ ਦਰਖਤਾਂ ਤੇ ਚੜ੍ਹ ਜਾਣਗੀਆਂ। ਇਹ ਤੂੰ ਮੂਰਖਾਂ ਦੀਆਂ ਵੈਨਗੀਆਂ ਹਨ।

ਸਿਖਜਾ—ਚੁਣਵੀਂ ਵਧਵੀਂ ਅਕਲਾਂ ਵਾਲੇ
ਲੜਦੇ ਆਪੋ ਵਿੱਚ ਸੁਖਾਲੇ।
ਗਲ ਸੋਚਣ ਨਾ ਹੋਵਣ ਵਾਲੀ,
ਕਦੀ ਨ ਮੰਨਣ ਹੁਇ ਜੁ ਸੁਖਾਲੀ।
ਅਗ ਲਗੀ ਦਰੀਆਵਾਂ ਮੰਨਦੇ,
ਫਿਕਰ ਮਛੀਆਂ ਤੇ ਸਿਰ ਧੁਨਦੇ,
ਚੜ੍ਹਨ ਦਰਖਤਾਂ ਤੇ ਅਨੁਮਾਨਣ,
ਇਤ ਬਿਧ ਪਰਮਾਰਥ ਨੂੰ ਜਾਨਣ।
ਆਪੋ ਵਿਚ ਦੀ ਰੌਲਾ ਪਾਂਦੇ,
ਬ੍ਰਹਮ ਆਪਣਾ ਆਪ ਠਹਿਰਾਂਦੇ।
ਬਿਨਾ ਆਪ ਤੋਂ ਹੋਰ ਨ ਕੋਈ,
ਰਹਿਣ ਜਗਤ ਵਿਚ ਜਗਤ ਨਾ ਹੋਈ।
ਫਿਰ ਝਗੜਨ ਤੇ ਲੜਨ ਉਪਾਧੀ,
ਭੇਦ ਵਾਦ ਤੇ ਤਰਕ ਬਿਆਧੀ।
ਗੁਰ ਪਰਮੇਸਰ ਸਰ ਨਾ ਨ੍ਹਾਉਣ,
ਬਹ ਦਰਯਾਈਂ ਅੱਗ ਲਗਾਉਣ।

"ਸਰਮ ਧਰਮ ਕਾ ਭੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥" [ਵਾਰ ਆਸਾ ਮਃ ੧

ਪ.

ਇਕ ਮਦਰਸੇ ਵਿਚ ਦੋ ਮੁੰਡੇ ਪੜ੍ਹਦੇ ਸਨ, ਇਕ ਦਾ ਨਾਉਂ ਬੁੱਧੂ ਅਤੇ ਦੂਜੇ ਦਾ ਨਾਉਂ ਦਾਨਾ ਸੀ। ਇਕ ਦਿਨ ਦੋਵੇਂ ਬੈਠੇ ਆਪਣੀ ਪੜ੍ਹਾਈ ਯਾਦ ਕਰ ਰਹੇ ਸਨ ਕਿ ਬੁੱਧੂ ਨੇ ਦਾਨੇ ਨੂੰ ਪੁੱਛਿਆ—ਭਈ, ਜਿਸ ਕੰਮ ਲਈ ਪੰਦ੍ਰਾਂ ਆਦਮੀ ਚਾਹੀਏ ਜੇ ਕਦੀ ਉਹ ਕੰਮ ਅੱਧਾ ਕਰਨਾ ਹੋਵੇ ਤਾਂ ਕਿੰਨੇ ਆਦਮੀ ਹੋਣ ? ਦਾਨੇ ਨੇ ਆਖਿਆ— ਪੰਦ੍ਰਾਂ ਦਾ ਅੱਧ ਹੋਏ ਸਾਢੇ ਸੱਤ, ਪਰ ਇਕ ਮੁੰਡਾ ਜੁਵਾਨ ਆਦਮੀ ਤੋਂ ਅੱਧਾ ਕੰਮ ਕਰਦਾ ਹੈ, ਇਸ ਲਈ ਸਤ ਆਦਮੀ ਤੇ ਇਕ ਮੁੰਡਾ ਚਾਹੀਏ। ਬੁੱਧੂ ਨੇ ਸ਼ਾਬਾਸ਼ ਕਹੀ। ਥੋੜ੍ਹੇ ਚਿਰ ਪਿਛੋਂ ਦਾਨੇ ਨੇ ਪੁੱਛਿਆ—ਭਈ, ਪੰਜਾਬ ਵਿਚ ਤਾਂ ਸੁਣਨੇ ਹਾਂ ਕਿ ਛੀ ਦਰਿਆ ਹਨ ਫਿਰ ਇਸਦਾ ਨਾਉਂ ਪੰਜਾਬ ਕਿਸਤਰ੍ਹਾਂ ਰੱਖਿਆ ਗਿਆ ? ਬੁੱਧੂ ਨੇ ਆਖਿਆ ਭਈ ਪੁਰਾਣੇ ਦਰਯਾ ਤਾਂ ਪੰਜੇ ਹੀ ਹੋਣੇ ਹਨ, ਛੀਵਾਂ ਦਰਯਾ ਕਿਤੇ ਅੰਗ੍ਰੇਜ਼ਾਂ ਨੇ ਪਿੱਛੋਂ ਲਿਆਂਦਾ ਹੋਣਾ ਹੈ।ਦਾਨੇ ਦੇਇਹ ਗਲ ਮਨ ਤਾਂ ਨਾ ਲਗੀ, ਪਰ ਚੁੱਪ ਕਰ ਰਿਹਾ ਪਿਛਲੇ ਪਾਸੇ ਮਾਸਟਰ ਵੀ ਸੁਣਦਾ ਖੜੋਤਾ ਸੀ ਰਹਿ ਨ ਸਕਿਆ ਬੋਲ ਪਿਆ—ਵਾਹ ਜੀ ਵਾਹ ! ਤੂੰ ਚੰਗਾ ਪੜ੍ਹਿਆ ਹੈਂ ?

ਸਿਖਜਾ—ਪੜ੍ਹਨਾ ਤੇ ਗੁੜ੍ਹਨਾ ਦੋ ਗਲਾਂ ਹਨ। ਪੜ੍ਹ ਤੋਤੇ ਭੀ ਲੈਂਦੇ ਹਨ, ਪਰ ਪੜ੍ਹੇ ਦਏ ਤੇ ਵਿਚਾਰ ਸਮਝ ਵਾਲੇ ਹੀ ਕਰ ਸਕਦੇ ਹਨ। ਸਮਝੇਂ ਬਿਨਾ ਪੜ੍ਹਨਾ ਖੋਤੇ ਤੇ ਰੇਸ਼ਮੀ ਕਪੜਾ ਪਾਉਣ ਵਾਲੀ ਗਲ ਹੈ, ਪੜ੍ਹਨ ਦਾ ਗੁਣ ਇਹੀ ਹੈ ਜੋ ਪੜ੍ਹੀ ਵਿਦਜਾ ਨੂੰ ਵਿਚਾਰਕੇ ਵਰਤਿਆ ਜਾਵੇ, ਨਹੀਂ ਤਾਂ ਡਬੇ ਵਿਚ ਪਏ ਪਏ ਗਹਿਣੇ ਕੋਈ ਸੰਗਾਰ ਨਹੀਂ ਕਰਦੇ।

ਇਸੇ ਤੋਂ ਪਰਮਾਰਥ ਦੇ ਜਗਜਾਸੂਆਂ ਨੂੰ ਸਿੱਖਜਾ ਲੈਣੀ ਚਾਹੀਏ। ਮੁਖ ਚੁੰਚ ਗਿਆਨੀ ਬਣਨਾ ਨਿਸ਼ਫਲ ਹੈ।ਗੁਰ ਉਪਦੇਸ਼ ਨੂੰ ਹਿਰਦੇ ਧਾਰਨ ਨਾਲ ਹੀ ਲਾਭ ਪ੍ਰਾਪਤ ਹੋ ਸਕਦਾ ਹੈ ਸਤਿਗੁਰਾਂ ਦਾ ਉਪਦੇਸ਼ ਹੈ:—

Digitized by Panjab Digital Library | www.panjabdigilib.org

ਚਿਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥
[ਸੋਰਠ ਕਬੀਰ ਜੀ

੬.

ਇਕ ਮੂਰਖ ਰੋਗੀ ਨੇ ਡਾਕਟਰ ਦੀ ਦਿਤੀ ਹੋਈ ਦਵਾਈ ਦੇ ਭੁਲੇਖੇ ਸ਼ਾਹੀ ਪੀ ਲਈ, ਕਿਉਂਕਿ ਦੋਵੇਂ ਸ਼ੀਸ਼ੀਆਂ ਇਕੋ ਜੇਹੀਆਂ ਸਨ। ਜਦ ਡਾਕਟਰ ਨੇ ਦੇਖਿਆ ਕਿ ਦਵਾਈ ਦੀ ਸ਼ੀਸ਼ੀ ਓਵੇਂ ਹੀ ਭਰੀ ਪਈ ਹੈ, ਪਰ ਨਾਲ ਦੀ ਸ਼ੀਸ਼ੀ ਸ਼ਾਹੀ ਵਾਲੀ ਖਾਲੀ ਹੋ ਗਈ ਹੈ, ਤਾਂ ਘਬਰਾਕੇ ਪੁੱਛਿਆ ਕੀ ਆਪ ਦਵਾਈ ਦੀ ਜਗਹ ਸਿਆਹੀ ਪੀ ਗਏ ? ਮੂਰਖ ਨੇ ਚਲਾਕੀ ਕੀਤੀ ਅਰ ਹੱਸਕੇ ਆਖਿਆ ਡਾਕਟਰ ਸਾਹਿਬ ਜੀ ! ਆਪ ਘਬਰਾਓ ਨਹੀਂ, ਮੈਨੂੰ ਅਗੇ ਨਾਲੋਂ ਆਰਾਮ ਹੈ। ਸ਼ਾਹੀ ਕੋਲੋਂ ਮੈਨੂੰ ਕੋਈ ਡਰ ਨਹੀਂ, ਥੋੜਾ ਜੇਹਾ ਸ਼ਾਹੀਚੂਸ ਖਾ ਲਵਾਂਗਾ। ਉਹ ਆਪੇ ਸ਼ਾਹੀ ਚੱਟ ਲਵੇਗਾ।

ਸਿਖਜਾ—ਆਪਣੇ ਔਗਣਾਂ ਨੂੰ ਛਪਾਉਣ ਦਾ ਯਤਨ ਹੋਰ ਨਸ਼ਰ ਕਰਦਾ ਹੈ ਤੇ ਬੁਧਿਮਤਾ ਤੋਂ ਹੋਰ ਪਰੇ ਕਰ ਦੇਂਦਾ ਹੈ, ਤਾਂਤੇ ਆਪਣੀ ਭੁੱਲ ਨੂੰ ਮੰਨਣਾ ਤੇ ਪਛੁਤਾਵਾ ਕਰਕੇ ਅਗੇ ਲਈ ਸਿਖਜਾ ਲੈਣੀ ਗੁਰਸਿਖਾਂ ਦਾ ਧਰਮ ਹੈ।

ਭੁੱਲ ਭੁਲੇਖੇ ਜੇ ਕੁਝ ਹੋਵੇ। ਸਰਨ ਪਵੇ ਪਛੁਤਾਵੇ ਰੋਵੇ। ਅਗੇ ਲਈ ਬਨੈ ਸਵਧਾਨ। ਨੇਕੀ ਰੱਖੇ ਬਦੀ ਪਛਾਨ।

"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥" [ਸੋਰਠਿ ਮਃ ਪ

੭.

ਇਕ ਰੋਗੀ ਨੇ ਹਕੀਮ ਨੂੰ ਹੱਥ ਦਿਖਾਕੇ ਆਖਿਆ—ਜੀ! ਮੈਨੂੰ ਤਪ ਆਉਂਦਾ ਹੈ। ਹਕੀਮ ਨੇ ਪੁੱਛਿਆ ਤਾਪ ਰੋਜ ਦਾ ਹੈ ਕਿ ਵਾਰੀ ਦਾ ? ਰੋਗੀ ਨੇ ਉੱਤਰ ਦਿਤਾ—ਜੀ ! ਰੋਜ਼ ਮੈਨੂੰ ਹੀ ਚੜ੍ਹਦਾ ਹੈ।ਵਾਰੀ ਨਾਲ ਮੇਰੀ ਬੇਬੇ ਭੈਣ ਭਰਾ ਨੂੰ ਤਾਂ ਕਦੇ ਨਹੀਂ ਚੜ੍ਹਿਆ, ਜੇ ਮੈਂ ਇਸਨੂੰ ਵਾਰੀ ਦਾ ਆਖਾਂ। ਹਕੀਮ ਜੀ ਸਨ ਸਮਝ ਵਾਲੇ ਹੱਸ ਪਏ ਤੇ ਆਖਿਆ ਜੋ ਇਕ ਦਾ ਦੁਖ ਦੂਸਰਾ ਨਹੀਂ ਭੋਗ ਸਕਦਾ। ਜੇਹੜਾ ਤਪ ਤੁਹਾਨੂੰ ਚੜ੍ਹਿਆ ਹੈ ਉਹ ਵਾਰੀਵਾਰੀ ਤੁਹਾਡੇ ਸਨਬੰਧੀਆਂ ਨੂੰ ਨਹੀਂ ਚੜ੍ਹ ਸਕਦਾ। ਸਰੀਰ ਰਖਜਾ ਦੇ ਨਿਯਮਜੇ ਤੁਸੀਂ ਨਹੀਂ ਵਰਤੇ ਤਾਂ ਖੇਦ ਭੀ ਤੁਹਾਨੂੰ ਹੀ ਸਹਾਰਨਾ ਪੈਂਦਾ ਹੈ।

ਸਿਖਜਾ—ਜੋ ਕਰਮ ਕੋਈ ਕਰਦਾ ਹੈ ਉਸਦੇ ਫਲ ਉਸਨੂੰ ਆਪ ਭੋਗਣੇ ਪੈਂਦੇ ਹਨ। ਇਹ ਨਿਯਮ ਤੋਂ ਵਿਰੁਧ ਹੈ ਜੋ ਕਰੇ ਕੋਈ ਤੇ ਭਰੇ ਕੋਈ। ਤਾਂਤੇ ਮਨ ਵਿਚ ਇਹ ਨਿਸ਼ਚਾ ਕਰਣਾ ਜੋ ਫਲਾਣੇ ਦੇ ਸ਼ੁਭ ਕਰਮਾਂ ਦਾ ਹਿੱਸਾ ਸਾਨੂੰ ਮਿਲੇਗਾ ਕੇਵਲ ਮਨ ਕਲਪਣਾ ਹੈ:—

"ਅਹਿਕਰੁ ਕਰੈ ਸੁ ਅਹਿਕਰੁ ਪਾਏ
ਕੋਈ ਨ ਪਕੜੀਐ ਕਿਸੈਥਾਇ ॥"
[ਆਸਾ ਮਃ ਪ

੮.

ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ ॥ ਜੋ ਬੈਠੇ ਸੇ ਢਾਹਿਆ ਉਬਰੇ ਭਾਗ ਮਥਾਇ ॥ [ਮਾਰੂ ਵਾਰ ਮਃ ਪ

ਇਕੇਰਾਂ ਇਕ ਬਾਂਦਰ ਨੇ ਕਿਸੇ ਦੀਆਂ ਪੱਕੀਆਂ ਰੋਟੀਆਂ ਚੁਕ ਲੀਤੀਆਂ। ਮਾਲਕ ਨੇ ਲਲਕਾਰਿਆ ਤਾਂ ਹਥਲੀ ਸੁੱਟ ਕੇ ਉੱਠ ਨੱਠਾ। ਪਰ ਮੂੰਹ ਵਿਚ ਸਾਰੀ ਰੋਟੀ ਦਾੜ੍ਹੀ ਵਾਂਗ ਲਮਕਦੀ ਹੀ ਚਲੀ ਗਈ। ਦੂਰ ਸਾਰੇ ਇਕ ਨਦੀ ਦੇ ਕਿਨਾਰੇ ਦਰੱਖਤ ਦੇ ਟਾਹਣੇ ਪਰ ਚੜ੍ਹ ਬੈਠਾ। ਬੈਠਦਿਆਂ ਹੀ ਹੇਠਾਂ ਵੱਲ ਤੱਕਿਆ ਤਾਂ ਇਕ ਬਾਂਦਰ ਮੂੰਹ ਵਿਚ ਰੋਟੀ ਲਈ ਬੈਠਾ ਪਾਣੀ ਵਿਚ ਦਿੱਸਿਆ। ਲਾਲਚ ਦੀ ਹਨੇਰੀ ਨੇ ਐਸਾ ਅੰਨ੍ਹਾ ਕੀਤਾ ਕਿ ਕਿਚ

Digitized by Panjab Digital Library | www.panjabdigilib.org

ਕਿਚਾਕੇ ਪਰਛਾਵੇਂ ਦੇ ਬਾਂਦਰ ਦੇ ਮੂੰਹੋਂ ਰੋਟੀ ਖੋਹਣ ਲਈ ਕੁਦ ਪਿਆ । ਮੂੰਹ ਦੀ ਰੋਟੀ ਮੂੰਹੋਂ ਨਿਕਲ ਗਈ, ਪਰਛਾਵੇਂ ਦੀ ਰੋਟੀ ਪ੍ਰਾਪਤ ਹੋਣ ਦੇ ਬਦਲੇ ਗੋਤੇ ਖਾਧੇ । ਹਫ ਤਫਕੇ ਕੋਹ ਦੋ ਕੋਹੀਂ ਕਿਤੇ ਕੰਢੇ ਲੱਗੇ।

"ਦਸ ਬਸਤੁ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥ ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ ਕਰੇਇ॥" [ਸੁਖਮਨੀ

੯.

ਇਕ ਰਾਵਲ ਪਾਸੋਂ ਕਿਸੇ ਨੇ ਪੁੱਛਿਆ ਭਈ ਸੰਗਲੀ ਸੁੱਟਕੇ ਆਪਣਾ ਹਿਸਾਬ ਗਿਣ ਕੇ ਮੈਨੂੰ ਦੱਸ ਕਿ ਪਹਿਲੇ ਮੈਂ ਮਰਾਂਗਾ ਕਿ ਮੇਰੀ ਵਹੁਟੀ ਮਰੇਗੀ । ਰਾਵਲ ਨੇ ਥੋੜ੍ਹਾ ਜਿਹਾ ਮੀਨ ਮੇਖ ਕਰਕੇ ਝਟ ਪਟ ਕਹਿ ਦਿੱਤਾ ਕਿ ਪਹਿਲੇ ਤੇਰੀ ਔਰਤ ਮਰੇਗੀ। ਇਹ ਗੱਲ ਸੁਣਕੇ ਰਾਵਲ ਦੇ ਇਕ ਮਿੱਤ੍ਰ ਨੇ ਰਾਵਲ ਨੂੰ ਆਖਿਆ ਕਿ ਇਹ ਗਲ ਤੂੰ ਕੀ ਸੋਚ ਕੇ ਆਖੀ ? ਰਾਵਲ ਨੇ ਪ੍ਰਸ਼ਨ ਕਰਤਾ ਦੇ ਚਲੇ ਜਾਣ ਪਰ ਆਖਿਆ-ਭਈ ਜੇਕਰ ਇਸ ਦੀ ਵਹੁਟੀ ਪਹਿਲੇ ਮਰ ਗਈ ਤਾਂ ਮੇਰੀ ਸਚਾਈ ਦਾ ਬਾਹਲਾ ਪ੍ਰਚਾਰ ਹੋਉ । ਲੋਕੀਂ ਵੀ ਵਡਿਆਈਆਂ ਕਰਨਗੇ, ਜਿਸਤੇ ਪੁੱਛਾਂ ਪੁੱਛਣ ਵਾਲਿਆਂ ਦੀ ਮੇਰੇ ਪਾਸ ਭੀੜ ਲਗੀ ਰਹੂ, ਤੇ ਜੇਕਰ ਦੈਵਨੇਤ ਨਾਲ ਇਹ ਪਹਿਲੇ ਮਰ ਗਿਆ ਤਾਂ ਮੈਨੂੰ ਇਹ ਕਿੰਦਾਂ ਆਕੇ ਝੂਠਿਆਂ ਕਰੂ । ਇਹ ਅਸਾਡਾ ਸੁਭਾਵਕ ਕੰਮ ਹੈ, ਮਾਲਕਾਂ ਨੂੰ ਕਹਿਨੇ ਹਾਂ ਪੁੱਤ ਜੰਮੇਗਾ, ਪਰ ਨਾਲ ਗੁਆਂਢੀਆਂ ਨੂੰ ਕਹਿਨੇ ਹਾਂ ਧੀ ਜੰਮੇਗੀ। ਜੇ ਪੁਤ ਜੰਮਿਆਂ ਤਾਂ ਮਾਲਕਾਂ ਨੂੰ ਵਧਾਈ ਦਿਤੀ, ਗਹਿਰੇ ਗੱਫੇ ਲਾਏ। ਜੇ ਧੀ ਜੰਮੀ ਤਾਂ ਗੁਆਂਢੀਆਂ ਦੀ ਗੁਆਹੀ ਭੁਗਤਾਈ ਅਤੇ ਅਪਣੀ ਸਚਾਈ ਦਾ ਸਬੂਤ ਦੇਕੇ ਸੱਚੇ ਹੋਗਏ।

ਸਿਖਜਾ-ਗੁਰੂ ਕੇ ਸਿਖਾਂ ਨੂੰ ਕਦੀ ਜੋਤਸ਼ੀਆਂ ਤੇ ਰਾਵਲਾਂ ਦੇ ਬਚਨ ਨਹੀਂ ਸੁਣਨੇ ਚਾਹੀਏ ਅਤੇ ਨਾਂ ਅਜੇਹੇ ਸ੍ਵਾਰਥੀਆਂ ਦੀ ਸੰਗਤ ਕਰਨੀ ਚਾਹੀਏ।ਗੁਰਵਾਕ ਹੈ-

ਸਾਹਾ ਗਣਹਿ ਨ ਕਰਹਿ ਬੀਚਾਰੁ॥
ਸਾਹੇ ਊਪਰਿ ਏਕੰਕਾਰੁ ॥

[ਰਾਮਕਲੀ ਮਃ ੧

੧੦.

ਇਕੇਰਾਂ ਇਕ ਅਹਿਮਕ ਨੇ ਕਿਸੇ ਦੂਜੇ ਸ਼ਹਿਰ ਜਾਕੇ ਚੁਪ ਸਾਧੀ। ਜਿਉਂ ਇਕ ਜਗਹ ਮੁੱਘੜ ਮਾਰ ਕੇ ਬੈਠਾ ਫਿਰ ਉਥੋਂ ਨ ਉਠਿਆ, ਲੋਕਾਂ ਨੇ ਮਹਾਤਮਾ ਜਾਣਕੇ ਉਸਦੀ ਸੇਵਾ ਕਰਨੀ ਅਰੰਭੀ। ਅੰਨ ਪਾਣੀ ਦਾ ਫਿਕਰ ਤਾਂ ਭਾਵੇਂ ਲੋਕਾਂ ਦੇ ਸਿਰ ਪਿਆ, ਪਰ ਮਹਾਤਮਾ ਨੂੰ ਬਿਨਾਂ ਚੁਪ ਦੇ ਹੋਰ ਗਲ ਕਰਨਾ ਨਹੀਂ ਆਉਂਦੀ ਸੀ। ਮਹਿਮਾਂ ਦਿਨੋਂ ਦਿਨ ਵਧਦੀ ਗਈ। ਲੋਕਾਂ ਦੀ ਭੀੜ, ਕਚੇ ਕੁਸ਼ਾਮਤੀਆਂ ਦੇ ਗਹਗਟ,ਹਰ ਵੇਲੇ ਇਰਦ ਗਿਰਦ ਰਹਿਣ ਲਗੇ। ਅਨੇਕਾਂ ਭੁੱਖਿਆਂ ਲਈ ਲੰਗਰ ਵੀ ਲਗ ਪਿਆ। ਇਡੀ ਵਡਿਆਈ ਦੀ ਚਰਚਾ ਫੈਲੀ ਜੋ ਇਕ ਵਡੇ ਸ਼ਹਿਰ ਦੇ ਧਨਾਢ ਦੇ ਕੰਨਾਂ ਤੀਕ ਅੱਪੜ ਪਈ। ਵਡੀ ਵਡਿਆਈ ਮੋਨੀ ਦੀ ਸੁਣ ਸੁਣਕੇ ਧਨੀ ਪਾਸੋਂ ਵੀ ਰਹਿਆ ਨ ਗਿਆ। ਇਕ ਦਿਨ ਆਪਣੇ ਮੁਸਾਹਿਬਾਂ ਨੂੰ ਨਾਲ ਲੈਕੇ ਦਰਸ਼ਨ ਕਰਨ ਲਈ ਆਇਆ। ਬਹੁਤ ਸਾਰੀ ਭੇਟਾ ਪੂਜਾ ਰੱਖਕੇ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਕੁਝ ਚਿਰ ਦਰਸ਼ਨ ਕਰਦਾ ਬੈਠਾ ਰਿਹਾ । ਕੁਝ ਚਿਰ ਮਗਰੋਂ ਬੇਨਤੀ ਕੀਤੀ ਮਹਾਰਾਜ ਅੱਖਾਂ ਦੀ ਸਿਕ ਭੁੱਖ ਤਾਂ ਦਰਸ਼ਨ ਕਰਕੇ ਪੂਰੀ ਹੋ ਗਈ ਹੈ, ਪਰ ਕੰਨ ਭੁੱਖੇ ਹਨ, ਜੇ ਕਦੀ ਆਪ ਕੋਈ ਆਪਣੇ

Digitized by Panjab Digital Library | www.panjabdigilib.org

ਮੁਖਾਰਬਿੰਦ ਤੋਂ ਬਚਨ ਉਚਾਰੇ ਤਾਂ ਕੰਨ ਭੀ ਸਫਲ ਹੋਣ। ਸੋਨੀ ਹੁਰੀਂ ਇਸ ਮਾਯਾ ਦੇ ਜਾਲ ਵਿਚ ਅਜੇਹੇ ਫਸੇ ਜੋ ਆਪਣੀ ਅਕਲ ਸੁਰਤ ਭੁੱਲ ਗਏ। ਮੋਨ ਖੋਲ੍ਹ ਦਿਤੀ ਤੇ ਅਜੇਹੇ ਊਲਜਲੂਲ ਬਚਨ ਕਹਿ ਦਿਤੇ ਜੋ ਸ਼ਰਧਾ ਵਾਲੇ ਸਾਰੇ ਨਿਰਾਸ ਹੋ ਗਏ। ਪਾਜ ਖੁੱਲ੍ਹ ਗਿਆ ਭੇਖ ਨੇ ਜੋ ਵਡਿਆਈ ਬਣਾ ਦਿਤੀ ਸੀ ਮੁਖ ਦੇ ਬਚਨਾਂ ਨੇ ਸਾਰੀ ਰੋੜ੍ਹ ਦਿਤੀ। ਜਿਨ੍ਹਾਂ ਲੋਕਾਂ ਆਪਦੇ ਭੇਖ ਨੂੰ ਦੇਖਕੇ ਆਪਦੇ ਹਿਰਦੇ ਨੂੰ ਉਸੇ ਅਨੁਮਾਨ ਨਾਲ ਉਚਾ ਸਮਝ ਲਿਆ ਸੀ ਉਨ੍ਹਾਂ ਨੂੰ ਬੜਾ ਪਛੁਤਾਵਾ ਲਗਾ, ਧੋਖਾ ਖਾਕੇ ਸਮਝ ਵਾਲਿਆਂ ਦੀ ਨਜ਼ਰ ਵਿਚ ਬੇਸਮਝ ਬਣੇ ਤੇ ਅਗੇ ਲਈ ਸਿਖਜਾ ਲਈ।

ਸਿਖਜਾ—ਸਤਗੁਰਾਂ ਦਾ ਉਪਦੇਸ਼ ਹੈ:—

ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ॥ [ਬਿਲਾਵਲ ਮਃ ਪ

ਇਸ ਤੋਂ ਗੁਰਸਿਖਾਂ ਨੂੰ ਸਿਖਜਾ ਲੈਣੀ ਚਾਹੀਏ। ਨਿਰਾ ਭੇਖ ਤੇ ਬਾਹਰ ਸੂਰਤ ਵੇਖਕੇ ਹੀ ਨਹੀਂ ਭੁੱਲ ਪੈਣਾ ਚਾਹੀਏ। ਭਲੇ ਪੁਰਸ਼ਾਂ ਦੇ ਭਲੇ ਕਰਮ ਹੁੰਦੇ ਹਨ, ਪਰ ਕਈ ਕਪਟੀ ਤੇ ਛਲੀ ਭੀ ਸੰਤਾਂ ਦੇ ਭੇਖ ਵਿਚ ਆਪਣੇ ਸਵਾਰਥ ਲਈ ਕ ਬੈਠਦੇ ਹਨ।

ਸਿਖੋ ਭਾਈਓ ਰਿਦੈ ਵਿਚਾਰੋ। ਭੇਖੀ ਕਪਟੀ ਨੀਚ ਲਬਾਰੋ। ਦੇਖੋ ਸ੍ਵਾਂਗ ਨ ਖਾਓ ਭੁਲੇਖਾ। ਇਹ ਜਗ ਵਰਤੈ ਦੇਖੀ ਦੇਖਾ। ਇਉਂ ਸਮਝੋ ਤੁਮ ਗੁਰ ਕੀ ਬਾਨੀ। ਤੁਮ ਹਿਤ ਜੋ ਗੁਰਦੇਵ ਬਖਾਨੀ।

"ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ॥ ਡੁਬਿ ਮੁਏ ਬਗੁ ਬਪੁੜੇ ਸਿਰੁ ਤਲਿ ਉਪਰਿ ਪਾਉ॥ ੧੨੨॥" [ਸਲੋਕ ਫਰੀਦ ਜੀ।

੧੧.

ਇਕੇਰਾਂ ਇਕ ਅਮੀਰ ਦਾ ਬੜਬੋਲਾ ਮੁਸਾਹਿਬ ਭਰੀ ਕਚਹਰੀ ਨੂੰ ਚੀਰ ਕੇ ਕਈਆਂ ਨੂੰ ਲਿਤੜ ਚਿਥੜ ਕੇ ਆਪਣੇ ਮਾਲਕ ਦੇ ਗੋਡੇ ਮੁੱਢ ਜਾ ਬੈਠਾ। ਇਹ ਪਸ਼ੂਆਂ ਵਰਗੀ ਉਸਦੀ ਕਰਤੂਤ ਮਾਲਕ ਦੇ ਮਨ ਨੂੰ ਨਾ ਭਾਈ ਅਤੇ ਨਾ ਹੀ ਅੰਦਰ ਸਮਾਈ। ਕੁਝ ਮੱਥੇ ਤੇ ਨਿਕੇ ਜੇਹੇ ਵੱਟ ਰਖਕੇ ਆਖਿਆ—ਤੇਰੇ ਅਤੇ ਗਧਾ ਪ੍ਰਸਾਦ ਵਿਚ ਕੀ ਫਰਕ ਹੈ? ਬੜਬੋਲਾ ਮੁਸਾਹਿਬ ਵੀ ਸਦਾ ਦਾ ਹਾਜ਼ਰ ਜੁਵਾਬ ਸੀ, ਭਲਾ ਇਸ ਵੇਲੇ ਕਦ ਚੁਪ ਰਹਿਣ ਲਗਾ ਸੀ।ਆਪਣੇ ਅਤੇ ਮਾਲਕ ਦੇ ਵਿਚਲੀ ਵਿੱਥ ਮਿਣਕੇ ਬੋਲ ਉਠਿਆ, ਮਹਾਰਾਜ ਇਕੋ ਗਿਠ ਭਰ ਦਾ ਫਰਕ ਹੈ। ਮਾਲਕ ਵਿਚਾਰੇ ਨੂੰ ਇਹ ਨਿਕੰਮੀ ਸ਼ਰਮਿੰਦਗੀ ਅਖਾਂ ਨੀਵੀਆਂ ਕਰਕੇ ਸਹਾਰਨੀ ਪਈ।

ਸਿਖਜਾ—ਸਿਰ ਨ ਚੜ੍ਹਾਇ ਕਮੀਨੇ ਤਾਈ।
ਨਹੀਂ ਤਾਂ ਦੇਸੀ ਦੁੱਖ ਅਤਾਈ।
ਰਖ ਨੌਕਰ ਨੂੰ ਵਿਚ ਅਧਿਕਾਰ।
ਝੂਲ੍ਹਾ ਝੋਲਣ ਬੜਾ ਵਿਕਾਰ।

੧੨.

ਇਕ ਵਿਚਾਰੇ ਅਕਲ ਦੇ ਵੈਰੀ ਦੇ ਨੱਕ ਪੁਰ ਘੜੀ ਮੁੜੀ ਮੱਖੀ ਬੈਠਦੀ ਤਿਵੇਂ ਤਿਵੇਂ ਹੱਥ ਫੜੀ ਲੰਮੀ ਕਰਦ ਹਿਲਾਕੇ ਉਡਾ ਦਿੰਦਾ, ਪਰ ਮੱਖੀ ਆਪਣੇ ਅਸਲੀ ਸੁਭਾਵ ਅਨੁਸਾਰ ਨੱਕ ਪਰ ਬੈਠਣੋਂ ਨਾ ਟਲਦੀ। ਜਿਵੇਂ ਇਹ ਵਿਚਾਰਾ ਆਪਣੇ ਕਿਸੇ ਕਾਰਜ ਲਈ ਕੁਝ ਸੋਚ ਵਿਚਾਰ ਕਰਨ ਲੱਗਦਾ, ਤਿਵੇਂ ਹੀ ਮੱਖੀ ਇਸਦੇ ਖਿਆਲਾਂ ਵਿੱਚ ਪੰਜੇ ਮਾਰਦੀ, ਪਰ ਕਰਦ ਦੇ ਹਿਲਣ ਤੋਂ ਪਹਿਲੇ ਹੀ ਉਡ ਜਾਂਦੀ। ਸੋਚ ਦਾਸ ਦੀ ਛਿਥਿਹਾਨ ਇੰਨੀ ਬਾਹਲੀ ਵਧੀ ਕਿ ਰਹੀ ਸਹੀ ਅਕਲ ਵੀ ਸਿਰ ਵਿੱਚੋਂ ਨਿਕਲ ਗਈ। ਆਪ ਨੇ ਇਹ

Digitized by Panjab Digital Library | www.panjabdigilib.org

ਸਲਾਹ ਪੱਕੀ ਕਰ ਲੀਤੀ ਕਿ ਹੁਣ ਮੱਖੀ ਤਾਂ ਨਹੀਂ ਕਾਬੂ ਆਉਂਦੀ, ਪਰ ਇਸਦਾ ਅੰਡਾ ਮੂਲੋਂ ਹੀ ਦੂਰ ਕਰ ਦਿੱਤਾ ਜਾਵੇ। ਇੰਨੇ ਤੱਕ ਮੱਖੀ ਫਿਰ ਬੈਠੀ। ਇਧਰੋਂ ਵੀ ਬਾਕੀ ਕੁਝ ਨ ਰਹੀ, ਇੱਕੋ ਭਰਪੂਰ ਹੱਥ ਨਾਲ ਛੁਰੀ ਨੇ ਅੰਡਾ ਸਾਫ ਕਰ ਦਿੱਤਾ।

ਸਿਖਜਾ—ਵਧੀ ਅਕਲ ਦੇ ਰੰਗ ਅਨੋਖੇ।
ਅੰਡੇ ਸਾਫ ਕਰਨ ਵਿਚ ਚੋਖੇ।
ਏਹ ਨ ਮੂਰਖ ਨੇ ਬੁਧ ਸੋਚੀ।
ਮੱਖੀ ਕਾਰਣ ਨਕ ਉਡੇਚੀ।
ਇਕ ਮੱਖੀ ਦਾ ਅੰਡਾ ਦੂਰ।
ਭਿਣਭਿਣਾਟ ਅੰਡਾ ਭਰਪੂਰ।
ਲੋਹੂ ਚਾਲਤ ਰੂਪ ਕਰੂਪ।
ਬੱਜਲ ਸਾਰੀ ਉਮਰ ਸਰੂਪ।
ਤਿਉਂ ਨਰ ਮੂਰਖ ਹਠਅਛਯਾਸੀ।
ਦੇਹ ਨਾਸ ਚਹਿ ਫੁਰਨੇ ਨਾਸੀ।
ਤਨ ਸਾਧੇ ਮਨ ਫੁਰੇ ਘਨੇਰਾ।
ਭਿਣ ਭਿਣਾਟ ਮਖੀਆਂਦਾ ਫੇਰਾ।
ਫੁਰਨ ਵਾਸ਼ਨਾ ਅਨਿਕ ਅਨੰਤ।
ਤਾਂਤੇ ਸਮਝੇ ਏਹ ਮਤੰਤ।
ਜੋ ਸ੍ਰੀ ਸਤਿਗੁਰ ਨੇ ਫੁਰਮਾਂਦੇ।
ਤਨ ਮਨ ਦੋਨੋਂ ਹੀ ਸਫਲਾਂਦੇ।
"ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥' ੧੨੦ ॥ [ਸਲੋਕ ਫਰੀਦ ਜੀ।

੧੩.

ਇਕੇਰਾਂ ਭੰਡਾਂ ਦੇ ਤਮਾਸ਼ੇ ਵਿਚ ਇਕ ਮੁਸਲਮਾਨੀ ਸ੍ਵਾਂਗਣ ਨੇ ਵੱਡਾ ਸਾਰਾ ਚੌੜਾ ਮੂੰਹ ਕਰਕੇ ਉਬਾਸੀ ਲਈ ਤਾਂ ਪਾਸ ਹੀ ਖੜੋਤੇ ਇਕ ਸੂਰੀ ਜਾਤ ਦੇ ਖਤ੍ਰੀ ਨੇ ਹਾਸੇ ਨਾਲ ਆਖਿਆ—ਹੇ ਰੱਬਾ! ਕਿਤੇ ਮੈਨੂੰ ਨਿਗਲ ਨਾ ਲਵੇ। ਅਗੋਂ ਉਸ ਸ੍ਵਾਂਗਣ ਨੇ ਧੀਰਜ ਤੇ ਅਦਬ ਨਾਲ ਆਖਿਆ—ਮਹਾਰਾਜ! ਸਾਡੇ ਦੀਨ ਵਿੱਚ ਤਾਂ ਸ੍ਵਰ ਹਰਾਮ ਹੈ।

ਸਿਖਜ—ਆਪੋ ਨੀਵੇਂ ਨੂੰ ਕਿਸ ਵੇਲੇ।
ਕਰੇ ਮਖੌਲ ਨਹੀਂ ਹਰ ਵੇਲੇ।
ਇਕ ਵੇਲੇ ਇਉਂ ਮੂੰਹ ਦੀ ਖਾਓ।
ਫਿਰ ਸਭਾ ਦੇ ਬਹੁ ਸ਼ਰਮਾਓ।
ਨਿੱਕੇ ਹੋਵੇ ਤੇ ਸ਼ਰਮਿੰਦੇ।
ਤਾਂਤੇ ਬਚਨ ਨ ਬੋਲੋ ਮੰਦੇ।

੧੪.

ਇਕੇਰਾਂ ਕੁਝ ਸਜਨ ਪੁਰਖ ਇਕ ਕਿਰਪਨ ਮਹਾਤਮਾ ਦੇ ਮਿਲਨੇ ਲਈ ਗਏ। ਕ੍ਰਿਪਣ ਮਹਾਂ ਪੁਰਖ ਨੇ ਬੜੀ ਖਾਤਰ ਕੀਤੀ, ਆਪਣੇ ਧੰਨ ਭਾਗ ਮਨਾਏ। ਮਕਾਨ ਝਾੜਕੇ ਦੁੜੀ ਵਿਛਾਇ ਦਿਤੀ। ਬਿਠਾਇਕੇ ਹੱਥਾਂ ਨਾਲ ਮੁੱਠੀਆਂ ਭਰਨ ਲਗੇ ਅਤੇ ਪਰਮਾਰਥ ਦੀਆਂ ਗਲਾਂ ਦੀ ਲੜੀ ਛੇੜ ਦਿਤੀ। ਅਧੀ ਰਾਤ ਤਾਂਈ ਇਕੁਰ ਹੀ ਸਤਿਸੰਗ ਨਾਲ ਹੀ ਭੁੱਖ ਤ੍ਰੇਹ ਨਿਵਿਰਤ ਕਰਕੇ ਆਪ ਆਗਿਆ ਲੈਕੇ ਆਪਣੀ ਕੁਟੀਆ ਵਿਚ ਸੌਣ ਚਲੇ ਗਏ। ਵਡੀ ਸਵੇਰੇ ਉਠਕੇ ਸਤਿਸੰਗੀਆਂ ਨੂੰ ਨਾਲ ਲੈਕੇ ਬਾਹਰ ਇਸ਼ਨਾਨ ਕਰਨ ਲਈ ਚਲੇ ਗਏ। ਰਸਤੇ ਵਿਚ ਆਉਂਦਿਆਂ ਜਾਂਦਿਆਂ ਸਤਸੰਗ ਦੀ ਗਲ ਬਾਤ ਇਸ ਸਫਾਈ ਨਾਲ ਕੀਤੀ ਕਿ ਸਜਨਾਂ ਦੀ ਕੋਈ ਸਿੱਕ ਭੁੱਖ ਬਾਕੀ ਨਾ ਰਖੀ। ਡੇਰੇ ਆਕੇ ਵੀ ਸਤਿਸੰਗ ਦੇ ਵਾਕਾਂ ਵਿਚ ਹੀ ਰੋਟੀ ਦਾ ਵੇਲਾ ਲੰਘਾ ਦਿਤਾ। ਜਦ ਤੀਸਰਾ ਡੰਗ ਭੁੱਖਿਆਂ ਯਾਤ੍ਰੂਆਂ ਨੂੰ ਨੇੜੇ ਢੁੱਕਣ ਲਗਾ ਤਾਂ ਕਲੇਜੇ ਤੇ ਆਂਦ੍ਰਾਂ ਦੀ ਲੜਾਈ ਦਾ ਚੰਗਾ ਗੁੱਛਾ ਬਝ ਗਿਆ। ਹੁਣ ਸੰਗਤ ਨੇ ਭੁੱਖਮਾਰ ਸਤਿਸੰਗ ਤੋਂ ਵਿਦਾ ਚਾਹੀ ਤਾਂ ਉਹ ਕ੍ਰਿਪਣ ਮਹਾਂਪੁਰਖ ਕਹਿਣੇ ਲਗੇ:—ਮਹਾਰਾਜ ਆਪ ਨੇ ਕਦੇ ਕਦਾਈਂ ਦਰਸ਼ਨ ਦਿੱਤੇ ਹਨ, ਕੁਝ ਕਾਲ ਨਿਵਾਸ ਕਰੋ, ਇਹ

Digitized by Panjab Digital Library | www.panjabdigilib.org

ਡੇਰਾ ਆਪ ਦਾ ਹੈ। ਮੈਂ ਸੇਵਕ ਭੀ ਆਪ ਦਾ ਹੀ ਹਾਂ, ਏਡੀ ਛੇਤੀ ਆਪ ਕਿਉਂ ਤਜਾਰ ਹੋ ਪਏ। ਸਤਸੰਗ ਵਿਚ ਜੋ ਘੜੀ ਲੰਘ ਜਾਏ ਓਹੋ ਸਫਲ ਹੈ।

ਯਾਤ੍ਰੀਆਂ ਵਿਚੋਂ ਇਕ ਦਿਲਚਲਾ ਬੋਲ ਉਠਿਆ:–ਮਹਾਰਾਜ ! ਇਹ ਭੁੱਖ ਮੋਇਆ ਸਤਸੰਗ ਆਪ ਨੂੰ ਹੀ ਨਿਬਾਹੁ ਰਹੇ। ਸਾਡੀਆਂ ਆਂਦ੍ਰਾਂ ਨੇ ਕਲੇਜੇ ਦੀ ਪੱਗ ਲਾਹ ਘਤੀ ਹੈ । ਜੇ ਇਹ ਡੰਗ ਵੀ ਅੰਨ ਨਾ ਮਿਲਿਆ ਤਾਂ ਖੱਫਣ ਕਾਠ ਦਾ ਬੰਦੋਬਸਤ ਭੀ ਏਥੇ ਆਪਦੇ ਡੇਰੇ ਵਿਚੋਂ ਔਖਾ ਜਾਪਦਾ ਹੈ। ਇਸ ਲਈ ਕਿਰਪਾ ਕਰਕੇ ਵਿਦਾ ਕਰੋ ਤੇ ਸਤਿਸੰਗ ਦਾ ਭੋਗ ਪਾਓ।ਸੱਜਨ ਪੁਰਖ ਹੱਸਕੇ ਬੋਲੇ:–ਮਹਾਰਾਜ ! ਅੰਨ ਤਾਂ ਨਿਤ ਹੀ ਖਾਈਦਾ ਹੈ ਅਤੇ ਖਾਣਾ ਹੈ। ਸਤਿਸੰਗ ਨਿਤ ਨਿਤ ਔਖਾ ਪ੍ਰਾਪਤ ਹੁੰਦਾ ਹੈ, ਇਸ ਲਈ ਭੁੱਖ ਤ੍ਰਿਖਾ ਆਦਿਕਾਂ ਦਾ ਵਿਚਾਰ ਨਹੀਂ ਕਰੋ, ਸਤਿਸੰਗ ਕਰੋ।

ਸਿੱਟਾ–ਸੱਚਾ ਸਤਿਸੰਗ ਸੁਮਪਣੇ ਤੇ ਕਿਰਪਣਤਾ ਨੂੰ ਬੀ ਪਾਪ ਦੇ ਤੁੱਲ ਸਮਝਦਾ ਹੈ। ਸੰਜਮ ਸੁਖਦਾਈ ਹੈ ਪਰ ਸੁਮਪਣਾ ਮਨ ਦੇ ਅਤਿ ਤੰਗ ਤੇ ਬਾਉਣੇ ਹੋਣ ਦੀ ਨਿਸ਼ਾਨੀ ਹੈ।

ਸਿਖਜਾ–ਭਾਈਓ ਏਹ ਨ ਗੁਰਮਤ ਰੀਤ।
ਕੋਰੀ ਸੁੱਕੀ ਤੇ ਰੁੱਖੀ ਪ੍ਰੀਤ।
ਜੋ ਹੱਥਾਂ ਕਰ ਸੇਵ ਕਮਾਵੇ।
ਮੁਖ ਥੀਂ ਬਚਨ ਗੁਰੂ ਕੇ ਗਾਵੇ।
ਪਰ ਰੱਖੀ ਤੂੰ ਸਾਂਭ ਕਮਾਈ,
ਵੰਡ ਖਾਣ ਦੀ ਬਾਣ ਨ ਪਾਈ।
ਤਾਂ ਢੁੱਲਾ ਤੂੰ ਸਿੱਖੀ ਰਾਹ।
ਕੀਕਰ ਕਰਸੇਂ ਸਿਦਕ ਨਿਬਾਹ।
ਤਾਂਤੇ ਗੁਰਸਿਖੋ ਇਹ ਧਾਰੋ।
ਜਹਬਿਧਸਤਿਗੁਰਬਚਨਉਚਾਰੋ:–
"ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥"
[ਸਾਰੰਗ ਵਾਰ ਮਃ ੧

ਲੰਗਰ ਗੁਰ ਘਰ ਚਾਲ ਕਦੀਮੀ।
ਦੇਗ ਤੇਗ ਦੁਇ ਛਤ੍ਰੋ ਕਰੀਮੀ।
ਆਏ ਆਦਰ ਪਾਨੀ ਅੰਨ।
ਮਿਠਾ ਬੋਲਣ ਮਨ ਪਤਸੰਨ।
ਸਿਦਕ ਭਰੋਸਾ ਤੇ ਮਨ ਨੀਵਾਂ।
ਮਤ ਉਚੀ ਰਾਖਾ ਗੁਰ ਬੀਵਾਂ।
"ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾਸਾਰੁ ॥ ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥"
[ਵਾਰ ਆਸਾ ਮਃ ੧

੧੫

ਇਕ ਬੁੱਢੀ ਘੁਮਿਆਰੀ ਹੱਥ ਵਿਚ ਸੋਟਾ ਲਈ ਖੋਤੇ ਹਿੱਕੀ ਲਈ ਜਾਂਦੀ ਸੀ। ਦੇਵਨੇਤ ਨਾਲ ਅਗੋਂ ਇਕ ਮਸਖਰਾ ਮੁੰਡਾ ਆਉਂਦਾ ਮਿਲਿਆ ਅਤੇ ਓਨ ਪੀਡੇ ਮੂੰਹ ਨਾਲ ਆਖਿਆ–ਖੋਤਿਆਂ ਦੀ ਵਡੀ ਅੰਮਾਂ ! ਮੱਥਾ ਟੇਕਨਾ ਹਾਂ । ਬੁੱਢੀ ਨੇ ਰਤਾ ਕੁ ਹੱਸਕੇ ਉਤ੍ਰ ਦਿਤਾ–ਮੇਰੇ ਅਛਿੰਦੇ ਤੇ ਅੜੀਅਲ ਨਿਕੜੇ ਬਚੜੇ ! ਤੈਨੂੰ ਸੱਤ ਵੇਰੀ ਸਲਾਮ। ਏਦੂੰ ਅਗੇ ਮਸਖਰੇ ਨੂੰ ਕੁਝ ਨ ਆਹੁੜੀ, ਟੀਟਣੇ ਮਾਰਦਾ ਆਪਣੇ ਜੇਹਾ ਮੂੰਹ ਲੈਕੇ ਲਾਂਭੇ ਹੋ ਗਿਆ।

ਸਿਖਜਾ–ਜੋ ਤੂੰ ਢੀ'ਢਾ ਕਿਸੇ ਚਲਾਵੇਂ
ਤਾਂ ਅਗੋਂ ਦੀ ਪਥਰ ਖਾਵੇਂ।
ਆਪੇ ਵੱਡੇ ਦੀ ਵਡਿਆਈ
ਛੋਟਿਆਂ ਤਾਈਂ ਕਰਨੀ ਆਈ।
ਕਰਨ ਮਖੌਲ ਬੁਰਾ ਅਤਿ ਬੁਰਾ,
ਬੁੱਢਾ ਮੋਟਾ ਤਿੱਖਾ ਛੁਰਾ।
ਢਾਲ ਸਮਾਲੇ ਮਾਰੇ ਵਾਰ,
ਨਿਕੜੇ ਨਹੀਂ ਸਮਾਲਨ ਹਾਰ।
ਇਸਤੇ ਸਮਝੇ ਅਦਬ ਸਮਾਲੇ,
ਮਾਨ ਵਡਾਈ ਕਰੇ ਸਦਾ ਲੇ।
ਸਤਿਗੁਰ ਸਿਖਜਾ ਸਦਾ ਵਿਚਾਰੇ–

Digitized by Panjab Digital Library | www.panjabdigilib.org

ਮਨ ਨੀਵਾਂ ਕਰ ਹਿਰਦੇ ਧਾਰੋ।

੧੬.

ਇਕ ਪੁਰਖ ਮੁਨਸ਼ੀਆਂ ਵਾਲੇ ਚੰਗੇ ਕਪੜੇ ਪਹਿਨੀਂ ਕੰਨ ਵਿੱਚ ਕਾਨੀ ਟੰਗੀ ਹੋਈ ਏਵੇਂ ਬਜ਼ਾਰ ਵਿੱਚ ਕਦਮ ਬਾਜ਼ੀ ਕਰ ਰਿਹਾ ਸੀ, ਕਿਸੇ ਲੋੜਵੰਦ ਨੇ ਉਸਨੂੰ ਅਦਬ ਨਾਲ ਆਖਯਾ—ਆਪ ਰਤਾਕੁ ਖੇਚਲ ਕਰਕੇ ਲਾਹੌਰ ਵੱਲ ਇੱਕ ਅਰਦਾਸ ਲਿਖ ਦਿਓ ਅਤੇ ਆਪਣੀ ਲਿਖਾਈ ਦੇ ਪੈਸੇ ਜਿੰਨੇ ਚਾਹੋ ਲੈ ਲਓ। ਬਣਾਉਟੀ ਮੁਨਸ਼ੀ ਇਹ ਗੱਲ ਸੁਣਕੇ ਰਤਾਕੁ ਮੁਸਕਰਾਇਆ ਤੇ ਆਖਿਆ—ਮੈਂ ਤਾਂ ਮਸੇਂ ਕਸੂਰ ਤਾਈਂ ਪੜ੍ਹਿਆਂ ਹਾਂ, ਲਾਹੌਰ ਤਾਈਂ ਕਿੱਦਾਂ ਲਿਖਾਂ? ਲੋੜਵੰਦ ਨੇ ਆਖਿਆ ਕਾਨੀ ਤਾਂ ਸੁਖ ਨਾਲ ਕਸ਼ਮੀਰ ਤਾਈਂ ਲੰਮੀ ਟੰਗੀ ਹੈ ਤੇ ਕਰੜ੍ਹਤ ਕਸੂਰ ਵਾਲੀ ਸੜਕ ਤੇ ਮਿੱਟੀ ਪਾਉਂਦੀ ਹੈ।

ਸਿਖਯਾ—ਭਾਈਓ ਰੰਗ ਕਸੁੰਭਾ ਦੇਖ ਨ ਭੁੱਲੋ।
ਚਾਰ ਦਿਹਾੜੇ ਥਿਰ ਨਾ ਰਹਸੀ ਹੋਛਾ ਪਉਸੈ ਮੁੱਲੋ। ਭੇਖ ਬਨਾਕੇ ਜਗਤ ਦਿਖਾਕੇ ਠਗੀ ਠੱਗ ਠਗਾਵੇ। ਪਾਜ ਉਘੜੇ ਤੇ ਭੱਸ ਪਏਗੀ ਏਵੇਂ ਪੱਤ ਗਵਾਵੇਂ। ਬਚਨ ਵਿਚਾਰੋ ਸਤਿਗੁਰ ਸੰਦੇ ਜੋ ਭੇਖੀ ਪ੍ਰਤਿ ਆਖੇ। ਸਮਝ ਵਿਚਾਰ ਰਖੇ ਵਿਚ ਜੀ ਦੇ ਗੁਰੂ ਗ੍ਰੰਥ ਵਿਚ ਭਾਖੇ:—

"ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸ ਕੀਨ॥ ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ॥"

੧੭.

"ਗਿਆਨੁ ਨ ਗਲੀਈ ਚੂਢੀਐ ਕਥਨਾ ਕਰੜਾ ਸਾਰੁ॥" [ਵਾਰ ਆਸਾ ਮਃ ੧

ਇਕੇਰਾਂ ਦੀ ਵਾਰਤਾ ਕਰਦੇ ਹਨ ਕਿ ਇਕ ਬਨ ਵਿਚ ਕੁੱਕੜ ਨੇ ਕੁਕੜੂੰ ਘੂੰ ਕੀਤਾ। ਗਿੱਦੜ ਹੋਰੀਂ ਕਿਤੇ ਨੇੜੇ ਹੀ ਸੁਣਦੇ ਸਨ, ਦੌੜ ਹਿਲਾਉਂਦੇ ਝੱਟ ਪੱਟ ਆ ਗਏ। ਕੁੱਕੜ ਸਾਹਿਬ ਦਰਖਤ ਪਰ ਚੜ੍ਹ ਗਏ। ਗਿੱਦੜ ਨੇ ਆਖਿਆ ਦੀਗਰ ਦੀ ਨਿਮਾਜ਼ ਦਾ ਵੇਲਾ ਲੰਘਿਆ ਜਾਂਦਾ ਹੈ, ਆਓ ਨਾ ਜਮਾਤ ਕਰਕੇ ਨਿਮਾਜ਼ ਪੜ੍ਹ ਲਈਏ। ਕੁੱਕੜ ਨੇ ਆਖਿਆ ਹਜ਼ਰਤ ਜੀ! ਅਜੇ ਇਮਾਮ ਸਾਹਿਬ ਨਹੀਂ ਆਏ, ਉਡੀਕ ਲਵੋ। ਇੰਨੇ ਤੱਕ ਸ਼ਿਕਾਰੀ ਕੁਤੇ ਨੇ ਦਿਖਾਈ ਦਿਤੀ ਤੇ ਗਿਦੜ ਹੋਰੀਂ ਪੂਛ ਸੰਮ੍ਹਾਲਦੇ ਦੌੜਨ ਦੀਆਂ ਤਿਆਰੀਆਂ ਕਰਨ ਲਗੇ। ਕੁਕੜ ਨੇ ਉਚੀ ਜੇਹੀ ਆਖਿਆ ਹਜਰਤ ਇਮਾਮ ਸਾਹਿਬ ਤਾਂਆਗਏ ਹਨ ਆਪ ਹੁਣ ਮੁਸੱਲਾ ਦੁੰਮ ਨਾਲ ਝੰਨਕੇ ਕਿਉਂ ਨਠੇ ਜਾਂਦੇ ਹੋ? ਦੌੜੇ ਜਾਂਦੇ ਗਿਦੜ ਨੇ ਆਖਿਆ—ਮੇਰਾ ਵੁਜ਼ੂ ਟੁੱਟ ਗਿਆ ਹੈ, ਦੌੜਿਆ ਇਸ ਲਈ ਹਾਂ ਕਿ ਵੁਜ਼ੂ ਕਰ ਆਵਾਂ।

ਸਿਖਯਾ—ਫਬਦੀ ਜੋੜੇ ਗਲ ਬਣਾਓ। ਕਰਨੀ ਵਾਲੇ ਰਾਹ ਨ ਜਾਓ। ਜੇ ਜਾਓ ਤਾਂ ਤੁੱਕੇ ਦਾਉ। ਤਨ ਧਨ ਭੁੱਖੇ ਲਓ ਚੁਰਾਉ। ਇਨ ਬਿਧ ਰੱਬ ਨ ਪਾਇਆ ਜਾਇ। ਚਤੁਰਾਈ ਦੇ ਬਚਨ ਅਲਾਇ। ਰੱਬ ਸਿਆਣਾ ਸਭ ਤੋਂ ਭਾਰਾ। ਉਸ ਸੰਗ ਨਹੀਂ ਸਿਆਣਪ ਚਾਰਾ। ਬਚਨ ਚਲਾਕੀ ਅੰਦਰ ਹੋਰ। ਬਾਹਰੋਂ ਸਾਧੂ ਅੰਦਰੋਂ ਚੋਰ। ਬਚਨ ਬਿਚਾਰੋ ਸਤਿ ਗੁਰ ਕੇਰੇ। ਜਨਮ ਮਰਨ ਦੇ ਕੱਟੇ ਫੇਰੇ।

"ਲੋਕ ਪਤੀਣੇ ਕਛੂ ਨ ਦੇਵੈ ਨਾਹੀ ਰਾਮੁ ਅਜਾਨਾ।" [ਆਸਾ ਕਬੀਰ ਜੀ

ਇਕੇਰਾਂ ਇਕ ਕੁਕੜੀ ਗੁਆਂਢੀਆਂ ਦੀ ਉਡਕੇ ਕਾਜ਼ੀ ਦੇ ਘਰ ਆਪਈ। ਕਾਜਨ ਨੇ ਪਕੜਕੇ ਛੁਰੀ ਦੀ ਧਾਰ ਹੇਠ ਰਖਕੇ ਦੇਗਚੇ ਜੋਗੀ ਕਰ ਲਈ। ਜਦ ਘਿਉ ਮਸਾਲਾ ਪਾਕੇ ਰਾੜ੍ਹ ਲਾ ਰਹੀ ਸੀ ਤਾਂ ਕਾਜ਼ੀ ਸਾਹਿਬ ਨੂੰ

Digitized by Panjab Digital Library | www.panjabdigilib.org

ਖਬਰ ਹੋ ਗਈ ਕਿ ਇਹ ਕੁੱਕੜੀ ਹਰਾਮ ਦੀ ਹੈ । ਕਾਜਨ ਨੂੰ ਬੁਰਾ ਭਲਾ ਕਹਿਣ ਲਗੇ ਕਿ ਕਿਸੇ ਦੀ ਚੀਜ਼, ਜਦ ਤਕ ਓਹ ਦੇ ਨਾ ਦੇਵੇ ਭਾਵੇਂ ਏਵੇਂ ਭਾਵੇਂ ਮੁੱਲ ਨਾਲ,ਤਦ ਤਕ ਹਰਾਮ ਹੁੰਦੀ ਹੈ। ਕਾਜਨ ਨੇ ਆਖਿਆ–ਜੇ ਹਰਾਮ ਹੈ ਤਾਂ ਮੈਂ ਹੁਣੇ ਬਾਹਰ ਸੁਟ ਦਿੰਦੀ ਹਾਂ, ਪਰ ਘਿਉ ਮਸਾਲਾ ਆਪਣਾ ਨਾਲ ਜਾਏਗਾ। ਕਾਜ਼ੀ ਸਾਹਿਬ ਨੇ ਜਦ ਘਿਉ ਮਸਾਲਾ ਨਾਲ ਆਪਣਾ ਜਾਂਦਾ ਡਿੱਠਾ ਤਾਂ ਕਹਣ ਲਗੇ ਕਿ ਚੰਗਾ, ਹੁਣ ਤਾਂ ਪੱਕਣ ਦਿਓ, ਪਰ ਸਾਨੂੰ ਨਿਰਾ ਸ਼ੋਰਬਾ ਹੀ ਦੇਣਾ, ਕਿਉਂਕਿ ਘਿਉ ਤੇ ਮਸਾਲਾ ਆਪਣਾ ਹੈ।

ਜਦ ਕਾਜ਼ੀ ਸਾਹਿਬ ਰੋਟੀ ਖਾਣ ਬੈਠੇ ਤਾਂ ਸ਼ੋਰਾ ਪਜਾਲੇ ਵਿਚ ਪਲਟਿਆਂ ਦੋ ਚਾਰਬੋਟੀਆਂ ਵੀ ਪਜਾਲੇ ਵਿਚ ਪੈਗਈਆਂ। ਗੋਲੀ ਪਜਾਲੇ ਵਿਚੋਂ ਮੋੜਕੇ ਕਢਣ ਲੱਗੀ, ਕਾਜ਼ੀ ਨੇ ਫਤਵਾ ਦਿਤਾ ਕਿ ਜੋ ਬੋਟੀ ਆਪੇ ਆਵੇ ਉਸਨੂੰ ਆਉਣ ਦੇਹ,ਰੋਕ ਨਹੀਂ। ਅਗੋਂ ਗੋਲੀ ਨੇ ਹਸਕੇ ਆਖਿਆ ਇਹ ਮੁਰਗੀ ਵੀ ਆਪੇ ਆਈ ਸੀ। ਇਸ ਗੱਲ ਤੇ ਕਾਜ਼ੀ ਸਾਹਿਬ ਖੁਸ਼ ਹੋ ਗਏ ਤੇ ਕਹਿਣ ਲੱਗੇ–ਜੇ ਕੁੱਕੜੀ ਆਪੇ ਆਈ ਸੀ ਤਾਹੀਏਂ ਤਾਂ ਹਲਾਲ ਹੋ ਗਈ।

ਸਿਖਜਾ–ਕਦੀ ਹਰਾਮ ਹਲਾਲ ਨ ਹੁੰਦਾ।
ਆਪੇ ਪਾਇ ਮਸਾਲੇ ਬਹਿੰਦਾ।
ਪਰ ਇਹ ਹਿਰਸ ਹਲਾਲ ਹਰਾਮ।
ਕਰ ਦਿਖਲਾਵਾ ਜਗਤ ਤਮਾਮ
ਪਾਪ ਕਮਾਵੇ ਪੁੰਨ ਬਤਾਵੇ।
ਪਾਪ ਨ ਕਦੀ ਪੁੰਨ ਬਣ ਜਾਵੇ
ਪਰ ਮਾਇਆ ਮੋਹਿਆ ਏ ਭਾਰਾ।
ਭੱਖ ਅਭੱਖ ਨ ਕਰੇ ਵਿਚਾਰਾ।
ਕਰੇ ਹਰਾਮ ਬਨਾਇ ਹਲਾਲ।
ਬਚਨ ਗੁਰੂ ਕੇ ਰਿਦੇ ਸਮਾਲ:–

"ਮਾਰਣ* ਪਾਹਿ ਹਰਾਮ ਮਹਿ ਹੋਇ
ਹਲਾਲੁ ਨ ਜਾਇ ॥" [ਵਾਰ ਮਾਝ ਮਃ ੧

੧੯.

ਇਕੇਰਾਂ ਦੀ ਗੱਲ ਹੈ ਕਿਸੇ ਨੇ ਕੋਠੇ ਲਿੱਪਣ ਲਈ ਵਿਹੜੇ ਵਿੱਚੋਂ ਮਿੱਟੀ ਪੁੱਟਕੇ ਟੋਆ ਛੱਡ ਦਿੱਤਾ। ਥੋੜ੍ਹੇ ਹੀ ਦਿਨ ਬੀਤੇ ਕਿ ਬਰਸਾਤ ਲੱਗ ਗਈ। ਵਿਹੜੇ ਦਾ ਪਾਣੀ ਇਕੱਠਾ ਹੋਕੇ ਟੋਆ ਭਰ ਗਿਆ। ਦੋ ਤਿੰਨ ਦਿਨ ਖੜਾ ਰਹਿਣ ਦੇ ਸਬੱਬ ਨਿੱਤਰ ਗਿਆ। ਘਰ ਵਾਲਾ ਅਕਲ ਦਾ ਧਨੀ ਸੀ। ਇੱਕ ਦਿਨ ਉਸਨੇ ਉਸ ਟੋਏ ਵਿੱਚ ਝਾਤ ਮਾਰੀ ਤਾਂ ਵਿੱਚੋਂ ਆਪਣੇ ਜੇਹੀ ਸੂਰਤ ਨਜ਼ਰ ਆਈ। ਦੇਖਦੇ ਸਾਰ ਡਰ ਗਿਆ ਤੇ ਮਹੱਲੇ ਦੇ ਲੰਬਦਾਰ ਵਲ ਦੌੜਿਆ ਗਿਆ ਤੇ ਕਹਿਣ ਲੱਗਾ, ਚੌਧਰੀ ਜੀ ! ਅਸੀਂ ਤਾਂ ਤੁਹਾਡੇ ਰਾਜ ਵਿੱਚ ਲੁੱਟੇ ਗਏ। ਜ਼ਰਾ ਚੱਲਕੇ ਦੇਖੋ ਦਿਨ ਦੀਵੀਂ ਸਾਡੇ ਵਿਹੜੇ ਦੇ ਟੋਏ ਵਿੱਚ ਚੋਰ ਲੁਕਿਆ ਬੈਠਾ ਹੈ। ਚੌਧਰੀ ਉੱਠਕੇ ਉਸਦੇ ਨਾਲ ਟੁਰਿਆ। ਰਾਹ ਵਿੱਚੋਂ ਹੋਰ ਵੀ ਚਾਰ ਮੁੰਡੇ ਖੁੰਡੇ ਕੱਠੇ ਹੋ ਗਏ। ਸਾਰੇ ਹੀ ਅਕਲ ਦੇ ਧਨੀ ਸਨ। ਜਦ ਜਾ ਕੇ ਟੋਆ ਦੇਖਿਆ ਤਾਂ ਉਸ ਵਿੱਚ ਅਨੇਕਾਂ ਚੋਰਾਂ ਦੇ ਸਿਰ ਨਜ਼ਰ ਆਏ। ਚੌਧਰੀ ਨੇ ਗੁੱਸੇ ਹੋਕੇ ਆਖਿਆ–ਮੂਰਖ ਆਦਮੀ ਨਾ ਹੋਵੇ, ਕਹਿੰਦਾ ਸੀ–ਇਕ ਚੋਰ ਬੈਠਾ ਹੈ। ਇਹ ਤਾਂ ਸਾਰਾ ਟੋਆ ਭਰਿਆ ਪਿਆ ਹੈ। ਇਸ ਗੱਲ ਤੇ ਵੱਡਾ ਸ਼ੋਰ ਤੇ ਰੌਲਾ ਵਧ ਗਿਆ। ਹਰ ਇਕ ਆਦਮੀ ਆ ਕੇ ਦੇਖੇ ਚੋਰਾਂ ਨਾਲ ਟੋਆ ਭਰਪੂਰ ਹੈ। ਇੰਨੇ ਤਾਈਂ ਕੋਈ ਸਮਝ ਵਾਲਾ ਵੀ ਆ ਨਿਕਲਿਆ ਓਨ ਦੇਖ ਕੇ ਸਮਝਾਇਆ, ਘਬਰਾਓ ਨਹੀਂ, ਤੁਸੀਂ ਜਿੰਨੇ ਖੜੋਤੇ ਹੋ, ਸਭੇ

*ਮਸਾਲਾ।

Digitized by Panjab Digital Library | www.panjabdigilib.org

ਪੰਜ ਪੰਜ ਟੋਕਰੇ ਮਿੱਟੀ ਦੇ ਇਸ ਟੋਏ ਵਿਚ ਪਾਓ ਤਾਂ ਚੋਰ ਆਪੇ ਦੱਬੇ ਜਾਣਗੇ। ਸੋ ਮਿੱਟੀ ਪਾਉਣ ਨਾਲ ਇੱਕੁਰ ਹੀ ਹੋਇਆ।

ਸਿਖਜਾ–ਇਸ ਅੰਦਰ ਇਕ ਹਉਮੈ ਚੋਰ,
ਰੱਖੇ ਨਿਤ ਦਿਹਾੜੇ ਜ਼ੋਰ।
ਜਦ ਇਹ ਪੁੱਛ ਪੁਛਾਵਣ ਜਾਵੇ,
ਤਦ ਇਹ ਬਹੁਤੇ ਚੋਰ ਬਣਾਵੇ।
ਘਬਰਾਵੇ ਪਰ ਪੇਸ਼ ਨ ਜਾਵੇ।
ਵਿੱਚ ਹਨੇਰੇ ਮਾਲ ਮੁਹਾਵੇ।
ਪਰ ਜਦ ਸਤਿਗੁਰ ਮਿਲੇ ਸੁਚੇਤ,
ਸੁਰਤ,ਸਬਦ,ਲਿਵ,ਨਾਮ ਸੁਹੇਤ,
ਪੰਜ ਟੋਕਰੇ ਮਿੱਟੀ ਸੰਦੇ
ਪਾਣ ਅਰੰਭੇ ਦੱਬੇ ਗੰਦੇ।
"ਗੁਰ ਪਰਸਾਦੀ ਹਉਮੈ ਦੱਵੈ।"
ਚੋਰ ਨ ਕੋਈ ਫਿਰ ਉਹ ਜੋਵੈ।
ਅਪਣੀ ਹਉਮੈ ਭਾਰਾ ਚੋਰ,
ਜਿਸ ਦੇ ਸੰਗੀ ਅਨਿਕ ਬਹੋਰ।
ਹਉਮੈ ਦਬੀ ਚੋਰ ਨ ਕੋਈ,
ਮਾਲ ਨ ਮੁਸਿਆ ਪਤ ਨਹਿ ਖੋਈ।
ਗੁਰ ਸਿੱਖੋ ਇਹ ਨਿੱਤ ਵਿਚਾਰੋ,
ਹਉਮੈ ਚੋਰ ਦਬਾਕੇ ਮਾਰੋ।

੨੦

ਇਕ ਕਾਜ਼ੀ ਨੂੰ ਇਕੇਰਾਂ ਸ਼ੈਤਾਨ ਸੁਪਨੇ ਵਿਚ ਮਿਲਿਆ ਤਾਂ ਕਾਜ਼ੀ ਨੇ ਉਸਨੂੰ ਦਾਹੜੀਓਂ ਫੜਕੇ ਦੋ ਚਾਰ ਧੱਪੇ ਲਾਏ ਅਤੇ ਕੁਝ ਬੁਰਾ ਭਲਾ ਵੀ ਆਖਿਆ, ਪਰ ਇਸੇ ਰੌਲੇ ਵਿਚ ਨੀਂਦਰ ਖੁੱਲ੍ਹ ਗਈ ਤਾਂ ਕੀ ਦੇਖਿਆ, ਆਪਣੀ ਹੀ ਦਾਹੜੀ ਹੱਥ ਫੜੀ ਹੋਈ ਹੈ ਅਤੇ ਧਪਿਆਂ ਦੀ ਪੀੜ ਵੀ ਆਪਣੇ ਹੀ ਮੂੰਹ ਪਰ ਹੁੰਦੀ ਹੈ। ਸੋਚ ਸੋਚ ਕੇ ਕਹਿਣ ਲੱਗਾ–ਸੱਚ ਹੈ, ਕੰਮ ਤਾਂ ਸ਼ੈਤਾਨ ਵਾਲੇ ਅਸੀਂ ਆਪ ਕਰਨੇ ਹਾਂ ਤੇ ਦੋਸ਼ ਵਿਚਾਰੇ ਸ਼ੈਤਾਨ ਦੇ ਸਿਰ ਥੱਪਨੇਹਾਂ, ਕਿ ਖੋਟੇ ਕਰਮ ਸ਼ੈਤਾਨ ਕਰਾਉਂਦਾ ਹੈ। ਅਜ ਇਹ ਮਲੂਮ ਹੋਇਆ ਕਿ ਜਦ ਸ਼ੈਤਾਨ ਨੂੰ ਸਜ਼ਾ ਦਿੱਤੀ ਤਾਂ ਉਹ ਸਜ਼ਾ ਮੈਨੂੰ ਆਪ ਨੂੰ ਆਪਣੇ ਹੱਥੀਂ ਮਿਲੀ, ਇਸ ਲਈ ਸ਼ੈਤਾਨ ਪ੍ਰਤੱਖ ਵਿਚ ਮੈਂ ਆਪ ਹਾਂ। ਤਾਂਤੇ ਮੈਂ ਆਪਣੇ ਸ਼ੈਤਾਨੀ ਸੁਭਾਵ ਨੂੰ ਪਲਟਾਂ ਤਾਂ ਸ਼ੈਤਾਨ ਆਪੇ ਹੀ ਦੂਰ ਹੋ ਜਾਵੇਗਾ।

ਸਿਖਜਾ–ਇਸ ਤੋਂ ਸੁਣੋ ਗੁਰੂ ਕੇ ਪਯਾਰੇ!
ਕਹੋ ਅਵਿਦਯਾ ਤੁਮ ਮਿਲ ਸਾਰੇ।
ਨਹੀਂ 'ਅਵਿਦਯਾ' ਹੋਰ ਤੁਹਾਥੋਂ।
ਬਿਨ ਵਿਦਯਾ ਕੁਝ ਹੋਇ ਨ ਸਾਥੋਂ।
ਇਸ ਤੇ ਅਪਨਾ ਆਪ ਵਿਚਾਰੋ,
ਹੋਰ ਅਵਿਦਯਾ ਨਹਿੰ ਨਿਰਧਾਰੋ।
ਕੰਮ ਅਵਿਦਯਾ ਦੇ ਤੁਮ ਕਰਦੇ,
ਦੋਸ਼ ਅਵਿਦਯਾ ਦੇ ਸਿਰ ਧਰਦੇ।
ਕਿਉਂ ਨਹਿੰ ਗੁਰਕੇ ਬਚਨ ਪਛਾਣੋ,
ਵਿਦਯਾ ਵਿਚਰੋ ਸਹਜ ਸੁਜਾਣੋ।
ਕੋਈ ਬੁਰਾ ਜਿ ਕਰ ਹੈ ਲੇਵੈ,
ਦੋਸ਼ ਰੱਬ ਦੇ ਸਿਰ ਤੇ ਦੇਵੈ।
ਦੋਸ਼ ਕਰੋ ਹੋ ਆਪੇ ਆਪ,
ਸਾਈਂ ਦੇ ਜ਼ਿੰਮੇ ਦਿਓ ਥਾਪ।

"ਨਾਰਾਇਣ ਨਿੰਦਸਿਕਾਇਭੂਲੀਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਬਾਰੋ ਕਰਮੁ ਰੀ॥"
[ਧਨਾ: ਤ੍ਰਿਲੋ:

੨੧.

ਇਕੇਰਾਂ ਇਕ ਪੁਰਖ ਨੇ ਢੱਗਾ ਖਰੀਦਿਆ, ਪਰ ਰੁਪੈ ਦੇਣ ਦਾ ਇਕਰਾਰ ਕੀਤਾ, ਨਕਦ ਨਾ ਦਿੱਤੇ। ਜਦ ਕਰਾਰ ਦੇ ਦਿਨ ਬੀਤ ਚੁਕੇ, ਤਾਂ ਢੱਗੇ ਵਾਲੇ ਨੇ ਰੁਪੱਜੇ ਮੰਗੇ।ਦੇਣਦਾਰ ਅਜ, ਕਲ, ਸਵੇਰੇ, ਪਰਸੋਂ ਆਦਿਕ ਵੇਲੇ ਦੱਸ ਦੱਸ ਕੇ ਵੇਲਾ ਲੰਘਾਉਣ ਲਗਾ। ਇੱਕੁਰ ਹੀ ਕੁਝ ਸਮਾਂ ਲੰਘ ਗਿਆ। ਦੈਵਨੇਤ ਇਕੇਰਾਂ ਉਸ ਨਗਰ ਵਿਚ ਇਕ ਸੰਤ ਮਹਾਤਮਾ ਵੀ ਆਣ ਉਤਰੇ। ਲੋਕੀਂ ਉਨ੍ਹਾਂ ਦੇ ਪਰਮਾਰਥ ਵਾਲੇ ਸਤ

Digitized by Panjab Digital Library | www.panjabdigilib.org

ਉਪਦੇਸ਼ ਪ੍ਰੇਮ ਨਾਲ ਸੁਣਦੇ ਅਤੇ ਉਨ੍ਹਾਂ ਦੇ ਕਹਿਣੇ ਸੁਣਨੇ ਕਰਕੇ ਰਹਿਤ ਬਹਿਤ ਵੀ ਧਾਰਨ ਕਰਦੇ। ਉਨ੍ਹਾਂ ਸੰਤਾਂ ਪਾਸ ਢੱਗੇ ਵਾਲੇ ਨੇ ਫਰਿਆਦ ਕੀਤੀ ਕਿ ਫਲਾਣਾ ਆਪ ਦਾ ਪ੍ਰੇਮੀ ਮੇਰੇ ਰੁਪੱਜੇ ਨਹੀਂ ਦਿੰਦਾ, ਕਈ ਚਿਰ ਤੋਂ ਅਜਕਲ ਦੇ ਲਾਰੇ ਵਿਚ ਟਾਲੀ ਚੱਲਦਾ ਹੈ। ਸੰਤਾਂ ਨੇ ਉਸ ਨੂੰ ਪਰਲੋਕ ਦਾ ਡੈ ਦੱਸਕੇ ਆਖਿਆ ਭਾਈ ਇਹ ਰਿਣ ਹੱਤਿਆ ਬੁਰੀ ਚੀਜ਼ ਹੈ, ਦਰਗਾਹ ਵਿਚ ਵੀ ਛੁਟਦੀ ਨਹੀਂ। ਕਈ ਜਨਮ ਧਾਰ ਕੇ ਰਿਣੀ ਪੁਰਖ ਰਿਣ ਉਤਾਰਦੇ ਹਨ।ਰਿਣੀ ਨੇਆਖਿਆ–ਮਹਾਰਾਜ! ਏਥੇ ਮੋਏ ਮੁਕਰੇ ਦਾ ਕੋਈ ਇਲਾਜ ਨਹੀਂ। ਇਕੁਰ ਹੀ ਦਰਗਾਹੇ ਚੱਲ ਕੇ ਮੁੱਕਰ ਪਵਾਂਗੇ। ਸੰਤਾਂਨੇ ਆਖਿਆ'ਓਥੈਸਚੋ ਹੀ ਸਚਿ ਨਿਬੜੈ; ਭਲੇ ਲੋਕ ! ਉਹ ਬਲਦ ਖਾਸ ਆਕੇ ਉਗਾਹੀ ਦੇਵੇਗਾ, ਜਿਸ ਤੇ ਤੂੰ ਝੂਠਾ ਹੋ ਜਾਵੇਂਗਾ'। ਰਿਣੀ ਨੇ ਹੱਸ ਕੇ ਆਖਿਆ, ਮਹਾਰਾਜ! ਜੇਕਰ ਇਹ ਆਪਦਾ ਬਚਨ ਸਤ ਹੈ ਕਿ ਉਹ ਬਲਦ ਦਰਗਾਹ ਵਿਚ ਉਗਾਹੀ ਭਰਨ ਲਈ ਹਾਜ਼ਰ ਹੋਵੇਗਾ, ਤਾਂ ਮੈਂ ਕੰਨੋਂ ਫੜ ਕੇ ਧਨੀ ਦੇ ਹੱਥ ਦੇ ਦਿਆਂਗਾ,ਲੈਭਈ ਏਹੋ ਤੇਰਾ ਬਲਦ ਹੈ,ਚਲੋ ਛੁੱਟੀ ਹੋਈ, ਹੁਣ ਮੈਂ ਰੁਪੱਜੇ ਦੇਣ ਦਾ ਕਿਉਂ ਕਸਾਲਾ ਕਰਾਂ ? ਸੰਤਾਂ ਨੇ ਇਹ ਗੱਲ ਸੁਣਕੇ ਆਖਿਆ ਉਹ ਦਰਗਾਹ ਤੇਰੇ ਜਿਹੇ ਚਲਾਕਾਂ ਦੀ ਚਲਾਕੀ ਨਾਲ ਨਹੀਂ ਛਲੀ ਜਾ ਸਕਦੀ, ਉਹ ਅਦਾਲਤ ਪੂਰਾ ਜਾਚਦੀ ਤੇ ਹੱਕ ਨਿਆਂ ਕਰਦੀ ਹੈ।

ਸਿਖਜਾ–ਏਸ ਭਰੋਸੇ ਕਰਜ਼ ਨ ਖਾਣਾ।
'ਦੇਣਾ ਨਹਿੰ, ਲੈ ਮੁੱਕਰ ਜਾਣਾ।'
ਪਤ ਅਬਰੋ ਜਗਤ ਵਿਚ ਜਾਸੀ।
ਮਿਲਸੀ ਛਿਟਕ ਤੇ ਥਾਂਥਾਂ ਹਾਸੀ।
ਅਗੇ ਜਾਕੇ ਸੁਖ ਨਾ ਪਾਓ।
ਸੋ ਨਾ ਨਿਜ ਪਰਲੋਕ ਗੁਵਾਓ।
ਜਿਨ੍ਹੀਂ ਅੱਖੀਂ ਕਰਜ਼ਾ ਲੈਣਾ।
ਓਹਨੀਂ ਅੱਖੀਂ ਫਿਰ ਜਾ ਦੇਣਾ।
ਨਹੀਂ ਤਾਂ ਅਗੇ ਦੋਸੀ ਖ੍ਵਾਰੀ।
ਓਥੇ ਵੱਢੀ ਝੂਠ ਨ ਚਾਰੀ।
ਓਥੇ ਸੱਚ ਤਪਾਵਸ ਹੋਸੀ।
ਕਰਤਾ ਆਪ ਅਭੁੱਲ ਖਲੋਸੀ।
ਗੁਰ ਕੇ ਬਚਨ ਸੰਭਾਲੋ ਭਾਈ!
ਅਪਣੀ ਕਰੋ ਨ ਕੁਝ ਚਤੁਰਾਈ:–
"ਚਤੁਰਾਈ ਨ ਚਤੁਰਭੁਜੁ ਪਾਈਐ॥"
[ਗਉ: ਕਬੀਰ ਜੀ।

੨੨

ਇਕੇਰਾਂ ਇਕ ਜੱਟ ਨੂੰ ਸੁਪਨਾ ਆਇਆ ਕਿ ਮੇਰੇ ਪਾਸ ਮੋਟਾ ਭਾਜ਼ਾ ਬਲਦ ਹੈ ਤੇ ਕੋਈ ਗਾਹਕ ਵੀ ਲੈਣ ਵਾਲਾ ਸਾਮ੍ਹਣੇ ਖੜਾ ਹੈ। ਸੌਦਾ ਹੁੰਦਾ ਜਾਂਦਾ ਹੈ। ਸੌਦਾ ੩੦) ਤੀਹ ਰੁਪੈ ਪਰ ਪੱਕਾ ਹੋ ਗਿਆ,ਪਰ ਰੱਸਾ ਹੱਥ ਫੜਾਉਣ ਵੇਲੇ ਅੱਖ ਖੁੱਲ੍ਹ ਗਈ। ਜੱਟ ਨੇ ਫਿਰ ਛੇਤੀ ਨਾਲ ਅੱਖਾਂ ਮੀਟ ਕੇ ਕਿਹਾ–ਓਇ ਭਾਈਆ ਤੀਹ ਨਹੀਂ ਵੀਹ ਹੀ ਦੇ ਜਾਹ। ਪਰ ਹੁਣ ਵੀਹ ਕਿੱਥੇ? ਨਾ ਬਲਦ, ਨਾ ਗਾਹਕ, ਨਾ ਸੁਪਨਾ। ਖੇਡ ਤਾਂ ਅੱਖ ਖੁੱਲ੍ਹਣ ਨਾਲ ਸਾਰੀ ਬੀਤਗਈ।

ਸਿਖਜਾ–ਇਹ ਜੋ ਸਗਲ ਪਦਾਰਥ ਦੇਖੋ,
ਮੈਂ ਮੇਰੀ ਵਿਚ ਅਪਨੇ ਲੇਖੇ।
ਪਰ ਜਦ ਗਯਾਨ ਜਾਗਵਿਚ ਜਾਗੋ,
ਸੁਪਨੇ ਵਾਂਗੂ ਸਭ ਕੁਝ ਤਯਾਗੋ।
ਫਿਰ ਕੁਝ ਵੀ ਨਾ ਹੱਥ ਵਿਚ ਆਵੈ,
ਭਾਵੇਂ ਅੱਖਾਂ ਮੀਟ ਦਿਖਾਵੈ।
ਏਥੋਂ ਦਾ ਏਥੇ ਸਭ ਰਹਿਣਾ।
ਓਥੇਂ ਦਾ ਇਕ ਸਤਿਗੁਰ ਪਰਣਾ।
ਤਾਂਤੇ ਗੁਰ ਕੇ ਬਚਨ ਕਮਾਓ।
ਬਾਣੀ ਨਾਲ ਪ੍ਰੇਮ ਚਿਤ ਲਾਓ।
ਇਹ ਸੁਪਨਾ ਸੰਸਾਰ ਪਛਾਨੋ।
ਇਸ ਨੂੰ ਸੱਚਾ ਕਿਵੇਂ ਨ ਮਾਨੋ।

Digitized by Panjab Digital Library | www.panjabdigilib.org

ਸੱਚਾ ਸਤਿਗੁਰ ਪੁਰਖ ਅਕਾਲ।
ਤਿਸ ਭਾਵੇ ਤਾਂ ਹੋਇ ਨਿਹਾਲ।
ਤਿਲੰਗ ਮਹਲਾ ੯ ॥
"ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ॥ ਕਹਾ ਗਾਫਲ ਸੋਇਆ ॥ ਜੋ ਤਨੁ ਉਪਜਿਆ ਸੰਗਹੀ ਸੋ ਭੀ ਸੰਗ ਨਹੋਇਆ॥੧॥ਰਹਾਉ॥ ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥ ਜੀਉ ਛੁਟਿਓ ਜਬ ਦੇਹ ਤੇ ਭਾਰਿ ਅਗਨਿ ਮੈ ਦੀਨਾ॥੧॥ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥" ੨ ॥ ੨ ॥

੨੩

ਇਕੋਰਾਂ ਇਕ ਟੁਰੇ ਜਾਂਦੇ ਨੂੰ ਰਾਹ ਵਿਚੋਂ ਸ਼ੀਸ਼ਾ ਲੱਭ ਪਿਆ । ਚੁੱਕ ਕੇ ਵੇਖਿਆ ਤਾਂ ਵਿੱਚੋਂ ਆਪਣਾ ਮੂੰਹ ਜੋ ਲਕਵੇ ਦਾ ਮਾਰਿਆ ਤੇ ਰੰਗ ਦਾ ਕਾਲਾ ਸੀ, ਦਿੱਸਿਆ । ਬਹੁਤ ਛੇਤੀ ਵਿੱਥ ਵਿਚੋਂ ਸੁੱਟ ਕੇ ਆਖਿਆ-ਸ਼ੀਸ਼ਿਆ ਏਸੇ ਵਾਸਤੇ ਤਾਂ ਤੈਨੂੰ ਕਿਸੇ ਪੈਰਾਂ ਹੇਠ ਸਿੱਟਿਆ ਹੈ ਕਿ ਤੇਰੀ ਸੂਰਤ ਦੇਖਣ ਦੇ ਲਾਇਕ ਨਹੀਂ ।

ਸਿਖਜਾ—ਗੁਰ ਸਿਖੇ ਇਹ ਗੱਲ ਨ ਏਵੇਂ,
ਇਸ ਵਿਚ ਖੁੱਲ੍ਹਣੇ ਹੈਨ ਭੁਲੇਵੇਂ ।
ਕੋਈ ਸੱਜਨ ਜੋ ਕਿਸੇ ਤਾਂਈ,
ਉਸ ਦੇ ਐਬ ਜਿ ਦਏ ਸੁਨਾਈ,
ਤਾਂ ਉਹ ਅੱਗੋਂ ਉਸ ਨੂੰ ਆਖੇ:—
'ਨਹਿੰ ਤੇਰੇ ਵਿਚ ਜੋ ਤੂੰ ਭਾਖੇਂ ?
ਮੈਂ ਤੇਰੇ ਵਿਚ ਵਿਹਨਾਂ ਸਾਰੇ,
ਤੂੰ ਕੀ ਮੈਨੂੰ ਕਹੇਂ ਵਿਚਾਰੇ।
ਰਹਿਤਬਹਿਤ ਦੀ ਗੱਲ ਨ ਕਰੀਏ।'
ਕੀ ਕਹਿਣੀ ਜੇ ਆਪ ਨ ਕਰੀਏ।
ਇਕੁਰ ਅਗੋਂ ਦੇ ਦੇ ਦੋਸ਼।
ਆਪ ਨ ਮੰਨਣ, ਕੱਢਣ ਰੋਸ।
ਇਹ ਗਲ ਚੰਗੀ ਨਾਹੀਂ ਭਾਈ,
ਮੰਨੋ ਬਚਨ ਰਹਤ ਸੁਖਦਾਈ:—

ਰਹਤ ਰਹੋ ਅਰ ਨਾਮ ਸਮਾਰੋ,
ਬਾਣੀ ਪ੍ਰੇਮ ਨੇਮ ਉਰਧਾਰੋ;
ਸਤਿਗੁਰ ਅੰਗ ਸੰਗ ਨਿਤ ਜਾਣੋ,
ਰਹਤ ਬਚਨ ਨੂੰ ਹੁਕਮ ਪਛਾਣੋ,
ਭਾਣਾ ਮੰਨੋ ਪਰਉਪਕਾਰ,
ਸਚ ਬੋਲੋ ਰਖ ਨਾਮ ਅਧਾਰ।
ਇਹ ਗੁਰਮੁਖ ਸੂਰਤ ਦਰਬਾਰੀ,
ਸਤਿਸੰਗਤ ਸ਼ੀਸ਼ੇ ਵਿਚਕਾਰੀ
ਪਰਖੋ ਇਹ ਸੋਰੀ ਕਿ ਨਾਹੀਂ,
ਨਹਿ ਸੋਰੀ ਤਾਂ ਯਤਨ ਕਰਾਹੀ।

"ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥
[ਰਾਮ: ਮ:੧ ਸਿਧ ਗੋਸਟ
"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥"
[ਤਿਲੰਗ ਕਬੀਰ ਜੀ

੨੪.

ਕਿਸੇ ਮੁਕੱਦਮੇਂ ਵਿਚ ਇਕ ਦਿਲਚਲੇ ਰਸਮੀ ਈਮਾਨਦਾਰ ਦੀ ਗੁਵਾਹੀ ਸੀ । ਮੁਦਈ ਗੁਵਾਹ ਆਪਣਾ ਪਾਸਾ ਪੱਕਾ ਕਰਨ ਲਈ ਪੰਜ ਰੁਪੈ ਦੇਕੇ ਇਨ੍ਹਾਂਨੂੰ ਕਹਿ ਆਇਆ ਕਿ ਜੋ ਗਲ ਅਸਲ ਅਤੇ ਸੱਚ ਹੈ ਓਹੋ ਕਹਿਣੀ। ਪਰ ਮੁੱਦਾ-ਲਾ ਨੂੰ ਹਰ ਇਕ ਤਰ੍ਹਾਂ ਅਪਣੀ ਰਿਆਇਤ ਦੀ ਜ਼ਰੂਰਤ ਸੀ, ਉਸਨੇ ਗੁਵਾਹੀ ਬਿਗਾੜਨ ਲਈ ਉਸ ਨੂੰ ਯਾਰਾਂ ਰੁਪੈ ਦੇਕੇ ਬਹੁਤ ਮਿੰਨਤਾਂ ਤਰਲਾ ਕੀਤਾ। ਅਦਾਲਤ ਵਿਚ ਪੇਸ਼ ਹੋਣ ਦੇ ਵੇਲੇ ਮੁਦਈ ਨੇ ਗਵਾਹ ਨੂੰ ਆਖਿਆ—ਭਾਈ ਤੈਨੂੰ ਪੰਜਾਂ ਪੀਰਾਂ ਦੀ ਕਸਮ ਹੈ, ਅਦਾਲਤ ਵਿਚ ਸੱਚੋ ਸੱਚ ਕਹਿਣਾ । ਗਵਾਹ ਨੇ ਨੱਕ ਭੌਂਹ ਚੜ੍ਹਾ ਕੇ ਆਖਿਆ—ਮੈਨੂੰ ਯਾਰਵੀਂ ਵਾਲੇ ਪੀਰ ਦੀ ਕਸਮ ਹੈ ਮੈਂ ਝੂਠ ਕਿਉਂ ਕਹਿਣਾ ਹੈ ਤੇ

Digitized by Panjab Digital Library | www.panjabdigilib.org

ਗੁਵਾਹੀ ੧੧) ਵਾਲੇ ਦੇ ਪੱਖ ਦੀ ਦਿੱਤੀ।

ਸਿਖਿਆ- ਗੁਰਸਿੱਖੋਇਉਂਕਦੀਨ ਕਰਨਾ,
ਵੱਢੀ ਲੈਕੇ ਸਾਖ ਨ ਭਰਨਾ।
ਲਾਲਚ ਬੇਈਮਾਨ ਬਣਾਵੇ,
ਦੀਨ ਦੁਨੀਵਿਚ ਦਾਗ ਲਗਾਵੇ।
ਸੱਭ ਧਰਮ ਪਾਲੇ ਹਰ ਵੇਲੇ,
ਨਾਮ ਸੰਭਾਲੇ ਜਿਸ ਕਿਸ ਵੇਲੇ।
ਬੁਰਾ ਨ ਕਰੇ ਨ ਵੱਢੀ ਖਾਓ,
ਪਰਉਪਕਾਰ ਕਰੇ ਸੁਖ ਪਾਓ।
ਸਤ ਵਸਤੂ ਨੂੰ ਸੱਚੀ ਜਾਣੇ,
ਝੂਠੀ ਸਚ ਮੁਚ ਝੂਠੀ ਜਾਣੇ।
"ਇਹ ਲੋਕ ਸੁਖੀ ਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ॥" [ਸੁਖਮਨੀ

—0—

[ਦੂਜਾ ਭਾਗ]

੧.

ਇਕ ਭਲਾ ਪੁਰਖ, ਗ੍ਰਿਹਸਤੀ, ਪਰਮੇਸ਼ੁਰ ਦੇ ਭਉ ਵਾਲਾ, ਭਾਇ ਭਗਤੀ ਦਾ ਪੁਤਲਾ, ਭਾਣੇ ਦਾ ਆਗਿਆਕਾਰੀ, ਧਰਮ ਕਿਰਤ ਕਰਕੇ ਵੰਡ ਖਾਣ ਵਾਲਾ, ਭਜਨੀਕ, ਆਏ ਗਏ ਸਿੱਖਾਂ ਸੰਤਾਂ ਦੀ ਅੰਨ ਬਸਤ੍ਰ ਕਰਕੇ ਸੇਵਾ ਕਰਨ ਲਈਹਰਵੇਲੇ ਤਜਾਰ ਬਰਤਜਾਰ ਰਹਿੰਦਾ ਸੀ।ਪਰ ਇਸਤ੍ਰੀ ਇਜੇਹੀ ਕਰਕਸ਼ਾ ਮਿਲੀਹੋਈ ਸੀ ਕਿ ਉਸਦੇ ਸਾਰਿਆਂ ਕੰਮਾਂ ਵਿਚ ਕੰਡੇ ਬੀਜਦੀ, ਪੱਥਰ ਪਾਉਂਦੀ ਤੇ ਖਾਤੇ ਹੀ ਪੁਟਦੀ ਰਹਿੰਦੀ । ਪਰੰਤੂ ਉਹ ਸਿਦਕੀ, ਦਾਈਏ ਵਾਲਾ, ਆਪਣੇ ਪੱਕੇ ਭਰੋਸੇ ਨਾਲ, ਇਸਤ੍ਰੀ ਦੀਆਂ ਪਾਈਆਂ ਸਾਰੀਆਂ ਔਕੜਾਂ ਨੂੰ ਝਾਗਦਾ, ਅਥੱਕ ਅਤੇ ਅਡੋਲ ਸੰਤ ਸੇਵਾ ਕਰੀ ਜਾਂਦਾ । ਇਕੇਰਾਂ ਇਕ ਭਲੇ ਪੁਰਖ ਉਸਦੇ ਘਰ ਆਏ । ਅਗੋਂ ਉਸ ਪ੍ਰੇਮੀ ਨੇ ਬਡੇ ਸਤਿਕਾਰ ਅਤੇ ਨਿੰਮ੍ਰਤਾਂ ਨਾਲ ਫਤਹ ਗਜਾਕੇ ਬਿਠਾਇਆ, ਕੁਸ਼ਲ ਪ੍ਰਸੰਨ ਪੁੱਛੀ, ਪ੍ਰਸ਼ਾਦ ਛਕਣ ਲਈ ਬੇਨਤੀ ਪਰਵਾਨ ਕਰਾਈ । ਇਸਤ੍ਰੀ ਨੂੰ ਕੜਾਹ ਪ੍ਰਸ਼ਾਦ ਤਜਾਰ ਕਰਨ ਲਈ ਆਖਿਆ । ਓਨ ਅਗੋਂ ਆਖਿਆ ਭਈ ਪ੍ਰਸ਼ਾਦ ਦੀ ਰਸਦ ਲੈ ਆਓ ਤਾਂ ਪ੍ਰਸਾਦ ਤਜਾਰ ਹੋ ਜਾਏ। ਪ੍ਰੇਮੀ ਸਿੰਘ ਹੋਰੀ ਬਜਾਰੋਂ ਰਸਤ ਲੈਣ ਲਈ ਚਲੇ ਗਏ। ਪਿਛੋਂ ਉਸ ਕਾਰਜ ਸਾਧਣੀ ਇਸਤ੍ਰੀ ਨੇ ਸੰਤਾਂ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਰੋਣੀ ਜੇਹੀ ਸ੍ਰਤ ਬਣਾਕੇ ਆਖਿਆ—ਮਹਾਰਾਜ ! ਆਪਣੇ ਸਿੱਖ ਨੂੰ ਕੁਝ ਮੱਤ ਦਿਓ । ਐਹ ਦੇਖੋ ਜੇਹੜੀ ਰੱਸੀ ਮੋਟੀ ਤੇ ਕਰੜੀ ਜੇਹੀ ਪਈ ਹੈ, ਇਸ ਨਾਲ ਹਰ ਇਕ ਸੰਤ ਸਾਧ ਨੂੰ ਪ੍ਰਸ਼ਾਦ ਛਕਾਕੇ ਜਕੜ ਦਿੰਦਾ ਹੈ। ਉਪਰੰਤ ਇਸ ਮੋਟੇ ਸੋਟੇ ਨਾਲ ਐਸੀ ਕਰੜੀ ਦੱਖਣਾ ਦਿੰਦਾ ਹੈ ਕਿ ਕੁਟ ਕੁਟਕੇ ਮਾਨੋ ਮੁੰਦ ਕਰ ਦਿੰਦਾ ਹੈ। ਜੇ ਦੈਵਨੇਤ ਨਾਲ ਕਿਸੇ ਦਿਨ ਕੋਈ ਸੰਤ ਸਿੱਖ ਨਾ ਆਵੇ ਤਾਂ ਫਿਰ ਮੇਰੀ ਏਹੋ ਦੁਰਗਤੀ ਕਰਦਾ ਹੈ।ਇਹ ਗਲ ਸੁਣਕੇ ਉਸ ਭਲੇ ਪੁਰਖ ਦੇ ਚਿਤ ਵਿਚ ਭੈ ਦਾ ਵਿਕਲਪ ਉਠਿਆ ਅਪਣੀ ਸੋਟੀ ਫੜਕੇ ਉਠ ਖੜੋਤਾ ਅਤੇ ਘਰੋਂ ਨਿਕਲ ਤੁਰਿਆ । ਅਗੋਂ ਰਸਤੇ ਵਿਚ ਪ੍ਰੇਮੀ ਸਿੰਘ ਵੀ ਮਿਲ ਪਿਆ,ਓਸ ਆਖਿਆ—ਮਹਾਰਾਜ ! ਆਪ ਬਿਨਾ ਹੀ ਅੰਨ ਛਕੇ ਦੇ ਕਿੱਥੇ ਚਲੇ ਹੋ ? ਭਲੇ ਪੁਰਖ ਨੇ ਬਚਨ ਕੀਤਾ—ਤੁਸੀਂ ਘਰਨੂੰ ਚਲੋ,ਅਸੀਂ ਹੁਣ ਠਹਿਰ ਨਹੀਂ ਸਕਦੇ। ਪ੍ਰੇਮੀ ਸਿੰਘ ਘਰ ਪੁੱਜਾ ਤਾ ਅਗੋਂ ਉਸ ਸਿਆਣੀ ਇਸਤ੍ਰੀ ਨੇ ਆਖਿਆ ਸੰਤ ਕੁਝ ਗੁੱਸੇ ਜੇਹੇ ਹੋਕੇ ਚਲੇ ਗਏ ਹਨ।

Digitized by Panjab Digital Library | www.panjabdigilib.org

ਸਿੰਘ ਜੀ ਨੇ ਪੁਛਿਆ ਕਿਸ ਗਲੇ ਗੁੱਸੇ ਹੋ ਗਏ। ਇਸਤ੍ਰੀ ਨੇ ਆਖਿਆ ਇਹ ਸੋਟਾ ਤੇ ਰੱਸੀ ਮੰਗਦੇ ਸਨ, ਮੈਂ ਤੁਹਾਡੀ ਆਗਜਾ ਤੇ ਬਿਨਾਂ ਕੀਕਰ ਦੇ ਸਕਦੀ ਸਾਂ। ਪ੍ਰੇਮੀ ਸਿੱਖ ਨੇ ਇਹ ਸੁਣਦਿਆਂ ਰਸਤ ਤਾਂ ਹਥੋਂ ਓਥੇ ਹੀ ਰੱਖ ਦਿਤੀ ਅਤੇ ਆਪ ਸੋਟਾ ਰੱਸੀ ਲੈਕੇ ਸੰਤਾਂ ਦੇ ਮਗਰ ਵਗ ਤੁਰਿਆ, ਬਹੁਤ ਦੂਰ ਜਾਕੇ ਉਚੀ ਉਚੀ ਵਾਜਾਂ ਮਾਰਕੇ ਕਹਿਣ ਲਗਾ— ਮਹਾਰਾਜ, ਕਿਰਪਾ ਕਰੋ ਠਹਿਰ ਜਾਓ, ਮੈਂ ਰੱਸੀ ਸੋਟਾ ਲੈ ਆਇਆ ਹਾਂ। ਇਹ ਗਲ ਭਲੇ ਪੁਰਸ਼ ਦੇ ਕੰਨਾਂ ਵਿਚ ਪਈ, ਪਰਤ ਕੇ ਡਿੱਠਾ ਤਾਂ ਠੀਕ ਉਹੋ ਰਸੀ ਤੇ ਸੋਟਾ ਲਈ ਸਿਖ ਹਾਜ਼ਰ ਹੈ।ਤਾਂ ਹੋਰ ਤ੍ਰਿਖੇ ਹੋ ਟੁਰੇ। ਉਸਨੇ ਫੇਰ ਕਿਹਾ ਜੀ—ਇਹ ਰੱਸੀ ਤੇ ਸੋਟਾ ਲਈ ਜਾਓ। ਇਹ ਸੁਣ ਕੇ ਆਪ ਰਤਾ ਕੁ ਠਠੰਬਰ ਕੇ ਬੈਠ ਗਏ। ਸਿਖ ਨੇ ਪੈਰਾਂ ਤੇ ਮੱਥਾ ਟੇਕਿਆ। ਰਸੀ ਸੋਟਾ ਅੱਗੇ ਰੱਖਕੇ ਆਖਿਆ ਮਹਾਰਾਜ ਇਸ ਰੱਸੀ ਸੋਟੇ ਵਾਸਤੇ ਕਿਉਂ ਗੁੱਸੇ ਹੋ ਗਏ ਮੇਰਾ ਤਾਂ ਤਨ ਮਨ ਧਨ ਸਭ ਸੰਤਾਂ ਦਾ ਹੈ। ਭਲੇ ਪੁਰਸ਼ ਨੇ ਉੱਤਰ ਦਿਤਾ ਜੋ ਮੈਂ ਰੋਟੀ ਤਾਂ ਨਹੀਂ ਖਾਧੀ, ਪਰ ਜੇ ਸੰਕਲਪ ਅਟਲ ਹੈ ਤਾਂ ਐਹ ਲੈ ਮੈਂ ਬੈਠਾ ਹਾਂ। ਸਿੱਖ ਨੇ ਹੱਥ ਜੋੜਕੇ ਪੁੱਛਿਆ—ਮਹਾਰਾਜ ਸਾਰਾ ਬ੍ਰਿਤਾਂਤ ਸੁਣਾਓ ਇਹ ਗਲ ਕੀ ਹੈ ? ਸੰਤਾਂ ਨੇ ਆਖਿਆ ਤੇਰੀ ਇਸਤ੍ਰੀ ਕਹਿੰਦੀ ਸੀ ਰੋਟੀ ਖਾਣ ਵਾਲਿਆਂ ਸਾਧੂਆਂ ਨੂੰ ਰੱਸੀ ਨਾਲ ਬੰਨਕੇ ਸੋਟਿਆਂ ਨਾਲ ਸਿੱਖ ਮਾਰਦਾ ਹੁੰਦਾ ਹੈ, ਇਸ ਲਈ ਅਸੀਂ ਤੇਰੀ ਰੋਟੀ ਖਾਣ ਤੋਂ ਪਹਿਲੇ ਚਲੇ ਆਏ ਹਾਂ। ਸਿਖ ਇਹ ਗਲ ਸੁਣਕੇ ਤ੍ਰਾਹ ਤ੍ਰਾਹ ਕਰਦਾ ਚਰਨਾਂ ਤੇ ਡਿੱਗ ਪਿਆ ਤੇ ਕਹਿਣ ਲਗਾ ਇਹ ਉਸੇ ਕਰਕਸ਼ਾ ਦਾ ਚਰਿਤ੍ਰ ਹੈ। ਆਪ ਨੂੰ ਰੱਸੀ ਸੋਟੇ ਦਾ ਡਰ ਦੱਸਿਆ ਅਤੇ ਮੈਨੂੰ ਆਖਿਆ ਸੰਤ ਰਸੀ ਸੋਟਾ ਮੰਗਦੇ ਸਨ,ਇਸੇ ਲਈ ਗੁੱਸੇ ਹੋ ਗਏ ਹਨ। ਮੈਂ ਰੱਸੀ ਸੋਟਾ ਲਈ ਆਪਨੂੰ ਮੰਨਾਉਣ ਦੌੜਿਆ ਆਇਆ ਹਾਂ। ਕਿਰਪਾ ਕਰੋ, ਭੁੱਲ ਮਾਫ ਕਰੋ।

ਸਿਖਜਾ—ਸੁਨੋ ਗ੍ਰਿਹਸਤੀ ਸਿੱਖੋ ਭਾਈਓ।
ਵੰਡ ਖਾਵਣ ਦੀ ਰੀਤ ਕਮਾਈਓ।
"ਘਾਲਿਖਾਇਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ" ॥
ਪਰ ਘਰ ਦੇ ਲੋਕਾਂ ਸਮਝਾਓ,
ਨਾਹਕ ਸੰਤਾਂ ਨਹੀਂ ਦੁਖਾਓ।
ਜੇ ਅਣਮੰਨ ਅਹੈ ਘਰ ਨਾਰੀ,
ਬਚੋ ਓਸਦੀ ਚਾਲੋਂ ਨਜਾਰੀ।
ਨਹੀਂ ਤਾਂ ਰੱਸੀ ਸੋਟੇ ਵਾਲਾ
ਹੋਊ ਤੁਸਾਡਾ ਬੀ ਬੁਰਹਾਲਾ।

੨.

ਇਕੇਰਾਂ ਦੀ ਗੱਲ ਕਰਦੇ ਹਨ ਕਿ ਗਿੱਦੜ ਕਿਤੇ ਫਿਰਦਾ ਪਿੰਡ ਦੇ ਨੇੜੇ ਅੜ੍ਹੀਆਂ ਤੇ ਆ ਗਿਆ,ਓਥੇ ਦੇਵਨੇਤ ਨਾਲ ਇਕ ਵਿਚਕਾਰੋਂ ਟੁੱਟਾ ਪਾਟਾ ਹੋਇਆ ਛੱਜ ਪਿਆ ਸਾ, ਉਸਦੇ ਵਿੱਚੋਂ ਦੀ ਲੰਘਦਿਆਂ ਛੱਜ ਗਲ ਪੈ ਗਿਆ। ਗਿੱਦੜ ਬਤੇਰਾ ਉਛਲਿਆ ਕੁੱਦਿਆ ਪਰ ਛੱਜ ਹੁਰੀਂ ਲੱਕ ਵਿਚ ਜਾਕੇ ਤੜਾਗੀ ਵਾਕਰ ਫਸ ਗਏ। ਬਤੇਰੀ ਹਿੰਮਤ ਹਿਕਮਤ ਕੀਤੀ, ਪਰ ਛੱਜ ਹੁਰੀਂ ਭੁੱਖੇ ਬੰਗਾਲੀ ਵਾਂਗੂ ਗਲ ਪਏ ਨਾ ਲੱਥੇ । ਇਸ ਹਾਲਤ ਵਿੱਚ ਜਦ ਜੰਗਲ ਵਿਚ ਪਹੁੰਚੇ ਤਾਂ ਬਾਕੀ ਦੇ ਗਿੱਦੜਾਂ ਨੇ ਝੁਰਮਟ ਪਾ ਦਿੱਤਾ ਅਤੇ ਲੱਗੇ ਫਬਦੀਆਂ ਕਹਿਣ। ਇਹ ਗਿੱਦੜ ਕੁਝ ਕੁਝ ਚਲਾਕ ਸੀ, ਬੜੀ ਛੇਤੀ ਉੱਤਰ ਦਿੱਤੋਸੁ ਜੋ ਇਹ ਤਾਂ ਬਾਦਸ਼ਾਹ ਵਲੋਂ ਜਮਾਂਦਾਰੀ ਦੀ ਮੈਨੂੰ ਪੇਟੀ ਮਿਲੀ ਹੈ। ਇਸ ਬਨ ਦੀ ਜਮਾਂਦਾਰੀ ਮੇਰੀ ਹੈ, ਇਸ ਲਈ ਖਬਰਦਾਰ ਜੇ

Digitized by Panjab Digital Library | www.panjabdigilib.org

ਕਿਸੇ ਨੇ ਹਾਸੀ, ਮਸਖਰੀ ਕੀਤੀ ਤਾਂ ਸਜ਼ਾ ਮਿਲੇਗੀ। ਇਹ ਹੁਕਮ ਸੁਣਦਿਆਂ ਸਾਰਿਆਂ ਗਿੱਦੜਾਂ ਨੇ ਸਲਾਮ ਕੀਤਾ ਅਤੇ ਉਸੇ ਦਿਨ ਤੋਂ ਆਪਣਾ ਆਕਾ ਨਾਮਦਾਰ ਮੰਨਣ ਲਗ ਪਏ। ਜੋ ਕੁਝ ਜਮਾਦਾਰ ਹੁਕਮ ਕਰਦਾ ਇਹ ਅੱਖਾਂ ਤੇ ਧਰਕੇ ਮੰਨਦੇ। ਇਕ ਦਿਨ ਉਸ ਬਨ ਵਿਚਸ਼ਿਕਾਰੀ ਲੋਕਸ਼ਿਕਾਰ ਖੇਡਣ ਲਈਆਣ ਵੜੇ,ਕਿਤੇ ਉਨ੍ਹਾਂ ਬਾਉਰਾਂ ਲਾ ਦਿੱਤੀਆਂ,ਕਿਤੇ ਬਾਜਛੱਡ ਦਿੱਤੇ, ਕਿਤੇ ਜਾਲ ਪਾ ਦਿੱਤੇ, ਇਕ ਪਾਸੇ ਗਿੱਦੜਾਂ ਦਾਝੁੰਡ ਤਾੜਕੇ ਸ਼ਿਕਾਰੀ ਕੁੱਤੇ ਵੀਛੱਡ ਦਿੱਤੇ। ਇਸ ਵੇਲੇ ਗਿੱਦੜਾਂ ਆਪਣੀ ਜਾਨ ਬਚਾਉਣ ਲਈ ਸਿਰਤੋੜ ਖੁਰੀ ਕੀਤੀ, ਆਪੋ ਆਪਣੇ ਖੁੱਡਿਆਂ ਵਿਚ ਜਾ ਵੜੇ, ਪਰ ਜਮਾਦਾਰ ਗਿੱਦੜ ਆਪਣੀ ਖੁੱਡ ਵਿਚ ਵੜਦਾ ਹੋਇਆ ਛੱਜ ਕਰਕੇ ਫਸ ਗਿਆ । ਬਤੇਰਾ ਅੰਦਰਲਿਆਂ ਨੇ ਆਖਿਆ—ਜਮਾਦਾਰਾ ਅੰਦਰ ਲੰਘ ਆ, ਨਹੀਂ ਤਾਂ ਮਾਰਿਆ ਜਾਵੇਂਗਾ ਪਰ ਵਿਚਾਰੇ ਦੀ ਜਮਾਦਾਰੀ ਇਜੇਹੀ ਫਾਥੀ ਕਿ ਅੰਦਰ ਲੰਘਣਾ ਤਾਂ ਕਿਤੇ ਰਿਹਾ ਬਾਹਰ ਨਿਕਲਣੋਂ ਵੀ ਆਰੀ ਹੋ ਗਿਆ। ਇੰਨੇ ਤੱਕ ਕੁੱਤੇ ਅੱਪੜ ਪਏ ਉਨ੍ਹਾਂ ਨੇ ਛੱਜ ਸਮੇਤ ਚੀਰ ਪਾੜ ਕੇ ਫਸੇ ਹੋਏ ਦਾ ਛੁਟਕਾਰਾ ਕੀਤਾ।

ਸਿਖਜਾ—ਹਦ ਧਰਮ ਦੀ ਅਪਣੀ ਪਾਲੋ,
ਬਾਹਰ ਨਿਕਲ ਨ ਖੋਰੂ ਘਾਲੋ।
ਜੋਰੀ ਚੋਟੀ ਲੈ ਜਮ ਦਾਰੀ,
ਗਲ ਪਾਓ ਨਹਿੰ ਹੋਗ ਖੁਆਰੀ।
ਜਾਂ ਸ਼ਿਕਾਰੀਆਂ ਦੇ ਹਥ ਆਓ,
ਇਜ਼ਤ ਜਾਨਾਂ ਸਭੀ ਗੁਆਓ।
ਅਪਣੇ ਭਾਈਆਂ ਤੋਂ ਵਡਿਆਈ,
ਕਦੀ ਨ ਚਾਹੋ ਵੰਭ ਬਨਾਈ।
ਜੇ ਰਖਸੋ ਤਾਂ ਹੋਸੋ ਖ੍ਵਾਰ,
ਕੁੱਤੇ ਗਿੱਦੜ ਲੈਸਨ ਮਾਰ।

ਸਿੱਖ ਭਿਰਾਓ ਹੋਸ਼ ਸੰਭਾਲੋ,
ਬਚਨ ਸਤਿਗੁਰਾਂ ਦੇ ਪ੍ਰਤਿਪਾਲੋ।

੨

ਇਕ ਵਾਰਾਂ ਇਕ ਬਨਬਾਸੀ ਕਾਉਂ ਨੇ ਸ਼ਹਿਰ ਆ ਕੇ ਕਿਤੇ ਇਕ ਟੋਟਾ ਰੋਟੀ ਦਾ ਚੁੱਕ ਖੜਿਆ ਅਤੇ ਆਪਣੇ ਆਲ੍ਹਣੇ ਪਾਸ ਜਾ ਬੈਠਾ। ਹੇਠ ਬੈਠੀ ਲੂੰਮੜੀ ਨੇ ਤਾੜਿਆ ਭਈ ਕੋਈ ਹਿਕਮਤ ਕਰੀਏ ਜਿਸ ਨਾਲ ਇਹ ਰੋਟੀ ਇਸ ਦੇ ਮੂੰਹੋਂ ਨਿਕਲ ਆਵੇ। ਇਹ ਸੋਚਦੀ ਨੇ ਝਟ ਪਟ ਮੂੰਹ ਉਤਾਹਾਂ ਚੁੱਕ ਕੇ ਆਖਿਆ ਕਿ ਹੇ ਕਰਤਾਰ! ਇਹ ਤੇਰੀ ਕੁਦਰਤ ਹੈ ! ਕਿਹਾ ਆਸਮਾਨੀ ਰੰਗ ਨੂੰ ਵੀ ਪਰੇ ਰੱਖਣ ਵਾਲਾ ਸ਼ਾਮ ਰੰਗ ਹੈ। ਚੁੰਝ ਅਤੇ ਪਾਉਂਚੇ ਕਾਲੇ ਕਾਲੇ ਕੇਹੇ ਚਮਕਦੇ ਹਨ,ਭਾਵੇਂ ਕੋਈ ਆਪਣਾ ਮੂੰਹ ਦੇਖ ਲਵੇ । ਜੇ ਗਰਦਨ ਦੇਖੀਏ ਤਾਂ ਕੈਸੀ ਸੁੰਦਰ ਹੈ, ਜੇ ਖੰਭ ਦੇਖੀਏ ਤਾਂ ਕੋਇਲ ਵੀ ਕੁਰਬਾਨ ਹੁੰਦੀ ਹੈ। ਐਸਾ ਅਚਰਜ ਤੇ ਸੁਹਣਾ ਪੰਛੀ ਤਾਂ ਪੰਛੀਆਂ ਦਾ ਰਾਜਾ ਹੋਣਾ ਚਾਹੀਦਾ ਸੀ, ਪਰ ਇੱਕੋ ਕਸੂਰ ਹੈ ਜੋ ਇਹ ਪੰਛੀਰਾਜ ਗੁੰਗਾ ਹੈ। ਬੋਲ ਨਹੀਂ ਜਾਣਦਾ।

ਇਹ ਆਪਣੀ ਅਨੋਖੀ ਤੇ ਚੋਖੀ ਵਡਜਾਈ ਸੁਣ ਸੁਣ ਕੇ ਕਾਉਂ ਹੁਰੀਂ ਪਿੰਜੀ ਹੋਈ ਕਾਲੀ ਰੂੰ ਵਾਕਰ ਫੁੱਲ ਗਏ ਤੇ ਖੁਸ਼ੀ ਵਿਚ ਆਕੇ ਆਪਣੀ ਸੁਰੀਲੀ ਬੋਲੀ (ਪੰਛੀ ਰਾਜ ਹੋਣ ਲਈ) 'ਕਾਉਂ ਕਾਉਂ' ਕਰਕੇ ਬੋਲੇ ਤੇ ਜੰਗਲ ਵਿਚ ਕਾਕਾਰਾਰੇ ਦੀ ਗੂੰਜ ਭਰ ਦਿੱਤੀਓਨੇ। ਬੋਲਣ ਲਈ ਮੂੰਹ ਖੁੱਲ੍ਹਦਿਆਂ ਸਾਰ ਹੀ ਰੋਟੀ ਦਾ ਟੁੱਕ ਡਿੱਗ ਪਿਆ, ਜਿਸ ਨੂੰ ਲੂੰਮੜੀ ਨੇ ਬੋਚ ਕੇ ਛਕ ਲਿਆ ਅਤੇ ਇਉਂ ਆਖਿਆ—ਭਈ ਗੁੰਗਾ ਤਾਂ ਨਹੀਂ, ਪਰ ਰਤਾ ਕੁ ਅਕਲ ਘੱਟ ਸੂ।

Digitized by Panjab Digital Library | www.panjabdigilib.org

ਤਾਂਤੇ ਇਹ ਅਭਿਆਗਤ ਨਾਹੀਂ।
ਸ੍ਰੀ ਸਤਿਗੁਰ ਜੀ ਦੇਣ ਗੁਵਾਹੀ।
"ਅਭਿਆਗਤ ਏਹਿ ਨ ਆਖੀਅਨਿ ਜਿਨ
ਕੇ ਚਿਤ ਮਹਿ ਭਰਮੁ ॥" [ਰਾਮ: ਵਾਰ ਮਃ ੩

੫.

ਇਕੇਰਾਂ ਇਕ ਤੀਵੀਂ ਨੇ ਕਿਸੇ ਆਪਣੇ ਲਾਗ ਪੇਟਵਾਲੇ ਸ਼ਰਾਬੀ ਪੁਰਖ ਨੂੰ ਆਪਣੀ ਵਲੋਂ ਜਾਨੋਂ ਮਾਰ ਘੱਤਿਆ, ਪਰ ਉਸ ਦੀ ਅਜੇ ਵਧੀ ਸੀ ਉਹ ਜਾਨੋਂ ਨਹੀਂ ਮੋਇਆ, ਪਰ ਮਰਨ ਜਿਹਾ ਬੇਹੋਸ਼ ਹੋ ਗਿਆ । ਅੱਧੀ ਕੁ ਰਾਤ ਵੇਲੇ ਉਹ ਪੱਥਰ ਦਿਲ ਤੀਵੀਂ ਇਕ ਭੂਰੇ ਵਿਚ ਉਸਦੀ ਪੰਡ ਬੰਨ੍ਹ ਕੇ ਸਿਰ ਤੇ ਰੱਖ ਕੇ ਉਜਾੜ ਵੰਨੀਂ ਲੈ ਟੁਰੀ। ਅਜੇ ਥੋੜ੍ਹੀ ਹੀ ਦੂਰ ਗਈ ਸੀ ਕਿ ਅਗੋਂ ਚੋਰ ਮਿਲ ਪਏ।ਉਨ੍ਹਾਂ ਲਲਕਾਰਿਆ ਕਿ ਇਸਵੇਲੇ ਤੂੰ ਕੌਣ ਹੈਂ ਅਤੇ ਤੇਰੇ ਸਿਰ ਪਰ ਕੀ ਹੈ? ਉਸ ਦਲੇਰ ਤੀਵੀਂ ਨੇ ਆਖਿਆ ਮੇਰੇ ਸਿਰ ਤੇ ਸੋਨੇ ਦਾ ਮੂਸਲ ਹੈ ਤੇ ਮੈਂ ਇਸਨੂੰ ਆਪਣੇ ਘਰ ਲਿਚੱਲੀ ਹਾਂ। ਚੋਰਾਂ ਆਖਿਆ- ਭਈ ਅਜ ਦੀ ਰਾਤ ਐਵੇਂ ਨਾ ਗਈ, ਅਗੇ ਤਿੰਨ ਘਰ ਭੰਨੇ ਤਿੰਨੇ ਨਿਕੰਮੇ ਨਿਕਲੇ, ਪਰ ਇਹ ਕਰਤਾਰ ਨੇ ਰਾਹ ਵਿਚੋਂ ਸੋਨੇ ਦਾ ਮੂਸਲ ਲਭਾ ਦਿੱਤਾ। ਜਦੋਂ ਉਹ ਤੀਵੀਂ ਪਾਸੋਂ ਖੋਹਣ ਲਗੇ ਤਾਂ ਤੀਵੀਂ ਨੇ ਆਖਿਆ—ਭਈ ਜੋਰਾ-ਜੋਰੀ ਤਾਂ ਮੂਸਲ ਨਹੀਂ ਦਿਆਂਗੀ, ਜੇਹੋ ਤੁਸੀਂ ਚੋਰ ਤੇਹੀ ਮੈਂ ਚੋਟੀ । ਹਾਂ, ਇਕ ਗਲ ਹੈ ਜੇ ਧਰਮੋਂ ਧਰਮੀ ਤੁਸੀਂ ਆਪਣਾ ਲਿਆਂਦਾ ਮਾਲ ਮੈਨੂੰ ਦੇ ਦਿਓ ਤਾਂ ਮੈਂ ਆਪਣਾ ਲਿਆਂਦਾ ਮਾਲ ਤੁਹਾਨੂੰ ਦੇ ਦਿਆਂਗੀ। ਇਸ ਗਲ ਤੇ ਚੋਰ ਰਾਜੀ ਹੋ ਗਏ । ਜੋ ਕੁਝ ਲੁੰਗ ਲਾਣਾ ਉਸ ਵੇਲੇ ਉਨ੍ਹਾਂ ਲਿਆਂਦਾ ਸੀ ਦੇਕੇ ਸੋਨੇ ਦਾ ਮੂਸਲ ਲੈਕੇ ਚਲੇ ਗਏ। ਜਦ ਸੋਝਲੇ ਹੋਏ ਸਿਰੋਂ ਲਾਹਕੇ ਰਖਣ ਲਗੇ ਤਾਂ ਮੂਰਦਾ

ਸਿਖਜਾ—ਬੜੇ ਸ੍ਵਾਰਥੀ ਪੇਟੂ ਭਾਰੇ।
ਖਾਂਦੇ ਸਭ ਕੁਝ ਬਿਨਾ ਡਿਕਾਰੇ,
ਚੰਗ ਚੜ੍ਹਾਵਨ ਕਰ ਵਡਿਆਈ,
ਅਤੇ ਖੁਸ਼ਾਮਦ ਬਚਨ ਸਹਾਈ,
ਕਾਰਜ ਸਾਧ ਆਪਣਾ ਲੈਂਦੇ,
ਫਿਰ ਨਿੰਦਨ ਨਿੱਥੇ ਜਾ ਬਹਿੰਦੇ।
ਮੂੰਹ ਪਰ ਕਹਿਣ ਤੁਸੀਂ ਹੋ ਭੋਲੇ,
ਅਮੁਕੇ ਬਚਨ ਨ ਚੰਗੇ ਬੋਲੇ।
ਲਾਵਨ ਚਾਟੇ ਖਾਵਣ ਆਪ,
ਕਰਨ ਖ਼ਰਾਬ ਖ਼ੁਆਰ ਅਮਾਪ,
ਭਰੇ ਜ਼ਹਿਰ ਦੇ ਮੂੰਹ ਪਰ ਦੁੱਧ।
ਚਿਕਨੇ ਚੁਪੜੇ ਦਿੱਸਣ ਸੁੱਧ।
ਸਿੱਖੋ ਬਚੋ ਇਨ੍ਹਾਂ ਤੋਂ ਛੇਤੀ,
ਸਮਝੋ ਜੋ ਕੁਝ ਕਰਨ ਅਗੇਤੀ।
ਇਹ ਦੁਬਾਜਰੇ ਲੁੰਬੜ ਛਲੀਏ,
ਸ੍ਵਾਰਥ ਸਾਧਕ ਸ਼ਤ ਸਬਲੀਏ।
ਕਰੇ ਤਜਾਗ ਅਰ ਰਹੇ ਦੁਰਾਡੇ।
ਠੱਗ ਕਪਟੀ ਬਕ ਬਕ ਦੇ ਭਾਂਡੇ।

"ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ
ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ
ਪਰਗਟੀ ਆਇਆ ॥" [ਵਾਰ ਸਾਰੰਗ ਮਃ ੪

੪

ਇਕੇਰਾਂ ਦੀ ਗੱਲ ਹੈ ਇਕ ਮੰਗਤਾ ਭਿਖਾਰੀ ਮੰਗਣ ਲਈ ਘਰੋ ਘਰੀ ਸਦਾ ਕਰਦਾ ਫਿਰਦਾ ਸੀ। ਇਕ ਘਰੋਂ ਭਿੱਖਿਆ ਦੀ ਹੁੰਦੀ ਜਵਾਬ ਮਿਲਿਆ ਕਿ ਘਰ ਵਾਲੀ ਘਰ ਨਹੀਂ ਬੈਠੀ। ਅਗੇ ਉਹ ਮੰਗਤਾ ਲੰਮੀ ਜੀਭ ਵਾਲਾ, ਬੇਲਗਾਮਾ ਬਹੁਤ ਹੀ ਛੇਤੀ ਏਲ ਉਠਿਆ ਕਿ ਬਾਬਾ! ਮੈਂ ਤਾਂ ਭਿੱਖਿਆ ਮੰਗਦਾ ਹਾਂ, ਘਰ ਵਾਲੀ ਨਹੀਂ ਮੰਗਦਾ।

ਸਿਖਜਾ—ਬਿਲੀ ਦੇ ਬੁਰਕੇ ਵਿਚ ਸ਼ੇਰ,
ਫਿਰਦੇ ਹਨ ਗਲੀਆਂ ਵਿਚ ਢੇਰ।
ਜੁਗਤਾਂ ਕਰਦੇ ਹੁਜਤਾਂ ਕਰਦੇ।
ਗਾਲ੍ਹਾਂ ਕੱਢਦੇ ਜ਼ਰਾ ਨ ਡਰਦੇ।

Digitized by Panjab Digital Library | www.panjabdigilib.org

ਮਾਨੋਂ ਖੱਫਣਪਾੜਕੇ ਬੈਲ ਪਿਆ ਭਾਈਓ ਜ਼ਰਾ ਸਹਜ ਨਾਲ ਜ਼ਮੀਨ ਤੇ ਰੱਖਣਾ। ਇਹ ਸੁਣਕੇ ਚੋਰ ਹਰਾਨ ਹੋਏ, ਕਹਿਣ ਲਗੇ—ਤੂੰ ਪਹਿਲੇ ਕਿਉਂ ਨਾ ਬੋਲਿਆ ? ਮੁਰਦੇ ਨੇ ਆਖਿਆ ਮੈਨੂੰ ਹੁਣੇ ਹੋਸ਼ ਆਈ ਹੈ, ਪਹਿਲੀ ਮੈਨੂੰ ਕੋਈ ਖਬਰ ਨਹੀਂ। ਪੁੱਛਣੇ ਤੇ ਪਤਾ ਲਗਾ ਜੋ ਇਹ ਸਾਰੀ ਦਸ਼ਾ ਸ਼ਰਾਬ ਦੇ ਪ੍ਰਤਾਪ ਕਰਕੇ ਹੋਈ। ਸੁਣਕੇ ਓਹ ਚੋਰ ਬੜੇ ਹੈਰਾਨਹੋਏ ਤੇ ਕਹਿਣ ਲਗੇ—ਉਹ ਤੀਵੀਂ ਬੜੀ ਚਲਾਕ ਹੈ ਸਾਡੇ ਵੀ ਕੰਨ ਕੁਤਰ ਗਈ।

ਸਿਖਜਾ—ਭਾਈਓ ਏਹ ਨਸ਼ੇ ਦੀ ਮਾਰ,
ਜੋ ਜਿੰਦ ਤਾਈਂ ਕਰੇ ਖੁਆਰ।
ਕਈ ਜੁਵਾਨਾਂ ਮਰਗ ਕਰਾਏ,
ਕਈ ਮੋਰੀਆਂ ਵਿੱਚ ਰੁਲਾਏ।
ਕਰ ਕਰ ਰੋਗੀ ਮੰਜੇ ਪਾਏ,
ਘਰ ਦੇ ਲਾਏ ਝੁੱਗੇ ਝਾਏ।
ਕਈ ਜੇਹਲ ਵਿਚ ਪਾਇ ਜ਼ੰਜੀਰ,
ਮਾਰੇ ਰਗੜੇ ਬੇਤਦਬੀਰ।
ਕਿਤਨੇ ਕਰੇ ਅਮੀਰ ਫਕੀਰ.
ਨਾਲ ਸ਼ਰਾਬਾਂ ਕਰੇ ਜ਼ਹੀਰ।
ਇਹ ਪਾਣੀ ਦੀ ਅੱਗ ਬਲਾਇ,
ਗੁਰਸਿਖਾ!ਇਸ ਰਾਹ ਨ ਜਾਇ।
ਬਚਨ ਗੁਰੂ ਕੇ ਚੇਤੇ ਧਰੀਂ।
ਨਹ ਕਲਾਲ ਖਾਨੇ ਧਨ ਧਰੀਂ।

ਸਲੋਕ ਮਃ ੨ ॥
ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰਿ ਵਸਾਇ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥ ੧ ॥
[ਵਾਰ ਬਿਹਾਗੜਾ।

੬.

ਇਕੇਰਾਂ ਇਕ ਰਾਹੀ ਨੇ ਆਟਾ ਗੁੰਨ੍ਹ ਕੇ ਤੰਦੂਰ ਵਾਲੀ ਨੂੰ ਰੋਟੀ ਪਕਾਉਣ ਲਈ ਦਿੱਤਾ। ਉਸ ਪੰਜ ਪੇੜੇ ਕਰ ਲਏ। ਰਾਹੀ ਕਿਸੇ ਨਾਲ ਗਲ ਕਰਨ ਲੱਗਾ। ਤੰਦੂਰ ਵਾਲੀ ਨੇ ਚਾਰ ਪੇੜਿਆਂ ਦੀਆਂ ਚਾਰ ਰੋਟੀਆਂ ਘੜਕੇ ਤੰਦੂਰੇ ਲਾਈਆਂ ਅਤੇ ਇਕ ਪੇੜਾ ਪਾਣੀ ਦੇ ਛੰਨੇ ਵਿਚ ਲੁਕਾ ਦਿੱਤਾ। ਰਾਹੀ ਨੂੰ ਪੁੱਛਣ ਲੱਗੀ—ਵੀਰਾ ਤੁਸੀਂ ਕਿੰਨੇ ਭਰਾਉ ਹੋ? ਰਾਹੀ ਸਿਆਣਾ ਸੀ, ਹੱਸਕੇ ਆਖਿਓਸੁ—ਹੈਰੀ ਤਾਂ ਪੰਜ ਸਾਂ, ਪਰ ਇਕ ਹੁਣੇ ਹੀ ਤੇਰੇ ਹੱਥ ਹੇਠਲੇ ਪਾਣੀ ਵਿਚ ਡੁੱਬ ਗਿਆ ਹੈ, ਦੇਖੀਏ ਇਹ ਵਿਛੜਦਾ ਹੈ ਕਿ ਫਿਰ ਭਰਾਵਾਂ ਨੂੰ ਮਿਲਦਾ ਹੈ। ਇਸ ਉੱਤਰ ਪਰ ਤੰਦੂਰ ਵਾਲੀ ਸ਼ਰਮਿੰਦੀ ਜੇਹੀ ਹੋ ਗਈ ਅਤੇ ਪੇੜਾ ਪਾਣੀ ਵਿੱਚੋਂ ਕੱਢਕੇ ਰੋਟੀ ਤੰਦੂਰੇ ਲਾ ਦਿੱਤੀ।

ਸਿਖਜਾ—ਕਰਨੀ ਛਲ ਦੀ ਕਦੇ ਨ ਕਰਨੀ,
ਇਹ ਕਰਨੀ ਫਿਰ ਪੈਸੀ ਭਰਨੀ।
ਸ਼ਰਮ ਨਵੇ ਦੀ ਮੂਲ ਨ ਪੱਲੇ।
ਹਲਤ ਪਲਤ ਦੋਵੇਂ ਹੀ ਹੱਲੇ,
ਹੱਕ ਪਰਾਇਆ ਬੁਰੀ ਬਲਾਇ।
ਸ੍ਰੀਸਤਿਗੁਰਜੀ ਇਉਂ ਫੁਰਮਾਇ।
"ਹਕੁਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥" [ਵਾਰ ਮਾਝ ਮਃ ੧
ਬਚਨ ਸਦਾ ਸਤਿਗੁਰ ਜੀਅ ਧਾਰੇ।
ਚੋਰੀ ਜਾਰੀ ਨਾਂਹਿ ਚਿਤਾਰੇ।

੭.

ਇਕੇਰਾਂ ਇਕ ਸ਼ੂਰਦਾਸ ਨੂੰ ਕਿਸੇ ਨੇ ਆਖਿਆ—ਭਾਈ ਜੀ ਖੀਰ ਛਕੋਗੇ ? ਉਸ ਪੁਛਿਆ—ਖੀਰ ਕਿਹੋ ਜੇਹੀ ਹੁੰਦੀ ਹੈ। ਉੱਤਰ

Digitized by Panjab Digital Library | www.panjabdigilib.org

ਵਿਚ ਆਖਿਆ—ਚਿੱਟੀ ਸੁਪੈਦ ਬਗਲੇ ਦੇ ਪਰ ਵਰਗੀ। ਸੂਰਦਾਸ ਜੀ ਬੋਲੇ—ਭਾਈ ਜੀ ਬਗਲਾ ਕਿਹੋ ਜੇਹਾ ਹੁੰਦਾ ਹੈ। ਦੱਸਣ ਵਾਲੇ ਨੇ ਅੱਗੋਂ ਹਥ ਤੇ ਵੀਣੀ ਵਿੰਗੀ ਕਰਕੇ ਦਿਖਾਈ। ਸੂਰਦਾਸ ਨੇ ਹੱਥਾਂ ਨਾਲ ਟੋਹਕੇ ਆਖਿਆ ਇਹ ਤਾਂ ਬੜੀ ਟੇਢੀ ਖੀਰ ਹੈ, ਸੁਖ ਨਾਲ ਥਾਲੀ ਵਿਚ ਢਾਹਕੇ ਪਾਉਂਦੇ ਹੋਣਗੇ। ਅਸੀਂ ਤਾਂ ਅਜੇਹੀ ਬਿਖੜੀ ਖੀਰ ਨਹੀਂ ਛਕਦੇ।

ਸਿਖਜਾ—ਭਾਈਓ! ਖੀਰ ਨ ਟੇਢੀ ਹੋਵੇ,
ਪਰ ਇਉਂ ਟੇਢੀ ਖੀਰ ਕਹੋਵੇ।
ਕਰਮ ਧਰਮ ਦਾ ਰਾਹ ਨ ਜਾਣੇ,
ਸੱਤਿ ਧਰਮ ਨੂੰ ਨਹੀਂ ਪਛਾਣੇ।
ਸਿੱਖੀ ਸਿਦਕ ਭਰੋਸਜੋਂ ਦੂਰ,
ਟੇਢੀ ਖੀਰ ਓਸ ਨੂੰ ਕੂਰ।
ਉਹ ਕੀ ਜਾਣਨ ਖੀਰ ਮਲਾਈ,
ਖੋਆ ਖੰਡ ਭਗਤਿ ਸਿਵਕਾਈ।
ਜਦ ਕਿਨ ਕਹੀ ਕਰੀ ਵਡਿਆਈ,
ਉਜਲ ਸੁਣੀ ਜੀਭ ਲਲਚਾਈ।
ਪਿਖੀ ਨ ਸਿੱਖੀ ਖੰਡੇ ਧਾਰ,
ਤਿਖੀ ਟੇਢੀ ਕਹਿਣ ਪੁਕਾਰ।
ਨੇੜੇ ਨਹਿ ਆਉਣ ਮਤਿ ਅੰਧੇ,
ਢਾਹੇ ਵੰਧੇ ਜਗ ਦੇ ਧੰਧੇ।
ਆਖਣ ਸਿਰ ਦੇ ਵੱਟੇ ਸਿੱਖੀ,
ਨਹੀਂ ਕਮਾਉਣ ਆਖਣ ਤਿੱਖੀ।
ਸ੍ਰੀ ਸਤਿਗੁਰ ਦੇ ਬਚਨ ਅਮੋਲੇ।
ਸਿਮਰਹੁ ਵਰਤਹੁ ਮਹਾਂ ਅਤੋਲੇ।

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥ ੨੩੯॥

[ਸਲੋਕ ਕਬੀਰ ਜੀ।

੮

ਇਕੇਰਾਂ ਦੀ ਵਾਰਤਾ ਹੈ ਇਕ ਨਕਟੇ ਤੇ ਇਕ ਕਾਣੇ ਦੀ ਆਪੋ ਵਿਚ ਦੀ ਦੋਸਤੀ ਹੋ ਗਈ। ਡਾਢੇ ਗੂੜ੍ਹੇ ਪਿਆਰ ਪੈ ਗਏ। ਇਕ ਦੂਜੇ ਨੂੰ ਦੇਖਕੇ ਜੀਉਂਦੇ ਸਨ। ਔਖੀ ਸੌਖੀ ਵੇਲੇ ਇਕ ਦੂਜੇ ਦੇ ਸਹਾਇਕ ਵੀ ਬਣੇ ਰਹਿੰਦੇ ਸਨ। ਇਕ ਦਿਨ ਏਵੇਂ ਗੱਲਾਂ ਕਰਦਿਆਂ ਕਾਣੇ ਦੇ ਮੂੰਹੋਂ ਨਿਕਲ ਗਿਆ—ਨੱਕ ਵਾਲੇ ਨੂੰ ਹੀ ਸੁਗੰਧੀ ਦੀ ਸਾਰ ਹੁੰਦੀ ਹੈ, ਦੂਜੇ ਨੂੰ ਕੀ, ਜਿਸਨੂੰ ਬੋ ਹੀ ਨਹੀਂ। ਨਕਟੇ ਨੂੰ ਇਹ ਗੱਲ ਥੋੜ੍ਹੀ ਜੇਹੀ ਚੁਭ ਗਈ ਤੇ ਫੁਰਤੀ ਨਾਲ ਕਹਿਣ ਲੱਗਾ—ਇਨ੍ਹੀ ਗੱਲੀਂ ਹੀ ਤਾਂ ਕਾਣੇ ਦੀ ਇਕ ਰਗ ਵਧੀਕ ਕਹਿੰਦੇ ਹਨ। ਕਾਣਾ ਇਸ ਗਲ ਨੂੰ ਖਾ ਗਿਆ ਤੇ ਸੋਚਿਆ ਭਈ ਜੇ ਕਿਤੇ ਇਸ ਗਲ ਦਾ ਮੈਂ ਉੱਤਰ ਦੇ ਬੈਠਾ ਤਾਂ ਗਲ ਬਾਹਲੀ ਵਧ ਜਾਏਗੀ।

ਸਿਖਜਾ—ਕਰੇ ਨ ਓਹ ਮਖੌਲ ਕਦਾਈਂ,
ਜਿਹੜਾ ਦੂਜੇ ਨੂੰ ਚੁਭ ਜਾਈ।
ਗੂੜ੍ਹੀ ਪ੍ਰੀਤ ਗੁਵਾਇ ਏ ਹਾਸਾ,
ਕਦੇ ਨ ਨਿਕਲੇ ਸੁੱਖ ਤਮਾਸ਼ਾ।
ਜਦ ਇਹ ਹੱਥ ਮੂਰਖਾਂ ਆਵੇ,
ਬਹੁਤ ਉਪਾਧ ਖਰੂਦ ਵਧਾਵੇ।
ਜਦਇਹ ਰਹੇ ਸਿਆਣਿਆਂ ਪਾਸ,
ਤਦ ਤਕ ਇਹ ਔਖਧ ਸੁਖ ਰਾਸ।
ਸਮਝ ਸੋਚਕੇ ਕਰਨਾ ਹਾਸਾ,
ਦਿਲਨ ਦੁਖੇ ਜਿਸਨਾਲ, ਸੁਖਾਸਾ।
ਪਹਿਲੀ ਮੱਤ ਨ ਕਰੀਏ ਹਾਸਾ,
ਜੇ ਕਰੀਏ ਤਾਂ ਜਰੀਏ ਖਾਸਾ।
ਨਹ ਜਰਨਾ ਤਾਂ ਮੂਲ ਨ ਕਰਨਾ,
ਮਤ ਤੀਸਰੀ ਦਾ ਲੈ ਪਰਨਾ।
ਸਤਿਗੁਰ ਬਚਨ ਰਿਦੈ ਲੈ ਧਾਰੇ।
ਰੈਣ ਦਿਵਸ ਜੀ ਸੰਗ ਸਮਾਰੇ:—

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥ ੭॥

[ਸਲੋਕ ਕਬੀਰ ਜੀ।

ਸੋਰਠਾ—ਚਮਤਕਾਰ ਵਿਚ ਹੋਇ,
ਚੋਭ ਬਿਨਾ ਪਰ ਹੋਇ ਜੇ,
ਖੁਸ਼ ਹੋਵੇ ਸਭ ਕੋਇ,

Digitized by Panjab Digital Library | www.panjabdigilib.org

ਉਹ ਹਾਸਾ ਮਾੜਾ ਨਹੀਂ।

੯.

ਇਕੇਰਾਂ ਇਕ ਗੰਵਾਰ ਨੇ ਕਿਸੇ ਅੰਗ੍ਰੇਜ਼ ਨੂੰ ਦੇਖ ਕੇ ਆਪਣੇ ਜੀ ਵਿਚ ਵਿਚਾਰਿਆ ਕਿ ਮੈਂ ਭੀ ਇਜੇਹੇ ਕੱਪੜੇ ਪਾਕੇ ਸੈਹਬ ਲੋਕ ਬਣ ਜਾਵਾਂ। ਇਹ ਉਮੰਗ ਉਸਦੇ ਜੀ ਵਿੱਚੋਂ ਸਚ ਮੁਚ ਬਾਹਰ ਆ ਗਈ । ਕਿਸੇ ਕਿਵਾੜੀਏ ਪਾਸੋਂ ਪੁਰਾਣੇ ਕੱਪੜੇ, ਕੋਟ, ਬੂਟ, ਪਤਲੂਨ, ਟੋਪੀ ਤੇ ਛੜੀ ਖਰੀਦ ਕੇ ਪਹਿਨ ਲਏ। ਖਟ ਪਟ ਕਰਦੇ ਛਾਵਣੀ ਦੀ ਸੈਰ ਕਰਨ ਨੂੰ ਟੁਰ ਪਏ। ਜਦ ਛਾਵਣੀ ਦੇ ਨੇੜੇ ਪੁੱਜੇ ਤਾਂ ਅੱਗੋਂ ਦੇ ਅੰਗ੍ਰੇਜ਼ ਟੁਰੇ ਆਉਂਦੇ ਮਿਲੇ। ਉਹ ਵੇਖਕੇ ਹੱਸੇ ਅਤੇ ਆਪੋ ਵਿਚ ਦੀ ਕਹਿਣ ਲੱਗੇ–'ਵੈਰੀ ਗੁਡ'(ਬਹੁਤ ਚੰਙਾ)। ਇਹ ਗੱਲ ਗਵਾਰ ਦੇ ਵੀ ਕੰਨੀ ਪਈ ਤੇ ਅਰਥ ਇਸਦਾ ਇਹ ਸਮਝੇ ਕਿ ਵੈਰੀ ਨੂੰ ਗੱਡੋ । ਇਹ ਸਮਝਦੇ ਹੀ ਸਿਰ ਤੇ ਪੈਰ ਰੱਖਕੇ ਉੱਠ ਦੌੜੇ। ਪਰ ਵਡਾ ਬੂਟ ਪਾਇਆ ਸੀ ਅੱਜ, ਇਸਨੇ ਦੌੜਨ ਨਾ ਦਿੱਤਾ, ਜ਼ਰਾਕੁ ਹੀ ਅਗਾਂਹ ਵਧਕੇ ਸਿਰ ਭਾਰ ਡਿੱਗ ਪਏ। ਪਾਸ ਇਕ ਗੁਰਮੁਖ ਸਿੱਖ ਰਾਹੇ ਰਾਹੇ ਤੁਰਿਆ ਜਾਂਦਾ ਸੀ, ਇਸ ਗੰਵਾਰ ਨੂੰ ਡਿੱਗਦਿਆਂ ਦੇਖਿਆ, ਦੌੜਿਆ ਆਇਆ ਤੇ ਆਸਰਾ ਦੇਕੇ ਮਿੱਟੀ ਵਿਚ ਲਿਤੜਬਿਤੜ ਅੰਗ੍ਰੇਜ਼ੀ ਸ਼ੌਕੀਨ ਨੂੰ ਖੜਾ ਕੀਤਾ। ਜਦ ਸਾਰਾ ਹਾਲ ਸੁਣਿਆਂ ਤਾਂ ਹੱਸਕੇ ਕਿਹਾ–ਭਲੇ ਲੋਕਾ! ਤੂੰ ਰੀਸ ਕਿਉਂ ਕੀਤੀ ? ਆਪਣੇ ਪੈਰਾਂ ਤੇ ਖੜੋਵੋ, ਆਪਣੀ ਕੌਮੀਅਤ ਨੂੰ ਸੰਭਾਲੋ, ਆਪਣੇ ਦੇਸ਼ ਦਾ ਫ਼ਖਰ ਧਾਰੋ । ਰੀਸਾਂ ਪਿੱਟਿਆਂ ਕੀ ਬਣਦਾ ਹੈ।

ਸਿਖਜਾ–ਪੈਰਾਂ ਦੇਖ ਤੁਰੋ ਨਾ ਜੋਇ,
ਗਰਦਨ ਭਾਰ ਡਿਗੋਗਾ ਸੋਇ।

ਗੁਰਮੁਖ ਸਿੱਖੋ ਗੁਰਮੁਖ ਰੀਤ,
ਗੁਰਮੁਖ ਰਹਿਣੀ ਬਾਣੀ ਪ੍ਰੀਤ।
ਚਾਲ ਗੁਰਮੁਖੀ ਸਦਾ ਸੰਭਾਲੋ।
ਪਿਖ ਦੂਜੇ ਨੂੰ ਰੀਸ ਨ ਭਾਲੋ।

੧੦.

ਇਕ ਸ਼ੇਰ ਨ ਲ ਇਕ ਗਿੱਦੜ ਦਾ ਮੇਲ ਹੋਗਿਆ। ਸ਼ੇਰ ਨੇ ਉਸਨੂੰ ਆਪਣੀ ਅੜਦਲ ਵਿਚ ਰੱਖ ਲਿਆ। ਦੋ ਕੰਮ ਸਪੁਰਦ ਕੀਤੇ:– ਇਕ ਤਾਂ ਨੇੜੇ ਤੇੜੇ ਸ਼ਿਕਾਰ ਦੀ ਖਬਰ ਲਿਆ ਦੇਵੇ ਤੇ ਦੂਜੇ ਜਿਸ ਵੇਲੇ ਸ਼ੇਰ ਭੁੱਖੇ ਹੋਏ ਦੀਆਂ ਅੱਖਾਂ ਵਿਚੋਂ ਰੋਹ ਆਵੇ ਉਸ ਵੇਲੇ ਦੱਸ ਦੇਵੇ ਕਿ ਹੁਣ ਸ਼ਿਕਾਰ ਕਰੋ, ਆਪਦਾ ਵਾਰ ਖਾਲੀ ਨਹੀਂ ਜਾਏਗਾ। ਇਸੇ ਤਰ੍ਹਾਂ ਦੁਹਾਂਨੂੰ ਮਿਲਿਆਂਜੁਲਿਆਂ ਕੁਝ ਮੁੱਦਤ ਬੀਤ ਗਈ। ਗਿਦੜ ਨਿਤ ਸ਼ੇਰ ਦਾ ਓਖਰ ਖਾਂਦਾ ਤੇ ਡਿਕਾਰਦਾ, ਸ਼ੇਰ ਦੇ ਪ੍ਰਤਾਪ ਕਰਕੇ ਜੰਗਲ ਵਿਚ ਨਿਰਭੈ ਵਿਚਰਦਾ, ਜੀਵ ਜੰਤ ਸਭ ਇਸਤੋਂ ਭੈ ਕਰਦੇ। ਇਕ ਦਿਨ ਦੈਵਨੇਤ ਸ਼ੇਰ ਮਾਂਦਾ ਹੋਗਿਆ ਦੋ ਦਿਨ ਤਕ ਸ਼ਿਕਾਰ ਨਾ ਕੀਤਾ, ਭੁੱਖ ਨੇ ਹੋਰ ਵੀ ਕਮਜ਼ੋਰ ਕਰ ਦਿੱਤਾ ਤਾਂ ਗਿੱਦੜ ਨੇ ਆਖਿਆ–ਜੇ ਤੁਸੀਂ ਆਪ ਸ਼ਿਕਾਰ ਨਹੀਂ ਕਰ ਸਕਦੇ ਤਾਂ ਮੇਰੀਆਂ ਹੀ ਅੱਖਾਂ ਦੇਖਕੇ ਦੱਸੋ ਜੇ ਕੁਝ ਲਾਲੀ ਹੈ ਤਾਂ ਸ਼ਿਕਾਰ ਮਾਰਾਂ ? ਸ਼ੇਰ ਨੇ ਆਖਿਆ– ਲਾਲੀ ਤਾਂ ਹੈ, ਜਾਓ ਸ਼ਿਕਾਰ ਕਰੋ। ਗਿੱਦੜ ਜੀ ਮਹਾਰਾਜ ਬੜੀ ਉਮੰਗ ਨਾਲ ਉਠੇ ਅਤੇ ਅਕੜਾਈਆਂ ਭੰਨਦੇ ਜੰਗਲ ਦੇ ਬੰਨੇ ਬੰਨੇ ਗਿੱਦੜ ਭਬਕੀਆਂ ਮਾਰਦੇ ਇਕ ਸਵਾਰ ਦੇ ਹੇਠ ਦੌੜੇ ਜਾਂਦੇ ਘੋੜੇ ਦੀ ਪੂਛ ਨੂੰ ਛਾਪੇ ਦੀ ਤਰ੍ਹਾਂ ਆ ਚੰਬੜੇ। ਘੋੜੇ ਨੇ ਸੁਭਾਵਕ ਹੀ ਇਕ ਦੁਲੱਤਾ ਮਾਰਿਆ, ਗਿੱਦੜ ਹੁਰੀਂ ਢੀਂਢੇ ਵਾਂਗ ਕਈ ਗਜ਼ ਪਿੱਛੇ ਪਛੜ ਕੇ ਜਾ ਪਏ । ਕੁਝ ਦੇਰ ਪਿੱਛੋਂ ਆਪਣਾ ਆਪ ਸਮ੍ਹਾਲਦੇ ਸੱਟਾਂ

Digitized by Panjab Digital Library | www.panjabdigilib.org

ਨੂੰ ਜੀਭ ਨਾਲ ਚੱਟਦੇ ਲਾਂਭੇ ਚਾਂਭੇ ਦੇਖਦੇ ਡਿੱਗਦੇ ਢਹਿੰਦੇ ਸ਼ੇਰ ਦੇ ਪਾਸ ਪਹੁੰਚੇ। ਅੱਗੋਂ ਸ਼ੇਰ ਨੇ ਪੁੱਛਿਆ—ਕਹੋ ਸ਼ਿਕਾਰ ਕਿੱਥੇ ਹੈ? ਗਿੱਦੜ ਨੇ ਨੱਕ ਮੂੰਹ ਤੇ ਭਵਾਂ ਚੜ੍ਹਾਕੇ ਆਖਿਆ—ਜੀ, ਤੁਸਾਂ ਏਵੇਂ ਹੀ ਕਹਿ ਦਿੱਤਾ ਤੇਰੀਆਂ ਅੱਖਾਂ ਵਿਚ ਲਾਲੀ ਹੈ; ਅਜੇ ਸਾਰੀ ਲਾਲੀ ਕਿੱਥੇ ਆਈ ਸੀ, ਤਾਹੀਏਂ ਤਾਂ ਦੁਲੱਤਾ ਖਾਧਾ, ਸ਼ਿਕਾਰ ਹੱਥੋਂ ਨਿਕਲ ਗਿਆ।

ਸਿਖਜਾ—ਜੋ ਵਡਿਆਂ ਦੀ ਰੀਸ ਕਮਾਵੇ,
ਅਣਹੁੰਦਾ ਅਪਣਾ ਆਪ ਜਤਾਵੇ,
ਕਰ ਨ ਸਕੇ ਉਹ ਕਾਰ ਵਡੇਰੀ,
ਮੂੰਹ ਦੀ ਖਾਵੇ ਮਾਰ ਕੁਢੇਰੀ।
ਜੋ ਨਾ ਸਮਝੇ—ਮੈਂ ਕੀ ਚੀਜ਼,
ਕਾਰ ਕਰਨ ਦੀ ਕੀਹ ਤਮੀਜ਼,
ਫਿਰ ਪਛੁਤਾਵੇ ਧੋਖਾ ਖਾਵੇ,
ਮਾਨ ਬਡਾਈ ਨਾਮ ਗੁਵਾਵੇ।
ਤਾਂਤੇ ਸਿੱਖਜਾ ਭਾਈਓ ਸਿੱਖੋ,
ਏਹ ਨਸੀਹਤ ਦਿਲਵਿਚ ਲਿਖੋ।

ਨੀਚਾ ਅੰਦਰਿ ਨੀਚਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ [ਸਿਰੀ: ਮ: ੧

ਪੁਨਾ: ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥ [ਸਲੋ: ਵਾ: ਵ: ਮ: ੧

੧੧.

ਇਕੇਰਾਂ ਇੱਕ ਗਿੱਦੜ ਨੂੰ ਕਿਤੇ ਬਨ ਵਿੱਚੋਂ ਰੱਦੀ ਕਾਗਜ਼ ਦਾ ਪੁਰਜ਼ਾ ਉੱਡਦਾ ਫਿਰਦਾ ਲੱਭ ਗਿਆ। ਉਹ ਕਾਗਜ਼ ਲਿਆਕੇ ਆਪਣੀ ਗਿੱਦੜੀ ਨੂੰ ਕਹਿਣ ਲੱਗਾ—ਅਜ ਤਾਂ ਸਾਨੂੰ ਸਰਕਾਰੀ ਪਰਵਾਨਾ ਮਿਲ ਗਿਆ ਹੈ। ਜੰਗਲ ਵਿੱਚੋਂ ਜੋ ਚਾਹੀਏ ਸੋ ਖਾਈਏ, ਸਾਨੂੰ ਕੋਈ ਕਦੀ ਨਹੀਂ ਹੋੜੇਗਾ। ਇਹ ਗੱਲਾਂ ਕਰਦੇ ਹੀ ਪਏ ਸਨ ਕਿ ਸ਼ਿਕਾਰੀ ਕੁੱਤਿਆਂ ਨੇ ਗਿੱਦੜਾਂ ਦਾ ਪਿੱਛਾ ਕੀਤਾ। ਸਿਰਤੋੜ ਦੌੜੀ ਜਾਂਦੀ ਗਿੱਦੜੀ ਨੇ ਆਖਿਆ—ਉਹ ਸ਼ਾਹੀ ਪਰਵਾਨਾ ਕਿਉਂ ਨਹੀਂ ਦਿਖਾ ਦਿੰਦਾ? ਗਿੱਦੜ ਨੇ ਅੱਗੋਂ ਉੱਤਰ ਬੜਾ ਪੂਰਾ ਦਿਤਾ—ਕਿ ਇਹ ਜਾਹਲ ਅਨਪੜ੍ਹ ਹਨ, ਪਰਵਾਨਿਆਂ ਦੀ ਸਾਰ ਕੀ ਜਾਣਨ।

ਸਿਖਜਾ—ਗੱਲਾਂ ਜੋੜਨ ਅਤੇ ਫਬਾਵਨ,
ਝੂਠੀ ਹਉਮੈ ਨਿੱਤ ਵਧਾਵਨ।
ਕਾਲ ਖੜਾ ਸਿਰ ਤੇ ਨਹਿੰ ਦੇਖਣ,
ਫਿਰ ਭੀ ਜਗ ਨੂੰ ਜਾਹਲ ਪੇਖਣ।
ਪਰ ਹੈਂਕੜ ਨਿਤ ਨਿੱਤ ਸਵਾਈ,
ਦੇਖਣ ਨਹੀਂ ਮੌਤ ਮੂੰਹ ਆਈ।
ਗੁਰ ਸਿੱਖੋ ਤਿਨ ਤੇ ਰਹੋ ਦੂਰ,
ਗੱਲਾਂ ਜੋੜਨ, ਮਾਰਨ ਕੂੜ।
ਭਾਣਾ ਮੰਨੋ ਹੁਕਮ ਸੰਭਾਲੋ,
ਪਰਉਪਕਾਰ ਕਰੋ ਦੁਖ ਟਾਲੋ।
ਝੂਠੀ ਹਉਮੈ ਨਹੀਂ ਫਬਾਓ,
ਸਦਾ ਕਾਲ ਨੇੜੇ ਲਖ ਪਾਓ।
ਸਤਿਗੁਰ ਬਚਨ ਪਰੋਵੇ ਸੀਨੇ।
ਪ੍ਰੇਮ ਮਗਨ ਹੋਵੇ ਮਨ ਮੀਨੇ।

"ਸਕਤਾ ਸੀਹੁ ਮਾਰੇ ਸੈਮਿਰਿਆ ਸਭਪਿਛੈ ਪੈ ਖਾਇ ॥ ਹੋਇ ਸਤਾਣਾ ਘੁਰੈ ਨ ਆਵੈ ਸਾਹਿ ਗਇਐ ਪਛੁਤਾਇ ॥ ਅੰਧਾ ਕਿਸਨੋ ਬੁਕਿ ਸੁਣਾਵੈ ॥ ਖਸਮੈ ਮੂਲਿ ਨ ਭਾਵੈ॥"

[ਮਲਾਰ ਵਾਰ ਮ: ੧

੧੨.

ਇਕੇਰਾਂ ਦੀ ਗੱਲ ਹੈ ਕਿਸੇ ਦਾ ਮੁੰਡਾ ਗੁਆਚ ਗਿਆ। ਪਿਉ ਨੇ ਮੁੰਡੇ ਨੂੰ ਚਹੁੰਵੀਂ ਲਾਂਭੀ ਢੂੰਡਿਆ, ਪਰ ਪਤਾ ਨਾ ਲੱਗਾ। ਢੂੰਡਦਾ ਹੋਇਆਂ ਪਿੰਡੋਂ ਬਾਹਰ ਨਿਕਲਿਆ ਤਾਂ ਅੱਗੇ ਜੁਲਾਹਿਆਂ ਦੇ ਘਰ ਸਨ। ਜੁਲਾਹਾ ਬੈਠਾ ਤਾਣੀ ਉਣ ਰਿਹਾ ਸੀ। ਭਲੇ ਪੁਰਖ ਨੇ ਪੁੱਛਿਆ—ਕਾਸਬੀ ਜੀ! ਕਿਤੇ ਮੇਰਾ ਮੁੰਡਾ

Digitized by Panjab Digital Library | www.panjabdigilib.org

ਇਧਰ ਜਾਂਦਾ ਵੇਖਿਆ ਜੇ? ਜੁਲਾਹੇ ਜਿੱਧਰ ਨੂੰ ਨਲੀ ਜਾਵੇ ਵਾਹੁਣ ਵੇਲੇ ਬਹੁਤਾ ਗਰਦਨ ਓਸੇ ਪਾਸੇ ਰੱਖਦੇ ਹਨ। ਉੱਤਰ ਵਿਚ ਏਧਰ ਕਹਿ ਦਿੱਤਾ, ਪਰ ਗਰਦਨ ਦਾ ਝੁਕਾਉ ਆਪਣੇ ਕੰਮ ਦੇ ਮੁਆਫਕ ਹੀ ਰਿਹਾ, ਜਦ ਗੁਆਚੇ ਪੁੱਤ੍ਰ ਦੇ ਪਿਉ ਨੇ ਬਾਹਰ ਵੱਲੋਂ ਢੂੰਡ ਭਾਲ ਕਰਕੇ ਆਣਕੇ ਪੁਛਿਆ ਕਿ ਮੁੰਡਾ ਕਿਹੜੇ ਪਾਸੇ ਵੱਲ ਗਿਆ ਹੈ, ਤਾਂ ਫਿਰ ਜੁਲਾਹੇ ਨੇ ਏਧਰ ਕਹਿਣ ਦੇ ਨਾਲ ਗਰਦਨ ਸ਼ਹਿਰ ਵਲ ਝੁਕਾਈ। ਫਿਰ ਜਦ ਦੁਬਾਰਾ ਪੁੱਛਿਆ ਤਾਂ ਨਲੀ ਦੂਜੇ ਪਾਸੇ ਵਾਹੁਣ ਦੀ ਵਾਰੀ ਸੀ, ਗਰਦਨ ਦਾ ਬਾਹਰ ਵਲ ਝੁਕਾਉ ਕਰਕੇ ਏਧਰ ਕਹਿ ਦਿਤਾ।

ਦੁਵੱਲੀ ਏਧਰ ਏਧਰ ਸੁਣਕੇ ਅਤੇ ਦੁਵੱਲੀ ਗਰਦਨ ਦੀ ਸੈਨਤ ਦੇਖ ਕੇ ਭਲਾ ਪੁਰਖ ਝੁੰਜਲਾਕੇ ਕਹਿਣ ਲੱਗਾ—ਕੀਹ ਤੂੰ ਮੇਰੇ ਨਾਲ ਮਸ਼ਖ਼ਰੀ ਕਰਦਾ ਹੈਂ? ਜੁਲਾਹੇ ਨੇ ਪੈਰ ਤੇ ਹੱਥ ਰੋਕ ਲਏ, ਸਿਰ ਉੱਚਾ ਕਰਕੇ ਕਹਿਣ ਲੱਗਾ—ਮਹਾਰਾਜ! ਮੈਂ ਤਾਂ ਤਾਣੀ ਉਣਨਾ ਹਾਂ, ਮਸਖਰੀ ਕੇਹੀ? ਭਲੇ ਪੁਰਖ ਨੇ ਆਖਿਆ—ਜਿੰਨੀ ਵੇਰ ਤੈਨੂੰ ਪੁੱਛਿਆ ਭਈ ਮੁੰਡਾ ਮੇਰਾ ਕਿਧਰ ਗਿਆ ਹੈ ਤੈਂ ਕਦੀ ਸ਼ਹਿਰ ਵਲ ਗਰਦਨ ਫੇਰੀ ਤੇ ਕਦੀ ਬਾਹਰ ਵਲ ਫੇਰੀ ਅਤੇ ਹਰ ਫੇਰੇ ਏਧਰ ਏਧਰ ਕਹਿਕੇ ਮੈਨੂੰ ਝਖਾਇਆ। ਜੁਲਾਹੇ ਨੇ ਆਖਿਆ—ਮੈਂ ਤੇਰਾ ਮੁੰਡਾ ਨਹੀਂ ਦੇਖਿਆ ਅਤੇ ਨਾ ਤੇਰਾ ਕਹਿਣਾ ਸੁਣਿਆ, ਮੈਂ ਤਾਂ ਆਪਣੀ ਨਲੀ ਦੀਆਂ ਤੰਦਾਂ ਗਿਣਦਾ ਸਾਂ ਕਿ ਦੂਜੀ ਨਲੀ ਵਾਸਤੇ ਖਾਨਾ ਪੂਰਾ ਹੋ ਗਿਆ ਹੈ ਕਿ ਨਹੀਂ।

ਇੰਨੇ ਤਕ ਦੈਵ ਨੇਤ ਨਾਲ ਮੁੰਡਾ ਵੀ ਖੇਡਦਾ ਹੋਇਆ ਮੁੰਡਿਆਂ ਨਾਲ ਓਥੇ ਹੀ ਆ ਗਿਆ ਤੇ ਪਿਉ ਦੀ ਲੱਤੀਂ ਚੰਮੜ ਗਿਆ।

ਸਿਖਜਾ—ਪਯਾਰੇ ਸਿੱਖੋ ਗੁਰ ਕੇ ਭਾਈ,
ਲਿਵ ਲਾਵਹੁ ਇੱਕੁਰ ਸੁਖਦਾਈ।
ਵਾਂਗ ਜੁਲਾਹੇ ਨਾਮ ਸਮਾਰੋ,
ਜਗਤ ਕਣੇਡ ਦਿਲੋਂ ਕਢ ਡਾਰੋ।
ਇਕ ਮਨ ਇਕਅਕਾਲਸਿਮਰੀਜੈ।
ਆਵਾ ਗਵਨ ਤਜਾਗ ਸਭ ਦੀਜੈ।
ਹਰਿ ਪਾਸੇ ਹਰ ਹਰ ਹਰ ਵੇਲੇ।
ਹਰ ਬਿਨ ਹੋਰ ਨ ਸੁੱਝਣ ਝੰਬੇਲੇ।
"ਜਬ ਲਗੁ ਤਾਗਾ ਬਾਹਉ ਬੇਹੀ॥ ਤਬ
ਲਗੁ ਬਿਸਰੈ ਰਾਮੁ ਸਨੇਹੀ॥"

[ਗੂਜਰੀ ਕਬੀਰ ਜੀ

੧੩

ਇਕ ਮਾਂ ਦੀ ਲਾਡਾਂ ਪਲੀ ਧੀ, ਅਕਲੋਂ ਬੇਸਮਝ, ਪਰ ਹਉਮੈ ਦੀ ਗੁੱਤੀ ਹੋਈ ਕਿਸੇ ਗੁਰਮੁਖ ਦੇ ਘਰ ਵਿਆਹੀ ਗਈ। ਇਥੋਂ ਦੀ ਰਹਿਤ ਬਹਿਤ ਪਾਠ ਪੂਜਾ ਇਸ ਨੂੰ ਰਤੀ ਨਾ ਭਾਵੇ। ਜਦ ਇਸ ਦਾ ਸਾਹੁਰਾ ਘਰ ਆਵੇ ਤਾਂ ਇਸ ਦੀ ਸੱਸ ਉਸਨੂੰ ਸੁਆਮੀ ਜੀ, ਸਿਰਤਾਜ ਜੀ ਕਹਿਕੇ ਉਸ ਦੀ ਸੇਵਾ ਕਰੇ। ਇਹ ਗੱਲ ਇਸ ਨੂੰ ਬੜੀ ਬੁਰੀ ਲਗੇ ਕਿ ਮਤੇ ਮੇਰਾ ਪਤੀ ਵੀ ਮੈਥੋਂ ਇਹੋ ਕੁਝ ਲੱਭੇ। ਮਾਂ ਦੀ ਲਾਡਲੀ ਚਾਹੁੰਦੀ ਇਹ ਸੀ ਜੋ ਮੈਂ ਵਿੱਟਰੀ ਰਹਾਂ ਤੇ ਪਤੀ ਚਰਨੀਂ ਪਿਆ ਕਰੇ। ਇਸ ਉਮੰਗ ਦੀ ਬੂ ਉਸ ਸਾਰੇ ਗੁਰਮੁਖੀ ਟੱਬਰ ਵਿਚ ਰਤਾ ਨਾ ਲੱਭੇ। ਇਹ ਬੜੀ ਹੀ ਔਖੀ ਹੋਈ। ਇਸ ਦੀ ਸੱਸ ਬੜੀ ਸਿਆਣੀ ਸੀ। ਕੁਝ ਚਿਰ ਤਾਂ ਉਸਨੇ ਚੁਪ ਰੱਖੀ ਜੋ ਦੇਖੇ ਦੇਖੀ ਦਾ ਅਸਰ ਤੇ ਬਾਕੀ ਦੇ ਟੱਬਰ ਦਾ ਸੰਗ ਆਪੇ ਸਮਝਾ ਦੇਵੇਗਾ, ਪਰ ਇਹ ਆਸ ਉਸਦੀ ਨਿਰਾਸ ਗਈ। ਇਸ ਨੇ ਫੇਰ ਇਕ ਦਿਨ ਨੂੰਹ ਨੂੰ ਬੜੇ ਪਯਾਰ ਨਾਲ ਸਮਝਾਇਆ ਜੋ ਗੁਰਮੁਖਾਂ ਦੀਆਂ ਨੂੰਹਾਂ ਧੀਆਂ ਨੀਵੀਆਂ ਹੋ ਰਹਿੰਦੀਆਂ ਹਨ। ਇਸ ਲਾਡਲੀ ਬੀਬੀ ਨੂੰ ਇਹ ਸਿਖਜਾ ਵਿਹੁ

Digitized by Panjab Digital Library | www.panjabdigilib.org

ਲੱਗੀ। ਬੰਹੁਤਾ ਤਾਂ ਨਾ ਬੈਲੀ,ਪਰ ਇਹ ਕਹਿ ਦਿੱਤਾ ਜੋ ਹੁਣ ਨੀਵੀਂ' ਹੀ ਹੋ ਰਹਾਂਗੀ। ਸੱਸ ਜਾਣ ਗਈ ਜੋ ਸਮਝੌਤੀ ਨਿਸਫਲ ਗਈ। ਚੁਪ ਹੋਕੇ ਫਿਰ ਕਿਸੇ ਸਮੇਂ ਦੀ ਉਡੀਕ ਵਿਚ ਰਹੀ ਜੋ ਫਿਰ ਕਦੀ ਸਮਝਾਵਾਂਗੀ, ਪਰ ਲਾਡਾਂ ਪਲੀ ਕੋਲੋਂ ਦੁਣ ਨਿਰਬਾਹ ਕਿਸਤਰ੍ਹਾਂ ਹੋਵੇ। ਇਸ ਨੇ ਉਪਰ ਜਾ ਸਾਹੁਰੇ ਦੇ ਦਵਾ-ਈਆਂ ਵਾਲੇ ਬਕਸ ਵਿੱਚੋਂ ਅਫੀਮ ਕੱਢ ਕੇ ਇਕ ਦੰਗਾ ਤਕੜਾ ਮਾਵਾ ਲੈ ਆਂਦਾ। ਟਹਿਲਣ ਕੋਲੋਂ ਜਾਂ ਪਾਣੀ ਮੰਗਿਆ ਤਾਂ ਉਹ ਮਾਵਾ ਇਸ ਦੇ ਹੱਥ ਦੇਖਕੇ ਸਵਾਣੀ ਵੱਲ ਨੱਸੀ ਗਈ। ਮਾਵਾ ਹੱਥ ਦੇਖ ਕੇ ਲਾਡਲੀ ਦੇ ਮਨ ਨੂੰ ਮੌਤ ਦਾ ਭੈ ਹੋਇਆ,ਮਾਵਾ ਤਾਂ ਸੁੱਟ ਦਿੱਤਾ ਤੇ ਪਾਣੀ ਪੀ ਲਿਆ। ਸੱਸ ਦੌੜੀ ਆਈ ਤਾਂ ਬੜੀ ਘਬਰਾਈ,ਪਰ ਸੀ ਸਿਆਣੀ; ਝਟ ਓੜ ਪੋੜ ਕਰਨ ਲੱਗ ਪਈ। ਇੰਨੇ ਨੂੰ ਸਿੰਘ ਹੁਰੀਂ ਭੀ ਆ ਗਏ, ਉਨ੍ਹਾਂ ਨੇ ਗੱਲ ਢੱਕ ਲਈ ਤੇ ਲਾਡਲੀ ਨੂੰ ਕੈਆਂ ਕਰਾਉਣੀਆਂ ਸ਼ੁਰੂ ਕਰ ਦਿਤੀਆਂ ਪਰ ਅੰਦਰੋਂ ਨਿਕਲੇ ਕੁਝ ਨਾ। ਇਨ੍ਹਾਂ ਨੂੰ ਇਸ ਤੋਂ ਹੋਰ ਡਰ ਪਏ ਜੋ ਅਫੀਮ ਕਿਤੇ ਅਸਰ ਨਾ ਕਰ ਗਈ ਹੋਵੇ। ਹੋਰ ਕੈ ਲਿਆਉਣ ਦੀਆਂ ਦਵਾਈਆਂ ਦੇਣ ਤੇ ਕੈਆਂ ਆਉਣ। ਲਾਡਲੀ ਦੀਆਂ ਆਂਦਰਾਂ ਇਕੱਠੀਆਂ ਹੋ ਗਈਆਂ। ਜਾਣੇ ਭਈ ਹਫ਼ੀਮ ਅੰਦਰ ਹੈ ਨਹੀਂ,ਨਿਕਲੇ ਕੀਹ? ਪਰ ਕਹੇ ਤਾਂ ਕੀਹ ਕਹੇ। ਇਹ ਚਿਤ ਨਾ ਮੰਨੇ ਜੋ ਹੁਣ ਭੀ ਸੱਚ ਕਹਿ ਦਿਆਂ ਤੇ ਇਹ ਦੁੱਖ ਤੇ ਖੇਦ ਨਵਿਰਤ ਹੋ ਜਾਣ।

ਜਦ ਰਾਤ ਪਈ ਤਾਂ ਇਸ ਨੂੰ ਪਤਾ ਲੱਗਾ ਜੋ ਜ਼ਹਿਰ ਦੇ ਡਰ ਕਰਕੇ ਸਿੰਘ ਹੁਰਾਂ ਦਾ ਹੁਕਮ ਹੈ ਜੋ ਸਾਰੀ ਰਾਤ ਲਾਡਲੀ ਨੂੰ ਨੀਂਦ ਨਾ ਕਰਨ ਦਿੱਤੀ ਜਾਵੇ। ਹੁਣ ਤਾਂ ਇਹ ਬੜੀ ਡਰੀ। ਇਹ ਦੁਖ ਝੱਲਣਾ ਬੜਾ ਔਖਾ ਪਰਤੀਤ ਹੋਇਆ। ਨਨਾਣ ਨੂੰ ਸੱਦਕੇ ਕਿਹਾ—ਬੀਬੀ! ਔਹ ਕਾਲਚਾ ਜਿਹਾ ਮੈਨੂੰ ਫੜਾ ਦੇਹ। ਜਦ ਉਨ ਝੁਕ ਕੇ ਫੜਾਇਆ ਤੇ ਉਹ ਅਫੀਮ ਦੀ ਗੋਲੀ ਸੀ ਜਿਸ ਦੇ ਖਾਧੇ ਜਾਣ ਦਾ ਭਰਮ ਸੀ। ਇਹ ਹਥੋ ਹਥ ਫਿਰਦੀ ਸਿੰਘ ਹੁਰਾਂ ਦੇ ਹੱਥੀਂ ਪਹੁੰਚੀ। ਉਹ ਗੱਲ ਸਾਰੀ ਸਮਝ ਗਏ। ਦਿਲੋਂ ਅਕਾਲ ਪੁਰਖ ਦਾ ਧੰਨਵਾਦ ਕੀਤਾ ਜੋ ਜਿੰਦ ਦਾ ਤੌਖਲਾ ਹਟ ਗਿਆ ਤੇ ਸਿੰਘਣੀ ਨੂੰ ਸਮਝਾ ਦਿੱਤਾ ਜੋ ਗੱਲ ਚੁੱਕਣੀ ਨਹੀਂ ਤੇ ਲਾਡਲੀ ਨੂੰ ਹੁਣ ਹੋਰ ਕੋਈ ਦਵਾਈ ਨਹੀਂ ਦੇਣੀ। ਸੌਂ ਭੀ ਬੇਫ਼ਿਕ ਜਾਵੇ ਕੋਈ ਤੌਖਲਾ ਨਹੀਂ।

ਸਿਖਜਾ—ਜੋ ਫਲ ਅੰਤ ਨ ਸੋਚਣ ਜਾਣੇ,
ਓਹਮਤਹੀਣ ਨ ਬਣਨਸਿਆਣੇ।
ਬੀਜ ਪਾਪ ਦਾ ਜਮਾਂ ਕਰੇਂਦੇ,
ਉੱਗੇ ਪੱਕੇ ਤੇ ਫਲ ਲੈਂਦੇ,
ਫਿਰ ਕੰਡਮਾਲੇ ਕੰਡੇ ਚੁਭਦੇ।
ਬਚਨ ਨ ਸਤਿਗੁਰਹਿਰਦੇ ਖੁਭਦੇ।

"ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮ ਕਾਲੁ ਸਹਹਿ ਸਿਰਿ ਡੰਡਾ ਹੇ॥"
[ਗਉੜੀ ਮਃ ੪

੧੪.

ਇਕੇਰਾਂ ਇਕ ਚਾਲਾਕ ਲੂੰਬੜੀ ਇਕ ਉੱਚੇ ਛੱਪਰ ਤੇ ਚੜ੍ਹੀ ਅੰਗੂਰਾਂ ਦੀ ਵੇਲ ਦੇ ਹੇਠ ਆਈ। ਉਤਾਹਾਂ ਜਦ ਮੂੰਹ ਚੁਕ ਕੇ ਡਿੱਠਾ ਤਾਂ ਰਸ ਨਾਲ ਭਰਪੂਰ ਅੰਗੂਰਾਂ ਦੇ ਗੁੱਛੇ ਲਹਿ ਲਹਿ ਕਰਦੇ ਉਪੜਾਰੀਆਂ ਵਾਕਰ ਝੁਕੇ ਹੋਏ ਸਭ ਦੇ ਮਨਾਂ ਨੂੰ ਮੋਹ ਰਹੇ ਹਨ।

ਲੂੰਬੜੀ ਨੂੰ ਅੰਗੂਰਾਂ ਦੇ ਲਾਲਚ ਨੇ ਘੇਰਿਆ, ਬਹੁਤ ਉੱਛਲੀ, ਕੁੱਦੀ ਤੇ ਟੱਪੀ, ਪਰ ਹੱਥ ਕਿਤੇ ਨਾ ਪਿਆ, ਜਾਂ ਬਹੁਤੇ ਦਾਉ

Digitized by Panjab Digital Library | www.panjabdigilib.org

ਘਾਉ, ਫਰੇਬ ਤੇ ਚਾਲਾਂ ਕਰਕੇ ਹੁੱਟ ਗਈ ਤਾਂ ਨਿਰਾਸ ਹੋਕੇ ਆਖਿਆ—ਅਜੇ ਇਹ ਗੁੱਛੇ ਕੱਚੇ ਤੇ ਖੱਟੇ ਹਨ, ਕੌਣ ਆਪਣੀ ਮਿਹਨਤ ਬਰਬਾਦ ਤੇ ਦੰਦ ਖੱਟੇ ਕਰੇ। ਇਹ ਕਹਿੰਦੀ ਸਿਰ ਨੀਵਾਂ ਕਰਕੇ ਦੁੰਮ ਹਿਲਾਉਂਦੀ ਚਲੀ ਗਈ।

ਸਿਖਜਾ—ਸੰਤ ਜਨਾਂ ਦੇ ਹਿਰਦੇ ਉਜੇਰੇ,
ਵਾਂਗ ਅੰਗੂਰ ਝੁਕੇ ਹਰ ਵੇਰੇ,
ਦੁਸ਼ਟ ਪਖੰਡੀ ਲੋਭੀ ਪਾਪੀ।
ਸਾਰਥ ਸਾਧਕ ਅਭਖ ਸੁਰਾਪੀ,
ਚਾਹੁਣ ਸੰਤਾਂ ਹਿਰਦਾ ਉਖੇੜਨ,
ਹੀਲੇ ਕਰ ਕਰ ਆਪ ਨਿਬੇੜਨ,
ਸਿਰ ਨੀਵਾਂ ਕਰ ਲਾਂਭੇ ਹੋਵਨ,
ਥਾਂ ਥਾ ਨਿੰਦਣ ਸੁਭ ਗੁਣ ਖੋਵਨ,
ਕਰਨ ਈਰਖਾ ਨਾਲ ਚਲਾਕੀ,
ਸਤਿਗੁਰ ਸਿੱਖੋ ਬਚੋ ਇਨ੍ਹਾਂ ਥੀਂ।

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥ ਸਾਕਤ ਸੰਗੁ ਨ ਕੀਜੀਐ ਜਾਤੇ ਹੋਇ ਬਿਨਾਹੁ ॥ ੯੨ ॥
[ਸਲੋਕ ਕਬੀਰ ਜੀ

੧੫.

ਇਕ ਭਲੇ ਪੁਰਖ ਨੇ ਮੈਨਾ ਪਾਲੀ ਅਤੇ ਪੜ੍ਹਾਈ। ਜਦ ਕਦੀ ਬਾਹਰੋਂ ਘਰ ਆਉਂਦਾ ਤਾਂ ਪਹਿਲੇ ਅਵਾਜ਼ ਇਹੋ ਪੁੱਛਦਾ—ਮੈਨਾ ਤੂੰ ਕਿੱਥੇ ? ਅੱਗੋਂ ਪੜ੍ਹੀ ਹੋਈ ਮੈਨਾ ਵੀ ਮੋੜਵਾਂ ਉੱਤਰ ਇਹੋ ਦਿੰਦੀ—'ਮੈਂ ਇੱਥੇ'। ਇਕੇਰਾਂ ਇਕ ਅਜਾਣ ਮੁੰਡੇ ਨੂੰ ਮੈਨਾ ਦੀ ਬੋਲੀ ਪਿਆਰੀ ਲੱਗੀ ਅਤੇ ਉਸ ਮੈਨਾ ਪਿੰਜਰਿਓਂ ਕੱਢ ਕੇ ਖੀਸੇ ਵਿਚ ਪਾ ਲਈ, ਲੈ ਭੱਜਣ ਦੀਆਂ ਤਿਆਰੀਆਂ ਪਿਆ ਕਰਦਾ ਸੀ ਕਿ ਬਾਹਰੋਂ ਮੈਨਾ ਦਾ ਮਾਲਕ ਆ ਗਿਆ ਤੇ ਉਸਨੇ ਆਪਣੇ ਨੇਮ ਅਨੁਸਾਰ ਉਹੋ ਪਹਿਲੀ ਗਲ ਆਖੀ—'ਮੈਨਾ ਤੂੰ ਕਿੱਥੇ'। ਮੈਨਾ ਖੀਸੇ ਵਿਚੋਂ ਬੋਲ ਪਈ—'ਮੈਂ ਇੱਥੇ'। ਮਾਲਕ ਨੇ ਜਦ ਪਿੰਜਰੇ ਵਲ ਦੇਖਿਆ ਤਾਂ ਖਾਲੀ ਡਿੱਠਾ। ਜਾਂ ਮੁੰਡੇ ਦੀ ਪਰਚੋਲ ਭਾਲ ਕੀਤੀ ਤਾਂ ਮੈਨਾ ਖੀਸੇ ਵਿੱਚੋਂ ਨਿਕਲ ਆਈ।

ਸਿਖਜਾ—ਵਸਤ ਪਰਾਈ, ਧਨ ਤ੍ਰਿਯ, ਮਾਲ,
ਦੇਖ ਨ ਲਲਚੇ ਰਹੋ ਸੰਭਾਲ।
ਕਰੇ ਨ ਚੋਰੀ ਦਗਾ ਫਰੇਬ,
ਮੈਨਾ ਤੋਤਾ ਪਾਓ ਨ ਜੇਬ।
ਸਤਿਗੁਰ ਬਚਨ ਰਿਦੇ ਲੈ ਧਾਰੇ,
ਪਰਉਪਕਾਰ ਕਰੋ ਸੁਖ ਭਾਰੇ।

"ਪਰਧਨ ਪਰਦਾਰਾ ਪਰਹਰੀ ॥ ਤਾਕੈ ਨਿਕਟਿ ਬਸੈ ਨਰਹਰੀ ॥" [ਭੈਰਉ ਨਾਮ:

੧੬.

"ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜਿਕੈ ਬੁਝੀਐ ਅਕਲੀ ਕੀਚੈ ਦਾਨੁ ॥" [ਸਾਰੰਗ ਵਾਰ ਮ:੧

ਇਕੇਰਾਂ ਇਕ ਵਧੀ ਹੋਈ ਅਕਲ ਵਾਲਾ ਜਿਸਦੇ ਜੀ ਵਿਚ ਜੋਅ ਦਇਆ ਘਰ ਕਰ ਗਈ ਸੀ, ਸਿਰ ਤੇ ਪੱਠਿਆਂ ਦੀ ਪੰਡ ਚੁਕੀ ਘੋੜੀ ਤੇ ਚੜ੍ਹਿਆ ਰਾਹੇ ਰਾਹੇ ਜਾ ਰਿਹਾ ਸੀ। ਕਿਸੇ ਨੇ ਪੁੱਛਿਆ—ਪੱਠੇ ਪਿੱਠ ਤੇ ਕਿਉਂਨਹੀਂ ਲੱਦੇ, ਨਿਕੰਮੀ ਗਰਦਨ ਬੋਝ ਹੇਠ ਭੰਨ ਰਿਹਾ ਹੈਂ? ਦਯਾਵਾਨ ਨੇ ਉੱਤਰ ਦਿੱਤਾ—ਇਹ ਘੋੜੀ ਅਜ ਕਲ ਵਛੇਰਾ ਦੇਣ ਵਾਲੀ ਹੈ, ਇਸ ਲਈ ਇਸਤੇ ਦੁਹਰਾ ਬੋਝ ਲੱਦਣਾ ਮਨੁੱਖ ਧਰਮ ਤੋਂ ਬਾਹਰ ਹੈ, ਇਕ ਤਾਂ ਇਸ ਪਰ ਮੈਂ ਸਵਾਰ ਹੋਇਆ, ਦੂਜੇ ਪੱਠੇ ਕਿਉਂ ਲੱਦਾਂ, ਅਜਿਹੇ ਵੇਲੇ ਜੇ ਇਸ ਨਾਲ ਕੁਝ ਦਯਾ ਕਰਨੀ ਹੈ ਤਾਂ ਇਹੋ ਹੀ ਹੈ ਕਿ ਇਸਦੇ ਖਾਣ ਲਈ ਪੱਠੇ ਮੈਂ ਆਪਣੇ ਸਿਰ ਤੇ ਚੁੱਕਾਂ, ਜੋ ਇਹ ਦੁਹਰੇ ਭਾਰ ਹੇਠ ਨਾ ਆਵੇ। ਰਾਹੀ ਨੇ ਇਹ ਉੱਤਰ ਸੁਣਕੇ ਆਖਿਆ—ਇਹ ਤਾਂ ਬੜੀ ਅਨੋਖੀ ਤਰਕੀਬ ਹੈ, ਭਈ ਪੱਠਿਆਂ ਦੀ

Digitized by Panjab Digital Library | www.panjabdigilib.org

ਨੂੰ ਚੁੱਕ ਰੱਖਿਆ ਹੈ, ਘੋੜੀ ਤਾਂ ਕੋਤਲ ਵਾਂਗ ਖਾਲੀ ਦੀ ਖਾਲੀ ਟੁਰੀ ਜਾਂਦੀ ਹੈ। ਕਰਤਾਰ ਤੇਰੀ ਇਸ ਅਨੋਖੀ ਸਮਝ ਨਾਲ ਸਮਝੇ।

ਸਿਖਜਾ-ਇਹ ਅਨੋਖੀ ਭਾਈਓ ਰੀਤ,
ਘੋੜੀ ਨਾਲ ਅਨੋਖੀ ਪ੍ਰੀਤ।
ਪੱਠੇ ਤੇ ਜੋ ਅਪਨਾ ਭਾਰ,
ਹੈ ਘੋੜੀ ਪਰ, ਕਰੇ ਵਿਚਾਰ।
ਫਿਰ ਸਮਝੇ ਇਹ ਦਯਾ ਕਮਾਈ,
ਦਯਾਧਰਮ ਦੀ ਸਮਝ ਨ ਆਈ।
ਏਹ ਕਸਾਈਆਂ ਵਾਲੀ ਦਯਾ,
ਜੂਨ ਛੁਡਾਕੇ ਮੁਲ ਵੱਟ ਲਿਆ।
ਕੱਢ ਖਾਤਿਓਂ ਖੂਹ ਵਿਚ ਪਾਓ,
ਕੀ ਇੱਕੁਰ ਇਹ ਦਯਾ ਕਮਾਓ?
ਏਹ ਨ ਦਯਾ ਦਯਾ ਕੁਝ ਹੋਰ,
ਬਚਨ ਬਿਚਾਰੇ ਗੁਰ ਸਿਰਮੋਰ:-

"ਕਰਿ ਪੁੰਨਹੁ ਨੀਚੁ ਸਦਾਈਐ॥"
[ਵਾਰ ਆਸਾ ਮ: ੧

"ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ
ਫਿਰਿ ਫਿਰਿ ਖਾਤ॥" [ਗੂਜਰੀ ਮ:੪

੧੭.

ਇਕ ਭਲੇ ਪੁਰਖ ਨੂੰ ਗਾਜਰਾਂ ਬਹੁਤ ਖਾਣ ਦੀ ਵਾਦੀ ਸੀ।ਕੋਈ ਵੇਰੀ ਬਹੁਤ ਗਾਜਰਾਂਖਾਣੇ ਤੇ ਢਿੱਡ ਪੀੜਹੁੰਦੀ ਸੀ,ਉਸ ਵੇਲੇ ਬੜਾ ਔਖਾ ਹੁੰਦਾ। ਜਦ ਕੋਈ ਸਿਆਣਾ ਦਵਾ ਦਾਰੂ ਲਈ ਆਉਂਦਾ ਤਾਂ ਉਹ ਕਹਿੰਦਾ ਭਈ ਗਾਜਰਾਂ ਖਾਣੀਆਂ ਛੱਡ ਦੇਹ। ਉਸ ਪੀੜ ਦੇ ਦੁੱਖ ਵੇਲੇ ਤਾਂ ਕਸਮਾਂ ਖਾਂਦਾ ਤੇ ਕਹਿੰਦਾ-ਹੁਣ ਗਾਜਰਾਂ ਕਦੀ ਨਹੀਂ ਖਾਵਾਂਗਾ, ਪਰ ਆਰਾਮ ਆਏ ਤੇ ਹਰ ਦੂਜੇਦਿਨਗਾਜਰਾਂ ਬਹੁਤ ਖਾ ਲੈਂਦਾ।ਇਕੁਰ ਹੀ ਕਰਦਿਆਂ ਕਈ ਵਰ੍ਹੇ ਬੀਤ ਗਏ। ਇਕੇਰਾਂ ਪੀੜ ਦਾ ਬਾਹਲਾ ਔਖ ਹੋਇਆ ਤਾਂ ਉਸ ਵੇਲੇ ਬਾਕੀ ਬਚੀਆਂ ਗਾਜਰਾਂ ਚਿੱਕੜ ਵਿਚ ਸੁਟ ਦਿੱਤੀਆਂ ਅਤੇ ਮੂੰਹੋਂ ਆਖਿਆ-ਭਾਈ ਅਜ ਤੋਂ ਇਹ ਗਾਜਰਾਂ ਭੁਸ਼ਟ ਹੋ ਗਈਆਂ, ਖਾਣ ਦੇ ਲਾਇਕ ਹੀ ਨਹੀਂ ਰਹੀਆਂ।

ਜਦ ਤੀਜੇਕੁ ਦਿਨ ਫਿਰ ਡਾਇਣ ਵਾਲਾ ਝਸ ਗਾਜਰਾਂ ਖਾਣ ਲਈ ਆ ਪਿਆ ਤਾਂ ਸੋਚਿਆ ਭਾਈ ਇਕ ਗਾਜਰ ਦਾ ਕੀ ਹੈ ਧੋਕੇ ਖਾ ਲਈਏ ਬਹੁਤ ਨਹੀਂ ਖਾਵਾਂਗਾ। ਇਕੁਰ ਹੀ ਇਕ ਇਕ ਕਰਕੇ ਸਾਰੀਆਂ ਖਾ ਗਿਆ।

(ਇਕੁਰ ਹੀ ਅਜ ਕਲ ਦੇ ਸ਼ਰਾਬੀਆਂ ਦਾ ਵੀ ਹਾਲ ਹੈ)।

ਸਿਖਜਾ-ਸੁਣੋ ਪਯਾਰੇ ਆਦਤ ਨੇਮੀ,
ਬਦ ਆਦਤ ਦੇ ਬੜੇ ਪ੍ਰੇਮੀ।
ਇਕਰ ਤਜਾਗ ਬੁਰਾਈ ਕਰਦੇ,
ਬੁਰਾ ਬੁਰਾ ਕਹਿ ਹਾਹਾ ਭਰਦੇ,
ਪਰ ਵੇਲੇ ਸਿਰ ਓਹੋ ਕਰਨੀ;
ਜੇਹੀ ਕਰਨੀ ਤੇਹੀ ਭਰਨੀ।
ਫਿਰ ਫਿਰ ਕਰਮ ਕੁਕਰਮ ਕਮਾਓ,
ਮੂੰਹੋ ਤਜਾਗੋ ਤੇ ਫਿਰ ਖਾਓ,
ਓੜਕ ਹਾਲ ਹੋਏਗਾ ਬੁਰਾ,
ਨਿਤ ਖਾਂਦੇ ਹੋ ਤਿੱਖਾ ਛੁਰਾ।
ਜਿਸ ਤਜਾਗੇ ਤਿਸਫੇਰ ਨ ਵਰਤੋ,
ਜਿਸਤੋਂ ਲੰਘ ਫੇਰ ਨ ਪਰਤੋ।
ਦਾਈਆ ਸਿਦਕ ਭਰੋਸਾ ਪਾਲੋ,
ਕਰਗੰਦਾ ਨਿਜ ਜਨਮ ਨ ਗਾਲੋ।
ਸਨਮੁਖ ਹੋ ਬੇਮੁਖ ਨਹੀਂ ਹੋਵੋ,
ਨਹੀਂ ਤਾਂ ਮਾਨੁਖ ਜਨਮ ਵਿਰੋਵੋ।
ਫਿਰ ਇਹੁ ਜਨਮ ਨ ਬਾਰੰਬਾਰ।
ਗੁਰੁ ਗੰਥ ਦੇ ਬਚ ਰਿਦ ਧਾਰ।

"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈਬਾਰ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥੩॥" [ਸਲੋ: ਕਬੀ: ਜੀ

੧੮

ਇਕ ਜਗਾ ਪਰ ਚਾਰ ਪੁਰਖ ਵਧੀ ਹੋਈ

Digitized by Panjab Digital Library | www.panjabdigilib.org

ਅਕਲ ਵਾਲੇ ਬੈਠੇ ਆਪੋ ਵਿਚ ਦੀ ਹਾਸੀ ਖੁਸ਼ੀ ਦੀਆਂ ਗਲਾਂ ਕਰ ਰਹੇ ਸਨ। ਓਥੋਂ ਦੀ ਇਕ ਸਿਆਣਾ ਪੁਰਸ਼ ਹਥ ਜੋੜ ਸਿਰ ਨਿਵਾਕੇ ਲੰਘ ਗਿਆ। ਓਨ੍ਹਾਂ ਚਹੁਵਾਂ ਵਿਚ ਤੂੰ ਤੂੰ ਮੈਂ ਮੈਂ ਦੀ ਹੋਣਕ ਲਗ ਪਈ। ਇਕ ਆਖੇ ਮੇਰੀ ਸਿੱਧੀ ਦਾੜ੍ਹੀ ਅਤੇ ਚਿੱਟੀ ਪਗ ਦੀ ਖਾਤਰ ਮੱਥਾ ਟੇਕ ਗਿਆ ਹੈ।ਦੂਜੇ ਆਖਿਆ—ਮੈਂ ਸਿਰ ਨੰਗਾ ਬੈਠਾ ਸੀ ਜੋ ਇਕ ਮਹਾਂਤਮਾ ਹੋਣ ਦੀ ਉਘੀ ਨਿਸ਼ਾਨੀ ਹੈ ਸੋ ਮੱਥਾ ਮੈਨੂੰ ਟੇਕ ਗਿਆ ਹੈ।ਤੀਜੇ ਆਖਿਆ - ਆਪੇ ਹੀ ਮਨ ਦੇ ਲੱਡੂ ਭੋਰ ਭੋਰ ਕੇ ਖਾਓ, ਓਹ ਭਾਈ ਹਰਿ ਭਗਤ ਹੈ, ਮੇਰੇ ਮੁੰਹੋਂ ਪਰਮੇਸ਼ਰ ਦਾ ਨਾਉਂ ਨਿਕਲ ਰਹਿਆ ਸੀ, ਇਸ ਲਈ ਓਹ ਮੈਨੂੰ ਮੱਥਾ ਟੇਕ ਗਿਆ ਹੈ। ਚੌਥੇ ਆਖਿਆ ਨਾਲੇ ਤੂੰ ਭੀ ਹਰਿ ਭਗਤ ਹੈਂ ਓਹ ਸਭ ਤੋਂ ਪਹਿਲੋਂ ਮੇਰੀ ਵਲ ਤੱਕਿਆ ਸਾ, ਇਸ ਲਈ ਮੱਥਾ ਮੈਨੂੰ ਟੇਕ ਗਿਆ ਹੈ। ਇਸ ਗਲ ਤੇ ਗਲ ਏਨੀ ਵਧ ਗਈ ਕਿ ਹਰ ਇਕ ਨੇ ਇਕ ਦੂਜੇ ਨੂੰ ਬੁਰਾ ਭਲਾ ਕਹਿਣਾ ਅਰੰਭਿਆ, ਪਰ ਇਕ ਨੇ ਦੌੜਕੇ ਉਸ ਭਾਈ ਨੂੰ ਟੁਰਨੋਂ ਜਾ ਰੋਕਿਆ ਤੇ ਆਖਿਆ ਸਾਡਾ ਚਹੁਵਾਂ ਦਾ ਝਗੜਾ ਪੈ ਗਿਆ ਹੈ, ਜ਼ਰਾ ਦੱਸ ਤਾਂ ਜਾਹ ਕਿ ਤੂੰ ਮੱਥਾ ਕਿਸ ਨੂੰ ਟੇਕਿਆ ਸੀ ? ਉਹ ਭਲਾ ਪੁਰਸ਼ ਓਥੇ ਹੀ ਬੈਠ ਗਿਆ ਤੇ ਸਮਝਿਆ ਜੋ ਇਹ ਚਾਰੋਂ ਇਕ ਤੋਂ ਇਕ ਵਧੀਕ ਮੂਰਖ ਹਨ ਜੋ ਮੇਰੇ ਸਿਰ ਝੁਕਾਏ ਤੇ ਮਰਨ ਹਾਕੇ ਹੋ ਲੱਥੇ ਹਨ। ਤਾਂਤੇ ਇਨ੍ਹਾਂ ਦੀ ਕੁਸੰਗਤ ਤੋਂ ਛੇਤੀ ਹੀ ਛੁਟਕਾਰਾ ਪਾਉਣ ਦਾ ਉਪਰਾਲਾ ਕਰਨਾ ਚਾਹੀਏ। ਇਹ ਬਿਚਾਰਕੇ ਉਸ ਨੇ ਕਿਹਾ ਕਿ ਮੈਂ ਤੁਹਾਡੇ ਵਿਚੋਂ ਕਿਸੇ ਨੂੰ ਭੀ ਮਥਾ ਨਹੀਂ ਟੇਕਿਆ।

ਤੁਸੀਂ ਵਿਚਾਰਕੇ ਦੇਖੋ ਮੇਰੀ ਤੁਹਾਡੀ ਕੋਈ ਜਾਣ ਨਾ, ਪਛਾਣ ਨਾ, ਬੋਲ ਨਾ, ਚਾਲ ਨਾ, ਫਿਰ ਮੈਂ ਤੁਹਾਨੂੰ ਕਿਸਤਰ੍ਹਾਂ ਮੱਥਾ ਟੇਕਣਾ ਸੀ, ਮੈਂ ਤਾਂ ਆਪਣਾ ਨੇਮੀ ਪਾਠ ਕਰਦਾ ਸੀ, ਜਿੱਥੇ ਮੇਰਾ ਪਾਠ ਪੂਰਾ ਹੋਇਆ ਓਥੇ ਹੀ ਹਥ ਜੋੜਕੇ ਗੁਰ ਪਰਮੇਸ਼ਰ ਅਗੇ ਮੱਥਾ ਟੇਕਿਆ। ਤੁਸੀਂ ਝਗੜਾ ਨਾ ਕਰੋ ਤੇ ਆਪਣੀ ਰਾਹੀਂ ਪਓ। ਚਾਰੇ ਜਣੇ ਸ਼ਰਮਿੰਦੇ ਹੋਕੇ ਆਪੋ ਆਪਣੀ ਖਿੱਲਰੀ ਹੋਈ ਅਕਲ ਨੂੰ ਸਮੇਟ ਕੇ ਪਿੱਛੇ ਪਰਤ ਆਏ।

ਸਿਖਜਾ—ਪਿਆਰੇ ਗੁਰ ਕੇ ਸਿੱਖੋ ਭਾਈਓ !

ਇਸਤੋਂ ਸਿਖਜਾ ਲਾਭ ਉਠਾਈਓ:—

ਜ਼ਿਕਰ ਕਦੀ ਕੋਈ ਸਿਰ ਨੀਵੇਂ,
ਤਾਂ ਜਾਣੋ ਇਹ ਰੱਬ ਨੂੰ ਨੀਵੇਂ।
ਮੈਂ ਕੀ ਹਾਂ ਕਿਉਂ ਮੱਥਾ ਟੇਕੇ,
ਇਹਦੇ ਜਿਹਾ ਮੈਂ ਏਕ ਅਨੇਕੇ,
ਮੈਂ ਤੇ ਏਹ ਹੈਂਗੇ ਗੁਰ ਭਾਈ,
ਗੁਰ ਅਗੇ ਗੁਰ ਸਿਖ ਨਿਉਂ ਜਾਈ।
ਜੇ ਮੰਨੇਂ ਨਿਉਂਦਾ ਮੈਂ ਅੱਗੇ,
ਹਉਮੈ ਦਾਗ ਧਰਮ ਨੂੰ ਲੱਗੇ।
ਪਿੱਛੇਂ ਸ਼ਰਮਿੰਦੇ ਤੇ ਰੰਦੇ,
ਮੰਦੇ ਬਣਸਨ ਹਉਮੈ ਸੰਦੇ।
ਆਪ ਨਿਵੇਂ ਤੇ ਮਿੱਠਾ ਬੋਲੇ,
ਪਰਉਪਕਾਰ ਕਰੇ ਸਚ ਤੋਲੇ,
ਬਚਨ ਗੁਰੂ ਕੇ ਨਹੀਂ ਵਿਸਾਰੇ,
ਹਰ ਵੇਲੇ ਹਿਰਦੇ ਵਿਚ ਧਾਰੇ।

"ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥" [ਵਾਰ ਆਸਾ ਮ: ੧

Digitized by Panjab Digital Library | www.panjabdigilib.org

ਹੁੜ ਮਤਿ

ਅਰਥਾਤ

ਆਲਸ ਦੇ ਔਗੁਣ

ਸੂਚਨਾ—ਇਹ ਲੇਖ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ: ੨੩੩ ਦੀ ਸੁਰਤ ਵਿਚ ਸੰਨ ੧੯੦੪ ਈ: ਵਿਖੇ ਪ੍ਰਕਾਸ਼ਤ ਹੋਇਆ ਸੀ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਹੂੜ ਮਤਿ

ਅਰਥਾਤ

ਆਲਸ ਦੇ ਔਗੁਣ

ਇਕ ਹੂੜਮਤ ਨਾਮੀ ਪੁਰਖ ਜਦ ਬਾਲਕ-ਪੁਣੇ ਦੀ ਅਵਸਥਾ ਭੋਗ ਕੇ ਜੁਵਾਨੀ ਦੀ ਦਿਲ੍ਹੀਜ ਵਿਚ ਪੈਰ ਰੱਖਣ ਲੱਗਾ ਤਾਂ ਉਮੰਗੁ ਅਤੇ ਆਲਸ ਦੋਂਹ ਮਿੱਤਰਾਂ ਨੇ ਉਸ ਨਾਲ ਪ੍ਰੀਤ ਗੰਢ ਲਈ । ਇਕ ਦਿਨ ਉਮੰਗੁ ਨੇ ਸਲਾਹ ਦਿੱਤੀ ਭਈ 'ਜੇ ਤੂੰ ਚਾਹੇਂ ਬਾਗ ਬਹਾਰਾਂ ਤਾ ਚਾਕਰ ਥੀ ਅਰਾਈਂ ਦਾ'। ਇਹ ਸਲਾਹ ਮੰਨ ਕੇ ਹੂੜਮਤ ਨੇ ਵਿਚਾਰਿਆ ਜੋ ਬਾਗ ਦੇ ਫਲ, ਫੁੱਲ, ਪੱਤੇ ਅਤੇ ਛਾਇਆ, ਕੂਲ੍ਹਾਂ ਆਦਿਕਾਂ ਦੇ ਅਨੰਦ ਬਿਨਾ ਬਾਗਵਾਨੀ ਕੀਤਿਆਂ ਰੱਜਵੇਂ ਪ੍ਰਾਪਤ ਨਹੀਂ ਹੋ ਸਕਦੇ । ਜਗਤ ਵਿਚ ਬਾਗ ਜੈਸਾ ਹੋਰ ਕੋਈ ਸੁਰਗ ਨਹੀਂ । ਕੇਡਾ ਵੱਡਾ ਧੁੱਪ ਥਕੇਵੇਂ ਦਾ ਫੰਡਿਆ ਹੋਇਆ ਕਿਉਂ ਨਾ ਹੋਵੇ, ਬਾਗ ਦੀ ਦੋ ਘੜੀਆਂ ਦੀ ਸੈਲ ਪ੍ਰਸੰਨਤਾ ਦੀ ਨਹਿਰ ਵਹਾ ਦਿੰਦੀ ਹੈ। ਤਨ ਮਨ ਸੀਤਲ ਹੋ ਜਾਂਦੇ ਹਨ ਤੇ ਅੱਖਾਂ ਅਤੇ ਦਿਮਾਗ ਹਰੇ ਭਰੇ ਤਾਜ਼ੇ ਹੋ ਜਾਂਦੇ ਹਨ । ਜਦ ਦਿਨ ਰਾਤ ਹੀ ਬਾਗਾਂ ਵਿਚ ਰਹੀਏ ਤਾਂ ਕਿਉਂ ਨਾ ਸਾਰਾ ਜਨਮ ਸੁਰਗੀ ਹੋ ਜਾਵੇ । ਅਜੇਹੀਆਂ ਪੁਸ਼ਟੀ ਕਾਰਕ ਅਨੇਕਾਂ ਸੋਚਾਂ ਜੀ ਵਿਚ ਸੋਚ ਕੇ, ਰਾਜਾ ਦੇ ਬਾਗ ਵਿਚ ਮਾਲੀ ਪਾਸ ਜਾਕੇ ਹੂੜਮਤ ਨੌਕਰ ਹੋ ਰਿਹਾ । ਬਾਗ ਵਿਚ ਬਸੰਤ ਦੀ ਬਹਾਰ ਖਿੜੀ ਹੋਈ ਦੇਖ ਕੇ ਬਾਗ ਬਾਗ ਹੋ ਗਿਆ । ਕੰਮ ਕਾਰ ਵੀ ਮਾਲਕ ਦੀ ਮਰਜ਼ੀ ਅਨੁਸਾਰ ਕਰਨ ਲੱਗਾ । ਕੁਦਰਤ ਦੇ ਫੇਰ ਨਾਲ ਰੁੱਤ ਗੇੜਾ ਖਾ ਗਈ । ਜੇਠ ਦੀ ਗਰਮੀ ਨੇ ਫੁੱਲ ਝੁਲਸ ਦਿੱਤੇ, ਤਰਾਉਤ ਜ਼ਮੀਨ ਦੀ ਸਾਰੀ ਅਕਾਸ਼ ਵੱਲ ਖਿੱਚੀ ਗਈ, ਚੌੜੀਆਂ ਥਾਵਾਂ ਤੇ ਟਿਕਵੀਂ ਧੁੱਪ ਦੇ ਚਟਾਕੇ ਐਸੇ ਤਿੱਖੇ ਪੈਣ ਲਗੇ ਕਿ ਉਸ ਪਾਸੇ ਦੇਖਦਿਆਂ ਅੱਖਾਂ ਵਿਚ ਚਿੱਟਕ ਤੀਰ ਵਾਂਗ ਤਿੱਖੀ ਵਜੇ । ਇਸ ਵੇਲੇ ਧੁੱਪਾਂ ਦੀ ਕਰੜਾਈ ਕਰਕੇ ਕੰਮ ਕਾਰ ਵੀ ਬਾਹਲਾ ਕਰੜਾ ਹੋ ਗਿਆ।ਆਲਸ ਹੋਰਾਂ ਨੇ ਆਪਣੀ ਦਲਿੱਦ੍ਰੀਆਂ ਵਾਲੀ ਸੂਰਤ ਬਣਾਕੇ ਇਹ ਪੱਟੀ ਪੜ੍ਹਾਉਣੀ ਅਰੰਭੀ, ਜੋ ਬਾਗ ਦੀ ਬਹਾਰ ਤਾਂ ਬਹਾਰ ਦੇ ਦਿਨਾਂ ਵਿਚ ਹੀ ਬੀਤ ਗਈ, ਹੁਣ ਗਰਦ ਉਡ ਉਡ ਕੇ ਸੂਰਜ ਭਗਵਾਨ ਨਾਲ ਗੱਲਾਂ ਕਰਨ ਲਈ ਅਸਮਾਨ ਤੇ ਚੜ੍ਹ ਰਹੀ ਹੈ। ਹਰ ਇਕ ਦਰਖਤ ਤੇ ਧੂੜ ਨੇ ਪੈ ਪੈਕੇ ਪੱਤਿਆਂ ਦੀ ਹਰਿਆਉਲ ਲੁਕਾ ਲਈ ਹੈ। ਧੁੱਪ ਆਪਣੇ ਜੋਬਨ ਵਿਚ ਚਿਹ ਚੜ੍ਹੀ ਹੋਈ ਪ੍ਰਿਥਵੀ, ਪੌਣ ਅਰ ਪਾਣੀ ਵਿਚ ਕੁੱਟ ਕੁੱਟ ਕੇ ਅੱਗ ਭਰ ਰਹੀ ਹੈ। ਭਾਵੇਂ ਅਜ ਕਲ੍ਹ ਦੀਆਂ ਲੋਆਂ ਵਿਚ

Digitized by Panjab Digital Library | www.panjabdigilib.org

ਪੈਆਂ ਤਾਂ ਨਹੀਂ, ਪਰ ਅੱਗ ਨਾਲੋਂ ਠੰਢੀਆਂ ਵੀ ਨਹੀਂ। ਲੋਅ ਸਰੀਰ ਨਾਲ ਛੋਂਹਦਿਆਂ ਪਸੀਨੇ ਦੇ ਕਰੋੜਾਂ ਫੁਹਾਰੇ ਛੁੜਾ ਦਿੰਦੀ ਹੈ। ਬਾਗਬਾਨੀ ਦੇ ਕੰਮ ਵਿਚ ਹਰ ਵੇਲੇ ਲੱਕ ਕੁੱਬਾ, ਹੱਥ ਵਿਚ ਰੰਬਾ ਤੇ ਦਿਮਾਗ ਵਿਚ ਸੋਚਾਂ ਹੀ ਭਰੀਆਂ ਰਹਿੰਦੀਆਂ ਹਨ। ਅਜੇਹੇ ਔਖੇ ਵੇਲੇ ਇਹ ਕਰੜਾ ਕੰਮ ਹੋਣਾ ਕਠਨ ਹੈ। ਮਾਲੀ ਦੀਆਂ ਝਿੜਕਾਂ ਹੀ ਇਕ ਸਾਹ ਨਹੀਂ ਲੈਣ ਦਿੰਦੀਆਂ। ਚੱਲੋ ਇੱਥੋਂ ਨੱਸ ਚੱਲੋ। ਜੇ ਪਿਛਲੀ ਮਾਲੀ ਵੱਲ ਰਹਿੰਦੀ ਤਨਖਾਹ ਦਾ ਲਾਲਚ ਕੀਤਾ ਤਾਂ ਜਾਇਆ ਨਹੀਂ ਜਾਣਾ, ਇਸ ਲਈ ਉਹ ਮਾਲੀ ਨੂੰ ਹੀ ਬਖਸ਼ੋ,ਆਪਣਾ ਛੁਟਕਾਰਾ ਹੀ ਗ਼ਨੀਮਤ ਜਾਣੋ। ਜਦ ਇਹੋ ਜਿਹੀ ਸਿਖਜਾ ਜੀ ਵਿਚ ਵੜੀ ਤਾਂ ਬਸ ਫੇਰ ਕੀ ਸੀ,ਦਲਿਦ੍ਰ ਜੇਹੇ ਸਾਥੀ ਦੇ ਨਾਲ ਹੁੰਦਿਆਂ ਕਿਸੇ ਦੀ ਕੀਹ ਪਰਵਾਹ ਕਰਨੀ ਹੋਈ। ਘਰ ਆਕੇ ਨਿਸਲ ਹੋਕੇ ਹੂੜਮਤ ਹੁਰੀ ਸੌਂ ਗਏ। ਬਾਗ ਅਤੇ ਬਾਗਵਾਨ ਮਾਲਕਾਂ ਦੇ ਭਾਗਾਂ ਨੂੰ ਖੜੇਤੇ ਖਾਣ।

ਜਦ ਇਕੁਰ ਹੀ ਕਈਕੁ ਦਿਨ ਬੀਤ ਗਏ ਤਾਂ ਇਕ ਦਿਨ ਫਿਰ ਉਮੰਗੂ ਨੇ ਆਖਿਆ ਭਈ ਅਜ ਕਲ ਹੀਰੇ ਹਰਨ ਜੰਗਲਾਂ ਵਿਚ ਚੌਕੜੀਆਂ ਭਰਦੇ ਫਿਰਦੇ ਹਨ, ਪੇਟ ਨਾਲ ਕਸਤੂਰੀ ਦੇ ਨਾਪੇ ਲਈ ਫਿਰਦੇ ਹਨ,ਜਿਹੜਾ ਇਕੋ ਇਕ ੨੦, ੩੦ ਰੁਪੈ ਤੱਕ ਮੁੱਲ ਪਾ ਲੈਂਦਾ ਹੈ, ਚਲੋ ਸ਼ਿਕਾਰ ਖੇਡੀਏ। ਇਸ ਉਮੰਗ ਦੇ ਪੈਦਾ ਹੁੰਦਿਆਂ ਹੂੜਮਤ ਹੁਰਾਂ ਆਪਣੇ ਇਕ ਮਿਤ੍ਰ ਪਾਸੋਂ ਬੰਦੂਕ ਮੰਗ ਆਂਦੀ, ਉਸ ਦੇ ਨਾਲ ਕਈ ਵਾਰੀ ਅਗੇ ਬਾਹਰ ਸ਼ਿਕਾਰ ਖੇਡਣ ਜਾਇਆ ਕਰਦੇ ਸਨ। ਮੋਟੀ ਜੁੱਤੀ ਪੈਰੀਂ ਪਾਕੇ ਗਹਬਰ ਜੰਗਲ ਵੱਲ ਟੁਰ ਪਏ। ਜੰਗਲ ਵਿਚ ਕਿਤੇ ਧੁੱਪ, ਕਿਤੇ ਛਾਉਂ, ਕਿਤੇ ਭੱਠ ਨਾਲੋਂ ਤੱਤੀ ਰੇਤ ਦੇ ਦਰਿਆ ਝਾਗਣ ਵੇਲੇ ਦਲਿੱਦ੍ਰ ਹੋਰੀਂ ਹੌਲੀ ਜਿਹੀ ਕੰਨ ਵਿਚ ਕਹਿ ਦੇਂਦੇ "ਖੱਟ ਕੇ ਖਾਣਾ,ਜਵਾਨੀ ਦੀ ਮੌਤ ਮਰਨਾ ਇਕੋ ਜਿਹਾ ਹੈ"। ਜਿਸ ਵੇਲੇ ਕੰਡਾਲੇ ਦਰੱਖਤਾਂ ਦੇ ਵਿੱਚੋਂ ਦੀ ਹੂੜਮਤ ਲੰਘਦਾ ਤਾਂ ਕਿਤੇ ਕੱਪੜੇ ਅੜ ਕੇ ਪਾਟ ਜਾਂਦ, ਕਿਤੇ ਬਦਨ ਨੂੰ ਝਰੀਟਾਂ ਆ ਜਾਂਦੀਆਂ, ਉਪਰੋਂ ਪਸੀਨਾ ਉਨ੍ਹਾਂ ਪੱਛਾਂ ਵਿਚ ਪੈਕੇ ਚੰਗੀ ਤਰ੍ਹਾਂ ਤੜਫਾਉਂਦਾ। ਅਜੇਹੇ ਵੇਲੇ ਦਲਿੱਦ੍ਰ ਹੋਰਾਂ ਘਰ ਵਿਚ ਲੇਟਣ, ਬੈਠਣ ਤੇ ਆਰਾਮ ਕਰਨ ਵਾਲੀਆਂ ਗੱਲਾਂ ਹੌਲੀ ਹੌਲੀ ਚੇਤੇ ਕਰਾਉਂਦੇ।

ਜਦ ਹੂੜਮਤ ਕਿਤੇ ਭੌਂਦਾ, ਭਟਕਦਾ ਹਰਨ ਨੂੰ ਦੂਰੋਂ ਨੱਠਾ ਜਾਂਦਾ ਵੇਖਦਾ ਅਤੇ ਬੰਦੂਕ ਸਰ ਕਰਨ ਦੀ ਹਿੰਮਤ ਕਰਦਾ ਤਾਂ ਦਲਿੱਦਰ ਹੁਰਾਂ ਦੀ ਕ੍ਰਿਪਾ ਕਰਕੇ ਗੋਲੀ ਕਾੜ੍ਹ ਕਰਦੀ ਕਿਸੇ ਦਰੱਖਤ ਦੇ ਮੁੱਢ ਵਿਚ ਜਾ ਲੱਗਦੀ। ਹਰਨ ਹੋਰੀਂ ਆਪਣੀਆਂ ਕਨੌਤੀਆਂ ਚੁੱਕਦੇ, ਥਲ ਬਨ ਤੋਂ ਉਛਲਦੇ,ਰੱਖਣ ਵਾਲੀ ਕੁਦਰਤ ਦੇ ਆਸਰੇ ਸਹੀ ਸਲਾਮਤ ਅੱਖਾਂ ਅੱਗੋਂ ਲੰਘ ਜਾਂਦੇ। ਓਸੇ ਵੇਲੇ ਨਿਰਾਸਤਾਈ ਡਾਢੀ ਭੈੜੀ ਜਿਹੀ ਸੂਰਤ ਬਣਾਕੇ ਅੱਖਾਂ ਅੱਗੇ ਆਉਂਦੀ,ਹੂੜਮਤ ਦਾ ਕਲੇਜਾ ਹਿਲਾ ਦੇਂਦੀ; ਉਸ ਵੇਲੇ ਕਲੇਜੇ ਵਿਚੋਂ ਇਕ ਡੂੰਘੀ ਤੇ ਲੰਮੀ ਹਾਹ ਨਿਕਲਦੀ,ਕਿ ਹਾਇ ਕਿਸਮਤ! ਅਜੇਹੀ ਜੰਗਲ ਦੀ ਖੇਹ ਖੁਆਰੀ ਵੀ ਕੀਤੀ, ਪਰ ਸ਼ਿਕਾਰ ਗੋਲੀ ਹੀ ਨਹੀਂ ਖਾਂਦਾ, ਹੱਥ ਹਿਲ ਜਾਂਦਾ ਹੈ ਜਾਂ ਹਵਾ ਦੀ ਤੇਜ਼ੀ ਗੋਲੀ ਨੂੰ ਨਿਸ਼ਾਨਿਓਂ ਲਾਂਭੇ ਲੈ ਜਾਂਦੀ ਹੈ, ਜਾਂ ਇਸ ਜੰਗਲ ਦੇ ਹਰਨ ਸ਼ਿਕਾਰੀਆਂ ਦੇ ਹੱਥ ਕੰਡਿਆਂ ਦੇ ਭੇਤੀ ਹੋ ਚੁਕੇ ਹਨ। ਦੇਖੋ ਕਿਸਮਤ ! ਕੋਈ ਮ੍ਰਿਗ ਨਿਸ ਨੇ ਹੇਠ ਨਹੀਂ ਆਇਆ। ਜਿਹਾ ਜੰਗਲ ਵਿਚ ਆਇਆ ਤਿਹਾ ਨਾ ਆਇਆ,

Digitized by Panjab Digital Library | www.panjabdigilib.org

ਇਕੋ ਜਿਹਾ ਹੀ ਰਿਹਾ।

ਮੈਂ ਬਾਗ਼ਬਾਨੀ ਦੇ ਸਿਰ ਸੁਆਹ ਪਾਕੇ ਸ਼ਿਕਾਰ ਲਈ ਬੀਆਬਾਨੀ ਦੀ ਮਿੱਟੀ ਛਾਣੀ, ਪਰ ਮੇਰੀ ਕਿਸਮਤ ਵਿਚ ਕਸਤੂਰੀ ਕਿੱਥੇ ਖੋਲੜ* ਵੀ ਨਹੀਂ। ਹੁੜਮਤ ਹੁਰੀਂ ਇਨ੍ਹਾਂ ਵਿਚਾਰਾਂ ਵਿਚ ਹੀ ਸਨ ਜੋ ਅਚਾਨਕ ਸ਼ਿਕਾਰ ਠੀਕ ਗੋਲੀ ਦੀ ਮਾਰ ਤੇ ਨਜ਼ਰੀਂ ਪਿਆ। ਇਧਰ ਵੀ ਬੰਦੂਕ ਦੇ ਘੋੜੇ ਨੱਪਣ ਦੀ ਢਿੱਲ ਸੀ ਕਿ ਬੰਦੂਕ ਦੀ ਅਵਾਜ਼ ਪਹੁੰਚਣ ਤੋਂ ਪਹਿਲੇ ਮਿਰਗ ਸ਼ਿਕਾਰ ਹੋ ਗਿਆ। ਜਦ ਆਪ ਖੁਸ਼ੀ ਵਿਚ ਅਮੇਉ ਹੋਏ, ਕਸਤੂਰੀ ਦੇ ਮਨੋਰਾਜਾਂ ਦੇ ਮਹਲ ਉਸਾਰਦੇ, ਸ਼ਿਕਾਰ ਦੇ ਪਾਸ ਪੁੱਜੇ ਤਾਂ ਫੇਰ ਰੋਏ, ਹਰਨ ਕਸਤੂਰੀ ਵਾਲਾ ਨਹੀਂ ਸੀ, ਪਰ ਤਿਸ ਪਰ ਭੀ ਆਪਣੀ ਕਰਣੀ ਤੇ ਆਪ ਹੀ ਬਫਾਉਂਦੇ, ਸ਼ਿਕਾਰ ਨੂੰ ਮੋਢਿਆਂ ਤੇ ਚੁੱਕ ਕੇ, ਘਰਾਂ ਨੂੰ ਮੁੜੇ। ਰਾਹ ਵਿਚ ਜੰਗਲੀ ਔਕੜਾਂ ਦੇ ਦੱਬੇ ਛਿੱਥੇ ਹੋਏ ਹੋਏ ਦਲਿੱਦਰ ਨਾਲ ਸਲਾਹ ਕਰਨ ਲੱਗੇ, ਭਈ ਇਹ ਸ਼ਿਕਾਰ ਦਾ ਵਿਹਾਰ ਬਹੁਤ ਔਖਾ ਹੈ। ਇਸ ਨਾਲੋਂ ਤਾਂ ਅਰਾਈਂ ਦੀ ਨੌਕਰੀ ਚੰਗੀ ਸੀ, ਪਰ ਬੁਰੀ ਕਿਸਮਤ ਨੇ ਬਾਰੋਂ ਕਢਾਇਆ ਅਤੇ ਇਸ ਜੰਗਲ ਦੇ ਕੰਡਿਆਂ ਤੇ ਤੱਤੀਆਂ ਲੋਆਂ ਦੇ ਥਲਾਂ ਦੇ ਵਿਚ ਸ਼ਿਕਾਰ ਦੇ ਮਗਰ ਭਟਕਾਇਆ। ਹੁਣ ਬਾਗਾਂ ਦੇ ਆਰਾਮ ਕਿੱਥੋਂ? ਚੱਛਾ ਹੁਣ ਨਿਰਾ ਕਿਸਮਤ ਦੇ ਸਿਰ ਚੜ੍ਹ ਕੇ ਲੰਮਿਆਂ ਪੈ ਰਹਿਣਾ ਹੈ, ਕਿਸੇ ਕੰਮ ਕਾਰ ਦਾ ਨਾਉਂ ਨਹੀਂ ਲੈਣਾ। ਜੋ ਭੁੱਖ ਦੁੱਖ ਆ ਬਣੇ ਕਿਸਮਤ ਦੇ ਸਿਰ ਥੱਪ ਛੱਡਾਂਗੇ। ਇਹ ਗੱਲ ਬਹੁਤ ਸਾਰੀ ਪੱਕੀ ਕਰਕੇ ਘਰ ਅੱਪੜੇ, ਬੰਦੂਕ, ਸੰਦੂਕ ਵਿਚ ਸਾਂਭਕੇ ਮਿਤ੍ਰ ਨੂੰ ਪੁਚਾਈ ਅਤੇ ਆਪ ਮੰਜੇ ਤੇ ਲੇਟ ਗਏ।

*ਕਸਤੂਰੀ ਨਾਪੇ ਦੀ ਖਲੜੀ।

ਹੁਣ ਪਤਾ ਲੱਗਾ ਕਿ ਕਸਤੂਰੇ ਮਿਰਗ ਤਾਂ ਉੱਚੇ ਪਹਾੜਾਂ ਵਿਚ ਹੁੰਦੇ ਹਨ, ਮੈਦਾਨਾਂਵਿਚ ਹੀਰੇ ਮਿਰਗ ਤੇ ਹੋਰ ਹਰਨ ਹੁੰਦੇ ਹਨ। ਸੋ ਹੁਣ ਆਲਸ ਦੇ ਪਿੰਡ ਤੇ ਕਬਜ਼ਾ ਕਰਕੇ ਝਟ ਆਕੀ ਹੋ ਗਏ।

ਇਕੁਰ ਹੀ ਜਦ ਕੁਝ ਸਮਾਂ ਬੀਤਿਆ ਤਾਂ ਇਕ ਦਿਨ ਬਾਜ਼ਾਰ ਵਿਚ ਮੱਛੀ ਵਿਕਦੀ ਦੇਖੀ। ਭਾਉ ਦੀ ਬਹੁਤ ਮਹਿੰਗੀ ਜਾਪੀ। ਉਮੰਗੂ ਪਾਸ ਹੀ ਸਾ, ਉਸ ਨੇ ਦਲਿੱਦਰ ਦੇ ਕੰਨ ਬਚਾ ਕੇ, ਹੁੜਮਤ ਦੇ ਕੰਨ ਵਿਚ ਆਖਿਆ ਕਿ ਅਜੇਹੇ ਨਢੇ ਵਾਲਾ ਹੋਰ ਕੋਈ ਕੰਮ ਨਹੀਂ, ਇਸ ਵਿਚ ਕਿਸੇ ਤਰ੍ਹਾਂ ਦੀ ਪੂੰਜੀ ਦੀ ਲੋੜ ਨਹੀਂ। ਵਗਦੇ ਦਰਿਆਵਾਂ ਦੀ ਸੈਲ, ਬੇੜੀਆਂ ਦੀਆਂ ਮੌਜਾਂ ਤੇ ਮੁਖਤ ਦੀਆਂ ਮੱਛੀਆਂ। ਇਨ੍ਹਾਂ ਦੇ ਮਾਰਨ ਕੁਹਣ ਦਾ ਕੋਈ ਪਾਪ ਪੁੰਨ ਹੀ ਨਹੀਂ। ਪਾਣੀਓਂ ਨਿਕਲੀ ਅਤੇ ਆਪੇ ਮਰ ਗਈ। ਭਓਂ ਵੀ ਅਜੇਹੀ ਮਹਿੰਗੀ ਹੈ ਕਿ ਜੇ ਕਿਤੇ ਇੱਕੋ ਮੱਛੀ ਵੱਡੀ ਕਾਬੂ ਆ ਜਾਵੇ ਤਾਂ ਬੇਫਿਕਰੀ ਹੋ ਜਾਵੇ, ਇਸ ਲਈ ਚੱਲੋ ਜਾਲ ਬਣਾਈਏ ਤੇ ਮਾਛੀਆਂ ਨਾਲ ਰੰਗਣ ਰੰਗੀਏ। ਇਹ ਸਲਾਹ ਖਿਆਲਾਂ ਦੇ ਕੰਨਾਂ ਥਾਣੀ ਲੰਘਦੀ ਅੰਦਰ ਘਰ ਕਰ ਗਈ। ਦੂਜੇ ਦਿਨ ਹੀ ਜਾਲ ਟੋਕਰੀ, ਵੰਝ, ਕੁੰਡੀ, ਰੰਗੜੇ ਆਦਿਕ ਪਦਾਰਥ ਤਿਆਰ ਕਰਕੇ ਦਰਯਾ ਪਰ ਪੁੱਜ ਪਏ। ਮਲਾਹਾਂ ਨਾਲ ਸੌਦਾ ਕਰ ਕਰਾਕੇ ਬੇੜੀਆਂ ਜਾਲ ਸਿੱਟਣ ਲਈ ਦਰਿਆ ਵਿਚ ਛੱਡ ਦਿੱਤੀਆਂ। ਸਾਰਾ ਦਿਨ ਕਿਸਮਤ ਦੇ ਵੰਝ ਚੱਪੇ ਲਾਏ, ਜਾਲ ਮਹਾਂਜਾਲ ਪਾਏ, ਕਿਤੇ ਕਿਤੇ ਕੁੱਦ ਕੁੱਦਕੇ ਛਾਲਾਂ ਵੀ ਮਾਰੀਆਂ, ਪਾਰ ਉਰਾਰ ਤਾਈਂ ਦਰਿਆ ਦਾ ਕੰਢਾ ਵੰਝਾਂ ਨਾਲ ਮਿਣਿਆ, ਪਰ ਚੱਛੀ ਮੱਛੀ ਕੋਈ ਨਾ ਕਾਬੂ ਆਈ, ਕੇਵਲ ਝੱਗਿਆਂ ਤੇ ਟਿਚਰਾਂ

Digitized by Panjab Digital Library | www.panjabdigilib.org

ਨਾਲ ਇਕ ਵੱਡੀ ਸਾਰੀ ਟੋਕਰੀ ਭਰ ਗਈ। ਇਧਰੋਂ ਸੂਰਜ ਹੋਰੀਂ ਦਲਿੱਦਰ ਦਾ ਦੇਸ਼ਲਾ ਵਧਾਉਣ ਲਈ ਆਪਣੇ ਪਿੱਛੇ ਹਨੇਰਾ ਛਡਕੇ ਆਪ ਪ੍ਰਿਥਵੀ ਦੇ ਓਹਲੇ ਹੋ ਗਏ । ਉਧਰ ਨਿਰਾਸਤਾ ਨੇ ਕਾਲਾ ਕੱਟ ਹਨੇਰੇ ਵਰਗਾ ਮੂੰਹ ਆਣ ਦਿਖਾਇਆ ਤੇ ਸਹਿਜ ਨਾਲ ਆਖਿਆ "ਕਰਮ ਹੀਣ ਜੇ ਖੇਤੀ ਕਰੈ। ਬੈਲ ਮਰੈ ਜਾ ਸੋਕਾ ਪਰੈ" । ਇਹ ਕੰਮ ਨਿਰਾ ਮਲਾਹਾਂ ਮਾਛੀਆਂ ਦਾ ਹੈ, ਜੋ ਦਿਨ ਰਾਤ ਦਰਿਆਵਾਂ ਵਿਚ ਹੀ ਰਹਿੰਦੇ ਹਨ। ਪਲ ਪਲ ਦੇ ਪਾਣੀ ਦੇ ਰੰਗਾਂ ਦਾ ਹਾਲ ਜਿਨ੍ਹਾਂ ਨੂੰ ਮਲੂਮ ਹੈ, ਭਈ ਹੁਣ ਮੱਛੀ ਆਈ ਹੈ ਤੇ ਹੁਣ ਮੱਛੀ ਹਲ ਗਈ ਹੈ, ਹੁਣ ਮੱਛੀ ਲੰਘ ਗਈ ਹੈ । ਅਜਾਣਾਂ ਨੇ ਕਿਸਮਤ ਦੇ ਹੱਥ ਜਾਲ ਦੀ ਰੱਸੀ ਫੜਾਕੇ ਜਾਲ ਦਰਯਾ ਵਿਚ ਸੁੱਟ ਦਿੱਤਾ। ਅੱਗੋਂ ਕੋਈ ਮੱਛੀ ਫਸੇ ਭਾਵੇਂ ਨਿਜ ਫਸੇ। ਉਮੰਗੂ ਨੇ ਸਹਿਜ ਨਾਲ ਆਖਿਆ—ਅਜੇ ਤਾਂ ਅਜ ਪਹਿਲਾ ਦਿਨ ਹੀ ਹੈ ਫਿਰ ਭੀ ਦੋ ਚਾਰ ਰੁਪੈ ਦੀਆਂ ਟਿੱਚਰਾਂ ਨਿਕਲ ਹੀ ਆਈਆਂ ਹਨ। ਇਕੁਰ ਹੀ ਜੇ ਕਿਤੇ ਹੋਜ਼ ਉੱਦਮ ਲੱਗਾ ਰਿਹਾ ਤਾਂ ਕਿਸੇ ਦਿਨ ਵੱਡੀਆਂ ਮੱਛੀਆਂ ਵੀ ਫਸ ਜਾਣਗੀਆਂ।

ਰਾਤ ਦੇ ਹਨੇਰੇ ਤੇ ਦਰਿਆ ਦੀ ਸਾਂ ਸਾਂ, ਜੰਗਲੀ ਜਿੰਦੜਾਂ ਦੀ ਹੂੰਹਾਂ ਤੇ ਅਜਾਣ ਮਤ ਦੇ ਡਰ ਨੇ ਹੂੜਮਤ ਨੂੰ ਘਬਰਾਇਆ ਹੋਇਆ ਸੀ । ਦਲਿੱਦਰ ਹੋਰਾਂ ਦਾ ਦਾਉ ਫਬਿਆ, ਉਮੰਗੂ ਤੋਂ ਨਜ਼ਰ ਬਚਾ ਕੇ ਕਹਿਣ ਲਗੇ—ਇਸ ਕਾਲੀ ਬੋਲੀ ਹਨੇਰੀ ਰਾਤ ਵਿਚ ਜੰਗਲੀ ਦਰਿਆਉ ਦੇ ਕਿਨਾਰੇ, ਨਾਵਾਕਫ ਮਲਾਹਾਂ ਦੇ ਪਾਸ, ਸਾਰੇ ਦਿਨ ਦੇ ਥੱਕੇ ਹੋਏ ਰਹਿਣਾ ਕਦੀ ਠੀਕ ਨਹੀਂ । ਨਾ ਜਾਣੀਏਂ ਕਿਤੇ ਇਹੋ ਲੋਕ ਸੁਤੇ ਪਿਆਂ ਮਾਰ ਕੇ ਦਰਿਆ ਦੀ ਭੇਟਾ ਕਰ ਦੇਣ ਅਤੇ ਅਸਾਡਾ ਲੱਗਾ ਲਾਣਾ ਆਪਣਾ ਬਣਾ ਲੈਣ, ਇਸ ਲਈ ਹਿੰਮਤ ਕਰੀਏ, ਭੱਜ ਕੇ ਅਪਣੇ ਮਕਾਨ ਪਰ ਚੱਲ ਪਈਏ। ਇਹ ਸਲਾਹ ਕਾਹਦੀ ਸੀ, ਮਨ ਭਾਉਂਦੀ ਸੀ। ਝੱਟ ਪੱਟ ਮੱਛੀਆਂ ਮਾਛੀਆਂ ਦੇ ਪਾਸ ਹੀ ਛੱਡ ਛਡਾ ਕੇ ਹੂੜਮਤ ਨੇ ਕੂਚ ਕਰ ਦਿੱਤਾ। ਲੰਮੇ ਸਾਹ ਅਤੇ ਧੜਕਦੇ ਕਲੇਜੇ ਨਾਲ ਝਟ ਪਟ ਘਰ ਆ ਗਏ। ਆਲਸ ਦੀ ਪੂਜਾ ਕਰਕੇ ਲੇਟ ਗਏ। ਹੁਣ ਦਲਿੱਦਰ ਨੇ ਆਪਣੀ ਪੱਟੀ ਪੜ੍ਹਾਈ ਕਿ ਦਿਨੋਂ ਦਿਨ ਸਰਦੀ ਦੀ ਬਹਾਰ ਨੇ ਆਪਣਾ ਜੋਬਨ ਦਿਖਾਉਣਾ ਹੈ, ਤਿਸ ਪਰ ਦਰਿਆਵਾਂ ਵਿਚ ਮੱਛੀ ਤਾਂ ਬਾਹਲੀ ਮਿਲੂ, ਪਰ ਸਰਦੀਆਂ ਨੇ ਗਰਮੀਆਂ ਨਾਲੋਂ ਕੁਝ ਘੱਟ ਨਹੀਂ ਕਰਨੀ। ਹੱਥਾਂ ਪੈਰਾਂ ਨੇ ਸੁੰਨ ਹੋ ਹੋ ਕੇ ਅੱਗ ਅੱਗ ਦੀ ਦੁਹਾਈ ਫੇਰਨੀ ਹੈ। ਮੱਛੀਆਂ ਮਾਰਦਿਆਂ ਠੰਢਾਂ ਵਿਚ ਕਦੀ ਆਪਣੇ ਜੀਉਣ ਦੀ ਆਸ ਨਹੀਂ ਹੋ ਸਕਦੀ, ਇਸ ਲਈ ਇਹ ਮੰਜੇ ਦੀ ਸਵਾਰੀ ਲੇਫ ਤੁਲਾਈ ਦੀ ਨਿੱਘ ਦਾ ਚਾਰ ਦੀਵਾਰੀ ਦੇ ਅੰਦਰ ਹੀ ਸੁਰਗ ਹੈ। ਬਾਹਰ ਤਾਂ ਸਭਨੀਂ ਪਾਸੀਂ ਨਰਕ ਹੀ ਨਰਕ ਹੈ।

ਇੰਨੇ ਤਾਈਂ ਬੁੱਕਲ ਦੇ ਵਿਚ ਸਹਿਜ ਨਾਲ ਉਮੰਗੂ ਨੇ ਖਬਰ ਲਿਆ ਸੁਣਾਈ ਕਿ ਇਸ ਵੇਲੇ ਫਲਾਣੇ ਆਹੀਰ ਨੂੰ ਇਕ ਰਸੋਈਏ ਦੀ ਲੋੜ ਹੈ, ਤਨਖਾਹ ਵੀ ਚੰਗੀ ਹੈ ਤੇ ਨਾਲ ਟੋਟੀ ਕਪੜਾ ਵੀ ਹੈ। ਇਸ ਮਨ ਮੋਹਣੀ ਖਬਰ ਦੇ ਕੰਨਾਂ ਵਿਚ ਪੈਂਦਿਆਂ ਖਿਆਲਾਂ ਦੀ ਉਚਾਈ ਮੁਨਾਰਿਆਂ ਤੋਂ ਛਾਲਾਂ ਮਾਰ ਮਾਰਕੇ ਸ਼ਹਿਰ ਦੀ ਹੱਦੋਂ ਲੰਘ ਗਈ ਅਤੇ ਹੂੜਮਤ ਹੁਰੀਂ ਵਿਚਾਰਣ ਲਗੇ ਜੇ ਹੁਣ ਅਸੀਂ ਮੁਰਾਦ ਦੀ ਮੰਜ਼ਲ ਤਾਈਂ ਪਹੁੰਚ ਗਏ। ਸਾਨੂੰ ਜਿਹਾਕੁ ਰਸੋਈ ਦਾ ਵੱਲ ਆਉਂਦਾ ਹੈ ਕੋਈ ਨਹੀਂ

Digitized by Panjab Digital Library | www.panjabdigilib.org

ਜਾਣਦਾ, ਸੋ ਇਹ "ਅਸਾਮੀ ਹਥੋਂ ਨਹੀਂ ਜਾਣ ਦੇਣੀ। ਉਸਲਵੱਟੇ ਭੰਨਦਿਆਂ ਮਨੋ-ਰਾਜ ਦੇ ਮੈਦਾਨ ਵਿਚ ਚੱਕਰ ਖਾਂਦਿਆਂ ਮਸੇ ਕਿਵੇਂ ਰਾਤ ਬਿਤਾਈ। ਦਿਹੁੰ ਚੜ੍ਹੇ ਉਮੰਗੂ ਨੂੰ ਨਾਲ ਲੈਕੇ ਅਮੀਰ ਸਾਹਿਬ ਦੇ ਲੰਗਰਖਾਨੇ ਵਿਚ ਜਾਕੇ ਨੌਕਰ ਹੋ ਗਏ। ਇਸ ਵੇਲੇ ਖੁਸ਼ੀ ਦਾ ਕੋਈ ਵਾਰਾਪਾਰ ਨਹੀਂ । ਪ੍ਰਸ਼ਾਦ ਭਾਂਤ ਭਾਂਤ ਦੇ ਤਿਆਰ ਕੀਤੇ, ਕੁਝ ਕਰਵਾਏ। ਮਸਾਲਿਆਂ ਦੀ ਖੁਸ਼ਬੋਇ ਨਾਲ ਦਿਮਾਗ਼ ਤਾਜ਼ਾ ਹੋ ਗਿਆ। ਲੂਣ ਚਖਦਿਆਂ ਚਖਦਿਆਂ ਭੁੱਖ ਦੀ ਸਿੱਕ ਭੁੱਖ ਸਾਰੀ ਲਹਿ ਗਈ। ਰੋਟੀ ਵੇਲੇ ਲੰਗਰ ਵਿਚ ਅਮੀਰ ਹੁਰੀਂ ਆਣ ਬਿਰਾਜੇ। ਥਾਲ ਲਗਾ ਕੇ ਅੱਗੇ ਧਰਿਆ। ਦੇਖ ਕੇ ਅਮੀਰ ਦੀਆਂ ਅੱਖਾਂ ਅਤੇ ਨੱਕ ਨੇ ਖੁਸ਼ੀ ਪ੍ਰਸੰਨਤਾ ਦੀ ਉਧੜਧੁਮੀ ਪਾ ਦਿੱਤੀ। ਚਾਵਲ ਦਾਣਾ ਦਾਣਾ ਖਿੜੇ ਪਏ ਹਨ। ਫੁਲਕੇ ਬੜੇ ਸੁੰਦਰ ਗੋਲ ਤੇ ਫੁੱਲੇ ਹੋਏ ਹਨ। ਭਾਜੀ ਸਲੂਣਿਆਂ ਵਿਚ ਨਿਰੀ ਘਿਉ ਦੀ ਹੀ ਤਰੀ ਜਾਪਦੀ ਹੈ। ਦਾਲ ਅਜੇਹੀ ਘੁੱਲ ਕੇ ਇਕੋ ਮਿੱਕੋ ਹੋਈ ਹੋਈ ਹੈ ਜੋ ਮਾਨੋਂ ਕੇਸਰੀ ਫਾਲੂਦਾ ਬਣਿਆ ਹੋਇਆ ਹੈ । ਜਦ ਪ੍ਰਸ਼ਾਦ ਮੂੰਹ ਵਿਚ ਪਾਇਆ ਤਾਂ ਅਜੇਹਾ ਅਸਚਰਜ ਲੱਗਾ ਜੋ ਇਕ ਕੌਲ ਵਿਚੋਂ ਦੂਏ ਵੱਲ ਹੱਥ ਹੀ ਨਾ ਜਾਵੇ । ਪ੍ਰਸ਼ਾਦ ਛਕ ਕੇ ਅਮੀਰ ਹੁਰੀਂ ਬੜੇ ਅਨੰਦ ਹੋਏ, ਪਰ ਬੋਲੇ ਕੁਝ ਨਾ, ਇਤਨਾ ਹੀ ਕਿਹਾ ਜੋ ਹੁਣ ਦਾ ਪ੍ਰਸ਼ਾਦ ਤਾਂ ਚੰਗਾ ਹੈ, ਪਰ ਹੱਛਾ ਸੰਧਿਆ ਦਾ ਭੀ ਦੇਖਾਂਗੇ । ਇਸ ਗੱਲ ਨੇ ਹੁੜਮਤ ਦੇ ਉਛਲਦੇ ਦਿਲ ਨੂੰ ਜ਼ਰਾ ਠਰਾ ਦਿੱਤਾ । ਦਲਿੱਦਰ ਹੁਰਾਂ ਵੀ ਸਮਾਂ ਤੱਕਿਆ ਅਤੇ ਆਖਣ ਲੱਗੇ ਇਹ ਰਸੋਈ ਦੀ ਅਜੇਹੀ ਅਵੱਲੀ ਨੌਕਰੀ ਹੈ, ਕੰਮ ਕਰਦੇ ਦਾ ਸਰੀਰ ਥੱਕ ਗਿਆ ਹੈ, ਅੱਗ ਪਾਸ ਬੈਠੇ ਦੇ ਸਿਰ ਦਰਦ ਤੱਕ ਚੜ੍ਹ ਗਈ ਹੈ, ਰਸੋਈ ਕਰ-ਦਿਆਂ ਕੱਪੜੇ ਦਾ ਕੋਈ ਹੱਜ ਨਹੀਂ ਰਿਹਾ ਤੇ ਤਿਸ ਪਰ ਭੀ ਮਾਲਕ ਨੇ ਇਹੀ ਕਿਹਾ ਹੈ ਅੱਛਾ ਸੰਧਿਆ ਨੂੰ ਦੇਖਾਂਗਾ, ਇਸ ਕੋਲੋਂ ਘਰ ਬੈਠਣਾ ਅਰਾਮ ਕਰਨਾ ਕਿਹਾ ਹੱਛਾ ਸੀ, ਮਿਹਨਤ ਕਰਕੇ ਨਿਰਾਸਤਾ ਤਾਂ ਨਾ ਹੁੰਦੀ। ਇਹੋ ਜਿਹੇ ਕਈ ਖਿਆਲ ਹੋਰ ਭੀ ਹੁੜਮਤ ਦੇ ਕੰਨੀਂ ਪਏ। ਇਹੋ ਹੀ ਠਹਿਰਾਈ ਜੋ ਚੁਪ ਚਾਪ ਅਮੀਰ ਦਾ ਘਰ ਤੇ ਗੁਲਾਮੀ ਛੱਡ ਕੇ ਆਪਣੇ ਘਰ ਅੱਪੜ ਕੇ ਮਾਲਕੀ ਦੇ ਪਲੰਘ ਤੇ ਜਾ ਆਰਾਮ ਕਰੀਏ।

ਇਸੇ ਤਰ੍ਹਾਂ ਕੁਝ ਸਮਾਂ ਬੀਤਿਆ। ਇਕ ਦਿਨ ਉਮੰਗੂ ਨੇ ਆਣ ਜਗਾਇਆ ਅਤੇ ਆਖਿਆ ੧੦੦) ਨਕਦ ਸਰਕਾਰੇ ਜਮ੍ਹਾਂ ਕਰਾ ਦਿਓ ਤਾਂ ਰਸਾਲੇ ਦੀ ਨੌਕਰੀ ੩੦)ਰੁਪੈ ਚਿਹਰੇ ਸ਼ਾਹੀ ਮਹੀਨੇ ਦੀ ਮਿਲਦੀ ਹੈ, ਨਾਲ ਘੋੜੀ ਤੇ ਵਰਦੀ ਵੀ ਸਰਕਾਰੀ ਮਿਲਦੀ ਹੈ। ਭਾਵੇਂ ਕਾਟ ਹੋਕੇ ਇਹ ਰੁਪੈ ਸਰਕਾਰ ਵਸੂਲ ਕਰ ਲੈਂਦੀ ਹੈ, ਪਰ ਉਹ ਰੁਪੈ ਕਈਆਂ ਵਰ੍ਹਿਆਂ ਵਿਚ ਕਟੀਂਦੇ ਹਨ। ਦੇਸ਼ ਪਰਦੇਸ਼ ਦੀਆਂ ਸੈਲਾਂ, ਜੁੱਧ ਜੰਗ ਦੀਆਂ ਮੌਜਾਂ, ਲੁੱਟ ਦੇ ਦਰਿਆਵਾਂ ਦੇ ਟੁੱਭੇ, ਬਹਾਦਰੀਆਂ ਦੇ ਤਮਗ਼ੇ, ਜੰਗਾ ਦੀ ਸ਼ਹੀਦੀ ਦੇ ਸੁਰਗ, ਹਰ ਵੇਲੇ ਹਥੇਲੀ ਤੇ ਨੱਚਦੇ ਰਹਿੰਦੇ ਹਨ। ਚੱਲੋ, ਉੱਦਮ ਕਰੋ ਕੁਦਰਤ ਦੇ ਰੰਗ ਵੇਖੋ, ਕੀ ਵਰ-ਤਾਰਾ ਜਗਤ ਵਿਚ ਵਰਤ ਰਿਹਾ ਹੈ। ਉਮੰਗੂ ਦੀ ਇਹ ਸਿਖਜਾ ਮੰਨ ਕੇ ਹੁੜਮਤ ਹੁਰੀਂ ਉਠੇ, ੧੦੦) ਪੱਲੇ ਬੰਨ੍ਹ ਕੇ ਛਾਵਣੀ ਪਹੁੰਚ ਕੇ ਕਮਾਨ ਅਫਸਰ ਦੇ ਪੇਸ਼ ਹੋ ਗਏ । ਮਿਣਤੀ ਵਿਚ ਇਕ ਇੰਚ ਉੱਚੇ ਨਿਕਲੇ, ਪਰ ਕਿਸਮਤ ਨੇ ਇੱਥੇ ਭੀ ਧੱਪਾ ਹੀ ਮਾਰਿਆ। ਜਦ ਡਾਕਟ੍ਰ ਦੇ ਦੇਖਣ ਵਿਚ ਆਏ ਤਾਂ ਦਿਲ ਦੇ ਨਿਰਬਲ

Digitized by Panjab Digital Library | www.panjabdigilib.org

ਪਾਏ ਗਏ । ਹੋਰ ਭਰਤੀ ਵਿਚੋਂ ਵਾਲ ਵਾਂਕਰ ਚੁਣ ਕੇ ਵਖਰੇ ਕੀਤੇ ਗਏ। ਨਿਰਾਸ ਹੋਕੇ ਘਰ ਪਹੁੰਚੇ । ਅਗੇ ਦਲਿੱਦਰ ਹੋਰੀਂ ਹੱਥ ਬੱਧੀ ਤਨੋਂ ਮਨੋਂ ਹਾਜ਼ਰ ਹੀ ਸਨ । ਜ਼ਰਾਕੁ ਦਾਉ ਭਰੇ ਤੇ ਦਲਿੱਦਰ ਹੋਰੀਂ ਕਹਿਣ ਲੱਗੇ–ਅੱਜ ਤੱਕ ਜਿੰਨੀ ਵੇਰ ਆਪ ਨੇ ਦੁਖ ਉਠਾਇਆ ਤੇ ਨਾ ਉਮੈਦੀ ਦੇ ਬੱਚੇ ਖਿਡਾਏ ਉਤਨੀ ਵੇਰੀ ਹੀ ਇਹ ਸਭ ਕੁਝ ਉਮੰਗੂ ਦੀ ਸਿਖਜਾ ਦਾ ਫਲ ਨਿਕਲਿਆ । ਤੁਸੀਂ ਭੋਲੇ ਬਾਦਸ਼ਾਹ ਹੋ, ਜਦ ਕਦ ਸੋਚੋਂ ਉਹਲੇ ਹੋਕੇ ਓਨ ਆਪ ਨੂੰ ਭੜਕਾਇਆ, ਆਪ ਓਸੇ ਦੇ ਮਗਰ ਲੱਗੇ ਤੇ ਅੰਖੇ ਹੋਏ । ਪਿੱਛੇ ਮੈਨੂੰ ਵਾਹੀਂ ਲਾ ਲਾ ਕੇ, ਤੁਹਾਨੂੰ ਮੋੜ ਮਾੜ ਕੇ ਇਸ ਮੰਜੇ ਦੀ ਸਵਾਰੀ, ਪਿਆਰੀ ਨੀਂਦ ਦੀ ਬਹਾਰ, ਮਨੋਰਾਜਾਂ ਦੀਆਂ ਰਾਜਧਾਨੀਆਂ ਦੇ ਸੁਖ ਦਿਖਾਉਣੇਪਏ, ਪਰ ਤੁਸੀਂ ਐਸੇ ਬੇ ਪਰਵਾਹ ਹੋ ਕਿ ਫਿਰ ਭੀ ਉਸ ਨਿਕਾਰੇ ਉਮੰਗੂ ਦੇ ਆਖੇ ਲੱਗ ਕੇ ਭੜਕ ਉਠਦੇ ਹੋ। ਜੋ ਕਹਿੰਦਾ ਹੈ ਸੱਚ ਮੰਨ ਕੇ ਉਠ ਤੁਰਦੇ ਹੋ। ਹੁਣ ਵੀ ਮੇਰਾ ਬਚਨ ਮੰਨ ਆਰਾਮ ਨਾਲ ਅਪਣੀ ਮੰਜੀ ਤੇ ਲੇਟੇ ਰਹੋ। ਸੋ ਹੁਣ ਹੂੜਮਤ ਹੁਰਾਂ ਦੀਆਂ ਕਈ ਮੁੱਦਤਾਂ ਬੀਤ ਗਈਆਂ।ਇਕ ਦਿਨ ਲੇਟੇ ਪਏ ਦੇ ਘਰ ਇਕ ਸਾਂਈ ਲੋਕ ਗਜਾ ਕਰਦੇ ਆ ਨਿਕਲੇ। ਹੂੜ ਮਤ ਨੂੰ ਚੰਗਾ ਭਲਾ ਹਡਾਂ ਪੈਰਾਂ ਵਾਲਾ ਦੇਖਕੇ ਕਹਣ ਲਗੇ ਤੇਰੇ ਜੇਹੇ ਗਭਰੂ ਜਵਾਨ, ਸਜੀਲੇ, ਮੁਛੀਲੇ,ਬਾਂਕੇ, ਜਗਤ ਵਿਚ ਮਾਨੁਖ ਰੂਪ ਧਾਰਕੇ ਅਨੇਕਾਂ ਉਪਕਾਰ ਕਰਦੇ ਹਨ ਧਰਮ ਦੀ ਕਮਾਈ ਵਿੱਚੋਂ ਸਾਕਸਨਬੰਧ ਅਰਬੀਆਂ ਆਦਿ ਅਨੇਕਾਂ ਨੂੰ ਹੀ ਵਰੋਸਾਉਂਦੇਹਨ, ਬਾਹਾਂ ਦੇ ਬਲ ਨਾਲ ਦੁਸ਼ਮਨਾਂ ਤੇ ਫਤੇਪਾਉਂਦੇ ਹਨ,ਰਾਜ ਭਗਤ ਹੋਕੇ ਅੰਖੇ ਸੋਖੇ ਵੇਲੇ ਆਪਣੇ ਮਾਲਕ ਤੇ ਦੇਸ਼ ਲਈ ਇਜੇਹੇ ਨਿੱਤਰਦੇ ਹਨ, ਕਿ ਜੀਉਂਦੇਜਸ ਤੇਪਦਾਰਥਪ੍ਰਾਪਤ ਕਰਦੇ ਹਨ ਤੇਮਰਕੇ ਨੇਕੀਆਂਨਾਲਭਰਪੂਰ ਆਪਣਾ ਨਾਮ ਅਟੱਲ ਕਰ ਜਾਂਦੇ ਹਨ। ਤੂੰ ਝਿਕੀ ਮੰਜੀ ਲਈ ਜੀਕਰ ਮਲਾਹ ਬੇੜੀ ਡੋਬਕੇ ਆ ਲੇਟਦਾ ਹੈ ਓਕਰ ਮੁਰਦਿਆਂ ਨਾਲ ਸ਼ਰਤ ਬੰਨਕੇ ਸਾਹਸਤ ਛੱਡੀ ਪਿਆ ਹੈਂ ? ਹੂੜ ਮਤ ਨੇ ਇਕ ਠੰਢਾ ਅਤੇ ਲੰਮਾ ਸਾਹ ਭਰਕੇ ਅੱਖਾਂ ਭਰ ਲਈਆਂ। ਕੁਝ ਕਹਿਣ ਲਈ ਹੋਠ ਹਿਲਾਉਣੇ ਚਾਹੇ,ਪਰ ਕੰਠ ਇਜੇਹਾਭਰ ਗਿਆ ਕਿਬੋਲ ਨਹੀਂਸਕਦਾ। ਇਸ ਬਿਹਬਲ ਹੋਈ ਹਾਲਤ ਨੂੰ ਵੇਖਕੇ ਸੰਤ ਜੀ ਪਾਸ ਬੈਠ ਗਏ ਅਤੇ ਪਿਆਰ ਨਾਲ ਮਨੋਹਾਰ ਕਰਕੇ ਅੱਖਾਂ ਪੂੰਝੀਆਂ । ਬਾਹੋਂ ਫੜ ਕੇ ਉਠਾਇਆ, ਬਿਠਾਕੇ ਆਖਿਆ: ਇਤਨੇ ਅਧੀਰਜੀ ਕਿਉਂ ਹੋਏ ਜਾਂਦੇ ਹੋ? ਹੂੜਮਤ ਨੇ ਆਖਿਆ–ਮੇਰੀ ਵਿੱਥਿਆ ਅਨੋਖੇ ਦੁੱਖਾਂ ਨਾਲ ਭਰੀ ਹੋਈ ਹੈ, ਸੁਣਨ ਵਾਲੇ ਦੇ ਕਲੇਜੇ ਨੂੰ ਹਿਲਾ ਦੇਵੇਗੀ, ਇਸ ਲਈ ਮੈਂ ਕੀਕਰ ਆਖਾਂ;ਕਹਿ ਨਹੀਂ ਸਕਦਾ। ਸੰਤਾਂ ਨੇ ਆਖਿਆ–ਭਾਈ ਜੇ ਤੂੰ ਕਹਿ ਦੇਵੇਂ ਤਾਂ ਤੇਰੇ ਅੰਦਰੋਂ ਦੁੱਖ ਨਿਕਲ ਜਾਵੇ, ਇਹ ਤੈਨੂੰ ਅੰਦਰੇ ਅੰਦਰ ਸਾੜ ਰਿਹਾ ਹੈ । ਕਹਿਣੇ ਤੇ ਤੇਰਾ ਹਿਰਦਾ ਹੌਲਾ ਹੋ ਜਾਏਗਾ । ਇਹ ਦਿਲਾਸੇ ਵਾਲੇ ਬਚਨ ਸੁਣ ਕੇ ਹੂੜਮਤ ਨੇ ਆਪਣੀ ਸਾਰੀ ਬੀਤੀ ਹੋਈ ਵਿਥਿਆ ਸੁਣਾਈ ਤੇ ਆਖਿਆ ਕਿ ਅੱਜ ਅੰਨ ਦੇ ਮੱਥੇ ਲਗਿਆਂ ਤੀਜਾ ਦਿਨ ਹੈ, ਕੋਈ ਜੁਗਤ ਨਹੀਂ ਬਣਦੀ, ਜਿਸ ਕਰਕੇ ਜ਼ਿੰਦਗੀ ਦੇ ਦਿਨ ਕੱਟੀਏ। ਹੁਣ ਇਕ ਇਹ ਉਮੈਦ ਲੱਗ ਪਈ ਹੈ ਕਿ ਜੇਕਰ ਕਰਤਾਰ ਨੇ ਕਿਰਪਾ ਕੀਤੀ ਤੇ ਇਕੁਰ ਹੀ ਉਪਰੋਂਥਲੀ ਅੰਨ ਪਾਉਣ ਨੂੰ ਚਿਤ ਨਾ ਚਾਹਿਆ ਤਾਂ ਸਾਰੇ ਬੰਧਨਾਂ ਤੋਂ ਛੁਡਾਉਣ ਵਾਲੀ ਮੌਤ ਖਲਾਸ ਕਰ ਦੇਵੇਗੀ । ਇਹ

Digitized by Panjab Digital Library | www.panjabdigilib.org

ਕਹਿੰਦੇ ਹੋਏ ਦੇ ਫਿਰ ਹੰਝੂ ਭਰ ਆਏ। ਇਸ ਦੀ ਇਹ ਦਸ਼ਾ ਦੇਖਕੇ, ਸੰਤ, ਜੋ ਕੋਮਲ ਚਿਤ ਹੁੰਦੇ ਹਨ, ਦ੍ਰਵ ਗਏ ਤੇ ਕਹਿਣ ਲੱਗੇ—ਫਿਕਰ ਨਾ ਕਰੋ ਕਰਤਾਰ ਭਲੀ ਕਰੇਗਾ। ਜੇ ਤੁਸੀਂ ਥੋੜਾ ਜਿਹਾ ਬਦਨ ਮੰਨ ਲਓ ਤਾਂ ਸਾਰੇ ਕਾਰਜ ਰਾਸ ਹੋ ਜਾਣਗੇ। ਹੂੜਮਤ ਨੇ ਆਖਿਆ—ਹੋਰ ਜੋ ਕਹੋ ਮੰਨ ਲਵਾਂਗਾ, ਪਰ ਕੰਮ ਕਾਰ ਲਈ ਮੈਂ ਤਿਆਰ ਨਹੀਂ ਹਾਂ। ਸੰਤਾਂ ਨੇ ਆਖਿਆ—ਇਕ ਕੰਮ ਤਾਂ ਜ਼ਰੂਰ ਕਰਨਾ ਪਊ। ਰੋਟੀ ਦੀ ਗਿਰਾਹੀਂ ਭੰਨਕੇ ਮੂੰਹ ਵਿਚ ਪਾਕੇ ਚਿੱਥਕੇ ਲੰਘਾਉਣੀ ਪਊ, ਇਸ ਤੋਂ ਬਿਨਾ ਹੋਰ ਕੋਈ ਕੰਮ ਨਹੀਂ ਕਰਨਾ ਪਏਗਾ।

ਸੰਤਾਂ ਨੇ ਆਪਣਾ ਆਂਦਾ ਹੋਇਆ ਆਟਾ ਓਥੇ ਬੈਠ ਕੇ ਪਾਣੀ ਨਾਲ ਗੁੰਨ੍ਹ ਕੇ ਉਸ ਦੇ ਨਿੱਕੇ ਨਿੱਕੇ ਪੇੜੇ ਕਰ ਲਏ ਅਤੇ ਇਕ ਅੱਗ ਦੀ ਢਾਂਡੜੀ ਬਾਲ ਕੇ ਬਾਟੀਆਂ* ਪਕਾ ਕੱਢੀਆਂ। ਅੱਧੀਆਂ ਹੂੜਮਤ ਦੇ ਅੱਗੇ ਰੱਖ ਦਿੱਤੀਆਂ ਅਤੇ ਅੱਧੀਆਂ ਆਪਣੇ ਅੱਗੇ ਰੱਖਕੇ ਆਖਿਆ—'ਤਵ ਪ੍ਰਸਾਦਿ' ਕਹਿਕੇ ਛਕੋ। ਭੁੱਖੇ ਤਿਹਾਏ ਨੇ ਨਿਮਕੀਨ ਬਾਟੀਆਂ ਬਿਨਾ ਪਾਣੀ ਪੀਤੇ ਛਕ ਲਈਆਂ। ਚੁਲਾ ਪੜ੍ਹਕੇ ਸੰਤਾਂਨੇ ਬਚਨ ਕੀਤਾ—ਸੁਣਾਓ, ਭਾਈ ਜੀ ਹੁਣ ਕੋਈ ਕੰਮ ਕਰਨਾ ਪਿਆ ਜੋ ਕਿ ਨਹੀਂ ? ਜੇ ਤੁਹਾਨੂੰ ਇਸ ਕੰਮ ਦੀ ਨੌਕਰੀ ਬਿਨਾ ਤਨਖਾਹੋਂ ਮਨਜ਼ੂਰ ਹੈ ਤਾਂ ਮੰਨ ਲਓ। ਨਿਤ ਇਸ ਵੇਲੇ ਇਹ ਨੌਕਰੀ ਤੁਹਾਡੇ ਜ਼ਿੰਮੇ ਹੋਵੇਗੀ। ਹੂੜਮਤ ਨੇ ਸਤਿ ਬਚਨ ਕਹਿਕੇ ਮੰਨ ਲਈ। ਸੰਤ ਦੂਜੇ ਦਿਨ ਆਟਾ ਤੇ ਬਾਲਣ ਲਈ ਵੇਲੇ ਸਿਰ ਆਣ ਅੱਪੜੇ ਅਤੇ ਪਹਿਲੇ ਦਿਨ ਵਾਕਰ ਹੀ ਖੇਡ ਖੇਡਣੀ ਅਰੰਭ ਕਰ ਦਿਤੀ, ਪਰ ਮੂੰਹੋਂ ਕੁਝ ਕੁਝ ਬਚਨ ਵੀ ਕਰਦੇ ਰਹੇ।

"ਕਬੀਰ ਸੂਖੁ ਨ ਏਂਹ ਜੁਗ ਕਰਹਿ ਜੁ ਬਹੁਤੈ ਮੀਤ। ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥੩੧॥" [ਸਲੋ: ਕ: ਜੀ।

ਇਸ ਸਬਦ ਨੂੰ ਜੋ ਬਹੁਤੀ ਵਾਰੀ ਆਟਾ ਗੁੰਨ੍ਹਦਿਆਂ ਠਹਿਰਾ ਠਹਿਰਾ ਕੇ ਸੁਰ ਨਾਲ ਪੜ੍ਹਿਆ ਤਾਂ ਹੂੜਮਤ ਨੂੰ ਕੁਝ ਕੰਡਾ ਜੇਹਾ ਕਲੇਜੇ ਵਿਚ ਚੁਭਿਆ। ਇਸ ਰੜਕ ਪਰ ਕਹਿਣ ਲਗਾ ਮਹਾਂਰਾਜ ਇਸ ਸਬਦ ਦਾ ਮਤਲਬ ਕੀਹ ਹੋਇਆ? ਸੰਤਾਂ ਨੇ ਉੱਤਰ ਦਿੱਤਾ ਜੋ ਇਸਦਾ ਮਤਲਬ ਕਈ ਭਲੇ ਪੁਰਸ਼ ਇਸ ਤਰ੍ਹਾਂ ਕਹਿੰਦੇ ਹਨ: ਇਸ ਅਸਾਰ ਸੰਸਾਰ ਵਿਚ ਉਨ੍ਹਾਂ ਲਈ ਸੁਖ ਨਹੀਂ ਹੈ ਜਿਹੜੇ ਬਾਹਲੇ ਮਿਤ੍ ਕਰਦੇ ਹਨ। ਹੂੜਮਤ ਬੋਲ ਪਿਆ—ਜੀ ਮਿਤ੍ ਕੀਹ ਹੁੰਦੇ ਹਨ?

ਸੰਤ ਜੀ—ਮਿਤ੍ ਉਸਨੂੰ ਕਹਿੰਦੇ ਹਨ ਜਿਸ ਨਾਲ ਆਪਣਾ ਜੀਉ ਲਗ ਜਾਏ। ਚਾਹੇ ਕੋਈ ਮਨੁੱਖ ਹੋਵੇ, ਚਾਹੇ ਕੋਈ ਪਸ਼ੂ ਹੋਵੇ, ਚਾਹੇ ਪਥਰ ਹੋਵੇ ਭਾਵੇਂ ਕੋਈ ਕੰਮਕਾਰ ਵਿਹਾਰ ਹੋਵੇ, ਜਿਸ ਨਾਲ ਜੀਉ ਗਠ ਜਾਏ। ਜੇ ਅਕਾਲ ਪੁਰਖ ਨਾਲ ਜੀਉ ਲਗ ਜਾਏ ਤਾਂ ਉਹ ਮਿਤ੍ ਸਦਾਉਂਦਾ ਹੈ। ਸੌਖੀ ਸਮਝ ਲਈ ਤੂੰ ਇਉਂ ਸਮਝ ਲੈ ਕਿ ਆਪਣੇ ਦੋ ਮਿਤ੍ਰਾਂ ਉਮੰਗੂ ਤੇ ਦਰਿਦ੍ ਤੋਂ ਬਿਨਾ ਤੂੰ ਪਹਿਲਾ ਮਿਤ੍ ਬਾਗ ਨੂੰ ਬਣਾਇਆ ਸਾ, ਫਿਰ ਸ਼ਿਕਾਰ ਨੂੰ, ਮੱਛੀਆਂ ਨੂੰ, ਲੰਗਰ ਨੂੰ ਤੇ ਫਿਰ ਸਵਾਰੀ ਨੂੰ, ਇਸਤਰ੍ਹਾਂ ਬਾਹਲੇ ਮਿਤ੍ ਬਣਾਉਣੇ ਨਾਲ ਸੁਖ ਤਾਂ ਕੋਈ ਕਿਸੇ ਗਲ ਵਿਚ ਨਹੀਂ ਨਾ ਹਾਸਲ ਕੀਤਾ, ਇਹੋ ਇਸ ਤੁਕ ਦਾ ਅਰਥ ਹੈ। ਬਾਹਲੇ ਮਿਤ੍ ਕਰਨ ਵਾਲੇ ਨੂੰ ਇਸ ਜਗਤ ਵਿਚ ਸੁਖ ਨਹੀਂ, ਸਗੋਂ ਉਲਟੇ ਦੁੱਖ ਹੀ ਦੁੱਖ ਹੁੰਦੇ ਹਨ।

*ਸਾਧੂ ਲੋਕ ਜੋ ਗੋਲ ਚਪਾਤੀਆਂ (ਹਜ਼ੂਰ ਸਾਹਿਬ ਵੱਲ) ਕਿਸੇ ਚੀਜ਼ ਚਕਲਾ ਵੇਲਣਾ ਆਦਿਕ ਦੀਸਹਾਇਤਾ ਤੋਂ ਬਿਨਾ ਪਕਾ ਲੈਂਦੇ ਹਨ ਉਨ੍ਹਾਂ ਨੂੰ ਬਾਟੀਆਂ ਯਾ ਰਾਮ ਬਾਟੀਆਂ ਕਹਿੰਦੇ ਹਨ।

Digitized by Panjab Digital Library | www.panjabdigilib.org

ਪੂੜ੍ਹਮਤ–ਇਹ ਗਲ ਤਾਂ ਨਿਸ਼ਾਨੈ ਦੇ ਤੀਰ ਵਾਕਰ ਮੇਰੇ ਕਲੇਜੇ ਵਿਚ ਗਡ ਗਈ ਹੈ, ਪਰ ਮੈਂ ਤਾਂ ਇਕ!ਇਕ ਕਰਕੇ ਮਿਤ੍ਰ ਕੀਤਾ ਸਾ ਕੋਈ ਸਾਰੇ ਕੰਮ ਇਕੋ ਵਾਰੀ ਤਾਂ ਨਹੀਂ ਕੀਤੇ ਸਨ। ਫਿਰ ਵੀ ਸੁਖ ਨਹੀਂ ਡਿੱਠਾ।

ਸੰਤ ਜੀ–ਪਿਆਰਿਆ!ਜਿਹੜੇ ਸੁਖ ਅਣ-ਡਿੱਠੇ ਭਾਲੇ ਆਪਣੇ ਮਨੋਰਾਜਾਂ ਕਰਕੇ ਕਲ-ਪਨਾ ਕਰੀਦੇ ਹਨ, ਓਹ ਤਾਂ ਕਦੀ ਪ੍ਰਾਪਤ ਹੁੰਦੇ ਹੀ ਨਹੀਂ, ਕਿਉਂ ਜੋ ਇਹ ਤੇਰੇ ਲਈ ਤੇਰੀ ਕਲਪਨਾ ਮਾਤ੍ਰ ਵਿਚ ਪ੍ਰਗਟ ਹੁੰਦੇ ਹਨ। ਜੀਕਰ ਰੇਤ ਥਲੇ ਵਿਚ ਹਿਰਨ ਨੂੰ ਰੇਤ ਦਾ ਚਮਕਾਰਾ ਦਰਿਆ ਦੀਕਲਪਨਾ ਵਿਚ ਆਉਂਦਾ ਹੈ, ਪਰ ਓਥੇ ਦਰਿਆ ਹੁੰਦਾ ਨਹੀਂ, ਹਿਰਨ ਦੀ ਕਲਪਨਾ ਕਰਕੇ ਦਰਿਆ ਬਣ ਨਹੀਂ ਸਕਦਾ;ਪਿਆਸੇ ਦੇ ਦੌੜ ਦੌੜ ਕੇ ਜਾਣ ਕਰਕੇ ਰੇਤ ਦਾ ਥਲ ਦਰਿਆ ਨਹੀਂ ਹੋ ਜਾਂਦਾ।ਇਕੁਰ ਹੀ ਤੇਰੇ ਕਲਪੇ ਹੋਏ ਸੁਖ ਤੇਰੇ ਥਕਾਨਦਾ ਕਾਰਣ ਤਾਂ ਭਾਵੇ ਹੋਣ, ਪਰ ਪ੍ਰਾਪਤ ਹੋਣ ਵਿਚ ਓਹ ਈਸ੍ਰੀਜ ਰਚਨਾ ਵਿਚ ਤੇਲੇਲਈਹੋਏਹੀਨਹੀਂ, ਤੂੰ ਕਿਥੋਂ ਪ੍ਰਾਪਤ ਕਰੇਂ ? ਦੂਸਰੇ ਜੋ ਕੰਮ ਸੰਸਾਰ ਵਿਚ ਵਰਤਮਾਨ ਹਨ, ਜਿਨ੍ਹਾਂ ਕਾਰਾਂ ਵਿਹਾਰਾਂ ਵਿਚ ਜੀਵ ਲੱਗੇ ਹੋਏ ਹਨ, ਭਾਵੇਂ ਉਹ ਕੰਮ ਅਰਥ ਸਾਧਕ ਹੋਣ,ਅਥਵਾ ਪਰਮਾਰਥ ਸਾਧਕ ਹੋਣ, ਪਰੰਤੂ ਉਹ ਸਾਰੇ ਦੇ ਸਾਰੇ ਦੁੱਖ ਅਤੇ ਸੁਖਾਂ ਕਰਕੇ ਰਲੇ ਮਿਲੇ ਬਣੇ ਹਨ। ਨਿਰੇ ਦੁੱਖ ਨਹੀਂ, ਨਿਰੇ ਸੁੱਖ ਨਹੀਂ, ਪਰੰਤੂ ਇਤਨਾ ਭੇਦ ਅਵਸੋਂ ਹੈ ਕਿ ਕਿਸੇ ਕਾਰ ਵਿਚ ਦੁੱਖ ਬਾਹਲੇ ਅਤੇ ਸੁੱਖ ਥੋੜ੍ਹੇ ਅਤੇ ਕਿਸੇ ਕਾਰ ਵਿਚ ਸੁੱਖ ਬਾਹਲੇ ਅਤੇ ਦੁੱਖ ਥੋੜ੍ਹੇ ਹਨ । ਕੋਈ ਕਾਰਜ ਥੋੜ੍ਹੇ ਔਖ ਨਾਲ ਬਹੁਤਾ ਲਾਭਦਾਇਕ ਹੁੰਦਾ ਹੈ ਤੇ ਕੋਈ ਇਸਦਾ ਉਲਟ। ਪਹਿਲੀ ਤਰ੍ਹਾਂ ਦੇ ਕੰਮਾਂ ਦੀ ਵੰਨਗੀ ਲਈ ਸਰਾਫੀ ਦੀ ਦੁਕਾਨ, ਦਲਾਲੀ ਦੀ ਕਾਰ ਤੇ ਪਰਮਾਰਥ ਵਿਚ ਨਾਮ ਜਪਣਾ, ਭਰੋਸਾ ਰੱਖਣਾ, ਵੰਡ ਛਕਣਾ, ਉਪਕਾਰ ਕਰਨਾ ਆਦਿਕ ਕੰਮ ਸਮਝ ਲੈ। ਇਨ੍ਹਾਂ ਵਿਚ ਥੋੜ੍ਹੇ ਥੋੜ੍ਹੇ ਔਖ ਝੱਲਣ ਨਾਲ ਬਾਹਲੇ ਲਾਭ ਹਨ। ਇਕੁਰ ਹੀ ਦੂਜੀ ਗਲ ਟੋਕਰੀ ਢੋਣੀ, ਮਜ਼ੂਰੀ ਕਰਨੀ, ਸਾਰਾ ਦਿਨ ਮੰਗਦਿਆਂ ਫਿਰਨਾ ਅਤੇ ਪਰਮਾਰਥ ਵਿਚ ਹਠ, ਤਪ, ਯੋਗ, ਤਤਿਖਜਾ ਆਦਿਕ ਕਰਮ ਹਨ, ਜਿਨ੍ਹਾਂ ਕਰਕੇ ਭਾਵੇਂ ਖੇਚਲ ਵਡੀ ਤੋਂ ਵਡੀ ਦਿਨ ਰਾਤ ਕਰਨੀ ਪੈਂਦੀ ਹੈ, ਪਰੰਤੂ ਲਾਭ ਥੋੜ੍ਹਾ ਹੁੰਦਾ ਹੈ। ਇਹ ਨਿਸ਼ਚੇ ਵਾਲੀ ਪੱਕੀ ਤੇ ਸੱਚੀ ਗਲ ਹੈ ਕਿ ਅਰਥ ਪਰਮਾਰਥ ਦੀ ਕੋਈ ਵੀ ਗਲ ਬਿਨਾਂ ਔਖ ਝੱਲੇ ਦੇ ਨਹੀਂ ਹੋ ਸਕਦੀ। ਰੋਟੀ ਤੋਂ ਪਹਿਲਾਂ ਕਣਕ ਦੀ ਬਿਜਾਈ, ਪਲਾਈ, ਕਲਾਈ, ਗਹਾਈ, ਪੀਹਾਈ, . ਛਣਾਈ, ਗੁਨ੍ਹਾਈ, ਰੋਟੀ ਦੀ ਵਿਲਾਈ, ਪਕਾਈ, ਆਦਿਕ ਧੰਧੇ ਹਨ, ਜਿਸ ਤੇ ਭੁੱਖ ਦੀ ਨਿਵਿਰਤੀ ਤੇ ਪ੍ਰਾਣਾਂ ਦੀ ਰੱਖਿਆ ਹੋਵੇ। ਉਪਰ ਲਿਖੀਆਂ ਗੱਲਾਂ ਤੋਂ ਬਿਨਾਂ ਰੋਟੀ ਏਵੇਂ ਨਹੀਂ ਮੂੰਹ ਵਿਚ ਆ ਪੈਂਦੀ। ਭਲਾ ਜੇ ਕਦੀ ਕੋਈ ਪੱਕੀ ਪਕਾਈ ਰੋਟੀ ਲਿਆ ਵੀ ਦੇਵੇ, ਤਾਂ ਭੀ ਗਿਰਾਹੀ ਭੰਨਣੀ, ਮੂੰਹ ਵਿਚ ਪਾਉਣੀ, ਦੰਦਾਂ ਨਾਲ ਚਿੱਥਣੀ, ਅੰਦਰ ਲੰਘਾਉਣੀ ਆਦਿਕ ਦੁੱਖ ਅਵਸ਼ਜ ਝੱਲਣੇ ਹੀ ਪੈਂਦੇ ਹਨ । ਇਸਤੋਂ ਸਾਫ ਸਿੱਧ ਹੁੰਦਾ ਹੈ ਕਿ ਸੰਸਾਰ ਦੀ ਸਾਰੀ ਰਚਨਾ ਏਸੇ ਭਾਂਤ ਪਰ ਹੈ। ਜੋ ਦਲਿੱਦੀ ਕੰਮ ਕਾਰ ਕਰਨ ਨੂੰ ਬੁਰਾ ਤੇ ਖੇਚਲ ਨੂੰ ਦੁੱਖ ਮੰਨਦੇ ਹਨ, ਪਰ ਫਿਰ ਭੀ ਖਾਣ ਹੰਢਾਣ ਲਈ ਚੰਗੇ ਤੋਂ ਚੰਗਾ ਲੋਚਦੇ ਹਨ, ਅਥਵਾ ਤੇਰੇ ਵਰਗੇ ਉੱਦਮ ਕਰਕੇ ਕੰਮ ਨੂੰ ਅਧਵਾਟੇ ਛੱਡਕੇ ਪਿੱਛੇ ਪਰਤਕੇ ਹੋਰ ਕੰਮ ਹੀ ਢੂੰਡਦੇ

Digitized by Panjab Digital Library | www.panjabdigilib.org

ਫਿਰਦੇ ਹਨ, ਉਹ ਬਹੁ ਮਿਤ੍ਰਾਲੇ ਪੁਰਖ ਬਹੁਤ ਦੁਖੀ ਰਹਿੰਦੇ ਹਨ। ਉਹ ਕਦੀ ਉੱਦਮ ਦੀ ਵਾਗ ਖਿੱਚਦੇ ਹਨ,ਕਦੀ ਕਿਸਮਤ ਦੀ ਨਕੇਲ ਢਿੱਲੀ ਛੱਡਦੇ ਹਨ, ਕਦੀ ਦੇਹ ਦੇ ਦੁਖੀ ਹੋਣ ਤੋਂ ਡਰਦੇ ਹਨ, ਕਦੀ ਜੇਠ ਦੀਆਂ ਤੱਤੀਆਂ ਲੋਆਂ ਵਿਚ ਭਿਆਨਕ ਜੰਗਲ ਅਤੇ ਮਾਰੂ ਥਲਾਂ ਵਿਚ ਭੁੱਖੇ ਤਿਹਾਏ ਟੱਕਰਾਂ ਮਾਰਦੇ ਫਿਰਦੇ ਹਨ, ਪਰ ਪਤੀਜਦੇ ਕਿਤੇ ਵੀ ਨਹੀਂ। ਲੰਮੇ ਪਏ ਪਏ ਸੰਕਲਪਾਂ ਦੇ ਬਾਦਸ਼ਾਹ ਬਣਕੇ ਖਿਆਲੀ ਹਕੂਮਤਾਂ ਦੇ ਸਿੱਕੇ ਜਮਾਉਂਦੇ ਰਹਿੰਦੇ ਹਨ। ਉਹ ਪੁਰਖ ਨਿਰੇ ਆਪਣੇ ਦਿਮਾਗ ਦੇ ਵੈਰੀ ਅਤੇ ਅਮੋਲਕ ਸਮੇਂ ਨੂੰ ਵਿਅਰਥ ਗੁਆਉਣ ਲਈ ਸੰਸਾਰ ਵਿਚ ਆਏ ਸਮਝਣੇ ਚਾਹੀਏ।

ਇੱਏ ਹੁੜ੍ਹਮਤਿ ਦੀਆਂ ਅੱਖਾਂ ਵਿਚ ਕੁਝ ਸ਼ਰਮ ਦੇ ਨਿਸ਼ਾਨ ਪ੍ਰਗਟ ਹੋਣ ਲੱਗੇ ਅਤੇ ਨੀਵੀਂ ਨਜ਼ਰ ਕਰਕੇ ਆਖਿਆ–ਮਹਾਰਾਜ! ਜੇ ਕਿਤੇ ਹੱਥ ਹੀ ਨਾ ਪਏ ਤਾਂ ਫਿਰ ਕੀ ਕੀਤਾ ਜਾਵੇ? ਸੰਤ ਜੀ ਬੋਲੇ–ਆਪ ਨੇ ਹੱਥ ਪਾਇਆ ਨਹੀਂ। ਹਰ ਇਕ ਕੰਮ ਨੂੰ ਹੱਥ ਛੁਹਾਇਆ ਤੇ ਅੱਗੋਂ ਬਿੱਛੂ ਬੈਠੇ ਦਾ ਭਰਮ ਖਾਕੇ ਛੀ ਗਜ਼ ਪਰਤ ਕੇ ਪਿੱਛੇ ਹਟ ਗਏ। ਹੱਥ ਪਾਇਆ ਵਾਲਿਆਂ ਨੇ ਫੇਰ ਕਦੀ ਹੱਥ ਛੱਡਿਆ ਹੈ? ਜਿੰਨਾ ਚਿਰ ਜੀਵੇ ਹਨ ਉਨਾਂ ਚਿਰ ਹੱਥ ਪਾਈ ਹੀ ਰੱਖਿਆ ਹੈ। ਸਗੋਂ ਪਰਮਾਰਥੀਆਂ ਦੇ ਹੱਥ ਪਏ ਹੋਏ ਅਗਲੇ ਲੋਕ ਤਾਈਂ ਵੀ ਪਏ ਹੀ ਰਹਿੰਦੇ ਹਨ।

ਤੁਸਾਂ ਅਗਲੀ ਤੁਕ ਦਾ ਅਜੇ ਅਰਥ ਨਹੀਂ ਸੁਣਿਆ,ਦੇਖੋ ਕਬੀਰ ਜੀ ਕੀਹ ਬਚਨ ਕਰਦੇ ਹਨ–ਜੋ ਪੁਰਖ ਇਕ ਪਰਮੇਸ਼ਰ ਨਾਲ ਅਥਵਾ ਜੇ ਵਿਹਾਰਕ ਦ੍ਰਿਸ਼ਟੀ ਨਾਲ ਸਮਝਣਾ ਚਾਹੋ ਤਾਂ ਇਕ ਵਿਹਾਰ ਨਾਲ ਚਿੱਤ ਲਗਾ ਲੈਣ ਤੇ ਹੋਰਥੇ ਨਾ ਭਟਕਣ, ਉਹ ਪੁਰਖ ਨਿਤ ਸੁੱਖ ਅਥਵਾ ਨਿਤ ਨਵਾਂ ਸੁੱਖ ਪਾਉਂਦੇ ਹਨ। ਭਾਵ ਇਹ ਹੈ ਕਿ ਉਨ੍ਹਾਂ ਦੇ ਸੁੱਖ ਅਨੰਤ, ਅਰਥਾਤ ਨਾਸ਼ ਹੋਣ ਵਾਲੇ ਨਹੀਂ ਹੁੰਦੇ। ਅਬਿਨਾਸ਼ੀ ਸੁੱਖ ਜੋ ਸਦਾ ਇਕਰਸ ਬਣਿਆਂ ਰਹਿੰਦਾ ਹੈ, ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਇਸ ਤੁਕ ਤੋਂ ਸਿੱਧਾਂਤ ਸਾਫ ਪ੍ਰਗਟ ਹੋਗਿਆ ਭਈ ਇਕ ਨਾਲ ਮਿਤ੍ਰਾਈ ਕਰਨੀ ਚਾਹੀਏ ਤੇ ਕਰਕੇ ਛੱਡਣੀ ਨਹੀਂ ਚਾਹੀਏ, ਸਿਰ ਨਾਲ ਨਿਬਾਹੁਣੀ ਚਾਹੀਏ, ਤਾਂ ਸੁੱਖ ਨੂੰ ਪ੍ਰਾਪਤ ਕਰੀਦਾਹੈ।

ਸੋ ਭਾਈ ਸਿੱਤ੍ਰਾ! ਵਡਿਆਈ ਇਸ ਗਲ ਦੀ ਹੈ ਕਿ ਜਿਸ ਕੰਮ ਨੂੰ ਕਰਨ ਲਗੀਏ, ਓਸੇ ਕੰਮ ਦਾ ਰੂਪ ਬਣ ਜਾਈਏ, ਓਸੇ ਵਿਚ ਗਲ ਅਥਵਾ ਢਲਕੇ ਮਿਲ ਜਾਈਏ, ਉਸ ਵਿਚ ਦੁੱਖ ਔਖ ਜੋ ਜੋ ਬਣੇ ਉਨ੍ਹਾਂ ਨੂੰ ਝਾਗੀ ਜਾਈਏ ਤੇ ਅੱਕੀਏ ਕਦੀ ਵੀ ਨਾ।ਇਸਤਰ੍ਹਾਂ ਅਪਣੇ ਕੰਮ ਦੇ ਸਿਰੇਪੁੱਜਪਈਦਾ ਹੈ। ਜਿਸ ਕੰਮ ਨਾਲ ਹੇਤ ਹੀ ਨਹੀਂ ਲਗਾ ਤੇ ਉਸਦੀ ਪ੍ਰਾਪਤੀ ਵਿਚ ਦੁਖ ਔਖਿਆਈਆਂ ਬਾਹਲੀਆਂ ਦਿੱਸਦੀਆਂ ਹਨ, ਹੌਸਲੇ ਅਤੇ ਹਿੰਮਤ ਦਾ ਲੱਕ ਹੀ ਟੁੱਟਾ ਹੋਇਆਹੈ, ਤਦ ਉਹ ਕੰਮ ਕਦ ਸਿਰੇ ਚੜ੍ਹ ਸਕਦਾ ਹੈ। ਇਜੇਹੇ ਟੁੱਟੇ ਲੱਕ ਵਾਲਾ ਪੁਰਸ਼ ਜੇ ਫਿਰ ਨਿਰਾਸਹੋਕੇਕਾਰਜ ਨੂੰ ਦੂਸ਼ਨ ਲਾਵੇ ਤਾਂ ਸਮਝੋ ਜੋ ਉਹ ਆਪ ਦੋਖੀ ਹੈ,ਇਸ ਲਈ ਓਸ ਪੁਰਸ਼ ਦਾ ਸੰਗ ਕਰਨਾ ਵੀ ਕੋਈ ਪਿਛਲੇ ਪਾਪਾਂ ਦਾ ਫਲ ਹੈ। ਲਓ ਹੁਣ ਉਠੋ ਪ੍ਰਸਾਦ ਤਯਾਰ ਹੋਗਿਆ ਹੈ, ਆਪ ਜਲ ਲਓ ਤੇ ਬੈਠਕੇ ਪਰਸ਼ਾਦ ਛਕੋ।ਹੁੜ੍ਹਮਤਿ ਹੁਰੀਂ ਆਪਣੇ ਆਪ ਵਿਚ ਸ਼ਰਮਿੰਦੇ ਜਿਹੇ ਹੋਕੇ ਉਠ ਬੈਠੇ।ਪਾਣੀਲੈਕੇਬੈਠਗਏ।ਇਧਰੋਂਸੰਤਾਂਨੇ ਨਿਮਕੀਨ ਬਾਟੀਆਂ ਅੱਧੋ ਅਧ ਕਰਕੇ ਅੱਗੇ ਧਰ ਦਿਤੀਆਂ ਅਤੇ ਆਪਵੀ 'ਤ੍ਰੂ ਪ੍ਰਸਾਦਿ' ਕਹਿਕੇ

Digitized by Panjab Digital Library | www.panjabdigilib.org

ਛਕਣ ਲੱਗ ਪਏ। ਹੂੜਮਤ ਨੇ ਰੋਟੀ ਖਾਂਦਿਆਂ ਖਾਂਦਿਆਂ ਪੁੱਛਿਆ—ਮੈਂ ਆਪ ਦੇ ਇਸ ਕਹਣ ਨੂੰ ਬਹੁਤਾ ਸਾਰਾ ਆਪਣੇ ਜੀ ਵਿਚ ਤੋਲਿਆ ਹੈ, ਪਰ ਮੇਰੀ ਇਕੋ ਗਲ ਇਨਾਂ ਸਾਰੀਆਂ ਗਲਾਂ ਦੇ ਉਤੂ ਲਈ ਬਤੇਰੀ ਹੈ ਅਰ ਉਹ ਇਹ ਹੈ ਕਿ ਮੈਂ ਕਈ ਵਾਰੀ ਉੱਦਮ ਕੀਤੇ, ਰੁਪਏ ਖਰਚੇ, ਸਿਪਾਰਸ਼ਾਂ ਲੁਵਾਈਆਂ, ਕੰਮਾਂਦੇ ਸਿਰੇ ਵੀ ਚੜ੍ਹ ਜਾਂਦਾ ਰਹਿਆ, ਪਰ ਬਹੁਤ ਹੀ ਛੇਤੀ ਪਟਖਣੀ ਖਾਂਦਾ ਰਿਹਾ ਹਾਂ,ਮੈਂ ਦੇਖੀ ਤਦ ਹੁੰਦਾ ਜੇ ਕੁਝ ਉਦਮ ਨਾ ਕਰਦਾ। ਸੰਤਾਂਨੇਉਤੂ ਵਿਚ ਆਖਿਆ—ਤੇਰਾਉਦਮ ਸਿਕੰਦਰ ਵਰਗਾ ਹੈ ਜਿਸਨੇ ਹਜ਼ਾਰਾਂ ਔਕੜਾਂ ਝੱਲਕੇ ਅੰਮ੍ਰਿਤ ਦੇ ਕੁੰਡ ਤਾਈਂ ਅਪਣੇ ਆਪ ਨੂੰ ਪੁਚਾਇਆ,ਪਰ ਪੀਣ ਵੇਲੇ ਧੋਖਾ ਖਾਗਿਆ, ਨਾ ਪੀ ਸਕਿਆ। ਇੱਕੁਰ ਹੀ ਤੈਨੂੰ ਕੰਮ ਦੇ ਸਿਰੇ ਚੜ੍ਹਕੇ ਕੰਮ ਪਰ ਤਰਕ ਉਪਜਦੀ ਰਹੀ, ਉਥੇ ਹੀ ਤੇਰੀ ਤਬਾਹੀ ਦੀ ਸ਼ਕਲ ਬਣਦੀ ਰਹੀ ਜਿਸਨੂੰ ਤੂੰ ਸਮਝਦਾ ਨਹੀਂ ਰਿਹਾ। ਦ੍ਰਿਸ਼ਾਂਤ ਲਈ ਤੂੰ ਇਹ ਸਮਝ ਲੈ ਕਿ ਕੋਈ ਇਹ ਗਲ ਮੰਨ ਸਕਦਾ ਹੈ ਕਿ ਰਾਮ ਚੰਦ੍ਰ ਜੀ ਨੇ ਸਮੁੰਦ੍ਰ ਤੇ ਪੁਲ ਬਾਂਦਰਾਂ ਅਤੇ ਰਿੱਛਾਂ ਕੋਲੋਂ ਬੰਨ੍ਹਾਯਾ। ਇਸਦਾ ਤਾਤਪਰਜ ਇਹੋ ਸੀ ਕਿ ਓਹ ਜਿਸ ਕੰਮ ਨੂੰ ਲੱਗੇ ਹਥ ਧੋਕੇ ਲੱਗੇ, ਜਦ ਤਕ ਪੂਰਾ ਨਾ ਹੋ ਚੁਕਾ ਉਨ੍ਹਾਂ ਨੇ ਹਿੰਮਤ ਨਾ ਹਾਰੀ ਤੇ ਤੂੰ ਆਪਣੀ ਨਿਤ ਦੇ ਸੂਰਜ ਦੀ ਨਵੀਂ ਕਾਰ ਦੀ ਟੋਲ ਲਈ, ਇਹ ਸਮਝ ਲੈ

'ਖਸਮੁ ਛੋਡਿ ਦੂਜੈ ਲਗੇ ਡੂਬੇ ਸੇ ਵਣਜਾਰਿਆ॥'

ਹੂੜ ਮਤਿ—ਇਹ ਗਲ ਤਾਂ ਬਹੁਤ ਹੀ ਠੀਕ ਹੈ ਅਤੇ ਵਾਪਰੀ ਵੀ ਮੇਰੇ ਨਾਲ ਇਕੁਰ ਹੀ ਹੈ। ਪਰ ਇਹ ਕਿਉਂ ਹੁੰਦਾ ਹੈ ਕਿ ਉੱਦਮ ਕਰਦਿਆਂ ਕਰਦਿਆਂ ਸਾਰੇ ਕੰਮ ਦੇ ਸਿਰ ਪਾਣੀ ਫਿਰ ਜਾਂਦਾਹੈ ? ਇਸ ਗਲ ਦੀ ਸਮਝ ਨਹੀਂ ਪੈਂਦੀ।

ਸੰਤ—ਇਹ ਸਮਝ ਕੋਈ ਔਖੀ ਨਹੀਂ, ਦਲਿੱਦ੍ਰ ਤੇ ਉਮੰਗ੍ਹ ਦੋਵੇਂ ਆਪੋ ਵਿਚ ਦੀ ਜਿਦ ਰਖਦੇ ਹਨ। ਜਿੱਥੇ ਉਮੰਗ੍ਹ ਹੋਵੇ ਉਥੇ ਦਲਿੱਦ੍ਰ ਕਦੀ ਨਹੀਂ ਠਹਿਰਦਾ, ਜਿੱਥੇ ਦਲਿੱਦ੍ਰ ਹੋਵੇ ਉਥੋਂ ਉਮੰਗ੍ਹ ਖਿਸਕ ਜਾਂਦਾ ਹੈ, ਪਰ ਦੈਵਨੇਤ ਨਾਲ ਜੇ ਤੇਰੇ ਘਰ ਵਾਕਰ ਕਿਤੇ ਉਮੰਗ੍ਹ ਅਤੇ ਦਲਿੱਦ੍ਰ ਦੋਵੇਂ ਇਕਥਾਂ ਵਾਸਾ ਕਰ ਲੈਣ ਤਾਂ ਠੀਕ ਤੇਰੇ ਵਰਗਾ ਹੀ ਹਾਲ ਹੁੰਦਾ ਹੈ। ਜਦ ਉਮੰਗ੍ਹ ਦੀ ਸਿਖਜਾ ਮੰਨੀ ਝੱਟ ਕਮਰਕੱਸਾ ਹੋਗਿਆ ਤੇ ਕਿਸੇ ਉਚੇਰੇ ਕੰਮ ਨੂੰ ਜੱਫਾ ਮਾਰ ਲਿਆ, ਜਦ ਉਸ ਵਿਚ ਕੋਈ ਔਕੜ ਨਜ਼ਰ ਆਈ ਤਾਂ ਪਿਛਲੇ ਪੈਰੀਂ ਪਰਤ ਕੇ ਝੱਟ ਦਲਿੱਦ੍ਰ ਦਾ ਆਸਰਾ ਲੈਕੇ ਜਾਨ ਛਿਪਾ ਲਈ।ਇਸ ਲਈ ਸਿਆਣੇ ਲੋਕ ਪਹਿਲੇ ਦਲਿੱਦ੍ਰ ਦੀਆਂ ਖੁੰਦਰਾਂ ਪੁੱਟ ਕੇ ਦੂਰ ਕਰ ਲੈਂਦੇ ਹਨ, ਤਾਂ ਉੱਦਮ ਵਾਲੇ ਕੰਮ ਚੁੱਕਦੇ ਹਨ।

ਮੁੱਕਦੀ ਗੱਲ ਇਹ ਹੈ:—

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ
ਨਾਹੀ ਤ ਕਰੁ ਬੈਰਾਗੁ॥ਏਰਾਗੀ ਬੰਧਨੁ ਕਰੈ
ਤਾਕੋ ਬਡੋ ਅਭਾਗੁ॥੨੪੩॥[ਸਲੋਕ ਕਬੀਰਜੀ।

ਹੂੜਮਤਿ ਹੁਰੀਂ ਹੁਣ ਦਿਲ ਵਿਚ ਸੋਚਣ ਲੱਗੇ ਭਈ ਗਲ ਤਾਂ ਸੰਤ ਠੀਕ ਚਾਲੀ ਸੋਰੀ ਕਹਿੰਦੇ ਹਨ, ਮੈਂ ਤਾਂ ਕਿਸੇ ਹੀ ਗਲ ਜੋਗਾ ਕੁਝ ਨਾ ਹੋਇਆ। ਹੱਥ, ਪੈਰ, ਸਿਰ, ਸਮਝ, ਸਭੇ ਕੁਝ ਹੈ, ਫਿਰ ਮੈਂ ਕਿਉਂ ਦਲਿੱਦ੍ਰ ਦੇ ਹੱਥੀਂ ਗਹਿਣੇ ਪਿਆ ਹੋਇਆ ਹਾਂ ? ਮੇਰੀ ਕਿਸਮਤ ਮੈਨੂੰ ਮਦਦ ਨਹੀਂ ਦੇਂਦੀ, ਮੈਂ ਅੱਗੇ ਵਾਂਗੂ ਫਿਰ ਕੋਈ ਕੰਮ ਚੁੱਕਿਆ ਤਾਂ ਫੇਟੀ ਪਊ, ਫੇਰ ਰਿਹਾ ਸਿਹਾ ਗਿਲ ਗਿਲੂੜਾ ਵੀ ਜਾਂਦਾ ਰਹੂ। ਸੰਤ ਕਹਿੰਦੇ ਹਨ ਫੇਟੀ ਪਿਆਂ ਪਿੱਛੇ ਨਹੀਂ ਹਟਣਾ ਚਾਹੀਏ। ਇਹ

Digitized by Panjab Digital Library | www.panjabdigilib.org

ਗਲ ਕਰਕੇ ਦੇਖੀਏ ਤਾਂ ਪਤਾ ਲੱਗੇ। ਹੱਛਾ ਹੁਣ ਇਕ ਵੇਰੀਂ ਹਿੰਮਤ ਕਰਕੇ ਫਿਰ ਦੇਖੀਏ, ਕਿਸਮਤ ਦਾ ਪਾਸਾ ਸਿੱਧਾ ਪੈਂਦਾ ਹੈ ਕਿ ਪੁੱਠਾ ! ਇਹ ਸੰਤ ਸਿਆਣੇ ਅਤੇ ਪਰਉਪਕਾਰੀ ਜਾਪਦੇ ਹਨ, ਇਸ ਲਈ ਸਾਰੀ ਸਲਾਹ ਇਨ੍ਹਾਂ ਨਾਲ ਕਰਕੇ ਫਿਰ ਕੋਈ ਕੰਮ ਕਰੀਏ ਤਾਂ ਠੀਕ ਹੋਊ। ਇੰਨੇ ਤਾਈਂ ਰੋਟੀ ਖਾਧੀ, ਤੇ ਚੁਲਾ ਪੜ੍ਹਿਆ ਗਿਆ। ਸੰਤ ਜੀ ਜਾਣ ਲਈ ਤਿਆਰ ਹੋਏ ਤਾਂ ਦੁਰਮਤਿ ਨੇ ਹੱਥ ਜੋੜਕੇ ਆਖਿਆ—ਮੇਰੇ ਸੰਸੇ ਅਜੇ ਕੁਝ ਬਾਕੀ ਹਨ ਜੇ ਕਿਰਪਾ ਕਰੋ ਤਾਂ ਓਹ ਭੀ ਨਿਕਲ ਜਾਣ। ਸੰਤਾਂ ਨੇ ਆਖਿਆ—ਨਿਸ਼ੰਗ ਸੰਸੇ ਕੱਢ ਲਓ। ਅਸੀਂ ਅੱਜ ਏਥੇ ਹੀ ਲੇਟ ਰਹਿੰਦੇ ਹਾਂ। ਦੁਰਮਤਿ ਨੇ ਆਖਿਆ—ਮਹਾਰਾਜ ! ਪਿੱਛੇ ਜੋ ਕੀਤਾ ਸੋ ਭੁੱਲ ਨਾਲ ਕੀਤਾ, ਉਸਤੋਂ ਨਿਰੇ ਦੁੱਖ ਉਠਾਏ, ਉਨ੍ਹਾਂ ਦੁਖਾਂ ਤੋਂ ਡਰਦਿਆਂ ਸਭੋ ਕੁਝ ਛਡ ਦਿਤਾ, ਹੁਣ ਭਲਾ ਜੇ ਕੁਝ ਆਪਦੇ ਉਪਦੇਸ਼ਾਂ ਅਨੁਸਾਰ ਕਰਾਂ ਵੀ ਤਾਂ ਕੀਕਰਾਂ ? ਜੇ ਉਸ ਵਿਚ ਢੇਟੀ ਪਵੇ ਤਾਂ ਫੇਰ ਕੀ ਕਰਾਂ ? ਜੇਕਰ ਕੁਝ ਇਸ ਗਲ ਦੀ ਸਲਾਹ ਦੇਵੋ ਤਾਂ ਆਪਦੀ ਅਤਿ ਕ੍ਰਿਪਾ ਹੋਊ।

ਸੰਤਾਂ ਨੇ ਬਚਨ ਕੀਤਾ ਪਿਆਰਿਆ! ਇਹ ਗਲ ਤਾਂ ਹਥੇਲੀ ਤੇ ਰੱਖੀ ਪਈ ਹੈ, ਭਾਵੇਂ ਇਸ ਨੂੰ ਕਿਸੇ ਪਾਸਿਓਂ ਦੇਖੋ ਇਸਦੇ ਸਾਰੇ ਪਾਸੇ ਦਿੱਸਦੇ ਹਨ, ਪਰ ਇਸਤੋਂ ਪਹਿਲੇ ਇਕ ਹੋਰ ਗੱਲ ਹੈ, ਤੂੰ ਦੱਸ ਭਈ ਤੇਰਾ ਧਰਮ ਕੀ ਹੈ ਤੇ ਤੂੰ ਕਿਸ ਮਤ ਦਾ ਹੈਂ ?

ਦੁਰਮਤਿ ਨੇ ਆਖਿਆ—ਮੇਰਾ ਧਰਮ ਮੇਰੀ ਅਪਣੀ ਮਤ ਹੈ, ਹੋਰ ਵੀ ਕੋਈ ਧਰਮ ਹੁੰਦਾ ਹੈ? ਸਭ ਕੋਈ ਆਪੋ ਆਪਣੀ ਮਤ ਦਾ ਸਿਖ ਹੁੰਦਾ ਹੈ। ਸਿਖ ਗੁਰੂ ਦੀ ਮੈਨੂੰ ਕੋਈ ਖਬਰ ਨਹੀਂ। ਸੰਤਾਂ ਨੇ ਆਖਿਆ ਠੁੱਡੇ ਵੀ ਤਾਂ ਹੀ ਏ ਖਾਂਦਾ ਫਿਰਦਾ ਹੈਂ। ਜੇ ਕਿਸੇ ਮਤ ਦਾ ਹੁੰਦੇਂ ਤਾਂ ਏਡਾ ਦੁਖੀ ਨਾ ਹੁੰਦੇਂ। ਪਿਆਰਿਆ ! ਸੰਸਾਰ ਵਿਚ ਚਾਰ ਜਾਤਾਂ ਹਨ। ਇਕ ਤੁਰਦੇ ਫਿਰਦੇ ਖਾਂਦੇ ਪੀਂਦੇ ਦੁਖੀ ਸੁਖੀ ਹੁੰਦੇ ਹਨ ਜਿਨ੍ਹਾਂ ਨੂੰ ਚੇਤਨ ਕਹੀਦਾ ਹੈ। ਦੂਜੇ ਉਗਦੇ ਵਧਦੇ ਫਲਦੇ ਫੁਲਦੇ ਤੇ ਮਰਦੇ ਹਨ, ਜੋ ਬਨਾਸਪਤੀ ਬ੍ਰਿਛ ਆਦਿਕ ਕਹੀਦੇ ਹਨ। ਤੀਜੇ ਅਤ ਜੜ ਜੈਸੇ ਪੱਥਰ ਰੇਤ ਮਿਟੀ ਧਾਤਾਂ ਆਦਿਕ ਵਸਤਾਂ ਹਨ। ਚੌਥੇ ਅਦ੍ਰਿਸ਼, ਜੋ ਸਾਨੂੰ ਨਜ਼ਰ ਨਹੀਂ ਆਉਦੇ, ਜੇਹਾ ਕੁ ਪਵਨ ਅਥਵਾ ਸ਼ਹੀਦ ਲੋਕ। ਅਸੀਂ ਏਥੇ ਚੇਤੰਨ ਦਾ ਹਾਲ ਰਤਾਕੁ ਕਹਿਨੇ ਹਾਂ। ਚੇਤੰਨ ਦੀਆਂ ਪੰਜ ਪ੍ਰਣਾਲੀਆਂ ਹਨ। ਪਹਿਲੇ ਜੇਰਜ, ਜੋ ਜੇਰ ਵਿਚੋਂ ਪੈਦਾ ਹੋਣ, ਮਨੁੱਖ, ਬੈਲ, ਘੋੜੇ ਆਦਿਕ। ਦੂਜੇ ਅੰਡਜ, ਜੋ ਆਂਡਿਆਂ ਵਿੱਚੋਂ ਪੈਦਾ ਹੋਣ, ਪੰਖੀ ਸਰਪ ਆਦਿਕ। ਤੀਜੇ ਸੰਸੇਦਜ ਜੋ ਮੁੜਕੇਵਿਚ ਪੈਦਾ ਹੋਣ ਜੂੰਆਂ ਆਦਿਕ। ਚੌਥੇ ਸੰਮੂਰਛਨ ਜਿਨ੍ਹਾਂ ਦੀ ਉਤਪਤੀ ਦਾ ਅਜੇ ਪਤਾ ਨਹੀਂ, ਇਸ ਤਰ੍ਹਾਂ ਦੇ ਕਈ ਜੀਵ ਜਲ ਤੇ ਹਵਾ ਵਿਚ ਹੁੰਦੇ ਹਨ। ਪੰਜਵੇਂ ਉਦਭਿਜ ਜੋ ਬਨਸਪਤੀ ਵਿਚੋਂ ਪੈਦਾ ਹੋਣ। ਇਨ੍ਹਾਂ ਪੰਜਾਂ ਵਿਚੋਂ ਪਹਿਲੇ ਜੇਰਜ, ਜੇਰਜਾਂ ਵਿਚੋਂ ਮਨੁੱਖ ਮਾਤ੍ਰ ਦਾ ਥੋੜਾ ਹਾਲ ਦੱਸਨੇ ਹਾਂ। ਇਹ ਮਨੁੱਖ ਜਦ ਤਕ ਬਾਲਕ ਰਹੇ ਤਦ ਤਕ ਤਾਂ ਇਸ ਦੇ ਰਾਖੇ ਮਾਪੇ ਆਦਿਕ ਹੋਰ ਮਨੁੱਖ ਹੁੰਦੇ ਹਨ। ਜਦ ਜ੍ਞਾਨ ਹੋ ਜਾਵੇ ਤਾਂ ਇਹ ਸੁਤੰਤ੍ਰ ਹੋ ਜਾਂਦਾ ਹੈ। ਫਿਰ ਭੀ ਜੋ ਦੇਸ਼ ਦੀ ਚਾਲ ਹੈ ਉਸ ਅਨੁਸਾਰ ਖਾਨ ਪਾਨ ਬਿਵਹਾਰ ਤੇ ਪਹਿਰਾਨ ਆਦਿਕ ਕ੍ਰਿਆ ਅਵਸੇ ਇਸ ਦੀਆਂ ਹੁੰਦੀਆਂ ਹਨ। ਜੋ ਕਿਤੇ ਉਲਟ ਕਰੇ ਤਾਂ ਸੁਦੇਸੀ ਲੋਕ ਤਰਕ ਕਰਦੇ ਹਨ, ਦੇਖੀ ਠਹਿਰਾਉਂਦੇ ਹਨ। ਇਸ ਲਈ ਮਨੁੱਖ ਅਵਸੇ ਸੁਦੇਸੀਜ, ਮਾਨੁੱਖੀਜ ਰਹੁਰੀਤ ਵਿਚ ਵਰਤਦੇ ਹਨ।

Digitized by Panjab Digital Library | www.panjabdigilib.org

ਇਨ੍ਹਾਂ ਤੋਂ ਵੱਖਰੀ ਤੇ ਜੀਵ ਦੇ ਛੁਟਕਾਰੇ ਦੀ ਇਕੋ ਸਬੀਲ ਹੈ ਸੋ 'ਧਰਮ' ਹੈ। ਇਹ ਹਰ ਇਕ ਮਨੁੱਖ ਮਾਤ੍ਰ ਨੂੰ ਧਾਰਨ ਕਰਨਾ ਅਤਜਾ-ਵਸਕ ਹੈ। ਜੋ ਨਹੀਂ ਧਾਰਦਾ ਉਸਦਾ ਰਾਜਾ ਪਰਜਾ ਕੋਈ ਵੀ ਇਤਬਾਰ ਨਹੀਂ ਕਰਦਾ, ਉਹ ਹੋਰਨਾਂ ਨੂੰ ਅੱਖਾਂ ਵਿਚ ਤਿਨਕੇ ਵਾਕਰ ਰੜਕਦਾ ਰਹਿੰਦਾ ਹੈ। ਇਸ ਕਾਰਨ ਤੇ ਧਰਮ ਧਾਰਨ ਕਰਨਾ ਅਤਿ ਜ਼ਰੂਰੀ ਹੈ। ਭਾਵੇਂ ਧਰਮ ਅਨੇਕਾਂਹਨਪਰੰਤੂ ਇਸਵੇਲੇ ਜੀਉਂਦਾਜਾਗਦਾ ਸੁਰਜੀਤ ਧਰਮ ਗੁਰ ਨਾਨਕ ਦੇਵ ਜੀਦਾ ਰਚਿਆ ਹੋਇਆ ਸਤ ਧਰਮ ਹੈ। ਇਸ ਧਰਮ ਵਿਚ ਦੀਨ ਦਨੀਆਂ ਭੋਗ ਮੋਖ ਦੋਨੋਂ ਸਹਲੇ ਹੀ ਹਾਸਲ ਹੁੰਦੇ ਹਨ। ਤੂੰ ਦੱਸ ਖਾਂ ਤੈਨੂੰ ਇਸ ਧਰਮ ਦੀ ਕੋਈ ਖਬਰ ਹੈ ?

ਹੁੜੁਮਤਿ ਨੇ ਆਖਿਆ—ਮੈਨੂੰ ਇਸ ਧਰਮ ਦੀ ਤਾਂ ਕੋਈ ਖਬਰ ਨਹੀਂ,ਪਰ ਨਾਨਕ ਸ਼ਾਹੀ ਲੋਕਾਂ ਨਾਲ ਜੇ ਕਦੀ ਕਿਸੇ ਗਲਦਾ ਵਾਹ ਪਿਆ ਹੈ ਤਾਂ ਓਹ ਲੋਕ ਬਚਨ ਦੇ ਪੂਰੇ ਤੇ ਸੱਚੇਨਿਕਲੇ ਹਨ। ਮੈਂ ਕਿਸੇ ਮਤ ਵਿਚ ਇਸ ਲਈ ਨਹੀਂ ਫਸਿਆ ਕਿ ਮਤਾਂ ਦੀ ਫਾਹੀ ਫਿਰ ਗਲੋਂ ਨਹੀਂ ਲਹਿੰਦੀ ਤੇ ਮੈਨੂੰ ਮਤਾਂ ਵਿਚ ਕੋਈ ਸ੍ਵਾਦ ਵੀ ਨਹੀਂ ਜਾਪਦਾ।

ਸੰਤਾਂ ਨੇ ਆਖਿਆ—ਸ੍ਵਾਦ ਬੇਸੁਵਾਦ ਕੋਈ ਨਹੀਂ, ਫਾਹੀ ਨਹੀਂ, ਪਰ ਇਹ ਗਲ ਡਾਢੀ ਜਰੂਰੀ ਹੈ ਕਿ ਇਨਸਾਨ ਧਰਮੀ ਹੋਵੇ। ਇਸ ਆਸਰੇ ਤੋਂ ਬਿਨਾਂ ਮਨੁਖ, ਮਾਨੁਖ ਕਹਾਉਣ ਦੇ ਲਾਇਕ ਨਹੀਂ। ਜਦ ਕਿਸੇ ਅਸੂਲ ਵਿਚ ਆਪਣੇ ਆਪ ਨੂੰ ਬੰਨ੍ਹ ਲਈਏ ਤਾਂ ਮਾਨੁਖ-ਪਣੇ ਦੀ ਸੂਝ ਆਉਂਦੀ ਹੈ, ਨਹੀਂ ਤਾਂ ਪਸੂ ਚੰਗੇ ਹਨ,ਪਰ ਮਨੁੱਖ ਕਿਸੇ ਕੰਮ ਨਹੀਂ। ਇਸ ਲਈ ਪਹਿਲੀ ਗਲ ਤੇਰੇ ਲਈ ਇਹ ਹੈ ਕਿ ਜਦ ਤਕ ਤੂੰ ਧਰਮ ਦੇ ਆਸਰੇ ਨਾ ਆਵੇਂ ਤਦ ਤਕ ਤੂੰ ਅਗਲੀ ਗਲ ਸੁਣਨ ਦਾ ਅਧਿਕਾਰੀ ਨਹੀਂ ਹੈਂ। ਜਿੱਡੀ ਛੇਤੀ ਤੈਥੋਂ ਹੋਸਕੇ ਮਾਨ ਛਡ ਤੇ ਧਰਮ ਦੀ ਡੋਰੀ ਫੜ।ਇਹ ਸੁਣਕੇ ਹੁੜ ਮਤ ਹਰਾਨ ਹੋਕੇ ਕਹਿਣ ਲਗਾ—ਜੀ ! ਮੇਰੇ ਕਾਰ ਰੁਜਗਾਰ ਨਾਲ ਧਰਮ ਦਾ ਕੀ ਵਾਸਤਾ ?ਸੰਤਾਂ ਆਖਿਆ ਧਰਮ ਵਿਚ ਪੱਕਿਆਂ ਹੋਇਆਂ ਬਿਨਾਂ ਤੂੰ ਕਦੀ ਠੀਕ ਕਾਰ ਵਿਹਾਰ ਕਰ ਹੀ ਨਹੀਂ ਸਕਦਾ।

ਹੁੜੁਮਤਿ—ਇਹ ਗਲ ਮੇਰੀ ਸਮਝ ਵਿਚ ਨਹੀਂ ਆਉਂਦੀ।

ਸੰਤਾਂ ਆਖਿਆ—ਮੈਂ ਸਿਖ ਹਾਂ, ਇਸ ਲਈ ਮੈਨੂੰ ਕੇਵਲ ਨਾਨਕਸ਼ਾਹੀ ਧਰਮ ਦੀ ਖਬਰ ਹੈ।ਇਸ ਵਿਚ ਅਰਥ ਪਰਮਾਰਥ ਦੋਵੇਂ ਸਿੱਧ ਹੁੰਦੇ ਹਨ। ਜੀਕਰ ਪੰਛੀ ਖੰਭਾਂ ਨਾਲ ਉਡਦਾ ਹੈ,ਗਡੀ ਦੋਂਹ ਪਹੀਆਂ ਨਾਲ ਟੁਰਦੀ ਹੈ, ਇਕਰ ਹੀ ਸੰਸਾਰ ਦੀ ਯਾਤ੍ਰਾ ਅਰਥ ਪਰਮਾਰਥ ਦੋਹਾਂ ਕਰਕੇ ਸਰ ਹੁੰਦੀ ਹੈ। ਜਿਸਦਾ ਅਰਥ ਠੀਕ ਹੈ ਉਸਦਾ ਪਰਮਾਰਥ ਵੀ ਠੀਕਹੋ ਜਾਂਦਾ ਹੈ। ਅਰਥ ਤੋਂ ਪ੍ਰਮਾਰਥ ਪ੍ਰਾਪਤ ਹੁੰਦਾ ਹੈ ਤੇ ਪ੍ਰਮਾਰਥ ਸੁੱਧ ਹੋਣੇ ਤੇ ਅਰਥ ਨਿਰਵਿਘਨ ਸੌਰਦੇ ਹਨ। ਇਹੋ ਗਲ ਵਾਧੇ ਵਾਲੀ ਸਿਖੀ ਵਿਚ ਹੈ। ਹੁੜੁ ਮਤਿ ਨੇ ਆਖਿਆ—ਮੇਰਾ ਮਨ ਨਹੀਂ ਮੰਨਦਾ,ਮੈਂ ਇਹ ਮਤ ਕਿਸ ਤਰ੍ਹਾਂ ਧਾਰਨ ਕਰਾਂ। ਸੰਤਾਂ ਆਖਿਆ—ਇਹ ਗਲ ਸਤਿ-ਸੰਗ ਕਰਨੇ ਤੋਂ ਪ੍ਰਾਪਤ ਹੁੰਦੀ ਹੈ। ਏਥੇ ਮੰਜੇ ਤੇ ਪਿਆਂ ਸਤਿਸੰਗ ਨਹੀਂ ਹੋ ਸਕਦਾ । ਜੇ ਤੈਨੂੰ ਸ਼ੌਕ ਪੈਦਾ ਹੋਵੇ ਤੂੰ ਉੱਠ ਕੇ ਸਤਿਸੰਗ ਨੂੰ ਢੂੰਡੇਂ, ਚਾਹ ਨਾਲ ਲੱਭੇਂ, ਸੇਵਾ ਕਰੇਂ, ਘਾਲ ਘਾਲੇਂ ਤਾਂ ਤੈਨੂੰ ਕੁਝ ਪਤਾ ਵੀ ਲੱਗੇ।

ਹੁੜੁਮਤਿ—ਉਹ ਸਤਿਸੰਗ ਕਿੱਥੇ ਹੁੰਦਾ ਹੈ ਤੇ ਕਿਸ ਤਰ੍ਹਾਂ ਹੁੰਦਾ ਹੈ।

ਸੰਤਾਂ ਨੇ ਆਖਿਆ—ਇਹ ਗੱਲ ਗੱਲਾਂ

Digitized by Panjab Digital Library | www.panjabdigilib.org

ਵਿਚ ਨਹੀਂ ਆ ਸਕਦੀ, ਹਿੰਮਤਨਾਲ ਇਸਦਾ ਪਤਾ ਲੱਗ ਸਕਦਾ ਹੈ। ਤੇਰੇ ਘਰ ਵਿਚ ਮੰਜੇ ਦੇ ਗਿਰਦੇ ਸਤਿਸੰਗ ਕੀਕਰ ਆਵੇ। ਜੇ ਕੁਝ ਗੁਰੂ ਕਿਰਪਾ ਕੀਤੀ ਹੈ ਤੇ ਤੇਰੇ ਮਨ ਵਿਚ ਸਤਿਸੰਗ ਕਰਨ ਦੀ ਉਮੰਗ ਪ੍ਰਗਟ ਹੋਈ ਹੈ ਤਾਂ ਆਲਸ ਨੂੰ ਗਰਦਨੋਂ ਮਾਰ। ਸਤਿਸੰਗ ਲਈ ਸੰਤ ਮੰਡਲੀ ਵਿਚ ਜਾਹ ਤੇ ਉਨ੍ਹਾਂ ਦੇ ਬਚਨ ਬਿਲਾਸ ਕਥਾ ਕੀਰਤਨ ਸੁਣ, ਕੋਈ ਸੰਸਾ ਹੋਵੇ ਤਾਂ ਪੁੱਛ ਦੱਸ ਕੇ ਨਿਵਿਰਤ ਕਰ। ਫਿਰ ਜਿਵੇਂ ਜਿਵੇਂ ਰੰਗ ਲੱਗੇਗਾ ਤਿਵੇਂ ਤਿਵੇਂ ਆਪਣੇ ਆਪ ਨੂੰ ਤ੍ਰਿਖਾਤੁਰ ਤੇ ਲੋੜਵੰਦ ਦੇਖੇਂਗਾ। ਸੇਵਾ ਭਗਤੀ ਕਰਕੇ ਆਪਣੇ ਆਪ ਨੂੰ ਸੁਧਾਰੇਂਗਾ, ਤਦ ਗੁਰਮਤ ਲੈਣ ਦੀ ਉਮੰਗ ਪੈਦਾ ਹੋਵੇਗੀ। ਫੇਰ ਪਤਾ ਲਗੇਗਾ ਕਿ ਇਸ ਮਤ ਵਿਚ ਭੋਗ ਮੋਖ ਦੋਵੇਂ ਕਿਸ ਪ੍ਰਕਾਰ ਪ੍ਰਾਪਤ ਹੁੰਦੇ ਹਨ।

ਇਸ ਗਲ ਨੂੰ ਕੁਝ ਚਿਰ ਤਕ ਸੋਚ ਵਿਚਾਰ ਕੇ ਹੁੜੁਮਤਿ ਕਹਿਣ ਲਗਾ ਕਿ ਆਪ ਕਿਰਪਾ ਕਰਕੇ ਸਤਿਸੰਗ ਦਾ ਪਤਾ ਦਿਓ, ਜਾਂ ਮੈਨੂੰ ਨਾਲ ਲੈ ਚਲੋ, ਏਵੇਂ ਤਾਂ ਮੈਨੂੰ ਕੁਝ ਪਤਾ ਨਹੀਂ। ਇਸ ਇੱਛਾ ਪਰ ਸੰਤਾਂ ਆਖਿਆ--ਮੈਂ ਸਤਿਸੰਗ ਵਿਚ ਨਾਲ ਲੈ ਚੱਲਣ ਲਈ ਹਾਜ਼ਰ ਹਾਂ, ਤੁਸੀ ਆਪਣਾ ਆਪ ਸੁਚੇਤ ਕਰੋ, ਤਯਾਰ ਹੋਵੋ। ਓਥੇ ਹੱਥੀਂ ਸੇਵਾ ਭਗਤੀ ਕਰੀਦੀ ਹੈ ਤੇ ਨਿੰਮ੍ਰਤਾ ਧਾਰੀਦੀ ਹੈ। ਹੁੜੁਮਤਿ ਨੇ ਆਖਿਆ--ਤੁਹਾਡੇ ਬਚਨਾਂ ਵਿਚ ਕੋਈ ਅਚਰਜ ਜਾਦੂ ਹੈ, ਮੈਨੂੰ ਤੁਹਾਡੇ ਬਚਨਾਂ ਪਰ ਕੁਝ ਖਿੱਚ ਵੱਜਦੀ ਜਾਂਦੀ ਹੈ। ਕਿਰਪਾ ਕਰੋ ਜਿਉਂ ਜਾਣੇ ਤਿਵੇਂ ਸਤਿਸੰਗ ਦਾ ਦਰਵਾਜ਼ਾ ਦੱਸੋ। ਸੰਤਾਂ ਆਖਿਆ--ਕਲ੍ਹ ਲੈ ਚੱਲਾਂਗੇ, ਫਿਕਰ ਨਾ ਕਰੋ, ਅਜ ਅਰਾਮ ਕਰੋ, ਕਲ੍ਹ ਪ੍ਰਸਾਦ ਛਕਕੇ ਸਾਰਾ ਦਿਨ ਹੀ ਸਤਿਸੰਗ ਦਿਖਾਵਾਂਗੇ।

ਦੂਸਰੇ ਦਿਨ ਸੰਤ ਜੀ ਆਪਣੀ ਧੁਨ ਦੇ ਪੱਕੇ ਵੇਲੇ ਸਿਰ ਆਟਾ ਬਾਲਣ ਲੈਕੇ ਆਣ ਪੁੱਜੇ, ਅਜ ਵੀ ਸੰਤਾਂ ਬਾਟੀ ਪਕਾਈ। ਦੋਹਾਂ ਖਾਧੀ ਤੇ ਫੇਰ ਓਕਰ ਹੀ ਗਲ ਬਾਤ ਛਿੜ ਪਈ।

ਜਦ ਢਿੱਡ ਦੇ ਝੁਲਕੇ ਝੁਲਕਾ ਚੁਕੇ ਤਾਂ ਸੰਤਾਂ ਆਖਿਆ ਚਲੋ ਤੁਹਾਨੂੰ ਸਤਿਸੰਗ ਦੇ ਦਰਸ਼ਨ ਕਰਾ ਲਿਆਈਏ। ਇਹ ਗੱਲ ਸੁਣਕੇ ਹੁੜੁਮਤਿ ਨੇ ਪਹਿਲੇ ਰਤਾਕੁ ਦਲਿੱਦਰ ਵੱਲ ਦੇਖਿਆ ਅਤੇ ਕੁਝ ਝਿੱਜੀ ਖਾਧੀ, ਪਰ ਕੱਲ੍ਹ ਤੋਂ ਬਚਨ ਕਰਚੁਕੇ ਸਨ, ਸਤਿਸੰਗ ਦੇ ਦਰਸ਼ਨ ਲਈ ਆਪ ਕਹਿ ਚੁਕੇ ਸਨ, ਇਸ ਲਈ ਆਪਣੀ ਸ਼ਰਮ ਨੇ ਅੱਖਾਂ ਵਿਚ ਸੁਰਮਾ ਪਾਇਆ ਅਤੇ ਸ਼ਰਮੋਂ ਕੁਸ਼ਤਮੋਂ ਢਹਿੰਦੇ ਡਿਗਦੇ ਲੱਕ ਬੱਧਾ। ਇਕ ਨੱਕ ਤੇ ਦੋ ਕੰਨ ਨਕਦ ਆਪਣੇ ਨਾਲ ਲਈ ਸੰਤਾਂ ਦੇ ਪਿਛੇ ਲੱਗ ਤੁਰੇ। ਸੰਤਾਂ ਨੇ ਇੱਕੋ ਛੂਟ ਕੀਤੀ, ਮੀਲ ਦੋ ਮੀਲ ਤੱਕ ਜੰਗਲ ਵਿਚ ਘਸੀਟੀ ਲਈ ਗਏ। ਰਾਹ ਵਿਚ ਕਹਿੰਦੇ ਗਏ ਭਈ ਓਥੇ ਦਲਿੱਦ੍ਰੀਆਂ ਤੇ ਆਲਸੀਆਂ ਦਾ ਲਾਂਘਾ ਨਹੀਂ ਹੈ। ਉਦਮੀ ਸੇਵਾ ਟਹਿਲ ਕਰਨ ਵਾਲੇ ਪੁਰਖਾਂ ਦਾ ਕਦਰ ਹੈ। ਅਜੇਹੀਆਂ ਗੱਲਾਂ ਕਰਦਿਆਂ ਕਰਾਉਂਦਿਆਂ ਇਕ ਜਗ੍ਹਾ ਪਹੁੰਚੇ। ਹੁੜੁਮਤਿ ਕੀ ਦੇਖਦਾ ਹੈ ਕਿ ਇਕ ਛਾਇਆਦਾਰ ਦਰੱਖਤਾਂ ਦੀ ਝੁੱਗੀ ਹੈ ਜਿਨ੍ਹਾਂ ਦੇ ਹੇਠ ਸੁੰਦਰ ਨਿਰਮਲ ਜਲ ਦੀ ਕੂਹਲ ਵੱਗ ਰਹੀ ਹੈ। ਲਿੱਪੀ ਪੋਚੀ ਹੋਈ ਸਾਫ ਸੁਥਰੀ ਜਗਹ ਪਰ ਇਕ ਵੱਡਾ ਸਾਰਾ ਚੌਤੜਾ ਹੈ। ਇਸ ਚੌਤੜੇ ਪਰ ਇਕ ਮਹਾਂ ਪੁਰਖ ਬੈਠੇ ਕਥਾ ਕਰ ਰਹੇ ਹਨ ਅਤੇ ਬਹੁਤ ਸਾਰੇ ਸ਼੍ਰੋਤਾ ਲੋਕ ਇਕ ਟਕ ਲਾਈ ਬੈਠੇ ਸੁਣ ਰਹੇ ਹਨ। ਕੋਈ ਕੋਈ ਸੱਜਣ ਖੜੋਤੇ ਹੋਏ ਪੱਖਾ ਝੱਲ ਰਹੇ ਹਨ। ਕੋਈ ਕੋਈ ਸੱਜਣ ਜਲ ਪਿਲਾ ਰਹੇ ਹਨ। ਕੋਈ ਸ੍ਰੋਤਾ

Digitized by Panjab Digital Library | www.panjabdigilib.org

ਅੱਖਾਂ ਮੀਟੇ ਸਾਵਧਾਨਤਾ ਨਾਲ ਕਥਾ ਸੁਣ ਰਹੇ ਹਨ। ਕੋਈ ਸ਼੍ਰੋਤਾ ਵਕਤਾ ਦੇ ਮੁਖ ਵਲ ਇਕ ਟਕ ਤੱਕ ਰਹੇ ਹਨ। ਵਕਤਾ ਜੀ ਦਰਿਆਉ ਦੇ ਗੰਭੀਰ ਪਰਵਾਹ ਵਾਕਰ ਵਜਾਖਜਾਨ ਕਰੀ ਜਾ ਰਹੇ ਹਨ। ਇਨ੍ਹਾਂ ਦੋਨੋਂ ਸਰੀਰਾਂ ਨੇ ਅੱਪੜ ਕੇ ਹੱਥ ਜੋੜ ਕੇ ਫਤਹ ਗਜਾਈ। ਸਿਰ ਨੀਵਾਂ ਕਰਕੇ ਅਦਬ ਨਾਲ ਇਕ ਖੂੰਜੇ ਵਲ ਬੈਠ ਗਏ। ਦਲਿੱਦ੍ਰੀ ਪੁਰਖ ਨੂੰ ਇਥੋਂ ਦੇ ਰੰਗ ਢੰਗ ਦੇਖਕੇ ਅਚੰਭਾ ਪ੍ਰਤੀਤ ਹੋਇਆ। ਕੈਸੀ ਅਚਰਜ ਸ਼ਾਂਤਿ ਹੈ ਮਾਨੋਂ ਅੰਮ੍ਰਿਤ ਵਰਸ ਰਿਹਾ ਹੈ।ਕੋਈ ਚਿੜੀ ਜਨਾਉਰ ਤੱਕ ਵੀ ਇੱਥੇ ਨਹੀਂ ਬੋਲਦਾ, ਭਾਵੇਂ ਬ੍ਰਿੱਛਾਂ ਤੇ ਬੈਠੇ ਹਨ, ਪਰ ਚਿਹਚਿਹਾਟ ਕੋਈ ਨਹੀਂ ਕਰਦਾ। ਸ਼੍ਰੋਤਾ ਲੋਕ ਵੀ ਸ਼ੂਵਨ ਸਮਾਧੀ ਵਿਚ ਇਸਥਿਤ ਹਨ। ਵਕਤਾ ਦੀ ਜ਼ੁਬਾਨ ਸਾਦੀ ਅਤੇ ਸਰਲ ਸਾਫ ਸੁਥਰੀ ਕਹਿੰਦੀ ਹੀ ਤੁਰੀ ਜਾਂਦੀ ਹੈ, ਕਿਤੇ ਨਹੀਂ ਅਟਕਦੀ।ਕਹਿਣ ਵਿਚ ਇਸਵੇਲੇ ਇਹ ਪ੍ਰਕਰਣ ਹੋ ਰਿਹਾ ਸੀ:–

ਇਹ ਜੀਵ ਜੋ ਕਰਮ ਕਰਦਾ ਹੈ, ਉਸਦਾ ਫਲ ਭੋਗਦਾ ਹੈ। ਪਿਛਲੇ ਜਨਮਾਂ ਵਿਚ ਜੋ ਕਰਮ ਕੀਤੇ ਉਹ ਪ੍ਰਾਰਬਧ ਰੂਪ ਹੋਕੇ ਇਸ ਜਨਮ ਵਿਚ ਭੋਗੇਗਾ। ਕੀਤੇ ਕੰਮਾਂ ਕਰਕੇ ਤਾਂ ਪ੍ਰਾਰਬਧ ਬਣਦੀ ਹੈ। ਉੱਦਮ ਕਰਕੇ ਕੀਤੇ ਹੋਏ ਕਰਮ ਅਪਣਾ ਫਲ ਭੁਗਤਾਉਣ ਲਈ ਪ੍ਰਾਰਬਧ ਦਾ ਰੂਪ ਪਲਟ ਲੈਂਦੇ ਹਨ। ਭੋਗਣ ਵੇਲੇ ਵੀ ਜੇਕਰ ਉੱਦਮ ਸਹਾਇਕ ਹੋਵੇ ਤਾਂ ਪ੍ਰਾਰਬਧ ਸੁੱਖ ਸੁਖਾਲੀ ਰੂਪ ਬਣਕੇ ਭੁਗਤ ਜਾਂਦੀ ਹੈ ਤੇ ਜੇ ਕਦੀ ਦਲਿੱਦ੍ਰ ਸਹਾਇ ਬਣ ਜਾਵੇ ਤਾਂ ਨੰਗ ਭੁੱਖ ਤੇ ਦੁੱਖ ਕਲੇਸ਼ ਰੂਪ ਹੋਕੇ ਭੁਗਤਦੀ ਹੈ। ਇਸ ਲਈ ਵਿਚਾਰਵਾਨ ਲੋਕ ਇਸ ਜਨਮ ਵਿਚ ਪ੍ਰਾਰਬਧ ਭੋਗਦੇ ਹੋਏ ਵੀ ਉੱਦਮ ਦਾ ਸਾਥ ਨਹੀਂ ਛਡਦੇ,ਦਲਿੱਦ੍ਰ ਪਾਸੋਂ ਜਿੰਨੀ ਵਾਹ ਲੱਗੇ ਦੂਰ ਦੂਰ ਰਹਿੰਦੇ ਹਨ। ਜੇਕਰ ਕੱਲਰੀ ਜ਼ਮੀਨ ਪ੍ਰਾਰਬਧ ਕਰਕੇ ਪ੍ਰਾਪਤ ਹੋਈ ਤਾਂ ਉਸਨੂੰ ਉੱਦਮੀ ਪੁਰਖ ਵਾਹਕੇ ਅਤੇ ਕੋਈ ਪ੍ਰਕਾਰ ਦੀ ਖਾਦ ਪਾਕੇ, ਸੁਰੋਣ ਖੇਤੀ ਵਾਲੀ ਜ਼ਮੀਨ ਕਰ ਲੈਂਦੇ ਹਨ, ਪਰੰਤੂ ਦਲਿਦ੍ਰੀ ਪੁਰਖ ਚੰਗੀ ਜ਼ਮੀਨ ਨੂੰ ਵੀ ਆਲਸ ਕਰਕੇ ਬੰਜਰ ਕਰ ਛਡਦੇ ਹਨ, ਇਸ ਵਾਸਤੇ ਸਿਆਣੇ ਕਹਿੰਦੇਹਨਕਿ ਆਲਸ ਜੈਸਾਪਿਆਰਾ ਮਿਤ੍ਰ ਕੋਈ ਨਹੀਂ, ਪਰ ਕੰਮ ਇਸਦਾ ਸ਼ਤਰੂ ਨਾਲੋਂ ਵੀ ਬਹੁਤ ਬੁਰਾ ਹੁੰਦਾ ਹੈ। ਉਦਮ ਭਾਵੇਂ ਪ੍ਰਤੱਖ ਸ਼ੱਤਰੂ ਹੈ, ਪਰੰਤੂ ਇਸਦਾ ਕੰਮ ਮਹਾਨ ਮਿੱਤ੍ਰਾਂ ਨਾਲੋਂ ਵੀ ਬਹੁਤ ਵਧਕੇ ਲਾਭ ਦਾਇਕ ਹੁੰਦਾ ਹੈ।

ਸਜਨੋਂ!ਏਥੇ ਇਕ ਭਾਰੀ ਵਿਚਾਰ ਦੀ ਗਲ ਹੈ। ਉਦਮ ਉਦਮ ਦੇ ਸਿਰ ਫਰਕ ਹੈ। ਖੋਟੇ ਕਰਮਾਂ ਲਈ ਵੀ ਉੱਦਮ ਹੀ ਕਰੀਦਾ ਹੈ ਜੋ ਲੋਕ ਪਰਲੋਕ ਵਿਚ ਮੁਕਾਲਾ ਕਰਾਉਂਦਾ ਹੈ, ਭਲੇ ਕਰਮਾਂ ਲਈ ਵੀ ਉੱਦਮ ਹੀ ਕਰੀਦਾ ਹੈ ਜੋ ਲੋਕ ਪ੍ਰਲੋਕ ਦੋਨੋ ਸੁਧਾਰ ਦਿੰਦਾ ਹੈ। ਤਾਂਤੇ ਭਲੇ ਕਰਮਾਂ ਵਾਲਾ ਉਦਮ ਸਦੀਵ ਧਾਰਣ ਕਰੋ, ਬੁਰੇ ਕਰਮਾਂ ਵਾਲੇ ਉਦਮ ਤੋਂ ਬਚੇ ਰਹੋ। ਜੇਕਰ ਨਿਰਾ ਪਰਲੋਕ ਲਈ ਉਦਮ ਕਰਨਾ ਹੈ ਤਾਂ ਸ਼ੁਭ ਕਰਮਾਂ ਨੂੰ ਕਰਕੇ ਉਨ੍ਹਾਂ ਦਾ ਫਲ ਨਾ ਚਾਹੋ।

ਗੁਰਵਾਕ ਹੈ–'ਕਰਮ ਕਰਤ ਹੋਵੈ ਨਿਹਕਰਮ॥'
ਤਿਸੁ ਬੈਸਨੋ ਕਾ ਨਿਰਮਲ ਧਰਮ॥'
[ਗਉੜੀ ਸੁਖਮਨੀ ਮ: ਪ

ਤਾਤਪਰਜ ਸਾਰੀ ਬਾਤ ਦਾ ਏਹੋ ਹੈ ਕਿ ਜੀਵ ਉੱਦਮ ਕਰਕੇ ਭਲੇ ਕਰਮ ਕਰਦਾਹੋਇਆ ਹਉਮੈ ਨਾ ਬੰਨ੍ਹ ਬੈਠੇ, ਕਿਉਂਕਿ:–

'ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਇ'।
[ਆਸਾ ਮ: ੧

Digitized by Panjab Digital Library | www.panjabdigilib.org

ਨਿਰਾ ਏਹੋ ਨਿਸ਼ਚਾ ਪਿਰਪੱਕ ਹੋਵੇ ਕਿ 'ਜੋ ਕਿਛੁ ਹੋਆ ਸਭੁ ਕਿਛੁ ਤੁਝਤੇ ਤੇਰੀ ਸਭ ਅਸਨਾਈ ॥' [ਬਿਲਾਵਲ ਮ: ੧

ਕਰਨਹਾਰ ਕਰਤਾਰ ਨੂੰ ਮੰਨੇ, ਆਪ ਲੱਕ ਬੰਨ੍ਹ ਕੇ ਕਰੀ ਚੱਲੇ। ਜੇ ਕਿਤੇ ਭੁੱਲਭੁਲੇਖੇ ਆਪ ਅਭਿਮਾਨੀ ਬਣ ਬੈਠੇ ਤਾਂ ਕੀਤਾ ਕਰਾਇਆ ਸਭ ਨਾਸ਼ ਹੋਜਾਊ ।

ਗੁਰਵਾਕਹੈ–'ਜੜਅਪਣੀ ਆਪਿ ਉਪਾੜੀਜੀਉ।'

ਇਤਨਾ ਕਥਨ ਕਰਕੇ ਵਕਤਾ ਜੀ ਨੇਕਥਨ ਦੀ ਸਮਾਪਤੀ ਕੀਤੀ ਤੇ ਸੰਗਤ ਨੇ ਰਲਕੇਇਨ੍ਹਾਂ ਸਬਦਾਂ ਦਾ ਉਚਾਰਨ ਕੀਤਾ:–

ਸਿਰੀ ਰਾਗੁ ਮਹਲਾ ੫ ॥

ਸੰਚਿਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥ ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥ ੧ ॥ ਜਪਿ ਮਨ ਨਾਮੁ ਏਕੁ ਅਪਾਰੁ ॥ ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੈ ਕਾ ਆਧਾਰੁ ॥ ੧ ॥ ਰਹਾਉ ॥ ਕਾਮਿ ਕ੍ਰੋਧਿ ਅਹੰਕਾਰਿ ਮਾਤੋ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥ ੨ ॥ ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥ ੩ ॥ ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥ ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥ ੪ ॥ ੨੫ ॥ ੯੫ ॥

ਗੂਜਰੀ ਮਹਲਾ ੫ ॥

ਆਪਨਾ ਗੁਰੁ ਸੇਵਿ ਸਦਹੀ ਰਮਹੁ ਗੁਣ ਗੋਬਿੰਦ॥ ਸਾਸਿ ਸਾਸਿ ਅਰਾਧਿ ਹਰਿ ਹਰਿ ਲਹਿ ਜਾਇ ਮਨ ਕੀ ਚਿੰਦ ॥ ੧ ॥ ਮੇਰੇ ਮਨਿ ਜਾਪਿ ਪ੍ਰਭ ਕਾ ਨਾਉ ॥ ਸੂਖ ਸਹਜ ਅਨੰਦ ਪਾਵਹਿ ਮਿਲੀ ਨਿਰਮਲ ਥਾਉ ॥ ੧ ॥ ਰਹਾਉ ॥ ਸਾਧਿ ਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥ ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ॥ ੨ ॥ ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾਕੀ ਆਉ ॥ ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥ ੩ ॥ ਪਾਰਬ੍ਰਹਮਿ ਪ੍ਰਭਿ ਦਇਆ ਧਾਰੀ ਬਖਸਿ ਲੀਨੇ ਆਪਿ ॥ ਸਰਬ ਸੁਖ ਹਰਿਨਾਮੁ ਦੀਆ ਨਾਨਕ ਸੋ ਪ੍ਰਭੁ ਜਾਪਿ ॥ ੪ ॥ ੨ ॥ ੨੮ ॥

ਸਾਰੀ ਸੰਗਤ ਨੇ ਮਿਲਕੇ ਬੇਨਤੀ ਦੇ ਸ਼ਬਦ ਪ੍ਰੇਮ ਨਾਲ ਗਾਵੇਂ। ਇਸ ਤੋਂ ਉਪਰੰਤ ਕੁਝ ਲੋਕ ਸ਼ਹਿਰ ਵਾਲੇ ਵੀ ਜਾਣ ਲਗ ਪਏ ਅਤੇ ਕੁਝ ਕੁਝ ਆਪੋ ਵਿਚਦੀ ਬੈਠਕੇ ਗੁਰਮਤ ਦਾ ਵਿਚਾਰ ਕਰਨ ਲਗ ਪਏ। ਜੋ ਜੋ ਜਿਸਦੇ ਜੀ ਵਿਚ ਸੰਸੇ ਸਨ ਸੋ ਸੋ ਪ੍ਰਗਟ ਹੋ ਹੋਕੇ ਨਿਵਿਰਤ ਹੋਏ। ਇਹੋਜਹਾ ਅਚਰਜ ਰਹੱਸਜ ਵੇਖ ਕੇ ਹੁੜ੍ਹ ਮਤ ਦਾ ਜੰਗਾਲਿਆ ਹੋਇਆ ਮਨ ਵੀ ਕੁਝ ਪ੍ਰੇਮ ਦੇ ਤੇਲ ਵਿਚ ਰਿੰਧਾ ਹੋਇਆ। ਕੁਝ ਚਿਰ ਤਾਂਈ ਆਪਣੇ ਆਪ ਵਿਚ ਹੀ ਢਾਹ ਉਸਾਰੀਆਂ ਕਰਦਾ ਰਿਹਾ, ਜਦ ਥਹੁ ਥਿੱਤਾ ਕੁਝ ਨਾ ਲੱਭਾ ਤਾਂ ਆਤੁਰ ਹੋਕੇ ਕਹਿਣਲਗਾ ਮਹਾਰਾਜ ਏਥੇ ਇਹੋਕੁਝ ਰੋਜ ਹੁੰਦਾਹੈ?ਅਗੋਂਅਵਾਜ਼ ਆਈ ਏਥੇ ਹਰ ਵੇਲੇ ਏਹੋ ਕੁਝ ਹੁੰਦਾ ਹੈ।

ਹੁੜ੍ਹਮਤ–ਏਹੋ ਸਤਿ ਸੰਗਤ ਹੈ?

ਸਤਸੰਗਤ–ਹਾਂ ਭਾਈ ਜੀ।

'ਸਤਸੰਗਤਿ ਕੈਸੀ ਜਾਣੀਐ ॥ ਜਿਥੇ ਏਕੋ ਨਾਮੁ ਵਖਾਣੀਐ' ॥ [ਸਿਰੀ: ਮ: ੧

ਹੁੜ੍ਹਮਤ–ਕੀ ਏਥੋਂ ਮੈਨੂੰ ਵੀ ਕੁਝਮਿਲੇਗਾ?

ਇਕ ਸਤਿਸੰਗੀ–ਏਥੇ ਰਹਿਣੀ ਬਹਿਣੀ ਕਹਿਣੀ ਅਤੇ ਨਾਮਦਾਪ੍ਰਵਾਹ ਚਲਦਾ ਰਹਿੰਦਾ ਹੈ, ਆਪੋ ਆਪਣੇ ਭਾਗਾਂ ਦੇ ਭਾਂਡੇ ਜਿੰਨਾ ਵਰਤਾਰਾ ਅਵੱਸ਼ ਹਰ ਇਕ ਨੂੰ ਮਿਲ ਜਾਂਦਾ ਹੈ।

ਹੁੜ੍ਹਮਤ–ਤੇ ਜਿਸ ਨੂੰ ਭਾਗਾਂ ਦੇ ਭਾਂਡੇ ਦਾ ਕੋਈ ਪਤਾ ਨਾ ਹੋਵੇ ?

Digitized by Panjab Digital Library | www.panjabdigilib.org

ਸਤਸੰਗੀ–ਕਿਸੇ ਨੂੰ ਭਾਗਾਂ ਦੇ ਪਤੇ ਕੱਢਣ ਦੀ ਕੀ ਲੋੜ? ਪਾਣੀ ਆਪੇ ਨਿਵਾਣਾਂ ਵਿਚ ਆਣ ਠਹਿਰਦਾ ਹੈ।

ਹੁੜੁਮਤਿ–ਮੈਂ ਕੀਕਰ ਜਾਣਾ ?

ਸਤਿਸੰਗੀ–ਐਕੁਰ ਜਾਣ,ਭਈ ਕਲ ਪਰਸੋਂ ਨਾਲੋਂ ਅਜ ਨੂੰ ਵੱਖਰਾ ਕਰਕੇ ਦੇਖ,ਜਿਸ ਵੇਲੇ ਘਰ ਨਾਲੋਂ ਸਤਸੰਗਤ ਵਿਚ ਕੁਝ ਚਿਤ ਨੂੰ ਆਰਾਮ ਭਾਸੇ ਤਾਂ ਜਾਣ ਲਵੀਂ ਕਿ ਪਾਣੀ ਨੇ ਨਿਵਾਣ ਦਾ ਰੁਖਕੀਤਾ ਹੈ।ਜਗਜਾਸੂ ਨੂੰਚਾਹੀਏ ਕਿ ਆਪਣੀ ਸ਼ਰਧਾ ਰੂਪੀ ਨਿਵਾਣ ਦਿਨੋਂਦਿਨ ਡੂੰਘੀ ਕਰੀ ਜਾਵੇ। ਸਤਸੰਗਤ ਦੇ ਪਦਾਰਥ ਰਹਤ ਬਹਤ ਨਾਮਾਦਿਕ ਆਪੇ ਹੀ ਠਹਿਰਦੇ ਜਾਣਗੇ। ਜੇ ਕਦੀ ਜਗਜਾਸੂ ਵਿਚ ਹਉਮੈ ਦੇ ਟਿੱਬੇ ਅਤੇ ਆਲਸ ਦੀ ਰੇਤ ਭਰੀ ਹੋਈ ਹੋਵੇਤਾਂ 'ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਰੁ' ਵਾਲੀ ਗਲ ਬਣਦੀ ਹੈ। ਜੀਕਰ ਪੱਥਰ ਪਾਣੀ ਵਿਚ ਪਇਆ ਭੀ ਅੰਦਰੋਂ ਸੁਕਾ ਰਹਿੰਦਾ ਹੈ,ਤਿਵੇਂ ਅਜੇਹੇ ਪੁਰਖ ਸਤਿ ਸੰਗਤ ਵਿਚ ਪਹੰਚ ਕੇ ਵੀ ਕੋਰੇ ਹੀ ਰਹਿੰਦੇ ਹਨ।

ਹੁੜੁਮਤਿ–ਨਿਵਾਣ ਕੀਕਰ ਕਰੀਦੀ ਹੈ ?

ਸਤਸੰਗੀ–ਨਿਵਾਣ ਕਰਨ ਲਈ ਸੇਵਾਦੀ ਟੋਕਰੀ ਲੋੜੀਏ ਤੇ ਉੱਦਮ ਦੀ ਕਹੀ। ਕੋਈ ਕੰਮ ਕਹੇ ਤਾਂ 'ਭਲਾ ਜੀ' ਕਹਿਕੇ ਪ੍ਰੇਮ ਭਗਤੀ ਭਾਇ ਨਾਲ ਮੰਨਣਾਂ, ਚਿੱਤ ਦੇ ਚਾਉ ਨਾਲ ਕਰਨਾ। ਜਦ ਉਸ ਕੰਮ ਵਿਚ ਕੋਈ ਭੁੱਲ ਹੋਵੇ, ਤੇ ਕੋਈ ਟੋਕੇ, ਤਾਂ ਭੁੱਲਾ ਜੀ ਕਹਿਕੇ ਬਖਸ਼ਾਉਣਾ, ਆਪਣੇ ਆਪ ਨੂੰ ਭੁੱਲਣਹਾਰ ਮੰਨ ਲੈਣਾ, ਆਪ ਤੋਂ ਵਡਿਆਂ ਦਾ ਅਦਬ ਕਰਨਾ ਸੇਵਾ ਕਰਦਿਆਂ ਮਨ ਅਤੇ ਜੀਭ ਨੂੰ ਵਿਹਲਿਆਂ ਨਹੀਂ ਰੱਖਣਾ। ਭਜਨ ਬਾਣੀ ਵਿਚ ਪਰੋਈ ਰੱਖਣਾ। ਭੁੱਖ ਨੀਂਦ ਦੇ ਅਧੀਨ ਨਹੀਂ ਹੋਣਾ, ਸਗੋਂ ਭੁਖ ਨੀਂਦ ਨੂੰ ਆਪਣੇ ਅਧੀਨ ਕਰਨਾ।

ਹੁੜੁਮਤ–ਓਹ ਭਜਨ ਬਾਣੀ ਕੀ ਹੁੰਦਾਹੈ?

ਸਤਿਸੰਗੀ–ਭਜਨ ਬਾਣੀ ਦਾ ਪਤਾ ਸਤਿਸੰਗ ਕਰਦਿਆਂ ਕਰਦਿਆਂ ਸਹਜੇਲਗਜਾਂਦਾਹੈ। ਇਸ ਤੋਂ ਪਹਿਲੇ ਇਕਵੇਲਾ ਅਜੇਹਾ ਹੁੰਦਾ ਹੈ ਜਿਸ ਵੇਲੇ ਸਤਿਸੰਗ ਦੇ ਸਤਿਸੰਗੀਆਂ ਵਿ ਚ ਸੰਗੀਬਣਨਲਈ ਇਕ ਸੰਸਕਾਰਅੱਸੋਹੁੰਦਾ ਹੈ।

ਹੁੜੁਮਤਿ–ਮੈਂ ਕੀਕਰ ਸਮਝਾਂ ?

ਸਤਸੰਗੀ–ਤੂੰ ਇਕੁਰ ਸਮਝ ਭਈ ਮੈਂ ਸਤਿਸੰਗਤਿ ਦਾ ਪਧਾਊ ਹਾਂ। ਇਸਰਸਤੇਵਿਚ ਜੋ ਜੋ ਮਜਲ ਮੁਕਾਮ ਕਰਤਾਰ ਨੇ ਰਚੇ ਹੋਏ ਹਨ ਸੁਤੇ ਆਉਂਦੇ ਜਾਣਗੇ। ਤੈਨੂੰ ਜੋ ਕੁਝ ਪੰਧਾਊ ਕਰਦੇ ਹਨ ਓਹ ਕੁਝ ਹੀਕਰਨਾਚਾਹੀਏ।

ਹੁੜੁਮਤਿ–ਪੰਧਾਊ ਤਾਂ ਰਾਹੇ ਰਾਹ ਟੁਰੇ ਜਾਂਦੇ ਹਨ।

ਸਤਿਸੰਗੀ–ਠੀਕ ਹੈ। ਸਤਿਸੰਗੀ ਪੁਰਖ ਵੀ ਸਤ ਧਰਮ ਦੇ ਰਸਤੇ ਪਏ, ਸੇਵਾ ਟਹਿਲ, ਭਗਤੀ, ਪਰੋਪਕਾਰ ਆਦਿਕਾਂ ਦੇ ਸਿੱਧੇ ਰਾਹ ਟੁਰੀ ਜਾਂਦੇ ਹਨ।

ਹੁੜੁਮਤ–ਫਿਰ ਰੋਟੀ ਕੀਕਰ ਮਿਲੇਗੀ ?

ਸਤਿਸੰਗੀ–ਜਿਸ ਅਕਾਲਪੁਰਖ ਨੇਸ਼ਰੀਰ ਦਿੱਤਾ ਹੈ ਉਸ ਨੇ ਇਸ ਸਰੀਰ ਦੇ ਕਰਮ, ਪ੍ਰਾਰਬਧ ਬਣਾਕੇ ਨਾਲ ਦਿਤੇ ਹਨ। ਓਹ ਇਸ ਜੀਵਨੂੰ ਭੁੱਖ ਦੇ ਧੋਖੇ ਨਹੀਂ ਮਰਨ ਦਿੰਦਾ,ਸਗੋਂ ਹਰ ਵੇਲੇ ਸਹਾਇਕ ਨਾਲ ਰਹਿੰਦਾ ਹੈ।

"ਜੀਆ ਕਾ ਆਹਾਰ ਜੀਅ ਖਾਣਾ"
ਅਥਵਾ–"ਸਿਰਿ ਸਿਰਿ ਰਿਜਕੁ ਸੰਬਾਹੇ
ਠਾਕੁਰੁ ਕਾਹੇ ਮਨ ਭਉ ਕਰਿਆ" ॥
[ਗੂਜਰੀ ਮਃ ਪ

ਇਸ ਲਈ ਅੰਨ ਦਾ ਫਿਕਰ ਤੇ ਚਿੰਤਾ ਓਹੋ ਕਰੇ ਜਿਸ ਨੇ ਇਹ ਸਰੀਰ ਅਤੇ ਸਰੀਰ ਦੇ ਅੰਦਰ ਲੋੜ ਬਣਾਈ ਹੈ।ਇਹ ਨਿਸਚੇ ਜਾਣ ਕਿ ਬਣਾਉਣ ਵਾਲੇ ਨੇ ਇਸਦੇ ਕਰਮਾਂ ਅਨੁ-

Digitized by Panjab Digital Library | www.panjabdigilib.org

ਸਾਰ ਇਸਦੀਆਂ ਲੋੜਾਂ ਪੂਰੀਆਂ ਹੋਣ ਦੇ ਬਾਨੂੰ ਬੰਨ੍ਹ ਛਡੇ ਹੋਏ ਹਨ।

ਹੂੜਮਤ–ਪਰ ਮੈਂ ਤਾਂ ਮੰਜੇ ਪਿਆ ਭੁੱਖਾ ਮਰਨ ਲਗਾ ਸਾਂ।

ਸਤਿਸੰਗੀ–ਉਹ ਤੇਰੇ ਦਲਿਦਰ ਦੇ ਸੰਗ ਦਾ ਫਲ ਸੀ।ਸਤਿਸੰਗ ਤਾਂ ਉੱਦਮ ਸਿਖਾਲਦਾ ਹੈ ਤੇ ਸਾਈਂ ਤੇ ਭਰੋਸੇ ਦਾ ਅੰਦਰ ਤੁਲਾ ਬੰਨ੍ਹ ਦੇਂਦਾ ਹੈ।

ਹੂੜਮਤਿ–ਹੱਛਾ ਫਿਰ ਮੈਂ ਰਾਹੀ ਕੀਕਰ ਬਣਾਂ ?

ਸਤਿਸੰਗੀ–ਜੀਕਰ ਇਸ ਵੇਲੇ ਬਣਿਆ ਹੋਇਆ ਹੈਂ। ਹੋਰ ਕੋਈ ਵਧੇਰਾ ਜਾਂ ਵੱਖਰਾ ਬਣਨ ਲਈ ਕੋਈ ਖੇਚਲ ਅਰੰਭ ਨਹੀਂ ਕਰਨੀ।

ਇਥੇ ਹੂੜਮਤਿ ਕਹਣੋਂ ਪੁੱਛਣੋਂ ਤਾਂ ਰੁਕ ਗਿਆ,ਪਰ ਸੋਚਾਂ ਦੇ ਖੂਹ ਵਿਚ ਡੂੰਘਾ ਡੁੱਬ ਗਿਆ । ਜਦ ਜ਼ਰਾ ਸਿਰ ਚੁੱਕਕੇ ਦੇਖਿਆ ਤਾਂ ਕਈ ਸਜਣ ਖੂਹ ਗੇੜ ਕੇ ਜਲ ਨਾਲ ਇਸ਼ਨਾਨ ਕਰਾ ਰਹੇ ਹਨ। ਕਈ ਟੁੱਟੇ ਭੱਜੇ ਰਾਹਾਂ ਤੇ ਮਿੱਟੀ ਪਾਕੇ ਪੱਧਰਾ ਕਰ ਰਹੇ ਹਨ. ਕਿਤੇ ਕੋਈ ਝਾੜੂ ਦੇ ਰਿਹਾ ਹੈ, ਕਿਤੇ ਕੋਈ ਕਿਸੇ ਨੂੰ ਮੁੱਠੀਆਂ ਭਰ ਰਿਹਾ ਹੈ, ਕੋਈ ਖੜੋਤਾ ਹੋਇਆ ਸੰਗਤ ਨੂੰ ਪੱਖਾ ਕਰ ਰਿਹਾ ਹੈ, ਕੋਈ ਮਿਠੇ ਮਿਠੇ ਬਚਨਾਂ ਨਾਲ ਕੁਝ ਕਹਿ ਸੁਣ ਰਿਹਾ ਹੈ।ਹੂੜਮਤਿ ਜੋਗੀ ਬਾਕੀ ਕੋਈ ਟਹਲ ਨਹੀਂ ਜਿਸਨੂੰ ਇਹ ਉਠਕੇਲਗੇ।ਬਹੁਤਾ ਸਾਰਾ ਚਿਰ ਵਿਚਾਰਾਂ ਕਰ ਕਰ ਕੇ ਇਹ ਵਿਚਾਰਪੱਕੀ ਕੀਤੀ, ਭਈ ਇਕ ਤਾਂ ਹੁਣ ਏਥੇ ਹੀ ਰਹਿਣਾ ਹੈ ਦੂਜੇ ਸੇਵਾ ਵੀ ਜਰੂਰ ਕਰਨੀ ਹੈ, ਤੀਜੇ ਭੁੱਖ ਤੇ੍ਹ ਦਾ ਸਿਆਪਾ ਪ੍ਰਾਰਬਧ ਦੇ ਸਿਰ ਤੇ ਰਖਣਾ ਹੈ,ਪਰ ਉਦਮੋ ਮਾੜਾ ਨਹੀਂ ਪੈਣਾ। ਇਹਤਿੰਨੇ ਗੱਲਾਂ ਜੀ ਵਿਚ ਪੱਕੀਆਂ ਕਰਕੇ ਹੂੜਮਤਿ ਹੁਰੀਂ ਉਠੇ ਅਤੇ ਝਾੜੂ ਫੜਕੇ ਸੇਵਾ ਕਰਨ ਲਗਪਏ।

ਇਨੇ ਤਾਈਂ ਸੰਝ ਹੋ ਗਈ,ਸੋਦਰ ਦਾ ਦੀਵਾਨ ਲਗ ਗਿਆ। ਸਭਨੇ ਅਦਬ ਨਾਲ ਬੈਠਕੇ ਰਹੁਰਾਸ ਜੀਦਾ ਪਾਠ ਸੁਣਿਆ। ਅਰਦਾਸ ਹੋਈ. ਆਰਤੀ ਦੇ ਸ਼ਬਦ ਪੜ੍ਹਕੇ ਭੋਗ ਪਾਇਆ ਹੀ ਸਾ ਕਿ ਪੰਗਤ ਹੋ ਗਈ । ਸਭ ਨੇ ਪ੍ਰਸ਼ਾਦ ਛਕਿਆ,ਉਪਰੰਤ ਕੀਰਤਨ ਹੋਇਆ। ਫਿਰ ਕੀਰਤਨ ਸੋਹਲੇ ਦਾ ਪਾਠ ਹੋਕੇ ਆਪੋ ਆਪਣੇ ਬਿਸਤ੍ਰਿਆਂ ਪਰ ਸਾਰੇ ਬਿਰਾਜ ਗਏ। ਸਵਾ ਪਹਰ ਰਾਤ ਰਹਿੰਦੀ ਨਗਾਰੇ ਤੇ ਚੋਬ ਪਈ, ਸੰਗਤ ਸਾਵਧਾਨ ਹੋ ਗਈ ਤੇ ਸੋਚ ਸ਼ਨਾਨ ਪਾਠ ਕਰਨ ਦੇ ਆਹਰ ਲਗ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ । ਰਾਗੀਆਂ ਵਾਰ ਅਰੰਭੀ। ਪ੍ਰੇਮੀਆਂ ਨੇ ਸਹਜਾਨੰਦ ਵਿਚ ਬਿਰਤੀ ਟਿਕਾਈ। ਹੂੜਮਤਿ ਵੀ ਓਪਰਿਆਂ ਵਾਕਰ ਵਿਚੇ ਵਿਚ ਸੇਵਾ ਕਰਰਿਹਾ ਹੈ। ਕੰਨਾਂ ਵਿਚ ਬਾਣੀ ਦੇ ਪਾਠ ਦੀਆਂਅਵਾਜ਼ਾਂ ਪੈਣ ਲਗੀਆਂ। ਭਾਵੇਂ ਸਮਝ ਘਟ ਪੈਂਦੀ ਹੈ, ਪਰ ਚਿਤ ਨੂੰ ਬਾਣੀ ਪਿਆਰੀ ਲਗੀ ਤੇ ਇਹ ਗਲ ਵੀ ਫੁਰੀ ਕਿ ਇਹ ਕੀ ਪੜ੍ਹਦੇ ਹਨ ਕਿਵੇਂ ਮੈਂ ਭੀ ਇਹ ਕੁਝ ਪੜ੍ਹ ਸਕਾਂਗਾ ਕਿ ਨਹੀਂ ?

ਕੁਝ ਦਿਨ ਇਸੀ ਤਰ੍ਹਾਂ ਬੀਤੇ, ਦਿਨੋ ਦਿਨ ਚਾਉ ਵਧਣ ਲਗਾ। ਸੇਵਾ ਵਿਚ ਮਨ ਗਡੀਣ ਲਗਾ,ਨੀਂਦਰ ਵੀ ਘਟਣ ਲਗੀ।ਸਤਿਸੰਗੀਆਂ ਦੀ ਨਜ਼ਰ ਵੀ ਇਸਦੀ ਸੇਵਾਵਲ ਫਿਰਨਲਗੀ। ਇਸਦੀ ਸੇਵਾ ਦਿਨੋ ਦਿਨ ਵਾਧਾ ਕਰਨ ਲਗੀ, ਨਾਲੋ ਨਾਲ ਹੀ ਜਪੁਜੀ ਸਾਹਿਬ ਕੰਠ ਕਰਨ ਲਗ ਪਿਆ। ਜਿੱਥੋਂ ਤਕ ਕੰਠ ਹੁੰਦਾ ਉਥੋਂ ਤਾਈਂ ਪਾਠ ਕਰਦਾ ਰਹਿੰਦਾ। ਜਿਵੇਂ ਜਿਵੇਂ ਹੋਰਨਾਂ ਵਲ ਵੇਖਦਾ ਤਿਵੇਂ ਤਿਵੇਂ ਹੋਰ ਹੋਰ ਚਾਉ ਕਰਦਾ, ਪਰ ਸੇਵਾ ਵਿਚ ਅਥੱਕ ਅੱਠੇ ਪਹਿਰ ਜੁਤਿਆ ਰਹਿੰਦਾ। ਕਿਸੇ ਕਿਸੇ ਵੇਲੇ ਸਤਿਸੰਗੀਆਂ ਪਾਸੋਂ ਆਪਣੇ ਉਪਜੇ ਹੋਏ ਸੰਸੇ

Digitized by Panjab Digital Library | www.panjabdigilib.org

ਵੀ ਨਿਵਿਰਤ ਕਰਦਾ ਰਹਿੰਦਾ। ਕਿਸੇਕਿਸੇ ਵੇਲੇ ਆਪਣੇ ਬੀਤੇ ਹੋਏ ਹੂੜਮਤਿ ਵਾਲੇ ਦਿਨਾਂ ਤੇ ਪਛੁਤਾਉਂਦਾ। ਜਦ ਕਦੀ ਕੋਈ ਸਤਿਸੰਗੀ ਕੁਝ ਸਮਝਾਉਂਦਾ ਤਾਂ ਅਗੋਂ ਹੱਥ ਜੋੜ ਕੇ ਭੁੱਲਾਂ ਬਖਸ਼ਾਉਂਦਾ।

ਇਕ ਦਿਨ ਇਕ ਸਤਿਸੰਗੀ ਨੇ ਆਖਿਆ—ਹੁਣ ਬਾਣੀ ਤੈਨੂੰ ਕੰਠ ਹੋ ਗਈ ਹੈ, ਪਾਠ ਵੀ ਚੋਖੇ ਰੋਜ਼ ਕਰਨਾ ਹੈਂ, ਗੁਰਮਤ ਦੇ ਪੰਧਾਊਆਂ ਦਾ ਮੇਲ ਵੀ ਕਰਨਾ ਹੈਂ। ਫਿਰ ਸਤਿਸੰਗੀਆਂ ਦਾ ਸੰਗੀ ਕਿਉਂ ਨਹੀਂ ਬਣਦਾ? ਹੂੜਮਤਿ ਨੇ ਆਖਿਆ—ਇਹ ਮੇਰੇ ਵੱਸ ਨਹੀਂ, ਇਹ ਮੇਰੇ ਪਿਛਲੇ ਕਰਮਾਂ ਦਾ ਫਲ ਹੈ। ਜਿੰਨੀ ਵੇਰੀ ਬੇਨਤੀ ਕੀਤੀ ਹੈ ਓਨੀ ਵੇਰੀ ਇਸ ਤਰ੍ਹਾਂ ਦੇ ਹੁਕਮ ਹੁੰਦੇ ਰਹੇ ਹਨ—'ਬਾਣੀ ਕੰਠ ਕਰੋ, ਬਾਣੀ ਦੇ ਪਾਠ ਕਰੋ' ਇਨ੍ਹਾਂ ਬਚਨਾਂ ਤੋਂ ਪਰਤੀਤ ਹੁੰਦਾ ਹੈ ਜੋ ਅਜੇ ਤਾਈਂ ਪਿਛਲੇ ਪਾਪਾਂ ਦੇ ਦਾਗ਼ ਲੱਥੇ ਨਹੀਂ, ਦਰ ਤੇ ਪਿਆ ਹਾਂ, ਕਦੀ ਤਾਂ ਨਿਗ੍ਹਾ ਪਏਗੀ; ਜਦ ਪਏਗੀ ਤਦ ਹੀ ਸਹੀ।

ਇਸ ਨਿਵਣੀ ਖਿਵਣੀ ਦੇ ਬਚਨਾਂ ਪਰ ਸਤਿਸੰਗੀ ਦੇ ਚਿਤ ਵਿਚ ਤਰਸ ਦਇਆ ਪ੍ਰਗਟ ਹੋ ਆਈ। ਉਸ ਨੇ ਦੀਵਾਨ ਵਿਚ ਹੱਥ ਜੋੜਕੇ ਅਦਬ ਨਾਲ ਬੇਨਤੀ ਕੀਤੀ ਕਿ ਹੂੜਮਤਿ ਹੁਣ ਸ਼ਰਨੀਂ ਪਿਆ ਹੈ, ਆਪਣਾ ਬਖਸ਼ਿੰਦ ਬਿਰਦ ਜਾਣ ਕੇ ਇਸ ਨੂੰ ਬਖਸ਼ੋ। ਅੰਮ੍ਰਿਤ ਦਾਨ ਦਿਓ, ਇਸਦਾ ਜਨਮ ਮਰਨ ਸੁਧਾਰੋ।

ਇਸ ਪਰ ਹੋਰ ਵੀ ਸਤਿਸੰਗੀਆਂ ਨੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਗੁਰੂ ਖਾਲਸਾ ਜਹਾਜ਼ ਚੜ੍ਹਾਵੇ। ਤਿਸ ਪਰ ਸਭ ਸਤਿਸੰਗਤ ਨੇ ਗੁਰਮਤਾ ਕਰਕੇ, ਅੰਮ੍ਰਿਤ ਦਾ ਦੀਵਾਨ ਕਰਕੇ, ਹੂੜਮਤਿ ਨੂੰ ਅੰਮ੍ਰਿਤ ਛਕਾਇਆ (ਜਹਾਜ਼ ਚੜ੍ਹਾਇਆ) ਨਾਮ ਦਾਨ ਬਖਸ਼ਿਆ। ਗੁਪਤ ਖਜ਼ਾਨੇ ਦੀਆਂ ਕੁੰਜੀਆਂ ਸੌਂਪੀਆਂ। ਰਹਿਤਾਂ ਬਹਿਤਾਂ ਸਮਝਾਈਆਂ ਅਤੇ ਹਜ਼ੂਰੋਂ ਹੁਕਮ ਲੈਕੇ ਨਾਮ ਟਹਿਲ ਸਿੰਘ ਰਖਿਆ।

ਹੁਕਮ ਹੋਇਆ ਕਿ ਇਸ ਸ਼ਬਦ ਦਾ ਪਾਠ ਸਵਾ ਲੱਖ ਕਰੋ ॥ ੨ ॥ ੨ ॥ ੧੧੮ ॥

ਬਿਲਾਵਲੁ ਮਹਲਾ ੫ ॥

ਐਸੀ ਕਿਰਪਾ ਮੋਹਿ ਕਰਹੁ॥ ਸੰਤਹਿ ਚਰਣ ਹਮਾਰੇ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥ ੧ ॥ ਰਹਾਉ ॥ ਗੁਰ ਕੋ ਸਬਦੁ ਮੋਰੈ ਹੀਅਰੈ ਬਾਸੈ ਹਰਿਨਾਮਾ ਮਨ ਸੰਗਿ ਧਰਹੁ ॥ ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥ ੧ ॥ ਜੋ ਤੁਮ੍ਹ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ ॥ ਨਾਨਕ ਕੋ ਪ੍ਰਭ ਤੁਮਹੀ ਦਾਤੇ ਸੰਤ ਸੰਗਿ ਲੇ ਮੋਹਿ ਉਧਰਹੁ ॥ ੨ ॥ ੩ ॥ ੧੧੯ ॥

ਇਕੁਰ ਹੀ ਹੋਰ ਵੀ ਬਹੁਤ ਸਾਰਾ ਕਾਲ ਅਜੇਹੀ ਸੇਵਾ ਟਹਿਲ ਕਰਦਿਆਂ ਬੀਤਿਆ। ਬਾਣੀ ਦੇ ਅਭਿਆਸ ਨੇ ਮਨ ਨੂੰ ਮਾਂਜ ਕੇ ਸ਼ੀਸ਼ੇ ਵਰਗਾ ਸਾਫ ਕਰ ਦਿੱਤਾ। ਪ੍ਰੇਮ ਦੀ ਰੰਗਣ ਨੇ ਸਤਿਸੰਗ ਦੇ ਰੰਗ ਵਿਚ ਗੂੜ੍ਹਾ ਰੰਗ ਦਿੱਤਾ। ਅੰਦਰੋਂ ਬਾਹਰੋਂ ਇੱਕੋ ਜਿਹਾ ਝਲਕਾਰਾ ਦਿੱਸਣ ਲੱਗਾ।ਇਕਦਿਨ ਸਤਿਸੰਗੀਆਂ ਨੇ ਦੀਵਾਨ ਵਿਚ ਹਜ਼ੂਰੋਂ ਟਹਿਲਾ ਸੌਂਪਿਆ ਕਿ ਇਕ ਸਤਿਸੰਗੀਆਂ ਦਾ ਜੱਥਾ ਲੈਕੇ ਦੇਸ਼ ਬਿਦੇਸ਼ ਵਿਚਰੋ, ਥਾਂ ਥਾਂ ਤੇ ਸਤਿਸੰਗ ਦਾ ਪਰਚਾਰ ਕਰੋ।ਗੁਰ ਨਾਨਕ ਦੇਵ ਦਾ ਬੀਜਿਆ ਹੋਇਆ ਸਿੱਖੀ ਧਰਮ ਹੈ ਉਸ ਨੂੰ ਭਜਨ ਬਾਣੀ ਦੇ ਉਪਦੇਸ਼ ਕਰਕੇ ਸਿੰਜੋ। ਪਹਿਲੇ ਸ੍ਰੀ ਅੰਮ੍ਰਿਤਸਰਇਸ਼ਨਾਨ ਕਰੋ,ਅਰਦਾਸਾਸੁਧਾਓ; ਫਿਰ ਕਸ਼ਮੀਰ ਦਾ ਗੇੜਾ ਦਿਓ, ਉਪਰੰਤ ਪੋਠੋਹਾਰ ਦਾ ਚੱਕਰ ਦੇ ਕੇ ਥਲੀ ਦਾ ਗੇੜਾ ਮਾਰਦੇ ਆਉਂਦੀ ਵਿਸਾਖੀ ਤੱਕ ਸ੍ਰੀ ਅੰਮ੍ਰਿਤ-

Digitized by Panjab Digital Library | www.panjabdigilib.org

ਸੰਸਾਰ ਜੀ ਆਨ ਇਸ਼ਨਾਨ ਕਰੈ।

ਟਹਿਲ ਸਿੰਘ ਨੇ ਇਸ ਹੁਕਮ ਪਰ ਸਤਿ ਬਚਨ ਕਿਹਾ, ਪਰ ਹੱਥ ਜੋੜਕੇ ਬੇਨਤੀ ਕੀਤੀ ਕਿ ਕ੍ਰਿਪਾਨਾਥ ! ਇਹ ਬਲ ਮੈਂ ਅਨਾਥ ਪਾਸ ਕਿੱਥੇ ?

ਸਤਿਸੰਗਤ ਨੇ ਬਚਨ ਕੀਤਾ ਭਾਈ ਤੂੰ ਤਾਂ ਇਕ ਨਮੂਨੇ ਮਾਤ੍ਰ ਕਾਰਜ ਕਰਨ ਲਈ ਮੁਹਰੇ ਲੱਗਣਾ ਹੈ। ਜਿਸਦਾ ਇਹ ਕਾਰਜ ਹੈ ਉਸੇ ਦਾ ਹੁਕਮ ਹੈ ਉਹ ਆਪਣੇ ਕਾਰਜ ਆਪ ਕਰ ਰਿਹਾਹੈ ਤੇ ਆਪੇ ਹੀ ਕਰੇਗਾ, ਇਸ ਲਈ ਤੂੰ ਆਪਣੀ ਹਉਮੈ ਦੂਰ ਕਰਕੇ ਬਚਨ ਮੰਨ।

'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ' ॥

ਇਸ ਬਚਨ ਪਰ 'ਸਤਿ ਬਚਨ' ਕਹਿਕੈ ਟਹਿਲ ਸਿੰਘ ਹੁਰਾਂ ਤਜਾਰੀ ਕਰ ਦਿੱਤੀ, ਹੋਰ ਵੀ ਕੁਝ ਸਿੰਘ ਜਥੇ ਲਈ ਨਾਲ ਤਿਆਰ ਹੋ ਗਏ। ਸਭਨਾਂ ਨੂੰ ਸੰਗਤ ਨੇ ਅਰਦਾਸਾ ਸੋਧ ਕੇ ਤੋਰ ਦਿਤਾ।

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨਕੈ ਹੈ ਸੰਗਿ॥' [ਧਨਾਸਰੀ ਮ: ੫

ਉਹ ਜੋ ਦਲਿੱਦਰ ਨੇ ਬੰਦਾ ਵਸ ਕਰ ਰੱਖਿਆ ਸੀ ਹੁਣ ਉੱਦਮ ਵਿਚ ਆਕੇ ਆਪ ਸੁਖੀ ਤੇ ਜਗਤ ਦਾ ਭਲਾ ਕਰਨੇ ਵਾਲਾ ਉਪਕਾਰੀ ਹੋ ਗਿਆ ਹੈ।

Digitized by Panjab Digital Library | www.panjabdigilib.org

੧੩.

ਸ਼੍ਰੀ ਅੰਮ੍ਰਿਤਸਰ ਜੀ ਪਰਥਾਇ
ਬੇਨਤੀ

ਸੂਚਨਾ–ਇਹ ਲੇਖ ਸੰ: ੧੯੦੪ ਈ: ਵਿਖੇ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਟ੍ਰੈਕਟ ਨੰ: ੨੩੯ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਸੀ।
[ਸੰਪਾਦਿਕ।

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਅੰਮ੍ਰਿਤਸਰ ਜੀ ਪਰਥਾਇ

ਬੇਨਤੀ

[ਮੰਗਲ]

ਓਹਨਾਂ ਜਿੱਤਿਆ ਜੱਗ ਜਹਾਨ ਸਾਰਾ,
ਜਿਨ੍ਹਾਂ ਨਾਮ ਨੂੰ ਬੈਠ ਸੰਮ੍ਹਾਲ ਲਿਆ।
ਓਹ ਹਉਮੈਂ ਦੇ ਰੋਗ ਤੋਂ ਬੱਚ ਨਿਕਲੇ
ਜਿਨ੍ਹਾਂ ਸਾਂਈਂ ਨੂੰ ਹੱਥ ਵਿਖਾਲ ਲਿਆ।
ਓਨ੍ਹਾਂ ਨਹੀਂ ਬਲਾਈਂ ਦਾ ਡਰ ਰਹਿਆ
ਜਿਨ੍ਹਾਂ ਇੱਕ ਦਾ ਜੋੜ ਖਿਆਲ ਲਿਆ।
ਓਨ੍ਹਾਂ ਮੌਤ ਪਾਈ ਮਰਕੇ ਫੇਰ ਜੀਵੇ,
ਜੀਕੋ ਮੌਤ ਦਾ ਫੇਰ ਨਾ ਕਾਲ ਰਹਿਆ। ੧।

[ਬੇਨਤੀ]

ਮੇਲਾ ਮੌਜ ਵਾਲਾ ਅੰਮ੍ਰਿਤਸਰੇ ਲੱਗੇ,
ਰਾਮਦਾਸ ਗੁਰੂ ! ਰਾਮਦਾਸ ਗੁਰੂ !
ਜਿਦ੍ਹਾ ਸੋਨੇ ਦਾ ਜੜਤ ਦਰਬਾਰ ਜੜਿਆ,
ਪੁੱਜੇ ਆਸ ਗੁਰੂ ! ਪੁਜੇ ਆਸ ਗੁਰੂ !
ਤੇਰੀ ਸ਼ਰਨ ਢੱਠਾ ਹੱਥ ਜੋੜ ਖਲਾ
ਤੇਰੇ ਪਾਸ ਗੁਰੂ ! ਤੇਰੇ ਪਾਸ ਗੁਰੂ !
ਗੁਰੂ ਗੁਰੂ ਕਰੇਂਦਿਆਂ ਜਾਨ ਵੰਞੇ,
ਏਹਾ ਆਸ ਗੁਰੂ ! ਏਹਾ ਆਸ ਗੁਰੂ। ੨।
ਮੇਲਾ ਲਗੇ ਦਿਵਾਲੀ ਦੇ ਪੁਰਵ ਉਤੇ,
ਖਲਕਤ ਆਂਵਦੀ ਬੇਸ਼ੁਮਾਰ ਡਿੱਠੀ।
ਸੌਦੇ ਹੱਟੀਆਂ ਦਾ ਨਹੀਂ ਅੰਤ ਕੋਈ,
ਬਣੀ ਸ਼ਹਿਰ ਦੀ ਵਡੀ ਗੁਲਜ਼ਾਰ ਡਿੱਠੀ।
ਕਰਾਂ ਕੀ ਤਰੀਫ ਮਠਿਆਈਆਂ ਦੀ
ਜਿੱਥੇ ਫੁੱਲਾਂ ਦੀ ਅਜਬ ਬਹਾਰ ਡਿੱਠੀ।
ਭੀੜ ਭਰੀ ਚੁਫੇਰਿਓਂ ਮੀਂਹ ਵਾਕਰ
ਧਨ ਬਰਸਦੇ ਦੀ ਇਕੋ ਤਾਰ ਡਿੱਠੀ। ੩।
ਹੋਈ ਸੰਝ ਦੀਵੇ ਜਗੇ ਤਾਲ ਉਪਰ,
ਏਸੇ ਰਾਤ ਦੇ ਕਦਰ ਨੂੰ ਪਾਵਣਾ ਸੀ।
ਲਹਿਰ ਬਹਿਰ ਹੋਈ ਸਾਰੇ ਸ਼ਹਿਰ ਅੰਦਰ
ਰੱਬ ਸੋਝਲਾ ਆਪ ਵਿਖਾਵਣਾ ਸੀ।
ਘਰ ਘਰ ਜਗੇ ਚਰਾਗ਼ ਮਤਾਬ ਚਰਖੀ
ਮੇਲੇ ਸ਼ਹਿਰ ਦਾ ਨਾਮ ਵਧਾਵਣਾ ਸੀ।
ਇਹਾ ਦੇਖਕੇ ਨੂਰ ਭਰਪੂਰ ਸਤਿਗੁਰ
ਤੇਰੇ ਨਾਮ ਸੰਦਾ ਗੁਣ ਗਾਵਣਾ ਸੀ ॥ ੪॥
ਮੰਡੀ ਮਾਲ ਦੀ ਵੀ ਏਥੇ ਨਾਲ ਲੱਗੇ
ਊਠ ਘੋੜੀਆਂ ਮੱਝ ਵਿਕਾਣ ਲੱਗੇ।
ਗਾਈਂ ਬਲਦ ਤੇ ਖੱਚਰਾਂ ਹੋਰ ਝੋਟੇ
ਲੋਕੀਂ ਵੇਚਕੇ ਘਰਾਂ ਨੂੰ ਜਾਣ ਲੱਗੇ।
ਲੱਗੇ ਦਾਗ ਕਮੇਟੀ ਦਾ ਮਾਲ ਤਾਈਂ
ਲੈਣ ਵਾਲਿਆਂ ਨੂੰ ਸਮਝਾਣ ਲੱਗੇ।
ਹੋਰ ਮਾਲ ਅਸਬਾਬ ਨੀ ਸੱਭ ਆਏ
ਜਿਨ੍ਹੂੰ ਆਣ ਕੇ ਗਿਣਨ ਗਿਣਾਨ ਲੱਗੇ।੫।
ਮੇਰੀ ਸੁਣੀਂ ਅਰਦਾਸ ਤੂੰ ਗੁਰੂ ਸਾਈਆਂ !
ਮੁਸ਼ਕਲ ਬਣੀ ਨੂੰ ਹੱਲ ਕਰਾ ਦੇਵੀਂ।
ਸਤਿਧਰਮ ਦੇਵੀਂ, ਸਿੱਖੀ ਸਿਦਕ ਦੇਵੀਂ,
ਮੁਢੋਂ ਕੂੜ ਦਾ ਮੁੱਢ ਪੁਟਾ ਦੇਵੀਂ।

Digitized by Panjab Digital Library | www.panjabdigilib.org

ਧੌਹੀ ਧੌਹੀ ਕਰਤਾਰ ਕਰਤਾਰ ਗੁਰੂ
ਡੰਗ ਮਾਰਨੋਂ ਸੱਪ ਹਟਾ ਦੇਵੀਂ।
ਮੈਨੂੰ ਪੰਜਾਂ ਨੇ ਮਾਰਕੇ ਕੋਹਿਆ ਹੈ
ਬੰਨ੍ਹ ਇਨ੍ਹਾਂ ਨੂੰ ਆਪ ਸਜ਼ਾ ਦੇਵੀਂ।੬।
ਕਰਦੇ ਨਿੱਤ ਅਨੀਤ ਇਹ ਦੁਸ਼ਟ ਪੰਜੇ
ਹੁਕਮ ਇਨ੍ਹਾਂ ਨੂੰ ਆਪ ਸੁਣਾ ਦੇਵੀਂ।
ਮੇਰੇ ਅੰਦਰੋਂ ਫੁੱਟਿਆ ਜ਼ਹਿਰ ਬੂਟਾ
ਸਣੇ ਬੀਜ ਦੇ ਝਾੜ ਕਟਾ ਦੇਵੀਂ।
ਮੇਰੇ ਚਰਖੇ ਦੇ ਮਾਲਕਾ ! ਬਹੁੜ ਛੇਤੀ
ਡਿੰਗੇ ਤੁੱਕਲੇ ਵੱਲ ਕਢਾ ਦੇਵੀਂ।
ਬਖਸ਼ੀਂ ਨਾਮ ਤੋਸ਼ਾ, ਜਿਹਨੂੰ ਖਾਇ ਰੱਜਾਂ
ਮੇਰੀ ਜਨਮਾਂ ਦੀ ਭੁੱਖ ਮਿਟਾ ਦੇਵੀਂ।੭।
ਖਾਲੀ ਖਰਚ ਤੋਂ, ਮੁਫਲਸੀ ਅਰਜ ਮੇਰੀ,
ਦਫਾ ਦਜਾ ਦੀ ਕੋਈ ਲਗਾ ਦੇਵੀਂ।
ਮੇਰੇ ਪਾਪ ਗੁਨਾਹ ਅਵੈੜਪੁਣੇ
ਧੋਬੀ ਕੱਪੜੇ ਵਾਂਗ ਛਟਾ ਦੇਵੀਂ।
ਮੇਰੇ ਜਨਮਾਂ ਦੇ ਵੈਰੀਆਂ ਨਾਲ ਆਪੇ
ਕੰਡੇ ਚਾੜ੍ਹਕੇ ਤੋਲ ਤੁਲਾ ਦੇਵੀਂ।
ਮੈਨੂੰ ਕਿਸੇ ਪਿਆਰੇ ਦੇ ਵਾਸਤੇ ਤੇ
ਗੁਰੂ ਸੱਚਿਆ ਪਾਰ ਲੰਘਾ ਦੇਵੀਂ।੮।
ਕਰੀਂ ਮਿਹਰ ਬਖਸ਼ਿਸ਼ ਦਰੋਂਘਰੋਂ ਸਾਈਆਂ
ਮੀਂਹ ਮਿਹਰ ਦਾ ਆਪ ਵਸਾ ਦੇਵੀਂ।
ਮੇਰੇ ਕਰਮ ਕਰਤੂਤ ਨਾ ਦੇਖ ਬੈਠੀਂ
ਨਾਮ ਆਪਣੇ ਨਾਓ ਚੜ੍ਹਾ ਦੇਵੀਂ।
ਮੇਰੀ ਭੁੱਲ ਤਕਸੀਰ ਭੁਲਾਇਕੇ ਤੇ
ਹੱਥ ਘਿੰਨ ਕੇ ਪਾਰ ਅਪੜਾ ਦੇਵੀਂ।
ਸ਼ਰਨ ਪਿਆਂ ਦੀ ਰੱਖਦਾ ਆਇਆ ਹੈਂ
ਹੁਣ ਵੀ ਬਿਰਦ ਦੀ ਲਾਜ ਰਖਾ ਦੇਵੀਂ।੯।
ਜਿੰਦਣ ਭੇਰ ਇਸ ਦੇਹ ਨੂੰ ਛੋਡ ਜਾਸੀ
ਤਾਂਘ ਮਿਟ ਜਾਸੀ ਵਿਸ਼ਵਾਸ ਦੀ ਜੀ।
ਕਰਣਹਾਰ ਨੂੰ ਗੱਲ ਮਾਲੂਮ ਸਾਰੀ
ਸਾਡੀ ਪਹੁੰਚ ਨਾ ਅਕਲ ਕਿਆਸ ਦੀ ਜੀ।

ਪਏ ਮੋਹ ਦੇ ਜਾਲ ਜੁਦਾਈਆਂ ਦੇ
ਮੁੜ ਮੁੜ ਜਿੰਦ ਭੈੜੀ ਪਈ ਫਾਸਦੀ ਜੀ।
ਮੋਹ ਮਾਇਆ ਨ ਕੋਈ ਬੀ ਸਾਥ ਦੇਸੀ
ਉੜਕ ਨਾਸ਼ ਹੋਸੀ ਦੇਹ ਮਾਸ ਦੀ ਜੀ।੧੦।
ਮੇਰੀ ਆਜਜ਼ੀ ਅਰਜ਼ ਸੁਆਲ ਰੱਬਾ !
ਹੋਰ ਵਾਹ ਨਾਹੀਂ ਕਿਸੇ ਪਾਸ ਦੀ ਜੀ।
ਛੱਡੇ ਆਸ ਭਰੋਸੜੇ ਹੋਰ ਸਾਰੇ
ਹਿੱਕਾ ਆਸ ਗੁਰੂ ਰਾਮਦਾਸ ਦੀ ਜੀ।
ਲੋਕੀਂ ਮੂਲ ਲਾਹੇ ਸੱਭੇ ਲੈ ਧਾਏ,
ਮੇਰੀ ਆਸ ਤੂੰ ਹਿੱਕ ਨਿਰਾਸ ਦੀ ਜੀ।
ਮੇਰੇ ਭਾਗ ਜਾਗਣ ਹਿੱਕ ਵੇਰ ਦੇਖੇਂ
ਨਜ਼ਰਮਿਹਰ ਦੀ ਨਾਲ ਧਿਰਾਸ ਦੀ ਜੀ।੧੧।
ਮੈਨੂੰ ਬਖਸ਼ ਭਰੋਸੜਾ ਸਿਦਕ ਸਿੱਖੀ
ਤੇਰੇ ਦੁਆਰ ਨਾ ਕਮੀ ਵਿਸ਼ਵਾਸ਼ ਦੀ ਜੀ।
ਤੇਰੀ ਆਸ ਰੱਖੀ ਪਿਆਂ ਸ਼ਰਨ ਤੇਰੀ,
ਪੁੱਜੇ ਆਸ ਮੇਰੀ ਤੇਰੇ ਪਾਸ ਦੀ ਜੀ।
ਮੈਨੂੰ ਹੋਰ ਨਾ ਥਾਉਂ ਨਿਥਾਉਂ ਸਾਈਆਂ !
ਬਖਸ਼ੀਂ ਥਾਉਂ ਸਤਿਸੰਗਬਿਲਾਸ ਦੀ ਜੀ।
ਮੇਰਾ ਰੂਹ ਅਨ੍ਹੇਰੇ ਵਿਚ ਫਿਰੇ ਅੰਨ੍ਹਾ
ਓਨੂੰ ਗਲੀ ਦੱਸੀਂ ਪਰਗਾਸ ਦੀ ਜੀ।੧੨।
ਅਪਣੇ ਪਿਆਰਿਆਂ ਵਾਸਤੇ ਸ਼ਰਨ ਰੱਖੀਂ
ਆਸ ਕਰੀਂ ਪੂਰੀ ਮੈਂ ਨਿਰਾਸ ਦੀ ਜੀ।
ਮੇਰੀ ਹੋਰ ਨਾ ਵਾਹ ਬੇਵਾਹ ਰੱਬਾ !
ਹਿੱਕੋ ਅਰਜ਼ ਮੇਰੀ ਅਰਦਾਸ ਦੀ ਜੀ।
ਤੇਰੇ ਭਾਣੇ ਦੀ ਸਾਰ ਨਾ ਭਾਉ ਭਗਤੀ
ਭਉ ਨਹੀਂ ਜਾਣਾਂ ਨਿਰਜਾਸ* ਦੀ ਜੀ।
ਹਿੱਕਾ ਗੱਲ ਮੇਰੀ ਲਗੀ ਲੱਲ ਤੇਰੀ
ਜ਼ਰਾ ਨਜ਼ਰ ਫੇਰੀਂ ਪਰਕਾਸ਼ ਦੀ ਜੀ।੧੩।
ਹੱਠ ਜੋਗ ਨਾਹੀਂ, ਕਰਮ ਧਰਮ ਨਾਹੀਂ,
ਕੋਈ ਪੁੰਨ ਨਾ ਗੱਲ ਅਭਿਆਸ ਦਾ ਜੀ।
ਤੇਰੇ ਬਿਰਦ ਦੀ ਆਸ ਨਿਰਾਸ ਤਾਈਂ

*ਨਿਆਂਉਂ।

Digitized by Panjab Digital Library | www.panjabdigilib.org

ਨਹੀਂ ਆਸਰਾ ਮੂਲ ਤੇ ਰਾਸ* ਦਾ ਜੀ।
ਜਿਵੇਂ ਜਾਣ ਸਾਈਆਂ ਤਿਵੇਂ ਰੱਖ ਮੈਨੂੰ
ਤੇਰੀ ਸ਼ਰਨ ਨੂੰ ਜੀਉ ਉਲਾਸਦਾ† ਜੀ।
ਰੱਖ ਬਿਰਦ ਦੀ ਲਾਜ.ਨਾ ਕਰਮ‡ ਦੇਖੀਂ,
ਤੇਰੇ ਕਰਮ§ ਤੋਂ ਜੀ ਭਰਵਾਸਦਾ ਜੀ।੧੪।
ਜੱਗ ਮੰਗਤੇ ਦਾ ਤੂੰਹੈਂ ਇੱਕ ਦਾਤਾ
ਵਰਤੇਂ ਆਪ ਦੀ ਆਪ ਰਜ਼ਾ ਸਾਈਂ !
ਸਾਰੇ ਥਾਨ ਮਕਾਨ ਜਹਾਨ ਤੇਰੇ
ਫਿਰੇਂ ਆਪ ਤੇ ਕਰੇਂ ਗਦਾ ਸਾਈਂ !
ਸਾਡਾ ਜੀਉ ਚਾਹੇ ਤੇਰੇ ਦੇਖਣੇ ਨੂੰ
ਕਿਵੇਂ ਮਿਹਰ ਦਾ ਮੀਂਹ ਵਸਾ ਸਾਈਂ !
ਕਰੇਂ ਨਜ਼ਰ ਤਾਂ ਤਰੇ ਜਹਾਨ ਸਾਰਾ
ਤੈਨੂੰ ਆਖਦੇ ਪਲਕ ਦਰਿਆ ਸਾਈਂ!।੧੫।
ਇਹਾ ਸੋਚ ਵਿਚਾਰ ਹੈ ਨਿੱਤ ਖਾਂਦੀ
ਕਿਵੇਂ ਪਲਕ ਨਾ ਰਹਾਂ ਜੁਦਾ ਸਾਈਂ।
ਮਿਟੇ ਕਲਕ ਜੇ ਪਲਕ ਦੀ ਝਲਕ ਦੇਵੇਂ
ਖਾਲਕ ਖਲਕ ਦੇ ਛਲਕ ਵਿਖਾ ਸਾਈਂ।
ਸਾਨੂੰ ਨਿੱਤ ਵਿਚਾਰਾਂ ਦੇ ਵਿੱਚ ਰੋਂਤੇ
ਕਿਵੇਂ ਆਪਣਾ ਆਪ ਵਿਖਾ ਸਾਈਂ।
ਲਵਾਂ ਮੰਗ ਤੈਥੋਂ ਹੁਣ ਸੰਗ ਕੈਥੋਂ,
ਲਾਈ ਮਰਜ਼ ਦਾ ਕਰੀਂ ਦਵਾ ਸਾਈਂ।੧੬।
ਜਾਣੀਂ ਜਾਣ ਹਕੀਮ ਨਾ ਹੋਰ ਦਿੱਸੇ,
ਦਿਆਂ ਆਪਣਾ ਦੁੱਖ ਸੁਣਾ ਸਾਈਂ !
ਨਹੀਂ ਖੌਫ ਰਿਹਾ ਦਿਲ ਦੋਜਕਾਂ ਦਾ,
ਨਹੀਂ ਰਿਹਾ ਬਹਿਸ਼ਤ ਦਾ ਚਾ ਸਾਈਂ !
ਦੋਹਾਂ ਜਗਾਂ ਤੋਂ ਦੂਰ ਰਹਿ ਗਏ ਹਾਂਗੇ
ਸ਼ਹਿਰ ਆਪਣੇ ਵਿਚ ਬਹਾ ਸਾਈਂ !
ਪਾਸ ਦੂਸਰੇ ਦੇ ਅਸਾਂ ਨਹੀਂ ਜਾਣਾ
ਠੌਰ ਆਪਣੀ ਅਸਾਂ ਵਿਖਾ ਸਾਈਂ!। ੧੭ ।
ਗਲ ਆਪਣੀ ਆਪ ਤੂੰ ਕਰਨਹਾਰਾ
ਸੱਚਾ ਸਾਹਿਬ ਤੂੰ ਬੇਪਰਵਾਹ ਸਾਈਂ !
ਤੈਨੂੰ ਲੋੜ ਨਾ ਕਿਸੇ ਦੀ, ਸਭ ਲੋੜਨ
ਤੈਨੂੰ ਮੰਨਦੇ ਸਾਹਿਬ ਰਜ਼ਾ ਸਾਈਂ !
ਤੇਰੇ ਕੌਣ ਸੁਨੇਹੇ ਨੂੰ ਮੋੜ ਸੱਕੇ
ਭਾਵੇਂ ਲੱਖ ਰੋਵਨ ਕੁਰਲਾ ਸਾਈਂ !
ਲੇਖਾ ਆਪਣਾ ਤੇ ਲਵੇਂ ਆਪ ਬੈਠਾ
ਦੇਣੇ ਵਾਲੇ ਨੂੰ ਕੁੱਝ ਸਮਝਾ ਸਾਈਂ! ।੧੮।
ਲੈਣਾ, ਬੰਨ੍ਹਣਾ, ਛੱਡਣਾ, ਬਖਸ਼ ਦੇਣਾ
ਤੇਰੀ ਕਾਰ ਸਾਈਂ ! ਮਿਹਰ ਆ ਸਾਈਂ !
ਤੇਰੀ ਮਿਹਰ ਦੀ ਵੱਡੀ ਉਡੀਕ ਮੈਨੂੰ
ਸ਼ਰਨ ਪਏ ਨੂੰ ਚਰਨ ਲਗਾ ਸਾਈਂ !
ਬੂਹਾ ਤੱਕਿਆ ਹਿਕ ਮੈਂ ਆ ਤੇਰਾ
ਸਾਨੂੰ ਦਿੱਸਦੀ ਹੋਰ ਨਾ ਜਾ ਸਾਈਂ !
ਸਾਨੂੰ ਦੇਹ ਸਤਿਸੰਗ ਦਾ ਰੰਗ ਰੱਬਾ
ਤਾਂਘ ਰਹੇ ਨਾ ਫੇਰਇਸ ਥਾਂ ਸਾਈਂ!।੧੯।
ਆਇਆ ਜ਼ੋਰ ਕਰਕੇ ਤੇਰਾ ਨਾਮ ਜਦੋਂ,
ਲਾਟ ਨਿਕਲੀ ਕਰੇ ਨਿਰਵਾਰ ਤੇਰੀ।
ਲੱਗੀ ਚਾਟ ਤੇ ਪਾਟ ਗਈ ਜਾਨ ਮੇਰੀ,
ਸਭ ਚੀਜ਼ ਦਿੱਸੇ ਘਰ ਬਾਰ ਤੇਰੀ।
ਵਾਲ ਵਾਲ ਜਮਾਲ ਕਮਾਲ ਹੋਯਾ,
ਸਾਰੇ ਵਿਚ ਵਜੂਦ ਸ਼ਰਾਰ* ਤੇਰੀ।
ਤੇਰੇ ਰੂਪ ਪਰੇਮ ਦੀ ਛਿੱਕ ਲੱਗੀ,
ਤ੍ਰਿੱਖੀ ਤਾਂਘ ਲੱਗੀ ਤਲਵਾਰ ਤੇਰੀ।੨੦।
ਕੀਹ ਵੱਸ ਜੋ ਕਲਮ ਦਾ ਲਿਖ ਸਕੇ
ਕੁਦਰਤ ਆਪ ਬਣੀ ਲਿੱਖਣਹਾਰ ਤੇਰੀ।
ਤੇਰੀ ਓਟ ਦਾ ਕੋਟ ਕਲਬ੍ਰਤ ਬਣਿਆ
ਅਤੇ ਰੂਹ ਬਣਿਆ ਤੇਲ ਧਾਰ ਤੇਰੀ।
ਅਕਲ ਰਹੀ ਪਿੱਛੇ ਜੋਹੜੀ ਨਕਲਕਰਦੀ,
ਸ਼ਕਲ ਤੇਰੀ ਦੀ ਚਾਹ ਦੀਦਾਰ ਤੇਰੀ।
ਬਾਦਸ਼ਾਹ ਵਿਚ ਬੁੱਤ ਦੇ ਰੂਹ ਬੈਠਾ
ਜੋਹੜਾ ਜਾਣਦਾ ਖਬਰ ਦਰਬਾਰ ਤੇਰੀ।੨੧।

*ਜਪ ਤਪ ਆਦਿਕ। †ਚਾਹੁੰਦਾ।
‡ਅਮਲ। §ਬਖਸ਼ਸ਼।

*ਚਣਗਾਰਾ।

Digitized by Panjab Digital Library | www.panjabdigilib.org

ਖਬਰ ਹਾਲ ਦਰਗਾਹ ਦੇ ਲੈਣ ਵਾਲਾ,
ਇਕ ਯਾਦ ਮੰਗਾਂਵਦਾ ਤਾਰ ਤੇਰੀ।
ਨਹੀਂ ਲਖਿਆ ਜਾਇ ਅਲੱਖ ਤੈਂਹੇਂ,
ਰਹੀ ਲੱਖ ਅਲੱਖ ਗੁਰਤਾਰ ਤੇਰੀ।
ਏਹੋ ਸੰਗ ਪ੍ਰਸੰਗ ਮਹਾਤਮਾ ਦਾ
ਮਹਾਪੁਰਸ਼ਾਂ ਦਾ ਚਿੱਤ ਚਿਤਾਰ ਤੇਰੀ।
ਏਹੋ ਅਰਜ਼ ਮੇਰੀ: ਕਰੀਂ ਪਾਰ ਬੇੜਾ,
ਮੰਗਾਂ ਮਾਫੀਆਂ ਅਰਜ਼ ਗੁਜ਼ਾਰ ਤੇਰੀ ।੨੨।
ਰੰਗ ਨਾਮ ਦਾ, ਸੰਤਾਂ ਦਾ ਸੰਗ ਬਖਸ਼ੀਂ
ਅਤੇ ਸੁਰਤਿ ਬਖਸ਼ੀਂ ਜੋ ਚਿਤਾਰ ਤੇਰੀ।
ਦਰਸ਼ਨ ਗੁਰਾਂ ਦਾ ਤੇ ਹੱਥ ਮਿਹਰ ਵਾਲਾ
ਏਹੋ ਦਾਤ ਮਿਲੇ ਹੇ ਦਾਤਾਰ ਤੇਰੀ।
ਸ਼ਰਨ ਪਿਆਂ ਦੀ ਲਾਜ ਕਰਤਾਰ ਤੈਨੂੰ
ਪਿਆ ਸਾਮ ਹਾਂ ਆਣ ਕਰਤਾਰ ਤੇਰੀ।
ਤੇਰੇ ਤੱਕਿਆਂ ਪਾਪ ਸਭ ਦੂਰ ਹੋਸਨ,
ਭੁੱਲਣਹਾਰ ਤੇਰੀ, ਭੁੱਲਣਹਾਰ ਤੇਰੀ ।੨੩।
ਨਾਮ ਤੇਰੇ ਦੀ ਜੋਹ* ਦੀ ਲੋੜ ਸਾਨੂੰ,
ਬਣਿਆ ਰਹੇ ਜੇ ਸ਼ੌਕ ਨਿਮਾਣਿਆਂ ਨੂੰ।
ਦਿਲ ਦੁਸ਼ਮਨਾਂ ਦੇ ਸਾਡੇ ਦਲ ਦੇਣੇ,
ਕਰਨੀ ਬਾਹੁੜੀ ਅਸਾਂ ਨਿਤਾਣਿਆਂ ਨੂੰ।
ਨਾਮ ਆਪਣੇ ਦੀ ਖੜਗ ਬਖਸ਼ ਸਾਨੂੰ,
ਦੂਰ ਕਰੀਂ ਕੁਸੰਗੀਆਂ ਕਾਣਿਆਂ ਨੂੰ।
ਨਰਕ ਸੁਰਗ ਦੀ ਚਾਹ ਤੋਂ ਦੂਰ ਰੱਖੀਂ,
ਖ਼ਤਾ ਮਾਫ ਕਰ ਵਕਤ ਵਿਹਾਣਿਆਂ ਨੂੰ।੨੪
ਸਾਡੇ ਦਰਦਾਂ ਦਾ ਦਰਦੀ ਤੂੰ ਆਪ ਸਾਈਂ
ਕੋਈ ਪੁੱਛੇ ਨਾ ਦਰਦ ਰੰਵਾਣਿਆਂ ਨੂੰ।
ਭੁੱਲਣਹਾਰ ਅਸੀਂ ਸਦਾ ਭੁੱਲਦੇ ਹਾਂ,
ਰਾਹ ਪਾਵਣਾ ਅਸਾਂ ਇਞਾਣਿਆਂ ਨੂੰ।
ਸਾਨੂੰ ਦੇਹ ਤੌਫੀਕ ਰਫੀਕ ਹੋਕੇ,
ਜਿਵੇਂ ਮੰਨੀਏਂ ਤੇਰਿਆਂ ਭਾਣਿਆਂ ਨੂੰ।
ਬਖਸ਼ ਹੌਸਲਾ ਆਪਣੇ ਘਰੋਂ ਸਾਈਆਂ,
ਦਿਲ ਟੁੱਟਿਆਂ ਦੁੱਖ ਢਿਕਾਣਿਆਂ ਨੂੰ ।੨੫।
ਤਾਂਘ ਕੂਚ ਦੀ ਨਿੱਤ ਹੀ ਵਧੀ ਜਾਂਦੀ,
ਛੱਡ ਵੰਞਣਾ ਥਾਨ ਟਿਕਾਣਿਆਂ ਨੂੰ।
ਜੇ ਤੂੰ ਮਿਹਰ ਕਰੇਂ ਮਿਟੇ ਤਾਂਘ ਸਾਰੀ,
ਮੇਲ ਆਪਣੇ ਦੇਸ਼ ਦੇ ਸਜਾਣਿਆਂ ਨੂੰ।
ਤੇਰੇ ਨਾਮ ਦਾ ਰੱਜ ਆਧਾਰ ਮਿਲੇ,
ਅਸਾਂ ਆਜਜ਼ਾਂ ਭੁੱਖਿਆਂ ਭਾਣਿਆਂ ਨੂੰ।
ਵਿਚ ਸ਼ਰਮ ਦੇ ਧਰਮ ਨਾ ਕਰਮ ਕੀਤਾ,
ਬੀਜਾਂ ਕੀਹ ਮੈਂ ਭੁੰਨਿਆਂ ਦਾਣਿਆਂ ਨੂੰ।੨੬।
ਮੈਨੂੰ ਹੋਰ ਨਾ ਚੱਜ ਆਚਾਰ ਕੋਈ
ਮੰਗਾਂ ਨਾਮ ਮੈਂ ਜਾਣ ਅਣਜਾਣਿਆਂ ਨੂੰ।
ਹਿੱਕਾ ਮਿਹਰ ਦੀ ਨਜ਼ਰ ਦੀ ਲੋੜ ਮੈਨੂੰ
ਨਹੀਂ ਚਾਹੁੰਦਾ ਦੇਣਿਆਂ ਲਾਹਣਿਆਂ† ਨੂੰ।
ਵਿਚ ਸ਼ਰਮ ਦੇ ਗਰਕਦਾ ਜਾਂਵਦਾ ਹਾਂ,
ਰੋਵਾਂ ਹਾਇ ਮੈਂ ਕਰਮ ਕਮਾਣਿਆਂ ਨੂੰ।
ਚਾਰਾ ਹੋਰ ਨਾ ਕੁੱਝ ਹੈ ਮੁੱਝ ਤਾਈਂ
ਸੁੱਝਾ,ਸ਼ਰਨ ਦੇ ਫੜਾਂ ਟਿਕਾਣਿਆਂ ਨੂੰ।੨੭।
ਨਸ਼ੇ ਨਾਮ ਵਾਲੇ ਜਿਨ੍ਹਾਂ ਮਸਤ ਕੀਤਾ
ਦਿਲ ਨਾਲ ਦਲੀਲ ਪਛਾਣਿਆਂ ਨੂੰ।
ਬਖਸ਼ ਨਾਮ ਦਾ ਦਾਨ ਇਸ਼ਨਾਨ ਬਾਣੀ,
ਭਗਤੀ ਭਾਇ ਤੇ ਸੇਵ ਕਮਾਣਿਆਂ ਨੂੰ।
ਸਿਖੀ ਸਿਦਕ ਭਰੋਸੜਾ ਵੰਡ ਖਾਣਾ
ਚਰਨਾਂ ਅਪਣਿਆਂਨਾਲ ਲਗਾਣਿਆਂ ਨੂੰ।
ਅਸਾਂ ਆਜਜ਼ਾਂ ਨੀਚ ਅਜਾਣ ਸਿੱਖਾਂ
ਦੇਣਾ ਆਪਣੇ ਧੁਰੋਂ ਖਜਾਣਿਆਂ ਨੂੰ ।੨੮।
ਤੇਰੇ ਨਾਮ ਦੀ ਮਿੱਠ ਦਾ ਚਾਉ ਲਗਾ
ਪਰ ਜੇ ਹੋਇ ਮਨਜ਼ੂਰ ਹਜ਼ੂਰ ਸਾਂਈ !
ਤੁੱਧ ਬਾਝ ਨਾ ਆਸਰਾ ਹੋਰ ਕੋਈ
ਸਾਡਾ ਸੁਣੀਂ ਸਵਾਲ ਜ਼ਰੂਰ ਸਾਈਂ !
ਵੇਲੇ ਭੀੜ ਦੇ ਕੰਮ ਪੁਕਾਰ ਸਾਡਾ
ਅਸਾਂ ਸਮਝਣਾ ਤੁੱਧ ਨਾ ਦੂਰ ਸਾਈਂ !

*ਜੋਹ=ਖੋਜ।

†ਲੈਣਾ।

Digitized by Panjab Digital Library | www.panjabdigilib.org

ਤੇਰੇ ਨਾਮ ਦੇ ਚਾਉ ਨੇ ਚਾਇ ਤਾਇਆ
ਜਿਵੇਂ ਬਲਿਆ ਆਣ ਤੰਦੂਰ ਸਾਈਂ! ।੨੯।
ਹੁਣ ਚਾਹ ਸਾਨੂੰ ਤੇਰੇ ਦੇਖਣੇ ਦੀ,
ਨਜ਼ਰ ਵਿਚ ਮਨਜ਼ੂਰੀ ਦੇ ਪਾਇ ਦੇਵੀਂ ।
ਸਾਰੇ ਖੰਡ ਬ੍ਰਹਮੰਡ ਅਖੰਡ ਤੇਰੀ,
ਜ਼ਿਮੀ ਸਣੇ ਅਸਮਾਨ ਦਿਖਾਇ ਦੇਵੀਂ ।
ਜਿਵੇਂ ਅਗਲਿਆਂ ਰੂਪ ਵਿਖਾਇਆਈ,
ਤਿਵੇਂ ਸਾਨੂੰ ਵੀ ਕੁੱਝ ਵਿਖਾ ਦੇਵੀਂ ।
ਤੇਰੇ ਮੁੱਖ ਦੀ ਭੁੱਖ ਹੈ ਇੱਕ ਰੱਬਾ,
ਦੁਖ ਦਰਦਾਂ ਤੋਂ ਆਪ ਲੰਘਾ ਦੇਵੀਂ ।੩੦।
ਤੇਰੇ ਨਾਮ ਦੇ ਆਸਰੇ ਲੰਘ ਜਾਣਾ
ਧੁੰਧੂਕਾਰ ਅੰਨ੍ਹੇਰ ਗੁਬਾਰ ਵਿਚੋਂ ।
ਤੇਰਾ ਨਾਮ ਜੇ ਹੱਥ ਨਿਸ਼ਾਨ ਹੋਵੇ,
ਛੁੱਟ ਜਾਵਣਾ ਕੁਲ ਵਿਗਾਰ ਵਿੱਚੋਂ ।
ਤੇਰੇ ਨਾਮ ਦੇ ਆਸਰੇ ਰਾਹ ਸੌਖਾ,
ਕੱਟ ਜਾਵਣਾ ਏਸ ਸੰਸਾਰ ਵਿੱਚੋਂ ।
ਤੇਰੇ ਨਾਮ ਤੋਂ ਹੋਇ ਕੁਰਬਾਨ ਵੰਞਾਂ,
ਨਾਮ ਬਖਸ਼ੇਂ ਜੇ ਧੁਰੋਂ ਦਰਬਾਰ ਵਿਚੋਂ।੩੧।
ਤੇਰਾ ਨਾਮ ਨਿਸ਼ਾਨੇ ਤੇ ਠੀਕ ਵੈਠੇ,
ਬੁੱਧੀ ਵਿਚ ਗਿਆਨ ਪਰਕਾਸ਼ ਹੋਵੇ ।
ਤੇਰੇ ਨਾਮ ਦੇ ਨਾਲ ਵੈਰਾਗ ਉਪਜੇ,
ਤਾਹੀਏਂ ਦੁੱਖ ਦਲਿਦ੍ਰ ਦਾ ਨਾਸ਼ ਹੋਵੇ ।
ਤੇਰੇ ਨਾਮ ਦੀ ਅੱਗ ਗੁਨਾਹ ਸਾੜੇ,
ਫੇਰ ਰਿਦੇ ਮੇਰੇ ਤੇਰਾ ਵਾਸ ਹੋਵੇ ।
ਤੇਰੇ ਨਾਮ ਦੀ ਜੋਤ ਜੇ ਜਾਗ ਪਵੇ,
ਭਰਮ ਭੇਦ ਤੇ ਦੂਰ ਅਵਿਸ਼ਵਾਸ ਹੋਵੇ।੩੨।
ਲੜ ਯਾਦ ਦਾ ਜਿਨ੍ਹਾਂ ਨਾ ਛੋੜਿਆ ਹੈ,
ਚੜ੍ਹ ਨਾਮ ਦਾ ਜਿਨ੍ਹਾਂ ਨੂੰ ਰੰਗ ਗਿਆ ।
ਜਿਨ੍ਹਾਂ ਨਾਮ ਦਾ ਵਣਜ ਵਪਾਰ ਕੀਤਾ,
ਬੇੜਾ ਪਾਰ ਤਿਨ੍ਹਾਂਦੜਾ ਲੰਘ ਗਿਆ ।
ਨਾਮ ਸੱਭ ਦੀ ਆਸ ਪੁਜਾਣ ਜੋਗਾ,
ਜਪਿਆ ਜਿਨ੍ਹਾਂ ਨੇ ਰੰਗ ਨਿਸ਼ੰਗ ਲਿਆ ।

ਤੇਰਾ ਨਾਮ ਨਾ ਵਿਸਰੇ ਕਿਸੇ ਵੇਲੇ,
ਕਰਨੋਂ ਬੇਨਤੀ ਨਾ ਦਿਲ ਸੰਗ ਗਿਆ ।੩੩
ਇਕਾ ਰੱਬ ਦਾ ਨਾਮ ਹੈ ਸੱਚ ਜੀਆ,
ਜਿਸ ਨਾਮ ਲਿਆ ਲੰਘ ਜਾਵਣਾ ਈ ।
ਟੁਰ ਜਾਵਣਾ ਹੱਕ ਤਕੀਕ ਏਥੋਂ,
ਰਾਹ ਔਖੜਾ ਸੋਖੜਾ ਆਵਣਾ ਈ ।
ਜਿਹੜੇ ਕਰਮ ਕਰਤੂਤ ਦੇ ਵਿੱਚ ਰੁੱਝੇਂ,
ਅਗੇ ਨਾਲ ਨਾ ਕਿਸੇ ਲਿਜਾਵਣਾ ਈ ।
ਇੱਕੋ ਨਾਮ ਤੇਰਾ ਤੂੰਹੇਂ ਸੰਗ ਸਾਥੀ,
ਤੇਰਾ ਆਸਰਾ ਤੂੰਹੇਂ ਅਪੜਾਵਣਾ ਈਂ ।੩੪
ਸੱਚਾ ਨਾਮ ਵਿਸਾਰ ਨਾ ਕਿਸੇ ਵੇਲੇ
ਦਸਾਂ ਗੁਰਾਂ ਦਾ ਪੱਲਾ ਨ ਛੋੜ ਜੀਆ !
ਨਹੀਂ ਸੰਗ ਕੁਸੰਗੀ ਦਾ ਭੁੱਲ ਕਰੀਂ,
ਜਾਸੀ ਵਿੱਚ ਦਰਿਆ ਦੇ ਬੋੜ ਜੀਆ !
ਸਾਥੀ ਰੱਬ ਦੇ ਰਾਹ ਦੇ ਲੱਭ ਰਾਹੀ,
ਨਾਲ ਉਨ੍ਹਾਂ ਦੇ ਆਪਣਾ ਜੋੜ ਜੀਆ !
ਨੀਯਤ ਸਾਫ ਤੇ ਦਇਆ ਦੀ ਪਕੜ ਡੰਡੀ,
ਦਿਲੋਂ ਆਸਰਾ ਰੱਬ ਨਾ ਛੋੜ ਜੀਆ ।੩੫।
ਮੰਦੇ ਰਾਹ ਨੂੰ ਛੱਡ ਜ਼ਰੂਰ ਜੀਆ !
ਨਾਮ ਸਾਈਂ ਦਾ ਚਿੱਤ ਚਿਤਾਰ ਜੀਆ !
ਦੁੱਖ ਦੂਰ ਹੋਸਨ, ਸੁੱਖ ਮੂੰਹ ਦੱਸਣ,
ਲੈਸੇਂ ਆਪਣਾ ਆਪ ਸੁਧਾਰ ਜੀਆ !
ਰੱਖ ਸਿਦਕ, ਯਕੀਨ ਤੇ ਸੱਚ ਨਿਸ਼ਚਾ,
ਗੁਰੂ ਕਰਨਗੇ ਤੇਰਾ ਉਧਾਰ ਜੀਆ !
ਬੇੜੇ ਨਾਮ ਤੇ ਆਪ ਮਲਾਹ ਗੁਰੂ,
ਵੰਞ ਲਾਉਸਣ ਤੇ ਕਰਨ ਪਾਰ ਜੀਆ!੩੬।
ਤੇਰਾ ਨਾਮ ਨਾ ਵਿੱਸਰੇ ਕਿਸੇ ਵੇਲੇ
ਤੇਰੇ ਨਾਮ ਤੇ ਹੋ ਨਿਹਾਲ ਜਾਵਾਂ ।
ਸਾਸ ਸਾਸ ਨਾ ਵਿੱਸਰੇਂ ਕਦੀ ਮੈਨੂੰ,
ਚੇਤਾ ਚਿੱਤ ਦਾ ਨਾਲ ਸਮ੍ਹਾਲ ਜਾਵਾਂ ।
ਹਾਜ਼ਰ ਸਦਾ ਹਜ਼ੂਰ ਦੇ ਵਿੱਚ ਜਾਣਾ,
ਮਤਾਂ ਕਦੀ ਇਹ ਭੁੱਲ ਖਿਆਲ ਜਾਵਾਂ ।

Digitized by Panjab Digital Library | www.panjabdigilib.org

ਤਾਰ ਰਹੇ ਲੱਗੀ ਲਿਵ ਧਾਰ ਵਾਕਰ,
ਡੋਰ ਜਿਵੇਂ ਖਿੱਚੇ ਤਿਵੇਂ ਨਾਲ ਜਾਵਾਂ ।੩੭।
ਸਾਡੇ ਜੀ ਦੇ ਵਿੱਚ ਵਿਚਾਰ ਇਹੀ,
ਕਿਵੇਂ ਸੱਚ ਵਿਚਾਰ ਵਿਚਾਰੀਐ ਜੀ ।
ਜਪਣਾ ਹਿਕ ਕਰਤਾਰ ਦਾ ਨਾਮ ਚੰਗਾ,
ਦਿਲੋਂ ਓਸ ਨੂੰ ਨਹੀਂ ਵਿਸਾਰੀਐ ਜੀ ।
ਜੋਂਦੇ ਨਾਮ ਲਿਆਂ ਬੇੜਾ ਪਾਰ ਹੋਵੇ,
ਅੱਗੇ ਜਾਇ ਦਰਗਾਹ ਨਾ ਹਾਰੀਐ ਜੀ ।
ਬਿਨਾਂ ਓਸ ਨਾ ਆਸਰਾ ਹੋਰ ਕੋਈ,
ਓਸ ਅੱਗੇ ਹੀ ਅਰਜ਼ ਗੁਜ਼ਾਰੀਐ ਜੀ ।੩੮।
ਹੱਥ ਜੋੜ ਕੇ ਕਰਾਂ ਅਰਦਾਸ ਗੁਰ ਜੀ
ਨਮਸਕਾਰ ਮੇਰੀ, ਨਮਸਕਾਰ ਮੇਰੀ।
ਹੋਵੇ ਦੁਖ ਦਲਿੱਦ੍ਰ ਦਾ ਨਾਸ਼ ਮੇਰਾ,
ਨਮਸਕਾਰ ਮੇਰੀ, ਨਮਸਕਾਰ ਮੇਰੀ।
ਨੀਅਤ ਖ਼ੈਰ ਗੁਜ਼ਰੇ ਵਿੱਚ ਏਸ ਦੁਨੀਆਂ
ਨਮਸਕਾਰ ਮੇਰੀ, ਨਮਸਕਾਰ ਮੇਰੀ।
ਬੋਲ ਤੋਲ ਦੀ ਰਾਸ ਨਿਭ ਜਾਇ ਸਾਬਤ
ਨਮਸਕਾਰ ਮੇਰੀ,ਨਮਸਕਾਰ ਮੇਰੀ । ੩੯।
ਸਦਾ ਆਪਣੇ ਚਰਨਾਂ ਦੇ ਨਾਲ ਰੱਖੀਂ,
ਨਮਸਕਾਰ ਮੇਰੀ, ਨਮਸਕਾਰ ਮੇਰੀ।
ਮੈਨੂੰ ਸੁਰਖੁਰੂ ਰਖੀਂ ਜਹਾਨ ਦੋਵੇਂ
ਨਮਸਕਾਰ ਮੇਰੀ, ਨਮਸਕਾਰ ਮੇਰੀ।
ਤੇਰੀ ਸਰਨ ਰਹਾਂ,ਸਤਿਗੁਰ ਦੇਵ ਮਾਲਕ!
ਨਮਸਕਾਰ ਮੇਰੀ, ਨਮਸਕਾਰ ਮੇਰੀ ।
ਰੱਖ ਬਿਰਦ ਦੀ ਲਾਜ ਤੇ ਨਾਮ ਬਖਸ਼ੀਂ,
ਨਮਸਕਾਰ ਮੇਰੀ, ਨਮਸਕਾਰ ਮੇਰੀ ।੪੦।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧੪.

ਗੜਗੱਜ ਬੋਲੇ

ਪ੍ਰਸਿੱਧ

ਖਾਲਸੇ ਦੇ ਬੋਲੇ

ਸੂਚਨਾ—ਇਹ ਲੇਖ ੧੯੦੪ ਈ: ਵਿਖੇ ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ: ੩੦੦ ਦੇ ਰੂਪ ਵਿਚ ਪਹਿਲੀ ਵੇਰ ਪ੍ਰਕਾਸ਼ਿਤ ਹੋਇਆ ਸੀ। ਸ੍ਰੀ ਮਾਨ ਡਾਕਟਰ ਸਾਹਿਬ ਜੀ ਨੇ ਇਹ ਖਾਲਸੇ ਦੇ ਬੋਲੇ ਬੜੀ ਮਿਹਨਤ ਤੇ ਖੋਜ ਨਾਲ ਕੱਠੇ ਕੀਤੇ ਸੇ। ਉਨ੍ਹਾਂ ਦਾ ਇਹ ਸੰਚਯ ਹੀ ਪਹਿਲੀ ਵੇਰ ਛਪਣੇ ਵਿਚ ਆਇਆ। ਇਹ ਸੰਚਯ ਹੀ ਫੇਰ ਹੋਰ ਲੇਖਕਾਂ ਦੇ ਲਿਖਣੇ ਦਾ ਮੂਲ ਆਧਾਰ ਬਣਿਆ। [ਸੰਪਾਦਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਗੜ੍ਹਗੱਜ ਬੋਲੇ

ਭੂਮਿਕਾ

ਉਹ ਕੇਹਾ ਅਦਭੁਤ ਅਤੇ ਅਚਰਜ ਸਮਾਂ ਸਾ ਕਿ ਜਿਸ ਵੇਲੇ ਇਹ ਬੀਰ ਬਹਾਦੁਰ ਖਾਲਸਾ ਪੰਥ ਸਜਿਆ ਸਾ ।

ਕੇਡੀ ਵਡੀ ਇਸ ਪੰਥ ਦੀ ਸੂਰਬੀਰਤਾ ਸੀ ਜੋ ਉੱਦਮ ਅਤੇ ਉਤਸਾਹ ਕਰਕੇ ਪਰੀਪੂਰਤ ਸੀ, ਜਿਸ ਬਹਾਦਰੀ ਨੇ ਸਮੇਂ ਦੇ ਨਾਮੀ ਬਹਾਦਰਾਂ ਨੂੰ ਮੂੰਹ ਤੋੜਵਾਂ ਉੱਤਰ ਦੇਕੇ ਠੰਢਿਆਂ ਕੀਤਾ ਸੀ, ਜਿਸ ਧਾਰਮਕ ਬਹਾਦਰੀ ਦੀ ਧਾਂਕ ਅਤੇ ਵਡਿਆਈ ਚਵੀਂ ਲਾਂਭੀ ਹਰ ਇਕ ਦੋਸਤ ਅਤੇ ਦੁਸ਼ਮਨ ਦੇ ਮੂੰਹੋਂ ਉੱਘੀ ਹੋ ਰਹੀ ਸੀ ।

ਕੇਹੀ ਅਨੋਖੀ ਇਸ ਪੰਥ ਦੀ ਚਮਕੀਲੀ, ਸਜੀਲੀ ਤੇ ਉੱਜਲ ਸਜਾਵਟ ਸੀ ਜੋ ਹੋਰਨਾਂ ਭੇਖਾਂ ਨਾਲੋਂ ਹਰ ਇਕ ਤਰ੍ਹਾਂ ਵਡਿਆਈ ਰਖਦੀ ਸੀ, ਕਿਉਂਕਿ ਇਸ ਵਿਚ ਅਸਲੀ ਮਤ ਦਾ ਰੰਗ ਤੇ ਕਲਾ ਕੁਦਰਤੀ ਚਿਹਨ ਚਕ੍ਰ ਪ੍ਰਕਾਸ਼ਦੇ ਸੇ ।

ਕੇਡਾ ਹੀ ਅਪੂਰਬ ਇਸ ਕੌਮ ਦਾ ਸੁਭਾਵ ਤੇ ਮੇਲ ਸਾ ਜੋ ਹੋਰਨਾਂ ਕੌਮਾਂ ਦੇ ਬਣਾਉਟੀ ਮੇਲਾਂ ਨਾਲੋਂ ਕਈ ਗੁਣਾਂ ਉਚੇਰਾ ਚਮਕਦਾਸਾ, ਜਿਸ ਕਰਕੇ ਦਿਨ ਦੂਣੀ ਅਤੇ ਰਾਤ ਚਉਣੀ ਇਹ ਪੰਥ ਤਰੱਕੀ ਕਰਦਾ ਸਾ ਅਤੇ ਦੁਸ਼ਮਨਾਂ ਦੇ ਹੱਥੋਂ ਹਜ਼ਾਰਾਂ ਔਖਿਆਈਆਂ ਝੱਲ ਕੇ ਵੀ ਖੱਬਲ ਘਾਹ ਦੀ ਤਰ੍ਹਾਂ ਆਪਣਾ ਆਪ ਕਟਾਇ ਕੁਹਾਇ ਕੇ ਵੀ ਬਧੇੜੀ ਦੀ ਸਰ ਸਬਜ਼ੀ ਹੀ ਦਿਖਾਉਂਦਾ ਸੀ ।

ਕੈਸੀ ਇਸ ਮਤ ਦੀ ਅਖੁੱਟ ਉਦਾਰਤਾ ਸੀ ਜੋ ਪਰਉਪਕਾਰਤਾ ਨਾਲ ਪਰੀ ਪੂਰਤ ਸੀ । ਜਿਸ ਉਦਾਰਤਾ ਦੇ ਸਦਾਬ੍ਰਤ ਅਤੇ ਲੰਗਰ ਆਦਿਕਾਂ ਦੇ ਆਸਰੇ ਲੱਖਾਂ ਹੀ ਅਪਾਹਜ, ਅੰਗਹੀਨ, ਅਨਾਥ, ਵਿਧਵਾ, ਸਾਧ, ਫਕੀਰ, ਗਰੀਬ, ਗੁਰਬਾ ਆਦਿਕ ਨਿਰਵਾਹ ਕਰਦੇ ਸੇ ।

ਕਿਵੇਂ ਹੀ ਉੱਤਮ ਇਸ ਪੰਥ ਦੀ ਦਿਲੀ ਸੋਧ (ਸੋਚ ਪਵਿੱਤ੍ਰਤਾ) ਉੱਘੀ ਹੋ ਰਹੀ ਸੀ, ਜੋ ਹੋਰਨਾਂ ਮਤਾਂ ਦੇ ਸ੍ਰਿਸ਼ਟ ਆਚਾਰੀਆਂ ਨੂੰ ਬਹੁਤ ਪਿੱਛੇ ਛਡ ਗਈ ਸੀ, ਹਾਂ ਅਜੇ ਤਕ ਵੀ ਰਹਿਤ ਵਾਲੇ ਸਿੰਘ ਕਿਤੇ ਕਿਤੇ ਬੇਲਿਆਂ ਵਿਚ ਗੱਜਦੇ ਹਨ ।

ਕੈਸਾ ਅਚਰਜ ਇਸ ਪੰਥ ਦਾ ਸਦਾਚਾਰ ਸਾ ਜੋ ਹੋਰਨਾਂ ਕੌਮਾਂ ਲਈ ਮਾਨੋ ਆਪ ਨਮੂਨਾ ਹੋਕੇ ਨੱਕੇ ਚਾਲ ਚੱਲਣ ਦੀ ਸਿੱਖਿਆ ਦਿੰਦਾ ਸਾ ।

ਕੇਹਾ ਅਦਭੁਤ ਇਸ ਪੰਥ ਦਾ ਵਿਦਿਆ ਆਦਿਕ ਸ੍ਰਿਸ਼ਟ ਗੁਣਾਂ ਦਾ ਵਰਤਾਉ ਸਾ ਜੋ ਅਰਥ ਪਰਮਾਰਥ ਦੇ ਸਾਧਕਾਂ ਨੂੰ ਮਾਨੋਂ ਸੰਞਾ

Digitized by Panjab Digital Library | www.panjabdigilib.org

ਪੜ੍ਹਾਉਂਦਾ ਸਾ। ਜਿਸ ਦੇ ਆਪਣੀ ਧਾਰਮਕ ਵਿਦਿਆ ਦੇ ਭੰਡਾਰੇ (ਗੁਰਮੁਖੀ ਅੱਖਰ ਪੰਜਾਬੀ ਜ਼ੁਬਾਨ) ਦਿਨ ਦੂਣੇ ਅਤੇ ਰਾਤ ਚਉਣੇ ਕਰਨ ਲਈ ਤਤਪਰ ਰਹਿੰਦੇ ਸੇ।

ਇਹ ਉੱਤਮ ਪੰਥ ਆਪਣੇ ਧਾਰਮਕ ਆਸ਼ਰਮਾਂ (ਗੁਰਦਵਾਰੇ ਆਦਿਕਾਂ) ਲਈ ਆਪਣੇ ਤਨ ਮਨ ਧਨ ਕੁਰਬਾਨ ਕਰਦਾ ਸੀ, ਜਿਸਦਾ ਪਰਤੱਖ ਨਮੂਨਾ ਪੂਰਬ, ਪੱਛਮ, ਦੱਖਣ, ਉੱਤਰ ਦੇਸਾਂ ਵਿਚ ਨਾਨਕ ਸ਼ਾਹੀ ਝੰਡੇ ਝੁੱਲ ਰਹੇ ਹਨ ਤੇ ਗੁਰਦੁਆਰੇ ਵਿਦਮਾਨ ਹਨ।

ਇਹ ਸ੍ਰੇਸ਼ਟ ਪੰਥ ਆਪਣੇ ਉੱਤਮ ਗੁਣਾਂ ਦਾ ਵਰਤਾਉ, ਅਤੇ ਫੈਲਾਉ ਕਰਨ ਲਈ ਬਰਸਾਤ ਦੇ ਬੱਦਲਾਂ ਵਾਕਰ ਹਰ ਇਕ ਵੇਲੇ ਉਪਕਾਰ ਲਈ ਉਮਡਦਾ ਅਤੇ ਬਰਸਦਾ ਰਹਿੰਦਾ ਸਾ, ਜਿਸ ਵਰੋਸਾਉ ਤੋਂ ਅਨੇਕਾਂ ਜੀਵ ਜੰਤੂ ਵਰੋਸਾਉਂਦੇ ਸਨ।

ਇਹ ਪੰਥ ਆਪਣੇ ਸ੍ਰੇਸ਼ਟ ਮਤ ਦੀ ਉੱਨਤੀ ਦੂਜ ਦੇ ਚੰਦ ਵਾਕਰ ਦਿਨੋਂ ਦਿਨ ਸਵਾਈ ਕਲਾ ਵਾਲੀ ਕਰਦਾ ਸਾ।

ਇਹ ਪੰਥ ਆਪਣੇ ਆਪ ਵਿਚ ਆਪਣੇ ਜੈਸਾ ਆਪ ਹੀ ਸਾ, ਇਸਦੀ ਸਮਾਨਤਾ (ਬਰੋਬਰੀ) ਵਿਚ ਦੂਸਰਾ ਹੋਰ ਕੋਈ ਮਤ ਮੁਕਾਬਲੇ ਤੇ ਨਹੀਂ ਸਾ। ਸੰਸਾਰ ਵਿਚ ਇਹ ਪੰਥ ਇਕ ਨਿਰਾਲਾ ਪੰਥ ਕਰਕੇ ਮਸ਼ਹੂਰ ਹੋਗਿਆ ਸਾ, ਜਿਸਦਾ ਨਿਰਾਲਾ ਪਨ ਇਸ ਹੇਠ ਲਿਖੇ ਗੀਤ ਤੋਂ ਚੰਗਾ ਪ੍ਰਤੀਤ ਹੁੰਦਾ ਹੈ। ਇਹ ਗੀਤ ਠੀਕ ਉਸ ਵੇਲੇ ਦੀ ਦਸ਼ਾ ਨੂੰ ਵਰਣਨ ਕਰਦਾ ਹੈ। ਰਹਾਉ ਦੀ ਤੁਕ ਬਹੁਤ ਲੋਕਾਂ ਦੀ ਜ਼ੁਬਾਨ ਤੇ ਆ ਮੁਹਾਰੀ ਫਿਰਦੀ ਰਹਿੰਦੀ ਸੀ ਤੇ ਅਜੇ ਬੀ ਲੋਕਾਂ ਦੇ ਯਾਦ ਹੈ।

"ਸਿੰਘਾਂ ਦਾ ਪੰਥ ਨਿਰਾਲਾ" ਰਹਾਉ-

ਸਾਰੇ ਬਰਨ ਸਜਾਇ ਖਾਲਸਾ,
ਬਣਿਆ ਸੰਗਤ ਵਾਲਾ।
ਕੱਛ ਕੇਸ ਕਿਰਪਾਨ ਕੜਾ ਹਥ,
ਕੰਘਾ ਰਹਿਤਾਂ ਵਾਲਾ।
ਧਰਮ ਕਿਰਤ ਵੰਡ ਛਕੇ ਸਦਾ ਹੀ,
ਸੇਵ ਕਰੇ ਹਡ ਘਾਲਾ ॥੧॥
ਗੁਰੂ ਮਨਾਵੇ, ਗੁਰੂ ਧਿਆਵੇ,
ਗੁਰਮੁੱਖਾਂ ਦਾ ਚਾਲਾ।
ਪੜ੍ਹੇ ਗੁਰਮੁਖੀ, ਬਣੇ ਗੁਰਮੁਖੀ,
ਗੁਰਮੁਖ ਧਰਮ ਸੁਖਾਲਾ।
ਰਹੇ ਨ ਨਾਮ ਬਿਨਾ ਇਕ ਪਲ ਵੀ
ਗੁਰਬਾਣੀ ਦਾ ਚਾਲਾ।
ਇੱਕ ਸਿਵਾਣੂ, ਇੱਕ ਪਛਾਣੂ,
ਇੱਕ ਅਕਾਲ ਅਕਾਲਾ ॥੨॥
ਇੱਕ ਜਪਾਵੇ, ਇੱਕ ਦ੍ਰਿੜਾਵੇ,
ਸਗਲੀ ਸ਼ਕਤੀ ਵਾਲਾ।
ਨਾਮ ਦਾਨ ਇਸ਼ਨਾਨ ਪਾਠ ਨਿੱਤ
ਕਰੇ ਸਦਾ ਦਰਹਾਲਾ।
ਸੀਤਲ ਸ਼ਾਂਤਿ ਸੁਭਾਉ ਸਦਾ ਘਰ,
ਰਣ ਵਿਚ ਤੇਜ ਉਜਾਲਾ।
ਹਠੀ, ਤਪੀ, ਨੇਮੀ ਤੇ ਪ੍ਰੇਮੀ,
ਸਿਦਕੀ ਸਿੱਖੀ ਵਾਲਾ ॥੩॥
ਕਰ ਅਰਦਾਸ ਕਰੇ ਸਭ ਕਾਰਜ,
ਨੇਮ ਭਰੋਸੇ ਵਾਲਾ।
ਲਾਗੀ ਜੋਗੀ ਸੰਗੀ ਸਾਥੀ,
ਧਜਾਵੇ ਗੁਰ ਰਖਵਾਲਾ।
ਗੁਰਬਾਣੀ ਦਾ ਲਏ ਆਸਰਾ,
ਜਪੇ ਅਕਾਲ ਅਕਾਲਾ।
ਕਰੇ ਤਿਹਾਵਲ ਅਤੇ ਕੀਰਤਨ,
ਆਨੰਦ ਆਨੰਦ ਵਾਲਾ ॥੪॥
ਕਰ ਅਰਦਾਸ ਮਿਜਾਦ ਗੁਰੂ ਘਰ,
ਕਾਰਜ ਕਰੇ ਸੁਖਾਲਾ।
ਜੰਮਣੀ ਮੰਗਣੀ ਵਯਾਹ ਵਿਹਾਰੀ,
ਉਤਸਵ ਆਦਿ ਸੰਮ੍ਹਾਲਾ।

Digitized by Panjab Digital Library | www.panjabdigilib.org

'ਅੜੇ ਝੜੇ' ਇਹ ਬੋਲੇ ਬੋਲਾ,
ਤੇ ਜੈਕਾਰ ਅਕਾਲਾ ॥ ੬ ॥
ਹੋਇ ਸ਼ਹੀਦ ਨ ਮੁੜੇ ਪਿਛਾਹਾਂ,
ਕਰਦਾ ਘਾਲਾ ਮਾਲਾ।
ਵਾਹੇ ਤੇਗ਼ ਦੇਗ ਦਾ ਪੂਰਾ,
ਹੱਥ ਕਰੇ ਰੱਬ ਵਾਲਾ।
ਚੜ੍ਹੇ ਇਰਾਕੀ ਝਾਕੀ ਸੁੰਦਰ,
ਰਹਿਤ ਬਹਿਤ, ਮਤਵਾਲਾ।
ਸਤਿਗੁਰ ਸੰਥਾ ਤੇ ਇਹ ਤੁਰਦਾ,
ਪੰਥ ਖਾਲਸਾ ਭਾਲਾ ॥੭੦॥

ਇਹ ਇਕ ਹੋਰ ਗੀਤ ਹੈ ਜੋ ਉਸ ਸਮੇਂ ਦੀ ਦਸ਼ਾ ਦਾ ਵਰਣਨ ਕਰਦਾ ਹੈ:—

ਕਰ ਗੁਰਪੁਰਬ ਮਨਾਉਣ ਸਤਿਗੁਰ,
ਸਤਿਗੁਰ ਕਲਗੀ ਵਾਲੇ।
ਆਣ ਨ ਮੰਨਣ ਜਗਵਿਚ ਕਿਸਦੀ,
ਸੱਤਿਪੁਰਖ ਪੂਤਿ ਪਾਲੇ
ਇੱਕ ਅਕਾਲ ਧਿਆਵਣ ਹਰਦਮ,
ਬਿਨਗ਼ਾਮ ਰਹਿਣ ਸੁਖਾਲੇ।
ਗੁਰ ਪਰਮੇਸ਼ੁਰ ਬਾਝ ਕਿਸੇ ਥਾਂ,
ਨਹਿੰ ਨਿਉਂਦੇ ਦਰ ਹਾਲੇ॥੧॥
ਬਾਣੀ ਨਾਉਂ ਪਰੇਤੇ ਸੀਤੇ,
ਹਿਰਦੇ ਸ਼ਾਂਤੀ ਵਾਲੇ।
ਮੰਨਣ ਸਤਿਗੁਰ ਪੂਜਣ ਸਤਿਗੁਰ,
ਧਜਾਵਣ ਤਾਰਨ ਵਾਲੇ।
ਜਤ,ਸਤ,ਬ੍ਰਤ,ਤਪ ਹਠਵਿਚ ਪੱਕੇ,
ਸੱਤਿ ਧਰਮ ਦ੍ਰਿੜ ਵਾਲੇ।
ਸਾਦਿਕਸਿਦਕ ਧਰਮ ਸਿੱਖੀਵਿਚ
ਰਹਿਣ ਸਦਾ ਮਨ ਢਾਲੇ॥੨॥
ਕਾਣ ਨ ਕੱਢਣ ਰਹਿਣ ਨਿਕਾਣੇ,
ਨਹਿੰ ਕਦੇਂਡ ਕਿਸ ਕਾਲੇ।
ਡਰਨ ਨ ਮੌਤੋਂ ਅਮਰ ਅਜਾਚੀ,
ਨੀਲੇ ਬਾਣੇ ਵਾਲੇ।
ਰਹਿਣ ਅਡੋਲ ਬੋਲ ਦੇ ਪੱਕੇ,
ਦੇਗਾਂ ਤੇਗਾਂ ਵਾਲੇ।
ਦੀਨ ਦੁਖੀ ਦਾ ਦਰਦ ਨਿਵਾਰਣ,

ਕੋਰ ਅਰਦਾਸ ਅਕਾਲ ਪੁਰਖ ਪੈ,
ਵੰਡ ਛਕਣ ਦਾ ਚਾਲਾ।
ਕਰੇ ਬੇਨਤੀ ਸਤਿਗੁਰ ਅੱਗੇ,
ਦੇਗ ਤੇਗ ਇਕਬਾਲਾ ॥੫॥
ਪ੍ਰਾਣ ਵਿਜੋਗ ਪੜ੍ਹੇ ਗੁਰਬਾਣੀ,
ਭਾਣਾ ਮੰਨਣ ਵਾਲਾ।
ਕਰ ਅਰਦਾਸ ਅੰਗੀਠੇ ਵਾਲੀ
ਚੰਡੀ ਭੇਟ ਧਰਾਲਾ*।
ਕਰ ਇਸ਼ਨਾਨ ਪੜ੍ਹੇ ਗੁਰਬਾਣੀ,
ਸ਼ਬਦ ਸੋਹਿਲੇ ਵਾਲਾ।
ਕਰ ਅਰਦਾਸ ਤਿਹਾਵਲ ਵਰਤੇ,
ਸ਼ੋਕ ਸਮਾਪਤ ਕਾਲਾ ॥੬॥
ਗੁਰੂ ਗ੍ਰੰਥ ਜੀ ਪਾਠ ਪਿਆਰਾ,
ਕਰਨ ਕਰਾਵਨ ਚਾਲਾ।
ਜੱਗ ਕਰੇ, ਸਤਿਸੰਗਤ ਜੋੜੇ,
ਸੇਵ ਕਰੇ ਧੂਮਸਾਲਾ।
ਸੱਤ ਧਰਮ ਦੀ ਕਰੇ ਪਾਲਣਾ,
ਬਚਨ ਕਹੇ ਸਚ ਵਾਲਾ।
ਕਰੇ ਕਮਾਈ ਦੇਇ ਦਸੌਂਧੀ,
ਗੋਲਕ ਗੁਰ ਜੀ ਘਾਲਾ ॥੭॥
ਸਕਿਆਂ ਭਾਈਆਂ ਵਾਂਗਵਰਤਦਾ,
ਪੰਥ ਖਾਲਸਾ ਚਾਲਾ।
ਦੁਖੀਆਂ ਦਰਦ ਵੰਡਾਏ ਦੇਵੇ,
ਧੀਰਜ ਧਰਮ ਸੁਖਾਲਾ।
ਇਕ ਦੂਜੇ ਦਾ ਹੋਇ ਸਹਾਈ,
ਜੋ ਸਤਿਸੰਗਤ ਵਾਲਾ।
ਬੜੇ ਮੁਛਹਿਰੇ ਸਿੱਧੇ ਦਾਹੜੇ,
ਸਾਬਤ ਸੂਰਤ ਵਾਲਾ ॥੮॥
ਸਿਰ ਦਸਤਾਰੇ ਸਜੇ ਸਜੀਲੇ,
ਉੱਜਲ ਬਾਣੇ ਵਾਲਾ।
ਸਿੰਘ ਸੂਰਮੇ ਘਟਾਂ ਕਾਲੀਆਂ,
ਵਸੇ ਛਹਿਬਰਾਂ ਲਾ ਲਾ।
ਜੰਗ ਪਵੇ ਤੇ ਜੰਗ ਬਹਾਦੁਰ,
ਦੁਸ਼ਟ ਦੇਖੀਅਨ ਕਾਲਾ।

*ਮ੍ਰਿਤਕ ਸਰੀਰ ਨੂੰ ਅੱਗ ਦੇ ਭੇਟਾ ਕਰ ਦੇਂਦੇ ਹਨ।

Digitized by Panjab Digital Library | www.panjabdigilib.org

ਅਪਣੈ ਤਨ ਧਨ ਨਾਲੇ ॥੩॥
ਸਾਬਰ ਸ਼ਾਕਰ ਹੋਕੇ ਮੰਨਦੇ,
ਹੁਕਮ ਸ਼ਤਿਗੁਰਾਂ ਵਾਲੇ।
ਰਹਿਣ ਰਜ਼ਾ ਵਿਚ ਰਾਜ਼ੀ ਹਰਦਮ,
ਭਾਣੇ ਅੰਦਰ ਚਾਲੇ।
ਸਦਾ ਅਨੰਦੀ ਨਿਤਭੈ ਸੂਰੇ,
ਘਰ ਬਨ ਇਕਸਮ ਭਾਲੇ।
ਜਪਣ ਅਕਾਲ ਅਕਾਲ ਸਦਾ ਹੀ,
ਕਹਿਣ ਅਕਾਲ ਅਕਾਲੇ॥੪॥
ਚਾਰੇ ਵਰਣ ਵਾਹਿਗੁਰੂ ਸੰਦੇ,
ਇੱਕ ਵਰਣ ਕਰ ਭਾਲੇ।
ਖੰਡੇ ਦੀ ਪਾਹੁਲ ਲੈ ਸਜਦੇ,
ਸਿੰਘ ਭੁਜੰਗੀ ਕਾਲੇ।
ਰਹਿਤ ਬਹਿਤ ਦੇ ਧਨੀ ਸੂਰਮੇ,
ਸਦਾਚਾਰ ਗੁਣ ਵਾਲੇ।
ਸਿੱਖੀ ਸਿਦਕ ਧਰਮਬ੍ਰਤ ਇਸਤ੍ਰੀ,
ਠੀਕ ਨਿਬਾਹੁਣ ਵਾਲੇ ॥੫॥
ਪੰਜਾਂ ਰਹਿਤਾਂ ਦੇ ਵਿਚ ਪੱਕੇ,
ਪੰਜ ਹਥਿਆਰਾਂ ਨਾਲੇ।
ਪੰਜ ਬਾਣੀਆਂ ਪੰਜੇ ਵੇਲੇ,
ਪੰਜ ਗਰੰਥੀ ਨਾਲੇ।
ਪੰਜਾਂ* ਦੇ ਪੰਜੇ ਤੇਂ ਹਰਦਮ
ਚੌਕਸ ਰਹਿਣ ਸੁਖਾਲੇ।
ਪੰਜ ਪਿਆਰੇ ਮੰਨਣ ਵਾਲੇ,
ਪੰਜਾਂ† ਵਰਜਣ ਵਾਲੇ ॥੬॥
ਪੰਜ ਪਾਠ ਸ੍ਰੀ ਜਪਜੀ ਨੇਮੀ,
ਗੁਣਾਂ ਦੇ ਪੰਜ ਪੰਜਾਲੇ‡।
ਪੰਜ ਕਰਮ§ ਦੇ ਨੇਮੀ ਪ੍ਰੇਮੀ,
ਪੰਜ ਬਸਤਰਾਂ¶ ਵਾਲੇ।
ਪੰਜਾ‖ ਦਾ ਆਦਾਬ ਕਰੇਂਦੇ,
ਪੰਜ ਬੇਨਤੀ ਵਾਲੇ।
ਪੰਜ ਰਹਿਤ* ਵਿਚ ਪੱਕੇ ਨੇਮੀ,
ਪੰਜਾਂ† ਪੂਜ ਬਹਾਲੇ ॥ ੭ ॥
ਉੱਦਮ ਦੇ ਉੱਦਮ ਨੂੰ ਉੱਦਮ,
ਹਰਦਮ ਦੇਵਣ ਵਾਲੇ।
ਨੀਂਦਰ, ਸੁਸਤੀ, ਆਲਸ, ਮਸਤੀ
ਕਦੀ ਨ ਪਾਸ ਬਹਾਲੇ।
ਤਾੜ ਸੁਚੇਤੇ ਕੰਘਾ ਕਰਦੇ,
ਦਸਤਾਰੇ ਬੰਧ ਨਾਲੇ।
ਰਹਿਣ ਤਜਾਰਬਰਤਜਾਰ ਸਦਾਹੀ,
ਦੁਸ਼ਟ ਦੇਖੀਅਨ ਗਾਲੇ ॥੮॥
ਗ੍ਰੰਥ ਪੰਥ ਦੀ ਸਦਾ ਤਾਂਘਆ,
ਰਹਿੰਦੇ ਸਿੰਘ ਸੁਚਾਲੇ।
ਗੁਰੂ ਦੁਆਰੇ ਸੇਵਾ ਕਰਦੇ,
ਤਨ ਮਨ ਧਨ ਦੇ ਨਾਲੇ।
ਜੋੜ ਮੇਲ ਕਰਦੇ ਮਿਲ ਬਹਿੰਦੇ,
ਨੇਵਾ ਕਾਰ ਸਮ੍ਹਾਲੇ।
ਸ਼ਬਦ ਜੋਟੀਆਂ ਦੇ ਮਿਲ ਗਾਉਣ,
ਪ੍ਰੇਮ ਬੇਨਤੀ ਵਾਲੇ ॥ ੯ ॥
ਧਰਮਸਾਲ ਨਿਤ ਦਰਸ਼ਨ ਕਰਦੇ,
ਪਾਠ ਗ੍ਰੰਥ ਜੀ ਵਾਲੇ।
'ਤਵਪ੍ਰਸਾਦਿ' ਕਹਿ ਛਕਣ ਪ੍ਰਸ਼ਾਦੇ,
ਚੁਲਾ ਪੜ੍ਹਨ ਹਿਤ ਨਾਲੇ।
ਗੁਰੂ ਦੇਗ ਤੇਂ ਛਕਿਆ ਮੰਨਦੇ,
ਹੰਤਾ ਮਮਤਾ ਗਾਲੇ।
ਭੇਖ ਨ ਭਿੱਜਣ, ਉਹ ਅਲੇਖ ਦੇ,
ਪਰ ਵੇਖਣ ਖੁਸ਼ਹਾਲੇ ॥੧੦॥
ਸਵਾ ਪਹਿਰ ਰਹਿ ਰਾਤ ਉਠੰਦੇ,
ਆਲਸ ਨੀਂਦਾ ਟਾਲੇ।
ਸੋਚ ਸ਼ਨਾਨ ਪਾਠ ਗੁਰਬਾਣੀ,
ਸੁਰਤ ਸ਼ਬਦ ਦੇ ਨਾਲੇ।
ਵਿਚੇ ਰਹਿਣ ਗ੍ਰਿਹਸਤ ਉਦਾਸੀ,

---

*ਸ਼ਬਦ, ਸਪਰਸ, ਰੂਪ, ਰਸ, ਗੰਧ।
†ਕਾਮਾਦਿਕਾਂ ਨੂੰ। ‡ਪੰਜ ਪਾਂਜੇ ੨੫।
§ਸਤ, ਸੰਤੋਖ, ਦਯਾ, ਧਰਮ ਤੇ ਬੀਚਾਰ।
¶ਦੋ ਕਛਾਂ, ਸਾਫਾ, ਦਸਤਾਰ, ਚਾਦਰਾ।
‖ਅਕਾਲ ਪੁਰਖ, ਗੁਰੂ, ਗੁਰੂ ਗ੍ਰੰਥ, ਪੰਥ, ਸ਼ਸਤ੍ਰ।

*ਨਾਮ, ਦਾਨ, ਸ਼ਨਾਨ, ਬਿਨੈ, ਧਰਮ ਕਿਰਤ।
†ਪੰਜ ਸਿੰਘ ਜਾਂ ਪੰਜ ਪਿਆਰੇ ।

Digitized by Panjab Digital Library | www.panjabdigilib.org

ਜਿਉਂ ਜਲ ਕਮਲ ਨਿਰਾਲੇ।
ਤੇਗ ਬਚਨ ਦੇ ਪੂਰੇ ਹਠੀਏ,
ਭਲੀ ਨਿਬਾਹੁਣ ਵਾਲੇ॥੧੧॥
ਕਹਿਣੀ ਰਹਿਣੀ ਬਾਹਰ ਅੰਦਰ,
ਇਕੋ ਜੇਹੇ ਚਾਲੇ।
ਮਾਤਾ ਪਿਤਾ ਆਪ ਤੋਂ ਵਡੇ,
ਰੱਖਣ ਅਦਬ ਸੰਭਾਲੇ।
ਸਾਕ ਸੈਨ ਸਨਬੰਧ ਖਾਲਸਾ,
ਹੋਣ ਖਾਲਸਾ ਨਾਲੇ।
ਗੁਰਬਾਣੀ ਹਥਿਆਰਾਂ ਦੇ ਸੰਗ,
ਅਧਿਕ ਪ੍ਰੇਮ ਪ੍ਰਤਿਪਾਲੇ॥੧੨॥

ਸਿੰਘਣੀਆਂ

ਹੇਠਲਾ ਗੀਤ ਸਿੰਘਣੀਆਂ ਦਾ ਹਾਲ ਦੱਸਦਾ ਹੈ:-

ਸਿੰਘਣੀਆਂ ਵੀ ਨਾਲ ਸਿੰਘਾਂ ਦੇ,
ਕਰਦੀਆਂ ਸਿੰਘੀ ਚਾਲੇ।
ਧਰਮ ਪਤੀਬ੍ਰਤ ਦੇ ਵਿਚ ਪੱਕੀਆਂ,
ਇੱਕੋ ਗੁਰੂ ਅਕਾਲੇ।
ਪ੍ਰਜਣ ਸਤਿਗੁਰ,ਮੰਨਣ ਸਤਿਗੁਰ,
ਬੋਲਣ ਸੱਤ ਅਕਾਲੇ।
ਪਤਿ ਪਰਮੇਸ਼ਰ ਗੁਰੂ ਵੱਡਿਆਂ,
ਰੱਖਣ ਅਦਬ ਬਿਸਾਲੇ॥੧॥
ਸੇਵਾਕਰਦੀਆਂ ਥੱਕਦੀਆਂਨਾਹੀਂ,
ਸਭ ਘਰ ਬਾਰ ਸੰਭਾਲੇ।
ਨਾਲ ਪਿਆਰ ਬਾਲਕਾਂ ਪਾਲਣ,
ਦੱਸ ਗੁਰਮੁਖੀ ਚਾਲੇ।
ਗੁਰਬਾਣੀ ਬਾਲਾਂ ਨੂੰ ਹਰਦਮ,
ਚੁਣਵੇਂ ਸ਼ਬਦ ਸਿਖਾਲੇ।
ਉੱਠ ਸਵੇਰੇ ਬਾਣੀ ਪੜ੍ਹਦੀਆਂ,
ਬਾਲਾਂ ਨਾਲ ਪੜ੍ਹਾਲੇ॥੨॥
ਕਰਇਸ਼ਨਾਨ ਪੜ੍ਹਨ ਨਿਤ ਜਪੁਜੀ,
ਤੁਕ ਤੁਕ ਕੰਠ ਕਰਾਲੇ।
ਗ੍ਰੰਥ ਗ੍ਰੰਥ ਸਾਹਿਬ ਜੀ ਅੱਗੇ,
ਨਿਉਂਦੀਆਂ ਸ਼ਰਧਾ ਨਾਲੇ।
ਬਾਲਾਂ ਨੂੰ ਗੁਰ ਗੀਤ ਸਿਖਾਉਣ
ਚਾਉ ਪਯਾਰ ਦੇ ਚਾਲੇ।
ਗਹਿਣਾ ਨਾਉਂ ਪਰੇਵਣ ਸੀਨੇ,
ਸੁਰਤ ਸ਼ਬਦ ਦੇ ਨਾਲੇ॥੩॥
ਧਰਮ ਸ਼ੀਲ ਤੇ ਸੱਤਿਧਰਮ ਨੂੰ,
ਪਾਲਣ ਸਿਦਕਾਂ ਨਾਲੇ।
ਵਜਾਹ ਕੁੜਮਾਈ ਢੰਗ ਸੁਆਰਥ,
ਗੀਤ ਗੁਰੂ ਘਰ ਵਾਲੇ।
ਗੁਰਬਾਣੀ ਗਾਉਣ ਪਰਚਾਉਣ,
ਜੀਉ, ਧਰਮ ਫਲ ਵਾਲੇ।
ਕਰ ਅਰਦਾਸ ਕਰਨ ਸਭ ਕਾਰਜ,
ਗੁਰ ਗੁਰ ਨਾਉਂ ਸੰਭਾਲੇ॥੪॥
ਸਚ ਬੋਲਣ ਤੇ ਸੱਤ ਕਮਾਉਣ,
ਸੰਜਮ ਜਤ ਸਤ ਵਾਲੇ।
ਪੂਜਣ ਗੁਰੂ ਗ੍ਰੰਥ ਗੁਰ ਨਾਨਕ,
ਗੁਰੂ ਦਵਾਰੇ ਭਾਲੇ।
ਜੋ ਆਵੇ ਵਰਸਾਵੇ ਸਭ ਕੋ,
ਲੰਗਰ ਸਤਿਗੁਰ ਵਾਲੇ।
ਦਾਤ ਗੁਰੂ ਦੀ ਜਗਤ ਗੁਰੂ ਦਾ,
ਜਾਣ ਸਭਨ ਪ੍ਰਤਿਪਾਲੇ॥੫॥
ਨਿਰਭੈ ਰਹਿਣ, ਡਰੈਣ ਕਿਸੇਨਾ,
ਸਿੱਖੀ ਸਿਦਕ ਸੰਭਾਲੇ।
ਭੈਣ ਭਰਾਵਾਂ ਵਾਕਰ ਵਰਤਣ,
ਇੱਕ ਦੂਜੇ ਦੇ ਨਾਲੇ।
ਇੱਕ ਸਿੰਞਾਣਨ ਇੱਕ ਪਛਾਣਨ,
ਇੱਕੋ ਇੱਕ ਅਕਾਲੇ।
ਫਤਹ ਵਾਹਿਗੁਰੂ ਅਤੇ ਖਾਲਸਾ,
ਕਹਿਣ ਵਾਹਿਗੁਰੂ ਨਾਲੇ॥੬॥

ਇਹ ਗਲ ਵੀ ਲੁਕੀ ਨਾ ਰਹਿ ਜਾਵੇ ਕਿ ਇਸ ਸਦਗੁਣੀ ਖਾਲਸਾ ਪੰਥ ਨੇ ਆਪਣਾ ਨਿਰਾਲਾਪਨ,ਨਿਰਾ ਸਦਾਚਾਰ,ਨਾਮਅਭਜਾਸ, ਸੂਰਮਤਾਈ ਵਿਚ ਹੀ ਨਹੀਂ ਪ੍ਰਗਟ ਕੀਤਾ ਸਾ, ਸਗੋਂ ਇਸ ਮਤ ਨੇ ਅਪਣੇ ਗੁਰਮੁਖੀ ਅੱਖਰ-ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੂਜੀ ਪਾਤਸ਼ਾਹੀ ਜੀ ਦੇ ਪ੍ਰਚੁਰ ਕੀਤੇ ਹੋਏ ਵਿਦਮਾਨ ਹਨ-ਬਣਾਏ ਅਤੇ ਜਿਨ੍ਹਾਂ ਗੁਰਮੁਖੀ

Digitized by Panjab Digital Library | www.panjabdigilib.org

ਅੱਖਰਾਂ ਵਿਚ ਪੰਥ ਦੇ ਧਰਮ ਪੁਸਤਕ ਲਿਖੇ ਹਨ, ਜਿਨ੍ਹਾਂ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਜ਼ੁਬਾਨ ਸਾਫ ਅਤੇ ਠੀਕ ਤੌਰ ਤੇ ਲਿਖੀ ਜਾਂਦੀ ਹੈ, ਜਿਸ ਪੰਜਾਬੀ ਜ਼ਬਾਨ ਦਾ ਸਾਹਿਤਜ ਇਸ ਵੇਲੇ ਵੀ ਗੁਰਮੁਖੀ ਹੀ ਅੱਖਰਾਂ ਵਿਚ ਦਿਨੋ ਦਿਨ ਬਧੋਤਰੀ ਕਰ ਰਿਹਾ ਹੈ।

ਇਸੇ ਮਾਦਰੀ ਜ਼ੁਬਾਨ ਪੰਜਾਬੀ ਵਿਚ ਪੰਥ ਨੇ ਆਪਣੇ ਬੋਲ ਚਾਲ ਲਈ ਬੋਲੇ (ਲਫਜ਼) ਜੋ ਹਜ਼ਾਰ ਬਾਰਾਂ ਸੌ ਦੇ ਲਗ ਪਗ ਸੇ ਪ੍ਰਚੁਰ ਕੀਤੇ ਹੋਏ ਸਨ। ਸੋਈ ਬਹੁਤ ਕਰਕੇ ਆਪਣੀ ਬੋਲ ਚਾਲ ਦੇ ਵਰਤਾਉ ਵਿਚ ਆਉਂਦੇ ਰਹੇ, ਪਰੰਤੂ ਮੁੱਦਤਾਂ ਤਕ ਇਸ ਪੰਜਾਬ ਦੇਸ਼ ਵਿਚ ਦੇਸ਼ੋਪਦ੍ਰਵ ਹੁੰਦੇ ਰਹੇ ਹਨ। ਜਿਸ ਸਮੇਂ ਕਈ ਇਕ ਬੋਲੇ ਰਹਿਣੀ ਰਹਿਤ ਦੇ ਤੇ ਆਤਮ ਵਿਦਜਾ ਦੇ ਸਾਮਰਤੱਖ ਨਾ ਰਹੇ ਪਰ ਜੰਗੀ ਸਮੇਂ, ਭਾਜੜਾਂ ਤੇ ਦੁੱਖਾਂ ਨੇ ਇਨ੍ਹਾਂ ਵਰਤਾਰਿਆਂ ਦੇ ਕਈ ਹੋਰ ਬੋਲੇ ਕਾਇਮ ਕੀਤੇ ਜਿਨ੍ਹਾਂ ਵਿਚ ਦੋ ਮੁੱਖ ਪ੍ਰਯੋਜਨ ਸੇ—ਇਕ ਤਾਂ ਇਹ ਕਿ ਸਿੱਖਾਂ ਦੀ ਗਲ ਬਾਤ ਅਰ ਚਿੱਠੀ ਪੱਤ੍ਰ ਦੀ ਸਮਝ ਦੁਸ਼ਮਣਾਂ ਨੂੰ ਨਾ ਲਗੇ। ਦੂਜਾ ਇਹ ਕਿ ਅਪਦਾ ਸੰਪਤਾ ਵਿਚ ਚੜ੍ਹਦੀ ਕਲਾ ਰਹੇ। ਸਾਗ ਮਿਲੇ ਤਾਂ ਸਾਗ ਨੂੰ 'ਸਬਜ਼ ਪੁਲਾ' ਕਿਹਾ ਜਾਵੇ ਜੋ ਮਨ ਸ਼ੁਕਰ ਰਜ਼ਾ ਤੇ ਅਨੰਦ ਵਿਚ ਰਹੇ। ਜਦ ਅੰਗ੍ਰੇਜ਼ੀ ਰਾਜ ਆਇਆ ਤਾਂ ਖਾਲਸਾਜੀ ਨੂੰ ਪਿਛਲੀਆਂ ਖੇਚਲਾਂ ਦੇ ਥਕਾਨ ਨੇ ਡਾਢਾ ਹੀ ਥਕਾਇਆ ਹੋਇਆ ਸਾ, ਸੋ ਪੰਥ ਮਾਨੋਂ ਥਕਾਨ ਉਤਾਰਨ ਲਈ ਸੁਸਤਾ ਗਿਆ। ਉਸ ਦਿਨ ਤੋਂ ਅਪਣੀ ਪਿਆਰੀ ਗੁਰਮੁਖੀ ਦੀ ਬਧੋਤ੍ਰੀ ਅਤੇ ਅਪਣੇ ਬੋਲ ਚਾਲ ਦੇ ਬੋਲੇ ਦਿਨੋ ਦਿਨ ਵਰਤਾਉ ਵਿਚੋਂ ਘਟਣੇ ਅਰੰਭ ਹੋ ਗਏ ਸਨ।

ਉਨ੍ਹਾਂ ਹੀ ਖਾਲਸਈ ਬੋਲਿਆਂ ਦੇ ਵਾਧੇ ਦੀ ਜਗ੍ਹਾ ਕੋਟ, ਬੂਟ, ਪਤਲੂਨ, ਬਾਟਲ, ਬਾਲਟੀ, ਬਟਨ, ਬਰਾਂਡੀ, ਓਵਰ ਕੋਟ, ਵਾਸਕਟ, ਅਰਾਰੂਟ, ਸੋਡਾਵਾਟਰ, ਰਫਲ, ਬਾਟਰੀ ਆਦਿਕ ਬੋਲਿਆਂ ਨੇ ਮੱਲ ਲਈ, ਅਤੇ ਪੁਰਾਤਨ ਬੋਲੇ ਜੋ ਖਾਲਸਈ ਨਿਰਾਲੇ ਢੰਗ ਦੇ ਵਰਤਮਾਨ ਸਨ, ਪੰਜਾਬੀ ਜ਼ੁਬਾਨ ਦੇ ਵਿੱਚੇ ਰਲ ਮਿਲ ਕੇ ਕਿਤੇ ਕਿਤੇ ਬੁਝਦੇ ਹੋਏ ਦੀਵੇ ਵਾਕਰ ਟਿਮ ਟਿਮਾਉਂਦੇ ਰਹਿ ਗਏ। ਕੁਝਕ ਨਿਹੰਗ ਸਿੰਘਾਂ ਦੇ ਵਰਤਾਉ ਦੇ ਬੋਲੇ ਅਜੇ ਤਕ ਵੀ (ਜੋ ਉਨ੍ਹਾਂ ਦੇ ਬੋਲ ਚਾਲ ਵਿਚ ਆਉਂਦੇ ਹਨ, ਜੇਹਾਕੁ ਬਾਟਾ, ਬਦਾਮ, ਬਸੰਤਰ, ਬਿਰਦ ਬਾਣਾ, ਬੀਰ, ਬਿਹੰਗਮ, ਦੁਮਾਲਾ, ਗਜਗਾਹ, ਸੁਰਮੇਈ. ਸੁਚਾਲਾ ਆਦਿਕ) ਵਰਤਮਾਨ ਹਨ, ਸੋ ਰਹਿ ਗਏ, ਉਹ ਬੀ ਹੁਣ ਗੁੰਮ ਹੋ ਰਹੇ ਹਨ। ਇਕੁਰ ਹੀ ਕੁਝਕ ਬੋਲੇ ਗੁਰਦਵਾਰਿਆਂ ਦੀ ਬੋਲ ਚਾਲ ਵਿਚ ਹੀ ਰੁੜ੍ਹੀ ਹੋਏ ਹੋਏ ਬੋਲੇ ਜਾ ਰਹੇ ਹਨ, ਜੇਹਾਕੁ ਵਰਤਾਰਾ, ਕੜਾਹ ਪ੍ਰਸ਼ਾਦਿ,ਤਨਖਾਹ, ਰੋਲਕ,ਅਸਵਾਰਾ,ਅਖੰਡ, ਪੰਜ ਪੀਰੀਆ, ਮਨਮੁਖ, ਗੁਰਮੁਖ, ਛੰਨਾ, ਲਾਂਗਰੀ, ਲੰਗਰ, ਆਦਿਕ ਵਿਦਮਾਨ ਹਨ। ਇਕੁਰ ਹੀ ਕੁਝ ਕੁਝ ਬੋਲੇ ਫੌਜੀ ਸਿੰਘਾਂ ਵਿਚ ਵੀ ਬੋਲੇ ਜਾ ਰਹੇ ਹਨ; ਜੇਹਾਕੁ ਪੰਜਵਾਂ, ਪੰਮਾ, ਕੁਰਹਿਤੀਆ, ਤਨਖਾਹੀਆ, ਸ੍ਰੀ ਸਾਹਿਬ, ਲੰਗਰ, ਰਾਮ ਭੋਲ, ਛਤਰ ਧਾਰ, ਟਕੂਆ ਆਦਿਕ।

ਪਰੰਤੂ ਉਸ ਵੇਲੇ ਦੇ ਸਿੰਘਾਂ ਦੇ ਸਾਧਾਰਣ ਬੋਲ ਚਾਲ ਦੇ ਬੋਲੇ ਜਿਹਾਕੁ ਪੂਰੀਆਂ, ਖੁਰਮੇ, ਜਲੇਬੀ, ਆਂਵਲਦਾਨ, ਬਾਜ, ਸਲੋਤਰ, ਰੁਪੈਹਰਾ, ਲਾਚਾ, ਛਿੱਲੜ,ਕੋਤਲ, ਚੰਡੀ,ਨੁਕਰਾ, ਨਿਰਭੈ, ਪੰਜਰੰਗੀ,ਆਦਿਕ ਅਨੇਕਾਂ ਹੀ ਬੋਲ

Digitized by Panjab Digital Library | www.panjabdigilib.org

ਚਾਲ ਵਿਚੇ ਗੁੰਮ ਹੋ ਗਏ ਹਨ, ਜੋ ਅਜ ਕਲ ਦੇ ਵਰਤਾਉ ਵਿਚ ਨਹੀਂ ਰਹੇ। ਪਰ ਇਹਗਲ ਪੰਥ ਦੀ ਸਾਰੇ ਪ੍ਰਸਿੱਧ ਹੈ ਤੇ ਲੋਕਾਂ ਨੇ ਰਹਾਉ ਦੀ ਤੁਕ–ਸਿੰਘਾਂ ਦੀ ਵਖਰੀ ਬੋਲੀ–ਆਪਣੇ ਬੋਲ ਚਾਲ ਅਖਾਣਾਂ ਵਿਚ ਵਰਤੀ ਹੋਈ ਹੈ, ਜਿਸਦੇ ਅਧਾਰ ਤੇ ਏਠਲਾ ਗੀਤ ਲਿਖਿਆ ਗਿਆ ਹੈ।

ਸਿੰਘਾਂ ਦੀ ਵੱਖਰੀ ਬੋਲੀ ॥ ਰਹਾਉ ॥

ਸ੍ਰੀ ਸਾਹਿਬ ਤੇ ਤੇਗ, ਖੜਗ,
ਖਗ, ਖੰਡੇ ਸੰਦੀ ਬੋਲੀ।
ਸੁੱਖਾ ਛਕਣਾ ਭੰਗ ਪੀਣ ਨੂੰ,
ਸੁਖ ਨਿਧਾਨ ਭੰਗ ਘੋਲੀ।
ਮੁਗਲ, ਚੁਗਲ, ਪੈਸਤ ਦੇ ਡੇਡੇ,
ਕਹਿਣ ਸੁਨਹਿਰਾ ਦੇਲੀ।
ਖੰਡੀ, ਚੰਡੇ, ਜ੍ਹਾਲ, ਬਸੰਤਰ,
ਏਲਾ ਕਹਿੰਦੇ ਏਲੀ ॥੧॥
ਛਕਣਬਿਦਾਮ,ਖਾਣ ਜਦ ਖਿੱਲਾਂ,
ਕਹਿੰਦੇ ਦੇਹ ਮੜੇਲੀ।
ਛਕਣ ਅਫੀਮਾਂ ਛਤਰਧਾਰ ਕਹਿ,
ਦੁੱਧ ਸਮੁੰਦ੍ ਕਹੇਲੀ।
ਬਾਜਾਂ ਕਰਨ ਸ਼ਿਕਾਰ ਆਖਦੇ,
ਰੰਬੇ ਘਾਹ ਫਰੇਲੀ।
ਕੁਹੀਆਂ ਕਰਨ ਸ਼ਿਕਾਰ ਆਖਦੇ,
ਵਾਢੀ ਖਣਕ ਕਰੇਲੀ ॥ ੨ ॥
ਫਿਰਨੀ ਕਰੀ ਸਵਾਰੀ ਕਹਿੰਦੇ,
ਚੱਕੀ ਪੀਹਣ ਬੋਲੀ।
ਸਦਾ ਕਰਨ ਨੂੰ ਕਹਿਣਉਗਰਾਹੀ,
ਝੋਲਾ ਕਹਿੰਦੇ ਝੋਲੀ।
ਸੁੰਦਰ, ਸੁੰਦਰੀ, ਸੂਹਣ ਬੁਹਾਰੀ,
ਬੋਲਾ ਕਹਿੰਦੇ ਬੋਲੀ।
ਅਕਲਦਾਨ ਸੋਟੇ ਨੂੰ ਆਖਣ,
ਕਹਿਣ ਰਬਾਬੀ ਦੋਲੀ ॥੩॥
ਕਹਿਣ ਸੁਜਾਖਾ ਨਾਉਂ ਛਾਨਣੀ,
ਲੂਣ ਸਰਬ ਰਸ ਘੋਲੀ।

ਸਫਾ ਜੰਗ ਟਕੂਏ ਨੂੰ ਕਹਿੰਦੇ,
ਸਦਾ ਗੁਲਾਬ ਬੰਬੋਲੀ।
ਮੁੱਖ ਮਾਂਜਣਾਂ ਕਹਿਣ ਦਾਤਣਾਂ,
ਦੁਲਾ ਦੁਲੀ ਭਰ ਡੋਹਲੀ।
ਹਰਨੀ ਮੱਖੀ, ਹਰਨ ਭੱਜਣਾ,
ਕਾਜੇ ਭੁੱਖ ਡੁਖੋਲੀ ॥ ੪ ॥
ਮੀਣੇ ਸੋਢੀ ਪ੍ਰਿਥੀ ਚੰਦ ਦੇ,
ਕੋਠੇ ਵਾਲੇ ਜੋਲੀ।
ਧੀਰ ਮੱਲੀਏ ਸੋਢੀ ਮਾਰੇ,
ਜੋ ਕਰਤਾਰ ਪੁਰੋਲੀ।
ਰਾਮ ਰਾਈਏ ਰਾਮ ਰਾਇ ਦੇ,
ਸੇਵਕ ਸਿਖ ਜੋ ਕੋਲੀ।
ਸੋ ਮਸੰਦੀਏ ਸਿਖ ਮਸੰਦਾ,
ਤਾੜੇ ਸਨ ਜੋ ਟੋਲੀ ॥ ਪ ॥

ਨੜੀਮਾਰ ਜੋ ਬਿਖਿਆ ਪੀਂਦੇ,
ਗਧੀ ਚੁੰਘਣ, ਬੀ ਏਲੀ।
ਕੁੜੀ ਮਾਰ ਹਤਿਆਰੇ ਪਾਪੀ,
ਮਾਰਨ ਧੀ ਨਿਟੋਲੀ।
ਮੁਸਲੀ ਧਰ ਜੋ ਸੰਗ ਤੁਰਕਣੀ,
ਅਬਵਾ ਬੇਸਵਾ ਕੋਲੀ।
ਸਿੱਖ ਹੋਇ ਜਿਨ ਕੇਸ ਕਟਾਏ
ਸੋ ਸਿਰਰੁੰਮ ਕਹੋਲੀ ॥ ੬ ॥
ਕੁੱਠਾ ਖਾਵਣ ਵਾਲੇ ਤਾਈਂ,
ਤੁਰਕ ਸੰਗਿਆ ਬੋਲੀ।
ਲੰਡੀ ਬੁੱਚੀ ਅਤੇ ਚੁਰਾਸੀ,
ਅਨਮਤੀਆਂ ਹਿਤ ਬੋਲੀ।
ਬੇਮੁਹਾਰੀ ਅਤੇ ਮੁਤਾਣੀ,
ਕੁਤਨੀ ਰੋਲ ਕਹੋਲੀ।
ਤੁਰਾ, ਤੁਰੰਗ, ਅਰਾਕੀ, ਨੁਕਰਾ,
ਘੋੜੇ ਨਾਉਂ ਸੁਬੋਲੀ ॥ ੭ ॥
ਮੁਖਲਸਖਾਣ ਸੁਚੇਤਾ ਆਖਣ,
ਸੋਚ ਹੋਣ ਦੇ ਤਾਈਂ।
ਬਰਰਾ, ਚੀਤਾ ਛਡਣਾ, ਆਖਣ,
ਮੈਦਾਨੇ ਜੰਗ ਲਾਈ।
ਤੁਰਕ ਬਕਰੀ ਕਹਿਣ ਕੰਜਰੀ,

Digitized by Panjab Digital Library | www.panjabdigilib.org

ਕਲਗਾ ਗੰਜੇ ਤਾਈਂ ॥ ੧੨ ॥
ਬਚਿਤਰਸਿੰਘੀਆਕਹਿਣ ਲੁਬਾਣੇ,
ਮਜ਼ਬੀ -ਪੰਡੇ ਚੌਥੇ- ਤਾਈਂ।
ਪੰਜ ਇਸ਼ਨਾਨਾ ਹਥ ਮੂੰਹ ਧੋਣਾ,
ਤਾੜ ਸੁਚੇਤੇ ਤਾਈਂ।
ਧਰਮ ਰਾਜ ਦੀ ਧੀ ਨੀਂਦਰ ਨੂੰ,
'ਪੁਤਰ' ਤਾਪ ਕਹਾਈਂ।
ਸਰਬ ਲੋਹ ਲੋਹੇ ਨੂੰ ਕਹਿੰਦੇ,
ਵੱਡੀ ਚੀਜ ਸਵਾਈ ॥ ੧੩ ॥
ਅਜਾ ਸਿੰਘ ਬੱਕਰੇ ਨੂੰ ਕਹਿੰਦੇ,
ਮਹਾਂ ਪ੍ਰਸ਼ਾਦਿ ਝਟਕਾਈ।
ਸ਼ੀਸ਼ ਮਹਿਲ ਝੁੱਗੀ ਨੂੰ ਕਹਿੰਦੇ,
ਸਉਗੀ ਕਣਕ ਕਿਲਾਈ।
ਕੇਸਰ ਨਾਉਂ ਕਹਿਣ ਹਲਦੀ ਦਾ,
ਖੀਰ ਤਸਮਈ ਭਾਈ।
ਜੀਉਣ ਬੂਟੀ ਮੱਲ੍ਹਮ ਤਾਈਂ,
ਗਰਖੜ ਛੱਜ ਛਟਾਈ॥੧੪॥
ਭੰਡਾਰਾ ਤੇ ਦੇਗ ਜੁ ਲੰਗਰ,
ਜਿਸਦਾ ਨਾਉਂ ਰਸੋਈ।
ਖਾਣ ਪੀਣ ਨੂੰ ਛਕਣਾ ਕਹਿੰਦੇ,
ਬੂੰਦੀ ਘੁੰਡਣੀ ਓਈ।
ਡਟ ਜਾਣਾ ਬੈਠਣ ਨੂੰ ਕਹਿੰਦੇ,
ਟੇਢ ਗਯਾਨ ਸੋਣੋਈ।
ਕਹਿਣ ਪੂਰੀਆਂ ਪਤ ਵੇਲਾਂ ਦੇ,
ਪੀਲ੍ਹੂ ਦਾਖ ਪਕੋਈ ॥੧੫॥
ਨਾਉਂ ਪੁਰਾਠੇ ਤਹਤੋੜ ਕਹਿੰਦੇ,
ਪਰਸ਼ਾਦਾ ਫੁਲਕੋਈ।
ਪੰਜਵਾਂ ਘਿਉਨੂੰ ਕਹਿਣ ਅਕਾਲੀ,
ਛੇਵਾਂ ਤੇਲ ਕਹੋਈ।
ਟੁੱਪਾ ਅਤੇ ਰੁਪਹਿਰਾ ਗੀਦਾ,
ਜਲ ਪਰਸਾ ਪਾਣੋਈ।
ਦਾਲਾ ਦਾਲ, ਗੋਂਗਲੂ ਠਿੱਪਰ,
ਆਖਣ ਭੁਏਂ ਸੁਰੋਈ ॥੧੬॥
ਮਿਰਚੈਨੇ ਮਿਰਚਾਂ ਨੂੰ ਆਖਣ,
ਚੋਥਾ ਲੂਣ ਕਹੋਈ।

ਹੈਗੇ ਸੋ ਤਨਖਾਹੀ।
ਛਧੀ ਨਾਉਂ ਬਿਖਿਆ ਦਾ ਕਹਿੰਦੇ,
ਖੋਤੀ ਚਿਲਮ ਅਲਾਈ ॥੮॥
ਗੰਗਾ ਜਲ ਮਦਰਾ ਨੂੰ ਕਹਿੰਦੇ,
ਪੀਏ ਸੋ ਵੰਗਾ ਨਾਹੀਂ।
ਨਾਉਂ ਦੁਸ਼ਾਲਾ ਲੋਈ ਤੁਰਾ,
ਅਫਲਾਤੂਨਿ ਰਜਾਈ।
ਮਖਮਲ ਨਾਉ ਘਾਹ ਦਾ ਕਹਿੰਦੇ,
ਲਾਚਾ ਭੂਰੇ ਤਾਈਂ।
ਦਸਤਾਰਾ ਤੇ ਨਾਉਂ ਰੁਮਾਲਾ,
ਪਗੜੀ ਨੂੰ ਕਹਿਨਾਈ॥ ੯ ॥
ਪਾਜਾਮੇ ਨੂੰ ਕਹਿਣ ਦੁਬੁਰਜੀ,
ਧੁੜ ਕੋਟ ਘਘਰਾ ਈ।
ਡੋਕਲ ਕੱਛ ਗੋਡਿਆਂ ਤਾਈਂ,
ਟਹਿਲਾਲਾ ਪਰਨਾ ਈ।
ਤੰਬੇ ਨੂੰ ਸਿੰਘ ਹੁੰਝਾ ਕਹਿੰਦੇ,
ਕੱਛ ਕਛਹਿਰਾ ਭਾਈ।
ਖਿਸਕੂ ਨਾਉਂ ਕੁਪੀਨ ਲੰਗੋਟੀ.
ਆੜਬੰਦਤਿਸ ਤਾਈਂ॥੧੦॥
'ਖੱਸੀ ਫੌਜ' ਤ੍ਰੀਮਤਾਂ ਕਹਿੰਦੇ*,
ਸਿੰਘ ਤੁਜੰਗੀ ਤਾਈਂ।
ਸਵਾ ਲੱਖ ਤੇ ਫੌਜਾਂ ਆਖਣ,
ਇਕ ਇਕੱਲਾ ਭਾਈ।
ਅੰਗ ਸੰਗ ਕਹਿ ਨਾਲ ਰਹਿਣ ਨੂੰ,
ਪੰਜ ਲਖ ਪੰਜ ਕਹਾਈ।
ਤਿਮਰ ਲੰਗ ਤੇ ਨਾਉਂ ਸੁਚਾਲਾ,
ਆਖਣ ਲੰਗੜੇ ਤਾਈਂ ॥੧੧॥
ਚੜ੍ਹਿਆ ਚੁਬਾਰੇ ਅਤੇ ਬਹਿਸ਼ਤੀ,
ਕਹਿੰਦੇ ਬੋਲੇ ਤਾਈਂ।
ਨੇਤ੍ਰ ਹੀਣ ਨੂੰ ਕਹਿਣ ਸੂਰਮਾ,
ਪੰਜ ਅੱਖਾ ਕਾਣਾਈ।
ਕਹਿਣ ਬਟੇਰਾ ਲੂਹਲੇ ਤਾਈਂ,
ਟੁੰਡੇ ਨੂੰ ਲਖ ਬਾਹੀਂ।
ਸੁਰਗ ਦੁਆਰੀਆ ਨਕਟੇ ਤਾਈਂ,

*ਅਪਣੀਆਂ ਨੂੰ ਸਿੰਘਣੀਆਂ ਕਹਿੰਦੇ ਸਨ।

Digitized by Panjab Digital Library | www.panjabdigilib.org

ਕਾਨੂਰੀ ਖੁੰਡੋਈ ।
ਕਾਰਦਾਰ ਕਰ ਕਹਿਣ ਫਾਟੁੜਾ,
ਸੁੰਹੀਆਂ ਟਾਕੁ ਹੋਈ॥੨੧॥

ਇਸ ਗੀਤ ਤੋਂ ਸਿਵਾਇ ਓਸ ਵੇਲੇ ਦੇ ਸਿੰਘਾਂ ਦੇ ਆਪੋ ਵਿਚ ਦੀ ਲਿਖੇ ਹੋਏ ਖਤ ਪਤਰ ਆਪਣਿਆਂ ਬੋਲਿਆਂ ਅਤੇ ਸਿੰਧੀ ਸਾਦੀ ਪੰਜਾਬੀ ਜ਼ੁਬਾਨ ਦੀ ਖੂਬੀ ਪ੍ਰਗਟ ਕਰਨ ਲਈ ਕੁੱਝ ਰੁੱਕੇ (ਖਤ) ਏਥੇ ਲਿਖੇ ਜਾਂਦੇ ਹਨ, ਜਿਸਤੋਂ ਪੁਰਾਣੀ ਯਾਦਗਾਰ ਤੇ ਵਰਤਣ ਦਾ ਬਹੁ ਲਗਦਾ ਹੈ।

ਰੁੱਕਾ ਯਾ ਖਤ ਨੰ: ੧

ਇਹ ਖਤ ਦੀਵਾਨ ਕੌੜਾ ਮਲ ਮਹਾਰਾਜੇ* ਦੇ ਨਾਮ ਪਰ ਹੈ। ਇਹ ਦੀਵਾਨ ਸਾਹਿਬ ਦੀਵਾਨ ਜ਼ੇ ਮਹਾਰਾਜੇ ਸੇ ਤੇ ਖਾਲਸਾ ਜੀ ਦੀ ਸਹਾਇਤਾ ਵਿਚ ਹਰ ਵੇਲੇ ਤਜਾਰ ਬਰ ਤਜਾਰ ਰਹਿੰਦੇ ਸੇ ਅਤੇ ਔਕੜ ਵੇਲੇ ਰਸਤ ਪਾਣੀ ਵੀ ਪੰਥ ਨੂੰ ਕਿਸੇ ਨਾ ਕਿਸੇ ਢੰਗ ਨਾਲ ਅਪੜਾਇਆ ਕਰਦੇ ਸੇ।

੧ ਓ ਅਕਾਲ ਜੀ ਸਹਾਇ ॥

ਲਾਲਾ ਸਾਹਿਬ ਦੀਵਾਨ ਮਿੱਠਾ ਮਲ, ਸਲਮੁਲ ਅਕਾਲ ਹੂ, ਫੌਜਾਂ ਦਾ ਆਨੰਦ ਖਿੜ ਰਿਹਾ ਹੈ, ਦੇਗ ਮਸਤਾਨੀ ਹੈ, ਖਾਲਸਾ ਜੀ ਕਾਜੇ ਹੈ, ਕਾਜੇ ਖੋਲੋ ।

—o—

ਰੁੱਕਾ ਜਾਂ ਖਤ ਨੰਬਰ ੨

ਇਹ ਇਕ ਸਿੰਘ ਵਲ ਹੈ ਜੋ ਓਸ ਵੇਲੇ ਓਸੇ ਜੰਗਲ ਵਿਚ ਦੂਜੀ ਵਲ ਨੇੜੇ ਹੀ ਸਾ।

ਲਾਚੀ ਦਾਣਾ ਮੋਠ ਬਾਸਰੀ,
ਲਡੂ ਟਿੰਡੇ ਸੋਈ ।
ਕਹਿਣ ਪੁਲਾਉ ਚਾਂਦਨੀ ਫੁਲਿਆਂ
ਅਤੇ ਮਖਾਣੇ ਕੋਈ ।
ਗੁੰਦੜ ਕਹਿਣ ਮਲਾਈ ਤਾਈਂ,
ਗਰੜਾ ਚਾਵਲ ਹੋਈ ॥੧੭॥

ਸਬਜ਼ ਪੁਲਾਉ ਸਾਗ ਨੂੰ ਆਖਣ,
ਚਟਨ ਪੁਲਾ ਚਟਨੋਈ।
ਕਹਿਣ ਗੁਬਿੰਦੀਆਂਨਾਉਂਗਾਜਰਾਂ,
ਖੁਰਮੇ ਆੜੂ ਜੋਈ।
ਕਹਿਣ ਜਲੇਬੀ ਸੰਗਰੀ ਤਾਈਂ,
ਜਲ ਤੋਰੀ ਮਾਛੋਈ ।
ਫੱਟੜ ਉਹ ਪਰਸ਼ਾਦਾ ਹੁੰਦਾ,
ਖੰਨਾ ਚੱਪਾ ਜੋਈ ॥੧੮॥

ਫਤੇ ਕੁਮੈਦ ਗੰਨਿਆਂ ਕਹਿੰਦੇ,
ਲਾਠੀ ਨੂੰ ਕਹਿ ਕੋਈ ।
ਪੰਚਾਮ੍ਰਿਤ ਕੁਣਕਾ ਤਿ ਤਿਹਾਵਲ,
ਨਾਉਂ ਕੜਾਹ ਸੁਜੋਈ ।
ਵਿਰਵੇ ਕਾਜੇ, ਖੋਲੇ ਕਾਜੇ,
ਰਜ ਰਜ ਅੰਨ ਛਕੋਈ।
ਪੰਜ ਕੋਸੀ ਕਹਿ ਜਟਾ ਜੂਟ ਰਹਿ,
ਗੱਫੇ ਲਾਉਣ ਛਕੋਈ ॥੧੯॥

ਜਗਨਾਥੀ ਹਾਂਡੀ ਨੂੰ ਕਹਿੰਦੇ,
ਬਬਰੁ ਖਮੀਰ ਰੁਟੋਈ।
ਕਹਿਣ ਬਿਦਾਨਾ ਪੰਝੂ ਪੱਕੇ,
ਭਾਜਾ ਭਾਜੀ ਹੋਈ ।
ਲੰਗਰ ਮਸਤ ਰਹੋ ਹਾਂ ਵਿਰਵੇ,
ਤੂਤ ਮਿਠਾਈ ਹੋਈ।
ਮਹਾਂ ਪ੍ਰਸ਼ਾਦ ਨਾਉਂ ਝਟਕੇ ਦਾ,
ਬਾਟੇਰੇ ਬੈਂਗਨੋਈ ॥ ੨੦ ॥
ਝਟਕਾਉਣ ਮਾਰਨ ਨੂੰ ਕਹਿੰਦੇ,
ਇੱਕੋ ਵਾਰ ਕਟੋਈ ।
ਛੋਣੀ ਕਹਿਣ ਮੁਕਾਮ ਕਰਨ ਨੂੰ,
ਬੁੰਗਾ ਘਰ ਕਹਿਨੋਈ।
ਕੋਤਲ ਮੰਜਾ, ਲੱਠ ਸਲੋਤਰ,

*ਹੁਣ ਆਪ ਜੀ ਵਲੋਂ ਹੋਏ ਗੁਰਦੁਆਰਿਆਂ ਦੀ ਸੇਵਾ ਤੇ ਹੋਰ ਅਦੁਤੀ ਪੰਥ ਸੇਵਾ ਦੇ ਹਾਲ ਤੇ ਜੀਵਨ ਸ: ਗੰਡਾਸਿੰਘ ਜੀ ਲਿਖਤ ਛਪ ਗਿਆ ਹੈ।
[ਸੰਪਾਦਿਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਆਓ ਖਾਲਸਾ ਜੀ ਤੁਰਤ ਫੁਰਤ ਆਓ, ਹੁਕਮ ਨਾਲ ਮਿਰਗ ਝਟਕਾਇਆ ਹੈ, ਚੰਡੀ ਤਯਾਰ ਹੈ, ਡਲੇ ਸਜਾਕੇ ਧਰੇ ਹਨ, ਰਾਮ ਰਸ ਮਸਤਾਨਾ ਹੈ, ਗਰਮਾ ਗਰਮ ਦੇ ਗੱਫੇ ਲਾਕੇ ਫੌਜਾਂ ਦੀ ਚੜ੍ਹਾਈ ਹੈ। ਜਥੇਦਾਰ ਵੀ ਅੰਗਸੰਗ ਹੋਵੇ।

—-o—-

ਰੁੱਕਾ ਯਾ ਖਤ ਨੰਃ ੩

ਜਦ ਕਾਹਨੂੰਆਣ ਵਾਲਾ ਜੰਗਲ ਖਾਲਸਾ ਜੀ ਦਾ ਕਿਲੇ ਵਰਗਾ ਜਾਨ ਮਾਲ ਦਾ ਰਾਖਾ ਸਾ, ਓਸ ਵੇਲੇ ਇਹਖਤ ਇਕ ਸਿੰਘ ਨੇ ਆਪਣੇ ਜਥੇਦਾਰ ਵੱਲ ਲਿਖਿਆ ਹੈ ਜਿਸ ਵਿਚ ਗੁਜਰੀ ਹੋਈ ਰਾਤ ਦੀ ਰਪੋਟ ਹੈ:-

ਗੁਰੂ ਕੇ ਪਿਆਰੇ ਜਥੇਦਾਰ.....ਸਿੰਘ ਜੀ ਵਾਹਿਗੁਰੂ ਜੀ ਕੀ ਫਤਹ ਹੈ। ਪਿਛਲੀ ਰਾਤ ਰਾਮ ਜੰਗੇ ਦੀ ਗ੍ਰੰਜ ਹੋਈ ਖਾਲਸਾ ਜੀ ਤਯਾਰ ਬਰਤਯਾਰ ਡਟ ਗਏ, ਦਿਹੁੰ ਚੜ੍ਹੇ ਰਾਮ ਰਾਜ ਵਿਚ ਭਾਲ ਹੋਈ, ਤੁਰਕ ਫਤੇ ਗਜਾ ਗਏ ਸੇ। ਇਕ ਪਾਹੜਾ ਰੋਲੀ ਛਕਕੇ ਬਿਰਾਜਿਆ ਹੈ। ਹੁਕਮ ਨਾਲ ਡਲੇ ਸਜਾਏ, ਫੌਜਾਂ ਬਿਅੰਤ ਆ ਗਈਆਂ, ਰਾਮ ਰਸ ਅੰਗ ਸੰਗ ਸਾ। ਆਪ ਦਾਈਆ ਕਰਕੇ ਤੁਰਤ ਫੁਰਤ ਅੱਪੜੋ, ਤਾਂ ਗਹਿਰੇ ਗੱਫੇ ਲੱਗਣ।

—-o—-

ਰੁੱਕਾ ਯਾ ਖਤ ਨੰਃ ੪

ਜਿਸ ਵਿਚ ਥੋੜਾ ਜਿਹਾ ਜੰਗ ਦਾ ਹਾਲ ਲਿਖ ਕੇ ਇਕ ਸਰਦਾਰ ਵਲ ਭੇਜਿਆ ਹੈ:-

ਫੌਜਾਂ ਮਖ਼ਮਲਾਂ ਤੇ ਅੜੰਗ ਬੜੰਗ ਹੋ ਰਹੀਆਂ ਸਨ ਕਿ ਆਥਣੇਂ ਮੁਹਰੇ ਹੀ ਜਥੇਦਾਰ.....ਸਿੰਘ ਹੋਰਾਂ ਪੰਜ ਲਖ ਫੌਜਾਂ ਨਾਲ ਦਿਦਾਰੇ ਦਿੱਤੇ, ਅਹੋ ਖਾਲਸਾ ਜੀ ਸੁਚੇਤੇ ਤਾੜ ਕੇ ਤਯਾਰ ਬਰਤਯਾਰ ਸੀ। ਫਤੇ ਗਜਾਕੇ ਛੰਭ ਦੇ ਦਾਉ ਨੂੰ ਸ਼ਿਕਾਰ ਲਈ ਵਧੇ। ਕੁਦਰਤ ਨਾਲ ਅਗੇ ਤੁਰਕੜੇ ਡਟੇ ਹੋਏ ਸਨ। ਵਹਿੰਦਿਆਂ ਹੀ ਜਵਾਲਾ ਦਉਣੀਆਂ ਝੋਕੀਆਂ, ਚੰਗਾ ਘਮਸਾਣ ਹੋਇਆ, ਪਲੋ ਪਲੀ ਵਿਚ ਆਹੂ ਲਹਿ ਗਏ, ਤਿੰਨ ਲਖ ਖਾਲਸਾ ਸ਼ਹੀਦ ਹੋਗਿਆ। ਢਾਈ ਲਖ ਫੱਟੜ ਹੋਏ। ਭਰੋੜਿਆਂ ਨੇ ਵਹੀਰ ਪਾ ਦਿਤੀ। ਖਾਲਸਾ ਜੀ ਨੇਸ਼ਹੀਦਾਂ ਨੂੰ ਅੰਗੀਠੇ ਦੇ ਸਪੁਰਦ ਕੀਤਾ, ਸੋਹਿਲੇ ਦਾ ਅਰਦਾਸਾ ਸੋਧਕੇ ਡੇਰੇ ਅਪੜੇ, ਅੱਗੇ ਦੀ ਗੁਰੂ ਜਾਣੇ।

—-o—-

ਖਤ ਯਾ ਰੁੱਕਾ ਨੰਃ ੫

ਇਸ ਵਿਚ ਕਿਸੇ ਮਲਵਈ ਸਰਦਾਰ ਵਲੋਂ ਆਏ ਖਤ ਦਾ ਮੋੜਵਾਂ ਉੱਤਰ ਹੈ:-

੧ ੴ ਸਤਿਗੁਰਪ੍ਰਸਾਦਿ ॥

ਉਜਲ ਦਿਦਾਰ ਨਿਰਮਲ ਬੁਧ ਸਰਦਾਰ .....ਸਿੰਘ ਜੀ ਜੋਗ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਹੈ, ਪਰਵਾਨ ਹੋਵੇ ਜੀ।

ਆਪਦਾ ਲਿਖਿਆ ਪੁੱਜਾ ਬੜਾ ਅਨੰਦ ਹੋਇਆ, ਏਥੇ ਰਾਮਰਾਜ ਵਿਚ ਬੜਾ ਅਨੰਦ ਹੈ। ਸ਼ਬਦ, ਚੌਂਕੀ, ਕੀਰਤਨ, ਅਖੰਡ ਹੈ। ਹੁਕਮ ਨਾਲ ਤੁਰਾ ਚੜ੍ਹਾਈ ਕਰ ਗਿਆ, ਸਵਾ ਲਖ ਖਾਲਸਾ ਤਿਆਰਲੈਂਗੀਆ ਹੋਗਿਆ। ਟਾਂਗੂ ਭੇਜਿਆ ਸਾ, ਪਰ ਸੁੰਹ ਸੁਤ ਨਹੀਂਆਈ, ਤੁਰਕੜੇ ਏਥੇ ਨਹੀਂ ਅਪੜੇ। ਦੇਗ ਮਸਤ ਰਹਿੰਦੀ ਹੈ, ਰਾਮ ਬਟੇਰੇ, ਖੁਰਮੇ, ਬਦਾਨਾ ਬੇਅੰਤ

Digitized by Panjab Digital Library | www.panjabdigilib.org

ਹੈ।ਦਿਦਾਰ ਮੇਲੇ ਕਰਤਾਰ ਦੇ ਭਾਣੇ ਵਿਚ ਹਨ। ਗੁਰਮਤੇ ਲਈ ਫੌਜਾਂ ਆਉਣਗੀਆਂ। ਗੁਰਮਤਾ ਕਰਕੇ ਖਾਲਸਾ ਜੀ ਲਹੌਰ ਦੀ ਚੜ੍ਹਾਈ ਕਰੇਗਾ। ਅਗੇ "ਜਿਵ ਜਿਵ ਹੁਕਮੁ ਤਿਵੈ ਤਿਵ ਕਾਰ"। ਕਾਬਲੀ ਕੁੱਤੇ ਦੀ ਸੁੰਹ ਭੇਜਣੀ।

--o--

ਖਤ ਯਾ ਰੁੱਕਾ ਨੰਬਰ ੬

ਇਕ ਜਥੇਦਾਰ (ਸਰਦਾਰ ਵਲੋਂ) ਆਪਣੀ ਫੌਜ ਵਲ ਖਤ:-

ਸਰਬਤ ਸਮੂਹ ਖਾਲਸਾ ਜੀ ਜੋਗ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ ਬੁਲਾਈ ਹੈ ਬੁਲਾਵਣੀ ਜੀ। ਗੁਰਬਾਣੀ ਦਾ ਅਭਯਾਸ ਨਹੀਂ ਛੱਡਣਾ। ਵੈਰੀ ਦਾ ਵਿਸਾਹ ਨਹੀਂ ਕਰਨਾ। ਤਜਾਰ ਬਰ ਤਜਾਰ ਰਹਿਣਾ। ਨਾਮ ਜਪਣਾ ਫਿਰ ਬਾਣੀ ਪੜ੍ਹਨੀ, ਫਿਰ ਨਾਮ ਜਪਣਾ ਫਿਰ ਬਾਣੀ ਪੜ੍ਹਨੀ, ਫਿਰ ਨਾਮ ਜਪਣਾ ਗਾਫਲ ਨਹੀਂ ਰਹਿਣਾ। ਇਹੋ ਸਿਖੀ ਹੈ, ਇਹੋ ਸਿਦਕ ਹੈ। ਤਨ ਅਤੇ ਮਨ ਨੂੰ ਕਦੀ ਵਿਹਲਿਆਂ ਨਹੀਂ ਰਖਣਾ। ਤੁਰਕੜੇ ਦੀ ਸੁੰਹ ਰਖਣੀ। ਅਕਾਲ ਪੁਰਖ ਦਾ ਭਰੋਸਾ ਰਖਣਾ। ਲੜਾਈ ਵੇਲੇ ਬਹੁਤ ਅਗੇ ਨਹੀਂ ਵਧਣਾ। ਗੋਲਾ ਬੰਨ੍ਹ ਕੇ ਲੜਨਾ। ਪਿੱਛੇ ਨਹੀਂ ਮੁੜਨਾ। ਜੇ ਮੁੜਨਾ ਤਾਂ ਪਿੱਠ ਨਹੀਂ ਦੇਣੀ। ਸਜੇ ਖਬੇ ਤਾੜ ਕੇ ਲੜਨਾ। ਬਾਣੀ ਪੜ੍ਹਦਿਆਂ ਰਹਿਣਾ। ਨਾਮ ਜਪਦਿਆਂ ਰਹਿਣਾ। ਸ਼ਸਤਰਾਂ ਦਾ ਵਿਸਾਹ ਨਹੀਂ ਕਰਨਾ। ਤੁਰਕ ਬਹੁਤੇ ਥੋੜ੍ਹੇ ਨਹੀਂ ਗਿਣਨੇ। ਸਤਿਗੁਰ ਅੰਗ ਸੰਗ ਜਾਨਣੇ। ਹੋਰ ਜਥੇਦਾਰ ਫੌਜਾਂ ਸਮੇਤ ਅਪੜੇ ਜਾਣੇ, ਇਹ ਸਾਰੀ ਹੁਕਮ ਦੀ ਖੇਡ ਜਾਨਣੀ, ਭਾਣੇ ਵਿਚ ਵਰਤਣਾ, ਆਪਾ ਨਹੀਂ ਜਣਾਉਣਾ।

---o---

ਇਸ ਪ੍ਰਕਾਰ ਦੀ ਬੋਲੀ ਜੋ ਕਦੇ ਵਰਤੀ ਜਾਂਦੀ ਸੀ, ਹੁਣ ਗੁੰਮ ਹੋ ਰਹੀ ਹੈ, ਕਿਉਂਕਿ ਇਹ ਇਤਿਹਾਸ ਦਾ ਇਕ ਹਿੱਸਾ ਹੈ, ਇਸਦਾ ਕਾਇਮ ਰਹਿਣਾ ਜ਼ਰੂਰੀ ਹੈ, ਜਿਸ ਕਰਕੇ ਅੱਗੇ ਅਸੀਂ ਇਨ੍ਹਾਂ ਪਦਾਂ ਦਾ ਇਕ ਕੋਸ਼ ਲਿਖਦੇ ਹਾਂ, ਜਿਸਤੇ ਅਵਾਣ ਸਿਵਾਣ ਸਭ ਨੂੰ ਪਤਾ ਲਗ ਜਾਵੇ ਕਿ ਬੋਲੇ ਦੇ ਅਰਥ ਕਿੱਕੂੰ ਭਾਲੀਦੇ ਹਨ। ਬੋਲਿਆਂ ਨੂੰ ਸੁਖਾਲੀ ਤਰ੍ਹਾਂ ਲੱਭਣ ਲਈ ਉੜੇ ਐੜੇ ਤੇ ਮਾਤ੍ਰਾਂ ਦੇ ਕ੍ਰਮ ਨਾਲ ਅਰਥਾਂ ਸਮੇਤ ਲਿਖਿਆ ਹੈ। ਇਹ ਹਜ਼ਾਰਕੁ ਦੇ ਲਗ ਪਗ ਬੋਲੇ ਜੋ ਬਹੁਤ ਢੂੰਡ ਭਾਲ ਕੀਤਿਆਂ ਮਿਲੇ ਹਨ, ਸੋ ਸੱਜਣਾਂ ਦੀ ਸੇਵਾ ਵਿਚ ਸਮਰਪਣ ਹਨ,ਭਾਵੇਂ ਹੋਰ ਵੀ ਬੋਲੇ ਲੁਕੇ ਛਪੇ ਬੋਲ ਚਾਲ ਤੋਂ ਰਹੇ ਹੋਏ ਦੂਜੀ ਬੋਲੀ ਵਿਚ ਮਿਲੇ ਹੋਏ ਜਾਪਦੇ ਹਨ, ਪਰੰਤੂ ਹੁਣ ਤਕ ਜਿੰਨੇ ਚੁਣੇ ਗਏ ਹਨ ਸੋਈ ਹਾਜਰ ਹਨ –

ਪਦ ਲੱਭਣ ਦਾ ਢੰਗ

ਬੋਲੇ ਦਾ ਪਹਿਲੇ ਪਹਿਲਾ ਅਖਰ ਫਿਰ ਉਸਦੀ ਮਾਤ੍ਰਾ ਫਿਰ ਉਸਤੋਂ ਅਗਲਾ ਅਖਰ ਤੇ ਉਸਦੀ ਮਾਤ੍ਰਾ ਦੇ ਕ੍ਰਮ ਅਨੁਸਾਰ ਬੋਲਾ ਲੱਭ ਸਕੀਦਾ ਹੈ ਤੇ ਉਸਦੇ ਅੱਗੇ ਉਸਦਾ ਅਰਥ ਦਿੱਤਾ ਗਿਆ ਹੈ। [ਸੰਪਾਦਕ

ੳ

ੴ ਸਤਿਗੁਰ ਪ੍ਰਸਾਦਿ॥ ਉਹ ਇਕ ਹੈ ਤੇ ਅਕਾਲ ਹੈ (ਉਹ ਅਕਾਲ ਪੁਰਖ ਜਾਣੀਦਾ ਹੈ) ਸਤਿਗੁਰਾਂ ਦੀ ਕਿਰਪਾ ਕਰਕੇ।

ਇਹ ਮੰਗਲ ਖਾਲਸਾ ਜੀ ਦੀ ਹਰਇਕ ਲਿਖਤ ਪੜਤ ਉਤੇ ਪਹਿਲੇ ਅਰੰਭ ਵਿਚ ਲਿਖਿਆ ਜਾਂਦਾ ਹੈ।

ਉਗਰਾਹੀ–ਭਿਖਜਾ।

Digitized by Panjab Digital Library | www.panjabdigilib.org

ਉਗਰਾਹੁਣਾ–ਭਿਖਜਾ ਮੰਗਣੀ, ਚੰਦਾ ਕੱਠਾ ਕਰਨਾ।

ਉਜਾਗਰ–ਦੀਵਾ।

ਉਜਾਗਰੀ–ਲਾਲਟੈਣ।

ਉਦਮ–ਤਿਆਰ ਬਰਤਿਆਰ ਰਹਿਣ ਦਾਭਾਵ।

ਉਦਾਸੀ–ਉਦਾਸਮਤ ਦਾ ਸਾਧੂ ਜੋ ਬਾਬਾ ਸ੍ਰੀ ਚੰਦ ਜੀ ਤੋਂ ਚਲਿਆ।

ਓਗਰਾ–ਮਿੱਠੇ ਅਤੇ ਲੂਣ ਤੋਂ ਬਿਨਾਂ ਕੜਾਹ, ਜੋ ਤੀਜੇ ਪਾਤਸ਼ਾਹ ਗੁਰੂ ਅਮਰ ਦੇਵ ਜੀ ਛਕਿਆ ਕਰਦੇ ਸੇ।

ਅ

ਅਉਸਰ–ਦਾਉ, ਘਾਤ।

*ਅਸਵਾਰਾ(ਸਾਹਿਬ)–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਅਸਵਾਰਾ ਸਾਹਿਬ ਕਰਾਉਣਾ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਤੋਖਣਾ।

*ਅਸਵਾਰਾ ਸਾਹਿਬ ਪ੍ਰਕਾਸ਼ ਕਰਨਾ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ।

ਅਸਵਾਰਾ ਕਰਨਾ–ਮਰ ਜਾਣਾ, ਚੜ੍ਹਾਈ ਕਰਨੀ† । ੨. ਘੋੜੇ ਆਦਿਕ ਕਿਸੇ ਸਵਾਰੀ ਤੇ ਚੜ੍ਹਨਾ।

ਅਕਲ ਦਾਨ–ਸਲੋਤ੍ਰੀ, ਸੋਟਾ, ਸੋਟੀ।

*ਅਕਾਸ਼ੀ ਫੌਜ–ਅਦ੍ਰਿਸ਼ ਸ਼ਹੀਦ ਸੈਨਾ।

ਅਕਾਲ, ਅਕਾਲ ਪੁਰਖ–ਜਿਸਨੂੰ ਕਦੀ ਕਾਲ ਨਾ ਆਵੇ ਸੋ ਅਕਾਲਪੁਰਖ,ਪਰਮੇਸ਼ੁਰ।

*ਅਕਾਲ ਪੁਰਖੀਏ–ਤਤਖਾਲਸਿਆਂਨੂੰ ਪਹਿਲੇ ਇਉਂ ਸਦਦੇ ਸਨ।

ਅਕਾਲੀ–ਅਕਾਲ ਪੁਰਖ ਦੇ ਮਤ ਵਾਲੇ, ਪੰਥ ਦਾ ਉਹ ਹਿੱਸਾ ਜੋ ਦਲਾਂ ਵੇਲੇ ਗੁਰਦਵਾਰਿਆਂ ਦੀ ਸੇਵਾ ਤੇ ਪੰਥਕ ਫੈਸਲਿਆਂ ਪਰ ਇਕੱਤ੍ਰਤਾ ਕਰਨ ਦਾ ਸੇਵਕ ਹੋਇਆ ਸੀ, ਜਿਨ੍ਹਾਂ ਨੇ ਸੰਸਾਰਕ ਲਾਭ ਮੂਲੋਂ ਤਜਾਗ ਦਿੱਤਾ ਸੀ।
੨. ਨਿਹੰਗਸਿੰਘ ਨੀਲੇ ਬਾਣੇ ਵਾਲੇ।
੩. ਅਨੰਨ ਭਗਤ ਅਕਾਲ ਪੁਰਖ ਦੇ।
੪. ਅਕਾਲ ਬੁੰਗੇ ਦੇ ਸੇਵਕ।

ਅਕਾਲ-ਅਕਾਲ,ਅਕਾਲ ਬਾਂਗਾਂ–ਜੁੱਧ ਜੰਗ ਵੇਲੇ ਦੇ 'ਅਕਾਲ,ਅਕਾਲ' ਦੇ ਨਾਅਰੇ ਤੇ ਜੈਕਾਰੇ। 'ਸਤਿ ਸ੍ਰੀ ਅਕਾਲ' ਦੇ, ਉੱਚੀ ਅਵਾਜ਼ ਵਾਲੇ ਜੈਕਾਰੇ।

ਅਕਾਲ ਬੁੰਗਾ–ਸ੍ਰੀ ਅੰਮ੍ਰਿਤਸਰ ਜੀ ਦਾ ਤਖਤ ਸਾਹਿਬ ਜੋ ਛੇਵੇਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖਤ ਨਾਉਂ ਰੱਖਕੇ ਬਣਾਇਆ ਸੀ।
੨. ਅਕਾਲ ਪੁਰਖ ਦਾ ਸਿੰਘਾਸਨ।
੩. ਜੱਥੇ ਸਿੰਘ ਅਤੇ ਸ਼ਸਤਰ ਨਾਮ ਬਾਣੀ ਆਦਿਕ ਵੱਸਣ ਉਹ ਗੁਰਦੁਆਰਾ।

ਅਖੰਡ–ਇਕ ਰਸ, ਹਰ ਵੇਲੇ ਰਹਿਣੇ ਵਾਲਾ ਜੋ ਖੰਡ (ਟੋਟੇ) ਨਾਂ ਹੋਵੇ।

ਅਖੰਡ ਪਾਠ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕਤਾਰ ਪਾਠ।

ਅਜਾ, ਅਜਾ ਸਿੰਘ–ਬੱਤਰਾ, ਬੱਕਰੀ, ਛੇਲਾ, ਪਠੋਰਾ।

ਅਣਸ਼ਹੀ–ਸੇਵਾ ਪੰਥੀ, ਇਕ ਨਾਨਕਸ਼ਾਹੀ ਫਿਰਕਾ ਹੈ ਜੋ ਨਾਵੇਂ ਦਸਵੇਂ ਪਾਤਸ਼ਾਹ

*ਇਸ ਸੂਚੀ ਵਿਚ ਜਿਹੜੇ ਬੋਲੇ ਸੰਪਾਦਿਕ ਨੇ ਵਧਾਏ ਹਨ, ਉਨ੍ਹਾਂ ਦੇ ਆਰੰਭ ਵਿਚ * ਇਹ ਨਿਸ਼ਾਨ ਲਾ ਦਿਤਾ ਗਿਆ ਹੈ। ਜੇ ਕਿਸੇ ਸਜਣ ਨੂੰ ਹੋਰ ਕਿਸੇ ਬੋਲੇ ਦਾ ਪਤਾ ਲਗੇ ਤਾਂ ਸੰਪਾਦਿਕ ਨੂੰ ਲਿਖ ਘੱਲਣ ਦੀ ਕ੍ਰਿਪਾਲਤਾ ਕਰੇ।[ਸੰਪਾਦਿਕ

†ਚੜ੍ਹਾਈ ਕਰਨੀ ਵੀ ਖਾਲਸਈ ਬੋਲਾ ਹੈ।

Digitized by Panjab Digital Library | www.panjabdigilib.org

ਜੀ ਦੀ ਬਖਸ਼ਸ਼ ਤੋਂ ਬਣਿਆਂ।

ਅਥੱਕ–ਮਰੀਅਲ ਟੱਟੂ।

ਅਥੱਕ ਅਸਵਾਰੀ–ਜੁੱਤੀ, ਜੋੜਾ।

ਅਨਮਤੀਏ–ਦੇਖੋ 'ਚੁਰਾਸੀ ਦੇ ਲੋਕ'।

ਅਨੰਦ–ਬੱਸ, ਪੂਰਣ, ਤ੍ਰਿਪਤ।

੨. ਮੰਗਲ, ਖੁਸ਼ੀ।

੩. ਇਕ ਬਾਣੀ ਦਾ ਨਾਉਂ ਜੋ ਤੀਜੀ ਪਾਤਸ਼ਾਹੀ ਨੇ ਰਾਮਕਲੀ ਰਾਗ ਵਿਚ ਅਨੰਦ ਨਾਮੀ ਉਚਰੀ ਹੈ। ਜਿਸ ਦੀਆਂ ਪੰਜ ਪਉੜੀਆਂ ਅਵਸੋਂ ਕੀਰਤਨ ਅਥਵਾ ਬਾਣੀਆਂ ਦੇ ਭੋਗ ਵੇਲੇ ਕੜਾਹ ਪ੍ਰਸ਼ਾਦਿ ਦੀ ਅਰਦਾਸ ਨਾਲ ਪੜ੍ਹੀਦੀਆਂ ਹਨ।

੪. ਸਿਖ ਮ੍ਰਿਯਾਦਾ ਅਨੁਸਾਰ ਵਿਆਹ।

ਅਨੰਦ ਖਿੜਨਾ–ਵਿਆਹ ਹੋਣਾ। ਬੁਰਾ ਨਤੀਜਾ ਨਿਕਲਣਾ। ੨. ਕਿਸੇ ਕੰਮ ਦਾ ਹੋਣਾ। ੩. ਕਾਮਯਾਬੀ ਹੋਣੀ।

ਅਨੰਦ ਪੜ੍ਹਾਉਣਾ–ਸਿਖੀ ਮ੍ਰਿਯਾਦਾ ਨਾਲ ਵਿਆਹ ਕਰਾਉਣਾ।

੨. ਚਾਦਰ ਪਾਉਣੀ।

ਅਫਲਾਤੂਨ–ਰਜਾਈ, ਨਿਹਾਲੀ, ਲੇਫ।

੨. ਰੂੰਈ ਵਾਲਾ ਬਸਤਰ।

*ਅਫਲਾਤੂਨੀ–ਤੁਲਾਈ, ਦੁਲਾਈ।

ਅਬਚਲ ਨਗਰ–ਨਿਹਚਲ ਅਸਥਾਨ ਜੋ ਨਾ ਹਿੱਲ ਸਕੇ।

੨. ਏਕਾਗਰ ਅਵਸਥਾ, ਸਚਖੰਡ।

੩. ਸ੍ਰੀ ਹਜ਼ੂਰ ਸਾਹਿਬ ਤਖਤ, ਦੱਖਣ ਨਾਦੇੜ ਦਾ ਗੁਰਦਵਾਰਾ।

ਅਰਦਾਸ–ਪ੍ਰਾਰਥਨਾ। ੨. ਚਿੱਠੀ।

ਅਰਦਾਸ, ਅਰਦਾਸਾ–ਅਕਾਲ ਪੁਰਖ ਤੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ। ੨. ਬਾਣੀ ਯਾ ਪਾਠ ਦੇ ਅੰਭ ਯਾ ਸਮਾਪਤੀ ਵੇਲੇ ਜੋ ਬੇਨਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਇਕੱਲਿਆਂ ਜਾਂ ਦੀਵਾਨ ਵਿਚ ਕੀਤੀ ਜਾਵੇ।

ਅਰਦਾਸੀਆ–ਸੇਵਕ, ਅਰਦਾਸ ਕਰਨਵਾਲਾ।

ਅਰਦਾਸ ਕਰਨੀ, ਅਰਦਾਸਾ ਸੋਧਣਾ–ਬੇਨਤੀ ਕਰਨੀ, ਪ੍ਰਾਰਥਨਾ ਕਰਨੀ (ਵਾਹਿਗੁਰੂ, ਦਸ ਗੁਰੂ ਸਾਹਿਬਾਨ ਦਾ ਜੱਸ ਕਰਦੇ ਹੋਏ ਤੇ ਸਿਦਕੀਆਂ ਦੇ ਸਾਕੇ ਯਾਦ ਕਰਦੇ ਕਰਾਉਂਦੇ ਹੋਏ)।

*ਅਰਦਾਸ ਕਰਾਉਣਾ–ਗੁਰਦੁਆਰਿਆਂ ਤੇ ਧਰਮ ਕਾਰਜਾਂ ਲਈ ਅਰਦਾਸ ਸੋਧਕੇ ਮਾਯਾ ਬਸਤ੍ਰ ਯਾ ਹੋਰ ਕੁਛ ਦੇਣਾ।

*ਅਰਦਾਸਾ ਮਿਲਣਾ–ਦਾਨ ਵਜੋਂ ਮਾਯਾ ਮਿਲਣੀ।

ਅਰਾਕਣ–ਘੋੜੀ, ਟੈਰ, ਖੱਚਰ।

੨. ਚਿੱਲੀ, ਖੁਰਜੀ।

ਅਰਾਕੀ–ਟੱਟੂ, ਲਿੱਸਾ ਟੱਟੂ।

ਅਲਾਚੀ–ਦੇਖੋ ਇਲਾਚੀ।

ਅੜਨਾ–ਆਕੀ ਹੋਣਾ, ਸਾਮ੍ਹਣੇ ਹੋਣਾ, ਲੜਨਾ, ਮੁਕਾਬਲਾ ਕਰਨਾ।

ਅ੡ੰਗ ਬੜੰਗ–ਲੋਟ ਪੋਟ, ਨੀਂਦ।

ਅ੡ੰਗ ਬੜੰਗ ਦੇਣਾ–ਸੌਣਾ, ਅਰਾਮ ਕਰਨਾ।

ਆਹੂ ਲਾਹੁਣੇ, ਆਹੂ ਲਾਹੁਣਾ†–ਕਤਲ ਕਰਨਾ, ਬਹੁਤਿਆਂ ਨੂੰ ਮਾਰ ਲੈਣਾ।

ਆਹੂ ਲਹਿਣੇ–ਬਹੁਤਿਆਂ ਦਾ ਮਾਰੇ ਜਾਣਾ।

੨. ਮਰੀ ਪੈਣੀ, ਵਬਾ ਪੈਣੀ।

*ਆਕੜਭੰਨ–ਬੀਮਾਰੀ, ਤਾਪ।

*ਆਕੀ ਹੋਣਾ–ਕਿਸੇ ਬੰਦੀਖਾਨੇ ਵਿਚ ਪੈਜਾਣਾ।

ਆ ਗੱਜਣਾ–ਅੱਪੜ ਪੈਣਾ।

ਆਥਣ–ਸੂਰਜ ਅਸਤ ਹੋਣ ਦਾ ਵੇਲਾ।

†ਆਹੂ = ਹਰਨ। ਜਿਵੇਂ ਹਰਨ ਮਾਰੀਦੇ ਹਨ, ਤਿਵੇਂ ਬਹੁਤੇ ਮਾਰ ਦੇਣੇ।

Digitized by Panjab Digital Library | www.panjabdigilib.org

ਆਦਿ ਗੁਰੂ ਗ੍ਰੰਥ ਸਾਹਿਬ ਜੀ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਇਸ ਵੇਲੇ ਗੁਰਿਆਈ ਦੀ ਗੱਦੀ ਤੇ ਬਿਰਾਜਮਾਨਹਨ।

ਆਦਿ ਪਾਤਸ਼ਾਹ–ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ।

ਆੜ ਬੰਦ–ਲੰਗੋਟਾ, ਦੇਖੋ ਖਿਸਕੂ।

*ਔਰਾਪਤ–ਦੇਖੋ ਮਹਖਾਸੁਰ।

ਅੰਗ ਸੰਗ–ਹਰ ਵੇਲੇ ਨਾਲ, ਹਰ ਵੇਲੇ ਸਮੀਪ।

ਅੰਗ ਸੰਗ ਰਹਿਣਾ–ਹਰ ਵੇਲੇ ਨਾਲ ਰਹਿਣਾ, ਹਰ ਵੇਲੇ ਸਮੀਪ ਅਥਵਾ ਹਾਜ਼ਰ ਨਾਜ਼ਰ ਰਹਿਣਾ।
੨. ਸਹਾਈ ਰਹਿਣਾ।

ਅੰਗੀਠਾ–ਚਿਖਾ। ੨. ਮਸਾਣ, ਝਾਣੀਆਂ।

*ਅੰਜਣੀ–ਰਾਤ।

ਅੰਧੀ, ਅੰਨ੍ਹੀ–ਛਾਨਣੀ।

ਅੰਮ੍ਰਿਤ–ਅੰਮ੍ਰਿਤ ਸਿਰਜਾਦਾ ਵੇਲੇ ਸਰਬ ਲੋਹ ਦੇ ਬਾਟੇ ਵਿਚ ਜਲ ਪਤਾਸੇ ਪਾਕੇ ਬਾਣੀ ਦੇ ਏਕਾਗਰ ਪਾਠ ਨਾਲ ਵਿਧੀ ਸੰਯੁਕਤ ਤਿਆਰ ਕੀਤਾ ਹੋਇਆ ਅੰਮ੍ਰਿਤ।
੨. ਉਪਰਲੇ ਝੀਕੇ ਦੀ ਦੀਖਜਾ।
੩. ਨਾਮ।

ਅੰਮ੍ਰਿਤਛਕਣਾ–ਅੰਮ੍ਰਿਤ ਸਿਰਜਾਦਾ ਸੰਯੁਕਤ ਦੀਖਜਤ ਹੋਣਾ। ਖੰਡੇਧਾਰ ਪਾਹੁਲ ਛਕਣੀ।

ਅੰਮ੍ਰਿਤ ਜਲ–ਅੰਮ੍ਰਿਤ ਸਰੋਵਰ ਜੀ ਦਾ ਜਲ (ਯਥਾ:–ਅੰਮ੍ਰਿਤ ਜਲ ਛਾਇਆ)।
੨. ਚਾਸ, ਵੱਖਰ, ਜੋ ਕੜਾਹ ਪ੍ਰਸ਼ਾਦਿ ਤਿਆਰ ਕਰਨ ਵੇਲੇ ਜਪੁ ਸਾਹਿਬ ਪੜ੍ਹਦਿਆਂ ਖੰਡ ਜਲ ਅਤੇ ਦੁੱਧ ਨਾਲ ਤਿਆਰ ਕਰੀਦੀ ਹੈ।
੩. ਨਾਮ।

ਅੰਮ੍ਰਿਤ ਵੇਲਾ–ਸਵਾ ਪਹਿਰ ਰਾਤ ਰਹਿੰਦੀ ਤੋਂ ਪਹੁ ਫੁਟਾਲੇ ਤੱਕ ਦਾ ਵੇਲਾ, ਤੜਕਾ, ਸਵੇਰ ਸਾਰ।
੨. ਨਾਮ ਜਪਣ ਦਾ ਔਸਰ।
੩. ਮਨੁੱਖਾ ਜਨਮ।
੪. ਪਿਛਲੀ ਉਮਰਾ।

ਅੰਮ੍ਰਿਤੀ–ਛਾਹ, ਲੱਸੀ, ਦੇਖੋ ਅੰਮ੍ਰਿਤੀ ਭਾਜਾ।

ਅੰਮ੍ਰਿਤੀ ਭਾਜਾ–ਕੜ੍ਹੀ। ਲੱਸੀ ਤੇ ਵੇਸਣ ਦੀ ਕੜ੍ਹੀ।

ੲ

ਇਸ਼ਨਾਨ–ਮੱਜਨ, ਟੁੱਭਾ, ਪਿੰਡੇ ਨ੍ਹਾਉਣਾ।

ਇਸ਼ਨਾਨ ਕਰਨਾ–ਨ੍ਹਾਉਣਾ, ਟੁੱਭਾ ਲਾਉਣਾ।

*ਇਕ ਟੰਗਾ-ਬਟੇਰਾ–ਦੇਖੋ 'ਬਟੇਰੇ'।

ਇੰਦਰ–ਮੀਂਹ।

ਇੰਦਰ ਸਿੰਘ–ਇੰਦਰ ਦੇਵਤਾ। ੨. ਜਲ।

*ਇੰਦ੍ਰਾਣੀ–ਪੈਣ।

ਇਲਾਚੀ–ਫੁਲਾਹੀ, ਫੁਲਾਹੀ ਦੀ ਦਾਤਣ।

ਸ

ਸ਼ਸਤ੍ਰ, ਸ਼ਸਤਰ–ਹਥਿਆਰ, ਸੰਦ।

ਸ਼ਹੀਦ–ਧਰਮ ਹਿਤ ਸੀਸ ਦੇਣ ਵਾਲਾ।
੨. ਮੁਕਤਾ, ਜੋ ਜੰਗ ਵਿਚ ਲੜ ਕੇ ਸਨਮੁਖ ਮਰੇ।
੩. ਸ਼ਹੀਦ ਹੋਏ ਸਿੰਘ ਦਾ ਗੁਪਤ ਵਜੂਦ।

ਸ਼ਹੀਦ ਬਿਲਾਸ–ਸ਼ਹੀਦਾਂ ਦੇ ਕਾਰਨਾਮਿਆਂ ਦੇ ਪ੍ਰਸੰਗ।

ਸ਼ਹੀਦ ਹੋਣਾ–ਲੜਾਈ ਵਿਚ ਸਨਮੁਖ ਮਰਨਾ, ਮੁਕਤ ਹੋਣਾ।
੨. ਧਰਮ ਲਈ ਸ਼ੱਤ੍ਰੂ ਦੇ ਹੱਥੋਂ ਮਰਨਾ। ਭਾਵੇਂ ਸ਼ਸਤ੍ਰ ਨਾਲ, ਭਾਵੇਂ

Digitized by Panjab Digital Library | www.panjabdigilib.org

ਵਿਖ ਨਾਲ, ਭਾਵੇਂ ਮਿਤ੍ਰ ਦੋਹੀ ਆਦਿ ਨਾਲ, ਪਰ ਭਰੌੜਾ ਹੋਕੇ ਨਹੀਂ'।

ਸ਼ਹੀਦਗੰਜ–ਉਹ ਅਸਥਾਨ ਜਿਸ ਜਗ੍ਹਾ ਸਿੰਘ ਜਾ ਸਿਖ ਧਰਮ ਯੁੱਧ ਵਿਖੇ ਸ਼ਹੀਦ ਹੋਏ ਹੋਣ।

੨. ਉਹ ਅਸਥਾਨ ਜਿਥੇ ਸ਼ਹੀਦਾਂ ਦੇ ਅੰਗੀਠੇ ਸਜੇ ਹੋਣ, ਜਾ ਸ਼ਹੀਦਾਂ ਦੀਆਂ ਸਮਾਧਾਂ ਹੋਣ।

ਸ਼ਹੀਦੀ–ਜੰਗ ਦੀ ਮੌਤ, ਸੂਰਮੇ ਦੀ ਮੌਤ।

੨. ਜੀਵਨ ਮੁਕਤੀ।

੩. ਬਹਾਦਰੀ।

ਸ਼ਹੀਦੀ ਸੋਧ–ਦੇਖੋ, 'ਸ਼ਹੀਦੀ ਮਾਰ'।

ਸ਼ਹੀਦੀ ਦੇਗ–ਮਿੱਠੀ ਸਰਦਾਈ ਜੋ ਘੱਟ ਤੋਂ ਘੱਟ ਪੰਜਾਂ ਨਿਹੰਗ ਸਿੰਘਾਂ ਨੂੰ ਛਕਾਈ ਜਾਵੇ।

ਸ਼ਹੀਦੀ ਪ੍ਰਸਾਦਿ–ਤਸ਼ਮਈ ਜਾਂ ਕੜਾਹ ਪ੍ਰਸ਼ਾਦ ਆਦਿ ਜੋ ਘੱਟ ਤੋਂ ਘੱਟ ਪੰਜਾਂ ਸਿੰਘਾਂ ਨੂੰ ਛਕਾਇਆ ਜਾਵੇ। ਪਰ ਨਿਮਕੀਨ ਚੀਜ਼ ਨਾਲ ਕੋਈ ਨਾ ਹੋਵੇ।

ਸ਼ਹੀਦੀ ਫੌਜ–ਗੁਪਤ ਸੈਨਾ। ਗ਼ੈਬੀ ਮਦਦ, ਅਚਣਚੇਤੀ ਦੀ ਕੁਮਕ।

ਸ਼ਹੀਦੀਬਾਗ਼–ਜਿਥੇਸ਼ਹੀਦਾਂ ਦਾ ਸਸਕਾਰ ਹੋਵੇ।

ਸ਼ਹੀਦੀ ਮਾਰ–ਟੋਰ, ਦੁੱਖ, ਕਸ਼ਟ, ਜੋ ਗੁਪਤ ਸ਼ਹੀਦਾਂ ਵਲੋਂ ਦੰਡ ਵਿਚ ਆਵੇ।

ਸਚਖੰਡ–ਅਕਾਲ ਪੁਰਖ ਦਾ ਅਦੇਸ ਦੇਸ਼ ਯਾ ਸਰੂਪ "ਸਚਖੰਡ ਵਸੈ ਨਿਰੰਕਾਰ"।

੨. ਹਜ਼ੂਰ ਅਬਚਲ ਨਗਰ ਸਾਹਿਬਜੀ।

੩. ਦੇਖੋ ਅਗਲਾ ਪਦ।

ਸਚਖੰਡ ਨਿਵਾਸ–ਮੁਕਤ ਅਵਸਥਾਦੀਪ੍ਰਾਪਤੀ।

੨. ਕਿਸੇ ਸਤਿਪੁਰਖ ਦਾ ਚਲਾਣਾ।

ਸਚਖੰਡ ਵਿਚ ਵਾਸਾ ਪਾਉਣਾ–ਜੋਤੀ ਜੋਤ ਸਮਾਉਣਾ।

੨. ਮੁਕਤ ਹੋਣਾ। ੩. ਸ਼ਹੀਦ ਹੋਣਾ।

ਸੱਚਾ ਪਾਤਸ਼ਾਹ–ਸਤਿਗੁਰੂ ਦਸੋਂ ਪਾਤਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸਜ ਜਾਓ–ਫੌਜੀ ਹੁਕਮ ਹੈ ਜੋ 'ਤਿਆਰ ਹੋ ਜਾਓ'।

ਸਜਣਾ–ਤਿਆਰ ਹੋਣਾ। ੨. ਬੈਠਣਾ।

੩. ਮਸਤਾਂ ਬਸਤ੍ਰਾਂ ਨਾਲ ਸਨੱਧ-ਬੱਧ ਹੋਣਾ।

ਸਜਾਉਣਾ–ਦੇਖੋ ਸਜੌਣਾ।

ਸਜੌਣਾ–ਤਿਆਰਾ ਕਰਨਾ, ਬਨਾਉਣਾ, ਜਿਵੇਂ 'ਕੜਾਹ ਪ੍ਰਸਾਦ ਸਜਾਓ'।

ਸਣ ਗੁਦੜਾ–ਸਣੇ ਮਲਾਈ ਦੁੱਧ।

੨. ਮੂਲ ਤੇ ਵਿਆਜ ਕੱਠੇ।

ਸਤਿ ਸ੍ਰੀ ਅਕਾਲ–ਅਕਾਲ ਬਾਂਗ, ਸਿੰਘਾਂ ਦਾ ਜੈਕਾਰਾ, ਜੋ ਜੰਗ ਵਿਚ, ਦੀਵਾਨਾਂ ਵਿਚ ਤੇ ਕੂਚ ਆਦਿ ਵੇਲੇ ਗਜਾਉਂਦੇ ਹਨ।

ਸਤਿਗੁਰੂ–ਦਸੋਂ ਪਾਤਸ਼ਾਹੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸਦਾ ਗੁਲਾਬ–ਕਿੱਕਰ, ਜਿਸਦੀਆਂ ਦਾਤਣਾਂ ਕਰਦੇ ਹਨ।

ਸਢਾ ਜੰਗ–ਟਕੂਆ, ਕੁਹਾੜੀ।

ਸਬਜ਼ ਪੁਲਾਉ–ਰਿੱਧਾ ਹੋਇਆ ਸਾਗ, ਰਿੱਧੀ ਹੋਈ ਸਬਜ਼ੀ, ਭਾਜੀ।

ਸਬਜ਼ ਮੰਦਰ–ਬਿੱਛ ਦੀ ਛਾਂ।

ਸ਼ਬਦ–ਸ਼ਬਦ ਬ੍ਰਹਮ, ਅਕਾਲ ਪੁਰਖ, ਨਾਮ, ਗੁਰ ਮੰਤ੍ਰ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਭਜਨ ਯਾ ਛੰਦ।

੩. ਗੁਰੂ ਕਾ ਉਪਦੇਸ਼।

੪. ਅਵਾਜ਼।

Digitized by Panjab Digital Library | www.panjabdigilib.org

ਸ਼ਬਦ ਕੀਰਤਨ, ਸ਼ਬਦ ਚੌਕੀ, ਸ਼ਬਦ ਬਾਣੀ– ਗੁਰਬਾਣੀ ਦੇ ਸ਼ਬਦ, ਜੋ ਰਾਗੀ ਰਬਾਬੀ ਭਾਵੇਂ ਪ੍ਰੇਮੀ ਸਿਖ ਸੰਗਤ ਮਿਲ ਕੇ ਗਾਉਣ।

ਸ਼ਬਦ ਭੇਟ–ਮਾਇਆ ਜੋ ਰਾਗੀਆਂ ਰਬਾਬੀਆਂ ਸ਼ਬਦੀਆਂ ਨੂੰ ਅਰਦਾਸ ਕਰਾਈ ਜਾਵੇ।

ਸਮੁੰਦਰ–ਦੁੱਧ। (ਅਸਲ ਵਿਚ ਇਹ ਬੋਲਾ ਖੀਰ ਸਮੁੰਦਰ ਸਾ, ਪਰ ਆਮ ਪ੍ਰਸਿੱਧ ਸਮੁੰਦਰ ਹੀ ਹੈ)।

ਸਰਦਾਈ- ਸੁੱਖੇ ਸਮੇਤ ਯਾ ਸੁੱਖੇ ਤੋਂ ਬਿਨਾਂ, ਬਦਾਮ, ਖਸਖਸ, ਗਿਰੀਆਂ, ਮਿਰਚਾਂ ਘੋਟ ਕੇ ਬਣਾਈ ਹੋਈ ਪੀਣ ਦੀ ਸ਼ੈ।

*ਸਰਦੈਨਾ–ਪਾਲਾ।

*ਸਰਦੈਨੇ ਦਾ ਮੁਠੀ ਭਤਨਾ–ਪਾਲਾ ਲਗਣਾ।

ਸਰਬ ਰਸ–ਨਿਮਕ, ਲੂਣ, ਰਾਮਰਸ।

ਸਰਬ ਲੋਹ–ਅਕਾਲ ਪੁਰਖ।

੨. ਫੌਲਾਦ। ੩. ਹਥਿਆਰ, ਸ਼ਸਤਰ।

ਸਰਬ ਲੋਹੀਆ–ਉਹ ਜੋ ਲੋਹੇ ਦੇ ਭਾਂਡਿਆਂ ਵਿਚ ਛੇਕ ਅਤੇ ਹੋਰ ਧਾਤ ਨਾ ਵਰਤੇ।

ਸ਼ਰਰਾ–ਪੇਸ਼ਾਬ।

ਸ਼ਰਰਾ ਛਡਣਾ, ਸ਼ਰਲਾ ਮਾਰਨਾ–ਪੇਸ਼ਾਬ ਕਰਨਾ।

ਸਲੋਤਰ, ਸਲੋਤਰਾ, ਸਲੋਤਰ ਸਿੰਘ–ਅਕਲ ਦਾਨ, ਡੰਡਾ, ਲੱਠ, ਕੁਤਕਾ।

ਸਵਾਇਆ–ਦੇਖੋ ਸੁਵਾਇਆ।

ਸਵਾਰ ਹੋਣਾ–ਘੋੜੇ ਪਰ ਚੜ੍ਹਨਾ।

੨. ਸੁੱਖਾ, ਅਥਵਾ ਕਿਸੇ ਅਮਲ ਵਿਚ ਨਸ਼ਈ ਹੋਣਾ।

ਸਵਾਰਾ ਕਰਨਾ–ਦੇਖੋ ਅਸਵਾਰਾ ਕਰਨਾ।

ਸਵਾ ਲੱਖ–ਇਕ, ਇਕੱਲਾ, ਇੱਕੋ।

ਸਵਾ ਲੱਖ ਨਾਲ, ਸਵਾ ਲੱਖ ਫੌਜ, ਸਵਾ ਲੱਖ ਫੌਜਾਂ– ਇਕੱਲਾ ਸਿੰਘ, ਤਨਤਨੁ ਸਿੰਘ।

ਸਾਉਗੀ–ਕਣਕ, ਅਨਾਜ, ਛੋਲੀਆ।

*ਸ਼ਾਹ ਜਹਾਨ–ਪੋਸਤ। ਪੋਸਤ ਦਾ ਬੂਟਾ।

ਸਾਹਿਬਜ਼ਾਦੇ–ਚੌਹਾਂ ਪਾਤਸ਼ਾਹੀਆਂ ਦੀ ਸੰਤਾਨ, ਬੇਦੀ, ਤੇਹਣ, ਭੱਲੇ ਤੇ ਸੋਢੀ।

ਸਾਕਤ–ਪਤਿਤ, ਦੁਰਜਨ, ਮਨਮੁਖ, ਬੇਮੁਖ।

ਸਾਖਤ–ਮੋਠ।

ਸਾਟ–ਲੋਹਾ, ਅਸਪਾਤ, ਫੌਲਾਦ, ਹਥਜਾਰ।

੨. ਖਬਰ, ਸੁਰਤ, ਪਤਾ।

*ਸਾਵਗੀ–ਦੇਖੋ ਸਾਉਗੀ।

*ਸਾਵੀ–ਮੂੰਗੀ।

ਸਿਕਰੀ–ਸੂਈ। ਦੇਖੋ, 'ਜੋੜ ਮੇਲਨੀ'।

ਸ਼ਿਕਾਰੀ–ਸ਼ਿਕਾਰ ਖੇਡਣ ਵਾਲਾ।

੨. ਬਿਸ਼ਈ, ਬਿਭਚਾਰੀ।

ਸਿੱਖ–ਸਿੱਖੀ ਧਾਰਨ ਕਰਨ ਵਾਲਾ।

੨. ਜੋ ਸਿੱਖੀ ਸਿੱਖ ਰਿਹਾ ਹੈ।

੩. ਦਸਾਂ ਪਾਤਸ਼ਾਹੀਆਂ ਦਾ ਸਿੱਖ।

੪. ਜੋ ਸਿੱਖੀ ਸਿੱਖ ਚੁਕਾ ਹੈ।

ਸਿੱਖੀ–ਰਹਿਤ ਮਿਰਯਾਦਾ, ਭੈ ਭਾਉ ਭਗਤੀ ਭਜਨ ਆਦਿਕ ਗੁਣ, ਜਿਨ੍ਹਾਂ ਦੇ ਧਾਰਨ ਕਰਨੇ ਤੇ ਸਿੱਖ ਹੋਈਦਾ ਹੈ।

੨. ਕੌਮ, ਪੰਥ।

ਸਿੰਘ–ਖਾਲਸਾ, ਸਿੱਖ, ਜਿਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਵੇ।

ਸਿੰਘਣੀ–ਜਿਸ ਇਸਤ੍ਰੀ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਵੇ।

੨. ਸਿੰਘ ਦੀ ਇਸਤ੍ਰੀ।

ਸਿਦਕ–ਨਿਸ਼ਚਾ, ਭਰੋਸਾ, ਅਡੋਲ ਭਰੋਸਾ, ਦ੍ਰਿੜ੍ਹ ਵਿਸ਼ਵਾਸ।

ਸਿਰਖਿੰਡੀ–ਸ਼ੱਕਰ, ਖੰਡ।

ਸਿਰਖਿੰਡੇ–ਰਹਾਉ ਤਾਂ, ਅਖਾਣ, ਗੀਤ, ਛੰਦ

ਸਿਰ ਖਿੱਲਰੀ–ਸ਼ੱਕਰ।

ਸਿਰਗੁੰਮ–੧. ਅੰਮ੍ਰਿਤ ਛਕ ਕੇ ਜਿਸ ਨੇ ਕੇਸ ਕਟਾਏ ਹੋਣ। ੨. ਰੋਡਾ।

Digitized by Panjab Digital Library | www.panjabdigilib.org

੩. ਜੈਨੀ, ਪਰਮ ਹੰਸ।
੪. ਗੁੜ ਦੀ ਰੋੜੀ।

ਸਿਰ ਘਸਾ–ਹਜਾਮਤ ਕਰਾਈ ਹੋਈ ਵਾਲਾ। ਵਿਹਲੇ ਸਿਰ ਵਾਲਾ†। ਜੈਨੀ, ਸੰਨਜਾਸੀ ਆਦਿ।

ਸਿਰਜੋੜ ਗੁੜ।

ਸੀਸ–ਸਿਰ, ਮਸਤਕ, ਮੱਥਾ।

ਸ਼ੀਸ਼ ਮਹਿਲ–ਝੁੱਗੀ, ਛੱਪਰੀ, ਕੁੱਲੀ।

ਸੁਆਉ–ਸੁਖ, ਅਰਾਮ।
੨. ਦਿਖਾਵਾ, ਬਣਾਉਤ।

ਸੁਆਇਆ–ਕਿਣਕਾ ਮਾਤ੍ਰ, ਰੀਣਕ, ਥੋੜਾ।

ਸੁਆਜਾ ਗੱਫਾ–ਹੋਰ, ਵਧੇਰਾ, ਦੁਬਾਰਹ।

*ਸੁਕਮਾਂਜੇ–ਭੁੱਖਾ।

ਸੁਕਮਾਂਜ ਚੁਲਾ ਕਰਨਾ–ਦੇਖੋ-ਮਰੋੜ ਚੁਲਾ ਕਰਨਾ।

ਸੁੱਖਾ–ਭੰਗ।

ਸੁਖਈ, ਸੁਖਈਆ–ਜਿਸ ਨੂੰ ਭੰਗ ਦਾ ਨਸ਼ਾ ਚੜ੍ਹਿਆ ਹੋਵੇ।
੨. ਭੰਗ ਪਿਲਾਉਣ ਵਾਲਾ, ਭੰਗ ਤਿਆਰ ਕਰਨ ਵਾਲਾ।

ਸੁਖਦੇਈ–ਨਿਹਾਲੀ, ਤੁਲਾਈ, ਹੇਠਾਂ ਵਿਛਾਵਣ ਦੀ ਗੱਦੀ।

ਸੁੱਖੇ ਦੀ ਦੇਗ–ਘੋਟੀ ਛਾਣੀ ਹੋਈ ਭੰਗ ਦੀ ਸਰਦਾਈ ਜੋ ਬਹੁਤਿਆਂ ਦੇ ਛਕਣ ਲਈ ਬਣਾਈ ਹੋਵੇ।

ਸੁਖ ਨਿਧਾਨ–ਸੁੱਖਾ।
੨. ਭੰਗ ਵਾਲੀ ਘੋਟੀ ਤੇ ਛਾਣੀ। ਹੋਈ ਸਰਦਾਈ।

ਸੁਚੇਤਾ–ਸਰੀਰਕ ਮੈਲ ਦਾ ਤਜਾਗ।

*ਸੁਚੇਤੇ ਜਾਣਾ–ਮਲ ਤਜਾਗ ਲਈ ਜਾਣਾ।

ਸੁਚੇਤਾ ਕਰਨਾ, ਸੁਚੇਤਾ ਤਾੜਨਾ–ਸੁਚੇਤ ਹੋਣਾ, ਤਿਆਰ ਹੋਣਾ।
੨. ਪੰਜ ਇਸ਼ਨਾਨਾ ਕਰਨਾ, ਹੱਥ ਮੂੰਹ ਧੋਣਾ। ੩. ਸਨੱਧਬੱਧ ਹੋਣਾ।

ਸੁਚਾਲਾ–ਲੰਗੜਾ।

ਸੁਜਾਖਾ–ਛਾਣਨਾ।

ਸੁਜਾਖੀ–ਛਾਣਨੀ।

ਸੁੰਦਰ, ਸੁੰਦਰੀ–ਬਹੁਕਰ, ਝਾੜੂ, ਸੁਹਣੀ।

ਸੁਨਹਿਰਾ–ਦੋਰਾ, ਦੌਰੀ। ੨. ਸਰਬ ਲੋਹ ਦਾ ਬਾਟਾ ਜਿਸਵਿਚ ਅੰਮ੍ਰਿਤ ਤਿਆਰ ਕੀਤਾ ਜਾਂਦਾਹੈ। ੩. ਲੁਹਾਂਡਾ, ਬਾਟਾ।

ਸੁਨਹਿਰੀਆ, ਸੁਨਹਿਰੀਆ ਭਾਈ, ਸੁਨਹਿਰੀਆ ਭਿਰਾਉ } ਅੰਮ੍ਰਿਤੀਆ ਭਾਈ, ਜਿਸ ਨਾਲ ਇਕੱਠਾ ਇਕ ਬਾਟੇ ਵਿਚ ਅੰਮ੍ਰਿਤ ਛਕਿਆ ਹੋਵੇ।

ਸੁਰਗ ਝੂਟਣਾ-ਬਿਰਾਜਣਾ–ਆਰਾਮ ਕਰਨਾ, ਨੀਂਦਰ ਕਰਨੀ।

ਸੁਰਗਦੁਆਰੀਆ–ਨਕਟਾ, ਨੱਕ ਵੱਢਿਆ।

ਸੁਰਗਵਾਸ ਹੋਣਾ–ਮਰਨਾ।
੨. ਚੁਰਾਸੀ ਦੀ ਮੌਤ।
੩. ਘੂਕ ਸੌਂ ਜਾਣਾ।

ਸੁਰਮਈ–ਨੀਲਾ, ਕਾਲਾ, ਸਿਆਹ।

ਸੁਰਮਈ ਦਾਲਾ–ਮਾਂਹ ਦੀ ਦਾਲ। ਛਿਲੜਾਂ ਸਮੇਤ ਰਿੰਧੀ ਦਾਲ।

ਸੁਰਮਈ ਵਸਤ੍ਰ–ਨੀਲੇ ਕਪੜੇ ਜੋ ਨਿਹੰਗ ਸਿੰਘ ਅਵਸੋਂ ਪਹਿਨਦੇ ਹਨ।

ਸੂਬੇਦਾਰ–ਗੁੜ। ੨. ਝਾੜੂ ਦੇਣ ਵਾਲਾ।

ਸੂਰਾ–ਸੂਰਮਾ, ਬਹਾਦਰ, ਬੀਰ।
੨. ਦੇਖੋ ਸੂਰਮਾ।

ਸੂਰਮਾ–ਅੰਧਾ, ਅੰਨ੍ਹਾ, ਨੇਤਰ ਹੀਣ।

ਸੂਰਮਾ ਸਿੰਘ–ਨੇਤ੍ਰ ਹੀਨ ਸਿੰਘ।

ਸੇਉ–ਸੇਉ ਬੇਰ, ਕਾਠੇ ਬੇਰ, ਸੁੱਕੇ ਬੇਰ, ਭੁਗੜੀਆਂ।

†ਇਹ ਬੋਲਾ ਨਜ਼ੂਲਤਾ ਸੂਚਕ ਹੈ।

Digitized by Panjab Digital Library | www.panjabdigilib.org

ਸ਼ੈਰ ਦਾ ਕੰਨ–ਅੱਕ ਦਾ ਪੱਤਰ।
੨. ਸਰਦਾਈ ਪੁਣਨ ਦਾ ਸਾਫਾ।
ਸੋਧ-ਸੁੱਚ,ਪਵਿੱਤ੍ਰਤਾ, ਸਦਾਚਾਰ।
੨.ਕੁਰਹਿਤੀਏਨੂੰ ਦੰਡ ਦੇਕੇ ਬਖਸ਼ਣਾ।
ਸੋਧ ਕਰਨੀ, ਸੋਧਣਾ–ਪੜਤਾਲ ਕਰਨੀ, ਭਾਲ ਕਰਨੀ। ੨. ਸੰਭਾਲ ਕਰਨੀ। ੩. ਪਵਿੱਤ੍ਰਤਾ ਕਰਨੀ। ੪. ਰਹਿਤਾਂ ਦੀ ਭੁੱਲ ਪਰ ਪੜਤਾਲ ਕਰਕੇ ਦੋਸ਼ ਸਾਬਤ ਕਰਕੇ ਦੰਡ ਦੇਕੇ ਬਖਸ਼ਣਾ। ੫. ਬਿਜੈ ਕਰਨੀ।
ਸੋਧ ਦਾ ਜਲ–ਡੋਲ ਨਾਲ ਭਰਿਆ ਸੁੱਚਾ ਪਾਣੀ। ੨. ਸ਼ੁੱਧ ਜਲ।
ਸੋਧ ਦਾ ਲੰਗਰ–ਬਿਬੇਕ ਦਾ ਲੰਗਰ, ਅੰਮ੍ਰਿਤਧਾਰੀ ਦਾ ਤਿਆਰ ਕੀਤਾ ਲੰਗਰ।
ਸੋਧਣਾ–ਦੇਖੋ ਸੋਧ ਕਰਨੀ।
ਸੰਖੀ–ਮਹਾਂਪ੍ਰਸ਼ਾਦ ਵਿਚੋਂ ਜੋ ਅਸਥੀ ਨਿਕਲੇ।
ਸੰਤੋਖ-ਤ੍ਰਿਪਤੀ, ਬੱਸ, ਪੂਰਨਤਾ।
ਸੰਤੋਖਸਰ-ਇਕ ਗੁਰਦਵਾਰੇ ਤੇ ਸਰੋਵਰ ਦਾ ਨਾਉਂ ਹੈ,ਜੋ ਗੁਰੂ ਜੀ ਨੇ ਅੰਮ੍ਰਿਤਸਰ ਜੀ ਤੋਂ ਪਹਿਲੇ ਬਣਵਾਇਆ ਸੀ।
ਸੰਤੋਖਣਾ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖ ਆਸਣ ਕਰਨਾ।
ਸ੍ਰੀ ਸਾਹਿਬ–ਖੜਗ, ਖਗ, ਤਲਵਾਰ, ਤੇਗ਼, ਸ਼ਮਸ਼ੇਰ।

ਹ

ਹਜ਼ੂਰੀਆ–ਪਰਨਾ, ਸਾਫਾ।
ਹਜ਼ੂਰੀਆ, ਹਜ਼ੂਰੀਆ ਸਿੰਘ–ਜੋ ਅਬਚਲ ਨਗਰ ਹੋ ਆਇਆ ਹੋਵੇ।
ਹਜ਼ੂਰ ਸਾਹਿਬ -ਤਖਤ ਸ੍ਰੀ ਅਬਿਚਲ ਨਗਰ ਸਾਹਿਬ ਜੀ,ਜੋ ਨਾਂਦੇੜ ਨਾਮੀ ਸ਼ਹਿਰ ਕੋਲ ਦੱਖਣ ਦੇਸ਼ ਵਿਖੇ ਵਿਦਮਾਨ ਹੈ।
*ਹਥ ਸੁਚੇਤ ਕਰਨੇ–ਹੱਥ ਧੋਣੇ।
ਹਰਨ ਹੋਣਾ–ਭੱਜ ਜਾਣਾ,ਦੌੜਨਾ,ਪਿੱਠ ਦੇਣੀ।
ਹਰਨੀਆਂ–ਮੱਖੀਆਂ।
ਹਰਾ–ਸੁੱਕਾ।
ਹਰਾ ਕਰਨਾ,ਹਰੇ ਕਰਨੇ–ਸੁਕਾਉਣਾ, ਸੁਕਾਉਣੇ। ਦੇਖੋ 'ਕੇਸ ਹਰੇ ਕਰਨੇ'।
ਹੱਲਾ–ਧਾਵਾ, ਚੜ੍ਹਾਈ।
ਹੱਲਾ ਬੋਲਣਾ–ਧਾਵਾ ਕਰਨਾ,ਧਾਵੇ ਦਾ ਹੁਕਮ ਦੇਣਾ. ਕੂਚ ਦਾ ਹੁਕਮ ਦੇਣਾ।
ਹਾਜਰ ਹਜੂਰ,ਹਾਜਰਾ ਹਜੂਰ–ਸਨਮੁਖ,ਪ੍ਰਤੱਖ. ਅੱਗੇ, ਮੁਹਰੇ।
ਹਾਜਰੀ ਕਰਨੀ–ਭੁੱਖ ਨੂੰ ਸਹਾਰਾ ਦੇਣਾ,ਸੰਗਤ ਬਾਹਲੀ ਅੰਨ ਥੋੜ੍ਹਾ ਹੋਵੇ ਤਾਂ ਵੱਡਾ ਥੋੜ੍ਹਾ ਵਰਤਾ ਦੇਣਾ ਜੋ ਭੁੱਖ ਦਾ ਸਹਾਰਾ ਹੋਵੇ।
*ਹਾਜਰੀ ਭਰਨੀ–ਗੁਰਦੁਆਰੇ ਯਾ ਦੀਵਾਨ ਵਿਚ ਪਹੁੰਚਣਾ।
ਹਿਮੰਚਲ ਹੋ ਗਿਆ–ਗਲ ਗਿਆ, ਗੁੰਮ ਹੋ ਗਿਆ। ੨. ਹਜ਼ਮ ਹੋ ਗਿਆ।
ਹੁਕਮ–ਭਾਣਾ, ਰਜ਼ਾ, ਅਕਾਲ ਪੁਰਖ ਦੀ ਆਗਜਾ।
ਹੁਕਮ ਸੱਤ ਹੋ ਗਿਆ–ਮਰ ਗਿਆ।
ਹੁਕਮ ਨਾਲ–ਰਜ਼ਾ ਨਾਲ।
੨. ਅਚਾਨਕ।
ਹੁੰਡਾ ਯਾ ਹੁੰਜਾ–ਤਹਿਮਤ, ਤਹਬੰਦ, ਤੇਬਾ, ਧਬਲੀ, ਗਰਾਰਾ।
ਹੋਲਾ–ਹੋਲੀ, ਦੇਖੋ ਹੋਲਾ ਮਹੱਲਾ।
ਹੋਲਾਂ–ਲਾਚੀਆਂ।
ਹੋਲਾ ਖੇਡਣਾ–ਹੋਲੀ ਖੇਡਣੀ।
੨. ਜੋਗ ਕਰਨਾ।
੩. ਜੋਗ ਵਿਚ ਜ਼ਖਮੀ ਹੋਣ।
ਹੋਲਾ ਮਹੱਲਾ–ਹੋਲੀ ਤੋਂ ਇਕ ਦਿਨ ਪਿੱਛੇ

Digitized by Panjab Digital Library | www.panjabdigilib.org

ਚੈਤ ਵਦੀ ਏਕਮ ਦਾ ਖ਼ਾਲਸੈ ਜੀ ਦਾ ਤਿਉਹਾਰ, ਇਸ ਦਿਨ ਨਿਸ਼ਾਨ ਨਿਕਲ਼ਦੇ ਹਨ ਤੇ ਮਹੱਲਾ ਚੜ੍ਹਦਾ ਹੈ,ਅਰਥਾਤ ਬਨਾਵਟੀ ਜੰਗ (ਅਭ੍ਯਾਸ ਖ਼ਾਤਰ)ਹੁੰਦਾ ਹੈ ।

*ਹੰਕਾਰਿਆ—ਪਾਟਾ ਹੋਇਆ ।

ਕ

*ਕਸੜ੍ਹਾ—ਸੂਰ ।

ਕੱਚਾ ਪਿੱਲਾ—ਬੇ ਮਿਰਯਾਦਾ, ਜੋ ਪੂਰੀ ਰਹਿਤ ਨਾ ਦੱਖਦਾ ਹੋਵੇ, ਦਬੜੂ ਘੁਸੜੂ ।

ਕੱਚਾ ਬੋਲਾ—ਮੰਦਾ ਚੰਗਾ ਬਚਨ । ਅਸਤ ਵਿਅਸਤ, ਬਕਵਾਸ, ਝੂਠਾ ਵਾਕ ।

ਕੱਚੀ ਬਾਣੀ—ਗੁਰ ਸੰਪ੍ਰਦਾਇ ਤੋਂ ਬਾਹਰਲੀ ਬਾਣੀ।ਯਥਾ ਸ੍ਰੀਮੁਖਵਾਕਹੈ:—'ਸਤਿ· ਗੁਰੂ ਬਿਨਾ ਹੋਰ ਕਚੀਹੈ ਬਾਣੀ॥ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇਸੁਣਦੇ ਕਚੇ ਕਚੀ ਆਖਿ ਵਖਾਣੀ ॥'

ਕਛ, ਕਛਾ, ਕਛੇ, ਕਾਛ, ਕਛਹਿਰਾ, ਕਛੈਹਰਾ — ਕੱਛ,ਪੰਜਾਂ ਰਹਿਤਾਂ ਵਿਚੋਂ ਤੇੜ ਪਹਿਨਣ ਦਾ ਕੱਪੜਾ ।

*ਕਠੌਤਾ, ਕਠੌਲਾ—ਕਾਠ ਦਾ ਕਟੋਰਾ ਆਦਿ ਭਾਂਡਾ ।

ਕਪੜ—ਬਸਤਰ ।

ਕਪੜ ਬੀਜ—ਵਡੇਵੇਂ, ਕਪਾਹ ਦੇ ਬੀ, ਪੇਵੇ ।

ਕਮਰਕੱਸਾ ਕਰਨਾ,ਕਮਰਕੱਸੇ ਸਜਾਉਣਾ—ਲੱਕ ਨੂੰ ਦੁਪੱਟਾ ਬੰਨ੍ਹਣਾ ਯਾ ਪੇਟੀ ਪਾਉਣੀ । ਹਥਯਾਰ ਬੰਨ੍ਹਣੇ । ੨. ਸ਼ਸਤਰਾਂ ਬਸਤਰਾਂ ਕਰਕੇ ਸਨੱਧ-ਬੱਧ ਹੋਕੇ ਸਫਰ ਲਈ ਤਿਆਰ ਹੋਣਾ ਯਾ ਜੁੱਧ ਲਈ ਤਿਆਰ ਹੋਣਾ ।

੩. ਤਿਆਰ ਬਰਤਿਆਰ ਹੋਣਾ ।

੪. ਮਰ ਜਾਣਾ ।

ਕਮਰਕੱਸਾ ਕਰਾਉਣਾ—ਤਿਆਰ ਕਰਾਉਣਾ ।

੨. ਮਾਰ ਪੁਆਉਣੀ ।

ਕਮਰਕੱਸਾ ਖੁਲ੍ਹਾਉਣਾ—ਪ੍ਰਾਹੁਣ ਚਾਰੀਕਤਨੀ, ਘਤ ਆਏ ਸਿੰਘ ਦੀ ਅੰਨ ਪਾਣੀ, ਮੰਜੇ, ਬਿਸਤਰੇ ਆਦਿਕਾਂ ਕਰਕੇ ਸੇਵਾ ਕਰਨੀ ।

*ਕਰਾੜੀ—ਮੂਲੀ ।

ਕਲਗਾ—ਗੰਜ, ਟਟਰੀ, ਗੰਜਾ ਆਦਮੀ ।

ਕਲਗਾ ਸਿੰਘ—ਜਿਸ ਸਿੰਘ ਦੇ ਕੇਸ ਗੰਜ ਦੇ ਰੋਗ ਨਾਲ ਝੜ ਜਾਣ ।

ਕਲਗੀਧਰ, ਕਲਗੀਆਂ ਵਾਲਾ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵਾਂ ਪਾਤਸ਼ਾਹ।

ਕਵਾਦਾ—ਕਵਾਇਦ, ਪੈਂਤਰਾ, ਧਨੁਰ ਵਿਦਿਆ । ੨. ਕਮਾਨ ਦਾ ਚਿੱਲਾ ।

ਕੜਾ— ਸਰਬ ਲੋਹ ਦਾ ਕੜਾ, ਪੰਜਾਂ ਰਹਿਤਾਂ ਵਿਚੋਂ ਇਕ ।

ਕੜਾਹ, ਕੜਾਹੁ ਪ੍ਰਸ਼ਾਦਿ—ਤ੍ਰਿਹਾਵਲ,ਕੁਣਕਾ, ਪੰਚਾਮ੍ਰਿਤ । ਇਹ ਗੁਰ ਸੰਪ੍ਰਦਾਇ ਵਿਚ ਘਿਉ,ਖੰਡ,ਮੈਦਾ ਤਿੰਨਾਂ ਦੇ ਸਮ ਭਾਗ ਦਾ ਤਿਆਰ ਕੀਤਾ ਜਾਂਦਾ ਹੈ। ਜਲ, ਦੁੱਧ ਦੇ ਸੰਜੋਗ ਕਰਕੇ ਪੰਚਾਮ੍ਰਿਤ ਕਹਾਉਂਦਾ ਹੈ। ਸ੍ਰੀ ਮੁਖਵਾਕ—"ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ"

ਕੜਾਕਾ—ਫਾਕਾ, ਲੰਘਣ।

ਕਾਜੇ—ਭੁੱਖੇ, ਵਿਰਵੇ, ਲੋੜਵੰਦ, ਫਾਕੇ,ਖਾਲੀ, ਛੁਧਾਤੁਰ ।

ਕਾਜੇ ਕਰਨਾ—ਫਾਕਾ ਕਰਨਾ ।

ਕਾਜੇ ਖੋਲ੍ਹਣੇ, ਕਾਜਾ ਖੋਲ੍ਹਣਾ— ਪ੍ਰਸ਼ਾਦ

Digitized by Panjab Digital Library | www.panjabdigilib.org

ਛਕਣਾ, ਤ੍ਰਿਪਤ ਹੋਣਾ, ਰੱਜਣਾ, ਰੱਜ ਕੇ ਖਾਣਾ।
੨. ਦਿਲ ਖੋਲ੍ਹ ਕੇ ਲੁੱਟਣਾ।

ਕਾਨ੍ਹੰਗੋ–ਖੁੰਡੀ, ਸਲੋਤ੍ਰੀ।

ਕਾਬਲੀ ਕੁੱਤਾ–ਅਹਿਮਦ ਸ਼ਾਹ ਦੁੱਰਾਨੀ।

ਕਾਬਲੀ ਕੁੱਤੇ–ਗਿਲਜ਼ਈ ਦੁਸ਼ਮਨ।

*ਕਾਰਦਾਰ–ਫੈਹੁੜਾ।

ਕਾਰ ਭੇਟ–ਸਤਿਗੁਰਾਂ ਲਈ ਭੇਟਾ। ਦਸੌਂਧ। ਗੁਰੂ ਕੀ ਗੋਲਕ ਲਈ ਜੋ ਭੇਟਾ ਵੱਖਰੀ ਕੱਢੀ ਜਾਵੇ। ਗੁਰਪੁਰਬ ਉਤਸਵਾਂ ਵੇਲੇ ਜੋ ਪਦਾਰਥ ਗੁਰੂ ਅਰਥ ਕਢੀਦਾ ਹੈ ਤੇ ਗੁਰੂ ਕੇ ਹਜ਼ੂਰ ਗੁਰਦਵਾਰੇ, ਅਥਵਾ ਆਪਣੇ ਧਰਮ ਦੇ ਕਾਰਜਾਂ ਵਿਚ ਖਰਚ ਕਰੀਦਾ ਹੈ, ਉਸਨੂੰ ਭੀ ਕਾਰ ਭੇਟ ਕਹਿੰਦੇ ਹਨ।

ਕਿਰਪਾਨ, ਕ੍ਰਿਪਾਨ–ਸ੍ਰੀ ਸਾਹਿਬ, ਤਲਵਾਰ, ਕਰਦ, (ਪੰਜਾਂ ਰਹਿਤਾਂ)ਵਿਚੋਂ ਇਕ।

ਕੀਰਤਨ ਕਰਨਾ–ਸਬਦ ਗਾਉਣੇ, ਚੌਂਕੀ ਕਰਨੀ, ਸਾਜ਼ਾਂ ਨਾਲ ਗੁਰਬਾਣੀ ਦਾ ਗਾਇਨ ਕਰਨਾ।

ਕੁੱਠਾ–ਮਾਸ ਜੋ ਮੁਹੰਮਦੀ ਲੋਕ ਤਕਬੀਰ ਕਹਿਕੇ ਬਣਾਉਂਦੇ ਹਨ। ਇਹ ਮਾਰਨ ਦੇ ਵੇਲੇ ਹੌਲੀ ਹੌਲੀ ਛੁਰੀ ਫੇਰਦੇ ਹੋਏ ਜਾਨਵਰ ਨੂੰ ਕੋਹ ਕੋਹ ਕੇ ਮਾਰਦੇ ਹਨ। ਇਹ ਮਾਸ ਚਹੁਵਾਂ ਕੁਰਹਿਤਾਂ ਵਿਚ ਹੈ ਤੇ ਖਾਣਾ ਮਨ੍ਹੇ ਹੈ।

ਕੁਠਾਰ–ਕੱਚੀ ਰਸਦ ਆਦਿਕ ਪਦਾਰਥਾਂ ਦੇ ਕੱਖਣ ਦਾ ਅਸਥਾਨ।

ਕੁਠਾਰੀ–ਮੋਦੀ। ਰਸਦ ਤੇ ਰਸੋਈ ਦਾ ਭੰਡਾਰੀਆ।

ਕੁਣਕਾ–ਕੜਾਹ ਪ੍ਰਸ਼ਾਦਿ। ੨. ਪ੍ਰਸ਼ਾਦ ਦਾ ਕਿਣਕਾ।

ਕੁਤਬਦੀਨ–ਕੁਕਰ, ਕੁੱਤਾ।

*ਕੁਤਵਾਲ–ਛੁਰੀ, ਚਾਕੂ।

ਕੁਦਰਤ–ਪਾਰਬ੍ਰਹਮ ਦੇ ਰੰਗ, ਅਚਰਜ ਕੌਤਕ, ਮਾਇਆ, ਰਚਨਾ, ਅਚਾਨਕਤਾ।

ਕੁਦਰਤ ਨਾਲ–ਅਚਾਨਕ, ਹੁਕਮ ਨਾਲ, ਭਾਣੇ ਨਾਲ। ਇਹ ਇਕ ਖਾਲਸੇ ਜੀ ਦਾ ਤੜੀਆ ਕਲਾਮ (ਵਾਕਜ ਬਿਰਾਮ) ਹੈ।

*ਕੁਰਲੀ, ਕੁਰਲਾ–ਚੁਲੀ, ਚੁਲਾ।

ਕੁੜੀ ਮਾਰ–ਕੰਨਜਾਂ ਦਾ ਹਤਿਆਰਾ, ਜੋ ਆਪਣੀਆਂ ਧੀਆਂ ਨੂੰ ਮਾਰੇ। ਇਹ ਕੁਰਹਿਤਾਂ ਵਿਚੋਂ ਇਕ ਕੁਰਹਿਤ ਹੈ।

ਕੁਈ– ਦਾਤਰੀ।

ਕੁਈ ਦਾ ਸ਼ਿਕਾਰ ਖੇਡਣਾ–ਢਾਢੀ ਕਰਨੀ।

ਕੁਹੀ– ਦੇਖੋ ਕੁਈ।

ਕੁਹੀਆਂ ਬਾਜਾਂ ਦਾ ਸ਼ਿਕਾਰ–ਘਾਹ ਖੋਤਣਾ।

ਕੇਸ– ਸਿਰ ਦੇ ਕੇਸ ਜੋ ਪੰਜਾਂ ਰਹਿਤਾਂ ਵਿਚ ਵਿਦਮਾਨ ਹਨ।

ਕੇਸ ਹਰੇ ਕਰਨੇ–ਕੇਸ ਸੁਕਾਉਣੇ।

ਕੇਸ ਗੜ੍ਹ–ਅਨੰਦ ਪੁਰ ਸਾਹਿਬ ਜੀ ਦੇ ਓਸ ਗੁਰਦਵਾਰੇ ਦਾ ਨਾਮ, ਜਿੱਥੇ ਕਲਗੀਧਰ ਮਹਾਰਾਜ ਜੀ ਨੇ ਖਾਲਸਾ ਪੰਥ ਸਾਜਣਾ ਅਰੰਭਿਆ।

ਕੇਸਰ–ਹਲਦੀ, ਜੋ ਦਾਲ ਭਾਜੀ ਵਿਚ ਪਾਈਦੀ ਹੈ।

ਕੇਤਲ–ਮੰਜਾ, ਪਲੰਘ।

ਕੇਤਲ ਕਸ਼–ਵਿਛਾਈ, ਬਿਸਤਰਾ।

ਕੇਮ–ਪੰਥ। ਦੇਖੋ ਪੰਥ।

ਕੇਘਾ– ਜਿਸ ਨਾਲ ਕੇਸ ਵਾਹੇ ਜਾਂਦੇ ਹਨ।

ਕੇਘਾ ਹੋਣਾ–ਅਪਦਾ ਪੈਣੀ, ਭਾਂਜ ਪੈਣੀ, ਸਾਨ ਹੋਣਾ, ਫੌਜ ਦਾ ਮਰਨਾ।

ਕੇਘਾ ਕਰਨਾ–ਕੇਸ ਵਾਹੁਣੇ।

Digitized by Panjab Digital Library | www.panjabdigilib.org

੨. ਉਜਾੜ ਦੇਣਾ।

ਖ

ਖੱਸੀ ਫੌਜ–ਆਮ ਤੀਵੀਆਂ, ਆਮ ਜ਼ਨਾਨੀਆਂ। ਅਪਣੀਆਂ ਨੂੰ 'ਸਿੰਘਣੀਆਂ' ਕਹਿੰਦੇ ਹੁੰਦੇ ਹਨ।

ਖੱਗ–ਤੇਗ, ਸ੍ਰੀ ਸਾਹਿਬ, ਤਲਵਾਰ।

ਖਜੂਰਾਂ–ਭੁਰੜੀਆਂ। ੨. ਹੋਲਾਂ।

ਖਰਚ ਕਰਨਾ–ਮਾਰਨਾ, ਕਤਲ ਕਰਨਾ।

ਖੜਸੇ–ਛੱਜ, ਦਾਣੇ ਛੱਟਣ ਵਾਲਾ।

ਖੜਗ–ਤਲਵਾਰ, ਸ੍ਰੀ ਸਾਹਿਬ।

ਖੜਗ ਕੇਤ–ਅਕਾਲ ਪੁਰਖ।

*ਖੜੇ ਦਾ ਖਾਲਸਾ–ਜੋ ਹਾਜ਼ਰ ਹੋਣ ਉਸ ਨੂੰ ਮਿਲ ਜਾਣਾ, ਜੋ ਨਾ ਹੋਵੇ ਉਸਦਾ ਵਿਰਵੇ ਰਹਿ ਜਾਣਾ।

ਖੜੇ ਦਾਉ ਖਾਲਸਾ–ਤਿਆਰ ਬਰਤਿਆਰ ਖਾਲਸਾ, ਸਨੱਧਬੱਧ ਖਾਲਸਾ।

*ਖਾਰ ਸਮੁੰਦਰ–ਲੱਸੀ।

ਖਾਲਸਾ–ਅਕਾਲ ਪੁਰਖ ਦੇ ਪੰਥ ਵਿਚ ਇਕ ਸਿੰਘ, ਜੋ ਅੰਮ੍ਰਿਤ ਛਕਕੇ ਸਿੱਖੀ ਰਹਿਤ ਰੱਖਦਾ ਹੈ।
੨. ਖਾਲਸਿਆਂ ਦਾ ਪੰਥ।
੩. ਸਿੰਘਾਂ ਦੀ ਫੌਜ।

ਖਾਲਸਾ ਪੰਥ–ਅਕਾਲ ਪੁਰਖ ਦਾ ਪੰਥ, ਖਾਲਸਿਆਂ ਦਾ ਪੰਥ।

ਖਿਸਕੂ–ਲੰਗੋਟਾ, ਕੁਪੀਨ, ਧਬਲੀ, ਸਾਫਾ।

ਖਿੱਚੜ ਪੁਲਾਉ–ਖਿੱਚੜੀ।
੨. ਭਿੰਨ ਭਿੰਨ ਖਾਣ ਦੀਆਂ ਚੀਜਾਂ, ਰਲੀਆਂ ਹੋਈਆਂ ਨੂੰ ਭੀ ਕਹਿੰਦੇ ਹਨ।

ਖੀਰ ਸਮੁੰਦਰ–ਦੁੱਧ। ਦੇਖੋ ਸਮੁੰਦਰ।

ਖੁਸ਼ਕ ਪੁਲਾਉ–ਚਬੀਣਾ, ਭੁੱਜੇ ਹੋਏ ਦਾਣੇ।

ਖੁਰਮੇ–ਬੇਰ, ਗੋਹਲਾਂ, ਕੰਦੂਰੀ, ਪੇਂਡੂ ਆਦਿ ਜੰਗਲੀ ਫਲ, ਜੋ ਕਿਸੇ ਵੇਲੇ ਕੁਵੇਲੇ ਖਾਕੇ ਨਿਰਬਾਹ ਕੀਤਾ ਜਾਵੇ।

ਖੁਲਾਸਾ–ਮੁਕਤਿ ਰੂਪ, ਸ੍ਰੰਤੂ, ਜੀਵਨ ਮੁਕਤਿ।

*ਖੁਲਾਸਾ ਸਿਖ–ਸਿਖ ਕਤਲਾਮਾਂ ਦੇ ਸਮੇਂ ਸਹਿਜਧਾਰੀ ਰਹਿਕੇ ਖਾਲਸਾ ਪੰਥ ਦੀ ਸਹਾਇਤਾ ਕਰਨੇ ਵਾਲਾ ਸਿੱਖ।

ਖੋਤੀ–ਚਿਲਮ।

ਖੋਤੀ ਚੁੰਘਣਾ–ਬਿਖਿਆ ਪੀਣੀ, ਤਮਾਕੂ ਪੀਣਾ।

ਖੰਡ–ਸੁਆਹ।

ਗ

ਗਹਿਰੇ ਗੱਫੇ– ਤਰਾ ਤਰੀ ਚੀਜ਼, ਕੜਾਹ ਪ੍ਰਸ਼ਾਦਿ ਆਦਿ।
੨. ਬਹੁਤ ਮਾਲ ਧਨ।
੩. ਲੁੱਟ ਦਾ ਮਾਲ।

ਗਹਿਰੇ ਗਫੇ ਲਾਉਣੇ–ਪ੍ਰਸ਼ਾਦ ਆਦਿ ਰੱਜਕੇ ਛਕਣਾ।
੨. ਜਿਨ੍ਹਾਂ ਅਪ੍ਰਾਧੀਆਂ ਨੂੰ ਸੋਧਣਾ, ਸੋਧ ਵਿਚ ਉਨ੍ਹਾਂ ਦੀ ਜਾਇਦਾਦ ਮਾਲ ਫਿਸਕ ਕਰ ਲੈਣਾ।

ਗਜਗਾਹ–ਲੋਹੇ ਦੇ ਛੋਟੇ ਛੋਟੇ ਹਥਿਆਰਾਂ ਦਾ ਸ਼ਸਤ੍ਰ, ਜੋ ਨਿਹੰਗ ਸਿੰਘ ਦੁਮਾਲੇ ਪਰ ਪੰਜੇ ਦੇ ਉਪਰ ਸਜਾਉਂਦੇ ਹਨ, ਸਿਰੇ ਤੇ ਖੰਡਾ ਤੇ ਵਿਚਾਲੇ ਅਰਧ ਚੰਦ੍ ਹੁੰਦੇ ਹਨ।

ਗੱਜਣਾ–ਦੇਖੋ ਗੱਜੋ।

ਗਜਾਉਣਾ–ਕਹਿਣਾ, ਬੁਲਾਉਣਾ, ਉੱਚੀ ਬੁਲਾਉਣਾ। ਜਿਵੇਂ 'ਵਾਹਿਗੁਰੂ ਜੀ ਕੀ ਫਤਹ ਗਜਾਓ।'

ਗੱਜੋ–ਬੋਲੋ, ਉਚਰੋ।
੨. ਠਹਿਰੋ, ਰਹੋ, ਬਿਰਾਜੋ। ੩. ਜਾਓ।

ਰਧੀ– ਬਿਖਜਾ, ਦੇਖੋ ਖੋਤੀ।

Digitized by Panjab Digital Library | www.panjabdigilib.org

ਗਧੀ ਚੁੰਘਣੀ–ਬਿਖਜਾ ਪੀਣੀ।
ਗੱਫਾ– ਧਨ, ਹਿੱਸਾ, ਬਾਂਟਾ, ਛਾਂਦਾ, ਵਰਤਾਰਾ। ਪਦਾਰਥ।
੨. ਲੁਕਮਾ, ਗਿਰਾਸ, ਗਿਰਾਹੀ।
੩. ਲੁੱਟ ਦਾ ਮਾਲ।
ਗੱਫੇ ਲਾਉਣੇ–ਛਕਣਾ। ੨. ਲੁੱਟਣਾ।
ਗਰਖੜ–ਛੱਜ, ਜਿਸ ਨਾਲ ਦਾਣੇ ਛੱਟੀਦੇ ਹਨ।
ਗਰਝਾ, ਗਰਝੇ–ਚਾਵਲ।
ਗੜ੍ਹ– ਕਿਲ੍ਹਾ, ਕੋਟ, ਵਲਗਣ, ਸੰਘਣਾ ਬਨ।
ਗੜ੍ਹ ਤੋੜਨਾ–ਕਠਨ ਕਾਰਜ ਸਾਧਨਾ।
੨. ਦੇਖੋ ਚਤੌੜ ਗੜ੍ਹ ਫਤਹ ਕਰਨਾ।
ਗੜ੍ਹ ਬੜ੍ਹ–ਰੌਲਾ ਰੱਲਾ। ਰਾਜ ਰੌਲਾ।
੨. ਭੰਡ ਰੌਲਾ।
ਗਿਆਨੀ–ਦੇਖੋ ਗਜ਼ਾਨੀ।
ਗਿੱਦੜ, ਗੀਦੀ–ਭਗੌੜਾ, ਕਾਇਰ।
*ਗਿੱਦੜ ਰੰਗਾ–ਭਗਵੇ ਰੰਗ ਵਾਲਾ।
ਗੁਣਗ੍ਰਾਹੀ–ਦੇਖੋ ਗਰਖੜ।
ਗੁਦੜ–ਦੁੱਧ ਦੀ ਮਲਾਈ, ਖੋਆ, ਰਬੜੀ।
*ਗੁਪਤਾ–ਗੁੰਗਾ।
*ਗੁਪਤਾਂ–ਗ਼ੈਬ ਦੀਆਂ ਰੂਹਾਂ।
ਗੁਪਾਲ ਲੱਡੂ–ਕੁੱਕੜੀ ਦੇ ਅੰਡੇ।
*ਗੁਪਾਲ ਚੰਦਨ–ਮੱਲ੍ਹਮ, ਲੇਪ।
ਗੁਬਿੰਦ ਗੜ੍ਹ–ਕਿਲ੍ਹਾ। ਇਕ ਕਿਲ੍ਹੇ ਦਾ ਨਾਉਂ ਹੈ, ਜੋ ਅੰਮ੍ਰਿਤਸਰ ਜੀ ਲੋਹਗੜ੍ਹ ਦਰਵਾਜ਼ੇ ਤੇ ਬਾਹਰ ਵਿਦਮਾਨ ਹੈ, ਇਸ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਇਆ ਸਾ।
ਗੁਬਿੰਦੀਆਂ–ਗਾਜਰਾਂ, ਮੂਲੀਆਂ।
ਗੁਬਿੰਦੇ–ਖਰਬੂਜੇ।
ਗੁਰਦੇਵ–ਅਕਾਲ ਪੁਰਖ। ੨. ਦਸੋਂ ਪਾਤਸ਼ਾਹੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ।
੩. ਨਿਹੰਗਾਂ ਸਿੰਘਾਂ ਵਿਚ ਜੋ ਅੰਮ੍ਰਿਤ ਛਕਾਵੇ ਉਹ ਅੰਮ੍ਰਿਤ ਛਕਾਵਣ ਵੇਲੇ ਬਾਕੀ ਚੌਹਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰਦੇਵ ਹੈ, ਇਕੱਲਾ ਆਦਮੀ ਗੁਰਦੇਵ ਨਹੀਂ ਹੈ। ਪਰ ਆਦਰਸ਼ਕ ਗੁਰ ਸਿਖ ਆਪਣੇ ਆਚਾਰ ਮੁਜਬ 'ਗੁਰਮੁਖ' ਕਹਿਲਾ ਸਕਦਾ ਹੈ।
ਗੁਰਦ੍ਵਾਰਾ, (ਗੁਰਦ੍ਵਾਰੇ)–ਸਤਿਗੁਰਾਂ ਦੇ ਰਹਿਣ ਬਹਿਣ ਅਥਵਾ ਚਲਾਣੇ ਆਦਿ ਦਾ ਯਾਦਗਾਰੀ ਅਸਥਾਨ। ੨. ਉਹ ਅਸਥਾਨ, ਜਿੱਥੇ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦਾ ਪਕਾਸ਼ ਹੁੰਦਾ ਹੋਵੇ, ਜੈਸਾ ਕਿ ਸ੍ਰੀ ਮੁਖਵਾਕ ਹੈ–
"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮਰਾਜੇ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ"॥
ਗੁਰਦ੍ਵਾਰੀਏ–ਪੁਜਾਰੀ ਸਿੰਘ ਜੋ ਗੁਰਦ੍ਵਾਰੇ ਦੀ ਸੇਵਾ, ਪੂਜਾ ਕਰਨ।
ਗੁਰਮਤ–ਗੁਰੂ ਕਾ ਮਤ, ਗੁਰਸੰਪ੍ਰਦਾਇ, ਖ਼ਾਲਸਾ ਪੰਥ, ਸਿੱਖੀ ਮਤ, ਨਾਨਕ ਸ਼ਾਹੀ ਮਤ।
੨. ਗੁਰੂ ਦੀ ਸਿਖਜਾ, ਉਪਦੇਸ਼।
੩. ਗੁਰ ਸੰਪ੍ਰਦਾਇ ਅਨੁਸਾਰ ਰਹੁਰੀਤ, ਰਹਿਤ ਬਹਿਤ ਸੰਸਕਾਰ ਆਦਿ ਕਰਨ ਦੀ ਮਿਰਯਾਦਾ।
ਗੁਰਮਤਾ–ਇਹ ਪੰਥ ਦੀ ਉਸ ਮਹਾਨ ਇਕੱਤ੍ਰਤਾ ਦਾ ਨਾਮ ਹੈ, ਜਿਸ ਵਿਚ ਸਭ ਪਰਸਪਰ ਵੈਰ ਭੁਲਾਕੇ ਸਾਰੇਸਿੰਘ ਕੱਠੇ ਹੋਕੇ ਪੰਥਨਤੀ ਦੇ ਸਾਂਝੇ ਫੈਸਲੇ ਕਰਦੇ ਅਰ ਸਾਰੇ ਉਸ ਅਨੁਸਾਰ ਤੁਰਦੇ ਸੇ। ਦਸਮ ਪਾਤਸ਼ਾਹ ਜੀ ਨੇ ਜਾਰੀ ਕੀਤੀ

Digitized by Panjab Digital Library | www.panjabdigilib.org

ਤੇ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਆਖਰੀ ਗੁਰਮਤਾ ਨੁਸ਼ਹਿਰੇ ਦੀ ਲੜਾਈ ਵੇਲੇ ਹੋਇਆ ਸੀ†।

੨. ਹੁਣ ਸਿੰਘਾਂ ਦੀ ਇਕੱਤ੍ਰਤਾ, ਦੀਵਾਨ। ਇਨ੍ਹਾਂ ਵਿਚ ਕੀਤੇ ਫੈਸਲੇ ਨੂੰ ਬੀ ਕਹਿ ਲੈਂਦੇ ਹਨ ਤੇ ਇਹ ਅਰਥ ਬੀ ਲੈ ਲੈਂਦੇ ਹਨ:–ਸਲਾਹ, ਵਿਚਾਰ, ਪ੍ਰਬੰਧ, ਇੰਤਜ਼ਾਮ।

ਗੁਰਮਤਾ ਸੋਧਨਾ, ਗੁਰਮਤਾ ਸਜਾਉਣਾ, ਗੁਰਮਤਾਕਰਨਾ | ਸਾਰੇ ਪੰਥ ਨੇ ਰਲਕੇ ਸਲਾਹ ਕਰਨੀ, ਮਿਲਕੇ ਤਦਬੀਰ ਸੋਚਣੀ ਤੇ ਫੈਸਲਾ ਕਰਨਾ।

ਗੁਰਮੁਖ–ਜਿਸਨੇ ਗੁਰਾਂ ਵੱਲ ਮੂੰਹ ਕੀਤਾ ਹੋਵੇ। ਗੁਰਦੀਖਜਾ ਨੂੰ ਪ੍ਰਾਪਤ ਪੁਰਖ।

੨. ਗੁਰਸਿੱਖੀ ਦੇ ਅਸੂਲਾਂ, ਸਾਧਨਾਂ, ਤੇ ਰਹਿਤਾਂ ਤੇ ਟੁਰਕੇ ਸਿਰੇ ਚਾੜ੍ਹਿਆ ਸਿੱਖ। ਆਦਰਸ਼ਕ ਸਿਖ। ਸਿਧ ਗੋਸ਼ਟ ਵਿਚ ਗੁਰਮੁਖ ਦਾ ਆਦਰਸ਼ ਵਰਣਨ ਕੀਤਾ ਹੈ।

ਗੁਰਮੁਖ ਸਿੱਖ–ਗੁਰੂ ਕਾ ਸਿਖ। ਉਹ ਸਿਖ, ਜੋ ਗੁਰੂ ਦੇ ਬਚਨਾਂ ਪਰ ਚਲਦਾ ਹੋਵੇ, ਜਗਜਾਸੂ, ਅਨੰਨਜ ਸਿਖ, ਸਿਦਕਵਾਨ, ਭਰੋਸੇ ਵਾਲਾ ਸਿਖ। ਦੇਖੋ ਗੁਰਮੁਖ।

ਗੁਰਮੁਖੀ–ਗੁਰੂ ਸੰਪ੍ਰਦਾਇ ਵਾਲੀ।

ਗੁਰਮੁਖੀ ਅੱਖਰ–ਪੰਜਾਬੀ ਅੱਖਰ ਜੋ ਦੂਜੇ ਸਾਹਿਬਾਂ ਨੇ ਰਚੇ ਸਨ। ਇਨ੍ਹਾਂ ਅੱਖਰਾਂ ਵਿਚ ਗੁਰੂ ਕੀ ਬਾਣੀ ਲਿਖੀ ਗਈ। ਇਹ ਅੱਖਰ ਗੁਰ ਸੰਪ੍ਰਦਾਇ ਵਿਚ ਉੱਘੇ ਹਨ‡।

ਗੁਰਮੁਖੀ ਦਸਤਾਰਾ–ਸਿੱਧੀ ਪੱਗ, ਦੁਹਰੀ ਪੱਗ।

ਗੁਰਮੁਖੀ ਦਾਹੜਾ–ਸਿੱਧਾ ਖੁੱਲ੍ਹਾ ਦਾਹੜਾ ਜਿਸ ਵਿਚ ਕੋਈ ਚੀਰ ਪਾੜ ਨਾ ਕੀਤੀ ਹੋਵੇ।

ਗੁਰਮੁਖੀ ਪ੍ਰਸ਼ਾਦਾ–ਮੋਟੀ ਰਾੜਾ, ਨਾਨਕ ਸ਼ਾਹੀ ਰੋਟੀ, ਮੋਟੀ ਰੋਟੀ, ਸਿਧ-ਪਧਰੀ ਰੋਟੀ।

ਗੁਰਮੁਖੀ ਰਹੁਰੀਤ–ਰਹਿਤ ਬਹਿਤ, ਸਿੱਖੀ ਦੀ ਮਿਜਾਦਾ, ਜਿਸ ਤਰ੍ਹਾਂ "ਗੁਰਮੁਖਿ ਨਾਮੁ ਦਾਨੁ ਇਸਨਾਨੁ"।

ਗੁਰਮੁਖੀ ਵਰਤਾਰਾ–ਇੱਕੋ ਜਿਹਾ ਛਾਂਦਾ।

੨. ਸੁਧਾ ਸੁਭਾਉ।

੩. ਨਿਸ਼ਕਪਟ ਵਰਤਾਉ।

ਗੁਰਮੁਖੀ ਵਿਦਜਾ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈਕੇ ਗੁਰਮਤ ਸੰਬੰਧੀ ਬਾਣੀ ਜੋ ਗੁਰਮੁਖੀ ਅੱਖਰਾਂ ਵਿਚ ਲਿਖੀਗਈਸੀ

੨. ਰਹੁਰੀਤ।

੩. ਗੁਰਮੁਖੀਇਲਮ ਦੀ ਵਾਕਫੀਅਤ।

ਗੁਰਮਿਜਾਦਾ–ਗੁਰ ਘਰ ਦੀ ਰੀਤ, ਸਿੱਖੀ ਦੀ ਰਹੁਰੀਤ। ਗੁਰੂ ਘਰ ਦੀ ਕਦੀਮੀ ਚਾਲ, ਜਿਸ ਲਈ ਬਚਨ ਹੈ "ਗੁਰ ਸਿਖ ਮੀਤ ਚਲਹੁ ਗੁਰ ਚਾਲੀ"॥

੨. ਜਨਮ, ਅੰਮ੍ਰਿਤ, ਵਿਆਹ, ਚਲਾਣੇ ਆਦਿ ਦੀਆਂ ਗੁਰਸਿੱਖੀ ਦੀਆਂ ਮਿਜਾਦਾਂ।

ਗੁਰੂ– ਅਕਾਲ ਪੁਰਖ ਪਰਮੇਸ਼ੁਰ।

੨. ਸ੍ਰੀ ਗੁਰੂ ਨਾਨਕ ਦੇਵ ਤੋਂ ਲੈਕੇ ਦਸਮ ਗੁਰੂ ਪ੍ਰਯੰਤ ਦਸੇ ਸਤਿਗੁਰੂ ਤੇ

---

†ਇਸ ਦਿਨ ਦੀ ਤਾਰੀਖ ਹੈ, ੧ ਚੇਤਰ ਸੰਮਤ ੧੮੭੯–੧੪ ਮਾਰਚ ੧੮੨੩ ਈ:। [ਸੰਪਾਦਿਕ

‡ਆਦਿ ਪੋਥੀ ਦੇ ਹਾਸ਼ੀਏ ਤੇ ਇਹ ਗੱਲ ਲਿਖੀ ਹੋਈ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਜੀ ਨੇ ਬਣਾਏ।

Digitized by Panjab Digital Library | www.panjabdigilib.org

ਗੁਰੂ ਗ੍ਰੰਥ ਸਾਹਿਬ ਜੀ।

*ਗੁਰੂ ਕੀ ਗੋਲਕ–ਦੇਖੋ ਗੋਲਕ।

ਗੂੰਜ– ਅਵਾਜ਼। ਬੰਦੂਕ, ਤੋਪ, ਅਥਵਾ ਰਹਿਕਲੇ ਦੀ ਅਵਾਜ਼।

*ਗ਼ੈਬੀ ਫੌਜ–ਗੁਪਤ ਸ਼ਹੀਦੀ ਫੌਜ।

ਗੋਲ, ਗੋਲਾ–ਜੁੱਧ ਜੰਗ ਵੇਲੇ ਪਿੱਠਾਂ ਪਿੱਠਾ ਵਲ ਰੱਖਕੇ ਚੱਕ੍ਰ ਬੰਨ੍ਹਕੇ ਜੋ ਕਿਲ੍ਹਾ ਬਣਾਇਆ ਜਾਵੇ।

ਗੋਲਕ, ਗੋਲਕ ਗੁਰੂ ਕੀ–ਗੁਰੂ ਕਾ ਖਜ਼ਾਨਾ, ਜਿਸ ਵਿਚ ਕਾਰ ਭੇਟ, ਦਸਵੰਧ, ਮੰਨਤ ਤਨਖਾਹ (ਭਾਵੇਂ ਕਿਸੇ ਤਰ੍ਹਾਂ ਭੀ ਗੁਰੂ ਨਮਿੱਤ ਦਿਤੀ ਜਾਵੇ)। ੨. ਉਹ ਗਾਗਰ, ਜਿਸਦਾ ਮੂੰਹ ਬੰਨ੍ਹਕੇ ਗੁਰਦ੍ਵਾਰਿਆਂ ਵਿਚ ਅਰਦਾਸਿਆਂ ਦੇ ਧਨ ਲਈ ਅਵਸੋਂ ਰੱਖੀ ਹੁੰਦੀ ਹੈ। ੩. ਗੁਰੂ ਘਰ ਵਾਸਤੇ ਜੋ ਦਸਵੰਧ ਸੁੱਖਣਾ ਆਦਿਕ ਪਦਾਰਥ ਰਖਿਆ ਜਾਂਦਾ ਸੀ ਅਰ ਜੋ ਗੁਰੂ ਜੀ ਦੇ ਹਜ਼ੂਰ ਹਾਜ਼ਰ ਕਰਦੇ ਸੇ। ਹੁਣ ਇਹ ਪੰਥ ਗੁਰੂ ਦੀ ਸੇਵਾ ਵਿਚ ਹਾਜ਼ਰ ਕਰਦੇ ਹਨ।

ਗੋਲਾ ਬੰਨ੍ਹਣਾ–ਦੇਖੋ ਗੋਲਾ।

ਗੰਗਾ ਜਲ–ਮਦਰਾ।

ਗੰਢਲ–ਪਾਜਲ, ਟੁੱਟਕੇ ਗੰਢਿਆ ਹੋਇਆ। ੨. ਜਿਸ ਸਿੰਘ ਨੇ ਚੌਹੁਵਾਂ ਕੁਰਹਿਤਾਂ ਵਿਚੋਂ ਕੋਈ ਮਨਮਤ ਕਰਕੇ ਦੁਬਾਰਾ ਅੰਮ੍ਰਿਤ ਛਕਿਆ ਹੋਵੇ।

ਗਜਾਨ–ਸਮਝ ਸੂਝ । ੨. ਕਥਾ ਵਾਰਤਾ। ਸ੍ਰੀ ਮੁਖਵਾਕ ਹੈ:–"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ"।

ਗਜਾਨਾ ਸਿੰਘ, ਗਜਾਨੀ–ਵਾਹਿਗੁਰੂ ਨੂੰ ਜਾਨਣ ਵਾਲਾ ਸਿੰਘ, ਕਥਾ ਕਰਨ ਵਾਲਾ ਭਾਈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਕਰੇ।

ਘ

ਘਮਸਾਣ–ਜੁੱਧ, ਜੰਗ, ਲੜਾਈ।

ਘਮੰਡੀ–ਲੜਾਕਾ, ਆਕੜ ਵਾਲਾ, ਰੌਲਾ ਪਾਉਣ ਵਾਲਾ। ਜਿੱਦਲ।

ਘੱਲੂ ਘਾਰਾ–ਕਹਿਰ ਦੀ ਲੜਾਈ, ਜਿਸ ਵਿਚ ਅਤਯੰਤ ਡਟਵਾਂ ਟਾਕਰਾ ਹੋਇਆ ਹੋਵੇ, ਬਹੁਤਿਓਂ ਬਹੁਤ ਕਤਲ ਹੋਈ ਹੋਵੇ। ਦੋ ਘੱਲੂਘਾਰੇ ਪ੍ਰਸਿਧ ਹਨ, ਇਕ ਵੱਡਾ ਇਕ ਛੋਟਾ।

ਘਾਲਾ ਮਾਲਾ–ਦੌਲਾ ਗੌਲਾ।

੨. ਰਲੇ ਵਾਲਾ ਨਿਰਣਾ।

ਘੁਸਮੁਸਾ ਕਰਨਾ–ਕੰਨੋ ਕੰਨੀ ਗੱਲਾਂ ਕਰਨੀਆਂ।

ਘੁਸਮੁਸਾ ਵੇਲਾ–ਪਹੁਫੁਟਾਲਾ, ਤੜਕਾ, ਸਵੇਰਾ।

ਘੋੜਾ– ਜੁੱਤਾ, ਜੁੱਤੀ, ਪਨਹੀ, ।

ਘੋੜਾ ਦੁੜਾਉਣਾ–ਪੇਸ਼ਾਬ ਕਰਨਾ।

ਚ

ਚੱਕਰ–ਇਕ ਗੋਲ ਹਥਯਾਰ ਹੈ ਜੋ ਸੁਦਰਸ਼ਨ ਚੱਕ੍ਰ ਕਰਕੇ ਨਿਹੰਗਾਂ ਸਿੰਘਾਂ ਵਿਚ ਪ੍ਰਸਿੱਧ ਹੈ ਅਤੇ ਦੁਮਾਲੇ ਪਰ ਸਜਾਉਂਦੇ ਹਨ। ਲੜਾਈਆਂ ਵਿਚ ਇਹ ਚਲਾਏ ਜਾਇਆ ਕਰਦੇ ਸਨ। (ਹੁਣ ਬੀ ਨਿਹੰਗਸਿੰਘ ਚਲਾਉਣਾ ਜਾਣਦੇ ਹਨ।)

ਚੱਕਰੀ–ਛੋਟਾ ਚੱਕ੍ਰ ਨਿਹੰਗਾਂ ਸਿੰਘਾਂ ਦਾ।

ਚਟਨ ਪੁਲਾਉ–ਚਟਨੀ, ਜੋ ਰੰਢਾ ਲੂਣ, ਅਨਾਰਦਾਨਾ ਤੇ ਮਰਚ ਪਾ ਕੇ ਤੇ ਕਦੇ ਪੁਦਨਾ ਸ਼ਾਮਲ ਕਰਕੇ ਘੋਟਕੇ ਤਯਾਰ ਕੀਤੀ ਜਾਵੇ।

Digitized by Panjab Digital Library | www.panjabdigilib.org

੨. ਸੁੱਕੀਆਂ ਲੂਣ ਮਰਚਾਂ ਜੋ ਰੁੱਖੀ ਰੋਟੀ ਵੇਲੇ ਕਦੀ ਕੰਮ ਆਉਣ।

ਚਰਨ ਦਾਸੀ–ਜੁੱਤੀ, ਜੋੜਾ।

ਚਲਾਕਾ, ਚਲਾਕਾ ਸਿੰਘ–ਸੂਆ, ਜਿਸ ਨਾਲ ਤੋਪੜ, ਬੋਰੀ, ਭੂਰੇ ਆਦਿਕ ਸੀਵੀਂ ਦੇ ਹਨ।

ਚਲਾਕਣ–ਸੂਈ, ਜੋੜ ਮੇਲਨੀ, ਜਿਸ ਨਾਲ ਕਪੜੇ ਸੀਵੀਂਦੇ ਹਨ।

ਚਲਾਣਾ ਕਰਨਾ–ਮਰ ਜਾਣਾ।

ਚੜ੍ਹਤ–ਧਰਮਾਰਥ ਦੇ ਧਨ ਪਦਾਰਥ ਜੋ ਗੁਰੂ ਅਰਪਣ ਹੋਣ, ਭੇਟ, ਗੁਰੂ ਨਾਮ ਤੇ ਆਈ ਆਮਦਨ।

ਚੜ੍ਹਦੀ ਕਲਾ–ਮਨ ਨੇ ਨਿਰਾਸਤਾ, ਭੈ, ਸੰਸੇ ਵਿਚ ਨਾ ਪੈਣਾ, ਪਰ ਹੰਕਾਰੀ ਬੀ ਨਾ ਹੋਣਾ, ਇਸ ਅਵਸਥਾ ਦਾ ਨਾਉਂ ਚੜ੍ਹਦੀ ਕਲਾ ਹੈ। (ਇਹ ਦਸ਼ਾ ਨਾਮ ਤੋਂ ਉਪਜਦੀ ਹੈ) (ਮਨ ਦੀ ਫਾਇਲੀ ਦਸ਼ਾ)। ਸਦਾ ਕਾਮ-ਯਾਬੀ ਉੱਦਮੀ ਭਰੋਸੇ ਭਰੀ ਮਨ ਦੀ ਦਸ਼ਾ।

੨. ਨਿਤ ਨਿਤ ਸਵਾਈ। ਦਿਨੋਂ ਦਿਨ ਵਾਧਾ।

੩. ਵਡਜਾਈ, ਜਸ, ਫਤੇ, ਜਿੱਤ।

ਚੜ੍ਹਦੀ ਕਲਾ ਕਰ ਗਿਆ–ਮਰ ਗਿਆ।

ਚੜ੍ਹਨਾ–ਦੇਖੋ ਚੜ੍ਹਾਈ ਕਰਨਾ।

ਚੜ੍ਹਾਈ ਕਰਨੀ–ਮਰਨਾ, ਮੁਕਤ ਹੋਣਾ।

੨. ਹੱਲਾ ਕਰਨਾ, ਧਾਵਾ ਕਰਨਾ।

੩. ਕਿਸੇ ਪਾਸੇ ਵਲ ਟੁਰਨਾ।

ਚੜ੍ਹਾਵਾ–ਦੇਖੋ ਚੜ੍ਹਤ।

ਚਾਂਦਨੀ ਪੁਲਾਉ–ਚਰੀ, ਜੁਵਾਰ, ਮਕਈ ਆਦਿ ਭੁੱਜੀ ਹੋਈ ਤੇ ਉਸਦੇ ਚਿੱਟੇ ਖਿੜੇ ਹੋਏ ਫੁੱਲੇ।

੨. ਝੋਨੇ ਦੀਆਂ ਫੁਲੀਆਂ।

ਚਾਰ ਸਾਹਿਬਜ਼ਾਦੇ–ਸ੍ਰੀ ਅਜੀਤ ਸਿੰਘ ਜੀ, ਸ੍ਰੀ ਸ੍ਰੀ ਜੁਝਾਰ ਸਿੰਘ ਜੀ, ਜੋਰਾਵਰ ਸਿੰਘ ਜੀ, ਸ੍ਰੀ ਫਤਹ ਸਿੰਘ ਜੀ।

ਚਾਰ ਕੁਰਹਿਤਾਂ–੧. ਹੁੱਕਾ ੨. ਹਲਾਲ, ੩. ਹਰਾਮ, ੪.ਹਜਾਮਤ। ਅਰਥਾਤ ਬਿਖਿਆ ਪਾਨ, ਕੁੱਠਾ ਖਾਣਾ, ਮੁਸਲੀ ਰੱਖਣੀ, ਕੇਸਾਂ ਦੀ ਬੇਅਦਬੀ ਕਰਨੀ। ਇਨ੍ਹਾਂ ਚਹੁੰਵਾਂ ਕੁਰਹਿਤਾਂ ਵਿਚੋਂ ਕੋਈ ਇਕ ਕਰਨ ਵਾਲਾ ਵੀ ਸਿਖ ਧਰਮ ਤੋਂ ਗਿਰ ਜਾਂਦਾ ਹੈ ਤੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।

ਚਾਰ ਚਕ–ਚੁਤਰਫਾ, ਚਹੁਵੀਂ ਲਾਂਭੀ, ਚਾਰੇ ਪਾਸੇ।

ਚਾਰ ਤਖਤ–ਦੇਖੋ ਪੰਜ ਤਖਤ।

ਚਾਰ ਧੂੰਏਂ–ਉਦਾਸੀਮਤਦੇਚਾਰਟੋਲੇ। ਉਦਾਸੀ ਮਤ ਸ੍ਰੀ ਚੰਦ ਜੀ ਤੋਂ ਚਲਿਆ। ਪਹਿਲੇ ਸੇਲ੍ਹੀ ਟੋਪੀ ਬਾਬੇ ਗੁਰਦਿਤੇ ਜੋਗ ਮਿਲੀ। ਇਨ੍ਹਾਂ ਨੇ ਚਾਰ ਧੂੰਏਂ ਭਾਵ ਚਾਰ ਮਹੰਤ ਥਾਪੇ ਇਨ੍ਹਾਂ ਚਹੁੰਵਾਂ ਦੇ ਨਾਮਾਂ ਤੋਂ ਚਾਰ ਮਤ ਉਦਾਸੀਆਂ ਦੇ ਚਲੇ:–੧. ਫੂਲ ਜੀ ੨. ਗੋਂਦ ਜੀ ੩. ਬਾਲੂ ਹਸਨਾ ਜੀ ਤੇ ੪. ਅਲਮਸਤ ਜੀ।

ਚਾਰ ਵਡੀਆਂ ਤਨਖਾਹਾਂ–ਦੇਖੋ ਚਾਰ ਕੁਰਹਿਤਾਂ।

ਚਾਲੀ ਮੁਕਤੇ–ਉਹ ਸਿੰਘ ਜੋ ਚਮਕੌਰ ਸਾਹਿਬ ਸ਼ਹੀਦ ਹੋਏ। ਇਨ੍ਹਾਂ ਦੀ ਗਿਣਤੀ ਗੁਰੂ ਜੀ ਨੇ ਜ਼ਫਰਨਾਮੇ ਵਿਚ ਆਪ 'ਚਿਹਲ ਨਰ' ਲਿਖੀ ਹੈ। ਇਨ੍ਹਾਂ ਦੇ ਨਾਮ ਇਹ ਹਨ:–

੧. ਜਵਾਹਿਰ ਸਿੰਘ ਜੀ, ੨. ਰਤਨ ਸਿੰਘ ਜੀ, ੩. ਮਾਣਕ ਸਿੰਘ ਜੀ,

Digitized by Panjab Digital Library | www.panjabdigilib.org

੪. ਕ੍ਰਿਪਾਲ ਸਿੰਘ ਜੀ, ੫ ਦਯਾਲ ਸਿੰਘ ਜੀ, ੬. ਗੁਰਦਾਸ ਸਿੰਘ ਜੀ, ੭. ਠਾਕਰ ਸਿੰਘ ਜੀ, ੮. ਪ੍ਰੇਮ ਸਿੰਘ ਜੀ, ੯. ਹਰਦਾਸ ਸਿੰਘ ਜੀ, ੧੦. ਸੰਗੋ ਸਿੰਘ ਜੀ, ੧੧. ਨਿਹਾਲ ਸਿੰਘ ਜੀ, ੧੨. ਗੁਲਾਬ ਸਿੰਘ ਜੀ, ੧੩. ਮਹਿਤਾਬ ਸਿੰਘ ਜੀ, ੧੪. ਖੜਕ ਸਿੰਘ ਜੀ, ੧੫. ਟੇਕ ਸਿੰਘ ਜੀ, ੧੬. ਤੁਲਸਾ ਸਿੰਘ ਜੀ, ੧੭. ਸਹਜ ਸਿੰਘ ਜੀ, ੧੮. ਚੜ੍ਹਤ ਸਿੰਘ ਜੀ, ੧੯. ਝੰਡਾ ਸਿੰਘ ਜੀ, ੨੦. ਸੁਜਾਨ ਸਿੰਘ ਜੀ, ੨੧. ਗੰਡਾ ਸਿੰਘ ਜੀ, ੨੨. ਕਿਸ਼ਨ ਸਿੰਘ ਜੀ, ੨੩. ਬਿਸ਼ਨ ਸਿੰਘ ਜੀ, ੨੪. ਜੁਰਦਿਤ ਸਿੰਘ ਜੀ, ੨੫. ਸੇਵਾ ਸਿੰਘ ਜੀ, ੨੬. ਕਰਮ ਸਿੰਘ ਜੀ, ੨੭. ਰਣਜੀਤ ਸਿੰਘ ਜੀ, ੨੮. ਨਾਰਾਇਣ ਸਿੰਘ ਜੀ, ੨੯. ਜੈਮਲ ਸਿੰਘ ਜੀ, ੩੦. ਗੰਗਾ ਸਿੰਘ ਜੀ, ੩੧. ਜੁਵਾਲਾ ਸਿੰਘ ਜੀ, ੩੨. ਸ਼ੇਰ ਸਿੰਘ ਜੀ, ੩੩. ਸਰਦੂਲ ਸਿੰਘ ਜੀ, ੩੪. ਸੁੱਖਾ ਸਿੰਘ ਜੀ, ੩੫. ਪੰਜਾਬ ਸਿੰਘ ਜੀ, ੩੬. ਦਾਮੋਦਰ ਸਿੰਘ ਜੀ, ੩੭. ਸੰਤ ਸਿੰਘ ਜੀ, ੩੮. ਸਰੂਪ ਸਿੰਘ ਜੀ, ੪੦. ਭਗਵਾਨ ਸਿੰਘ ਜੀ।

੨. ਮੁਕਤਸਰ ਸਾਹਿਬ ਸ਼ਹੀਦ ਹੋਣ ਵਾਲੇ ਸਿੰਘਾਂ ਨੂੰ ਵੀ ਚਾਲੀ ਮੁਕਤੇ ਕਹਿ ਲੈਂਦੇ ਹਨ। ਉਨ੍ਹਾਂ ਦੇ ਨਾਮ ਇਹ ਹਨ:-

ਨਾਮ ਪਤਾ	ਵਰਦਾਨ
੧. ਭਾਗ ਸਿੰਘ ਜੀ	ਪੰਜ ਹਜਾਰੀ
੨. ਦਿਲਬਾਗ ਸਿੰਘ ਜੀ	ਪੰਜ ਹਜਾਰੀ
੩. ਮਾਨ ਸਿੰਘਜੀ ਕਸ਼ਮੀਰੀ,	ਬੀਸ ਹਜਾਰੀ
੪. ਨਿਧਾਨ ਸਿੰਘ ਜੀ	ਬੀਸ ਹਜਾਰੀ
੫. ਘਰਬਾਰਾ ਸਿੰਘ ਜੀ	ਬੀਸ ਹਜਾਰੀ
੬. ਦਰਬਾਰਾ ਸਿੰਘ ਜੀ	ਬੀਸ ਹਜਾਰੀ
੭. ਕ੍ਰਿਪਾਲ ਸਿੰਘ ਜੀ	ਬੀਸ ਹਜਾਰੀ
੮. ਦਿਆਲ ਸਿੰਘ ਜੀ	ਬੀਸ ਹਜਾਰੀ
੯. ਨਿਹਾਲ ਸਿੰਘ ਜੀ	ਤੀਸ ਹਜਾਰੀ
੧੦. ਖੁਸ਼ਹਾਲ ਸਿੰਘ ਜੀ	ਤੀਸ ਹਜਾਰੀ
੧੧. ਗੰਡਾ ਸਿੰਘ ਜੀ	ਚਾਲੀ ਹਜਾਰੀ
੧੨. ਸੰਤ ਸਿੰਘ ਜੀ	ਚਾਲੀ ਹਜਾਰੀ
੧੩. ਸੁਹੇਲ ਸਿੰਘ ਜੀ	ਚਾਲੀ ਹਜਾਰੀ
੧੪. ਚੰਬਾ ਸਿੰਘ ਜੀ	ਲਾਹੌਰ ਦਾ ਸੂਬਾ
੧੫. ਹੀਰਾ ਸਿੰਘ ਜੀ	ਸੂਰਤ ਬੰਦਰਦਾਰਾਜਾ
੧੬. ਸਮੀਰ ਸਿੰਘ ਜੀ	ਫਰਕਾਬਾਦ ਦਾ ਸੂਬਾ
੧੭. ਮੁਲਤਾਨਸਿੰਘਜੀ	ਫਰਾਕਾਬਾਦਦਾਸੂਬਾ
੧੮. ਮੱਯਾ ਸਿੰਘ ਜੀ	ਪੰਜਾਹ ਹਜਾਰੀ
੧੯. ਮਜਾ ਸਿੰਘ ਜੀ	ਕੰਧਾਰੀ ਸੱਠ ਹਜਾਰੀ
੨੦. ਸਾਧੂ ਸਿੰਘ ਜੀ	ਮੁਲਤਾਨ ਦਾ ਰਾਜਾ
੨੧. ਗੁਲਾਬਸਿੰਘ ਜੀ	ਸਵਾ ਲਖ ਦਾ ਮਨਸਬ
੨੨. ਹਰਸਾ ਸਿੰਘ ਜੀ	ਸਵਾ ਲਖਦਾ ਮਨਸਬ
੨੩. ਸੰਗਤ ਸਿੰਘ	ਪੂਰਬੀਆ ਦਿਲੀਦਾਰਾਜ
੨੪. ਸੁਰਜਨ ਸਿੰਘ ਜੀ	ਸੱਠ ਹਜਾਰੀ
੨੫. ਹਰੀ ਸਿੰਘ ਜੀ	ਮੈਨਦਾਬ ਦਾ ਰਾਜ
੨੬. ਧੰਨਾ ਸਿੰਘ ਜੀ	ਮੈਨਦਾਬ ਦਾ ਰਾਜ
੨੭. ਕਰਣ ਸਿੰਘ ਜੀ	ਫਤੇ ਗੜ੍ਹ ਦਾ ਸੂਬਾ
੨੮. ਕੀਰਤ ਸਿੰਘ ਜੀ	ਪਹਾੜ ਦਾ ਰਾਜ
੨੯. ਲਛਮਨ ਸਿੰਘ ਜੀ	ਪਹਾੜ ਦਾ ਰਾਜ
੩੦. ਰਾਇ ਸਿੰਘ ਜੀ	ਪਿਸ਼ੌਰ ਦਾ ਰਾਜ
੩੧. ਬੁੱਢਾ ਸਿੰਘ ਜੀ	ਪੋਠੋਹਾਰ ਦਾ ਰਾਜ
੩੨. ਕੇਸਰ ਸਿੰਘ ਜੀ	ਪਿਸ਼ੌਰ ਦਾ ਰਾਜ
੩੩. ਜਾਦਵ ਸਿੰਘ ਜੀ	ਪੋਠੋਹਾਰ ਦਾ ਰਾਜ

Digitized by Panjab Digital Library | www.panjabdigilib.org

੩੪. ਸੋਭਾ ਸਿੰਘ ਜੀ ਕਾਬਲ ਦਾ ਸੂਰਾ
੩੫. ਜੋਗਾ ਸਿੰਘਜੀ ਰੂਮ ਸ਼ਾਮ ਦਾ ਬਾਦਸ਼ਾਹ
੩੬. ਭੰਗਾ ਸਿੰਘ ਜੀ ਈਰਾਨ ਦਾ ਬਾਦਸ਼ਾਹ
੩੭. ਜੰਗਾ ਸਿੰਘ ਜੀ ਕਾਸ਼ੀ ਦਾ ਰਾਜ
੩੮. ਧਰਮ ਸਿੰਘ ਜੀ ਬਲਖ ਬੁਖਾਰੇ ਦਾ ਰਾਜ
੩੯. ਕਰਮ ਸਿੰਘ ਜੀ ਅਰਬ ਦਾ ਪਾਤਸ਼ਾਹ
੪੦. ਮਹਾਂ ਸਿੰਘ ਜੀ, ਜੀਂਵਦੇ ਸੇ ਬਚਨ ਹੋਇਆ ਵਰ ਮੰਗੋ ਤਾਂ ਸਨਿੰਮ੍ਰ ਬੇਨਤੀ ਕੀਤੀ ਸੱਚੇ ਪਾਤਸ਼ਾਹ ਟੁੱਟੀ ਮੇਲ ਲਓ । ਬਚਨ ਹੋਇਆ ਕੁਝ ਹੋਰ ਮੰਗ। ਫਿਰ ਸਨਿੰਮ੍ਰ ਹੋਕੇ ਇਹ ਮੰਗਿਆ ਟੁੱਟੀ ਮੇਲੋ, ਬਿਦਾਵੇ ਦਾ ਕਾਗਤ ਫਾੜੇ ਤਾਂ ਬਚਨ ਹੋਇਆ ਧੰਨ ਸਿਖੀ, ਧੰਨ ਸਿਖੀ। ਕਾਗਜ ਕੱਢਕੇ ਪਾੜ ਦਿਤੇ, ਪਜਾਰ ਨਾਲ ਗਲ ਲਾਇਆ, ਪੰਜਾਬ ਦਾ ਰਾਜ ਬਖਸ਼ਿਆ, ਹੋਰ ਵੀ ਕ੍ਰਿਪਾ ਕਰਕੇ ਬਹੁਤ ਵਰ ਬਖਸ਼ੇ।
੪੧. ਇਹ ਭਾਗੋ ਮਾਈ ਫੱਟੀ ਹੋਈ ਰਹੀ ਸੋ ਹਜ਼ੂਰ ਸਾਹਿਬ ਨਾਲ ਗਈ ਓਥੇ ਮਾਈ ਭਾਗੋ ਦਾ ਬੁੰਗਾ ਪ੍ਰਸਿੱਧ ਹੈ।

ਚਿਮਨੀ ਬੇਗਮ-ਛਤਰ ਧਾਰ, ਕਾਲੀ ਬਲਾ, ਹਫ਼ੀਮ।
ਚੀਤਾ- ਪੇਸ਼ਾਬ।
ਚੀਤਾ ਕੁਦਾਉਣਾ, ਚੀਤਾ ਭਜਾਉਣਾ, ਚਿਤੌੜ ਗੜ੍ਹ ਤੋੜਨਾ, ਚਿਤੌੜਗੜ੍ਹ ਫਤਹ ਕਰਨਾ, ਚਿਤੌੜੀ ਫਤਹ ਕਰਨੀ, ਚਿਤੌੜ ਮਾਰਨਾ } ਪੇਸ਼ਾਬ ਕਰਨਾ।
ਚੁਗਲ-ਪੋਸਤ ਦੇ ਭੋਡੇ।
ਚੁਗਲ ਮਲਨੇ-ਪੋਸਤ ਦੇ ਭੋਡੇ ਪਾਣੀ ਵਿਚ ਪਾਕੇ ਪੀਣ ਲਈ ਦੋਹੀਂ ਹੱਥੀਂ ਮਲਨੇ।

*ਚੁਟਕਾ ਪ੍ਰਸ਼ਾਦ-ਲੂਣ, ਮਰਚਾਂ।
*ਚੁੰਗੀ-ਚੁੰਗ ਵਿਚ ਜੋ ਸ਼ੈ ਆਵੇ।
ਸੁੰਤ ਹੈ ਕਿ ਪਹਿਲੇ ਸਮੇਂ ਦੁਕਾਨਦਾਰ ਚੁੰਗ ਦਾਣਿਆਂ ਦੀ ਦਰਬਾਰ ਸਾਹਿਬ ਦੀ ਸੇਵਾ ਲਈ ਕੱਢਦੇ ਸਨ, ਇਹ ਸਾਰੀ ਆਮਦਨ ਦਰਬਾਰ ਸਾਹਿਬ ਪਹੁੰਚਦੀ ਸੀ। ਮਿਉਨਸਿਪਲ ਕਮੇਟੀ ਬਣਨ ਤੇ ਮਿਉਨਿਸਪਲ ਟੈਕਸ ਲੱਗਾ ਤੇ ਇਸਦਾ ਨਾਂ ਚੁੰਗੀ ਪੈ ਗਿਆ।
*ਚੁਪ-ਖੰਡ।
ਚੁਪਾਇਆ-ਪਲੰਘ, ਮੰਜਾ, ਖਾਟ।
ਚੁਬਾਰੇ ਚੜ੍ਹਿਆ-ਬੋਲਾ, ਜੋ ਸੁਣ ਨਾ ਸਕੇ।
ਚੁਰਾਸੀ ਦੇ ਲੋਕ-ਨਾਮਬਾਣੀ ਤੋਂ ਹੀਨ ਲੋਕ।
੨. ਅਨਜਮਤੀਏ ਲੋਗ, ਜੋ ਗੁਰੂ ਘਰ ਤੋਂ ਬੇਮੁਖ ਹੋਣ।
ਚੁਲਾ ਕਰਨਾ-ਕੁਰਲਾ ਕਰਨਾ, ਚੁਲੀਆਂ ਕਰਨੀਆਂ।
ਚੁਲਾ ਪੜਨਾ-ਪ੍ਰਸ਼ਾਦ ਛਕਣ ਤੋਂ ਉਪਰੰਤ ਹਥ ਸੁਚੇਤ ਕਰਕੇ "ਜਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ" ਵਾਲੀ ਪਉੜੀ ਪੜ੍ਹਕੇ ਅਰਦਾਸਾ ਸੋਧਣਾ।
*ਚੂਨ, ਚੂਨਾ-ਆਟਾ।
ਚੂਰਮਾ-ਚੂੜੀ, ਨੀਰਾ।
ਚੋਬ ਚੀਨੀ-ਲਾਲ ਮਰਚਾਂ।
੨. ਸਰੋਂ ਦਾ ਸਾਗ।
ਚੌਂਕੀ-ਪਹਿਰਾ, ਨਿਗ੍ਹਾਬਾਨੀ।
੨. ਲੱਕੜੀ ਦੀ ਚੁਪਾਈ ਜਿਸ ਪਰ ਕੜਾਹ ਪ੍ਰਸ਼ਾਦ ਰੱਖੀਦਾ ਹੈ।
੩. ਰਾਗੀ ਸਿੰਘਾਂ ਦਾ ਜਥਾ ਜਿਸ ਵਿਚ ਪਹਿਲਾਂ ੪ ਹੁੰਦੇ ਸਨ।
ਚੌਕੀਂ ਕਰਨੀ-ਰਾਗੀਆਂ ਦਾ ਪ੍ਰੇਮ ਨਾਲ

Digitized by Panjab Digital Library | www.panjabdigilib.org

ਸ਼ਬਦ ਕੀਰਤਨ ਕਰਨਾ।
੨. ਪ੍ਰੇਮੀ ਸਿੰਘਾਂ ਦਾ ਪ੍ਰੇਮ ਨਾਲ ਸ਼ਬਦ ਉਚਾਰਨ ਕਰਨਾ।

ਚੌਕੀਂ ਚੜ੍ਹਨੀ–ਪ੍ਰੇਮ ਨਾਲ ਜੋਟੀਆਂ ਦੇ ਸ਼ਬਦ ਗਾਉਂਦੇ ਹੋਏ ਸਿੱਖਾਂ ਦਾ ਗੁਰਦ੍ਵਾਰੇ ਦੀ ਪ੍ਰਕਰਮਾ ਕਰਨਾ। ਇਹ ਰਸਮ ਛੇਵੇਂ ਸਤਿਗੁਰਾਂ ਦੇ ਗਵਾਲੀਅਰ ਦੇ ਕਿਲੇ ਜਾਣ ਦੇ ਮਗਰੋਂ ਭਾਈ ਬੁੱਢਾ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਦਰਬਾਰ ਸਾਹਿਬ ਅਰੰਭ ਕੀਤੀ ਸੀ, ਅਜੇ ਤਕ ਵੀ ਨਿਤਨੇਮ ਨਾਲ ਰਹਿਰਾਸ ਦੇ ਭੋਗ ਤੋਂ ਉਪਰੰਤ ੪ ਘੜੀ ਰਾਤ ਗਈ ਤਕ ਪ੍ਰੇਮੀ ਨੇਮੀ ਸਿੱਖ ਚੌਂਕੀ ਚੜ੍ਹਦੇ ਹਨ। ਇਸ ਵੇਲੇ ਉਪਰੋਥਲੀ ਤ੍ਰੈ ਚੌਂਕੀਆਂ ਚੜ੍ਹਦੀਆਂ ਹਨ ਤੇ ਇਕ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਿਰਾਜਮਾਨ ਹੋਣ ਤੇ ਚੜ੍ਹਦੀ ਹੈ।

ਚੌਕੀਂ ਭਰਨੀ–ਸ਼ਬਦ ਪੜ੍ਹਦਿਆਂ ਪੈਰੀਂ ਤੁਰਕੇ ਗੁਰਦ੍ਵਾਰੇ ਅੱਪੜਨਾ ਅਤੇ ਸੇਵਾ ਕਰਦਿਆਂ ਬਾਣੀ ਪੜ੍ਹਦਿਆਂ ਰਾਤ ਬਿਤੀਤ ਕਰਨੀ।

ਚੌਥਾ– ਲੂਣ। ਸਰਬਰਸ। ਬਚਨ ਹੈ:–
'ਅੰਨੁ ਦੇਵਤਾ' ੧ 'ਪਾਣੀ ਦੇਵਤਾ' ੨ 'ਬੈਸੰਤਰੁ ਦੇਵਤਾ' ੩, 'ਲੂਣੁ' ੪, 'ਪੰਜਵਾ ਪਾਇਆ ਘਿਰਤੁ'॥

ਚੌਥੇ ਪੌੜੇ ਵਾਲੇ–ਮਜ਼ਬੀ ਸਿੰਘ, ਰਮਦਾਸੀਏ ਸਿੰਘ, ਘਰੇਟੇ ਸਿੰਘ, ਰਹਿਤੀਏ ਸਿੰਘ।

ਚੰਡੀ, ਚੰਡੇ, ਦੰਡਕਾ–ਬਸੰਤ੍ਰ, ਅੱਗ।
੨. ਸ੍ਰੀ ਸਾਹਿਬ, ਭਰੌਤੀ।

ਚੰਦੋਆ–ਗੁਰੂ ਗ੍ਰੰਥ ਸਾਹਿਬ ਜੀ ਦਾ ਸਾਇਬਾਨ।੨. ਸਾਇਆ ਵਾਨ।

ਛ

ਛਕਣਾ–ਖਾਣਾ, ਪੀਣਾ, ਜਿਹਾਕੁ ਪ੍ਰਸਾਦਿ ਛਕਣਾ, ਅੰਮ੍ਰਿਤ ਛਕਣਾ।

ਛਕਾਉਣਾ–ਖੁਲਾਉਣਾ, ਪਿਲਾਉਣਾ।
੨. ਪ੍ਰਸੰਨ ਕਰਨਾ ਜਿਹਾ ਕੁ ਤੁੱਰੇ ਛਕਾਉਣਾ (ਮੁਠੀਆਂ ਭਰਕੇ ਪ੍ਰਸੰਨ ਕਰਨਾ)।

ਛਤ੍ ਧਾਰ–ਅਫੀਮ, ਪੋਸਤ।

ਛਰਰਾ ਛਡਣਾ–ਦੇਖੋ ਸ਼ਰਲਾ ਮਾਰਨਾ।

ਛਾਉਣੀ, ਛੌਣੀ, ਛਾਵਣੀ–ਫੌਜੀ ਮੁਕਾਮ।
੨. ਘਰ, ਸਰਾਂਇ, ਡੇਰਾ, ਜਿੱਥੇ ਖਾਲਸਾ ਜੀ ਰਹਿਣ।
੩. ਦੁਸ਼ਮਨ ਦੀ ਹੱਦ ਤੇ ਆਪਣਾ ਮੋਰਚੇ ਵਾਲਾ ਤੰਬੂ।

ਛਾਂਦਾ–ਬਾਂਟਾ, ਵਰਤਾਰਾ, ਹਿੱਸਾ।
੨. ਕਟੋਰਾ, ਜਿਸ ਵਿਚ ਕੜਾਹ ਪ੍ਰਸ਼ਾਦ ਪਾਈਦਾ ਹੈ, ਜਿਸਨੂੰ ਨਾਨਕ ਪਾਤ੍ ਭੀ ਕਹਿੰਦੇ ਹਨ।

ਛਾਲਾ ਮਾਰਨਾ–ਡਿੱਗ ਪੈਣਾ।

ਛਿਲੜ–ਦਮੜਾ, ਰੁਪੱਯਾ, ਨਕਦ।

ਛੇਵਾਂ–ਸਰੋਂ ਦਾ ਤੇਲ, ਕੌੜਾ ਤੇਲ, ਮਿੱਠਾ ਤੇਲ।

ਜ

*ਜਹਾਜ–ਸਿੱਖ ਧਰਮ। ੨. ਗੱਡਾ।

*ਜਹਾਜ ਚੜ੍ਹਨਾ–ਅੰਮ੍ਰਿਤ ਛਕ ਕੇ ਸਿੰਘ ਸਜਣਾ।

ਜਕਾਰਾ, ਜੈਕਾਰਾ, ਜੈਕਾਰੇ–ਅਕਾਲ ਬਾਂਗ, ਨਾਅਰਾ। ਗੱਜਕੇ ਜੈਕਾਰਾ ਗਜਾਉਣਾ–ਬਹੁਤ ਉੱਚੀ ਗੱਜ ਕੇ ਲੰਮੀ ਸੁਰ ਨਾਲ 'ਸਤਿ ਸ੍ਰੀ ਅਕਾਲ' ਕਹਿਣਾ, ਅਕਾਲ ਬਾਂਗ ਦੇਣਾ।

Digitized by Panjab Digital Library | www.panjabdigilib.org

*ਜਗਤ ਜੂਠ–ਹੁੱਕਾ।
ਜਗਨ ਨਾਥੀ–ਮਿੱਟੀ ਦੀ ਕੁੰਨੀ, ਹਾਂਡੀ, ਤਾਉੜੀ।
ਜਥਾ, ਜੱਥਾ–ਫੌਜ ਦਾ ਇਕ ਦਸਤਾ।
ਜਥੇਦਾਰ–ਸਿਖਾਂ ਦੇ ਇਕ ਦਸਤੇ ਦਾ ਅਫਸਰ। ੨. ਸਰਦਾਰ।ੜ. ਪਰਧਾਨ, ਸਭਾਪਤੀ। ੪. ਸੈਨਾਪਤੀ।
ਜਪ ਸਾਹਿਬ, ਜਪ ਨੀਸਾਣ–ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬਾਣੀ, ਜਿਸ ਦੇ ਪਾਠ ਕੀਤੇ ਬਾਝੋਂ ਸਿਖ ਦਾ ਪ੍ਰਸਾਦ ਛਕਣਾ ਧਰਮ ਨਹੀਂ।
ਜਮ ਡੰਡ–ਸਲੋਤਰ, ਲੱਠ, ਡੰਡਾ, ਸੋਟਾ।
ਜਮਰਾਜ ਦੀ ਧੀ–ਨੀਂਦਰ। ਦੇਖੋ ਧਰਮਰਾਜ ਦੀ ਧੀ।
ਜਲ ਖਿਚ ਸਿੰਘ–ਮਹਿਰਾ।
ਜਲ ਤੋਰੀ–ਮੱਛਲੀ, ਮੱਛੀ।
ਜਲ ਪ੍ਰਸਾਦਿ–ਪਾਣੀ।
ਜਲੇਬੀ–ਸੰਗਰੀ, ਜੰਡ ਦੀਆਂ ਫਲੀਆਂ।
ਜੀਵਣ ਬੂਟੀ–ਮੱਲ੍ਹਮ ਜੋ ਜ਼ਖਮਾਂ ਤੇ ਲਾਇਆਂ ਜ਼ਖਮ ਰਾਜ਼ੀ ਕਰ ਦੇਵੇ। ਇਹ ਜੁੱਧਾ ਜੰਗਾਂ ਵਿਚ ਖਾਸ ਵਰਤਦੇ ਸੇ। ੨. ਹਫੀਮ।
ਜੁਆਲਾ–ਏ ਸੰਤਰ, ਅੱਗ, ਚੰਡੀ।
ਜੁਆਲਾ ਬਾਉਣੀ, ਜੁਆਲਾ ਬਮਣੀ–ਬੰਦੂਕ।
ਜੁਥ, ਜੁੱਥਾ–ਹਥੋ ਹਥ ਲੜਾਈ।
ਜੁਥ ਹੋਣਾ–ਹਥੋ ਹਥੀ ਲੜਾਈ ਕਰਨਾ, ਚਿਪ ਚਿਪਾਕੇ ਲੜਨਾ।
ਜੁੱਧ–ਘਮਸਾਨ, ਜੰਗ, ਲੜਾਈ, ਰਣ।
ਜੁੱਧ ਕਰਨਾ–ਜੰਗ ਕਰਨਾ।
ਜੁਧ ਕਰਨਾ ਧਰਮ ਰਾਜ ਦੀ ਧੀ ਨਾਲ–ਸੌਂ ਜਾਣਾ, ਨੀਂਦ ਕਰਨੀ।
ਜੁੱਧ ਜੰਗ–ਦੇਖੋ ਜੁੱਧ।
ਜੋਤੀ ਜੋਤ ਸਮਾਉਣਾ–ਦੇਹਾਂਤ ਹੋਣਾ। ਇਹ ਪਦ ਬੜੇ ਅਦਬ ਦਾ ਹੈ, ਕੇਵਲ ਦਸਾਂ ਸਤਿਗੁਰਾਂ ਦੇ ਦੇਹ ਤਿਆਗ ਪਰ ਵਰਤੀਦਾ ਹੈ।
ਜੋੜ ਜਾਗਾ, ਜੋੜ ਮੇਲ–ਸਤਿ ਸੰਗਤ ਦਾ ਇਕੱਠ, ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਵੇ।
ਜੋੜ ਮੇਲਨੀ–ਸੂਈ, ਜਿਸ ਨਾਲ ਕਪੜੇ ਸੀਵੀਂਦੇ ਹਨ। ਦੇਖੋ ਚਲਾਕਣ।
ਜੋੜਾ–ਜੁੱਤੀ।
ਜੰਗਲ ਜਾਣਾ, ਜੰਗਲ ਪਾਣੀ, ਜੰਗਲ ਫਤੇ ਕਰਨਾ } ਮਦਾਨ ਮਾਰਨਾ, ਮੂਚੇ ਤੇ ਹੋਣਾ
ਝਾਲਾ–ਦੇਖੋ ਝੁਆਲਾ।

ਝ

ਝਟਕਾ–ਮਹਾਂ ਪ੍ਰਸ਼ਾਦਿ।
ਝਟਕਣਾ, ਝਟਕਾਉਣਾ, ਝਟਕਾ ਕਰਨਾ–ਜਿਸ ਦਾ ਮਾਸ ਖਾਣਾ ਹੈ, ਉਸ ਨੂੰ ਸ਼ਸਤ੍ਰ ਦੇ ਇਕ ਵਾਰ ਨਾਲ ਮਾਰਨ ਦੀਕ੍ਰਿਯਾ।
ਝਟਪਟ–ਛੇਤੀ ਨਾਲ।
ਝੋਲਾ–ਝੋਲੀ, ਕਪੜੇ ਦਾ ਥੈਲਾ, ਜੋ ਜੰਗੀ ਲੋਗ ਯਾ ਨਿਹੰਗ ਸਿੰਘ ਅਵਸੋਂ ਜ਼ਰੂਰੀ ਚੀਜ਼ਾਂ ਸਾਂਭਣ ਲਈ ਨਾਲ ਰਖਦੇ ਹਨ।

ਟ

ਟਹਿਲ, ਟੈਹਲ–ਸੇਵਾ, ਭਗਤੀ। ੨. ਆਗਤ ਭਾਗਤ।
ਟਹਿਲ ਟਕੋਰ ਕਰਨੀ–ਮਾਰਨਾ ਕੁੱਟਣਾ।
ਟਹਿਲਾ, ਟੈਹਲਾ–ਸੇਵਾ, ਮੁਰੰਮਤ, ਟੁੱਟੇ ਭੱਜੇ ਦੀ ਦਰੁਸਤੀ।
ਟਹਿਲਾ ਕਰਨਾ–ਸੇਵਾ ਕਰਨੀ।

Digitized by Panjab Digital Library | www.panjabdigilib.org

੨. ਟੁੱਟੇ ਫੱਜੇ ਅਸਥਾਨ ਅਥਵਾ ਕਪੜੇ ਭਾਂਡੇ ਆਦਿਕ ਕਿਸੇ ਹੀ ਚੀਜ਼ ਦੀ ਮੁਰੰਮਤ ਕਰਨੀ।
੩. ਗੰਢ ਤੁੱਪ ਕਰਨੀ।

ਟਹਿਲਾਲਾ, ਟਹਿਲ ਵਾਲਾ—ਝਾੜਨ, ਪਰਨਾ, ਸਾਫਾ, ਤੌਲੀਆ।

ਟਹਿਲੂਆ, ਟਹਿਲ ਸਿੰਘ—ਦੇਖੋ ਟਹਿਲਾਲਾ।

ਟਕੂਆ—ਕੁਹਾੜੀ, ਸਫਾ ਜੰਗ।

ਟਾਕਰਾ—ਜੰਗ, ਦੁਸ਼ਮਨ ਨਾਲ ਮੁੱਠ ਭੇੜ, ਲੜਾਈ ਮੁਕਾਬਲਾ।

ਟਾਂਕੂ—ਸੂੰਹੀਆਂ, ਜਾਸੂਸਾਂ।

ਟੁੱਕਰ, ਟੁਕੜਾ—ਜਾਗੀਰ, ਗੁਜਾਰਾ, ਪੈਨਸ਼ਨ।

ਟੇਢ ਗਿਆਨ—ਬਿਰਾਜਣਾ, ਅੜੰਗ ਬੜੰਗ ਹੋਣਾ, ਸੌਣਾ, ਆਰਾਮ ਕਰਨਾ।

ਠ

ਠਾਕਰ ਦੁਆਰਾ—ਸ਼ਰਾਬਖਾਨਾ, ਕਲਾਲਛੋਤ।

ਠਾਣਾ—ਡੇਰਾ, ਟਿਕਾਣਾ।

ਠਾਣਾ ਮੱਲਣਾ—ਤਸੱਲਤ ਕਰਨਾ, ਮਾਲਕੀ ਕਰਨੀ।

*ਠਾਣੇਦਾਰ—ਖੋਤਾ।

ਠੀਕਰ—ਰੁੱਜਾ, ਛਿੱਲੜ, ਦਮੜਾ, ਨਗਦਾ
੨. ਸਰੀਰ।

ਠੀਕਰਾ—ਰਹਿਣ ਦਾ ਮਕਾਨ।
੨. ਸਰੀਰ, ਦੇਹ, ਤਨ।

ਠੀਕਰੀ—ਦੇਖੋ ਠੀਕਰ।

ਠੀਕਰੀਆਂ—ਰੁਪਈਏ।

ਡ

ਡਕਰਾ—ਮਹਾਂ ਪ੍ਰਸ਼ਾਦਿ ਦਾ ਡਲਾ।

ਡਟ ਜਾਣਾ—ਠਹਿਰ ਜਾਣਾ। ੨. ਲੜਾਈ ਨੂੰ ਜੁੱਟ ਪੈਣਾ, ਵੈਰੀ ਦੇ ਸਾਮ੍ਹਣੇ ਅੜਨਾ।
੩. ਮਜ਼ਬੂਤ ਹੋਣਾ। ੪. ਬੈਠ ਜਾਣਾ।
੫. ਡੇਰਾ ਪਾ ਦੇਣਾ।

ਡਡੂ—ਡੋਲਾ। ੨. ਮਟਕਾ।

ਡਲਾ—ਦੇਖੋ ਡਕਰਾ।

ਡਾਇਣ—ਮਾਇਆ, ਦੌਲਤ, ਪਦਾਰਥ।

ਡੋਕਲ ਕੱਛ—ਬੰਦਈ ਕੱਛ, ਗੋਡਿਆਂ ਵਾਲੀ ਕੱਛ।

ਢ

ਢਹਿੰਦੀ ਕਲਾ—ਮਨ ਦਾ ਗਿਰਾਉ ਦੇ ਨਿਕਾਰਪੁਣੇ ਵਿਚ ਰਹਿਣਾ, ਡਰ, ਸੰਸੇ, ਨਾਉਮੈਦੀ ਨੇ ਮਨ ਨੂੰ ਗਿਰਾਉ ਵਾਲੀ ਅਵਸਥਾ ਵਿਚ ਪਾਈ ਰਖਣਾ।

ਢਾਈ ਲੱਖ—ਦੋ (੨)।

*ਢਾਈ ਲੱਖ ਫੌਜ—ਦੋ ਸਿੰਘ।

ਢਾਲਾ—ਢਾਲ।

ਢਾਲੇ ਹੇਠ—ਇਕ ਬਾਰਗੀ, ਇਕੋ ਜਗਹ, ਇਕ ਦੀ ਛਾਂ ਨਾਲ ਦੂਜਾ।
੨. ਸ਼ਰਨ ਵਿਚ, ਰਾਖੀ ਵਿਚ।

ਤ

ਤਸ਼ਮਈ—ਖੀਰ, ਦੁੱਧ ਵਿਚ ਰਿੱਧੇ ਹੋਏ ਚਾਵਲ।

ਤਹਤੋੜ—ਵਡੇ ਉਪਰਾਠੇ, ਪਰੌਂਠੇ, ਪਰਸ਼ਾਦੇ। ਯਾ ਰੋਟੀਆਂ ਜਿਹੜੀਆਂ ਘਿਉ ਲਾ ਲਾਕੇ, ਵਲ ਪਾ ਪਾਕੇ, ਤਹਿਆਂ ਕਰ ਕਰਕੇ ਪਕਾਈਆਂ ਹੋਣ ਅਤੇ ਭੰਨਣ ਵੇਲੇ ਜਿਨ੍ਹਾਂ ਰੋਟੀਆਂ ਦੀਆਂ ਬਹੁਤੀਆਂ ਤਹਿਆਂ ਟੁੱਟਣ।

ਤਹਤੋੜ ਸਜਾਉਣੇ—ਪਰਸ਼ਾਦੇ ਪਕਾਉਣੇ, ਲੰਗਰ ਕਰਨਾ।

†ਉਚੇ ਬਿਰਛਾਂ ਜਾਂ ਉਸਾਰੇ ਮਿੱਟੀ ਦੇ ਬੁਰਜ ਤੇ ਇਕ ਆਦਮੀ ਬਿਠਾਂਦੇ ਸਨ, ਜੋ ਦੂਰੋਂ ਆ ਰਹੇ ਦੁਸ਼ਮਨ ਦੀ ਸੋਝੀ ਰੱਖੇ।

Digitized by Panjab Digital Library | www.panjabdigilib.org

ਤਖਤ–ਸਿੰਘਾਸਨ, ਸ਼ਾਹਨਸ਼ੀਨ, ਜਿਸ ਪਰ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹੋਣ।

ਤਖਤ ਸਾਹਿਬ–ਗੁਰਦਵਾਰਾ। ਇਸ ਨਾਮ ਕਰਕੇ ਪੰਜ ਤਖਤ ਸਾਹਿਬ ਪ੍ਰਸਿੱਧ ਹਨ। ਦੇਖੋ ਪੰਜ ਤਖਤ।

ਤਤ ਖਾਲਸਾ–ਬੰਦਈ ਖਾਲਸੇ ਤੋਂ ਵੱਖਰਾ, ਸਤਿਗੁਰਾਂ ਤੋਂ ਬਿਨਾਂ ਕਿਸੇ ਦੀ ਆਣ ਨਾ ਮੰਨਣ ਵਾਲਾ, ਨਿਆਰਾ ਖਾਲਸਾ।

ਤਨਖਾਹ–ਕੁਰਹਿਤ।

੨. ਡੰਡ, ਚੱਟੀ, ਸਜ਼ਾ।

ਤਨਖਾਹਨਾਮਾ–ਉਹ ਗਰੰਥ, ਪੁਸਤਕ, ਜਿਨ੍ਹਾਂ ਵਿਚ ਤਨਖਾਹਾਂ (ਕੁਰਹਿਤਾਂ) ਦੇ ਹਾਲ ਤੇ ਦੰਡ ਲਿਖੇ ਹਨ।

ਤਨਖਾਹ ਪਰਵਾਨ ਕਰਨੀ–ਕਿਸੇ ਸਿਖ ਦਾ ਕੁਰਹਿਤ ਪਰ ਲਗੇ ਦੰਡ ਨੂੰ ਮਨਜ਼ੂਰ ਕਰਨਾ।

੨. ਆਪਣੀ ਭੁੱਲ ਦਾ ਇਕਰਾਰ ਕਰਨਾ।

ਤਨਖਾਹ ਬਖਸ਼ਾਉਣੀ–ਕੀਤੀ ਕੁਰਹਿਤ ਦੀ ਭੁੱਲ ਬਖਸ਼ਾਉਣੀ, ਮਾਫੀ ਮੰਗਣੀ।

ਤਨਖਾਹ ਲਾਉਣੀ–ਤਨਖਾਹੀਏ ਨੂੰ ਯਥਾ ਯੋਗ ਦੰਡ ਦੇਣਾ, ਜੁਰਮਾਨਾ ਕਰਨਾ।

ਤਨਖਾਹੀਆ–ਪ੍ਰਾਸਚਿਤੀ, ਭੁੱਲਾ ਹੋਇਆ, ਕੁਰਹਿਤੀਆ, ਜੋ ਖਾਲਸਾ ਧਰਮ ਦੀ ਰਹਿਤ ਮਿਰਯਾਦਾ ਤੋਂ ਬਾਹਰ ਹੋਇਆ ਹੋਵੇ, ਅਥਵਾ ਜਿਸ ਨੇ ਰਹਿਤ ਬਹਿਤ ਦੀ ਭੁੱਲ ਕੀਤੀ ਹੋਵੇ।

੨. ਗੁਨਾਹਗਾਰ, ਪਤਿਤ।

ਤਰਨ ਤਾਰਨ–ਸਤਿਗੁਰੂ।

ਤਰਨ ਤਾਰਨ ਸਾਹਿਬ–ਇਕ ਗੁਰਦਵਾਰਾ ਜੋ ਪੰਜਵੇਂ ਸਾਹਿਬਾਂ ਨੇ ਅੰਮ੍ਰਿਤਸਰੋਂ ਦੱਖਣ ਰੁਖ ੧੦ ਕੋਹ ਪਰ ਰਚਿਆ। ਇਥੇ ਹਰ ਮੱਸਿਆ ਨੂੰ ਭਾਰੀ ਮੇਲਾ ਲਗਦਾ ਹੈ।

੨. ਇਸ ਦੇ ਗਿਰਦੇ ਵਸੇ ਹੋਏ ਨਗਰ ਦਾ ਨਾਉਂ ਤਰਨ ਤਾਰਨ ਹੀ ਪ੍ਰਸਿੱਧ ਹੈ।

ਤਰ ਪੁਲਾ–ਘੁੰਗਣੀਆਂ। ਬੂੰਦੀ ਨੂੰ ਬੀ ਕਹਿੰਦੇ ਹਨ।

ਤਰਾ ਤਰੀ–ਬਾਹਲਾ, ਬਹੁਤ ਸਾਰਾ, ਸਵਾਯਾ, ਵਧੇਰਾ, ਵਾਧੂ, ਢੇਰ ਸਾਰਾ।

ਤਾਂਬਾ–ਪੈਸਾ।

ਤਾਂਬੇ–ਪੈਸੇ, ਟਕੇ, ਆਨੇ।

ਤਿਆਰਾ–ਚੱਲਣ ਦੀ ਤਿਆਰੀ।

੨. ਬੰਦੋਬਸਤ, ਨਿਗਾਹਬਾਨੀ।

ਤਿਆਰਾ ਕਰਨਾ–ਬੰਦੋਬਸਤ ਕਰਨਾ।

੨. ਤਿਆਰ ਹੋਣਾ ਟੁਰਨ ਲਈ।

ਤਿਆਰ ਬਰਤਿਆਰ–ਸਨਧਬਧ ਕਮਰਕਸੇ ਕੀਤੇ ਹੋਏ। ਹੁਸ਼ਿਆਰ, ਖਬਰਦਾਰ। ਚੜੇ ਖੜੇ, (ਇਹ ਖਾਲਸੇ ਜੀ ਦਾ ਉਤਸਾਹਕ ਬਹਾਦਰਾਨਾ ਬੋਲਾ ਹੈ) ਤੰਦਰੁਸਤ, ਸੁਚੇਤ।

ਤਿਆਰਾ ਵਜਾਨਾ–ਹੱਲਾ ਕਰਨਾ, ਧਾਵਾ ਕਰਨਾ।

ਤਿਆਰੀ ਕਰਨੀ–ਚੜ੍ਹਾਈ ਕਰਨੀ, ਸਾਵਧਾਨ ਹੋਣਾ, ਪੰਜ ਇਸ਼ਨਾਨਾ ਕਰਨਾ, ਕਮਰਕਸਾ ਕਰਨਾ।

੨. ਮਰਨ ਦੀਆਂ ਤਿਆਰੀਆਂ ਵਿਚ ਹੋਣਾ।

*ਤਿਟੈਂਗੀ–ਤਿੰਨ ਪੈਰਾਂ ਵਾਲੀ ਟਿਕ ਟਿਕੀ।

੨. ਤ੍ਰਿਪਾਦਕਾ। ਗਾਯਤ੍ਰੀ।

ਤਿਮਰਲੰਗੀਆ–ਸੁਚਾਲਾ, ਲੰਡਾ, ਲੱਤ ਹੀਣ।

ਤੁਰਕ–ਮੁਗਲ। ਮੁਸਲਮਾਨ।

Digitized by Panjab Digital Library | www.panjabdigilib.org

੨. ਸ਼ਤਰੂ, ਦੁਸ਼ਮਨ।
੩. ਕੁੱਠਾ ਖਾਣ ਵਾਲਾ ਕੁਰਹਿਤੀਆ।
੪. ਮੁਗਲ ਤੁਰਕਿਸਤਾਨ ਦਾ ਵਾਸੀ।
੫. ਤਾਤਾਰੀ ਮੁਸਲਮਾਨ।

ਤੁਰਕਣੀ–ਮੁਗਲਾਣੀ। ੨. ਮੁਸਲੀ, ਮੁਸਲਮਾਨ ਤੀਵੀਂ। ੩. ਵੈਸ਼ਣਵਾ।

ਤੁਰਕਾਂ ਦੀ ਬੱਕਰੀ–ਵੈਸ਼ਣਵਾ।

ਤੁਰਤ ਫੁਰਤ–ਝਟ ਪਟ, ਛੇਤੀ, ਹੱਥੋ ਹੱਥੀ।

ਤੁਰਾ–ਘੋੜਾ, ਅਰਾਕੀ।

ਤੁਰੀ–ਘੋੜੀ।

ਤੁਰੰਗ, ਤੁਰੰਗ ਸਿੰਘ–ਦੇਖੋ ਤੁਰਾ।

ਤੇਗ, ਤੇਗਾ–ਤਲਵਾਰ, ਸ੍ਰੀ ਸਾਹਿਬ।

ਤੋੜਾ–ਪਲੀਤਾ, ਜਿਸ ਨਾਲ ਬੰਦੂਕ ਨੂੰ ਅੱਗ ਦੇਂਦੇ ਸਨ।
੨. ਸਰਬਲੋਹ ਦੀ ਬਾਰੀਕ ਜਿਹੀ ਜੰਜੀਰੀ ਜੋ ਨਿਹੰਗ ਸਿੰਘ ਦੁਮਾਲੇ ਦੇ ਉਪਰ ਸਜਾਉਂਦੇ ਹਨ।

ਤੋੜਾ ਝਾੜਨਾ–ਬੰਦੂਕ ਸਰ ਕਰਨੀ।
੨. ਪੇਸ਼ਾਬ ਕਰਨਾ, ਚਿਤੌੜ ਤੋੜਨਾ।

ਥ

ਥਾਣਾ–ਦੇਖੋ ਠਾਣਾ।

ਥਾਣੇਦਾਰ–ਦੇਖੋ ਠਾਣੇਦਾਰ।

ਥੰਮ ਜਾਓ–ਠਹਿਰੋ, ਠਹਿਰ ਜਾਓ।

ਥੰਮ ਲਓ–ਲੈ ਲਓ, ਰੱਖ ਲਓ।

ਥੰਮ੍ਹਾਂ ਵਿਚੋਂ ਬਾਹੁੜਨਾ–ਮਦਦ ਮਿਲਨੀ, ਸਹਾਇਤਾ ਹੋਣੀ।
੨. ਅਚਾਨਕ ਕੁਮਕ ਦਾ ਆਉਣਾ।
੩. ਔਖੀ ਵੇਲੇ ਕਿਸੇ ਦਾ ਸਹਾਇਕ ਹੋਣਾ। ੪. ਗੁਪਤ (ਸ਼ਹੀਦੀ) ਫੌਜਾਂ ਦੀ ਮਦਦ ਹੋਣੀ।

ਦ

ਦਸਤਾਰ, ਦਸਤਾਰਾ–ਪੱਗ, ਦੁਮਾਲਾ, ਸਿਰ ਬੰਨ੍ਹਣ ਦਾ ਸਾਫਾ।

ਦਸਤਾਰਾ ਸਜਾਉਣਾ–ਪੱਗ ਬੰਨ੍ਹਣੀ।

ਦਸਵਾਂ ਪਾਤਸ਼ਾਹ, ਦਸਵੀਂ ਪਾਤਸ਼ਾਹੀ } ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਗੀਧਰ ਜੀ ਦੀਨਦੁਨੀ ਦੇ ਵਾਲੀ।

*ਦਛ–ਬੱਕਰਾ।

ਦਬੜ ਘੁਸੜ–ਕੱਚਾ ਪਿਲਾ ਜੋ ਰਹਿਤ ਬਹਿਤ ਵਿਚ ਪੱਕਾ ਨਾ ਹੋਵੇ, ਭਰਾਕੁਲ।

ਦੱਬੀ ਜਾਣਾ, ਦਬੱਲੀ ਜਾਣਾ–ਡਹੀ ਜਾਣਾ, ਜਾਰੀ ਰੱਖਣਾ, ਬੱਸ ਨਾ ਕਰਨੀ।

ਦਮਗਜਾ, ਦਮਗਜੇ–ਸ਼ੇਖੀ, ਵਡਜਾਈ, ਹੰਕੜ।

ਦਮੜਾ–ਰੁਪੱਯਾ, ਛਿੱਲੜ।

ਦਰਹਾਲੇ–ਹੁਣੇ, ਛੇਤੀ, ਤੁਰਤ।

ਦੜਾ ਦੜ–ਉਪਰੋ ਥਲੀ, ਵਾਹਦਾਹ।

ਦਾਇਆ, ਦਾਯਾ–ਜੀ ਵਿਚ ਕ੍ਰਿਪਾ ਉਪਜਣੀ ਤੇ ਕ੍ਰਿਪਾ ਦਾ ਕੰਮ ਕਰਕੇ ਦੂਜੇ ਦਾ ਦੁਖ ਦੂਰ ਕਰਨ ਦੇ ਉਪਰਾਲੇ ਦਾ ਜਤਨ।

ਦਾਈਆ–ਹੌਸਲਾ, ਸਹਾਰਾ, ਜੋਰ, ਹਠ, ਬਲ, ਸੂਰਮਤਾਈ, ਦ੍ਰਿੜ੍ਹਤਾ।
੨. ਸਤ ਸੰਕਲਪ ਦਾ ਸਤ ਬ੍ਰਤ। ਦ੍ਰਿੜ੍ਹਤਾ ਵਾਲਾ ਇਰਾਦਾ।

ਦਾਖ–ਪੇਂਚੂ, ਕਰੀਰ ਦੇ ਪੱਕੇ ਹੋਏ ਫਲ।
੨. ਪੀਲੂ।

ਦਾਲਾ–ਦਿੱਧੀ ਹੋਈ ਦਾਲ।

ਦਾੜ੍ਹਾ–ਦਾੜ੍ਹੀ, ਜੋ ਕਟੀ ਨਾ ਗਈ ਹੋਵੇ, ਸਾਬਤ ਦਾੜ੍ਹੀ।

Digitized by Panjab Digital Library | www.panjabdigilib.org

ਦਾੜ੍ਹੇ ਦੀਆਂ ਮੁਸ਼ਕਾਂ ਤਾੜਨੀਆਂ–ਦਾੜ੍ਹਾ ਬੰਨ੍ਹਣਾ।

ਦਾੜ੍ਹਾ ਪਾੜ, ਦਾੜ੍ਹੀ ਪਾੜ–ਚੀਰਵੀਂ ਦਾੜ੍ਹੀ ਵਾਲਾ, ਜਿਸਨੇ ਦਾੜ੍ਹੀ ਚੀਰਕੇ ਕੰਨਾਂ ਨਾਲ ਬੰਨ੍ਹੀ ਹੋਵੇ।

ਦਿਦਾਰਾ–ਸ਼ੀਸ਼ਾ, ਜਿਸ ਵਿਚੋਂ ਮੂੰਹ ਦੇਖੀਦਾ ਹੈ। ੨. ਦਰਸ਼ਨ।

ਦਿਦਾਰੇ, ਦੀਦਾਰੇ–ਦਰਸ਼ਨ।

ਦਿਦਾਰਾ ਕਰਨਾ, ਦਿਦਾਰੇ ਕਰਨੇ, ਦਿਦਾਰੇ ਦੇਣੇ, ਦਿਦਾਰ ਮੇਲੇ ਕਰਨੇ, ਦਿਦਾਰੇ ਲੈਣੇ } ਦਰਸ਼ਨ ਮੇਲੇ ਕਰਨੇ, ਮੁਲਾਕਾਤ ਕਰਨੀ। ੨. ਮੇਲੇ ਠੇਲੇ ਜਾਣਾ। ੩. ਦੇਖਣਾ ਭਾਲਣਾ।

ਦੁਸਾਂਗਾ–ਪਜਾਮਾ, ਘੁੱਟਨਾ।

ਦੁਸ਼ਾਲਾ–ਲੋਈ, ਕੰਬਲੀ, ਭੂਰਾ, ਕੰਬਲ।

ਦੁਬਾਜਰਾ–ਲਾਊ ਮਚਕਾਊ, ਆਪਸ ਵਿਚ ਲੜਾਈ ਕਰਾਉਣ ਵਾਲਾ†। ੨. ਜਿਹੜਾ ਮੂੰਹ ਤੇ ਕੱਚੀਆਂ ਖੁਸ਼ਾਮਦਾਂ ਕਰੇ ਅਤੇ ਪਿਛੇ ਨਿੰਦਿਆ ਕਰੇ। ੩. ਉਹ ਪਖੰਡੀ ਜੋ ਦੋ ਮਤਾਂ ਵਿਚ ਚੌਧਰੀ ਬਣੇ।

ਦੁਬੁਰਜਾ–ਪਜਾਮਾ, ਘੁਟੰਨਾ।

ਦੁਬੁਰਜੀ–ਸੁੱਥਣ।

ਦੁਮਾਲਾ–ਨਿਹੰਗਾਂ ਸਿੰਘ ਦਾ ਉੱਚਾ ਦਸਤਾਰਾ।

ਦੁਮਾਲੇ ਵਾਲੇ–ਨਿਹੰਗ ਸਿੰਘ। ਨੀਲੇ ਬਾਣੇ ਦੇ ਉਚੇ ਦੁਮਾਲੇ ਵਾਲੇ ਅਕਾਲੀ।

ਦੇਗ–ਲੰਗਰ, ਸਦਾ ਵਰਤ। ੨. ਲੰਗਰ ਵਿਚ ਰਿੱਧੀ ਪੱਕੀ ਰਸੋਈ। ੩. ਸੁੱਖੇ ਦੀ ਸਰਦਾਈ। ਬਹੁਤ ਸਾਰੀ ਘੋਟੀ ਹੋਈ ਸਰਦਾਈ। ੪. ਲੰਗਰ ਦਾ ਅਸਥਾਨ।

ਦੇਗ, ਦੇਗੇ–ਵੱਡਾ ਦੇਗਚਾ, ਰਿੰਨ੍ਹਣ ਵਾਲਾ ਵੱਡਾ ਭਾਂਡਾ।

ਦੇਗ ਤਜਾਰ ਕਰਨੀ, ਦੇਗ ਸਜਾਉਣੀ, } ਲੰਗਰ ਕਰਨਾ, ਰਸੋਈ ਕਰਨੀ।

ਦੇਗ ਪ੍ਰਸ਼ਾਦਿ–ਤਜਾਰ ਹੋਇਆ ਹੋਇਆ ਪ੍ਰਸਾਦਿ, ਪੱਕਾ ਹੋਇਆ ਅੰਨ।

ਦੇਗਬਰ–ਦੇਚਕਾ।

ਦੇਗ ਮਸਤ, ਦੇਗ ਮਸਤਾਨੀ } ਲੰਗਰ ਨਾ ਪਕਣਾ, ਰਸਦ ਆਦਿ ਦਾ ਨਾ ਹੋਣਾ। ੨. ਅਣਹੋਂਦ, ਫਾਕਾ।

ਦੇਗ ਲਾਉਣੀ–ਲੰਗਰ ਜਾਰੀ ਕਰਨਾ। ੨. ਸਰਦਾਈ ਵਰਤਾਉਣੀ, ਛਕਾਉਣੀ।

ਧ

ਧਨੰਤਰ–ਨਿੰਮ।

ਧਰਮਸਾਲ, ਧਰਮ ਸਾਲਾ–ਸਿੱਖਾਂ ਦਾ ਧਰਮ ਅਸਥਾਨ ਜਿੱਥੇ ਨੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੋਵੇ ਤੇ ਅਭਾਗਤਾਂ ਨੂੰ ਟੁਕੜਾ ਮਿਲਦਾ ਹੋਵੇ, ਕਥਾ ਕੀਰਤਨ ਤੇ ਸਤਿਸੰਗ ਹੁੰਦਾ ਹੋਵੇ।

ਧਰਮਸਾਲੀਆ–ਜੋਹੜਾ ਧਰਮਸਾਲਾ ਦੀ ਸੇਵਾ ਕਰੇ ਸੋ ਭਾਈ।

ਧਰਮ ਰਾਜ ਦੀ ਧੀ–ਨੀਂਦਰ।

ਧਰਮ ਰਾਜ ਦੀ ਧੀ ਨਾਲ ਜੁੱਧ ਕਰਨਾ–ਬਿਰਾਜਣਾ, ਸੌਣਾ, ਅਰਾਮ ਕਰਨਾ।

ਧਰਮਰਾਜ ਦਾ ਪੁਤਰ–ਤਾਪ, ਜ਼ੁਰ, ਬੁਖਾਰ।

ਧਰਮਰਾਜ ਦਾ ਪੁਤਰ ਸੇਵਾ ਕਰਦਾ ਹੈ–ਤਾਪ ਚੜ੍ਹਿਆ ਹੋਇਆ ਹੈ।

†ਇਹ ਅਰਥ ਭਾਈ ਗੁਰਦਾਸ ਜੀ ਵਿਚ ਵਰਤਿਆ ਹੈ। ਦੁਖੀਆ, ਦੁਸਟ, ਦੁਬਾਜਰਾ।

Digitized by Panjab Digital Library | www.panjabdigilib.org

ਧੀਰ ਮਲੀਏ–ਕਰਤਾਰ ਪੁਰੀਏ ਸੋਢੀ ਧੀਰਮਲ ਦੀ ਸੰਤਾਨ, (ਇਹ ਸੰਗਤ ਵੀ ਅਨਮੇਲੀਆਂ ਵਿਚੋਂ ਹੈ) ਪਰ ਇਨ੍ਹਾਂ ਵਿਚੋਂ ਅੰਮ੍ਰਿਤਧਾਰੀ ਭੀ ਹੋ ਰਹੇ ਹਨ, ਓਹ ਮਿਲ ਗਏ ਹਨ।

੨. ਧੀਰਮਲੀਆਂ ਦੀ ਸੰਗਤ।

ਧੁੜ ਕੋਟ–ਘਗਰਾ, ਲਹਿੰਗਾ।

੨. ਪੱਕੀ ਫਸੀਲ ਦੇ ਅੰਦਰ ਮਿੱਟੀ ਦਾ ਪੁਸ਼ਤਾ।

੩. ਕੱਚਾ ਕਿਲਾ ਮਿਟੀ ਦਾ।

ਨ

ਨਗਦੇ (ਨਕਦੇ)–ਰੁਪਈਏ।

ਨਗਦੇ ਕਰਣਾ–ਵੇਚਣਾ, ਰੁਪੱਯੇ ਵੱਟਣੇ।

ਨਣੀ ਮਾਰ–ਬਿਖਿਆ ਪਾਨੀ, ਇਸ ਨਾਲ ਮੇਲ ਭੀ ਅਨਮੇਲ ਕੁਰਹਿਤਾਂ ਵਿਚਹੈ।

ਨਾਖਾਂ– ਗੁਹਲਾਂ।

ਨਿਸ਼ਾਨ ਸਾਹਿਬ–ਝੰਡਾ, ਧੁਜਾ, ਸਿਖਾਂ ਦਾ ਕੌਮੀ ਨਿਸ਼ਾਨ (ਅਸੀ) ਵਾਲਾ ਝੰਡਾ ਜੋ ਅਵਸੋਂ ਗੁਰਦਵਾਰਿਆਂ ਅੱਗੇ ਹਰ ਵੇਲੇ ਖੜਾ ਝੁਲੀਂਦਾ ਹੈ। ਅਰ ਖਾਸ ਬਨਾਵਟ ਦਾ ਹੁੰਦਾ ਹੈ।

ਨਿਹਕਲੰਕ–ਅਜਾ।

ਨਿਹਾਲੀ–ਤਲਾਈ।

ਨਿਹੋਰਨਾ ਸਿੰਘ–ਸਿੱਖ ਨਾਈ।

ਨਿਹੰਗ, ਨਿਹੰਗ ਸਿੰਘ–ਅਕਾਲੀ, ਨੀਲੇ ਬਾਣੇ ਵਾਲਾ ਸਿੰਘ।੨.ਨਿਰਦਾਵਾ, ਅਤੀਤ, ਨਿਰਹੰਕਾਰ।

ਨਿਹੰਗ ਮਤ–ਅਕਾਲੀ ਪੰਥ, ਨੀਲੇ ਬਾਣੇ ਵਾਲਾ ਮਤ।

ਨਿਹੰਗੀ ਦਾਵਾ–ਅਤੀਤ ਪੁਣਾ, ਨਿਰਵਾਸਤਾ, ਕੁੱਝ ਨਾ ਹੋਣ ਦੀ ਹਾਲਤ।

ਨਿਰਭੈ–ਟਿੰਡ ਖੂਹ ਦੀ।

੨. ਜੁੱਤੀ, ਜੋੜਾ।

ਨਿਰਮਲੇ–ਮੈਲ ਤੋਂ ਰਹਿਤ।

੨. ਚਿੱਟੇ ਬਾਣੇ ਵਾਲੇ ਸਿੰਘਾਂ ਦੀ ਸੰਪ੍ਰਦਾ। ੩. ਜੰਗ ਮੁੱਦਕੀ ਦੇ ਵਹੀਰੀ ਸੰਤ ਜਿਨਾਂ ਨੇ ਭਗਵਾ ਭੇਸ ਕਰ ਲਿਆ।

ਨਿਰੰਕਾਰ–ਅਕਾਲ ਪੁਰਖ, ਪਰਮੇਸ਼ੁਰ, ਪਾਰਬ੍ਰਹਮ।

ਨਿਰੰਕਾਰੀ–ਗੁਰੂ ਨਾਨਕ ਦੇਵ ਜੀ ਦਾ ਖਿਤਾਬ। ਇਕ ਵਾਹਿਗੁਰੂ, ਅਕਾਰ ਤੋਂ ਰਹਿਤ ਸਿਰਜਣਹਾਰ ਦੇ ਉਪਾਸਕ† ਹੋਣ ਕਰਕੇ ਲੋਕ ਨਿਰੰਕਾਰੀ ਕਹਿੰਦੇ ਹਨ।

*ਨੀਲ ਵਰਨੀ–ਖੋਤੀ।

ਨੁਕਰਾ–ਅਰਾਕੀ, ਘੋੜਾ।

ਨੁਗਦਾ–ਸੁਖੇ ਦਾ ਢੋਕ, ਜੋ ਸਰਦਾਈ ਛਣਨ ਤੋਂ ਬਾਕੀ ਪਰਨੇ ਵਿਚ ਰਹਿ ਜਾਂਦਾ ਹੈ।

ਨੁਗਦਾ ਮਾਰਨਾ–ਨੁਗਦਾ ਸੁੱਟਣ ਵੇਲੇ ਹੱਥ ਵਿਚ ਗੋਲਾ ਕਰਕੇ ਮੂੰਹੋਂ ਇਹ ਕਹਿਕੇ ਸੁੱਟਣਾ ਕਿ ਇਹ ਗੋਲਾ ਵੈਰੀਆਂ ਦੀ ਛਾਤੀ ਵਿਚ।

ਨੇਤ੍ਰ ਠੋਕਾ–ਸੁਰਮੁਚ੍ਹ।

---

†ਨਿਰੰਕਾਰੀਏ–ਰਾਵਲਪਿੰਡੀ ਵਲ ਸਿਖਾਂ ਦਾ ਇਕ ਫਿਰਕਾ ਭੀ ਹੈ ਜੋ ਭਾਈ ਦਿਆਲ ਤੋਂ ਚੱਲਿਆ ਹੈ।

ਨਿਰਬਾਣੀਏ–ਉਦਾਸੀਆਂ ਦਾ ਇਕ ਫਿਰਕਾ, ਨਾਂਗੇ, ਉਦਾਸੀ ਸੰਤ।

ਨਿਰਬਾਣ ਅਖਾੜਾ–ਨਿਰਬਾਣਾਂ ਦਾ ਅਸਥਾਨ ਜੋ ਤਲਾਉ ਨਿਰਬਾਣਸਰ ਦੇ ਕੰਢੇ ਪੁਰ ਅੰਮ੍ਰਿਤਸਰ ਵਿਖੇ ਵਿਦਮਾਨ ਹੈ।

ਨਿਰਬਾਣਸਰ–ਨਿਰਬਾਣਾਂ ਦਾ ਤਲਾਉ ਜੋ ਅੰਮ੍ਰਿਤਸਰ ਵਿਚ ਸੁਲਤਾਨ ਵਿੰਡ ਦਰਵਾਜ਼ੇ ਦੇ ਅੰਦਰ ਨਿਰਬਾਣ ਅਖਾੜੇ ਨਾਲ ਵਿਦਵਾਨ ਹੈ।

Digitized by Panjab Digital Library | www.panjabdigilib.org

ਪਸਰਨਾ–ਸੌਣਾ, ਬਿਰਾਜਣਾ।

*ਪਟਕਾ–ਝਟਕਾ ਕਰਨ ਵੇਲੇ ਜੋ ਇਕ ਵਾਰ ਨਾਲ ਨਾ ਝਟਕਿਆ ਜਾਵੇ।

ਪਤਾਲ ਖੋਦਣੀ
ਪਤਾਲ ਮੋਚਣੀ } ਕਹੀ, ਕੁਦਾਲ, ਕਸੀ, ਗੈਂਤੀ।

ਪਤਾਲ ਪੁਰੀ–ਇਕ ਗੁਰਦਵਾਰੇ ਦਾ ਨਾਮ ਹੈ ਜਿਥੇ ਕੀਰਤ ਪੁਰ ਵਿਖੇ ਛੇਵੇਂ ਸਾਹਿਬ ਜੋਤੀ ਜੋਤ ਸਮਾਏ।

ਪਰਸਾ–ਪਾਣੀ, ਜਲ।

ਪਰਸ਼ਾਦ–ਕੜਾਹੁ ਪਰਸ਼ਾਦਿ, ਕੁਣਕਾ ਤਿਹਾਵਲ।
੨. ਭੋਜਨ, ਦੇਗ ਪ੍ਰਸਾਦਿ, ਰਸੋਈ।
੩. ਜੋ ਪਦਾਰਥ ਗੁਰੂ ਪਰਮੇਸ਼ਰ ਅਗੇ ਅਰਦਾਸ ਕਰਕੇ ਵਰਤਾਇਆ ਜਾਵੇ।

ਪਰਸ਼ਾਦ–ਰੋਟੀ, ਫੁਲਕਾ, ਚਪਾਤੀ।

ਪਰਸ਼ਾਦ ਸਜ ਓ, ਪਰਸ਼ਾਦੇ ਸਜਾਓ–ਰੋਟੀ ਪਕਾਓ, ਲੰਗਰ ਕਰੋ।

ਪਰਸ਼ਾਦਾ ਝਟਕਾਉਣਾ
ਪਰਸ਼ਾਦਾ ਫੱਟੜ ਕਰਨਾ } ਰੋਟੀ ਦੀਆਂ ਦੋ ਖੰਨੀਆਂ ਕਰਨੀਆਂ, ਅੱਧੋ ਅੱਧ ਕਰਨਾ, ਫੁਲਕਾ ਭੰਨਣਾ।

ਪਰਵਾਨ ਕਰਨਾ–ਮਨਜ਼ੂਰ ਕਰਨਾ, ਮੰਨ ਲੈਣਾ, ਸਤਿ ਬਚਨ ਕਰਨਾ।

ਪਰਵਾਨਗੀ–ਮਨਜ਼ੂਰੀ।

ਪਰੀ–ਭੇੜ।

ਪਾਹੁਲ–ਅੰਮ੍ਰਿਤ ਸੰਸਕਾਰ†।

ਪਾਜੜ–ਗੰਢਲ।

ਪਾਣੀ ਪੜ–ਮਹਿਰਾ।

ਪਾਰ ਬੁਲਾਇਆ–ਮਾਰਿਆ, ਮਾਰ ਸੁੱਟਿਆ।

ਪਾਰ ਬੋਲਿਆ
ਪਾਰ ਬੋਲ ਗਿਆ } ਮਰ ਗਿਆ।

ਪਾਰਬ੍ਰਹਮ–ਅਕਾਲ ਪੁਰਖ।

ਪਾਲਕਾ–ਘੋੜੇ ਦੀ ਜ਼ੀਨ, ਕਾਠੀ।

ਪਾਲਕਾ ਸਜਾਓ–ਘੋੜੇ ਤੇ ਕਾਠੀ ਪਾਓ।

ਪੁਜਾਰੀ–ਕਾਰਬਾਰੀ, ਜੋ ਗੁਰਦਵਾਰੇ ਦੀ ਸੇਵਾ ਟਹਿਲ ਕਰਦਾ ਹੋਵੇ।

ਪੂਜਾ– ਚੜ੍ਹਾਵਾ, ਕਾਰ ਭੇਟ, ਸੁੱਖਣਾ, ਦਸਵੰਧ, ਗੋਲਕ, ਤਨਖਾਹ ਆਦਿਕ।
੨. ਉਪਾਸਨਾ। ੩. ਮਾਰ ਕੁੱਟ।

ਪੂਜਾ ਕਰਨੀ- ਮਾਰਨਾ ਕੁੱਟਣਾ।

ਪੂਰੀਆਂ–ਵੇਲਾਂ ਦੇ ਪਤ੍ਰ (ਜੋ ਵੇਲੇ ਕੁਵੇਲੇ ਪ੍ਰਾਣਾਂ ਦੀ ਰਾਖੀ ਲਈ ਛਕਣੇ ਪੈਂਦੇ ਸਨ)।

ਪੋਥੀ ਸਾਹਿਬ–ਦੇਖੋ ਪੰਜ ਗ੍ਰੰਥੀ।

ਪੌਣ ਪ੍ਰਕਾਸ਼–ਪੱਖਾ।

ਪੰਚਾਮ੍ਰਿਤ–ਕੜਾਹ ਪ੍ਰਸ਼ਾਦਿ। (ਘਿਉ, ਮੈਦਾ, ਖੰਡ, ਦੁੱਧ ਤੇ ਜਲ ਇਨ੍ਹਾਂ ਪੰਜਾਂ ਦੇ ਮਿਲਨੇ ਤੇ ਪੰਚਾਮ੍ਰਿਤ)।

ਪੰਜ ਅੱਖਾ (ਪੰਜੱਖਾ)–ਅੱਖੇਂ ਲਾਵਾਂ, ਇਕ ਅੱਖ ਵਾਲਾ। ਦੇਖੋ ਲਖਨੇਤ੍ਰਾ।

ਪੰਜ ਅਨਮੇਲੀ–੧. ਮੀਣੇ। ੨. ਧੀਰਮਲੀਏ। ੩. ਰਾਮਰਾਈਏ। ੪. ਮਸੰਦੀਏ। ੫. ਨੜੀ ਮਾਰ‡, ਪੰਜੇ ਮੇਲ ਜੋਗ ਨਹੀਂ ਹਨ।

ਪੰਜ ਅੰਮ੍ਰਿਤ–ਅੰਮ੍ਰਿਤਧਾਰੀ ਦੀ ਅੰਦਰੋਂ ਬਾਹਰੋਂ ਰਹਿਤ ਦੀ ਪੂਰਨ ਅਵਸਥਾ, ਜੋ ਐਉਂ ਕਹਿੰਦੇ ਹਨ:–
(ੳ) ਕਥਾ, ਕੀਰਤਨ, ਵਾਰ, ਜਪੁ

---

†ਪਹਿਲਾਂ 'ਪਾਹੁਲ' ਚਰਨ ਧਾਲ ਦਾ ਨਾਉਂ ਸੀ, ਫੇਰ ਅੰਮ੍ਰਿਤ ਲਈ ਬੀ ਵਰਤਿਆ ਗਿਆ।
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥
[ਭਾ: ਗੁਰ: ਸਿੰਘ

‡ਸਿਰਗੁੰਮ ਤੇ ਕੁੜੀਮਾਰ ਬੀ ਉਪਰਲੇ ਪੰਜਾਂ ਨਾਲ ਅਨਮੇਲੀ ਹਨ। [ਸੰਪਾਦਕ

Digitized by Panjab Digital Library | www.panjabdigilib.org

ਪਾਠ, ਸ਼ਬਦ ਬਾਣੀ ਦਾ ਸੁਣਨਾ, ਇਹ ਵਰਖਾ ਰੂਪ ਅੰਮ੍ਰਿਤ ਹੈ।
(ਅ) ਬਾਣੀ ਪੜ੍ਹਨੀ, ਬਾਣੀ ਦੇ ਅਰਥ ਵਿਚਾਰਨੇ, ਬਾਣੀ ਤੇ ਨਾਮ ਨੂੰ ਵਿਚਾਰਨਾ, ਬਾਣੀ ਤੇ ਨਾਮ ਨੂੰ ਦ੍ਰਿੜ੍ਹ ਕਰਨਾ, ਬਾਣੀ ਤੇ ਨਾਮ ਤੋਂ ਵਿਹਲਾ ਸ੍ਵਾਸ ਬਿਰਥਾ ਨਾ ਜਾਣ ਦੇਣਾ । ਅਭਯਾਸ ਨਿਦਧ੍ਯਾਸਨ ਕਰਨਾ।ਇਹ ਹੈ ਪ੍ਰਾਪਤੀ ਰੂਪ ਅੰਮ੍ਰਿਤ।
(ਏ) ੧. ਰੋਮ ਰੋਮ ਨਾਮ ਜਪਣਾ । ੨. ਅਖੰਡਾਕਾਰ ਬ੍ਰਿਤਿ ਨੂੰ ਕਰਨਾ। ੩.ਇਕ ਬਿਨਾਂ ਦੂਜਾ ਦੇਖਣਾ।੪. ਵਣ ਤ੍ਰਿਣ ਪਰਬਤ ਪਾਰਬ੍ਰਹਮ ਦੇਖਣਾ। ੫. ਅਕਾਲ ਪੁਰਖ ਤੇ ਸਾਧ ਸੰਗਤ ਸਤਿਗੁਰੂ ਅਤੇ ਗੁਰਬਾਣੀ ਨਾਮ ਇਹ ਇਕ ਲਿਵ ਵਿਚ ਲੀਨ ਕਰਨੇ। ਇਹ ਖਜ਼ਾਨਾ ਜਮ੍ਹਾ ਕਰਨਾ ਹੈ ਤੇ ਇਸਥਿਰਤਾ ਰੂਪ ਅੰਮ੍ਰਿਤ ਹੈ।
(ਸ) ੧.ਨਾਮ ਜਪਣਾ ਤੇ ਜਪਾਵਣਾ। ੨. ਗੁਰਮਤ ਪਰ ਚੱਲਣਾ ਤੇ ਹੋਰਨਾਂ ਨੂੰ ਗੁਰਮਤੇ ਲਾਵਣਾ । ੩. ਕਥਾ, ਵਾਰਤਾ ਸਾਖੀ ਆਪ ਸੁਣਨੀ ਅਤੇ ਅਗੇ ਸੁਣਾਵਨੀ। ੪. ਰਹਿਤ ਬਹਿਤ ਦ੍ਰਿੜ ਰਖਣੀ ਅੱਗੇ ਰਖਾਵਣੀ । ੫. ਭਾਣਾ ਮੰਨਣਾ ਅਤੇ ਅਗੇ ਮੰਨਣ ਸਿਖਾਲਣਾ । ਇਹ ਅੰਮ੍ਰਿਤ ਵਰਤਾਉਣਾ ਹੈ। ਇਹ ਬੀਜ ਬੀਜਣੇ, ਵਧਾਉਣ ਰੂਪ ਅੰਮ੍ਰਿਤ ਹੈ।
(ਹ) ੧. ਮਿੱਠਾ ਬੋਲਣਾ।੨. ਨਿਉਂਕੇ ਚੱਲਣਾ । ੩. ਵੰਡਕੇ ਖਾਣਾ। ੪. ਸੇਵਾ ਭਗਤੀ ਉਪਕਾਰ ਕਰਨਾ। ੫. ਸਿੱਖੀ ਨੂੰ ਸਿਦਕ ਨਾਲ ਸਾਸਾਂ ਪ੍ਰਯੰਤ ਨਿਭਾਉਣਾ। ਇਹ ਛਲ ਰੂਪ ਹੈ ਤੇ ਇਹ ਮਨ ਨੀਵਾਂ ਅਤੇ ਮਤ ਉਚੀ ਰੱਖਣ ਰੂਪ ਅੰਮ੍ਰਿਤ ਹੈ।

ਪੰਜ ਇਸ਼ਨਾਨਾ—ਮੂੰਹ ਹਥ ਧੋਣ ਮਾਤ੍ਰ।

ਪੰਜ ਇਸ਼ਨਾਨਾ ਕਰਨਾ—ਦੋ ਹਥ, ਦੋ ਪੈਰ, ਇਕ ਮੂੰਹ ਇਨ੍ਹਾਂ ਪੰਜਾਂ ਦਾ ਧੋਣਾ। ਹਥ, ਮੂੰਹ ਧੋਣ।

ਪੰਜ ਸਰ—ਸੱਤੋਖਸਰ । ੨. ਅੰਮ੍ਰਿਤਸਰ । ੩. ਰਾਮਸਰ । ੪. ਕੌਲਸਰ । ੫. ਬਿਬੇਕਸਰ। ਇਸੇ ਕ੍ਰਮ ਨਾਲ ਇਹ ਬਣੇ ਸੇ ।

ਪੰਜ ਹਥਜਾਰਾ—੧. ਧਾਰਾ ਧਮਕ, ਬੰਦੂਕਾਦਿਕ ਜੋ ਅਗਨੀ ਕਰਕੇ ਚਲੇ। ੨. ਅਣੀ, ਨੋਕ ਦਾਰ, ਤੀਰ ਬਰਛੀ ਆਦਿਕ। ੩. ਕਮੰਦ, ਰੱਸਾ, ਫਾਹੀ ਆਦਿਕ। ੪. ਕੋਰੜਾ, ਡਾਂਗ, ਸੋਟਾ, ਕੁਹਾੜਾ, ਮੁੱਛਕ ਆਦਿਕ। ੫. ਸਰੋਹੀ, ਸ੍ਰੀ ਸਾਹਿਬ, ਕਟਾਰ, ਗੋਫੀਆ, ਛੁਰੀ ਆਦਿਕ।

ਪੰਜ ਕਕੇ ਦੀ ਰਹਿਤ,ਪੰਜ ਕਕਾਰ ਦੀ ਰਹਿਤ—੧. ਕਛ । ੨. ਕੇਸ। ੩. ਕੰਘਾ। ੪. ਕ੍ਰਿਪਾਨ। ੫. ਕੜਾ।

ਪੰਜ ਕਰਮ—(੧) ਸਤ ੧, ਸੰਤੋਖ ੨, ਦਯਾ ੩, ਧਰਮ ੪, ਬੀਚਾਰ ੫।
(੨) ਨਿਤ ੧, ਨਮਿਤ ੨, ਪ੍ਰਾਸਚਿਤ ੩, ਵਿਧਿ ੪, ਨਿਖੇਧ ੫।
੧. ਨਿਤ—ਜੋ ਸ਼ਨਾਨ ਪਾਠ ਆਦਿਕ ਨੇਮ ਕਰੀਦੇ ਹਨ।
੨. ਨਮਿਤ, ਜੋ ਦਿਨਾਂ ਦਿਹਾਰਾਂ ਗੁਰਪੁਰਬਾਂ ਪਰ ਕਰੀਦੇ ਹਨ।
੩. ਪ੍ਰਾਸਚਿਤ, ਜੋ ਤਨਖਾਹ ਬਖਸ਼ਾਉਣ ਆਦਿ ਲਈ ਕਰੀਦੇ ਹਨ।

Digitized by Panjab Digital Library | www.panjabdigilib.org

੪. ਵਿਧੀ, ਜੋ ਰਹਿਤ ਬਹਿਤ ਆਦਿਕ ਅਵਸੱਾਂ ਕਰੀਦੇ ਹਨ।
੫. ਨਿਖੇਧ, ਜੋ ਕੁਰਹਿਤਾਂ ਆਦਿਕ ਕਦੀ ਨਹੀਂ ਕਰੀਦੇ।

ਪੰਜ ਕੁਕਰਮ–੧. ਝੂਠ।੨. ਨਿੰਦਾ।੩. ਚੁਗਲੀ। ੪. ਈਰਖਾ। ੫. ਵਿਅਰਥ ਵਾਦ।

ਪੰਜੱਖਾ–ਦੇਖੋ ਪੰਜ ਅੱਖਾ। ਇਕ ਅੱਖ ਵਾਲਾ।

ਪੰਜ ਗ੍ਰੰਥੀ ਪੋਥੀ–੧. ਜਪੁਜੀ ਸਾਹਿਬ। ੨.ਸੋਦਰ। ੩.ਸੋਹਿਲਾ। ੪.ਸੁਖਮਨੀ। ੫. ਓਅੰਕਾਰ। ੬. ਸਿਧ ਗੋਸ਼ਟ। ੭. ਅਨੰਦ । ੮. ਬਾਵਨ ਅਖਰੀ ਵਾਲੀ ਪੋਥੀ (ਆਸਾ ਦੀ ਵਾਰ, ਹਜਾਰੇ ਦੇ ਸ਼ਬਦ ਆਦਿਕ ਹੋਰ ਬਾਣੀਆਂ ਪ੍ਰੇਮੀਆਂ ਨੇ ਨਿਤਨੇਮ ਦੀਆਂ ਜਾਣਕੇ ਪੰਜ ਗ੍ਰੰਥੀ ਵਿਚ ਲਿਖੀਆਂ ਹਨ)।

ਪੰਜ ਚੌਂਕੀਆਂ–ਦੇਖੋ ਪੰਜ ਵੇਲੇ ਦੀਆਂ ਬਾਣੀਆਂ।

ਪੰਜ ਤਖਤ–੧. ਅੰਮ੍ਰਿਤਸਰ ਜੀ ਤਖਤ ਅਕਾਲ ਬੁੰਗਾ ਸਾਹਿਬ।
੨. ਪਟਨਾ ਜੀ ਹਰਿਮੰਦਰ ਸਾਹਿਬ।
੩. ਅਨੰਦ ਪੁਰ ਜੀ ਕੇਸਗੜ੍ਹਸਾਹਿਬ।
੪. ਨਾਦੇੜ ਹਜ਼ੂਰ ਅਬਚਲ ਨਗਰ ਸਾਹਿਬ।
੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪੰਜ ਸਿੰਘ ਅਰਥਾਤ ਗੁਰੂ ਗ੍ਰੰਥ ਤੇ ਪੰਥ ਇਹ ਚਲਦਾ ਤਖਤ ਹੈ।

ਪੰਜ ਦੂਤ–੧. ਕਾਮ, ੨. ਕ੍ਰੋਧ, ੩. ਲੋਭ, ੪. ਮੋਹ, ੫. ਹੰਕਾਰ।

ਪੰਜ ਪਰਵਾਨ ਪ੍ਰਸ਼ਾਦਿ–੧.ਕੜਾਹ ਪ੍ਰਸ਼ਾਦਿ। ੨. ਪਤਾਸੇ ਪ੍ਰਸ਼ਾਦਿ । ੩. ਗੁੜ ਪ੍ਰਸ਼ਾਦਿ । ੪. ਫਲ ਪ੍ਰਸ਼ਾਦਿ। ੫. ਸ਼ਕਰਪਾਰੇ ਪ੍ਰਸ਼ਾਦਿ।

ਪੰਜ ਪਰਵਾਨ ਬਾਣੀਆਂ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ।
੨.ਦਸਮ ਪਾਤਸ਼ਾਹੀ ਜੀ ਦੀ ਬਾਣੀ।
੩. ਭਾਈ ਗੁਰਦਾਸ ਜੀ ਦੀ ਬਾਣੀ।
੪. ਭਾਈ ਨੰਦ ਲਾਲ ਜੀ ਦੀ ਬਾਣੀ।
੫.ਰਹਿਤਨਾਮੇ ਤਨਖਾਹਨਾਮੇ ਪ੍ਰਾਚੀਨ ਜੋ ਅਸਲੀ ਹੋਣ।

ਪੰਜ ਪਿਆਰੇ–ਪੰਥ ਵਿਚੋਂ ਪਹਿਲੇ ਪੰਜ ਪਰਵਾਨ ਸਿੰਘ ਜੋ ਸਿਰ ਦੇਣ ਲਈ ਨਿਤਰੇ ਸੇ। ਇਨ੍ਹਾਂ ਦੇ ਨਾਮ ਇਹ ਸੇ:–੧. ਦਇਆ ਸਿੰਘ, ੨. ਧਰਮ ਸਿੰਘ,੩. ਮੁਹਕਮ ਸਿੰਘ, ੪. ਹਿੰਮਤ ਸਿੰਘ, ੫. ਸਾਹਿਬ ਸਿੰਘ।
੨. ਅੰਮ੍ਰਿਤ ਤਿਆਰ ਕਰਨ ਵਾਲੇ ਪੰਜ ਸਿੰਘ।

ਪੰਜਪੀਰੀਆ–ਵਿਸ਼ਨੂੰ, ਸੂਰਜ, ਸ਼ਿਵ, ਸ਼ਕਤੀ, ਗਣੇਸ਼ ਨੂੰ ਮੰਨਣ ਵਾਲਾ।
੨. ਫਿਰਤੂ ਘਿਰਤੂ, ਬਹੁਤਿਆਂ ਨੂੰ ਮੰਨਣ ਵਾਲਾ।
੩.ਡਰਾਕੁਲ, ਕੱਚਾ ਖੁਸ਼ਾਮਦੀ।

ਪੰਜ ਪੂਜਨੀਕ–ਅਕਾਲ ਪੁਰਖ ੧, ਦਸੋਂ ਗੁਰੂ ਤੇ ਗੁਰੂ ਗ੍ਰੰਥ ੨, ਪੰਥ ੩. ਸ਼ਸਤਰ ੪. ਗੁਰਦਵਾਰੇ ੫।
੨. ਪੰਜ ਸਿੰਘ ਜਿਨ੍ਹਾਂ ਨੂੰ ਭਾਵਨਾ ਨਾਲ ਪ੍ਰਸ਼ਾਦਿ ਛਕਾਇਆ ਜਾਵੇ।

ਪੰਜ ਬਸਤ੍ਰ (ਪੰਜੇ ਕਪੜੇ)–ਦੋ ਕਛਹਿਰੇ। ਇਕ ਦਸਤਾਰਾ । ਇਕ ਸਾਫਾ। ਇਕ ਚਾਦਰਾ=੫।

ਪੰਜ ਬਿਕਾਰ–ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

ਪੰਜ ਬੇਨਤੀਆਂ–ਮਨ ਨੀਵਾਂ। ੨. ਮਤ ਉਚੀ।
੩. ਮਤ ਦਾ ਰਾਖਾ ਵਾਹਿਗੁਰੂ।
੪. ਸਿਖੀ ਦਾ ਕੇਸਾਂ ਸ੍ਵਾਸਾਂ ਨਾਲ

Digitized by Panjab Digital Library | www.panjabdigilib.org

ਨਿਰਬਾਹ। ਪ. ਸੋਈ ਪਿਆਰੇ ਮੇਲੀਂ ਜਿਨ੍ਹਾਂ ਮਿਲਿਆਂ ਸ੍ਰੀ ਵਾਹਿਗੁਰੂ ਚਿਤ ਆਵੇ।

ਪੰਜ ਮਜ਼ਹਬੀ–ਦੇਖੋ ਪੰਜ ਪੀਰੀਆ।

ਪੰਜ ਮੁਕਤੇ–੧. ਦੇਵਾ ਸਿੰਘ,੨. ਰਾਮ ਸਿੰਘ, ੩. ਟਹਿਲ ਸਿੰਘ, ੪. ਫਤਹ ਸਿੰਘ, ੫. ਈਸ਼ਰ ਸਿੰਘ।

ਪੰਜ ਮੇਲ–ਦੇਖੋ ਪੰਜ ਅਨਮੇਲੀ।

ਪੰਜ ਰਹਿਤਾਂ– (੧) ੧. ਨਾਮ, ੨. ਦਾਨ, ੩. ਸ਼ਨਾਨ, ੪. ਬੇਨਤੀ, ੫. ਧਰਮ ਕਿਰਤ।
(੨)ਕੱਛ,ਕੜਾ,ਕ੍ਰਿਪਾਨ, ਕੰਘਾ,ਕੇਸ।

ਪੰਜ ਰੰਗੀ–ਪਲੰਘ, ਮੰਜਾ ਰੰਗੀਲ ਪਾਵਿਆਂ ਵਾਲਾ।

ਪੰਜ ਲਖ–ਪੰਜ (੫)।

ਪੰਜ ਲਖ ਫੌਜਾਂ–ਪੰਜ ਸਿੰਘ।

ਪੰਜਵਾਂ–ਘਿਉ।

ਪੰਜਵਾਂ ਪੌੜਾ, ਪੰਜਵੇਂ ਪੌੜੇ ਦੇ ਸਿੰਘ–ਦੇਖੋ ਚੌਥੇ ਪੌੜੇ ਵਾਲੇ (ਇਹ ਪਦ ਅਜਕਲ ਮਤਰੂਕ ਹੋ ਚੁਕਾ ਹੈ)।

ਪੰਜਵੀਂ ਪਾਤਸ਼ਾਹੀ–ਸ੍ਰੀ ਗੁਰੂ ਅਰਜਨ ਦੇਵ ਸ੍ਵਾਮੀ।

ਪੰਜ ਵੇਲੇ ਦੀਆਂ ਬਾਣੀਆਂ–ਪੰਜ ਚੌਂਕੀਆਂ ਜੋ ਦੀਵਾਨ ਵਿਚ ਅਥਵਾ ਅਧਿਕਾਰ ਪੂਰਬਕ ਕੀਤੀਆਂ ਜਾਂਦੀਆਂ ਹਨ, ਉਹ ਇਹ ਹਨ:–

੧. ਆਸਾ ਦੀ ਵਾਰ, ਪ੍ਰਾਤੇਕਾਲ।
੨. ਚਰਨ ਕੌਲ,ਪਹਿਰ ਦਿਨ ਚੜ੍ਹੇ।
੩. ਅਨੰਦ, ਬਾਰਾਂ ਬਜੇ।
੪. ਸੋਦਰ, ਸੰਧਜਾ ਕਾਲ।
੫. ਸੋਹਿਲਾ, ਡੇਢ ਪਹਿਰ ਰਾਤ ਰਹੀ, ਸੈਣ ਵੇਲੇ†।

ਪੰਜਾ– ਸਰਬ ਲੋਹ ਦਾ ਪੰਜਾ ਜੋ ਨਿਹੰਗ ਸਿੰਘ ਦੁਮਾਲੇ ਪਰ ਸਜਾਉਂਦੇ ਹਨ।

ਪੰਜਾਹ ਹਜ਼ਾਰ–ਅੱਧਾ।

ਪੰਜਾਹ ਹਜ਼ਾਰ ਪ੍ਰਸ਼ਾਦਾ–ਅੱਧੀ ਰੋਟੀ।

ਪੰਥ–ਖਾਲਸਾ ਪੰਥ, ਅਕਾਲੀ ਪੰਥ।

ਫ

ਫੱਟੜ–ਘਾਇਲ, ਜ਼ਖਮੀ, ਟੁੱਟਾ ਹੋਇਆ, ਭੰਨਾ ਹੋਇਆ।

ਫਟੜ ਪ੍ਰਸ਼ਾਦਾ–ਭੱਜੀ ਹੋਈ ਰੋਟੀ। ਅੱਧੀ ਭਾਵੇਂ ਚੱਪਾ ਰੋਟੀ।

ਫਤਹ, ਫਤੇ–ਜਿੱਤ, ਜੀਤ, ਜ਼ਫਰ, ਬਿਜੈ।

ਫਤਹ ਕਮੈਦ–ਸੋਟੀ, ਸਲੋਤਰ, ਡੰਡਾ, ਖੁੰਡੀ।੨. ਕਮਾਦ, ਗੰਨੇ, ਪੋਨਾ।

ਫਤਹ ਬੁਲਾਉਣੀ–ਦੇਖੋ ਫਤਹ ਗਜਾਉਣੀ।

ਫਤੇ ਗਜਾਉਣੀ–ਆਪਸ ਵਿਚ ਮਿਲਣ ਦੇ ਵੇਲੇ "ਵਾਹਿਗੁਰੂ ਜੀ ਕਾ ਖਾਲਸਾ ਸ੍ਰੀਵਾਹਿਗੁਰੂ ਜੀ ਕੀ ਫਤਹ" ਕਹਿਣੀ।

*ਫਤੇ ਗਜਾ ਗਿਆ–੧. ਚਲਾ ਗਿਆ। ੨. ਮਰ ਗਿਆ।੩. ਕਪੜਾ ਹੋਵੇ ਤਾਂ ਫਟ ਗਿਆ। ੪. ਕਿਸੇ ਸ਼ੈ ਦੇ ਭੱਜ ਟੁੱਟ ਜਾਣੇ ਨੂੰ ਬੀ ਕਹਿੰਦੇ ਹਨ।

ਫਤੇ ਦਰਸ਼ਨ–ਬੰਦਈ ਸਿੱਖਾਂ ਦੀ ਆਪੋ ਵਿਚ ਦੀ ਫਤਹ।

ਫਿਰਨਾ–ਖਰਾਸ, ਜੰਦਰ, ਘੁਰਾਟ।

ਫਿਰਨੀ–ਚੱਕੀ।

ਫਿਰਨੀ ਦੀ ਸਵਾਰੀ ਕਰਨੀ–ਚੱਕੀ ਪੀਹਣੀ।

---

†ਸ੍ਰੀ ਦਰਬਾਰ ਸਾਹਿਬ ਵਿਚ ੧੧ ਚੌਂਕੀਆਂ ਹਨ। ਇਹ ਪੰਜ ਉਨ੍ਹਾਂ ਦੇ ਅੰਤਰਗਤ ਹਨ। ਵੇਰਵੇ ਲਈ ਦੇਖੋ ਸੰਪਾਦਿਤ ਸੂਰਜ ਪ੍ਰਕਾਸ਼ ਰਾਸ ੫, ਅੰਸੂ ੪੩, ਅੰਕ ੩੫ ਦੀ ਟੂਕ। [ਸੰਪਾਦਿਕ

Digitized by Panjab Digital Library | www.panjabdigilib.org

ਫੌਜ–ਇਕ, ਇਕ ਸਿੰਘ।
ਫੌਜਾਂ–ਕਈ ਸਿੰਘ।
ਫੰਧਕ ਅਵਤਾਰ–ਮਹਿਰਾ।

ਬ

ਬਸਤ੍ਰ–ਲੀੜੇ, ਕਪੜੇ, ਪੁਸ਼ਾਕਾ।
ਬਸਾਵਾ–ਦੇਖੋ ਵਸਾਵਾ।
ਬਸੰਤ ਕੌਰ–ਮਕਈ।
ਬਸੰਤ੍ਰ–ਚੰਡੀ, ਅੱਗ ਜੁਆਲਾ।
ਬਹਿਸ਼ਤੀ–ਬੋਲਾ, ਡੋਰਾ, ਕੰਨ ਹੀਣ।
ਨ. ਮਾਸ਼ਕੀ।
ਬੱਗੋ–ਰਜਾਈ, ਤੁਲਾਈ, ਨਿਹਾਲੀ।
ਬਚਿਤਰ ਸਿੰਘੀਆ–ਲਬਾਣਾ ਸਿੰਘ, ਕਿਉਂਕਿ ਉਹ ਬਚਿਤ੍ਰ ਸਿੰਘ ਲਬਾਣਾ ਸਿੰਘਾਂ† ਸਾ ਜਿਸ ਨੂੰ ਸ੍ਰੀ ਕਲਗੀਧਰ ਜੀ ਨੇ ਜਸਵਾਰੀਆਂ ਦੇ ਹਾਥੀ ਨਾਲ ਭਿੜਾਇਆ ਸੀ।
ਬਟੇਰਾ–ਪਿੰਗਲਾ, ਲੂਲਾ।
ਬਟਰੇ(ਰਾਮ ਬਟੇਰੇ)–ਬੈਂਗਨ, ਵਤਾਊਂ, ਭੱਟਾ।
ਬਦਾਮ–ਭੁੰਨੇ ਹੋਏ ਛੋਲੇ, ਖਿੱਲਾਂ।
ਨ. ਘੋੜਿਆਂ ਦਾ ਦਾਣਾ।
ਬਧਾਵਾ–ਲੋਹ, ਤਵਾ, ਜਿਸਤੇ ਰੋਟੀ ਪਕਾਈ ਜਾਵੇ।
ਬਬਰੁ–ਭਠੂਰੇ, ਖਮੀਰੀ ਰੋਟੀ, ਕੁਲਚਾ, (ਡਬਲ ਰੋਟੀ,)।
*ਬਾਹਮਣ–ਪਿੱਪਲ।
ਬਾਹਮਣੀ–ਪਿੱਠ। ੨. ਖੀਰ।
ਬਾਜ–ਰੰਬਾ, ਖੁਰਪਾ ਜਿਸ ਨਾਲ ਘਾਹ ਖੋਤੂਦੇ ਹਨ।
ਬਾਜ ਉਡਾਉਣਾ–ਬਾਜ ਦਾ ਸ਼ਿਕਾਰ ਕਰਨਾ–ਘਾਹ ਖੋਦਣਾ।
ਬਾਟਾ–ਸੁਨਹਿਰਾ, ਲੁਹਾਂਡਾ, ਲੋਹੇ ਦੀ ਬਾਟੀ।
ਨ. ਸਰਬ ਲੋਹ ਦਾ ਬਾਟਾ ਜਿਸ ਵਿਚ ਅੰਮ੍ਰਿਤ ਤਿਆਰ ਹੁੰਦਾ ਹੈ।
ਬਾਟਾ–ਬਿਦਾਨਾ, ਤੂਤਾਂ ਦੀਆਂ ਗੋਲ੍ਹਾਂ।
ਨ. ਸੱਤੂ ਭੁੰਨੇ ਦਏ।
ਤ. ਕਰੀਰਾਂ ਦੇ ਫੁੱਲ।
ਬਾਂਟਾ–ਭਾਗ, ਹਿੱਸਾ, ਛਾਂਦਾ, ਵਰਤਾਰਾ,
ਬਾਣਾ, ਬਾਨਾ} ਭੇਖ, ਰੂਪ, ਲਿਬਾਸ, ਯਥਾ ਨੀਲਾ ਬਾਣਾ॥ ੨. ਸਿੱਖੀ ਦਾ ਬਾਣਾ। ੩. ਸੁਭਾਵ, ਦੇਖੋ ਬਿਰਦ ਬਾਣਾ।
ਬਾਰਾਂ ਮਿਸਲਾਂ–ਬਾਰਾਂ ਜਥੇ ਸਿੰਘਾਂ ਦੀ ਫੌਜ ਤੇ ਸਰਦਾਰੀਆਂ ਦੇ ਜੋ ਆਪੋ ਵਿਚ ਬੱਬਰੀ ਦੇ ਦਾਵੇਦਾਰ ਸੇ।
੧. ਮਿਸਲ ਭੰਗੀਆਂ ਦੀ।
੨. ਮਿਸਲ ਨਕਈਆਂ ਦੀ।
੩. ਮਿਸਲ ਕਨ੍ਹਈਆਂ ਦੀ।
੪. ਮਿਸਲ ਸੁਕ੍ਰਚਕੀਆਂ ਦੀ।
੫. ਮਿਸਲ ਸ਼ਹੀਦਾਂ ਦੀ।
੬. ਮਿਸਲ ਡੱਲੇਵਾਲਿਆਂ ਦੀ।
੭. ਮਿਸਲ ਨਿਸ਼ਾਨਚੀਆਂ ਦੀ।
੮. ਮਿਸਲ ਕਰੋੜੀਆਂ ਦੀ।
੯. ਮਿਸਲ ਫੈਜੁੱਲਾਪੁਰੀਆਂ ਦੀ।
੧੦. ਮਿਸਲ ਆਹਲੂਵਾਲੀਆਂ ਦੀ।
੧੧. ਮਿਸਲ ਰਾਮਗੜ੍ਹੀਆਂ ਦੀ।
੧੨. ਮਿਸਲ ਕਲਸੀਆਂ ਦੀ।
ਬਾਲੀ ਫੌਜ–ਕੁੜੀਆਂ, ਭੁਜੰਗਣਾਂ ਬਾਲਕੀਆਂ।
ਬਾਲੇ ਫੌਜ–ਬਾਲਕੇ, ਭੁਜੰਗੀ, ਮੁੰਡੇ, ਲੜਕੇ।
ਬਾਵਨ ਰੂਪ–ਪੌਣ।
ਬਿਹੰਗਮ–ਇਕ ਰਾਗੰਬ ਦਾ ਨਾਮ।
ਬਿਹੰਗਮ, ਬਿਹੰਗਮ ਸਿੰਘ} ਨਿਰਵਾਸ ਪੁਰਸ਼, ਤਿਆਗੀ ਸਿੰਘ।

†ਇਸ ਨੂੰ ਰਾਜਪੂਤ ਭੀ ਮੰਨਿਆ ਗਿਆ ਹੈ। [ਸੰਪਾਦਿਕ

Digitized by Panjab Digital Library | www.panjabdigilib.org

੨.ਅਕਾਸ਼ੀ ਬ੍ਰਿਤਿ ਧਾਰ ਕੇ ਵਿਚਰਨ ਵਾਲਾ ਸਿੰਘ।

*ਬਿਖਿਆ–ਤਮਾਕੂ।

ਬਿਦਾਨਾ–ਪੇਂਡੂ, ਕਰੀਰ ਦੇ ਪੱਕੇ ਹੋਏ ਫਲ।

ਬਿਬੇਕ–ਗਿਆਨ। ਸਤਿ ਅਸਤਿ ਨੂੰ ਨਿਖੇੜਨ ਵਾਲੀ ਵਿਚਾਰ ਸ਼ਕਤੀ। ਫਰਕ ਸਮਝਣ ਵਾਲੀ ਸ਼ਕਤੀ। ੨. ਰਹਿਤ, ਮਿਰਯਾਦਾ। ੩. ਤਨਖਾਹ। ੪. ਭੋਜਨ ਵਿਚਾਰ ਨਾਲ ਤੇ ਹੱਥੀਂ ਪਕਾਕੇ ਯਾ ਬਿਬੇਕੀ ਦੇ ਪੱਕੇ ਨੂੰ ਖਾਣ ਪੀਣ ਦੀ ਰੀਤ।

ਬਿਬੇਕ ਸਰ–ਇਕ ਸਰੋਵਰ ਜੋ ਰਾਮਸਰ ਸਾਹਿਬ ਦੇ ਕੋਲਵਾਰ ਛੇਵੇਂ ਸਾਹਿਬਾਂ ਨੇ ਲਗਵਾਇਆ ਸੀ।

ਬਿਬੇਕ ਧਾਰਨਾ, ਬਿਬੇਕ ਦੇਖਣਾ–ਰਹਿਤ ਮਿਰਯਾਦਾ ਧਾਰਨੀ।

੨. ਸੁਯੰ ਪਾਕੀ ਹੋਣ ਦਾ ਪ੍ਰਣ ਕਰਨਾ।

ਬਿਬੇਕੀ, ਬਿਬੇਕਾ ਸਿੰਘ, ਬਿਬੇਕੀ ਸਿੰਘ–ਰਹਿਤ ਬਹਿਤ ਵਿਚ ਪੱਕਾ ਸਿੰਘ।

੨. ਦੂਸਰਿਆਂ ਨੂੰ ਰਹਿਤ ਬਹਿਤ ਰਖਾਉਣ ਵਾਲਾ ਸਿੰਘ।

੩. ਆਪਣੀ ਹਥੀਂ ਪਕਾਕੇ ਯਾ ਸੇਧ ਦਾ ਅੰਨ ਖਾਣ ਵਾਲਾ ਸਿੰਘ।

ਬਿਰਦ–ਜਸ, ਵਡਿਆਈ, ਉਸਤਤੀ। ੨. ਧਰਮ।

ਬਿਰਦਬਾਣਾ–ਵਡਜਾਈ ਵਾਲਾ ਭੇਖ, ਸਿੱਖੀ ਭੇਖ, ਪੰਜਾਂ ਕਕਿਆਂ ਦੀ ਰਹਿਤ ਵਾਲਾ ਭੇਖ, ਅਕਾਲੀ ਭੇਖ।

ਬਿਰਦਬਾਣੇ ਦੀ ਲਾਜ–ਇਹ ਇਕ ਬੇਨਤੀ ਦਾ ਬੋਲਾ ਹੈ, ਜਿਸ ਤਰ੍ਹਾਂ ਕਹਿੰਦੇ ਹਨ "ਹੇ ਕਰਤਾਰ ਆਪਣੇ ਬਿਰਦ ਬਾਣੇ ਦੀ ਲਾਜ ਰੱਖ"। ਇਥੇ ਬਾਣੇ ਦਾ ਅਰਥ ਸੁਭਾਉ ਯਾ ਧਰਮ ਬੀ ਲੈਂਦੇ ਹਨ, ਕਿਉਂਕਿ ਬਿਰਦ ਪਾਲਣਾ ਉਸ ਦਾ ਸੁਭਾਵ ਹੈ†।

ਬਿਰਾਜਣਾ–ਬੈਠਣਾ, ਅਰਾਮ ਕਰਨਾ, ਸੌਣਾ।

ਬੀਰ–ਬਹਾਦਰ, ਸੂਰਮਾ।

ਬੁੰਗਾ, (ਬਹੁ ਵਚਨ–ਬੁੰਗੇ)–ਥਾਉਂ, ਜੋ ਗੁਰਦਵਾਰਿਆਂ ਦੇ ਆਸ ਪਾਸ ਯਾਤ੍ਰੀਆਂ ਦੇ ਰਹਿਣ ਬਹਿਣ ਲਈ ਬਣੇ ਹੁੰਦੇ ਹਨ।

੨. ਕੋਈ ਅਸਥਾਨ ਜਿੱਥੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੋਵੇ, ਸਤਿਸੰਗਤ ਜੁੜਦੀ ਹੋਵੇ।

੩. ਸਿੰਘਾਂ ਯਾ ਨਿਹੰਗ ਸਿੰਘਾਂ ਦਾ ਟਿਕਾਣਾ, ਘਰ।

ਬੁੱਢਾ ਦਲ–ਖਾਲਸੇ ਦੇ ਦਲਾਂ ਵਿਚ ਜੋ ਖਾਲਸਾ ਪਿੱਛੋਂ ਮਿਲਿਆ, ਸੋ ਤਰਣ ਦਲ ਕਰਕੇ ਮਸ਼ਹੂਰ ਹੋਇਆ, ਬਾਕੀ ਦਾ ਪਹਿਲਾ ਖਾਲਸਾ ਦਲ ਬੁੱਢਾ ਦਲ ਕਹਾਇਆ‡।

ਬੁਧ ਯਾ ਬੋਧ ਅਵਤਾਰ–ਪਿੰਗਲਾ, ਲੂਹਲਾ, ਅਪਾਹਜ, ਝੋਲੇ ਮਾਰਿਆ।

---

†ਜੇ ਕਿਸੇ ਦਾ ਬਿਰਦ (ਜਸ) ਪੈ ਜਾਏ ਲਖਦਾਤਾ ਤਾਂ ਇਹ ਇਸ ਬਿਰਦ ਦੀ ਉਸਨੂੰ ਲਾਜ ਪਾਕੇ ਕਹੀਦਾ ਹੈ ਕਿ ਸਾਡਾ ਰੱਕ ਤਾਂ ਕੋਈ ਨਹੀਂ, ਆਪਣੇ ਬਿਰਦ ਦੀ ਆਪ ਲਾਜ ਪਾਲੋ। ਇਵੇਂ ਅਰਥ ਸੁਭਾਵ ਤੇ ਧਰਮ ਪੈ ਗਿਆ ਹੈ। [ਸੰਪਾਦਿਕ

‡ਇਹ ਟੋਰ ਲਗ ਪਗ ਵਡੇ ਘਲੂਘਾਰੇ ਵੇਲੇ ਸ਼ੁਰੂ ਹੋਈ, ਪਰ ੧੭੯੧ ਬਿਕ੍ਰਮੀ ਵਿਚ ਵਿਧੀ ਪੂਰਬਕ ਦੋ ਦਲ ਬਣੇ। ਨਵਾਬ ਕਪੂਰ ਸਿੰਘ, ਬਘੇਲ ਸਿੰਘ, ਜੱਸਾ ਸਿੰਘ ਦੇ ਤਾਬੇ ਬੁੱਢਾ ਦਲ ਤੇ ਤਰੁਣਾ ਦਲ ਦੇ ਪੰਜ ਜਥੇ ਬਣੇ ਜੋ ਪਿਛੋਂ ਵਧਕੇ ੧੨ ਮਿਸਲਾਂ ਬਣੇ। [ਸੰਪਾਦਿਕ

Digitized by Panjab Digital Library | www.panjabdigilib.org

ਬੁਰਛਾ–ਸੁਤੰਤ੍ਰ ਸੂਰਮਾ ਜੋ ਅਨੇਕਾਂ ਨਾਲ ਇਕੱਲਾ ਲੜੇ।

ਬੁਰਛੇ ਗਰਦੀ–ਇਕ ਸਮੇਂ ਬੁਰਛੇ ਬਹਾਦਰ ਸਿੰਘ ਬਹੁਤ ਵਧ ਗਏ ਸੇ ਓਸ ਵੇਲੇ ਸਿਰ ਤੇ ਜਥੇਦਾਰ ਕੋਈ ਨਹੀਂ ਸਾ, ਓਸ ਥੋੜੇ ਜਿਹੇ ਸਮੇਂ ਦਾ ਨਾਉਂ ਬੁਰਛੇ ਗਰਦੀ ਕਹਿੰਦੇ ਹਨ।

ਬੂੰਦੀ– ਘੁੰਡਣੀਆਂ, ਬਕਲੀਆਂ, ਉਬਲੇ ਦੇਏ ਛੋਲੇ ੨. ਨਿਕੀ ਜੁਆਰ, ਚਰੀ।

ਬੂੰਦੀ ਪ੍ਰਸ਼ਾਦ–ਦੇਖੋ ਬੂੰਦੀ।

ਬੇਮੁਹਤਾਜੀ–ਕੜਛੀ। ੨. ਦੁਸਾਂਗੀ ਲਕੜੀ ਜਿਸ ਵਿਚ ਪੋਣਾ ਅੜਾਕੇ ਸੁਖਾ, ਸਰਦਾਈ ਛਾਣੀ ਦੀ ਹੈ ਅਥਵਾ ਗੜਵੇ ਦਾ ਗਲ ਫਸਾਕੇ ਪਾਣੀ ਪਲਟ ਲਈਦਾ ਹੈ।

ਬੇਮੁਹਾਰੀ–ਰੇਲ ਗੱਡੀ ਜਿਸਦੀ ਕੋਈ ਲਗਾਮ ਨਕੇਲ ਨਾ ਹੋਵੇ। (ਇਹ ਬੋਲਾ ਨਿਹੰਗਾਂ ਸਿੰਘਾਂ ਨੇ ਰੇਲ ਆਈ ਤੇ ਬਣਾਇਆ ਹੈ)।

ਬੇਮੁਖ–ਮੂੰਹ ਮੋੜ ਲੈਣ ਵਾਲਾ, ਧਰਮ ਦੇ ਉਲਟ ਚੱਲਣ ਵਾਲਾ, ਮਨਮੁਖ, ਸਾਕਤ, ਦੁਰਜਨ, ਕੁਰਹਿਤੀਆ।

ਬੇਮੁਥਾਜੀ–ਦੇਖੋ 'ਬੇਮੁਹਤਾਜੀ'।

ਬੋਲ ਬਾਲਾ–ਜਸ, ਵਡਆਈ, ਚੜ੍ਹਾਈ, ਚੜ੍ਹਦੀ ਕਲਾ, ਜਿੱਤ।

ਬੋਲ ਬਾਲਾ ਹੋਗਿਆ–ਨੁਕਸਾਨ ਹੋਗਿਆ, ਢਹਿ ਗਿਆ, ਬਰਮਾਦ ਹੋ ਗਿਆ, ਮਾਰਿਆ ਗਿਆ ੨. ਫਤਹ ਹੋ ਗਈ।

ਬੋਲ ਬਾਲਾ ਕੀਤਾ–ਨੁਕਸਾਨ ਕੀਤਾ ਤਬਾਹ ਕੀਤਾ।

ਬੋਲ ਬਾਲੇ–ਉਚੇ ਬਚਨ, ਪ੍ਰਮਾਰਥ ਦੇ ਬਚਨ। ੨. ਫਤਹ, ਜਿੱਤ, ਜਿਹਾਕੁ–ਖਾਲਸੇ ਜੀ ਦੇ ਬੋਲ ਬਾਲੇ।

ਬੋਲਾ– ਪਦ, ਲਫਜ਼, ਸ਼ਬਦ, ਬਚਨ, ਗੱਲ ਬਾਤ, ਵਾਕ।

ਬੰਦਈ ਕੱਛ–ਡੋਕਲ ਕੱਛ, ਗੋਡਿਆਂ ਤੋਂ ਨੀਵੀਂ ਕੱਛ।

ਬੰਦਈ ਖਾਲਸਾ–ਬਾਬੇ ਬੰਦੇ ਦੀ ਸੰਪ੍ਰਦਾਇ ਦੇ ਸਿੰਘ।

ਬੰਦਾ– ਇਸਦਾ ਪਹਿਲਾ ਨਾਮ ਮਾਧੋ ਦਾਸ ਸਾ, ਦਸਮ ਗੁਰੂ ਜੀ ਦੀ ਸ਼ਰਨ ਆਕੇ ਸਿਖ ਧਰਮ ਧਾਰਨ ਕੀਤਾ। ਇਸਨੂੰ ਪੰਜਾਬ ਸਰ ਕਰਨ ਲਈ ਸ੍ਰੀ ਕਲਗੀਧਰ ਜੀ ਨੇ ਨਾਂਦੇੜੋਂ ਭੇਜਿਆ ਸਾ। ਪੰਥ ਵਿਚ ਬੰਦਾ ਨਾਮ ਨਾਲ ਪ੍ਰਸਿੱਧ ਹੋਇਆ†।

*ਬ੍ਰਹਮਰਸ–ਗੰਨਾ, ਰਹੁ।

ਭ

*ਭਗੌਤੀ–ਤਲਵਾਰ।

ਭਗੌੜਾ–ਨੱਸ ਗਿਆ ਹੋਯਾ, ਗੀਦੀ, ਕਾਇਰ, ਭੱਗਲ।

ਭੱਥਾ–ਤੀਰਾਂ ਦੀ ਡਡੀ, ਨਿਖੰਗ, ਜਿਸ ਵਿਚ ਤੀਰ ਭਰਕੇ ਲੱਕ ਨਾਲ ਬੰਨ੍ਹਦੇ ਹਨ।

ਭਾਉਨੀ, ਭਾਉਨੀ ਭਗਤ–ਪ੍ਰੀਤ, ਸ਼ਰਧਾ, ਭਾਉ ਭਗਤੀ।

ਭਾਈ–ਇਕ ਖਿਤਾਬ ਹੈ ਜੋ ਬੁੱਢਾ ਜੀ ਨੂੰ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਹੋਇਆ ਕਿਉਂਕਿ ਉਨ੍ਹਾਂ ਵਿਚ ਸਿੱਖੀ ਦਾ ਪੂਰਾ ਨਿਵਾਸ ਹੋ ਗਿਆਸੀ ਅਰ ਉਹ ਮਨੁੱਖ ਮਾਤ ਨੂੰ ਭਰਾ ਸਮਝਦੇ

†ਅੰਮ੍ਰਿਤ ਦਾ ਨਾਮ ਗੁਰਬਖਸ਼ ਸਿੰਘ ਤੇ ਪ੍ਰਸਿੱਧ ਨਾਮ ਬੰਦਾ ਸਿੰਘ ਬੀ ਦੱਸਦੇ ਹਨ।

[ਸੰਪਾਦਿਕ

Digitized by Panjab Digital Library | www.panjabdigilib.org

ਸੀ ਤੇ ਆਪ ਸਭ ਦੇ ਭਾਈ ਸੇ। ਫੇਰ ਗੁਰ ਨਾਨਕ ਦੇਵ ਦੇ ਸਿੱਖਾਂ ਦਾ ਵਾਚਕ ਹੋਇਆ।

੨. ਇਕ ਹਿਤ ਦਾ ਪਦ ਜੋ ਖਾਲਸਾ ਜੀ ਦਸਵੇਂ ਪਾਤਸ਼ਾਹ ਤੇ ਮਾਤਾ ਸਾਹਬ ਦੇਵਾਂ ਦੇ ਸਪੁਤਰ ਹੋਣੇ ਕਰਕੇ ਆਪਸ ਵਿਚ ਇਕ ਦੂਜੇ ਨੂੰ ਕਹਿਕੇ ਸੰਬੋਧਤ ਕਰਦੇ ਹਨ। ਆਪੋ ਵਿਚ ਜਥੇਬੰਦ ਭਾਈ ਤੇ ਸੰਸਾਰ ਨਾਲ ਸਹੋਦਰਤਾ ਕਰਕੇ ਭਾਈ ਹਨ।

੩. ਇਕ ਵਡਿਆਈ ਦਾ ਪਦ ਜੋ ਇਕ ਦੂਜੇ ਨੂੰ ਬੁਲਾਉਣ ਹਿਤ ਸਿਖਾਂ ਵਿਚ ਵਰਤਿਆ ਜਾਂਦਾ ਹੈ।

ਭਾਈ ਸਾਹਿਬ–ਵਧੇਰੇ ਸਤਿਕਾਰ ਲਈ ਇਹ ਪਦ ਵਰਤਦੇ ਹਨ।

ਭਾਜਾ–ਸਾਗ ਭਾਜੀ, ਸਲੂਣਾ, ਤਰਕਾਰੀ।

ਭਾਣਾ–ਅਕਾਲ ਪੁਰਖ ਦਾ ਹੁਕਮ, ਰਜ਼ਾ।

ਭਾਣਾ ਮੰਨਣਾ–ਰਜ਼ਾ ਵਿਚ ਰਹਿਣਾ।

੨. ਦੁਖ ਸੁਖ ਵਿਚ ਇਕਰਸ ਰਹਿਣਾ।

ਭਾਣਾ ਵਰਤਣਾ–ਅਪਦਾ ਆਉਣੀ, ਮੁਸੀਬਤ ਪੈਣੀ, ਕਿਸੇ ਔਕੜ ਵਿਚ ਰੁੱਝਣਾ, ਮੌਤ ਹੋਣੀ।

ਭਾਣਾ ਵਰਤਾਉਣਾ–ਕਤਲ ਕਰਨਾ, ਮਾਰਨਾ, ਖਰਚ ਕਰਨਾ, ਸਰੀਰ ਤਿਆਗਨਾ।

ਭੁਜੰਗੀ, ਭੁਜੰਗੀ ਸਿੰਘ–ਸਿੱਖ ਦਾ ਲੜਕਾ, ਬਾਲਕਾ, ਪੁਤਰ।

ਭੁਜੰਗਣ–ਸਿੱਖ ਦੀ ਲੜਕੀ, ਕੁੜੀ, ਬਾਲਕੀ।

ਭੁਟੇਰੇ–ਬਬਰੂ, ਭਠੂਰੇ, ਖਮੀਰੀ ਰੋਟੀ, ਕੁਲਚਾ, ਬਾਟੀ।

ਭੁਇਸੂਰ, ਭੋਂ ਸੂਰ–ਗੋਂਰਾਲੂ, ਸ਼ਲਗਮ. ਠਿੱਪਰ।

ਭੂਤਨੀ–ਹਨੇਰੀ। ੨. ਹੁਣ, ਛੇਤੀ ਤੁਰਨ ਵਾਲੀ ਸਵਾਰੀ, ਰੇਲਗੱਡੀ ਨੂੰ ਵੀ ਕਹਿੰਦੇ ਹਨ।

ਭੋਂ ਸੂਰੀ–ਮੂਲੀ।

ਭੋਧਾ–ਤੰਬਾ, ਤਹਬੰਦ, ਤਹਮਤ, ਧਬਲੀ, ਅੰਗੋਛਾ, ਸਾਹੜੀ।

ਭੰਡਾਰ, ਭੰਡਾਰਾ, ਭੰਡਾਰੇ–ਖਜ਼ਾਨੇ, ਜਿੱਥੇ ਸਭ ਪਦਾਰਥ ਰੱਖੇ ਜਾਣ।

੨. ਤਿਆਰ ਕਰਕੇ ਪ੍ਰਸਾਦਿ ਰੱਖਣ ਦਾ ਅਸਥਾਨ।

ਭੰਡਾਰੀ–ਲਾਂਗਰੀ, ਲੰਗਰ ਦਾ ਬੰਦੋਬਸਤੀਆ, ਮੋਦੀ।

੨. ਖਜ਼ਾਨਚੀ।

ਮ

ਮਸਤ–ਚੁਪ ਰਹਿਣ ਵਾਲਾ, ਮੋਨੀ। ਦੇਖੋ ਮਸਤਾਨਾ, ਮਸਤਾਨੇ ਹੋਣਾ, ਮਸਤ ਲੰਗਰ।

ਮਸਤਗੜ, ਮਸਤਗੜ੍ਹ–ਮਸੀਤਾਂ ਜਿਹੜੀਆਂ ਸਿੰਘਾਂ ਦੇ ਕਬਜ਼ੇ ਆਈਆਂ ਤੇ ਜੋ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਧਰਮਸਾਲਾ ਥਾਪੀਆਂਗਈਆਂ ਮਸਤ ਗੜ੍ਹ ਦੇ ਨਾਉਂ ਪਰ ਮਸ਼ਹੂਰ ਹੋਈਆਂ।

ਮਸਤ ਲੰਗਰ–ਢਾਕਾ।

ਮਸਤਾਨਾ–ਮੋਨੀ, ਚੁੱਪ ਰਹਿਣ ਵਾਲਾ।

੨. ਬਿਅਕਲ, ਪਾਗਲ।

੩. ਪਾਟਾ, ਭੱਜਾ, ਟੁੱਟਾ ਹੋਇਆ, ਹੰਢਿਆ ਹੋਇਆ, ਖੋਖਲਾ, ਖੋਲਾ।

ਮਸਤਾਨੇ ਹੋਣਾ–ਚੁੱਪ ਵੱਟਣੀ।

੨. ਨਾ ਹੋਣਾ, ਖਾਣ ਪੀਣ ਦੀ ਸ਼ੈ ਦਾ ਪਾਸ ਨਾ ਰਹਿਣਾ।

ਮਸਤੇ–ਦਹੀਂ, ਖੱਟਾ, ਮਠਾ, ਲੱਸੀ, ਛਾਹ।

ਮਸਤੋਰਾ–ਮਥਲਾ। ਭੇਤ ਕੱਢਣ ਵਾਲਾ,

Digitized by Panjab Digital Library | www.panjabdigilib.org

ਦੁਬਾਜਰਾ।

ਮਸਾਲਾਂ–ਲੱਕੜਾਂ, ਬਾਲਣ।

ਮਸੰਦ–ਇਹ ਵਡਿਆਈ ਦਾ ਖਿਤਾਬ ਸਾ। ਇਸ ਦਾ ਅਰਥ ਆਗੂ, ਜਥੇਦਾਰ, ਸੰਗਤ ਦਾ ਮੋਹਰੀ ਸੀ। ਪਰ ਇਸ ਖਿਤਾਬ ਵਾਲਿਆਂ ਦੇ ਮਾੜੇ ਅਮਲਾਂ ਨੇ ਇਨ੍ਹਾਂ ਨੂੰ ਦੰਡ ਦਿਵਾਏ। ਪੰਜ ਅਨਮੇਲੀ ਕੁਰਹਿਤਾਂ ਵਿਚ ਮਸੰਦੀਆਂ ਦੀ ਸੰਗਤ ਮਨ੍ਹਾ ਹੈ। ਅਜ ਕਲ ਮਸੰਦ ਪਦ ਸਿਖਾਂ ਵਿਚ ਗਾਲੀ ਦੀ ਜਗ੍ਹਾ ਵਰਤਮਾਨਹੈ।

ਮਹਾਂ ਪ੍ਰਸ਼ਾਦ–ਝਟਕਾ, ਸ਼ਿਕਾਰ, ਸੂਰ ਦਾ ਮਾਸ।

ਮਹਾਂਮੰਤ੍ਰ–ਪਰਮੇਸ਼ੁਰਦਾ ਵਡਾਨਾਮ, ਵਾਹਿਗੁਰੂ।

ਮਹਾਂ ਲੋਹ–ਅਕਾਲ ਪੁਰਖ।

ਮਹਿਖਾਸੁਰ–ਸੰਦਾ, ਝੋਟਾ।

ਮਖਮਲ ਦਾ ਵਿਛਾਉਣਾ–ਸਬਜ਼ ਘਾਸ ਵਾਲੀ ਜ਼ਮੀਨ। ੨. ਘਾਹ ਅਥਵਾ ਪਰਾਲੀ ਦਾ ਬਿਸਤ੍ਰਾ।

ਮਖਮਲੀ ਫਰਸ਼–ਹਰੇ ਘਾਹ ਵਾਲੀ ਜ਼ਮੀਨ।

ਮਖਾਣੇ–ਫੁਲੇ, ਚਾਂਦਨੀ ਪੁਲਾਉ।

ਮਜਬੀ (ਮਜ਼ਹਬੀ)–ਚੌਥੇ ਪੌੜੇ ਦੇ ਸਿੰਘ।

ਮਠਿਆਈ–ਗੋਲ੍ਹਾਂ, ਪੀਲ੍ਹੂੰ, ਪੇਂਝੂ, ਸ਼ਕਰਕੰਦੀ ਆਦਿਕ।

ਮਦਾਨ ਖੇਡਣਾ, ਮਦਾਨ ਜਾਣਾ–ਸਰੀਰ ਦੀ ਮਲ ਦੂਰ ਕਰਨ ਜਾਣਾ।

ਮਨਮਤ–ਆਪਣੇ ਮਨ ਦੀ ਮਤ, ਗੁਰਮਤ ਤੋਂ ਬੇਮੁਖਤਾਈ।

ਮਨਮਤੀਆ–ਮਨ ਦੀ ਮਤ ਕਰਨ ਵਾਲਾ, ਕੁਰਹਿਤੀਆ, ਬੇਮੁਖ, ਗੁਰਮਤ ਤੋਂ ਉਲਟ ਅਥਵਾ ਬਾਹਰ ਚੱਲਣ ਵਾਲਾ।

ਮਨਮੁੱਖ–ਮਨਮਤੀਆ, ਕੁਰਹਿਤੀਆ।

ਮਨੌਤ–ਨਿਸ਼ਚਾ, ਭਰੋਸਾ। ੨. ਸੁੱਖਣਾ, ਮੰਨਣਾ।

ਮਰਚੈਨੇ–ਮਰਚਾਂ, ਲਾਲ ਮਰਚਾਂ।

ਮਰੋੜ ਚੁਲਾ ਕਰਨਾ–ਸੁਕਮਾਂਜ ਚੁਲਾ ਕਰਨਾ, ਪ੍ਰਸ਼ਾਦ ਛਕਣ ਦੇ ਸਮੇਂ ਜੇ ਪਾਣੀ ਨਾ ਮਿਲੇ ਤਾਂ ਸੁੱਕੇ ਹੀ ਹੱਥ ਪੂੰਝ ਲੈਣੇ।

ਮਲੇਛ–ਗ਼ੌਰ, ਦੁਸ਼ਮਨ, ਤੁਰਕ, ਗੁਰਨਿੰਦਕ।

ਮੜੈਲੀ–ਦੇਹ, ਸਰੀਰ, ਮਿੱਟੀ ਦੀ ਮੜ੍ਹੀ।

ਮਾਮਲਾ–ਉਗਰਾਹੀ, ਚੰਦਾ।

੨. ਭਿਖਾ, ਗਦਾਗਰੀ।

ਮਾਮਲਾ ਉਗਰਾਹੁਣਾ–ਉਗਰਾਹੀ ਕਰਨੀ।

੨. ਭਿਖਜਾ ਮੰਗਣੀ, ਗਦਾ ਕਰਨੀ।

ਮਾਰਾ ਬਕਾਰਾ–ਰੌਲਾ ਗੌਲਾ, ਡੰਡ ਰੌਲਾ, ਆਪਣੇ ਅਵਾਜੇ ਦੇ ਰੋਅਬ ਨਾਲ ਵੈਰੀ ਨੂੰ ਡਰਾ ਲੈਣ ਦਾ ਕੰਮ।

੨. ਲੁੱਟ ਮਾਰ, ਖੋਹ ਖਸੋਟ।

ਮਾਰੂ ਰਾਗ–ਰੁਦਨ, ਸਿਆਪਾ, ਵੈਣ।

ਮੀਣੇ– ਮੀਸਣਾ। ੨. ਕੋਠੇ ਵਾਲੇ ਸੋਢੀ ਪ੍ਰਿਥੀ ਚੰਦ ਜੀ ਦੀ ਔਲਾਦ। ਇਨ੍ਹਾਂ ਦਾ ਮੇਲ ਵੀ ਕੁਰਹਿਤਾਂ ਵਿਚੋਂ ਹੈ।

ਮੁਸਹਰੇ–ਮੁਛਹਰੇ, ਬਾਂਕੀਆਂ, ਤਾੜੀਆਂਮੁੱਛਾਂ।

ਮੁਸ਼ਕਾਂ–ਦੇਖੋ ਦਾੜ੍ਹੀ ਦੀਆਂਮੁਸ਼ਕਾਂ ਤਾੜਨੀਆਂ।

ਮੁਸਲੀ–ਤੁਰਕਣੀ, ਮਲੇਛਣੀ। ੨. ਵੈਸ਼ਵਾ।

ਮੁਸਲੀਧਰ–ਤੁਰਕਣੀ ਦਾ ਸੰਗੀ, ਵੈਸਵਾਗਾਮੀ। ਚਹੁਵਾਂ ਵੱਡੀਆਂ ਕੁਰਹਿਤਾਂ ਵਿਚੋਂ ਇਕ ਕੁਰਹਿਤ ਕਰਨ ਵਾਲਾ।

ਮੁਸਲੱਕਾ–ਮੁਸਲਮਾਨ ਦਾ।

ਮੁਹੰਮਦੀ ਪੈਲਾ–ਉਸਤਰਾ।

ਮੁਕਤਾ–ਸ਼ਹੀਦ। ਦੇਖੋ ਚਾਲੀ ਮੁਕਤੇ।

ਮੁਕਤੇ–ਦੇਖੋ ਚਾਲੀ ਮੁਕਤੇ।

ਮੁਖਮਾਂਜਨਾ–ਦਾਤਣ, ਜਿਸ ਨਾਲ ਦੰਦ ਸਾਫ ਕਰੀਦੇ ਹਨ।

ਮੁਗਲ–ਪੋਸਤ ਦੇ ਡੋਡੇ।

†ਅੰਮ੍ਰਿਤ ਛਕ ਲੈਣ ਤਾਂ ਮਨ੍ਹੇ ਨਹੀਂ।[ਸੰਪਾਦਿਕ

Digitized by Panjab Digital Library | www.panjabdigilib.org

ਮੁਗਲਸਥਾਨ–ਪਖਾਨਾ, ਸੋਦਖਾਨਾ।
ਮੁਗਲਾਣੀ–ਕਾਲੀ ਮਿਰਚ।
*ਮੁਛਹਿਰੇ–ਮੁੱਛਾਂ।
*ਮੁਤਹਰਾ–ਰਗੜਨ ਵਾਲਾ ਭਿੰਡਾ।
ਮੁਰਗਾਈਆਂ–ਮੱਖੀਆਂ।
ਮੋਵੜਾ–ਅਰਦਾਸੀਆ।
*ਮੈਦਾ–ਆਟਾ।
ਮੋਰਚਾ–ਛਾਉਣੀ। ੨. ਮੱਲ ਲਿਆ ਥਾਂ।
ਮੋਰਚਾ ਲਾਉਣਾ–ਛਾਉਣੀ ਧਰਨੀ।
੨. ਸਾਹਮਣੇ ਅੱਡਾ ਲਾਉਣਾ।
*ਮੋਰਧੁਜ–ਉਦਾਸੀ, ਦਿਵਾਨਾ।
ਮੰਗਲ–ਅਨੰਦ, ਖੁਸ਼ੀ, ਚਾਉ, ਵਿਆਹ, ਉਤਸਾਹ। ੨. ਸਵਾਹ, ਰਾਖ, ਭਸਮ ਜਿਸ ਨਾਲ ਭਾਂਡੇ ਮਾਂਜੀਦੇ ਹਨ।
*ਮੰਜੀ ਸਾਹਿਬ–ਗੁਰੂ ਜੀ ਦੇ ਬਿਰਾਜਣ ਦੇ ਥਾਵਾਂ ਤੇ ਬਣਿਆਂ ਥੜਾ ਛਤ ਵਾਲਾ ਚਬੂਤਰਾ। ੨. ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਨ ਦੀ ਛੋਟੀ ਮੰਜੀ।

ਰ

ਰੱਜੀ–ਕੜਛੀ।
ਰਹਿਣੀ–ਗੁਰਸਿੱਖੀ ਦੀ ਮਿਰਯਾਦਾ, ਰਹਿਤ ਬਹਿਤ,ਖਾਲਸਾ ਧਰਮ ਦੀ ਮ੍ਰਿਯਾਦਾ।
ਰਹਿਣੀ ਬਹਿਣੀ–ਗੁਰਸਿਖੀ ਦੀ ਮਿਰਯਾਦਾ ਅਨੁਸਾਰ ਰਹਿਤ, ਬਹਿਤ ਤੇ ਧਰਮ ਅੰਗਾਂ ਵਿਚ ਵਰਤੋਂ।
ਰਹਿਣੀ, ਬਹਿਣੀ, ਕਹਿਣੀ–ਉਪਰਲੇ ਮੁਜਬ ਵਰਤੋਂ ਬੀ ਤੇ ਕਥਨ ਬੀ।
ਰਹਿਤ–ਸਿਖ ਧਰਮ ਦੀ ਮ੍ਰਿਯਾਦਾ, ਸਿਖ ਅਸੂਲਾਂ ਦੀ ਧਾਰਨਾ।
੨. ਆਚਰਣ, ਵਰਤਾਉ, ਸਦਾਚਾਰ।
ਰਹਿਤਨਾਮਾ–ਉਹ ਗ੍ਰੰਥ ਜਿਸ ਵਿਚ ਖਾਲਸਾ ਧਰਮ ਦੀਆਂ ਮ੍ਰਿਯਾਦਾ ਲਿਖੀਆਂਹੋਣ।
ਰਹਿਤ ਬਹਿਤ–ਦੇਖੋ ਰਹਿਤ।
ਰਹਿਤੀਏ–ਇਕ ਜਾਤ ਤੋਂ (ਜਿਸ ਨਾਲ ਹਿੰਦੂ ਨਹੀਂ ਵਰਤਦੇ ਸੇ) ਸਜੇ ਹੋਏ ਸਿਖ, ਏਹ ਦੁਆਬੇ ਵਿਚ ਬਾਹਲੇ ਹਨ। ੨. ਰਹਿਤ ਰੱਖਣ ਵਾਲਾ।
ਰਬਾਬੀ–ਢੂੰਮ ਯਾ ਮਰਾਸੀ, ਜੋ ਅਪਣਾ ਕੰਮ ਛਡਕੇ ਰਬਾਬ ਵਜਾਕੇ ਗੁਰੂ ਕੇ ਸ਼ਬਦ ਗਾਵੇ। ਭਾਈ ਮਰਦਾਨੇ ਤੋਂ ਇਹ ਖਿਤਾਬ ਤੁਰਿਆ, ਹੁਣ ਉਹ ਵੰਸ਼ ਹੀ ਰਬਾਬੀ ਕਹਾਉਂਦਾ ਹੈ।
ਰਾਮ ਸਰ, ਰਾਮ ਗੜ੍ਹ–ਗੁਰਦਵਾਰਾ, ਜਿਥੇ ਪੰਜਵੇਂ ਸਾਹਿਬਾਂ ਨੇ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਯਾਰ ਕੀਤੀ ਸੀ। ਏਥੇ ਹੀ ਇਕ ਕੱਚਾ ਕਿਲਾ ਸਿੱਖਾਂ ਨੇ ਬਣਾਇਆ ਸੀ, ਉਸਦਾ ਨਾਉਂ ਪਹਿਲਾਂ ਰਾਮ ਰੌਣੀ ਤੇ ਫਿਰ ਰਾਮ ਗੜ੍ਹ ਰਖਿਆ ਸੀ।
ਰਾਮ ਚੌਂਕਾ–ਉਜਾੜ ਵਿਚ ਜਿਥੇ ਲੰਗਰ ਪਕਾਇਆ ਜਾਵੇ। ਬਿਨਾਂ ਚੌਂਕੇ ਲੰਗਰ ਦਾ ਥਾਂ।
ਰਾਮ ਜੰਗਾ–ਰਹਕਲਾ, ਛੋਟੀ ਤੋਪ, ਬੰਦੂਕ।
ਰਾਮ ਡੋਲ–ਗੋਕਾ ਚਰਸਾ, ਪਖਾਲ।
ਰਾਮ ਬਟੇਰੇ–ਵਤਾਊਂ।
ਰਾਮ ਬਾਗ–ਸੰਸਾਰ। ੨. ਇਕ ਬਾਗ ਦਾ ਨਾਉਂ ਹੈ ਜੋ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਜੀ ਦੇ ਬਾਹਰ ਗੁਰੂ ਰਾਮਦਾਸ ਜੀ ਦੇ ਨਾਮ ਤੇ ਲਗਵਾਇਆ ਸੀ।
ਰਾਮ ਰਸ–ਨਿਮਕ, ਲੂਣ।
ਰਾਮਰਾਈਏ, ਰਾਮਰਈਏ–ਰਾਮਰਾਇ ਦੀ ਸਿਖ ਸੰਗਤ ਦੇ ਲੋਕ,ਇਨ੍ਹਾਂ ਦਾ ਮੇਲ

Digitized by Panjab Digital Library | www.panjabdigilib.org

ਵੀ ਕੁਰਹਿਤਾਂ ਵਿਚੋਂ ਹੈ।

ਰਾਮ ਰਾਜ–ਬਨ, ਜੰਗਲ, ਉਜਾੜ।

ਰਾਮ ਰੋਟੀ–ਰਾਮਗੜ੍ਹ ਦੀ ਜਾਗੀਰ। ਇਸ ਦਾ ਅਜੇ ਵੀ ਕੁਝ ਬਕਾਯਾ ਗੁਰਦਵਾਰੇ ਨਾਲ ਹੈ।

ਰਾਮ ਰੌਣੀ–ਰਾਮ ਸਰ ਦੀ ਜ਼ਮੀਨ, ਜੋ ਸਿੰਘਾਂ ਨੇ ਪਹਿਲਾਂ ਵਲ ਕੇ ਜੰਗ ਲਈ ਥਾਂ ਬਣਾਈ, ਫੇਰ ਗੜ੍ਹ ਬਣਾਇਆ। ਇਹ ਸਿੰਘਾਂ ਦੀ ਜਾਗੀਰ ਵਿਚ ਸੀ।

ਰਾਮ ਰੌਲਾ–ਭੰਡ ਰੌਲਾ, ਝਗੜਾ, ਫਸਾਦ, ਲੜਾਈ।

ਰਾਮ ਲਡੂ–ਭੁਇ ਸ਼ੂਰ। ਟਿੰਡੇ।

ਰੀਣਕੁ–ਰਤਾਕੁ, ਥੋੜ੍ਹਾਕੁ।

ਰੀਨ (ਰੀਣ)–ਚਟਨੀ, ਚਟਨ ਪੁਲਾਉ।
੨. ਪੰਜੀਰੀ, ਚੁਰੀ, ਚੂਰਮਾ।

ਰੁੱਗੇ ਛਕਾਉਣੇ–ਮੁੱਠੀਆਂ ਭਰਨੀਆਂ।

ਰੁਪਾ, ਰੁਪੈਹਰਾ, ਰੁਪਾ ਪ੍ਰਸਾਦ} ਗੰਢਾ, ਪਿਆਜ।

ਰੂਪ ਕੌਰ–ਕਾੜ੍ਹਨੀ।

ਰੂਪ ਰਸ–ਦੇਖੋ ਰਾਮ ਰਸ।

*ਰੇਸ਼ਮ–ਸਣ।

ਲ

ਲਖਨੇਤ੍ਰਾ, ਲਖਨੇਤ੍ਰਾ ਸਿੰਘ–ਪੰਜੱਖਾ, ਇਕ ਅੱਖ ਵਾਲਾ ਸਿੰਘ।

ਲਖ ਬਾਂਹਾ, ਲਖ ਬਾਂਹੀਆ, ਲਖਬਾਂਹਾ ਸਿੰਘ} ਟੁੰਡਾ, ਲੂੰਜਾ, ਹੱਥਹੀਣ, ਇਕ ਹੱਥ ਵਾਲਾ।

ਲਡੂ–ਟਿੰਡੇ, ਗੋਂਗਲੂ।

ਲਵੇਰਾ–ਖੋਦਾ, ਅਣਦਾੜ੍ਹੀਆ ਜਿਸ ਨੂੰ ਦਾੜ੍ਹੀ ਨਾ ਉਗੀ ਹੋਵੇ ਯਾ ਵਾਲਚਰਹੋਕੇ ਝੜ ਗਈ ਹੋਵੇ।

ਲਾਂਗਰੀ–ਲੰਗਰ ਦਾ ਪ੍ਰਬੰਧਕ। ਰਸੋਈਆ, ਰੋਟੀ ਪਕਾਉਣ ਵਾਲਾ।
੨. ਕੜਾਹਪ੍ਰਸ਼ਾਦਿ ਵਰਤਾਉਣ ਵਾਲਾ।
੩. ਲੰਗਰਦਾਪ੍ਰਸ਼ਾਦਵਰਤਾਉਣਵਾਲਾ।

ਲਾਚਾ–ਭੂਰਾ, ਲੋਈ, ਕੰਬਲ, ਕੰਬਲੀ।

ਲਾਚੀਆਂ–ਹੋਲਾਂ।

ਲਾਚੀਦਾਣਾ–ਮੋਠ, ਬਾਜਰਾ।

ਲੇਖਾ ਪਾਰ ਕਰਨਾ–ਮਾਰ ਦੇਣਾ।

ਲੇਖਾ ਮੁਕਾਉਣਾ–ਮਾਰ ਦੇਣਾ।

ਲੇਖੇ ਲਗਣੀ–ਪਰਵਾਨ ਹੋਣੀ।

ਲੇਖੇ ਲਾਉਣਾ–ਅਰਦਾਸ ਦਾ ਬੋਲਾ ਹੈ ਖਜ਼ਾਨੇ ਵਿਚ ਪਰਵਾਨ ਹੋਵੇ। ਪਰਵਾਨ ਹੋਵੇ।
੨. ਖਰਚ ਕਰਨਾ।

ਲੋਹ–ਲੋਹਾ। ੨. ਹਥਿਆਰ।
੩. ਬਲ, ਸ਼ਕਤੀ।

ਲੋਹ–ਇਕ ਲੋਹੇ ਦਾ ਵੱਡਾ ਤਵਾ, ਜਿਸ ਤੇ ਬਹੁਤੀਆਂ ਰੋਟੀਆਂ ਪਕਣ।

ਲੋਹਗੜ੍ਹ–ਇਕ ਗੁਰਦਵਾਰਾ ਇਸ ਨਾਮ ਦਾ ਅਮ੍ਰਿਤਸਰ ਜੀ ਵਿਚ ਹੈ ਅਤੇ ਇਕ ਗੁਰਦਵਾਰਾ ਅਨੰਦ ਪੁਰ ਸਾਹਿਬ ਜੀ ਵਿਚ ਹੈ। ਅੰਮ੍ਰਿਤਸਰ ਵਿਚ ਇਹ ਪਹਿਲਾ ਕਿਲ੍ਹਾ ਸੀ ਜੋ ਛੇਵੇਂ ਗੁਰਾਂ ਨੇ ਬਣਾਯਾ, ਇਸ ਦੇ ਕਿਲ੍ਹੇ ਵਰਗੇ ਨਿਸ਼ਾਨ ਅਜੇ ਮੌਜੂਦ ਹਨ। ਸ਼ਹਿਰ ਦਾ ਇਕ ਕੋਲ ਹੀ ਦਰਵਾਜ਼ਾ ਹੈ ਜੋ ਇਸੇ ਨਾਮ ਤੇ ਵਜਦਾ ਹੈ। ੩. ਮਾਲਵੇ ਵਿਚ ਇਕ ਗੁਰਦਵਾਰਾ†।

†ਜਿਥੇ ਜਫਰਨਾਮਾ ਲਿਖਿਆ। ੪. ਮੁਖਲਸ ਗੜ੍ਹ ਨੂੰ ਬਾਬੇ ਬੰਦੇ ਨੇ ਲੋਹ ਗੜ੍ਹ ਬਣਾਇਆ ਸੀ। ਪ. ਬਾਬੇ ਬੰਦੇ ਦਾ ਗੁਰਦਾਸ ਪੁਰ ਵਾਲਾ ਕਿਲਾ।

Digitized by Panjab Digital Library | www.panjabdigilib.org

ਲੋਹ ਲੰਗਰ–ਲੰਗਰ ਦਾ ਵੱਡਾ ਤਵਾ। ਲੋਹ ਤੇ ਲੰਗਰ ਦਾ ਸਾਮਾਨ।

ਲੋਹ ਲੰਗਰ ਸਵਾਏ–ਇਹਇਕ ਬੋਲਾ ਅਸੰ.ਸ ਦਾ ਹੈ ਜੋ ਲੋਹਾਂ ਅਤੇ ਲੰਗਰ ਦੀ ਰਸਤ ਦਿਨੋਂ ਦਿਨ ਸਵਾਈ ਹੋਵੇ।

ਲੋਹਾ–ਇਕ ਧਾਤ, ਜਿਸ ਦੇ ਸ਼ਸਤ੍ਰ ਬਣਦੇ ਹਨ। ੨. ਲੜਾਈ, ਜੁੱਧ ਜੰਗ।

ਲੰਗਟ–ਗੁਰੂ ਕੀ ਰਸੋਈ, ਜਿਥੇ ਸਭੇ ਸਾਂਝੀਵਾਲ ਛਕਣ ਦੇ ਹੁੰਦੇ ਹਨ। ਰਸੋਈ, ਦੇਗ।

ਲੰਗਰ ਸਜਾਉਣਾ–ਰਸੋਈ ਕਰਨੀ, ਦੇਗ ਪਕਾਉਣੀ। ਦੇਗ ਪ੍ਰਸ਼ਾਦ ਤਿਆਰ ਕਰਨੀ।

ਲੰਗਰ ਮਸਤ, ਲੰਗਰ ਮਸਤਾਨਾ–ਦੇਖੋ ਮਸਤ ਲੰਗਰ।

ਲੰਗਰ ਲਾਉਣਾ–ਸਭ ਕਿਸੇ ਦੇ ਬਿਨਾ ਰੋਕ, ਬਿਨਾ ਦਾਮ ਪ੍ਰਸ਼ਾਦ ਛਕਣ ਲਈ ਸਿੰਘਾਂ ਦਾ ਲੰਗਰ ਜਾਰੀ ਕਰਨਾ।

ਲੰਡੀ ਬੁਚੀ–ਚੁਰਾਸੀ ਦੇ ਲੋਗ, ਅਨਮਤੀਏ, ਖਾਲਸਾ ਧਰਮ ਤੋਂ ਬਾਹਰ ਦੇ ਲੋਕ। ੨. ਲੁੱਚੇ, ਉਚੱਕੇ, ਗੁੰਡੇ, ਖਟੂਦੀ ਲੋਕ।

ਵ

ਵਹੀਰ–ਸਿਪਾਹੀਆਂ ਤੋਂ ਛੁੱਟ ਹੋਰ ਜੰਗ ਦੇ ਵਿੱਚ ਹਿੱਸਾ ਲੈਣ ਵਾਲੇ ਲੋਕ। ੨. ਨਿਹੰਗਾਂ ਸਿੰਘਾਂ ਦਾ ਜੱਥਾ, ਜੋ ਫਿਰਦਾ ਰਹੇ, ਪ੍ਰਚਾਰ ਤੇ ਸੋਧ ਕਰਦਾ ਰਹੇ। ੩. ਮੰਡਲੀ, ਸਤਿਸੰਗਤਦਾਟੋਲਾ।

ਵਹੀਰ ਪਾਉਣੀ–ਅਗੜ ਪਿੱਛੜ ਲਾਰ ਬੰਨ੍ਹਕੇ ਚੱਲਣਾ। ੨. ਭਾਜੜ ਪਾਉਣੀ, ਕੂਚ ਕਰਨਾ। ੩. ਚੜ੍ਹਾਈ ਕਰਨੀ। ਤੁਰ ਪੈਣਾ।

ਵਹੀਰ ਪੈਣਾ–ਇਕ ਦੂਜੇ ਦੇ ਮਗਰ ਲਗਕੇ ਟੁਰ ਪੈਣਾ।

ਵਹੀਰੀਆ–ਵਹੀਰ ਦਾ ਜਥੇਦਾਰਨਿਹੰਗਸਿੰਘ।

ਵਟਾਊ–ਪਰਾਹੁਣਾ, ਮੁਸਾਫਰ।

ਵਾਸੀ–ਵਸਨੀਕ, ਰਹਿਣ ਵਾਲਾ।

ਵਾਹਗੁਰੂ, ਵਾਹਿਗੁਰੂ–ਅਕਾਲ ਪੁਰਖ, ਪਰਮੇਸ਼ਰ ਦਾ ਸ਼ਿਰੋਮਣੀ ਨਾਮ।

ਵਾਹਿਗੁਰੂ ਜੀ ਕੀ ਫਤੇ, ਵਾਹਿਗੁਰੂ ਜੀ ਦੀ ਫਤੇ–ਇਹ ਸੰਖੇਪ ਵੇਲੇ ਖਾਲਸਾ ਜੀ ਦੇ ਆਪੋ ਵਿਚ ਦੀ ਮਿਲਣ ਦੇ ਵੇਲੇ ਵੇਲੇ ਜਾਂਦੇ ਹਨ। ਖਾਲਸਾ ਭਾਈਆਂ ਦੇ ਮਿਲਾਪ ਦੇ ਵੇਲੇ, ਅਥਵਾ ਜੁੱਧ ਜੰਗ ਵੇਲੇ ਦੇ ਜੈਕਾਰੇ।

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ | ਖਾਲਸਾ ਜੀ ਦੇ ਮਿਲਾਪ ਦਾ ਪੂਰਾ ਬੋਲਾ। ੨. ਅਕਾਲ ਪੁਰਖ ਪਰਮੇਸ਼ੁਰ ਦਾ ਇਹ ਖਾਲਸਾ ਪੰਥ ਹੈ ਅਤੇ ਓਸੇ ਅਕਾਲ ਪੁਰਖ ਦੀ ਜਿੱਤ ਹੈ। ੩. ਇਹ ਬੋਲਾ ਅੰਮ੍ਰਿਤ ਸੰਸਕਾਰ ਵੇਲੇ ਵੀ ਗੱਜਕੇ ਕਿਹਾ ਕਹਾਇਆ ਜਾਂਦਾ ਹੈ।

ਵਿਹਲੇ ਸਿਰ ਵਾਲਾ–ਮੋਨਾ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧੫.

ਬਿਨੈ ਪੱਤ੍ਰ

ਸੂਚਨਾ-ਇਹ ਰਚਨਾ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਟ੍ਰੈਕਟ ਨੰ: ੩੩੦ ਦੇ ਰੂਪ ਵਿਚ ਸੰਨ ੧੯੦੭ ਈ: ਵਿਚ ਪਹਿਲੀ ਵੇਰ ਪ੍ਰਕਾਸ਼ਿਤ ਹੋਈ ਸੀ। [ਸੰਪਾਦਿਕ

Digitized by Panjab Digital Library | www.panjabdigilib.org

ਭੂਮਿਕਾ

ਇਨ੍ਹਾਂ ਪੱਤਰਿਆਂ ਵਿਚ ਕੋਈ ਚਾਤੁਰੀ ਭਰੀ ਕਵਿਤਾ ਯਾ ਬੁੱਧੀਮਤਾ ਦੀ ਅਲੰਕ੍ਰਿਤ ਰਚਨਾ, ਵਿਦਜਾ ਦਾ ਚਮਤਕਾਰ ਯਾ ਕਿਸੇ ਤਰ੍ਹਾਂ ਦੀ ਪ੍ਰਬੀਨਤਾ ਦਿਖਲਾਉਣ ਦਾ ਮਤਲਬ ਨਹੀਂ ਹੈ, ਨਾਂ ਹੀ ਸਿਖ ਧਰਮ ਦੇ ਕਿਸੇ ਪ੍ਰਕਾਰ ਦੇ ਅਸੂਲਾਂ ਯਾ ਮਸਲਿਆਂ ਦੇ ਵਰਣਨ ਤੋਂ ਪ੍ਰੋਜਨ ਹੈ। ਇਹ ਕੇਵਲ ਇਕ ਦੁਖੀ ਪਰਮਾਰਥ ਦੇ ਢੁੰਡਾਉ ਤੇ ਵੈਰਾਗ ਗ੍ਰਸੇ ਦਿਲ ਦੇ ਹਾੜ੍ਹੇ ਹਨ, ਜੋ ਸ਼ਾਇਦ ਕਿਸੇ ਹੋਰ ਐਸੀ ਦਸ਼ਾ ਵਿਚ ਗ੍ਰਸੇ ਸੱਜਣ ਨੂੰ ਪ੍ਰਾਰਥਨਾ ਤੇ ਹਾੜ੍ਹੇ ਕੱਢਣ ਵਿਚ ਸਹਾਇਤਾ ਦੇਣ। ਇਹ ਬੇਨਤੀਆਂ ਗੁਰੂ ਤੇ ਗੁਰੂ ਦੇ ਪਿਆਰਿਆਂ ਅਗੇ ਐਸ ਤਰ੍ਹਾਂ ਹਨ ਜਿਕੂੰ ਸਾਮ੍ਹਣੇ ਬੈਠਕੇ ਤਰਲੇ ਕਰੀਦੇ ਹਨ। ਇਸ ਨੂੰ "ਅਪ੍ਰੋਖਜ ਬੇਨਤੀਆਂ" ਆਖਦੇ ਹਨ।

ਦਾਸ ਦੀ ਬੇਨਤੀ ਹੈ ਕਿ ਪਾਠਕ ਜਨ ਇਸ ਗੁਰ ਸਿੱਖੀ ਦੇ ਦਰ ਦੇ ਕੂਕਰ ਲਈ ਇਸ ਨੂੰ ਪੜ੍ਹ ਕੇ ਪ੍ਰਾਰਥਨਾ ਕਰਨ ਕਿ ਹੇ ਗੁਰੂ ਜੀ ਇਸ ਨਿਮਾਣੇ ਨੂੰ ਭੀ ਬਚਾ ਲਓ। ਜੋ ਪਾਠਕ ਪਿਆਰੇ ਮੈਂ ਨਿਮਾਣੇ ਲਈ ਇਹ ਦਾਨ ਬਖਸ਼ਣਗੇ ਉਹ ਬੜੀ ਭਾਰੀ ਕ੍ਰਿਪਾਲਤਾ ਕਰਨਗੇ ਅਰ ਇਸ ਮੰਗਤੇ ਨੂੰ ਆਪਣਾ ਸ਼ੁਕਰ ਗੁਜ਼ਾਰ ਬਨਾਉਣਗੇ। ਜਿਕੂੰ ਮੇਰੇ ਹੋਰ ਸਾਰੇ ਕਰਮ ਸ਼ੋਭਾ ਯੋਗ ਨਹੀਂ, ਖਿਮਾਂ ਦੇ ਯੋਗ ਹਨ, ਤਿਵੇਂ ਹੀ ਇਹ ਲੇਖ ਭੀ ਤਰਸ, ਖਿਮਾ ਤੇ ਸਹਾਯਤਾ ਦੀ ਆਸ ਤੇ ਲਿਖੇ ਹਨ। ਸਤਿਸੰਗ ਬਖਸ਼ਣਾ ਕਰੇ।

ਦਾਸ–ਬਿਨੈ ਕਰਤਾ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਬਿਨੈ ਪੱਤ੍ਰ

ਸਤ ਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
[ਸਿਰੀ ਰਾਗ ਮਃ ੧

ਪੁਨਃ–ਮੇਰੇ ਮਾਧਉਜੀ ਸਤਸੰਗਤਿਮਿਲੈਸੁ ਤਰਿਆ
[ਗੂਜਰੀ ਮਃ ੫

ਪੁਨਃ–ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥
[ਗਉੜੀ ਸੁਖਮਨੀ

ਪੁਨਃ–ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤ-
ਗੁਰੁ ਦੇਹੁ ਦਿਖਾਲਿ ॥ ਹਉ ਤਿਸੁ ਦੇਵਾ
ਮਨੁਆਪਣਾ ਨਿਤ ਹਿਰਦੈ ਰਖਾ ਸਮਾਲਿ॥
[ਵਾਃ ਗਾਃ ਮਃ ੫

ਬੇਨਤੀ ਪੱਤ੍ਰ ਨੰਃ ੧

ਸ੍ਰੀ ਯੁਕ੍ਤ ਸ੍ਰੀਮਾਨ ਮੇਰੇ ਮਾਨ ਕੋ ਅਸਥਾਨ ਸ੍ਰੀ ਯੁਤ ਖਾਲਸਾ ਦੀਵਾਨ ਸਾਧ ਸੰਗਤ ਜੀ ! ਪਰਮਪ੍ਰਧਾਨ, ਸਰਬੱਤ ਸਿਦਕੀ,ਹਠੀ,ਤਪੀ, ਜਪੀ, ਬਲਵਾਨ,ਜਤੀ ਸਤੀ, ਉਦਾਰ ਧੀਰਜ-ਵਾਨ, ਮਿੱਠਾ ਬੋਲਣ, ਨਾਮ ਜਪਣ, ਵੰਡ ਖਾਣ ਵਾਲੇ, ਬਚਨ ਦੇ ਪੂਰੇ, ਕਮਾਈ ਦੇ ਸੂਰੇ ਸਰਬੱਤ ਖਾਲਸਾ ਜੀ ਦੇ ਸਤਸੰਗਤ ਦੀਵਾਨ ਅਗੇ ਅਤੀ ਸਨਿੰਮ੍ਰ ਗਲ ਪੱਲਾ ਮੂੰਹ ਘਾਹ ਲੈਕੇ ਹੱਥ ਜੋੜੇ ਪ੍ਰਾਰਥਨਾ ਹੈ । ਆਪ ਦੇ ਚਰਨਾਂ ਦੀ ਧੂੜ ਮੱਥੇ ਤੇ ਲਾਕੇ ਆਪ ਦੇ ਦਰਵਾਜ਼ੇ 'ਅੱਗੇ ਸਿਰ ਰੱਖ ਕੇ ਅਤਯੰਤ ਦੀਨਤਾ ਸਹਿਤ ਬੇਨਤੀ ਕਰਨਾ ਹਾਂ, ਕਿਉਂਕਿ ਮੇਰਾ ਮਾਲਕ ਸੱਚਾ ਮਾਲਕ ਉਹ ਕਲਗੀਆਂ ਵਾਲਾ ਸੱਚਾ ਪਾਤਸ਼ਾਹ ਤੁਹਾਡੇ ਵਿਚ ਵੱਸਦਾ ਹੈ, ਤੁਹਾਡੇ ਪ੍ਰੇਮ ਨੂੰ ਕਬੂਲ ਤੇ ਪਰਵਾਨ ਕਰਦਾ ਹੈ। ਤੁਸੀਂ ਮੇਰੇ ਮਾਲਿਕ ਦੇ ਪਿਆਰੇ ਹੋ, ਤੁਸੀਂ ਮੇਰੇ ਮਾਲਿਕ ਦੀ ਕ੍ਰਿਪਾ ਦੇ ਪਾਤ੍ਰ ਹੋ । ਆਪ ਮੇਰੇ ਮਾਲਿਕ ਦੇ ਸਾਜੇ ਨਿਵਾਜੇ ਹੋਏ ਹੋ,ਇਸ ਲਈ ਮੈਂ ਅਨਾਥ ਦੀਨ ਤੇ ਦੁਖੀਆ ਆਪਣੇ ਮੰਦ ਕਰਮਾਂ ਕਰਕੇ ਦੂਰ ਪਛੜਿਆ ਹੋਇਆ ਆਪ ਦੀ ਸ਼ਰਣ ਆਣ ਪੁੱਜਾ ਹਾਂ ਅਤੇ ਆਪਣੀਆਂ ਕਰਤੂਤਾਂ ਤੋਂ ਭੈ ਭੀਤ ਹੋਇਆ ਬੇਨਤੀ ਕਰਦਾ ਸੰਗਦਾ ਹਾਂ ਪਰੰਤੂ "ਬਿਆ ਦਰੁ ਨਾਹੀ ਕੈ ਦਰਿ ਜਾਉ" ਵਾਲੀ ਗੱਲ ਮੈਨੂੰ ਬੇਨਤੀ ਕਰਨ ਲਈ ਲਾਚਾਰ ਕਰਦੀ ਹੈ, ਇਸ ਲਈ ਢੀਠ ਹੋਕੇ ਪ੍ਰਾਰਥਨਾ ਕਰਨਾ ਹਾਂ ਕਿ ਆਪ ਆਪਣੇ ਦੀਨ ਬੰਧੁ ਬਿਰਦ ਵਲ ਵੇਖਕੇ ਮੇਰੇ ਮਾਲਕ ਅੱਗੇ ਅਰ-ਦਾਸ ਕਰੋ ਕਿ ਇਕ ਨੀਚ ਪਾਪੀ ਅਜਾਨ ਕਰਮਾਂ ਦਾ ਮਾਰਿਆ ਅਤਿ ਦੁਖੀ ਅਤੇ ਅਤਿ ਦਲਿੱਦ੍ਰੀ ਜਨਮਾਂਤ੍ਰਾਂ ਦਾ ਭੁੱਲਾ ਹੋਇਆ ਆਪ ਦੀ ਸ਼ਰਣ ਢੱਠਾ ਹੈ ਤੇ ਆਪ ਨੂੰ ਬਿਰਦ ਬਾਣੇ ਦੀ ਲਾਜ ਹੈ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ" ਇਸ ਲਈ ਇਸ ਨੂੰ ਬੀ ਬਖਸ਼ੋ;ਹੇ ਕ੍ਰਿਪਾ ਦੇ ਸਮੁੰਦਰ ! ਇਸ ਤੇ ਕ੍ਰਿਪਾ

Digitized by Panjab Digital Library | www.panjabdigilib.org

ਕਰੋ; ਇਸ ਨੂੰ ਸਾਧ ਸੰਗਤ ਵਿਚ ਨਿਵਾਸ ਬਖਸ਼ੋ। ਇਸ ਨੂੰ ਆਪਣੇ ਦਰੋਂ ਘਰੋਂ ਅਵਿਰਲ ਭਗਤੀ ਪ੍ਰਦਾਨ ਕਰੋ, ਇਸ ਨੂੰ ਸ਼ਾਂਤਿ ਬਖਸ਼ੋ। ਇਸ ਦੇ ਮਨ ਨੂੰ ਚੈਨ ਤੇ ਆਰਾਮ ਬਖਸ਼ੋ, ਇਸਨੂੰ ਆਪਣੇ ਚਰਨਾਂ ਨਾਲ ਲਾ ਲਓ।

ਸੰਤਹੁ ਇਹਾ ਬਤਾਵਹੁ ਕਾਰੀ॥
ਜਿਤੁਹਉਮੈ ਗਰਬੁ ਨਿਵਾਰੀ॥[ਸੋਰਠ ਮਃ ਪ

ਹੇ ਸਾਧ ਸੰਗਤ ਜੀ! ਹੇ ਉਪਕਾਰ ਦੀ ਮੂਰਤ ਜੀ! ਹੇ ਅਨਾਥਾਂ ਦੇ ਮਾਤਾ ਪਿਤਾ ਵਤ ਪ੍ਰਤਿਪਾਲਾ ਕਰਨੇ ਵਾਲੇ ਖਾਲਸਾ ਜੀ! ਆਪ ਦੇ ਘਰ ਕੋਈ ਪਦਾਰਥ ਦੁਰਲਭ ਨਹੀਂ, ਜਿਸ ਦਰ ਤੋਂ ਅਨੇਕਾਨ ਅਨੇਕ ਵਰੇਸਾਉਂਦੇ ਹਨ ਓਥੇ ਇਕ ਮੈਂ ਕੰਗਾਲ ਦੀ ਕੀ ਗਿਣਤੀ ਹੈ, ਜਿਸ ਨੇ ਆਪ ਦੀ ਕ੍ਰਿਪਾ ਦ੍ਰਿਸ਼ਟੀ ਪਾਕੇ ਨਿਹਾਲ ਹੋਣਾ ਹੋਇਆ, ਮੈਂ ਨੀਚ ਕੋਈ

"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ
ਪ੍ਰੀਤਿ ਚਰਨ ਕਮਲਾਰੇ॥[ਦੇਵ ਗੰਧਾਰੀ ਮਃ ਪ

ਇਸ ਅਜਾਣ ਨਿਰਗੁਣੀਆਰ ਅਨਾਥ, ਮੂਰਖ, ਅਗਜਾਨੀ, ਲੋਭੀ, ਲਾਲਚੀ, ਪਾਮਰ, ਹਤਜਾਰੇ ਨੂੰ ਆਪਣੀ ਸ਼ਰਣ ਪਿਆ ਜਾਣ ਕੇ ਮਿਹਰ ਕਰੋ, ਕ੍ਰਿਪਾ ਕਰੋ, ਤਰਸ ਕਰਕੇ ਮੇਰੇ ਸੱਚੇ ਮਾਲਕ ਅੱਗੇ ਬੇਨਤੀ ਕਰੋ, ਅਰਦਾਸ ਕਰੋ, ਸ਼ਾਂਤਿ ਲੈ ਦਿਓ, ਸੰਤੋਖ ਲੈ ਦਿਓ, ਨਾਮ ਦਾਨ ਲੈ ਦਿਓ। ਆਪਣੇ ਝਾੜੂ ਬਰਦਾਰ ਸੇਵਕਾਂ ਵਿਚ ਜਗਹ ਬਖਸ਼ੋ, ਭਉ ਬਖਸ਼ੋ, ਭਾਉ ਬਖਸ਼ੋ, ਭਗਤੀ ਬਖਸ਼ੋ, ਭਾਣਾ ਮੰਨਣ ਦੀ ਜੁਗਤ ਬਖਸ਼ੋ, ਸਿੱਖੀ ਸਿਦਕ ਬਖਸ਼ੋ, ਆਪਣੇ ਚਰਨਾਂ ਦਾ ਅਤੁੱਟ ਪ੍ਰੇਮ ਬਖਸ਼ੋ।

ਕਰ ਜੋਰੇ ਗਰ ਅੰਚਰੋ ਤ੍ਰਿਣ ਦੰਤਨ ਸ਼ਸਟਾਂਗ।
ਪਰੋ ਰਹੋਂ ਪਦ, ਚਾਹ ਇਹ, ਗਰ ਰੁਕ ਕਚ ਮ੍ਰਿਦਾਂਗ।

ਹੇ ਸਾਧ ਸੰਗਤ ਜੀ! ਇਕ ਅਨਾਥ ਪਾਤਕੀ ਆਪ ਦੀ ਸੰਗਤੋਂ ਕਈ ਜਨਮਾਂ ਦਾ ਵਿਛੁੜਿਆ ਹੋਇਆ ਭਟਕ ਤੇ ਭਰਮ ਰਿਹਾ ਹੈ, ਕਿਸੇ ਦੇ ਵਾਸਤੇ ਤਰਸ ਅਰਦਾਸ ਕਰੋ। ਚਰਨਾਂ ਨਾਲ ਮੇਲ ਲਓ। ਭਟਕਣਾ ਤੇ ਭੈਣਾ ਨਿਵਿਰਤ ਕਰਕੇ ਆਪਣਿਆਂ ਕੂਕਰਾਂ ਵਿਚ ਜਗਹ ਬਖਸ਼ੋ। ਸ਼ਾਂਤਿ ਦੀ ਰੱਸੀ ਪਾਕੇ ਆਪਣੇ ਦਰ ਤੇ ਬੰਨ੍ਹ ਛੱਡੋ। ਮਿਹਰ ਕਰੋ, ਦਯਾ ਕਰੋ, ਕ੍ਰਿਪਾ ਕਰੋ, ਅਨੰਨਜ ਭਗਤੀ ਪ੍ਰਦਾਨ ਕਰੋ।

ਮੈਂ ਸੁਣਿਆਂ ਹੈ, ਓਥੇ ਸਾਧ ਸੰਗਤ ਦੀ ਹੀ ਅਰਦਾਸ ਕਬੂਲ ਹੁੰਦੀ ਹੈ। ਮੇਰੇ ਸੱਚੇ ਪਾਤਸ਼ਾਹ ਅਗੇ ਮੇਰੇ ਲਈ ਇਹ ਅਰਦਾਸ ਕਰੋ:— "ਸਰਣ ਪਏ ਦੀ ਲਾਜ ਰੱਖੋ, ਅਨਾਥ ਪੁਰ ਮਿਹਰ ਦੀ ਨਜ਼ਰ ਕਰੋ, ਸੁਮਤਿ ਸ਼ਾਂਤ ਨਿਰਭਯਤਾ ਪ੍ਰਦਾਨ ਕਰਕੇ ਚਰਨਾਂ ਨਾਲ ਲਾ ਲਓ"।

ਹਰਿ ਹਰਿ ਜਨ ਦੁਇ ਏਕ ਹੈ ਬਿਬ
ਬਿਚਾਰ ਕਛੁ ਨਾਹਿ ॥ ਜਲ ਤੇ ਉਪਜ
ਤਰੰਗ ਜਿਉ ਜਲ ਹੀ ਬਿਖੈ ਸਮਾਹਿ॥

ਹੇ ਸਾਧ ਸੰਗਤ ਖਾਲਸਾ ਜੀ! ਕਦੀ ਕਿਸੇ ਵੇਲੇ ਮਿਹਰੰਮਤ ਕਰਕੇ ਇਸ ਨੀਚ ਕ੍ਰਿਤਘਨ ਪਾਮਰ ਲਈ ਸੱਚੇ ਮਾਲਕ ਅੱਗੇ ਅਰਦਾਸ ਕਰੋ ਕਿ ਇਹ ਪਾਪੀ ਆਪਣਿਆਂ ਕਰਮਾਂ ਕਰਤੂਤਾਂ ਕਰਕੇ ਸੜ ਗਿਆ ਹੈ, ਕ੍ਰਿਪਾ ਦ੍ਰਿਸ਼ਟੀ ਕਰਕੇ ਇਸਨੂੰ ਹਰਿਆਂ ਕਰੋ। ਇਸਦੇ ਅਵਗੁਣ ਦੂਰ ਕਰਕੇ ਇਸਨੂੰ ਆਪਣੇ ਦਰੋਂ ਘਰੋਂ ਸੁਸ਼ਟ ਗੁਣ ਬਖਸ਼ੋ, ਸ਼ਰਨ ਪਏ ਦੀ ਲਾਜ ਰੱਖੋ। ਜੋ ਜੋ ਆਪਦੀ ਸ਼ਰਨ ਪਿਆ, ਸਤਿਸੰਗਤ ਨੇ ਕਦੀ ਪਾਪੀਆਂ ਦੇ ਗੁਣ ਔਗੁਣ ਨਹੀਂ ਚਿਤਾਰੇ, ਇਸੇ ਭਰੋਸੇ ਆਪਦੇ ਦਰ ਪਰ ਪਿਆ ਪੁਕਾਰਦਾ ਹਾਂ, ਕ੍ਰਿਪਾ ਕਰਕੇ ਬਹੁੜੋ।

Digitized by Panjab Digital Library | www.panjabdigilib.org

ਸੂਹੀ ਮਹਲਾ ੫ ਗੁਣਵੰਤੀ ॥
ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥ ਇਹੁ ਮਨੁ ਤੈਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥ ਹਉ ਆਇਆ ਦੂਰਹੁ ਚਲਿਕੈ ਮੈ ਤਕੀ ਤਉ ਸਰਣਾਇ ਜੀਉ ॥ ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥

ਪੁਨਾ:— ਬਿਲਾਵਲ ਮਹਲਾ ੫ ॥
ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥ ੧ ॥ ਤੁਮ ਮਿਲਤੇ ਮੇਰਾ ਮਨੁ ਜੀਓ ਤੁਮ ਮਿਲਹੁ ਦਇਆਲ ॥ ਨਿਸ ਬਾਸੁਰ ਮਨਿ ਅਨਦੁ ਹੰਤ ਚਿਤਵਤ ਕਿਰਪਾਲ ॥੧॥ਰਹਾਉ॥ ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ ਪਾਲ॥ਮੋਕਉ ਦੀਜੈ ਦਾਨੁ ਪ੍ਰਭ ਸੰਤਨ ਪਗ ਰਾਲ ॥ ੨ ॥ ਉਕਤਿ ਸਿਆਨਪ ਕਛੁ ਨਹੀ ਨਾਹੀ ਕਛੁ ਘਾਲਿ ॥ ਭ੍ਰਮ ਭੈ ਰਾਖਉ ਮੋਹ ਤੇ ਕਾਟਹੁ ਜਮ ਜਾਲ ॥ ੩ ॥ ਬਿਨਉ ਕਰਉ ਕਰੁਣਾਪਤੇ ਪਿਤਾ ਪ੍ਰਤਿਪਾਲ ॥ ਗੁਣ ਗਾਵਉ ਤੇਰੇ ਸਾਧ ਸੰਗਿ ਨਾਨਕ ਸੁਖ ਸਾਲ॥੪॥੧੧ ॥ ੪੧ ॥

ਮੇਰੈ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ॥ਕੋਈ ਐਸਾ ਸਜਣੁ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ॥[ਵਾਰ ਰਾਮ: ਮ:੫

—o—

ਬੇਨਤੀ ਪੱਤ੍ ਨੰ: ੨

ਸ੍ਰੀ ਮਾਨ, ਸ੍ਰੀ ਵਾਨ, ਸ੍ਰੀ ਸਿਰਦਾਨਿ, ਸ੍ਰੀ ਵਿਦੇਹ ਰੂਪ ਕਲਜ਼ਾਨ, ਸ੍ਰੀ ਵਰ ਪੰਥ ਅੰਕੁਰ ਅਸਥਾਨ, ਪੰਜ ਪਿਆਰੇ, ਪੰਜ ਵਰ-ਜਨ ਵਾਰੇ* । ਪੰਜਾਂ ਧਾਰਨ ਵਾਰੇ†, ਪੰਥ ਕਾਰਣ ਪੰਜਾਂ ਤੱਤਾਂ ਵਤ ਪ੍ਰਮਾਣੀਕ ।

ਆਪਦੇ ਚਰਨਾਂ ਕਮਲਾਂ ਤੇ ਸਨਿੰਮ੍ ਮੱਥਾ ਟੇਕ ਫਤਹ ਗਜਾਕੇ ਅਤਿ ਅਧੀਨਗੀ ਨਾਲ ਗਲ ਪੱਲਾ,ਮੂੰਹ ਘਾਹ,ਹਥ ਜੋੜਕੇ ਬੇਨਤੀ ਹੈ, ਮੈਂ ਨੀਚ ਕ੍ਰਿਤਘਨ ਅਨਾਥ ਦੀਨ ਤੇ ਦੁਖੀ ਭੁੱਖਾ ਡਿੱਖ੍ ਆਪਦੇ ਪਰਮ ਪਵਿੱਤ੍ ਦਰਵਾਜ਼ੇ ਤੇ ਪਿਆ ਹਾਂ, ਅਤਿ ਦੁਖੀ ਹੋਣੇ ਤੇ ਕੁਰਲਾ ਅਤੇ ਉੱਚੀ ਉੱਚੀ ਅਰੜਾਇ ਰਿਹਾ ਹਾਂ, ਕਿਉਂਕਿ ਇਹ ਜਗਤ ਦੀ ਸਨਾਤਨ ਰੀਤਿ ਚਲੀ ਆਉਂਦੀ ਹੈ:—ਕੁੱਤਾ ਅਥਵਾ ਮੰਗਤਾ, ਜਿੱਥੋਂ ਟੁੱਕ ਪੈ ਜਾਵੇ ਅਥਵਾ ਟੁੱਕ ਪੈਣ ਦੀ ਆਸ ਹੋਵੇ ਉਹ ਦਰਵਾਜ਼ਾ ਨਹੀਂ ਛੱਡਦਾ, ਹਰ ਵੇਲੇ ਪੂਛ ਹਿਲਾਉਂਦਾ ਭੁੱਖਾ ਪੇਟ ਦਿਖਾਉਣ ਲਈ ਪੈਰਾਂ ਅੱਗੇ ਲੇਟਦਾ, ਚਰਨ ਚੁੰਮਦਾ, ਬੂਥੀ ਉਚੇਰੀ ਕਰ ਕਰਕੇ ਭਉਂਕਦਾ ਰਹਿੰਦਾ ਹੈ, ਦੁਰਕਾਰੀਏ ਤਾਂ ਜਾਂਦਾ ਨਹੀਂ । ਗਰੀਬ ਨਿਵਾਜ ! ਜਾਵਾਂ ਕਿਥੇ ? ਹੋਰ ਕੋਈ ਸ਼ਰਣ ਪਾਲ ਦਰਵਾਜ਼ਾ ਨਹੀਂ ਹੈ। ਜਹਾਜ਼ ਦੇ ਕਾਉਂ ਨੂੰ ਬਿਨਾਂ ਜਹਾਜ਼ ਦੇ ਹੋਰ ਕੋਈ ਆਸਰਾ ਨਹੀਂ ਦਿੱਸਦਾ। ਇਕੁਰ ਹੀ ਮੈਂ ਆਤੁਰ ਨੂੰ ਬਿਨਾਂ ਆਪ ਦੀ ਸ਼ਰਣ ਦੇ ਹੋਰ ਕੋਈ ਜਗ੍ਹਾ ਨਹੀਂ ਲੱਭਦੀ । ਆਪ ਦੀ ਓਸ ਸਾਮਰਥ ਦੇ ਬਲਿਹਾਰ ਜਾਵਾਂ, ਸੌ ਜਾਨ ਤੋਂ ਕੁਰਬਾਨ ਹੋ ਜਾਵਾਂ, ਜਿਸ ਵੇਲੇ ਲਹੂ ਦੀ ਭਿਜੀ ਹੋਈ ਤਲਵਾਰ ਮੇਰੇ ਮਾਲਕ ਦੇ ਹੱਥ ਵਿਚ ਲਹਿ ਲਹਿ ਕਰ ਰਹੀ ਸੀ। ਉਸ ਵੇਲੇ ਮਾਲਕ ਦੀ ਪ੍ਰਸੰਨਤਾ ਵਾਸਤੇ ਹਰ ਇਕ ਸੋਚ ਅੰਦੇਸ਼ੇ ਤੋਂ ਬਾਹਰ ਸਿਰ ਅਰਪਣ ਕਰਨ ਲਈ ਇਕ ਤੋਂ ਪਿਛੇ

*ਪੰਜ ਦੂਤਾਂ ਨੂੰ ਵਰਜਨ ਵਾਲੇ ।
†ਪੰਜ ਰਹਿਤਾਂ ਰੱਖਣ ਵਾਲੇ ।

Digitized by Panjab Digital Library | www.panjabdigilib.org

ਹਰ ਇਕ ਨੇ ਆਪਣੇ ਆਪਨੂੰ ਕੁਰਬਾਨ ਕੀਤਾ। 'ਆਪਾ ਭਾਵ' ਤੋਂ ਆਪ ਮਰ ਗਏ, ਦੂਈ ਦਾ ਨਾਸ ਪ੍ਰੱਤਖ ਰੂਪ ਵਿਚ ਕਰ ਵਿਖਾਇਆ। ਫਿਰ ਮੇਰੇ ਮਾਲਕ ਨੇ ਅੰਮ੍ਰਿਤ ਦੇਕੇ ਜੀਵਨ ਪਦਵੀ ਬਖਸ਼ੀ, ਉਪਕਾਰੀ ਜ਼ਿੰਦਗੀ ਪ੍ਰਦਾਨ ਕੀਤੀ। ਰੁੜ੍ਹੇ ਜਾਂਦੇ ਧਰਮ ਅਤੇ ਧੀਰਜ ਨੂੰ ਪਵਿੱਤ੍ਰ ਲਹੂ ਨਾਲ ਸਿੰਜਿਆ।

ਹੇ ਮੇਰੇ ਕਲਗੀਆਂ ਵਾਲੇ ਦੇ ਸੱਚੇ ਪਿਆਰਿਓ! ਬਾਜਾਂ ਵਾਲੇ ਦੇ ਦੁਲਾਰਿਓ! ਸਦੀਵ-ਕਾਲ ਪੰਥ ਦੇ ਅੰਗ ਸੰਗ ਰਹਿਣ ਵਾਲਿਓ! ਸਿਦਕੀਆਂ ਦੇ ਮੁਹਰੀਓ! ਸਿੱਖੀ ਦੇ ਭੰਡਾਰੀਓ! ਹੇ ਪਰਉਪਕਾਰੀਓ! ਇਸ ਮੰਗਤੇ ਤੇ ਵੀ ਕ੍ਰਿਪਾ ਦ੍ਰਿਸ਼ਟੀ ਕਰੋ। ਭਾਵੇਂ ਕੱਚਾ ਪਿੱਲਾ ਦਬੜੂ ਘੁਸੜੂ ਕੈਸਾ ਹੀ ਨੀਚ ਤੇ ਪਾਮਰ ਕ੍ਰਿਤਘਨ ਹਾਂ ਪੁੱਤ੍ਰ ਆਪ ਦੀ ਦਰਗਾਹ ਸ਼ਰਣ ਪਾਲ ਤੇ ਪਤਿਤ ਪਾਵਨ ਹੋਣੇ ਪਰ ਦ੍ਰਿੜ ਭਰੋਸਾ ਹੈ ਕਿ ਮੇਰੇ ਅਵਗੁਣਾ ਨਾਲ''ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ'' ਵਾਲੀ ਗਲ ਬਣੇਗੀ। ਮੇਰੇ ਦੁੱਖ ਦਲਿੱਦ੍ ਤੇ ਪਾਪ, ਸੰਤਾਪ, ਸਹਸਾ, ਸੋਚ, ਚਿੰਤਾ ਆਦਿਕ ਉਨਾ ਚਿਰ ਹੀ ਮੈਨੂੰ ਕਲੇਸ਼ ਦੇਂਦੇ ਹਨ, ਜਿੰਨਾ ਚਿਰ ਆਪ ਮਿਹਰ ਦੀ ਨਜ਼ਰ ਨਾਲ ਇਧਰ ਨਹੀਂ ਦੇਖਦੇ।

ਹੇ ਪੰਥ ਦੇ ਆਗੂਓ! ਹੇ ਪੰਥ ਵਿਚ ਹਰ ਵੇਲੇ ਤੇ ਹਰ ਜਗ੍ਹਾ ਅਕਾਸ਼ ਵਤ ਪਰੀ ਪੂਰਨ ਰਹਿਣ ਵਾਲਿਓ! ਹੇ ਅੰਮ੍ਰਿਤ ਵੇਲੇ ਦੇ ਪ੍ਰਧਾਨ ਮੁਖੀਓ! ਹੇ ਵਰਤਾਰੇ ਦੇ ਮੋਹਰੀਓ! ਹੇ ਸਾਦਕਾਂ ਵਿਚ ਮੋਹਰੀਓ! ਮੈਂ ਅਨਾਥ ਭੁੱਖੇ ਮੰਗਤੇ ਤੇ ਕਦੀ ਤਰਸ ਕਰੋ, ਕੋਈ ਰਹਿਆ ਖਹਿਆ ਬੇਹਾ ਟੁੱਕ ਸ੍ਰੀ ਗੁਰ ਨਾਨਕ ਦੇਵ ਸ੍ਵਾਮੀ ਅਲਖ ਅਭੇਵ, ਅੰਤਰਜਾਮੀ ਦੇ ਸਦਾਵਰਤ ਵਿਚੋਂ ਸਿੱਟਕੇ ਪਰਚਾਇ ਵਿਲ-ਚਾਇ ਛਡੋ।ਨਹੀਂ ਤਾਂ ਆਪ ਜਾਣਦੇ ਹੋ ਮੰਗਤਿਆਂ ਦੀ ਜਾਤ ਜਿੱਦਲ ਹਠੀਅਲ, ਸੜੀਅਲ ਤਾਂ ਅਵਸੱਾਂ ਹੁੰਦੀ ਹੈ, ਇਸਤੇ ਆਪਦੇ ਪਵਿੱਤ੍ ਦਰਵਾਜ਼ੇ ਤੇ ਪਿਆ ਹਰ ਵੇਲੇ ਪੁਕਾਰਦਾ ਤੇ ਕੁਰਲਾਉਂਦਾ ਰਹਾਂਗਾ, ਵਿਅਰਥ ਬਕਵਾਸ ਕਰ ਕਰਕੇ ਅਕਾਵਾਂਗਾ, ਕਿਉਂਕਿ ਜਦ ਤਕ ਭੁੱਖਾ ਹਾਂ ਅਵਸ ਹਾਲ ਦੁਹਾਈ ਕਲੇਜਾ ਪਾੜ ਪਾੜ ਨਿਕਲਦੀ ਰਹਿਣੀ ਹੈ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
[ਗਉ: ਵਾਰ ਮਃ ੪

ਹੇ ਅਥੱਕ ਪਰਉਪਕਾਰੀਓ! ਆਪ ਦੇ ਦਰ ਦਾ ਮੰਗਤਾ, ਅਨਾਥ ਦੀਨ ਦੁਖੀ ਅਤਿ ਨੀਚ ਕੁਝ ਚਿਰ ਤੋਂ ਿਨਾਹ ਲਾਈ ਬੈਠਾ ਹੈ। ਬਾਰ ਬਾਰ ਚਰਨ ਧੂੜ ਵਿਚ ਲੇਟਦਾ ਦਲ੍ਹੀਜ ਤੇ ਮੱਥਾ ਘਸਾਉਂਦਾ, ਨੱਕ ਰਗੜਦਾ, ਹਾੜੇ ਕੱਢਦਾ, ਰੋਂਦਾ ਤੇ ਡੁਸਕਾਰੇ ਭਰਦਾ, ਵਾਸਤੇ ਪਾਉਂਦਾ, ਬੇਨਤੀਆਂ ਕਰਦਾ ਹੈ। ਕਿਸੇ ਪਿਆਰੇ ਦਾ ਸਦਕਾ ਦਰਵਾਜ਼ੇ ਅੱਗੇ ਪਿਆ ਰਹਿਣ ਦਿਓ। ਮੇਰਾ ਜੀ ਭਰ ਭਰ ਆਉਂਦਾ ਹੈ, ਮੈਨੂੰ ਖੁੱਲ੍ਹ ਕੇ ਰੋ ਲੈਣ ਦਿਓ।

ਜੇ ਕੁਛ ਦਇਆ ਆਵੇ, ਭਲਾ ਕਦੀ ਤਰਸ ਪੈ ਜਾਵੇ ਤਾਂ ਮੇਰੇ ਮਾਲਕ, ਮੇਰੇ ਸੱਚੇ ਪ੍ਰਤਿਪਾਲਕ, ਮੇਰੇ ਦੀਨ ਦੁਨੀ ਦੇ ਵਾਲੀ (ਮੈਂ ਉਸ ਪ੍ਰਭੂ ਦੇ ਨਾਉਂ ਤੋਂ ਕੁਰਬਾਨ ਹੋ ਜਾਵਾਂ) ਉਸ ਕਲਗੀਆਂ ਵਾਲੇ ਅੱਗੇ ਬੇਨਤੀ ਕਰੋ ਕਿ ਇਹ ਸ਼ੁਦਾਈ ਜੇਹਾ ਦਰਵਾਜ਼ੇ ਤੇ ਪਿਆ ਹਰ ਵੇਲੇ ਬਕਵਾਸ ਕਰਦਾ ਹੈ, ਇਹ ਅੜੀਅਲ ਜੇਹਾ ਚੰਦਰਾ ਭੈੜਾ ਮੰਗਤਾ ਹੈ, ਇਸਨੂੰ ਵੀ ਅਪਣਿਆਂ ਚਰਨ ਕਮਲਾਂ ਦਾ ਪ੍ਰੇਮ ਅਥਵਾ ਅਵਿਰਲ ਭਗਤੀ ਨਹੀਂ ਅਨਪਾਇਨੀ ਸੇਵਾ ਹੀ ਬਖਸ਼ਕੇ ਪਰਚਾਇ ਛੱਡੋ, ਹਰ ਵੇਲੇ ਵਿਅ-

Digitized by Panjab Digital Library | www.panjabdigilib.org

ਰਥ ਤਾਂ ਨਾ ਪਿਆ ਅਕਾਵੇ।

ਹੇ ਗੁਰੂ ਗਲੀ ਦੇ ਪੰਧਾਊਓ ! ਹੇ ਸਿਰਾਂ ਦੇ ਸੱਟੇ ਸਿੱਖੀ ਨਿਬਾਹੁਣ ਵਾਲਿਓ ! ਹੇ ਸੱਚੇ ਸਿਦਕ ਦੇ ਸਿਦਕੀਓ ! ਹੇ ਸੱਚਮੁੱਚ ਗੁਰੂ ਤੋਂ ਕੁਰਬਾਨ ਹੋਣ ਵਾਲਿਓ ! ਹੇ ਮਰਕੇ ਸਦਾ ਲਈ ਜੀਵਨ ਵਾਲਿਓ ! ਪਰਵਾਣ ਪਿਆਰਿਓ ! ਬੇਪਰਵਾਹੋ ! ਤੁਹਾਡੇ ਕੀ ਪਰਵਾਹ ਹੈ, ਜੇ ਇਕ ਅਨਾਥ ਮੰਗਤੇ ਦੀ ਖਬਰ ਮੇਰੇ ਮਾਲਕ ਨੂੰ ਕਰ ਦਿਓ ਕਿ ਇਹ ਉਹੋ ਪੁਰਾਣਾ ਨੀਚ ਮੰਗਤਾ ਜੋ ਕਈ ਜਨਮਾਂ ਤੋਂ ਸਾਂਗ ਧਰ ਧਰਕੇ ਪਾਪ ਕਰਮਾਂ ਨੂੰ ਮੁਹਰੇ ਕਰ ਕਰਕੇ ਅਭਯਤਾ ਮੰਗਦਾ ਹੀ ਚਲਿਆ ਆਉਂਦਾ ਹੈ ਅਤੇ ਹੁਣ ਇਹ ਵਿਲਕਣੀਆਂ ਕਢਦਾ ਹੋਇਆ ਰੋਂਦਾ ਰੋਂਦਾ ਕਹਿੰਦਾ ਹੈ:—

"ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ ॥"

[ਧਨਾ: ਰਵਿ:

ਬੜੀ ਚਿਰਾਕੀ ਇਸਨੂੰ ਲਲ ਲਗ ਰਹੀ ਹੈ, ਸਤ, ਸੰਤੋਖ, ਨਾਮ, ਪ੍ਰੇਮ ਤੇ ਅਵਿਰਲ ਭਗਤੀ ਦੀ ਹੀ ਪੁਕਾਰ ਕਰਦਾ ਹੈ ਅਤੇ ਹੋਰ ਇਸ ਲਈ ਕੋਈ ਆਸਰਾ ਵੀ ਨਹੀਂ, ਜਿੱਥੇ ਜਾਕੇ ਪੁਕਾਰੇ, ਇਸ ਲਈ ਕਿਰਪਾ ਕਰਕੇ ਇਸਨੂੰ ਬਖਸ਼ੋ ! ਬਖਸ਼ੋ !! ਬਖਸ਼ੋ !!!

"ਜ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥"

[ਸਲੋਕ ਵਾਰ ਤੇ ਵ: ਮਃ ੧

"ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥"

[ਤਿਲੰਗ ਮ: ੧

ਇਤਯਾਦਿਕ ਗੁਰੂ ਬਚਨਾਂ ਨੂੰ ਸਫਲ ਕਰਕੇ ਦਿਖਾਉਣ ਵਾਲਿਓ ! ਗੁਰੂ ਪਰਮੇਸ਼ੁਰ ਨਾਲ ਅਭੇਦ ਹੋਕੇ ਫਿਰ ਵੀ ਸਿਖੀ ਸਿਦਕ ਭਰੋਸਾ ਪੂਰਣ ਨਿਬਾਹੁਣ ਵਾਲਿਓ ! ਹੇ ਅਣਹੋਂਦਾ ਆਪ ਵੰਡਾਉਣ ਵਾਲਿਓ ! ਹੇ ਕਲਗੀਆਂ ਵਾਲੇ ਦੇ ਸਾਜ ਕੇ ਨਿਵਾਜਿਓ ! ਹੇ ਰਾਣਿਆਂ ਪਾਤਸ਼ਾਹਾਂ ਰਾਜਿਆਂ ਦੇ ਮਹਾਰਾਜਿਓ ! ਮੈਂ ਅਨਾਥ ਤੇ ਅਨਜਾਣ ਮੰਗਤੇ ਵੱਲ ਵੀ ਕਦੀ ਪਰਤਕੇ ਦੇਖੋ। ਜੇ ਤੁਹਾਡਾ ਬਿਰਦ ਪਤਿਤ ਪਾਵਨ ਹੈ, ਤਾਂ ਮੈਂ ਵੱਡਿਆਂ ਤੋਂ ਵੀ ਵੱਡਾ ਭਾਰੀ ਪਾਪੀ ਹਾਂ, ਮੇਰੀਆਂ ਸੋਆਂ ਸੁਣ ਸੁਣ ਕੇ ਨਰਕ ਵੀ ਅਪਣਾ ਨੱਕ ਵੱਟਦਾ ਹੈ ਤੇ ਘਾਬਰਦਾ ਹੈ, ਭਈ ਅਜਿਹਾ ਪਾਪੀ ਮੇਰੇ ਵਿਚ ਆਉ?

ਜੇ ਆਪ ਪਰਉਪਕਾਰੀ ਹੋ ਤਾਂ ਮੇਰੇ ਜਿਹਾ ਦੀਨ ਦੁਖੀ ਦਰਦਾਂ ਭਰਿਆ ਅਕ੍ਰਿਤਘਣ ਆਤਮ ਹਤਿਆਰਾ ਤੁਹਾਨੂੰ ਦੇਖਣ ਵਾਲੀਆਂ ਅੱਖਾਂ ਤੋਂ ਅੰਨ੍ਹਾਂ, ਤੁਹਾਡੇ ਜਸ ਸੁਣਨ ਵਾਲੇ ਕੰਨਾਂ ਤੋਂ ਬੋਲਾ, ਤੁਹਾਡੇ ਜਸ ਗਾਉਣ ਵਾਲੀ ਜੀਭ ਤੋਂ ਗੂੰਗਾ, ਤੁਹਾਡੇ ਪਿਆਰਿਆਂ ਦੀ ਸੇਵਾ ਟਹਿਲ ਕਰਨ ਤੋਂ ਟੁੰਡਾ, ਤੁਹਾਡੇ ਸੇਵਕਾਂ ਦੇ ਦਰਸ਼ਨ ਕਰਨ ਜਾਣ ਲਈ ਪੈਰਾਂ ਤੋਂ ਲੂਹਲਾ, ਤੁਹਾਡੇ ਉਪਕਾਰ ਮੰਨਣੋਂ ਕ੍ਰਿਤਘਨ, ਤੁਹਾਡੇ ਜਸ ਵਡਿਆਈ ਤੋਂ ਬੇਖਬਰ ਹੋਕੇ ਵੀ ਫਿਰ ਤੁਹਾਡੇ ਦਰ ਤੇ ਉੱਚੀ ਉੱਚੀ ਅਰਜ਼ਾਕੇ ਹਰ ਵੇਲੇ ਤੁਹਾਨੂੰ ਹੀ ਅਕਾਉਣ ਵਾਲਾ ਪੂਰਾ ਉਪਕਾਰ ਪਾਤ੍ਰ ਮੈਂ ਹੀ ਹਾਂ, ਇਸ ਢੀਠ ਅਤੇ ਨਿਰਲੱਜਤਾ ਦੀ ਖਾਣ ਪਰ ਆਪਣਾ ਬਿਰਦ ਚਿਤਾਰਕੇ ਮਿਹਰ ਕਰੋ, ਦਯਾ ਕਰੋ, ਕ੍ਰਿਪਾ ਕਰੋ, ਕਿਸੇ ਵੇਲੇ ਮੇਰੇ ਦਿਲ ਦੇ ਮਾਲਕ ਅਗੇ ਪ੍ਰਾਰਥਨਾ ਕਰੋ ਕਿ ਕ੍ਰਿਤਘਨ ਜਾਤ ਦੇ ਮੰਗਤੇ, ਬੜੇ ਨਿਖਿੱਧ ਤੇ ਨੀਚ ਹੁੰਦੇ ਹਨ, ਜਿਸ ਦਰਵਾਜ਼ਿਓਂ ਕੁਝ ਟੁੱਕ ਮਿਲਨ ਦੀ ਆਸ ਹੋਵੇ ਉਸ ਦਰ ਤੋਂ ਕਦੀ ਹਿੱਲਦੇ ਹੀ

Digitized by Panjab Digital Library | www.panjabdigilib.org

ਨਹੀਂ ਤੇ ਹਰ ਵੇਲੇ ਬੋਲਦੇ ਹੀ ਰਹਿੰਦੇ ਹਨ। ਇਸ ਲਈ ਹੇ ਮਨਸਾ ਪੂਰਨ ਸ਼ਰਣਾ ਫੋਗ! ਇਹ ਨਿਰਾਸ ਹੋਕੇ ਜਾਵੇ ਕਿੱਥੇ? ਇਸਨੂੰ ਤਾਂ ਹੋਰ ਕੋਈ ਜਗ੍ਹਾ ਹੀ ਨਹੀਂ ਅਤੇ ਇਸ ਦਰ ਤੋਂ ਖਾਲੀ ਵੀ ਕਦੀ ਕੋਈ ਨਹੀਂ ਗਿਆ, ਤਾਂਤੇ ਇਸਨੂੰ ਵੀ ਸ਼ਾਂਤ ਦਾਨ ਬਖਸ਼ੋ, ਹਰ ਵੇਲੇ ਅਕਾਏਗਾ ਤਾਂ ਨਹੀਂ।

ਮਃ ੫ ॥

ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣ-ਹਾਰੁ ॥ ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੂਖ ਵਿਸਾਰਣ ਹਾਰੁ ॥ ਹਰਿਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ ॥ ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਹੰਕਾਰ ॥ ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ ॥ ਅਠੇ ਪਹਰ ਇਕਤੈ ਲਿਵੈ ਮੰਨੇ ਨਿ ਹੁਕਮੁ ਅਪਾਰੁ ॥ ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ ॥ [ਰਾਮਃ ਵਾਰ

ਰਾਗ ਗਉੜੀ ਪੂਰਬੀ ਮਹਲਾ ੫

ੴ ਸਤਿਗੁਰਪ੍ਰਸਾਦਿ ॥

ਕਵਨ ਗੁਨ ਪ੍ਰਾਨ ਪਤਿ ਮਿਲਉ ਮੋਤੀ ਮਾਈ ॥ ੧ ॥ ਰਹਾਉ ॥ ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥ ੧ ॥ ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥ ੨ ॥ ਖੋਜਤ ਖੋਜਤ ਭਈ ਵੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥ ੩ ॥ ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕਸਾਧਸੰਗਿ ਮੋਰੀਜਲਨਿਬੁਝਾਈ॥੪॥

—o—

ਬੇਨਤੀ ਪੱਤ੍ਰ ਨੰਃ ੩

ਸ੍ਰੀ ਯੁਕ੍ਤ, ਸ੍ਰੀ ਮਤੀ, ਸ੍ਰੀ ਵਤੀ, ਸ੍ਰੀ ਸ੍ਰੀਮਨਿ ਮਾਤਾ ਜੀ ਮਾਤਾ ਸਾਹਿਬ ਕੌਰ ਜੀ! ਸਰਬਤ ਖਾਲਸੇ ਜੀ ਦੀ ਸਚਲੀ ਅੰਮਾ! ਧਾਰਮਿਕ ਅੰਮਾਂ! ਪਿਆਰੀ ਅੰਮਾਂ! ਸੱਚੇ ਰਾਹ ਦੀ ਰਹਿਬਰ ਅੰਮਾਂ! ਦੋਹਾਂ ਜਹਾਨਾਂ ਦੀ ਅੰਮਾਂ! ਦਯਾਲ ਅੰਮਾਂ! ਸ਼ਰਣ ਪਾਲ ਅੰਮਾਂ! ਮਹਿੰਟਰਾਂ ਅਨਾਥਾਂ ਪੁਰ ਤਰਸ ਕਰਨ ਵਾਲੀ ਅੰਮਾਂ! ਹੇ ਮੇਰੀ ਹਿਤਕਾਰ ਅੰਮਾਂ! ਮੈਂ ਤੇਰਿਆਂ ਚਰਨਾਂ ਤੋਂ ਬਲਿਹਾਰ ਜਾਵਾਂ, ਕੁਰਬਾਨ ਜਾਵਾਂ! ਹੇ ਉਪਕਾਰ ਮੂਰਤਿ ਅੰਮਾਂ! ਮੇਰੀ ਦਰਦਣ ਅੰਮਾਂ! ਤੇਰਿਆਂ ਚਰਨਾਂ ਦੀ ਧੂੜੀ ਪਰ ਨੱਕ ਮੱਥਾ ਘਿਸਦਾ ਹੋਇਆ ਤਰਲੇ ਕਰਦਾ, ਹਾੜੇ ਕੱਢਦਾ ਹੋਇਆ ਪੁਕਾਰ ਕਰਦਾ ਹਾਂ, ਬਾਹੁੜੀ ਅੰਮਾਂ, ਬਾਹੁੜੀ ਅੰਮਾਂ! ਅੰਮਾਂਜੀ! ਮੈਂ ਅਤਿ ਨੀਚ ਤੇ ਘੋਰ ਪਾਪੀ ਹਤਜ਼ਾਰਾ ਕਰਮਾਂ ਦਾ ਮਾਰਿਆ ਦਰਿਦ੍ਰੀ ਦੀਨ ਦੁਖੀ ਅਤੇ ਭੁੱਖਾ ਰਈ ਜਨਮਾਂ ਤੋਂ ਭੁੱਲਾ ਹੋਇਆ ਆਪ ਦੇ ਦਰਵਾਜ਼ੇ ਪਰ ਆਣ ਪੁੱਜਾ ਹਾਂ। ਹੋਰਥੇ ਮੈਂ ਅਨਾਥ ਨੂੰ ਕਿਤੇ ਟਿਕਾਉ ਨਹੀਂ ਮਿਲਿਆ। ਕ੍ਰਿਪਾ ਕਰੋ ਮੇਰੇ ਔਗੁਣ ਬਖਸ਼ੋ। ਆਪਣਿਆਂ ਚਰਨਾਂ ਨਾਲ ਲਾਓ। ਮੇਰਿਆਂ ਕਰਮਾਂ ਵਲ ਨਾਂ ਵੇਖੋ, ਨਿਰਾ ਆਪਣੇ ਸ਼ਰਣ-ਪਾਲ ਬਿਰਦ ਨੂੰ ਵੇਖਕੇ ਮਿਹਰ ਕਰੋ, ਕਿਰਪਾ ਕਰੋ। ਚਿਟੇਕਾ ਨਿਖੜਿਆ, ਵਿਛੁੜਿਆ ਹੋਇਆ ਆਪਣਾ ਕੁੱਤਾ ਬਿੱਲਾ ਜਾਣ ਕੇ ਪਿਆਰ ਦਿਓ, ਦਿਲਾਸਾ ਦਿਓ। ਕ੍ਰਿਪਾ ਭਰੀ ਨਿਗਾਹ ਨਾਲ ਵੇਖੋ ਮੈਂ ਕੁੱਤਿਆਂ ਵਾਕਰ ਆਪਦੀ ਚਰਣ ਧੂੜ ਵਿਚ ਲੇਟਾਂ ਤੇ ਰੋ ਰੋ ਕੇ ਆਪਣੇ ਬੀਤੇ ਹੋਏ ਦੁਖੜੇ ਸੁਣਾਵਾਂ। ਪਿਛਲੇ ਬੀਤੇ ਹੋਏ ਦੁਖ ਯਾਦ ਕਰਦਿਆਂ ਕੰਬਣੀਆਂ ਆਉਂਦੀਆਂ ਤੇ ਵਡਾ ਡਰ ਲਗਦਾ ਹੈ। ਅਗੇ ਨਰਕ ਤੇ ਨਰਕ ਦੇ ਰਾਜਾ ਧਰਮ-ਰਾਜ ਦਾ ਨਾਉ ਸੁਣ ਸੁਣਕੇ ਡਾਢਾ ਡਰ

Digitized by Panjab Digital Library | www.panjabdigilib.org

ਆਉਂਦਾ ਹੈ, ਕੀ ਜਾਣਾ ਅਗੇ ਚੱਲ ਕੇ ਮੇਰੇ ਕਰਮ ਕੀ ਕਰਨਗੇ, ਇਸ ਲਈ ਗਲ ਪੱਲਾ ਮੂੰਹ ਘਾਹ ਲਈ ਆਪਦੇ ਦਰ ਤੇ ਸਿਰ ਰੱਖੀ ਅਤਿ ਅਧੀਨਗੀ ਨਾਲ ਬੇਨਤੀ ਕਰਦਾ ਹਾਂ ਕਿ ਤੂੰ ਪਰਮਾਰਥ ਦੇ ਰਾਹ ਦੀ ਸਹਾਯਕ ਅੰਮਾ ਹੈਂ ਆਪਣੇ ਦੀਨ ਦੁਖੀ ਭੁੱਖੇ ਅਨਾਥ ਬੱਚਿਆਂ ਤੇ ਤਰਸ ਕਰਨ ਵਾਲੀ ਅੰਮਾਂ ਹੈਂ; ਮੈਂ ਅਨਾਥ ਪੁਰ ਵੀ ਤਰਸ ਕਰਕੇ ਕਿਸੇ ਵੇਲੇ ਜੇ ਕਿਤੇ ਕੋਈ ਅਵਸਰ ਮਿਲ ਜਾਵੇ ਤਾਂ ਮੇਰੇ ਸਚੇਪ੍ਰਤਿ ਪਾਲਕ ਪਿਤਾ ਅਗੇ ਮੇਰੀ ਅਰਦਾਸ ਬੇਨਤੀ ਕੀਤੀ ਜਾਵੇ:-

ਕਿ ਇਤ੍ਰ ਦੁਖੀਆ ਅਤਜੰਤ ਘੋਰਾਂ ਤੋਂ ਵੀ ਮਹਾਂ ਘੋਰ ਪਾਪੀ ਕੁਝ ਕਾਲ ਤੇ ਆਪਦੇ ਦਰ-ਵਾਜੇ ਪਰ ਪਇਆ ਬਕਵਾਸ ਕਰਦਾ ਅਤੇ ਰੋਲਾ ਪਾਉਂਦਾ ਹੈ, ਕਦੀ ਸਤਿਸੰਗਤ ਦੀ ਧੂੜ ਵਿਚ ਲੇਟਦਾ ਹੈ, ਕਦੀ ਰੋਂਦਾ ਹੈ, ਕਦੀ ਉੱਚੀ ਉੱਚੀ ਬਕਦਾ ਹੈ ਤੇ ਕਹਿੰਦਾ ਹੈ ਮੈਂ ਇਆ ਮਾਲਕਾ। ਮੈਨੂੰ ਹੋਰ ਕੋਈ ਨਹੀਂ ਝੱਲਦਾ! ਦੱਸ ਮੈਂ ਕਿਥੇ ਜਾਵਾਂ, ਮੈਨੂੰ ਕੋਈ ਜਗਹ ਨਹੀਂ ਮਿਲਦੀ, ਤੇਰਾ ਬਿਰਦ ਗ਼ਰੀਬ ਨਿਵਾਜ ਹੈ ਮੈਂ ਗਰੀਬ ਤੇ ਵੀ ਤਰਸ ਕਰ, ਤੇਰਾ ਨਾਮ ਪਤਿਤ ਪਾਵਨ ਹੈ ਮੈਂ ਪਾਪੀ ਨੂੰ ਵੀ ਪਵਿਤ੍ਰ ਕਰ। ਤੈਨੂੰ ਸਭ ਕੋਈ ਦਯਾਲ ਕਹਿੰਦਾ ਹੈ, ਮੈਂ ਅਨਾਥ ਪੁਰ ਭੀ ਦਯਾ ਕਰ, ਮਿਹਰ ਕਰ, ਤਰਸਕਰ। ਹੇ ਮੇਰੀ ਪਿਆਰੀ ਅੰਮਾਂ ! ਮੇਰੇ ਇਸ ਭੌਂਦੂ ਮਨ ਨੂੰ ਕ੍ਰਿਪਾ ਦਾ ਸੰਗਲ ਪਾਕੇ ਮਹਾਰਾਜ ਦੇ ਚਰਨਾਂ ਕਮਲਾਂ ਨਾਲ ਜੋੜਦਿਓ, ਮੇਰੀ ਦੁਰਮਤਿ ਦੂਰ ਕਰਕੇ ਮੈਨੂੰ ਸੁਮਤਿ ਵਾਲੀ ਗੁਰਮਤਿ ਲੈ ਦਿਓ ਮੈਨੂੰ ਸਤਿ ਸੰਤੋਖ ਤੇ ਅਵਿਰਲ ਭਗਤੀ ਦਾ ਦਾਨ ਲੈ ਦਿਓ, ਮੈਨੂੰ ਅਭੈ ਦਾਨ ਲੈ ਦਿਓ।

ਮੇਰੀ ਪਜਾਰੀ ਮਾਂ ਜੀ ! ਮੈਂ ਕੀ ਦਸਾਂ ? ਮੈਂ ਆਪਣੇ ਦੁਖ ਰੋਂਦਾ ਹੋਯਾ ਸ਼ਰਮਿੰਦਾ ਹੁੰਦਾ ਹਾਂ, ਪਰ ਕੀ ਕਰਾਂ? ਹੋਰ ਕੋਈ ਜਗ੍ਹਾ ਨਹੀਂ ਜਿਥੇ ਜਾਕੇ ਰੋਵਾਂ।

ਮਾਂ ਜੀ ! ਮੇਰੇ ਦਿਨ ਬੁਰੇ, ਹਾਲ ਬੁਰਾ, ਦਸ਼ਾ ਬੁਰੀ, ਦੁਖ ਬੁਰੇ ਬਿਖੜੇ ਬੁਰੇ, ਹਾਇ ਰਬਾ ! ਡਾਢੇ ਬੁਰੇ, ਵਾਹਿਗੁਰੂ! ਇਹ ਬੁਰੇ ਸਭੇ ਕਿਨ ਕੀਤੇ ? ਇਹ ਸਭੇ ਬੁਰੇ ਮੇਰੇ ਮਨ ਦੁਸ਼ਟ ਕੀਤੇ ਹਨ।

ਇਸ ਨੀਚ ਮਨ ਦੇ ਹੱਥੋਂ ਅਤਿ ਕਲੇਸ਼ ਪਾ ਰਿਹਾ ਹਾਂ। ਨਾਂ ਦਿਨੇ ਚੈਨ ਨਾਂ ਰਾਤੀਂ ਆਰਾਮ ਮਿਲਦਾ ਹੈ। ਏ ਭਟਕਦਾ ਹੈ, ਡੋਲਦਾ ਹੈ, ਭੌਂਦਾ ਹੈ, ਨਾਂ ਸ਼ਾਂਤਿ ਕਰਦਾ ਹੈ ਨਾਂ ਸ਼ਾਂਤਿ ਕਰਨ ਦਿੰਦਾ ਹੈ। ਬਾਂਦਰ ਵਾਕਰ ਹਰਵੇਲੇ ਚੰਚਲਤਾਈ ਕਰਦਾ ਛਾਲਾਂ ਮਾਰਦਾ ਵਾਸ਼ਨਾਂ ਦੀਆਂ ਟਾਹਣੀਆਂ ਟੱਪਦਾ ਪਿਆ ਫਿਰਦਾ ਹੈ। ਏ ਚੰਚਲ ਮਨ ਸ਼ਾਂਤਿ ਨਹੀਂ ਕਰਦਾ, ਆਪਦੇ ਚਰਨਾਂ ਵਲ ਨਹੀਂ ਲਗਦਾ, ਟਿਕਾਉ ਨਹੀਂ ਪਕੜਦਾ, ਮੇਰੀ ਇਕ ਨਹੀਂ ਮੰਨਦਾ, ਹਰ ਵੇਲੇ ਖਿਝਾਉਂਦਾ, ਅਕਾਉਂਦਾ ਰੁਆ-ਉਂਦਾ ਪਿਟਾਉਂਦਾਹੀ ਰਹਿੰਦਾ ਹੈ ।

ਮਾਂ ਜੀ ! ਮੇਰੇ ਇਸ ਅਸਹਿ ਭਜਾਨਕ ਦੁਖੜੇ ਤੇ ਤਰਸ ਕਰੋ। ਮੇਰੇ ਮਾਲਿਕ ਅਗੇ ਮੇਰੀ ਫਰਿਆਦ ਪੁਚਾਓ, ਕੀ ਮੈਂ ਆਪ ਜੇਹੀ ਦਰ-ਦਣ ਅੰਮਾਂ ਦੇ ਹੁੰਦਿਆਂ ਸੁੰਦਿਆਂ ਇਜੇਹਾ ਹੀ ਦੁਖੀ ਰਹਾਂਗਾ ? ਨਹੀਂ, ਮਾਂ ਜੀ! ਤੁਸੀਂ ਮੇਰੇ ਤੇ ਤਰਸ ਕਰੋਗੇ, ਮੇਰੇ ਤੇ ਮਿਹਰ ਕਰੋਗੇ। ਜਿਸ ਦਰਤੋਂ ਤ੍ਰਿਲੋਕੀ ਵਰੋਸਾਇ ਰਹੀਹੈ, ਓਸ ਦਰ ਤੋਂ ਮੈਂ ਅਨਾਥ ਕਿਉਂ ਖਾਲੀ ਰਹਾਂਗਾ ? ਮਾਂ ਜੀ ਮੈਂ ਖਾਲੀ ਨਹੀਂ ਰਹਾਂਗਾ, ਪਰ ਇਹ ਮੈਂ ਨਹੀਂ ਜਾਣਦਾ ਮੇਰੀ ਵਲ ਨਜਰ ਕਦੋਂ ਪਰਤੇਗੀ, ਮੇਰੇ ਦੁਖੜੇ ਕਦ ਮੇਰੇ ਤੋਂ ਦੂਰ ਹੋਣਗੇ ? ਮੇਰੀ ਭੁੱਖ ਤ੍ਰੇਹ ਦੀ ਮਾਂ ਜੀ! ਅਜੇ ਖਬਰ ਨਹੀਂ ਲਗੀ,

Digitized by Panjab Digital Library | www.panjabdigilib.org

ਬਹੁੜੋ ਬਚਿਆਂ ਵਿਚ ਮੈਂ ਗਰੀਬੜਾ ਵੀ ਕਿਸੇ ਵੇਲੇ ਚੇਤੇ ਆਵਾਂਗਾ ? ਜਰੂਰ ਚੇਤੇ ਆਵਾਂਗਾ। ਜਿਸ ਵੇਲੇ ਸ਼ਾਂਤਿ ਸੰਤੋਖ ਦਾ ਟੁੱਕ ਮਿਲਿਆ, ਤੁਸਾਂ ਜੀ ਦੇ ਵਾਹਿਗੁਰੂ ਅਗੇ ਅਰਦਾਸ ਹੈ:—

ਤੂੰ ਠਾਕੁਰ ਤੁਮ ਪਹਿ ਅਰਦਾਸ ॥ ਜੀਉ ਪਿੰਡ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੁਖ ਘਨੇਰੇ ॥ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤੁ॥ ਸਗਲ ਸਮਗਰੀ ਤੁਮਰੈ ਸੂਤ੍ਰਿ ਧਾਰੀ ॥ ਤੁਮਤੇ ਹੋਇ ਸੁ ਆਗਿਆ ਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥

ਮੇਰੀ ਪਿਆਰੀ ਅੰਮਾਂ ! ਜਗਤ ਉਧਾਰ ਅੰਮਾਂ ! ਮੇਰੀ ਸਹਾਯਕ ਅੰਮਾਂ ! ਮੇਰੀ ਪ੍ਰਤਿਪਾਲਕ ਅੰਮਾਂ ! ਤੇਰਾ ਇਕ ਨੀਚ ਨਾਲਾਇਕ ਤੇ ਕ੍ਰਿਤਘਨ ਪੁੱਤ, ਤੇਰਿਆਂ ਸਾਊ ਪੁੱਤਾਂ ਤੋਂ ਨਿਖੜਿਆ ਹੋਇਆ ਮਨਮਤੀਆ ਪੁਤ ਤੇਰੇ ਦਰ ਤੇ ਪਿਆ ਹਾੜ੍ਹੇ ਕੱਢਦਾਹੈ,ਵਾਸਤੇ ਪਾਉਂਦਾ ਹੈ, ਆਪਣੀਆਂ ਭੁੱਲਾਂ ਤਕਸੀਰਾਂ ਬਖਸ਼ਾਉਂਦਾ ਹੈ, ਮਾਂ ਜੀ ! ਮੇਰੇ ਔਗੁਣਾਂ ਵਲ ਨਾ ਵੇਖਣਾ।

ਮੈ ''ਅਵਗੁਣਿਆਰ ਨੀਚ ਅਜਾਨ'' ਤਾਂ ਹੋਇਆ ਹੀ, ਫਿਰ ਮੈਂ ਕਿਹੜਾਮੂੰਹਲੈਕੇ ਬੇਨਤੀ ਕਰਾਂ?ਸ਼ਰਮਿੰਦਾ ਹੁੰਦਾ ਹਾਂ, ਮੈਂ ਭਾਗਾਂ ਦਾ ਰੰਦਾ ਹਾਂ, ਮੈਂ ਮੰਦਕਰਮੀ ਅਤਿ ਮੰਦਾ ਹਾਂ, ਪ੍ਰੰਤੂ ਹੈ ਬਖਸ਼ਿੰਦ ਅੰਮਾਂ ! ਹੇ ਦਯਾਲ ਅੰਮਾਂ ! ਮੈਂ ਕੀ ਆਖਾਂ ? ਮੈਂ ਕੀ ਕਹਾਂ ? ਕਿ ਮੈਂ ਸਾਰੀ ਉਮਰ ਸੰਸਾਰ ਦੇ ਧੰਦਿਆਂ ਵਿਚ ਫਸਿਆ ਰਿਹਾ ਹਾਂ ਅਤੇ ਖੋਟੇ ਤੋਂ ਖੋਟੇ, ਮੋਟੇ ਖੋਟੇ ਕਰਮ ਕਰਦਾ ਰਿਹਾ ਹਾਂ,ਨਹੀਂ ਨਹੀਂ, ਮਾਂ ਜੀ ! ਇਕ ਇਸ ਉਮਰ ਦੇ ਵਿਅਰਥ ਕਰਨ ਦੀ ਸ਼ਰਮਿੰਦਗੀ ਲਈ ਨਹੀਂ ਕਹਿੰਦਾ, ਮੈਂ ਤਾਂ ਅਨੇਕਾਂ ਹੀ ਜਨਮਾਂ ਤੋਂ ਮੰਦਕਰਮੀ ਤੇ ਅਧਰਮੀ ਹਾਂ। ਕੋਈ ਮੈਂ ਆਪਣੇ ਸ਼ੁਭ ਕਰਮਾਂ ਦੀ ਸੁਗਾਤ ਲੈਕੇ ਨਹੀਂ ਹਾਜ਼ਰ ਹੋਇਆ, ਮੈਂ ਤਾਂ ਮਾਂ ਜੀ ਨਿਰੇ ਆਪਣੇ ਕੀਤੇ ਹੋਏ ਅਪਕਰਮ ਹੀ ਬਖਸ਼ਾਉਣ ਲਈ ਵਿਲਕਣੀਆਂ ਕਢਨਾ ਹਾਂ, ਮਿੰਨਤਾਂ ਕਰਨਾ ਹਾਂ, ਤਰਲੇ ਕਰਨਾ ਹਾਂ, ਵਾਸਤੇ ਦੁਹਾਈ ਦੇਨਾ ਹਾਂ, ਕਿਉਂਕਿ ਅਤਿ ਦੁਖੀ ਹਾਂ, ਮੈਨੂੰ ਭਰੋਸਾ ਹੈ, ਮਾਵਾਂ ਨੂੰ ਤਰਸ ਅੱਵੱਸੋਂ ਹੁੰਦਾ ਹੈ, ਬੱਚੇ ਦਾ ਦੁਖ ਦੇਖ ਨਹੀਂ ਸਕਦੀਆਂ, ਜ਼ਰੂਰ ਦਰਦ ਕਰਦੀਆਂ ਹਨ, ਆਪ ਵੀ ਦਰਦ ਵੰਡਾਓਗੇ। ਮੈਂ ਦੁਖੀਏ ਦੀ ਸਾਰ ਲਓਗੇ।

ਤੇਰੇ ਦਰਵਾਜ਼ੇ ਤੇ ਸਿਰ ਰਗੜਦਾ ਹਾਂ, ਘਿਘਿਆਉਂਦਾ ਹਾਂ, ਹਾੜੇ ਕੱਢਦਾ ਹਾਂ ! ਮਾਂ ਜੀ ! ਭੁੱਖੇ ਬੱਚੇ ਤੇ ਤਰਸ ਕਰੋ, ਮੇਰੇ ਹਾਲ ਤੇ ਦਇਆ ਕਰੋ, ਕਿਸੇ ਵੇਲੇ ਹੀ ਅਵਸਰ ਪਾਕੇ ਮੇਰੇ ਦੀਨ ਦੁਨੀ ਦੇ ਵਾਲੀ ਕਲਗੀਆਂ ਵਾਲੇ ਅੱਗੇ ਮੇਰੀ ਫਰਿਆਦ ਪੁਚਾਓ ਕਿ ਇਸ ਨੀਚ ਰੁੜ੍ਹੇ ਜਾਂਦੇ ਤੇ ਤਰਸ ਕਰਕੇ ਇਸਦੀ ਬਾਂਹ ਫੜ ਲਓ, ਇਸ ਨੂੰ ਆਪਣੇ ਚਰਨਾਂ ਦਾ ਆਸਰਾ ਦਿਓ, ਇਹ ਨੀਚ ਝੂਠਾ ਸੱਚਾ ਤੁਹਾਡਾ ਕਹਾਉਂਦਾ ਹੈ, ਤੁਹਾਨੂੰ ਬਿਰਦ ਦੀ ਲਾਜ ਹੈ । ਜਿਥੇ ਅਜਿਹੇ ਕ੍ਰੋੜਾਂ ਪਾਪੀ ਤਾਰੇ ਹਨ, ਉੱਥੇ ਇਕ ਇਸਨੂੰ ਭੀ ਬਾਹੋਂ ਫੜਕੇ ਧ੍ਰੁਹ ਕਢੋ । ਇਹ ਸੰਸਾਰ ਦੀ ਅੱਗ ਵਿਚ ਸੜਦਾ ਜਾਂਦਾ ਹੈ, ਇਸਨੂੰ ਬਚਾ ਕੱਢੋ, ਇਸਨੂੰ ਸ਼ਾਂਤਿ ਬਖਸ਼ੋ।

ਅਨਿਲ ਬੇੜਾ ਹਉਖੇਵਿ ਨ ਸਾਕਉ ॥...ਮੋਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥

[ਬਸੰ: ਨਾਮ:

ਮੈਂ ਬਲਿਹਾਰ ਵਾਰਨੇ ਜਾਵਾਂ,
ਮੈਂ ਚਰਨਾਂ ਤੋਂ ਘੋਲ ਘੁਮਾਵਾਂ।

Digitized by Panjab Digital Library | www.panjabdigilib.org

ਮੈਂ ਕੁਰਬਾਨੀ ਸਦਕੇ ਜਾਵਾਂ,
ਮੈਂ ਚਰਨਾਂ ਤੇ ਸੀਸ ਟਿਕਾਵਾਂ। ੧।
ਗਲ ਪੱਲਾ ਤ੍ਰਿਣ ਦੰਤ ਰਖਾਵਾਂ,
ਹਥ ਜੋੜੇ ਸਨਮੁਖ ਘਿਘਿਆਵਾਂ।
ਕਰਾਂ ਬੇਨਤੀ ਤੇ ਸ਼ਰਮਾਵਾਂ,
ਕੰਮ ਜਨਮਾਂ ਦੇ ਤੋਂ ਪਛੁਤਾਵਾਂ। ੨।
ਪਿਆ ਔਝੜੇ ਮੈਂ ਕੁਰਲਾਵਾਂ,
ਭੁੱਖ ਤ੍ਰਿਖਾ ਤੋਂ ਅਤਿ ਦੁਖ ਪਾਵਾਂ।
ਅੰਮਾਂ ਅੱਗੇ ਕੂਕ ਸੁਣਾਵਾਂ,
ਮੈਂ ਅਨਾਥ ਬਾਲਕ ਮਰ ਜਾਵਾਂ। ੩।
ਕਰੋ ਬਾਹੁੜੀ ਜੇ ਬਚ ਜਾਵਾਂ,
ਕੀਤੇ ਕਰਮਾਂ ਤੋਂ ਗ਼ਮ ਖਾਵਾਂ।
ਕਰੋ ਕ੍ਰਿਪਾ ਤਾਂ ਬਖਸ਼ਿਆ ਜਾਵਾਂ,
ਬਾਝ ਕ੍ਰਿਪਾ ਦੇ ਨਰਕ ਡੁਬਾਵਾਂ। ੪।
ਪਿਆ ਦੁਆਰੇ ਮੈਂ ਬਿਲਲਾਵਾਂ,
ਕਰਾਂ ਹਾਇ ਕੀ ਕਿੱਥੇ ਜਾਵਾਂ।
ਦੀਨ ਦੁਨੀ ਵਿਚ ਕੋਈ ਨ ਥਾਵਾਂ,
ਨਿਘਰਾ,ਨਿਗਤਾ,ਨੀਚਨਿਥਾਵਾਂ। ੫।
ਇਕ ਥਾਵਾਂ ਤੇਰੇ ਦਰ ਆਵਾਂ,
ਜਾਂ ਆਵਾਂ ਤਾਂ ਰੌਲਾ ਪਾਵਾਂ।
ਦਰਦਾਂ ਦੁੱਖਾਂ ਤੋਂ ਬਿਲਲਾਵਾਂ,
ਰੋਵਾਂ, ਕੂਕਾਂ ਤੇ ਕੁਰਲਾਵਾਂ। ੬।
ਬੁੱਕ ਹੰਝੂਆਂ ਰੋਇ ਵਹਾਵਾਂ,
ਆਸ ਧਰਾਂ ਨ ਨਿਰਾਸਾ ਜਾਵਾਂ।
ਪੂਰਣ ਆਸਾ ਬਿਰਦ ਗਿਣਾਵਾਂ,
ਮੈਂ ਆਜਜ਼ ਬੱਚਾ ਤੁੰ ਮਾਵਾਂ। ੭।
ਉਠਣ ਡੰਡੂਲਾਂ* ਕਿਵੇਂ ਬੁਝਾਵਾਂ,
ਤੜਫਾਂ ਲੁੱਛਾਂ ਤੇ ਘਬਰਾਵਾਂ।
ਕੋਈ ਨ ਦਿਸਦਾ ਕਿੱਥੇ ਜਾਵਾਂ?
ਫਿਰ ਘਿਰ ਦੌੜਾਂ ਦਰ ਤੇ ਆਵਾਂ। ੮।
ਕਰਾਂ ਪੁਕਾਰਾਂ ਤੇ ਬਿਲਲਾਵਾਂ,
ਤਰਸ ਪਵੇ ਤਾਂ ਬਖਸ਼ਿਆ ਜਾਵਾਂ।
ਮੈਂ ਵਾਰੇ ਘੁੰਮੇ ਬਲ ਜਾਵਾਂ,
ਦੁਨੀਆਂ ਗਈ, ਨ ਦੀਨੋਂ ਜਾਵਾਂ। ੯।
ਬਿਨਾਂ ਆਪਦੇ ਕਿੱਥੇ ਜਾਵਾਂ?
ਕਰੋ ਦਇਆ ਤਾਂ ਝਟ ਤਰ ਜਾਵਾਂ।
ਨਹੀਂ ਤਾਂ ਡੁਬਕੂ ਗੋਤੇ ਖਾਵਾਂ,
ਹਾਇ ਕੀ ਕਰਾਂ ਤਿ ਕਿੱਥੇ ਜਾਵਾਂ। ੧੦।
ਦੁਖੀਆ ਦਰਦੀ ਕੂਕ ਸੁਨਾਵਾਂ,
ਕਰੋ ਮਿਹਰ ਸੁਖ ਸਹਜ ਸਮਾਵਾਂ।
ਤੁਸੀਂ ਬਾਹੁੜੇ ਤਾਂ ਬਖਸ਼ਾਵਾਂ,
ਜਿਸ ਤੇ ਹੋਰ ਨ ਜੂਨੀ ਪਾਵਾਂ। ੧੧।
ਸਹਿਜੇ ਆਵਾਂ, ਸਹਿਜੇ ਜਾਵਾਂ,
ਕਰੋ ਦਯਾ ਤਾਂ ਪਾਰ ਪਰਾਵਾਂ।
ਸਦਾ ਤੁਹਾਡੇ ਹੀ ਗੁਣ ਗਾਵਾਂ,
ਪੰਜਾਂ ਦੇ ਪੰਜਿਓਂ ਛੁਟ ਜਾਵਾਂ। ੧੨।
ਸੁੱਖਾਂ ਸੁਖ ਸੁਖ ਮਨ ਠਹਿਰਾਵਾਂ,
ਬਲੇ ਭਭੂਕਾ ਫਿਰ ਘਬਰਾਵਾਂ।
ਦਰਦਵੰਦਾਂ ਦੀ ਕੂਕ ਸੁਨਾਵਾਂ,
ਕੁਈ ਨ ਦਰਦੀ ਦਰਦ ਵੰਡਾਵਾਂ। ੧੩।
ਕੋਈ ਨ ਅਪਣਾ ਸਾਥੀ ਪਾਵਾਂ।
ਫਿਕਰ ਅੰਦੇਸ਼ਾ ਗ਼ਮ ਦਿਲ ਠਾਵਾਂ।
ਕੂਕ ਪੁਕਾਰਾਂ ਰੋਵਾਂ ਗਾਵਾਂ,
ਵਡਾ ਸ਼ੁਦਾਈ ਜਗਤ ਹਸਾਵਾਂ। ੧੪।
ਦੁਖ ਪਾਇਆ ਕੀਆਖ ਸੁਣਾਵਾਂ,
ਜੀਭਸੜੇ ਜੇਮੂੰਹ ਤਕ ਲਿਆਵਾਂ!
ਅੰਦਰ ਘੁਟਿਆਂ ਘਾਬਰ ਜਾਵਾਂ,
ਕੋਈ ਨ ਸੁਣਦਾ ਕਿਨੂ ਸੁਣਾਵਾਂ। ੧੫।
ਹੋਇ ਤੁਹਾਡਾ ਕਿੱਥੇ ਜਾਵਾਂ,
ਕੋਈ ਨ ਝਲਦਾ ਝਾਲ ਝਲਾਵਾਂ।
ਏਹਾ ਆਸ ਭਰੋਸਾ ਆਵਾਂ,
ਨਾ ਦਰ ਦੂਜਾ ਦੇਖਣ ਪਾਵਾਂ। ੧੬।

"ਜੇ ਤੂੰ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥ ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥" [ਸੂਹੀ ਮਃ ਪ

"ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥" [ਟੋਡੀ ਮਃ ਪ

"ਕਹੁ ਨਾਨਕ ਹਮ ਨੀਚ ਕਰੰਮਾ॥

*ਅੱਗ ਦਾ ਭਬੂਕਾ।

Digitized by Panjab Digital Library | www.panjabdigilib.org

ਸ਼ਰਣਿ ਪਏ ਕੀ ਰਾਖਹੁ ਸਰਮਾ ॥"

[ਆਸਾ ਮਃ ੫

ਮੇਰੀ ਸਚਲੀ ਅੰਮਾਂ ! ਮੇਰੀ ਧਰਮ ਹਿਤੈਸ਼ੀ ਅੰਮਾਂ ! ਮੇਰੀ ਪਿਆਰੀ ਅੰਮਾਂ ! ਮੈਂ ਤੇਰੇ ਚਰਨਾਂ ਕਮਲਾਂ ਤੋਂ ਵਾਰੀ ਅੰਮਾਂ ! ਮੈਂ ਤੇਰੇ ਪਿਆਰ ਤੋਂ ਬਲਿਹਾਰੀ ਅੰਮਾਂ ! ਮੇਰੀ ਮਿਹਰਬਾਨ ਅੰਮਾਂ ! ਮੈਂ ਤੇਰੀ ਮਿਹਰ ਤੋਂ ਕੁਰਬਾਨ ਅੰਮਾਂ ! ਮੇਰੀ ਲੋਕ ਪ੍ਰਲੋਕ ਦੀ ਸਹਾਇਕ ਅੰਮਾਂ! ਮੈਂ ਅਨਾਥ, ਨਿਰਗੁਣੀਆਰ, ਨੀਚ, ਪਾਪੀ, ਢੀਠ, ਨਿਰਲੱਜਾ, ਨਿਥਾਵਾਂ, ਕ੍ਰਿਤਘਨ ਆਪਦੇ ਸਨਮੁਖ ਬੇਨਤੀ ਕਰਦਾ ਹੋਇਆ ਮਾਰੇ ਸ਼ਰਮ ਦੇ ਡੁਬਦਾ ਜਾਨਾਂ ਹਾਂ, ਅੱਖਾਂ ਸਨਮੁਖ ਨਹੀਂ ਕਰ ਸਕਦਾ, ਆਪਣੀਆਂ ਕਰਤੂਤਾਂ ਨੂੰ ਮੈਂ ਆਪਣੇ ਸਾਹਮਣੇ ਵੇਖਨਾ ਹਾਂ, ਡਰਨਾ ਹਾਂ, ਕੰਬਨਾ ਹਾਂ, ਪਛੁਤਾਉਨਾ ਹਾਂ, ਰੋਨਾਂ ਹਾਂ, ਦੁਖੀ ਹੁੰਨਾਂ ਹਾ, ਘਬਰਾਉਨਾ ਹਾਂ, ਜਦ ਕੋਈ ਤਦਬੀਰ ਨਹੀ, ਆਹੁੜਦੀ, ਫਿਰ ਗਿੜਗਿੜਾਕੇ ਰੋਂਦਾਹੋਇਆ ਤੇਰੇ ਹੀ ਚਰਨਾਂ ਅਗੇ ਢੀਠਤਾਈ ਨਾਲ ਬੇਨਤੀਆਂ ਕਰਨਾ ਹਾਂ। ਹਾਇ,ਮੈਂ ਕੀ ਕਰਾਂ ? ਦੁਨੀਆਂ ਦੇ ਹੱਥੋਂ ਰੱਜਕੇ ਦੁਖੀ ਹਾਂ, ਅਜੇਹੇ ਅਸਹਿ ਤੇ ਅਕਹਿ ਦੁਖਾਂ ਨੇ ਘੇਰਿਆ ਹੈ, ਜਿਨ੍ਹਾਂ ਨੂੰ ਆਪ ਅੰਤਰਜਾਮੀ ਸਭ ਕੁਝ ਜਾਣਦੇ ਹੋ, ਮੈਂ ਕਿਉਂ ਉਹ ਬਾਰ ਬਾਰ ਦੁੱਖਾਂ ਦੀਆਂ ਪੰਡਾਂ ਫਰੋਲ ਫਰੋਲ ਕੇ ਢੇਰ ਲਾਈ ਜਾਵਾਂ? ਦੁਖੜੇ ਰੋਈ ਜਾਵਾਂ,ਹਾਇ !! ਹਾਇ !! ਮੈਥੋਂ ਤਾਂ ਰੋਏ ਬਾਝ ਰਿਹਾ ਵੀ ਨਹੀਂ ਜਾਂਦਾ। ਕਲੇਜਾ ਭਰ ਭਰ ਆਉਂਦਾ ਹੈ, ਗਲਾ ਰੁਕ ਰੁਕ ਜਾਂਦਾ ਹੈ, ਅੰਦਰੇ ਅੰਦਰ ਡੰਡੂਲ ਭਭੂਕੇ ਜਿਹੇ ਉਠ ਉਠ ਕੇ ਜਿਗਰ ਤੇ ਸੀਨਾ ਸਾੜਦੇ ਲੂੰਹਦੇ ਪਏ ਹਨ । ਨਾਲ ਹੀ ਸੜਦੀਆਂ ਹੋਈਆਂ ਗਰਮਾ ਗਰਮ ਹੰਝੂਆਂ ਦੇ ਦਰਿਆ ਵਹਿ ਰਹੇ ਹਨ।ਹਾਇ, ਮਾਂ ਜੀ ! ਮੇਰੀ ਦਰਦਾਂ ਵਾਲੀ ਮਾਂ ਜੀ ! ਮੈਨੂੰ ਤਾਂ ਰੋਣ ਲਈ ਵੀ ਕੋਈ ਥਾਉਂ ਨਹੀਂ ਲਭਦੀ, ਕਿਉਂਕਿ ਜੇ ਕਿਤੇ ਕੋਈ ਰੋਂਦਿਆਂ ਦੇਖ ਲੈਂਦੇ ਹਨ ਤਾਂ ਉਲਟੇ ਮਿਹਣੇ ਮਾਰਕੇ ਸਾੜੇ ਤੇ ਸੰਖੀਆ ਧੂੜਦੇ ਹਨ, ਮਨ ਆਈਆਂ ਤੁਕ ਬੰਦੀਆਂ ਕਰ ਕਰਕੇ ਅਕਾ ਦਿੰਦੇ ਹਨ, ਇਸ ਲਈ ਮਾਂ ਜੀ! ਕਈ ਵੇਰ ਅੰਦਰੋ ਅੰਦਰ ਉਛਲੇ ਹੋਏ ਰੋਣ ਨੂੰ ਘੁੱਟ ਘੁੱਟ ਅੱਖਾਂ ਪੂੰਝਨਾ ਹਾਂ, ਹਾਇ ! ਸਾਹ ਵੱਟ ਵੱਟ ਕੇ ਝੱਟ ਨਹੀਂ ਕੱਟਿਆ ਜਾਂਦਾ ।

ਦੁੱਖਾਂ ਦੀਆਂ ਨੋਕਾਂ ਅਜਿਹੀਆਂ ਤਿੱਖੀਆਂ ਹਰ ਪਾਸਿਓਂ ਚੁਭਦੀਆਂ ਰਹਿੰਦੀਆਂ ਹਨ ਜੋ ਬਿਨਾਂ ਪਾਣੀਓਂ ਮੱਛੀ ਵਾਂਗ ਤੜਫਾਉਂਦੀਆਂ ਹਨ. ਮੂੰਹੋਂ ਹਾਇ ਵੀ ਨਹੀਂ ਕਹਿਣ ਦਿੰਦੀਆਂ ਕਿਉਂਕਿ ਮੇਰਾ ਕੋਈ ਨਹੀਂ, ਮੇਰੇ ਦੁਖ ਕੌਣ ਵੰਡੇ । ਹਾਇ ਕੋਈ ਨਹੀਂ ਸੁਣਦਾ । ਮਾਂ ਜੀ ! ਇਕ ਤੁਸੀਂ ਹੋ,ਕਿਉਂਕਿ ਮਾਂ ਜਿਹਾ ਕੋਈ ਮਿਹਰਬਾਨ ਤੇ ਦਰਦੀ ਦੁਨੀਆਂ ਵਿਚ ਵੀ ਨਹੀਂ ਹੁੰਦਾ ਅਤੇ ਡਾਢੀ ਔਖੀ ਵੇਲੇ ਅਵੱਸੋਂ ਅੰਮਾਂ ਹੀ ਯਾਦ ਆਉਂਦੀ ਹੈ। ਇਸੇ ਗੱਲੇ ਭਰੋਸਾ ਹੈ ਕਿ ਆਪ ਤਰਸ ਕਰੋਗੇ, ਮੇਰੇ ਸੱਚੇ ਪਿਤਾ ਕਲਗੀਆਂ ਵਾਲੇ ਅੱਗੇ ਮੇਰੀ ਪ੍ਰਾਰਥਨਾ ਕਰੋਗੇ, ਮੇਰੇ ਮਾਲਕ ਦੀ ਮਿਹਰ ਹੋਵੇਗੀ, ਮੇਰਾ ਮਾਲਕ ਮੇਰੇ ਦੁੱਖ ਦੂਰ ਕਰੇਗਾ, ਉਸ ਦੀ ਇਕੋ ਕ੍ਰਿਪਾ ਭਰੀ ਚਿਤਵਨ ਮੇਰੇ ਬੇੜੇ ਪਾਰ ਕਰੇਗੀ, ਮੇਰੇ ਦੁੱਖ ਕਲੇਸ਼, ਸੰਸੇ ਤੇ ਪਾਪ ਸੰਤਾਪ, ਭੁਖ ਦੁਖ ਸਭੇ ਦੂਰ ਹੋ ਜਾਣਗੇ, ਮੈਂ ਚਰਨਾਂ ਕਮਲਾਂ ਦੀ ਮਉਜ ਵਿਚ ਲੀਨ ਹੋ ਰਹਾਂਗਾ । 'ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥" [ਸਲੋ: ਕਬੀਰ ਜੀ

Digitized by Panjab Digital Library | www.panjabdigilib.org

ਬੇਨਤੀ ਪੱਤ੍ਰ ਨੰ: ੪

ੴ ਸਤਿਗੁਰ ਪ੍ਰਸਾਦਿ ॥

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਝੋਲਨ ਤੇ ਰਾਖਹੁ ਪ੍ਰਭੂ ਨਾਨਕ ਦੇਕਰਿ ਹਥ ॥ ੧ ॥ [ਗਉ: ਬਾ: ਅ:

"ਮੇਰੇ ਮਾਨ ਕੋ ਅਸਥਾਨ" ਸਤਿਗੁਰ ਦੇਵ ਸ੍ਵਾਮੀ, ਘਟ ਘਟ ਕੇ ਅੰਤਰਜਾਮੀ! 'ਇਕ ਬਿਨਉ ਸੁਨਉ ਦੇ ਕਾਨ।'

ਐ (ਹੇ) ਮੇਰੇ ਦੋ ਜਹਾਨ ਦੇ ਮਾਲਕਾ, ਸਚੇ ਪ੍ਰਤਿਪਾਲਕਾ, ਆਪ ਦੇ ਚਰਨਾਂ ਕਮਲਾਂ ਅਗੇ ਸਨਿੰਮ੍ ਬੇਨਤੀ ਹੈ। ਬੇਨਤੀ ਕਾਹਦੀ ਫਰਿਆਦ ਹੈ, ਅਥਵਾ ਪੁਕਾਰ ਹੈ । ਹੇ ਸੱਚੇ ਪਾਤਸ਼ਾਹ, ਮੇਰੇ ਜਨਮਾਂਤ੍ਰਾਂ ਦੇ ਵੈਰੀ ਮਨ ਦੀਆਂ ਚੰਚਲਤਾਈਆਂ, ਪੰਜ ਦੂਤਾਂ ਦੀਆਂ ਆਪੋ ਆਪਣੀ ਵਲ ਖਿੱਚ ਦੀਆਂ ਕੁਟਲਤਾਈਆਂ ਅਤੇ ਸੰਸਾਰਕ ਧੰਦਿਆਂ ਦੀਆਂ ਨਾ ਸੁਲਝਣ ਵਾਲੀਆਂ ਉਲਝਣਾਂ ਕਰਕੇ ਅਤਿ ਬਿਆਕੁਲ ਹੋ ਰਿਹਾ ਹਾਂ ।

"ਨਾਥ ਕਛੂਅ ਨ ਜਾਨਉ॥ਮਨ ਮਾਇਆ ਕੈ ਹਾਥਿ ਬਿਕਾਨਉ ॥" [ਜੈਤ: ਰਵਿ:

ਇਹ ਦਿਨ ਰਾਤ ਦਾ ਬਿਖੇੜਾ ਝਗੜਾ ਝੇੜਾ ਇਕ ਛਿਨ ਮਾਤ੍ ਵੀ ਟਿਕਾਉ ਨਹੀਂ ਹੋਣ ਦਿੰਦਾ, ਕੋਈ ਥਾਉਂ ਅਥਵਾ ਆਸਰਾ ਨਹੀਂ ਲੱਝਦਾ ਜਿਥੇ ਜਾਕੇ ਪੁਕਾਰ ਕਰਾਂ, 'ਬਿਆ ਦਰੁ ਨਾਹੀ ਕੈ ਦਰਿ ਜਾਉ' । ਇਸ ਲਈ ਹੇ ਸ਼ਰਣ ਪਾਲ ! ਤੇਰੇ ਦਰ ਪਰ ਆਣ ਢੱਠਾ ਹਾਂ । ਤੂੰ ਦੀਨ ਬੰਧੂ ਹੈਂ, ਮੈਂ ਦੀਨ ਤੇ ਵੀ ਦਯਾ ਕਰ । ਹੇ ਪਤਿਤ ਪਾਵਨ ! ਮੈਂ ਪਾਪੀ ਨੂੰ ਪਾਰ ਕਰ। ਹੇ ਅਨਾਥ ਨਾਥ! ਮੇਰੇ ਅੜੀਅਲ ਦੁਸ਼ਟ ਅਨਮੋੜ ਮਨ ਨੂੰ ਨੱਥ ! ਹੇ ਕ੍ਰਿਪਾ ਨਿਧੇ! ਕ੍ਰਿਪਾ ਕਰ, ਮਿਹਰ ਕਰ, ਕਰਮ ਕਰ, ਦਯਾ ਕਰ, ਆਪਣੀ ਦਿਆਲਤਾ ਕਰਕੇ ਮੇਰੀ ਇਸ ਡਾਵਾਂਡੋਲ ਦਸ਼ਾ ਨੂੰ ਅਡੋਲ ਕਰ।

ਹਾਇ ! ਮੇਰੀ ਕੋਈ ਨਹੀਂ ਸੁਣਦਾ, ਮੇਰੀ ਕੋਈ ਨਹੀਂ ਸਾਰ ਲੈਂਦਾ, ਮੈਨੂੰ ਕੋਈ ਨਹੀਂ ਝੱਲਦਾ ! ਹੇ ਕਰਤਾਰ, ਮੈਂ ਕਿੱਥੇ ਜਾਵਾਂ ? ਮੈਨੂੰ ਕੋਈ ਜਗ੍ਹਾ ਨਹੀਂ ਲੱਭਦੀ, ਮੇਰੀ ਆਹ ਕਿਤੇ ਨਹੀਂ ਨਿਕਲਦੀ। ਜੇ ਕੁਝ ਉਭਾਸਰਾਂ ਤਾਂ ਲੋਕੀ ਪਾਗਲ ਤੇ ਸ਼ੁਦਾਈ ਕਹਿੰਦੇ ਹਨ, ਇਸ ਲਈ ਆਵੇ ਦੀ ਅੱਗ ਵਾਂਗ ਮੇਰੀ ਘਬਰਾਹਟ ਮੈਨੂੰ ਅੰਦਰੇ ਅੰਦਰ ਸਾੜਦੀ ਹੈ, ਜਿਸ ਤੇ ਮੈਨੂੰ ਅੰਦਰੇ ਅੰਦਰ ਹੀ ਸੜਨਾ ਕੁੜ੍ਹਨਾ ਗਲਨਾ ਪੈਂਦਾ ਹੈ। ਹਾਇ ! ਕੀ ਇਹੋ ਨਰਕ ਹੈ ? ਜੇ ਨਰਕ ਹੈ ਤਾਂ ਇਸ ਅਸਹਿ ਦੁੱਖ ਤੋਂ ਬਚਾਓ। ਖੰਮ੍ਹਾਂ ਵਿਚੋਂ ਬਹੁੜੋ, ਬਾਹੋਂ ਫੜਕੇ ਦੁਹਕੇ ਕੱਢ ਲਓ, ਕ੍ਰਿਪਾ ਕਰੋ, ਆਪਣੇ ਚਰਨਾਂ ਦੀ ਸ਼ਰਣ ਵਿਚ ਰਖਲਓ, ਰਖਲਓ। "ਕੋਟਿ ਅਪਾਧ ਭਰੇ ਭੀ ਤੇਰੇ ਚੇਰੇ ਰਾਮ"। ਬਖਸ਼ ਲਓ, ਬਖਸ਼ ਲਓ।

ਹਾਇ ਮੇਰੇ ਪਾਸੋਂ ਤਾਂ ਕੁਝ ਨਹੀਂ ਹੁੰਦਾ, ਇਹ ਦੁਸ਼ਟ ਮਨ ਕਰਨ ਵੀ ਕੁਝ ਨਹੀਂ ਦਿੰਦਾ। ਨਹੀਂ, ਨਹੀਂ ! ਸੰਸਾਰਕ ਧੰਦਿਆਂ ਦੀ ਧਾਵਨੀ ਕਿਸੇ ਵੇਲੇ ਵੀ ਵਿਹਲ ਨਹੀਂ ਦਿੰਦੀ, ਦੁਖਾਂ ਦੇ ਵਿਚ ਹੋਰ ਹੋਰ ਦੁਖ ਆ ਆ ਪੈਂਦੇ ਹਨ, ਜਿਹੜੇ ਮੇਰੇ ਲਾਹੇ ਨਹੀਂ ਲਹਿੰਦੇ, ਮੇਰੇ ਹੋੜੇ ਨਹੀਂ ਹਟਦੇ, ਸਗਵਾਂ ਦੂਜਿਆਂ ਦੇ ਦੁਖੜੇ ਵੀ ਨਾਲ ਲਗਦੇ ਮੇਰੇ ਹੀ ਗਲ ਚੰਬੜਦੇ ਹਨ। ਸੰਸਿਆਂ ਅਤੇ ਸੰਕਲਪਾਂ ਦੀਆਂ ਵਾਛੜਾਂ ਕਿਸੇ ਪਾਸੇ ਮੂੰਹ ਨਹੀਂ ਪਰਤਣ ਦਿੰਦੀਆਂ।

ਹਾਇ ! ਇਹ ਦੁਖ ਸਹਾਰਿਆ ਨਹੀਂ ਜਾਂਦਾ, ਜੇ ਕਹਿਣ ਲਗਨਾਂ ਹਾਂ ਜੀਭ ਧੁਖਦੀ ਹੈ, ਜੇ ਨਹੀਂ ਕਹਿੰਦਾ ਤਾਂ ਅੰਦਰ ਕਈ ਭਾਬੜਾਂ ਵਰਗੀ ਅਗ ਭੜਕਦੀ ਜਾਪਦੀ ਹੈ। ਹਾਇ,

Digitized by Panjab Digital Library | www.panjabdigilib.org

ਇਥੇ ਅੱਗ ਦਾ ਧੁੰਆਂ ਮੇਰੇ ਸਿਰ ਨੂੰ ਚਕਰਾ-ਉ'ਦਾ ਹੈ। ਉਫ ਉਫ ਦੇ ਲੰਮੇ ਸਾਹਾਂ ਨਾਲ ਕਲੇਜਾ ਲੂੰਹਦਾ ਹੋਇਆ ਨਿਕਲਦਾ ਹੈ। ਇਜੇਹੇ ਵੇਲੇ ਵਿਚਾਰੀਆਂ ਅਖਾਂ ਚਾਹੁੰਦੀਆਂ ਹਨ ਕਿ ਪਾਣੀ ਭਰ ਭਰਕੇ ਡੋਹਲੀਏ ਭਲਾ ਜੇ ਕੁਝ ਅੱਗ ਬੁਝੇ ਪਰ ਦੁਨਿਆਵੀ ਸ਼ਰਮ ਬੜੀ ਡਰਾਵਣੀ ਸੂਰਤ ਵਿਚ ਸਾਮ੍ਹਣੇ ਖੜੋਤੀ ਬੇਧੜਕ ਕਹਿ ਰਹੀ ਹੈ–ਖਬਰਦਾਰ! ਜੇ ਕਿਤੇ ਕੋਈ ਗਲ ਇਜੇਹੀ ਕੀਤੀ ਤਾਂ ਯਾਦ ਰਖ, ਤੇਰੇ ਮਗਰ ਸੰਸਾਰ ਦੇ ਮੁੰਡੇ 'ਹੋਇ ਹੋਇ' ਕਰਨ ਲਈ ਲਾ ਦਿਆਂਗੀ, ਚੁਤਰ ਫੀਓਂ ਇੱਟਾਂ ਦੀ ਬੁਛਾੜ ਕਰਾ ਦਿਆਂਗੀ;ਗਲ ਕੀ ਜਹਾਨਵਿਚ ਨਵਾਂ ਸ਼ੁਦਾਈ ਪ੍ਰਸਿਧ ਕਰਾ ਦਿਆਂਗੀ।

ਹੇ ਕ੍ਰਿਪਾਲ ਮੂਰਤੇ! ਮੇਰੇ ਇਸ ਕੁਵੱਲੇ ਦੁਖ ਦਾ ਅਨੁਭਵ ਬਿਨਾਂ ਆਪ ਦੇ ਹੋਰ ਕੋਈ ਨਹੀਂ ਕਰ ਸਕਦਾ ਅਤੇ ਆਪ ਦਾ ਬਿਰਦ ਵੀ ਸ਼ਰਣਪਾਲ ਹੈ, ਇਸ ਲਈ ਮੈਂ ਅਨਾਥ ਦੀਨ ਅਤੇ ਦੁਖੀ ਨੂੰ ਆਪਣੀ ਸ਼ਰਣ ਵਿਚ ਲੈ ਲੈ। ਹੇ ਸ਼ਰਣਪਾਲ! ਤ੍ਰਾਹਿ ਮਾਂ! ਤ੍ਰਾਹਿ ਮਾਂ!! ਤ੍ਰਾਹਿ ਮਾਂ!!! "ਤੂੰ ਮੇਰੀ ਓਟ ਤੂਹੈ ਮੇਰਾ ਤਕੀਆ" ਕਿਉਂਕਿ "ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ"। ਹੇ ਨਿਗਤਿਆਂ ਦੀ ਗਤਿ ਕਰਨ ਵਾਲੇ ਮੇਰੇ ਮਾਲਕ ਜੀ! ਇਹ ਮੇਰਾ ਮਹਾਂ ਦੁਸ਼ਟ ਮਨ ਜੋ ਅਨੇਕਾਂ ਜਨਮਾਂ ਤੋਂ ਵਿਛੁੜਿਆ ਹੋਇਆ ਕਈ ਕਈ ਜੂਨਾਂ, ਪਾਪ ਕਰਮਾਂ ਅਤੇ ਵਿਖਿਆਂ ਵਿਚ ਟੱਕਰਾਂ ਮਾਰਦਾ, ਨਾਨਾਤਰਾਂਦੇ ਦੁਖ ਕਲੇਸ਼ ਭੋਗਦਾ ਭ੍ਰਮਦਾ ਭਟਕਦਾ ਫਿਰਦਾ ਹੋਇਆ ਅਤ ਜੇਵ ਦੁਖਤ ਅਤੇ ਥਕਤ ਹੋਇਆ ਹੋਇਆ ਹੁਣ ਆਪਦੀ ਸ਼ਰਣ ਸੀਤਲ ਛਾਯਾ ਵਰਗੀ ਸੁਖਦਾਈ ਜਾਣਕੇ ਆਪਦੇ ਦਰ-ਵਾਜੇ ਤੇ ਆਣ ਪਿਆ ਹਾਂ, ਕ੍ਰਿਪਾ ਕਰੋ ਅਤਿ ਦੁਖੀ ਜਾਣਕੇ ਆਪਣੇ ਦਰੋਂ ਘਰੋਂ ਸ਼ਾਂਤਿ ਬਖਸ਼ੋ, ਆਪਣਿਆਂ ਚਰਨਾਂ ਵਿਚ ਨਿਵਾਸ ਬਖਸ਼ੋ।

ਮੇਰਿਆਂ ਪਾਪ ਕਰਮਾਂ ਅਤੇ ਔਗੁਣਾਂ ਵਲ ਨਾ ਵੇਖੋ, ਮੇਰੀਆਂ ਖੁਟ ਚਾਲਾਂ ਵਲ ਨਾ ਤੱਕੋ, ਹੇ ਦਯਾ ਸਾਗਰ! ਮੈਨੂੰ ਕਿਸੇ ਕਸਵਟੀ ਤੇ ਨਾ ਕੱਸੋ, ਕੇਵਲ ਸ਼ਰਨ ਪਏ ਦੀ ਲਾਜ ਰੱਖੋ, ਆਪਣੇ ਸ਼ਰਣਪਾਲ ਬਿਰਦ ਨੂੰ ਚਿਤਾਰੋ, ਕਿਉਂਕਿ ਮੇਰੇ ਜਿਹੇ ਕ੍ਰਿਤਘਨ ਮਹਾਂ ਅਧਮਾਧਮ ਨੀਚ ਨਿਰਗੁਣੀਆਰ ਜਿਨ੍ਹਾਂ ਦਾ ਕੋਈ ਪਰਛਾਵਾਂ ਤਕ ਨਾਂ ਛੂਹੇ, ਤਿਨ੍ਹਾਂ ਨੂੰ ਅਪਣੀ ਸ਼ਰਣ ਵਿਚ ਲੈਣਾ,ਇਹ ਤੇਰਾ ਹੀ ਬਿਰਦ ਹੈ, ਇਹੋ ਤੇਰੀ ਵਡਿਆਈ ਹੈ।

"ਤੇਰੀ ਉਪਮਾ ਤੋਹਿ ਬਨਿਆਵੈ"॥

[ਸਵ: ਮ: ੪ ਕੇ

"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ"॥ [ਬਿਹਾ: ਮ: ੫

ਪੁਨਾ–"ਸਰਨਿ ਪਰੇ ਕੀ ਰਾਖੁ ਦਇਆਲਾ॥ ਨਾਨਕ ਤੁਮਰੇ ਬਾਲ ਗੁਪਾਲਾ"॥[ਗਉ:ਬਾ:ਅ:

—o—

ਬੇਨਤੀ ਪੱਤ੍ਰ ਨੰ: ੫

ੴ ਸਤਿਗੁਰ ਪ੍ਰਸਾਦਿ॥

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

[ਵਾਰ ਰਾਮ: ਸਤੈ ਬਲ:

ਪੁਨਾ–ਸਭਿ ਸੈ ਨੋ ਕਿਰਪਾਲੁ ਸੰਮ੍ਹਾਲੇ ਸਾਹਿ ਸਾਹਿ॥ ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ॥" [ਰਾਮ: ਵਾਰ ਸਲੋਃ ਮ: ੫

ਤਥਾ–"ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥"[ਗੂ:ਵਾ: ਸਲੋ:ਮ: ੫

Digitized by Panjab Digital Library | www.panjabdigilib.org

ਸ੍ਰੀ ਸਰਬੋਪਮਾ ਲਾਇਕ, ਸ੍ਰੀ ਮਾਨ ਪੂਰਣ ਜਨ ਨਾਯਕ, ਸ੍ਰੀ ਯੁਤ ਦੀਨ ਬੰਧੁ ਦੀਨਾਨ ਸਹਾਯਕ, ਸ੍ਰੀ ਬਰ ਦਿਲਾਂ ਦੇ ਮਾਲਿਕ, ਸ੍ਰੀ ਮਤ ਅਨਾਥ ਪ੍ਰਤਿਪਾਲਕ, ਸ੍ਰੀ ਧਰ ਦਸ਼ਟਨ ਘਾਲਕ, ਸ਼ਤ੍ਰੁਨ ਸਾਲਕ ਮੇਰੇ ਦੀਨ ਦੁਨੀਆਂ ਦੇ ਵਾਲੀ, ਸਤਿਗੁਰਦੇਵ ਅਲਖ ਅਭੇਵ ਅਪਰੰਪਰ ਦੇਵ ਅੰਤਰਜਾਮੀ, ਮੇਰਾ ਬਾਜਾਂ ਵਾਲਾ ਸ੍ਵਾਮੀ, ਮੇਰਾ ਕਲਗੀਆਂ ਵਾਲਾ ਸੱਚਾ ਪਾਤਸ਼ਾਹ, ਘਟ ਘਟ ਦੀ ਜਾਣਨ ਵਾਲਾ, ਆਪਣਿਆਂ ਪਿਆਰਿਆਂ ਦੇ ਸਦੀਵ ਅੰਗ ਸੰਗ ਰਹਿਣ ਵਾਲਾ, ਸਿੱਖਾਂ ਸੇਵਕਾਂ ਦਾ ਸਦਾ ਸਹਾਈ, ਪੰਥ ਦਾ ਵਾਲੀ, ਆਪਣੇ ਚਰਨਾਂ ਕਵਲਾਂ ਤੇ ਮੈਂ ਅਨਾਥ ਨੀਚ ਨਿਰਗੁਣੀਆਰ ਅਕ੍ਰਿਤਘਣ, ਮਹਾਂ ਪਤਿਤ, ਗਲ ਪੱਲਾ ਮੂੰਹ ਘਾਹ ਲਈ ਹੱਥ ਜੋੜੇ ਆਪਦੀ ਚਰਨਧੂੜੀ ਪੁਰ ਸਿਰ ਰੱਖੇ ਅਤਿ ਅਧੀਨਗੀ ਨਾਲ ਸਨਿੰਮ੍ਰ ਬੇਨਤੀ ਕਰਦਾ ਹਾਂ।

"ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥"

[ਸਵਃ ਮਃ ੪ ਕੇ ਵਾਲੀ ਗਲ ਬਣੀ ਹੋਈ ਹੈ:—

"ਤੁਮ ਕਰਹੁ ਭਲਾ ਹਮ ਭਲੋ ਨ ਜਾਨਹ
ਤੁਮ ਸਦਾ ਸਦਾ ਦਇਆਲਾ॥" ਸੋਰਠ ਮਃ ੫

ਹੇ ਮੇਰੇ ਮਾਲਿਕਾ ! ਮੇਰੇ ਦਿਲ ਦੇ ਮਾਲਕਾ! ਮੇਰੇ ਸੱਚੇ ਮਾਲਕਾ ! ਮੇਰੇ ਦੀਨ ਦੁਨੀ ਦੇ ਮਾਲਕਾ ! ਇਕ ਫਰਿਆਦ ਹੈ। ਨਹੀਂ ਨਹੀਂ, ਪੁਕਾਰ ਹੈ, ਪੁਕਾਰ ਹੈ। ਮੈਂ ਅਨਾਥ ਨੀਚ ਨਿਰਬਲ ਨੂੰ ਪੰਜ ਚੋਰਾਂ ਲੁੱਟ ਖਾਧਾ, ਨਿਰਾ ਲੁੱਟ ਹੀ ਨਹੀਂ ਲਿਆ, ਮੈਨੂੰ ਮਾਰ ਮਾਰ ਕੇ ਚੂਰ ਕਰ ਦਿਤਾ। ਮੇਰਾ ਰਾਹ ਖੁੰਝਾ ਦਿਤਾ, ਮੈਨੂੰ ਔਝੜ ਬੀਆਬਾਨ ਵਿਚ ਪਟਕ ਦਿੱਤਾ। ਇਸ ਸੰਸਾਰ ਦੀ ਔਝੜ ਵਿਚ ਭਰਾਵਣੇ ਬੰਦਿਆਂ ਕਰਕੇ ਮੇਰੀ ਮਿੱਟੀ ਖਰਾਬ ਹੋ ਗਈ। ਹਾਇ ! ਮੈਨੂੰ ਤਾਂ ਰਾਹ ਨਹੀਂ ਲੱਭਦਾ, ਮੈਂ ਹੁਣ ਕਿੱਥੇ ਜਾਵਾਂ ? ਕਿੱਧਰ ਜਾਵਾਂ, ਕੋਹੜਾ ਕੋਈ ਸਹਾਈ ਹੈ, ਜੋ ਇਜੇਹੀ ਬਿਪਤਾ ਵੇਲੇ ਬਾਹੁੜੀ ਕਰੇ? ਇਸ ਭੁਲੇਖੇ ਵਿਚੋਂ ਕੱਢੇ? ਮੈਨੂੰ ਨੀਂਦਰ, ਭੁੱਖ ਤੇ ਆਰਾਮ ਤਿੰਨੇ ਛੱਡ ਗਏ। ਫੇਰ ਵੀ ਮੇਰਾ ਢੀਠ ਸਰੀਰ ਮੈਨੂੰ ਨਹੀਂ ਛੱਡਦਾ, ਮੈਂ ਅਤਿ ਦੁਖੀ ਹਾਂ, ਮੈਨੂੰ ਘਬਰਾਹਟ ਹੈ, ਮੈਨੂੰ ਤੇਰੇ ਦਰਸ਼ਨ ਦੀ ਘਣੀ ਪਿਆਸ ਹੈ। ਮੇਰੇ ਮਾਲਕਾ ! ਮੇਰੇ ਤੇ ਮਿਹਰ ਕਰ, ਤਰਸ ਕਰ, ਮੈਨੂੰ ਤੇਰੇ ਬਾਝ ਕੋਈ ਆਸਰਾ ਨਹੀਂ ਦਿੱਸਦਾ! ਤੂੰਹੇਂ ਸ਼ਰਣਪਾਲ ਦੀਨ ਦਯਾਲ ਹੈਂ। ਤੂੰਹੇਂ ਤਰਸ ਕਰ, ਤਰਸਕਰ, ਮਿਹਰ ਕਰ, ਮਿਹਰਕਰ।

ਮੈਨੂੰ ਸੰਸਾਰਕ ਧੰਦਿਆਂ ਦੀ ਧਾਵਣੀ ਕਿਸੇ ਵੇਲੇ ਸਾਹ ਨਹੀਂ ਲੈਣ ਦਿੰਦੀ, ਹਰ ਵੇਲੇ ਭਟਕਾਉਂਦੀ, ਭਰਮਾਉਂਦੀ ਰਹਿੰਦੀ ਹੈ, ਨਾਂ ਕਰਨ ਵਾਲੇ ਕਰਮ ਬਦੋਬਦੀ ਕਰਾਉਂਦੀ ਹੈ। ਮੇਰਾ ਕੋਈ ਵੱਸ ਨਹੀਂ ਚਲਦਾ, ਮੈਂ ਕਿੱਥੇ ਜਾਵਾਂ, ਕੀ ਕਰਾਂ? ਕੋਈ ਗੱਲ ਨਹੀਂ ਅਹੁੜਦੀ, ਹਾਰ ਕੇ ਆਪਦੇ ਦਰ ਦੀ ਆਸ ਤੱਕੀ ਹੈ, ਨਿਰੀ ਆਸ ਹੀ ਨਹੀਂ ਤੱਕੀ, ਭਰੋਸਾ ਵੀ ਭਾਰੀ ਹੈ ਕਿ ਮੇਰੇ ਜਿਹੇ ਅਨੇਕਾਂ ਪਾਪੀ ਜਿਨ੍ਹਾਂ ਨੂੰ ਨਰਕ ਵੀ ਆਪਣੇ ਵਿਚ ਨਿਵਾਸ ਨਹੀਂ ਦਿੰਦਾ ਸਾ, ਨੱਕ ਚਾੜ੍ਹਦਾ ਅਤੇ ਤੀਉੜੀਆਂ ਪਾਉਂਦਾ ਸਾ, ਉਹੋ ਜੇਹੇ ਤੇਰੀ ਸ਼ਰਣ ਵਿਚ ਆਕੇ ਤਰ ਗਏ, ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ, ਫਿਰ ਇਕ ਅਨਾਥ ਬਿਚਾਰਾ ਮੈਂ ਕੌਣ ਹਾਂ ?

ਹੇ ਬਖਸ਼ਿੰਦ ! ਹੇ ਕਰੁਣਾ ਸਿੰਧ ! ਤੇਰੇ ਘਰ ਦੀ ਪਰਵਾਹ ਹੈ "ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ॥" ਆਪ ਦੀ ਕ੍ਰਿਪਾ ਨਾਲ ਕੀੜਿਆਂ

Digitized by Panjab Digital Library | www.panjabdigilib.org

ਤੋਂ ਰਾਜੇ ਹੋ ਗਏ, ਰਾਜਿਆਂ ਤੋਂ ਵੀ ਮਹਾਂਰਾਜੇ ਹੋ ਗਏ,ਆਪ ਦੀ ਮਿਹਰ ਤੋਂ ਜਗਤ ਵਰੁਸਾਉਂਦਾ ਹੈ। ਕੀ ਮੈਂ ਅਨਾਥ ਵਿਰਵਾ ਰਹਾਂਗਾ? ਕਦੀ ਨਹੀਂ,ਕਦੀ ਨਹੀਂ। ਸੁਆਮੀ ਜੀ! ਮੈਂ ਆਪਣੇ ਘੋਰ ਪਾਪਾਂ ਤੇ ਭਰੋਸਾ ਰਖਨਾ ਹਾਂ ਕਿ ਤੇਰਾ ਬਿਰਦ ਪਤਿਤ ਪਾਵਨ ਹੈ, ਤੂੰ ਜਿਸ ਵੇਲੇ ਮਿਹਰ ਕਰੇਂਗਾ ਉਸੇ ਵੇਲੇ ਤਾਰੇਂਗਾ।

ਭਾਵੇਂ ਮੈਂ ਇਹ ਗਲ ਜਾਣਨਾ ਹਾਂ ਕਿ ਮੈਂ ਅਭਾਗਾ ਖੋਟਿਆਂ ਭਾਗਾਂ ਵਾਲਾ ਹਾਂ ਅਤੇ ਮੈਂ ਹੀ ਆਪਣੇ ਕਰਮਾਂ ਦਾ ਫਲ ਭੋਗਣਾ ਹੈ, ਪਰੰਤੂ ਆਪਦੀ ਕ੍ਰਿਪਾ ਦ੍ਰਿਸ਼ਟੀ ਇਕੋਰਾਂ ਹੀ "ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ" ਵਾਲੀ ਗਲ ਕਰੇਗੀ। ਸੱਚ ਹੈ ਭਾਵੇਂ:—

ਮੈ ਕੀਤਾ ਨ ਜਾਤਾ ਹਰਾਮ ਖੋਰੁ॥
ਹਉ ਕਿਆ ਮੁਹੁ ਦੇਸਾ ਠੁਸਟੁ ਚੋਰੁ॥
[ਸਿਰੀਃ ਮਃ ੫

ਪਰੰਤੂ ਤੇਰੀ ਕ੍ਰਿਪਾ ਕਟਾਖਜ ਦੇ ਬੈਸੰਤਰ ਅੱਗੇ ਇਹ ਮੇਰੇ ਕਰਮ ਕਪਾਸ ਦੇ ਅੰਬਾਰ ਹਨ, ਜਿਨ੍ਹਾਂ ਦੇ ਸੜਕੇ ਸੁਆਹ ਹੋਕੇ ਉੱਡ ਜਾਣ ਵਿਚ ਦੇਰੀ ਨਹੀਂ ਲਗਣੀ।

ਇਹ ਗਲ ਸੱਚੀ ਹੈ, ਇਸ ਗਲ ਦੀ ਗੁਵਾਹੀ ਵਿਚ ਆਪਦੇ ਸ੍ਰੀ ਮੁਖਵਾਕ ਹਨ ਜਿਹਾ ਕਿ:—

"ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨਕਾ
ਬਾਹੁੜਿ ਕਛੁ ਨ ਬੀਚਾਰੇ॥" [ਟੋਡੀ ਮਃ ੫

ਫਿਰ ਮੈਂ ਕਿਉਂ ਨਿਰਾਸ ਹੋਵਾਂ:—

'ਪਿਆਰੇ ਇਨਬਿਧਿ ਮਿਲਣੁ ਨ ਜਾਈ ਮੈ
ਕੀਏ ਕਰਮ ਅਨੇਕਾ॥ ਹਾਰਿ ਪਰਿਓ
ਸੁਆਮੀ ਕੈ ਦੁਆਰੈ ਦੀਜੈ ਬੁਧਿ
ਬਿਬੇਕਾ॥" [ਸੋਰਠ ਮਃ ੫

—o—

ਬੇਨਤੀ ਪੱਤ੍ਰ ਨੰ: ੬

ੴ ਸਤਿਗੁਰਪ੍ਰਸਾਦਿ॥

ਰਾਗੁ ਦੇਵਗੰਧਾਰੀ ਮਹਲਾ ੯॥

ਯਹ ਮਨੁ ਨੇਕ ਨ ਕਹਿਓ ਕਰੈ॥ ਸੀਖ ਸਿਖਾਇ ਰਹਿਓ ਅਪੁਨੀ ਸੀ ਦੁਰਮਤਿ ਤੇ ਨ ਟਰੈ॥੧॥ ਰਹਾਉ॥ ਮਦਿ ਮਾਇਆ ਕੈ ਭਇਓ ਬਾਵਰੇ ਹਰਿ ਜਸੁ ਨਹਿ ਉਚਰੈ॥ ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ॥੧॥ ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥ ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਕਾਜੁ ਸਰੈ॥੨॥੧॥

ਸੀ ਸਤਿਗੁਰ ਦੇਵ ਅਲਖ ਅਭੇਵ ਸ੍ਵਾਮੀ॥ ਸ੍ਰਿਸ਼ਟ ਕਰ ਸ੍ਰਿਸ਼ਟਧਰ ਘਟ ਘਟ ਪਟ ਪਟ ਕੇ ਅੰਤਰਜਾਮੀ॥ਸ੍ਰੀ ਯੁਤ ਅਪਰੰਪਰਨਾਥਸਰਬ ਦਾ ਸਾਥੀ॥ ਸ੍ਰੀ ਯੁਤਿ ਮਹਦ ਮਾਨਨੀਯ ਪਰਮ ਪ੍ਰਸੰਸਨੀਯ ਤਾਰਨ ਹਾਥੀ॥

ਸ੍ਰੀ ਯੁਤਿ ਪਰਮ ਪ੍ਰਕਾਸ਼ ਸ੍ਵਰੂਪ ਅਦਭੁਤ ਅਨੂਪ ਰੂਪ ਸ੍ਰੀ ਮਤਿ ਭਗਤ ਵਤਸਲ ਭਗਤਿ ਪਥ ਭੂਪ; ਸ੍ਰੀ ਸਿਥਤਿ ਅਛੇਭ ਬ੍ਰਿਤ, ਸਦਾ ਨਿਰਵੈਰ ਮੂਰਤਿ, ਸ਼ਾਂਤ ਚਿੱਤ, ਮੇਰੇ ਆਤਮ ਪਰਮਾਤਮਕ ਮਾਲਕ,ਸੱਤ ਮਗ ਪ੍ਰਤਿਪਾਲਕ, ਕ੍ਰਿਪਾ ਨਿਧਾਨ, ਕਰੁਣਾ ਖਾਨ, ਸੁਹਿਰਦ, ਸੁਖ ਦਾਨ, ਮਹਾਨ ਮਾਨ ਮੇਰੇ ਕਲਗੀਆਂ ਵਾਲੇ, ਮੇਰੇ ਬਾਜਾਂ ਵਾਲੇ, ਮੇਰੇ ਫੌਜਾਂ ਵਾਲੇ, ਮੇਰੇ ਸੰਗਤਾਂ ਵਾਲੇ, ਮੇਰੇ ਪੋਮੀਆਂ ਨੇਮੀਆਂ ਵਾਲੇ, ਮੇਰੇ ਹਲਤ ਪਲਤ ਦੇ ਸਹਾਈ, ਮੇਰੇ ਦੋ ਜਹਾਨਾਂ ਦੇ ਮਾਲਕ,ਮੇਰੇ ਸਤਿਗੁਰੂ, ਮੇਰੇ ਮਾਣ ਤ੍ਰਾਣ, ਮੇਰੇ ਸਿਦਕ ਭਰੋਸੇ ਦੀ ਪਨਾਹ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਕਵਲਾਂ ਦੀ ਧੂੜੀ ਪਰ ਮੱਥਾ ਰਖਕੇ ਗਲ ਪੱਲਾ ਮੂੰਹ ਘਾਹ ਲੈਕੇ ਸ਼ਾਸਟਾਂਗ, ਦੰਡਵਤ ਪ੍ਰਣਾਮ ਕਰਦਾ

Digitized by Panjab Digital Library | www.panjabdigilib.org

ਹੋਇਆ ਸ੍ਰੀ ਵਾਹਿਗੁਰੂ ਜੀ ਕੀ ਫਤਹ ਬੁਲਾਉਨਾਂ ਹਾਂ:—

ਉਪੰਤ ਸੱਚਿਆ ਸ਼ਾਹਾ ! ਇਸ ਦੁਖਾਤੁਰ ਨੀਚ ਅਧਮਾਧਮ ਅਜਾਨ ਅੱਗ ਜੜ੍ਹ ਪਾਮਰ ਕ੍ਰਿਤਘਨ ਦੀ ਬੇਨਤੀ ਹੈ, ਹੇ ਅਨਾਥ ਨਾਥ "ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ" ਮੈਂ ਸ਼ਰਮਿੰਦਾ ਤੇ ਗੰਦਾ ਬੰਦਾ ਆਪਣੇ ਮੰਦ ਕਰਮਾਂ ਦੇ ਫੰਧਿਆਂ ਵਿਚ ਫਸਿਆ ਹੋਇਆ ਇਸ ਨੀਚ ਮਹਾਂ ਨੀਚ ਉੱਡਣ ਖਟੋਲੇ ਮਨ ਦੀ ਫਰਿਆਦ ਕਰਨ ਲਈ ਹਾਜ਼ਰ ਹੋਇਆ ਹਾਂ ! ਮੇਰਿਆ ਮਾਲਕਾ ! ਇਸ ਭ੍ਰਾਮਕ ਮਨ ਦੇ ਹੱਥੋਂ ਜੋ ਕੁਝ ਮੈਂ ਅਨਾਥ ਨਾਲ ਬੀਤਦੀ ਹੈ, ਓਸੇ ਮੇਰੀ ਦੁਖ ਭਰੀ ਦੁਖੀਦਸ਼ਾ ਨੂੰ ਆਪ (ਅੰਤਰਜਾਮੀ ਹੋ) ਸਭ ਜਾਣਦੇ ਹੋ, ਉਨ੍ਹਾਂ ਦੁਖੜਿਆਂ ਦੇ ਕਹਿੰਦਿਆਂ ਮੈਨੂੰ ਮੇਰੀ ਢੀਠ-ਤਾਈ ਦੀ ਸ਼ਰਮ ਅੰਦਰੇ ਅੰਦਰ ਸ਼ਰਮਿੰਦਿਆਂ ਕਰਦੀ ਹੈ।ਪਰੰਤੂ ਪਰਮ ਦੁਖੀ ਹੋਣ ਦੇ ਕਾਰਨ ਦੁਖ ਜਰਿਆ ਨਹੀਂ ਜਾਂਦਾ, ਅੰਦਰੇ ਅੰਦਰ ਕਲੇਜਾ ਸੜਦਾ ਹੈ। ਸਿਰ ਨੂੰ ਧੂੰਏਂ ਚੜ੍ਹ ਚੜ੍ਹ ਕੇ ਸ਼ੁਦਾ ਪੁਣੇ ਦਾ ਚੱਕ੍ਰ ਚੜ੍ਹੀ ਚਲਦਾ ਹੈ, ਹੋਰ ਕੋਈ ਵਾਹ ਨਹੀਂ, ਜੋ ਕੁਝ ਕਰ ਸਕਾਂ,ਬਿਨਾਂ ਪੁਕਾਰ ਦੇ ਹੋਰ ਕੁਝ ਨਹੀਂ ਅਹੁੜਦੀ, ਇਸ ਲਈ ਹੇ ਮੇਰੇ ਦਰਦੀ ਮਾਲਕਾ ! ਇਹ ਮੇਰਾ ਫੁੱਟਾ ਹੋਇਆ, ਝੁਲਸਿਆ ਹੋਇਆ ਕਲੇਜਾ, ਜੰਗਾਲ ਨੇ ਖਾਧਾ ਹੋਇਆ ਕਲੇਜਾ ਆਪਦੇ ਹਾਜ਼ਰ ਹੈ। ਇਸਦੇ ਦੁਖ ਸੁਣੋ,ਇਸਦੀ ਪੁਕਾਰ ਦੇਖੋ, ਇਸਦੇ ਫੱਟਾਂ ਤੇ ਕ੍ਰਿਪਾ ਦੀ ਮਲ੍ਹਮ ਲਾਕੇ ਪੱਟੀ ਬੰਨ੍ਹੋ, ਇਸਦੇ ਡੂੰਘੇ ਤੇ ਤਿੱਖੇ ਦਰਿਆ ਵਾਕਰ ਰੋੜ੍ਹ ਲੈ ਜਾਣ ਵਾਲੇ ਗੋਤਿਆਂ ਤੋਂ ਬਾਹੋਂ ਪਕੜ ਕੇ ਕੱਢ ਲਓ। ਮੈਂ ਕੁਰ-ਬਾਨ ਜਾਵਾਂ,ਮੈਨੂੰ ਇਸ ਅਨੋਖੇ ਵਹਾਉ ਦੀਆਂ ਲਹਿਰਾਂ ਦੀ ਪਛਾੜ ਤੋਂ ਆਸਰਾ ਦਿਓ ! ਮੈਂ ਬਲਿਹਾਰ ਜਾਵਾਂ, ਇਹ ਮੇਰਾ ਮਨ ਦੁਸ਼ਟ ਬੜਾ ਪੁਸ਼ਟ ਦੁਸ਼ਟ,ਕਿਸੇ ਵੇਲੇ ਵੀ ਸ਼ਾਂਤਿ ਨਹੀਂ ਕਰਦਾ,ਕਿਸੇ ਵੇਲੇ ਵੀ ਆਪਣੀ ਪੈਂਦਿਆਂ ਦੀ ਧਾਵਣੀ ਤੋਂ ਨਹੀਂ ਥੱਕਦਾ।ਬਾਂਦਰ ਵਾਕਰ ਹਰ ਵੇਲੇ ਪਦਾਰਥਾਂ ਦੀ ਵਾਸ਼ਨਾ ਵਿਚ ਨੱਚਦਾ, ਟੱਪਦਾ , ਭੁੜਕਦਾ ਹੋਇਆ ਨਹੀਂ ਅੱਕਦਾ। ਜੇ ਮੈਂ ਆਪਦੇ ਚਰਨ ਕਮਲਾਂ ਦਾ ਭੌਰਾ ਬਣਾਇਆ ਚਾਹਨਾਂ ਹਾਂ ਤਾਂ ਇਹ ਭੁੰਡ ਮੈਲ- ਖੋਰੀ ਨੂੰ ਉੱਡਦਾ ਫਿਰਦਾ ਹੈ। ਜੇ ਮੈਂ ਇਸ ਕੁੱਤੇ ਮਨ ਨੂੰ ਆਪਦੇ ਸਤਿਸੰਗੀਆਂ ਦੇ ਦਰਵਾਜ਼ੇ ਪਰ ਅਟਕਾਇਆ ਚਾਹੁਨਾ ਹਾਂ ਤਾਂ ਇਹ ਕੁੱਤਾ,ਅਵੈੜਾ ਕੁੱਤਾ,ਵਿਅਰਥ ਪਦਾ-ਰਥਾਂ ਨੂੰ ਭੌਂਕਦਾ ਹੈ। ਜੇ ਮੈਂ ਇਸ ਅੜੀਅਲ ਬੈਲ ਨੂੰ ਤੇਰੇ ਨਾਮ, ਭਜਨ ਬਾਣੀ ਦੇ ਹਲ ਅੱਗੇ ਜੋਤਨਾ ਹਾਂ ਤਾਂ ਇਹ ਸਾਨ੍ਹ ਵਾਕਰ ਵਿਕਾਰਾਂ ਦੇ ਹਰਿਆਂ ਖੇਤਾਂ ਨੂੰ ਉੱਠ ਉੱਠ ਦੌੜਦਾ ਹੈ । ਭਾਵੇਂ ਮੂੰਹ ਦੀਆਂ ਬਤੇਰੀਆਂ ਖਾਂਦਾ ਹੈ,ਪਰ ਆਪਣੀ ਭੈੜੀ ਵਾਦੀਓਂ ਨਹੀਂ ਮੁੜਦਾ?ਹਾਇ ! ਮੈਂ ਕੀ ਕਰਾਂ? ਕਿੱਥੇ ਜਾਵਾਂ? 'ਬਿਆ ਦਰੁ ਨਾਹੀ ਕੈ ਦਰਿ ਜਾਉ'। ਹੇ ਕਰੁ-ਣਾਲਯ, ਮੈਨੂੰ ਇਸ ਨਿੱਕੇ ਜਿਹੇ ਮਨ ਨੇ ਵਡਾ ਸਤਾਇਆ ਤੇ ਬਾਹਲਾ ਦੁਖੀ ਕੀਤਾ ਹੈ, ਅਪਣੀ ਅੜੀ ਅਜੇਹੀ ਬੰਨ੍ਹਦਾ ਹੈ ਕਿ ਇਸਦੇ ਜੇਹਾ ਹੋਰ ਕੋਈ ਅੜੀਅਲ ਮਾਨੋਂ ਹੋਇਆ ਹੀ ਨਹੀਂ।

ਹੇ ਕ੍ਰਿਪਾ ਸਿੰਧ ! ਇਹ ਭੂਤਨਾ ਮਨ ਕ੍ਰਿਪਾ ਕਰਕੇ ਮੇਰੇ ਵੱਸ ਕਰਦਿਓ,ਦੀਨਬੰਧੁਜੀਓ ਇਸ ਸ਼ੁਤਰ ਬੇਮੁਹਾਰ ਮਨ ਦੇ ਨੱਕੀਂ ਨਕੇਲ ਪਾਕੇ ਮੇਰੇ ਹੱਥ ਵਿਚ ਦੇ ਦਿਓ। ਇਸ ਅੜੀਅਲ ਘੋੜੇ ਦੇ ਮੂੰਹ ਵਿਚ ਨਾਹਰੀ ਦੇਕੇ ਸਿੱਧਿਆਂ ਕਰ ਦਿਓ। ਹੇ ਬਖਸ਼ਿੰਦਾ ! ਇਸ ਨੀਚ ਨੇ

Digitized by Panjab Digital Library | www.panjabdigilib.org

ਬਿਨਾਂ ਤੇਰੇ ਬਰਕਤ ਵਾਲੇ ਹੱਥ ਦੇ ਸਿਰ ਤੇ ਰੱਖਿਆਂ ਇਕ ਨਹੀਂ ਸੁਣਨੀ ਮੰਨਣੀ।

ਹੇ ਕ੍ਰਿਪਾ ਸਾਗਰ! ਮੈਂ ਅਨਾਥ ਦ ਮਨ ਦੀ ਦੁਰਦਸ਼ਾ ਅਤੇ ਬਿਆਕੁਲਤਾ, ਸੰਸਿਆਂ ਦਾ ਝਮੇਲਾ, ਗਿਣਤੀਆਂ ਦੇ ਉਤਾਰ ਚੜ੍ਹਾਉ, ਮਨ ਦੀਆਂ ਖੁਟਚਾਲੀਆਂ, ਬ੍ਰਿਤੀ ਦੀ ਭ੍ਰਮ-ਕਤਾ ਆਦਿਕ ਅਸਹਿ ਦੁਰਘਟਨਾਂ ਕਦ ਤਕ ਮੈਨੂੰ ਦੁਖ ਦਿੰਦੀਆਂ ਰਹਿਣਗੀਆਂ ? ਹੇ ਕ੍ਰਿਪਾ ਆਗਾਰ ! ਆਪ ਕਦ ਕ੍ਰਿਪਾ ਦ੍ਰਿਸ਼ਟੀ ਕਰੋਗੇ? ਹੇ ਪ੍ਰਾਣਾਧਾਰ ਆਪ ਕਦ ਬਾਹੁੜੋਗੇ ? ਹੇ ਕਰੁਣਾ ਭੰਡਾਰ ਕਦ ਮਿਹਰ ਕਰੋਗੇ ? ਹੇ ਪਰਮ ਉਦਾਰ ਦਾਤਾਰ ! ਕਦ ਆਪਣੇ ਚਰਨਾਂ ਕਮਲਾਂ ਦੀ ਭਗਤੀ ਪ੍ਰਦਾਨ ਕਰੋਗੇ ? ਹੇ ਸੁੱਧ ਸਤੋਗੁਣ ਸ਼ਾਂਤਿ ਭੰਡਾਰ ! ਇਸ ਤਪੇ ਦੇਏ ਸੜਦੇ ਮਨ ਨੂੰ ਸ਼ਾਂਤਿ ਦੇਕੇ ਆਪਣੇ ਚਰਨਾਂ ਕਮਲਾਂ ਨਾਲ ਕਦੋਂ ਜੋੜੋਗੇ ? ਹੇ ਸਰਬ ਦਾ ਰਖਜਕ ! ਇਸ ਦਰ ਦੇ ਭਉਂਕੂ ਕੁੱਤੇ ਪਰ ਕਦ ਕ੍ਰਿਪਾ ਹੋਵੇਗੀ ? ਹੇ ਭਗਤ ਵਤਸਲ ਇਸ ਰੁੜ੍ਹੇ ਜਾਂਦੇ ਅਨਾਥ ਨੂੰ ਕਦ ਅਭੈਦਾਨ ਬਖਸ਼ੋਗੇ?

—o—

ਬੇਨਤੀ ਪੱਤ੍ਰ ਨੰ: ੭

ਸੂਹੀ ਮਹਲਾ ੫ ॥

ਲੋਭਿ ਮੋਹਿ ਮਗਨ ਅਪਰਾਧੀ ॥ ਕਰਣਹਾਰ ਕੀ ਸੇਵ ਨ ਸਾਧੀ॥੧॥ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥ ਰਾਖਿ ਲੇਹੁ ਮੋਹਿ ਨਿਰ-ਗੁਣੀਆਰੇ॥ ੧ ॥ ਰਹਾਉ ॥ ਤੂੰ ਦਾਤਾ ਪ੍ਰਭ ਅੰਤਰਜਾਮੀ ॥ ਕਾਚੀ ਦੇਹ ਮਾਨੁਖ ਅਭਿਮਾਨੀ ॥ ੨ ॥ ਸੁਆਦ ਬਾਦ ਈਰਖ ਮਦ ਮਾਇਆ ॥ ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥ ੩ ॥ ਦੁਖ ਭੰਜਨ ਜਗ ਜੀਵਨ ਹਰਿ ਰਾਇਆ ॥ ਸਗਲ ਤਿਆਗਿ ਨਾਨਕੁ ਸਰਣਾਇਆ ॥ ੪ ॥

ਬਿਹਾਗੜਾ ਮਹਲਾ ੫ ਛੰਤ ॥

ਸੁਨਹੁ ਬਿਨੰਤੀਆ ਸੁਆਮੀ ਮੇਰੇ ਰਾਮ ॥ ਕੋਟਿ ਅਪਰਾਧ ਭਰੇ ਭੀ ਤੇਰੇ ਚੇਰੇ ਰਾਮ ॥ ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥ ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥ ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰ ਹੂ ਤੇ ਨੇਰੇ॥ ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥ ੧॥ ਤੂ ਸਮਰਥੁ ਸਦਾ ਹਮ ਦੀਨ ਭਿਖਾਰੀ ਰਾਮ॥ ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥ ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥ ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ ॥ ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ ॥ ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ ॥ ੨॥ ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥ ਪਾਲਹਿ ਆਕਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥ ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚ ਇਆਨਾ ॥ ਤਿਆਗਿ ਚਲਤੀ ਮਹਾ ਚੰਚਲਿ ਦੇਖਿ ਕਰਿ ਕਰਿ ਜੋਗੀ॥ ਨਾਨਕ ਸਰਣਿ ਸਮਰਥੁ ਸੁਆਮੀ ਪੈਜ ਰਾਖਹੁ ਮੇਰੀ ॥ ੩ ॥

ਸੁਅਸਤਿ ਸ੍ਰੀਮਾਨ, ਕ੍ਰਿਪਾ ਨਿਧਾਨ, ਕਰੁਣਾ ਖਾਨ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਗਤਿਆਂ ਦੀ ਗਤਿ, ਨਿਆਸਰਿਆਂ ਦੇ ਆਸਰਾ, ਨਿਥਾਵਿਆਂ ਦੇ ਥਾਉਂ, ਦੀਨ ਬੰਧੂ, ਪਤਿਤ ਪਾਵਨ, ਸਰਣ ਪਾਲ, ਪਰਮ ਕ੍ਰਿਪਾਲੂ, ਦੀਨ ਦਇਆਲ, ਅਨਾਥ ਨਾਥ, ਸਰਬ ਦਾ ਸਾਥ,

Digitized by Panjab Digital Library | www.panjabdigilib.org

ਸਰਬੋਪਰੀ ਬਿਰਾਜਮਾਨ, ਸਰਬ ਜਨ ਮਾਨ, ਸਰਬ ਸ਼ਕਤਿਮਾਨ, ਸਰਬ ਸਰਬੱਗਜ, ਸੁੱਧ ਸਚਿਦਾਨੰਦ, ਸਰਬ ਜਗਤ ਬੰਦ, ਮੇਰੇ ਸਤਿ-ਗੁਰਦੇਵ, ਅਲਖ ਅਭੇਵ, ਅਪਰੰਪਰ ਅਮੇਵ ਸਤਿਗੁਰੂ ਸੱਚੇ ਪਾਤਸ਼ਾਹ ਆਪਦੇ ਪਵਿੱਤ੍ਰ ਚਰਨਾਂ ਕਵਲਾਂ ਅੱਗੇ ਇਕ ਕ੍ਰਿਤਘਨ ਪਾਪੀ ਨਿਰਗੁਣੀਆਰ ਦੀ, ਗਲ ਪੱਲਾ ਮੂੰਹ ਘਾਹ ਲਈ,ਅਤਿ ਸਨਿੰਮ੍ਰ ਬੇਨਤੀ ਹੈ ਕਿ ਮੈਂ ਨੀਚ ਕਈ ਜਨਮਾਂ ਤੋਂ ਆਪਦੀ ਸ਼ਰਣ ਢੂੰਡਦਾ ਹੋਇਆ ਹੁਣ ਆਪਦੇ ਪਵਿੱਤ੍ਰ ਦਰ ਤੇ ਸਤਿ-ਸੰਗਤ ਦੀ ਚਰਨ ਧੂੜੀ ਵਿਚ ਮੂੰਹ, ਮੱਥਾ, ਨੱਕ ਰਗੜਦਾ ਹਾਂ । ਬਾਰੰਬਾਰ ਦਲ੍ਹੀਜ ਤੇ ਸਿਰ ਰੱਖਦਾ, ਹਾੜੇ ਕੱਢਦਾ, ਤਰਲੇ ਕਰਦਾ, ਵਾਸਤੇ ਪਾਉਂਦਾ,ਲਿਲਕਣੀਆਂ ਲੈਂਦਾ ਹਾਂਕਿ ਮੈਂ ਨੀਚ,ਅਤਿ ਨੀਚ,ਮਹਾਂ ਨੀਚ ਇਸ ਸੰਸਾਰ ਵਿਚ ਤੇਰਾ ਕਹਾ ਚੁਕਾ ਹਾਂ, ਲੋਕੀਂ ਤੇਰਾ ਹੀ ਨਾਉਂ ਲੈਕੇ ਪੁਕਾਰਦੇ ਹਨ, ਮੈਨੂੰ ਵੀ ਬਾਝੋਂ ਆਪਦੇ ਦਰ ਦੇ ਹੋਰ ਕੋਈ ਦਰ ਨਹੀਂ ਅਤੇ ਨਾ ਹੀ ਮੈਂ ਕਿਸੇ ਹੋਰ ਦਰ ਦਾ ਸਿਵਾਣੂ ਹਾਂ, ਇਸ ਲਈ ਬਾਰੰਬਾਰ ਇਹੋ ਫਰਿਆਦ ਹੈ, ਇਹੋ ਪੁਕਾਰ ਹੈ ਕਿ ਤੈਨੂੰ ਬਿਰਦ ਬਾਣੇ ਦੀ ਲਾਜ ਹੈ, ਕਿਉਂਕਿ ਤੂੰ ਸਦਾ ਬਿਰਦ ਬਾਣੇ ਦੀ ਲਾਜ ਰੱਖਦਾ ਆਇਆ ਹੈਂ ਅਤੇ ਹੁਣ ਵੀ ਰੱਖੇਂਗਾ।ਭਾਵੇਂ ਤੇਰਾ ਬਿਰਦ ਬਖਸ਼ਿੰਦ ਹੈ ਤੂੰ ਸਦਾ ਤੋਂ ਹੀ ਦੀਨ ਬੰਧੁ ਹੈਂ, ਤੇਰੇ ਨਿਵਾਜੇ ਹੋਏ ਕੀੜਿਆਂ ਤੋਂ ਰਾਜੇ ਅਤੇ ਰਾਜਿਆਂ ਤੋਂ ਮਹਾਂਰਾਜੇ ਹੋ ਗਏ ਹਨ, ਤੇਰੀ ਹੀ ਇਕ ਮਿਹਰ ਦੀ ਨਿਗਾਹ ਦੇਖਣ ਨਾਲ ਕ੍ਰੋੜਾਂ ਜਨਮਾਂ ਦੇ ਪਾਪੀ ਉਧਰ ਗਏ ਹਨ, ਪਰੰਤੂ ਮੇਰੀ ਵਿਲਕਣੀ ਤੇ ਦੀਨਤਾ ਇਜੇਹੇ ਭਾਰ ਭਰੋਸੇ ਪਰ ਵੀ ਪੈਰੋ ਪੈਰ ਵਧਦੀ ਹੀ ਜਾਂਦੀ ਹੈ। ਕਿਉਂਕਿ ਮੇਰੇ ਕੀਤੇ ਹੋਏ ਕਰਮ, ਪਾਪ, ਘੋਰ ਪਾਪ, ਆਪਣੀਆਂ ਡਰਾਉਣੀਆਂ ਸ਼ਕਲਾਂ ਦਿਖਾ ਦਿਖਾ ਕੇ ਹਰ ਵੇਲੇ ਡਰਾਉਂਦੇ, ਕੰਬਾਉਂਦੇ,ਧੜਕਾਉਂਦੇ ਰਹਿੰਦੇ ਹਨ,ਕਿਉਂਕਿ ਮੈਂ ਨੀਚ ਨੂੰ ਨੀਚਾਂ ਵਿਚ ਵੀ ਆਦਰ ਨਹੀਂ ਮਿਲਦਾ, ਉਥੇ ਵੀ ਦੁਰਕਾਰ ਅਤੇ ਤ੍ਰਿਸਕਾਰ ਹੀ ਹੁੰਦਾ ਹੈ, ਇਸ ਲਈ ਹੋਰ ਕਲੇਜੇ ਲੂਹਣੀ ਅਨੋਖੀ ਅੱਗ ਕਲੇਜਿਓਂ ਉੱਠਕੇ ਤਨ ਮਨ ਲੂਹ ਘੱਤਦੀ ਹੈ। ਉਪ੍ਰੰਤ ਇਸੇ ਡੰਡੂਲ ਦਾ ਧੂੰਆਂ ਸਿਰ ਚੜ੍ਹਕੇ ਹੋਸ਼ ਭੁਲਾ ਦਿੰਦਾ ਹੈ। ਭਾਵੇਂ ਇਹੋ ਧੂੰਆਂ ਸਿਰੋਂ ਪਾਣੀ ਹੋਕੇ ਅੱਖੀਆਂ ਥਾਣੀਂ ਵਹਿ ਨਿਕਲਦਾ ਹੈ। ਪਰ ਇਹ ਸੋਚ ਮੇਰੇ ਦਿਲ ਦਿਮਾਗ ਨੂੰ ਹਰ ਵੇਲੇ ਘੁਣ ਵਾਕਰ ਖਾਂਦੀ ਰਹਿੰਦੀ ਹੈ ਕਿ ਪਾਪੀਆਂਦੀ ਸ਼ੁਣੀਵਿਚੋਂ ਹੀ ਪੁਕਾਰ ਹੋ ਸਕਦੀ ਹੈ,ਸੋਈਓ ਪਾਪੀਆਂਦੀ ਸ਼ੁਣੀ ਵਿਚ ਮੈਂ ਅਤਿ ਪਾਪੀ ਨੂੰ ਦੁਰਦੁਰ ਤੇ ਛਿਰ ਛਿਰ ਠਹਿਰਨ ਨਹੀਂ ਦੇਂਦੀ।ਮੇਰਾ ਮਾਲਕ ਕਦੋਂ ਅਤੇ ਕਿੱਕੂੰ ਮੇਰੀ ਪੁਕਾਰ ਸੁਣੇਗਾ ? ਪਰ ਹਾਂ,ਇਕਭਰੋਸਾ ਵੀ ਹੈਕਿ ਮੇਰਾਸੱਚਾ ਪਾਤਸ਼ਾਹ ਗੁਰੂ ਗਰੀਬ ਨਿਵਾਜ ਅੰਤਰਜਾਮੀ ਹੈ ''ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ'' ਇਸ ਲਈ ਮੇਰੀ ਟੁਟਦੀ ਹੋਈ ਆਸ ਫਿਰ ਪਰਤਕੇ ਗੁੰਝਲ ਖਾਂਦੀ ਹੈ ਕਿ ਇਸ ਦਰ ਤੇ ਪੈਕੇ ਨਿਰਾਸ ਹੋਣ ਦੀ ਕੋਈ ਜਗ੍ਹਾ ਨਹੀਂ, ਕਿਉਂਕਿ ਇਸ ਸਤਿਗੁਰ ਨਾਨਕ ਦੇਵ ਦੇ ਦਰੋਂ ਘਰੋਂ ਕੋਈ ਵਿਰਵਾ ਨਹੀਂ ਰਿਹਾ, ਪ੍ਰੰਤੂ ਮੇਰੇ ਇਸ ਆਸ ਵਾਲੇ ਭਰੋਸੇ ਪਰ ਮੇਰੇ ਭਯਾਨਕ ਕਲਜੁਗੀ ਕਰਮ ਹੌਲੀ ਜਿਹੀ ਮੇਰੇ ਕੰਨੀਂ ਲੱਗਕੇ ਕਹਿੰਦੇ ਹਨ ਕਿ ਸਾਡੇ ਹੁੰਦਿਆਂ ਤੂੰ ਆਪਣੇ ਬਖਸ਼ੇ ਜਾਣ ਦੀ ਆਸ ਕਰਦਾ ਹੈਂ, ਜੀਕਰ ''ਸਪ ਦਾ ਅਧਾ ਨਿਗਲਿਆ ਡੱਡੂ ਮਛਰ ਖਾਣ ਲਈ ਮੂੰਹ ਖੋਹਲੇ'' । ਓਇ ਮੂਰਖਾ ! ਅਨੇਕਾਂ ਜਨਮਾਂ ਦੇ ਅਸੀਂ ਤੇਰੇ

Digitized by Panjab Digital Library | www.panjabdigilib.org

ਸੰਗੀ ਹਾਂ, ਤੂੰ ਸਾਥੋਂ ਜੁਦਾ ਨਹੀਂ, ਅਸੀਂ ਤੈਥੋਂ ਵੱਖਰੇ ਨਹੀਂ। ਹੁਣ ਭਲਾ ਕਦੀ ਹੋ ਸਕਦਾ ਹੈ ਕਿ ਤੇਰਾ ਸਾਡਾ ਵਿਛੋੜਾ ਹੋ ਜਾਵੇ? ਜਦ ਅਸੀਂ ਤੇ ਜੂਨਾਂ, ਜਨਮਾਂ, ਨਰਕਾਂ ਵਿਚ ਵੀ ਤੇਰੇ ਅੰਗ ਸੰਗ ਰਹੇ ਹਾਂ ਤੇ ਹੁਣ ਤੂੰ ਸਾਥੋਂ ਨਿਖੜਕੇ ਕਦ ਕਿਤੇ ਜਾ ਸਕਦਾ ਹੈਂ ? ਤੂੰ ਰਤਾ ਸਾਡੇ ਵਲ ਨਿਗਾਹ ਪਰਤਕੇ ਵੇਖ।

ਹੇ ਮੇਰੇ ਪ੍ਰਤਿਪਾਲਕ ਪਿਤਾ ! ਹੇ ਮੇਰੇ ਬਖਸ਼ਿੰਦ ! ਹੇ ਮੇਰੇ ਉਧਾਰਕ ! ਇਸ ਵੇਲੇ ਮੇਰੀ ਹਾਲਤ ਕਹਿਣ ਗੋਚਰੀ ਨਹੀਂ ਹੈ, ਤੂੰ ਸਭੇ ਕੁਝ ਜਾਣਦਾ ਹੈਂ, ਤੂੰ ਸਰਬ ਘਟਾਂ ਦਾ ਮਾਲਕ ਹੈਂ, ਇਕ ਵੰਨੇ ਭਰੋਸਾ ਦ੍ਰਿੜ ਨਿਸਚਾ ਕਰਾਰਿਹਾ ਹੈਕਿ ਹੇ ਮਨ!ਤੇਰੇ ਜਿਹੇ ਅਣਗਿਣਤ ਪਾਪੀ,ਮਹਾਂਪਾਪੀ ਘੋਰ ਪਾਪੀ ਇਕ ਵਾਰਾਂਕ੍ਰਿਪਾ ਭਰੀ ਦ੍ਰਿਸ਼ਟੀ ਕਰਨ ਨਾਲ ਤਰ ਗਏ, ਤੇਰਾ ਬਖਸ਼ਿਆ ਜਾਣਾ ਕੋਈ ਭਾਰੀ ਗਲ ਨਹੀਂ।

ਦੂਜੀ ਵੰਨੇ ਮੇਰੇ ਜਨਮਾਂਤ੍ਰਾਂ ਦੇ ਵੈਰੀ ਸਦਾ ਕਾਲ ਦੇ ਸੰਗੀ ਤੇਰੇ ਦਰ ਤੋਂ ਨਿਤ ਹੀ ਵਾਞ ਰੱਖਣ ਵਾਲੇ ਮੇਰੇ ਖੋਟੇ ਕਰਮ ਆਪਣੀਆਂ ਭਜਾਨਕ ਸ਼ਕਲਾਂ ਦਿਖਾਕੇ ਡਰਾਉਂਦੇ ਹਨ ਅਤੇ ਦਾਵੇ ਬੰਨ੍ਹ ਬੰਨ੍ਹ ਕੇ ਕਹਿੰਦੇ ਹਨ ਕਿ ਕਈ ਜਨਮਾਂ ਤੋਂ ਜਦ ਅਸਾਂ ਤੈਨੂੰ ਨਹੀਂ ਵਿਛੋੜਿਆ, ਤੇਰੀਆਂ ਅਪਦਾ ਸੰਪਦਾ ਵੇਲੇ ਤੇਰੇ ਪਰਛਾਵੇਂ ਵਾਕਰ ਤੇਰੇ ਨਾਲ ਰਹੇ ਹਾਂ ਤੇ ਹੁਣ ਤੂੰ ਸਾਨੂੰ ਵਿਛੋੜਨਾ ਹੈਂ, ਕੀ ਤੂੰ ਸਾਡੇ ਨਾਲੋਂ ਵੀ ਬੁਰਾ ਖੋਟਾ ਪੁਰਖ ਹੈਂ ਜੋ ਸਾਡੇ ਲਹੂ ਨ੍ਹਾਉਣ ਦੀ ਆਸਾ ਰੱਖਦਾ ਹੈਂ ? ਪਰ ਯਾਦ ਰੱਖੀਂ ਲਗਦੀ ਵਾਹੇ ਅਸਾਂ ਤੈਨੂੰ ਨਹੀਂ ਛੱਡਣਾ, ਜਿੱਥੇ ਸਾਡੀ ਹਾਨੀ ਹੁੰਦੀ ਹੈ,ਅਸਾਂ ਤੈਨੂੰ ਓਥੋਂ ਤਕ ਪਹੁੰਚਣ ਹੀ ਨਹੀਂ ਦੇਣਾ। ਤੂੰ ਖਬਰਦਾਰ ਰਹੁ, ਦੇਖ ਤੇਰੇ ਨਾਲ ਕੀ ਕਰਨੇ ਹਾਂ। ਪਹਿਲੇ ਤਾਂ ਚੇਤੇ ਰੱਖੀਂ ਤੇਰੀ ਪੁਕਾਰ ਓਸ ਦਰਗਾਹ ਤੁਕ ਅਪੜਨ ਹੀ ਨਹੀਂ ਦੇਣੀ। ਭਲਾ ਜੇ ਕਿਤੇ ਪੁਕਾਰ ਅੱਪੜ ਵੀ ਗਈ ਤਾਂ ਤੈਨੂੰ ਨਹੀਂ ਅੱਪੜਨ ਦੇਣਾਂ। ਹੇ ਮੇਰੇ ਢੱਠੇ ਹੋਏ ਦਿਲਾਂ ਦੇ ਮਾਲਿਕਾ! ਮੇਰਾ ਕੋਈ ਸਹਾਇਕ ਨਹੀਂ, ਜਿਸਦੀ ਸਹਾਇਤਾ ਨਾਲ ਤੇਰੇ ਤਕ ਪੁੱਜਾਂ ਅਤੇ ਰਾਹ ਵਿਚ ਮੇਰੇ ਮੁੱਢੋਂ ਦੇ ਵੈਰੀ, ਮੇਰੇ ਕੁਕਰਮ, ਮੇਰੇ ਅੱਗੇ ਪਿਛੇ ਪਿਆਦਿਆਂ ਵਾਕਰ ਪਹਿਰਾ ਲਾਈ ਰੱਖਦੇ ਹਨ, ਕਿਸੇ ਵੇਲੇ ਚੋਰੀ ਛਪੀ ਵੀ ਝੁਟ ਨਹੀਂ ਲਾਉਣ ਦਿੰਦੇ, ਨਹੀਂ ਤਾਂ ਦੌੜ ਕੇ ਤੇਰੇ ਚਰਨਾਂ ਦੀ ਸ਼ਰਨ ਵਿਚ ਆ ਪਵਾਂ। ਇਸ ਲਈ ਅਤਿ ਨਿੰਮ੍ਰਤਾ ਨਾਲ ਗਲ ਪੱਲਾ ਮੂੰਹ ਘਾਹ ਲਈ ਤੇਰੇ ਦਰ ਤੇ ਸਿਰ ਰੱਖੀ ਇਹੋ ਬੇਨਤੀ ਹੈ:—ਤ੍ਰਾਹਿ ਮਾਂ ! ਤ੍ਰਾਹਿ ਮਾਂ ! ਪਾਹਿ ਮਾਂ ! ਪਾਹਿ ਮਾਂ ! ਰੱਖ ਲੈ, ਰੱਖ ਲੈ ! ਬਖਸ਼ ਲੈ, ਬਖਸ਼ ਲੈ ! 'ਸਰਬ ਪਾਖ ਰਾਖ ਮੁਰਾਰੇ ਆਗੇ ਪਾਛੇ ਅੰਤੀ ਵਾਰੇ।'

ਤੇਰੇ ਬਾਝ ਨ ਦਰਦੀ ਦਿੱਸੇ ਬੇਦਰਦੀ ਨੂੰ ਸਾਈਆਂ ! ਦਰਦੀ ਕੁੱਤੀ ਦਰਦਾਂ ਮਾਰੀ ਦਰਦ ਨਹੀਂ ਦਰਦਾਈਆਂ। ਕੋਈ ਨ ਵਾਲੀ ਵਾਰਸ ਬਣਦਾ ਏਥੋਂ ਓਥੋਂ ਤਾਹੀਆਂ।ਦਰੋਂ ਘਰੋਂ ਕਰਬਖਸ਼ਿਸ਼ ਮਾਈਂ ਹੋਇਨਿਮਾਣੀਆਈਆਂ।੧।

ਦੀਨ ਗੁਵਾਇਆ ਦੁਨੀ ਵੰਞਾਈ ਗਫਲਤ ਦੇ ਵਿਚ ਪਈਆਂ। ਪਏ ਭੁਲਾਵੇ ਭੁੱਲ ਭੁਲੇਖੇ ਭੁੱਲੀ ਭੁੱਲ ਵਿਚ ਰਹੀਆਂ। ਸਮਝਾਂ ਨਹੀਂ ਬਿਸਮਝ ਸਮਝ ਤੋਂ ਸਮਝਾਵੇ ਸਮਝਹੀਆਂ। ਸੰਗ ਸੰਗੀਂ ਦੇ ਸੰਤਾਂਸੰਗਤਸੰਗਮਿਲੇ ਸੰਗ ਲਹੀਆਂ।੨।

ਥਰ ਥਰ ਕੰਬਦਾ ਜੀਅੜਾ ਸੰਗਦਾ ਮੰਗਦਾ ਰਹਿਮ ਹਜ਼ੂਰੀਂਪਰ ਕਰਤੂ ਤੋਂ ਭੈੜੀ ਚੰਦਰੀ ਸ਼ਰਮਿੰਦੀ ਤੇ ਕੂੜੀ। ਕੀ ਮੂੰਹ ਲੈਕੇ ਹਾਜਰ ਹੋਵਾਂ ਜਿੰਦੜੀ ਦਾਗਾਂ ਪੂਰੀ । ਆਪੇ ਰਹਿਮ ਕਰੇਂ ਤੇ ਦੇਖੇਂ ਮਿਹਰ ਨਦਰ ਨਹਿੰ ਦੂਰੀ।੩।

ਤੈਨੂੰ ਸ਼ਰਮ ਲਾਜ ਸਭ ਤੈਨੂੰ ਤੂੰਹੀਏਂ ਰੱਖਣ ਵਾਲਾ। ਤੂੰ ਬਖਸ਼ਿੰਦਾ ਤੂੰਹੈਂ ਬਖਸ਼ੇਂ ਬਖਸ਼ਣ-

Digitized by Panjab Digital Library | www.panjabdigilib.org

ਹਾਰ ਨਿਰਾਲਾ। ਤੈਨੂੰ ਚਿੰਤਾ ਤੂੰਹੈਂ ਚਿਤਵੈਂ, ਤੂੰਹੀ ਕਰ ਪ੍ਰਤਿਪਾਲਾ। ਤੇਰੀ ਦਾਤ ਜੋਤ ਵਡਿਆਈ ਦੇਨਾ ਏਂ ਨਾਮ ਸੁਖਾਲਾ। ੪।
ਕਿੱਥੇ ਜਾਈਏ ਠੌਰ ਨ ਲੱਝੈ ਠਾਹਰ ਨਹੀਂ ਅਸਾਡੀ। ਕੋਈ ਨ ਝੱਲਦਾ ਸਾਡੇ ਜੋਹਿਆਂ ਨਹਿੰ ਪਤ ਰਹੀ ਅਸਾਡੀ।ਹੋ ਝੱਲੀ ਝੱਲਾਂ ਵਿਚ ਝੱਲੀ ਦੇਹ ਦੁੱਖ ਦਹੀ ਅਸਾਡੀ। ਕਰ ਕਿਰਪਾ ਕਿਰਪਾ ਦੇ ਸ੍ਵਾਮੀ ਵੀਣੀ ਗਹੀਂ ਅਸਾਡੀ। ੫।

ਤੁਮ ਪ੍ਰਿਜ ਵਰ ਪਜਾਰੇ ਜੀ,ਮੁਹਿ ਅਧਿਕ ਅੰਦੇਸਾ।
ਤੁਮ ਸਦ ਗੁਨ ਵਾਰੇ ਜੀ ਸਭ ਅਗ ਜਗਤੇਸਾ !
ਤੁਮ ਸਾਰ ਸਮ੍ਹਾਲੋ ਜੀ, ਇਹ ਪ੍ਰੇਮ ਸੰਦੇਸਾ।
ਤੁਮ ਸੰਗ ਸਹਾਈ ਜੀ, ਮੁਹਿ ਬਿਰਹ ਕਲੇਸ਼ਾ।੧।
ਤੁਮ ਆਨੰਦ ਦਾਤੇ ਜੀ, ਹਮ ਦੀਨ ਦੁਖਾਰੇ।
ਤੁਮ ਪਾਪ ਪ੍ਰਣਾਸੀ ਜੀ, ਹਮ ਪਾਪੀ ਭਾਰੇ।
ਹਮ ਬਿਨੈ ਪੁਕਾਰੈਂ ਜੀ, ਤੁਮ ਸੁਨਨੈ ਵਾਰੇ।
ਹਮ ਸ਼ਰਨੀਂ ਥਾਰੇ ਜੀ, ਤੁਮ ਪ੍ਰਣਤਨ ਪਾਰੇ*। ੨।
ਹਮ ਮੂਰਖ ਅੰਧੇ ਜੀ, ਤੁਮ ਗਯਾਨ ਉਜਾਰੇ।
ਹਮ ਫਾਥੇ ਧੰਦੇ ਜੀ, ਤੁਮ ਮੁਕਤ ਬਿਹਾਰੇ।
ਹਮ ਸਦਾ ਕ੍ਰਿਤਘਨੀ ਜੀ, ਤੁਮ ਬਖਸ਼ਨਵਾਰੇ।
ਹਮ ਬਾਰਕ ਬਪੁਰੇ ਜੀ, ਤੁਮ ਪਿਤਾ ਹਮਾਰੇ। ੩।

ਕਰਾਂ ਕੀ ਬੇਨਤੀ ਮੈਂ ਦੀਨ ਹਾਂ ਜੀ।
ਮੈਂ ਦੁਖੀਆ ਦਰਦ ਭਰਿਆ ਖੀਨ ਹਾਂ ਜੀ !
ਮੇਰੀ ਕੁਝ ਬਾਹੁੜੀ ਕੀਜੈ ਪਿਤਾ ਜੀ !
ਨਿਮਾਣਾ ਸ਼ਰਣ ਤੇਰੀ ਹਾਂ ਪਿਆ ਜੀ !
ਨ ਤੱਕੀਂ ਕਰਮ ਮੇਰੇ ਲਾਜ ਰੱਖੀਂ,
ਜਿ ਤੱਕੈਂ ਕਰਮ, ਮੇਰੀ ਲਾਜ ਰੱਖੀਂ !
ਕਰੀਂ ਉਹ ਮਿਹਰ ਜਿਸ ਤੇ ਜੱਗ ਸਾਰਾ
ਰਿਹਾ ਵਰੁਸਾਇ ਤੇਰਾ ਨਾਉਂ ਪਜਾਰਾ।
ਰਿਹਾ ਹਾਂ ਰੋਇ ਮੈਂ ਦੀਬੁ ਵਹਾਈ।
ਮੇਰੇ ਇਸ ਹਾਲ ਤੇ ਕੁਝ ਤਰਸ ਖਾਈਂ।
ਗਿਆ ਹਾਂ ਲੇਟ ਤਉ ਚਰਨਾਂ ਦੇ ਅੱਗੇ।
ਮੇਰਾ ਮਨ ਆਪ ਦੇ ਚਰਨਾਂ ਨੂੰ ਲੱਗੇ।
ਕਰੇ ਹਨ ਸਾਂਗ ਮੈਂ ਫੁਨਾਂ ਦੇ ਭਾਰੇ,
ਬੜੀ ਮੁੱਦਤ ਤੋਂ ਮੈਂ ਕਰ ਕਰਕੇ ਉਤਾਰੇ।
ਜਿ ਤੈਰੇ ਸਾਂਗ ਹੈ ਪਾਸੰਦ ਕੋਈ,
ਤਾਂ ਕਰ ਬਖਸ਼ਿਸ਼ ਮਿਲੇ ਮੈਨੂੰ ਵੀ ਢੋਈ।
ਨਹੀ ਜੇ ਭਾਇਆ ਕੁਈ ਸਾਂਗ ਮੇਰਾ,
ਕਰੋ ਤਾਂ ਬਚਨ: ਛਡ ਸਾਂਗੀ ਬਖੇਰਾ।
ਨਹੀਂ ਤਾਂ ਫੇਰ ਮੈਂ ਕੋਈ ਸਾਂਗ ਕਰਕੇ,
ਅਕਾਵਾਂਗਾ ਇਵੇਂ ਹੀ ਅੜੀ ਧਰਕੇ।
ਜਦੋਂ ਤਕ ਤੂੰ ਨ ਹਟਕੇਂ ਪਾਸ ਰੱਖੇਂ,
ਤਦੋਂ ਤੱਕ ਸਾਂਗ ਮੇਰੇ ਹੀ ਪਰੱਖੇਂ।
ਚੁਰਾਸੀ ਲੱਖ ਕੀਤੇ ਸਾਂਗ ਮੈਂ ਹਨ,
ਹੋਇਆ ਅਭਯਾਸ ਮੈਂ ਵੰਗੇ ਸਿਖੇ ਹਨ।
ਮੈਂ ਓਕਰ ਫੇਰ ਕਰਨੇ ਨੂੰ ਖਲਾ ਹਾਂ,
ਜੋ ਹਟਕੇ ਆਪ ਤਾਂ ਹਟਿਆ ਭਲਾ ਹਾਂ।
ਨਹੀਂ ਮਾਲੂਮ ਤੂੰ ਪਰਸੰਨ ਹੋਇਆ,
ਨ ਜਾਣਾਂ ਸਾਂਗ ਤੇ ਤੂੰ ਦੰਜ ਹੋਇਆ।
ਜੇ ਤੁਸ਼ ਹੋਇਆ ਤਾਂ ਬਖਸ਼ੀਂ ਨਾਮਅਪਨਾ,
ਜੇ ਰੰਜ ਹੋਇਆ ਤਾਂ ਹਟਕੀਂ ਸਾਂਗ ਖਪਨਾ।
ਮੈਂ ਰਾਜੀ ਹਾਂ ਤੇਰੀ ਹਰਦਮ ਰਜ਼ਾ ਵਿਚ,
ਚਲਾਵੇਂ ਜਿਸ ਤਰ੍ਹਾਂ ਚੱਲਾਂ ਬਜਾ ਵਿਚ।
ਮੇਰੀ ਕੁਝ ਮੈਂ ਹੈ ਬਾਕੀ, ਮੈਂ ਦੂਰਾ ਹਾਂ,
ਕ੍ਰਿਤਘਨੀ, ਨੀਚ ਕਪਟੀ ਛਲ ਛੁਰਾ ਹਾਂ।
ਮੈਂ ਪਾਮਰ ਪਾਪ ਮੂਰਤ ਪਾਪ ਕਰਮੀ,
ਮਹਾਂ ਪਾਪੀ ਦਲਿਦਰੀ ਤੇ ਅਧਰਮੀ।
ਮੈਂ ਨਿਰਗੁਣੀਆਰ ਸਾਕਤ ਦੁਸ਼ਟ ਭੇਖੀ।
ਮੈਂ ਮਨਮੁੱਖ ਕੂੜ ਕੋਹੀ ਕਲਿ ਪਰੇਖੀ।
ਮੈਂ ਛਲ ਛਿਦ੍ਰੀ ਤੇ ਛੁਦ੍ਰੀ ਛੀਨ ਛੋਭੀ।
ਮੈਂ ਲਾਲਚ ਲੀਨ ਤ੍ਰਿਸ਼ਨਾ ਮਹਾਂ ਲੋਭੀ।
ਨਰਕ ਵੀ ਨਾਉਂ ਮੇਰੇ ਤੋਂ ਸੰਗੇਦਾ,
ਓ ਡਰਦਾ ਡੋਲਦਾ ਥਰਥਰ ਕੰਬੇਂਦਾ।
ਮੇਰੇ ਅਪਰਾਧ ਹਨ ਭਾਰੇ ਤੋਂ ਭਾਰੇ।
ਕੁਕਰਮਾਂ ਨਾਲ ਕਿਤਨੇ ਜਨਮ ਹਾਰੇ।
ਪਿਆ ਆ ਸ਼ਰਨ ਤੇਰੀ ਹਾਰਕੇ ਹਾਂ,
ਤੈਨੂੰ ਮੈਂ ਆਸਰਾ ਜੀ ਧਾਰਕੇ ਹਾਂ।
ਗਿਆ ਹਾਂ ਹੁੱਟ ਹੁਣ ਨਹਿੰ ਵਾਹ ਕੋਈ,
ਕਿਥੇ ਜਾਵਾਂ ਕਿਤੇ ਮਿਲਦੀ ਨ ਢੋਈ।

*ਤੁਸੀਂ ਉਪਾਸਕਾਂ ਨੂੰ ਪਾਲਨ ਵਾਲੇ ਹੋ।

Digitized by Panjab Digital Library | www.panjabdigilib.org

ਤੂੰਹੈਂ ਰੱਖੈਂ ਜਿ ਅਪਣੀ ਸ਼ਰਨ ਸ੍ਵਾਮੀ!
ਤਾਂ ਰਹਿ ਸੱਕਾਂ ਗੁਨਾਹੀਂ ਨੀਚ ਖਾਮੀ।
ਰਹਾਂ ਢੱਠਾ ਤੇਰੇ ਦਰ ਤੇ ਸਦਾ ਹੀ;
ਦਿਆਂ ਝਾੜੂ ਕਰਾਂ ਸੇਵਾ ਸਦਾ ਹੀ।
ਹੋਵਾਂ ਕੁਰਬਾਨ ਧੂੜੀ ਰਾਹ ਦੀ ਤੋਂ,
ਹੋਵਾਂ ਬਲਿਹਾਰ ਸੂਰਤ ਸ਼ਾਹ ਦੀ ਤੋਂ।
ਕਰਾਂ ਫਰਿਆਦ ਤਰਲੇ ਤੇ ਮੈਂ ਹਾੜੇ,
ਸੁਨਾਵਾਂ ਦੁਖੜਾ ਸੀਨਾਂ ਜੋ ਸਾੜੇ।
ਮੈਂ ਰੋਵਾਂ ਦੁਖ ਦੁਖੀਆ ਦੁਖ ਭਰਕੇ,
ਕਰਾਂ ਤਰਲੇ ਮੈਂ ਪਹੁਤਾ ਹਾਇ ਮਰਕੇ।
ਤੇਰੀ ਸੰਗਤ ਤੋਂ ਮੈਂ ਕੁਰਬਾਨ ਹੋਵਾਂ,
ਦਹਾਂ ਚਰਨਾਂ ਤੇ ਦੁੱਖਾਂ ਨਾਲ ਧੋਵਾਂ।
ਕਰਾਂ ਪੱਖਾ ਤੇ ਪਾਣੀ ਨਿਤ ਢੋਵਾਂ,
ਮੈਂ ਲੰਗਰ ਸੇਵ ਵਿਚ ਬਾਲਣ ਝੁਕੋਵਾਂ।
ਮੈਂ ਧੋਵਾਂ ਚਰਨ ਤੇ ਬਲਿਹਾਰ ਜਾਵਾਂ,
ਹੋਵਾਂ ਕੁਰਬਾਨ ਤੇ ਮੈਂ ਵਾਰ ਜਾਵਾਂ।
ਕਰਾਂ ਸੇਵਾ ਤੇਰੀ ਸੰਗਤ ਦੀ ਸ੍ਵਾਮੀ,
ਕਰੋਂ ਜਿ ਮਿਹਰ ਹੋਵੇਂ ਦਿਲ ਦਾ ਹਾਮੀ।
ਕਦੋਂ ਮੈਂ ਝਾੜ ਜੋੜੇ ਸੰਗਤਾਂ ਦੇ,
ਰੱਖਾਂਗਾ ਸਾਫ ਕਰਕੇ ਪੰਗਤਾਂ ਦੇ?
ਕਦੋਂ ਹੋਵਨਗੇ ਓਹ ਮੇਰੇ ਦਿਹਾੜੇ।
ਹੋਵਾਂ ਸੰਗਤਾਂ ਦੇ ਮੈਂ ਕੁਰਬਾਨ ਵਾਰੇ।

Digitized by Panjab Digital Library | www.panjabdigilib.org

੧੬.

ਸ਼ਬਦ ਬ੍ਰਿਤੀ ਪ੍ਰਕਾਸ਼

ਸ੍ਰੀ ਗੁਰਬਾਣੀ ਦ੍ਵਾਰਾ ਉਦਾਹਰਣਿਤ

ਸੂਚਨਾ-ਇਹ ਰਚਨਾ ਸ੍ਰੀ ਮਾਨ ਡਾਕਟਰ ਸਾਹਿਬ ਜੀ ਦੇ ਗੁਰਪੁਰੀ ਪਿਆਨੇ ਤੋਂ ਛੇ ਸਾਲ ਬਾਦ ੧੯੧੪ ਈ: ਵਿਖੇ ਪੁਸਤਕ ਦੇ ਆਕਾਰ ਵਿਚ ਪਹਿਲੀ ਵੇਰ ਪ੍ਰਕਾਸ਼ਿਤ ਹੋਈ ਸੀ। [ਸੰਪਾਦਿਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਭੂਮਿਕਾ

ਬਾਣੀ ਬੇਉਰਾ ਜਿਨ੍ਹਾਂ ਸੱਜਣਾਂ ਨੇ ਪੜ੍ਹਿਆ ਹੈ ਓਹ ਅੰਦਾਜ਼ਾ ਕਰ ਸਕਦੇ ਹਨ ਕਿ ਸਚਖੰਡ ਵਾਸੀ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਦੇ ਹਿਰਦੇ ਵਿਚ ਗੁਰਬਾਣੀ ਦੀ ਖੋਜ ਪੜਤਾਲ ਦਾ ਕਿਤਨਾ ਪ੍ਰੇਮ ਸੀ। ਹੀਰ ਭਾਈ ਗੁਰਦਾਸ ਤੇ ਜੰਗ ਮੜੋਲੀ ਨੂੰ ਪੜ੍ਹਕੇ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਦੇ ਆਸ਼ਯ ਦੇ ਸਮੁੰਦਰ ਵਿਚ ਉਨ੍ਹਾਂ ਨੂੰ ਕਿੰਨੀ ਕੁ ਗੰਮਤਾ ਸੀ, ਪਰੰਤੂ ਬਹੁਤ ਸਾਰਾ ਸਾਮਾਨ ਸਾਰੀ ਉਮਰ ਦਾ ਪੈਦਾ ਕੀਤਾ ਸੱਚੇ ਸੱਦੇ ਦੇ ਛੇਤੀ ਆ ਜਾਣ ਨੇ ਪ੍ਰਗਟ ਨਹੀਂ ਹੋਣ ਦਿੱਤਾ। ਆਪ ਚਾਹੁੰਦੇ ਸੇ ਕਿ ਕੋਸ਼ ਟੀਕਿਆਂ ਤੋਂ ਛੁਟ ਗੁਰਬਾਣੀ ਦੇ ਅਰਥ ਅਰਪੂਬੰਧ ਸੰਬੰਧੀ ਓਹ ਨਿਯਮ, ਜਿਨ੍ਹਾਂ ਵਿਚ ਸ੍ਰੀ ਗੁਰੂ ਜੀ ਨੇ ਬਾਣੀ ਨੂੰ ਲਿਖਿਆ ਹੈ, ਲਿਖੇ ਜਾਣ,ਜਾਂ ਸਮਝਣੇ ਲਈ ਓਹ ਨਿਯਮ ਸਾਡੀ ਸਮਝ ਗੋਚਰੀ ਬੋਲੀ ਤੇ ਸੰਕੇਤਾਂ ਵਿਚ ਵਰਣਨ ਕੀਤੇ ਜਾਣ, ਜੋ ਅਰਥ ਖੋਜੀ ਨੂੰ ਸਹਾਇਕ ਹੋਣ। ਦੂਸਰੇ ਜੋ ਇਕ ਵਾਕਜ ਦੇ ਅਨੇਕ ਅਨਘੜ ਅਰਥ ਕਰੀ ਜਾਣ ਦਾ ਸ਼ੋਕਦਾਇਕ ਵਤੀਰਾ ਚੱਲ ਪਿਆ ਹੈ, ਇਹ ਵਿਦਿਆ ਦੇ ਅਸੂਲਾਂ ਨਾਲ ਰੋਕ ਕੇ ਨਿਯਮ ਪ੍ਰਕਾਸ਼ਤ ਕੀਤੇ ਜਾਣ ਜੋ ਸੁਤੇ ਸਿੱਧ ਜਾਂ ਵਿਦਜਾ ਦੀ ਖੋਜ ਦੇ ਹੋਣ, ਜਿਨ੍ਹਾਂ ਕਰਕੇ ਦਰੁਸਤ ਅਰ ਅਸਲ ਅਰਥ ਹੀ ਪਰਧਾਨ ਰਹਿਣ ਅਰ ਤਾਤਪਰਜ, ਧੁਨੀ ਆਦਿਕ ਸਾਰੇ ਸੰਬੰਧਤ ਵਿਸ਼ੇ, ਜਿਨ੍ਹਾਂ ਦਵਾਰਾ ਮੁੱਖ ਅਰਥ ਸਥਾਪਿਤ ਹੋਇਆ ਹੈ, ਸਫਾ ਸਮਝੇ ਜਾਣ। ਇਸ ਵਿਸ਼ੇ ਵਿਚ ਦਾਸ ਨਾਲ ਸ੍ਰੀ ਪਿਤਾ ਜੀ ਨੇ ਇਕ ਦਿਨ ਬਹੁਤ ਵਿਚਾਰ ਦੇ ਬਾਦ ਜ਼ਿਕਰ ਕੀਤਾ ਕਿ ਸ੍ਰੀ ਗੁਰੂ ਜੀ ਦੀ ਬਾਣੀ ਅਨੁਭਵੀ ਬਾਣੀ ਹੈ ਅਰ ਇਹ ਸੁਤੇ ਸਿੱਧ ਨਿਯਮਾਂ ਵਿਚ ਟੁਰਦੀ ਹੈ, ਇਹ ਕਹਿਣਾ ਕਿ ਬਾਣੀ ਵਿਚ ਨਿਯਮ ਕੋਈ ਨਹੀਂ, ਵੀ ਗਲਤ ਹੈ, ਪਰ ਇਹ ਕਹਿਣਾ,ਕਿ ਬਾਣੀ'ਧੁਰ ਕੀ ਬਾਣੀ ਨਹੀਂ",ਏਹ ਵੀ ਗਲਤ ਹੈ; ਇਸ ਲਈ ਨਿਯਮਾਂ ਦਾ ਵਰਣਨ ਜ਼ਰੂਰੀ ਹੈ। ਫੇਰ ਆਪ ਨੇ ਫੁਰਮਾਇਆ ਕਿ ਵਿਦਜਾ ਦੇ ਅਸੂਲ ਪੁਰਖ ਨੇ ਲੱਭੇ ਹਨ, ਬਣਾਏ ਨਹੀਂ ਤੇ ਉਹਨਾਂ ਦੇ ਨਾਮ ਸੰਕੇਤ ਕਰ ਦਿਤੇ ਹਨ। ਜੇਕਰ ਸ੍ਰੀ ਗੁਰਬਾਣੀ ਦੇ ਨਿਯਮਾਂ ਦਾ ਗ੍ਰੰਥ ਰਚਿਆ ਜਾਵੇ ਤਾਂ ਬਹੁਤ ਅੱਛਾ ਹੋਵੇ, ਪਰ ਆਪ ਨੇ ਹਾਲੇ ਇਸ ਕੰਮ ਨੂੰ ਕਠਨ ਆਖਿਆ। ਫੁਰਮਾਨ ਲਗੇ ਕਿ ਪਹਿਲੇ ਅੱਡ ਅੱਡ ਵਿਦਜਾ ਦੇ ਸੰਕੇਤਕ ਪਦਾਂ ਵਿਚ ਨਿਯਮਾਂ ਨੂੰ ਸੌਖੀ ਬੋਲੀ ਵਿਚ ਲਿਆਈਏ ਤੇ ਉਨ੍ਹਾਂ ਨਿਯਮਾਂ ਦੇ ਵਰਤਣ ਵਿਚ ਉਦਾਹਰਨ ਗੁਰਬਾਣੀ ਵਿੱਚੋਂ ਦੇਈਏ। ਇਸ ਤਰ੍ਹਾਂ ਸਾਡੇ ਉਠਦੇ ਖਿਆਲ ਵਿਦਵਾਨਾਂ ਤੇ ਗੁਰਬਾਣੀ ਦੇ ਵੱਡੇ ਰਸੀਆਂ ਪਾਸ ਪਹੁੰਚਣਗੇ, ਜਿਸ ਤੇ ਪਰਸਪਰ ਵਿਚਾਰ ਦਾ ਸਮਾਂ ਮਿਲੇਗਾ। ਤਦ ਜੇ ਗੁਰੂ ਚਾਹੇ ਤਾਂ ਗੁਰ-ਗਿਰਾ ਦੇ ਸੁਤੇ ਸਿੱਧ ਨਿਯਮਾਂ ਦੇ ਵਰਣਨ ਦਾ ਕੋਈ ਉੱਚਾ ਗ੍ਰੰਥ ਤਿਆਰ ਹੋ ਸਕੇ। ਇਸ ਖਿਆਲ ਤੇ ਆਪ ਵਿਆਕਰਣ, ਪਿੰਗਲ, ਸਾਹਿਤਜ ਤੇ ਸੰਗੀਤ ਦੇ ਨਿਯਮ

Digitized by Panjab Digital Library | www.panjabdigilib.org

ਪ੍ਰਬੰਧਾਂ ਦੇ ਗ੍ਰੰਥ ਲਿਖਣੇ ਦੇ ਫਿਕਰ ਵਿਚ ਸਨ* ਜਿਸ ਤੋਂ ਕਿ ਸਿਖ ਵਿਦਵਾਨਾਂ ਦਾ ਦੁਖ ਇਸ ਪਾਸੇ ਪਵੇ ਤੇ ਪਰਸਪਰ ਵੀਚਾਰ ਕੇ ਵੱਡੇ ਕੰਮ ਦਾ ਬਾਨ੍ਹ ਬੱਝੇ। ਸਭ ਤੋਂ ਪਹਿਲੇ ਆਪ ਨੇ ਸ਼ਬਦ ਦੀ ਬ੍ਰਿਤੀ (ਸ਼ਬਦ ਸ਼ਕਤੀ)ਦਾ ਵਿਸ਼ਾ ਚੁਣਿਆਂ ਅਰ ਅਭਿਧਾ, ਲਛਣਾਂ ਤੇ ਬਜੰਜਨਾਂ, ਤ੍ਰੈਆਂ ਬ੍ਰਿਤੀਆਂ ਦੇ ਪ੍ਰਕਾਰ ਉਤੇ ਗ੍ਰੰਥ ਲਿਖਿਆ। ਇਸ ਲਈ ਆਪ ਨੇ ਸਭ ਤੋਂ ਅੱਛੀ ਸੰਕਲਨਾਂ ਸਭਾ ਪ੍ਰਕਾਸ਼ ਦੀ ਪਾਈ ਅਰ ਛੇਵੇਂ, ਸੱਤਵੇਂ ਅੱਠਵੇਂ ਉਲਾਸ ਵਿਚ ਵਰਣਨ ਕੀਤੇ ਪ੍ਰਕਾਰ ਨੂੰ ਪਸੰਦ ਕਰਕੇ ਉਸ ਨੂੰ ਕ੍ਰਮਵਾਰ ਸੂਰਤ ਦੇਕੇ ਇਹ ਗ੍ਰੰਥ ਲਿਖਿਆ। ਇਸ ਵਿਚ ਮੂਲ ਦੋਹੇ ਤਾਂ ਉਥੋਂ ਦਿੱਤੇ ਹਨ ਤੇ ਟੀਕਾ ਤੇ ਮਿਲਦੇ ਨਿਯਮਾਂ ਦਾ ਵਰਣਨ ਆਪਣੀ ਠੇਠ ਬੋਲੀ ਵਿਚ ਕੀਤਾ ਹੈ ਤੇ ਉਦਾਹਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੇਕੇ ਉਸ ਦਾ ਵਰਣਨ ਲਿਖਿਆ ਹੈ। ਆਪ ਦਾ ਤਾਤਪਰਜ ਇਕ ਸਾਹਿਤਜ ਦਾ ਗ੍ਰੰਥ ਰਚਨੇ ਤੋਂ ਨਹੀਂ ਸੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦਾ ਅਰਥ ਸ਼ਕਤੀ ਦੇ ਨਿਯਮ ਖੋਜਣੇ ਤੋਂ ਸੀ। ਪਤਾ ਨਹੀਂ ਆਪ ਆਪਣਾ ਹੋਰ ਗੂੜ੍ਹਾ ਆਸ਼ਾ ਦੱਸ ਸਕਦੇ, ਜਾਂ ਭੂਮਿਕਾ ਤੇ ਮੁਖਬੰਧ ਵਿਚ ਕੀਹ ਕੀਹ ਦੱਸਦੇ, ਸਮੇਂ ਦੀ ਗਤੀ ਨੇ ਸ੍ਰੀ ਜੀ ਨੂੰ ਇਹ ਅਵਕਾਸ਼ ਨਹੀਂ ਦਿੱਤਾ, ਗ੍ਰੰਥ ਕੇਵਲ ਲਿਖਿਆ ਆਪ ਦੇ ਸੰਚੇ ਵਿੱਚੋਂ ਦਾਸ ਨੂੰ ਪ੍ਰਾਪਤ ਹੋਇਆ। ਇਸ ਦੇ ਸਾਰੇ ਵਿਸ਼ੇ ਨੂੰ ਦੱਸਣ ਲਈ ਦਾਸ ਨੇ ਮੁਖਬੰਧ ਲਿਖਿਆ ਹੈ। ਇਸ ਵਿਚ ਦਾਸ ਉਹ ਜ਼ੋਰਦਾਰ ਵਰਣਨ ਇਸ ਵਿਸ਼ੇ ਦਾ ਨਹੀਂ ਕਰ ਸਕਿਆ ਜੋ ਆਪ ਕਰਦੇ, ਪਰ ਨਾ ਹੋਣ ਦੀ ਦਸ਼ਾ ਵਿਚ ਪਾਠਕਾਂ ਨੂੰ ਪੁਸਤਕ ਦੇ ਵਿਸ਼ੇ ਨਾਲ ਰਸ ਪੈਦਾ ਕਰਨੇ ਨਮਿਤ ਇਕ ਨਿਮਾਣੀ ਕੋਸ਼ਸ਼ ਦਾਸ ਨੇ ਕੀਤੀ ਹੈ, ਕਿਉਂਕਿ ਦਾਸ ਦੀ ਨਜ਼ਰ ਵਿਚ ਗਯਾਨੀਆਂ, ਗੁਣੀਆਂ ਲਈ ਇਸ ਪੁਸਤਕ ਵਿਚ ਵਰਣਨ ਵਿਸ਼ਾ ਬਹੁਤ ਸੁਖਦਾਈ ਹੋਵੇਗਾ ਅਰ ਪੰਥ ਦੇ ਵਡੇ ਵਿਦਵਾਨ ਕੋਈ ਉਚੇਰੀ ਤੇ ਚੰਗੇਰੀ ਵਿਉਂਤ 'ਗੁਰ ਗਿਰਾ ਪ੍ਰਬੰਧ' ਸਬੰਧੀ ਕੱਢ ਖੋਜ ਸਕਣਗੇ, ਇਸ ਲਈ ਇਸ ਨੂੰ ਛਾਪਣ ਲਗਿਆਂ ਇਸ ਦੇ ਮੁਹਰੇ ਭੂਮਿਕਾ ਤੇ ਮੁਖਬੰਧ ਆਪਣੇ ਵਲੋਂ ਲਿਖ ਕੇ ਦੇਣੇ ਦਾ ਹੀਆ ਕੀਤਾ ਹੈ। ਜੇਕਰ ਪਿਆਰੇ ਪਿਤਾ ਜੀ ਦਾ ਇਹ ਪ੍ਰਯਤਨ ਉਨ੍ਹਾਂ ਦੇ ਵਾਂਛਤ ਮਨਤੱਵ ਨੂੰ ਕੁਛ ਪੂਰਾ ਕਰ ਸਕੇ ਅਰ ਸਿੱਖੀ ਵਿਚ ਕੋਈ ਲਾਭ ਦੇ ਸਕੇ ਤਾਂ ਉਨ੍ਹਾਂ ਦੀ ਮਿਹਨਤ ਸਫਲੀ ਹੋ ਜਾਸੀ।

ਅੰਮ੍ਰਿਤਸਰ
ਸੰਨ ੧੯੧੪ ਈ:

ਸੁੰਦਰੀ ਕਰਤਾ

---

*ਆਪ ਜੀ ਦੇ ਰਚੇ 'ਬਾਣੀ ਏਉਰਾ' ਨਾਮੇ ਗ੍ਰੰਥ ਵਿਖੇ ਆਪ ਨੇ ਇਸ ਆਪਣੇ ਆਸ਼ਯ ਨੂੰ ਐਉਂ ਲਿਖਿਆ ਹੈ:-

" 'ਦੁਮਾਤ੍ਰਕ ਅੱਖਰ' ਅਤੇ 'ਮਾਤ੍ਰਾਂ ਦਾ ਪਦਾਂ ਪਰ ਵਿਚਾਰ', 'ਦੂਜੀ ਤੀਜੀ ਵਾਰ ਸ਼ਬਦਾਂ ਦਾ ਆਉਣਾ' ਅਤੇ ਉਨ੍ਹਾਂ 'ਸ਼ਬਦਾਂ ਦੇ ਆਪਸ ਵਿਚ ਪਾਠ ਅਰਥ ਭਾਵ' ਆਦਿਕਾਂ ਦੇ ਭੇਦ, ਇਨ੍ਹਾਂ ਭੇਦਾਂ ਦੇ ਕਾਰਨ 'ਮਹਲ' ਇਕ ਜਗ੍ਹਾ ਪਹਿਲਾ, ਫਿਰ ਦੂਸਰੀ ਜਗ੍ਹਾ ਦੂਜਾ ਹੋਣੇ ਦੇ ਭੇਦ ਆਦਿਕ ਦੀ ਸੂਚਨਾਂ ਗੁਰੂ ਗ੍ਰੰਥ ਵਯਾਕਰਨ ਵਿਚ ਪ੍ਰਗਟ ਹੋਵੇਗੀ। ਕਿਉਂਕਿ ਬਾਣੀਆਂ ਦੇ ਬਿਉਰੇ ਨਾਲ ਵਯਾਕਰਨ ਦਾ ਪ੍ਰਯੋਜਨ ਨਹੀਂ, ਇਹ ਗ੍ਰੰਥ ਵੱਖਰਾ ਹੀ ਬਣਨ ਲਈ ਕੋਸ਼ਸ਼ ਹੋ ਰਹੀ ਹੈ।" [ਦੇਖੋ ਪੰਨਾ ੩੬੬] [ਸੰਪਾਦਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਮੁਖਬੰਧ

ਮਨੁੱਖ ਇਕ ਚਿੰਤਨ ਕਰਨੇ ਵਾਲਾ ਜੀਵ ਹੈ, ਇਸਦੇ ਹਿਰਦੇ ਵਿਚ ਭਾਵ ਪੈਦਾ ਹੁੰਦੇ ਹਨ, ਇਨ੍ਹਾਂ ਭਾਵਾਂ ਨੂੰ ਪ੍ਰਗਟ ਕਰਨੇ ਲਈ ਇਸ ਪਾਸ ਅਵਾਜ਼ ਹੈ, ਅਰ ਉਸ ਅਵਾਜ਼ ਵਿਚ ਇਹ ਆਪਣੀ ਜੀਭ ਨਾਲ ਖਾਸ ਖਾਸ ਝੁਕਾਉ, ਲਿਫਾਉ, ਖਿੱਚ ਤੇ ਭਾਂਤਾਂ ਪੈਦਾ ਕਰਦਾ ਹੈ ਅਰ ਉਨ੍ਹਾਂ ਭਾਂਤਾਂ ਨੂੰ ਸੰਕੇਤ ਕਰ ਦੇਂਦਾ ਹੈ, ਜਿਸ ਦੁਆਰਾ ਇਹ ਆਪਣੇ ਭਾਵ ਨੂੰ ਦੂਸਰੇ ਪਰ ਪ੍ਰਗਟ ਕਰ ਦੇਂਦਾ ਹੈ ਅਰ ਸੁਣਨ ਵਾਲਾ ਸਮਝ ਜਾਂਦਾ ਹੈ ਕਿ ਇਸਦੇ ਅੰਦਰ ਕੀ ਭਾਵ ਪੈਦਾ ਹੋ ਰਿਹਾ ਸੀ, ਅਰਥਾਤ ਆਪਣੇ ਮਨ ਦੇ ਭਾਵਾਂ ਨੂੰ ਆਦਮੀ ਜੀਭ ਤੇ ਗਲੇ ਦੁਆਰਾ ਖਾਸ ਅਵਾਜ਼ ਨਾਲ ਪ੍ਰਗਟ ਕਰਦਾ ਹੈ।

ਭਾਵਾਂ ਦੇ ਪ੍ਰਗਟ ਕਰਨੇ ਨੂੰ ਸਾਡੇ ਵਿਦਵਾਨਾਂ ਨੇ 'ਸ਼ਬਦ' ਕਰਕੇ ਆਖਿਆ ਹੈ।

ਸ਼ਬਦ ਦੇ ਦੋ ਅੰਗ ਹਨ, ਇਕ 'ਆਵਾਜ਼' ਰੂਪ, ਦੂਸਰਾ 'ਵਰਨ' ਰੂਪ, ਅਰਥਾਤ 'ਅੱਖਰ' ਰੂਪ। ਜਦ ਕੋਈ ਬੋਲਦਾ ਹੈ ਤਾਂ ਉਸਦੇ ਬੋਲਣ ਵਿਚ ਇਕ 'ਅੱਖਰ' ਵਰਤੇ ਜਾਂਦੇ ਹਨ ਤੇ ਇਕ 'ਅਵਾਜ਼' ਹੁੰਦੀ ਹੈ। 'ਸ਼ਬਦ' ਏਸ ਕਰਕੇ 'ਅੱਖਰ' ਤੇ 'ਧੁਨ' ਦੋ ਰੂਪ ਰੱਖਦਾ ਹੈ।

ਇਸਦੀ* ਧੁਨ (ਅਵਾਜ਼) ਰੂਪ ਖਾਸ ਵਜ਼ਨ ਦੀ ਤੇ ਖਾਸ ਨਿਯਮਾਂ ਵਾਲੀ ਹੋਵੇ ਅਰ ਖਾਸ ਸੁੰਦਰਤਾ ਪੈਦਾ ਕਰੇ ਤਾਂ ਰਾਗ ਬਣ ਜਾਂਦਾ ਹੈ, ਉਨ੍ਹਾਂ ਨਿਯਮਾਂ ਤੇ ਪ੍ਰਬੰਧਾਂ ਨੂੰ ਜਿਨ੍ਹਾਂ ਵਿਚ ਰਾਗ ਟੁਰਦਾ ਹੈ 'ਸੰਗੀਤ' ਵਿਦਯਾ ਆਖਦੇ ਹਨ।

ਜਿਨ੍ਹਾਂ ਨਿਯਮਾਂ ਵਿਚ ਸ਼ਬਦ 'ਵਰਨ ਰੂਪ' (ਅਰਥਾਤ ਅੱਖਰਾਂ ਵਾਲਾ ਸ਼ਬਦ) ਟੁਰਦਾ ਹੈ, ਉਸਨੂੰ 'ਵਿਆਕਰਣ' ਵਿਦਯਾ ਆਖਦੇ ਹਨ, ਜਿਸ ਵਿੱਚ ਅੱਖਰਾਂ ਦੀ ਬਣਤ, ਉਨ੍ਹਾਂ ਤੋਂ ਪਦਾਂ ਦੀ ਬਣਤ ਤੇ ਉਨ੍ਹਾਂ ਦੇ ਵਰਤਣ, ਫੇਰ ਵਾਕਯ ਰਚਨਾ ਤੇ ਉਨ੍ਹਾਂ ਦੇ ਪ੍ਰਕਾਰ ਵਰਣਨ ਹੁੰਦੇ ਹਨ।

ਪਰ ਜੇ ਸ਼ਬਦਾਂ ਦੀ ਰਚਨਾ ਐਸੀ ਹੋਵੇ ਕਿ ਉਨ੍ਹਾਂ ਵਿਚ ਤੋਲ ਤੇ ਵਜ਼ਨ ਹੋਵੇ, ਤਦ ਉਸ ਵਿਦਯਾ ਨੂੰ ਜੋ ਇਹ ਪ੍ਰਕਾਰ ਸਿਖਾਵੇ 'ਪਿੰਗਲ' ਕਹੀਦਾ ਹੈ।

'ਵਰਨ ਰੂਪ' ਸ਼ਬਦ ਦੀ ਅਰਥ ਸ਼ਕਤੀ ਜਦੋਂ ਚਮਤਕਾਰ ਵਾਲੀ ਹੋਵੇ (ਅਥਵਾ ਸ਼ਬਦ ਸ਼ਕਤੀ ਬੀ ਚਮਤਕ੍ਰਿਤ ਹੋਵੇ†) ਤੇ ਪਿੰਗਲ ਵਿਚ ਵਰਣਨ ਕੀਤੀ ਜਾਵੇ, ਤਦ ਉਸ ਵਿਦਯਾ

---

*ਇਸਦੀ ਤੀਸਰੀ ਸ਼ਕਤੀ 'ਅਰਥ ਰੂਪ' ਹੈ। ਅਸਲ ਵਿਚ ਅਰਥ ਨੂੰ ਪ੍ਰਕਾਸ਼ ਕਰਨਾ ਹੀ ਸ਼ਬਦ ਦਾ ਮੂਲ ਪ੍ਰਯੋਜਨ ਹੈ ਅਰ ਇਸ ਪ੍ਰਯੋਜਨ ਨੂੰ ਸਮਝਣਾ ਇਸ ਗ੍ਰੰਥ ਦਾ ਵਿਸ਼ਾ ਹੈ।

†ਜੈਸੇ ਅਨੁਪ੍ਰਾਸ ਆਦੀ ਅਲੰਕਾਰ ਹਨ।

Digitized by Panjab Digital Library | www.panjabdigilib.org

ਨੂੰ 'ਕਾਵਜ' ਆਖੇ ਹਨ, ਇਸ ਨੂੰ ਪਦਜ ਵੀ ਕਹਿ ਲੈਂਦੇ ਹਨ। ਜਿਸ ਰਚਨਾ ਵਿਚ ਵਜ਼ਨ ਤੇ ਕਾਫੀਏ ਆਦਿ ਨਾ ਹੋਣ ਪਰ ਚਮਤਕ੍ਰਿਤ ਹੋਵੇ ਉਸ ਨੂੰ ਗਦਜ ਕਹਿੰਦੇ ਹਨ। ਗਦਜ ਪਦਜ ਦੋਹਾਂ ਰਚਨਾਵਾਂ ਨੂੰ ਸਾਹਿੱਤਜ* ਕਹੀਦਾ ਹੈ।

ਇਸ 'ਸਾਹਿਤਜ' ਦੇ ਦੋ ਪੱਖ ਹਨ, ਇਕ ਤਾਂ ਰਚਨਾਂ ਰਚਨ ਵੇਲੇ ਵਿਦਵਾਨ ਕਰਤਾ ਦੇ ਸਾਹਮਣੇ ਕੋਈ 'ਭਾਵ' ਹੁੰਦਾ ਹੈ ਜਿਸ ਨੂੰ ਉਹ ਅਪਣੀ ਰਚਨਾ ਵਿਚ ਅਦਾ ਕਰਦਾ ਹੈ ਅਤੇ ਉਸ ਨੂੰ ਯਮਕ ਅਨੁਪ੍ਰਾਸ, ਕਟਾਖਜ, ਅਲੰਕਾਰ ਆਦਿ ਅਨੇਕ ਸੁੰਦਰਤਾਈਆਂ ਅਤੇ ਰਸਦਾਇਕ ਗਲਾਂ ਨਾਲ ਭੂਸ਼ਿਤ ਕਰਦਾ ਹੈ ਅਰ ਉਹ ਕਦੇ ਜਾਣਕੇ ਕਦੇ ਸੁਤੇਸਿੱਧ ਇਨ੍ਹਾਂ ਚਮਤਕਾਰਾਂ ਨਾਲ ਆਪਣੀ ਰਚਨਾ ਨੂੰ, ਜੋ ਕਿਸੇ ਨਾ ਕਿਸੇ ਤੋਲ, ਵਜ਼ਨ (ਪਿੰਗਲ)ਵਿਚ ਹੁੰਦੀ ਹੈ, ਭਰੀ ਜਾਂਦਾ ਹੈ। ਮਤਲਬ ਇਹ ਕਿ ਉਹ ਅਪਣੀ ਰਚਨਾ ਵਿਚ ਕੋਈ ਅਰਥ ਸ਼ਕਤੀ ਰਖਦਾ ਹੈ। ਸਾਹਿਤਜ ਦੇ ਇਸ ਪੱਖ ਨੂੰ ਸ੍ਰੀ ਕਰਤਾ ਜੀ ਨੇ ਏਸ ਪੁਸਤਕ ਵਿਚ ਨਹੀਂ ਦੱਸਿਆ।

ਦੂਸਰਾ ਪੱਖ ਸਾਹਿੱਤਜ ਦਾ ਇਹ ਹੈ ਕਿ ਜਦ ਗੰਭੀਰ, ਉੱਚ ਆਸ਼ੇ ਤੇ ਪ੍ਰਬੀਨ ਪੁਰਖਾਂ, ਤੇ ਮਹਾਂ ਪੁਰਖਾਂ ਦੀ ਵਿਦਵਤਾ ਜਾਂ ਅਨੁਭਵੀ ਰਚਨਾਂ ਨੂੰ ਸਮਝਣ ਦਾ ਯਤਨ ਕਰੀਏ ਤਾਂ ਉਸ ਵਿਚ ਰਖੀ ਹੋਈ ਸ਼ਬਦ ਦੀ ਅਰਥ ਸ਼ਕਤੀ ਨੂੰ ਵਿਚਾਰਕੇ ਸਮਝ ਲਈਏ; ਜਿਸ ਨੂੰ 'ਬ੍ਰਿਤੀ' ਆਖਦੇ ਹਨ। ਸੌਖਾ ਸਮਝਣ ਲਈ ਇਉਂ ਹੈ ਕਿ ਜਦ ਕੋਈ ਸ਼ਬਦ 'ਵਾਚਿਆ' ਤਾਂ ਉਸ ਦੇ ਅੱਖਰਾਂ ਤੋਂ ਕੇਵਲ ਅੱਖਰ ਗਜਾਨ ਹੁੰਦਾ ਹੈ, ਵਿਚਾਰੀਦਾ ਇਹ ਹੈ ਕਿ ਇਨ੍ਹਾਂ ਅੱਖਰਾਂ ਵਿਚ ਅਰਥ ਸੱਤਜਾ ਕੀ ਹੈ ? ਸੋ ਇਸ ਪੁਸਤਕ ਵਿਚ ਇਸ ਸ਼ਬਦ ਦੀ 'ਅਰਥ ਸ਼ਕਤੀ' ਦਾ ਵਿਚਾਰ ਕੀਤਾ ਹੈ, ਅਰਥਾਤ ਇਹ 'ਸ਼ਬਦਗੋਂਦ' ਦਾ ਗ੍ਰੰਥ ਨਹੀਂ, ਇਹ 'ਸ਼ਬਦਬ੍ਰਿਤੀ' ਦਾ ਗ੍ਰੰਥ ਹੈ।

ਇਸ ਵਿਚਾਰ ਵਿਚ ਸ਼ਬਦ ਦੇ ਦੋ ਪੱਖ ਹਨ, ਇਕ ਤਾਂ ਉਸ ਦੀ ਆਪਣੀ 'ਅੱਖਰੀ ਬਨਾਵਟ' ਤੇ ਦੂਜੇ ਉਸ ਦੀ 'ਨਿਰੋਲ ਅਰਥ ਸ਼ਕਤੀ'। ਉੱਪਰ ਅਸੀਂ ਦੱਸ ਆਏ ਹਾਂ ਕਿ ਅਰਥ ਬਹੁਤਾ ਬ੍ਰਿਤੀ ਨਾਲ ਸੰਬੰਧ ਰਖਦਾ ਹੈ, ਅੱਖਰੀ ਬਨਾਵਟ ਦਾ ਵਿਸ਼ਾ ਵਿਆਕਰਣ ਵਿਚ ਵਰਣਿਤ ਹੁੰਦਾ ਹੈ, ਪਰ ਤਦ ਭੀ ਅਰਥ ਨਾਲ ਸੰਬੰਧ ਰਖਣ ਵਾਲੀ ਅੱਖਰੀ ਬਨਾਵਟ ਦਾ ਥੋੜਾ ਵਰਣਨ ਜੋ ਅਰਥ ਬ੍ਰਿਤੀ ਨਾਲ ਸੰਬੰਧ ਰਖਦਾ ਹੈ ਏਥੇ ਆਵੇਗਾ। ਸੌਖਾ ਸਮਝਣ ਲਈ ਇਉਂ ਹੈ:—

ਕਿਉਂ ਕਿਸੇ ਖਾਸ ਸ਼ਬਦ ਦਾ ਇਕ ਖਾਸ ਅਰਥ ਹੈ ?

ਇਸ ਦੇ ਉੱਤਰ ਲਈ ਸ਼ਬਦਾਂ ਦੀ ਬਨਾਵਟ ਵਿਚ ਜੋ ਅਰਥ ਲਈ ਰੂੜੀ (ਸੰਕੇਤ) ਹੋ ਗਏ ਹਨ, ਯੋਗ ਰੂੜੀ (ਕਿਸੇ ਕਾਰਣ ਕਰਕੇ ਸੰਕੇਤ) ਹੋ ਗਏ ਹਨ, ਤੇ ਯੋਗਕ (ਅਰਥ ਕਰਕੇ ਸੰਕੇਤ) ਹਨ, ਵਰਣਨ ਕੀਤਾ ਜਾਏਗਾ†। ਇਸ ਪੁਸਤਕ ਵਿਚ ਪਹਿਲੀ ਗਲ ਇਹ ਹੋਵੇਗੀ। ਇਸ ਤੋਂ ਉਪਰੰਤ ਫੇਰ ਸਾਰਾ ਪ੍ਰਕਰਣ ਅਰਥ ਸ਼ਕਤੀ ਦੀ ਵਿਵੇਚਨਾਂ ਵਿਚ

---

*ਹਿੰਦੀ ਵਾਲਿਆਂ ਨੇ ਸਾਹਿਤਜ ਦਾ ਹੁਣ ਕੇਵਲ ਆਮ ਵਿੱਦਜਾ literature ਦੇ ਅਰਥਾਂ ਵਿਚ ਵਰਤਾਉ ਸ਼ੁਰੂ ਕਰ ਦਿੱਤਾ ਹੈ। ਇਸਦਾ ਕਾਰਣ ਇਹ ਹੈ ਕਿ ਅਲੰਕਾਰ ਵਗੈਰ ਕਟਾਖਜ ਆਦਿ ਵਾਰਤਾ ਵਿਚ ਭੀ ਵਰਤੇ ਜਾਂਦੇ ਹਨ, ਸੋ ਗਦਜ ਪਦਜ ਦੋਹਾਂ ਦੀ ਚਮਤਕ੍ਰਿਤ ਰਚਨਾ ਸਾਹਿਤਜ ਹੈ। ਪਹਿਲੇ ਸਾਹਿਤਜ ਪਦ ਦਾ ਅਰਥ ਛੰਦ ਅਤੇ ਅਲੰਕਾਰ ਆਦਿ ਚਮਤਕਾਰਾਂ ਵਾਲਾ ਕਾਵਜ ਸ਼ਾਸਤ੍ਰ ਹੀ ਕੀਤਾ ਕਰਦੇ ਸਨ, ਪਰ ਹੁਣ ਉਸ ਨੂੰ ਸਾਹਿਤਜ ਸ਼ਾਸਤ੍ਰ ਕਰਕੇ ਕਹਿ ਲੈਂਦੇ ਹਨ। †ਦੇਖੋ ਸਫਾ ੬੫੫।

Digitized by Panjab Digital Library | www.panjabdigilib.org

ਆਵੇਗਾ, ਜੋ ਸੁਗਮ ਕਰਕੇ ਸਮਝਣੇ ਲਈ ਇਉਂ ਹੈ:–

ਹਰ ਸ਼ਬਦ* ਵਿਚ (ਜਾਂ ਸ਼ਬਦਾਂ ਤੋਂ ਬਣੇ ਵਾਕ ਵਿਚ) ਤ੍ਰੈ ਤਰ੍ਹਾਂ ਦੀ ਬ੍ਰਿਤੀ †(ਅੰਗਰੇਜ਼ੀ ਸ਼ਕਤੀ) ਹੁੰਦੀ ਹੈ। ਇਕ ਤਾਂ ਸਿੱਧੀ ਤੇ ਸਾਫ, ਅਰਥਾਤ ਜੋ ਸ਼ਬਦ ਜਿਨ੍ਹਾਂ ਅਰਥਾਂ ਲਈ ਮੁਕੱਰਰ ਹੈ ਓਹੀ ਅਰਥ ਪ੍ਰਗਟ ਕਰੇ, ਇਸ ਨੂੰ ਸ਼ਬਦ ਦੀ 'ਵਾਚਕ ਸ਼ਕਤੀ' ਆਖਦੇ ਹਨ, ਕਿ ਅਮੁਕਾ ਸ਼ਬਦ ਅਮੁਕੇ ਅਰਥ ਦਾ ਵਾਚਕ ਹੈ‡।

ਦੂਸਰੇ ਸ਼ਬਦ ਦੀ ਅਰਥ ਸ਼ਕਤੀ ਲੱਛਣ ਦੁਆਰਾ ਪ੍ਰਗਟ ਹੁੰਦੀ ਹੈ, ਇਸ ਨੂੰ ਸ਼ਬਦ ਦੀ ਲੱਛਣਾ ਸ਼ਕਤੀ ਆਖਦੇਹਨ ਕਿ ਅਮੁਕਾ ਸ਼ਬਦ ਅਮੁਕੇ ਅਰਥ ਦਾ ਲੱਛਣਾ ਦੁਆਰਾ ਲਖਾਯਕਹੈ।

ਤੀਸਰੇ ਸ਼ਬਦ ਦੀ ਅਰਥ ਸ਼ਕਤੀ ਵਜੰਗਾਂ ਦੁਆਰਾ ਹੁੰਦੀ ਹੈ, ਇਸ ਨੂੰ ਸ਼ਬਦ ਦੀ ਵਜੰਜਕ ਸ਼ਕਤੀ ਆਖਦੇ ਹਨ, ਕਿ ਅਮੁਕਾ ਸ਼ਬਦ ਅਮੁਕੇ ਅਰਥ ਦਾ ਵਜੰਜਕ ਹੈ।

ਸੋ ਤ੍ਰੈ ਪ੍ਰਕਾਰ ਦੇ ਅਰਥ ਹੋ ਗਏ (੧) ਵਾਚਜਾਰਥ, (੨) ਲੱਛਾਰਥ, (੩) ਬਜਾਂ. ਗਾਰਥ। ਇਸੇ ਤਰ੍ਹਾਂ ਬ੍ਰਿਤੀਆਂ ਬੀ ਤ੍ਰੈ ਹੋ ਗਈਆਂ। ਯਥਾ:–

(੧) ਜੋ ਸ਼ਬਦ ''ਵਾਚਕ'' ਸ਼ਕਤੀ ਦੁਆਰਾ ਅਰਥ ਦੇਂਦੇ ਹਨ, ਉਨ੍ਹਾਂ ਦੀ ' ਬ੍ਰਿਤੀ'' ਨੂੰ 'ਅਭਿਧਾ ਵ੍ਰਿਤੀ' § ਆਖਦੇ ਹਨ, ਅਰਥਾਤ ਜਿੱਥੇ ਮੁੱਖਜ ਅਰਥ ਪ੍ਰਧਾਨ ਰਹੇ, ਓਥੇ 'ਅਭਿਧਾ' ਬ੍ਰਿਤੀ ਆਖੀ ਦੀ ਹੈ, ਅਥਵਾ ਅੱਖਰਾਂ ਦਾ ਸੰਕੇਤਕ ਅਰਥ ਦੱਸਣ ਵਾਲੀ ਸ਼ਕਤੀ 'ਅਭਿਧਾ ਬ੍ਰਿਤੀ' ਹੈ।

(੨) ਜੋ ਸ਼ਬਦ 'ਲੱਛਣਾ' ਸ਼ਕਤੀ ਦੁਆਰਾ ਭਾਵ ਨੂੰ ਸਪਸ਼ਟ ਕਰਦੇ ਹਨ, ਉਨ੍ਹਾਂ ਦੀ 'ਬ੍ਰਿਤੀ' ਨੂੰ 'ਲੱਛਣਾ ਬ੍ਰਿਤੀ'¶ ਆਖਦੇ ਹਨ, ਅਰਥਾਤ ਜਿੱਥੇ ਮੁਖਜ ਅਰਥ ਦਾ ਬਾਧ ਹੋ ਜਾਵੇ ਤੇ ਹੋਰ ਅਰਥ ਪ੍ਰਧਾਨ ਹੋ ਜਾਵੇ ਓਥੇ ''ਲੱਛਨਾਂ'' ਬ੍ਰਿਤੀ ਹੈ।

(੩) ਜੋ ਸ਼ਬਦ 'ਬਜੰਜਨਾ ਸ਼ਕਤੀ' ਦੁਆਰਾ ਆਸ਼ੇ ਨੂੰ ਖੋਲ੍ਹਦੇ ਹਨ ਉਨ੍ਹਾਂ ਦੀ ਬ੍ਰਿਤੀਆਂ ਨੂੰ 'ਬਜੰਜਨਾ ਬ੍ਰਿਤੀ' ‖ਆਖਦੇ ਹਨ, ਜਿੱਥੇ ਮੁਖ ਅਰਥ ਦੇ ਅੰਤ੍ਰੀਵ ਹੋਰ ਅਰਥ ਨਿਕਲੇ ਜਾਂ ਬਹੁਤੇ ਅਰਥ ਨਿਕਲਣ ਤੇ ਚਮਤਕਾਰੀ ਹੋਣ ਜਾਂ ਉਪਰੋਂ ਅਰਥ ਆਵੇ, ਸੋ 'ਬਜੰਗ'A ਕਹੀਦਾ ਹੈ।

ਇਸ ਗ੍ਰੰਥ ਵਿਚ ਇਨ੍ਹਾਂ ਤ੍ਰੈਆਂ ਬ੍ਰਿਤੀਆਂ ਦਾ ਵਰਣਨ ਹੈ, ਜੇ ਇਹ ਤ੍ਰੈ ਹੀ ਬ੍ਰਿਤੀਆਂ ਰਹਿਣ ਤਦ ਇਨ੍ਹਾਂ ਦਾ ਅਰਥ ਦੇ ਇਕ ਪੱਤਰਿਆਂ ਵਿਚ ਮੁਕ ਜਾਵੇ, ਪਰ ਇਹ ਆਪਣੇ ਮੇਲ

---

*ਸ਼ਬਦ ਤੋਂ ਮਤਲਬ 'ਪਦ' ਜਾਂ ਲਫਜ਼ (Word) ਹੈ।

†The power or force of a word by which it expresses, indicates or suggests a meaning.

‡''ਅਭਿਧਾ, ਵਾਚਕ, ਮੁਖੀ, ਨਾਮਕ ਤੇ ਸੰਕੇਤਕ'' ਇਹ ਸਾਰੇ ਪ੍ਰਯਾਯ ਵਾਚੀ ਸ਼ਬਦ ਅਰਥਾਤ ਇੱਕੋ ਅਰਥ ਦੇ ਸ਼ਬਦ ਹਨ। ਇਹ ਸ਼ਕਤੀ ਤਿੰਨ ਪ੍ਰਕਾਰ ਦੀ ਹੈ, ਰੂੜੀ, ਯੋਗਕ, ਯੋਗ ਰੂੜੀ (ਵੇਰਵਾ ਅੱਗੇ ਆਵੇਗਾ)।

§Denotation. The literal power or sense of a word.

¶Secondary signification of a word. Suggested meaning of a word. ‖Figurative sense of a word.

Aਅਰਥ ਦੀ ''ਧ੍ਵਨਿ ਸ਼ਕਤੀ'' ਵਜੰਜਨਾ ਦਾ ਇਕ ਪ੍ਰਕਾਰ ਹੈ ਤੇ ਜੋ ਚਮਤਕਾਰ ਵਧੀਕ ਹੋਕੇ ਵਧੀਕ ਅਰਥ ਨਿਕਲੇ ਤੇ ਜ਼ਰਾ ਦੁਰੇਡੇ ਜੇਹਾ ਪਵੇ ਤਾਂ ਉਹ ਧੁਨੀ ਯਾ 'ਧ੍ਵਨਿ'ਹੈ।ਧ੍ਵਨੀ ਦਾ ਵੇਰਵਾ ਵਜੰਜਨਾ ਬ੍ਰਿਤੀ ਦੇ ਵਿਚ ਹੀ ਆਵੇਗਾ।

Digitized by Panjab Digital Library | www.panjabdigilib.org

ਤੇ ਭੇਦ ਕਰਕੇ ਅਨੇਕ ਪ੍ਰਕਾਰ ਦੀਆਂ ਹਨ, ਇਸ ਕਰਕੇ ਵਿਸਤਾਰ ਦੀ ਲੋੜ ਹੈ, ਜੋ ਸਾਰੇ ਗ੍ਰੰਥ ਵਿਚ ਖੋਲਿਆ ਹੈ, ਪਰੰਤੂ ਇਥੇ ਮੁਖਬੰਧ ਵਿਚ ਸਾਰੇ ਗ੍ਰੰਥ ਦਾ ਸਾਰਅੰਸ਼ ਇਕ ਨਜ਼ਰੇ ਸਮਝਣ ਲਈ ੧.ਅਭਿਧਾ, ੨.ਲੱਛਣਾ, ੩. ਬਜੰਜਨਾ, ਤਿੰਨਾਂ ਦਾ ਸੰਖੇਪ ਪ੍ਰਕਾਰ ਹੇਠਾਂ ਦੇ ਕੇ ਪ੍ਰਗਟ ਕਰਦੇ ਹਾਂ:—

ੳ. ਅਭਿਧਾ ਬ੍ਰਿਤੀ

ਇਹ ਬ੍ਰਿਤੀ ਇੱਕੋ ਹੀ ਹੈ ਅਰ ਇਸ ਦੇ ਅਪਣੇ ਅੜ ਅੜ ਪ੍ਰਕਾਰ ਨਹੀਂ ਹਨ।ਪਰ ਇਸ ਬ੍ਰਿਤੀ ਦੇ ਸਹਾਯਕ ਯਾ ਲਖਾਯਕ ਕਈ ਇਕ ਵਿਸ਼ੇ ਹਨ, ਜੋ ਅਸਲ ਵਿਚ ਵ੍ਯਾਕਰਨ ਦਾ ਵਿਸ਼ਾ ਹਨ, ਅਰ ਓਥੇ ਪੂਰੀ ਤਰ੍ਹਾਂ ਵਰਣਿਤ ਹਨ, ਪਰੰਤੂ ਏਥੇ ਜੋ ਅਤਿ ਲੋੜੀਂਦੇ ਹਨ, ਉਹ ਇਸ ਦੇ ਨਾਲ ਵਰਣਨ ਕੀਤੇ ਗਏ ਹਨ*:—

੧. ਬਚਨ .੨ ਜਾਤੀ ੩. ਬਜਕਤੀ ੪. ਸਮਾਸ ੫. ਉਦਾਹਰਣ ੬. ਲੱਛਣ	ਵ੍ਯਾਕਰਨ ਮੂਲਕ।
੭. ਸੂਤ੍ਰ ਸੰਛੇਪ ੮. ਅਨੁਯ ੯. ਉਪਲਛਨ ੧੦. ਅਧਯਾਹਾਰ†	ਨ੍ਯਾਯ ਮੂਲਕ, ਪਰ ਵ੍ਯਾਕਰਨ ਵਿਚ ਵੀ ਵਰਤੀਂਦੇ ਹਨ।

---


*ਇਸ ਵਿਸ਼ੇ ਦੀ ਸਮਾਪਤੀ ਪਰ ਇਕ ਅਲੱਗ ਵਿਸ਼ਾ ਦਿੱਤਾ ਗਿਆ ਹੈ,ਜੋ ਸ੍ਰੀ ਕਰਤਾ ਜੀ ਨੇ ਹੀ ਤਯਾਰ ਕੀਤਾ ਸੀ, ਉਸ ਵਿਚ ੩੨ ਯੁਕਤੀਆਂ ਸ਼ਬਦਾਰਥ ਸਿੱਧੀ ਦੀਆਂ ਹਨ। ਉਹ ਪ੍ਰਕਰਣ ਕਿਸੇ ਹੋਰ ਟਿਕਾਣੇ ਦਾ ਹੈ, ਪਰ ਸ਼ਬਦ ਦੇ ਅਰਥ ਦਾ ਸਹਾਯਕ ਹੈ, ਏਸ ਕਰਕੇ ਅਸਾਂ ਏਸੇ ਗ੍ਰੰਥ ਦੇ ਅੰਤ ਪਰ ਦੇ ਦਿਤਾ ਹੈ।

†ਇਸ ਨੂੰ 'ਬਜੰਜਨਾਂ'ਵਿਚ ਲੈਂਦੇ ਹਨ, ਇਸੇ ਤਰਾਂ ਇਕ ਤਾਤਪਰਜਾ ਬ੍ਰਿਤੀ ਹੈ ਉਹ ਉਪਾਦਾਨ ਲਖਣਾ ਦੀ ਅੰਤਰਭੂਤ ਹੈ।

Digitized by Panjab Digital Library | www.panjabdigilib.org

ਅ. ਲੱਛਣਾ ਬ੍ਰਿਤੀ


ਏਹ ਬ੍ਰਿਤੀ ੮੦ ਪ੍ਰਕਾਰ ਦੀ ਹੋ ਜਾਂਦੀ ਹੈ। ਇਸਦਾ ਵਿਸਥਾਰ ਅੱਗੇ ਗ੍ਰੰਥ ਵਿੱਚ ਹੈ ਪਰ ਇਸ ਦੀਆਂ ਭਾਂਤਾਂ ਦਾ ਸ਼ੀਸ਼ਾ ਐਉਂ ਹੈ:-



Digitized by Panjab Digital Library | www.panjabdigilib.org

ੲ. ਬਜੰਜਨਾ ਬ੍ਰਿਤੀ


ਇਸ ਦੇ ਬੀ ਅਨੇਕ ਪ੍ਰਕਾਰ ਹਨ, ਜੋ ਸ਼ਬਦ ਤੇ ਅਰਥ ਦੇ ਕਰਕੇ ਫੈਲਦੇ ਹਨ, ਵਿਸ਼ੇਸ਼ ਹਾਲ ਇਸ ਦਾ ਆਪਣੇ ਪ੍ਰਕਰਣ ਵਿਚ ਹੈ। ਇਸ ਦੀਆਂ ਭਾਤਾਂ ਦਾ ਨਕਸ਼ਾ ਇਹ ਹੈ:-



Digitized by Panjab Digital Library | www.panjabdigilib.org

ਪੁਰਤੀ

ਨੋਟ:–ਇਸ ਪੁਸਤਕ ਦੀ ਤਿਆਰੀ ਵਿਚ ਹੇਠ ਲਿਖੀਆਂ ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ। ਇਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ:–


ਪੁਰਤੀ
ਸਾਹਿਤ ਸਭਾ (ਸਥਿਤ ਮੁਲ)
ਸਾਹਿਤਕ ਸਭਾ (ਉਠਦਾ ਮੁਲ)
ਸਾਹਿਤਕ ਰੁਚੀ
ਸਾਹਿਤਕ ਲਹਿਰ
ਸਾਹਿਤਕ ਲਹਿਰਾਂ ਦੇ ਜਨਮ ਦਾਤੇ ਸਾਹਿਤਕਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਥ ਸ਼ਬਦ ਬ੍ਰਿਤੀ ਪ੍ਰਕਾਸ਼

੧.ਰੂਢੀ,ਯੋਗ ਰੂਢੀ ਤੇ ਯੌਗਕ ਰੂਢੀ

ਨਭਜ ਸਬਦ ਧੁਨਿ ਰੂਪ ਇਕ,
ਇਕ ਹੈ ਬਰਨ ਸਰੀਰ।
ਜੋਗ ਰੂਢ ਪੁਨ ਰੂਢ ਹੈ
ਜੋਗਕ ਕਹੈਂ ਸਧੀਰ ।

ਅਕਾਸ਼ ਤੋਂ ਸ਼ਬਦ ਪੈਦਾ ਹੋਕੇ ਫੇਰ ਅਕਾਸ਼ ਵਿਚ ਹੀ ਸ਼ਬਦ ਲੀਨ ਹੁੰਦਾ ਹੈ। ਉਹ ਅਕਾਸ਼ ਤੋਂ ਪੈਦਾ ਹੋਇਆ ਸ਼ਬਦ ਦੋ ਪ੍ਰਕਾਰ ਦਾ ਹੈ: ਇਕ ਤਾਂ ਧੁਨਿ ਰੂਪ ਹੈ, ਜੋ ਸੱਤਾਂ ਸੁਰਾਂ ਵਿਚ ਵਿਦਮਾਨ ਹੈ, ਅਥਵਾ ਜਿਸ ਧੁਨਿ ਰੂਪ ਸ਼ਬਦ ਨੂੰ ਅੱਖਰਾਂ ਵਿਚ ਨਹੀਂ ਲਿਖ ਸਕੀਦਾ ਅਤੇ ਇਕ (ਦੂਸਰਾ) ਵਰਨ ਸਰੀਰ ਵਾਲਾ ਹੈ, ਜੋ ਅੱਖਰਾਂ ਵਿਚ ਲਿਖਿਆ ਜਾ ਸਕਦਾ ਹੈ ਅਤੇ ਜੀਭ ਕਰਕੇ ਬੋਲਿਆ ਵੀ ਜਾਂਦਾ ਹੈ।

ਓਸ ਵਰਨ ਵਾਲੇ ਸ਼ਬਦ ਦੀਆਂ ਤਿੰਨ ਭਾਂਤਾਂ ਕਹਿੰਦੇ ਹਨ:—

ਇਕ ਜੋਗ ਰੂਢ, ਦੂਜੇ ਰੂਢ, ਤੀਜੇ ਜੌਗਕ ਕਹਿੰਦੇ ਹਨ ਧੀਰਜੀ ਬੁਧਿਮਾਨ ਲੋਕ ।

ਜੋਗ ਰੂਢ ਸਾਧਨ ਸਹਤ, ਰੂਢ ਅਸਾਧਨ ਨਾਮ । ਸਾਧਨ ਹੀ ਜੌਗਕ ਲਗੈ ਤ੍ਰਿਬਿਧਿ ਬ੍ਰਿੰਤ ਅਭਿਰਾਮ।

ਪਹਿਲੇ—ਸਾਧਨ ਨਾਮ ਅਰਥ ਦਾ ਹੈ, ਜੋ ਸ਼ਬਦ ਅਰਥ ਸਮੇਤ ਹੋਵੇ, ਉਸ ਨੂੰ ਜੋਗ ਰੂਢੀ ਕਹਿੰਦੇ ਹਨ। ਸਾਧਨ ਸਮੇਤ ਦਾ ਭਾਵ ਇਹ ਹੈ, ਜਿਸ ਦਾ ਅਰਥ ਜੋੜਵਾਂ ਦੋਹਾਂ ਪਦਾਂ ਕਰਕੇ ਹੋਵੇ, ਜਿਕੁਰ 'ਨੀਰਜ' ਪਦ ਹੈ। (ਨੀਰ) ਨਾਮ ਪਾਣੀ ਦਾ (ਜ) ਪੈਦਾ ਹੋਣ ਦਾ, ਸੋ ਨੀਰਜ, ਮੋਤੀ, ਸ਼ਿੱਪੀ, ਸਿਵਾਲ, ਸਿੰਘਾੜਾ, ਘੁੱਗਾ, ਸੰਖ ਆਦਿਕ ਸਭ ਨੀਰਜ ਕਹਾਉਣੇ ਚਾਹੀਏ, ਪ੍ਰੰਤੂ ਇਹ ਨੀਰਜ ਨਹੀਂ ਕਹਾਉਂਦੇ, ਨਿਰਾ ਕਵਲ ਤੇ ਰੂਢੀ ਹੋਣੇ ਕਰਕੇ ਨੀਰਜ ਕਵਲ ਨੂੰ ਹੀ ਕਹਿੰਦੇ ਹਨ। 'ਨੀਰ' ਅਤੇ 'ਜ' ਦੋ ਪਦ ਜੁੜਨੇ ਜੋਗਕ ਹੈ। ਹੋਰਨਾਂ ਤੋਂ ਵਖਰਾ ਹੋਕੇ ਨਿਰਾ ਕਮਲ ਤੇ ਰੂਢੀ ਹੋਣੇ ਤੇ ਜੋਗ ਰੂਢੀ ਹੈ। ਇਕੁਰ ਹੀ (ਨਿਰਵੈਰ) ਜੋ ਵੈਰ ਨਾ ਕਰੇ ਸੋ ਨਿਰਵੈਰ ਹੈ, ਪ੍ਰੰਤੂ ਮੂਲ ਮੰਤ੍ਰ ਵਿਚ ਇਹ ਪਦ ਅਕਾਲ ਪੁਰਖ ਲਈ ਵਰਤਿਆ ਜਾ ਚੁਕਾ ਹੈ, ਇਸ ਲਈ ਜੋਗ ਰੂਢੀ ਹੈ ।

ਦੂਜੇ—ਰੂਢੀ ਉਹ ਸ਼ਬਦ ਹਨ, ਜਿਨ੍ਹਾਂ ਨਾਲ ਸਾਧਨ ਕਹੀਏ ਅਰਥ ਜੋੜਵਾਂ ਨਾ ਹੋਵੇ। ਜਿਸ ਦੇ ਨਾਉਂ ਤੇ ਰਖਿਆ ਹੋਵੇ ਉਸੇ ਨਾਉਂ ਦਾ ਅਰਥ ਦਿਖਾਵੇ, ਅਥਵਾ ਦੂਜਾ ਅਰਥ ਜਿਸ ਦਾ ਹੋ ਨਾ ਸਕੇ ਉਹ ਰੂਢੀ ਕਹੀਦਾ ਹੈ; ਜਿਹਾ ਕੁ ਪ੍ਰਿਥਵੀ, ਪੌਣ, ਅਗਨੀ, ਪਾਣੀ, ਅਕਾਸ਼, ਧੂਲ, ਪੱਥਰ, ਲੋਭ, ਹੰਕਾਰ, ਕ੍ਰੋਧ ਆਦਿਕ ਅਨੇਕਾਂ ਹੀ ਹਨ ਜੋ ਆਪਣੇ ਰੱਖੇ ਹੋਏ ਅਰਥ ਨੂੰ ਛੱਡਕੇ ਕਦੀ ਦੂਜਾ ਅਰਥ ਨਹੀਂ ਦਿਖਾਉਂਦੇ।

ਤੀਜੇ—ਜੌਗਕ ਉਹ ਸ਼ਬਦ ਹਨ, ਜੋ ਅਨੇਕ ਜਗ੍ਹਾ ਤੇ ਅਨੇਕ ਤਰ੍ਹਾਂ ਦੇ ਅਰਥਾਂ ਵਿਚ

Digitized by Panjab Digital Library | www.panjabdigilib.org

ਵਿਦਮਾਨ ਹਨ, ਜਿਹਾ ਕੁ ਪਾਚਕ ਪਦ ਹੈ, ਜੋ ਪਕਾਉਣਾ ਕਰੇ ਸੋ ਪਾਚਕ, ਅਗਨੀ ਵੀ ਪਕਾਉਂਦੀ ਹੈ, ਜਠਰਾਗਨੀ ਵੀ ਪਕਾਉਂਦੀ ਹੈ, ਧੁੱਪ ਵੀ ਪਕਾਉਂਦੀ ਹੈ, ਰੁੱਤ ਵੀ ਪਕਾਉਂਦੀ ਹੈ, ਰਸੋਈਆ ਵੀ ਰਸੋਈ ਪਕਾਉਂਦਾ ਹੈ, ਪ੍ਰੰਤੂ ਰੂਢਤਾ ਇਸ ਦੀ ਜਠਰਾਗਨੀ ਅਤੇ ਰਸੋਈਏ ਵਾਸਤੇ ਹੈ ਅਤੇ ਹੋਰ ਵੀ ਪਕਾਉਣ ਵਾਲੀ ਦੇ ਅਰਥ ਵਿਚ ਬਾਹਲੀਆਂ ਚੀਜ਼ਾਂ ਤੇ ਸੂਚਕ ਹੈ, ਇਸ ਲਈ ਜੌਗਕ ਹੈ। ਦੋ ਪਦਾਂ ਦਾ ਜੁੜਕੇ ਇਕ ਪਦ ਹੋਕੇ ਦੋਹਾਂ ਪਦਾਂ ਦੇ ਅਰਥ ਨੂੰ ਜੋ ਵਿਖਾਉਂਦਾ ਰਹੇ ਸੋ ਜੌਗਕ।

ਚੇਤੇ ਰਹੇ, ਜੋਗ ਰੂਢੀ ਅਤੇ ਜੌਗਕ ਵਿਚ ਬਹੁਤ ਥੋੜਾ ਫ਼ਰਕ ਹੈ ਜੌਗਕ ਪਦ ਜਦ ਕਿਸੇ ਰੂਢਤਾ ਪਾਸ ਜਾਵੇ ਤਾਂ ਜੋਗ ਰੂਢੀ ਹੈ, ਜਿਹਾ ਕੁ 'ਨਾਰਾਇਣ' ਜਿਸ ਦਾ ਪਾਣੀ ਵਿਚ ਘਰ ਹੋਵੇ ਸੋ 'ਨਾਰਾਇਣ'। ਪਾਣੀ ਵਿਚ ਘਰ ਵਾਲੇ ਮੱਛ, ਕੱਛ, ਤੰਦਵੇ, ਕਮਲ, ਸਿੰਘਾੜੇ ਆਦਿਕ ਸਭ 'ਨਾਰਾਇਣ' ਕਹਾਉਣ ਜੋਗ ਹਨ, ਸੋ ਨਹੀਂ ਕਹਾਉਂਦੇ, ਕੇਵਲ ਵਿਸ਼ਨੂੰ ਵਾਸਤੇ ਰੂਢੀ ਹੈ, ਇਸ ਲਈ ਜੋਗ ਰੂਢੀ ਹੈ। ਪ੍ਰੰਤੂ ਜੌਗਕ ਉਸ ਨੂੰ ਕਹਿੰਦੇ ਹਨ ਜੋ ਕਿਸੇ ਤੇ ਰੂਢਤਾ ਨਾ ਰਖੇ, ਜਿਹਾ ਕੁ 'ਨਿਰੀਹ' ਜੋ ਇੱਛਾ ਨਾ ਕਰੇ ਨਿਰਵਾਸ਼ ਹੋਵੇ ਸੋ 'ਨਿਰੀਹ'। ਇਹ ਪਦ ਰਿਖੀ, ਮੁਨੀ, ਸੰਤ, ਪਰਬਤ, ਪਰਮੇਸ਼ੁਰ ਆਦਿਕ ਹਰੇਕ ਵਾਸਤੇ ਆ ਸਕਦਾ ਹੈ, ਜੋ ਵਾਸ਼ਨਾ ਤੋਂ ਰਹਿਤ ਹੋਵੇ ਸੋ 'ਨਿਰੀਹ'। ਇਕੁਰ ਹੀ ਸਰਬਤ੍ਰ ਜਾਣ ਲੈਣੇ।

੨. ਸ਼ਬਦ ਗਤ ਬ੍ਰਿਤੀ

ਅਭਿਧਾ, ਲੱਛਨਾ, ਵਜੰਜਨਾ, ਯਾਂਤੇ ਤੀਨ ਪ੍ਰਕਾਰ। ਸਬਦ ਸੁ ਵਾਚਕ ਲੱਛਕਕ, ਵਜੰਜਕ, ਹੈਂ ਨਿਰਧਾਰ।

ਅਰਥਾਤ—ਸ਼ਬਦ ਤਿੰਨ ਪ੍ਰਕਾਰ ਦੇ ਹਨ—ਵਾਚਕ, ਲੱਛਕ ਤੇ ਵਜੰਜਕ।

੧. ਜੋ ਸ਼ਬਦ ਅਭਿਧਾ ਬ੍ਰਿਤੀ ਕਰਕੇ ਅਰਥ ਨਿਰੂਪਣ ਕਰਨ ਸੋ 'ਵਾਚਕ' ਕਹੀਦੇ ਹਨ।

੨. ਜੋ ਸ਼ਬਦ ਲੱਛਨਾ ਬ੍ਰਿਤੀ ਕਰਕੇ ਅਰਥ ਨਿਰੂਪਣ ਕਰਨ ਸੋ 'ਲੱਛਕ' ਕਹੀਦੇਹਨ।

੩. ਜੋ ਸ਼ਬਦ ਵਜੰਜਨਾਂ ਬ੍ਰਿਤੀ ਕਰਕੇ ਅਰਥ ਨਿਰੂਪਣ ਕਰਨ ਸੋ ਵਜੰਜਕ' ਕਹੀਦੇ ਹਨ।

ਤੀਨ ਰੂਪ ਹੈਂ ਅਰਥ ਕੇ ਵਾਚਜ, ਲੱਛ, ਕਰ ਵਜੰਗ। ਯਾਂਤੇ ਤ੍ਰਿਬਿਧ ਸੁ ਵਜੰਜਨਾ ਹੋਤ ਸਭੈ ਯਹ ਵਜੰਗ।

ਵਜੰਗ ਨਾਮ ਅਰਥ ਦਾ ਹੈ, ਸੋ ਤਿੰਨੇ ਹੀ ਸਰੂਪ ਅਰਥ ਦੇ ਹਨ।

ਵਾਚਜ ਕਰਕੇ ੧, ਲੱਛ ਕਰਕੇ ੨, ਤੇ ਵਜੰਗ ਕਰਕੇ ੩। ਇਨਾਂ ਭੇਦਾਂ ਕਰਕੇ ਤਿੰਨੇ ਭਾਂਤ ਦੀ ਬ੍ਰਿਤੀ ਹੈ।

੧. ਅਭਿਧਾ ਦਾ ਅਰਥ 'ਵਾਚਜਾਰਥ' ਕਹੀਦਾ ਹੈ।
੨. ਲਛਨਾਂ ਦਾ ਅਰਥ 'ਲੱਛਾਰਥ' ਕਹੀਦਾ ਹੈ।
੩. ਵਜੰਜਨਾਂ ਦਾ ਅਰਥ 'ਵਜੰਗਾਰਥ' ਕਹੀਦਾ ਹੈ।

ਇਸਦੀ ਸੌਖੀ ਸਮਝ ਲਈ ਇਸ ਤ੍ਰਿਪੁਸ਼ਟੀ ਨੂੰ ਯਾਦ ਰਖੋ:—

ਪਦ ਅਰਥਵਾ

ਬ੍ਰਿਤੀ।	ਸ਼ਬਦ।	ਅਰਥ।
੧. ਅਭਿਧਾ	ਵਾਚਕ	ਵਾਚਜਾਰਥ (ਵਾਚਜ)
੨. ਲੱਛਨਾ	ਲੱਛਕ	ਲੱਛਾਰਥ (ਲੱਛ)
੩. ਵਜੰਜਨਾ	ਵਜੰਜਕ	ਵਜੰਗਾਰਥ (ਵਜੰਗ)

ਅਰਥ ਸ਼ਬਦ ਕੇ ਆਸਰੇ ਸਬਦ ਅਧਾਰ ਸੁਅਰਥ। ਏਕ ਹੋਤ ਵਜੰਜਕ ਜਹਾਂ ਏਕ ਸਹਾਇ ਸਮਰਥ।

ਅਰਥ ਸ਼ਬਦ ਦੇ ਆਸਰੇ ਰਹਿੰਦਾ ਹੈ, ਇਕੁਰ ਹੀ ਸ਼ਬਦ ਦਾ ਆਸਰਾ ਭੀ ਅਰਥ ਹੈ, ਪਰੰਤੂ ਜਿਥੇ ਸ਼ਬਦ ਵਜੰਜਕ ਹੋਣ, ਓਥੇ ਸਹਾਇਕ ਅਰਥ ਹੁੰਦਾ ਹੈ। ਇਕੁਰ ਹੀ ਜਿਥੇ ਅਰਥ ਵਜੰਜਕ ਹੋਣ, ਓਥੇ ਸ਼ਬਦ ਸਹਾਇਕ ਹੁੰਦਾ ਹੈ।

—o—

Digitized by Panjab Digital Library | www.panjabdigilib.org

ੳ. ਅਭਿਧਾ ਬ੍ਰਿਤੀ.

੩. ਸ਼ਕਤਿ ਲੱਛਣ।

ਭਗਵਤ ਕੀ ਇੱਛਾ ਜੁ ਹੈ ਸੋਈ ਸ਼ਕਤਿ ਬਖਾਨ। ਯਹ ਜੁ ਤੱਤ ਲੱਛਨ ਕਹਜੇ ਅਭਿਧਾ ਕੋ ਪਹਿਚਾਨ।

ਭਗਵਤ ਦੀ ਇਛਾ ਹੀ ਸ਼ਕਤਿ ਹੈ। ਜਿੱਕੁਰ 'ਈਸ਼ੁਰ ਪੂਰਤ' ਪਿਤਾ ਪੁਤ੍ਰ ਦਾ ਨਾਮ ਰੱਖੇ, ਤਾਂ ਪਿਤਾ ਪੁਤ੍ਰ ਦਾ ਨਾਮ ਰੱਖਣੇ ਵਿਚ ਆਪਣੀ ਇੱਛਾ ਦਾ ਮਾਲਕ ਹੈ, ਜਿਤਨੇ ਨਾਮ ਸ਼ਬਦ ਅੱਜ ਤਕ ਜਿਸ ਜਿਸ ਦੇਸ, ਕ੍ਰਮ, ਭਾਖਾ ਅਨੁਸਾਰ ਰੱਖੇ ਗਏ ਹਨ, ਇਹ ਸਭੇ ਈਸ਼ੁਰ ਇੱਛਜਾ ਦੀ ਸ਼ਕਤੀ ਕਰ ਕੇ ਰੱਖੇ ਗਏ ਹਨ, ਇਸ ਲਈ ਸ਼ਕਤੀ ਨਾਮ ਅਭਿਧਾ ਦਾ ਹੈ।

੪. ਅਭਿਧਾ ਦਾ ਸਰੂਪ।

ਮੁੱਖ ਅਰਥ ਕੋ ਬੋਧ ਜਹਿ ਹੋਇ ਸ਼ਬਦ ਬਜਾਪਾਰ। ਤਾ ਸੋਂ ਅਭਿਧਾ ਕਹਤ ਹੈ ਵਾਚ ਅਰਤ ਨਿਰਧਾਰ।

ਸ਼ਬਦਾਂ ਦੇ ਵਿਹਾਰ ਵਿਚੋਂ ਮੁੱਖ (ਪ੍ਰਧਾਨ) ਅਰਥ ਨਿਰਯਤਨ ਹੀ ਪ੍ਰਤੀਤ ਹੋ ਜਾਵੇ, ਉਸਨੂੰ ਅਭਿਧਾ ਬ੍ਰਿਤੀ ਕਹਿੰਦੇ ਹਨ ਅਤੇ 'ਵਾਚ੍ਯ' ਅਰਥ ਨੂੰ ਕਹਿੰਦੇ ਹਨ।

ਜਾਹਿ ਸ਼ਬਦ ਕੋ ਕਹਿਤ ਹੀ ਸਹਿਜੇ ਜੋ ਸੁ ਲਖਾਇ। ਤਹਾਂ ਸ਼ਬਦ ਕੀ ਬ੍ਰਿਤਿ ਜੋ ਅਭਿਧਾ ਕਹਿ ਕਵਿ ਰਾਇ।

ਜਿਸ ਸ਼ਬਦ ਦੇ ਕਹਿਣ ਤੋਂ ਅਰਥ ਸੌਖਾ ਹੀ ਪ੍ਰਤੀਤ ਹੋ ਜਾਏ ਉੱਥੇ ਓਸ ਸ਼ਬਦ ਬ੍ਰਿਤ ਨੂੰ ਅਭਿਧਾ ਬ੍ਰਿਤੀ ਕਹਿੰਦੇ ਹਨ* ।

ਉਦਾਹਰਣ, ਜਿਹਾ ਕੁ 'ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।'

ਇਸ ਤੁਕ ਦੇ ਸਬਦਾਂ ਦਾ ਮੁੱਖ ਅਰਥ ਬੇਨਤੀ ਕਰਨਾ ਹੈ। ਮੇਰੇ ਮਿਤ੍ਰੋ! ਸੁਣੋ, ਇਹ ਸੰਤਾਂ ਦੀ ਟਹਿਲ ਦਾ ਸਮਾਂ ਹੈ।

ਇਥੇ ਜਿਤਨੇ ਪਦ ਹਨ ਉਨ੍ਹਾਂ ਦੇ ਅਰਥ ਸੁਖੱਲੇ ਹੀ ਪ੍ਰਤੀਤ ਹੁੰਦੇ ਹਨ, ਬੇਨੰਤੀ, ਮੀਤ, ਸੰਤ, ਟਹਿਲ ਵੇਲਾ, ਆਦਿਕ ਵਾਚਕ (ਸ਼ਬਦ) ਆਪੋ ਆਪਣਾ ਅਰਥ ਜੋ ਇਹਨਾਂ ਪਦਾਂ ਵਿਚ ਰੱਖਿਆ ਹੋਇਆ ਹੈ ਓਹੋ ਸਫੁਟ (ਪ੍ਰਗਟ) ਦਿਖਾਉਂਦੇ ਹਨ, ਦੂਜੇ ਹੋਰ ਅਰਥ ਵਲ ਬ੍ਰਿਤੀ ਨਹੀਂ ਜਾਂਦੀ, ਕੋਈ ਭਰਮ ਨਹੀਂ ਪੈਂਦਾ, ਇਸ ਲਈ ਇਸਨੂੰ ਅਭਿਧਾ ਬ੍ਰਿਤੀ ਕਰ ਕੇ ਕਹਿੰਦੇ ਹਨ।

ਸੂਚਨਾ—ਇਹ ਭੀ ਚੇਤੇ ਰਹੇ, ਸਭ ਜਗਾ ਮੁੱਖ ਅਰਥ ਵਿਚ ਅਭਿਧਾ ਬ੍ਰਿਤੀ ਹੀ ਵਰਤਦੀ ਹੈ, ਪਰੰਤੂ ਜਿੱਥੇ ਆਛੇਪ 'ਵਜੈਜਨਾ' 'ਲੱਛਣਾ' ਹੋਣ, ਉੱਥੇ ਵੀ ਇਹ ਬ੍ਰਿਤੀ ਅੰਤਰਭੂਤ ਹੋ ਕੇ ਮੁਖਯਾਰਥ ਦੀ ਸੂਚਕ ਅਵੱਸ਼ ਬਣੀ ਰਹਿੰਦੀ ਹੈ। ਅਰਥ ਸ਼ਕਤੀ ਸ਼ਬਦਾਂ ਵਿਚ ਅਭਿਧਾ ਬ੍ਰਿਤੀ ਦਾ ਹੀ ਸਰੂਪ ਹੈ। ਜਿਹਾ ਕਿ 'ਭਜਹੁ ਗੋਬਿੰਦ ਭੂਲਿ ਮਤ ਜਾਹੁ' ਅਰਥ:—ਗੋਬਿੰਦ ਦਾ ਭਜਨ ਕਰਹੁ, ਮਤਾਂ ਭੁੱਲ ਜਾਂਦੇ ਹੋਵੋ। ਇਹ ਅਰਥ ਅਭਿਧਾ ਬ੍ਰਿਤੀ ਕਰਕੇ ਹੈ, ਪਰੰਤੂ ਗੋਬਿੰਦ ਦਾ ਨਾਮ ਭਜਨੁ, ਇਹ ਨਾਮ ਅਰਥ ਉਪਾਦਾਨ ਲੱਛਣਾ ਕਰਕੇ ਆਉਂਦਾ ਹੈ, ਕਿਉਂਕਿ ਮੁਖਯਾਰਥ ਦਾ ਬਾਧ ਹੋ ਕੇ ਫੇਰ ਓਹੋ ਗੁਬਿੰਦ ਪਦ ਨਾਲ ਲੱਗਾ ਰਹਿਣੇ ਤੇ ਉਪਾ-

*ਅਵਿਧਾ, ਅਬਿਧਾ, ਅਭਿਧਾ, ਇਹ ਤਿੰਨੇ ਪਦ ਇੱਕੋ ਹਨ। ਸਬਦ ਵਾਚਕ ਨੂੰ ਕਹਿੰਦੇ ਹਨ।

Digitized by Panjab Digital Library | www.panjabdigilib.org

ਦਾਨ ਲਛਣਾ (ਦੇਖੋ ਅੰਕ ੧੯)ਹੋਈ, ਪੂੰਜੁ ਪਹਿਲੇ ਮੁਖਜ ਅਰਥ ਵਿਚ ਅਭਿਧਾ ਪ੍ਰਧਾਨਹੈ, ਇੱਕੁਰ ਹੀ 'ਭੂਲਿ ਮਤ ਜਾਹੁ' ਮਤ ਭੁੱਲ ਜਾਓ, ਇਸ ਵਿਚ ਚਮਤਕਾਰੀ ਵਜੋਗ ਹੈ ਕਿ ਸਾਸ ਗਿਰਾਸ ਸਿਮਰੋ, ਅਖੰਡਾਕਾਰ ਬ੍ਰਿਤੀ ਕਰੋ। ਇਹ ਅਰਥ ਵਜੋਜਨਾ ਬ੍ਰਿਤੀ(ਦੇਖੋ ਅੰਕ ੩੪) ਤੇ ਹੋਇਆ, ਪਰ ਪਹਿਲਾ ਮੁਖਜਾਰਥ ਅਭਿਧਾ ਦਾ ਹੀ ਪ੍ਰਧਾਨ ਹੈ, ਇਸ ਲਈ ਅਭਿਧਾ।

੫. ਬਚਨ ਲੱਛਣ।

ਏਕ ਬਹੁਤ ਬਾਚਕ ਇਹਾਂ,ਓ. ਏ. ਆਦਿ ਨਿਕਾਰ। ਭਾਖਾ ਮੈਂ ਦੋ ਬਚਨ ਨਹਿ ਕਵਿਨਿ ਕੀਯੋ ਨਿਰਧਾਰ।

ਇਕ ਬਚਨ ਅਤੇ ਬਹੁ ਬਚਨ ਹੀ ਪੰਜਾਬੀ ਭਾਖਾ ਵਿਚ ਵਰਤੇ ਜਾਂਦੇ ਹਨ, ਦੁਵਚਨ ਸੰਸਕ੍ਰਿਤ ਅਤੇ ਅਰਬੀ ਵਿਚ ਹੀ ਵਿਦਮਾਨ ਹਨ। ਇਕ ਵਾਸਤੇ ਇਕ ਬਚਨ ਹੀ ਕਹਿਣ ਵਿਚ ਵਰਤੀ ਦਾ ਹੈ ਅਤੇ ਬਹੁ-ਤਿਆਂ ਲਈ ਬਹੁ ਬਚਨ ਕਹੀਦਾ ਹੈ, ਪਰੰਤੂ ਜਦ ਕਿਤੇ ਇਕ ਨੂੰ ਬਹੁਵਚਨ ਦਿੱਤਾ ਜਾਂਦਾ ਹੈ ਤਾਂ ਓਥੇ ਬਹੁਵਚਨ ਆਦਰ ਸੂਚਕ ਹੈ, ਇਸ ਲਈ ਬੁਧਿਮਾਨ ਲੋਕ ਵਡਿਆਈ ਤੇ ਆਦਰ ਲਈ ਸਨਮਾਨ ਵਾਲਾ ਪਦ ਬਹੁਵਚਨ ਹੀ ਬਾਹਲਾ ਵਰਤਦੇ ਹਨ।

ਚੇਤੇ ਰਹੇ ਜਿਸ ਪਦ ਦੇ ਅੰਤ ਵਿਚ 'ਆ' ਅਥਵਾ 'ਓ' ਆਵੇ, ਤਾਂ ਓਹ ਪਦ ਇਕ ਬਚਨ ਹੁੰਦਾ ਹੈ । ਜੈਹਾ ਕੁ 'ਆਇਆ ਗਇਆ ਮੁਇਆ ਨਾਉ'।

ਆਇਆ, ਗਇਆ, ਮੁਇਆ, ਇਹ ਤਿੰਨੇ ਪਦ 'ਆ' ਅੰਤ ਵਾਲੇ ਹੋਣੇ ਤੇ ਇਕ ਬਚਨ ਹਨ। ਇਹੋ ਹੀ ਜੇ ਕਦੀ 'ਈ' ਅੰਤ ਹੋਣ, ਜਿਹਾ ਕੁ ਆਈ, ਗਈ, ਮੋਈ, ਤਾਂ ਇਸਤ੍ਰੀ ਲਿੰਗ ਦਾ ਇਕ ਬਚਨ ਹੁੰਦੇ ਹਨ।

ਇਕੁਰ ਹੀ 'ਓ' ਅੰਤ ਵਾਲੇ ਪਦ ਵੀ ਇਕ ਵਚਨ ਹੁੰਦੇ ਹਨ, ਜਿੱਕੁਰ:-

'ਧਾਇਓ ਰੇ ਮਨ ਦਹਦਿਸ ਧਾਇਓ'॥

ਇਹ ਧਾਇਓ ਪਦ 'ਓ' ਅੰਤ ਹੋਣੇ ਤੇ ਇਕ ਵਚਨ ਹੈ। ਇਕੁਰ ਹੀ ਮੈਂ, ਤੂੰ, ਇਹ, ਉਹ, ਓਇ, ਹੇ, ਆਦਿਕ ਪਦ ਸਭ ਇਕ ਬਚਨ ਹਨ, ਪਰੰਤੂ 'ਏ' ਅੰਤ ਵਾਲੇ ਪਦ ਬਹੁ ਬਚਨ ਹੁੰਦੇ ਹਨ,ਜਿਕੁਰ 'ਆਜ ਮੋਰੇ ਆਏ ਹੈਂ',ਆਏ ਪਦ 'ਏ' ਅੰਤ ਹੋਣੇ ਤੇ ਬਹੁ ਬਚਨ ਹੈ, ਪਰੰਤੂ ਏਥੇ ਆਦਰ ਸੂਚਕ ਹੈ । ਇੱਕੁਰ ਹੀ ਗਏ, ਮੋਏ, ਸੁਹਾਏ, ਛਾਏ, ਭਾਏ ਆਦਿਕ ਪਦ ਬਹੁ ਬਚਨ ਹਨ ।

ਨਕਾਰਾਂਤ ਪਦ ਭੀ ਬਹੁ ਬਚਨ ਕਹੀਦੇ ਹਨ, ਜਿਕੁਰ "ਨਾਮੁ ਧਿਆਇਨਿ ਸੁਖ ਫਲ ਪਾਇਨਿ।" ਇਹ ਨਕਾਰਾਂਤ ਪਦ ਹੋਣੇ ਤੇ ਬਹੁ ਬਚਨ ਹਨ। ਬਿੰਦੇ ਭੀ ਨਕਾਰਾਂਤ ਦੀ ਤਰਾਂ ਪਦ ਨੂੰ ਬਹੁ ਬਚਨ ਹੀ ਬਣਾ ਦੇਂਦੇ ਹਨ। ਜਿੱਕਰ, 'ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ' ਏਥੇ ਸਖੀਆਂ ਦੇ ਅੰਤ ਨੂੰ ਬਿੰਦਾ* ਹੋਣੇ ਤੇ ਬਹੁ ਬਚਨ ਹੈ।

ਪੰਜਾਬੀ ਭਾਖਾ ਵਿਚ 'ਹੁ' ਅੰਤ ਵਾਲੇ ਪਦ ਵੀ ਬਹੁ ਬਚਨ ਹੁੰਦੇ ਹਨ।

ਜਿੱਕਰ ਕਰਹੁ, ਧਰਹੁ, ਪਕੜਹੁ, ਮਾਨਹੁ, ਪਛਾਨਹੁ, ਸੇਵਹੁ, ਜਾਣਹੁ. ਆਦਿਕ ਬਾਹਲੇ ਪਦ ਹਨ, ਪਰ ਏਹ ਚੇਤਾਵਨੀ ਚੇਤੇ ਰਹੇ:-

ਏਕ ਵਿਖੇ ਇਕ ਬਚਨ ਹੈ ਦੋ ਬਹੁ ਆਦਰ ਦੇਤ। ਦੀਜੈ ਬਹੁ ਵਾਚਕ ਸਦਾ ਸਭ ਕੋ ਮਨ ਹਰ ਲੇਤ।

---

*ਇੰਦਾ ਚਾਹੇ ਮੂਲ ਵਿਚ ਪ੍ਰਤੱਖ ਲਗਾ ਨਹੀਂ ਹੋਇਆ ਪਰ ਕਰਤਾ ਦੇ ਅਭਿਪ੍ਰਾਯ ਵਿਚ ਹੈ, ਇਹ ਅਭਿਪ੍ਰੇਤ ਅਨੁਨਾਸਕ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਇਕ ਵਿਚ ਇਕ ਬਚਨ ਵਸਦਾ ਹੈ ਅਤੇ ਬਹੁਤਿਆਂ ਵਿਚ ਬਹੁ ਬਚਨ ਵਸਦਾ ਹੈ ਅਥਵਾ ਆਦਰ ਵਾਸਤੇ ਵਿਦਮਾਨ ਹੈ, ਪਰੰਤੂ ਵਡਿਆਂ ਸਨਮਾਨਤ ਜੋਗਾਂ ਵਾਸਤੇ ਅਵੱਸ਼ ਬਹੁਵਚਨ ਹੀ ਵਰਤੀਦਾ ਹੈ, ਕਿਉਂਕਿ ਆਦਰ ਦਾ ਮਿੱਠਾ ਬਚਨ ਹਰ ਇਕ ਦੇ ਮਨ ਨੂੰ ਖਿੱਚਦਾ, ਭਾਵ ਪ੍ਰਸੰਨ ਕਰਦਾ ਹੈ।

ਸੂਚਨਾ—ਵਿਸ਼ੇਸ਼ ਪ੍ਰਕਰਣ ਵਿਆਕਰਣ ਵਿਚੋਂ ਦੇਖੋ*।

੬. ਜਾਤੀ ਲੱਛਣ ਰੂਪ।

ਏਕ ਬਸਤ ਕੋ ਗਯਾਨ ਸੋਂ ਜਾਨੀ ਜਾਤ ਅਦੇਖ। ਅਵੈਵ ਹੂੰ ਕੋ ਬੀਚ ਸੋਂ, ਜਾਸੋਂ, ਜਾਤਿ, ਵਿਸ਼ੇਖ।

ਇਕ ਵਸਤੂ ਦੇ ਜਾਣਨੇ ਤੇ ਨਾ ਡਿੱਠੀਆਂ ਹੋਈਆਂ ਵੀ ਹੋਰ ਵਸਤਾਂ ਜਾਣੀਆਂ ਜਾਣ, ਉਸ ਦੇ ਅੰਗਾਂ ਅਤੇ ਸਰੂਪਾਂ ਦੇ ਵਿਚੋਂ ਹੀ, ਜਿਸ ਕਰਕੇ ਅਜੇਹੀ ਗਯਾਤ ਹੋਵੇ ਉਸ ਨੂੰ ਜਾਤੀ ਕਹੀਦਾ ਹੈ।

ਜਿਕੁਰ ਮਿੱਟੀ ਦੇ ਘੜੇ ਨੂੰ ਦੇਖ ਕੇ ਉਸੇ ਹੀ ਸਰੂਪ ਦਾ ਛੋਟਾ ਅਥਵਾ ਵੱਡਾ, ਤਾਂਬੇ, ਪਿੱਤਲ, ਲੋਹੇ ਦੇ ਘੜੇ ਨੂੰ ਦੇਖ ਕੇ ਗਯਾਨ ਹੁੰਦਾ ਹੈ ਕਿ ਏਹ ਭੀ ਘੜਾ ਹੈ, ਕਿਉਂਕਿ ਘੜੇ ਵਿਚ ਘੜਤ੍ਵ ਜਾਤੀ ਹੈ, ਇਸੇ ਨੂੰ ਨਯਾਯਕ ਘੜਤ੍ਵ ਧਰਮ ਕਹਿੰਦੇ ਹਨ।

ਜਾਤੀ ਇੱਕ ਹੈ, ਪਰੰਤੂ ਬਹੁਤੀਆਂ ਵਿਚ ਇਕੋ ਵਰਤਦੀ ਹੈ, ਇਸੇ ਕਰਕੇ ਜਾਤੀ ਪਦ ਇਕ ਬਚਨ ਹੈ; ਜਿੱਕੁਰ ਮਨੁੱਖ ਜਾਤੀ, ਪਸ਼ੂ ਜਾਤੀ, ਪੰਛੀ ਜਾਤੀ:—

ਜਾਤਿ ਬਹੁਤ ਮੈ ਏਕ ਹੈ ਏਕ ਬਚਨ ਕੀ ਠੌਰ। ਵਜਕਤਿ ਭੇਦ ਕੋ ਕੀਜੀਐ ਤੋ ਹ੍ਵੈ ਹੈ ਕਛੂ ਔਰ।

੭. ਜਾਤੀ ਦਾ ਵਿਸ਼ੇਸ਼ ਨਿਰਣੈ।

ਗੁਣ ਅਰ ਦ੍ਰੱਬਜ ਕ੍ਰਿਯਾਨ ਮੈਂ ਰਹੈ ਨਿਰੰਤਰ ਜਾਤ। ਅਭਿਧਾ ਤਹਾਂ ਸੁ ਜਾਤਿ ਮੈਂ ਬਜਕਤਿ ਅਨੇਕ ਲਖਾਤ।

'ਗੁਣ' ਅਤੇ 'ਦ੍ਰੱਬਜ' ਤੇ ਕ੍ਰਿਯਾ' ਵਿਚ ਨਿਰੰਤਰ ਜਾਤੀ ਵਰਤਦੀ ਹੈ ਅਤੇ ਅਭਿਧਾ ਜਾਤੀ ਵਿਚ ਬਜਕਤੀਆਂ ਅਨੇਕਾਂ ਦਿਖਾਉਂਦੀ ਹੈ।

ਅਥ ਗੁਣ ਦ੍ਰਬਜ ਕ੍ਰਿਆ ਦਾ ਵਰਣਨ:—

ਗੁਣ ਹੈ ਆਸ੍ਰਿਤ ਦ੍ਰਬ ਕੇ ਦ੍ਰਬ ਕਹੈ ਭੂ ੧, ਬਾਰਿ ੨। ਤੇਜ ੩, ਬਾਇ ੪, ਨਭ ੫, ਕਾਲ ੬, ਮਨ ੭, ਦਿਸ ੮, ਆਤਮ ੯, ਨਵ ਧਾਰ।

ਗੁਣ ਨਵਾਂ ਦ੍ਰਬਾਂ ਦੇ ਆਸਰੇ ਰਹਿੰਦੇ ਹਨ ਅਤੇ ਦ੍ਰਬ ਨੌ ਹਨ ਤੇ ਗੁਣ ਚੌਬੀਸ ਹਨ। ਗੁਣ ਅਤੇ ਦ੍ਰਬਜ ਆਪੋ ਵਿਚ ਦੀ ਇਕੱਠੇ ਰਹਿੰਦੇ ਹਨ, ਕਿਉਂਕਿ ਇਹ ਅਲੱਗ ਹੋ ਕੇ ਕਿਸੇ ਆਸਰੇ ਰਹਿ ਨਹੀਂ ਸਕਦੇ। ਇਕੁਰ ਹੀ ਕ੍ਰਿਯਾਵਾਨ ਦ੍ਰਬਾਂ ਵਿਚ ਕ੍ਰਿਯਾ ਰਹਿੰਦੀ ਹੈ। ਇਸੇ ਲਈ ਦ੍ਰਬਜ ਦੀ ਸੰਗਜਾ ਗੁਣੀ ਅਤੇ ਕ੍ਰਿਯਾਵਾਨ ਵੀ ਹੈ,

ਉਹ ਦ੍ਰਬਜ ਨੌ ਹਨ, ਜੇਹੇ ਕ੍ਰ—ਪ੍ਰਿਥ੍ਵੀ ੧, ਅਪ ੨, ਤੇਜ ੩, ਬਾਇ ੪, ਆਕਾਸ਼ ੫, ਕਾਲ ੬ ਮਨ ੭, ਦਿਸ਼ਾ ੮, ਆਤਮਾ ੯,।

ਅਤੇ ਗੁਣ:—ਸ਼ਬਦ ੧, ਸਪਰਸ ੨, ਰੂਪ ੩, ਰਸ ੪, ਗੰਧ ੫, ਬੁਧੀ ੬, ਸੁਖ ੭, ਦੁਖ ੮, ਇੱਛਾ ੯, ਦ੍ਵੈਖ ੧੦, ਪ੍ਰਯਤਨ ੧੧, ਧਰਮ੧੨,ਅਧਰਮ ੧੩,ਸੰਸਕਾਰ੧੪,ਦ੍ਰਬਤ੍ਵ ੧੫,ਗੁਰੱਤਵ ੧੬,ਪਰੱਤ੍ਵ ੧੭,ਅਪਰਤ੍ਵ ੧੮,

*ਕਰਤਾ ਦਾ ਭਾਵ ਸ੍ਰਯੰ ਕ੍ਰਿਤ ਗੁਰਬਾਣੀ ਵਯਾਕਰਣ ਤੋਂ ਹੈ, ਜਿਸਦਾ ਮੁੱਢਲਾ ਯਤਨ ਇਸ ਪੁਸਤਕ ਦੀ ਰਚਨਾ ਦੇ ਨਾਲ ਸਹਚਰਤ ਸੀ, ਪਰ ਜਿਸਦੀ ਪੂਰਣਤਾ ਦਾ ਅਵਸਰ ਸਮੇਂ ਨੇ ਅਪ੍ਰਾਪਤ ਰਖਿਆ। [ਸੰਪਾਦਿਕ

Digitized by Panjab Digital Library | www.panjabdigilib.org

ਸੰਖਜਾ ੧੯, ਮਿੰਗ ੨੦, ਵਿਭਾਗ ੨੧, ਪ੍ਰਿਥਕਤ੍ਵ ੨੨, ਪਰਮਾਣ ੨੩, ਸਨੇਹ ੨੪, ਏਹ ਚੌਬੀ ਹਨ।

ਕ੍ਰਿਯਾ ਮੁੱਖ ਪੰਜ ਹਨ:—ਉਦਖਜੇਪਨ ੧, ਅਪਖਜੇਪਨ ੨, ਪ੍ਰਸਾਰਣ ੩, ਆਕੁੰਚਨ ੪, ਗਮਨ ੫।

ਇਨ੍ਹਾਂ 'ਦ੍ਰਬ' 'ਗੁਣ' 'ਕ੍ਰਿਯਾ' ਦੇ ਸ਼ਬਦਾਂ ਵਿਚ ਜਾਤੀ ਵਸਦੀ ਹੈ, ਕਿਉਂਕਿ ਇਹ ਸਾਰੇ ਪਦਾਰਥ ਹਨ। ਇਸ ਜਾਤੀ ਵਿਜ ਅਭਿਧਾ ਬ੍ਰਿਤੀ ਅਨੇਕ ਬਜਕਤੀਆਂ ਦਿਖਾਉਂਦੀ ਹੈ।

ਵਿਸ਼ੇਸ਼ ਸੂਚਨਾਂ—ਏਥੇ 'ਦ੍ਰਬ' 'ਗੁਣ' 'ਕ੍ਰਿਯਾ'ਆਦਿਕ ਦਾ ਵਰਣਨ ਕੇਵਲ ਜਾਤੀ ਸਿੱਧ ਕਰਨ ਵਾਸਤੇ ਕੀਤਾ ਹੈ,ਨਹੀਂ ਤਾਂ ਇਹ ਪਦਾਰਥ ਨਜਾਯ ਦੇ ਹਨ, ਸਾਹਿਤਜ ਵਿਚ ਇਨ੍ਹਾਂ ਦੀ ਬਾਹਲੀ ਵਰਤੋਂ ਨਹੀਂ ਹੈ।

੮. ਬਜਕਤਿ ਦਾ ਲੱਛਣ ਤੇ ਰੂਪ।

ਬਹੁ ਵਾਚਕ ਮੈਂ ਭੇਦ ਕਰਾਵੈ।
ਲਿੰਗ ਬਚਨ ਪੁਨ ਬਜਕਤ ਕਹਾਵੈ।

ਜੋ ਜਾਤੀ ਵਿਚ ਭੇਦ (ਭਿੰਨਤਾ) ਕਰੇ ਉਸ ਨੂੰ ਬਜਕਤੀ ਕਹੀਦਾ ਹੈ, ਇੱਕੁਰ ਹੀ ਲਿੰਗ (ਪੁਲਿੰਗ, ਇਸਤ੍ਰੀ, ਨਿਪੁੰਸਕ ਲਿੰਗ) ਅਤੇ ਬਚਨ (ਇਕ ਬਚਨ, ਬਹੁ ਬਚਨ) ਵੀ ਬਜਕਤੀ ਹੀ ਦਿਖਾਉਂਦੇ ਹਨ।

ਜਿਹਾਕੁ—ਗਊ ਜਾਤੀ ਹੈ, ਗੋਰੀ, ਧੌਲੀ, ਚੱਪੀ, ਲਾਖੀ ਆਦਿਕ ਬਜਕਤੀਆਂ ਹਨ।

ਪੁਨ:—ਲਿੰਗ ਬਚਨ, ਜਿਹਾ ਕੁ—"ਤੇਰੀ ਪੂੰਛਟ ਊਪਰ ਝਮਕ ਬਾਲ।"

'ਤੇਰੀ' ਪਦ ਇਸਤ੍ਰੀ ਲਿੰਗ ਹੈ, ਜੋ ਬਜਕਤੀ ਨੂੰ ਸਿੱਧ ਕਰਦਾ ਹੈ।

ਤੇਰੀ ਪੂਛ ਪਰ, ਚਮਕੀਲੇ ਬਾਲ ਹਨ। ਇੱਥੇ 'ਤੇਰੀ' ਇਸਤ੍ਰੀ ਲਿੰਗ ਪਦ ਹੋਣੇ ਤੇ ਇਸਤ੍ਰੀ ਹੈ, ਪੂੰਛ ਪਦ ਹੋਣੇ ਤੇ ਪਸੂ ਜਾਤੀ ਹੈ, ਪਸੂ ਜਾਤੀ ਦੀ ਇਕ ਇਸਤ੍ਰੀ ਦੀ ਪੂਛ ਤੇ ਚਮਕਦੇ ਬਾਲ ਹਨ।

ਪੁਨਾ:—"ਚਕਵੀ ਨੈਨ ਨੀਂਦ ਨਹਿ ਚਾਹੈ
ਬਿਨੁ ਪਿਰ ਨੀਂਦ ਨ ਪਾਈ॥"

ਇੱਥੇ ਵੀ ਚਕਵੀ ਪਦ ਇਸਤ੍ਰੀ ਲਿੰਗ ਹੈ, ਜੋ ਪੰਛੀ ਜਾਤੀ ਵਿੱਚੋਂ ਚਕਵੇ ਦੀ ਬਜਕਤੀ ਨੂੰ ਨਿਖੇੜ ਕੇ ਦਿਖਾਉਂਦਾ ਹੈ। ਚਕਵੀ ਚਕਵੇ ਪੰਛੀ ਦੀ ਇਸਤ੍ਰੀ ਹੈ।

ਇਕੁਰ ਹੀ ਸਭ ਜਗ੍ਹਾ ਵਿਚਾਰਨੇ।

ਸੂਚਨਾ—ਅਭਿਧਾ ਮੂਲ ਸ਼ਾਬਦੀ ਬਜੰਜਨਾਂ ਦਾ ਬਾਹਰਵਾਂ ਪ੍ਰਯੋਗ ਬਜਕਤੀ (ਦੇਖੋ ਅੰਕ ੪੮.)ਹੈ,ਇਸ ਬਜਕਤੀ ਅਤੇ ਉਸ ਬਜਕਤੀ ਪ੍ਰਯੋਗ ਆਪੋ ਵਿਚ ਕੋਈ ਭੇਦ ਨਹੀਂ।

੯. ਸਮਾਸ ਦਾ ਲੱਛਣ।

ਜੋ ਸੋ ਅਬ ਕੋ ਤਾਹਿ ਕਰ ਆਦਿ ਜਹਾਂ ਨਹਿੰ ਹੋਇ। ਅਰਥ ਕਰਤ ਲਹ ਗਜਾਨ ਸੋ ਲਖ ਸਮਾਸ ਹੈ ਸੋਇ।

ਸਮਾਸ ਨਾਮ ਹੈ ਕੱਠਿਆਂ ਹੋਣ ਦਾ, ਭਾਸ਼ਾ ਵਿਚ ਪਦਾਂ ਦੇ ਪਰਸਪਰ ਸੰਬੰਧ ਵਿਭਕਤੀਆਂ ਨਾਲ ਪ੍ਰਗਟ ਹੁੰਦੇ ਹਨ,ਸੋ ਵਿਭਕਤੀਆਂ ਭਾਖਾ ਵਿਚ ਬਾਹਲੀ ਵਾਰ ਲੋਪ ਹੁੰਦੀਆਂ ਹਨ ਤੇ ਅਰਥ ਕਰਨ ਵੇਲੇ ਉੱਪਰੋਂ ਲਗਾ ਕੇ ਵੀ ਬਿਵਸਥਾ ਪੂਰੀ ਕਰਨੀ ਪੈਂਦੀ ਹੈ, ਸੋ ਵਿਭਕਤੀਆਂ ਮੁੱਖ ਤਾਂ ਸੱਤ ਹਨ, ਪਰੰਤੂ ਉਨ੍ਹਾਂ ਸੱਤਾਂ ਦੇ ਵਿਸ਼ੇਸ਼ ਰੂਪ ਕਈ ਹਨ। ਜਿਹਾਕੁ:—

ਜੋ ਸੋ ੧, ਕੋ ੨, ਕਰ ੩, ਲਿਯੇ ੪, ਤੇ ਪ, ਕੋ ੬, ਮੈਂ ੭, ਏ ਨਹਿੰ ਹੋਇ। ਏ ਹੈ ਜਾਕੇ ਆਦਿ ਮੈਂ ਲਖ ਸਮਾਸ ਹੈ ਸੋਇ।

ਇਹ ਸੱਤੇ ਵਿਭਕਤੀਆਂ ਪਦਾਂ ਨੂੰ ਪਰਸਪਰ ਜੋੜਦੀਆਂ ਤੇ ਅਰਥ ਸੰਬੰਧ ਦੱਸਦੀਆਂ

Digitized by Panjab Digital Library | www.panjabdigilib.org

ਹਨ, ਪਰੰਤੂ ਇਨ੍ਹਾਂ ਦੇ ਭੇਦ:—ਜੋ, ਸੋ ਹੁਣ, ਜੇ, ਤੇ, ਸੋ, ਨੂੰ, ਏਥੇ, ਓਥੇ, ਜਿਸਤੇ, ਤਿਸਤੇ, ਉਸਤੇ, ਇਸਤੇ, ਇਨ੍ਹਾਂ ਨੂੰ, ਉਨ੍ਹਾਂਨੂੰ ਅਨੁਸਾਰ, ਦੀ, ਦੇ, ਦਾ, ਕੀ, ਕੇ, ਕਾ, ਸਾਨੂੰ, ਤੁਹਾਨੂੰ,ਆਦਿਕ ਅਨੇਕਾਂ ਹੀ ਵਰਤਮਾਨ ਹਨ।

ਇਹ ਅਰਥ ਕਰਨ ਵੇਲੇ ਛੋਟੇ ਸਮਾਸ ਭਾਵੇਂ ਵੱਡੇ ਸਮਾਸ ਅਵੱਸੋਂ ਵਰਤੇ ਜਾਂਦੇ ਹਨ।

ਚੇਤਾਵਨੀ ਹੈ—ਜਿੱਥੇ ਸਮਾਸ ਛੋਟੇ ਹੋਣ ਉਥੇ ਅਵੱਸੋਂ ਕਵਿਤਾ ਵਿੱਚ ਮਾਧੁਰਯ ਗੁਣ ਹੁੰਦਾ ਹੈ। ਇੱਕੁਰ ਹੀ ਜਿੱਥੇ ਸਮਾਸ ਵੱਡੇ ਹੋਣ ਉਥੇ ਕਵਿਤਾ ਦਾ ਓਜ ਗੁਣ ਵਿਦਮਾਨ ਹੁੰਦਾ ਹੈ। ਇਹ ਪ੍ਰਕਰਣ ਅੱਗੇ ਕਵਿਤਾ ਦੇ ਗੁਣਾਂ ਵਿਚ ਆਵੇਗਾ।

ਛੋਟੇ ਸਮਾਸ ਦਾ ਉਦਾਹਰਣ—"ਘਿਅ ਪਟ ਭਾਂਡਾ ਕਹੈ ਨ ਕੋਇ।"

ਘਿਉ (ਤੇ) ਰੇਸ਼ਮ (ਅਤੇ) ਭਾਂਡਾ ਕੋਈ ਨਹੀਂ ਕਹਿੰਦਾ, ਏਥੇ 'ਤੇ' 'ਅਤੇ' ਪਦ ਲੁਪਤ ਹੋਕੇ ਸਮਾਸ ਹੋਇਆ ਹੈ।

ਪੁਨ:—"ਦਰਸਨੁ ਦੇਖਿ ਭਈ ਮਤਿ ਪੂਰੀ ॥
ਅਠਸਠਿ ਮਜਨੁ ਚਰਨਹਿ ਧੂਰੀ ॥"

ਅਰਥ—ਦਰਸ਼ਨ (ਨੂੰ) ਦੇਖ ਕੇ ਦੇਈ ਬੁਧ ਨਿਰਭਰ, ਅਠਸਠ (ਤੀਰਥ ਦਾ) ਇਸ਼ਨਾਨ ਹੈ ਚਰਨਾਂ ਦੀ ਧੂਰੀ। ਏਥੇ ਕੇਵਲ (ਨੂੰ) ਦਾ ਸਮਾਸ ਹੈ, ਇਹ ਸਮਾਸ ਬਹੁਤ ਹੀ ਛੋਟੇ ਅਤੇ ਥੋੜੇ ਹਨ।

ਵੱਡੇ ਸਮਾਸ ਦਾ ਉਦਾਹਰਣ—"ਕਰ ਕਰਤੈ ਕਰਣੀ ਕਰਿ ਪਾਈ।"

ਕਰ(ਕੇ) ਕਰਤੇ (ਨੇ) (ਇਸ ਜੀਵ ਨੂੰ) (ਇਸਦੀ) ਕਰਨੀ (ਅਨੁਸਾਰ ਫਲ) ਹੱਥ (ਤੇ) ਪਾਇਆ ਹੈ, ਇਥੇ ਕੇ, ਨੇ, ਇਸ.... ਨੂੰ, ਇਸਦੀ, ਅਨੁਸਾਰ .... ਤੇ, ਆਦਿਕ ਸਮਾਸ ਹਨ, ਇਸ ਜੀਵ ਨੂੰ, ਇਸਦੀ, ਅਨੁਸਾਰ, ਵੱਡੇ ਸਮਾਸ ਹਨ ਅਤੇ ਬਾਹਲੇ ਵੀ ਹਨ।

ਚੇਤੇ ਰਹੇ ਇਕ ਅਥਵਾ ਦੋ ਅੱਖਰਾਂ ਦੇ ਸਮਾਸ ਛੋਟੇ ਸਮਾਸ ਕਹੀਦੇ ਹਨ, ਇੱਕੁਰ ਹੀ ਤਿੰਨਾਂ ਚੌ ਪੰਜਾਂ ਅੱਖਰਾਂ ਦੇ ਸਮਾਸ ਵੱਡੇ ਸਮਾਸ ਕਹੀਦੇ ਹਨ।

ਸੂਚਨਾ—(ਇੱਕੁਰ ਹੀ ਜੇ ਗਿਣਤੀ ਵਿਚ ਥੋੜ੍ਹੇ ਹੋਣ ਤਾਂ ਛੋਟੇ ਸਮਾਸ ਹਨ, ਜੇ ਗਿਣਤੀ ਵਿਚ ਬਾਹਲੇ ਹੋਣ ਤਾਂ ਵੱਡੇ ਸਮਾਸ ਹਨ) ਇਹਗੱਲ ਪੰਜਾਬੀ ਵਿਚ ਵਰਤਮਾਨ ਹੋ ਸਕਦੀ ਹੈ,ਪਰੰਤੂ ਬ੍ਰਜ ਭਾਖਾ ਅਤੇ ਸੰਸਕ੍ਰਿਤ ਵਿਚ ਨਹੀਂ। ਵਿਆਕਰਣ ਦੇ ਛੇ ਸਮਾਸ ਹਨ,ਵਿਸ਼ੇਸ਼ ਵਿਸ਼ਾ ਉੱਥੇ ਹੈ।

੧੦. ਉਦਾਹਰਣ ਲੱਛਣ।

ਉਦਾਹਰਨ ਜਾ ਕੌ ਕਹੈ ਸੋ ਪ੍ਰਗਟੈ ਨਹਿ ਤਾਹਿ।
ਤਾਹਿ ਦੇਖ,ਸਹਾਹੀਜੈ ਕਵਿ ਸਮਝੈ ਮਨਮਾਹਿ।

ਜਿਸਦਾ ਉਦਾਹਰਨ ਕਵੀ ਕਥਨ ਕਰੇ, ਪਰੰਤੂ ਓਸ ਵਿਚ ਉਦਾਹਰਨ ਘਟੇ ਨਹੀਂ, ਉਹ ਦੁਖਣ ਰੂਪ ਹੋ ਜਾਂਦਾ ਹੈ। ਜੇਕਰ ਉਦਾਹਰਣ ਠੀਕ ਘਟੇ ਤਾਂ ਕਵੀ ਦੀ ਵਡਿਆਈ ਹੁੰਦੀ ਹੈ, ਇਸ ਲਈ ਉਦਾਹਰਣ ਉਹ ਹੈ ਜੋ ਠੀਕ ਠੀਕ ਘਟੇ।

ਉਦਾਹਰਣ—ਕਿਸੇ ਸੂਤ੍ਰ ਰੂਪ ਬਾਤ ਕਹੀ ਹੋਈ ਨੂੰ ਵਰਤ ਕੇ ਸਿੱਧ ਕਰ ਦੇਣ ਨੂੰ ਉਦਾਹਰਣ ਕਹਿੰਦੇ ਹਨ। ਸਿਆਣੇ ਕਹਿੰਦੇ ਹਨ ਬਿਨਾਂ ਉਦਾਹਰਣ ਦੇ ਕੋਈ ਬਾਤ ਸਿੱਧ ਨਹੀਂ ਹੋ ਸਕਦੀ। ਜੀਕਰ ਕੋਈ ਕਹੇ ਉਪਮਾ ਅਲੰਕਾਰ ਕੀਹ ਚੀਜ਼ ਹੈ ? ਤਾਂ ਉੱਤਰ ਵਿਚ ਕਹੇ ਕਿ ਜਿੱਥੇ ਉਪਮੇਯ, ਉਪਮਾਨ, ਬਾਚਕ ਤੇ ਧਰਮ, ਇਹ ਚਾਰੇ ਹੋਣ, ਉਥੇ ਉਪਮਾ ਅਲੰਕਾਰ ਹੈ। ਇਤਨਾ ਕਹਿਣ ਨਾਲ ਸੁਣਨ ਵਾਲੇ ਦੀ ਸਮਝ ਵਿਚ ਬੈਠਣਾ ਮੁਸ਼ਕਿਲ ਹੈ, ਜਦ

Digitized by Panjab Digital Library | www.panjabdigilib.org

ਤੋਕ ਉਪਮਾ ਅਲੰਕਾਰ ਨੂੰ ਉਦਾਹਰਣ ਨਾਲ ਵਰਤ ਕੇ ਨਾ ਦਿਖਾਵੇ।

ਉਦਾਹਰਣ–ਕਮਲਾਂ ਜੇਹੇ ਕੋਮਲ ਚਰਨ ਹਨ। ਇਸ ਵਾਕ ਵਿਚ 'ਕਮਲ' ਉਪਮਾਨ ਹਨ, 'ਚਰਨ' ਉਪਮੇਯ ਹਨ, 'ਜੇਹੇ' ਵਾਚਕ ਹੈ, 'ਕੋਮਲ' ਸਾਧਾਰਣ ਧਰਮ ਹੈ।

ਉਪਮਾਨ ਉਸਨੂੰ ਕਹਿੰਦੇ ਹਨ ਜਿਸਦੀ ਉਪਮਾ ਦਿੱਤੀ ਜਾਵੇ, ਜੀਕਰ ਕਮਲ। ਉਪਮੇਯ ਉਸਨੂੰ ਕਹਿੰਦੇ ਹਨ ਜਿਸ ਲਈ ਵਾ ਜਿਸ ਨੂੰ ਉਪਮਾਂ ਦਿੱਤੀ ਜਾਵੇ, ਜੀਕਰ ਚਰਨ। ਵਾਚਕ ਉਸਨੂੰ ਕਹਿੰਦੇ ਹਨ ਜੋ ਉਪਮੇਯ ਅਤੇ ਉਪਮਾਨ ਦਾ ਸੰਬੰਧ ਕਰੇ, ਜੋਂਝੇ, ਸੀ, ਵਤ, ਜੇਹੇ ਵਰਗਾ ਆਦਿਕ ਪਦ ਹਨ। ਸਾਧਾਰਣ ਧਰਮ, ਜੋ ਉਪਮੇਯ ਅਤੇ ਉਪਮਾਨ ਵਿਚ ਇਕੋ ਜੇਹਾ ਵਰਤਦਾ ਹੋਵੇ, ਜੀਕਰ ਇਥੇ 'ਕੋਮਲ' ਪਦ ਹੈ। ਚਰਨ ਅਤੇ ਕਮਲ ਦੋਹਾਂ ਵਿਚ ਕੋਮਲਤਾਈ ਹੈ, ਇਸ ਲਈ ਇਸ ਅਲੰਕਾਰ ਦਾ ਨਾਉਂ ਉਪਮਾ ਅਲੰਕਾਰ ਹੈ।

ਇੱਕੁਰ ਪਦ ਰੱਖ ਕੇ ਵਰਤ ਕੇ ਦਿਖਾਉਣ ਨੂੰ ਉਦਾਹਰਣ ਕਹਿੰਦੇ ਹਨ, ਜੇਕਰ ਇਹ ਠੀਕ ਨਾ ਨਿਭੇ ਤਾਂ ਦੂਖਣ ਬਣ ਜਾਂਦਾ ਹੈ।

ਨਿਰਣੈ–'ਲੱਛਣ' ਅਤੇ 'ਉਦਾਹਰਣ' ਵਿਚ ਇਹ ਭੇਦ ਹੈ ਕਿ ਲੱਛਣ ਵਿਚ ਨਿਸ਼ਾਨੀਆਂ ਕਥਨ ਹੁੰਦੀਆਂ ਹਨ ਅਤੇ ਉਦਾਹਰਣ ਵਿਚ ਨਮੂਨਾ ਦਿਖਾਇਆ ਜਾਂਦਾ ਹੈ।

'ਦ੍ਰਿਸ਼ਟਾਂਤ' ਅਤੇ 'ਉਦਾਹਰਣ' ਵਿਚ ਇਹ ਭੇਦ ਹੈ ਕਿ ਦ੍ਰਿਸ਼ਟਾਂਤ ਵਿਚ ਬਿੰਬ ਪ੍ਰਤਿਬਿੰਬ ਦਾ ਭਾਸ ਹੁੰਦਾ ਹੈ, ਇਕ ਕਥਨ ਦੇ ਅੱਗੇ ਦ੍ਰਿਸ਼ਟਾਂਤ ਦਾ ਸ਼ੀਸ਼ਾ ਰੱਖ ਕੇ ਓਸੇ ਦਾ ਪ੍ਰਤਿਬਿੰਬ ਦਿਖਾਇਆ ਜਾਂਦਾ ਹੈ, ਪਰੰਤੂ ਉਦਾਹਰਣ ਵਿਚ ਓਸੇ ਦਾ ਢੰਗ ਜੋੜ ਤੋੜ ਅੰਗ ਤੁਅੰਗ ਜੋ ਸੂਤ੍ਰ ਰੂਪ ਕਹੇ ਸੋ ਸਪਸ਼ਟ ਕੀਤੇ ਜਾਂਦੇ ਹਨ, ਤਾਂ ਜੋ ਸਮਝ ਪੈ ਜਾਵੇ।

੧੧. ਸੂਤ੍ਰ ਸੰਛੇਪ ਲੱਛਣ।

ਲੱਛਨ ਭੇਦਕ ਕੀਜੀਏ ਦੁਬਿਧ ਸਮਾਨ ਬਿਸੇਖ।
ਜੋ ਬਿਸੇਖ ਮਹ ਭੇਦ ਨਹਿ ਤੇ ਦੂਖਨ ਅਤਿ ਦੇਖ।

ਜਿੱਥੇ ਭੇਦ ਕਰਨ ਵਾਲਾ ਲੱਛਨ ਕਥਨ ਕਰੀਏ ਉੱਥੇ ਸੂਤ੍ਰ ਬ੍ਰਿਤੀ ਹੈ। ਪਰੰਤੂ ਲੱਛਨ ਦੋ ਪ੍ਰਕਾਰ ਦਾ ਹੈ, ਇਕ ਸਾਮਾਨ ਲੱਛਨ ਹੈ, ਦੂਜਾ ਬਿਸੇਖ ਲੱਛਨ ਹੈ। ਜੇਕਰ ਬਿਸੇਖ ਲੱਛਨ ਵਿਚ ਵਿਸ਼ੇਸ਼ ਲੱਛਨ ਨਾ ਕੀਤਾ ਹੋਵੇ ਤਾਂ ਉਹ ਦੂਖਨ ਰੂਪ ਹੁੰਦਾ ਹੈ।

ਵਿਸ਼ੇਸ਼ ਸੂਚਨਾ– ਜੀਕਰ ਮਣਕਿਆਂ ਵਿਚ ਸੂਤ ਇਕੋ ਵਰਤਮਾਨ ਹੁੰਦਾ ਹੈ; ਮਣਕੇ ਭਾਵੇਂ ਜੁਦਾ ਜੁਦਾ ਹੋਣ; ਇਕੁਰ ਹੀ ਸੂਤ੍ਰ ਦਾ ਕਥਨ ਅਰੰਭ ਵਿਚ ਥੋੜ੍ਹਾ ਜਿਹਾ ਭੇਦਕ ਲੱਛਨ ਰੂਪ ਹੁੰਦਾ ਹੈ, ਅੱਗੇ ਓਸ ਸੂਤ੍ਰ ਰੂਪ ਕਥਨ ਦਾ ਵਿਸਤਾਰ ਅਨੇਕ ਭਾਂਤਾਂ ਤੇ ਪ੍ਰਕਰਣਾਂ ਵਿਚ ਕਥਨ ਹੁੰਦਾ ਹੈ, ਪਰੰਤੂ ਅਰੰਭ ਦਾ ਨਿਯਮ ਕਥਨ ਸੂਤ੍ਰ ਦੀ ਤਰ੍ਹਾਂ ਅਗਲੇ ਸਾਰੇ ਵਿਸਤ੍ਰਿਤ ਕਥਨਾਂ ਵਿਚ ਵਿਆਪਕ ਹੁੰਦਾ ਹੈ, ਇਸ ਵਿਸ਼ੇਸ਼ਤਾ ਵਿਚ ਜੇ ਕਿਤੇ ਸੂਤ੍ਰਤ੍ਰ ਟੁੱਟ ਜਾਵੇ ਤਾਂ ਦੂਖਨ ਰੂਪ ਹੈ।

ਜੇਹਾ ਕੁ ''ਗਉੜੀ ਸੁਖਮਨੀ ਮਃ ੫''– ਇਹ ਸੂਤ੍ਰ ਹੈ, ਵਿਸ਼ੇਸ਼ ਲੱਛਣ ਇਸ ਦਾ ਇਹ ਹੈ। ਸਾਰੀ ਸੁਖਮਨੀ ਦੀ ਬਾਣੀ ਵਿਚ ਗਉੜੀ ਰਾਗ ਦੀ ਸੁਰ ਤਾਨ ਅਤੇ ਲੈ ਵਿਆਪਕ ਹੈ ਅਤੇ ਸੁਖਮਨੀ ਪਦ ਤੋਂ ਇਹ ਸੂਚਨਾ ਹੈ:–ਇਸ ਬਾਣੀ ਦੇ ਅਰੰਭ ਤੋਂ ''ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ'' ਇਹ ਰਹਾਉ ਹੈ, ਅਤੇ ਅੰਤ ਤਕ 'ਨਾਨਕ ਇਹ ਗੁਣਿ ਨਾਮੁ ਸੁਖਮਨੀ' ਹੀ ਵਿਸ਼ੇਸ਼ ਲੱਛਣ ਵਿਆਪਕ ਹੈ।

Digitized by Panjab Digital Library | www.panjabdigilib.org

ਇੱਕੁਰ ਹੀ ਮਹਲਾ ਪੰਜਵਾਂ ਪਦ ਤੋਂ ਇਹ ਸੂਚਕ ਹੈ ਕਿ 'ਆਦਿ ਗੁਰ ਏਨਮਹ' ਤੇ ਸਮਾਪਤੀ ਤਕ ਕਥਨ ਕੇਵਲ ਪੰਜਵੇਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ ।

ਇੱਕੁਰ ਹੀ ਹਰ ਇਕ ਰਾਗ ਦੇ ਆਰੰਭ ਵਿਚ "੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥" ਇਹ ਸੂਤ੍ਰ ਹੈ। ਵਿਸ਼ੇਸ਼ ਲੱਛਣ ਇਹ ਹੈ ਕਿ ਸਾਰੇ ਰਾਗ ਵਿਚ ਈਸ਼ੂਰ ਉਪਾਸਨਾਂ, ਨਾਮ ਦੀ ਵਡਿਆਈ, ਗੁਰੂ ਦੀ ਮਹਿਮਾਂ ਆਦਿਕ ਪਦਾਰਥ ਦਾ ਹੀ ਕਥਨ ਹੈ। ਅਥਵਾ ਸੌਖੀ ਸਮਝ ਲਈ ਇੱਕੁਰ ਸਮਝ ਰਖੋ, ਭਈ ਜਿੱਕੁਰ ਇਸ ਸੂਤ੍ਰ ਵਿਚ ਪਰਮੇਸ਼ੁਰ ਅਤੇ ਸਤਿਗੁਰਾਂ ਦੀ ਵਡਿਆਈ ਹੈ, ਇੱਕੁਰ ਹੀ ਸਾਰੇ ਰਾਗ ਵਿਚ ਗੁਰਪਰਮੇਸ਼ੁਰ ਦੀ ਵਡਿਆਈ ਅਨੇਕ ਭਾਂਤਾਂ, ਅਨੇਕ ਪ੍ਰਕਰਣਾਂ, ਅਨੇਕਾਂ ਜੁਗਤੀਆਂ ਕਰਕੇ ਕਥਨ ਹੈ, ਸਾਰੇ ਰਾਗਾ ਵਿਚ ਅਨੇਕ ਪਦ ਪ੍ਰਕਰਣ ਹੋਣੇ ਤੇ ਸੂਤ੍ਰ ਦੀ ਤਰ੍ਹਾਂ ਗੁਰਪਰਮੇਸ਼ੁਰ ਦੀ ਮਹਿਮਾਂ ਵਿਆਪਕ ਹੈ। ਜੇਕਰ ਇਸ ਸੂਤ੍ਰ ਨੂੰ ਮੰਗਲਾਚਰਨ ਰੂਪ ਮੰਨਿਆਂ ਜਾਵੇ ਤਾਂ ਭੀ ਸੂਤ੍ਰ ਅਸਥਾਨੀ ਮੰਗਲਾਚਰਨ ਹੈ।

ਇੱਕੁਰ ਹੀ ਹਰ ਇਕ ਬਾਣੀ ਦੇ ਸਿਰਲੇਖ ਸੂਤ੍ਰ ਅਸਥਾਨੀ ਹੋ ਸਕਦੇ ਹਨ । ਜੀਕੁਰ ਬਿਰਹੜੇ। ਇਹ ਸੂਤ੍ਰ ਨਿਰੂਪਣ ਕਰਦਾ ਹੈ ਕਿ ਇਸ ਸ਼ਬਦ ਵਿਚ ਬਿਰਹੜੇ ਦੀ ਧਾਰਨਾਂ ਵਿਆਪਕ ਹੈ, ਇਸ ਲਈ ਏਸ ਸ਼ਬਦ ਨੂੰ ਓਸ ਬਿਰਹੜੇ ਗੀਤ ਦੀ ਸੁਰ ਤਾਰ ਵਿਚ ਗਾਉਣਾ ਠੀਕ ਹੈ।

'ਅਥ' ਅਤੇ 'ਇਤੀ' ਪਦ ਵੀ ਸੂਤ੍ਰ ਅਸਥਾਨੀ ਹਨ, 'ਅਥ' ਸੂਤ੍ਰ ਤੋਂ ਭਾਵ ਇਸ ਤੋਂ ਅਗੇ ਇਹ ਪ੍ਰਕਰਣ ਕਥਨ ਹੋਵੇਗਾ ਅਤੇ 'ਇਤੀ' ਤੋਂ ਭਾਵ ਪ੍ਰਕਰਣ ਦੀ ਸਮਾਪਤੀ ਸੂਚਕ ਹੈ।

ਕਈਕੁ ਬੁਧਿਮਾਨ ਸੂਤ੍ਰ ਨੂੰ ਲੱਛਣ ਦਾ ਲੱਛਣ ਮੰਨਦੇ ਹਨ, ਇਸ ਲਈ ਇੱਥੇ ਲੱਛਣ ਦਾ ਰੂਪ ਨਿਰੂਪਣ ਕਰਨਾ ਵੀ ਆਵੱਸ਼ਜਕ ਹੈ।

੧੨. ਲੱਛਣ ਦਾ ਲੱਛਣ।

ਲੱਛ ਧਰਮ ਕਹੀਏ ਜਹਾਂ ਦੂਖਨ ਤੀਨ ਬਚਾਇ।
ਲੱਛਨ ਤਾਕੋ ਕਹਤ ਹੈ ਸਭਿ ਕਵਿ ਕੋ ਸਮੁਦਾਇ।

ਜਿੱਥੇ ਲੱਛ ਧਰਮ (ਜੋ ਲੱਛਨ ਵਿਚ ਹੁੰਦਾ ਹੈ) ਨੂੰ ਤਿੰਨਾ ਦੂਖਣਾਂ (ਅਤਿਬਜਾਪਤੀ ਅਬਜਾਪਤੀ, ਅਸੰਭਵ) ਤੋਂ ਬਚਾ ਕੇ ਕਥਨ ਕਰੀਏ ਤਾਂ ਉਸਨੂੰ ਲੱਛਨ ਕਹਿੰਦੇ ਹਨ ਸਾਰੇ ਕਵੀਆਂ ਦੇ ਝੁੰਡ।

ਤਿੰਨਾਂ ਦੂਖਣਾਂ ਦੇ ਰੂਪ:-

੧. ਅਤੀ ਬਜਾਪਤੀ-ਜੋ ਲੱਛ ਦੇ ਧਰਮ ਤੋਂ ਵਧਕੇ ਹੋਰਨਾਂ ਵਿਚ ਵੀ ਵਿਆਪਦੀ ਹੋਵੇ।

ਜੇਹਾ ਕੁ ਕੋਈ ਕਹੇ ਸਿੰਗਾਂ ਵਾਲੀ ਗਉ ਹੈ। ਏਥੇ ਗਉ ਤੋਂ ਵਧ ਕੇ ਹੋਰ ਵੀ ਅਨੇਕ ਪਸ਼ੂਆਂ ਦੇ ਸਿੰਙ ਹੁੰਦੇ ਹਨ, ਗਉ ਲੱਛ ਦੇ ਸਿੰਙ ਲੱਛਣ ਕਹਿਣੇ ਅਤੀ ਬਜਾਪਤੀ ਦੋਖ ਹੈ ਜਿਸਤੇ ਗਉ-ਪੁਣਾ ਸਿੱਧ ਨਹੀਂ ਹੁੰਦਾ।

੨. ਅਬਜਾਪਤੀ ਦੂਖਣ-ਜੋ ਲੱਛਣ ਆਪਣੇ ਲੱਛ ਵਿਚ ਪੂਰਾ ਨਾ ਨਿਭ ਸਕੇ, ਉਸ ਨਜੂਨ (ਅਧੂਰੇ)ਲੱਛਨ ਨੂੰ ਅਬਜਾਪਤੀ ਦੂਖਣ ਕਹਿੰਦੇ ਹਨ। ਜੀਕੁਰ ਕੋਈ ਕਹੇ ਕਪਲਾ ਗਉ, ਤਾਂ ਏਥੇ ਜੋ ਕਪਿਲ (ਕੂਰੇ)ਰੰਗ ਦੀ ਗਉ ਹੋਵੇ ਸੋਈ ਗਉ ਹੈ। ਲਾਖੀ, ਗੋਰੀ, ਧੌਲੀ, ਸਾਵੀ, ਚੱਪੀ,ਹਰ ਕੋਈ ਗਉ ਨਾ ਠਹਿਰੀ,ਇਸ ਨਜੂ-ਨਤਾ ਨੇ ਅਬਜਾਪਤੀ ਦੂਖਣ ਕਰਕੇ ਗਉਪੁਣਾ ਅਸਿੱਧ ਕੀਤਾ। ਇੱਕੁਰ ਹੀ:-

੩. ਅਸੰਭਵ ਦੂਖਣ-ਜੋ ਬਣ ਨਾ ਸਕੇ (ਹੋ ਹੀ ਨਾ ਸਕੇ), ਜੀਕੁਰ ਕੋਈ ਕਹੇ ਇਕ ਖੁਰ ਵਾਲੀ ਗਉ। ਇਹ ਗੱਲ ਕਦੀ ਹੋਈਨਹੀਂ

Digitized by Panjab Digital Library | www.panjabdigilib.org

ਕਿਉਂਕਿ ਗਊ ਦੇ ਖੁਰ ਚਾਰ ਹੁੰਦੇ ਹਨ, ਵਿਚੋਂ ਫਟੇ ਹੁੰਦੇ ਹਨ ਤੇ ਸੁੰਮ ਵਾਂਗ ਬੰਦ ਭੀ ਕਦੇ ਨਹੀਂ ਹੋਏ। ਯਾ ਕੋਈ ਕਹੇ ਤਿੱਖੀਆਂ ਨਹੁੰਦਰਾਂ ਵਾਲੀ ਗਊ। ਗਊ ਨਹੁੰਦਰਾਂ ਵਾਲੀ ਕਦੇ ਹੋਈ ਹੀ ਨਹੀਂ, ਫੇਰ ਤਿੱਖੀਆਂ ਕਿਹੀਆਂ ? ਇਸ ਅਸੰਭਵ ਦੂਖਨ ਲੱਛਣ ਨੇ ਗਊ ਲੱਛ ਸਿੱਧ ਨਾ ਹੋਣ ਦਿੱਤੀ।

ਜਿੱਥੇ ਇਹ ਤਿੰਨੇ ਦੋਖ ਨਾ ਹੋਣ ਓਥੇ ਲੱਛਣ ਹੈ, ਜੀਕਰ ੪ ਫਟੇ ਹੋਏ ਖੁਰਾਂ ਵਾਲੀ, ਦੋ ਸਿੰਗ ਇਕ ਪੂਛ ਵਾਲੀ ਇਤਯਾਦਿ ਲੱਛਣਾਂ ਵਾਲੀਗਊਹੈ,ਇਨ੍ਹਾਂ ਲੱਛਣਾਂ ਨੇਗਊਲੱਛ ਸਿੱਧ ਕਰਦਿੱਤੀ,ਇੱਕੁਰ ਹੀ ਜਿਸ ਪ੍ਰਕਰਣ ਦੀ ਬਾਤ ਦਾ ਲੱਛਨ ਕਥਨ ਕਰਨਾ ਹੋਵੇ, ਓਸ ਲੱਛ ਦੇ ਧਰਮ ਅਤੇ ਨਿਸ਼ਾਨੀਆਂ ਚਿੰਨ੍ਹ ਕਥਨ ਕਰਨ ਨੂੰ ਲੱਛਨ ਕਰਨਾ ਕਹੀਦਾ ਹੈ। ਜੈਹਾ ਕੁ—

ਕੰਨਿਮੁਸਲਾ ਸੂਫੁ ਗਲਿ ਦਿਲਿ ਕਾਤੀ ਰੁੜੁ ਵਾਤ।
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।

ਮੋਢੇ ਤੇ ਮੁਸੱਲਾ (ਨਿਮਾਜ ਪੜ੍ਹਨ ਵਾਲੀ ਚਿਟਾਈ).ਗਲ ਵਿੱਚ ਸੂਫ(ਫਕੀਰੀ ਕੱਪੜਾ) ਹੈ, ਦਿਲ ਵਿਚ ਛੁਰੀ (ਠੱਗੀ ਦੀ), ਗੁੜ ਮੂੰਹ ਵਿਚ (ਗੱਲ ਬਾਤ ਮਿੱਠੀ), ਇਹ ਲੱਛਨ ਬਾਹਰੋਂ ਸੂਫੀ ਫਕੀਰ ਲੱਛ ਲਈ ਚੰਗਾ ਪ੍ਰਕਾਸ਼ ਦਿਖਾਉਂਦੇ ਹਨ, ਪਰੰਤੂ ਦਿਲ (ਅੰਦਰੋਂ) ਵਿਚ ਧਨ ਲੈਣ ਲਈ ਲੋਭ ਕਰਕੇ ਅੰਧੇਰੀ ਰਾਤ ਅਗਯਾਨ ਦੀ ਹੈ।

ਏਥੇ ਮੋਢੇ ਤੇ ਮੁਸੱਲਾ ਅਤੇ ਸੂਫ ਗਲ ਵਿਚ ਪਹਿਨਣਾ ਤੇ ਮਿੱਠਾ ਬੋਲਣਾ ਸੂਫੀ ਫਕੀਰ ਦੇ ਲੱਛਣ ਹਨ,ਇੱਕੁਰ ਹੀ ਦਿਲਕਾਤੀ ਅਤੇ ਅੰਦਰ ਅਗਯਾਨ ਹਨੇਰਾ ਦੰਭੀ ਦੇ ਲੱਛਣ ਹਨ।

ਪੁਨ:—"ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥"

ਹਰਿ ਭਗਤ ਦਾ ਮੁੱਖ ਲੱਛਨ ਹਰਿ ਹਰਿ ਦਾ ਅਖੰਡ ਜਾਪ ਕਰਨਾ ਪ੍ਰਸਿੱਧ ਹੈ।

ਪੁਨ:—"ਪੁੰਨ ਦਾਨ ਕਾ ਕਰੈ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥"

ਪੁੰਨ ਦਾਨ ਕਰਨਾ ਆਦਿ ਗ੍ਰਿਹਸਤੀ ਦਾ ਮੁੱਖ ਲੱਛਨ ਹੈ।

ਇਤਯਾਦਿਕ ਹੋਰ ਵੀ ਸਭ ਜਗ੍ਹਾ ਜਾਣਨੇ।

੧੩. ਅਨ੍ਹ ਦਾ ਲੱਛਣ।

ਅਨੈ ਪਦ ਸੰਬੰਧ ਹੈ ਰਹੈ ਨ ਜੋ ਤਿਹ ਠਾਂਵ। ਅਰਥ ਮੇਲ ਤਤਪਰਜ ਸੋ ਲਜਾਵੈ ਕਵਿ ਕਰ ਨਾਵ।

'ਅਨੈ' ਨਾਮ ਪਦਾਂ ਦੇ ਸੰਬੰਧ ਦਾ ਹੈ ਕਿ ਜੋੜਰ ਪਦਾਂ ਦਾ ਸੰਬੰਧ ਜਿਸ ਜਗ੍ਹਾ ਕ੍ਰਮ ਅਨੁਸਾਰ ਹੋਣਾ ਚਾਹੀਏ, ਓਹ ਸੰਬੰਧ ਠੀਕ ਜਗ੍ਹਾ ਸਿਰ ਨਾ ਹੋਵੇ ਤਾਂ ਉਸ ਸੰਬੰਧ ਨੂੰ ਦੂਰੋਂਅਥਵਾ ਨੇੜਿਓਂ ਤੋੜ ਜੋੜ ਕਰਕੇ ਲਿਆਉਣਾ ਅਤੇ ਥਹੁ ਸਿਰ ਕਰਕੇ ਅਰਥ ਕਰਨਾ ਇਸ ਨੂੰ ਅਨੈ ਬ੍ਰਿਤੀ ਕਰਕੇ ਕਹਿੰਦੇ ਹਨ।

ਜੇਕਰ ਸੰਬੰਧ ਨੇੜੇ ਤੇੜੇ ਹੋਵੇ ਅਤੇ ਬਹੁਤ ਤੋੜ ਫੋੜ ਪਦਾਂ ਦੀ ਵੀ ਨਾ ਕਰਨੀ ਪਵੇ ਤਾਂ ਉਸਨੂੰ 'ਦੇਡਾਨੈ' ਜਾਂ 'ਸਮੀਪ ਅਨੈ' ਕਹਿੰਦੇ ਹਨ, ਜਦ ਬਹੁਤ ਦੂਰ ਦੂਰ ਤੋਂ ਪਦ ਤੋੜ ਫੋੜ ਕੇ ਅਨੈ ਕੀਤੇ ਜਾਣ ਤਾਂ ਉਸ ਨੂੰ 'ਦੂਰਾਨੈ' ਜਾਂ'ਖੰਡਾਨੈ'ਕਹਿੰਦੇ ਹਨ। ਜਿਹਾਕੁ:—

[ਦੇਡਾਨੈ ਯਾ ਸਮੀਪ ਅਨੈ]

"ਕਥਨੀ ਕਹਹਿ ਕਹਹਿ ਸੇ ਮੂਏ ॥
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ ॥"

ਨਹੀ ਪ੍ਰਭੁ ਤੂੰਹੈ—ਤੂੰ ਪ੍ਰਭੂ ਪਰਮੇਸ਼ਰ)ਨਹੀਂ ਹੈਂ,(ਕਿਉਂ)ਕਥਨੀ(ਵਿਹਰੱਲ)ਕਹਿੰਦੇ ਕਹਿੰਦੇ ਮਰ ਗਏ,(ਪਰੰਤੂ)ਓਹ ਪ੍ਰਭੂਦੂਰ ਹੀ ਰਹਿਆ।

ਪੁਨ:—'ਜੀਅ ਜੰਤ ਸਭਿ ਭਏ ਦਇਆਲਾ
ਪ੍ਰਭਿ ਅਪਨੈ ਕਰਿ ਦੀਨੇ।"

Digitized by Panjab Digital Library | www.panjabdigilib.org

ਇਸ ਦਾ ਅਨ੍ਹੈ ਇਉਂ ਹੈ, (ਜਾਂ) ਪ੍ਰਭ ਦਇਆਲਾ ਭਏ (ਤਾਂ) ਜੀਅ ਜੰਤ ਆਪਣੇ (ਅਨੁਸਾਰੀ) ਕਰ ਦਿੱਤੇ। ਕਿਤੇ ਪਾਠ ਹੀ ਅਨ੍ਹੈ ਰੂਪ ਹੁੰਦਾ ਹੈ ਜੈਹਾਕੁ: "ਕਾਹੇ ਰੇ ਬਨ ਖੋਜਨ ਜਾਈ।" ਇਸ ਤੁਕ ਵਿਚ ਸਾਰੇ ਪਦ ਯਥਾ ਯੋਗ ਸਬੰਧ ਤੇ ਪਏ ਹਨ, ਇਸ ਲਈ ਪਾਠ ਹੀ ਅਨ੍ਹੈ ਰੂਪ ਹੈ।

[ਦੁਰਾਨ੍ਹੈ ਯਾ ਖੰਡਾਨ੍ਹੈ]

ਇਸਦਾ ਸਰੂਪ ਸਾਰੇ ਸਾਰੇ ਸ਼ਬਦ ਵਿਚ ਵਰਤਦਾ ਹੈ, ਜੀਕੁਰ ਬਾਹਲਿਆਂ ਸ਼ਬਦਾਂ ਦਾ ਅਨ੍ਹੈ ਰਹਾਉ ਤੋਂ ਕੀਤਾ ਜਾਂਦਾ ਹੈ, ਕਿਸੇ ਕਿਸੇ ਸ਼ਬਦ ਦਾ ਅਨ੍ਹੈ ਦੂਜੇ ਰਹਾਉ ਤੇ ਅਰੰਭ ਹੋਕੇ ਤੁਕਾਂ ਨੂੰ ਜੋੜ ਤੋੜ ਕਰਕੇ ਸਬੰਧ ਦੇ ਕ੍ਰਮ ਅਨੁਸਾਰ ਕਰਕੇ ਅਰਥ ਕੀਤਾ ਜਾਂਦਾ ਹੈ। ਜਿਹਾਕੁ 'ਮੇਰੀ ਰੁਣ ਝੁਣ ਲਾਇਆ' ਇਹ ਸਾਰਾ ਸ਼ਬਦ ਖੰਡਾਨ੍ਹੈ ਕਰਕੇ ਲੱਗਦਾ ਹੈ।

ਸੂਚਨਾ- ਇਹ ਗੱਲ ਇਸ ਸ਼ਬਦ ਦੇ ਅਰਥ ਵਿਚ ਵਿਦਮਾਨ ਸਾਰੇ ਜਾਣਦੇ ਹਨ, ਇਸ ਲਈ ਵਿਸਤਾਰ ਦੇ ਭੈ ਕਰਕੇ ਨਹੀਂ ਲਿਖਿਆ।

੧੪. ਉਪਲੱਛਣ ਦਾ ਲੱਛਣ

ਏਕ ਅਰਥ ਕੋ ਕਹਨ ਤੇ ਔਰ ਅਰਥ ਫੁਰ ਜਾਇ।
ਸੋ ਉਪਲੱਛਣ ਜਾਨੀਐ ਦਹੀ ਕਾਗ ਜਿਨ ਖਾਇ।

ਇਕ ਅਰਥ ਦੇ ਕਥਨ ਕਰਦਿਆਂ ਜਿਥੇ ਨਾਲ ਦੇ ਲਗਾਉ ਵਾਲੇ ਹੋਰ ਅਰਥ ਵੀ ਪ੍ਰਤੀਤ ਹੋ ਜਾਣ, ਓਥੇ ਉਪਲੱਛਣ ਸੰਗਜਾ ਕਰਕੇ ਕਹਿੰਦੇ ਹਨ।

ਜੀਕੁਰ ਕੋਈ ਕਹੇ ਕਿ ਦਹੀਂ ਨੂੰ ਕਾਂਵਾਂ ਤੋਂ ਬਚਾਓ, ਇਸ ਕਹਿਣ ਤੋਂ ਦਹੀਂ ਖਾਣ ਵਾਲੇ ਜੀਵ ਕਾਉਂ ਦੇ ਉਪਜੋਗੀ ਕੁੱਤੇ ਇੱਲਾਂ ਬਿੱਲੀਆਂ ਆਦਿਕ ਵੀ ਪ੍ਰਤੀਤ ਹੁੰਦੇ ਹਨ। ਕਾਵਾਂ ਤੋਂ ਰਾਖੀ ਕਰਨੀ ਤੇ ਨਾਲ ਲੱਗਦਾ ਅਰਥ ਦਹੀਂ ਖਾਣ ਵਾਲੇ ਜੀਵਾਂ ਤੋਂ ਦਹੀਂ ਬਚਾਉਣੀ ਹੈ, ਅਜੇਹੀ ਜਗਾ ਤੇ ਉਪਲੱਛਣ ਕਹੀਦਾ ਹੈ। ਇਸ ਉਪਲੱਛਣ ਸੰਗਜਾ ਨੂੰ ਅਜਹਿਤੀ ਲੱਛਣਾਂ ਦੇ ਅੰਤਰਭੂਤ ਕਹਿੰਦੇਹਨ। 'ਉਪ' ਨਾਮ ਸਮੀਪਤਾ ਦਾ ਹੈ, ਸਮੀਪੀ ਅਰਥ ਦਾ ਗ੍ਰਹਿਣ ਕਰਨਾ ਉਪਲੱਛਣ ਕਹੀਦਾ ਹੈ।

ਜਿਹਾਕੁ-'ਹਉਮੈ ਵਡਾ ਰੋਗੁ ਹੈ।'

ਇਸ ਹਉਮੈ ਵੱਡਾ ਰੋਗ ਕਥਨ ਕਰਨ ਤੋਂ ਹੰਤਾ, ਮਮਤਾ, ਮਾਇਆ, ਤ੍ਰਿਸ਼ਨਾਂ, ਆਸ਼ਾ, ਆਦਿਕ ਉਪਜੋਗੀਆਂ ਦੀ ਅਲੋਚਨਾ ਹੁੰਦੀ ਹੈ, ਕਿਉਂਕਿ ਹਉਮੈ ਦੇ ਨਾਲ ਹੋਰ ਇਸ ਦੇ ਸਾਰੇ ਸੰਗੀ ਅਰਥ ਵਿਚ ਪ੍ਰਤੀਤ ਹੁੰਦੇ ਹਨ, ਇਸ ਲਈ ਇਸ ਨੂੰ ਉਪਲੱਛਣ ਸੰਗਜਾ ਕਰਕੇ ਕਹਿੰਦੇ ਹਨ।

ਪੁਨ:-'ਤਨ ਤੇ ਛੁਟਕੀ ਅਪਨੀ ਧਾਰੀ।'

ਇਸ ਸਰੀਰ ਤੇ ਆਪਣੀ ਦੇਹ ਹੰਤਾ ਜੋ ਮੰਨੀ ਹੋਈ ਸੀ ਸੋ ਛਟ ਗਈ, ਇਸ ਤਨ ਹੰਤਾ ਦੇ ਨਾਲ ਉਪਜੋਗੀ ਮੈਂ ਮੇਰੀ ਤੇਰੀ ਸਨਬੰਧ ਆਦਿਕ ਪਦਾਰਥ ਜਿਨ੍ਹਾਂ ਵਿਚ ਹੰਤਾ ਮੰਨੀ ਹੋਈ ਸੀ, ਸੋ ਸਾਰੀ ਹੀ ਛੁੱਟ ਗਈ, ਨਸ਼ਟ ਹੋ ਗਈ, ਆਦਿਕ ਜਾਣਨੇ।

ਸੂਚਨਾ-ਭਾਵੇਂ ਅਜਹਿਤੀ ਲੱਛਣਾਂ ਦਾ ਸਰੂਪ ਵੀ ਇੱਕੁਰ ਹੀ ਹੈ, ਪਰੰਤੂ ਥੋੜ੍ਹਾ ਭੇਦ ਵੀ ਹੈ ਜੋ ਲੱਛਣਾ ਬ੍ਰਿਤੀ ਵਿਚਵਰਣਨਹੋਵੇਗਾ।

੧੫. ਅਧਜਾਹਰ ਲੱਛਣ, ਅਥਵਾ ਆਛੇਪਾਬ੍ਰਿਤੀ।

ਆਕਾਂਖਤ ਜੋ ਪਦ ਰਹੈ ਕਵਿਤਾ ਮੈਂ ਨਹਿ ਹੋਇ।
ਤਾਕੋ ਜੋ ਹੈ ਆਨਬੋ ਅਧਜਾਹਰ ਸੁ ਜੋਇ।

ਕਵਿਤਾ ਦੇ ਵਿਚ ਕਿਸੇ ਪਦ ਦੀ ਲੋੜ ਰਹਿ ਜਾਵੇ, ਛੰਦ ਦੇ ਵਿਚ ਕਥਨ ਨਾ ਕੀਤੀ ਹੋਵੇ, ਉਹ ਲੋੜ ਵਾਲੇ ਪਦ ਨੂੰ ਉੱਪਰੋਂ ਲਿਆ

Digitized by Panjab Digital Library | www.panjabdigilib.org

ਕੇ ਅਰਥ ਦੀ ਬਿਵਸਥਾ ਪੂਰਣ ਕੀਤੀ ਜਾਵੇ, ਉਸਨੂੰ ਅਧਜਾਹਾਰ ਕਹੀਦਾ ਹੈ।

ਅਛਿਪਤਾਰਥ, ਵਾਕਜ ਸੇਖ ੧, ਅਕਾਂਖਜਾ ੨, ਸਕਾਂਖਜਾ ੩, ਅਧਜਹਾਰ ੪, ਆਛੇਪਾਬ੍ਰਤੀ ੫ ਆਛੇਪਕ ੬, ਇਹ ਛੀਏ ਨਾਉਂ ਇੱਕੋ ਸੰਗਜਾ ਦੇ ਹਨ। ਲੱਛਣ ਇਸਦਾ ਇਉਂ ਕਰਦੇ ਹਨ:–ਕਥਨ ਕਰਨ ਵਾਲਾ ਹੋਰ ਸਭ ਕੁਝ ਕਥਨ ਕਰੇ, ਪਰੰਤੂ ਉਸ ਕਥਨ ਵਿਚ ਜਿਸ ਗੱਲ ਦੀ ਆਵੱਸ਼ਕ ਚਾਹ ਹੋਵੇ ਉਹ ਨਾ ਕਥਨ ਕੀਤੀ ਜਾਵੇ, ਪਰੰਤੂ ਉੱਪਰੋਂ ਕਹਿਣ ਲਈ ਸੁਗਮਤਾ ਵੀ ਪ੍ਰਤੀਤ ਪਈ ਹੋਵੇ ਅਤੇ ਉਸ ਕਹੇ ਤੋਂ ਬਿਨਾਂ ਅਰਥ ਦੀ ਪੂਰਨਤਾ ਨਾ ਹੋ ਸਕੇ, ਉਸ ਲੋੜੀਂਦੇ ਪਦਜ ਪਦਾਂ ਨੂੰ ਉੱਪਰੋਂ ਪਾਕੇ ਜਦ ਅਰਥ ਪੂਰਣ ਕੀਤਾ ਜਾਵੇ ਤਾਂ ਉਸਨੂੰ ਆਛੇਪਾ ਬ੍ਰਤੀ ਕਰਕੇ ਕਹਿੰਦੇ ਹਨ। ਜਿਹਾ ਕੁ:–

"ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥"

ਇਸਦਾ ਅਰਥ ਹੈ:–'ਜੋਹੜੇ ਪੁਰਖ ਤੈਨੂੰ ਮੁੱਕੀਆਂ ਮਾਰਨ'। 'ਪੁਰਖ' ਪਦ ਮੂਲ ਵਿਚ ਸਾਕਾਂਖ ਹੈ, ਇਸ ਪੁਰਖ ਪਦ ਨੂੰ ਉੱਪਰੋਂ ਪਾਕੇ ਅਰਥ ਦੀ ਪੂਰਨਤਾ ਹੁੰਦੀ ਹੈ।

ਪੁਨ: ਤੇ ਤਸਕਰ ਜੋ ਨਾਮੁ ਨ ਲੇਵਹਿ
ਵਾਸਹਿ ਕੋਟ ਪੰਚਾਸਾ॥" [ਪ੍ਰਭਾ: ਮ: ੧

ਏਥੇ ਵੀ ਪੰਜਾਹਵੇਂ ਕ੍ਰੋੜ ਵਿਚ ਵਸਦੇ ਹਨ, ਤਾਂਬੇ ਦੀ ਧਰਤੀ ਪਦ ਦਾ ਆਛੇਪ ਕਰਨੇ ਤੇ ਅਰਥ ਦੀ ਪੂਰਣਤਾ ਹੁੰਦੀ ਹੈ, ਇਸ ਲਈ ਆਛੇਪਾ ਬ੍ਰਤੀ ਹੈ,ਤਾਂਬੇ ਦੀ ਧਰਤੀ ਅਛਿਪਤਾਰਥ ਪਦ ਹੈ, ਜਿਸਨੇ ਆਛੇਪ ਨੂੰ ਪੂਰਣ ਕੀਤਾ ਹੈ।

ਚੇਤਾਵਨੀ–ਏਥੇ ਇਕ ਗਲ ਯਾਦ ਰਹੇ, ਕਿ ਇਹ ਹੀਨ ਪਦ ਦੂਖਨ ਨਹੀਂ ਹੈ। 'ਹੀਨ' ਪਦ ਵਿਚ ਅਵੱਸੇਂ ਪਦ ਦੀ ਜਗ੍ਹਾ ਖੋਲੀ ਪਈ ਰਹਿੰਦੀ ਹੈ,ਜਿਹਾਕੁ ਕਿਸੇ ਦਾ ਦੋਹਾ ਹੈ:–

ਉੱਤਮ ਮੱਧਮ ਅਧਮ ਨਰ ਪਾਹਨ ਸਿਕਤਾ ਬਾਰ।
ਪ੍ਰੀਤ ਅਨੁਕ੍ਰਮ ਜਾਨੀਐ ਬਿਤਜ ਬੈਰ ਬਿਚਾਰ।

ਉੱਤਮ, ਮੱਧਮ ਅਤੇ ਨੀਚ ਲੋਕ ਪੱਥਰ, ਰੇਤ ਤੇ ਪਾਣੀ ਦੀ ਲੀਕ ਵਾਕੁਰ ਪ੍ਰੀਤ ਕਰਦੇ ਹਨ ਅਤੇ ਦਿਕੁਰ ਹੀ ਵੈਰ, ਪਰੰਤੂ ਉਲਟੇ ਕ੍ਰਮ ਨਾਲ।

ਜੀਕੁਰ ਉੱਤਮ ਪੁਰਖਾਂ ਦੀ ਪ੍ਰੀਤ ਪੱਥਰ ਦੀ ਲੀਕ ਵਾਕੁਰ ਅਚੱਲ, ਮੱਧਮ ਲੋਕਾਂ ਦੀ ਪ੍ਰੀਤ ਰੇਤ ਦੀ ਲੀਕ ਵਾਕੁਰ ਥੋੜ੍ਹੇ ਚਿਰ ਲਈ ਹੁੰਦੀ ਹੈ ਤੇ ਨੀਚ ਪੁਰਖਾਂ ਦੀ ਪ੍ਰੀਤ ਪਾਣੀ ਦੀ ਲੀਕ ਵਾਕੁਰ ਹੁੰਦੀ ਹੀ ਨਹੀਂ, ਇੱਕੁਰ ਹੀ ਉਲਟੇ ਕ੍ਰਮ ਨਾਲ ਉੱਤਮ ਪੁਰਖਾਂ ਦਾ ਵੈਰ ਪਾਣੀ ਦੀ ਲੀਕ ਵਾਕੁਰ ਹੁੰਦਾ ਹੈ। ਮੱਧਮ ਪੁਰਖਾਂ ਦਾ ਵੈਰ ਰੇਤ ਦੀ ਲੀਕ ਵਾਕਰ ਥੋੜੇ ਕਾਲ ਤਕ ਹੁੰਦਾ ਹੈ ਅਤੇ ਨੀਚ ਪੁਰਖਾਂ ਦਾ ਵੈਰ ਪੱਥਰ ਦੀ ਲੀਕ ਵਾਕੁਰ ਅਚੱਲ ਹੁੰਦਾ ਹੈ।

ਨਿਰਣੈ–ਇਸ ਦੋਹੇ ਵਿਚ ਲੀਕ ਪਦ ਹੀਨ ਹੈ, ਇਸ ਲਈ ਇਹ ਦੋਹਾ ਦੂਖਿਤ ਹੈ। ਲੀਕ ਪਦ ਅਧਜਾਹਾਰ ਕਰਨੇ ਤੇ ਭੀ ਦੋਹਾ ਭੂਖਤ ਨਹੀਂ ਹੁੰਦਾ, ਪਰੰਤੂ ਅਧਜਾਹਾਰ ਵਾਲੇ ਸ਼ਲੋਕ ਵਿਚ 'ਤਿਨ੍ਹਾਂ ਪੁਰਖਾਂ ਦੇ ਪੈਰ ਚੁੰਮ' ਵਿਖੇ ਪੁਰਖ ਦਾ ਅਧਜਾਹਾਰ ਭੂਖਿਤ ਹੈ।

ਭਾਵ–ਸੌਖੀ ਸਮਝ ਲਈ ਅਧਜਾਹਾਰ ਵਿਚ ਇਕ ਜ਼ਰੂਰਤ (ਲੋੜ) ਪ੍ਰਤੀਤ ਹੁੰਦੀ ਰਹਿੰਦੀ ਹੈ ਅਤੇ ਹੀਨ ਪਦ ਵਾਲੇ ਕਥਨ ਵਿਚ ਜਗ੍ਹਾ ਖਾਲੀ ਪ੍ਰਤੀਤ ਹੁੰਦੀ ਰਹਿੰਦੀ ਹੈ।

ਇਸ ਆਛੇਪਾ ਬ੍ਰਤੀ ਵਿਚ ਪ੍ਰਸੰਗਦਾ ਅਧਜਾਹਾਰ ਭੀ ਕਰਨਾ ਪੈਂਦਾ ਹੈ, ਇੱਕੁਰ ਹੀ ਪਦਾਂ ਅਤੇ ਅਰਥਾਂ ਦਾ ਵੀ ਅਧਜਾਹਾਰ ਕਰਕੇ ਅਰਥ ਦੀ ਪੂਰਣਤਾ ਕੀਤੀ ਜਾਂਦੀ ਹੈ।

Digitized by Panjab Digital Library | www.panjabdigilib.org

ਸੂਚਨਾ–ਇਸ ਨੂੰ ਕਈ ਕਵੀਆਂ ਨੇ ਦੁਖਣਾਂ ਵਿਚ ਵੀ ਮੰਨਿਆਂ ਅਤੇ ਭੁਖਣਾਂ ਵਿਚ ਵੀ *। ਪਰੰਤੂ ਭੇਦ ਇਤਨਾ ਹੀ ਚੇਤੇ ਰੱਖਣ ਵਾਲਾ ਹੈ ਕਿ ਜਿੱਥੇ ਅਧਜਾਹਾਰ ਚਮਿਤਕ੍ਰਿਤ ਹੈ ਓਥੇ ਭੁਖਣ ਰੂਪ ਹੈ, ਜਿੱਥੇ ਹੀਣਤਾ ਕਲਿਸ਼ਟਤਾ, ਸੰਦਿਗਧਤਾ ਆਦਿਕ ਵਰਤਮਾਨ ਹੋਣ ਓਥੇ ਦੁਖਣ ਰੂਪ ਹੁੰਦਾ ਹੈ।

—-o—-

ਅ. ਲੱਛਣਾ ਬ੍ਰਿਤੀ

੧੬. ਲੱਛਣਾ ਬ੍ਰਿਤੀ ਦਾ ਵਰਣਨ।

ਮੁੱਖ ਅਰਥ ਕੋ ਬਾਧ ਕਰ ਔਰ ਅਰਥ ਠਹਿਰਾਇ।
ਹੇਤਿ 'ਸ਼ਕਤ' ਸੰਬੰਧ ਤੇ ਸੋ ਲੱਛਨਾ ਗਿਨਾਇ।
ਮੁੱਖ ਅਰਥ ਕੋ ਬਾਧ ਜਹਿ ਰਹਿ ਮੁਖਜਾਰਥ ਜੋਗ।
ਔਰ ਅਰਥ ਜਾਸੋ ਲਖੈਂ ਕਹੈਂ ਲੱਛਨਾ ਲੋਗ।

ਜਿੱਥੇ ਸ਼ਬਦ ਦਾ ਮੁਖਜ (ਪ੍ਰਧਾਨ) ਅਰਥ ਬਾਧ ਹੋ ਜਾਏ, ਉਹ ਅਰਥ ਭਾਸੇ ਹੀ ਨਹੀਂ, ਅਤੇ ਹੋਰ ਦੂਸਰਾ ਅਰਥ ਓਸਦੀ ਜਗ੍ਹਾ ਮੁਖਜ (ਪ੍ਰਧਾਨ) ਹੋਕੇ ਵਰਤੇ ਤਾਂ ਇਸਨੂੰ ਲੱਛਨਾ ਬ੍ਰਿਤੀ ਕਹਿੰਦੇ ਹਨ।

ਤਾਤਪਰਜ ਅਨਬਨ ਜਹਾਂ ਹੈ ਮੁਖਜਾਰਥ ਦੂਰ।
ਕੀਜੈ ਔਰੇ ਅਰਥ ਜਹਿਂ ਜਾਨ ਲੱਛਨਾ ਸੂਰ।

ਜਿੱਥੇ ਮੁਖਜਾਰਥ ਦਾ ਤਾਤਪਰਜ ਨਾ ਬਣਦਾ ਹੋਵੇ, ਅਤੇ ਮੁਖਜਾਰਥ ਦੂਰ ਹੋਕੇ ਹੋਰ ਗੌਣ ਅਰਥ ਗ੍ਰਹਣ ਕੀਤਾ ਜਾਵੇ, ਸੋ ਲੱਛਣਾ ਬ੍ਰਿਤੀ ਕਹੀਦੀ ਹੈ। ਜੈਹਾਕੁ:–

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀ-
ਆਲੇ ਅਣੀਆ ਰਾਮਰਾਜੇ ॥ ਜਿਸੁ ਲਾਗੀ
ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥
[ਆਸਾ ਮਹਲਾ ੪ ਛੰਤ

ਹਰੀ ਦੇ ਪ੍ਰੇਮ ਦੇ ਬਾਣਾਂ ਨੇ ਮਨ ਮਾਰ ਲਿਆ, ਨੋਕਾਂ ਤਿੱਖੀਆ ਕਰਕੇ ਜਿਸਨੂੰ ਪ੍ਰੇਮ ਦੀ ਪੀੜ ਲੱਗੇ ਓਹੋ ਜਾਣੇ ਸਹਿਣ ਵਾਲਾ। ਪ੍ਰੇਮ ਦੇ ਬਾਣ ਦਾ ਅਰਥ ਬਾਧ ਹੋਕੇ ਬਿਰਹ ਅਰਥ ਪ੍ਰਧਾਨਤਾ ਜੋਗ ਹੈ, ਤਿੱਖੀਆਂ ਨੋਕਾਂ ਦਾ ਅਰਥ ਬਾਧ ਹੋਕੇ ਇਰਹ ਦੀ ਪੀੜ ਅਰਥ ਨੇ ਮੁੱਖਤਾ ਪਾਈ, ਕਿਉਂਕਿ ਜਿਹਾਕੁ ਤੀਰ ਦੀ ਮੁਖੀ ਚੁਭਣੇ ਤੇ ਪੀੜ ਕਰਕ ਵਾਲੀ ਹੁੰਦੀ ਹੈ, ਤਿਵੇਂ ਹੀ ਬਿਰਹ ਦੀ ਪੀੜ ਵੀ ਰੜਕ ਵਾਲੀ ਹੁੰਦੀ ਹੈ।

ਪੁਨਾ–"ਰਸਨਾ ਜਪੈ ਨ ਨਾਮੁ ਤਿਲੁ ਤਿਲੁ
ਕਰਿ ਕਟੀਐ ॥" [ਫੁਨਹੇ ਮਃ ੫

ਇੱਥੇ ਵੀ ਤਿਲ ਤਿਲ ਦਾ ਮੁੱਖ ਅਰਥ ਤਿਲ ਸੋਂ ਬਾਧ ਹੋਕੇ ਥੋੜ੍ਹਾ ਥੋੜ੍ਹਾ ਅਰਥ ਮੁੱਖ ਠਹਿਰਿਆ । ਜੀਕੁਰ ਤਿਲ ਨਿੱਕੇ ਨਿੱਕੇ ਹੁੰਦੇ ਹਨ, ਤਿਵੇਂ ਹੀ ਜੰਭ ਨੂੰ ਵੀ ਰਤਾ ਰਤਾ ਕੀਤਾ ਜਾਵੇ। ਇਸ ਵਿਚ ਕੱਟਣਾ ਅਰਥ ਬਾਧ ਹੋਕੇ ਨਿਕੰਮਾ ਕਰਨਾ ਇਸ ਅਰਥ ਨੇ ਮੁੱਖਤਾ ਪਾਈ।

ਪੁਨ–"ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ
ਸਿਰ ਸੇਵ ਕਰੀਜੈ ॥" [ਵਡਹੰਸ ਮਃ ੧

ਇੱਥੇ,ਵੀ ਸੀਸ ਦਾ ਅਰਥ ਸਿਰ ਅਭਾਵ ਹੋਕੇ ਹਕਾਰ ਅਰਥ ਪ੍ਰਧਾਨ ਰੱਖਿਆ ਹੈ, ਬਿਨਾਂ ਸਿਰ ਦੇ ਨਿਰਹੰਕਾਰ ਹੋਵੇ ਤਾਹੀਏਂ ਸੇਵਾ ਹੋ

---

*ਰਿਖੀ ਸ਼੍ਰੇਣੀ ਦੇ ਕਵੀ ਜਦ ਸੂਤ੍ਰਾਂ ਵਾਙੂ ਰਚਨਾ ਰਚਦੇ ਹਨ ਤਾਂ ਵਿਚ ਲੁਪਤੀਆਂ ਜ਼ਰੂਰ ਹੁੰਦੀਆਂ ਹਨਜੋ ਦੁਸ਼ਨ ਰੂਪ ਹਨ,ਓਹ ਸਭ ਅਧਜਾਹਾਰ ਨਾਲ ਪੂਰਨ ਕਰੀਦੀਆਂ ਹਨ, ਜਿਨ੍ਹਾਂ ਨੂੰ ਲੱਭ ਲੈਣ ਦਾ ਸਾਮਾਨ ਵਿਚ ਹੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਹ ਗੱਲ ਬਹੁਤਹੈ। [ਸੰਪਾਦਿਕ

Digitized by Panjab Digital Library | www.panjabdigilib.org

ਸਕਦੀ ਹੈ, ਜਿੱਥੇ ਹੰਕਾਰ ਓਥੇ ਸੇਵਾ ਕਦੇ ਨਹੀਂ ਹੁੰਦੀ।

[ਲੱਛਣਾ ਦੇ ਦੋ ਭੇਦ]

ਇਸ ਲੱਛਨਾ ਬ੍ਰਿਤੀ ਦੇ ਮੁੱਖ ਦੋ ਰੂਪ ਹਨ:—

ਰਾਖੀ ਸਕਤ ਸੁ ਲੱਛਨਾ ਧੁਨ ਬਿਨ ਰੂਢਾ ਰੂਪ।
ਸੋ ਪ੍ਰਯੋਜਨਵਤੀ ਜਹਾਂ ਉਪਜੇ ਧੁਨਿ ਕਵਿ ਭੂਪ।

ਲੱਛਨਾ ਬ੍ਰਿਤੀ ਵਿਚ ਜੋ ਸ਼ਕਤੀ ਰਖੀ ਹੋਈ ਹੈ, ਜੇ ਉਸ ਲੱਛਨਾ ਵਿਚੋਂ ਧੁਨਿ ਨਿਕਲੇ ਜਾਂ ਕੱਢੀਏ, ਤਾਂ ਉਸਦਾ ਨਾਉਂ 'ਪ੍ਰਯੋਜਨ ਵਤੀ' ਕਹਿੰਦੇ ਹਨ ਅਤੇ ਜਿਸ ਵਿਚੋਂ ਧੁਨਿ ਨਾ ਨਿਕਲੇ ਉਸਨੂੰ 'ਨਿਰੂਢਾ' ਕਹਿੰਦੇ ਹਨ।

[ਨਿਰੂਢਾ ਲੱਛਨਾ ਬ੍ਰਿਤੀ ਦਾ ਰੂਪ]

ਜਿਹਾਕੁ:—

ਚਉਥੈ ਪਹਰੈ ਰੈਣਿ ਕੈ ਵਣਜਾਰਿਆ
ਮਿਤ੍ਰਾ ਲਾਵੀ ਆਇਆ ਖੇਤੁ ॥

ਇੱਥੇ ਰਾਤ ਦੇ ਚੌਥੇ ਪਹਿਰ ਨਾਲ ਖੇਤ ਕੱਟਣ ਦਾ ਕੋਈ ਸੰਬੰਧ ਨਹੀਂ ਹੈ, ਇਸ ਲਈ ਲੱਛਣਾ ਬ੍ਰਿਤੀ ਕਰਕੇ ਰੈਣ ਦਾ ਅਰਥ ਰਾਤ ਬਾਧ ਹੋਕੇ ਉਮਰਾ ਅਰਥ ਹੈ। ਇੱਕੁਰ ਹੀ 'ਲਾਵੀ ਆਇਆ ਖੇਤੁ' ਦਾ ਮੁੱਖ ਅਰਥ ਵੱਢਣੇ ਜੋਗ ਖੇਤ ਬਾਧ ਹੋਕੇ ਮੌਤ ਦੇ ਨੇੜੇ ਪੁੱਜਾ ਅਰਥ ਹੈ,ਕਿਉਂਕਿ ਬੁਢਾਪੇ ਵੇਲੇ ਅਵੱਸੋਂ ਹੀ ਮੌਤ ਦੇ ਦਿਨ ਨੇੜੇ ਹੁੰਦੇ ਹਨ। ਜੀਕੁਰ ਪੱਕੀ ਖੇਤੀ ਅਵੱਸ ਵੱਢੀ ਜਾਂਦੀ ਹੈ, ਤੀਕੁਰ ਉਮਰ ਪੁੰਨੀ ਤੇ ਮੌਤ ਅਵੱਸ ਹੀ ਆਉਂਦੀ ਹੈ। ਧੁਨਿ ਇਸ ਵਿੱਚੋਂ ਨਹੀਂ ਕੱਢੀ, ਇਸ ਲਈ ਨਿਰੂਢਾ ਲੱਛਨਾ ਬ੍ਰਿਤੀ ਹੈ।

ਜੇ ਕਦਾਪੀ ਇਸ ਵਿੱਚੋਂ ਧੁਨਿ ਕੱਢੀਏ ਕਿ ਉੱਦਮ ਕਰੋ,ਨਾਮ ਜਪੋ, ਸ਼ੁਭ ਕਰਮ ਕਰੋ, ਫਿਰ ਇਹ ਵੇਲਾ ਦੁਰਲਭ ਹੈ, ਤਾਂ ਇਸੇ ਦਾ ਨਾਉਂ ਪ੍ਰਯੋਜਨਵਤੀ ਲੱਛਨਾ ਹੋ ਜਾਏਗਾ।

ਪੁਨਾ—"ਖੁਰਾਸਾਨ ਖਸਮਾਨਾ ਕੀਆ ਹਿੰਦੁ-ਸਤਾਨ ਡਰਾਇਆ ॥" [ਆਸਾ ਮਃ ੧

ਇੱਥੇ ਖੁਰਾਸਾਨ ਦਾ ਅਰਥ ਖੁਰਾਸਾਨੀਆਂ ਨੇ ਹਿੰਦੁਸਤਾਨ ਦੇ ਵਸਨੀਕਾਂ ਨੂੰ ਡਰਾਇਆ, ਇਸ ਵਿਚ ਕੋਈ ਧੁਨੀ ਨਹੀਂ, ਇਸਤੇ ਨਿਰੂਢਾ ਹੈ।

[ਪ੍ਰਯੋਜਨਵਤੀ ਲੱਛਣਾ ਬ੍ਰਿਤੀ ਦਾ ਰੂਪ]

"ਮੋਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥" [ਗੌਡ ਮਃ੪

ਇੱਥੇ ਤੀਰ ਦਾ ਅਰਥ ਬਾਧ ਹੋਕੇ ਬਿਰਹ ਅਰਥ ਹੈ।

ਧੁਨੀ ਸਪਸ਼ਟ ਹੈ ਕਿ ਬਿਰਹ ਦਾ ਦੁੱਖ ਅਤੀ ਬਜਾਕੁਲ ਕਰਦਾ ਹੈ, ਇਸ ਲਈ ਪ੍ਰਯੋਜਨ ਵਤੀ।

ਵਿਸ਼ੇਸ਼ ਸੂਚਨਾ—ਇਹ ਉਪਰਲਾ ਸਾਰਾ ਕਥਨ 'ਜਹਤੀ ਸ੍ਵਾਰਥਾ ਲੱਛਣਾ' ਦਾ ਹੈ,ਕਿਉਂਕਿ ਮੂਲ ਵਿਚ ਲੱਛਣਾ ਦੇ ਹੀ ਵਿਦਮਾਨ ਹਨ, ਇਕ ਜਹਤੀ ਲੱਛਣਾ, ਦੂਜੀ ਅਜਹਤੀ ਲੱਛਣਾ ਹੈ। ਜਿੱਥੇ ਮੁੱਖ ਅਰਥ ਦਾ ਬਾਧ ਹੋਕੇ ਹੋਰ ਅਰਥ ਨਿਕਲੇ ਉਥੇ ਜਹਤੀ ਹੈ, ਜਿਥੇ ਮੁੱਖ ਅਰਥ ਬਾਧ ਹੋਕੇ ਫਿਰ ਹੋਰ ਅਰਥ ਦੇ ਨਾਲ ਲੱਗਾ ਰਹੇ ਉਥੇ ਅਜਹਤੀ ਹੈ, ਹੋਰ ਸਾਰੀਆਂ ਲੱਛਣਾਂ ਇਨ੍ਹਾਂਦੇਅੰਤਰਭੂਤਹਨ।

੧੭. ਤਾਤਪਰਜਾਖਜਾ ਬ੍ਰਿਤੀ।

ਜੋ ਪਦਾਰਥ ਅਨ੍ਹੈ ਸਮਝਾਵੈ।
ਤਾਤਪ੍ਰਜਾਖਜਾ ਬ੍ਰਿਤਿ ਕਹਾਵੈ।

ਜਿਸ ਬ੍ਰਿਤੀ ਨਾਲ ਅਰਥਾਂ ਦਾ ਅਨ੍ਹੈ ਸਮਝ ਵਿਚ ਆ ਜਾਵੇ, ਜਿਸ ਅਨ੍ਹੈ ਸਮਝਣ ਤੋਂ ਤਾਤਪਰਜ (ਸਿੱਧਾਂਤ, ਮਤਲਬ) ਨਿਸ਼ਚੇ ਹੋ ਜਾਵੇ, ਉਸਨੂੰ ਸਿਆਣੇ ਲੋਕ ਤਾਤਪਰਜਾਖਜਾ ਬ੍ਰਿਤੀ ਕਰਕੇ ਕਹਿੰਦੇ ਹਨ।

ਜੀਕੁਰ ਕੋਈ ਕਹੇ ਨਦੀ ਵਿਚ ਘੋਖ ਹੈ, ਘੋਖ ਅਨੇਕ ਬਾਚੀ ਪਦ ਹੈ, ਘੋਖ ਦਾ ਅਰਥ ਸ਼ਬਦ ਹੈ, ਸੋ ਨਦੀ ਵਿੱਚੋਂ ਸ਼ਬਦ ਆਉਣਾ

Digitized by Panjab Digital Library | www.panjabdigilib.org

ਨੰਹੀਂ ਬਣਦਾ। ਦੂਜਾ ਅਰਥ ਘਰ ਹੈ, ਜਿਸਤੇ ਬਜੰਜਨਾ ਬ੍ਰਿਤੀ ਕਰਕੇ ਗੋ ਸ਼ਾਲਾ ਅਰਥ ਠਹਿਰਿਆ। ਪਰੰਤੂ ਗੋ ਸ਼ਾਲਾ ਆ ਨਹੀਂ ਸਕਦੀ, ਕਿਉਂਕਿ ਮੰਦਰ ਜੜ੍ਹ ਇਸਥਿਰ ਪਦਾਰਥ ਹੈ ਅਤੇ ਆਉਣਾ ਜਾਣਾ ਕ੍ਰਿਯਾ ਵਾਲੇ ਦਾ ਹੋਇਆ ਕਰਦਾ ਹੈ, ਇਸ ਲਈ ਗੋ ਸ਼ਾਲਾ ਪਦ ਵਿੱਚ ਲੱਛਣਾ ਬ੍ਰਿਤੀ ਵਰਤੀ ਤਾਂ ਘੋਖ ਬਾਸੀ ਗਊ ਸਿੱਧ ਹੋਈ।

ਪੁਨ:—ਹੋਰ ਸੁਖੱਲੀ ਸਮਝ ਲਈ ਇਹ ਹੈ, ਕਿਸੇ ਕਿਹਾ ਨਦੀ। ਇਸ ਨੂੰ ਅਭਿਧਾ ਬ੍ਰਿਤੀ ਕਰਕੇ ਨਦੀ ਪ੍ਰਵਾਹ ਰੂਪ ਸਿੱਧ ਹੋਈ। ਜਦ ਇਸ ਵਿਚ ਲੱਛਣਾ ਬ੍ਰਿਤੀ ਕੀਤੀ, ਤਾਂ ਨਦੀ ਦਾ ਕਿਨਾਰਾ ਸਿੱਧ ਹੋਇਆ।

ਬਜੰਜਨਾ ਬ੍ਰਿਤੀ ਕਰਕੇ ਸੀਤਲਤਾ, ਨਿਰਮਲਤਾ ਅਥਵਾ ਰੇਤ, ਬੇਲਾ, ਝੱਲ, ਜਲ ਜੀਵ ਆਦਿਕ ਸਿੱਧ ਹੋਇਆ। ਇਸ ਤਰ੍ਹਾਂ ਅਰਥਾਂ ਦੇ ਅਨ੍ਹੈ ਮਾਤ੍ਰ ਸਮਝਾਉਣ ਨੂੰ ਤਾਤਪਰਜਾਖਜਾ ਬ੍ਰਿਤੀ ਕਹਿੰਦੇ ਹਨ।

ਚੇਤੇ ਰਹੇ ਕਿ ਅਭਿਧਾ, ਲੱਛਨਾ, ਬਜੰਜਨਾ, ਇਹ ਇਕ ਇਕ ਬ੍ਰਿਤੀ ਭੀ ਅਨ੍ਹੈ ਅਰਥਾਂ ਦੇ ਸਮਰਥਨ ਵਿਚ ਵਰਤੀ ਦੀ ਹੈ, ਕਿਤੇ ਦੋ ਕਿਤੇ ਇਹ ਚਾਰੇ ਹੀ ਮਿਲਕੇ ਇਕ ਅਰਥ ਨੂੰ ਅਨ੍ਹੈ ਕਰਨ ਲਈ ਸਮਰੱਥ ਹੁੰਦੀਆਂ ਹਨ। ਭਾਵੇਂ ਕਿਸੇ ਤਰ੍ਹਾਂ ਤਾਤਪਰਜ ਸਮਰਥਨ ਹੋਵੇ ਓਥੇ ਤਾਤਪਰਜਾਖਜਾ ਬ੍ਰਿਤੀ ਕਹੀਦੀਹੈ। ਜਿਹਾ:—

"ਘਰ ਮਹਿ ਘਰੁ ਦਿਖਾਇ ਦੇਇ ਸੋ
ਸਤਿਗੁਰੁ ਪੁਰਖੁ ਸੁਜਾਣੁ॥" [ਮਲਾਰਵਾਰਮਃ ੧

ਅਭਿਧਾ ਬ੍ਰਿਤੀ ਕਰਕੇ ਘਰ ਵਿਚ ਹੀ ਮਹਲ ਦਿਖਾਵੇ, ਇਹ ਅਰਥ ਦੇ ਰੂਪ ਵਿਚ ਵਿਦਮਾਨ ਹੈ।

ਲੱਛਨਾ ਬ੍ਰਿਤੀ ਕਰਕੇ ਆਪਣੇ ਵਿਚ ਹੀ ਸਰੂਪ ਦਿਖਾਵੇ, ਇਹ ਮੁਖਜਾਰਥ ਪ੍ਰਧਾਨ ਦਾ ਬਾਧ ਕਰਕੇ ਹੋਰ ਮੁਖਜਾਰਥ ਹੈ।

ਬਜੰਜਨਾ ਬ੍ਰਿਤੀ ਕਰਕੇ ਆਪਣੇ ਸਰੂਪ ਦੀ ਗਜਾਤ ਸਮਝਾਵੇ, ਇਹ ਬਜੰਗ ਤੇ ਵਿਦਮਾਨਹੈ।

ਧੁਨੀ ਕਰਕੇ ਨਿਰਵਿਕਲਪ ਸਮਾਧੀ ਸਰੂਪ ਵਿਚ ਲੀਨਤਾ ਹੈ। ਇਹ ਜੋ ਕੁਝ ਭਾਵ ਸੀ, ਇੱਥੇ ਏਸੇ ਗੱਲ ਦਾ ਨਾਮ ਤਾਤਪਰਜਾਖ॥ ਬ੍ਰਿਤੀ ਹੈ, ਇਹ ਤਾਤਪਰਜ ਦੂਰ ਜਗ੍ਹਾ ਜਾਕੇ ਨਿਕਲਿਆ। ਬਾਹਲੀ ਵਾਰਾਂ ਧੁਨੀ ਹੀ ਤਾਤਪਰਜ ਦਾ ਸਰੂਪ ਹੁੰਦੀ ਹੈ, ਧੁਨੀ ਦਾ ਵਿਸ਼ੇਸ਼ ਪ੍ਰਕਰਣ ਧੁਨੀ ਦੇ ਭੇਦ ਪ੍ਰਭੇਦ ਵਿਚ ਵਰਣਨ ਹੋਵੇਗਾ।

ਇਹ ਚੇਤਾਵਨੀ ਚੇਤੇ ਰਹੇ ਕਿ ਇਹ ਬ੍ਰਿਤੀਆਂ ਕਥਨ ਦੇ ਤਾਤਪਰਜ ਨੂੰ ਪ੍ਰਗਟ ਕਰਨ ਲਈ ਹੀ ਪ੍ਰਧਾਨ ਹਨ ਤੇ ਇਨ੍ਹਾਂ ਕਰਕੇ ਹੀ ਤਾਤਪਰਜ ਨਿਕਲਦਾ ਹੈ ਅਤੇ ਇਨ੍ਹਾਂ ਬ੍ਰਿਤੀਆਂ ਕਰਕੇ ਤਾਤਪਰਜਾਖਜਾ ਬ੍ਰਿਤੀ ਬਣਦੀ ਹੈ।

੧੮. ਉਪਾਦਾਨ ਲੱਛਣਾ ਲੱਛਣ।

[ਅਥਵਾ ਅਜਹਿਤੀ ਸ੍ਵਾਰਥਾ ਲੱਛਨਾ ਦਾਰੂਪ]

ਅਨ੍ਹੈ ਹਿਤ ਮੁਖਜਾਰਥ ਕੋ ਔਰ ਅਰਥ ਕਰ ਲੇਤ।
ਮਿਲਜੋ ਰਹਤ ਮੁਖਜਾਰਥ ਹੂੰ ਉਪਾਦਾਨ ਇਹ ਹੈਤ।

ਅਨ੍ਹੈ ਪਦ ਨੂੰ ਨਾਲ ਰਲਾਇਕੇ ਆਪਣੇ ਹਿਤ ਦਾ ਅਰਥ ਲੈਕੇ ਅਨ੍ਹੈ ਦੇ ਵਾਸਤੇ ਮੁਖਜਾਰਥ ਨੂੰ ਛੱਡਕੇ ਫਿਰ ਮੁਖਜਾਰਥ ਸਮੇਤ ਹੀ ਹੋਰ ਅਰਥ ਕੀਤਾ ਜਾਵੇ ਤਾਂ ਉਸਨੂੰ ਉਪਾਦਾਨ ਲੱਛਣਾ ਕਹੀਦਾ ਹੈ। ਜਿਹਾ:—

"ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ
ਦਾਦਰ ਮੋਰ ਲਵੰਤੇ॥" [ਤੁਖਾਗੇ ਮਃ ੧

ਰਾਤੀ ਕਾਲੇ ਰੰਗ ਦੀ ਨਹੀਂ ਬਰਸਦੀ, ਇਸ ਲਈ ਕਾਲੇ ਰੰਗ ਦੀ ਰਾਤ ਦਾ ਵਰਸਨਾ ਅਰਥ ਠੀਕ ਨਹੀਂ ਬੈਠਦਾ, ਲੱਛਣਾ ਬ੍ਰਿਤੀ ਕਰਕੇ ਕਾਲੀ ਰਾਤ ਨੂੰ ਬੱਦਲ ਵਰਸਦਾ ਹੈ। ਕਾਲੀ ਰਾਤ ਮੁਖਜਾਰਥ ਦਾ ਬਾਧ ਹੋਕੇ

Digitized by Panjab Digital Library | www.panjabdigilib.org

ਅਨੈ ਤੇ ਕਾਲੀ ਰਾਤ ਵਿਚ ਵੱਸਦਾ ਹੈ, ਪਰੰਤੂ ਰਾਤ ਕਾਲੀ ਦਾ ਨਾਲ ਹੀ ਅਰਥ ਦੇ ਲੱਗੇ ਰਹਿਣੇ ਤੇ ਉਪਾਦਾਨ ਲੱਛਣਾ ਕਹੀਦੀ ਹੈ।

ਪੁਨ:-"ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨ ਡਰਾਇਆ ॥" [ਆਸਾ ਮ: ੧

ਸੈਦ ਪੁਰੀਆਂ ਪਠਾਣਾਂ ਨੇ ਖੁਰਾਸਾਨੀਆਂ ਪਠਾਣਾਂ ਨਾਲ ਸਾਕ ਕੀਤਾ ਸੀ, ਇਸ ਲਈ ਖੁਰਾਸਾਨੀਆਂ ਨੇ ਖਸਮਾਨਾ ਕਹੀਏ ਹਮਾ-ਇਤ ਕਰਕੇ ਹਿੰਦੁਸਤਾਨੀਆਂ ਨੂੰ ਡਰਾਇਆ ਕਹੀਏ ਦੁਖ ਦਿੱਤਾ।

ਖੁਰਾਸਾਨ ਅਰਥ ਦਾਧ ਹੋਕੇ ਪਠਾਣ ਅਰਥ ਨੇ ਮੁਖਤਾ ਪਾਈ, ਪਰੰਤੂ ਖੁਰਾਸਾਨ ਦੇ ਰਹਿਣ ਵਾਲੇ ਖੁਰਾਸਾਨੀ ਪਠਾਣ ਇੱਕੁਰ ਹੀ ਹਿੰਦੁਸਤਾਨ ਦੇ ਰਹਿਣਵਾਲੇ ਹਿੰਦੀਲੇਕ ਅਰਥ ਨੇ ਸਿੱਧਤਾ ਪਾਈ, ਅਨੈ ਅਰਥ ਉਪਰਲਾ ਹੈ।

ਜੀਕੁਰ ਕੋਈ ਕਹੇ ਮੇਰਾ ਘਰ ਜੇਹਲਮ ਹੈ, ਜੇਹਲਮ ਨਾਮ ਨਦੀ ਦਾ ਹੈ, ਨਦੀ ਪ੍ਰਵਾਹ ਰੂਪ ਹੋਣੇ ਤੇ ਉਸ ਵਿਚ ਘਰ ਨਹੀਂ ਬਣਦਾ, ਇਥੇ ਜਹਤੀ ਲੱਛਣਾ ਕਰਕੇ ਜੇਹਲਮ ਦੇ ਕਿਨਾਰੇ ਘਰ ਹੈ, ਜੇਹਲਮ ਅਰਥ ਨਾਲ ਲੱਗਾ ਰਹਿਣੇ ਤੇ ਉਪਾਦਾਨ। ਜਿਹਾਕੁ:-

"ਨਹੀਂ ਤਜੈ ਨਿਜਿ ਅਰਥ ਕੋ ਅਜਹਤਿ
ਸ੍ਵਾਰਥਾ ਬਖਾਨ ॥"

ਨਿਰਣੈ-ਜਿੱਥੇ ਮੁਖਜਾਰਥ ਨਾਲ ਲੱਗਾ ਰਹੈ, ਉਥੇ ਉਪਾਦਾਨ ਲੱਛਣਾ ਕਹਿੰਦੇ ਹਨ, ਜਿੱਥੇ ਮੁਖਜਾਰਥ ਬਾਧ ਹੋਕੇ ਫਿਰ ਨਾਲ ਨਾ ਲੱਗ ਸਕੇ, ਉਥੇ ਲੱਛਣ ਲੱਛਣਾ ਕਹਿੰਦੇ ਹਨ।

ਭੇਦ-ਜਹਾਂ ਨਿਰੂਢਾ ਤੇ ਸਫੁਟ ਧੁਨਿ ਉਪਜੈ
ਇਹ ਭਾਇ। ਕਹਤ ਪ੍ਰਯੋਜਨਵਤੀ ਤਿਹ
ਜੇ ਕਵੀਅਨ ਕੇ ਰਾਇ।

ਜਿੱਥੇ ਉਪਾਦਾਨ ਲੱਛਣਾ ਵਿਚੋਂ ਧੁਨਿ ਨਾ ਨਿਕਲੇ, ਉਥੇ ਨਿਰੂਢਾ ਉਪਾਦਾਨ ਲੱਛਣਾ ਕਹਿੰਦੇ ਹਨ। ਜਿੱਥੇ ਉਪਾਦਾਨ ਲੱਛਣਾ ਵਿਚੋਂ ਧੁਨਿ ਨਿਕਲੇ, ਉਥੇ ਪ੍ਰਯੋਜਨਵਤੀ ਉਪਾਦਾਨ ਲੱਛਣਾ ਜਾਣੀਦੀ ਹੈ।

[ਨਿਰੂਢਾ ਉਪਾਦਾਨ ਲੱਛਣਾ ਦਾ ਰੂਪ]

ਉੱਪਰਲੇ ਉਦਾਹਰਣ 'ਬਤਸੈ ਨਿਸਿ ਕਾਲੀ'' ਅਤੇ 'ਖੁਰਾਸਾਨ ਖਸਮਾਨਾ' ਆਦਿਕ ਸਭ ਨਿਰੂਢਾ ਦਾ ਹੀ ਸਰੂਪ ਹਨ, ਕਿਉਂਕਿ ਇਨ੍ਹਾਂ ਵਿਚ ਧੁਨੀ ਨਹੀਂ ਹੈ। ਜਿਹਾ ਕੁ-

"ਜਮੁ ਕਰਿ ਮੁਗਲੁ ਚੜਾਇਆ ॥"

ਇੱਥੇ ਵੀ ਜਮ ਦਾ ਰੂਪ ਮਾਰਨੇ ਵਾਲਾ ਕਰਕੇ ਮੁਗਲ ਨੂੰ ਹਿੰਦੁਸਤਾਨ ਉੱਪਰ ਚੜਾਇਆ ਹੈ।

ਮੁਖਜਾਰਥ ਨਾਲ ਹੀ ਲੱਗਾ ਹੋਇਆ ਸਪਸ਼ਟ ਹੈ, ਧੁਨੀ ਕੋਈ ਨਹੀਂ। ਜੇ ਧੁਨਿ ਕੱਢੀਏ ਤਾਂ ਇਹੋ ਪ੍ਰਯੋਜਨਵਤੀ ਹੋ ਜਾਏਗੀ।

[ਪ੍ਰਯੋਜਨ ਵਤੀ ਉਪਾਦਾਨ ਲੱਛਣਾ ਦਾ ਰੂਪ]

ਜਿਹਾਕੁ:-

"ਆਵਤ ਕੀ ਨਾਹੀ ਮਨਿ ਤਨਿ ਵਸਹਿ ਮਖੇ ॥"

ਆਉਂਦਾ ਕਿਉਂ ਨਹੀਂ (ਪ੍ਰਤੱਖ), ਵੱਸਨਾ ਹੈਂ ਮਨ, ਤਨ ਅਤੇ ਮੂੰਹ ਵਿਚ, ਇਹ ਅਨੈ ਅਰਥ ਹੈ।

ਇੱਥੇ ਅਨੈ ਅਰਥ ਆਉਂਦਾ ਕਿਉਂ ਨਹੀਂ ਦਾ ਬਾਧ ਹੋਕੇ, ਹੇ ਕਰਤਾਰ! ਪ੍ਰਤੱਖ ਕਿਉਂ ਨਹੀਂ ਆਉਂਦਾ, ਦਰਸ਼ਨ ਕਿਉਂ ਨਹੀਂ ਦਿੰਦਾ? ਇਸ ਵਿਚ ਧੁਨੀ ਇਹ ਹੈ, ਕਿ ਹੇ ਕਰਤਾਰ! ਤੂੰ ਅਜਿਹਾ ਅਨੰਦ ਤੇ ਅਚਰਜ ਰੂਪ ਹੈਂ ਕਿ ਮਨ ਵਿਚ ਧਿਆਨ ਰੂਪ ਹੋਕੇ, ਤਨ ਵਿਚ ਆਤਮਾ ਰੂਪ ਹੋਕੇ, ਮੁਖ ਵਿਚ ਨਾਮ ਰੂਪ ਹੋਕੇ ਵੱਸਦਾ ਹੈਂ, ਪਰੰਤੂ ਫਿਰ ਅਚਰਜ ਹੈ ਕਿ ਪ੍ਰਤੱਖ ਦਰਸ਼ਨ ਨਹੀਂ ਦਿੰਦਾ ਹੈਂ।

Digitized by Panjab Digital Library | www.panjabdigilib.org

੧੯. ਲੱਛਣ ਲੱਛਣਾ ਦਾ ਲੱਛਣ

ਤਜੈ ਸਬਦ ਨਿਜ ਅਰਥ ਕੋ ਪਰ ਅਨੈ ਸਿਧ ਹੋਤ।
ਜਾਨ ਪਰੈ ਤਹ ਅਰਥ ਕੋ ਲੱਛਣ ਲੱਛ ਬ੍ਰਿੱਤਿ॥

ਸ਼ਬਦ ਆਪਣਾ ਅਰਥ ਛੱਡੇ ਅਤੇ ਹੋਰ ਪਦ ਦੇ ਅਨੈ ਸਬੰਧ ਦੀ ਸਿੱਧੀ ਵਾਸਤੇ ਜਿਸ ਕਰਕੇ ਹੋਰ ਅਰਥ ਜਾਣਿਆਂ ਜਾਵੇ, ਉਥੇ ਉਸ ਨੂੰ 'ਲੱਛਣ ਲੱਛਣਾ' ਦਿਗਬਿਜਈ ਕਵੀ ਕਹਿੰਦੇ ਹਨ।

ਜਿਹਾ ਕ੍ਰ-"ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ।" [ਰਾਮ: ਦ: ਓਅੰਕਾਰ

ਪ੍ਰਮਾਤਮਾਂ ਦੇ ਘਰ ਬੁੱਧੀ ਰੂਪੀ ਬੇਟੀ ਜਿਸਦਾ ਹੰਤਾ ਅਤੇ ਪਦਾਰਥਾਂ ਨਾਲ ਪਜਾਰਦੈ।

ਬਾਬਲ ਪਦ ਦਾ ਬਾਧ ਮੁੱਖ ਅਰਥ ਬਾਧ ਹੋਕੇ ਪ੍ਰਮਾਤਮਾਂ ਅਰਥ ਠਹਿਰਿਆ, ਇੱਕੁਰ ਹੀ ਬੇਟੜੀ ਮੁਖਜਾਰਥ ਬਾਧ ਹੋਕੇ ਬੁੱਧੀ ਅਰਥ ਠਹਿਰਿਆ। ਪੁਨਾ—ਬਾਲੀ ਪਦ ਦਾ ਮੁਖਜਾਰਥ ਬਾਧ ਹੋਕੇ ਹੰਤਾ ਅਰਥ ਠਹਿਰਿਆ, ਇੱਕੁਰ ਹੀ ਬਾਲੇ ਪਦ ਦਾ ਮੁਖਜਾਰਥ ਬਾਧ ਹੋਕੇ ਪਦਾਰਥ ਅਰਥ ਨੇ ਮੁੱਖਤਾ ਪਾਈ, ਇਸ ਲੱਛਣਾ ਬ੍ਰਿਤੀ ਦਾ ਨਾਉਂ ਲੱਛਣ ਲੱਛਣਾ ਹੈ।

ਭੇਦ—ਇਸ ਦੇ ਵੀ ਦੋ ਸਰੂਪ ਹਨ। ਜਿੱਥੇ ਧੁਨੀ ਨਹੀਂ ਨਿਕਲਦੀ, ਓਥੇ ਨਿਰੂਢਾ ਲੱਛਣ ਲੱਛਣਾ ਹੈ। ਜਿੱਥੇ ਧੁਨੀ ਨਿਕਲੇ ਓਥੇ ਪ੍ਰਯੋਜਨਵਤੀ ਲੱਛਣ ਲੱਛਣਾ ਹੈ।

[ਨਿਰੂਢਾ ਲੱਛਣ ਲੱਛਣਾ ਦਾ ਰੂਪ]

ਉੱਪਰਲ ਉਦਾਹਰਣ 'ਬਾਬੁਲ ਕੈ ਘਰਿ ਬੇਟੜੀ' ਇਹ ਨਿਰੂਢਾ ਦੇ ਹੀ ਰੂਪ ਹਨ।

ਪੁਨ: ਜਿਹਾ ਕ੍ਰ:—

"ਰੋਇਲਿ ਆਇਆ ਰੋਇਲੀ ਕਿਆ ਤਿਸੁ ਡੰਫੁ ਪਸਾਰੁ॥" [ਸਿਰੀ ਰਾਗ ਮ: ੫

ਏਥੇ 'ਰੋਇਲ' ਦਾ ਮੁੱਖ ਅਰਥ ਬਾਧ ਹੋਕੇ ਸੰਸਾਰ ਅਰਥ ਹੈ, ਇੱਕੁਰ ਹੀ 'ਰੋਇਲੀ' ਦਾ ਮੁੱਖ ਅਰਥ ਬਾਧ ਹੋਕੇ ਜੀਵ ਅਰਥ ਮੁੱਖ ਹੈ, ਇਸ ਤੇ ਲੱਛਣ ਲੱਛਣਾ ਨਿਰੂਢਾ ਹੈ, ਧੁਨੀ ਨਹੀਂ ਕੱਢੀ ਗਈ।

[ਪ੍ਰਯੋਜਨਵਤੀ ਲੱਛਣ ਲੱਛਣਾ ਦਾ ਰੂਪ]

ਜੈਹਾਕੁ—ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ।

ਵੱਖਰ ਦਾ ਅਰਥ ਮਾਲ, ਤਿਸ ਦਾ ਬਾਧ ਹੋ ਕੇ ਭਜਨ ਸਿਮਰਨ ਮੁਖਜਾਰਥ ਠਹਿਰਿਆ, ਇੱਕੁਰ ਹੀ 'ਆਵੈ ਵਾਰੀ' ਦਾ ਅਰਥ ਵੇਲਾ ਹੈ, ਸੋ ਬਾਧ ਹੋਕੇ ਮੌਤ ਮੁੱਖ ਅਰਥ ਠਹਿਰਿਆ, ਇਸ ਲਈ ਲੱਛਣ ਲੱਛਣਾ। ਧੁਨੀ ਇਸ ਵਿਚ:—ਪ੍ਰਲੋਕਵਿਚ ਬਿਨਾਂ ਭਜਨ ਸਿਮਰਨ ਦੇ ਕੋਈ ਸਹਾਇਕ ਨਹੀਂ, ਇਸ ਲਈ ਨਾਮ ਜਪੋ, ਕਿਸੇ ਵੇਲੇ ਏਥੋਂ ਅੱਸ ਕੂਚ ਕਰਨਾ ਹੈ, ਇਸ ਲਈ ਪ੍ਰਯੋਜਨਵਤੀ ਹੈ।

੨੦. ਸਾਰੋਪਾ ਲੱਛਣਾ ਦਾ ਲੱਛਣ

ਦੋਹਾ—ਜਾਕੋ ਜਹਾਂ ਸੁ ਰਾਖੀਐ ਦੋਊ ਰਹੈਂ ਪ੍ਰਕਾਸ।
ਸਾਰੋਪਾ ਆਰੋਪ ਕੋ ਬਿਖਯ ਆਰੋਪ ਨਿਵਾਸ।
ਸੋਰਠਾ—ਜਹਿਂ ਜਾਕੋ ਆਰੋਪ ਤੇ ਦੋਊਪਦਪਾਈਐ।
ਸਦ੍ਰਿਸ ਬਸਤੁ ਕਹ ਓਪ ਸਾਰੋਪਾ ਸੋ ਲੱਛਣਾ।
ਪੁਨ:—ਰੋਪਜਮਾਨ ਰੋਪਜੇ ਬਿਖੈ ਹੈ ਦੋਊਜਹਿਂ ਠੌਰ।
ਸੋ ਸਾਰੋਪਾ ਲੱਛਣਾ ਕਥਾ ਦੰਦ ਮੁਖ ਕੌਰ।

ਕੋਈ ਵਸਤ ਕਿਸੇ ਵਸਤੂ ਵਿਚ ਰੱਖੀ ਹੋਵੇ, ਪਰੰਤੂ ਰੱਖਣ ਦੀ ਜਗ੍ਹਾ ਅਤੇ ਰੱਖਣ ਦੀ ਵਸਤੂ ਇਹ ਦੋਵੇਂ ਨਾਲ ਹੀ ਹੋਣ, ਉੱਥੇ 'ਸਾਰੋਪਾ ਲੱਛਣਾ' ਕਹੀਦੀ ਹੈ।

ਆਰੋਪ ਦਾ ਵਿਸ਼ਯ ਰੱਖਣੇ ਦੀ ਜਗ੍ਹਾ ਹੈ ਅਤੇ ਆਰੋਪ ਵਸਤੂ ਹੈ, ਜੋ ਆਪਣੇ ਵਿਖਯ ਵਿਚ ਰਹਿੰਦੀ ਹੈ। ਜੀਕੁਰ ਘੜਾ ਅਤੇ ਪਾਣੀ ਇਹ ਦੋਨੋਂ ਵਸਤਾਂ ਵਿਚ ਘੜਾ ਆਰੋਪ ਦਾ ਵਿਖਯ ਹੈ ਅਤੇ ਪਾਣੀ ਆਰੋਪ ਹੈ, ਅਥਵਾ ਚੰਦ੍ ਮੁਖ ਹੈ, ਚੰਦ੍ਮਾਂ ਰੋਪਜਮਾਨ ਹੈ ਅਤੇ ਮੁਖ ਆਰੋਪ ਹੈ।

Digitized by Panjab Digital Library | www.panjabdigilib.org

ਚੰਦ੍ਰਮਾਂ ਵਿਚ ਮੁਖ ਹੈ, ਇਹ ਅਰਥ ਬਾਧ ਦੇਕੇ ਚੰਦ੍ਰਮਾਂ ਜਿਹਾ ਮੁਖ ਹੈ, ਇੱਕੋ ਜਿਹੀ ਵਸਤੂ ਦੀ ਉਪਮਾਂ ਦਾ ਸੰਬੰਧ ਹੈ, ਇਸ ਲਈ ਇਸ ਲੱਛਨਾ ਬ੍ਰਿਤੀ ਨੂੰ 'ਸਾਰੋਪਾ ਲੱਛਣਾ' ਕਹਿੰਦੇ ਹਨ। ਜਿਹਾਕੁ:-

"ਕਵਲ ਨੈਨ ਮਧੁਰ ਬੈਨ ਕੋਟਿ ਸੈਨ
ਸੰਗ ਸੋਭ ॥" [ਸਵ: ਮ: ੪ ਕੇ

ਏਥੇ ਕਵਲ ਰੋਪਮਾਨ ਹੈ ਅਤੇ ਨੇਤ੍ਰ ਆਰੋਪਮਾਨ ਦਾ ਵਿਖਯ ਹਨ,ਅਰਥ-ਕਮਲ ਨੇਤ੍ਰ ਹਨ, ਇਸਤੇ ਤਾਦਾਤਮ ਸੰਬੰਧ ਹੋਣੇ ਤੇ ਸਾਰੋਪਾ ਲੱਛਨਾ ਹੈ । ਤਾਦਾਤਮ ਸੰਬੰਧ ਇਹ ਹੈ:-

[ਤਾਦਾਤਮ ਸੰਬੰਧ ਦਾ ਸਰੂਪ]

ਔਰ ਔਰ ਮਾਨਜੋ ਰਹੈ, ਰਹੈ ਨ ਕਛ ਇਕ ਭੇਦ।
ਸੋ ਤਾਦਾਤਮ ਭਾਂਤਿ ਇਹ ਹਰਿ ਧਨ ਬ੍ਰਹਮ ਸੁਬੇਦ।

ਜਿੱਥੇ ਹੋਰ ਵਸਤੂ ਨੂੰ ਹੋਰ ਕਰਕੇ ਮੰਨਿਆਂ ਜਾਵੇ, ਉਥੇ ਤਾਦਾਤਮ ਸੰਬੰਧ ਕਹੀਦਾ ਹੈ। ਜੀਕਰ ਕੋਈ ਕਹੇ ਹਰੀ ਧਨ ਹੈ, ਬ੍ਰਹਮ ਹੀ ਬੇਦ ਹੈ। ਏਥੇ ਹਰੀ ਇਕ ਹੋਰ ਵਸਤੂ ਹੈ ਅਤੇ ਧਨ ਹੋਰ ਵਸਤੂ ਹੈ। ਇੱਕੁਰ ਹੀ ਬੇਦ ਇਕ ਹੋਰ ਚੀਜ਼ ਹੈ, ਬ੍ਰਹਮ ਇਕ ਹੋਰ ਚੀਜ਼ ਹੈ। ਹਰੀ ਨੂੰ ਧਨ ਅਤੇ ਵੇਦ ਨੂੰ ਬ੍ਰਹਮ ਕਰਕੇ ਮੰਨ ਲੈਣਾ ਹੀ ਤਾਦਾਤਮ ਸੰਬੰਧ ਕਹੀਦਾ ਹੈ। ਜੀਕੁਰ "ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ" ਪੁਨ:-"ਹਰਿ ਹਰਿ ਨਾਮੁ ਵਖਰੁ ਲੈ ਚਲਹੁ" ਤੂੰ ਪਰਮੇਸ਼ੁਰ ਹੋਰ ਚੀਜ਼ ਅਤੇ ਪਿਤਾ, ਮਾਤਾ ਹੋਰ ਚੀਜ਼ ਹਨ, ਪਰੰਤੂ ਇਹ ਮੰਨਣਾ ਹੀ ਤਾਦਾਤਮ ਸੰਬੰਧ ਹੈ।

ਚੇਤਾਵਨੀ-ਲੱਛਣਾ ਬ੍ਰਿਤੀ ਵਿਚ ਸੰਬੰਧ ਅਵੱਸ਼ ਹੁੰਦਾ ਹੈ। ਕਿਤੇ 'ਸਾਦ੍ਰਿਸ' ਸੰਬੰਧ ਹੈ, ਕਿਤੇ 'ਤਾਦਾਤਮ' ਸੰਬੰਧ ਹੈ, ਕਿਤੇ 'ਉਪਨਾਮ ਉਪਮੇਯ ਸੰਬੰਧ' ਹੈ, ਇਹ ਗੱਲ ਜਗ੍ਹਾ ਜਗ੍ਹਾ ਤੇ ਅਵੱਸ਼ ਅੱਗੇ ਵਿਦਮਾਨ ਹੈ।

ਹਰੀ ਹੀ ਧਨ ਹੈ, ਸ਼ਬਦ ਹੀ ਬ੍ਰਹਮ ਹੈ। ਏਥੇ ਹਰੀ ਇਕ ਹੋਰ ਚੀਜ਼ ਸੀ ਉਸ ਨੂੰ ਧਨ ਰੂਪ ਕਰਕੇ ਮੰਨਿਆਂ ਹੈ। ਜੀਕਰ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਅਥਵਾ "ਹਰਿ ਹਰਿ ਨਾਮੁ ਵਖਰੁ ਲੈ ਚਲਹੁ" ਹਰੀ ਦਾ ਨਾਮ ਪਦਾਰਥ ਹੋਰ ਪਦਾਰਥਾਂ ਵਾਂਙੂ ਖਰਚ ਦਾ ਪਦਾਰਥ ਮੰਨਿਆਂ।

ਨਿਰਣੈ-ਜਿੱਥੇ ਰੋਪਮਾਨ ਦਾ ਵਿਖਯ ਅਤੇ ਆਰੋਪ ਦੋਵੇਂ ਪਦਾਂ ਵਿਚ ਵਿਦਮਾਨ ਹੋਣ ਉਥੇ ਸਾਰੋਪਾ ਲੱਛਣਾ ਹੈ, ਪਰੰਤੂ ਜਿਥੇ ਰੋਪਮਾਨਦਾ ਵਿਖਯ ਨਾ ਹੋਵੇ ਅਤੇ ਕੇਵਲ ਆਰੋਪਮਾਨ ਹੀ ਰਹੇ ਓਥੇ 'ਸਾਧਵਸਾਨਾ' ਲੱਛਣਾ ਹੈ।

ਭੇਦ-ਇਸ ਦੇ ਵੀ ਦੋ ਹੀ ਸਰੂਪ ਵਿਦਮਾਨ ਹਨ, ਜਿਸ ਵਿਚੋਂ ਧੁਨਿ ਨਾ ਨਿਕਲੇ ਸੋ 'ਨਿਰੂਢਾ ਸਾਰੋਪਾ ਲੱਛਣਾ' ਹੈ, ਜਿਸ ਵਿਚੋਂ ਧੁਨੀ ਨਿਕਲੇ ਓਹ 'ਪ੍ਰਯੋਜਨਵਤੀ ਸਾਰੋਪਾ ਲੱਛਣਾ' ਕਹੀਦੀ ਹੈ। ਜਿਹਾਕੁ-

[ਨਿਰੂਢਾ ਸਾਰੋਪਾ ਲਛਣਾ ਦਾ ਸਰੂਪ]

ਉਪਰਲਾ ਉਦਾਹਰਣ ਨਿਰੂਢਾ ਦਾ ਹੈ, ਕਿਉਂਕਿ ਧੁਨੀ ਨਹੀਂ ਹੈ।

ਪੁਨ:-ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ
ਤਰਿਆ ਨ ਕੋਇ। [ਸਵ: ਮ: ੪ ਕੇ

ਏਥੇ ਤਾਦਾਤਮ ਸੰਬੰਧ ਹੈ, ਗੁਰੂ ਹੀ ਜਹਾਜ਼ ਹੈ, ਪੁਨ: ਗੁਰੂ ਹੀ ਮਲਾਹ ਹੈ, ਗੁਰੂ ਆਰੋਪ ਦਾ ਵਿਖਯ ਹੈ, ਜਹਾਜ਼ ਰੋਪਮਾਨ ਹੈ, ਧੁਨੀ ਇਸ ਵਿਚ ਕੋਈ ਨਹੀਂ, ਇਸ ਲਈ 'ਨਿਰੂਢਾ ਸਾਰੋਪਾ' ਹੈ।

[ਪ੍ਰਯੋਜਨ ਵਤੀ ਸਾਰੋਪਾ ਲੱਛਣਾ ਦਾ ਸਰੂਪ]

ਜੇਹਾਕੁ-

ਇਹੁ ਧਨੁ ਮੇਰੇ ਹਰਿ ਕੋ ਨਾਉ ॥ ਗਾਂਠਿ
ਨ ਬਾਧਉ ਬੇਚਿ ਨ ਖਾਉ ॥੧ ॥ ਰਹਾਉ॥

Digitized by Panjab Digital Library | www.panjabdigilib.org

ਨਾਉ ਮੇਰੋ ਖੇਤੀ ਨਾਉ ਮੇਰੋ ਬਾਰੀ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥ ੧ ॥ ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ ॥ ੨ ॥ ਨਾਉ ਮੇਰੋ ਬੰਧਿਪ ਨਾਉ ਮੇਰੇ ਭਾਈ ॥ ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ ॥ ੩ ॥ ਮਾਇਆ ਮਹਿ ਜਿਸੁ ਰਖੈ ਉਦਾਸੁ॥ ਕਹਿ ਕਬੀਰ ਹਉ ਤਾਕੋ ਦਾਸੁ ॥ ੪ ॥

[ਭੈਰਉ ਕਬੀਰ ਜੀ

ਏਥੇ ਨਾਮ ਹਰੀ ਦਾ ਰੋਪਮਾਨ ਹੈ ਅਤੇ ਧਨ ਰੋਪਮਾਨ ਦਾ ਵਿਖਯ ਹੈ, ਨਾਮ ਵਿਚ ਧਨ ਹੈ, ਇਹ ਅਰਥ ਬਾਧ ਹੋਕੇ ਨਾਮ ਹੀ ਧਨ ਹੈ, ਇਸ ਅਰਥ ਨੇ ਮੁੱਖਤਾ ਪਾਈ। ਇੱਕੁਰ ਹੀ ਸਾਰੇ ਸ਼ਬਦ ਵਿਚ ਖੇਤੀ, ਬਾੜੀ, ਮਾਇਆ, ਪੂੰਜੀ, ਬੰਧਪ, ਭਾਈ ਆਦਿਕ ਸਾਰੇ ਰੋਪਮਾਨ ਦਾ ਵਿਖਯ ਹਨ ਅਤੇ ਨਾਮ ਭਗਤੀ ਰੋਪਮਾਨ ਹਨ, ਜੋ ਤਾਦਾਤਮ ਸੰਬੰਧ ਕਰਕੇ ਸਾਦੇਪਾ ਲੱਛਣਾ ਹੈ। ਏਨੀ ਵਿਚੋਂ ਇਹ ਨਿਕਲਦੀ ਹੈ ਕਿ ਮਾਇਕ ਪਦਾਰਥਾਂ ਦੇ ਹੁੰਦਿਆਂ ਵੀ ਨਾਮ ਅਤੇ ਭਗਤੀ ਕਰਕੇ ਉਦਾਸ (ਨਿਰਲੇਪ) ਰਹਿੰਦੇ ਹਨ ਭਗਤ ਜਨ, ਇਸ ਲਈ ਪ੍ਰਯੋਜਨਵਤੀ ਹੈ।

੨੧. 'ਸਾਧਵਸਾਨਾ ਲੱਛਣਾ' ਦਾ ਲੱਛਣ

ਆਰੋਪਤ ਪਦ ਕੀਜੈ ਏਕ।
ਸਾਧਵਸਾਨਾ ਕਹਿ ਸ ਬਿਬੇਕ।

ਰੋਪਮਾਨ ਜਹਿੰ ਰਹਤ ਹੈ ਰੋਪ ਬਿਖਯ ਨਹਿ ਹੋਇ।
ਰੋਪ ਬਿਖਯ ਜਾਨਜੇ ਪਰੈ ਸਾਧਵਸਾਨਾ ਸੋਇ॥

ਜਿੱਥੇ ਆਰੋਪਮਾਨ ਹੋਵੇ ਅਤੇ ਆਰੋਪਮਾਨ ਦਾ ਬਿਖਯ ਨਾ ਹੋਵੇ, ਪਰੰਤੂ ਰੋਪਜ ਦਾ ਬਿਖਯ ਪ੍ਰਤੀਤ ਹੁੰਦਾ ਰਹੇ ਉਥੇ 'ਸਾਧਵਸਾਨਾ' ਕਹਿੰਦੇ ਹਨ।

ਜੈਹਾਕੁ-"ਭਰਵਰੁ ਏਕੁ ਅਨੰਤ ਭਾਰ ਸਾਖਾ ਪੁਹਪ ਪਤ੍ ਰਸ ਭਰੀਆ ॥" [ਰਾਮ: ਕਬੀਰ

ਏਥੇ ਬ੍ਰਿਛ, ਡਾਲੇ, ਟਾਹਣੀਆਂ, ਫੁਲ, ਪੱਤੇ, ਮਕਰੰਦ ਆਦਿ ਪਦ ਰੋਪਜਮਾਨ ਹਨ, ਪਰੰਤੂ ਰੋਪ ਦਾ ਬਿਖਯ ਬੈਰਾਟ, ਬ੍ਰਹਮਾ, ਬਿਸ਼ਨੂੰ ਆਦਿ ਦੇਵਤਾ, ਜੀਵ, ਕਰਮ, ਚੈਤਨਾ ਆਦਿਕ ਨਹੀਂ ਹਨ, ਪਰੰਤੂ ਜਾਣੇ ਜਾਂਦੇ ਹਨ। ਜੀਕਰ ਬੈਰਾਟ (ਬ੍ਰਹਮਾਂਡ) ਰੂਪੀ ਬ੍ਰਿਛ ਦੇ ਡਾਲੇ ਬ੍ਰਹਮਾਦਿਕ ਦੈਵਤੇ ਹਨ ਅਤੇ ਟਾਹਣੀਆਂ ਸੂਰਜ, ਚੰਦ੍ ਇੰਦ੍ ਆਦਿਕ ਹਨ ਅਤੇ ਬਿਅੰਤ ਹੀ ਜੀਵ ਜੰਤੂ ਪੱਤੇ ਹਨ, ਜਿੱਥੇ ਸ਼ੁਭ ਅਸ਼ੁਭ ਕਰਮਾਂ ਰੂਪੀ ਫੁੱਲ ਖਿੜਦੇ ਹਨ, ਪਰੰਤੂ ਇਕ ਚੇਤਨ ਸੱਤਾ ਰੂਪੀ ਰਸ (ਮਕਰੰਦ) ਕਰਕੇ ਭਰਪੂਰ ਹਨ, ਇਸ ਲਈ ਇਸ ਲੱਛਣਾ ਬ੍ਰਿਤੀ ਨੂੰ 'ਸਾਧਵਸਾਨਾ' ਲਛਣਾ ਕਹਿੰਦੇ ਹਨ।

ਭਵਰੁ ਏਕੁ ਪੁਹਪ ਰਸਬੀਧਾ ਬਾਰਹ ਲੇ ਉਰ ਧਰਿਆ ॥ ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ ॥੨॥ ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥ ਕਹਿ ਕਬੀਰ ਹਉ ਤਾਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥

[ਰਾਮ: ਕਬੀਰ

ਏਥੇ ਵੀ ਭਵਰ, ਪੁਹਪ, ਬਾਰਹ, ਸੋਰਹ, ਝਕੋਰਿਆ, ਆਕਾਸ, ਫਲ ਆਦਿਕ ਸੱਭੇ ਰੋਪਜਮਾਨ ਹਨ, ਪਰੰਤੂ ਰੋਪਜਮਾਨ ਦਾ ਵਿਖਯ ਜੀਵ, ਕਰਮ, ਦ੍ਵਾਦਸ਼ ਦਲ ਚੱਕ੍ਰ, ਸੋਲਾਂ ਦਲ ਚੱਕ੍ਰ, ਇਸਥਿਤੀ, ਦਸਵਾਂ ਦ੍ਵਾਰ, ਆਨੰਦ ਵਾ ਸਮਾਧੀ ਆਦਿਕ ਨਹੀਂ ਹਨ, ਪਰੰਤੂ ਜਾਣੇ ਜਾਂਦੇ ਹਨ, ਜੀਕਰ ਅਰਥ ਹੈ:—ਭੈਰਾ ਰੂਪੀ ਜੀਵ ਕਰਮਾਂ ਰੂਪੀ ਫੁੱਲਾਂ ਨਾਲ ਬੱਝਾ ਹੋਇਆ ਹੈ, ਪਰੰਤੂ ਜਦ ਹੋਰ ਕਰਮਾਂ ਤੋਂ ਉਪੰਤ ਦ੍ਵਾਦਸ਼ ਦਲ ਵਾਲੇ ਕਮਲ ਚੱਕ੍ਰ ਵਿਚ ਪਵਨ ਠਹਿ-

Digitized by Panjab Digital Library | www.panjabdigilib.org

ਰਾਇਆ, ਤਿਸਦੇ ਉਪੰਤ ਸੋਲਾਂ ਦਲ ਵਾਲੇ ਕਮਲ ਚੱਕ੍ਰ ਵਿਚ ਪਵਨ ਠਹਿਰਾਈ ਤਾਂ ਅਕਾਸ਼ ਰੂਪੀ ਦਸਮ ਦ੍ਵਾਰ ਵਿਚ ਅਫੁਰ ਸਮਾਧੀ ਦਾ ਫਲ ਫਲਿਆ, ਉਸ ਸ਼ਾਂਤਮਈ ਅਫੁਰ ਸਮਾਧੀ ਵਿਚ ਹਰੀ ਰੂਪ ਬ੍ਰਹ ਪ੍ਰਗਟ ਹੋਇਆ, ਜਿਸਨੇ ਅੰਤਹਕਰਨ ਦੀਆਂ ਪਦਾਰਥਕ ਵਾਸ਼ਨਾਂ ਰੂਪੀ ਜਲ ਖਿੱਚ ਲਿਆ।

ਨਿਰਣੈ—ਰੋਪ ਅਤੇ ਰੋਪਮਾਨਾਂ ਦਾ ਵਿਖਯ ਦੋਵੇਂ ਪਦ ਹੋਣ ਤਾਂ 'ਸਾਰੋਪਾ', ਜੇ ਨਿਰਾ ਆਰੋਪ ਹੀ ਹੋਵੇ ਤਾਂ 'ਸਾਧਵਸਾਨਾ' ਹੈ।

ਭੇਦ—ਭਾਵੇਂ ਇਸਦੇ ਬਾਹਲੇ ਭੇਦ ਹਨ, ਪਰੰਤੂ ਮੁੱਖਜ ਭੇਦ ਦੋ ਹੀ ਹਨ। ਜਿੱਥੇ ਧੁਨਿ ਨਹੀਂ ਹੋਵੇ ਓਥੇ 'ਨਿਰੂਢਾ' ਸਾਧਵਸਾਨਾ ਲੱਛਣਾ' ਹੈ ਅਤੇ ਜਿੱਥੇ ਧੁਨੀ ਨਿਕਲੇ ਓਥੇ 'ਪ੍ਰਯੋਜਨਵਤੀ ਸਾਧਵਸਾਨਾ' ਹੈ।

ੳ. [ਨਿਰੂਢਾ ਸਾਧਵਸਾਨਾ ਲਛਣਾਂ ਦਾ ਸਰੂਪ]

ਉੱਪਰਲਾ ਉਦਾਹਰਨ ਨਿਰੂਢਾ ਦਾ ਹੈ, ਕਿਉਂਕਿ ਉਸ ਵਿਚੋਂ ਧੁਨੀ ਨਹੀਂ ਕੱਢੀ।

ਪੁਨ:—ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥ ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥੧੫੨॥ [ਸਲੋ: ਕ:

ਇੜਾ ਪਿੰਗਲਾ ਦੇ ਵਿਚਕਾਰ ਸੁਖਮਨਾ ਦੇ ਵਿੱਚ ਕਬੀਰ ਨੇ ਇਸਥਿਤੀ ਕੀਤੀ ਹੈ, ਜਿਸ ਦਾ ਰਸਤਾ ਮੁਨੀ ਲੋਕ ਵੀ ਢੂੰਡਦੇ ਹਨ। ਗੰਗਾ ਜਮਨਾ ਦਾ ਅੰਤਰ ਸੁੰਨ ਸਹਿਜ ਦਾ ਘਾਟ ਤੇ ਮਟ ਇਹ ਸੱਭੇ ਆਰੋਪਮਾਨ ਹਨ।

ਇੜਾ, ਪਿੰਗਲਾ, ਸੁਖਮਨਾ, ਇਸਥਿਤੀ ਇਹ ਸਾਰੇ ਪਦ ਆਰੋਪ ਦਾ ਵਿਸ਼ਯ ਹਨ, ਪਰੰਤੂ ਉੱਪਰਾਂ ਜਾਣੇ ਜਾਂਦੇ ਹਨ, ਧੁਨੀ ਇਸ ਵਿਚ ਕੋਈ ਨਹੀਂ, ਇਸ ਲਈ 'ਨਿਰੂਢਾ ਸਾਧਵਸਾਨਾ ਲੱਛਨਾ' ਹੈ।

ਅ. [ਪ੍ਰਯੋਜਨਵਤੀ ਸਾਧਵਸਾਨਾ ਲੱਛਣਾ]

ਜਿਹਾ ਕੁ:—

ਕਬੀਰ ਥੋਰੈ ਜਲਿ ਮਾਛੁਲੀ ਝੀਵਰ ਮੇਲਿਓ ਜਾਲੁ॥ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ ॥੪੯॥ [ਸਲੋਕ ਕਬੀਰ ਜੀ

ਥੋੜ੍ਹੇ ਰਹਿੰਦੇ ਸ੍ਵਾਸ, ਇਸ ਜੀਵ ਦੇ ਤਿਸ ਪਰ ਕਾਲ ਨੇ ਮੋਹ ਵਾ ਮੌਤ ਦਾ ਜਾਲ ਪਾਇਆ ਹੋਇਆ ਹੈ, ਇਸ ਦੇਹ ਰੂਪੀ ਟੋਏ ਵਿਚ ਨਹੀਂ ਛੁਟ ਸਕਦਾ, ਇਸ ਲਈ ਪਰਮੇਸ਼ੁਰ ਰੂਪ ਸਮੁੰਦਰ ਜਿਸਤੋਂ ਨਿਖੜਿਆ ਹੈ, ਓਸੇ ਨੂੰ ਸੰਭਾਲ, ਚੇਤੇ ਕਰ। ਇਸ ਵਿਚ ਨਿਰਾ ਰੋਪਮਾਨ ਹੀ ਹੈ, ਧੁਨੀ ਪ੍ਰਗਟ ਹੈ, ਬਿਨਾਂ ਪਰਮੇਸ਼ੁਰ ਭਜਨ ਤੇ ਆਵਾਗੌਣ ਤੋਂ ਛੁਟਕਾਰਾ ਨਹੀਂ, ਇਸ ਲਈ ਨਾਮ ਜਪੋ। ਇਸੇ ਵਾਸਤੇ ਇਸਨੂੰ 'ਪ੍ਰਯੋਜਨ ਵਤੀ ਸਾਧਵਸਾਨਾਂ ਲਛਣਾ' ਕਹਿੰਦੇ ਹਨ*।

੨੨. ਗੌਣੀ ਲੱਛਣਾ ਦਾ ਲੱਛਣ।

ਜਹਾਂ ਬਰਾਬਰ ਕੋ ਸੰਬੰਧ।
ਤਾਂਕੋ ਗੌਣੀ ਕਹਤ ਪ੍ਰਬੰਧ।

ਜਿੱਥੇ ਗੁਣਾਂ ਦਾ ਸੰਬੰਧ ਹੋਵੇ ਓਥੇ ਹੀ ਗੌਣੀ ਲੱਛਣਾ ਪ੍ਰਬੰਧਾਕਾਰ ਕਹਿੰਦੇ ਹਨ। ਜੀਕੁਰ:—

"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ।"

ਚਰਨਾਂ ਅਤੇ ਕਮਲਾਂ ਦਾ ਆਪੋ ਵਿਚ ਗੁਣਾਂ ਦਾ ਸੰਬੰਧ ਹੈ। ਜੀਕੁਰ ਚਰਨ ਕੋਮਲ, ਤੀਕੁਰ ਕਮਲ ਕੋਮਲ। ਜੀਕੁਰ ਕਮਲ ਲਾਲ ਰੰਗ ਦੇ

---

*ਇਸਦਾ ਭਾਵ ਐਉਂ ਬੀ ਲੈਂਦੇ ਹਨ:— ਥੋਰੈਜਲ=ਪਦਾਰਥ ਜੇ ਰਹਿਣੇ ਨਹੀਂ। ਟੋਘਨੈ= ਮੂਰਤੀਆਂ ਤੇ ਹੋਰ ਦੇਵ, ਜਿਨ੍ਹਾਂ ਦੀ ਤੂੰ ਪੂਜਾ ਕਰਦਾ ਹੈਂ। ਪਰੰਤੂ ਸਮੁੱਚੇ ਦਾ ਭਾਵ ਉਹੋ ਹੀ ਹੈ, ਜੋ ਉਪਰ ਦਿੱਤਾ ਹੈ ਤਾਂਤੇ ਲੱਛਨਾ ਬੀ ਉਹੋ ਹੈ ਜੋ ਉਪਰ ਕਹੀ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਤੀਕੁਰ ਚਰਨ ਭੀ ਲਾਲ, ਇੱਕੁਰ ਪਰਸਪਰ ਗੁਣਾਂ ਦੇ ਸੰਬੰਧ ਹੋਣੇ ਕਰਕੇ ਚਰਨ ਕਮਲ ਕਹਿਣੇਤੇ ਗੌਣੀ ਲੱਛਣਾ ਸਿੱਧ ਹੋਈ। ਯਥਾ:—

"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ
ਕਉ ਹੋਇ ਜਾਤੇ ਤੇਰੈ ਨਾਇ ਵਾਸਾ ॥"

[ਧਨਾਸਰੀ ਮ:੧

ਕ੍ਰਿਪਾ ਅਤੇ ਜਲ ਦੇ ਗੁਣ ਸ਼ਾਂਤੀ ਦਾ ਸੰਬੰਧ, ਇਕੁਰ ਹੀ ਨਾਨਕ ਅਤੇ ਸਾਰਿੰਗ ਦਾ ਤ੍ਰਿਖਾਤੁਰ ਗੁਣ ਦਾ ਸੰਬੰਧ ਹੈ,ਇਸ ਬਰਾਬਰ ਦੇ ਸੰਬੰਧ ਹੋਣੇ ਤੇ ਗੌਣੀ ਲੱਛਣਾ ਕਹੀਦੀ ਹੈ।

ਨਿਰਣੈ—ਗੌਣੀ ਲੱਛਣਾ ਵਿਚ ਗੁਣਾਂ ਦੇ ਇੱਕੋ ਜਿਹੇ ਸੰਬੰਧ ਹੋਣੇ ਤੇ ਗੌਣੀ ਲੱਛਣਾ ਹੈ, ਪਰੰਤੂ ਜਿੱਥੇ ਜਾਤ ਜਾਤੀ, ਅੰਗ ਅੰਗੀ, ਤਟਸਥ ਆਦਿਕ ਸੰਬੰਧ ਹੋਣ ਓਥੇ ਸੁਧਾ ਲੱਛਨਾ ਕਹੀਦੀ ਹੈ।

ਭੇਦ—ਮੁੱਖ ਭੇਦ ਦੋ ਹੀ ਹਨ, ਜਿਸ ਵਿਚੋਂ ਧੁਨਿ ਨਾ ਨਿਕਲੇ ਸੋ'ਨਿਰੂਢਾ ਗੌਣੀ ਲੱਛਨਾ' ਹੈ, ਜਿਸ ਵਿਚੋਂ ਧੁਨਿ ਨਿਕਲੇ ਉਸਨੂੰ 'ਪ੍ਰਯੋਜਨਵਤੀ ਗੌਣੀ ਲੱਛਣਾ' ਕਹਿੰਦੇ ਹਨ।

ੳ. [ਨਿਰੂਢਾ ਗੌਣੀ ਲਛਣਾ ਦਾ ਸਰੂਪ]

ਜਿਹਾਕੁ ਉੱਪਰ ਕਥਨ ਹੋ ਚੁਕਾ ਹੈ ਚਰਨ ਕਮਲ ਇਸ ਵਿਚ ਬਰਾਬਰ ਦਾ ਸੰਬੰਧ ਤਾਂ ਹੈ,ਪਰੰਤੂ ਧੁਨਿ ਕੋਈ ਨਹੀਂ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਮਾਝ ਮਃ ੫

ਮਨ ਅਤੇ ਚਾਤ੍ਰਿਕ ਵਿਚ ਪਿਆਸ ਅਤੇ ਵਿਰਲਾਪ ਸਦ੍ਰਿਸ਼ ਗੁਣ ਹਨ, ਚਾਤ੍ਰਿਕ ਅਤੇ ਮਨ ਦੋਹਾਂ ਦਾ ਮੁਖਜਾਰਥ ਬਾਧ ਹੋਕੇ ਦਰਸ਼ਨ ਦੀ ਤਾਂਘ ਅਰਥ ਨੇ ਮੁੱਖਤਾ ਪਾਈ, ਇਸ ਤੇ ਗੌਣੀ ਲੱਛਨਾ ਹੈ, ਧੁਨੀ ਕੋਈ ਨਹੀਂ ਕੱਢੀ ਗਈ ਇਸਤੇ 'ਨਿਰੂਢਾ' ਹੈ।

ਅ. [ਪ੍ਰਯੋਜਨਵਤੀ ਗੌਣੀ ਲਛਣਾ ਦਾ ਸਰੂਪ]

ਜਿਹਾਕੁ:—

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥

ਏਥੇ ਹਰਣ ਵਰਗੀਆਂ ਅੱਖੀਆਂ ਵਾਲੀਏ ਇਹ ਅਰਥ ਬਾਧ ਹੋਕੇ, ਜੀਕੁਰ ਹਰਣ ਦੂਰੋਂ ਸ਼ਿਕਾਰੀ ਨੂੰ ਦੇਖਕੇ ਭਜ ਜਾਂਦਾ ਹੈ, ਤਿਵੇਂ ਹੇ ਇਸਤ੍ਰੀ (ਜਗਜਾਸੂ)ਤੂੰ ਜੋ ਦੀਰਘ ਦ੍ਰਿਸ਼ਟੀ ਵਾਲੀ ਹੈਂ ਸੁਣ ਲੈ, ਭੇਦ ਦਾ (ਗੂੜ੍ਹਾ) ਬਚਨ ਬਿਅੰਤ ਪਰਮੇਸ਼ੁਰ ਦਾਹਰਨ ਅਤੇ ਜਗਜਾਸੂ ਦੀ ਦੀਰਘ ਦ੍ਰਿਸ਼ਟੀ ਵਿਚ ਸਦ੍ਰਿਸ਼ ਗੁਣ ਹੋਣੇ ਤੇ ਗੌਣੀ ਲੱਛਨਾ। ਧੁਨੀ ਇਸ ਵਿਚ ਇਹ ਹੈ ਕਿ ਦੀਰਘ ਵਿਚਾਰ ਕਰਕੇ ਦੇਖ, ਉਸ ਅਪਾਰ ਦੀ ਗੂੜ੍ਹਤਾ ਕਿਸ ਤਰ੍ਹਾਂ ਸਫੁਟਨ ਰੂਪ ਹੋਕੇ ਸਾਰੇ ਬਜਾਪਕ ਹੈ ਫਿਰ ਸ਼ੱਕ ਸ਼ਿੱਤ੍ਰ ਆਦਿਕ ਪ੍ਰਤੀਤ ਹੁੰਦੇ ਹਨ, ਇਸਤੇ 'ਪ੍ਰਯੋਜਨ ਵਤੀ' ਹੈ।

੨੩. ਸੁਧਾ ਲੱਛਣਾ ਦਾ ਲੱਛਣ।

ਕਾਰਨ ਕਾਰਜ ਕੋ ਸਨਬੰਧ।
ਜਾਤ ਜਾਤੀ ਵਾ ਅੰਗੀ ਅੰਗ।
ਤਟ ਸੰਬੰਧ ਆਦਿ ਜਹਿੰ ਹੋਇ।
ਸੁਧਾ ਇਨੋ ਮੈ ਬਰਤਤ ਜੋਇ।

ਜਿੱਥੇ ਕਾਰਨ ਅਤੇ ਕਾਰਜ ਦਾ ਸੰਬੰਧ ਹੋਵੇ ਅਥਵਾ ਜਾਤ ਜਾਤੀ ਦਾ ਸੰਬੰਧ ਹੋਵੇ, ਅਥਵਾ ਅੰਗ ਅੰਗੀ ਦਾ ਸੰਬੰਧ ਵਰਤਦਾ ਹੋਵੇ, ਯਾ ਤਟ ਸੰਬੰਧ ਹੀ ਵਿਦਮਾਨ ਹੋਵੇ ਉਥੇ ਸੁਧਾ ਲੱਛਣਾ ਕਹੀਦੀ ਹੈ।

ਇਹ ਲੱਛਣਾ ਹੋਰਨਾਂ ਲੱਛਣਾ ਨਾਲ ਮਿਲੀ ਹੋਈ ਅਵੱਸੋਂ ਵਰਤਮਾਨ ਹੁੰਦੀ ਹੈ, ਲੱਛਣ ਲੱਛਣਾ, ਉਪਾਦਾਨ,ਸਾਰੋਪਾ,ਸਾਧਯ-ਸਾਨਾ ਆਦਿਕਾਂ ਨਾਲ। ਜਿਹਾਕੁ:—

"ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੈ ॥"

[ਸੋਰਠ ਵਾਰ ਮਃ ੨

Digitized by Panjab Digital Library | www.panjabdigilib.org

ਨੱਕ ਵਿਚ ਨੱਥ ਅਰਥ ਦਾ ਬਾਧ ਹੋਕੇ ਪ੍ਰਾਰਬਧ ਅਰਥ ਠਹਿਰਿਆ, ਉਸ ਪ੍ਰਾਰਬਧ ਅਨੁਸਾਰ ਦਾਣੇ ਖਾਣੇ, ਭੋਗ ਭੋਗਣੇ, ਪ੍ਰਾਰਬਧ ਕਾਰਨ ਭੋਗ ਭੁਗਤਣੇ ਕਾਰਜ, ਇਸ ਕਾਰਨ ਕਾਰਜ ਸੰਬੰਧ ਤੇ ਸੁਧਾ ਹੈ।

ਪੁਨਾ–"ਕਰਮਹਿ ਅੰਮ੍ਰਿਤੁ ਆਣਿ ਨਿਸਾਰਿਓ॥
ਖਿਸਰਿ ਗਇਓ ਭੂਮ ਪਰਿ ਡਾਰਿਓ॥"
[ਆਸਾ ਮਃ ੫

ਹੱਥ ਵਿਚ ਅੰਮ੍ਰਿਤ ਲਿਆ ਪਾਇਆ, ਇਹ ਅਰਥ ਬਾਧ ਹੋਕੇ ਹੁਰ ਉਪਦੇਸ਼ ਕੰਨਾਂ ਵਿਚ ਪਾਇਆ ਤਾਂ ਸਹੀ ਇਸ ਅਰਥ ਨੇ ਮੁੱਖਤਾ ਪਾਈ, ਪਰੰਤੂ ਭੁੱਲ ਗਿਆ, ਅਰਥਾਤ ਭੂਮਿ ਜੜ੍ਹਤਾ ਯਾ ਅਗਜਾਨਤਾ ਕਰਕੇ ਵੀਟਿਆ ਗਿਆ। ਇਥੇ ਕਾਰਨ ਕਾਰਜ ਸੰਬੰਧ ਹੈ, 'ਅਗਜਾਨ' ਕਾਰਨ 'ਭੁੱਲ ਜਾਣਾ' ਕਾਰਜ ਹੈ।

ਚੇਤੇ ਰਹੇ ਕਿ ਇਹ ਸਾਰੋਪਾ ਵੀ ਬਣ ਸਕਦੀ ਹੈ, ਹੱਥ ਰੋਪਮਾਨ ਦਾ ਵਿਖਯ ਹੈ ਅਤੇ ਅੰਮ੍ਰਿਤ ਰੋਪਮਾਨ ਹੈ, ਪਰੰਤੂ ਮੁਖਤਾ ਏਥੇ ਕਾਰਨ ਕਾਰਜ ਦੇ ਸੰਬੰਧ ਕਰਕੇ 'ਸੁਧਾ' ਦੀ ਜਾਨਣੀ।

ਨਿਰਣੈ–'ਸੁਧਾ' ਵਿਚ ਕਾਰਨ ਕਾਰਜ, ਅੰਗ ਅੰਗੀ ਆਦਿਕ ਸੰਬੰਧ ਪ੍ਰਧਾਨ ਹੈ। ਪਰੰਤੂ ਗੌਣੀ ਵਿਚ ਗੁਣਾਂ ਦੇ ਸਦ੍ਰਿਸ਼ ਸੰਬੰਧ ਦੀ ਮੁਖਤਾ ਹੁੰਦੀ ਹੈ।

ਭੇਦ ਇਸਦੇ ਵੀ ਮੁੱਖਤਾ ਕਰਕੇ ਦੋ ਹੀ ਵਿਦਮਾਨ ਹਨ, ਜਿਸ ਵਿਚੋਂ ਧੁਨਿ ਨਾ ਨਿਕਲੇ ਓਥੇ 'ਨਿਰੂਢਾ ਸੁਧਾ ਲੱਛਨਾ' ਹੈ, ਜਿੱਥੇ ਧੁਨਿ ਨਿਕਲੇ ਓਥੇ 'ਪ੍ਰਯੋਜਨ ਵਤੀ ਸੁਧਾ ਲੱਛਨਾ' ਹੈ।

ੳ. [ਨਿਰੂਢਾ ਸੁਧਾ ਲਛਨਾਂ ਦਾ ਸਰੂਪ]

ਉੱਪਰਲੇ 'ਉਦਾਹਰਨ ਨਿਰੂਢਾ ਦੇ ਹਨ, ਕਿਉਂਕਿ ਧੁਨੀ ਨਹੀਂ ਕੱਢੀ ਗਈ। ਜਿਹਾ ਕੁ:–

ਸਭੁ ਕੋ ਨਥੈ ਨਥਿਆ ਬਖਸੈ ਤੋੜੇ ਨਥ॥
[ਵਾਰ ਮਲਾ: ਮ: ੧

ਏਥੇ ਵੀ ਪ੍ਰਾਰਬਧ* 'ਕਾਰਨ' ਹੈ, 'ਨੱਥ ਕਰਕੇ ਬੱਧਾ ਹੋਇਆ' ਕਾਰਜ ਹੈ, ਧੁਨੀ ਨਹੀਂ ਕੱਢੀ ਇਸ ਤੇ ਨਿਰੂਢਾ।

ਪੁਨ:–ਚੇਰੀ ਤੈ ਸੁਮਤਿ ਕਹਾਂ ਤੇ ਪਾਈ॥
ਜਾਤੇ ਭ੍ਰਮ ਕੀ ਲੀਕ ਮਿਟਾਈ॥
[ਸੋਰ: ਕਬੀਰ ਜੀ

ਏਥੇ ਸੁਮਤੀ ਕਾਰਣ ਹੈ, ਭ੍ਰਮ ਦੀ ਲੀਕ ਜੋ ਜਨਮਾਂਤ੍ਰਾਂ ਤੋਂ ਨਾਲ ਸੀ ਮਿਟਾਈ ਕਾਰਜ ਹੈ, ਇਸ ਸੰਬੰਧ ਤੇ ਸੁਧਾ ਹੈ। ਧੁਨੀ ਕੋਈ ਨਹੀਂ, ਇਸ ਤੇ 'ਨਿਰੂਢਾ'।

ਅ. [ਪ੍ਰਯੋਜਨਵਤੀ ਸੁਧਾ ਲਛਨਾ ਦਾ ਸਰੂਪ]

ਜਿਹਾ ਕੁ:–

ਪਾਰਿ ਸਾਜਨੁ ਅਪਾਰੁ ਪ੍ਰੀਤਮੁ
ਗੁਰ ਸਬਦ ਸੁਰਤਿ ਲੰਘਾਵਏ॥
[ਤੁਖਾਰੀ ਮਃ ੧

ਏਥੇ ਪਾਰ, ਸੰਸਾਰ ਦੇ ਪਾਰ ਉਤਾਰ ਤੋਂ ਰਹਿਤ ਉਹ ਸਜਨ ਹੈ, ਲੱਛਨਾ ਬ੍ਰਿਤੀ ਕਰਕੇ ਆਪ ਉਤਾਰ ਦੇ ਕੰਢੇ ਤੇ ਖਲੇ ਹੋਏ ਬਚਨ ਕਰ ਰਹੇ ਹਨ, ਇਸ ਲਈ ਇਹ ਤਟਸਥ ਸੁਧਾ ਲੱਛਣਾ ਹੈ। ਧੁਨੀ ਇਸ ਦੇ ਮੂਲ ਵਿਚ ਹੀ ਪ੍ਰਗਟ ਪਈ ਹੋਈ ਹੈ ਕਿ ਗੁਰੂ ਸ਼ਬਦ ਦੀ ਸੁਰਤ ਕਰਨੇ ਤੇ ਪਾਰ ਲੰਘਾਉਂਦਾ ਹੈ, ਇਸ ਤੇ 'ਪ੍ਰਯੋਜਨਵਤੀ' ਹੈ।

੨੪. 'ਉਪਾਦਾਨ ਲੱਛਣਾ ਸਾਰੋਪਾ' ਬਰਨਨ।

ਉਪਾਦਾਨ ਸਾਰੋਪ ਮਿਲ, ਦੋ ਹੈ ਏਕ ਲਖਾਤ॥ ਜਿਮ ਘਨ ਮੈਂ ਜਲ ਹਿਮ ਉਪਲ, ਪੁਨ ਪ੍ਰਤਿ ਭੇਦ ਜਨਾਤ॥

ਕਈ ਵੇਰ ਲੱਛਨਾ ਆਪਸ ਵਿਚ ਮਿਲ ਜਾਂਦੀਆਂ ਹਨ, ਫਿਰ ਲੱਛਨਾ ਆਪਸ ਵਿਚ ਮਿਲਕੇ ਵਿਸ਼ੇਸ਼ ਚਮਤਕਾਰ ਦਿਖਾਉਂਦੀਆਂ

*'ਮਾਯਾ' ਬੀ ਅਰਥ ਲਾ ਲੈਂਦੇ ਹਨ।

Digitized by Panjab Digital Library | www.panjabdigilib.org

ਹਨ, ਉਪਾਦਾਨ ਅਤੇ ਸਾਰੋਪਾ ਲੱਛਨਾ ਆਪੋ ਵਿਚਦੀ ਮਿਲਕੇ ਇਕ ਰੂਪ ਹੋ ਜਾਂਦੀਆਂ ਹਨ, ਪਰੰਤੂ ਦੋਹਾਂ ਦੇ ਚਮਤਕਾਰੇ ਇੱਕੁਰ ਪ੍ਰਤੀਤ ਹੁੰਦੇ ਹਨ, ਜੀਕੁਰ ਬੱਦਲ ਵਿਚੋਂ ਪਾਣੀ ਦੀਆਂ ਬੂੰਦਾਂ ਅਤੇ ਗੜੇ ਆਪੋ ਆਪਣੇ ਸਰੂਪਾਂ ਵਿਚ ਵਿਦਮਾਨ ਹੁੰਦੇ ਹਨ।

ਜਿੱਥੇ ਆਰੋਪ ਦਾ ਵਿਖਯ ਅਤੇ ਆਰੋਪਮਾਨ ਵੀ ਹੋਵੇ, ਇੱਕੁਰ ਹੀ ਅਰਥ ਦਾ ਬਾਧ ਹੋਕੇ ਅਰਥ ਨਾਲ ਵੀ ਲੱਗਾ ਰਹੇ ਤਾਂ ਉਥੇ 'ਉਪਾਦਾਨ ਲੱਛਣਾ ਸਾਰੋਪਾ' ਕਹੀਦੀ ਹੈ। ਜਿਹਾ ਕੁ:—

ਲਾਲ ਰੰਗੁ ਤਿਸਕਰੁ ਲਗਾ ਜਿਸਕੋ ਵਡਭਾਗਾ ॥
[ਬਿਲਾ: ਮ: ੫

ਏਥੇ ਲਾਲ ਰੰਗ ਦਾ ਮੁਖਜਾਰਥ ਬਾਧ ਹੋਕੇ ਪ੍ਰੇਮ ਦਾ ਰੰਗ ਮੁਖਜਾਰਥ ਹੁੰਦਾ ਹੈ; ਰੰਗ ਅਰਥ ਨਾਲ ਲੱਗਾ ਰਹਿਣੇ ਤੇ ਉਪਾਦਾਨ ਹੈ, ਇੱਕੁਰ ਹੀ ਆਰੋਪਮਾਨ ਦਾ ਵਿਖਯ ਵਡਭਾਗਾ ਪੁਰਖ ਹੈ, ਪ੍ਰੇਮ ਦਾ ਰੰਗ ਆਰੋਪਮਾਨ ਹੈ, ਇਸ ਤੇ ਸਾਰੋਪਾ ਹੈ।

ਅਰਥ—ਪ੍ਰੇਮ ਦਾ ਰੰਗ ਉਸ ਨੂੰ ਲੱਗਦਾ ਹੈ, ਜਿਸ ਦੇ ਵਡੇ ਭਾਗ ਹੁੰਦੇ ਹਨ।

ਇਸ ਦੇ ਵੀ ਦੋ ਹੀ ਭੇਦ ਹਨ, ਜੇਕਰ ਧੁਨੀ ਕੱਢੀਏ ਤਾਂ ਪ੍ਰਯੋਜਨ ਵਤੀ ਹੈ, ਜੇਕਰ ਧੁਨੀ ਨਾ ਕੱਢੀਏ ਤਾਂ ਨਿਰੂਢਾ ਹੈ।

ੳ. [ਉਪਾਦਾਨ ਲੱਛਣਾ ਨਿਰੂਢਾ ਸਾਰੋਪਾ]

ਉਪਰਲਾ ਉਦਾਹਰਨ ਨਿਰੂਢਾ ਦਾ ਹੈ, ਕਿਉਂਕਿ ਧੁਨੀ ਨਹੀਂ ਕੱਢੀ ਗਈ।

ਪੁਨ:—ਕੁਲਹਾ ਦੇਂਦੇ ਬਾਵਲੇ
ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ
ਤਿਕਲਿ ਬੰਨੇ ਛਜ ॥
[ਮਲਾ: ਵਾਰ ਮ: ੧

ਏਥੇ ਵੀ 'ਕੁਲਹ' ਦਾ ਟੋਪੀ ਅਰਥ ਬਾਧ ਹੋਕੇ ਗੌਦੀ ਅਰਥ ਮੁੱਖ ਹੈ, 'ਦੇਂਦੇ' ਪਦ ਨਾਲ ਲੱਗਾ ਰਹਿਣੇ ਤੇ ਉਪਾਦਾਨ ਹੈ, ਗੌਦੀ 'ਰੋਪਮਾਨ ਦਾ ਵਿਖਯ' ਹੈ ਅਤੇ ਲੈਣ ਵਾਲਾ ਨਿਲੱਜਾ 'ਰੋਪਮਾਨ' ਹੈ, ਇਸ ਤੇ ਸਾਰੋਪਾ ਹੈ। ਧੁਨੀ ਕੋਈ ਨਹੀਂ ਹੈ, ਇਸ ਤੇ ਨਿਰੂਢਾ ਹੈ।

ਅਰਥ ਇਸ ਦਾ ਇਹ ਹੈ:—ਨਾਲਾਇਕਾਂ ਨੂੰ ਗੌਦੀਆਂ ਦੇਣ ਵਾਲੇ ਬਾਉਲੇ ਹਨ (ਕਿਸੇ ਸੰਬੰਧ ਦੇ ਮੋਹ ਕਰਕੇ) ਅਤੇ ਇੱਕੁਰ ਹੀ ਗੌਦੀ ਲੈਣ ਵਾਲੇ (ਵਰਾਸਤ ਸਮਝਦੇ ਹੋਏ) ਬੜੇ ਬਿਸ਼ਰਮ ਹਨ। ਦ੍ਰਿਸ਼ਟਾਂਤ—ਜਿਸ ਪਰਮਾਰਥ ਰੂਪੀ ਖੁੱਡ ਵਿਚ ਨਿਲੱਜਾ ਚੂਹਾ ਆਪ ਹੀ ਨਹੀਂ ਸਮਾ ਸਕਦਾ ਓਥੇ ਗੌਦੀ ਦੇ ਸਿੱਖ ਸੇਵਕ ਰੂਪੀ ਛੱਜ ਲੱਕ ਨਾਲ ਬੰਨ੍ਹਕੇ (ਲੈਕੇ) ਕੀਕਰ ਦਰਗਾਹੇ ਵੜੇਗਾ।

ਅ. [ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ]

ਉਪਰਲੇ ਉਦਾਹਰਨ ਵਿਚਾਂ ਜੇਕਰ ਧੁਨੀ ਕੱਢੀਏ ਕਿ ਵੱਡੇ ਭਾਗਾਂ ਕਰਕੇ ਸੱਚੇ ਸੰਤਾਂ ਦੀ ਕ੍ਰਿਪਾ ਤੇ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ, ਤਾਂ ਇਹੋ ਪ੍ਰਯੋਜਨਵਤੀ ਹੋ ਜਾਂਦੀ ਹੈ।

ਪੁਨ:—ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ
ਰਹੇ ਸਮਾਇ ॥ [ਮਲਾਰ ਵਾਰ ਮ: ੩

ਅਰਥ—ਓਹ ਗੁਰਮੁਖ ਬਿਰਖ ਹਰੀਆਵਲੇ ਹੋ ਰਹੇ ਹਨ, ਜੋ 'ਨਾਮ ਨਾਲ'* ਮਿਲ ਰਹੇ ਹਨ। ਏਥੇ ਸਮਾਇ ਦਾ ਮਿਲਣਾ ਅਰਥ ਬਾਧ ਹੋਕੇ ਨਾਮ ਨਾਲ ਮਿਲ ਰਹੇ ਹਨ ਨਾਲ ਲੱਗਾ ਰਹਿਣੇ ਤੇ ਉਪਾਦਾਨ ਹੈ ਅਤੇ ਗੁਰਮੁਖ ਸਿੱਖ ਆਰੋਪਮਾਨ ਹਨ ਅਤੇ ਹਰੀਆਉਲ

*ਪਹਿਲੀ ਤੁਕ ਹੈ ਇਹ:—"ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ ॥" ਜਲ ਦਾ ਭਾਵ ਦੂਸਰੀ ਤੁਕ ਵਿਚ—ਨਾਮ, ਉਪਦੇਸ਼ ਤੇ ਨਦਰ ਤੁੰਆਂ ਵਿਚੋਂ ਇਕ ਲਾ ਲਈਦਾ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਆਰੋਪਮਾਨ ਦਾ ਵਿਖਯਹੈ,ਇਸ ਤੇ ਸਾਰੋਪਾਹੈ।

ਧੁਨੀ–ਨਾਮ ਵਿਚ ਮਗਨ ਹੋਏ ਗੁਰਮੁਖ ਲੋਕ ਪ੍ਰੇਮ ਵਿਚ ਸਦਾ ਪ੍ਰਫੁੱਲਤ ਹੁੰਦੇ (ਮੌਲਦੇ) ਹਨ, ਇਸ ਲਈ ਪ੍ਰਯੋਜਨਵਤੀ ਹੈ।

੨੫. 'ਉਪਾਦਾਨ ਲੱਛਣਾ ਸਾਧਵਸਾਨਾ'।

ਸਾਧਵਸਾਨਾ ਜਬ ਮਿਲੈ ਉਪਾਦਾਨ ਕੈ ਸਾਥ।
ਵਿਖਯ ਅਰੋਪ ਬਿਨਾ ਅਰ ਬਨਯੋ ਬਜੰਗ ਚਮਕਾਤ।

ਸਾਧਵਸਾਨਾ ਅਤੇ ਉਪਾਦਾਨ ਜਦ ਆਪੋ ਵਿਚ ਮਿਲ ਜਾਣ ਤਾਂ ਇਕ ਅਨੋਖਾ ਹੀ ਬਜੰਗ ਚਮਕਦਾ ਹੈ,ਅਰਥਾਤ ਜਿੱਥੇ ਅਰਥ ਬਾਧ ਹੋਕੇ ਨਾਲ ਮਿਲਿਆ ਰਹੇ ਅਤੇ ਅਰੋਪਮਾਨ ਦੇਵੇ, ਪਰੰਤੂ ਅਰੋਪਮਾਨ ਦਾ ਬਿਖਯ ਨਾ ਹੋਵੇ, ਓਥੇ ਉਪਾਦਾਨ ਸਾਧਵਸਾਨਾ ਲੱਛਣਾਹੈ ਜਿਹਾਕੁ:–

"ਹੋਰਤੁ ਹਟਿ ਨ ਵਥੁ ਵੇਸਾਹੁ॥"[ਬਿਲਾ:ਵਾ:ਮ:੪

ਹੋਰ ਕਿਸੇ ਹੱਟੀ ਤੇ ਨਾ ਵਸਤ (ਸੌਦਾ) ਹੈ ਨਾ ਖਰੀਦਾਰੀ (ਗਾਹਕੀ) ਹੈ।

ਏਥੇ ਬਿਨਾਂ ਸਤਿਗੁਰਾਂ ਦੀ ਹੱਟੀ ਤੋਂ ਇਹ ਅਰਥ ਮੁੱਖਤਾ ਪਾਕੇ ਹੱਟ ਪਦ ਨਾਲ ਲੱਗਾ ਰਹਿਣੇ ਤੇ ਉਪਾਦਾਨ ਹੈ, ਮਿਰਯਾਦਾ, ਉਪਦੇਸ਼ ਤੇ ਸ਼ਰਧਾ ਤਿੰਨੇ ਪਦਾਰਥ ਆਰੋਪ ਦਾ ਵਿਖਯ ਏਥੇ ਕਥਨ ਵਿਚ ਨਹੀਂ ਹਨ ਅਤੇ ਹੱਟੀ, ਸੌਦਾ ਤੇ ਗਾਹਕੀ ਆਰੋਪਮਾਨ ਪ੍ਰਤੱਖ ਪਏ ਹਨ, ਇਸਤੇ ਸਾਧਵਸਾਨਾ ਹੈ।

ਮਿਰਯਾਦਾ ਰੂਪ ਹੱਟੀ ਉਤੇ ਉਪਦੇਸ਼ ਰੂਪੀ ਸੌਦਾ ਹੈ, ਪਰੰਤੂ ਵਿਸਾਹੁ ਰੂਪੀ ਸ਼ਰਧਾ ਤੇ ਪ੍ਰਾਪਤ ਹੁੰਦਾ ਹੈ, ਇਹ ਦੁਕਾਨਦਾਰੀ ਬਿਨਾ ਸਤਿਗੁਰਾਂ ਦੇ ਹੋਰਥੇ ਨਹੀਂ ਹੈ।

ਪੁਨਾ:–"ਪਉਦੀ ਜਾਇ ਪਰਾਲਿ ਪਿਛੈ ਹਥੁ
ਨ ਅੰਬੜੈ ਤਿਤੁ ਨਿਵੰਧੈ ਤਾਲਿ ॥"
[ਸੂਹੀ ਵਾਰ ਮ: ੧

ਪੈਂਦੀ ਜਾਂਦੀ ਹੈ ਵਿਸ਼ਿਆਂ ਵਿਕਾਰਾਂ ਦੀ ਪਰਾਲ, (=ਰਿਬ,ਭੱਲ) ਮਨਰੂਪੀ ਨੀਵੇਂ ਤਾਲ ਵਿਚ ਤੇ ਤਿਸ ਪੈ ਗਈ ਰਿੱਬ ਦੇ ਪਿੱਛੇ ਬੁੱਧੀ ਰੂਪੀ ਹੱਥ ਨਹੀਂ ਪਏਗਾ। ਵਿਸ਼ਯ ਵਿਕਾਰ ਉੱਪਰੋਂ ਅਰਥ ਆਇਆ, ਪਉਂਦੀ ਜਾਂਦੀ ਹੈ ਨਾਲ ਲੱਗਾ ਰਹਣੇ ਤੇ ਉਪਾਦਾਨ ਹੈ, 'ਤਾਲ' ਤੇ 'ਹੱਥ' ਪਦ ਰੋਪਮਾਨ ਹਨ, ਮਨ ਅਤੇ ਬੁਧੀ ਰੋਪਮਾਨ ਦਾ ਵਿਖਯ ਨਹੀਂ ਹੈ, ਉੱਪਰੋਂ ਆਉਣੇ ਤੇ ਸਾਧਵਸਾਨਾ ਹੈ।

ਭੇਦ ਇਸਦੇ ਵੀ ਦੋ ਹੀ ਹਨ। ਜਿੱਥੇ ਧੁਨਿ ਨਾ ਕੱਢੀ ਜਾਵੇ ਓਥੇ ਨਿਰੂਢਾ ਹੈ, ਜਿੱਥੇ ਧੁਨੀ ਕੱਢੀ ਜਾਵੇ ਓਥੇ ਪ੍ਰਯੋਜਨਵਤੀ ਹੈ।

ੳ. [ਉਪਾਦਾਨ ਲੱਛਨਾ ਨਿਰੂਢਾ ਸਾਰੋਪਾ]

ਉੱਪਰਲੇ ਉਦਾਹਰਨ ਵਿਚ ਧੁਨੀ ਨਹੀਂ ਕੱਢੀ ਗਈ, ਇਸਤੇ ਨਿਰੂਢਾ ਹੈ।

ਪੁਨ:–ਕਾਇਆ ਅੰਦਰਿ ਤੋਲਿ ਤੁਲਾਵੈ।
[ਸੂਹੀ ਮ: ੩

ਸਰੀਰ (ਕਾਇਆਂ) ਦੇ ਅੰਦਰ ਹੀ ਮਨ ਤੋਲ ਨੂੰ (ਵਿਚਾਰ ਨੂੰ ਤੁਲਾਉਂਦਾ) ਵਿਚਾਰਦਾ ਹੈ। ਅੰਦਰ ਰੋਪਮਾਨ ਹੈ. ਮਨ ਅਰੋਪਮਾਨ ਦਾ ਵਿਖਯ, ਸੋ ਨਹੀਂ ਹੈ, ਇਸਤੇ ਸਾਧਵਸਾਨਾ ਹੈ, ਧੁਨੀ ਨਹੀਂ ਕੱਢੀ, ਇਸ ਲਈ ਨਿਰੂਢਾ ਹੈ।

ਅ. [ਉਪਾਦਾਨ ਲਛਨਾ ਪ੍ਰਯੋਜਨਵਤੀ ਸਾਰੋਪਾ]

ਜਹਾ ਕੁ ਉੱਪਰਲੇ ਉਦਾਹਰਨ ਵਿਚੋਂ ਧੁਨੀ ਕੱਢੀ ਜਾਵੇ, ਭਈ ਹੋਰਨਾਂ ਮਤਾਂ ਰੂਪੀ ਹੱਟੀਆਂ ਤੇ ਇਕ ਪਰਮੇਸ਼ੁਰ ਦੇ ਨਾਮ ਦੀ ਵਡਿਆਈ ਤੇ ਭਗਤੀ ਦਾ ਉਪਦੇਸ਼ ਨਹੀਂ ਮਿਲਦਾ, ਸੋ ਪਰਮੇਸ਼ੁਰ ਦੇ ਪ੍ਰੇਮੀ ਸ਼ਰਧਾ ਭਗਤੀ ਕਰਕੇ ਆਪਣੇ ਸਤਿਗੁਰਾਂ ਪਾਸੋਂ ਉਪਦੇਸ਼ ਵਾ ਮੁਕਤੀ ਰੂਪ ਸੌਦਾਖ਼ਰੀਦਦੇ ਹਨ,ਇਸਤੇਪ੍ਰਯੋਜਨਵਤੀਹੈ।

ਪੁਨ:–ਪਉਦੀ ਜਾਇ ਪਰਾਲਿ...।

ਇਸ ਵਿਚ ਧੁਨੀ ਇਹ ਹੈ, ਪਹਿਲੇ ਹੀ ਆਤਮ ਵਸਤੂ ਨੂੰ ਕੱਢ ਲੈ, ਭਾਵ ਪਛਾਣ ਲੈ,

Digitized by Panjab Digital Library | www.panjabdigilib.org

ਵਿਕਾਰਾਂ ਦੀ ਰਿੱਥ ਕਰਕੇ ਮਨ ਨੂੰ ਭਰਪੂਰ ਨਾ ਕਰ, ਗਿਆਨ ਵੈਰਾਗ ਕਰਕੇ ਮਨ ਨੂੰ ਨਿਰਮਲ ਰੱਖ, ਆਦਿਕ ।

੨੬ ਲੱਛਣ ਲੱਛਣਾ ਸਾਰੋਪਾ ਦਾ ਬਰਨਨ

ਲੱਛਣ ਲੱਛਣਾ ਜਬ ਮਿਲੈ ਸਾਰੋਪਾ ਕੈ ਸੰਗ।
ਅਧਿਕ ਚਮਿਤਕ੍ਰਿਤ ਰੰਗ ਹੈ ਹਰਿ ਮੇਰੋਧਨ ਅੰਗ।

ਜਿੱਥੇ ਲੱਛਣ ਲੱਛਣਾ ਅਤੇ ਸਾਰੋਪਾ ਦੋਨੋਂ ਮਿਲ ਜਾਣ, ਓਥੇ ਵਧੇਰਾ ਚਮਕਾਰੇ ਦਾ ਰੰਗ ਹੁੰਦਾ ਹੈ। ਜੀਕੁਰ ਹਰੀ ਨਾਮ ਹੀ ਮੇਰਾ ਧਨ ਹੈ ਵਾ ਮੇਰਾ ਅੰਗ (ਧੜਾ) ਹੈ। ਅਰਥਾਤ ਜਿੱਥੇ ਮੁਖਜਾਰਥ ਦਾ ਬਾਧ ਹੋਕੇ ਹੋਰ ਅਰਥ ਮੁੱਖਤਾ ਪਾਵੇ ਅਤੇ ਆਰੋਪਮਾਨ ਦਾ ਵਿਖਜ ਤੇ ਆਰੋਪ ਮਾਨ ਇਹ ਭੀ ਦੋਵੇਂ ਵਿਦਮਾਨ ਹੋਣ ਓਥੇ 'ਲੱਛਣ ਲੱਛਣਾ ਸਾਰੋਪਾ' ਹੈ।

ਜੈਹਾ ਕੁ–"ਹਰਿ ਹਰਿ ਜਨ ਕੈ ਓਟ ਸਤਾਣੀ।"
[ਗਉ: ਸੁਖ:

ਏਥੇ ਹਰੀ ਅਰਥ ਬਾਧ ਹੋਕੇ ਨਾਮ ਅਰਥ ਨੇ ਮੁੱਖਤਾ ਪਾਈ, ਇਸਤੇ ਲੱਛਣ ਲੱਛਣਾ ਹੈ, ਹਰੀਜਨ (ਭਗਤ) ਲੋਗਾਂ ਲਈ ਨਾਮ ਹੀ ਆਸਰਾ ਭਾਰਾ ਹੈ, ਇਸ ਵਿਚ ਨਾਮ ਆਰੋਪ ਮਾਨ, ਹੈ ਅਤੇ ਹਰੀ ਜਨ 'ਆਰੋਪ ਦਾ ਵਿਖਜ' ਹੋਣੇ ਤੇ ਸਾਰੋਪਾ ਹੈ।

ਪੁਨ:–"ਖੇਤ ਮਿਆਲਾ ਉਚੀਆ ਘਰੁ ਉਚਾ ਨਿਰਣਉ॥" [ਗੂਜਰੀ ਵਾਰ ਮ: ੩

ਜਿਨ੍ਹਾਂ ਦੇ ਮਨ ਰੂਪੀ ਖੇਤ ਦੀਆਂ 'ਮੁਦਤਾ ਮੈਤ੍ਰੀ ਕਰੁਣਾ ਖਿਮਾ' ਆਦਿਕ ਵੱਟਾਂ ਉਚੇ-ਰੀਆਂ (ਚੰਗੀਆਂ) ਹਨ, ਓਹਨਾਂ ਲਈ ਉੱਚੇ ਘਰ ਵਾਲਾ ਬੱਦਲ ਨਿਰਣਾ ਕਰਦਾ ਹੈ, ਨਿਖੇੜਾ ਕਰਦਾ ਹੈ, ਬਿਨਾਂ ਵੱਟਾਂ ਵਾਲੇ ਖੇਤਾਂ ਨਾਲੋਂ ਓਥੇ ਪਾਣੀ ਭਰਪੂਰ ਕਰ ਦਿੰਦਾ ਹੈ। ਏਥੇ ਖੇਤ ਅਤੇ ਵੱਟਾਂ ਦਾ ਮੁਖਜਾਰਥ ਬਾਧ ਹੋਕੇ ਮਨ, ਮੁਦਤਾ, ਮੈਤ੍ਰੀ ਆਦਿਕ ਅਰਥ ਨੇ ਮੁੱਖਤਾ ਪਾਈ, ਇਸਤੇ ਲੱਛਣ ਲੱਛਣਾ ਹੈ, ਮਨ ਆਰੋਪਮਾਨ ਦਾ ਵਿਖਜ ਹੈ, ਮੁਦਤਾ, ਮੈਤ੍ਰੀ, ਖਿਮਾ, ਰੁਣਾ ਇਹ ਰੋਪਮਾਨ ਹਨ, ਇਸਤੇ ਸਾਰੋਪਾ ਹੈ।

ਇਸਦੇ ਵੀ ਦੋ ਭੇਦ ਹਨ। ਜਿਸ ਵਿਚੋਂ ਧੁਨਿ ਕੱਢੀ ਜਾਵੇ ਓਹ ਪ੍ਰਯੋਜਨ ਵਤੀ ਹੈ, ਜਿੱਥੇ ਧੁਨਿ ਨਾਂ ਕੱਢੀ ਜਾਵੇ ਓਥੇ ਨਿਰੁਢਾ ਹੈ।

ੳ. [ਲਛਣ ਲਛਣਾ ਨਿਰੁਢਾ ਸਾਰੋਪਾ]

ਉੱਪਰਲੇ ਉਦਾਹਰਨ ਨਿਰੁਢਾ ਦੇ ਹਨ।

ਪੁਨ:–ਹਰਿ ਹਰਿ ਜਨ ਕੈ ਮਾਲ ਖਜੀਨਾ ॥
[ਗਉ: ਸੁਖਮਨੀ

ਨਾਮ ਹੀ ਹਰਿ ਜਨਾਂ ਦਾ ਮਾਲ (ਧਨ) ਹੈ, ਨਾਮ ਹੀ ਖਜ਼ਾਨਾ ਹੈ।

ਹਰੀ ਬਾਧ ਹੋਕੇ ਨਾਮ ਅਰਥ ਨੇ ਮੁੱਖਤਾ ਪਾਈ, ਇਸਤੇ ਲੱਛਣ ਲੱਛਣਾ ਹੈ। ਨਾਮ ਰੋਪਮਾਨ ਹੈ, ਹਰੀ ਜਨ ਰੋਪ ਦਾ ਵਿਖਜ ਹਨ; ਇਸਤੇ ਸਾਰੋਪਾ। ਧੁਨੀ ਕੋਈ ਨਹੀਂ ਕੱਢੀ, ਇਸਤੇ ਨਿਰੁਢਾ।

ਅ. [ਲਛਣ ਲਛਣਾ ਪ੍ਰਯੋਜਨਵਤੀ ਸਾਰੋਪਾ]

ਉੱਪਰਲਾ ਉਦਾਹਰਨ "ਖੇਤ ਮਿਆਲਾ ਉਚੀਆ" ਵਿਚੋਂ ਹੀ ਧੁਨੀ ਨਿਕਲਦੀ ਹੈ ਕਿ ਜਿਸ ਖੇਤ ਦੀਆਂ ਵੱਟਾਂ ਉੱਚੀਆਂ ਹੋਣ ਓਹ ਖੇਤ ਵਿਚੋਂ ਵਟਾਂ ਕਰਕੇ ਨੀਵਾਂ ਹੁੰਦਾ ਹੈ ਅਤੇ ਨੀਵੇਂ ਖੇਤ ਵਿਚ ਪਾਣੀ ਅੱਵਸੋਂ ਹੀ ਬਾਹਲਾ ਠਹਿਰਦਾ ਹੈ। ਇੱਕੁਰ ਹੀ ਕਰਣਾ, ਮੁਦਤਾ, ਮੈਤ੍ਰੀ, ਖਿਮਾ ਆਦਿਕ ਜਿਸ ਮਨ ਦੇ ਦੁਆਲੇ ਹੋਣ ਓਹ ਮਨ ਅੱਵਸੋਂ ਨਿੰਮ੍ਰਤਾ ਗੁਣ ਵਾਲਾ ਹੁੰਦਾ ਹੈ। ਨਿੰਮ੍ਰੀਭੂਤ ਮਨ ਵਿਚ ਗਿਆਨ ਵੈਰਾਗ ਆਦਿਕ ਪਦਾਰਥ ਜਲ, ਪਰਮਾਤਮਾਂ ਦੀ ਕਿਰਪਾ ਰੂਪੀ ਬੱਦਲਾਂ ਕਰਕੇ ਅੱਵਸੋਂ ਭਰਪੂਰ ਆਨ ਕਰਦੇ ਹਨ, ਇਸਤੇ ਪ੍ਰਯੋਜਨ ਵਤੀ ਹੈ।

Digitized by Panjab Digital Library | www.panjabdigilib.org

੨੭.ਲੱਛਣ ਲੱਛਣਾ ਸਾਧਵਸਾਨਾ ਦਾ ਵਰਣਨ।

ਸਾਧਵਸਾਨਾ ਮਿਲਤ ਜਬ ਲੱਛਣ ਲੱਛਣਾ ਨਾਲ।
ਧੁਨਿਬਿਨ ਰੂਢਾ ਧੁਨਿ ਸਹਿਤਹੈ ਫਲਵਤੀਬਿਸਾਲ।

ਸਾਧਵਸਾਨਾ ਅਤੇ ਲੱਛਣ ਲੱਛਣਾ ਆਪੋ ਵਿਚ ਮਿਲ ਜਾਣ ਤਾਂ ਉਸਨੂੰ ਲੱਛਣ ਲੱਛਣਾ ਸਾਧਵਸਾਨਾ ਕਹਿੰਦੇ ਹਨ। ਧੁਨੀ ਤੋਂ ਬਿਨਾ ਨਿਰੂਢਾ ਸੰਗਜਾ ਵਾਲੀ ਹੈ ਅਤੇ ਧੁਨੀ ਸਮੇਤ ਪ੍ਰਯੋਜਨ ਵਤੀ ਸੰਗਜਾ ਰਖਦੀ ਹੈ।

ਜਿਥੇ ਮੁੱਖ ਅਰਥ ਦਾ ਬਾਧ ਹੋਕੇ ਹੋਰ ਅਰਥ ਪ੍ਰਧਾਨਤਾ ਪਾਵੇ ਅਤੇ ਰੋਪਮਾਨ ਭੀ ਹੋਵੇ, ਪਰੰਤੂ ਰੋਪਮਾਨ ਦਾ ਵਿਖਜ ਨਾ ਹੋਵੇ ਓਥੇ ਲੱਛਣ ਲੱਛਣਾ ਸਾਧਵਸਾਨਾ ਕਹੀਦੀ ਹੈ। ਜਿਹਾਕੁ:—

ਨੰਬੁ ਭਇਓ ਆਂਬੁ ਆਂਬੁ ਭਇਓ ਨੰਬਾ
ਕੇਲਾ ਪਾਕਾ ਝਾਰਿ ॥ ਨਾਲੀਏਰ ਫਲੁ
ਸੇਬਰਿ ਪਾਕਾ ਮੂੜਖ ਮੁਗਧ ਗਵਾਰ ॥
[ਰਾਮ: ਕਬੀਰ

ਨਿੰਮ, ਅੰਬ, ਕੇਲਾ, ਕਰੀਰ, ਨਰੇਲ, ਸਿੰਬਲ, ਇਹ ਮੁਖਜਾਰਥ ਬਾਧ ਹੋਕੇ ਵਿਸ਼ੇ ਵਿਕਾਰ, ਸਤ ਸੰਤੋਖਾਦਿ ਸੁਕਰਮ,ਸਤਿਸੰਗ, ਕੁਸੰਗ, ਭਜਨ, ਵਿਅਰਥ ਫੋਕਾ ਆਦਿਕ ਅਰਥਾਂ ਨੇ ਮੁਖਤਾ ਪਾਈ, ਇਸ ਤੇ ਲੱਛਣ ਲੱਛਣਾ ਹੈ। ਇੱਕੁਰ ਹੀ ਵਿਕਾਰ, ਸੁਕਰਮ, ਸੁਸੰਗ, ਕੁਸੰਗ. ਭਜਨ ਆਦਿਕ ਆਰੋਪਮਾਨ ਦਾ ਵਿਖਜ ਨਹੀਂ ਹਨ, ਪਰੰਤੂ ਨਿੰਮ, ਅੰਬ, ਕੇਲਾ, ਕਰੀਰ, ਨਰੇਲ, ਸਿੰਬਲ ਆਦਿਕ ਆਰੋਪਮਾਨ ਪ੍ਰਤੱਖ ਹਨ, ਇਸ ਤੇ ਸਾਧਵਸਾਨਾ ਹੈ।

ਅਰਥ ਇਸ ਦਾ ਇਉਂ ਹੈ: ਹੇ ਮੂੜਖ ਭੁੱਲੇ ਹੋਏ, ਗਵਾਰ ! ਨਿੰਮ ਵਰਗੇ ਕੌੜੇ ਵਿਸ਼ੇ ਵਿਕਾਰ ਤੋਂ ਅੰਬ ਜਿਹੇ ਮਿੱਠੇ ਕਰ ਜਾਂਦੇ ਹਨ, ਇਥੋਂ ਹੀ ਫਿਰ ਉਲਟ ਕੇ ਅਰਥ ਲਾਓ- ਅੰਬਾਂ ਜਿਹੇ ਸਤ ਸੰਤੋਖਾਦਿਕ ਸ਼ੁਭ ਕਰਮ ਅੰਤ ਨੂੰ ਮਿੱਠਾ ਫਲ ਦੇਣ ਵਾਲੇ ਤੋਂ ਨਿੰਮ ਵਰਗੇ ਕੌੜੇ ਕਰ ਜਾਂਦੇ ਹਨ। ਪੁਨ:—ਸਤਿਸੰਗ ਵਰਗਾ ਪੱਕਾ ਹੋਇਆ ਕੇਲਾ ਤੋਂ ਕੰਡਜਾਲਾ ਕਰੀਰ (ਦਾ ਫਲ ਝੇਲਾ ਕੁੜੰਗਾ) ਜਾਂਦਾ ਹੈ,ਫਿਰ ਉਲਟ ਕੇ ਅਰਥ ਲਾਓ—ਕੰਡਜਾਲਾ ਕੁੜੰਗਾ ਕਰੀਰ ਵਤ ਕੁਸੰਗ ਅੰਤ ਨੂੰ ਦੁਖ ਫਲ ਦੇਣ ਵਾਲਾ ਤੋਂ (ਪੱਕਾ) ਮਿੱਠਾ ਅੰਮ੍ਰਿਤ ਫਲ ਕੇਲਾ ਕਰਕੇ ਜਾਂਦਾ ਹੈ। ਇੱਕੁਰ ਹੀ ਨਰੇਲ ਵਰਗੇ ਹਰੀ ਭਜਨ ਨੂੰ ਤੋਂ ਵਿਅਰਥ ਤੇ ਥੋਥਾ ਸਿੰਬਲ ਕਰਕੇ ਜਾਂਦਾ ਹੈ, ਫਿਰ ਉਲਟ ਕੇ ਸਿੰਬਲ ਜੇਹੇ ਮਿਥਜਾ (ਫੋਕੇ) ਪਦਾਰਥ ਤੋਂ ਨਰੇਲ ਵਰਗੇ ਥਿੰਧੇ ਤੇ ਸੁਆਦਲੇ ਕਰਕੇ ਜਾਂਦੇ ਹਨ। ਇਸ ਪਦ ਵਿਚ ਤਿੰਨ ਖੰਡ ਹਨ,ਯਥਾ ਕ੍ਰਮ ਤਿੰਨਾਂ ਨਾਲ ਤਿੰਨੇ ਸੰਬੋਧਨ ਵਿਦਮਾਨ ਹਨ, ਜਿਹਾਕੁ ਅਨ੍ਵੈ ਤੇ ਸਿੱਧ ਹੁੰਦਾ ਹੈ।ਯਥਾ:—

ਹੇ ਮੂੜਖ ! ਨੰਬੁ ਭਇਓ ਆਂਬੁ
ਆਂਬੁ ਭਇਓ ਨੰਬਾ।
ਹੇ ਮੁਗਧ ! ਕੇਲਾ ਪਾਕਾ ਝਾਰਿ
ਝਾਰਿ ਕੇਲਾ ਪਾਕਾ।
ਹੇ ਗਵਾਰ ! ਨਾਲੀਏਰ ਫਲੁ ਸੇਬਰਿ ਪਾਕਾ,
ਸੇਬਰਿ ਪਾਕਾ ਨਾਲੀਏਰ ਫਲੁ।

ਭੇਦ ਇਸ ਦੇ ਵੀ ਦੋ ਹੀ ਹਨ, ਧੁਨੀ ਨਾ ਨਿਕਲਣੇ ਤੇ ਨਿਰੂਢਾ ਹੈ, ਧੁਨੀ ਨਿਕਲਣੇ ਤੇ ਪ੍ਰਯੋਜਨ ਵਤੀ ਹੈ।

ੳ. [ਲੱਛਣ ਲੱਛਣਾ ਨਿਰੂਢਾ ਸਾਧਵਸਾਨਾ]

ਉੱਪਰਲਾ ਉਦਾਹਰਨ ਨਿਰੂਢਾ ਦਾ ਹੈ।

[ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵਸਾਨਾ]

ਜੇ ਉੱਪਰਲੇ ਉਦਾਹਰਨ ਵਿਚੋਂ ਧੁਨੀ ਕੱਢੀਏ ਕਿ ਵਿਸ਼ੇ, ਵਿਕਾਰ, ਕੁਸੰਗ ਆਦਿਕ

Digitized by Panjab Digital Library | www.panjabdigilib.org

ਦਾ ਤਿਆਗ ਕਰੇ ਅਤੇ ਸਤ ਸੰਤੋਖ ਆਦਕਾਂ ਦਾ ਸੰਗ੍ਰਹ ਕਰੇ, ਤਾਂ ਇਹੋ ਪ੍ਰਯੋਜਨ ਵਤੀ ਹੈ।

੨੯. ਲੱਛਣਾ ਦੇ ਕ੍ਰਮ ਤੇ ੮ ਭੇਦ

ਤਜੈ ਆਪਨੇ ਅਰਥ ਕੋ ਜਹਤਿ ਸ੍ਵਾਰਥਾ ਮਾਨ ॥ ਨ ਤਜਿ ਹੈ ਨਿਜ ਅਰਥ ਕੋ ਅਜਹਤਿ ਸ੍ਵਾਰਥਾ ਜਾਨ ॥੨੮॥

ਜਿੱਥੇ ਮੁਖ੍ਯਾਰਥ ਨੂੰ ਤਿਆਗਕੇ ਹੋਰ ਅਰਥ ਮੁੱਖਤਾ ਪਾਵੇ, ਉਸ ਨੂੰ ਜਹਤਿ ਸ੍ਵਾਰਥਾ ਲੱਛਣਾ ਕਹਿੰਦੇ ਹਨ। ਜਿੱਥੇ ਮੁਖ੍ਯਾਰਥ ਬਾਧ ਹੋਕੇ ਫਿਰ ਮੁਖ੍ਯਾਰਥ ਨਾਲ ਵੀ ਲੱਗਾ ਰਹੇ, ਤਾਂ ਉਸ ਨੂੰ ਅਜਹਤੀ ਸ੍ਵਾਰਥਾ ਲੱਛਣਾ ਕਹਿੰਦੇ ਹਨ। ਇਹੋ ਹੀ ਦੋ ਲੱਛਣਾ ਮੂਲ ਬੀਜ ਰੂਪ ਹਨ। ਜਹਤੀ ਨੂੰ ਲੱਛਣ ਲੱਛਣਾ ਅਤੇ ਅਜਹਤੀ ਨੂੰ ਉਪਾਦਾਨ ਲੱਛਣਾ ਕਹਿੰਦੇ ਹਨ।

ਲੱਛਣ ਲੱਛਣਾ ਦੇ ਅੰਤਰਭੂਤ ਬਿਪ੍ਰੀਤ ਲੱਛਣਾ ਵੀ ਹੈ। ਜੀਕੁਰ ਕੋਈ ਕਹੇ "ਵਾਹ ਇਸ ਕੰਮ ਨੂੰ ਕਰਦੇ ਆਪ ਚੰਗੇ ਲਗਦੇ ਹੋ?" ਏਥੇ 'ਚੰਗੇ ਲੱਗਦੇ ਹੋ' ਦਾ ਮੁੱਖ ਅਰਥ ਉਲਟਾਕੇ 'ਬੁਰੇ ਲੱਗਦੇ ਹੋ', ਇੱਕੁਰ ਹੀ ਅਨੇਕ ਜਗ੍ਹਾ ਤੇ ਇਹ ਬਿਪਰੀਤ ਲੱਛਣਾ ਉਲਟੇ ਅਰਥਾਂ ਵਾਲੀ ਵਰਤਮਾਨ ਹੈ। ਜੀਕੁਰ ਸ਼ਾਬਾਸ਼ ਦਾ ਅਰਥ ਫਿਟਕਾਰ, ਧੰਨ ਸਿੱਖੀ ਦਾ ਅਰਥ ਅਧੰਨ ਸਿੱਖੀ ਆਦਿਕ ਜਗ੍ਹਾ ਜਗ੍ਹਾ ਤੇ ਵਿਚਾਰ ਕਰ ਲੈਣੇ।

ਉਪਾਦਾਨ ਜੋ ਲੱਛਣਾ, ਲੱਛਣ ਲੱਛਣਾ ਨਾਮ।
ਰੂਢ ਪ੍ਰਯੋਜਨ ਭੇਦ ਤੇ ਚਾਰ ਹੇਤ ਅਭਿਰਾਮ।

ਉਪਾਦਾਨ ਅਤੇ ਲੱਛਣ ਲਛਣਾ ਨਾਮ ਦੀਆਂ ਲੱਛਣਾਂ ਇਕ ਇਕ ਰੂਪ ਤੋਂ ਨਿਰੂਢਾ ਅਤੇ ਪ੍ਰਯੋਜਨਵਤੀ ਹੋਣੇ ਤੇ ਚਾਰ ਰੂਪ ਧਾਰਕੇ ਆਪਣੇ ਚਾਰੇ ਨਾਮ ਧਾਰਣ ਕਰਦੀਆਂ ਹਨ।

ਜਿਸ ਵਿਚੋਂ ਧੁਨੀ ਨਾ ਕੱਢੀਏ, ਉਹ ਨਿਰੂਢਾ ਕਹਾਉਂਦੀ ਹੈ, ਜਿਸ ਵਿਚੋਂ ਧੁਨੀ ਕੱਢੀਏ ਉਹ ਪ੍ਰਯੋਜਨਵਤੀ ਕਹਾਉਂਦੀ ਹੈ। ਜੀਕੁਰ ਇਹ ਕ੍ਰਮ ਹੈ:-

੧-ਉਪਾਦਾਨ ਲੱਛਨਾ (ਅਜਹਤਿ ਸ੍ਵਾਰਥਾ ਲੱਛਣਾ)।

੨-ਲੱਛਣ ਲੱਛਣਾ (ਜਹਤਿ ਸ੍ਵਾਰਥਾ ਲੱਛਣਾ)।

ਇਨ੍ਹਾਂ ਦੋਹਾਂ ਵਿਚ ਧੁਨੀ ਭੇਦ ਦੇਣੇ ਤੇ ਇਕ ਦੇ ਦੋ ਦੋ ਸਰੂਪ ਹਨ। ਜਿਹਾਕੁ:-

੧-ਉਪਾਦਾਨ ਲੱਛਣਾ ਨਿਰੂਢਾ ੧।
੨-ਉਪਾਦਾਨ ਲੱਛਣਾ ਪ੍ਰਯੋਜਨਵਤੀ ੨।
੩-ਲੱਛਣ ਲੱਛਣਾ (ਜਹਤਿ ਸ੍ਵਾਰਥਾ)* ਨਿਰੂਢਾ ੧।
੪-ਲੱਛਣ ਲੱਛਣਾ (ਜਹਤਿਸ੍ਵਾਰਥਾ)ਪ੍ਰਯੋਜਨ ਵਤੀ ੨।

ਫੇਰ:-ਸਾਰੋਪਾ ਚਾਰ ਪ੍ਰਕਾਰ ਦੀ ਹੈ ਤੇ ਸਾਧਵਸਾਨਾ ਵੀ ਚਾਰ ਪ੍ਰਕਾਰ ਦੀ ਹੈ, ਸੋ ਸਾਰੇ ਅੱਠ ਭੇਦ ਇਹ ਹੋ ਗਏ।

੧-ਉਪਾਦਾਨ ਲੱਛਣਾ ਨਿਰੂਢਾ ਸਾਰੋਪਾ।
੨-ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ।
੩-ਉਪਾਦਾਨ ਲੱਛਣਾ ਨਿਰੂਢਾ ਸਾਧਵਸਾਨਾ।
੪-ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਧਵਸਾਨਾ।

ਇਹ ਉਪਰਲੇ ਕ੍ਰਮ ਨਾਲ ਅੱਠੇ ਲੱਛਣਾ, ਸੁਧਾ ਨਾਲ ਮਿਲਕੇ ਅੱਠ ਰੂਪ ਅਤੇ ਗੌਣੀ

---

*ਲੱਛਣ ਲੱਛਣਾ ਨੂੰ ਲਛਤ ਲੱਛਣਾ ਭੀ ਕਹਿੰਦੇ ਹਨ।

Digitized by Panjab Digital Library | www.panjabdigilib.org

ਨਾਲ ਮਿਲਕੇ ਵੀ ਅੱਠ ਰੂਪ ਧਾਰਦੀਆਂ ਹਨ, ਜੋਹੜੇ ਮਿਲਕੇ ਸਾਰੇ ਸੋਲਾਂ ਰੂਪ ਹੋ ਜਾਂਦੇ ਹਨ।

੨੯. ਲੱਛਣਾਦੇ ਮੁੱਖ ਸੋਲਾਂ ਭੇਦ।

{ ਸੰਖੇਪ ਉਦਾਹਰਨਾਂ ਦੇਕੇ ਸੌਖੀ ਸਮਝ ਨਮਿੱਤ ਹੇਠ ਦਰਸਾਂਦੇ ਹਾਂ }

ਇਸਦੇ ਏਥੇ ਸੋਲਾਂ ਭੇਦ ਪ੍ਰਗਟ ਕੀਤੇ ਹਨ, ਉੱਪਰਲੀਆਂ ਅੱਠਾਂ ਨਾਲ ਮਿਲਕੇ ਗੌਣੀ ਦੇ ਅੱਠ ਰੂਪ ਬਣਦੇ ਹਨ, ਇੱਕੁਰ ਹੀ ਉੱਪਰਲੇ ਰੂਪ ਸੁਧਾ ਨਾਲ ਮਿਲਕੇ ਅੱਠ ਰੂਪ ਬਣਦੇ ਹਨ, ਇਹ ਸਾਰੇ ਸੋਲਾਂ ਰੂਪ ਹਨ। ਇਨ੍ਹਾਂ ਸੋਲਾਂ ਵਿਚ ਛੇਆਂ ਲੱਛਣਾਂ ਦੇ ਪੂਰਨ ਰੂਪ ਹੋਣੇ ਤੇ ਗਿਣਤੀ ਦਾ ਆਰੰਭ ਮੰਨਿਆਂ ਹੈ:-

ਇਹ ਅੱਠੇ ਰੂਪ ਸੁਧਾ ਦੇ ਹਨ:-

ਸੁਧਾ ੮
- ੧-ਉਪਾਦਾਨ ਲੱਛਣਾ ਨਿਰੂਢਾ ਸਾਰੋਪਾ ਸੁਧਾ।
- ੨-ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ।

ਉਦਾਹਰਨ:-'ਸਿਆਮ (ਪੁਰਖ)' ਸਿਆਮ ਅਰਥ ਬਾਧ ਹੋਕੇ ਪੁਰਖ ਪਦ ਅਰਥ ਦੇ ਨਾਲ ਗ੍ਰਹਿਣ ਤੇ ਉਪਾਦਾਨ। ਸਿਆਮ ਆਰੋਪਮਾਨ ਪੁਰਖ ਆਰੋਪਮਾਨ ਦਾ ਵਿਖਜ ਹੋਣੇ ਤੇ ਸਾਰੋਪਾ। ਸਿਆਮ ਅਤੇ ਪੁਰਖ ਦੀ ਅਭੇਦਤਾ ਤੇ ਤਾਦਾਤਮ ਸੰਬੰਧ ਤੇ ਸੁਧਾ। ਧੁਨ ਤੋਂ ਬਿਨਾਂ ਨਿਰੂਢਾ। ਧੁਨੀ-ਕਾਮ ਜੈਸਾ ਸੁੰਦਰ ਹੈ, ਪ੍ਰਯੋਜਨਵਤੀ।

ਸੁਧਾ ੮
- ੩-ਉਪਾਦਾਨ ਲੱਛਣਾ ਨਿਰੂਢਾ ਸਾਧਵਸਾਨਾ ਸੁਧਾ।
- ੪-ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਧਵਸਾਨਾ ਸੁਧਾ।

ਉਦਾਹਰਨ:-'ਕੱਜਲ ਮਨ ਹਰ', ਕੱਜਲ ਵਾਲੀ ਮਨ ਹਰੇ। ਕੱਜਲ ਦਾ ਮੁਖਜ਼ਾਰਥ ਬਾਧ ਹੋਕੇ ਵਾਲੀ ਨਾਲ ਲੱਗਾ ਰਿਹਾ ਸੋ ਉਪਾਦਾਨ। ਕੱਜਲ ਰੋਪਮਾਨ ਹੈ, ਨੇਤ੍ਰ ਵਿਖਯ ਨਹੀਂ, ਇਸ ਤੇ ਸਾਧਵਸਾਨਾ, ਧੁਨੀ ਨਹੀਂ ਕੱਢੀ ਨਿਰੂਢਾ। ਧੁਨੀ ਕੱਢਣੇ ਤੇ ਜਿਸਦਾ ਕੱਜਲ ਹੀ ਮਨ ਹਰਦਾ ਹੈ ਕਟਾਛ ਤਾਂ ਕੀ ਜਾਣੀਏਂ ਕੀ ਕਰਨ। ਕੱਜਲ ਕਾਰਨ, ਮਨ ਹਰਨਾ ਕਾਰਜ, ਇਸ ਕਾਰਨ ਕਾਰਜ ਸੰਬੰਧ ਤੇ ਸੁਧਾ।

ਸੁਧਾ ੮
- ੫-ਲੱਛਣ ਲੱਛਣਾ ਨਿਰੂਢਾ ਸਾਰੋਪਾ ਸੁਧਾ।
- ੬-ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ।

ਉਦਾਹਰਨ:-'ਮੁਖ ਚੰਦ ਹੈ' ਇਸ ਮੁੱਖ-ਅਰਥ ਦਾ ਬਾਧ ਹੋਕੇ ਸੁੰਦਰ ਗੋਲ ਹੈ, ਲੱਛਣ ਲੱਛਣਾ।ਮੁਖ ਆਰੋਪ ਦਾ ਵਿਖਯਚੰਦ ਆਰੋਪ-ਮਾਨ ਹੈ,ਸਾਰੋਪਾ।ਮੁੱਖ ਅਤੇ ਚੰਦ ਦੀ ਕ੍ਰਾਂਤੀ ਦਾ ਸੰਬੰਧ ਹੋਣੇ ਤੇ ਸੁਧਾ।ਧੁਨੀ ਤੋਂ ਬਿਨਾਂ ਨਿਰੂਢਾ। ਧੁਨੀ ਆਨੰਦ ਦੇਣ ਵਾਲੇ ਤੇ ਪ੍ਰਯੋਜਨਵਤੀ।

ਸੁਧਾ ੮
- ੭-ਲੱਛਣ ਲੱਛਣਾ ਨਿਰੂਢਾ ਸਾਧਵਸਾਨਾ ਸੁਧਾ।
- ੮-ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵਸਾਨਾ ਸੁਧਾ।

ਉਦਾਹਰਨ:-'ਮੁਖ ਪਰ ਦੋ ਕੰਵਲ' ਮੁਖਜ਼ਾਰਥ ਬਾਧ ਹੋਕੇ ਨੈਣ ਮੁਖਜ਼ਾਰਥ ਠਹਿਰਿਆ ਲੱਛਣ ਲੱਛਣਾ। ਰੋਪਮਾਨ ਕੰਵਲ ਰੋਪ ਦਾ ਵਿਖਯ ਨਾ ਹੋਣੇ ਤੇ ਸਾਧਵਸਾਨਾ। ਮੁੱਖ ਅੰਗੀ ਨੈਣ ਅੰਗ ਤੇ ਅੰਗ ਅੰਗੀ ਸੰਬੰਧ ਕਰਕੇ ਸੁਧਾ, ਧੁਨਿ ਨਾ ਕੱਢਣੇ ਤੇ ਨਿਰੂਢਾ। ਧੁਨੀ-ਮਨੋਹਰ ਸੁੰਦਰ ਸੋਭਨ ਆਦਿਕ ਤੇ ਪ੍ਰਯੋਜਨਵਤੀ।

ਇਕੁਰ ਹੀ ਗੌਣੀ ਦੇ ੮ ਰੂਪ ਹਨ :-

ਯਾ ਮੈਂ ਆਠ ਨਿਰੂਢ ਹੈ, ਆਠ ਫਲਵਤੀ ਜਾਨ।

ਇਸ ਹੇਠ ਲਿਖੀ ਵਿਚ ਅੱਠ ਭੇਦ

Digitized by Panjab Digital Library | www.panjabdigilib.org

ਨਿਰੂਢਾ ਦੇ ਹਨ, ਅਤੇ ਅੱਠ ਭੇਦ ਪ੍ਰਯੋਜਨਵਤੀ ਦੇ ਹਨ :–

ਰਹੀ ੫ {
- ੯–ਉਪਾਦਾਨ ਲੱਛਣਾ ਨਿਰੂਢਾ ਸ਼ਾਰੋਪਾ ਗੌਣੀ।
- ੧੦–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ।

ਉਦਾਹਰਨ–'ਨਾਇਕਾ ਸਖੀ ਹੈ, ਵਾ ਰਾਜਾ ਈਸ਼ਰ ਹੈ'। ਨਾਇਕਾ ਜੇਹੀ ਸਖੀ ਈਸ਼ਰ ਜੇਹਾ ਰਾਜਾ, ਨਾਇਕਾਈਸ਼ਰ ਦਾ ਬਾਧ, ਜੇਹਾ ਜੇਹੀ ਤੇ ਨਾਲ ਲੱਗਾ ਰਹਿਣੇ ਤੇ ਉਪਾਦਾਨ। ਨਾਇਕਾ ਤੇ ਰਾਜਾ ਆਰੋਪਮਾਨ, ਸਖੀ ਤੇ ਈਸ਼ਰ ਆਰੋਪਮਾਨ ਦਾ ਵਿਖਯ ਹੋਣੇ ਤੇ ਸਾਰੋਪਾ। ਸਖੀ ਅਤੇ ਨਾਇਕਾ ਰਾਜਾ ਅਤੇ ਈਸ਼ਰ ਦੇ ਸਦ੍ਰਿਸ਼ ਗੁਣ ਹੋਣੇ ਤੇ ਗੌਣੀ। ਧੁਨੀ ਨਹੀਂ ਕੱਢੀ, ਨਿਰੂਢਾ। ਧੁਨੀ–ਪ੍ਰੌਢਤਾ, ਚਾਤੁਰਤਾ, ਪ੍ਰੇਮ, ਆਸ਼ਕਤਤਾ ਆਦਿਕ ਤੇ ਪ੍ਰਯੋਜਨਵਤੀ ਹੈ।

ਰਹੀ ੬ {
- ੧੧–ਉਪਾਦਾਨ ਲੱਛਣਾ ਨਿਰੂਢਾ ਸਾਧਵਸਾਨਾ ਗੌਣੀ।
- ੧੨–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਧਵਸਾਨਾ ਗੌਣੀ।

ਉਦਾਹਰਨ–ਕੋਈ ਕਹੇ'ਅਸਾਂ ਅੱਜ ਈਸ਼ਰ ਦੇਖਿਆ ਹੈ'। ਈਸ਼ਰ ਅਰਥ ਦਾ ਬਾਧ ਹੋ ਕੇ ਰਾਜਾ ਈਸ਼ਰ ਦੇਖਿਆ ਤੇ ਉਪਾਦਾਨ। ਈਸ਼ਰ ਆਰੋਪ ਦਾ ਵਿਖਯ ਰਾਜਾ ਆਰੋਪਮਾਨ ਨਹੀਂ ਹੈ, ਸਾਧਵਸਾਨਾ। ਐਸ਼੍ਵਰਜ ਆਦਿਕ ਗੁਣ ਸਦ੍ਰਿਸ਼ ਸੰਬੰਧ ਤੇ ਗੌਣੀ। ਧੁਨੀ ਨਾਂ ਕੱਢਣੇ ਤੇ ਨਿਰੂਢਾ। ਧੁਨੀ–ਸੇਵਕਾਂ ਨੂੰ ਫਲ ਪ੍ਰਦਾਤਾ ਤੇ ਪ੍ਰਯੋਜਨ ਫਡੀ।

ਰਹੀ ੭ {
- ੧੩–ਲੱਛਣਲੱਛਣਾ ਨਿਰੂਢਾ ਸਾਰੋਪਾ ਗੌਣੀ।
- ੧੪–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ।

ਉਦਾਹਰਨ–'ਪਜੂਖ ਸਾਧੂ ਕੋ ਦਰਸ' ਮੁਖਜਾਰਥ ਬਾਧ ਹੋ ਕੇ ਪ੍ਰਿਅ ਵਸਤੂ ਹੈ, ਇਸ ਤੇ ਲੱਛਣ ਲੱਛਣਾ। ਪਜੂਖ ਆਰੋਪਮਾਨ ਸਾਧੂ ਦਰਸ ਆਰੋਪ ਦਾ ਵਿਖਯ, ਇਸ ਤੇ ਸਾਰੋਪਾ। ਸੀਤਲਤਾ, ਮਿਠਾਸ ਆਦਿਕ ਸਦ੍ਰਿਸ਼ ਗੁਣਾਂ ਤੇ ਗੌਣੀ, ਧੁਨੀ ਨਾਂ ਕੱਢਣੇ ਤੇ ਨਿਰੂਢਾ।

ਧੁਨੀ–ਮੁਕਤੀ, ਅਮਰਤਾ ਆਦਿਕ ਤੇ ਪ੍ਰਯੋਜਨਵਤੀ।

ਰਹੀ ੮ {
- ੧੫–ਲੱਛਣ ਲੱਛਣਾ ਨਿਰੂਢਾ ਸਾਧਵਸਾਨਾ ਗੌਣੀ।
- ੧੬–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵਸਾਨਾ ਗੌਣੀ।

ਉਦਾਹਰਨ–'ਹਰਿ ਭਗਤ ਅੰਮ੍ਰਿਤ ਪਾਨ ਕਰਦਾ ਹੈ।' ਮੁਖਜਾਰਥ ਦਾ ਬਾਧ ਹੋ ਕੇ ਹਰੀ ਜਸ ਹਰਿ ਕੀਰਤ ਸ੍ਰਵਣ ਕਰਦਾ ਹੈ। ਰੋਪਮਾਨ ਅੰਮ੍ਰਿਤ ਰੂਪ ਦਾ ਵਿਖਯ ਹਰੀ ਜਸ ਨਹੀਂ ਹੈ ਇਸ ਤੇ ਸਾਧਵ ਸਾਨਾ। ਅੰਮ੍ਰਿਤ ਤੇ ਹਰਿ ਜਸ ਅਮਰ ਕਰਨ ਵਿਚ ਸਦ੍ਰਿਸ਼ ਗੁਣਾਂ ਤੇ ਗੌਣੀ। ਧੁਨੀ ਨਾ ਕੱਢਣੇ ਤੇ ਨਿਰੂਢਾ।

ਧੁਨੀ–ਮੁਕਤੀ, ਅਮਰਤਾ, ਸ਼ਾਂਤਿ ਆਦਿਕ ਤੇ ਪ੍ਰਯੋਜਨਵਤੀ।

੩੦. ਗੂੜ੍ਹ ਅਗੂੜ੍ਹ ਵਜੰਗ ਵਾਲੇ ਲੱਛਨਾਂ ਦੇ ਸੋਲਾਂ ਭੇਦ।

ਗੂਢ ਅਗੂਢ ਸੁ ਵਜੰਗ ਤੇ ਫਲਵਤਿ ਸੋਰਹਿ ਮਾਨ।

ਨਿਰੂਢਾ ਅੱਠੇ ਅਮਾਨਤ ਰੱਖ ਕੇ ਪ੍ਰਯੋਜਨਵਤੀ ਅੱਠ ਰੂਪਾਂ ਤੋਂ ਗੂਢ ਵਜੰਗ ਤੇ ਅਗੂਢ

Digitized by Panjab Digital Library | www.panjabdigilib.org

ਬਜੰਗ ਮਿਲਨੇ ਤੇ ਮੈਲਾਂ ਦੂਰ ਹੋ ਜਾਂਦੀ ਹੈ ਜੇਹਾ ਕੁ :–

੧–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂੜ ਬਜੰਗਾ।

੨–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਧਵ ਸਾਨਾ ਸੁਧਾ ਗੂੜ ਬਜੰਗਾ।

੩–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਸੁਧਾ ਗੂੜ ਬਜੰਗਾ।

੪–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ ਸਾਨਾ ਸੁਧਾ ਗੂੜ ਬਜੰਗਾ।

੫–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਗੌਣੀ ਗੂੜ ਬਜੰਗਾ।

੬–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਧਵਸਾਨਾ ਗੌਣੀ ਗੂੜ ਬਜੰਗਾ।

੭–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਗੌਣੀ ਗੂੜ ਬਜੰਗਾ।

੮–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਧਵਸਾਨਾ ਗੌਣੀ ਗੂੜ ਬਜੰਗਾ।

ਉਦਾਹਰਨ :–

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥ ਪਿਰੁ ਵਾਤੜੀ ਨ ਪੁਛਈ ਧੰਨ ਸੁਹਾਗਣਿ ਨਾਉ॥੩੧॥ [ਸ਼ਲੋਕ ਫਰੀਦ

ਜਿਸ ਨਾਇਕਾ ਨੂੰ ਸਾਹੁਰੇ ਘਰ ਆਸਰਾ ਨਾ ਮਿਲੇ ਅਤੇ ਪੇਕੇ ਘਰ ਜਗ੍ਹਾ ਨਾ ਮਿਲੇ ਅਤੇ ਪਤੀ ਉਸਦੀ ਕਦੀ ਸਾਰ ਨਾ ਲਵੇ, ਉਸ ਸੁਹਾਗਣ ਦਾ ਨਾਉਂ ਧੰਨਤਾ ਜੋਗ ਹੈ, ਏਥੇ ਵਿਪਰੀਤ ਲੱਛਣਾ ਕਰਕੇ ਅਧੰਨਤਾ ਜੋਗ ਹੈ। ਸਾਹੁਰਾ ਪੇਕਾ ਘਰ ਰੋਪਮਾਨ ਦਾ ਵਿਖਯ ਹੈ, ਸੁਹਾਗਣ ਰੋਪਮਾਨ ਹੈ, ਇਸ ਤੇ ਸਾਰੋਪਾ ਹੈ। ਸਾਹੁਰਾ ਪੇਕਾ ਘਰ ਰਹਿਣ ਲਈ ਸਦ੍ਰਿਸ਼ ਗੁਣ ਰੱਖਦਾ ਹੈ, ਇਸ ਲਈ ਗੌਣੀ ਹੈ।

ਫਿਰ ਰੋਪਮਾਨ ਦਾ ਵਿਖਯ ਹੈ, ਪਰਮੇਸ਼ਰ ਰੋਪਮਾਨ ਹੋਣੇ ਤੇ ਸਾਧਵਸਾਨਾ ਹੈ, ਇਜੇਹੀ ਛੁੱਟੜ ਇਸਤ੍ਰੀ ਵਾ ਸਾਕਤ ਪੁਰਖ ਧਿਕਾਰ ਜੋਗ ਹੈ, ਏਹੋ ਅਗੂੜ ਬਜੰਗ ਹੈ। ਧੁਨੀ– ਅਜੇਹੀ ਛੁੱਟੜ ਇਸਤ੍ਰੀ ਵਾ ਸਾਕਤ ਪੁਰਖ ਦਾ ਕੈਸਾ ਨਿੰਦਨੀਜ ਜੀਵਨ ਹੈ, ਆਦਿਕ।

੯–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਸੁਧਾ ਅਗੂੜ ਬਜੰਗਾ।

੧੦–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਧਵਸਾਨਾ ਸੁਧਾ ਅਗੂੜ ਬਜੰਗਾ।

੧੧–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਸੁਧਾ ਅਗੂੜ ਬਜੰਗਾ।

੧੨–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਧਵਸਾਨਾ ਸੁਧਾ ਅਗੂੜ ਬਜੰਗਾ।

੧੩–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਗੌਣੀ ਅਗੂੜ ਬਜੰਗਾ।

੧੪–ਉਪਾਦਾਨ ਲੱਛਣਾ ਪ੍ਰਯੋਜਨ ਵਤੀ ਸਾਧਵਸਾਨਾ ਗੌਣੀ ਅਗੂੜ ਬਜੰਗਾ।

੧੫–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਰੋਪਾ ਗੌਣੀ ਅਗੂੜ ਬਜੰਗਾ।

੧੬–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਧਵਸਾਨਾ ਗੌਣੀ ਅਗੂੜ ਬਜੰਗਾ।

ਉਦਾਹਰਨ :–

ਮਨੂਆ ਲਾਇ ਸਵਾਰੇ ਥਾਨਾ ਪੂਛਉ ਸੰਤਾ ਜਾਏ॥ ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ॥

[ਮਲਾਰ ਮਃ ਪ

ਸੰਤਾਂ ਪਾਸੋਂ ਜਾ ਜਾ ਕੇ ਪੁੱਛਆ, ਮਨ ਲਾ ਲਾ ਕੇ ਜਗਹ ਸਵਾਰੀਆਂ, ਢੂੰਡਦਿਆਂ ਢੂੰਡਦਿਆਂ ਮੈਨੂੰ ਪ੍ਰਾਹੁਣਾ ਮਿਲਿਆ ਹੈ, ਉਸ ਦੀ ਭਗਤੀ ਕਰਾਂ ਨਿਉਂ ਕੇ ਪੈਰਾਂ ਤੇ ਡਿੱਗਕੇ।

ਏਥੇ 'ਥਾਨਾ' ਪਦ ਦਾ ਮੁਖਆਰਥ ਬਾਧ

Digitized by Panjab Digital Library | www.panjabdigilib.org

ਹੈ ਕੇ ਮਨ, ਬੁਧਿ, ਚਿਤ, ਹੰਕਾਰ ਅਥਵਾ ਚਤੁਸ਼ਟੇ ਅੰਤਹਕਰਨ ਸਵਾਰੇ (ਸੰਬਰੇ) ਸ਼ੁੱਧ ਕੀਤੇ ਸੰਤਾਂ ਨੂੰ ਪੁੱਛ ਪੁੱਛਕੇ, ਇਸਤੇ ਲੱਛਣ ਲੱਛਣਾ ਹੈ। ਇੱਕੁਰ ਹੀ ਪਾਹੁਨ ਦਾ ਮੁਖਜਾਰਥ ਬਾਧ ਹੋ ਕੇ ਪਰਮਾਤਮਾਂ ਅਰਥ ਠਹਿਰਿਆ, ਬਾਨ ਅਤੇ ਪਾਹੁਨ ਆਰੋਪਮਾਨ ਹਨ, ਅੰਤਹਕਰਨ ਅਤੇ ਪਰਮੇਸ਼ੁਰ ਰੋਪਮਾਨ ਦਾ ਵਿਖਯ ਨਹੀਂ ਹਨ, ਇਸਤੇ ਸਾਧਵਸਾਨਾ ਹੈ। ਗੂੜ ਬਜੰਗ ਇਸ ਵਿਚ ਇਹ ਹੈ ਕਿ ਸੰਤਾਂ, ਮਹਾਤਮਾਂ ਪਾਸੋਂ ਵਿਵੇਕ ਵੈਰਾਗ ਆਦਿਕ ਮੁਦਤਾ ਮੈਤ੍ਰੀ ਖਿਮਾਂ ਆਦਿਕ ਸੁਕਰਮ ਕਮਾਉਣੇ ਕੀਤੇ ਤਾਂ ਪ੍ਰਕਾਸ਼ ਹੋਇਆ। ਧੁਨੀ ਇਸ ਵਿਚ ਇਹ ਹੈ-ਹੁਣ ਉਸਦੀ ਭਗਤੀ ਕਰਾਂ, ਜਗਤ ਵਿਚ ਉਸਨੂੰ ਸੱਤਾ ਸਫੁਰਨ ਦੇਖਿਆ ਹੈ, ਉਸ ਦੀ ਸੇਵਾ ਕਰਾਂ, ਨਿਰਾ ਅਹੰ ਬ੍ਰਹਮ ਦਾ ਉੱਚਾ ਢਿੱਬਾ ਬਣਕੇ ਵੇਲਾ ਨ ਗੁਆਵਾਂ।

੩੧. ਧਰਮ ਧਰਮੀ ਗਤ ਲੱਛਣਾ ਦੇ ੩੨ ਭੇਦ।

ਫਲ ਕੋ ਬਾਸ ਸੁਧਰਮ ਮੈਂ ਕਹੁ ਧਰਮੀ ਮੈਂ ਬਾਸ।
ਬਹੁਰ ਫਲਵਤੀ ਲੱਛਣਾ ਬੱਤਿਸ ਕਹੀ ਪ੍ਰਕਾਸ਼।

ਫਲ ਦਾ ਵਾਸ ਕਿਤੇ ਧਰਮ ਵਿਚ ਹੁੰਦਾ ਹੈ, ਕਿਤੇ ਧਰਮੀ ਵਿਚ ਹੁੰਦਾ ਹੈ*, ਇਸ ਲਈ ਪ੍ਰਯੋਜਨ ਵਤੀ ਦਾ ਧਰਮ ਧਰਮੀ ਵਿਚ ਨਿਵਾਸ ਹੋਣੇ ਤੇ ਇਸਦੇ ਬੱਤੀ ਭੇਦ ਹੋ ਜਾਂਦੇ ਹਨ।

ਉਦਾਹਰਨ–

ਨਾਨਕ ਜੋ ਬੀਜੇ ਸੋ ਖਾਵਣਾ ਕਰਤੈ ਲਿਖਿ ਪਾਇਆ ॥ [ਸਾਰੰਗ ਵਾਰ ਮਃ ੪

ਏਥੇ ਕਰਤਾ ਧਰਮੀ ਹੈ, ਲੇਖ ਲਿਖਣਾ ਧਰਮ ਹੈ, ਜੀਵਾਂ ਦਾ ਪ੍ਰਾਰਬਧ ਅਨੁਸਾਰ ਫਲ ਭੋਗਣਾ ਇਹ ਅਗੂਢ ਬਜੰਗ ਹੈ, ਬੀਜੇ ਦਾ ਮੁਖਜਾਰਥ ਬਾਧ ਹੋਕੇ ਪੂਰਬਲੇ ਕੀਤੇ ਕਰਮ, ਇਹ ਅਰਥ ਮੁੱਖ ਠਹਿਰਿਆ, ਇੱਕੁਰ ਹੀ 'ਸੋ ਖਾਵਣਾ' ਦਾ ਮੁਖਜਾਰਥ ਬਾਧ ਹੋਕੇ ਭੋਗਣਾ ਅਰਥ ਠਹਿਰਿਆ, ਇਸਤੇ ਲੱਛਣ ਲੱਛਣਾ ਹੈ। ਕਰਮ ਕਰਨਾ ਕਾਰਨ ਹੈ, ਫਲ ਭੋਗਣਾ ਕਾਰਜ ਹੈ, ਕਾਰਨ ਕਾਰਜ ਸੰਬੰਧ ਹੋਣੇ ਤੇ ਸੁਧਾ ਲੱਛਣਾ ਹੈ।

ਧੁਨੀ ਧਰਮੀ ਵਿੱਚੋਂ ਨਿੱਕਲਦੀ ਹੈ ਕਿ ਕਰਤੇ ਦੇ ਹੁਕਮ ਅਨੁਸਾਰ ਆਪਣੇ ਹੀ ਕੀਤੇ ਹੋਏ ਕਰਮ ਆਪ ਹੀ ਭੋਗਨੇ ਹਾਂ।

ਪੁਨ:–ਉਦਾਹਰਨ, ਜਿਹਾਕੁ:–

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥ ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ ॥ ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥ ਕੋਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥ ਬੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥ [ਵਾਰ ਸਾਰੰਗ ਮਃ ੨

ਜਦ (ਜੀਵ) ਜਨਮ ਧਾਰਨੇ ਨੂੰ ਚਲੇ ਤਾਂ ਸ਼ਾਹ ਪਰਮੇਸ਼ੁਰ ਨੇ ਲਿਖਿਆ (ਪ੍ਰਾਰਬਧ, ਕਰਮ) ਨਾਲ ਦਿੱਤੇ, ਤਿਨ੍ਹਾਂ ਹੀ ਕਰਮਾਂ ਅਨੁਸਾਰ ਹੁਕਮ ਹੋਇਆ ਕਿ ਵਸਤ (ਨਾਮ) ਸੰਮਾਲ ਲਓ, ਤਾਂ (ਨਾਮ) ਵਸਤ ਜੀਵਾਂ ਨੇ ਸੰਮਾਲ ਲਈ ਅਤੇ ਵੱਖਰ (ਸ੍ਵਾਸ) ਪੱਲੇ ਬੰਨ੍ਹੇ ਤੇ ਪਾਇਆ ਮਨੁੱਖਾ ਜਨਮ ਕਈ ਲੋਕ ਤਾਂ ਭਜਨ

---

*ਪ੍ਰਯੋਜਨ, ਫਲ, ਸਾਰ, ਸਿੱਧਾਂਤ, ਧੁਨੀ ਇਹ ਪੰਜੇ ਨਾਉਂ ਇੱਕੋ ਹਨ, ਧਰਮ ਧਰਮੀ ਵਿੱਚ ਰਹਿੰਦਾ ਹੈ, ਜਿਹਾਕੁ ਨਾਇਕ, ਨਾਇਕਾ, ਗੁਰੂ, ਪਰਮੇਸ਼ੁਰ, ਸਿਖ, ਜਗਜਾਸੂ, ਵਿਦਜਾਰਥੀ ਆਦਿਕ ਧਰਮੀ ਹਨ, ਇਨ੍ਹਾਂ ਵਿਚ ਆਵੱਸ਼ਕ ਕ੍ਰਿਯਾ ਹੋਣੀ ਧਰਮ ਹੈ, ਜਦੋਂ ਧੁਨੀ ਧਰਮੀ ਵਿੱਚੋਂ ਨਿਕਲੇ ਤਾਂ ਧਰਮੀ ਗਤ ਹੈ, ਜਦੋਂ ਧੁਨੀ ਧਰਮ ਵਿਚੋਂ ਨਿਕਲੇ ਤਦੋਂ ਧਰਮਗਤ ਜਾਨਣੀ।

Digitized by Panjab Digital Library | www.panjabdigilib.org

ਬਾਣੀ ਨਾਮ ਕਰਕੈ ਜਨਮ ਦਾ ਲਾਹਾ ਖੱਟ ਦੇਂਲੇ ਅਤੇ ਕਈ ਮੂਲ ਦੇ ਸੁਆਸ ਵੀ ਵਿਅਰਥ ਗੁਆਕੇ ਟੁਰੇ। ਅੱਗੇ (ਦਰਗਾਹੇ) ਜਾਕੇ ਕਿਸੇ ਨੇ ਵੀ ਏਹੜਾ ਨਾ ਮੰਗਿਆ (ਸੁੱਖ), ਪਰੰਤੂ ਓਥੇ ਦਰਗਾਹੇ ਕਿਨ੍ਹਾਂ ਨੂੰ ਸ਼ਾਬਾਸ਼ (ਧੰਨਤਾ) ਕਹੀ ਗਈ ? ਜਿਹੜੇ ਨਾਮ ਦੀ ਪੂੰਜੀ ਸਾਬਤ ਲਿਆਏ ਤਿਨ੍ਹਾਂ ਤੇ ਕ੍ਰਿਪਾ ਦ੍ਰਿਸ਼ਟੀ ਹੋਈ।

ਏਥੇ ਸ਼ਾਹ ਵਣਜਾਰਾ ਲਿਖਿਆ, ਵਸਤ, ਵੱਖਰ, ਲਾਹਾ, ਮੂਲ, ਰਾਸਿ ਆਦਿਕ ਪਦਾਂ ਦਾਮੁਖਜਾਰਥਬਾਧ ਹੋਕੇਪਰਮੇਸ਼ੁਰ, ਜੀਵ, ਕਰਮ ਪ੍ਰਾਰਬਧ, ਸੁਆਸ, ਜਨਮ, ਨਾਮ, ਗੁਣ ਆਦਿਕ ਅਰਥ ਮੁੱਖਤਾ ਪਾਉਂਦੇ ਹਨ, ਇਸਤੇ ਲੱਛਣ ਲੱਛਣਾ ਹੈ। ਇੱਕੁਰ ਹੀ ਇਹੋ ਪਦ ਸ਼ਾਹ ਵਣਜਾਰਾ ਆਦਿਕ ਰੋਪਮਾਨ ਤਾਂ ਹਨ, ਪਰੰਤੂ ਰੋਪਮਾਨ ਵਿਖਜ ਜੀਵ ਈਸ਼ਰ ਆਦਿਕ ਨਹੀਂ ਹਨ, ਇਸ ਤੇ ਸਾਧਵਸ਼ਾਨਾ ਹੈ। ਪ੍ਰਾਰਬਧ ਕਰਮ ਕਾਰਨ ਹਨ, ਕਰਮਾਂ ਅਨੁਸਾਰ ਹੁਕਮ ਹੋਣਾ ਕਾਰਜ ਹੈ, ਕਾਰਨ ਕਾਰਜ ਸੰਬੰਧ ਤੇ ਸੁਧਾ ਹੈ। ਈਸ਼ੁਰ ਧਰਮੀ ਹੈ, ਹੁਕਮ ਕਰਨਾ ਧਰਮ ਹੈ। ਧੁਨੀ ਧਰਮ ਵਿੱਚੋਂ ਨਿਕਲਦੀ ਹੈ ਕਿ ਹੁਕਮ ਭੁੱਲ ਜਾਣੇ ਤੇ ਇਹ ਜੀਵ ਮੂਲ (ਸੁਆਸ) ਵਿਅਰਥ ਕਰਕੇ ਚਲੇ ਗਏ, ਅਥਵਾ ਧੁਨੀ ਧਰਮੀ ਵਿੱਚੋਂ ਕੱਢੀਏ ਕਿ ਕਰਤਾਰ ਨੇ ਕ੍ਰਿਪਾ ਦ੍ਰਿਸ਼ਟੀ ਉਨ੍ਹਾਂ ਤੇ ਕੀਤੀ, ਜਿਹੜੇ ਜਨਮ ਵਾ ਸੁਆਸ ਸਫਲ ਕਰਕੇ ਦਰਗਾਹੇ ਅੱਪੜੇ।

ਅਗੂਢ ਬਜੰਗ ਇਸ ਵਿਚ ਇਹ ਹੈ ਕਿ ਕਰਤਾਰ ਨੇ ਇਸ ਜੀਵ ਨੂੰ ਕਰਮ ਕਰਨ ਲਈ ਚੇਤਨ ਗਜਾਨ ਬਖਸ਼ਿਆ ਹੈ, ਫਿਰ ਇਹ ਚੰਗੇ ਅਤੇ ਮੰਦੇ ਕਰਮਾਂ ਨੂੰ ਪਛਾਣਦਾ ਹੋਇਆ ਫਿਰ ਮੰਦੇ ਹੀ ਕਰਮਾਂ ਵਿਚ ਲੱਗਕੇ ਸੁਆਸ ਵਿਅਰਥ ਗੁਵਾਉਂਦਾ ਹੈ।

ਧਰਮ ਧਰਮੀ ਗੰਤ ਲੱਛਣਾ ਦੇ ੩੨ ਭੇਦਾਂ ਦਾ ਵੇਰਵਾ:—

੧—ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਜੰਗਾ ਧਰਮਗਤ।

੨—ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾ ਗੂਢ ਬਜੰਗਾ ਧਰਮਗਤ।

੩—ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਜੰਗਾ ਧਰਮਗਤ।

੪—ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾ ਗੂਢ ਬਜੰਗਾ ਧਰਮਗਤ।

੫—ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਗੂਢ ਬਜੰਗਾ ਧਰਮਗਤ।

੬—ਉਪਾਦਾਨ ਲੱਛਣਾ, ਪ੍ਰਯੋਜਨਵਤੀ ਸਾਧਵ-ਸਾਨਾ ਗੌਣੀ ਗੂਢ ਬਜੰਗਾ ਧਰਮਗਤ।

੭—ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਗੂਢ ਬਜੰਗਾ ਧਰਮਗਤ।

੮—ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਗੌਣੀ ਗੂਢ ਬਜੰਗਾ ਧਰਮਗਤ।

੯—ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਅਗੂਢ ਬਜੰਗਾ ਧਰਮਗਤ।

੧੦—ਉਪਾਦਾਨਲੱਛਣਾ ਪ੍ਰਯੋਜਨਵਤੀਸਾਧਵ-ਸਾਨਾ ਸੁਧਾ ਅਗੂਢ ਬਜੰਗਾ ਧਰਮਗਤ।

੧੧—ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਅਗੂਢ ਬਜੰਗਾ ਧਰਮਗਤ।

੧੨—ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾ ਅਗੂਢ ਬਜੰਗਾ ਧਰਮਗਤ।

੧੩—ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਅਗੂਢ ਬਜੰਗਾ ਧਰਮਗਤ।

੧੪—ਉਪਾਦਾਨ ਲੱਛਣਾਪ੍ਰਯੋਜਨਵਤੀ ਸਾਧਵ ਸਾਨਾ ਗੌਣੀ ਅਗੂਢ ਬਜੰਗਾ ਧਰਮਗਤ।

੧੫—ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਅਗੂਢ ਬਜੰਗਾ ਧਰਮਗਤ।

Digitized by Panjab Digital Library | www.panjabdigilib.org

੩੨. ਪਦ ਗਤ ਲੱਛਣਾ ਦੇ ਚਾਲੀ ਭੇਦ।

ਆਠ ਨਿਰੂਢਾ ਲੱਛਨਾ ਬਤਿਸ ਫਲਵਤੀ ਇੰਦ।
ਪਦ ਮੈਂ ਅਰ ਪੁਨ ਵਾਕ ਮੈਂ ਅੱਸੀ ਹੋਤ ਅਖੇਦ।

ਅੱਠ ਨਿਰੂਢਾ ਜੋ ਅਮਾਨਤ ਰੱਖੀਆਂ ਸਨ, ਓਹ ਇਨ੍ਹਾਂ ਬੱਤੀਆਂ ਨਾਲ ਮਿਲਾ ਦੇਣ ਤੇ ੪੦ ਹੁੰਦੀਆਂ ਹਨ, ਇਹੋ ਚਾਲੀ ਪਦ ਗਤ ਅਤੇ ਵਾਕਗਤ ਹੋਣੇ ਤੇ ੮੦ ਹੋਜਾਦੀਆਂ ਹਨ। ਜੇਹਾ ਕੁ ਪਦ ਗਤ ਦੇ ਚਾਲੀ ਨਾਮ ਅਤੇ ਕੁਝ ਉਦਾਹਰਣ ਅੱਗੇ ਦੇਂਦੇ ਹਾਂ।

ਪਦ ਗਤ ਦਾ ਉਦਾਹਰਣ :–

ਜੇਹਾ ਕੁ:–"ਸਾਧੂ ਧੂਰੀ ਨਾਤਾ" ਨਾਤਾ ਪਦ ਵਿਚ ਲੱਛਣਾ ਹੋਣੇ ਤੇ ਪਦ ਗਤ ਹੈ। ਏਥੇ ਸਾਧੂ ਧੂਰੀ ਮੁਖਜਾਰਥ ਬਾਧ ਹੋ ਕੇ ਚਰਨ ਧੂੜੀ ਮੁਖਜਾਰਥ ਹੋਣੇ ਤੇ ਲੱਛਣ ਲੱਛਣਾ ਹੈ। ਮੁਮੋਖੀ 'ਧਰਮੀ' ਚਰਨ ਧੂੜੀ ਵਿਚ ਨ੍ਹਾਉਣਾ 'ਧਰਮ' ਹੈ, ਚਰਨ ਅਤੇ ਧੂੜੀ ਦਾ ਅੰਗਅੰਗੀ ਸੰਬੰਧ ਹੋਣੇ ਤੇ ਸੁਧਾ ਹੈ। ਮੁਖ ਮਸਤਕ ਤੇ ਚਰਨ ਧੂੜ ਦਾ ਲਗਾਉਣਾ, ਸੰਤਾਂ ਸਿੱਖਾਂ ਅੱਗੇ ਨਿਉਣਾ, ਸੇਵਾ ਭਗਤੀ ਕਰਨੀ 'ਗੂੜ ਬਜੰਗ' ਹੈ। ਨ੍ਹਾਉਣਾ ਪਦ ਵਿੱਚੋਂ ਧੁਨੀ ਨਿਕਲਣੇ ਤੇ ਪਦ ਗਤ ਹੈ। ਧੁਨੀ-ਜੋ ਸੰਤਾਂ ਦੀ ਚਰਨ ਧੂੜੀ ਵਿਚ ਪ੍ਰਸੰਨ ਹੋ ਕੇ ਨ੍ਹਾਉਂਦਾ ਲੇਟਦਾ ਨਿੰਮ੍ਹੀਭੂਤ ਹੁੰਦਾ ਹੈ, ਉਸ ਦਾ ਜਨਮ ਕਰਮ ਸਭ ਸਫਲ ਹੈ।

ਚਿਤਾਵਨੀ–ਜਿੱਥੇ ਇੱਕੋ ਪਦ ਵਿਚੋਂ ਧੁਨੀ ਨਿਕਲੇ, ਓਥੇ ਪਦ ਗਤ ਜਾਣਨੀ, ਜਿੱਥੇ ਬਾਹਲੇ ਪਦਾਂ ਦੇ ਅਰਥਾਂ ਵਿੱਚੋਂ ਧੁਨੀ ਨਿਕਲੇ ਓਥੇ ਵਾਕ ਗਤ ਜਾਣਨੀ। ਇਸ ਦੇ ਉਦਾ-

Digitized by Panjab Digital Library | www.panjabdigilib.org

ਹਰਣ ਪਿੱਛੇ ਬਾਹਲੇ ਵਿਦਮਾਨ ਹਨ, ਜ਼ਰਾ ਖੇਚਲ ਕਰਕੇ ਵਿਚਾਰਕੇ ਕੱਢ ਲਓ, ਵਰਤਕੇ ਦੇਖ ਲਓ।

ਗੂਢ, ਅਗੂਢ, ਬਜੰਗ ਅਤੇ ਧਰਮ, ਧਰਮੀ, ਪ੍ਰਯੋਜਨ ਦਾ ਹੀ ਕਾਰਨ ਰੂਪ ਵਿਦਮਾਨ ਹਨ, ਇਸ ਲਈ ਨਿਰੁਢਾ ਨਾਲ ਸੰਬੰਧ ਨਹੀਂ ਰੱਖਦੇ, ਪਰੰਤੂ ਪਦ ਅਤੇ ਵਾਕ ਵਿਚ ਨਿਰੁਢਾ ਤਦ ਤਕ ਵਿਦਮਾਨ ਹੈ ਜਦ ਤਕ ਧੁਨੀ ਨਾਂ ਕੱਢੀ ਜਾਵੇ। ਜਿਸ ਨਿਰੁਢਾ ਵਿਚੋਂ ਧੁਨੀ ਨਿਕਲੇਗੀ, ਓਸੇ ਦਾ ਨਾਮ ਪ੍ਰਯੋਜਨਵਤੀ ਹੋ ਜਾਏਗਾ, ਨਿਰੁਢਾ ਨਹੀਂ ਰਹੇਗਾ,ਇਸ ਲਈ ਇਹ ਸੋਲਾਂ ਭੇਦ ਨਿਰੁਢਾ ਦੇ ਕੇਵਲ ਵਾਕ ਅਤੇ ਪਦ ਗਤ ਹੀ ਵਿਦਮਾਨ ਹਨ ।

ਪਦ ਗਤ ਲੱਛਣਾਂਦੇ ੪੦ ਭੇਦਾਂ ਦਾ ਵੇਰਵਾ:–

੧–ਉਪਾਦਾਨ ਲੱਛਣਾ ਨਿਰੁਢਾ ਸਾਰੋਪਾ ਸੁਧਾ ਪਦਗਤ।

੨–ਉਪਾਦਾਨ ਲੱਛਣਾ ਨਿਰੁਢਾ ਸਾਧਵ-ਸਾਨਾ ਸੁਧਾ ਪਦ ਗਤ ।

੩–ਲੱਛਣ ਲੱਛਣਾ ਨਿਰੁਢਾ ਸਾਰੋਪਾ ਸੁਧਾ ਪਦ ਗਤ।

੪–ਲੱਛਣ ਲੱਛਣਾ ਨਿਰੁਢਾ ਸਾਧਵ-ਸਾਨਾ ਸੁਧਾ ਪਦ ਗਤ।

੫–ਉਪਾਦਾਨ ਲੱਛਣਾ ਨਿਰੂਢਾ ਸਾਰੋਪਾ ਗੌਣੀ ਪਦ ਗਤ ।

੬–ਉਪਾਦਾਨ ਲੱਛਣਾ ਨਿਰੂਢਾ ਸਾਧਵ-ਸਾਨਾ ਗੌਣੀ ਪਦ ਗਤ।

੭–ਲੱਛਣ ਲੱਛਣਾ ਨਿਰੂਢਾ ਸਾਰੋਪਾ ਗੌਣੀ ਪਦ ਗਤ।

੮–ਲੱਛਣ ਲੱਛਣਾ ਨਿਰੂਢਾ ਸਾਧਵ-ਸਾਨਾ ਗੌਣੀ ਪਦ ਗਤ।

੯–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਜੰਗਾ ਧਰਮ ਪਦ ਗਤ।

੧੦–ਉਪਾਦਾਨ ਲੱਛਣਾਪ੍ਰਯੋਜਨਵਤੀਸਾਧਵ ਸਾਨਾ ਸੁਧਾ ਗੂਢ ਬਜੰਗਾ ਧਰਮਪਦਗਤ।

੧੧–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਜੰਗਾ ਧਰਮ ਪਦ ਗਤ।

੧੨–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾ ਗੂਢ ਬਜੰਗਾ ਧਰਮਪਦ ਗਤ।

੧੩–ਉਪਾਦਾਨਲੱਛਣਾ ਪ੍ਰਯੋਜਨਵਤੀਸਾਰੋਪਾ ਗੌਣੀ ਗੂਢ ਬਜੰਗਾ ਧਰਮ ਪਦ ਗਤ ।

੧੪–ਉਪਾਦਾਨ ਲੱਛਣਾਪ੍ਰਯੋਜਨਵਤੀ ਸਾਧਵ ਸਾਨਾ ਗੌਣੀ ਗੂਢਬਜੰਗਾਧਰਮ ਪਦ ਗਤ।

੧੫–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਗੂਢ ਬਜੰਗਾ ਧਰਮ ਪਦ ਗਤ ।

੧੬–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ ਸਾਨਾ ਗੌਣੀ ਗੂਢਬਜੰਗਾ ਧਰਮ ਪਦਗਤ।

੧੭–ਉਪਾਦਾਨ ਲੱਛਣਾਪ੍ਰਯੋਜਨਵਤੀਸਾਰੋਪਾ ਸੁਧਾ ਅਗੂਢ ਬਜੰਗਾ ਧਰਮ ਪਦ ਗਤ ।

੧੮–ਉਪਾਦਾਨਲੱਛਣਾ ਪ੍ਰਯੋਜਨਵਤੀਸਾਧਵ-ਸਾਨਾ ਸੁਧਾ ਅਗੂਢਬਜੰਗਾਧਰਮਪਦਗਤ।

੧੯–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਅਗੂਢ ਬਜੰਗਾ ਧਰਮ ਪਦ ਗਤ ।

੨੦–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ ਸਾਨਾ ਸੁਧਾਅਗੂਢਬਜੰਗਾਧਰਮ ਪਦਗਤ।

੨੧–ਉਪਾਦਾਨਲੱਛਣਾਪ੍ਰਯੋਜਨਵਤੀਸਾਰੋਪਾ ਗੌਣੀ ਅਗੂਢ ਬਜੰਗਾ ਧਰਮ ਪਦ ਗਤ ।

੨੨–ਉਪਾਦਾਨਲੱਛਣਾ ਪ੍ਰਯੋਜਨਵਤੀ ਸਾਧਵ ਸਾਨਾ ਗੌਣੀਅਗੂਢਬਜੰਗਾਧਰਮ ਪਦਗਤ।

੨੩–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਅਗੂਢ ਬਜੰਗਾ ਧਰਮ ਪਦ ਗਤ।

੨੪–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ ਸਾਨਾ ਗੌਣੀਅਗੂਢ ਬਜੰਗਾਧਰਮਪਦ ਗਤ।

Digitized by Panjab Digital Library | www.panjabdigilib.org

੨੫–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂੜਬਜੰਗਾ ਧਰਮੀ ਪਦਗਤ।
੨੬–ਉਪਾਦਾਨਲੱਛਣਾਪ੍ਰਯੋਜਨਵਤੀਸਾਧਵ-ਸਾਨਾ ਸੁਧਾ ਗੂਢਬਜੰਗਾ ਧਰਮੀ ਪਦਗਤ।
੨੭–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢਬਜੰਗਾ ਧਰਮੀ ਪਦਗਤ।
੨੮–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾ ਗੂਢਬਜੰਗਾ ਧਰਮੀਪਦਗਤ।
੨੯–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾਗੌਣੀਗੂਢਬਜੰਗਾ ਧਰਮੀ ਪਦਗਤ।
੩੦–ਉਪਾਦਾਨਲੱਛਣਾਪ੍ਰਯੋਜਨਵਤੀਸਾਧਵ-ਸਾਨਾ ਗੌਣੀ ਗੂਢਬਜੰਗਾਧਰਮੀ ਪਦਗਤ।
੩੧–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਗੂਢ ਬਜੰਗਾ ਧਰਮੀ ਪਦਗਤ।
੩੨–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਗੌਣੀਗੂਢਬਜੰਗਾ ਧਰਮੀ ਪਦਗਤ।
੩੩–ਉਪਾਦਾਨਲੱਛਣਾ ਪ੍ਰਯੋਜਨਵਤੀਸਾਰੋਪਾ ਸੁਧਾ ਅਗੂਢ ਬਜੰਗਾ ਧਰਮੀ ਪਦਗਤ।
੩੪–ਉਪਾਦਾਨ ਲੱਛਣਾਪ੍ਰਯੋਜਨਵਤੀ ਸਾਧਵ ਸਾਨਾਸੁਧਾਅਗੂਢ ਬਜੰਗਾਧਰਮੀਪਦਗਤ।
੩੫–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਅਗੂਢ ਬਜੰਗਾ ਧਰਮੀ ਪਦਗਤ।
੩੬–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ ਸਾਨਾਸੁਧਾਅਗੂਢਬਜੰਗਾ ਧਰਮੀ ਪਦਗਤ।
੩੭–ਉਪਾਦਾਨ ਲੱਛਣਾ ਪ੍ਰਯੋਜਨਵਤੀਸਾਰੋਪਾ ਗੌਣੀ ਅਗੂਢ ਬਜੰਗਾ ਧਰਮੀ ਪਦਗਤ।
੩੮–ਉਪਾਦਾਨ ਲੱਛਣਾ ਪ੍ਰਯੋਜਨਵਤੀਸਾਧਵ ਸਾਨਾਗੌਣੀਅਗੂਢ ਬਜੰਗਾਧਰਮੀਪਦਗਤ।
੩੯–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਅਗੂਢ ਬਜੰਗਾ ਧਰਮੀ ਪਦਗਤ।
੪੦–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾਗੌਣੀਅਗੂਢਬਜੰਗਾਧਰਮੀਪਦਗਤ।

੩੩. ਵਾਕ ਗਤ ਲੱਛਣਾ ਦੇ ਚਾਲੀ ਭੇਦ।

ਵਾਕ ਗਤ ਦਾ ਉਦਾਹਰਨ–

ਬਾਹਰਲੇ ਪਦਾਂ ਵਿਚੋਂ ਅਰਥ ਰੂਪ ਵਾਕ ਹੋਕੇ ਜੋ ਧੁਨੀ ਦਿਖਾਵੇ ਓਹ ਵਾਕ ਗਤ ਕਹੀਦੀ ਹੈ। ਜਿਹਾਕੁ–

"ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥੨॥"

[ਸਲੋਕ ਫਰੀਦ ਜੀ

ਸਾਹੁਰੇ ਅਤੇ ਪੇਕੇ ਘਰ (ਸੁਵਾਣੀ) ਕੰਤ ਦੀ ਹੈ, ਪਰੰਤੂ ਕੰਤ ਅਗੰਮ (ਜਿਸ ਤਾਈਂ ਅੱਪੜ ਨਾ ਸਕੀਏ) ਅਤੇ ਅਥਾਹੁ (ਜਿਸ ਦੀ ਥਾਹੁ ਨਾ ਮਿਲੇ) ਹੈ। ਸਾਹਿਬ ਬਚਨ ਕਰਦੇ ਹਨ,ਸੋਹਾਗਣੀ ਓਹੋ ਹੀ ਹੈ ਜੋ ਓਸ ਬੇਪਰਵਾਹ ਕੰਤ ਨੂੰ ਭਾਵੇ (ਪਸੰਦ ਆਵੇ)।

ਏਥੇ ਸਾਹੁਰੇ ਪੇਈਏ ਦਾ ਮੁਖਜਾਰਥ ਬਾਧ ਹੋਕੇ ਲੋਕ ਪ੍ਰਲੋਕ ਅਰਥ ਦੀ ਮੁੱਖਤਾ ਹੈ, ਇਸ ਤੇ ਲੱਛਣ ਲੱਛਣਾ ਹੈ। ਸਾਹੁਰੇ ਪੇਕੇ ਘਰ ਦੀ ਸਾਦ੍ਰਿਸ਼ਾ ਤੇ ਗੌਣੀ, ਕੰਤ ਧਰਮੀ, ਬੇਪਰਵਾਹਤਾ ਧਰਮ ਹੈ। ਜਿਸ ਨੂੰ ਲੋਕ ਪ੍ਰਲੋਕ ਵਿਚ ਢੋਈ ਨਾ ਮਿਲੇ, ਪਰੰਤੂ ਜੇ ਕਦੀ ਓਸ ਬੇਪਰਵਾਹ ਕੰਤ ਨੂੰ ਭਾਇ ਜਾਵੇ, ਤਾਂ ਓਹੋ ਸੁਹਾਗਣੀ (ਮੁਸੋਖੀ) ਹੈ, ਇਹ ਗੂਢ ਬਜੰਗ ਹੈ। ਇਨ੍ਹਾਂ ਸਮੁਦਾਇ ਪਦਾਂ ਵਿਚੋਂ ਇਕ ਗੱਲ (ਵਾਕ) ਨਿਕਲਦੀ ਹੈ, ਜੇਹਾ ਕੁ ਓਸ ਅਗੰਮ, ਅਸਗਾਹ ਬੇ-ਪਰਵਾਹ ਕੰਤ (ਪਰਮੇਸ਼ੁਰ) ਦਾ ਪਤਾ ਨਹੀਂ ਲੱਗਦਾ ਕਿ ਜਿਸ ਕਰਮ ਹੀਣ ਛੁੱਟੜ ਬੁਰਿਆਰ ਨੂੰ ਚਾਹੇ ਸੁਹਾਗਣ (ਗੁਣਵਾਨ) ਬਣਾ ਲਵੇ, ਇਸ ਲਈ ਵਾਕ ਗਤ ਹੈ, ਏਹੋ ਧੁਨੀ ਹੈ:–

Digitized by Panjab Digital Library | www.panjabdigilib.org

"ਤੁਧੁ ਭਾਵੈ ਤਾ ਆਣਹਿ ਰਾਸਿ ॥"

[ਸੂਹੀ ਮ: ੫

ਵਾਕ ਗਤ ਲੱਛਣਾਂ ਦੇ੪੦ ਭੇਦਾਂ ਦਾ ਵੇਰਵਾ–

੧–ਉਪਾਦਾਨ ਲੱਛਣਾ ਨਿਰੂਢਾ ਸਾਰੋਪਾ ਸੁਧਾ ਵਾਕ ਗਤ ।

੨–ਉਪਾਦਾਨ ਲੱਛਣਾ ਨਿਰੂਢਾ ਸਾਧਵ-ਸਾਨਾ ਸੁਧਾ ਵਾਕਗਤ।

੩–ਲੱਛਣ ਲੱਛਣਾ ਨਿਰੂਢਾ ਸਾਰੋਪਾ ਸੁਧਾ ਵਾਕ ਗਤ।

੪–ਲੱਛਣ ਲੱਛਣਾ ਨਿਰੂਢਾ ਸਾਧਵ-ਸਾਨਾ ਸੁਧਾ ਵਾਕਗਤ।

੫–ਉਪਾਦਾਨ ਲੱਛਣਾ ਨਿਰੂਢਾ ਸਾਰੋਪਾ ਗੌਣੀ ਵਾਕ ਗਤ।

੬–ਉਪਾਦਾਨ ਲੱਛਣਾ ਨਿਰੂਢਾ ਸਾਧਵ-ਸਾਨਾ ਗੌਣੀ ਵਾਕ ਗਤ।

੭–ਲੱਛਣ ਲੱਛਣਾ ਨਿਰੂਢਾ ਸਾਰੋਪਾ ਗੌਣੀ ਵਾਕ ਗਤ।

੮–ਲੱਛਣ ਲੱਛਣਾ ਨਿਰੂਢਾ ਸਾਧਵ-ਸਾਨਾ ਗੌਣੀ ਵਾਕਗਤ।

੯–ਉਪਾਦਾਨ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਯੰਗਾ ਧਰਮ ਵਾਕ ਗਤ।

੧੦–ਉਪਾਦਾਨ ਲੱਛਣਾਪ੍ਰਯੋਜਨਵਤੀਸਾਧਵ ਸਾਨਾ ਸੁਧਾ ਗੂਢਬਯੰਗਾ ਧਰਮ ਵਾਕਗਤ।

੧੧–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਏਯੰਗਾ ਧਰਮ ਵਾਕ ਗਤ।

੧੨–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾ ਗੂਢ ਬਯੰਗਾ ਧਰਮਵਾਕਗਤ।

੧੩–ਉਪਾਦਾਨਲੱਛਣਾ ਪ੍ਰਯੋਜਨਵਤੀਸਾਰੋਪਾ ਗੌਣੀ ਗੂਢ ਬਯੰਗਾ ਧਰਮ ਵਾਕ ਗਤ।

੧੪–ਉਪਾਦਾਨ ਲੱਛਣਾਪ੍ਰਯੋਜਨਵਤੀ ਸਾਧਵ ਸਾਨਾ ਗੌਣੀ ਗੂਢਬਯੰਗਾ ਧਰਮ ਵਾਕਗਤ।

੧੫–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਗੂਢ ਬਯੰਗਾ ਧਰਮ ਵਾਕ ਗਤ।

੧੬–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾਗੌਣੀ ਗੂਢਬਯੰਗਾ ਧਰਮ ਵਾਕਗਤ।

੧੭–ਉਪਾਦਾਨ ਲੱਛਣਾਪ੍ਰਯੋਜਨਵਤੀਸਾਰੋਪਾ ਸੁਧਾ ਅਗੂਢ ਬਯੰਗਾ ਧਰਮ ਵਾਕਗਤ।

੧੮–ਉਪਾਦਾਨਲੱਛਣਾਪ੍ਰਯੋਜਨਵਤੀਸਾਧਵ-ਸਾਨਾਸੁਧ ਅਗੂਢਬਯੰਗਾਧਰਮਵਾਕਗਤ।

੧੯–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਅਗੂਢ ਬਯੰਗਾ ਧਰਮ ਵਾਕਗਤ।

੨੦–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾਅਗੂਢਬਯੰਗਾਧਰਮਵਾਕਗਤ।

੨੧–ਉਪਾਦਾਨਲੱਛਣਾਪ੍ਰਯੋਜਨਵਤੀਸਾਰੋਪਾ ਗੌਣੀ ਅਗੂਢ ਬਯੰਗਾ ਧਰਮ ਵਾਕਗਤ।

੨੨–ਉਪਾਦਾਨਲੱਛਣਾ ਪ੍ਰਯੋਜਨਵਤੀ ਸਾਧਵ ਸਾਨਾਗੌਣੀਅਗੂਢਬਯੰਗਾਧਰਮ ਵਾਕਗਤ।

੨੩–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਗੌਣੀ ਅਗੂਢ ਬਯੰਗਾ ਧਰਮ ਵਾਕਗਤ।

੨੪–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਗੌਣੀਅਗੂਢਬਯੰਗਾਧਰਮਵਾਕਗਤ।

੨੫–ਉਪਾਦਾਨਲੱਛਣਾਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਯੰਗਾ ਧਰਮੀ ਵਾਕ ਗਤ।

੨੬–ਉਪਾਦਾਨਲੱਛਣਾਪ੍ਰਯੋਜਨਵਤੀਸਾਧਵ-ਸਾਨਾਸੁਧਾ ਗੂਢ ਬਯੰਗਾਧਰਮੀਵਾਕਗਤ।

੨੭–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ ਸੁਧਾ ਗੂਢ ਬਯੰਗਾ ਧਰਮੀ ਵਾਕ ਗਤ।

੨੮–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-ਸਾਨਾ ਸੁਧਾਗੂਢ ਬਯੰਗਾਧਰਮੀਵਾਕਗਤ।

੨੯–ਉਪਾਦਾਨਲੱਛਣਾਪ੍ਰਯੋਜਨਵਤੀਸਾਰੋਪਾ ਗੌਣੀ ਗੂਢ ਬਯੰਗਾ ਧਰਮੀ ਵਾਕ ਗਤ।

੩੦–ਉਪਾਦਾਨਲੱਛਣਾਪ੍ਰਯੋਜਨਵਤੀਸਾਧਵ-ਸਾਨਾਗੌਣੀ ਗੂਢਬਯੰਗਾਧਰਮੀਵਾਕਗਤ।

੩੧–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ

Digitized by Panjab Digital Library | www.panjabdigilib.org

ਗੌਣੀ ਗੂਢ ਬਜੰਗਾ ਧਰਮੀ ਵਾਕ ਗਤ।
੩੨–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ-
ਸਾਨਾਗੌਣੀਗੂਢਬਜੰਗਾਧਰਮੀ ਵਾਕਗਤ।
੩੩–ਉਪਾਦਾਨਲੱਛਣਾਪ੍ਰਯੋਜਨਵਤੀਸਾਰੋਪਾ
ਸੁਧਾ ਅਗੂਢ ਬਜੰਗਾ ਧਰਮੀ ਵਾਕਗਤ।
੩੪–ਉਪਾਦਾਨਲੱਛਣਾ ਪ੍ਰਯੋਜਨਵਤੀਸਾਧਵ-
ਸਾਨਾਸੁਧਾਅਗੂਢਬਜੰਗਾਧਰਮੀਵਾਕਗਤ।
੩੫–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ
ਸੁਧਾ ਅਗੂਢ ਬਜੰਗਾ ਧਰਮੀ ਵਾਕ ਗਤ।
੩੬–ਲੱਛਣ ਲੱਛਣਾ ਪ੍ਰਯੋਜਨਵਤੀ ਸਾਧਵ
ਸਾਨਾਸੁਧਾਅਗੂਢਬਜੰਗਾਧਰਮੀਵਾਕਗਤ।
੩੭–ਉਪਾਦਾਨਲੱਛਣਾਪ੍ਰਯੋਜਨਵਤੀ ਸਾਰੋਪਾ
ਗੌਣੀ ਅਗੂਢ ਬਜੰਗਾ ਧਰਮੀ ਵਾਕ ਗਤ।
੩੮–ਉਪਾਦਾਨਲੱਛਣਾਪ੍ਰਯੋਜਨਵਤੀਸਾਧਵ-
ਸਾਨਾਗੌਣੀਅਗੂਢਬਜੰਗਾਧਰਮੀਵਾਕਗਤ
੩੯–ਲੱਛਣ ਲੱਛਣਾ ਪ੍ਰਯੋਜਨਵਤੀ ਸਾਰੋਪਾ
ਗੌਣੀ ਅਗੂਢ ਬਜੰਗਾ ਧਰਮੀ ਵਾਕ ਗਤ।
੪੦–ਲੱਛਣ ਲੱਛਣਾ ਪ੍ਰਯੋਜਨ ਵਤੀ ਸਾਧਵ-
ਸਾਨਾਗੌਣੀਅਗੂਢਬਜੰਗਾਧਰਮੀਵਾਕਗਤ।

ਭੇਦ ਨਿਰੂਢਾ ਕੇ ਜਿਤੇ ਔਰ ਫਲਵਤੀ ਅੰਗ।
ਦੋਤ ਸੁਪਦ ਮੈਂ ਵਾਕ ਮੈਂ ਇਹ ਬਿਧ ਕਰਤ ਪ੍ਰਸੰਗ।

ਜਿੰਨੇ ਭੇਦ ਨਿਰੂਢਾ ਅਤੇ ਪ੍ਰਯੋਜਨਵਤੀ ਦੇ ਹਨ ਓਹ ਸਾਰੇ ਪਦ ਗਤ ਅਤੇ ਵਾਕ ਗਤ ਹੁੰਦੇ ਹਨ। ਭਾਵ ਚਾਲੀ ਚਾਲੀ ਰੂਪ ਣੇ ਤੇ ਦੋਵੇਂ ਹੀ ਅੱਸੀ ਸਰੂਪ ਪਦ ਅਤੇ ਵਾਕ ਗਤ ਹਨ।

---

੬. ਬਜੰਜਨਾ ਬ੍ਰਿਤੀ

੩੪.ਵਜੰਜਨਾ ਬ੍ਰਿਤੀ ਦਾ ਵਰਣਨ।

[ਬਜੰਗ]

ਬਾਚਕ ਕੋ ਸਨਮੁਖ ਰਹੈ ਅੰਤਰ ਔਰੋ ਅਰਥ।
ਚਮਤਕਾਰ ਨਿਕਸੈ ਜਹਾਂ ਕਵਿ ਸੋ ਬਜੰਗ ਸਮਰਥ।

ਜਿੱਥੇ ਬਾਚਕ ਦੇ ਮੁਖਜਾਰਥ ਰਹੇ, ਪਰੰਤੂ ਅੰਤਰੀਵ ਹੋਰ ਬਜੰਗ ਅਰਥ ਹੋਵੇ, ਉਸ ਬਜੰਗ ਵਿਚ ਚਮਤਕਾਰ ਨਿਕਲੇ, ਕਵੀ ਲੋਕ ਓਥੇ ਬਜੰਜਨਾ ਸਮਰਥਨ ਕਰਦੇ ਹਨ।

ਪੁਨ:–ਜਹਾਂ ਸਬਦ ਤੇ ਅਰਥ ਬਹੁ ਅਧਿਕ
ਅਧਿਕ ਦਰਸਾਇ ॥ ਤਿਯ ਕਟਾਛ ਇਵ
ਬਜੰਜਨਾ ਕਹਤ ਸਕਲ ਕਵਿ ਰਾਇ ॥

ਜਿਸ ਸ਼ਬਦ ਵਿਚੋਂ ਬਰਤੇ ਬਹੁਤੇ ਅਰਥ ਨਿਕਲਨ (ਤੇ ਉਹ ਅਰਥ ਚਮਤਕਾਰੀ ਵੀ ਹੋਣ) ਇਸਤ੍ਰੀਆਂ ਦੇ ਕਟਾਛ ਵਾਕੁਰ, ਕਹਿੰਦੇ ਹਨ 'ਬਜੰਜਨਾ' ਸਾਰੇ ਕਵੀ ਲੋਕ।

[ਧੁਨਿ]

ਜੋ ਉੱਪਰੋਂ ਅਰਥ ਆਵੇ ਸੋ ਬਜੰਗ, ਬਜੰਗ ਵਿਚ ਚਮਤਕਾਰ ਹੋਵੇ ਸੋ ਧੁਨੀ ਹੈ।

ਪੁਨ:–ਬ੍ਰਿਤ ਬਜੰਜਨਾ ਬਜੰਗ ਕੋ ਬਜਕਤ
ਕਰਨ ਕੋ ਜੋਗ। ਧੁਨਿ ਜਿਉਂ ਪ੍ਰਤਿ ਧੁਨਿ
ਹੋਤ ਹੈ ਨਗ ਨਦ ਮੈਂ ਕਵਿ ਲੋਗ॥

ਜਿਸ ਬਜੰਜਨਾ ਬ੍ਰਿਤੀ ਵਿਚੋਂ ਧੁਨਿ ਨਿਕਲੇ ਅਤੇ ਬਜਕਤ (ਪ੍ਰਗਟ) ਕਰਨੇ ਦੇ ਜੋਗ ਵੀ ਹੋਵੇ, ਉਹ ਬਜੰਜਨਾ ਹੈ। ਜੀਕੁਰ ਨਦੀ, ਪਰਬਤ, ਮੰਦਰ, ਖੂਹ ਆਦਿਕਾਂ ਤੇ ਆਵਾਜ਼ ਕੀਤਿਆਂ ਪਰਤਕੇ ਇਕ ਮੋੜਵੀਂ ਆਵਾਜ਼ (ਪ੍ਰਤਿ ਧੁਨਿ) ਨਿਕਲਦੀ ਹੈ, ਤੀਕੁਰ ਬਜੰਜਨਾ ਬ੍ਰਿਤੀ ਵਿਚੋਂ ਚਮਤਕਾਰੀ ਬਜੰਗ ਹੋਕੇ ਧੁਨੀ ਨਿਕਲਦੀ ਹੈ, ਅਥਵਾ ਕਿਸੇ ਚਮਤਕਾਰ ਨਾਲ ਮਿਲਿਆ ਹੋਇਆ ਹੋਰ ਵਧੀਕ ਅਰਥ ਨਿਕਲੇ ਤਾਂ ਉਸਨੂੰ ਧੁਨਿ

Digitized by Panjab Digital Library | www.panjabdigilib.org

ਕਹੀਦਾ ਹੈ, ਭਾਵ ਓਹੋ, ਵਜੰਗ ਚਮਤਕਾਰ ਨਾਲ ਮਿਲਿਆ ਹੋਇਆ ਧੁਨੀ ਹੈ।

[ਬਜੰਜਨਾ ਦਾ ਹੋਰ ਵਿਸ਼ੇਸ਼ ਰੂਪ]

ਜਹਾਂ ਨ ਅਭਿਧਾ ਲੱਛਨਾ ਭਾਤ-ਪ੍ਰਜਾਖਜ ਨ ਸਮਰਥ। ਸਬਦ ਅਰਥ ਕੋ ਬਜੰਜਨਾ ਰਚੈ ਸੁ ਔਰੋ ਅਰਥ।

ਜਿੱਥੇ ਅਭਿਧਾ ਬ੍ਰਿਤੀ, ਲੱਛਨਾ ਬ੍ਰਿਤੀ ਅਤੇ ਤਾਤਪਰਜਾਖਜਾ ਬ੍ਰਿਤੀ ਅਰਥ ਸਿੱਧ ਕਰਨ ਵਿਚ ਸਮਰਥ ਨਹੀਂ ਹੁੰਦੀਆਂ ਹਨ, ਓਥੇ ਬਜੰਜਨਾ ਓਸ ਸ਼ਬਦ ਦੇ ਹੋਰ ਅਰਥ ਰਚ ਦਿਖਾਉਂਦੀ ਹੈ। ਕਿਉਂਕਿ ਅਭਿਧਾ ਕੇਵਲ ਰੂਢੀ ਸ਼ਬਦਾਂ ਦੇ ਅਰਥ ਦਿਖਾਉਂਦੀ ਹੈ ਅਤੇ ਲੱਛਣਾ ਲੱਛਾਰਥ ਦੇ ਚਮਤਕਾਰੇ ਤੇ ਸਨਬੰਧ ਪ੍ਰਤਿਪਾਦਨ ਕਰਦੀ ਹੈ, ਅਤੇ ਭਾਤ-ਪਰਜਾਖਜਾ ਬ੍ਰਿਤੀ ਕੇਵਲ ਤਾਤਪਰਜ ਹੀ ਸਿੱਧ ਕਰਦੀ ਹੈ, ਇੱਕੁਰ ਹੀ ਬਜੰਗਜਾਰਥ ਦਾ ਪ੍ਰਤਿਪਾਦਨ ਕਰਨਾ ਕੇਵਲ ਬਜੰਜਨਾ ਦਾ ਹੀ ਕੰਮ ਹੈ। ਜੇਹਾ ਕੁ—

"ਪਤਿਤ ਪਾਵਨ ਬਿਰਦ"—ਹੇ ਹਰੀ! ਤਰਾ ਪਤਿਤ-ਪਾਵਨ ਬਿਰਦ ਹੈ, ਬਜੰਗ ਇਹ ਹੈ ਕਿ ਤੂੰ ਸਾਰਿਆਂ ਪਾਪੀਆਂ ਨੂੰ ਤਾਰਦਾ ਹੈਂ। ਧੁਨੀ ਇਹ ਹੈ ਕਿ ਮੈਨੂੰ ਬੀ ਤਾਰ।

ਪੁਨ:—ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥"

[ਸੋਰਠਿ ਰਵਿ:

ਜੇ ਅਸੀਂ ਮੋਹ ਦੀ ਫਾਹੀ ਵਿਚ ਫਸੇ ਪਏ ਹਾਂ, ਤਾਂ ਤੁਸੀਂ ਵੀ ਪ੍ਰੇਮ ਦੇ ਰੱਸਿਆਂ ਨਾਲ ਜਕੜੇ ਪਏ ਹੋ। ਤੁਸੀਂ ਆਪਣੇ ਛੁਟਕਾਰੇ ਦਾ ਯਤਨ ਕਰੋ, ਅਸੀਂ ਤਾਂ ਤੁਸਾਡੀ ਅਰਾਧਨਾ ਕਰਕੇ ਮੋਹ ਤੋਂ ਛੁੱਟ ਜਾਵਾਂਗੇ। ਬਜੰਗ:—ਤੁਸੀਂ ਸਾਡੇ ਪ੍ਰੇਮ ਵਿਚ ਕਾਬੂ ਰਹੋ। ਧੁਨੀ ਤੇ—ਅਸੀਂ ਤੁਹਾਡੀ ਅਰਾਧਨਾਂ ਤੋਂ ਕਦੀ ਵਿੱਥ ਨਾ ਪਾਈਏ।

੩੫. ਬਜੰਜਨਾ ਬ੍ਰਿਤੀ ਦੇ ਭੇਦ ਪ੍ਰਭੇਦ

ਬਜੰਜਨਾ ਦੋ ਪ੍ਰਕਾਰ ਦੀ ਹੈ। ਇਕ ਸ਼ਾਬਦੀ ਬਜੰਜਨਾ ਬ੍ਰਿਤੀ ਹੈ, ਦੂਜੀ ਆਰਥੀ ਬਜੰਜਨਾ ਬ੍ਰਿਤੀ। ਜੇ ਸ਼ਬਦਾਂ ਵਿਚ ਬਜੰਜਨਾ ਬ੍ਰਿਤੀ ਵਰਤੇ (ਵਜਾਪੇ) ਉਸਨੂੰ ਸ਼ਾਬਦੀ ਬਜੰਜਨਾ ਕਹਿੰਦੇ ਹਨ, ਇੱਕੁਰ ਹੀ ਜੇ ਅਰਥਾਂ ਵਿਚ ਬਜੰਜਨਾ ਵਰਤੇ ਉਸ ਨੂੰ ਆਰਥੀ ਬਜੰਜਨਾ ਬ੍ਰਿਤੀ ਕਹਿੰਦੇ ਹਨ।

ਇਹ ਸ਼ਾਬਦੀ ਬਜੰਜਨਾ ਦੋ ਪ੍ਰਕਾਰ ਦੀ ਹੈ—

ਕਹੇ ਬਜੰਜਨਾ ਸ਼ਾਬਦੀ ਏਕ ਸੁ ਅਭਿਧਾ ਮੂਲ॥
ਦੂਜੀ ਲੱਛਨ ਮੂਲ ਹੈ ਮੁਨਿਮਤ ਕੋ ਅਨਕੂਲ॥

ਜੋ ਬਜੰਜਨਾ ਅਭਿਧਾ ਵਿਚ ਵਰਤੇ ਉਸਨੂੰ ਅਭਿਧਾ ਮੂਲ ਸ਼ਾਬਦੀ ਬਜੰਜਨਾ ਕਹਿੰਦੇ ਹਨ, ਇੱਕੁਰ ਹੀ ਜੋ ਲੱਛਣਾ ਵਿਚ ਵਰਤੇ ਓਸ ਨੂੰ ਲੱਛਣਾ ਮੂਲ ਸ਼ਾਬਦੀ ਬਜੰਜਨਾ ਕਹਿੰਦੇਹਨ।

ਪਹਿਲੇ ਅਭਿਧਾ ਮੂਲ ਸ਼ਾਬਦੀ ਬਜੰਜਨਾ ਦੇ ਭੇਦ ਦੱਸਦੇ ਹਾਂ:—

ਬਹੁ ਬਾਚਕ ਸ਼ਬਦਹ ਰਖੈ ਏਕ ਅਰਥ ਮੈ ਲੀਨ।
ਜੋਗਾਦਿਕ ਕਰ ਜਾਨੀਐ ਬਜੰਗ ਸੁ ਅਭਿਧਾ ਜੰਨ।

ਗਿਣਤੀ ਦੇ ਬੁਧਿਮਾਨ ਲੋਗ ਕਹਿੰਦੇ ਹਨ ਕਿ ਜਦੋਂ ਅਨੇਕ ਬਾਚੀ ਸ਼ਬਦ ਨੂੰ ਜਾਣਕੇ ਇਕ ਅਰਥ ਦੇ ਪ੍ਰਯੋਜਨ ਲਈ ਰੱਖਣ ਅਤੇ ਓਹ ਬਹੁ ਬਾਚੀ ਸ਼ਬਦ ਸ਼ਲੇਖਾਰਥ ਲਈ ਵੀ ਨਾ ਰੱਖਿਆ ਹੋਵੇ, ਤਾਂ ਉਸ ਇਕ ਪ੍ਰਯੋਜਨੀਯ ਅਰਥ ਨੂੰ ਅਭਿਧਾਮੂਲ ਸ਼ਾਬਦੀ ਬਜੰਜਨਾ ਦੇ ਜੋਗਾਦਿਕ ਤੇਰਾਂ ਪ੍ਰਯੋਗਾਂ ਵਿੱਚੋਂ ਕਿਸੇ ਇਕ ਪ੍ਰਯੋਗ ਕਰਕੇ ਪ੍ਰਗਟ ਕਰੀਦਾ ਹੈ, ਇਸ ਲਈ ਅਭਿਧਾ ਮੂਲ ਸ਼ਾਬਦੀ ਬਜੰਜਨਾ ਤੇਰਾਂ ਪ੍ਰਯੋਗਾਂ ਵਿਚ ਵਰਤਮਾਨ ਹੈ।

Digitized by Panjab Digital Library | www.panjabdigilib.org

[ਜੋਗਾਦਿਕ ਤੇਰਾਂ ਪ੍ਰਯੋਗਾਂ ਦੇ ਨਾਮ]

ਦੋਹਰਾ—ਜੋਗ, ਬਿਜੋਗ, ਸੁ ਸਾਥ, ਪੁਨ ਅਰ
ਬਿਰੋਧ ਕੋ ਜਾਨ। ਅਰਥ ਪ੍ਰਕਰਨ, ਸੁ
ਲਿੰਗ ਕਹੁ, ਅੰਨ ਸ਼ਬਦ, ਸੰਗ ਮਾਨ।
ਹੈ ਸਾਮਰਥ, ਸੁ ਔਚਤੀ, ਕਾਲ, ਬਜਕਤ
ਅਰ ਦੇਸ਼। ਇਤਜਾਦਿਕ ਸ਼ਬਦਾਰਥ
ਕੇ ਭੇਦਕ ਹੋਤ ਸੁ ਭੇਸ ॥੫੬॥

ਇਹ ਤੇਰਾਂ ਨਾਮ ਅਭਿਧਾ ਮੂਲ ਸ਼ਾਬਦੀ ਬਜੰਜਨਾ ਦੇ ਜੋਗਾਦਿਕ ਪ੍ਰਯੋਗ ਕਹੀਦੇ ਹਨ, ਏਹੋ ਹੀ ਤੇਰਾਂ ਪ੍ਰਯੋਗ ਪ੍ਰਯੋਜਨੀਯ ਅਰਥ ਨੂੰ ਭਿੰਨ ਕਰਨ ਵਾਲੇ ਹਨ, ਭਾਵ ਬਿਵਸਥਾ ਲਾਉਣ ਵਾਲੇ ਹਨ। ਏਹਨਾਂ ਦੇ ਸਰੂਪ ਲੱਛਣ ਤੇ ਕ੍ਰਮ ਅੱਗੇ ਵਰਣਨ ਕਰਦੇ ਹਾਂ। ਇੱਕੁਰ ਹੀ ਪ੍ਰਭੇਦਕ ਯੰਤ੍ਰ (ਨਕਸ਼ਾ) ਵੀ ਏਥਾਂ ਦਿੰਦੇ ਹਾਂ।

ਵਿਸ਼ੇਸ਼ ਸੂਚਨਾ—ਅਭਿਧਾ ਬ੍ਰਿਤੀ ਵਿਚ ਇਕੋ ਸ਼ਬਦ ਰੂਢੀ ਹੁੰਦੇ ਹਨ, ਅਥਵਾ ਯੋਗ ਰੂਢੀ ਵਰਤਮਾਨ ਹੁੰਦੇ ਹਨ ਇੱਕੁਰ ਹੀ ਬਜੰਜਨਾ ਵਿਚ ਯੌਗਕ ਅਤੇ ਅਨੇਕ ਵਾਚੀ ਸ਼ਲੇਖ ਪਦ ਅੱਵਸੋਂ ਹੁੰਦੇ ਹਨ। ਅਤੇ ਅਭਿਧਾ ਮੂਲ ਸ਼ਾਬਦੀ ਵਿਚ ਇਹ ਭਾਵ ਹੈ ਕਿ ਅਨੇਕ ਵਾਚੀ ਪਦ ਦਾ ਪ੍ਰਯੋਜਨੀਯ ਇਕ ਅਰਥ ਅਭਿਧੱਤ੍ਰ ਨਿਸਚਤ ਕਰਨਾ ਹੁੰਦਾ ਹੈ, ਪਰੰਤੂ ਬਜੰਜਨਾ ਰੂਪ ਹੋ ਕੇ ਅਭਿਧਾ ਨੂੰ ਸਿੱਧ ਕਰੇ।

ਸੁਖੱਲੀ ਸਮਝ ਲਈ ਇੱਕੁਰ ਯਾਦ ਰੱਖੋ: ਅਭਿਧਾ ਬ੍ਰਿਤੀ ਵਿਚ ਸੰਦੇਹ ਪੈਣੇ ਤੇ ਅਭਿਧਾ ਪਣੇ ਦੀ ਸਿੱਧੀ ਲਈ ਜੋਗਾਦਿਕ ਤੇਰਾਂ ਪ੍ਰਯੋਗ ਹਨ।

ਇਹ ਪ੍ਰਯੋਗ ਸਭਨੀਂ ਥਾਈਂ ਵਰਤੀਦੇ ਹਨ, ਅਥਵਾ ਵਰਤਮਾਨ ਹਨ।

੨੬. ਬਜੰਜਨਾ ਵਿਭੇਦਕ ਚੱਕ੍ਰ।

ਬਜੰਜਨਾ ਬ੍ਰਿਤੀ ਦੇ ਪ੍ਰਕਾਰ ਦੀ ਹੈ:—
ੳ. ਸ਼ਾਬਦੀ ਬਜੰਜਨਾ ਬ੍ਰਿਤੀ,
ਅ. ਆਰਥੀ ਬਜੰਜਨਾ ਬ੍ਰਿਤੀ।

[ੳ. ਸ਼ਾਬਦੀ ਵਜੰਜਨਾ]

ਅਗੋਂ ਸਾਬਦੀ ਬਜੰਜਨਾ ਦੇ ਪ੍ਰਕਾਰ ਦੀ ਹੈ:—
ਇਕ ਅਭਿਧਾ ਮੂਲ ਸ਼ਾਬਦੀ ਤੇ
ਦੂਜੀ ਲਛਨਾ ਮੂਲ ਸ਼ਾਬਦੀ।
ਪਹਿਲੀ ਅਭਿਧਾ ਮੂਲ ਸ਼ਾਬਦੀ ਬਜੰਜਨਾ ਦੇ ਤੇਰਾਂ ਪ੍ਰਯੋਗ ਹਨ:—
੧. ਜੋਗ (ਸੰਜੋਗ)। ੨. ਬਿਜੋਗ।
੩. ਸਾਥ (ਸਾਹਚਰਜ)।
੪. ਬਿਰੋਧ (ਵੈਰ, ਸ਼ੱਤ੍ਰੂਤਾ)।
੫. ਅਰਥ। ੬. ਪ੍ਰਕਰਨ।
੭. ਚਿੰਨ੍ਹ (ਲਿੰਗ)।
੮. ਅੰਨ ਸਬਦ (ਅੰਨ ਸੰਨਿਧਿ, ਅੰਨ ਸੰਗ)
੯. ਸਾਮਰਥ।
੧੦. ਔਚਤੀ (ਯਥਾ ਜੋਗ)।
੧੧. ਕਾਲ (ਸਮਾਂ)। ੧੨. ਬਜਕਤੀ
੧੩. ਦੇਸ, ਅਸਥਾਨ।

ਦੂਜੀ ਲੱਛਣਾ ਮੂਲ ਸ਼ਾਬਦੀ ਦਾ ਇਕੋ ਹੀ ਪ੍ਰਯੋਗ ਹੈ:—
੧. ਲੱਛਣਾ ਮੂਲ ਸ਼ਾਬਦੀ ਬਜੰਜਨਾ।

[ਅ. ਆਰਥੀ ਬਜੰਜਨਾ]

ਇਸ ਆਰਥੀ ਬਜੰਜਨਾ ਦੇ ੧੦ ਪ੍ਰਯੋਗ ਹਨ—
੧. ਬਕਤਾ। ੨. ਬੋਧਬਜ।
੩. ਬਚਨ। ੪. ਬਾਚਜ।
੫. ਅੰਨ ਸੰਗ। ੬. ਦੇਸ।
੭. ਕਾਲ। ੮. ਚਜੇਸਟਾ।
੯. ਕਾਕੁ ੧੦. ਪ੍ਰਸੰਗ।

ਸੂਚਨਾ ਪ੍ਰਕਰਣ ਅਤੇ ਪ੍ਰਸੰਗ, ਅੰਨਸੰਗ ਅਤੇ ਕਾਲ, ਇਹ ਆਰਥੀ ਅਤੇ ਸ਼ਾਬਦੀ ਦੋਹਾਂ ਬਜੰਜਨਾਂ ਵਿਚ ਵਰਤਦੇ ਹਨ, ਪਰੰਤੂ

Digitized by Panjab Digital Library | www.panjabdigilib.org

ਭੇਦ ਇਤਨਾ ਹੈ ਕਿ ਸਾਬਦੀ ਵਿਚ ਸਬਦ ਦੀ ਪ੍ਰਧਾਨਤਾ ਨਾਲ ਵਿਦਮਾਨ ਹੁੰਦੇ ਹਨ ਅਤੇ ਆਰਥੀ ਵਿਚ ਅਰਥ ਦੀ ਪ੍ਰਧਾਨਤਾ ਕਰਕੇ ਵਿਦਮਾਨ ਹਨ, ਜੋ ਅਗੇ ਜਗ੍ਹਾ ਜਗ੍ਹਾ ਤੇ ਨਿਰਣੈ ਕੀਤੇ ਗਏ ਹੋਏ ਹਨ।

੩੭. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਜੋਗ'* ਪ੍ਰਯੋਗ।

ਅਨੇਕਾਰਥ ੈ ਸ਼ਬਦ ਇਕ ਲੱਛਨ ਲੱਛ ਲਖਾਇ।
ਜਹੋਂ ਹੀ ਅਰਥ ਬਿਜੋਗ ਕਰ ਸੋ ਸੰਜੋਗ ਠਹਿਰਾਇ।

ਜਿੱਥੇ ਅਨੇਕ ਵਾਚੀ ਸ਼ਬਦ ਹੋਵੇ, ਪਰੰਤੂ ਲੱਛਣ ਕਰਕੇ ਲੱਛ ਪ੍ਰਤੀਤ ਹੋਵੇ ਅਤੇ ਲੱਛਣਾ ਦੇ ਦੂਤ ਕੀਤਿਆਂ ਵੀ ਲੱਛ ਬਣਿਆ ਰਹੇ, ਉਸ ਨੂੰ ਸੰਜੋਗ ਸੰਗਜਾ ਕਰਕੇ ਕਹਿੰਦੇ ਹਨ। ਜੀਕੁਰ ਕੋਈ ਕਹੇ ਸੰਖ ਚੱਕ੍ਰ ਗਦਾ ਪਦਮ ਵਾਲਾ ਹਰੀ।

'ਹਰੀ' ਪਦ ਅਨੇਕ ਵਾਚੀ ੈ। ਹਰੀ ਨਾਮ ਇੰਦ੍ਰ, ਚੰਦ੍ਰ, ਸੂਰਜ, ਸਰਪ, ਸ਼ੇਰ, ਹਾਥੀ ਆਦਿਕਾਂ ਦੇ ਵੀ ਨਾਉਂ ਹਨ, ਪਰੰਤੂ ਗਦਾ ਪਦਮ ਆਦਿਕ ਚਿੰਨ੍ਹ ਬਿਨਾਂ ਬਿਸ਼ਨੂੰ ਦੇ ਹੋਰ ਕਿਸੇ ਦੇ ਨਹੀਂ, ਇਸ ਤੇ ਗਦਾ ਪਦਮ ਵਾਲਾ ਬਿਸ਼ਨੂੰ ਹੈ। ਗਦਾ ਪਦਮ ਦੇ ਲੱਛਣ ਦੇ ਸੰਜੋਗ ਕਰਕੇ ਹਰੀ ਬਿਸ਼ਨੂੰ ਦਾ ਅਰਥ ਸਿੱਧ ਹੋਇਆ।

ਜਿਹਾ ਕੁ:—

"ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ॥ ਜਾਂਚੈ ਘਰਿ ਲਛਿਮੀ ਕੁਆਰੀ ॥ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁਕਰਾਸਿਰੀ ॥ ਸੁ ਐਸਾ ਰਾਜਾ ਸ੍ਰੀ ਨਰਹਰੀ ॥"[ਮਲਾ:ਨਾਮ:

ਇਸ ਉਦਾਹਰਨ ਵਿਚ ਪਦ 'ਨਰਹਰੀ' ਹੈ, 'ਨਰਹਰੀ' ਨਾਮ ਨਰਸਿੰਘ ਦੇਵ ਦਾ ਹੈ, ਪਰੰਤੂ ਜਿਹੜੇ ਨਾਲ ਲੱਛਣ ਕਹੇ ਹਨ, ਉਹ ਨਰਸਿੰਘ ਦੇ ਸੰਜੋਗੀ ਨਹੀਂ ਹਨ।

ਜੀਕੁਰ ਦਿਸ਼ਾ ਜਿਸਦਾ ਘਰ ਹਨ, ਰਹਿਣ ਦਾ ਮਕਾਨ ਬੈਕੁੰਠ ਚਿੱਤ੍ਰਸਾਲਾ ਹੈ, ਮਾਯਾ ਜਿਸਦੇ ਘਰ ਦਿਸਤ੍ਰੀ ਹੈ, ਚੰਦ ਸੂਰਜ ਜਿਸਦੇ ਘਰ ਦੀਵੇ ਹਨ, ਤਮਾਸ਼ੇ ਕਰਨ ਵਾਲਾ ਕਾਲ ਵਿਚਾਰਾ ਕੋਤਵਾਲ ਕੀਤਾ ਹੈ। ਇਨ੍ਹਾਂ ਲੱਛਣਾ ਵਾਲਾ ਕੇਵਲ ਵਾਹਿਗੁਰੂ ਹੈ, ਹੋਰ ਨਰਸਿੰਘ ਆਦਿਕ ਨਹੀਂ। ਜਿਸਤੋਂ ਸਪਸ਼ਟ ਹੈ ਕਿ ਚਿੰਨ੍ਹਾਂ (ਲੱਛਣਾਂ) ਦੇ ਨਾਲ ਹੋਣ ਤੇ ਬਹੁਤਿਆਂ ਅਰਥਾਂ ਵਾਲੇ ਪਦ ਦਾ ਇੱਕੋ ਅਰਥ ਦ੍ਰਿੜ੍ਹ ਕਰਾਉਣ ਵਾਲਾ ਹੈ, ਇਸਦੀ 'ਜੋਗ' ਸੰਗਜਾ ਹੈ।

੩੮. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਬਿਜੋਗ' ਪ੍ਰਯੋਗ।

ਅਨੇਕਾਰਥ ਹੈ ਸਬਦ ਇਕ ਲੱਛਣ ਲੱਛ ਲਖਾਇ।
ਜਹੋਂ ਹੀ ਅਰਥ ਸੰਜੋਗ ਕਰ ਸੋ ਬਿਜੋਗ ਠਹਿਰਾਇ।

ਜਿੱਥੇ ਅਨੇਕ ਬਾਚੀ ਸ਼ਬਦ ਹੋਵੇ ਅਤੇ ਲੱਛਣ ਲੱਛ ਕਰਕੇ ਜਾਣਿਆਂ ਜਾਂਦਾ ਹੋਵੇ ਤੇ ਸੰਜੋਗ ਤੋਂ ਉਲਟੀ ਰੀਤ ਨਾਲ ਹੋਵੇ, ਭਾਵ ਲੱਛਣ ਦਾ ਬਿਜੋਗ ਕੀਤਾ ਜਾਵੇ, ਓਥੇ ਬਿਜੋਗ ਪ੍ਰਯੋਗ ਕਹੀਦਾ ਹੈ।

ਨਿਰਣੈ—ਸੰਜੋਗ ਵਿਚ ਸੰਜੋਗ ਵਾਲੇ ਲੱਛਣ ਲੱਛ ਦੇ ਅਰਥ ਨੂੰ ਸਿੱਧ ਕਰਦੇ ਹਨ, ਏਥੇ ਓਹੋ ਸੰਜੋਗ ਵਾਲੇ ਲੱਛਣ ਉਲਟੇ ਹੋਕੇ ਲੱਛ ਨੂੰ ਸਿੱਧ ਕਰਦੇ ਹਨ, ਵਾਸਤਵ ਵਿਚ ਲੱਛ ਪ੍ਰਧਾਨ ਹੈ।

ਪੁਨਾ:—ਅਨੇਕਾਰਥ ਇਕ ਸਬਦ ਹੈ ਲੱਛਣ ਲੱਛ ਜੁ ਤਜਾਗ। ਜਸੁ, ਹੀ ਅਰਥ ਸੰਜੋਗ ਕਰ

*ਜਿਸ ਨੂੰ ਸੰਜੋਗ ਵੀ ਕਹਿੰਦੇ ਹਨ।

Digitized by Panjab Digital Library | www.panjabdigilib.org

ਤਜੋਂ ਬਿਜੋਗ ਸੰਗ ਲਾਗ॥

ਅਨੇਕ ਵਾਚੀ ਪਦ ਨਾਲ ਲੱਛਣਾ ਦਾ ਤਿਆਗ ਹੋਵੇ, ਲੱਛ ਤੋਂ ਜਾਕਰ ਸੰਜੋਗ ਨਾਲ ਇਕ ਅਰਥ ਸਿੱਧ ਹੁੰਦਾ ਹੈ ਤੀਕੁਰ ਬਿਯੋਗ ਨਾਲ ਸਿੱਧ ਹੁੰਦਾ ਹੈ। ਜੀਕੁਰ ਕੋਈ ਕਹੇ 'ਨਾਗ ਮਦ ਤੋਂ ਬਿਨਾਂ ਨਹੀਂ ਸ਼ੋਭਦਾ' । ਏਥੇ ਮਦ ਲੱਛਣ ਹੈ, ਨਾਗ ਲੱਛ ਹੈ, ਮਦ ਲੱਛਣ ਹੋਣੇ ਤੇ ਨਾਗ ਦਾ ਅਰਥ ਸਿੱਕਾ' ਅਥਵਾ 'ਸਰਪ' ਨਹੀਂ ਸਿੱਧ ਹੁੰਦਾ; ਮਦ ਲੱਛਣ ਹਾਥੀ ਦਾ ਹੈ,ਇਸ ਲਈ ਮਦ ਲੱਛਣ ਦੇ ਬਿਯੋਗ ਵਾਲਾ ਹਾਥੀ ਅਰਥ ਸਿੱਧ ਕੀਤਾ।

੩੯. ਅਭਿਧਾ ਮੂਲ ਸ਼ਾਬਦੀ ਬਯੰਜਨਾ ਦਾ 'ਸਾਹਚਰਜ' ਪ੍ਰਯੋਗ।

ਅਰਥ ਅਨੇਕਹ ਕਹਤ ਜਹਿੰ ਸਭ ਹੀ ਸ਼ਬਦ ਬਨਾਇ ॥ ਹੈ ਪ੍ਰਧਾਨ ਸਭ ਹੀ ਤਹਾਂ ਸਾਹਚਰਜ ਇਹ ਭਾਇ ॥

ਜਿੱਥੇ ਸਾਰੇ ਹੀ ਸ਼ਬਦ ਅਨੇਕਾਰਥ ਹੋਣ ਅਤੇ ਸਾਰੇ ਹੀ ਪ੍ਰਧਾਨ ਹੋਣ, ਉਥੇ ਇਕ ਅਰਥ ਸਿੱਧ ਕਰਨ ਲਈ ਲੱਛ ਲੱਛਣਾ ਤੋਂ ਬਿਨਾਂ ਹੀ ਸਾਹਚਰਜ ਤੋਂ ਅਰਥ ਨਿਸਚਿਤ ਹੁੰਦਾ ਹੈ। ਜਿਹਾ ਕੁ:—

"ਭ੍ਰਮਤ ਫਿਰਤ ਏ ਲਕ ਕੇ ਕਪਿ ਜਿਉ॥"

[ਗੂਜਰੀ ਕਬੀਰ ਜੀ

ਏਥੇ ਕਪਿ ਦਾ ਅਰਥ 'ਬਾਂਦਰ' ਨਹੀਂ ਹੈ, 'ਕੋਂਚ ਫਲੀ' ਨਹੀਂ ਹੈ, ਤੇਲੀ ਦੇ ਸਾਥ ਹੋਣੇ ਤੇ ਬਲਦ ਅਰਥ ਹੈ। ਇੱਕੁਰ ਹੀ ਬਲਦ ਦੇ ਸਾਹਚਰਜ ਕਰਕੇ 'ਤੇਲਕ' ਸ਼ਬਦ ਦਾ ਅਰਥ ਤੇਲ ਕਰਨ ਵਾਲਾ ਕੋਹਲੂ, ਅਥਵਾ ਤੇਲ ਕਰਨ ਵਾਲਾ ਤਿਲ ਸਰੋਂ ਆਦਿਕ ਰੁੱਖਾ ਅਰਥ ਨਹੀਂ, ਪਰੰਤੂ ਤੇਲੀ ਅਰਥ ਸਿੱਧ ਹੈ।

ਨਿਰਣੈ—ਸੰਜੋਗ ਬਿਜੋਗ ਵਿਚ ਪ੍ਰਕਰਣ ਤੋਂ ਵੱਖਰੇ ਪ੍ਰਕਰਣ ਵਿਚ ਇੱਕੋ ਹੀ ਸ਼ਬਦ ਬਹੁ ਬਾਚਕ ਹੁੰਦਾ ਹੈ, ਪਰੰਤੂ ਸਾਹਚਰਜ ਵਿਚ ਦੋ ਅਥਵਾ ਤਿੰਨ ਪਦ ਬਹੁ ਬਾਚਕ ਹੁੰਦੇ ਹਨ ਅਤੇ ਉਹ ਪਦ ਆਪੋ ਵਿਚ ਸਾਹਚਰਜ ਵੀ ਅਵੱਸੋਂ ਰੱਖਦੇ ਹਨ।

੪੦. ਅਭਿਧਾ ਮੂਲ ਸ਼ਾਬਦੀ ਬਯੰਜਨਾ ਦਾ 'ਬਿਰੋਧ' ਪ੍ਰਯੋਗ।

ਲੱਛਨ ਲੱਛਸੰਜੋਗ ਨਹਿੰ ਨਹਿੰ ਬਿਯੋਗ ਨਹਿੰ ਸਾਥ। ਕੇਵਲ ਬੈਰ ਪ੍ਰਧਾਨ ਜਹਿੰ ਸੋ ਬਿਰੋਧ ਕਵਿ ਨਾਥ।

ਜਿੱਥੇ ਸੰਜੋਗ ਦਾ ਲੱਛ ਲੱਛਣ ਅਤੇ ਬਿਯੋਗ ਵੀ ਨਾ ਹੋਵੇ ਅਤੇ ਸਾਹਚਰਜ ਦੇ ਬਹੁ ਬਾਚੀ ਪਦ ਵੀ ਨਾ ਹੋਣ, ਪਰੰਤੂ ਦੋਂਹ ਪਦਾਂ ਵਿਚ ਬੈਰ ਪ੍ਰਧਾਨ ਹੋਵੇ, ਉੱਥੇ ਉਸਨੂੰ ਬਿਰੋਧ ਪ੍ਰਯੋਗ ਕਹਿੰਦੇ ਹਨ।

ਜੀਕੁਰ ਕੋਈ ਕਹੇ 'ਰਾਮ ਰਾਵਣ ਦੇ ਘਰ ਗਿਆ'।

ਏਥੇ ਰਾਮ ਦਾ ਅਰਥ ਬਲਰਾਮ, ਪਰਸ-ਰਾਮ ਨਹੀਂ ਹੈ, ਰਾਵਣ ਨਾਲ ਬੈਰ ਪ੍ਰਧਾਨ ਤੇ ਦਸਰਥੀ ਰਾਮ ਹੀ ਅਰਥ ਸਿੱਧ ਹੈ।

੪੧. ਅਭਿਧਾ ਮੂਲ ਸ਼ਾਬਦੀ ਬਯੰਜਨਾ ਦਾ 'ਅਰਥ' ਪ੍ਰਯੋਗ।

ਅਰਥਹ ਤੇ ਬਹੁ ਅਰਥ ਕੋ ਸ਼ਬਦ ਦੁਝਾਵੈ ਏਕ। ਸਾਹਚਰਜ ਬਿਨ ਅੰਗ ਸੰਗ ਅਰਥ ਲਖੈ ਸਬਿਬੇਕ।

ਜਿੱਥੇ ਸ਼ਬਦ ਬਹੁ ਬਾਚੀ (ਅਨੇਕਾਰਥ) ਹੋਵੇ, ਪਰੰਤੂ ਇਕ ਪਦਾਰਥ ਲਈ ਰੱਖਿਆ ਹੋਵੇ ਅਤੇ ਸਾਹਚਰਜ ਤੇ ਅੰਨ ਸੰਨੰਧੀ ਵੀ ਨਾ ਹੋਵੇ, ਉਥੇ ਅਰਥ ਹੀ ਬਯੰਜਕ ਕਹੀਦਾ ਹੈ, ਭਾਵ ਅਰਥ ਦੇ ਆਪਣੇ ਬਲ ਤੇ ਹੀ ਇਕ ਅਰਥ ਠਹਿਰੇ। ਜਿਹਾ ਕੁ:—

"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏ

Digitized by Panjab Digital Library | www.panjabdigilib.org

ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥" [ਰਾਮ: ਅਨੰਦ

ਇਹ ਸੰਸਾਰ ਜੋ ਤੂੰ ਦੇਖ ਰਿਹਾ ਹੈਂ, ਹਰੀ ਦਾ ਸਰੂਪ ਹੈ, ਏਸੇ ਜਗਤ ਵਿਚ ਹਰੀ ਨਜ਼ਰ ਆਉਂਦਾ ਹੈ। 'ਹਰੀ' ਪਦ ਬਹੁ ਅਰਥ ਬਾਚੀ ਹੈ, ਸ਼ਿਵ, ਚੰਦ੍, ਇੰਦ੍, ਸੂਰ, ਸ਼ੇਰ, ਪਾਣੀ, ਆਦਿਕ, ਪਰੰਤੂ ਏਥੇ ਹਰੀ ਦਾ ਅਰਥ ਪਰਮੇਸ਼ੁਰ ਹੈ। ਇਸ ਅਰਥ ਦੇ ਸਿੱਧ ਕਰਨ ਵਾਸਤੇ ਅਰਥ ਹੀ ਪ੍ਰਯੋਗ ਹੈ, ਕਿਉਂਕਿ ਜਗਤ ਪਰਮੇਸ਼ੁਰ ਦਾ ਰੂਪ ਪ੍ਰਤੱਖ ਹੈ, ਇੰਦ੍, ਚੰਦ੍, ਸੂਰ, ਸ਼ੇਰ ਆਦਿਕ ਜਗਤ ਦਾ ਰੂਪ ਨਹੀਂ ਹਨ ਅਤੇ ਨਾ ਹੋ ਸਕਦੇ ਹਨ। ਜਗਤ ਵਿਚ ਸਾਰੇ ਵਿਆਪਿਆ ਹੋਇਆ ਹਰੀ ਹੋਣੇ ਤੇ ਹਰੀ ਹੀ ਨਜ਼ਰ ਆਉਂਦਾ ਹੈ, ਹੋਰ ਨਾ ਕੋਈ ਇਕੁਰ ਸੱਤਾ ਸਫੁਰਣ ਹੋਕੇ ਵਿਆਪਿਆ ਅਤੇ ਨਾ ਕੋਈ ਨਜ਼ਰੀ ਆਇਆ, ਇਸ ਲਈ ਅਰਥ ਸ਼ਕਤੀ ਕਰਕੇ ਬਹੁ ਅਰਥ ਬਾਚੀ ਪਦ ਦੇ ਇਕ ਅਰਥ ਨੇ ਸਿੱਧਤਾ ਪਾਈ, ਇਸ ਲਈ ਇਹ ਹੀ ਅਰਥ ਪ੍ਰਯੋਗ ਰੂਪ ਹੈ।

੪੨. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਪ੍ਰਕਰਣ' ਪ੍ਰਯੋਗ।

ਏਕ ਸਬਦ ਬਹੁ ਬਾਚਕ ਆਨੈ ॥
ਪ੍ਰਕਰਣ ਤਹਾਂ ਪਰਸੰਗ ਪ੍ਰਮਾਨੈ ॥

ਜਿੱਥੇ ਇਕ ਸ਼ਬਦ ਅਨੇਕ ਅਰਥਾਂ ਵਾਲਾ ਹੋਵੇ, ਪਰੰਤੂ ਪ੍ਰਸੰਗ ਬਲ ਕਰਕੇ ਇਕ ਅਰਥ ਠਹਿਰਾਇਆ ਜਾਵੇ, ਉੱਥੇ ਪ੍ਰਕਰਣ ਪ੍ਰਯੋਗ ਕਹਿੰਦੇ ਹਨ। ਜਿਹਾ ਕੁ—

ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ ਦੁਖਾਂ ਜਿਉ ਮਾਲੀਂਹ ਕਾਰਣਿ ਤਿੰਨ੍ਹਾ ਮਾਪਿਓ ॥੯੭॥ [ਸ: ਫਰੀਦ

ਗੱਲਾਂ ਕਰਨ ਵਿਚ ਤਾਂ ਸੱਜਣਾਂ ਦੀਆਂ ਕੋੜੀਆਂ ਹਨ, ਪਰੰਤੂ ਪੂਰਣ ਅੰਗ ਕਰਨੈ ਵਾਲਾ ਸੱਜਣ ਢੂੰਡ ਭਾਲ ਕਰਦਿਆਂ ਇਕ ਵੀ ਨਹੀਂ ਲੱਭਦਾ। ਇਸ ਗੱਲ ਤੇ ਦੁਖ ਰਿਹਾ ਹਾਂ, ਮਲੀਹ (ਪਾਹ) ਵਾਕਰ, ਵਾਸਤੇ ਉਹਨਾਂ ਪਿਆਰਿਆਂ ਦੇ। ਵਿਹਾਰਕ ਪ੍ਰਕਰਣ ਪ੍ਰਸੰਗ ਪਰਥਾਇ ਇਹ ਅਰਥ ਠੀਕ ਲੱਗਦਾ ਹੈ, ਪਰੰਤੂ ਪ੍ਰਸੰਗ ਹੈ ਪਰਮਾਰਥ ਦਾ, ਇਸ ਲਈ ਨਿਬ੍ਰਤੀ ਪੱਖ ਦਾ ਪ੍ਰਕਰਣ ਹੈ ਤੇ ਇਸ ਦਾ ਅਰਥ ਇਉਂ ਹੁੰਦਾ ਹੈ:—

ਗੱਲਾਂ ਕਰਨ ਵਿਚ (ਵਾਚਜ ਗਜਾਨੀ) ਸੰਤ ਜਨਾਂ ਦੀਆਂ ਕੋੜੀਆਂ ਭਰੀਆਂ ਪਈਆਂ ਹਨ, ਪਰੰਤੂ ਢੂੰਡ ਭਾਲ ਕੀਤਿਆਂ (ਬ੍ਰਹਮ ਨੇਸ਼ਟੀ, ਬ੍ਰਹਮ ਸੋਤ੍ਰੀ, ਪੂਰਣ ਗਜਾਨਵਾਨ ਸੰਤ) ਇਕ ਵੀ ਨਹੀਂ ਲੱਭਦਾ। ਇਸ ਅਲਭਧੀ ਦੇ ਦੁੱਖ ਕਰਕੇ ਚਿੰਤਾ ਵਿਚ ਦੁਖ ਰਹੇ ਹਾਂ ਮਲੀਹ (ਪਾਹ) ਵਾਕਰ, ਵਾਸਤੇ ਉਹਨਾਂ ਮਹਾਤਮਾਂ ਪਿਆਰਿਆਂ ਦੇ। ਇੱਕੁਰ ਹੀ ਹੋਰਥੇ ਵੀ ਜਾਣਨਾ। ਸਜਣ ਪਦ ਦਾ ਅਰਥ ਏਥੇ ਯਾਰ ਨਹੀਂ, ਸੰਤ ਹੈ।

ਚੇਤੇ ਰਹੇ, ਪ੍ਰਕਰਣ ਨਾਮ ਪ੍ਰਸੰਗ ਦਾ ਹੈ। ਸੋ ਪ੍ਰਸੰਗ ਅਨੁਸਾਰ ਅਜਿਹੇ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਹਨ, ਪਰੰਤੂ ਜੀਕੁਰ ਏਥੇ ਸੱਜਣ ਪਦ ਤੋਂ ਸਾਰਾ ਅਰਥ ਫਿਹਿਆ ਹੈ, ਇੱਕੁਰ ਹੀ ਇਕ ਪਦ ਐਸਾ ਅਨੇਕ ਅਰਥ ਬਾਚੀ ਜ਼ਰੂਰ ਹੁੰਦਾ ਹੈ, ਜਿਸ ਤੋਂ ਸਾਰਾ ਅਰਥ ਪਰਤ ਜਾਂਦਾ ਹੈ।

ਨਿਰਣੈ—ਅੱਗੇ ਆਰਥੀ ਬਜੰਜਨਾ ਵਿਚ ਵੀ ਪ੍ਰਸੰਗ ਵਸ਼ਿਸ਼ਟ ਪ੍ਰਯੋਗ ਹੈ, ਓਥੇ ਅਰਥ ਤੋਂ ਪਰਤਕੇ ਪ੍ਰਸੰਗ ਅਨੁਸਾਰ ਦੋਂਹ ਚੌਂਹ ਪਾਸੀ ਚਮਤਕ੍ਰਿਤ ਹੁੰਦਾ ਹੈ ਅਤੇ ਏਥੇ ਸ਼ਬਦ ਤੋਂ ਪਰਤਕੇ ਹੋਰ ਅਰਥ ਦਿਖਾਉਂਦਾ ਹੈ। ਇੱਕੁਰ ਹੀ ਹੋਰਥੇ ਵੀ ਜਾਣਨਾ।

Digitized by Panjab Digital Library | www.panjabdigilib.org

੪੩. ਅਭਿਧਾ ਮੂਲ ਸ਼ਾਬਦੀ ਬਯੰਜਨਾ ਦਾ 'ਲਿੰਗ' ਪ੍ਰਯੋਗ।

ਵਹੈ ਚਿੰਨ੍ਹ ਜਾਕੌ ਨਹੀਂ ਸਕੈ ਬਿਯੋਗ ਬਣਾਇ ॥
ਜੋ ਬਿਯੋਗ ਤਾਕੌ ਧਰੈ ਔਰ ਅਰਥ ਠਹਿਰਾਇ ॥

ਚਿੰਨ੍ਹ ਉਸ ਨੂੰ ਕਹਿੰਦੇ ਹਨ ਜਿਸ ਨੂੰ ਬਿਯੋਗ ਨਾ ਬਣਾ ਸਕੇ, ਜੇਕਰ ਬਿਯੋਗ ਵਾਕਰ ਉਸ ਪਦ ਨੂੰ ਕਰੀਏ ਤਾਂ ਉਸ ਦਾ ਹੋਰ ਹੀ ਅਰਥ ਠਹਿਰੇ।

ਜੀਕੁਰ ਕੋਈ ਕਹੇ ਹਜ਼ਾਰ ਨੇਤ੍ਰ ਵਾ ਹਰੀ। ਹਜ਼ਾਰ ਨੇਤ੍ਰ ਚਿੰਨ੍ਹ ਇੰਦ੍ਰ ਦਾ ਹੈ, ਜੇ ਇਸ ਦਾ ਬਿਯੋਗ ਕਰੀਏ ਜੀਕੁਰ 'ਬਿਨਾਂ ਹਜ਼ਾਰ ਨੇਤ੍ਰ ਦੇ ਹਰੀ' ਤਾਂ ਇੰਦ੍ਰ ਅਰਥ ਨਹੀਂ ਸਿੱਧ ਹੋਵੇਗਾ, ਚੰਦ੍ਰਮਾਂ ਜਾਂ ਬਿਸ਼ਨੂੰ, ਸ਼ੇਰ, ਹਾਥੀ ਆਦਿਕ ਅਰਥ ਹੋਵੇਗਾ। ਜਿਹਾ ਕੁ–

"ਸਹਸ ਫਨੀ ਸੋਖ ਅੰਤੁ ਛ ਜਾਨੈ।"
[ਮਾਰੂ ਸੋਲ: ਮ: ੫

ਸਹਸ (ਹਜ਼ਾਰ) ਫਨ ਦੇ ਚਿੰਨ੍ਹ ਵਾਲਾ ਸ਼ੇਸ਼ਨਾਗ ਹੈ, ਇਸ ਨੂੰ ਜੇਕਰ ਇਯੋਗ ਵਾਕਰ ਕੀਤਾ ਜਾਵੇ ਕਿ ਬਿਨਾਂ ਹਜ਼ਾਰ ਫਨ ਦੇ ਸ਼ੇਖ, ਤਾਂ ਸ਼ੇਖ ਦਾ ਅਰਥ ਬਾਕੀ ਸਰਪ ਜਾਂ ਫਨੀਅਰ ਰਹਿ ਜਾਏਗਾ, ਸ਼ੇਸ਼ਨਾਗ ਅਰਥ ਸਿੱਧ ਨਹੀਂ ਹੋਵੇਗਾ, ਇਸ ਲਈ ਇਸ ਨੂੰ ਚਿੰਨ੍ਹ (ਲਿੰਗ) ਪ੍ਰਯੋਗ ਕਹਿੰਦੇ ਹਨ।

ਨਿਰਣੈ–ਸੰਜੋਗ ਵਿਚ ਲੱਛਣ ਧਾਰਨ ਕੀਤੇ ਹੋਏ ਬਸਤ੍ਰ ਸ਼ਸਤ੍ਰ ਆਦਿਕ ਪਦਾਰਥਾਂ ਦੇ ਚਿੰਨ੍ਹ ਹੁੰਦੇ ਹਨ, ਲਿੰਗ (ਚਿੰਨ੍ਹ) ਪ੍ਰਯੋਗ ਵਿਚ ਖਾਸ ਨਿਸ਼ਾਨ ਲਏ ਜਾਂਦੇ ਹਨ ਜੋ ਅੰਗਾਂ ਪਰ ਵਿਦਮਾਨ ਹੁੰਦੇ ਹਨ। ਜੀਕੁਰ ਭ੍ਰਿਕੁਲਤਾ ਵਾਲਾ ਹਰੀ ਹੈ, ਇਹ ਚਿੰਨ੍ਹ ਭ੍ਰਿਕੁਲਤਾ ਵਾਲਾ ਵ੍ਰਿੜ ਚਿੰਨ੍ਹ ਹੈ, ਬਿਨਾਂ ਬਿਸ਼ਨੂੰ ਦੇ ਹੋਰ ਕਿਸੇ ਨੂੰ ਨਹੀਂ ਹੁੰਦਾ, ਇੱਕੁਰ ਹੀ ਬ੍ਰਿਖਭ ਬਾਹਨ ਹਰਤਾ ਹੋਰ ਹਲ ਆਦਿਕ ਹੋ ਸਕਦੇ ਹਨ, ਪਰੰਤੂ 'ਤ੍ਰਿਨੇਤ੍ਰ ਹਰ' ਤੀਜੇ ਨੇਤ੍ਰ ਦਾ ਚਿੰਨ੍ਹ ਬਿਨਾਂ ਸ਼ਿਵ ਦੇ ਹੋਰ ਕਿਸੇ ਦਾ ਨਹੀਂ।

੪੪. ਅਭਿਧਾ ਮੂਲ ਸ਼ਾਬਦੀ ਬਯੰਜਨਾ ਦਾ 'ਅੰਨਸੰਨਧਿ' ਪ੍ਰਯੋਗ।

ਏਕ ਸਬਦ ਕੋ ਮਿਲਾ ਤੇ ਔਰ ਅਰਥ
ਠਹਿਰਾਇ ॥ ਬਹੁ ਬਾਚਕ ਕੋ ਸਬਦ ਕੋ
ਅੰਨ ਸੰਨਿਧ ਇਹ ਭਾਇ ॥

ਜਿੱਥੇ ਬਹੁ ਅਰਥ ਬਾਚੀ ਸ਼ਬਦ ਦਾ ਇਕ ਅਰਥ ਇਕ ਸ਼ਬਦ ਹੋਰ ਨਾਲ ਹੋਣੇ ਕਰਕੇ ਠਹਿਰਾਇਆ ਜਾਵੇ, ਉਥੇ ਅੰਨ ਸੰਨਧਿ ਪ੍ਰਯੋਗ ਕਹੀਦਾ ਹੈ, ਇਸ ਨੂੰ ਅੰਨ ਸੰਗ ਵੀ ਕਹਿੰਦੇ ਹਨ। ਜਿਹਾ ਕੁ–

"ਬਰਸੈ ਨਿਸਿ ਕਾਲੀ ॥" [ਤੁਖਾ: ਮਹਲਾ ੧

ਏਥੇ ਬਰਸੈ ਪਦ ਦੀ ਨਾਲ ਸੰਨਿਧੀ ਹੋਣੇ ਤੇ ਨਿਸ ਦਾ ਰਾਤਿ ਅਰਥ ਹੈ, ਹਲਧੀ ਅਰਥ ਨਹੀਂ ਹੈ, ਅਥਵਾ ਕਾਲੀ ਪਦ ਸੰਨਧੀ ਹੋਣੇ ਤੇ ਰਾਤ ਹੈ, ਕਿਉਂਕਿ ਹਲਧੀ ਕਾਲੀ ਨਹੀਂ ਹੁੰਦੀ।

ਪੁਨ–"ਜਿਨ੍ ਨਾਮੁ ਵਿਸਾਰਿਆ ਬਹੁ ਕਰਮ
ਕਮਾਵਹਿ ਹੋਰ ॥ ਨਾਨਕ ਜਮਪੁਰਿ ਬਧੇ
ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥"
[ਸਾਰੰਗ ਵਾਰ ਮ: ੩

ਚੋਰ ਪਦ ਦੀ ਸੰਨਿਧੀ ਹੋਣੇ ਤੇ ਸੰਨ੍ਹੀ ਦਾ ਅਰਥ ਸੰਨ੍ਹ (ਪਾੜ) ਹੈ, ਤੱਤਾ ਲੋਹਾ ਪਕੜਨ ਵਾਲੀ ਸੰਨ੍ਹੀ (ਜੰਬੂਰ) ਨਹੀਂ।

ਪੁਨ–"ਕੋਇਲੇ ਪਾਪ ਪੜੇ ਤਿਸੁ ਉਪਰਿ ਮਨੁ
ਜਲਿਆ ਸੰਨ੍ਹੀ ਚਿੰਤ ਭਈ ॥" [ਮਾਰੂ ਮ: ੧

ਏਥੇ ਕੋਲਿਆਂ ਕਰਕੇ ਜਲਿਆ ਸੰਨਿਧੀ ਦੇ ਕਾਰਣ ਸੰਨ੍ਹੀ ਦਾ ਅਰਥ ਜੰਬੂਰੀ ਹੈ, ਸੰਨ੍ਹ (ਪਾੜ) ਨਹੀਂ ਹੈ। ਇੱਕੁਰ ਹੀ ਹੋਰ ਜਗਹ

Digitized by Panjab Digital Library | www.panjabdigilib.org

ਜਾਣਨਾ ਚਾਹੀਏ।

ਨਿਰਣੈ–ਏਥੇ ਪਦਾਂ ਦੀ ਸੰਨਧਿ ਕਰਕੇ ਅੰਨ ਸੰਨਧਿ ਹੈ।

ਆਰਥੀ ਬਜੰਜਨਾ ਵਿਚ ਅਰਥਾਂ ਦੀ ਸੰਨਧਿ ਹੁੰਦੀ ਹੈ, ਕਿਸੇ ਇਕ ਨੂੰ ਮੁਹਰੇ ਦੱਖਕੇ ਕਿਸੇ ਦੂਜੇ ਪਰਥਾਇ ਬਜੰਗ ਤੇ ਸੂਚਨ ਕਰਾਇਆ ਜਾਂਦਾ ਹੈ। ਜਿਹਾ ਕੁ ਆਰਥੀ ਬਜੰਜਨਾ ਵਿਚ ਵਿਦਮਾਨ ਹੈ, ਪਰੰਤੂ ਏਥੇ ਨਿਰਾ ਸ਼ਬਦਾਂ ਦੀ ਸੰਨਧੀ ਹੈ।

੪੫. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਸਮਰਥ'ਪ੍ਰਯੋਗ।

ਬਜਰਥ ਭਈ ਕਵਿ ਉਕਤ ਤੇ ਔਰ ਅਰਥ ਸੁ ਲਖਾਇ॥ ਤਾਹਿ ਕਹੈ ਸਾਮਰਥ ਸਭ ਇਹ ਬਿਧ ਭੇਦਹ ਪਾਇ॥

ਜਿੱਥੇ ਕਵੀ ਦੀ ਉਕਤ ਬਜਰਥ ਹੋਕੇ ਹੋਰ ਅਰਥ ਸਮਰਥਨ ਕਰੇ, ਭਾਵ ਓਹੋ ਅਰਥ ਦ੍ਰਿੜ੍ਹ ਹੋਵੇ, ਉਸ ਨੂੰ ਸਮਰਥ ਪ੍ਰਯੋਗ ਕਹਿੰਦੇ ਹਨ।

ਜੀਕਰ ਕੋਈ ਕਵੀ ਕਹੇ–"ਕੋਇਲ ਮਦੁ ਮਤ ਹੈ," ਮਧੁ ਨਾਮ ਮਦਰਾ ਦਾ ਹੈ, ਪਰੰਤੂ ਕੋਇਲ ਮਦਰਾ ਨਹੀਂ ਪੀਂਦੀ, ਇਸ ਤੇ ਕਵੀ ਦੀ ਉਕਤਿ ਬਜਰਥ ਠਹਿਰੀ,ਪਰੰਤੂ ਮਧੁ ਨਾਮ ਚੇਤ੍ਰ ਦੇ ਮਹੀਨੇ ਦਾ ਬੀ ਹੈ,ਅਤੇ ਕੋਕਿਲਾ ਚੇਤ੍ਰ ਦੇ ਮਹੀਨੇ ਹੀ ਮਸਤ ਹੱਕੇ ਬੋਲਦੀ ਹੈ, ਇਸ ਲਈ ਮਧੁ ਪਦ ਚੇਤ੍ਰ ਅਰਥ ਤੇ ਸਮਰਥਨ ਹੋਇਆ, ਇਸ ਲਈ ਇਸ ਪ੍ਰਯੋਗ ਦਾ ਨਾਮ ਸਾਮਰਥ ਪ੍ਰਯੋਗ ਹੈ। ਜਿਹਾ ਕੁ:–

"ਤੇਰਾ ਜਨੁ ਰਾਮ ਰਸਾਇਣਿ ਮਾਤਾ॥"

[ਦੇਵ:ਮ: ੫

ਅਰਥ–ਤੇਰਾ ਦਾਸ ਰਾਮ ਦੀ ਰਸਾਇਣ ਨਾਲ ਮਸਤਾਨਾ ਹੈ।

ਏਥੇ ਵੀ ਰਾਮ ਰਸਾਇਣ ਵਿਚ ਮਸਤੀ ਨਹੀਂ ਹੈ, ਇਸ ਤੇ ਕਥਨ ਕਰਤਾ ਦੀ ਉਕਤਿ ਵਿਅਰਥ ਹੋਕੇ ਫਿਰ ਰਾਮ ਨਾਮ ਭਜਨ ਵਿਚ ਹੀ ਮਸਤ ਹੋਣਾ ਅਰਥ ਸਮਰਥਨੀਯ ਹੈ। ਭਗਤ ਨੇ 'ਰਸਾਇਣ' ਮਾਦਿਕ ਵਸਤ ਕੋਈ ਪੀਤੀ ਨਹੀਂ, ਪਰੰਤੂ ਨਾਮ ਦੀ ਮਸਤੀ ਵਿਚ ਮਸਤ ਹੋਣਾ ਅਰਥ ਸਿੱਧ ਹੈ, ਇਸ ਤੇ ਇਸ ਨੂੰ ਸਮਰਥ ਪ੍ਰਯੋਗ ਕਹਿੰਦੇ ਹਨ।

ਪੁਨ–"ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥" [ਆਸਾ ਮਹਲਾ ੫

ਏਥੇ ਵੀ ਉੱਪਰ ਵਾਕਰ ਰਾਮ ਰਸਾਇਣ ਮਦਰਾ ਦੇ ਅਰਥ ਨੂੰ ਵਿਅਰਥ ਕਰਕੇ ਪਰਮੇਸੁਰ ਭਜਨ ਅਰਥ ਸਮਰਥਨ ਹੈ। ਇੱਕੁਰ ਹੀ 'ਦੁਰਮਤਿ ਮਦ' ਪਦ ਵਿਚ ਮਦਰਾ ਅਰਥ ਵਿਅਰਥ ਕਰਕੇ (ਖੋਟੀ ਬੁੱਧੀ ਦੇ) ਖੋਟੇ ਕਰਮ ਅਰਥ ਸਮਰਥਨ ਹੈ। ਇਤ੍ਯਾਦਿਕ ਹੋਰ ਜਗਹ ਵੀ ਜਾਣਨੇ।

੪੬. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਔਚਤੀ' ਪ੍ਰਯੋਗ।

ਜਾਹਿ ਸਬਦ ਕੋ ਅਰਥ ਤੇ ਨਿਕਸੈ ਜੋਗ ਅਜੋਗ। ਜੋਗ ਅਰਥ ਤਹਿ ਕੀਜੀਏ ਸੋ ਔਚਤੀ ਪ੍ਰਯੋਗ॥

ਜਿੱਥੇ ਬਹੁ ਅਰਥ ਬਾਚੀ ਸ਼ਬਦ ਵਿਚੋਂ ਦੋ ਅਰਥ ਨਿਕਲਦੇ ਹੋਣ, ਇਕ ਯੋਗ ਅਰਥ ਹੋਵੇ ਅਤੇ ਦੂਜਾ ਅਯੋਗ ਅਰਥ ਹੋਵੇ, ਤਾਂ ਅਯੋਗ ਅਰਥ ਨੂੰ ਛੱਡਕੇ ਯੋਗ ਅਰਥ ਨੂੰ ਗ੍ਰਹਣ ਕਰਨਾ, ਓਥੇ ਔਚਤੀ ਪ੍ਰਯੋਗ ਹੈ। ਇਸ ਨੂੰ ਯਥਾਯੋਗ ਵੀ ਕਹਿੰਦੇ ਹਨ। ਜਿਹਾ ਕੁ–

"ਗੁਰਮੁਖਿ ਸੁਖੀਆ॥" [ਮਾਝ ਮਃ ੫

ਗੁਰਮੁਖ ਪਦ ਦੇ ਦੋ ਅਰਥ ਹਨ। ਇਕ ਗੁਰਾਂ ਜਿਹੇ ਮੁਖ ਵਾਲਾ, ਇਹ ਅਯੋਗ ਅਰਥ ਹੈ, ਦੂਜਾ ਗੁਰਾਂ ਵਲ ਸਨਮੁਖ ਰਹਿਣ ਵਾਲਾ,

Digitized by Panjab Digital Library | www.panjabdigilib.org

ਇਹ ਯੌਗ ਅਰਥ ਹੈ। ਇਸ ਯੋਗ ਅਰਥ ਦੇ ਗ੍ਰਹਣ ਕਰਨ ਨੂੰ ਤੇ ਅਯੋਗ ਅਰਥ ਦੇ ਤਿਆਗ ਨੂੰ ਔਚਤੀ ਪ੍ਰਯੋਗ ਕਹਿੰਦੇ ਹਨ।

ਪੁਨ–"ਵੇਲਿ ਪਰਾਈ ਜੋਹਹਿ ਜੀਅੜੇ॥"

ਵੇਲ ਪਦ ਦਾ ਅਰਥ ਵੇਲ (ਲਤਾ) ਹੈ, ਪਰੰਤੂ ਏਥੇ ਇਹ ਅਯੋਗ ਅਰਥ ਹੈ। ਇਸ ਨੂੰ ਤਿਆਗਕੇ ਦੂਜਾ ਅਰਥ 'ਇਸਤ੍ਰੀ' ਲੈਣਾ ਹੈ। ਪਰਾਈ ਇਸਤ੍ਰੀ ਨੂੰ ਦੇਖਣਾ ਜੋ ਹੈ ਸੋ ਮੰਦ ਕਰਮ ਹੈ, ਇਸ ਲਈ ਇਸ ਅਰਥ ਦਾ ਗ੍ਰਹਣ ਹੈ।

ਪੁਨ–"ਉਰਝਿਓ ਕਨਕਿ ਕਾਮਨੀ ਕੇ ਰਸ।"

[ਟੋਡੀ ਮਹਲਾ ੯

ਕਨਕ ਨਾਮ ਧਤੂਰੇ ਦਾ ਹੈ, ਸੋ ਏਥੇ ਅਯੋਗ ਅਰਥ ਹੈ, ਦੂਜਾ ਅਰਥ ਕਨਕ ਦਾ 'ਸੋਨਾ' ਹੈ, ਸੋ ਯੋਗ ਅਰਥ ਹੈ, ਇਸ ਲਈ ਗ੍ਰਹਣ ਹੈ, ਅਰਥਾਤ ਸੋਨੇ ਅਤੇ ਇਸਤ੍ਰੀ ਦੇ ਰਸ ਵਿਚ ਉਲਝ ਰਿਹਾ ਹੈ।

ਨਿਰਣੈ–ਸਾਮਰਥ ਵਿਚ ਉਕਤ ਨੂੰ ਵਜ-ਰਥ ਕਰਕੇ ਫਿਰ ਗ੍ਰਹਣ ਹੈ, ਔਚਤੀ ਵਿਚ ਅਯੋਗ ਦਾ ਤਿਆਗ ਕਰਕੇ ਯੋਗ ਦਾ ਗ੍ਰਹਣ ਹੈ। ਇੱਕੁਰ ਹੀ ਹੋਰ ਜਗਹ ਵੀ ਜਾਣਨਾ।

੪੭. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਕਾਲ' ਪ੍ਰਯੋਗ।

ਰਾਤ ਦਿਵਸ ਸੀਤੁਸਨ ਪੁਨ ਰਿਤ ਮਾਸਾ-
ਦਿਕ ਜਾਨ। ਇਨ ਸੰਗ ਬਜਾਪਤ ਅਰਥ
ਜੋ ਤਾਸੋ ਸਮਾਂ ਬਖਾਨ।

ਜਿੱਥੇ ਅਨਕ ਅਰਥ ਸ਼ਬਦ ਦਾ ਇਕ ਅਰਥ ਸਮੇਂ ਦੇ ਸਜੋਗ ਕਰਕੇ ਠਹਿਰਾਇਆ ਜਾਵੇ, ਓਥੇ ਕਾਲ ਪ੍ਰਯੋਗ ਕਹਿੰਦੇ ਹਨ। ਰਾਤ, ਦਿਨ, ਸਰਦੀ, ਗਰਮੀ, ਰਿਤੁ, ਮਹੀਨਾ ਆਦਿਕ 'ਕਾਲ' ਜਾਣਨੇ। ਜੀਕਰ ਕੋਈ ਕਹੇ ਰਾਤ ਬਿਧ ਦੇ ਚਾਨਣੇ ਨਹੀਂ ਪੜ੍ਹਿਆ ਜਾਂਦਾ, ਏਥੇ ਰਾਤ ਦੇ ਸਮੇਂ ਹੋਣ ਕਰਕੇ 'ਬਿਧ' ਦਾ ਅਰਥ ਬ੍ਰਹਮਾਂ ਦਾ ਚਾਨਣਾ ਅਰਥ ਨਹੀਂ ਬਣਦਾ, ਪਰੰਤੂ 'ਚੰਦ੍ਰਮਾਂ ਦਾ ਚਾਨਣਾ ਰਾਤ ਵੇਲੇ' ਅਰਥ ਬਣਦਾ ਹੈ। ਬਿਧ ਅਨੇਕ ਬਾਚੀ ਪਦ ਹੈ, ਰਾਤ ਪਦ ਨੇ ਸਮਾਂ ਸੂਚਕ ਕਰਕੇ ਇਕ ਅਰਥ ਚੰਦ੍ਰਮਾਂ ਠਹਿਰਾਇਆ, ਇਸਤੇ ਇਸ ਨੂੰ ਕਾਲ ਪ੍ਰਯੋਗ ਕਹਿੰਦੇ ਹਨ। ਜਿਹਾ ਕੁ–

"ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ।"

[ਤੁਖਾਰੀ ਮਃ ੧

ਤੁਖਾਰ ਪਦ ਦਾ ਅਰਥ ਘੋੜਾ ਹੈ, ਪਰੰਤੂ ਪੋਹ ਦੇ ਮਹੀਨੇ ਦਾ ਸਮਾਂ ਨਾਲ ਹੋਣੇ ਤੇ ਤੁਖਾਰ ਦਾ ਦੂਜਾ ਅਰਥ ਬਰਫ (ਕੱਕਰ) ਹੈ। ਏਥੇ ਤੁਖਾਰ ਪਦ ਦਾ ਬਰਫ ਇਕ ਅਰਥ ਬੋਧਕ ਪੋਹ ਮਹੀਨੇ ਦਾ ਸਮਾਂ ਹੈ, ਇਸ ਲਈ ਘੋੜਾ ਅਰਥ ਸਿੱਧ ਨਹੀਂ।

ਨਿਰਣੈ–ਏਥੇ ਕੇਵਲ ਸ਼ਬਦ ਹੀ ਸਮੇਂ ਨੂੰ ਸੂਚਤ ਕਰਾਉਂਦਾ ਹੈ ਅਤੇ ਦੂਜੇ ਅਰਥ ਵਿਚੋਂ ਇਕ ਅਰਥ ਨਿਸਚਤ ਕਰਾਉਂਦਾ ਹੈ, ਪਰੰਤੂ ਆਰਥੀ ਬਜੰਜਨਾ ਵਿਚ ਦੇਸ਼ ਦਾ ਅਰਥ ਬਜੰਗ ਹੋਕੇ ਧੁਨੀ ਕਾਲ ਤੋਂ ਨਿਕਲਦੀ ਹੈ। ਚੇਤੇ ਰਹੇ ਆਰਥੀ ਬਜੰਜਨਾ ਦਾ ਕਾਲ ਧੁਨਜਾਤਮਕ ਹੈ ਅਤੇ ਸ਼ਾਬਦੀ ਬਜੰਜਨਾ ਦਾ ਕਾਲ ਕੇਵਲ ਸ਼ਬਦ ਮਾਤ੍ਰ ਹੈ।

੪੮. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਬਜਕਤਿ' ਪ੍ਰਯੋਗ।

"ਬਹੁ ਬਾਚਕ ਮੈਂ ਭੇਦ ਬਤਾਵੈ। ਲਿੰਗ
ਬਚਨ ਪੁਨ ਬਜਕਤਿ ਕਹਾਵੈ।"

ਜਿੱਥੇ ਅਨੇਕ ਬਾਚੀ ਪਦ ਵਿਚ ਭੇਦ ਦੱਸੇ ਅਤੇ ਲਿੰਗ ਬਚਨ ਦਿਖਾਵੇ, ਉਥੇ ਬਜਕਤਿ ਪ੍ਰਯੋਗ ਕਹਿੰਦੇ ਹਨ।

Digitized by Panjab Digital Library | www.panjabdigilib.org

ਜੀਕਰ ਕੋਈ ਕਹੇ 'ਤੇਰੀ ਪਤ ਰੱਖਾਂਗੀ'। ਤੇਰੀ ਇਸਤ੍ਰੀ ਲਿੰਗ ਬਚਨ ਹੋਣੇ ਤੇ ਪਤ ਦਾ ਅਰਥ ਇੱਜ਼ਤ (ਆਬਰੋ) ਹੈ, ਪਤ ਦਾ ਅਰਥ ਖਾਵੰਦ ਮਾਲਕ ਨਹੀਂ ਹੋ ਸਕਦਾ। ਪਤ ਅਨੇਕ ਬਾਚੀ ਪਦ ਹੈ ਅਤੇ ਤੇਰੀ ਇਸਤ੍ਰੀ ਲਿੰਗ ਹੈ, ਜਿਸ ਲਈ ਪਤ ਦਾ ਪਤੀ ਪਦ ਪੁਲਿੰਗ ਨਹੀਂ ਠਹਿਰਦਾ, ਇਸੇ ਲਈ ਇਸ ਨੂੰ ਬਜਕਤਿ ਪ੍ਰਯੋਗ ਕਹਿੰਦੇ ਹਨ। ਜਿਹਾ ਕੁ—

'ਗਈ ਬੁਨਾਵਨ ਮਾਹੋ।' [ਗਉੜੀ ਕਬੀਰ

'ਗਈ' ਪਦ ਇਸਤ੍ਰੀ ਲਿੰਗ ਹੋਣੇ ਤੇ 'ਮਾਹੋ' ਦਾ ਅਰਥ 'ਮਹੀਆਂ ਵਾਲਾ' 'ਪਿਆਰਾ' ਪੁਲਿੰਗ ਅਰਥ ਨਹੀਂ ਹੈ, ਪਰ 'ਬੁਧੀ' ਅਰਥ ਹੈ। ਇੱਕੁਰ ਹੀ ਹੋਰ ਜਗਹ ਵੀ ਜਾਣਨੇ।

੪੯. ਅਭਿਧਾ ਮੂਲ ਸ਼ਾਬਦੀ ਬਜੰਜਨਾ ਦਾ 'ਦੇਸ਼' ਪ੍ਰਯੋਗ।

ਜਹਾਂ ਦੇਸ਼ ਸੰਸਰਗ ਹੈ ਬਹੁ ਬਾਚੀ ਪਦ ਸੰਗ।
ਏਕ ਕਰੈ ਬਲ ਦੇਸ਼ ਤੇ ਭਾਖੈ ਦੇਸ਼ ਪ੍ਰਸੰਗ।

ਜਿੱਥੇ ਦੇਸ਼ ਦੇ ਸੰਸਰਗ ਹੋਣੇ ਤੇ ਅਨੇਕ ਵਾਚੀ ਸ਼ਬਦਦਾਇਕ ਅਰਥਠਹਿਰਾਇਆਜਾਵੇ ਓਥੇਦੇਸ਼ ਅਥਵਾ ਸਥਾਨ ਪ੍ਰਯੋਗ ਕਹੀਦਾ ਹੈ।

ਜੀਕਰ ਕੋਈ ਕਹੇ 'ਹਰਿ ਰਾਧਾ ਆਕਾਸ਼ ਤੇ ਇਕੱਠੇ ਚਲ ਰਹੇ ਹਨ।'

ਏਥੇ ਆਕਾਸ਼ ਦੇਸ਼ ਦੇ ਬਲ ਕਰਕੇ ਕ੍ਰਿਸ਼ਨ ਰਾਧਕਾ ਅਰਥ ਸਿੱਧ ਨਹੀਂ ਹੁੰਦਾ, ਪਰੰਤੂ ਦੇਸ਼ ਬਲ ਤੇ ਚੰਦ੍ਰਮਾਂ ਤੇ ਅਨੁਰਾਧਾ ਨਛੱਤ੍ਰ ਇਕ ਰਾਸ ਵਿਚ ਚਲ ਰਹੇ ਹਨ, ਇਹ ਅਰਥ ਠਹਿਰਦਾ ਹੈ। ਹਰ ਅਤੇ ਰਾਧਾ ਇਹ ਦੋਵੇਂ ਪਦ ਅਨੇਕਾਰਥੀ ਹਨ। ਆਕਾਸ਼ ਦੇ ਸੰਸਰਗ ਨੇ ਇਕ ਅਰਥ ਸਿੱਧ ਕੀਤਾ, ਇਸ ਲਈ ਇਸ ਨੂੰ ਦੇਸ਼ ਪ੍ਰਯੋਗ ਕਹਿੰਦੇ ਹਨ।

ਪੁਨ—ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥ [ਬਿਲਾ: ਕਬੀਰ

ਏਥੇ ਵੀ ਬਨ ਦੇਸ਼ ਦੇ ਸੰਸਰਗ ਤੇ 'ਕੰਦ' ਦਾ ਅਰਥ ਮਿਸ਼ਰੀ ਜਾਂ ਕਲਾਕੰਦ ਨਹੀਂ ਹੈ, ਪਰੰਤੂ ਮੂਲ ਕੰਦ (ਜੜ੍ਹਾਂ ਤੇ ਰਤਾਲੂ ਆਦਿ ਧਰਤੀ ਦੇ ਅੰਦਰਲੇ ਕੰਦ ਅਥਵਾ ਫਲ) ਅਰਥ ਸਿੱਧ ਹੈ। ਇੱਕੁਰ ਹੀ ਹੋਰਥੇ ਵੀ ਜਾਣਨੇ।

ਇਤੀ ਜੋਗ ਦਿਕ ਤੇਰਾਂ ਪ੍ਰਯੋਗ ਸੰਪੂਰਨੰ॥

੫੦. 'ਲੱਛਨਾ ਮੂਲ ਸ਼ਾਬਦੀ ਬਜੰਜਨਾ'।

ਇਸ ਦਾ ਇੱਕੋ ਹੀ ਸਰੂਪ ਹੈ—

ਬਜੰਗ ਲੱਛਨਾ ਮੈਂ ਮਿਲੀ ਧੁਨਿ ਚਮਕੇ ਬਹੁਭਾਇ।
ਸ਼ਬਦ ਲਸੈ ਨਿਸ ਰੂਪ ਮੈਂ ਲੱਛਨ ਬਜੰਗ ਗਨਾਇ।

ਜਿੱਥੇ ਬਜੰਜਨਾ ਅਤੇ ਲੱਛਣਾ ਮਿਲ ਜਾਣ, ਪਰੰਤੂ ਧੁਨੀ ਚਮਤਕ੍ਰਿਤ ਹੋਵੇ ਅਤੇ ਸ਼ਬਦ ਆਪਣੇ ਰੂਪ ਵਿਚ ਪ੍ਰਕਾਸ਼ਦੇ ਰਹਿਣ, ਓਥੇ ਲੱਛਨਾ ਮੂਲ ਸ਼ਾਬਦੀ ਬਜੰਜਨਾ ਹੈ।

ਜੀਕਰ ਕੋਈ ਕਹੇ ਫਲਾਣੇ ਨੇ ਪੋਥੀ ਗੱਲ ਦਾ ਹਾਰ ਕੀਤੀ ਹੋਈ ਹੈ।

ਇੱਥੇ ਲੱਛਨਾ ਬ੍ਰਿਤੀ ਕਰਕੇ 'ਪੋਥੀ ਨੂੰ ਕਿਸੇ ਵੇਲੇ ਦੂਰ ਨਹੀਂ ਕਰਦਾ' ਇਹ ਅਰਥ ਪ੍ਰਧਾਨ ਹੈ। ਚਮਤਕ੍ਰਿਤ ਬਜੰਗ ਧੁਨੀ ਇਸ ਵਿਚ ਇਹ ਹੈ ਕਿ ਪੋਥੀ ਪੜ੍ਹਨ ਵਿਚ ਬਹੁਤ ਪ੍ਰੀਤ ਹੈ, ਹਰ ਵੇਲੇ ਪੋਥੀ ਪੱਤ੍ਰੇ ਨਾਲ ਹੀ ਪਰਚਾ ਰੱਖਦਾ ਹੈ। ਵਿਸ਼ੇਸ਼ ਚਮਤਕਾਰ ਇਹ ਨਿਕਲਦਾ ਹੈ ਕਿ:—ਕੀ ਜਾਣੀਏਂ, ਕਿਤਨਾ ਬੜਾ ਪੰਡਤ ਤੇ ਵਿਦਵਾਨ ਹੋਵੇ। ਜਿਹਾ ਕੁ:—

ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
[ਮਾਝ ਮਹਲਾ ੫

ਇਕ ਘੜੀ ਦੇ ਵਿਛੋੜੇ ਵਿਚ ਜੁਗ ਜੁਗ (ਪ੍ਰਮਾਣ) ਬੀਤਦਾ ਸੀ, ਲੱਛਣਾ ਬ੍ਰਿਤੀ

Digitized by Panjab Digital Library | www.panjabdigilib.org

ਕਰਕੈ ਬਿਰਹ ਦਾ ਸਮਾਂ ਅਤਿ ਥੋਹੜਾ ਵੀ ਬਹੁਤ ਲੰਬਾ ਪ੍ਰਤੀਤ ਹੁੰਦਾ ਸੀ।

ਬਜੰਗ ਚਮਤਕਾਰ ਇਸ ਵਿਚੋਂ ਇਹ ਨਿਕਲਦਾ ਹੈ ਕਿ ਬਿਰਹ ਅਸਹਿ ਤੇ ਅਤਿ ਦੁਖਦਾਈ ਹੈ, ਜੋ ਬਿਨਾਂ ਮਿਲਾਪ ਦੇ ਕਿਸੇ ਤਰ੍ਹਾਂ ਵੀ ਕੱਟਿਆ ਨਹੀਂ ਜਾਂਦਾ।

ਧੁਨੀ ਅਥਵਾ ਵਿਸ਼ੇਸ਼ ਚਮਤਕਾਰ "ਹੁਣ ਕੀਕਰ ਮਿਲਾਂਗੇ" ਇਹ ਚਿੰਤਾ ਵਧੀਕ ਦੁਖ ਦੇ ਰਹੀ ਹੈ, ਆਦਿਕ, ਜਿਹਾ ਕਿ ਮੂਲ ਵਿਚ ਬੀ ਵਿਦਮਾਨ ਹੈ:—"ਕਦਿ ਮਿਲੀਐ" ਪਦ ਵਿਚ ਧੁਨੀ ਨਿਰਾਸਤਾ ਵਿਚ ਆਸ ਸੂਚਕ ਹੈ। ਇੱਕੁਰ ਹੀ ਹੋਰਥੇ ਵੀ ਜਾਣਨੇ।

ਇਤੀ ਲੱਛਨਾ ਮੂਲ ਬਜੰਜਨਾ ਸੰਪੂਰਨੰ ॥

੫੧. 'ਆਰਥੀ ਬਜੰਜਨਾ' ਬ੍ਰਿਤੀ ਦਾ ਵਰਣਨ।

ਬਜੰਜਕ ਅਰਥ ਚਮਤਕ੍ਰਿਤ ਜਾਮੈ।
ਧੁਨਿ ਪ੍ਰਗਟੈ ਬਹੁ ਭਾਤਨ ਤਾ ਮੈ।
ਅਹੈ ਬਜੰਜਨਾ ਆਰਥ ਸੋਇ।
ਦਸ ਪ੍ਰਯੋਗ ਕਰ ਜਾਨੋ ਦੋਇ।

ਜਿੱਥੇ ਬਜੰਜਨਾ ਵਿਚ ਬਜੰਜਕ ਚਮਤਕਾਰੇ ਵਾਲੇ ਦੋਣ ਅਤੇ ਇੱਕੁ ਹੀ ਪ੍ਰਕਾਸ਼ ਕਰਨੇ ਵਾਲੀ ਧੁਨੀ ਭੀ ਪ੍ਰਗਟ ਹੋਵੇ, ਓਥੇ ਆਰਥੀ ਬਜੰਜਨਾ ਕਹੀਦੀ ਹੈ। ਸੋ ਆਰਥੀ ਬਜੰਜਨਾ ਦਸਾਂ ਪ੍ਰਯੋਗਾਂ ਕਰਕੇ ਵਿਦਮਾਨਹੈ। ਜਿਹਾ:—ਬਕਤਾ, ਅਰ ਬੋਧਯ ਪੁਨ ਬਚਨ, ਬਾਚ੍ਯ, ਅਨਸੰਗ। ਦੇਸ਼, ਕਾਲ, ਦਸ ਜਾਨੀਐ, ਚਜੇਸਟਾ, ਕਾਕੁ, ਪ੍ਰਸੰਗ। ਇਨ ਦਸ ਕੇ ਪਰਭਾਵ ਤੇ ਉਪਜਤ ਜੋ ਧੁਨਿ ਰੂਪ। ਬਕਤਾ ਅਰ ਬੈਸਿਸਟਤਿਹਕਹਤਸੁ ਕਵਿਕੁਲ ਭੂਪ।

ਇਨ੍ਹਾਂ ਬਕਤਾ ਆਦਿਕ ਦਸਾਂ ਪ੍ਰਯੋਗਾਂ ਦੇ ਪਰਭਾਉ ਕਰਕੇ ਧੁਨੀ ਦਾ ਰੂਪ ਉਤਪਤ ਹੁੰਦਾ ਹੈ। ਭਾਵ—ਜਿਸ ਨਾਮ ਤੇ ਪ੍ਰਯੋਗ ਹੈ ਓਸੇ ਵਿਚੋਂ ਧੁਨੀ ਦਾ ਰੂਪ ਨਿਕਲਦਾ ਹੈ, ਜੀਕੁਰ ਬਕਤਾ ਬੈਸਿਸ਼ਟ ਪ੍ਰਯੋਗ ਵਿਚ ਬਕਤਾ ਦੇ ਬਕਤੱਤ੍ਵ ਵਿਚ ਧੁਨੀ ਹੋਵੇਗੀ ਅਤ ਬੋਧਬਜ ਪ੍ਰਯੋਗ ਵਿਚ ਬੋਧਬਜ ਤੋਂ ਧੁਨੀ ਨਿਕਲੇਗੀ। ਇਸ ਗੱਲ ਦੀ ਸੂਚਨਾਂ ਪ੍ਰਯੋਗਾਂ ਦੇ ਵਰਤਾਉ ਵਿਚ ਸੂਚਨ ਕਰਾਈ ਜਾਵੇਗੀ।

ਬੈਸਿਸ਼ਟ ਪਦ ਹਰ ਇਕ ਪ੍ਰਯੋਗ ਨਾਲ ਪ੍ਰਯੋਜਨੀਯ ਪਦ ਹੈ, ਅਰਥ ਇਸ ਬੈਸਿਸ਼ਟ ਪਦ ਦਾ 'ਮਿਲਿਆ ਹੋਇਆ' ਹੈ, ਜੀਕੁਰ ਬਕਤਾ ਬੈਸਿਸ਼ਟ ਪ੍ਰਯੋਗ। ਅਰਥ ਵਕਤਾ (ਕਥਨ ਕਰਨ ਵਾਲੇ) ਦਾ ਭਾਵ ਮਿਲਿਆ ਹੋਇਆ ਹੈ। ਭਾਵ ਚਤੁਰਾਈ ਨਾਲ ਮਿਲਿਆ ਹੋਇਆ ਹੈ; ਅਥਵਾ ਸੁਖੱਲੀ ਤਰ੍ਹਾਂ ਇਉਂ ਸਮਝ ਰੱਖੋ, ਕਥਨ ਕਰਨ ਵਾਲੇ ਦੀ ਚਤੁਰਾਈ ਕਥਨ ਦੇ ਅਰਥਾਂ ਵਿਚ ਮਿਲੀ ਹੋਈ ਹੈ।

ਜੀਕੁਰ—"ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ ॥ ੨੭ ॥"

[ਸਲੋ: ਕਬੀਰ

ਮਿੱਠੇ ਰਸ ਵਾਲਾ ਗੰਨਾਂ ਚੂਪੀਦਾ ਹੈ, ਇੱਕੁਰ ਹੀ ਗੁਣਾਂ ਨੂੰ ਰੋ ਮਰੀਦਾ ਹੈ, ਔਗੁਣਾਂ ਵਾਲੇ ਮਨੁੱਖ ਨੂੰ ਭਲਾ ਕੋਈ ਨਹੀਂ ਕਹਿੰਦਾ।

ਇਸ ਵਿਚ ਚਤੁਰਾਈ ਪ੍ਰਤੱਖ ਪਈ ਹੋਈ ਹੈ। ਰਸ ਵਾਲੇ ਗੰਨੇ ਨੂੰ ਸਭ ਕੋਈ ਚੂਪਦਾ ਹੈ, ਸੁੱਕੇ ਫਿੱਕੇ ਟਾਂਡੇ ਨੂੰ ਕੋਈਨਹੀਂ ਮੂੰਹ ਲਾਉਂਦਾ, ਇਸ ਤੇ ਸਿੱਧ ਹੋਇਆ ਕਿ ਗੁਣ ਹੀ ਪ੍ਰਧਾਨ ਹਨ। ਜੀਕੁਰ ਬਚਨ ਹੈ, "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ" ਤੇ ਬਿਨਾਂ ਗੁਣ ਦੇ ਅਥਵਾ ਔਗਣ ਵਾਲੇ ਪੁਰਖ ਨੂੰ ਕੋਈ ਚੰਗਾ ਨਹੀਂ ਕਹਿੰਦਾ, ਸਗਮਾਂ ਬੁਰਾ ਹੀ ਕਹਿੰਦੇ ਹਨ। ਇਸ ਲਈ ਇਸ ਉਪਦੇਸ਼ ਨੂੰ ਧਾਰੋ ਕਿ ਗੁਣਵਾਨ ਹੋਵੋ, ਗੁਣਾਂ ਦੀ ਵਡਜਾਈ ਹੈ:—ਬਚਨ ਹੈ "ਜੇ ਗੁਣ ਹੰਨਿ ਤ ਕਟੀਅਨਿ

Digitized by Panjab Digital Library | www.panjabdigilib.org

ਸੋ ਭਾਈ ਸੋ ਵੀਰ ॥" [ਸੋਰ: ਮ: ੧

ਇਸੇ ਚਤੁਰਾਈ ਨੂੰ ਚਮਤਕ੍ਰਿਤ ਵਜੋਗ ਅਤੇ ਧੁਨੀ ਕਰਕੇ ਕਹਿੰਦੇ ਹਨ।

ਵਿਸ਼ੇਸ਼ ਸੂਚਨਾ—ਇਹੋ ਸ਼ਲੋਕ ਕਥਨ ਕਰਤਾ ਦੀ ਚਤੁਰਾਈ ਦਾ ਸੂਚਕ ਇਉਂ ਭੀ ਹੈ। ਜੇਕਰ ਇਸ ਦੇ ਅਰਥ ਗੁਣਾਂ ਦੀ ਵਡਿਆਈ ਪਰ ਲਾਈਏ ਤਾਂ ਭੀ ਲਗਦੇ ਹਨ, ਜੇਕਰ ਔਗੁਣਾਂ ਦੀ ਨਿਦੇਧੀ ਪਰ ਲਾਈਏ ਤਾਂ ਭੀ ਲੱਗਦੇ ਹਨ। ਜੀਕੁਰ ਔਗੁਣਾਂ ਵਾਲੇ ਮਨੁੱਖ ਨੂੰ ਕੋਈ ਚੰਗਾ ਨਹੀਂ ਲੱਗਦਾ, ਏਥੋਂ ਤਾਈਂ ਕਿ ਔਗੁਣੀ ਪੁਰਖ ਦਾ ਨਾਉਂ ਲੈਣੋਂ ਵੀ ਸੰਗਦੇ ਹਨ। ਇਸ ਲਈ ਚਾਹੀਦਾ ਹੈ ਕਿ ਔਗਣ ਨਾ ਕਰੇ, ਔਗਣਾਂ ਤੋਂ ਬਚੇ, ਔਗਣ ਲੋਕ ਪ੍ਰਲੋਕ ਦੋਵੇਂ ਬਿਗਾੜ ਦੇਂਦੇ ਹਨ। ਇਸ ਲਈ ਸ੍ਰੇਸ਼ਟ ਗੁਣ ਧਾਰੇ, ਜਿਸ ਤੇ ਉਚੇ ਹੋਵੇ ਆਦਿਕ. ਇਹ ਪ੍ਰਸੰਗ ਵੈਸਿਸ਼ਟ ਹੈ। (ਇਹ ਉਦਾਹਰਣ ਅੱਗੇ 'ਪ੍ਰਸੰਗ ਵੈਸਿਸ਼ਟ ਵਿਚ ਵਿਸ਼ੇਸ਼ ਆਵੇਗਾ।)

ਸੂਚਨਾ—ਬਕਤਾਆਦਿਦਸਾਂਪ੍ਰਯੋਗਾਂਦੇ ਨਾਮ ਭਿੰਨ ਭਿੰਨ ਕਰਕੇ ਇਸਲਈ ਇਥੇਨਹੀਂ ਲਿਖੇ ਹਨ, ਕਿ ਪਿੱਛੇ ਬਜੰਜਨਾ ਭੇਦਕ ਚੱਕ੍ਰ ਵਿਚ ਸਵਿਸਥਾਰ ਲਿਖੇ ਗਏ ਹਨ।

੫੨. ਆਰਥੀ ਬਜੰਜਨਾ ਦਾ 'ਬਕਤਾ ਬੈਸਿਸ਼ਟ'ਪ੍ਰਯੋਗ।

ਬਕਤਾ ਸੁਖਮ ਮਾਨ ਯੁਤ ਚਤੁਰਾਈ ਸੋ ਬੈਨ।
ਕਥਨ ਕਰੈ ਧੁਨਜਾਤਮਕ ਕਹ ਬਕਤਾ ਸੋ ਐਨ।

ਜਿੱਥੇ ਬਕਤਾ (ਕਥਨ ਕਰਨ ਵਾਲਾ) ਚਤੁਰਾਈ ਨਾਲ ਕਥਨ ਕਰੇ ਅਤੇ ਉਸ ਕਥਨ ਵਿਚ ਸੂਖਮ ਮਾਨ ਪ੍ਰਤੀਤ ਹੋਵੇ, ਪਰੰਤੂ ਉਹ ਮਾਨ ਧੁਨਜਾਤਮਕ ਹੋਵੇ ਅਤੇ ਧੁਨੀ ਉਸ ਵਕਤਾ ਦੇ ਕਥਨ ਤੋਂ ਨਿਕਲੇ ਤਾਂ ਓਥੇ ਬਕਤਾਵੀ ਬੈਸਿਸ਼ਟ ਪ੍ਰਯੋਗ ਹੈ।

ਜੀਕਰ ਕੋਈ ਕਹੇ ਮੇਰੇ ਵਿਚ ਤਾਂ ਕੋਈ ਗੁਣ ਨਹੀਂ, ਪਰ ਕਰਤਾਰ ਜਾਣੇ ਓਸ ਮਾਲਕ ਦੀ ਕਿਉਂ ਏਡੀ ਕ੍ਰਿਪਾਲਤਾ ਹੋ ਰਹੀ ਹੈ। ਇਸ ਕਥਨ ਵਿਚ ਮੇਰੇ ਪਦ ਤੋਂ ਸੂਖਮ ਹੰਕਾਰ ਦੀ ਆਪਣੇ ਵਿਚ ਸੂਚਨਾਂ ਪ੍ਰਤੱਖ ਹੈ। ਨਿੰਮ੍ਰਤਾ ਦੀ ਪੂਰਣਤਾ ਇਹੋ ਚਤੁਰਾਈ ਹੈ। ਬਜੰਗ ਤੇ ਨਿੰਮ੍ਰਤਾ ਗੁਣਾਂ ਕਰਕੇ ਕ੍ਰਿਪਾਲਤਾ ਹੈ, ਤੁਸੀਂ ਵੀ ਗੁਣ ਧਾਰੋ ਆਦਿ ਧੁਨੀ ਹੈ।

ਨੋਟ—ਜਿੱਥੇ ਮਾਨ ਦੀ ਥਾਂ ਨਿਰੋਲ ਨਿੰਮ੍ਰਤਾ ਤੇ ਸ਼ੁਕਰ ਨਿਕਲੇ, ਉਥੇ ਭੀ ਇਹੀ ਪ੍ਰਯੋਗ ਹੈ। ਜਿਹਾ ਕਿ:—

"ਨਾ ਮੈ ਰੂਪੁ ਨ ਬੰਕੇ ਨੈਣਾ ॥ ਨਾ ਕੁਲ ਢੰਗੁ ਨ ਮੀਠੇ ਬੈਣਾ ॥ ੧॥ਰਹਾਉ ॥"
[ਸੂਹੀ ਅ: ਮਹਲਾ ੧

"ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥" [ਆਸਾ ਮ: ੫

ਨਾ ਮੇਰਾ ਸੁੰਦਰ ਸਰੂਪ ਹੈ, ਨਾ ਮੇਰੇ ਸੁੰਦਰ ਬਾਂਕੇ ਤਿੱਖੇ ਨੇਤ੍ਰ ਹਨ, ਨਾ ਹੀ ਕੋਈ ਇਸਤ੍ਰੀ ਕੁਲ ਦਾ, ਵਾ ਕੁਲੀਨ ਕੁਲ ਦਾ ਢੰਗ ਢਾਂਚ ਹੈ, ਨਾ ਹੀ ਮੇਰੇ ਮਿੱਠੇ ਬਚਨ ਹਨ, ਫਿਰ ਕੀ ਜਾਣਾਂ ਮੈਂ ਕਿਸ ਤਰ੍ਹਾਂ ਕੰਤ ਨੂੰ ਭਾ ਗਈ ਹਾਂ (ਜੋ ਏਡੀ ਕ੍ਰਿਪਾ ਕਰਦਾ ਹੈ)।

ਬਜੰਗ ਤੇ—'ਨਾਮ' ਕਰਕੇ ਰੂਪ ਸੁੰਦਰ ਹੁੰਦਾ ਹੈ। ਬਚਨ ਹੈ, "ਨਾਮ ਬਿਨਾ ਜੈਸੇ ਕੁਬਜ ਕੁਰੂਪ"। ਵੈਰਾਗ ਭਰੇ ਲੱਜਾ ਸਮੇਤ ਝੁਕੇ ਹੋਏ ਨੇਤ੍ਰ ਵੀ ਨਹੀਂ, ਸਤ ਸੰਤੋਖ ਮੁਦਤਾ ਮੈਤ੍ਰੀ ਖਿਮਾ ਆਦਿਕ ਜੋ ਸੰਤ ਕੁਲ ਦੇ ਢੰਗ ਹਨ, ਸੋ ਭੀ ਮੇਰੇ ਵਿਚ ਨਹੀਂ, ਪਰਉਪਕਾਰ ਦੇ ਭਰੇ ਹੋਏ ਮਿੱਠੇ ਬਚਨ ਵੀ ਮੇਰੇ ਵਿਚ ਨਹੀਂ ਹਨ; ਇਹ ਕੇਵਲ ਉਸ ਮਾਲਕ ਦੀ ਕ੍ਰਿਪਾਲਤਾ ਹੈ, ਜਿਸ ਕਰਕੇ ਨਿਗੁਣਿਆਂ ਤੇ

Digitized by Panjab Digital Library | www.panjabdigilib.org

ਦਇਆ ਕਰਦਾ ਹੈ । ਵਿਸ਼ੇਸ਼ ਧੁਨੀ–ਤੁਸੀਂ ਵੀ ਨਿੰਮ੍ਰਤਾ ਆਦਿਕ ਗੁਣ ਧਾਰਨ ਕਰੋ ਤਾਂ ਜੋ ਪਰਮੇਸ਼ੁਰ ਤੁਹਾਡੇ ਤੇ ਪ੍ਰਸੰਨ ਹੋਵੇ, ਆਦਿਕ ।

੫੩. ਆਰਥੀ ਏਜੰਜਨਾ ਦਾ 'ਬੋਧਬਜ ਵੈਸਿਸ਼ਟ' ਪ੍ਰਯੋਗ ।

ਬਕਤਾ ਕੋ ਬਕਤਤ੍ਰ ਜੋ ਜਾਂ ਪ੍ਰਤਿ ਕਥਨੋ ਹੋਇ।
ਸੋ ਏਧਬਜ ਪਛਾਨੀਏ ਧੁਨਿ ਤਾਹੂ ਮੈਂ ਜੋਇ।

ਬਕਤਾ ਦਾ ਜੋ ਕਥਨ ਹੈ ਉਹ ਕਿਸੇ ਪ੍ਰਤੀ (ਪਰਥਾਇ) ਹੋਵੇ, ਭਾਵ ਕਿਸੇ ਨੂੰ ਸੰਬੋਧਤ ਕਰਕੇ ਕਹਿਣਾ ਹੋਵੇ, ਪਰੰਤੂ ਧੁਨੀ ਓਸ ਸੁਣਨ ਵਾਲੇ ਬੋਧਬਜ ਵਿਚੋਂ ਨਿਕਲੇ ਤਾਂ ਓਥੇ ਬੋਧਬਜ ਵੈਸਿਸ਼ਟ ਪ੍ਰਯੋਗ ਕਹੀਦਾ ਹੈ, ਬੋਧਬਜ ਨੂੰ ਬਰੰਨਜ ਵੀ ਕਹਿੰਦੇ ਹਨ । ਜਿਹਾ ਕ–

"ਅੰਤਰਿ ਬਹਿਕੇ ਕਰਮ ਕਮਾਵੇ ਸੋ ਚਹੁ ਕੁੰਡੀ ਜਾਣੀਐ ॥" [ਵਾਰ ਮਾਝ ਮ:੨

ਭਾਵੇਂ ਕੋਡਾ ਹੀ ਲੁਕ ਛਿਪ ਕੇ (ਖੋਟੇ) ਕਰਮ (ਪਾਪ) ਕੀਤੇ ਜਾਣ, ਪਰੰਤੂ ਓਹ ਪਾਪ ਕਰਮ ਚਹੁੰਵਾਂ ਕੁੰਟਾਂ ਵਿਚ ਪ੍ਰਗਟ ਹੋ ਜਾਂਦੇ ਹਨ ।

ਏਥੇ ਪਾਪੀ ਵਾ ਪਾਪੀ ਪੁਰਖ ਏਧਬਜ ਹੈ, ਧੁਨੀ ਪਾਪੀ ਪ੍ਰਤੀ ਉਪਦੇਸ਼ ਹੈ, ਤੇਰੇ ਛਿਪਕੇ ਕੀਤੇ ਪਾਪ ਕਦੀ ਛਿਪੇ ਨਹੀਂ ਰਹਿੰਦੇ, ਇਸ ਲਈ ਕੁਕਰਮਾਂ ਦਾ ਤਿਆਗ ਕਰ, ਸੁਕਰਮਾਂ ਦਾ ਸੰਗ੍ਰਹ ਕਰ ।

ਚੇਤਾਵਨੀ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਹਲੀ ਥਾਈਂ ਪ੍ਰੱਖ ਸੰਏਧਨ ਭਾਈ, ਮੀਤਾ, ਮਾਈ, ਰਾਮਾ, ਬਾਬਾ ਆਦਿਕ ਵਿਦਮਾਨ ਹਨ, ਪਰੰਤੂ ਜਿਨ੍ਹਾਂ ਸੰਬੋਧਨਾਂ ਵਿਚੋਂ ਧੁਨੀ ਨਿਕਲੇ ਉਹ ਸੰਬੋਧਨ ਭਾਵੇਂ ਪ੍ਰੱਖ ਭਾਵੇਂ ਗੁਪਤ ਸਾਰੇ ਬੋਧਬਜ ਜਾਣਨੇ । ਪਰੰਤੂ ਜਿਨਾਂ ਵਿਚੋਂ ਧੁਨੀ ਨਾ ਨਿਕਲੇ ਓਹ ਸਾਮਾਨ ਤੇ ਸੰਏਧ ਹਨ, ਬੋਧਬਜ ਨਹੀਂ ਹਨ ।

੫੪. ਆਰਥੀ ਬਜੰਜਨਾ ਦਾ 'ਬਚਨ ਬੈਸਿਸ਼ਟ' ਪ੍ਰਯੋਗ ।

ਬਕਤਾ ਅਰ ਏਧਬਜ ਪੁਨ ਬਚਨ ਧੁਨੀ ਜੁਤ ਹੋਇ।
ਚਤੁਰਾਈ ਹੈ ਬਚਨ ਮੈਂ ਤਾਂਹਿ ਬਚਨ ਕਵਿ ਰੋਇ।

ਜਿੱਥੇ ਬਚਨਾਂ ਵਿਚ ਚਤੁਰਾਈ ਭਰੀ ਹੋਈ ਹੋਵੇ ਅਤੇ ਬਚਨਾਂ ਵਿਚ ਵਕਤਾ ਬੋਧਬਜ ਅਤੇ ਬਚਨ ਧੁਨੀ ਸਮੇਤ ਰੱਖੇ ਹੋਏ ਹੋਵਣ, ਓਥੇ ਬਚਨ ਬੈਸਿਸ਼ਟ ਪ੍ਰਯੋਗ ਹੈ । ਜਿਹਾ ਕ–

"ਮਾਧਵੇ ਤੁਮ ਨ ਤੋਰ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥" ਸੋਰਠਿ ਰਵਿਃ

ਹੇ ਮਾਧੋ ! ਜੇ ਤੂੰ ਨਾ ਤੋੜੇਂ ਤਾਂ ਅਸੀਂ ਕਦੀ ਵੀ ਨਹੀਂ ਤੋੜਾਂਗੇ ਕਿਉਂਕਿ ਤੇਰੇ ਨਾਲ ਤੋੜਕੇ ਫਿਰ ਕਿਸ ਨਾਲ ਪ੍ਰੀਤ ਜੋੜਾਂਗੇ।

ਬਜੰਗ ਤੇ–ਅਨੇਕ ਜਨਮਾਂ ਤੋਂ ਤੇਰੇ ਨਾਲ ਹੀ ਪ੍ਰੀਤ ਕਰਦੇ ਆਏ ਹਾਂ, ਹੁਣ ਕੀਕਰ ਤੋੜੀਏ । ਵਿਸ਼ੇਸ਼ ਧੁਨੀ ਵਾ ਚਮਤਕਾਰ–ਤੈਨੂੰ ਛੱਡਾਂਗੇ ਨਹੀਂ, ਹੋਰ ਕਿਸੇ ਨਾਲ ਪ੍ਰੀਤ ਕਰਾਂਗੇ ਨਹੀਂ, ਆਪ ਜਦੋਂ ਚਾਹੋ ਕ੍ਰਿਪਾ ਕਰੋ ।

ਏਥੇ ਬਕਤਾ –ਹਮ ਨਹੀਂ ਤੋਰਹ, ਬੋਧਬਜ:– ਮਾਧਵੇ ਤੁਮ, ਤੋਰਹ ਜੋਰਹ ਆਦਿਕ ਚਾਤੁਰੀ ਦੇ ਬਚਨ ਹਨ; ਧੁਨੀ ਉੱਪਰ ਕਥਨ ਹੋ ਚੁਕੀ ਹੈ। ਇਸ ਤੇ ਇਸ ਨੂੰ ਬਚਨ ਬੈਸਿਸ਼ਟ ਕਹੀਦਾ ਹੈ।

੫੫. ਆਰਥੀ ਬਜੰਜਨਾ ਦਾ 'ਛਾਦਜ ਬੈਸਿਸ਼ਟ' ਪ੍ਰਯੋਗ ।

ਏਕ ਅਰਥ ਮੈਂ ਦੂਸਰੋ ਅਰਥ ਲਖਾਵੈ ਔਰ।
ਧੁਨਿ ਨਿਕਲੈ ਤਿਸ ਬਜੰਗ ਤੇ ਬਾਚਜਕ ਹੈਂ ਕਵਿ ਮੌਰ।

Digitized by Panjab Digital Library | www.panjabdigilib.org

ਜਿਥੇ ਇਕ ਅਰਥ ਦੇ ਵਿਚੋਂ ਬਜੰਗ ਵਾ ਦੂਜਾ ਅਰਥ ਨਿਕਲੇ ਅਤੇ ਬਜੰਗ ਵਿਚੋਂ ਧੁਨੀ ਨਿਕਲੇ, ਓਥ ਬਾਚਜ ਬੈਸਿਸ਼ਟ ਪ੍ਰਯੋਗ ਕਹਿੰਦੇ ਹਨ। ਜੀਕੁਰ ਕਹਿੰਦੇ ਹਨ, "ਮਾਰੀਏ ਅੱਕ ਨੂੰ ਲੱਗੇ ਜੱਟ ਨੂੰ।"

ਜੈਹਾਕੁ–"ਯਾਰ ਵੇ ਪ੍ਰਿਅ ਹਭੇ ਸਖੀਆ ਮੁ
ਕਹੀ ਨ ਜੋਹੀਆ।।ਯਾਰ ਵੇ ਹਿਕ ਡੁੱ ਹਿਕਿ
ਚਾੜੇ ਹਉ ਕਿਸੁ ਚਿਤੇਹੀਆ ॥"

[ਜੈਤਃ ਮਃ ੫

ਹੇ ਪਿਆਰੇ ਪਰਮੇਸੁਰ ਪ੍ਰਿਉ (ਪੀਆ)! ਤੈਨੂੰ ਸਾਰੀਆਂ ਸਖੀਆਂ ਪ੍ਰੇਮਣਾਂ ਹਨ, ਮੈਂ ਕਿਸੇ ਜੇਹੀ ਵੀ ਨਹੀਂ, ਸਭੇ ਇਤ ਤੋਂ ਇਕ ਚੜ੍ਹਦੀਆਂ ਹਨ, ਮੈਂ ਕਿਸ ਕਿਸ ਵੱਲ ਦੇਖਾਂ। ਬਜੰਗ ਤੇ–ਆਪਣੇ ਅਭਾਗਾਂ ਵੱਲ ਦੇਖਾਂ।

ਧੁਨੀ–ਹੋਰ ਸਖੀਆਂ ਆਪਣੇ ਸ਼ੁਭ ਗੁਣਾਂ ਕਰਕੇ ਤੇਰੀ ਸੇਵਾ ਵਿਚ ਹਾਜ਼ਰ ਹਨ। ਜਿਸਤੇ

"ਤਿਨਾ ਦੇਖਿ ਮਨਿ ਚਾਉ ਉਠੰਦਾ ਹਉ
ਕਦਿ ਪਾਈ ਗੁਣਤਾਸਾ।" [ਜੈਤਃ ਮਃ ੫

ਉਨ੍ਹਾਂ ਨੂੰ ਦੇਖ ਕੇ ਮੇਰੇ ਮਨ ਵੀ ਚਾਉ (ਉਮੰਗ) ਉਪਜਦਾ ਹੈ ਕਿ ਮੈਂ ਭੀ ਕਦੇ ਓਸ ਗੁਣਾਂ ਦੇ ਸਮੁੰਦਰ ਤਾਈਂ ਅੱਪੜਾਂ, ਇਸ ਤੇ ਮੈਂ ਉਨ੍ਹਾਂ ਦੇ ਗੁਣਾਂ ਨੂੰ ਧਾਰਨ ਕਰਾਂ। ਇਹ ਕਥਨ ਕੇਵਲ ਬਕਤਾ ਨਾਇਕਾ ਦਾ ਆਪਣੇ ਆਪ ਪ੍ਰਤੀ ਵਾ ਸਖੀ ਪ੍ਰਤੀ ਹੈ, ਤੀਸਰੇ ਪ੍ਰਤੀ ਸੁਣਾਕੇ ਨਹੀਂ, ਇਸ ਲਈ ਬਾਚਜ ਏਸਿਸ਼ਟ ਹੈ। ਜਿਹਾਕੁ–

"ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮ੍ਹਲਿ
ਬੁਕ ਭਰੀ॥ ਜੇ ਜਾਣਾ ਸਹੁ ਨੰਢੜਾ ਤਾਂ
ਥੋੜਾ ਮਾਣੁ ਕਰੀਂ ॥੪॥" [ਸਲੋਕ ਫਰੀਦ ਜੀ

ਇਹ ਬਚਨ ਆਪਣੇ ਮਨ ਪਰਥਾਇ ਕਥਨ ਹੈ, ਇਸ ਲਈ ਬਾਚਜ ਹੈ, ਪਰੰਤੂ ਜੇਕਰ ਇਹ ਤੀਜੇ ਪੁਰਖ ਨੂੰ ਉਪਦੇਸ਼ ਪਰਥਾਇ ਅਰਥ ਕੀਤਾ ਜਾਵੇ ਤਾਂ ਇਹ ਅੰਨ ਸੰਨਿਧੀ ਹੋ ਜਾਏਗਾ। ਜੀਕੁਰ:–ਜੇਕਰ ਇਹ ਖਬਰ ਹੁੰਦੀ ਉਮਰਾ ਦੇ ਸ੍ਵਾਸ ਥੋੜੇ ਹਨ, ਤਾਂ ਖਰਚ ਸੰਮ੍ਹਾਲ ਕੇ ਕਰਦੀ। ਇੱਕੁਰ ਜੇ ਸਮਝ ਹੁੰਦੀ ਕਿ ਪੀਆ ਪਰਮੇਸ਼ੁਰ ਬੇਪਰਵਾਹ ਹੈ, ਤਾਂ ਆਪਣਾ ਹੰਕਾਰ ਥੋੜਾ ਕਰਦੀ। ਬਜੰਗ ਤੇ ਸ੍ਵਾਸ ਈਸ਼ੁਰ ਪਰਾਇਣ ਖਰਚ ਕਰਦੀ। ਇੱਕੁਰ ਹੀਦੇਹ ਹੰਤਾਆਦਿਕਮਾਨਵੀਨ ਕਰਦੀ। ਧੁਨੀ–ਪਰ ਹੁਣ ਤਾਂ ਪਛੁਤਾਵਾ ਹੈ ਕਿ ਕਿਉਂ ਨਾ ਕੀਤਾ, ਅਜੇ ਵੀ ਉੱਦਮ ਕਰਾਂ।

"ਪਿਛਲੇ ਅਉਗਣਿ ਬਖਸਿ ਲਏਪ੍ਰਭੁ ਆਗੈ
ਮਾਰਗਿ ਪਾਵੈ ॥" [ਸੋਰਠ ਮਃ ੫

੫੬. ਆਰਥੀ ਬਜੰਜਨਾ ਦਾ 'ਅੰਨ ਸੰਨਧਿ' ਪ੍ਰਯੋਗ।

ਕਿਹ ਸੋ ਕਹਿ ਸਮੁਝਾਇ ਕਿਹ ਅਰਥ ਮਾਂਹ ਦੇ ਬਜੰਗ। ਸੋ ਪ੍ਰਤੱਖਸੁਨ ਸਮਝ ਹੈ ਅੰਨ ਸੰਨਧਿ ਇਹ ਢੰਗ।

ਕਿਸੇ ਨੂੰ ਸੁਣਾ ਸਮਝਾ ਕੇ ਕਿਸੇ ਹੋਰ ਪ੍ਰਤਿ ਕਥਨ ਕੀਤਾ ਜਾਵੇ ਤਾਂ ਅੰਨ ਸੰਨਧਿ ਕਹੀਦੀ ਹੈ, ਪਰੰਤੂ ਤੀਜਾ ਪੁਰਖ ਜਿਸ ਨੂੰ ਸਮਝਾਉਣਾ ਹੈ ਉਹ ਪ੍ਰਤੱਖ ਹੋਵੇ।

ਜੀਕੁਰ ਕੋਈ ਕਹੇ ਭਾਈ ਜੀ ਸੁੰਦ ਲਿਆਉਣੀ ਭੁੱਲ ਗਈ ਹੈ, ਮੈਂ ਹੁਣੇ ਪਰਤ ਕੇ ਬਜ਼ਾਰੋਂ ਲੈ ਆਉਂਦਾ ਹਾਂ, ਪਰੰਤੂ ਇਹ ਕਹਿਣਾ ਕਿਸੇ ਤੀਸਰੇ ਪੁਰਖ ਨੂੰ ਸੁਣਾ ਕੇ ਕਹਿਣਾ ਹੋਵੇ ਜਿਸਤੇ ਉਹ ਤੀਜਾ ਸਮਝ ਲਵੇ ਕਿ ਇਸ ਨੇ ਕੋਈ ਗੱਲ ਬਾਤ ਕਰਨੀ ਹੈ ਤੇ ਏਥੇ ਗੱਲ ਕਰਨ ਦਾ ਸਮਾ ਨਹੀਂ, ਇਸ ਤੇ ਬਜ਼ਾਰ ਚੱਲਣ ਦੀ ਸੂਚਨਾ ਹੈ। ਜਿੱਥੇ ਇਸ ਪ੍ਰਕਾਰ ਦਾ ਤੀਜੇ ਨੂੰ ਸੂਚਕ ਕਥਨ ਹੋਵੇ, ਓਥੇ ਅੰਨ ਸੰਨਧਿ ਜਾਣਨੀ।

Digitized by Panjab Digital Library | www.panjabdigilib.org

ਜੋਹਾਕੁ–"ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥ ਰੇ ਮਨ ਗਹਿਲੇਬਾਵਲੇ ਮਾਣਹਿ ਕਿਆਰਲੀਆਂ।"ਪਪ।

ਸਿਰ ਪਲਿਆ (ਚਿੱਟਾ ਹੋਇਆ), ਦਾੜ੍ਹੀ ਵੀ ਪਲ ਗਈ, ਇੱਕੁਰ ਹੀ ਮੁੱਛਾਂ ਭੀ ਪਲ ਗਈਆਂ। ਹੇ ਮਨ ! ਭੁੱਲੇ ਬਾਉਲੇ, ਕੀ ਅਜੇ ਵੀ ਖੁਸ਼ੀਆਂ ਹੀ ਮਾਣਦਾ ਹੈਂ ?

ਇਹ ਉਪਦੇਸ਼ ਮਨ ਨੂੰ ਮੁਹਰੇ ਰੱਖ ਕੇ ਇਕ ਬੁਢੇ ਜਗਜਾਸੂ ਪ੍ਰਤੀ ਉਪਦੇਸ਼ ਹੈ। ਜਿਸ ਤੇ ਤੀਜੇ ਨੂੰ ਇਹ ਸੂਚਨਾਂ ਹੈ। ਬਜੰਗਤੇ–ਬੁੱਢਾ ਹੋ ਗਿਆ, ਮੌਤ ਦੇ ਨੇੜੇ ਤੇੜੇ ਪੁੱਜ ਗਿਆ, ਅਜੇ ਵੀ ਵਿਸ਼ੇ ਵਿਕਾਰਾਂ ਦੀਆਂ ਮੌਜਾ ਖੁਸ਼ੀਆਂ ਨਹੀਂ ਤਿਆਗਦਾ।

ਧੁਨੀ–ਅਜੇ ਵੀ ਪਰਮੇਸ਼ੁਰ ਦੀ ਸ਼ਰਣ ਪਉ. ਸੁਕਰਮ ਕਰ, ਨਾਮ ਜਪ, ਆਦਿ।

੫੭. ਆਰਬੀ ਬਜੰਜਨਾ ਦਾ 'ਦੇਸ਼ ਬੈਸ਼ਿਸ਼ਟ' ਪ੍ਰਯੋਗ।

ਦੇਸ ਸ਼ਹਰ ਬਨ ਬਾਗ ਨਦ ਮੰਦਰ ਤੀਰਥ ਗ੍ਰਾਮ।
ਬਾਪੀ ਤਾਲ ਸੁਖੇਤ ਨਭ ਮਹਿ ਦਿਗ ਮੰਡਪ ਧਾਮ।

ਜਿਥੇ ਸ਼ਹਿਰ ਆਦਿਕ ਕਿਸੇ ਅਸਥਾਨ ਦੇ ਨਾਮ ਤੇ ਧੁਨਿ ਫਿਰੇ ਅਤੇ ਕਥਨ ਵਿਚ ਚਤੁਰਾਈ ਸਮੇਤ ਬਜੰਗ ਭਰਿਆ ਹੋਵੇ ਓਥੇ ਦੇਸ਼ ਬੈਸ਼ਿਸ਼ਟ ਪ੍ਰਯੋਗ ਕਹੀਦਾ ਹੈ। ਜੀਕਰ ਕੋਈ ਕਹੇ ਇਹ ਘੋੜਾ ਅਰਬੀ ਹੈ।

ਅਰਬ ਦੇਸ਼ ਤੇ ਬਜੰਗ ਇਹ ਹੈ ਕਿ ਅਰਬ ਦੇਸ ਦੇ ਘੋੜੇ ਬਹੁਤ ਚੰਗੇ ਹੁੰਦੇ ਹਨ। ਧੁਨਿ–ਇਹ ਘੋੜਾ ਬਹੁਤ ਚੰਗਾ ਹੈ। ਜਿਹਾ ਕੁ:–

"ਡਡਾਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥"
[ਗਉਃ ਬਾਃ ਅਃ ਮਃ ੫

ਇਹ ਤੇਰਾ ਡੇਰਾ ਰਹਿਣ ਦਾ ਅਸਥਾਨ ਨਹੀਂ ਹੈ, ਜਿਥੇ ਤੇਰਾ ਨਿਤ ਦਾ ਰਹਿਣਾ ਹੈ, ਓਸ ਡੇਰੇ ਦੀ ਜਾਣ (ਪਛਾਣ)ਕਰ।

ਬਜੰਗ–ਇਹ ਸੰਸਾਰ ਨਸ੍ਵਰ ਹੈ, ਇਥੇ ਕਿਸੇ ਦੀ ਸਿ਼ਥਿਰਤਾ ਨਹੀਂ ਹੈ। ਪਰਲੋਕ ਦੇ ਡੇਰੇ ਲਈ ਪਛਾਨਕਰ ਕਿ ਕਿਸਤਰ੍ਹਾਂ ਮਿਲੇਗਾ।

ਧੁਨੀ–ਗੁਰੂ ਪਰਮੇਸ਼ੁਰ, ਸੰਤਾਂ ਦੀ ਭਾਲ ਕਰ, ਜਿਸ ਤੇ ਓਸ ਡੇਰੇ ਪਹੁੰਚਣ ਦਾ ਪਤਾ ਲਗੇ।

ਯਥਾ:–"ਏਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥"
[ਗਉਃ ਰਵਿਃ

ਇਹ ਸਾਰਾ ਸ਼ਬਦ ਦੇਸ਼ ਬੈਸਿਸ਼ਟ ਪ੍ਰਯੋਗ ਹੈ, ਅਰਥ ਸਪਸ਼ਟ ਹੈ, ਬਜੰਗ ਤੇ–ਜੋ ਖਿਰਾਜ ਮਾਲ ਰੰਜ ਦੁਖ ਤਕਲੀਫਾਂ ਏਥੇ ਹਨ, ਸੋ ਪਰਲੋਕ ਵਿਚ ਨਹੀਂ ਹਨ।

ਧੁਨੀ ਤੇ–ਉਸ ਬੇਗਮ ਪੁਰੇ ਦਾ ਉੱਦਮ ਕਰੋ, ਜਿੱਥੇ ਨਿਸਚਿੰਤ ਹੋਕੇ ਰਹਿਣਾ ਹੋਵੇ।

੫੮. ਆਰਬੀ ਬਜੰਜਨਾ ਦਾ 'ਕਾਲ ਵੈਸ਼ਿਸ਼ਟ' ਪ੍ਰਯੋਗ।

ਰਿਤੁ ਥਿਤ ਵਾਰ ਸੁ ਹਾਤ ਦਿਨ ਮਾਹ ਮਹੂਰਤ ਪੱਖ।
ਇਨ ਤੇ ਬਜੰਗ ਸੁ ਧੁਨੀ ਹੈ ਕਾਲ ਪ੍ਰਯੋਗ ਪ੍ਰਲੱਖ।

ਜਿੱਥੇ ਕਿਸੇ ਸਮੇਂ ਦੀ ਸੂਚਨਾਂ ਬਜੰਗ ਵਾ ਧੁਨੀ ਨਿਕਲੇ, ਉਥੇ ਕਾਲ ਵੈਸ਼ਿਸ਼ਟ ਪ੍ਰਯੋਗ ਕਹਿੰਦੇ ਹਨ। ਜੀਕਰ ਕੋਈ ਕਹੇ ਦੇਖਾਂਗੇ ਸਿਆਲ ਵਿਚ ਵੀ ਸਿਰ ਤੇ ਪੱਗ ਨਹੀਂ ਰੱਖੇਂਗਾ। ਬਜੰਗ ਤੇ–ਹੁਨਾਲ ਵਿਚ ਗਰਮੀ ਦੇ ਕਾਰਨ ਤੂੰ ਪੱਗ ਸਿਰ ਤੇ ਨਹੀਂ ਰੱਖ ਸਕਦਾ, ਪਰੰਤੂ ਸਿਆਲ ਵਿਚ ਸਰਦੀ ਬਾਹਲੀ ਹੋਣੇ ਤੇ ਅਵੱਸੇਂ ਪੱਗ ਸਿਰ ਤੇ

Digitized by Panjab Digital Library | www.panjabdigilib.org

ਰੱਖਣੀ ਪਏਗੀ।

ਧੁਨੀ–ਸਿੱਖਾਂ ਲਈ ਵਾਜਬ ਹੈ, ਸਿਰੋਂ ਨੰਗੇ ਚੁਨਾਲ ਸਿਆਲ ਵਿਚ ਕਦੀ ਨਾ ਰਹਿਣ। ਜਿਹਾ ਕੁ:–

"ਦੇਗੀ ਕੀਨ੍ਹੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥"

[ਬਸੰਤ ਮਃ ੫

ਅਰਥ ਸਪਸ਼ਟ ਹੈ। ਬਜੰਗ ਤੇ–ਲੋਕਾਂ ਵਾਲੀ ਰੰਦੀ ਹੋਲੀ ਨਹੀਂ ਕੀਤੀ। ਧੁਨੀ–ਫੱਗਣ ਦਾ ਮਹੀਨਾ ਸੰਤਾਂ ਮਹਾਤਮਾਂ ਦੀ ਸੇਵਾ ਟਹਿਲ ਭਗਤੀ ਵਿਚ ਬੀਤਿਆ ਹੈ।

ਵਿਸ਼ੇਸ਼ ਸੂਚਨਾ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰਾ ਮਾਹ, ਰੁਤੀ, ਥਿਤੀ, ਵਾਰ ਆਦਿਕ ਬਾਣੀਆਂ ਕਾਲ ਵੈਸ਼ਿਸ਼ਟ ਹੀ ਵਿਸ਼ੇਸ਼ ਸੂਚਕ ਹਨ। ਭਾਵੇਂ ਇਹ ਗੱਲ ਜ਼ਰੂਰੀ ਹੈ ਕਿ ਜਿੱਥੇ ਸਮੇਂ ਤੋਂ ਧੁਨੀ ਫਿਰੇ ਓਥੇ ਸਿਆਣੇ ਕਾਲ ਵੈਸ਼ਿਸ਼ਟ ਕਹਿੰਦੇ ਹਨ, ਪਰੰਤੂ ਜਿੱਥੇ ਸ਼ਬਦ 'ਕਾਲ ਸੂਚਕ' ਹੋਣ ਓਥੇ 'ਸ਼ਾਬਦੀ ਕਾਲ', ਜਿੱਥੇ ਅਰਥ 'ਕਾਲ ਸੂਚਕ' ਹੋਣ ਓਥੇ 'ਆਰਥੀ ਕਾਲ' ਜਾਣਨੇ ਚਾਹੀਏ।

੫੯. ਆਰਥੀ ਬਜੰਜਨਾ ਦਾ 'ਚਜੇਸ਼ਟਾ ਬੈਸ਼ਿਸ਼ਟ' ਪ੍ਰਯੋਗ।

ਔਰ ਅਰਥ ਕੋ ਜੋ ਸਮਝਾਵੈ।
ਚਜੇਸ਼ਟਾ ਐਸੀ ਕ੍ਰਿਯਾ ਕਹਾਵੈ।

ਜਿੱਥੇ ਕ੍ਰਿਯਾ ਕੀਤੀ ਹੋਈ ਕਿਸੇ ਹੋਰ ਅਰਥ ਨੂੰ ਸੂਚਨ ਕਰਾਵੇ, ਅਰਥਾਤ ਸਰੀਰ ਦੇ ਅੰਗਾਂ ਕਰਕੇ ਕੋਈ ਕ੍ਰਿਯਾ ਹੋਵੇ, ਅਥਵਾ ਕਿਸੇ ਪਦਾਰਥ ਕਰਕੇ ਕ੍ਰਿਯਾ ਹੋਵੇ ਅਤੇ ਅਰਥ ਉਸ ਦਾ ਸਮਝਣ ਵਾਲਾ ਸਮਝ ਜਾਵੇ, ਤਾਂ ਓਥੇ ਚਜੇਸ਼ਟਾ ਵੈਸ਼ਿਸ਼ਟ ਪ੍ਰਯੋਗ ਕਹਿੰਦੇ ਹਨ।

ਜੀਕੁਰ ਕਿਸੇ ਨੇ ਇਕ ਕਾਗਤ ਉੱਤੇ ਲੱਛਮੀ ਦੀ ਮੂਰਤ ਅਤੇ ਸੱਪ ਦੀ ਮੂਰਤ ਲਿਖਕੇ ਉਸਦੇ ਅਗੇ ਸ਼ਿਵਜੀ ਦੀ ਤੇ ਹਾਥੀ ਦੀ ਮੂਰਤ ਲਿਖਕੇ ਕਾਗਤ ਕਿਸੇ ਮਿੱਤ੍ਰ ਦੀ ਹੱਟੀ ਤੇ ਭੇਜ ਦਿੱਤਾ। ਓਸ ਨੇ ਉਹ ਕਾਗਤ ਵਾਚਕੇ ਸਿਰੀ ਸਾਪ ਦਾ ਕੱਪੜਾ ੧੧ ਗਜ਼ ਲੈਕੇ ਭੇਜ ਦਿੱਤਾ। ਲੱਛਮੀ ਤੋਂ ਸਿਰੀ, ਸਪ ਤੋਂ ਸਾਪ, ਸ਼ਿਵ ਤੋਂ ੧੧, ਹਾਥੀ ਤੋਂ ਗਜ਼ ਸਮਝ ਲੀਤੇ।

ਜਿਹਾਕੁ–"ਉਤੰਗੀ ਪੇਓਹਰੀ ਗਹਿਰੀ ਗੰਭੀਰੀ॥
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਣਿ ਬਣੀ॥" [ਸਲੋਃ ਵਾਃ ਤੇ ਵਧੀਃ ਮਃ ੧

ਉੱਚੇ ਅੰਗਾਂ ਵਾਲੀ ਗਹਿਰ ਗੰਭੀਰ(ਭਾਰੀ ਗੌਰੀ) ਕਹੀਦੀ ਹੈ। ਹੇ ਸੱਸ! ਮੱਥਾ ਕੀਕਰ ਟੇਕਾਂ, ਨਿਵਿਆਂ ਨਹੀਂ ਜਾਂਦਾ, ਉੱਚਿਆਂ ਬਣਾਂ ਕਰਕੇ।

ਬਜੰਗ ਤੇ ਇਹ ਕ੍ਰਿਯਾ ਮੱਥਾ ਨਾ ਟੇਕਣ ਦੀ ਸੂਚਤ ਕਰਾਉਂਦੀ ਹੈ ਕਿ ਮੈਂ ਰੂਪ ਗੁਣ ਗਰਬਤ ਹਾਂ ਭਾਵੇਂ ਆਪ ਮਹਾਤਮਾਂ ਹੋਵੇਂ।ਏਥੇ ਕ੍ਰਿਯਾ ਬਜੰਜਕ ਦੇਣੇ ਤੇ ਚੇਸ਼ਟਾ ਬੈਸ਼ਿਸ਼ਟ ਹੈ।

ਅਗਲੀਆਂ ਦੋ'ਹ ਤੁਕਾਂ ਵਿਚ ਸੱਸ ਵਲੋਂ ਉੱਤਰ ਹੈ।

ਸੂਚਨਾ–ਇਹ ਪ੍ਰਕਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਘੱਟ ਵਿਦਮਾਨ ਹੈ, ਪਰੰਤੂ "ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ"। ਪੁਨਾ:–"ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ" ਪੁਨ:– 'ਤਿਸੁ ਗੁਰ ਕਉ ਝੁਲਾਵਉ ਪਾਖਾ" ਇਤਜਾਦਿਕ ਅਨੇਕ ਥਾਈਂ ਕ੍ਰਿਯਾ ਦਾ ਵਰਣਨ ਹੈ, ਪਰੰਤੂ ਇਹ ਚੇਤਾਵਨੀ ਚੇਤਾ ਰੱਖਣ ਵਾਲੀ ਹੈ ਕਿ ਜਿੱਥੇ ਜਿਸ ਕ੍ਰਿਯਾ ਵਿਚੋਂ ਧੁਨੀ ਨਿਕਲੇ ਅਥਵਾ ਬਜੰਗ ਨਿਕਲੇ, ਓਥੇ ਚਜੇਸ਼ਟਾ ਬੈਸ਼ਿਸ਼ਟ ਪ੍ਰਯੋਗ ਹੈ ਅਤੇ ਜਿੱਥੇ

Digitized by Panjab Digital Library | www.panjabdigilib.org

ਧੁਨੀ ਨਾ ਨਿਕਲੇ, ਓਥੇ ਸਾਮਾਨ ਤੇ ਕ੍ਰਿਯਾ ਵਾਚੀ ਪਦ ਹਨ।

੬੦. ਆਰਥੀ ਬਜੰਜਨਾ ਦਾ 'ਕਾਕੁ ਬੈਸ਼ਿਸ਼ਟ' ਪ੍ਰਯੋਗ।

ਇਸ ਨੂੰ ਕਾਕੋਕਤੀ, ਕਾਕੁ ਸੁਰ, ਕਾਕੁ ਪ੍ਰਸੰਗ, ਕਾਕੁ ਆਦਿਕ ਵੀ ਨਾਮ ਕਹਿੰਦੇ ਹਨ।

"ਕਵਿ ਕਹਤ ਕਾਕੁ ਸੁਰ ਭੇਦ ਜਾਨ।"

ਨਿਰਾ ਕਹਿਣ ਵਿਚ ਸੁਰ ਭੇਦ ਦੇਣੇ ਤੇ ਕਾਕੁ ਸੁਰ ਬੈਸ਼ਿਸ਼ਟ ਹੋ ਜਾਂਦਾ ਹੈ।

ਜੀਕਰ ਕੋਈ ਕਹੇ ਕੀ ਆਪ ਰੋਟੀ ਨਹੀਂ ਖਾਓਗੇ, ਕੀ ਅਤੇ ਨਹੀਂ ਪਦ ਨੂੰ ਰਤਾ ਕੁ ਦਬਾਕੇ ਕਹਿਣ ਤੇ ਅਰਥ ਇਸ ਦਾ ਖਾਓਗੇ ਸਿੱਧ ਹੋ ਜਾਂਦਾ ਹੈ। ਅਵੱਸੇਂ, ਕਜਾ, ਕੀ, ਨ, ਕਹਾਂ, ਕਿਉਂ ਆਦਿਕ ਪਦ 'ਕਾਕੁ ਸੁਰ' ਵਿਸ਼ੇਸ਼ ਵਰਤਮਾਨ ਹੁੰਦੇ ਹਨ, ਇਸੇ ਕਰਕੇ ਕਕਾਰਾਂ ਤੇ ਵਿਸ਼ੇਸ਼ ਧੁਨੀ ਨਿਕਲਣੇ ਤੇ ਇਸ ਦਾ ਨਾਉਂ ਕਾਕ ਸੁਰ ਪ੍ਰਸਿੱਧ ਹੈ। ਜਿਹਾ ਕੁ—

"ਤੈ ਜੀਵਨੁ ਜਗ ਸਚੁ ਕਰਿ ਜਾਨਾ ॥"

[ਸੂਹੀ ਰਵਿਦਾਸ ਜੀ

ਕੀ ਤੈਂ ਜੀਵਨਾ ਜਗਤ ਵਿਚ ਸੱਚ ਕਰਕੇ ਜਾਣਿਆ ਹੈਂ ? ਕੀ ਪਦ ਤੋਂ ਬਜੰਗ ਕਰਨੇ ਤੇ ਸੱਚ ਨਹੀਂ ਜਾਤਾ ਝੂਠ ਜਾਤਾ ਹੈ। ਇਹੋ ਕਾਕੁ ਸੁਰ ਧੁਨੀਹੈ:—ਝੂਠਾ ਹੈ,ਅਨਿਸਥਰਤਾਹੈ।

ਪੁਨ:—"ਕਹਾ ਸੁਆਨ ਕਉ ਸਿੰਮ੍ਰਿਤਿ ਸੁਨਾਏ॥
ਕਹਾ ਸਾਕਤ ਪਹਿ ਹਰਿ ਰੁਨ ਗਾਏ॥"

[ਆਸਾ ਕਬੀਰ ਜੀ

ਕੀ ਕੁੱਤੇ ਨੂੰ ਸ਼ਾਸਤ੍ਰ ਸੁਣਾਇਆਂ ਹੋਵੇਗਾ? ਕੀ ਤੋਂ ਕਾਕ ਸੁਰ ਤੇ—ਕੁਝ ਨਹੀਂ ਹੋਵੇਗਾ, ਕੀ ਸਾਕਤ ਪਾਸ ਹਰੀ ਗੁਨ ਗਾਏ ਤੇ ਸੁਧਰੇਗਾ? ਕੀ ਤੋਂ ਕਾਕ ਸੁਰ—ਨਹੀਂ ਸੁਧਰੇਗਾ।

ਇਹੋ ਸੁਰ ਧੁਨੀ ਰੂਪ ਹੈ, ਕੁੱਤੇ ਨੂੰ ਸ਼ਾਸਤ੍ਰ ਸੁਣਾਉਣੇ ਬਿਅਰਥ ਹਨ। ਇੱਕੁਰ ਹੀ ਸਾਕਤ ਨੂੰ ਹਰੀ ਗੁਣ ਸਮਝਾਉਣੇ ਵਿਅਰਥ ਹਨ।

ਵਿਸ਼ੇਸ਼ ਸੂਚਨਾ—ਜੇਕਰ ਨਕਾਰ ਤੋਂ ਸੁਰ ਫਿਰੇ ਤਾਂ ਮੱਧਮ ਕਾਵਜ ਹੈ, ਜੇ ਧੁਨੀ ਤੋਂ ਸੁਰ ਫਿਰੇ ਤਾਂ ਉੱਤਮ ਕਾਵਜ ਦਾ ਰੂਪ ਹੈ।

ਉਦਾਹਰਨ ਲਈ ਕਿਸੇ ਦਾ ਦੋਹਾ—

ਘਨ ਬਰਖਤ ਚਪਲਾ ਚਲਤ ਕੀਜੋ ਮਦਨ ਜਗ ਰਾਜ। ਸਮੈ ਸੁਹਾਵਨ ਰਸਕ ਬਰ ਪੀਅ ਨ ਐ ਹੈ ਆਜ।

ਏਥੇ 'ਨ ਐਹੈ' ਇਸ ਨਕਾਰ ਤੋਂ ਮੁੜ ਫਿਰਨੇ ਤੇ ਮੱਧਮ ਕਾਵਜ ਹੈ,'ਪੀਆ ਆਵੈਂਗੇ' ਇਹ ਧੁਨੀ ਹੈ।

੬੧. ਆਰਥੀ ਬਜੰਜਨਾ ਦਾ 'ਪ੍ਰਸੰਗ ਬੈਸ਼ਿਸ਼ਟ' ਪ੍ਰਯੋਗ।

ਕਿਹ ਪਰਥਾਇ ਸੁਨਾਇ ਕਿਹ ਪਰ ਸੋ ਪਾਸ ਨ ਹੋਇ। ਕੇਵਲ ਹੀ ਪਰਥਾਇ ਪਰ ਸੋ ਪ੍ਰਸੰਗ ਕਹਿ ਲੋਇ।

ਜਿੱਥੇ ਕਿਸੇ ਦੇ ਪਰਥਾਇ ਕਰਕੇ ਕਥਨ ਕੀਤਾ ਜਾਵੇ, ਪਰੰਤੂ ਓਹ ਕਥਨ ਪ੍ਰਸੰਗ ਅਨੁਸਾਰ ਹੋਰ ਹੋਰ ਤੇ ਭੀ ਘਟਦਾ ਰਹੇ ਤਾਂ ਉਸ ਨੂੰ 'ਪ੍ਰਸੰਗ ਬੈਸ਼ਿਸ਼ਟ' ਕਹਿੰਦੇ ਹਨ। ਜੀਕਰ ਕੋਈ ਕਹੇ 'ਬਿਧਾਤਾ ਨੂੰ ਕੋਈ ਕੀ ਕਹੇ, ਪਰ ਹੈਰਾਨ ਹੋਈਦਾ ਹੈ ਕਿ ਇਹ ਤਿੱਖੇ ਕੰਡਿਆਂ ਵਾਲੀਆਂ ਗੁਲਾਬ ਦੀਆਂ ਟਾਹਣਿਆਂ ਨੂੰ ਇਜੇਹੇ ਸੁੰਦਰ ਫੁੱਲ !' ਇਹ ਕਥਨ ਕਿਸੇ ਨਿਰਗੁਣੀ ਨੂੰ ਬਾਹਲੇ ਮਾਨ ਮਿਲਨੇ ਤੇ ਵੀ ਗ਼ੁਣੀ (ਕਵੀ) ਕਹਿ ਸਕਦਾ ਹੈ। ਇੱਕੁਰ ਹੀ ਕਿਸੇ ਚੰਦਰੇ ਭੈੜੇ ਨਿੰਜਸ ਦੇ ਘਰ ਚੰਗੀ ਦੌਲਤ, ਚੰਗੀ ਇਸਤ੍ਰੀ ਵਾ ਚੰਗਾ ਪੁਤ੍ਰ ਹੋਣੇ ਤੇ ਕਹਿ ਸਕਦਾ ਹੈ। ਪ੍ਰਸੰਗ ਅਨੁਸਾਰ ਇਸ ਦਾ ਅਰਥ ਬਜੰਗ ਤੇ ਲੱਗ

Digitized by Panjab Digital Library | www.panjabdigilib.org

ਸਕਦਾ ਹੈ । ਜਿਸ ਜਿਸ ਪ੍ਰਸੰਗ ਤੇ ਅਰਥ ਲਗੇ ਓਸ ਓਸ ਅਰਥ ਅਨੁਸਾਰ ਬਜੰਗ ਧੁਨੀ ਨਿਕਲਦੀ ਆਉਂਦੀ ਹੈ, ਇਸ ਲਈ ਇਸ ਨੂੰ ਪ੍ਰਸੰਗ ਬੈਸ਼ਿਸ਼ਟ ਪ੍ਰਯੋਗ ਕਹਿੰਦੇਹਨ।

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ
ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ
ਨਾਮੁ ਲਿਖਾਇਆ ਸਚੁ ॥ [ਮਲਾਃਵਾਃਮਃ੧

ਇਹ ਤੁਕ 'ਪਰਮੇਸ਼ਰ ਦੇ ਨਾਮ' ਪਰਥਾਇ ਹੈ, ਜੈਸਾ ਕਿ ਇਸ ਤੋਂ ਅਗਲੇ ਸ਼ਲੋਕ ਤੋਂ ਸਪਸ਼ਟ ਹੈ ਤੇ ਓਹੋ ਸ਼ਲੋਕ ਪ੍ਰਸੰਗ ਬੈਸ਼ਿਸ਼ਟ ਸ਼ਕਤੀ ਦ੍ਵਾਰਾ ਇਸ ਦੇ ਅਰਥ ਨੂੰ ਬੰਨ੍ਹ ਦੇਂਦਾ ਹੈ। ਚਾਹੇ ਸ਼ਬਦ 'ਪਰਮੇਸ਼ਰ' ਇਸ ਵਿਚ ਪਿਆ ਨਹੀਂ, ਪਰ ਸ਼ਬਦ ਬ੍ਰਿਤੀ ਦੇ ਕਾਇਦੇ ਅਨੁਸਾਰ ਇਸ ਤੁਕ ਦਾ ਪ੍ਰਯੋਗ ਜੇ ਕਿਸੇ ਹੋਰ ਮੌਕੇ ਉਪਰ ਕੀਤਾ ਜਾਵੇ ਤਾਂ ਇਹ ਉਸ ਮੌਕੇ ਦੇ ਪ੍ਰਸੰਗ ਅਨੁਸਾਰ ਆਪਣੇ ਅਰਥ ਵਿਸ਼ਯ ਦੇ ਮੁਤਾਬਿਕ ਦਰਸਾਏਗਾ। ਜੈਸਾ ਕਿ ਜੇਕਰ ਸੂਰਮੇ ਪਰਥਾਇ ਪ੍ਰਸੰਗ ਹੋਵੇ ਤਾਂ ਉਹ ਕਾਗਤ ਧੰਨਤਾ ਯੋਗ ਹੈ, ਕਲਮ ਤੇ ਦਵਾਤ ਤੇ ਸ਼ਾਹੀ ਭੀ ਧੰਨਤਾ ਦੇ ਯੋਗ ਹੈ, ਇੱਕੁਰ ਹੀ ਉਹ ਲਿਖਾਰੀ ਭੀ ਧੰਨਤਾ ਯੋਗ ਹੈ,ਜਿਸ ਪਾਸੋਂ ਅਜਿਹੇ ਸੂਰਬੀਰ ਨੇ ਸੱਚਾ ਸੂਰਮਾ ਨਾਮ ਲਿਖਾਇਆ ਹੈ । ਬਜੰਗ ਤੇ-ਸੂਰਮਤਾਈ ਨੂੰ ਸਫਲ ਕਰ ਦਿਖਾਇਆ ਹੈ।

ਜੇਕਰ ਕਿਸੇ ਭਗਤ ਦਾ ਪ੍ਰਸੰਗ ਹੋਵੇ, ਤਾਂ ਭੀ ਪੂਰਬੋਕਤ ਅਰਥ ਕਰਕੇ ਬਜੰਗ ਭਗਤ ਦੇ ਨਾਮ ਪਰ ਨਿਕਾਲਿਆ ਜਾਵੇ । ਜੀਕਰ ਸੱਚੇ ਨਾਮ ਦੇ ਨਾਲ ਜਿਸ ਨੇ ਅਜਿਹੀ ਭਗਤੀ ਲਿਖਾਈ ਹੈ । ਜੇਕਰ ਈਸ਼ੂਰ ਪਰਥਾਇ ਅਰਥ ਕੀਤਾ ਜਾਵੇ ਤਾਂ ਸੱਚ ਤੋਂ ਬਜੰਗ ਨਿਕਾਲਿਆ ਜਾਵੇ। ਜੀਕਰ ਨਾਮ ਜਿਸ ਦਾ ਸੱਚ ਹੈ ਉਹ ਲਿਖਾਰੀ ਧੰਨਤਾ ਦੇ ਯੋਗ ਹੈ, ਜੋ ਨਾਮ ਹੀ ਸੱਚ ਲਿਖ ਆਇਆ ਹੈ, ਬਿਨਾਂ ਨਾਮ ਦੇ ਹੋਰ ਸਭ ਝੂਠ ਦਾ ਪਸਾਰਾ ਹੈ।

ਪੁਨਃ-ਕਬੀਰ ਰਸ ਕੋ ਗਾਂਡੋ ਚੂਸੀਐ ਗੁਨ
ਕਉ ਮਰੀਐ ਰੋਇ ॥ ਅਵਗੁਨੀਆਰੇ
ਮਾਨਸੈ ਭਲੋ ਨ ਕਹਿ ਕੋਇ ॥੭੨॥
[ਸਲੋਕ ਕਬੀਰ ਜੀ

ਇਸ ਦੇ ਅਰਥ ਅਤੇ ਭਾਵ ਆਰਥੀ ਬਜੰਜਨਾ ਬ੍ਰਿਤੀ ਦੇ ਅਰੰਭ ਵਿਚ ਕਥਨ ਕਰ ਆਏ ਹਾਂ । ਪ੍ਰਸੰਗ ਅਨੁਸਾਰ ਗੁਣਾਂ ਦੀ ਪਰਥਾਇ ਵੀ ਲਗਦਾ ਹੈ ਪ੍ਰਸੰਗ ਅਨੁਸਾਰ ਔਗੁਣਾਂ ਪਰਥਾਇ ਵੀ ਲਗਦਾ ਹੈ। ਕੇਵਲ ਚੇਤੇ ਰੱਖਣ ਵਾਲੀ ਗੱਲ ਇਕੋ ਹੈ, ਭਈ ਜਿਸ ਪਰਥਾਇ ਅਰਥ ਲਗਾਓ ਉਹ ਸਨਮੁਖ ਨਾ ਹੋਵੇ ਅਤੇ ਧੁਨੀ ਓਸੇ ਪਰਥਾਇ ਨਿਕਲੇ। ਜੇ ਧੁਨੀ ਲਾਂਭੇ ਜਾਏਗੀ ਤਾਂ ਠੀਕ ਅਰਥ ਨਹੀਂ ਠਹਿਰੇਗਾ ਅਤੇ ਪਰਥਾਇ ਵਾਲਾ ਪੁਰਖ ਨੇੜੇ ਵਾ ਸਨਮੁਖ ਹੈ ਤਾਂ ਅੰਨ ਸੰਨਧੀ ਪ੍ਰਯੋਗ ਠਹਿਰੇਗਾ, ਪ੍ਰਸੰਗ ਨਹੀਂ ਨਹਿਰੇਗਾ।

ਨਿਰਣੇ-ਸ਼ਾਬਦੀ ਬਜੰਜਨਾ ਦਾ ਪ੍ਰਕਰਣ ਪ੍ਰਯੋਗ ਏਥੇ ਭੁਲੇਖਾ ਦੇਂਦਾ ਹੈ, ਪਰ ਚੇਤੇ ਰੱਖੇ ਓਥੇ ਸ਼ਬਦ ਸ਼ਲੇਖ ਹੋਣੇ ਤੇ ਪ੍ਰਸੰਗ ਵਿਸ਼ੇਸ਼ ਹੈ, ਏਥੇ ਅਰਥ ਸ਼ਕਤੀ ਕਰਕੇ ਪ੍ਰਸੰਗ ਵਿਸ਼ੇਸ਼ਹੈ,ਇਹ ਫਰਕਭੁਲਾਉਣਵਾਲਾਨਹੀਂ'ਹੈ।

ਇਤੀ ਆਰਥੀ ਬਜੰਜਨਾ ਦੇ ਦਸ ਪ੍ਰਯੋਗ ਸੰਪੂਰਨੰ ॥

੬੨. ਮਿਲੇ ਹੋਏ ਆਰਥੀ ਬਜੰਜਨਾ ਦੇ ਪ੍ਰਯੋਗ ਦਾ ਵਰਣਨ।

ਇਹ ਗੱਲ ਲੁਕੀ ਨਾ ਰਹਿ ਜਾਵੇ ਕਿ ਬਜੰਜਨਾ ਦੇ ਪ੍ਰਯੋਗ ਕਵਿਤਾ ਵਿਚ ਰਲੇ ਮਿਲੇ ਹੀ ਵਰਤੇ ਜਾਂਦੇ ਹਨ। ਇੱਥੇ ਇਕ ਇਕ ਵੱਖੋ ਵੱਖ ਕਰਕੇ ਉਦਾਹਰਣਾਂ ਸਮੇਤ ਕੇਵਲ ਸਮ-

Digitized by Panjab Digital Library | www.panjabdigilib.org

ਝੱਣੇ ਲਈ ਵਿਸਥਾਰ ਨਾਲ ਸਮਝਾਇਆ ਗਿਆ ਹੈ। ਇਹ ਗੱਲਾਂ ਕਦੀ ਛੰਦ ਜਾਂ ਸ਼ਬਦ ਵਿਚ, ਕਦੀ ਤੁਕਾਂ ਵਿਚ, ਕਦੀ ਅੱਧੀ ਚੁਥਾਈ ਤੁਕ ਵਿਚ, ਕਦੀ ਪਦ ਵਿਚ, ਕਦੀ ਪਦ ਦੇ ਵੀ ਕਿਸੇ ਇਕ ਅੱਖਰ ਜਾਂ ਮਾਤ੍ਰਾ ਵਿਚ ਵਿਦਮਾਨ ਹੁੰਦੀਆਂ ਹਨ। ਪਿੱਛੇ ਕਥਨ ਕੀਤੀਆਂ ਉਦਾਹਰਣਾਂ ਵਿਚ ਪਦਾਂ ਤਕ ਤਾਂ ਇਹ ਗੱਲ ਦਿਖਾਈ ਗਈ ਹੈ, ਪਰੰਤੂ ਮਾਤ੍ਰਾਂ ਜਾਂ ਅੱਖਰਾਂ ਵਿਚ ਅੱਗੇ ਦੇ ਭੇਦਵਿਚ ਦਿਖਾਇਆ ਜਾਵੇਗਾ। ਇੱਥੇ ਕੇਵਲ ਪੰਜ ਚਾਰ ਰਲੇ ਹੋਏ ਪ੍ਰਯੋਗ ਇਕ ਸ਼ਬਦ ਵਿਚ ਦਿਖਲਾਏ ਜਾਂਦੇ ਹਨ, ਜਿਥੇ ਇਹ ਪ੍ਰਕਾਸ਼ ਹੋ ਜਾਵੇ ਕਿ ਇਸ ਤਰ੍ਹਾਂ ਇਹ ਪ੍ਰਯੋਗ ਸਰਬ ਥਾਂ ਵਿਦਮਾਨ ਹਨ।

[ਬਕਤਾ, ਬੋਧਬਜ, ਬਾਚਜਪ੍ਰਸ਼ਨ ਰਾਵ ਦੇਸ਼, ਕਾਲ ਦਾ ਇਕੱਠਾ ਉਦਾਹਰਨ]

ਦਹਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥ ਸੇਜ ਇਕੇਲੀ ਨੀਦ ਨ ਹੁਨੈਨਹ ਪਿਰੁ ਪਰਦੇਸਿ ਸਿਧਾਇਓ॥੧॥ ਹੁਣਿ ਨਹੀ ਸੰਦੇਸਰੋ ਮਾਇਓ ॥ ਏਕ ਕੌਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥ ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ॥ ਮੰਦਰਿ ਚਰਿਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥ ੨ ॥ ਹਉ ਹਉ ਭੀਤਿ ਭਇਓ ਹੈ ਬੀਚੇ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੋ ਪਾਤ ਪਰਦੋ ਬਿਨੁ ਪੇਖੇ ਦੁਰਾਇਓ ॥ ੩ ॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੇ ਦੂਖੁ ਮਿਟਾਇਓ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥ ੪ ॥ ਸਭੁ ਰਹਿਓ ਅੰਦੇਸਰੋ ਮਾਇਓ ॥ ਜੋ ਚਾਹਤ ਸੋ ਗੁਰੁ ਮਿਲਾਇਓ ॥ ਸਰਬ ਗੁਨਾ ਨਿਧਿ ਰਾਇਓ ॥ ਰਹਾਉ ॥ ਦੂਜਾ ॥ ੧੧ ॥

[ਸੋਰਠਿ ਮਹਲਾ ੫

ਇਸ ਸ਼ਬਦ ਦਾ ਅਰਥ ਇੱਥੇ ਨਹੀਂ ਕੀਤਾ ਜਾਂਦਾ, ਕਿਉਂਕਿ ਇਸਦੇ ਅਰਥ ਦਾ ਵਿਸਤਾਰ ਬਾਹਲਾ ਹੈ, ਇਸ ਲਈ ਕੇਵਲ ਬਕਤਾ ਆਦਿਕ ਪ੍ਰਯੋਗਾਂ ਦੀ ਸੂਚਨਾ ਦਿਖਲਾਈ ਜਾਂਦੀ ਹੈ। ਜੈਹਾ ਕੁ:-

"ਪੰਥੁ ਨਿਹਾਰਉ" ਮੈਂ ਰਾਹ ਤੱਕਾਂ, ਇਸ ਤੇ ਇਕ ਬਿਰਹਨੀ ਨਾਇਕਾ ਦਾ ਕਥਨ 'ਵਕਤਾ' ਹੈ।

"ਨਹੀ ਸੰਦੇਸਰੋ ਮਾਇਓ" ਤੇ ਹੇ ਮਾਈ ਵਾ ਸਖੀ! ਕੋਈ ਸੁਨੇਹਾ ਨਹੀਂ ਆਇਆ, ਇਸਤੇ ਸਾਮਰਥਾ ਵਾਲੀ ਸਖੀ ਮਾਈ 'ਬੋਧਬਜ' ਹੈ ਜਿਸ ਪ੍ਰਤੀ ਕਹਿ ਰਹੀ ਹੈ।

"ਸੇਜ ਇਕੇਲੀ" ਸੇਜ ਇਕੇਲੀ ਵਿਚੋਂ ਅਰਥ ਮੈਂ ਇਕੱਲੀ ਹਾਂ, ਪੀਆ ਪਰਦੇਸ ਗਿਆ ਹੈ। ਬਜੋਗ-ਬਿਰਹ ਤੇ ਅਤਿ ਦੁਖੀ ਹਾਂ, ਇਸਤੇ ਬਾਚਜ।

"ਮੰਦਰਿ ਚਰਿਕੈ" ਰਸਤਾ ਤੱਕਣਾ; ਬਜੋਗ ਇਹ ਹੈ ਕਿ ਆਪਣੇ ਘਰ ਵਿਚ ਹੀ ਹੈ, ਇਸਤੇ 'ਦੇਸ਼' ਹੈ।

"ਦਹਦਿਸ ਛਤ੍ਰ ਮੇਘ" ਤੇ ਬਿਜਲੀ ਦੀ ਚਮਕ ਤੋਂ ਡਰਨਾ ਆਦਿਕ ਬਰਖਾ ਕਾਲ ਹੈ, ਇਸਤੇ 'ਕਾਲ' ਹੈ।

ਇਨ੍ਹਾਂ ਪੰਜਾਂ ਤੋਂ ਬਿਨਾਂ ਹੋਰ ਵੀ ਇਸ ਵਿਚ ਨਾਇਕਾ ਰਸ ਅਲੰਕਾਰ ਲੱਛਨਾ ਆਦਿਕ ਪਦਾਰਥ ਵਿਦਮਾਨ ਹਨ, ਪਰੰਤੂ ਇੱਥੇ ਆਰਥੀ ਬਜੰਜਨਾ ਦੇ ਉਦਾਹਰਨ ਦਿਖਾਉਣੇ ਹਨ, ਇਸ ਲਈ ਓਹੋ ਸੂਚਨ ਕਰਾਏ ਗਏ ਹਨ, ਇਕੁਰ ਹੀ ਹੋਰ ਜਗ੍ਹਾ ਤੇ ਵੀ ਜਾਣ ਲੈਣੇ।

Digitized by Panjab Digital Library | www.panjabdigilib.org

੬੩. ਧੁਨਿ ਦਾ ਨਿਰੂਪਣ।

ਜਹਾਂ ਬਾਜ ਤੇ ਰਹਤ ਹੈ ਅਧਿਕ ਚਮਿਤ-
ਕ੍ਰਿਤ ਬਜੰਗ। ਵਾਹੀ ਸੋਂ ਧੁਨਿ ਕਹਤ ਹੈ
ਉੱਤਮ ਕਾਵ੍ਯ ਪ੍ਰਸੰਗ।

ਜਿੱਥੇ ਅਰਥ ਵਿਚੋਂ ਵਧੀਕ ਚਮਤਕ੍ਰਿਤ ਬਜੰਗ ਨਿਕਲੇ, ਉਸ ਬਜੰਗ ਨੂੰ ਧੁਨੀ ਕਰਕੇ ਕਹਿੰਦੇ ਹਨ ਅਤੇ ਇਹੋ ਉਤਮ ਚਮਤਕਾਰੀ ਧੁਨਿ ਉਤਮ ਕਾਵ੍ਯ ਦਾ ਸ੍ਵਰੂਪ ਹੁੰਦਾ ਹੈ।

ਵਿਸ਼ੇਸ਼ ਸੂਚਨਾ—ਜੋ ਅਰਥ ਵਿਚੋਂ ਹੋਰ ਅਰਥ ਨਿਕਲੇ ਉਸ ਦੂਜੇ ਅਰਥ ਨੂੰ ਬਜੰਗ ਕਹਿੰਦੇ ਹਨ। ਉਸ ਬਜੰਗ ਵਿਚ ਜੇਕਰ ਚਮਿਤਕ੍ਰਿਤ ਵਿਸ਼ੇਸ਼ ਹੋਵੇ ਅਤੇ ਮਨ ਨੂੰ ਬਾਹਲਾ ਪ੍ਰਸੰਨ ਵੀ ਕਰੇ ਤਾਂ ਉਸ ਨੂੰ ਧੁਨੀ ਸੰਗਜਾ ਕਰ ਕੇ ਕਹਿੰਦੇ ਹਨ।

ਪੁਨ:-ਬ੍ਰਿਤ ਬਜੰਜਨ ਤੇ ਕਵੇ ਸੁੰਦਰ ਬਜੰਗ
ਸੁਜਾਨ। ਧੁਨਿ ਸੰਗਜਾ ਤਾਕੀ ਕਹੈ ਜੇ
ਪ੍ਰਾਚੀਨ ਮਹਾਨ।

'ਬਜੰਜਨਾ' ਬ੍ਰਿਤੀ ਵਿਚੋਂ ਸੁੰਦਰ ਬਜੰਗ, ਸੁਜਾਨ (ਸਿਆਣੇ ਪੁਰਖ) ਕੱਢਦੇ ਹਨ ਓਸ ਸੁੰਦਰ (ਚਮਿਤਕ੍ਰਿਤ) ਬਜੰਗ ਨੂੰ ਧੁਨਿ ਸੰਗਜਾ ਕਹਿੰਦੇ ਹਨ ਪਿਛਲੇ ਬੁਧਿਮਾਨ ਕਵੀ।

ਚੇਤਾਵਨੀ—ਬਾਹਲੇ ਧੁਨੀਆਂ ਦੇ ਸਰੂਪ ਬਜੰਜਨਾ ਬ੍ਰਿਤੀ ਵਿਚੋਂ ਨਿਕਲਦੇ ਹਨ, ਪਰ ਬਜੰਗ ਅਤੇ ਧੁਨੀ ਵਿਚ ਕਿੰਚਤ ਮਾਤ੍ਰ ਫਰਕ ਹੈ, ਜੋਕਰ ਅਰਥ ਵਿਚੋਂ ਵਧੀਕ ਚਟਕੀਲਾ ਅਰਥ ਨਿਕਲੇ ਤਾਂ ਉਸ ਵਾਧੂ ਅਰਥ ਦਾ ਨਾਮ ਬਜੰਗ ਹੈ, ਜੇਕਰ ਓਹੋ ਬਜੰਗ ਵਿਚੋਂ ਇਕ ਹੋਰ ਚਮਕਾਰੇ ਵਾਲਾ ਸਿਧਾਂਤ ਸਿੱਧ ਅਰਥ ਕੱਢੀਏ ਤਾਂ ਉਸ ਨੂੰ ਧੁਨੀ ਕਹਿੰਦੇ ਹਨ। ਜੀਕਰ:-

ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ
ਕਰਹਿ ਉਦਮੁ ਧੁਰਿ ਸਾਧੂ ਕੀ ਤਾਈ॥
ਕ੍ਰਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥
[ਮਲਾਰ ਮ: ੪

ਗੰਗਾ ਆਦਿਕ ਤੀਰਥ ਜੜ੍ਹ ਅਥਵਾ ਪ੍ਰਵਾਹ ਰੂਪ ਹਨ, ਓਹਨਾਂ ਵਿਚ ਇੱਛਾ ਹੋਣੀ ਕਿ 'ਸਾਡੀ ਮੈਲ ਕੱਟਣ ਲਈ ਸਾਧੂ ਧੂਰੀ ਹੋਵੇ' ਇਹ ਅਣਹੋਣੀ ਬਾਤ ਹੈ, ਪਰੰਤੂ 'ਕਵਿ ਨਿਬਧ ਬਕਤਾ' ਕਾਵ੍ਯ ਦੀ ਰੀਤੀਹੈ, ਜਿਸ ਕਰ ਕੇ ਕਵੀਆਂ ਨੂੰ ਇਹ ਖੁੱਲ੍ਹ ਹੈ ਕਿ ਕਵੀ ਜਿਸਨੂੰ ਚਾਹੇ ਗੱਲ ਬਾਤ ਕਰਨ ਵਾਲਾ ਕਲਪ ਲਵੇ ਅਤੇ ਕਵਿਤਾ ਵਿਚ ਬੰਨ੍ਹ ਲਵੇ। ਫਿਰ ਭੀ 'ਸਾਧੂ ਦੀ ਧੂੜੀ' ਇਹ ਗਲ ਅਣਹੋਣੀ ਹੋਈ, ਕਿਉਂਕਿ ਸਾਧੂ ਰੇਤ ਮਿੱਟੀ ਰੂਪ ਨਹੀਂ ਹਨ ਜਿਸ ਤੇ ਸਾਧੂ ਦੀ ਧੂੜੀ ਹੋਵੇ, ਇਸ ਲਈ ਏਥੇ 'ਲੱਛਨਾ ਬ੍ਰਿਤੀ' ਕਰ ਕੇ ਅਰਥ ਦੀ ਪ੍ਰਾਪਤੀ ਹੁੰਦੀ ਹੈ। ਜਿਹਾਕੁ ਪਹਿਲੇ ਸਾਧੂ ਧੂਰੀ ਦਾ ਮੁਖਜਾਰਥ ਬਾਧ ਕਰ ਕੇ ਹੋਰ ਅਰਥ ਮੁੱਖਤਾ ਪਾਵੇ। 'ਸਾਧੂ ਦੇ ਚਰਨਾਂ ਦੀ ਧੂੜੀ' ਉਪਾਦਾਨ ਲੱਛਨਾ ਕਰ ਕੇ ਸਿੱਧ ਹੋਇਆ, ਕਿਉਂਕਿ ਸਾਧੂ ਅਰਥ ਨਾਲ ਲਗਾ ਰਿਹਾ। ਇਸ ਵਿਚ ਬਜੰਗ ਤੇ-ਪਰਬਾਂ ਕੁੰਭਾਂ ਮੇਲਿਆਂ ਦੇ ਸਾਂਗਿਆਂ ਕਰ ਕੇ ਸਾਧੂ ਲੋਕ ਤੀਰਥਾਂ ਤੇ ਜਾ ਇਸ਼ਨਾਨ ਕਰਦੇ ਹਨ, ਇੱਕੁਰ ਹੋਰ ਲੋਕੀਂ ਵੀ ਆ ਸ਼ਨਾਨ ਕਰਦੇ ਹਨ। ਇਹ ਬਜੰਗ ਮਾਤ੍ਰ ਹੈ, ਪਰੰਤੂ ਚਮਿਤਕ੍ਰਿਤ ਨਹੀਂ ਹੈ। ਜਦ ਇਸ ਵਿਚੋਂ ਇਕ ਹੋਰ ਧੁਨੀ ਚਮਕਾਰੇ ਵਾਲੀ ਕੱਢੀ ਦੀ ਹੈ, ਜੋਕਰ ਤੀਰਥਾਂ ਪਰ ਮੇਲਿਆਂ ਤੇ ਬਹੁਤ ਲੋਕ ਇਕੱਠੇ ਹੁੰਦੇ ਹਨ ਓਥੇ ਹੀ

Digitized by Panjab Digital Library | www.panjabdigilib.org

ਸਾਧੂਆਂ ਮਹਾਤਮਾਂ ਦੇ ਸਤ ਉਪਦੇਸ਼, ਕਥਾ, ਕੀਰਤਨ, ਭਜਨ ਵਖਿਆਨ ਆਦਿਕ ਸਤਿਸੰਗ ਵੀ ਬਹੁਤ ਕਰਕੇ ਹੁੰਦੇ ਹਨ ਜੋ ਅਨੇਕ ਪਾਪੀ ਜੀਵਾਂ ਦੇ ਉਧਾਰ ਦਾ ਕਾਰਨ ਰੂਪ ਹੁੰਦੇ ਹਨ। ਇਸ ਲਈ ਤੀਰਥਾਂ ਨੇ ਸੰਤਾਂ ਮਹਾਤਮਾ ਦੇ ਆਸਰੇ ਕਰ ਕੇ ਪਾਪੀਆਂ ਦੇ ਪਾਪ ਦੂਰ ਕਰਕੇ ਮੁਕਤੀ ਦੇ ਰਾਹ ਪਾਵਣਾ, ਜਿਸ ਤੇ ਸੰਤਾਂ ਦੀ ਅਤੇ ਸੰਤਾਂ ਦੀ ਚਰਣ ਧੂੜ ਦੀ ਵਡਿਆਈ ਹੈ, ਜੋ ਨਿਤ੍ਹੁੰ ਕੇ ਸੰਤਾਂ ਦੇ ਚਰਨੀ ਲੱਗਾ ਤੇ ਜਿਸਨੇ ਸੇਵਾ, ਭਗਤੀ, ਉਪਕਾਰ, ਦਯਾ, ਮੁਦਤਾ, ਮੈਤ੍ਰੀ ਵਾਲੇ ਕਰਮ ਕੀਤੇ, ਮੁਕਤ ਦਾ ਅਧਿਕਾਰੀ ਹੋਇਆ। ਇਹ ਧੁਨੀ ਦਾ ਸਰੂਪ ਹੈ, ਇਹੋ ਉੱਤਮ ਕਾਬਜ ਦੀ ਵਡਿਆਈ ਹੈ।

ਇਸ ਧੁਨੀ ਦੇ ਮੁੱਢ ਵਿਚ ਦੋ ਭੇਦ ਸਿਆਣੇ ਕਹਿੰਦੇ ਹਨ ਅਤੇ ਇਨ੍ਹਾਂ ਦੋਹਾਂ ਤੋਂ ਅੱਗੇ ਬਾਹਲਾ ਵਿਸਤਾਰ ਹੋ ਜਾਂਦਾ ਹੈ।

੬੪. ਧੁਨੀ ਦੇ ਮੁੱਖ ਦੋ ਭੇਦ।

ਭੇਦ ਦੋਇ ਧੁਨਿ ਕੇ ਕਹੈਂ ਅਭਿਧਾ ਲਛਨਾ ਮੂਲ। ਸੋ ਬਿਬਛਿਤ ਅਬਿਬਿਛਿਤ ਰੁ ਬਾਚਜ ਕ੍ਰਮਹ ਮਤ ਭੂਲ।

ਧੁਨੀ ਦੇ ਦੋ ਭੇਦ ਕਹੀਦੇ ਹਨ, ਇਕ ਅਭਿਧਾਮੂਲ ਧੁਨੀ ਅਤੇ ਦੂਜੀ ਲਛਣਾ ਮੂਲ। ਜਿਹੜੀਸ਼ਾਬਦੀ ਬਜੰਜਨਾ ਵਿਚੋਂ ਅਭਿਧਾ ਮੂਲ ਧੁਨੀ ਪ੍ਰਗਟ ਹੁੰਦੀ ਹੈ ਉਸਦਾ ਨਾਉਂ 'ਬਿਬਿਛਿਤ ਬਾਚਜ ਧੁਨੀ' ਹੈ, ਅਤੇ ਜਿਹੜੀ ਲੱਛਣਾ ਵਿਚੋਂ ਲੱਛਣਾ ਮੂਲ ਧੁਨੀ ਪ੍ਰਗਟ ਹੁੰਦੀ ਹੈ ਉਸਦਾ ਨਾਉਂ 'ਅਬਿਬਿਛਤ ਬਾਚਜ ਧੁਨੀ' ਹੈ।

ਵਿਸ਼ੇਸ਼ ਸੂਚਨਾ—'ਲੱਛਣਾ ਮੂਲ ਧੁਨੀ' ਦੇ ਕੇਵਲ ਦੋ ਭੇਦ ਹਨ, ਇਸ ਲਈ ਪਹਿਲੇ 'ਅਬਿਬਿਛਤ ਬਾਚਜ ਧੁਨੀ' ਦਾ ਵਰਣਨ ਕਰਦੇ ਹਾਂ ਤੇ 'ਬਿਬਿਛਤ ਬਾਚਜ ਧੁਨੀ' ਦਾ ਪਿੱਛੋਂ ਵਰਣਨ ਕਰਾਂਗੇ।

੬੫. ਲੱਛਣਾ ਮੂਲ ਅਬਿਬਿਛਤ ਬਾਚਜ ਧੁਨੀ।

ਧੁਨਿ ਅਬਿਬਿਛਤ ਬਾਚਜ ਹੈ ਅਰਥ ਨ ਮੁਖ੍ਹ ਜੋਗ। ਲੱਛਨਾ ਮੂਲ ਸੁ ਕਹਤ ਹੈ ਭੇਦ ਦੋਇ ਕਵਿ ਲੋਗ।

ਜਿੱਥੇ ਪਹਿਲਾ ਮੁਖਜਾਰਥ ਬਾਧ ਹੋ ਕੇ ਉਸ ਦੀ ਜਗ੍ਹਾ ਹੋਰ ਮੁਖਜਾਰਥ ਠਹਿਰਾਇਆ ਜਾਂਦਾ ਹੈ, ਓਥੇ 'ਅਬਿਬਿਛਤ ਬਾਚਜ ਧੁਨੀ' ਹੋ, ਜੋ ਦੋ ਭਾਂਤ ਦੀ ਪ੍ਰਗਟ ਹੁੰਦੀ ਹੈ। ਇਕ ਦਾ ਨਾਉਂ 'ਅਬਿਬਿਛਤ ਬਾਚਜ ਅਰਥਾਂਤਰ ਸੰਕ੍ਰਮਤ ਧੁਨੀ' ਹੈ, ਅਤੇ ਦੂਜੀ ਦਾ ਨਾਉਂ 'ਅਬਿਬਿਛਤ ਬਾਚਜ ਅਤਯੰਤ ਤ੍ਰਿਸ ਕ੍ਰਿਤਜ ਧੁਨੀ' ਹੈ।

[ੳ. ਅਬਿਬਿਛਿਤ ਬਾਚਜ ਅਰਥਾਂਤਰ ਸੰਕ੍ਰਮਤ ਧੁਨੀ ਦਾ ਸਰੂਪ]।

ਦੋ:—ਅਰਥ ਅਨਰਥਕ ਭਾਸਿਅੰ
ਔਰ ਅਰਥ ਮੈਂ ਜਾਇ।
ਤਾਹਿ ਅਰਥ ਮਿਲ ਸਾਰਥਤਾ
ਅਰਥਾਂਤਰ ਸੁ ਲਖਾਇ।

ਜਿੱਥੇ ਪਹਿਲੇ ਮੁੱਖ ਅਰਥ ਦਾ ਅਨ (ਹੋਰ) ਅਰਥ ਕੇ ਭਾਸੇ (ਠਹਿਰੇ) ਅਤੇ ਹੋਰ ਅਰਥ ਵਿਚ ਜਾਵੇ ਅਤੇ ਪਹਿਲੇ ਅਰਥ ਨਾਲ ਮਿਲਕੇ ਸਾਰਥ ਹੋਵੇ ਓਸੇ ਵਿਚੋਂ ਧੁਨੀ ਨਿਕਲੇ ਤਾਂ ਉਸਨੂੰ 'ਅਰਥਾਂਤਰ ਸੰਕ੍ਰਮਤ ਧੁਨੀ' ਕਹਿੰਦੇ ਹਨ। ਜੀਕਰ ਕੋਈ ਕਹੇ ਸੰਤ ਦੀ ਧੂੜੀ ਕਿਲ-ਵਿਖ ਹਰਦੀ ਹੈ। ਸੰਤ ਦੀ ਧੂੜੀ ਨਹੀਂ ਹੁੰਦੀ, ਕਿਉਂਕਿ ਸੰਤ ਮਿੱਟੀ ਰੇਤ ਰੂਪ ਨਹੀਂ ਹਨ, ਇਹ ਅਰਥ 'ਅਨ ਅਰਥ' ਬਾਧ ਹੋ ਕੇ ਅਤੇ 'ਚਰਨ ਅਰਥ' ਪ੍ਰਧਾਨ ਹੋ ਕੇ ਸਾਰਥਕ ਹੋਇਆ:—ਸੰਤਾਂ ਦੇ ਚਰਨਾਂ ਦੀ ਧੂੜੀ ਪਾਪ ਦੂਰ ਕਰਦੀ ਹੈ।

ਧੁਨੀ ਇਸ ਵਿਚੋਂ ਇਹ ਨਿਕਲਦੀ ਹੈ

Digitized by Panjab Digital Library | www.panjabdigilib.org

ਕਿ ਜਿਨ੍ਹਾਂ ਸੰਤਾਂ ਦੇ ਚਰਨਾਂ ਨਾਲ ਛੋਹੀ ਹੋਈ ਨਿਖਿੱਧ ਧੂੜੀ ਪਾਪਾਂ ਨੂੰ ਦੂਰ ਕਰਦੀ ਹੈ ਉਨ੍ਹਾਂ ਸੰਤਾਂ ਦੇ ਸਤਿਸੰਗ ਦਰਸ਼ਨ ਪਰਸਨ ਸੇਵਾ ਭਗਤੀ ਕੋਤਿਆਂ ਗਿਆਨ ਮੁਕਤੀ ਭੁਗਤੀ ਆਦਿਕ ਪਦਾਰਥ ਕਿਉਂ ਨਾਂ ਪ੍ਰਾਪਤ ਹੋਣਗੇ ? ਆਦਿਕ।

ਸੌਖੀ ਤਰ੍ਹਾਂ ਸਮਝਣ ਲਈ ਉਪਾਦਾਨ ਲੱਛਣਾ ਪ੍ਰਯੋਜਨਵਤੀ ਵਿਚੋਂ ਜੋ ਧੁਨੀ ਪ੍ਰਗਟ ਹੋਵੇ ਉਸਦਾ ਨਾਉਂ ਅਰਥਾਂਤਰ ਸੰਕ੍ਰਮਤ ਧੁਨੀ ਕਹੀਦਾ ਹੈ ਜੋ ਕਿ ਲੱਛਣਾ ਦੇ ਧਿਆ ਵਿਚ ਪਿੱਛੇ ਵਿਸਤਾਰ ਨਾਲ ਵਰਣਨ ਹੋ ਚੁਕੀ ਹੈ।

[ਅ. ਅਬਿਬਿਛਤ ਬਾਚਜ ਅਤਯੰਤ ਤ੍ਰਿਸ-ਕ੍ਰਿਤਜ ਬਾਚਜ ਧੁਨੀ ਦਾ ਸਰੂਪ]

ਦੋ:—ਔਰ ਅਰਥ ਤੇ ਅਰਥਤਾ
ਮੁੱਖ ਅਰਥ ਬੇਕਾਮ।
ਅਤਿ ਸੁ ਤ੍ਰਿਸਕ੍ਰਿਤ ਬਾਚਜ ਤਿਹ
ਹੋਤ ਸੁ ਧੁਨਿ ਕੇ ਨਾਮ।

ਹੋਰ ਅਰਥ ਤੋਂ ਅਰਥ ਸਿੱਧ ਹੋਵੇ ਅਤੇ ਮੁਖਯਾਰਥ ਨਿਕੰਮਾ ਹੋ ਜਾਵੇ ਅਤੇ ਓਸ ਪ੍ਰਧਾਨ ਹੋਏ ਅਰਥ ਤੋਂ ਧੁਨੀ ਨਿਕਲੇ ਤਾਂ ਉਸ ਨੂੰ ਅਤਯੰਤ ਤ੍ਰਿਸਕ੍ਰਿਤ ਬਾਚਜ ਧੁਨੀ ਕਰ ਕੇ ਕਹਿੰਦੇ ਹਨ। ਜਿਹਾਕੁ:—

ਲਾਗੀ ਹੋਇ ਸੁ ਜਾਨੈ ਪੀਰ ॥
ਰਾਮ ਭਗਤਿ ਅਨੀਆਲੇ ਤੀਰ ॥

[ਗਉੜੀ ਕਬੀਰ

ਰਾਮ ਦੀ ਭਗਤੀ ਤਿੱਖੇ ਤੀਰ ਹਨ, ਜਿਸ ਨੂੰ ਲੱਗੇ ਹੋਣ ਉਹ ਪੀੜ ਨੂੰ ਜਾਣੇ।

ਰਾਮ ਦੀ ਭਗਤੀ ਦੇ ਤੀਰ ਕਦੀ ਹੋ ਹਾ ਨਹੀਂ ਸਕਦੇ ਅਤੇ ਨਾਂ ਕਿਸੇ ਨੂੰ ਲਗਦੇ ਚੁਭਦੇ ਡਿੱਠੇ ਹਨ, ਇਸ ਲਈ ਇਹ ਅਰਥਬਾਧ ਹੋਕੇ 'ਭਗਤੀ ਕਰਨ ਵਾਲੇ ਭਗਤਾਂ ਨੂੰ ਵਿਛੋੜਾ (ਬਿਰਹ) ਅਸਹਿ ਦੁਖਦਾਈ ਹੈ, ਜਿਸਦੀ ਚੋਭ ਰੜਕਵੀਂ ਹੈ' ਅਰਥ ਸਿੱਧ ਹੋਏ।

ਧੁਨੀ—ਅਣੀਆਲੇ ਤੀਰ ਪਾਰ ਨਹੀਂ ਹੁੰਦੇ, ਲਗ ਕੇ ਚੁਭਦੇ ਤੇ ਰੜਕਦੇ ਰਹਿੰਦੇ ਹਨ, ਇੱਕੁਰ ਹੀ ਬਿਰਹ ਹਰ ਵੇਲੇ ਦੁੱਖ ਦੇਂਦਾ ਹੈ, ਪਰੰਤੂ ਦੂਜੇ ਨੂੰ ਪ੍ਰਤੀਤ ਨਹੀਂ ਹੁੰਦਾ ਕਿ ਇਹ ਬਿਰਹ ਦਾ ਤੀਰ ਕਿੱਥੇ ਲੱਗਾ ਹੈ ਜਾਂ ਕਿਹੋ ਜਿਹੀ ਪੀੜ ਕਰਦਾ ਰਹਿੰਦਾ ਹੈ।

ਸੁਖੱਲੀ ਸਮਝ ਲਈ ਇਹ ਧੁਨੀ 'ਲਛਨ ਲਛਣਾ ਪ੍ਰਯੋਜਨਵਤੀ' ਵਿਚੋਂ 'ਅਤਯੰਤ ਤ੍ਰਿਸਕ੍ਰਿਤ ਬਾਚਜ ਧੁਨੀ' ਪ੍ਰਗਟ ਹੁੰਦੀ ਹੈ।

ਵਿਸ਼ੇਸ਼ ਸੂਚਨਾ—ਲੱਛਨਾ ਮੂਲ ਬ੍ਰਿਤੀਆਂ ਦੀਆਂ ਇਹੋ ਦੋ ਧੁਨੀਆਂ ਵਿਦਮਾਨ ਹਨ, ਕਿਉਂਕਿ ਮੂਲ ਵਿਚ ਦੋ ਹੀ ਹਨ:—ਇਕ ਜਹਿਤੀ, ਇਕ ਅਜਹਿਤੀ। ਹੋਰ ਲਛਨਾ ਸਭ ਇਨ੍ਹਾਂ ਦੇ ਅੰਤਰਭੂਤ ਹਨ, ਇਸ ਲਈ ਧੁਨੀਆਂ ਵੀ ਅੰਤਰਭੂਤ ਹੀ ਜਾਣਨੀਆਂ। ਸੰਜੰਜਨਾਂ ਦੀਆਂ ਧੁਨੀਆਂ ਦੇ ਬਾਹਲੇ ਭੇਦ ਹਨ, ਸੋ ਵਿਸਥਾਰ ਨਾਲ ਅੱਗੇ ਕਥਨ ਹਨ। ਇਸ ਦੇ ਵੀ ਵਾਕਗਤ ਅਤੇ ਪਦਗਤ ਹੋਣੇ ਤੇ ੪ ਭੇਦ ਹੋ ਜਾਂਦੇ ਹਨ, ਪਰੰਤੂ ਇਨ੍ਹਾਂ ਦੋਹਾਂ ਦੇ ਅੰਤਰਭੂਤ ਹਨ।

੬੬. ਅਭਿਧਾ ਮੂਲ ਬਿਬਿਛਿਤ ਬਾਚਜ ਧੁਨੀ।

ਬਿਬਿਛਤਾਨ ਪਰ ਬਾਚ ਹੈ ਧੁਨਿ ਜਹ
ਅਭਿਧਾਨਾਵ। ਅਸੰਲੱਛ ਕ੍ਰਮ ਸੰਲੱਛ ਕ੍ਰਮ
ਭਿਦ ਪੁਨ ਤ੍ਰਿਬਿਧ ਗਨਾਵ।

ਜੋ ਅਭਿਧਾ ਤੋਂ ਧੁਨੀ ਨਿਕਲੇ ਉਸ ਨੂੰ 'ਬਿਬਿਛਤ ਬਾਚਜ ਧੁਨੀ' ਕਹਿੰਦੇ ਹਨ, ਇਸ ਦੇ ਵੀ ਦੋ ਭੇਦ ਵਿਦਮਾਨ ਹਨ। ਇਕ ਦਾ ਨਾਉਂ 'ਅਸੰਲੱਛ ਕ੍ਰਮ' ਕਹਿੰਦੇ

Digitized by Panjab Digital Library | www.panjabdigilib.org

ਹਨ, ਇੱਕੁਰ ਹੀ ਦੂਜੀ ਦਾ ਨਾਉਂ 'ਸੰਲੱਛ ਕ੍ਰਮ' ਹੈ।

੬੭.ਅਸੰਲੱਛ ਕ੍ਰਮ ਧੁਨਿ ਦਾ ਵਰਣਨ।

ਰਸ ਪੁਨ ਭਾਵ ਬਿਭਾਵ ਮਿਲ ਬਿਨ ਕ੍ਰਮ ਇਕਹ ਬੇਰ। ਬਹੁ ਧੁਨ ਉਪਜੈ ਰਸਮਈ ਅਸੰਲੱਛ ਕ੍ਰਮ ਟੇਰ।
ਅਥਵਾ—ਨਿਕਸੈ ਰਸ ਭਾਵਾਦਿ ਜਹਿੰ ਧੁਨਿ ਤੇ ਏਕੋ ਬੇਰ। ਕ੍ਰਮ ਜਾਨਜੋ ਨਹਿੰ ਜਾਤ ਸੋ ਅਸੰਲੱਛ ਕ੍ਰਮ ਟੇਰ।

ਜਿਥੇ ਰਸ ਭਾਵ ਬਿਭਾਵ ਆਦਿਕਾਂ ਦੇ ਇਕ ਜਗਹ ਮਿਲਣੇ ਤੇ ਬਿਨਾਂ ਕਿਸੇ ਕ੍ਰਮ ਦੇ ਇਕੋ ਬਾਰ ਧੁਨੀ ਨਿਕਲੇ ਉੱਥੇ 'ਅਸੰਲੱਛ ਕ੍ਰਮ ਧੁਨੀ' ਕਹਿੰਦੇ ਹਨ। ਜੀਕੁਰ ਮਸਾਲੇ ਵਿਚ ਜ਼ੀਰਾ, ਧਨੀਆਂ, ਮਿਰਚਾਂ, ਲੌਂਗ ਆਦਿਕ ਵਸਤਾਂ ਮਿਲੀਆਂ ਹੋਈਆਂ ਹੋਣ ਤੇ ਸੁਆਦ ਅਤੇ ਸੁਗੰਧੀ ਤਾਂ ਭਾਵੇਂ ਦਾਲ ਭਾਜੀ ਵਿਚ ਪ੍ਰੱਖ ਪ੍ਰਤੀਤ ਹੁੰਦੀ ਹੈ, ਪਰੰਤੂ ਵਸਤਾਂ ਦੇ ਸੁਆਦ ਅਤੇ ਸੁਗੰਧੀ ਅੱਡੋ ਅੱਡ ਕਰਕੇ ਕਥਨ ਨਹੀਂ ਕੀਤੇ ਜਾ ਸਕਦੇ, ਇੱਕੁਰ ਹੀ ਅਸੰਲੱਛ ਕ੍ਰਮ ਧੁਨੀ ਦਾ ਸਰੂਪ ਹੁੰਦਾ ਹੈ, ਇਸ ਵਿਚੋਂ ਯਥਾ ਕ੍ਰਮ ਰਸ, ਭਾਵ, ਬਿਭਾਵ ਆਦਿਕਾਂ ਦੀ ਧੁਨੀ ਵੱਖੋ ਵੱਖਰੀ ਹੋਕੇ ਨਹੀਂ ਪ੍ਰਕਾਸ਼ਦੀ, ਇਸੇ ਲਈ ਇਸ ਦਾ ਨਾਉਂ ਅਸੰਲੱਛ ਕ੍ਰਮ ਧੁਨੀ ਹੈ।

ਜਿਹਾਕੁ—ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥ [ਤੁਖਾਰੀ ਮਃ ੧

ਭਾਦੋਂ ਦੇ ਭਰ ਜੋਬਨ ਵਿਚ ਨਾਇਕਾ (ਜਗਜਾਸੂ) ਭਰਮ ਕਰਕੇ ਭੁੱਲੀ ਹੋਈ ਪਛੁਤਾਉਂਦੀ ਹੈ।

ਏਥੇ ਭਾਦੋਂ ਦਾ ਭਰ ਜੋਬਨ ਘਨ ਘਟਾ ਬਿਜਲੀ ਬਰਖਾ ਕਿਸੇ ਵੇਲੇ ਧੁਪ ਚਿਟਕਵੀਂ ਆਦਿਕ ਹੋਣੇ ਤੇ ਪਾਵਸ ਕਾਲ 'ਉਦੀਪਨ'* ਹੈ।

ਨਾਇਕਾ ਭਰਮਦੀ ਹੋਈ ਨਿਰਜਨ ਬਨ ਵਿਚ ਭੁੱਲ ਗਈ, ਉੱਥੇ ਪਸਚਾਤਾਪ ਕਰਦੀ ਹੈ, ਇਸ ਤੇ 'ਬਿਪਲਬਧਾ'† ਹੈ।

ਪਛੁਤਾਵੇ ਤੇ ਮੇਰੇ ਇਸ ਆਉਣੇ ਨੂੰ ਧਿਕਾਰ ਹੈ, ਇਸ ਤੇ 'ਨਿਰਵੇਦ' ਸਥਾਈ ਹੈ ਵਾ ਸੰਚਾਰੀ ਹੈ। ਅਥਵਾ ਮੈਂ ਉਸ ਮਾਲਕ ਪੀਆ ਨੂੰ ਪ੍ਰਸੰਨ ਨਾ ਕਰ ਸਕੀ, ਇਸ ਤੇ ਗਿਲਾਨ 'ਸੰਚਾਰੀ ਬਿਭਾਵ' ਹੈ।

ਪਛੁਤਾਵੇ ਵਿਚ ਰੋਣਾ, ਕੰਬਣਾ, ਕੰਠ ਰੁਕਣਾ ਆਦਿਕ ਸਾਤ੍ਵਿਕ ਭਾਵ ਹੁੰਦੇ ਹੀ ਹਨ। ਰਾਹ ਭੁੱਲਣੇ ਤੇ ਤ੍ਰਾਸ ਹੈ, ਪ੍ਰੰਤ 'ਸਥਾਈ' ਹੈ। ਇਨ੍ਹਾਂ ਸਾਰਿਆਂ ਭਾਵਾਂ ਅਤੇ ਰਸਾਂ ਤੋਂ ਅਨੇਕਾਂ ਧੁਨੀਆਂ ਹੋ ਗਈਆਂ, ਪਰੰਤੂ ਕ੍ਰਮ ਕਿਸੇ ਧੁਨੀ ਦਾ ਸਪਸ਼ਟ ਨਹੀਂ ਹੈ। ਜੀਕੁਰ ਪਛੁਤਾਉਣ ਤੋਂ ਜੇਕਰ ਬਜੰਗ ਲਿਆ ਜਾਵੇ ਤਾਂ 'ਕਲਹੰਤ੍ਰਤਤ੍ਵ' ਤੋਂ ਪਛੁਤਾਵਾ ਹੈ, ਅਥਵਾ ਰਾਹ ਭੁੱਲਣੇ ਦਾ ਪਛੁਤਾਵਾ ਹੈ ਯਾ ਬੱਦਲ, ਬਰਖਾ, ਬਿਜਲੀ ਤੋਂ ਭੈਭੀਤ ਹੋਣੇ ਤੇ ਪਛੁਤਾਉ ਹੈ। ਭੁੱਲਣੇ ਦਾ ਕ੍ਰਮ ਕੋਈ ਨਾਂ ਹੋਣੇ ਕਰਕੇ ਧੁਨੀ ਦਾ ਕ੍ਰਮ ਵੀ ਕੋਈ ਨਹੀਂ ਹੈ, ਇਸ ਲਈ ਬਾਹਲੀਆਂ ਧੁਨੀਆਂ ਹਨ, ਇਸੇ ਕਾਰਨ ਇਸਨੂੰ ਅਸੰਲੱਛ ਕ੍ਰਮ ਧੁਨੀ ਕਹਿੰਦੇ ਹਨ।

ਭਾਵੇਂ ਸਿਆਣੇ ਇਸਦੇ ਛੇ ਭੇਦ ਕਰਦੇ ਹਨ।
ਪਹਿਲੀ—ਪਦਾਂ ਵਿਚ ਧੁਨੀ ਹੋਣੇ ਤੇ 'ਪਦ ਗਤ' ਕਹਿੰਦੇ ਹਨ। ਦੂਜੀ, ਵਾਕ ਵਿਚ ਹੋਣੇ ਤੇ 'ਵਾਕ ਗਤ' ਕਹਿੰਦੇ ਹਨ। ਤੀਜੀ,

---

*ਏਹ ਸਾਰੇ ਪਦ—ਉਦੀਪਨ, ਨਿਰਵੇਦ, ਸੰਚਾਰੀ, ਸਥਾਈ, ਵਿਭਾਵ, ਸਾਤ੍ਵਿਕ, ਕਾਵ੍ਯ ਦੇ 'ਰਸ ਪ੍ਰਕਾਰ' ਦੇ ਪਦ ਹਨ।

†ਇਹ ਨਾਯਕਾ ਭੇਦ ਪ੍ਰਕਰਣ ਦਾ ਪਦ ਹੈ।

Digitized by Panjab Digital Library | www.panjabdigilib.org

ਪਦ ਦੇ ਇਕ ਦੇਸ਼ ਵਿਚ ਹੋਣੇ ਤੇ 'ਪਦੇਕ ਦੇਸ਼ ਗਤ' ਕਹਿੰਦੇ ਹਨ। ਚੌਥੀ, ਘਟਨਾ ਵਿਚ ਹੋਣੇ ਤੇ 'ਘਟਨਾ ਗਤ' ਕਹਿੰਦੇ ਹਨ*। ਪੰਜਵੀਂ, ਬਰਨ ਵਿਚ ਹੋਣੇ ਤੇ'ਬਰਨ ਗਤ†' ਕਹਿੰਦੇ ਹਨ। ਛੇਵੀਂ, ਪ੍ਰਬੰਧ ਵਿਚ ਹੋਣੇ ਤੇ 'ਪ੍ਰਬੰਧ ਗਤ' ਕਹਿੰਦੇ ਹਨ। ਇਨ੍ਹਾਂ ਦੇ ਸਰੂਪ ਨਹੀਂ ਕਥਨ ਕੀਤੇ, ਕਿਉਂਕਿ ਇਹ ਅਸੰਲੱਛ ਕ੍ਰਮ ਹੋਣੇ ਤੇ ਇਕ ਇਕ ਦੀ ਬਿਵਸਥਾ ਹੋਣੀ ਔਖੀ ਹੈ, ਕਿਉਂਕਿ ਹਰ ਇਕ ਸਰੂਪ ਬਾਹਲੀਆਂ ਅਤੇ ਸੰਮਿਲਤ ਧੁਨੀਆਂ ਹੋਣੇ ਤੇ ਨਾਮ ਮਾਤ੍ਰ ਹੀ ਕਥਨ ਕੀਤੇ ਹਨ, ਸਿਆਣੇ ਆਪ ਵਰਤ ਕੇ ਕੱਢ ਲੈਣ।

੬੮. ਅਭਿਧਾ ਮੂਲ ਬਿਬਿਛਤ ਬਾਚ ਸੰਲੱਛ ਕ੍ਰਮ ਧੁਨਿ ਵਰਣਨ।

ਕ੍ਰਮ ਸੋ ਧੁਨਿ ਲਖਜਤ ਜਹਾਂ ਸੁ ਸੰਲੱਛ ਕ੍ਰਮ ਜਾਨ। ਜਿਉਂ ਗਿਰ ਤੇ ਇਕ ਸਬਦ ਕੀ ਝਾਈਂ ਬਹੁਬਿਧ ਠਾਨ।

ਕ੍ਰਮ ਨਾਲ ਜਿੱਥੇ ਧੁਨਿ ਪਛਾਣੀ ਜਾਵੇ, ਉੱਥੇ'ਸੰਲੱਛ ਕ੍ਰਮ ਧੁਨੀ'ਜਾਣੀਦੀ ਹੈ। ਜੀਕੁਰ ਪਰਬਤ ਵਲੋਂ ਮੋੜਵੀਂ ਅਵਾਜ਼ ਦੀ ਗਮਕ ਬਾਹਲਿਆਂ ਪਾਸਿਆਂ ਵਲੋਂ ਜਾਪਦੀ ਹੈ। ਜੀਕੁਰ ਮੋੜਵੀਂ ਅਵਾਜ਼ ਚਹੁੰਵਾਂ ਦਿਸ਼ਾਂ ਵਲੋਂ ਹੀ ਪ੍ਰਤੀਤ ਹੁੰਦੀ ਹੈ, ਤਿਵੇਂ ਹੀ ਬਜੰਗ ਵਿਚੋਂ ਨਿਕਲੀ ਹੋਈ ਧੁਨੀ ਤ੍ਰਿਹੁੰ ਸਰੂਪਾਂ ਦੇ ਕ੍ਰਮ ਵਿਚ ਵਿਦਮਾਨ ਹੁੰਦੀ ਹੈ। ਜੈਹਾ ਕੁ:—

ਸਬਦ ਸਕਤ ਕਰ ਏਕ ਹੈ ਅਰਥ ਸਕਤ ਕਰ ਦੋਇ। ਸਬਦ ਅਰਥ ਦੋਊਨ ਕਰ ਭੇਦ ਤੀਸਰੋ ਹੋਇ।

ਪਹਿਲੀ—ਸ਼ਬਦ ਦੀ ਸ਼ਕਤੀਕਰਕੇ ਪ੍ਰਗਟ ਹੁੰਦੀ ਹੈ, ਜਿਸ ਦਾ ਨਾਮ 'ਸੰਲੱਛ ਕ੍ਰਮ ਸ਼ਬਦ ਸਕਤ ਉਦਭਵ ਧੁਨੀ' ਹੈ।

ਦੂਜੀ—ਅਰਥ ਦੀ ਸ਼ਕਤੀ ਕਰਕੇ ਪ੍ਰਗਟ ਹੁੰਦੀ ਹੈ, ਜਿਸ ਦਾ ਨਾਮ 'ਸੰਲੱਛ ਕ੍ਰਮ ਅਰਥ ਸ਼ਕਤ ਉਦਭਵ ਧੁਨੀ' ਹੈ।

ਤੀਜੀ—ਸ਼ਬਦ ਅਤੇ ਅਰਥ ਦੋਹਾਂ ਦੀਸ਼ਕਤੀ ਕਰਕੇ ਪ੍ਰਗਟ ਹੁੰਦੀ ਹੈ, ਜਿਸ ਦਾ ਨਾਮ 'ਸੰਲੱਛ ਕ੍ਰਮਸ਼ਬਦਾਰਥਸ਼ਕਤੀ ਉਦਭਵ ਧੁਨੀ'ਹੈ।

੬੯. ਪਹਿਲੀ 'ਸ਼ਬਦ ਸਕਤਜੁਦਭਵ ਧੁਨੀ ਦਾ ਵਰਣਨ।

ਬਸਤ ਰੂਪ ਅਲੰਕਾਰ ਤੇ ਸ਼ਬਦ ਸ਼ਕਤ ਭਵ ਦੋਇ। ਅਲੰਕਾਰ ਤੇ ਭਿੰਨ ਜੋ ਬਸਤ ਤਾਹਿ ਕੋ ਜੋਇ।

'ਬਸਤ' ਅਤੇ 'ਅਲੰਕਾਰ' ਤੋਂ ਦੋ ਪ੍ਰਕਾਰ ਦੀ ਧੁਨੀ ਪ੍ਰਗਟ ਹੁੰਦੀ ਹੈ, ਜਿੱਥੇ ਕੇਵਲ ਬਸਤੁ ਤੋਂ ਧੁਨੀ ਪ੍ਰਗਟ ਹੋਵੇ,ਉੱਥੇ'੧.ਸ਼ਬਦ ਸਕਤਜੁਦਭਵ ਬਸਤੁ' ਰੂਪ ਕਹਿੰਦੇ ਹਨ, ਜਿੱਥੇ ਅਲੰਕਾਰ ਤੋਂ ਧੁਨੀ ਪ੍ਰਗਟ ਹੋਵੇ, ਉੱਥੇ '੨. ਸ਼ਬਦ ਸਕਤਜੁਦਭਵ ਲੰਕਾਰ ਰੂਪ ਧੁਨੀ' ਕਹਿੰਦੇ ਹਨ।

[ੳ. 'ਸ਼ਬਦ ਸ਼ਕਤਜ ਧੁਨੀ' ਦਾ ਸਰੂਪ]

ਸ਼ਬਦ ਸ਼ਕਤ ਹੈ ਬਜਕਤ ਜਹ ਹੋਤ ਬਸਤ ਲੰਕਾਰ। ਸ਼ਬਦ ਧੁਨੀ ਤਹਿਂ ਜਾਨੀਐ ਕੀਨੇ ਸੁਕਵਿ ਬਿਚਾਰ।

ਜਿੱਥੇ ਨਿਰੀ ਸ਼ਬਦ ਦੀ ਸ਼ਕਤੀ ਕਰਕੇ ਪ੍ਰਗਟ ਹੋਵੇ ਕੋਈ ਬਸਤ, ਜੀਕੁਰ ਏਗਮਪੁਰਾ ਸ਼ਬਦ ਹੈ, ਇਸ ਵਿਚੋਂ ਨਿਕਲੇ ਧੁਨਿ:— ਸਚਖੰਡ। ਇਜੇਹੀ ਜਗ੍ਹਾ ਤੇ ਇਸ ਧੁਨੀ ਨੂੰ

*ਇਹ'ਓਜ ਗੁਣ'ਦੀ ਰਚਨਾਂਵਿਚਬਾਹਲੀਵਰਤੀ ਜਾਂਦੀ ਹੈ,ਘਟਨਾਓਜਗੁਣਦੀ ਰਚਨਾਂਦਾ ਨਾਮ ਹੈ।
†ਇਹ'ਮਾਧੁਰਜ ਗੁਣ'ਵਿਚ ਬਾਹਲੀਵਰਤੀਜਾਂਦੀ ਹੈ,ਬਰਨ ਦਾ ਮਾਧੁਰਜ ਗੁਣ ਦੀ ਰਚਨਾ ਵਿਚ ਪ੍ਰਯੋਗ ਹੁੰਦਾ ਹੈ।

Digitized by Panjab Digital Library | www.panjabdigilib.org

'ਸ਼ਬਦ ਸਕਤਜ' ਵਾ 'ਸ਼ਬਦ ਸਕਤਜੁਦਭਵ ਬਸਤੁ ਰੂਪ ਧੁਨੀ' ਕਹਿੰਦੇ ਹਨ।

[ਅ. ਸ਼ਬਦ ਸਕਤਜ ਧੁਨੀ ਦਾ ਦ੍ਰਿੜ੍ਹ ਸਰੂਪ]

ਸਬਦ ਫੇਰਕੈ ਦੀਜੀਐ ਵਾ ਕੀਜੈ ਖਰਜਾਜ। ਇਸ਼ਟ ਅਰਥ ਨਿਕਰੈ ਨਹੀਂ ਸਬਦ ਸਕ੍ਰਤਜ ਸੁ ਕਹਾਇ।

ਜਿੱਥੇ ਧੁਨੀ ਵਾਲੇ ਸ਼ਬਦ ਨੂੰ ਫੇਰ ਕੇ (ਸ਼ਲੇਖ ਕਰਕੇ) ਪ੍ਰਯਾਜ (ਅਰਥ) ਕਰੀਏ ਤਾਂ ਪ੍ਰਯੋਜਨੀਯ ਅਰਥ ਨਾ ਨਿਕਲੇਗਾ ਤੇ ਧੁਨੀ ਵੀ ਨਹੀਂ ਨਿਕਲੇਗੀ, ਅਥਵਾ ਇਉਂ ਸਮਝੋ ਕਿ ਪ੍ਰਯੋਜਨੀਯ ਅਰਥ ਲਈ ਜੋ ਸ਼ਬਦ ਰੱਖਿਆ ਹੋਇਆ ਹੋਵੇ, ਉਸ ਸ਼ਬਦ ਦਾ ਦੂਜਾ ਅਰਥ ਕੀਤਿਆਂ ਓਹ ਪ੍ਰਯੋਜਨੀਯ ਅਰਥ ਦੂਰ ਹੋ ਜਾਵੇ ਤਾਂ ਧੁਨੀ ਕਿੱਥੋਂ ਨਿਕਲੇਗੀ ? ਇਸ ਲਈ ਚੇਤੇ ਰੱਖਣ ਵਾਲੀ ਗੱਲ ਹੈ ਕਿ ਕਵੀ ਲੋਗ ਜਿੱਥੇ ਸ਼ਬਦ ਨੂੰ ਧੁਨੀ ਦੇ ਪ੍ਰਯੋਜਨ ਲਈ ਰੱਖਦੇ ਹਨ, ਉਹ ਸ਼ਬਦ ਉਥੇ ਓਹੋ ਪ੍ਰਯੋਜਨੀਯ ਅਰਥ ਦਾ ਸਾਧਕ ਹੁੰਦਾ ਹੈ, ਜੇ ਕਦੀ ਉਸ ਸ਼ਬਦ ਦਾ ਦੂਜਾ ਅਰਥ ਵਰਤਿਆ ਜਾਵੇ ਤਾਂ ਉਹ ਪ੍ਰਯੋਜਨੀਯ ਧੁਨੀ ਨਹੀਂ ਨਿਕਲੇਗੀ। ਏਹੋ ਸਰੂਪ ਸ਼ਬਦ ਸ਼ਕਤੀ ਦਾ ਹੈ, ਏਹੋ ਹੀ ਇਸ ਦੀ ਧੁਨੀ ਦਾ ਹੈ। ਜੇਹਾ ਕੁ–

'ਗਾਵੈ ਕੋ ਦਾਤਿ ਜਾਣੈ ਨੀਸਾਣੁ।'

ਜੇਕਰ ਨੀਸਾਣ ਸ਼ਬਦ ਦਾ 'ਪ੍ਰਗਟ' ਅਰਥ ਨਾ ਕਰੀਏ ਤੇ ਨੀਸਾਣ ਦਾ ਅਰਥ ਝੰਡਾ ਕਰੀਏ ਤਾਂ ਪ੍ਰਯੋਜਨੀਯ ਅਰਥ ਨਾ ਸਿੱਧ ਹੋਇਆ ਅਤੇ ਨਾ ਹੀ ਧੁਨੀ ਪਰਮੇਸ਼ੁਰ ਅਤੇ ਪਰਮੇਸ਼ੁਰ ਦੀ ਦਾਤ ਦੀ ਵਡਿਆਈ ਵਾਲੀ ਸਿੱਧ ਹੋਈ, ਇਸ ਲਈ ਸ਼ਬਦ ਸ਼ਕਤੀ ਨੂੰ ਹੀ ਏਥੇ ਮੁਖ ਮੰਨਿਆਂ ਹੈ।

ਪੁਨ:–ਮਨ ਪਾਪ ਕਰਤ ਤੂ ਸਦਾ ਸੰਗੁ ॥

[ਬਸੰਤ ਮ: ਪ

'ਸੰਗ' ਪਦ ਸ਼ਲੇਖ ਵਾਚਕ ਹੈ। ਇਕ ਅਰਥ ਇਸ ਦਾ 'ਨਾਲ' (ਸਾਥ) ਹੈ, ਦੂਜਾ ਅਰਥ 'ਸ਼ੰਕਾ' ਹੈ। ਜੇਕਰ ਏਥੇ 'ਨਾਲ' ਅਰਥ ਕਰੀਏ ਤਾਂ ਉਪਦੇਸ਼ ਵਾਲੀ ਧੁਨੀ ਵੀ ਨਹੀਂ ਨਿਕਲੇਗੀ, ਕਿਉਂਕਿ ਪ੍ਰਯਾਜ ਦੇ ਫਿਰਨੇ ਕਰਕੇ ਪ੍ਰਯੋਜਨੀਯ ਧੁਨੀ ਨਹੀਂ ਨਿਕਲੇਗੀ।ਜੇਕਰ ਇਸਦਾਪ੍ਰਯੋਜਨੀਯ ਅਰਥ'ਸ਼ੰਕਾ ਕਰ'ਕਰੀਏ ਤਾਂ ਧੁਨੀਵੀ ਸਪਸ਼ਟਨਿਕਲੇਗੀ, ਜੋਪ੍ਰੱਤਖ ਪਹਿਲੀ ਤੁਕ ਵਿਚ ਵਿਦਮਾਨ ਹੈ

'ਹਰਿ ਕੀਰਤਨ ਰਸ ਭੋਗ ਰੰਗੁ।'

[ਬਸੰਤ ਮ: ਪ

ਹਰੀ ਦਾ ਕੀਰਤਨ ਹੀ ਰਸ ਹੈ ਅਤੇ ਰੰਗ (ਪ੍ਰੇਮ ਹੀ) ਭੋਗ ਬਿਲਾਸ ਹੈ। ਇਸ ਕਾਰਨ ਤੇ ਹੈ ਮਨ ! ਪਾਪ ਕਰਮ ਕਰਦਾ ਹੋਇਆ ਸਦਾ ਹੀ ਸੰਗ ਦਾ ਰਹੁ। ਧੁਨੀ–ਪਾਪ ਕਰਮ ਕਦੀ ਨਾ ਕਰ, ਪਰੰਤੂ ਹਰੀ ਕੀਰਤਨ ਕਰ।

[ਏ. ਸ਼ਬਦ ਸ਼ਕਤਜ ਬਸਤੁ ਰੂਪ ਧੁਨੀ]

ਸਬਦ ਸਕਤ ਤੇ ਬਜਕਤ ਜਹਿੰ ਹੋਤ ਸੁ ਬਸਤੁ ਲੰਕਾਰ।

ਜਿੱਥੇ ਸ਼ਬਦ ਦੀ ਸ਼ਕਤੀ ਕਰਕੇ ਬਸਤੁ ਤੋਂ ਧੁਨੀ ਪ੍ਰਗਟੇ ਅਤੇ ਅਲੰਕਾਰ ਕੋਈ ਨਾ ਹੋਵੇ, ਅਥਵਾ ਅਲੰਕਾਰ ਪ੍ਰਧਾਨ ਨਾ ਹੋਵੇ, ਧੁਨੀ ਵਾ ਬਯੰਗ ਬਸਤੁ ਤੋਂ ਪ੍ਰਗਟ ਹੁੰਦਾ ਹੋਵੇ, ਓਥੇ 'ਸ਼ਬਦ ਸ਼ਕਤਜ ਬਸਤੁ ਰੂਪ ਧੁਨੀ' ਕਹਿੰਦੇ ਹਨ। ਜੇਹਾਕੁ:–

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲ ॥ ੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ਊਹਾਂ ਖੈਰਿ ਸਦਾ ਮੇਰੇ ਭਾਈ ॥ ੧॥ਰਹਾਉ ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ਦੋਮ ਨ ਸੇਮ ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ

Digitized by Panjab Digital Library | www.panjabdigilib.org

ਬਸਹਿ ਮਾਮੂਗ॥੨॥ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਿਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੋ ਮੀਤੁ ਹਮਾਰਾ ॥੩॥੨॥ [ਗਉੜੀ ਰਵਿਦਾਸ ਜੀ

ਨਿਰਵਿਕਲਪ ਸਮਾਧੀ (ਸਹਜ ਅਵਸਥਾ) ਸ਼ਹਿਰ ਅਸਥਾਨ ਦਾ ਨਾਮ ਹੈ, ਦੁੱਖ ਅਤੇ ਚਿੰਤਾ ਕੋਈ ਨਹੀਂ। ਹੁਣ ਮੈਂ ਆਪਣਾ ਵਤਨ (ਦੇਸ)ਚੰਗੀ ਤਰਹ ਮੱਲ ਲਿਆ ਹੈ, ਉਥੇ ਸੁਖ ਵਰਤਦੀ ਹੈ ਹਰ ਵੇਲੇ, ਹੇ ਭਾਈ! ਓਥੋਂ ਦੀ ਪਾਤਸ਼ਾਹੀ ਸਦਾ ਲਈ ਅਟੱਲ ਹੈ। ਦੂਸਰੇ ਤੀਸਰੇ ਦਰਜੇ ਤੋਂ ਰਹਿਤ ਹੈ, ਸਦਾ ਇਕ ਰਸ ਰਹਿੰਦੀ ਹੈ, ਓਸ ਬੇਗਮ ਪੁਰੇ ਦਾ ਤਿਵੇਂ ਤਿਵੇਂ ਸੈਲ ਵਧੇਰਾ ਵਧੇਰਾ ਕਰੀਦਾ ਹੈ ਜਿਵੇਂ ਜਿਵੇਂ ਉਸ ਮਾਲਕ ਨੂੰ ਭਾਉਂਦਿਆਂ ਜਾਈਦਾ ਹੈ। ਜਦੋਂ ਵਾਕਫ ਹੋ ਜਾਂਦਾ ਹੈ ਮਹਲ (ਸਰੂਪ) ਦਾ, ਤਦੋਂ ਕੋਈ ਅਟਕਾਉ ਨਹੀਂ ਹੁੰਦਾ। ਕਹਿੰਦਾ ਹੈ ਰਵਿਦਾਸ ਖਲੂਸ (ਖਾਲਸਾ) ਚਮਾਰ, ਜੋ ਸਾਡੇ ਸ਼ਹਿਰ ਦਾ ਵਸਨੀਕ ਹੈ, ਓਹੋ ਸਾਡਾ ਮਿੱਤ੍ਰ ਹੈ।

ਏਥੇ ਬੇਗਮ ਪੁਰਾ ਸ਼ਬਦ ਵਸਤੁ ਸੂਚਕ ਹੈ, ਭਾਵੇਂ ਇਸ ਸ਼ਬਦ ਵਿਚ ਦੁੱਖ, ਖੌਰ, ਵਤਨ, ਪਾਤਸ਼ਾਹੀ ਆਦਿਕ ਵਸਤਾਂ ਬਾਹਲੀਆਂ ਹਨ, ਪਰੰਤੂ ਧੁਨੀ ਦੇ ਪ੍ਰਗਟ ਕਰਨ ਵਾਲੀ ਵਸਤ ਬੇਗਮ ਪੁਰਾ ਹੈ। ਧੁਨੀ—ਇਸ ਵਿਚ ਸਹਿਜ ਅਵਸਥਾ ਜੀਵਨ ਮੁਕਤ ਅਵਸਥਾ ਹੈ, ਜਿਸ ਦਾ ਸਰੂਪ ਸਾਰੇ ਸ਼ਬਦ ਵਿਚ ਵਿਦਮਾਨ ਹੈ।

ਜੇਕਰ ਇਸ ਬੇਗਮ ਪੁਰੇ ਸ਼ਬਦ ਨੂੰ ਫੇਰੀਏ, ਅਰਥਾਤ ਸ਼ਲੇਖ ਕਰੀਏ ਅਤੇ ਪ੍ਰਯਾਯ ਦੇਈਏ (ਅਰਥ ਕਰੀਏ) ਤਾਂ 'ਰਾਣੀ ਪੁਰਾ' ਅਰਥ ਠਹਿਰੇਗਾ। ਇਹ ਅਰਥ ਨਿਰਵਿਕਲਪ ਸਮਾਧੀ ਜਾਂ ਸਹਜ ਅਵਸਥਾ ਧੁਨੀ ਪ੍ਰਤਿਪਾਦਕ ਨਹੀਂ ਹੋ ਸਕਦਾ*, ਇਸ ਇਸ ਨੂੰ 'ਸ਼ਬਦ ਸ਼ਕਤਜ ਬਸਤ ਰੂਪ ਧੁਨੀ' ਕਹਿੰਦੇ ਹਨ।

ਵਿਸ਼ੇਸ਼ ਸੂਚਨਾ—ਜਦ ਇਹ ਧੁਨੀ ਕਿਸੇ ਇਕ ਪਦ ਵਿੱਚੋਂ ਨਿਕਲੇ ਤਦ ਉਸ ਨੂੰ ਪਦ ਗਤ ਕਹਿੰਦੇ ਹਨ, ਜੇਕਰ ਕਿਸੇ ਦੇ ਵਾਕ ਵਿੱਚੋਂ ਧੁਨੀ ਨਿਕਲੇ ਤਾਂ ਇਸੇ ਨੂੰ ਵਾਕ ਗਤ ਕਰਕੇ ਕਹਿੰਦੇ ਹਨ।

ਬਸਤੁ ਦਾ ਸਰੂਪ† :—

ਅਲੰਕਾਰ ਤੇ ਭਿੰਨ ਜੋ ਬਸਤ ਤਾਹ ਕੋ ਜੋਇ।

'ਬਸਤੁ' ਵੀ ਇਕ ਅਲੰਕਾਰ ਜੇਹੀ ਵਸਤੁ ਹੈ, ਜੋ ਅਲੰਕਾਰ ਵਾਕਰ ਹੀ ਚਮਤਕਾਰ ਦਿਖਾਉਂਦੀ ਹੈ, ਪਰੰਤੂ ਅਲੰਕਾਰ ਨਾਲੋਂ ਵੱਖਰੀ ਵਸਤੁ ਹੈ, ਅਲੰਕਾਰ ਇਕ ਪ੍ਰਸਿੱਧ ਤੇ ਵਰਤਮਾਨ ਅਨੇਕਾਂ ਭੇਦਾਂ ਪ੍ਰਭੇਦਾਂ ਵਿਚ ਵਿਦਮਾਨ ਬਾਣੀ ਦਾ ਗਹਿਣਾ ਕੰਨਾਂ ਅਤੇ ਮਨ ਨੂੰ ਮੋਹਤ ਕਰਨ ਵਾਲਾ ਹੈ। ਭਾਵੇਂ ਬਸਤੁ ਭੀ ਇੱਕੁਰ ਹੀ ਹੈ, ਪਰੰਤੂ ਬਾਹਲੀ ਵਰਤਮਾਨ ਨਹੀਂ, ਏਥੇ ਹੀ ਬਾਰਾਂ ਭੇਦਾਂ ਵਿਚ ਬਾਹਲੀ ਵਿਦਮਾਨ ਹੈ। ਭਾਵੇਂ ਹਰ ਇਕ ਥਾਂ ਵਰਤੀ ਹੋਈ ਹੈ, ਪਰੰਤੂ ਅਪ੍ਰਛਿੰਨ ਰੂਪ ਵਿਚ ਰਹਿੰਦੀ ਹੈ, ਬਹੁਤ ਉੱਘਾ ਕਥਨ ਅਤੇ ਬਜਕਤੀ ਭੇਦ ਵਿਚ ਨਹੀਂ ਵਰਤੀਂਦੀ।

---

*ਬੇਗਮ ਰਾਣੀ ਨੂੰ ਆਖਦੇ ਹਨ, ਕਿਉਂਕਿ ਗੁਰਬਾਣੀ ਵਿਚ ਇਹ ਪਦ 'ਬੇਗਮ' ਕਰਕੇ ਨਹੀਂ ਲਿਖਿਆ ਹੋਇਆ।

†ਵਸਤੁ ਕੀ ਹੈ? ਅਲੰਕਾਰ ਜੇਹੀ ਇਕ ਵਸਤੁ ਹੈ ਜੋ ਅਲੰਕਾਰ ਵਾਕਰ ਹੀ ਚਮਤਕਾਰ ਦਿਖਾਉਂਦੀ ਹੈ, ਪਰੰਤੂ ਅਲੰਕਾਰ ਨਾਲੋਂ ਬਿਲਕੁਲ ਵੱਖਰੀ ਹੁੰਦੀ ਹੈ, ਦੂਸਰੇ ਅਲੰਕਾਰ ਦੇ ਭੇਦ ਅਨੇਕ ਵਰਣਨ ਵਿਚ ਆਉਂਦੇ ਹਨ, ਪਰੰਤੂ ਬਸਤੁ ਦੇ ਭੇਦ ਬਾਹਲੇ ਵਰਤਮਾਨ ਵਿਚ ਨਹੀਂ ਹਨ।

Digitized by Panjab Digital Library | www.panjabdigilib.org

[ਸ. ਸ਼ਬਦ ਸ਼ਕਤਜ ਅਲੰਕਾਰ ਰੂਪ ਧੁਨਿ]

ਸ਼ਬਦ ਹੋਇ ਲੰਕਾਰ ਜਹਿੰ ਸੋ ਹੋਵੇ ਧੁਨਿ ਰੂਪ।
ਸ਼ਬਦ ਸ਼ਕਤਿ ਲੰਕਾਰ ਤਿਹ ਭਾਖਤ ਹੈ ਕਵਿ ਭੂਪ।

ਜਿੱਥੇ ਸ਼ਬਦ ਵਿਚੋਂ ਅਲੰਕਾਰ ਦਾ ਰੂਪ ਨਿਕਲੇ ਅਤੇ ਓਹੋ ਅਲੰਕਾਰ ਹੀ ਧੁਨਿ ਦਾ ਸਰੂਪ ਹੋਵੇ ਉਥੇ ਕਵਿਰਾਜ ਲੋਗ 'ਸ਼ਬਦ ਸ਼ਕਤਜ ਲੰਕਾਰ ਰੂਪ ਧੁਨੀ' ਕਹਿੰਦੇ ਹਨ।

ਸਿਆਮਲੰ ਮਧੁਰ ਮਾਨੁਖੰ ਰਿਦਯੰ ਭੂਮਿ ਵੈਰਨਹ॥
ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤਸ੍ਜਨਹ॥
[ਸਲੋਕ ਸਹਸ: ਮ: ੫

ਪਹਿਲਾ ਅਰਥ—ਸੁੰਦਰ ਮਿਠ ਬੋਲਾ ਮਾਨੁਖ ਜਿਸ ਦੇ ਰਿਦੇ ਰੂਪੀ ਭੂਮੀ ਵਿਚ ਵੈਰ ਦਾ ਬੀਜ ਨਹੀਂ, ਸਦਾ ਨਿਵਿਆਂ ਹੋਇਆ ਹੈ ਅਤੇ ਹੋਏ(ਜਗਤ)ਨੂੰ ਮਿਥਿਆ (ਨਾਸ਼ਵੰਤ)ਜਾਣਦਾ ਹੈ, ਜੋ ਸੰਤਾਂ ਦਾ ਸੱਜਣ (ਮੇਲੀ ਸੰਤ ਰੂਪ) ਹੈ।

ਦੂਜਾ ਅਰਥ—(ਸਲੋਨਾ) ਸਾਵਲਾ, ਮਧਰਾ ਮਨੁਖ ਰਿਦਾ ਵੈਰ ਭੂਮੀ ਵਾਲਾ ਜਿਸਦਾ ਹੈ, ਨਿਵਣਾ ਉਸਦਾ ਮਿਥਜਾ ਕਪਟ ਦੰਭ ਦਾ ਹੁੰਦਾ ਹੈ, ਖਬਰਦਾਰ ਰਹਿਣਾ (ਉਸਥੋਂ) ਹੇ ਸੰਤ ਸੱਜਣ ਪੁਰਸ਼ੋ!

ਏਥੇ ਸੰਤ ਅਸੰਤ ਦਾ ਵਿਤ੍ਰੇਕ ਹੈ ਇਸ ਤੇ ਵਿਤ੍ਰੇਕਾਲੰਕਾਰ ਤੋਂ ਬਜੰਗ ਹੈ, ਇਹੋ ਬਜੰਗ ਚਮਿਤਕ੍ਰਿਤ ਧੁਨੀ ਹੈ ਕਿ ਦੰਭੀਆਂ ਤੋਂ ਬਚੇ ਰਹਿਣਾ ਅਤੇ ਸੰਤਾਂ ਦੀ ਸ਼ਰਣ ਲੈਣੀ। ਦੰਭੀਆਂ ਦੇ ਭੁਲੇਖੇ ਸੰਤਾਂ ਦਾ ਨਿਰਾਦਰ ਨਾ ਕਰ ਬੈਠਣਾ ਅਤੇ ਦੰਭੀਆਂ ਤੋਂ ਘਰ ਨਾ ਲੁਟਾ ਬੈਠਣਾ, ਆਦਿਕ। ਪਹਿਲੇ ਅਰਥ ਵਿਚ ਅਲੰਕਾਰ ਨਹੀਂ, ਨਾ ਉਹ ਧੁਨੀ ਵਾਲਾ ਹੈ।

ਵਿਸ਼ੇਸ਼ ਸੂਚਨਾ—ਜਦ ਇਹ ਧੁਨੀ ਕਿਸੇ ਇਕ ਪਦ ਵਿਚੋਂ ਨਿਕਲੇ ਤਾਂ ਇਸੇ ਨੂੰ 'ਪਦ ਗਤ' ਕਹਿੰਦੇ ਹਨ।

ਜਦ ਇਹ ਧੁਨੀ ਕਿਸੇ ਵਾਕ ਵਿਚੋਂ ਨਿਕਲੇ ਤਾਂ ਇਸੇ ਨੂੰ 'ਵਾਕ ਗਤ' ਕਹਿੰਦੇ ਹਨ।

੭੦. ਦੂਜੀ 'ਅਰਥ ਸ਼ਕਤ ਉਦਭਵ ਧੁਨੀ' ਦੇ ਭੇਦ ਪ੍ਰਭੇਦ।

ਅਰਥ ਸ਼ਕਤਜ ਦਾ ਲੱਛਣ:—

ਕੀਨੇ ਹੂੰ ਪਟਜਾਯ ਕੇ ਰਹੈ ਦਜੰਗ ਕੇ ਅਰਥ।
ਅਰਥ ਸਕਤਜ ਸੁ ਜਾਨੀਐ ਬਰਨਤ ਸੁਕਵਿ ਸਮਰਥ।

ਜਿੱਥੇ ਪ੍ਰਯਾਜ ਦੇ ਦਿੱਤਿਆਂ ਬਜੰਗ ਵਾਲਾ ਅਰਥ ਬਣਿਆਂ ਰਹੇ ਉਥੇ ਅਰਥ ਸ਼ਕਤਜ ਸਿਆਣੇ ਸਮਰਥਨ ਕਰਦੇ ਹਨ। ਜੀਕੁਰ ਕੋਈ ਕਹੇ ਇਹ ਮੀਂਹ ਭਾਂ ਪਰਲੋ ਕਰਨ ਲੱਗਾ ਹੈ, ਏਥੇ ਪਰਲੋ ਦਾ ਅਰਥ ਚੌੜ ਕਰਨ ਲੱਗਾ ਹੈ। ਜੇ ਕਦੀ ਪਰਲੋ ਦਾ ਪ੍ਰਯਾਜ (ਦੂਜਾ ਅਰਥ) ਨਾਸ਼ ਕਰਨ ਲੱਗਾ ਹੈ ਕਰੀਏ ਤਦ ਭੀ ਓਹੋ ਪ੍ਰਯੋਜਨੀਯ ਅਰਥ ਹੀ ਬਰਾਬਰ ਬਣਿਆਂ ਰਹੇਗਾ।

ਅਰਥ ਸ਼ਕਤ ਤੇ ਹੋਤ ਹੈ ਬਾਰਹ ਬਿਧ ਧੁਨਿ ਮਾਨ।
ਬਸਤ ਅਲੰਕ੍ਰਿਤ ਚਾਰ ਬਿਧ ਸੁਤਹ ਸੰਭਵੀ ਜਾਨ।

ਅਰਥ ਸ਼ਕਤੀ ਕਰਕੇ ਬਾਰਾਂ ਤਰ੍ਹਾਂ ਦੀ ਧੁਨਿ ਪ੍ਰਗਟ ਹੁੰਦੀ ਹੈ। ਪਹਿਲੇ ਸੁਤਹ ਸੰਭਵੀ* ਬਸਤੁ ਤੇ ਅਲੰਕਾਰ ਚਾਰ ਪ੍ਰਕਾਰ ਦੀ ਧੁਨੀ ਹੁੰਦੀ ਹੈ, ਇੱਕੁਰ ਹੀ:—

ਕਵਿ ਪ੍ਰੌਢੋਕਤਿ ਸੁ ਸਿੱਧ ਤੇ ਤਾਕੇ ਚਾਰ ਪ੍ਰਕਾਰ।
ਕਵਿ ਨਿਬਧ ਤੇ ਚਾਰ ਜੇ ਬਾਰਹ ਏਂਦ ਉਦਾਰ।

ਕਵਿ ਪ੍ਰੌਢੋਕਤਿ ਸਿੱਧ ਤੇ ਚਾਰ ਪ੍ਰਕਾਰ ਦੀ ਧੁਨੀ ਹੈ, ਇਸੇ ਤਰ੍ਹਾਂ ਕਵਿ ਨਿਬਧ ਪ੍ਰੌਢੋਕਤੀ ਤੇ ਭੀ ਚਾਰ ਪ੍ਰਕਾਰ ਦੀ ਧੁਨੀ ਹੁੰਦੀ ਹੈ, ਇਹ ਤਿੰਨ ਚੌਕੇ ਮਿਲਕੇ ੧੨ ਭੇਦ ਹੋ ਜਾਂਦੇ ਹਨ:—

---

*ਜਗਤ ਪ੍ਰਸਿਧ ਅਰਥ ਨੂੰ ਵਰਣਨ ਕਰਨਾ ਇਹ ਸੁਤਹ ਸੰਭਵੀ ਹੈ, ਇਸ ਵਿਚ ਵਸਤੁ ਜਾਂ ਅਲੰਕਾਰ ਹੋਣਾ ਇਹ ਧੁਨੀ ਰੂਪ ਹੈ।

Digitized by Panjab Digital Library | www.panjabdigilib.org

ਅਲੰਕਾਰ ਤੇ ਵਸਤ ਰੂਪ ਧੁਨੀ।
੧੨. ਚੌਥਾ ਸਰੂਪ– ਅਰਥ ਸ਼ਕਤਜ 'ਕਵਿ ਨਿਬੱਧ ਬਕਤਾ ਪੈ੍ਹਢੋਕਤੀ' ਅਲੰਕਾਰ ਤੇ ਅਲੰਕਾਰ ਰੂਪ ਧੁਨੀ।

੭੧. ਇਨ੍ਹਾਂ ਬਾਰਾਂ ਧੁਨੀਆਂ ਦਾ ਵਰਣਨ ਕ੍ਰਮ ਅਨੁਸਾਰ।

[੭. ਸੁਤਹ ਸੰਭਵੀ]

ਜਗਤ ਪ੍ਰਸਿਧ ਜੁ ਅਰਥ ਤੈ ਉਚਿਤ ਅਰਥ ਬਜੰਗ ਹੋਇ। ਵਾਹੀ ਅਰਥਹ ਕੋ ਕਹੈ ਸੁਤਹ ਸੰਭਵੀ ਸੋਇ।

ਜਿੱਥੇ ਜਗਤ ਪ੍ਰਸਿਧ ਅਰਥ ਦਾ ਵਰਣਨ ਕਰਨਾ ਅਰਥਾਤ ਸਾਦਾ ਅਰਥ ਕਰਨਾ, ਇਸ ਅਰਥ ਨੂੰ ਸੁਤਹ ਸੰਭਵੀ ਕਹਿੰਦੇ ਹਨ, ਇਸ ਅਰਥ ਵਿਚ ਵਸਤੁ ਅਤੇ ਬਜੰਗ ਅਲੰਕਾਰ ਨਿਕਲਣ ਉਸ ਨੂੰ ਧੁਨੀ ਕਹਿੰਦੇ ਹਨ।

੧. [ਅਰਥ ਸ਼ਕਤਜ ਸੁਤਹ ਸੰਭਵੀ ਬਸਤ ਤੇ ਬਸਤ ਰੂਪ ਧੁਨਿ]।

ਅਰਥ ਸਕਤ ਕਰ ਬਸਤ ਤੇ ਬਸਤੁ ਰੂਪ ਧੁਨ ਹੋਇ। ਸੁਤਹ ਸੰਭਵੀ ਹੋਇ ਵਹ ਅਰਥ ਸਤ੍ਰਤ ਕਹ ਸੋਇ।

ਅਰਥ ਦੀ ਸ਼ਕਤੀ ਕਰਕੇ ਬਸਤੁ ਵਿਚੋਂ ਬਸਤ ਰੂਪ ਧੁਨਿ ਨਿਕਲੇ, ਪਰੰਤੂ ਹੋਵੇ (ਸੁਤਹ ਸੰਭਵੀ ਜਗਤ ਪ੍ਰਸਿੱਧ ਅਰਥ) ਤਾਂ ਉਥੇ ਅਰਥ ਸ਼ਕਤਜ ਸੁਤਹ ਸੰਭਵੀ ਬਸਤੁ ਤੇ ਬਸਤੁ ਰੂਪ ਧੁਨਿ ਕਹਿੰਦੇ ਹਨ ਯਥਾ–

ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ॥ ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ।

[ਮਲਾਰ ਵਾਰ ਮਃ ੩

ਸਾਵਣ ਦੇ ਮਹੀਨੇ ਗੁਣਾਂ ਤੋਂ ਬਾਹਰੀ (ਨਿਰਗੁਣੀ) ਸੜਦੀ ਹੈ, ਜਿਸਦਾ ਦੂਜੇ (ਦ੍ਵੈਤ) ਨਾਲ ਪਿਆਰ ਹੈ। ਕਹਿੰਦੇ ਹਨ ਗੁਰੂ ਨਾਨਕ ਸਾਹਿਬ ਜੋ ਪਿਰ ਦੀ ਸਾਰ (ਸੋਝੀ) ਨਹੀਂ

Digitized by Panjab Digital Library | www.panjabdigilib.org

ਜਾਣਦੀ ਉਸਦਾ ਸ਼ਿੰਗਾਰ ਖੁਆਰੀ ਰੂਪ ਹੈ।

ਪੁਰਖ ਇਸਤ੍ਰੀ ਦਾ ਹੋਣਾ ਸੁਤਹ ਸੰਭਵੀ ਹੈ, ਪਿਰ ਦੀ ਸਾਰ ਨਾ ਜਾਣਨੇ ਤੇ ਬਸਤੁ ਰੂਪ ਹੈ। ਧੁਨੀ–ਜਿਨ੍ਹਾਂ ਦੇ ਦ੍ਰਿਸ਼ਯਾਂ ਨਾਲ ਪਿਆਰ ਹਨ ਉਹ ਔਗੁਣਹਾਰੇ ਲੋਕ ਪਰਮੇਸ਼ਰ ਦੀ ਸੋਝੀ ਨਹੀਂ ਜਾਣਦੇ, ਉਨ੍ਹਾਂ ਦੇ ਸੁਕਰਮ ਕੀਤੇ ਵੀ ਖੁਆਰ ਹਨ, ਅਥਵਾ ਜੋ ਪਤਿ-ਬ੍ਰਤਾ (ਜਗਜਾਸੂ) ਪਤੀ ਆਗ੍ਯਾ ਵਿਚ ਵਰਤਦੀਆਂ ਹਨ ਉਨ੍ਹਾਂ ਦੇ ਸ਼ਿੰਗਾਰ ਸਫਲ ਹਨ, ਹੋਰਥੇ ਵੀ ਇਤ੍ਯਾਦਿਕ ਜਾਣ ਲੈਣਾ।

ਜੇਹਾ ਪਿਰ ਦੀ ਸਾਰ 'ਬਸਤ' ਹੈ ਤੇਹਾ ਸ਼ਿੰਗਾਰ ਖੁਆਰ 'ਬਸਤੁ ਰੂਪ' ਹਨ।

੨.[ਅਰਥ ਸ਼ਕਤਜ ਸੁਤਹ ਸੰਭਵੀ ਬਸਤੁ ਤੇ ਅਲੰਕਾਰ ਰੂਪ ਧੁਨੀ]।

ਅਲੰਕਾਰ ਧੁਨ ਰੂਪ ਹੈ ਬਸਤੂ ਤੇ ਪ੍ਰਗਟਾਇ।

ਜਿੱਥੇ ਵਸਤੁ ਤੋਂ ਅਲੰਕਾਰ ਨਿਕਲੇ ਅਤੇ ਓਹੋ ਅਲੰਕਾਰ ਧੁਨਿ ਰੂਪ ਹੋਵੇ, ਓਥੇ ਸੁਤਹ ਸੰਭਵੀ ਬਸਤੁ ਤੇ ਅਲੰਕਾਰ ਰੂਪ ਧੁਨੀ ਕਹੀਦੀ ਹੈ। ਜਿਹਾ ਕੁ:–

ਤੈ ਲੋਭ ਕ੍ਰੋਧੁ ਤ੍ਰਿਸਨਾ ਤਜੀ ਸੁਮਤਿ ਜਲ੍ ਜਾਣੀ ਜੁਗਤਿ ॥ ਹੁਣ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥

[ਸਵਃ ਮਃ ੩ ਕੇ

ਹੇ ਸਤਿਗੁਰੂ ਅਮਰਦਾਸ ਜੀ ! ਜੋ ਤੈਨੇ ਲੋਭ, ਮੋਹ, ਤ੍ਰਿਸ਼ਨਾ ਤਿਆਗੀ ਹੈ, ਸੁਮਤੀ ਕਰਕੇ ਮੈਂ 'ਜਲਜ' ਨੇ ਜੁਗਤ ਜਾਣੀ ਹੈ ਕਿ ਭਗਤ (ਸੇਵਕ) ਕਹਿੰਦਾ ਹੈ ਤੇਰਾ ਦਰਸ਼ਨ ਕਰਕੇ ਮੁਕਤੀ ਪਾਵਾਂਗਾ। ਇਹ ਬਸਤੁ ਹੈ। ਧੁਨੀ–ਹੋਰ ਮਤਾਂ ਵਿਚ ਅਨੇਕ ਵਿਧਿ ਨਿਖੇਧਿ ਆਦਿਕ ਕਰਮਾਂ ਕਰਕੇ ਮੁਕਤੀ ਹੋਈਦਾ ਹੈ, ਪਰੰਤੂ ਆਪ ਦੇ ਦਰਬਾਰ ਵਿਚ ਤੇਰੇ ਦਰਸ਼ਨ ਮਾਤ੍ਰ ਤੇ ਹੀ ਮੁਕਤਿ ਰੂਪ ਹੋਈਦਾ ਹੈ, ਇਹ ਵਿਤ੍ਰੇਕਾਲੰਕਾਰ ਰੂਪ ਧੁਨੀ ਹੈ।

੩. [ਅਥ ਅਰਥ ਸਕਤਜ ਸੁਤਹ ਸੰਭਵੀ ਅਲੰਕਾਰ ਤੇ ਬਸਤੁ ਰੂਪ ਧੁਨੀ]।

ਅਲੰਕਾਰ ਤੇ ਬਸਤ ਪੁਨ ਧੁਨੀ ਰੂਪ ਹ੍ਵੈ ਜਾਇ।

ਅਲੰਕਾਰ ਤੋਂ ਬਸਤੁ ਹੋਵੇ ਓਹੋ ਬਸਤੁ ਧੁਨੀ ਰੂਪ ਹੋ ਜਾਵੇ। ਏਥੇ ਅਲੰਕਾਰ ਤੋਂ ਬਸਤ ਰੂਪ ਧੁਨੀ ਪ੍ਰਗਟ ਹੁਦੀ ਹੈ। ਜੇਹਾਕੁ:–

ਹੰਸੁ ਉਡਰਿ ਕੋਧ੍ਰੈ ਪਇਆ ਲੋਕ ਵਿਡਾਰਣਿ ਜਾਇ ॥ ਗਹਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥

[ਸਲੋ: ਫਰੀਦ ਜੀ

ਹੰਸ ਉਡ ਕੇ ਕੋਧਰੇ ਦੇ ਖੇਤ ਵਿਚ ਆ ਪਿਆ, ਲੋਕੀਂ ਉਸਨੂੰ ਹਟਾਉਣ ਗਏ। ਫਰੀਦ ਜੀ ਕਹਿੰਦੇ ਹਨ ਮੂਰਖ ਲੋਕੀਂ ਨਹੀਂ ਜਾਣਦੇ ਹਨ ਕਿ ਹੰਸ ਕੋਧਰਾ ਨਹੀਂ ਖਾਂਦਾ।

ਕੋਈ ਅਤੀਤ ਪੁਰਖ ਜਦ ਗ੍ਰਿਹਸਥੀਆਂ ਵਿਚ ਆ ਜਾਵੇ ਤਾਂ ਤਿਸ ਪਰ ਗ੍ਰਿਹਸਥੀ ਦੋਖ ਦ੍ਰਿਸ਼ਟੀ ਰੱਖਦੇ ਹਨ, ਤਿਨ੍ਹਾਂ ਲੋਕਾਂ ਪ੍ਰਤੀ ਫਰੀਦ ਜੀ ਦਾ ਕਥਨ ਹੈ। ਇਹ ਅੰਨਜੋਕਤੀ ਅਲੰਕਾਰ ਹੈ।

ਧੁਨੀ ਇਸ ਵਿਚ ਬਸਤੁ ਰੂਪ ਇਹ ਹੈ ਕਿ ਉਹ ਅਤੀਤ ਪੁਰਖ ਵਿਸ਼ਯਾਸ਼ਕਤ ਨਹੀਂ ਹੁੰਦਾ, ਕਿਉਂਕਿ (ਸਾਧੂ ਰੂਪੀ) ਹੰਸ 'ਨਾਮ' ਮੋਤੀ ਚੁਗਦਾ ਹੈ, ਵਿਸ਼ਯ ਵਾਸ਼ਨਾ ਭਾਵ 'ਕੋਧਰਾ' ਉਸਦਾ ਖਾਣਾ ਨਹੀਂ ਹੈ।

੪.[ਅਰਥ ਸ਼ਕਤਜ ਸੁਤਹ ਸੰਭਵੀ ਅਲੰਕਾਰ ਤੇ ਅਲੰਕਾਰ ਰੂਪ ਧੁਨੀ]।

ਸੁਤਹ ਸੰਭਵੀ ਅਰਥ ਤੇ ਹੈ ਅਲੰਕਾਰ ਸਰੂਪ। ਤਿਹ ਤੇ ਧੁਨਿ ਲੰਕਾਰ ਕੀ ਨਿਕਸੈ ਹਿਤ ਅਨੁਰੂਪ।

ਏਥੇ ਅਲੰਕਾਰ ਵਿਚੋਂ ਹੋਰ ਅਲੰਕਾਰ ਨਿਕਲਕੇ ਧੁਨੀ ਰੂਪ ਹੁੰਦਾ ਹੈ। ਜੇਹਾਕੁ:–

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤੁ ਰਸੁ ਪਾਇਆ ॥ ਬ੍ਰਿਸੀਅਰੁ ਮੰਤ੍ਰਿ ਵਿਸਾਹੀਐ

Digitized by Panjab Digital Library | www.panjabdigilib.org

ਬਹੁ ਦੂਧੁ ਪੀਆਇਆ ॥ ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥

[ਸਾਰੰਗ ਵਾਰ ਮਃ ੪

ਨਿੰਮ ਦੇ ਬ੍ਰਿਛ ਨੂੰ ਬਹੁਤਾ ਮਿੱਠਾ ਰਸ ਪਾਕੇ ਸਿੰਚਿਆ ਜਾਵੇ, ਪਰੰਤੂ ਮਿੱਠੀ ਨਹੀਂ ਹੁੰਦੀ। ਸੱਪ ਨੂੰ ਮੰਤ੍ਰ ਨਾਲ ਕਾਬੂ ਕਰਕੇ ਦੁਧ ਬਹੁਤਾ ਪਿਆਇਆ ਜਾਵੇ, ਪਰੰਤੂ ਉਸਦਾ ਜ਼ਹਿਰ ਨਹੀਂ ਘਟਦਾ। ਇੱਕੁਰ ਹੀ ਮਨਮੁਖ ਕੋਰੇ, ਨਾ ਭਿੱਜਣ ਵਾਲੇ ਨਹੀਂ ਭਿੱਜਦੇ, ਜੀਕੁਰ ਪੱਥਰ ਨ੍ਹਵਾਇਆਂ ਅੰਦਰੋਂ ਸੁੱਕਾ ਹੀ ਰਹਿੰਦਾ ਹੈ। ਇਹ ਦ੍ਰਿਸ਼ਟਾਂਤਾਂ ਦੀ ਬਹੁਲਤਾ ਕਰਕੇ ਦ੍ਰਿਸ਼ਟਾਂਤਾਵਲੀ ਅਲੰਕਾਰ ਹੈ। ਜੀਕੁਰ ਨਿੰਮ ਅਤੇ ਪੱਥਰ ਆਪਣੇ ਗੁਣ ਨਹੀਂ ਤਿਆਗਦੇ ਤਿਵੇਂ ਹੀ ਮਨਮੁਖ ਆਪਣੇ ਗੁਣ ਨੂੰ ਨਹੀਂ ਤਿਆਗਦਾ। ਜੀਕੁਰ ਉਹ ਪਰ ਗੁਣ ਗ੍ਰਹਿਣ ਨਹੀਂ ਕਰਦੇ ਤਿਵੇਂ ਹੀ ਮਨਮੁਖ ਭੀ ਪਰ ਗੁਣ ਗ੍ਰਹਿਣ ਨਹੀਂ ਕਰਦਾ, ਇਹ ਅਤਦ ਗੁਣਾਲੰਕਾਰ ਰੂਪ ਧੁਨੀ ਹੈ।

[ਅ. ਕਵਿ ਪ੍ਰੌਢੋਕ੍ਤੀ]।

ਕਵਿ ਕਲਪਤ ਜੋ ਅਰਥ ਹੈ ਨਹੀਂ ਉਚਿਤ ਕਰ ਜਾਨ। ਕਵਿ ਪ੍ਰੌਢੋਕਤਿ ਸੁ ਸਿਧ ਤਿਹ ਬਰਨਤ ਸੱਭ ਸੁ ਗਯਾਨ।

ਕਿਸੇ ਪਦ ਦਾ ਅਰਥ ਕਵੀ ਨੇ ਆਪ ਤਾਂ ਕਲਪਨਾ ਕੀਤਾ ਹੋਵੇ, ਪਰੰਤੂ ਜਗਤ ਵਰਤਾਰੇ ਵਿਚ ਨਾ ਹੋਵੇ। ਜੀਕੁਰ ਤਿੱਖੀ ਨਜ਼ਰ ਜਗਤ ਵਰਤਾਰੇ ਵਿਚ 'ਅੱਖਾਂ ਨਾਲ ਦੇਖਣਾ' ਹੈ, ਅੱਖਾਂ ਦਾ ਚੁਭਣਾ ਨਹੀਂ ਹੈ, ਪੁਨ: ਦੰਦ ਅਨਾਰ ਦੇ ਦਾਣੇ ਹਨ ਵਾ ਕੁੰਦ ਕਲੀ ਹਨ, ਜਗਤ ਵਰਤਾਰੇ ਵਿਚ ਪ੍ਰਤੱਖ ਦੰਦ ਹੱਡ ਹਨ, ਅਨਾਰ ਦੇ ਦਾਣੇ ਪਾਣੀ (ਰਸ) ਨਾਲ ਭਰੇ ਹੋਏ ਹਨ, ਕੁੰਦ ਫੁਲ ਦੀ ਕਲੀ ਹੈ, ਇਕੁਰ ਹੀ ਕਵਿ ਕਲਪਤ ਵਸਤਾਂ ਕਵਤਾ ਵਿਚ ਅਨੇਕਾਂ ਵਰਤਮਾਨ ਹਨ ਜੋ ਕਵਿਤਾ ਵਿਚ ਕਵੀ ਲੋਕ ਆਪਣੀ ਉਕਤ ਕਰਕੇ ਕਲਪਨਾਂ ਕਰ ਲੈਂਦੇ ਹਨ, ਓਸਨੂੰ 'ਕਵਿ ਪ੍ਰੌਢੋਕਤੀ' ਸਿੱਧ ਕਰਕੇ ਕਹਿੰਦੇ ਹਨ। ਜੇਹਾਕੁ:—

ਸਤਿਗੁਰਸਬਦਿ ਉਜਾਰੋ ਦੀਪਾ॥ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਦ੍ਰਿਸ੍ਟੀ ਅਨੂਪਾ ॥੧॥ [ਬਿਲਾਵਲ ਮ: ਪ

ਏਥੇ ਸ਼ਬਦ ਨੂੰ ਉਜਾਲੇ ਵਾਲਾ ਦੀਵਾ, ਅੰਤਹਕਰਣ ਨੂੰ ਮੰਦਰ, ਅਗ੍ਯਾਨ ਨੂੰ ਅੰਧਕਾਰ, ਸਤ ਸੰਤੋਖ ਆਦਿਕਾਂ ਦੀ ਰਤਨਕੋਠੜੀ ਆਦਿਕ, ਕਵਿ ਕਲਪਤ ਹਨ, ਇੱਕੁਰ ਹੀ ਸਰਬੱਤ੍ਰ ਜਾਣਨੇ, ਇਸਲਈ ਇਸਨੂੰ 'ਕਵਿ ਪ੍ਰੌਢੋਕਤੀ ਸਿੱਧ' ਕਰਕੇ ਕਹਿੰਦੇ ਹਨ।

ਪ. [ਅਰਥ ਸ਼ਕਤਜ ਕਵਿ ਪ੍ਰੌਢੋਕਤੀ ਸਿੱਧ ਬਸਤੁ ਤੇ ਬਸਤੁ ਰੂਪ ਧੁਨੀ।]

ਕਵਿ ਕਲਪਤ ਜਬ ਬਸਤ ਤੇ ਬਸਤ ਧੁਨੀ ਕੋ ਰੂਪ। ਹੋਵੈ ਤਬ ਤਹ ਕਹਤ ਹੈ ਜੇ ਸਾਰੇ ਕਵਿ ਭੂਪ।

ਕਵਿ ਕਲਪਤ ਬਸਤੁ ਤੋਂ ਜਦ ਬਸਤੁ ਧੁਨੀ ਰੂਪ ਹੋ ਜਾਵੇ ਤਦ ਓਥੇ ਕਵਿ ਪ੍ਰੌਢੋਕਤੀ ਸਿੱਧ ਬਸਤ ਤੇ ਬਸਤ ਰੂਪ ਧੁਨੀ ਕਹਿੰਦੇ ਹਨ। ਜੇਹਾਕੁ:—

ਕਮਲ ਨੈਨ ਅੰਜਨ ਸਿਆਮ੍ਹ ਚੰਦ੍ ਬਦਨ ਚਿਤ ਚਾਰ॥ ਮੂਸਨ ਮਰਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥

[ਚਉਬੋਲੇ ਮਃ ਪ

ਕਮਲ ਰੂਪੀ ਨੇਤ੍ਰ, ਅੰਜਨ(ਰੂਪੀ)ਸਿਆਮ (ਸੁੰਦਰ), ਚੰਦ੍ਰਮਾਂ ਰੂਪੀ ਮੁਖ ਚਿੱਤ ਨੂੰ ਸੁੰਦਰ ਲੱਗਣ ਵਾਲਾ। ਕਹਿੰਦੇ ਹਨ ਮੂਸਨ ਜੀ ਉਸ ਭੇਤ ਦੇ ਜਾਣਨੇ ਅਤੇ ਮਰਨ ਹੋਣੇ ਪਰ ਇਹ ਸਰੀਰ ਟੋਟੇ ਟੋਟੇ ਕਰਕੇ ਹਾਰ ਦਿਆਂ।

ਚੰਦ ਬਦਨ, ਕਮਲ ਨੈਨ, ਅੰਜਨ ਸਿਆਮ ਆਦਿਕ ਕਵਿ ਕਲਪਤ ਬਸਤੁ ਹਨ। ਸੁੰਦਰ ਸਰੂਪ ਇਹ ਬਸਤੁ ਬਜੰਗ ਹੈ ਅਥਵਾ ਉਸ

Digitized by Panjab Digital Library | www.panjabdigilib.org

ਭੇਦ ਦੀ ਪ੍ਰਾਪਤੀ ਅਤੀ ਅਸ਼ਕਤਤਾ ਆਨੰਦ ਰੂਪ ਧੁਨੀ ਹੈ।

੬.[ਕਵਿ ਪ੍ਰੌਢੋਕਤੀ ਸਿੱਧ ਬਸਤੁ ਤੇ ਅਲੰਕਾਰ ਰੂਪ ਧੁਨੀ]

ਕਵਿ ਕਲਪਤ ਬਸਤੂਨ ਤੇ ਅਲੰਕਾਰ ਧੁਨਿ ਰੂਪ।
ਜਹਿੰ ਹੋਵੇ ਤਹਿੰ ਜਾਨੀਐ ਕਵਿ ਪ੍ਰੌਢੋਕਤ ਸਰੂਪ।

ਜਿੱਥੇ ਕਵਿ ਕਲਪਤ ਬਸਤੂ ਤੋਂ ਅਲੰਕਾਰ ਨਿਕਲੇ ਅਤੇ ਓਹੋ ਅਲੰਕਾਰ ਧੁਨੀ ਦਾ ਸਰੂਪ ਹੋ ਜਾਵੇ, ਓਥੇ ਕਵਿ ਪ੍ਰੌਢੋਕਤੀ ਸਿਧ ਬਸਤੁ ਅਲੰਕਾਰ ਰੂਪ ਧੁਨੀ ਕਹਿੰਦੇ ਹਨ।ਜੇਹਾ:-

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ਊਚੜਿ ਚੜਿ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥

[ਸਲੋ: ਫਰੀ: ਜੀ

ਮੈਂ ਤਾਂ ਜਾਤਾ ਸੀ ਕਿ ਦੁਖ ਮੇਨੂੰ ਹੀ ਹੈ, ਪਰੰਤੂ ਇਹ ਦੁਖ ਤਾਂ ਸਾਰੇ ਜਗਤ ਨੂੰ ਹੈ। ਜਦੋਂ ਮੈਂ ਉਚੇਰੇ ਚੜ੍ਹ ਕੇ ਦੇਖਿਆ ਤਾਂ ਘਰ ਘਰ ਏਹੋ ਅੱਗ (ਦੁਖ) ਰਹੀ ਹੈ ।

ਦੁਖ ਨੂੰ ਅੱਗ ਰੂਪ ਬੰਨ੍ਹਣਾ ਕਵਿ ਕਲਪਤ ਹੈ,ਉੱਚੇ ਚੜ੍ਹ ਕੇ ਦੇਖਣੇ ਤੇ ਵਿਤ੍ਰੇਕ ਹੋਇਆ, ਇਸ ਤੇ ਵਿਤ੍ਰੇਕਾਲੰਕਾਰ ਹੈ । ਆਪ ਉਪਮੇਯ ਜਗਤ ਉਪਮਾਨ ਹੈ,ਆਪ ਨੂੰ ਵੱਖਰਿਆਂ ਜਾਂ ਵਿਸ਼ੇਸ਼ ਕਰਕੇ ਦੇਖਣਾ ਇਹੋ ਵਿਤ੍ਰੇਕ ਅਲੰਕਾਰ ਧੁਨੀ ਰੂਪ ਹੈ।

੭. [ਕਵਿ ਪ੍ਰੌਢੋਕਤੀ ਸਿੱਧ ਅਲੰਕਾਰ ਤੇ ਬਸਤੁ ਰੂਪ ਧੁਨੀ]

ਬਸਤੁ ਤੇ ਅਲੰਕਾਰ ਕੀ ਧੁਨਿਕਲੈ ਜਿਹ ਠਾਇ

ਜਿੱਥੇ ਬਸਤੁ ਕਰਕੇ ਅਲੰਕਾਰ ਰੂਪ ਧੁਨਿ ਨਿਕਲੇ ਓਥੇ ਕਵਿ ਪ੍ਰੌਢੋਕਤੀ ਸਿਧ ਅਲੰਕਾਰ ਤੇ ਬਸਤੁ ਰੂਪ ਧੁਨੀ ਕਹਿੰਦੇ ਹਨ। ਜੇਹਾ:-

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਹੁ ॥ ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥

[ਸਲੋ: ਫਰੀ:

ਚਿੰਤਾ ਰੂਪੀ ਮੰਜੇ ਨੂੰ ਦੁਖ ਰੂਪੀ ਵਾਣ ਹੈ ਅਤੇ ਹੇਠ ਉੱਤੇ ਲਈ ਵਿਛਾਈ ਤੇ ਲੇਫ ਬਿਰਹ ਰੂਪੀ ਹੈ, ਇਸ ਪ੍ਰਕਾਰ ਦਾ ਸਾਡਾ ਜੀਉਣਾ ਹੈ। ਹੇ ਸੱਚੇ ਸਾਹਿਬ ! ਤੂੰ ਆਪ ਵੇਖ ਲੈ । ਇਹ ਸਵੈਵ ਰੂਪਕ ਅਲੰਕਾਰ ਹੈ। ਚਿੰਤਾ, ਮੰਜਾ, ਵਾਣ, ਦੁਖ, ਬਿਰਹ, ਵਿਛਾਈ, ਲੇਫ ਇਹ ਕਵਿ ਪ੍ਰੌਢੋਕਤੀ ਬਸਤੁ ਹੈ, ਇਸੇ ਬਸਤ ਤੋਂ ਬਯੰਗ ਨਿਕਲਦਾ ਹੈ ਕਿ ਕਿਸ ਦੁਖ ਭਰਿਆ ਜੀਵਣਾ ਹੈ ਕਿ ਦੁਖ ਰੂਪ ਹੀ ਹੋ ਰਹੇ ਹਾਂ । ਹੇ ਕਰਤਾਰ ! ਇਕੇਰਾਂ ਨਜ਼ਰ ਭਰ ਕੇ ਦੇਖ ਤਾਂ ਸਹੀ । ਏਹੋ ਬਸਤੁ ਰੂਪ ਧੁਨੀ ਹੈ।

੮. [ਕਵਿ ਪ੍ਰੌਢੋਕਤੀ ਸਿੱਧ ਅਲੰਕਾਰ ਤੇ ਅਲੰਕਾਰ ਰੂਪ ਧੁਨੀ]

ਅਲੰਕਾਰ ਤੇ ਹੀ ਜਹਾਂ ਅਲੰਕਾਰ ਧੁਨਿ ਭਾਇ।

ਅਲੰਕਾਰ ਤੋਂ ਜਦ ਹੋਰ ਅਲੰਕਾਰ ਪ੍ਰਗਟੇ ਅਤੇ ਓਹੋ ਧੁਨੀ ਰੂਪ ਹੋਵੇ ਤਾਂ ਓਥੇ ਕਵਿ ਪ੍ਰੌਢੋਕਤੀ ਸਿੱਧ ਅਲੰਕਾਰ ਤੇ ਅਲੰਕਾਰ ਰੂਪ ਧੁਨੀ ਕਹਿੰਦੇ ਹਨ। ਜੇਹਾ:-

ਕਬੀਰ ਹਰਿ ਹੀਰਾ ਜਨ ਜਉਹਰੀ ਲੇਕੈ ਮਾਂਡੈ ਹਾਟ॥ਜਬਹੀ ਪਾਈਅਹਿ ਪਾਰਖੁਤਬ ਹੀਰਨ ਕੀ ਸਾਟ॥੧੬੨॥ [ਸਲੋ: ਕਬੀਰ

ਹਰੀ ਦਾ ਨਾਮ ਹੀਰਾ ਹੈ, ਜਨ (ਭਗਤ) ਜੌਹਰੀ ਹਨ, ਜੇਹੜੇ ਲੈਕੇ (ਖਰੀਦ ਕੇ) ਰੱਖਦੇ ਹਨ ਹੱਟੀ ਹਿਰਦੇ ਵਿਚ, ਜਦੋਂ ਪਾਰਖੂ (ਸਤਿਗੁਰੂ) ਮਿਲਦੇ ਹਨ ਤਦੋਂ ਇਸ ਹੀਰੇ ਦੀ ਕਦਰ ਬਦਲਾ (ਮੁਕਤੀ ਗਜਾਨ)ਮਿਲਦੀ ਹੈ। ਏਥੇ ਹਰੀ ਨਾਮ ਰੂਪੀ ਹੀਰਾ ਜਨ ਰੂਪੀ ਜੌਹਰੀ, ਕਹਿਣੇ ਤੇ ਰੂਪਕਾਲੰਕਾਰ ਹੈ।

ਹਰੀ ਨੂੰ ਹੀਰਾ ਬੰਨ੍ਹਣਾ ਇਹ ਕਵਿ ਕਲ-

Digitized by Panjab Digital Library | www.panjabdigilib.org

ਪਤ ਹੈ। ਧੁਨੀ ਇਸ ਵਿਚ–ਜਦ ਸਤਿਗੁਰੂ ਪਾਰਖੂ ਪਾਏ ਜਾਣਗੇ ਤਦ ਗਜਾਨ ਦੀ ਪ੍ਰਾਪਤੀ ਹੋਵੇਗੀ, ਇਹ 'ਜਦ ਤਦ' ਸੰਬੰਧ ਤੇ ਸੰਭਾਵਨਾਲੰਕਾਰ ਰੂਪ ਧੁਨੀ ਹੈ।

[ਏ. ਕਵਿ ਨਿਬਧ ਬਕਤਾ]।

ਬਕ੍ਤਾ ਸ੍ਰੋਤਾ ਆਦਿ ਜਹ ਕਲਪੈ ਸੁ ਕਵਿ ਬਨਾਇ।
ਤਾਕੀ ਜਹ ਪ੍ਰੌਢੋਕਤ ਹੈ ਕਬਿ ਨਿਬਧ ਸੁ ਕਹਾਇ।

ਜਿੱਥੇ ਕਵੀ ਆਪਣੀ ਕਵਿਤਾ ਵਿਚ ਸ੍ਰੋਤਾ ਵਕਤਾ ਆਦਿਕ ਕਲਪਨਾ ਕਰੇ, ਇਸ ਪ੍ਰੌਢੋਕਤੀ ਨੂੰ ਕਵਿ ਨਿਬਧਾ ਕਹਿੰਦੇ ਹਨ। ਜੀਕੁਰ:–

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥ਮਤਿ ਬਸਿ ਪਰਉ ਲੁਹਾਰ ਕੈ ਜਾਰੈ ਦੂਜੀ ਬਾਰ॥੯੦॥ [ਸਲੋ: ਕਬੀਰ

ਏਥੇ ਬਨ ਦੀ ਸੜੀ ਹੋਈ ਲੱਕੜੀ ਪੁਕਾਰ ਕਰ ਰਹੀ ਹੈ, ਲੱਕੜੀ ਨੂੰ ਬੋਲਣ ਵਾਲੀ ਬੰਨ੍ਹਣਾ ਇਹ ਕਵਿ ਨਿਬਧ ਬਕਤਾ ਹੈ।ਕੋਇਲੇ ਲੱਕੜੀ ਜੜ੍ਹ ਪਦਾਰਥ ਕਦੀ ਨਹੀਂ ਬੋਲਦੇ। ਜੀਕੁਰ 'ਖੀਰ ਸਮਾਨਿ ਸਾਗੁ ਮੈ ਪਾਇਆ', ਏਥੇ ਕ੍ਰਿਸ਼ਨ ਵਕਤਾ ਬੰਨ੍ਹਣਾ ਕਵਿ ਨਿਬੰਧ ਹੈ, ਇਤਜਾਦਿਕ ਸਰਬ ਜਗਹ ਜਾਣਨੇ।

ਨਿਰਣੈ–ਕਵਿ ਪ੍ਰੌਢੋਕਤੀ ਵਿਚ ਕਵੀ ਨੇ ਪ੍ਰੌਢਤਾ ਕਰਕੇ ਉਕਤ ਬੱਧੀ ਹੁੰਦੀ ਹੈ, ਜੀਕੁਰ ਕਮਲ ਨੈਣ, ਕਮਲ ਵਰਗੇ ਨੇਤ੍ਰ। ਨੇਤ੍ਰ ਇਕ ਦੇਖਣ ਵਾਲੇ ਅੰਗ ਹਨ,ਕਮਲ ਦੇ ਕੱਦ ਨਾਲੋਂ ਬਹੁਤ ਛੋਟੇ ਹਨ, ਕੋਈ ਵੀ ਸਮਤਾ ਨਹੀਂ ਰੱਖਦੇ, ਪਰੰਤੂ ਕਵਿ ਪ੍ਰੌਢੋਕਤੀ ਕਰਕੇ ਲਾਲ ਖਿੜੇ ਹੋਏ ਵੱਡੇ ਵੱਡੇ ਆਦਿਕ ਗੁਣਾਂ ਦੀ ਸਮਾਨਤਾ ਕਰਕੇ ਬੰਨ੍ਹਦੇ ਹਨ, ਇਹ ਕਵਿ ਪ੍ਰੌਢੋਕਤੀ ਹੈ, ਪਰੰਤੂ ਕਵਿ ਨਿਬਧ ਵਿਚ ਕਵੀ ਹੋਰਨਾਂ ਦੀ ਜ਼ੁਬਾਨੀ ਆਪਣੀ ਕਹਿਣੀ ਬੰਨ੍ਹਦਾ ਹੈ। ਜੀਕੁਰ "ਸੰਡੈ ਮਰਕੈ ਕਹਿਓ ਜਾਇ॥" ਪੁਨ: "ਤੁਝ ਰਾਖਨਹਾਰੇ ਮੋਹਿ ਬਤਾਇ॥" ਪੁਨ: "ਪਿਰਿ ਕਹਿਆ ਹਉ ਹੁਕਮੀ ਬੰਦਾ॥" ਆਦਿਕ ਬਹੁਤ ਵਿਦਮਾਨ ਹਨ। ਸਿੱਧਾਂਤ–ਕਵੀ ਜਿਸ ਨੂੰ ਚਾਹੇ ਜੀਭ ਵਾਲਾ ਅਥਵਾ ਬਿਨਾਂ ਜੀਭੋਂ ਹੋਵੇ ਆਪਣੀ ਪ੍ਰੌਢੋਕਤੀ ਕਰਕੇ (ਕਵਿ ਨਿਬਧਤਾ) ਹਰ ਇਕ ਤੋਂ ਗੱਲਾਂ ਹੋਣੀਆਂ ਬੰਨ੍ਹ ਸਕਦਾ ਹੈ।

੯. [ਅਰਥ ਸ਼ਕਤਜ ਕਵਿ ਨਿਬਧ ਪ੍ਰੌਢੋਕਤੀ ਕਰਕੇ ਬਸਤੁ ਤੇ ਬਸਤੁ ਰੂਪ ਧੁਨੀ]

ਕਵਿ ਨਿਬਧ ਜਹ ਬਸਤ ਤੇ ਬਸਤਰੂਪਧੁਨਿ ਹੋਇ।

ਜਿੱਥੇ ਕਵਿ ਨਿਬਧ ਪ੍ਰੌਢੋਕਤੀ ਕਰਕੇ ਬਸਤ ਤੋਂ ਬਸਤੁ ਰੂਪ ਧੁਨੀ ਪ੍ਰਗਟ ਹੋਵੇ,ਓਥੇ ਕਵਿ ਨਿਬਧ ਬਸਤੁ ਤੇ ਬਸਤੁ ਰੂਪ ਧੁਨੀ ਕਹਿੰਦੇ ਹਨ। ਜੈਹਾਕੁ–

ਖੰਭ ਵਿਕਾਂਦੜੇ ਜੇ ਲਹਾਂ ਘਿਨਾ ਸਾਵੀ ਤੋਲਿ॥
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥
[ਸਲੋਕ ਮਃ ੫

ਜੇ ਕਿਤੇ ਖੰਭ ਵਿਕਦੇ ਹੋਏ ਮਿਲ ਜਾਣ ਤਾਂ ਆਪ ਤੋਂ ਸਾਵੀਂ ਵੀ ਖਰੀਦ ਲਵਾਂ, ਫਿਰ ਆਪਣੇ ਸਰੀਰ ਤੇ ਜੜਵਾ ਕੇ ਆਪਣੇ ਸਜਣ ਨੂੰ ਢੂੰਡ ਲਵਾਂ। ਏਥੇ ਵਿਕਦੇ ਹੋਏ ਖੰਭ ਸਾਵੀਂ ਖਰੀਦਾਂ, ਇਹ ਕਵਿ ਨਿਬਧ ਬਸਤੁ ਹੈ, ਖੰਭ ਬਸਤੁ ਤੋਂ ਹੀ ਬਜੰਗ ਹੈ ਕਿ ਅਕਾਸ਼ ਵਿਚ ਜਾਕੇ ਢੂੰਡ ਭਾਲ ਕਰਾਂ, ਕਿਉਂਕਿ ਬਿਰਹ ਦਾ ਅਸਹਿ ਦੁਖ ਨਿਬੜਦਾ ਨਹੀਂ, ਏਹੋ ਧੁਨੀ ਹੈ।

੧੦. [ਕਵਿ ਨਿਬਧ ਬਕਤਾ ਦੀ ਪ੍ਰੌਢੋਕਤੀ ਕਰਕੇ ਬਸਤੁ ਤੋਂ ਅਲੰਕਾਰ ਰੂਪ ਧੁਨੀ]

ਬਸਤੁ ਤੇ ਲੰਕਾਰ ਜਹਿੰ ਧੁਨਿ ਸਰੂਪ ਹੈ ਜੋਇ।

ਜਿੱਥੇ ਬਸਤੁ ਤੋਂ ਅਲੰਕਾਰ ਹੋਕੇ ਧੁਨ ਪ੍ਰਗਟ ਕਰੇ, ਓਥੇ ਕਵਿ ਨਿਬਧ ਬਕਤਾ ਦੀ ਪ੍ਰੌਢੋਕਤੀ ਤੋਂ ਅਲੰਕਾਰ ਰੂਪ ਧੁਨੀ ਕਹਿੰਦੇ ਹਨ। ਜੈਹਾਕੁ–

Digitized by Panjab Digital Library | www.panjabdigilib.org

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥
ਗੁਰਕੈ ਭਾਣੈ ਜੋ ਚਲੈ ਬਹੁੜਿ ਨ ਆਵਣੁ ਹੋਇ॥
ਨਾਨਕਨਾਮਿ ਵਿਸਾਰਿਐਆਵਣਜਾਣਾ ਦੋਇ॥੨॥
[ਸਾਰੰਗ ਵਾਰ ਮ: ੩

ਸੱਚ ਕਦੀ ਪੁਰਾਣਾ ਨਹੀਂ ਹੁੰਦਾ, ਨਾਮ ਕਦੀ ਮੈਲਾ ਨਹੀਂ ਹੁੰਦਾ, ਜੋ ਗੁਰੂ ਕੇ ਭਾਣੇ ਵਿਚ ਚਲਦੇ ਹਨ ਉਨ੍ਹਾਂ ਦਾ ਆਵਾ-ਗਉਣ ਨਹੀਂ ਹੁੰਦਾ, ਨਾਮ ਵਿਸਾਰਕੇ ਆਵਣਾ ਤੇ ਜਾਣਾ ਦੋਵੇਂ ਬਣੇ ਰਹਿੰਦੇ ਹਨ।

ਸੱਚ ਪੁਰਾਣਾ ਨਹੀਂ, ਨਾਮ ਮੈਲਾ ਨਹੀਂ. ਇਹ ਕਵਿ ਨਿਬਧ ਹੈ, ਨਿਰਮਲ ਨਾਮ ਵਸਤੁ ਹੈ। ਜੀਕਰ ਹੀਰਾ ਪੁਰਾਣਾ ਤੇ ਮੈਲਾ ਨਹੀਂ ਹੁੰਦਾ, ਤਿਵੇਂ ਨਾਮ ਮੈਲਾ ਨਹੀਂ ਹੁੰਦਾ, ਇਹ ਦ੍ਰਿਸ਼ਟਾਂਤ ਅਲੰਕਾਰ ਰੂਪ ਧੁਨੀ ਹੈ।

੧੧. [ਕਵਿ ਨਿਬਧ ਬਕਤਾ ਦੀ ਪ੍ਰੌਢੋਕਤੀ ਕਰਕੇ ਅਲੰਕਾਰ ਤੋਂ ਬਸਤੁ ਰੂਪ ਧੁਨਿ]

ਕਵਿ ਨਿਬਧ ਲੰਕਾਰ ਤੇ ਬਸਤ ਰੂਪ ਧੁਨ ਹੋਇ।

ਜੱਥੇ ਅਲੰਕਾਰ ਤੋਂ ਬਸਤੁ ਰੂਪ ਧੁਨਿਪ੍ਰਗਟ ਹੋਵੇ ਓਥੇ ਕਵਿ ਨਿਬਧ ਬਕਤਾ ਦੀ ਪ੍ਰੌਢੋਕਤੀ ਕਰਕੇ ਅਲੰਕਾਰ ਤੋਂ ਬਸਤੁ ਰੂਪ ਧੁਨੀਕਹਿੰਦੇ ਹਨ। ਜੇਹਾਕੁ:-

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥ ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰ॥ [ਵਾ: ਮਲਾ: ਮ: ੩

ਅੰਮ੍ਰਿਤ ਵੇਲੇਬਬੀਹਾ(ਜਗਜਾਸੂ)ਬੋਲਿਆ ਤਾਂ ਦਰਗਾਹ ਵਿਚ ਪੁਕਾਰ ਸੁਣੀ ਗਈ, ਮੇਘੈ (ਸਤਿਗੁਰੂ) ਨੂੰ ਹੁਕਮ ਹੋਇਆ ਕਿ ਕਿਰਪਾ ਕਰਕੇ ਵੱਸੋ, ਏਹ ਅਨਜੋੜਤੀ ਅਲੰਕਾਰ ਹੈ, ਬਬੀਹੇ ਪਰਥਾਇ ਜਗਜਾਸੂ ਪ੍ਰਤੀ ਸੂਚਨਾ ਹੈ। ਜਗਜਾਸੀ ਜਦ ਆਪਣੀ ਜਗਜਾਸਾ ਵੇਲੇ ਬੋਲਿਆ (ਬੇਨਤੀ ਕੀਤੀ)ਤਾਂ ਦਰਗਾਹੇ ਸੁਣੀ ਗਈ ਤਾਂ ਦਰਗਾਹ ਥੋਂ ਸਤਿਗੁਰਾਂ ਨੂੰ ਹੁਕਮ ਹੋਇਆ ਕਿ ਕਿਰਪਾ ਕਰਕੇਗਜਾਨੈਂਪਦੇਸ਼ਕਰੋ।

੧੨ [ਕਵਿ ਨਿਬਧ ਬਕਤਾ ਦੀ ਪ੍ਰੌਢੋਕਤੀ ਕਰਕੇ ਅਲੰਕਾਰ ਤੋਂ ਅਲੰਕਾਰ ਰੂਪ ਧੁਨੀ]

ਲੰਕਾਰਹ ਲੰਕਾਰ ਤੇ ਧੁਨਿ ਪ੍ਰਗਟਤਿ ਕਵਿ ਲੋਇ।

ਜਿਥੇ ਅਲੰਕਾਰ ਤੋਂ ਅਲੰਕਾਰ ਰੂਪ ਧੁਨੀ ਨਿਕਲੇ ਉਥੇ ਕਵਿ ਨਿਬਧ ਬਕਤਾ ਦੀ ਪ੍ਰੌਢੋਕਤੀ ਕਰਕੇ ਅਲੰਕਾਰ ਤੋਂ ਅਲੰਕਾਰ ਰੂਪ ਧੁਨੀ ਕਹਿੰਦੇ ਹਨ।

ਜੇਹਾਕੁ:-ਇੱਛਾਵਾਨ ਦੀ ਇੱਛਾ ਪੂਰਨ ਹੋਈ, ਏਹ ਬਸਤ ਹੈ, ਏਹੋ ਧੁਨੀ ਹੈ।

ਕਬੀਰ ਕਾਰਨੁ ਬਪੁਰਾ ਕਿਆ ਕਰੈਜਉ ਰਾਮੁ ਨ ਕਰੈ ਸਹਾਇ॥ ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥ ੯੭॥
[ਸਲੋਃ ਕਬੀਰ ਜੀ

ਕਾਰਨ ਵਿਚਾਰਾ ਕੀ ਕਰੇ ਜੇ ਰਾਮ (ਕਰਤਾਰ) ਸਹਾਇਤਾ ਨਾ ਕਰੇ, ਜਿਸ ਜਿਸ ਟਾਹਣੀ ਤੇ ਪੈਰ ਰੱਖਦਾ ਹਾਂ ਓਹੋ ਓਹੋ ਮੁੜਕ ਜਾਂਦੀ ਹੈ। ਏਥੇ ਡਾਲੀ ਰੋਪਮਾਨ ਹੈ। ਕਾਰਜ ਰੋਪਮਾਨ ਦਾ ਵਿਖਯ ਸੋ ਨਹੀਂ ਹੈ, ਇਸਤੇ ਰੂਪਕਾ ਅਤਸਜੋਕਤੀ ਅਲੰਕਾਰ ਹੈ।

ਧੁਨੀ-ਜੋ ਕੁਝ ਮੈਂ ਕਰਨਾ ਚਾਹੁੰਦਾ ਹਾਂ ਉਸ ਤੋਂ ਉਲਟ ਹੁੰਦਾ ਹੈ, ਇਹ ਬਿਖਮਾਲੰਕਾਰ ਹੈ, ਇਹੋ ਧੁਨੀ ਹੈ।

੭੨. ਤੀਜੀ ਸ਼ਬਦਾਰਥ ਉਦਭਵ ਧੁਨੀ

ਇਸਦਾ ਇਕੋ ਰੂਪ ਹੈ, ਭੇਦ ਪ੍ਰਭੇਦ ਕੋਈ ਨਹੀਂ ਹਨ।

੭੩. ਧੁਨੀਆਂ ਦਾ ਸੰਖੇਪ ਚਿੱਠਾ।

ਧੁਨੀ ਦੇ ਪਹਲੇ ਦੇ ਰੂਪ ਹਨ:-

ਇਕ ਅਬਿਬਿਛਤਵਾਚ।

ਦੂਜੀ ਬਿਬਿਛਤਵਾਚ।

Digitized by Panjab Digital Library | www.panjabdigilib.org

[ੳ. ਅਬਿਬਿਛਤਵਾਚ]

ਆਪਣੇ ਮੁਖ ਅਰਥ ਨੂੰ ਨਾ ਗ੍ਰਹਿਣ ਕਰਨ ਵਾਲੀ ਲੱਛਣਾ ਬ੍ਰਿਤੀ ਵਿਚੋਂ ਨਿਕਲਦੀ ਹੈ। ਇਹ ਦੋ ਪ੍ਰਕਾਰ ਦੀ ਹੈ:-

੧. ਅਰਥਾਂਤਰ ਸੰਕ੍ਰਮਿਤਾ।

ਇਸਦੇ ਦੋ ਭੇਦ ਹਨ:-

(ੳ) ਅਰਥਾਂਤਰ ਸੰਕ੍ਰਮਿਤ ਪਦ ਗਤ।

(ਅ) ਅਰਥਾਂਤਰ ਸੰਕ੍ਰਮਿਤ ਵਾਕ ਗਤ।

੨. ਅਤਯੰਤ ਤ੍ਰਿਸਕ੍ਰਿਤ।

ਇਸਦੇ ਦੋ ਭੇਦ ਹਨ:-

(ੳ) ਅਤਯੰਤ ਤ੍ਰਿਸਕ੍ਰਿਤ ਪਦ ਗਤ।

(ਅ) ਅਤਯੰਤ ਤ੍ਰਿਸਕ੍ਰਿਤ ਵਾਕ ਗਤ।

(ਕੁੱਲ ਚਾਰ ਭੇਦ ਹੋਏ)

[ਅ. ਬਿਬਿਛਤ ਵਾਚ]

ਆਪਣੇ ਅਰਥ ਨੂੰ ਰੱਖਣ ਵਾਲੀ ਅਭਿਧਾ ਬ੍ਰਿਤੀ ਵਿਚੋਂ ਨਿਕਲਦੀ ਹੈ।

ਇਸਦੇ ਬੀ ਦੋ ਭੇਦ ਹਨ:-

੧. ਅਸੰਲੱਛਕ ਕ੍ਰਮ।

ਇਸਦੇ ਛੇ ਭੇਤ ਹਨ। ਪਦ ਵਿਚ ਅਤੇ ਵਾਕ ਵਿਚ ਅਤੇ ਪਦ ਦੇ ਇਕ ਦੇਸ਼ ਵਿਚ:-

ੳ. ਅਸੰਲੱਛਕ ਕ੍ਰਮ ਪਦ ਗਤ।

ਅ. ਅਸੰਲੱਛਕ ਵਾਕ ਗਤ।

ੲ. ਅਸੰਲੱਛਕ ਪਦ ਦੇ ਇਕ ਦੇਸ ਗਤ।

ਸ. ਅਸੰਲੱਛਕ ਘਟਨਾ ਗਤ।

ਹ. ਅਸੰਲੱਛਕ ਬਚਨ ਗਤ।

ਕ. ਅਸੰਲੱਛਕ ਪ੍ਰਬੰਧ ਗਤ।

੨. ਸੰਲਛਕ ਕ੍ਰਮ।

ਇਸਦੇ ਤ੍ਰੈ ਭੇਦ ਹਨ:-

ੳ. ਸੰਲਛਕ ਸ਼ਬਦ ਸ਼ਕਤਜ।

ਇਸਦੇ ੪ ਭੇਦ ਹਨ:-

੧. ਸ਼ਬਦ ਸ਼ਕਤਜ ਬਸਤਰੂਪ ਵਾਕਗਤ।

੨. ਸ਼ਬਦ ਸ਼ਕਤਜ ਅਲੰਕਾਰ ਰੂਪ ਵਾਕ ਗਤ।

੩. ਸ਼ਬਦ ਸ਼ਕਤਜ ਬਸਤ ਰੂਪ ਪਦ ਗਤ।

੪. ਸ਼ਬਦਸ਼ਕਤਜਅਲੰਕਾਰਰੂਪ ਪਦਗਤ।

ਅ. ਸੰਲੱਛਕ ਅਰਥ ਸ਼ਕਤਜ।

ਇਸਦੇ ਬਾਰਾਂ ਭੇਦ ਹਨ:-

੧. ਸੁਤਹ ਸੰਭਵੀ ਬਸਤੁ ਤੇ ਬਸਤੁ। ੧

੨. ਸੁਤਹ ਸੰਭਵੀ ਬਸਤੁ ਤੇ ਅਲੰਕਾਰ।੨

੩. ਸੁਤਹ ਸੰਭਵੀ ਲੰਕਾਰ ਤੇ ਬਸਤੁ। ੩

੪. ਸੁਤਹ ਸੰਭਵੀ ਲੰਕਾਰ ਤੇ ਲੰਕਾਰ। ੪

੧. ਕਵਿ ਪ੍ਰੌਢੋਕਤੀ ਬਸਤ ਤੇ ਬਸਤੁ। ੫

੨. ਕਵਿ ਪ੍ਰੌਢੋਕਤੀ ਬਸਤਤੇ ਲੰਕਾਰ। ੬

੩. ਕਵਿ ਪ੍ਰੌਢੋਕਤੀ ਲੰਕਾਰ ਤੇ ਬਸਤ। ੭

੪. ਕਵਿ ਪ੍ਰੌਢੋਕਤੀ ਲੰਕਾਰ ਤੇ ਲੰਕਾਰ।੮

੧. ਕਵਿਨਿਬਧਬਕਤਾ ਬਸਤੁ ਤੇਬਸਤ।੯

੨. ਕਵਿ ਨਿਬਧ ਬਕਤਾ ਬਸਤੁ ਤੇ ਲੰਕਾਰ ੧੦

੩. ਕਵਿ ਨਿਬਧ ਬਕਤਾ ਲੰਕਾਰ ਤੇ ਬਸਤ ੧੧

੪. ਕਵਿ ਨਿਬਧ ਬਕਤਾ ਲੰਕਾਰ ਤੇ ਲੰਕਾਰ ੧੨

ਇਹ ਬਾਰਾਂ ਪਦਗਤ ਵਾਕਗਤ ਪ੍ਰਬੰਧ ਗਤ ਹੋਣੇ ਤੇ ੩੬ ਭੇਦ ਹੋ ਜਾਂਦੇ ਹਨ।

ਸੁਤਹ ਸੰਭਵੀ ਬਸਤੁ ਤੇ ਬਸਤੁ ਪਦ ਗਤ ਆਦਿਕ ਜਾਣਨੇ।

ੲ. ਸੰਲੱਛਕ ਸ਼ਬਦਾਰਥ ਸ਼ਕਤਜ।

ਸ਼ਬਦਾਰਥ ਸਕਤਜ ਦਾ ਇਕੋ ਰੂਪ ਹੈ।

-ਇਤਿ-

—o—

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅੰਤਕਾ ੧.

ਬਿਨਯ

ਉਸ ਕਲਮੀ ਲਿਖੇ ਸੰਚਯ ਵਿਚੋਂ ਜੋ ਡਾਕਟਰ ਸਾਹਿਬ ਜੀ ਦੇ ਸਚਖੰਡ ਪਯਾਨ ਮਗਰੋਂ ਉਨ੍ਹਾਂ ਦੇ ਬਸਤੇ ਵਿੱਚੋਂ ਮਿਲੇ, ਇਕ ਸੈਂਚੀ "੩੨ ਯੁਕਤੀਆਂ" ਦੀ ਲਿਖੀ ਹੋਈ ਮਿਲੀ, ਇਨ੍ਹਾਂ ਦਾ ਵਰਤਾਉ ਸ਼ਬਦ ਬ੍ਰਿਤੀ ਦੇ ਵਿਸ਼ੇ ਨਾਲ ਮਿਲਦਾ ਹੈ, ਇਸ ਕਰਕੇ ਯੋਗ ਪ੍ਰਤੀਤ ਦਿੱਤਾ ਕਿ ਇਨ੍ਹਾਂ ਨੂੰ 'ਸ਼ਬਦ ਬ੍ਰਿਤੀ ਪ੍ਰਕਾਸ਼' ਦੇ ਨਾਲ ਹੀ ਛਾਪ ਦਿੱਤਾ ਜਾਵੇ । ਓਨ੍ਹਾਂ ਨੇ ਕਿਸ ਪ੍ਰਯੋਜਨ ਲਈ ਲਿਖੀਆਂ ਸਨ ? ਇਨ੍ਹਾਂ ਨੂੰ ਹੋਰ ਕੁਛ ਭੀ ਸਿਰੇ ਚਾੜ੍ਹਨਾ ਸੀ ? ਇਹ ਕੁਛ ਪਤਾ ਨਹੀਂ, ਪਰੰਤੂ ਆਪਣੇ ਆਪ ਵਿਚ ਇਹ ਮੁਕੰਮਲ ਜਾਪਦੀਆਂ ਹਨ ਅਰ ਅਰਥ ਕਰਨ ਦੇ ਵਿਸ਼ੇ ਵਿਚ ਸਹਾਇਕ ਹਨ, ਇਸ ਕਰਕੇ ਸ਼ਬਦ ਬ੍ਰਿਤੀ ਪ੍ਰਕਾਸ਼ ਦੀ ਅੰਤਕਾ ਦੀ ਸੂਰਤ ਵਿਚ ਨਾਲ ਹੀ ਦੇਂਦੇ ਹਾਂ।

ਅੰਮ੍ਰਿਤਸਰ
੧੯੧੪ ਈ:

ਸੁੰਦਰੀ ਕਰਤਾ

ਸ਼ਬਦਾਰਥ ਅਤੇ ਨਜਾਰਥ ੩੨ ਯੁਕਤੀਆਂ ।

ਇਹ ਯੁਕਤੀਆਂ ਅਰਥ ਸਿੱਧੀ ਵਾਸਤੇ ਵਿਦਵਾਨ ਲੋਗ ਅਵੱਸ਼ਯ ਵਰਤਦੇ ਹਨ ਅਤੇ ਇਨ੍ਹਾਂ ਹੀ ਯੁਤੀਆਂ ਨਾਲ ਠੀਕ ਅਰਥ ਦੀ ਸਿੱਧਾ ਹੁੰਦੀ ਹੈ। ਇਸ ਕਾਰਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਉਦਾਹਰਣਾਂ ਦੇਕੇ ਵਰਣਨ ਕਰਦੇ ਹਾਂ।

ਯੁਕਤੀਆਂ ਦੇ ਨਾਮ:-

੧-ਅਧਿਕਰਣ, ੨-ਯੋਗ, ੩-ਪਦਾਰਥ, ੪-ਹੇਤਰਥ, ੫-ਉਦੇਸ਼, ੬-ਨਿਰਦੇਸ਼, ੭-ਉਪਦੇਸ਼, ੮-ਅਪਦੇਸ਼, ੯-ਪਰਦੇਸ਼, ੧੦-ਅਤੀਦੇਸ਼, ੧੧-ਅਪਵਰਗ, ੧੨-ਵਾਕਸੇਖ, ੧੩-ਅਰਥਾਪਤੀ, ੧੪-ਵਿਪਰਯੈ, ੧੫-ਪ੍ਰਸੰਗ, ੧੬-ਏਕਾਂਤ, ੧੭-ਅਨੇਕਾਰਥ, ੧੮-ਪੂਰਬ ਪੱਖ, ੧੯-ਉੱਤ੍ਰਪੱਖ ਨਿਰਣਯ, ੨੦-ਅਨੁਮਤ, ੨੧-ਵਿਧਾਨ, ੨੨-ਅਨਾਗਤ ਵੇਖਣ, ੨੩-ਅਤਿਕ੍ਰਾਂਤਾ ਵੇਖਣ, ੨੪-ਸੰਸਯ, ੨੫-ਵ੍ਯਾਖ੍ਯਾਨ, ੨੬-ਸੁਸੰਗਯਾ, ੨੭-ਨਿਰਵਚਨ, ੨੮-ਨਿਰਦਰਸ਼ਨ, ੨੯-ਸਤ ਉਪਦੇਸ਼, ੩੦-ਸਮੁਚੈ, ੩੧-ਵਿਕਲਪ, ੩੨- ਊਹ ।

ਇਹ ਬੱਤੀ ਜੁਗਤੀਆਂ ਦੇ ਪ੍ਰਯੋਜਨਾਂ

Digitized by Panjab Digital Library | www.panjabdigilib.org

ਵਾਸਤੇ ਕਥਨ ਕੀਤੀਆਂ ਹਨ,'ਪਹਿਲਾ ਵਾਕ ਯੋਜਨਾ' ਅਰਥਾਤ ਪਦਾਂ ਦੀ ਅਜੋੜਤਾ ਪੂਰੇ ਨੂੰ ਜੋੜ ਕੇ ਬਹੁ ਸਿਰ ਕਰਨਾ। ਦੂਜਾ 'ਅਰਥ ਪ੍ਰਯੋਜਨਾਂ' ਨਾ ਮੇਲ ਖਾਂਦੇ ਹੋਏ ਅਰਥ ਨੂੰ ਠੀਕ ਕਰਨਾ ਕਹੀਦਾ ਹੈ। ਗੁਣੀ ਜਨ ਇਨ੍ਹਾਂ ਦੇ ਵਰਤਾਉ ਨੂੰ ਦੇਖਣ ਕਿ ਗੁਰਬਾਣੀ ਵਿਚ ਸਹਾਈ ਹਨ ?

੧. [ਅਧਿਕਰਣ]

ਜਿਸ ਪ੍ਰਯੋਜਨ ਤੇ ਅਧਿਕਾਰ ਕਰਕੇ ਹੋਰ ਹੋਰ ਅਰਥਾਂ ਦਾ ਵਰਣਨ ਕੀਤਾ ਜਾਵੇ ਉਸ ਦੀ ਸੰਗਜਾ ਅਧਿਕਰਣ ਕਰਕੇ ਕਹੀਦੀ ਹੈ। ਜੇਹਾਕੁ--ਰਾਗ, ਮਹਲਾ, ਅਨੰਦ, ਸੁਖਮਨੀ, ਪਹਰੇ, ਪਟੀ, ਓਅੰਕਾਰ, ਬਾਵਨ ਅਖਰੀ, ਵਾਰ, ਛੰਤ, ਅਸਟਪਦੀ, ਦੁਪਦੇ, ਚਉਪਦੇ, ਪੰਚਪਦੇ, ਤਿਪਦੇ, ਸੋਲਹੇ, ਅੰਜਲੀਆਂ ਆਦਿਕ ਸਿਰਲੇਖ ਵਿਦਮਾਨ ਹਨ,ਕਿਉਂਕਿ ਪਟੀ, ਓਅੰਕਾਰ, ਬਾਵਨ ਅਖਰੀ, ਆਦਿਕ ਪਦਾਂ ਤੇ ਅਧਿਕਾਰ ਰੱਖਕੇ ਫਿਰ ਇਕ ਇਕ ਅੱਖਰ ਤੇ ਹੋਰ ਹੋਰ ਅਰਥਾਂ ਸਮੇਤ ਕਥਨ ਕੀਤੇ ਹਨ, ਇਸ ਲਈ ਇਸ ਸੰਗਜਾ ਨੂੰ ਅਧਿਕਰਣ ਕਰਕੇ ਕਹੀਦਾ ਹੈ ਅਤੇ ਗੁਰ ਸੰਪ੍ਰਦਾਇ ਵਿਚ ਸੰਗਜਾ ਦਾ ਨਾਉਂ ਬਾਣੀਹੈ।

੨. [ਯੌਗ]

ਜਿਸ ਕਰਕੇ ਸੰਨਿਕ੍ਰਿਸਟ (ਜੁੜਨੇ ਵਾਲੇ) ਅਤੇ ਵਿਪ੍ਰਕ੍ਰਿਸ਼ਟ (ਨਾ ਜੁੜੇ ਹੋਏ) ਪਦਾਂ ਨੂੰ ਜੋੜਿਆ ਜਾਵੇ, ਉਸ ਯੋਜਨਾ ਦੀ ਸੰਗਜਾ ਯੋਗ ਹੈ। ਜੇਹਾਕੁ:-

"ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ ॥" [ਵਡ: ਮ: ੧

ਸਾਵਣ ਦਾ ਮਹੀਨਾ ਆਵਣੇ ਕਰਕੇ ਬੱਦਲਾਂ ਨੂੰ ਦੇਖਕੇ ਮੋਰ ਰੁਣਝੁਣ ਸ਼ਬਦ ਕਰਦੇ ਹਨ, ਇਥੇ ਮੋਰਾਂ ਦਾ ਰੁਣਤਕਾਰ ਸ਼ਬਦ ਪਹਿਲੇ ਕਥਨ ਕਰਕੇ ਫਿਰ ਸਾਵਣ ਆਇਆ ਕਥਨ ਕੀਤਾ ਹੈ, ਪਰੰਤੂ ਇਸ ਅਰਥ ਨੂੰ ਸਿੱਧਾ ਯੋਜਨਾਂ ਵਿਚ ਲਿਆਵਣੇ ਯੋਗ ਸੰਗਜਾ ਕਹਿੰਦੇ ਹਨ। ਹੇ ਭਾਈ ! ਸਾਵਣ ਦਾ ਮਹੀਨਾ ਵਰਖਾ ਬੱਦਲਾਂ ਵਾਲਾ ਆ ਗਿਆ ਹੈ, ਮੋਰਾਂ ਨੇ ਵੀ ਬੋਲਣਾ ਅਰੰਭ ਕਰ ਦਿੱਤਾ ਹੈ। ਸਾਵਣ ਦੇ ਆਉਣੇ ਕਰਕੇ ਮੋਰਾਂ ਦਾ ਬੋਲਣਾ ਇਹ ਯੁਕਤਵਤ ਯੋਜਨਾਂ ਨੂੰ ਯੌਗ ਕਹੀਦਾ ਹੈ।

੩. [ਪਦਾਰਥ]

ਜੋ ਸੂਤ੍ਰ ਭਾਵੇਂ ਪਦ ਵਿਚ ਜਿਸ ਅਰਥ ਦਾ ਪ੍ਰਤਿਪਾਦਨ (ਵਰਣਨ)ਹੋਇਆ ਹੋਵੇ, ਉਸਨੂੰ ਪਦਾਰਥ ਸੰਗਜਾ ਕਹਿੰਦੇ ਹਨ, ਪਰੰਤੂ ਪਦਾਰਥ ਬਿਅੰਤ ਹਨ। ਜੀਕੁਰ ਅੰਜਨ, ਮਾਰਣ, ਮਥਨਾ, ਆਵਧ, ਰਸ, ਆਦਿਕ ਵਿਦਮਾਨ ਹਨ।ਅੰਜਨ ਪਦ ਵਿਚ ਸੁਰਮਾ ਅਤੇ ਮਾਇਆ, ਮਾਰਣ ਵਿਚ ਮਾਰਨਾ ਤੇ ਮਿਸਾਲਾ, ਮਥਨਾ ਵਿਚ ਨਗਰ ਦਾ ਨਾਉਂ ਤੇ ਭੱਟ ਕਵੀ ਦਾ ਨਾਉਂ, ਰਸ ਵਿਚ ਹਰੀ ਰਸ, ਵਿਖੇ ਰਸ, ਖਟ ਰਸ, ਆਨੰਦ,ਆਵਧ ਵਿਚ ਹੱਦ,ਉਮਰਾ ਹਥਿਆਰ ਆਦਿਕ ਅਰਥ ਪ੍ਰਤੱਖ ਹਨ, ਪਰੰਤੂ ਕਥਨ ਕਰਨ ਵਾਲੇ ਨੇ ਇਕ ਅਰਥ ਰੱਖਿਆ ਹੈ, ਇਸ ਲਈ ਦੁਅਰਥੇ ਤਿਅਰਥੇ ਆਦਿਕ ਪਦਾਂ ਵਿਚ ਕਥਨ ਕਰਤਾ ਦਾ ਅਰਥ ਕਿਸ ਤਰ੍ਹਾਂ ਗ੍ਰਹਿਣ ਕੀਤਾ ਜਾਵੇ, ਇਸ ਲਈ ਵਿਚਾਰਸ਼ੀਲ ਲੋਕ ਪਹਿਲੇ ਅਤੇ ਪਿਛਲੇ ਪਦਾਂ ਦੇ ਅਰਥ ਅਤੇ ਭਾਵ ਨੂੰ ਵਿਚਾਰਕੇ ਇੱਕੋ ਅਰਥ ਸਿੱਧ ਕਰਦੇ ਹਨ। ਜਿਹਾਕੁ "ਅੰਜਨ ਮਾਹਿ ਨਿਰੰਜਨਿ ਰਹੀਐ" ਏਥੇ ਅੰਜਨ ਦਾ ਅਰਥ ਸੁਰਮਾ ਨਹੀਂ ਹੈ, ਕਿਉਂਕਿ ਨਿਰੰਜਨ ਮਾਇਆ ਰਹਿਤ ਦਾ ਨਾਉਂ ਹੈ, ਇਕੁਰ ਹੀ "ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ" ਏਥੇ ਹਰਾਮ ਨੂੰ ਹਲਾਲ ਕਰਨ

Digitized by Panjab Digital Library | www.panjabdigilib.org

ਵਾਸਤੇ ਮਾਰਨਾ ਅਰਥਸਿੱਧ ਨਹੀਂ ਹੈ, ਮਿਸਾਲਾ ਸਿੱਧ ਹੈ, ਪਰੰਤੂ "ਮਨੁ ਮਾਰਣ ਕਾਰਣਿ ਬਨ ਜਾਈਐ" ਇਥੇ ਮਿਸਾਲਾ ਸਿੱਧ ਨਹੀਂ ਹੁੰਦਾ, ਮਨ ਦਾ ਮਾਰਨਾ ਹੀ ਅਰਥ ਹੈ, ਕਿਉਂਕਿ ਬਨ ਵਿਚ ਮਿਸਾਲਾ ਨਹੀਂ। "ਭਨਿ ਮਥੁਰਾ ਕਛੁ ਭੇਦੁ ਨਹੀ" ਏਥੇ "ਮਥੁਰਾ" ਨਗਰੀ ਨਹੀਂ ਕਹਿੰਦੀ, ਮਥਰਾ ਨਾਮੀ ਭੱਟ ਜਾਂ ਕਵੀ ਕਹਿੰਦਾ ਹੈ, ਭਨਿ ਪਦ ਨਗਰੀ ਨਹੀਂ ਸਿੱਧ ਹੋਣ ਦਿੰਦਾ। ਪੁਨ: "ਆਵਧ ਕਟਿਓ ਨ ਜਾਤ" ਉਮਰ ਕਰਕੇ ਕੱਟਿਆ ਨਹੀਂ ਜਾਂਦਾ ਇਹ ਅਰਥ ਸਿੱਧ ਨਹੀਂ ਹੁੰਦਾ, ਸ਼ਸਤ੍ਰ ਕਰਕੇ ਕੱਟਿਆ ਨਹੀਂ ਜਾਂਦਾ, ਇਹੀ ਸਿੱਧ ਹੈ। ਪੁਨਃ "ਇਹੁ ਰਸੁ ਅਕਥ ਕਥਾ ਤਿਨਿ ਜਾਨੀ" ਅਕਥ ਕਥਾ ਵਾਲਾ ਰਸ ਕੇਵਲ ਹਰੀ ਰਸ ਹੈ, ਹੋਰ ਅਰਥ ਏਥੇ ਸਿਧ ਨਹੀਂ ਹਨ।

ਸੁਖੱਲੀ ਸਮਝ ਲਈ ਦੇਖੋ, 'ਆਵਨਿ ਅਠਤਰੈ ਜਾਨਿ ਸਤਾਨਵੈ' ਇਸ ਕਥਨ ਵਿਚ ਸੰਮਤ ਦਾ ਕਥਨ ਤਾਂ ਹੈ, ਪਰੰਤੂ ਸੰਕੜੇ ਦਾ ਜ਼ਿਕਰ ਨਹੀਂ, ੧੫੦੦ ਜਾਂ ੧੬੦੦ ਜਾਂ ੧੭੦੦ ਜਾਂ ੧੮੦੦ ਦੇ ਉਪਰ ਅਠੱਤ੍ਰਾ ਸਤਾਨਵਾਂ ਸੰਮਤ ਹੈ, ਪਰੰਤੂ ਇਹ ਪਦਾਰਥ ਸ਼ਕਤੀ ਕਰਕੇ ਹੀ ਸਿੱਧ ਹੁੰਦਾ ਹੈ ਕਿ ਜਿਸ ਸਦੀ ਮਹਾਰਾਜ ਨੇ ਕਥਨ ਕੀਤਾ ਹੈ, ਓਹੋ ਸਦੀ ਅਠੱਤ੍ਰ ਸਤਾਨਵੇਂ ਦੀ ਹੈ, ਦੂਸਰੀ ਨਹੀਂ ਹੋ ਸਕਦੀ, ਉਸ ਵੇਲੇ ਵਰਤਮਾਨ ਸਦੀ ੧੫੦੦ ਬਿਕ੍ਰਮੀ ਸੀ ਅਤੇ ਬਚਨ ਵੀ ੧੫੭੯ ਵਿਚ ਏਮਨਾਬਾਦ ਵਿਚ ਉਚਰਿਆ, ਇਸ ਤੋਂ ਸਿੱਧ ਹੈ ਕਿ ੧੫੯੭ ਵਿਚ ਜਾਣਗੇ, ਇਹ ਅਰਥ ਹੈ। ਇਸੇ ਲਈ ਇਸ ਸੰਗਜਾ ਦਾ ਨਾਉਂ ਪਦਾਰਥ ਸੰਗਜਾ ਹੈ ਜੋ ਬਿਖਰੇ ਹੋਏ ਅਰਥ ਨੂੰ ਕਥਨ ਕਰਤਾ ਦੇ ਪਦਾਂ ਦਾ ਅਰਥ ਸਿਧ ਕਰ ਦਿਖਾਵੇ।

੪. [ਹੇਤ ਅਰਥ]

ਜੋ ਕਥਨ ਕੀਤਾ ਹੋਵੇ ਉਹ ਹੋਰ ਅਰਥ ਨੂੰ ਸਿਧ ਕਰਦਾ ਹੋਵੇ, ਉਸ ਦਾ ਨਾਉਂ ਹੇਤ ਅਰਥ ਕਹਿੰਦੇ ਹਨ। ਜਿਹਾ ਕੁ:—

ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥
[ਸਿਰੀ: ਮ: ੧

ਪੁਨ:—'ਮਛੁਲੀ ਜਾਲੁ ਨ ਜਾਣਿਆ'
[ਸਿਰੀ: ਮ: ੧

ਆਦਿਕ।

ਇਸ ਵਿਚ ਮੱਛੀ ਦਾ ਜਾਲ ਕਥਨ ਕਰਨਾ ਮਾਨੁਖਾਂ ਲਈ ਕਾਲ ਭੈ ਦਾ ਸਾਧਕ ਹੈ, ਭਾਵ ਮੱਛੀ ਜਾਲ ਦਾ ਦ੍ਰਿਸ਼ਟਾਂਤ ਕਥਨ ਕਰਨਾ ਹੇਤੂ ਹੈ ਮਾਨੁਖਾਂ ਨੂੰ ਕਾਲ ਭੈ ਦੀ ਸੂਚਨਾਂ ਦਾ। ਇਸ ਲਈ ਇਹ ਹੇਤ ਅਰਥ ਸੰਗਜਾ ਕਰਕੇ ਕਹੀਦਾ ਹੈ।

੫. [ਉਦੇਸ਼]

ਜੋ ਸੰਖੇਪ ਕਰਕੇ ਕਥਨ ਕੀਤਾ ਜਾਵੇ ਸੋ ਉਦੇਸ਼ ਕਹੀਦਾ ਹੈ। ਜਿਹਾ ਕੁ:—

'ਦਰੁ ਬੀਭਾ ਮੈ ਨੀਮਿ ਕੋ ਕੈ ਕਰੀ ਸਲਾਮੁ॥'
[ਆਸਾ ਕਾਫੀ ਮ: ੧

ਦਰਵਾਜਾ ਬੀ ਅਰਥਾਤ ਦੂਜਾ ਭਾ ਅਰਥ ਭਾਵ ਦਾ ਨੀਮ ਕੋ ਨਹੀਂ ਕੋਈ, ਬੀ ਅਤੇ ਭਾ ਪਦਾਂ ਵਿਚ ਸੰਖੇਪ ਪ੍ਰਗਟ ਹੈ, ਇਸ ਲਈ ਉਦੇਸ਼।

ਜਿਸ ਨਾਮ ਤੋਂ ਪਦਾਰਥ ਦਾ ਕਥਨ ਹੋਵੇ ਸੋ ਪਦਾਰਥ।

ਉਦੇਸ਼ ਨਾਮ ਨਾਮ ਮਾਤ੍ਰ ਦਾ ਵੀ ਹੈ, ਜਿਸ ਨਾਮ ਵਿਚ ਇਕ ਵਾ ਦੋ ਤਿੰਨ ਅੱਖਰ ਹੀ ਹੋਣ ਅਤੇ ਆਪਣੇ ਅਰਥ ਨੂੰ ਵੀ ਪ੍ਰਗਟ ਕਰਦਾ ਹੋਵੇ। ਜਿਹਾ ਕੁ:—

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥'
[ਸਵਃ ਮ: ੪ ਕੇ

Digitized by Panjab Digital Library | www.panjabdigilib.org

ਇਹ ਤਿੰਨੇ ਨਾਮ ਅਵਗੁਨ ੧, ਏਕ ੨, ਗੁਨ ੩, ਆਪਣੇ ਅਰਥ ਨੂੰ ਆਪੇ ਹੀ ਪ੍ਰਗਟ ਕਰਦੇ ਹਨ, ਇਸਤੇ ਉਦੇਸ਼।

੬. [ਨਿਰਦੇਸ਼]

ਕਿਸੇ ਗੱਲ ਦਾ ਵੱਡੇ ਵਿਸਤਾਰ ਨਾਲ ਕਥਨ ਕਰਨਾ, ਉਸ ਨੂੰ ਨਿਰਦੇਸ਼ ਕਹਿੰਦੇ ਹਨ।

ਜੋਹਾਕੁ ਸੁਣਿਐ ਅਤੇ ਮੰਨੈ ਤੇ ਅਸੰਖਾਂ ਦੀਆਂ ਪਉੜੀਆਂ ਵਿਚ ਸ਼੍ਰਵਣ ਮੰਨਣ ਅਤੇ ਬਿਅੰਤਤਾਈ ਦਾ ਵਰਣਨ ਵੱਡੇ ਵਿਸਤਾਰ ਨਾਲ ਕਥਨ ਹੈ, ਇਸ ਲਈ ਇਸ ਸੰਗਜ਼ਾ ਦਾ ਨਾਉਂ ਨਿਰਦੇਸ਼ ਹੈ।

੭. [ਉਪਦੇਸ਼[

ਜਿਸ ਕਥਨ ਵਿਚ ਕਰਨੇ ਵਾਲੇ ਕੰਮਾਂ ਦੀ ਤਾਕੀਦ ਹੋਵੇ, ਉਹ ਕੰਮ ਇਕੋ ਹੋਵੇ ਭਾਵੇਂ ਅਨੇਕ ਹੋਣ, ਪਰੰਤੂ ਅਰਥ ਵਿਚ ਕਰਹੁ ਕਰਹੁ ਦਾ ਭਾਵ ਸਪਸ਼ਟ ਹੋਵੇ ਉਸ ਨੂੰ ਉਪਦੇਸ਼ ਕਹਿੰਦੇ ਹਨ। ਜੋਹਾਕੁ:–"ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ*" ਇਹ ਸਾਰਾ ਸ਼ਬਦ ਸਪਸ਼ਟ ਉਪਦੇਸ਼ ਹੈ।

ਸਤਿਗੁਰੁ ਦਾ ਪੂਜਨ ਕਰਹੁ, ਹਰਿ ਧਨ ਦਾ ਸੰਚਨ ਕਰਹੁ, ਮਨ ਦੇ ਵਿਕਾਰਾਂ ਦਾ ਤਜਾਗ ਕਰਹੁ, ਆਦਿਕ। ਸਾਰੇ ਪਦ ਉਪਦੇਸ਼ ਸੂਚਕ ਹੋਣੇ ਤੇ ਇਸ ਸੰਗਜ਼ਾ ਦਾ ਨਾਉਂ ਉਪਦੇਸ਼ ਕਹਿੰਦੇ ਹਨ।

੮. [ਅਪਦੇਸ਼]

ਜਿੱਥੇ ਕਾਰਨ ਨੂੰ ਮੁਖ ਰੱਖ ਕੇ ਕਥਨਕੀਤਾ ਜਾਵੇ ਉਸਨੂੰ ਅਪਦੇਸ਼ ਕਹੀਦਾ ਹੈ। ਜੋਹਾਕੁ–

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਥਾਇ॥੯॥ [ਸਲੋਕ ਮਃ ੫

ਇਸ ਵਿਚ ਪ੍ਰਗਟ ਹੈ ਕਿ ਪਾਪੀਆਂ ਦੇ ਪਾਪ ਕਰਮ ਕਮਾਵਣੇ ਕਾਰਨ ਹਨ, ਧਰਮ ਰਾਜ ਨੇ ਪਾਪਾਂ ਦੇ ਫਲ ਭੁਗਾਵਣ ਨੂੰ ਮਥਨਾ ਅਰਥਾਤ ਨਰਕਾਂ ਵਿਚ ਪਾਉਣਾ ਕਾਰਜ ਹੈ। ਮੁੱਖਤਾ ਇਸ ਵਿਚ ਉਪਦੇਸ਼ ਦੀ ਕਿ ਪਾਪ ਨਾ ਕਰੋ, ਇਸ ਲਈ ਇਹ ਅਪਦੇਸ਼ ਸੰਗਜ਼ਾ ਕਹੀਦੀ ਹੈ।

੯.[ਪ੍ਰਦੇਸ਼]

ਜੋ ਅਤੀਕ੍ਰਾਂਤ ਕਰਕੇ ਸਾਧਨ ਹੋਵੇ ਅਰਥਾਤ ਕਿਸੇ ਦਾ ਨਮੂਨਾ ਦਿਖਾਕੇ ਉਪਦੇਸ਼ ਕੀਤਾ ਜਾਵੇ ਉਸ ਨੂੰ ਪ੍ਰਦੇਸ਼ ਕਹੀਦਾ ਹੈ। ਜਿਹਾ ਕੁ–

'ਸੁਣਿ ਸਾਖੀ ਮਨ ਜਪਿ ਧਿਆਨ॥' [ਬਸੰਃ ਮਃ ੫

ਪੁਨਃ–'ਰੇ ਮਨ ਤੂੰ ਭੀ ਹਰਿ ਧਿਆਇ॥' [ਬਸੰਃ ਮਃ ੫

ਜੀਕਰ ਇਨ੍ਹਾਂ ਭਗਤਾਂ ਦਾ ਉਧਾਰ ਹਰੀ ਦੇ ਧਿਆਉਣੇ ਕਰਕੇ ਹੋਇਆ ਹੈ, ਹੇ ਮਨ! ਤੂੰ ਭੀ ਵਾਹਿਗੁਰੂ ਨੂੰ ਧਿਆਉ ਤਾਂਤੇ ਤੇਰਾ ਵੀ ਉਧਾਰ ਹੋਵੇ। ਵਾਹਿਗੁਰੂ ਦਾ ਧਿਆਉਣਾ ਇਹ ਅਤੀ ਕ੍ਰਾਂਤ ਕਰਕੇ ਸਾਧਨ ਕਰਨਾ ਹੈ, ਭਾਵ ਹੋਰਨਾਂ ਦਾ ਉਧਰਨਾ ਵਾਹਿਗੁਰੂ ਧਿਆਵਣੇ ਤੇ ਹੈ, ਇਹ ਇਕ ਨਮੂਨਾ ਜਾਂ ਦ੍ਰਿਸ਼ਟਾਂਤ ਮਾਤ੍ਰ ਹੈ, ਪਰੰਤੂ ਧਿਆਉਣਾ ਸਾਧਨ ਹੈ, ਇਸ ਤੇ ਤੂੰ ਭੀ ਧਿਆਉ। ਇਸ ਲਈ ਇਸ ਸੰਗਜ਼ਾ ਦਾ ਨਾਉਂ ਪ੍ਰਦੇਸ ਕਹੀਦਾ ਹੈ।

੧੦. [ਅਤੀਦੇਸ਼]

ਜੋ ਭਵਿਖਤ (ਹੋਣਹਾਰ) ਦੀ ਸੂਚਨਾ ਨਾਲ ਉਪਦੇਸ਼ ਕਹਿਆ ਜਾਵੇ, ਉਸ ਨੂੰ ਅਤੀ ਦੇਸ਼ ਕਹੀਦਾ ਹੈ। ਜਿਹਾ ਕੁ:–

ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥ [ਬਿਹਾਃ ਮਃ ੫ ਛੰਤ

*ਸਿਰੀ ਰਾਗ ਮਃ ੫।

Digitized by Panjab Digital Library | www.panjabdigilib.org

ਇਸ ਵਿਚ ਸਪਸ਼ਟ ਹੈ ਕਿ ਹੇ ਪਾਪ ਕਰਮ ਕਮਾਵਣੇ ਵਾਲੇ ! ਅੰਤ ਕਾਲ ਨੂੰ ਤੇਰਾ ਕੋਈ ਸਹਾਇਕ ਨਹੀਂ ਹੋਵੇਗਾ।

ਅੰਤ ਕਾਲ ਭਵਿੱਖਤ ਸੂਚਨਾ ਹੈ, ਕਿਉਂਕਿ ਪਾਪਾਂ ਦਾ ਫਲ ਅੰਤ ਨੂੰ ਬੁਰਾ ਹੁੰਦਾ ਹੈ। ਇਸ ਲਈ ਇਸ ਸੰਗਜਾ ਦਾ ਨਾਉਂ ਅਤੀਦੇਸ ਕਹੀਦਾ ਹੈ।

੧੧. [ਅਪਵਰਗ]

ਜੋ ਗਣ ਅਤੇ ਕ੍ਰਿਯਾ ਕਰਕੇ ਸਾਰੇ ਵਿਆਪੇ ਤੇ ਕਿਸੇ ਪਦਾਰਥ ਦਾ ਉਨ੍ਹਾਂ ਹੀ ਗੁਣਾਂ ਤੇ ਕ੍ਰਿਯਾ ਕਰਕੇ ਵੱਖਰਾਪਨ ਹੋਵੇ ਤਾਂ ਉਸ ਸੰਗਜਾ ਨੂੰ ਅਪਵਰਗ ਕਹੀਦਾ ਹੈ। ਜਿਹਾ ਕੁ:—

ਤਿਨਕੇ ਤੁਰੇ ਜੀਨ ਖੁਰਗੀਨ ਸਭਿ ਪਵਿਤੁ
ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ
ਚੜਿ ਜਾਤੇ ॥ [ਵਾਰ ਸੋਰਃ ਮਃ ੪

ਸਾਧ ਸੰਗਤ ਦੇ ਅਰਥ ਆਉਣੇ ਕਰਕੇ ਪਵਿਤ੍ਰ ਇਹ ਵੱਖਰਾ ਪਨ ਘੋੜੇ ਕਾਠੀਆਂ ਖੁਰਗੀਨਾਂ ਦੇ ਗੁਣ ਕ੍ਰਿਯਾ ਸਫਲਤਾ ਅਤੇ ਨਿਸਫਲਤਾ ਦੋਹਾਂ ਪਾਸਿਆਂ ਵਲ ਵਿਆਪਕ ਹੈ, ਇਸ ਲਈ ਏਥੇ ਅਪਵਰਗ ਸੰਗਜਾ ਹੈ।

੧੨. [ਵਾਕਜ ਸੇਖ]

ਜਿਸ ਨਾ ਕਹੇ ਹੋਏ ਪਦ ਨਾਲ ਵਾਕ ਦੀ ਸਮਾਪਤੀ ਕੀਤੀ ਜਾਵੇ, ਉਸ ਨੂੰ ਵਾਕ ਸੇਖ ਕਹਿੰਦੇ ਹਨ। ਜਿਹਾ ਕੁ:—

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।
[ਸਲੋ: ਫਰੀ:

ਏਥੇ ਸਿਰ ਕਹਿਣੇ ਤੇ ਸਿਰ ਵਾਲਾ ਪੁਰਖ ਪ੍ਰਤੀਤ ਹੁੰਦਾ ਹੈ, ਵਾਕ ਦੀ ਸਮਾਪਤੀ ਪੁਰਖ ਪਰ ਹੈ, ਜੋ ਪੁਰਖ ਇਸ ਟੁਕ ਵਿਚ ਨਹੀਂ ਕਥਨ ਕੀਤਾ, ਇਸਦੀ ਇਸ ਸੰਗਜਾ ਨੂੰ ਵਾਕ ਸੇਖ ਕਹਿੰਦੇ ਹਨ। ਅਰਥ—ਜਿਸ ਪੁਰਖ ਵਾ ਪ੍ਰਾਣੀ ਦਾ ਸਿਰ ਸਾਈਂ ਅੱਗੇ ਨਹੀਂ ਨਿੰਵਦਾ ਉਸ ਪੁਰਖ ਦਾ ਸਿਰ ਕੱਟਕੇ ਧੜ ਤੋਂ ਉਤਾਰ, ਕਿਉਂਕਿ ਪੁਰਖ ਐਸੇ ਹੰਕਾਰੀ ਸਿਰ ਦਾ ਅਧਿਕਾਰੀ ਨਹੀਂ, ਭਾਵ ਨਿੰਮ੍ਰਤਾ ਵਾਲਾ ਸਿਰ ਹੋਣਾ ਚਾਹੀਏ।

ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਹਾ ਨ
ਮਾਰੇ ਘੁੰਮਿ।ਆਪਨੜੈ ਘਰਿ ਜਾਈਐ ਪੈਰ
ਤਿਨ੍ਹਾ ਦੇ ਚੁੰਮਿ ॥ [ਸਲੋ: ਫਰੀ:

੧੩. [ਅਰਥਾਪਤੀ]

ਜੋ ਭਾਵ ਪਦਾਂ ਦੇ ਅਰਥਾਂ ਵਿਚ ਨਾ ਹੋਵੇ, ਪਰੰਤੂ ਭਾਵ ਵਿੱਚੋਂ ਸਪਸ਼ਟ ਪ੍ਰਤੀਤ ਪਿਆ ਹੋਵੇ, ਉਸਨੂੰ ਅਰਥਾਪਤੀ ਕਹਿੰਦੇ ਹਨ। ਜਿਹਾਕੁ:—

ਸੈਲ ਪਥਰ ਮਹਿ ਜੰਤ ਉਪਾਏ ਤਾਕਾ
ਰਿਜਕੁ ਆਗੈ ਕਰਿ ਧਰਿਆ ॥ [ਗੂਜ: ਮਃ ੫

ਇਨ੍ਹਾਂ ਪਦਾਂ ਵਿਚ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਸਾਰੀ ਸ੍ਰਿਸ਼ਟੀ ਨੂੰ ਪਾਲਦਾ ਪੋਖਦਾ ਹੈ, ਪਰੰਤੂ ਅੱਖਰਾਂ ਵਿਚ ਇਹ ਅਰਥ ਨਹੀਂ ਹੈ, ਭਾਵ ਹੈ, ਇਸ ਲਈ ਇਸ ਸੰਗਜਾ ਦਾ ਨਾਉਂ ਅਰਥਾਪਤੀ (ਭਾਵਾਰਥ ਹੈ)।

੧੪. [ਵਿਪਰਜੈ]

ਜੋ ਕਥਨ ਉਲਟੇ ਅਰਥਾਂ ਵਿਚ ਵੀ ਸਿੱਧਾ ਹੀ ਪ੍ਰਯੋਜਨ ਸਿੱਧ ਕਰੇ, ਸੋ ਬਿਪਰਜੈ।

ਜਿਹਾਕੁ:—

ਸੋਈ ਪੂਰੇ ਸਾਹ ਵਖਤੇ ਉਪਰਿ ਲੜਿ ਮੁਏ ॥

ਜਿਨ੍ਹਾਂ ਨੇ ਧਿਆਇਆ ਅਤੇ ਵੇਲੇ ਸਿਰ ਜੁੱਧ ਕਰ ਮੋਏ, ਸੋਈ ਪੂਰੇ ਸ਼ਾਹ ਹਨ, ਇਹੋ ਅਰਥ ਉਲਟ ਕੇ ਜਿਨ੍ਹਾਂਨੇ ਨਹੀਂ ਧਿਆਇਆ ਜੋ ਵੇਲੇ ਸਿਰ ਨਹੀਂ ਲੜ ਮੋਏ, ਓਹ ਪੂਰੇ ਸ਼ਾਹ ਵੀ ਨਹੀਂ ਹਨ, ਇਸ ਤਰ੍ਹਾਂ ਅਰਥ ਦੇ ਉਲਟ ਜਾਣ ਵਿਚ ਵੀ ਉਪਦੇਸ਼ ਦਾ ਭਾਵ

Digitized by Panjab Digital Library | www.panjabdigilib.org

ਧਿਆਉਣਾ ਅਤੇ ਵੇਲੇ ਸਿਰ ਜੰਗ ਕਰਨਾ ਸਿੱਧ ਹੀ ਹੁੰਦਾ ਰਿਹਾ, ਇਸ ਲਈ ਇਸ ਸੰਗਜਾ ਦਾ ਨਾਉਂ ਬਿਪਰਜੇ ਕਹੀਦਾ ਹੈ।

੧੫. [ਪ੍ਰਸੰਗ]

ਜੋ ਪ੍ਰਕਾਰਾਂਤਰ ਵਿਚ ਪ੍ਰਕਰਣ ਪੂਰਾ ਕੀਤਾ ਹੋਵੇ ਉਸ ਨੂੰ ਪ੍ਰਸੰਗ ਕਹੀਦਾ ਹੈ, ਜਾਂ ਪ੍ਰਕਾਰਾਂਤਰ ਵਿਚ ਬਾਰੰਬਾਰ ਕਹਿਕੇ ਅਰਥ ਪੂਰਾ ਕੀਤਾ ਹੋਵੇ ਤਾਂ ਭੀ ਪ੍ਰਸੰਗ ਹੀ ਕਹੀਦਾ ਹੈ। ਜਿਹਾਕੁ:-"ਮੰਨੈ, ਸੁਣਿਐ, ਗਾਵੈ, ਗਾਵਹਿ, ਅਸੰਖ, ਕਈ ਕੋਟ, ਬ੍ਰਹਮ ਗਜਾਨੀ" ਆਦਿਕ ਪਦ ਬਾਰੰਬਾਰ ਕਥਨ ਕਰਕੇ ਕਈ ਪ੍ਰਕਾਰ ਤੇ ਅਰਥਾਂ ਦੀ ਪੂਰਣਤਾ ਕੀਤੀ ਹੈ, ਇਸ ਲਈ ਇਸ ਕਥਨ ਨੂੰ ਪ੍ਰਸੰਗ ਸੰਗਜਾ ਕਰਕੇ ਕਹੀਦਾ ਹੈ, ਅਥਵਾ "ਪਵਣ ਗੁਰ, ਸੋਦਰ, ਸੋਹਲੇ ਸਬਦ, ਪਬਣ ਤੂੰ ਹਰੀਆਵਲਾ।" "ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤ ॥" ਇਤਜਾਦਿਕ ਜੋ ਸ਼ਬਦ ਦੋ ਦੋ ਅਥਵਾ ਤਿੰਨ ਤਿੰਨ ਚਾਰ ਚਾਰ ਵਾਰ ਪ੍ਰਸੰਗਾਂਤਰ ਵਾ ਪ੍ਰਬੰਧਾਂਤਰ ਅਥਵਾ ਪ੍ਰਕਾਰਾਂਤਰ ਕਥਨ ਕੀਤੇ ਹਨ ਸਾਰੇ ਪ੍ਰਸੰਗ ਸੰਗਜਾ ਵਿਚ ਕਹੀਦੇ ਹਨ।

੧੬. [ਏਕਾਂਤ]

ਜੋ ਸਭ ਜਗ੍ਹਾਂ ਬਿਨਾਂ ਵਿਕਲਪ ਦੇ ਕਹਿਆ ਜਾਵੇ, ਸੋ ਏਕਾਂਤ। ਇੱਕੋ ਗੱਲ ਅੰਤ ਤੱਕ ਕਹੀ ਜਾਵੇ, 'ਜਾਂ' 'ਤਾਂ' 'ਅਥਵਾ' ਨਾ ਆਵੇ, ਸੋ ਏਕਾਂਤ। ਜਿਹਾਕੁ:-

ਏਕੋ ਹੈ ਭਾਈ ਏਕੋ ਹੈ ॥ [ਆਸਾ ਮਃ੧
ਏਕਸ ਕੇ ਗੁਨ ਗਾਉ ਅਨੰਤ ॥ ਮਨਿ
ਤਨਿ ਜਾਪਿ ਏਕ ਭਗਵੰਤ ॥ [ਸੁਖਮਨੀ

ਇਤਜਾਦਿਕ ਪਦਾਂ ਵਿਚ ਕੋਈ ਵਿਕਲਪ ਨਹੀਂ ਹੈ, ਭਾਵ ਇਹ ਨਹੀਂ ਤਾਂ ਇਹ ਕਰੋ ਇਹ ਵਿਕਲਪ, ਜਿਸ ਨੂੰ ਅਥਵਾ, ਜਾਂ, ਵਾ, ਯਾ ਕਰਕੇ ਕਹਿੰਦੇ ਹਨ ਸੋ ਨਹੀਂ ਹਨ, ਇਸ ਲਈ ਏਕਾਂਤ।

੧੭. [ਅਨੇਕਾਰਥ]

ਜੋ ਭਾਵ ਕਿਸੇ ਜਗ੍ਹਾ ਵੈਸਾ ਹੋਵੇ ਅਤੇ ਕਿਸੇ ਜਗ੍ਹਾ ਕੈਸਾ ਹੋਵੇ। ਭਾਵ ਕਿਤੇ ਆਪਣੇ ਮਤ ਪ੍ਰਧਾਨਤ ਅਤੇ ਕਿਤੇ ਦੂਸਰੇ ਮਤ ਦਾ ਅਨੁਵਾਦ ਕਥਨ ਹੋਵੇ ਉਸਨੂੰ ਅਨੇਕਾਰਥ ਸੰਗਜਾ ਕਹਿੰਦੇ ਹਨ। ਜਿਹਾਕੁ ਸ੍ਰਿਸ਼ਟੀ ਦੀ ਉਤਪਤੀ ਪਰਥਾਇ ਕਥਨ ਹੈ। "ਕੀਤਾ ਪਸਾਉ ਏਕੋ ਕਵਾਉ" ਫਿਰ "ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥" ਫੇਰ "ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥" ਆਦਿਕ ਕਥਨ ਹਨ।

੧੮. [ਪੂਰਬ ਪੱਖਜ]

ਜੋ ਅਖੜੇਪ ਪੂਰਬਕ ਪ੍ਰਸ਼ਨ ਕੀਤਾ ਜਾਵੇ ਉਸ ਨੂੰ ਪੂਰਬ ਪੱਖ ਕਹਿੰਦੇ ਹਨ, ਅਰਥਾਤ ਪ੍ਰਸ਼ਨ ਕਰਨਾ; ਜਿਹਾਕੁ ਸਿੱਧ ਗੋਸ਼ਟ ਅਤੇ ਰਾਗ ਰਾਮਕਲੀ ਵਿਚ ਬਹੁਤ ਜਗ੍ਹਾ ਸਿੱਧਾਂ ਦੇ ਪ੍ਰਸ਼ਨ ਹਨ।

ਅਖੇਪ ਨਾਉਂ ਵਾਦੀ ਪ੍ਰਤਿਵਾਦੀ ਵਿਚ ਹੁੰਦਾ ਹੈ ਤੇ ਪ੍ਰਸ਼ਨ ਜਗਜਾਸੂ ਵਲੋਂ ਹੁੰਦਾ ਹੈ, ਸੋਈ ਸਿੱਧ ਗੋਸਟ ਵਿਚ ਸਿੱਧ ਵਾਦੀ ਪ੍ਰਸ਼ਨ ਕਰਤਾ ਹਨ।

੧੯. [ਨਿਰਣਜ]

ਪੂਰਬ ਪੱਖ (ਪ੍ਰਸ਼ਨ) ਦਾ ਜੋ ਉੱਤਰ ਕਥਨ ਕਰਨਾ ਹੈ ਉਸ ਨੂੰ ਨਿਰਣੈ ਜਾਂ ਉੱਤਰ ਪੱਖ ਕਹਿੰਦੇ ਹਨ; ਜਿਹਾਕੁ ਸਿੱਧ ਗੋਸਟ ਵਿਚ ਬਹੁਤ ਸਾਰਾ ਵਿਦਮਾਨ ਹੈ।

Digitized by Panjab Digital Library | www.panjabdigilib.org

੨੦. [ਅਨਮਤ]

ਦੂਸਰੇ ਕਿਸੇ ਦੇ ਮਤ ਦੇ ਆਦਮੀ ਨੂੰ ਆਪਣੇ ਉਪਦੇਸ਼ ਦੀ ਸਿੱਧੀ ਵਾ ਸਰਲਤਾ ਵਾਸਤੇ ਉਸੇ ਦੇ ਮਤ ਵਿਚੋਂ ਤਸੱਲੀ ਕਰਕੇ ਆਪਣਾ ਉਪਦੇਸ਼ ਕਰਨਾ ਅਨਮਤ ਹੈ। ਜਿਹਾ ਕੁ–

ਚਾਰਿ ਪੁਕਾਰਹਿ ਨਾ ਤੂ ਮਾਨਹਿ॥ ਖਟੁ ਭੀ ਏਕਾ ਬਾਤ ਬਖਾਨਹਿ ॥ ਦਸ ਅਸਟੀ ਮਿਲਿ ਏਕੋ ਕਹਿਆ ॥ ਤਾ ਭੀ ਜੋਗੀ ਭੇਦੁ ਨ ਲਹਿਆ ॥੧॥ [ਰਾਮਕਲੀ ਮਃ ੫

ਪੁਨ–ਪ੍ਰਣਵੈ ਨਾਮਾ ਇਉ ਕਹੈ ਗੀਤਾ। ਆਦਿਕ

ਭਾਵ ਆਪਣੇ ਮਤ ਦਾ ਉਪਦੇਸ਼ ਦੂਸਰੇ ਮਤ ਵਿਚੋਂ ਦਿਖਲਾਕੇ ਸਿੱਧ ਕਰਨਾ ਇਸ ਸੰਗਜਾ ਦਾ ਨਾਉਂ ਅਨਮਤ ਹੈ ।

੨੧. [ਵਿਧਾਨ]

ਜੋ ਗੱਲ ਪ੍ਰਕਰਣ ਅਨੁਸਾਰ ਕਹੀ ਜਾਵੇ ਉਸਨੂੰ ਵਿਧਾਨ ਕਹਿੰਦੇ ਹਨ, ਜਿਹਾ ਕੁ–

ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ॥ [ਸੂਹੀ ਮਃ ੫

ਇਸ ਤੁਕ ਵਿਚ ਵਿਧਾਨ ਸਪਸ਼ਟ ਹੈ "ਕਿ ਪੂਰਬਲੇ ਜਨਮਾਂ ਦੇ ਸ਼ੁਭ ਕਰਮਾਂ ਅਨੁਸਾਰ ਗਿਆਨ ਪ੍ਰਾਪਤ ਹੋਇਆ, ਪਰੰਤੂ ਸੰਤਾਂ ਦੀ ਸਹਾਇਤਾ ਕਰਕੇ" ਕਿਉਂਕਿ ਪ੍ਰਾਪਤੀ ਦਾ ਕਰਮ ਏਹੋ ਹੀ ਹੈ। ਸ੍ਰੇਸ਼ਟ ਕਰਮਾਂ ਕਰਕੇ ਉੱਤਮ ਜਨਮ ਦੀ ਪ੍ਰਾਪਤੀ, ਉੱਤਮ ਜਨਮਾਂ ਕਰਕੇ ਸ਼ੁਭ ਗੁਣਾਂ ਦੀ ਪ੍ਰਾਪਤੀ, ਸਦ ਗੁਣਾਂ ਕਰਕੇ ਸਤਿਸੰਗ ਦੀ ਪ੍ਰਾਪਤੀ, ਸਤਿਸੰਗ ਕਰਕੇ ਗੁਰੂ ਦੀ ਪ੍ਰਾਪਤੀ, ਗੁਰੂ ਤੋਂ ਉਪਦੇਸ਼ ਦੀ ਪ੍ਰਾਪਤੀ, ਉਪਦੇਸ਼ ਤੋਂ ਅਭਯਾਸ, ਜਿਸ ਤੇ ਭਗਤੀ ਗਿਆਨ ਮੋਖ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਇਸ ਸੰਗਜਾ ਦਾ ਨਾਉਂ ਵਿਧਾਨ ਕਹੀਦਾ ਹੈ।

੨੨. [ਅਨਆਗਤ ਵੇਖਣ]

ਕਿਸੇ ਕਾਰਜ ਲਈ ਭਵਿੱਖਤ ਗੱਲ ਦਾ ਦੇਖਣਾ (ਸੂਚਨ ਕਰਨਾ) ਅਨਆਗਤ ਵੇਖਣ ਕਹੀਦਾ ਹੈ, ਜਿਹਾ ਕੁ–

ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ [ਤਿਲੰਗ ਮਃ ੧

ਇਸ ਸਾਰੇ ਸ਼ਬਦ ਵਿਚ ਭਵਿਸ਼ਤ ਦੀ ਹੀ ਸੂਚਨਾ ਹੈ, ਇੱਕੁਰ ਹੀ "ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ" ਆਦਿਕ ਪਦ ਹੋਰ ਭੀ ਭਵਿੱਖਤ ਸੂਚਨਾ ਦਿਖਾਉਂਦੇ ਹਨ, ਇਸ ਲਈ ਇਸ ਸੰਗਜਾ ਦਾ ਨਾਉਂ ਅਨ ਆਗਤ ਵੇਖਣ ਕਰਕੇ ਕਹੀਦਾ ਹੈ।

੨੩. [ਅਤਿਕ੍ਰਾਂਤਾ ਵੇਖਣ]

ਜਿੱਥੇ ਕਿਤੇ ਪਹਿਲੇ ਕਹੀ ਹੋਈ ਗੱਲ ਨੂੰ ਚੇਤਾਵਨੇ ਦੀ ਤਰ੍ਹਾਂ ਫਿਰ ਚਮਤਕਾਰ ਕੀਤਾ ਜਾਵੇ ਜਾਂ ਕੋਈ ਗੱਲ ਕਹਿਕੇ ਉਸ ਦੀ ਤਾਕੀਦ ਕੀਤੀ ਜਾਵੇ ਤਾਂ ਉਸ ਨੂੰ ਅਤਿਕ੍ਰਾਂਤਾ ਵੇਖਣ ਕਹਿੰਦੇ ਹਨ। ਜਿਹਾ ਕੁ:–

"ਉਠਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ॥੧॥" [ਬਿਲਾ:ਮ:੫

ਇਤਯਾਦਿਕ ਪਦਾਂ ਵਿਚ ਪੂਰਬ ਕਾਲ ਦੇ ਕਹੇ ਹੋਏ ਦੀ ਸੂਚਨਾ ਪ੍ਰਗਟ ਹੈ। ਅਥਵਾ 'ਜਪੁ' ਇਹ ਪਦ ਉੱਪਰ ਕਹੇ ਹੋਏ '੧ ਓ" ਤੋਂ ਲੈਕੇ 'ਪ੍ਰਸਾਦਿ' ਤਕ ਕਥਨ ਦੀ ਤਾਕੀਦ ਵਿਚ 'ਜਪ' ਪਦ ਉਪਦੇਸ਼ ਦਾ ਭਾਵ ਰਖਦਾ ਹੈ ਕਿ ਉਪਰਲੇ ਲਿਖੇ ਹੋਏ ਨੂੰ ਜਪੋ, ਇਸ ਲਈ ਇਸ ਸੰਗਜਾ ਦਾ ਨਾਉਂ ਅਤਿਕ੍ਰਾਂਤਾ ਵੇਖਣ ਕਰਕੇ ਕਹੀਦਾ ਹੈ।

੨੪. [ਸੰਸਯ]

ਜਿਸ ਕਥਨ ਵਿਚ ਦੋ ਕਾਰਨ ਪ੍ਰਤੀਤ ਹੋਣ, ਉਸਨੂੰ ਸੰਸਯ ਕਹਿੰਦੇ ਹਨ। ਜਿਹਾ ਕੁ:–

ਫਰੀਦਾ ਕਾਲੀਏ ਚਿਕੜੁ ਦੂਰਿ ਘਰੁ

Digitized by Panjab Digital Library | www.panjabdigilib.org

ਨਾਲਿ ਪਿਆਰੇ ਨੇਹੁ ॥ ਚਲਾ ਤ ਛਿਜੈ ਕੰਬਲੀ ਰਹਾ ਤ ਤੁਟੈ ਨੇਹੁ ॥ ੨੪ ॥ [ਸਲੋਃ ਫਰੀਃ

ਇਸ ਵਿਚ ਚੱਲਣ ਅਤੇ ਰਹਿਣ ਵਿਚ ਦੋ ਕਾਰਨ ਪ੍ਰਤੱਖ ਹਨ, ਨੇਹੁੰ ਅਤੇ ਬਰਖਾ ਚੂਰੀ ਘਰ, ਜਿਸ ਤੇ ਚੱਲਣ ਅਤੇ ਰਹਿਣ ਵਿਚ ਸੰਸਾ ਪੈਦਾ ਹੋਇਆ, ਇਸੇ ਲਈ ਇਸ ਸੰਗਜਾ ਦਾ ਨਾਉਂ ਸੰਸਯ ਕਹੀਦਾ ਹੈ

੨੫. [ਵਜਾਖਜਾਨ]

ਜਿਸ ਕਥਨ ਵਿਚ ਕਿਸੇ ਗੱਲ ਦਾ ਅਤਯੰਤ ਵਰਣਨ ਕੀਤਾ ਹੋਵੇ, ਉਸ ਨੂੰ ਵਜਾਖਜਾਨ ਕਹਿੰਦੇ ਹਨ, ਜਿਹਾ ਕੁ ਭੈਰਉ ਰਾਗ ਵਿਚ ਅਤੇ ਬਸੰਤ ਰਾਗ ਵਿਚ ਪ੍ਰਹਲਾਦ ਦੇ ਪ੍ਰਕਰਣ ਨੂੰ ਵਿਸਤਾਰ ਨਾਲ ਬਾਰ ਬਾਰ ਵਰਣਨ ਕੀਤਾ ਹੈ "ਪ੍ਰਹਲਾਦ ਉਧਾਰੇ ਅਨਿਕ ਬਾਰ" ਆਦਿਕ।

੨੬. [ਸੁਸੰਗਜਾ ਯਾ ਸੰਪ੍ਰਦਾਇ]

ਜੋ ਪਦ ਗੁਰ ਸੰਪ੍ਰਦਾ ਵਿਚ ਵਰਤਮਾਨ ਹਨ, ਉਹ ਇਸੇ ਹੀ ਸੰਪ੍ਰਦਾ ਦੇ ਗ੍ਰਹਣ ਕਰਨ ਯੋਗ ਹਨ। ਦੂਸਰੇ ਮਤਾਂ ਵਿਚ ਭਾਵੇਂ ਹੋਰ ਹੀ ਅਰਥ ਦਿੰਦੇ ਹੋਣ, ਪਰੰਤੂ ਸੰਪ੍ਰਦਾ ਅਨੁਸਾਰ ਉਹਨਾਂ ਪਦਾਂ ਨੂੰ ਸੰਪ੍ਰਦਾਈ ਵਾ ਸੁਸੰਗਜਾ ਕਰਕੇ ਕਹੀਦਾ ਹੈ; ਜਿਹਾ ਕੁ ਬ੍ਰਹ, ਆਵਧ, ਪਦ, ਮਹਕ ਔਰ ਸ਼ਸਤ੍ਰ ਅਰਥ ਸੰਪ੍ਰਦਾਈ ਹੈ, ਗੁਰ ਸੰਪ੍ਰਦਾ ਵਿਚ ਇਸ ਦਾ ਅਦਥ ਕਹਿਣਾ ਤੇ ਅਵਸਥਾ ਪ੍ਰਮਾਣੀਕ ਨਹੀਂ ਹਨ । ਇੱਕੁਰ ਹੀ ਜੋ ਪਦ ਲੌਕ ਪ੍ਰਸਿੱਧ ਹਨ ਉਹਨਾਂ ਨੂੰ ਉਦਾਹਰਣ ਕਰਕੇ ਕਹੀਦਾ ਹੈ, ਜਿਹਾ ਕੁ ਨਾਮ ਜਪਣਾ, ਵੰਡ ਖਾਣਾ, ਇਸ ਦਾ ਅਰਥ ਸੰਪ੍ਰਦਾਈ ਦਸਵੰਧ ਦੇਣਾ ਜਾਂ ਗੁਰੂ ਨਮਿੱਤ ਆਪਣੀ ਕਮਾਈ ਵਿੱਚੋਂ ਹਿੱਸਾ ਦੇਣਾ ਹੈ, ਖਲ ਤੂੜੀ ਵਾਲਾ ਵੰਡ ਖਾਣਾ ਅਰਥ ਅਪ੍ਰਮਾਣੀਕ ਹੈ, ਇਸ ਲਈ ਇਸ ਸੰਗਜਾ ਦਾ ਨਾਮ ਸੁਸੰਗਜਾ ਕਹੀਦਾ ਹੈ।

੨੭. [ਨਿਰਵਚਨ]

ਨਿਸਚੇ ਕੀਤੇ ਹੋਏ ਬਚਨ ਨੂੰ ਨਿਰਵਚਨ ਕਹਿੰਦੇ ਹਨ; ਜਿਹਾ ਕੁ:—

ਸਤਿ ਪੁਰਖੁ ਜਿਨਿ ਜਾਨਿਆ
ਸਤਿਗੁਰੁ ਤਿਸ ਕਾ ਨਾਉ ॥ [ਸੁਖਮਨੀ

ਸਤਿ ਪੁਰਖ ਦੇ ਜਾਣਨੇ ਵਾਲੇ ਦਾ ਨਾਉਂ ਸਤਿਗੁਰੂ ਹੈ, ਇਹ ਨਿਸਚਤ ਹੈ।

ਪੁਨਃ—"ਤਿਸਕੈ ਸੰਗਿ ਸਿਖੁ ਉਧਰੈ" [ਸੁਖਮਨੀ

ਤਿਸ ਸਤਿਗੁਰੂ ਕੇ ਸੰਗ ਕਰਕੇ ਸਿਖ ਉਧਰਦ ਹਨ, ਇਤਜਾਦਿਕ ਬਚਨ ਨਿਸਚਜਾਤਮਕ ਹੋਣੇ ਤੇ ਨਿਰਵਚਨ ਕਰਕੇ ਕਹੀਦੇ ਹਨ, ਇਸ ਲਈ ਇਸ ਸੰਗਜਾ ਦਾ ਨਾਉਂ ਨਿਰਵਚਨ ਹੈ।

੨੮. [ਨਿਦਰਸ਼ਨ]

ਜਿਸ ਬਚਨ ਦਾ ਅਰਥ ਦ੍ਰਿਸ਼ਟਾਂਤ ਨਾਲ ਰੂਪ ਪਕੜੇ, ਉਸ ਨੂੰ ਨਿਦਰਸ਼ਨ ਕਰਕੇ ਕਹਿੰਦੇ ਹਨ। ਜਿਹਾ ਕੁ:—

"ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥" [ਮਲਾਰ ਮਃ ੧

ਜੇ ਮਾਲਕ ਨੂੰ ਭੁਲਾਕੇ ਭੋਗ ਭੋਗੇ ਤਾਂ ਸਰੀਰ ਵਿਚ ਰੋਗ ਉਤਪੰਨ ਹੁੰਦੇ ਹਨ। ਜਾਂ, ਤਾਂ, ਜੋ, ਸੋ, ਜਿਉਂ, ਤਿਉਂ ਪਦਾਂ ਕਰਕੇ ਜੋ ਦ੍ਰਿਸ਼ਟਾਂਤ ਦਿਖਾਵੇ ਸੋ ਨਿਦਰਸ਼ਨ, ਅਥਵਾ ਜਿੱਥੇ ਆਪਣੀ ਕ੍ਰਿਯਾ ਦਿਖਾਕੇ ਉਪਦੇਸ਼ ਕੀਤਾ ਹੈ, ਸੋ ਨਿਦਰਸ਼ਨ। ਜਿਹਾਕੁ—

ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥ [ਭੈਰਉ ਮਃ ੩

Digitized by Panjab Digital Library | www.panjabdigilib.org

ਜੈਹਾ ਤੈਹਾ ਨਿਦਰਸ਼ਨ, ਕਰੀ ਸਿੰਗਾਰ ਕ੍ਰਿਯਾ ਹੈ।

"ਜਿਉ ਆਇਆ ਤਿਉ ਜਾਵਹਿ ਬਉਰੇ
ਜਿਉ ਜਨਮੇ ਤਿਉ ਮਰਣੁ ਭਇਆ ॥"
[ਰਾਮਃ ਮਃ ੧

"ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈਬਾਰ ॥ ਜਿਉ ਬਨ ਫਲ
ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ
ਡਾਰ ॥ ੩੦ ॥" [ਸਲੋਃ ਕਬੀਰ

ਇਹ ਅਨਕੂਲ ਹੈ॥

੨੯. [ਸਤ ਉਪਦੇਸ਼]

ਜਿਸ ਬਚਨ ਵਿਚ "ਇਹੋ ਹੀ ਕਰਨਾ ਚਾਹੀਏ" ਇਹ ਸਪਸ਼ਟ ਸਿੱਧ ਹੋਵੇ, ਉਸ ਨੂੰ ਸਤ ਉਪਦੇਸ਼ ਕਹਿੰਦੇ ਹਨ। ਜਿਹਾ ਕੁ:—

ਨਾਨਕ ਕਹਤੋ ਇਹੁ ਬੀਚਾਰਾ ਜਿ ਕਮਾਵੈ
ਸੁ ਪਾਰਗਰਾਮੀ ॥ ਗੁਰੁ ਸੇਵਹੁ ਅਰੁ
ਨਾਮੁ ਧਿਆਵਹੁ ਤਿਆਗਹੁ ਮਨਹੁ
ਗੁਮਾਨੀ ॥੪॥ [ਗਉਃ ਮਾਲਾ ਮਃ ੫

ਇਹ ਕਰਣੀ ਸਪਸ਼ਟ ਉਪਦੇਸ਼ ਹੈ।

ਇਤਜਾਦਿਕ ਅਨੇਕ ਸ਼ਬਦ ਹਨ।ਇਸ ਦਾ ਨਾਉਂ ਗੁਰ ਸੰਪ੍ਰਦਾ ਵਿਚ ਸਤ ਉਪਦੇਸ਼ ਹੈ ਤੇ ਇਸ ਸੰਗਜਾ ਦਾ ਨਾਉਂ ਨਯੋਗ ਬੀ ਹੈ।

੩੦. [ਸਮੁਚੈ]

ਬਹੁਤੇ ਪਦਾਰਥਾਂ ਦੇ ਇਕੱਠਾ ਵਰਨਨ ਹੋਣ ਨੂੰ ਸਮੁਚੈ ਕਹਿੰਦੇ ਹਨ। ਜਿਹਾ ਕੁ:—

'ਸੁਣਿ ਸਾਖੀ ਮਨ ਜਪਿ ਪਿਆਰ ॥'
'ਰੇ ਮਨ ਤੂ ਭੀ ਹਰਿ ਧਿਆਇ ॥'
'ਗੁਰ ਨਾਨਕ ਦੇਵ ਗੋਵਿੰਦ ਰੂਪ ॥'
[ਬਸੰਤੁ ਮਃ ੫

ਇਹ ਸਾਰਾ ਸਮੁਚੈ ਹੈ, ਕਿਉਂਕਿ ਇਸ ਵਿਚ ਬਹੁਤ ਸਾਰੇ ਭਗਤਾਂ ਦੀ ਪ੍ਰਧਾਨਤਾ ਦਾ ਵਰਣਨ ਹੈ।

੩੧. [ਵਿਕਲਪ]

ਦੋਂਹ ਗੱਲਾਂ ਵਿੱਚੋਂ ਕੋਈ ਇਕ ਭੀ ਹੋਵੇ ਵਿਕਲਪ ਕਹੀਦਾ ਹੈ, ਇਹ ਜਾਂ ਓਹ, ਜਿਸ ਵਿਚ 'ਅਥਵਾ' ਪਦ ਆਵੇ ਉਹ ਸਪਸ਼ਟ ਵਿਕਲਪ ਹੈ, ਜਿਹਾਕੁ:—

ਜੀਵਤਿਆ ਅਥਵਾ ਮੁਇਆ ਕਿਛੁ ਕਾਮਿ
ਨ ਆਵੈ॥ ਜਿਨਿ ਏਹੁ ਰਚਨ ਰਚਾਇਆ
ਕੋਊ ਤਿਸ ਸਿਉ ਰੰਗੁ ਲਾਵੈ ॥[ਬਿਲਾਃ ਮਃ੫

ਜੀਉਂਦਿਆਂ ਅਥਵਾ ਭਾਵੇਂ ਮੋਇਆਂ ਕੁਝ ਕੰਮ ਨਹੀਂ ਆਉਂਦਾ, ਜਿਸਨੇ ਇਹ ਸੰਸਾਰ ਦੀ ਰਚਨਾ ਰਚੀ ਹੈ, ਉਸ ਨਾਲ ਪ੍ਰੇਮ ਲਾਏ। ਇਸ ਵਿਚ 'ਅਥਵਾ' ਪਦ ਆਕੇ ਜੀਉਂਦਿਆਂ ਮੋਇਆਂ ਦੋਹਾਂ ਵੇਲਿਆਂ ਵਿੱਚੋਂ ਕਿਸੇ ਇਕ ਵੇਲੇ ਵੀ ਕੰਮ ਨਹੀਂ ਆਉਂਦਾ ਹੈ, ਭਾਵ ਦੋਂਹ ਦੇ ਵਿਕਲਪ ਵਿੱਚੋਂ ਇਕ ਵਿਚ ਵੀ ਕੰਮ ਨਹੀਂ, ਇਸ ਲਈ ਇਸ ਸੰਗਜਾ ਦਾ ਨਾਉਂ ਵਿਕਲਪ ਹੈ।

੩੨. [ਊਹਜ]

ਜਿਸ ਜਗ੍ਹਾ ਦੋ ਚਾਰ ਪੰਜ ਛੇ ਸਧਰਮੀ ਦੇ ਕਥਨ ਦੀ ਥਾਂ ਇਕ ਦੇ ਤਿੰਨਾਂ ਦਾ ਕਥਨ ਹੋਵੇ, ਪਰੰਤੂ ਉਨ੍ਹਾਂ ਤੋਂ ਸਾਰਿਆਂ ਦਾ ਗ੍ਰਹਿਣ ਹੋਵੇ; ਉਸਨੂੰ ਊਹਜ ਕਹਿੰਦੇ ਹਨ। ਜੀਕੁਰ:—

ਪਾਨੀ ਮੈਲਾ ਮਾਟੀ ਗੋਰੀ ॥
[ਗਉਃ ਕਬੀਰ ਜੀ

ਇਸ ਕਥਨ ਵਿਚ ਪ੍ਰਿਥਵੀ ਅਤੇ ਪਾਣੀ ਦੋ ਹਨ, ਪਰੰਤੂ ਅਗਨਿ ਵਾਯੂ ਆਕਾਸ਼ ਇਹ ਤਿੰਨਾਂ ਦੀ ਊਹਜ ਹੈ, ਅਰਥਾਤ ਇਹ ਤਿੰਨੇ 'ਊਹ ਸ਼ਕਤੀ' ਕਰਕੇ ਗ੍ਰਹਿਣ ਕੀਤੇ ਜਾਂਦੇ ਹਨ, ਇਸ ਤਰ੍ਹਾਂ ਕਾਮ ਪਦ ਕਥਨ ਤੇ ਕ੍ਰੋਧ, ਲੋਭ, ਮੋਹ, ਹੰਕਾਰ ਇਨ੍ਹਾਂ ਚਹੁੰਵਾਂ ਦਾ ਨਾਲ ਗ੍ਰਹਿਣ ਕੀਤਾ ਜਾਂਦਾ ਹੈ।

Digitized by Panjab Digital Library | www.panjabdigilib.org

ਇਹ ਵੀ ਯਾਦ ਰਹੈ ਕਿ ਆਦਿ ਯਾ ਆਦਿਕ ਪਦ ਤੋਂ ਬਿਨਾਂ ਜਿੱਥੇ ਉਹ ਹੋਵੇ, ਉਸ ਜ਼ਗ੍ਹਾ ਉਹ ਹੈ, ਕਾਮਾਦਿਕ ਕਹਿਣੇ ਤੇ ਉਹ ਨਹੀਂ ਹੈ, ਕਿਉਂਕਿ ਆਦਿ ਪਦ ਬਾਕੀ ਦਾ ਸੂਚਕ ਹੈ, ਆਦੀ ਪਦ ਦੀ ਬੁੱਧੀ ਔਰ ਮਨ ਕਰਕੇ ਅਨਿਰਦਿਸ਼ਟਤਾ ਦਾ ਨਾਮ ਉਹ ਹੈ।

—ਇਤਿ—

Digitized by Panjab Digital Library | www.panjabdigilib.org

੧੭.

ਖੋਟ ਬੁਰਾ

ਸੂਚਨਾ—ਇਹ ਲੇਖ ਖਾਃ ਟ੍ਰੈਃ ਸੁਸੇਟੀ ਦੇ ਟ੍ਰੈਕਟ ਨੰਃ ੩੯੨ ਦੀ ਸੂਰਤ ਵਿਚ ਸੰਮਤ ੧੯੧੦ ਵਿਖੇ ਪਹਿਲੀ ਵੇਰ ਪ੍ਰਕਾਸ਼ਤ ਹੋਯਾ ਸੀ ਤੇ ਇਸ ਦੇ ਮੁੱਢ ਵਿਚ ਸਕੱਤ੍ਰ ਸਾਹਿਬ ਵਲੋਂ ਹੇਠ ਲਿਖੀ ਬਿਨੈ ਛਪੀ ਸੀ। [ਸੰਪਾਦਿਕ

"ਸਚਖੰਡ ਵਾਸੀ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਦੇ ਲਿਖੇ ਕਾਗਜ਼ਾਂ ਵਿਚੋਂ ਇਹ ਸੋਚੀ ਮਿਲੀ ਹੈ, ਜੋ ਸ਼ਾਇਦ ਕਿਸੇ ਸਿੱਖਿਆ ਭਰੀ ਪੁਸਤਕ ਦੇ ਆਰੰਭ ਯਾ ਹਿੱਸੇ ਲਈ ਲਿਖੀ ਪਈ ਸੀ। ਸੋਚੀ ਵਿਚ ਦਿੱਤੀਆਂ ਵਾਰਤਾਂ ਆਪਣੇ ਆਪ ਵਿਚ ਸੁਆਦਲੀਆਂ, ਠੇਠ ਬੋਲੀ ਵਿਚ ਤੇ ਜੀਵਨ ਨਿਰਬਾਹ ਵਿਚ ਸਿੱਖਿਆ ਪ੍ਰਦਾਤੀਆਂ ਹਨ। ਇਕ ਪ੍ਰਸਿੱਧ ਵਿਛੁੜ ਚੁਕੇ ਗੁਣੀ ਜੀ ਦੀਆਂ ਰਚਿਤ ਹੋਣ ਕਰਕੇ ਅਮੋਲਕ ਹਨ, ਇਸ ਲਈ ਪਾਠਕਾਂ ਦੇ ਲਾਭ ਹਿਤ ਸੁਸਾਇਟੀ ਪ੍ਰਕਾਸ਼ਤ ਕਰਦੀ ਹੈ। ਆਸ਼ਾ ਹੈ ਸੱਜਣ ਜਨ ਕਾਫੀ ਸਾਲਾਂ ਤੋਂ ਚੁੱਪ ਹੋ ਚੁਕੀ ਆਵਾਜ਼ ਦੀ ਫੇਰ ਆਪਣੇ ਵਿਚ ਇਕ ਪਿਆਰੀ ਸੱਦ ਸੁਣਕੇ ਪ੍ਰਸੰਨ ਹੋਣਗੇ।" [ਸਕੱਤ੍

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਖੋਟ ਬੁਰਾ

੧. ਸੜੀਅਲ ਸੁਭਾਵ।

ਪੁਰਾਣੇ ਸਮੇਂ ਦੀ ਗੱਲ ਕਰਦੇ ਹਨ ਕਿ ਇਕ ਸ਼ਾਹੂਕਾਰ ਦੇ ਚਾਰ ਪੁਤ੍ਰ ਸਨ, ਤਿੰਨ ਤਾਂ ਆਪੋ ਆਪਣੇ ਕਾਰ ਵਿਹਾਰਾਂ ਵਿਚ ਸਿਆਣੇ ਤੇ ਪਿਤਾ ਦੇ ਚਿੱਤ ਨੂੰ ਭਾਏ ਹੋਏ ਸਨ, ਪਰ ਚੌਥਾ ਜੋ ਸਭ ਤੋਂ ਛੋਟਾ ਸਾ ਉਹ ਨਿਰਾ ਦਰਿਦ੍ਰ ਦਾ ਅਵਤਾਰ ਸੀ। ਮੁੱਢ ਤੋਂ ਹੀ ਮਾਂ ਅਤੇ ਭਰਾਵਾਂ ਨਾਲ ਲੜਨ ਭਿੜਨ ਤੇ ਕੁੜ੍ਹਨ ਸੜਨ ਅਤੇ ਗੱਲ ਗੱਲ ਵਿਚ ਰੁੱਸ ਜਾਣ ਲਈ ਤਾਂ ਅਥੱਕ ਨਿਭਿਆ ਚਲਦਾ ਸਾ, ਪਰ ਕਿਸੇ ਕੰਮ ਕਾਜ ਕਰਨ ਲਈ ਅਥਵਾ ਕਿਸੇ ਸਨਬੰਧੀ ਦੇ ਔਖ ਸੌਖ ਵੇਲੇ ਕੰਮ ਆਉਣ ਲਈ ਭਾਰਾ ਜਿੱਦਲ, ਢੁੱਚਰੀ, ਹੁੱਜਤੀ ਤੇ ਅਨਮੋੜ ਚੰਡਾ ਸਾ। ਮੁਕਦੀ ਗੱਲ ਟੱਬਰ ਵਿਚੋਂ ਕਿਸੇ ਨਾਲ ਉਸ ਦੀ ਨਹੀਂ ਬਣਦੀ ਸੀ, ਇਥੋਂ ਤਾਈਂ ਕਿ ਵਿਆਹ ਹੋਣੇ ਤੇ ਉਸਦੀ ਸਾਹੁਰਿਆਂ ਨਾਲ ਭੀ ਨਾ ਬਣੀ। ਇਸ ਅਨੋਖੇ ਜੁਵਾਈ ਦੇ ਸੁਭਾਉ ਤੋਂ ਸਾਹੁਰੇ ਸਾਰੇ ਕੁਰਬਾਨ ਹੋ ਗਏ, ਡਰਦੇ ਮਾਰੇ ਕਦੀ ਜੁਵਾਈ ਦੇ ਸਾਹਮਣੇ ਕੋਈ ਗੱਲ ਨਾ ਉਭਾਸਰਦੇ। ਇਕੁਰ ਹੀ ਵਹੁਟੀ ਨਾਲ ਵੀ ਹਰ ਵੇਲੇ ਕੁੱਤੇ ਝਹੀਆਂ ਲੈਂਦਾ ਤੇ ਵਢ ਵਢ ਖਾਂਦਾ ਰਹਿੰਦਾ। ਉਸ ਵਿਚਾਰੀ ਨੂੰ ਅਜਿਹੇ ਭਾਗੇ ਭਰੇ ਸ੍ਵਾਮੀ ਦੇ ਹੱਥੋਂ ਨਰਕ ਜਾਨ ਆਕੇ ਸਾਹੁਰੇ ਘਰ ਦਾ ਵਾਸ ਹੀ ਛੱਡਣਾ ਪਿਆ।ਪੇਕਿਆਂ ਨੇ ਆਪਣੀ ਧੀ ਦੇ ਨਸੀਬਾਂ ਤੇ ਸ਼ੋਕ ਕਰਕੇ ਆਪਣੇ ਘਰ ਹੀ ਲਿਆ ਰਖਿਆ।

ਜਦ ਤਕ ਤਾਂ ਮਾਂ ਜਿਉਂਦੀ ਰਹੀ, ਭਰਾਵਾਂ ਦੀ ਪੇਸ਼ ਕੁਝ ਨਾ ਗਈ, ਕਿਉਂਕਿ ਇਹ ਸੜੀਅਲ ਸੁਭਾਉ ਸਭ ਤੋਂ ਛੋਟਾ ਹੋਣ ਕਰਕੇ ਮਾਂ ਦਾ ਲਾਡਲਾ, ਅਛਿੰਦਾ ਅਤੇ ਪਿਆਰਾ ਪੁਤ੍ਰ ਸੀ, ਪਰੰਤੂ ਸਮਾਂ ਪਾਕੇ ਮਾਂ ਕਰਤਾਰ ਦੇ ਭਾਣੇ ਵਿਚ ਇਹ ਲੋਕ ਛੱਡ ਕੇ ਪਰਲੋਕ ਵਿਚ ਜਾ ਬਸੀ। ਹੁਣ ਸੜੀਅਲ ਨੂੰ ਦੁਨੀਆਂ ਦੀ ਲੋ ਲੱਗੀ ਪਰ ਆਪਣੀ ਚੰਦ੍ਰੀ ਵਾਦੀ ਇਸ ਨੂੰ ਕਿਸੇ ਬੁਧਿਮਤਾ ਦੇ ਪਾਸੇ ਆਉਣ ਨਹੀਂ ਦਿੰਦੀ ਸੀ। ਪਿਉ ਦੀ ਰੋਟੀ ਵਿਚੋਂ ਰੋਟੀ ਖਾ ਛਡਦਾ ਅਤੇ ਹੱਟੀ ਤੇ ਬੈਠਾ ਸਾਰਾ ਦਿਨ ਆਪਣੇ ਮੂੰਹ ਤੋਂ ਮੱਖੀਆਂ ਉਡਾਉਂਦਾ ਛਿੱਥਾ ਹੋ ਪੈਂਦਾ। ਹੋਰ ਭਰਾ, ਨੌਕਰ, ਚਾਕਰ, ਵਪਾਰੀ ਇਸ ਦੇ ਸੜੀਅਲ ਸੁਭਾਉ ਤੋਂ ਡਰਦੇ ਹੋਏ ਇਸ ਨੂੰ ਨਾ ਬੁਲਾਉਂਦੇ। ਜੇ ਕਿਤੇ ਕੋਈ ਭੁੱਲ ਭੁਲੇਖੇ ਬੁਲਾਂਦਾ ਤਾਂ ਅਗੋਂ ਕੋਈ ਸੜਿਆ ਧੁਖਿਆ ਸੋਹਲਾ ਸੁਣਕੇ ਆਪੇ ਠੰਢਾ ਹੋ ਜਾਂਦਾ, ਦੂਜੀ ਵਾਰ ਕਦੀ ਬੁਲਾਉਣ ਦਾ ਨਾਉਂ ਨਾ ਲੈਂਦਾ। ਪਰ ਇਕ ਕੰਮ ਹੋਰ ਵੀ ਕਰਦਾ, ਜਦ ਕੋਈ ਹੱਟੀ ਤੇ ਜ਼ਿੱਦੀ ਅੜੀਖੋਰ ਮੰਗਤਾ ਆ ਜਾਂਦਾ ਤਾਂ ਉਸ ਦੀ ਖਬਰ ਚੰਗੀ ਤਰ੍ਹਾਂ ਲੈਂਦਾ, ਕੀ ਮਜਾਲ ਹੈ ਜੋ ਕੋਈ ਜ਼ਿਦ ਕਰਕੇ ਮੰਗਤਾ ਸੜੀਅਲ ਦੇ ਬੈਠਿਆਂ ਪੈਸਾ ਲੈ ਜਾਵੇ। ਇਕੁਰ

Digitized by Panjab Digital Library | www.panjabdigilib.org

ਹੀ ਕੁਝ ਚਿਰ ਪਿਛੋਂ ਸੜੀਅਲ ਦੀ ਕਿਸਮਤ ਨੇ ਦੂਜਾ ਪਾਸਾ ਪਰਤਿਆ। ਕਰਤਾਰ ਦੇ ਹੁਕਮ ਨਾਲ ਇਸ ਦੇ ਪਿਉ ਨੂੰ ਵੀ ਦਰਗਾਹ ਦਾ ਸੱਦਾ ਆ ਗਿਆ, ਉਹ ਵਿਚਾਰਾ ਆਪਣੀ ਸਾਰੀ ਉਮਰ ਦੀ ਕਮਾਈ ਪੁਤ੍ਰਾਂ ਜੋਗੀ ਛਡਕੇ ਆਪ ਇਕ ਇਕੱਲਾ ਸਰੀਰ ਤੋਂ ਵੀ ਖਾਲੀ ਹੱਥੀਂ ਟੁਰ ਗਿਆ। ਪਿਛੇ ਭਰਾਵਾਂ ਦੇ ਝਗੜੇ ਨੇ ਦੇਸੀਂ ਧੁੰਮਾਂ ਪਾਈਆਂ। ਅੰਤ ਕਈਆਂ ਹਾਕਮਾਂ ਤੇ ਸਨੇਹੀਆਂ ਦੇ ਉੱਦਮ ਨਾਲ ਪਦਾਰਥ ਦੀਆਂ ਵੰਡੀਆਂ ਹੋਈਆਂ। ਤਿੰਨਾਂ ਭਰਾਵਾਂ ਨੇ ਸੱਭੋ ਕੁਝ ਆਪਣੀ ਵੰਡ ਵਿਚ ਲਿਆਂਦਾ, ਸੜੀਅਲ ਜੋਗਾ ਕੁਝ ਨਾ ਵਧਿਆ, ਪਰ ਤਾਂ ਭੀ ਵੰਡ ਕਰਨ ਵਾਲਿਆਂ ਨੇ ਕੋਈ ਦੋ ਚਾਰ ਸੌ ਰੁਪੱਯਾ ਸੜੀਅਲ ਨੂੰ ਵੀ ਦੇਕੇ ਫਾਰਖਤੀ ਤੇ ਦਸਤਖਤ ਕਰਾ ਲਏ। ਇਸ ਆਪੋ ਧਾਪੀ ਪਿੱਛੋਂ ਸੜੀਅਲ ਨੂੰ ਘਰੋਂ ਹੱਟੀਓਂ ਵੀ ਜਵਾਬ ਮਿਲ ਗਿਆ। ਸੜੀਅਲ ਨੂੰ ਵੀ, ਜੋ ਆਪਣੀ ਦ੍ਰਿੜ ਦਾ ਪੱਕਾ ਸੀ ਤੇ ਹਰ ਵੇਲੇ ਮਨੋਰਾਜ ਕਲਪਦਾ ਰਹਿੰਦਾ ਸੀ, ਹੁਣ ਚੰਗਾ ਵਿਹਲਾ ਵੇਲਾ ਮਿਲ ਗਿਆ। ਭਰਾਵਾਂ ਨਾਲੋਂ ਵੱਖ ਹੁੰਦੇ ਹੀ ਇਕ ਨਿਕੀ ਜਿਹੀ ਹੱਟੀ ਕਿਰਾਏ ਲੈਕੇ ਉਸ ਦੀ ਸਫਾਈ ਕਰ ਕਰਾ ਕੇ ਉਸ ਵਿਚ ਮਿਲੇ ਹੋਏ ਰੁਪੱਯਾਂ ਦਾ ਕੱਚ ਦਾ ਅਸਬਾਬ ਖਰੀਦਕੇ ਟੋਕਰੇ ਭਰ ਭਰ ਲਿਆ ਰੱਖੇ। ਹੱਟੀ ਭਾਵੇਂ ਨਿੱਕੀ ਜਿਹੀ ਸੀ, ਪਰ ਟੋਕਰੇ ਵੱਡੇ ਵੱਡੇ ਸਨ ਤੇ ਕੱਚ ਦੇ ਸ਼ੀਸ਼ੇ ਸ਼ੀਸ਼ੀਆਂ ਪਿਆਲੇ ਕੁੱਜੇ ਬਹੁਤ ਵਡੇ ਵਡੇ ਸਨ, ਥੜੇ ਪਰ ਸਜਾ ਕੇ ਰੱਖ ਦਿਤੇ ਅਰ ਬੈਠ ਕੇ ਗਾਹਕਾਂ ਦੀ ਉਡੀਕ ਕਰਨ ਲਗਾ। ਪਹਿਲੇ ਤਾਂ ਸੁਖ ਨਾਲ ਆਪ ਹੀ ਜਿਸ ਕੱਚ ਦੇ ਭਾਂਡੇ ਨੂੰ ਹਥ ਲਾਉਂਦਾ ਅਰਥਾਤ ਚੁਕਦਾ ਰਖਦਾ ਓਹੋ ਮਾਰੇ ਵਡਿ-

ਆਈ ਦੇ ਫੁਟ ਜਾਂਦਾ ਕਿ ਜ਼ਿਯ਼ ਨੇ ਕਦੀ ਹਥਾਂ ਨਾਲ ਕੋਈ ਕੰਮ ਨਹੀਂ ਕੀਤਾ, ਅੱਜ ਸਾਡੇ ਫੁਟੇ ਨਸੀਬਾਂ ਨੂੰ ਉਹ ਨਿਕਰਮਣ ਹਥ ਸਾਨੂੰ ਚੁਕ ਰੱਖ ਕਰਦੇ ਹਨ। ਇਸ ਅਨੋਖੀ ਖੁਸ਼ੀ ਵਿਚ ਨਾ ਸਮਾਉਂਦੇ ਹੋਏ ਚੂਰ ਹੋ ਜਾਂਦੇ ਜਾਂ ਤਿੜਕ ਜਾਂਦੇ। ਜੇ ਕਿਤੇ ਕੋਈ ਭੁੱਲਿਆ ਭਟਕਿਆ ਗਾਹਕ ਸੜੀਅਲ ਪਾਸ ਆ ਜਾਂਦਾ ਤਾਂ ਗੱਲੋ ਗੱਲੀ ਲੜਾਈ ਹੋ ਪੈਂਦੀ। ਦੇਖਦਿਆਂ ਦਿਖਾਉਂਦਿਆਂ ਇਕ ਅੱਧਾ ਭਾਂਡਾ ਅਵੱਸੋਂ ਭੱਜ ਜਾਂਦਾ, ਪਰ ਸੜੀਅਲ ਧੁਨ ਦਾ ਪੱਕਾ ਮੁੱਲ ਦੂਣੇ ਤੋਂ ਘੱਟ ਨਾ ਵੱਟਦਾ। ਇਕੁਰ ਹੀ ਇਕ ਟੋਕਰੇ ਦੇ ਕੋਲ ਵਾਰ ਕੰਧ ਨਾਲ ਢੋ ਲਾਈ ਬੈਠਾ ਹੋਇਆ ਸੜੀਅਲ ਇਕ ਮਨੋਰਾਜ ਕਰਨ ਲਗਾ। ਇਸ ਮਨੋਰਾਜ ਵਿਚ ਅਜਿਹਾ ਮਸਤ ਹੋਕੇ ਖੁਭਿਆ ਕਿ ਦੀਨ ਦੁਨੀਆਂ ਤੋਂ ਬੇਖਬਰ ਹੋ ਗਿਆ।

ਪਹਿਲਾਂ ਤਾਂ ਸੋਚਦਿਆਂ ਦਿਮਾਗ਼ ਨੇ ਇਹ ਦੱਸਿਆ ਕਿ ਭਈ ਕੱਚ ਦਾ ਵਿਹਾਰ ਤਾਂ ਸੱਚ ਨਾਲੋਂ ਵੀ ਸੁੱਚਾ ਹੈ। ਮੈਂ ਥੋਕ ਖਰੀਦਣ ਦੇ ਸਬੱਬ ਸਸਤੇ ਖਰੀਦ ਕੀਤੇ ਹਨ ਤੇ ਪਰਚੂਨ ਵੇਚਣ ਤੇ ਨਿਰਸੰਦੇਹ ਦੂਣੇ ਹੋ ਜਾਣਗੇ। ਇਹ ਮੈਂ ਚਾਰ ਸੌ ਦੇ ਬਹੁਤ ਛੇਤੀ ਅਠ ਸੌ ਕਰ ਲਵਾਂਗਾ। ਫਿਰ ਕਿਹਾ ਚੰਗਾ ਹੋਵੇ ਕਿ ਮੈਂ ਅੱਠ ਸੌ ਦਾ ਕੱਚ ਹੀ ਖਰੀਦ ਲਵਾਂ, ਝਟ ਪਟ ਇਸ ਦੇ ਵੀ ਦੂਣੇ ਹੋ ਜਾਣ ਤੇ ਮੈਂ ਭੀ ਨਫੇ ਨੂੰ ਵਿੱਚੋਂ ਵੱਖਰਾ ਨਾ ਕਰਾਂ। ਹਰ ਦੂਣੇ ਤੇ ਦੂਣਾ ਮਾਲ ਖਰੀਦੀ ਵੇਚੀ ਹੀ ਜਾਵਾਂ। ਜਦ ਮੇਰੇ ਪਾਸ ਦੇ ਚਾਰ ਲੱਖ ਰੁਪੱਯਾ ਹੋ ਜਾਵੇ ਤਾਂ ਆਪਣੇ ਮਹਿਲ ਮਾੜੀਆਂ ਮਕਾਨ ਬਣਵਾ ਕੇ ਭਰਾਵਾਂ ਨੂੰ ਦਿਖਾਵਾਂ ਕਿ ਖੱਟੀ ਇਸ ਨੂੰ ਕਹਿੰਦੇ ਹਨ। ਕੀ ਹੋਇਆ ਜੇ ਤੁਸਾਂ ਦਗ਼ਾ ਕੀਤਾ, ਹਿੱਸੇ

Digitized by Panjab Digital Library | www.panjabdigilib.org

ਵਿਚੋਂ ਮੈਨੂੰ ਕੋਰਾ ਹੀ ਕੱਢਿਆ, ਪਰ ਦੇਖੋ ਹੁਣ ਤੁਹਾਨੂੰ ਵੀ ਮੁੱਲ ਲੈ ਸਕਦਾ ਹਾਂ, ਇਸ ਵੇਲੇ ਕੱਚ ਦਾ ਵਿਹਾਰ ਛੱਡ ਦਿਆਂ, ਕਿਉਂਕਿ ਲੱਖਾਂ ਤਕ ਤਾਂ ਕੱਚ ਨੇ ਪਹੁੰਚਾ ਦਿਤਾ, ਹੋਰ ਅੱਗੇ ਕਿੱਥੋਂ ਤਾਈਂ ਪੁਚਾਏਗਾ ? ਨਾਲ ਹੀ ਲਾਖਾਂ ਪਤੀ ਹੋਕੇ ਕੱਚ ਦਾ ਵਿਹਾਰ ਪਤ ਅਬਰੋ ਨੂੰ ਕੱਚਿਆਂ ਕਰਦਾ ਹੈ, ਇਸ ਲਈ ਜਦ ਸੁੱਚੇ ਮੋਤੀਆਂ ਦੀ ਆਬ ਜਿਹੀ ਆਬਰੋ ਹੋ ਜਾਵੇ ਤਾਂ ਹੀਰਾ, ਮੋਤੀ, ਪੰਨਾ, ਜੁਵਾਹਰਾਤ ਦੀ ਹੱਟੀ ਕਰਨੀ ਚੰਗੀ ਹੋਊ, ਜਿਸ ਦਾ ਇਕ ਇਕ ਨਗ ਲੱਖਾਂ ਦਾ ਨਫਾ ਕਰ ਦਿਖਾਉਂਦਾ ਹੈ। ਪੂਰੀ ਆਸ਼ਾ ਹੈ ਕਿ ਇਹ ਮੇਰੀ ਹਿੰਮਤ ਵਾਲੀ ਦਲੀਲ ਮੈਨੂੰ ਕਰੋੜਾਂ ਪਤੀ ਕਰਨ ਵਿਚ ਕੋਈ ਦੇਰ ਨਾ ਕਰੇਗੀ। ਬੱਸ ਇਕ ਬਲਕਾਰੇ ਦੀ ਦੇਰ ਹੈ। ਸੁਹਾਵਣੇ ਮਕਾਨ ਤਾਂ ਲੱਖਾਂਪਤੀ ਹੋਣ ਤੇ ਬਣ ਗਏ, ਕਰੋੜਾਂ ਪਤੀ ਹੋਣ ਤੇ ਮੈਂ ਰਾਜਕੁਮਾਰ ਕਿਉਂ ਨਾ ਹੋ ਜਾਵਾਂਗਾ ? ਇਸ ਵੇਲੇ ਬਾਦਸ਼ਾਹ ਰਾਜਿਆਂ ਦੇ ਘਰੋਂ ਸਾਕ ਆਉਣਗੇ, ਪਰ ਮੈਂ ਨਹੀਂ ਕਬੂਲ ਕਰਾਂਗਾ, ਓੜਕ ਨੂੰ ਜਦੋਂ ਬਹੁਤ ਮੇਰੇ ਮਗਰ ਪੈਣਗੇ ਤਾਂ ਮੈਂ ਵਜ਼ੀਰ ਦੀ ਧੀ ਨਾਲ ਵਿਆਹ ਕਰਨਾ ਮੰਨ ਲਵਾਂਗਾ (ਇਸ ਖਿਆਲ ਵੇਲੇ ਭਾਵੇਂ ਖੁੱਲ੍ਹੀਆਂ ਅੱਖੀਆਂ ਨਾਲ ਕੱਚ ਦੇ ਟੋਕਰੇ ਵਿਚ ਨਜ਼ਰ ਖੁਭਾਈ ਹੋਈ ਹੈ, ਪਰ ਹੱਟੀ, ਸਰੀਰ, ਬਜ਼ਾਰ, ਗਾਹਕ ਆਦਿਕ ਕਿਸੇ ਦੀ ਕੋਈ ਸੁਧ ਬੁਧ ਨਹੀਂ ਹੈ। ਵਜ਼ੀਰ ਦੀ ਧੀ ਨਾਲ ਵਿਆਹ ਕਰਨ ਦੇ ਖਿਆਲ ਅਤੇ ਆਪਣੇ ਆਪ ਨੂੰ ਰਾਜਕੁਮਾਰ ਬਣੇ ਹੋਏ ਦੇ ਖਿਆਲ ਨੇ ਸਿਰ ਵਿਚ ਵਡੀ ਵਡਿਆਈ ਦਾ ਚੱਕਰ ਗੁਬਾਰ ਏਨੂ ਦਿਤਾ) ਪਰ ਮੈਂ ਅਕਲ ਦੇ ਵਰਤਾਉ ਸਿਖਾਲਣ ਲਈ ਉਸ ਦੇ ਮਹੱਲਾਂ ਵਿਚ ਬਹੁਤ ਘੱਟ ਜਾਇਆ ਕਰਾਂਗਾ, ਮੇਰੀ ਇਸੇ ਤੋੜੇਬਾਜ਼ੀ ਨਾਲ ਮੇਰੀ ਮਰਜ਼ੀ ਦੇ ਵਰਤਾਉ ਸਿੱਖ ਜਾਏਗੀ। ਜਦ ਬਾਹਲੇ ਤੋੜੇ ਤੱਦੀਆਂ ਕਰਨ ਲੱਗਾਂਗਾ ਤਾਂ ਗੋਲੀਆਂ ਦੀ ਰਾਹੀਂ ਮੇਰੇ ਪਾਸ ਬੇਨਤੀਆਂ ਤੇ ਕੁਸ਼ਾਮਤਾਂ ਹੋਇਆ ਕਰਨਗੀਆਂ, ਪਰ ਮੈਂ ਹੋਰ ਵੀ ਮਰੋੜ ਖਾਂ ਬਣਾਂਗਾ। ਉਨ੍ਹਾਂ ਦੀਆਂ ਗੱਲਾਂ ਦੀ ਕੁਝ ਪਰਵਾਹ ਨਾ ਕਰਕੇ ਸੁਣੀਆਂ ਅਣਸੁਣੀਆਂ ਕਰ ਛਡਿਆ ਕਰਾਂਗਾ। ਏਥੋਂ ਤਾਈਂ ਆਪਣੀ ਤੱਦੀ ਪੁਚਾਵਾਂਗਾ ਕਿ ਉਸ ਦੀ ਮਾਉਂ ਮੇਰੇ ਪਾਸ ਸਿਫਾਰਸ਼ ਕਰਨ ਨੂੰ ਆਵੇ ਤਾਂ ਭੀ ਮੈਂ ਐਸੀ ਬੇਪਰਵਾਹੀ ਕਰਾਂਗਾ, ਜੀਕਰ ਰਾਜਕੁਮਾਰ ਕਰਦੇ ਹਨ, ਤਦ ਮੇਰੀ ਸੱਸ ਆਪਣੀ ਧੀ ਨੂੰ ਨਾਲ ਲੈਕੇ ਮੇਰੇ ਪੈਰੀਂ ਪੁਆਣ ਲਈ ਮੇਰੇ ਪਾਸ ਆਵੇਗੀ, ਪਰ ਉਸ ਵੇਲੇ ਵਜ਼ੀਰਜ਼ਾਦੀ ਨੂੰ ਨਸੀਹਤ ਕਰਨ ਲਈ, ਮੱਥਾ ਟੇਕਦੀ ਨੂੰ ਲੱਤ ਨਾਲ ਪਰੇ ਕਰ ਦਿਆਂਗਾ।

ਅਜੇ ਹੋਰ ਖਿਆਲ ਦਾ ਸਿਲਸਿਲਾ ਤਾਂ ਤੁਰਿਆ ਹੀ ਜਾਣਾ ਸੀ, ਪਰ ਦੇਵਨੇਤ ਨੇ ਅਜਿਹੇ ਉਚੇਰੇ ਖਿਆਲਾਂ ਵਿਚ ਅਚਾਣਕ ਮਾਨੋਂ ਲੱਤ ਹੀ ਕੱਢ ਮਾਰੀ। ਜਿਸ ਵੇਲੇ ਸਿਰ ਵਿਚ ਇਹ ਖਿਆਲ ਗੂੰਜਿਆ ਕਿ ਲੱਤ ਨਾਲ ਹਿਲਾਕੇ ਪਰੇ ਕਰ ਦਿਆਂ, ਇਸ ਖਿਆਲ ਦੇ ਹੁੰਦਿਆਂ ਹੀ ਸੁਭਾਵਕ ਲੱਤ ਹਿਲ ਗਈ ਅਤੇ ਅਚਾਨਕ ਅਗੇ ਪਏ ਕੱਚ ਦੇ ਟੋਕਰੇ ਨੂੰ ਵੱਜ ਗਈ, ਟੋਕਰੇ ਹੋਰੀਂ ਅੜੀਅਲ ਤੇ ਅੜਮੋੜਨ ਸੜੀਅਲ ਵਾਂਗੂ ਬੜੀ ਛੇਤੀ ਰੁੱਸਕੇ ਉਲਟ ਗਏ, ਥੜੇ ਤੋਂ ਛਨ ਛਨ ਕਰਦੇ ਬਾਜ਼ਾਰ ਵਿਚ ਡਿਗਦੇ ਹੀ ਚਕਨਾਚੂਰ ਹੋ ਗਏ ਤੇ ਸੜੀਅਲ ਦੀ ਉਮੈਦ ਦਾ ਚਕਨਾਚੂਰ ਨਾਲ ਹੀ ਹੋ ਗਿਆ। ਜਿਨ੍ਹਾਂ ਅੱਖਾਂ ਨਾਲ ਅੱਗੇ ਪਿਆ ਟੋਕਰਾ ਤੇ ਬਾਜ਼ਾਰ

Digitized by Panjab Digital Library | www.panjabdigilib.org

ਠਹੀਂ ਨਜ਼ਰ ਆਉਂਦਾ ਸੀ. ਹੁਣ ਰਾਜਕੁਮਾਰ-ਪਣੇ ਦਾ ਗ਼ੁਬਾਰ ਗਠਦੇ ਵਾਂਗੂ ਸਿਰੋਂ ਝੜ ਗਿਆ ਤੇ ਰਾਜ ਪ੍ਰਤਾਪ ਚੀਣਾ ਚੀਣਾ ਹੋਇਆ ਪਿਆ ਸਾਫ ਦਿੱਸਦਾ ਹੈ। ਥੜੇ ਤੋਂ ਛਾਲ ਮਾਰਕੇ ਬਾਜ਼ਾਰ ਵਿਚ ਕੱਚ ਦੀਆਂ ਠੀਕਰੀਆਂ ਚੁਣਨ ਬੈਠਾ, ਮਾਨੋਂ ਖਿਆਲੀ ਵਜ਼ੀਰਜ਼ਾਦੀ ਰੁੱਸੀ ਹੋਈ ਨੂੰ ਮਨਾਉਣ ਲੈਠਾ ਹੈ, ਪਰ ਉਹ ਤਾਂ ਸਾਰੀ ਕੱਚ ਦੀ ਖੇਡ ਸੀ, ਚੀਨੀ ਚੀਨੀ ਹੋ ਗਈ। ਹਾਂ, ਬੇਸ਼ਕ ਟੋਕਰਾ ਕਾਇਮ ਹੈ, ਜੀਕੂ ਸੜੀਅਲ ਦਾ ਸਿਰ ਕਾਇਮ ਹੈ, ਜਿਸ ਵਿਚ ਅਜਿਹੇ ਹੋਰ ਖਿਆਲ ਪੈਦਾ ਕਰ ਲੈਣੇ ਕੋਈ ਔਖੇ ਨਹੀਂ, ਪਰੰਤੂ ਕੱਚ ਦੀ ਪੂੰਜੀ ਦਾ ਹੁਣ ਬਾਕੀ ਕੁਝ ਨਹੀਂ ਰਿਹਾ। ਸੱਚ ਦੇ ਸੁੱਚੇ ਮੋਤੀਆਂ ਦੀ ਲੜੀ ਵਾਕਰ ਹੰਝੂਆਂ ਦੀ ਲੜੀ ਬੱਝ ਗਈ, ਸਿਰ ਦੇ ਉਚੇਰੇ ਰਾਜਕੁਮਾਰ ਹੋਣ ਦੇ ਖਿਆਲਾਂ ਨੇ ਕੰਗਾਲੀ ਦੇ ਨਕਸ਼ੇ ਪਰਤੱਖ ਅੱਖਾਂ ਅੱਗੇ ਬੰਨ੍ਹ ਦਿਤੇ। ਮਹਿਟਰਪੁਣੇ ਦੀ ਜਾਇਦਾਦ ਨੇ ਸਭਦੂੰ ਪਾਸਿਓਂ ਆਪਣਾ ਸਿੱਕਾ ਜਮਾ ਦਿਤਾ, ਪਰੰਤੂ ਅਜੇ ਵੀ ਸੜੀਅਲ ਸੁਭਾਉ, ਜੋ ਕਈ ਜਨਮਾਂ ਤੋਂ ਸੰਗੀ ਸਾਥੀ ਹੈ, ਸੋ ਛੱਡ ਨਹੀਂ ਗਿਆ। ਗੁੱਸੇ ਵਿਚ ਆਕੇ ਟੋਕਰਾ ਹੱਟੀ ਵਿਚ ਸੁੱਟਿਆ, ਜੋ ਡਿਗਦਾ ਹੋਇਆ ਮਾਲਕ ਦੇ ਹੰਝੂਆਂ ਵਾਕਰ ਕੋਣ ਕੋਣ ਹੋ ਗਿਆ ਅਤੇ ਕੱਚ ਦੀਆਂ ਠੀਕਰੀਆਂ ਨੂੰ ਗੁਸੇ ਵਿਚ ਆਕੇ ਹਥਾਂ ਅਤੇ ਪੈਰਾਂ ਨਾਲ ਉਲਾਰ ਉਲਾਰਕੇ ਸੁਟਣ ਲਗਾ ਤਾਂ ਹਥ ਪੈਰ ਕਈ ਜਗ੍ਹਾ ਤੋਂ ਜ਼ਖਮੀ ਹੋ ਗਏ। ਅਗੇ ਤਾਂ ਸੁਫੈਦ ਮੋਤੀਆਂ ਵਰਗੇ ਹੰਝੂ ਅੱਖਾਂ ਵਹਾਂਦੀਆਂ ਸਨ, ਹੁਣ ਹੱਥ ਪੈਰ ਬਦਖਸ਼ਾਂ ਦੇ ਲਾਲਾਂ ਵਾਂਗੂ ਰੱਤ ਦੇ ਹੰਝੂ ਰੋਣ ਲਗੇ:—

ਮੂੜ ਦਾਲਿਦ੍ਰੀ ਆਲਸ ਮਾਰੇ,
ਅੜੀਅਲ ਸੜੀਅਲ ਹਰੀਅਲਭਾਰੇ,
ਹੱਥ ਹਿਲਾਇ ਨ ਜਾਣਨ ਮੂਲੇ,
ਦਹਿਣ ਸਤੇ ਆਕੜ ਵਿਚ ਝੂਲੇ,
ਕਰ ਟੰਕਾਰ ਉਚੇਰਾ ਉੱਚਾ,
ਕਿਸੇ ਨ ਜਾਣਨ ਨਿਜ ਤੋਂ ਉੱਚਾ।
ਜੇਕਰ ਆ ਕੋਈ ਸਮਝਾਵੇ,
ਬਿਗੜਨ ਰੁੱਸਣ ਸਹਜਿ ਸੁਭਾਵੇ।
ਅਪਣੀ ਗੱਲ ਮਨਾਣ ਹਠੀਲੇ,
ਭਾਵੇਂ ਠੁੱਡੇ ਖਾਵਨ ਕੀਲੇ,
ਕਰਨ ਨਾਸ਼ ਸਰਬੰਸ ਜੁ ਸਾਰਾ,
ਪਰ ਹਠ ਧਰਨ ਕਰਨ ਬਲਕਾਰਾ,
ਖਜਾਲ ਕਰਨ ਜੋ ਕਦੇ ਨ ਹੋਵਨ,
ਅਣਹੋਵਨ ਵਿਚ ਐਸੇ ਡੋਵਨ,
ਮਾਨੋਂ ਚੱਕ੍ਰਵਰਤਿ ਦਨ ਰਾਣੇ,
ਸਿਰ ਖੁਭ ਪਟ ਪਰੋਂ ਪਿਤਾਣੇ।
ਅੜ ਹਠ ਮੂਰਖਤਾ ਭਾਰੀ,
ਬਚਨ ਕਰਮ ਵਿਚ ਭਰਪੂਰ ਭਾਰੀ।
ਖਾਵਨ ਮਾਰ ਹਾਰ ਧਿਦਕਾਰ,
ਤਾਂ ਭੀ ਉਭਰਣ ਗੋਂਦ ਪ੍ਰਕਾਰ।
ਗਾਵਨ ਜਿਉਂ ਸਰਬੰਸ ਦੇ ਨਾਸ਼ੀ,
ਪਰ ਅਪਣੇ ਹਠ ਦੇ ਅਬਿਨਾਸ਼ੀ।
ਬੁੱਧਿ ਮਤਾ ਵਿਚ ਬੜੇ ਹਬੰਨਕ,
ਜਿਨ ਗਲ ਹਾਰ ਪੁਜਾਰ ਮੁਹੰਨਕ।
ਸਜਨ ਨਿਵਾਜ ਸੁਆਨਨ ਜੈਸੇ,
ਅੰਦਰ ਸੀਮ ਲੰਘਾਨ ਨ ਕੈਸੇ।
ਸਿਖ ਮੰਨਣ ਵਿਚ ਪੱਥਰ ਸੈਲ,
ਕਦੀ ਨ ਭਿੱਜਣ ਪਾਣੀ ਗੈਲ।
ਮੱਛਰ ਜਿਉਂ ਮਛਰਨ ਹਰ ਵੇਲੇ,
ਪੈਰ ਪਿਆਂ ਭੀ ਚੋਭਣ ਸੋਲੇ।
ਖਟਮਲ ਜਿਉਂ ਮਾਲਕ ਲਹੁ ਪੀਣਾ,
ਪੇਟ ਭਰਨ ਫਿਰ ਖਟ ਵਿਚ ਲੀਣਾ।
ਸਰਪ ਸਮਾਨ ਸਦਾ ਉਪਕਾਰੀ,
ਬਚਨ ਡੰਸ ਦੇ ਪ੍ਰਾਣ ਗਵਾਰੀ।
ਐਸੇ ਨਰ ਦਾ ਸੰਗ ਨ ਕਰਨਾ,
ਭਾਵੇਂ ਕਿਤੋਂ ਦੁੱਖ ਪਏ ਜਰਨਾ।

Digitized by Panjab Digital Library | www.panjabdigilib.org

ਇਨ ਕੀ ਸੰਗਤ ਸਦ ਗੁਨ ਹਾਨੀ,
ਲੋਕ ਪ੍ਰਲੋਕ ਬਿਖੇ ਦੁਖ ਦਾਨੀ।
ਮੂੀ ਗੁਰ ਬਚਨ ਕਹੇ ਸੋ ਮਾਨੋ,
ਇਹ ਨਰ ਅਸ੍ਰਲੀ ਖਰ ਪਰਮਾਨੋ।

ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥ ਇਕ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥ ਇਕੰਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥ ੧੫ ॥ [ਸਲੋ: ਵਾਰਾਂ ਤੇ ਵ: ਮ: ੧

੨. ਨਿਰੀ ਚਤੁਰਾਈ ਗੁਣ ਵਿਹੂਣੀ।

ਇਕ ਵਾਰ ਦੀ ਗਲ ਹੈ ਕਿ ਇਕ ਸਾਧੂ ਸਦੀਵ ਕਾਲ ਬਨ ਵਿਚ ਰਿਹਾ ਕਰਦੇ ਸਨ, ਉਥੇ ਬਨ ਦੇ ਫਲ ਫੁੱਲ ਹੀ ਖਾ ਕੇ ਪ੍ਰਾਨ ਰੱਖਿਆ ਕਰ ਛਡਦੇ ਸਨ, ਪਰੰਤੂ ਨਿਆਇ ਸ਼ਾਸਤ੍ਰ ਦੇ ਘੋਟਣ ਦਾ ਬੜਾ ਅਭਜਾਸ ਕਰਦੇ ਰਹਿੰਦੇ। ਕਦੀ ਤਾਂ ਈਸ਼੍ਵਰ ਨਾ ਹੋਣ ਵਿਚ ਹਜ਼ਾਰਾਂ ਅਨੁਮਾਨ ਪ੍ਰਮਾਣ ਸਿੱਧ ਕਰਦੇ, ਕਦੀ ਨਿਸ਼ਾਨਾ ਬੰਨ੍ਹ ਬੰਨ੍ਹ ਕੇ ਉਕਤਾਂ ਯੁਕਤੀਆਂ ਨਾਲ ਈਸ਼੍ਵਰ ਨੂੰ ਇਕ ਕਲਪਤ ਨਿਸ਼ਾਨ ਮੰਨ ਬੈਠਦੇ, ਪਰੰਤੂ ਚਤੁਰਾਈ ਵਿਚ ਬੜੇ ਪ੍ਰਧਾਨ ਅਤੇ ਜੁਗਤਵਾਨ ਸਾਧੂ ਸਨ।

ਇਕ ਦਿਨ ਉਸੇ ਬਨ ਵਿਚ ਦੋ ਤਿੰਨ ਊਠਾਂ ਵਾਲੇ ਆਪਣੇ ਗੁਆਚੇ ਹੋਏ ਊਠ ਨੂੰ ਲਭਦੇ ਫਿਰਦੇ ਨਜ਼ਦੀਕ ਸਾਧੂ ਨੂੰ ਮਿਲ ਪਏ ਜਦ ਉਨ੍ਹਾਂ ਸਾਧੂ ਨੂੰ ਦੇਖਿਆ ਤਾਂ ਮੱਥਾ ਟੇਕਿਆ। ਸਾਧੂ ਨੇ ਮੱਥੇ ਦੇ ਉੱਤਰ ਵਿਚ ਆਖਿਆ ਕਿ 'ਕੀ ਆਪ ਗੁਆਚਾ ਹੋਇਆ ਊਠ ਲਭਦੇ ਫਿਰਦੇ ਹੋ?' ਢੂੰਡਾਊਆਂ ਨੇ ਆਖਿਆ—'ਜੀ ਮਹਾਰਾਜ, ਸਵੇਰ ਤੋਂ ਢੂੰਡਦੇ ਭਾਲਦੇ ਥੱਕ ਲਥੇ ਹਾਂ, ਅਜੇ ਤਕ ਪਤਾ ਨਹੀਂ ਲਗਾ, ਜੇ ਕਿਤੇ ਆਪ ਨੇ ਦੇਖਿਆ ਹੈ ਤਾਂ ਕਹੋ।' ਸਾਧੂ ਨੇ ਆਖਿਆ—'ਕੀ ਇਹ ਗੱਲ ਸੱਚ ਹੈ ਕਿ ਤੁਹਾਡਾ ਊਠ ਸੱਜੀ ਅੱਖੋਂ ਲਾਵਾਂ ਹੈ।' ਢੂੰਡਾਊ—'ਜੀ ਇਹ ਪਤਾ ਠੀਕ ਹੈ'। ਫਿਰ ਸਾਧੂ ਨੇ ਆਖਿਆ 'ਊਠ ਤੁਹਾਡਾ ਅਗਲੇ ਖਬੇ ਪੈਰ ਤੋਂ ਕੁਝ ਲੰਗੜਾ ਭੀ ਹੈ।' ਢੂੰਡਾਊ ਬੋਲੇ 'ਮਹਾਰਾਜ ਪਤਾ ਇਹ ਭੀ ਠੀਕ ਹੈ।' ਫਿਰ ਸਾਧੂ ਨੇ ਪੁੱਛਿਆ—'ਕੀ ਤੁਹਾਡੇ ਊਠ ਦਾ ਅਗਲਾ ਦੰਦ ਵੀ ਕੋਈ ਨਿਕਲ ਗਿਆ ਹੋਇਆ ਹੈ?' ਢੂੰਡਾਊ ਬੋਲੇ—'ਜੀ ਇਹ ਭੀ ਠੀਕ ਹੈ, ਅਗਲਾ ਦੰਦ ਭੱਜਾ ਹੋਇਆ ਹੈ?' ਫਿਰ ਸਾਧੂ ਨੇ ਪੁੱਛਿਆ—'ਤੁਹਾਡੇ ਊਠ ਉਤੇ ਦੋ ਚੀਜ਼ਾਂ ਲੱਦੀਆਂ ਹੋਈਆਂ ਹਨ, ਇਕ ਪਾਸੇ ਸ਼ਹਿਤ ਤੇ ਦੂਜੇ ਪਾਸੇ ਕਣਕ?' ਇਸ ਪਰ ਵੀ ਢੂੰਡਾਊਆਂ ਨੇ ਹਾਂ ਕੀਤੀ।

ਹੁਣ ਸਾਧੂ ਚੁੱਪ ਕਰ ਗਿਆ ਤਾਂ ਢੂੰਡਣ ਵਾਲਿਆਂ ਨੇ ਆਖਿਆ 'ਆਪ ਨੇ ਸਾਡੇ ਊਠ ਨੂੰ ਬਹੁਤ ਡੂੰਘੀ ਨਜ਼ਰ ਨਾਲ ਵੇਖਿਆ ਹੈ, ਕ੍ਰਿਪਾ ਕਰਕੇ ਉਸ ਪਾਸੇ ਦਾ ਪਤਾ ਦੱਸ ਦਿਓ, ਅਸੀਂ ਦੌੜਕੇ ਅੱਪੜ ਪਈਏ।' ਸਾਧੂ ਨੇ ਆਖਿਆ—'ਮੈਂ ਤੁਹਾਡੇ ਊਠ ਨੂੰ ਕਿਤੇ ਵੀ ਨਹੀਂ ਦੇਖਿਆ।' ਇਹ ਗੱਲ ਸੁਣਕੇ ਮਾਲਕ ਚੁਕੰਨੇ ਹੋਗਏ ਤੇ ਕਹਿਣ ਲੱਗੇ 'ਬਾਵਾ ਜੀ! ਸ਼ਹਿਤ, ਕਣਕ, ਦੰਦ, ਅੱਖ ਤਾਈਂ ਆਪ ਨੇ ਸਭ ਦੇਖਿਆ, ਪਰ ਉਸ ਪਰ ਜ੍ਵਾਹਰਾਤ ਦਾ ਡੱਬਾ ਸੀ, ਉਸ ਦਾ ਪਤਾ ਨਹੀਂ ਦੱਸਿਆ।' ਸਾਧੂ ਨੇ ਫਿਰ ਆਖਿਆ ਕਿ 'ਮੈਂ ਤਾਂ ਊਠ ਹੀ ਨਹੀਂ ਦੇਖਿਆ, ਜ੍ਵਾਹਰਾਤ ਕਿੱਥੋਂ ਦੇਖਣੇ ਸੀ?'

Digitized by Panjab Digital Library | www.panjabdigilib.org

ਮਾਲਕਾਂ ਨੇ ਬਾਵਾ ਜੀ ਨੂੰ ਚੋਰ ਸਮਝ ਕੇ ਕਾਬੂ ਕਰ ਲਿਆ ਤੇ ਕਹਿਣ ਲਗੇ–ਹੁਣ ਊਠ ਦਾ ਪਤਾ ਦਿਖਾਏ ਬਾਝ ਆਪ ਨਹੀਂ ਛੁੱਟ ਸਕਦੇ। ਸਾਧੂ ਜੀ ਕੁਝ ਦਾਉ ਪੇਚ ਕਰਕੇ ਨਿਕਲਣ ਲਗੇ, ਪਰ ਉਨ੍ਹਾਂ ਹੋਰ ਕਰੜਾਈ ਨਾਲ ਕਾਬੂ ਕਰ ਲਿਆ। ਇਕੁਰ ਹੀ ਬਹੁਤ ਸਾਰਾ ਚਿਰ ਲੜਾਈ ਝਗੜਾ ਆਪੋ ਵਿਚ ਦੀ ਹੁੰਦਾ ਰਿਹਾ, ਓੜਕ ਵਕਤ ਦੇ ਹਾਕਮ ਪਾਸ ਲਿਆਕੇ ਪੇਸ਼ ਕੀਤਾ । ਮੁਕੱਦਮਾ ਹਾਕਮ ਨੇ ਸੁਣਿਆਂ ਪਰ ਪਤਾ ਕੁਝ ਨਾ ਮਿਲਿਆ, ਇੱਥੋਂ ਤਾਈਂ ਕਿ ਹਾਕਮ ਨੇ ਸਾਧੂ ਨੂੰ ਸਜ਼ਾ ਦੇਣੀ ਚਾਹੀ ਤੇ ਆਖਿਆ: ਭਾਈ ਤੇਰੇ ਪਾਸ ਕੋਈ ਆਪਣੀ ਬਰੀਅਤ (ਛੁਟਕਾਰੇ) ਦੀ ਸਬੂਤੀ ਹੈ ਤਾਂ ਕਹੁ, ਨਹੀਂ ਤੇ ਸਜ਼ਾ ਦਿੱਤੀ ਜਾਏਗੀ। ਸਾਧੂ ਨੇਆਖਿਆ: ਇਸ ਵਿਚ ਮੇਰਾ ਕੋਈ ਦੋਸ਼ ਨਹੀਂ,ਮੈਂ ਚੋਰ ਨਹੀਂਚੋਰ ਦਾ ਭਾਈ ਨਹੀਂ,ਪਤੇ ਦੇਣੇ ਮੇਰੀ ਨਿਆਇ ਵਿਦਿਆ ਦਾ ਚਮਤਕਾਰਾ ਹੈ। ਹਾਕਮ ਨੇ ਪੁੱਛਿਆ ਉਹ ਅਸੀਂ ਕੀਕਰ ਜਾਣੀਏ ? ਸਾਧੂ ਨੇ ਆਖਿਆ–ਇਨ੍ਹਾਂ ਦੇ ਮਿਲਣ ਤੋਂ ਪਹਿਲੇ ਮੈਂ ਜੰਗਲ ਵਿਚ ਟੁਰੇ ਆਉਂਦੇ ਨੇ ਊਠ ਦੇ ਪੈਰਾਂ ਦੇ ਨਿਸ਼ਾਨ ਦੇਖੇ ਅਗਲੇ ਸੱਜੇ ਪੈਰ ਦਾ ਖੁਰਾ ਦਬਾਵਾਂ ਹੋਣੇ ਤੇ ਮੈਨੂੰ ਲੰਗੜਾ ਸਾਬਤ ਹੋਇਆ, ਪਰੰਤੂ ਉਸ ਦੇ ਚਾਲ ਦੇ ਕਦਮ ਅਸਤ ਵਿਅਸਤ ਹੋਣ ਤੇ ਅਵਾਰਾ (ਗੁਆਚਾ ਹੋਇਆ) ਸਾਫ ਪਰਤੀਤ ਹੁੰਦਾ ਸੀ, ਕਿਉਂਕਿ ਉਸ ਦੇ ਪੈਰਾਂ ਦੇ ਖੁਰਾਂ ਨਾਲ ਆਦਮੀ ਦਾ ਖੁਰਾ ਨਹੀਂ ਸੀ। ਇਸ ਤੋਂ ਉਪਰੰਤ ਦਰਖਤਾਂ ਵਲ ਦੇਖਿਆ ਤਾਂ ਖੱਬੇ ਪਾਸੇ ਦੇ ਦਰਖਤਾਂ ਦੀਆਂ ਟਾਹਣੀਆਂ ਹੀ ਖਾਧੀਆਂ ਨਜ਼ਰ ਪਈਆਂ। ਇਸ ਤੋਂ ਸਿਧ ਹੁੰਦਾ ਹੈ ਕਿ ਸੱਜੀ ਅੱਖੋਂ ਕਾਣਾ ਸੀ।ਇਕੁਰ ਹੀ ਉਨ੍ਹਾਂ ਖਾਧੀਆਂ ਹੋਈਆਂ ਟਾਹਣੀਆਂ ਤੋਂ ਸਾਫ ਸਿੱਧ ਹੁੰਦਾ ਸੀ ਕਿ ਅੱਗੇ ਪਿੱਛੇ ਦੀ ਲਗਾਰ ਟੁਕੀ ਹੋਈ ਹੈ ਤੇ ਵਿਚਲੀ ਦੇ ਪੱਤੇ ਕੁਮਲਾਏ ਹੋਏ ਹਨ, ਜੀਕਰ ਮੂੰਹ ਵਿੱਚੋਂ ਨਿਕਲੀ ਹੁੰਦੀ ਹੈ। ਇਸੇ ਤੋਂ ਸਿਧ ਹੋਇਆ ਕਿ ਅਗਲਾ ਦੰਦ ਟੁੱਟਾ ਹੋਇਆ ਹੈ।

ਇਕੁਰ ਹੀ ਊਠ ਦੇ ਪੈਰਾਂ ਦੇ ਖੁਰਿਆਂ ਨਾਲ ਇਕ ਪਾਸੇ ਤਾਂ ਕਣਕ ਕਿਰੀ ਹੋਈ ਦੇ ਦਾਣੇ ਸੇ ਜੋ ਕੀੜੀਆਂ ਲੈ ਜਾ ਰਹੀਆਂ ਸਨ, ਜਿਸ ਤੋਂ ਸਾਬਤ ਹੋ ਰਿਹਾ ਸੀ ਕਿ ਕਣਕ ਲੱਦੀ ਹੋਈਹੈ, ਅਤੇ ਦਰਖਤਾਂ ਨਾਲ ਕਿਤੇ ਕਿਤੇ ਸ਼ਹਿਤ ਛੋਹੇ ਦੇ ਨਿਸ਼ਾਨ ਮੱਖੀਆਂ ਦੀ ਭਿਣ ਭਿਣਾਹਟ ਦੱਸ ਰਹੀ ਸੀ ਕਿ ਸ਼ਹਿਤ ਵੀ ਹੈ। ਇਹ ਗੱਲਾਂ ਸਾਰੀਆਂ ਅਨੁਮਾਨ ਪ੍ਰਮਾਣ ਕਰਕੇ ਮੈਂ ਸਾਬਤ ਕੀਤੀਆਂ ਤੇ ਦੱਸੀਆਂ ਸਨ । ਇਕੁਰ ਹੀ ਜੇਕਰ ਊਠ ਦੇਖਦਾ ਤਾਂ ਮੈਂ ਕਿਉਂ ਨ ਦੱਸਦਾ ? ਮੇਰੀ ਸਾਰੀ ਉਮਰ ਜੰਗਲ ਵਿਚ ਬੀਤੀ, ਬਿਨਾਂ ਨਿਆਇ ਦੇ ਹੋਰ ਕੁਝ ਪੜ੍ਹਿਆ ਨਹੀਂ। ਹੁਣ ਤੁਹਾਡੀ ਮਰਜ਼ੀ, ਭਾਵੇਂ ਮੈਨੂੰ ਮਾਰੋ, ਭਾਵੇਂ ਛਡੋ। ਇਤਨੇ ਤਾਈਂ ਦੁੰਡਾ-ਊਆਂ ਵਿੱਚੋਂ ਇਕ ਨੇ ਖਬਰ ਦਿਤੀ ਕਿ ਊਠ ਓਸੇ ਬਨ ਵਿੱਚੋਂ ਲਭ ਪਿਆ ਹੈ, ਇਸ ਨੂੰ ਛਡ ਦਿਓ। ਹਾਕਮ ਨੇ ਵੀ ਸਾਧੂ ਜਾਣਕੇ ਤਰਸ ਖਾਧਾ ਤੇ ਸਾਧੂ ਨੂੰ ਛਡ ਦਿਤਾ।

ਅਤਿ ਚਤੁਰਾਈ, ਅਤਿ ਦੁਖਦਾਈ,
ਚਤੁਰਾਈ ਢਾਹੀ ਗਲ ਪਾਈ।
ਦੱਬ ਨ ਜਾਤਾ ਜਾਤਾ ਊਠ,
ਮਤ ਨਿਆਇਕ ਉੱਚੀ ਊਠ।
ਜੋ ਲੱਭਣਾ ਸੋ ਲੱਭ ਨ ਸਕਿਆ,
ਜੋ ਲੱਧਿਆ ਸੋ ਉਲਟਾ ਟੱਕਿਆ।
ਪਿਆ ਗਲਾਵਾਂ ਗਲਵਿਚ ਵਲ ਦਾ,
ਵੱਲ ਨਾ ਸਮਝੇ ਦੱਬ ਦੀ ਕੱਲ ਦਾ।
ਜੇ ਭੋਲੇ ਭਾ, ਏਵੇਂ ਲੱਦੇ।

Digitized by Panjab Digital Library | www.panjabdigilib.org

ਚਤੁਰਾਈ ਕਰ ਹਾਰਨ ਸੱਭੇ।
ਸ੍ਰੀ ਸਤਿਗੁਰ ਇੰਵ ਹਨ ਫੁਰਮਾਂਦੇ।
ਅਪਣੇ ਸਿੱਖਾਂ ਨੂੰ ਸਮਝਾਂਦੇ:–
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ [ਆਸਾ ਮ: ੫

੨. ਸੱਚਾ ਪਿਆਰ।

ਹਾਕਮ ਦੇ ਸਾਹਮਣੇ ਦੋ ਤੀਵੀਆਂ ਆਪੋ ਵਿਚ ਝਗੜਦੀਆਂ ਅਤੇ ਗੋਦੀ ਦਾ ਬਾਲਕ ਇਕ ਦੂਜੀ ਤੋਂ ਖੋਂਹਦੀਆਂ, ਲੜਦੀਆਂ, ਰੋਂਦੀਆਂ ਧੋਂਦੀਆਂ ਫਰਿਆਦੀ ਹੋਈਆਂ। ਪਹਿਲੀ ਨੇ ਆਖਿਆ ਇਹ ਰਾਖਸ਼ੀ ਮੇਰਾ ਬੱਚਾ ਖੋਂਹਦੀ ਹੈ। ਇਕੁਰ ਹੀ ਦੂਜੀ ਨੇ ਆਖਿਆ ਇਹ ਡਾਇਣ ਮੇਰਾ ਬੱਚਾ ਖੋਂਹਦੀ ਹੈ। ਆਪੋ ਆਪਣੇ ਸਬੂਤ, ਜਿਹਾ ਕੁ ਥਣਾਂ ਵਿਚ ਦੁੱਧ ਦਾ ਹੋਣਾ, ਬੱਚੇ ਦਾ ਕੁਛੜ ਵਿਚ ਆ ਜਾਣਾ, ਚਿਹਰੇ ਦੇ ਨਕਸ਼ ਮਾਵਾਂ ਦੇ ਨਕਸ਼ਾਂ ਨਾਲ ਕੁਝ ਕੁਝ ਮਿਲਣੇ ਦੁਵੱਲੀ ਇਕੋ ਜਿਹੇ ਸਾਬਤ ਹੋਏ। ਬੜੇ ਬੜੇ ਸਿਆਣੇ ਅਕਲ ਦੇ ਘੋੜੇ ਦੁੜਾਉਂਦੇ ਹਫ ਗਏ, ਬਤੇਰੇ ਉਲਟ ਪੁਲਟ ਕਰਦੇ, ਸਿਰ ਨੂੰ ਚੱਕਰ ਦੇਂਦੇ ਥੱਕ ਗਏ, ਪਰ ਅਸਲੀ ਮੁੰਡੇ ਦੀ ਮਾਉਂ ਦੋਹਾਂ ਵਿਚੋਂ ਇਕ ਨਾ ਲੱਭੀ। ਓੜਕ ਦੀ ਗੱਲ ਹਾਕਮ ਨੇ ਹੁਕਮ ਦਿੱਤਾ ਕਿ ਜਲਾਦ ਨੂੰ ਬੁਲਾਓ, ਇਸ ਬਾਲਕ ਨੂੰ ਅੱਧੋ ਅੱਧ ਕਰਕੇ ਦੋਹਾਂ ਦੀ ਝੋਲੀ ਪਾ ਦੇਵੋ। ਇਹ ਕਹਾਵਤ ਬਹੁਤ ਪੁਰਾਣੀ ਪ੍ਰਸਿੱਧ ਹੈ ਕਿ "ਪਏਗਾ ਝਗੜਾ ਤਾਂ ਚੁਕੇਗਾ ਅੱਧ"। ਇਹ ਹੁਕਮ ਸੁਣਦਿਆਂ ਸਾਰ ਇਕ ਤੀਵੀਂ, ਜੋ ਉਨ੍ਹਾਂ ਦੋਹਾਂ ਵਿੱਚੋਂ ਸੀ, ਨੇਤ੍ਰ ਭਰ ਲਿਆਈ ਅਤੇ ਸਿਰ ਨੰਗਾ ਕਰਕੇ ਹਾਕਮ ਦੇ ਪੈਰਾਂ ਤੇ ਡਿੱਗ ਪਈ ਤੇ ਬੇਨਤੀ ਕਰਨ ਲੱਗੀ 'ਮਹਾਂਰਾਜ, ਕਿਰਪਾ ਕਰੋ ਬਾਲਕ ਨੂੰ ਜਲਾਦ ਦੇ ਹੱਥ ਨਾ ਦਿਓ, ਮੈਂ ਦਾਵਾ ਛਡਿਆ, ਮੈਂ ਝੂਠੀ ਸਹੀ ਮੈਂ ਕਹਿ ਦੇਨੀ ਹਾਂ ਮੇਰਾ ਬਾਲਕ ਨਹੀਂ। ਸਾਬਤ ਬਾਲਕ ਇਸੇ ਨੂੰ ਦੇ ਦਿਓ, ਪਰ ਜਲਾਦ ਦੇ ਹੱਥ ਨਾ ਦਿਓ।"

ਹਾਕਮ ਨੇ ਹੁਕਮ ਦਿਤਾ ਕਿ ਓਸ ਫਰੇਬਣ ਤੀਵੀਂ ਨੂੰ ਸੌ ਕੋਰੜਾ ਮਾਰ ਕੇ ਬਾਹਰ ਕਢਦਿਓ ਅਤੇ ਜੋ ਮਿੰਨਤਾਂ ਕਰ ਰਹੀ ਹੈ ਕਿ ਮੈਂ ਦਾਵਾ ਛਡਿਆ ਬਾਲਕ ਇਸਦੀ ਗੋਦੀ ਪਾ ਦਿਓ ਅਤੇ ਬਾਲਕ ਦੇ ਪਾਲਣ ਪੋਸਣ ਲਈ ਦਸ ਰੁਪਏ ਮਹੀਨਾ ਸਰਕਾਰੀ ਖਜ਼ਾਨੇ ਵਿੱਚੋਂ ਇਸ ਨੂੰ ਮਿਲਿਆ ਕਰਨ।

ਝੂਠੇ ਦਾਵੇ ਕਰਨ ਖੁਆਰ।
ਓੜਕ ਪੈਂਦੀ ਬੇਂਤਾਂ ਮਾਰ।
ਕਰੇ ਫਰੇਬ ਨ ਚੋਰੀ ਦਾਉ,
ਓੜਕ ਨੂੰ ਹੋਸੀ ਪਛੁਤਾਉ।
ਸਚੀ ਦਰਗਾਹੇ ਜਦ ਜਾਣਾ।
ਨਹਿੰ ਝੂਠੇ ਨੂੰ ਮਿਲੇ ਟਿਕਾਣਾ।
"ਖੋਟੇ ਕਾ ਮੁਲੁ ਏਕੁ ਦੁਗਣਾ"
ਖੋਟਾ ਬਾਹਰ ਸਿਟਿਆ ਜਾਣਾ।
ਪਰਖ ਖਜਾਨੈ ਪੈਣਾ ਖਰਾ,
ਖੋਟਾ ਅਉਗੁਣਹਾਰਾ ਬੁਰਾ।
ਦਾਵਾ ਮਾਣ ਭਰੋਸਾ ਗੁਰ ਤੇ,
ਕਰਨਾ ਸਦਾ ਜੋ ਲਿਖਿਆ ਧੁਰ ਤੇ।
ਇਸ ਤਨ ਧਨ ਦਾ ਕੀ ਭਰਵਾਸਾ,
ਝੂਠਾ ਦਾਵਾ ਬਿਜਲੀ ਹਾਸਾ।
ਗੁਰੂ ਗ੍ਰੰਥ ਜੀ ਇਉਂ ਫੁਰਮਾਂਦੇ,
ਸਿਦਕਾਂ ਵਾਲੇ ਸਿੱਖ ਕਮਾਂਦੇ:–
"ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ॥ ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥"੧੬੯॥[ਸਲੋ: ਕਬੀਰ

ਮੈਂ ਮਮਤਾ ਦਾ ਦਾਵਾ ਛਡਿਆ,
ਤਾਂ ਉਸ ਬੁੱਦੀ ਮੁੰਡਾ ਲੱਭਿਆ।

Digitized by Panjab Digital Library | www.panjabdigilib.org

ਗੁਰ ਸਿਖੈ ! ਮੈਂ ਮੇਰੀ ਤਜਾਗੋ,
ਸਭ ਸਤਿਗੁਰ ਕਾ, ਨਾਮਹ ਲਾਗੋ।
ਗਿਆਨ ਸਪੁੱਤ੍ਰ ਮਿਲੇਗਾ ਤਬੈ,
ਰਹਤ ਬਹਤ ਧਾਰੋਗੇ ਜਬੈ।
ਮਨ ਨੀਵਾਂ ਮਤ ਉੱਚੀ ਕਰਨਾ,
ਰਖਕੈ ਹਿਤ ਪਉ ਸਤਿਗੁਰ ਸ਼ਰਨੀ।
ਭਾਇ ਭਗਤ, ਭਉ, ਪਰਉਪਕਾਰ,
ਕਥਾ, ਕੀਰਤਨ, ਨਾਮ ਅਧਾਰ।
ਸੱਚਾ 'ਸ਼ਾਹਨਸ਼ਾਹ ਪਸੀਜੈ,
ਦਰ ਘਰ ਮਹਲ ਹਜ਼ੂਰ ਬੁਲੀਜੈ।
ਮਾਨਸ ਜਨਮ ਸਫਲ ਕਰ ਲੇਹੁ,
ਹਉਮੈ ਤਜਾਗਹੁ ਨਾਮ ਜਪੇਹੁ।

੪. ਪਾਪੀ ਮਨ ਦੇ ਭਰਮ।

ਪਿਛਲੇ ਸਮੇਂ ਦੀ ਵਾਰਤਾ ਕਰਦੇ ਹਨ ਕਿ ਕਿਸੇ ਵਪਾਰੀ ਦੇ ਰੁੰ ਦੇ ਬੋਰੇ (ਜੋ ਕਿਸੇ ਮੁਲਕ ਭੇਜਣ ਲਈ ਭਰਵਾ ਰਿਹਾ ਸੀ) ਅਚਾਨਕ ਗੁੰਮ ਹੋ ਗਏ, ਬਾਹਲੀ ਢੂੰਡ ਭਾਲ ਹੋਈ ਪਰ ਪਤਾ ਕੁਝ ਨਾ ਲੱਗਾ। ਸਰਕਾਰੀ ਆਦਮੀ ਵੀ ਬਤੇਰੇ ਖੁਰੇ ਪੁੱਟ ਰਹੇ, ਪਰ ਖੋਜ ਕਿਤੇ ਵੀ ਨਾ ਲੱਗਾ। ਸ਼ਹਿਰ ਦੇ ਹਾਕਮ ਨੇ ਇਨਾਮ ਦਾ ਲਾਲਚ ਪ੍ਰਗਟ ਕੀਤਾ ਕਿ ਜੋ ਚੋਰਾਂ ਦਾ ਬਹੁ-ਥਿਤਾ ਦੇਵੇਗਾ ਉਸਨੂੰ ੧੦੦)ਸੌ ਰੁਪੱਯਾ ਖਜ਼ਾਨੇ ਵਿੱਚੋਂ ਇਨਾਮ ਦਿਤਾ ਜਾਵੇਗਾ, ਤਿਸ ਪਰ ਵੀ ਕੋਈ ਗੱਲ ਪਰਗਟ ਨਾ ਹੋਈ। ਬਤੇਰੇ ਸੁੰਹੀਏਂ ਛੱਡੇ ਗਏ, ਪਰ ਸੁੰਹ ਕਿਤੇ ਨਾ ਲੱਗੀ। ਇਨ੍ਹਾਂ ਜਤਨਾਂ ਵਿਚ ਕਈ ਦਿਹਾੜੇ ਬੀਤਗਏ, ਵਪਾਰੀ ਨਿਰਾਸ ਹੋਕੇ ਆਪਣੀ ਖੋਟੀ ਕਿਸਮਤ ਦੇ ਮੱਥੇ ਮਲਣ ਲੱਗਾ ਅਤੇ ਵਕਤ ਦਾ ਹਾਕਮ ਆਪਣੇ ਪ੍ਰਜਾ ਪਾਲ ਨਜਾਇਕਾਰੀ ਹੋਣ ਵਿਚ ਸ਼ਰਮ (ਲੱਜਾ) ਖਾਣ ਲੱਗਾ। ਇਕ ਦਿਨ ਅਚਾਨਕ ਹਾਕਮ ਨੇ ਸ਼ਹਿਰ ਦੇ ਸਰਦਾਰ, ਅਮੀਰ, ਰਈਸ, ਸੇਠ, ਸ਼ਾਹੂਕਾਰਾਂ ਪ੍ਰਤੀ ਨਿਉਂਦਾ ਕਹਿ ਭੇਜਿਆ, ਭਈ ਕੱਲ ਮੇਰੀ ਵਰ੍ਹੇ ਗੰਢ ਦਾ ਦਿਨ ਹੈ, ਤੁਸੀਂ ਲੋਕ ਰੁੱਖੀ ਮਿੱਸੀ ਰੋਟੀ ਸਵੇਰੇ ਸਰਕਾਰੀ ਲੰਗਰ ਵਿੱਚੋਂ ਖਾਓ। ਇਸ ਨਿਮੰਤਣ ਪਰ ਬਹੁਤ ਸਾਰੇ ਚੰਗ ਚੰਗੇਰੇ ਲੋਕ ਸਵੇਰ ਸਾਰ ਹੀ ਚੰਗੇ ਚੰਗੇ ਕਪੜੇ ਪਹਿਨਕੇ ਹਾਕਮ ਦੇ ਪਰਾਹੁਣੇ ਜਾ ਬਣੇ। ਡਿਉਢੀ ਵਿਚ ਚੋਬਦਾਰਾਂ ਨੇ ਖਾਤ੍ਰ ਇਜ਼ਤ ਨਾਲ ਸਭ ਨੂੰ ਅਧਿਕਾਰ ਨਾਲ ਬਿਠਾਇਆ। ਜਦ ਬਹੁਤ ਸਾਰਾ ਚਿਰ ਲੋਕਾਂ ਨੂੰ ਉਡੀਕਦਿਆਂ ਬੀਤਿਆ ਤਾਂ ਦੂਜ ਦੇ ਚੰਦ ਵਾਕਰ ਹਾਕਮ ਨੇ ਵੀ ਪਰਦੇ ਵਿੱਚੋਂ ਆਪਣਾ ਆਪ ਪਰਗਟ ਕੀਤਾ ਅਤੇ ਬੜੇ ਗੁੱਸੇ ਜਿਹੇ ਦੀ ਸੂਰਤ ਬਣਾ ਕੇ ਬਚਨ ਕੀਤਾ ਕਿ ਮੇਰੀ ਪਰਜਾ ਦੇ ਲੋਕਾਂ ਵਿਚ ਕਈ ਕਿਹੇ ਨਿਰਬੁਧ ਹਨ ਜੋ ਅਜੇ ਤਾਈਂ ਆਪ-ਣੀਆਂ ਬੀਬੀਆਂ ਦਾੜ੍ਹੀਆਂ ਵਿੱਚੋਂ ਚੋਰੀ ਦੀ ਰੁੰ ਵੀ ਨਹੀਂ ਕੱਢ ਸਕੇ ਅਰ ਦਰਬਾਰ ਵਿਚ ਸਾਊਆਂ ਦੇ ਨਾਲ ਆਨ ਹਾਜ਼ਰ ਹੋਏ ਹਨ। ਇਹ ਬਚਨ ਸੁਣਕੇ ਸਭ ਲੋਕ ਹੈਰਾਨ ਹੋ ਗਏ। ਹੋਰ ਸਭ ਸੁਣਕੇ ਸੋਚਾਂ ਸੋਚਦੇ ਹਾਕਮ ਦੇ ਮੂੰਹ ਵਲ ਦੇਖਦੇ ਰਹੇ, ਪਰ ਦੋਂਹ ਚਹੁੰ ਨੇ ਆਪੋ ਆਪਣੀ ਦਾੜ੍ਹੀ ਫਰੋਲਣੀ ਅਰੰਭ ਕਰ ਦਿਤੀ ਬਾਰ ਬਾਰ ਦਾੜ੍ਹੀ ਵਿਚ ਉਂਗਲਾਂ ਫੇਰ ਫੇਰ ਨੀਝ ਲਾਉਣ ਲਗ ਪਏ। ਇਹ ਗਲ ਤਾੜਨ ਲਈ ਹਾਕਮ ਆਪਣੀਆਂ ਹਜ਼ਾਰ ਅੱਖਾਂ ਲਾਈ ਚੋਰੀ ਚੋਰੀ ਤਾੜਬਾਜ਼ੀ ਕਰ ਰਿਹਾ ਸੀ। ਠਾਣੇਦਾਰ ਨੂੰ ਹੁਕਮ ਹੋਇਆ ਕਿ ਦਾੜ੍ਹੀ ਵਿਚ ਹਥ ਫੇਰਨ ਵਾਲਿਆਂ ਨੂੰ ਕਾਬੂ ਕਰ ਲਓ ਅਤੇ ਲਾਂਭੇ ਲਿਜਾਕੇ ਰੁੰ ਦੀ ਗਰਦ ਝਾੜ ਦਿਓ। ਬਸ ਗਰਦ ਝਾੜਦਿਆਂ ਹੀ ਉਨ੍ਹਾਂ ਧੀਰਜੀ ਪੁਰਖਾਂ ਨੇ ਰੁੰ ਦੇ ਬੋਰੇ ਉਗਲ ਦਿੱਤੇ। ਵਪਾਰੀ ਨੂੰ ਰੁੰ ਲੱਭਣ ਦੀ ਪ੍ਰਸੰਨਤਾ, ਹਾਕਮ

Digitized by Panjab Digital Library | www.panjabdigilib.org

ਨੂੰ ਨਜਾਇਜ਼ ਹਾਕਮੀ ਦਾ ਸਦਾ ਲਈ ਦਬਦਬਾ, ਚੋਰਾਂ ਨੂੰ ਜੇਹਲਖਾਨਾ, ਪਰਜਾ ਨੂੰ ਨਿਰਭਯਤਾ, ਇਕੋ ਵਾਰੀ ਇਕੋ ਹੀ ਮੁਕੱਦਮੇ ਦਾ ਫੈਸਲਾ ਕਰਨ ਤੇ ਪ੍ਰਾਪਤ ਹੋ ਗਏ।

ਭਾਈਓ ! ਸੋਚੋ ਕੁੱਝ ਵਿਚਾਰੋ,
ਓੜਕ ਪਾਜ ਖੁਲ੍ਹੇ ਦਿਨ ਚਾਰੇ ।
ਨੀਤਾਂ ਵਾਲੇ ਨੀਤ ਨਿਬਾਹੁਣ,
ਦੁਸ਼ਟ ਦੇਖੀਅਨ ਮਲਦਲ ਗਾਹੁਣ।
ਜੇ ਨਹਿੰ ਨੀਤ ਕਰਨ ਬਿਉਹਾਰ,
ਬਿਗੜੇ ਮਿਰਜਾਦਾ ਸੰਸਾਰ ।
ਬਲੀ ਨਿਬਲ ਨੂੰ ਖਾਣ ਸਮੂਲੋਂ,
ਫਧਣ ਦੁਸ਼ਟ ਦੇਖੀ ਦੁਖ ਸੂਲੋਂ।
ਪਰ ਏ ਚੱਲ ਚਲਾਕੀ ਚਾਲ,
ਕਈ ਇਕ ਦਾਉ ਫਰੇਬਾਂ ਜਾਲ।
ਕਈ ਵਾਰੀ ਬੇਦੋਸਾਂ ਮਾਰ,
ਲੱਭਣ ਪਾਪੀ ਦੋਸ਼ਾਂ ਦਾਰ।
ਕਈ ਵੇਰ ਪਾਪੀ ਲੁਕ ਜਾਵਨ,
ਭਲੇ ਫਸਨ ਦੁਖ ਔਵੇਂ ਪਾਵਨ।
ਪਰ ਉਹ ਰੱਬ ਜਾਣਦਾ ਸਾਰੀ,
ਉਸ ਤੋਂ ਉਹਲਾ ਕਦੇ ਨ, ਵਾਰੀ!
ਉਹ ਪਾਪੀ ਨੂੰ ਆਪੇ ਜਾਣੇ,
ਦੋਸ਼ੀ ਕਦੀ ਨ ਰਹਿਣ ਲੁਕਾਣੇ।
ਸੱਚਾ ਨਿਆਉਂ ਸੱਚ ਪੜਤਾਲ,
ਸੱਚਾ ਪਤਾ ਸੱਚ ਦਰਹਾਲ ।
ਉਸ ਮੇਰੇ ਪ੍ਰਭ ਏਵੇਂ ਭਾਵੇ,
ਨਿੰਦਕ ਦੁਸ਼ਟ ਆਪ ਪਚ ਜਾਵੇ।
ਆਪ ਨਿਆਇ ਕਰੇ ਹਰ ਵੇਲੇ,
ਵੇਖੇ ਪਰਖੇ ਰਖੇ ਸੁਹੇਲੇ ।
ਚੋਰਾਂ ਯਾਰਾਂ ਪੀੜੇ ਘਾਣੀ,
ਸ੍ਰੀ ਸਤਿਗੁਰ ਲਿਖਿਆ ਵਿਚ ਬਾਣੀ:-
"ਚੋਰਜਾਰ ਜੁਆਰਪੀੜੇ ਘਾਣੀਐ।।ਨਿੰਦਕ ਛਾਇਤਬਾਰ ਮਿਲੇ ਹੜ੍ਵਾਣੀਐ ॥ ਗੁਰ-ਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ॥"

ਤਾਂਤੇ ਚੋਰੀ ਯਾਰੀ ਬੁਰੀ ।
ਤਜਾਗੋ,ਜਾਣੋਂ ਪੈਨੀ ਛੁਰੀ।

੫. ਪਾਪੀ ਦੇ ਮਨ ਭੈ।

ਇਕੋਰਾਂ ਦੀ ਵਾਰਤਾ ਦੱਸਦੇ ਹਨ ਕਿ ਇਕ ਘਰ ਵਿਆਹ ਸੀ। ਘਰ ਵਿਚ ਮੇਲੇ ਵਾਕਰ ਮੇਲ ਭਰਿਆ ਹੋਇਆ ਸੀ। ਆਨੰਦ ਅਤੇ ਖੁਸ਼ੀਆਂ, ਚਾਉ, ਮੰਗਲ, ਵਧਾਈਆਂ, ਰਾਗ ਰੰਗ ਹੋ ਰਹੇ ਸਨ ਕਿ ਅਚਾਨਕ ਹੀ ਇਕ ਤੀਵੀਂ ਨੇ ਰੋ ਰੋਕੇ ਰੌਲਾ ਪਾਣਾ ਅਰੰਭਿਆ।ਚਾਉ ਤੇ ਖੁਸ਼ੀਆਂ ਸਾਰੀਆਂ ਠੰਢੀਆਂ ਹੋ ਗਈਆਂ ਅਤੇ ਰੋਣ ਵਾਲੀ ਦੇ ਗਿਰਦ ਤੀਵੀਂਆਂ ਅਤੇ ਮਰਦਾਂ ਦੀ ਭੀੜ ਮੱਖੀਆਂ ਵਾਕਰ ਭਰ ਗਈ, ਕੋਈ ਪੁਛਦੀ: ਹੈਂ ਨੀਂ ਕਿਉਂ ਰੋਨੀਂ ਏਂ, ਕੀ ਹੋਇਆ ਈ ? ਕੋਈ ਕਹਿੰਦਾ ਹੈ: ਕੁਝ ਗਲ ਦਾ ਪਤਾ ਵੀ ਲਗੇ, ਇਹ ਤਾਂ ਇਕੋ ਸਾਹੀ ਰੋਈ ਹੀ ਜਾਂਦੀ ਹੈ। ਕੋਈ ਬੋਲੀ: ਮਾਂ ਮਰੀ ਕੁਝ ਦੱਸਨੀ ਵੀ ਹੈਂ ? ਇਤਨੇ ਤਾਈ ਇਕ ਸਿਆਣੀ ਨੇ ਸਭਨਾਂ ਨੂੰ ਘੁਰਕਿਆ ਤੇ ਆਖਿਆ ਕਿਉਂ ਵਿਚਾਰੀ ਦੇ ਮਗਰ ਪੈ ਗਏ ਹੋ, ਆਪੇ ਦੱਸਦੀ ਹੈ, ਤੁਸੀਂ ਚੁੱਪ ਕਰੋ ਖਾਂ। ਇਕੁਰ ਹਾਂ ਰੋਣ ਵਾਲੀ ਨੂੰ ਵੀ ਦਿਲਾਸਾ ਦੇ ਕੇ ਅੱਖਾਂ ਮੂੰਹ ਪੂੰਝ ਕੇ ਪੁੱਛਣ ਲੱਗੀ: ਦੱਸ ਖਾਂ ਕੀ ਗਲ ਹੈ ? ਰੋਣ ਵਾਲੇ ਨੇ ਡੁਸਕਾਰੇ ਭਰਦਿਆਂ ਭਰਦਿਆਂ ਆਖਿਆ ਮੇਰੇ 'ਹੱਥੋਂ ਇਕ ਗੋਖੜੂ ਸੋਨੇ ਦਾ ਸੁੱਤੀ ਪਈ ਦੇ ਗੁੰਮ ਹੋਗਿਆ ਹੈ। ਖਬਰ ਨਹੀਂ ਕਿਸ ਨੇ ਲਾਹ ਲਿਆ ਹੈ, ਹੁਣ ਮੈਨੂੰ ਘਰ ਜਾਂਦਿਆਂ ਸੱਸ ਮਾਰੇਗੀ, ਮੈਂ ਕਿੱਥੇ ਜਾਵਾਂ? ਕੀ ਕਰਾਂ ? ਇਹ ਗਲ ਸਭ ਨੇ ਕੰਨ ਦੇਕੇ ਸੁਣੀ ਅਤੇ ਸਮਝ ਲਈ ਭਈ ਹੁਣੇ ਕਿਸੇ ਨੇ ਇਸਦਾ ਗੋਖੜੂ ਲਾਹ ਲਿਆ ਹ।

Digitized by Panjab Digital Library | www.panjabdigilib.org

ਬਹੁਤਿਆਂ ਨੇ ਅਫਸੋਸ ਕੀਤਾ ਭੈੜੇ ਜਿਹੇ ਮੋਂਗੀ ਮੂੰਹ ਬਣਾ ਕੇ ਗੱਲਾਂ ਕੀਤੀਆਂ ਅਤੇ ਆਪੋਆਪਣੀ ਥਾਈਂ ਬਾਹਲਿਆਂ ਨੇ ਖਿਸਕਣ ਦੀ ਕੀਤੀ, ਪਰੰਤੂ ਗੋਖੜੂ ਗੁਆਣ ਵਾਲੀ ਦੀ ਹਮਦਰਦੀ ਕਿਸੇ ਵੀ ਨਾ ਕੀਤੀ, ਵਿਆਹ ਵਾਲਿਆਂ ਦੀ ਸਾਰੀ ਖੁਸ਼ੀ ਢਲਦੀ ਹੋਈ ਬਰਫ ਵਾਂਗੂੰ ਪਾਣੀ ਹੋਕੇ ਵਹਿ ਗਈ। ਵਿਆਹ ਵਾਲੇ ਘਰ ਵਿਚ ਸੋਗ ਵਰਤ ਗਿਆ, ਪਹਿਲੇ ਰੰਗ ਤਾਗ ਤੇ ਖੁਸ਼ੀਆਂ ਰਾਤ ਦੇ ਤਾਰਿਆਂ ਵਾਕਰ ਦਿਨ ਦੇ ਚੜ੍ਹਿਆ ਗੁੰਮ ਹੋ ਗਏ। ਹੁਣ ਸਿਆਣਿਆਂਨੂੰ ਸੋਚ ਫੁਰੀ ਭਈ ਕੀਹ ਕੀਤਾ ਜਾਵੇ, ਕਿਸੇ ਨੇ ਆਖਿਆ: ਜਿਥੇ ਵਿਆਹ ਦੇ ਹੋਰ ਖਰਚ ਹੋਣੇ ਹਨ ਓਸੇ ਖਰਚ ਵਿਚੋਂ ਗੋਖੜੂ ਬਣਵਾ ਕੇ ਇਸ ਦੇ ਹਥੀਂ ਪਾ ਦਿਓ, ਕਿਸੇਨੇ ਆਖਿਆ: ਇਸ ਦੇ ਮਾਪਿਆਂਨੂੰ ਰੁਪਏ ਨਕਦ ਦੇ ਦਿਓ। ਮਾਪਿਆਂ ਨੇ ਆਖਿਆ: ਸਾਡਾ ਨੱਕ ਵਢੀਂਦਾ ਹੈ, ਪਰ ਸਹੁਰੇ ਇਸ ਦੇ ਬੜੇ ਕੰਜੂਸ, ਮੱਖੀ ਚੂਸ ਤੇ ਮਨਹੂਸ ਹਨ, ਓਹ ਇਸ ਕਸੂਰ ਤੇ ਨੂੰਹ ਨੂੰ ਨਹੀਂ ਵਸਾਉਣਗੇ। ਮੁਕਦੀ ਗਲ, ਇਹੋ ਜਿਹੀਆਂ ਆਪੋ ਧਾਪੀਆਂ ਬਹੁਤੇਰੀਆਂ ਗਲਾਂ ਹੋਈਆਂ, ਪਰ ਐਸੀ ਗਲ ਕੋਈ ਖੜੀ ਨਾ ਹੋਈ ਜੋ ਇਸ ਵੇਲੇ ਦਾ ਸੋਗ ਸੰਤਾਪ ਨਵਿਰਤ ਕਰਦੀ।

ਇੰਨੇ ਤਾਈਂ ਇਕ ਚਤੁਰ ਵੀ ਅਚਣਚੇਤੀ ਆ ਨਿਕਲਿਆ, ਓਨ ਅਜਿਹੇ ਖੁਸ਼ੀ ਦੇ ਵੇਲੇ ਇਹ ਸੋਗ ਵਰਤਿਆ ਦੇਖ ਕੇ ਭਾਰੀ ਅਫਸੋਸ ਕੀਤਾ ਅਤੇ ਆਖਿਆ: ਭਾਈ! ਘਰ ਦਾ ਬੰਦੋਬਸਤ ਕਰੋ, ਗੋਖੜੂ ਅਜੇ ਤੁਹਾਡੇ ਮਕਾਨ ਵਿਚ ਹੈ, ਬਾਹਰ ਨਹੀਂ ਗਿਆ; ਤੁਸੀਂ ਝੋਲੀਆਂ ਪੁਵਾਓ। ਮਾਲਕਾਂ ਨੇ ਆਖਿਆ: ਜੀ! ਝੋਲੀਆਂ ਦੀ ਸ੍ਵਾਹ ਦੇ ਵੇਰੀ ਛਾਣ ਚੁਕੇ ਹਾਂ, ਇਸ ਵੇਲੇ ਤਾਂ ਅਸੀਂ ਬਿਲਕੁਲ ਨਿਰਾਸ ਹੋਏ ਬੈਠੇ ਹਾਂ। ਸਿਆਣੇ ਨੇ ਆਖਿਆ: ਨਿਰਾਸ ਹੋਣ ਦੀ ਕੋਈ ਗੱਲ ਨਹੀਂ, ਉੱਦਮ ਕਰੋ, ਕਰਤਾਰ ਭਲੀ ਕਰੇਗਾ। ਮੈਂ ਇਕ ਨਵੀਂ ਜਾਚ ਤੁਹਾਨੂੰ ਦੱਸਦਾ ਹਾਂ:-

ਇਕ ਮੋਹਲਾ ਲੇਕੇ ਜਿਥੇ ਗੋਖੜੂ ਗੁਆਚਾ ਹੈ ਠੀਕ ਓਸੇ ਜਗਾ ਤੇ ਗਡ ਦਿਓ ਤੇ ਅਸੀਂ ਓਸ ਤੇ ਇਕ ਐਸੀ ਅਚਰਜ ਚੀਜ਼ ਮਲ ਦੇਂਦੇ ਹਾਂ, ਜੋ ਚੋਰ ਨੂੰ ਆਪੇ ਕਾਬੂ ਕਰ ਲਏਗੀ, ਇਕ ਇਕ ਕਰਕੇ ਸਭੇ ਅੰਦਰ ਜਾਣ ਤੇ ਓਸ ਮੋਹਲੇ ਨੂੰ ਹਥ ਲਾਕੇ ਆਉਣ। ਜਦ ਚੋਰ ਹੱਥ ਲਾਏਗਾ, ਝਟ ਪਟ ਉਸ ਨੂੰ ਬਿਜਲੀ ਨਾਲੋਂ ਸੂਖਮ ਤਾਕਤ ਆਪੇ ਫੜ ਲਏਗੀ।

ਇਹ ਕਹਿਕੇ ਸਿਆਣੇ ਨੇ ਮੋਹਲਾ ਗਡ ਦਿਤਾ ਅਤੇ ਉਸ ਦੇ ਉੱਤੇ ਗੁਲਾਬ ਦਾ ਅਤਰ ਮਲ ਦਿਤਾ। ਆਪ ਮੋਹਲੇ ਨੂੰ ਰੱਸੀ ਪਾਕੇ ਦਰਵਾਜੇ ਦੇ ਵਿਚ ਖੜਾ ਹੋ ਗਿਆ, ਇਕ ਇਕ ਕਰਕੇ ਆਦਮੀ ਤੀਵੀਂਆਂ ਅੰਦਰ ਜਾਣ ਲੱਗੀਆਂ, ਪਰ ਹਰ ਇਕ ਮੋਹਲੇ ਪਰਸੇ ਹੋਏ ਦੇ ਹੱਥ ਸਿਆਣਾ ਸੁੰਘਦਾ ਜਾਂਦਾ ਸਾ। ਇਸੇ ਭੀੜ ਵਿਚ ਉਹ ਤੀਵੀਂ, ਜਿਸ ਨੇ ਗੋਖੜੂ ਦਾ ਕਾਰਾ ਕੀਤਾ ਸੀ, ਉਹ ਭੀ ਅੰਦਰੋਂ ਹੋਕੇ ਬਾਹਰ ਨਿਕਲਣ ਲੱਗੀ। ਜਦ ਸਿਆਣੇ ਨੇ ਹੱਥ ਦੇਖੇ ਤਾਂ ਮੁਸ਼ਕੇਂ ਖਾਲੀ ਪਾਏ। ਓਸ ਦੀ ਬਾਂਹ ਫੜਕੇ ਫਿਰ ਮੋਹਲੇ ਪਾਸ ਲੈ ਗਿਆ ਤੇ ਕਹਿਣ ਲਗਾ 'ਕਿਉਂ ਭਾਈ ਮੋਹਲਾ ਬਿਜਲੀ! ਏਸਮਾਈ ਨੇ ਤੈਨੂੰ ਹੱਥ ਨਹੀਂ ਲਾਇਆ ਨਾ?' ਕਹਿਕੇ ਆਪ ਹੀ ਦੂਜੀ ਸੁਰ ਵਿਚ ਕਹਿ ਦਿਤਾ 'ਨਹੀਂ" ਤੇ ਇਉਂ ਕਹਿੰਦੇ ਨੇ ਆਖਿਆ ਗੋਖੜੂ ਤੇਰੇ ਪਾਸ ਹੈ, ਜੇਕਰ ਚੁਪ ਕੀਤਿਆਂ ਮੈਨੂੰ ਦੇ ਦੇਵੇਂ ਤਾਂ ਤੇਰਾ ਪੜਦਾ ਮੈਂ ਢਕ ਦਿਆਂਗਾ, ਨਹੀਂ ਤਾਂ ਤੇਰੀ ਤਲਾਸ਼ੀ ਲੈਕੇ ਸਭਨਾਂ ਵਿਚ ਨਸ਼ਰ ਕਰਾਂਗਾ, ਫਿਰ ਕਿਤੇ ਮੂੰਹ ਦੇਣ ਜੋਗੀ ਨਹੀਂ

Digitized by Panjab Digital Library | www.panjabdigilib.org

ਰਹੇਂਗੀ, ਇਸ ਗੱਲ ਤੇ ਉਹ ਚੇਟੀ ਤੀਵੀਂ ਕੰਬ ਗਈ ਤੇ ਕਹਿਣ ਲਗੀ: ਹੁਣ ਮੇਰੀ ਪਤ ਤੇਰੇ ਹੱਥ ਹੈ। ਇਹ ਲੈ ਗੁਖੜੂ ਮੈਥੋਂ ਭੁੱਲ ਹੋ ਗਈ ਹੈ, ਪਤ ਤੂੰ ਮੇਰੇ ਔਗੁਣ ਬਖਸ਼ਕੇ ਨਸ਼ਰ ਨਾ ਕਰੀਂ। ਓਨ ਗੋਖੜੂ ਲੈ ਕੇ ਚੇਟੀ ਨੂੰ ਛਡ ਦਿਤਾ ਅਤੇ ਓਕਰ ਹੀ ਲੋਕਾਂ ਦੇ ਹੱਥ ਮੋਹਲੇ ਨੂੰ ਲੁਆਉਂਦਾ ਰਿਹਾ। ਪਿੱਛੋਂ ਕਹਿਣ ਲਗਾ ਐਹ ਲਓ ਮੋਹਲੇ ਨੇ ਗੋਖੜੂ ਕਢਾ ਲਿਆ ਹੈ।

ਗੋਖੜੂ ਦੇਖ ਕੇ ਸਭ ਦੇ ਚਿਹਰੇ ਖਿੜ ਗਏ, ਘਰ ਵਿਚ ਹੰਸੀ ਖੁਸ਼ੀ ਦੀਆਂ ਨਿਸ਼ਾਨੀਆਂ ਲੱਭਣ ਲੱਗੀਆਂ, ਹਰ ਇਕ ਤੀਵੀਂ ਆਪੋ ਆਪਣੇ ਗਹਿਣੇ ਲਈ ਚੈਕਸ ਹੋ ਗਈ।

੧. ਗਹਿਣੇ ਨੇ ਘਰ ਗਹਿਣੇ ਪਾਏ, ਕੱਢ ਦਿਵਾਲੇ ਨੰਗ ਬਣਾਏ । ਜਾਨਾਂ ਨਗਦ ਗੁਵਾਈਆਂ ਇਸਨੇ,ਕਹੁ ਗਹਿਣੇ ਪਾਏ ਨਹਿੰਕਿਸਨੇ। ਘਾਟੇ ਵੰਦੀ ਖੇਪ ਜੁ ਭਾਰੀ, ਜੜਤ ਘੜਤ ਵਿਚ ਮੀਨਾਕਾਰੀ । ਧੋਣ, ਪੁਰਾਉਣ ਅਤੇ ਬੰਨ੍ਹਾਉਣ, ਨਏ ਬਣਾਉਣ, ਵੰਨ ਘੜਾਉਣ। ਟੁੱਟਣ ਭੱਜਣ ਅਤੇ ਗੁਆਉਣ, ਚੁੱਕਣ ਕਰਜ਼ ਵਿਆਜ ਗੁਆਉਣ । ਇਤਜਾਦਕ ਬਹੁਤੇ ਨੁਕਸਾਨ, ਫਿਰ ਭੀ ਸਮਝਣ ਨਹੀਂ ਅਜਾਣ। ਖੇਡਣ ਜਾਨਾਂ ਤੱਕ ਪਰ ਗਹਿਣਾ,ਪਹਿਨਣ ਗਲ ਅੰਗੂਠ ਦੇ ਲਹਿਣਾ। ਇਕ ਕਰੋੜ ਤਕ ਖਰਚ ਵਹੀਣਾ, ਗਹਿਣੇ ਖਾਤਰ ਦੇਸ਼ ਕਰੀਣਾ। ਤਿਸ ਪਰ ਭੀ ਇਹ ਕੋਈ ਨ ਸਮਝੇ, ਪਹਿਨਣ ਸੱਭੇ ਸਮਝ ਬਿਸਮਝੇ।ਗੁਰ ਸਿੱਖੈ ਗਲ ਸਮਝਣ ਵਾਲੀ, ਗਹਿਣਾ ਕਰਦਾ ਨੰਗ ਦਿਵਾਲੀ। ਤਾਂਤੇ ਗਹਿਣੇ ਕਰੋ ਤਿਆਗ, ਗੁਰ ਪਰਮੇਸ਼ਰ ਸਿਉਂ ਅਨੁਰਾਗ। ਗਹਿਣਾ ਸੱਚ ਨਾਮ ਦਾ ਹਾਰ, ਪਹਿਰੋ ਸਦਾ ਨਾਮ ਕਰਤਾਰ। ਪੈਧੇ ਦਰਗਹ ਕਰੋ ਬਹਾਰ, ਭਜਨ ਬੰਦਗੀ ਹਿਰਦੈ ਧਾਰ। ਸਤਿਗੁਰ ਸਬਦ ਵਿਚਾਰੋ ਗਹਿਣਾ,ਸੰਗਲਦੀਪ ਵਿਖੇ ਕਿਆ ਕਹਿਣਾ:—

ਮਨੁ ਮੋਤੀ ਨੇ ਗਹਣਾ ਦੇਵੈ ਪਉਣੁ ਦੇਵੈ ਸੂਤ ਧਾਗੀ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਮ ਲਾਲ ਪਿਆਰੀ ॥ ੧ ॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਰੂਪ ਹੋਹਿ ਨ ਅਵਰੀ ॥ ੧ ॥ ਰਹਾਉ ॥ਹਰਿ ਹਾਰੁ ਕੰਠਿ ਲੈ ਪਹਿਰੈ ਦਾਮੋਦਰੁ ਦੰਤੁ ਲੈਈ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੈਈ ॥ ੨ ॥ ਮਧੁ ਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੈਈ॥ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥ ੩ ॥ ਮਨ ਮੰਦਰਿ ਜੇ ਦੀਪਕੁ ਜਾਲੈ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਏਹੁ ਕਰੇਈ ॥ ੪ ॥ ੧ ॥ ੩੫ ॥ [ਆਸਾ ਮ: ੧

੨. ਦੁਨੀ ਵਿਚ ਜੋ ਕਰਦੇ ਪਾਪ, ਭੈ ਖਾਵਨ ਓ ਰਿਦੈ ਆਮਾਪ । ਦੁਨੀਆਂ ਵਾਲੇ ਖੋਜੇ ਸਾਰੇ, ਕਰਨ ਚਲਾਕੀ ਜੀਵਨ ਤਾੜੇ। ਭੈ ਅੰਦਰ ਦਾ ਦੇ ਖਿੜਕਾਇ, ਪਾਪੀ ਐਦਾ ਆਪ ਫੜਾਇ । ਪਰ ਨਾ ਲੁੱਕ ਪ੍ਰਭੂ ਦੇ ਕੋਲੋਂ, ਉਸਦੇ ਬਚੇ ਨ ਕੋਈ ਟੋਲੋਂ। ਉਹ ਜਾਣੇ ਸਭ ਕੁਛ ਪਰਤੱਖ, ਉਸ ਨੂੰ ਹਰ ਗਲ ਸਾਮਰਤੱਖ । ਤਾਂਤੇ ਅੰਤਕਾਲ ਦੁਖ ਆਵੇ, ਕੀਤਾ ਬੁਰਾ ਬੁਰਾ ਗਲ ਪਾਵੇ।

੩. ਪਾਪੀ ਸਦਾ ਰਹੇ ਵਿਚ ਭਉ, ਡਰ ਡਰ ਮਰੇ ਜਾਨ ਦਾ ਖਉ । ਜੇ ਚਾਹੇ ਨਿਰਭੈ ਹੁਇ ਵਸੀਏ, ਪਾਪੋਂ ਸਦਾ ਦੂਰ ਹੀ ਨੱਸੀਏ।

੪. ਭੈ ਭਰਮੋਂ ‘ਦੁਖ ਰੋਗ’ ਹੁਵੰਦੇ, ਭੈ ਭਰਮੋਂ, ਨਰ ਨਰਕ ਪਵੰਦੇ। ਭੈ ਤੇ ਭਰਮ ਬਨਾਯਾ ਹੀਣੇ, ਦੁਖ ਭਰਦੇ ਸਦ ਰਹਿਣ ਗਵੀਣੇ। ਜਿਸਨੇ ਸ਼ਰਨ ਗੁਰੂ ਦੀ ਲੀਤੀ, ਪਾਪਾਂ ਦੀ ਛਡ ਦਈ ਅਨੀਤੀ। ਪ੍ਰਭੂ ਚਰਨਾਂ ਵਿਚ ਲੇਅ ਲਗਾਈ, ਭੈ ਭ੍ਰਮ ਦੀ ਉਸ ਮੇਟੀ ਕਾਈ। ਭੈ ਭ੍ਰਮ ਜਿਸਦੇ ਦੂਰ ਨਸਾਏ, ਦੁੱਖ ਰੋਗ ਨਾ ਉਨ੍ਹੂੰ ਸਤਾਏ। ਉਸ ਨਰ ਦਾ ਗੁਰ ਆਪ ਸੁਣਾਵਨ, ਸੁੰਦਰ ਹਾਲ ਸ੍ਰੀ ਮੁਖੋਂ ਗਾਵਨ:—

“ਦੂਖ ਰੋਗ ਬਿਨਸੇ ਭੈ ਭਰਮ ॥
ਸਾਧ ਨਾਮ ਨਿਰਮਲ ਤਾਕੇ ਕਰਮ ॥”
[ਗਉੜੀ ਸੁ: ਮ: ੫

—0—

Digitized by Panjab Digital Library | www.panjabdigilib.org

੧੯.

ਗੁਰਮਤਿ ਸੰਗੀਤ ਨਿਰਣਯ

[ਰਾਗ ਮਾਲਾ]

ਸੂਚਨਾ—ਇਹ ਖੋਜ ਸੀ ਮਾਨ ਡਾਕਟਰ ਸਾਹਿਬ ਜੀ ਨੇ ਬਾਣੀ ਬਿਉਰੇ ਦੀ ਰਚਨਾ ਤੋਂ ਬਾਦ ਬੜੀ ਮਿਹਨਤ ਨਾਲ ਕੀਤੀ ਸੀ, ਪਰ ਆਪ ਅਪਣੀ ਹੀਨ ਹਯਾਤ ਇਸ ਨੂੰ ਮੁਕੰਮਲ ਕਰਕੇ ਛਾਪੇ ਦੇ ਰੂਪ ਵਿਚ ਪ੍ਰਕਾਸ਼ਤ ਨਹੀਂ ਸਨ ਕਰ ਸਕੇ। ਆਪ ਦੇ ਰੁਹਪੁਰੀ ਪਿਆਨੇ ਤੋਂ ਸੋਲਾਂ ਸਤਾਰਾਂ ਸਾਲ ਬਾਦ ਸ੍ਰੀ ਰੂਰੂ ਗ੍ਰੰਥ ਕੋਸ਼ ਦੀ ਦੂਜੀ ਐਡੀਸ਼ਨ ਦੇ ਸੰਪਾਦਿਕ ਜੀ ਨੇ ਇਸ ਖੋਜ ਨੂੰ ਸੰਪਾਦਿਨ ਤੇ ਕ੍ਰਮ ਬੱਧ ਕਰਕੇ ਉਸੇ ਗ੍ਰੰਥ ਦੀ ਅੰਤਕਾ ਦੇ ਰੂਪ ਵਿਚ ੧੯੨੫ ਈ: ਵਿਚ ਪ੍ਰਕਾਸ਼ਤ ਕਰ ਦਿੱਤਾ ਸੀ। ਉਸ ਤੋਂ ਉਪਰੰਤ ਹੁਣ ਇਹ ਇਸ ਸੰਚਯ ਵਿਚ ਸ਼ਾਮਲ ਕੀਤੀ ਗਈਹੈ।

[ਸੰਪਾਦਿਕ

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਗੁਰਮਤਿ ਸੰਗੀਤ ਨਿਰਣਯ

[ਰਾਗ ਮਾਲਾ]

ਭੂਮਿਕਾ

ਰਾਗਮਾਲਾ, ਸੰਗੀਤ ਵਿਦਯਾ ਵਿਚ ਇਕ ਅਪਣਾ ਭਾਵ ਰੱਖਣੇ ਵਾਲਾ ਪਦ ਹੈ। ਰਾਗ ਤੇ ਉਨ੍ਹਾਂ ਦੇ ਪਰਿਵਾਰ ਅਰਥ-ਤ ਕਿਸਮਾਂ, ਤੇ ਕਿਸਮਾਂ ਦਰ ਕਿਸਮਾਂ ਨੂੰ ਕਿਸੇ ਸਿਲਸਿਲੇ ਵਿਚ ਕਿਸੇਰਾਗ ਦੇ ਆਚਾਰਯ ਨੇ ਅਪਣੇ ਦ੍ਰਵੇ ਤੋਂ ਸਿੱਧ ਕਰਕੇ ਪ੍ਰੋਤਾ ਹੈ, ਇਹ ਰਾਗ ਮਾਲਾ ਤੋਂ ਹੀ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਰਾਗ ਦੇ ਕਈ ਆਚਾਰਯ ਹੋਏ ਹਨ ਤੇ ਹਰੇਕ ਦਾ ਅਪਣਾ ਤ੍ਰੀਕਾ ਵੱਖਰਾ ਮਤ ਕਹਿਲਾਂਦਾ ਹੈ। ਹਰੇਕ ਦੀ ਰਾਗਮਾਲਾ ਵੱਖਰੀ ਹੈ ਤੇ ਰਾਗਮਾਲਾ ਦਾ ਵਖੇਵਾਂ ਹੀ ਦੋਹਾਂ ਦੇ ਫਰਕਾਂ ਅਰ ਅਰੰਭਕ ਨੁਕਤੇ ਯਾ ਧ੍ਰੁਵੇ ਦਾ ਪਤਾ ਦੇਂਦਾ ਹੈ ਕਿ ਉਹ ਕਿਸ ਟਿਕਾਣੇ ਤੋਂ ਟੁਰਿਆ ਹੈ। ਸੋ ਰਾਗਮਾਲਾ ਇਕ ਤਰ੍ਹਾਂ ਦੀ ਕੁੰਜੀ ਹੈ ਜਿਸ ਦੇ ਪਾਸ ਹੋਣੇ ਤੇ ਸੰਗੀਤ ਦਾ ਵਿਦਵਾਨ ਕਹਿ ਸਕਦਾ ਹੈ ਕਿ ਇਹ ਕਿਸ ਸੰਗੀਤ ਮਤ ਦੀ ਸੂਚਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ ਪਰ ਰਾਗਮਾਲਾ ਹੈ। ਕੀ ਇਸਦੇ ਅਖੀਰ ਪਰ ਰੱਖਣੇ ਦਾ ਪ੍ਰਯੋਜਨ ਉਸ ਸੰਗੀਤਕ ਮਤ ਦੇ ਸੂਚਨ ਕਰਨ ਦਾ ਹੈ ਕਿ ਜਿਸ ਮਤ ਦੇ ਬੱਧੇ ਕ੍ਰਮ ਅਨੁਸਾਰ ਇਸ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਰਾਗਾਂ ਦਾ ਗਾਇਨ ਕਰਨਾ ਹੈ ? ਇਹ ਪ੍ਰਸ਼ਨ ਸੀ ਜੋ ਮੈਂ ਮਾਨ ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਦੇ ਮਨ ਵਿਚ ਤਦੋਂ ਤੋਂ ਚੱਕਰ ਲਾ ਰਿਹਾ ਸੀ, ਜਦੋਂ ਕਿ ਆਪ-ਬਾਣੀ ਬੇਉਰਾ-ਨਾਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਵੇਰਵਿਆਂ ਦਾ ਪੁਸਤਕ ਤਿਆਰ ਕਰ ਚੁਕੇ ਸੇ। ਆਪਦਾ ਸੱਚਖੰਡ ਪਜਾਨ ੧੯੦੮ ਦੇ ਨੁਵੰਬਰ ਵਿੱਚ ਹੋਇਆ ਹੈ। ਉਸ ਵਕਤ ਤੱਕ ਆਪ ਇਸ ਵਿਸ਼ੇ ਤੇ ਅਪਣੀ ਖੋਜ ਪਰ ਅਤਯੰਤ ਮਿਹਨਤ ਕਰ ਚੁਕੇ ਸੇ। ਹਰ ਪਹਿਲੂ ਦੇ ਖੋਜ ਦੇ ਕਾਗਜ਼ ਉਨ੍ਹਾਂ ਦੇ ਆਪਣੇ ਹੱਥਾਂ ਦੇ ਲਿਖੇ ਹੋਏ ਇਕ ਬਸਤੇ ਵਿੱਚ ਪਏ ਹਨ, ਜਿਨ੍ਹਾਂ ਨੂੰ ਪੁਸਤਕ ਦੀ ਸੂਰਤ ਵਿਚ ਆਪ ਸਾਂਗੋ ਪਾਂਗ ਪਲਟਾ ਨਹੀਂ ਦੇ ਸਕੇ। ਆਪਦੀ ਇਹ ਮਿਹਨਤ ਵਿਦਵੱਤਾ ਦੇ ਨੁਕਤਾ ਖਜਾਲ (Scholarly) ਤੋਂ ਹੋਈ ਹੈ, ਅਰ ਅਤਿ ਖੋਜ ਤੇ ਪੜਤਾਲ ਵਾਲੀ ਸ਼ੈ ਹੈ, ਇਸਨੂੰ ਇਸ ਕੋਸ਼ (ਸ੍ਰੀ ਗੁਰੂ ਗ੍ਰੰਥ ਕੋਸ਼) ਦੀ ਅੰਤਕਾ ਵਿਚ ਦੇਣਾ ਉਚਿਤ ਖਜਾਲ ਕੀਤਾ ਗਿਆ ਹੈ ਕਿ ਉਹ ਲੋਕ ਜੋ ਯਥਾਰਥ ਦੀ ਖੋਜ ਵਿਦਯਕ ਨੁਕਤੇ ਤੋਂ ਕਰਦੇ ਹਨ, ਇਸਤੋਂ ਲਾਭ ਉਠਾ ਸੱਕਣ। ਡਾਕਟਰ ਸਾਹਿਬ ਇਕ ਇਲਮੀ ਪੜਤਾਲ

Digitized by Panjab Digital Library | www.panjabdigilib.org

ਦਾ ਸੰਕਲਪ ਲੈਕੇ ਟੁਰੇ ਹਨ ਅਰ ਖੋਜਦੇ ਖੋਜਦੇ ਜਿੱਥੇ ਅੱਪੜੇ ਹਨ, ਉਹ ਰਾਗਮਾਲਾ ਦੀ ਹੈਸੀਅਤ ਨੂੰ ਜਿਸ ਹੈਸੀਅਤ ਵਿਚ ਪੇਸ਼ ਕਰਦੀ ਹੈ, ਉਹ ਇਸ ਖੋਜ ਤੋਂ ਵਿਦਤ ਹੁੰਦੀ ਹੈ। ਵਧੇਰੇ ਖੋਜ ਲਈ ਇਹ ਮਿਹਨਤ ਖੋਜੀ ਨੂੰ ਕੀਤੀ ਕਰਾਈ ਮਿਹਨਤ ਮਿਲ ਜਾਕੇ ਉਸਦੀ ਅਗਲੀ ਕੋਸ਼ਸ਼ ਨੂੰ ਸੁਖੈਨ ਕਰਦੀ ਹੈ।

ਡਾਕਟਰ ਸਾਹਿਬ ਆਪਣੀ ਖੋਜ ਵਿਚ ਇੱਥੇ ਅੱਪੜੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ 'ਰਾਗ ਮਾਲਾ' ਹੋਰ ਸਾਰੇ ਸੰਗੀਤਕ ਮਤਾਂ ਤੋਂ ਭਿੰਨ ਹੈ ਅਰ ਇਸ ਗਲ ਦੀ ਸੂਚਕ ਹੈ ਕਿ ਸ੍ਰੀ ਗੁਰੂ ਸਾਹਿਬਾਂ ਦਾ ਸੰਗੀਤ ਮਤ ਦੂਸਰੇ ਮਤਾਂ ਤੋਂ ਭਿੰਨ ਹੈ। ਇਸ ਦਾ ਪ੍ਰਯੋਜਨ ਗੁਰਬਾਣੀ ਦੇ ਕਠਨ ਪਦਾਂ ਦੇ ਅਰਥ ਦੱਸਣੇ ਯਾ ਗੂੜ੍ਹ ਆਸ਼ਿਆਂ ਦੇ ਭਾਵ ਖੁਹਲਣੇ, ਯਾ ਸ਼ਬਦਾਂ ਯਾ ਰਚਨਹਾਰਾਂ ਦੇ ਤਤਕਰੇ ਦੱਸਣੇ ਯਾ ਪੁਸਤਕ ਵਿਚ ਆਏ ਵਿਖਿਆਂ ਦੇ ਸੂਚੀ ਪੱਤ੍ਰ ਦੱਸਣੇ ਨਹੀਂ, ਪਰੰਤੂ ਜਿਨ੍ਹਾਂ ਰਾਗਾਂ ਵਿਚ ਕਿ ਸ਼ਬਦ ਗਾਵੇਂ ਜਾਣੇ ਹਨ ਉਨ੍ਹਾਂ ਰਾਗਾਂ ਦਾ ਮਤ ਦੱਸਣਾ ਹੈ ਕਿ ਇਹ ਪੁਰਾਤਨ ਮਤਾਂ ਤੋਂ ਭਿੰਨ ਅਪਣੇ ਨਵੇਂ ਤਰੀਕੇ ਦਾ, ਜੋ 'ਗੁਰਮਤ ਸੰਗੀਤ' ਹੈ, ਉਸਦੀ ਰਾਗ ਮਾਲਾ ਹੈ, ਉਸਦੇ ਰਾਗਾਂ, ਉਨ੍ਹਾਂ ਦੀ ਕਿਸਮਾਂ ਆਦਿ ਦਾ ਵੇਰਵਾ ਹੈ, ਜਿਸ ਤੋਂ ਗੁਣੀ ਜਨ ਕਿਸੇ ਭੁਲੇਵੇ ਵਿਚ ਪੈ ਕੇ ਗੁਰਮਤ ਸੰਗੀਤ ਨੂੰ ਕਿਸੇ ਪਿਛਲੇ ਮਤ ਦਾ ਨਿਰਾ ਅਨੁਸਾਰੀ ਨਾ ਸਮਝਣ।

ਇਸ ਖੋਜ ਵਿਚ—ਗੁਰਮਤ ਸੰਗੀਤ—ਦੇ ਹੋਰ ਭਿੰਨਤਾ ਵਾਲੇ ਲੱਛਣ ਜੋ ਜੋ ਆਪ ਨੂੰ ਲੱਭੇ ਹਨ, ਸੋ ਵੱਖਰੇ ਹਰੇਕ ਰਾਗ ਦੇ ਨਾਮ ਦੇਠਾਂ ਆਪ ਨੇ ਦਰਸਾਏ ਹਨ।

ਜੋ ਜੋ ਅਸ਼ੰਕਾ ਰਾਗ ਮਾਲਾ ਪਰ ਤਦੋਂ ਉੱਠਦੀਆਂ ਸਨ, ਉਨ੍ਹਾਂ ਪਰ ਬੀ ਕੋਈ ਗੱਲ ਆਪਨੂੰ ਲੱਭੀ ਹੈ ਤਾਂ ਇਸ ਸੰਚਯ ਵਿਚ ਪਏ ਕਈ ਕਾਗਜ਼ਾਂ ਪਰ ਲਿਖੀਆਂ ਹਨ। ਸੋ ਇਸ ਸਾਰੇ ਨੂੰ ਇਸ ਕ੍ਰਮ ਵਿੱਚ ਜੋੜਕੇ ਸ਼ੁਣੀ ਬੱਧ ਕੀਤਾ ਹੈ ਅਰ ਲੋੜ ਪਈ ਤੇ ਇਬਾਰਤ ਨੂੰ ਬੀ ਆਪੋ ਵਿਚ ਮਿਲਾਇਆ ਆਦਿ ਹੈ। ਇਹ ਖੋਜ ਗੁਰੂ ਮਤ ਸੰਗੀਤ ਦਾ ਮੁੱਢ ਬੰਨ੍ਹ ਦੇਂਦੀ ਹੈ।

[ਸੁੰਦਰੀ ਕਰਤਾ

—o—

੧. ਭਿੰਨ ਭਿੰਨ ਰਾਗ ਮਾਲਾ।

ਪ੍ਰਸਿੱਧ ਮਤ ਰਾਗ ਦੇ ਚਾਰ ਹਨ, ਪਰ ਸ੍ਰੀ ਡਾਕਟਰ ਸਾਹਿਬ ਜੀ ਨੇ ਆਪਣੀ ਖੋਜ ਤੇ ਅਥੱਕ ਮਿਹਨਤ ਵਿਚ ਕਈ ਰਾਗ ਮਾਲਾ ਲੱਭੀਆਂ ਹਨ, ਜਿਨ੍ਹਾਂ ਵਿੱਚੋਂ ਲਗ ਪਗ ੧੧ ਰਾਗ ਮਾਲਾ ਨਕਸ਼ੇ ਬਣਾਕੇ ਦਰਸਾਈਆਂ ਹਨ। ਉਨ੍ਹਾਂ ੧੧ ਦੇ ਵੇਰਵੇ ਅੱਗੇ ਹਨ। ਇਨ੍ਹਾਂ ਦਾ ਮੁਤਾਲਜਾ ਤੇ ਪਰਸਪਰ ਟਾਕਰਾ ਦੱਸ ਦੇਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਮਾਲਾ ਬਾਰ੍ਹਵੀਂ ਹੈ ਤੇ ਬਾਕੀਆਂ ਤੋਂ ਭਿੰਨਤਾ ਰੱਖਦੀ ਹੈ।

Digitized by Panjab Digital Library | www.panjabdigilib.org

੧. ਸ਼ਿਵ ਮਤ।

[ਰਾਧਾ ਗੋਬਿੰਦ ਸੰਗੀਤ ਸਾਰ ਵਿੱਚੋਂ]

ਸੰਗੀਤ ਵਿਦਯਾ ਦੇ ਪਹਿਲੇ ਆਚਾਰਯ ਸ਼ਿਵਜੀ ਮੰਨੇ ਹੋਏ ਹਨ। ਇਸ ਮਤ ਅਨੁਸਾਰ ਰਾਗਾਂ ਦੀਆਂ ਇਸਤ੍ਰੀਆਂ ਦੇਠ ਦਿੱਤੇ ਨਕਸ਼ੇ ਤੋਂ ਸਫ਼ੁਟ ਹਨ। ਇਹ ਮਤ ਬੀ ਗੁਰਮਤ ਰਾਗ ਮਾਲਾ ਤੋਂ ਅੱਡਰਾ ਹੈ।

ਰਾਗ	ਇਸਤ੍ਰੀਆਂ					
	੧	੨	੩	੪	੫	੬
੧. ਸਿਰੀ ਰਾਗ*	ਟੰਕ ਮਲਾਰੀ	ਗੂਜਰੀ	ਤ੍ਰਿਬਣਾ	ਗੌਰੀ ਕੇਦਾਰੀ	ਮਧ ਮਾਧਵੀ	ਪਹਾੜਕਾ
੨. ਬਸੰਤ ਰਾਗ	ਦੇਸੀ	ਦੇਵਗਿਰੀ	ਬੈਰਾੜੀ	ਟੋਡੀ	ਲਲਿਤਾ	ਹਿੰਦੋਲੀ
੩. ਭੈਰਵ ਰਾਗ	ਭੈਰਵੀ	ਗੂਜਰੀ	ਰੇਵਾ	ਗੁਨਕਰੀ	ਬੰਗਾਲੀ	ਬਹੁਲਾ
੪. ਪੰਚਮ ਰਾਗ	ਬਿਭਾਸ	ਭੂਪਾਲੀ	ਕਰਨਾਟੀ	ਬਡਹੰਸਕਾ	ਮਾਲਸਿਰੀ	ਪਟਮੰਜਰੀ
੫. ਮੇਘ ਰਾਗ	ਮਲਾਰੀ	ਸੋਰਠੀ	ਸਏਰੀ	ਕੌਸਕੀ	ਧੰਧਾਰੀ	ਹਰਿ ਸਿੰਗਾਰ
੬. ਨਟ ਨਾਰਾਯਣ	ਕਾਮੋਦੀ	ਕਲਜਾਣੀ	ਅਭੀਰੀ	ਨਾਟਕਾ	ਸਾਰੰਗੀ	ਨਟ ਨੰਮੀਰ

੨. ਸ਼ਿਵ ਮਤ।

[ਕਾਨੂੰਨ ਮੌਸੀਕਾ ਕਿਤਾਬ ਵਿਚੋਂ]

ਇਕੋ ਸ਼ਿਵਮਤ ਦੀਆਂ ਰਾਗ ਮਾਲਾਂ ਵਿਚ ਫਰਕ ਹੈ, ਪਰੰਤੂ ਇਸ ਨੂੰ ਸੰਗੀਤ ਵਾਲੇ ਬਾਹਲਾ ਫਰਕ ਨਹੀਂ ਮੰਨਦੇ, ਇਸ ਮੁਲਕ ਵਿਚ ਇਸ ਮਤ ਦਾ ਰਿਵਾਜ ਨਹੀਂ, ਕਰਨਾਟਕ ਵਲ ਇਸਦਾ ਰਿਵਾਜ ਹੈ। ਗੁਰਮਤ ਸੰਗੀਤ ਨਾਲੋਂ ਇਹ ਬੀ ਅੱਡਰਾ ਹੈ।

ਰਾਗ	ਇਸਤ੍ਰੀਆਂ					
	੧	੨	੩	੪	੫	੬
੧. ਸਿਰੀ ਰਾਗ	ਬਿਹਾਗੀ	ਮਾਰਵਾ	ਤ੍ਰਿਬਣਾ	ਕਿਦਾਰੀ	ਗੌਰੀ	ਮਧ ਮਾਧਵੀ
੨. ਬਸੰਤ ਰਾਗ	ਦੇਸੀ	ਦੇਵ ਗਿਰੀ	ਬੈਰਾੜੀ	ਟੋਡੀ	ਲਲਿਤ	ਹਿੰਡੋਲੀ
੩. ਭੈਰਵ ਰਾਗ	ਭੈਰਵੀ	ਗੂਜਰੀ	ਰੇਵਾ	ਗੁਨਕਰੀ	ਬੰਗਾਲੀ	ਬਹੁਲਾ
੪. ਪੰਚਮ ਰਾਗ	ਬਿਭਾਸ	ਭੂਪਾਲੀ	ਕਰਨਾਟੀ	ਬਡਹੰਸਕਾ	ਮਾਲਸਿਰੀ	ਪਟਮੰਜਰੀ
੫. ਮੇਘ ਰਾਗ	ਮਲਾਰ	ਸੋਰਠ	ਸਾਵੇਰੀ	ਮਾਲਕੌਂਸ	ਧੰਧਾਰ	ਹਰਿਸਿੰਗਾਰ
੬. ਨਟ ਨਾਰਾਯਣ ਨਟ ਰਾਗ	ਕਾਮੋਦਾ	ਕਲਜਾਨ	ਅਭੀਰੀ	ਟਾਂਕੀ	ਸਾਰੰਗ	ਹਮੀਰ ਨਾਟ

*ਦਾਮੋਦਰ ਕ੍ਰਿਤ ਸੰਗੀਤ ਵਿਚ ਸਿਰੀ ਰਾਗ ਦੀਆਂ ਛੇ ਰਾਗਣੀਆਂ ਇਹ ਹਨ:-ਮਾਲਣੀ, ਤ੍ਰਿਬਣੀ, (ਇਹ ਦੋਵੇਂ ਟੰਕ ਮਲਾਰੀ ਤੇ ਗੂਜਰੀ ਦੀ ਥਾਵੇਂ ਹਨ)। ਗੌੜੀ, ਕੇਦਾਰੀ, ਮਧ ਮਾਧਵੀ, ਪਹਾੜਕਾ।

Digitized by Panjab Digital Library | www.panjabdigilib.org

੩. ਕਾਲੀ ਨਾਥ ਮਤ।

[ਕਾਨ੍ਹੂੰਨ ਮੋਸੀਕਾ ਕਿਤਾਬ ਵਿਚੋਂ]

ਸੰਗੀਤ ਵਿਦਯਾ ਦੇ ਏਹ ਦੂਜੇ ਆਚਾਰਯ ਮੰਨੇ ਹੋਏ ਹਨ। ਇਸਨੂੰ ਕ੍ਰਿਸ਼ਨ ਮਤ ਬੀ ਕਹਿੰਦੇ ਹਨ। ਬ੍ਰਿਜ ਤੇ ਪੰਜਾਬ ਵਿੱਚ ਇਸਦਾ ਰਿਵਾਜ ਹੈ। ਵਿਸ਼ੇਸ਼ ਕਰਕੇ ਰਾਸ ਧਾਰੀਆਂ ਤੇ ਠਾਕੁਰ ਮੰਦਰਾਂ ਤੇ ਕੁਝਕ ਥੀਏਟਰਾਂ ਵਿਚ ਬੀ ਵਰਤਮਾਨ ਹੈ। ਰਾਗਾਂ ਦੀ ਵੰਡ ਸ਼ਿਵ ਮਤ ਨਾਲ ਮਿਲਦੀ ਜੁਲਦੀ ਹੈ ਪਰ ਇਹ ਸੁਗਮ ਰੀਤਿ ਹੈ। ਰਾਗਣੀਆਂ ਦੀ ਵੰਡ ਵਿਚ ਫਰਕ ਬਹੁਤਾ ਹੈ। ਇਹ ਬੀ ਗੁਰਮਤ ਸੰਗੀਤ ਨਾਲੋਂ ਅੱਡਰਾ ਹੈ।

ਰਾਗ	ਇਸਤ੍ਰੀਆਂ					
	੧	੨	੩	੪	੫	੬
੧. ਸ੍ਰੀ ਰਾਗ	ਰੌਰੀ	ਕੁਲਾਹਲ	ਧੌਲ	ਰੁਦ੍ਰਾਣੀ	ਮਾਲਕੌਂਸ	ਦੇਵ ਗੰਧਾਰੀ
੨. ਬਸੰਤ ਰਾਗ	ਇੰਦੌਲੀ	ਗਮਕੀ	ਪਟਮੰਜਰੀ	ਕੌਂਡ ਗਿਰੀ	ਧਾਂਕੀ	ਦੇਸਾਖ
੩. ਭੈਰਵ ਰਾਗ	ਭੈਰਵੀ	ਗੁਜਰੀ	ਬਿਲਾਵਲੀ	ਬਿਹਾਗਾ	ਕਰਨਾਟਕਾਨੜਾ	ਰਕਤ ਹੰਸ
੪. ਪੰਚਮ ਰਾਗ	ਤ੍ਰਿਵੇਣੀ	ਅਸਥਨਤੀਰਥਾ	ਅਭੀਰੀ	ਕਕੁਭ	ਬੈਰਾਗੀ	ਆਸਾਵਰੀ
੫. ਮੇਘ ਰਾਗ	ਬੰਗਾਲੀ	ਮਧੁਰਾ	ਕਾਮੋਦ	ਧਨਾਸਰੀ	ਦੇਵ ਤੀਰਥਾ	ਦੇਵਾਲੀ
੬. ਨਟਨਾਰਾਯਣ ਰਾਗ	(ਤਰਵਨ ਕੀ) ਬਰਵਨਕੀ	ਤਿਲੰਗੀ	ਪੂਰਬੀ	ਗੰਧਾਰੀ	ਰਾਮਾ	ਸਿੰਧ ਮਲਾਰੀ

੪. ਭਰਤ ਮਤ।

[ਕਾਨ੍ਹੂਨ ਮੌਸੀਕਾ ਵਿਚੋਂ]

ਭਰਤ ਜੀ ਸੰਗੀਤ ਸ਼ਾਸਤ੍ਰ ਦੇ ਤੀਜੇ ਆਚਾਰਯ ਮੰਨੇ ਹੋਏ ਹਨ। ਇਸ ਮਤ ਦਾ ਪ੍ਰਚਾਰ ਪੂਰਬ ਦੇਸ਼ ਵਿਚ ਵਿਸ਼ੇਸ਼ ਕਰਕੇ ਹੈ। ਹਨੂਮਾਨ ਮਤ ਨਾਲ ਮਿਲਦਾ ਹੋਣ ਕਰਕੇ, ਆਪੋ ਵਿੱਚ ਮਿਲ ਜੁਲ ਬੀ ਗਿਆ ਹੈ। ਇਸ ਮਤ ਵਿਚ ਵਿਸ਼ੇਸ਼ਤਾ ਨੂੰਹਾਂ ਦੀ ਹੈ, ਹੋਰ ਜਿਸ ਮਤ ਨੇ ਨੂੰਹਾਂ ਕਹੀਆਂ ਹਨ, ਏਸੇ ਮਤ ਵਿਚੋਂ ਲਈਆਂ ਹਨ। ਧੀਆਂ ਦਾ ਸਿਲਸਿਲਾ ਬੀ ਇਸੇ ਮਤ ਦੀ ਕਿਸੇ ਸ਼ਾਖ ਵਿਚੋਂ ਟੁਰਿਆ ਹੈ। ਇਸ ਮਤ ਦੇ ਬੜੇ ਬੜੇ ਨਾਮੀ ਨਾਯਕ ਗੁਜਰੇ ਹਨ, ਜੈਸਾ ਕਿ:-ਬੈਜੂਬਾਂਵਰਾ, ਤਾਨਸੈਨ। ਪੂਰਬ ਵਿੱਚ ਪੰਡਾਰੀ, ਗੋਬਰਾਹਾਰੀ ਆਦਿ ਚਾਰ ਘਰਾਣੇ ਕਲਾਉਂਤਾਂ ਦੇ ਬੀ ਇਸੇ ਮਤ ਦੇ ਟੁਰੇ ਆਉਂਦੇ ਹਨ। ਗੁਰਮਤ ਸੰਗੀਤ ਨਾਲੋਂ ਇਹ ਭੀ ਅੱਡਰਾ ਹੈ।

ਭਰਤ ਮਤ ਦੀ ਇਕ ਰਾਗ ਮਾਲਾ ਤਾਨਸੈਨ ਨੇ ਭੀ ਲਿਖੀ ਹੈ। ਇਸ ਵਿਚ ਹੋਰਨਾਂ ਨਾਲੋਂ ਵੱਡਾ ਫਰਕ ਇਹ ਹੈ ਕਿ ਇਹ ਰਾਗਾਂ ਨੂੰ ਸੰਕੀਰਣ ਮੰਨਦਾ ਹੈ, ਹੋਰ ਮਤ ਰਾਗਾਂ ਨੂੰ ਸ਼ੁੱਧ (ਖਾਲਸ) ਮੰਨਦੇ ਹਨ। ਹੋਰਨਾਂ ਮਤਾਂ ਵਾਲੇ ਰਾਗਣੀਆਂ ਤੇ ਪੁਤ੍ਰਾਂ ਦਾ ਭਾਵੇਂ ਮੇਲ ਮੰਨਣ, ਪਰ ਰਾਗਾਂ ਨੂੰ ਸ਼ੁੱਧ ਰੱਖਦੇ ਹਨ।

ਨਕਸ਼ਾ ਅਗਲੇ ਪੰਨੇ ਪਰ ਹੈ।

Digitized by Panjab Digital Library | www.panjabdigilib.org

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਮਧ ਮਾਧਵੀ ਦਿਸਾਖ ਅੰਧਜਾਲੀ	ਲਲਿਤਾ ਹਰਖ ਬਹੁਲਾ	ਬੈਰਾੜੀ ਲਲਿਤ ਗੂਜਰੀ	ਭੈਰਵੀ ਮਾਧਵ ਪਟ ਮੰਜਰੀ	ਬਹੁਲੀ ਬਿਲਾਵਲ ਮੋਰਵੀ	..... ਬੰਗਾਲ ਬਿਲਾਵਲੀ	..... ਬਿਭਾਸ ਸੂਹਾ	..... ੧ ਚਮ ਸੋਰਠੀ
੨. ਮਾਲ ਕੌਂਸ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਗੌਰੀ ਗੰਧਾਰ ਧਨਾਸਰੀ	ਧਮਾਵਲੀ ਸੁਧ ਮਾਲਸਿਰੀ	ਟੋਡੀ ਮਗਰ ਜੈਤਸਿਰੀ	ਖੰਭਾਵਤੀ ਤਿਰੀਛਨ ਸੁਘਰਈ	ਕਕੁਭਾ ਸਹਾਨਾ ਗੰਧਾਰੀ	..... ਸਕੜਬਲੀਆ ਭੀਮ ਪਲਾਸੀ	..... ਮਾਲੀ ਗੋਰਾ ਦੁਰਗਾ	..... ਕਾਮੋਦ ਕਾਮੋਦੀ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਰਾਮਕਲੀ ਬਸੰਤ ਲੀਲਾਵਤੀ	ਮਾਲਾਵਤੀ ਮਾਰਵਾ ਕੋਰਵੀ	ਆਸਾਵਰੀ ਮਾਲਵਾ ਜਕੋਤੀ	ਦੇਵਾਲੀ ਕੁੰਤਲ ਪੂਰਬੀ	ਸਈ ਬਕਾਰ ਬੇਦ ਯਾਰਾਵਤੀ	..... ਲੰਕ ਦਹਨ ਤਰਵਨ	..... ਨਾਗ ਦਹਨ ਦੇਵ ਗਿਰੀ	..... ਧੋਲ ਸੁਰਸਤੀ
੪. ਦੀਪਕ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਕੇਦਾਰਾ ਕੁਸਮ ਮੰਗਲ ਗੂਜਰੀ	ਗੌਰਾ ਟੰਕ ਝੰਝੋਟੀ	ਗੌਂਡ ਨਟਨਾਰਾਯਣ ਮਾਲ ਗੂਜਰੀ	ਗੂਜਰੀ ਬਿਹਾਗੜਾ ਭੂਪਾਲੀ	ਰੁਦ੍ਰਾਨੀ ਫਰੇਦਸਤ ਮਨੋਹਰਾ	..... ਹੰਸ ਮੰਗਲਾ ਅਭੋਰੀ	..... ਮੰਗਲਾਸਟਿਕ ਏਮਨ	..... ਅਡਾਨਾ ਹਮੀਰੀ
੫. ਸਿਰੀ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਸਿੰਧਵੀ ਸ੍ਰੀ ਰਵਨ ਬਚਨਾ	ਕਾਫੀ ਕੋਲਾਹਲ ਧਮਜਾਜੀ	ਠੁਮਰੀ ਸਾਵੰਤ ਕੁਸਮ	ਬਜਿਤ੍ਰਾ ਸੰਕਰ ਰਵਨ ਸੋਹਨੀ	ਸਰਹਟੀ ਰਾਗੋਸਰੀ ਸਰਵ	..... ਖਟਰਾਗ ਏਮ	..... ਬਡਹੰਸ ਸਸਿਰੇਖਾ	..... ਦੇਸਕਾਰ ਸਰੁਸੁਤੀ
੬. ਮੇਘ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਮਲਾਰ ਕਲਾਇਰ ਕਰਨਾਟ	ਸਾਰੰਗ ਬਾਰੋਸਿਰੀ ਗਾਉਦੀ	ਦੇਸੀ ਸਹਾਨਾ ਕਦੁਮਨਾਟ	ਰਤ ਬਲੀਆ ਪੂਰੀਆ ਬਿਹਾਗੀ	ਆਸਾਵਰੀ ਕਾਨੜਾ ਮਾਝ	..... ਤਿਲਕ ਪਰਜ	..... ਅੰਖ ਸੁਧਨਾਟ	..... ਮੰਕਰਾ ਭਰਨ ਪਟਮੰਜਰੀ

Digitized by Panjab Digital Library | www.panjabdigilib.org

੫. ਹਨੁਮਾਨ ਮਤ।

[ਰਾਧਾ ਗੋਬਿੰਦ ਸੰਗੀਤ ਸਾਰ ਵਿਚੋਂ]

ਇਹ ਹੋਰਨਾਂ ਮਤਾਂ ਨਾਲੋਂ ਅੱਡਰਾ ਹੈ, ਹਾਗ ਤਾਂ ਭਾਵੇਂ ਛੀਏ ਭਰਤ ਮਤ ਨਾਲ ਮਿਲਦੇ ਹਨ, ਪਰ ਰਾਗਣੀਆਂ ਦਾ ਬਹੁਤ ਭੇਦ ਹੈ ਤੇ ਨੂੰਹਾਂ ਭਰਤ ਮਤ ਦੀਆਂ ਨਾਇਕਾਂ ਨੇ ਲਗਾਈਆਂ ਹਨ। ਕਿਤੇ ਕਿਤੇ ਸੰਗੀਤ ਵੇਤਿਆਂ ਫਰਕ ਬੀ ਕੀਤਾ ਹੈ,ਪਰੰਤੂ ਵਾਸਤਵ ਵਿਚ ਹਨੁਮੰਤ ਮਤ ਨੇ ਨੂੰਹਾਂ ਨਹੀਂ ਵਰਣਨ ਕੀਤੀਆਂ। ਮਿਲਾ ਕੇ ਦੇਖਣ ਤੇ ਗੁਰਮਤ ਸੰਗੀਤ ਨਾਲੋਂ ਇਹ ਮਤ ਬਹੁਤ ਫਰਕ ਰਖਦਾ ਹੈ। ਕੋਈ ਕਹਿ ਦਿੰਦੇ ਹਨ ਕਿ ਗੁਰਮਤ ਸੰਗੀਤ ਹਨੁਵੰਤ ਮਤ ਦੇ ਮੁਤਾਬਕ ਹੈ,ਪਰ ਇਹ ਗਲਤੀ ਹੈ, ਕਿਉਂਕਿ ਪਰਵਾਰ ਆਪੋ ਵਿਚ ਨਹੀਂ ਮਿਲਦੇ ਅਤੇ ਇਨਾਂ ਵਿਚ ਨ੍ਰਿਤਜ ਪ੍ਰਧਾਨ ਹੈ ਤੇ ਗੁਰਮਤ ਵਿਚ ਨ੍ਰਿਤਜ ਦਾ ਨਿਖੇਧ ਹੈ।

ਹੋਰ ਵੇਰਵਾ ਬੁਧ ਪ੍ਰਕਾਸ਼ ਵਾਲੀ ਰਾਗ ਮਾਲਾ ਨਾਲ ਦੇਖੋ।

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ	ਮਧਮਾਦ ਬੰਗਾਲ	ਭੈਰਵੀ ਪੰਚਮ	ਬੰਗਾਲੀ ਮਧੁਰਾ	ਬੈਰਾਟਕਾ ਹਰਖ	ਸੈਂਧਵੀ ਦੇਸਾਖ	..... ਲਲਿਤ	..... ਬਿਲਾਵਲ	..... ਮਾਧਵ
੨. ਮਾਲਕੌਂਸ ਰਾਗ	ਇਸਤ੍ਰੀ ਪੁਤ੍ਰ	ਟੋਡੀ ਮਾਰੂ	ਖੰਭਾਵਤੀ ਮੇਵਾਹਰ	ਗੌਰੀ ਬਰਚਰ	ਗੁਨਕਰੀ ਮਿਸਟਾਂਗ	ਕਕੁਭ ਚੰਦ੍ਰ ਕਾਂਸ	..... ਭ੍ਰਮਰ	..... ਅਨੰਦ	..... ਖੋਖਰ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ	ਬੇਲਾਵਲੀ ਮੰਗਲ	ਰਾਮਕਰੀ ਬਸੰਤ	ਦੇਸਾਖ ਚੰਦ੍ਰ ਬਿੰਬ	ਪਟਮੰਜਰੀ ਸੁਰਮਾਨਾ	ਲਲਿਤਾ ਅਨੰਦ	..... ਭਾਸਕਰ	..... ਬਰਧਨ	..... ਬਿਨੋਦ
੪. ਦੀਪਕ ਰਾਗ	ਇਸਤ੍ਰੀ ਪੁਤ੍ਰ	ਕੇਦਾਰੀ ਕੁਸਮ	ਕਾਨੜਾ ਕਮਲ	ਦੇਸੀ ਰਾਮ	ਕਾਮੋਦ ਕੁੰਤਲ	ਨਾਟਿਕਾ ਕਲਿੰਗ	..... ਬਦੁਲ	..... ਪੰਚਕ	..... ਹੈਮਾਲ
੫. ਸਿਰੀ ਰਾਗ	ਇਸਤ੍ਰੀ ਪੁਤ੍ਰ	ਬਸੰਤੀ ਸਿਧਵਾ	ਮਾਲਵੀ ਮਾਲਵਾ	ਮਾਲਸਿਰੀ ਗੌੜਾ	ਧਨਾਸਰੀ ਗੰਭੀਰਾ	ਆਸਾਵਰੀ ਸਾਰੰਗ	..... ਆਗੜ	..... ਬਜਾਗੜ	..... ਕੁੰਭ
੬. ਮੇਘ ਰਾਗ	ਇਸਤ੍ਰੀ ਪੁਤ੍ਰ	ਮਲਾਰੀ ਨਗਾ	ਦੇਸਕਾਰੀ ਕਾਨੜਾ	ਭੂਪਾਲੀ ਸਾਰੰਗ	ਗੁਜਰੀ ਕੇਦਾਰਾ	ਨਟ ਗੌੜਾ	..... ਮਲਾਰਾ	..... ਜਲੰਧ੍ਰਾ	..... ਸੰਖਰਾ

Digitized by Panjab Digital Library | www.panjabdigilib.org

੬. ਹਨੁਮਾਨ ਮਤ। [ਬੁਧ ਪ੍ਰਕਾਸ਼ ਦਰਪਨ ਵਿਚੋਂ]

ਦੀਵਾਨ ਲੱਛੀ ਰਾਮ ਨੇ ਨੂੰਹਾਂ ਭਰਤ ਮਤ ਵਿਚੋਂ ਲੀਤੀਆਂ ਹਨ, ਹੋਰ ਭੀ ਜਿਸ ਕਿਸੇ ਨੇ ਨੂੰਹਾਂ ਦੀ ਸ਼ੂਣੀ ਆਪਣੇ ਮਤ ਵਿਚ ਲੀੜੀ ਹੈ ਭਰਤ ਮਤ ਵਿਚੋਂ ਹੀ ਲੀਤੀ ਹੈ, ਪਰੰਤੂ ਆਪਣੀ ਬੁੱਧੀ ਨਾਲ ਰਲਾਕੇ ਵਾਧੇ ਘਾਟੇ ਅਵੱਸ਼ ਕੀਤੇ ਹਨ।

ਇਹ ਗ੍ਰੰਥ ਨਵੀਨ ਹੈ ੧੭੬੮ ਵਿੱਚ ਦੀਵਾਨ ਲੱਛੀਰਾਮ ਨੇ ਪੰਜਾਂ ਗ੍ਰੰਥਾਂ ਦਾ ਆਸ਼ਰਾ ਲੈਕੇ ਬਨਾਯਾਹੈ,ਇਹ ਮਤ ਹਨੁਮਾਨਮਤ ਤੇ ਭਰਤ ਮਤ ਮਿਸ਼੍ਰਤ ਹੈ। ਗ੍ਰੰਥ ਇਹ ਸੋਅਤਬਿਰ ਹੈ, ਅੱਜਕਲ ਬੀ ਪ੍ਰਮਾਣੀਕ ਮੰਨਦੇ ਹਨ।ਇਹ ਭੀ ਗੁਰਮਤ ਸੰਗੀਤ ਤੋਂ ਅੱਡਰਾ ਹੈ, ਕਿਉਂਕਿ ਇਸ ਵਿਚ ਦੋ ਤਿੰਨ ਅਥਵਾ ਪੰਜ ਮਤ ਮੇਲਕੇ ਇਕ ਕੀਤਾ ਹੈ।

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਬੰਗਾਲੀ ਬੰਗਾਲ ਅਨੰਦੀ	ਭੈਰਵੀ ਪੰਚਮ ਬਦ੍ਰਲਾ	ਬਿਲਾਵਲੀ ਮਧੁ ਕੁੰਭਾਰੀ	ਪੁੰਨਜਾਕੀ ਹਰਖ ਚੋਰਾਸ਼ਟ	ਅਸਨੇਹੀ ਦਿਸਾਖ ਸੂਹਾ ਬਿਲਾਵਲੀ	..... ਲਲਿਤ ਧੌਲਸਿਰੀ	.... ਸੂਹਬ ਬਹਲਾ	..... ਮਾਧਵ ਕੰਭਾਰ
੨. ਮਾਲ ਕੌਂਸ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਗੌਡਸਿਰੀ ਮਾਰੂ ਸੁਘਰਈ	ਗੰਧਾਰਨੀ ਸੋਵਾਰਕ ਭੀਮ ਪਲਾਸੀ	ਸ੍ਰੀ ਹਟੀ ਬਰਬਲ ਜੈਤਸਿਰੀ	ਅੰਧਾਕੀ ਮਿਸਟਾਂਗ ਕਾਮੋਦਨੀ	ਧਨਾਸਰੀ ਚੰਦ੍ਰ ਕਾਂਸ ਕਬੁ	..... ਭਵਰ ਧੰਸੀ	..... ਨੰਦਨ ਬੁਰਕਾ	..... ਖੋਖਰ ਬੱਸੀ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਤਿਲੰਗ ਮੰਗਲ ਪੂਰਬੀ	ਦੇਵ ਗੰਧਾਰੀ ਚੰਦ ਬਿੰਬ ਤਿਰਵਨ	ਬਸੰਤੀ ਸੁਭ੍ਰਾਂਗ ਦੁਆਰੀ	ਸਿੰਧੂਰੀ ਅਨੰਦ ਪਰੇਵੀ	ਅਭੋਰੀ ਬਿਭਾਸ ਪੂਰੀਆ	..... ਬਰਧਨ ਹਰਬਸ	..... ਬਸੰਤ ਨੀਲਾਵਤੀ	..... ਬਿਨੋਦ ਕੇਸਰਬੀ
੪. ਦੀਪਕ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਕਾਮੋਦ ਕਮਲ ਏਮਨਾ	ਪਟਮੰਜਰੀ ਕੁਸਮ ਜੈਜਾਵੰਤੀ	ਟੋਡੀ ਰਾਮ ਦੇਮੀਰੀ	ਗੂਜਰੀ ਕੁੰਤਲ ਸੁਜਤ ਮੋਹਨੀ	ਕਛੇਲੀ ਕੁਲਗਲ ਕੁਮਾਰ	..... ਹਲਮੁਖ ਮੰਗਲਾ	..... ਪੰਚਕ ਮਨੋਹਰਾ	..... ਦੇਮਾਲ ਰੁਦ੍ਰਾਣੀ
੫. ਸਿਰੀ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਬੈਰਾੜੀ ਸਿੰਧੂ ਦੇਸੀ	ਕਰਨਾਟੀ ਮਾਲਵ ਬਢ	ਗੌਰੀ ਗੋਰ ਧਨੰਛੀ	ਸਾਵੇਰੀ ਗੰਭੀਰ ਕੁੰਭੀ	ਸਿੰਧਵੀ ਗੁਨਸਾਗਰ ਕੁਹਰਮ	ਰਾਮਕਲੀ ਬਗਰ ਅਨੰਦੀ	..... ਕਲਜਾਨ ਸਸਿਰੇਖਾਂ	..... ਗਜ ਰਾਗ* ਸੋਰਾਸਟੀ†
੬. ਮੇਘ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਮਾਲਸਿਰੀ ਨਟ ਪਰਜ	ਸੋਰਠੀ ਕਾਨੜਾ ਕੁਲਾਨੀ	ਸੁਹਬੀ ਸਾਰੰਗ ਹੰਮੀਰ	ਆਸਾਵਰੀ ਕੇਦਾਰਾ ਕੇਲਾਹਲ	ਕੁੰਕਨੀ ਗੌਂਡ ਕਵੰਮਰੀ	..... ਗੌਂਡ ਮਲਾਰ ਕਦੂਮ ਨਾਟ	..... ਜਲੰਧਰ ਪਹਾਰੀ	..... ਸੰਕਰਾਭਰਨ ਮਾਹੀ

*ਅਤੇ ਨੌਵਾਂ ਕੁੰਭ। †ਅਤੇ ਨੌਵੀਂ ਮਲ ਸੁਰਸਤੀ।

Digitized by Panjab Digital Library | www.panjabdigilib.org

੭. ਹਨੁਮਾਨ ਮਤ।

[ਸੰਗੀਤ ਬਿਨੋਦ ਵਿਚੋਂ]

ਪਰਵਾਰ ਦੀ ਵੰਡ ਵਿਚ ਥੋੜਾ ਥੋੜਾ ਫਰਕ ਹੈ ਜੋ ਸੰਗੀਤ ਆਚਾਰਜ ਦੇ ਭੇਦ ਹੋਣ ਕਰਕੇ ਅਵਸੋਂ ਹੋ ਜਾਂਦਾ ਹੈ, ਗੁਰਮਤ ਸੰਗੀਤ ਨਾਲੋਂ ਇਹ ਭੀ ਅੱਡਰਾ ਹੈ।

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ	ਫਨੰਗੀ ਹਰਖ	ਬੇਲਾਵਲੀ ਦਿਸਾਖ	ਬੰਗਾਲੀ ਲਲਿਤ	ਅਸਲੇਖੀ ਬਿਲਾਵਲ	ਭੈਰਵੀ ਮਧੁ	..... ਮਾਧਵ	..... ਪੰਚਮ	.... ਬੰਗਾਲ
੨.ਮਾਲਕੌਂਸ ਰਾਗ	ਇਸਤ੍ਰੀ ਪੁਤ੍ਰ	ਦੇਵ ਗੰਧਾਰੀ ਮਾਰੂ	ਗੰਧਾਰੀ ਮੇਵਾਰ	ਸੋਹਤੀ ਮਸਤਾਂਗ	ਧਨਾਸਰੀ ਪ੍ਰਬਲ	ਗੌਂਡ ਗਿਰੀ ਚੰਦ੍ਰ	..... ਖੇਖਰ	..... ਭ੍ਰਮਰ	.... ਅਨੰਦ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ	ਦੇਵਗਿਰੀ ਚੰਦ੍ਰ ਬਿੰਬ	ਬਸੰਤੀ ਪੰਚ ਬਾਨ	ਸਿੰਧੂਰੀ ਮੰਗਲ	ਅਹੀਰੀ ਸੁਰਮਾ ਨੰਦ	ਤਿਲੰਗੀ ਬਿਭਾਕਰ	..... ਬਸੰਤ	..... ਕਮੋਦ	.... ਬਿਨੋਦ
੪. ਦੀਪਕ ਰਾਗ	ਇਸਤ੍ਰੀ ਪੁਤ੍ਰ	ਗੁਜਰੀ ਕਲਿੰਗ	ਟੋਡੀ ਕੁੰਤਲ	ਕਾਮੋਦੀ ਰਾਮ	ਪਟ ਮੰਜਰੀ ਕਮਲ	ਕਛੇਲੀ ਕੁਸਮ	..... ਦੀਪਕ	..... ਲਤੁਲ	.... ਹੇਮਾਲ
੫. ਸਿਰੀ ਰਾਗ	ਇਸਤ੍ਰੀ ਪੁਤ੍ਰ	ਕਰਨਾਟੀ ਗੁੰਡ	ਆਸਾਵਰੀ ਗੰਭੀਰ	ਰੇਰੀ ਮਾਲਵ	ਸਿੰਧਵੀ ਸਾਰੰਗ	ਬੈਰਾੜੀ ਸਾਗਰ	..... ਗੌਂਡ	..... ਕੁੰਭ	..... ਵੰਡੀਰ
੬. ਮੇਘ ਰਾਗ	ਇਸਤ੍ਰੀ ਪੁਤ੍ਰ	ਗੌਂਡ ਮਲਾਰੀ ਕਾਨੜਾ	ਆਸਾਵਰੀ ਨਟ	ਕੁੰਕਣ ਕੇਦਾਰਾ	ਸੂਹੀ ਗੁਜਸਤ	ਸੋਰਠੀ ਗਜਧਰ	..... ਜਲਧਾਰਾ	.... ਸੰਕਰ	..... ਸਗਾਮ

Digitized by Panjab Digital Library | www.panjabdigilib.org

੮. ਹਨੁਮਾਨ ਮਤ।

[ਰਾਗ ਦੀਪਕਾ ਵਿਚੋਂ]

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁੱਤ੍ਰ	ਭੈਰਵੀ ਬੰਗਾਲ	ਪੁੰਨਜਾਕੀ ਪੰਚਮ	ਸਨੇਹੀ ਮਧੁਰਾ	ਬੰਗਾਲੀ ਹਰਖ	ਬਿਲਾਵਲੀ ਦਿਸਾਖ	..... ਲਲਿਤ	..... ਬਿਲਾਵਲ	..... ਮਾਧਵ
੨. ਮਾਲਕੌਂਸ ਰਾਗ	ਇਸਤ੍ਰੀ ਪੁਤ੍ਰ	ਗੌਂਡਗਿਰੀ ਮਾਰੂ	ਦੇਵ ਗੰਧਾਰੀ ਮੇਵਾਰ	ਗੰਧਾਰੀ ਬਰਬਰ	ਸ੍ਰੀ ਹਟੀ ਪਿਸਟਾਂਗ	ਧਨਾਸ੍ਰੀ ਚੰਦ੍ਰਕਾ	..... ਭੂਮਰ	..... ਅਨੰਦ	..... ਖੇਖਰ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ	ਤੇਲੰਗੀ ਮੰਗਲ	ਦੇਵਕਰੀ ਚੰਦ੍ ਬਿੰਬ	ਬਸੰਤੀ ਸੁਭਾਂਗ	ਸਿੰਧੂਰੀ ਅਨੰਦ	ਅਹੀਰੀ ਬਿਭਾਸ	..... ਬਰਧਨ	..... ਬਸੰਤ	..... ਬਿਨੋਦ
੪. ਦੀਪਕ ਰਾਗ	ਇਸਤ੍ਰੀ ਪੁਤ੍ਰ	ਕੇਦਾਰੀ ਕੁਸਮ	ਕਾਨੜਾ ਕਮਲ	ਦੇਸੀ ਰਾਮ	ਕਾਮੋਦੀ ਕੁੰਤਲ	ਨਾਟਕਾ ਕਲਿੰਗ	..... ਬਹੁਲਾ	..... ਪੰਚਕ	..... ਹੇਮਾਲ
੫. ਸਿਰੀ ਰਾਗ	ਇਸਤ੍ਰੀ ਪੁਤ੍ਰ	ਬੈਰਾੜੀ ਸਿਧਵਾ	ਕਰਨਾਟੀ ਮਾਲਵਾ	ਸਾਬੇਰੀ ਗੌੜਾ	ਗੌੜੀ ਰੀਤੀਰਾ	ਸਿੰਧਵੀ ਸਾਰੰਗਾ	..... ਆਗੜ	..... ਬਜਾਗੜ	..... ਕੁੰਭ
੬. ਮੇਘ ਰਾਗ	ਇਸਤ੍ਰੀ ਪੁਤ੍ਰ	ਸੋਰਠੀ ਕਾਨੜਾ	ਗੁੰਡ ਨਾਟ	ਮਲਾਰੀ ਕੇਦਾਰਾ	ਆਸਾਵਰੀ ਜਲੰਧਰਾ	ਕੁੰਕਨੀ ਗਦਾਧਰ	..... ਗੌੜ	..... ਸੰਕਰਾ	..... ਅਧਾਰ

Digitized by Panjab Digital Library | www.panjabdigilib.org

੯. ਨਾਮ ਰਾਗਾਂ ਦੀਆਂ ਧੀਆਂ ਦੇ।

[ਹਨੁਵੰਤ ਮਤ ਅਨੁਸਾਰ ਕਾਨੂੰਨ ਮੋਸੀਕਾ ਵਿਚੋਂ]

ਰਾਗ	੧	੨	੩	੪	੫	ਜੋੜ
੧. ਭੈਰਵ ਰਾਗ	ਲਲਿਤ	ਬਿਭਾਸ	ਰਾਮਕਲੀ	.....	.....	੩
੨.ਮਾਲਕੌਂਸ ਰਾਗ	ਸੂਹੇ	ਖੰਭਾਵਤੀ	ਮਾਲੀ ਗੌਰਾ	ਧਨਜੀ ਗੌਰੀ*	ਸਾਮ ਗੁਜਰੀ	੫
੩. ਹਿੰਡੋਲ ਰਾਗ	ਬਸੰਤ	ਪੰਚਮ	ਪੂਰਬੀ	ਟੋਡੀ	ਪਰਜ	੫
੪. ਦੀਪਕ ਰਾਗ	ਸੁਧਨਾਟ	ਕਲਜਾਨ	ਕਿਦਾਰਾ	ਪੂਰੀਆ	ਬਰਵੇ	੫
੫. ਸਿਰੀ ਰਾਗ	ਗੌਰੀ	ਕਕੁਭ	ਧਨਾਸਰੀ	ਮਾਲਸਿਰੀ	ਅਲਸਿਰੀ	੫
੬. ਮੇਘ ਰਾਗ	ਮਲਾਰ, ਕਾਮੋਦ, ਗੌਂਡ, ਮਦੀਨਾ, ਮਾਦੀਨਾ, ਪਟਮੰਜਰੀ, ਗੁਨਕਰੀ।					੭

ਇਹ ਰਾਗਣੀਆਂ ਛੇਆਂ ਰਾਗਾਂ ਦੀਆਂ ਧੀਆਂ ਲਿਖੀਆਂ ਹਨ, ਭਾਵੇਂ ਹੋਰ ਪਰਵਾਰ ਵਾਂਗ ਇਨ੍ਹਾਂ ਦਾ ਭੀ ਹੋਰ ਫੇਰ ਬਾਹਲੇ ਰੀਥਾਂ ਵਿਚ ਬਾਹਲੀ ਤਰ੍ਹਾਂ ਦਾ ਹੈ, ਏਥੇ ਧੀਆਂ ਦਿਖਾਲਣ ਦੀ ਜ਼ਰੂਰਤ ਨਹੀਂ ਸੀ, ਇਹ ਤਾਂ ਇਥੇ ਇਕ ਨਕਸ਼ਾ ਭਰਿਆ ਹੈ ਕਿ ਦੇਖਣ ਵਾਲੇ ਨੂੰ ਧੀਆਂ ਦਾ ਸ਼ੱਕ ਨਾ ਪੈਦਾ ਹੋਵੇ ਕਿ ਸੰਗੀਤ ਵਾਲਿਆਂ ਨੂੰਹਾਂ ਕਹੀਆਂ ਤੇ ਕੀ ਧੀਆਂ ਵੀ ਕਹੀਆਂ ਹਨ, ਇਕੁਰ ਹੀ ਦੋਹਤ੍ਰੇ ਪੋਤ੍ਰੇ ਵੀ ਕਹੇ ਹਨ, ਪਰੇਤ੍ਰ ਭੇਦ ਇਸ ਗੱਲ ਦਾ ਇਤਨਾ ਹੀ ਹੈ ਕਿ ਸ੍ਰੁਤੀਆਂ ਦੇ ਭੇਦ ਅਤੇ ਤਾਨਾਂ ਦੇ ਫਰਕ ਤੀਬਰ ਕੋਮਲ ਦੇ ਮਤ ਅਨੁਸਾਰ ਵਿਚਾਰ ਫਰਕ ਹੋਣੇ ਤੇ ਪਰਵਾਰ ਵਿਚ ਫਰਕ ਪੈ ਜਾਂਦਾ ਹੈ। ਜਿਸ ਰਾਗ ਦੀ ਛਾਯਾ ਜਿਸ ਰਾਗ ਰਾਗਣੀ ਤੇ ਪਵੇ ਓਸ ਨੂੰ ਓਸ ਦੇ ਪ੍ਰਵਾਰ ਵਿਚੋਂ ਮੰਨਦੇ ਹਨ ਅਤੇ ਇਕ ਨਾਉਂ ਦੇ ਰਾਗ ਬਾਹਲੇ ਉਨ੍ਹਾਂ ਦੀਆਂ ਮਿਲਾਵਟਾਂ ਅੱਡ ਅੱਡ ਹੋਣੇ ਅਤੇ ਹੋਰ ਰਾਗ ਦੀ ਛਾਯਾ ਪੈਣੇ ਤੇ ਦੂਜੇ ਰਾਗ ਦੇ ਪਰਵਾਰ ਵਿਚ ਗਿਣੇ ਜਾਂਦੇ ਹਨ।

੧੦. ਸਿਧ ਸਾਰਸ੍ਰੁਤ ਮਤ।

[ਰਾਧਾ ਗੋਬਿੰਦ ਸੰਗੀਤ ਵਿਚੋਂ]

ਰਿਖੀ ਸਿਧ ਸਾਰਸ੍ਰੁਤ ਜੀ ਭੀ ਸੰਗੀਤ ਦੇ ਆਚਾਰਜ ਹੋਏ ਹਨ।

ਰਾਗਾਂ ਦੀ ਵੰਡ ਭਰਤ ਤੇ ਹਨੁਮਾਨ ਮਤ ਨਾਲ ਮਿਲਦੀ ਹੈ ਪਰ ਪਰਵਾਰ ਦੀ ਵੰਡ ਅਰਥਾਤ ਰਾਗਨੀਆਂ ਆਪੋ ਵਿਚ ਨਹੀਂ ਮਿਲਦੀਆਂ, ਇਨ੍ਹਾਂ ਰਾਗਣੀਆਂ ਦੇ ਮੇਲ ਭੀ ਖਾਸ ਏਸ ਮਤ ਦੇ ਹਨ। ਇਹ ਭੀ ਗੁਰਮਤ ਸੰਗੀਤ ਨਾਲ ਕਿਸੇ ਤਰ੍ਹਾਂ ਨਹੀਂ ਮਿਲਦਾ। ਹੋਰਨਾਂ ਮਤਾਂ ਵਿਚ ਛੀ ਛੀ ਰਾਗ ਮੰਨੇ ਹਨ, ਇਸ ਵਿਚ ਸੱਤ ਮੰਨੇ ਹਨ।

---

*ਯਾ ਮੈਂਤੀ ਗੌਰੀ।

Digitized by Panjab Digital Library | www.panjabdigilib.org

ਰਾਗ	ਪਰਵਾਰ	੧	੨	੩	੪	੫
੧. ਭੈਰਵ ਰਾਗ	ਇਸਤ੍ਰੀ	ਭੈਰਵੀ	ਪੂਰਣ ਨਾਦ	ਮੰਗਲੀ	ਸੰਧਵੀ	ਮਧੁਰਾ
੨.ਮਾਲਕੌਂਸ ਰਾਗ	ਇਸਤ੍ਰੀ	ਏਰਾਟੀ	ਧਨਾਸਰੀ	ਗੂਜਰੀ	ਲਲਿਤਾ	ਮਲਾਰੀ
੩. ਹਿੰਡੋਲ ਰਾਗ	ਇਸਤ੍ਰੀ	ਰਾਮ ਕਰੀ	ਸ੍ਰੀ	ਮਾਲਵੀ	ਏਕ ਤਾਲਕਾ	ਹਿੰਦੋਲੀ
੪. ਦੀਪਕ ਰਾਗ	ਇਸਤ੍ਰੀ	ਕੇਦਾਰੀ	ਰੌਰੀ	ਕਰਨਾਟੀ	ਭੀਮ ਕ੍ਰਾਂਤਾ	ਮਾਰਵੀ
੫.ਸ੍ਰੀ ਰਾਗ	ਇਸਤ੍ਰੀ	ਦਿਪਕੀ	ਵ੍ਰਹਮ ਬਾਦਜਾ	ਰਾਮ ਰਾਜੀ	ਘਟ ਪ੍ਰਭਾ	ਸ੍ਰੀ ਭਾਸਾ
੬. ਮੇਘ ਰਾਗ	ਇਸਤ੍ਰੀ	ਮੇਘ ਪਰਣੀ	ਘਟਾ ਟੋਪ	ਬਾਤ ਏਰਾ	ਗਜਾਨਨਾ	ਮੇਘ ਧਰਨੀ
੭. ਬਸੰਤ ਰਾਗ	ਇਸਤ੍ਰੀ ਪੁਤ੍ਰ	ਦੇਵ ਗਿਰੀ ਬਸੰਤ	ਦੇਸੀ ਨੀਲਾਵਤੀ	ਦੇਭੀ ਬਹਾਰ	ਹਿੰਡੋਲੀ ਲੀਲਾਵਤੀ	ਲਲਿਤ* ਹਿੰਡੋਲੀ

੧੧. ਰਾਗਾਰਣਵ ਮਤ।

[ਰਾਧਾਗੋਬਿੰਦ ਸੰਗੀਤ ਸਾਰ ਵਿਚੋਂ (ਰਾਗਾਰਣਵ ਸੰਗੀਤ ਦਾ ਰੂਪ)]

ਇਸ ਮਤ ਦੇ ਛੀਏ ਰਾਗ ਆਪਣੇ ਮਤ ਦੇ ਅੱਡਰੇ ਮੰਨੇ ਹੋਏ ਹਨ, ਕਿਸੇ ਨਾਲ ਮੇਲ ਨਹੀਂ ਖਾਂਦੇ, ਜਿਹਾ:—ਪੰਚਮ, ਨਾਟ, ਮਲਾਰ, ਗੌੜ ਮਾਲਵ, ਦੇਸਾਖ ਆਦਿ। ਹਾਂ ਰਾਗਣੀਆਂ ਉਨ੍ਹਾਂ ਰਾਗਾਂ ਦੀਆਂ ਹੀ ਵਿਚ ਵਿਚ ਹਨ, ਗੁਰਮਤ ਸੰਗੀਤ ਨਾਲੋਂ ਇਹ ਬੀ ਅੱਡਰਾ ਹੈ।

ਰਾਗ	ਇਸਤ੍ਰੀਆਂ				
	੧	੨	੩	੪	੫
੧. ਭੈਰਵ ਰਾਗ	ਵੰਗਾਲੀ	ਰੁਨਕਰੀ	ਮਧ ਮਾਧਵੀ	ਬਸੰਤਕਾ	ਧਨਾਸਰੀ
੨. ਪੰਚਮ ਰਾਗ	ਲਲਿਤਾ	ਗੂਜਰੀ	ਵੈਸੀ	ਬਕਾਰੀ	ਰਾਮ ਕਰੀ
੩. ਨਾਟ ਰਾਗ	ਨਟ ਨਾਰਾਯਨ	ਰੰਧਾਰ	ਸਾਲੰਗਾ	ਕੇਦਾਰਾ	ਕਰਨਾਟ
੪. ਮਾਲਕੌਂਸ	ਮੇਘ	ਮਲਾਰਕਾ	ਮਾਲ ਕੌਸਕਾ	ਪਟ ਮੰਜਰੀ	ਆਸਾਵਰੀ
੫. ਗੌੜ ਮਾਲਵ	ਹਿੰਦੋਲ	ਤ੍ਰਿਬਣਾ	ਅੰਧਾਰੀ	ਗੌਰੀ	ਬੜਹੰਸਕਾ
੬. ਦੇਸਾਖ ਰਾਗ	ਭੂਪਾਲੀ	ਦੁਝਾਈ	ਕਾਮੋਦੀ	ਨਾਟਕਾ	ਬੇਲਾਵਲੀ

*ਅਤੇ ਬੇਰਾੜੀ। ਇਹ ਮਤੰਗ ਮਤ ਵਿਚ ਲਿਖੀਆਂ ਹਨ।

Digitized by Panjab Digital Library | www.panjabdigilib.org

੧੨. ਗੁਰਮਤ ਸੰਗੀਤ।

[ਰਾਗਮਾਲਾ ਸੰਮਤ ੧੬੬੧ ਬਿਕ੍ਰਮੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ]

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ	ਭੈਰਵੀ ਪੰਚਮ	ਬੇਲਾਵਲੀ ਹਰਖ	ਪੁੰਨਜਾਕੀ ਦਿਸਾਖ	ਬੰਗਲੀ ਬੰਗਾਲ	ਅਸਲੇਖੀ ਮਧੁ	..... ਮਾਧਵ	..... ਲਲਿਤ	..... ਬਿਲਾਵਲ
੨. ਮਾਲਕੌਂਸਰਾਗ	ਇਸਤ੍ਰੀ ਪੁਤ੍ਰ	ਗੌਂਡਗਿਰੀ ਮਾਰੂ	ਦੇਵ ਗੰਧਾਰੀ ਮਸਤਾਂਗ	ਗੰਧਾਰੀ ਮੋਦਾਰ	ਸੋਰਠੀ ਪ੍ਰਬਲ	ਧਨਾਸਰੀ ਚੰਡ ਕੌਸ	..... ਖਉਖਟ	..... ਭਉਰ	..... ਅਨੰਦ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ	ਤੇਲੰਗੀ ਸੁਰਮਾ ਨੰਦ	ਦੇਵਕਰੀ ਭਾਸਕਰ	ਬਸੰਤੀ ਚੰਦ੍ਰ ਬਿੰਬ	ਸਿੰਧੁਰੀ ਮੰਗਲ	ਅਹੀਰੀ ਸਰਸਬਾਨ	..... ਬਿਨੋਦ	..... ਬਸੰਤ	..... ਕਮੋਦ
੪. ਦੀਪਕ ਰਾਗ	ਇਸਤ੍ਰੀ ਪੁਤ੍ਰ	ਕਛੇਲੀ ਕਲੰਕਾ	ਪਟ ਮੰਜਰੀ ਕੁੰਤਲ	ਟੋਡੀ ਰਾਮ	ਕਾਮੋਦੀ ਕਮਲ	ਗੂਜਰੀ ਕੁਸਮ	..... ਚੰਪਕ	..... ਗੌਰਾ	..... ਕਾਨੜਾਕਲਜਾਨ
੫. ਸਿਰੀ ਰਾਗ	ਇਸਤ੍ਰੀ ਪੁਤ੍ਰ	ਬੈਰਾੜੀ ਸਾਲੂ	ਕਰਨਾਟੀ ਸਾਰੰਗ	ਗਵਰੀ ਸਾਗਰ	ਆਸਾਵਰੀ ਗੌਂਡ	ਸਿੰਧਵੀ ਗੰਭੀਰ	..... ਗੁੰਡ	..... ਕੁੰਭ	..... ਹੰਮੀਰ
੬. ਮੇਘ ਰਾਗ	ਇਸਤ੍ਰੀ ਪੁਤ੍ਰ	ਸੋਰਠ ਬੈਰਾਧਰ	ਗੌਂਡ ਗਜਧਰ	ਮਲਾਰੀ ਕੇਦਾਰਾ	ਆਸਾ ਜਬਲੀਧਰ	ਸੂਹੀ ਨਟ	..... ਜਲਧਾਰਾ	.... ਸੰਕਰ	..... ਸਜਾਮ

ਵਿਸ਼ੇਸ਼ ਸੂਚਨਾ—ਮੁਨੀ ਸੋਮਨਾਥ ਦਾ ਮਤ, ਮਤੰਗ ਮੁਨੀ ਦਾ ਮਤ, ਪਾਸਟਿਕਮੁਨੀ ਦਾ ਮਤ, ਸਾਰੰਗ ਦੇਵ ਦਾ ਮਤ, ਕਸ਼ਜਪ ਮੁਨੀ ਦਾ ਮਤ,ਭਾਵ ਭਟ ਦਾ ਮਤ ਤੇ ਸੰਗੀਤ ਰਤਨਾਕਰ ਦਾ ਮਤ, ਇਤਜਾਦਿਕ ਪ੍ਰਾਚੀਨ ਸੰਗੀਤ ਦੇ ਮਤਾਂ ਵਿਚ ਗੀਤ ਅਤੇ ਰਾਗਾਂ ਦੀ ਅਨੁਕ੍ਰਮਣਕਾ (ਰਾਗਮਾਲਾ) ਹੋਰਨਾਂ ਹੋਰਨਾਂ ਰੀਤਾਂ ਨਾਲ ਮੰਨੀ ਹੈ, ਪਰੰਤੂ ਉਹ ਭੀ ਆਪੋ ਵਿਚ ਭੇਦ ਰੱਖਦੀਆਂ ਹਨ, ਜਿਹਾਕਿ ਕਿਸੀ ਨੇ ਸੰਪੂਰਣ ਖਾਡਵ ਔੜਵ ਦੀ ਰੀਤ ਨਾਲ ਸ਼ੁਣੀ ਬੱਧੀ ਹੈ; ਕਿਸੀ ਨੇ ਭਾਖਾਂਗ, ਕ੍ਰਿਆਂਗ, ਉਪਾਂਗ, ਵੇਸੀ ਅਤੇ ਮਾਰਗੀ ਵਿਚ ਸ਼ੁਣੀ ਰੱਖੀ ਹੈ, ਕਿਸੀ ਨੇ ਗ੍ਰਾਮ, ਰਾਗ, ਉਪਰਾਗ, ਭਾਖਾ ਰਾਗ, ਬਿਭਾਖਾ ਰਾਗ, ਸੁਧ, ਛਾਯਾ ਲਗ, ਸੰਕੀਰਣ, ਇਸ ਸ਼ੁਣੀ ਵਿਚ ਰਾਗ ਪੁੱਤੇ ਹਨ। ਇਤਜਾਦਿਕ ਬਾਹਲੀਆਂ ਰੀਤਾਂ ਹਨ, ਪਰੰਤੂ ਇਸਤ੍ਰੀ, ਪੁੱਤ੍ਰ,

Digitized by Panjab Digital Library | www.panjabdigilib.org

ਨੂੰਹ, ਧੀ ਆਦਿਕ ਪਰਵਾਰ ਨਹੀਂ ਵਰਣਨ ਕੀਤੇ,ਇਸ ਲਈ ਉਨ੍ਹਾਂ ਮਤਾਂ ਦੀਆਂ ਰਾਗਮਾਲਾਂ ਏਥੇ ਨਹੀਂ ਦਿਖਾਈਆਂ,ਕਿਉਂਕਿ ਏਥੇ ਕੇਵਲ ਪਰਵਾਰ ਦਾ ਭੇਦ ਮਤਾਂ ਨਾਲ ਸੂਚਕ ਹੈ।

੨. ਖੁਲਾਸਾ ਭੇਦ ਪ੍ਰਭੇਦ।

[ਜਿਨ੍ਹਾਂ ਤੋਂ ਗੁਰੂ ਘਰ ਦਾ ਸੰਗੀਤ ਵੱਖਰਾ ਮਤ ਸਿੱਧ ਹੁੰਦਾ ਹੈ।]

ਰਾਗਮਾਲਾਂ ਦੇ ਮੁਕਾਬਲੇ ਨੇ ਸਾਨੂੰ ਇਹ ਰਸਤਾ ਦਿੱਤਾ ਕਿ ਪ੍ਰਸਿੱਧ ਰਾਗਮਾਲਾਂ ਸਾਰੀਆਂ ਕਿਸਮਾਂ ਦੀਆਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਭਿੰਨ ਹੈ। ਇਹ ਭਿੰਨਤਾ ਸੂਚਕ ਹੈ ਇਸ ਗੱਲ ਦੀ ਕਿ ਗੁਰਮਤ ਸੰਗੀਤ ਕੋਈ ਵੱਖਰਾ ਮਤ ਹੈ।ਇਸ ਗੱਲ ਦੀ ਪੜਤਾਲ ਲਈ ਜੇ ਹੋਰ ਖੋਜ ਕਰੋ ਤਾਂ ਹੇਠ ਲਿਖੇ ਫਰਕ ਦੂਸਰੇ ਮਤਾਂ ਨਾਲੋਂ ਗੁਰਮਤ ਸੰਗੀਤ ਦੀ ਭਿੰਨਤਾ ਦੱਸਦੇ ਹਨ:—

੧. ਸ੍ਰੀ ਰਾਗੁ—ਇਹ ਰਾਗ ਗੁਰਮਤ ਸੰਗੀਤ ਵਿਚ ਖਾਲਸ (ਸੁੱਧ) ਰਾਗ ਮੰਨਿਆਂ ਹੈ। ਭਾਵੇਂ ਇਹ ਰਾਗਮਾਲਾ ਦੇ ਕ੍ਰਮ ਨਾਲ ਪੰਜਵਾਂ ਰਾਗ ਲਿਖਿਆ ਹੈ, ਪਰੰਤੂ ਇਸ ਰਾਗ ਦੀ ਆਦਿ ਕਾਲ ਵਿਚ ਆਦਿ ਉਤਪਤੀ ਸੰਗੀਤ ਮੰਨਦਾ ਹੈ ਅਤੇ ਕਈ ਮਹਾਤਮਾ ਇਹ ਵੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਾਂਤਿ ਰਸ ਦਾ ਰਾਗ ਆਦਿ ਕਾਲ ਸੰਗੀਤ ਦੇ ਅਰੰਭ ਵੇਲੇ ਵੇਂਈ ਦੇ ਕਿਨਾਰੇ ਉਦਜਾਨ ਵਿਚ ਬੈਠ ਕੇ ਏਸੇ ਰਾਗ ('ਮੋਤੀ ਤ ਮੰਦਰ') ਤੋਂ ਮਰਦਾਨੇ ਦੇ ਰਾਹੀਂ ਅਰੰਭਿਆ। ਏਸੇ ਲਈ ਪੰਚਮ ਪਾਤਸ਼ਾਹ ਜੀ ਨੇ ਵੀ ਇਸ ਰਾਗ ਨੂੰ ਜੇਠਾ,ਮੁਹਰੀ,ਮੁੱਖ ਜਾਣਕੇ ਆਦਿ ਵਿਚ ਹੀ ਜਗ੍ਹਾ ਬਖਸ਼ੀ।ਇਸਤੋਂ ਬੀ ਪਿੱਛੇ ਟੁਰੀਏ ਤਾਂ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਬਾਲੇ ਵਾਲੀ ਸਾਖੀ ਵਿਚ ਗੁਰੂ ਜੀ ਨੇ ਪਾਂਧੇ ਪ੍ਰਤੀ ਜੋ ਉਪਦੇਸ਼ ਕੀਤਾ'ਜਾਲ ਮੋਹ ਘਸ ਮਸਕਰ' ਸੋ ਬੀ ਸਿਰੀ ਰਾਗ ਵਿਚ ਕੀਤਾ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਲਿਖਿਆ ਹੈ ਕਿ ਬ੍ਰਿਜ ਨਾਥ ਪੰਡਤ ਪ੍ਰਤੀ ਇਹ ਸ਼ਬਦ ਸ੍ਰੀ ਰਾਗ ਵਿਚ ਪਹਿਲਾ ਉਪਦੇਸ਼ ਹੋਇਆ । ਇਹ ਪਹਿਲਾ ਮੁਹਰੀ ਰਾਗ ਅਤੇ ਦੂਜਾ ਪਹਿਲਾ ਭੈਰਉ ਰਾਗ ਇਹੋ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਵਾਨ ਰੱਖੇ ਹਨ। ਹਿੰਡੋਲ,ਦੀਪਕ, ਮਾਲਕੌਂਸ, ਮੇਘ, ਇਹ ਚਾਰੇ ਗੁਰਬਾਣੀ ਵਿਚ ਨਹੀਂ ਆਏ। ਭਾਵੇਂ ਇਨ੍ਹਾਂ ਦਾ ਪਰਵਾਰ ਵਰਤਿਆ ਹੈ, ਪਰੰਤੂ ਸਿਰੀ ਰਾਗ ਤੇ ਭੈਰਉ ਵਾਕਰ ਪ੍ਰਗਟ ਨਹੀਂ ਵਰਤੇ। ਹੋਰਨਾਂ ਮਤਾਂ ਵਿਚ (ਸ਼ਿਵ ਅਤੇ ਕਾਲੀ ਨਾਥ ਮਤ ਵਿਚ) ਸਿਰੀ ਰਾਗ ਪਹਿਲਾ ਹੈ ਅਤੇ ਭਰਤ ਹਨੁਮਾਨ ਮਤ ਵਿਚ ਭੈਰਉ ਪਹਿਲਾ ਹੈ। ਭਰਤ ਮਤ ਰਾਗਾਂ ਨੂੰ ਸੰਕੀਰਣ ਮੰਨਦਾ ਹੈ ਜਿਹਾਕੁ "ਗੌਰੀ ਜਹਾ ਮਿਲਾਈਐ ਰਾਗ ਟੰਕ ਬਰਹੰਸ ॥ ਸਿਰੀ ਰਾਗ ਸੋ ਜਾਨੀ ਏਭਾਖਜੋ ਰਿਖਿ ਅਵਤੰਸ॥"

੨. ਮਾਝ—ਇਹ ਰਾਗ ਗੁਰਮਤ ਸੰਗੀਤ ਅਨੁਸਾਰ ਭਿੰਨ ਰਾਗਣੀ ਹੈ, ਮਾਝੇ ਦੇਸ ਦੀ ਰਾਗਣੀ ਹੋਣੇ ਤੇ ਦੇਸੀ ਸੰਕੀਰਣ ਹੈ।

Digitized by Panjab Digital Library | www.panjabdigilib.org

ਸਿਰੀ ਰਾਗ, ਮਧ ਮਾਧਵੀ, ਮਲਾਰ ਮਿਲੇ ਤੇ ਬਣੀ ਹੈ। ਹੋਰ ਕਿਸੇ ਮਤ ਦੇ ਪਰਵਾਰ ਵਿਚ ਨਹੀਂ ਹੈ।

੩. ਗਉੜੀ—ਇਹ ਰਾਗਣੀ ਗੁਰਮਤ ਸੰਗੀਤ ਵਿਚ ਸਿਰੀ ਰਾਗ ਦੀ ਰਾਗਣੀ ਹੈ, ਜਿਹਾਕੁ "ਗਵਰੀ ਗਾਵਹਿ ਆਸਾਵਰੀ"। ਸਿਰੀ ਰਾਗ ਨਾਲ ਪਰਜ ਮਿਲੇ ਤੇ ਗੌਂਡੀ ਬਣਦੀ ਹੈ, ਪਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਰਾਗਾਰਣਵ ਮਤ ਵਿਚ ਗੌੜ ਮਾਲਵ ਦੀ ਰਾਗਣੀ ਹੈ, ਸਿੱਧ ਸਾਰਸੁਤ ਮਤ ਵਿਚ ਦੀਪਕ ਦੀ ਰਾਗਣੀ ਹੈ, ਹਨੁਮਾਨ ਅਤੇ ਭਰਤ ਮਤ ਵਿਚ ਮਾਲਕੌਂਸ ਦੀ ਰਾਗਣੀ ਮੰਨੀ ਹੈ, ਜਿਹਾਕੁ ਜੈਜਾਵੰਤੀ, ਆਸਾਵਰੀ, ਸੁਧ ਸੋਰਠ ਮਿਲਕੇ ਗੌਰੀ ਹੁੰਦੀ ਹੈ। ਗੁਰਮਤ ਵਿਚ ਗਉੜੀ ਦੇ ਮੇਲ, ਦੀਪਕੀ ਗਉੜੀ, ਪੂਰਬੀ ਗਉੜੀ, ਮਾਲਾ ਗਉੜੀ, ਮਾਲਵਾ ਗੌੜੀ ਬੈਰਾਗਣਿ ਗਉੜੀ, ਗੁਆਰੇਰੀ ਗਉੜੀ, ਪੂਰਬੀ ਦੀਪਕੀ ਗਉੜੀ, ਮਾਝ ਗਉੜੀ, ਗਉੜੀਚੇਤੀ ਆਦਿਕ ਵਿਦਮਾਨ ਹਨ ਜੋ ਹੋਰਨਾਂ ਮਤਾਂ ਵਿਚ ਨਹੀਂ ਹਨ, ਕੇਵਲ ਇਕ ਮਤ ਵਿਚ ਚੇਤੀ ਗੌੜੀ ਹੈ।

੪. ਆਸਾ—ਇਹ ਰਾਗਣੀ ਗੁਰਮਤ ਸੰਗੀਤ ਅਨੁਸਾਰ ਮੇਘ ਰਾਗ ਦੀ ਰਾਗਣੀ ਹੈ, ਜਿਹਾਕੁ 'ਪੁਨਿ ਗਾਵਹਿ ਆਸਾ ਗੁਨ ਗੁਨੀ'। ਸਿਰੀ ਰਾਗ ਤੇ ਮਾਰੂ ਮਿਲ ਕੇ ਮੇਘ ਦੀ ਛਾਯਾ ਕਰਕੇ ਆਸਾ ਬਣਦੀ ਹੈ। ਗੁਰਮਤ ਵਿਚ ਆਸਾ ਅਤੇ ਆਸਾਵਰੀ ਇਕੱਠੀ ਲਿਖੀ ਹੈ। ਇਹ ਆਸਾਵਰੀ ਮੇਘ ਦੀ ਛਾਯਾ ਕਰਕੇ ਆਸਾ ਨਾਲ ਮਿਲੀ ਹੈ। ਸਿਰੀ ਰਾਗ ਦੀ ਰਾਗਣੀ ਆਸਾਵਰੀ ਓਥੇ ਹੈ ਜਿਥੇ ਕੇਵਲ ਆਸਾਵਰੀ ਅਥਵਾ, ਸੁਧੰਗ, ਵਾ 'ਸੁਧ' ਦੀ ਸੂਚਨਾ ਹੈ ਜੋ ਸਾਬਤ ਕਰਦੀ ਹੈ ਸੁਧ ਅਤੇ ਆਸਾਵਰੀ ਮਿਲੀ ਹੋਈ ਹੈ, ਪਰੰਤੂ ਹੋਰਨਾਂ ਮਤਾਂ ਵਿਚ:—ਕਾਲੀ ਨਾਥ ਮਤ ਵਿਚ ਪੰਚਮ ਦੀ ਰਾਗਣੀ ਅਤੇ ਰਾਗਾਰਣਵ ਦੇ ਮਤ ਵਿਚ ਮਲਾਰ ਦੀ ਰਾਗਣੀ ਆਸਾਵਰੀ ਹੈ ਅਤੇ ਮੇਲ ਵੀ ਆਸਾ, ਭੈਰੌਂ, ਪੜਜ, ਜੇ ਗੰਧਾਰ ਮਿਲੇ ਤਾਂ ਜੋਗੀਆ ਆਸਾਵਰੀ ਮੰਨੀ ਹੈ। ਆਸਾ ਤੇ ਆਸਾਵਰੀ ਦਾ ਮੇਲ ਕੇਵਲ ਗੁਰਮਤ ਸੰਗੀਤ ਵਿਚ ਹੀ ਵਿਦਮਾਨ ਹੈ।

੫. ਗੂਜਰੀ—ਗੁਰਮਤ ਸੰਗੀਤ ਅਨੁਸਾਰ ਇਹ ਦੀਪਕ ਦੀ ਰਾਗਣੀ ਹੈ, ਜਿਹਾਕੁ 'ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪਿ'। ਭੈਰਵ ਅਤੇ ਰਾਮਕਲੀ ਮਿਲ ਕੇ ਗੂਜਰੀ ਬਣਦੀ ਹੈ, ਦੀਪਕ ਦੀ ਛਾਯਾ ਸਮੇਤ ਹੈ, ਪਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਸ਼ਿਵ ਮਤ ਅਤੇ ਕਾਲੀਨਾਥ ਮਤ ਵਿਚ ਭੈਰਵ ਦੀ ਰਾਗਣੀ ਅਤੇ ਸਿਧ ਸਾਰਸੁਤ ਦੇ ਮਤ ਵਿਚ ਮਾਲਕੌਂਸ ਦੀ ਰਾਗਣੀ ਅਤੇ ਰਾਗਾਰਣਵ ਦੇ ਮਤ ਵਿਚ ਪੰਚਮ ਦੀ ਰਾਗਣੀ ਮੰਨੀ ਹੈ ਤੇ ਮੇਲ ਵੀ ਲਲਿਤ ਅਤੇ ਰਾਮਕਲੀ ਦਾ ਮੰਨਿਆਂ ਹੈ। ਕਿਸੇ ਨੇ ੭ ਭੇਦ ਕਿਸੇ ਨੇ ੯ ਭੇਦ ਮੰਨੇ ਹਨ। ਦੇਖੋ ਸੰਗੀਤ ਦੇ ਗ੍ਰੰਥਾਂ ਵਿਚ।

੬. ਦੇਵ ਗੰਧਾਰੀ—ਇਹ ਰਾਗਣੀ ਗੁਰ-

---

*ਰਾਗ ਮਾਲਾਂ ਨੂੰ ਦੇਖਣ ਤੋਂ ਇਹ ਬੀ ਕੁਛ ਸੂਹ ਲਗਦੀ ਹੈ ਕਿ ਆਸਾ ਰਾਗ ਗੁਰ ਨਾਨਕ ਦੇਵ ਜੀ ਬਣਾਇਆ ਹੈ, ਪਰ ਵਿਸ਼ੇਸ਼ ਖੋਜ ਦੀ ਲੋੜ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਮਤ ਸੰਗੀਤ ਅਨੁਸਾਰ ਮਾਲਕੌਂਸ ਦੀ ਰਾਗਣੀ ਹੈ ਜਿਹਾਕੁ 'ਗੌਡਕਰੀ ਅਰੁ ਦੇਵਗੰਧਾਰੀ'। ਗੌਰੀ, ਸੁਧ, ਆਸਾਵਰੀ ਭੈਰੋ, ਦੇਵਗਿਰੀ ਦੇ ਮੇਲ ਕਰਕੇ ਦੇਵਗੰਧਾਰੀ ਬਣਦੀ ਹੈ। ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਨ੍ਰਿਤਜ ਨਿਰਣੇ ਵਿਚ ਸਿਰੀ-ਰਾਗ ਦਾ ਪੁਤ੍ਰ ਲਿਖਿਆ ਹੈ ਅਤੇ ਕਾਲੀ ਨਾਥ ਮਤ ਵਿਚ ਸਿਰੀ ਰਾਗ ਦੀ ਰਾਗਣੀ ਹੈ ਅਤੇ ਮਾਨ ਕੌਤੂਹਲ ਵਿਚ ਸੁਧ (ਖਾਲਸ) ਰਾਗ ਦੇਵਗੰਧਾਰ ਮੰਨਿਆਂ ਹੈ।

੭. ਬਿਹਾਗੜਾ—ਇਹ ਗੁਰਮਤ ਸੰਗੀਤ ਵਿਚ ਭਿੰਨ ਰਾਗ ਹੈ। ਕੇਦਾਰੇ ਨਾਲ ਗੌੜੀ ਤੇ ਥੋੜਾ ਜਿਹਾ ਸਜਾਮ ਮਿਲੇ ਤੇ ਬਿਹਾਗੜਾ ਹੁੰਦਾ ਹੈ, ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਕਾਲੀ ਨਾਥ ਮਤ ਵਿਚ ਭੈਰਵ ਦੀ ਰਾਗਣੀ ਹੈ, ਭਰਤ ਮਤ ਵਿਚ ਦੀਪਕ ਦਾ ਪੁਤ੍ਰ ਹੈ, ਇਕੁਰ ਹੀ ਸੁਰ ਤਾਲ ਸੰਬੂਹ ਵਿਚ ਸਿਰੀ ਰਾਗ ਦਾ ਪੁਤ੍ਰ ਲਿਖਿਆ ਹੈ, ਮੇਲ ਵੀ ਹੋਰ ਹਨ, ਜਿਹਾਕੁ ਕੇਦਾਰਾ, ਮਾਰਵਾ, ਸਰੁਸ੍ਵਤੀ ਦੇ ਮਿਲਿਆਂ ਬਿਹਾਗ ਬਣਦਾ ਹੈ ਅਤੇ ਜਿਸ ਰਾਗ ਨਾਲ ਮਿਲੇ ਓਸੇ ਰਾਗ ਦਾ ਬਿਹਾਗੜਾ ਬਣਦਾ ਹੈ, ਜਿਕੁਰ ਪੰਚਮ ਬਿਹਾਗੜਾ, ਸੰਕਟੈਨ ਬਿਹਾਗ ਆਦਿਕ।

੮. ਵਡਹੰਸੁ—ਇਹ ਭੀ ਗੁਰਮਤ ਸੰਗੀਤ ਅਨੁਸਾਰ ਭਿੰਨ ਰਾਗ ਹੈ, ਮਾਰੂ, ਗੌਰਾਨੀ, ਦੁਰਗਾ, ਧਨਾਸ੍ਰੀ, ਕੈਤੀ ਦੇ ਮਿਲਣ ਤੇ ਵਡਹੰਸ ਬਣਦਾ ਹੈ। ਪ੍ਰਾਣੀ ਦੇ ਚਲਾਣੇ ਪਰ ਵਡਹੰਸ ਤੇ ਮਾਰੂ ਰਾਗ ਹੀ ਗਾਂਵੀਦੇ ਹਨ। ਪਰੰਤੂ ਹੋਰਨਾਂ ਮਤਾਂ ਵਿਚ ਨਹੀਂ ਗਾਂਵਦੇ। ਭਰਤ ਮਤ ਵਿਚ ਸਿਰੀ ਰਾਗ ਦਾ ਪੁਤ੍ਰ ਹੈ, ਸ਼ਿਵਮਤ ਵਿਚ ਪੰਚਮ ਦੀ ਰਾਗਣੀ ਹੈ ਤੇ ਰਾਗਾਰਣਵ ਵਿਚ ਮੇਘ ਦੀ ਰਾਗਣੀ ਮੰਨੀ ਹੈ, ਸੁਰਤਾਲ ਸੰਬੂਹ ਵਿਚ ਮਾਲਕੌਂਸ ਦਾ ਪੁਤ੍ਰ ਹੈ ਅਤੇ ਮੇਲ ਵੀ ਹੋਰ ਹਨ, ਜਿਹਾ ਕੁ ਦੇਵਗਿਰੀ, ਗੌਰੀ, ਮਾਲਵ ਸੰਕੀਰਣ ਧਨਾਸਰੀ ਮਿਲੇ ਤੇ ਵਡਹੰਸ ਬਣਦਾ ਹੈ। ਇਕ ਵਡਹੰਸ ਸਾਰੰਗ ਦਾ ਭੇਦ ਲਿਖਿਆ ਹੈ। ਵਡਹੰਸ ਅਤੇ ਵਡਹੰਸਕਾ ਇੱਕੋ ਦਾ ਨਾਮ ਹੈ। ਗੁਰਮਤ ਸੰਗੀਤ ਵਿਚ ਵਡਹੰਸ ਦੱਖਣੀ ਵੀ ਹੈ, ਹੋਰਨਾਂ ਵਿਚ ਨਹੀਂ।

੯. ਸੋਰਠਿ—ਇਹ ਰਾਗਣੀ ਗੁਰਮਤ ਸੰਗੀਤ ਅਨੁਸਾਰ ਮੇਘ ਰਾਗ ਦੀ ਰਾਗਣੀ ਹੈ, ਜਿਹਾ ਕੁ 'ਸੋਰਠਿ ਗੌਡ ਮਲਾਰੀ ਟੁਨੀ'। ਸਿੰਧਵੀ, ਕਾਨੜਾ, ਕਾਫੀ, ਮਲਾਰ ਦੇ ਮੇਲ ਤੋਂ ਸੋਰਠਿ ਬਣਦੀ ਹੈ। ਪਰੰਤੂ ਹੋਰਨਾਂ ਮਤਾਂ ਵਿਚ ਨਟਨਾਰਾਇਣ ਦੀ ਰਾਗਣੀ ਲਿਖੀ ਹੈ, ਨਟ ਦੀ ਛਾਯਾ ਸਮੇਤ ਹੈ ਅਤੇ ਮਾਨ ਕੌਤੂਹਲ ਵਿਚ ਇਸ ਦਾ ਮੇਲ ਬੰਗਲਾ ਗੁਜਰੀ, ਪੰਚਮ, ਗੰਧਾਰ, ਭੈਰਵੀ ਦੇ ਨਾਲ ਲਿਖਿਆ ਹੈ ਅਤੇ ਸੁਰਤਾਲ ਸੰਬੂਹ ਵਿਚ ਭੈਰਵ ਦੀ ਨੂੰਹ ਕਰਕੇ ਲਿਖੀ ਹੈ। ਹਨੁਮਾਨ ਮਤ ਵਿਚ ਸੋਰਠਿ ਮੇਘ ਦੀ ਰਾਗਣੀ ਹੈ।

੧੦. ਧਨਾਸਰੀ—ਇਹ ਰਾਗਨੀ ਗੁਰਮਤ ਸੰਗੀਤ ਵਿਚ ਮਾਲਕੌਂਸ ਦੀ ਰਾਗਣੀ ਹੈ ਜਿਹਾ ਕੁ 'ਧਨਾਸਰੀ ਏ ਪਾਚਉ ਗਾਈ'। ਆਸਾਵਰੀ ਤੇ ਮਾਰਵਾ ਮਿਲਕੇ ਮਾਲਕੌਂਸ ਦੀ ਛਾਯਾ ਸਮੇਤ ਹੈ। ਪਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਕਾਲੀ ਨਾਥ ਮਤ ਵਿਚ ਮੇਘ ਦੀ ਰਾਗਣੀ ਹੈ, ਸੁਰਤਾਲ

Digitized by Panjab Digital Library | www.panjabdigilib.org

ਸਮੂਹ ਵਿਚ ਮਾਲਕੌਂਸ ਦੀ ਨੂੰਹ ਲਿਖੀ ਹੈ। ਨਾਦ ਬਿਨੋਦ ਵਿਚ ਦੀਪਕ ਦੀ ਰਾਗਣੀ ਲਿਖੀ ਹੈ । ਹੋਰ ਮੁਲਤਾਨੀ ਧਨਾਸਰੀ ਪਹਾੜੀ ਸੰਕੀਰਣ ਦੇ ਮੇਲ ਕਰਕੇ ਹੁੰਦੀ ਹੈ। ਆਸਾ ਮਾਰੂ ਮਿਲੇ ਤੇ ਪੂਰੀਆ ਧਨਾਸਰੀ, ਗੌਰੀ ਮਾਰੂ ਜੈਤਸਿਰੀ ਮਿਲੇ ਤੇ 'ਜੈਤਸਰੀ ਟੰਕਾਰ ਤ੍ਰਿਬਣਾ'।

੧੧. ਜੈਤਸਰੀ-ਇਹ ਰਾਗਨੀ ਗੁਰਮਤ ਸੰਗੀਤ ਅਨੁਸਾਰ ਭਿੰਨ ਰਾਗਣੀ ਹੈ। ਦੇਸੀ ਟੋਡੀ, ਗੌਰੀ ਤੇ ਬਿਭਾਸ ਮਿਲੇ ਤੇ ਬਣਦੀ ਹੈ। ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਭਰਤ ਮਤ ਵਿਚ ਮਾਲਕੌਂਸ ਦੀ ਨੂੰਹ ਹੈ, ਕੋਈ ਕਹਿੰਦੇ ਹਨ ਕਿ ਦੇਸ਼-ਕਾਰ ਦੀ ਰਾਗਣੀ ਹੈ,ਪਰ ਇਹ ਗਲਤਹੈ।

੧੨. ਟੋਡੀ—ਗੁਰਮਤ ਸੰਗੀਤ ਵਿਚ ਦੀਪਕ ਦੀ ਰਾਗਣੀ ਹੈ, ਜਿਹਾ ਕੁ:— 'ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ'। ਆਸਾਵਰੀ ਤੇ ਆਸਾ ਦੇ ਮੇਲ ਤੋਂ ਬਣਦੀ ਹੈ, ਦੀਪਕ ਦੀ ਛਾਯਾ ਸਮੇਤ ਹੈ। ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਭਰਤ ਮਤ ਅਤੇ ਹਨੁਵੰਤ ਮਤ ਵਿਚ ਮਾਲਕੌਂਸ ਦੀ ਰਾਗਣੀ ਹੈ। ਸ਼ਿਵਮਤ ਅਤੇ ਸਿਧ ਸਾਰਸੁਤ ਦੇ ਮਤ ਵਿਚ ਬਸੰਤ ਦੀ ਰਾਗਣੀ ਤੇ ਨਾਦ ਬਿਨੋਦ ਵਿਚ ਭੈਰੋਂ ਦੀ ਰਾਗਣੀ ਲਿਖੀ ਹੈ ਅਤੇ ਮੇਲ ਵੀ ਹੋਰ ਹੀ ਲਿਖੇ ਹਨ।

੧੩. ਭੈਰਾੜੀ—ਇਹ ਰਾਗਣੀ ਗੁਰਮਤ ਸੰਗੀਤ ਵਿਚ ਸਿਰੀ ਰਾਗ ਦੀ ਰਾਗਣੀ ਹੈ. ਜਿਹਾ ਕੁ 'ਬੈਰਾਰੀ ਕਰਨਾਟੀ ਧਰੀ'। ਸਾਰੰਗ ਅਤੇ ਸਿਰੀ ਰਾਗ ਮਿਲਕੇ ਬੈਰਾਰੀ ਬਣਦੀ ਹੈ। ਪ੍ਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਸਿਧ ਸਾਰਸੁਤ ਦੇ ਮਤ ਵਿਚ ਮਾਲਕੌਂਸ ਦੀ ਰਾਗਣੀ ਹੈ, ਸ਼ਿਵ ਮਤ ਵਿਚ ਬਸੰਤ ਦੀ ਰਾਗਣੀ ਹੈ, ਕਾਲੀਨਾਥ ਮਤ ਵਿਚ ਪੰਚਮ ਦੀ ਰਾਗਣੀ ਹੈ, ਭਰਤ ਅਤੇ ਹਨੁਮਾਨ ਮਤ ਵਿਚ ਭੈਰਵ ਦੀ ਰਾਗਣੀ ਹੈ ਤੇ ਮੇਲ ਵੀ ਹੋਰ ਹਨ।

੧੪. ਤਿਲੰਗ—ਗੁਰਮਤ ਸੰਗੀਤ ਵਿਚ ਹਿੰਡੋਲ ਦੀ ਰਾਗਣੀ ਹੈ,ਜਿਹਾਕੁ 'ਤੇਲੰਗੀ ਦੇਵਕਰੀ ਆਈ'। ਸ਼ਿਆਮ, ਗੌਰੀ, ਪੂਰਬੀ ਦੇ ਮੇਲ ਤੋਂ ਬਣਦੀ ਹੈ, ਹਿੰਡੋਲ ਦੀ ਛਾਯਾ ਸਮੇਤ ਹੈ। ਪ੍ਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਸੁਰਤਾਲ ਸਮੂਹ ਵਿਚ ਮੇਘ ਦੀ ਰਾਗਣੀ ਲਿਖੀ ਹੈ,ਉਸਨੂੰ ਤਨਕ ਭੀ ਕਹਿੰਦੇ ਹਨ,ਮੇਲ ਭੀ ਹੋਰਹੈ।ਕਾਲੀ ਨਾਥ ਮਤ ਵਿਚ ਨਟ ਨਾਰਾਯਣ ਦੀ ਰਾਗਣੀਹੈ।

੧੫. ਸੂਹੀ—ਗੁਰਮਤ ਸੰਗੀਤ ਵਿਚ ਮੇਘ ਰਾਗ ਦੀ ਰਾਗਣੀ ਸੂਹਵੀ ਦੱਸੀ ਹੈ,ਜਿਹਾਕੁ 'ਉਚੈ ਸੁਰਿ ਸੂਹਉ ਪੁਨਿ ਕੀਨੀ'। ਭੈਰਵ, ਸਿਰੀ ਰਾਗ, ਕਾਨੜਾ,ਸਾਰੰਗ ਦੇ ਮੇਲ ਤੋਂ ਸੂਹਵੀ ਹੁੰਦੀ ਹੈ ਮੇਘ ਦੀ ਛਾਯਾ ਸਮੇਤ ਹੈ। ਪ੍ਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਸੁਰਤਾਲ ਸੰਮੂਹ ਵਿਚ ਭੈਰਵ ਦੀ ਨੂੰਹ ਲਿਖੀ ਹੈ।

੧੬. ਬਿਲਾਵਲੁ—ਗੁਰਮਤ ਸੰਗੀਤ ਵਿਚ ਭੈਰਵ ਦਾ ਪੁਤ੍ਰ ਹੈ,ਜਿਹਾਕੁ 'ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ'। ਦੇਵਗਿਰੀ ਤੇ ਸੁਘਰਈ ਮਿਲਕੇ ਬਿਲਾਵਲ ਹੁੰਦਾ ਹੈ। ਭਰਤ ਮਤ ਵਿਚ ਬਿਲਾਵਲ ਪੁਤ੍ਰ ਭੀ ਦਿੱਤਾ ਹੈ । ਪ੍ਰੰਤੂ ਹੋਰਨਾਂ ਮਤਾਂ ਵਿਚ ਬਿਲਾਵਲੀ ਰਾਗਨੀ ਨੂੰ ਕੋਈ ਬਿਲਾਵਲ ਮੰਨਦੇ ਹਨ ਸੋ ਗਲਤ

Digitized by Panjab Digital Library | www.panjabdigilib.org

ਹੈ, ਹਾਂ, ਬਿਲਾਵਲੀ ਭਰਤ ਮਤ ਵਿਚ ਭੈਰਵ ਦੀ ਨੂੰਹ ਹੈ। ਹਨੁਮਾਨ ਮਤ ਵਿਚ ਹਿੰਡੋਲ ਦੀ ਰਾਗਣੀ ਮੰਨੀ ਹੈ । ਇਸ ਵਿੱਚ ਦੱਖਣੀ ਅਤੇ ਮੰਗਲ ਮੇਲਕੇ ਗੁਰਮਤ ਵਿਚ ਸੂਚਨਾ ਹੈ, ਹੋਰਨਾਂ ਮਤਾਂ ਵਿੱਚ ਨਹੀਂ।

੧੭. ਗੌਂਡ—ਗੁਰਮਤ ਸੰਗੀਤਵਿਚ ਸਿਰੀ ਰਾਗ ਦਾ ਪੁਤ੍ਰ ਗੌਂਡ ਰਾਗ ਹੈ, ਜਿਹਾਕੁ 'ਸਾਲੂ ਸਾਰਗ ਸਾਗਰਾ ਅਉਰ ਗੌਡ ਗੰਭੀਰ' । ਨਟ ਹੰਬੀਰ ਦੇ ਮੇਲ ਤੋਂ ਗੌਂਡ ਬਣਦਾ ਹੈ। ਸਿਰੀ ਰਾਗ ਦੀ ਛਾਯਾ ਸਮੇਤ ਹੈ। ਇਸਦਾ ਦੂਜਾ ਨਾਮ ਗੌਰ ਹੈ ਪੰਚਮ ਨਿਖਾਧ ਹੀਨ ਹੈ, ਪ੍ਰੰਤੂ ਦੂਜਾ ਗੌਂਡ ਮੇਘ ਰਾਗ ਦਾ ਪੁਤ੍ਰ ਕਿਤੇ ਗੌਂਡ ਕਰਕੇ ਇਸਤ੍ਰੀ ਭੀ ਦਿੱਤਾ ਹੈ,ਉਹ ਮੇਘ ਦੀ ਛਾਯਾ ਸਮੇਤ ਹੈ, ਸੁਧ ਗੌੜ ਪੰਚਮ ਨਿਖਾਧ ਸਮੇਤ ਹੈ, ਆਦਿ ਖੜਜ ਅੰਤ ਧੈਵਤ ਹੈ।

੧੮. ਰਾਮਕਲੀ—ਗੁਰਮਤ ਸੰਗੀਤ ਅਨੁਸਾਰ ਇਹ ਭਿੰਨ ਰਾਗਣੀ ਹੈ,ਸੰਕਰਾਭਰਣ ਅਡਾਨਾ, ਸੋਰਠ ਮਿਲੇ ਤੇ ਬਣਦੀ ਹੈ, ਪ੍ਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਭਰਤ ਮਤ ਵਿਚ ਹਿੰਡੋਲ ਦੀ ਰਾਗਣੀ ਹੈ,ਭੈਰਵ ਬਿਭਾਸ ਤੇ ਹਿੰਡੋਲ ਦਾ ਮੇਲ ਤੇ ਸਿਰੀ ਰਾਗ ਦੀ ਛਾਯਾ ਹੈ।ਰਾਗਾਰਣਵ ਦੇ ਮਤ ਵਿਚ ਪੰਚਮ ਦੀ ਰਾਗਣੀ ਹੈ, ਲਲਿਤ ਰੇਵਾ ਭੀਮ ਪਲਾਸੀ ਦਾ ਮੇਲ ਹੈ। ਇਕ ਨਾਦ ਰਾਮਕਲੀ ਵੀ ਰਾਗਣੀ ਹੈ।
ਨੋਟ–ਰਾਮਕਰੀ ਤੇ ਰਾਮਕਲੀ ਤਾਂ ਇਕੋ ਗੱਲ ਹੈ, ਪ੍ਰੰਤੂ ਰਾਮਗਿਰੀ ਇਕ ਹੋਰ ਰਾਗਣੀ ਹੈ। ਦੱਖਣੀ ਰਾਮਕਲੀ ਕੇਵਲ ਗੁਰਮਤ ਸੰਗੀਤ ਵਿਚ ਹੀ ਹੈ, ਹੋਰਨਾਂ ਮਤਾਂ ਵਿਚ ਨਹੀਂ।

੧੯. ਨਟ ਨਾਰਾਇਨ—ਗੁਰਮਤ ਸੰਗੀਤ ਵਿਚ ਮਘ ਦਾ ਪੁਤ੍ਰ ਹੈ, ਜਿਹਾਕੁ 'ਜਬਲੀਧਰ ਨਟ ਅਉ ਜਲਧਾਰਾ'।ਹੰਮੀਰ ਕਲਜਾਨ ਦੇ ਮੇਲ ਕਰਕੇ ਨਟ ਬਣਦਾ ਹੈ, ਪ੍ਰੰਤੂ ਹੋਰਨਾਂ ਮਤਾਂ ਵਿਚ ਸ਼ਿਵਮਤ ਅਤੇ ਕਾਲੀਨਾਥ ਮਤ ਵਿਚ ਪੂਰਣ ਸੁਧ ਰਾਗ ਮੰਨਿਆ ਹੈ ਅਤੇ ਰਾਗਰਣਵ ਦੇ ਮਤ ਵਿਚ ਨਟ ਰਾਗ ਦੀ ਰਾਗਣੀ ਮੰਨੀ ਹੈ ਅਤੇ ਭਰਤ ਵਿਚ ਦੀਪਕ ਦਾ ਪੁਤ੍ਰ ਨਟ ਨਾਰਾਇਣ ਮੰਨਿਆ ਹੈ।

੨੦.ਮਾਲੀ ਗਉੜਾ—ਗੁਰਮਤ ਸੰਗੀਤ ਵਿਚ ਭਿੰਨ ਰਾਗ ਹੈ,ਮਾਲਵਾ ਅਤੇ ਗੌੜ ਮਿਲੇ ਤੇ ਮਾਲੀਗੌੜਾ ਬਣਦਾ ਹੈ, ਪ੍ਰੰਤੂ ਹੋਰਨਾਂ ਮਤਾਂ ਵਿਚ ਇਸ ਦੇ ਬਾਹਲੇ ਭੇਦ ਹਨ। ਭਰਤ ਮਤ ਵਿਚ ਮਾਲਕੌਂਸ ਦਾ ਪੁਤ੍ਰ ਮੰਨਿਆ ਹੈ, ਕੋਈ ਸੋਰਠ ਤੇ ਗੌੜੀ ਦਾ ਮੇਲ ਮੰਨਦੇ ਹਨ, ਪ੍ਰੰਤੂ ਜਿਸ ਨਾਲ ਮਿਲੇ ਓਸੇ ਦੇ ਨਾਉਂ ਤੇ ਇਸ ਦਾ ਨਾਉਂ ਬਣਦਾ ਹੈ, ਜਿਹਾਕੁ ਰੀਤ ਗੌੜ, ਮਾਲਵ ਗੌੜ,ਜੈਤ ਗੌੜ,ਨਾਰਾਯਣ ਗੌੜ, ਕੇਦਾਰ ਗੌੜ, ਕਾਨੜਾ ਗੌੜ, ਸਿਰੀ ਗੌੜ ਆਦਿਕ ਬਾਹਲੇ ਹਨ।

੨੧. ਮਾਰੂ—ਗੁਰਮਤ ਸੰਗੀਤਵਿਚ ਮਾਲਕੌਂਸ ਦਾ ਪੁਤ੍ਰ ਮਾਰੂ ਮੰਨਿਆ ਹੈ,ਜਿਹਾਕੁ 'ਮਾਰੂ ਮਸਤਅੰਗ ਮੇਵਾਰਾ'।ਟੰਕ,ਇਰਾਕ, ਭੈਰਵੀ,ਆਸਾ ਇਨ੍ਹਾਂ ਦੇ ਮੇਲ ਤੇ ਬਣਦਾ ਹੈ। ਹੋਰਨਾਂ ਮਤਾਂ ਵਿਚ ਸਿਰੀ ਰਾਗ ਦਾ ਪੁਤ੍ਰ ਮੰਨਿਆ ਗਿਆ ਹੈ।

੨੨. ਤੁਖਾਰੀ—ਇਹ ਰਾਗਣੀ ਗੁਰਮਤ

Digitized by Panjab Digital Library | www.panjabdigilib.org

ਸੰਗੀਤ ਵੱਲੋਂ ਪ੍ਰਚਾਰ ਹੋਈ ਹੈ,ਦੇਸੀ ਭਿੰਨ ਰਾਗ ਹੈ, ਭੈਰੋਂ, ਰਾਮਕਲੀ, ਟੋਡੀ ਤੋਂ ਬਣੀ ਹੈ, ਸੰਪੂਰਨ ਹੈ ਸ. ਰਿ. ਗ. ਮ.ਪ. ਧ. ਨਿ। ਅੰਸ ਨਯਾਸ ਗ੍ਰਹਿ ਰਿਖਭ ਹੈ। ਹੋਰਨਾਂ ਮਤਾਂ ਵਿਚ ਮੁਖਾਰੀ, ਕੁੰਭਾਰੀ, ਧੁੰਖਾਰ, ਕੁਮਾਰੀ ਆਦਿਕ ਹਨ, ਪ੍ਰੰਤੂ ਤੁਖਾਰੀ ਇਨ੍ਹਾਂ ਤੋਂ ਵੱਖਰੀ ਹੈ।

੨੩. ਕੇਦਾਰਾ—ਗੁਰਮਤ ਸੰਗੀਤ ਵਿਚ ਮੇਘ ਰਾਗ ਦਾ ਪੁਤ੍ਰ ਹੈ,ਜਿਹਾਕੁ 'ਬੈਰਾਧਰ ਗਜਧਰ ਕੇਦਾਰਾ' । ਪਾਵਸ ਅਤੇ ਮਲਾਰ ਮਿਲਕੇ ਕੇਦਾਰਾ ਬਣਦਾ ਹੈ, ਪ੍ਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਰਾਗਾਰਣਵ ਵਿਚ ਨਟ ਦੀ ਰਾਗਣੀ ਮੰਨੀ ਹੈ, ਭਰਤ ਮਤ ਵਿਚ ਦੀਪਕ ਦੀ ਰਾਗਣੀ ਹੈ, ਇਹੋ ਸ਼ਿਵ ਮਤ ਵਿਚ ਕੇਦਾਰ ਗੌੜ ਸਿਰੀ ਰਾਗ ਦੀ ਰਾਗਣੀ ਮੰਨੀ ਹੈ।

੨੪. ਭੈਰਉ—ਗੁਰਮਤ ਸੰਗੀਤ ਵਿਚ ਇਹ ਗਿਣਤੀ ਲਈ ਪਹਿਲਾ ਰਾਗ ਹੈ ਸੁਧ (ਖਾਲਸ) ਹੈ, ਜਿਹਾਕੁ 'ਪ੍ਰਥਮ ਰਾਗ ਭੈਰਉ ਵੈ ਕਰਹੀ' । ਇਕੁਰ ਹੀ 'ਦੁਤੀਆ ਮਾਲਕੌਸਕ ਆਲਾਪਹਿ',ਤੀਜਾ ਹਿੰਡੋਲ, ਚੌਥਾ ਦੀਪਕ,ਪੰਜਵਾਂਸਿਰੀਰਾਗ,'ਖਸਟਮ ਮੇਘ ਰਾਗ ਵੈ ਗਾਵਹਿ' । ਰਾਗਾਂ ਵਿਚ ਮੁਖੀ (ਮੁਹਰਲਾ) ਰਾਗ ਹੈ (ਸ੍ਰੀ ਰਾਗ ਦੀ ਮੁੱਖਤਾ ਸਿਰੀ ਰਾਗ ਪ੍ਰਕਰਣ ਵਿਚ ਦੇਖੋ)।'ਸਿਰੀ ਰਾਗ ਅਤੇ ਭੈਰੋਂ ਇਹੋ ਦੋਵੇਂ ਰਾਗ ਸ੍ਰੀਗੁਰੂ ਗ੍ਰੰਥਸਾਹਿਬਜੀ ਵਿਚ ਵਰਤੇ ਹਨ,ਹੋਰਨਾਂ ਦੇ ਪਰਵਾਰ ਵਿਚੋਂ ਤਾਂ ਵਰਤੇ ਹਨ ਪ੍ਰੰਤੂ ਖਾਲਸ ਇਹੋ ਦੋਵੇਂ ਰਾਗ ਮੁਹਰਲੇ ਹੀ ਵਰਤੇ ਹਨ । ਪ੍ਰੰਤੂ ਹੋਰਨਾਂ ਮਤਾਂ ਵਿਚ ਜਿਹਾਕੁ ਸਮੇਸਰ ਮਤ ਅਤੇ ਕਾਲੀ ਨਾਥ ਮਤ ਵਿਚ ਤੀਸਰਾ ਰਾਗ ਮੰਨਿਆਹੈ(ਦੇਖੋ ਨਕਸ਼ਾ ਸ਼ਿਵ ਮਤ ਦਾ), ਪ੍ਰੰਤੂ ਰਾਗਾਰਣਵ ਸਿਧ ਸਾਰਸੁਤ ਭਰਤ ਹਨੂਮਾਨ ਮਤ ਇਹ ਪਹਿਲਾ ਮੰਨਦੇ ਹਨ, ਇਨ੍ਹਾਂ ਵਿਚੋਂ ਭਰਤ ਮਤ ਸੰਕੀਰਣ ਮੰਨਦਾ ਹੈ,ਜਿਹਾਕੁ ਦੋਹਰਾ—

'ਟੰਕੇ ਟੋਡੀ ਅੰਸ ਮਿਲ ਸੁੱਧ ਦੇਵ ਗੰਧਾਰ। ਆਦਿ ਰਾਗ ਭੈਰਵ ਇਹੈ ਪ੍ਰਗਟੇ ਭਰਤ ਕੁਮਾਰ।'

ਚੇਤਾਵਨੀ—ਗੁਰਮਤ ਸੰਗੀਤ ਵਿਚ ਛੀਏ ਰਾਗ ਸੁੱਧ ਹਨ। ਭਾਵ ਭੱਟ ਦੇ ਮਤ ਵਿਚ ੨੮ ਉਪਰਾਗਾਂ ਵਿਚੋਂ ੧੦ਵਾਂ ਭੈਰਵ ਹੈ, ਇਕੁਰ ਹੀ ਸੰਗੀਤ ਪਾਰਜਾਤ ਸਾਰੰਗ ਦੇਵ ਦੇ ਮਤ ਵਿਚ ੧੨੮ ਰਾਗਾਂ ਵਿਚੋਂ ਅਠਾਰਵਾਂ ਭੈਰਵ ਹੈ। ਫਾਰਸੀ ਦੇ ਬਾਰਾਂ ਰਾਗਾਂ ਵਿਚੋਂ ਛੇਵਾਂ ਅਰਾਕ (ਭੈਰਉ) ਹੈ।

੨੫. ਬਸੰਤੁ—ਗੁਰਮਤ ਸੰਗੀਤ ਵਿਚ ਹਿੰਡੋਲ ਰਾਗ ਦਾ ਪੁਤ੍ਰਹੈ ਜਿਹਾਕੁ'ਗਾਵਹਿ ਸਰਸ ਬਸੰਤ ਕਮੋਦਾ'।ਹਿੰਡੋਲ ਤੇ ਮਾਲਕੌਂਸ ਦੇ ਮੇਲ ਤੋਂ ਬਣਦਾ ਹੈ। ਪ੍ਰੰਤੂ ਹੋਰਨਾਂ ਮਤਾਂ, ਜਿਹਾਕੁ ਸਮੇਸਰ ਮਤ, ਕਾਲੀ ਨਾਥ ਮਤ, ਸਿਧ ਸਾਰਸੁਤ ਮਤ ਵਿਚ ਇਸ ਨੂੰ ਖਾਲਸ ਰਾਗ ਮੰਨਿਆ ਹੈ। ਕਿਸੇ ਪੰਜ, ਕਿਸੇ ਛੇ ਰਾਗਣੀਆਂ ਵੀ ਮੰਨੀਆਂ ਹਨ,ਦੇਖੋ ਨਕਸ਼ੇ ਵਿਚ ਸੰਗੀਤ ਬਿਨੋਦ ਅਤੇ ਬੁਧ ਪ੍ਰਕਾਸ਼ ਦਰਪਨ ਵਿੱਚ ਹਿੰਡੋਲ ਦੀ ਰਾਗਣੀ ਮੰਨੀ ਹੈ,ਜਿਸ ਵਿਚ ਦਰਬਾਰੀ ਕਾਨੜਾ ਬਿਭਾਸ ਭੈਰਉ ਦਾ ਮੇਲ ਹੈ, ਪ੍ਰੰਤੂ ਗੁਰਮਤ ਸੰਗੀਤ ਵਿਚ ਇਕ ਬਸੰਤੀ ਨਾਮ ਰਾਗਣੀ ਹਿੰਡੋਲ ਦੀ ਮੰਨੀ ਹੈ,ਜੋਹਾਕੁ'ਬਸੰਤੀ ਸੰਧੂਰ ਸੁਹਾਈ।'

Digitized by Panjab Digital Library | www.panjabdigilib.org

ਉਸ ਵਿਚ ਸਾਰੰਗ ਨਟ ਬਿਲਾਵਲ ਦਾ ਮੇਲ ਹਿੰਡੋਲ ਦੀ ਛਾਯਾ ਸਮੇਤ ਹੈ। ਕੋਈ ਇਸਨੂੰ ਬਹਾਰ ਕਹਿੰਦੇ ਹਨ ਪਰ ਇਹ ਕਹਿਣਾ ਗ਼ਲਤ ਹੈ, ਕਿਉਂ ਕਿ ਏਸੰਤ ਅਡਾਨਾ ਤੇ ਸੋਹਣੀ ਮਿਲਕੇ ਬਹਾਰ ਬਣਦੀ ਹੈ। ਗੁਰਮਤ ਸੰਗੀਤ ਵਿਚ ਬਸੰਤ ਹਿੰਡੋਲ ਮੰਨਿਆ ਹੈ, ਹੋਰਨਾਂ ਮਤਾਂ ਵਿਚ ਨਹੀਂ, ਭਾਵੇਂ ਮਾਰਗੀ ਹਿੰਡੋਲ ਹੈ, ਪਰੰਤੂ ਓਹ ਹੋਰ ਹੈ, ਬਸੰਤ ਹਿੰਡੋਲ ਨਹੀਂ ਹੈ।

੨੬. ਸਾਰਗ-ਗੁਰਮਤ ਸੰਗੀਤ ਵਿਚ ਇਹ ਰਾਗ ਸਿਰੀ ਰਾਗ ਦਾ ਪੁਤ੍ਰ ਹੈ, ਜੋਹਾਕੁ 'ਸਾਲੂ ਸਾਰਗ ਸਾਗਰਾ ਅਉਰ ਗੋਡ ਰੰਭੀਰ'। ਦਰਬਾਰੀ ਕਾਨੜਾ, ਮਧਮਾਧਵੀ, ਦੇਵਗਿਰੀ, ਮਲਾਰ ਨਟ ਦੇ ਮੇਲ ਤੋਂ ਸਾਰੰਗ ਬਣਦਾ ਹੈ। ਪਰੰਤੂ ਹੋਰਨਾਂ ਮਤਾਂ ਵਿਚ ਜੋਹਾਕੁ ਸ਼ਿਵ ਮਤ ਵਿਚ ਨਟ ਨਾਰਾਇਣ ਦੀ ਰਾਗਣੀ ਮੰਨੀ ਹੈ ਅਤੇ ਭਰਤ ਮਤ ਵਿਚ ਮੇਘ ਦੀ ਰਾਗਣੀ ਮੰਨੀ ਹੈ, ਮੇਲ ਇਸ ਦਾ ਏਹ ਹੈ ਦੇਵ ਗਿਰੀ, ਮਲਾਰ ਤੇ ਨਟ। ਹੋਰ ੧੪ ਤਰ੍ਹਾਂ ਦੇ ਭੇਦ ਹਨ ਦੇਖੋ ਸੰਗੀਤ ਦੇ ਗ੍ਰੰਥ।

੨੭. ਮਲਾਰ-ਗੁਰਮਤ ਸੰਗੀਤ ਵਿਚ ਮੇਘ ਦੀ ਰਾਗਨੀ ਹੈ, ਜੋਹਾਕੁ 'ਸੋਰਠਿ ਗੋਡ ਮਲਾਰੀਧੁਨੀ'। ਸੋਰਠ, ਮਧਮਾਧਵੀ, ਕਾਨੜਾ ਇੰਨਾਂ ਦੇ ਮੇਲ ਤੋਂ ਬਣਦੀ ਹੈ, ਪਰੰਤੂ ਹੋਰਨਾਂ ਮਤਾਂ ਵਿਚ ਮੇਘ ਦਾ ਪੁਤ੍ਰ ਮਲਾਰ ਕਰਕੇ ਹਨੁਵੰਤ ਮਤ ਵਿਚ ਲਿਖਿਆ ਹੈ, ਮੇਲ ਵੀ ਮੇਘ, ਗੌਂਡ ਤੇ ਸਾਰੰਗ ਦਾ ਹੈ।

੨੮. ਕਾਨੜਾ--ਗੁਰਮਤ ਸੰਗੀਤ ਵਿਚ ਦੀਪਕ ਰਾਗ ਦਾ ਪੁੱਤ੍ਰ ਕਾਨੜਾ ਹੈ, ਜੋਹਾਕੁ 'ਗਉਰਾ ਅਉ ਕਾਨਰਾ ਕਲ੍ਯਾਨਾ'। ਦੇਸਾਖ ਜੈਤਸਰੀ ਸੁਧਨਾਟ ਤੇ ਲਲਿਤ ਮਿਲ ਕੇ ਕਾਨੜਾ ਬਣਦਾ ਹੈ, ਦੀਪਕ ਦੀ ਛਾਯਾ ਸਮੇਤ ਹੈ। ਪ੍ਰੰਤੂ ਹੋਰਨਾਂ ਮਤਾਂ ਵਿਚ ਜੋਹਾਕੁ ਭਰਤ ਅਤੇ ਹਨੁਵੰਤ ਮਤ ਵਿਚ ਮੇਘ ਦਾ ਪੁੱਤ੍ਰ ਹੈ, ਏਸ ਵਿਚ ਦੇਵਗਿਰੀ ਦਾ ਮੇਲ ਹੈ, ਏਹ ਸਹਾਨਾ ਕਾਨੜਾ ਹੈ। ਕਾਲੀਨਾਥ ਮਤ ਵਿਚ ਭੈਰਵ ਦੀ ਰਾਗਣੀ ਹੈ, ਇਸ ਦਾ ਮੇਲ ਹੋਰ ਹੈ। ਸ਼ਿਵ ਮਤ ਵਿਚ ਪੰਚਮ ਦੀ ਰਾਗਣੀ ਹੈ, ਇਸ ਦਾ ਬੀ ਹੋਰ ਮੇਲ ਹੈ। ਇਹ ਰਾਗ ਹੋਰਨਾਂ ਰਾਗਾਂ ਨਾਲ ਮਿਲਕੇ ਹੋਰ ਨਾਉਂ ਧਰਾਉਂਦਾ ਹੈ, ਜੋਹਾਕੁ ਅਡਾਨਾ ਕਾਨੜਾ, ਨਾਟਕੀ ਕਾਨੜਾ, ਦਰਬਾਰੀ ਕਾਨੜਾ ਆਦਿਕ ਏਥੇ ਸੰਗੀਤ ਦੇ ਗ੍ਰੰਥ, ਕੋਈ ੧੪ ਲਿਖਦਾ ਹੈ ਕੋਈ ੨੦, ਕੋਈ ੫, ਕੋਈ ੭ ਆਦਿਕ। ਕਾਨੜੇ ਨੂੰ ਸ਼ਿਵਮਤ ਆਦੀ ਵਿਚ ਕਰਣਾਟ ਕਹਿੰਦੇ ਹਨ।

੨੯. ਕਲਿਆਨ-ਗੁਰਮਤ ਸੰਗੀਤ ਵਿਚ ਇਹ ਭੀ ਦੀਪਕ ਦਾ ਪੁਤ੍ਰ ਹੈ ਜੋਹਾਕੁ 'ਗਉਰਾ ਅਉ ਕਾਨਰਾ ਕਲ੍ਯਾਨਾ'। ਤਨਕ, ਕਾਮੋਦ, ਗੌਂਡ ਮਿਲਕੇ ਦੀਪਕ ਦੀ ਛਾਯਾ ਸਮੇਤ ਕਲਿਆਨ ਬਣਦਾ ਹੈ ਪ੍ਰੰਤੂ ਹੋਰਨਾਂ ਮਤਾਂ ਵਿਚ ਜੋਹਾਕੁ ਹਨੁਮਾਨ ਮਤ ਵਿਚ ਸਿਰੀ ਰਾਗ ਦਾ ਪੁਤ੍ਰ ਹੈ ਏਥੇ ਸਿਰੀ ਰਾਗ ਦੀ ਛਾਯਾ ਅਤੇ ਮੇਲ ਭੀ ਹੋਰ ਹੀ ਹੈ, ਪ੍ਰੰਤੂ ਕਾਨੜੇ ਵਾਕਰ ਇਹ ਭੀ ਹੋਰਨਾਂ ਰਾਗਾਂ ਨਾਲ ਮਿਲਕ ਓਹੋ ਨਾਉਂ ਰਖਾਉਂਦਾ ਹੈ, ਜੀਕੁਰ ਸਾਮ ਕਲਿਆਨ, ਏਮਨ ਕਲਿਆਨ, ਪੂਰੀਆ ਕਲਿਆਨ, ਆਦਿਕ। ਦੇਖੋ ਸੰਗੀਤ ਗ੍ਰੰਥ ਅਥਵਾ ਬਾਣੀ ਬਿਉਰਾ

੩੦ ਪ੍ਰਭਾਤੀ-ਗੁਰਮਤ ਸੰਗੀਤ ਵਿਚ

Digitized by Panjab Digital Library | www.panjabdigilib.org

ਇਹ ਭਿੰਨ ਰਾਗਣੀ ਹੈ ਅਤੇ ਗੁਰਮਤ ਸੰਗੀਤ ਵਲੋਂ ਪ੍ਰਚਾਰ ਹੋਈ ਹੈ। ਆਸਾ ਭੈਰੌ ਦੇ ਮੇਲ ਤੋਂ ਬਣੀ ਹੈ, ਵਿਸ਼ੇਸ਼ ਰੂਪ ਇਸ ਦਾ ਦੇਖੋ ਬਾਣੀ ਬਿਓਰਾ ਵਿਚ। ਬਿਭਾਸ ਨਾਲ ਮੇਲ ਮੰਨਿਆ ਹੈ ਜੋ ਹੋਰਨਾਂ ਮਤਾਂ ਵਿਚ ਨਹੀਂ, ਪ੍ਰਭਾਤੀ ਤੇ ਬਿਭਾਸ ਦੋਵੇਂ ਰਾਗਣੀਆਂ ਮੇਲ ਕੇ ਲਿਖੀਆਂ ਹਨ।

੩੧. ਜੈਜਾਵੰਤੀ—ਗੁਰਮਤ ਸੰਗੀਤ ਵਿਚ ਇਹ ਭਿੰਨ ਰਾਗਣੀ ਹੈ। ਕਾਨੜਾ ਸੋਰਠੀ ਦੇ ਮੇਲ ਤੋਂ ਜੈਜਾਵੰਤੀ ਬਣਦੀ ਹੈ। ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਹਨਵੰਤ ਮਤ ਵਿਚ ਦੀਪਕ ਦੀ ਨੂੰਹ ਲਿਖੀ ਹੈ ਤੇ ਧੌਲਸਿਰੀ ਸੋਰਠ ਬਿਲਾਵਲ ਦੇ ਮੇਲ ਤੋਂ ਦੀਪਕ ਦੀ ਛਾਯਾ ਸਮੇਤ ਜੈਜਾਵੰਤੀ ਬਣਦੀ ਦੱਸੀ ਹੈ।

ਨੋਟ—(੧) ਭਿੰਨ ਰਾਗ ਰਾਗਣੀ ਉਸ ਨੂੰ ਕਹਿੰਦੇ ਹਨ ਜੋ ਰਾਗਾਂ ਦੀ ਵੰਸ ਵਿਚੋਂ ਨਾ ਹੋਵੇ।

(੨) ਸ੍ਰੁਤੀਆ ਤੀਬ੍ਰ ਕੋਮਲ ਆਦਿਕਾਂ ਦੇ ਭੇਦ ਕਰਕੇ ਰਾਗ ਰਾਗਣੀ ਹੋ ਜਾਂਦਾ ਹੈ ਅਤੇ ਰਾਗਣੀ ਰਾਗ। ਇਸ ਭੇਦ ਨੂੰ ਸੰਗੀਤ ਵੇਤਾ ਲੋਕ ਜਾਣਦੇ ਹਨ।

(੩) ਇਹ ਨਕਸ਼ਾ ਗੁਰਮਤ ਸੰਗੀਤ ਅਤੇ ਹੋਰਨਾਂ ਮਤਾਂ ਦੇ ਸੰਗੀਤ ਨੂੰ ਸਪਸ਼ਟ ਕਰਕੇ ਦਿਖਾਉਂਦਾ ਹੈ, ਨਾਲ ਹੀ ਆਪੋ ਵਿਚ ਦੇ ਭੇਦ ਦਿਖਾਉਂਦਾ ਹੈ, ਜਿਸ ਤੋਂ ਪਤਾ ਲਗ ਜਾਂਦਾ ਹੈ ਕਿ ਗੁਰਮਤ ਸੰਗੀਤ ਅੱਡਰਾ ਨਿਰਾ ਰਾਗ ਦਾ ਹੈ ਤੇ ਰਾਗਮਾਲਾ ਉਸ ਨੂੰਕੇ ਤੇ ਮਿਲਾਦਾ ਨੂੰ ਸੂਚਿਤ ਕਰਦੀ ਹੈ*।

੩. ਗੁਰਮਤ ਸੰਗੀਤ ਦੇ ਹੋਰ ਨੁਕਤੇ।

੧. ਇਸ ਗੁਰਮਤ ਸੰਗੀਤ ਦੇ ਆਦਿ ਪ੍ਰਚਾਰ ਦੇ ਅਰੰਭ ਕਰਤਾ ਸ੍ਰੀ ਜੁਗੁ ਨਾਨਕ ਦੇਵ ਜੀ ਹਨ।

੨. ਸੰਮਤ ੧੫੬੦ ਬਿਕ੍ਰਮੀ ਵਿਚ ਸੁਲਤਾਨ ਪੁਰ ਦੇ ਜੰਗਲ ਵਿਚ ਵੇਈਂ ਦੇ ਕਿਨਾਰੇ ਭਾਈ ਮਰਦਾਨੇ ਨੂੰ ਗੁਰੂ ਨਾਨਕ ਦੇਵ ਜੀ ਨੇ ਅਪਣੇ ਸੰਗੀਤ ਦੇ ਅਨੁਸਾਰ ਕੀਰਤਨ ਬਖਸ਼ਿਆ†। ਅਪਣੀ ਵਿਉਂਤ ਦਾ ਰਬਾਬ ਆਪ ਬਨਵਾਯਾ, ਜੋ ਮਰਦਾਨੇ ਨੂੰ ਦਾਨ ਦੇਇਆ‡।

੩. ਸਾਜ਼ਾਂ ਵਿਚੋਂ ਪਹਿਲਾ ਸਾਜ਼ ਰਬਾਬ ਹੈ ਜੋ ਆਦਿ ਸਾਹਿਬਾਂ ਨੇ ਮੁੱਖ ਰਖਿਆ। ਦੂਜਾ

*ਇਹ ਉਪਰ ਲਿਖੀ ਪੜਤਾਲ ਗੁਰਮਤ ਰਾਗਾਂ ਦੀ ਡਾਕਟਰ ਸਾਹਿਬ ਜੀ ਦੀ (latest) ਆਖਰੀ ਖੋਜ ਹੈ, ਜੋ ਆਪ ਨੇ ਪੁਰਾਤਨ ਤੇ ਤਦੋਂ ਦੇ ਪ੍ਰਸਿਧ ਰਾਗੀਆਂ ਰਬਾਬੀਆਂ ਤੇ ਸੰਗੀਤ ਦੇ ਉਸਤਾਦਾਂ ਨਾਲ ਭੀ ਵਿਚਾਰਾਂ ਕਰ ਕਰਕੇ ੧੯੦੭-੮ ਵਿਚ ਸਿਰੇ ਚਾੜ੍ਹੀ ਸੀ।

†ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆ ੩੪, ੩੫।

‡ਦੇਖੋ ਕਾਨੂੰਨ ਮੌਸੀਕਾ ਸਫਾ ੩੦੯ ਪਰ ਲਿਖਯਾ ਹੈ:—ਔਰ ਬਾਅਜ਼ ਕਾ ਕੌਲ ਹੈ ਕਿ ਜਿਹ ਰਬਾਬ ਈਜਾਦ ਔਰ ਇਖਤਰਅ ਕੀਆ ਹੁਆ ਗੁਰੂ ਸ਼ਾਹ ਨਾਨਕ ਫਕੀਰ ਕਾ ਹੈ। ਇਸ ਇਲਮ ਮੇਂ ਉਨਕੇ ਨਿਹਾਇਤ ਦਖਲ ਥਾ ਕਿ ਅਪਨੀ ਜ਼ੁਦਤ ਤਬਅ ਸੇ (ਜਿਹ) ਰਬਾਬ ਈਜਾਦ ਕੀਆ ਥਾ।(ਇਸ ਰਬਾਬ ਬਾਬਤ ਇਹੋ ਲੇਖਕ ਲਿਖਦਾ ਹੈ ਕਿ)ਛੇ ਤਾਰਾ ਹੁੰਦਾ ਹੈ ਤਾਰ ਰੇਸ਼ਮੀ ਹੁੰਦੇ ਹਨ। ਸ਼ਹਿਰ ਰਾਮ ਪੁਰ ਦੇ ਵਿਚ ਇਸ ਦ ਵਜੱਯੇ ਭੀ ਇਸੇ ਪੋਥੀ ਦੇ ਲੇਖਕ ਨੇ ਦੱਸੇ ਹਨ।

Digitized by Panjab Digital Library | www.panjabdigilib.org

ਸਰੰਦਾ* ਜੋ ਤੀਜੇ ਸਾਹਿਬਾਂ ਨੇ ਬਣਾਇਆ ਤੇ ਗੁਰਸਿਖਾਂ ਵਿਚ ਪ੍ਰਚਲਤ ਕੀਤਾ। ਤੀਜੇ ਤਾਊਸ ਜੋ ਭਾਈ ਕਾਹਨ ਸਿੰਘ ਜੀ ਰਾਗੀ ਪਟਜਾਲੇ ਵਾਲਿਆਂ ਨੇ ਬਣਾਇਆ ਤੇ ਪ੍ਰਚਲਤ ਕੀਤਾ। ਇਹ ਤਿੰਨੇ ਵਾਜੇ ਜੋੜੀ, ਕੰਸੀਆਂ, ਢੋਲਕ, ਭੇਰੀ, ਨਰਸਿੰਘਾ, ਨੌਬਤ ਆਦਿਕ ਗੁਰਮਤ ਵਿਚ ਵਰਤੀਂਦੇ ਹਨ।

੪. ਰਾਗ ਦੇ ਸੱਤ ਅਧਜਾਇ ਹਨ, ਪਰੰਤੂ ਛੇ ਅਧਜਾਇ ਗੁਰਮਤ ਸੰਗੀਤ ਵਿਚ ਪਰਵਾਨ ਹਨ ਅਤੇ ਸੱਤਵਾਂ ਨਿਤਜ ਦਾ ਅਧਜਾਇ ਗੁਰਮਤ ਸੰਗੀਤ ਵਿਚ ਪਰਵਾਨ ਨਹੀਂ। ਗੁਰਬਾਣੀ ਵਿਚ ਇਸ ਦੀ ਮਨਾਹੀ ਹੈ। ਛੀ ਇਹ ਹਨ–ਸੁਰ ੧, ਰਾਗ ੨, ਬਾਦਜ ੩, ਪ੍ਰਬੰਧ ੪, ਪ੍ਰਕੀਰਣ ੫, ਤਾਲ ੬, ਪਰੰਤੂ ਹੋਰਨਾਂ ਮਤਾਂ ਵਿਚ ਸੱਤੇ ਪਰਵਾਨ ਹਨ।

੫. ਗੁਰਮਤ ਸੰਗੀਤ ਵਿਚ ਕੀਰਤਨ ਦੇ ਅਰੰਭ ਵੇਲੇ ਡੰਡਉਤ ਬੰਦਨਾ, ਆਨੰਦ ਗੁਣ ਨਿਧਾਨ, ਅਲਾਪਣ ਦਾ ਨਿਯਮ ਹੈ, ਪਰੰਤੂ ਹੋਰਨਾਂ ਮਤਾਂ ਵਿਚ ਨਿਰਾ ਆਲਾਪ ਹੁੰਦਾ ਹੈ।

੬. ਗੁਰਮਤ ਸੰਗੀਤ ਵਿਚ ਨਿਯਮ ਹੈ ਕਿ ਜੋ ਸ਼ਬਦ ਕੀਰਤਨ ਵੇਲੇ ਅਰੰਭ ਕਰਨਾ, ਉਸ ਦੀ ਸਮਾਪਤੀ ਜ਼ਰੂਰ ਕਰਨੀ, ਪਰੰਤੂ ਹੋਰਨਾਂ ਮਤਾਂ ਵਿਚ ਇਹ ਗਲ ਜ਼ਰੂਰੀ ਨਹੀਂ।

੭. ਗੁਰਦਵਾਰਿਆਂ, ਤਖਤ ਸਾਹਿਬਾਂ ਅਤੇ ਦੀਵਾਨਾਂ ਵਿਚ ਜਿੱਥੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਓਥੇ ਇਹੋ ਹੇਠ ਲਿਖੇ ਪੰਜੇ ਪਰਵਾਣ ਬਾਣੀਆਂ ਗਾਉਣੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ੧, ਦਸਮੇ ਸਾਹਿਬਾਂ ਦੀ ਬਾਣੀ ੨, ਭਾਈ ਗੁਰਦਾਸ ਜੀ ਦੀ ਬਾਣੀ ੩, ਭਾਈ ਨੰਦ ਲਾਲ ਜੀ ਦੀ ਬਾਣੀ ੪, ਰਹਿਤਨਾਮੇ ਹੁਕਮਨਾਮੇ ਜੋ ਦਸਖਤੀ ਦੇਣ ੫। ਪ੍ਰੰਤੂ ਹੋਰਨਾਂ ਮਤਾਂ ਵਿਚ ਇਹ ਗੱਲ ਨਹੀਂ। ਹਾਂ ਬਲਭਚਾਰੀਆਂ ਦੇ ਮੰਦਰਾਂ ਵਿਚ ਅਸ਼ਟ ਛਾਪ ਦੀ ਬਾਣੀ ਪਰਵਾਣ ਹੈ। ਅਸ਼ਟਛਾਪ ਵਾਲੇ ਇਹ ਮਹਾਤਮਾ ਹਨ, ਸੂਰਦਾਸ ਜੀ ੧, ਕ੍ਰਿਸ਼ਨਦਾਸ ਜੀ ੨, ਸਤ ਸੁਆਮੀ ਜੀ ੩, ਨੰਦ ਦਾਸ ਜੀ ੪, ਪਰਮਾਨੰਦ ਜੀ ੫, ਚਤੁਰਭੁਜ ਜੀ ੬, ਵਿਆਸ ਜੀ ੭, ਹਰੀ ਦਾਸ ਜੀ ੮।

੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ ਰਾਗ ਦਾ ਆਰੰਭ ਹੋਇਆ ਉਸੇ ਰਾਗ ਵਿਚ ਸਾਰਿਆਂ ਸਤਿਗੁਰਾਂ ਦੀ ਬਾਣੀ, ਭਗਤਾਂ ਦੀ ਬਾਣੀ, ਵਾਰ ਆਦਿਕ ਦੀ ਸੰਪੂਰਣਤਾ ਕੀਤੀ, ਫਿਰ ਏਸੇ ਭਾਂਤ ਦੂਜੇ ਤੀਜੇ ਰਾਗ ਨਿਬਾਹੇ ਹਨ, ਪਰੰਤੂ ਇਹ ਕ੍ਰਮ ਹੋਰ ਕਿਸੇ ਮਤ ਦੇ ਗਾਏ ਜਾਣ ਵਾਲੇ ਗ੍ਰੰਥਾਂ ਵਿਚ ਨਹੀਂ ਪਾਈਦਾ, ਦੇਖੋ ਸੂਰ ਸਾਗਰ, ਬਿਨੈ ਪਤ੍ਰਕਾ ਪਦ, ਭਗਤ ਮਾਲ ਆਦਿਕ ਅਨੇਕ ਗ੍ਰੰਥਾਂ ਵਿੱਚ ਜੇ ਇਕ ਬਿਸ਼ਨਪਦਾ ਪਰਜ ਦਾ ਹੈ ਤਾਂ ਅਗਲਾ ਕਲਜਾਨ ਦਾ ਤੇ ਅਗਲਾ ਹੋਰ ਰਾਗ ਦਾ। ਇਸੇ ਤਰ੍ਹਾਂ ਅਪਣੇ ਤ੍ਰੀਕੇ ਨੂੰ ਸ਼ੁਧੀਬੱਧ ਕਰਨਾ ਗੁਰਮਤ ਸੰਗੀਤ ਦੇ ਅੱਡਰੇ ਮਤ ਹੋਣ ਦਾ ਬੜਾ ਭਾਰੀ ਸਬੂਤ ਹੈ।

੯. ਗੁਰਮਤ ਸੰਗੀਤ ਸਾਗਰ–ਸ੍ਰੀ ਗੁਰੂ ਗ੍ਰੰਥ

*੩੦੬ ਸਫੇ ਤੇ ਉਪਰੋਕਤ ਪੰਥੀ ਵਿਚ ਹੀ ਲਿਖਿਆ ਹੈ ਕਿ–ਸਰੰਦਾ ਈਜਾਦ ਕੀਆ ਹੁਆ ਗੁਰੂ ਅਮਰਦਾਸ ਜੀ ਕਾ ਹੈ।

Digitized by Panjab Digital Library | www.panjabdigilib.org

ਸਾਹਿਬ ਜੀ–ਵਿੱਚ ਜਗਹ ਜਗਹ ਤੇ ਸਿਰਲੇਖ ਸੂਚਨਾ ਨਾਲ ਸੂਚਿਤ ਹਨ, ਅਰਥਾਤ ਘਰ, ਤਾਲ, ਧਾਰਨਾ, ਜਤ ਆਦਿਕ ਲਿਖੇ ਹਨ, ਦੇਖੋ–'ਏਕ ਸੁਆਨ ਕੈ ਘਰਿ ਗਾਵਣਾ' 'ਬਿਰਹੜੇ ਕੀ ਜਤਿ', ਧੁਨਾ ਆਦਿਕ। ਜਿੱਥੇ ਕਿਸੇ ਇਕ ਰਾਗ ਵਿਚ ਹੋਰ ਰਾਗ ਰਾਗਣੀ ਸੰਕੀਰਣ ਕੀਤੀ ਹੈ ਓਥੇ ਸਿਰਲੇਖ ਵਿਚ ਸੂਚਨਾ ਦਿਤੀ ਹੈ, ਜਿਹਾਕੁ ਦਖਣੀ, ਮਾਲਵਾ, ਗੁਆਰੇਰੀ । ਪਰੰਤੂ ਹੋਰਨਾਂ ਮਤਾਂ ਦੇ ਗ੍ਰੰਥਾਂ ਵਿਚ ਇਹ ਗੱਲ ਨਹੀਂ ਪਾਈਦੀ।

੧੦. ਗੁਰਮਤ ਵਿਚ 'ਅਖੰਡ ਕੀਰਤਨ' ਦੀ ਆਗਜਾ ਹੈ। ਇਕ ਅਖੰਡ ਕੀਰਤਨ ਸ੍ਵਾਸ ਸ੍ਵਾਸ ਨਾਮ ਸ਼ਿਮਰਣ ਹੈ । ਦੂਸਰਾ ਸ੍ਰੀ ਹਰਿਮੰਦਰਸਾਹਿਬ ਵਿਚ ਸੰਗੀਤ ਦੁਆਰਾ ਵਾਹਿਗੁਰੂ ਜੀ ਦੇ ਯਸ਼ ਦਾ ਕੀਰਤਨ ਅਖੰਡ ਹੁੰਦਾ ਹੈ। ਤਦ ਭੀ ਪੰਜ ਚੌਂਕੀਆਂ ਖਾਸ ਨੀਯਤ ਹਨ। ਇਨ੍ਹਾਂ ਚੌਂਕੀਆਂ ਦੀ ਸਮਾਪਤੀ ਪਰ ਪੰਜੇ ਵੇਲੇ ਖੜੇ ਹੋਕੇ ਅਰਦਾਸੇ ਹੁੰਦੇ ਹਨ। ਹੋਰ ਕੀਰਤਨ ਦੇ ਅੰਤ ਪਰ ਅਰਦਾਸਾ ਨਹੀਂ ਹੁੰਦਾ। ਇਕ ਚੌਂਕੀ ਬਿਲਾਵਲ ਦੀ ਹੈ, ਜੋ ਸਵੇਰੇ ੯ ਵਜੇ ਦੇ ਅਨੁਮਾਨ ਹੁੰਦੀ ਹੈ । ਪਰ ਉਹ ਚੌਂਕੀਆਂ ਦੀ ਗਿਣਤੀ ਵਿਚ ਨਹੀਂ, ਉਸ ਪਰ ਅਰਦਾਸਾ ਭੀ ਨਹੀਂ ਸੋਧਿਆ ਜਾਂਦਾ। ਪੰਜ ਚੌਂਕੀਆਂ ਜੋ ਨਿਯਤ ਹਨ ਸੋ ਇਹ ਹਨ:–

੧.ਪਿਛਲੀ ਰਾਤ (ਪਹਿਰ ਰਾਤ ਰਹੀ ਤੇ) 'ਆਸਾ ਦੀ ਵਾਰ' । ੨. ਦੂਜੀ ਚੌਂਕੀ 'ਆਨੰਦ ਦੀ, ਜੋ ੧੧ ਤੇ ੧੨ ਵਜੇ ਦੇ ਵਿਚਕਾਰ ਹੁੰਦੀ ਹੈ। ੩. ਤ੍ਰਿਪਹਿਰੇ ਦੇ ਲਗ ਪਗ 'ਚਰਨ ਕਵਲ ਦੀ' ਚੌਂਕੀ। ੪. ਸੰਝ ਨੂੰ ਸੋਦਰ ਦੀ ਚੌਂਕੀ। ੫.ਪਹਿਰ ਸਵਾ ਪਹਿਰ ਰਾਤ ਗਈ 'ਕੀਰਤਨ ਸੋਹਿਲਾ' ਇਹ ਪੰਜ ਚੌਂਕੀਆਂ ਕੀਰਤਨ ਦੀਆਂ ਗੁਰਮਤ ਵਿਚ ਨਿਯਮਤ ਹਨ। ਸ੍ਰੀ ਦਰਬਾਰ ਸਾਹਿਬ ਜੀ ਵਿਚ ਆਦਿ ਤੋਂ ਜਾਰੀ ਰਹੀਆਂ ਹਨ*।

੧੧. ਸ਼ਬਦ ਚੌਂਕੀ ਦੇ ਭੋਗ ਵੇਲੇ ਪਉੜੀ (ਦਾਦਰਾ)ਲਾਵਣੀ ਜ਼ਰੂਰੀ ਗੱਲ ਹੈ,ਪਰੰਤੂ ਹੋਰਨਾਂ ਮਤਾਂ ਵਿਚ ਜ਼ਰੂਰੀ ਨਹੀਂ।

੧੨. (ੳ) ਪ੍ਰਾਣੀ ਦੇ ਚਲਾਣੇ ਪਰ ਜਦ ਤੱਕ ਦੇਹ ਅਜੇ ਹੈ ਮਾਰੂ ਦੇ ਸ਼ਬਦ, ਮਾਰੂ ਦੀ ਵਾਰ ਅਕਸਰ ਰਬਾਬੀ ਲਾਉਂਦੇ ਹਨ, ਦੇਹ ਨੂੰ ਦਾਹ ਦੇਣ ਮਗਰੋਂ ਵਡਹੰਸ ਰਾਗ ਦੀਆਂ ਖਾਸ ਕਰਕੇ ਅਲਾਹਣੀਆਂਗਾਉਂਦੇ ਹਨ। ਇਸ਼ਨਾਨ ਦੇ ਉਪਰੰਤ ਕੀਰਤਨ ਸੋਹਿਲਾ ਪੜ੍ਹਨਾ । ਹੋਰਨਾਂ ਮਤਾਂ ਵਿਚ ਵੈਰਾਗ ਮਈ ਗੀਤ ਭਾਵੇਂ ਪੜ੍ਹਦੇ ਹਨ ਪਰ ਇਹ ਨਿਯਮ ਨਹੀਂ ਹਨ ਕਿ ਮਾਰੂ ਵਡਹੰਸ ਜ਼ਰੂਰ ਗਾਵੇਂ ਜਾਣ।

(ਅ) ਵਿਆਹ ਵਿਚ ਘੋੜੀ ਤੇ ਚੜ੍ਹਨ ਵੇਲੇਵਡਹੰਸ ਦੀਆਂ ਘੋੜੀਆਂਗਾਉਣੀਆਂ।

ਇਕੁਰ ਪ੍ਰਸ਼ਾਦ ਛਕਣ ਵੇਲੇ, ਸ਼ਬਦ ਕੀਰਤਨ (ਅਕਸਰ)ਜੋਟੀਆਂ ਦੇ ਅਖਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ

---

*ਇਹ ਲੇਖ ੧੯੦੭–੮ ਦਾ ਹੈ,ਤਦੋਂਇਹ ਮ੍ਰਯਾਦਾ ਜਾਰੀ ਸੀ ਤੇ ਮਗਰੋਂ ਭੀ ਜਾਰੀ ਟ੍ਰਹੀ ਆਈ ਹੈ। ਇਹ ਪੰਜ ਤੇ ਬਿਲਾਵਲ ਦੀ ਚੌਂਕੀ ਮਿਲਕੇ ੬ ਹੁੰਦੀਆਂ ਹਨ, ਜੋ ਆਪਣੀ ਵੰਡ ਵਿਚ ੧੧ ਹੋ ਜਾਂਦੀਆਂ ਹਨ, ਜੋ ਸ੍ਰੀ ਦਰਬਾਰ ਸਾਹਿਬ ਵਿਚ ਜਾਰੀ ਹਨ। ਇਨ੍ਹਾਂ ਦੇ ਵੇਰਵੇ ਲਈ ਦੇਖੋ ਸੰਪਾਦਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੫ ਅੰਸੂ ੪੩ ਅੰਕ ੩੫ ਦੀ ਟੂਕ।

Digitized by Panjab Digital Library | www.panjabdigilib.org

ਸੰਮਾਪਤੀ ਪਰ–ਅਨੰਦ–ਗਾਉਣਾ ਪ੍ਰਗਟ ਹੈ, ਪਉੜੀ ਦੇ ਉਪ੍ਰੰਤ 'ਪਉਣ ਗੁਰੂ' ਵਾਲਾ ਸ਼ਲੋਕ ਜ਼ਰੂਰ ਪੜ੍ਹਨਾ।

੧੩. ਗੁਰਮਤ ਸੰਗੀਤ ਵਿਚ ਕੀਰਤਨੀ ਜੱਥੇ ਨੂੰ ਚੌਂਕੀ ਕਹਿੰਦੇ ਹਨ । ਚੌਂਕੀ ਘੱਟ ਤੋਂ ਘੱਟ ਚੌਹਾਂ ਦੀ ਵਿਦਮਾਨ ਹੈ, ਜਿਹਾਕੁ ਇਕ ਮਹੰਤ, ਦੋ ਸਾਥੀ ਸੁਰ ਰਚਾਉਣ ਵਾਲੇ, ਇਕ ਜੋੜੀ ਵਾਲਾ (ਪਖਾਉਜੀ), ਇਸ ਤੋਂ ਘੱਟ ਨਹੀਂ, ਵਧੀਕ ਭਾਵੇਂ ਕਿਤਨੇ ਸਰੀਰ ਹੋਣ ਚੌਂਕੀ ਵਿਚ ਗਾਉਂ ਸਕਦੇ ਹਨ। ਜਿਹਾਕੁ ਵਾਰ ਵੇਲੇ ਸ੍ਰੀ ਹਰਿਮੰਦਰ ਜੀ ਦੇ ਅੰਦਰ ਵਿਦਮਾਨ ਹੈ। ਹੋਰਨਾਂ ਰਾਗ ਮਤਾਂ ਵਿਚ ਕੀਰਤਨੀ ਜੱਥੇ ਨੂੰ ਬ੍ਰਿੰਦ ਤੇ ਕੁਲਾਹਲ ਕਹਿੰਦੇ ਹਨ। ਬ੍ਰਿੰਦ ਦੇ ਤਿੰਨ ਚਾਰ ਭੇਦ ਹਨ, ਜਿਹਾਕੁ ਉਤਮ ਬ੍ਰਿੰਦ ੩੨ ਦਾ ਹੁੰਦਾ ਹੈ, ਮੁਖੀ ਗਵੱਯੇ ੪, ਸੁਰ ਰਚਾਉਣ ਵਾਲੇ ਸੰਗਤੀਏ ੮ ਤੇ ਤੀਵੀਆਂ ਚੰਗੀ ਅਵਾਜ਼ ਵਾਲੀਆਂ ੧੨, ਬੰਸਰੀਆਂ ਵਾਲੇ ੪, ਪਖਾਵਜੀ ੪, ਇਹ ਸਾਰੇ ੩੨ ਹਨ। ਇਕੁਰ ਹੀ ਮੱਧਮ ਬ੍ਰਿੰਦ ਇਸ ਤੋਂ ਅੱਧਿਆਂ ਦਾ ਹੁੰਦਾ ਹੈ ਅਤੇ ਤੀਜਾ ਕਨਿਸ਼ਟ ਬ੍ਰਿੰਦ ਦੇ ੮ ਹੁੰਦੇ ਹਨ ਅਤੇ ਇਕੁਰ ਹੀ ਨਿਰੇ ਔਰਤਾਂ ਦੇ ਬ੍ਰਿੰਦ ਵੀ ਤਿੰਨ ਭਾਂਤ ਦੇ ਹਨ, ਉਤਮ, ਮਧਮ ਤੇ ਕਨਿਸ਼ਟਾਪਹਿਲੀ ਉਤਮ ਮੁਖੀ ਗਾਉਣ ਵਾਲੀਆਂ ੨, ਸਾਥ ਦੇਣ ਵਾਲੀਆਂ ੬, ਬਾਂਸਰੀ ਵਾਲੀਆਂ ੨, ਤਬਲੇ ਵਾਲੀਆਂ ੨ ਇਸ ਤੇ ੧੨ ਦਾ ਉਤਮ ਬ੍ਰਿੰਦ ਹੁੰਦਾ ਹੈ। ਇੱਕੁਰ ਹੀ ਮੱਧਮ ਬ੍ਰਿੰਦ ਦੀਆਂ ੭ ਤੇ ਅਧਮ ਬ੍ਰਿੰਦ ਦੀਆਂ ਪੰਜ ਹੁੰਦੀਆਂ ਹਨ। ਜੇਕਰ ਬੱਤੀਆਂਨਾਲੋਂ ਬ੍ਰਿੰਦ ਵਿਚ ਵਧੀਕ ਹੋਣ ਤਾਂ ਉਸ ਨੂੰ ਕੁਲਾਹਲ ਕਹਿੰਦੇ ਹਨ, ਜਿਸ ਵਿਚ ਰਾਗ ਰੰਗ ਦਾ ਸਮਾਂ ਅਕਸਰ ਚੰਗਾ ਨਹੀਂ ਬੱਝਦਾ, ਪਰੰਤੂ ਦੇਵ ਲੋਕਾਂ ਵਿਚ ਕੁਲਾਹਲ ਸੰਪੂਰਨ ਹੁੰਦਾ ਹੈ । ਯਥਾ–'ਹੋਤ ਕੁਲਾਹਲ ਦੇਵ ਪੁਰੀ ਮਿਲ ਦੇਵਨ ਕੇ ਕੁਲ ਮੰਗਲ ਗਾਵੈ ॥'

੧੪. ਗੁਰਮਤਿ ਸੰਗੀਤ ਦੀ ਮਿਯਾਦਾ ਰਹੀ ਹੈ ਕਿ ਰਾਜਿਆਂ ਮਹਾਰਾਜਿਆਂ ਦੇ ਰਾਜ ਤਿਲਕ ਸਮੇਂ ਟਿਕੇ ਦੀ ਵਾਰ ਜ਼ਰੂਰ ਗਾਵੀਂ ਜਾਂਦੀ ਰਹੀ ਹੈ।

੧੫. ਗੁਰਮਤ ਸੰਗੀਤ ਵਿਚ ਸੰਧਯਾ ਵੇਲੇ ਭੀ ਸੋਦਰ ਦੀ ਧੁਨਿ ਆਸਾ ਵਿਚ ਲਗਦੀ ਹੈ। ਹੋਰਨਾਂਵਿਚ* ਆਸਾ ਸਵੇਰ ਦੀ ਰਾਗਣੀ ਹੈ।

ਜਿਕੁਰ ਬਾਣੀ ਲਈ ਗੁਰਮੁਖੀ ਅੱਖਰਾਂ ਦਾ ਅੱਡਰਾ ਸਿਲਸਿਲਾ ਅਸਥਾਪਨ ਕੀਤਾ, ਜੀਕੁਰ ਰੱਬੀ ਬਾਣੀ ਲਈ ਸੰਸਕ੍ਰਿਤ ਛੱਡ ਕੇ ਜੀਵਾਂ ਦੀ ਸਮਝ ਪੈਣ ਵਾਲੀ ਜਿਉਂਦੀ ਬੋਲੀ ਵਰਤੀ, ਜੀਕੁਰ ਨਾਮ ਅਭ੍ਯਾਸ ਵਾਸਤੇ ਅੱਡਰਾ ਨਵਾਂ ਤੀਰਥ ਰਾਜ ਸ੍ਰੀ ਦਰਬਾਰ ਸਾਹਿਬ ਗੁਰਮਤ ਦਾ ਤੀਰਥ ਰਚਿਆ, ਜੀਕੁਰ ਹੋਰਨਾਂ ਧਰਮ ਪੁਸਤਕਾਂ ਦੀ ਥਾਵੇਂ ਗੁਰਮਤ ਦਾ ਧਰਮ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚਿਆ ਤੇ ਜੀਕੁਰ ਹੋਰਨਾਂ ਪੰਥਾਂ ਤੋਂ ਆਪਣਾ ਗੁਰਮਤੀ ਪੰਥ ਅੱਡਰਾ ਥਾਪਿਆ, ਤਿਵੇਂ ਸਿੱਧ ਹੋ ਰਿਹਾ ਹੈ ਕਿ ਗੁਰਮਤ ਸੰਗੀਤ ਭੀ ਅਪਣਾ ਵੱਖਰਾ ਰਚਿਆ।

੧੬. ਵਾਰਾਂ ਪਰਥਾਇ ਭਿੰਨਤਾ–ਹੋਰਨਾਂ ਮਤਾਂ ਵਿਚ ਵਾਰਾਂ ਨਹੀਂ ਹਨ, ਜੇਕਰ ਹਨ ਭੀ ਤਾਂ ਢਾਡੀਆਂ ਦੀਆਂ ਰਚਿਤ ਹਨ ਅਤੇ ਇੱਕੋ ਤ੍ਰੀਕੇ ਦੀਆਂ ਨਿਰੀਆਂ ਪਉੜੀਆਂ

*ਜੋ ਮਗਰੋਂ ਦੇ ਹਨ।

Digitized by Panjab Digital Library | www.panjabdigilib.org

ਹੀ ਵਿਦਮਾਨ ਹਨ, ਉਨ੍ਹਾਂ ਦੇ ਰਾਗ ਅਥਵਾ ਤਾਲ ਆਦਿਕ ਢੰਗ ਕੋਈ ਪ੍ਰਖਜਾਤ ਨਹੀਂ ਹਨ, ਵਿਚਲੇ ਡੋਹੇ(ਸ਼ਲੋਕ) ਵੀ ਏਧਰ ਉਧਰ ਦੇ ਵੇਲੇ ਸਿਰ ਹੀ ਢਾਡੀ ਲੋਗ ਪਾ ਕੇ ਨਿਰਬਾਹ ਕਰਿਆ ਕਰਦੇ ਸਨ, ਪਰੰਤੂ ਗੁਰਮਤ ਸੰਗੀਤ ਵਿਚ ਇਹ ਗੱਲ ਸ਼ੁਣੀਬੱਧ ਹੈ । ਰਾਗਾਂ ਦੇ ਵਿਚ ਵਾਰਾਂ ਦੇ ਲਾਉਣ ਦੇ ਤਰੀਕੇ ਵਿਚ ਸ਼ਲੋਕਾਂ* ਦੀ ਨਾਲ ਹੀ ਬੰਦਸ਼ ਕੀਤੀ ਤੇ ਗਾਵਣ ਦੇ ਤਰੀਕੇ ਦੀ ਸਿਰਲੇਖ ਵਿਚ ਤਾਕੀਦ ਲਿਖੀ ਹੈ, ਜਿਹਾਕੁ—ਗੌਂਡੀ ਦੀ ਵਾਰ, ਗੌਂਡੀ ਦੇ ਸੁਰ ਤਾਲ ਲੈ ਵਿਚ, ਰਾਮਕਲੀ ਦੀ ਵਾਰ, ਰਾਮਕਲੀ ਦੀ ਸੁਰ ਤਾਰ ਲੈ ਵਿਚ ਗਾਵਣ ਲਈ ਸੂਚਨਾ ਹੈ, ਬਲਕਿ ਇਕ ਵਿਸ਼ੇਸ਼ਤਾ ਹੋਰ ਵੀ ਹੈ ਕਿ ਰਾਮਕਲੀ ਦੀ ਵਾਰ ਵਿਚ ਪਹਿਲੀ ਪੌੜੀ ਵਿਚ ਰਹਾਉ ਦੀ ਤੁਕ ਲਿਖੀ ਹੈ— ''ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ'' ॥੧॥ ਰਹਾਉ ॥ ਇਹ ਸਾਰੀਆਂ ਪਉੜੀਆਂ ਲਈ ਰਹਾਉ ਦੀ ਸੂਚਨਾ ਵਿਦਮਾਨ ਹੈ, ਕਿਉਂਕਿ ਹਰ ਇਕ ਪੌੜੀ ਦੀ ਅੰਤਲੀ ਤੁਕ ਦਾ ਅੰਤਜਾਨੁਪ੍ਰਾਸ ਸਾਕਾਂਖਤ ਹੋਣੇ ਤੇ ਰਹਾਉ ਦੀ ਤੁਕ ਦਾ ਆਕਾਂਖਤ ਹੈ। ਇਹ ਗੱਲ ਬਿਨਾਂ ਗੁਰਮਤ ਸੰਗੀਤ ਦੇ ਹੋਰ ਕਿਸੇ ਮਤ ਦੇ ਸੰਗੀਤ ਵਿਚ ਨਹੀਂ ਹੈ, ਕਿਉਂਕਿ ਤੁਕ ਦੇ ਪਹਿਲੇ ਇਕ ਏਕੜਾ ਵਿਦਮਾਨ ਹੈ ਜੋ ਰਹਾਉ ਦੀ ਸੂਚਨਾ ਕਰਾਉਂਦਾ ਹੈ, ਅੰਤਲਾ ਏਕੜਾ ਪਉੜੀ ਦੇ ਇਕ ਹੋਣ ਦਾ ਸੂਚਕ ਹੈ ਜਿਹਾਕੁ:—''ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ'' ॥ ੩ ॥ ਏਥੇ ਇਸ ਤਿੰਨ ਦੇ ਅੰਕ ਤੋਂ ਪਹਿਲੇ 'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ' ਇਸ ਤੁਕ ਦੀ ਸਾਕਾਂਖਤਾ ਹੈ ਅਤੇ ਇਹੋ ਗਤ ਸਾਰੀ ਵਾਰ ਵਿਚ ਦੀ ਪਉੜੀਆਂ ਤੱਕ ਛੇਕੜਲੀ 'ਨਾਨਕ ਨਾਮੁ ਧਿਆਈਐ ਸਚੀ ਵਡਿਆਈ ॥ ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥' ਸੂਚਤ ਹੈ। ਇਹ ਭਿੰਨਤਾ ਕੇਵਲ ਗੁਰਮਤ ਸੰਗੀਤ ਵਿਚ ਹੈ, ਹੋਰ ਕਿਸੇ ਮਤ ਵਿਚ ਨਹੀਂ ਪਾਈ ਜਾਂਦੀ । ਇਕੁਰ ਹੀ ਵਾਰਾਂ ਦੇ ਸਿਰਲੇਖ 'ਰਾਇ ਕਮਾਲ ਮੌਜਦੀ ਕੀ ਧੁਨੀ ਗਾਵਣੀ ॥' ਵਿਸ਼ੇਸ਼ ਪ੍ਰਕਰਣ ਦੇਖੋ ਬਾਣੀ ਬਿਓਰਾ ਵਿਚ।

---

*ਬਿਨਾ ਸ਼ਲੋਕਾਂ ਤੋਂ ਵਾਰ ਦਾ ਨਮੂਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲੇ ਤਰੀਕੇ ਦਾ ਬੀ—ਟਿਕੇ ਦੀ ਵਾਰ—ਮੌਜੂਦ ਹੈ, ਜੋ ਸੱਤੇ ਬਲਵੰਡ ਨੇ ਪੁਰਾਣੇ ਢੀਕੇ ਤੇ ਆਖੀ । ਭਾਵੇਂ ਬਸੰਤ ਦੀ ਵਾਰ ਵੀ ਔਕੁਰਾਂ ਹੀ ਹੈ, ਪਰੰਤੂ ਕੇਵਲ ਤਿੰਨਾਂ ਪਉੜੀਆਂ ਵਿਚ ਹੀ ਵਿਦਮਾਨ ਹੈ, ਜਿਸ ਪਰ ਇਹ ਸਾਖੀ ਪ੍ਰਗਟ ਹੈ ਕਿ ਬਸੰਤ ਦੀ ਵਾਰ ਉਚਾਰਨ ਕਰਨ ਵੇਲੇ ਅਜੇ ਤਿੰਨੇ ਹੀ ਪਉੜੀਆਂ ਉਚਰੀਆਂ ਸਨ ਤੇ ਸ਼ਲੋਕਾਂ ਦੀ ਕ੍ਰਮ ਬੰਦੀ ਵਿਚ ਨਹੀਂ ਦੱਖੀਆਂ ਸਨ ਕਿ ਲਾਂਗਰੀ ਨੇ ਆਕੇ ਬੇਨਤੀ ਕੀਤੀ ਕਿ ਮਹਾਰਾਜ ਪੰਗਤ ਆਪ ਦੀ ਉਡੀਕ ਵਿਚ ਬੈਠੀ ਹੈ, ਪ੍ਰਸ਼ਾਦ ਠੰਢਾ ਹੁੰਦਾ ਹੈ। ਤਾਂ ਮਹਾਰਾਜ ਓਥੇ ਹੀ ਉਸ ਕਾਰਜ ਨੂੰ ਦੱਖਕੇ ਲੰਗਰ ਵਿਚ ਆ ਗਏ, ਉਹ ਵਾਰ ਓਥੇ ਹੀ ਤਿੰਨਾਂ ਪਉੜੀਆਂ ਵਿਚ ਹੀ ਵਿਦਮਾਨ ਰਹੀ।]

੧੭. ਹੋਰਨਾਂ ਮਤਾਂ ਵਿਚ ਚਾਰ ਪ੍ਰਕਾਰ ਦੇ ਵਾਜੇ ਕਹੇ ਹਨ ਜਿਹਾਕੁ, ਚੌਪਈ—

ਚਾਰ ਭਾਂਤ ਕੀ ਬਾਦਜ ਬਖਾਨੋ ॥
ਤਤ ਅਰ ਸੁਖਰ ਮੋਦ ਮਨ ਮਾਨੋ ॥
ਸੁਨ ਆਨੱਧ ਔਰ ਘਨ ਜਾਨ ॥
ਇਨਕੀ ਬਿਧ ਅਬ ਕਹਿਤ ਬਖਾਨ॥

Digitized by Panjab Digital Library | www.panjabdigilib.org

ਦੋਹਰਾ—ਬੀਨਾਦਿਕ ਜੇ ਬਾਦਯ ਸਭ ਤਿਨ ਕੈ ਹੈ ਤਤ ਨਾਮ। ਬੰਸ਼ ਕਾਹਲਾ ਆਦਿ ਹੈ ਸੁਖਰ ਕਹੈਂ ਅਭਿਰਾਮ॥ਚਰਮ ਮਢਜੋ ਜਾਂਕੋ ਬਦਨ ਸੋ ਆਨੱਧ ਬਖਾਨ। ਕਾਂਸ੍ਯ ਤਾਲ ਕੋ ਆਦਿ ਕਰ ਸਭ ਘਨ ਕੀ ਬਿਧਜਾਨ।

ਅੱਰਥ—ਤੰਦੀ ਤਾਰ ਅਥਵਾ ਰੇਸ਼ਮ ਦੀਆਂ ਤਾਰਾਂ ਜਿਸ ਵਾਜੇ ਨੂੰ ਬੰਨ੍ਹੀਆਂ ਹੋਣ ਅਤੇ ਉਨ੍ਹਾਂ ਤਾਰਾਂ ਵਿੱਚੋਂ ਸੁਰ, ਸ੍ਰੁਤੀਆ, ਮੂਰਛਨਾਂ, ਤਾਨਾਂ, ਜਾਤ, ਅਲੰਕਾਰ, ਗੀਤ, ਰਾਗ ਪ੍ਰਗਟ ਹੋਣ ਉਨ੍ਹਾਂ ਵਾਜਿਆਂ ਦੀ ਸੰਗ੍ਯਾ ਸੰਗੀਤ ਵਿਚ ਤੱਤ ਕਰਕੇ ਕਹੀਦੀ ਹੈ ਜਿਵੇਂ ਰਬਾਬ ਸਰੰਦਾ, ਤਾਊਸ ਆਦਿ ॥ ੧ ॥ ਵੰਝ ਭਾਵੇਂ ਪਿਤਲ ਆਦਿਕ ਧਾਤੁ ਕਿਸੇ ਕਾਠ ਦੀ ਪੋਲੀ ਨਲਕੀ ਵਿਚ ਛੇਕ ਰੱਖ ਕੇ ਮੂੰਹ ਅਥਵਾ ਕਿਸੇ ਤਰ੍ਹਾਂ ਪੌਣ ਭਰਕੇ ਬਜਾਈਏ ਤੇ ਉਪਰ ਲਿਖੀਆਂ ਸੁਰਾਂ ਆਦਿਕ ਨਿਕਲਣ ਓਸ ਵਾਜੇ ਨੂੰ ਸੁਖਰ ਕਰਕੇ ਕਹਿੰਦੇ ਹਨ ਜਿਵੇਂ ਬੰਸਰੀ, ਹਾਰਮੋਨੀਅਮ, ਰਣਸਿੰਗਾ ਆਦਿ ॥ ੨ ॥ ਜਿਹੜਾ ਵਾਜਾ ਵਿਚੋਂ ਪੋਲਾ ਹੋਵੇ ਅਤੇ ਉਪਰੋਂ ਚੰਮ ਨਾਲ ਮੜ੍ਹਿਆ ਹੋਵੇ ਅਤੇ ਹੱਥ ਭਾਵੇਂ ਡਗੇ ਨਾਲ ਵਜਾਇਆਜਾਵੇ ਉਸਨੂੰ ਬਿਤ ਵਾ ਬਿਤਤ ਅਥਵਾ ਆਨੱਧ ਕਰਕੇ ਕਹਿੰਦੇ ਹਨ, ਜਿਹਾਕੁ ਮ੍ਰਿਦੰਗੀ, ਜੋੜੀ, ਢੋਲ, ਨਗਾਰੇ ਆਦਿਕ ॥ ੩॥ ਕਹਿਆਂ ਅਥਵਾ ਅਸ਼ਟ ਧਾਤ ਦੇ ਬਣੇ ਹੋਏ ਛੈਣੇ ਆਦਿਕ ਜੋ ਦੋਹਾਂ ਹੱਥਾਂ ਨਾਲ ਤਾਲ ਦਾ ਵਜ਼ਨ ਪੂਰਾ ਰਖਣ ਲਈ ਵਜਾਏ ਜਾਂਦੇਹਨ ਉਸਨੂੰ ਘਨ ਕਰਕੇ ਕਹਿੰਦੇ ਹਨ ਜਿਹਾਕੁ—ਛੈਣੇ, ਕੈਸੀਆਂ* ਤਾਲ ਨਾਮ ਕਰਕੇ ਪ੍ਰਸਿੱਧ ਹਨ ॥ ੪ ॥

ਪਰੰਤੂ ਰਾਜ ਰਿਖ ਸਾਰੰਗਦੇਵ ਅਨੁਸ਼ਟਪ ਚੱਕ੍ਰਵਰਤੀ ਆਪਣੇ ਮਤ ਵਿਚ ਇਉਂ ਲਿਖਦਾ ਹੈ:—ਸੁਸਕ ੧, ਗੀਤਾਨੁਗ ੨, ਨ੍ਰਿਤਜਾਨੁਗ ੩, ਗੀਤ ਨ੍ਰਿਤਜਾਨੁਗ ੪। ਭਾਵ ਇਨ੍ਹਾਂ ਦਾ ਇਉਂ ਲਿਖਿਆ ਹੈ:—ਜਿਥੇ ਨ੍ਰਿਤਜਗੀਤ ਤੋਂ ਬਿਨਾਂ ਕੇਵਲ ਮਨਰੰਜਨ ਲਈ ਤਾਲਾਂ ਦੀ ਲਯ ਗਤਿ ਵਿਚ ਚਾਰੋਂ ਪ੍ਰਕਾਰ ਦੇ ਵਾਜੇ ਵਜਾਈਏ ਓਥੇ ਸੁਸਕ ਜਾਂ ਗੋਸ਼ਟੀ ਕਰਕੇ ਕਹਿੰਦੇ ਹਨ ॥ ੧ ॥

ਜਿਥੇ ਉਪਰ ਲਿਖੇ ਚਾਰੋਂ ਪ੍ਰਕਾਰ ਦੇ ਬਾਜੇ ਗਾਇਨ ਦੇ ਨਾਲ ਬਜਣ, ਪਰੰਤੂ ਨ੍ਰਿਤਜ ਨਾ ਹੋਵੇ ਤਾਂ ਗੀਤਾਨੁਗ ਕਰਕੇ ਕਹੀਦਾ ਹੈ ॥ ੨ ॥

ਇਕੁਰ ਹੀ ਜਿੱਥੇ ਨਿਰਾ ਨ੍ਰਿਤਜ ਹੀ ਹੋਵੇ ਅਤੇ ਗੀਤ ਗਾਇਨ ਨ ਹੁੰਦਾ ਹੋਵੇ ਤੇ ਬਾਜੇ ਭੀ ਚਾਰੋਂ ਭਾਂਤਿ ਦੇ ਬਜਦੇ ਹੋਣ ਤਾਂ ਨ੍ਰਿਤਜਾਨੁਗ ਕਰਕੇ ਕਹੀਦਾ ਹੈ ॥ ੩ ॥

ਜੇਕਰ ਨ੍ਰਿਤਜ ਗੀਤ ਦੋਨੋਂ ਹੁੰਦੇ ਹੋਣ ਅਤੇ ਬਾਜੇ ਵੀ ਚਾਰੋਂ ਭਾਂਤ ਦੇ ਬਜਦੇ ਹੋਣ ਤਾਂ ਉਸ ਨੂੰ ਗੀਤ ਨ੍ਰਿਤਜ ਦ੍ਰਜਾਨੁਗ ਕਰਕੇ ਕਹੀਦਾ ਹੈ ॥ ੪ ॥

ਪਰੰਤੂ ਗੁਰਮਤ ਸੰਗੀਤ ਵਿਚ ਪੰਜ ਪ੍ਰਕਾਰ ਦੇ ਵਾਜੇ ਮੰਨੇ ਹਨ ਅਤੇ ਬਹੁਤ ਜਗਹ 'ਵਾਜੇ ਪੰਚ' ਪੰਚ ਵਾਜੇ ਦੀ ਗਿਣਤੀ ਹੈ ਅਤੇ ਓਹ ਵਾਜੇ ਪੰਜ ਇਸ ਆਮ ਪ੍ਰਸਿਧ ਦੋਹੇ ਵਿਚ ਗਿਣੇ ਹਨ:—

ਦੋਹਰਾ—ਤਤ ਤੰਤੀ, ਬਿਤ ਚਰਮਕਾ, ਘਨ ਕਾਂਸ੍ਯੀ ਕੋ ਜਾਨ। ਘਟਹ ਮੁਖਰ, ਸ੍ਵਾਸਨ ਸੁਖਰ, ਬਾਦ੍ਯ ਪੰਚ ਪਹਿਚਾਨ।

ਅਰਥਾਤ—੧. ਤਾਰਾਂ ਵਾਲੇ ਵਾਜੇ ਦੀ

*ਇਹ ਸ਼ੈ ਬੀ ਗੁਰਮਤ ਵਾਲਿਆਂ ਤੋਂ ਹੀ ਟੁਰੀ ਖਜਾਲ ਕੀਤੀ ਜਾਂਦੀ ਹੈ।

Digitized by Panjab Digital Library | www.panjabdigilib.org

'ਤਤ' ਸੰਗਜਾ ਹੈ। ਜੈਸਾ ਰਬਾਬ, ਸਤਾਰ, ਸਰੋਦਾ, ਸਰੰਦਾ।

੨. ਚੰਮ ਨਾਲ ਮੜ੍ਹੇ ਹੋਏ ਵਾਜੇ ਦੀ 'ਬਿਤ' ਸੰਗਜਾ ਹੈ, ਜਿਹਾਕੁ ਮ੍ਰਿਦੰਗ, ਜੋੜੀ (ਤਬਲਾ)।

੩. ਕੈਂਸੀਆਂ ਆਦਿਕ ਪਿੱਤਲ ਦੇ ਤਾਲਾਂ ਦੀ 'ਘਨ' ਸੰਗਜਾ ਹੈ।

੪. ਪੋਲਿਆਂ ਪੌਣ ਭਰਿਆਂ ਸਾਜ਼ਾਂ ਤੇ ਹੱਥ ਨਾਲ ਤਾੜਨਾ ਕਰਕੇ ਸ਼ਬਦ ਉਤਪੰਨ ਕਰਨ ਵਾਲਿਆਂ ਦੀ 'ਮੁਖਰ' ਸੰਗਜਾ ਹੈ, ਜੈਸੇ ਘੜਾ।

੫. ਬਾਂਸ ਆਦਿਕ ਪੋਲੀਆਂ ਲੱਕੜੀਆਂ ਵਾ ਧਾਤਾਂ ਦੇ ਪੋਲੇ ਸਾਜ਼, ਜੋ ਮੂੰਹ ਦੇ ਸ੍ਵਾਸ ਅਥਵਾ ਬਾਹਰਲੀ ਪੌਣ ਕਰਕੇ ਵਜਾਏ ਜਾਣ ਉਨ੍ਹਾਂ ਦੀ 'ਸੁਖਰ' ਸੰਗਜਾ ਹੈ, ਜੈਸੇ ਬੰਸਰੀ*।

੧੮. ਹੋਰਨਾਂ ਮਤਾਂ ਵਿਚ ਕਰਣ ਪ੍ਰਬੰਧ ਦੇ ਅੱਠ ਭੇਦ ਲਿਖੇ ਹਨ। ਸ੍ਵਰ ਕਰਣ ੧, ਪਾਟ ਕਰਣ ੨, ਏਧ ਕਰਣ ੩, ਪਦ ਕਰਣ ੪, ਤੇਨ ਕਰਣ ੫, ਬਿਰਦ ਕਰਣ ੬, ਚਿਤ੍ਰ ਕਰਣ ੭, ਮਿਸ੍ਰ ਕਰਣ ੮, ਇਨ੍ਹਾਂ ਦਾ ਵੱਖੋ ਵੱਖਰਾ ਭੇਦ ਇਉਂ ਲਿਖਿਆ ਹੈ-ਜਿਥੇ ਉਦਗ੍ਰਾਹ ਤੇ ਧ੍ਰੁਵ ਇਹ ਦੋਵੇਂ ਗਹਿਰੇ ਸੱਤਾਂ ਸੁਰਾਂ ਵਿਚੋਂ ਬੰਨ੍ਹੀਏ ਅਤੇ ਆਭੋਗ ਦਾ ਪਦ ਰਚਕੇ ਉਸ ਵਿਚ ਕਰਤਾ ਦਾ ਨਾਉਂ ਭੀ ਹੋਵੇ ਅਤੇ ਜਿਸ ਸ੍ਵਰ ਵਿਚ ਜੀ ਚਾਹੇ ਉਸੇ ਵਿਚ ਗ੍ਰਹਿ ਕਰੀਏ ਅਤੇ ਅੰਸ ਸੁਰ ਵਿਚ ਨਜਾਸ ਹੋਵੇ, ਰਾਸਕ ਤਾਲ ਹੋਵੇ, ਦ੍ਰੁਤ ਲਯ ਹੋਵੇ। (੧.) ਇਸਨੂੰ ਸੁਰਕਰਣ ਕੋਹਿੰਦੇ ਹਨ, ਇਹ ਸੁਰ ਕਰਣ ਅਗਲੇ ਸੱਤਾਂ ਕਰਣਾਂ ਵਿਚ ਵੀ ਵਿਦਮਾਨ ਰਹੇਗਾ।

੨. ਪਾਟਕਰਣ-ਜਿੱਥੇ ਸੁਰਾਂ ਦਾ ਉਦ-ਗ੍ਰਾਹ ਰਚੀਏ ਅਤੇ ਹਸਤ ਪਾਟ ਦਾ ਧ੍ਰੁਵ ਰਚੀਏ ਜਿਹਾਕੁ (ਮ੍ਰਿਦੰਗ ਵਿੱਚੋਂ 'ਦਿਗੁ ਦਾ ਤਕ' ਬੋਂ ਹੁੰਦਾ ਹੈ) ਅਤੇ ਪਦ ਕਰਕੇ ਆਭੋਗ ਰਚੀਏ ਅਥਵਾ ਉਦਗ੍ਰਾਹ ਵਿਚ ਸੁਰ ਰਚੀਏ ਇਸਨੂੰ ਪਾਟਕਰਣ ਕਹਿੰਦੇ ਹਨ।

ਇਸ ਪਾਟ ਕਰਣ ਦੇ ਦੋ ਭੇਦ ਹਨ- ਇਕ ਕ੍ਰਮ ਪਾਟ ਕਰਣ, ਦੂਜਾ ਬਿਤਜਾਸ ਪਾਟ ਕਰਣ, ਜਿਥੇ ਸੰਗੀਤ ਸ਼ਾਸਤ੍ਰ ਅਨੁ-ਸਾਰ ਕ੍ਰਮ ਤੇ ਉਦਗ੍ਰਾਹ ਵਿਚ ਸੁਰ ਅਤੇ ਧ੍ਰੁਵ ਵਿਚ ਪਾਟਾਛਰ (ਹਸਤ ਪਾਟ) ਹੋਣ ਉਹ ਕ੍ਰਮ ਪਾਟ ਕਰਣਹੈ ੧, ਜਿੱਥੇ ਚਤੁ-ਰਾਈ ਦਿਖਾਉਣ ਵਾਸਤੇ ਕੋਈ ਉਲਟੇ ਪੁਲਟੇ ਅੱਖਰ ਬੰਨ੍ਹੇ ਤਾਂ ਉਹ ਬਿਤਜਾਸ ਪਾਟ ਕਰਣ ਹੈ ੨, ਜਿਹਾਕੁ ਉਦਗ੍ਰਾਹ ਵਿਚ ਪਾਟਾਛਰ ਅਤੇ ਧ੍ਰੁਵ ਵਿਚ ਸੁਰ ਰਚੇ।

੩. ਬੰਧ ਕਰਣ-ਜਿਥੇ ਡੂੰਘੇ ਸੁਰਾਂ ਵਿਚ ਉਦਗ੍ਰਾਹ ਰਚੀਏ ਅਤੇ ਮ੍ਰਿਦੰਗ ਦੇ ਪਾਟਾਛਰ ਵਿਚ ਧ੍ਰੁਵ ਰਚੀਏ ਅਥਵਾ ਉਦ-ਗ੍ਰਾਹ ਧ੍ਰੁਵ ਵਿਚ ਗੰਹਿਰੇ ਸੁਰਾਂਨਾਲ ਪਾਟਾ-ਛਰ ਬੰਨ੍ਹੀਏ ਸੋ ਬੰਧ ਕਰਣ ਹੈ।

੪. ਪਦ ਕਰਣ-ਜਿਥੇ ਉਦਗ੍ਰਾਹ ਅਤੇ ਧ੍ਰੁਵ ਵਿਚ ਸੁਰ ਅਤੇ ਪਦ ਰਚੀਏ (ਪਦ ਏਤੇ ਰਚਨਾ ਨਾਲ ਰਾਮ ਕ੍ਰਿਸ਼ਨ ਆਦਿਕ ਪਦਾਂ ਦਾ ਪ੍ਰਯੋਗ ਹੋਵੇ) ਉਸ ਨੂੰ ਪਦ ਕਰਣ ਕਹਿੰਦੇ ਹਨ।

੫. ਤੇਨ ਕਰਣ-ਜਿਥੇ ਉਦਗ੍ਰਾਹ ਸੁਰਾਂ

*ਇਹ ਵੰਡ ਸੰਗੀਤਕ ਸਾਜ਼ਾਂ ਦੀ ਦੱਸੀ ਹੈ, ਵਰਤੋਂ ਵਿਚ ਸਾਰੰਗੀ, ਬੰਸਰੀ, ਦੱਫ, ਘੜਾ, ਚੌਕੀਂ ਵਿਚ ਵਰਤਣੇ ਦਾ ਰਿਵਾਜ ਨਹੀਂ। ਕੈਂਸੀਆਂ ਦਾ ਆਮ ਵਰਤਾਰਾ ਹੈ, ਛੈਣੇ ਚੋਲਕੀ ਦਾ ਰਿਵਾਜ ਜੋਟੀਆਂ ਦੇ ਸ਼ਬਦ ਗਾਇਨ ਨਾਲ ਹੈ, ਚੌਂਕੀ ਵਿਚ ਨਹੀਂ।

Digitized by Panjab Digital Library | www.panjabdigilib.org

ਨਾਲ ਰਚੀਏ ਅਤੇ ਧ੍ਰੁਵਤੇਨਕ(ਤਾਨਾਰੀਰੀ ਤਾਂਨੌਮ ਆਦਿ)ਪਰੰਤੂ ਤਾ ਨਾ ਰੀ ਸੁਰਾਂ ਨਾਲ ਭਰਪੂਰ ਹੋਣ ਸੋ ਤੇਨ ਕਰਣ ਹੈ।

੬.ਬਿਰਦ ਕਰਨ–ਜਿਥੇਉਦਗ੍ਰਾਹਨੂੰਸੁਰਾਂ ਨਾਲ ਰਚਕੇ ਅਤੇ ਧ੍ਰੁਵ ਨੂੰ ਬਿਰਦ ਕਰਕੇ ਰਚੀਏ (ਬਿਰਦ ਇਸ਼ੂ ਅਥਵਾ ਰਾਜਾ ਦਾ ਬਲ,ਪ੍ਰਾਕ੍ਰਮ,ਵਡਜਾਈ, ਜਸ ਅਤੇ ਪਦ ਕਰਕੇਆਭੋਗ ਰਚੀਏ)ਸੋਬਿਰਦ ਕਰਣਹੈ।

੭. ਚਿੱਤ੍ਰਕਰਣ–ਜਿਥੇ ਉਦਗ੍ਰਾਹਵਿਚ ਸੁਰ ਅਤੇ ਪਾਟਾਛਰ ਹੋਣ ਅਤੇ ਧ੍ਰੁਵ ਵਿਚ ਸੁਰ ਤੇਨਾਛਰ, ਪਾਟਾਛਰ ਇਹੋ ਤਿੰਨੇ ਹੋਣ, ਸੋ ਚਿੱਤ੍ਰਕਰਣ ਹੈ।

੮. ਮਿਸ੍ਰਕਰਣ–

ਸੁਰ ਪਾਟਕ ਤੈਨਕ ਮਿਲੈ, ਉਦਗ੍ਰਾਹ ਰੁ ਧ੍ਰੁਵ ਦੇਇ। ਮਿਸ੍ਰਕਰਣ ਯਾਕੋ ਕਹੈ ਜੋ ਜਾਨੈਤ ਯਾ ਰੀਇ।

ਅਰਥ–ਜਿੱਥੇ ਉਦਗ੍ਰਾਹ ਵਿਚ ਸੁਰ ਤੇਨਾਛਰ ਪਾਟਾਛਰ ਹੋਣ ਅਤੇ ਧ੍ਰੁਵ ਵਿਚ ਵੀ ਸੁਰ, ਤੇਨਾਛਰ ਪਾਟਾਛਰ ਹੋਣ ਤਾਂ ਮਿਸ੍ਰਕਰਣ ਕਹੀਦਾ ਹੈ।

ਇਨ੍ਹਾਂ ਤੋਂ ਵਧਕੇ ਇਕ ਸਾਮਾਨ ਕਰਣ ਹੈ।

ਰਚਨਾ ਹੈ ਆਭੋਗ ਕੀ ਪਦ ਹੀ ਸੋਂ ਸਭ ਠੌਰ। ਗਾਵ ਭੇਦ ਸੋ ਹੋਤ ਹੈ ਭੇਦ ਇਨਨ ਕੋ ਔਰ।

ਅਰਥ–ਜੋ ਸਭ ਜਗ੍ਹਾ ਪਦ ਕਰਕੇ ਹੀ ਆਭੋਗ ਦੀ ਰਚਨਾ ਹੋਵੇ ਅਤੇ ਸੁਰ ਕਰਣ ਆਦਿਕ ਅੱਠ ਕਰਣਾਂ ਦੇ ਭੇਦ ਪ੍ਰਗਟ ਕਰਨੇ ਨੂੰ ਸੁਰ ਆਦਿਕਾਂ ਦੀ ਰਚਨਾ ਨਾ ਹੋਵੇ ਅਤੇ ਮੇਲਾਪਕ ਵੀ ਨਾ ਹੋਵੇ, ਪਰੰਤੂ ਰਾਗ ਦੇ ਗ੍ਰਹਿ ਸੁਰ ਵਿਚ ਗੀਤ ਦਾ ਅਰੰਭ ਹੋਵੇ, ਰਾਸ ਨਾਮੀ ਤਾਲ ਹੋਵੇ, ਦ੍ਰੁਤ ਲਯ ਹੋਵੇ, ਉਸਨੂੰ ਸਾਮਾਨਯ ਕਰਣ ਕਹੀਦਾ ਹੈ, ਇਹ ਨੌਵੇਂ ਕਰਣ ਮੰਗਲਾਰੰਭ ਤੇ ਆਨੰਦ ਬਰਧਨ ਅਤੇ ਕੀਰਤ ਲਹਰੀ ਤਿੰਨਾਂ ਨਾਲ ਮਿਲਕੇ ਸਤਾਈ ਰੂਪ ਹੋ ਜਾਂਦੇ ਹਨ।

੧. ਮੰਗਲਾਰੰਭ–ਜਿੱਥੇ ਇਨ੍ਹਾਂ ਕਰਣਾਂ ਦੇ ਉਦਗ੍ਰਾਹ ਦੁਹਰੀ ਵਾਰ ਗਾਵੇਂ ਜਾਣ ਅਤੇ ਧ੍ਰੁਵ ਆਭੋਗ ਇਕ ਵਾਰ ਗਾਂਵੀਏ, ਫੇਰ ਧ੍ਰੁਵ ਆਭੋਗ ਨੂੰ ਇਕ ਵਾਰ ਗਾਉਂਕੇ ਬਿਸ੍ਰਾਮ ਕਰੀਏ, ਪਰੰਤੂ ਕੋਈ ਕਹਿੰਦੇ ਹਨ ਕਿ ਧ੍ਰੁਵ ਉਦਗ੍ਰਾਹ ਇਕੋ ਵੇਰੀ ਗਾਉਂਕੇ ਬਿਸ੍ਰਾਮ ਕਰੀਏ ਤਾਂ ਮੰਗਲਾਰੰਭ ਹੈ।

੨. ਆਨੰਦ ਬਰਧਨ–ਜਿਥੇ ਉਦਗ੍ਰਾਹ ਧ੍ਰੁਵ ਦੋ ਵੇਰੀ ਗਾਂਵੀਏ ਅਤੇ ਧ੍ਰੁਵ ਦਾ ਪਿਛੋਲਾ ਅੱਧਾ ਖੰਡ ਇਕੋ ਵੇਰੀ ਗਾਂਵੀਏ ਫੇਰ ਆਭੋਗ,ਧ੍ਰੁਵ ਉਦਗ੍ਰਾਹ ਇਕ ਵੇਰ ਗਾਂਉਕੇ ਬਿਸ੍ਰਾਮ ਕਰੀਏ ਤਾਂ ਆਨੰਦ ਬਰਧਨ ਕਹੀਦਾ ਹੈ।

੩. ਕੀਰਤ ਲਹਰੀ–ਜਿਥੇ ਉਦਗ੍ਰਾਹ ਦਾ ਦੂਜਾ ਖੰਡ ਧ੍ਰੁਵ ਦੇ ਪਹਿਲੇ ਖੰਡ ਦੀ ਜਗ੍ਹਾ ਰਚਕੇ ਪਹਿਲੋਂ ਹੀ ਸੰਪੂਰਨ ਰੀਤਿ ਨਾਲ ਗਾਂਵੀਏ ਸੋ ਕੀਰਤ ਲਹਿਰੀ। ਇਹ ਤਿੰਨੇ ਇਕ ਇਕ ਨਾਲ ਜੋੜਨੇ ਤੇ ਨੌ ਤਿਆਂ ਸਤਾਈ ਭੇਦ'ਕਰਨ' ਦੇ ਹੁੰਦੇ ਹਨ।

ਪਰੰਤੂ

ਗੁਰਮਤ ਸੰਗੀਤ ਵਿਚ ਕੇਵਲ ਮੰਗਲਾਰੰਭ, 'ਆਨੰਦ ਗੁਣ ਨਿਧਾਨ' ਅਥਵਾ 'ਡੰਡਉਤ ਬੰਦਨ ਅਨਿਕ ਬਾਰ' ਤੋਂ ਆਰੰਭ ਹੁੰਦਾ ਹੈ। ਭਰਤ ਹਨੁਮਾਨ ਮਤ ਵਿਚ ਤੇਨਕਰਨ ਤੋਂ ਮੰਗਲਾਰੰਭ ਹੁੰਦਾ ਹੈ।

—o—

Digitized by Panjab Digital Library | www.panjabdigilib.org

੪. ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰ ਅਸ਼ੰਕਾ।

ਜੋ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ, ਸੰਗੀਤਕ ਖੋਜ ਜਿੱਥੋਂ ਤਕ ਡਾਕਟਰ ਸਾਹਿਬ ਜੀਨੂੰ ਲੈਗਈ ਹੈ ਉਹ ਪਿਛੇ ਦਰਜ ਹੋ ਚੁਕੀ ਹੈ। ਆਪਦਾ ਜੀਵਨ ਜੇ ਹੋਰ ਰਹਿੰਦਾ ਤਦ ਗ਼ਾਲਬਨ ਆਪ ਗੁਰਮਤ ਸੰਗੀਤ ਦਾ ਸਾਰਾ ਰੂਪ ਛੀਆਂ ਅਧਜਾਵਾਂ ਵਿਚ ਪੂਰੀ ਵਜਾਖਜ਼ਾ ਨਾਲ ਲਿਖਕੇ ਇਕ ਮਹਾਨ ਉਚੀ ਆਲਮਾਨਾ ਪੁਸਤਕ ਲਿਖ ਜਾਂਦੇ, ਪ੍ਰੰਤੂ ਉਨ੍ਹਾਂ ਦਾ ਗੁਰਸਿੱਖੀ ਦੇ ਪਜਾਰ ਨਾਲ ਡੂਲ੍ਹ ਡੂਲ੍ਹ ਪੈ ਰਿਹਾ ਮਨ ਤੇ ਸਿੱਖੀ ਆਦਰਸ਼ਾਂ ਦੀ ਵਾਕਫੀਅਤ ਤੇ ਵਿਦਵਤਾ ਵਾਲੀ ਬੁੱਧੀ ਪੰਜ-ਭੌਤਕ ਆਸ਼ੇ ਦੇ ਛੇਤੀ ਸਮਾਪਤ ਹੋ ਜਾਣਨਾਲ ਕਿਸੇ ਹੋਰ ਮੰਡਲ ਕੰਮ ਕਰਨ ਚਲੀ ਗਈ।

ਇਸ ਵਿਸ਼ੇ ਵਿਚ ਆਪਦੇ ਲਿਖੇ ਕਾਗਜ਼ਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ-ਮਾਲਾ ਪਰ ਅਸ਼ੰਕਾ ਬਾਬਤ ਕੋਈ ਕੋਈ ਨੋਟ ਲਿਖੇ ਪਏ ਹਨ ਜੋ ਵਿੱਦਜਾ ਦੇ ਪ੍ਰੇਮੀਵਿਦਜਕ ਖੋਜ ਵਾਲੇ ਨੂੰ ਸਹਾਈ ਹੋ ਸਕਦੇ ਹਨ, ਇਸ ਖਜਾਲ ਤੇ ਓਹ ਨੁਕਤੇ ਬੀ ਹੇਠਾਂ ਦੇ ਦੇਂਦੇ ਹਾਂ, ਤਾਂਕਿ ਓਹ ਬੀ ਅੰਕਿਤ ਹੋਕੇ ਦੂਸਰਿਆਂ ਦੀ ਸਹਾਯਤਾ ਲਈ ਰਹਿ ਜਾਣ। ਓਹ ਇਸ ਪ੍ਰਕਾਰ ਹਨ:—

੧. ਆਲਮ ਕਵਿ ਰਾਗ ਵਿੱਦਜਾ ਦਾ ਵੇਤਾ ਨਹੀਂ ਹੋਇਆ, ਉਹ ਇਕ ਕਵੀ ਹੈ ਪਰ ਸੰਗੀਤਕ ਨਹੀਂ। ਇਹ ਗਲ ਉਸਦੀਆਂ ਸੰਗੀਤਕ ਭੁੱਲਾਂ ਤੋਂ ਪ੍ਰਤੀਤ ਹੋ ਜਾਂਦੀ ਹੈ।

ਪਹਿਲੀ ਭੁੱਲ ਇਹ ਹੈ—ਕਾਮ ਕੰਦਲਾ ਦੇ ਨਾਚ ਵੇਲੇ ਲਿਖਦਾ ਹੈ ਕਿ ਸਾਰੇ ਰਾਗ ਤੇ ਰਾਗਣੀਆਂ ਪੁੱਤ੍ਰਾਂ ਸਮੇਤ ਉਸਨੇ ਗਾਵੇਂ। ਸੰਗੀਤ ਵੇਤਾ ਇਉਂ ਨਹੀਂ ਲਿਖ ਸਕਦੇ ਉਹ ਜਾਣਦੇ ਹਨ ਕਿ ਹਰ ਇਕ ਰਾਗ ਰਾਗਣੀ ਆਪੋ ਆਪਣੇ ਵਕਤ, ਰੁਤ, ਮਹੀਨੇ ਅਨੁਸਾਰ ਅਲਾਪੇ ਜਾਂਦੇ ਹਨ, ਕਦੇ ਕਿਸੇ ਸੰਗੀਤਵੇਤਾ ਸਰੀਰ ਧਾਰੀ ਰਾਗੀ ਨੇ ਸਾਰੇ ਰਾਗ ਇਕੋ ਵਕਤ ਨਹੀਂ ਗਾਵੇਂ।

ਦੂਜੇ—ਜਦ ਦੀਪਕ ਕਾਮਕੰਦਲਾ ਨੇ ਗਾਵਿਆਂ ਤਾਂ ਸੰਗੀਤ ਮਤ ਅਨੁਸਾਰ ਓਸ ਮੰਡੁਵੇ ਵਿਚ ਅੱਗ ਕਿਉਂ ਨਾ ਲੱਗ ਗਈ। ਭਰਤ ਮੁਨੀ ਤੇ ਤਾਨਸੈਨ ਵਰਗੇ ਗੰਧਰਬ ਗਾਵੱਜੇ ਤਾਂ ਅੱਗੋਂ ਲਿਖਦੇ ਹਨ.—

ਦੀਪਕ ਨਾਹਨ ਦੀਪ ਮੈ ਗਾਵਤ ਗੁਣੀ ਅਨਜਾਨ,
ਯਾ ਤੇ ਲਿਖਜੋ ਨ ਗ੍ਰੰਥ ਮੈਂ ਯਾਕੋ ਕਹਾਂ ਬਖਾਨ।

ਤੀਸਰੇ—ਆਲਮ ਅਪਣੀ ਰਾਗ ਨਾਮਾਵਲੀ ਵਿਚ ਐਸੇ ਨਾਮ ਰਾਗਾਂ ਨੂੰ ਦੇਂਦਾ ਹੈ, ਜੋ ਰਾਗਾਂ ਦੇ ਨਾਮ ਹੀ ਨਹੀਂ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਣੀ ਰਾਗਮਾਲਾ ਯਾਦੋਂ ਲਿਖੀ ਤੇ ਉਕਾਈਆਂ ਖਾਧੀਆਂ ਜਾਪਦੀਆਂ ਹਨ। ਦੇਖੋ:—

ਹਰਜਾਵਲ, ਵੈਰਾਰੰ, ਵੇਲਾਚਲੀ, ਆਸਾ ਲੋਭੀ, ਵਿਹੰਗ, ਰਾਹੂ, ਕੁੰਭਨੀ ਆਦਿ।

ਚੌਥੇ—ਆਲਮ ਨੇ ਇਸ ਦਾ ਨਾਮ ਰਾਗ-ਮਾਲਾ ਨਹੀਂ ਦਿਤਾ, ਜੋ ਸੰਗੀਤਕ ਪਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਨਾਮ—ਰਾਗ-ਮਾਲਾ—ਦਿਤਾ ਹੈ, ਜੋ ਸੰਗੀਤਕ ਮਤ ਦਾ ਸੂਚਕ ਹੋਇਆ ਕਰਦਾ ਹੈ। ਆਲਮ ਦੇ ਗਿਣੇ ਨਾਵਾਂ ਨੂੰ ਰਾਗਮਾਲਾ ਦਾ ਨਾਮ ਲੋਕਾਂ ਨੇ ਦਿਤਾ ਹੈ।

੨. ਦੂਜੀ ਆਸ਼ੰਕਾ ਜੋ ਧੋਖਾ ਦੇਂਦੀ ਹੈ, ਸੋ ਆਲਮ ਕਵਿ ਦੇ ਕਿੱਸੇ ਦੇ ਦੀਬਾਚੇ ਵਿਚ ੯੯੭ ਸੰਮਤ ਹੈ। ਇਹ ਸੰਮਤ ਆਲਮ ਕਵਿ

Digitized by Panjab Digital Library | www.panjabdigilib.org

ਦੀ ਹਿੰਦੀ ਅਨੁਵਾਦ ਰਚਨਾ (ਤਰਜਮੇ) ਦਾ ਨਹੀਂ ਹੈ, ਪਰ ਸੰਸਕ੍ਰਿਤ ਵਿਚ ਅਸਲੀ ਪੁਸਤਕ ਦੇ ਰਚੇ ਜਾਣ ਦਾ ਹੈ। ਆਲਮ ਕਹਿ ਰਿਹਾ ਹੈ:—ਸੰਮਤ ਨੌ ਸੌ ਏਕਾਨਵ ਆਹੀ। 'ਆਹੀ' ਭੂਤਕਾਲ ਦਾ ਸੂਚਕ ਹੈ। ਉਹ ਨਹੀਂ ਕਹਿ ਰਿਹਾ ਕਿ ਸੰਮਤ ਨੌ ਸੌ ਇਕਾਨਵੇ 'ਹੈ'। ੯੯੧ ਸੰਮਤ ਭੂਤਕਾਲ ਦਾ ਹੈ, ਸੋ ਸੰਸਕ੍ਰਿਤ ਪੁਸਤਕ ਦੀ ਰਚਨਾ ਦਾ ਹੈ। ਸੋ ਅਸਲੀ ਸੰਸਕ੍ਰਿਤ ਦੀ ਪੋਥੀ ਦੇ ਸੰਮਤ ਨੂੰ ਆਲਮ ਕਵਿ ਦੇ ਟੀਕੇ ਕਰਨ ਦਾ ਸੰਮਤ ਸਮਝ ਕੇ ਟੁਰਨਾ ਗਲਤ ਨਤੀਜੇ ਦੀ ਰਹਬਰੀ ਕਰਦਾ ਹੈ*।

---

*ਗੁਰਦੁਆਰਾ ਧਮਧਾਣ ਸਾਹਿਬ ਦੇ ਗਜਾਨੀ ਭਾਈ ਸਾਹਿਬ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਦੁਰਲਭ ਗਿਆਨੀ ਹਨ, ਆਪ ਨੇ ਆਪਣੀ ਖੋਜ ਕਰਦੇ ਕਰਦੇ ਅਸਲੀ ਸੰਸ'ਕ੍ਰਿਤ ਗ੍ਰੰਥ ਲੱਭਿਆ ਹੈ। ਆਪ ਦੱਸਦੇ ਹਨ ਕਿ ਸੰਸਕ੍ਰਿਤ ਗ੍ਰੰਥ ਕਰਤਾ ਦਾ ਨਾਮ ਜੋਧ ਕਵਿ ਹੈ, ਉਹ ਅਕਬਰ ਦੇ ਵੇਲੇ ਹੋਇਆ ਹੈ, ਉਸਦੇ ਗ੍ਰੰਥ ਰਚਣ ਦਾ ਸਮਾ ੯੯੧ ਹਿਜਰੀ ਹੈ ਤੇ ਓਸ ਸੰਸਕ੍ਰਿਤ ਗ੍ਰੰਥ ਵਿਚ ਉਸਦੇ ਰਚੇ ਜਾਣ ਦਾ ਸੰਮਤ ਦਿਤਾ ਹੈ ਜੋ ਐਉਂ ਹੈ:—ਦ੍ਵਿਨਵ ਚੰਦ੍ਰ ਮਿਤੇ ਅਬ੍ਦੇ ਪਾਵਨੇ ਭਾਖਤੇ ਕਥਾ। ਅਰਥਾਤ ਦੋ ਨਾਏਂ ਤੇ ਇਕ ਏਕਾ ਭਾਵ ੯੯੧ ਹਿਜਰੀ ਵਿਚ ਇਹ ਕਥਾ ਵਰਣਨ ਕੀਤੀ ਗਈ।

ਆਲਮ ਕਵੀ ਦੀ ਅਪਣੀ ਰਚਨਾ ਜੋ ਇਸ ਦਾ ਅਨੁਵਾਦ ਹੈ, ਉਸਦਾ ਸੰਮਤ ੧੭੭੪ ਬਿ: ਹੈ, ਜਿਸ ਸਬੰਧੀ ਵੀਚਾਰ ਅਗੇ ਆਵੇਗਾ।

ਗਜਾਨੀ ਸਾਹਿਬ ਸਿੰਘ ਜੀ ਇਕ ਹੋਰ ਪ੍ਰਬਲ ਯੁਕਤੀ ਲਿਖਦੇ ਹਨ ਰਾਗਮਾਲਾ ਦੇ ਵਰਣ ਉਚਾਰ ਅਰਥਾਤ ਹਿਜੇ (Spelling) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਝੋਕੇ ਦੇ ਅਨੁਸਾਰ ਹਨ। ਮਸਲਨ ਜਉ, ਤਉ, ਕਉ, ਲਉ, ਹਉ, ਅਉਸਰ, ਅਉਗਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਨੌੜੇ ਨਾਲ ਨਹੀਂ ਲਿਖੇ,

[ਬਾਕੀ ਟੂਕ ਦੇਖੋ ਅਗਲੇ ਅੱਧ ਦੇ ਹੇਠ]

੩. ਸ਼ਿਵ ਸਿੰਘ ਸਰੋਜ ਨਾਮੇ ਪੁਸਤਕ ਵਿਚ ਆਲਮ ਦਾ ਜਨਮ ੧੭੧੨ ਬਿਕ੍ਰਮੀ ਵਿਚ ਲਿਖਿਆ ਹੈ। ਇਹ ਸਨਾਢ ਬ੍ਰਾਹਮਣਾਂ ਦੇ ਘਰ ਪੈਦਾ ਹੋਇਆ, ਫਿਰ ਮੁਸਲਮਾਨ ਹੋ ਗਿਆ, ਫਿਰ ਬਹਾਦਰ ਸ਼ਾਹ ਪਾਸ ਰਿਹਾ। ਇਸ ਤਰ੍ਹਾਂ ਆਲਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣ ਤੋਂ ੫੧ ਵਰ੍ਹੇ ਪਿੱਛੋਂ ਹੋਇਆ:—

ਫਿਰ ਆਲਮ ਆਪ ਲਿਖਦਾ ਹੈ:—

ਕਥਾ ਸੰਸਕ੍ਰਿਤ ਸੁਨੀ ਕਹੁ ਥੋਰੀ।
ਭਾਖਾ ਬਾਂਧ ਦੀਪਈ ਜੋਰੀ।

ਇਸ ਤੋਂ ਸਪਸ਼ਟ ਹੋ ਗਿਆ ਕਿ (ਜੋਧ

[ਪਿਛਲੇ ਅੱਧ ਦੀ ਬਾਕੀ ਟੂਕ]
ਪਰ ਉੜੇ ਨਾਲ, ਤਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਭੈਰਉ, ਅਉ, ਅਉਰ, ਪਾਂਚਉ, ਗਉੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਿਜਿਆਂ ਦੇ ਕਾਇਦੇ ਅਨੁਸਾਰ ਲਿਖੇ ਹਨ। ਜੇ ਰਾਗਮਾਲਾ ਆਲਮ ਕਵੀ ਤੋਂ ਕੋਈ ਚਾੜ੍ਹਦਾ ਤਾਂ ਭੈਰੋ, ਪਾਂਚੋ, ਗੌਰੀ, ਆਦਿ ਲਿਖਦਾ ਅਰਥਾਤ ਕਨੌੜੇ ਲਿਖਦਾ, ਕਿਉਂਕਿ ਆਲਮ ਨੇ ਕਨੌੜ ਵਰਤੇ ਹਨ। 'ਅਉ' ਦਾ ਹਿਜਾ ਪੁਰਾਤਨ ਰਿਵਾਜ ਹੈ, ਹੋੜਾ ਕਨੌੜਾ ਦਾ ਵਰਤਾਉ ਇਸ ਕਿਸਮ ਦੇ ਲਫਜ਼ਾਂ ਵਿਚ ਪਿਛੇਤਰਾ ਰਿਵਾਜ ਹੈ। ਆਲਮ ਨੇ ਪੋਥੀ ਹਿੰਦੀ ਅੱਖਰਾਂ ਵਿਚ ਲਿਖੀ ਸੀ, ਹਿੰਦੀ ਵਿਚ ਵਰਤਾਉ ਕਨੌੜੇ ਦਾ ਹੈ।

ਜੋਧ ਕਵੀ ਦੀ ਸੰਸਕ੍ਰਿਤ ਪੁਸਤਕ ਅਸਾਂ ਆਪ ਹੁਣ ਦੇਖੀ ਹੈ। ਗਜਾਨਾ ਸਾਹਿਬ ਸਿੰਘ ਜੀ ਦੀ ਖੋਜ ਠੀਕ ਹੈ। ਵਡੀ ਗੱਲ ਇਹ ਹੈ ਕਿ ਜੋਧ ਕਵੀ ਦੀ ਪੋਥੀ ਵਿਚ ਰਾਗਮਾਲਾ ਨਹੀਂ ਹੈ। ਇਹ ਆਲਮ ਨੇ ਜੋ ਦਸਮ ਗੁਰੂ ਜੀ ਦੇ ਕਵੀਆਂ ਵਿੱਚੋਂ ਸੀ, ਗੁਰੂ ਕੇ ਦਰਬਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਵਲੇ ਸੁਣਾ ਸੁਣਾਇਆ ਜਾਂ ਦੇਂ ਲਿਖਕੇ ਅਪਣੇ ਟੀਕੇ ਵਿਚ ਵਧਾਈ ਹੈ।

Digitized by Panjab Digital Library | www.panjabdigilib.org

ਕਵਿ ਦੀ) ਸੰਸਕ੍ਰਿਤ ਦਾ ਇਹ ਤਰਜਮਾ ਹੈ।

ਫਿਰ ਆਲਮ ਕਹਿੰਦਾ ਹੈ:—

ਕਛੁ ਆਪਨ ਕਛੁ ਪਰਕ੍ਰਿਤ ਜੋਰੈ।
ਯਥਾ ਸ਼ਕ੍ਰਿ ਕੋ ਅਛਰ ਜੋਰੈ।

ਇਸ ਤੋਂ ਆਲਮ ਪਰਾਈ ਕੀਤੀ ਰਚਨਾਂ ਲੈਕੇ ਅਪਣੇ ਗ੍ਰੰਥ ਵਿਚ ਪਾਉਣ ਵਾਲਾ ਆਪ ਨੂੰ ਆਪੇ ਦੱਸ ਰਿਹਾ ਹੈ, ਸੋ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਜੀ ਦੀ ਉਸਨੇ ਲਈ ਤੇ ਅਪਣੇ ਗ੍ਰੰਥ ਵਿਚ ਪਾਈ ਸਿੱਧ ਹੋ ਰਹੀ ਹੈ।

੪. ਆਲਮ ਨੇ ਸੰਗੀਤ ਦਾ ਪੁਸਤਕ ਨਹੀਂ ਲਿਖਿਆ, ਜੋ ਉਸ ਵਿਚ ਦਿੱਤੇ ਰਾਗਾਂ ਦੇ ਨਾਮ ਰਾਗਮਾਲਾ ਕਹਿਲਾ ਸਕਣ, ਉਸਨੇ ਰਾਗਮਾਲਾ ਦੇ ਨੁਕਤੇ ਤੋਂ ਉਹ ਨਾਮ ਨਹੀਂ ਲਿਖੇ। ਉਹ ਇਕ ਕਹਾਣੀ ਦਾ ਸੰਸਕ੍ਰਿਤ ਤੋਂ ਤਰਜੁਮਾ ਕਰ ਰਿਹਾ ਹੈ, ਆਪ ਮੰਨਦਾ ਹੈ ਕਿ ਤਰਜੁਮਾ ਹੈ ਤੇ ਨਾਲ ਹੀ ਕਹਿੰਦਾ ਹੈ:—

ਕਛੁ ਆਪਨ ਕਛੁ ਪਰਕ੍ਰਿਤ ਜੋਰੈ
ਯਥਾ ਸ਼ਕਤਿ ਕੋ ਅਛਰ ਜੋਰੈ।

ਅਪਣੇ ਤਰਜਮੇ ਵਿਚ ਉਹ ਅਪਣੇ ਨਾਵਲ ਦੀ ਨਾਇਕਾ ਤੋਂ ਰਾਗ ਗੁਵਾਉਂਦਾ ਹੈ ਤੇ ਉਸ ਵੇਲੇ ਰਾਗਾਂ ਦੇ ਨਾਮ ਗਿਣਦਾ ਹੈ। ਮੈਂ ਆਲਮ ਜੋ ਦਸਮੇਂ ਪਾਤਸ਼ਾਹ ਦੇ ਪਾਸ ਭੀ ਕਵੀਆਂ ਵਿਚ ਰਿਹਾ ਹੈ ਸ੍ਰੀਗੁਰੂ ਗ੍ਰੰਥ ਰਾਗ-ਮਾਲਾ ਦਾ ਜਾਣੂੰ ਸੀ, ਓਸ ਨੇ ਭੋਗਾਂ ਵੇਲੇ ਸੁਣੇ ਨਾਮ ਤੇ ਪ੍ਰਕਾਰ ਆਪਣੀ ਨਾਯਕਾ ਦੇ ਮੂੰਹੋਂ ਗਾਵੇਂ ਲਿਖ ਦਿਤੇ ਜਾਪਦੇ ਹਨ। ਉਸ ਦੇ ਗਿਣੇ ਨਾਵਾਂ ਨੂੰ ਜੇ ਮੁਕਾਬਲੇ ਲਈ ਰਾਗ ਮਾਲਾ ਕਹੀਏ ਤਾਂ ਪਤਾ ਲਗ ਜਾਏਗਾ ਕਿ ਹਰਜਾਵਲ, ਵੈਰਾੜੀ, ਵੇਲਾਚਲੀ, ਆਸਾਲੰਭੀ, ਵਿਹੰਗ, ਰਾਹੂ, ਕੁੰਭਨੀ ਆਦਿ ਕੋਈ ਰਾਗਾਂ ਦੇ ਨਾਮ ਨਹੀਂ ਹਨ। ਜੇ ਉਹ ਸੰਗੀਤਵੇਤਾ ਹੁੰਦਾ ਤਾਂ ਇਹ ਭੁੱਲ ਨਾ ਕਰਦਾ।

ਫਿਰ ਭੀ ਜੇ ਉਸ ਦੀ ਪਰਾਈ ਕੀਤੀ ਤੇ ਲਈ ਹੋਈ ਨਾਮਾਵਲੀ ਨੂੰ ਸ੍ਰੀ ਗੁਰੂ ਗ੍ਰੰਥ ਰਾਗਮਾਲਾ ਨਾਲ ਟਾਕਰਾ ਕਰੀਏ ਤਾਂ ਭੀ ਫਰਕ ਸਪਸ਼ਟ ਦਿਸ ਪੈਂਦਾ ਹੈ, ਇਸ ਲਈ ਹੇਠਾਂ ਮੁਕਾਬਲੇ ਲਈ ਅਸੀਂ ਨਕਸ਼ਾ ਦੇਂਦੇ ਹਾਂ। ਆਲਮ ਕਵਿ ਦੇ ਅਸੀਂ ਦੋ ਪਾਠ ਦਿਆਂਗੇ। ਉਹ ਐਉਂ—ਆਲਮ ਨੇ ਸੰਸਕ੍ਰਿਤ ਦੇ ਨਾਵਲ ਦਾ ਜੋ ਤਰਜਮਾ ਕੀਤਾ ਹਿੰਦੀ ਏਲੀ ਵਿਚ ਕੀਤਾ ਤੇ ਹਿੰਦੀ ਅੱਖਰਾਂ ਵਿਚ ਲਿਖਿਆ। ਇਸ ਹਿੰਦੀ ਨੁਸਖੇ ਦੇ ਗੁਰਮੁਖੀ ਅੱਖਰਾਂ ਵਿਚ ਉਤਾਰੇ ਸਿੱਖ ਲਿਖਾਰੀਆਂ ਨੇ ਕੀਤੇ। ਉਨ੍ਹਾਂ ਦੇ ਰਾਗਮਾਲਾ ਯਾਦ ਹੋਣ ਕਰਕੇ ਉਨ੍ਹਾਂ ਦੇ ਉਤਾਰੇ ਸ੍ਰੀ ਗੁਰੂ ਗ੍ਰੰਥ ਰਾਗਮਾਲਾ ਵੱਲ ਵਧੇਰੇ ਰੁਖ ਕਰ ਗਏ। ਦ੍ਰਿਸ਼ਾਂਤ ਲਈ ਦੇਖੋ ਹਿੰਦੀ ਨੁਸਖੇ ਵਾਲਾ 'ਸਭੈ ਪੁਤ੍ ਸਬ ਰਾਗ ਕੈ ਅਠਤਾਲੀ ਛਤੀਸ' ਲਿਖਦਾ ਹੈ, ਪਰ ਗੁਰਮੁਖੀ ਉਤਾਰੇ ਕਰਨ ਵਾਲੇ ਲੇਖਕ ਨੇ ਝੱਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਬਾਰਤ ਇਸ ਦੀ ਥਾਵੇਂ ਜੜਕੇ 'ਅਠਾਰਹ ਦਸ ਬੀਸ' ਕਰ ਦਿੱਤੀ। ਸੋ ਅਸਲ ਹਿੰਦੀ ਨੁਸਖੇ ਵਿੱਚ ਜੋ ਇਬਾਰਤ ਹੈ ਉਹ ਗੁਰਮੁਖੀ ਨੁਸਖਿਆਂ ਨਾਲੋਂ ਬੜਾ ਫਰਕ ਰੱਖਦੀ ਹੈ। ਗੁਰਮੁਖੀ ਨੁਸਖੇ ਦੀ ਇਬਾਰਤ ਇਸ ਕਰਕੇ ਇਤਬਾਰ ਯੋਗ ਨਹੀਂ ਕਿ ਕਵਿ ਦੀ ਲਿਖਤ ਹਿੰਦੀ ਵਿਚ ਸੀ, ਸੋ ਉਹ ਅਸਲ ਇਬਾਰਤ ਜੋ ਹਿੰਦੀ ਨੁਸਖੇ ਵਿਚ ਹੈ ਤੇ ਉਹ ਜੋ ਗੁਰਮੁਖੀ ਅੱਖਰਾਂ ਵਿਚ ਹੈ ਦੇ ਸਾਰੇ ਫਰਕ ਹੇਠਲੇ ਟਾਕਰੇ ਤੋਂ ਦਿੱਸ ਪੈਣਗੇ, ਇਸਤੋਂ ਮਲੂੰਮ ਹੋ ਜਾਏਗਾ ਕਿ ਗੁਰਮੁਖੀ ਨੁਸਖੇ ਤੇ ਟੁਰਨਾ ਆਲਮ ਦੇ ਹਿੰਦੀ ਵਿਚ ਲਿਖੇ ਨੁਸਖੇ ਤੋਂ ਕਿੰਨੀ ਦੂਰ ਜਾ ਪੈਣਾ ਹੈ ਤੇ ਇਸ ਤਰ੍ਹਾਂ ਸਿੱਟੇ ਤੇ ਅੱਪੜਨ ਵਿਚ ਵੀ ਭੁੱਲ ਕਿੰਨੀ ਪੈ ਸਕਦੀ ਹੈ। ਗੁਰ-

Digitized by Panjab Digital Library | www.panjabdigilib.org

ਮੁਖੀ, ਹਿੰਦੀ, ਆਲਮ ਦੀ ਇਬਾਰਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਬਾਰਤ ਦੇ ਮੁਕਾਬਲੇ ਲਈ ਵੇਖੋ ਅਗਲਾ ਨਕਸ਼ਾ:—

ਆਲਮ ਦੇ ਮਾਧਵਾਨਲ ਨਾਮੀ ਕਿੱਸੇ ਵਿਚ ਦਿਤੇ ਰਾਗਾਂ ਦੇ ਨਾਮ		ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ
ਗੁਰਮੁਖੀ ਪੋਥੀ ਵਿੱਚੋਂ ਰਾਗਾਂ ਦਾ ਉਤਾਰਾ*	ਆਲਮ ਦੇ ਹਿੰਦੀ ਲਿਖਤੀ ਨੁਸਖੇ ਦਾ ਉਤਾਰਾ	
ਚਉਪਈ ॥ ਰਾਗ ਏਕ ਸੰਗ ਪੰਚ ਬਰੰਗਨ ।	ਦੋ: ॥ ਰਾਗ ਰਾਗ ਸੰਗ ਪੰਚ ਵਰਾਂਗਨ ॥	੧ ਓ ਸਤਿਗੁਰਪ੍ਰਸਾਦਿ ॥ ਰਾਗਮਾਲਾ ॥
ਸੰਗ ਅਲਾਪਹਿ ਆਠਉ ਨੰਦਨ ।	ਸੰਗ ਅਲਾਪਤ ਆਠੌਂ ਨੰਦਨ ॥	ਰਾਗ ਏਕ ਸੰਗਿ ਪੰਚ ਬਰੰਗਨ ॥
ਪ੍ਰਥਮੇ ਰਾਗ ਭੈਰਉ ਵੈ ਕਰਹੀ ।	ਪ੍ਰਥਮ ਰਾਗ ਭੈਰੌਂ ਉਹ ਕਰਈ ॥	ਸੰਗਿ ਅਲਾਪਹਿ ਆਠਉ ਨੰਦਨ ॥
ਪੰਚ ਰਾਗਨੀ ਸੰਗਿ ਉਚਰਹੀ ।	ਪਾਂਚੌਂ ਕਾਮਿਨਿ ਮੁਖ ਉਚਰਹੀਂ ॥	ਪ੍ਰਥਮ ਰਾਗ ਭੈਰਉ ਵੈ ਕਰਹੀ ॥
ਪ੍ਰਥਮ ਭੈਰਵੀ ਬਿਲਾਵਲੀ ।	ਪ੍ਰਥਮਹਿ ਭੈਰਵੀ ਵੇਲਾਚਲੀ ॥	ਪੰਚ ਰਾਗਨੀ ਸੰਗਿ ਉਚਰਹੀ ॥
ਪੁਨਿਆਕੀ ਗਾਵਹਿ ਬੰਗਲੀ ।	ਪਿਨਾਕੀ ਗਾਵਹਿੰ ਓਂ ਮੰਗਲੀ ॥	ਪ੍ਰਥਮ ਭੈਰਵੀ ਬਿਲਾਵਲੀ ॥
ਪੁਨ ਅਸਲੇਖੀ ਕੀ ਭਈ ਬਾਰੀ ।	ਪੁਠਿ ਆਸਾਲੋਭੀ ਭੈਵਾਰੀ ॥	ਪੁੰਨਆਕੀ ਗਾਵਹਿ ਬੰਗਲੀ ॥
ਇਹ ਭੈਰੋ ਕੀ ਪਾਂਚੋਂ ਨਾਰੀ ।	ਏ ਭੈਰੌਂ ਕੀ ਪਾਚੌਂ ਨਾਰੀ ॥	ਪੁਨਿ ਅਸਲੇਖੀ ਕੀ ਭਈ ਬਾਰੀ ॥
ਪੰਚਿਮ ਹਰਿਖ ਦਿਸਾਖ ਸੁਨਾਵਹਿ ।	ਦੇਸ਼ ਕਾਵਰੂ ਮਾਧੋ ਜੋ ਕੀਨਾ ।	ਏ ਭੈਰਉ ਕੀ ਪਾਚਉ ਨਾਟੀ ॥
ਬੰਗਾਲਾ ਮਧੁ ਮਾਧਵ ਗਾਵਹਿ॥੬੩॥	ਲਲਿਤ ਵਿਲਾਵਲ ਤਾ ਪਰ ਚੀਨਾ ॥	ਪੰਚਮ ਹਰਖ ਦਿਸਾਖ ਸੁਨਾਵਹਿ ॥
ਦੋਹਰਾ॥ਲਲਿਤ ਬਿਲਾਵਲਿ ਗਾਵਹੀ ਅਪਨੀ ਅਪਨੀ ਭਾਂਤਿ॥ਆਠ ਪੁਤ੍ਰ ਭੈਰਉ ਕੇ ਗਾਇਨ ਗਾਵਹਿ ਪ੍ਰਾਤਿ ॥ ੬੪ ॥ ਚਉਪਈ ॥	ਵੰਗਾਲਾ ਹਰਿਯਾਵਲੁ ਕਰਈ ॥ ਕਰਵਿਹੰਗ ਮਧੁ ਗੁਨ ਸੰਚਰਈ ॥ ੬੭ ॥ਸੋ:॥ ਮਾਲਕੋਸ ਪੁਨਿਕੀਨ ਪੰਚਵਰਾਂਗਨ ਸੰਗਲੈ ॥ ਯੌ ਸੁਤ ਆਠ ਪ੍ਰਵੀਨ ਕਾਮ ਕੰਦਲਾ ਮੁਖ ਕਹੈ ॥ ੬੮ ॥ ਚੌ: ॥	ਬੰਗਾਲਮ ਮਧੁਮਾਧਵ ਗਾਵਹਿ ॥ ੧ ॥ ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥ ੧॥ ਦੁਤੀਆ ਮਾਲਕਉਸਕ ਆਲਾਪਹਿ॥ਸੰਗਿ ਰਾਗਨੀ ਪਾਂਚਉ ਥਾਪਹਿ॥
ਦੁਤੀਆ ਮਾਲਿ ਕਉਸਕ ਅਲਾਪਹਿ ।		
ਸੰਗ ਰਾਗਨੀ ਪਾਂਚੋ ਥਾਪਹਿ ।		
ਗੌਡ ਕਰੀ ਅਰ ਦੇਵ ਕੰਧਾਰੀ ।	ਗੌਡ ਗਰੀ ਪਾਛੇ ਜੁ ਅਲਾਪੀ ॥	ਗੌਡਕਰੀ ਅਰੁ ਦੇਵਗੰਧਾਰੀ ॥
ਗੰਧਾਰੀ ਸੀਹੁਤੀ ਉਚਾਰੀ ।	ਦੇਵਗੰਧਾਰੀ ਤਿਹ ਪਰ ਥਾਪੀ ॥	

*ਇਸਨੂੰ ਛਾਪੀ ਹੋਈ ਪੋਥੀ ਨਾਲ ਸੋਧਲੀਤਾ ਗਿਆ ਹੈ।

Digitized by Panjab Digital Library | www.panjabdigilib.org

ਧਨਾਸਰੀ ਏ ਪਾਂਚੋ ਗਾਈ।
ਮਾਲਕੌਸ ਰਾਗ ਸੰਗ ਲਾਈ।
ਮਾਰੂ ਮਸਤ ਅੰਗਮੇਵਾਰਾ।
ਪ੍ਰਬਲ ਚੰਦ ਕਉਸਕ ਉਭਾਰਾ।
ਕੈ ਖਟ ਅਉ ਭਉਰਾ ਨਦ ਗਾਏ।
ਮਾਲਕੌਸ ਰਾਗ ਸੰਗ ਲਾਏ ॥੬੫॥ਸੋਰਠਾ॥
ਪੁਨਿ ਆਯੋ ਹਿੰਡੋਲ ਪਾਂਚ ਨਾਰ ਸੰਗ ਅਸਟ
ਸੁਤ। ਉਠੈ ਸੁ ਤਾਨ ਕਲੋਲ ਗਾਵਹਿ ਤਾਲਿ
ਮਿਲਾਇਕੈ ॥ ੬੬॥ ਚੌਪਈ ॥
ਤਿਲੰਗੀ ਦੇਵਕਰੀ ਆਈ।
ਬਸੰਤੀ ਸਿੰਧੁਰ ਸੁਹਾਈ।
ਸਰਸ ਅਹੀਰੀ ਲੈ ਭਾਰਜਾ।
ਸੰਗ ਲਾਈ ਪਾਂਚੇ ਆਰਜਾ।
ਸੁਰਮਾਨੰਦ ਭਾਸ ਕਰ ਆਏ।
ਚੰਦ੍ਰਬਿੰਬ ਮੰਗਲਨਿ ਸੁਹਾਏ।
ਪੰਚ ਬਾਨ ਅਉ ਆਹਿ ਬਿਨੋਦਾ।
ਗਾਵਹਿ ਸਰਸ ਬਸੰਤ ਕਮੋਦਾ।
ਅਸਟ ਪੁਤ੍ਰ ਮੈ ਕਹੇ ਸਵਾਰੀ।
ਪੁਨ ਆਈ ਦੀਪਕ ਕੀ ਬਾਰੀ॥੬੭॥ਦੋਹਰਾ॥
ਕਾਲੇਖੀ ਪਟਮੰਜਰੀ ਟੋਡੀ ਕਹੀ ਅਲਾਪਿ।
ਕਾਮੋਦੀ ਅਉ ਗੂਜਰੀਸੰਗਿ ਦੀਪਕਕੇ ਥਾਪ।
੬੮॥ਚੌਪਈ॥ ਕਾਲੰਗਨ ਕੁੰਤਲ ਅਉਰਾਮਾ।

ਧਨਾਸੁਰੀ ਪਾਛੇ ਤੇ ਕੀਨੀ ॥
ਮਾਲਕੌਸ ਸੰਗਿ ਪਾਂਚੋ ਚੀਨੀ ॥
ਮਾਰੂ ਮਿਸ੍ਰਅੰਗ ਮੇਵਾਰਾ ॥
ਵਰਵਲ ਚੰਦ ਉਕਾਸ ਉਭਾਰਾ ॥
ਖੋਖਰ ਅਰੁ ਭਵਰਾਨੰਦ ਆਯੇ ॥
ਮਾਲਕੌਸ ਆਠੋਂ ਸੁਤ ਗਾਯੇ ॥੬੯॥ ਸੋਃ ॥
ਪੁਨਿ ਆਯੋ ਹਿੰਡੋਲ ਪੰਚ ਵਰਾਂਗੁਨ ਸੰਗਲੈ।
ਉਠਿਕਰ ਤਾਲਕਲੋਲਗਾਵਹਿਤਾਲਮਿਲਾਇ
ਕੈ॥੭੯॥ਚੌਃ॥ਤੈਲੰਗੀਦੇਵਗਰੀ ਜਵ ਆਈ॥
ਵਾਸੰਤੀ ਸਿੰਧੁਰੀ ਸੁਹਾਈ ॥
ਸਰਸ ਅਹੀਰੀ ਲੈ ਆਰਜਾ ॥
ਸੰਗ ਆਈ ਪਾਂਚੋਂ ਭਾਰਜਾ ॥
ਸੂਰਮਨੰਦ ਭਾਸਕਰ ਆਯੇ ॥
ਚੰਦਗ੍ਰਸਨ ਕੋਂ ਰਾਹੁ ਦਿਖਾਯੇ ॥
ਪੰਚਵੇਨੁ ਅਰੁ ਅਰਵਿਨੋਦੀ ॥
ਗਾਵੇ ਸਰਸ ਵਸੰਤ ਕਮੋਦਾ ॥
ਅਸ੍ਟ ਪੁਤ੍ ਗੁਨਿ ਕੀਜੋ ਅਪਾਰੀ ॥
ਪੁਨਿ ਆਈ ਦੀਪਕ ਕੀ ਵਾਰੀ ॥੭੧॥ਦੋਃ॥
ਕਾਛੋਲੀ ਪਟਮੰਜਰੀ ਟੋਡੀ ਗਹੀ ਅਲਾਪ ॥
ਕਾਮੋਦਾ ਅਰੁਗੂਜਰੀਏ ਦੀਪਕਕੇਸਾਥ॥੭੨॥
ਚੌਃ ॥ ਕਾਲਿੰਗਨ ਕੁੰਤਲ ਅਰੁਰਾਮਾ ॥
ਕਾਮ ਲੋਕ ਸਰ ਪੰਚਕ ਨਾਮਾ ॥

ਗੌਧਾਰੀ ਸੀਹੁਤੀ ਉਚਾਰੀ ॥
ਧਨਾਸਰੀ ਏ ਪਾਚਉ ਗਾਈ ॥
ਮਾਲ ਰਾਗ ਕਉਸਕ ਸੰਗ ਲਾਈ ॥
ਮਾਰੂ ਮਸਤਅੰਗ ਮੇਵਾਰਾ ॥
ਪ੍ਰਬਲਚੰਡ ਕਉਸਕ ਉਭਾਰਾ ॥
ਖਉਖਟ ਅਉ ਭਉਰਾਨਦ ਗਾਏ ॥
ਅਸਟਮਾਲ ਕਉਸਕ ਸੰਗ ਲਾਏ ॥ ੧ ॥
ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ
ਅਸਟ ਸੁਤ ॥ਉਠਹਿ ਤਾਨ ਕਲੋਲ ਗਾਇਨ
ਤਾਰ ਮਿਲਾਵਹੀ ॥ ੧ ॥ ਤੇਲੰਗੀ ਦੇਵ-
ਕਰੀ ਆਈ ॥ ਬਸੰਤੀ ਸੰਦੂਰ ਸੁਹਾਈ ॥
ਸਰਸ ਅਹੀਰੀ ਲੈ ਭਾਰਜਾ ॥
ਸੰਗ ਲਾਈ ਪਾਂਚਉ ਆਰਜਾ ॥
ਸੁਰਮਾਨੰਦ ਭਾਸਕਰ ਆਏ ॥
ਚੰਦ੍ਰਬਿੰਬ ਮੰਗਲਨ ਸੁਹਾਏ ॥
ਸਰਸ ਬਾਨ ਅਉ ਆਹਿ ਬਿਨੋਦਾ।
ਗਾਵਹਿ ਸਰਸ ਬਸੰਤ ਕਮੋਦਾ ॥
ਅਸਟ ਪੁਤ੍ ਮੈ ਕਹੇ ਸਵਾਰੀ ॥
ਪੁਨਿ ਆਈ ਦੀਪਕ ਕੀ ਬਾਰੀ ॥੧॥
ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥
ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪਿ
॥੧॥ਕਾਲੰਕਾ ਕੁੰਤਲ ਅਉਰਾਮਾ ॥

Digitized by Panjab Digital Library / www.panjabdigilib.org

Digitized by Panjab Digital Library | www.panjabdigilib.org

ਕਮਲ ਕੁਸਮ ਪੰਚਨ ਕੋ ਨਾਮਾ।
ਗੌਰਾ ਅਉ ਕਾਨਰਾ ਕਲਿਆਨਾ।
ਅਸਟ ਪੁਤ੍ ਦੀਪਕ ਕੇ ਜ਼ਾਨਾ।
ਸਭਿ ਮਿਲਿ ਸਿਰੀ ਰਾਗ ਵੈ ਗਾਵਹਿ।
ਪਾਂਚੇ ਸੰਗ ਬਰੰਗਨ ਲਾਵਹਿ।
ਬੈਰਾਟੀ ਕਰਨਾਟੀ ਧਰੀ । ਗੌਰੀ ਗਾਵਹਿ
ਆਸਵਾਰੀ। ਪੁਨਿ ਪਾਛੈ ਸੈਧਵੀ ਅਲਾਪੀ।
ਸਿਰੀ ਰਾਗ ਸੰਗ ਪਾਂਚੋ ਥਾਪੀ॥੬੯॥ਦੋਹਰਾ॥
ਮਾਲਵ ਸੰਗਰ ਸਾਗਰਾ ਅਉਰ ਗੌਡ ਗੰਭੀਰ।
ਆਠ ਪੁਤ੍ ਸਿਰੀ ਰਾਗ ਕੇ ਗੁੰਡ ਕੁੰਭ ਹਮੀਰ
॥੭੦॥ ਚੌਪਈ ॥ ਖਸਟਮ ਮੇਘ ਰਾਗ ਵੈ
ਗਾਵਹਿ। ਪਾਂਚੋ ਸੰਗ ਬਰੰਗਨ ਲਾਵਹਿ।
ਸੋਰਠ ਗੌਂਡ ਮਲਾਰੀ ਧੁਨੀ।
ਪੁਨ ਗਾਵਹਿ ਆਸਾ ਗੁਨ ਗੁਨੀ।
ਉਚੈ ਸੁਰ ਸੁਹਵੀ ਕੀਨੀ। ਮੇਘ ਰਾਗ ਸੋ ਪਾਂਚੋ
ਚੀਨੀ। ਬੈਰਾਗਰ ਗਜਧਰ ਕੇਦਾਰਾ।
ਜਲਧਰ ਅਉ ਨਟ ਜਬਲੀ ਧਾਰਾ।
ਪੁਨਿ ਗਾਵਹਿ ਸੰਕਰ ਅਉ ਸਿਆਮਾ।
ਕਮਲ ਕੁਸਮ ਪੰਚਨ ਕੇ ਨਾਮਾ॥੭੧॥ਦੋਹਰਾ॥
ਖਸਟਰਾਗਉਨਗਾਇਆਸੰਗ ਰਾਗਨੀ ਤੀਸ।
ਸਭੈਪੁਤ੍ ਰਾਗਨਕੇ ਗਾਏਅਠਾਰਹਦਸ ਬੀਸ।
॥ ੭੨ ॥

ਗੌਰਾ ਅਰੁ ਕਾਨ੍ਰਾ ਕਲਜਾਨਾ ॥
ਅਸ਼ਟ ਪੁਤ੍ ਦੀਪਕ ਕੇ ਜਾਨਾ ॥
ਪੰਚਮ ਸਿਰੀ ਰਾਗ ਉਹ ਗਾਵੈ ॥
ਪਾਂਚੋਂ ਸੰਗ ਰਾਗਿਨੀ ਮਿਲਾਵੈ ॥
ਵੈਰਾਟੀ ਕਰ੍ਨਾਟੀ ਕੀ ਧਰੀ ॥
ਗੌਰੀ ਗਾਵਹਿ ਆਸਾ ਭਰੀ ॥
ਪੂਨਿ ਪਾਛੇ ਸਿਧੁਰੀ ਅਲਾਪੀ ॥
ਸਿਰੀ ਰਾਗ ਸੰਗ ਪਾਂਚੋਂ ਥਾਪੀ ॥੭੩॥ਦੋ:॥
ਮਾਲਵ ਸਾਗ ਸਾਰਗਾਂ ਅਰੁ ਗਾਵਰਾ ਗੰਭੀਰ॥
ਅਸ਼ ਪੁਤ੍ ਸਿਰੀ ਰਾਗ ਕੇ ਗੋਡਾ ਕੁੰਭ ਹੰਵੀਰ
॥ ੭੪॥ਦੋ:॥ਖਸ਼ਮ ਮੇਘ ਰਾਗ ਉਹ ਕਹਈ॥
ਪਾਚੋਂ ਕਾਮਿਨਿ ਮੁਖ ਉਚਰਈ ॥
ਸੋਰਠ ਔਰ ਮਲਾਰੀ ਧੁਨਿ ॥
ਪੁਨਿ ਗਾਵਹਿ ਆਸਾ ਕੁੰਭਨੀ ॥
ਉਚੇ ਸੁਰ ਪੁਨਿ ਸ੍ਰੁਹਵ ਕੀਨੀ ॥
ਮੇਘ ਰਾਗ ਸੰਗ ਪਾਂਚੋਂ ਚੀਨੀ॥ ਵੈਰਾਰੋ ਗਜੁ-
ਧਰ ਕੇਦਾਰਾ॥ਜਾਲੰਧਰ ਨਟ ਯੌਂ ਜਲਧਾਰਾ॥
ਪੁਨਿ ਗਾਵਹਿ ਔ ਸੰਕਰ ਅਰੁ ਸਜਾਮਾ ।
ਮੇਘ ਰਾਗ ਪੁਤ੍ਰਨ ਕੇ ਨਾਮਾ ॥ ੭੫ ॥ ਦੋ: ॥
ਖਸ਼ ਰਾਗ ਉਨਗਾਇਯਾ ਸੰਗ ਰਾਗਨੀਤੀਸ॥
ਸਭੈ ਪੁਤ੍ ਸਭ ਰਾਗ ਕੈ ਅਠਤਾਲੀ ਛਤੀਸ
॥ ੭੬ ॥

ਕਮਲ ਕੁਸਮ ਚੰਪਕ ਕੇ ਨਾਮਾ ॥
ਗਉਰਾ ਅਉ ਕਾਨਰਾ ਕਲ੍ਯਾਨਾ ॥
ਅਸਟ ਪੁਤ੍ ਦੀਪਕ ਕੇ ਜਾਨਾ ॥ ੧ ॥
ਸਭ ਮਿਲਿ ਸਿਰੀ ਰਾਗ ਵੈ ਗਾਵਹਿ ॥
ਪਾਂਚਉ ਸੰਗ ਬਰੰਗਨ ਲਾਵਹਿ ॥
ਬੈਰਾਰੀ ਕਰੰਨਾਟੀ ਧਰੀ ॥ ਗਵਰੀ ਗਾਵਹਿ
ਆਸਾਵਰੀ॥ ਤਿਹ ਪਾਛੇ ਸਿੰਧਵੀ ਅਲਾਪੀ॥
ਸਿਰੀ ਰਾਗ ਸਿਉ ਪਾਂਚਉ ਥਾਪੀ ॥ ੧ ॥
ਸਾਲੂ ਸਾਰਗ ਸਾਗਰਾ ਅਉਰ ਗੋਡ ਗੰਭੀਰ॥
ਅਸਟਪੁਤ੍ ਸ੍ਰੀਰਾਗ ਕੇ ਗੁੰਡਕੁੰਭ ਹਮੀਰ॥੧॥
ਖਸਟਮ ਮੇਘ ਰਾਗ ਵੈ ਗਾਵਹਿ ॥ ਪਾਂਚਉ
ਸੰਗਿ ਬਰੰਗਨ ਲਾਵਹਿ ॥ ਸੋਰਠਿ ਗੌਡ
ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ
ਗੁਨੀ ॥ ਉਚੈ ਸੁਰਿ ਸੁਹਉ ਪੁਨਿ ਕੀਨੀ ॥
ਮੇਘ ਰਾਗ ਸਿਉ ਪਾਚਉ ਚੀਨੀ ॥ ੧ ॥
ਬੈਰਾਧਰ ਗਜਧਰ ਕੇਦਾਰਾ ॥
ਜਬਲੀਧਰ ਨਟ ਅਉ ਜਲਧਾਰਾ ॥
ਪੁਨਿ ਗਾਵਹਿ ਸੰਕਰ ਅਉ ਸਿਆਮਾ ॥
ਮੇਘ ਰਾਗ ਪੁਤ੍ਰਨ ਕੇ ਨਾਮਾ ॥ ੧ ॥ ਖਸਟ
ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥
ਸਭੈ ਪੁਤ੍ ਰਾਗੰਨ ਕੇ ਅਠਾਰਹ ਦਸ ਬੀਸ
॥ ੧ ॥ ੬ ॥

ਉੱਪਰਲੇ ਟਾਕਰੇ ਤੋਂ ਆਲਮ ਦੀ ਰਚੀ ਰਾਗ ਨਾਮਾਵਲੀ ਦਾ ਫਰਕ ਸਪਸ਼ਟ ਹੋ ਗਿਆ। ਹੁਣ ਇਸ ਤੋਂ ਜੋ ਨਕਸ਼ਾ ਰਾਗਾਂ ਦਾ ਬਣਦਾ ਹੈ, ਉਹ ਹੇਠਾਂ ਦੇਂਦੇ ਹਾਂ ਤੇ ਪਿੱਛੇ ਦਿੱਤੇ ਸਾਰੇ ਨਕਸ਼ਿਆਂ ਨਾਲ ਮੁਕਾਬਲਾ ਕਰਕੇ ਕੀ ਵੇਖਦੇ ਹਾਂ ਕਿ ਸੰਗੀਤਕ ਨੁਕਤੇ ਤੋਂ ਬੀ ਇਹ ਗੁਰਮਤ ਰਾਗਮਾਲਾ ਤੋਂ ਭਿੰਨ ਹੈ, ਕੋਈ ਕੋਈ ਤੁਕ ਤਾਂ ਭਾਵੇਂ ਟਾਕਰਾ ਖਾ ਜਾਏ, ਪਰ ਪੁਤ੍ਰ ਤੇ ਰਾਗਣੀਆਂ ਟਾਕਰਾ ਨਹੀਂ ਖਾਂਦੀਆਂ।

ਆਲਮ ਦੇ ਮਾਧਵਾਨਲ ਵਿਚੋਂ ਰਾਗਾਂ ਦੀ ਗੇਣਤੀ ਦਾ ਨਕਸ਼ਾ

ਇਹ ਗ੍ਰੰਥ ਸੰਗੀਤ ਦਾ ਨਹੀਂ ਹੈ, ਨਾ ਸੰਗੀਤ ਦੇ ਪ੍ਰਮਾਣਾ ਵਿਚ ਪ੍ਰਮਾਣੀਕ ਹੋ ਸਕਦਾ ਹੈ।
ਇਸ ਗ੍ਰੰਥ ਵਿਚ ਕਾਮ ਕੰਦਲਾ ਨਾਮੀ ਬੇਸਜਾ ਦੇ ਨਾਚ ਦੇ ਕਹਾਣੀ ਹੈ। ਕਰਤਾ ਇਸ ਦਾ ਸੰਗੀਤ ਮਤ ਤੋਂ ਬੇਖਬਰ ਹੈ।

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ	ਭੈਰਵੀ ਦੇਸ਼ਕਾਵ੍ਰੂ	ਵੇਲਾਚਲੀ ਮਾਧੋ	ਪਿਨਾਕੀ ਲਲਿਤ	ਮੰਗਲੀ ਬਿਲਾਵਲ	ਆਸਾਲੰਭੀ ਹਰਜਾਵਲ	..... ਵੰਗਾਲਾ	..... ਵਿਹੰਗ	..... ਮਧੁਰੁਨ
੨. ਮਾਲਕੌਂਸਰਾਗ	ਇਸਤ੍ਰੀ ਪੁਤ੍ਰ	ਗੌਂਡਗਿਰੀ ਮਾਰੂ	ਦੇਵ ਗੰਧਾਰੀ ਮੇਵਾਰ	.....* ਮਿਸ਼੍ਰਅੰਗ	.....* ਵਰਵਲ	ਧਨਾਸਰੀ ਚੰਦ ਉਕਾਸ	..... ਖੋਖਰ	..... ਭਵਰਾ	..... ਨੰਦ
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ	ਤੋਲੰਗੀ ਸ੍ਰਮ ਨੰਦ	ਦੇਵਗਰੀ ਭਾਸਕਰ	ਵਾਸੰਤੀ ਚੰਦ੍ ਗ੍ਰਸਨ	ਸਿੰਧੁਰੀ ਰਾਹੁ	ਸਰਸ ਅਹੀਰੀ ਪੰਚਵੇਨ	..... ਵਿਨੋਦੀ	..... ਵਸੰਤ	..... ਕਮੋਦਾ
੪. ਦੀਪਕ ਰਾਗ	ਇਸਤ੍ਰੀ ਪੁਤ੍ਰ	ਕਾਛੋਲੀ ਕਾਲਿੰਗਨ	ਪਟਮੰਜਰੀ ਕੁੰਤਲ	ਟੈਡੀ ਰਾਮਾ	ਕਾਮੋਦਾ ਕਾਮਲੋਕ	ਗੂਜਰੀ ਪੰਚਕ	..... ਗੌਰਾ	..... ਕਾਨ੍ਹਰਾ	..... ਕਲਜਾਨਾ
੫. ਸਿਰੀ ਰਾਗ	ਇਸਤ੍ਰੀ ਪੁਤ੍ਰ	ਵੈਰਾਟੀ ਮਾਲਵ	ਕਰਨਾਟੀ ਸਾਗ	ਗੌਰੀ ਸਾਰਗਾਂ	ਆਸਾਭਰੀ ਗੌਂਡ	ਸਿਧੁਰੀ ਹੰਵੀਰ	..... ਗਵਰਾ	..... ਕੁੰਭ	..... ਗੰਭੀਰ
੬. ਮੇਘ ਰਾਗ	ਇਸਤ੍ਰੀ ਪੁਤ੍ਰ	ਸੋਰਠ ਵੈਰਾਰੰ	ਕੁੰਭਨੀ ਗਜਧਰ	ਮਲਾਰੀ ਕੇਦਾਰਾ	ਆਸਾ ਜਾਲੰਧਰ	ਸੂਹਵ ਜਲਧਾਰਾ	.... ਸੰਕਰ	..... ਸਜਾਮਾ	..... ਨਟ

ਹਰਜਾਵਲ, ਵੈਰਾਰੰ, ਵੇਲਾਚਲੀ, ਆਸਾਲੌਭੀ, ਵਿਹੰਗ, ਰਾਹੁ ਆਦਿ ਇਹ ਰਾਗ ਅਸ਼ੁੱਧ ਹਨ, ਕਰਤਾ ਨੇ ਨਾਮ ਭੁੱਲ ਜਾਣੇ ਤੇ ਨਵੇਂ ਠੱਪਕੇ ਲਿਖ ਦਿੱਤੇ ਹੋਏ ਜਾਪਦੇ ਹਨ।

*ਅੰਧਜਾਵਲੀ ਤੇ ਸੋਰਠ ਦੋ ਰਾਗਨੀਆਂ ਇਕ ਹੋਰ ਨੁਸਖੇ ਵਿਚ ਲਿਖੀਆਂ ਹਨ, ਪਰ ਮੇਘ ਵਿਚ ਫੇਰ ਸੋਰਠ ਆਯਾ ਹੈ।

Digitized by Panjab Digital Library | www.panjabdigilib.org

ਇਹ ਗ੍ਰੰਥ ਸੰਗੀਤ ਦਾ ਨਹੀਂ ਹੈ ਨਾ ਸੰਗੀਤ ਦੇ ਪ੍ਰਮਾਣਾ ਵਿਚ ਪ੍ਰਮਾਣੀਕ ਹੋ ਸਕਦਾ ਹੈ, ਪਰੰਤੂ ਬੁਧ ਪ੍ਰਕਾਸ਼ ਦਰਪਨ ਵਾਲੀ ਰਾਗ ਮਾਲਾ ਇਸ ਵਿਚ ਅਸ਼ੁੱਧ ਤਰੀਕੇ ਨਾਲ ਲਿਖੀ ਹੋਈ ਨਕਲ ਹੈ।

ਇਹ ਭੀ ਕਾਮਕੰਦਲਾ ਦਾ ਕਿੱਸਾ ਹੈ, ਜਿਵੇਂ ਆਲਮ ਦਾ ਕਿੱਸਾ ਹੈ।ਇਹ ਗ੍ਰੰਥ ਸੰਮਤ ੧੮੦੩, ੧੮੩੭ ਦੇ ਵਿਚਾਲੇ ਲਿਖਿਆ ਗਿਆ ਹੈ। ਇਸ ਦੇ ਕਰਤਾ ਨੇ ਜੋ ਕਾਮ ਕੰਦਲਾ ਤੋਂ ਰਾਗ ਗੁਵਾਏ ਹਨ ਸੋ ਦੀਵਾਨ ਲੱਛੀ ਰਾਮ ਦੇ ਬੁਧ ਪ੍ਰਕਾਸ਼ ਦਰਪਨ ਤੋਂ ਲਏ ਹਨ, ਜੋ ਗ੍ਰੰਥ ਸੰਮਤ ੧੭੬੮ ਬਿ: ਲਾਹੌਰ ਵਿਚ ਲਿਖਿਆ ਗਿਆ ਸੀ। ਜਿਵੇਂ ਇਸ ਦੇ ਕਰਤਾ ਜੀ ਸੰਗੀਤ ਦੇ ਆਚਾਰਜ ਨਹੀਂ ਤੇ ਰਾਗਾਂ ਦੀ ਗੇਣਤੀ ਬੁਧ ਪ੍ਰਕਾਸ਼ ਤੋਂ ਲੈਂਦੇ ਹਨ ਤੇ ਗਲਤੀਆਂ ਖਾਕੇ ਅਪਣੀ ਸੰਗੀਤਕ ਅਗਜਾਨਤਾ ਪ੍ਰਗਟ ਕਰਦੇ ਹਨ, ਤਿਵੇਂ ਆਲਮ ਨੇ ਰਾਗਾਂ ਦੀ ਗੇਣਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਰਾਗਮਾਲਾ ਦੀ ਲਈ ਤੇ ਗਲਤੀਆਂ ਖਾਕੇ ਅਪਣੀ ਸੰਗੀਤਕ ਅਗਜਾਨਤਾ ਦਾ ਸਬੂਤ ਦਿੱਤਾ ਹੈ। ਦੋਹਾਂ ਦਾ ਮੁਕਾਬਲਾ ਇਸ ਗਲ ਨੂੰ ਸਹੀ ਕਰਨ ਵਿਚ ਮਦਦ ਦੇਂਦਾ ਹੈ।

(ਨਕਸ਼ਾ ਅਗਲੇ ਪੰਨੇ ਪਰ ਹੈ)

Digitized by Panjab Digital Library | www.panjabdigilib.org

ਰਾਗ	ਪਰਵਾਰ	੧	੨	੩	੪	੫	੬	੭	੮
੧. ਭੈਰਵ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਬੰਗਾਲੀ ਬਰਬਲ ਅਨੰਦੀ	ਭੈਰਵੀ ਬੰਗਾਲ ਬਹੁਲ	ਅਸਨੇਹੀ ਪੰਚਮ ਕੁੰਭਾਰੀ	ਪੁੰਨਜਾਕੀ ਮਧੁ ਧੌਲਸਿਰੀ	ਬਿਲਾਵਲੀ ਹਰਖ ਚੌਰਾਸਟ	..... ਲਲਿਤ ਸੂਹਬ	..... ਮਾਧਵ ਸੂਹਾ ਬਿਲਾਵਲ	..... ਦਿਸਾਖ* ਕੁੰਭਾਰ
੨. ਮਾਲ ਕੌਂਸ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਗੋਡਸਿਰੀ ਚੰਦ੍ ਕਾਂਸ ਭੀਮ ਪਲਾਸੀ	ਗੰਧਾਰਨੀ ਮਿਸਟਾਂਗ ਕਬੂ	ਅੰਧਾਕੀ ਖੋਖਰ ਧਨਸੀ	ਸ੍ਰੀ ਹਟੀ ਭਵਰ ਬੁਰਕਾ	ਧਨਾਸ੍ਰੀ ਮਿਵਾਰਕ ਜੈਤਸ੍ਰੀ	..... ਨੰਦਨ ਕਾਮੋਦਨੀ	..... ਮਾਰੂ .....†	..... ਕੌਸਕ .....†
੩. ਹਿੰਡੋਲ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਤੈਲੰਗੀ ਚੰਦ੍ ਬਿੰਬ ਪੂਰਬੀ	ਸਿੰਧਵੀ ਸੁਭ੍ਰਾਂਗ ਤ੍ਰਿਬੇਣਾ	ਦੇਵਗਿਰੀ ਬਸੰਤ ਰਹਬ	ਬਸੰਤੀ ਬਰਧਨ ਨੀਲਾਵਤੀ	ਅਭੀਰੀ ਮੰਗਲ ਕੋਸ੍ਬੀ	..... ਬਿਨੋਦ ਪਰੇਵੀ	..... ਸਰਸ ਬਾਨ ਪੂਰੀਆ	..... ਕਾਮੋਦ .....‡
੪. ਦੀਪਕ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਪਟਮੰਜਰੀ ਕਮਲ ਏਮਨ	ਕਾਮੋਦ ਕੁਸਮ ਸੁਜਤ	ਕਾਛੇਲੀ ਸਤਰਾਮ ਕੁਮਾਰ	ਟੋਡੀ ਕੁੰਤਲ ਬੰਗਾਲੀ	ਗੂਜਰੀ ਚੰਪਕ ਜੈਜਾਵੰਤੀ	..... ਲਹੁਲ . ਹੰਬੀਰੀ	..... ਕੁਲਿੰਗ ਰੁਦ੍ਰਾਣੀ	..... ਹੋਮਾਲ .....§
੫. ਸਿਰੀ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਬੈਰਾਟੀ ਸਿੰਧੂ ਕੈਭੀ	ਕਰਨਾਟਕ ਮਾਲਵ ਕੁਹਰ	ਗੌਰੀ ਗੌਰ ਸੁਰਸਭੀ	ਸਿੰਧਵੀ ਗਜ ਬਛ	ਰਾਮਕਲੀ ਗੁਨਸਾਗਰ ਧਨੰਛੀ	ਸਾਵੇਰਕਾ ਗੰਭੀਰ ਹੰਸੀ	..... ਕੁੰਭ ਮਾਲਸਿਰੀ	..... ਕਲਆਨ¶ ਸਸਿਰੇਖਾA
੬. ਮੇਘ ਰਾਗ	ਇਸਤ੍ਰੀ ਪੁਤ੍ਰ ਨੂੰਹਾਂ	ਸੋਰਠੀ ਨਟ ਕੌਲਾਨੀ	ਸੂਹਬ ਸਾਰੰਗ ਪਰਜ	ਆਸਾਵਰੀ ਕਾਨੜਾ ਕਦੰਬਰੀ	ਮਲਾਰ ਗੌਂਡ ਨਟ	ਕੁੰਕਨ ਮਲਾਰ ਮਾਹੀ	..... ਜਲੰਧਰ ਕਦੂਮ	..... ਸੰਕਰਾਭਰਨ ਪਹਾਰੀ	..... ਕੇਦਾਰਾ ਹੰਬੀਰੀ

*ਅਤੇ ਨੌਵਾਂ ਬਿਲਾਵਲ। †ਦੋ ਰਾਗਨੀਆਂ ਹੀ ਭਾਈ ਜੀ ਇਥੇ ਭੁੱਲ ਗਏ ਹਨ 'ਖਸਟ ਚੇਰਕਾ ਮਾਨ' ਲਿਖਕੇ ਸਮਾਪਤੀ ਕਰ ਦਿਤੀ। ‡ਇਥੇ ਵੀ ਭਾਈ ਸਾਹਿਬ ਅੱਠਵੀਂ ਦ੍ਵਾਰਾਵਤੀ ਯਾ ਦੁਆਰੀ ਰਾਗਨੀ ਭੁੱਲ ਗਏ ਹਨ। §ਇਥੇ ਬੀ ਭਾਈ ਸਾਹਿਬ ਅੱਠਵੀਂ ਮਨੋਹਰਾ ਰਾਗਨੀ ਭੁਲ ਗਏ ਹਨ। ¶ਅਤੇ ਨੌਵਾਂ ਹੰਬੀਰ। Aਇਥੇ ਬੀ ਭਾਈ ਜੀ ਸੋਰਾਸਟੀ ਰਾਗਨੀ ਭੁੱਲ ਗਏ ਹਨ।

ਇਸ ਦੀਆਂ ਗਲਤੀਆਂ ਲਈ ਮੁਕਾਬਲਾ ਕਰੋ ਬੁਧ ਪ੍ਰਕਾਸ਼ ਵਾਲੇ ਨਕਸ਼ੇ ਨਾਲ ਜੋ ੭੫੪ ਪੰਨੇ ਤੇ ਪਿੱਛੇ ਆ ਚੁਕਾ ਹੈ।

Digitized by Panjab Digital Library | www.panjabdigilib.org

ਸ਼ੰਕਾ ੫.—ਕਈ ਰਾਗ ਰਾਗਮਾਲਾ ਵਿਚ ਹਨ ਜਿਨ੍ਹਾਂ ਵਿਚ ਬਾਣੀ ਨਹੀਂ ਰਚੀ ਗਈ, ਕਈ ਰਾਗਮਾਲਾ ਵਿਚ ਪ੍ਰਗਟ ਨਹੀਂ ਆਏ ?

ਉਤਰ—ਇਸ ਦਾ ਕਾਰਣ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗੀਤਕ ਕਾਇਦੇ ਬੰਦੀ (ਵਜ਼ਾਕਰਨ) ਦਾ ਗ੍ਰੰਥ ਨਹੀਂ। ਇਸ ਦੀ ਰਚਨਾ ਰਾਗਾਂ ਦੀ ਖਾਤਰ ਨਹੀਂ, ਪਰ ਜੋ ਜੋ ਬਾਣੀ ਸ਼ਬਦ ਆਦਿ ਰਚੇ ਗਏ ਈਸ਼ੁਰੀਯ ਅਨੁਭਵ ਉਤਰਨੇ ਤੇ ਰਚੀਂਦੇ ਗਏ। ਗੁਰੂ ਜੀ ਅਰਸ਼ੀ ਸੰਗੀਤਕ ਤੇ ਅਰਸ਼ੀ ਕਵਿ ਹੋਣ ਕਰਕੇ ਉਸਨੂੰ ਛੰਦਾਂ ਵਿਚ ਰਚਦੇ ਤੇ ਗਾਇਨ ਕਰਦੇ ਤੇ ਗਾਇਨ ਵਿਚ ਸੁਣਦੇ ਸੇ, ਜਿਨ੍ਹਾਂ ਰਾਗਾਂ ਵਿਚ ਜੋ ਕੁਛ ਗਾਵਿਆਂ ਗਿਆ, ਸੋ ਅੰਕਿਤ ਹੋ ਗਿਆ ਤੇ ਸਿਰਲੇਖ ਲਿਖ ਦਿੱਤੇ ਗਏ। ਜੇ ਕੋਈ ਰਾਗ ਦੇ ਮਤ ਦਾ ਪੁਸਤਕ ਲਿਖੇ, ਪਹਿਲਾਂ ਕਿਸਮਾਂ ਦੇਵੇ ਫੇਰ ਹਰ ਰਾਗ ਦੀਆਂ ਹੇਠਾਂ ਉਦਾਹਰਨਾਂ ਦੇਵੇ, ਤਾਂ ਸਾਰਾ ਕੁਛ ਦੇਣਾ ਪੈਂਦਾ ਹੈ, ਇਹ ਤ੍ਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾਂ ਦਾ ਨਹੀਂ ਸੀ।

ਦੇਖੋ ਛੇਆਂ ਰਾਗਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਰਾਗ ਆਏ ਹਨ। ਛੀਏ ਰਾਗ ਕ੍ਰਮ ਅਨੁਸਾਰ ਨਹੀਂ ਵਰਣਨ ਕੀਤੇ, ਤਦ ਭੈਰੋਂ ਤੇ ਉਸ ਦਾ ਪਰਿਵਾਰ ਕੀਕੂੰ ਵਿਧਿ ਸੰਯੁਕਤ ਪਹਿਲੋਂ ਆਉਂਦੇ? ਫੇਰ ਸਿਰੀਰਾਗ ਦਾ ਪਰਵਾਰ ਬੀ ਕ੍ਰਮ ਅਨੁਸਾਰ ਨਹੀਂ ਰਖਿਆ। ਬਾਕੀ ਦੇ ਚਾਰਾਂ ਵਿਚ ਬਾਣੀ ਨਹੀਂ ਰਚੀ ਗਈ, ਉਨ੍ਹਾਂ ਦੇ ਪਰਿਵਾਰਾਂ ਵਿਚੋਂ ਕਈਆਂ ਵਿਚ ਰਚੀ ਗਈ ਹੈ, ਇਸ ਕਰਕੇ ਸਿਰੀ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ ਤੇ ਭੈਰਉ ਰਾਗ ਮਾਲਾ ਦੇ ਸ਼ੁਰੂ ਵਿਚ ਆਏ ਹਨ। ਆਦਿ ਬਾਣੀ ਦਾ ਉਚਾਰ ਸਤਿਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਗ ਤੋਂ ਕੀਤਾ। ਗੁਰਬਾਣੀ ਵਿਚ 'ਰਾਗਾ ਵਿਚਿ ਸ੍ਰੀ ਰਾਗੁ ਹੈ',ਦਾ ਪਵਿੱਤ੍ਰ ਵਾਕ ਵਿਦਤ ਹੈ, ਕਿਉਂਕਿ ਇਹੋ ਸ਼ਾਂਤਿ ਰਸ ਰਾਗ ਹੈ, ਉਦਾਸੀ, ਨਿਰਵੈਦਤਾ, ਉਪ੍ਰਾਮਤਾ ਦਾ ਪੂਰਨ ਅਸਰ ਰੱਖਦਾ ਹੈ। ਸ਼ਾਂਤਿ ਰਸ ਦਾ 'ਸਥਾਈ ਭਾਵ' ਨਿਰਵੈਦ ਹੈ। ਸ਼ਾਂਤਿ ਰਸੀ ਸੰਗੀਤ ਦੀ ਸਥਾਈ, ਨਿਰਵੈਦ ਤਾਸੀਰ ਵਾਲੇ ਰਾਗ ਤੋਂ ਰੱਖੀ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਰਾਗਮਾਲਾ ਵਿਚ ਕ੍ਰਮ ਦੇਂਦੀ ਕੇਵਲ ਸੰਗੀਤਕ ਮਤ (ਗੁਰਮਤ ਸੰਗੀਤ) ਦੀ ਦਿਖਾਈ ਹੈ, ਨਾਕਿ ਰਾਗਾਂ ਦੀ ਰੂਪਾਵਲੀ।

ਭੈਰਉ ਰਾਗ ਰਾਗਮਾਲਾ ਵਿਚ ਇਸ ਲਈ ਪਹਿਲਾਂ ਹੈ ਕਿ ਕ੍ਰਮ ਦੇਂਦੀ ਵੇਲੇ ਅੰਮ੍ਰਿਤ ਵੇਲੇ ਦਾ ਪਹਿਲਾ ਰਾਗ ਹੈ। ਸ੍ਰੀ ਰਾਗ ਅਪਣੀ ਤਾਸੀਰ ਕਰਕੇ ਸ਼ਾਂਤਿ ਰਸੀ ਰਚਨਾ ਦੇ ਅਰੰਭ ਵਿਚ ਸ਼ਾਂਤਿ ਰਸ ਦਾ ਰਾਗ ਹੈ। ਸ੍ਰੀ ਰਾਗ ਦੇ ਪਹਿਲੇ ਸ਼ਬਦ ਭਾਰੀ ਉਪ੍ਰਾਮਤਾ ਦੇ ਭਾਵ ਵਾਲੇ ਰੱਖੇ ਹਨ। ਇਹ ਬੀ ਰਵਾਯਤ ਹੈ ਕਿ ਪੰਜਵੇਂ ਸਤਿਗੁਰਾਂ ਦੇ ਹਜ਼ੂਰ ਜਿਸਵੇਲੇ ਭਾਈਗੁਰਦਾਸ ਜੀ ਨੇ ਜਪੁਜੀ,ਰਹਿਰਾਸ,ਸੋਹਲਾ ਲਿਖ ਲਿਆ ਤੇ ਰਾਗਾਂ ਦੀ ਵੰਡ ਵਿਚ ਬਾਣੀ ਲਿਖਣ ਲੱਗੇ ਤਾਂ ਸਮਾਂ ਸ੍ਰੀ ਰਾਗ ਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾਂ ਦੇ ਆਰੰਭ ਵੇਲੇ 'ਰਾਗਾ ਵਿਚਿ ਸ੍ਰੀ ਰਾਗੁ ਹੈ' ਦੇ ਵਾਕ ਮੁਜਬ ਸ੍ਰੀ ਰਾਗ ਦੀ ਬਾਣੀ ਪਹਿਲੇ ਲਿਖੀ ਜਾ ਚੁੱਕੀ ਸੀ, ਸਮਾਪਤੀ ਪਰ ਜਦ ਰਾਗਰਾਗਣੀਆਂ 'ਰਾਗਰਤਨਪਰਵਾਰਪਰੀਆ' ਦੇ ਰੂਪ ਵਿਚ ਸ਼ਬਦ ਗਾਵਣ ਆਏ ਤਾਂ ਉਨ੍ਹਾਂ ਨੇ ਪਹਿਲੋਂ ਭੈਰਉ ਅਲਾਪਿਆ, ਜਿਸ ਕ੍ਰਮ ਵਿਚ ਅਲਾਪ ਹੋਇਆ,ਉਸ ਵਿਚ ਰਾਗਮਾਲਾ ਲਿਖੀ ਗਈ।

ਸ਼ਾਂਤਿ ਰਸ ਦੇ ਅਰਥ ਅਰ ਭਾਵ ਦਾ

Digitized by Panjab Digital Library | www.panjabdigilib.org

ਖਜਾਲ ਕਰਕੇ ਸ਼ਾਂਤਿ ਰਸੀ ਤਾਸੀਰ ਵਾਲਾ ਰਾਗ ਰਚਨਾ ਦੇ ਅਰੰਭ ਵਿਚ ਹੈ ਤੇ ਸੰਗੀਤਕ ਕ੍ਰਮ ਬੰਦੀ ਦੇ ਲਿਹਾਜ਼ ਕਰਕੇ ਤੇ ਰਾਗ ਰਤਨ ਪਰਵਾਰ ਦਾ ਪਹਿਲਾ ਅਲਾਪ ਭੈਰਉ ਤੋਂ ਹੋਣ ਕਰਕੇ ਭੈਰਉ ਰਾਗਮਾਲਾ ਵਿਚ ਪਹਿਲਾਂ ਹੈ।

੬. ਇਹ ਬੀ ਰਵਾਯਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇਵੀਂ ਪਾਤਸ਼ਾਹੀ ਨੇ ਧੁਨਾਂ ਚੜ੍ਹਾਈਆਂ, ਭਾਈ ਬੰਨੋ ਨੇ ਰਤਨ ਮਾਲਾ ਚੜ੍ਹਾਈ, ਦਸਮੇਂ ਪਾਤਸ਼ਾਹ ਨੇ ਨਾਵੇਂ ਸਤਿਗੁਰਾਂ ਦੀ ਬਾਣੀ ਚੜ੍ਹਾਈ, ਸਭ ਹਾਲ ਤੇ ਨਾਮ ਅੱਜ ਤੱਕ ਮਲ੍ਹੂਮ ਹਨ। ਰਾਗਮਾਲਾ ਕਿਸੇ ਹੋਰ ਨੇ ਚੜ੍ਹਾਈ ਤਾਂ ਕਿਸਨੇ ਚੜ੍ਹਾਈ ? ਕੋਈ ਬਹੁ ਨਹੀਂ ਦੱਸਦਾ, ਕਿਸੇ ਦਾ ਨਾਮ ਅੱਜ ਤੱਕ ਕਿਸੇ ਨੇ ਨਹੀਂ ਦੱਸਿਆ, ਕਿਹੜੇ ਸਮੇਂ ਤੇ ਕਿਸ ਜੁਗਤਿ ਨਾਲ ? ਚੋਰੀ ਚੜ੍ਹ ਨਹੀਂ ਸਕਦੀ, ਕਿਉਂਕਿ ਪੰਜਵੇਂ ਸਤਿਗੁਰਾਂ ਤੋਂ ਲੈ ਦਸਵੇਂ ਸਤਿਗੁਰਾਂ ਤੱਕ ਹਜ਼ਾਰਾਂ ਬੀੜਾਂ ਰਾਗਮਾਲਾ ਵਾਲੀਆਂ ਲਿਖਤੀ ਲਿਖੇ ਜਾਣ ਦੇ ਸਮਤਾਂ ਸਮੇਤ ਮੌਜੂਦ ਹਨ। ਕਰਤਾਰ ਪੁਰ, ਦਮਦਮੇਂ, ਮਾਂਗਟਾ ਵਾਲੀਆਂ ਬੀੜਾਂ ਪਰ ਰਾਗਮਾਲਾ ਮੌਜੂਦ ਹੈ । ਇਹ ਕਦ ਹੋ ਸਕਦਾ ਹੈ ਕਿ ਗੁਰੂ ਸਾਹਿਬਾਂ ਦੇ ਵੇਲੇ ਚੜ੍ਹੇ ਤੇ ਉਨ੍ਹਾਂ ਨੂੰ ਪਤਾ ਨਾ ਲੱਗੇ। ਕਰਤਾਰ ਪੁਰ ਵਾਲੀ ਬੀੜ ਵਿਚ ਰਾਗਮਾਲਾ ਦੀ ਲਿਖਤ ਬਾਕੀ ਸਾਰੀ ਨਾਲ ਇਕ ਸਾਰ ਹੈ । ਅਸਾਂ ਦਸਤਖਤੀ ਬੀੜਾਂ ਪਤ ਬੀ ਰਾਗਮਾਲਾ ਦੇਖੀ ਹੈ ਅਰ ਦਸਤਖਤ ਰਾਗਮਾਲਾ ਦੇ ਮਗਰੋਂ ਹੋਏ ਹੋਏ ਹਨ। ਸੋ ਜੋ ਬਾਣੀ ਪੰਜਾਂ ਸਤਿਗੁਰਾਂ ਦੇ ਵੇਲੇ ਬੀੜ ਵਿਚ ਚੜ੍ਹੀ ਰਹੀ ਹੈ, ਉਸ ਪਰ ਸ਼ੰਕਾ ਕਰਨ ਦੇ ਅਰਥ ਇਹ ਹਨ ਕਿ ਸਤਿਗੁਰਾਂ ਨੂੰ ਪਤਾ ਨਹੀਂ ਲੱਗਾ, ਜੋ ਉਨ੍ਹਾਂ ਦੇ ਬਾ-ਖਬਰ ਇਨਸਾਨ ਹੋਣ ਅਤੇ ਤ੍ਰਿਕਾਲੱਗਜ ਅਵਤਾਰ ਹੋਣ ਤੇ ਸ਼ੰਕਾ ਲਿਆਉਣੀ ਹੈ ਤੇ ਜੋ ਉਨ੍ਹਾਂ ਨੂੰ ਪਤਾ ਸੀ ਤੇ ਉਨ੍ਹਾਂ ਨਹੀਂ ਕੱਢੀ ਤਾਂ ਉਨ੍ਹਾਂ ਦੀ ਆਗਜਾ ਹੈ। ਇਹ ਵਿਦਤ ਹੈ ਕਿ ਭਾਈ ਮਨੀ ਸਿੰਘ ਜੀ ਵਰਗੇ ਪੰਥ ਪਯਾਰੇ ਗਯਾਨੀ ਨੇ ਬੀੜ ਵਿਚ ਹੇਰਾ ਫੇਰੀ ਕਰਨੀ ਚਾਹੀ ਤਾਂ ਪੰਥ ਨੇ ਪਰਵਾਨ ਨਾ ਕੀਤਾ, ਰਾਗਮਾਲਾ ਕੀਕੂੰ ਪੰਥ ਦੀ ਨਜ਼ਰੋਂ ਬੀ ਉਹਲੇ ਰਹਿਕੇ ਚੜ੍ਹ ਗਈ ? ਇਹ ਬੀ ਬਜ਼ੁਰਗਾਂ ਤੋਂ ਸੁਣਦੇ ਰਹੇ ਹਾਂ ਕਿ ਦਮਦਮੇ ਵਾਲੀ ਬੀੜ ਦੇ ਪੰਜ ਉਤਾਰੇ ਹੋਕੇ ਤਖਤ ਸਾਹਿਬਾਂ ਤੇ ਅਸਥਾਪਨ ਹੋਏ, ਉਹ ਰਾਗਮਾਲਾ ਸਣੇ ਹਨ।

੭. ਇਸ ਪ੍ਰਸ਼ਨ ਪਰ ਕਿ—ਰਾਗਮਾਲਾ ਕਰਤਾਰ ਪੁਰ ਵਾਲੀ ਆਦਿ ਬੀੜ ਵਿਚ ਪਿੱਛੋਂ ਚੜ੍ਹਾਈ ਗਈ ਹੈ, ਡੂੰਘੀ ਵਿਚਾਰ ਕਰਨ ਤੇ ਪ੍ਰਤੀਤ ਹੁੰਦਾ ਹੈ ਕਿ ਅੱਜ ਤੱਕ ਉਸ ਬੀੜ ਵਿਚ ਨਾਵੇਂ ਸਾਹਿਬਾਂ ਦੀ ਬਾਣੀ ਕਿਸੇ ਨਹੀਂ ਚੜ੍ਹਾਈ, ਉਥੇ ਓਕਰ ਹੀ ਖਾਲੀ ਪੜ੍ਹੇ ਪਏ ਹਨ, ਤਿਵੇਂ ਹੀ "ਸੋ ਪੁਰਖੁ ਨਿਰੰਜਨੁ" ਵਾਲਾ ਰਹਿਰਾਸ ਦਾ ਸ਼ਬਦ ੪ ਪੌੜੀਆਂ ਅੱਜ ਤੱਕ ਉਸ ਬੀੜ ਵਿਚ ਕਿਸੇ ਨੇ ਨਹੀਂ ਚੜ੍ਹਾਇਆ, ਫਿਰ ਕੀਕੂਰ ਹੋ ਸਕਦਾ ਹੈ ਕਿ ਕੋਈ ਸਾਹਸੀ ਪੁਰਖ ਰਾਗਮਾਲਾ ਪਿੱਛੋਂ ਚੜ੍ਹਾਉਣ ਦਾ ਉੱਦਮ ਕਰੇ ਅਤੇ ਚੜ੍ਹਾਉਣ ਵਾਲੇ ਦਾ ਨਾਮ ਪ੍ਰਗਟ ਨਾ ਹੋਵੇ।

ਜਿਹਾਕੁ ਵਾਰਾਂ ਤੇ ਧੁਨਾਂ ਦਾ ਚੜ੍ਹਾਉਣਾ ਛੇਵੇਂ ਸਾਹਿਬਾਂ ਦਾ ਸਾਰੇ ਪੰਥ ਵਿਚ ਪ੍ਰਗਟ ਹੈ, ਫਿਰ ਭਾਈ ਮਨੀ ਸਿੰਘ ਜੀ ਵਾਲੀ ਸਾਖੀ ਸਾਰੇ ਪੰਥ ਵਿਚ ਬਡੀ ਉੱਘੀ ਹੈ, ਇਕੁਰ ਹੀ ਰਾਗਮਾਲਾ ਲਈ ਕੋਈ ਬਾਤ ਅੱਜ ਤੱਕ ਪ੍ਰਗਟ ਨਹੀਂ ਹੋਈ ਕਿ ਕਿਸਨੇ ਚੜ੍ਹਾਈ।

ਫਿਰ ਦੂਜੀ ਬੀੜ ਭਾਈ ਬੰਨੋ ਜੀ ਵਾਲੀ, ਜਿਸ ਦਾ ਪ੍ਰਸੰਗ ਬੜਾ ਉੱਘਾ ਹੈ ਅਤੇ ਉਹ

Digitized by Panjab Digital Library | www.panjabdigilib.org

ਦੂਜੀ ਬੀੜ ਮਾਂਗਟ ਭਾਈ ਖੰਨੇ ਵਾਲੇ ਵਿਚ ਵਿਦਮਾਨ ਹੈ, ਉਸ ਵਿਚ ਰਾਗਮਾਲਾ ਮੌਜੂਦ ਹੈ, ਜੇ ਕਦੇ ਇਥੇ ਭੀ ਸੰਸੇ ਦੀ ਨਵਿਰਤੀ ਨਾ ਹੋਵੇ, ਕਿਉਂਕਿ ਭਾਈ ਜੀ ਨੇ ਹੋਰ ਸ਼ਬਦ ਅਤੇ ਬਾਣੀਆਂ ਜੋ ਪੰਜਵੇਂ ਸਾਹਿਬਾਂ ਨੇ ਨਹੀਂ ਚੜ੍ਹਾਈਆਂ ਸਨ ਉਹ ਦੂਜੀ ਬੀੜ ਵਿਚ ਲਿਖਾ ਦਿਤੀਆਂ ਸਨ, ਇਸ ਲਈ ਇਸ ਬੀੜ ਦਾ ਨਾਮ ਸਾਹਿਬਾਂ ਨੇ ਖਾਰੀ ਬੀੜ ਕਰਕੇ ਰੱਖਿਆ, ਤਾਂ ਭਾਵੇਂ ਭਾਈ ਜੀ ਨੇ ਰਾਗ ਮਾਲਾ ਵੀ ਲਿਖ ਲਈ ਹੋਵੇ, ਪਰੰਤੂ ਤੀਜੀ ਬੀੜ ਦਮਦਮੇ ਵਾਲੀ ਜੋ ਸ੍ਰੀ ਮੁਖਵਾਕ ਦਸਮੇਂ ਸਾਹਿਬਾਂ ਨੇ ਆਪ ਉਚਾਰੀ ਸੀ ਉਸ ਤੇ ਰਾਗਮਾਲਾ ਦਾ ਹੋਣਾ ਸਾਰਿਆਂ ਸੰਸਿਆਂ ਦੀ ਨਵਿਰਤੀ ਕਰਦਾ ਹੈ ਕਿ ਇਹ ਲੇਖ ਸ੍ਰੀ ਮੁਖਵਾਕ ਨਾਲ ਉਚਾਰਣ ਹੋਇਆਂ ਦੇ ਨਾਲ ਦਰਜ ਹੋਇਆ, ਜੀਕੁਰ ਨਾਵੇਂ ਸਾਹਿਬਾਂ ਦੀ ਬਾਣੀ ਨਾਲ ਉਚਾਰਣ ਹੋਈ,ਨਾਲ ਹੀ ਦਰਜ ਹੋਈ,ਤਿਵੇਂ ਹੀ ਰਾਗਮਾਲਾ।

੮. ਜੇ ਕਿਹਾ ਜਾਵੇ ਕਿ ਰਾਗਮਾਲਾ ਵਿਚ –ਨਾਨਕ–ਪਦ ਨਹੀਂ ਆਇਆ, ਤਾਂ ਧੁਨਾਂ, ਸਿਰਲੇਖਾਂ, ਸ਼ਬਦ ਅਤੇ ਤਤਕਰੇ ਦੀਆਂ ਟੂਕ ਮਾਤ੍ਰ ਤੁਕਾਂ ਵਿਚ ਨਾਨਕ ਪਦ ਨਹੀਂ ਆ ਸਕਿਆ। ਜੇ ਕਿਹਾ ਜਾਵੇ ਕਿ ਉਹ ਸਿਰਲੇਖ ਤੇ ਤਤਕਰੇ ਮਾਤ੍ਰ ਹਨ, ਤਾਂ ਰਾਗਮਾਲਾ ਭੀ ਰਾਗਾਂ ਦੇ ਸਿਰਲੇਖਾਂ ਦਾ ਤਤਕਰਾ ਹੈ। ਰਾਗਾਂ ਦੇ ਨਾਮ ਬਾਣੀ ਵਾ ਸ਼ਬਦ ਦੇ ਸਿਰਲੇਖਾਂ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹਨ, ਜੈਸੇ– ਸ੍ਰੀ ਰਾਗ ਮ: ੧। ਤਿਲੰਗ ਮ: ੫ ਆਦਿ। ਇਹ ਪਾਠ ਵੇਲੇ ਨਾਲੋ ਨਾਲ ਰੋਜ਼ ਪੜ੍ਹਦੇ ਹਾਂ, ਇਨ੍ਹਾਂ ਦਾ ਹੀ ਤਤਕਰਾ ਰਾਗਮਾਲਾ ਹੈ। ਇਕ ਥਾਂ ਪਾਠ ਕਰੀ ਜਾਣਾ ਤੇ ਦੂਸਰੀ ਥਾਂ ਸ਼ੰਕਾ ਕਰਨੀ ਕੋਈ ਅਰਥ ਨਹੀਂ ਰਖਦੀ।

ਜੇ ਕਹੋ ਰਾਗਮਾਲਾ ਵਿਚ ਪਰਮਾਰਥਿਕ ਸਿਧਾਂਤ ਨਹੀਂ, ਤਾਂ ਜਿਵੇਂ ਫਿਰ 'ਫੀਲ ਰਬਾਬੀ' ਵਾਲੇ ਸ਼ਬਦ ਵਿਚ ਜੇ ਸਿੱਧੇ ਅਰਥ ਕਰੋ ਤਾਂ ਕੋਈ ਹਰਿਜਸ, ਕੋਈ ਉਪਦੇਸ਼ ਨਹੀਂ ਹੈ, ਸੋ ਓਥੇ ਲੱਛਨਾ ਬ੍ਰਿਤੀ ਨਾਲ ਅੰਤ੍ਰੀਵ ਅਰਥ ਕਰੀਦੇ ਹਨ, ਤਿਵੇਂ ਲੱਛਨਾ ਬ੍ਰਿਤੀ ਆਦਿਕ ਨਾਲ ਰਾਗਮਾਲਾ ਦੇ ਸਾਰੇ ਅਰਥ ਪਰਮਾਰਥਿਕ ਬੀ ਹਨ*।

੯. ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:–

ਇਹ ਸੁਧ ਨਹੀ ਲਿਖੀ ਕਿਹ ਗੁਰਨੇ ਕਿਧੋਂ
ਸਿੱਖ ਕਾਹੂੰ ਲਿਖ ਦੀਨਿ'

ਜਿਸਤੋਂ ਸਾਫ ਹੈ ਕਿ ਭਾਈ ਸਾਹਿਬ ਜੀਨੂੰ ਪਤਾ ਨਹੀਂ ਕਿ ਗੁਰੂ ਜੀ ਨੇ ਆਪ ਲਿਖੀ ਜਾਂ ਕਿਸੇ ਸਿਖ ਨੇ। ਜੇ ਗੁਰੂ ਜੀ ਨੇ ਲਿਖੀ ਤਾਂ ਹੁਣ ਇਤਰਾਜ਼ ਕਰਨ ਵਾਲਾ ਕੌਣ ਹੈ, ਉਨ੍ਹਾਂ ਦੀ ਲਿਖੀ ਪਰਵਾਣ ਹੈ। ਜੇ ਕਿਸੇ ਸਿੱਖ ਲਿਖੀ ਤਾਂ ਨਾਮ ਦੱਸੋ ਤੇ ਪੰਜ ਪਾਤਸ਼ਾਹੀਆਂ ਤੇ ਫੇਰ ਸਾਰਾ ਪੰਥ ਕੀਕੂੰ ਚੁਪ ਰਹੇ। (ਦੇਖੋ ਅੰਕ ੭ ਵਿਚ ਵਿਸਥਾਰ ਨਾਲ ਵਿਚਾਰ ਲਿਖੀ ਹੈ) ਭਾਈ ਜੀ 'ਸੁਧ ਨਹਿ' ਲਿਖ ਕੇ ਦੱਸ ਦੇਂਦੇ ਹਨ ਕਿ ਉਨ੍ਹਾਂ ਪੜਤਾਲ ਨਹੀਂ ਕੀਤੀ। ਪੜਤਾਲ ਕਰਦੇ ਤਾਂ ਪਤਾ ਲੱਗ ਜਾਂਦਾ ਕਿ

*ਪੁਰਾਤਨ ਸਿਆਣੇ ਗਿਆਨੀ ਸਾਰੀ ਰਾਗ ਮਾਲਾ ਦਾ ਪਰਮਾਰਥ ਵਿਚ ਅਰਥ ਕਰਦੇ ਹੁੰਦੇ ਸਨ। ਸ਼ਾਹ ਜੀਵਣੇ ਦੇ ਸੰਤ ਭਾਈ ਫਤਹ ਚੰਦ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੁਕਤਾ ਰਸ ਤੇ ਰਸੀਏ ਗਯਾਨੀ ਹੋਏ ਹਨ। ਉਨ੍ਹਾਂ ਤੋਂ ਰਾਗਮਾਲਾ ਦੇ ਪਰਮਾਰਥਿਕ ਅਰਥ ਪ੍ਰਸਿਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨੀ ਸੰਤ ਸੰਗਤ ਸਿੰਘ ਜੀ ਨੇ ਪੜ੍ਹੇ ਸਨ। ਇਨ੍ਹਾਂ ਅਰਥਾਂ ਦੇ ਪੜ੍ਹਨ ਲਈ ਦੇਖੋ ਖਾਲਸਾ ਟ੍ਰੈਕਟ ਸੁਸਾਇਟੀ ਦਾ ਟ੍ਰੈਕਟ 'ਫੀਲ ਰਬਾਬੀ ਸਟੀਕ' ਜੋ ਤਿਆਰ ਹੋ ਰਿਹਾ ਹੈ।

Digitized by Panjab Digital Library | www.panjabdigilib.org

ਆਲਮ ਪ੧ ਵਰ੍ਹੇ ਬੀੜ ਬੰਨ੍ਹਣ ਤੋਂ ਮਗਰੋਂ ਹੋਇਆ ਹੈ। ਇਸੀ ਤਰ੍ਹਾਂ ਹੋਰਨਾਂ ਭੀ ਧੋਖੇ ਖਾਧੇ ਹਨ। ਭਾਈ ਸੋਭਾ ਸਿੰਘ ਨੇ ਇਸੀਤਰ੍ਹਾਂ ਧੋਖਾ ਖਾਕੇ ਇਕ ਬੀੜ ਲਿਖਣ ਦੀ ਦਲੇਰੀ ਕੀਤੀ ਸੀ, ਜਿਸ ਵਿਚ ਰਾਗਮਾਲਾ ਨਾ ਲਿਖੀ। ਪੰਥ ਨੇ ਸ੍ਰੀ ਅਕਾਲ ਤਖਤ ਸਾਹਿਬ ਇਕੱਤ੍ਰ ਹੋਕੇ ਉਸ ਦੀ ਜ਼ੁਬਾਨ ਬੰਦ ਹੋਣ ਦਾ ਸਰਾਪ ਦਿੱਤਾ ਸੋ ਉਹ ਠੀਕ ਹੋਇਆ*।

ਭਾਈ ਗਿਆਨ ਸਿੰਘ ਜੀ ਦਮਦਮੇ ਦੀ ਬੀੜ ਬਾਬਤ ਲਿਖਦੇ ਹਨ ਕਿ ਦਸਮੇਂ ਸਤਿਗੁਰਾਂ ਨੇ ਹੂ-ਬ-ਹੂ ਉਹੋ ਉਚਾਰੀ, ਕੋਈ ਇਕ ਅਧ ਅੱਖਰ ਦਾ ਫਰਕ ਰੱਖ ਲਿਆ। ਸੋ ਦਮਦਮੇ ਦੀ ਬੀੜ ਦੇ ਉਤਾਰੇ ਜੋ ਤਖਤ ਸਾਹਿਬਾਂ ਗੁਰਧਾਮਾਂ ਤੇ ਹਨ ਸਭ ਵਿਚ ਰਾਗ ਮਾਲਾ ਹੈ। ਭਾਵ ਇਹ ਕਿ ਦਸਮੇਂ ਪਾਤਸ਼ਾਹ ਜੀ ਦੀ ਦਮਦਮੇ ਵਾਲੀ ਬੀੜਾਂ ਦੇ ਉਤਾਰਿਆਂ ਵਿਚ ਜੋ ਬਾਣੀ ਹੈ ਉਹ ਗੁਰੂ ਦਸਮ ਪਾਤਸ਼ਾਹ ਨੇ ਆਪ ਰੱਖੀ, ਸੋ ਇਹੋ ਪਰਵਿਰਤ ਬੀੜ ਹੈ ਤੇ ਇਸ ਸੰਸੇ ਦਾ ਉੱਤਰ ਹੈ ਕਿ ਦਸਮੇਂ ਗੁਰੂ ਜੀ ਨੇ ਆਪ ਰਾਗ ਮਾਲਾ ਬੀੜ ਵਿਚ ਰੱਖੀ ਜੋ ਪਰਤੱਖ ਹੈ। ਭਾਈ ਜੀ ਨਹੀਂ ਲਿਖਦੇ ਕਿ ਦਮਦਮੇ ਦੀ ਬੀੜ ਵਿੱਚੋਂ ਰਾਗਮਾਲਾ ਗੁਰੂ ਜੀ ਨੇ ਕੱਢ ਦਿਤੀ; ਤਾਂਤੇ ਕੀ ਜਾਣੀਏ ਕਿ ਭਾਈ ਸੰਤੋਖ ਸਿੰਘ ਜੀ ਦਾ ਲੇਖ ਆਖੇਪ ਹੀ ਹੋਵੇ।

੧੦. ਕਰਤਾਰ ਪੁਰ ਵਾਲੀ ਆਦਿ ਬੀੜ ਦੇ ਅੰਤ ਵਿਚ ਜੋ ਰਾਗਮਾਲਾ ਲਿਖੀ ਹੈ ਉਹ ਉਸੇ ਕਲਮ, ਸਿਆਹੀ ਤੇ ਹੱਥਾਂ ਦੀ ਲਿਖੀ ਹੋਈ ਵਿਦਮਾਨ ਹੈ, ਜਿਨ੍ਹਾਂ ਨਾਲ ਸਮੱਗ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਹੋਏ ਹਨ।

੧੧. ਰਾਗਮਾਲਾ ਵਿਚ, ਵੈ, ਉਨ ਆਦਿ ਦਾ ਕੀ ਭਾਵ ਹੈ? ਉੱਤਰ—ਤੀਜੇ ਸਤਿਗੁਰਾਂ ਫੁਰਮਾਯਾ ਹੈ 'ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ'। ਰਾਗਾਂ ਦੇ ਉਪਰਲੇ ਮੰਡਲਾਂ ਵਿਚ ਅਰੂਪ ਰੂਪ ਮੰਨੇ ਹਨ, ਉਨ੍ਹਾਂ ਬਾਬਤ ਤੀਸਰੇ ਗੁਰੂ ਜੀ ਦੱਸਦੇ ਹਨ ਕਿ ਰਾਗਾਂ ਦਾ ਪਰਵਾਰ ਜੋ (ਪਰੀਆ) ਸੂਖਮ ਰੂਪ ਵਾਲੇ ਹਨ ਸ਼ਬਦ ਗਾਵਣ ਆਏ।

ਇਸ 'ਰਾਗ ਰਤਨ ਪਰਵਾਰ ਪਰੀਆ' ਨੇ ਸਤਿਗੁਰ ਦੇ ਹਜ਼ੂਰ ਦਿੱਬ ਰਾਗ ਗਾਇਨ ਕੀਤੇ। ਉਹੀ ਤਾਂ ਸਾਰੇ ਰਾਗ ਗਾ ਸਕਦੇ ਹਨ, ਓਹੀ ਦੀਪਕ ਰਾਗ ਗਾਉਣ ਤਾਂ ਜਲਦੇ ਨਹੀਂ ਤੇ ਗੁਰੂ ਜੀ ਹੀ ਹਨ ਕਿ ਦਿੱਬਜਤਾ ਵਿਚ ਦੀਪਕ ਸੁਣਨ ਤਾਂ ਅਗਨਿ ਸਪਰਸ਼ ਨਾ ਕਰੇ ਯਾ ਉਨ੍ਹਾਂ ਦੀ ਮੇਹਰ ਨਾਲ ਕੋਈ ਯੋਗੀ ਰਾਜ ਭਾਈ ਗੁਰਦਾਸ ਵਰਗਾ ਉਨ੍ਹਾਂ ਦੇ ਰਾਗ ਸੁਣ ਤੇ ਸਹਾਰ ਸਕਦਾ ਹੈ। ਮਾਨੁਖ ਕੇਹੜਾ ੮੪ ਰਾਗ ਗਾ ਸਕਦਾ ਹੈ ਤੇ ਦੀਪਕ ਨੂੰ ਝੱਲ ਸਕਦਾ ਹੈ, ਇਸੇ ਕਰਕੇ 'ਵੈ' ਤੇ 'ਉਨ' ਆਦਿ ਬਹੁ ਬਚਨ ਪਦ ਪਏ ਹਨ ਕਿ ਗਾਉਣ ਵਾਲੇ 'ਰਾਗ' ਆਪ ਹਨ।

ਫਰੀਦ ਕੋਟ ਵਿਚ ਇਕੱਤ੍ਰ ਹੋਏ ਪੰਥ ਦੇ ਉਸ ਸਮੇਂ ਦੇ ਗਯਾਨੀਆਂ ਨੇ ਰਾਗਮਾਲਾ ਨੂੰ ਰਾਗਾਂ ਦਾ ਸੂਚੀ ਪੱਤ੍ਰ ਲਿਖਿਆ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਆਗ੍ਯਾ ਨਾਲ ਭਾਈ ਗੁਰਦਾਸ ਜੀ ਨੇ ਲਿਖਿਆ।

ਆਲਮ ਕਵੀ ਥਾਂ ਥਾਂ ਇਹੋ ਕਹਿੰਦਾ ਹੈ ਕਿ ਉਸਨੇ ਫਲਾਣਾ ਰਾਗ ਗਾਵਿਆਂ, ਪਰ

---

*ਅਸਾਂ ਬੀ ਚੰਗੇ ਚੰਗੇ ਪੁਰਾਤਨ ਸਿੱਖ ਤੀਹ ਚਾਲੀ ਬਰਸ ਹੋਏ ਦੇਖੇ ਹਨ, ਜੋ ਉਗਾਹੀ ਭਰਦੇ ਸਨ ਕਿ ਉਨ੍ਹਾਂ ਦੇ ਸਾਹਮਣੇ ਦੀਵਾਨ ਸਜਿਆ ਤੇ ਪੰਥ ਦੀ ਨਾਰਾਜ਼ਗੀ ਇਸ ਹੱਦ ਤਕ ਜ਼ਾਹਰ ਹੋਈ ਕਿ ਉਸਨੂੰ ਸ੍ਰਾਪ ਦਿੱਤਾ ਗਿਆ ਜੋ ਫਲੀਭੂਤ ਹੋਇਆ ਤੇ ਦੀਵਾਨ ਵਿਚ ਆਕੇ ਉਸ ਮਾਫੀ ਮੰਗੀ ਤੇ ਉਸਨੇ ਰਾਗਮਾਲਾ ਫੇਰ ਚਾੜ੍ਹੀ।

Digitized by Panjab Digital Library | www.panjabdigilib.org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਦੇ ਅਰੰਭ ਵਿਚ ਹੀ ਦੱਸਿਆ ਹੈ ਕਿ ਇੱਕ ਇੱਕ ਰਾਗ ਪੰਜ ਰਾਗਣੀਆਂ ਤੇ ਅੱਠਾਂ ਪੁੱਤ੍ਰਾਂ ਸਮੇਤ ਰਾਗ ਅਲਾਪਨ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਕ੍ਰਿਯਾ (verbs) ਬਹੁ ਬਚਨ ਵਰਤਦੀ ਹੈ, ਅਲਾਪਹਿ, ਕਰਹੀ, ਸੁਨਾਵਹਿ, ਗਾਵਹਿ ਆਦਿ ਅਤੇ ਸਰਬ ਨਾਮ (pronouns) ਬੀ-ਵੈ, ਉਨ-ਆਦਿ ਬਹੁ-ਬਚਨ ਹਨ। ਫਿਰ 'ਸਭ ਮਿਲਿ ਸਿਰੀ ਰਾਗ ਵੈ ਗਾਵਹਿ' ਤੁਕ ਵਿਚ ਬਹੁਬਚਨ(plural) ਸੰਸਿਓਂ ਰਹਿਤ ਸਿੱਧ ਹੋ ਗਿਆ, ਜੋ ਸ਼ੁਰੂ ਵਿਚ ਕਹੇ ਰਾਗਾਂ ਵੱਲ ਸੈਨਤ ਹੈ ਤੇ ਜਿਨ੍ਹਾਂ ਦੇ ਸੂਖਮ ਰੂਪ ਵਿਚ ਹੋਣਾ ਤੇ ਗਾਉਣਾ ਤੀਸਰੇ ਸਤਿਗੁਰੂ ਜੀ ਅਨੰਦ ਸਾਹਿਬ ਵਿਚ ਦੱਸ ਚੁੱਕੇ ਹਨ-'ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ'। ਏਹੋ ਸਾਰੇ ਪੰਜਵੇਂ ਸਤਿਗੁਰਾਂ ਦੇ ਹਜ਼ੂਰ ਆਏ ਸਨ।

ਇਸ ਦੇ ਉਲਟ ਆਲਮ ਕਵਿ ਜੀ ਇਕ ਬਚਨ (Singular) ਵਰਤਦੇ ਹਨ, ਕਿਉਂਕਿ ਉਨ੍ਹਾਂ ਦੇ ਦੱਸੇ ਰਾਗ ਇਕ-ਕਾਮ ਕੰਦਲਾ-ਗਾ ਰਹੀ ਹੈ। ਜਿਹਾਕੁ-'ਪ੍ਰਥਮ ਰਾਗ ਭੈਰਉ ਉਹ ਕਰਈ'। ਪੁਨਾ:-'ਪੰਚਮ ਸਿਰੀਰਾਗ ਉਹ ਗਾਵੈ'-'ਮੇਘ ਰਾਗ ਉਹ ਕਹਈ'। ਇਸ ਦੇ ਸਰਬ ਨਾਮ ਤੇ ਕ੍ਰਿਆ ਇਕ ਬਚਨ ਹਨ ਤੇ ਅੰਕ ੬੮ ਵਿਚ ਉਸ ਨੇ ਸਪਸ਼ਟ ਕਰ ਦਿਤਾ ਹੈ ਕਿ ਮੁਰਾਦ ਕਾਮ ਕੰਦਲਾ ਤੋਂ ਹੈ ਜੋ ਗਾ ਰਹੀ ਹੈ:-

ਯਥਾ-'ਯੋ ਸੁਤ ਆਠ ਪ੍ਰਵੀਨ
ਕਾਮ ਕੰਦਲਾ ਮੁਖ ਕਹੈ'

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਰਾਗਮਾਲਾ ਵਿਚ ਨਾ ਕਾਮ ਕੰਦਲਾ ਦਾ ਨਾਮ ਆਯਾ ਹੈ ਨਾ ਸਰਬਨਾਮ ਤੇ ਨਾ ਕ੍ਰਿਯਾ ਇਕ ਬਚਨ ਆਈਆਂ ਹਨ, ਸਗੋਂ ਸ੍ਰੀ ਰਾਗ ਦੇ ਪ੍ਰਕ੍ਰਣ ਵਿਚ 'ਸਭ' ਕਹਿਕੇ ਬਹੁਬਚਨ ਸਿੱਧ ਕਰ ਦਿੱਤਾ ਹੈ ਜੋ ਰਾਗ ਆਪ ਗਾਰਹੇ ਹਨ*। ਵਯਾਕਰਨੀ ਪਦਾਂ ਵਿਚ 'ਰਾਗ ਏਕ ਸੰਗਿ ਪੰਚ ਬਰੰਗਨ, ਆਠਉਨੰਦਨ' ਕਰਤਾ ਕਾਰਕ† ਹਨ ਅਤੇ 'ਅਲਾਪਹਿ' ਕ੍ਰਿਯਾ ਪਦ ਹੈ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਰਾਗਮਾਲਾ ਦੱਸਦੀ ਹੈ ਕਿ ਮੈਨੂੰ ਰਾਗਮਾਲਾ ਕਰਕੇ ਕਿਸੇ ਨੇ ਰਚਿਆ ਹੈ।

ਯਥਾ-'ਅਸਟ ਪੁਤ੍ਰ ਮੈ ਕਹੇ ਸਵਾਰੀ॥

ਕਿ ਮੈਂ ਅਠ ਪੁਤ੍ਰ ਸੁਆਰਕੇ ਕਹੇ ਹਨ। ਆਲਮ ਏਸ ਥਾਵੇਂ ਕਹਿੰਦਾ ਹੈ 'ਅਸ਼ਟ ਪੁਤ੍ਰ ਗੁਨ ਕੀਜੋ ਅਪਾਰੀ'। ਆਲਮ ਤਾਂ ਅਪਣੀ ਨਾਯਕਾ ਗਾ ਰਹੀ ਦੇ ਪ੍ਰਕਰਣ ਨੂੰ ਲਈ ਜਾ ਰਿਹਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਰਾਗਮਾਲਾ ਦਾ ਕਰਤਾ ਦੱਸਦਾ ਹੈ ਕਿ ਹਿੰਡੋਲ ਰਾਗ ਆਯਾ, ਤੇਲੰਗੀ ਦੇਵਕਰੀ ਆਈ, ਸੁਰਮਾਨੰਦ ਭਾਸਕਰ ਆਦਿਕ ਆਏ, ਭਾਵ ਅੱਠੇ ਪੁਤ੍ਰ ਆਏ ਮੈਂ (ਵੇਖੇ ਤੇ ਵੇਖਕੇ) ਸਵਾਰਕੇ (ਸੋਧਕੇ) ਮੈਂ (ਉਨ੍ਹਾਂ ਦੇ ਨਾਮ) ਕਹੇ ਹਨ। ਇਹ ਸਾਨੂੰ ਉਸ ਇਤਿਹਾਸਿਕ ਗੱਲ ਵਲ ਲੈ ਜਾਂਦੇ ਹਨ ਜੋ ਪਰੰਪਰਾ ਤੋਂ ਗਜਾਨੀ ਸਿੰਘ ਰਾਗਮਾਲਾ ਦੇ ਅਰਥ ਕਰਨ ਵੇਲੇ ਦੱਸਿਆ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਪਰ ਸਾਰੇ ਰਾਗ-ਰਾਗ ਰਤਨ ਪਰਵਾਰ

---

*ਰਾਗਮਾਲਾ ਵਿਚ ਗਾਇਨ ਧਾਤੂ ਦਾ ਅਰਥ ਹੈ-ਗਾਉਣ ਦਾ ਆਧਾਰ, ਜੋ ਰਾਗ ਆਪ ਹਨ। ਤੇ ਗੁਨ ਗੁਨੀ ਦਾ ਅਰਥ ਹੈ, ਰਾਗ ਦੇ ਗੁਣ ਦੇ ਗੁਣੱਗਯ, ਸੋ ਪੂਰਨ ਰੂਪ ਕਰਕੇ ਰਾਗ ਆਪ ਹੀ ਰਾਗ ਦੇ ਗੁਣੱਗਯ ਹਨ।

†subjective case.

Digitized by Panjab Digital Library | www.panjabdigilib.org

ਪਰੀਆ—ਗੁਰੂ ਕੇ ਹਜ਼ੂਰ ਆਏ ਤੇ ਯਾਚਨਾ ਕੀਤੀ। ਗੁਰੂ ਜੀ ਨੇ ਭਾਈ ਗੁਰਦਾਸ ਨੂੰ ਕਿਹਾਕਿਇਨ੍ਹਾਂਦੀ(ਗੁਰਮਤਸੰਗੀਤਅਨੁਸਾਰ) ਰਾਗਮਾਲਾ ਲਿਖ ਲਓ, ਤਦ ਓਹ ਜੋ ਅਰੂਪ ਰੂਪ ਵਿਚ ਗੁਰੂ ਕੇ ਹਜੂਰ ਸ਼ਬਦ ਗਾਉਣ ਆਯਾ ਕਰਦੇ ਸਨ, ਭਾਈ ਜੀ ਨੂੰ ਦਿੱਸ ਪਏ ਤੇ ਉਨ੍ਹਾਂ ਦੇ ਕੀਰਤਨ ਭਾਈ ਜੀ ਨੇ ਸੁਣੇ ਤੇ ਦੇਖ ਸੁਣਕੇ ਗੁਰੂ ਜੀ ਦੀ ਆਗਜਾ ਅਨੁਸਾਰ ਰਾਗਮਾਲਾ ਵਿਚ ਲਿਖੇ*। ਇਹ ਗਲ 'ਅਸਟ ਪੁਤ੍ਰ ਮੈ ਕਹੇ ਸਵਾਰੀ' ਤੋਂ ਸਿੱਧ ਹੈ ਕਿ ਰਚਨਹਾਰ ਰਾਗਮਾਲਾ ਦਾ ਇਹ ਕਹਿ ਰਿਹਾ ਹੈ, ਨਾਕਿ ਕੋਈ ਕਿਸੇ ਤੋਂ ਗਵਾਵਨਹਾਰ ਕਹਿ ਸਕਦਾ ਹੈ, ਮੈਂ ਅੱਠ ਪੁਤ੍ਰ ਸੁਵਾਰਕੇ ਕਹੇ ਹਨ।

੧੨. ਮੁੰਦਾਵਣੀ ਮੁਹਰ ਛਾਪ ਇਸ ਵਾਸਤੇ ਨਹੀਂ ਕਿ ਸੋਰਠ ਦੀ ਵਾਰ ਵਿਚ ਵੀ ਮੁੰਦਾਵਣੀ ਲਿਖੀ ਹੈ, ਕੁਝ ਅੱਖਰਾਂ ਦਾ ਥੋੜਾ ਫਰਕ ਹੈ, ਫਿਰ ਮੋਹਰ ਛਾਪ ਕਿੱਥੇ ਮੰਨੀਏ ਵਿਚਲੀ ਯਾ ਅੰਤਲੀ† ? ਤਿਸ ਪਰ ਭਾਈ ਬੰਨੋ ਨੇ ਮੁੰਦਾਵਣੀ ਦੇ ਉਪਰੰਤ ਰਤਨ ਮਾਲਾ ਹਕੀਕਤ ਰਾਹ ਮੁਕਾਮ ਦੀ, ਬਾਇ ਆਤਸ ਆਬ ਆਦਿਕ ਬਾਣੀਆਂ ਮੁੰਦਾਵਣੀ ਦੇ ਪਿੱਛੇ ਲਿਖੀਆਂ ਹੋਈਆਂ ਹਨ ਜੋ ਹੁਣ ਤਕ ਵਿਦਮਾਨ ਹਨ, ਪਰੰਤੂ ਰਾਗਮਾਲਾ ਸਭ ਤੋਂ ਪਿੱਛੇ ਲਿਖੀ ਹੈ, ਕਿਉਂਕਿ ਤਤਕਰਾ ਅਵੱਸ਼ ਪਿੱਛੋਂ ਹੀ ਲਿਖੀਦਾ ਹੈ।

—o—

*ਰਾਗ ਰਾਗਣੀਆਂ ਦਾ ਆਪ ਗਾਇਨ ਕਰਨਾ, ਗੁਰੂ ਕੇ ਹਜ਼ੂਰ ਗਾਇਨ ਕਰਨਾ, ਭਾਈ ਗੁਰਦਾਸ ਜੀ ਦਾ ਇਨ੍ਹਾਂ ਗੱਲਾਂ ਦਾ ਜਾਣੂ ਤੇ ਸਾਖੀ ਹੋਣਾ ਉਨ੍ਹਾਂ ਦੀ ਅਪਣੀ ਰਚਨਾਂ ਤੋਂ ਸਿੱਧ ਹੈ। ਆਪ ਦੱਸਦੇ ਹਨ ਕਿ ਰਾਗ ਤੇ ਰਾਗਣੀਆਂ ਨੇ ਆਪ ਗੁਰੂ ਨਾਨਕ ਦੇਵ ਜੀ ਦਾ ਕੀਰਤਨ ਗਾਇਆ । ਯਥਾ—ਰਾਗ ਰਾਗਨੀ ਮੰਗਲ ਗਾਇਆ । [ਵਾ: ਭਾ: ਗੁ:

ਤਥਾ—ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਜਾਵਹਿੰ। ਨਾਦ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿੰ । [ਕ: ਸ: ਭਾ: ਗੁ:

†ਮੁੰਦਾਵਣੀ ਦਾ ਅਰਥ ਬੁਝਾਰਤ ਹੈ, ਦੇਖੋ ਸ੍ਰੀ ਗੁਰੂ ਰੁੱਖ ਕੋਸ਼ ਦਾ ਪਦ 'ਮੁੰਦਾਵਣੀ'।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧੯.

ਲਾਟੂ ਸਿੰਘ ਤੋਂ ਅਡੋਲਕ ਸਿੰਘ

ਸੂਚਨਾ—ਇਹ ਰਚਨਾ ਭਾਦੋਂ ਸੰ: ਨਾ: ਬਾ: ੪੬੪ (ਅਗਸਤ ੧੯੩੩) ਨੂੰ ਖਾ: ਟ੍ਰੈ: ਸੁਸੈਟੀ ਦੇ ਟ੍ਰੈਕਟ ਨੰਬਰ ੯੯੫ ਤੇ ੯੯੬ ਦੇ ਰੂਪ ਵਿਚ ਪ੍ਰਕਾਸ਼ੀ ਸੀ, ਮੁੱਢ ਵਿਚ ਸਕੱਤ੍ਰ ਵਲੋਂ ਹੇਠ ਦਿਤੀ ਬਿਨਯ ਛਪੀ ਸੀ। [ਸੰਪਾਦਿਕ

ਬਿਨਯ—ਇਹ ਅਮੋਲਕ ਸਿਖਿਆ ਭਰਿਆ ਟ੍ਰੈਕਟ ਸ੍ਰੀਮਾਨ ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਦੀ ਗੁਰ ਸਿੱਖੀ ਦੇ ਮੋਤੀਆਂ ਵਾਲੀ ਲਿਖਣੀ ਲਿਖਿਤ ਹੈ ਜੋ ਸੁਸਾਇਟੀ ਦੇ ਕਾਗਜ਼ਾਂ ਦੀ ਪੜਤਾਲ ਸਮੇਂ ਲੱਭਾ ਹੈ, ਜਿਸ ਨੂੰ ਛਾਪਕੇ ਪਾਠਕਾਂ ਦੇ ਸੁਖ ਨਮਿਤ ਪ੍ਰਗਟ ਕੀਤਾ ਜਾਂਦਾ ਹੈ। [ਸਕੱਤ੍ਰ

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਲਾਟੂ ਸਿੰਘ ਤੋਂ ਅਡੋਲਕ ਸਿੰਘ

ਇਹ ਜੀਅ ਦੀ ਲਗਨ ਲੱਗੀ ਹੋਈ ਵੀ ਕੋਹੀ ਅਨੋਖੀ ਚੀਜ਼ ਹੈ, ਨਾ ਘਰ ਦੀ ਖਬਰ ਨਾ ਬਾਹਰ ਦੀ ਸੁਧ, ਨਾ ਵਿਹਾਰ ਦੀ ਬੁਧ ਨਾ ਸਰੀਰ ਆਪਣੇ ਦੀ ਹੋਸ਼ ਰਹਿਣ ਦਿੰਦੀ ਹੈ, ਜਿਸ ਪਾਸੇ ਦੀ ਕੁਝ ਧੁਨ ਸਮਾ ਜਾਵੇ ਓਸੇ ਪਾਸੇ ਦੇ ਖਿਆਲ, ਓਹੋ ਹੀ ਸੁਪਨੇ ਆਉਂਦੇ ਹਨ, ਚਾਲ ਵੀ ਓਸੇ ਹੀ ਚਲਣਾ ਚਾਹੁੰਦਾ ਹੈ ਕਿ ਜਿੱਧਰ ਦੀ ਲਟਕ ਲਗੀ ਹੋਵੇ ਹਰ ਕੋਈ ਸਿਖਜਾ ਦੇਵੇ, ਨਫੇ ਨੁਕਸਾਨ ਦੇ ਭੇਦ ਸਮਝਾਵੇ ਪਰ ਧੁਨ ਦਾ ਪੱਕਾ ਆਪਣੇ ਦ੍ਰਿੜ੍ਹ ਸੰਕਲਪਾਂ ਵਿਚ ਮਸਤ ਹੋਇਆ ਕਿਸੇ ਦੀ ਕੁਝ ਨਹੀਂ ਸੁਣਦਾ, ਆਪਣੀ ਵਹਿਸ਼ੀ ਚਾਲ, ਜੋ ਦੁਨੀਆਂ-ਦਾਰੀ ਤੋਂ ਇਕਨਿਰਾਲੀ ਚਾਲ ਹੈ, ਮਸਤ ਹਾਥੀ ਵਾਂਗ ਸਭ ਤੋਂ ਬੇਪਰਵਾਹ ਹੋ ਕੇ ਚਲਿਆ ਚਲਦਾ ਹੋਇਓਂ ਤਾਈਂ ਕਿ ਆਪਣੇ ਸਰੀਰ ਦੀ ਰਾਖੀ ਲਈ ਅੰਨ ਪਾਣੀ, ਬਸਤ੍ਰ, ਧੁਪ, ਛਾਉਂ, ਮੀਂਹ ਹਨੇਰੀ ਆਦਿਕ ਔਕੜਾਂ ਦੀ ਵੀ ਕੁਝਪਰਵਾਹ ਨਹੀਂ ਕਰਦਾ, ਪਰ ਅਪਣੇ ਇਰਾਦੇ ਨੂੰ ਪੂਰਾ ਕਰਨ ਲਈ ਓਸੇ ਢੰਗ ਪਰ ਅਥੱਕ ਅਤੇ ਇਕਸਾਰ ਚਲਿਆ ਤੁਰਿਆ ਜਾਂਦਾ ਹੈ।

ਇਜੇਹਾ ਹੀ ਇਕ ਨੌਜਵਾਨ ਸਿੰਘ ਸੀ ਜਿਸ ਦੀ ਉਠਦੀ ਜੁਵਾਨੀ ਅਜੇ ਬੀਤ ਨਹੀਂ ਸੀ ਚੁਕੀ, ਸਗੋਂ ਉਠਦੀ ਹੋਈ ਜਵਾਨੀ ਦੇ ਦਿਨ, ਉਮੰਗਾਂ ਦਾ ਸਮਾਂ, ਮੌਜ ਬਹਾਰਾਂ ਦਾ ਔਸਰ, ਯਾਰਾਂ ਦੋਸਤਾਂ ਨਾਲ ਮਿਲਕੇ ਰੰਗ ਰਲੀਆਂ ਮਨਾਉਣ ਦਾ ਵੇਲਾ ਬਾਕੀ ਸੀ, ਪਰ ਅਜੇਹੇ ਅਨੋਖੇ ਵੇਲੇ ਲਾਟੂ ਸਿੰਘ ਦੀ ਬੁਧ ਨੇ ਉਪਰਲੀਆਂ ਸਾਰੀਆਂ ਗੱਲਾਂ ਤੇ ਇਕ ਬਾਰਗੀ ਤਰਕ ਕਰਨੀ ਅਰੰਭੀ ਅਤੇ ਇਨ੍ਹਾਂ ਗੱਲਾਂ ਦੇ ਅੰਤ ਨੂੰ ਸੋਚ ਸੋਚ ਕੇ ਬਾਉਲਾ ਜਿਹਾ ਹੋਗਿਆ, ਏਸੇ ਉਨਮੱਤਤਾਈ ਵਿਚ ਕਾਰ ਵਿਹਾਰ ਵੀ ਰਹਿ ਗਿਆ। ਪਰੰਤੂ ਇਹ ਗਲ ਜੀਅ ਵਿਚ ਪੱਕੀ ਸਮਾ ਗਈ ਕਿ:—

"ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥"

ਇਹ ਡੇਰਾ ਤਾਂ ਡੇਰਾ ਨਹੀਂ ਹੈ, ਇਹ ਤਾਂ ਨਿਰੀ ਚਾਰ ਦਿਨ ਦੀ ਖੇਡ ਹੈ, ਪਰ ਓਹ ਡੇਰਾ

"ਉਆ ਡੇਰਾ ਕਾ ਸੰਜਮੋ ਗੁਰਕੈ ਸਬਦਿ ਪਛਾਨੁ ॥ ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾਕਾ ਤਸੁ ਨਹੀ ਸੰਗਿ ਚਾਲੈ॥ ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾਕਉ ਦ੍ਰਿਸਟਿ ਪੂਰਨ ਭਗਵਾਨੈ ॥"

ਜਿਸਦਾ ਸੰਜਮ ਗੁਰੂ ਕੇ ਬਚਨਾਂ ਨਾਲ ਲਭਦਾ ਹੈ, ਜਿਸ ਡੇਰੇ ਦੀ ਵਡਿਆਈ ਅਗੇ ਇਹ ਡੇਰਾ ਜੋ ਬੜੀਆਂ ਮਿਹਨਤਾਂ ਤੇ ਘਾਲਾਂ ਨਾਲ ਘਾਲੀ ਦਾ ਹੈ ਕੁਛ ਨਹੀਂ, ਓਸ ਡੇਰੇ ਤੱਕ ਤਾਂ ਇਸਦਾ ਇਕ ਦੋ ਅੰਗੁਲ ਟੁਕੜਾ ਵੀ ਨਹੀਂ ਪੁਜ ਸਕਦਾ। ਪਰ ਇਹ ਅਚਰਜ ਦੀ ਗਲ ਹੈ ਕਿ ਓਸ ਡੇਰੇ ਦੀ ਹਦ ਤਾਈਂ ਓਹ ਅੱਪੜ ਸਕਦਾ ਹੈ ਜਿਸ ਪਰ ਪਾਰਬ੍ਰਹਮ ਦੀ ਪੂਰਨ ਕਿਰਪਾ ਹੋਵੇ।

Digitized by Panjab Digital Library | www.panjabdigilib.org

ਇਹ ਕਿਰਪਾ ਕਰਨੀ ਤਾਂ ਓਸ ਕ੍ਰਿਪਾਲ ਪਿਤਾ ਦੇ ਵੱਸ ਹੋਈ, ਓਹ ਕੀਕਰ ਕਿਰਪਾ ਕਰੇ? ਮੈਂ ਕਿਸਤਰ੍ਹਾਂ ਉਸ ਦੀ ਕਿਰਪਾ ਦਾ ਪਾਤ੍ਰ ਬਣਾਂ। ਇਹ ਗੱਲ ਕਿੱਥੋਂ ਪੁੱਛਾਂ ?''

ਇਸ ਵਹਿਮ ਦੇ ਵਿਚ ਵਹਿਸ਼ੀ ਹੋਕੇ ਸਾਧਾਂ ਫਕੀਰਾਂ ਦੀ ਢੂੰਡ ਭਾਲ ਕਰਨ ਲੱਗਾ, ਜਿੱਥੇ ਬੈਠੇ ਉੱਥੇ ਹੀ ਆਪਣੀਆਂ ਡੂੰਘੀਆ ਤੇ ਤਾਰ ਨਾ ਟੁੱਟਣ ਵਾਲੀਆਂ ਲੰਮੀਆਂ ਸੋਚਾਂ ਵਿਚ ਮਸਤ ਬੈਠਾ ਰਹਿ ਜਾਵੇ, ਜੇ ਕਿਤੇ ਜਾਵੇ ਤਾਂ ਭੀ ਇਜੇਹੇ ਵਹਿਣਾਂ ਵਿਚ ਜਾਵੇ, ਜੇ ਲੇਟੇ ਤਾਂ ਇਸੇ ਪਾਸੇ ਦੇ ਖਿਆਲਾਂ ਦੀ ਖਜਾਲੀ ਨੀਂਦਰ ਵਿਚ ਪਿਆ ਜਾਪੇ, ਪਰ ਹੋਵੇ ਨਿਰੀ ਸੋਚਾਂ ਦੀ ਮਸਤੀ ਵਿਚ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਬੈਠੇ ਤਾਂ ਅੰਨ ਪਾਣੀ ਕੀ ਆਪਣੀ ਦੇਹ ਦੀ ਵੀ ਸੋਝੀ ਨਾ ਰਹੇ, ਪਰ ਜਦ ਕਦੀ ਕਿਸੇ ਸਜਨ ਸੰਤ ਸਾਧ ਸਿੱਖ ਨੂੰ ਮਿਲੇ ਤਾਂ ਰੋ ਰੋ ਕੇ ਭੁੱਬਾਂ ਮਾਰੇ, ਏਹੋ ਕਹੇ ਕਿਵੇਂ ਕੋਈ ਐਸਾ ਜਤਨ ਦੱਸੇ ਜਿਸ ਕਰਕੇ ਪਰਮੇਸ਼ਰ ਕਿਰਪਾਲ ਹੋਵੇ। ਇਸ ਗਲ ਦੇ ਉੱਤਰ ਵਿਚ ਮਹਾਤਮਾ ਲੋਗ ਆਪੋ ਆਪਣੀ ਸਮਝ ਅਨੁਸਾਰ ਉੱਤਰ ਦਿੰਦੇ, ਪਰ ਇਸਦੀ ਤਸੱਲੀ ਕਿਤੇ ਨਾ ਹੁੰਦੀ, ਕਿਉਂਕਿ ਅਗੋਂ ਇਹ ਮੋੜਵੇਂ ਉੱਤਰ ਕਰਕੇ ਦੱਸੀ ਹੋਈ ਗਲ ਨੂੰ ਟਾਲ ਦਿੰਦਾ।

ਇਸ ਢੂੰਡ ਭਾਲ ਵਿਚ ਉਸਨੇ ਜਗਤ ਨੂੰ ਬਹੁਤ ਸਾਰਾ ਛਾਣਿਆਂ, ਬਹੁਤ ਸਾਰੇ ਮਤਾਂ ਨੂੰ ਫਰੋਲਿਆ, ਕਿੰਨੇਕੁ ਮਤ ਮਤਾਂਤ੍ਰਾਂ ਦੇ ਗ੍ਰੰਥ ਪੋਥੀਆਂ ਪੜ੍ਹੇ, ਬੀਤ ਚੁੱਕੇ ਸਮੇਂ ਦੇ ਸਿਆਣਿਆਂ ਦੀਆਂ ਲਿਖੀਆਂ ਸਿਆਣਪਾਂ ਵਿਚ ਆਪਣੀ ਬੁਧੀ ਅਤੇ ਨਿਸਚੇ ਨੂੰ ਲਾਇਆ ਉਨ੍ਹਾਂਦੀ ਉਚਾਈ ਵਲ ਪਹੁੰਚਾਇਆ, ਪਰ ਅਫਸੋਸ ਕਿ ਪਾਰਬ੍ਰਹਮ ਦੀ ਕ੍ਰਿਪਾਲਤਾ ਦਾ ਕੋਈ ਵਸੀਲਾ ਨ ਲੱਭਾ। ਲੱਭਦਾ ਕੀਕੁਰ? ਆਪਣੀ ਮਤ ਸਭ ਨਾਲੋਂ ਉਚੇਰੀ ਰੱਖਣੀ, ਤਰਕ ਬੁਧੀ ਕੋਲੋਂ ਕੰਮ ਬਹੁਤ ਲੈਣਾ, ਨਿਸਚੇ ਬੁਧੀ ਨੇ ਫਟਕਾ ਨਾ ਖਾਣਾ।

ਇਕ ਦਿਨ ਵੈਰਾਗ ਨਾਲ ਇਹ ਠਰਕੀ ਇਕ ਬੇਆਬਾਨ ਜੰਗਲ ਵਿਚ ਇਕ ਇਕੱਲਾ ਬੈਠਾ ਉੱਚੀ ਉੱਚੀ ਭੁੱਬਾਂ ਮਾਰਕੇ ਰੋ ਰਿਹਾ ਸੀ ਅਤੇ ਆਪਣੀ ਨਿਰਾਸਤਾ ਦੇ ਵੈਣ ਪਾ ਪਾ ਕੇ ਕਲੇਜੇ ਦੇ ਸਾੜ ਨੂੰ ਫਰੋਲ ਰਿਹਾ ਸੀ ਕਿ ਅਚਾਨਕ ਇਕ ਮਹਾਂਪੁਰਸ਼ ਸਫੈਦਦਾੜ੍ਹੀ ਵਾਲਾ, ਕੱਦ ਦਾ ਲੰਮਾਂ, ਸਜੀਲਾ ਮੁਛੀਲਾ, ਚਿੱਟੇ ਬਸਤ੍ਰ ਪਹਿਨੇ, ਹਥ ਵਿਚ ਇਕ ਲੰਮਾਂ ਸਲੋਤ੍ਰ ਲਈ ਕਮਰ ਕੱਸਾ ਕੀਤੇ ਬਾਣੀ ਪੜ੍ਹਦਾ ਹੋਇਆ ਸਹਿਜਸੁਭਾਵ ਓਸ ਜੰਗਲ ਵਿਚੋਂ ਦੀ ਲੰਘਿਆ ਜਾ ਰਿਹਾ ਸੀ। ਇਸ ਬ੍ਰਿਧ ਪੁਰਖ ਦੇ ਕੰਨਾਂ ਵਿਚ ਦੁਖ ਭਰੀ ਰੋਣ ਦੀ ਅਵਾਜ਼ ਪਹੁੰਚੀ, ਤਾਂ ਇਸ ਦਰਦ ਭਰੀ ਅਵਾਜ਼ ਨੇ ਖਿੱਚ ਕੀਤੀ ਕਿ ਉਹ ਓਸੇ ਸੇਧ ਤੇ ਤੁਰਦਾ ਤੁਰਦਾ ਇਸ ਦਰਦਮੰਦ ਦੇ ਸਿਰ੍ਹਾਣੇ ਦਰਦੀ ਰੂਪ ਬਣਕੇ ਦਰਦ ਵੰਡਾਵਣ ਲਈ ਆ ਖੜੋਤਾ ਅਤੇ ਮੂੰਹੋਂ ਇਹ ਬਚਨ ਕੀਤਾ—'ਸਿੱਖਾ! ਏਡਾ ਦੁਖੀ ਕਿਉਂ ਹੈਂ, ਇਸ ਤਰ੍ਹਾਂ ਕਿਉਂ ਰੋ ਰਿਹਾ ਹੈਂ ?'

ਸਿੱਖ ਨੇ ਜਦ ਅੱਖਾਂ ਖੋਲ੍ਹਕੇ ਡਿੱਠਾ ਤਾਂ ਇਕ ਉੱਜਲ ਮੂਰਤੀ ਵਾਲਾ ਬ੍ਰਿਧ ਪੁਰਖ ਦਰਦ ਵੰਡਾਉਣ ਲਈ ਖੜੋਤਾ ਕੁਛ ਪੁੱਛ ਰਿਹਾ ਹੈ। ਇਹ ਅੱਗੋਂ ਹੱਥ ਜੋੜਕੇ ਓਸੇ ਹੀ ਦਰਦ ਅਤੇ ਦੁਖ ਭਰੀ ਰੁਕਵੇਂ ਗਲੇ ਦੀ ਅਵਾਜ਼ ਨਾਲ ਬੋਲਿਆ: 'ਕ੍ਰਿਪਾ ਨਾਥ! ਮੇਰੇ ਮਨ ਨੇ ਇਕ ਅਨੋਖਾ ਹਠ ਬੱਧਾ ਹੈ, ਜੋ ਕਦੀ ਨਾ ਹੋ ਸਕੇ, ਫਿਰ ਉਸ ਦੇ ਨਾ ਹੋਣ ਵਿਚ ਦੁਖੀ ਹੋ ਕੇ ਰੋ ਰਿਹਾ ਹਾਂ।

ਬ੍ਰਿਧ ਪੁਰਖਨੇ ਜਰਾ ਸਤਕਾਰਨਾਲ ਪੁਛਿਆ:—
ਉਹ ਅਨੋਖਾ ਹਠ ਕਿਸ ਗਲ ਪਰ ਹੈ ?
ਉਤ੍ਰ ਵਿਚ ਸਨਿੰਮ੍ਰ ਹੋਕੇ ਕਹਿਣ ਲਗਾ ਕਿ

Digitized by Panjab Digital Library | www.panjabdigilib.org

ਗੁਰਬਾਣੀ ਵਿਚੋਂ ਪੜ੍ਹਿਆ ਸਾ "ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ" ਫਿਰ ਉਸ ਡੇਰੇ ਦੀ ਪ੍ਰਾਪਤੀ ਲਈ ਲਿਖਿਆ "ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾਕਉ ਦ੍ਰਿਸਟਿ ਪੂਰਨ ਭਗਵਾਨੈ ॥" ਮੇਰਾ ਮਨ ਇਹ ਹਠ ਕਰਦਾ ਹੈ ਕਿ ਓਹ 'ਕ੍ਰਿਪਾਦ੍ਰਿਸ਼ਟਿ' ਕਰਤਾਰ ਦੀ ਮੈਨੂੰ ਕੀਕੁਰ ਪ੍ਰਾਪਤ ਹੋਵੇ ਜਿਸ ਕਰਕੇ ਓਸ ਡੇਰੇ ਦੀ ਖਬਰ ਪਵੇ ?

ਬ੍ਰਿਧ ਪੁਰਖ-ਓਇ ਭੋਲਿਆ ! ਇਹ ਤਾਂ ਗਲ ਹੀ ਬੜੀ ਸੌਖੀ ਹੈ ਜੋ ਰੜੇ ਤੇ ਪਈ ਸਾਹਮਣੇ ਦਿਸਦੀ ਹੈ, ਇਸ ਤੋਂ ਅਗਲੀ ਤੁਕ ਪੜ੍ਹਕੇ ਵੇਖ ਖਾਂ ਕੀ ਲਿਖਿਆ ਹੈ:—

"ਡੇਰਾ ਨਿਹਚਲੁ ਸਚੁ ਸਾਧ ਸੰਗਿ ਪਾਇਆ ॥
ਨਾਨਕ ਤੇ ਜਨ ਨਹ ਡੋਲਾਇਆ ॥"

ਸਿਖ ਨੇ ਹਥ ਜੋੜ ਕੇ ਅੱਗੋਂ ਬੇਨਤੀ ਕੀਤੀ ਕਿ ਹੇ ਗਰੀਬਨਿਵਾਜ ਜੀ! ਏਹੋ ਤਾਂ ਮੈਨੂੰ ਪਤਾ ਨਹੀਂ ਲਗਦਾ, ਭਈ ਓਹ ਸਾਧ ਸੰਗਤ ਕੇਹੜੀ ਹੈ ਤੇ ਕਿੱਥੇ ਹੈ ? ਮੈਂ ਤਾਂ ਜਿੱਥੇ ਭਗਵੇ ਕਪੜੇ ਵੇਖੇ ਸਾਧ ਸੰਗਤ ਸਮਝੀ, ਜਾ ਚਰਨੀ ਢੱਠਾ, ਪਰ ਮੇਰੀ ਡੋਲਨਾ ਤੇ ਭਟਕਨਾ ਨਾ ਮਿਟੀ, ਸਗੋਂ ਕੁਝ ਦਿਨੋਂ ਦਿਨ ਵਧੇਰੇ ਵਧੇਰੇ ਹੁੰਦੀ ਗਈ ਤੇ ਸਾਧ ਸੰਗਤ ਦੇ ਰੰਗ ਵੇਖ ਵੇਖ ਕੇ ਹੋਰ ਹੋਰ ਦੁਖੀ ਹੁੰਦਾ ਗਿਆ। ਜੇਹੜੇ ਸਤਿਸੰਗੀ ਆਪ ਪੰਜਾਂ ਦੀ ਅੱਗ ਵਿਚ ਸੜ ਰਹੇ ਹਨ ਓਹ ਮੈਨੂੰ ਕਿਥੋਂ ਤਾਰਨ ?

ਬ੍ਰਿਧ ਪੁਰਖ ਨੇ ਹੱਸ ਕੇ ਉੱਤਰ ਦਿਤਾ—ਭੋਲਿਆ ! ਇਹ ਆਪਣੀ ਭੁੱਲ ਹੈ ਤੇ ਇਸ ਗਲ ਵਿਚ ਨਿੱਕਾ ਜਿਹਾ ਵਲ ਹੈ, ਜਦ ਓਹ ਵਲ ਨਿਕਲ ਜਾਵੇ ਤਾਂ ਆਪੇ ਹੀ ਸਮਝ ਤੇ ਠੰਢ ਆ ਜਾਂਦੀ ਹੈ। ਜੀਕਰ ਹੁਨਾਲ ਬੀਤਿਆਂ ਠੰਢ ਆ ਜਾਂਦੀ ਹੈ, ਠੰਢ ਕੋਈ ਬਾਹਰੋਂ ਨਹੀਂ ਆਉਂਦੀ। ਸ਼ਾਂਤਿ ਤਾਂ ਆਪਣੇ ਹੀ ਅੰਦਰ ਅਤੇ ਵੱਸ ਵਿਚ ਹੈ।ਨਿਰਾ ਹੁਨਾਲ ਬਿਤਾਉਣਾਂ ਚਾਹੀਏ ਫਿਰ ਠੰਢ ਅਵੱਸੋਂ ਅਤੇ ਆਪੇ ਹੀ ਪਰਗਟ ਹੋ ਜਾਂਦੀ ਹੈ। ਤੂੰ ਹੋਰਨਾਂ ਦੀਆਂ ਅੱਗਾਂ ਬਲਦੀਆਂ ਵੇਖਕੇ ਆਪਣੀ ਅੱਗ ਵਿਚ ਵੀ ਵਿਕਲਪਾਂ ਦੀਆਂ ਲੱਕੜਾਂ ਹੀ ਪਾਈਆਂ ਜਿਸ ਤੇ ਠੰਢਕ ਕੀਕਰ ਪ੍ਰਾਪਤ ਹੋਵੇ ? ਇੱਕੁਰ ਤਾਂ ਅੱਗ ਨੇ ਹੋਰ ਵੀ ਭੜਕਣਾ ਹੋਇਆ, ਫਿਰ ਤੂੰ ਢੂੰਡੇਂ ਸ਼ਾਂਤਿ, ਇਹ ਵਡਾ ਅਚਰਜ ਹੈ !

ਇਹ ਕਹਿਕੇ ਬ੍ਰਿਧ ਪੁਰਖ ਹੋਰੀਂ ਇਕ ਆਸਣ ਵਿਛਾਕੇ, ਵਾਹਿਗੁਰੂ ਕਹਿਕੇ ਉਸਦੇ ਪਾਸ ਬੈਠ ਗਏ। ਦੁਖੀਏ ਨੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ ਕਿ ਭਾਵੇਂ ਮੇਰੇ ਵਿਕਲਪਾਂ ਨੇ ਮੇਰੀ ਅੱਗ ਬਾਹਲੀ ਕੀਤੀ,ਪਰ ਇਹ ਵਿਕਲਪ ਮੇਰੇ ਅੱਗੇ ਲਕੜਾਂ ਹੀ ਬਣ ਕੇ ਆਏ ਤੇ ਮੇਰੀ ਅੱਗ ਤੇ ਪੈ ਗਏ, ਜੇ ਮੈਨੂੰ ਅਗੋਂ ਪਾਣੀਂਦੇ ਸੋਮੇ ਠੰਢੇ ਠਾਰ ਦਿਸਦੇ ਯਾ ਮਿਲਦੇ ਤਾਂ ਮੇਰੇ ਵਿਕਲਪ ਵੀ ਤਾਂ ਠੰਢੇ ਹੀ ਰਹਿੰਦੇ ਅਤੇ ਮੇਰੀ ਠੰਢਕ ਨੂੰ ਪੁਸ਼ਟੀ ਮਿਲਦੀ, ਫਿਰ ਮੈਂ ਕਿਉਂ ਸੜਦਾ ? ਪਰ ਮੈਨੂੰ ਕੋਈ ਅਜੇਹਾ ਠੰਢਾ ਚਸ਼ਮਾ ਨਾ ਮਿਲਿਆ ਤੇ ਨਾ ਮੈਂ ਠਰਿਆ ।

ਬ੍ਰਿਧ ਪੁਰਖ ਨੇ ਬੜੇ ਧੀਰਜ ਨਾਲ ਅੱਗੋਂ ਉੱਤਰ ਦਿਤਾ:—ਇਹ ਤੇਰਾ ਕਹਿਣਾ ਜ਼ਰਾ ਜੇਰਾਵਰੀ ਦਾ ਹੈ ਕਿਉਂਕਿ ਤੇਰੇਪਾਸ ਠੰਢੇ ਸੋਮੇ ਛੱਡ ਕੇ ਇਕ ਠੰਢਾ ਦਰੀਆ ਭਾਰੀ ਅਸਗਾਹ ਚਲਦਾ ਹੈ,ਜਿਸਦੇ ਕਿਨਾਰੇ ਤੇ ਬਹੁਤ ਵੇਰੀ ਤੈਂ ਇਸ਼ਨਾਨ ਕੀਤਾ ਹੈ,ਤਿਸ ਪਰ ਭੀ ਤੇਰੀ ਅੱਗ ਨੇ ਤੇਰੇ ਵਿਕਲਪਾਂ ਦੀਆਂ ਲੱਕੜਾਂ ਹੀ ਕਬੂਲੀਆਂ ਅਤੇ ਤੇਰੀ ਚਿੰਤਾ ਦੀ ਭੱਠੀ ਨੂੰ ਭੜਕਾਇਆ । ਇਸ ਲਈ ਤੇਰੀ ਅੱਗ ਵਧਾਉਣ ਲਈ ਨਿਰੀ ਸਤਿਸੰਗ ਵਿਚੋਂ ਭਾਸੀ ਅੱਗ ਹੀ ਨਹੀਂ, ਸਗੋਂ ਮੂਲ ਤੇਰੀ ਆਪਣੀ

Digitized by Panjab Digital Library | www.panjabdigilib.org

ਅੱਗ ਹੈ, ਜਿਸ ਅੱਗ ਦੇ ਹੁੰਦਿਆਂ ਤੂੰ ਭਾਵੇਂ ਹਿਮਾਲੇ ਵਿਚ ਜਾ ਗਲੇਂ ਓਥੇ ਵੀ ਤੈਨੂੰ ਠੰਢਕ ਨਹੀਂ ਲੈਣ ਦੇਵੇਗੀ।

ਦੁਖੀ ਪੁਰਖ ਨੇ ਕੁਝ ਚਿਰ ਅੱਖਾਂ ਨੀਵੀਆਂ ਕਰ ਲੀਤੀਆਂ, ਕੁਝ ਚਿਰ ਤੱਕ ਸੋਚ ਸੋਚ ਕੇ ਅਰਜ਼ ਕੀਤੀ:-ਫਿਰ ਇਸ ਅੱਗ ਦੇ ਕੋਈ ਠਰਨ ਦਾ ਉਪਾਉ ਵੀ ਹੈ ?

ਬ੍ਰਿੱਧ ਪੁਰਖ-ਬੜਾ ਸੌਖਾ ਤੇ ਨਿਰਯਤਨ ਹੋ ਸਕਦਾ ਹੈ।

ਦੁਖੀ ਪੁਰਖ-ਉਹ ਕੀਕਰ ਹੋ ਸਕਦਾ ਹੈ?

ਬ੍ਰਿੱਧ ਪੁਰਖ-ਓਹੋ ਗੱਲ ਜੇ ਰਤਾਕੁ ਤੇਰੀ ਸਮਝ ਵਿਚ ਆ ਜਾਵੇ ਤਾਂ ਬਸ ਕਾਰਜ ਹੋਇਆ ਪਿਆ ਹੈ।

ਦੁਖੀ ਪੁਰਖ-ਕਿਰਪਾ ਕਰਕੇ ਦੱਸੋ ਕੀਕਰ ਕਰਾਂ ?

ਬ੍ਰਿੱਧ ਪੁਰਖ-ਇੱਕੁਰ ਤਾਂ ਨਹੀਂ ਨਾ ਹੋ ਸਕਦਾ ਭਈ ਬੇਰੀ ਨਾਲ ਕੋਈ ਬੇਰ ਪਿਆ ਲਟਕਦਾ ਹੈ, ਤੋੜਿਆ, ਮੂੰਹ ਪਾਇਆ ਤੇ ਥੂਹ ਕਰਕੇ ਗਿਟਕ ਸੱਟੀ ਅਤੇ ਆਪ ਰਿੜ੍ਹਦੇਹੋਏ।

ਦੁਖੀ ਪੁਰਖ-ਫਿਰ ਕੀਕੁਰ ਹੋਵੇ, ਕਿਰਪਾ ਕਰਕੇ ਉਹ ਭੀ ਜੁਗਤ ਦੱਸੋ ?

ਬ੍ਰਿੱਧ ਪੁਰਖ-ਧੀਰਜ ਕਰੋ, ਤੁਹਾਨੂੰ ਆਪੇ ਹੀ ਸਮਝ ਵਿਚ ਆ ਜਾਵੇਗਾ । ਇਹ ਕੋਈ ਔਖੀ ਗੱਲ ਨਹੀਂ ਅਤੇ ਦੱਸਣ ਵਲੋਂ ਅੱਗੇ ਕਿਸੇ ਨੇ ਤੇਰੇ ਪਾਸੋਂ ਕੋਈ ਲੁਕਾਉ ਨਹੀਂ ਰੱਖਿਆ । ਸੱਭੇ ਦੱਸਦੇ ਰਹੇ ਹਨ, ਪਰ ਸਭ ਤੇਰੇ ਓਸੇ ਬਲਦੇ ਭਾਂਬੜ ਦਾ ਝੁਲਕਾ ਹੁੰਦਾ ਰਿਹਾ ਹੈ।

ਦੁਖੀ ਪੁਰਖ-ਇਹ ਤਾਂ ਭਾਰੀ ਔਕੜ ਆਣ ਬਣੀ।

ਬ੍ਰਿੱਧ ਪੁਰਖ-ਇਹ ਕੋਈ ਔਕੜ ਨਹੀਂ ਸਗੋਂ ਔਕੜ ਕੱਟੀ ਗਈ।

ਦੁਖੀ ਪੁਰਖ-ਨਹੀਂ ਮਹਾਰਾਜ ਜੀ ! ਅੱਗੇ ਤਾਂ ਵਿਕਲਪਾਂ ਦੀ ਅਗਨੀ ਪ੍ਰਚੰਡ ਸੀ ਹੁਣ ਤਾਂ ਨਾਲ ਅਗਲੇ ਪਿਛਲੇ ਰਹੇ ਗਏ ਸੰਕਲਪਾਂ ਦੀ ਪੌਣ ਪ੍ਰਚੰਡ ਹੋ ਗਈ ਹੈ, ਜਿਹੜੀ ਇਸ ਅੱਗ ਦੀ ਭਾਰੀ ਸਹਾਇਕ ਹੈ।

ਬ੍ਰਿੱਧ ਪੁਰਖ-ਰਤਾਕੁ ਇਸ ਅੱਗ ਵੱਲ ਪਿਠ ਕਰਕੇ ਕੁਝ ਵਿਚਾਰਕੇ ਗੱਲਾਂਕਰਲਈਏ। ਪਹਿਲੇ ਦੱਸੋ ਤੁਹਾਡਾ ਨਾਉਂ ਕੀ ਹੈ ?

ਦੁਖੀ ਪੁਰਖ-ਮੇਰਾ ਨਾਉਂ ਮਾਪਿਆਂ ਨੇ ਲਾਡਾਂ ਨਾਲ ਲਾਟੂ ਸਿੰਘ ਰਖਿਆ ਸਾ, ਸੋਈ ਲੋਕੀਂ ਲਾਟੂ ਸਿੰਘ ਕਰਕੇ ਪੁਕਾਰਦੇ ਹਨ !

ਬ੍ਰਿੱਧ ਪੁਰਖ-ਤੁਸਾਂ ਅੰਮ੍ਰਿਤ ਛਕਿਆ ਹੈ ਕਿ ਨਹੀਂ ?

ਲਾਟੂ ਸਿੰਘ-ਜੀ ਨਿੱਕੇ ਹੁੰਦਿਆਂ ਮਾਪਿਆਂ ਨੇ ਛਕਾਇਆ ਸਾ, ਪਰ ਮੈਨੂੰ ਸਮ੍ਹਾਲ ਨਹੀਂ।

ਬ੍ਰਿੱਧ ਪੁਰਖ-ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਹੋ ਕਿ ਨਹੀਂ ?

ਲਾਟੂ ਸਿੰਘ-ਜੀ ਬਹੁਤ ਭੋਗ ਪਾਏ ਹਨ, ਪਾਠ ਅਕਸਰ ਨੇਮ ਨਾਲ ਕਰਨਾ ਹਾਂ।

ਬ੍ਰਿੱਧ ਪੁਰਖ-ਫਿਰ ਕਦੀ ਪਾਠ ਕਰਦਿਆਂ ਕੋਈ ਸੁਆਦ ਆਉਂਦਾ ਹੈ ਕਿ ਨਹੀਂ।

ਲਾਟੂ ਸਿੰਘ-ਇਸ ਗਲ ਦਾ ਪਤਾ ਨਹੀਂ ਕਿ ਸੁਆਦ ਕੀ ਹੁੰਦਾ ਹੈ।

ਬ੍ਰਿੱਧ ਪੁਰਖ-ਸੁਆਦ ਇਸ ਨੂੰ ਕਹਿੰਦੇ ਹਨ ਕਿ ਪਾਠ ਕਰਦਿਆਂ ਬਾਣੀ ਦੇ ਅਰਥ ਸਮਝੇ ਜਾਣੇ, ਓਨਾਂ ਅਰਥਾਂ ਦੇ ਭਾਵ ਵਿਚ ਮਨ ਨੇ ਰੱਜ ਕੇ ਅਨੰਦ ਹੋਜਾਣਾ, ਇਸ ਅਨੰਦ ਵਿਚ ਮਗਨ ਹੋਣੇ ਤੇ ਹੋਰ ਫੁਰਨੇ ਰੁਕ ਜਾਣੇ, ਅਤੇ ਇਹ ਅਨੰਦ ਬਹੁਤਾ ਚਿਰ ਤਕ ਬਣਿਆ ਰਹਿਣਾ।

ਲਾਟੂ ਸਿੰਘ-ਇਹ ਗਲ ਤਾਂ ਕਦੀ ਕਦੀ ਬਣਦੀ ਰਹਿੰਦੀ ਹੈ, ਪਰ ਜਿਸ ਵੇਲੇ ਅਨੰਦ

Digitized by Panjab Digital Library | www.panjabdigilib.org

ਵਿਚ ਮਗਨ ਹੋਣ ਲੱਗੀਦਾ ਹੈ ਤਾਂ ਉਸ ਵੇਲੇ ਕੋਈ ਨਾ ਕੋਈ ਮਨ ਦਾ ਫੁਰਨਾ ਪ੍ਰਬਲ ਪੈ ਜਾਂਦਾ ਹੈ ਅਤੇ ਮਨ ਉਸ ਅਨੰਦ ਵਿੱਚੋਂ ਜੀਕੁਰ ਡੁਬਕੀ ਮਾਰਨ ਵਾਲਾ ਘਾਬਰਕੇ ਪਾਣੀਓਂ ਬਾਹਰ ਆਉਂਦਾ ਹੈ, ਓਕਰ ਹੀ ਘਾਬਰ ਕੇ ਉਸ ਅਨੰਦ ਤੋਂ ਬਾਹਰ ਆ ਜਾਂਦਾ ਹੈ, ਉਪ੍ਰੰਤ ਉਦਾਸੀ ਤੇ ਹੈਰਾਨੀ ਦੀ ਘਬਰਾਹਟ ਛਿੜਿਆ ਕਰਦੀ ਹੈ, ਫਿਰ ਮਨ ਕਿਤੇ ਨਹੀਂ ਲੱਗਦਾ। ਵੈਰਾਨਾਂ ਜੰਗਲ ਤੇ ਸਨਾਟਾ ਢੂੰਡਦਾ ਹੈ, ਪਰ ਓਥੇ ਵੀ ਟਿਕਦਾ ਨਹੀਂ।

ਬ੍ਰਿੱਧ ਪੁਰਖ–ਫਿਰ ਇਸ ਘਾਬਰ ਹਟਾਉਣ ਦਾ ਕੋਈ ਜਤਨ ਕੀਤਾ ?

ਲਾਟੂ ਸਿੰਘ–ਨਹੀਂ ਜੀ, ਇਸਦਾ ਕੀ ਜਤਨ ਕਰਨਾ ਸੀ।

ਬ੍ਰਿੱਧ ਪੁਰਖ–ਇਸ ਗੱਲ ਨੂੰ ਏਥੇ ਹੀ ਛੱਡਕੇ ਭਲਾ ਦੱਸੋ ਖਾਂ ਤੁਸੀਂ ਕਾਰ ਵਿਹਾਰ ਕੀ ਕਰਦੇ ਹੋ ?

ਲਾਟੂ ਸਿੰਘ–ਜੀ ਹੁਣ ਤਾਂ ਅਵਾਰਾ ਫਿਰਨਾ ਹਾਂ, ਕੰਮ ਕਾਰ ਕੋਈ ਨਹੀਂ ਕਰਦਾ । ਮਾਤਾ ਪਿਤਾ ਧਨਾਢ ਸੇ, ਸੌਦਾਗਰੀ ਕਰਦੇ ਸੇ, ਹੁਣ ਬੀ ਕੁਝ ਉਨ੍ਹਾਂ ਦਾ ਕਮਾਇਆ ਹੋਇਆ ਧਨ ਬਾਕੀ ਹੈ,ਜਿਸਦੇ ਵਿਆਜ ਵਿੱਚੋਂ ਅੰਨ ਬਸਤ੍ਰ ਦਾ ਨਿਰਬਾਹ ਹੁੰਦਾ ਰਹਿੰਦਾ ਹੈ।

ਬ੍ਰਿੱਧ ਪੁਰਖ–ਕੋਈ ਲੜਕਾ ਬਾਲਾ ਹੈ ?

ਲਾਟੂ ਸਿੰਘ–ਜੀ ਦੋ ਲੜਕੇ ਹਨ, ਇਕ ਬੀਸ ਬਰਸ ਦਾ ਹੈ ਇਕ ਪੰਦਰਾਂ ਬਰਸ ਦਾ ਹੈ।

ਬ੍ਰਿੱਧ ਪੁਰਖ–ਲੜਕੇ ਕਿਸੇ ਕੰਮ ਕਾਰੇ ਲਾਏ ਹਨ ਕਿ ਨਹੀਂ ?

ਲਾਟੂ ਸਿੰਘ–ਅਜੇ ਪੜ੍ਹਦੇ ਹਨ।

ਬ੍ਰਿੱਧ ਪੁਰਖ–ਤੁਸੀਂ ਕਿਸ ਨਗਰ ਵਿਚ ਰਹਿੰਦੇ ਹੋ?

ਲਾਟੂ ਸਿੰਘ–ਜੀ ਹਰੀ ਪੁਰ ਹਜ਼ਾਰੇ ਵਿਚ ਇਕ ਨਗਰ ਹੈ, ਓਥੋਂ ਦੇ ਵਸਨੀਕ ਹਾਂ।

ਬ੍ਰਿੱਧ ਪੁਰਖ–ਤੁਹਾਡੀ ਉਮਰ ਕਿੰਨੀਕੁ ਹੈ।

ਲਾਟੂ ਸਿੰਘ–ਜੀ ਇਕਤਾਲੀ ਬਰਸ ਦੀ ਹੋ ਚੁੱਕੀ ਹੈ।

ਬ੍ਰਿੱਧ ਪੁਰਖ–ਤੁਹਾਡੀ ਇਸਤ੍ਰੀ ਦਾ ਸਰੀਰਹੈ?

ਲਾਟੂ ਸਿੰਘ–ਜੀ ਇਕ ਬਰਸ ਹੋਇਆ ਹੈ ਹੁਕਮ ਸੱਤ ਹੋ ਰਹੀ ਹੈ।

ਬ੍ਰਿੱਧ ਪੁਰਖ–ਲੜਕੇ ਵਿਆਹੇ ਹੋਏ ਹਨ ?

ਲਾਟੂ ਸਿੰਘ-ਜੀ ਹਾਂ, ਵਿਆਹੇ ਹੋਏ ਹਨ।

ਬ੍ਰਿੱਧ ਪੁਰਖ–ਤੁਸਾਂ ਹਜ਼ੂਰ ਸਾਹਿਬ ਦੀ ਯਾਤ੍ਰਾ ਕੀਤੀ ਹੈ ?

ਲਾਟੂ ਸਿੰਘ–ਜੀ ਨਹੀਂ ਹੋ ਸਕੀ, ਮੇਰੇ ਦਿਨ ਐਵੇਂ ਉਪਨਿਖਧਾਂ ਦੀਆਂ ਘਾੜਤਾਂ ਵਿਚ ਅਤੇ ਕੁਰਾਨ, ਅੰਜੀਲ ਤੇ ਵਿਚਾਰ ਸਾਗਰ ਆਦਿਕ ਗ੍ਰੰਥਾਂ ਦੇ ਪੜ੍ਹਨ ਵਿਚ ਬਿਤੀਤ ਹੋ ਗਏ ਹਨ।

ਬ੍ਰਿੱਧ ਪੁਰਖ–ਇਨਾਂ ਗ੍ਰੰਥਾਂ ਵਿਚੋਂ ਕੁਝ ਲੱਭਾ ਵੀ ਕਿ ਨਹੀਂ ?

ਲਾਟੂ ਸਿੰਘ–ਖਬਤ ਤੇ ਸਿਰ ਦਰਦੀ ਤੇ ਸੰਸਿਆਂ ਦੀਆਂ ਪੰਡਾਂ ਲੱਭੀਆਂ, ਇਕ ਗੁੰਝਲ ਲਈ ਇਹ ਗ੍ਰੰਥ ਪੜ੍ਹੇ ਵਿਚਾਰੇ, ਸਗੋਂ ਹੋਰ ਸੈਂਕੜੇ ਗੁੰਝਲਾਂ ਪੈ ਗਈਆਂ।

ਬ੍ਰਿੱਧ ਪੁਰਖ–ਤੂੰ ਆਪ ਹੀ ਗੁੰਝਲੂ ਸਿੰਘ ਹੈਂ। ਤੇਰਾ ਨਾਉਂ ਮਾਪਿਆਂ ਨੇ ਸੋਚਕੇ ਲਾਟੂ ਸਿੰਘ ਠੀਕ ਰਖਿਆ ਸੀ। ਜੀਕਰ ਲਾਟੂ ਫਿਰਦਾ ਰਹਿੰਦਾ ਹੈ ਤਿਵੇਂ ਤੇਰਾ ਮਨ ਫਿਰਦਾ ਰਹਿੰਦਾ ਹੈ।

ਲਾਟੂ ਸਿੰਘ–ਹੁਣ ਕਿਰਪਾ ਕਰੋ ਕਿਵੇਂ ਇਹ ਮਨ ਇਸਥਿਰ ਕੀਤਾ ਜਾਵੇ।

ਬ੍ਰਿੱਧ ਪੁਰਖ–ਹੁਣ ਜੇ ਇਸਨੂੰ ਭੈਣੇਂ ਰੋਕ ਦੇਵੇਂ ਤਾਂ ਆਪੇ ਇਸਥਿਰ ਹੋ ਜਾਊ, ਕੋਈ ਜਤਨ ਕਰਨ ਦੀ ਗਲ ਨਹੀਂ।

Digitized by Panjab Digital Library | www.panjabdigilib.org

ਲਾਟੂ ਸਿੰਘ–ਰੋਕਣ ਦੀ ਕੋਈ ਯੁਕਤੀ ਦੱਸੋ ?

ਬ੍ਰਿੱਧ ਪੁਰਖ–ਇਸ ਗਲ ਦੇ ਦੱਸਣ ਦੇ ਬਦਲੇ ਵਿਚ ਕੀ ਦੇਂਵੇਂਗਾ ?

ਲਾਟੂ ਸਿੰਘ–ਜੋ ਆਗਜਾ ਕਰੋ।

ਬ੍ਰਿੱਧ ਪੁਰਖ–ਤਨ, ਮਨ ਤੇ ਧਨ।

ਲਾਟੂ ਸਿੰਘ–ਤਿੰਨੇ ਹਾਜ਼ਰ ਹਨ । ਤਨ ਇਸੇ ਵੇਲੇ ਹਾਜ਼ਰ ਹੈ, ਧਨ ਬਾਬਤ ਲਿਖਤ ਕਰਵਾ ਲਓ ਅਤੇ ਮਨ ਮੇਰੇ ਵੱਸ ਨਹੀਂ,ਇਸ ਨੂੰ ਤੁਸੀਂ ਆਪੇ ਨਜਿੱਠ ਲਓ, ਮੇਰੀ ਵਲੋਂ ਕੋਈ ਉਜ਼ਰ ਨਹੀਂ।

ਬ੍ਰਿੱਧ ਪੁਰਖ–ਇੱਕਰ ਨਹੀਂ ਹੁੰਦਾ, ਇਹ ਸਾਰਾ ਜ਼ੁਬਾਨੀ ਦਾਖਲਾ ਹੈ, ਸਚ ਮੁਚ ਇਹ ਚੀਜ਼ਾਂ ਦੇ ਦਿਓ ਤਾਂ ਜਾਣੀਏ।

ਲਾਟੂ ਸਿੰਘ–ਜੀ ਏਹ ਸਚ ਮੁਚ ਹਾਜ਼ਰ ਹਨ, ਮੇਰੀ ਵੱਲੋਂ ਕੋਈ ਉਜ਼ਰ ਨਹੀਂ, ਆਪ ਜਿਸਤਰ੍ਹਾਂ ਚਾਹੋ ਤਸੱਲੀ ਕਰ ਲਓ।

ਬ੍ਰਿੱਧ ਪੁਰਖ–ਤਸੱਲੀ ਤਦ ਹੁੰਦੀ ਹੈ ਜੇ ਤੇਰਾ ਸਿਰ ਕਟ ਲਈਏ ਤੇ ਤੂੰ ਅਗੋਂ ਕੋਈ ਉਜ਼ਰ ਨਾ ਕਰੇਂ। ਧਨ ਤੇਰਾ ਕੁਝ ਲੁਟਾ ਦੇਈਏ ਕੁਝ ਗੁਵਾ ਦੇਈਏ ਤੇ ਤੈਨੂੰ ਕੋਈ ਵਿਕਲਪ ਨਾ ਫੁਰੇ। ਮਨ ਤੇਰੇ ਨੂੰ ਕਿਸੇ ਕਰੜੀ ਕਾਰੇ ਲਾਈਏ ਜਿੱਥੇ ਏਹ ਕਦੀ ਨਾ ਲੱਗਾ ਹੋਵੇ ਤੇ ਓਥੇਦ੍ਰਿੜ ਹੋਕੇ ਲਗ ਜਾਏ ਤਾਂ ਜਾਣੀਏ ਕਿ ਤੂੰ ਤਨ ਮਨ ਧਨ ਦੇ ਦਿੱਤਾ ਹੈ।

ਲਾਟੂ ਸਿੰਘ ਨੇ ਸਿਰ ਪੈਰਾਂ ਤੇ ਰਖ ਦਿੱਤਾ ਤੇ ਆਖਿਆ–ਇਹ ਸਿਰ ਹਾਜ਼ਰ ਹੈ,ਆਪ ਕੱਟ ਲਓ ਦੇਰ ਨਹੀਂ ਕਰੋ।

ਬ੍ਰਿੱਧਪੁਰਖ -ਜਦ ਤੇਰਾ ਸਿਰ ਕੱਟ ਲਵਾਂਗੇ ਤਾਂ ਫੇਰ ਜੋ ਤੂੰ ਢੂੰਡ ਰਿਹਾ ਹੈਂ ਓਹ ਕੌਣ ਢੂੰਡੇਗਾ ? ਅਤੇ ਇਸ ਸਿਰ ਕਟਾਏ ਦਾ ਤੈਨੂੰ ਕੀ ਲਾਭ ਹੋਵੇਗਾ ?

ਲਾਟੂ ਸਿੰਘ–ਮੈਨੂੰ ਇਕ ਬਹੁਤ ਭਾਰੀ ਲਾਭ ਹੋਵੇਗਾ ਕਿ ਮੈਂ ਨਿਤ ਨਿਤ ਦੀ ਢੂੰਡ ਦੇ ਦੁੱਖ ਤੋਂ ਛੁੱਟ ਜਾਵਾਂਗਾ ਕਿਉਂਕਿ ਮੇਰਾ ਚਿਤ ਇਸ ਕੌੜੀ ਅਤੇ ਕੁੜੀਲੀ ਜ਼ਿੰਦਗੀ ਦੇ ਹਥੋਂ ਰੱਜਕੇ ਦੁਖੀ ਹੈ।

ਬ੍ਰਿੱਧ ਪੁਰਖ–ਇਹ ਦੁੱਖ ਤੇਰੇ ਨਾਲ ਰਹੇਗਾ, ਮਰ ਕੇ ਜਿੱਥੇ ਜਾਏਂਗਾ ਅਥਵਾ ਜਨਮ ਧਾਰੇਂਗਾ, ਉੱਥੇ ਤੇਰੇ ਅੰਗ ਸੰਗ ਰਹੇਗਾ। ਤੂੰ ਮਰਕੇ ਇਸ ਦੁੱਖ ਤੋਂ ਕਿਸੇਤਰ੍ਹਾਂ ਨਹੀਂ ਛੁੱਟ ਸਕਦਾ।

ਲਾਟੂ ਸਿੰਘ–ਇਸ ਤੋਂ ਅੱਗੇ ਮੇਰੀ ਸਮਝ ਕੰਮ ਨਹੀਂ ਦਿੰਦੀ ਆਪ ਕਿਰਪਾ ਕਰਕੇ ਕੋਈ ਰਾਹ ਦੱਸੋ ?

ਬ੍ਰਿੱਧ ਪੁਰਖ–ਓਇ ਭੋਲਿਆ ਸਿੱਖਾ ! ਤੂੰ ਕੇਡੀ ਛੇਤੀ ਸਿਰ ਦੇਣ ਲਈ ਤਿਆਰ ਹੋ ਗਿਆ,ਨਾ ਤੈਂ ਕੁਝ ਅੱਗਾ ਸੋਚਿਆ ਨਾ ਪਿੱਛਾ ਸੋਚਿਆ, ਇਹ ਤੇਰੀ ਘਬਰਾਹਟ ਅਤੇ ਕਾਹਲੀ (ਛੇਤੀ) ਤੇਰੇ ਪਰਮਾਰਥ ਲਈ ਭਾਰੀਆਂ ਰੋਕਾਂ ਹਨ ਜੋ ਤੂੰ ਨਹੀਂ ਸਮਝ ਸਕਦਾ। ਤੂੰ ਵਿਚਾਰ ਕੇ ਤਾਂ ਦੇਖ, ਮੈਂ ਤੇਰਾ ਕੋਈ ਜਾਣੂ ਪਛਾਣੂ ਨਹੀਂ ਅਤੇ ਨਾਂ ਹੀ ਤੈਂ ਕੋਈ ਮੇਰੀ ਜਾਣ ਸਿਞਾਣ ਲੱਭੀ ਹੈ ਅਤੇ ਨਾਂ ਹੀ ਤੈਂ ਇਸ ਗੱਲ ਦੀ ਤਸੱਲੀ ਕੀਤੀ ਹੈ ਕਿ ਜਿਸ ਗੱਲ ਵਾਸਤੇ ਜਾਨ ਕੁਰਬਾਨ ਕਰਨ ਲੱਗਾ ਹਾਂ ਉਹ ਗੱਲ ਇਸ ਪਾਸ ਹੈ ਵੀ ਕਿ ਨਹੀਂ ਕਿ ਕੋਈ ਨਿਰੀ ਠੱਗੀ ਵਾਲੀ ਹੀ ਗੱਲ ਹੈ ਜੋ ਤਨ ਮਨ ਧਨ ਲੈਕੇ, ਆਪਣਾ ਮਤਲਬ ਸਾਧਕੇ ਸਿੱਧੇ ਰਾਹ ਦਾ ਰਾਹੀ ਹੋ ਜਾਣ ਵਾਲਾ ਹੈ। ਏਥੇ ਜ਼ਰਾ ਸੋਚ ਕੇ ਦੇਖ ਏਸੇ ਤੇਰੀ ਕਾਹਲੀ ਨੇ ਅੱਜ ਤੱਕ ਤੈਨੂੰ ਓਸ ਨੁਕਤੇ ਤੋਂ ਦੂਰ ਰੱਖਿਆ ਹੈ, ਜਿਸਨੂੰ ਤੂੰ ਇੱਡੇ ਜਤਨ ਨਾਲ ਲੱਭ ਰਿਹਾ ਹੈਂ। ਏਸ ਤੇਰੀ ਉਲਟੀ ਸਮਝ ਨੇ ਸਤਿਪੁਰਖਾਂ ਤੋਂ ਅਤੇ ਧਾਰਮਕ ਗ੍ਰੰਥਾਂਵਿਚੋਂ ਤੈਨੂੰ ਨਿਸ਼ਭ੍ਰਮਤਾ ਨਹੀਂ

Digitized by Panjab Digital Library | www.panjabdigilib.org

ਹੋਣ ਦਿੱਤੀ।

ਲਾਟੂ ਸਿੰਘ-(ਹੱਥ ਜੋੜ ਕੇ) ਮੈਂ ਇਸ ਵੇਲੇ ਇਕ ਹੈਰਾਨੀ ਦੇ ਖੂਹ ਵਿਚ ਹਾਂ, ਕੋਈ ਗਲ ਨਹੀਂ ਆਹੁੜਦੀ ਕੀ ਕਹਾਂ ? ਸਭ ਤੋਂ ਪਰੇ ਸਿਰ ਤਕ ਬਾਜ਼ੀ ਸੀ, ਉਸ ਵਿਚ ਵੀ ਆਪਣੀ ਮੂਰਖਤਾ ਸਾਬਤ ਹੋਈ। ਹੁਣ ਕੀ ਕਰਾਂ ? ਜੋ ਮੈਂ ਸਤਿਸੰਗੀਆਂ ਦੀਆਂ ਪਰਖਾਂ ਤੇ ਉਧੇੜੀਆਂ ਕੀਤੀਆਂ, ਓਹਨਾਂ ਦੀਆਂ ਕਰਤੂਤਾਂ ਤੋਂ ਅੜਿਆ ਤਾਂ ਭੀ ਮੈਂ ਆਪਣਾ ਨੁਕਸਾਨ ਕੀਤਾ, ਜਦ ਮੈਂ ਆਪ ਦੇ ਕਹੇ ਪਰ ਉਸ ਭੁੱਲ ਨੂੰ ਦਰੁਸਤ ਕਰਨ ਲਈ ਬਿਨਾਂ ਆਪ ਦੀ ਕਿਸੇ ਛਾਣ ਬੀਣ ਕੀਤੇ ਦੇ ਆਪਣਾ ਆਪ ਸਪੁਰਦ ਕਰ ਦਿੱਤਾ ਤਾਂ ਭੀ ਇਜੇਹੀ ਮੂੰਹ ਦੀ ਖਾਧੀ ਕਿ ਹੁਣ ਸਾਹਮਣੇ ਮੂੰਹ ਦੇਣ ਜੋਗਾ ਨਹੀਂ, ਇਹ ਮੇਰੇ ਲਈ ਔਕੜ ਵਿਚ ਔਕੜ ਆ ਬਣੀ, ਮੈਂ ਲਾਚਾਰ ਹਾਂ।

ਬ੍ਰਿੱਧ ਪੁਰਖ-ਕੋਈ ਔਕੜ ਵਾਲੀ ਗਲ ਨਹੀਂ, ਇਹ ਤਾਂ ਨਿਰੀ ਸੋਚਣ ਵਾਲੀ ਗਲ ਹੈ। ਜਦ ਸੋਚ ਵਿਚ ਆ ਗਈ ਸਾਰੀਆਂ ਔਕੜਾਂ ਸੌਕੜਾਂ ਦੂਰ ਹੋ ਗਈਆਂ।

ਲਾਟੂ ਸਿੰਘ-ਹਾਲੀ ਤਾਂ ਪਿਛਲੀ ਗਲ ਵੀ ਗਈ ਜਾਪਦੀ ਹੈ, ਸੋਚ ਵਿਚ ਕੀ ਆਉਣਾ ਹੈ। (ਕੁਛ ਛਿੱਥਾ ਜਿਹਾ ਹੋਕੇ) ਏਹੋ ਜੇਹੀਆਂ ਗਲਾਂ ਬਣਾਕੇ ਚੰਗਿਆਂ ਭਲਿਆਂ ਦੀ ਮਤ ਮਾਰ ਦਿੰਦੇ ਹੋ, ਸਾਥੋਂ ਅਜੇਹੇ ਗੋਰਖ ਧੰਦੇ ਨਹੀਂ ਖੁੱਲ੍ਹਦੇ।

ਬ੍ਰਿੱਧ ਪੁਰਖ- (ਜ਼ਰਾ ਮੁਸਕਰਾਕੇ) ਸਾਰੇ ਜਹਾਨ ਦੀ ਛਾਨਬੀਨ ਕਰ ਕੱਢਣੀ ਤਾਂ ਸੌਖੀ ਗਲ ਹੈ, ਪਰ ਮਤਲਬ ਦੀ ਗਲ ਪਰ ਪਹੁੰਚ ਕੇ ਅੱਕ ਜਾਣਾ ਅਤੇ ਛਿੱਥਿਆਂ ਹੋ ਜਾਣਾ ਆਪ ਅਤੇ ਦੋਸ਼ ਦੇਣੇ ਮਹਾਂਪੁਰਖਾਂ ਨੂੰ, ਇਹੋ ਮਨ ਦੀ ਘਬਰਾਵੀਂ ਦਸ਼ਾ ਪਹਿਲੀ ਜਿੱਤ ਜਿੱਤਣੀ ਹੈ। ਜ਼ਰਾ ਸਾਹਮਣੇ ਅੱਖਾਂ ਕਰਕੇ ਦੇਖੋ ਅਤੇ ਦਿਲ ਨੂੰ ਜ਼ਰਾ ਕਾਬੂ ਕਰਕੇ ਮਨ ਦੇ ਕੰਨਾਂ ਨਾਲ ਸਮਝੋ, ਪਰ ਘਾਬਰੋ ਨਹੀਂ। ਪਹਿਲੀ ਗਲ ਯਾਦ ਰੱਖੋ ਜਿਸ ਰਸ੍ਤੇ ਟੁਰੋ ਉਸ ਰਾਹ ਨੂੰ ਅਗਾਂਹ ਵਲ ਦੇਖੋ, ਜੇ ਕੁਝ ਸਖਤੀ ਨਰਮੀ ਆਵੇ ਤਾਂ ਉਸ ਨੂੰ ਲੰਘੋ ਅਤੇ ਰਾਹ ਟੁਰਦੇ ਹੋਏ ਅੱਕੋ ਥੱਕੋ ਵੀ ਨਹੀਂ ਤਾਂ ਨਿਸ਼ਚਾ ਰਖੋ ਕਿਸੇ ਨਾ ਕਿਸੇ ਵੇਲੇ ਅਵੱਸ ਆਪਣੀ ਮਜ਼ਲ ਤੇ ਅੱਪੜ ਪਵੋਗੇ।

ਜੇ ਅਗਾਹਾਂ ਨੂੰ ਟੁਰਦੇ ਹੋਏ ਪਿੱਛੇ ਵੱਲ ਤੱਕੋਗੇ ਜ਼ਰੂਰ ਡਿੱਗੋਗੇ, ਚੋਟ ਕਰੜੀ ਖਾਓਗੇ, ਫਿਰ ਮੰਜ਼ਲ ਪਰ ਕਦੀ ਨਹੀਂ ਪੁੱਜੋਗੇ।

ਦੂਜੀ ਗੱਲ-ਰਾਹ ਟੁਰਨ ਲਈ ਰਾਹੀ ਨੂੰ ਰਾਹ ਦੇ ਖਰਚ ਲਈ ਕੁਝ ਨਕਦ ਭਾਵੇਂ ਜਿਨਸ ਅਵੱਸੋਂ ਪੱਲੇ ਬੰਨ੍ਹਣੀ ਚਾਹੀਦੀ ਹੈ, ਨਹੀਂ ਤਾਂ ਰਾਹ ਵਿਚ ਭੁੱਖ ਤ੍ਰੇਹ ਅਤੇ ਥਕੇਵਾਂ ਆਦਿਕ ਦੁੱਖ ਰਾਹੇ ਟੁਰਨ ਜੋਗਾ ਨਹੀਂ ਛੱਡਦੇ।

ਤੀਜੀ ਗੱਲ-ਕੋਈ ਰਾਹ ਵਿਚ ਮਿਲਿਆ ਰਾਹੀ ਜੇ ਕਿਸੇ ਹੋਰ ਰਾਹ ਦੀ ਵਡਿਆਈ ਕਰੇ ਤਾਂ ਇਸ ਵਡਿਆਈ ਤੇ ਭਰੋਸਾ ਕਰਕੇ ਹੋਰਸ ਰਾਹ ਵੱਲ ਨਹੀਂ ਜਾਓ,ਨਹੀਂ ਤਾਂ ਕਿਸੇ ਰਾਹ ਜੋਗੇ ਨਹੀਂ ਰਹੋਗੇ।ਪਹਿਲੇ ਰਾਹੋਂ ਉੱਖੜਕੇ ਦੂਜੇ ਦੀ ਝਾਕ ਕਰਨ ਵਾਲਾ ਕਈ ਰਾਹਾਂ ਵਿਚ ਭਟਕਦਾ ਅਤੇ ਖ੍ਵਾਰ ਹੁੰਦਾ ਹੈ, ਕਦੀ ਮੰਜ਼ਲ ਨਹੀਂ ਲੱਭ ਸਕਦਾ।

ਚੌਥੀ ਗੱਲ-ਜੋ ਕੁਝ ਰਹਿਬਰ ਕਹੇ ਉਸਤੇ ਪੱਕਾ ਭਰੋਸਾ ਕਰਨਾ, ਕਦੀ ਰਹਿਬਰ ਦੀ ਦੱਸੀ ਹੋਈ ਰਾਹ ਟੁਰਨ ਵਾਲੀ ਗੱਲ ਵਿਚ ਸੰਸਾ, ਤਰਕ, ਹੁੱਜਤ ਆਦਿਕ ਨਹੀਂ ਸੋਚਣੀ, ਨਹੀਂ ਤਾਂ ਰਾਹ ਖੁੰਝ ਜਾਏਗਾ, ਫਿਰ ਲੱਭਣਾ ਬਹੁਤ ਔਖਾ ਹੋ ਜਾਊ।

ਪੰਜਵੀਂ ਗੱਲ-ਰਾਹ ਨੂੰ ਰਾਹ ਸਮਝਣਾ,

Digitized by Panjab Digital Library | www.panjabdigilib.org

ਮੰਜ਼ਲ ਨੂੰ ਮੁਕਾਮ ਸਮਝਣਾ, ਆਪਣੇ ਆਪ ਨੂੰ ਰਾਹੀ ਸਮਝਣਾ, ਇਹ ਤਿੰਨੇ ਗੱਲਾਂ ਕਦੀ ਕਿਤੇ ਭੰਗ ਪੀਕੇ ਦੋ ਨੂੰ ਅਥਵਾ ਤਿੰਨਾਂ ਨੂੰ ਇਕੋ ਨਾ ਸਮਝ ਬੈਠਣਾ। ਜੇ ਕਿਤੇ ਰਾਹ ਰਾਹੀ ਨੂੰ ਇੱਕ ਸਮਝਿਆ ਤਾਂ ਮੰਜ਼ਲੇ ਕੌਣ ਪਊ, ਜੇ ਮੰਜ਼ਲ ਤੇ ਰਾਹ ਨੂੰ ਇੱਕੋ ਸਮਝਿਆ ਤਾਂ ਜਾਣਾ ਹੀ ਕਿੱਥੇ ਹੋਇਆ, ਜੇ ਮੰਜ਼ਲ ਤੇ ਰਾਹੀ ਨੂੰ ਇਕ ਮੰਨਿਆਂ ਤਾਂ ਰਾਹੀ ਕੋਈ ਨਾ ਲੱਭੇਗਾ। ਇਸ ਲਈ ਇਨ੍ਹਾਂ ਤਿੰਨਾਂ ਵਿਚ ਜੋ ਕੁਝ ਆਪੋ ਵਿਚ ਦੀ ਸੰਬੰਧ ਹੈ, ਉਸ ਦੀ ਤਾਰ ਨਹੀਂ ਟੁੱਟਣ ਦੇਣੀ।

ਇੱਕੁਰ ਹੀ ਰਹਿਬਰ ਦੀ ਆਗਿਆ ਤੋਂ ਕਦੀ ਬਾਹਰ ਨਹੀਂ ਹੋਣਾ ਅਤੇ ਜਿੱਥੋਂ ਤੱਕ ਹੋ ਸਕੇ ਰਹਿਬਰ ਦੇ ਹਿਸਾਨ ਨੂੰ ਨਹੀਂ ਭੁਲਾਉਣਾ, ਸਤਿਸੰਗ ਦੀ ਵਡਿਆਈ ਨੂੰ ਇੱਥੋਂ ਤੱਕ ਜਾਣਨਾ ਕਿ ਜਿੱਥੋਂ ਤੱਕ ਹੋਰ ਕੋਈ ਕਿਸੇ ਦੀ ਵਡਿਆਈ ਨਹੀਂ, ਰਹਿਬਰ ਦੀ ਕ੍ਰਿਪਾ ਨਾਲ ਰਾਹੀ ਨੂੰ ਰਾਹ ਅਤੇ ਮੰਜ਼ਲ ਲੱਭ ਪੈਂਦੇ ਹਨ। ਇਸ ਲਈ ਚੇਤੇ ਰੱਖੋ ਕਿ ਰਾਹੀ ਮੰਜ਼ਲ ਤੇ ਪਹੁੰਚ ਕੇ ਭੀ ਰਹਿਬਰ ਦੇ ਕੀਤੇ ਉਪਕਾਰ ਨੂੰ ਕਦੀ ਨਾ ਗੁਆਵੇ।

ਲੈ ਹੁਣ ਬੱਸ ਜਾਹ ਕਮਰਕੱਸਾ ਕਰਕੇ ਟੁਰ ਪਊ, ਤੈਨੂੰ ਉਸ ਡੇਰੇ ਦਾ ਰਾਹ ਦੱਸ ਦਿੱਤਾ ਹੈ, ਹੁਣ ਤਾਂ ਕੋਈ ਗੋਰਖਧੰਦਾ ਨਹੀਂ ਨਾ। 'ਵਾਹਿਗੁਰੂ ਜੀ ਕੀ ਫਤੇ' ਕਹਿਕੇ ਬ੍ਰਿਧ ਪੁਰਖ ਉਠਣ ਹੀ ਲੱਗੇ ਸਨ ਕਿ ਲਾਟੂ ਸਿੰਘ ਨੇ ਚਰਨ ਫੜ ਲਏ ਤੇ ਅਦਬ ਨਾਲ ਬੇਨਤੀ ਕੀਤੀ—ਕ੍ਰਿਪਾ ਨਾਥ ! ਇਹ ਪੰਜੇ ਗੱਲਾਂ ਵਿੱਚੋਂ ਮੇਰੀ ਸਮਝ ਵਿਚ ਕੱਖ ਵੀ ਨਹੀਂ ਆਇਆ ਤੇ ਆਪ ਤਿਆਰ ਹੋ ਪਏ ਹੋ, ਮੈਨੂੰ ਤਾਂ ਰਾਹ, ਰਹਿਬਰ, ਰਾਹੀ ਤੇ ਮੰਜ਼ਲ ਇਨ੍ਹਾਂ ਵਿਚੋਂ ਕਿਸੇ ਦੀ ਵੀ ਖਬਰ ਨਹੀਂ, ਮੈਂ ਕਿੱਥੇ ਟੁਰ ਪਵਾਂ, ਮੈਨੂੰ ਕਿਰਪਾ ਕਰਕੇ ਪੂਰੀ ਤਰਾਂ ਸਮਝਾ ਦਿਓ ਤਾਂ ਠੀਕ ਹੋਵੇ।

ਬ੍ਰਿੱਧ ਪੁਰਖ—(ਗੋਡੇ ਟੇਕਕੇ ਤੇ ਮੁਸਕ੍ਰਾਕੇ) ਇਸ ਵਿਚ ਕੋਈ ਗਲ ਦਾ ਛਪ ਲੁਕੇਇ ਨਹੀਂ ਰਖਿਆ, ਪ੍ਰਗਟ ਸਭ ਕੁਝ ਕਹਿ ਦਿੱਤਾ ਹੈ। ਪਰ ਜੇ ਇਸ ਨੂੰ ਵੀ ਹੋਰ ਖੁਹਲਣਾ ਹੈ ਤਾਂ ਇਸ ਦਾ ਕੁਝ ਮਿਹਨਤਾਨਾ ਦਿਓ ਤਾਂ ਸਮਝਾਵਾਂਗਾ, ਕਿਉਂਕਿ ਅਸੀਂ ਤੇਰੇ ਵਾਕਰ ਵਿਆਜ਼ਜ਼ੀਏ ਨਹੀਂ। ਅਸਾਂ ਅਪਣੇ ਪੇਟ ਅਤੇ ਇਸਤ੍ਰੀਪੁਤ੍ਰਾਦਿਕਾਂ ਲਈ ਕਿਰਤ ਕਰਕੇ ਅੰਨ ਪੈਦਾ ਕਰਨਾ ਹੈ, ਇਸ ਲਈ ਇਸ ਤੋਂ ਅੱਗੇ ਜੋ ਕੁਝ ਪੁੱਛੇ ਉਸ ਦੇ ਉੱਤਰ ਲਈ ਮਿਹਨਤਾਨਾ ਦਿਓ।

ਲਾਟੂ ਸਿੰਘ—ਕ੍ਰਿਪਾ ਨਾਥ ! ਧਨ ਜਿਸ ਕਦਰ ਹੈ ਸਾਰਾ ਆਪ ਦੀ ਭੇਟ ਹੈ, ਤਨ ਸੇਵਾ ਕਰਨ ਲਈ ਆਪ ਦੇ ਹਾਜ਼ਰ ਹੈ, ਮਨ ਨੂੰ ਆਪ ਕਾਬੂ ਕਰ ਲਓ, ਇਸ ਤੋਂ ਵਾਧੂ ਹੋਰ ਜੋ ਕੁਝ ਆਪ ਠੀਕ ਸਮਝੋ ਆਗਿਆ ਕਰੋ ਉਸ ਲਈ ਦਾਸ ਹਾਜ਼ਰ ਹੈ।

ਬ੍ਰਿੱਧ ਪੁਰਖ—ਧਨ ਤੇਰਾ ਬੈਂਕਾਂ ਵਿਚ ਜਮਾਂ ਹੈ, ਇਸ ਵੇਲੇ ਪਾਸ ਨਹੀਂ ਜੋ ਤੂੰ ਦੇ ਸਕੇਂ। ਤਨ ਤੇਰਾ ਮਨ ਦੇ ਅਧੀਨ ਹੈ ਮਨ ਤੇਰੇ ਕਾਬੂ ਨਹੀਂ। ਇਸ ਲਈ ਤਿੰਨੇ ਚੀਜਾਂ ਜ਼ੁਬਾਨੀ ਦਾਖਲਾ ਹੈ ਜਿਸ ਵੇਲੇ ਤੇਰਾ ਕਾਰਜ ਨਿਕਲ ਜਾਵੇਗਾ ਫਿਰ ਤੂੰ ਕੁਝ ਵੀ ਨਹੀਂ ਦੇਵੇਂਗਾ।

ਲਾਟੂ ਸਿੰਘ—ਮੈਂ ਧਰਮ ਨਾਲ ਕਹਿਨਾ ਹਾਂ ਕਿ ਕਦੀ ਨਹੀਂ ਮੁਕਰਾਂਗਾ, ਆਪ ਵੀ ਮੇਰੇ ਬਚਨਾਂ ਤੇ ਭਰੋਸਾ ਕਰੋ।

ਬ੍ਰਿੱਧਪੁਰਖ—ਪਹਿਲੇ ਤੇਰਾ ਧਰਮ ਹੀ ਕੋਈ ਨਹੀਂ ਜਦ ਤੱਕ ਕਿਸੇ ਧਰਮ ਤੇ ਤੂੰ ਦ੍ਰਿੜ੍ਹ ਨਾ ਹੋਵੇਂ ਤਦ ਤਕ ਤੇਰੇ ਬਚਨਾਂ ਦਾ ਕੀ ਭਰੋਸਾ

Digitized by Panjab Digital Library | www.panjabdigilib.org

ਕੀਤਾ ਜਾਵੇ।

ਲਾਟੂ ਸਿੰਘ–ਜੀ ਮੇਰਾ ਸਿੱਖ ਧਰਮ ਹੈ।

ਬ੍ਰਿੱਧ ਪੁਰਖ–ਅੰਮ੍ਰਿਤ ਛਕੇ ਦਾ ਤੈਨੂੰ ਚੇਤਾ ਨਹੀਂ; ਦੇਖਣ ਵਿਚ ਪੰਜੇ ਕੱਕੇ ਤੇਰੇ ਨਾਲ ਨਹੀਂ, ਸਿੱਖ ਧਰਮ ਦੇ ਅਸੂਲਾਂ ਤੋਂ ਖਬਰਦਾਰ ਨਹੀਂ, ਅੰਤ੍ਰੀਵ ਤੇ ਬਾਹਜ ਸਿਖ ਧਰਮ ਤੋਂ ਤੂੰ ਵਾਕਫ ਨਹੀਂ ? ਫਿਰ ਕਿਸ ਤਰ੍ਹਾਂ ਤੇਰਾ ਸਿੱਖ ਧਰਮ ਹੈ ?

ਲਾਟੂ ਸਿੰਘ–ਮੈਂ ਸਿੱਖਾਂ ਦੇ ਘਰ ਜੰਮਿਆਂ, ਸਿੰਘ ਮੇਰਾ ਨਾਮ ਹੈ, ਭਾਰੀ ਨਿਸ਼ਾਨ ਕੇਸਾਂ ਦਾ ਮੇਰੇ ਸਿਰ ਪਰ ਹੈ, ਗੁਰੂ ਘਰ ਨੂੰ ਮੈਂ ਮੰਨਦਾ ਹਾਂ।

ਬ੍ਰਿੱਧ ਪੁਰਖ–ਇਹ ਸਿੱਖੀ ਸੁਹਣੀ ਹੈ, ਪਰ ਸਿੱਖੀ ਰਹਿਤ ਕੱਚੀ ਪਿੱਲੀ ਹੈ, ਕੱਚੇ ਪਿੱਲੇ ਸਿੱਖ ਦਾ ਕੋਈ ਵਿਸਾਹ ਨਹੀਂ।

ਲਾਟੂ ਸਿੰਘ–ਮੈਨੂੰ ਫਿਰ ਅੰਮ੍ਰਿਤ ਛਕਾਕੇ ਸਾਬਤ ਸਿੱਖ ਕਰ ਲਓ।

ਬ੍ਰਿੱਧ ਪੁਰਖ–ਇਹ ਗੱਲ ਆਪਣੇ ਚਿੱਤ ਦੀ ਉਮੰਗ ਨਾਲ ਹੋ ਸਕਦੀ ਹੈ। ਤੇਰਾ ਮਨ ਸ਼ਰਮ ਨਾ ਖਾਵੇ, ਤੇਰਾ ਮਨ ਪਿਛਲੇ ਵਿਅਰਥ ਗਏ ਦਿਨਾਂ ਤੇ ਪਛੁਤਾਵੇ, ਤੇਰਾ ਮਨ ਅੰਮ੍ਰਿਤ ਛਕਣ ਦੀ ਲੋੜ ਸਮਝੇ, ਤੇਰਾ ਮਨ ਅੰਮ੍ਰਿਤ ਦੀ ਵਡਿਆਈ ਨੂੰ ਵੱਡਾ ਪਛਾਣੇ ਤਾਂ ਅੰਮ੍ਰਿਤ ਸੰਸਕਾਰ ਹੋ ਸਕਦਾ ਹੈ। ਇਹ ਸੰਸਕਾਰ ਕੋਈ ਖੇਡ ਨਹੀਂ ਇਸ ਸੰਸਕਾਰ ਦੇ ਹੋਇਆਂ ਜਨਮ ਪਲਟਦਾ ਹੈ, ਅੰਮ੍ਰਿਤ ਛਕਣੇ ਤੇ ਹੀ ਰਹੁਰੀਤ ਧਾਰਨ ਕਰਨ ਦਾ ਅਧਿਕਾਰੀ ਅਰਥਾਤ ਸਤ ਮਾਰਗ ਦਾ ਰਾਹੀ ਬਣਦਾ ਹੈ। ਅੰਮ੍ਰਿਤ ਛਕਣ ਤੇ ਹੀ ਗੁਰ ਸਿੱਖੀ ਦੇ ਸਿਦਕ ਦਾ ਸਿਦਕੀ ਹੁੰਦਾ ਹੈ, ਅੰਮ੍ਰਿਤ ਦੀਖਜਾ ਦੇ ਹੋਣੇ ਕਰਕੇ ਮਨੁੱਖ ਜਨਮ ਸਫਲ ਹੁੰਦਾ ਹੈ।

ਲਾਟੂ ਸਿੰਘ–(ਪੈਰਾਂ ਤੇ ਸਿਰ ਰੱਖਕੇ) ਮੈਂ ਅਨਜਾਣ ਭਲੱਕੜ ਲਾਟੂ ਵਾਂਗ ਸੱਚ ਮੁਚ ਫਿਰਤੂ ਘਿਰਤੂ ਹੋ ਜਾਣ ਵਾਲੇ ਤੇ ਮਿਹਰ ਕਰ, ਮੈਨੂੰ ਫਿਰ ਅੰਮ੍ਰਿਤ ਸੰਸਕਾਰ ਕਰਾ, ਮੈਨੂੰ ਭੀ ਦਿਖਾ ਕਿ ਫਿਰ ਕੀ ਹੁੰਦਾ ਹੈ।

ਬ੍ਰਿੱਧ ਪੁਰਖ–"ਨਹਿ ਬਿਲੰਬ ਧਰਮੰ, ਬਿਲੰਬ ਪਾਪੰ॥ ਇਜੇਹੇ ਕਾਰਜ ਲਈ ਦੇਰ ਨਹੀਂ ਕਰਨੀ। ਚੱਲੋ ਉੱਠੋ ਚੰਗਾ ਵੇਲਾ ਹੈ" ਕਹਿਕੇ ਲਾਟੂ ਸਿੰਘ ਨੂੰ ਨਾਲ ਲੈਕੇ ਉੱਠ ਖਲੋਤੇ, ਨਗਰ ਵਿਚ ਆਕੇ ਗੁਰਦਵਾਰੇ ਅੱਪੜੇ। ਅੱਗੇ ਦੀਵਾਨ ਲੱਗਾ ਹੋਇਆ ਸੀ, ਸ਼ਬਦ ਕੀਰਤਨ ਦੀ ਝੜੀ ਲੱਗੀ ਹੋਈ ਸੀ, ਪ੍ਰੇਮੀ ਸਿੱਖ ਸੁਰਤ ਸ਼ਬਦ ਦੀ ਲੈ ਵਿਚ ਅਨੰਦਤ ਹੋਏ ਬੈਠੇ ਸਨ। ਅੱਪੜਕੇ ਦੋਹਾਂ ਨੇ ਸ੍ਰੀ ਗੁਰੂ ਜੀ ਨੂੰ ਮੱਥਾ ਟੇਕਿਆ, ਅਦਬ ਨਾਲ ਖੜੇ ਹੋਕੇ ਫਤਹ ਗਜਾਈ, ਦੀਵਾਨ ਵੱਲੋਂ ਫਤਹ ਗਜਾਈ ਗਈ, ਸਤਿਕਾਰ ਨਾਲ ਬੈਠਣ ਲਈ ਹੁਕਮ ਹੋਇਆ, ਤਾਂ ਬ੍ਰਿੱਧ ਪੁਰਖ ਨੇ ਅਦਬ ਨਾਲ ਬੇਨਤੀ ਕੀਤੀ–'ਮਹਾਂਰਾਜ ਅਸਾਂ ਕੂਕਰਾਂ ਨੂੰ ਖੜੇ ਰਹਿਣ ਦੀ ਆਗਿਆ ਬਖਸ਼ੋ' ਸੰਗਤ ਵੱਲੋਂ ਬਚਨ ਹੋਇਆ 'ਕਿਉਂ, ਕਾਰਨ ਕੀ ਹੈ ?'

ਬ੍ਰਿੱਧ ਪੁਰਖ ਨੇ ਬੇਨਤੀ ਕੀਤੀ ਕਿ ਕੁਝ ਬੇਨਤੀ ਕਰਨੀ ਹੈ।

ਸੰਗਤ–ਫਿਰ ਕਰੋ, ਜੋ ਕੁਝ ਕਹਿਣਾ ਚਾਹੋ ਸਤਿਗੁਰੂ ਹਾਜ਼ਰ ਨਾਜ਼ਰ ਹੈ ਸਰਬੱਤ ਦੀ ਬੇਨਤੀ ਸੁਣਦਾ ਹੈ, ਸਰਬੱਤ ਦੀ ਭਾਵਨੀ ਪੂਰੀ ਕਰਦਾ ਹੈ।

ਬ੍ਰਿੱਧ ਪੁਰਖ–ਇਹ ਗੁਰੂ ਕਾ ਸਿੱਖ ਜਹਾਜ਼ ਚੜ੍ਹਨਾ ਚਾਹੁੰਦਾ ਹੈ, ਗੁਰੂ ਖਾਲਸਾ ਕਿਰਪਾ ਕਰਕੇ ਸ਼ਰਨ ਆਇਆ ਜਾਣਕੇ ਨਾਮ ਦਾਨ ਬਖਸ਼ੋ। ਸੰਗਤ ਵੱਲੋਂ ਪੁਛਿਆ ਗਿਆ ਕਿ ਅੱਗੇ ਅੰਮ੍ਰਿਤ ਛਕਿਆ ਹੈ ਕਿ ਨਹੀਂ ?

ਲਾਟੂ ਸਿੰਘ–ਜੀ ਮੇਰੇ ਮਾਤਾ ਪਿਤਾ ਨੇ ਜਨਮ ਸੰਸਕਾਰ ਵੇਲੇ ਛਕਾਇਆ ਹੋਵੇਗਾ,

Digitized by Panjab Digital Library | www.panjabdigilib.org

ਮੈਨੂੰ ਯਾਦ ਨਹੀਂ। ਸੰਗਤ ਨੇ ਗੁਰਮਤਾ ਕੀਤਾ ਭਈ ਓਹ ਜਨਮ ਸੰਸਕਾਰ ਸੀ ਅਤੇ ਹੁਣ ਅੰਮ੍ਰਿਤ ਗੁਰ ਦੀਖਜਾ ਦਾ ਅਵੱਸ਼ ਛਕਣਾ ਚਾਹੀਏ।

ਸੰਗਤ ਨੇ ਬੜੀ ਖੁਸ਼ੀ ਨਾਲ ਹੁਕਮ ਕੀਤਾ ਬਹੁਤ ਠੀਕ ਹੈ। ਇਹ ਸਿੰਘ ਆਪਣੇ ਜਥੇ ਵਿਚੋਂ ਨਿੱਖੜ ਕੇ ਅੱਡਰਾ ਹੀ ਭਟਕਦਾ ਫਿਰਦਾ ਸੀ, ਧੰਨ ਸਤਿਗੁਰੂ ਸੱਚਾ ਵਾਹਿਗੁਰੂ ਹੈ ਜਿਹੜਾ ਆਪਣਿਆਂ ਸਿੱਖਾਂਨੂੰ ਫਿਰ ਸੋਧਦਾ ਹੈ, ਅਕਾਲ ਪੁਰਖ ਦੀ ਚਰਣੀ ਲਾਉਂਦਾ ਹੈ।

ਉਠੋ ਭਾਈ ਗੁਰਮਇਆ ਸਿੰਘ ਜੀ ਸਿੰਘ ਦਾ ਕਮਰਕੱਸਾ ਸਜਾਓ,ਅੰਮ੍ਰਿਤਤਿਆਰ ਕਰੋ।

ਸੰਗਤ ਦੀ ਇਹ ਆਗਿਆ ਪਾਕੇ ਭਾਈ ਗੁਰਮਇਆ ਸਿੰਘ ਜੀ ਪੰਜਾਂ ਪਿਆਰਿਆਂ ਸਮੇਤ ਤਜਾਰ ਬਰਤਜਾਰ ਹੋ ਗਏ ਤੇ ਦੀਵਾਨ ਦੇ ਵਿਚ ਲਾਟੂ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ।ਗੁਰੂ ਕੇ ਹਜ਼ੂਰੋਂ ਆਵਾਜ਼ਾ ਲਿਆ ਤਾਂ ਤੁਕ ਆਈ:-"ਅਬ ਮੈ ਸੁਖੁ ਪਾਇਓ ਗੁਰ ਆਗਿ॥" ਇਸ ਮੁਜਬ ਅੰਤ ਅੱਖਰ ਤੋਂ ਨਾਉਂ ਅਡੋਲਕ ਸਿੰਘ ਰਖਿਆ ਗਿਆ, ਨਾਮ ਜਪਣ ਤੇ ਰਹਿਤ ਬਹਿਤ ਦੀ ਮਿਯਾਦਾ ਸਭ ਸਮਝਾਈ ਸਿਖਾਈ ਗਈ। ਅੰਮ੍ਰਿਤ ਦਾ ਭਾਵ ਚੰਗੀ ਤਰ੍ਹਾਂ ਸਮਝਾਯਾ ਗਿਆ। ਸਿੰਘ ਸਜ ਕੇ ਗੁਰਮਤ ਰਹਿਤ ਬਹਿਤ ਧਾਰਣ ਕਰਨੀ ਪਰਵਾਨ ਕਰਕੇ ਫਿਰ ਸੰਗਤ ਦੀ ਆਗਜਾ ਲੈਕੇ ਅਡੋਲਕ ਸਿੰਘ ਜੀ ਉਸ ਬ੍ਰਿੱਧ ਪੁਰਖ ਦੇ ਨਾਲ ਨਦੀ ਵੱਲ ਟੁਰ ਪਏ ਅਤੇ ਨਦੀ ਵਿਚ ਟੁੱਭੇ ਲਾਕੇ ਫਿਰ ਜੰਗਲ ਵਿਚ ਕੇਸ ਹਰੇ ਕਰਨ ਲਈ ਇਕ ਏਕਾਂਤ ਅਸਥਾਨ ਤੇ ਆਕੇ ਬੈਠ ਗਏ ਤਾਂ ਅਡੋਲਕ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ! ਹੁਣ ਮੇਰੇ ਧਰਮ ਪਰ ਆਪ ਤਸੱਲੀ ਕਰ ਲਓ,ਮੇਰਾ ਠੀਕ ਨਾਨਕ-ਸ਼ਾਹੀ ਧਰਮ ਹੈ, ਮੈਂ ਖਾਲਸਾ ਹਾਂ, ਮੈਂ ਅਪਣੇ ਪਿਆਰੇ ਧਰਮ ਨਾਲ ਕਹਿਨਾ ਹਾਂ ਕਿ ਤਨ ਮਨ ਧਨ ਆਪ ਦੇ ਅਰਪਨ ਹੈ,ਜੋ ਚਾਹੋ ਸੋ ਕਰੋ?

ਬ੍ਰਿੱਧ ਪੁਰਖ-ਫੇਰ ਇਸ ਧਰਮ ਤੋਂ ਫਿਰ ਤਾਂ ਨਾ ਜਾਵੇਂਗਾ।

ਅਡੋਲਕ ਸਿੰਘ-ਹੁਣ ਕਿਉਂ ਡੋਲਾਂਗਾ ? ਹੁਣ ਤਾਂ ਆਪ ਦੀ ਆਗਿਆ ਪਾਲਨ ਕਰਾਂਗਾ ਜੋ ਹੁਕਮ ਹੋਵੇਗਾ ਸੋ ਕਰਾਂਗਾ, ਕਿਰਪਾ ਕਰਕੇ ਉਸ ਰਸਤੇ ਦਾ ਭੇਦ ਦੱਸੋ।

ਬ੍ਰਿੱਧ ਪੁਰਖ--ਦੇਖੋ ਫਿਰ ਕਿਤੇ ਡੋਲ ਜਾਓ, ਨਹੀਂ ਤਾਂ ਫਿਰ ਕਲਗੀਆਂ ਵਾਲਾ ਆਪੇ ਸੋਧ ਲਏਗਾ। ਲਓ ਸੁਣੋ: ਪਹਿਲੇ ਤਾਂ ਆਪ ਨੇ ਖਾਲਸਾ ਜੀ!ਤਨ ਮਨ ਧਨ ਅਰਪਣ ਕੀਤਾ, ਇਨ੍ਹਾਂ ਦਾ ਮੈਂ ਅਧਿਕਾਰੀ ਨਹੀਂ ਹਾਂ, ਕਿਉਂਕਿ ਖਾਲਸਾ ਮਤ ਵਿਚ ਇਹ ਧੋਖਾ ਦੇਹੀ ਨਹੀਂ ਹੁੰਦੀ, ਜੋ ਕਿਸੇ ਦਾ ਅਧਿਕਾਰ ਖੋਹਕੇ ਕਿਸੇ ਨੂੰ ਦਿੱਤਾ ਜਾਵੇ। ਇਸ ਲਈ ਤੈਨੂੰ ਅਧਿਕਾਰੀਆਂ ਦੀ ਪਛਾਣ ਦੱਸਦੇ ਹਾਂ ਉਨ੍ਹਾਂ ਨੂੰ ਦੇ ਦਿਓ।

ਪਹਿਲੇ ਅਧਿਕਾਰੀ ਤੁਹਾਡਾ ਸਰੀਰ ਹੈ, ਜਿਸ ਨੂੰ ਜਿੰਦਗੀ ਭਰ ਅੰਨ ਬਸਤ੍ਰ ਅਵੱਸੋਂ ਚਾਹੀਦਾ ਹੈ, ਇਸ ਲਈ ਉਸ ਧਨ ਵਿਚੋਂ ਸਰੀਰ ਦਾ ਨਿਰਬਾਹ ਟੋਰੋ। ਜੇ ਗ੍ਰਿਹਸਤ ਵਿਚ ਰਹਿਣਾ ਹੈ ਤਾਂ ਉਸ ਧਨ ਦਾ ਧਰਮ ਨਾਲ ਵਰਤਾਉ ਕਰੋ। ਧਨ ਗੁਰੂ ਕਾ ਸਮਝੋ,ਅਪਣਾ ਨਾ ਸਮਝੋ,ਗੁਰੂ ਕਾ ਸਮਝਕੇ ਆਪ ਨੂੰ ਪ੍ਰਬੰਧਕ ਮਾਤ੍ਰ ਜਾਣੋ। ਪਰ ਜੇ ਚਿੱਤ ਗ੍ਰਿਹਸਤ ਤੋਂ ਅਲੱਗ ਹੋਕੇ ਬਿਹੰਗਮ ਬਿਰਤੀ ਵੱਲ ਹੈ ਤਾਂ ਧਨ ਦੇ ਅਧਿਕਾਰੀ ਤੁਹਾਡੇ ਪੁੱਤ੍ਰ ਹਨ, ਸੋ ਉਨ੍ਹਾਂ ਦੇ ਹਵਾਲੇ ਕਰੋ। ਜੇ ਅਜੇ ਸਿਆਣੇ ਨਹੀਂ ਤਾਂ ਕਿਸੇ ਦੇ ਸਪੁਰਦ ਕਰਕੇ ਆਪ ਬੰਧਨ ਤੋਂ ਮੋਕਲੇ ਹੋ ਜਾਓ,

Digitized by Panjab Digital Library | www.panjabdigilib.org

ਕਿਉਂਕਿ ਇਸ ਸਰੀਰ ਦੇ ਪਿੱਛੋਂ ਭੀ ਇਸ ਧਨ ਦੇ ਭਾਗੀ ਉਹੋ ਪੁੱਤ੍ਰ ਤੇ ਇਸਤ੍ਰੀ ਆਦਿਕ ਹਨ, ਇਸ ਲਈ ਹੁਣੇ ਹੀ ਅਪਣੇ ਹਥੀਂ ਦੇ ਦਿਓ। ਜਦ ਤੁਸੀਂ ਧਨ ਦੇਕੇ ਚਿਤ ਨੂੰ ਧਨ ਦੇ ਸੰਕਲਪ ਤੋਂ ਵਿਹਲਾ ਕਰੋਗੇ ਤਾਂ ਚਿਤ ਵਿਚ ਭਜਨ ਕਰਨ ਦੀ ਥਾਉਂ ਬਣੇਗੀ(ਕਿਉਂ ਕਿ ਇਹ ਧਨ ਤੁਹਾਡੀ ਆਪਣੀ ਕਮਾਈ ਦਾ ਨਹੀਂ,ਮਾਪਿਆਂ ਦੀ ਕਮਾਈ ਹੈ,ਪਰ ਜੇ ਆਪ ਕਮਾਈ ਕਰੋ ਤਾਂ ਦਸਵੰਧ ਦੇਣਾ ਜ਼ਰੂਰੀ ਹੈ ਪਰ ਹੁਣ) ਜੇਕਰ ਧਨ ਇੰਨਾਕੁ ਹੈ ਕਿ ਜਿਸ ਵਿਚ ਆਪਣਾ ਅਤੇ ਅਧਿਕਾਰੀਆਂ ਦਾ ਨਿਰਬਾਹ ਕਰਕੇ ਫਿਰ ਭੀ ਖੁਲਾਸਾ ਹੈ ਤਾਂ ਸੰਤਾਂ, ਸਿੰਘਾਂ, ਗੁਰਦ੍ਵਾਰਿਆਂ, ਧਾਰਮਕ ਆਸ਼੍ਰਮਾਂ ਦੀ ਸੇਵਾ ਵਿਚ ਜਥਾਜੋਗ ਅਰਪਣ ਕਰ ਦਿਓ। ਦੂਜੇ ਤਨ:-ਉਪਰੰਤ ਜਗਤ ਦੀ ਸ਼ਰਮ ਤੇ ਕਾਣ ਨੂੰ ਛਿੱਕੇ ਤੇ ਰੱਖਕੇ ਸਿਖਾਂ, ਸੰਤਾਂ, ਮਹਾਤਮਾਂ ਪ੍ਰੇਮੀਆਂ ਦੀ ਸੇਵਾ ਕਰੋ। ਜਿੰਨੀ ਕੁ ਸਰੀਰ ਕਰਕੇ ਬਣ ਸਕੇ ਸੇਵਾਕਰਦੇ ਰਹੋ, ਕਦੀ ਅੱਕੋ ਨਹੀਂ,ਸ਼ੰਕਾ ਨਹੀਂ ਕਰੋ।ਜਿੱਥੇ ਤਕ ਹੋ ਸਕੇ ਅਪਣੇ ਮਨ ਨੂੰ ਉਚਾ, ਪਰ ਗੁਰੂ ਕੇ ਚਰਣਾਂ ਵਿਚ ਰੱਖਕੇ ਦੁਖੀਏ ਦਾ ਦਰਦ ਵੰਡੋ, ਉਪਕਾਰ ਕਰੋ। ਅਪਣੇ ਨਿਤ ਨੇਮ ਦੀ ਰਹਿਤ ਬਹਿਤ ਬਾਣੀ ਭਜਨ ਵਿਚ ਕਦੀ ਵਿੱਥ ਨਾ ਪੈਣ ਦਿਓ।ਤੀਜੇ ਅਜੇਹੀ ਕਾਰ ਕਰਦਿਆਂ "ਨਾਮ ਜਪਦਿਆਂ" ਮਨ ਸ਼ੁੱਧ ਹੁੰਦਾ ਜਾਵੇਗਾ। ਜਿਉਂ ਜਿਉਂ ਤਨ ਟਹਿਲ ਨਾਲ ਨਿਰਮਲ ਹੋਵੇ ਤਿਵੇਂ ਤਿਵੇਂ ਮਨ ਬਾਣੀ ਅਤੇ ਨਾਮ ਦੇ ਅਭਿਆਸ ਵਿਚ ਪੱਕਾ ਹੁੰਦਾ ਜਾਵੇਗਾ। ਜਦ ਇਹ ਦੋਵੇਂ ਸੂਤ ਹੋ ਗਏ ਤਾਂ ਬਸ ਕਾਰਜ ਰਾਸ ਹੋ ਗਏ।

ਅਡੋਲਕ ਸਿੰਘ-ਸਤਿ ਬਚਨ, ਅਜ ਤੋਂ ਇਸ ਹੁਕਮ ਦੇ ਅਨੁਸਾਰ ਚੱਲਾਂਗਾ।

ਬ੍ਰਿਧ ਪੁਰਖ-ਹੁਣ ਇਕ ਗਲ ਬਹੁਤ ਜ਼ਰੂਰੀ ਹੈ ਜੋ ਤੇਰੇ ਪਾਸੋਂ ਲੈਣੀ ਬਾਕੀ ਹੈ,ਪਰ ਪਹਿਲੇ ਨੇਮ ਕਰਕੇ ਕਹੋ ਕਿ ਜੋ ਕੁਝ ਤੁਹਾਥੋਂ ਮੰਗਿਆ ਜਾਂਦਾ ਹੈ ਓਹ ਦੇਣਾ ਪਵੇਗਾ।

ਅਡੋਲਕ ਸਿੰਘ-ਮਹਾਰਾਜ ਦਾਨ ਮਾਨ ਗਜਾਨ ਇਹ ਸਭ ਪਦਾਰਥ ਆਪ ਦੇ ਹਨ ਮੈਂ ਤਾਂ ਆਪ ਦਾ ਹੁਕਮੀ ਬੰਦਾ ਹਾਂ "ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥" ਜੋ ਆਗਿਆ ਕਰੋ ਹਾਜ਼ਰ ਹਾਂ।

ਬ੍ਰਿਧ ਪੁਰਖ-ਤੈਂ ਸੰਸਾਰ ਨੂੰ ਚੰਗੀ ਤਰ੍ਹਾਂ ਛਾਣਿਆਂ ਹੈ, ਇਸ ਲਈ ਮੈਂ ਸੰਸਾਰ ਦੀ ਕੁਝ ਗੱਲ ਬਾਤ ਨਹੀਂ ਕਹਿੰਦਾ, ਪਰ ਇਹ ਗੱਲ ਤੇਰੇ ਅਨਭੇ ਵਿੱਚ ਆ ਹੀ ਗਈ ਹੋਵੇਗੀ ਕਿ ਇਸ ਵੇਲੇ ਕਾਲੀ ਰਾਤ ਪਈ ਹੋਈ ਹੈ। ਜੇ ਕੋਈ ਭੇਦ ਦੀ ਗੱਲ ਜਾਣਦਾ ਹੈ ਤਾਂ ਦੱਸਦਾ ਨਹੀਂ, ਜੇ ਕਿਤੇ ਕੋਈ ਦੱਸਦਾ ਹੈ ਤਾਂ ਅੱਗੋਂ ਕੋਈ ਮੰਨਦਾ ਨਹੀਂ । ਇਹ ਅਣਬਣ ਇਕ ਧਿਰੋਂ ਨਹੀਂ, ਦੁਵੱਲੀਂ ਚੋਂਡ ਹੋਈ ਪਈ ਹੈ। ਹੁਣ ਗੁਰੂ ਸਚੇ ਪਾਤਸ਼ਾਹ ਦੀ ਕਿਰਪਾ ਨਾਲ ਤੇਰੀ ਸਮਝ ਵਿਚ ਸਾਰੀ ਗੱਲ ਆ ਗਈ ਹੈ ਤਾਂ ਤੂੰ ਇਕ ਉੱਦਮ ਕਰੀਂ, ਨਾਮ ਵਿਚ ਪਰਪੱਕ ਹੋਕੇ ਆਪਣੇ ਭਰਾਵਾਂ ਭੁੱਲਿਆਂ ਜਾਂਦਿਆਂ ਨੂੰ ਰਾਹ ਪਾ, ਇਹ ਤੇਰੀ ਸਰੀਰਕ ਸੇਵਾ ਪੰਥ ਲਈ ਬਹੁਤ ਗੁਣਕਾਰ ਹੋਵੇਗੀ ਤੇ ਇਹ ਸੇਵਾ ਸਚਖੰਡ ਵਿਚ ਪਰਵਾਨ ਹੋਵੇਗੀ।

ਅਡੋਲਕ ਸਿੰਘ-ਮਹਾਰਾਜ ਜੀ ਮੈਨੂੰ ਅਜੇ ਆਪਣੇ ਆਪ ਨੂੰ ਕੋਈ ਰਾਹ ਨਹੀਂ ਲੱਭਾ, ਹੋਰਨਾਂ ਨੂੰ ਕੀਕੁਰ ਰਾਹ ਪਾਵਾਂ ?

ਬ੍ਰਿਧ ਪੁਰਖ---ਉਹ ਜੋ ਪੰਜ ਗੱਲਾਂ ਤੈਨੂੰ ਰਾਹ ਦੀਆਂ ਦੱਸੀਆਂ ਹਨ ਓਹੋ ਰਾਹ ਹੈ।

ਅਡੋਲਕ ਸਿੰਘ-ਉਹ ਮੇਰੀ ਸਮਝ ਵਿਚ ਕਦੋਂ ਆਈਆਂ, ਉਨ੍ਹਾਂ ਗੱਲਾਂ ਦੀ ਸਮਝ

Digitized by Panjab Digital Library | www.panjabdigilib.org

ਖਾਤਰ ਤਾਂ ਸਿੰਘ ਸਜਿਆ, ਤਨ ਧਨ ਮਨ ਅਰਪਣ ਕੀਤੇ,ਪਰ ਅਜੇ ਤੱਕ ਸਮਝ ਵਿਚ ਨਹੀਂ ਆਈਆਂ ਤੇ ਨਾ ਉਹ ਰਾਹ ਲੱਭਾ।

ਬ੍ਰਿੱਧ ਪੁਰਖ–ਭੋਲਿਆਸਿੰਘਾ! ਤੂੰ ਵਿਚਾਰਕੇ ਦੇਖ ਉਹ ਪੰਜੇ ਤੇਰੇ ਵਰਤਣ ਵਾਲੀਆਂ ਗੱਲਾਂ ਹਨ। ਲੈ ਹੁਣ ਖੁਲਾਸਾ ਸਮਝ ਲੈ।

ਪਹਿਲੀ ਗੱਲ-ਤੂੰ ਇਸ ਵੇਲੇ ਖਾਲਸਾ ਪੰਥ ਦੇ ਰਸਤੇ ਟੁਰਿਆ ਹੈਂ। ਇਸ ਵਿਚ ਅਨੇਕਾਂ ਰਹਿਤ ਬਿਬੇਕ ਆਦਿਕਾਂ ਦੀਆਂ ਕਰੜਾਈਆਂ ਹਨ ਅਤੇ ਨਾਮ ਸਿਮਰਨ ਤੇ ਬਾਣੀ ਪੜ੍ਹਨ ਦੀਆਂ ਨਰਮਾਈਆਂ ਹਨ। ਇਨ੍ਹਾਂ ਦੋਹਾਂ ਗੱਲਾਂ ਵਿਚ ਅੱਕੋ ਥੱਕੋ ਨਹੀਂ। ਇਸੇ ਮਿ੍ਹਦਾਦਾ ਸਿਰ ਟੁਰਦਿਆਂ ਮੰਜ਼ਲ ਤੇ ਪਹੁੰਚ ਜਾਓਗੇ।

ਦੂਜੀ ਗੱਲ–ਇਸ ਨਾਨਕਸ਼ਾਹੀ ਰਸਤੇ ਵਿਚ ਖਰਚੀ ਨਾਮ ਦੀ ਹੈ, ਇਸ ਤੋਂ ਕਦੀ ਬੇਖਰਚ ਨਾ ਹੋਵੇ,ਇਹ ਤੋਸ਼ਾ ਹਰ ਵੇਲੇ ਸਮ੍ਹਾਲ ਕੇ ਰੱਖੋ।

"ਗੁਰਮੁਖਿ ਨਾਮੁ ਦਾਨੁ ਇਸਨਾਨੁ ॥"

ਇਸ ਦੀ ਵਡਿਆਈ ਦੇਖੋ ਸੁਖਮਨੀ ਸਾਹਿਬ ਅਸਟਪਦੀ ਦੂਜੀ ਵਿਚ:–

"ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥" ਤੋਂ "ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥"

ਤਕ ਕੇਵਲ ਨਾਮ ਦੀ ਵਡਿਆਈ ਹੈ। ਤਾਂਤੇ ਨਾਮ ਜਪੋ ਜੋ ਇਹ ਅੰਦਰ ਸਿੰਜਰ ਜਾਵੇ ਅਤੇ ਲਗਾਤਾਰੀ ਹੋ ਜਾਵੇ।

ਤੀਜੀ ਗੱਲ ਦਾ ਭਾਵ ਇਹ ਹੈ ਕਿ ਹੋਰਸ ਮਤਾਂ ਦੇ ਸਾਧੂ ਅਥਵਾ ਰਾਹੀ ਜੋ ਅਕਸਮਾਤ ਮਿਲ ਪੈਂਦੇ ਹਨ, ਉਹ ਲੋਕ ਆਪ ਤਾਂ ਅਜੇ ਅੱਪੜੇ ਨਹੀਂ ਹੁੰਦੇ ਅਤੇ ਰਾਹ ਜਾਂਦੇ ਨੂੰ ਰਾਹੋਂ ਉਕਸਾਉਣ ਲਈ ਆਪਣੇ ਮਤਿ ਦੀ ਵਡਿਆਈ ਕਰ ਕਰ ਕੇ ਦੂਸਰਿਆਂ ਨੂੰ ਆਪਣੀ ਰਹੁਰੀਤ ਤੋਂ ਗਿਰਾ ਦਿੰਦੇ ਹਨ। ਇਸ ਲਈ ਖਬਰੇਦਾਰ ਹੋਕੇ ਆਪਣੀ ਪੂੰਜੀ (ਨਾਮ) ਜੋ ਇਸ ਰਸਤੇ ਲਈ ਨਾਲ ਲਈ ਹੈ ਉਹ ਸਾਬਤ ਰੱਖਣੀ, ਕਿਸੇ ਦੇ ਸੱਚ ਝੂਠ ਤੇ ਪਤੀਜਣਾ ਨਹੀਂ, ਕਿਉਂਕਿ ਹੋਰਨਾਂ ਦੇ ਰਹਿਬਰ ਨਾਲ ਨਹੀਂ ਹੁੰਦੇ ਅਤੇ ਖਾਲਸਾ ਮਤ ਦਾ ਰਹਿਬਰ ਨਾਲ ਹੁੰਦਾ ਹੈ, ਜੋ ਹਰ ਇਕ ਔਖੀ ਵੇਲੇ ਸਹਾਇਤਾ ਕਰਦਾ ਹੈ ਅਤੇ ਮੰਜ਼ਲ ਮੁਕਾਮ ਤੇ ਆਰਾਮ ਨਾਲ ਅਪੜਾ ਦਿੰਦਾ ਹੈ, ਇਸ ਲਈ ਸ੍ਵਾਸ ਸ੍ਵਾਸ ਨਾਮ ਜਪੋ, ਬਾਣੀ ਦਾ ਅਭਯਾਸ ਕਰੋ, ਸਤਿਗੁਰ ਤੇ ਭਰੋਸਾ ਰੱਖੋ, ਸਿੱਖੀ ਸਿਦਕ ਤੋਂ ਕਦੀ ਡੋਲੋ ਨਹੀਂ।

ਚੌਥੀ ਗੱਲ–ਰਹਿਬਰ ਦੇ ਕਹਿਣੇ ਪਰ ਟੁਰਨਾ। ਰਹਿਬਰ ਨਾਨਕਸ਼ਾਹੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ, ਇਸ ਦੇ ਵਾਕਾਂ ਤੇ ਆਪਣਾ ਵਰਤਾਰਾ ਰੱਖਣਾ ਜੋ ਲਿਖਿਆ ਹੈ ਸੋ ਕਮਾਉਣਾ, ਜਿਨ੍ਹਾਂ ਗੱਲਾਂ ਵੱਲੋਂ ਰੋਕ ਹੋਵੇ ਨਹੀਂ ਕਰਨੀਆਂ। ਪਰ ਇਨ੍ਹਾਂ ਦੇ ਬਚਨਾਂ ਵਿਚ ਤਰਕ ਨਹੀਂ ਕਰਨੀ, ਆਪਣੀ ਅਕਲ ਨਾਲ ਨਹੀਂ ਪਰਖਣਾ, ਨਿਰਾ ਹੁਕਮ ਮੰਨਣਾ, ਹਰ ਇਕ ਵੇਲੇ ਹੁਕਮ ਲੈਣਾ ਤੇ ਸਿਰ ਧਰ ਕੇ ਮੰਨਣਾ। ਜੇ ਕੋਈ ਤਰਕ ਕਰੇ ਤਾਂ ਨਹੀਂ ਸੁਣਨੀ।ਇਸ ਨੂੰ ਦਸਾਂ ਪਾਤਸ਼ਾਹੀਆਂ ਦਾ ਸ੍ਰੀ ਮੁਖਵਾਕ ਸਰੂਪ ਜਾਣਨਾ, ਜੇਹਾਕੁ ਬਚਨ ਹੈ।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥"

ਪੰਜਵੀਂ ਗੱਲ–ਰਾਹ, ਰਾਹੀ ਤੇ ਮੰਜ਼ਲ ਤਿੰਨਾਂ ਨੂੰ ਤਿੰਨੇ ਕਰਕੇ ਜਾਣਨਾ। ਇਸ ਦਾ ਭਾਵ ਇਹ ਹੈ:–ਰਾਹ ਤਾਂ ਖਾਲਸਾ ਪੰਥ ਦੀ ਰਹੁਰੀਤ,ਰਹਿਣੀ ਬਹਿਣੀਤੇਕਹਿਣੀਹੈ,ਜਿਸਨੂੰ

Digitized by Panjab Digital Library | www.panjabdigilib.org

ਰਹਿਤ ਬਿਬੇਕ ਕਰਕੇ ਵੀ ਕਹਿੰਦੇ ਹਨ ,ਅਤੇ ਰਾਹੀ ਸਿੱਖ ਹੈ ਜੋ ਇਸ ਰਸਤੇ ਪੈਂਦਾ ਹੈ ਜੀਕੁਰ ਇਸ ਵੇਲੇ ਤੂੰ ਇਸ ਪੰਥ ਦੇ ਪੰਧ ਪੈਣ ਵਾਲਾ ਹੈਂ ਅਤੇ ਮੰਜ਼ਲ ਮੁਕਾਮ ਓਹੋ ਹੈ:- "ਜਹ ਡੇਰਾ ਤਹ ਜਾਨੁ ॥" ਜਿਸ ਡੇਰੇ ਨੂੰ ਤੂੰ ਮੁੱਦਤਾਂ ਤੋਂ ਢੂੰਡ ਰਹਿਆ ਸੈਂ ਉਸੇ ਡੇਰੇ ਦਾ ਸਿੱਧਾ ਗੁਰਮੁਖੀ ਰਸਤਾ ਹੈ।

"ਇਤੁ ਮਾਰਗਿ ਚਲੇ ਭਾਈਅੜੇ ਰੁਤੁ
ਕਹੈ ਸੁ ਕਾਰ ਕਮਾਇ ਜੀਉ ॥"

ਇਸ ਰਸਤੇ ਵਿਚ ਟੁਰਨ ਵਾਲਿਆਂ ਨੂੰ ਕਦੀ ਕਦੀ ਭਰਮ ਹੋ ਜਾਂਦਾ ਹੈ ਜੋ ਮੈਂ ਚੰਗੇ ਕਰਮ ਕਰਦਾ ਹਾਂ, ਮੈਂ ਭਜਨ ਕਰਦਾ ਹਾਂ, ਮੈਂ ਸਿਮਰਨ ਕਰਦਾ ਹਾਂ, ਅਥਵਾ ਮੈਂ ਬ੍ਰਹਮ ਹਾਂ, ਮੈਂ ਗੁਰੂ ਹਾਂ, ਮੈਂ ਸਿੱਧ ਹਾਂ, ਮੈਂ ਭਗਤ ਹਾਂ ਆਦਿਕ ਹਉਮੈਂ ਆਣ ਚੰਬੜਦੀ ਹੈ । ਜਿੱਥੇ ਹਉਮੈ ਦੀ ਮੁੱਢੀ ਨਾਲ ਰਾਹੀ ਨੇ ਠੁੱਡਾ ਖਾਧਾ ਉਥੇ ਹੀ ਸਿੱਧਾ ਰਾਹ ਖੁੰਝ ਗਿਆ। ਇਸ ਲਈ ਨਾਨਕਸ਼ਾਹੀ (ਗੁਰ ਸਿਖੀ ਦੇ) ਰਾਹ ਵਿਚ ਹਉਮੈ ਦਾ ਭਾਰੀ ਤਜਾਗ ਹੈ "ਕਰਮ ਕਰਤ ਹੋਵੈ ਨਿਹਕਰਮ" ਤੇ "ਆਪਸ ਕਉ ਕਰਿ ਕਛੁ ਨ ਜਨਾਵੈ" ਦੇ ਹੁਕਮ ਲਿਖੇ ਹਨ।

ਬਿਨਾਂ ਹਉਮੈ ਦੇ ਤਿਆਗਿਆਂ ਕਦੀ ਮਜ਼ਲ ਤੇ ਨਹੀਂ ਪਹੁੰਚੀਦਾ "ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥" ਪੁਨਾ ਬਚਨ ਹੈ:-"ਕਰਿ ਪੁੰਨਹੁ ਨੀਚੁ ਸਦਾਈਐ॥" ਕਾਰ ਦਾ ਭਾਵ ਇਹ ਹੈ "ਨਾਨਕੁ ਕਹਤੇ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀਂ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥੪॥"

ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜੋ ਦਸੋਂ ਪਾਤਸ਼ਾਹੀਆਂ ਦਾ ਸਰੂਪ ਇਸ ਵੇਲੇ ਵਿਦਮਾਨ ਹਨ । ਇਸ ਸਾਮਰਥ ਵਾਲੇ ਪਰਮ ਸਤਿਕਾਰ ਜੋਗ ਸਤਿਗੁਰੂ ਰਹਿਬਰ ਦੀ ਸੇਵਾ ਇਹੋ ਹੈ ਜੋ ਹੁਕਮ ਮੰਨਣਾ । ਹਰ ਵੇਲੇ ਇਕ ਤਾਰ,ਇਕ ਚਿਤ ਦ੍ਰਿੜ ਬਿਸ੍ਵਾਸ ਹੋਕੇ ਸਿਦਕ ਤੇ ਭਰੋਸੇ ਨਾਲ ਕਮਾਉਣਾ ਹੈ । ਬਾਰੰਬਾਰ ਪਾਠ ਕਰਨਾ ਹੈ। ਨਾਮ ਜਪਣਾ, ਪਾਠ ਕਰਨਾ ਫਿਰ ਨਾਮ ਜਪਣਾ ਫਿਰ ਪਾਠ ਕਰਨਾ, ਫਿਰ ਨਾਮ ਜਪਣਾਆਦਿ।ਇਕੁਰ ਗੋੜਲਾਈ ਰਖਣਾ ਇਸ ਗੋੜ ਨੂੰ ਕਦੀਂ ਟੁੱਟਣ ਨਾ ਦੇਣਾ, ਵਿੱਥ ਨਾ ਪੈਣ ਦੇਣੀ। ਅਤੇ ਪਾਠ ਕਰਨ ਵੇਲ਼ੇ ਅਰਥ ਅਤੇ ਭਾਵ ਦੀ ਬਹੁਤ ਸੋਚ ਵਿਚਾਰ ਕਰਨੀ, ਜੋ ਕੁਝ ਸਾਰ ਹੱਥ ਆਵੇ ਉਸ ਨੂੰ ਵਰਤਾਰੇ ਵਿਚ ਲਿਆਉਣਾ । ਇਹ ਪੱਕਾ ਨਿਸ਼ਚਾ ਗੰਢ ਬੰਨ੍ਹ ਛਡੋ। ਓਹ ਕੋਈ ਗਲ ਬਾਕੀ ਨਹੀਂ ਜਿਸ ਗਲ ਦਾ ਆਪ ਨੂੰ ਕੋਈ ਸੰਸਾ ਪੈਦਾ ਹੋਵੇ ਤੇ ਉਸ ਦਾ ਸਮਾਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਾ ਹੋ ਜਾਵੇ।

ਇਹ ਸਾਰੀ ਗਲ ਅਡੋਲਕ ਸਿੰਘ ਨੇ ਪੂਰੇ ਪ੍ਰੇਮ ਨਾਲ ਸੁਣੀ ਅਤੇ ਸੱਚੇ ਨਿਸ਼ਚੇ ਨਾਲ ਸਮਝੀ । ਇਸ ਵੇਲੇ ਜੋ ਕੁਝ ਅਨੰਦ ਅਡੋਲਕ ਸਿੰਘ ਨੂੰਪ੍ਰਾਪਤ ਹੋਇਆ ਸੋ ਕਥਨ ਤੋਂ ਬਾਹਰ ਹੈ । ਫਹਿਕੇ ਪੈਰੀਂ ਡਿਗਣ ਲੱਗਾ ਤਾਂ ਬ੍ਰਿੱਧ ਪੁਰਖ ਨੇ ਹੱਥਾਂ ਨਾਲ ਮੱਥਾ ਠੱਲ੍ਹ ਲਿਆ ਤੇ ਬਚਨ ਕੀਤਾ ਇਹ ਸਿਰ ਜਿਸ ਪਰ ਦਸਵੇਂ ਸਾਹਿਬਾਂ ਦੀ ਮੁਹਰ ਰੂਪ ਕੇਸ ਬਿਰਾਜਦੇ ਹਨ ਇਹ ਕਿਸੇ ਮੇਰੇ ਜਿਹੇ ਦੇ ਅਗੇ ਨਹੀਂ ਨਿਉਣਾ ਚਾਹੀਦਾ, ਇਹ ਸਿਰ ਗੁਰੂ ਪਰਮੇਸਰ ਦੇ ਚਰਨਾਂ ਤੇ ਡਿਗਣਾ ਚਾਹੀਦਾ ਹੈ । ਮੱਥਾ ਜਦ ਟੇਕੋ ਗੁਰੂ ਗੁਰਦਵਾਰੇ ਅਤੇ ਅਕਾਲ ਪੁਰਖ ਪਰਮੇਸ਼ਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਟੇਕੋ । ਮੈਂ ਇਸ ਦਾ ਅਧਿਕਾਰੀ ਨਹੀਂ ।

ਅਡੋਲਕ ਸਿੰਘ--ਮੇਰੇ ਸੰਸੇ ਤੇ ਭਰਮ ਹੁਣ ਨਵਿਰਤ ਹੋਏ। ਠੀਕ ਰਸਤੇ ਦੀ ਸੋਝੀ ਪਈ

Digitized by Panjab Digital Library | www.panjabdigilib.org

ਅੰਤੇ ਆਪਦਾ ਕਥਨ ਸਚਮੁਚ ਠੀਕ ਨਿਕਲਿਆ। ਗਲ ਵਿੱਚ ਏਵੇਂ ਰਤਾਕੁ ਵਲ ਹੀ ਨਿਕਲਿਆ। ਮੈਂ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਾ ਸਾਂ, ਅਰਥ ਵਿਚਾਰਦਾ ਸਾਂ, ਪਰ ਸੰਸੇ ਉਪਜਦੇ ਸੇ ਅਤੇ ਧਾਰਨ ਨਹੀਂ ਕਰਦਾ ਸੀ, ਇਸ ਲਈ ਭਟਕਦਾ ਸੀ। ਹੁਣ ਆਪ ਦੀ ਕ੍ਰਿਪਾ ਤੇ ਇਹ ਮਤ ਪ੍ਰਾਪਤ ਹੋਈ ਹੈ, ਧਾਰਨ ਕਰਾਂਗਾ ਤੇ ਕਮਾਂਵਾਂਗਾ, ਤਾਂ ਆਸ਼ਾ ਹੈ ਗੁਰੂ ਦੀ ਕ੍ਰਿਪਾ ਨਾਲ ਫਲ ਵੀ ਪ੍ਰਾਪਤ ਕਰਾਂਗਾ।

ਹੁਣ ਕ੍ਰਿਪਾ ਕਰਕੇ ਵਿਹਾਰਕ ਸਿੱਖਿਆ ਵੀ ਦਾਨ ਕਰੋ ਕਿ ਮੈਂ ਜ਼ਿੰਦਗੀ ਦਾ ਨਿਰਬਾਹ ਕਿਸ ਤਰ੍ਹਾਂ ਕਰਾਂ ?

ਬ੍ਰਿੱਧ ਪੁਰਖ--ਤੇਰੀ ਜ਼ਿੰਦਗੀ ਦੇ ਨਿਰਬਾਹ ਲਈ ਬਹੁਤ ਕੁਝ ਕਹਿ ਚੁਕਾ ਹਾਂ, ਪਰ ਫਿਰ ਉਸੇ ਕਹੀ ਹੋਈ ਬਾਤ ਨੂੰ ਦੁਹਰਾਉਂਦਾ ਹਾਂ। ਪਹਿਲੇ ਪਦਾਰਥ ਦੀ ਛਾਂਟ ਫਾਂਟ ਕਰੋ। ਪੁੱਤਾਂਦਾ ਹਕ ਪੁੱਤਾਂ ਨੂੰ ਦੇ ਦਿਓ, ਆਪਣੇ ਨਿਰਬਾਹ ਵਾਸਤੇ ਆਪਣੇ ਅਧੀਨ ਰੱਖੋ। ਬਾਕੀ ਧਾਰਮਿਕ ਕਾਰਜਾਂ ਵਿਚ ਖਰਚ ਕਰੋ, ਸਾਰਾ ਗੁਆਕੇ ਆਪ ਰੋਟੀ ਦੇ ਮੁਹਤਾਜ ਅਤੇ ਗਦਾਗਰੀ ਨਹੀਂ ਕਰੋ। ਇਸਤੋਂ ਉਪ੍ਰੰਤ ਇਹ ਆਸਾ ਪੱਕੀ ਕਰੋ ਕਿ ਅਸਾਂ ਭੁਲਿਆਂ ਭਰਾਵਾਂ ਨੂੰ ਫਿਰ ਰਾਹ ਪਾਉਣਾ ਹੈ ਜੋ ਕਈ ਕਾਰਨਾਂ ਕਰਕੇ ਨਾਨਕਸ਼ਾਹੀ (ਗੁਰ ਸਿੱਖੀ ਦੇ) ਰਾਹ ਤੋਂ ਖੁੰਝ ਜਾਂਦੇ ਹਨ। ਇਸ ਲਈ ਪਹਿਲਾ ਸਫ਼ਰ ਹਜ਼ੂਰ ਸਾਹਿਬ ਜੀ ਦੀ ਯਾਤਰਾ ਕਰੋ। ਰਸਤੇ ਵਿਚ ਆਪਣੇ ਨਾਮ ਅਤੇ ਬਾਣੀ ਦਾ ਅਭਯਾਸ ਦ੍ਰਿੜ੍ਹ ਕਰੋ। ਜੋ ਜੋ ਸਿਖ ਸੰਤ ਮਹਾਤਮਾ ਮਿਲੇ, ਸੇਵਾ ਸਤਿਕਾਰ ਅਤੇ ਸਤਿਸੰਗ ਕਰੋ। ਉਨ੍ਹਾਂ ਦੇ ਬਚਨ ਜੋ ਗੁਰਮਤ ਦੇ ਅਨਕੂਲ ਹੋਣ ਗੁਰਬਾਣੀ ਦੇ ਆਸ਼ੇ ਨੂੰ ਪ੍ਰਗਟ ਕਰਦੇ ਹੋਣ, ਸੁਣੋ ਸੁਣਾਓ, ਵਿਚਾਰੋ ਤੇ ਵਰਤੋ। ਹਜ਼ੂਰ ਸਚਖੰਡ ਸ੍ਰੀ ਅਬਚਲ ਨਗਰ ਸਾਹਿਬ ਜੀ ਦੇ ਗੁਰਦਵਾਰੇ ਅਰਦਾਸਾ ਸੁਧਾਓ। ਫਿਰ ਕਿਸੇ ਚੰਗੇ ਡੇਰੇ ਜਾਂ ਪਾਠਸ਼ਾਲਾ ਵਿਚ ਗੁਰਮਤ ਦੇ ਕਰਨੀ ਵਾਲੇ ਗਿਆਨੀ ਪਾਸੋਂ ਗੁਰੂ ਆਸ਼ੇ ਨੂੰ ਚੰਗੀ ਤਰ੍ਹਾਂ ਵਿਸਥਾਰ ਸਹਿਤ ਸਮਝੋ ਤੇ ਪੰਥ ਦੇ ਕਿਸੇ ਯੋਗ ਜਥੇ ਦੀ ਪਰਵਾਨਗੀ ਲੈਕੇ ਉਸ ਜੱਥੇ ਦੇ ਅਨੁਸਾਰੀ ਰਹਿਕੇ ਜੱਥੇ ਬੰਦੀ ਵਿਚ ਹੁੰਦੇ ਹੋਏ ਦੇਸ਼ਾਂ ਦੇਸ਼ਾਂਤ੍ਰਾਂ ਵਿਚ ਵਿਚਰੋ। ਭਰਾਵਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਸਤਿਸੰਗ ਦੇ ਰਸਤੇ ਪਾਓ, ਸਮਝਾਓ ਗੁਰਬਾਣੀ ਦੇ ਆਸਰੇ ਲਾਓ। ਝੂਠੇ ਤੇ ਨਿਕੰਮਿਆਂ ਤੇ ਬਨਾਉਟੀ ਧੰਦਿਆਂ ਤੋਂ ਆਪ ਨੂੰ ਬਚਾਓ। ਇਹ ਚੇਤੇ ਰੱਖੋ ਕਿ ਇਸ ਕਾਰਜ ਲਈ ਕਿਸੇ ਸਿੱਖ ਪਾਸੋਂ ਪਦਾਰਥ ਨਹੀਂ ਲੈਣਾ। ਜੇ ਕੋਈ ਪ੍ਰੇਮੀ ਪ੍ਰੇਮ ਕਰਕੇ ਦਸਵੰਧ ਗੋਲਕ ਮੰਨਤ ਅਥਵਾ ਉਮੰਗ ਕਰਕੇ ਧਨ ਪਦਾਰਥ ਦੇਵੇ ਤਾਂ ਗੁਰਦਵਾਰਿਆਂ ਦੀ ਸੇਵਾ ਲਈ ਖਾਲਸਾ ਪੰਥ ਦੇ ਧਾਰਮਿਕ ਆਸ਼ਮਾਂ ਲਈ (ਜਿੱਥੇ ਉਹ ਧਨ ਜਾਕੇ ਸਫਲ ਹੋਵੇ) ਭਿਜਵਾ ਦਿਓ। ਆਪ ਜਦ ਇਸ ਧਨ ਨੂੰ ਅੰਗੀਕਾਰ ਕਰੋਗੇ ਇਸ ਪਰਮਾਰਥ ਦੇ ਰਸਤੇ ਤੋਂ ਖੁੰਝ ਜਾਓਗੇ, ਫਿਰ ਇਸ ਪਟੜੀ ਪਰ ਮੁਸ਼ਕਲ ਆਓਗੇ। ਇਸ ਪੂਜਾ ਦੇ ਪਦਾਰਥ ਦੀ ਚਿਕਨਾਈ ਅੰਤਹਕਰਨ ਨੂੰ ਲੱਗੀ ਹੋਈ ਕਦੀ ਧੋਤੀ ਮਾਂਜੀ ਨਹੀਂ ਜਾਂਦੀ, ਇਸ ਲਈ ਇਸ ਦਾ ਬਹੁਤ ਸੰਜਮ ਰੱਖਣਾ ਅਤੇ ਨਿਰਭੈ ਵਿਚਰਨਾ। ਰਹਿਤ ਬਿਬੇਕ ਵਿਚ ਪੱਕਿਆਂ ਰਹਿਣਾ। ਮਨ ਦੁਸ਼ਟ ਦਾ ਕਦੀ ਵਿਸਾਹ ਨਹੀਂ ਕਰਨਾ, ਇਸ ਨੂੰ ਗੁਰੂ ਕੇ ਸ਼ਬਦ ਦਾ ਸੰਗਲ ਪਾਈ ਰੱਖਣਾ, ਮਨਮੱਤਿ ਕਦੀ ਨਹੀਂ ਕਰਨੀ, ਕਿਸੇ ਦੀ ਸਿੱਧੀ ਕਰਾਮਾਤ

Digitized by Panjab Digital Library | www.panjabdigilib.org

ਦੇਖਕੇ ਭੁੱਲ ਨਹੀਂ ਜਾਣਾ। ਏਹ ਨਿਕੰਮੀਆਂ ਖੇਡਾਂ ਹੁੰਦੀਆਂ ਹਨ। ਜੇ ਗੁਰੂ ਕ੍ਰਿਪਾਕਰੇ ਆਪ ਨੂੰ ਸਿੱਧੀਆਂ ਫੁਰਨ ਤਾਂ ਕਦੀ ਭੁੱਲਕੇ ਵੀ ਨਹੀਂ ਪ੍ਰਗਟ ਕਰਨੀਆਂ, ਕਿਉਂਕਿ:–

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭੁ ਲੋਗਨ ਕਹ ਆਵਤ ਲਾਜਾ।

ਪਰਮਾਰਥੀ ਸਿੱਧੀਆਂ ਪਾਕੇ ਇੱਥੇ ਹੀ ਅਟਕ ਜਾਂਦਾ ਹੈ, ਪਰਮਾਰਥ ਤਕ ਨਹੀਂ ਅੱਪੜਦਾ। ਇਸ ਲਈ ਸਤਪੁਰਸ਼ ਕਦੀ ਇਹ ਮਦਾਰੀਆਂ ਵਾਲੀ ਖੇਡ ਪਰਗਟ ਕਰਕੇ ਨਹੀਂ ਦਿਖਾਉਂਦੇ, ਸਿਰ ਤਕ ਦੇ ਦਿੰਦੇ ਹਨ, ਪਰ ਸਿਰੜ ਨਹੀਂ ਦਿੰਦੇ। ਜਿਹੜੇ ਕਰਾਮਾਤ ਵਿਖਾਵਨ ਦਾ ਦਾਹਵਾ ਕਰਦੇ ਹਨ ਉਹ ਠੱਗ ਪੁਰਖ ਹਨ, ਭੋਲਿਆਂ ਲੋਕਾਂ ਨੂੰ ਭਰਮਾਉਂਦੇ ਹਨ, ਆਪਣੀ ਪੂਜਾ ਕਰਾਉਂਦੇ ਹਨ ਅਤੇ ਲੋਕ ਪਰਲੋਕ ਅਪਣੇ ਨੂੰ ਦੋਹੀਂ ਜਹਾਨੀ ਗੁਆਉਂਦੇ ਹਨ, ਇਸ ਲਈ ਇਸ ਬਾਜਾਰੀ ਤਮਾਸ਼ੇ ਦੀ ਖੁੱਭਣ ਵਿਚ ਕਦੀ ਨਹੀਂ ਫਸਣਾ*।

ਅਡੋਲਕ ਸਿੰਘ–ਸਤਿ ਬਚਨ, ਇਕ ਅਠਵਾਰੇ ਦੇ ਅੰਦਰ ਅੰਦਰ ਇਸ ਹੁਕਮ ਦੀ ਤਾਮੀਲ ਕਰਾਂਗਾ। ਪਰੰਤੂ ਕਿਰਪਾ ਕਰਕੇ ਆਪ ਅਪਣੇ ਨਾਮ ਠਾਮ ਦਾ ਪਤਾ ਦੱਸੋ ਫਿਰ ਆਪ ਨੂੰ ਕਿਥੇ ਮਿਲਾਂ?

ਬ੍ਰਿੱਧ ਪੁਰਖ–ਤੇਰਾ ਸਾਡਾ ਮੇਲ ਅਕਾਲ ਪੁਰਖ ਦੇ ਹੁਕਮ ਨਾਲ ਇੰਨਾਂਕੁ ਹੀ ਸੀ ਜੋ ਹੋ ਚੁਕਾ ਹੈ। ਫਿਰ ਆਸ਼ਾ ਹੈ ਕਿ ਸ਼ਾਇਦ ਨਹੀਂ ਹੋਵੇਗਾ। "ਸਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹਿ।" ਸਰੀਰ ਬੁੱਢਾ ਹੈ, ਸਵਾਸਾਂ ਦਾ ਕੋਈ ਭਰੋਸਾ ਨਹੀਂ, ਤੁਹਾਡਾ ਸਫਰ ਲੰਬਾ ਹੈ, ਅਗੇ ਵਾਹਿਗੁਰੂ ਦੀ ਮਰਜ਼ੀ ਦੀ ਕੋਈ ਖਬਰ ਨਹੀਂ। ਜੇ ਦੇਹਾਂ ਬਣੀਆਂ ਰਹਿਆਂ, ਕੋਈ ਸਾਂਗਾ ਵੀ ਬਣ ਗਿਆ ਤਾਂ ਮੇਲ ਸੰਜੋਗ ਨਾਲ ਹੋ ਰਹੇਗਾ, ਨਹੀਂ ਤਾਂ ਏਹੋ ਮੇਲਾ ਬੱਸ ਹੈ। ਨਾਮ ਇਸ ਸਰੀਰ ਦਾ ਗੁਰਮਤ ਸਿੰਘ ਹੈ, ਡੇਰਾ ਏਸੇ ਨੱਗਰ ਵਿਚ ਹੈ। ਕੁਝ ਹੱਥਾਂ ਦੀ ਕਿਰਤ ਕਰਕੇ ਟੱਬਰ ਟੋਰ ਦਾ ਨਿਰਬਾਹ ਹੁੰਦਾ ਰਹਿੰਦਾ ਹੈ।

ਇਹ ਕਹਿੰਦੇ ਹੋਏ ਸਿੰਘ ਸਾਹਿਬ ਜੀ ਸਲੋਤ ਟੇਕਕੇ ਉਠ ਖਲੋਤੇ ਤੇ "ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ" ਗਜਾਉਂਦੇ ਹੋਏ ਨਗਰ ਵਲ ਟੁਰ ਪਏ। ਕੁਝ ਦੂਰ ਤਕ ਅਡੋਲਕ ਸਿੰਘ ਆਪਣੇ ਮਨ ਨਾਲ ਕੁਝ ਸੋਚਾਂ ਸੋਚਦਾ ਟੁਰਿਆ ਆਇਆ, ਪਰ ਨਗਰ ਦੇ ਨੇੜੇ ਆਕੇ ਗੁਰਮਤ ਸਿੰਘ ਫਿਰ ਫਤੇ ਗਜਾਕੇ ਇਕ ਲਾਂਭੇ ਚਲਾ ਗਿਆ ਅਤੇ ਅਡੋਲਕ ਸਿੰਘ ਆਪਣੇ ਮਕਾਨ ਤੇ ਪੁਜਾ। ਪਰਸ਼ਾਦ ਪਾਣੀ ਛਕਕੇ ਆਪਣੇ ਕਾਰਜ ਨੂੰ ਸੋਚਣ ਲੱਗਾ। ਤੀਸਰੇ ਦਿਨ ਆਪਣੇ ਸਨਬੰਧੀ ਅਤੇ ਚੌਧਰੀ ਸਭ ਇਕੱਠੇ ਕਰਕੇ ਆਪਣੀ ਜਾਇਦਾਦ ਦਾ ਬੰਦੋਬਸਤ ਕਰ ਕਰਾਕੇ ਜਥਾਜੋਗ ਹਰ ਇਕ ਦਾ ਬਾਨ੍ਹ੍ਹ ਬੰਨ੍ਹ ਦਿਤਾ। ਅਪਣੇ ਲਈ ਪਦਾਰਥ ਦਾ ਵੱਖ ਪਰਬੰਧ ਕਰ ਲਿਆ, ਅਪਣੇ ਸਫਰ ਖਰਚ ਲਈ ਬਿਲ ਹੁੰਡੀ ਨੋਟ ਵਗੈਰਾ ਜੋ ਮੁਨਾਸਬ ਸੀ, ਨਾਲ ਲੈ ਲਿਆ। ਆਪ ਥੋੜੇ ਹੀ ਦਿਨਾਂ ਵਿਚ ਤਿਆਰ ਬਰਤਿਆਰ ਹੋਕੇ ਹਜ਼ੂਰ ਸਾਹਿਬ ਜੀ ਦੀ ਯਾਤ੍ਰਾ ਲਈ ਇਕ ਦਿਨ ਸ਼ਾਮ ਦੇ ਵੇਲੇ ਦਿੱਲੀ ਦੀ ਟਿਕਟ ਲੈਕੇ ਰਵਾਨਾ ਹੋ ਗਿਆ।

ਦਿੱਲੀ ਪਹੁੰਚਕੇ ਅਡੋਲਕ ਸਿੰਘ ਜੀ ਨੇ

*ਜਿਸ ਨੂੰ ਅਪਣੀ ਕਲਜ਼ਾਨ ਦੀ ਇੱਛਾ ਹੈ ਓਹ ਸਿਧੀਆਂ ਵਿਚ ਕਦੇ ਨਾ ਫਸੇ। ਏਹ ਗਲ ਯੋਗ ਸ਼ਾਸਤ੍ਰ ਆਦਿਕਾਂ ਵਿਚ ਬੀ ਲਿਖੀ ਹੈ।

Digitized by Panjab Digital Library | www.panjabdigilib.org

ਗੁਰਦਵਾਰਿਆਂ ਦੇ ਦਰਸ਼ਨ ਪਰਸਨ ਕੀਤੇ,ਦੋ ਚਾਰ ਦਿਨ ਮੁਕਾਮ ਕੀਤਾ, ਫਿਰ ਅਠਦਾਸਾ ਸੋਧਕੇ ਅੱਗੇ ਨੂੰ ਕੂਚ ਕੀਤਾ । ਇਕੁਰ ਹੀ ਕਿਤੇ ਕਿਤੇ ਮੁਕਾਮ ਕਠਦੇ ਬੁਰਹਾਨ ਪੁਰ ਪਹੁੰਚ ਗਏ। ਇਥੇ ਹਠੀ ਸਿੰਘ ਦੀ ਸੰਗਤ ਦੇ ਦਰਸ਼ਨ ਕਰਦੇ ਹੋਏ ਨੇ ਕੁਝਕੁ ਦਿਨ ਮੁਕਾਮ ਕੀਤਾ, ਇਥੋਂ ਸੰਗਤ ਵਿੱਚੋਂ ਬਚਨ ਬਿਲਾਸ ਹੁੰਦਿਆਂ ਕੰਨੀ ਆਵਾਜ਼ ਪੈ ਗਈ ਕਿ ਬਾਲਝਿਰੀ ਇਕ ਮਹਾਂ ਪੁਰਖ ਰਹਿੰਦੇ ਹਨ ਉਹ ਬੜੇ ਹਠੀ ਤਪੀ ਮਹਾਂ ਪੁਰਖ ਹਨ। ਇਸ ਗਲ ਪਰ ਅਡੋਲਕ ਸਿੰਘ ਜੀ ਨੂੰ ਸ਼ੌਕ ਪੈਦਾਹੋਗਿਆਕਿਉਨੂੰ ਮਹਾਂਪੁਰਖਾਂ ਦੇ ਦਰਸ਼ਨ ਕਰੀ ਚਲੀਏ। ਏਥੋਂ ਬਹੁਤ ਨੇੜੇ ਹੈ ਬਾਲਝਿਰੀ।

ਦੂਜੇ ਦਿਨ ਝਟ ਪਟ ਟਿਕਟ ਲੈਕੇ ਚਾਲੀ ਗਾਉਂ ਜਾ ਉਤਰੇ, ਅਗੇ ਦੋ ਢਾਈ ਕੋਹਾਂ ਪਰ ਬਨ ਦੇ ਵਿਚ ਇਕ ਸੁੰਦਰ ਜਲ ਦਾ ਸੋਮਾਂ ਨਿਕਲਦਾ ਹੈ । ਇਹ ਬਾਲਮੀਕ ਰਿਸ਼ੀ ਦਾ ਆਸ਼੍ਰਮ ਪ੍ਰਸਿੱਧ ਅਸਥਾਨ ਖਾਨਦੇਸ਼ ਵਿਚ ਚਾਲੀ ਗਾਉਂ ਨਗਰ ਤੋਂ ਦੋ ਢਾਈ ਕੋਹ ਲਾਂਭੇ ਵਾਰ ਵਿਦਮਾਨ ਹੈ। ਇਹ ਬਨ ਬਹੁਤ ਰਮਣੀਕ ਮਾਨੋਂ ਨੰਦਨ ਬਨ ਹੈ। ਹਰ ਇਕ ਜਾਤ ਦੇ ਦਰਖ਼ਤ ਫਲਾਂ ਦੇ ਭਾਰ ਨਾਲ ਝੁਕੇ ਹੋਏ ਹਨ, ਜੀਕੁਰ ਕੋਈ ਸਤ ਪੁਰਖ ਸ੍ਰਿਸ਼ਟ ਗੁਣਾਂ ਨੂੰ ਪਾਕੇ ਨਿਉਂ ਜਾਂਦਾ ਹੈ, ਅਤੇ ਏਹ ਬ੍ਰਿੱਛ ਦੇਖਣ ਵਾਲਿਆਂ ਦੇ ਮਨਾਂ ਨੂੰ ਲੁਭਾਉਂਦੇ ਹਨ। ਜੀਕੁਰ ਸ੍ਰਿਸ਼ਟ ਪੁਰਖਾਂ ਦੇ ਸ਼ੁਭ ਆਚਰਣ ਜਗਜਾਸੂਆਂ ਦੇ ਚਿੱਤਾਂ ਨੂੰ ਖਿੱਚਦੇ ਹਨ ਤਿਵੇਂ ਹੀ ਏਹ ਬ੍ਰਿੱਛ ਦੇਖਣ ਵਾਲਿਆਂ ਦੇ ਮਨ ਮੋਹਤ ਕਰਦੇ ਹਨ। ਪਾਣੀਆਂ ਦੀਆਂ ਕੂਲਾਂ ਇੱਕੁਰ ਵਗਦੀਆਂ ਹੋਈਆਂ ਸ਼ੋਭਾ ਦਿਖਾਉਂਦੀਆਂ ਹਨ,ਜਿਕੁਰ ਮਮੋਖੀਆਂ* ਦੇ ਹਿਰਦਿਆਂ ਵਿਚ ਪ੍ਰੇਮ ਨਿੰਮ੍ਰਤਾ ਅਤੇ ਭਗਤੀ ਦੇ ਸੋਮਿਆਂ ਦੇ ਪ੍ਰਵਾਹ ਚਵ੍ਹੀਂ ਲਾਂਭੀ ਖਿਲਰਦੇ ਹਨ।

ਇਸ ਬਗੀਚੇ ਦੇ ਵਿਚਕਾਰ ਵਾਰ ਇਕ ਪੱਕਾ ਮੰਦਰ ਹੈ, ਜੋ ਖਪਰੈਲਾਂ ਨਾਲ ਛੱਤਿਆ ਹੋਇਆ ਵਿਦਮਾਨ ਹੈ। ਇਸਦੀ ਦੀਵਾਰ ਤੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਨਜ਼ਰ ਆਉਂਦਾ ਅਤੇ ਪੜ੍ਹਿਆ ਜਾਂਦਾ ਹੈ।

ਸਾਧੂ ਐਸਾ ਚਾਹੀਏ ਰਹੇ ਬਗੀਚੇ ਮਾਹਿੰ।
ਫੂਲ ਪਾਤ ਛੇੜੇ ਨਹੀਂ ਦੁਖੇ ਦੁਖਾਵੇ ਨਾਹਿੰ।

ਅਤੇ ਬਾਹਰ ਵਾਰ ਇਕ ਰੱਸੀ ਬੱਧੀ ਹੋਈ ਹੈ, ਕਛਹਿਰਾ ਸੁਕ ਰਹਿਆ ਹੈ।

ਇਸਤੋਂ ਦੋ ਕੁ ਸੌ ਕਦਮ ਲਾਂਭੇ ਇਕ ਨਦੀ ਦੀ ਰੇਤ ਹੈ,ਜਿਸਦੇ ਵਿਚ ਰੰਗ ਬਰੰਗੀ ਪੱਥਰ ਦੀਆ ਕੰਕਰੀਆਂ ਸ਼ੋਭ ਰਹੀਆਂ ਹਨ। ਬਰਸਾਤ ਦੇ ਦਿਨਾਂ ਵਿਚ ਤਾਂ ਭਾਵੇਂ ਇਸ ਨਦੀ ਵਿਚ ਬੇੜੀ ਪਵੇ, ਪਰੰਤੂ ਅੱਗੇ ਪਿੱਛੇ ਨਿਰੀ ਰੇਤ ਹੀ ਰੇਤ ਵਿਦਮਾਨ ਰਹਿੰਦੀ ਹੈ। ਕੋਹ ਦੋ ਕੋਹ ਪਰ ਪਹਾੜੀਆਂ ਦੀਆਂ ਠੇਰੀਆਂ ਅੱਖਾਂ ਨੂੰ ਬਹੁਤ ਹੀ ਲੁਭਾਇਮਾਨ ਕਰਦੀਆਂ ਹਨ। ਇਸ ਤਰ੍ਹਾਂ ਕੁਦਰਤ ਦੀ ਅਨੋਖੀ ਤੇ ਸੁੰਦਰ ਰਚਨਾ ਦੇਖਦਾ ਹੋਇਆ ਅਡੋਲਕ ਸਿੰਘ ਓਸ ਮਕਾਨ ਵਿਚ ਪਹੁੰਚਾ ਅਤੇ ਅੰਦਰ ਲੰਘਿਆ ਤਾਂ ਕੀ ਦੇਖਦਾ ਹੈ ਕਿ ਸੱਚੀਂ ਮੁਚੀਂ ਇਕ ਮਹਾਂ ਪੁਰਖ ਬ੍ਰਿੱਧ ਮੂਰਤੀ ਦਾੜੇ ਦੇ ਕੇਸ ਬਰਫ ਨਾਲੋਂ ਵੀ ਸੁਫੈਦ ਹਨ,ਬੈਠਾ ਹੋਇਆ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਿਹਾ ਹੈ। ਇਸ ਕੁਟੀਆ ਅੰਦਰ ਲੰਘਦਿਆਂ ਅਡੋਲਕ ਸਿੰਘ ਚਿੱਤੋਂ ਇਕ ਵਾਰ ਅਡੋਲ ਅਤੇ ਅਚੰਭਤ ਹੋਗਿਆ। ਵਧਕੇ ਅੱਗੇ ਫਤੇ ਗਜਾਉਂਦਾ ਹੋਇਆ ਪੈਰਾਂ ਤੇ ਡਿੱਗਣ ਹੀ ਲੱਗਾ ਸੀ ਕਿ ਸਿੰਘ ਹੋਰਾਂ ਮੱਥਾ ਠੱਲ੍ਹਕੇ ਫਤੇ ਦਾ ਉੱਤਰ ਦਿੱਤਾ,ਗਲ ਲਾਇਆ ਅਤੇ ਸਤਿਕਾਰ ਨਾਲ ਪਾਸ ਬਿਠਾਇਆ।

*ਮੋਖ ਅਰਥਾਤ ਮੁਕਤੀ ਦੇ ਚਾਹਵਾਨ।

Digitized by Panjab Digital Library | www.panjabdigilib.org

ਜਦ ਪਾਠ ਪੂਰਾ ਹੋ ਚੁਕਿਆ ਤਾਂ ਪੁੱਛਿਆ, 'ਖਾਲਸਾ ਜੀ ! ਫੌਜਾਂ ਕੇਹੜੇ ਮੁਲਕ ਵਲੋਂ ਆਈਆਂ ਅਤੇ ਕੇਹੜੇ ਪਾਸੇ ਦੀਆਂ ਚੜ੍ਹਾਈਆਂ ਹਨ ?' ਅਡੋਲਕ ਸਿੰਘ ਨੇ ਨਿੰਮ੍ਰਤਾ ਨਾਲ ਬੇਨਤੀ ਕੀਤੀ 'ਗਰੀਬ ਨਿਵਾਜ ਜੀ ! ਪੰਜਾਬ ਤੋਂ ਹਜ਼ੂਰ ਸਾਹਿਬ ਦੀ ਯਾਤ੍ਰਾ ਕਰਨ ਲਈ ਇਸ ਦੱਖਣ ਦੇਸ਼ ਵਿਚ ਹੁਕਮ ਨਾਲ ਆਉਣਾ ਹੋਇਆ ਹੈ, ਸੋ ਲਾਹੇ ਵਿਚ ਆਪ ਜੈਸੇ ਮਹਾਂ ਪੁਰਖਾਂ ਦੇ ਵੀ ਦਰਸ਼ਨ ਹੋ ਗਏ ।

ਮਹਾਂ ਪੁਰਖ ਨੇ ਬੜੀ ਮਿੱਠੀ ਜ਼ੁਬਾਨ ਨਾਲ ਬਚਨ ਕੀਤਾ—'ਖਾਲਸਾ' ਜੀ ! ਇਹ ਪਹਿਲੀ ਵਾਰ ਹੀ ਸੁਖ ਨਾਲ ਯਾਤ੍ਰਾ ਨੂੰ ਚਲੇ ਹੋ ਕਿ ਅੱਗੇ ਭੀ ਕਦੀ ਇਸ ਮੁਲਕ ਵਲ ਫੇਰਾ ਪਾਇਆ ਹੋਇਆ ਹੈ ?

ਅਡੋਲਕ ਸਿੰਘ—ਜੀ, ਪਹਿਲੀ ਵੇਰ ਹੀ ਹੈ, ਜੇ ਗੁਰੂ ਕਿਰਪਾ ਕਰੇਗਾ ਦਰਸ਼ਨ ਹੋ ਰਹੇਗਾ ।

ਮਹਾਂ ਪੁਰਖ—ਕਿਉਂ ? ਇਤਨੇ ਨਿਰਾਸ ਕਿਉਂ ਹੋ ? ਕਰਤਾਰ ਤੇ ਭਰੋਸਾ ਰਖੋ । ਸਿੰਘ ਦਾਈਏ ਵਾਲੇ ਹੁੰਦੇ ਹਨ ਤੇ ਸੰਸਾਰ ਦੇ ਜਿੰਨੇ ਕਾਰਜ ਹਨ ਸਭ ਦਾਈਏ ਨਾਲ ਹੀ ਸਿੱਧ ਹੁੰਦੇ ਹਨ, ਇਸ ਲਈ ਦਾਈਆ ਰੱਖਣਾ, ਇਹ ਸਿੰਘ ਦਾ ਪਹਿਲਾ ਧਰਮ ਹੈ ।

ਅਡੋਲਕ ਸਿੰਘ—ਆਪਦੀ ਕਿਰਪਾ ਹੋਵੇ ਤਾਂ ਕਿਉਂ ਨਿਰਾਸ ਉਦਾਸ ਹੋਣਾ ਹੈ, ਆਪ ਜੈਸੇ ਸਤ ਪੁਰਖਾਂ ਦੇ ਦਰਸ਼ਨ ਵਡੇ ਭਾਗਾਂ ਨਾਲ ਹੁੰਦੇ ਹਨ, ਇਸ ਲਈ ਮੈਨੂੰ ਤਾਂ ਇਹ ਔਸਰ ਭਾਰੀ ਖੁਸ਼ੀ ਦਾ ਹੈ ਕਿ ਆਪਦੇ ਚਰਨਾਂ ਵਿਚ ਬੈਠਾ ਹੋਇਆ ਆਪਦੇ ਅੰਮ੍ਰਿਤ ਮਈ ਬਚਨ ਸੁਣ ਰਿਹਾ ਹਾਂ, ਮੇਰੇ ਜਿਹਾ ਇਸ ਵੇਲੇ ਕੌਣ ਵਡਭਾਗੀ ਹੈ ।

ਮਹਾਂ ਪੁਰਖ—ਸਿੰਘ ਜੀ ! ਆਪਦੇ ਮੁਖਾਰਬਿੰਦ ਵਿਚ ਬੜੀ ਹੀ ਨਿੰਮ੍ਰਤਾ ਭਰੀ ਹੋਈ ਹੈ, ਇਹ ਨਿੰਮ੍ਰਤਾ ਕਦੀ ਪੁਰਾਣੇ ਸਿੰਘਾਂ ਵਿਚ ਹੁੰਦੀ ਸੀ, ਹੁਣ ਦਾ ਨੌਜਵਾਨ ਖਾਲਸਾ ਤਾਂ ਸੁਖ ਨਾਲ ਕਹਿਣੀ ਦਾ ਸੂਰਾ ਅਤੇ ਕਰਣੀ ਦਾ ਵਾਹਿਗੁਰੂ ਜਾਣੇ ਕੈਸਾ ਹੈ, ਪਰ ਕਥਨੀ ਦੇ ਦਮਗਜੇ ਮਾਰਨ ਲਈ ਤਾਂ ਜੰਗ ਬਹਾਦਰ ਹੈ।

ਅਡੋਲਕਸਿੰਘ—ਸੱਤ ਹੈ ਪਰ "ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ॥ਨਾਨਕਈਹਾ ਮੁਕਤੁ ਆਗੈ ਸੁਖੁ ਪਾਵੈ ॥" ਜਿਸ ਬਾਲਕੇ ਤੇ ਆਪ ਮਿਹਰ ਕਰੇ ਸੋ ਸਭੋ ਕੁਝ ਕਰ ਸਕਦਾਹੈ।

ਮਹਾਂ ਪੁਰਖ—ਅਜ ਡੇਰਾ ਕਿੱਥੋਂ ਕੂਚ ਕੀਤਾ ਸਾ ?

ਅਡੋਲਕ ਸਿੰਘ—ਜੀ ਬੁਰਹਾਨ ਪੁਰ ਤੋਂ । ਓਥੇ ਹੀ ਆਪ ਦਾ ਜਸ ਸੁਣਿਆਂ ਸੀ । ਮਨ ਰਹਿ ਨਹੀਂ ਸਕਿਆ, ਦਰਸ਼ਨ ਦਾ ਪਿਆਸਾ ਹੋਕੇ ਆਪ ਦੇ ਚਰਨੀਂ ਆ ਲੱਗਾ ਹਾਂ ।

ਮਹਾਂ ਪੁਰਖ—ਤੁਹਾਡਾ ਨਾਮ ਕੀ ਹੈ ?

ਅਡੋਲਕ ਸਿੰਘ—ਜੀ ਆਪ ਦਾ ਬਖਸ਼ਿਆ ਹੋਇਆ ਅਡੋਲਕ ਸਿੰਘ ।

ਮਹਾਂ ਪੁਰਖ—ਵਾਹਵਾ ਨਾਮ ਤਾਂ ਬਹੁਤ ਅਨੋਖਾ ਹੈ, ਆਸ਼ਾ ਪੈਂਦੀ ਹੈ ਆਪ ਦਾ ਚਿੱਤ ਵੀ ਅਡੋਲ ਹੀ ਹੋਵੇਗਾ ।

ਅਡੋਲਕ ਸਿੰਘ—ਇਹ ਆਪ ਦੀ ਅਸੀਸ ਗੁਰੂ ਕਰੇ ਸਫਲ ਹੋਵੇ, ਕਿਉਂ ਕਿ ਇਸੇ ਗੱਲ ਦਾ ਫਰਿਆਦੀ ਆਪ ਦੀ ਦਰਗਾਹ ਵਿਚ ਹਾਜ਼ਰ ਹੋਇਆ ਹਾਂ । ਇਹ ਦੁਸ਼ਟ ਮਨ ਬਾਂਦਰ ਵਾਂਗ ਬੱਧਾ ਹੋਇਆ ਵੀ ਟਿਕਕੇ ਨਹੀਂ ਬੈਠਦਾ। ਕੋਈ ਐਸੀ ਕਿਰਪਾ ਕਰੋ ਜਿਸ ਤੇ ਇਹ ਅਡੋਲ ਹੋਵੇ।

ਮਹਾਂ ਪੁਰਖ—ਪਹਿਲੇ ਆਪਣੀ ਸਾਰੀ ਬੀਤੀ ਹੋਈ ਬਿਰਤਾਂਤ ਸੁਣਾਓ ਜੋ ਜੋ ਤੁਹਾਡੇ ਨਾਲ ਵਰਤੀ, ਪਰ ਕਿਸੇ ਗਲ ਦੀ ਸ਼ਰਮ ਜਾਂ ਲੁਕਾਉ ਨਹੀਂ ਕਰਨਾ ।

ਅਡੋਲਕ ਸਿੰਘ ਨੇ ਸਤਿ ਬਚਨ ਕਹਿਕੇ

Digitized by Panjab Digital Library | www.panjabdigilib.org

ਉਪਰ ਲਿਖਿਆ ਸਾਰਾ ਪ੍ਰਸੰਗ ਕਹਿ ਸੁਣਾਇਆ, ਸੁਣਕੇ ਮਹਾਂ ਪੁਰਖ ਬੜੇ ਹੱਸੇ ਅਤੇ ਕਹਿਣ ਲਗੇ, ਤੈਨੂੰ ਕੋਈ ਸ਼ਹੀਦ ਸਿੰਘ ਰੂਪ ਧਾਰਕੇ ਮਿਲਿਆ ਹੋਊ, ਜਿਸ ਨੇ ਅਜਿਹੇ ਗੁਹਮਤ ਦੇ ਭੇਤ ਖੋਹਲ ਖੋਹਲਕੇ ਸਮਝਾ ਦਿੱਤੇ ਹਨ। ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਪੰਥ ਵੱਲ ਕਿਰਪਾ ਦੀ ਨਜ਼ਰ ਕੀਤੀ ਹੈ ਕਿ ਹੁਣ ਕੁਝ ਰੋੜ੍ਹਾ ਪੈਣ ਲੱਗਾ ਹੈ ਕਿ ਰਾਖੀ ਕਰਾਂ, ਤਾਹੀਏਂ ਤੇਰੇ ਜਿਹਿਆਂ ਨੂੰ ਆਪਣੇ ਖਜ਼ਾਨੇ ਦਾ ਭੇਤੀ ਕਰਕੇ ਉਪਦੇਸ਼ ਕਰਨ ਲਈ ਸੁੱਤੇ ਹੋਏ ਪੰਥ ਦੀ ਨੀਂਦਰ ਖੋਹਲਣ ਲਈ ਆਪਣੇ ਲਾਏ ਹੋਏ ਪੌਦੇ ਦੀ ਸੰਮ੍ਹਾਲ ਜਲ ਵਾੜਆਦਿਨਾਲਕਰਨ ਲਈ ਆਪਣੇ ਕਿਸੇ ਪਿਆਰੇ, ਕਿਸੇ ਸ਼ਹੀਦ ਸਿੰਘ ਦੇ ਰਾਹੀਂ ਤੈਨੂੰ ਉਪਦੇਸ਼ ਕੀਤਾ ਹੈ ਕਿ ਤੂੰ ਕੌਮ ਨੂੰ ਜਗਾਵੇਂ।ਭੁੱਲ ਗਏ ਰਹਤ ਬਿਬੇਕ ਦੇ ਢੰਗ ਫਿਰ ਚੇਤੇ ਕਰਾਵੇਂ । ਅਨਜਮਤੀਆਂ ਦੇ ਫੰਧੇ ਵਿਚ ਫਸੇ ਜਾਂਦੇ ਖਾਲਸਾ ਧਰਮ ਨੂੰ ਮੋੜ ਮਾੜਕੇ ਆਪਣੇ ਅਸਲੇ ਤੇ ਲਿਆਵੇਂ ।

ਇਹ ਬਚਨ ਕਹਿੰਦੇ ਹੋਏ ਮਹਾਂ ਪੁਰਖ ਦੇ ਨੇਤ੍ਰਾਂ ਵਿਚ ਜਲ ਭਰ ਗਿਆ,ਕੰਠ ਰੁਕ ਗਿਆ ਤੇ ਏਸੇ ਦਸ਼ਾ ਵਿਚ ਨੇਤ੍ਰ ਮੀਟੇ ਗਏ।ਥੋੜੇ ਹੀ ਚਿਰ ਪਿਛੋਂ ਨੇਤ੍ਰ ਖੋਹਲਕੇ ਦੋਵੇਂ ਹਥ ਜੋੜਕੇ ਜ਼ਮੀਨ ਤੇ ਸਿਰ ਰੱਖਕੇ ਸਾਈਂ ਨੂੰ ਮੱਥਾ ਟੇਕਿਆ। ਫਿਰ ਬਚਨ ਕੀਤਾ—ਸਿੰਘਾ! ਧੰਨ ਤੇਰਾ ਜਨਮ ਹੈ, ਤੇਰਾ ਹੋਣਾ ਸਫਲ ਹੈ, ਜਿਸਨੇ ਇਸ ਵੇਲੇ ਇਸ ਉਦਮ ਦਾ ਬੀੜਾ ਚੁਕਿਆ ਹੈ ਤੇ ਕੁਰਬਾਨ, ਹਾਂ ਕੁਰਬਾਨ ਹਾਂ ਉਸ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਤੋਂ, ਜੋ ਆਪਣੇ ਪਿਆਰਿਆਂ ਪੁੱਤ੍ਰਾਂ ਦੀ ਨੀਂਦ ਦੀ ਗ਼ਫਲਤ ਤੇ ਪਤਿਤ ਪੁਣਾ ਨਹੀਂ ਦੇਖ ਸਕਦਾ । ਤੇਰੇ ਜਿਹਾਂ ਦੇ ਘਟਾਂ ਵਿਚ ਵੱਸਕੇ ਜਗਾਉਣ ਲਈ ਉਦਮ ਬਖਸ਼ਦਾ ਹੈ । ਮੈਂ ਕਿਸ ਮੂੰਹ ਸਲਾਹਵਾਂ, ਕਿਸ ਮੂੰਹ ਵਡਿਆਵਾਂ, ਕਿਸ ਮੂੰਹ ਨਾਲ ਸ਼ੁਕਰੀਆ ਕਰਾਂ, ਉਹ ਬਾਜਾਂ ਵਾਲਾ ਮੇਰਾ ਮਾਲਕ, ਉਹ ਸੱਚਾ ਪਾਤਸ਼ਾਹ, ਆਪਣੇ ਪੰਥ ਦਾ ਵਾਲੀ, ਉਹ ਪਿਆਰਾ ਪਿਤਾ, ਪ੍ਰਤਿਪਾਲਕ, ਹਰ ਵੇਲੇ ਅੰਗ ਸੰਗ ਰਹਿਣ ਵਾਲਾ ਗੁਰੂ ਗੋਬਿੰਦ ਸਿੰਘ ਸ੍ਵਾਮੀ, ਕਲਗੀਆਂ ਵਾਲਾ, ਆਪਣੇ ਸਿੱਖਾਂ ਸੇਵਕਾਂ ਦੀ ਔਕੜ ਨਾ ਦੇਖ ਸਕਣ ਵਾਲਾ, ਓਇ ਸਿੱਖਾ ! ਉਹ ਸੱਚਾ ਪਾਤਿਸ਼ਾਹ ਤੇਰੇ ਘਟਾਂ ਵਿਚ ਵਸਿਆ ਹਈ । ਤੈਥੋਂ ਕੁਰਬਾਨ ਹੋਵਾਂ ਤੂੰ ਮੇਰੇ ਪਜਾਰੇ ਮਾਲਕ ਦਾ ਸੇਵਕ ਹੈਂ, ਤੂੰ ਮੇਰੇ ਪ੍ਰਭੂ ਦਾ ਆਗਜਾ ਪਾਲਕ ਹੈਂ । ਸਿੱਖਾ ! ਇਸ ਕੰਮੋਂ ਉੱਕੀਂ ਨਾ । ਇਸ ਵੇਲੇ ਖਾਲਸਾ ਪੰਥ ਵਿਚ ਉਪਦੇਸ਼ ਦੀ ਭਾਰੀ ਔੜ ਲਗੀ ਹੈ। ਕਰਤਾਰ ਤੈਨੂੰ ਬੱਦਲ ਬਣਾਕੇ ਵਰ੍ਹਾਵੇ; ਸੁੱਕਿਆਂ ਤੇ ਕੁਮਲਾਇਆਂ ਹੋਇਆਂ ਪੰਥ ਦੇ ਦਿਲਾਂ ਵਿਚ ਫਿਰ ਹਰੀ ਅੰਗੂਰੀ ਪੈਦਾ ਹੋਵੇ।

ਪਰ ਇਹ ਇਕ ਗਲ ਚੇਤੇ ਰਖੀਂ ਉਸ ਨਢਾ ਸਿੰਘ ਵਾਂਗੂ ਨਾ ਬਣੀ, ਨਹੀਂ ਤਾਂ ਦੀਨ ਦੁਨੀਆਂ ਦੋਵੇਂ ਰੋਹੜ ਬੈਠੇਂਗਾ, ਪੰਥ ਨੂੰ ਨਾਲ ਹੀ ਚੌੜ ਕਰੇਂਗਾ ।

ਇਸਗਲ ਨੂੰ ਸੁਣਦਿਆਂ ਤਕਅਡੋਲਕਸਿੰਘ ਅਡੋਲ ਹੋਕੇ ਮਹਾਂਪੁਰਖ ਦੇ ਬਚਨ ਸੁਣਦਾ ਤੇ ਸਰੀਰ ਦੀ ਦਸ਼ਾ ਵਿਦੇਹ ਹੋਈ ਦੇਖਦਾ ਰਿਹਾ ਪਰ 'ਨਢਾ ਸਿੰਘ ਜੇਹਾ ਨਾ ਬਣੀ' ਆਖਿਆ ਤਾਂ ਚੌਂਕ ਪਿਆ ਅਤੇ ਬੜੀ ਨਿੰਮ੍ਰਤਾ ਨਾਲ ਹੱਥ ਜੋੜਕੇ ਬੇਨਤੀ ਕੀਤੀ ਕਿ 'ਮਹਾਰਾਜ ਜੀ! ਉਹ ਨਢਾ ਸਿੰਘ ਕੌਣ ਸਾ ? ਤੇ ਉਸ ਨੇ ਕੀ ਕੀਤਾ ਸਾ,ਜੇ ਉਸ ਦਾ ਪ੍ਰਸੰਗ ਸੁਣ ਲਵਾਂ ਤਾਂ ਸ਼ਾਇਦ ਕੁਝ ਲਾਭ ਹੀ ਪਹੁੰਚੇ ?'

ਮਹਾਂ ਪੁਰਖ ਨੇ ਆਖਿਆ, ਜ਼ਰਾ ਧੀਰਜ

Digitized by Panjab Digital Library | www.panjabdigilib.org

ਕਰੋ, ਹੁਣ ਪ੍ਰਸਾਦਿ ਦਾ ਵਕਤ ਨੇੜੇ ਹੈ ਅਤੇ ਉਹ ਕਿੱਸਾ ਬਹੁਤ ਲੰਮੇਰਾ ਹੈ, ਇਸ ਲਈ ਪਹਿਲੇ ਪ੍ਰਸ਼ਾਦਿ ਛਕ ਲਓ। ਫਿਰ ਆਰਾਮ ਨਾਲ ਉਹ ਪ੍ਰਸੰਗ ਸੁਣ ਲੈਣਾ।

ਅਡੋਲਕ ਸਿੰਘ–ਜੀ, ਸਤਿਬਚਨ ! ਜੋ ਆਗਜਾ ! ਇੰਨੇ ਤੱਕ ਪ੍ਰਸਾਦ ਤਿਆਰ ਹੋਇਆ। 'ਤਵ ਪ੍ਰਸਾਦਿ' ਕਹਿਕੇ ਛਕਿਆ। ਚੁਲ੍ਹਾ ਪੜ੍ਹਕੇ ਆਪਣੇ ਅਸਥਾਨ ਪਰ ਬਿਰਾਜੇ, ਥੋੜ੍ਹਾ ਚਿਰ ਆਰਾਮ ਕਰਕੇ ਫਿਰ ਓਹੋ ਰਾਮ ਕਹਾਣੀ ਆਰੰਭ ਹੋਈ।

ਅਡੋਲਕ ਸਿੰਘ–ਜੇ ਇਸ ਵੇਲੇ ਆਪ ਮੁਨਾਸਬ ਸਮਝੋ ਤਾਂ ਕਿਰਪਾ ਕਰਕੇ ਨਫਾ ਸਿੰਘ ਵਾਲੀ ਵਾਰਤਾ ਸੁਣਾਓ।

ਮਹਾਂ ਪੁਰਖ–ਬੜੀ ਪ੍ਰਸੰਨਤਾ ਨਾਲ ਸੁਣੋ, ਪਰ ਪਹਿਲੇ ਔਹ ਖਪਰੈਲਾਂ ਵਿਚੋਂ ਮੁੱਠਾ ਕਾਗਜ਼ਾਂ ਦਾ ਲਪੇਟਿਆ ਹੋਇਆ ਉਤਾਰ ਲਓ। ਇਸ ਹੁਕਮ ਨੂੰ ਸੁਣਦੇ ਸਾਰ ਹੀ ਅਡੋਲਕ ਸਿੰਘ ਨੇ ਕਾਗਜ਼ਾਂ ਦਾ ਮੁੱਠਾ ਖਪਰੈਲਾਂ ਵਿਚੋਂ ਕੱਢਕੇ ਅੱਗੇ ਲਿਆ ਰੱਖਿਆ ਤਾਂ ਮਹਾਂ ਪੁਰਖ ਨੇ ਆਖਿਆ:–ਪਿਛਲੇ ਸਿਆਲ ਵਿਚ ਦੋ ਜੁਵਾਨ ਗੱਭਰੂ ਚੰਗੇ ਸਜੀਲੇ, ਮੁਛੀਲੇ, ਹਠੀਲੇ, ਦਾਈਏ ਵਾਲੇ ਦੈਵਨੇਤ ਨਾਲ ਹਜ਼ੂਰ ਸਾਹਿਬ ਦੀ ਯਾਤ੍ਰਾ ਨੂੰ ਜਾਂਦੇ ਹੋਏ ਏਥੇ ਆਣ ਉਤਰੇ ਸਨ। ਬਚਨ ਬਿਲਾਸ ਹੁੰਦੇ ਰਹੇ, ਜਦ ਉਨ੍ਹਾਂ ਪਾਸੋਂ ਪਿਛਲਾ ਪ੍ਰਕਰਣ ਪੁੱਛਿਆ ਤਾਂ ਉਨ੍ਹਾਂ ਨੇ ਆਪਣੇ ਕੀਤੇ ਹੋਏ ਕਰਮਾਂ ਦਾ ਬਹੁਤ ਪਛੁਤਾਵਾ ਕੀਤਾ, ਆਪਣੀ ਬੀਤੀ ਅਵਸਥਾ ਦੇ ਕਰਮ ਸੁਣਾਏ, ਜਿਨ੍ਹਾਂਨੂੰ ਸੁਣਸੁਣ ਸਾਡਾ ਚਿਤ ਕੰਬ ਗਿਆ, ਪਰ ਉਹ ਉਸ ਵੇਲੇ ਚੋਟ ਖਾ ਚੁਕੇ ਸਨ, ਆਪਣੇ ਆਪ ਨੂੰ ਬਾਰ ਬਾਰ ਫਿਟਕਾਰਦੇ ਸੇ ਅਤੇ ਨਾਲ ਹੀ ਇਹ ਬਚਨ ਭੀ ਕਹਿੰਦੇ ਸੇ ਕਿ ਅਸਾਡਾ ਨਿਸਤਾਰਾ ਕਦੀ ਨਹੀਂ ਹੋਣਾ, ਕਿਉਂਕਿ ਅਸਾਂ ਸਿੱਖਾਂ ਭਿਰਾਵਾਂ ਨਾਲ ਦਗੇ ਫਰੇਬ ਤੇ ਛਲ ਕਪਟ ਕੀਤੇ, ਪਰਮਾਰਥ ਦਾ ਧੋਖਾ ਦੇ ਦੇਕੇ ਆਪਣੇ ਸੁਖ ਆਰਾਮ ਲਈ ਉਨ੍ਹਾਂ ਦੀ ਗੰਢੀ ਵਿੱਚੋਂ ਪਦਾਰਥ ਕਢਾਇਆ ਤੇ ਉਨ੍ਹਾਂ ਭੋਲਿਆਂ ਸਿੱਖਾਂ ਨੂੰ ਛਲਿਆ, ਪਰ ਜੇ ਕਲਗੀਆਂ ਵਾਲਾ ਹੁਣ ਵੀ ਕਿਰਪਾ ਕਰਕੇ ਬਖਸ਼ੇ ਤਾਂ ਕੋਈ ਅਚਰਜ ਨਹੀਂ, ਪਰ ਕਰਮਾਂ ਵੱਲੋਂ ਤਾਂ ਸਾਡੇ ਲਈ ਨਰਕਾਂ ਵਿਚ ਭੀ ਕੋਈ ਥਾਉਂ ਨਹੀਂ। ਅਸਾਂ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਆਪਣੇ ਇਸ ਤੀਬ੍ਰ ਵੈਰਾਗ ਦਾ ਕਾਰਣ ਜੋ ਇਸ ਵੇਲੇ ਤੁਹਾਨੂੰ ਵਰਤ ਰਿਹਾ ਹੈ, ਪੂਰਾ ਲਿਖ ਘੱਤੋ। ਉਨ੍ਹਾਂ ਨੇ ਇਕ ਕਾਗਤ, ਸਮੇਤ ਉਨ੍ਹਾਂ ਚਿੱਠੀਆਂ ਦੇ, ਪ੍ਰਸੰਗ ਦੇ ਰੰਗ ਵਿਚ ਲਿਖਿਆ ਸਾ ਸੋ ਇਹ ਤੇਰੇ ਅੱਗੇ ਹੈ, ਤੂੰ ਇਸ ਨੂੰ ਜ਼ਰਾ ਪੜ੍ਹ ਲੈ, ਫੇਰ ਬਾਕੀ ਦੀ ਗਲ ਸੁਣਾਵਾਂਗੇ।

ਅਡੋਲਕ ਸਿੰਘ ਨੇ ਜਦ ਕਾਗਤ ਫਰੋਲੇ ਤਾਂ ਅਚਰਜ ਹੀ ਰਚਨਾ ਦੇਖੀ, ਚਿੱਠੀਆਂ ਅਤੇ ਲਫਾਫੇ ਸਾਬਤ ਹੀ ਜਗ੍ਹਾ ਬਜਗ੍ਹਾ ਟਾਂਕੇ ਹੋਏ ਵਿਚ ਵਿਚ ਕੋਈ ਸਤਰਾਂ ਆਪਣੀ ਵੱਲੋਂ ਵੀ ਲਿਖੀਆਂ ਹੋਈਆਂ ਪਾਈਆਂ, ਇਕੁਰ ਸਾਰੇ ਕਾਗਤਾਂ ਨੂੰ ਫਰੋਲ ਫਰਾਲ ਕੇ ਮਹਾਂ ਪੁਰਖਾਂ ਦੀ ਆਗਿਆ ਅਨੁਸਾਰ ਮੁੱਢ ਤੋਂ ਪੜ੍ਹਨਾ ਅਰੰਭ ਕੀਤਾ* । ਜਾਂ ਪੜ੍ਹ ਚੁੱਕਾ ਤਾਂ ਮਹਾਂ ਪੁਰਖਾਂ ਨੇ ਸੁਮੱਤ ਬਖਸ਼ੀ ਕਿ 'ਪਹਿਲੇ ਆਪਾਂ ਸੰਵਾਰਨਾ ਹੈ ਨਾਮ ਨਾਲ ਤੇ ਕਰਨੀ ਨਾਲ। ਨਾਮ ਐਸਾ ਜਪੋ ਕਿ ਅੰਦਰ ਲਿਵ ਟੁਰ ਪਏ। ਕਰਨੀ ਐਸੀ ਕਰੋ ਕਿ ਅੰਦਰ ਬਾਹਰ ਇਕ ਹੋ ਜਾਵੇ। ਸੱਚ ਪਰ ਟਿਕ ਜਾਓ। ਆਤਮ ਤੀਰਥ ਤੇ ਨਿਵਾਸ ਕਰੋ। ਇਹ ਅੰਦਰ ਦਾ ਸੱਚ ਹੈ ਤੇ ਬਾਹਰ ਸੱਤਿ ਦਾ ਹੀ ਬਿਉਹਾਰ ਕਰੋ।

*ਇਹ ਕਾਗਜ਼ ਅਜੇ ਤਕ ਮਿਲੇ ਨਹੀਂ।

Digitized by Panjab Digital Library | www.panjabdigilib.org

ਹਰ ਵੇਲੇ ਉਸ ਮਾਲਕ ਪਾਸੋਂ ਡਰਦੇ ਰਹੋ, ਫਿਰ ਇਸ ਨਿਰਮਲ ਭਉ ਨਾਲ, ਫੇਰ ਨਿਰਭੈ ਪਦ ਨੂੰ ਅੱਪੜੋ, ਪਰ ਆਪਣੇ ਆਪ ਨੂੰ ਕੁਛ ਬਣਾਓ ਨਾ। ਗੁਰੂ ਅਥਵਾ ਬ੍ਰਹਮ ਜੇਹੀ ਕੋਈ ਚੀਜ਼ ਨਾ ਬਣੋ ਨਿਰਾ ਪੰਥ ਦਾ ਸੇਵਕ ਮੰਨਕੇ ਸੇਵਾ ਦਾ ਧਰਮ ਪੂਰਾ ਕਰੋ, ਜਿਥੇ ਮਾਲਕ ਦੇ ਢੰਡੋਰੇ ਨੂੰ ਕੋਈ ਨਾ ਸੁਣੇ, ਹਠ ਨਾ ਕਰੋ। ਝਗੜਾ ਤੇ ਜ਼ਿਦ ਨਾ ਕਰੋ। ਇੰਨੀ ਗੱਲ ਤੇ ਨਿਬੇੜਾ ਰੱਖੋ ਕਿ "ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ, ਇਹ ਧੁਰ ਕੀ ਬਾਣੀ ਦੀ ਆਗਿਆ ਹੈ ਇਸ ਨੂੰ ਦੇਖ ਲਓ, ਹੁਣ ਮੰਨਣਾ ਨਾ ਮੰਨਣਾ ਆਪ ਦਾ ਕੰਮ ਹੈ, ਮੇਰਾ ਕੰਮ ਨਿਰਾ ਚੇਤਾ ਕਰਾਉਣਾ ਹੈ। ਜਦ ਕਲਗੀਆਂ ਵਾਲਾ ਤੁਹਾਡੇ ਘਟਾਂ ਵਿਚ ਵੱਸੇਗਾ ਆਪ ਤੋਂ ਆਪ ਮੰਨੋਗੇ, ਰਹਿਤ ਬਿਬੇਕ ਧਾਰਨ ਕਰੋਗੇ, ਸਪੁੱਤ ਬਣੋਗੇ, ਲੋਕ ਸੁਖੀ ਤੇ ਪਰਲੋਕ ਸੁਹੇਲੇ ਹੋਵੋਗੇ।"

ਬਸ ਏਸੇ ਗਲ ਵਿਚ ਬਖੇੜੇ ਨਿਬੜ ਗਏ, ਦੁਖ ਸਾਰੇ ਹਠ ਬੰਨ੍ਹਣ ਵਿਚ ਹੁੰਦੇ ਹਨ ਜਿੱਥੇ ਕਿਸੇ ਦੀ ਨਿੰਦਿਆ ਨਹੀਂ, ਬੁਰਾਈ ਨਹੀਂ, ਈਰਖਾ ਨਹੀਂ, ਦ੍ਵੈਖ ਨਹੀਂ, ਫਿਰ ਕੋਈ ਕਿਉਂ ਕਿਸੇ ਨੂੰ ਬੁਰਾ ਕਹੇਗਾ, ਨਿਰਾ ਆਪਣਾ ਢੰਡੋਰਾ ਦੇਣਾ ਹੈ।

ਅਡੋਲਕ ਸਿੰਘ—ਜੋ ਹੁਕਮ, ਜੋ ਆਗਜਾ ਸਤਿ ਬਚਨ! ਪਰੰਤੂ ਕਿਰਪਾ ਕਰਕੇ ਮੈਨੂੰ ਕੋਈ ਸਿਖਿਆ ਪ੍ਰਦਾਨ ਕਰੋ, ਜਿਸ ਕਰਕੇ ਇਸ ਕਾਰਜ ਕਰਨ ਜੋਗਾ ਹੋ ਜਾਵਾਂ।

ਮਹਾਂ ਪੁਰਖ—ਇਹ ਗਲ ਕੋਈ ਔਖੀ ਨਹੀਂ, ਪਹਿਲੇ ਗਲ ਹੈ ਕਹਿਣੀ। ਕਹਿਣੀ ਸੱਚ ਵਾਲੀ ਹੋਵੇ, ਚਾਲੀ ਸੋਹਣੀ ਹੋਵੇ, ਵਾਹਿਗੁਰੂ ਪ੍ਰੇਮ ਨਾਲ ਭਰੀ ਹੋਵੇ। ਸੋ ਭਾਈ ਗੁਰਦਾਸ ਜੀ ਭੱਲੇ ਦੀ ਕਹਿਣੀ ਵਲ ਧਿਆਨ ਰਖੋ, ਜਿਨ੍ਹਾਂ ਦੀ ਕਹਿਣੀ ਪਰ ਹਜ਼ਾਰਾਂ ਜੀਵਾਂ ਨੇ ਗੁਰਮਤ ਧਾਰਨ ਕੀਤੀ। ਜਿੱਥੇ ਜਿੱਥੇ ਭਾਈ ਜੀ ਨੇ ਪਵਿੱਤ੍ਰ ਰਸਨਾ ਤੋਂ ਦੈਵੀ ਗੁਣਾਂ ਕਰਕੇ ਪਰੀਪੂਰਤ ਬਚਨ ਉਚਰੇ ਉਥੇ ਹੀ ਅੰਮ੍ਰਿਤ ਦੀ ਵਰਖਾ ਹੋਈ। ਜਨਮਾਤ੍ਰਾਂ ਤੋਂ ਮੋਹ ਮਾਇਆ ਮਨਮੁਖਤਾ ਵਿਚ ਮੋਏ ਮਨ ਸੁਰਜੀਤ ਹੋਏ। ਏਥੋਂ ਤਾਈਂ ਕਿ ਬਨਾਰਸ ਵਿਚ ਬੜੇ ਬੜੇ ਪੰਡਤ ਅਤੇ ਵਿਦ੍ਵਾਨ ਰਾਜਾ ਸਮੇਤ ਇਨ੍ਹਾਂ ਦੇ ਹੀ ਸਤ ਧਰਮ ਦੇ ਉਪਦੇਸ਼ਾਂ ਕਰਕੇ ਗੁਰਮੁਖ ਹੋਏ, ਗੁਰਸਿੱਖੀ ਦੇ ਸ੍ਵਧੇ ਰਸਤੇ ਪਏ, ਵਾਦ ਵਿਵਾਦ ਕਰਨੇ ਵਾਲੇ ਹੰਕਾਰੀ ਵਿਦਜਾਵਾਨ ਲੋਕ ਸਭ ਮੰਨ ਗਏ ਅਤੇ ਨੰਮ੍ਰ ਹੋਏ, ਪੰਜਵੇਂ ਪਾਤਸ਼ਾਹ ਜੀ ਦੇ ਚਰਨੀਂ ਆਣ ਲੱਗੇ। ਜਿਸ ਭਾਈ ਗੁਰਦਾਸ ਦੀ ਬਾਣੀ ਸਤ ਧਰਮ ਗੁਰਮਤ ਆਦਿਕ ਗੁਣਾਂ ਕਰਕੇ ਪਰੀ-ਪੂਰਤ ਇਸ ਵੇਲੇ ਵੀ ਸੂਰਜ ਵਾਕਰ ਪ੍ਰਕਾਸ਼ ਰਹੀ ਹੈ, ਜਿਸ ਬਾਣੀ ਪ੍ਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਵਰ ਹੋ ਚੁਕਾ ਹੋਇਆ ਹੈ ਕਿ ਇਸ ਬਾਣੀ ਦੇ ਪੜ੍ਹਨੇ ਵਿਚਾਰਨੇ ਅਥਵਾ ਕੰਠ ਕਰਨੇ ਵਾਲੇ ਪੁਰਖ ਨੂੰ ਅਕਾਲ ਪੁਰਖ ਦੇ ਘਰੋਂ ਸਿੱਖੀ ਦਾਨ ਪ੍ਰਾਪਤ ਹੋਵੇਗਾ, ਤੁਸੀਂ ਵੀ ਉਨ੍ਹਾਂ ਸ਼ਤ ਪੁਰਖਾਂ ਦੇ ਦੈਵੀ ਗੁਣਾਂ ਅਤੇ ਕਰਮਾਂ ਦੇ ਪੂਰਨਿਆਂ ਪਰ ਚੱਲੋ। ਮਨ ਨੀਵਾਂ ਰੱਖੋ, ਮਤਿ ਸਤਿਗੁਰਾਂ ਦੇ ਪ੍ਰੇਮ ਵਿਚ ਉੱਚੀ ਕਰੋ, ਵਾਹਿਗੁਰੂ ਅਕਾਲ ਪੁਰਖ ਨੂੰ ਹਰ ਵੇਲੇ ਰਾਖੀ ਲਈ ਅੰਗ ਸੰਗ ਜਾਣੋ, ਕਰਤਾਰ ਭਲੀ ਕਰੇਗਾ।

ਦੂਜੀ ਗੱਲ ਨਿਰਲੋਭਤਾ ਹੈ ਸੋ ਭਾਈ ਗੜ੍ਹੀਏ ਜੀ ਦੀ ਨਿਰਲੋਭਤਾ ਵਲ ਧਿਆਨ ਰੱਖੋ। ਜਦ ਗੁਰੂ ਪੰਜਵੇਂ ਪਾਤਸ਼ਾਹ ਜੀ ਦੀ ਆਗਜਾ ਅਨੁਸਾਰ ਕਸ਼ਮੀਰ ਵਲ ਉਪਦੇਸ਼ ਕਰਨ ਲਈ ਗਏ ਸਨ, ਤਾਂ ਰਸਤੇ ਵਿਚ ਦੌਲਾ ਸ਼ਾਹ ਸਾਈਂ ਲੋਕ ਜੋ ਗੁਜਰਾਤ ਵਿਚ ਰਹਿੰਦਾ ਸੀ, ਬੜੀ ਪ੍ਰੇਮ ਭਾਵਨਾ ਨਾਲ ਮਿਲਿਆ। ਭਾਈ ਜੀ ਨੂੰ ਰਾਤ ਉਸ ਨੇ

Digitized by Panjab Digital Library | www.panjabdigilib.org

ਠਹਿਰਾਇਆ ਅਤੇ ਪਰਮਾਰਥ ਦੇ ਬਚਨ ਬਿਲਾਸ ਕਰਦਿਆਂ ਰਾਤ ਕੱਟੀ।ਗੁਰੂ ਸਾਹਿਬ ਜੀ ਦੀ ਵਡਜਾਈ ਸੁਣ ਸੁਣ ਕੇ ਦੌਲਾ ਸ਼ਾਹ ਅਤਿ ਪ੍ਰਸੰਨ ਹੋਇਆ ਅਤੇ ਸੁਖਮਨੀ ਸਾਹਿਬ ਸੁਣ ਕੇ ਤਾਂ ਗਦ ਗਦ ਹੋ ਗਿਆ । ਜਦ ਸਵੇਰੇ ਵਿਦਾ ਕਰਨ ਲਈ ਨਾਲ ਗਿਆ ਤਾਂ ਭਾਈ ਗੜ੍ਹੀਏ ਦੀ ਜੁੱਤੀ ਟੁੱਟੀ ਹੋਈ ਅਤੇ ਕਪੜੇ ਵੀ ਸਮਾਨ ਜੇਹੇ ਦੇਖਕੇ ਮਨ ਵਿਚ ਸੋਚਿਆ ਭਈ ਏਨ ਕਸ਼ਮੀਰ ਜਾਣਾ ਹੈ, ਉਥੇ ਤਾਂ ਬਾਹਲੇ ਕਪੜੇ ਦੀ ਲੋੜ ਪੈਣੀ ਹੈ ਤੇ ਇਹ ਸਿਖ ਗੁਜ਼ਾਰੇ ਵਲੋਂ ਸਮਾਨ ਹੀ ਨਜ਼ਰ ਆਉਂਦਾ ਹੈ, ਇਸ ਲਈ ਇਸ ਦੀ ਕੁਝ ਪਦਾਰਥ ਕਰਕੇ ਸੇਵਾ ਕਰਾਂ। ਇਹ ਸੋਚਕੇ ਕੁਝ ਸੋਨਾ ਚਾਂਦੀ ਦੇਣਾ ਚਾਹਿਆ, ਪਰ ਭਾਈ ਜੀ ਨੇ ਗੁਰੂ ਕੀ ਸ਼ਕਤੀਨਾਲ ਬਿਅੰਤ ਮਾਇਆ ਦੇ ਭੰਡਾਰ ਵਿਖਾਕੇ ਸਾਈਂ ਜੀ ਦਾ ਸਮੋਧ ਕੀਤਾ ਅਤੇ ਉਸਦਾ ਪਦਾਰਥ ਕੁਝ ਵੀ ਅੰਗੀਕਾਰ ਨਾ ਕੀਤਾ ਅਤੇ ਕਸ਼ਮੀਰ ਅੱਪੜਕੇ ਸਤਧਰਮ ਦਾ ਉਪਦੇਸ਼ ਦ੍ਰਿੜਾਇਆ । ਗੁਰਮਤ ਦੇ ਉਪਦੇਸ਼ ਦਿੱਤੇ । ਉਥੋਂ ਦੇ ਬ੍ਰਾਹਮਣਾਂ ਦੇ ਘਰ ਗੁਰ ਸਿੱਖੀ ਦਾ ਝੰਡਾ ਗੱਡਿਆ। ਜੋ ਸੰਗਤਾਂ ਵਲੋਂ ਗੁਰੂ ਕੀ ਕਾਰ ਭੇਟ, ਸੁੱਖਣਾ, ਦਸਵੰਧ, ਗੋਲਕ ਦਾ ਰੁਪੱਯਾ ਆਇਆ ਉਸ ਵਿਚ ਗੁਰੂ ਕੀ ਦੇਗ ਚਲਾਈ। ਜੋ ਆਵੇ ਸੋ ਵਰੋਸਾਵੇ।ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ । ਮੁਕਦੀ ਗੱਲ ਸੱਭੋ ਕੁਝ ਗੁਰੂ ਕੇ ਲੇਖੇ ਲਾਕੇ ਆਪ ਉਸੇ ਪਾਟੇ ਕੱਪੜੇ ਟੁੱਟੀ ਜੁੱਤੀ ਨਾਲ ਹੀ ਮਹਾਰਾਜ ਦੇ ਹਜ਼ੂਰ ਆਣ ਹਾਜ਼ਰ ਹੋਏ ਤਾਂ ਮਸੰਦਾਂ ਤੇ ਕਾਰਬਾਰੀਆਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਭਾਈ ਗੜ੍ਹੀਆ ਕਾਰ ਭੇਟ ਦਾ ਇਕ ਪੈਸਾ ਵੀ ਕਸ਼ਮੀਰੋਂ ਨਹੀਂ ਲਿਆਇਆ।

ਤਾਂ ਮਹਾਰਾਜ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ 'ਸਭੋ ਕੁਝ ਲਿਆਇਆ ਹੈ,ਮਨੂੰ ਸਭੋ ਕੁਝ ਪਹੁੰਚ ਗਿਆ ਹੈ, ਕੌਡੀ ਕੌਡੀ ਲੇਖੇ ਵਿਚ ਆ ਗਈ ਹੈ, ਤੁਸਾਂ ਭਾਈ ਜੀ ਨੂੰ ਕੁਝ ਨਹੀਂ ਪੁੱਛਣਾ' । ਸੋ ਭਾਈ ਜੀ ਤੁਸੀਂ ਨਿਰ-ਚਾਹਤਾ ਤੇ ਨਿਰਲੋਭਤਾ ਦੀ ਸਿੱਖਜਾ ਭਾਈ ਗੜ੍ਹੀਏ ਦੀ ਸਾਖੀ ਤੋਂ ਧਾਰਨ ਕਰੋ ਕਿਉਂਕਿ ਬਚਨ ਹੈ:—

"ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ ॥ ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥" [ਸਲੋ: ਕਬੀਰ ਜੀ

ਯਾਦ ਰੱਖੋ ! ਇਹ ਪੂਜਾ ਦੀ ਅੰਸ ਤੁਸਾਂ ਕਦੀ ਅੰਗੀਕਾਰ ਨਹੀਂ ਕਰਨੀ, ਜਦ ਇਹ ਅੰਸ ਕਿਤੇ ਆਪਣੇ ਵਰਤਣ ਵਿਚ ਆਈ ਉਸੇ ਵੇਲੇ ਹੀ ਗੁਰਮਤਵਾਲੀ ਬੁੱਧੀ ਭ੍ਰਿਸ਼ਟ ਹੋ ਜਾਏਗੀ।

<u>ਤੀਜੇ ਸੇਵਾ, ਭਗਤੀ ਤੇ ਉਪਕਾਰ:</u> ਸੋ ਭਾਈ ਕਨ੍ਹੱਯਾ ਜੀ ਦਾ ਕਰਨੀ ਵੱਲ ਧਿਆਨ ਰੱਖੋ ਕਿ ਜਿਸ ਵੇਲੇ ਸ੍ਰੀ ਅਨੰਦ ਪੁਰ ਸਾਹਿਬ ਤੁਰਕਾਂ ਤੇ ਪਹਾੜੀ ਰਾਜਿਆਂ ਨੇ ਘੇਰਿਆ ਹੋਇਆ ਸਾ ਅਤੇ ਜੁੱਧ ਜੰਗ ਲਈ ਥਾਈਂ ਥਾਈਂ ਮੋਰਚੇ ਬੰਦੀ ਹੋਈ ਹੋਈ ਸੀ ਤੇ ਨਿੱਤ ਲੜਾਈ ਲਗੀ ਰਹਿੰਦੀ ਸੀ,ਉਸ ਵੇਲੇ ਭਾਈ ਕਨ੍ਹੱਯਾ ਜੀ ਮੋਢੇ ਮਸ਼ਕ ਪਾਈ ਘਾਇਲਾਂ ਨੂੰ ਪਾਣੀ ਪਿਲਾਉਂਦੇ ਫਿਰਦੇ ਸੋ।ਜੀਕੁਰ ਆਪਣੀ ਵੱਲ ਦੇ ਸਿਖਾਂ ਦੀ ਸੇਵਾ ਕਰਦੇ ਸੋ ਉੱਕਰ ਹੀ ਦੁਸ਼ਮਨਾਂ (ਤੁਰਕਾਂ) ਦੇ ਘਾਇਲਾਂ ਦੀ ਵੀ ਸੇਵਾ ਕਰਦੇ ਸੋ। ਅਪਣਿਆਂ ਤੇ ਤੁਰਕਾਂ ਦੇ ਮੋਰਚਿਆਂ ਵਿਚ ਪਾਣੀ ਪਿਲਾਉਣਾ,ਫਟਾਂ ਤੇ ਪੱਟੀਆਂ ਬੰਨ੍ਹਣੀਆਂ ਆਦਿਕ ਸੇਵਾ ਕਰਦੇ ਰਹਿੰਦੇ ਸੋ । ਇਕ ਸਿੱਖ ਨੇ ਦਸਵੇਂ ਪਾਤਸ਼ਾਹ ਕਲਗੀਧਰ ਮਹਾਰਾਜ ਮੇਰੇ ਮਾਲਕ ਅਗੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ! ਅਸੀਂ

Digitized by Panjab Digital Library | www.panjabdigilib.org

ਤੁਰਕਾਂ ਨੂੰ ਮਾਰਨੇ ਹਾਂ ਅਤੇ ਭਾਈ ਕਨ੍ਹੱਯਾ ਜੀ ਉਨ੍ਹਾਂ ਦੇ ਮੂੰਹ ਵਿਚ ਪਾਣੀ ਚੋ ਚੋ ਕੇ ਜਿਵਾਉਂਦੇ ਫਿਰਦੇ ਹਨ, ਇਸ ਤਰ੍ਹਾਂ ਕਦ ਸਾਨੂੰ ਆਪਣੀ ਜਿੱਤ ਦੀ ਆਸ ਹੋ ਸਕਦੀ ਹੈ। ਇਸ ਪਰ ਮਹਾਰਾਜ ਜੀ ਨੇ ਬੁਲਾਕੇ ਭਾਈ ਜੀ ਨੂੰ ਪੁੱਛਿਆ ਤਾਂ ਸਜਲ ਨੇਤ੍ਰਾਂ ਨਾਲ ਹੱਥ ਜੋੜਕੇ ਅਰਜ਼ ਕੀਤੀ—ਜੀ ਸੱਚੇ ਪਾਤਸ਼ਾਹ! ਏਹ ਤੇਰਾ ਖੇਲ ਹੈ, ਆਪ ਕਰ ਰਹੇ ਹੋ ਅਤੇ ਮੈਨੂੰ ਤਾਂ ਦੋਹੀਂ ਲਾਂਭੀ ਆਪ ਹੀ ਆਪ ਜਾਪਦੇ ਹੋ, ਇਸ ਲਈ ਆਪਦੀ ਸੇਵਾ ਹੈ, ਅੱਗੇ ਜੋ ਹੁਕਮ ਹੋਵੇ।

ਇਸ ਬੇਨਤੀ ਪਰ ਸਾਹਿਬ ਪ੍ਰਸੰਨ ਹੋਏ, ਕ੍ਰਿਪਾ ਦ੍ਰਿਸ਼ਟੀ ਕਰਕੇ ਸਿਰ ਤੇ ਹੱਥ ਰੱਖਿਆ ਅਤੇ ਬਚਨ ਕੀਤਾ ਤੇਰੀ ਘਾਲ ਪੂਰੀ ਹੋਈ। ਹੁਣ ਜਾਓ ਹੋਰਨਾਂ ਨੂੰ ਵੀ ਨਾਮ ਜਪਾਓ, ਸੇਵਾ ਭਗਤੀ ਵਿਚ ਲਾਓ।

ਭਾਈ ਜੀ ਅਨਭੈ ਦੇ ਕਪਾਟ ਖੋਲ੍ਹਕੇ ਸਾਹਿਬਾਂ ਦਾ ਹੁਕਮ ਸਿਰ ਤੇ ਰੱਖ ਕੇ ਆਪਣੇ ਵਤਨ ਪੰਜਾਬ ਵਿਚ ਆ ਗਏ*। ਜੋ ਜੋ ਪੁਰਖ ਇਨ੍ਹਾਂ ਦੀ ਸੰਗਤ ਵਿਚ ਆਏ ਭਾਇ-ਭਗਤੀ ਸੇਵਾ ਤੇ ਪਰਉਪਕਾਰ ਦਾ ਪ੍ਰਤੱਖ ਨਮੂਨਾ ਬਣ ਗਏ। ਇਨ੍ਹਾਂ ਦੀ ਸੰਪ੍ਰਦਾਇ ਹੀ ਅੱਡਣਸ਼ਾਹੀ ਅਥਵਾ ਸੇਵਾ ਪੰਥੀ ਕਰਕੇ ਵਿਦਮਾਨ ਹੈ। ਆਪਣੇ ਹੱਥਾਂ ਦੀ ਮਿਹਨਤ ਕਰਕੇ ਟੁਕੜਾ ਛਕਣਾ, ਹੋਰ ਧਰਮਾਰਥ ਦਾ ਆਇਆ ਪਦਾਰਥ ਗੁਰੂ ਕੇ ਲੇਖੇ ਲਾਉਣਾ, ਆਪ ਉਸ ਵਿਚੋਂ ਅੰਗੀਕਾਰ ਨਹੀਂ ਕਰਨਾ। ਥਲੀ ਵਿਚ ਜਿਥੇ ਪਾਣੀ ਨਹੀਂ ਲੱਭਦਾ ਇਨ੍ਹਾਂ ਮਹਾਂ ਪੁਰਖਾਂ ਦੇ ਉੱਦਮ ਨਾਲ ਬਹੁਤੀ ਥਾਈਂ ਟੋਭੇ ਖੱਟੇ ਹੋਏ ਵਿਦਮਾਨ ਹਨ ਜਿੱਥੇ ਵਰਖਾ ਦਾ ਜਲ ਜਮ੍ਹਾਂ ਹੋਕੇ ਹਜ਼ਾਰਾਂ ਜੀਵਾਂ ਦਾ ਜੀਵ ਦਾਨ ਹੁੰਦਾ ਹੈ। ਇਕੁਰ ਹੀ ਬਹੁਤ ਪਿੰਡਾਂ ਗਿਰਾਵਾਂ ਵਿਚ ਧਰਮਸਾਲਾਂ ਹਨ, ਜਿੱਥੇ ਮੁਸਾਫਰਾਂ ਨੂੰ ਪੱਕੀ ਰੋਟੀ, ਆਰਾਮ ਕਰਨ ਲਈ ਮੰਜਾ, ਬਿਸਤ੍ਰਾ, ਮੁੱਠੀ ਚਾਪੀ ਆਦਿਕ ਆਗਤ ਭਾਗਤ ਹੁੰਦੀ ਰਹਿੰਦੀ ਹੈ। ਰੋਗੀਆਂ ਦੇ ਇਲਾਜ ਅਤੇ ਪੱਥ ਆਦਿਕਾਂ ਦੀ ਸੇਵਾ, ਅੰਗ ਹੀਣਾਂ ਦੀ ਪਾਲਨਾ ਆਦਿਕ ਪਰਉਪ-ਕਾਰ ਦੇ ਸੋਮੇ ਚਲਦੇ ਹਨ। ਹੋਰ ਭੀ ਭਜਨ ਬਾਣੀ ਕਥਾ ਕੀਰਤਨ ਵਿਦ੍ਯਾ ਸਤ ਧਰਮ ਦੇ ਉਪਦੇਸ਼ ਦਾ ਭੀ ਪ੍ਰਵਾਹ ਚੱਲਦਾ ਹੈ। ਭਾਵੇਂ ਅਜ ਕਲ ਸਮੇਂ ਦੇ ਫੇਰ ਨਾਲ ਇਹ ਗੱਲਾਂ ਢਿੱਲੀਆਂ ਪੈਣ ਲੱਗ ਗਈਆਂ ਹਨ, ਪਰ ਫਿਰ ਭੀ ਭਾਈ ਕਨ੍ਹੱਯੇ ਦੀ ਕਮਾਈ ਦਾ ਚਾਨਣਾਂ ਅਜੇ ਤੱਕ ਚਮਕਦਾ ਹੈ।

ਚੌਥੇ ਧੀਰਜ ਤੇ ਖਿਮਾਂ, ਸੋ ਭਾਈ ਫੇਰੂ ਜੀ ਸੱਚੀ ਦਾੜ੍ਹੀ ਜੀ ਦਾ ਚਿਤ ਵਿਚ ਚੇਤਾ ਰੱਖੋ। ਆਪ ਸੱਤਵੇਂ ਸਾਹਿਬਾਂ ਦੇ ਹੁਕਮ ਅਨੁਸਾਰ ਨੱਕੇ ਵਿਚ ਉਪਦੇਸ਼ ਦਾ ਕੰਮ ਕਰਦੇ ਸੋ। ਜਿਸ ਮਹਾਂ ਪੁਰਖ ਦੇ ਉੱਦਮ ਅਤੇ ਉਪਦੇਸ਼ ਤੋਂ ਵਰੋਸਾਏ ਹੋਏ ਹਜ਼ਾਰਾਂ ਲੋਕਾਂ ਨੇ ਗੁਰਮਤ ਅੰਗੀਕਾਰ ਕੀਤੀ। ਸਤਮਾਰਗ ਦੇ ਰਾਹੀ ਬਣੇ ਅਤੇ ਆਪਣੀਆਂ ਜ਼ਿੰਦਗੀਆਂ ਪਵਿੱਤ੍ਰ ਕਰਕੇ ਇਸ ਲੋਕ ਵਿਚ ਨਮੂਨੇ ਦਿਖਾਏ। ਇਸ ਧੀਰਜੀ ਪੁਰਖ ਦੇ ਉਪਕਾਰ ਸੰਸਾਰ ਵਿਚ ਬੜੇ ਉੱਘੇ ਹਨ। ਇਕ ਵਾਰ ਦਸਵੇਂ ਪਾਤ-ਸ਼ਾਹ ਮੇਰੇ ਸੱਚੇ ਮਾਲਕ ਨੇ ਮਸੰਦਾਂ ਦੀ ਸੋਧਨਾ ਕਰਕੇ ਭਾਈ ਫੇਰੂ ਜੀ ਲਈ ਹੁਕਮ ਕੀਤਾ ਕਿ ਮੁਸ਼ਕਾਂ ਬੰਨ੍ਹਕੇ ਦਾੜ੍ਹੀਓਂ ਫੜਕੇ ਲਿਆਓ। ਜਦ ਇਹ ਹੁਕਮ ਨਾਮਾ ਭਾਈ ਜੀ ਦੇ ਪਾਸ ਪੁੱਜਾ ਤਾਂ ਆਪ ਉਸ ਵੇਲੇ ਤ੍ਰੈਬੀ ਹੱਥ ਵਿਚ ਲਈ ਜੰਗਲ ਵੱਲ ਜਾ ਰਹੇ ਸਨ, ਮੇਵੜੇ ਨੇ ਉਥੇ ਹੀ ਹੁਕਮਨਾਮਾ ਦੇ ਦਿੱਤਾ, ਭਾਈ ਜੀ ਨੇ ਬੜੇ ਅਦਬ ਨਾਲ ਮੱਥਾ ਟੇਕਕੇ ਮੇਵੜੇ ਦੇ

*ਆਪ ਨੇ ਕਵੇ ਪਿੰਡ ਜਾ ਡੇਰਾ ਪਾਇਆ ਸੀ।

Digitized by Panjab Digital Library | www.panjabdigilib.org

ਪੈਰੀਂ ਹੱਥ ਲਾਕੇ ਸਤਿਕਾਰ ਨਾਲ ਹੁਕਮ-ਨਾਮਾ ਖੋਲ੍ਹਕੇ ਪੜ੍ਹਿਆ ਤਾਂ ਉਸੇ ਵੇਲੇ ਆਪਣੀ ਦਾੜ੍ਹੀ ਮੇਵੜੇ ਦੇ ਹੱਥ ਦੇ ਦਿੱਤੀ ਤੇ ਆਖਿਆ 'ਲੈ ਚੱਲੋ, ਧੰਨ ਮੇਰਾ ਮਾਲਕ ਹੈ, ਜੋ ਮੇਰੇ ਜਿਹੇ ਅਉਗੁਣਹਾਰਿਆਂ ਨੂੰ ਭੀ ਯਾਦ ਰੱਖਦਾ ਹੈ, ਮੈਂ ਅਲਪੱਗ ਜੀਵ ਭੁੱਲਣਹਾਰ ਹਾਂ, ਵਿਸਾਰ ਬੈਠਾ ਸਾਂ, ਪਰ ਮੇਰਾ ਮਾਲਕ ਐਸਾ ਦਯਾਲੂ ਤੇ ਕ੍ਰਿਪਾਲੂ ਹੈ ਉਹ ਨਹੀਂ ਵਿਸਾਰਦਾ।' ਮੇਵੜੇ ਨੇ ਆਖਿਆ ਇੱਥੋਂ ਆਪ ਇਸੇ ਤਰ੍ਹਾਂ ਚਲੇ ਚੱਲੋ, ਹਜ਼ੂਰ ਪਾਸ ਚੱਲਕੇ ਹੁਕਮ ਅਨੁਸਾਰ ਕੀਤਾ ਜਾਏਗਾ, ਪਰ ਭਾਈ ਜੀ ਦਾ ਸਿਦਕ ਇਹ ਗੱਲ ਮੰਨਣ ਨਹੀਂ ਸੀ ਦਿੰਦਾ। ਬਾਰੰ-ਬਾਰ ਇਹੋ ਕਹਿੰਦੇ ਹਨ ਕਿ ਮਹਾਰਾਜ ਦੇ ਹੁਕਮ ਅਨੁਸਾਰ ਲੈ ਚੱਲੋ। ਓੜਕ ਇਸੇ ਸੂਰਤ ਵਿਚ ਮਹਾਰਾਜ ਜੀ ਦੇ ਹਾਜ਼ਰ ਹੋਏ ਤਾਂ ਬਚਨ ਹੋਇਆ, "ਆਓ ਭਾਈ ਫੇਰੂ ਸੱਚੀ ਦਾੜ੍ਹੀ! ਤੇਰੇ ਸਾਂਗੇ ਲਗਕੇ ਸੰਗਤਾਂ ਦਾ ਉਧਾਰ ਹੋਵੇਗਾ।" ਆਪ ਸੱਚੇ ਮਾਲਕ ਨੇ ਮੁਸ਼ਕਾਂ ਖੋਲ੍ਹੀਆਂ ਤੇ ਸਤਿਕਾਰ ਨਾਲ ਬਿਠਾਇਆ। ਭਾਈ ਜੀ ਇਸ ਵੇਲੇ ਪ੍ਰੇਮ ਭਰੀ ਬਿਹਬਲਤਾ ਕਰਕੇ ਨੇਤ੍ਰਾਂ ਤੋਂ ਜਲ ਦਾ ਪ੍ਰਵਾਹ, ਕੰਠ ਦੀ ਰੁਕਾਵਟ, ਪਸੀਨੇ ਵਿਚ ਤਰ-ਬਤਰ, ਚਿਤ ਵਿਚ ਭੈ, ਨੇਤ੍ਰਾਂ ਵਿਚ ਲੱਜਾ, ਮਨ ਵਿਚ ਮਹਾਂਰਾਜ ਦੀ ਪ੍ਰਸੰਨਤਾ ਦੀ ਉਮੰਗ, ਸਰੀਰ ਵਿਚ ਸਿਥਲਤਾ, ਹਿਰਦੇ ਵਿਚ ਗ਼ਰੀਬੀ, ਸੁਰਤ ਵਿਚ ਸ਼ਬਦ ਜੋੜੇ ਹੋਏ ਬੇਵਸੇ ਹੋਕੇ ਮਹਾਰਾਜ ਜੀ ਦੇ ਚਰਨਾਂ ਤੇ ਡਿੱਗੇ*। ਨੇਤ੍ਰਾਂ ਦੇ ਪ੍ਰਵਾਹ ਨਾਲ ਮਹਾਰਾਜ ਜੀ ਦੇ ਚਰਨ ਧੋ ਦਿੱਤੇ। ਮਹਾਰਾਜ ਜੀ ਨੇ ਸਿਰ ਚੁਕਕੇ ਦਿਲਾਸੇ ਨਾਲ ਉਠਾਇਆ, ਗਲ ਨਾਲ ਲਾਇਆ ਤੇ ਬਚਨ ਕੀਤਾ:—'ਤੂੰ ਸੰਗਤਾਂ ਦਾ ਮੋਹਰੀ ਹੋਕੇ ਸੰਗਤ ਸਾਹਿਬ ਹੋਵੇਂਗਾ'।

ਇਥੋਂ ਤੈਨੂੰ ਇਹ ਗੁਣ ਕੱਢ ਲੈਣੇ ਚਾਹੀਦੇ ਹਨ ਕਿ ਜੀਕੁਰ ਮਾਲਕ ਦੇ ਹੁਕਮ ਮੰਨਣ ਅਤੇ ਜਗਤ ਦੀ ਕਾਣ ਚੁਕਾ ਦੇਣ ਵਿਚ ਧੀਰਜ ਅਤੇ ਲੋਕਾਂ ਦੇ ਕਬੋਲ ਕਲਪਤ ਅਨੇਕ ਪ੍ਰਕਾਰ ਦੇ ਬਚਨਾਂ ਪਰ ਖਿਮਾਂ, ਤਿਸ ਪਰ ਅਪਣਾ ਨਿਸਚਾ, ਭਰੋਸਾ ਤੇ ਸਿਦਕ ਅਡੋਲ ਸਗੋਂ ਪਲ ਪਲ ਵਿਚ ਪ੍ਰੇਮ ਵਧਦਾ ਗਿਆ। ਇੱਕੁਰ ਹੀ ਤੈਨੂੰ ਚਾਹੀਏ ਕੋਈ ਔਕੜ ਸੌਕੜ ਆ ਬਣੇ ਤਾਂ ਅਡੋਲ ਧੀਰਜੀ ਅਤੇ ਕਰਤਾਰ ਦੇ ਭਾਣੇ ਤੇ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਹੀਂ।

ਪੰਜਵੇਂ ਨਿਰਵਿਕਾਰ ਹੋ ਜਾਓ। ਸੋ ਇਹ ਸਿਖਿਆ ਸ੍ਰੀ ਸਤਿਗੁਰੂ ਆਦਿ ਪਾਤਿਸ਼ਾਹ ਸ੍ਰੀ ਗੁਰੂਨਾਨਕਦੇਵ ਅਤੇ ਸੱਚੇਪਾਤਿਸ਼ਾਹ ਕਲਗ਼ੀ-ਧਰ ਮੇਰੇ ਮਾਲਕ ਪਾਸੋਂ ਲੈ ਕਿ ਜਦੋਂ ਸਿੰਗਲਾਦੀਪ ਵਿਚ ਰਾਜੇ ਸ਼ਿਵਨਾਭ ਨੇ ਰਾਤ ਦੀ ਸੇਵਾ ਕਰਨ ਲਈ ਸੁੰਦਰ ਇਸਤ੍ਰੀਆਂ ਭੇਜੀਆਂ ਤਾਂ ਉਸ ਵੇਲੇ ਆਪ ਨੇ ਉਹਨਾਂ ਇਸ-ਤ੍ਰੀਆਂ ਨੂੰ ਸਤਮਾਰਗ ਦਾ ਉਪਦੇਸ਼ ਦ੍ਰਿੜਾਕੇ ਮੁਕਤ ਰੂਪ ਕਰਕੇ ਇਹ ਕਹਿਆ:—

"ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੇਤ ਸਵਾਰਿ ॥"

ਇਕੁਰ ਹੀ ਦਸਵੇਂ ਪਾਤਸ਼ਾਹ ਨੇ ਅਨੂਪ ਕੌਰ ਦੇ ਕਿਸੇ ਵਿਕਾਰੀ ਬਚਨ ਨੂੰ ਪ੍ਰਵਾਨ ਨਾ ਕੀਤਾ ਅਤੇ ਇਸਤ੍ਰੀ ਬ੍ਰਤ ਧਰਮ ਪਰਬਾਇ ਐਸੇ ਵਾਕ ਉਚਾਰੇ:—

"ਸੁਧ ਜਬ ਤੇ ਹਮ ਧਰੀ ਬਚਨ ਗੁਰਦਏ ਹਮਾਰੇ ॥ ਪੁਤ ਇਹੈ ਪ੍ਰਨਿ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥ ਨਿਜੁ ਨਾਰੀ ਕੇ ਸਾਥ

*ਭਾਈ ਫੇਰੂ ਜੀ ਨਿਰਵਾਸ ਨਿਰਚਾਹ ਨਾਮੀ ਪੁਰਖ ਸੇ, ਨਾਮ ਬਾਣੀ ਦ੍ਰਿੜਾਉਂਦੇ ਤੇ ਮਨੂਰ ਮਨ ਕੰਚਨ ਕਰਦੇ ਸੇ ਤੇ ਆਈ ਮਾਇਆ ਸਾਧ ਸੰਗਤ ਦੀ ਸੇਵਾ ਪਰ ਖਰਚਦੇ ਸੇ; ਇਸੇ ਕਰਕੇ ਮਹਾਰਾਜ ਜੀ ਉਨ੍ਹਾਂ ਪਰ ਪ੍ਰਸੰਨ ਸੇ।

Digitized by Panjab Digital Library | www.panjabdigilib.org

ਨੋਹੁ ਤੁਮ ਨਿਤ ਬਵੈਯਹੁ॥ ਪਰ ਨਾਰੀ
ਕੀ ਸੇਜ ਭੂਲਿ ਸੁਪਨੈ ਹੂੰ ਨ ਜੈਯਹੁ ॥"

ਇਜੇਹੇ ਸਤਿ ਧਰਮ ਦੇ ਪਰੀ ਪੂਰਤ ਬਚਨ ਕਹਿਕੇ ਅਨੂਪ ਕੌਰ ਨੂੰ ਨਿਰਵਿਕਾਰ ਕਰਨ ਲਈ ਉਪਦੇਸ਼ ਦਿੱਤੇ, ਪਰ ਆਪ ਅਡਿੱਗ ਤੇ ਅਡੋਲ ਵਿਕਾਰਾਂ ਤੋਂ ਰਹਿਤ ਰਹੇ। ਇਕੁ ਰਹੀ ਤੈਨੂੰ ਇਹਪੰਜ ਗੱਲਾਂ ਧਾਰਨ ਕਰਨੀਆਂ ਚਾਹੀਏ ਤੇ ਨਮੂਨੇਲਈ ਉਪਰਲਿਖੇ ਮਹਾਂ ਪੁਰਖਾਂ ਤੇਸਤਿ-ਗੁਰਾਂਦੇ ਕਾਰਨਾਮਿਆਂ ਵੱਲ ਧਿਆਨ ਰੱਖਣਾ ਚਾਹੀਏ। ਤਿਸ ਪਰ ਭੀ ਚੇਤੇ ਰਹੇ ਕਿ ਸਾਵ-ਧਾਨ ਰਹਿਕੇ ਇਸ ਤਰ੍ਹਾਂ ਨਿਰਵਿਕਾਰ ਹੋਕੇ ਵੀ ਕਦੀ ਇਹ ਨਹੀਂ ਮੰਨ ਬੈਠਣਾ ਕਿ ਮੈਂ ਤਿਆਗੀ ਹੋ ਗਿਆ ਹਾਂ, ਅਥਵਾ ਮੈਂ ਧੀਰਜੀ ਤੇ ਖਿਮਾਂ ਵਾਲਾ ਹਾਂ, ਕਿ ਮੈਂ ਉਪਕਾਰੀ ਯਾ ਮੈਂ ਅਚਾਹ ਹਾਂ, ਅਸੰਗ ਹਾਂ ਜਾਂ ਮੈਂ ਵਿਦਯਾ-ਵਾਨ ਗਿਆਨੀ ਗੁਣੀ ਹਾਂ। ਹਰ ਵੇਲੇ ਡਰਨਾ, ਡੋ ਕਰਨਾ ਤੇ ਇਹੋ ਅਰਦਾਸ ਕਰਨੀ: 'ਹੇ ਸੱਚੇ ਪਾਤਸ਼ਾਹ! ਇਹ ਤੇਰਾ ਕਾਰਜ ਹੈ, ਤੂੰਹੇਂ ਕਰਨ ਵਾਲਾ ਹੈਂ, ਤੂੰਹੇਂ ਸਹਾਇਕ ਹੈਂ, ਤੂੰਹੇਂ ਪ੍ਰੇਰਕ ਹੈਂ, ਤੂੰਹੇਂ ਮਾਲਕ ਹੈਂ, ਤੂੰ ਆਪ ਹੀ ਸਹਾਇਕ ਹੋ,ਆਪ ਹੀ ਕ੍ਰਿਪਾ ਕਰ,ਇਹ ਜੀਅ ਜੰਤ ਸਭ ਤੇਰੇ ਹਨ, ਇਨ੍ਹਾਂ ਨੂੰ ਸੁਮੱਤ ਬਖਸ਼, ਇਨ੍ਹਾਂ ਨੂੰ ਆਪਣੇ ਲੜ ਲਾਇਲਓ,ਆਪਣੇਪਿਆਰਿਆਂ ਭਗਤਾਂ ਦੀ ਖ਼ਰਾਇਤ ਮੈਂਦਾਸਨੂੰ ਸੁਮੱਤਦਾਨ ਬਖਸ਼ੋ,ਆਪਣੇ ਚਰਨੀ ਲਾਈ ਰੱਖੋ'ਆਦਿਕ।

ਸੰਗਤਾਂ ਨੂੰ ਗੁਰੂ ਕਾ ਵੱਗ ਸਮਝਣਾ, ਗੁਰੂ ਨੂੰ ਸੰਗਤਾਂ ਦਾ ਮਾਲਕ ਸਮਝਣਾ, ਆਪਣੇ ਆਪ ਨੂੰ ਇਵਾਣਾ ਛੋਟੂ ਸਮਝਣਾ। 'ਹਰੀ ਨਾਮ' ਦਾ ਹਰਿਆ ਘਾਸ ਚੁਗਾਉਣਾ,ਇਹ ਆਪਣੀ ਸੇਵਾ ਜਾਣਨੀ। ਜੋ ਹੁਕਮ ਮਾਲਕ ਦਾ ਹੋਵੇ ਉਹ ਸਿਰ ਧਰਕੇ ਮੰਨਣਾ, ਜੇ ਝਿੜਕ ਝੰਬ ਸਖਤੀ ਨਰਮੀ ਔਕੜ ਸੌਕੜ ਮਾਲਕ ਅਥਵਾ ਸੰਗਤ ਵੱਲੋਂ ਆ ਬਣੇ ਤਾਂ ਅਤੀ ਨੰਮ੍ਰ ਹੋਕੇ ਗੁਰੂ ਕੇ ਦੀਵਾਨ ਵਿਚ ਖੜੇ ਹੋਕੇ ਆਪਣੀ ਭੁੱਲ ਬਖਸ਼ਾਵਣੀ, ਆਪ ਨੂੰ ਸਦਾ ਭੁੱਲਣ-ਹਾਰ ਮੰਨਣਾ,ਸੁਰਤ ਸ਼ਬਦ ਦਾ ਮੇਲਾ ਰੱਖਣਾ, ਬਾਣੀ ਦੇ ਅਭਯਾਸ ਤੋਂ ਕੋਈ ਵੇਲਾ ਖਾਲੀ ਨਹੀਂ ਰੱਖਣਾ।ਉਸ ਦੀ ਹਰ ਇਕ ਦਾਤ ਉਤੇ ਹਰ ਵੇਲੇ ਬਲਿਹਾਰ ਹੋਣਾ। ਧੰਨਵਾਦ ਕਰਨਾ ਤੇ ਇਹ ਜਾਣਨਾ ਕਿ ਮੈਂ ਤਾਂ ਇਸ ਲਾਇਕ ਨਹੀਂ ਸਾਂ ਪਰ ਉਸ ਮਾਲਕ ਦੀ ਏਡੀ ਮਿਹਰ ਹੈ ਜੋ ਸਾਡੇ ਜਿਹਿਆਂ ਨੂੰ ਵੀ ਨਹੀਂ ਭੁਲਾ-ਉਂਦਾ, ਇਸ ਲਈ ਮੇਰਾ ਮਾਲਕ ਵੱਡਾ ਹੈ ਤੇ ਸਾਮਰਥਾ ਵਾਲਿਆਂ ਤੋਂ ਵੀ ਵੱਡਾ ਸਾਮ-ਰੱਥਾ ਵਾਲਾ ਹੈ ਤੇ ਮੈਂ ਨਿਮਕ ਹਰਾਮ ਉਸ ਦੇ ਉਪਕਾਰਾਂ ਨੂੰ ਭੁਲਾਈ ਜਾਂਦਾ ਹਾਂ, ਉਸ ਦੇ ਦਿੱਤੇ ਪਦਾਰਥਾਂ ਵਿਚ ਲਗ ਕੇ ਦਾਤਾਰ ਨੂੰ ਭੁੱਲਨਾ ਹਾਂ, ਇਹ ਮੇਰੀ ਕ੍ਰਿਤਘਨਤਾ ਹੈ।ਉਹ ਮਾਲਕ ਹਰ ਵੇਲੇ ਔਗੁਣਾਂ ਨੂੰ ਦੇਖਦਾ ਹੈ,ਫਿਰ ਦੇਣੋਂ ਕਦੀ ਫਰਕ ਨਹੀਂ ਪਾਉਂਦਾ,ਇਸਲਈ ਮੇਰਾ ਮਾਲਕ ਹਰ ਵੇਲੇ ਵਡਿਆਈ ਕਰਨ ਦੇ ਯੋਗ ਹੈ,ਜਸ ਕਰਨ ਦੇ ਯੋਗ ਹੈ,ਚੇਤੇ ਰੱਖਣ ਦੇ ਯੋਗ ਹੈ,ਬਲਿਹਾਰ ਅਤੇ ਕੁਰਬਾਨ ਹੋ ਜਾਈਏ ਇਜੇਹੇ ਵਡੇ ਮਾਲਕ ਦੇ ਨਾਮ ਤੋਂ' ਆਦਿਕ!

ਬਸ ਏਹ ਪੂੰਜੀ ਮਨ ਦੀ ਗੰਢੀ ਬੰਨ੍ਹੋ ਤੇ ਜੋ ਕਾਰਜ ਕਰਤਾਰ ਵਲੋਂ ਸਪੁਰਦ ਹੋਇਆ ਹੈ ਉਸ ਲਈ ਕਮਰਕੱਸਾ ਕਰਕੇ ਤਯਾਰ ਬਰ-ਤਯਾਰ ਹੋ ਜਾਓ। ਪਹਿਲੇ ਹਜ਼ੂਰ ਸਾਹਿਬ ਜੀ ਦੀ ਯਾਤ੍ਰਾ ਕਰੋ, ਉਥੇ ਮੇਰਾ ਮਾਲਕ ਹਰਇਕ ਆਪਣੇ ਸਿੱਖ ਨੂੰ ਬ੍ਰਿਧ ਅਵਸਥਾ ਤਕ ਉਡੀ-ਕਦਾ ਹੈ,ਕਿ ਕਦੋਂ ਸਨਮੁਖ ਹੋਕੇ ਆਉਂਦਾ ਹੈ ਤੇ ਆਕੇ ਆਪਣੇ ਕੀਤੇ ਕਰਮਾਂ ਦੀ ਤਨਖਾਹ ਬਖਸ਼ਾਉਂਦਾ ਹੈ। ਇਕੁਰ ਹੀ ਖੋਟੇ ਖਰੇ ਸੱਚੇ ਝੂਠੇ ਦੀ ਸੋਧ ਵੀ ਚੰਗੀ ਤਰ੍ਹਾਂ ਕਰਦਾ ਹੈ। ਹੁਣ

Digitized by Panjab Digital Library | www.panjabdigilib.org

ਤੂੰ ਏਥੋਂ ਕੂਚ ਕਰਕੇ ਭੁਸਾਵਲ ਪਹੁੰਚ ਅਤੇ ਉਥੋਂ ਅਕੋਲੇ ਜਾਵੀਂ, ਉਪਰੰਤ ਹਿੰਗੋਲੀ ਦੇ ਰਾਹ ਬਾਸਮ ਨੂੰ ਰਾਹ ਵਿਚ ਛੱਡਕੇ ਸ੍ਰੀ ਹਜ਼ੂਰ ਸਾਹਿਬ ਅਪੜ*, ਦੇਰ ਨਾ ਕਰ।ਸਤਿਗੁਰੂ ਨੂੰ ਸਦਾਅੰਗ।ਸੰਗਜਾਣੀਂ,ਕਦੀ ਅਵੇਸਲਾ ਨਾ ਹੋਵੀਂ।

ਅਡੋਲਕ ਸਿੰਘ ਇਹ ਸਾਰੀ ਵਾਰਤਾ ਦਿਲ ਦੇ ਕੰਨਾਂ ਨਾਲ ਅਡੋਲ ਅੰਗ ਸੁਣਦਾ ਰਿਹਾ ਅਤੇ ਮਨ ਦੀ ਸਮਝ ਨਾਲ ਸਮਝਦਾ ਰਿਹਾ ਅਤੇ ਹਿਰਦੇ ਵਿਚ ਇਸ ਉੱਤਮ ਸਿੱਖਿਆ ਨੂੰ ਪਰੋਈ ਗਿਆ। ਜਦ ਮਹਾਂ ਪੁਰਖ ਨੇ ਕਹਿਣ ਬਸ ਕੀਤੀ ਤਾਂ ਹਥ ਜੋੜੇ ਬੜੇ ਅਦਬ ਅਤੇ ਨਿੰਮ੍ਰਤਾ ਨਾਲ ਆਖਿਆ: ਜੀ,ਸਤਿ ਬਚਨ, ਆਪ ਜੈਸੇ ਸਤਿਪੁਰਸ਼ਾਂ ਦੇ ਬਚਨ ਸਤਿ ਹੋਣਗੇ ਅਤੇ ਉਹ ਸੱਚਾ ਮਾਲਕ ਕਲਗ਼ੀਆਂ ਵਾਲਾ ਜਿਸ ਦਾ ਏਹ ਕਾਰਜ ਹੈ—ਆਪਣੀ ਕਿਰਪਾ ਕਰਕੇ ਆਪ ਹੀ ਕਰਾਵੇਗਾ, ਹੋਰ ਮੈਂ ਕੀੜਾ ਤੁੱਛ ਜੀਵ ਕੀ ਕਰਨ ਜੋਗਾ ਹਾਂ; ਸੈਂਸਿਆਂ ਦੀ ਪੰਡ,ਭਰਮਾਂ ਦਾ ਖੂਹ,ਵਹਿਮਾਂ ਦੀ ਖਾਣੀ, ਨਿਖੇਧ ਤੇ ਨਾਲਾਇਕ ਹਾਂ, ਪਰੰਤੂ ਆਪ ਦੇ ਬਚਨ ਅੰਮ੍ਰਿਤ ਰੂਪ ਮੋਇਆਂ ਨੂੰ ਸੁਰਜੀਤ ਕਰਨ ਵਾਲੇ,ਕਾਇਰਾਂ ਦਾ ਲੱਕ ਬਨ੍ਹਾਕੇ ਜੰਗ। ਵਿਚ ਫਤੇ ਕਰਾਉਣ ਵਾਲੇ ਹਨ, ਇਨ੍ਹਾਂ ਦਾ ਆਸਰਾ ਲੈਕੇ ਅਕਾਲ ਪੁਰਖ ਦੇ ਭਾਣੇ ਵਿਚ ਚੜ੍ਹਾਈ ਕੀਤੀ ਜਾਂਦੀ ਹੈ।

ਘਰਿ ਬਾਹਰਿ ਤੇਰਾ ਭਰਵਾਸਾ
ਤੂ ਜਨ ਕੈ ਹੈ ਸੰਗਿ ॥

ਇਹ ਕਹਿ ਸੁਣਕੇ ਰੇਲ ਦਾ ਵੇਲਾ ਪੁੱਛ ਪੁਛਾ ਕੇ ਤਿਆਰੀ ਕਰਨ ਲੱਗੇ। ਇੰਨੇ ਤੱਕ ਚੇਤਾ ਆਇਆ ਕਿ ਮਹਾਂ ਪੁਰਖਾਂ ਦਾ ਨਾਮ ਤੇ ਪਤਾ ਮੁਕਾਮ ਤਾਂ ਪੁੱਛ ਲਵਾਂ। ਇਹ ਸੋਚ ਕੇ ਫਿਰ ਹਥ ਜੋੜ ਕੇ ਬੇਨਤੀ ਕੀਤੀ: ਮਹਾਰਾਜ ! ਭਾਵੇਂ ਇਹ ਭਾਰੀ ਬੇਅਦਬੀ ਦੀ ਗੱਲ ਹੈ,ਪਰ ਮਨ ਬਿਨਾਂ ਪੁੱਛੇ ਮੰਨਦਾ ਨਹੀਂ। ਕਿਰਪਾ ਕਰਕੇ ਦੱਸੋ ਕਿ ਆਪ ਦਾ ਪਵਿਤ੍ਰ ਨਾਮ ਕੀ ਹੈ, ਜਿਸ ਆਸਰੇ ਕਦੀ ਫਿਰ ਮਿਲਣ ਦੀ ਪਿਆਸ ਲੱਗੇ ਤਾਂ ਦਰਸ਼ਨ ਦੇ ਜਲ ਨਾਲ ਸ਼ਾਂਤ ਕਰ ਲਵਾਂ ?

ਮਹਾਂ ਪੁਰਖ—ਨਾਮ ਸਤਿਗੁਰਾਂ ਦਾ ਬਖਸ਼ਿਆ ਹੋਇਆ ਇਸ ਸਰੀਰ ਦਾ ਪ੍ਰੀਤਮ ਸਿੰਘ ਕਰਕੇ ਹੈ,ਪਰੰਤੂ ਮੇਲਾ ਹੁਕਮ ਨਾਲ ਹੁੰਦਾ ਹੈ।

'ਸਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹ'

ਇਸ ਲਈ ਫਿਰ ਦੀਦਾਰ ਮੇਲੇ ਦੀ ਕੋਈ ਆਸ ਨਾ ਰੱਖੋ, ਇਹ ਹੁਕਮ ਦੀ ਖੇਡ ਹੈ, ਇਹ ਸਾਹ ਭਰੀਆਂ ਖੱਲਾਂ ਹਨ ਕਿਆ ਜਾਣੀਐ ਸਾਹ ਆਵੇ ਕਿ ਨਾ ਆਵੇ, ਇਸ ਲਈ ਤੁਸੀਂ ਫਿਰ ਇਸ ਦੇਹ ਦੇ ਮੇਲੇ ਦੀ ਚਿੰਤਾ ਸੋਚ ਨਹੀਂ ਕਰਨੀ।

ਅਡੋਲਕ ਸਿੰਘ ਨੇ ਇਸ ਪੱਖ ਵਿਚ ਬਹੁਤ ਕੁਝ ਬੇਨਤੀ ਕੀਤੀ,ਪਰੰਤੂ ਭਾਈ ਪ੍ਰੀਤਮ ਸਿੰਘ ਜੀ ਨੇ ਇਕ ਵੀ ਨਾ ਮੰਨੀ। ਉਪਰੰਤ ਅਡੋਲਕ ਸਿੰਘ ਨੇ ਨਵਾ ਸਿੰਘ ਵਾਲੇ ਕਾਗਤਾਂ ਝਾਬਤ ਬੇਨਤੀ ਕੀਤੀ ਕਿ ਜੇ ਕਿਰਪਾ ਕਰਕੇ ਇਹ ਅੱਜ ਬਖਸ਼ੋ ਤਾਂ ਕਿਸੇ ਤਰ੍ਹਾਂ ਛਪਵਾਕੇ ਪ੍ਰਗਟ ਕੀਤੀ ਜਾਵੇ। ਇਸ ਬਾਤ ਪਰ ਮਹਾਂ ਪੁਰਖ ਨੇ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਕਾਗਤਾਂ ਦਾ ਮੁੱਠਾ ਹਵਾਲੇ ਕਰਕੇ ਆਖਿਆ ਕਿ ਇਹ ਉਨ੍ਹਾਂ ਸਿੰਘਾਂ ਦੀ ਵੀ ਭਾਵਨਾ ਸੀ, ਸੋ ਬਹੁਤ ਚੰਗੀ ਗੱਲ ਹੈ, ਤੁਸੀਂ ਕਿਤੇ ਉੱਦਮ ਕਰਕੇ ਛਪਵਾਕੇ ਸੰਗਤਾਂ ਵਿਚ ਪ੍ਰਗਟ ਕਰ ਦੇਣੇ, ਭਲਾ ਜੇ ਕੋਈ ਏਸੇ ਗੱਲੋਂ ਹੀ ਗੁਰਮਤ ਧਾਰਨ ਕਰ ਲਏ ਤਾਂ ਕੀ ਅਚਰਜ ਹੈ। ਇੰਨਾ ਕਹਿਕੇ ਵਿਦਾ ਕਰ ਦਿੱਤਾ ॥ ਇਤਿ॥

—o—

*ਏਹ ਹਜ਼ੂਰ ਸਾਹਿਬ ਦੇ ਰਸਤੇਦੇ ਦੇ ਟਿਕਾਣੇਹਨ।

Digitized by Panjab Digital Library | www.panjabdigilib.org

੨੦.

ਜੈ ਜੈ ਸੀਤਾ ਰਾਮ

ਸੂਚਨਾ—ਇਹ ਰਚਨਾ ਖਾਲਸਾ ਟ੍ਰੈਕਟ ਸੁਸੈਟੀ ਪਾਸ ਮੁੱਦਤਾਂ ਪਈ ਰਹੀ ਸੀ। ਅਸੂ ਸੰਃ ਨਾਃ ਬਾਃ ੪੬੪ (ਸਤੰਬਰ ੧੯੩੭) ਨੂੰ ਖਾਃ ਟ੍ਰੈਃ ਸੁਸੈਟੀ ਦੇ ਟ੍ਰੈਕਟ ਨੰਬਰ ੮੮੭ ਦੇ ਰੂਪ ਵਿਚ ਪ੍ਰਕਾਸ਼ੀ ਸੀ ਅਤੇ ਮੁੱਢ ਵਿਚ ਸਕੱਤ੍ਰ ਵਲੋਂ ਹੇਠ ਦਿਤੀ ਬਿਨਯ ਛਪੀ ਸੀ। [ਸੰਪਾਦਿਕ

ਬਿਨਯ—ਇਹ ਸਿਖਿਆਦਾਇਕ ਟ੍ਰੈਕਟ ਸ੍ਰੀਮਾਨ ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਲਿਖਿਤ ਹੈ ਜੋ ਸੁਸਾਇਟੀ ਦੇ ਕਾਗਜ਼ਾਤ ਵਿਚ ਪਿਆ ਸੀ। ਸਾਧ ਸੰਗਤ ਦੇ ਲਾਭ ਹਿਤ ਇਸ ਨੂੰ ਮੁਦ੍ਰਿਤ ਕੀਤਾ ਜਾਂਦਾ ਹੈ। [ਸਕੱਤ੍ਰ

Digitized by Panjab Digital Library | www.panjabdigilib.org

੧ ੐ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਜੈ ਜੈ ਸੀਤਾ ਰਾਮ

ਜੈ ਜੈ ਸੀਤਾਰਾਮ ! ਵਾਹ ਵਾਹ ਅੱਜ ਤਾਂ ਅਚਰਜ ਝਾਕੀ ਦੇ ਦਰਸ਼ਨ ਹਨ, ਇਹ ਤਾਂ ਆਪੇ ਆਪ ਹੀ ਗੱਫੇ ਲਗ ਰਹੇ ਹਨ।

ਪ੍ਰਸ਼ਾਦ ਛਕਣ ਵਾਲਾ—(ਕੁਝ ਤੰਗ ਜਿਹਾ ਹੋਕੇ) ਮੇਰੀ ਝਾਕੀ ਹੋਈ ਤੇ ਭਾਵੇਂ ਨਾ ਹੋਈ, ਪਰ ਆਪ ਦੀ ਅਜ ਬੋਲ ਚਾਲ ਪਲਟਾ ਖਾ ਗਈ ਹੈ, ਇਹ ਕੀ ਗਲ ਹੈ?

ਆਉਣ ਵਾਲਾ—ਉਹ ਕੀਕੁਰ ?

ਪ੍ਰਸ਼ਾਦ ਛਕਣ ਵਾਲਾ—ਆਪ ਹੀ ਆਪਣੇ ਜੀ ਵਿਚ ਕੰਘੀ ਮਾਰਕੇ ਦੇਖੋ।

ਆਉਣ ਵਾਲਾ—ਮੈਂ ਜੀ ਵਿਚ ਕੀਹ ਦੇਖਾਂ, ਪ੍ਰਤੱਖ ਆਪ ਦੇ ਦਰਸ਼ਨ ਅਨੋਖੇ ਰੰਗ ਢੰਗ ਵਿਚ ਦਿੱਸ ਰਹੇ ਹਨ।

ਪ੍ਰਸ਼ਾਦ ਛਕਣ ਵਾਲਾ—ਅਜੇ ਆਪ ਨੂੰ ਕੁਝ ਨਹੀਂ ਦਿੱਸਦਾ, ਜੇ ਦਿੱਸਦਾ ਹੁੰਦਾ ਤਾਂ ਆਪ ਫਤਹ ਨਾ ਬੁਲਾਉਂਦੇ।

ਆਉਣ ਵਾਲਾ—ਮੇਰੇ ਪਿਆਰੇ!ਮੈਂ ਬਹੁਤ ਚੰਗੀ ਤਰ੍ਹਾਂ ਦੇਖ ਕੇ 'ਜੈ ਜੈ ਸੀਤਾ ਰਾਮ' ਆਖਿਆ ਹੈ ਅਤੇ ਠੀਕ ਆਖਿਆ ਹੈ।

ਪ੍ਰਸ਼ਾਦ ਛਕਣ ਵਾਲਾ—ਭਾਈ ਸੇਵਕ ਸਿੰਘ ਜੀ ! ਓਹ ਆਪ ਨੇ ਚੰਗੀ ਤਰ੍ਹਾਂ ਕੀ ਦੇਖਿਆ, ਮੈਨੂੰ ਵੀ ਦਿਖਾਓ ?

ਸੇਵਕ ਸਿੰਘ—ਆਪ ਪਹਿਲੇ ਸਿਰ ਪਰ ਹੱਥ ਰੱਖੋ ਫਿਰ ਜੀ ਵਿਚ ਵਿਚਾਰਕੇ ਸੋਚੋ ਤਾਂ ਪਤਾ ਲੱਗੇ।

ਪ੍ਰਸ਼ਾਦ ਛਕਣ ਵਾਲਾ—ਆਹੋ, ਮੇਰੇ ਸਿਰ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਮੋਹਰ ਪ੍ਰਤੱਖ ਕੇਸ਼ ਵਿਦਮਾਨ ਹਨ। ਹੋਰ ਮੈਂ ਹੱਥ ਰੱਖਕੇ ਕੀਹ ਦੇਖਣਾ ਹੋਇਆ ਅਤੇ ਏਦੂੰ ਵਧਕੇ ਹੋਰ ਜੀ ਵਿਚ ਕੀ ਵਿਚਾਰ ਕਰਾਂ ?

ਸੇਵਕ ਸਿੰਘ—ਇਹ ਕੇਸ ਗੁਰੂ ਕੀ ਮੋਹਰ ਕੀਕੁਰ ਹਨ ? ਭਾਈ ਰਾਮ ਸਿੰਘ ਜੀ ! ਜ਼ਰਾ ਧੀਰਜ ਨਾਲ ਉੱਤਰ ਦਿਓ,ਘਬਰਾਓ ਨਹੀਂ, ਘੁੱਟ ਪਾਣੀ ਦਾ ਛਕ ਲਓ, ਤੰਗ ਨਾ ਹੋਵੋ,ਮੈਂ ਬੈਠਾ ਹਾਂ। ਤੰਗੀ ਵਿਚ ਆਕੇ ਪ੍ਰਸ਼ਾਦ ਛਕਣੋਂ ਵਿਰਵੇ ਨਾ ਰਹਿ ਜਾਣਾ।

ਰਾਮ ਸਿੰਘ—ਗੁਰੂ ਕਾ ਅੰਮ੍ਰਿਤ ਛਕਣ ਦੀ ਮੋਹਰ ਛਾਪ ਕੇਸ਼ ਹਨ ਤੇ ਇਹ ਮੋਹਰ ਤਾਂ ਬਿਨਾਂ ਸਿੱਖ ਦੇ ਹੋਰ ਕਿਸੇ ਨੂੰ ਨਹੀਂ ਲੱਗਦੀ?

ਸੇਵਕ ਸਿੰਘ—ਕੀ ਇਹ ਗੱਲ ਸੱਚ ਹੈ, ਤੁਸੀਂ ਅੰਮ੍ਰਿਤ ਛਕਿਆ ਹੋਇਆ ਹੈ ?

ਰਾਮ ਸਿੰਘ—ਹੱਥ ਉੱਚਾ ਕਰਕੇ ਇਹ ਦੇਖੋ ਅੰਮ੍ਰਿਤ ਛਕਣ ਦੀ ਨਿਸ਼ਾਨੀ, ਪੰਜਵੀਂ ਰਹਿਤ ਦਾ ਕੜਾ ਮੇਰੇ ਹੱਥ ਵਿਚ, ਕੱਛ ਮੇਰੇ ਤੇੜ, ਕੇਸ ਮੇਰੇ ਸਿਰ ਤੇ, ਕੰਘਾ ਤੇ ਕਰਦ ਮੇਰੀ ਦਸਤਾਰ ਵਿਚ ਹੈ।

ਸੇਵਕ ਸਿੰਘ—ਸ਼ਾਬਾਸ਼ ! ਇਹ ਬਹੁਤ ਠੀਕ ਹੈ, ਪਰ ਜੇਕਰ ਜਾਂਘੀਆ ਤੇੜ ਕਰਕੇ ਕੋਈ ਆਕੇ ਕਹੇ ਕਿ ਮੈਂ ਸਿੱਖ ਹਾਂ ਤਾਂ ਤੁਸੀਂ ਮੰਨ ਲਓਗੇ ਕਿ ਇਹ ਸੱਚ ਮੁਚ ਦਾ ਸਿੱਖਹੈ?

Digitized by Panjab Digital Library | www.panjabdigilib.org

ਰਾਮ ਸਿੰਘ–ਇਹ ਗੱਲ ਕਦੀ ਨਹੀਂ ਹੋ ਸਕਦੀ, ਜਦ ਤੱਕ ਉਸਦਾ ਨਿਸ਼ਚਾ ਭਰੋਸਾ ਤੇ ਵਰਤਾਰਾ ਨਾ ਦੇਖਿਆ ਜਾਏ ਕਿ ਸਿੱਖਾਂ ਵਾਲਾ ਹੈ ਕਿ ਨਕਲੀ ਹੈ, ਓਨਾਂ ਚਿਰ ਯਕੀਨ ਕਿਕੁਰ ਹੋ ਸਕਦਾ ਹੈ, ਭਈ ਇਹ ਸਿੱਖ ਹੈ।

ਸੇਵਕ ਸਿੰਘ–ਫਿਰ ਹੁਣ ਥੋੜ੍ਹਾ ਆਪ ਅਪਣੇ ਜੀ ਵਿਚ ਆਪਣੇ ਕਹੇ ਹੋਏ ਬਚਨਾਂ ਨੂੰ ਤੋਲੋ ਕਿ ਮੈਂ ਕੀ ਕੁਬਚਨ ਬੋਲਿਆ ਹੈ, 'ਜੈ ਜੈ ਸੀਤਾ ਰਾਮ' ਹੀ ਆਖਿਆ ਹੈ ਨਾ।

ਰਾਮ ਸਿੰਘ–ਭਾਈ ਜੀ! ਤੁਹਾਡੀਆਂ ਪੇਚਦਾਰ ਗੱਲਾਂ ਦਾ ਸਾਨੂੰ ਪਤਾ ਨਹੀਂ ਲੱਗਦਾ ਕਿ ਤੁਹਾਨੂੰ ਕੀ ਅਨੋਖਾ ਭਰਮ ਪੈਦਾ ਹੋਇਆ ਹੈ ਤੇ ਮੈਂ ਕੀ ਬੁਰੀ ਗੱਲ ਕਹੀ ਹੈ।

ਸੇਵਕ ਸਿੰਘ–ਬੁਰੀ ਗੱਲ ਤਾਂ ਆਪ ਨੇ ਕੋਈ ਨਹੀਂ ਕਹੀ, ਸਗੋਂ ਜੋ ਕੁਝ ਮੈਂ ਆਪ ਨੂੰ ਸਮਝਾਉਣ ਲਈ ਕਹਿਣਾ ਸੀ ਉਹ ਆਪ ਨੇ ਆਪਣੇ ਮੂੰਹੋਂ ਆਪ ਹੀ ਬਚਨ ਕਰ ਦਿੱਤਾ ਹੈ, ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਆਪ ਜਾਣਦੇ ਹੋ, ਸਮਝਦੇ ਹੋ ਅਤੇ ਕਹਿੰਦੇ ਹੋ ਫਿਰ ਨਹੀਂ ਸਮਝਦੇ ਅਤੇ ਨਿਕੰਮਾ ਦੋਸ਼ ਜੈ ਜੈ ਸੀਤਾ ਰਾਮ ਦੇ ਸਿਰ ਮੜ੍ਹੀ ਜਾਂਦੇ ਹੋ। ਗੁਰੂ ਕਿਰਪਾ ਕਰੇ ਤੇ ਆਪ ਨੂੰ ਸੋਖੀ ਤਰ੍ਹਾਂ ਸਮਝ ਵਿਚ ਆ ਜਾਵੇ ਤਾਂ ਕਾਰਜ ਰਾਸ ਹੋ ਜਾਣ।

ਰਾਮ ਸਿੰਘ–(ਹੈਰਾਨ ਹੋਕੇ) ਇਹ ਅਨੋਖੀ ਫਿਰੌਟੀ ਹੈ ਕਿ ਮੈਂ ਹੀ ਕਹਿਨਾ ਹਾਂ ਤੇ ਮੈਂ ਹੀ ਨਹੀਂ ਸਮਝਦਾ ਤੇ ਆਪ ਸਮਝਦੇ ਹੋ?

ਇੰਨੇ ਭਾਈ ਪ੍ਰਸਾਦ ਛਕਿਆ ਗਿਆ, ਦੁਲਾ ਕੀਤਾ ਗਿਆ, ਹਥ ਤੌਲੀਏ ਨਾਲ ਪੁੰਝਕੇ ਭਾਈ ਰਾਮ ਸਿੰਘ ਜੀ ਉੱਠਕੇ ਸੇਵਕ ਸਿੰਘ ਦੇ ਪਾਸ ਆ ਬੈਠੇ ਤੇ ਕਹਿਣ ਲੱਗੇ: 'ਸੁਨਾਓ ਕਿਸ ਤਰ੍ਹਾਂ ਆਏ ਹੋ?'

ਸੇਵਕ ਸਿੰਘ–ਆਏ ਤਾਂ ਐਵੇਂ ਹੁਕਮ ਨਾਲ ਹੀ ਸੇ, ਪਰ ਤੁਹਾਡੇ ਤੌਰ ਤਰੀਕੇ ਦੇਖ ਸੁਣਕੇ ਅਸੀਂ ਡਾਢੇ ਅਚਰਜ ਤੇ ਹੈਰਾਨ ਹੋਏਹਾਂ।

ਰਾਮ ਸਿੰਘ–ਜੀ, ਉਹ ਤਰੀਕੇ ਕੇਹੜੇ ਦੇਖੇ ਹਨ?

ਸੇਵਕ ਸਿੰਘ–ਰਾਮ ਸਿੰਘ! ਜੀ ਆਪ ਦਾ ਦਾਵਾ ਗੁਰੂ ਕਾ ਸਿੰਘ ਹੋਣ ਦਾ ਹੈ, ਹੱਥ ਵਿਚ ਕੜਾ ਤੇ ਤੇਜ਼ ਕੱਛ, ਸਿਰ ਤੇ ਕੇਸ ਦਿਖਾਕੇ ਭਰਾਵਾਂ ਨੂੰ ਇਕ ਤਰ੍ਹਾਂ ਦਾ ਧੋਖਾ ਦਿੰਦੇ ਹੋ, ਕਿ ਅਸੀਂ ਸਿਖ ਹਾਂ। ਜੇ ਪੁੱਛਿਆ ਜਾਂਦਾ ਹੈ ਤਾਂ ਸਿੱਖੀ ਦੇ ਸਬੂਤ ਵਿਚ ਅੰਮ੍ਰਿਤ ਛਕਣ ਦਾ ਦਬਾਉ ਦੇਕੇ ਕਹਿੰਦੇ ਹੋ ਕਿ ਨਿਸ਼ਚਾ ਭਰੋਸਾ ਸਿੱਖ ਦੀ ਪਛਾਣ ਹੈ ਤੇ ਆਪ ਸੁਖ ਨਾਲ ਇਸ ਗਲ ਤੋਂ ਕੋਹਾਂ ਦੂਰ ਵਾਲੇ ਮਹੱਲੇ ਪਾਸ ਵਸਦੇ ਹੋ।

ਰਾਮ ਸਿੰਘ–ਭਾਈ ਜੀ! ਆਪ ਦੇ ਬਚਨ ਕੁਝ ਐਸੇ ਪੇਚਦਾਰ ਹਨ ਜੋ ਸਾਡੀ ਸਮਝ ਵਿਚ ਨਹੀਂ ਆਉਂਦੇ, ਮੇਰੇ ਕਹੇ ਹੋਏ ਬਚਨ ਫੇਰ ਘੋਰਕੇ ਫੇਰ ਮੇਰੇ ਹੀ ਮੱਥੇ ਮੜ੍ਹਕੇ ਆਪ ਵੱਖਰੇ ਰਹਿੰਦੇ ਹੋ। ਕੀ ਇਹ ਜੋ ਮੈਂ ਆਖਿਆ ਹੈ ਕਿ ਸਿੱਖੀ ਦੀ ਪਛਾਣ ਨਿਸ਼ਚਾ ਭਰੋਸਾ ਸਿਦਕ ਆਦਿਕ ਵਸਤਾਂ ਹਨ, ਸੋ ਝੂਠ ਹੈ? ਜੇ ਹੈ ਤਾਂ ਕਿਰਪਾ ਕਰਕੇ ਜਿਹੜਾ ਹੋਰ ਕੋਈ ਸੱਚ ਹੈ, ਮੈਨੂੰ ਸਮਝਾ ਦਿਓ।

ਸੇਵਕ ਸਿੰਘ–ਕ੍ਰਿਪਾ ਨਾਥ ਜੀ! ਸੱਚ ਨੂੰ ਵੀ ਕਦੀ ਕੋਈ ਝੂਠ ਕਹਿ ਸਕਦਾ ਹੈ, ਦਿਨ ਦੀਵੀਂ ਚੜ੍ਹੇ ਹੋਏ ਸੂਰਜ ਨੂੰ ਕੋਈ ਕਹਿ ਸਕਦਾ ਹੈ ਕਿ ਨਹੀਂ ਚੜ੍ਹਿਆ ਹੋਇਆ, ਇਕੁਰ ਹੀ ਨਿਸ਼ਚਾ, ਭਰੋਸਾ, ਸ਼ਰਧਾ ਤੇ ਸਿਦਕ ਆਦਿਕ ਪਦਾਰਥ ਹੀ ਤਾਂ ਸਿੱਖੀ ਦੇ ਆਸਰਾ ਹਨ, ਜਿਨ੍ਹਾਂ ਕਰਕੇ ਸਿੱਖੀ ਨਿਭ ਸਕਦੀ ਹੈ। ਪਰੰਤੂ ਆਪ ਜੋ ਕੁਝ ਬਚਨ ਕਰ ਰਹੇ ਹੋ, ਸੋ ਆਪ

Digitized by Panjab Digital Library | www.panjabdigilib.org

ਰਤਾਕੁ ਸੋਚ ਕੇ ਉੱਤਰ ਦੇਣਾ ਭਈ ਉਹ ਚਿਹਨ ਸਿੱਖੀ ਦੇ ਜੋ ਆਪ ਨੇ ਹੀ ਕਹੇ ਹਨ ਉਹ ਆਪ ਦੇ ਵਰਤਨ ਅਰਥਾਤ ਕਮਾਉਣ ਵਿੱਚ ਆਉਂਦੇ ਹਨ ਕਿ ਨਹੀਂ ? ਜੇਕਰ ਇਹ ਆਪ ਆਪਣੇ ਲਈ ਦੇਖ ਸਕਦੇ ਹੋ ਤਾਂ ਮੇਰੇ ਸਾਰੇ ਫੇਰ ਫਾਰ ਆਪ ਸਮਝ ਲਓਗੇ, ਨਹੀਂ ਤਾਂ ਆਪ ਠੀਕ ਸਿੱਖੀ ਤੋਂ ਦੁਰਾਡੇ ਕਿਸੇ ਹੋਰ ਮਹੱਲੇ ਵਿਚ ਵੱਸਦੇ ਹੋ।

ਰਾਮ ਸਿੰਘ–(ਬਹੁਤ ਹੈਰਾਨ ਹੋਕੇ)ਮੈਂਆਪਣੇ ਅੰਮ੍ਰਿਤ ਛਕਣ ਦਾ ਸਬੂਤ ਦੇ ਚੁਕਾ ਹਾਂ, ਪੰਜਾਂ ਕਕਿਆਂ ਦੀ ਰਹਿਤ ਮੇਰੀ ਕੋਈ ਲੁਕੀ ਹੋਈ ਨਹੀਂ, ਪ੍ਰਾਤਾਕਾਲ ਉਠਕੇ ਸ਼ਨਾਨ ਪਾਠ ਵੀ ਅਵੱਸੋਂ ਕਰਦਾ ਹਾਂ,ਅਗੇ ਪਿਛੇ ਵੀ ਜਿਹੜਾ ਵਿਹਲਾ ਵੇਲਾ ਲੱਭਦਾ ਹੈ (ਗਲ ਵਿਚ ਪਈ ਮਾਲਾ ਵਲ ਹੱਥ ਕਰਕੇ) ਨਾਮ ਵੀ ਜਪਦਾ ਰਹਿੰਦਾ ਹਾਂ। ਹੋਰ ਵੀ ਜਿੱਥੇ ਕੋਈ ਜੋੜ ਜਾਗਾ ਸਤਿਸੰਗ ਮੇਲਾ ਗੁਰਪੁਰਬ ਹੋਵੇ ਸਰਦਾ ਬਣਦਾ ਤਨ ਧਨ ਹਾਜ਼ਰ ਕਰ ਹੀ ਦੇਈਦਾ ਹੈ। ਫਿਰ ਮੈਨੂੰ ਪਤਾ ਨਹੀਂ ਲਗਦਾ ਕਿ ਓਹ ਸਿੱਖੀ ਦੀ ਕਿਹੜੀ ਗਲ ਹੈ ਜਿਹੜੀ ਕਮਾਉਣ ਵਿਚ ਨਹੀਂ ਆਈ। ਆਪ ਏਵੇਂ ਮੇਰੇ ਨਾਲ ਦਿਲਲਗੀ ਕਰਦੇ ਹੋ। ਵਡੀ ਸਬੂਤੀ ਇਹ ਹੈ ਕਿ ਆਪ ਜਿਉਂ ਜਿਉਂ ਸੀਤਾਰਾਮ ਕਹਿੰਦੇ ਹੋ ਤਿਵੇਂ ਤਿਵੇਂ ਮੈਨੂੰ ਬੁਰਾ ਮਾਲੂਮ ਹੁੰਦਾ ਹੈ ਕਿ ਮੇਰੀਆਂ ਭੁੱਲਾਂ ਕੱਢਣ ਵਾਲੇ ਆਪ ਰਾਮ ਨਾਮੀਏਂ ਬਣੇ ਜਾਂਦੇ ਹਨ। ਵਾਹਿਗੁਰੂ ਜੀ ਦੀ ਫਤੇ ਕਹਿਣ ਦੀ ਹੁੰਦੀ ਆਪ ਨੇ ਚੇੜ ਪਕਾ ਛਡੀ ਹੈ–ਜੈ ਜੈ ਸੀਤਾਰਾਮ, ਵਾਹ ਧੰਨ ਸਿੱਖੀ ਹੈ।

ਸੇਵਕ ਸਿੰਘ–(ਜ਼ਰਾਕੁ ਮੁਸਕ੍ਰਾਕੇ) ਹੁਣ ਅਗੇ ਸਮਝ ਲਓ ਕਿ ਆਪ ਕੈਸੇ ਸਿਆਣੇ ਹੋ। ਹਥ ਵਿਚ ਮਿਸਾਲ ਜਗਦੀ ਹੋਈ ਲੈਕੇ ਦਿਨ ਵੇਲੇ ਖੂਹ ਵਲ ਉਲਰਦੇ ਹੋ, ਤਿਸ ਪਰ ਖੂਹ ਦੀ ਚੇਤਾਵਨੀ ਕਰਾਉਨਵਾਲੇ ਨੂੰ,ਉਲਟਾ ਖੂਹ ਵਿਚ ਡਿੱਗਣਾ ਦਸਦੇ ਹੋ। ਵਾਹ ਕੁਰਬਾਨ ਜਾਈਏ ਧੰਨ ਸਿੱਖੀ ਹੈ।

ਬਿਗਾਨੇ ਘਰੀਂ ਵਸਦੇ ਹੋਏ ਦੂਜਿਆਂ ਨੂੰ ਕਹਿੰਦੇ ਹੋ ਕਿ ਲੋਕੋ ! ਬਿਗਾਨੇ ਘਰੀਂ ਕਿਉਂ ਰਹਿੰਦੇ ਹੋ! ਭਾਈ ਰਾਮ ਸਿੰਘ ਜੀ ! ਆਪ ਨੇ ਸਿੱਖੀ ਨੂੰ ਨਿਰਾ ਤੋਤੇ ਵਾਕਰ ਜਾਣਕੇ ਚਾਰ ਗਲਾਂ ਕੰਠ ਕਰ ਰਖੀਆਂ ਹਨ ਤੇ ਨਾਮ ਦਾਨ ਇਸ਼ਨਾਨ ਦੇ ਪਿੰਜਰੇ ਵਿਚ ਬੈਠੇ ਹੋਏ ਉੱਚੀ ਉੱਚੀ ਕਹਿ ਰਹੇ ਹੋ–ਤੋਤਾ ! ਨਲਨੀ ਨੇ ਨਹੀਂ ਤੈਨੂੰ ਪਕੜਿਆ, ਤੂੰ ਨਲਨੀ ਨੂੰ ਪਕੜਿਆ ਹੈ, ਤੈਨੂੰ ਨਲਨੀ ਕਦੀ ਨਹੀਂ ਪਕੜ ਸਕਦੀ । ਪਰੰਤੂ ਜਦ ਪਿੰਜਰਿਓਂ ਨਿਕਲੇ ਤਦ ਵੀ ਨਲਨੀ ਪਰ ਬੈਠੇ ਇਹੋ ਦੁਹਾਈ ਦੇ ਰਹੇ ਹੋ ਕਿ ਤੋਤਾ ! ਤੈਨੂੰ ਨਲਨੀ ਕਦੀ ਨਹੀਂ ਪਕੜ ਸਕਦੀ । ਇੰਨੇ ਤਕ ਫੰਧਕ ਨੇ ਗਿਚੀਓਂ ਆਣ ਪਕੜਿਆ, ਪਰ ਸ਼ਾਬਾਸ਼ ਤੋਤਾ ! ਤੇਰੀ ਇਸ ਕਹਿਣੀ ਤੋਂ ਕਿ ਫੰਧਕ ਦੇ ਹੱਥ ਵਿਚ ਪਕੜਿਆ ਹੋਇਆ ਵੀ ਇਹੋ ਕਹਿੰਦਾ ਹੈਂ ਕਿ ਨਲਨੀ ਨਹੀਂ ਤੈਨੂੰ ਪਕੜ ਸਕਦੀ, ਤੂੰ ਆਪ ਨਲਨੀ ਨੂੰ ਛੱਡ ਦੇਹ । ਇਹ ਦ੍ਰਿਸ਼ਟਾਂਤ ਆਪ ਪਰ ਪੂਰਾ ਘਟਦਾ ਹੈ।

ਰਾਮ ਸਿੰਘ–ਮਹਾਰਾਜ ਜੀ!ਮੈਂ ਇਸ ਵੇਲੇ ਤੱਕ ਆਪ ਦੀ ਗੱਲ ਨਹੀਂ ਸਮਝ ਸਕਿਆ, ਬਤੇਰਾ ਸਿਰ ਖਪਾਇਆ, ਪਰ ਮਤਲਬ ਕੁਝ ਵੀ ਸਮਝ ਨ ਆਇਆ। ਚਲੋ ਜਾਣ ਦਿਓ ਕੋਈ ਹੋਰ ਗੱਲ ਕਰੋ,ਐਵੇਂ ਜੀ ਬੁਰਾ ਹੁੰਦਾ ਜਾਂਦਾ ਹੈ। ਇਸ ਗੱਲ ਵਿਚ ਕੀ ਧਰਿਆ ਪਿਆ ਹੈ। ਲਓ,ਤੁਸੀਂ ਪ੍ਰਸ਼ਾਦਿ ਛਕ ਲਓ, ਪਹਿਲੇ ਇਸ਼ਨਾਨ ਕਰ ਲਓ, ਠੰਢ ਪੈ

Digitized by Panjab Digital Library | www.panjabdigilib.org

ਜਾਏਗੀ, ਫਿਰ ਤੋਤਾ ਨਲਨੀ ਛੱਡ ਦੇਵੇਗਾ।

ਸੇਵਕ ਸਿੰਘ—ਵਾਹ ਬਲਿਹਾਰ ਜਾਈਏ? ਕੁਰਬਾਨ ਜਾਈਏ! 'ਇਸ ਕੂੜੇ ਨੂੰ ਇਥੇ ਹੀ ਦਬ ਦਿਓ' ਵਾਹ ਵਾਹ ਇਹੋ ਜਿਹੀਆਂ ਚਲਾਕੀਆਂ ਕਰਕੇ ਕਿਹੜੇ ਪਹਾੜ ਪਰ ਜਾਓਗੇ? ਹੁਣ ਤਾਂ ਪਿਆਰੇ ਜੀਓ! ਇਸ ਕੂੜੇ ਨੂੰ ਹੂੰਝ ਕੇ ਬਾਹਰ ਸਿੱਟਣਾ ਹੈ, ਨਾਕਿ ਇਸ ਨੂੰ ਦੱਬਣਾ ਹੈ, ਯਾ ਸਿੱਧੀ ਸਿੱਧੀ ਗੱਲ ਕਰੋ ਭਈ ਅੰਮ੍ਰਿਤ ਛਕਣਵੇਲੇ ਜੋ ਕੁਛਰਹਿਤ ਬਹਿਤ ਪਰਥਾਇ ਉਪਦੇਸ਼ ਹੋਇਆ ਸੀ ਉਹ ਆਪ ਦੀ ਸਾਰੀ ਧਾਰਨਾ ਠੀਕ ਹੈ ਕਿ ਨਹੀਂ, ਅਥਵਾ ਉਨ੍ਹਾਂ ਰਹਿਤਾਂ ਦਾ ਚੇਤਾ ਹੀ ਨਹੀਂ ਰਿਹਾ। ਇਕ ਕੰਨ ਵਿਚ ਪਈਆਂ ਦੂਜੇ ਵਿਚੋਂ ਨਿਕਲ ਗਈਆਂ।

ਰਾਮ ਸਿੰਘ—(ਇਸ ਗੱਲ ਪਰ ਬਹੁਤ ਝੁੰਝਲਾਇਆ ਤੇ ਕਹਿਣ ਲੱਗਾ) ਹੋਰ ਕੋਈ ਨਵੀਆਂ ਅਨੋਖੀਆਂ ਰਹਿਤਾਂ ਹਨ ਤਾਂ ਤੁਸੀਂ ਦੱਸ ਦਿਓ, ਅਸਾਨੂੰ ਤਾਂ ਇਹੋ ਆਉਂਦੀਆਂ ਹਨ ਜੋ ਅਸੀਂ ਧਾਰ ਰਹੇ ਹਾਂ, ਹੁਣ ਆਪ ਜਿਹੜੀਆਂ ਨਵੀਆਂ ਜਾਣਦੇ ਹੋ ਦੱਸੋ?

ਸੇਵਕ ਸਿੰਘ—(ਬੜੇ ਧੀਰਜ ਨਾਲ) ਇਹ ਵੇਲਾ ਤੰਗ ਹੋਣ ਦਾ ਨਹੀਂ ਅਤੇ ਇਸ ਤੰਗੀ ਤੁਰਸ਼ੀ ਨਾਲ ਇਸ ਗਲ ਦੇ ਵਲਾਂ ਵਿਚੋਂ ਨਿਕਲ ਨਹੀਂ ਸਕਦੇ। ਆਪ ਵਿਚਾਰ ਲਓ ਭਈ ਮੈਂ ਆਪ ਦਾ ਗੁਰੂ ਨਹੀਂ, ਮੈਂ ਪੰਥ ਨਹੀਂ ਭਈ ਤੁਹਾਡੀ ਤਾੜਨਾ ਕਰਨੀ ਹੈ। ਪ੍ਰੇਮ ਨਾਲ ਬਚਨ ਬਿਲਾਸ ਹੈ। ਆਪ ਕਹਿੰਦੇ ਕੁਝ ਹੋ ਤੇ ਕਮਾਉਂਦੇ ਕੁਝ ਹੋ, ਮੈਨੂੰ ਆਪ ਨਾਲ ਸਿਖੀ ਸੰਬੰਧ ਹੈ, ਜੇ ਇਕ ਭਿਰਾਉ ਕਿਤੇ ਕੋਈ ਭੁੱਲ ਕਰ ਬੈਠੇ ਤੇ ਦੂਜਾ ਜਣਾ ਦੇਵੇ ਭਈ ਇਹ ਗੁਰਮਤ ਨਹੀਂ, ਅਥਵਾ ਤੂੰ ਗੁਰਮਤ ਤੋਂ ਭੁੱਲਾ ਹੋਇਆ ਹੈਂ ਤਾਂ ਸਾਡਾ ਧਰਮ ਹੈ ਪਿਆਰ ਨਾਲ ਆਪਣੀ ਭੁੱਲ ਨੂੰ ਸੋਧੀਏ ਅਤੇ ਅਗੇ ਲਈ ਓਸ ਭੁੱਲ ਤੋਂ ਬਚਣ ਲਈ ਅਰਦਾਸਾ ਸੁਧਾਈਏ। ਸਤਿਗੁਰੂ ਦਾ ਬਚਨ ਹੈ 'ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ'॥ ਉਲਟਾ ਰੰਜ ਕਰਨਾ ਤੇ ਕਹਿਣ ਵਾਲੇ ਨੂੰ ਹੀ ਦੁਖਣ ਲਾਉਣਾ ਯੋਗ ਨਹੀਂ। ਜੇ ਕਦੀ ਦੋ ਦੀਵੇ ਜਗਦੇ ਹੋਏ ਆਮੋ ਸਾਹਮਣੇ ਕਰਕੇ ਰਖੀਏ ਤਾਂ ਦੁਹਾਂ ਦੀਵਿਆਂ ਦੀ ਪਿੱਠ ਦਾ ਹਨੇਰਾ ਦੂਰ ਕਰਕੇ ਪ੍ਰਕਾਸ਼ ਵਧ ਜਾਂਦਾ ਹੈ। ਇੱਕੁਰ ਹੀ ਜੇ ਕਦੀ ਅਸੀਂ ਸਿੱਖ ਲੋਕ ਆਪੋ ਵਿਚ ਦੀ ਆਪਣੀਆਂ ਭੁੱਲਾਂ ਨੂੰ ਸੋਧ ਸੋਧ ਕੇ ਕੱਢੀ ਜਾਈਏ ਤਾਂ ਖਾਲਸ ਕੁੰਦਨ ਹੋ ਜਾਈਏ, ਪਰ ਜੇਕਰ ਤੁਹਾਡੇ ਵਾਕਰ ਉਲਟੀਆਂ ਸਮਝ ਕੇ ਰੰਜ ਗੁੱਸਾ ਕਰਨ ਲੱਗ ਪਈਏ ਤਾਂ ਬੱਸ ਫਿਰ ਸਿੱਖੀ ਨੇ ਕਿਉਂ ਸੁਧਰਕੇ ਠੀਕ ਹੋਣਾ ਹੋਇਆ? ਇਕ ਦੂਜੇ ਨੂੰ ਜਦ ਕਹਿਣ ਪੁੱਛਣ ਦੀ ਸਮਾਈ ਕੁਝ ਨਾ ਹੋਈ ਤਾਂ ਗਰਕੀ ਆਈ। ਰਾਮ ਸਿੰਘ ਇਹ ਸਾਦੇ ਅਤੇ ਸੱਚੇ ਬਚਨ ਸੁਣ ਕੇ ਕੁਝ ਆਪਣੇ ਆਪ ਵਿਚ ਸ਼ਰਮਿੰਦਾ ਜਿਹਾ ਹੋ ਗਿਆ ਤੇ ਕਹਿਣ ਲੱਗਾ—ਇਹ ਜੋ ਕੁਝ ਆਪ ਕਹਿੰਦੇ ਹੋ ਸਭ ਸਚ ਹੈ, ਪਰ ਬੇਨਤੀ ਇਹ ਹੈ ਜੇ ਆਪ ਮੇਰੇ ਵਿਚ ਕੋਈ ਭੁੱਲ ਵੇਖਦੇ ਹੋ ਤਾਂ ਫਿਰ ਸਾਫ ਸਾਫ ਕਹਿ ਕਿਉਂ ਨਹੀਂ ਦਿੰਦੇ, ਉਲਟੀਆਂ ਪੁਲਟੀਆਂ ਗੱਲਾਂ ਬਣਾ ਬਣਾ ਕੇ ਐਂਵੇਂ ਛਿੱਥਿਆਂ ਪਏ ਕਰਦੇ ਹੋ, ਇਸ ਗੱਲ ਦਾ ਕੀ ਫਾਇਦਾ?

ਸੇਵਕ ਸਿੰਘ—ਮਹਾਰਾਜ! ਮੈਂ ਛਿਥਿਆਂ ਨਹੀਂ ਕਰਦਾ ਅਤੇ ਕਹਿਣ ਨਾਲੋਂ ਵੱਡੀ ਗੱਲ ਇਹ ਕਰਦਾ ਹਾਂ ਕਿ ਆਪ ਨੂੰ ਆਪ ਦੀ ਰਹਿਤ ਅੱਖਾਂ ਨਾਲ ਦਿਖਾਈ ਚਾਹੁੰਦਾ ਹਾਂ ਜਿਸ ਨੂੰ ਆਪ ਜਾਣ ਬੁੱਝ ਕੇ ਅੱਖਾਂ ਦੇ ਉਹਲੇ

Digitized by Panjab Digital Library | www.panjabdigilib.org

ਕਰੀ ਜਾਂਦੇ ਹੋ ਅਤੇ ਉਲਟਾ ਦੋਸ਼ ਮੇਰੇ ਸਿਰ ਥੱਪਦੇ ਹੋ। ਮੈਂ ਆਪਣੇ ਦੋਸ਼ਾਂ ਤੋਂ ਕਦੀ ਇਨਕਾਰੀ ਨਹੀਂ, ਪਰੰਤੂ ਆਪ ਮੁੱਕਰਦੇ ਅਤੇ ਲੁਕਾਉਂਦੇ ਹੋ, ਪਰ ਰਹਿਤ ਐਸੀ ਪਰਗਟ ਹੈ ਜੋ ਆਪ ਤੋਂ ਕਿਸੇ ਪ੍ਰਕਾਰ ਲੁਕ ਨਹੀਂ ਸਕਦੀ। ਵੱਡੀ ਲੁਕਾਉਣ ਵਾਲੀ ਕੰਧ ਛਿਥਿਹਾਣ ਸੀ, ਸੋ ਆਪ ਨੇ ਉਸਾਰੀ, ਪਰ ਇਹ ਕੰਧ ਸ਼ੀਸ਼ੇ ਦੀ ਨਿਕਲੀ, ਜਿਸ ਦੇ ਪਾਰ ਦੁਸਾਰ ਸਭ ਕੁਝ ਦਿੱਸ ਰਿਹਾ ਹੈ, ਪਰ ਵਡੇ ਅਫਸੋਸ ਦੀ ਇੱਕੋ ਗੱਲ ਹੈ ਕਿ ਆਪ ਅਜੇ ਤੱਕ ਵੀ ਨਹੀਂ ਦੇਖ ਸਕੇ।

ਰਾਮ ਸਿੰਘ ਕੁਝ ਚਿਰ ਤੱਕ ਕੁਝ ਸੋਚਦਾ ਰਿਹਾ, ਫਿਰ ਬੋਲਿਆ—ਭਈ ਇੰਨੀ ਗੱਲ ਦਾ ਪਤਾ ਲੱਗਦਾ ਹੈ ਕਿ ਕੁਝ ਗੱਲ ਜ਼ਰੂਰ ਹੈ, ਪਰ ਮੈਨੂੰ ਅਜੇ ਤੱਕ ਨਹੀਂ ਦਿੱਸੀ, ਤੁਸੀਂ ਕਿਰਪਾ ਕਰਕੇ ਦੱਸ ਦਿਓ ?

ਸੇਵਕ ਸਿੰਘ ਨੇ ਤੁਲਸੀ ਭਗਤ ਨੌਕਰ ਨੂੰ ਆਵਾਜ਼ ਮਾਰਕੇ ਆਖਿਆ—ਅੰਦਰੋਂ ਵੱਡਾ ਸ਼ੀਸ਼ਾ ਤਾਂ ਲੈ ਆਓ ਤੇ ਆਪ ਨਿੱਠਕੇ ਬੈਠ ਗਏ। ਨੌਕਰ ਅੱਖ ਦੇ ਫੋਰ ਵਿਚ ਸ਼ੀਸ਼ਾ ਲੈ ਆਇਆ ਤਾਂ ਸੇਵਕ ਸਿੰਘ ਨੇ ਸ਼ੀਸ਼ਾ ਹੱਥ ਵਿਚ ਪਕੜਕੇ ਆਪਣਾ ਚਿਹਰਾ ਦੇਖਿਆ। ਬੜਾ ਸੁੰਦਰ ਦਰਸ਼ਨੀਕ ਦਾੜ੍ਹਾ ਤੇ ਸਿੱਧਾ ਸਿੰਘਾਂ ਦਾ ਦਸਤਾਰਾ ਨਜ਼ਰੀਂ ਪਿਆ, ਫਿਰ ਸ਼ੀਸ਼ੇ ਨੂੰ ਮੂਧਿਆਂ ਕਰਕੇ ਰੱਖ ਦਿੱਤਾ ਅਤੇ ਆਖਿਆ:—ਭਾਈ ਜੀ! ਆਪ ਨੇ ਥੋੜ੍ਹਾਕੁ ਸੋਚਿਆ ਹੈ ਤਾਂ ਕੁਝ ਸ਼ਕ ਗਲਤੀ ਦਾ ਪੈਣ ਲੱਗ ਪਿਆ ਹੈ ਜੇ ਕਦੀ ਕੁਝ ਥੋੜਾ ਕੁ ਹੋਰ ਵੀ ਜੀ ਵਿਚ ਕੰਘੀ ਮਾਰੋ ਤਾਂ ਪ੍ਰੱਤਖ ਸਭ ਕੁਝ ਨਜ਼ਰ ਆਵੇਗਾ।

ਰਾਮ ਸਿੰਘ ਜੀ—ਮੈਂ ਬਹੁਤ ਹੀ ਹੈਰਾਨ ਹੋ ਗਿਆ ਹਾਂ, ਸੋਚ ਦੇ ਸਮੁੰਦਰ ਵਿਚ ਬਹੁਤ ਗੋਤੇ ਲਾਏ ਹਨ, ਪਰੰਤੂ ਹਥ ਕੁਝ ਨਹੀਂ ਆਇਆ। ਇਸ ਲਈ ਮੈਂ ਹੁਣ ਹੱਥ ਜੋੜਕੇ ਕਹਿਨਾ ਹਾਂ ਤੁਸੀਂ ਹੀ ਕਹੋ, ਮੇਰੀ ਬੁਧੀ ਨਹੀਂ ਅੱਪੜ ਸਕਦੀ।

ਸੇਵਕ ਸਿੰਘ ਨੇ ਹਥਲਾ ਸ਼ੀਸ਼ਾ ਰਾਮ ਸਿੰਘ ਦੇ ਸਾਹਮਣੇ ਕਰਕੇ ਆਖਿਆ: ਜ਼ਰਾ ਦੇਖੋ ਭਈ, ਜੋ ਸੂਰਤ ਇਸ ਦੇ ਅੰਦਰ ਦਿਸਦੀ ਹੈ ਕੀਹ ਅੰਮ੍ਰਿਤ ਛਕਣ ਵੇਲੇ ਵੀ ਇਹੋ ਤੇ ਇਸੇ ਹੀ ਰੂਪ ਵਿਚ ਸੀ ਕਿ ਹੁਣ ਕੁਝ ਕਿਸੇ ਗੱਲ ਦਾ ਫਰਕ ਪੈ ਗਿਆ ਹੈ ?

ਰਾਮ ਸਿੰਘ—ਸੂਰਤ ਤਾਂ ਓਹੋ ਹੈ, ਪਰ ਓਸ ਵੇਲੇ ਸਿਰ ਪਰ ਦਸਤਾਰ ਸੀ ਇਸ ਵੇਲੇ ਦਸਤਾਰ ਨਹੀਂ ਹੈ।

ਸੇਵਕ ਸਿੰਘ—ਭਾਈ ਜੀ! ਪਹਿਲੇ ਕੇਸਾਂ ਦੇ ਜੂੜੇ ਵਲ ਦੇਖੋ ਭਈ ਓਸ ਵੇਲੇ ਵੀ ਮੋਟੀ ਰਸੀ ਨਾਲ ਬੱਧਾ ਹੋਇਆ ਤੇ ਸਿਰੋਂ ਨੰਗਾ ਤੇ ਮੱਥੇ ਤੇ ਸਵਾਹ ਲਾਈ ਹੋਈ ਸੀ ਅਤੇ ਗਲ ਵਿਚ ਤੁਲਸੀ ਦੀ ਮਾਲਾ ਪਈ ਹੋਈ ਸੀ, ਨਾਲ ਹੀ ਮੋਢੇ ਤੇ ਪਰਨਾ ਵੀ ਰਖਿਆ ਹੋਇਆ ਸੀ ਤੇ ਰਹਿਤ ਬਹਿਤ ਦਾ ਉਪਦੇਸ਼ ਵੀ ਇਹੋ ਹੋਇਆ ਸੀ ਕਿ ਇਸੇ ਸਰੂਪ ਵਿਚ ਸਦਾ ਰਹਿਣਾ, ਅਥਵਾ ਕੋਈ ਹੋਰ ਉਪਦੇਸ਼ ਹੋਇਆ ਸੀ ?

ਰਾਮ ਸਿੰਘ—(ਕੁਝ ਏਵੇਂ ਮੁਸਕਰਾਉਂਦਾ ਹੋਇਆ) ਹੱਛਾ ਇਹੋ ਗਲ ਸੀ ? ਜਿਸ ਲਈ ਐਡਾ ਖਪਾਣਾ ਪਾਇਆ ਜੇ, ਲਓ 'ਪੁਟਿਆ ਪਹਾੜ ਅਤੇ ਨਿਕਲਿਆ ਚੂਹਾ' ਵਾਲੀ ਗਲ ਹੋਈ।ਮਹਾਰਾਜ! ਧਾਗਾ ਬੱਧਾ ਤਾਂ ਇਸਲਈ ਹੈ ਕਿ ਜੂੜਾ ਘੁੱਟਿਆ ਰਹਿੰਦਾ ਹੈ ਨਹੀਂ ਤਾਂ ਕੇਸ ਖਿਲਰਦੇ ਹਨ। ਮਥੇ ਤੇ ਸੁਵਾਹ ਕਿਤੇ ਅਕਸਮਾਤ ਖੁਰਕਦਿਆਂ ਅਥਵਾ ਮੁੜ੍ਹਕਾ ਪੁੰਝਦਿਆਂ ਮਿੱਟੀ ਵਾਲਾ ਹਥ ਲਗ ਗਿਆ ਹੋਣਾ ਹੈ ਹੋਰ

Digitized by Panjab Digital Library | www.panjabdigilib.org

ਕੋਈ ਗਲ ਨਹੀਂ । ਗਲ ਦੀ ਮਾਲਾ ਭਜਨ ਕਰਨ ਵਾਲੀ ਹੈ ਇਹ ਕਿਸੇ ਵੇਲੇ ਹਥ ਵਿਚ ਰਹਿੰਦੀ ਹੈ, ਕਿਸੇ ਵੇਲੇ ਸਾਂਭਣ ਲਈ ਗਲ ਵਿਚ ਪਾ ਲਈ ਦੀ ਹੈ ਅਤੇ ਪਰਨਾ ਮੋਢੇਵਾਲਾ ਪ੍ਰਸ਼ਾਦ ਛਕਦਿਆਂ ਮਖੀਆਂ ਉਡਾਉਣ ਵਾਸਤੇ ਕਿਤੇ ਰਖਿਆ ਹੈ । ਇਸ ਗਲ ਨਾਲ ਸਿੱਖੀ ਦਾ ਕੀ ਸਨਬੰਧ ਹੈ ਜਿਸ ਪਰ ਆਪ ਨੇ ਏਡੀ ਖਿਚ ਘਸੀਟ ਕੀਤੀ ਹੈ? ਮੈਂ ਇਸ ਗਲ ਨੂੰ ਕੀ ਵੇਖ ਸਕਦਾ, ਕੋਈ ਵਖਰੀ ਜਾਂ ਅਨੋਖੀ ਗਲ ਹੁੰਦੀ ਤਾਂ ਭਾਵੇਂ ਦੇਖਦਾ ।

ਸੇਵਕਸਿੰਘ-(ਸੀਸ਼ੇ ਵਿਚਲੀ ਸੂਰਤ ਵਲ ਉਂਗਲ ਕਰਕੇ) ਇਸ ਮੂਰਤ ਅੜੇ ਇਕ ਬੈਰਾਗੀ ਬਾਬਾ ਵਿਚ ਕੀ ਫਰਕ ਹੋ ਸਕਦਾ ਹੈ?ਸਿਰੋਂ ਵੀ ਨੰਗਾ,ਜੂੜਾ ਬਧਾ ਹੋਇਆ, ਮੱਥੇ ਪਰ ਸ੍ਵਾਹ ਦਾ ਤਿਲਕ ਵੀ ਲਗਾ ਹੋਇਆ, ਗਲ ਵਿਚ ਵੀ ਤੁਲਸੀ ਦੀ ਮਾਲਾ ਪਾਈ ਹੋਈ,ਮੋਢੇ ਤੇ ਪਰਨਾ ਵੀ ਖੱਬੇ ਪਾਸੇ ਰਖਿਆ ਹੋਇਆ,ਚੌਕੇ ਵਿਚਾ ਬੈਠਾ ਹੋਇਆ, ਬੈਰਾਗੀ ਬਾਬਾ ਭੋਜਨ ਪਾ ਰਿਹਾ ਹੈ । ਇਸ ਮੂਰਤਿ ਨੂੰ ਸਿੰਘ ਸਮਝਣ ਨਾਲੋਂ ਬੈਰਾਗੀ ਬਾਬਾ ਪੂਰਬੈਜਾ ਭੱਜਾ ਸਮਝ ਲੈਣਾ ਕੀ ਬੁਰਾ ਹੈ ?

ਜਿਹੜੇ ਆਪ ਨੇ ਕਾਰਨ ਦੱਸੇ ਹਨ ਕੇਸਾਂ ਦਾ ਖਿਲਰਨਾ, ਸ੍ਵਾਹ ਦਾ ਅਚਾਨਕ ਲੱਗਣਾ, ਮਖੀਆਂ ਲਈ ਪਰਨੇ ਦਾ ਹੋਣਾ ਭਜਨ ਕਰਨ ਲਈ ਮਾਲਾ ਦਾ ਗਲ ਵਿਚ ਪੈਣਾ, ਆਦਿਕ ਜਦ ਤਕ ਆਪ ਖੁਲਾਸਾ ਕਰਕੇ ਨਾ ਸਮਝਾਓ ਓਹ ਕੌਣ ਅੰਤਰਜਾਮੀ ਹੈ ਜੋ ਆਪੇ ਸਮਝ ਸਕੇ ? ਜੇ ਇਸ ਵੇਲੇ ਕੋਈ ਬੈਰਾਗੀ ਅਜੁੱਧਿਆਬਾਸੀ ਅਚਾਨਕ ਆ ਜਾਵੇ ਅਤੇ ਆਪ ਦੀ ਇਹ ਸੂਰਤ ਵੇਖੇ ਤਾਂ ਕਦੀ ਧੋਖਾ ਖਾਣੇ ਬਚ ਸਕਦਾ ਹੈ ਕਿ ਆਪ ਬੈਰਾਗੀ ਬਾਬਾ ਨਹੀਂ ਹੋ ? ਬਹੁਤ ਛੇਤੀ ਆਪ ਵਲ ਤਕਕੇ ਏਹੋ ਕਹੇਗਾ 'ਜੈਜੈ ਸੀਤਾ ਰਾਮ !'

ਉਹ ਆਪ ਨੂੰ ਸਿੱਖ ਕਦੀ ਨਹੀਂ ਸਮਝ ਸਕਦਾ,ਨਿਰਾਆਪਣਾ ਬੈਰਾਗੀ ਬਾਬਾਹੀਸਮਝ ਕੇ ਜੈ ਸੀਤਾ ਰਾਮ ਕਹੇਗਾ, ਜਾਂ ਜੈ ਹੋ ਅਵਧ ਬਿਹਾਰੀ ਜੀ ਕੀ ਆਖੇਗਾ, ਕਦੀ ਆਪ ਨੂੰ ਸਿੱਖ ਨਹੀਂ ਸਮਝੇਗਾ। ਹੁਣ ਤੁਸੀਂ ਆਪ ਹੀ ਇਕ ਲੰਬੀ ਨਜ਼ਰ ਮਾਰਕੇ ਦੱਸੋ (ਸ਼ੀਸ਼ੇ ਵੱਲ ਉਂਗਲੀ ਕਰਕੇ) ਕਿ ਇਸ ਸੂਰਤ ਵਰਗਾ ਕੋਈ ਸਿੱਖ ਕਦੀ ਪ੍ਰਸ਼ਾਦ ਛਕਦਾ ਬੈਠਾ ਦੇਖਿਆ ਹੈ ? ਜੇ ਦੇਖਿਆ ਹੈ ਤਾਂ ਏਹੋ ਇਕ ਰਾਮ ਸਿੰਘ ਜੀ ਹੀ ਸ਼ੀਸ਼ੇ ਵਿਚ ਬੈਠਾ ਦੇਖਿਆ ਹੈ।

ਰਾਮ ਸਿੰਘ–(ਕੁਝ ਸ਼ਰਮਿੰਦਾ ਜਿਹਾ ਹੋਕੇ) ਇਹ ਗੱਲ ਤਾਂ ਸਚ ਮੁਚ ਸੱਚੀ ਹੀ ਕਹਿ ਰਹੇ ਹੋ ਪਰ ਮੇਰੀ ਸਮਝ ਵਿਚ ਨਹੀਂ ਆਈ ਸੀ । ਹੁਣ ਤੁਹਾਡੇ ਕਹਿਣ ਤੋਂ ਪਤਾ ਲੱਗਾ, ਪਰ ਅੱਜ ਕਲ ਵੱਟ ਤਾਉ ਦੇ ਦਿਨ ਹੋਣ ਕਰਕੇ ਸਿਰ ਤੇ ਪੱਗ ਨਹੀਂ ਰੱਖੀ ਜਾਂਦੀ। ਪੱਗ ਲਾਹੁਣ ਨਾਲ ਸਿਖੀ ਸਿਦਕ ਭਰੋਸੇ ਵਿਚ ਫਰਕ ਤਾਂ ਨਹੀਂ ਆ ਜਾਂਦਾ ?

ਸੇਵਕ ਸਿੰਘ–ਆਪ ਸੱਚ ਕਹਿੰਦੇ ਹੋ ਪਰ ਦੋ ਗੱਲਾਂ ਨੂੰ ਅਪਣੇ ਵਿਚ ਵਰਤਾਈ ਜਾਂਦੇ ਹੋ।

ਦੋਹਾਂ ਨੂੰ ਨਿਰਨਾ ਕਰਨ ਨਾਲ ਅਸਲ ਗੱਲ ਨਿਕਲ ਸਕਦੀ ਹੈ।

ਰਾਮ ਸਿੰਘ–ਫਿਰ ਆਪ ਹੀ ਕ੍ਰਿਪਾ ਕਰਕੇ ਨਿਰਨਾ ਕਰ ਦੇਵੋ । ਮੈਨੂੰ ਤਾਂ ਇਕੋ ਗੱਲ ਪਰਤੀਤ ਹੋਈ ਹੈ,ਦੋ ਨਹੀਂ ਦਿੱਸੀਆਂ ।

ਸੇਵਕ ਸਿੰਘ–ਅੰਮ੍ਰਿਤ ਛਕਣ ਵੇਲੇ ਆਪ ਨੂੰ ਦੋ ਗੱਲਾਂ ਦਾ ਉਪਦੇਸ਼ ਹੋਇਆ ਸੀ ਕਿ ਇਕ ਦਾ ?

ਰਾਮ ਸਿੰਘ–ਨਾ ਦੋ ਦਾ, ਨਾ ਇਕ ਦਾ, ਸਗੋਂ ਬਹੁਤ ਸਾਰੀਆਂ ਦਾ, ਉਸ ਵੇਲੇ ਕੇਸਾਂ

Digitized by Panjab Digital Library | www.panjabdigilib.org

ਦਾ ਅਦਬ, ਰਹਿਤ ਦਾ ਰੱਖਣਾ, ਬਾਣੀ ਦਾ ਪੜ੍ਹਨਾ, ਗੁਰਾਂ ਦੇ ਹੁਕਮਾਂ ਤੇ ਵਿਸ਼ਵਾਸ ਰਖਣਾ ਆਦਿ ਕਈ ਸ਼ੁਭ ਮਤਾਂ ਦਾ ਉਪਦੇਸ਼ ਹੋਇਆ ਸੀ।

ਸੇਵਕ ਸਿੰਘ–ਇਨ੍ਹਾਂ ਸਾਰੀਆਂ ਨੂੰ ਚੇਤੇ ਕਰਕੇ ਆਪ ਜ਼ਰਾ ਗੌਰ ਦੀ ਨਜ਼ਰ ਨਾਲ ਦੇਖੋ ਕਿ ਇਹ ਦੋ ਭਾਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ ਕਿ ਨਹੀਂ ?

ਰਾਮ ਸਿੰਘ–ਕਿਕੂੰ,ਮੈਨੂੰ ਤਾਂ ਸਮਝ ਨਹੀਂ ਆਈ ?

ਸੇਵਕ ਸਿੰਘ–ਉਪਦੇਸ਼ ਨੂੰ ਯਾਦ ਕਰੋ ਤੇ ਵਿਚਾਰੋ ਐਵੇਂ ਹੀ ਨਾ ਕਹੀ ਜਾਵੋ ਸਮਝ ਨਹੀਂ ਆਈ।

ਰਾਮ ਸਿੰਘ–(ਕੁਝ ਚਿਰ ਚੁਪ ਹੋਕੇ) ਗੱਲ ਠੀਕ ਤਰ੍ਹਾਂ ਸਾਫ ਨਹੀਂ ਹੁੰਦੀ, ਤੁਸੀਂ ਸਹਾਇਤਾ ਕਰੋ।

ਸੇਵਕ ਸਿੰਘ–ਸਹਾਇਤਾ ਤਾਂ ਕੇਵਲ ਸਤਿਗੁਰਾਂ ਦੇ ਚਰਨਾਂ ਆਸਰੇ ਹੋਸਕਦੀਹੈ,ਪਰ ਆਪ ਨਾਲ ਹਿਤ ਹੋਣ ਕਰਕੇ ਮੈਂ ਆਪ ਦੇ ਨਾਲ ਵਿਚਾਰ ਕਰਨੋਂ ਨਾਂਹ ਨਹੀਂ ਕਰਦਾ, ਮੇਰੇ ਖਿਆਲ ਵਿਚ ਉਪਦੇਸ਼ ਨੂੰ ਕੇਵਲ ਦੋ ਭਾਗਾਂ ਵਿਚ ਵੰਡਣ ਦੀ ਕੋਸ਼ਸ਼ ਕੀਤੀ ਜਾਵੇ ਤਾਂ 'ਗੁਰ ਸਿੱਖੀ ਦੀ ਰਹਿਤ' ਤੇ 'ਗੁਰਸਿਖੀ ਦਾ ਧਰਮ' ਦੋ ਮੋਟੇ ਭਾਗ ਬਣ ਸਕਦੇ ਹਨ।

ਰਾਮ ਸਿੰਘ–ਇਨਾਂ ਦੋਨਾਂ ਵਿਚ ਕੀ ਫਰਕ ਹੋਇਆ ?

ਸੇਵਕ ਸਿੰਘ–ਰਹਿਤ ਵਿਚ ਓਹ ਅਸੂਲ ਆਉਂਦੇ ਹਨ ਜਿਨ੍ਹਾਂ ਦਾ ਭਾਈਚਾਰੇ ਤੇ ਸਰੀਰ ਨਾਲ ਸਨਬੰਧ ਹੈ ਤੇ ਓਹ ਕਿਸੇ ਅੰਤ੍ਰੀਵ ਰਹਿਣੀ ਦੇ ਲਖਾਇਕ ਹਨ,ਕਿਸੇ ਖਾਸ ਭਰੋਸੇ ਦੇ ਚਿੰਨ੍ਹ ਹਨ, ਅਤੇ ਸਦਾਚਾਰ-ਇਖਲਾਕ ਬੀ ਸਿਖ ਦੀ ਰਹਿਤ ਵਿਚ ਆ ਜਾਂਦਾ ਹੈ, ਪੰਥਕ ਜੀਵਨ ਤੇ ਜਥੇ ਬੰਦੀ ਬੀ ਇਸੇ ਰਹਿਤ ਵਿਚ ਹੈ । ਜਿਨ੍ਹਾਂ ਨੂੰ ਦੇਖਣ ਕਰਕੇ ਪਰਤੱਖ ਪੁੱਛੇ ਬਿਨਾ ਹਰ ਕੋਈ ਉਹਨਾਂ ਅਸੂਲਾਂ ਨੂੰ ਵਰਤਣ ਵਾਲੇ ਨੂੰ ਸਿਖ ਜਾਣ ਸਕਦਾ ਹੈ ਤੇ ਕਹਿ ਸਕਦਾ ਹੈ। ਤੇ ਧਰਮ ਵਿਚ ਓਹ ਅਸੂਲ ਆਉਂਦੇ ਹਨ ਜੋ ਆਤਮਕ ਸਬੰਧਕ ਹਨ, ਜਿਨਾਂ ਦੇ ਵਰਤਣ ਨਾਲ ਹਿਰਦਾ ਸੁਧ ਹੁੰਦਾ ਹੈ ਅਰ ਪਵਿਤ੍ਰ ਹੁੰਦਾ ਹੈ,ਹਿਰਦੇ ਵਿਚ ਸਤਿਗੁਰਾਂ ਦੀ ਬਾਣੀ ਨਾਲ, ਉਨ੍ਹਾਂ ਦੇ ਚਰਨਾਂ ਨਾਲ ਪ੍ਰੇਮ ਉਪਜਦਾ ਹੈ, ਠੰਢ ਪੈਂਦੀ ਹੈ ਤੇ ਆਤਮਾ ਦਾ ਸੁਧਾਰ ਹੁੰਦਾ ਹੈ ।

ਰਾਮ ਸਿੰਘ–ਜੀ ਹਾਂ,ਸਾਰੀਆਂ ਗੱਲਾਂ ਇਨ੍ਹਾਂ ਦੋਹਾਂ ਵਿਚ ਇਕ ਸਿਰੇ ਹੇਠਾਂ ਆ ਸਕਦੀਆਂ ਹਨ, ਪਰ ਨਿਰੀ ਰਹਿਤ ਦੇ ਕਿਸੇ ਇਕ ਪਹਿਲੂ ਨਾਲ ਨਿਸਤਾਰਾ ਤਾਂ ਨਹੀਂ ਹੋ ਜਾਂਦਾ। ਪਗ ਲਾਹ ਦਿੱਤੀ ਤਾਂ ਕੀ ਹੋਇਆ, ਸਗੋਂ ਰਹਿਤ ਰੱਖਣ ਨਾਲ ਇਕਤਰ੍ਹਾਂ ਦਾ ਧੋਖਾ ਹੋ ਸਕਦਾ ਹੈ। ਰਹਿਤ ਰੱਖੀ ਤੇ ਕਰਮ ਚੰਗੇ ਨਾ ਕੀਤੇ, ਧਾਰਮਕ ਕਿਸੇ ਉਪਦੇਸ਼ ਨੂੰ ਧਾਰਣ ਨਾ ਕੀਤਾ। ਦੇਖਣ ਵਾਲਿਆਂ ਸਾਹਮਣੇ ਤਾਂ ਸਿੱਖ ਹੈ, ਗੁਰੂ ਕੀ ਮੋਹਰ ਸਿਰ ਤੇ ਹੈ ਤੇ ਵਿਚੋਂ ਨਿਰੋਲ ਬਗਲੇ ਭਗਤ।

ਸੇਵਕ ਸਿੰਘ–ਆਪ ਦਾ ਇਹ ਭਰਮ ਕੁਝ ਬੱਚਿਆਂ ਵਾਲਾ ਹੈ,ਪਰ ਅੰਮ੍ਰਿਤ ਛਕਣ ਵੇਲੇ ਆਪ ਨੂੰ ਜਦੋਂ ਰਹਿਤ ਦਾ ਉਪਦੇਸ਼ ਹੋਇਆ ਸੀ ਤਦੋਂ ਇਸਦਾ ਵਿਸਤਾਰ ਕਿਉਂ ਨਾ ਕੀਤਾ?

ਰਾਮ ਸਿੰਘ–ਇਕ ਤਾਂ ਤਦੋਂ ਇਹ ਖਿਆਲ ਹੀ ਨਹੀਂ ਆਇਆ,ਦੂਜੇ ਜੇ ਪੁੱਛਦਾ ਤਾਂ ਤਦੋਂ ਅੰਮ੍ਰਿਤ ਛਕਣ ਦਾ ਝਗੜਾ ਛੇੜ ਬਹਿੰਦਾ।

ਸੇਵਕ ਸਿੰਘ–ਤਾਂ ਫਿਰ ਜੇਕਰ ਭਰਮ ਕਰਕੇ ਅੰਮ੍ਰਿਤ ਛਕਿਆ ਤਾਂ ਕੀ ਆਪ ਨੇ ਇਸਪਵਿੱਤ੍ਰ ਰੀਤੀ ਨਾਲ ਮਖੌਲ ਕਰਨ ਦਾ ਅਪਰਾਧ

Digitized by Panjab Digital Library | www.panjabdigilib.org

ਨਹੀਂ ਕੀਤਾ ?

ਰਾਮ ਸਿੰਘ–ਨਹੀਂ, ਕਿਉਂਕਿ ਤਦੋਂ ਨਾ ਇਹ ਭਰਮ ਸੀ ਤੇ ਨਾਹੀਂ ਆਪ ਪਾਸ ਸੇ, ਜਿਨ੍ਹਾਂ ਦੇ ਬਚਨ ਸੁਣਨ ਕਰਕੇ ਇਹ ਭਰਮ ਉਤਪੰਨ ਹੋਇਆ ਹੈ।

ਸੇਵਕ ਸਿੰਘ–ਸਤਿਗੁਰ ਬਖਸ਼ ਲੈਣ, ਮੈਥੋਂ ਬੜਾ ਅਪਰਾਧ ਹੋਇਆ ਜੋ ਆਪ ਦੇ ਨਿਰ-ਭਰਮ ਹਿਰਦੇ ਵਿਚ ਮੇਰੀਆਂ ਗਲਾਂ ਕਰਕੇ ਭਰਮ ਪੈਦਾ ਹੋਗਿਆ ਹੈ। ਇਹ ਮੈਥੋਂ ਅਨਿ-ਛਿਤ ਅਪਰਾਧ ਹੋਇਆ ਹੈ।

ਰਾਮ ਸਿੰਘ–ਕ੍ਰਿਪਾਲੂ ਜੀ ! ਇਹ ਗਲ ਨਹੀਂ, ਆਪ ਨੇ ਮੈਨੂੰ ਸੋਚਣ ਦੀ ਸਿਖ ਮਤ ਦਿੱਤੀ ਹੈ। ਪਹਿਲੇ ਬੇਸਮਝੀ ਦੀ ਗਲ ਸੀ, ਹੁਣ ਸਮਝ ਦੀ ਹਾਲਤ ਹੈ। ਸਮਝ ਹੋਣਕਰਕੇ ਭਰਮ ਪੈਦਾ ਹੋਇਆ ਹੈ, ਆਪ ਕ੍ਰਿਪਾ ਕਰਕੇ ਹੁਣ ਦੱਸੋਗੇ ਤਾਂ ਸਮਝ ਦੁਵਾਰੇ ਇਸ ਦੀ ਨਵਿਰਤੀ ਹੋ ਜਾਵੇਗੀ। ਜਦੋਂ ਸਮਝ ਦੁਵਾਰਾ ਗਲ ਠੀਕ ਪਰਤੀਤ ਹੋਈ ਤਾਂ ਪੱਕੀ ਤਰ੍ਹਾਂ ਅਸੂਲ ਹਿਰਦੇ ਵਿਚ ਦ੍ਰਿੜ੍ਹ ਹੋ ਜਾਵੇਗਾ।

ਸੇਵਕ ਸਿੰਘ–ਭਾਈ ਜੀ ! ਆਪ ਸਚ ਕਹਿੰਦੇ ਹੋ, ਅਸਲ ਗੱਲ ਇਸੇ ਤਰ੍ਹਾਂ ਹੈ, ਪਰ ਇਸ ਚੇਤਨਤਾ ਦੀ ਤਬੀਅਤ ਵਾਲਿਆਂ ਦਾ ਖਿਆਲ ਅੰਮ੍ਰਿਤ ਛਕਣ ਵੇਲੇ ਕਿਸ ਗੇੜ ਵਿਚ ਰਿਹਾ ?

ਰਾਮ ਸਿੰਘ–ਸਚ ਤੇ ਇਹ ਹੈ ਜੋ ਅੰਮ੍ਰਿਤ ਛੱਕਣ ਨੂੰ ਮੈਂ ਤਦੋਂ ਇਕ ਅਸੂਲੀ ਗਲ ਖਿਆਲ ਕੀਤਾ ਸੀ। ਕੁਛ ਸਿੰਘ ਨਾਲ ਹੋਰ ਸਨ। ਮੈਂ ਤਾਂ ਇਹੀ ਸੋਚਦਾ ਸੀ ਕਿ ਛੇਤੀ ਤਿਆਰ ਹੋਵੇ ਤੇ ਛਕੀਏ।

ਸੇਵਕ ਸਿੰਘ–ਵਾਹਿਗੁਰੂ ! ਪਰ ਇਹ ਦੱਸੋ ਜੋ ਇਹ ਦਸ਼ਾ ਕੇਵਲ ਆਪ ਦੀ ਸੀ ਕਿ ਬਾਕੀ ਦਿਆਂ ਸਾਰਿਆਂ ਦੀ ਭੀ ?

ਰਾਮ ਸਿੰਘ–ਜੀ ਉਹਨਾਂਦੀ ਭੀ ਇਹੋ ਜਹੀ ਹੀ ਸੀ, ਸਗੋਂ ਮੇਰੇ ਨਾਲੋਂ ਭੀ ਕੁਝਕੁ ਵਧੀਕ ਸੀ।

ਸੇਵਕ ਸਿੰਘ–ਤਾਂ ਅੰਮ੍ਰਿਤ ਛਕਾਉਣੇ ਵਾਲੇ ਸਿੰਘਾਂ ਨੇ ਤੁਹਾਨੂੰ ਉਸ ਵੇਲੇ ਇਸ ਤੋਂ ਰੋਕਿਆ ਨਹੀਂ ਕਿ ਉਹ ਸਮਝੇ ਨਹੀਂ ?

ਰਾਮ ਸਿੰਘ–ਸਮਝੇ ਕਿਉਂ ਨਹੀਂ, ਪਰ ਸੱਚ ਤਾਂ ਇਹ ਹੈ ਜੋ ਉਹ ਆਪ ਭੀ ਉਸ ਵੇਲੇ ਇਕਾਗਰ ਚਿਤ ਨਹੀਂ ਸਨ। ਮੈਨੂੰ ਤਾਂ ਇਹੋ ਜਾਪਦਾ ਸੀ ਜੋ ਉਨ੍ਹਾਂ ਨੂੰ ਆਪਣੇ ਅਰਦਾਸੇ ਦਾ ਹੀ ਧਿਆਨ ਸੀ।

ਸੇਵਕ ਸਿੰਘ–ਵਾਹਿਗੁਰੂ ! ਤਦੇ ਹੀ ਤਾਂ ਇਸ ਬੇਅਦਬੀ ਤੇ ਅਪਰਾਧ ਦਾ ਫਲ ਅਜੇਹਾ ਹੋਇਆ ਹੈ।

ਰਾਮ ਸਿੰਘ–ਆਪ ! ਮੇਰੀ ਜ਼ੁਬਾਨੀ ਇਹ ਸੁਣਕੇ ਇਤਨੇ ਹੈਰਾਨ ਹੁੰਦੇ ਹੋ, ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਅਜ ਕਲ ਜੋ ਅੰਮ੍ਰਿਤ ਸੰਸਕਾਰ ਹੁੰਦੇ ਹਨ ਬਹੁਤੇ ਥਾਈਂ ਇਹੋ ਗਲ ਹੁੰਦੀ ਹੈ।

ਸੇਵਕ ਸਿੰਘ–(ਚੁਪ ਰਹਿ ਕੇ) ਭਾਈ ਜੀ ਇਹ ਪੰਥਕ ਹਾਲਤ ਦੀ ਚੰਗੀ ਨਿਸ਼ਾਨੀ ਨਹੀਂ, ਗਿਰਾਉ ਦੀ ਨਿਸ਼ਾਨੀ ਹੈ। ਅੰਮ੍ਰਿਤ ਦੀ ਮਿਰਯਾਦਾ ਬੜੀ ਪਵਿੱਤ੍ਰ ਤੇ ਉੱਤਮ ਹੈ। ਇਸ ਦੀ ਇਸ ਤਰ੍ਹਾਂ ਬੇਸਮਝੀ ਕਰਕੇ ਬੇਅਦਬੀ ਕਰਨ ਨਾਲ ਬੜਾ ਅਪਰਾਧ ਹੁੰਦਾ ਹੈ।

ਰਾਮ ਸਿੰਘ–ਫਿਰ ਹੋਣਾ ਕੀ ਚਾਹੀਏ ?

ਸੇਵਕ ਸਿੰਘ–ਅੰਮ੍ਰਿਤ ਛਕਣ ਤੇ ਛਕਾਉਣ ਵਾਲੇ ਦੋਹਾਂ ਨੂੰ ਇਸ ਦੀ ਬਜ਼ੁਰਗੀ ਦੀ ਸਮਝ ਤੇ ਇਸ ਦੀ ਪਰਮ ਪਵਿੱਤ੍ਰਤਾ ਤੇ ਪੂਰਨ ਵਿਸ਼ਵਾਸ਼ ਹੋਣਾ ਚਾਹੀਏ। ਸੰਸਕਾਰ ਸਮੇਂ ਦੋਹਾਂ ਧਿਰਾਂ ਦੇ ਹਿਰਦੇ ਵਿਚ ਦਸਮੇਸ਼

Digitized by Panjab Digital Library | www.panjabdigilib.org

ਜੀ ਦਾ ਪਿਆਰ ਹੋਣਾ ਚਾਹੀਏ, ਫਿਰ ਪੂਰਨ ਵਿਸ਼ਵਾਸ਼ ਹੋਣਾ ਚਾਹੀਏ ਜੋ ਛਕਣ ਵਾਲਾ ਸਿੰਘ ਆਪਣਾ ਜਾਮਾ ਪਲਟਾ ਰਿਹਾ ਹੈ, ਨਵਾਂ ਜਨਮ ਹੋ ਰਿਹਾ ਹੈ, 'ਨਾਮ'ਨੂੰ ਪ੍ਰਾਪਤ ਹੋ ਰਿਹਾ ਹੈ, ਸਿੰਘ ਬਣ ਰਿਹਾ ਹੈ, ਅਨਮਤ ਨੂੰ ਛਡਕੇ ਉਪਕਾਰ ਉਸਦਾ ਧਰਮ ਬਣਨਾ ਹੈ, ਗੁਰੂ ਦਸਮੇਸ਼ ਜੀ ਦੀ ਸੇਵਾ ਉਸ ਦਾ ਮੁੱਖ ਫਰਜ਼ ਹੋਣਾ ਹੈ । ਦੁਖੀਆਂ, ਦਰਦ, ਦੀਨਾ ਦੀ ਉਸ ਨੇ ਗੁਰ ਆਸਰੇ ਸਹਾਇਤਾ ਕਰਨੀ ਹੈ। ਨਾਮ ਆਪ ਜਪਣਾ ਹੈ ਤੇ ਅਗੇ ਜਪਾਉਣਾ ਹੈ। ਗਰਜ਼ ਕਿ ਉਸ ਨੇ ਦਸਮੇਸ਼ ਜੀ ਦੀ ਰਹੀਅਤ ਵਿਚੋਂ ਦਸਮੇਸ਼ ਜੀਦੇ ਸਿਪਾਹੀਗੀਰੀ ਦੀ ਪਦਵੀ ਪੂਰਨ ਕਰਨੀ ਹੈ। ਜਿਸ ਸੰਸਕਾਰ ਨੇ ਇਹ ਰੰਗਣ ਰੰਗਣੀ ਹੈ, ਜੀਵਨ ਦਾ ਇਸ ਤਰ੍ਹਾਂ ਪਲਟਾ ਪਲਟਣਾ ਹੈ, ਉਸ ਦਾ ਇਸ ਤਰ੍ਹਾਂ ਅਪਮਾਨ ਕਰਨਾ, ਜਿਸ ਤਰ੍ਹਾਂ ਤੁਸੀਂ ਵਰਣਨ ਕੀਤਾ ਹੈ, ਗੋਯਾ ਸ੍ਰੀ ਦਸਮੇਸ਼ ਜੀ ਦੀ ਅਪਮਾਨਤਾ ਕਰਨੀ ਹੈ। ਇਸ ਦਾ ਫਲ ਕੀ ਹੋਣਾ ਚਾਹੀਏ? ਇਹ ਤੁਸੀਂ ਸਮਝ ਲਵੋ ।

ਰਾਮ ਸਿੰਘ—ਇਸ ਤਰ੍ਹਾਂ ਸੰਸਕਾਰ ਹੋਣੇ ਅਤਿ ਕਠਨ ਹਨ । ਪਹਿਲਾਂ ਜੀਵਨ ਸੁੱਧ ਹੋਵੇ ਤਾਂ ਇਸ ਦੀ ਪ੍ਰਾਪਤੀ ਦੀ ਅਭਿਲਾਖਾ ਹੋਵੇ ।

ਸੇਵਕ ਸਿੰਘ-ਇਹ ਬਿਲਕੁਲ ਸੱਚ ਹੈ, ਸਤਿਗੁਰਾਂ ਦੀ ਸਿੱਖੀ ਖੇਲ ਨਹੀਂ, ਖੰਡੇ ਤੋਂ ਤਿੱਖੀ ਹੈ ਤੇ ਸਿੱਖੀ ਦੱਯਤ ਵਿਚੋਂ ਸਤਿਗੁਰ ਜੀ ਦਾ ਸਿਪਾਹੀ ਬਣਨਾ ਤਾਂ ਫਿਰ ਹੋਰ ਹੀ ਗਲ ਹੋਈ ?

ਰਾਮ ਸਿੰਘ—ਪਰ ਫਿਰ ਇਸ ਤਰ੍ਹਾਂ ਤਾਂ ਪੰਥ ਦਾ ਵਾਧਾ ਰੁਕ ਜਾਣ ਦਾ ਡਰ ਹੈ।ਅਨਮਤੀ ਹਰ ਕਿਸੇ ਨੂੰ ਨਾਲ ਰਲਾਕੇ ਵਾਧਾ ਪਾਈ ਜਾਂਦੇ ਹਨ, ਆਪਣੇ ਵਿਚ ਰਲਾ ਰਲਾ ਕੇ ਗਿਣਤੀ ਵਧਾਈ ਜਾਂਦੇ ਹਨ,ਇਹੋ ਦੇਖਦੇ ਹਨ ਜੋ ਦੂਆ ਨਾ ਰਲਾ ਲਵੇ, ਅਸੀਂ ਪਹਿਲ ਕਰ ਲਈਏ। ਸਾਡੇ ਵਿਚ ਵਾਧਾ ਤੇ ਦੂਜੇ ਵਿਚ ਘਾਟਾ ਪਵੇ,ਤੇ ਆਪ ਦੇ ਕਥਨ ਅਨੁਸਾਰ ਛਾਂਟ ਹੋਣ ਲਗੇ ਤਾਂ ਫਿਰ ਕਿੰਨੇ ਕੁ ਅੰਮ੍ਰਿਤ ਸੰਸਕਾਰ ਹੋਇਆ ਕਰਨ ?

ਸੇਵਕਸਿੰਘ—ਆਪ ਦਾ ਕਥਨ ਇਕ ਦ੍ਰਿਸ਼ਟੀ ਨਾਲ ਬੜਾ ਠੀਕ ਹੈ। ਹਰ ਸਿੱਖ ਮਾਤ੍ਰ ਦਾ ਧਰਮ ਸਤਿਗੁਰਾਂ ਦੇ ਬਚਨਾਂ ਤੇ ਚਲਾਉਣਾ ਹੈ। ਆਪ ਠੰਢੇ ਹੋਕੇ ਹੋਰਨਾਂ ਨੂੰ ਠੰਢੇ ਕਰਨਾ ਮਹਾਂ ਉਤਮ ਕੰਮ ਹੈ,ਸਤਿਗੁਰਾਂ ਦਾ ਬਚਨ ਹੈ "ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪ ਵੈ ॥" ਸਤਿਗੁਰਾਂ ਦੀ ਆਪ ਅਕਾਲ ਪੁਰਖ ਸਾਹਮਣੇ ਬੇਨਤੀ ਹੈ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥" ਪਰ ਭਾਈ ਜੀ ਜਤਨ ਸਚਮੁਚ ਦੇ ਸਿਖ ਬਨਾਉਣ ਦਾ ਹੋਣਾ ਚਾਹੀਏ। ਜੇਕਰ ਗਿਣਤੀ ਵਧਾਕੇ ਆਪ ਨੇ ਅਜੇਹੇ ਸਿੱਖ ਕਰ ਲਏ ਜਿਨ੍ਹਾਂ ਦੇ ਨਾਮ ਨਾਲ ਤਾਂ ਪਦ ਸਿੰਘ ਹੋਇਆ ਪਰ ਜਿਨ੍ਹਾਂ ਕਦੀ ਗੁਰਬਾਣੀ ਦਾ ਪਾਠ ਨਾ ਕੀਤਾ, ਗੁਰੂਗ੍ਰੰਥਸਾਹਿਬ ਜੀ ਦੇ ਦਰਸ਼ਨ ਨਾ ਕੀਤੇ, ਅੰਦਰ ਵੜਕੇ ਕੁਕਰਮ ਕੀਤੇ ਤਾਂ ਆਪ ਨੇ ਕੀ ਵਾਧਾ ਕੀਤਾ ? ਹਾਂ, ਇਹ ਹੋ ਸਕਦਾ ਹੈ ਜੋ ਆਪਣੇ ਵਲ ਖਿੱਚ ਕੇ ਆਪ ਉਹਨਾਂ ਨੂੰ ਭਲੇ ਪੁਰਸ਼ਾਂ ਦੀ ਸੰਗਤ ਵਿਚ ਲਾਵੋ। ਹੌਲੀ ਹੌਲੀ ਉਹਨਾਂ ਨੂੰ ਇਸ ਪਾਸੇ ਦੀ ਖਬਰ ਪਵੇ ਤੇ ਸੱਚੇ ਪਾਸੇ ਵਲ ਉਹ ਹੌਲੀ ਹੌਲੀ ਲਗਦੇ ਜਾਣ। ਜੇ ਇਹ ਹੋ ਰਿਹਾ ਹੈ ਤਾਂ ਲਾਭ ਹੈ ਤੇ ਜੇ ਇਹ ਨਹੀਂ ਤਾਂ ਤੁਸੀਂ ਸੋਚ ਲਵੋ।

ਰਾਮ ਸਿੰਘ—ਤਾਂ ਅੰਮ੍ਰਿਤ ਛਕਾਉਣ ਵੇਲੇ ਛਕਾਉਣ ਵਾਲੇ ਸਿੰਘਾਂ ਨੂੰ ਹੀ ਵਿਚਾਰ ਕਰਨੀ

Digitized by Panjab Digital Library | www.panjabdigilib.org

ਚਾਹੀਏ।

ਸੇਵਕਸਿੰਘ–ਇਹੀ ਜਿਸਦੀ ਸੰਖੇਪ ਵਿਚਾਰ ਉੱਪਰ ਕੀਤੀ ਹੈ ਛਕਾਉਣ ਵਾਲੇ ਸਿੰਘ ਜੀਨੂੰ ਇਹ ਤਸੱਲੀ ਜ਼ਰੂਰੀ ਹੈ ਜੋ ਛਕਣ ਵਾਲੇ ਸਿੰਘ ਅੰਮ੍ਰਿਤ ਨੂੰ ਦਿਲੋਂ ਅੰਮ੍ਰਿਤ ਕਰਕੇ ਪਰਵਾਨ ਕਰਨ ਦੇ ਅਭਿਲਾਖੀ ਹੋਣ, ਕਿਸੇ ਖਾਸ ਮਾਇਕ ਔਕੜ ਦੇ ਹੱਲ ਕਰਨ ਲਈ ਨਹੀਂ।

ਰਾਮ ਸਿੰਘ– ਤੇ ਇਸ ਗਲ ਦੀ ਤਸੱਲੀ ਨਾ ਹੋਵੇ ਤਾਂ ?

ਸੇਵਕ ਸਿੰਘ–ਤਾਂ ਫਿਰ ਛਕਾਉਣ ਵਾਲੇ ਸਿੰਘ ਵਲੋਂ ਸੰਸਕਾਰ ਵਿਚ ਬਿਠਾਈ ਹੋਣ ਤੋਂ ਪਹਿਲੋਂ ਛਕਣ ਵਾਲੇ ਸਿੰਘ ਨੂੰ ਅੰਮ੍ਰਿਤ ਛਕਣ ਦਾ ਅਭਿਲਾਖੀ ਬਨਾਉਣ ਦਾ ਉਪਰਾਲਾ ਕਰਨਾ ਚਾਹੀਏ।

ਰਾਮ ਸਿੰਘ–ਤੇ ਜੇ ਇਹ ਨਾ ਹੋ ਸਕੇ ਤੇ ਛਕਣ ਵਾਲਾ ਇਸਗਲ ਦੀ ਪਰਵਾਹਨਾਕਰੇ?

ਸੇਵਕ ਸਿੰਘ–ਤੇ ਫਿਰ ਛਕਾਉਣ ਵਾਲੇ ਸਿੰਘ ਨੂੰ ਇਸ ਪਵਿੱਤ੍ਰ ਸੰਸਕਾਰ ਨੂੰ ਮਖੌਲ ਬਨਾਉਣ ਦੇ ਅਪਰਾਧ ਤੋਂ ਆਪਣੇ ਆਪ ਨੂੰ ਰੋਕ ਲੈਣਾ ਚਾਹੀਏ।

ਰਾਮ ਸਿੰਘ– ਇਸ ਤਰ੍ਹਾਂ ਤਾਂ ਪੰਥ ਦਾ ਵਾਧਾ ਰੁਕ ਜਾਊ।

ਸੇਵਕ ਸਿੰਘ– ਸਤਿਗੁਰ ਜਾਨਣ। ਇਵੇਂ ਹੀ ਹੋਊ, ਪਰ ਮੈਨੂੰ ਇਸ ਦੀ ਸਮਝ ਨਹੀਂ ਆਈ।

ਰਾਮ ਸਿੰਘ–ਗੱਲ ਤਾਂ ਔਖੀ ਹੈ। ਅੰਮ੍ਰਿਤ ਸੰਸਕਾਰ ਕਰਾਉਣ ਵਾਲੇ ਦੀ ਤਸੱਲੀ ਨਾ ਹੋਈ, ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਘਟੀ, ਆਪੇ ਵਾਧਾ ਰੁਕਿਆ।

ਸੇਵਕ ਸਿੰਘ–ਮੈਂ ਤਾਂ ਇਹ ਸਮਝਦਾ ਹਾਂ ਜੋ ਗੁਰੂ ਕੇ ਸੱਚੇ ਸਿੱਖ ਬਨੌਣ ਬਣਨ ਵਿਚ ਵਾਧਾ ਹੈ। ਠੱਗੀ ਦੀ ਪਨੀਰੀ ਕੀ ਲਾਭ ਦਾਇਕ ਹੋ ਸਕਦੀ ਹੈ ?

ਰਾਮ ਸਿੰਘ–ਸਿੱਖੀ ਸਿਦਕ, ਨਾਮ ਦਾਨ ਦੋਵੇਂ ਹੋਣੇ ਜ਼ਰੂਰੀ ਹਨ। ਅੰਮ੍ਰਿਤ ਛਕਣਾ ਜ਼ਰੂਰੀ ਹੈ। ਰਹਿਤ ਰੱਖਣੀ ਅਵੱਸੋਂ ਹੈ।

ਸੇਵਕ ਸਿੰਘ–ਬਸ ਫਿਰ ਇਹੀ ਤਾਂ ਗਲ ਹੈ, ਨਿਸਚਾਹੋਵੇ ਤਦੇਸਿੰਘ ਹੋਣ ਦਾ ਅਭਿਲਾਖੀ ਹੋ ਸਕੀਦਾ ਹੈ। ਨਿਹਚੇਵਾਨ ਰਹਿਤਵਾਨ ਦੋਵੇਂ ਗੱਲਾਂ।

ਰਾਮ ਸਿੰਘ–ਇਸ ਤਰ੍ਹਾਂ ਤਾਂ ਅੰਮ੍ਰਿਤ ਸੰਸਕਾਰ ਦੇ ਉਪਦੇਸ਼ਾਂ ਵਿੱਚੋਂ ਆਪ ਦੀ ਵੰਡ ਅਨੁਸਾਰ ਗੁਰਸਿੱਖੀ ਦਾ ਪਰਮ ਸੁਖ ਹੋਏਗਾ।

ਸੇਵਕ ਸਿੰਘ–ਇਹ ਸੱਚ ਹੈ।

ਰਾਮ ਸਿੰਘ–ਫਿਰ ਗੁਰ ਸਿੱਖੀ ਦੀ ਪੂਰਨ ਰਹਿਤ ਰੱਖਕੇ ਕਾਫਰ ਦੀ ਕਰਤੂਤ ਕਰਦੇ ਰਹੇ ਤੇ ਲੋਕਾਂ ਵਿਚ ਪੂਰਨ ਸਿਖ ਅਖਵਾਉਂਦੇ ਰਹੇ।

ਸੇਵਕ ਸਿੰਘ–ਤਦੇ ਤਾਂ ਮੈਂ ਕਹਿੰਦਾ ਹਾਂ ਕਿ ਨਿਸ਼ਚਾ ਭਰੋਸਾ ਜ਼ਰੂਰੀ ਹੈ, ਦੂਸਰੀ ਗਲ ਇਹ ਹੈ ਕਿ ਬੇਸ਼ਕ ਇਸ ਤਰ੍ਹਾਂ ਦਾ ਧੋਖਾ ਕਿਤੇ ਕਿਤੇ ਲਗ ਜਾਂਦਾ ਹੈ, ਪਰ ਇਹ ਗਲ ਲੁਕਦੀ ਨਹੀਂ। ਜੋ ਟਪਲਾ ਇਸ ਤਰ੍ਹਾਂ ਲਗਦਾ ਹੈ ਉਹ ਬਾਹਲਾ ਚਿਰ ਰਹਿ ਨਹੀਂ ਸਕਦਾ, ਸਤਿਗੁਰਾਂ ਦਾ ਬਚਨ ਹੈ:–

ਅੰਤਰਿ ਬਹਿਕੈ ਕਰਮ ਕਮਾਵੈ
ਸੋ ਚਹੁਕੁੰਡੀ ਜਾਣੀਐ ॥

ਹਾਂ ਇਹ ਮੈਂ ਮੰਨਦਾ ਹਾਂ ਕਿ ਸੁਧਾਰ ਸਨੇ ਸਨੇ ਹੁੰਦਾ ਹੈ, ਜੀਵ ਆਪੇ ਨੂੰ ਸੁਧਾਰਦਾ, ਕਈ ਠੁਹਕਰਾਂ ਖਾਂਦਾ ਹੈ, ਪਰ ਉਸਦਾ ਉੱਚੇ ਹੋਣ ਦਾ ਯਤਨ ਜੇ ਜਾਰੀ ਰਹੇ ਤਾਂ ਉਹ ਇਕ ਦਿਨ ਕਾਮਯਾਬ ਹੋ ਜਾਂਦਾ ਹੈ।

ਰਾਮ ਸਿੰਘ–ਫਿਰ ਰਹਿਤ ਦਾ ਗੁਣ

Digitized by Panjab Digital Library | www.panjabdigilib.org

ਤੁਸੀਂ ਦੱਸੋ ?

ਸੇਵਕ ਸਿੰਘ—ਗੁਰਸਿੱਖੀ ਦੀ ਰਹਿਤ ਦੇ ਗੁਣ ਧਾਰਮਕ,ਸਰੀਰਕ ਤੇ ਭਾਈਚਾਰਕ ਹਨ। ਧਾਰਮਕ ਗੁਣ ਤਾਂ ਆਤਮ ਸੱਤਜਾ ਨਾਲ ਸੰਬੰਧ ਰਖਦੇ ਹਨ। ਕੇਸ ਸਿਰ ਦੇ ਵਿਚ ਆਤਮ ਤਾਕਤਾਂ ਦੇ ਰਖਜਕ ਹਨ । ਏਹ ਲੰਮੀ ਵਿਚਾਰ ਫੇਰ ਕਿਸੇ ਵੇਲੇ ਕਰਾਂਗੇ ਜਗਤ ਦੇ ਸਾਰੇ ਅਵਤਾਰ ਤੇ ਆਤਮ ਵਿਦਜਾ ਦੇ ਕਰਨੀ ਵਾਲੇ ਕੇਸਾਂ ਵਾਲੇ ਹੋਏ ਹਨ। ਦੂਸਰੇ ਇਹ ਜਗਤ ਚਿੰਨ੍ਹਾਂ ਦਾ ਟਿਕਾਣਾ ਹੈ। ਚਿੰਨ੍ਹਾਂ ਨਾਲ ਜੋ ਭਾਵ ਹੁੰਦਾ ਹੈ ਉਹ ਮਨ ਤੇ ਅਸਰ ਰਖਦਾ ਹੈ। ਜਿਵੇਂ ਕ੍ਰਿਪਾਨ ਸੂਰਮਗਤੀ ਦਾ ਚਿੰਨ੍ਹ ਹੈ, ਇਸ ਦੇ ਧਾਰਨ ਵਾਲੇ ਨੂੰ ਸੂਰਮਗਤੀ ਦਾ ਅਸਰ ਹੁੰਦਾ ਰਹਿੰਦਾ ਹੈ। ਕਲਗੀਧਰ ਜੀ ਨੇ ਕ੍ਰਿਪਾਨ ਪਰੋਪਕਾਰ ਲਈ ਰਖਵਾਈ ਹੈ, ਸੋ ਕ੍ਰਿਪਾਨ ਧਾਰਨ ਵਾਲੇ ਤੇ ਪਰੋਪਕਾਰ ਹਿਤ ਦੁਖ ਸਹਿਣ ਦਾ ਧਾਰਮਕ ਪ੍ਰਭਾਵ ਪੈਂਦਾ ਹੈ*।ਇਸਤਰ੍ਹਾਂ ਕੱਛ ਬੀਰ ਰਸ ਲਈ ਬੀ ਹੈ ਤੇ ਜਤ ਧਾਰਨੇ ਦਾ ਚਿੰਨ੍ਹ ਬੀ ਹੈ, ਇਸ ਨੂੰ ਧਾਰਨ ਵਾਲਾ ਸਮਝਦਾ ਹੈ ਕਿ ਮੈਂ ਗ੍ਰਿਹਸਤ ਜਤੀ ਰਹਿਣਾ ਹੈ ਆਦਿ। ਹੋਰ ਫਿਰ ਸਮੇਂ ਸਿਰ ਕਿਸੇ ਵੇਲੇ ਵਿਚਾਰ ਕਰਾਂਗਾ, ਹਾਲਾਂ ਤੁਸੀਂ ਦੱਸੋ ਜੋ ਸਾਰੇ ਸਿੰਘ ਸ੍ਰੀ ਦਸਮੇਸ਼ ਜੀ ਦੀ ਸੇਵਾ ਲਈ ਉਨ੍ਹਾਂ ਦੇ ਸਿਪਾਹੀ ਹਨ ਕਿ ਨਹੀਂ ?

ਰਾਮ ਸਿੰਘ—ਹਨ।

ਸੇਵਕ ਸਿੰਘ—ਫਿਰ ਸਾਰੀ ਸਿਪਾਹ ਵਿਚ ਕੋਈ ਐਸੇ ਚਿੰਨ੍ਹ ਇਕੋ ਜਹੇ ਹੋਣੇ ਜ਼ਰੂਰੀ ਹਨ ਕਿ ਨਹੀਂ, ਜਿਨ੍ਹਾਂ ਤੋਂ ਪਰਤੱਖ ਪਤਾ ਲਗ ਜਾਵੇ ਜੋ ਫਲਾਣੇ ਚਿੰਨ੍ਹ ਵਾਲਾ ਦਸਮੇਸ਼ ਜੀ ਦਾ ਸਿਪਾਹੀ ਹੈ ?

ਰਾਮ ਸਿੰਘ—ਠੀਕ ਜ਼ਰੂਰੀ ਹਨ ?

ਸੇਵਕ ਸਿੰਘ—ਬੱਸ ਫਿਰ ਇਹ ਰਹਿਤ ਸਭ ਤੋਂ ਸੋਖ਼ਟ ਕਾਰਜ ਪੂਰਨ ਕਰਦੀ ਹੈ।

ਰਾਮ ਸਿੰਘ—ਪਰ ਨਿਰੇ ਇਨ੍ਹਾਂ ਨਾਲ ਤਾਂ ਸ੍ਰੀ ਦਸਮੇਸ਼ ਜੀ ਦਾ ਸੱਚਾ ਸਿਪਾਹੀ ਨਹੀਂ ਬਣ ਜਾਈਦਾ।ਨਾਲ ਕਰਣੀ ਭੀਤੇਸਤਿਗੁਰਾਂ ਦੇ ਉਪਦੇਸ਼ ਅਨੁਸਾਰ ਹੋਣੀ ਜ਼ਰੂਰੀ ਹੈ।

ਸੇਵਕ ਸਿੰਘ—ਇਹ ਠੀਕ ਹੈ ਤੇ ਇਹੋ ਮੈਂ ਕਹਿੰਦਾ ਆਇਆ ਹਾਂ,ਪਰਸਜਣਜੀ!ਅੰਦਲੀ ਰਹਿਣੀ ਦਰਦਾਂ ਕਰ ਰਹੇ ਨੇਤਰਾਂ ਨੂੰ ਦਿੱਸ ਨਹੀਂ ਸਕਦੀ।ਕਰਨੀ ਦੀ ਖੇਲ ਸੁਖੱਲੀ ਗੱਲ ਨਹੀਂ। ਸਾਰਿਆਂ ਦੀ ਕਰਨੀ ਇਕੋ ਜਿਹੀ ਭੀ ਨਹੀਂ ਹੋ ਸਕਦੀ। ਵਧ ਘਟ ਕੁਝ ਨਾ ਕੁਝ ਫਰਕ ਹਰ ਥਾਂ ਰਹਿੰਦਾ ਹੈ। ਜੇ ਨਿਰੀ ਕਰਣੀ ਨੂੰ ਹੀ ਜਾਚ ਦੀ ਘਸਵੱਟੀ ਬਣਾਈਏ ਤਾਂ ਫਿਰ ਖਾਸਤਰ੍ਹਾਂ ਦੀ ਕਰਣੀ ਯਾ ਖਾਸ ਪਵਿੱਤ੍ਰਤਾ ਦੇ ਦਰਜੇ ਹੋਣ ਦਾ ਕੋਈ ਮਰਕਜ਼ (ਕੇਂਦਰ) ਭੀ ਕਾਇਮ ਕਰਨਾ ਪਵੇਗਾ। ਇਹ ਹਰ ਥਾਂ ਇਕੋ ਜਿਹਾ ਹੋ ਨਹੀਂ ਸਕਦਾ ਤਾਂ ਫਿਰ ਐਸੇ ਸਾਂਝੇ Common ਚਿੰਨ੍ਹ ਲੱਭਣੇ ਜਿਸ ਕਰਕੇ ਪਤਾ ਲੱਗ ਸਕੇ ਜੋ ਫਲਾਣਾ ਸੱਜਨ ਸਿੰਘ ਹੈ, ਬਹੁਤ ਹੀ ਕਠਨ ਹੋ ਜਾਵੇਗਾ।

ਰਾਮ ਸਿੰਘ—ਇਹ ਠੀਕ ਹੈ।

ਸੇਵਕ ਸਿੰਘ—ਤਾਂ ਇਸ ਤਰ੍ਹਾਂ ਭੀ ਬਾਹਰ ਦੀ ਰਹਿਤ ਦੀ ਆਵਸ਼ਕਤਾ ਪਰਤੀਤ ਹੋਈ, ਜਿਸ ਤੋਂ ਦੇਖਦੇ ਹੀ ਪਤਾ ਲੱਗ ਜਾਵੇ ਜੋ ਫਲਾਣੇ ਚਿੰਨ੍ਹਾਂ ਵਾਲਾ ਸਜਣ ਦਸਮੇਸ਼ ਜੀ ਦਾ ਸਿਪਾਹੀ, ਅਰਥਾਤ ਉਨ੍ਹਾਂ ਦਾ ਸਾਜਿਆ ਸਿੰਘ ਹੈ। ਇਨ੍ਹਾਂ ਦੋਹਾਂ ਗੱਲਾਂ ਤੋਂ ਵੱਖ ਹੁਣ ਤੁਸੀਂ ਇਕਤਰ੍ਹਾਂ ਵਿਚਾਰ ਕਰੋ;ਜਦ ਸਤਿਗੁਰਾਂ

*ਦੂਸਰੇ ਕ੍ਰਿਪਾਨਧਾਰੀ ਨੂੰ ਭਲੇ ਨਾਮ ਤੇ ਸਚ ਦੀ ਖਾਤਰ ਆਪਾ ਵਾਰਨ ਦੀ ਦਲੇਰੀ ਪੈਦਾ ਹੁੰਦੀ ਹੈ। [ਸੰਪਾਦਿਕ

Digitized by Panjab Digital Library | www.panjabdigilib.org

ਨੇ ਅੰਮ੍ਰਿਤ ਸੰਸਕਾਰ ਕਾਇਮ ਕੀਤਾ ਸੀ ਤਦੋਂ ਪੰਜਾਂ ਪਿਆਰਿਆਂ ਨੂੰ ਕੀ ਰਹਿਤ ਰਖਾਈ ਸੀ ?

ਰਾਮ ਸਿੰਘ—ਕੁਝ ਠੀਕ ਠੀਕ ਪਤਾ ਨਹੀਂ ਲੱਗਦਾ।

ਸੇਵਕ ਸਿੰਘ—ਜੇ ਚੰਗੀ ਤਰ੍ਹਾਂ ਇਤਿਹਾਸਾਂ ਦੀ ਖੋਜ ਕਰੋ, ਪੁਰਾਤਨ ਰਹਿਤਨਾਮੇ ਵਿਚਾਰੋ ਤਾਂ ਆਪ ਦੀ ਤਸੱਲੀ ਰੋਚਰਾ ਪਤਾ ਲਗ ਜਾਵੇਗਾ। ਪਰੰਪਰਾ ਤਾਂ ਪਰਤੱਖ ਹੀ ਹੈ।

ਰਾਮ ਸਿੰਘ—ਪਰ ਇਸ ਨਾਲ ਕੀ? ਸ੍ਰੀ ਦਸਮੇਸ਼ ਜੀ ਆਪਣੇ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਅਸਥਾਪਨ ਕਰ ਗਏ, ਉਥੇ ਇਸ ਰਹਿਤ ਦਾ ਕੋਈ ਜ਼ਿਕਰ ਨਹੀਂ ?

ਸੇਵਕ ਸਿੰਘ—ਪਿਆਰੇ ਭਾਈ ਸਾਹਿਬ ! ਕਾਹਲੇ ਨਾ ਪਵੋ। ਇਹ ਗਲ ਭੀ ਜੋ ਆਪ ਨੇ ਕਹੀ ਹੈ ਅਜ ਕਲ ਦੇ ਵਿਦ੍ਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਭੀ ਸਿੱਖੀ ਰਹਿਤ ਦਾ ਆਸਰਾ ਲੱਭਦੇ ਹਨ, ਪਰ ਚਰਚਾ ਕਰਨ ਲਈ ਆਪ ਦਾ ਕਥਨ ਮੰਨ ਹੀ ਲਈਏ ਤਦ ਭੀ ਗਲ ਉਥੇ ਹੀ ਰਹਿੰਦੀ ਹੈ। ਕਿਉਂਕਿ ਦਸਮੇਂ ਗੁਰੂ ਜੀ ਗੁਰ ਨਾਨਕ ਦੇਵ ਜੀ ਦੀ ਗਦੀ ਪਰ ਸੇ, ਉਨ੍ਹਾਂ ਦਾ ਰੂਪ ਸੇ। ਉਨਾਂ ਜੋ ਮ੍ਰਯਾਦਾ ਬੱਧੀ ਸੋ ਪ੍ਰਮਾਣੀਕ ਹੈ। ਇਸਤਰ੍ਹਾਂ ਜੋ ਰਹਿਤ ਸਿੰਘ ਰਖਦੇ ਹਨ ਉਨ੍ਹਾਂ ਦੀ ਰਖਾਈ ਚਲੀ ਆ ਰਹੀ ਹੈ। ਫਿਰ.....

ਰਾਮ ਸਿੰਘ—ਉਹ ਕਿਸਤਰ੍ਹਾਂ ?

ਸੇਵਕ ਸਿੰਘ—ਇਤਿਹਾਸਾਂ ਦੀ ਤੇ ਰਹਤਨਾਮਿਆਂ ਦੀ ਖੋਜ ਤੋਂ ਸ੍ਰੀ ਦਸਮੇਸ਼ ਜੀ ਦੇ ਅੰਮ੍ਰਿਤ ਸੰਸਕਾਰ ਕਾਇਮ ਕਰਨ ਦੇ ਸਮੇਂ ਦੀ ਰਹਿਤ ਦਾ ਪਤਾ ਲਿਖਤੀਂ ਲੱਗ ਸਕਦਾ ਹੈ। ਜਦ ਇਹ ਨਿਰਨੇ ਹੋਗਿਆ ਤਾਂ ਤਦੋਂ ਦੀ ਰਹਿਤ ਦਾ ਸੰਸਕਾਰ ਦਸਮੇਸ਼ ਜੀ ਨੇ ਪਰਵਾਨ ਕੀਤਾ, ਪਤਾ ਲਗ ਗਿਆ। ਜਦ ਇਹ ਪਤਾ ਲਗਾ ਤਾਂ ਇਸ ਵਿਚ ਉਨ੍ਹਾਂ ਦੀ ਆਗਿਆ ਸੁਤੇ ਹੀ ਸਿੱਧ ਹੋਈ, ਜਦ ਆਗਿਆ ਸਿੱਧ ਹੋਈ ਤਾਂ ਹਰ ਸਿਖ ਦਾ ਉਸ ਆਗਿਆ ਦੀ ਪ੍ਰਵਾਨਗੀ ਧਰਮ ਹੋਇਆ। ਉਹ ਆਗਿਆ ਗੁਰੂ ਕਾ ਹੁਕਮ ਹੈ, ਜੋ ਮੰਨਣੇ ਜੋਗ ਹੈ।

ਰਾਮ ਸਿੰਘ—ਇਹ ਠੀਕ ਹੈ।

ਸੇਵਕ ਸਿੰਘ—ਫਿਰ ਗੁਰਸਿਖੀ ਦੀ ਰਹਿਤ ਰੱਖਣੀ ਸ੍ਰੀ ਦਸਮੇਸ਼ ਜੀਦੀ ਆਗਿਆ ਅਨੁਸਾਰ ਹੀ ਹੋਈ ਕਿ ਨਹੀਂ ?

ਰਾਮ ਸਿੰਘ—ਹਾਂ ਜੀ ਹੋਈ।

ਸੇਵਕ ਸਿੰਘ—ਤਾਂ ਇਸ ਆਗਿਆ ਨੂੰ ਉਥੱਲਣਾ ਸਿਖ ਲਈ ਅਪਰਾਧ ਹੋਇਆ ਕਿ ਨਹੀਂ ?

ਰਾਮ ਸਿੰਘ—ਇਹ ਭੀ ਠੀਕ ਹੈ।

ਸੇਵਕ ਸਿੰਘ—ਸੋ ਹੁਣ ਇਕ ਹੋਰ ਪਾਸੇ ਤੋਂ ਵਿਚਾਰ ਕਰੀਏ। ਪੰਥ ਦੀ ਉੱਨਤੀ ਤਾਂ ਤੁਸੀਂ ਮੁੱਖ ਫਰਜ਼ ਮੰਨਦੇ ਹੀ ਹੋ ?

ਰਾਮ ਸਿੰਘ—ਜੀ ਹਾਂ।

ਸੇਵਕ ਸਿੰਘ—ਇਹ ਉੱਨਤੀ ਤਦੇ ਹੀ ਹੋ ਸਕਦੀ ਹੈ ਜੇ ਪਹਿਲੇ ਪੰਥ ਦਾ ਵਜੂਦ ਹੋਵੇ ਤੇ ਉਸ ਵਿਚ ਪਕਿਆਈ ਦਾ ਬੀਜ ਹੋਵੇ। ਪਕਿਆਈ ਦਾ ਬੀਜ ਤਾਂ ਸਿਖੀ ਧਰਮ ਦਾ ਧਾਰਨ ਕਰਨਾ ਹੈ, ਪਰ ਵਜੂਦ ਤਦੇ ਹੀ ਰਹਿ ਸਕਦਾ ਹੈ ਜਦੋਂ ਕੋਈ ਖਾਸ ਚਿੰਨ੍ਹ ਸਭਨਾਂ ਵਿਚ ਸਾਂਝੇ ਹੋਣ। ਚਿੰਨ੍ਹਾਂ ਦੇ ਸਾਂਝੇ ਹੋਣ ਕਰਕੇ ਸੁਭਾਵਕ ਹੀ ਇਕ ਤ੍ਰ੍ਹਾਂ ਦੀ ਆਪਸ ਵਿਚ ਯਗਾਨਗਤ ਕਾਇਮ ਹੋਵੇ, ਜਿਸ ਕਰਕੇ ਹਰਇਕ ਇਕ ਦੂਜੇ ਨੂੰ ਪਰਤੱਖ ਆਪਣੇ ਵਿੱਚੋਂ ਤੇ ਆਪਣੇ ਜਿਹਾ ਸਮਝੇ। ਆਪਣੇ ਤੋਂ ਓਪਰਾ ਨਾ ਸਮਝੇ।

ਰਾਮ ਸਿੰਘ—ਇਹ ਭੀ ਠੀਕ ਹੈ।

ਸੇਵਕ ਸਿੰਘ—ਇਹ ਭੀ ਤੁਸੀਂ ਮੰਨਦੇ ਹੀ

Digitized by Panjab Digital Library | www.panjabdigilib.org

ਹੋਸੋ ਕਿ ਖਾਸ ਖਾਸ ਵਤੀਰੇ ਪਰ ਕਾਇਮ ਹੋਣ ਕਰਕੇ ਖਾਸ ਖਾਸ ਤਰ੍ਹਾਂ ਦੇ ਸੁਭਾਵ ਬਣ ਜਾਂਦੇ ਹਨ, ਇਸੇ ਤਰ੍ਹਾਂ ਹੀ ਇਕ ਖਾਸ ਤਰ੍ਹਾਂ ਦੇ ਚਿੰਨ੍ਹ ਹੋਣ ਕਰਕੇ ਇਕ ਤਰ੍ਹਾਂ ਦੀ ਸੁਭਾਵ ਦੀ ਸਾਂਝ ਪੈਦਾ ਹੁੰਦੀ ਹੈ, ਇਕੋ ਤਰ੍ਹਾਂ ਦਾ ਸੁਭਾਵ ਹੋਣ ਕਰਕੇ ਪਰਸਪਰ ਮੇਲ ਦੀ ਸੂਰਤ ਬਣਦੀ ਹੈ। ਪਰਸਪਰ ਮੇਲ ਨਾਲ ਇਤਫਾਕ ਪੈਦਾ ਹੁੰਦਾ ਹੈ ਤੇ ਇਕੋ ਗੋਂਦ ਵਿਚ ਆਵਣ ਕਰਕੇ ਏਕਤਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਨਾਲ ਭੀ ਗੁਰ ਸਿਖੀ ਦੀ ਰਹਿਤ ਬੜੀ ਜ਼ਰੂਰੀ ਹੈ।

ਰਾਮ ਸਿੰਘ–ਪਰ ਇਹ ਫਲ ਹਰ ਇਕ ਜਗ੍ਹਾ ਤਾਂ ਪੈਦਾ ਨਹੀਂ ਹੋ ਸਕਦੇ ?

ਸੇਵਕ ਸਿੰਘ–ਪਰ ਆਪਣੇ ਪੰਥ ਵਿਚ ਨਜ਼ਰ ਮਾਰੋ। ਸਾਡਾ ਇਕ ਇਤਿਹਾਸਿਕ ਪਿੱਛਾ ਹੈ, ਅਰਥਾਤ ਸਾਡੀ ਇਕ ਇਤਿਹਾਸਿਕ ਪਰੰਪਰਾ ਬਣ ਚੁਕੀ ਹੈ। ਸਾਰੀ ਕੌਮ ਦੀ ਉਹ ਜਾਨ ਤੇ ਤਾਨ ਹੈ। ਐਡਾ ਸ਼ਾਨਦਾਰ ਪਿੱਛਾ ਜੇਡਾ ਸਾਡਾ ਹੈ, ਕਿਸੇ ਵਿਰਲੀ ਕੌਮ ਦਾ ਹੈ। ਇਹਦਾ ਅਸਰ, ਇਹਦੀ ਤਾਸੀਰ ਕੌਮ ਵਿਚ ਜਾਨ ਭਰਦੀ ਹੈ। ਇਹ ਸਾਡੀ ਕੌਮ ਦੇ ਨਾਲ ਬੱਝ ਚੁਕੀ ਹੈ। ਜਿਸ ਵਿਚ ਸਾਡੀ ਕਰਣੀ ਰਹਿਣੀ ਤੇ ਵਿਸ਼ਵਾਸ਼ ਦੀ ਇਕ ਮੂਰਤਿ ਬਣ ਚੁਕੀ ਹੈ, ਉਸ ਨੂੰ ਅਲੱਗ ਕਰ ਸਕਣਾ ਕਠਨ ਹੈ। ਕਰੋ ਤਾਂ ਕੌਮ ਨਹੀਂ ਰਹਿੰਦੀ। ਤੁਸੀਂ ਤੱਕੋ ਜੋ ਸਿੱਖ ਕੇਸਾਂ ਦੀ ਬੇਅਦਬੀ ਕਰੇ ਉਸ ਵਿਚ ਅਪਣੇ ਪਿਛੇ ਨਾਲ ਨਾ ਸਨਬੰਧ ਰਹਿੰਦਾ ਹੈ ਨਾ ਫ਼ਖ਼ਰ। ਐਸੀ ਸੂਰਬੀਰ, ਧਰਮੀ, ਆਪਾ ਵਾਰਨ ਵਾਲੀ, ਦੂਜੇ ਦੇ ਭਲਾ ਕਰਨ ਵਾਲੀ, ਜਿੰਦ ਪਰ ਖੇਡਣ ਵਾਲੀ, ਗੁਣੱਗਜ ਕੌਮ ਬਣਾ ਸਕਣੀ ਕਠਨ ਹੈ ਤੇ ਵੰਞਾ ਦੇਣੀ ਆਸਾਨ ਹੈ। ਸੋ ਜੋ ਸਿਖ ਰਹਿਤ ਬਹਿਤ ਤੋਂ ਗ਼ਾਫਲਤ ਕਰਦਾ ਹੈ, ਉਹ ਐਸਾ ਨੁਕਸਾਨ ਕਰਦਾ ਹੈ ਕਿ ਜਿਸਦਾ ਅੰਦਾਜ਼ਾ ਲਾਉਣਾ ਕਠਨ ਹੈ। ਮੈਂ ਇਸ਼ਾਰੇ ਮਾਤਰ ਗੱਲਾਂ ਕਰ ਰਿਹਾ ਹਾਂ, ਵਿਸਥਾਰ ਲੰਮੇ ਹਨ। ਮਹਾਰਾਣੀ ਸਾਹਿਬਕੌਰ ਨੇ ਮਰਹੱਟਿਆਂ ਤੋਂ ਭਜ ਪਈ ਆਪਣੀ ਸਿਖ ਫੌਜ ਨੂੰ ਅਪਣੇ ਬਜ਼ੁਰਗ ਪਿੱਛੇ ਦੇ ਤੇ ਪਰੰਪਰਾ ਦੀ ਵੰਗਾਰ ਪਾਕੇ ਪਲਾਂ ਵਿਚ ਸਾਹਸ ਭਰ ਦਿੱਤਾ ਸੀ ਤੇ ਉਸਦਿਨ ਦਾ ਮੈਦਾਨ ਮਾਰਕੇ ਰਿਆਸਤ ਪਟਿਆਲੇ ਨੂੰ ਬਚਾ ਲਿਆ ਸੀ। ਐਸੇ ਵਾਕਿਆਤ ਅਨੇਕਾਂ ਹਨ, ਸੋ ਇਹ ਰਹਿਤ ਮਿਰਯਾਦਾ ਪੰਥਕ ਧਾਰਮਕ ਗੁਰੂ ਦਾਤੇ ਦੇ ਬਖਸ਼ੇ ਧਾਰਨ ਕਰਕੇ 'ਸਾਬਤ ਸੂਰਤ ਦਸਤਾਰ ਸਿਰਾ' ਰਹਿਣਾ ਪੰਥਕ ਜੀਵਨ ਹੈ, ਪੰਥਕ ਜਥੇਬੰਦੀ ਹੈ ਤੇ ਪੰਥਕ ਪਰੰਪਰਾ ਦੀ ਕਾਇਮੀ ਹੈ, ਜੋ ਪੰਥਕ ਜੀਵਨ ਹੈ ਤੇ ਸ਼ਖਸੀ ਜੀਵਨ ਨੂੰ ਸ਼ਰੀਫ, ਨਿਰਭੈ, ਦਾਤਾ, ਉਪਕਾਰੀ ਤੇ ਬੀਰ ਬਣਾਉਂਦਾ ਹੈ।

ਰਾਮ ਸਿੰਘ–ਇਹ ਮੈਂ ਠੀਕ ਮੰਨਦਾ ਹਾਂ ਤੁਸਾਂ ਸੱਚ ਸੱਚ ਕਿਹਾ ਹੈ। ਮੈਂ ਇਕ ਬੜੇ ਬਹਾਦਰ ਕੁਲ ਦੇ ਸੂਰਮੇਂ ਦੀ ਵੰਸ਼ ਨੂੰ ਰਹਿਤ ਤੋਂ ਵੰਚਤ ਹੋ ਗਿਆ ਡਿੱਠਾ ਹੈ। ਓਸ ਵਿਚ ਕੌਮੀ ਪਰਚਾਰ ਨਹੀਂ ਸੀ, ਬੀਰਤਾ ਦਾ ਫ਼ਖ਼ਰ ਨਹੀਂ ਸੀ, ਨੇਕੀ ਦਾ ਸਾਹਸ ਨਹੀਂ ਸੀ, ਗੱਲ ਕੀ ਮੈਂ ਉਸ ਨੂੰ ਇਸ ਬਜ਼ੁਰਗ ਕੌਮ ਦੇ ਵਸਫਾਂ ਤੋਂ ਤੇ ਫ਼ਖ਼ਰ ਤੋਂ ਖਾਲੀ ਡਿੱਠਾ। ਨਾ ਉਸ ਨੂੰ ਅਪਣੇ ਪਿਛੇ ਦਾ ਫ਼ਖ਼ਰ ਸੀ, ਨਾ ਕਿਸੇ ਸਿੱਖ ਨੂੰ ਉਸ ਨਾਲ ਫ਼ਖ਼ਰ ਉਠਦਾ ਸੀ। ਉਹ ਮਾਲਾ ਤੋਂ ਟੁੱਟ ਗਿਆ ਮਣਕਾ ਦਿੱਸਦਾ ਸੀ। ਹੁਣ ਤੁਸੀਂ ਮੈਨੂੰ ਗੁਰ ਸਿਖੀ ਦੀ ਰਹਿਤ ਦਾ ਜੋ ਸਨਬੰਧ ਆਤਮਾਂ ਦੀ ਪਵਿੱਤ੍ਰਤਾ ਨਾਲ ਹੈ ਉਹ ਸਮਝਾਓ।

ਸੇਵਕ ਸਿੰਘ–ਇਹ ਮੋਟੀ ਮੋਟੀ ਤਰ੍ਹਾਂ ਮੈਂ ਆਪ ਨੂੰ ਗੁਰ ਸਿੱਖੀ ਦੀ ਰਹਿਤ ਰੱਖਣ ਦੇ

Digitized by Panjab Digital Library | www.panjabdigilib.org

ਗੁਣ ਦੱਸੇ ਹਨ।

ਕਿਸੇ ਪੂਰਨ ਭਾਂਡੇ ਦੇ ਜੇ ਕਦੀ ਪੂਰਬਲੇ ਕਰਮਾਂ ਕਰਕੇ ਦਰਸ਼ਨ ਕਰਨ ਦਾ ਅਵਿਕਾਸ਼ ਹੋਇਆ ਤੇ ਉਸ ਦੀ ਮੇਹਰ ਹੋਈ ਤਾਂ ਇਸ ਦੇ ਅੰਤ੍ਰੀਵ ਲਾਭ ਦੀ ਭੀ ਤੁਸਾਂ ਨੂੰ ਖਬਰ ਲਗ ਜਾਵੇਗੀ।

ਰਾਮ ਸਿੰਘ–ਇਹ ਤਾਂ ਵਸੋਂ ਬਾਹਰ ਦੀ ਗੱਲ ਹੈ।

ਸੇਵਕ ਸਿੰਘ–ਹੈ ਇਹ ਸੱਚ, ਪਰ ਇਹ ਗੱਲ ਅਸੰਭਵ ਨਹੀਂ ਹੈ, ਇਸ ਤਰ੍ਹਾਂ ਨਹੀਂ ਜੋ ਤੁਸੀਂ ਉੱਦਮ ਰਹਿਤ ਹੋਕੇ ਸਾਮ੍ਹਣੇ ਪਈ ਹੋਈ ਨੂੰ ਕਹੋ ਕੋਈ ਮੇਰੇ ਮੂੰਹ ਵਿਚ ਪਾ ਜਾਵੇ। ਕਿਸੇ ਚੀਜ਼ ਦੀ ਲੋੜ ਹੋਵੇ ਉਸਦੀ ਪਰਾਪਤੀ ਉੱਦਮ ਤੋਂ ਬਿਨਾ ਹੋਣੀ ਕਠਨ ਹੈ । ਮੋਟੀ ਗੱਲ ਹੈ 'ਜੋ ਟੋਲਦਾ ਹੈ ਸੋ ਪਾਂਦਾ ਹੈ' ।

ਹੁਕਮ ਹੈ 'ਜੋ ਖੋਜੈ ਸੋ ਪਾਵੈ ॥'

ਰਾਮ ਸਿੰਘ–ਠੀਕ ਹੈ, ਪਰ ਮੈਂ ਉੱਦਮ ਕੀ ਕਰਾਂ ?

ਸੇਵਕ ਸਿੰਘ–ਗੁਰਬਾਣੀ ਦਾ ਨਿਤਾਪ੍ਰਤਿ ਪਾਠ ਕਰੋ, ਹਰ ਵੇਲੇ ਯਾਦ ਰਖੋ ਜੋ ਸਤਿਗੁਰ ਜੀ ਹਨ ਤੇ ਤੁਸੀਂ ਉਨ੍ਹਾਂ ਦੇ ਹੋ, ਗੁਰ ਸਿੱਖਾਂ ਦੀ ਸੰਗਤ ਕਰੋ, ਗੁਰ ਪਿਆਰਿਆਂ ਦੇ ਉਪਦੇਸ਼ ਸੁਣੋ, ਆਪੇ ਹੀ ਸਮੇਂ ਸਿਰ ਸਾਰੀ ਸਮਝ ਦੀ ਪ੍ਰਾਪਤੀ ਹੋ ਜਾਵੇਗੀ।

ਗੱਲਾਂ ਕਰਕੇ ਯਾ ਪੜ੍ਹਕੇ ਤਾਂ ਜਾਣੀਂਦਾ ਹੈ ਪਰ ਪ੍ਰਾਪਤੀ ਤਾਂ ਕਰਨੈ ਨਾਲ ਹੁੰਦੀ ਹੈ। ਤੁਸੀਂ ਬਾਣੀ ਤੇ ਨਾਮ ਦਾ ਅਭਿਆਸ ਕਰੋ, ਤੁਹਾਨੂੰ ਆਪੇ ਆਤਮ ਸੋਝੀਆਂ ਹੋਣਗੀਆਂ, ਫਿਰ ਗੁਰਮੁਖਾਂ ਦੇ ਮੇਲੇ ਹੋ ਜਾਂਦੇ ਹਨ ।ਯਤਨ ਵਾਲੇ ਨੂੰ ਫਲ ਲੱਗਦਾ ਹੈ। ਫੇਰ ਤੁਸੀਂ ਸਮਝ ਜਾਓਗੇ ਕਿ ਕਿਵੇਂ ਨਾਮ ਤੋਂ ਉਪਜੀਆਂ ਸ਼ਕਤੀਆਂ ਲਈ ਕੇਸਾਂ ਦਾ ਧਾਰਨ ਕਰਨਾ ਰੱਖਜ਼ਕ ਤੇ ਸਹਾਇਕ ਹੈ ਤੇ ਸਾਰੇ ਅਵਤਾਰ ਪੈਗੰਬਰ ਰਿਖੀ ਤੇ ਫਕੀਰ ਮੰਨਦੇ ਆਏ ਹਨ।

ਰਾਮ ਸਿੰਘ–ਪਰ ਹੁਣ ਕੀ ਕਰਾਂ ?

ਸੇਵਕ ਸਿੰਘ–ਹੁਣ ਪਹਿਲਾਂ ਆਓ ਇਹ ਕਰੀਏ ਜੋ ਸਤਿਗੁਰਾਂ ਦੇ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਹਾਜ਼ਰ ਹੋਕੇ ਅਰਦਾਸ ਕਰੀਏ ਤੇ ਆਪਣੀਆਂ ਭੁੱਲਾਂ ਦੀ ਖਿਮਾਂ ਮੰਗੀਏ, ਅੱਗੇ ਦੀ ਗੁਰਮੁਖਤਾਈ ਲਈ ਅਰਦਾਸ ਕਰੀਏ।

ਰਾਮ ਸਿੰਘ–ਭਲਾ ਮੈਂ ਤਾਂ ਭੁੱਲ ਕੀਤੀ ਭੁੱਲ ਬਖਸ਼ਾਵਣੀ ਹੋਈ,ਪਰ ਤੁਸੀਂ ਕਿਉਂ ?

ਸੇਵਕ ਸਿੰਘ–ਪਿਆਰੇ ਭਾਈ!ਮੈਂ ਤੁਹਾਥੋਂ ਬਹੁਤਾ ਭੁੱਲਾ ਹੋਇਆ ਹਾਂ, ਜੋ ਗੱਲਾਂ ਮੈਂ ਤੁਹਾਡੇ ਨਾਲ ਕੀਤੀਆਂ ਹਨ ਗੁਰੂ ਜੀ ਜਾਨਣ, ਇਨ੍ਹਾਂ ਵਿਚ ਕਿੰਨੀਆਂ ਭੁੱਲਾਂ ਹਨ। ਮੈਂ ਦਾਵੇ ਨਾਲ ਕਹਿੰਦਾ ਰਿਹਾ ਹਾਂ, ਇਸੇ ਵਿਚ ਹੀ ਹੰਕਾਰ ਹੈ, ਇਹ ਹੀ ਭੁੱਲ ਹੈ।ਫਿਰ ਖਬਰੇ ਮੇਰੇ ਕਹਿਣ ਵਿਚ ਮੇਰੇ ਅੰਦਰ ਕੋਈ ਹੋਰ ਸੂਖਮ ਦਾਇਕ ਗੱਲ ਲੁਕੀ ਵੜੀ ਬੈਠੀ ਹੋਵੇ ਜੋ ਮੈਨੂੰ ਉਪਕਾਰ ਤੇ ਮੈਤ੍ਰੀ ਦਾ ਧੋਖਾ ਦੇਵੇ ਸੋ ਇਹ ਸਭ ਭੁੱਲ ਕਰਾਈ ਜਾਂਦੀ ਹੈ। ਪਰ ਹੋਰ ਖਬਰੇ ਕੀ ਕੁਝ ਹੋਵੇ,ਮੈਂ ਕੀ ਕਹਾਂ,ਮੈਨੂੰ ਇਹ ਨਿਸ਼ਚਾ ਹੈ ਜੋ ਮੈਂ ਬੜਾ ਭੁੱਲਣਹਾਰ ਹਾਂ, ਮੈਨੂੰ ਬਖਸ਼ਸ਼ ਦੀ ਲੋੜ ਹੈ ਤੇ ਉਹ ਸਤਿਗੁਰਾਂ ਦੀ ਮਿਹਰ ਤੇ ਹੈ,ਉਸ ਦੀ ਮਿਹਰ ਦਾ ਹੀ ਆਸਰਾ ਹੈ ਉਸ ਦੀ ਮਿਹਰ ਤੋਂ ਬਿਨਾ ਕੁਝ ਨਹੀਂ,ਇਸ ਲਈ ਆਵੋ ਝਬਦੇ ਹੀ ਸ੍ਰੀਗੁਰੂ ਜੀ ਦੇ ਦਰਬਾਰ ਚੱਲੀਏਤੇ ਭੁੱਲਾਂਬਖਸ਼ਾਵੀਏਤੇ ਬੇਨਤੀ ਕਰੀਏ।

ਭਾਈ ਜੀ ! ਸਿੱਖੀ ਸਚ ਮੁਚ ਖੰਡਿਓਂ ਤਿੱਖੀ ਅਤੇ ਵਾਲਹੁ ਨਿੱਕੀ ਹੈ, ਆਪ ਦੇ ਕਥਨ ਮੂਜਬ ਸਿਦਕ ਅਤੇ ਭਰੋਸੇ ਬਾਝਹੁ ਸਿੱਖੀ ਨਹੀਂ ਨਿਭ ਸਕਦੀ। ਸਿਦਕ

Digitized by Panjab Digital Library | www.panjabdigilib.org

ਭਰੋਸਾ ਪੱਕਾ ਹੋਵੇ ਤਾਹੀਂ ਤਿੱਖੀ ਤਲਵਾਰ ਦੀ ਧਾਰ ਪੁਰ ਚਲਿਆ ਜਾਂਦਾ ਹੈ ਨਹੀਂ ਤਾਂ ਗੁਰੂ ਕਾ ਬਚਨ ਹੈ:-

"ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ
ਕਾਰਿ ਨ ਆਈ ॥"

ਕਹਿਣੀ ਦੇ ਸੂਰੇ ਤਾਂ ਸਾਡੇ ਵਰਗੇ ਅਨੇਕਾਂ ਪਏ ਫਿਰਦੇ ਹਨ, ਪਰੰਤੂ ਕਰਨੀ ਦੇ ਸੂਰੇ ਤੇ ਰਹਿਣੀ ਦੇ ਪੂਰੇ ਦੁਰਲਭ ਮਿਲਦੇ ਹਨ, ਹੋਰ ਕੱਚੇ ਪਿਲੇ ਤਾਂ ਹਮਾਤੜ ਸਾਥ ਬਿਅੰਤ ਵਿਚਰ ਰਹੇ ਹਨ।

ਰਾਮ ਸਿੰਘ-ਜਿਵੇਂ ਆਖਸੋ ਕਰਸਾਂ, ਪਰ ਮੈਂ, ਜੋ ਉਦਾਸੀ ਨਾ ਮੰਨੋਤਾਂ, ਦੇ ਇਕ ਨਿੱਕੀਆਂ ਗੱਲਾਂ ਪੁੱਛ ਲਵਾਂ ? ਮੇਰੇ ਕੇਸ ਜਮਾਂਦਰੂ ਛੁਟੇਰੇ ਹਨ। ਜੂੜਾ ਨਹੀਂ ਰਹਿੰਦਾ, ਧਾਗਾ ਬੰਨ੍ਹਣੇਦਾ ਕੀ ਦੋਸ਼ ਹੈ?ਘੜੀ ਮੁੜੀ ਜੋ ਖੁਲ੍ਹ ਖੁਲ੍ਹ ਜਾਂਦਾ ਹੋਇਆ ਤਾਂ ਕੀ ਕਰਨਾ ਹੋਇਆ ?

ਸੇਵਕ ਸਿੰਘ-ਇਹ ਗਲ ਤਾਂ ਕੋਈ ਏਡੀ ਔਖੀ ਨਹੀਂ, ਭਈ ਪਹਿਲੇ ਤਾਂ ਜੂੜਾ ਹੀ ਐਸਾ ਪੱਕਾ ਕਰਨਾ ਚਾਹੀਏ ਜਿਸ ਤੇ ਖੁੱਲ੍ਹੇ ਨਹੀਂ, ਪਰ ਜੇ ਕਦੀ ਕੇਸ ਭਾਰੇ ਅਥਵਾ ਲੰਮੇ ਛੋਟੇ ਹੋਣ ਤਾਂ ਜੂੜੇ ਦੇ ਛੇਕੜਲੇ ਪੇਚ ਦੇ ਕੇਸ ਕੰਘੇ ਨਾਲ ਨੱਪ ਕੇ ਕੰਘਾ ਟੁੰਗ ਲੈਣਾ ਚਾਹੀਏ ਜੋ ਕਦੀ ਜੂੜਾ ਨਹੀਂ ਖੁਲ੍ਹਣ ਦਿੰਦਾ, ਨਹੀਂ ਤਾਂ ਜੂੜਾ ਕਰਕੇ ਨਿੱਕੀ ਪਗ ਦਾ ਪੇਚ ਜੂੜੇ ਪਰ ਦੋਹਰਾ ਮਾਰ ਕੇ ਦਸਤਾਰ ਸਜਾ ਲੈਣੀ ਚਾਹੀਏ ਜੂੜਾ ਨਹੀਂ ਖੁੱਲ੍ਹਦਾ। ਤਾਗਾ ਔਗਣ ਨਹੀਂ, ਪਰ ਦੂਜੇ ਲੋਕਾਂ ਨੂੰ ਭਰਮ ਪਾ ਦੇਂਦਾ ਹੈ।

ਰਾਮ ਸਿੰਘ-ਤੇ ਸਿਰ ਨੰਗਿਆਂ ਰਹਿਣ ਵਿਚ ਕੀ ਔਗੁਣ ਹੋਇਆ।

ਸੇਵਕ ਸਿੰਘ-ਰਹਿਤ ਬਹਿਤ ਵਾਲੇ ਸਿੰਘ ਜੋ ਸਤਿਗੁਰਾਂ ਦੇ ਹੁਕਮ ਅਨੁਸਾਰ ਚਲਦੇ ਹਨ ਉਹ ਨੰਗੇ ਸਿਰ ਨਹੀਂ ਰਹਿੰਦੇ। ਛੋਟੀ ਦਸਤਾਰ ਹੁੰਦੀ ਹੈ ਜੋ ਉਪਰਲੇ ਸਾਢੇ ਦੇ ਉਤਾਰ ਲੈਣ ਨਾਲ ਸਾਰੇ ਕੰਮ ਸਾਰ ਦੇਂਦੀ ਹੈ। ਅਸਲ ਵਿਚ ਪਹਿਲਾਂ ਸਿੰਘ ਸਿੱਧੀ ਦਸਤਾਰ ਹੀ ਬੰਨ੍ਹਿਆ ਕਰਦੇ ਸੇ। ਉਪਰੋਂ ਸਾਢਾ ਮਗਰੋਂ ਟੁਰਿਆ ਹੈ। ਸੋ ਛੋਟੀ ਦਸਤਾਰ ਸਿੰਘ ਰਖਦੇ ਹਨ ਜਦੋਂ ਕਿ ਸਾਢਾ ਉਤਾਰਨ ਦੀ ਲੋੜ ਪੈਂਦੀ ਹੈ ਤਾਂ। ਪਰ ਜੇ ਕਦੀ ਅਤਜਾਵਸਕ* ਕਿਸੇ ਕਾਰਜ ਲਈ ਉਤਾਰਦੇ ਹਨ ਤਾਂ ਪ੍ਰਸ਼ਾਦਿ ਛਕਣ ਅਥਵਾ ਪਾਣੀ ਛਕਣ ਛਕਾਉਣ ਵੇਲੇ ਜਾਂ ਕਿਸੇ ਹੋਰ ਕਾਰਜ ਕਰਨ ਵੇਲੇ ਕੋਈ ਛੋਟੀ ਦਸਤਾਰ ਹੀ ਕੇਸਾਂ ਤੇ ਰਖ ਕੇ ਕਰਦੇ ਹਨ, ਕਦੀ ਵੀ ਭੁਲ ਕੇ ਨੰਗੇ ਸਿਰ ਕੋਈ ਕਾਰਜ ਨਹੀਂ ਕਰਦੇ। ਜੇ ਕਦੀ ਦਸਤਾਰ ਉਤਰ ਜਾਵੇ ਤਾਂ ਗੁਰੂ ਕੇ ਦੀਵਾਨ ਵਿਚ ਹਾਜ਼ਰ ਹੋਕੇ ਤਨਖਾਹ ਬਖਸ਼ਾਉਂਦੇ ਹਨ ਅਤੇ ਆਪਣੇ ਆਪ ਨੂੰ ਭੁੱਲਣ ਹਾਰ ਮੰਨਦੇ ਹਨ।ਅਗੇ ਲਈ ਤਿਆਰ ਬਰਤਿਆਰ ਹੋ ਜਾਂਦੇ ਹਨ।

ਰਾਮ ਸਿੰਘ-ਤੇ ਮਾਲਾ ਦਾ ਕੀ ਦੋਸ਼ ਹੋਇਆ, ਇਹ ਤਾਂ ਭਜਨ ਕਰਨ ਲਈ ਇਕ ਗਿਣਤੀ ਵਾਸਤੇ ਚੀਜ਼ ਹੋਈ ?

ਸੇਵਕ ਸਿੰਘ-ਭਾਈ ਗੁਰ ਕੇ ਮਤ ਵਿਚ ਗਿਣਕੇਭਜਨ ਕਰਨਾ ਪਰਵਾਨਨਹੀਂ, ਕਿਉਂਕਿ ਕਰਤਾਰ ਨੇ ਪਹਿਲੇ ਹੀ ਸ੍ਵਾਸ ਗਿਣਕੇ ਪਾਏ ਹਨ ਤੇ ਸ੍ਵਾਸ ਸ੍ਵਾਸ ਨਾਮ ਜਪਣਾ ਹੋਇਆ, ਆਪੇ ਗਿਣਤੀ ਹੋਗਈ, ਪਰ ਇਹ ਗਲ ਭਾਰੀ ਜ਼ਰੂਰੀ ਹੈ ਕਿ ਸ੍ਵਾਸ ਸ੍ਵਾਸ ਬਿਰਥਾ ਨਾ ਜਾਣ ਦੇਵੇ, ਉਠਦਿਆਂ ਬਹਿੰਦਿਆਂ ਜਾਗਦਿਆਂ ਸੌਂਦਿਆਂ ਖਾਂਦਿਆਂ ਪੀਂਦਿਆਂ ਨਾਮ ਜਪਣਾ ਬਚਨ ਹੈ:-

*ਕੇਸੀਂ ਇਸ਼ਨਾਨ ਕਰਕੇ ਕੇਸ ਹਰੇ ਕਰਨੇ ਆਦਿਕ ਸਮਿਆਂ ਨੂੰ ਅਤਜਾਵਸ਼ਜਕ ਕਹੀਦਾ ਹੈ।

Digitized by Panjab Digital Library | www.panjabdigilib.org

ਕਬੀਰ ਮੋਰੀ ਸਿਮਰਨੀ ਰਸਨਾ ਊਪਰਿ ਰਾਮੁ ॥ ਆਦਿ ਜੁਗਾਦੀ ਸਗਲ ਭਗਤ ਤਾਕੋ ਸੁਖੁ ਬਿਸ੍ਰਾਮੁ ॥੧॥

ਇਸ ਕਾਰਣ ਤੇ ਮਾਲਾ ਦੀ ਲੋੜ ਹੀ ਕੋਈ ਨਹੀਂ। ਉਵ ਮਾਲਾ ਕੋਈ ਪਾਪ ਨਹੀਂ, ਹੱਥ ਦੀ ਟੁਹਣੀ ਹੈ ਤੇ ਕਈ ਨਿਹੰਗ ਸਿੰਘ ਸਰਬ ਲੋਹ ਦੇ ਸਿਮਰਨੇਵਰਤਦੇ ਬੀ ਹਨ, ਪਰ ਆਪ ਨੇ ਤਾਂ ਤੁਲਸੀ ਦੀ ਮਾਲਾ ਰਖੀ ਹੋਈ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਆਪ ਵੈਸ਼ਨਵ ਹੋ। ਕਿਉਂਕਿ ਤੁਲਸੀ ਦੀ ਮਾਲਾ ਤੇ ਤੁਲਸੀ ਦੇ ਹੀਰੇ ਗਲ ਵਿਚ ਪਾਉਣੇ ਵੈਸ਼ਨਵਾਂ ਦਾ ਨਿਸ਼ਾਨ ਹੈ, ਸਿੱਖਾਂ ਦਾ ਚਿੰਨ੍ਹ ਨਹੀਂ।

ਰਾਮ ਸਿੰਘ-ਤੇ ਪਰਨੇ ਦੀ ਕੀ ਕੁਰਹਿਤ ਹੋਈ ?

ਸੇਵਕ ਸਿੰਘ-ਮੱਥੇ ਪੁਰ ਸ੍ਰਾਹ ਲਗੀ ਹੋਈ ਅਤੇ ਮੋਢੇਪਰ ਪਰਨਾਰਖਿਆ ਹੋਇਆਤੁਲਸੀ ਦੀਮਾਲਾ ਅਤੇ ਸਿਰ ਨੰਗੇ ਜੂੜੇ ਨੂੰ ਧਾਗੇ ਬੱਧੇ ਹੋਏ ਵੈਸ਼ਨਵ ਸਿੱਧ ਕਰਨ ਲਈ ਸਹਾਇਕ ਚਿੰਨ੍ਹ ਹਨ; ਕਿਉਂਕਿ ਵੈਸ਼ਨਵ ਲੋਕ ਤਿਲਕ ਕਈ ਪ੍ਰਕਾਰ ਦੇ ਲਗਾਉਂਦੇ ਹਨ। ਜਿਸ ਅਚਾਰਜ ਦਾ ਮਤ ਰੱਖਦੇ ਹਨ, ਉਸੇ ਭੇਖ ਦੇ ਚਿੰਨ੍ਹ ਅਨੁਸਾਰ ਤਿਲਕ ਲਗਾਂਦੇ ਹਨ, ਜਿਹਾਕੁ ਮਾਧਵਾਚਾਰੀ, ਰਾਮਾਨੰਦੀ, ਰਾਮਾਨੁਜੀ, ਰੰਗਾਚਾਰੀ, ਨਿੰਬਾਰਕ ਸ੍ਵਾਮੀ ਤੇ ਬੱਲਭਾਚਾਰੀ ਆਦਿਕ ਅਨੇਕ ਭੇਦ ਹਨਾਇੱਕੁਰ ਹੀ ਇਨ੍ਹਾਂ ਦੇ ਤਿਲਕ ਛਾਪ ਵਿਚ ਵੀ ਭੇਦ ਹਨ, ਕਿਉਂਕਿ ਤਿਲਕ ਦੇ ਚਿੰਨ੍ਹ ਤੋਂ ਅਚਾਰਜ ਦਾ ਮਤ ਪਛਾਣਿਆ ਜਾਂਦਾ ਹੈ, ਪਰੰਤੂ ਕਈ ਵੈਸ਼ਨਵ ਮਤਾਵਲੰਬੀ ਜੋ ਸੀਤਾਰਾਮ ਦੇ ਉਪਾਸਕ ਹਨ, ਉਹ ਸੰਨਜਾਸੀਆਂ ਦੀ ਰੀਸ ਬਰੀਸੇ ਸ੍ਰਾਹ ਦਾ ਤਿਲਕ ਵੀ ਲਗਾ ਲੈਂਦੇ ਹਨ, ਪਰੰਤੂ ਹੋਰ ਸਾਰੇ ਵੈਸ਼ਨਵ ਗੋਪੀ ਚੰਦਨ ਅਥਵਾ ਚੰਦਨ ਅਤੇ ਸਿੰਧੂਰ ਦੀ ਬਿੰਦੀ ਆਦਿਕ ਦਾ ਤਿਲਕ ਚਿੰਨ੍ਹਤ ਕਰਦੇ ਹਨ, ਤੇਰੇ ਮੱਥੇ ਪਰ ਸ੍ਰਾਹ ਲੱਗੀ ਹੋਈ ਤੇ ਇਕ ਵੈਸ਼ਨਵ ਜੈਸੀ ਸ਼ਕਲ ਨਜ਼ਰ ਆਉਂਦੀ ਹੈ, ਮੋਢੇ ਤੇ ਸਾਢਾ ਅਵੱਸੋਂ ਪੂਜਾ ਵੇਲੇ ਖੱਬੇ ਅਥਵਾ ਸੱਜੇ ਮੋਢੇ ਤੇ ਪਰਤ ਸਰਤ ਕੇ ਦੇਵ ਕਰਮ (ਪੂਜਨ) ਅਤੇ ਪਿਤ੍ਰ ਕਰਮ ਪੂਜਨ ਵੇਲੇ ਪਿਤ੍ਰ-ਸਵਜ ਤੇ ਦੇਵਸਵਜ ਕਰਕੇ ਰੱਖਦੇ ਹਨ, ਇਸ ਲਈ ਤੇਰੇ ਮੋਢੇ ਦਾ ਪਰਨਾ ਵੀ ਅਜਿਹੀ ਭ੍ਰਾਂਤੀ ਦਿੰਦਾ ਸੀ ਕਿ ਹੋਰਨਾਂ ਨਿਸ਼ਾਨੀਆਂ ਦਾ ਸਹਾਇਕ ਬਣਿਆ ਹੋਇਆ ਮਾਨੋ ਪਿਤ੍ਰ ਸਵਜ ਪਰਨਾ ਖੱਬੇ ਮੋਢੇ ਤੇ ਪਾਇਆ ਜਾਪਦਾ ਹੈ, ਇਸ ਲਈ ਮੈਂ ਆਪ ਨੂੰ ਸੁਰਜੀਤ ਕਰਨ ਲਈ 'ਜੈ ਸੀਤਾ ਰਾਮ' ਆਖਿਆ ਸੀ ਜੋ ਆਪ ਨੂੰ ਹੋਸ਼ ਆ ਜਾਵੇ।

ਰਾਮ ਸਿੰਘ-(ਆਪਣੇ ਆਪ ਵਿਚ ਬਹੁਤ ਸ਼ਰਮਿੰਦਾ ਹੋ ਕੇ) ਮੇਰੇ ਤਾਂ ਆਪ ਨੇ ਪੜਦੇ ਖੋਹਲ ਦਿਤੇ ਹਨ, ਮੈਂ ਤਾਂ ਮਹਾਂ ਮੂਰਖ ਸਾਂ ਜੋ ਆਪ ਦੇ ਨਾਲ ਐਵੇਂ ਤੰਗ ਤੁਰਸ਼ ਹੁੰਦਾ ਜਾਂਦਾ ਸਾਂ, ਪ੍ਰੰਤੂ ਮੇਰੀ ਬੇਨਤੀ ਇਹ ਹੈ ਕਿ ਇਹ ਸ਼ਕਲ ਮੇਰੀ ਮੈਂ ਆਪ ਕਿਸੇ ਸ਼ੌਕ ਨਾਲ ਅਥਵਾ ਕਿਸੇ ਵੈਸ਼ਨਵ ਦੀ ਸੰਗਤ ਨਾਲ ਨਹੀਂ ਬਣਾਈ ਅਕਸਮਾਤ ਹੀ ਬਣ ਗਈ ਹੈ, ਪਰੰਤੂ ਅੱਜ ਤੋਂ ਇਹ ਕਦੀ ਨਹੀਂ ਕਰਾਂਗਾ। ਹੁਣ ਦੱਸੋ ਕੀ ਕਰਨਾ ਚਾਹੀਏ ?

ਸੇਵਕ ਸਿੰਘ-ਹੁਣ ਦੀਵਾਨ ਵਿਚ ਖੜੇ ਹੋਕੇ ਤਨਖਾਹ ਬਖਸ਼ਾਓ, ਅਗੇ ਲਈ ਗੁਰਮਤ ਧਾਰਨ ਕਰੋ।

ਰਾਮ ਸਿੰਘ-ਇਹ ਗਲ ਮੈਨੂੰ ਪਰਵਾਨ ਹੈ, ਪਰ ਮੈਂ ਅਗੇ ਲਈ ਸਿਰੋਂ ਨੰਗਾ ਹੋਣ ਲਈ ਕੀ ਉਪਾਉ ਕਰਾਂ ? ਗਰਮੀਆਂ ਵਿਚ ਸਿਰ ਬਾਹਲਾ ਘਾਬਰ ਜਾਂਦਾ ਹੈ।

Digitized by Panjab Digital Library | www.panjabdigilib.org

ਸੇਵਕ ਸਿੰਘ–ਇਸ ਗਲ ਦਾ ਕੁਝ ਫਿਕਰ ਨਾ ਕਰੋ, ਇਹ ਬੜੀ ਹੀ ਸੌਖੀ ਜੁਗਤ ਹੈ।

ਗਰਮੀਆਂ ਵਿਚ ਸਿੰਘ ਕੇਸੀ ਅਸ਼ਨਾਨ ਛੇਤੀ ਕਰਦੇ ਹਨ, ਯਾ ਉਂਵ ਕੇਸ ਬਾਹਰਲੀ ਗਰਮੀ ਧੁਪ ਆਦਿ ਤੋਂ ਸਿਰ ਨੂੰ ਠੰਢਿਆਂ ਰੱਖਦੇ ਹਨ, ਤੇ ਕੇਸਾਂ ਵਾਲੇ ਦਾ ਕੇਸੀ ਅਸ਼ਨਾਨ ਦਿਮਾਗ ਨੂੰ ਵਧੇਰੇ ਠੰਢ ਪਹੁੰਚਾਉਂਦਾ ਹੈ ਸੋ ਕੇਸੀ ਨ੍ਹਾਕੇ ਜਦ ਕੇਸ ਹਰੇ ਹੋ ਜਾਣ ਤਦ ਜੂੜਾ ਕਰਕੇ ਇਕ ਨਿਕੀ ਜੇਹੀ ਪੱਗ ਮਲਮਲ ਦੀ ਜੋ ਸਦਾ ਸਾਫੇ ਦੇ ਅੰਦਰ ਰਖੀ ਦੀ ਹੈ, ਓਡੀ ਕੁ ਜਾਂ ਉਸ ਨਾਲੋਂ ਵੀ ਕੁਛ ਛੋਟੀ ਸਿਰ ਪਰ ਸਜਾ ਲਓ ਤੇ ਸਾਰੇ ਕਾਰਜ ਕਰਦੇ ਰਹੋ। ਜੇ ਕੇਸ ਹਰੇ ਕਰਦਿਆਂ ਜਲ ਆਦਿ ਛਕਣਾ ਪਵੇ ਤਾਂ ਸੀਸ ਤੇ ਰੁਮਾਲ ਪਰਨਾ ਕੋਈ ਸ਼ੈ ਰਖਕੇ ਕੇਸ ਸੰਭਾਲ ਕੇ ਵਰਤ ਲਿਆ। ਮੋਟੀ ਗਲ ਇਹ ਬੀ ਤਾਂ ਹੈ ਕਿ ਖੁਲ੍ਹੇ ਕੇਸਾਂ ਵਿਚ ਜਲ ਪੀਂਦਿਆਂ ਪ੍ਰਸ਼ਾਦ ਛਕਦਿਆਂ ਕੇਸ ਮੂੰਹ ਵਿਚ ਕਈ ਵੇਰ ਪੈਂਦੇ ਹਨ।

ਚੇਤੇ ਰਖੋ ਵੈਸ਼ਨਵ ਮਤ ਅਤੇ ਸ਼ੈਵਮਤ ਦੇ ਸਾਰੇ ਲੋਕ ਸਿਰ ਨੰਗੇ ਹੋਕੇ ਖਾਂਦੇ ਹਨ, ਜਦ ਖਾਲਸਾ ਜੀ ਵੀ ਸਿਰ ਨੰਗੇ ਖਾਏ ਤਾਂ ਓਹਨਾਂ ਨਾਲੋਂ ਕੀ ਫਰਕ ਕੀਤਾ ਜਾਵੇਗਾ? ਜੇ ਕਹੋ ਖਾਲਸਾ ਜੀ ਦੇ ਗਲ ਧਾਗਾ ਨਹੀਂ ਹੋਵੇਗਾ, ਇਹ ਪੱਕੀ ਨਿਸ਼ਾਨੀ ਹੈ, ਤਾਂ ਇਹ ਦੇਖੋ ਬਣੀਏਂ ਤੇ ਭਾਬੜੇ (ਭਾਟੀਏ)ਆਦਿਕਾਂ ਦੇ ਗਲੀਂ ਧਾਗੇ ਨਹੀਂ ਹੁੰਦੇ, ਫਿਰ ਕੀ ਫਰਕ ਹੋਵੇਗਾ? ਇਸ ਲਈ ਗੁਰੂਬਚਨ ਹੈ "ਸਾਬਤ ਸੂਰਤ ਦਸਤਾਰ ਸਿਰਾ" ਬਾਕੀ ਘਾਬਰ ਘੂਬਰ ਐਵੇਂ ਖਿਆਲ ਹੈਨ। ਨਿਕੀ ਦਸਤਾਰ ਨਾਲ ਸਾਰੇ ਇਹੋ ਜਿਹੇ ਸਮੇਂ ਸਰ ਜਾਂਦੇ ਹਨ। ਹੁਣ ਦਸਤਾਰ ਸਜਾਓ ਤੇ ਚਲੋ ਚਲੀਏ।

ਰਾਮ ਸਿੰਘ–ਜੀ ਕਿੱਥੇ ਚਲੀਏ?

ਸੇਵਕ ਸਿੰਘ–ਗੁਰੂ ਕੇ ਹਜ਼ੂਰ ਚੱਲਕੇ ਤਨਖਾਹ ਬਖਸ਼ਾਈਏ?

ਰਾਮ ਸਿੰਘ–ਤਨਖਾਹੀਆਂ ਤਾਂ ਮੈਂ ਸਾਬਤ ਹੋਇਆ ਹਾਂ ਆਪ ਕਿਉਂ ਤਨਖਾਹ ਬਖਸ਼ਾਉਂਦੇ ਹੋ?

ਸੇਵਕ ਸਿੰਘ-ਆਪ ਨੇ ਮੈਨੂੰ ਵੀ ਆਖਿਆ ਸੀ ਕਿ ਸਿਖ ਹੋਕੇ ਜੈਜੈ ਸੀਤਾਰਾਮ ਵਾਹਿਗੁਰੂ ਜੀ ਕੀ ਫਤੇ ਕਹਿਣ ਦੀ ਹੁੰਦੀ ਕਿਉਂ ਬੁਲਾਈ, ਇਹ ਗਲ ਠੀਕ ਮੇਰੇ ਲਈ ਅਯੋਗ ਸੀ, ਇਸ ਲਈ ਮੈਂ ਭੀ ਦੀਵਾਨ ਵਿਚ ਅਰਦਾਸਾ ਸੁਧਾਉਂਗਾ।

ਰਾਮ ਸਿੰਘ–ਇਸ ਸਿੱਖੀ ਤੋਂ ਕੁਰਬਾਨ ਹਾਂ, ਭਈ ਜੇਹੜਾ ਭੁੱਲੇ ਜਾਂਦੇ ਕਿਸੇ ਸਿੱਖ ਨੂੰ ਰਾਹ ਪਾਏ ਤੇ ਗੁਰਮਤ ਦੇ ਰਸਤੇ ਲਾਏ ਓਹ ਭੀ ਤਨਖਾਹੀਆ ਤੇ ਜਿਹੜਾ ਗੁਰਮਤ ਲੱਗੇ ਓਹ ਭੀ ਤਨਖਾਹੀਆ!

ਸੇਵਕ ਸਿੰਘ–ਇਹ ਤਾਂ ਗਲ ਹੀ ਬੜੀ ਸਿੱਧੀ ਹੈ, ਜਿਹੜਾ ਭੁੱਲਾ ਹੋਇਆ ਰਾਹ ਲੱਭੇ ਓਹ ਆਪਣੀਆਂ ਭੁੱਲਾਂ ਦੀ ਤਨਖਾਹ ਬਖਸ਼ਾਏ, ਇੱਕੁਰ ਜੇ ਕਿਤੇ ਰਾਹ ਦੱਸਣ ਵਾਲੇ ਵਿਚ ਵੀ ਕੋਈ ਭੁੱਲ ਹੋਵੇ ਤਾਂ ਓਹ ਭੀ ਅਪਣੀ ਭੁੱਲ ਬਖਸ਼ਾਏ।

ਗੁਰ ਸਿੱਖੀ ਦੀ ਰਹੁ ਰੀਤ ਹੀ ਏਹੋ ਹੈ "ਹਾਰ ਚਲੇ ਗੁਰਮੁਖ ਜਗਜੀਤਾ।।" ਗੁਰੂ ਕੇ ਸਿੱਖ ਰਹਿਣੀ ਬਹਿਣੀ ਅਤੇ ਕਹਿਣੀ ਵਾਲੇ ਸਦਾ ਆਪ ਨੂੰ ਭੁੱਲਣਹਾਰ ਅਤੇ ਗੁਰੂ ਪਰਮੇਸ਼ਰ ਨੂੰ ਸਦਾ ਹੀ ਬਖਸ਼ਣਹਾਰ ਮੰਨਦੇ ਹਨ, ਇਸ ਲਈ ਅਪਣੇ ਮਾਲਕ ਦੇ ਅਗੇ ਆਪਣੀਆਂ ਭੁੱਲਾਂ ਪੇਸ਼ ਕਰਨੀਆਂ ਹੀ ਸਾਡਾ ਪਹਿਲਾ ਧਰਮ ਹੈ, ਕਿਉਂਕਿ ਇਹ ਸੰਸਾਰ ਕਦਮ ਕਦਮ ਤੇ ਸਾਨੂੰ ਭੁਲਾਉਂਦਾ ਹੈ ਤੇ

Digitized by Panjab Digital Library | www.panjabdigilib.org

ਪਰਤਾਵਿਆਂ ਵਿਚ ਪਾਉਂਦਾ ਹੈ, ਇਥੇ ਹਰ ਨਿਕੀ ਮੋਟੀ ਭੁੱਲ ਪਰ ਸਾਵਧਾਨ ਹੋਕੇ ਸ਼ੇਰ ਬ੍ਰਿਤੀ ਨਾਲ ਵਧਣਾ ਚਾਹੀਏ।

ਇਹ ਤਿਲਕਣ ਬਾਜੀ ਵਿਹੜਾ ਹੈ।
ਕਹੁ ਸਾਬਤ ਬਚਿਆ ਕਿਹੜਾ ਹੈ।
ਕਿਨ ਅਪਣਾ ਆਪ ਬਚਾਇਆ ਹੈ।
ਕਹੁ ਕਿਸ ਨਹੀਂ ਤਿਲਕਦਿਖਾਇਆ ਹੈ?
ਨਿਰਦਾਵੇ ਤਾਂ ਲੰਘ ਜਾਂਦੇ ਹਨ,
ਬੰਨ੍ਹ ਦਾਵੇ ਪਟਕਾਂ ਖਾਂਦੇ ਹਨ।
ਇਹ ਤਿਲਕਣ ਜੀਉ ਡਰਾਂਦੀ ਹੈ,
ਪਗ ਧਰਦਿਆਂ ਜੀਉ ਕੰਬਾਂਦੀ ਹੈ।
ਜਿਸ ਸਤਿਗੁਰ ਹਥ ਫੜਾਂਦੇ ਹਨ,
ਜਿਸ ਨੂੰ ਲੜ ਅਪਣੇ ਲਾਂਦੇ ਹਨ,
ਜਿਸ ਸ਼ਰਣ ਆਪਣੀ ਲੈਂਦੇ ਹਨ,
ਉਹ ਲੰਘ ਸੁਖਾਲੇ ਵੈਂਦੇ ਹਨ।
ਅਸੀਂ ਭੁੱਲਣ ਹਾਰੇ ਪਾਪੀ ਹਾਂ,
ਜਨਮਾਂ ਦੇ ਅਸੀਂ ਸਰਾਪੀ ਹਾਂ,
ਫਿਰ ਭੁੱਲਾਂ ਤੇ ਭੁੱਲ ਕਰਦੇ ਹਾਂ।
ਨਿਤ ਕਰਨੋਂ ਮੂਲ ਨ ਡਰਦੇ ਹਾਂ।
ਉਹ ਬਖਸ਼ਣਹਾਰਾ ਭਾਰਾ ਹੈ।
ਜੋ ਕਰ ਦਿੰਦਾ ਨਿਸਤਾਰਾ ਹੈ।
ਸੋ ਉਸ ਦੀ ਸ਼ਰਨੀ ਪੈ ਰਹੀਏ,
ਛਡ ਦਾਵੇ ਚਰਨੀ ਢਹਿ ਰਹੀਏ।
ਤਾਣ ਉਸ ਦਾ ਸਾਨੂੰ ਚਕਦਾ ਹੈ,
ਦੇ ਧੱਕਾ ਗਾਹਾਂ ਧਕਦਾ ਹੈ।
ਫਿਰ ਅਸੀਂ ਬਲੀ ਹੋ ਜਾਂਦੇ ਹਾਂ,
ਮੁੜ ਠੁੱਡੇ ਫਿਲਕ ਨ ਖਾਂਦੇ ਹਾਂ।

ਰਾਮ ਸਿੰਘ–ਮੇਰੀ ਸਮਝ ਵਿਚ ਤਾਂ ਨਹੀਂ ਆਉਂਦਾ ਭਈ ਤੁਸੀਂ ਵੀ ਤਨਖਾਹ ਬਖਸ਼ਾਉਣ ਲਈ ਖੜੇ ਹੋਵੋ, ਕਿਉਂਕਿ ਤੁਸਾਂ ਮੇਰੇ ਸਾਹਮਣੇ ਕੋਈ ਤਨਖਾਹ ਵਾਲਾ ਕੰਮ ਨਹੀਂ ਕੀਤਾ।

ਸੇਵਕ ਸਿੰਘ–ਆਪ ਨੇ ਹੀ ਬਚਨ ਕੀਤਾ ਸੀ ਕਿ ਸਿਖ ਨੂੰ ਫਤੇ ਬੁਲਾਉਣ ਦੀ ਹੁੰਦੀ ਜੈ ਜੈ ਸੀਤਾ ਰਾਮ ਆਖਿਆ ਹੈ ਇਹ ਸਿੱਖ ਲਈ ਨਹੀਂ ਕਹਿਣਾ ਚਾਹੀਦਾ।

ਰਾਮ ਸਿੰਘ–ਇਹ ਗਲ ਮੈਂ ਓਸ ਵੇਲੇ ਕਹੀ ਸੀ ਜਦ ਮੈਨੂੰ ਰਹੁ ਰੀਤ ਦੀ ਸਮਝ ਨਹੀਂ ਸੀ ਪੈਂਦੀ, ਜਦ ਤੁਹਾਡੀ ਕਿਰਪਾ ਨਾਲ ਸੂਝ ਆਈ ਹੈ ਤਾਂ ਮਲੂਮ ਹੋਇਆ ਕਿ ਇਹ ਆਪ ਦਾ ਕਹਿਣਾ ਮੇਰੇ ਸਮਝਾਉਣ ਲਈ ਸਾ, ਕੋਈ ਰਹੁਰੀਤ ਤੋਂ ਬਾਹਰ ਹੋਕੇ ਆਪ ਨੇ ਨਹੀਂ ਸਾ ਬਚਨ ਕੀਤਾ, ਇਸ ਲਈ ਕਿਰਪਾ ਕਰਕੇ ਅੱਜ ਮੈਨੂੰ ਦੀਵਾਨ ਵਿਚ ਖੜਾ ਕਰਕੇ ਅਰਦਾਸਾ ਸੁਧਾ ਦਿਓ।

ਇਹ ਗਲ ਬਾਤ ਕਰਕੇ ਉੱਠਕੇ ਦੋਵੇਂ ਜਣੇ ਇਕ ਹੋਰ ਸਿੰਘ ਜੀ ਦੀ ਸਲਾਹ ਲੈਣ ਲਈ ਟੁਰ ਪਏ।

॥ ਇਤੀ ॥

ਬਿਨਯ

ਜਿਸ ਸਮੇਂ ਡਾਕਟਰ ਸਾਹਿਬ ਜੀ ਨੇ ਇਹ ਲੇਖ ਲਿਖਿਆ ਸਾ ਉਸ ਤੋਂ ਪਹਿਲਾਂ ਇਕ ਸਮੇਂ ਇਕ ਸਾਧੂ ਅੰਮ੍ਰਿਤਸਰ ਵਿਚ ਆਕੇ ਬਸੇ।ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਸੇ ਪਰ ਸੇ ਵੈਸ਼ਨਵ। ਕਥਾ ਚੰਗੀ ਕਰਦੇ ਸੇ, ਉਨ੍ਹਾਂ ਦੇ ਸੰਗ ਨਾਲ ਸਿੱਖਾਂ ਦੇ ਘਰਾਣਿਆਂ ਦੇ ਘਰਾਣੇ ਸਿੱਖੀ ਰਹੁਰੀਤ ਵਿਚ ਵੈਸ਼ਨਵ ਰੰਗਾਂ ਵਾੜਕੇ ਮਿਲਗੋਭਾ ਜਿਹੇ ਹੋ ਗਏ ਸਨ। ਜਦੋਂ ਸਿੰਘ ਸਭਾ ਦਾ ਪ੍ਰਚਾਰ ਟੁਰਿਆ ਤਦੋਂ ਅਨੇਕ ਔਕੜਾਂ ਵਿਚ

Digitized by Panjab Digital Library | www.panjabdigilib.org

ਐਸੇ ਪ੍ਰਵਾਰਾਂ ਦਾ ਸੁਧਾਰਨਾਂ ਬੀ ਇਕ ਕਠਨ ਕੰਮ ਸੀ। ਵੈਸ਼ਨਵ ਗੱਲਾਂ ਐਨੀਆਂ ਕੁ ਆ ਗਈਆਂ ਸਨ ਕਿ ਇਕ ਦੋ ਖਾਨਦਾਨ ਤਾਂ ਕੜਾਹ ਪ੍ਰਸ਼ਾਦ ਵਿਚ ਤੁਲਸੀ ਦਲ ਪਾਉਣ ਲੱਗ ਪਏ ਸਨ । ਤਦੋਂ ਸਿੰਘਾਂ ਆਪਾ ਸੰਭਾਲਿਆ ਤਾਂ ਰਹਿਤ ਬਹਿਤ ਦੇ ਢਿੱਲੜਾਂ ਤੇ ਐਸੇ ਭੁੱਲੇ ਹੋਏ ਵੀਰਾਂ ਨੂੰ ਸੁਧਾਰਨ ਵਿਚ ਸਿੰਘਾਂ ਨੇ ਮਿਹਨਤਾਂ ਕੀਤੀਆਂ । ਤਦੋਂ ਦੇ ਸਮੇਂ ਦੇ ਪ੍ਰਚਾਰ ਤੇ ਸਿੱਖਾਂ ਦੀ ਇਸ ਹਾਲਤ ਦਾ ਇਹ ਟ੍ਰੈਕਟ ਇਕ ਇਤਿਹਾਸ ਹੈ ਅਤੇ ਰਹਿਤ ਮ੍ਰਯਾਦਾ ਦੇ ਪ੍ਰਚਾਰ ਦਾ ਮੋਢੀਵਾਲ ਹੈ। ਆਸ ਹੈ ਸਾਡੇ ਵੀਰ ਇਸ ਉਤਮ ਲੇਖ ਤੋਂ ਲਾਭ ਉਠਾ ਕੇ ਭਜਨ, ਕਰਨੀ, ਰਹਿਣੀ ਰਹਿਤ ਮ੍ਰਯਾਦਾ ਵਿੱਚ ਸਾਵਧਾਨ ਹੋਣਗੇ, ਅਰ ਆਪਾ ਸਵਾਰਦੇ ਹੋਏ ਅਪਣੇ ਬਜ਼ੁਰਗ ਪਿੱਛੇ ਵਾਲੀ ਕੌਮ ਦੇ ਅਰੋਗ ਅੰਗ ਬਣਕੇ ਆਪਣੀ ਕੌਮ ਦੇ ਵਰਤਮਾਨ ਨੂੰ ਤੇ ਅੱਗੇ ਨੂੰ ਬਜ਼ੁਰਗ ਬਨਾਉਣਗੇ।

[ਸਕੱਤ੍ ਖਾ: ਟ੍ਰੈ: ਸ੍ਰ:

Digitized by Panjab Digital Library | www.panjabdigilib.org

੨੧.

ਫੁਟਕਲ ਪ੍ਰਕਾਸ਼ਿਤ ਰਚਨਾ

ਸੂਚਨਾ–ਅਗੇ ਦਿਤੇ ਛੰਦ ਸ੍ਰੀਮਾਨ ਡਾਕਟਰ ਸਾਹਿਬ ਜੀ ਦੇ ਹੀਨ ਹਯਾਤ ਅੱਡ ਅੱਡ ਪੁਸਤਕਾਂ ਟ੍ਰੈਕਟਾਂ ਆਦਿ ਵਿਚ ਹੋਰਨਾਂ ਲੇਖਕਾਂ ਦੀ ਰਚਨਾਂ ਦੇ ਨਾਲ ਸਮੇਂ ਸਮੇਂ ਸਿਰ ਪ੍ਰਕਾਸ਼ਿਤ ਹੁੰਦੇ ਰਹੇ ਸੇ, ਸੋ ਜਿਥੋਂ ਜਿਥੋਂ ਲਭ ਸਕੇ ਇਥੇ ਇਕੱਤ੍ਰ ਕਰ ਦਿੱਤੇ ਗਏ ਹਨ ਤੇ ਹੇਠਾਂ ਫੁਟ ਨੋਟਾਂ ਵਿਚ ਕਠਨ ਪਦਾਂ ਦੇ ਅਰਥ ਤੇ ਕਿਤੇ ਕਿਤੇ ਭਾਵ ਬੀ ਲਗਾ ਦਿੱਤੇ ਗਏ ਹਨ। ਹੋ ਸਕਦਾ ਹੈ ਕਿ ਅਜੇ ਬੀ ਕੋਈ ਉਨ੍ਹਾਂ ਦੀ ਪ੍ਰਕਾਸ਼ਿਤ ਰਚਨਾ ਇਸ ਸੰਚਯ ਵਿਚ ਸ਼ਾਮਲ ਨਾਂ ਹੋ ਸਕੀ ਹੋਵੇ। [ਸੰਪਾਦਿਕ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

੧. ਅੰਮ੍ਰਿਤ ਲਹਿਰੀ* ।

[ੳ. ਬਸੰਤ ਬਤੀਸਾ]

[ਭੂਮਿਕਾ]

ਤੀਰਥੇਂਦ੍ਰ[੧] ਸ੍ਰੀ ਸੁਧਾਸਰ ਨਿਜ ਮਨ ਬੁਧ ਅਨੁਜਾਇ[੨] ।
ਕਰੌ ਸੁਜਸ ਸੰਕਲਤ ਤਿਹ ਹਰਿ ਮੰਦਰ ਸਿਰ ਨਾਇ[੩] ।

ਬਹੁਤ ਚਿਰ ਕਾਲ ਤੋਂ ਅਸਾਡੀ ਇਹ ਆਸ਼ਾ ਸੀ ਕਿ ਪ੍ਰਾਚੀਨ ਪ੍ਰੇਮੀ ਵਿਦ੍ਵਾਨਾਂ ਦੇ ਰਚੇ ਹੋਏ ਸੁੰਦਰ ਰੰਗੀਲੇ ਛਬੀਲੇ, ਯਮਕ, ਅਨੁਪ੍ਰਾਸ, ਭਾਵ, ਕਟਾਖਜ, ਲਖਣਾ, ਧ੍ਵਨਿ, ਬਜੰਜਨਾ-ਦਿਕ ਸੂਕ੍ਸ਼ਟ ਮਾਧੁਰਜ ਗੁਣ ਗੁਣਾਲੰਕ੍ਰਤ ਛੰਦ, ਕਬਿੱਤ, ਸ੍ਵੈਯੇ ਜਿਨ੍ਹਾਂ ਦੇ ਪੜ੍ਹਨੇ ਅਰ ਸੁਣਨੇ ਤੇ ਚਿਤ ਵਿਖੇ ਹਰਖ, ਪ੍ਰਸੰਨਤਾ, ਉਮੰਗਤਾ ਆਦਿ ਅਵਸ਼ਜ ਹੀ ਉਪਜਦੇ ਹਨ ਅਤੇ ਗੁਰ-ਸਿੱਖਾਂ ਵਿਚ ਇਸ਼ਟਾ ਪਤੀ, ਭਾਵਨਾ, ਪ੍ਰੇਮ ਭਰ੍ਤੀ ਆਦਿ ਦੈਵੀ ਗੁਣ ਪ੍ਰਾਪਤ ਹੁੰਦੇ ਹਨ ਅਤੇ ਬੁੱਧੀ ਵਿਚ ਵਿਦਜਾ ਦੀ ਉਤਕਟਤਾ ਪ੍ਰਾਪਤ ਹੁੰਦੀ ਹੈ ਅਤੇ ਪ੍ਰਬੰਧ ਰਚਨ ਵਾਲਿਆਂ ਦੇ ਨਾਮ ਇਸ ਸੂਕ੍ਸ਼ਟ ਗੁਣ ਕਵਿਤਾ ਦੇ ਆਸ਼੍ਰਿਤ ਇਸ ਅਸਾਰ ਸੰਸਾਰ ਵਿਚ ਚਿਰ ਤਕ ਬਣੇ ਰਹਿੰਦੇ ਹਨ, ਚੁਣਕੇ ਇਕੱਠੇ ਕਰੀਏ । ਤਿਸ ਪਰ ਪ੍ਰੇਮੀ ਸੱਜਣਾਂ, ਮਹਾਤਮਾਂ, ਪੁਰਸ਼ਾਂ ਨੇ ਕਈ ਵੇਰ ਅਸਾਡੇ ਆਲਸੀ ਚਿਤ ਨੂੰ ਪੂਰ ਪੂਰ ਕੇ ਉਤਸਾਹਿਤ ਕੀਤਾ ਅਤੇ ਇਹ ਪ੍ਰਬੰਧ ਬੰਧਾਇਆ ਤੇ ਅੰਮ੍ਰਿਤ ਲਹਿਰੀ ਨਾਮ ਰਖਾਇਆ, ਜਿਸਦੇ ਕਈ ਭਾਗ ਕੀਤੇ ਗਏ । ਪ੍ਰਥਮ ਭਾਗ–ਬਸੰਤ ਬਤੀਸਾ–ਜੋ ਕੇਵਲ ਬਸੰਤ ਪੰਚਮੀ ਗੁਰਪੁਰਬ ਦੇ ਦਿਨ ਦੇ ਪ੍ਰਾਚੀਨ ਤੇ ਨਵੀਨ ਕਵੀਸ਼ਰਾਂ ਦੇ ਬੁੱਧਿ ਵਿਦਜਾ ਦੇ ਬਲ ਨਾਲ ਬਹੁਤ ਸੁੰਦਰ ਦੁਰਲੱਭ ਰਚੇ ਹੋਏ ਚੁਣਤ ਗਿਣਤੀ ਦੇ ੩੨ ਭੇਟਾ ਕਰਦੇ ਹਾਂ ।

ਪ ਮਾਘ ਸੰ: ੪੨੪ ਨਾ: ਸ਼ਾ:] ਡਾਕਟਰ ਚਰਨ ਸਿੰਘ

---

*ਇਸ ਨਾਮ ਦਾ ਤ੍ਰੈ ਭਾਗਾਂ ਵਿਚ ਇਕ ਟ੍ਰੈਕਟ ਸ੍ਰੀ ਮਾਨ ਡਾਕਟਰ ਸਾਹਿਬ ਜੀ ਦਾ ਸੰਕਲਤ ਕੀਤਾ ਹੋਇਆ ਮਾਘ, ਫਗਣ ਤੇ ਚੇਤ੍ਰ ਸੰ: ਨਾ: ੪੨੪ (੧੯੯੩ ਈ:) ਵਿਚ ਪ੍ਰਕਾਸ਼ਤ ਹੋਇਆ ਸੀ। ਪਹਿਲੇ ਭਾਗ ਦਾ ਨਾਮ ਸੀ 'ਬਸੰਤ ਬਤੀਸਾ', ਦੂਜੇ ਦਾ 'ਦੌਲਾ ਹੁਲਾਸ' ਤੇ ਤੀਜੇ ਦਾ 'ਅੰਮ੍ਰਿਤ ਪਰਵਾਹ ਵਿਸੋਆ ।' ਇਨ੍ਹਾਂ ਤ੍ਰੈਆਂ ਭਾਗਾਂ ਵਿਚ ਡਾਕਟਰ ਸਾਹਿਬ ਜੀ ਦੇ ਸਮਕਾਲੀਆਂ ਤੇ ਪੁਰਾਤਨ ਅੱਡ ਅੱਡ ਕਵੀਆਂ ਦੇ ਛੰਦ ਮਜ਼ਮੂਨ ਵਾਰ ਸੰਕਲਤ ਕੀਤੇ ਗਏ ਸਨ ਤੇ ਇਹ ਪੱਥਰ ਦੇ ਛਾਪੇ ਵਿਚ ਛਪਿਆ ਸੀ। ਇਨ੍ਹਾਂ ਟ੍ਰੈਕਟਾਂ ਵਿਚੋਂ ਕੇਵਲ ਸ੍ਰੀ ਮਾਨ ਡਾਕਟਰ ਸਾਹਿਬ ਜੀ ਦੀ ਰਚਨਾ ਹੀ ਅਸੀਂ ਇਥੇ ਦੇ ਰਹੇ ਹਾਂ। [ਸੰਪਾਦਿਕ ।

[੧]ਤੀਰਥਾਂ ਦਾ ਰਾਜਾ । [੨]ਆਪਣੇ ਮਨ ਤੇ ਬੁੱਧਿ ਅਨੁਸਾਰ ।
[੩]ਸ੍ਰੀ ਹਰਿ ਮੰਦਰ ਨੂੰ ਸੀਸ ਨਿਵਾਕੇ ।

Digitized by Panjab Digital Library | www.panjabdigilib.org

ਕਬਿਤ–

ਮਾਘ ਸੁਦੀ ਪੰਚਮੀ ਬਸੰਤ ਕੋ ਜਨਮ ਜਾਨ, ਕੀਨੋ ਗੁਰ ਸਿੱਖਨ 'ਪੁਰਬ ਗੁਰ' ਠੌਰ ਠੌਰ[1]।
ਪਾਇਕੇ ਬਸੰਤੀ ਪਟ[2] ਸਰਸੋਂ ਕੇ ਖੇਤਨ ਮੇਂ ਜਾਤ ਹੈਂ ਵਡਾਲੀ[3] ਦਮਦਮੇ[4] ਓਰ ਦੌਰ ਦੌਰ।
ਭੀਰ ਨਰ ਨਾਰਨ ਕੀ, ਬਾਰਨ ਕੀ, ਬ੍ਰਿੱਧਨ ਕੀ[5] ਜਿਤ ਤਿਤ ਮਿਲੈਂ ਗਿਲੈਂ[6] ਭੇਟੈਂ ਭਰਿ ਕੌਰ ਕੌਰ[6]।
ਮੇਲਾ ਹੈ ਬਸੰਤ ਕੋ ਬਸੰਤੀ ਰੰਗੇ ਖਾਨ ਪਾਨ, ਚੰਪਕ[7] ਪਲਾਸ[8] ਜੂਹੀ[9] ਖਿਲੇ, ਆਂਬ ਮੌਰਮੌਰ[10]।

ਦੋਹਾ–ਫਿਰੀ ਬਹਾਰ ਬਸੰਤ ਕੀ ਕੋਕਿਲ[11] ਪਿੰਜਰੇ ਮਾਂਹ।
ਤਿਮ ਨਿਤ ਰੁਤ ਮ੍ਰਿਤ ਫਿਰਤ ਲਖ ਹਰ ਜਨ ਹਰ ਨ ਤਜਾਂਹ[12]।

ਇਹ ਸੀਤ ਸਿਰਾਯ ਗਈ[13] ਭਲ ਹੈ, ਹਹਰਾਤ ਸੰਕਾਤ ਹਿਯੇ ਮੈ ਹਿਮੰਤ[14]
ਡਰ ਲਾਗੋ ਹਿਯੇ ਸਿਸਰੀ ਰੁਤ ਕੋ, ਪਤਝਾਰ ਉਦਾਸ ਖਰੀ ਦਰਸੰਤ।
'ਪਦ ਸਾਰੰਗ[15]' ਦੇਸ ਬਦੇਸਨ ਮੈ ਮਿਲੀ ਆਨ ਦੁਹਾਈ ਹਿਯੋ ਹੁਲਸੰਤ[16]।
ਯੁਵਰਾਜ ਥਪਯੋ ਰਿਤੁਰਾਜ ਭਲੇ ਇਹ ਪੰਚਮੀ ਆਜ ਸੁਭੰਤ ਬਸੰਤ[17] ॥੩੨॥

[ਅ. ਹੋਲਾ ਹੁਲਾਸ]

ਨਰ ਚਹੈ ਸੁਖ ਦੁਹ ਲੋਕ ਕਾ ਤਬ ਕਰੈ ਕਰਨੀ ਸ਼ੁਭ ਕਰਨ।
ਨਰਕ ਨਹਿੰ ਤਹਿੰ ਜਮ ਨਹੀਂ ਜੋ ਬਸੈ ਗੁਰ ਚਤੁਰਥ ਸ਼ਰਨ।
ਨਰ ਸਦਾ ਕਰ ਇਸ਼ਨਾਨ ਚਲਿ ਸ੍ਰੀ ਸੁਧਾ ਸਰ ਤਾਰਨ ਤਰਨ।
ਨਰ ਤਨ ਧਰੇ ਕਾ ਫਲ ਇਹੀ ਜਪ ਨਾਮ ਪੂਰੀ 'ਹਰਿ ਚਰਨ'।

ਧੰਨ ਹੈ ਅਕਾਲ ਪੁਰਖ, ਵਾਹ ਤੇਰੀ ਕੁਦਰਤ !

ਕਿਹਾ ਇਹ ਸਮਾਂ ਆਪਣੀ ਮੰਦ ਮੰਦ ਮਸਤਾਨਾ ਚਾਲ ਵਿਚ ਕਿਰਲੇ ਵਾਰ੍ਹੀ ਰੰਗਾ ਰੰਗੀ ਰੰਗ ਬਦਲਦਾ ਹੈ, ਜਿਸ ਨੂੰ ਦੇਖ ਕੇ ਅਕਾਸ਼ੀ ਪੀਂਘ ਵੀ ਬਦਲਾਂ ਵਿਚੋਂ ਮੂੰਹ ਕਢ

---

[1]ਥਾਂ ਥਾਂ। [2]ਬਸੰਤੀ ਰੰਗੇ ਕਪੜੇ ਪਹਿਨਕੇ। [3]ਅੰਮ੍ਰਿਤਸਰੋਂ ਲਾਹੌਰਨੂੰ ਜਾਣ ਵਾਲੀ ਸੜਕ ਤੇ ਅੰਮ੍ਰਿਤਸਰੋਂ ਪੰਜ ਕੁ ਮੀਲ ਦੀ ਵਿੱਥ ਤੇ ਛਿਹਰਟਾ ਗੁਰਧਾਮ ਹੈ ਜਿਥੇ ਬਸੰਤ ਦਾ ਮੇਲਾ ਲੱਗਦਾ ਹੈ। ਇਸ ਦੇ ਮੀਲ ਕੁ ਪਿਛਾਂਹ ਵਡਾਲੀ ਗ੍ਰਾਮ ਹੈ ਜਿਥੇ ਛੇਵੇਂ ਪਾਤਿਸ਼ਾਹ ਜੀ ਦਾ ਅਵਤਾਰ ਅਸਥਾਨ ਹੈ। [4]ਇਹ ਗੁਰਦਵਾਰਾ ਬੀ ਵਡਾਲੀ ਸਾਹਿਬ ਦੇ ਪਛਮੋਤ੍ਰ ਦਿਸ਼ਾ ਵੱਲ ਨਗਰੋਂ ਬਾਹਰ ਵਾਰ ਹੈ। ਬਸੰਤ ਦਾ ਮੇਲਾ ਛਿਹਰਟੇ ਤੋਂ ਵਡਾਲੀ ਤੱਕ ਹੁੰਦਾ ਹੈ। ਛਿਹਰਟਾ ਰੇਲ ਦਾ ਸਟੇਸ਼ਨ ਹੈ। [5]ਬਾਲਾਂ ਦੀ ਤੇ ਬ੍ਰਿਧਿਆਂ ਦੀ। [6]ਜੱਫੀਆਂ ਪਾ ਪਾ ਕੇ ਮਿਲਦੇ ਹਨ। [7]ਚੰਬਾ। [8]ਛਿੱਛਰਾ ਜਿਸ ਨੂੰ ਕੇਸੂ ਫੁਲ ਲਗਦੇ ਹਨ। [9]ਚੰਬੇਲੀ ਦੀ ਇਕ ਕਿਸਮ ਹੈ। [10]ਤੇ ਅੰਬਾਂ ਨੂੰ ਮੌਰ ਪੈ ਗਿਆ। [11]ਕੋਇਲ। [12]ਤਿਵੇਂ ਰੁਤ ਦਾ ਨਿਤ ਆਉਣਾ ਜਾਣਾ ਲਖਕੇ ਹਰੀ ਜਨ ਹਰੀ ਸਿਮਰਨ ਨਹੀਂ ਤਿਆਗਦੇ। [13]ਬੀਤ ਗਈ। [14]ਹਿਮੰਤ ਹਿਰਦੇ ਵਿਚ ਕੰਬਦੀ ਤੇ ਡਰਦੀ ਹੈ। [15]ਆਪਣੀ ਛਾਪ ਡਾਕਟਰ ਸਾਹਿਬ ਕਈ ਥਾਂ ਵਿਚ ਦਿਆ ਕਰਦੇ ਸਨ। ਯਥਾ–ਪਦ ਸਾਰੰਗ, ਸਾਰੰਗ ਚਰਨ, ਚਰਨ ਹਰਿ, ਚਰਨ ਮੁਰਿੰਦ ਆਦਿ। [16]ਹਿਰਦਯ ਨੂੰ ਪ੍ਰਸੰਨ ਕਰਨ ਵਾਲੀ ਦੁਹਾਈ ਫਿਰ ਗਈ ਹੈ। [17]ਰਿਤੁ ਰਾਜ(ਬਸੰਤ) ਯੁਵਰਾਜ ਥੋਕੇ ਆਖਾ ਹੈ ਜੋ ਇਹ ਅੱਜ ਬਸੰਤ ਪੰਚਮੀ ਸ਼ੋਭ ਰਹੀ ਹੈ।

Digitized by Panjab Digital Library | www.panjabdigilib.org

ਕਢਕੇ ਵੈਖਦੀ, ਪਰ ਮਾਰੇ ਲੱਜ ਸ਼ਰਮ ਦੇ ਪਾਣੀ ਪਾਣੀ ਹੋਕੇ ਅਜਿਹੀ ਪਟੜੀ ਬਦਲਦੀ ਹੈ, ਕਿ ਓਕਰ ਹੀ ਮੂੰਹ ਲੁਕਾ ਲੈਂਦੀ ਹੈ।

ਬਹੁਤ ਦੂਰ ਕਿਉਂ ਜਾਂਦੇ ਹੋ, ਏਵੇਂ ਤਿੰਨਕੁ ਜੁਗ ਪਿਛੇਰੇ ਤੱਕੋ ਤਾਂ ਕਿਤੇ ਇਸ ਹੋਲੀ ਰੋਲੀ ਦਾ ਨਾਉਂ ਥੇਹ ਵੀ ਨਹੀਂ ਸੀ, ਪਰ ਇਸੇ ਸਮੇਂ ਨੇ ਇਕ ਰੰਗ ਪਲਟਿਆ, ਹਰਨਾਖਸ਼ ਵਰਗਾ ਰਾਖਸ਼ ਦੁਨੀਆਂ ਦਾ ਮਾਲਕ ਬਣ ਬੈਠਾ, ਇਡਾ ਵਧਿਆ ਕਿ ਰੱਬ ਨੂੰ ਵੀ ਛਿੱਕੇ ਪੁਰ ਧਰ ਦਿੱਤੇਸੁ। ਏਸੇ ਸਮੇਂ ਦੇ ਘੋਰ ਕਾਲੇ ਹੱਥਾਂ ਨੇ ਇਸ ਮਹਾਂ ਪਾਪੀ ਨੂੰ ਪੁਤ੍ਰ ਦੇ ਲਹੂ ਵਿਚ ਹੱਥ ਰੰਗਣ ਦੀ ਸਲਾਹ ਦਿੱਤੀ, ਜਿਸ ਲਈ ਇਸ ਦੁਸ਼ਾਤਮਾਂ ਨੇ ਬਹੁਤੇਰੇ ਯਤਨ ਕੀਤੇ, ਪਰ ''ਪ੍ਰਹਲਾਦ ਉਧਾਰੇ ਅਨਿਕ ਬਾਰ॥'' ਜਦ ਜਲ ਪਰਬਤ ਆਦਿਕਾਂ ਤੋਂ ਸੁੱਟਿਆਂ ਪਾਪਾਤਮਾਂ ਦੀ ਆਤਮਾ ਮਨੋਰਥ ਨੂੰ ਨਾ ਪਹੁੰਚੀ ਤਦ ਬਲਦੀ ਅੱਗ ਵਿਚ ਇਸ ਦੀ ਭਣ ਭਤੀਜੇ ਨੂੰ ਲੈਕੇ ਬੈਠੀ, ਬੈਠੀ ਕੀਹ ਸੜ ਹੀ ਗਈ, ਪਰ ਪ੍ਰਹਲਾਦ ਦੇ ਇਕ ਰੋਮ ਨੂੰ ਵੀ ਅਜਾਂ ਨਾ ਲੱਗੀ ''ਜਿਸੁ ਰਾਖੈ ਤਿਸੁ ਕੋਇ ਨ ਮਾਰੈ॥'' ਦੇਖੋ ਇਸੇ ਸਮੇਂ ਕੀ ਸ੍ਵਾਂਗ ਪਲਟਿਆ, ਸਾਰੇ ਦੇ ਸਾਰੇ ਦੇਸ਼ ਨੂੰ ਉਲੂ ਦਾ ਵੀ ਦਾਦਾ ਬਣਾ ਦਿੱਤਾ: ਹਰ ਆਉਂਦੇ ਵਰ੍ਹੇ ਇਸ ਦਿਨ ਦੀ ਚੇਤਾਵਨੀ ਵਿਚ ਲੱਗੇ ਮਿੱਟੀ ਘੱਟਾ ਉਡਾਉਣ, ਸ੍ਵਾਹ ਚਿੱਕੜ ਮਿੱਟੀ ਸਿਰ ਪਾਉਣ, ਗਾਲੀ ਮਿਹਣੇ ਸਿੱਠਾਂ ਸੁਣਾਉਣ, ਡੰਡ ਰੌਲਾ ਆਦਿਕ ਅਨੇਕ ਉਪੱਦ੍ਰਵ ਮਚਾਉਣ। ਫੇਰ ਇਸ ਸਮੇਂ ਨੇ ਆਪਣੀ ਇਸ ਘੋਰ ਭਿਆਨਕ ਮਸਤੀ ਵਿਚ ਕੁਝ ਨਸ਼ੇ ਦੀ ਟੋਟ ਦਿਖਾਈ ਕਿ ਇਸ ਕਲਿ ਕਾਲ ਬਿਕ੍ਰਾਲ ਵਿਚ ਜਗਤ ਦੇ ਉਧਾਰ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟੇ ''ਮਿਟੀ ਧੁੰਧ ਜਗ ਚਾਨਣ ਹੋਆ''। ਸਮੇਂ ਨੇ ਵੀ ਮੂੰਹ ਹੱਥ ਧੋਤਾ, ਹੋਸ਼ ਕੀਤੀ। ਬਾਬੇ ਜੀ ਨੇ ਵੀ ਦਸ ਜਾਮੇ ਪਰਤੇ, ਦਸਵੇਂ ਜਾਮੇਂ ਵਿਚ ਆਕੇ ਹੋਲੀ ਨੂੰ ਆਦਮੀ ਬਨਾਕੇ ਹੋਲਾ ਸਿੰਘ ਸਜਾਯਾ, ਮਿੱਟੀ ਸੁਵਾਹ ਦੀ ਥਾਂ ਗੁਲਾਬ ਅੰਬੀਰ, ਚਿੱਕੜ ਪਾਣੀ ਦੀ ਥਾਂ ਅਤ੍ਰ ਗੁਲਾਬ, ਗਾਲਾਂ ਸਿੱਠਾਂ ਦੀ ਥਾਂ ਸੁੰਦਰ ਕਬਿਤ ਸ੍ਰਜੇ; ਖ੍ਵਾਰ ਖਰਾਬ ਹੋਣ ਦੀ ਥਾਂ ਸੁਹਣੇ ਦੀਵਾਨ, ਜੋੜ ਮੇਲ, ਸ਼ਬਦ ਕੀਰਤਨ, ਅਨੰਦ, ਕੜਾਹ ਪ੍ਰਸ਼ਾਦ ਦੇ ਗਫੇ ਥਾਉਂ ਥਾਈਂ ਪ੍ਰਚਲਤ ਕੀਤੇ, ਜੋ ਨਮੂਨੇ ਅਜ ਤੀਕ ਦਿਨੋ ਦਿਨ ਵਾਧੇ ਵਿਚ ਪਏ ਹੁੰਦੇ ਚਲੇ ਆਉਂਦੇ ਹਨ. ਅਤੇ ਵਿਚ ਵਿਚ ਪੁਰਾਣਾ ਉਤਸਾਹ ਵੀ ਗਾਲੀ ਮੰਦੇ ਨਾਲ ਲਿਬੜਿਆ ਹੋਇਆ ਗੁਝਾ ਗੁਝਾ ਲੀਕੇ ਪਿਆ ਹੀ ਆਉਂਦਾ ਹੈ।

ਪਰ ਇਹ ਨਿਚਲਾ ਨਾ ਰਹਿਣ ਵਾਲਾ ਸਮਾਂ ਆਪਣੀ ਪੁਰਾਣੀ ਵਾਦੀ ਦੇ ਹੁਣ ਕੁਝ ਫੇਰ ਰੰਗ ਦਿਖਾ ਰਿਹਾ ਹੈ ਕਿ ਇਹ ਹੋਲਾ ਸਿੰਘ ਬੀ ਇਸ ਨਵੀਨ ਪ੍ਰਕਾਸ਼ ਵਿਚ ਆਪਣੀ ਪੁਰਾਣੀ ਪੁਸ਼ਾਕ ਧੁਲਾਕੇ ਨਿਰਮਲ ਕੀਤਾ ਚਾਹੁੰਦਾ ਹੈ, ਜਿਸ ਨੂੰ ਵਿਦਜਾ ਵਿਗਜਾਨਕ ਬਾਗ ਦੇ ਨਵੇਂ ਬੂਟੇ ਸੁਧ ਸੀਤਲ ਸਮੀਰ ਦੀ ਤਰ੍ਹਾਂ ਪ੍ਰਸੰਨਤਾ ਪੂਰਬਕ ਸ੍ਵੀਕਾਰ ਕਰਨਗੇ। ਜਿਕੁਰ ਅੰਗ੍ਰੇਜ਼ਾਂ ਦਾ ਏਪ੍ਰਲ ਫੂਲ ਕੇਵਲ ਲਿਖਣ ਪੜ੍ਹਨ ਵਿਚ ਹੀ ਆਉਂਦਾ ਹੈ।

ਜਿਹਾਕੁ ਏਸੇ ਸੰਗ੍ਰਹ ਵਿਚ ਸੰਤ ਨਿਹਾਲ ਸਿੰਘ ਜੀ ਦਾ ਕਬਿਤ ਹੈ, ਯਥਾ:—

ਮੂਢਨ ਕੀ ਹੋਰੀ ਅਤਿ ਸੋਰੀ[1] ਕੁਲ ਦੇਤ ਬੋਰੀ, ਸੰਤਨ ਕੀ ਸ਼ਾਂਤਿ ਦੇਤਿ ਕੁਲ ਕੀ ਅਧੋਰੀ[2] ਹੈ।
ਤਾਮੈ ਬਕਬਾਦ ਹੋਤ ਜਾਮੈਂ ਬ੍ਰਹਮ ਬਾਦ[3] ਹੋਤ, ਤਾਮੈ ਨੈ ਬਿਖਾਦ, ਯੇ ਬਿਖਾਦ ਦੇਤ ਛੋਰੀ ਹੈ।

[1]ਬੜੀ ਹੀ ਫੋਰ ਵਾਲੀ ਹੈ। [2]ਕੁਲ ਦਾ ਆਧਾਰ (ਆਸਰਾ) ਹੈ। [3]ਬ੍ਰਹਮ ਗਜਾਨ।

Digitized by Panjab Digital Library | www.panjabdigilib.org

ਸੰਤ ਖ਼ੁਸ਼ੀ ਮ੍ਰਿਗਰਾਜ[1] ਤਾਮੈ ਨਾਮ ਪਰੈ ਲੁੱਚ, ਯਾਮੈ ਸੰਤ ਪਦ ਉੱਚ ਮਹਿਮਾ ਨ ਥੋਰੀ ਹੈ।
ਤਾਂ ਤੇ ਜਮ ਦ੍ਵਾਰ ਜਾਇ, ਲੇਤ ਹੈ ਛੁਰਾਇ ਸਾਧ, ਆਛੀ ਹ੍ਵੈ ਸੁ ਏਲੈ ਕਹੋ ਧੰਨ ਸੰਤ ਹੋਰੀ ਹੈ।
ਇਸੇ ਲਈ ਇਸ ਖਿਆਲ ਵਾਲੇ ਉਪਬਨ ਦੇ ਨੌਨਿਹਾਲਾਂ ਦੀਆਂ ਡੋਲਾਂ ਚਾਲਾਂ ਲਈ ਜੋ ਨਵੇਂ ਪ੍ਰਕਾਸ਼ ਵਿਚ ਬਿਕਾਸ ਰਹੇ ਹਨ, ਅਤੇ ਪੁਰਾਣੇ ਵਿਦ੍ਵਾਨਾਂ ਦੇ ਮੁਰਝਾਉਂਦੇ ਹੋਏ ਹੁਲਾਸ ਪ੍ਰਫੁਲਤ ਰੱਖਣ ਲਈ ਇਹ ਸੰਗ੍ਰਹੀਤ ਹੋਲਾ ਹੁਲਾਸ ਅੰਮ੍ਰਿਤਲਹਿਰੀ ਦਾ ਦੂਜਾ ਭਾਗ ਤਿਆਰ ਕਰਕੇ ਆਪ ਦੀ ਸੇਵਾ ਵਿਚ ਭੇਟਾ ਕਰਦਾ ਹਾਂ।

ਮਿਤੀ ੧੦ ਫਗਣ ਸੰ: ਨਾ: ੪੨੪] ਡਾਕਟਰ ਚਰਨ ਸਿੰਘ

ਛਪਯ–[2]ਬਰਨ ਬਰਨ ਬਨ ਬਿਟਪ[2]
ਬਹੁਤ ਫੂਲੇ ਦਰਸਾਵੈਂ।
ਸਿਸਰ ਪਿਯਰ ਮੁਖ ਪਰੀ[3],
ਤਖਤ ਬਾਸੰਤ ਸੁਹਾਵੈ।
ਅਦਲ ਬਦਲ ਦੁਹੁ ਰਿਤਨ
ਨ੍ਰਿਪਨ ਇਵ ਢੰਗ ਦਿਖਾਏ।
ਸਭ ਜਗ ਚਿੱਤ ਉਦਾਸ
ਮਹਦ[4] ਮਨ ਸੇ ਅਲਸਾਏ[5]।
ਤਾਂਹ ਉਦਾਸੀ ਦੂਰ ਹਿਤ
[6]ਹੈਲਾਸ਼ਕ ਆਨੰਦ ਨਿਧ।
ਮਿਲਹੁ ਜੁਲਹੁ ਭਾਖਹੁ ਸੁਨਹੁ[6]
ਚਿੱਤ ਬ੍ਰਿੱਤ[7] ਹੁਇ ਨਿੱਤ ਸਿਧ ॥੧॥
ਸਾਨੁਰਾਗ[8] ਸੁਖ ਪੁੰਜ
ਮੰਜ[9] ਹਰਿਮੰਦਰ ਸ਼ੋਭਾ।
ਕੌਨ ਪੇਖ ਇਕ ਬਾਰ
ਜਾਂਹਿ ਮਨ ਨਾਹਿਨ ਲੋਭਾ।
ਕੀਰਤ ਕਰਤਿ ਬਿਅੰਤ
ਅੰਤ ਕਿਨਹੂੰ ਨਹਿੰ ਪਾਯੋ।
ਬਡੋ ਭਾਗ ਭਲ ਫਾਗ ਮਾਸ
ਦਿਨ[1] ਯਾਰ ! ਸੁ ਆਯੋ।
ਸਿਖ ਸੰਗਤ ਨਰ ਨਾਰਿ ਗਨ[2]
ਪਿਖ ਦਿਵਾਨ ਛਬਿ ਪ੍ਰਮੁਦ ਮਨ[3]।
ਰੰਗ ਰਾਗ ਬਹੁ ਰੰਗ ਕੇ
ਹੋਤਿ ਅਨਦ ਹਰਿਜਸ ਭਜਨ॥੨॥

ਕਬਿੱਤ–
ਗਾਵਤੇ ਹੈਂ ਰਾਗੀ ਮਤਿ ਪਾਗੀ ਨੰਦਨੰਦ[4]ਸੰਗ
ਭਰ੍ਯਾ ਸ਼ਬਦ ਸੁਰ ਸਾਜ ਮੈਂ ਸਜਾਵਤੇ*।

---

[1]ਸੰਤ ਨਿਹਾਲ ਸਿੰਘ ਜੀ ਦੀ ਛਾਪ ਹੈ। [2]ਰੰਗਾਂ ਰੰਗਾਂ ਦੇ ਬਨ ਵਿਚ ਦਰਖਤ। [3]ਸਿਸਰ ਰੁਤ ਦਾ ਮੂੰਹ ਪੀਲਾ ਪੈ ਗਿਆ। [4]ਬੜੇ। [5]ਆਲਸੀ ਹੋ ਗਏ। [6]ਹੈਲਾ ਅਸ਼ਟਕ=ਹੋਲੇ ਪਰ ਅੱਠ ਛੰਦ ਜੋ ਆਨੰਦ ਦਾ ਖਜ਼ਾਨਾ ਹੁੰਦੇ ਹੋਨ ਮਿਲ ਜੁਲ ਕੇ ਉਚਾਰੋ ਤੇ ਸੁਣੋ। [7]ਚਿੱਤ ਦੀ ਬ੍ਰਿਤੀ। [8]ਪ੍ਰੇਮ ਸਹਿਤ। [9]ਉੱਜਲ।

[1]ਫੱਗਣ ਦੇ ਮਹੀਨੇ ਦੇ ਦਿਨ, ਹੋਲੀ ਦੇ ਦਿਨ। [2]ਸਾਰੇ ਹੀ। [3]ਮਨ ਵਿਖੇ ਪ੍ਰਸੰਨ ਹੋ ਰਹੇ ਹਨ ਦੀਵਾਨ ਦੀ ਛਬੀ ਵੇਖਕੇ। [4]ਨੰਦ ਦਾ ਨੰਦ=ਕ੍ਰਿਸ਼ਨ।

*ਬਸੰਤ ਤੇ ਖਾਸ ਕਰ ਹੋਲੀਆਂ ਵਿਚ ਸ੍ਰੀ ਦਰਬਾਰ ਸਾਹਿਬ ਵਿਚ ਆਸਾ ਦੀ ਵਾਰ ਵਿਚ ਕ੍ਰਿਸ਼ਨਾਵਤਾਰ ਦੇ ਸ੍ਵਯੇ ਬੀ ਗਾਵੇਂ ਜਾਇਆ ਕਰਦੇ ਸਨ। ਇਹ ਰਸਮ ਕਦੋਂ ਪਈ ਸੀ ਠੀਕ ਥਹੁ ਨਹੀਂ ਪਰ ਤਦੋਂ ਖਿਆਲ ਕੀਤਾ ਜਾਂਦਾ ਹੁੰਦਾ ਸੀ ਕਿ ਸਿਖ ਦਰਬਾਰ ਵਿਚ ਭੋਗਰਿਆਂ ਦੇ ਬੇਰ ਸਮੇਂ ਯਾ ਇਸ ਤੋਂ ਕੁਛ ਪਹਿਲੋਂ ਕਿਸੇ ਵੇਲੇ ਜਾਰੀ ਹੋਈ ਸੀ। ਇਨ੍ਹਾਂ ਸ੍ਵੈਯਾਂ ਵਿਚੋਂ ਇਕ ਇਹ ਸੀ:–

ਮਾਘ ਬਿਤੀਤ ਭਈ, ਰੁਤ ਫਾਗੁਨ ਆਇ

[ਬਾਕੀ ਦੇਖੋ ਅਗਲੇ ਪੰਨੇ ਦੇ ਪਹਿਲੇ ਅੱਧ ਹੇਠ]

Digitized by Panjab Digital Library | www.panjabdigilib.org

ਜਾਵਤੇ ਅਨੰਦ ਭਰੇ ਪ੍ਰੇਮ ਮੈਂ ਮਗਨ ਲੋਗ,
ਬੈਠ ਕੇ ਸੁਮਤ ਔ ਗੁਨਤ[1] ਹਰਖਾਵਤੇ।
ਖਾਵਤੇ ਕੜਾਹ ਬਲ ਜਾਵਤੇ[2] ਦਿਵਾਨ ਪੇਖ,
ਸੋਢੀ ਮਹਾਂਰਾਜ ਕੋ ਮਨਾਇ ਫਲ ਪਾਵਤੇ।
ਪਾਵਤੇ ਨ ਜੂਨੀ ਫੇਰ ਸੇਵਕ 'ਚਰਨ ਸਿੰਘ',
ਗੁਰੂ ਜੀ ਦੇ ਹੋਲਾ ਜੋਊ ਸ੍ਰੀਮੁਖ ਤੇ ਗਾਵਤੇ॥੩।

ਝਾਂਕੀ ਚਲ ਦੇਖ ਬਾਂਕੀ ਆਜ ਗੁਰੂ ਗ੍ਰੰਥ ਜੀ ਕੀ
ਚੌਰਦਾਰ ਚੌਰ ਕੋ ਢੁਰਾਵਤ[3] ਅਦਬ ਸੰਗ।
ਕੈਸੋ ਮਿਹਰਾਬ[4] ਮਾਂਹ ਛਤ੍ਰ ਮਨਿ ਗਨ ਜਟਜੋ[5]
ਹੀਰੇ ਮੁਕਤਾਨ ਕੀਆਵਲਿ ਜਜੋਂ ਪ੍ਰਵਾਹ ਗੰਗ[6]।
ਬਰਨ ਬਰਨ ਕੇ ਰੁਮਾਲ ਦੁਤਿ[7] ਦੂਨੀ ਦੇਤਿ
ਕੇਸਰ ਗੁਲਾਬ ਤਾਂਪੈ ਸੋਹਤ ਗੁਲਾਲ ਰੰਗ।

---

[1]ਵਿਚਾਰਕੇ। [2]ਬਲਿਹਾਰ ਹੁੰਦੇ। [3]ਚੌਰ ਝੁਲਾਂਵਦਾ ਹੈ। [4]ਸੋਨੇ ਦੀ ਮਹਿਰਾਬ ਨੁਮਾ ਵਸਤੂ ਜੋ ਸ੍ਰੀ ਦਰਬਾਰ ਸਾਹਿਬ ਦੇ ਜਲੌ ਵਿਚ ਹੈ। ਜਦ ਜਲੌ ਲੱਗਦਾ ਹੈ ਤਾਂ ਮੰਜੀ ਸਾਹਿਬ ਤੇ ਇਹ ਲਾਈ ਜਾਂਦੀ ਹੈ, ਇਸ ਨਾਲ ਮੋਤੀਆਂ ਦੀਆਂ ਲੜੀਆਂ ਤੇ ਹੋਰ ਸਾਮਾਨ ਲਾਏ ਜਾਂਦੇ ਹਨ। ਕੀਮਤੀ ਛਤਰ ਮਹਿਰਾਬ ਦੇ ਕੇਂਦਰ ਪਰ ਉਪਰ ਲੱਗਦਾ ਹੈ। ਹੀਰੇ ਜਵਾਹਰਾਤ ਦੇ ਭੂਖਨ ਲਗਦੇ ਹਨ। [5]ਸਮੂਹ ਮਣੀਆਂ ਨਾਲ ਜੜਿਤ। [6]ਮੋਤੀਆਂ ਦੀਆਂ ਲੜੀਆਂ ਗੰਗਾ ਦੇ ਪ੍ਰਵਾਹ ਵਾਂਗ ਹਨ। [7]ਸ਼ੋਭਾ।

☞[ਪਿਛਲੇ ਪੰਨੇ ਦੀ ਬਾਕੀ ਟੂਕ]

ਗਈ ਸਭ ਖੇਲਤ ਹੋਰੀ। ਗਾਵਤ ਗੀਤ ਬਜਾਵਤ ਤਾਲ ਕਹੈਂ ਮੁਖ ਤੇ ਭਰੂਆ ਮਿਲ ਜੋਰੀ। ਡਾਰਤ ਹੈਂ ਅਲਤਾ ਬਨਿਤਾ ਛਟਕਾ ਸੰਗ ਮਾਰਤ ਬੈਸਨ ਬੋਰੀ। ਖੇਲਤ ਸਜਾਮ ਧਮਾਰੁ ਅਨੂਪ ਮਹਾਂ ਮਿਲ ਸੁੰਦਰ ਸਾਂਵਲ ਗੋਰੀ॥ ੨੨੫॥

ਇਸ ਵਿਚ ਆਏ 'ਭਰੂਆ' ਪਦ ਤੋਂ ਇਸ ਸ੍ਰੰਯੇ ਵਲ ਇਸ਼ਾਰਾ ਹੈ। [ਸੰਪਾਦਿਕ

'ਸਾਰੰਗ ਚਰੰਨ' ਰਾਗੀ ਵਾਰ ਗਾਂਵੈਂ ਹੋਰੀ ਭਫ
ਸੰਗਤ ਨਿਹਾਲ ਸੁਨਮੁਨੀਐ[1] ਸਭਨ ਚੰਗ॥੪।

ਭਰਜੋ ਹੈ ਸਮਾਜ ਆਜ ਹੋਲੇ ਕੋ ਦਿਵਸ ਸਾਜ
ਗਾਜ ਗਾਜ ਸੰਗਤ ਉਮੰਡ ਆਈ ਭੋਰ ਤੇ[2]।
ਭੀਤਰ[3] ਔ ਉਪਰ ਤੇ ਬਾਹਰ ਹੂੰ ਸੇਤ ਪਰ[4]
ਸੇਤ ਸੇਤ ਪਟ[5] ਸਾਰੇ ਭਾਰੀ ਭੋਰ ਜੋਰ ਤੇ।
ਕਹੂੰ ਗੀਤ ਰੰਗ ਗਜਾਨ, ਕਹੂੰ ਅਪ੍ਰਮਾਨ ਬਚ[6]
ਕਹਤ ਸੁਨਤ ਏਕ ਦੂਜੇ ਕੋ ਨਿਹੋਰਤੇ[7]।
'ਸਾਰੰਗ ਚਰੰਨ' ਹਰਿਮੰਦਰ ਮੈ ਹੋਲਾ ਮਚਜੋ
ਬਚਜੋਨਹੀਕੋਊ, ਭੀਗਜੋ, ਬਸਨ ਨਿਚੋਰਤੇ[8]।੫

ਏਰੇ ਮਨ ਮੇਰੇ! ਤੇਰੇ ਕਾਨ ਨਾ ਸ਼ਬਦ ਪਰਜੋ,
ਜੜ[9]ਸੋਂ ਪਰਜੋ ਹੈ ਖਾਟ[10] ਰਾਤ ਘੜੀ ਚਾਰ ਹੈ।
ਹੂਜੈ ਸਵਾਧਾਨ ਕੀਜੈ ਸ਼ੋਚ[11] ਤੇ ਸ਼ਨਾਨ ਲੀਜੈ
ਸੰਗ ਸੇਵਕਾਨ ਸਖਾ[12] ਮੇਲ ਇਕਸਾਰ ਹੈ।
ਪਾਠ ਗੁਰਬਾਣੀ ਕੋ ਨਿਬਾਹ ਲੀਜੋ ਰਾਸਤੇ ਮੈਂ
ਆਜ ਹੈ ਇਕਾਦਸ਼ੀ ਦਿਵਾਨ ਕੋ ਦਿਦਾਰ ਹੈ।
'ਸਾਰੰਗ ਚਰੰਨ' ਭੀਰ ਭਾਰੀ ਮੈਂ ਨ ਮਿਲੈ ਥਾਉਂ
ਯਾਂਤੇ ਚਲ ਛੇਤੀ ਤੈਨੇਕੇਤੀਲਾਈਬਾਰ[13] ਹੈ।੬।

ਸ੍ਰੈਯਾ—ਹਰਿਮੰਦਰ ਸੁੰਦਰ ਸ਼ੋਭ ਰਹਜੋ ਰੰਗ
ਚਾਚਰਿ ਚਿੱਤ੍ਰੁਤਿ ਹੈ ਚਹੂੰ ਓਰਨ[14]।
ਗਨ ਡੋਲਤ[15] ਸੇਵਕ ਸਿੱਖ ਇਤੇਉਤ,
ਬੋਲਤ ਬੈਨ ਸੁ ਭਾਂਤਿ ਕਰੋਰਨ।
ਮਿਲਕੈ ਗਿਲਕੈ ਮਿਤ ਆਪਸ ਮੈਂ

---

[1]ਚੁਪ ਚਾਪ। [2]ਅੰਮ੍ਰਿਤ ਵੇਲੇ ਤੋਂ ਹੀ। [3]ਅੰਦਰ (ਹਿਠਾਂ)। [4]ਪੁਲ ਉਤੇ। [5]ਚਿੱਟੇ ਚਿੱਟੇ ਬਸਤਰ। [6]ਬਚਨ। [7]ਬਿਨੈ ਕਰਦੇ ਹਨ। [8]ਕਪੜੇ ਪਏ ਨਿਚੋੜਦੇ ਹਨ। [9]ਮੂਰਦੇ ਵਾਂਗ। [10]ਮੰਜੀ ਉਤੇ। [11]ਸੁਚੇਤ ਹੋ ਲੈ। [12]ਮਿਤ੍ਰ, ਸੱਜਣ। [13]ਡੇਰ। [14]ਚਾਚਰਿ—ਇਕਰਾਗ ਜੋ ਹੋਲੀਆਂਵਿਚ ਗਾਂਵਿਆਂ ਜਾਂਦਾ ਹੈ। ਹੋਲੀਆਂ ਦੇ ਕੁਲਾਹਲ ਆਦਿ। [15]ਫਿਰ ਰਹੇ ਹਨ।

Digitized by Panjab Digital Library | www.panjabdigilib.org

ਰੰਗ ਰੰਗਨ ਮਾਂਹ ਕਰੈਂ ਝਕਝੋਰਨ[1]।
'ਪਦ ਸਾਰੰਗ' ਗਾਵਤਤਾਲ ਧਮਾਲ ਕੋ
ਗਾਵਤ ਔਰ ਬਜਾਵਤ ਔਰਨ ॥੭॥

ਇਕ ਡਾਰ ਗੁਲਾਲ ਕੋ, ਏਕ ਕਹੈ 'ਜਿਨ
ਡਾਰੀਏ ਆਂਖ ਮੈਂ[2], ਸੀਸ ਪੈ ਡਾਰੀਏ।'
ਏਕ ਕਹੈ 'ਕਿਉਂ ਸੀਸ ਪੈ ਡਾਰੀਏ?,
ਡਾਰੀਏ ਆਂਖ ਮੈਂ ਆਨੰਦ ਧਾਰੀਏ'।
ਏਕ ਗਹੈ ਪਿਚਕਾ ਕਰ ਮੈਂ
ਇਕ ਭਾਖਤ 'ਜੀ ਮਤ ਮੂੰਹ ਮੈਂ ਮਾਰੀਏ'।
' 'ਪਦ ਸਾਰੰਗ' ਮੂੰਹ ਮੈਂ ਕਾਹੇ ਨ ਮਾਰੀਏ
ਖੇਲੀਏ ਫਾਗ ਔ ਭੇਦ ਬਿਚਾਰੀਏ'? ॥੮॥

ਏਕ ਕਹੈ 'ਜਿਨਿ ਪਾਗ ਉਤਾਰੀਏ[3]
ਹੈ ਤਨਖਾਹ ਦੁਹੂੰਨ[4] ਕੋ ਏਕਸੀ।'
ਏਕ ਕਹੈ ਢਿਗ[5] ਤੇ ਸਿੰਘ ਆਇਕੈ
'ਹੈ ਤਨਖਾਹ ਏ ਸਾਚ ਬਿਬੇਕ ਸੀ।'
ਏਕ ਕਹੈ 'ਉਤਰੀ ਝਕਝੋਰ ਮੈਂ[6]
ਨਾਂਹਿ ਉਤਾਰੀ ਕਿਸੂ ਨੇ ਭੀ ਨੈਕਸੀ[7]'।
'ਪਦ ਸਾਰੰਗ' ਹੋਤ ਕੁਲਾਹਲ ਇਉਂ
ਹਰਿ ਮੰਦਰ ਕੀ ਨਹਿੰ ਹੋਰੀ ਹਰੇਕ ਸੀਂ[8]॥੯॥

[ਚੌਦਸ਼]

ਕਬਿਤ-
ਏਰੇ ਮਨ ਮੇਰੇ ! ਤੋਹਿ ਕਾਨ ਮੈ ਕਰੌਂ ਹੋ ਬਾਤ,
ਆਈ ਸ਼ੁਦੀ ਫਾਗਨ ਕੀ ਚੌਦਸ਼ ਸੁਹਾਵਨੀ।
ਤਾਂਤੇ ਉਠ ਪ੍ਰਾਤ ਬ੍ਰਾਤ[9] ਸੌਚ ਔ ਸ਼ਨਾਨ ਕਰ,
ਸੌਜ ਪਿਚਕਾਰੀ ਆਦ ਸੰਗ ਪਹੁੰਚਾਵਨੀ ।

ਆਜ ਰੰਗ ਭੀਜਜੋ ਕੀਜੋ ਦੇਖਨੋ ਜ਼ਰੂਰ ਚਲ,
ਰੰਗ ਕੀ ਉਡਾਵਨੀ ਸੇ ਸੰਗਤ ਭਿਜਾਵਨੀ।
ਪਾਇ ਤਿਲਕਾਵਨੀ[1], ਘਸੀਟਕੇ ਲਿਜਾਵਨੀ
ਕੜਾਹੇ ਮੇ ਗਿਰਾਵਨੀਔਹੌਜ਼ਮੇਧਕਾਵਨੀ।੧੦।

ਵਾਰ ਕੀ ਸਮਾਪਤੀ ਪੈ ਸੰਗਤ ਉਮੰਡ ਚਲੀ
ਘੁਮਡ ਘਟਾ ਸੀ ਘੇਰਾ ਘੇਰੀ ਪਈ ਪੌਰ ਹੈ।
ਛੀਂਟੈਂਛਿਰਕਾਵੈਂ ਭਾਗਜਾਵੈਂ ਦੌਰੈਂਗਹਿ ਲਾਵੈਂ
ਰੰਗ ਸੇ ਭਿਜਾਵੈਂ ਔ ਧਕਾਵੈਂ ਕਰੈਂ ਰੌਰ ਹੈ।
ਉਝਕ ਝਿਝਕਾਵੇਂ[2]ਔਬਤਾਵੇਂ ਪੈ ਉਡਾਵੈਂਰੰਗ
ਮੁਖ ਗਾਵੈਂ ਹੋਲਾ ਮਾਰੈਂ ਕੇਸ਼ੂ ਭਰ ਕੌਰ[3] ਹੈ।
'ਸਾਰੰਗ ਚਰਨ' ਐਸੋ ਕੌਤਕ ਬਸੰਤ ਹੋਤ,
ਰੰਗ ਕੋ ਸੁਰੰਗ ਹ੍ਵੈ ਅਨੰਦ ਠੌਰ ਠੌਰ ਹੈ ॥੧੧॥

ਲੇਤ ਹੈ ਉਠਾਇ ਭਰਿ ਕੌਰੀ[4]ਏਕ ਏਕਨ ਕੋ,
ਦੇਤ ਹੈ ਗਿਰਾਇ ਮੱਧ ਹੌਜਨ ਕੇ ਜਾਇ ਜਾਇ।
ਏਕ ਲੇਤ ਸਾਟੇ[5],ਏਕ ਡਾਂਟੇ,ਖਰੇ ਦੂਰ ਜਾਇ,
ਮਾਰਤਉਠਾਇਕੇਸ਼ੂਹੁੰਝ ਹੁੰਝ ਲਜਾਇਲਜਾਇ।
ਇਤ ਉਤ ਉੱਚੇ ਥਲ ਬੁੰਗਨ ਮੈਂ ਦੇਖੈਂ ਜਹਾਂ,
ਸੰਗਤ ਥਿਰੀ ਹੈ ਛਿਪ ਪਰੈ ਅਰਰਾਇ ਰਾਇ[6]।
ਰੰਗ ਕੋ ਉਡਾਵੈਂਉਤਰਾਵੈਂ ਔ ਖਿਲਾਵੈਂ ਸੰਗ,
'ਸਾਰੰਗ ਚਰੰਨ' ਦੇਖੈਂ ਦੂਰੋਂਦੂਰੋਂ ਆਇ ਆਇ।

ਹੋਲੇ ਕੇ ਦਿਵਾਨ ਕਾ ਮਹਾਨ ਰੰਗ ਤੁੰਗਾ[7] ਦੀਖੈ
ਸੁੰਦਰ ਅਕਾਲ ਬੁੰਗਾ ਸਜਜੋ ਦਰਸਾਵਈ।
ਭਰਜੋ ਭੀਰ ਭਾਰੀ ਸੰਗ ਸੀਸ ਲੌ ਸੁਰੰਗ ਸੂਝੈ
ਕੁਮਕੁਮੋਂ ਕੀ ਰੇਲ ਪੇਲ ਦੂਰ ਲੌ ਧਕਾਵਈ।
ਲਾਚੀਦਾਣੇ ਬੇਰ ਔ ਕਚੌਰੀ ਪੇੜੇ ਲੱਡੂ ਆਦਿ
ਅਨਗਨ ਵਥੁ ਜਿਤ ਤਿਤ ਬਰਖਾਵਈਂ।
'ਸਾਰੰਗ ਚਰੰਨ' ਹੋਲਾ ਕਹੇ ਸੋ ਨਿਹਾਲ ਧੰਨ,
ਉੱਚੇ ਉੱਚੇ ਕਹੈ ਪੁਨ ਉੱਚੇ ਈ ਸੁਨਾਵਈ।੧੩

---

[1]ਘੋਲ ਰਹੇ ਹਨ।[2]ਅੱਖਾਂ ਵਿਚ ਨਾਂ ਪਾਓ। [3]ਪੱਗ ਨਾ ਲਾਹੋ। [4]ਦੋਹਾਂ ਭਾਵ ਲਾਹੁਣ ਵਾਲੇ ਤੇ ਲੁਹਾਉਣ ਵਾਲੇ ਨੂੰ। [5]ਕੋਲੋਂ ਹੀ। [6]ਧਕਮਧੱਕੇ ਵਿਚ। [7]ਜ਼ਰਾ ਭੀ। ਭਾਵ ਜਾਣ ਕੇ ਲਾਹੁਣ ਦੀ ਨੀਤ ਨਹੀਂ ਸੀ। [8]ਹਰੇਕ ਹੋਰੀ ਵਰਗੀ । [9]ਸਵੇਰੇ ਹੀ ਉਠ ਤੇ ਉਦਮ ਕਰ[ਵ੍ਰਾਤ=ਜੀਵਕਾ ਲਈ ਕੀਤਾ ਉਦਮ]।

[1]ਪੈਰਾਂ ਦਾ ਤਿਲਕਣਾ। [2]ਹੁਝੱਕਾ ਦੇਕੇ ਖਿੱਚ ਲੈਂਦੇ ਹਨ। [3]ਮੁੱਠਾਂ ਭਰ ਭਰ ਕੇ । [4]ਝੱਫੀ। [5]ਬਦਲਾ। [6]ਓਰੜ ਓਰੜ ਕੇ ਪੈਂਦੀ ਹੈ(ਸੰਗਤ)। [7]ਉੱਚਾ।

Digitized by Panjab Digital Library | www.panjabdigilib.org

ਏਕ ਓਰ[1] ਰਾਗੀ ਸਿੰਘ ਗਾਵਤ ਬਜਾਵਤਹੈਂ,
ਏਕ ਓਰ ਸੁੰਦਰ ਸਜੀਲੇ ਸਿੰਘ ਦੇਖੀਏ।
ਏਕ ਓਰ ਸੰਗਤ ਕੀ ਪੰਗਤ ਸੁਰੰਗਤ ਮੈਂ
ਪੂਰ ਭਰਪੂਰ ਚੌਰ ਚਾਰੁ ਤਾਰ ਪੇਖੀਏ।
ਏਕ ਓਰ ਨਾਰੀ ਗਨ ਅਨਗਨ ਲੂਟੈਂ ਵਥੁ,
ਸਾਰੰਗ ਚਰੰਨ ਕੈਸੇ ਆਨੰਦ ਉਲੇਖੀਏ[2]।
ਦੇਖਤੀ ਹੈਂ ਆਖੈਂ ਜੀਭ ਕੈਸੇ ਕੈ ਬਖਾਨ ਕਰੈ,
ਜੀਭਕੋ ਨ ਆਂਖ ਤਾਂਤੇ ਅਕਹਿ ਬਿਸੇਖੀਏ।੧੪।

ਸੈਯਾ—ਮਿਲਕੈ ਨਰ ਨਾਰ ਸੁਗਾਇ ਧਮਾਰ[3],
ਉਡਾਇਕੈ ਰੰਗ ਕਰੈਂ ਝਕ ਝੋਰੀ।
ਪੁਨ ਨ੍ਹਾਇਕੈ ਬਸਤ੍ਰ ਵਟਾਇ ਭਲੇ,
ਕਛ ਗੁੰਧ ਕੈ ਚੂਨ ਔ ਸੂਤ ਬਟੋਰੀ।
ਰੋਟ ਬਨਾਇ ਹੂੰ ਜਾਇਕੈ ਥਾਨ
ਟਿਕਾਇਕੈ ਗਾਇਕੈ ਰੰਗ ਰੰਗੋਰੀ।
ਦਾਰ ਬਟੋਰ ਕੈ ਜੋਰਿ ਕੈ ਚਾਰੁ[4],
ਲਗਾਵਤ ਹੋਰੀ[5] ਔ ਗਾਵਤ ਹੋਰੀ ॥੧੫॥

ਦਿਨ ਪਾਂਚ ਕੋ ਮੇਲ ਸਕੇਲ ਝੰਬੇਲ,
ਜੋ ਕੀਨ ਵਿਦਾ ਸਭਨੈ ਭਰਿ ਕੌਰੀ[6]।
ਕਾਲਖ ਦਾਗ਼ ਵਿਕਾਰ ਮਨੋ,
ਤਨ ਚਾਹਤ ਦੂਰ ਕੀਏ ਮਤਿ ਬੌਰੀ।
ਪਿਖਿ ਹੋਲਾ ਦੀਵਾਨ ਕੋ ਆਇਕੈ ਗੇਹ,
ਸਨੇਹ ਅਛੇਹ ਸੋਂ ਸਾੜ੍ਹਕ ਤੌਰੀ।
ਦਾਰ ਬਟੋਰਿ ਕੈ ਜੋਰਿ ਕੈ ਚਾਰ,

[1]ਇਕ ਪਾਸੇ। [2]ਭਾਵ ਉਸ ਆਨੰਦ ਦਾ ਵਰਣਨ ਕੈਸੇ ਹੋ ਸਕੇ। [3]ਹੋਲੀ ਵਿਚ ਬਜਾਏ ਜਾਣ ਵਾਲਾ ਇਕ ਤਾਰ। (ਅ) ਹੋਲੀ ਦਾ ਇਕ ਤਰ੍ਹਾਂ ਦਾ ਗੀਤ। [4]ਲਕੜੀਆਂ (ਬਾਲਣ) ਕੱਠੀਆਂ ਕਰਕੇ ਤੇ ਉਨ੍ਹਾਂ ਨੂੰ ਸੁਹਣੀ ਤਰਾਂ ਜੋੜਕੇ। [5]ਹੋਰੀ ਲਾ ਦਿੰਦੇ ਹਨ। [6]ਭਾਵ ਜਫੀਆਂ ਪਾ ਪਾ ਕੇ ਹੋਰੀ ਵਿਦਾ ਕਰ ਦਿਤੀ।

ਲਗਾਵਤ ਹੋਰੀ ਔ ਗਾਵਤ ਹੋਰੀ*॥੧੬॥

ਜਗ ਜਾਨ ਮ੍ਰਿਖਾਵਤ ਹੋਰੀ ਕੇ ਸੰਤ[1],
ਬ੍ਰਿਥਾਪਨ ਨਾਚਨ ਬ੍ਰਿਤ ਨ ਚੋਰੀ[2]।
ਸਬ ਬੰਧ ਸਬੰਧ ਸੁਰੰਗ ਤੇ ਚਿੱਤ ਕੋ
ਚਾਹਤ ਲੇਇ ਸੰਕੋਚ ਅਖੋਰੀ[3]।
'ਪਦ ਸਾਰੰਗ' ਮਾਨਪਮਾਨ ਜਹਾਨ ਕੋ
ਹੈ ਕਰਤੇ ਇਕ ਬਜੋਂਤ ਅਘੋਰੀ[4]।
ਦਾਰ ਬਟੋਰ ਕੈ ਜੋਰ ਕੈ ਚਾਰੁ,
ਲਗਾਵਤ ਹੋਰੀ ਔ ਗਾਵਤ ਹੋਰੀ ॥੧੭॥

[1]ਸੰਤ ਜਗਤ ਨੂੰ ਹੋਰੀ ਵਤ ਮਿਥਜਾਣਦੇ ਹਨ। [2]ਨੱਚਣ ਨੂੰ ਬ੍ਰਿਥਾ ਪਨ ਜਾਣ ਕੇ ਬ੍ਰਿਤੀ ਨੂੰ (ਨਚਣ ਹਿਤ) ਚੁਰਾਉਂਦੇ ਨਹੀਂ। [3]ਚਾਹੁੰਦੇ ਹਨ ਕਿ ਚਿਤ ਨੂੰ ਸਾਰੇ ਏਂਹੁਆਂ ਸੰਬੰਧੀਆਂ ਤੇ ਸੁਹਣੇ ਰੰਗਾਂ ਤੋਂ ਸੰਕੋਚ ਕੇ ਨਿਰਦੇਖ ਕਰ ਲਈਏ। [ਖੋਰਿ= ਦੇਖ, ਐਬ। ਅਖੋਰਿ= ਨਿਰਦੋਖ]। [4]ਜਹਾਨ ਦੇ ਮਾਨ ਅਪਮਾਨ ਜੋ ਕਰਤਾਰ ਨੇ ਇਕ ਭਯਾਨਕ ਵਿਉਂਤ ਬਣਾਈ ਹੈ (ਇਸ ਦਾ ਬਾਲਣ).....

*ਸਫੇ ੯੪੦ ਪਰ ਪ੍ਰਹਿਲਾਦ ਦੀ ਭੂਆ 'ਹੋਲੀ' ਦੀ ਸੰਖੇਪ ਮਾਤ੍ਰ ਕਥਾ ਡਾਕਟਰ ਸਾਹਿਬ ਜੀ ਦੀ ਅਪਣੀ ਲਿਖੀ ਆ ਚੁਕੀ ਹੈ। ਉਸ ਦੀ ਯਾਦ ਵਿਚ ਹੋਲੀਆਂ ਦੇ ਅਖੀਰਲੇ ਦਿਨ ਲੋਕੀਂ ਅੱਗ ਬਾਲਕੇ ਜਦ ਅੰਗਾਰੇ ਰਹਿ ਜਾਣ ਤੇ ਉਪਰ ਸੁਆਹ ਆ ਜਾਵੇ ਤਾਂ ਉਨ੍ਹਾਂ ਪਰ ਮੋਟੇ ਮੋਟੇ ਰੋਟ ਬਣਾ ਕੇ ਤੇ ਕੱਚੀਆਂ ਤੰਦਾਂ ਲਪੇਟ ਕੇ ਰੱਖ ਦੇਂਦੇ ਹਨ। ਰੋਟ ਪੱਕ ਜਾਂਦੇ ਹਨ ਅੱਗ ਬੁਝ ਜਾਂਦੀ ਹੈ ਤੇ ਕੱਚੀਆਂ ਤੰਦਾਂ ਰੋਟ ਦੇ ਨਾਲ ਅਜੇ ਸਲਾਮਤ ਹੁੰਦੀਆਂ ਹਨ, ਇਸ ਨੂੰ ਹੋਰੀ ਦੇ ਸੜ ਜਾਣ ਤੇ ਪ੍ਰਹਿਲਾਦ ਜੀ ਦੇ ਬਚ ਰਹਿਣ ਦਾ ਦਿੰਨ ਸਮਝਦੇ ਹਨ। ਇਹ ਰਸਮ ਲੋਕੀਂ ਘਰੋ ਘਰ ਕਰਦੇ ਸਨ ਤੇ ਹਨ, ਸ੍ਰੀ ਦਰਬਾਰ ਸਾਹਿਬ ਵਿਚ ਨਹੀਂ ਸੀ ਹੁੰਦੀ ਤੇ ਇਸ ਰੋਟ ਨੂੰ ਲੋਕ ਪਰਸਪਰ ਵੰਡਦੇ ਤੇ ਖਾਂਦੇ ਹੁੰਦੇ ਸਨ। ਅਗਲੇ ਛੰਦ ਵਿਚ ਸੰਤਾਂ ਦੇ ਹੋਲੀ ਬਾਲਣ ਦਾ ਟੂਪਕ ਦੱਸਦੇ ਹਨ। [ਸੰਪਾਦਿਕ

Digitized by Panjab Digital Library | www.panjabdigilib.org

ਸਭਿ ਦੇਸ਼ ਦਿਸ਼ਾਨ ਮੈਂ ਫੈਲੀ ਬੌਰਾਹਟ[1]
ਆਹਟ[2] ਨੈਂਕ ਨ ਚਿੱਤ ਚਹੇਰੀ,
ਜੋਊ ਕੀਨ ਸੰਬਾਦ ਬਿਬਾਦ ਮਹਾਂ
ਧੁਨਿ ਗਾਰੀ ਦਈ ਔ ਲਈ ਝਕਝੋਰੀ।
ਮੇਲਿ ਕੈ ਜੋਲਿ ਕੈ ਏ ਸਗਰੀ ਵਥੁ
ਕੀਨ ਇਕੱਤ੍ਰ ਭਲੇ ਥਲ ਟੋਰੀ।
ਦਾਰ ਬਟੋਰਿ ਕੈ ਜੋਰਿ ਕੈ ਚਾਰੁ[3],
ਲਗਾਵਤ ਹੋਰੀ ਔ ਗਾਵਤ ਹੋਰੀ ॥ ੧੮ ॥

ਇਹ ਹੋਲੇ ਦੇ ਛੰਦ ਆਪਣੀ ਕਾਵਯ ਵਾਲੀ ਕੀਮਤ ਕੂਤ ਤੋਂ ਛੁਟ ਇਤਿਹਾਸਿਕ ਕੀਮਤ ਬੀ ਰਖਦੇ ਹਨ। ਆਪ ਜੀ ਨੇ ਉਸ ਵੇਲੇ ਦੇ ਹੋਲੇ ਦਾ ਰੂਪ ਬੱਧਾ ਹੈ ਜੋ ਹੂਬਹੂ ਸ੍ਰੀ ਹਰਿਮੰਦਰ ਵਿਚ ਹੁੰਦਾ ਸੀ, ਜਿਵੇਂ ਭਾਈ ਨੰਦ ਲਾਲ ਜੀ ਨੇ ਸ੍ਰੀ ਕਲਗੀਧਰ ਜੀ ਦੀ ਹਜ਼ੂਰੀ ਦੇ ਹੋਲੇ ਦਾ ਰੂਪਕ ਬੱਧਾ ਸੀ। ਇਨ੍ਹਾਂ ਛੰਦਾਂ ਦੀ ਠੀਕ ਸਮਝ ਲੈਣ ਲਈ ਹੇਠਾਂ ਉਸ ਸਮੇਂ ਦੇ ਹੋਲੇ ਦਾ ਵਰਣਨ ਕਰ ਦੇਂਦੇ ਹਾਂ।

ਲੋੜ੍ਹੀ ਵਾਲੀ ਰਾਤ ਥੜੇ ਸਾਹਿਬ ਦੀਵਾਨ ਸਜ ਕੇ ਕੀਰਤਨ ਹੋ ਕੇ ਅਰਦਾਸਾ ਕੀਤਾ ਜਾਂਦਾ ਸੀ ਕਿ ਕੱਲ ਮਾਘ ਚੜ੍ਹਨਾ ਤੇ ਬਸੰਤ ਰੁਤ ਦਾ ਅਰੰਭ ਹੋਣਾ ਹੈ, ਇਸ ਲਈ ਬਸੰਤ ਰਾਗ ਆ ਜਾਵੇ ਤੇ ਅਸੀਂ ਉਸਦਾ ਸ੍ਵਾਗਤ ਕਰਦੇ ਹਾਂ। ਫੇਰ ਇਕ ਵਜੇ ਦੇ ਲਗ ਪਗ ਰਾਤ ਨੂੰ ਬਾਬਾ ਗੁਰਬਖਸ਼ ਸਿੰਘ ਜੀ ਦੀ ਸਮਾਧ ਤੇ ਕੀਰਤਨ ਹੁੰਦਾ ਤੇ ਅਰਦਾਸਾ ਸੋਧ ਕੇ ਬਸੰਤ ਦਾ ਸ੍ਵਾਗਤ ਕੀਤਾ ਜਾਂਦਾ ਤੇ ਇਕ ਸ਼ਬਦ ਬਸੰਤ ਰਾਗ ਵਿਚ ਗਾਵਿਆਂ ਜਾਂਦਾ। ਇਸ ਤੋਂ ਉਪ੍ਰੰਤ ਸ੍ਰੀ ਹਰਿਮੰਦਰ ਵਿਚ ਆਸਾ ਦੀ ਵਾਰ ਦੇ ਕੀਰਤਨ ਵਿਚ ਬਸੰਤ ਰਾਗ ਗਾਵਿਆਂ ਜਾਂਦਾ ਤੇ ਅਜ ਤੋਂ ਹੋਲੇ ਮਹੱਲੇ ਦੇ ਦਿਨ ਤਕ ਬਸੰਤ ਰਾਗ ਸ੍ਰੀ ਦਰਬਾਰ ਸਾਹਿਬ ਹੋਰ ਗੁਰਦੁਆਰਿਆਂ ਤੇ ਜਗ੍ਹਾ ਜਗ੍ਹਾ ਰਬਾਬੀ ਤੇ ਰਾਗੀ ਸਿੰਘ ਕੀਰਤਨਵਿਚ ਗਾਇਨ ਕਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਸੰਤ ਰਾਗ ਦੇ ਸ਼ਬਦ ਬਸੰਤ, ਬਸੰਤ ਹਿੰਡੋਲ, ਬਸੰਤ ਬਹਾਰ ਆਦਿ ਵਿਚ ਗਾਇਨ ਕਰਦੇ।

ਇਸ ਅਰਸੇ ਵਿਚ ਖਾਸ ਕਰ ਬਸੰਤ ਪੰਚਮੀ ਦੇ ਦਿਨ ਤੋਂ ਰਬਾਬੀ ਰਾਗੀ ਸਿੰਘਾਂ ਨੂੰ ਇਹ ਬੀ ਖੁੱਲ੍ਹ ਹੁੰਦੀ ਸੀ ਕਿ ਓਹ ਕ੍ਰਿਸ਼੍ਨਾਵਤਾਰ ਵਿਚ ਆਏ ਕ੍ਰਿਸ਼੍ਨਲੀਲਾ ਦੇ ਛੰਦ ਵੀ ਗਾਇਨ ਕਰ ਲੈਣ, ਚਾਹੇ ਉਹ ਸ਼ਿੰਗਾਰ ਰਸ ਦੇ ਹੀ ਹੋਣ। ਇਹ ਖੁਲ੍ਹ ਅਸੀਂ ਪਿੱਛੇ ਦੱਸ ਆਏ ਹਾਂ ਕਿ ਆਦਿ ਦੀ ਨਹੀਂ ਪਰ ਪਿਛੋਂ ਕਿਸੇ ਵੇਲੇ ਪਈ ਸੀ, ਗਾਲਬਨ ਡੋਗਰਾ ਪ੍ਰਤਾਪ ਵਧਣ ਵੇਲੇ ਯਾ ਜ਼ਰਾ ਪਹਿਲੇ।

ਫੇਰ ਹੋਲੀਆਂ ਦੀ ਅਸ਼ਟਮੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਫੈਦ ਕਪੜੇ ਦੇ ਪੁਸ਼ਾਕੇ ਬਣਾ ਕੇ ਚੜ੍ਹਾ ਦਿਤੇ ਜਾਂਦੇ। ਸਾਰਾ ਅੰਦਰ ਚਿੱਟਾ ਸੁਫੈਦ ਨਜ਼ਰ ਆਉਂਦਾ ਤੇ ਅਸਚਰਜ ਸਤੋਗੁਣੀ ਸੁੰਦਰਤਾ ਦੇਂਦਾ ਸੀ। ਇਕਾਦਸ਼ੀ ਥਿਤ ਤੋਂ ਜਦ ਅੰਦਰ ਆਸਾ ਦੀ ਵਾਰ ਦਾ ਭੋਗ ਪੈਂਦਾ ਤਾਂ ਲਾਲ ਰੰਗ ਦਾ ਗੁਲਾਲ ਤੇ ਅੰਬੀਰ ਉਡਾਯਾ ਜਾਂਦਾ। ਚੌਦਸ਼ ਤੇ ਪੁੰਨਯਾਂ ਦੇ ਦਿਨ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨੀ ਦਰਵਾਜੇ ਦੇ ਬਾਹਰ ਦੋ ਕੜਾਹੇ ਕੇਸੂ ਫੁਲਾਂ ਦੇ ਭਰੇ

---

[1]ਪਾਗਲ ਪੁਣਾ [2]ਆਵਾਜ਼, ਧੁਨੀ। [3]ਭਾਵ, ਸੰਤਾਂ ਨੇ ਉਪ੍ਰੋਕਤ ਚੀਜ਼ਾਂ ਨੂੰ ਲਕੜੀਆਂ ਵਾਂਗ ਕੱਠਾ ਕਰਕੇ।

Digitized by Panjab Digital Library | www.panjabdigilib.org

ਤੇ ਭਿੱਜੇ ਹੋਏ ਧਰੇ ਜਾਂਦੇ। ਅਕਾਲ ਬੁੰਗੇ ਜੀ ਦੇ ਅਗਲੇ ਫੁਹਾਰੇ ਦਾ ਹੌਜ਼ ਕੇਸ਼ੂ ਫੁਲ ਭਿਉਂਕੇ ਪਾਣੀ ਨਾਲ ਭਰ ਦਿੱਤਾ ਜਾਂਦਾ। ਪਹਿਲੇ ਸਮੇਂ ਇਸ ਹੌਜ਼ ਦੇ ਫੁਹਾਰੇ ਚਲਦੇ ਭੀ ਹੁੰਦੇ ਸੇ ਜਿਨ੍ਹਾਂ ਵਿਚ ਪਾਣੀ ਅਕਾਲ ਬੁੰਗੇ ਸਾਹਿਬ ਦੇ ਮਗਰਲੇ ਖੂਹ ਦਾ ਆਉਂਦਾ ਸੀ। ਜਦੋਂ ਸੰਗਤ ਆਸਾ ਦੀ ਵਾਰ ਦਾ ਭੋਗ ਪਾਕੇ ਸ਼੍ਰੀ ਹਰਿਮੰਦਰ ਤੋਂ ਬਾਹਰ ਦਰਸ਼ਨੀ ਦਰਵਾਜ਼ੇ ਆਉਂਦੀ ਤਾਂ ਬਾਹਰ ਜੁੜੇ ਲੋਕੀ ਕੇਸ਼ੂ ਫੁਲਾਂ ਦੇ ਰੰਗ ਉਨ੍ਹਾਂ ਪਰ ਪਾਉਂਦੇ ਤੇ ਲਗ ਪਗ ਸਭ ਲੋਕ ਭਿੱਜ ਜਾਂਦੇ। ਅਕਾਲ ਬੁੰਗੇ ਦੇ ਮੈਦਾਨ ਦੇ ਦੁਆਲੇ ਦੇ ਸਭ ਬੁੰਗੇ ਦਰਸ਼ਕਾਂ ਨਾਲ ਲੱਦੇ ਹੋਏ ਹੁੰਦੇ ਸਨ ਤੇ ਮੈਦਾਨ ਵਿਚ ਕੇਸ਼ੂ ਰੰਗ ਦੀ ਉਛਾਲ ਦਾ ਕੁਲਾਹਲ ਮਚ ਜਾਂਦਾ ਸੀ। ਕੋਈ ਕਿਸੇ ਨੂੰ ਭਿਉਂ ਰਿਹਾ ਹੈ, ਕੋਈ ਕਿਸੇ ਨੂੰ। ਦੋ ਚਾਰ ਰਲਕੇ ਕਿਸੇ ਮਿਤ੍ਰ ਨੂੰ ਚਾਕੇ ਹੌਜ਼ ਵਿਚ ਲਿਜਾ ਪਾਉਂਦੇ ਸਨ। ਸਾਰਾ ਵਕਤ ਵਾਜਾ ਵਜਦਾ ਰਹਿੰਦਾ ਸੀ। ਇਹ ਖੇਲ ਖਾਲ ਕੇ ਫੇਰ ਵੱਡੀ ਪਰਕ੍ਰਮਾ ਵਿਚ ਖਿਲਾਰੀਆਂ ਦੀ ਵਹੀਰ ਟੁਰ ਪੈਂਦੀ ਸੀ। ਅਗੇ ਕਿਸੇ ਕਿਸੇ ਬੁੰਗੇ ਤੇ ਕੇਸ਼ੂ ਫੁਲ ਭਿੱਜੇ ਪਏ ਹੁੰਦੇ ਸੇ। ਉਹ ਉਪਰੋਂ ਲੰਘਦੀ ਵਹੀਰ ਨੂੰ ਭੇਉਂਦੇ ਸਨ, ਹੇਠੋਂ ਇਹ ਵੀ ਪਿਚਕਾਰੀਆਂ ਤੇ ਮਗਰਲੇ ਸਮੇਂ ਵਿਚ ਪੰਪਾਂ ਨਾਲ ਰੰਗ ਪਾਉਂਦੇ ਸੇ। ਫੇਰ ਇਹ ਵਹੀਰ ਗੁਰੂ ਕੇ ਬਾਗ ਡੂੰਘੇ ਥਾਂ ਵਾਲੇ ਫੁਹਾਰਿਆਂ ਤੇ ਜਾ ਰੰਗ ਖੇਲਦਾ ਸੀ ਤੇ ਫੇਰ ਇਹ ਖੇਲ ਦੇਹੁਰੇ ਬਾਬੇ ਅਟੱਲ ਜੀ ਤੇ ਹੁੰਦੀ ਸੀ। ਪਿਛੋਂ ਫੇਰ ਗੁਰੂ ਕੇ ਬਾਗ ਫੁਹਾਰਿਆਂ ਤੋਂ ਖੇਲ ਹਟ ਕੇ ਰਾਗ ਸਭਾ ਸ਼ੁਰੂ ਹੋ ਗਈ ਸੀ।

ਲੌਂਢੇ ਪਹਿਰ ਹੋਲੀਆਂ ਦੇ ਹਰ ਦਿਨ ਅਕਾਲ ਬੁੰਗੇ ਸਾਹਿਬ ਗਹਗਚ ਦੀਵਾਨ ਭਰਦਾ ਸੀ, ਉਦਾਲੇ ਦੇ ਬੁੰਗੇ ਦਰਸ਼ਕਾਂ ਨਾਲ ਲੱਦੇ ਜਾਂਦੇ ਸਨ। ਬੁੰਗਿਆਂ ਤੇ ਬੈਠੇ ਲੋਕੀਂ ਗੋਲ ਗੱਪੇ ਜਿਨ੍ਹਾਂ ਨੂੰ ਕੁਮਕੁਮੇ ਕਹਿੰਦੇ ਸਨ, ਗੁਲਾਲ ਨਾਲ ਭਰਕੇ ਦੀਵਾਨ ਵਿਚ ਜਗ੍ਹਾ ਜਗ੍ਹਾ ਸੁਟਿਆ ਕਰਦੇ ਸਨ। ਇਨ੍ਹਾਂ ਵਿਚ ਖੱਟੇ ਰੰਗ ਦੀ, ਲਾਲ ਰੰਗ ਦੀ ਤੇ ਕਿਰਮਚੀ ਰੰਗ ਦੀ ਗੁਲਾਲੀ ਹੋਇਆ ਕਰਦੀ ਸੀ। ਕਈ ਪ੍ਰੇਮੀ ਉਤੋਂ ਲਾਚੀ ਦਾਣੇ ਯਾ ਮਖਾਣੇ, ਕਚੌਰੀਆਂ, ਬੇਰ, ਲਡੂ, ਪੇੜੇ ਆਦਿ ਦੀਵਾਨ ਵਿਚ ਮੱਟਦੇ ਸਨ ਜੋ ਲੋਕੀਂ ਖੁਸ਼ੀ ਨਾਲ ਖਾ ਲੈਂਦੇ ਸਨ। ਸ਼ਾਮਾਂ ਨੂੰ ਰਹੁਰਾਸ ਪੜ੍ਹਕੇ ਭੋਗ ਪੈ ਜਾਂਦਾ ਸੀ। ਏਕਮ ਅਰਥਾਤ ਹੋਲੇ ਮਹਲੇ ਵਾਲੇ ਦਿਨ ਕੇਸ਼ੂ ਬੰਦ ਹੋ ਜਾਂਦੇ ਸੀ। ਸ੍ਰੀ ਅਕਾਲ ਬੁੰਗੇ ਦੇ ਅਗੇ ਸਵੇਰੇ ਦੀਵਾਨ ਸਜਦਾ ਸੀ, ਜਿਕੂੰ ਦਾ ਪਹਲੇ ਦਿਨੀਂ ਲੌਂਢੇ ਪਹਿਰ ਸਜਦਾ ਸੀ। ਪਹਿਰਕੁ ਦਿਨ ਚੜ੍ਹੇ ਸਮਾਪਤ ਹੋ ਜਾਂਦਾ ਸੀ। ਦੁਪਹਿਰ ਮਗਰੋਂ ਅਕਾਲ ਬੁੰਗੇ ਸਾਹਿਬ ਅਠਦਾਸਾ ਹੋਕੇ ਮਹੱਲਾ ਚੜ੍ਹਦਾ ਸੀ ਜੋ ਸ਼ਹਿਰ ਦੀ ਪ੍ਰਕ੍ਰਮਾ ਕਰਦਾ ਸੀ। ਸਭ ਸੰਗਤਾਂ ਦਰਵਾਜ਼ੇ ਦਰਵਾਜ਼ੇ ਆਕੇ ਦਰਸ਼ਨ ਕਰਦੀਆਂ ਤੇ ਨਿਸ਼ਾਨ ਸਾਹਿਬਾਂ ਤੇ ਗੁਲਾਲੀ ਪਾਉਂਦੀਆਂ ਸਨ। ਹਾਲ ਦਰਵਾਜੇ ਦੇ ਬਾਹਰ ਵਾਰ ਰੇਲ ਦੀ ਲਾਇਨ ਦੇ ਦੁਹੀਂ ਪਾਸੀਂ ਮੇਲਾ ਭਰ ਜਾਂਦਾ ਸੀ। ਜਿੱਥੇ ਹੁਣ ਪੁਲ ਦੀਆਂ ਸੜਕਾਂ ਤੇ ਕੋਠੀਆਂ ਹਨ, ਅੱਗੇ ਏਥੇ ਬਾਗ ਤੇ ਖੁੱਲ੍ਹਾ ਥਾਂ ਹੁੰਦਾ ਸੀ।

ਹੋਲੀਆਂ ਦੇ ਸਾਰੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਰਾਤ ਨੂੰ ਨਹੀਂ ਸੀ ਹੁੰਦਾ। ਆਪ ਦਾ ਨਿਵਾਸ ਹਰੀਮੰਦਰ ਦੇ ਅੰਦਰ ਹੀ ਰਹਿੰਦਾ ਹੁੰਦਾ ਸੀ। ਅਜ ਮਹੱਲੇ ਦੀ ਰਾਤ ਅਪਣੇ ਵਕਤ ਤੇ ਅਸਵਾਰਾ ਹੋ ਜਾਂਦਾ ਸੀ। ਇਸ ਤੋਂ ਬਾਦ ਚਿੱਟਾਪੁਸ਼ਾਕਾ ਜੋ ਅਸ਼ਟਮੀ ਨੂੰ ਚੜ੍ਹਿਆ ਸੀ, ਉਤਾਰਿਆ ਜਾਂਦਾ ਸੀ ਤੇ ਸੰਗਤਾਂ ਪ੍ਰੇਮ ਭਰੀਆਂ ਆ ਜਾਂਦੀਆਂ

Digitized by Panjab Digital Library | www.panjabdigilib.org

ਸਨ। ਹਰਿਮੰਦਰ ਦਾ ਰੋਜ਼ ਦਾ ਇਸ਼ਨਾਨ ਦਰਬਾਰ ਸਾਹਿਬ ਦੇ ਪੁਜਾਰੀ ਕਰਦੇ ਸਨ, ਪਰ ਮਹੱਲੇ ਵਾਲੀ ਰਾਤ ਸਾਰੀ ਸੰਗਤ ਨੂੰ ਖੁੱਲ੍ਹ ਹੁੰਦੀ ਸੀ। ਹਰਿਮੰਦਰ ਦੇ ਅੰਦਰ, ਉਪਰ, ਧੁਰ ਛੱਤ ਤੇ ਬਾਹਰ ਸਾਰੇ,ਮੰਦਰ ਦੀਆਂ ਸਾਰੀਆਂ ਮੰਜ਼ਲਾਂ ਦਾ ਇਸ਼ਨਾਨ ਸੰਗਤ ਕਰਾਉਂਦੀ ਸੀ, ਕੋਈ ਜਲ ਭਰਕੇ ਲਿਆ ਰਿਹਾ ਹੈ, ਕੋਈ ਝਾੜੂ ਨਾਲ ਧੋ ਰਿਹਾ ਹੈ, ਕੋਈ ਰੁਮਾਲਾਂ ਤੇ ਸਾਫਿਆਂ ਨਾਲ ਸਫਾਈ ਕਰ ਤੇ ਪੂੰਝ ਰਿਹਾ ਹੈ। ਬਾਣੀਆਂ ਦੀ ਧੁਨਿ ਲਗ ਰਹੀ ਹੈ। ਇਹ ਸਮਾਂ ਬਹੁਤ ਹੀ ਰਸਮਈ ਤੇ ਪ੍ਰੇਮ ਦਾ ਹੁੰਦਾ ਸੀ। ਇਸ ਤਰ੍ਹਾਂ ਛੋਟੀ ਪ੍ਰਕਰਮਾ ਤੇ ਪੁਲ ਦਾ ਇਸ਼ਨਾਨ ਕਰਾਕੇ ਫੇਰ ਸੰਗਤ ਅਕਾਲ ਖੂੰਗੇ ਸਾਹਿਬ ਦਾ ਇਸ਼ਨਾਨ ਕਰਵਾਇਆ ਕਰਦੀ ਸੀ। ਅੱਧੀ ਕੁ ਰਾਤ ਨੂੰ ਇਹ ਸੇਵਾ ਮੁੱਕ ਜਾਂਦੀ ਸੀ, ਫੇਰ ਅਕਾਲ ਤਖਤ ਦੇ ਮੈਦਾਨ ਵਿੱਚ ਦੁੱਧ ਤੇ ਫੇਣੀਆਂ ਦਾ ਜੱਗ ਹੁੰਦਾ ਸੀ ਤੇ ਸੇਵਾ ਕਰਨ ਵਾਲਿਆਂ ਨੂੰ ਛਕਾਇਆ ਜਾਂਦਾ ਸੀ।

ਇਸ ਦਰਬਾਰ ਸਾਹਿਬ ਵਿਚ ਪ੍ਰਵਿਰਤ ਹੋਲੀ ਤੇ ਹੋਲੇ ਦਾ ਮੁਕਾਬਲਾ ਉਸ ਸਮੇਂ ਦੇ ਸ਼ਹਿਰ ਦੀ ਹੋਲੀ ਨਾਲ ਕਰਨਾ ਬੀ ਜ਼ਰੂਰੀ ਹੈ।

ਸ਼ਹਿਰ ਵਿਚ ਜਗਾ ਜਗਾ ਪੈਸੇ, ਅਧਜਾਨੀਆਂ ਚਿੱਟੀਆਂ ਕਰਕੇ ਗੱਡਦੇਂਦੇ ਸਨ, ਜਦ ਕੋਈ ਅਣਜਾਣ ਰੁਪੱਯਾ ਸਮਝ ਕੇ ਚੁੱਕੇ ਤੇ ਉਹ ਚੁੱਕਿਆ ਨਾ ਜਾਏ ਤਾਂ ਬਜ਼ਾਰ ਵਾਲਿਆਂ ਨੇ ਫਕੜੀ ਲਾ ਦੇਣੀ। ਬਜ਼ਾਰ ਵਾਲੇ ਮਕਾਨਾਂ ਤੇ ਲੋਕਾਂ ਨੇ ਸਾਲ ਦੇ ਜਮਾਂ ਕੀਤੇ ਕੂੜੇ ਰੋਸਾਂ ਤੇ ਰਖ ਲੈਣੇ ਤੇ ਸਵੇਰ ਦੇ ਦਸ ਵਜੇ ਤਕ ਰਾਹ ਗੁਜ਼ਰੂਆਂ ਤੇ ਪਾਉਣੇ, ਜਣੇ ਖਣੇ ਨੇ ਇਕ ਦੂਜੇ ਤੇ ਰੰਗ ਪਾਉਣੇ ਤੇ ਗੁਲਾਲੀਆਂ ਅੱਖਾਂ ਵਿਚ ਪਾਉਣੀਆਂ ਤੇ ਕਈ ਵੇਰ ਪੀੜ ਕਰਨ ਵਾਲੀਆਂ ਗੁਲਾਲੀਆਂ ਵੀ। ਗੰਦੇ ਗੀਤ, ਗੰਦੀਆਂ ਧਮਾਰਾਂ ਪੌਣੀਆਂ ਤੇ ਕਈ ਵੇਰ ਮਾਰ ਕੁਟਾਈਆਂ ਵੀ ਹੋ ਜਾਣੀਆਂ। ਵੈਰੀਆਂ ਨੇ ਹੋਲੀ ਦੇ ਬਹਾਨੇ ਕਈ ਵੇਰ ਬਦਲੇ ਵੀ ਲੈ ਲੈਣੇ। ਸ਼ਰਾਬਾਂ ਦੀ ਗਰਮ ਬਜ਼ਾਰੀ ਹੋਣੀ। ਕਲਾਲ ਖਾਨੇ,ਜੋ ਤਦੋਂ ਸ਼ਹਿਰ ਦੇ ਵਿਚ ਹੁੰਦੇ ਸਨ, ਭਰੇ ਰਹਿਣੇ। ਕੰਮ ਕਾਜ ਲਗ ਪਗ ਬੰਦ, ਖਾਸ ਕਰਕੇ ਅਖੀਰਲੇ ਤਿੰਨ ਚਾਰ ਦਿਨ ਜਿਸ ਨੂੰ ਦੇਖੋ ਗੁਡੀਆਂ ਉਡਾ ਰਿਹਾ ਹੈ ਜਾਂ ਬਾਹਰ ਜਾ ਰੰਗਰਲੀਆਂ ਅਤੇ ਸ਼ਰਾਬਾਂ ਉਡਾ ਰਿਹਾ ਹੈ। ਸ਼ਹਿਰ ਵਿਚ ਕਿਸੇ ਸ਼ਰੀਫ ਦਾ ਤੁਰ ਫਿਰ ਸਕਣਾ ਕਠਨ ਹੁੰਦਾ ਸੀ। [ਸੰਪਾਦਿਕ।

[ੲ. ਅੰਮ੍ਰਿਤ ਪ੍ਰਵਾਹ ਵਿਸੋਆ]

"ਦਰਬਾਰਨ ਮਹਿ ਤੇਰੋ ਦਰਬਾਰਾ"

ਦੋਹਰਾ—ਹਰਿਮੰਦਰ ਸਰ ਅਮ੍ਰਿਤ ਬਰ ਕ੍ਰਿਤ ਹਰਿ ਲਖਿ ਮਨ ਨ੍ਹਾਇ[1]।
ਲਿਖੋ ਸੁਜਸ ਛਬਿ ਛਬਿ ਨਿਧੀ ਸੁਨਿ ਪਠਿ ਦੁਕ੍ਰਿਤ ਬਿਲਾਇ[2] ।੧।

ਸ੍ਰੀ ਅੰਮ੍ਰਿਤਸਰ ੧੫ ਚੇਤ, ੧੯੯੩ ਈਃ] ਡਾ: ਚਰਨ ਸਿੰਘ

---

[1]ਅੰਮ੍ਰਿਤ ਸਰੋਵਰ ਦਾ ਹਰੀ ਮੰਦਰ ਹਰੀ ਦਾ ਕੀਤਾ ਜਾਣਕੇ ਹੇਮਨ! (ਤੂੰ) ਸ਼ਨਾਨ ਕਰ (ਤੇ ਫਿਰ)।
[2]ਖੋਟੀ ਮਤ (ਜਿਸ ਨਾਲ) ਦੂਰ ਹੋ ਜਾਏ।

Digitized by Panjab Digital Library | www.panjabdigilib.org

ਦੋਹਰਾ—ਅਥ ਹਰਿਮੰਦਰ ਸੁਧਾਸਰ ਕੀਰਤਿ
ਕੀ ਕਵਿਤਾਇ।ਕੀਨੀ ਕਵਿਨ ਅਨੇਕ
ਵਿਧਿ ਪੈ ਕਛੁ ਦੇਹੁੰ ਦਿਖਾਇ*।੨।

ਕਬਿਤ—

†ਡਿੱਠਾਤੈਂਡਾਤਾਲਭਰਜਾ ਅੰਮ੍ਰਿਤਦੇਨਾਲਜੇੜ੍ਹਾ
ਕੀਤਾ ਏ ਸ਼ਨਾਨ ਦੁਖ ਰੋਗ ਚਾ ਵੰਞਾਏ ਹਿਨ।
ਆਇ ਦਰਬਾਰ ਹਥ ਜੋੜ ਨਿਮਸਕਾਰ ਕੀਤੀ
ਥੀਈ ਅਰਦਾਸ ਫਲ ਚਾਰ ਤਦ ਪਾਏ ਹਿਨ।
ਕਿਥੂੰ[1]ਨਹੀਂ ਡਿੱਠਾਇਹਕੜਾਹਪ੍ਰਸਾਦ ਮਿੱਠਾ
ਪੌੜੀ ਆਇ ਹਰਕੀ ਤੇ ਚੁਲੇ ਚਾ ਛਕਾਏ ਹਿਨ,
ਰਾਗੀ ਪਏ ਅਲਾਪਦੇ ਨੇ ਸ਼ਬਦ ਗੁਰੂ ਦੇ ਚੰਗੇ
'ਸਾਰੰਗ ਚਰੰਨ' ਗੁਰੂ ਰਾਮਦਾਸ ਭਾਏਹਿਨ[2]।੩
ਆਏ ਹਾਂ ਸ਼ਰੰਨ ਤੈਂਡੀ ਰਾਖ ਲਾਜ ਸਾਡੀ ਹੁਣ,
ਤੈਂਡੇ ਹੀ ਸਦਾਇ ਜਗ ਵਿਚ ਪ੍ਰਗਟਾਏ ਹਾਂ।
ਤੈਂਡੇਬਿਨਾਜਾਹਨਾਹ[3],ਢੋਈ ਜਿੱਥੈਲਹਾਂ[4]ਜਾਇ
ਤੈਂਡੇ ਈ ਦ੍ਵਾਰੇ ਆਇ ਆਇ ਘਿਘਿਆਏਹਾਂ।
ਬਿਰਦ ਦੀ ਲਾਜ ਤੈਨੂੰਅਸੀਂ ਹਾਂਨਿਲਾਜ ਭਾਰੇ,
ਕੁੱਤੇ ਤੇਰੇ ਦਰ ਪਏ ਕੂਕ ਕੇ ਸੁਣਾਏ ਹਾਂ।
'ਸਾਰੰਗ ਚਰੰਨ' ਤੁਹੀਏਂ ਆਸਰਾਭਰੋਸਾ ਸਾਡਾ
ਕੂੜ ਪਾਜ ਬੋਲ ਬੋਲ ਉਮਰ ਲੰਘਾਏ ਹਾਂ।।੪।।
ਮਨ ਰੇ ਨਾ ਸੋਚੈਂ,ਮੋਚੈਂ ਕਾਲ ਜਗ ਧੰਧਨ ਮੈਂ[5]
ਬੰਧਨ ਮੈਂ ਬੰਧਜੋ ਨਿਰਬੰਧ ਕਭੂ ਧਜਾਵ ਰੇ[1]।
ਮਾਨ,ਮਦ,ਮੋਹ,ਕੋਹ[2],ਲੋਭ,ਨਿੰਦ,ਖੰਚਕਤਾ[3],
ਤਜਾਗਿਕੈ ਕੁਸੰਗ,ਸਤਿਸੰਗ ਓਰ ਆਵਰੇ।
ਸੁਗਮ ਉਪਾਇ ਕਰ ਚਾਇ ਸੰਗ ਨਿਤਾਪ੍ਰਤਿ
ਲਾਗਤ ਨ ਮੋਲ ਚਾਹੋ ਭਲੇ ਪ੍ਰਤਿਆਵਰੇ।
'ਸਾਰੰਗ ਚਰੰਨ' ਪ੍ਰਾਤੇ[4] ਸੋਚ ਜਪ ਜਾਪ ਨਿਤ,
ਚੱਲ ਸੁਧਾਸਰ ਪੌੜੀਹਰਿਕੀ ਪੈ ਨਾਵਰੇ*।।੫।।

ਕੀਜੀਏ ਸ਼ਨਾਨ ਪਾਠ ਨੇਮ ਗੁਰਬਾਣੀ ਮਾਨ
ਕਰਿਕੈ ਦਿਦਾਰ ਚਾਰੁ ਆਨੰਦ ਉਮੰਗ ਤੇ।
ਬੈਠ ਏਕ ਕੋਨੇ ਸੁਨਿ ਲੇਨੇ[5] ਸ਼ਬਦ ਰਾਗਮਈ,
ਬ੍ਰਿਤਿ ਕੋ ਸਲੋਨੇ ਰੰਗ ਰੰਗੋ ਏਕ ਰੰਗ ਤੇ[6]।
ਦ੍ਰਿਸ਼ਟ ਕੋ ਟਿਕਾਏ ਨਾਕ ਕੂੰਪਲੀ ਮੈਂ ਰੋਕੋ ਮਨ,
ਅੰਗਨ ਸਥਿਰ ਕਰ ਬੈਠੋ ਇਸ ਢੰਗ ਤੇ।
'ਸਾਰੰਗ ਚਰੰਨ' ਜੋ ਲੌ ਟਿਕੈ ਮਨ ਸੁੰਨਤਾ ਮੈਂ[7]
ਤੌ ਲੌ ਹੀ ਟਿਕਾਓ ਹਰਿ ਮੰਦਰ ਪ੍ਰਸੰਗ ਤੇ[8]।੬

ਗਜਲ ਟੰਕਾਰ[9] ਸੁਨ ਸੁੰਨਤਾ ਕੋ ਤਜਾਗ ਦੇਹੁ,
ਹੋਹੁ ਸਾਵਧਾਨ ਦੇਖ ਸੰਗਤਾਂ ਕੀ ਭੀਰ ਕੋ।
ਜਗਮਗ ਜੋਤ ਕੈਸੀ ਦੀਪਕ ਪ੍ਰਤੱਖ ਰੂਪ
ਰਾਗ ਧੁਨਿ ਪੂਰੋ ਮਧ ਮੰਦਰ ਸੁਨੀਰ ਕੋ[10]।
ਕੈਸੇ ਕੈਸੇ ਦਿੱਬ ਜੋਤ ਧਾਰੇ ਬਪੁ ਮਾਨੁਖ ਕੋ

---

[1]ਕਿਤੇ ਬੀ। [2]ਬੜੇ ਹੀ ਪਿਆਰੇ ਲਗੇ ਹਨ।[3]ਕੋਈ ਥਾਂ ਨਹੀਂ। [4]ਲਵਾਂ । [5]ਜਗ ਦੇ ਧੰਦਿਆਂ ਵਿਚ ਸਮਾਂ ਗੁਆ ਰਿਹਾ ਹੈਂ।

*ਇਹ ਦੋਹਾ ਡਾਕਟਰ ਸਾਹਿਬ ਕ੍ਰਿਤ ਅੰਮ੍ਰਿਤ ਲਹਿਰੀ ਵਿਚਵਿਸੋਆ ਭਾਗ ਦੇ ਆਦਿ ਵਿਚ ਹੈ। ਉਸ ਵਿਚ ਹੋਰਨਾਂ ਦੀ ਰਚਨਾਂ ਦੇ ਛੰਦ ਬੀ ਆਪ ਨੇ ਇਕੱਤ੍ਰ ਕਰਕੇ ਦਿੱਤੇ ਸਨ, ਪਰ ਇਥੇ ਅਸਾਂ ਨੇ ਉਸ ਪੋਥੀ ਵਿਚੋਂ ਕੇਵਲ ਡਾਕਟਰ ਸਾਹਿਬ ਦੇ ਰਚਿਤ ਹੀ ਛੰਦ ਅਗੇ ਦਿੱਤੇ ਹਨ। [ਸੰਪਾਦਿਕ

†ਅਗਲੇ ਦੋਨੋਂ ਛੰਦ ਪਸ਼ਚਮੀ ਭਾਖਾ ਵਿਚ ਹਨ। [ਸੰਪਾਦਿਕ]

[1]ਹੇ ਬੰਧਨਾਂ ਵਿਚ ਬੱਧੇ ਹੋਏ ! ਕਦੇ ਨਿਰਬੰਧ (ਅਕਾਲ ਪੁਰਖ)ਨੂੰ ਵੀ ਚੇਤੇ ਕਰ। [2]ਕ੍ਰੋਧ। [3]ਠੱਗੀ। [4]ਸਵੇਰੇ, ਅੰਮ੍ਰਿਤ ਵੇਲੇ। [5]ਸੁੰਦਰ। [6]ਬ੍ਰਿਤੀ ਨੂੰ ਇਕੋ ਸੁੰਦਰ ਰੰਗ ਨਾਲ ਰੰਗੋ। [7]ਭਾਵ ਇਕਾਗ੍ਰਤਾ ਵਿਚ। [8]ਭਾਵ ਹਰਿਮੰਦਰ ਵਿਚ ਬੈਠਕੇ। [9]ਸਵੇਰ ਦੇ ਵੇਲੇ ਦੀ ਘੜਿਆਲ ਦੀ ਕੁਛ ਚਿਰ ਜਾਰੀ ਟੰਕਾਰ ਦੀ ਅਵਾਜ਼। [10]ਜਲ ਦੇ ਵਿਚਕਾਰ ਦਾ ਮੰਦਰ ਰਾਗ ਦੀ ਧੁਨੀ ਨਾਲ ਪੂਰ ਰਿਹਾ ਹੈ।

*ਉਸ ਸਮੇਂ ਹਰਿ ਕੀ ਪੌੜੀ ਇਸ਼ਨਾਨ ਕਰਨੇ ਦੀ ਪੂਰਨ ਖੁੱਲ੍ਹ ਹੁੰਦੀ ਸੀ, ਪਰੰਤੂ ਸਭ ਲੋਕ ਪਹਿਲੋਂ ਸਰੋਵਰ ਦੇ ਲਾਗਲੇ ਕਿਸੇ ਖੂਹ ਤੇ ਨ੍ਹਾ ਕੇ ਫੇਰ ਦਰਬਾਰ ਸਾਹਿਬਇਸ਼ਨਾਨਕਰਦੇਹੁੰਦੇਸੇ। [ਸੰਪਾਦਿਕ

Digitized by Panjab Digital Library | www.panjabdigilib.org

ਕੀਜੀਏ ਦਿਦਾਰ ਲੀਜੈ ਆਨੰਦ ਗਹੀਰ ਕੋ।
'ਸਾਰੰਗ ਚਰੰਨ' ਹਰਿਮੰਦਰ ਮੈਂ ਰੀਤਿ ਇਤ
ਨਿਤ ਨਿਤ ਆਇ ਨਾਇਜੀਤੀਏਸਰੀਰਕੋ[1]।੭

ਚਾਲ ਰੇ ਉਤਾਲ ਮਨ ਆਨੰਦ ਕੋ ਕਾਲ ਜਾਤ[2]
ਹੂਜੀਏ ਨਿਹਾਲ ਪ੍ਰਾਤਕਾਲ ਕੋ ਦਿਦਾਰ ਲੇਹੁ।
ਸੁਨ ਗੁਨ ਵਾਰ ਔ ਸਪੰਦ[3] ਕੋ ਨਿਵਾਰ ਡਾਰ
ਹੋਇਕੇ ਅਫੁਰ ਬੈਠ ਕੋਨੇ ਮੈਂ ਬਿਚਾਰ ਏਹ।
ਕੇਵਲ ਨਮਿਤ ਚਿਤ ਸ਼ਾਂਤਿ ਹੇਤ ਰਚਜੋ ਗੁਰੂ
ਤਾਲ ਹਰਿਧਾਮ ਸਿੱਖ ਸੰਗਤਾਂ ਅਨੰਦ ਦੇਹੁ।
ਗਜਲ ਵਜੀ ਤੇਉੱਠ ਯਾਤ੍ਰਾ ਤਾਲਕੀਜੈਫਿਰ,
ਨਾਇਨਾਇਸਿਰ[4]'ਹਰਿ ਚਰਨ' ਅਟਲ ਗੇਹੁ।੮

ਸ਼ਾਂਤਿ ਚਿਤ ਚਾਹੈਂਔਨਬ੍ਰਤਬ੍ਰਤਿਚਾਹੈਂ ਯਦਿ
ਇੰਦ੍ਰਨ ਕੋ ਰੋਕਨੋ ਔ ਘਰ ਦਰ ਪਾਵਨੋ[5]।
ਸਹਜ ਸਮਾਧਿ ਚਾਹੈਂ ਦਿਬਜ ਜੋਤ ਦੇਖਨੀ ਜੋ,
ਚਾਹੈਂ ਜੋ ਕਲੇਸ਼ ਜਗ ਦੁੱਖਨ ਹਟਾਵਨੋ।
'ਸਾਰੰਗ ਚਰੰਨ' ਨਿਜਾਨੰਦ ਪਦ ਲੈਨੋ ਚਾਹੈਂ,
ਮਾਨ ਕਹਜੋ ਮੇਰੇ ਬਜੋਤ ਯਾ ਬਿਧ ਬਨਾਵਨੋ।
ਸੁਧਾਸਰ ਨ੍ਹਾਨ, ਬੈਠਿ ਮੰਦਰ ਮੈਂ ਧਜਾਨ ਠਾਨ
ਔਰ ਨ ਉਪਾਵ ਭਵਸਿੰਧ ਕੋ ਤਰਾਵਨੋ[6]।੯।

ਆਗਜਾ ਗੁਰ ਅਮਰ ਸੁ ਸਿਰ ਧਰਿ ਰਾਮਦਾਸ
ਸਤਿਗੁਰ ਪਤਾ ਪਾਇ ਕੀਨੋ ਬਰ ਤਾਲ ਹੈ।
ਸਮਾਂ ਪਾਇ ਪਾਕੋ ਕੀਨੋ ਅਰਜਨ ਦੇਵ ਸ੍ਵਾਮੀ
ਮਹਿਮਾਂ ਹੂੰ ਗਾਈ ਸੋ ਪ੍ਰਤੱਖ ਇਸ ਕਾਲ ਹੈ।
ਮਹਿਮਾ ਅਨੂਪ ਔਰ ਵਸਦੀ ਸਘਨ ਘਨ
ਕਸਮਲ[7] ਭਾਗੈਂ ਨ੍ਹਾਵੈ ਜੋਊ ਹ੍ਵੈ ਨਿਹਾਲ ਹੈ।

---

[1]ਭਾਵ ਜਨਮ ਜਿੱਤ ਲਓ। [2]ਟੁਰਿਆ ਜਾਂਦਾ ਹੈ,ਬੀਤ ਰਿਹਾ ਹੈ।[3]ਮਨ ਤੇ ਤਨ ਦੀ ਚੰਚਲਤਾਈ। [4]ਮੱਥਾ ਟੇਕ ਟੇਕਕੇ। [5]ਨਿਜ ਘਰ (ਸਰੂਪ) ਦੀ ਪ੍ਰਾਪਤੀ। [6]ਸੰਸਾਰ ਸਾਗਰ ਤਰਨੇ ਦਾ ਹੋਰ ਕੋਈ ਉਪਾਉ ਨਹੀਂ। [7]ਪਾਪ।

'ਸਾਰੰਗ ਚਰੰਨ' ਬੀਓ[1] ਦੇਖੀਏ ਨ ਯਾਕੇ ਸਮ
ਆਪ ਹਰਿ ਕਾਰ ਕਰੀਛੈਤ੍ਰਏਬਿਸਾਲ ਹੈ।੧੦।

ਸੁਧਾਸਰ ਸ਼ਹਰ ਬਿਖੈ ਨਹਰ ਬਹੈ ਵਿਦਜਾਕੇਰੀ
ਲਹਰ ਬਹਰ ਜਹਾਂ ਧਨਕ ਬਨਕ ਕੀ[2]।
ਬਿਮਲ ਬਗੀਚੇ ਸੀਂਚੇ ਚਾਰੋਂ ਓਰ ਸਾਫ ਮਗ
ਮੰਦਰ ਉਚੇਰੇ ਛਬਿ ਕਲਸ ਕਨਕ ਕੀ[3]।
ਜੋਗੀ,ਜਤੀ,ਤਪੀ,ਨੇਮੀ,ਪ੍ਰੇਮੀ, ਕਾਮੀ, ਬਾਮੀ,
ਮੂਢ,ਸੁੰਦਰ,ਕਰੂਪਬਸੈਂ ਭਾਂਤਿਨਿ ਅਨਿਕ ਕੀ।
'ਸਾਰੰਗ ਚਰੰਨ' ਗੁਰੂ ਰਾਮਦਾਸ ਤੇਜ ਦਿਪੈ
ਜੀਵਨਮੁਕਤਿ ਦਸ਼ਾ ਲਾਜਤ ਜਨਕ ਕੀ[4]।੧੧।

ਸ੍ਰੈਯਾ—ਦੇਸ਼ ਦਿਸ਼ਾ ਵਿਦਿਸ਼ਾ ਸਗਰੇ
ਨਗਰੇ ਪੁਰ ਛੈਤ੍ਰ ਭ੍ਰਾਜੈ ਸਬ ਥਾਂਈਂ[5]।
ਮਠ ਦੇਵ ਦਿਵਾਲੇ ਸ਼ਿਵਾਲੇ ਪਿਖੇ,
ਨਦ ਤੀਰਥ ਤਾਲ ਪਖਾਨ ਮਹਾਂਈ।
ਜੜ੍ਹ ਜੰਗਮ ਤੀਰਥ ਦੇਖੇ ਘਨੇ
ਪੈ ਨ ਕਾਹੂ ਭੀ ਚਿੱਤ ਕੀ ਬਾਛ ਪੁਰਾਈ[6]।
'ਪਦ ਸਾਰੰਗ' ਮੁਕਤਿ ਔ ਭੁਕੁ ਦੋਊ
ਰਾਮਦਾਸ ਪੁਰੇ ਮਿਲਗੀ ਸੁਗਮਾਈ[7]।੧੨।

ਜਪ ਜੋਗ ਵਿਰਾਗ ਸਮਾਧਿ ਕਰੇ
ਕੁਰਖੇਤ੍ਰ ਬਨਾਰਸ ਜਾਇ ਮਰੇ।
ਬਨ ਭ੍ਰੂਹਮ ਫਿਰੇ, ਬਹੁ ਯੱਗ ਕਰੇ
ਘਰ ਤਜਾਗਿ, ਤਪੋਧਨ[8] ਭੇਖ ਧਰੇ।
ਸੁਵੈਰਾਗ ਧਰੇ, ਅਨੁਰਾਗ ਹਰੇ[9]
'ਪਦ ਸਾਰੰਗ' ਮੁਕਿ ਨ ਕਾਹੁ ਕਰੇ।

---

[1]ਦੂਸਰਾ, ਹੋਰ। [2]ਧਨਵਾਨ ਬਾਣੀਆਂ ਦੀ। [3]ਸੋਨੇ ਦੇ ਕਲਸਾਂ ਦੀ। [4]ਰਾਜਾ ਜਨਕ ਦੀ ਜੀਵਨ ਮੁਕਤੀ ਦਸ਼ਾ ਸ਼ਰਮਾਉਂਦੀ ਹੈ ਸੁਧਾਸਰ ਵਿਖੇ ਗੁਰੂ ਰਾਮ ਦਾਸ ਜੀ ਦੇ ਜੀਵਨ ਮੁਕਤੀ ਦੇ ਤੇਜ ਨੂੰ ਦੇਖਕੇ। [5]ਸਭ ਥਾਈਂ ਫਿਰਦਾ ਰਿਹਾ ਹਾਂ। [6]ਭਾਵ ਮਨ ਇੱਛਤ ਮੁਰਾਦਾਂ ਕਿਤੇ ਬੀ ਨਹੀਂ ਪੂਰੀਆਂ ਹੋਈਆਂ। [7]ਸੁਖੈਨ ਹੀ। [8]ਤਪੱਸੀਆਂ ਦਾ। [9]ਵੈਰਾਗ ਧਾਰਕੇ।

Digitized by Panjab Digital Library | www.panjabdigilib.org

ਸਰ ਅੰਮ੍ਰਿਤ ਕੂਕਰ ਸੂਕਰ ਹੂੰ
ਸੋਊ ਮੁਕੁ ਨ ਚਾਇ ਉਛਾਹ ਧਰੇ[1] ॥੧੩॥

ਨ ਮਿਲੈ ਰੁਜਗਾਰ ਬਪਾਰ ਕਹੂੰ[2],
ਧਨ ਹਾਰ ਦਈ, ਮਰਿ ਸਾਕ ਗਏ।
ਸਤਿਸੰਗ ਨਹੀਂ ਦ੍ਰਿੜ ਚਿੱਤ ਰਹੇ,
ਸਭ ਸ੍ਵਾਰਥ ਸ੍ਵਾਉ ਹਿਆਉ ਹਏ[2]।
'ਪਦ ਸਾਰੰਗ' ਹੋਇ ਨਿਰਾਸ ਭਲੇ
ਇਕ ਆਸ ਸੁਧਾਸਰ ਮਾਂਹ ਭਏ[4]।
ਤਿਹ ਦੂਖ ਗਏ, ਨਵ ਸੂਖ ਭਏ,
ਦੈ ਲੋਕ ਠਏ ਜਸ ਸ੍ਰੀ ਅਮਏ[5] ॥੧੪॥

[ਬੁੰਗਾ ਘੜਿਆਲ ਵਾਲਾ]

ਕਬਿੱਤ–

ਕਾਲ ਗਤੀ[6] ਚੇਤਨਾ ਅਕਾਲ ਕੇ ਭਜਨ ਹੇਤ,
ਛਿਨ ਛਿਨ ਪਲ ਪਲ ਜਾਨੋ ਜਾਤ ਕਾਲ ਹੈ।
ਜਪੀ ਤਪੀ ਨੇਮੀ ਬ੍ਰਤੀ ਹਠੀਨ ਕੋ ਪਾਹਰੂ ਸੋ
ਆਯੁਖਾ[7]ਕੀ ਬਾਕੀ ਛਿਨ ਛਿਨ ਮੈਂ ਨਿਕਾਲਹੈ।
ਵਿਸਾਚਸਾਪਲ, ਉਨਮੇਖ[8]ਘੜੀ, ਯਾਮ[9]ਦਿਨ,
ਪੱਖ, ਮਾਸ, ਸਾਲ, ਯੁਗ, ਕਲਪ[1] ਸੰਮ੍ਹਾਲ ਹੈ[2]।
'ਸਾਰੰਗ ਚਰੰਨ' ਗੁਰੂ ਰਾਮਦਾਸ ਦ੍ਵਾਰੇ ਸੋਹੈ
ਮਹਦ[3] ਟੰਕਾਰ ਧੁਨਿ ਬੁੰਗਾ ਘੜਿਆਲ ਹੈ*।

[ਘੰਟਾ ਘਰ]

ਤਾਲ ਦਿਸ਼ ਪੂਰਬ ਅਪੂਰਬ[4] ਸਥਾਨ ਬਨਜੋ
ਬੇਰ ਭਾਈ ਬੁੱਢਾ ਜੀ ਕੋ ਊਰਧ ਸੁ ਤਰ[5] ਹੈ।
ਨੰਨ੍ਹੀ ਸੀ ਸੋਪਾਨ ਪਰੇ[6] ਬਡੋ ਸੋ ਮੈਦਾਨ ਜਾਂਕੋ
ਮੱਧ ਮੈਂ ਪਛਾਨ ਬਨਜੋ ਚੌਰਸ ਸੁ ਬਰ ਹੈ।
ਬਾਰਾਂਭਾਗ ਦਿਨਕੈ ਵਿਭਾਗ[7] ਮੈਂ ਟੰਕਾਰ ਹੋਤ
ਯਾਹੀ ਭਾਂਤ ਰਾਤ ਰਵ ਊਚੀ ਧੁਨ ਕਰਿ[8] ਹੈ।
'ਸਾਰੰਗ ਚਰੰਨ' ਸਰਕਾਰ ਅੰਗ੍ਰੇਜੀ ਕਰਜੋ
ਗਣਨਾ ਨਵੀਨ ਦੇਤ ਨਾਮ ਘੰਟਾਘਰ ਹੈ।੧੬।

[ਬੇਰ ਭਾਈ ਬੁੱਢਾ ਜੀ]

ਆਦਿ ਗੁਰੂ ਨਾਨਕ ਤੇ ਖਸ਼ਮ ਗੁਰੂ ਲੌ ਜਾਂਕੀ
ਕਾਰ ਬਾਰ ਗੁਰੂ ਘਰ ਰਹੀ ਕਾਲ ਢੇਰ ਹੈ।
ਉਮਰ ਘਨੇਰੀ, ਭਾਈ ਪਦ ਕੀ ਬਡੇਰੀ ਪਤਿ,
ਬੈਠਿਕੈ ਕਰਾਈ ਕਾਰ ਤਾਲ ਕੀ ਘਨੇਰ ਹੈ।
ਜਾਹੀਂ ਥਲ ਥਿਰੇ ਥਿਰੀ ਬੇਰ ਅਜਹੂੰ ਲੌ ਨੀਕ[9]
ਨਾਮ ਹੂੰ ਪ੍ਰਸਿੱਧ 'ਭਾਈ ਬੁੱਢਾ ਜੀ ਕੀ ਬੇਰ' ਹੈ।

---

[1](ਪਰ ਜੋ) ਅੰਮ੍ਰਿਤਸਰ ਦੇ ਕੂਕਰ ਸੂਕਰ (ਭਾਵ ਸ੍ਰੀ ਦਰਬਾਰ ਸਾਹਿਬ ਦੇ ਨਿੰਮ੍ਹੀ ਝੂਤ ਸੇਵਕ) ਬੀ ਹਨ ਓਹ ਤਾਂ (ਇਤਨੇ ਉਚੇ ਹੋ ਗਏ ਹਨ ਕਿ) ਮੁਕਤੀ ਦੇ ਚਾਉ ਦਾ ਉਤਸਾਹ ਵੀ ਨਹੀਂ ਕਰਦੇ। [2](ਜਿਸ ਨੂੰ) ਰੁਜ਼ਗਾਰ ਯਾ ਬਪਾਰ ਨਹੀਂ ਕਿਤੇ ਮਿਲਦਾ। [3]ਭਾਵ ਬੜਾ ਹੀ ਉਦਾਸ ਵਰਤਿੰਦਾ ਹੈ, ਕਿਉਂਕਿ ਉਸ ਦੇ ਸ੍ਵਾਰਥ ਸੁਆਉ ਪੂਰੇ ਨਹੀਂ ਹੁੰਦੇ। [4](ਉਹ ਜੋ)ਇਕ ਅੰਮ੍ਰਿਤ ਸਰੋਵਰ ਦੀ ਆਸ ਵਿਚ ਹੋ ਜਾਏ। [5](ਜਾਣੋ ਕਿ) ਉਸ ਦੇ ਦੁੱਖ ਦੂਰ ਹੋ ਗਏ,ਨਵੇਂ ਸੁਖ ਆ ਗਏ,ਦੋਵੇਂ ਲੋਕ ਸੁੱਰ ਗਏ ਤੇ ਉਸ ਪਾਸ ਦੌਲਤ ਤੇ ਜਸ ਅਮਿਤ ਹੋ ਗਿਆ। [6]ਸਮੇਂ ਦੀ ਟੋਰ, ਵਕਤ ਦਾ ਚਲਨ। [7]ਉਮਰ। [8]ਬਹੁਤ ਥੋੜਾ ਸਮਾਂ। [9]ਪਹਿਰ।

[1]ਬ੍ਰਹਮਾਂ ਦਾ ਇਕ ਦਿਨ ਜੋ ਯੁਗਾਂ ਦੀਆਂ ਅਨੇਕਾਂ ਚੌਕੜੀਆਂ ਦੇ ਬਰੱਬਰ ਕਲਪਿਆ ਜਾਂਦਾ ਹੈ। [2]ਸੰਭਾਲਦਾ ਹੈ ਭਾਵ ਸੂਚਿਤ ਕਰਦਾ ਹੈ। [3]ਭਾਰੀ। [4]ਅਨੋਖਾ, ਅਸਚਰਜ। [5]ਊਰਧਤਰ ਹੈ,ਭਾਵ ਬਹੁਤ ਉੱਚਾ ਹੈ। [6]ਘੱਟ ਉਚੀਆਂ ਉਚੀਆਂ ਪਉੜੀਆਂ (ਚੜ੍ਹਕੇ) ਪਰੇ। [7]ਹਿੱਸਿਆਂ ਵਿੱਚ। [8]ਇਸੇ ਤਰ੍ਹਾਂ ਰਾਤ ਨੂੰ ਬੀ ਆਵਾਜ਼ ਕਰਦਾ ਹੈ। [9]ਚੰਗੀ, ਸੁਹਣੀ।

*ਅਕਾਲ ਬੁੰਗੇ ਦੇ ਖਬੇ ਹਥ ਘੜਿਆਲ ਬੁੰਗਾ ਹੈ ਜਿੱਥੇ ਘੜੀਆਂ ਤੇ ਪਹਿਰ ਵਜਦੇ ਸਨ, ਇਸ ਮੁਜਬ ਦਰਬਾਰ ਸਾਹਿਬ ਵਿਚ ਤੇ ਸ਼ਹਿਰ ਬੀ ਵਕਤ ਦੀ ਗਣਨਾ ਹੁੰਦਾ ਸੀ। ਅਕਾਲੀ ਸਮੇਂ ਵਿਚ ਇਹ ਬੰਦ ਕਰ ਕੇ ਅੰਗ੍ਰੇਜ਼ੀ ਵਕਤ ਜਾਰੀ ਕੀਤਾ ਗਿਆ ਹੈ। [ਸੰਪਾਦਕ

Digitized by Panjab Digital Library | www.panjabdigilib.org

'ਸਾਰੰਗ ਚਰੰਨ' ਭਈ ਬ੍ਰਿੱਧ ਭਾਈ ਬ੍ਰਿੱਧ ਸਮ
ਦੇਕੇ ਥੰਭ ਕੜੇ ਪਾਇ ਰਾਖੀ ਫੇਰਫੇਰਹੈ[1]।੧੭।

[ਦੁਖ ਭੰਜਨੀ ਸਾਹਿਬ]

ਕੋੜ੍ਹੀ ਕੰਤ ਖਾਰੀ ਪਾਇ ਨਾਰੀਥਿਰੀ ਬਦ੍ਰੀ ਤਰ
ਛਾਯਾ ਜਲ ਦੇਖ ਥਲ ਗਈ ਤੁੰਗ ਗ੍ਰਾਮ ਕੋ।
ਭਿਖਜਾਮਾਂਗ ਆਈ ਪੇਖਜੋ ਬੈਠਜੋ ਉਂਧੀਖਾਰੀ
ਪਰ ਸੁੰਦਰ ਸਰੂਪ ਡਾਂਟਜੋ 'ਕਹੋ ਨਿਜ ਨਾਮਕੋ?'
ਕਹਜੋ 'ਨ੍ਯਾਯੋਕਾਗ ਭਯੋ ਸੇਤ, ਪੇਖਜੋ, ਪਰਜੋਮੈ ਹ੍ਵੈ,
ਪਾਯੋ ਇਹ ਰੂਪ' [2]'ਠਗ ਲੋਭ ਕਰੈ ਬਾਮ ਕੋ'।
ਝਗਰ ਚੁਕਾਯੋ ਗੁਰ ਅਰਜਨ ਸੁਜਸ ਗਾਯੋ
'ਸਾਰੰਗ ਚਰਨ' ਥਲ ਭਾਯੋਕੀ ਪ੍ਰਨਾਮਕੋ[3]।੧੮।

ਤੀਰਥ ਕੀ ਮਹਿਮਾਂ ਪ੍ਰਸਿੱਧ ਕਰਿਬੇ ਕੇ ਹੇਤ,
ਦੰਪਤੀ ਕੀ ਰਾਰ ਪੈ ਨਿਹਾਰਜੋ ਆਇ ਬਰ ਹੈ।
ਨਮਨ[4] ਸੁਥਲ ਤਰੁ ਬੱਦ੍ਰੂਕ[5] ਅਨੇਕ ਖਰੇ
ਚਿੰਨ੍ਹ ਮਿਲ ਗਯੋ ਕੀਨੋ ਰਾਮਦਾਸ ਸਰ ਹੈ।
ਕਾਗ ਭਯੋ ਹੰਸ, ਕੋੜ੍ਹੀ ਭ੍ਰੰਸ[6] ਪਰਮ ਹੰਸ ਭਯੋ
ਕਹਜੋ ਗੁਰੂ ਅਮਰ ਹੁਤੋ ਜੁ ਪ੍ਰਾਕ[7] ਤਰ ਹੈ।
'ਸਾਰੰਗ ਚਰੰਨ' ਗੁਰੂ ਅਰਜੁਨ ਰਾਖਜੋ ਨਾਮ
ਬੜੋ ਦੁਖ ਭੰਜਜੋ ਦੁਖ ਭੰਜਨੀ ਪ੍ਰਬਰ[8] ਹੈ।੧੯।

ਬੇਰੀ ਚਿੰਨ੍ਹ ਅਬਲੌ ਥਿਰੀ ਹੈ ਤਟ[9] ਦੇਖੀਅਤ
ਤਾਂਹੀ ਥਲ ਪਤੋ ਦੀਨੋ ਸ੍ਰੀ ਗੁਰ ਅਮਰ ਹੈ।
ਦੂਜੀ ਬੇਰ ਪਾਯੋ ਖੁਦਵਾਯੋ ਬੇਰ ਪਰੀ ਭਰਜੋ
ਦੈਕੈ ਪਤਾ ਬੇਰ ਸਮਝਾਯੋ ਤਾਲ ਕਰ ਹੈ।
ਸੋ ਨ ਪਾਯੋ ਪ੍ਰਥਮ ਖਨਾਯੋ[10] ਪਾਯੋ ਜੋਗੀ ਮਠ
ਆਯੋ ਰੋਰ ਦੰਪਤਿ ਤਜਜੋ ਸੰਤੋਖ ਸਰ ਹੈ।

---

[1]ਭਾਵ ਕਈ ਵਾਰ ਭੈਮੀਆਂ ਦੇ ਦੇ ਕੇ ਤੇ ਕੜੇ ਚਾੜ੍ਹ ਚਾੜ੍ਹ ਕੇ ਰੱਖੀ ਹੈ। [2]ਫਿਰ ਨਾਰੀ ਕਹਿੰਦੀ ਹੈ। [3]ਥਾਂ ਪਸੰਦ ਆਈ ਤੇ ਮੱਥਾ ਟੇਕਿਆ। [4]ਨੀਵਾਂ। [5]ਬੇਰੀਆਂ ਦੇ ਬ੍ਰਿੱਛ। [6]ਕੋੜ੍ਹੀ (ਨਿਜ ਕੋੜ੍ਹ)ਨਾਸ਼ ਕਰਕੇ। [7]ਪਹਿਲੇ। [8]ਪ੍ਰਬਲ। [9]ਕਿਨਾਰੇ ਤੇ। [10]ਭਾਵ ਪੁਟਵਾਯਾ ਸੰਤੋਖ ਸਰ।

'ਸਾਰੰਗ ਚਰਨ' ਗੁਰੂ ਅਰਜਨ ਆਏ ਵਹੀਂ
ਜਹਾਂ ਦੁਖਭੰਜਨੀ ਕੋ ਤਾਲ ਸੁਧਾ ਸਰ ਹੈ।੨੦।

[ਜੁਗਲ ਮੁਨਾਰੇ]

ਉਦਧ ਮਥਨ ਕੀਨ[1] ਸੁਰਾਸੁਰ ਮਿਲ ਸਾਰੇ,
ਚੌਦਾਂਵਥੁਪਾਈ, ਸੁਧਾ, ਰਮਾ, ਵਿਖ ਆਦਿ[2]ਜੋਹੁ।
ਜਾਮੈ ਬਡੀ ਰਾਰ ਹ੍ਵੈ ਕੈ ਮੋਹਨੀ ਨਿਵਾਰਬਾਟ[3],
ਇਤ ਇਉਂ ਚਿਤਾਰ ਸੁਧਾਸਰਤਲ ਦੇਖਲੇਹੁ[4]।
ਚਾਹੈਂ ਇਮ ਦੇਵ ਪੀਅੰਆਮੀ ਬੈਠੇ ਸੁਰ ਲੋਕ,
ਸਾਜੈਂਕੋਊ ਜੁਗਤ ਜਾਂਤੇਪੀਅੰ ਸਦਾ ਨਿਸੰਦੇਹੁ।
ਪ੍ਰੇਰਜੋ ਜੋਧਸਿੰਘ ਤਿਨ ਕੀਨੋ ਹੈ ਉਪਾਵ ਠੀਕ,
ਚਰਖੀ[5]ਬਨੇਗੀ, ਪ੍ਰਥਮ ਬਨੇਹੈਂਮੁਨਾਰੇਏਹ।੨੧।
ਸਿੰਧ ਇਕਵੇਰਮਥਜੋ ਅੰਮ੍ਰਿਤ ਨਿਕਾਰਜੋਹਰਿ[6]
ਦਯੋ ਬਾਂਟ ਰਹਜੋਨਾਂਹਿ ਲਾਲਸ ਅਧਿਕਤੇਹ[7]।
ਇਤ ਗੁਰ ਅਮਰ ਚਿਤਾਰ ਕਲਿ ਕਾਲ ਕਾਲ
ਸਿੱਖਜਨ ਕੇ ਹੇਤ ਰਚਜੋ ਸੁਧਾਸਰ ਜਾਨਿ ਲੇਹੁ।
ਦੇਵਨ ਬਿਚਾਰ ਮਾਨ ਖਾਨ ਉਪਕਾਰ ਗੁਰ
ਪਾਵੈਂ ਸੁਰਲੋਕ ਸੁਧਾ ਕਰੈਂ ਉਪਚਾਰ[8] ਜੋਹੁ।
ਜਾਨ ਕਲਿਕਾਲ ਕਲ[9]ਰਚੀ ਹੈ ਕਿਨਾਰੇਤਾਲ
ਚਰਖੀ ਬਨੈਗੀ, ਪ੍ਰਥਮ ਬਨੇਹੈਂਮੁਨਾਰੇਏਹੁ।੨੨।

[ਬੜਾ ਸਾਹਿਬ]

ਬੈਠੇ ਗੁਰਅਰਜਨ ਕਰਾਈ ਕਾਰ ਆਦਿ ਕਾਲ,
ਹੁਤੋ ਸੋ ਕਰੀਰ ਤਰੁ ਬੱਦ੍ਰੀ ਮੈਂ ਸਘਨ ਘਨ[10]।

---

[1]ਸਮੁੰਦ੍ ਰਿੜਕਿਆ। [2]ਅੰਮ੍ਰਿਤ, ਲਛਮੀ, ਤੇ ਜ਼ਹਿਰ ਆਦਿ। [3]ਜਿਸ ਵਿਚ ਬੜਾ ਝਗੜਾ ਹੋਕੇ ਮੋਹਨੀ ਅਵਤਾਰ (ਵਿਸ਼ਨੂੰ ਨੇ) ਛਾਂਦਿਆਂ ਦਾ ਨਿਏੜਾ ਕੀਤਾ। [4]ਏਧਰ ਇਉਂ ਦੇਯਾ (ਤੇ ਦੂਸਰੇ ਪਾਸੇ) ਪ੍ਰਿਥਵੀ ਤੇ ਅੰਮ੍ਰਿਤ ਦਾ ਤਾਲ (ਦੇਵਤਿਆਂ ਨੇ) ਦੇਖ ਲਿਓਸੁ। [5]ਭਉਣੀ, ਚਰਖੀ। [6]ਵਿਸ਼ਨੂੰ ਨੇ। [7]ਉਸ ਨੂੰ, ਭਾਵ ਵਿਸ਼ਨੂੰ ਯਾ ਦੇਵਤਿਆਂ ਨੂੰ। (ਅ) ਤ੍ਰੋਹ, ਪਿਆਸ। [8]ਜਤਨ। [9]ਕਲਾ, ਯੰਤ੍ਰ, ਭਉਣੀ। [10]ਘਣੀਆਂ ਸੰਘਣੀਆਂ ਬੇਰੀਆਂ ਵਿਚ ਕਰੀਰ ਦਾ ਪੇੜ ਸੀ।

Digitized by Panjab Digital Library | www.panjabdigilib.org

ਸੋਵੀ ਠੌਰ ਚਿੰਨ੍ਹਤ ਨਿਹਾਰੀ ਜਾਤ ਅਜੌਂ ਲਗ ਨਾਮ ਬਡ਼ਾ ਸਾਹਿਬ ਬਿਰਾਜਤਹੈ ਊਚੌ ਬਨ*।

*ਦੁਖ ਭੰਜਨੀ ਸਾਹਿਬ ਦੇ ਦੱਖਣ ਵਲ 'ਅਠ ਸਠ ਤੀਰਥ' ਨਾਮ ਦੇ ਪਰੁੜਾਂ ਨਾਲ ਇਕ ਬਡ਼ਾ ਸਾਹਿਬ ਸੀ, ਜਿਸ ਤੇ ਵਿਰਾਜਮਾਨ ਹੋ ਪੰਚਮ ਪਾਤਸ਼ਾਹ ਜੀ ਸਰੋਵਰ ਦੀ ਸੇਵਾ ਕਰਾਂਦੇ ਰਹੇ ਸੇ ਅਤੇ ਦੌਦਿੰਦਵਾਲ ਜੀ ਤੋਂ ਪੌਦੀਆਂ ਲਿਆ ਕੇ ਬੀ ਪਹਿਲਾਂ ਇਥੇ ਹੀ ਰਖੀਆਂ ਸਨ। ਇਹ ਬਡ਼ਾ ਆਪਣੇ ਆਪ ਵਿਚ ਬਡ਼ਾ ਮਜ਼ਬੂਤ ਬਣਿਆ ਹੋਇਆ ਸੀ, ਗ਼ੁਰਦਵਾਰਾ ਸੁਧਾਰ ਲਹਿਰ ਦੇ ਪਰਬੰਧਕਾਂ ਵਲੋਂ ਇਸ ਨੂੰ ਗਿਰਾਉਣਾ ਸ਼ੁਰੂ ਕੀਤਾ ਗਿਆ, ਇਸ ਵਿਚ ਇੰਨਾ ਵਧੀਆ ਤੇ ਪੱਕੀ ਕਿਸਮ ਦਾ ਮਸਾਲਾ ਲਗਾ ਹੋਇਆ ਸੀ ਕਿ ਜਿਸ ਵੇਲੇ ਇਸ ਨੂੰ ਉਖੇੜਨ ਲਗੇ ਤਦ ਛੈਣੀਆਂ ਜਵਾਬ ਦੇ ਜਾਂਦੀਆਂ ਸਨ। ਫਿਰ ਇਹ ਬਾਰੂਦ ਨਾਲ ਉਡੌਣਾ ਬੀ ਅਰੰਭਿਆ ਗਿਆ। ਬਡ਼ਾ ਉਡਾ ਕੇ ਏਥੇ ਨੀਵਾਂ ਜਿਹਾ ਪੌਣਾ ਬਣਾਯਾ ਗਿਆ। ਬਡ਼ੇ ਉਖੇੜਨ ਤੋਂ ਲੈ ਕੇ ਸ਼ਹਿਰ ਵਿਚ ਸੰਗਤਾਂ ਬਹੁਤ ਨਾਰਾਜ਼ ਹੋਣ ਲਗੀਆਂ। ਬਡ਼ੇ ਦੀ ਮੁਡ਼ ਅਸਲੀ ਹਾਲਤ ਵਿਚ ਕਾਯਮੀ ਲਈ ਸੰਤ ਲਖਬੀਰ ਸਿੰਘ ਜੀ ਨੇ ਬਹੁਤ ਪ੍ਰੀਸ਼੍ਰਮ ਕੀਤਾ, ਅਸੂਲ ਇਹ ਸੀ ਕਿ ਇਤਿਹਾਸਕ ਨਿਸ਼ਾਨ ਨਾ ਮਿਟਾਇਆ ਜਾਵੇ। ਅੰਤ ਜਦ ਨਾਰਾਜਗੀ ਬਹੁਤ ਵਧ ਗਈ ਤਾਂ ਪ੍ਰਬੰਧਕਾਂ ਵਲੋਂ ਬਡ਼ੇ ਦੀ ਸੂਰਤ ਮੁਡ਼ ਕਾਇਮ ਕਰ ਕੇ ਸੰਗਮਰਮਰ ਲਾਇਆ ਗਿਆ ਅਤੇ ਮੰਜੀ ਸਾਹਿਬ ਵਾਲੇ ਥਾਂ ਨਵੀਂ ਮੰਜੀ ਸਾਹਿਬ ਸੰਗਮਰਮਰ ਦੀ ਬਣਾਈ ਗਈ।

ਗੁਰੂ ਕੇ ਬਾਗ ਵਿਚ ਜੋ ਸੰਗਮਰਮਰ ਦੀ ਮੰਜੀ ਸਾਹਿਬ ਹੈ ਜਿਥੇ ਸਿੰਘ ਸਭਾ ਦੇ ਦੀਵਾਨ ਸ਼ੁਰੂ ਹੋਏ ਤੇ ਹੁਣ ਤਕ ਲਗਦੇ ਹਨ।ਇਹ ਟਿਕਾਣਾ ਦੁਪਹਿਰਾਂ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਸ਼੍ਰਾਮ ਕਰਨੇ ਦੀ ਯਾਦਗਾਰ ਹੈ।

ਦੁਖ ਭੰਜਨੀ ਸਾਹਿਬ ਦੇ ਉੱਤਰ ਵਲ ਇਕ ਬੁਰਜੀ ਬਣੀ ਹੋਈ ਹੈ, ਇਥੇ ਇਕ ਬਾਰਾਦਰੀ

[ਬਾਕੀ ਦੇਖੋ ਅਗਲੇ ਅੱਧ ਹੇਠ]

ਬੇਰੀ ਦੁਖ ਭੰਜਨੀ ਤੇ ਨਿਕਟ ਹੈ ਪਸਚਮ ਕੌ ਹੋਤ ਜੋੜ ਮੇਲ ਦੇਗ ਸੁੱਖੇ ਕੀ ਸਪ੍ਰੇਮ ਮਨ[1]। 'ਸਾਰੰਗ ਚਰੰਨ' ਚਿੰਨ੍ਹ ਅਠਸਠ ਤੀਰਥ ਕੋ ਯਾਹੀਥਲਤਰੇਤੇ ਪ੍ਰਸਿੱਧਜਗ ਪ੍ਰਤਿ ਜਨ[2]।੨੩।

[ਗੁਰੂ ਕਾ ਬਾਗ]

ਦੇਖ ਅਨੁਰਾਗ ਬਢੈ ਸਿੱਖਨ ਮੈਂ ਪ੍ਰੇਮ ਰਢੈ ਜੋਗੀ ਜਤੀ ਤਪੀ ਬੈਠੇ ਧਾਰਿ ਕੇ ਵੈਰਾਗ ਹੈ। ਬਰਨ ਢਰਨ[3] ਬਹ ਬਿਟਪ[4] ਬਿਹੰਗ[5] ਬੇਲ ਬਾਲ ਬ੍ਰਿਧ ਬਿਹਰਤ ਬੱਦ੍ਰਕ ਬਿਭਾਗ ਹੈ[6]। ਤਪੋਬਨ ਨੈਮਖਾਰ[7] ਕਥਾ ਸੰਤ ਪੰਥ ਸੋਹੈ ਤਰ ਤਰ[8] ਸਤਿਸੰਗ ਦੇਗ ਰੰਗ ਰਾਗ ਹੈ।

[1]ਇਹ ਸ੍ਰੀ ਮਾਨ ਡਾਕਟਰ ਸਾਹਿਬ ਜੀ ਦੇ ਵੇਲੇ ਦੀ ਤਸਵੀਰ ਹੈ, ਹੁਣ ਇਥੇ ਭੰਗ ਆਦਿ ਨਹੀਂ ਘੁਟਦੀ। [2]ਜਗ ਵਿਚ ਜਾਣਿਆਂ ਜਾਂਦਾ ਹੈ। [3]ਰੰਗ ਢੰਗ ਦੇ। [4]ਬ੍ਰਿਛ। [5]ਪੰਛੀ। [6]ਬੇਰੀਆਂ ਵਾਲਾ ਪਾਸਾ ਹੈ ਜਿੱਥੇ ਬਾਲ ਬ੍ਰਿਧ ਵਿਚਰ ਰਹੇ ਹਨ। [7]ਨੈਮਖਾਰ ਤੀਰਥ ਵਾਂਗ। [8]ਹਰ ਬ੍ਰਿੱਛ ਤਲੇ।

[ਪਹਿਲੇ ਅੱਧ ਦੀ ਬਾਕੀ ਟੂਕ]

ਜਿਹੀ ਬਣੀ ਹੋਈ ਸੀ। ਇਹ ਸ਼ੀਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਣਵਾਈ ਹੋਈ ਸੀ। ਆਪ ਜਦ ਕਦੀ ਸ੍ਰੀ ਦਰਬਾਰ ਸਾਹਿਬ ਜਾਂਦੇ ਤਦ ਇਥੇ ਆਪਣੇ ਬਸਤਰ ਉਤਾਰ ਕੇ ਦੁਖਭੰਜਨੀ ਸਾਹਿਬ ਅਸ਼ਨਾਨ ਕੀਤਾ ਕਰਦੇ ਸਨ। ਆਪ ਜੀ ਦੇ ਸਚਖੰਡ ਚੜ੍ਹਾਈ ਕਰ ਜਾਣ ਤੋਂ ਕੁਛ ਚਿਰ ਮਗਰੋਂ ਇਹ ਜਗ੍ਹਾ ਗੁਰਦੁਵਾਰੇ ਦੀ ਸ਼ਕਲ ਵਿਚ ਬਦਲ ਗਈ। ਪਹਿਲੇ ਸੇਵਾਦਾਰ ਭਾਈ ਆਤਮਾ ਸਿੰਘ ਫਿਰ ਭਾਈ ਨਰੈਣ ਸਿੰਘ ਫਿਰ ਭਾਈ ਸੋਭਾ ਸਿੰਘ ਤੇ ਅੰਤਲੇ ਸੇਵਾਦਾਰ ਭਾਈ ਹਰਦਿਤ ਸਿੰਘ ਜੀ ਏਥੇ ਰਹੇ ਸਨ। ਇਸਦੇ ਨਾਲ ਹੀ ਇਕ ਹੋਰ ਮਕਾਨ ਸੀ, ਜਿਸਦੇ ਵਿਚ ਅੰਤਲੇ ਦਿਨੀਂ ਭਾਈ ਰਾਮ ਸਿੰਘ ਜੀ ਗਿਆਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੁੰਦੇ ਤੇ ਲਾਇਬਰੇਰੀ ਖੋਲ੍ਹ ਰਖੀ ਹੋਈ ਸੀ।

[ਸੰਪਾਦਿਕ

Digitized by Panjab Digital Library | www.panjabdigilib.org

'ਸਾਰੰਗ ਚਰੰਨ' ਬਨੇ ਫਰਸ਼ ਫੁਹਾਰੇ ਭਾਰੇ
ਹੋਵੇ ਬਾਗਬਾਗ ਮਨ[1] ਦੇਖੇਗੁਰੂ ਬਾਗਹੈ।੨੪।

[ਬਾਬਾ ਅਟੱਲ ਰਾਇ ਜੀ]

ਦੋਹਰਾ—ਮਹਦ ਅਜਾਬਾ ਜਸ ਬਿਸਦ
ਦੁਨੀਆਂ ਦੀਨ ਮਝਾਰ।
ਫਲਜੋ ਬਾਬਾ ਅਟਲ ਕੋ
ਦੀਨ ਬੰਧੁ ਦੁਖਟਾਰ।੨੫।
ਨੰਗੇ ਭੂਖੇ ਜਾਂਹਿ ਦਰ
ਪਰਕਰ ਨਿਤ ਗੁਜਰਾਨ
ਕਰਤ ਸਦਾ ਨਰ, ਪ੍ਰਗਟਬਰ[2],
ਪੂਰਕ ਆਸ ਜਹਾਨ।੨੬।

ਕਬਿੱਤ—
ਦੇਖਿਆ ਬਿਚਾਰ ਕੇ ਪੁਕਾਰਕੇ ਪੁਕਾਰਿਆ ਹੈ
ਭਾਰੀਆਂ ਮੁਹਿੰਮਾਂ[3] ਵਿਚ ਕਰੇ ਜੋ ਸਹਾਈਆਂ।
ਦੀਨ ਦੁਖੀਰੋਗੀਆਂ ਤੇਸੋਗੀਆਂ ਤੇ ਜੋਗੀਆਂ ਤੇ
ਕਰੇ ਸਦਾ ਬਾਹੁੜੀ[4] ਮੈਂ ਸਦਕੇ ਘੁਮਾਈਆਂ।
ਲੂਹਲੇ, ਲੰਙੇ, ਅੰਨ੍ਹੇ, ਗੂੰਗੇ, ਭੁੱਖੇ, ਨੰਗੇ, ਚੰਗੇ, ਮੰਦੇ,
ਪਏ ਤੇਰੇ ਦੁਆਰੇ ਆਸ਼ਾ ਮਨਸ਼ਾ ਪੁਜਾਈਆਂ।
'ਸਾਰੰਗ ਚਰਨ' ਸ੍ਰੀ ਅਟੱਲ ਜੂ! ਸ਼ਰੰਨ ਤੇਰੀ!
ਦੂਰਦੂਰੋਂ ਦੇਸਨ ਤੇਸੰਗਤਾਂ ਨੀ ਆਈਆਂ।੨੭।
ਤੇਰੇ ਈ ਪ੍ਰਤਾਪ ਸਦਾ ਬ੍ਰਤ ਸਦਾ ਲਾਗੋ ਰਹੇ[5]
ਤੇਰੇ ਹੀ ਪ੍ਰਤਾਪ ਦੀਨ ਹੀਨ ਕੋ ਨਿਬਾਹ ਹੈ।
ਤੇਰੇ ਈ ਪ੍ਰਤਾਪ ਜਪ ਜੋਗ ਭੋਗ ਪਾਏ ਜਾਹਿ
ਤੇਰੇ ਈ ਪ੍ਰਤਾਪ ਰੋਗ ਭਾਗੈ ਦੁਖ ਦਾਹ ਹੈ।
ਤੇਰੇ ਹੀ ਪ੍ਰਤਾਪ ਹੈ ਨਿਰਾਸਨ ਕੀ ਆਸ ਪੂਰੀ
ਤੇਰੇ ਈ ਪ੍ਰਤਾਪ ਦੁੱਖ ਦੈਖਨ ਕੋ ਢਾਹ ਹੈ।
'ਸਾਰੰਗ ਚਰੰਨ' ਸ੍ਰੀ ਅਟੱਲ ਜਗਤੇਸ਼ ਸ੍ਵਾਮੀ!
ਤੇਰੀ ਈ ਸ਼ਰੰਨ ਜਾਇਂ ਬਖਸ਼ੇ ਗੁਨਾਹ ਹੈ।੨੮।

ਸ੍ਰੈਯਾ—ਥਾਂਵ ਨਿਥਾਨਨ ਕੀ ਹੈਂ ਤੂਹੀ ਪ੍ਰਭੁ
ਮਾਣ ਨਿਮਾਣਨ ਕੋ ਜਗ ਮਾਂਹੀ।
ਤਾਣ ਨਿਤਾਣਨ ਕੋ ਸਭਿ ਭਾਂਤਿਨ
ਜਾਤਨ ਪਾਤ ਨ ਰਾਖੈ ਸਦਾ ਹੀ।
ਨਿਗਤੀਨਨ ਕੀ ਗਤਿ[1], ਬੇਪਤ ਕੀ ਪਤਿ,
ਦਾਯਕ ਹੈਂ ਮਤਿ ਐ ਸੁਮਤਾਹੀ।
'ਪਦ ਸਾਰੰਗ' ਸ੍ਰੀ ਅਟਲੇਸ਼ ਪ੍ਰਭੂ!
ਬਿਭੂ[2]ਦੇਵਤ, ਔਢਰ ਢਾਰਢਰਾਹੀਂ[3]।੨੯।
ਤਵ ਆਇ ਚਰੰਨ ਸ਼ਰੰਨ ਜਬੈ
ਸੁ ਮਰੰਨ ਜਨੰਮਹਿ ਦੂਰ ਕਰੈ।
ਨ ਭਵੈ ਭਵ ਮੈਂ ਭਵ, ਵੈਭਵ ਮੈ
ਸੁ ਭਵੈ ਜਗ ਮੈਂ, ਨਿਰਵਾਸ ਮਰੈ[4]।
ਜੁ ਕਰੈ ਬਿਨਤੀ ਟੁਕ ਦੀਨ ਮਨਾ
'ਪਦ ਸਾਰੰਗ' ਤਾਂ ਜੁਗ ਲੋਕ ਸਰੈ[5]।
ਪਰਵਾਹ ਨਹੀਂ ਗਤਿ ਚਾਹ ਤਹੀਂ,
ਅਟਲੇਸ਼ ਪ੍ਰਭੂ ਅਟਲੇਸ਼ ਰਰੈ[6]।੩੦।
ਤਵ ਦੇਖ ਪ੍ਰਤਾਪ ਬਿਸੇਖ[7] ਅਲੇਖ
ਸੁ ਭੇਖ ਅਭੇਖ ਪਰੇ ਤਵ ਦ੍ਵਾਰੇ।
ਅਬ ਔਰ ਨ ਠੌਰ ਸੁ ਦੀਸਤ ਹੈ
ਜਹਿੰ ਜਾਇਕੇ ਜੀਅ ਸ਼ਰੰਨ ਬਿਚਾਰੈ।
ਅਬ ਰਾਖ ਤੁਹੀਂ, ਫਿਰ ਚਾਖ ਤੁਹੀਂ
ਜਿਮ ਰਾਖਤ ਹੈਂ ਨਿਤ ਸਾਂਝ ਸਕਾਰੈ।

---

[1]ਖਿੜ ਜਾਂਦਾ ਹੈ ਮਨ। [2]ਇਹ ਸ੍ਰੇਸ਼ਟ ਗਲ ਪ੍ਰਗਟ ਹੈ। [3]ਜੰਗ ਭਾਵ ਹੈ ਔਕੜਾਂ। [4]ਪਹੁੰਚ ਕੇ ਮਦਦ ਕਰਨਾ। [5]ਭਾਵ ਹਰ ਵੇਲੇ ਤੇਰੇ ਦਰ ਰੋਟੀ ਵੰਡੀਂਦੀ ਰਹਿੰਦੀ ਹੈ।

[1]ਨਿਗਤਿਆਂ ਦੀ ਗਤੇ। [2]ਸੰਪੱਤੀ, ਪਦਾਰਥ ਵਿਭੂਤੀ। [3]ਕੁਢੰਗਿਆਂ ਨੂੰ ਸੁਹਣੀ ਢਾਲ ਵਿਚ ਢਾਲ ਦਿੰਦੇ ਹੋ। [ਔਢਰ=ਅਟਪਟੀ ਢਾਲ ਵਾਲਾ, ਕੁਢੰਗਾ।] [4]ਸੰਸਾਰ ਵਿਚ (ਫਿਰ ਉਸ ਦਾ) ਜਨਮ (ਮਰਨ) ਨਹੀਂ ਹੋਵੇਗਾ, (ਉਹ) ਜਗਤ ਵਿਚ ਐਸ਼ਵਰਜਵਾਨ ਹੋ ਜਾਏਗਾ ਤੇ ਵਾਸ਼ਨਾ ਰਹਿਤ ਹੋਕੇ ਮ੍ਰਿਤੂ ਪਾਵੇਗਾ। [5]ਉਸ ਦੇ ਦੋਵੇਂ ਲੋਕ ਸੌਰ ਜਾਣਗੇ। [6](ਜੇ ਇਹ) ਉਚਾਰੇ ਕਿ 'ਹੇ ਬਾਬਾ ਅਟੱਲ ਤੂੰ ਅਟੱਲ ਈਸ਼ੁਰ ਹੈਂ', ਉਸਨੂੰ ਮੁਕਤੀ ਦੀ ਚਾਹ ਭੀ ਨਹੀਂ ਰਹੇਗੀ। [7]ਬਹੁਤਾ, ਭਾਰੀ।

Digitized by Panjab Digital Library | www.panjabdigilib.org

'ਪਦ ਸਾਰੰਗ' ਦਾਸਹ ਆਸ ਇਹੀ
ਨ ਭਵੈਂ ਭਵ ਮੈਂ ਅਟਲੇਸ਼ ਪਿਆਰੇ! ।੩੧।
ਤੈਂ ਕੀਨ ਸਨਾਥ ਅਨਾਥਹਿੰ ਕੋ
ਗਹਿ ਹਾਥ ਕੀਯੋ ਅਪਨੋ ਜਗ ਮਾਂਹੀ ।
'ਉਠ ਮੋਹਨ ਸੋਵਨ ਤਜਾਗ ਕੋ ਤੂੰ,
ਕਰ ਖੇਲਨ' ਮੇਲਨ ਹੋਡ ਕਹਾਹੀ[1] ।
ਤਿਮ ਕੀਜੈ ਕ੍ਰਿਪਾ ਇਸ ਦੀਨ ਪੈ ਨਾਥ !
ਢਰੋ ਭਲ ਢਾਰ[2] ਦਰਿਦ੍ ਗੁਵਾਹੀ।
ਮੁਹਿ ਦਾਰਿਦ ਸਾਂਪ ਡਸਯੋ ਅਟਲੇਸ਼ !
ਕਰੋ ਬਿਖ ਦੂਰ ਜੀਓਂ ਸ਼ਰਣਾਹੀ[3] ।੩੨।
ਜਿਮ ਖੇਲਤ ਖੇਲ ਬਿਡਾਰਤ ਗੋਂਦ[4]
ਤਥਾ ਨਗਰੇਂਦ[5] ! ਦਰਿਦ੍ ਬਿਡਾਰੀਏ ।
ਬਰ ਲੀਨ ਯਥਾ ਪਿਤ ਕੀਨ ਪ੍ਰਸੰਨ
ਤਥਾ ਨਿਜ ਦਾਸਨ ਓਰ ਨਿਹਾਰੀਏ ।
ਬਰ ਮੁੰਦਰ ਮੰਦਰ ਤੁੰਗ ਨੁਛੱਤ[6]
ਤਥਾ ਕਰ ਦਾਸਨ ਹੀਉ ਦਿਖਾਰੀਏ ।
'ਪਦ ਸਾਰੰਗ' ਮੋਹਿ ਡਸਿਓ ਅਹੰ ਗਾਰੁੜ!
ਦੇ ਧਨ ਪ੍ਰਾਣ ਬਿਖੈ ਬਿਖ ਝਾਰੀਏ ।੩੩।
ਮੋਹਨ ਮੋਹ ਬੰਧੇ ਮਨ ਮੋਹਨ !
ਕੋਹਨ ਕਾਮ ਨ ਲੋਭ ਅਹੰ ਮਿਤ[7] ।
ਬਿਖ ਦਾਰਿਦ ਨਾਥ ਅਚੇਤ ਭਯੋ
ਮਨ ਚਾਹਤ ਹੋਡ[8] ਪੁਜਾਵਨ ਕੋ ਚਿਤ ।
ਹੇ ਗਾਰੁੜ ! ਝਾਰ ਕਲੇਸ਼ ਅਸ਼ੇਸ਼[9],

---

[1]ਮੀਟੀ(ਬਾਜੀ)ਦੇਣ ਵਾਸਤੇ (ਤੂੰ) ਕਿਹਾ ਸੀ । [2]ਭਾਵ ਮਿਹਰ ਵਿਚ ਢਰ ਜਾਓ । [3]ਆਪਦੀ ਸ਼ਰਣ ਵਿਚ ਹੀ ਜੀਉ ਸਕਦਾ ਹਾਂ। [4]ਜਿਵੇਂ ਖੇਡ ਖੇਡਦਿਆਂ ਗੋਂਦ ਨੂੰ ਟੁੱਲੇ ਲਾਕੇ ਦੂਰ ਕਰਦੇ ਸੀ । [5]ਹੇ ਨਗਰ ਦੇ ਰਾਜਾ । [6]ਉੱਚਾ ਨੀਂ ਛੱਤਾ । [7]ਹੇ ਮਨਮੋਹਨ (ਮੈਂ ਭੀ) ਮੋਹਨ ਵਾਂਗ ਮੋਹ ਵਿਚ ਬੱਧਾ ਹੋਯਾ, ਕਾਮਨਾਂ ਦਾ ਕੋਹਿਆ ਹੋਯਾ, ਲੋਭ ਤੇ ਹੰਕਾਰ ਦਾ ਮਿਤ੍ (ਬਣਿਆ ਹੋਯਾ) ਹਾਂ। [8]ਮੀਟੀ । [9]ਮੇਰੇ ਕਲੇਸ਼ ਸਾਰੇ ਝਾੜ ਦਿਓ।

ਦਾਸ ਕਹਾਵਤ ਹੌਂ ਤੁਮਰੋ ਨਿਤ ।
'ਪਦ ਸਾਰੰਗ' ਹੋਹ ਕ੍ਰਿਪਾਲ ਕ੍ਰਿਪਾ ਨਿਧ!
ਦੇਹੁ ਅਛੈਹੁ ਸਨੇਹੁ ਕ੍ਰਿਪਾ ਬਿਤ[1] ।੩੪।
ਨਵ ਛੱਤਨ ਕੋ ਬਰ ਭਾਵ ਇਹੀ
ਨਵਧਾ ਭਗਤੀ ਬਿਨ ਪਾਰ ਨਹੀਂ ।
ਨਵ ਚਾਵ ਦਿਦਾਰ ਕੋ ਨੇਮ ਰਹੈ
ਅਥਵਾ ਨਵ ਦੇਹ ਵਿਰਾਟ ਕਹੀ ।
ਦਸਮੋ ਬਰ ਕਲਸ ਸਮੇਤ ਲਸੈ
ਦਸ ਜਾਹ ਦਸੋ ਗੁਰ ਕੀ ਹੈ ਸਹੀ ।
ਅਥਵਾ ਨਵ ਬਾਲਕ ਕੋ ਦੇਹੁਰਾ
ਅਟਲੇਸ਼ ਪ੍ਰਭੂ ਜਗ ਜੋਤ ਮਹੀ ।੩੫।
ਸਮਰੱਥ ਪ੍ਰਭੂ ਸਿਰ ਹੱਥ ਧਰੋ
ਅਬ ਗੱਥ ਨਹੀਂ ਕੀ ਦਰਿਦ੍ ਕਥੈ[2]।
ਤੁਮਰੋ ਵਰ ਨਾਥ ਕ੍ਰਿਪਾਲਤਾ ਜੋ
ਸੋਈ ਹੈ ਇਸ ਦਾਸ ਕੇ ਹੇਤ ਵਥੈ[3] ।
ਹੌਂ ਅਨਾਥ ਤੂੰ ਨਾਥ ਅਨਾਥਨ ਕੋ,
ਤੁਮਰੋ ਬਿਨ ਨਾਥ ਨ ਔਰ ਨਥੈ।
'ਪਦ ਸਾਰੰਗ' ਸ੍ਰੀ ਅਟਲੇਸ਼ ਪ੍ਰਭੂ !
ਬਿਭੁ ਦੇਹਿ ਦਰਿਦ੍ਰਹਿ ਦੂਰ ਮਥੈ ।੩੬।
ਦੀਨਨ ਪ੍ਰਾਣ, ਨਿਮਾਣਨ ਮਾਣ,
ਨਿਤਾਣਨ ਤਾਣ, ਅਜਾਣ ਭਿ ਜਾਣੈ।
ਪ੍ਰਭੁ ਖਾਸ ਨਿਰਾਸ ਕੀ ਆਸ ਤੁਹੀਂ,
ਨਿਜ ਦਾਸਨ ਤ੍ਰਾਸ ਬਿਡਾਰਨ ਤ੍ਰਾਣੈ[4] ।
ਤੁਹੀਂ ਨਾਥ ਅਨਾਥਨ, ਸੰਗੀ ਅਸਾਥਨ,
ਦੁਸ਼ਟ ਪ੍ਰਮਾਥਨ ਗਾਥਨ ਗਾਣੈ[5] ।
'ਪਦ ਸਾਰੰਗ' ਸ੍ਰੀ ਅਟਲੇਸ਼ ਪ੍ਰਭੂ !

---

[1]ਇਕ ਰਸ ਮੇਹਰ ਤੇ ਪਯਾਰ ਦਾ ਧਨ ਦੇਕੇ । [2]ਹੋਰ ਕੋਈ ਗਲ ਹੀ ਨਹੀਂ (ਤੇ ਨਿਰਾ) ਦਰਿਦ੍ ਬਾਬਤ (ਦਾਸ) ਕੀ ਕਹੀ ਜਾਏ। [3]ਲੋੜੀਂਦੀ ਵਸਤ੍। [4]ਆਪਣੇ ਦਾਸਾਂ ਦੇ ਡਰ ਦੂਰ ਕਰਨ ਦਾ ਤੇਰੇ ਵਿਚ ਬਲ ਹੈ। [5]ਦੁਸ਼ਟਾਂ ਨੂੰ ਚੰਗੀਤਰ੍ਹਾਂ ਮਥਨਵਾਲਾ ਹੈਂ (ਇਹ ਤੇਰੀ) ਕਥਾ ਗਾਵੀਂ ਜਾਂਦੀ ਹੈ।

Digitized by Panjab Digital Library | www.panjabdigilib.org

ਬਿਭੁ ਦੇਤ ਹੈਂ,ਦਾਰਿਦ ਦੂਰ ਪਰਾਣੈ[1]।੩੭।

ਕਬਿਤ:–

ਜਾਨ ਕਾਸੀ ਗੁਰੂ ਕੀ ਨਿਵਾਸੀ ਸੁਧਾਸਰ ਕੇਰੇ,
ਮਰੇ ਸ਼ਵ ਦਾਹੈਂ[2] ਮੋਖ ਪਾਵੈਂ ਆਵੈਂ ਚਲਿਹੈ*।
ਆਪਨ ਨਿਸ਼ਾਨੀ ਮਾਨੀ ਹੇਤ ਚਿੰਨ੍ਹ ਦੇਹੁਰੀਕੋ,
ਕਰਤ ਕਰਤ ਲੀਨੀ ਥਾਉਂ ਸਭਿ ਮੱਲ ਹੈ।
ਬਾਤ ਹੈ ਨ ਛਾਨੀ ਜਾਨੀ ਜਗਤ ਪ੍ਰਮਾਨੀ ਮਾਨੀ
ਬਾਣੀ ਗੁਰ ਖਸ਼ਟਮ ਕੀ ਪ੍ਰਬਲ ਅਚਲ ਹੈ।
'ਸਾਰੰਗ ਚਰੰਨ' ਠਾਣੇਦਾਰ ਸੂਬਾ ਸੁਧਾਸਰ
ਸੁੰਦਰ ਬਿਰਾਜਮਾਨ ਬਾਬਾ ਸ੍ਰੀ ਅਟੱਲ ਹੈ।੩੮।

[ਥੜਾ ਸਾਹਬ]

ਕਬਿੱਤ–

ਮਖਨ ਲਵਾਇ[1] ਆਇ ਸੁਧਾਸਰ ਨਾਇਬੇ ਕੋ,
ਤਜਾਗ ਕੇ ਬਕਾਲਾ ਜਾਤ੍ਰਾ ਪ੍ਰਿਥਮ ਬਿਚਾਰੀ ਹੈ।
ਉਤਰ ਕੈ ਉਤ੍ਰ ਤਟ ਥਿਰੇ ਪੇਖਜੋ ਦ੍ਵਾਰ ਪਟ,
ਸ੍ਰਾਪ ਕਛੁ ਕਹਜੋ'ਨ੍ਹਾਓ ਮੱਖਣ' ਉਚਾਰੀ ਹੈ।
ਕੀਨੋ ਝਟ ਕੂਚ ਰਹੇ ਵੱਲੇ ਗ੍ਰਾਮ ਜਾਇ ਰਾਤਿ,
ਤੇਗ ਕੇ ਬਹਾਦਰ ਗੁਰੂ ਪਰਉਪਕਾਰੀ ਹੈ।
'ਸਾਰੰਗ ਚਰੰਨ' ਚਿੰਨ੍ਹ ਥੜਾ ਨਾਮਗੁਰੂ ਦ੍ਵਾਰੋ[2],

---

[1]ਦਰਿਦ੍ਰ ਨੂੰ ਦੂਰ ਕਰਦੇ ਹੋ। [2]ਮਰੇ ਸ਼ਰੀਰ ਇੱਥੇ ਦਾਹੁੰਦੇ ਹਨ।

*ਬਾਬਾ ਅਟੱਲ ਜੀ ਦ ਦੇਹੁਰੇ ਲਾਗ ਗੁਰ ਸਾਹਿਬਾਂ ਵੇਲੇ ਸ਼ਮਸ਼ਾਨ ਭੂਮੀ ਸੀ। ਛੇਵੇਂ ਸਤਿਗੁਰਾਂ ਏਥੇ ਤਾਲ ਬਣਵਾਯਾ ਸੀ 'ਕੌਲ ਸਰ'। ਇਸਦੇ ਕਿਨਾਰੇ ਬਾਬਾ ਅਟੱਲ ਜੀ ਨੇ ਦੇਹ ਤਿਆਗੀ ਸੀ, ਉਨ੍ਹਾਂ ਦਾ ਹੁਣ ਦੇਹੁਰਾ ਵਿਦਮਾਨ ਹੈ। ਇਸ ਦੇਹੁਰੇ ਦੇ ਪਿਛਲੇ ਪਾਸੇ ਤੋਂ ਸ਼ਮਸ਼ਾਨ ਭੂਮੀ ਹਟ ਕੇ ਓਥੇ ਥਾਈ ਜਿਥੇ ਹੁਣ ਠਾਕੁਰਾਂ ਦਾ ਡੇਰਾ ਤੇ ਸਮਾਧਾਂ ਆਦਿ ਹਨ। ਏਥੇ ਬੇਰੀਆਂ ਦਾ ਬਨ ਸੀ। ਮੰਤ ਰਾਮ ਦਿਆਲ ਜੀ ਨੇ ਏਥੇ ਭਜਨ ਕੀਤਾ। ਉਨ੍ਹਾਂ ਦੀ ਕੁਟੀ ਅਜੇ ਡੇਰੇ ਵਿਚ ਹੈ। ਫੇਰ ਡੇਰਾ ਬਣ ਗਿਆ ਸੀ ਠਾਕੁਰਾਂ ਦਾ ਤੇ ਸ਼ਮਸ਼ਾਨ ਭੂਮੀ ਹੁਣ ਵਾਲੇ ਥਾਂ ਚਾਟੀਵਿੰਡ ਦਰਵਾਜ਼ੇ ਤੋਂ ਬਾਹਰ ਚਲੀ ਗਈ। ੧੯੩੦ ਵਿਚ ਭਾਈ ਹਰਦਿਤ ਸਿੰਘ ਰੰਢ ਜੀ ਨੇ ਏਥੇ ਪੱਕਾ ਅਹਾਤਾ ਤੇ ਬੈਠਣ ਦੀ ਥਾਂ ਆਦਿ ਬਣਵਾ ਦਿੱਤੀ ਤੇ ਲਾਗ ਸੰਤ ਸਵਾਯਾ ਸਿੰਘ ਜੀ ਨੇ ਇਸ ਸਥਾਨ ਨਾਲ ਛਬੀਲ ਤੇ ਗਊ ਸ਼ਾਲਾ ਬਣਾਈ। ਬਾਬੇ ਅਟੱਲ ਦੀ ਲਾਗਲੀ ਭੋਂ ਵਿਚੋਂ ਸ਼ਮਸ਼ਾਨ ਭੂਮੀ ਪਰੇ ਚਲੀ ਜਾਣ ਦੇ ਬਾਦ ਬੀ ਪੰਥਦੇ ਚੋਣਵੇਂ ਸੇਵਕਾਂ ਦੇ ਦਾਹ ਅਕਾਲੀ- ਸਮੇਂ ਤਕ ਇਸੇ ਥਾਂ ਹੁੰਦੇ ਰਹੇ। ਪਹਿਲਾਂ ਦਰਬਾਰ ਬਾਬਾ ਸਾਹਿਬ ਦੇ ਮੁਖੀ

[ਬਾਕੀ ਦੇਖੋ ਅਗਲੇ ਅੰਕ ਹੇਠ]

[1]ਮੱਖਣ ਸ਼ਾਹ ਅਸਵਾਰ ਕਰਵਾਕੇ (ਗੁਰੂ ਨੌਵੇਂ ਪਾਤਸ਼ਾਹ ਜੀ ਨੂੰ) ਲੈ ਆਇਆ ਸੀ। [2]ਥੜਾ ਸਾਹਿਬ ਗੁਰਦੁਆਰਾ ਅਕਾਲ ਬੁੰਗੇ ਦੇ ਖਬੇ ਹਥ ਮੌਜੂਦ ਹੈ।

[ਪਹਿਲੀ ਅੱਧ ਦੀ ਬਾਕੀ]

ਆਗਿਆ ਦੇਂਦੇ ਸਨ ਕਿ ਕੌਣ ਏਥੇ ਦਾਹ ਕੀਤੇ ਜਾਣ ਦਾ ਅਧਿਕਾਰੀ ਹੈ। ਫੇਰ ਦਰਬਾਰ ਸਾਹਿਬ ਦੀ ਕਮੇਟੀ ਤੇ ਜਦ ਇਹ ਰਹਿ ਗਈ ਤਾਂ ਡਿਪਟੀ ਕਮਿਸ਼ਨਰ। ਬਾਬੇ ਅਟੱਲ ਦੀ ਪ੍ਰਕਰਮਾ ਵਿਚ ਤੇ ਲਾਗ ਬਾਬੇ ਹਰੇ ਤਕ, ਪ੍ਰਸਿਧ ਪੰਥ ਸੇਵਕਾਂ ਤੇ ਦੂਲੇ ਸਿਖਾਂ ਦੇ ਨਿਸ਼ਾਨ ਸਮਾਧਾਂ ਆਦਿ ਸਨ ਜੋ ਇਸ ਨਵੀਨ ਪ੍ਰਬੰਧ ਨੇ ਗੁੰਮ ਕਰ ਦਿੱਤੇ ਹਨ। ਨਵਾਬ ਕਪੂਰ ਸਿੰਘ ਵਰਗੇ ਮਹਾਂ ਪੁਰਖਾਂ ਦੀਆਂ ਸਮਾਧਾਂ ਪ੍ਰਕਰਮਾਂ ਵਿਚ ਸਨ, ਉਹ ਵੀ ਉੜਾ ਦਿੱਤੀਆਂ ਗਈਆਂ। ਗਾਲਬਨ ਨਿਸ਼ਾਨ ਗੁੰਮ ਕਰਨ ਵਾਲਿਆਂ ਦਾ ਮੰਤਵ ਇਹ ਸੀ ਕਿ ਇਨ੍ਹਾਂ ਸਮਾਧਾਂ ਦੀ ਪੂਜਾ ਹੋਕੇ ਸਿਖਾਂ ਵਿਚ ਸਮਾਧ ਪ੍ਰਸਤੀ ਨਾ ਟੁਰ ਪਵੇ, ਪਰ ਨਤੀਜਾ ਨਾਲ ਹੀ ਇਤਿਹਾਸਿਕ ਨਿਸ਼ਾਨਾਂ ਦਾ ਗੁੰਮ ਹੋ ਜਾਣਾ ਹੋਇਆ ਹੈ। ਚੰਗਾ ਹੋਵੇ ਕਿ ਪ੍ਰਬੰਧਕ ਸਜਣ ਵੈਸਟ ਮਨਿਸਟਰ ਐਬੇ ਦੀ ਕਿਸਮ ਦਾ ਏਸੇ ਹੀ ਟਿਕਾਣੇ ਕੋਈ ਯਾਦਗਾਰੀ ਦਾ ਆਸ਼੍ਰਮ ਰਚ ਦੇਣ, ਜੋ ਸਿਖ ਮਹਾਂ ਪੁਰਖਾਂ, ਬੀਰਾਂ, ਸ਼ਹੀਦਾਂ ਤੇ ਨਾ ਵਿਸਾਰੇ ਜਾਣ ਯੋਗ ਹੀਰਿਆਂ ਦੇ ਨਿਸ਼ਾਨ ਕਾਇਮ ਰਹਿਣ, ਜਿਨ੍ਹਾਂ ਦਾ ਮੌਜੂਦ ਰਹਿਣਾ ਇਤਿਹਾਸਿਕ ਨੁਕਤੇ ਤੋਂ ਆਵਸ਼ਜਕ ਹੈ।

Digitized by Panjab Digital Library | www.panjabdigilib.org

ਤਥਾ ਵੱਲੇ ਮਾਂਹ ਦੇਖੋ, ਬੰਦਨਾ ਹਮਾਰੀਹੈ।੩੯।

[ਅੰਤਮ ਪ੍ਰਾਰਥਨਾ]

ਛਪਯ—ਜੋ ਕੁਛ ਸੰਗ੍ਰਹ[1] ਭਯੋ
ਕਰਯੋ ਅਰਪਨ ਤਵ ਆਗੇ।
ਇਸ ਤੇ ਇਤਰ[2]ਅਨੇਕਬਿੱਤ[2]
ਕਿਯੇ ਕਵਿਨਿ ਸੁਭਾਗੇ।
ਜੋ ਜੋ ਜਹਿੰ ਜਹਿੰ ਪਢੈ
ਸੁਨੈ ਗੁਰਪਦ ਰਜ ਪ੍ਰੇਮੀ।
ਮਨ ਮਧੁਕਰ ਕਰ ਲੈ ਅਨੰਦ
ਸਦ ਕੁਸ਼ਲ ਸਛੇਮੀ।
ਸ਼ੂਨਜ, ਰੁਦ੍ਰ ਸਰ, ਬਜਾਕਰਨ,
ਪਰਮਾਤਮ ਲਖ ਮੇਖ ਦਿਨ[3]।
ਸੰਗ੍ਰਹੀਤ 'ਸਾਰੰਗ ਚਰਨ'।
ਪਢੈਂ ਸੁਨੈਂ ਸਿਖ ਸੰਤ ਜਨ।੪੦।

ਉਪਮਾ ਸਤਿਗੁਰ ਭਗੰਤ
ਅੰਤ ਆਵਤ ਕਿਮ ਨਾਂਹੀ।
ਕਹਿ ਕਹਿ ਹਾਰੇ ਅਨਿਕ
ਅਨਿਕ ਮਤ ਭੇਦ ਕਹਾਂਹੀ।
ਕਨ ਕਨ ਬੀਨ ਪ੍ਰਬੀਨ ਕੀਨ
ਸੰਗ੍ਰਹ ਸੁ ਉਮਹਿਗੀ[4]।
ਕੇਵਲ ਨਾਮ ਕਵੀਨ ਜੀਏ
ਬਿਚ ਅੰਮ੍ਰਿਤ ਲਹਿਗੀ।
ਨਾਮ ਸੁਧਾਸਰ ਸੁਧਾਸਰ, ਪਿਖ
ਪਠਿ ਸੁਨ ਅਰ ਮਗਨ ਮਨ।
ਪਾਪ ਤਾਪ ਸੰਤਾਪ ਯਮ
ਦੂਖ ਰੋਗ ਨਹਿੰ ਭਰਮ ਤਨ।੪੧।

---

[1]ਸੰਚਯ। [2]ਹੋਰ। [3]ਅਨੇਕ ਛੰਦ। [4]ਭਾਵ ਵੈਸਾਖ ਸੰਮਤ ੧੯੫੦ ਬਿਕ੍ਰਮੀਜਾਣ ਲਓ। [ਸ਼ੂਨਜ–੦, ਰੁਦ੍ਰ ਸਿਰ–੫, ਵਜਾਕਰਨ–੯, ਪਰਮਾਤਮ–੧] [4]ਉਮਾਹ ਨਾਲ।

Digitized by Panjab Digital Library | www.panjabdigilib.org

੨. ਨਾਭਾ ਜੀ ਦੀ ਭਗਤ ਮਾਲ* ਵਿਚੋਂ।

ਗੁਰ ਨਾਨਕ ਸਤੁਤਿ।

ਛਪਯ—ਭਗਵਤ, ਭਗਤੀ, ਪ੍ਰੇਮ, ਭਗਤ, ਗੁਰ ਗਜਾਨ, ਅਲੰਖਟ[੧]। ਮੁਖ ਸਾਧਨ ਬਰ ਮੋਖ ਤੇਖ ਕੀਨੇ ਹਰ ਹਰ ਰਟ[੨]। ਇਕ ਇਕ ਰਤਿ ਦਾਤਾਰ ਤਦਪਿ ਰਹਿੰ ਇਕ ਸੰਗ ਸਾਰੇ[੩]। [੪]ਇਹ ਕੁਦਰਤ ਕਰਤਾਰ ਭਗਤ ਪ੍ਰੇਮੀ ਹਰਿ ਪਜਾਰੇ। ਜਿਨ ਪਾਈ ਗਤਿ ਭਗਤਿ ਤੇ ਭਗਵਤ ਪ੍ਰੇਮ ਸੁ ਗਜਾਨ ਬਰ। ਗੁਰੂ ਕਿਰਪਾ ਤੇ ਭਗਤ ਭੇ ਅਟਲ ਅਚਲ ਜਗ ਨਾਮਵਰ[੭]।੧।

ਭਗਤੀ ਖਟ ਸੈ ਮੁੱਖ ਪੰਚ ਜਿਹ ਤੇ ਨਿਜਰਾਵੈ[੫]। ਭਗਤੀ ਤੇ ਹੈ ਪ੍ਰੇਮ ਨੇਮ ਨਵ ਦਸ ਧਾ ਗਾਵੈ[੬]। ਭਗਤੀ[੭] ਗੁਰੂ ਪ੍ਰਸੰਨ ਕਰਤ, ਦੈ ਗਜਾਨ ਬਿਬੇਕਾ। ਭਗਤੀ ਕਰ ਹੈ ਭਗਤ ਲਖੈ ਭਗਵਤ ਪ੍ਰਭੁ ਏਕਾ[੭]। ਇਹ ਬਿਧ ਭਗਤੀ ਭਜਨ ਮੁੱਖ ਸਾਧਨ ਹੋਵਤ ਸਿੱਧ ਸਦ[੯]। ਚਹਿਜ ਸੁ ਨਰਬਰ ਭਜਨ ਰਤਿ ਹੈ ਅਨੰਨਜ ਲਹਿ ਮੋਖ ਪਦ[੯]। ੨।

---

*ਸੰਮਤ ੪੨੯ ਨਾ: ਸ਼ਾ:(ਸੰ: ੧੯੯੮ ਈ:)ਨੂੰ ਵਜ਼ੀਰ ਹਿੰਦ ਪ੍ਰੈਸ ਨੇ ਇਕ ਭਗਤਮਾਲ ਛਾਪੀ ਸੀ। ਇਹ ਹੈ ਨਾਭਾ ਜੀ ਦੀ ਭਗਤ ਮਾਲ, ਜਿਸਦਾ ਕਵਿਤਾ ਵਿਚ ਟੀਕਾ ਸ੍ਰੀ ਕੀਰਤ ਸਿੰਘ ਜੀ ਦਾ ਕੀਤਾ ਹੋਇਆ ਹੈ ਤੇ ਜੋ ਬ੍ਰਜ ਭਾਖ਼ਾ ਵਿਚ ਹੈ। ਇਸ ਸਾਰੀ ਰਚਨਾ ਦੇ ਕਠਨ ਪਦਾਂ ਦੇ ਅਰਥ ਟੋਡਾ ਪ੍ਰੈਸ ਨੇ ਲਗਵਾਏ ਸਨ। ਪ੍ਰੈਸ ਪ੍ਰਬੰਧ ਵਲੋਂ ਸ੍ਰੀ ਡਾਕਟਰ ਸਾਹਿਬ ਜੀ ਪਾਸ ਯਾਚਨਾ ਹੋਈ ਕਿ ਇਸ ਗ੍ਰੰਥ ਵਿਚ ਵੈਸ਼ਨਵ ਭਗਤਾਂ ਦੇ ਤਜ਼ਕਰੇ ਹਨ ਇਸ ਵਿਚ ਗੁਰੂ ਜਸ ਭੀ ਸ਼ਾਮਲ ਕਰਨਾ ਚਾਹੀਏ, ਸੋ ਸ੍ਰੀ ਡਾਕਟਰ ਸਾਹਿਬ ਨੇ ਇਹ ੧੨ ਛਪਯ ਰਚ ਦਿਤੇ ਜੋ ਉਸ ਪੁਸਤਕ ਦੇ ਅੰਤ ਪਰ ਛਪੇ ਸਨ। ਇਹ ਛੰਦ ਡਾਕਟਰ ਜੀ ਨੇ ਹੂਬਹੂ ਨਾਭਾ ਜੀ ਦੀ ਰਚਨਾ ਦੇ ਤਰਜ਼ ਉਤੇ ਰਚੇ ਸਨ, ਚਾਹੇ ਇਹ ਅਨੁਕਰਣ ਹੈ ਪਰ ਅਸਲ ਤੋਂ ਕਿਵੇਂ ਘਟੀਆ ਨਹੀਂ। [ਸੰਪਾਦਿਕ

[੧]ਇਹ ਛੇ ਅੰਗ ਹਨ ਭਗਤੀ ਮਾਰਗ ਦੇ—(੧)ਪਰਮੇਸ਼ਰ—ਜਿਸਦੀ ਭਗਤੀ ਕਰਨੀ ਹੈ, (੨) ਭਗਤ—ਜਿਸਨੇ ਭਗਤੀ ਕਰਨੀ ਹੈ, (੩) ਭਗਤੀ—ਭਗਤ ਦਾ ਭਗਵੰਤ ਨਾਲ ਸੰਬੰਧ, (੪) ਗੁਰੂ—ਭਗਤੀ ਦ੍ਰਿੜਾਵਣ ਦਾ ਰਹਬਰ, (੫) ਪ੍ਰੇਮ—ਉਹ ਭਾਵਨਾ ਜੋ ਭਗਵੰਤ ਵੱਲ ਧਾਰਨੀ ਹੈ, (੬) ਗਜਾਨ—ਪਰਾ-[੨]ਗਤੀ ਦੇ ਅੰਤ ਪਰ ਜੋ ਪ੍ਰਾਪਤੀ ਹੋਣੀ ਹੈ। [੨]ਸ੍ਰੇਸ਼ਟ ਮੁਕਤੀ ਦਾ ਮੁੱਖ ਸਾਧਨ ਹਰੀ ਦੇ ਨਾਮ ਦਾ ਧਿਆਵਣਾ ਹੈ, ਜਿਸ ਨਾਲ ਹਰੀ ਪ੍ਰਸੰਨ ਕਰ ਲਈਦਾ ਹੈ। [੩]ਇਨ੍ਹਾਂ ਵਿਚੋਂ ਇਕ ਇਕ ਵੀ ਮੁਕਤੀ ਦਾ ਦੇਣਹਾਰਾ ਹੈ ਪਰ ਤਦ ਭੀ ਏਹ ਸਾਰੇ ਕੱਠੇ ਵਰਤਦੇ ਹਨ। [੪]ਕਰਤਾਰ ਦੀ (ਸਾਜੀ) ਇਹ ਕੁਦਰਤ ਹੈ ਕਿ ਹਰੀ ਦੇ ਪਜਾਰੇ ਪ੍ਰੇਮੀ, (੧) ਭਗਤ ਜਿਸ ਜਿਸ ਨੇ ਗਤੀ ਪਾਈ ਹੈ, (੨) ਭਗਤੀ ਨਾਲ (ਪਾਈ ਹੈ) ਐਉਂ ਕਿ ਉਸ (੩) ਭਗਵੰਤ ਦੇ (੪) ਪ੍ਰੇਮ ਤੋਂ (੫) ਸ੍ਰੇਸਟ ਗਜਾਨ ਪਾਯਾ, (੬) ਗੁਰੂ ਕ੍ਰਿਪਾ ਨਾਲ (ਉਹ) ਭਗਤ ਹੋਏ, (ਪ੍ਰਲੋਕ ਵਿਚ) ਅਚੱਲ ਅਟੱਲ ਹੋਏ ਤੇ ਜਗਤ ਵਿਚ ਨਾਮਵਰ ਹੋਏ। [੫]ਇਨ੍ਹਾਂ ਛੇਆਂ ਅੰਗਾਂ ਵਿਚ ਭਗਤੀ ਮੁੱਖ ਹੈ, ਜਿਸ ਨਾਲ ਬਾਕੀ ਦੇ ਪੰਜ ਆ ਮਿਲਦੇ ਹਨ। [੬]ਨੌਂ ਪ੍ਰਕਾਰ ਦੀ ਭਗਤੀ ਵਿਚ ਪ੍ਰੇਮ ਦਾ ਨੇਮ ਵਧਾਕੇ ਦਸ ਪ੍ਰਕਾਰ ਦੀ ਭਗਤੀ ਪ੍ਰਸਿੱਧ ਕਰ ਦਿਤੀ। [੭]ਭਗਤੀ, (੩)ਗੁਰੂ ਨੂੰ ਪ੍ਰਸੰਨ ਕਰਦੀ ਹੈ, (੪)ਗੁਰੂ (੫)ਗਜਾਨ ਤੇ ਬਿਬੇਕ ਦੇਂਦਾ ਹੈ, ਭਗਤੀ ਕਰਨ ਨਾਲ ਹੀ ਕਰਨ ਵਾਲਾ (੬) ਭਗਤ ਬਣਦਾ ਹੈ ਤੇ ਭਗਤ ਹੋਕੇ ਉਹ ਇਕ ਪ੍ਰਭੂ ਨੂੰ ਲਖ ਲੈਂਦਾ ਹੈ। [੮]ਇਹ ਭਗਤੀ ਦਾ ਪ੍ਰਕਾਰ ਹੈ, ਜਿਸਦਾ ਮੁੱਖ ਸਾਧਨ ਭਜਨ ਹੈ, ਜਿਸ ਤੋਂ ਭਗਤੀ ਸਿੱਧ ਹੁੰਦੀ ਹੈ ਭਾਵ ਸਿਰੇ ਚੜ੍ਹਦੀ ਹੈ। [੯]ਚਾਹੀਦਾ ਹੈ ਕਿ ਆਦਮੀ ਸ੍ਰੇਸਟ ਭਜਨ ਦਾ ਪ੍ਰੇਮੀ ਹੋਵੇ ਤੇ ਅਨੰਨਜ ਹੋਕੇ ਮੁਕਤੀ ਪਦ ਨੂੰ ਪ੍ਰਾਪਤ ਕਰੇ।

Digitized by Panjab Digital Library | www.panjabdigilib.org

ਭਏ ਈਸ ਅਵਤਾਰ ਜਗਤ ਮੈਂ ਭਗਤਿ ਦ੍ਰਿੜਾਈ[1]। ਜਿਨ ਜਿਨ ਕੀਨੀ ਸੇਵ ਭੁਗਤ ਮੁਕਤੀ ਤਿਨ ਪਾਈ। ਜਹਿੰ ਜਹਿੰ ਭਗਤਨ ਪਰੀ ਭੀਰ[2] ਤਹਿੰ ਭਏ ਸਹਾਯਕ। ਲੱਜਾ ਰਾਖੀ ਪ੍ਰਗਟ, ਬਿਰਦ ਹਰਿ ਸਹਜ ਸੁਭਾਯਕ[3]। ਜੋ ਸਾਖ[4] ਅਜਹੂੰ ਲਗ ਜਗਤ ਮੈਂ ਅਹੈ ਬਿਦਤ ਛਾਨੀ ਨਹੀਂ[5]। ਅੰਬਰੀਖ, ਗਜ, ਧਰਮ ਤਿਯ, ਸਧਨਾਦਿਕ ਮਾਨੀ ਸਹੀ[6]।੩।

ਫਿਰਜੋ ਸਮੈਂ ਕੋ ਫੇਰ ਭਗਤਿ ਪਥ[7] ਲੋਗਨ ਤਜਾਗਾ। ਵਾਚਜ ਗਜਾਨ* ਸੋਂ ਪ੍ਰੀਤ. ਭਾਉ ਭਗਤੀ ਸਭਿ ਭਾਗਾ। ਈਸ਼ ਨ ਮਾਨੈ ਕੋਇ ਬ੍ਰਹਮ ਆਪੈ ਸਭਿ ਹੋਏ। ਮਿਥਜਾ ਜਗਤ ਬਖਾਨ ਵਿਖੈ ਭੋਗਨ ਰਸ ਭੋਏ[8]। ਇੰਦ੍ਰਯ ਧਰਮ ਵਖਾਨ ਕਰ, ਗਜਾਨ ਵਿਸ਼ਜਨ ਕੀ ਓਟ ਕਿਯ[9]। ਮਾਰਗ ਭੂਲੇ ਸ੍ਵਗਤਿ ਕੋ, ਸ੍ਵਯੰ ਬ੍ਰਹਮ ਭੈ ਰਹਤ ਹਿਯ[10]।੪।

ਅਸ ਖਲਭਲ[11] ਜਗ ਪਰਜੋ, ਭਗਤਿ ਪਥ[7] ਤਜਾਗਜੋ ਦੂਰੇ। ਅੰਧ ਧੁੰਦ ਗੁੱਬਾਰ ਪ੍ਰਗਟ ਪਾਤਕ ਨਰ ਭੂਰੇ[1]। ਭਏ ਅਸੁਰ ਅਵਨੀਸ਼[2] ਮਲਿਨ ਮਤਿ, ਨੀਤਿ ਤਿਆਗੀ। ਕਰਮ ਕ੍ਰਰ, ਮਦ ਪ੍ਰੀਤ[3], ਦੀਨ ਹੀਨਨ ਦੁਖ ਦੈਗੀ[4]। ਧਰਮ, ਨੀਤਿ, ਭੈ, ਭਰਾਤਿਸੁਖ, ਗਜਾਨ ਗੁਰੂ. ਸਤਿ, ਦੁਰ ਰਹੇ[5]। ਕਲਿਕਾਲ ਜਾਲ ਪਸਰਜੋ ਅਧਿਕ ਤਮ ਤਮਚਰ[6] ਗਨ ਸੁਖ ਲਹੇ ।।੫।।

ਤਬ ਪ੍ਰਭੁ ਕੀਨ ਬਿਚਾਰ ਭਗਤਿ ਅਬ ਕੋਨ ਦ੍ਰਿੜਾਵੈ। ਹੋਇ ਭਗਤਿ ਅਵਤਾਰ ਸੱਤਿ ਪਥ ਜਗ ਬਿਦਤਾਵੈ। ਧੋਖਾ ਗਜਾਨ ਨਿਵਾਰ, ਕੁਟਿਲ ਮਤ ਸਗਲ ਸੁਧਾਰੈ। ਪ੍ਰੇਮ ਭਗਤਿ ਰਚਿ ਸੇਤੁ ਜਗਤ ਸਾਗਰ ਨਿਸਤਾਰੈ[7]। ਕਲਿਕਾਲ ਜਾਲ ਕਾਟੇ ਬਿਕਟ, ਭਗਤ ਸ੍ਰ ਤਮ ਧ੍ਵਾਂਤ ਹਤ[8]। ਕਿਮ ਸੱਤਿ ਧਰਮ ਜਗ ਪ੍ਰਚੁਰ ਹੋਇ, ਨਾਮ ਦਾਨ ਇਸ਼ਨਾਨ ਰਤ[9]। ੬।

ਭਏ ਪ੍ਰਿਥਮ ਅਵਤਾਰ[10] ਦ੍ਰਿੜੀ ਭਗਤੀ ਤਿਨ ਕੇਰੀ। ਭਏ ਭਗਤ ਮਤਿ ਬਿਸਦ[11] ਭਗਤਿ ਕੀਨੀ ਤਿਨ ਫੇਰੀ। ਅਬ ਅਵਤਾਰ ਜੁ ਹੋਇ ਠਰੜ ਗਜਾਨੀ[12] ਨਹਿੰ ਮਾਨੈਂ। ਜੋ ਕੋਊ ਜਾਵੈ

---

[1]ਜਗਤ ਵਿਚ ਈਸ਼ੁਰ ਦੇ ਅਵਤਾਰ (ਜਿਹੜੇ ਬੀ) ਹੋਏ ਉਨ੍ਹਾਂ ਨੇ ਭਗਤੀ ਦ੍ਰਿੜਾਈ। [2]ਮੁਸੀਬਤ। [3]ਹਰੀ ਦਾ ਇਹ ਸਹਿਜ ਸੁਭਾਯਕ ਹੀ ਬਿਰਦ ਹੈ (ਲੱਜਾ ਰਖਣੀ ਭਗਤਾਂ ਦੀ)। [4]ਗੁਵਾਹੀ। [5]ਪ੍ਰਸਿਧ ਹੈ ਤੇ ਛੁਪੀ ਹੋਈ ਨਹੀਂ। [6]ਅੰਬ੍ਰੀਖ (ਰਾਜਾ ਦੀ ਦੁਰਬਾਸ਼ਾ ਤੋਂ), ਗਜ ਦੀ(ਤੰਦੂਏ ਤੋਂ), ਦ੍ਰੋਪਦੀ ਦੀ (ਦੁਸਾਸਨ ਦੀ ਸਭਾ ਵਿਚ) ਤੇ ਸਧਨੇ ਦੀ(ਸਹਾਯਤਾ ਹੋਈ) ਸਹੀ ਮੰਨੀ ਜਾਂਦੀ ਹੈ। [7]ਭਗਤੀ ਮਾਰਗ। [8](ਆਪ ਨੂੰ ਬ੍ਰਹਮ ਕਹਿਣ ਵਾਲੇ) ਜਗਤ ਨੂੰ ਝੂਠਾ ਕਹਿ ਕਹਿ ਕੇ ਵਿਸ਼ਿਆਂ ਤੇ ਭੋਗਾਂ ਦੇ ਰਸਾਂ ਵਿਚ ਰਚ ਮਿਚ ਗਏ। [9]ਇੰਦ੍ਰਿਆਂ ਦਾ (ਰਸ ਭੋਗਣਾ ਹੀ) ਧਰਮ ਦੱਸ ਕੇ ਗਜਾਨ ਨੂੰ ਵਿਸ਼ਿਆਂ ਦਾ ਪਰਦਾ ਬਣਾ ਲਿਆ। [10]ਹਿਰਦੇ ਵਿਚ ਡਰ ਰਹਿਤ ਹੋਕੇ ਆਪੇ ਬ੍ਰਹਮ (ਕਹੋਣ ਲਗ ਪਏ)। [11]ਹੱਲਾ ਗੁੱਲਾ।

*ਕੇਵਲ ਲਫਜ਼ਾਂ ਦ੍ਵਾਰਾ ਗਜਾਨ ਜੋ ਬ੍ਰਿਤੀ ਵਿਚ ਨਹੀਂ ਰਚਿਆ।

[1]ਆਦਮੀ ਬਹੁਤ ਪਾਤਕੀ ਹੋ ਗਏ। ਪਾਤਕ=ਓਹ ਕਰਮ ਜੋ ਅਧੋਗਤੀ ਨੂੰ ਲੈ ਜਾਣ। [2]ਪ੍ਰਿਥਵੀ ਦੇ ਰਾਜੇ ਦੈਤਾਂ ਵਰਗੇ ਹੋ ਗਏ। [3]ਸ਼ਰਾਬ ਦੇ ਪ੍ਰੇਮੀ। [4]ਦੀਨਾਂ ਤੇ ਹੀਨਾਂ ਨੂੰ ਦੁਖ ਦੇਣ ਵਾਲੇ। [5]ਭਾਵ ਸਾਰੇ ਸ਼ੁਭ ਗੁਣ ਛੁਪ ਗਏ। [6]ਅੰਨ੍ਹੇਰੇ ਵਿਚ ਵਿਚਰਨ ਵਾਲੇ ਚੋਰ ਆਦਿ। [7]ਪ੍ਰੇਮਾ ਭਗਤੀ ਦਾ ਪੁਲ ਰਚਕੇ ਜਗਤ ਸਾਗਰ ਤੋਂ ਪਾਰ ਉਤਾਰੇ। [8]ਭਗਤੀ ਦਾ ਸ਼ੂਰਜ (ਚੜ੍ਹਾਕੇ) ਅੰਨ੍ਹ ਅੰਨ੍ਹੇਰੇ ਨੂੰ ਦੂਰ ਕਰੇ। [9]ਤੇ ਨਾਮ ਦਾਨ ਇਸ਼ਨਾਨ ਦਾ ਪ੍ਰੇਮ ਵਧੇ। [10]ਜੋ ਪਹਿਲੇ ਅਵਤਾਰ ਦੇਦੇ ਹਨ। [11]ਉਜਲ ਮਤੀ ਵਾਲੇ। [12]ਖਰੜ ਗਜਾਨੀ, ਵਿਅੰਙ ਵਾਦੀ।

Digitized by Panjab Digital Library | www.panjabdigilib.org

ਭਗਤ ਕਲੀ ਨਰ ਮਤ ਅਗਿਆਨੈ[1]। ਤਾਂ ਤੇ ਖੋੜਸ ਕਲਾ ਯੁਤ ਪੂਰਨ ਸੁਗਤਿ ਅਵਤਾਰ ਹੁਇ[2]। ਤਬ ਮਿਟੈ ਖੁਭਾਰ[3] ਇਸ ਜਗਤ ਕੋ ਸ਼ਾਂਤਿ ਅਨੰਦ ਸੁਖ ਪ੍ਰੇਮ ਸੁਇ। ੭।

ਪ੍ਰਗਟੇ ਨਾਨਕ ਦੇਵ ਭਗਤ ਪਥ ਪ੍ਰਚੁਰਨਹੇਤਾ। ਭਗਤੀ ਕਰ ਦਿਖਰਾਇ ਸਿਖਾਈ ਸੇਵ ਸਮੇਤਾ। ਸਿੱਖਨ ਸੁਖ ਦਾਤਾਰ ਭਗਤ ਗਨ ਆਨੰਦ ਦਾਨੀ। ਨਵਧਾ ਦਸਧਾ ਰੀਤਿ ਪ੍ਰਗਟ ਕਰ[4] ਸਕਲ ਬਖਾਨੀ। ਜੇ ਭਏ ਭਗਤ ਅਵਤਾਰ ਨਹਿੰ, ਜੇ ਅਵਤਾਰ ਸੁ ਭਗਤ ਨਹਿੰ[5]। ਗੁਰ ਨਾਨਕ ਅਵਤਾਰ ਹੁੰ ਭਏ ਭਗਤ ਜਗਮਗ ਤਮਹਿ[6]॥ ੮॥

ਇਸ ਬਿਧਿ ਇਹ ਅਵਤਾਰ ਭਯੋ ਭਾਰੀ ਜਗ ਮਾਂਹੀ। ਭੋਗ ਮੋਖ ਦਾਤਾਰ ਨਾਮ ਭਗਤੀ ਪ੍ਰਿਯ ਜਾਂਹੀ[7]। ਜਿਨ ਜਿਨ ਸੇਵੇ ਪਾਇ[8] ਭੁਗਤਿ ਮੁਕਤੀ ਤਿਨ ਪਾਈ। ਕਲ ਕਾਲਖ ਬਿਕਰਾਲ[9] ਪਾਪ ਕੀ ਨੀਵ ਪੁਟਾਈ। ਤੁਮ ਕਿਉਂ ਨ ਧਰੋ ਨਾਨਕ ਗੁਰੂ[10] ਜੋ ਰਖਜਕ ਪਰਲੋਕ ਕੋ।

---

[1]ਜੇ ਭਗਤ ਕੋਈ ਜਾਵੇ (ਜਗਤ ਵਿਚ) ਤਾਂ ਕਲਜੁਗ ਦੇ ਨਰ ਅਗਯਾਨ ਮਤੀ ਵਾਲੇ ਹਨ(ਉਹ ਉਸਨੂੰ ਮੰਨਣਗੇਨਹੀਂ)। [2]ਤਾਂਤੇ ਸੋਲਾਂ ਕਲਾਂ ਸੰਪੂਰਨ ਸੁਭਗਤੀ ਦੇਣ ਵਾਲਾ ਅਵਿਤਾਰ ਹੋਵੇ। [3]ਖੋਭ, ਦੁਖ। [4]ਨਵਧਾ ਭਗਤੀ ਨੂੰ ਦਸ ਪ੍ਰਕਾਰ ਦੀ ਭਗਤੀ ਪ੍ਰਗਟ ਕਰਾਕੇ। [5](ਪਹਿਲੇ) ਜੋ ਭਗਤ ਹੋਏ ਸਨ (ਉਹ)ਅਵਤਾਰ ਨਹੀਂਸੇ ਤੇ ਜੋ ਅਵਤਾਰ(ਪ੍ਰਗਟੇ) ਸੇ (ਉਹ) ਭਗਤ ਨਹੀਂ ਹੋਏ ਸੇ। [6]ਪਰ ਗੁਰੂ ਨਾਨਕ ਦੇਵ ਜੀ (ਜਗਤ ਦੇ) ਅੰਧੇਰੇ ਨੂੰ ਪ੍ਰਕਾਸ਼ ਰੂਪ ਕਰ ਦੇਣ ਵਾਲੇ ਭਗਤ ਬੀ ਹੋਏ ਤੇ ਅਵਤਾਰ ਭੀ। [7]ਪਿਆਰੀ ਸੀ ਜਿਸ ਨੂੰ। [8]ਚਰਨ। [9]ਭਯਾਨਕ। [10](ਹੇ ਮਨ) ਤੂੰ ਕਿਉਂ ਨਹੀਂ ਧਾਰਨ ਕਰਦਾ ਗੁਰ ਨਾਨਕ ਨੂੰ(ਆਪਣਾ) ਗੁਰੂ।

ਭਗਤ ਹਿਯੈ ਆਨੰਦ ਦਾ, ਦਾਹਕ ਭਵ ਜਨ ਸ਼ੋਕ ਕੋ[1]। ੯।

ਜਿਨ ਨਾਨਕ ਮਤ ਗਹਜੋ ਭਗਤਿ ਪ੍ਰਭੁ ਕੀ ਪੁਨ ਕੀਨੀ। ਪਰਚੇ ਤਿਨਕੇ ਜਗਤ ਦੇਖ ਬਿਖ ਮੈਂ ਮਤਿ ਭੀਨੀ[2]। ਕਰੀ ਕਾਮਨਾ ਪੂਰ, ਵਾਸ਼ਨਾ ਨਾਸ਼, ਮਨੋ ਖੈ[3]। ਜਨਮ ਮਰਨ ਦੁਖ ਫੰਧ ਕਾਟ ਭੈ, ਹੋਏ ਨਿਰਭੈ। ਤੇ ਲਸੇ ਜਗਤ ਮੈਂ ਬਸੇ ਪੁਰ[4] ਸੁਤ ਬਿਤ ਯੁਤ ਆਨੰਦ ਮਯ। ਤਿਹ ਕਿਉਂ ਨ ਗਹੋ ਤੁਮ ਸ਼ਰਨ ਬਰ ਸ੍ਰੀ ਨਾਨਕ ਗੁਰ ਬਰ ਅਜਯ। ੧੦।

ਜੋ ਤਿਨ ਸ਼ਰਨੀ ਪਰੇ ਬਸੇ ਸੁਖ ਸੋਂ ਦੁਹ ਲੋਕਨ। ਪਰਚੇ ਮੈਂ ਪਰਚਾਇ ਤੇਉ ਪਰਚੇ ਪਰਚੋ ਗਨ[5]। ਬਿਨ ਪਰਚੇ ਕ੍ਰਿਯ ਪ੍ਰੇਮ ਪ੍ਰੇਮ ਪਰਚੋ ਤਨ ਪਾਵਾ[6]। ਪਰਚਾਵਾ ਨਹਿ ਲੋਕ ਕੀਨ ਨਹਿੰ ਦਿਤ ਪਰਚਾਵਾ[7]। ਸ੍ਰੀ ਸਤਿਗੁਰ ਨਾਨਕ ਦੇਵ ਜੂ ਅਲਖ ਅਭੇਵ ਸਰੂਪ ਬਰ। ਕਰ ਜੋਰ ਅੰਚਰੋ ਡਾਰਿ ਗਰ[8] ਅਤਿ

---

[1](ਤੇ ਜੋ) ਸੰਸਾਰ ਦੇ ਲੋਕਾਂ ਦੇ ਸ਼ੋਕ ਨੂੰ ਨਾਸ਼ ਕਰਨ ਵਾਲੇ ਹਨ। [2]ਉਨ੍ਹਾਂ (ਭਗਤਾਂ) ਨੂੰ ਮਿਲਕੇ ਜਗਤ ਨੇ (ਆਪਣੀ) ਵਿਸ਼ਜਾਂ ਵਿਚ ਭਿੰਨੀ ਮਤਿ ਵੇਖ ਲਈ। [3]ਕਾਮਨਾਂ ਪੂਰੀਆਂ ਕਰਕੇ ਤੇ ਵਾਸ਼ਨਾ ਨਾਸ਼ ਕਰਕੇ ਮਨ ਨੂੰ ਜਿੱਤ ਲਿਆ। [4]ਉਹ ਜਗਤ ਵਿਚਪ੍ਰਕਾਸ਼ਮਾਨ ਹੋਕੇ ਤੇ ਭਰਪੂਰ ਹੋਕੇ ਵੱਸੇ। [5]ਉਨ੍ਹਾਂ ਨੇ(ਹੋਰਨਾਂ ਨੂੰ ਗੁਰੂ ਨਾਨਕ ਦੇਵ ਦੇ)ਪਰਿਚਯ ਵਿਚ ਪਰਚਾਇਆ(ਤੇ ਫਿਰ)ਪਰਚਿਆਂ ਹੋਇਆਂ ਨੇ ਹੋਰ ਅਨੇਕਾਂ ਨੂੰ ਪਰਿਚਿਤ ਕੀਤਾ। [ਪਰਿਚਯ=ਗਯਾਨ, ਵਾਕਫੀ]। [6]ਜਿਨ੍ਹਾਂ ਨੇ ਬਿਨਾ ਗਿਆਨ ਦੇ ਪ੍ਰੇਮ ਕੀਤਾ ਉਨ੍ਹਾਂ ਨੇ ਪ੍ਰੇਮ ਗਿਆਨ ਪਾਲਿਆ। [7]ਉਨ੍ਹਾਂ ਨੇ ਨਾ ਪਰਚਾਵਾ (=ਦਿਖਾਵਾ) ਜਗਤ ਨਾਲ ਕੀਤਾ ਤੇ ਨਾਂ (ਜਗਤ ਨੂੰ) ਪਰਚਾਵਾ (ਕਰਾਮਾਤ) ਦਿੱਤਾ। [8]ਦੋਵੇਂ ਹਥ ਜੋੜਕੇ ਤੇ ਗਲ ਵਿਚ ਪੱਲਾ ਪਾਕੇ।

Digitized by Panjab Digital Library | www.panjabdigilib.org

ਸਨੰਮ ਬੰਦੇਂ ਸੁ ਨਰ*। ੧੧।

ਗੁਰ ਨਾਨਕ ਉਪਦੇਸ਼ ਪ੍ਰੇਮ ਭਗਤੀ ਹਰਿ ਨਾਮਾ[੧]। ਕਿਉਂ ਨ ਧਰਹੁ ਹਿਯ ਪ੍ਰੀਤ ਪ੍ਰੇਮ ਕੇ ਰੰਗ ਲਲਾਮਾ[੨]। ਕਰ ਤਲ ਭੋਗ ਰੁ ਮੋਖ, ਜਗਤ ਜਸ, ਸੁਖ ਪਰਲੋਕਾ। ਆਪਦ ਸੰਪਦ ਸਦਾ ਸੰਗ[੩], ਸਿਖ ਕਰਤ ਅਸ਼ੋਕਾ। ਐਸੇ ਭਗਤ ਅਵਤਾਰ ਕੇ ਕਰ ਪੁਟ[੪] ਬੰਦੇਂ ਚਰਨ ਯੁਗ। ਜਹਿੰ ਦਰਸਨ ਪਰਸਨ ਸ਼੍ਰਵਨ ਤੇ ਗਰਭ ਵਾਸ ਨਹਿੰ ਜੂਨ ਭੁਗ[੫]।੧੨।

[ਪੰਨਾ ਪਈ੭ ਤੋਂ ੬੦੦

---

੩. ਸ੍ਰੀ ਕਲਗੀਧਰ ਚਮਤਕਾਰ ਵਿਚੋਂ।

ਸ੍ਰੀ ਗੁਰੂ ਕਲਗੀਧਰ ਚਮਤਕਾਰ ਦੇ ਕਰਤਾ ਜੀ ਦੱਸਦੇ ਹਨ, ਕਿ ਸ੍ਰੀ ਮਾਨ ਡਾਕਟਰ ਸਾਹਿਬ ਜੀ ਨੇ ਸੰ: ੪੩੫ ਨਾ: ਸ਼ਾ: ਵਿਚ ਹੇਠ ਲਿਖੇ ਛੰਦ ਉਨ੍ਹਾਂ ਨੂੰ 'ਗੁਲਾਬੇ' ਨਾਮੇ ਟ੍ਰੈਕਟ ਵਿਚ ਪਾਉਣੇ ਲਈ ਬ੍ਰਿਜਭਾਸ਼ਾ ਵਿਚ ਰਚਕੇ ਦਿੱਤੇ ਸੇ, ਜੋ 'ਗੁਲਾਬੇ' ਟ੍ਰੈਕਟ ਵਿਚ ਪ੍ਰਕਾਸ਼ਿਤ ਕੀਤੇ ਗਏ ਸੇ।

[ਸੰਪਾਦਿਕ

ਅਰਦਾਸ।

ਵਿਖਮ ਪਦ–

ਕਬਹੁੰ ਹਮਰੀ ਹੂੰ ਸੁਧ ਲੇਹੁ ! ਦੀਨਾ ਨਾਥ ਕਹਾਇ, ਦੀਨ ਜਨ ਦੇਖਤ[੬] ਦਰਸ਼ਨ ਦੇਹੁ। ਹਮਰੇ ਔਗੁਨ ਅਖਿਲ ਅਖਿਲ[੭] ਪ੍ਰਭੁ ਨਿਗੁਨਨ ਓਰ ਨਿਹਾਰ। ਗੁਨਵਾਨਨ ਗੁਨ ਕਰਤ ਸਭੇ ਕੋ ਤੂ ਨਿਗੁਨਨਿ ਦਾਤਾਰ। ਬਾਲਿਕ ਕੋ ਇਕ ਅਹੈ ਰੁਦਨ ਬਲ, ਅਰ ਜਪ ਤਪ ਬਲ ਨਾਂਹਿ। ਜੋ ਨ ਸੁਨੈ ਤੋ ਕੌਨ ਸੁਨੈਗੋ? ਕੋ ਪਕਰੈ ਗੋ ਬਾਂਹਿ ? ਲਾਜ ਜਹਾਜ ਚਹਿਤ ਅਬ ਡੂਬਜੋ[੮] ਤਾਂਹਿ ਲਗਾਵੋ ਪਾਰ। ਲੋਕ ਔਰ ਪਰਲੋਕ ਦੁਹੂੰ ਕੇ ਹੋ ਤੁਮਹੀ ਰਖਵਾਰ । ਭਲੇ ਬੁਰੇ ਕਾਮੀ ਅਰੁ ਕ੍ਰੋਧੀ ਲੋਭੀ ਮੋਹ ਲਵਾਰ[੯] । ਹੌਂ ਤੁਮਰੇ ਈ ਜੀ ਕਲਗੀਧਰ ! ਸ਼ਰਣਾਗਤਿ ਪ੍ਰਤਿਪਾਰ !

ਧ੍ਰੁਪਦ ਅਥਵਾ ਦੰਡਕ–

ਦਿਵਸ ਸ਼ੁਭ, ਨਖੱਤ੍ਰ ਸ਼ੁਭ, ਸ਼ੁਭ ਮਹੂਰਤ ਨਿਰਖ ਪੁਨਰ ਭਵ ਭਜੇ ਭਵ ਭਵਹਿ ਹਾਰੀ[੧੦]। ਪੋਹ ਸੁਦਿ ਸਪਤਮੀ ਰਾਤਿ ਇਕ ਜਾਮਰਾਹਿ[੧੧] ਰਾਮ ਨਰ ਦੇਹਿ ਪੁਨ ਆਨ ਧਾਰੀ ।

---

[੧]ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਪ੍ਰੇਮਾ ਭਗਤੀ ਤੇ ਹਰਿਨਾਮ ਦਾ ਹੈ। [੨]ਮੁੰਦਰ। [੩]ਔਖ ਸੌਖ ਵੇਲੇ (ਸਤਿਗੁਰੂ ਜੀ) ਸਦਾ ਸੰਗੀ ਰਹਿੰਦੇ ਹਨ। [੪]ਦੋਵੇਂ ਹੱਥ ਜੋੜਕੇ, ਹੱਥਾਂ ਦਾ ਬੁਕ ਬਣਾਕੇ। [੫]ਨਾਂ ਗਰਭ ਵਾਸ ਹੁੰਦਾ ਹੈ ਤੇ ਨਾ (ਹੋਰ) ਜੂਨ ਭੌਗਣੀ ਪੈਂਦੀ ਹੈ। ਯਥਾ:–ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ। [੬]ਦਾਸ ਨੂੰ ਦੀਨ ਦੇਖਕੇ। [੭]ਬਹੁਤੇ ਬਹੁਤੇ। ਅਖੰਡ । ਨਕਾ ਨਕ ਭਰਪੂਰ ਹਨ। [੮]ਲਾਜ ਦਾ ਜਹਾਜ ਡੁੱਬ ਰਿਹਾ ਹੈ। [੯]ਕਾਮ ਕ੍ਰੋਧ ਲੋਭ ਮੋਹ ਦੇ ਸਾੜੇ ਹੋਏ। [ਲਾਵਾਰਿ= ਲੂਹੇ ਹੋਏ, ਸਾੜੇ ਹੋਏ]। [੧੦]ਸੰਸਾਰ ਦੇ ਜਨਮ (ਮਰਨ) ਕੱਟਣ ਵਾਲੇ ਦਾ ਅਵਤਾਰ ਹੋਇਆ। [੧੧]ਇਕ ਪਹਿਰ ਰਾਤ ਰਹਿੰਦੀ। *ਅੰਕ ੯, ੧੦, ੧੧ ਦੇ ਤ੍ਰੈਏ ਛਪਯ ਖਾਲਸਾ ਸਮਾਚਾਰ ਦੇ ਗੁਰਪੁਰਬ ਕੱਤਕ ਪੂਰਨਮਾਸ਼ੀ ਸੰਮਤ ੧੯੦੦ ਬਿ: ਨੰਬਰ ਵਿਚ ਤੇ ਖਾ: ਟ੍ਰੈ: ਸੁ: ਦੇ ਟ੍ਰੈਕਟ ਨੰ: ੩੩੭ 'ਅੱਜ ਕੀ ਹੈ' ਵਿਚ ਬੀ ਪ੍ਰਕਾਸ਼ਿਤ ਦੇਏ ਸਨ।

[ਸੰਪਾਦਿਕ

Digitized by Panjab Digital Library | www.panjabdigilib.org

ਬਾਲਲੀਲਾਲਲਿਤ[1],ਮਾਤ ਲਾਲਤਲਲਿਕ[2]।
ਲਾਲਚ ਲੋਚਨ ਰਹੇ ਲੋਕ ਪਜਾਰੇ[3]।
ਧ੍ਰਿਸ[4] ਪਾਖੰਡ, ਕਰ ਖੰਡ ਅਗਜਾਨ ਕੋ,
ਮੰਡ ਕਰ ਨੇਹ[5], ਬ੍ਰਹਮੰਡ ਭਾਰੇ।
ਫੇਰ ਕਲਿ ਮਾਂਹਿ ਕ੍ਰਿਤ ਸੁਜੁਗ ਥਾਪਨ ਕਰੰ[6],
ਪਾਪ ਖਾਪਨ ਕਰੈ ਜੀਅ ਜਾਨੀ।
ਦੇਵ ਬ੍ਰਹਮਾਦਿ ਉਸਤਤਿ ਸਜਤਿ ਜੋਰ
ਕਰ ਹੈਰ ਪਰਸੰਨ ਸ੍ਰੀ ਧਨੁਖ ਪਾਨੀ[7]।
ਦੇਹ ਕਰ ਅਭੈ ਹੈ ਅਭੈ ਨਿਜ ਸੇਵਕਨ[8],
ਨਾਮ ਨਾਨਕ ਨਿਰੰਕਾਰ ਸਾਚਾ।
ਜਾਗਤੀ ਜੋਤ ਸਭ ਜੋਤਿ ਮਹਿ ਜੋਤ ਤਵ
ਜੋਤ ਤ੍ਰਿਗੁਣਾਤਮ ਕੀ ਭਵਨ ਰਾਚਾ[9]।੧
ਭਏ ਪਟਨੇਸ਼ ਜਗਤੇਸ਼ ਬਰਬੇਸ ਸ਼ੁਭ,
ਮਨੁਜ ਲੀਲਾ ਕਰਨ ਮਹਾਂ ਬਾਹੋ[10]।
ਮਾਨ ਮਲੇਛਾਨ ਕੇ ਛਾਨ ਹਿਤ ਹਾਨਿਬੇ[11],
ਤ੍ਰਾਨਬੇ[12] ਸਿੱਖ ਗਣ ਦਾਸ ਚਾਹੇ।
ਧਨੁਸ਼ ਰੁ ਭ੍ਰੂਮ ਬਰ ਬਜੋਮ[13] ਆਨੰਦ ਭਰ,
ਦਹਨ ਦੁਖ ਦੀਨ, ਦਲ ਦੁਜਨ ਨਾਸੀ।

---

[1]ਸੁੰਦਰ ਬਾਲ ਲੀਲਾ ਵਿਖੇ। [2]ਮਾਤਾ ਤੀਬ੍ਰ ਅਭਿਲਾਖਾ ਨਾਲ ਲੜਾ ਰਹੀ ਹੈ। [3]ਲੋਕਾਂ ਦੇ ਨੈਣ ਪਜਾਰੇ ਦੇ (ਦਰਸ਼ਨ ਦੇ) ਲਾਲਚ ਵਿਚ ਹਨ(ਭਾਵ ਦਰਸ਼ਨ ਕਰ ਕਰ ਰਜਦੇ ਨਹੀਂ)। [4]ਨਾਸ਼ ਕਰਕੇ। [5]ਪਿਆਰ ਵਧਾਕੇ। [6]ਕਲਜੁਗ ਵਿਚ ਸਤਜੁਗ ਦੀ ਥਾਪਨਾ ਕੀਤੀ। [7]ਧਨੁਖ ਧਾਰੀ ਸਤਿਗੁਰੂ ਜੀ ਨੂੰ ਦੇਵੇਂ ਹਥ ਜੋੜ ਜੋੜ ਪ੍ਰਸੰਨ ਕਰ ਰਹੇ ਹਨ। [8]ਅਭਯ (ਨਿਰਭਯ, ਬੇ ਡਰ ਸਤਿਗੁਰੂ ਜੀ ਨੇ) ਆਪਣੇ ਸੇਵਕਾਂ ਨੂੰ ਅਭੈ ਕਰ ਦਿੱਤਾ। [9]ਹੇ ਜਾਗਤੀ ਜੋਤ ਸਾਰੀਆਂ ਜੋਤਾਂ ਵਿਚ ਤੇਰੀ ਜੋਤ ਹੈ,ਜਿਸ ਜੋਤ ਨੇ ਤਿੰਨਾਂ ਗੁਣਾਂ ਦਾ ਘਰ (ਸੰਸਾਰ) ਰਚਿਆ ਹੈ। [10]ਮਹਾਂ ਬਲਵਾਨ। [11]ਮਲੇਛਾਂ ਦੇ ਮਾਨ ਦੀ ਛੰਨ (ਛਪਰੀ) ਨਾਸ਼ ਕਰਨ ਹਿਤ । [12]ਰਖਜਾ ਕਰਨ ਵਾਸਤੇ। [13]ਸਮੂਹ।

ਧਰਨਧ੍ਰਿਤਧਾਰਨਾ[1], ਧਰਮਧੁਰ, ਧੀਰਉਦਿ[2]
ਧੇਯ ਨਿਜ ਭਗਤ ਕੇ ਸਦ ਅਨਾਸੀ[3]।
ਚਕਤ ਸੁਰ ਥਕਤ ਮੁਖ ਬਕਤ ਤਵ
ਦਾਨ ਨੁਤਿ[4], ਛਕਤ ਆਨੰਦ ਸੁਖਕੰਦ ਬੰਦੇ।
ਸਦਾ ਤੂੰ, ਨਿੱਤ ਤੂੰ, ਬਿੱਤ[5] ਤੂੰ, ਚਿੱਤ ਤੂੰ,
ਮਿੱਤ ਤੂੰ, ਇੱਤ ਬਰ ਦੇਹ ਸੁਛੰਦੇ[6]।
ਭ੍ਰੂਰ ਭਵ ਕਾਇ ਭਟਕਾਇ ਬਹੁ ਭਾਇ ਜਗ
ਆਇ ਤਵ ਪਾਇ ਬਰ ਪਾਇ ਪਾਏ[7]।
ਪਾਲ ਬਰ ਸ਼ਰਨ ਕੇ ਸ਼ਰਣ ਪਰ ਬਿਨੈ
ਮੁਰ ! ਚਰਣ ਕੀ ਸ਼ਰਣ ਬਰ ਦੇਹੁ ਛਾਏ[8]।
ਕਲਗਿਧਰਚੱਕ੍ਰ ਧਰ!ਦਾਨ ਕਰ[9] !ਮਾਨਦਿਹੁ,
ਪਾਨ ਦਿਹੁ ਸੀਸ ਬਰ ਈਸ ਮੇਰੇ[10]।
ਜਨਮ ਅਰ ਮਰਨ ਦੁਖ ਭੀਤ ਨਿਤ ਭੀਤ ਦੇ
ਹੋਇ ਨਿਰਭੀਤ ਜੋ ਤਨਕ ਹੇਰੇ[11]।
ਹੋਹੁ ਕਿਰਪਾਲ ਕਿਰਪਾਲ ! ਕਰ ਪਾਲ ਮੋਹਿ,
ਦਜਾਲ ਤਵ ਬਿਰਦ ਮੁਖ ਸ਼ਬਦ ਚੰਦੇ[12]।
ਨਿੱਤਜ ਜੈ, ਸਦਾ ਜੈ, ਬਿਜੈ ਗੁਰ ਵਾਹਿਗੁਰੂ!

---

[1]ਧਰਤੀ ਵਰਗੀ ਧੀਰਜ ਧਾਰਨ ਵਾਲੇ। [2]ਧਰਮ ਦਾ ਕੇਂਦ੍ਰ ਤੇ ਗੰਭੀਰਤਾ ਦਾ ਉਦਯ। [3]ਅਪਣੇ ਭਗਤ ਦੇ ਸਦ ਅਵਿਨਾਸ਼ੀ ਆਸਰਾ ਰੂਪ। [4]ਦੇਵਤੇ ਵੀ ਤੇਰੇ ਦਾਨ ਦੀ ਮਹਿਮਾ ਮੁਖੋਂ ਕਹਿੰਦੇ ਥੱਕ ਰਹੇ ਹਨ ਤੇ ਹੈਰਾਨ ਹਨ, ਭਾਵ ਤੇਰੇ ਦਾਨ ਦਾ ਪਾਰਾਵਾਰ ਹੀ ਨਹੀਂ। [5]ਅਸ੍ਵਰਜ,ਸੰਪੱਤੀ,ਧਨ। [6]ਸੁਤੰਤਰ, ਅਰਥਾਤ ਖੁੱਲ੍ਹਾ ਦੇਹ,ਭਾਵ ਬਹੁਤਾ ਦੇਹ। [7]ਭਰੇ ਸੰਸਾਰ ਵਿਚ ਇਹ ਸਰੀਰ ਬਹੁਤੀ ਤਰ੍ਹਾਂ ਭਟਕ ਭਟਕ ਕੇ ਆਕੇ (ਜਦ ਤੇਰੇ) ਚਰਨ (ਸ਼ਰਨ) ਪ੍ਰਾਪਤ ਹੋਏ ਤਾਂ ਉੱਚੇ ਰਤਬੇ ਪਾਏ। [8]ਆਪਣੇ ਚਰਨਾਂ ਦੀ ਸ਼ਰਣ ਦੀ (ਮੈਨੂੰ) ਸੁਹਣੀ ਛਾਇਆ ਦਿਓ। [9]ਦਾਨ ਦੇ ਹੱਥ ਵਾਲੇ। [10]ਮੇਰੇ ਸਿਰਤੇ ਆਪਣਾ ਸੁਹਣਾ ਹੱਥ ਰਖੋ। [11]ਜੇ ਜ਼ਰਾ ਕੁ ਨਿਡਰ ਹੋਕੇ ਮੈਂ ਦੱਖਦਾ ਹਾਂ ਤਾਂ ਏਹ ਨਿੱਤ ਮੈਨੂੰ ਡਰਾਉਂਦੇ ਹਨ। [12]ਦਜਾਲ ਤੇਰਾ ਬਿਰਦ ਹੈ ਤੇ ਮੁਖ ਤੋਂ (ਉੱਚਰੇ) ਸ਼ਬਦ ਚੰਢੂਮਾ (ਸਮਾਨ ਸ਼ਾਂਤ ਦੇਣ ਹਾਰ) ਹਨ।

Digitized by Panjab Digital Library | www.panjabdigilib.org

ਅਜੈ ਬਰ ਦੇਹੁ ਸਜੈ ਅਨਦ ਸੰਦੋ[1] ॥ ੨ ॥
ਨਾਮ ਦਿਹੁ,ਦਾਨਦਿਹੁ,ਅੰਮ੍ਰਿਤਕੋ ਪਾਨਦਿਹੁ,
ਕੇਸ ਦੇਹੁ, ਸਾਸ ਦਿਹੁ, ਭਗਤਿ ਭਾਵਾ।
ਦਰਸਦਿਹੁ,ਪਰਸ ਦਿਹੁ ਪੈਰ ਕੋ,ਹਰਸ[2] ਦਿਹੁ,
ਬਰ ਸੁ ਦਿਹੁ ਮੋਹ ਜੋ ਕ੍ਰਿਪਾ ਛਾਵਾਂ[3] ।
ਦਾਨ ਦਿਹੁ, ਮਾਨ ਦਿਹੁ, ਗਯਾਨ ਦਿਹੁ,
ਭੈ ਹਰਹੁ,ਸਿਦਕ ਦਿਹੁ,ਪ੍ਰੇਮਦਿਹੁ,ਨੇਮ,ਸਿੱਖੀ।
ਜੁਗਤ ਦਿਹੁ, ਭਗਤ ਦਿਹੁ, ਭੁਗਤ ਦਿਹੁ,
ਭਾਉ ਦਿਹੁ,ਭੈਦਿਜੈ,ਰਜ਼ਾ ਕੀ ਰੀਤਿ ਤਿੱਖੀ ੩।

ਟੇਕ–ਗੁਰੂ ਤਵ ਦਰਸ਼ਨ ਅਗਮ ਅਪਾਰੋ ।
ਬਿਕਲਕਲਿਕਾਲ ਬਿਕ੍ਰਾਲ ਸਭਿਹਾਲ ਨਰ[4]
ਮਹਾ ਤਮ ਪੁੰਜ ਤਵ ਦਰਸ ਟਾਰੋ[5]।
ਆਨੰਦਘਨਰੂਪ[6],ਅਵਛਿੰਨ[7],ਅਵਕਾਸ਼ਬਿਨ[8]
ਅਚਲ, ਅਨਬਚਜ[9], ਅਨਭੇਦ[10] ਭਾਸੇ।
ਧਾਰਿ ਹਰਿ ਰੂਪ ਨਰ ਰੂਪ ਭਵ ਕੂਪ ਤੇ
ਕਾਢਿ ਨਿਜ ਦਾਸ ਸੁਖਰਾਸ ਭਾਸੇ[11] ।
ਅੜਲ ਪਰਿਕਲਾ[12],ਕਲਜਾਨਹਿਤਜਗਤਕੋ,
ਕਾਲ ਕਲਿ ਕਲੁਖ ਦਹਿ ਜਪ ਅਕਾਲਾ[1]।
ਦੁਘਟ ਕਟੁ ਬਿਕਟ ਸੰਘਟ ਸੁ ਸੰਕਟ
ਨਿਪਟ ਕਿਯ ਦੂਰ ਦੇ ਨਾਮ ਮਾਲਾ[2]।
ਦਮਨ ਦੁਖ ਸਮਨ ਕਲੁਜਨਮ ਬਿਨ ਭੀਤਕਰ
ਰਮਨ ਦਿਯ ਨਾਮ ਸਤਿਨਾਮ ਸਾਚਾ[3]।
ਕਾਮ ਹਰਿ, ਕ੍ਰੋਧ ਹਰਿ, ਮੋਹ ਹਰ, ਲੋਭ ਦਹ,
ਨਸ਼ਟ ਹੰਕਾਰ ਸਬਿਕਾਰ ਕਾਚਾ[4]।
ਗੁਰੂ ਗੋਬਿੰਦ ਹਰਿ, ਤੇਜ ਬਰ ਦਿਵਾਕਰ,
ਬਖਸ਼ ਮੁਹਿ ਕ੍ਰਿਪਾ ਕਰ ਦਰਸ ਜੋਤੀ[5] ,
ਕਲਗਿਧਰ, ਚੱਕ੍ਰਧਰ, ਜਿਗਾਧਰ, ਧਰਮਧਰ
ਭਰਮ ਹਰ, ਭੀਤ ਹਰ, ਸ਼ਾਂਤਿ ਨੇਤੀ[6]।
ਤ੍ਰਾਹਿ ਮਾਂ[7], ਤ੍ਰਾਹਿ ਹੇ ਪਾਹਿ ਗੁਰ ਬਰ ਪ੍ਰਭੋ!
ਸ਼ਰਨ, ਤਵ ਸ਼ਰਨ, ਸੁਖ ਕਰਨ ਮੂਲਾ[8]।
ਰੱਖਿ ਮਾਂ, ਰੱਖਿ, ਹੇ ਰੱਖ ਤੂੰ ਲੋਕ,
ਕ੍ਰਿਤ ਸਦਾ ਪਰਤੱਖ ਸਿਖ ਜਗਤ ਭੂਲਾ[9]।
ਗੋਪ[10],ਅਤਿ ਗੋਪ,ਪਰਗੋਪ ਸੁ ਅਗੋਪ ਤੂੰ[11],

---

[1]ਮੈਨੂੰ ਐਸਾ ਵਰ ਦਿਹੋ ਕਿ (ਮੈਂ ਵਿਸ਼ਯਾਂ ਤੋਂ) ਅਜਿੱਤ ਹੋ ਜਾਵਾਂ ਤੇ ਆਨੰਦ ਸ੍ਵਰੂਪ ਵਾਹਿਗੁਰੂ ਮੇਰੇ ਹਿਰਦੇ ਵਿਚ ਸਜ ਜਾਵੇ । [2]ਆਨੰਦ, ਪ੍ਰਸੰਨਤਾ । [3]ਮੈਨੂੰ ਇਹ ਵਰ ਦਿਹੋ (ਕਿ ਆਪ ਦੀ) ਮਿਹਰ ਦੀ ਛਾਂ (ਹੇਠ ਰਹਾਂ) । [4]ਕਲਿਜੁਗ ਦੇ ਭਯਾਨਕ ਸਮੇਂ ਵਿਚ ਨਰ ਵਯਾਕੁਲ ਤੇ ਬਿਹਾਲ ਹੋ ਰਹੇ ਸੇ । [5]ਤੇਰੇ ਦਰਸ਼ਨ ਨੇ (ਤਦ)ਮਹਾਂ ਪਾਪਾਂਦੇ ਸਮੂਹਅਨ੍ਹੇਰੇਨੂੰ ਦੂਰਕਰਦਿੱਤਾ। [6]ਇਕ ਰਸ ਆਨੰਦ ਸ੍ਵਰੂਪ। [7]ਮੁਕੰਮਲ, ਸੀਮਾ ਬੱਧ, ਜੁੜਿਆ ਹੋਇਆ । [8]ਅੰਤਰੇ ਤੋਂ ਰਹਿਤ। [9]ਜੋ ਵਰਣਨ ਨਾ ਹੋ ਸਕੇ । [10]ਭੇਦਰਹਿਤ।[11]ਹਰੀ ਰੂਪ ਨੇ ਨਰ ਰੂਪ ਧਾਰਕੇ ਸੰਸਾਰ ਖੂਹ ਵਿੱਚੋਂ ਆਪਣੇ ਦਾਸ ਕੱਢੇ (ਤੇ ਉਨ੍ਹਾਂ ਨੂੰ) ਸਮੂਹ ਸੁਖ ਦਿੱਤੇ। [12]ਨਿਰਾਕਾਰ ਨੇ ਸ਼ਕਤੀ ਧਾਰੀ ।

[1]ਕਲਜੁਗ ਦੇ ਪਾਪਾਂ ਨੂੰ ਸਾੜਕੇ,ਅਕਾਲ ਜਪਾਉਣ ਤੇ ਜਗਤ ਦੇ ਕਲਜਾਨ ਵਾਸਤੇ । [2]ਜੋਹੜੇ ਕੌੜੇ, ਕਰੜੇ ਸਮੂਹ ਸੰਕਟਾਂ ਦੇ ਕਾਰਨ ਉਦਾਸ ਹੋ ਰਹੇਸਨ (ਉਨਾਂ ਦੇ) ਸਾਰੇ ਸੰਕਟ ਦੂਰ ਕੀਤੇ ਤੇ ਨਾਮ ਦੀ ਮਾਲਾ ਦਿੱਤੀ । [ਦੁਘਟ=ਅਮਨ=ਉਦਾਸ । ਕਟ =ਕੌੜੇ । ਬਿਕਟ=ਕਰੜੇ ।ਸੰਘਟ=ਸਮੂਹ। ਨਿਪਟ= ਸਾਰੇ, ਪੂਰੇ ਪੂਰੇ] । [3]ਦੁਖਾਂ ਦਾ ਨਾਸ਼ ਕੀਤਾ, (ਕਲਜੁਗ ਦੇ ਜੀਵਾਂ ਨੂੰ) ਸ਼ਾਂਤਿ ਦੇਕੇ (ਉਨ੍ਹਾਂ ਦਾ) ਜੀਵਨ ਨਿਰਭੈ ਕਰ ਦਿਤਾ ਤੇ ਫੇਰ ਸੁੰਦਰ ਸੱਚਾ ਸਤਿਨਾਮ ਦਿੱਤਾ। [4]ਸਾਰੇ ਵਿਕਾਰਾਂ ਦਾ ਕੱਚ ਪੁਣਾ (ਦੂਰ ਕਰ ਦਿੱਤਾ)। [5]ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸੂਰਜ ਵਰਗੇ ਸੁਹਣੇ ਤੇਜ ਵਾਲੇ (ਦਾਤਾ) ! (ਮੈਨੂੰ) ਆਪਣੀ ਜਯੋਤੀ ਦਾ ਦਰਸ਼ਨ ਬਖਸ਼ । [6]ਸ਼ਾਂਤਿ ਉਪਸਤਿ ਵਾਲੇ । [7]ਮੇਰੀ ਰਖਯਾ ਕਰੋ। [8]ਮੂਲ,ਮੁੱਢ। [9]ਤੇਰੀ ਪ੍ਰਤੱਖ ਰਚਨਾ ਜੋ ਸਿਖ ਹਨ ਜਗਤ (ਨੂੰ ਵੇਖਕੇ) ਭੁੱਲ ਰਹੇ ਹਨ। [10]ਗੁੱਝਾ। [11]ਤੂੰ ਅਤਿ ਗੁੱਝਾ ਵੀ ਹੈਂ ਤੇ ਫੇਰ ਬਾਹਰ ਭੀ ਹੈਂ।

Digitized by Panjab Digital Library | www.panjabdigilib.org

ਆਪਨੀ ਓਪ ਪ੍ਰਭੁ ਆਪ ਓਪਾ[1]।
ਧਾਰ ਹਰਿ ਬੁੱਧਿ ਅਨੁਰੁੱਧ ਸੁ ਬਿਸੁੱਧ ਮਨ
ਸੁੱਧ ਤਵ ਰੂਪ ਅਨਸੱਧ ਰੋਪਾ[2]।
ਪਟਲ ਭ੍ਰਮ ਤਿਮਰ ਅਗਜਾਨ ਮਦ ਮੋਹਕੇ[3]
ਦੂਰ ਕਰਿ ਸਤਿਗੁਰੇ ਦਰਸ ਦੀਜੈ।
ਦੀਨ ਹੌਂ ਦੂਬਰੀ[4], ਦਾਰਿਦੀ[5], ਦੁਖਿਤ ਦਲ[6],
ਦਯਾ ਨਿਧ ਦਰਦ ਕਰਕੈ ਪ੍ਰਸੀਜੈ।

—o—

੪. ਟ੍ਰੈਕਟਾਂ ਵਿਚੋਂ।

ਬਨਾਇ ਪੰਥ ਖਾਲਸਾ*।

[ਅਨੰਗ ਸ਼ੇਖਰ ਛੰਦ]

ਬਿਅੰਤ ਨਾਮ ਜਾਸਕੋ,ਅਕਾਲ ਰੂਪ ਤਾਸ ਕੋ,
ਪ੍ਰਣਤ ਪੂਰ ਆਸ ਕੋ ਬਿਮੁਕ੍ਤ ਦੇਹ ਜਾਲਸਾ[7]।
ਸਦਾ ਸੁਛੰਦ ਧੰਧਨਾ[8],ਜਿਨੈ ਨ ਆਹ ਬੰਧਨਾ,
ਬਿਮੁਕਤ ਦੇਹ ਬੰਧਨਾ ਅਹੈ ਛਟਾਕ ਝਾਲਸਾ[9]।
ਸਦਾ ਸਹਾਇ ਦਾਸ ਕੋ ਪ੍ਰਕਾਸ਼ ਰੂਪ ਭਾਸਕੋ,
ਚਰਿਤ੍ ਚਿਤ੍ ਜਾਸਕੋ,ਅਨੰਤਦੋਖ ਛਾਲਸਾ[10]।
ਨਮਾਮਿ ਪਾਦ ਪੰਕਜੰ ਗੁਰੂ ਗੁਬਿੰਦ ਸਿੰਘ ਕੋ,
ਮਿਲਾਇ ਚਾਰ ਜਾਤ ਕੋ ਬਨਾਇਪੰਥਖਾਲਸਾ।

—o—

ਗੁਰੂ ਨਾਨਕਦੇਵ ਜੀਦੀ ਸ਼ਰਨ†

ਤੇਰੀ ਸ਼ਰਨ ਸੁਆਮੀ ਤੇਰੀ,
ਤੇਰੀ ਸ਼ਰਨ ਸੁਆਮੀ ਜੀ!
ਸ਼ਰਨ ਪਾਲ ਤੇ ਦੀਨ ਬੰਧੁ ਤੂੰ,
ਘਟ ਘਟ ਅੰਤਰਜਾਮੀ ਜੀ!
ਤੂੰ ਨਿਮਾਣਿਆਂ ਮਾਣ ਸਤਿਗੁਰੂ!
ਨਿਤਾਣਿਆਂ ਹਾਮੀ[11] ਜੀ!
ਨਿਆਸਰਜਾਂ ਆਸ ਪੁਜਾਵੇਂ,
ਪ੍ਰਭੁ ਪਾਰ ਗਿਰਾਮੀ[12] ਜੀ।
ਵਡ ਦਾਨਾ ਬੀਨਾ ਸਾਹਿਬ!
ਸਮਰਥ ਪ੍ਰਭੁ ਨਾਮੀ ਜੀ।
ਨਿਧ੍ਰਜਾਂ ਧਿਰ,ਓਟ ਨਿਓਟਨ,
ਬਿਨ ਸ੍ਵਾਰਥ ਨਿਹਕਾਮੀ ਜੀ।
ਤੈਥੋਂ ਗੁੱਝਾ ਕੁੱਝ ਨ ਸ੍ਵਾਮੀ,
ਸਾਹਿਬ ਇਲਹਾਮੀ ਜੀ।
ਬਿਅੰਤ ਤੇਰਾ ਅੰਤ ਨ ਜਾਣਾ
ਵਡਪੁਰਖ ਅਗਾਮੀ[13] ਜੀ।
ਬਖਸ਼ਿੰਦਾ, ਊਚੋਂ ਊਚਾ,
ਪ੍ਰਣਤ ਪਾਲ,[14] ਗੁਨ ਧਾਮੀਜੀ।
ਤੂੰ ਰਹੀਮ, ਰਾਜ਼ਕ ਜੀਆਂ ਦਾ,
ਕਾਦਰ ਜਗਤ ਤਮਾਮੀ ਜੀ।
ਤੇਰੀ ਗਤ ਮਿਤ ਤੂੰਹੋਂ ਮਾਲਕ,
ਜਾਨਣਹਾਰ ਸੁਆਮੀ ਜੀ!

---

[1]ਹੇ ਪ੍ਰਭੂ! ਤੂੰ ਆਪਣੀ ਉਪਮਾ ਆਪ ਹੀ ਹੈਂ। [2]ਹੇ ਹਰੀ ਤੇਰਾ ਰੂਪ ਸੁਧ ਹੈ ਇਸਨੂੰ ਨਾਸੁੱਧਤਾ ਆਰੋਪਣ ਵਾਲੀ (ਸਾਡੀ) ਬੁੱਧੀ ਨੂੰ ਰੋਕਦੇ ਅਤੇ ਵਿਸ਼ੇਸ਼ ਕਰਕੇ ਸੁਧ ਮਨ ਸਾਨੂੰ ਧਾਰਨ ਕਰਾ ਦੇਹ। [3]ਭਰਮ, ਅਗਜਾਨ, ਹੰਕਾਰ ਤੇ ਮੋਹ ਦੇ ਹੰਨ੍ਹੇਰੇ ਦੇ ਪੜਦੇ। [4]ਦੁੱਬਲੀ, ਲਿੱਸੀ, ਕਮਜ਼ੋਰ। [5]ਕੰਗਾਲ, ਗ਼ਰੀਬ। [6]ਦੁਖਾਂ ਨਾਲ ਦਲੀ ਹੋਈ। [7]ਸਮੂਹ ਸ਼ਰਣਾਗਤਾਂ ਦੀਆਂ ਆਸਾਂ ਪੂਰੀਆਂ ਕਰਕੇ ਮੁਕਤੀ ਦੇਣ ਹਾਰ ਹੋਏ। [8](ਸੰਸਾਰਕ) ਧੰਧਿਆਂ ਤੋਂ ਸੁਤੰਤਰ। [9](ਸੰਸਾਰਕ) ਦੇਹੀਆਂ ਦੇ ਬੰਧਨਾਂ ਨੂੰ ਬਿਜਲੀ ਲਿਸ਼ਕਾਰੇ ਨਾਲ (ਕੱਟਕੇ) ਮੁਕਤ ਕਰ ਦਿੱਤਾ। [10]ਅਨੰਤ ਦੋਖਾਂ ਨੂੰ ਛਿਲਣ ਵਾਲੇ। [11]ਹਮੈਤ ਕਰਨ ਵਾਲਾ,ਮਦਦਗਾਰ। [12]ਸਮਰੱਥ। [13]ਅਗਰ ਗਾਮੀ,ਰਹਬਰ। ਅਰੰਮ=ਰੀਮਤਾ ਤੋਂ ਪਰੇ। [14]ਸ਼ਰਣਾਗਤ, ਰਖਜਕ।

*ਇਹ ਛੰਦ ਖਾ: ਟ੍ਰੈ: ਸੁ: ਦੇ ਟ੍ਰੈਕਟ ਨੰ:੧੬੬ 'ਪ੍ਰੇਮ ਬਾਗ' (ਦੇਪੰਨਾ ੨੦) ਵਿਚੋਂ ਹੈ।

†ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਨੰ: ੨੧੩ 'ਅਨੋਖਾ ਬਾਲਕ' (ਦੇਪੰਨਾ ੨੨,੨੩) ਤੋਂ।

Digitized by Panjab Digital Library | www.panjabdigilib.org

ਤੂੰ ਵਡ ਸਾਹਿਬ, ਸਭ ਤੋਂ ਵਡਾ
ਉਪਦੇਸ਼ ਤਰਾਮੀ[1] ਜੀ।
ਗੁਰ ਨਾਨਕ, ਤੂੰ ਗੁਰ ਨਾਨਕ,
ਗੁਰ ਨਾਨਕ ਸ੍ਵਾਮੀ ਜੀ।
ਤੂੰ ਤਾਰੇ ਬ੍ਰਹਮੰਡ ਖੰਡ ਸਭ,
ਪੂਜਨ ਕਰਨ ਨਮਾਮੀ ਜੀ।
ਤੇਰੇ ਗੁਣ ਗਣ ਤੂੰਹੇਂ ਜਾਣੇਂ,
ਕੀ ਜਾਣੇਂ ਹਮ ਖਾਮੀ[2] ਜੀ।
ਤੇਰਾ ਕੀਤਾ ਆਸਾਂ ਨ ਜਾਤਾ
ਪਾਪੀ ਨਿਮਕ ਹਰਾਮੀ ਜੀ।
ਭਾਰਤ ਭੂਮੀ ਦੁੜ੍ਹਦੀ ਜਾਂਦੀ,
ਤੂੰ ਹਿੰਮਤ ਕਰ ਥਾਮੀ ਜੀ।
ਸੱਤਿਧਰਮ ਦਿਰੜ੍ਹਾਵਨ ਤੇਰਾ
ਦਾਤਾ ਮੁਕਤ ਮੁਦਾਮੀ[3] ਜੀ।
ਤੂੰ ਸਾਜੇ ਤੇ ਸਾਜ ਨਿਵਾਜੇ
ਰਾਜੇ ਕਰੇ ਮੁਕਾਮੀ[4] ਜੀ।
ਤੇਰੇ ਚਰਨਾਂ ਤੋਂ ਬਲਿਹਾਰੇ,
ਸਤਿਗੁਰ ਨਾਨਕ ਸ੍ਵਾਮੀ ਜੀ!
ਤੇਰੇ ਕਰਤਬ ਤੂੰਹੇਂ ਜਾਣੇਂ,
ਡੁੱਬੇ ਪੂਰ ਤਰਾਮੀ ਜੀ!
ਤੇਰੇ ਮੰਗਲ ਖੁਸ਼ੀਆਂ ਆਨੰਦ
ਕਰਨ ਵਧਾਈਆਂ ਸ੍ਵਾਮੀ ਜੀ।
'ਚਰਨ' ਸ਼ਰਨ ਰਖ ਦਾਸ ਆਪਣੇ
ਫੇਰ ਨ ਜੂਨ ਫਿਰਾਮੀ ਜੀ।

੫. ਖਾਲਸਾ ਸਮਾਚਾਰ ਵਿਚੋਂ।

ਸ੍ਰੀ ਗੁਰ ਨਾਨਕ ਮਹਿਮਾ।

ਟੇਕ–ਮਨ ਰੇ ਸਤਿਗੁਰ ਸ਼ਰਨ ਚਿਤਾਰ।

ਭਾਰਤ ਭੂਮੀ ਪਾਪ ਭਾਰ ਤੇ ਭਾਰੀ ਪੀੜਤ ਭਈ ਨਿਹਾਰ। ਜ਼ਾਲਮ ਜ਼ੁਲਮ ਜ਼ਬਰਦਸਤੀ ਕਰ ਹੋਇਆ ਸਾਰਾ ਜਗ ਅੰਧਿਆਰ। ਦੁਖੀਏ ਦਰਦੀ ਦੀਨ ਦਲਿੱਦ੍ਰੀ ਲੱਗੇ ਦਿਨ ਦਿਨ ਕਰਨ ਪੁਕਾਰ। 'ਨਾਥ ਅਨਾਥਨ ਕਰ ਸਨਾਥ ਪ੍ਰਭੁ ਬਖਸ਼ਹੁ ਇਹ ਜਗ ਅਵਗੁਨਿਆਰ।' ਸੁਣੀ ਪੁਕਾਰ ਬਿਚਾਰ ਚਾਰ ਬਰ ਚਾਹਜਾ ਕਰਨਾ ਜਗਤ ਉਧਾਰ। ਭਾਰਤ ਭਾਰ ਨਿਵਾਰਨ ਕਾਰਨ ਕਰਨੇ ਅਪਨ ਪਿਆਰਨ[5] ਸਾਰ। ਦੀਨਨ ਦੁਖ ਦਾਹਨ ਹਿਤ ਦਾਤੇ ਅਤਿ ਹੀ ਦਯਾ ਕਰੀ ਦਾਤਾਰ। ਦੀਨ ਦਯਾ ਕਰਿ ਦਾਨੀ, ਦੈਵੀ, ਦਾਇਆ, ਦਾਤਾ, ਦਇਆ ਅਗਾਰ[6]। ਭਵ ਭੈ ਭੰਜਨ, ਕਲਮਲ ਗੰਜਨ, ਪਜਾਰੇ ਸੱਜਣ ਸੁੱਕ੍ਰਿਤ ਸਾਰ[7]। ਭਾਰਤ ਭੂਮਿ ਪੰਜਾਬ ਦੇਸ਼ ਬਰ ਪਾਵਨ ਕੀਨੀ ਰਚਨਾ ਬਾਰ[8]। ਰਾਇ ਭੋਇ ਤਿਲਵੰਡੀ ਨੱਗਰ ਕਾਲੂ ਬੇਦੀ ਦੇ ਆਗਾਰ[9]। ਕਾਤਿਕ ਪੂੰਨਮ ਅਰਧ ਰਾਤ੍ਰਿ ਪਰ ਭਵ ਭਾ[10] ਪਰਦੁਖ ਭੰਜਨ ਹਾਰ। ਪੰਦ੍ਰਾਂ ਸੌ ਛੱਬੀ ਸਨ ਬਿਕ੍ਰਮ ਸ਼ਾਂਤਿ ਭਗਤਿ ਗੁਰ ਗਜਾਨ ਅਗਾਰ। ਅਪਨੀ ਇੱਛਾ ਤੇ ਧਰਿ ਮਾਨੁਖ ਪੁਰਖੋਤਮ ਭਗਤੀ ਵਪੁ[11] ਧਾਰ। ਉਤਰੇ ਨਾਥ ਅਨਾਥ ਨਾਥ ਪ੍ਰਭੁ ਸ਼ਾਂਤਿ ਰੂਪ ਕਾ ਧਰਿ ਅਉਤਾਰ। ਬੇਦੀ ਬਧੂ ਬਧਾਈ ਗਾਵੈਂ ਘਰ ਘਰ ਹੋਵੈ ਮੰਗਲਚਾਰ।

---

[1](ਮੈਨੂੰ) ਤਰਾਵੀਂ ਜੀ। [2]ਅਸੀਂ ਕੱਚੇ ਕੀ ਜਾਣੀਏ। [3]ਹਮੇਸ਼ਾ। ਸਦਾ। [4]ਕਾਯਮ। [5]ਪਿਆਰਿਆਂ ਦੀ। [6]ਦਇਆ ਦੇ ਘਰ। [7]ਸੰਸਾਰ ਦੇ ਭੈ ਨਾਸ਼ ਕਰਨ ਵਾਲੇ, ਪਾਪਾਂ ਨੂੰ ਭੰਨਣ ਵਾਲੇ, ਪਜਾਰਿਆਂ, ਸਜਣਾਂ ਤੇ ਸ਼ੁਭ ਕਰਮੀਆਂ ਦੀ ਸਾਰ ਲੈਣ ਵਾਲੇ। [8]ਦੁਆਬਾ ਰਚਨਾ ਦੀ ਬਾਰ। ਰਾਵੀ ਚਨਾਬ ਦਾ ਵਿਚਕਾਰਲਾ ਦੇਸ਼। [9]ਘਰ। [10]ਅਵਤਾਰ ਹੋਯਾ। [11]ਸ਼ਰੀਰ।

Digitized by Panjab Digital Library | www.panjabdigilib.org

ਪਿਤ ਕਾਲੂ ਲਾਲੂ ਮਨ ਆਨੰਦ ਬਿਗਸੇ ਬੇਦੀ ਜਿਉਂ ਕਉਲਾਰ । ਦਾਈ ਤਰੀ ਦਉਲਤਾਂ ਦੁਖ ਦਰ, ਪੰਡਿਤ ਤਰਿਆ ਹਰੀ ਦਿਆਰ । ਪਾਂਧਾ ਮੁੱਲਾਂ ਬਾਲਕ ਸੰਗੀ ਭਏ ਗਜਾਨ ਘਨ[1] ਆਨੰਦ ਬਾਰ । ਬੈਦ ਬਿਚਾਰਾ ਕਲਮਲ ਭਾਰਾ ਤਰਿਆ ਤਾਰਾ ਇਹੁ ਸੰਸਾਰ। ਖੇਤ ਕਿਆਰਾ ਹਰਿਆ ਭਰਿਆ ਕਰਕੇ ਤਾਰਿਆ ਰਾਇ ਬੁਲਾਰ । ਛਾਇਆ ਬ੍ਰਿੱਛ ਅਚੱਲ ਬਿਰਾਜੇ ਜਿੱਥੇ ਸਰਪ ਛਾਉਂ ਫਨਧਾਰ। ਸਚਾ ਸੌਦਾ ਖਰਾ ਦਿਖਾਇਆ ਲੋਟਾ ਮੁੰਦਰੀ ਦਈ ਉਤਾਰ । ਪੁਰ ਸੁਲਤਾਨ ਜੈਰਾਮ ਦਾਸ ਹਿਤ ਮੋਦੀ ਖਾਨਾ ਕੀਤੀ ਕਾਰ। ਭੇਣ ਨਾਨਕੀ ਸੁਮਤਿ ਸਜਾਨ ਕੀ ਜਾਤਾ ਭ੍ਰਾਤਾ ਸਚ ਅਉਤਾਰ । ਮਨਸੁਖ ਆਏ ਮਨਸੁਖ ਪਾਏ, ਮਨਸੁਖ ਲੀਨਾ ਮਨਸੁਖ ਧਾਰ[2]। ਨਾਲ ਭਗੀਰਥ ਪ੍ਰੇਮ ਪਗੀ ਅਤਿ ਪਾਇਆ ਦਰ ਘਰ ਮਹਲ[3] ਸੁਚਾਰ । ਦਾਤ ਕਰੀ ਮੰਗਤ ਵਰੁਸਾਏ ਅਨਗਨ ਵਸਤਨ ਕਰ ਭੰਡਾਰ। ਮੰਗਨ ਆਏ ਰੱਜ ਸਿਧਾਏ, ਬਰਕਤ ਚੋਰੀ ਨਫਰ ਉਦਾਰ[4]। ਬਾਲਾ ਬਾਲਪਨੇ ਦਾ ਸਾਥੀ ਸੰਗੀ ਕੀਤਾ ਚਿਤ ਕਰਤਾਰ । ਮਰਦਾਨਾ ਮਰਦਾਨਾ ਕੀਤਾ ਲਜਾਇ ਰਬਾਬ ਵਜਾਈ ਤਾਰ । ਦੌਲਤ ਖਾਂ ਲੋਦੀ ਨੇ ਚੁਗਲੀ ਸੁਣ ਸੁਣ ਕੇ ਕੀਤੀ ਜਦ ਸਾਰ । ਲੇਖਾ ਚੋਖਾ ਬਾਕੀ ਨਿਕਲੇ ਪੂਰੀ ਸਾਰੀ ਦੇਖੀ ਕਾਰ। ਨਿੰਦਕ ਨਿੰਦਾ ਕਰ ਕਰ ਹਾਰੇ ਰਹੇ ਦੁਸ਼ਟ ਬਹੁਤੀ ਝਖ ਮਾਰ। ਉਸ ਨੂੰ ਕੀ ਪਰਵਾਹ ਕਿਸੇ ਦੀ ਜੋ ਉਪਦੇਸੇ ਸਤਿ ਕਰਤਾਰ। ਵੇਈਂ ਵਿਚ ਟੁੱਬੀ ਤਿੰਨ ਦਿਨ ਦੀ ਜਾਕੇ ਲਾਈ ਇੱਕੋ ਵਾਰ । ਬਾਲਾ ਅਤੇ ਜੈਰਾਮ ਦਾਸ ਫਿਰ ਦੌਲਤ ਖਾਂ ਨਵਾਬ ਨਿਰਧਾਰ[1] । ਰਹੇ ਭਾਲ ਕੋਈ ਭਾਲ ਨ ਲੱਧੀ ਹਾਰੇ ਕਰ ਕਰਕੇ ਉਪਚਾਰ[2] । ਦਿਨ ਤੀਜੇ ਤਜਿ ਵੇਈਂ ਨਿਕਲੇ ਆਏ ਹੱਟੀ ਦਈ ਉਜਾਰ। ਮਰਦਾਨਾ ਬਾਲਾ ਲੈ ਸੰਗੀ ਨਾਲ ਰਬਾਬ ਵਜੇ ਸੁਰਤਾਰ । ਦੌਲਤ ਖਾਂ ਚਰਚਾ ਕਰ ਪਰਚਾ ਜਾਤਾ ਵਲੀ ਪੀਰ ਰਬ ਯਾਰ। ਚਲੇ ਏਮਨਾਂ ਬਾਦ ਗਏ ਘਰ ਕਿਰਤੀ ਲਾਲੋ ਸਿੱਖ ਨਜਾਰ[3] । ਭਾਗੋ ਮਲਕ ਹੋਇਆ ਸ਼ਰਮਿੰਦਾ ਪਰਤਾਵਾ ਲੀਤਾ ਹਰ ਧਾਰ । ਦੇਸ ਉਧਾਰਨ ਸਤਿ ਉਪਦੇਸ਼ਨ ਨਾਮ ਬਿਥਾਰਨ ਕਲਮਲ ਹਾਰ[4] । ਦੇਸ਼ ਦਿਸ਼ਾਂਤਰ ਚੱਲੇ ਸਤਿਗੁਰ ਨੇ ਖੰਡ ਪ੍ਰਿਥਵੀ ਤਾਰਨ ਹਾਰ । ਮੱਕਾ ਜਾਇ ਫਿਰਾਇਆ ਬਾਬੇ ਕਲਾ ਦਿਖਾਈ ਅਰਬ ਮਝਾਰ। ਸਿੱਧਾ ਨਾਲ ਹੋਈ ਫਿਰ ਗੋਸ਼ਟ ਬਹੁਤੀ ਥਾਈਂ ਬਹੁਤੀ ਵਾਰ। ਓੜਕ ਹਾਰੇ ਚਰਨੀ ਲਗੇ ਮੰਨੇ[5] ਮੰਨ ਕੇ ਮੰਨੀ ਹਾਰ । ਝੰਡੇ ਬਾਢੀ ਦੀ ਕਰ ਗਾਢੀ[6] ਗੱਦੀ ਦਿੱਤੀ ਮੁਲਖ ਉਧਾਰ। ਸੰਗਲ਼ ਦੀਪ ਜਾਇ ਫਿਰ ਸ੍ਵਾਮੀ ਰਾਜੇ ਤਾਈਂ ਦੀਆ ਦੀਦਾਰ। ਦੇ ਉਪਦੇਸ਼ ਹੋਰ ਸਭ ਰਾਜੇ ਕੀਤੇ ਉਸਦੇ ਤਾਬੇਦਾਰ । ਸੰਸਾ ਦੂਰ ਭਰਥਰੀ ਕੀਤਾ ਤ੍ਰਿਰੀਆ ਰਾਜ ਦੇਸ ਨਿਸਤਾਰ। ਦੇਵਲੂਤ ਤੇ ਕੌਡਾ ਰਾਖਸ਼ ਤਾਰੇ ਜਿਸ ਨੇ ਔਗੁਣਹਾਰ ।

---

[1]ਇਕ ਰਸ ਗਜਾਨ ਸਰੂਪ। [2]ਇਉਂ ਮਨਸੁਖ ਨੇ ਮਨ ਦਾ ਸੁਖ ਪਾ ਲਿਆ ਸੀ। [3]ਰੁਤਬਾ, ਮਰਤਬਾ। [4](ਜਿਸ ਦਾਤੇ ਦੇ ਘਰ) ਬਰਕਤ ਤਾਂ ਦਾਸੀ ਹੈ ਤੇ ਉਦਾਰਤਾ ਭਾਵ ਸਖਾਵਤ' ਨਫਰ (ਨੌਕਰ) ਹੈ ।

[1]ਨਿਰਨੇ ਕਰਕੇ । [2]ਜਤਨ । [3]ਵੇਖਕੇ, ਲੱਭਕੇ। [4]ਪਾਪਾਂ ਨੂੰ ਕੱਟਣ ਵਾਲਾ ਨਾਮ ਫਲਾਵਨ ਲਈ । [5]ਪਤੀਜ ਗਏ। [6]ਪੱਕੀ।

Digitized by Panjab Digital Library | www.panjabdigilib.org

ਮਨ ਮੇਰੇ ! ਐਸੇ ਸਤਿਗੁਰ ਦੀ ਸ਼ਰਣ ਪਵੇ ਹੁਇ ਨਿਰਹੰਕਾਰ । ਵਲੀ ਕੰਧਾਰੀ ਤਾਈਂ ਜਿਸਨੇ ਪਰਤਾਵਾ ਦਿੱਤਾ ਬਿਸਤਾਰ। ਤਿਸ ਦੀ ਸੇਵਾ ਕਰੁ ਮਨ ਮੇਰੇ ! ਢੱਠਾ ਰਹੁ ਉਸ ਦੇ ਦਰਬਾਰ । ਜਿਸ ਨੇ ਕੀਤੇ ਰੀਠੇ ਮੀਠੇ ਹੁਣ ਤਕ ਡੀਠੇ ਦਾਣ[੧] ਬਿਚਾਰ । ਗੁਣ ਬਿਅੰਤ ਜਿਸ ਦੇ ਜਗ ਅੰਦਰ ਤੇ ਬਿਅੰਤ ਜਿਸਦੇ ਉਪਕਾਰ। ਗੁਰ ਨਾਨਕ ਦੀ ਪਉ ਸ਼ਰਣਾਈ ਕਰਣੀ ਕੀਰਤ ਕਰ ਨਿਰੰਕਾਰ। ਜਿਸ ਤਾਰੇ ਬ੍ਰਹਮੰਡ ਖੰਡ ਸਭ ਕਲਜੁਗ ਜੀਵ ਮਲੀਨ ਅਪਾਰ। ਗਇਆ, ਪਯਾਗ ਉਡੀਸਾ ਤਾਰਿਆ ਗੰਗ ਬਨਾਰਸ ਧੈਲੀ ਧਾਰ। ਨਾਨੂ ਪੰਡਤ ਕਰਕੇ ਚਰਚਾ ਕੁਰਛੇਤ੍ਰ ਵਿਚ ਤਰਿਆ ਚਾਰੁ। ਅਚਲ ਵਟਾਲੇ ਸਿੱਧਾਂ ਵਾਲੇ ਕਰੀ ਅਜੱਤੇ ਅਚਰਜ ਕਾਰ । ਤਾਰ ਸਧਾਰਨ, ਖਾਨ ਉਬਾਰਾ, ਰਚਿਆ ਰਾਵੀ ਪੁਰਿ ਕਰਤਾਰ। ਲਹਿਣੇ ਤਾਈਂ ਲਹਿਣਾ ਦਿੱਤਾ ਛੱਤ[੨] ਨਿਰੰਜਨੀ ਸਿਰ ਤਿਸ ਧਾਰ । ਹੇ ਮਨ ਮੇਰੇ ! ਜਾਗ ਸਵੇਰੇ ਸਤਿਗੁਰ ਤੋਂ ਹੋਈਏ ਬਲਿਹਾਰ । ਗੁਰ ਨਾਨਕ, ਗੁਰ ਨਾਨਕ ਸ੍ਵਾਮੀ, ਸ੍ਰੀ ਗੁਰ ਨਾਨਕ ਦੇਵ ਉਚਾਰ। ਜੈ ਗੁਰ ਨਾਨਕ, ਜੈ ਗੁਰ ਨਾਨਕ, ਗੁਰ ਨਾਨਕ ਜੈ ਜੈ ਜੈਕਾਰ । ਤੂੰ ਸ੍ਵਾਮੀ ਘਟ ਅੰਤਰਜਾਮੀ ਮੈ ਸਾਖੀ[੩] ਤੂੰ ਬਖਸ਼ਨਹਾਰ। ਮੈਂ ਬੰਦਾ ਗੰਦਾ ਤੇ ਮੰਦਾ ਕਿਸੇ ਨ ਸੰਦਾ[੪] ਅਵਗੁਣਿਆਰ । ਤੂੰ ਬਖਸ਼ਿੰਦਾ, ਦੁਖੀਆਂ ਦਿੰਦਾ[੫], ਰਹਿੰਦਾ ਲੈਂਦਾ ਸਾਰ।

[੧]ਦਾਣੇ ਰੀਠੇ ਦੇ । [੨]ਛਤਰ । [੩]ਮੈਂ ਗਵਾਹ ਹਾਂ । [੪]ਭਾਵ ਕਿਸੇ ਜੋਗਾ ਨਹੀਂ। [੫]ਦੁਖੀਆਂ ਨੂੰ (ਦਾਨ) ਦਿੰਦਾ ਹੈਂ।

ਸਭ ਸੁਖਦਾਤਾ, ਸਭ ਕੁਝ ਗਜਾਤਾ, ਭੂਤ ਭਵਿੱਖਤ ਵਰਤਣ ਹਾਰ। ਪਉ ਸ਼ਰਣਾਈ ਤਜਿ ਵਡਿਆਈ ਮਨ ਨੀਵਾਂ ਮਤ ਉਚੀ ਧਾਰ । ਹੋ ਕੁਰਬਾਨੀ ਵਾਰੇ ਜਾਨੀ, ਬਿਨ ਅਭਿਮਾਨੀ ਬਿਨਤੀ ਧਾਰ। ਚਰਨ ਸ਼ਰਨ ਹਰ ਵੇਲੇ ਦੀ ਫੜ ਸਾਰੀ ਆਸਾ ਮਨੋਂ ਵਿਸਾਰ।

[ਖਾਲਸਾ ਸਮਾਚਾਰ ੨੨ ਨਵੰਬਰ ੧੯੦੦ ਕੱਤਕ ੨੨ ਸੰ: ੧੯੫੨ ਗੁਰਪੁਰਬ ਪਰਚਾ।

—o—

ਪੋਹ ਸੁਦੀ ਸਪਤਮੀ ਪਰ

ਆਨੰਦ ਉਛਾਹ ਚਾਰੁ ਮੰਗਲ ਮਹਾਨ ਭਰਜੋ, ਮਹਾਂ ਮਹੁਤਸਾਹ[੧] ਜਾਂਕੀ ਗਨਨਾ ਨ ਕਾਈ ਹੈ। ਸਜਤ ਸਜੀਲੇ ਗਰਬੀਲੇ ਜੋ ਮੁਛੀਲੇ ਸਿੰਘ, ਕਰਤ ਸੁਧਾਰ ਠਾਮ ਠਾਮ ਬਹੁ ਠਾਈ[੨] ਹੈ। ਝੰਡੀਆਂ, ਸਜਾਵਟਾਂ ਬਨਾਵਟਾਂ, ਪ੍ਰਸ਼ਾਦ, ਦੇਗਾਂ, ਜਾਗੋਂ, ਪਾਠ, ਕੀਰਤਨ, ਪੁੰਨ ਦਾਨਤਾਈ ਹੈ। ਘਰ ਘਰ ਦਰ ਦਰ ਨਗਰ ਨਗਰ ਗਲੀ ਪੁਰਪੁਰ ਹਾਟਹਾਟ ਵਜਦੀ ਵਧਾਈ ਹੈ। ਪੋਹ ਸੁਦੀ ਸੱਤਮੀ ਮਹੋਤਸਾਹ ਵਾਲੀ ਆਈ, ਮਿਲਮਿਲ ਖਾਲਸਾ ਨੇ ਕੀਰਤਨ ਸੁ ਗਾਈ ਹੈ। ਜੱਗ, ਦਾਨ, ਪਾਠ, ਸੇਵਾ, ਭਗਤੀ, ਉਛਾਹ ਭਰੇ, ਕਰ ਕਰ ਪ੍ਰੀਤ ਭਾਉ ਭਗਤੀ ਮਹਾਈ ਹੈ। ਖਿਮਾ, ਦਯਾ, ਸੇਵਾ, ਚਾਉ ਰੰਗ ਰਸ ਵਾਲੇ ਪਜਾਰ ਭਰੇ ਭਰਪੂਰ ਮਨ ਅਤਿ ਉਮਗਾਈ ਹੈ। ਇਤ ਉਤ ਜਿਤਕਿਤ ਮਿਲ ਮਿਲ ਮਿਤਮਿਤ, ਪੁਰ ਪੁਰ ਹਾਟ ਹਾਟ ਵਜਦੀ ਵਧਾਈ ਹੈ।

[ਖਾ:ਸ: ੧੬ਦਸੰਬਰ ੧੯੦੩ ਜਿ:ਪਅੰਕ੭.

—o—

[੧]ਅਤਿ ਉਤਸਾਹ। [੨]ਥਾਂ ਥਾਂ ਅਤੇ ਬਹੁਤੀਆਂ ਥਾਵਾਂ ਤੇ।

Digitized by Panjab Digital Library | www.panjabdigilib.org

ਧੰਨ ਕਲਗ਼ੀਧਰ।

ਕਾਰਨ ਕਰਨ ਸਰੂਪ ਜੋਤਿ ਜਗਮਗਤ ਦਿਵਾਕਰ। ਪ੍ਰਗਟ ਪੁਹਮ[1] ਪਰਤਾਪ, ਖਾਪ ਦੁਜਨਨ ਨਿਵਾ ਕਰ[2]। ਕਰੇ ਕੀਟ ਤੇ ਸ਼ੇਰੁ ਮੇਰੁ ਤ੍ਰਿਣ ਤੇ ਸੁ ਕਰਾ ਕਰ। ਉਥਪੇ ਥਾਪੇ ਫੇਰ ਥਪੇ ਉਥਪੇ ਨਥ ਪਾਕਰ[3]। ਦੈ ਦੋਹੀ ਚਹੁ ਚੱਕ ਮੈਂ ਸਤਿਨਾਮ ਝੰਡਾ ਸੁ ਬਰ। ਕਹੋ ਧੰਨ ਸਭਿਧੰਨਧੰਨਧੰਨ ਗੁਰੁ ਧੰਨੁ ਧਨੁਸ਼ਧਰ।੧।

—o—

ਜਿਹ ਖੋਲਾ ਦਰ ਮੁਕਤ ਭੁਗਤ ਅਰ ਜੁਗਤ ਸਹਾਈ। ਜਿਹ ਖੋਲਾ ਦਰ ਨਾਮ ਦਾਨ ਭਗਤੀ ਸੁਖਦਾਈ। ਜਿਹ ਖੋਲਾ ਦਰ ਗਜਾਨ ਧਜਾਨ ਇਕ ਗੁਰਮੁਖ ਤਾਈ। ਜਿਹ ਖੋਲਾ ਦਰ ਭਜਨ ਤਜਨ ਪੰਚਨ ਦੁਖਦਾਈ। ਅਸ ਸ੍ਰੀ ਗੁਰ ਗੋਬਿੰਦ ਹਰਿ ਕਿਉਂ ਨ ਭਜਹੁ ਸੋ ਕਲਗੀਧਰ। ਧੰਨ ਧੰਨ ਸਭ ਧੰਨ ਕਹੁ ਧੰਨ ਧੰਨ ਗੁਰ ਧਨੁਸ਼ ਧਰ।੨।

—o—

ਨੀਲੇ ਘੋੜੇ ਦੇ ਸਵਾਰ ਨੇਜਾ ਹਥ ਫੜ ਕਰ। ਕਲਗੀ ਜਿਗਾ ਲਗਾਇ ਸੀਸ ਤਿਉਂ ਕਮਰ ਕਸਾ ਕਰ। ਫੌਜਾਂ ਲੈਕੇ ਨਾਲ ਚੜੇ ਸੰਗਤਾਂ ਦੇ ਹਿਤ ਕਰ। ਕਹੋ ਧੰਨ ਸਭ ਧੰਨ ਗੁਰੂ ਧੰਨ ਧਨੁਸ਼ ਧਰ।

[ਖਾ: ਸ: ੧੬–੧੨–੦੩

—o—

[1]ਪ੍ਰਿਥਵੀ ਤੇ। [2]ਦੁਰਜਨਾਂ ਨੂੰ ਨਿਵਾ ਕਰਕੇ ਨਾਸ਼ ਕਰਨ ਵਾਲੇ। [3](ਆਪ ਜੀ ਨੇ) ਉਖੜਿਆਂ ਨੂੰ ਥਾਪਿਆ ਤੇ ਥਾਪਿਆਂ ਨੂੰ ਨਥ ਪਾਕੇ ਉਖੇੜ ਦਿਤਾ ਹੈ। ਭਾਵ ਜ਼ਾਲਮ ਤੁਰਕ ਜੋ ਥਪੇ ਹੋਏ ਸਨ ਉਖੇੜ ਦਿਤੇ।

ਕੁਰਬਾਨੀ ਸਦਕੇ ਵਾਰੇ ਮੈਂ !

ਦਿਨ ਭਾਗੋ ਭਰਿਆ ਆਇਆ ਹੈ,
ਸੰਗਤਾਂ ਨੇ ਸ਼ਬਦ ਸੁਣਾਇਆ ਹੈ।
ਗੁਰਪੁਰਬ ਮਨਾਉਣ ਜਾਵਾਂਗੇ
ਗੁਰਬਾਣੀ ਰਲਕੇ ਗਾਵਾਂਗੇ।
ਕੁਰਬਾਨ ਗੁਰੂ ਤੇਂ ਹੋਵਾਂਗੇ,
ਵਿਚ ਸੰਗਤ ਜਾਇ ਖਲੋਵਾਂਗੇ।
ਉਪਕਾਰਾਂ ਤੇਂ ਬਲਿਹਾਰੇ ਮੈਂ।
ਕੁਰਬਾਨੀ ਸਦਕੇ ਵਾਰੇ ਮੈਂ।
ਸਿੱਖੀ ਦਾ ਰਾਹ ਸਿਖਾਂਦੇ ਹਨ,
ਸਿਦਕਾਂ ਦੇ ਰਾਹ ਚਲਾਂਦੇ ਹਨ,
ਭਉ ਭਗਤੀ ਭਾਉ ਦ੍ਰਿੜਾਂਦੇ ਹਨ,
ਭਾਣਾਂ ਤੇ ਰਜ਼ਾ ਬਤਾਂਦੇ ਹਨ,
ਸੇਵਾ ਉਪਕਾਰ ਕਰਾਂਦੇ ਹਨ.
ਸਭਨਾਂ ਵਿਚ ਰੱਬ ਦਿਖਾਂਦੇ ਹਨ।
ਕੁਰਬਾਨੀ ਸਦਕੇ ਵਾਰੇ ਮੈਂ।
ਤੇਰੀ ਸਿਖਜਾ ਤੇਂ ਬਲਿਹਾਰੇ ਮੈਂ।
ਉਹ ਤਮ ਅਗਜਾਨ ਮਿਟਾਂਦੇ ਹਨ,
ਕਟ ਛਉੜ[1] ਪ੍ਰਕਾਸ਼ ਦਿਖਾਂਦੇ ਹਨ,
ਉਹ ਵਿੱਛੁੜਿਆਂ ਗਲ ਲਾਂਦੇ ਹਨ,
ਜਨਮਾਂ ਦੇ ਪਾਪ ਕਟਾਂਦੇ ਹਨ,
ਜਨਮਾਂ ਦੇ ਰੋਡ ਗੁਵਾਂਦੇ ਹਨ,
ਜਨਮਾਂ ਦੇ ਦੁੱਖ ਮਿਟਾਂਦੇ ਹਨ,
ਵਿਚ ਸ਼ਰਣੀ ਰੱਬ ਰਖਾਂਦੇ ਹਨ,
ਚਾ ਸੁਰਤ ਸ਼ਬਦ ਲਿਵ ਲਾਂਦੇ ਹਨ,
ਕੁਰਬਾਨੀ ਸਦਕੇ ਵਾਰੇ ਮੈਂ।
ਤੇਰੀ ਕਿਰਪਾ ਤੋਂ ਬਲਿਹਾਰੇ ਮੈਂ।
ਇਕ ਵਾਰੀ ਮਾਰ ਵਿਖਾਂਦੇ ਹਨ,
ਮੋਇਆਂ ਨੂੰ ਫੇਰ ਜਿਵਾਂਦੇ ਹਨ।
ਭਹ ਮਰਨੇ ਦਾ ਹਟਵਾਂਦੇ ਹਨ,

[1]ਪੜਦਾ।

Digitized by Panjab Digital Library | www.panjabdigilib.org

ਵਿਚ ਜੀਵਨ ਪਦਵੀ ਲਜਾਂਦੇ ਹਨ।
ਵਿਚ ਬਾਣੀ ਬ੍ਰਿਤਿ ਜੁੜਾਂਦੇ ਹਨ,
ਲਿਵ ਨਾਮ ਪ੍ਰੇਮ ਦੀ ਲਾਂਦੇ ਹਨ।
ਕੁਰਬਾਨੀ ਸਦਕੇ ਵਾਰੇ ਮੈਂ
ਤੇਰੀ ਬਖਸ਼ਿਸ਼ ਤੋਂ ਬਲਿਹਾਰੇ ਮੈਂ।
ਸਭ ਸਹਿੰਸਾ ਭਰਮ ਮਿਟਾਂਦੇ ਹਨ,
ਗਲ ਉੱਘੀ ਕਰ ਦਿਖਲਾਂਦੇ ਹਨ।
ਇੱਕੋ ਦਾ ਭੇਤ ਬਤਾਂਦੇ ਹਨ,
ਜਪ ਨਾਮ ਸਦਾ ਫੁਰਮਾਂਦੇ ਹਨ।
ਵਿਹਲਾ ਨਹੀਂ ਸਾਸ ਗੁਵਾਂਦੇ ਹਨ,
ਉੱਦਮ ਨੂੰ ਮੁਹਰੇ ਲਾਂਦੇ ਹਨ।
ਕੁਰਬਾਨੀ ਸਦਕੇ ਵਾਰੇ ਮੈਂ।
ਤੇਰੇ ਬਚਨਾਂ ਤੋਂ ਬਲਿਹਾਰੇ ਮੈਂ।
ਪੰਜਾਂ ਤੋਂ ਹੁਕਮ ਕਰਾਂਦੇ ਹਨ,
ਪੰਜਾਂ ਨੂੰ ਬੰਨ੍ਹ ਵਿਖਾਂਦੇ ਹਨ।
ਸੰਗ ਪ੍ਰੇਮ ਪ੍ਰਭੂ ਪਰਖਾਂਦੇ ਹਨ,
ਫਿਰ ਪੜਦੇ ਖੋਲ੍ਹ ਵਿਖਾਂਦੇ ਹਨ।
ਗਲ ਲਾਂਦੇ ਹਨ, ਫੁਰਮਾਂਦੇ ਹਨ,
ਧੰਨਜਵਾਦ ਪਏ ਕਰਵਾਂਦੇ ਹਨ,
ਕੁਰਬਾਨੀ ਸਦਕੇ ਵਾਰ ਮੈਂ।
ਤੇਰੀਆਂ ਦਾਤਾਂ ਤੋਂ ਬਲਿਹਾਰੇ ਮੈਂ।

[੧੫–੧੧–੧੯੦੫ ਜਿਲਦ ੭ ਨੰ: ੧
ਮਘਰ ਦੀ ੭. ਨਾ: ਸ਼ਾ: ੪੩੭

—o—

ਸੋ ਸਤਿਗੁਰ ਨਾਨਕ ਦੇਵ!

ਜਿਸ ਗੁਰ ਨੇ ਰਾਹ ਦਿਖਾਯਾ ਹੈ,
ਜਿਸ ਭੁਲਿਆਂ ਰਾਹ ਲਭਾਯਾ ਹੈ,
ਜਿਸ ਉੱਜੜ ਜੀਅ ਵਸਾਯਾ ਹੈ,
ਜਿਸ ਡੁਬਦਾ ਬੰਨੇ ਲਾਯਾ ਹੈ,
ਜਿਸ ਕੌੜਜੋਂ ਸ਼ੇਰ ਬਨਾਯਾ ਹੈ,
ਜਿਸ ਰੁਲਦਜਾਂ ਨੂੰ ਗਲ ਲਾਯਾ ਹੈ,
ਸੋ ਸਤਿਗੁਰ ਨਾਨਕ ਦੇਵ ਸਹੀ।
ਕਲਿ ਚਾਨਣ ਕੀਤੀ ਆਣ ਮਹੀ[੧]।
ਜਿਸ ਹਉਮੈਂ ਰੋਗ ਗੁਵਾਯਾ ਹੈ,
ਜਿਸ ਕਰਤਾ ਪੁਰਖ ਲਖਾਯਾ ਹੈ,
ਜਿਸ ਮਨ ਦਾ ਮੋਹ ਮਿਟਾਯਾ ਹੈ,
ਜਿਸ ਜਗ ਤੋਂ ਪਾਰ ਕਰਾਯਾ ਹੈ,
ਜਿਸ ਸਤਿ ਉਪਦੇਸ਼ ਦ੍ਰਿੜਾਯਾ ਹੈ,
ਜਿਸ ਇਕੋ ਰੱਬ ਜਤਾਯਾ ਹੈ,
ਸੋ ਸਤਿਗੁਰ ਨਾਨਕ ਦੇਵ ਸਹੀ।
ਕਲਿ ਚਾਨਣ ਕੀਤੀ ਆਣ ਮਹੀ।
ਜਿਸਨੇ ਕ੍ਰਿਤ ਪਾਪ ਮਿਟਾਯਾ ਹੈ,
ਜਿਸ ਦੰਭ ਪਖੰਡ ਉਡਾਯਾ ਹੈ,
ਜਿਸ ਜਲਦਾ ਜਗਤ ਠਰਾਯਾ ਹੈ,
ਜਿਸ ਇਕ ਦਾ ਲੜ ਪਕੜਾਯਾ ਹੈ,
ਜਿਸ ਗਾਡੀ ਰਾਹ ਚਲਾਯਾ ਹੈ,
ਗੁਰਮਤ ਦੇ ਰਸਤੇ ਪਾਯਾ ਹੈ,
ਸੋ ਸਤਿਗੁਰ ਨਾਨਕ ਦੇਵ ਸਹੀ।
ਕਲਿ ਚਾਨਣ ਕੀਤੀ ਆਣ ਮਹੀ।
ਜਿਸ ਗੁਰਮੁਖ ਕਰ ਦਿਖਲਾਯਾ ਹੈ,
ਜਿਸ ਮਨਮੁਖ ਭੇਦ ਜਤਾਯਾ ਹੈ,
ਜਿਸ ਸਤਿ ਉਪਦੇਸ਼ ਸੁਣਾਯਾ ਹੈ,
ਜਿਸ ਭਰਮ ਭੇਦ ਤਜਵਾਯਾ ਹੈ,
ਜਿਸ ਪ੍ਰਿਥਵੀ ਭਾਰ ਮਿਟਾਯਾ ਹੈ,
ਜਿਸ ਨਾਮ ਇਸ਼ਨਾਨ ਸਿਖਾਯਾ ਹੈ,
ਸੋ ਸਤਿਗੁਰ ਨਾਨਕ ਦੇਵ ਸਹੀ।
ਕਲਿ ਚਾਨਣ ਕੀਤੀ ਆਣ ਮਹੀ।
ਜਿਸ ਨਿੰਦਕ ਦੁਸ਼ਟ ਉਬਾਰੇ ਹਨ,
ਜਿਸ ਡੁਬਦੇ ਪੱਥਰ ਤਾਰੇ ਹਨ,
ਜਿਸ ਬਖਸ਼ੇ ਨਾਮ ਸਹਾਰੇ ਹਨ,
ਜਿਸ ਦਯਾ ਧਰਮ ਪ੍ਰਤਿਪਾਰੇ ਹਨ,
ਜਿਸ ਸਿੱਖੀ ਸਿਦਕ ਸਹਾਰੇ ਹਨ,

[੧] ਪ੍ਰਿਥਵੀ।

Digitized by Panjab Digital Library | www.panjabdigilib.org

ਜਿਸ ਭਗਤਿ ਭਾਉ ਉਪਕਾਰੇ ਹਨ,
ਸੋ ਸਤਿਗੁਰ ਨਾਨਕ ਸੇਵ ਸਹੀ।
ਕਲਿ ਚਾਨਣ ਕੀਤੀ ਆਣ ਮਹੀ।
[ਖਾ: ਸ: ੧੫–੧੧–੦੫.

—o—

ਕਬਿਤ

ਅਰਬ ਖਰਬ ਭਾਰੇ ਸੇਵਕਨ ਦੀਨੇ ਦਾਨ,
ਜਾਨਤ ਜਹਾਨ ਸਿਖ ਮੋਹ ਮਾਯਾ ਹਾਨ ਕੇ[1]।
ਤਿਮਰ ਪਟਲ[2] ਕਰ ਦੂਰ ਦੀਪ ਗੁਰੁ ਮਤ,
ਨਾਮ ਸਤਿਸੰਗ ਰੰਗ ਦੀਨੇ ਸੁਖ ਸਾਨ ਕੇ[3]।
ਖਿਮਾ, ਦਯਾ, ਮੈਤ੍ਰੀ, ਮੁਦ, ਕਰਣੋਪਕਾਰ ਰੀਤ[4],
ਸਹਜ ਭਗਤ ਸੁਖ ਦੀਨੇ ਦਾਸ ਜਾਨ ਕੇ।
ਐਸੇ ਗੁਰ ਨਾਨਕ ਕੇ ਭਵ ਰੁਜ ਹਾਨਕ[5] ਕੇ,
ਧਜਾਵੈਂ ਨ ਚਰੰਨ ਹਰੀ ਰੂਪ ਮਨ ਮਾਨਕੇ।੧।
ਪਾਰਕਰ ਦੀਨੇ ਨਾਉ ਚਾੜ੍ਹ ਸਤਿਸੰਗਤ ਕੀ,
ਭਰ ਭਰ ਪੂਰ, ਭਰਪੂਰ ਭਰੇ ਗਜਾਨ ਸੋਂ।
ਅਗਮਸੁਰਾਪੀ[6] ਪਾਪੀ ਬ੍ਰਿਥਾ ਪਰਲਾਪੀ[7] ਜਨ,
ਕੌਡੇ ਦੇਵਲੂਤ ਜੈਸੇ ਤਾਰੇ ਸਨਮਾਨ ਸੋਂ।
ਗਨਨਾ ਗਨਨ ਕੀ ਨ ਬਾਤ ਗਨੈ ਕੌਨ ਬੈਠਿ

ਦੇਖਜੋ ਸੁਨਜੋ ਗਾਜੋ ਪਜੋ ਧਜਾਜੋ ਜਾ ਧਿਆਨ ਸੋ[8]।
ਫੇਰ ਤਿਹ ਫੇਰਾ ਨਾਹ ਭਉਜਲ ਕੋ ਹੇਰਾ ਕਬ[9],
ਤੇਰਾ ਉਪਦੇਸ਼ ਧਰਜੋ ਨਾਮ ਗੁਨ ਖਾਨ ਸੋ।੨।
ਕਾਲੂ ਪਿਤਵਾਰੇ[10] ਮਾਤ ਤ੍ਰਿਪਤਾ ਦੁਲਾਰੇ ਨਾਥ,
ਦੇਨਵਾਰੇ ਨਾਮ ਕੇ ਬੁਲਾਇ ਰਾਇ ਦੇਸ ਕੇ।
ਪਾਂਧੇ ਪੱਟੀ ਪਾਰੇ ਮੁੱਲਾਂ ਸਬਕ ਸਿਖਾਰੇ ਭਾਰ,
ਕਾਲ ਭਯ ਸਾਰੇ ਦੈ ਉਧਾਰੇ ਨਾਮ ਬੇਸ ਕੇ।
ਖੇਤ ਦਰਵਾਰੇ ਭੈਂਸ ਹਰਜੋ ਕੋ ਦਿਖਾਰੇ ਜਗ,
ਸੋਏ ਫਨ ਛਾਇ ਵਾਰੇ ਅਗਮ ਅਸੇਸ ਕੋ।
ਖਰੇ ਸੋਦੇ ਵਾਰੇ ਸ੍ਵਾਮੀ ਅਗਮ ਅਪਾਰੇ ਪ੍ਰਭੁ,
ਤੇਰੇ ਬਲਿਹਾਰੇ ਵਾਰੇ ਵਾਰੇ ਹਉ ਹਮੇਸ਼ ਕੋ।੩।
ਮੋਦੀਖਾਨੇ ਵਾਰੇ ਸਖਾ ਬਾਲ ਸੰਗ ਵਾਰੇ ਨਾਥ,
ਪਜਾਰੇ ਬਹਿਨ ਨਾਨਕੀ ਕੇ ਪ੍ਰੇਮੀਪ੍ਰਭੁ ਨਾਮ ਕੇ।
ਲੋਦੀ ਕੇ ਗੁਜਾਰੇ ਹੋਤ ਦਾਨੀ ਰਸਦ ਪਾਨੀਵਾਰੇ,
ਜਾਚਕਨ ਕਲਪਤਰੂ ਦਾਤਾ ਧਨ ਧਾਮ ਕੇ।
ਮਨਸੁਖ ਕੇ ਸੁਖਵਾਰੇ ਗੰਗਾ ਸੇ ਭਗੀਰਥ ਕੋ,
ਭਾਰੇ ਹੈਂ ਉਦਾਰੇ ਮਰਦਾਨਾ ਅਭਿਰਾਮ ਕੋ।
ਵੇਈਂ ਕੇ ਨਿਵਾਸਵਾਰੇ ਲੋਦੀਐ ਨਿਰਾਸ ਵਾਰੇ,
ਅਭੈਦਾਨ ਦੈਨ ਵਾਰੇ ਜੀਜਾ ਜੈਰਾਮ ਕੇ।੪।
[ਖਾ:ਸ: ੧੫–੧੧–੧੯੦੫.

—o—

---

[1]ਸਿਖਾਂ ਦੀ ਮੋਹ ਮਾਯਾ ਦੂਰ ਕਰਕੇ। [2]ਅੰਧੇਰੇ ਦੇ ਪੜਦੇ। [3]ਸੁਖਾਂ ਦੇ ਨਾਲ। [4]ਉਪਕਾਰ ਕਰਨੇ ਦੀ ਰੀਤੀ। (ਅ) ਕਰੁਨਾ = ਕ੍ਰਿਪਾ ਤੇ ਉਪਕਾਰ ਦੀ ਰੀਤੀ। [5]ਜਨਮ ਦੇ ਰੋਗ ਨਾਸ਼ ਕਰਨ ਹਾਰ ਦੇ। [6]ਸ਼ਰਾਬ ਪੀਣ ਵਾਲੇ। [7]ਬਿਰਥਾ ਵਿਰਲਾਪ ਕਰਨ ਵਾਲੇ। [8]ਜਿਸ ਨੇ ਦੇਖਿਆ, ਸੁਣਿਆ, ਗਾਇਆ, ਧਿਆਇਆ ਯਾ ਧਿਆਨ ਵਿਚ (ਗੁਰੂ ਨਾਨਕ ਨੂੰ) ਪਾਇਆ (ਵਸਾਇਆ)। [9]ਇਨਾਂ ਤੁਕਾਂ ਵਿਚ ਗੁਰਬਾਣੀ ਵਾਲਾ ਓਹੋ ਭਾਵ ਹੈ–ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ [10]ਕਾਲੂ ਪਿਤਾ ਜਿਸਤੋਂ (ਪਿਆਰ ਨਾਲ) ਬਲਿਹਾਰਨੇ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੨੨.

ਫੁਟਕਲ ਅਪ੍ਰਕਾਸ਼ਿਤ ਰਚਨਾ

ਸੂਚਨਾ—ਇਸ ਭਾਗ ਵਿਚ ਆਏ ਛੰਦ ਸ੍ਰੀ ਮਾਨ ਡਾਕਟਰ ਸਾਹਿਬ ਜੀ ਦੇ ਸ੍ਵੈ ਲਿੱਖਤ ਛੋਟੇ ਛੋਟੇ ਪੁਰਜ਼ਿਆਂ ਤੋਂ ਇਕੱਤ੍ਰ ਕੀਤੇ ਗਏ ਹਨ । ਇਨ੍ਹਾਂ ਦੀ ਰਚਨਾ ਦਾ ਸੰਮਤ ਇਸ ਲਈ ਅਟਕਲਨਾ ਕਠਨ ਹੈ। ਇਹ ਸਾਰੇ ਛੰਦ ਕਿਸੇ ਇਕ ਭਾਵ ਵਿਚ ਨਹੀਂ ਹਨ, ਪਰ ਅੱਡ ਅੱਡ ਵਿਸ਼ਿਆਂ ਪਰ ਵਿਕੋਲਿਤ੍ਰੇ ਖ਼ਯਾਲ ਹਨ ਜੋ ਅਡ ਅਡ ਸਿਰਲੇਖ ਦੇਕੇ ਸਪਸ਼ਟ ਕੀਤੇ ਗਏ ਹਨ । [ਸੰਪਾਦਿਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਫੁਟਕਲ ਅਪ੍ਰਕਾਸ਼ਿਤ ਰਚਨਾ

੧. ਅਰਦਾਸ।

ਅਸਰਣ ਸਰਣ[੧], ਅਨਾਥ ਨਾਥ ਪ੍ਰਭੁ!
ਦੀਨ ਬੰਧੁ, ਦੁਖ ਹਾਰ[੨]!
ਕਾਰਣ ਕਰਣ ਅਬਯਕੁ[੩] ਅਚਿੰਤੁ
ਅਲਖ ਅਗੰਮ ਅਪਾਰ!
ਅੰਤਰਯਾਮੀ ਫਿਰ ਅਘ ਨਾਸ਼ਨ
ਸਰਬ ਗਯਾਤ ਫਿਰ ਖਿਮਾ ਅਗਾਰ।
ਤਾਰਣ ਤਰਣ ਸ਼ਰਣ ਚਰਣਨ ਕੀ
ਹੇ ਕਰੁਣਾਰਣਵ[੪] ਦੀਨਦਯਾਰ! ੧।
ਮੈਂ ਮਤਿਮੰਦ ਬਿਲੰਦ ਗੁਨਾਹੀ
ਹੇ ਸੁਖਕੰਦ ਅਨੰਦ ਦਤਾਰ!
ਬਖਸ਼ੋ, ਬਖਸ਼ੋ, ਬਖਸ਼ੋ ਸ੍ਵਾਮੀ
ਹੇ ਬਖਸ਼ਿੰਦ ਮੁਕੰਦ ਮੁਰਾਰ!
ਕਿਉਂ ਨ ਉਬਾਰਹੁ ਸੁਖ ਦਾਤਾਰਹੁ
ਕਿਰਪਾ ਧਾਰਹੁ ਦੇਖ ਹਵਾਲ।
ਤੁਮ ਸੁਖ ਪੂਰਤ ਮੈਂ ਜਗ ਧੂਰਤ[੫]
ਪੂਰਤ ਪਾਪਨ ਭਜੋ ਬਿਹਾਲ। ੨।
ਤੁਮ ਅਨੰਤ ਮੈਂ ਅੰਤਕ[੬] ਕੋ ਬਲਿ
ਤੁਮ ਸੁਜਾਨ ਮੈਂ ਮੂਢ ਕੁਚਾਲ।
ਤੁਮ ਸਰਬਗ ਅਲਪੱਗ ਅਹੋਂ ਮੈਂ
ਤੁਮ ਦਾਤਾ ਮੈਂ ਭਿੱਖੂ ਬਾਲ।
ਤੁਮ ਅਨੰਨ ਮੈਂ ਅੰਨ ਕੀਟ ਜੜ
ਤੁਮਦਿਵ[੧] ਮੈਂ ਤਮ ਅਤਿਬਿਕਰਾਰ[੨]
ਤ੍ਰਾਹਿ ਤ੍ਰਾਹਿ ਮਾਂ ਤ੍ਰਾਹਿ ਕ੍ਰਿਪਾਨਿਧ!
ਹੇ ਕਾਰਣ ਕਰਤਾ ਕਰਤਾਰ! ੩।
ਰਾਖ ਰਾਖ ਰਖ ਚਰਣ ਸ਼ਰਣ ਨਿਜ
ਰੱਖਕ ਮਾਤਾ ਉਦਰ ਮਝਾਰ।
ਬਿਰਦ ਸਮਾਰਹੁ ਸੁਖ ਦਾਤਾਰਹੁ
ਪ੍ਰਤਿਪਾਰਹੁ ਹੇ ਸਭ ਜਗ ਪਾਲ!
ਨਹਿ ਕੋਊ ਓਟ ਭ੍ਰਮਜੋ ਜਗ ਸਾਰੇ
ਗਿਰਜੋ ਆਨ ਦ੍ਵਾਰੇ ਪੈ ਨਿਢਾਲ।
ਸਰਣ ਪਾਲ ਸਭ ਨਾਮ ਕਹੈ ਜਗ
ਰਾਖ ਸ਼ਰਨ ਮੋਕੋ ਅਬ ਪਾਲ। ੪।
ਥਕਜੋ ਪਚਜੋ ਅਬ ਔਰ ਨ ਦੀਸਤ
ਤੁਹੀਂ ਤੁਹੀਂ ਦੀਸਤ ਦਰਹਾਲ[੨]।
ਰਾਖ ਰਾਖ ਅਬ ਲਾਜ ਬਿਰਦ ਕੀ
ਦੀਨਾ ਨਾਥ ਅਹੋ ਬ੍ਰਿਦ ਪਾਲ।
ਸ਼ਰਣ ਸ਼ਰਣ ਮੈਂ ਅਸਰਣ ਸਰਣਾ,
ਪਰਣਾ[੪] ਚਰਣਨ ਲੀਨ ਬਿਚਾਰ।
ਕਰਿ ਕਰੁਣਾ ਹੇ ਪਤਿਤ ਉਧਰਣਾ!
ਦਾਸ ਉਬਰਣਾ ਕਰਹੁ ਉਦਾਰ। ੫।

--o--

੨. ਜਾਂ ਦੇਖਾਂ ਤਾਂ ਇਹ ਮਨ ਰਾਜਾ।

ਜਾਂ ਦੇਖਾਂ ਤਾਂ ਇਹ ਮਨ ਰਾਜਾ
ਸਤਿਗੁਰ ਅੰਕਸ ਮਾਰ ਨਿਵਾਜਾ।
ਇਸ ਫੁਰਨੇ ਦਾ ਨਿਤ ਦੁਖ ਤਾਜਾ,

---

[੧]ਜਿਨ੍ਹਾਂ ਨੂੰ ਕਿਸੇ ਦੀ ਸ਼ਰਣ ਨਾਂ ਹੋਵੇ ਉਨ੍ਹਾਂ ਨੂੰ ਸ਼ਰਣ ਦੇਣ ਵਾਲੇ! [੨]ਦੁਖਾਂ ਦੇ ਨਾਸ਼ ਕਰਨ ਵਾਲੇ! [੩]ਨਿਰਾਕਾਰ। [੪]ਮਿਹਰ ਦੇ ਸਮੁੰਦਰ। [੫]ਮੂਰਖ। [੬]ਜਮ, ਧਰਮਰਾਜ।

[੧]ਪ੍ਰਕਾਸ਼ਮਾਨ। [੨]ਮੈਂ ਅਤਿ ਭਜਾਨਕ ਅੰਧੇਰਾ ਰੂਪ ਹਾਂ। [੩]ਵਿਸ਼ਾ ਵਸ਼ੇ। [੪]ਆਸਰਾ।

Digitized by Panjab Digital Library | www.panjabdigilib.org

ਮੰਨੇ ਨਾਹੀ ਧੱਰਮ ਨ ਲਾਜਾ।
ਬਲਿਹਾਰੀ ਜਿਸ ਨੇ ਇਹ ਸਾਜਾ।
ਜਾਂ ਦੇਖਾਂ ਤਾਂ ਇਹ ਮਨ ਰਾਜਾ।
ਕੀਕਰ ਇਸਦਾ ਮੋਹ ਮਿਟਾਵਾਂ
ਸਤਿਗੁਰ ਮਿਲੇ ਤਾਂ ਚਰਨੀ ਪਾਵਾਂ।
ਭਜਨ ਕਰਨ ਦੀ ਕਾਰੇ ਲਾਵਾਂ,
ਆਸਾ ਤ੍ਰਿਸ਼ਨਾ ਦੂਰ ਹਟਾਵਾਂ।
ਤਾਂ ਹੋਵੇ ਇਹ ਸਭ ਸਿਰਤਾਜਾ।
ਜਾਂ ਦੇਖਾਂ ਤਾਂ ਇਹ ਮਨ ਰਾਜਾ।
ਸੰਸਾ ਵਿਚੋਂ ਕੀਕਰ ਜਾਵੇ,
ਸਤਿਗੁਰ ਮਿਲੇ ਤਾਂ ਭਜਨ ਸਿਖਾਵੇ।
ਰੁੜ੍ਹਿਆ ਜਾਂਦਾ ਬੰਨੇ ਲਾਵੇ,
ਝੂਠਾ ਜਗ ਤਬ ਦ੍ਰਿਸ਼ਟੀ ਆਵੇ।
ਤਾਂ ਜਾਣਾਂ ਇਹ ਸਤਿਗੁਰ ਸਾਜਾ;
ਜਾਂ ਦੇਖਾਂ ਤਾਂ ਇਹ ਮਨ ਰਾਜਾ।
ਮਨ ਝੁਕਦਾ ਮਾਇਆ ਵਲ ਸਾਈਂ!
ਮਮਤਾ ਮੋਹਣੀ ਦੂਤਾ ਲਾਈ,
ਖਿਨ ਪਲ ਟਿਕੇ ਨ ਨਿਜ ਘਰ ਮਾਹੀਂ,
ਉਚ ਨੀਚ ਥਲ ਆਵੇ ਜਾਹੀ
ਹੁਇ ਅਡੋਲ ਥਿਰ ਬਜੇ ਨ ਬਾਜਾ।
ਜਾਂ ਦੇਖਾ ਤਾਂ ਇਹ ਮਨ ਰਾਜਾ।
ਬਾਲਕ ਵਾਂਗੂੰ ਕਰੇ ਰਿਹਾੜਾਂ
ਰਖੇ ਪੁਆੜਾ ਸਗਲ ਦਿਹਾੜਾ,
ਇਕ ਨਾ ਮੰਨਦਾ ਆੜਾ ਬਾੜਾ
ਨਗਰੀ ਕਾਚੀ ਬਾਲਕ ਮਾੜਾ।
ਦੁਸ਼ਟਾਂ ਨਾਲ ਸਦਾ ਰੰਗ ਛਾਜਾ।
ਜਾਂ ਦੇਖਾਂ ਤਾਂ ਇਹ ਮਨ ਰਾਜਾ।

—o—

੩. ਕਹਿਨਾ।

ਕਹਨਾ ਉਨ ਪੈ ਜੁ ਕਰੈ ਕਹਨਾ
ਨਾ ਕਰੈ ਕਹਨਾ ਤੈ ਕਿਆ ਕਹਿਨਾ।
ਰਹਨਾ ਉਨ ਪੈ ਜੋ ਲਖੈਂ ਗੁਨ ਕੌ
ਨ ਲਖੈਂ ਗੁਨ ਕੋ ਤੌ ਕਿਆ ਰਹਨਾ।
ਬਹਨਾ ਉਨ ਪੈ ਜੁ ਕਰੈ ਹਿਤ ਕੌ
ਨ ਕਰੈ ਹਿਤ ਕੋ ਤੌ ਕਿਆ ਬਹਨਾ।
ਲਹਨਾ ਉਨ ਪੈ ਜੁ ਧਰੈ ਗਹਨਾ
ਨ ਧਰੈ ਗਹਨਾ ਤੌ ਕਿਆ ਲਹਨਾ।

—o—

੪. ਪਸਚਾਤਾਪ।

ਬੀਜ ਬੀਜ ਦਾਣਿਆਂ ਨੂੰ ਜਾਣਿਆਂ ਮੈਂ ਖਾਣੇ ਜਾਇ, ਦਾਣਿਆਂ ਨੂੰ ਮੰਨ ਸਿਰ ਪ੍ਰਾਣਿਆਂ ਅਧੀਨ ਨਾਂ। ਤਾਣਿਆਂ ਨ ਤੰਬੂ ਕੋਈ ਮਾਣਿਆ ਨ ਰਾਜ ਕੋਈ, ਦਿਲ ਨਾ ਪਛਾਣਿਆਂ ਇਵਾਣਿਆਂ ਪ੍ਰਬੀਨ ਨਾਂ। ਬਾਣਿਆਂ ਬਿਬਾਣਿਆਂ ਮਸਾਣਿਆਂ ਨੂੰ ਮੰਨ ਮੰਨ ਬੀਜ ਭੁੰਨੇ ਧਾਣਿਆਂ ਨੂੰ ਹੋਰ ਕੁਝ ਕੀਨ ਨਾਂ। ਚਰਣ ਮੂਰਿੰਦ ਕੀਤਾ ਕਾਣਿਆਂ ਨਿਮਾਣਿਆਂ ਨੇ, ਰਾਣਿਆਂ ਅਧੀਨ ਔਧ, ਚਿਦਾਨੰਦ ਲੀਨ ਨਾਂ।

—o—

੫. ਹੋਨਹਾਰ।

ਬੇਬਸ ਨਰ ਸੁਭ ਕਰਮ ਚਹਤ ਨਿਤ,
ਪਰ ਕੁਛ ਔਰਹ ਹੋਵਤ।
ਰਹਤ ਨ ਨਿਜ ਬਸ ਹੋਨਹਾਰ ਬਸ
ਪਗ ਪਗ ਡਗ ਮਗ ਜੋਵਤ।
ਰਹਤ ਅਚੇਤ ਕਰਮ ਹੋਵਨ ਮੈ,
ਫਲ ਭੋਗਤ ਭੈ ਬਜਾਪੈ।
ਕਰਨ ਕਰਾਵਨਹਾਰ ਨਯੰਤਾ[1]
ਤੈ ਕਿਉਂ ਜੀਵ ਸੰਤਾਪੈ।

—o—

[1]ਪੂਰਕ, ਵਾਹਿਗੁਰੂ।

Digitized by Panjab Digital Library | www.panjabdigilib.org

੬. ਅਚੇਤ ਪਾਪ।

'ਨਰ ਅਚੇਤ ਪਾਪ ਤੇ ਡਰੁ ਰੇ'।
ਜੌ ਹੋਵੈ[1] ਤੌ ਸ਼ਰਨ ਸੁਆਮੀ
ਤ੍ਰਾਹ ਤ੍ਰਾਹ ਕਰ ਪਰ ਰੇ।
ਜੌ ਇਸ ਬਸ ਤੇ ਭੀ ਏਬਸ ਹੈ
ਨਿਜ ਦਮ ਘੁਟ ਕਰ ਮਰ ਰੇ।
ਪਾਪ ਕਰੇ ਦੁਨੀਆਂ ਦੁਖ ਭੋਗੇ
ਤਜਾਗੇ ਸੁਖ ਸੁਰ ਪੁਰ ਰੇ।

—o—

੭. ਜਗਤ ਚਾਲ।

ਸੁੱਧ[2] ਹੋ ਸ੍ਵਭਾਵ ਜਾਂਹਿ,ਮੂੜ ਤਾਂਹਿ ਭਾਖਤਹੈਂ,
ਮ੍ਰਿਦੁ[3] ਜੋਊ ਕਹੈ,ਤਾਂਹਿ ਦੀਨ ਦੋਸ਼ ਦੇਤ ਹੈਂ।
ਸ਼ੂਰ ਕੋ ਭਨੈਂਨਿਦੇਈ,ਕੋਵਿਦ[4] ਕੋ ਬਾਕਚਾਲ[5]
ਸੰਤ ਕੋ ਪਖੰਡ ਦੰਭ ਕਰੈ ਨਾਰਿ ਹੇਤ ਹੈ।
ਕਹੈ ਸੰਤ ਸੇਵ, ਤਾਂਹਿ ਸਿਰਪਰੀ ਜਰੀ ਕਹੈਂ[6]
ਬ੍ਰਿੱਧਨ ਕੀ ਮਾਨਤਾ ਅਜਾਨਪਨ[7] ਚੇਤ ਹੈ।
ਸਾਰੰਗ ਚਰਨ ਗੁਣ ਨਾਹਿ ਜਗ ਕੋਇ ਦੇਖੋ
ਦੁਖਨ ਅਭਾਵ ਜਾਹਿ ਦੂਜਨ ਨਿਕੇਤ ਹੈ[8]।੭।

ਕਹੂੰ ਰੰਗ ਰਾਗ, ਕਹੂੰ ਪੀਟਤ ਸੁਹਾਗ ਖਰੀ[9]
ਕਹੂੰ ਹੈ ਦੁਗੰਧ[10],ਕਹੂੰ ਸੌਰਭ[11] ਮਹਾਨ ਹੈ।
ਕਹੂੰ ਹੈ ਮਲੀਨ ਖੀਨ ਦੀਨ ਅੰਗ ਹੀਨ ਕਹੂੰ
ਪੀਨ ਪੀਨ ਕੁਚੀ ਸੰਗ ਖੇਲਤ ਜੁਵਾਨ ਹੈਂ।
ਕਤਹੂੰ ਬਿਯੋਗ ਹੋਤ, ਕਤਹੂੰ ਸੰਯੋਗ ਸ਼ੁਭ
ਕਹੂੰ ਨਰ ਰਾਰ ਕਰੈਂ, ਕਹੂੰ ਹੋਤ ਗਜਾਨ ਹੈ।
ਸਾਰੰਗ ਚਰੰਨ ਏ ਰਚੰਨ ਬਿਧਿ ਮਾਯਕ ਕੀ
ਗੁਨ ਦੋਖ ਸੰਯੁਤ ਨ ਪਾਯਤ ਨਿਦਾਨ ਹੈ[1]।੨।

ਦੋਹਰਾ—ਬਿਦਯਾ, ਸੁਖਮਾ, ਗਜਾਨ, ਬੁਧਿ
ਧਰਮ, ਕਰਮ, ਬਲ ਸੁੱਛ।
ਕਤਹੁੰ ਬਿਪਰਜੈ ਦੇਖੀਏ
ਨਿਜ ਆਂਖਨ ਸੇ ਪ੍ਰਤੱਛ[2]। ੩।

—o—

੮. ਪਤਿਬ੍ਰਤ ਧਰਮ।

ਪਦ ਚਾਂਪ ਪੈਢਾਇ ਪੀਆ ਗੁਣ ਖਾਨ
ਸੁਜਾਨ ਤੀਆ ਰਸ ਪ੍ਰੇਮ ਮਗੀ।
ਸੁਪਨੰਤਰ ਪੀਯ ਬੜਾਇ ਕਹਜੋ
'ਦਿਹੋ ਸੀਤਲ ਬਾਰ[3] ਪਿਆਸ ਲਗੀ'।
ਸੋ ਤੁਰਨ ਪੂਰਨ ਪਾਤ੍ਰ[4] ਲੀਏ ਕਰ
ਠਾਢ ਭਈ ਨਿਸ ਨਾਹ ਡਗੀ[5]।
ਭੁਨਸਾਰ[6] ਭਏ ਪਿਖ ਪ੍ਰੀਤ ਕਹਜੋ
ਭਈ ਨਾਰ ਸ਼ਿਰੋਮਣ ਪ੍ਰੇਮ ਪਗੀ।੧।

[ਸੀਤਾ]

ਦਸਰਾਥ[7] ਕਹਜੋ ਪੁਨ ਸਾਸ[8] ਕਹਜੋ
ਗੁਰਤੀਯ[9] ਕਹਜੋ ਨਹਿੰ ਨੈਕ ਡਗੀ[10]।

---

[1]ਭਾਵ ਜੇ ਪਾਪ ਹੋ ਜਾਵੇ ਤਾਂ। [2]ਸਿੱਧਾ। [3]ਕੋਮਲ। [4]ਕਵੀ, ਪੰਡਤ। [5]ਬਹੁਤਾ ਬਕਵਾਸੀ। [6]ਜਹੜਾ ਸੰਤ ਸੇਵਾ ਕਰਦਾ ਹੈ (ਉਸ ਨੂੰ ਲੋਕ) ਕਹਿੰਦੇ ਹਨ ਕਿ ਸਿਰ ਪਈ ਨਿਬਾਹੁੰਦਾ ਹੈ। [7]ਮੂਰਖਪੁਣਾ। [8]ਐਸਾ ਕੋਈ ਗੁਣ ਨਹੀਂ ਜਿਸ ਲਈ ਖੋਟਿਆਂ ਦੇ ਘਰ ਵਿਚ ਕੋਈ ਦਖਣ ਨਹੀਂ (ਭਾਵ ਓਹ ਹਰ ਗੁਣ ਨੂੰ ਦੂਖਣ ਕਹਿੰਦੇ ਹਨ)। [9]ਕਿਤੇ ਖੜੀਆਂ ਸੁਹਾਗ ਨੂੰ ਪਿੱਟ ਰਹੀਆਂ ਹਨ ਭਾਵ ਪਤੀ ਗੁਜ਼ਰ ਜਾਨ ਤੇ ਪਿੱਟ ਰਹੀਆਂ ਹਨ। [10]ਬਦਬੂ। [11]ਸੁਗੰਧੀਆਂ।

[1]ਬਿਧਾਤਾ ਨੇ ਇਹ ਮਾਯਕ ਰਚਨਾ ਗੁਣ ਦੋਖ ਵਾਲੀ ਜੋ ਰਚੀ ਹੈ ਇਸਦਾ ਅੰਤ ਨਹੀਂ ਪੈਂਦਾ। [2]ਕਿਤੇ ਤਾਂ ਵਿਦਯਾ, ਸ਼ਾਂਤੀ,ਗਜਾਨ,ਬੁੱਧੀ ਧਰਮ ਕਰਮ ਤੇ ਸੁੱਛ ਬਲ ਹੈ ਤੇ ਕਿਤੇ ਪ੍ਰਤੱਖ ਅੱਖੀਂ ਦੇਖੀਦਾ ਹੈ(ਕਿ ਬਿਲਕੁਲ ਇਸਦੇ) ਉਲਟ ਹੈ। [3]ਜਲ। [4]ਭਰਿਆ (ਜਲ ਦਾ) ਕਟੋਰਾ। [5]ਰਾਤ ਭਰ ਡੋਲੀ ਨਾ (ਖੜੀ ਰਹੀ)। [6]ਸਵੇਰੇ। [7]ਰਾਜਾ ਦਸਰਥ ਸ੍ਰੀ ਰਾਮ ਚੰਦ੍ਰ ਦਾ ਪਿਤਾ। [8]ਭਾਵ ਸੁਸ਼ਲਜਾ। [9]ਸਹੁਰੇ ਘਰ ਦੀਆਂ ਹੋਰ ਬਜ਼ੁਰਗ ਇਸਤ੍ਰੀਆਂ ਨੂੰ। [10]ਜ਼ਰਾ ਬੀ ਨਾ ਡੋਲੀ।

Digitized by Panjab Digital Library | www.panjabdigilib.org

ਪਤਿ ਹੂੰ ਸਮਝਾਇ ਬੁਝਾਇ ਰਹਜੋ
ਜਨਕਾਤਮਜਾ[1] ਪਤਿ ਪ੍ਰੇਮ ਮਗੀ।
ਬਨ ਦੁੱਖ ਸੁਨੇ, ਗ੍ਰਿਹ ਸੁੱਖ ਗਨੇ,
ਨ ਮਨੇ ਮਨ ਮੈਂ ਠਗ ਮੂਰ ਠਗੀ[2]।
ਪਦ ਪ੍ਰੀਤ ਪ੍ਰਤੀਤ ਸੁਰੀਤ ਠਗੀ[3]
ਨ ਅੰਤ ਕੁਰੀਤ ਕੀ ਰੀਤ ਪਗੀ[4]।
ਜਗ ਬੰਚਕ ਪ੍ਰੀਤ ਬਿਹਾਇ ਗਈ[5]
ਨ ਠਗੀ ਜਗ ਕੀ ਜੜ ਕੂੜ ਠਗੀ।
ਜਗੀ ਬ੍ਰਿਤ ਵਿਸ਼ੇਯਨੀ ਬ੍ਰਹਮ ਹੀ ਕੀ
ਲਿਵਲੀਨ ਭਈ ਰਸ ਪ੍ਰੇਮ ਮਗੀ।
ਸਤਿ ਆਨੰਦ ਚਿੱਤ ਚਿਤੈ ਨਿਤ ਹੀ
ਜਿਤ ਹੀ ਤਿਤ ਹੀ ਬਰ ਮੌਜ ਲਗੀ।
ਪਦ ਸਾਰੰਗ ਸ਼ਾਂਤ ਮਈ ਸੁਖਦਾ
ਨ ਡੁਲੀ ਨ ਚਲੀ ਥਿਤ ਮੋਦ ਪਗੀ।

—o—

੧੦. ਕਲਮ ਦਾ ਉਪਦੇਸ਼।

ਕਹਿਤ ਕਹਿਤ ਹਾਰੇ ਤੋਹਿ ਗੁਰ ਲੋਰ,[6]
ਸਭ, ਮਾਨੈ ਜੌ ਨ ਸਿੱਖ[7] ਅੰਤ ਸੋਚੇਗੋ ਸਿਆਨ ਮੈਂ। ਬਾਲ ਤੇ ਯੌਬਨ, ਬ੍ਰਿੱਧ ਭਯੇ ਪਤਿਆਵੇ ਨਹਿੰ[8], ਸੋਧ ਦੇਖ ਆਗਮ ਨਿਗਮ[9] ਔ ਪੁਰਾਨ ਮੈਂ। ਤਜਾਗ ਨਿਜ ਬਾਨ ਜਾ ਮੈਂ ਹਾਨ ਨਿਤ ਸ੍ਵਾਸਨ ਕੀ, ਛੋਡ ਦੈ ਕੁਪੰਥ,

---

[1]ਰਾਜਾ ਜਨਕ ਦੀ ਧੀ ਭਾਵ ਸੀਤਾ। [2]ਘਰ ਦੇ ਸੁਖਾਂ ਦੀ'ਠਗ ਮੂਰੀ'ਨਾਲ ਠੱਗੀ ਨਾ ਗਈ। [3]ਰਾਮ ਜੀ ਦੇ ਚਰਨਾਂ ਦੀ ਪ੍ਰੀਤ ਦੇ ਭਰੋਸੇ ਦੀ ਸੁਹਣੀ ਪ੍ਰੀਤ ਰੀਤ ਵਿਚ ਠਗੀਗਈ, ਭਾਵ ਉਸਨੇਬਨਬਾਸ ਹੀ ਸ੍ਵੀਕਾਰ ਕੀਤਾ। [4]ਭਾਵ ਘਰ ਰਹਿਣਾ ਨਾ ਮੰਨਿਆ। [5]ਜਗਤ ਦੀ ਛਲਣ ਵਾਲੀ ਪ੍ਰੀਤ ਬੀਤ ਗਈ। [6]ਬਜ਼ੁਰਗ ਲੋਕ। [7]ਸਿਖਜਾ। [8]ਤੂੰ ਯਕੀਨ ਨਹੀਂ ਕਰਦਾ, (ਇਸ ਗਲ ਤੇ ਕਿ ਉਮਰਾ ਬੀਤ ਰਹੀ ਹੈ)। [9]ਵੇਦ ਤੇ ਸ਼ਾਸਤ੍ਰ।

ਰੀਬ ਦੇਖ ਲੈ ਨਿਦਾਨ ਮੈਂ[1]। ਲੇਖਨ ਸਾਮੈ ਮੈਂ ਸੋਚ ਰੋਚਕ ਨ ਯਾਮੈ ਕਛੁ, ਹੈ ਹੈ ਮੁਖ ਮੇਰੋ ਸੋ ਕਲਮ ਕਹੈ ਕਾਨ ਮੈਂ[2]। ੧।

ਲੇਤ ਕਰ ਕਾਨੀ, ਪਤ੍ਰ[3] ਮਸੁ ਸੋ ਲਿਖਨ ਚਹੈ, ਕਾਨ ਲਾਗ ਕਾਨੀ ਕਹੈ 'ਲਿਖੋ ਕਾ ਸਜਾਨ ਮੈਂ[4] ?' ਲੇਖਕ ਕਹਤ 'ਮਨ ਆਵੈ ਲਿਖ ਦੇਉਂ ਝਟ', ਕਾਨੀ ਕਹੈ 'ਸੋਚ ਕਰ ਬਾਤ ਬਤੀਆਨ ਮੈਂ'[5]। [6]'ਮੇਰੇ ਤੂੰ ਅਧੀਨ ਯਾਮੈ ਕੌਨ ਥੋ ਪ੍ਰਬੀਨਤਾਈ', ਕਾਨੀ ਕਹੈ 'ਅੱਗ ਤੱਗ ਦੇਖੀਏ ਲਿਖਾਨ ਮੈਂ[7]'। 'ਬਿਨਾ ਭਗਤਿ ਭਗਤ ਭਗਵੰਤ ਗੁਰ ਜਸ ਲਿਖਜੋ[8], ਹੈ ਹੈ ਮੁਖ ਮੇਰੋ ਸੋ ਕਲਮ ਕਹੈ ਕਾਨ ਮੈਂ'। ੨।

'ਪੇਟ ਹੇਤ ਮਾਇਕੀ ਮਨੁੱਖਨ ਕੇ ਦ੍ਵਾਰੇ ਜਾਇ ਬਾਤਨ ਬਨਾਇ ਗੁਨ ਗਾਏ ਸਨਮਾਨ ਮੈਂ[9]। 'ਕੈਧੌਂ ਨਟੀ ਨਾਗਰੀ ਉਜਾਗਰੀ ਸਰੂਪ ਵਾਰੀ

---

[1](ਕਲਮ ਕਹਿੰਦੀ ਹੈ) ਗ੍ਰੰਥ (ਪੜ੍ਹ ਕੇ) ਦੇਖ ਲੈ ਨਹੀਂ ਤਾਂ ਮੇਰਾ ਅੰਤ ਦੇਖ ਲੈ ਕਿ ਮੂੰਹ ਕਾਲਾ ਹੋ ਰਿਹਾ ਹੈ। [2]ਲਿਖਣ ਵੇਲੇ (ਹੇ ਲਿਖਾਰੀ) ਸੋਚ (ਕੇ ਸੱਚ ਲਿਖ ਇਸ ਵਿਚ ਮੈਂ ਤੈਨੂੰ) ਕੋਈ ਰੋਚਕ (ਭਜਾਨਕ) ਕੁਛ ਨਹੀਂ (ਦੱਸ ਰਹੀ) (ਝੂਠ ਲਿਖੇ ਤੇ ਤੇਰਾ ਮੂੰਹ) ਮੇਰੇ ਵਰਗਾ (ਕਾਲਾ) ਹੋਵੇਗਾ, (ਇਹ ਗਲ) ਕਲਮ (ਲਿਖਾਰੀ ਦੇ) ਕੰਨ ਵਿਚ ਕਹਿੰਦੀ ਹੈ। [3]ਚਿਠੀ। [4]ਮੇਰੇ ਸਿਆਣਿਆਂ ਕੀ ਲਿਖੇਂਗਾ ? [5]ਗੱਲ ਗੱਲ ਵਿਚ ਸੋਚ ਕਰ। [6]ਲਿਖਾਰੀ ਕਲਮ ਨੂੰ ਕਹਿੰਦਾ ਹੈ। [7]ਲਿਖਤ ਵਿਚੋਂ ਹੀ ਮੂਰਖ ਤੇ ਚਤੁਰ ਵੇਖਿਆ ਜਾਂਦਾ ਹੈ। [ਅੱਗ=ਅਗਜਾਨੀ, ਮੂਰਖ। ਤੱਗ=ਗਜਾਨੀ,ਚਤੁਰ ਪੰਡਤ]। [8]ਭਗਵੰਤ, ਗੁਰੂ, ਭਗਤ ਤੇ ਭਗਤੀ ਦੇ ਜਸ ਤੋਂ ਬਿਨਾ ਹੋਰ ਕੁਛ (ਅਰਲ ਬਰਲ) ਲਿਖਿਆਂ ਮੇਰੇ ਵਾਂਙ ਤੇਰਾ ਮੂੰਹ ਹੋਵੇਗਾ। [9]ਅਪਣੇ ਪੇਟ ਦੀ ਖਾਤਰ ਮਾਇਆ ਧਾਰੀ ਮਨੁਖਾਂ ਦੇ ਦੁਆਰੇ ਜਾ ਕੇ ਗਲਾਂ ਬਣਾ ਬਣਾ ਕੇ ਉਨ੍ਹਾਂ ਦੇ ਸਤਿਕਾਰ ਵਿਚ ਗੁਣ ਗਾਏ।

Digitized by Panjab Digital Library | www.panjabdigilib.org

ਕਾਮ ਹੋਤ ਖਏ ਦਿਨ ਸਤੁਤਿ ਬਖਾਨ ਮੈਂ[1]।
'ਕੈਧੋਂ ਬਸਿ ਕ੍ਰੋਧ ਮਾਹਿੰ ਨਿੰਦਜੈ ਜੋ ਅਨਿੰਦਨ
ਕੋ[2], ਮੋਹਤ ਹੈ ਕੈਧੋਂ ਗੁਨ ਕਥਜੈ ਅਕਥਾਨ
ਮੈਂ[3]। 'ਤੇਰੋ ਸੋ ਨ ਰਹਿ ਹੈ ਤੂੰ ਘਨੇਰੋ ਫਲ
ਜਾਨ ਲੀਜੈ[4], ਹੈ ਹੈ ਮੁਖ ਮੇਰੋ ਸੋ ਕਲਮ
ਕਹੈ ਕਾਨ ਮੈਂ'। ੩।

ਬਿਰਹਨੀ ਪਾਇ ਪੱਤ੍ਰ ਚਾਹਤ ਹੈ ਉਤ੍ਰ
ਲਿਖਜੈ, 'ਅਤ੍ਰ ਬਰ ਕੁਸਲ ਤਤ੍ਰ ਚਹੌਂ ਖੇਮ
ਤਾਨ ਮੈਂ[5]। 'ਨੇਮ ਕੋ ਨਿਬਾਹ ਸੋ ਤੋ ਦੀਖਤ
ਅਥਾਹ ਭਜੇ ਪ੍ਰੇਮ ਕੋ ਪ੍ਰਵਾਹ ਆਹ ਨੈਨ
ਅੱਸ੍ਰਾਨ ਮੈਂ[6]।'ਐਧਨਾ ਘਟਤ,'ਹਾਇ'ਰਟਤ
ਲਟਤ ਹੀਜੈ, ਕਟਤ ਕਰੇਜੈ ਕਥੋਂ ਬਿਥਾ ਜੋ
ਅਪਾਨ ਮੈਂ[7]। 'ਲਿਖਤ ਬਨਤ ਨਾਂਹਿ
ਰਾਖੌਂ ਤੋ ਦਹਤ ਦੇਹ, ਹੈ ਹੈ ਮੁਖ ਮੇਰੋ ਸੋ
ਕਲਮ ਕਹੈ ਕਾਨ ਮੈਂ[1]'। ੪॥

[2]ਪੇਖ ਕੇ ਸਰੂਪ ਜਾਗਜੈ ਪ੍ਰੇਮ ਦੇਖਿਬੇ ਕੋ
ਫੇਰ, ਦੇਖਜੈ ਅਵਰੇਖਜੈ[3] ਮਨ ਰਹਜੈ ਨ
ਸਿਆਨ ਮੈਂ[4]।ਵਾਹੀ ਰੂਪ ਛਬਿ ਸਿੰਧੁ ਬੂਡ਼ਜੈ
ਮਨ ਮੀਨ ਵਤ[5], ਮਿਲਨ ਉਪਾਵ ਮਨ
ਸੋਚਨ ਸੋਚਾਨ ਮੈਂ। ਦੂਤੀ ਕੇ ਕਹੇ ਤੇ ਪਟ
ਪਾਟ ਜੈਹੈ ਪਟ੍ਤਾ ਕੋ[6], ਪਹਿਲੋ ਅਨੁਰਾਗ
ਮਨ ਰਾਖੈ ਕਿਉਂ ਅਮਾਨ ਮੈਂ[7]। ਪਤ੍ ਚਹਜੈ
ਲਿਖਨ ਕਿ,ਅੰਕ ਭਰ ਭੇਟੈ ਕਬ[8], ਹੈ ਹੈ ਮਖ
ਮੇਰੋ ਸੋ ਕਲਮ ਕਹੈ ਕਾਨ ਮੈਂ[9]।੫।
ਪੂਰਬ ਅਨੁਰਾਗੀ[10] ਭੂਖ ਲਾਗੀ ਪਤ੍

---

[1]ਭਾਵ, ਯਾ ਕਾਮ ਦੀ ਖਾਤਰ ਇਸਤ੍ਰੀਆਂ ਦੀ ਉਸਤਤ ਲਿਖਣ ਵਿਚ ਦਿਨ ਬਾਯਾ ਕੀਤੇ। [2]ਭਾਵ ਕਿਸੇ ਅਨਿੰਦ ਦੀ ਨਿੰਦਾ ਲਿਖ ਦਿਤੀ। [3]ਯਾ ਮੋਹਤ ਹੋਕੇ ਜਿਨ੍ਹਾਂ ਬਾਬਤ ਕੁਛ ਕਹਿਣਾ ਨਹੀਂ ਸੀ ਬਣਦਾ ਉਨ੍ਹਾਂ ਦੇ ਗੁਣ ਕਥਨ ਕਰ ਦਿੱਤੇ। [4]ਤੇਰਾ ਮੂੰਹ (ਦੁਣ) ਵਰਗੀ (ਤੇਰੇ ਮੂੰਹ ਜਿਹਾ) ਨਹੀਂ ਰਹਿਣ ਲਗਾ(ਇਸਦਾ) ਫਲ ਘਨੇਰਾ ਲਗੇਗਾ (ਇਹ) ਜਾਣ ਲੈ। [5]ਇਧਰ ਸੁਖ ਹੈ ਤੇ ਉਧਰ ਤੁਹਾਡੀ ਖੈਮਕੁਸਲ ਚਾਹੁੰਦੀ ਹਾਂ। [6]ਨੇਮ ਦਾ ਨਿਬਾਹ ਤਾਂ ਅਥਾਹ ਹੋ ਗਿਆ ਦਿਸਦਾ ਹੈ ਭਾਵ ਦੁਣ ਹੋਰ ਉਡੀਕ ਕਠਨ ਹੋ ਗਈ ਹੈ, ਤੇ ਪ੍ਰੇਮ ਦਾ ਪ੍ਰਵਾਹ ਆਹਾਂ ਦੇ ਨਾਲ ਨੈਣਾਂ ਵਿਚਦੀ ਅੱਥ ਹੋਕੇ ਵਗ ਰਿਹਾ ਹੈ। [7]ਉਮਰਾ ਘਟਦੀ ਨੈਂਹੀਂ (ਭਾਵ ਮੁਕਦੀ ਨਹੀਂ), ਹਾਇ ਹਾਇ ਕਹਿੰਦਿਆਂਹਿਰਦਾਵਜਾਕੁਲ ਹੋ ਰਿਹਾ ਹੈ ਤੇ ਜੇ ਮੈਂ ਆਪਣੀ ਵਿਥਯਾ ਕਹਾਂ ਤਾਂ ਕਲੇਜਾ ਚੀਰੀਦਾ ਹੈ।

[1]ਜੇ ਨਹੀਂ ਲਿਖਦਾ ਤਾਂ ਬਿਰਹ ਅਗਨੀ ਨਾਲ ਵੈਹੀ ਸੜਦੀ ਹੈ ਤੇ ਜੇ ਲਿਖਾਂ ਤਾਂ ਕਲਮ ਮੇਰੇ ਕੰਨ ਵਿਚ ਕਹਿ ਰਹੀ ਹੈ ਕਿ ਦੇਖ ਸੋਚ ਕੇ ਲਿਖ ਮਤਾਂ ਮੇਰੇ ਵਾਙੂ ਤੇਰਾ ਮੂੰਹ ਕਾਲਾ ਹੋਵੇ। ਸੂਚਨਾ—ਕਲਮ ਜੋ ਸ਼ਾਹੀ ਦਾ ਡੋਬੂ ਲੈਂਦੀ ਰਹੇ ਪਰ ਲਿਖੇ ਨਾਂ ਤਾਂ ਮੂੰਹ ਸੜ ਜਾਂਦਾ ਹੈ, ਜੇ ਲਿਖਦੀ ਰਹੇ ਤਾਂ ਮੂੰਹ ਕਾਲਾ ਹੋ ਜਾਂਦਾ ਹੈ। [2]ਪਿਛਲੀ ਵਾਰਤਾ ਪੂਰਬਾਨੁਰਾਗਿਨੀ ਦੀ ਚਲ ਰਹੀ ਹੈ। [3]ਗਹੁ ਨਾਲ ਵੇਖਿਆ। [4]ਭਾਵ ਮਸ੍ਤ ਹੋ ਗਈ। [5]ਓਸੇ ਰੂਪ ਦੀ ਛਬੀ ਦੇ ਸਮੁੰਦ੍ਰਵਿਚ(ਮੇਰਾ) ਮਨ ਮੱਛੀ ਵਾਂਗ ਡੁੱਬ ਗਿਆ। [6]ਮੈਂ ਦੂਤੀ ਨੂੰ ਕਹਾਂ ਤਾਂ (ਮੇਰੀ) ਪ੍ਰਬੀਨਤਾ ਦਾ ਪੜਦਾ ਪਾਟ ਜਾਏਗਾ [ਪਟ=ਪੜਦਾ । ਪਟੁਤਾ=ਪ੍ਰਬੀਨਤਾ] । [7]ਮੇਰੇ ਪੂਰਵਾਨੁਰਾਗ ਨੂੰ ਅਮਾਨਤ ਬਣਾਕੇ ਉਹ ਕਿਵੇਂ ਮਨ ਵਿਚ ਰਖੇਗੀ। [8]ਕਿ ਜੱਫੀ ਪਾਕੇਕਦੋ ਮਿਲਾਂਗੀ। [9]ਕਲਮ ਕੰਨ ਵਿਚ ਕਹਿੰਦੀਹੈ ਨਾ ਲਿਖ ਨਹੀਂਤਾਂ ਮੇਰੇ ਵਾਙੂ ਤੇਰਾ ਮੂੰਹ ਦੇਵੇਗਾ, ਭਾਵ ਗਲ ਨਿਕਲ ਗਈ ਤਾਂ ਲੋਕਾਂ ਵਿਚ ਬਦਨਾਮੀ, ਤੇ ਫੇ ਆਪ ਜੀ ਅਗੋਂ ਪਯਾਰ ਨ ਕੀਤਾਤਾਂਆਪ ਪਾਸੋਂ ਸ਼ਰਮਿੰਦਗੀ। [10]ਪੂਰਬ ਅਨੁਰਾਗੀ ਉਹ ਹੈ ਜਿਸਨੂੰ ਰੂਣ ਸੁਣਕੇ, ਤਸਵੀਰ ਯਾ ਦਰਸ਼ਨ ਵੇਖ ਕੇ ਪ੍ਰੇਮ ਪੈ ਜਾਵੇ। ਮਿਲਾਪ ਹੁੰਦੇ ਤਕ ਪੂਰਬਾਨੁਰਾਗ ਕਹੀਦਾ ਹੈ।

Digitized by Panjab Digital Library | www.panjabdigilib.org

ਲਿਖਿਬੇ ਕੋ, 'ਤੇਰੋ ਈ ਸਰੂਪ ਮੇਰੀ ਗਡਜੋ ਅਖੀਆਨਮੈਂ। 'ਲਟਪਟੇ ਪੇਚਨ ਮੈਂ ਐਂਚਜੋ[1] ਮਨ ਮੇਰੋ ਗਯੋ, ਮਦ ਮੱਤ ਭਯੋ, ਤੇਰੀ ਮਿੁਦੁ ਮੁਸਕਜਾਨ[2] ਮੈਂ। 'ਰਹੀ ਨ ਸਿਆਨ ਅਬ ਚਾਹਤ ਨ ਆਨ ਕਛੁ, ਮਿਲੇ ਤੇ ਜੀਉਂਗੀ ਆਯੋ ਜੀਅ ਅਧਰਾਨ ਮੈਂ"[3]। ਏਤਕ ਲਿਖਜੋ ਢੋ, ਸੋਧਜੋ,ਅੰਕ ਮੈਂ ਕਲੰਕ ਮਸੋ, ਹੈ ਹੈ ਮੁਖ ਮੇਰੋ ਸੋ ਕਲਮ ਕਹੈ ਕਾਨ ਮੈਂ[4]।

—o—

੧੧. ਅਬ ਰੋਤੀ ਕਹੋ ਕਾਹੇ ਕੋ।

ਪ੍ਰੀਤ ਕੋ ਕੀਏ ਤੇ ਮੀਤ ਕਰਤ ਅਨੀਤ ਸਦਾ, ਚਿਤ ਕੋ ਚੁਰਾਇ ਕੈ ਦੁਖਾਵੇ ਚਿਤ ਚਾਹੇ ਕੋ[4]। ਬਿਰਹ ਬਿਯੋਗ ਰੋਗ ਦੇਵਤ ਕੁਯੋਗ[5] ਸੋਗ,ਕਰਤ ਨ ਮਨੋਹਾਰ,ਕਰੈ ਬਿਰਹ ਦਾਹੇ ਕੋ[7]। ਰੋਵਨ, ਪ੍ਰਲਾਪ, ਗਮ, ਫਿਕਰ, ਅੰਦੇਸੋ ਅਤਿ, ਨਿਸਦਿਨ ਰਹਤ ਚਹਤ ਚਾਹ ਵਾਹੇ ਕੋ। 'ਸ ਰੰਗ ਚਰਨ' ਅਬ ਮਾਨ ਮਨ ਆਨ ਮਾਨ, ਲਾਇਕੈ ਸੁ ਦੁੱਖ ਰੋਤੀ ਅਬ ਕਹੋ ਕਾਹੇ ਕੋ[6]।

---

[1]ਖਿੱਚਿਆ ਗਿਆ। [2]ਮਿੱਠੀ ਮੁਸਕ੍ਰਾਹਟ ਵਿਚ (ਮੇਰਾ ਮਨ) ਮਸਤ ਹੋਗਿਆ। [3]ਜਿੰਦ (ਤ੍ਰਾਣ) ਲਬਾਂ ਤੇ ਆ ਗਈ ਹੇ। [4]ਇੰਨਾਂ ਕੁ ਲਿਖਿਆ ਸੀ ਕਿ ਕੀ ਡਿਠਾ, ਕਿ ਸਿਆਹੀ ਦੇ ਅੱਖਰਾਂ ਉਪਰ (ਮਸੋ ਕਲੰਕ=) ਸ਼ਾਹੀ ਦਾ ਤੁਪਕਾ (ਡਿਗ ਪਿਆ ਤੇ ਨਾਲ ਹੀ) ਕਲਮ ਨੇ ਮੇਰੇ ਕੰਨ ਵਿਚ ਕਹਿ ਦਿਤਾ ਕਿ ਮੇਰੇ ਵਰਗਾ (ਕਾਲਾ) ਮੂੰਹ ਹੋਵੇਗਾ (ਤੇਰਾ) । [5]ਚਿਤ ਚੁਰਾਕ ਚਾਹੁਣ ਵਾਲੇ ਚਿਤ ਨੂੰ ਦੁਖਾਉਂਦਾ ਹੈ। [6]ਨਾਵਾਜਬ। [7]ਮਨ ਨੂੰ ਦਿਲਾਸਾ ਨਹੀਂ ਦੇਂਦਾ ਬਿਰਹੋਂ ਦਾ ਦਾਹ ਦੰਦਾ ਹੈ। [8]ਡਾਕਟਰ ਸਾਹਿਬ ਕਹਿੰਦੇ ਹਨ ਕਿ ਦੁਣ (ਬੀ ਓਸੇ) ਮਨ ਦੀ ਆਨ ਮੰਨ, (ਆਪ ਪ੍ਰੀਤ) ਲਾਕੇ ਦੁਣ ਦੁੱਖ ਰੋਣੀ ਕਿਉਂ ਹੋਂਦੀ ਹੈਂ।

ਸੁੰਨਤਾ ਕੋ ਸੂਨ ਕੈ ਪ੍ਰਸੂਨ ਜਿਉ ਬਿਕਾਸ ਕੀਨ, ਰੇਤ ਰਕੁ ਸੰ ਭਵ ਬਿਤ ਇ ਦਸ ਮਾਹੇ ਕੋ[1] । ਜਨਮਤ ਹੀ ਜਾਡਜਤਾ[2], ਅਚੇਤ, ਚੰਚਲਾਈ, ਦੂਖ, ਦੀਨਤਾ, ਅਸਾਧ, ਹਠ, ਲੋਭ, ਕ੍ਰੋਧ, ਚਾਹੇ ਕੋ[3] । ਯੌਬਨ ਪਿਸਾਚ[4] ਕਾਮ ਕ੍ਰੋਧ ਮੋਹ ਨਾਨਾ ਦੁਖ, ਪ੍ਰਾਪਤ ਵਿਯੋਗ ਔ ਸੰਯੋਗ ਮਿਤ ਨਾਹੇ ਕੋ[5] । ਦੁੱਖਨ ਕੀ ਰਾਸ, ਦੁੱਖ ਤ੍ਰਾਸ, ਦੁੱਖ ਆਸ ਪਾਸ, ਸਾਰੰਗ ਚਰੰਨ ਦੁਖ ਰੋਤੀ ਕਹੋ ਕਾਹੇ ਕੋ।

ਕਾਮ, ਕ੍ਰੋਧ, ਲੋਭ, ਮੋਹ, ਨਿੰਦਾ, ਅਪ-ਵਾਦ[6], ਧ੍ਰੋਹ, ਕਪਟ, ਕਲੇਸ਼, ਮਦ, ਫੂਲੇ ਤਮ ਭਾਰੀ ਮੈਂ[7] । ਈਰਖਾ, ਅਦੇਖ, ਦੇਖ, ਝਗੜਾ,ਜੂਆ ਔ ਝੂਠ,ਨਾਨਾ ਭਾਂਤ ਲਾਗ ਰਹੇ ਬ੍ਰਿੱਛ ਏ ਕਿਆਰੀ[8] ਮੇ। ਪਿਸਨ ਪਰਾਗ[9], ਦੋਹ ਗੰਧ, ਪਾਪ ਆਲ ਬਾਲ[10], ਵੱਕ੍ਰਤਾਈ ਵੱਲੀ ਗਨ[11], ਫਲ ਨਰਕ ਭਾਰੀ ਮੈਂ[12]। ਐਸੀ ਨਿਜ ਬਾਟਕਾ ਪੈ ਨਾਹਨ ਲਜਾਉ ਮਨ, ਬਾਰ ਬਾਰ ਚਾਹੋ ਆ ਹਮਾਰੀ

---

[1](ਮਾਤਾ ਦੀ) ਰਕਤ ਤੇ (ਪਿਤਾ ਦੇ)ਬੀਰਜ ਤੋਂ ਬਣਕੇ ਦਸ ਮਹੀਨੇ (ਗਰਭ ਵਿਚ) ਬਿਤਾਏ (ਤੇ ਫੇਰ ਉਸ) ਇਕੱਲੇ ਥਾਂ (ਮਾਤ ਗਰਭ) ਤੋਂ ਪ੍ਰਸੂਤ ਹੋਕੇ ਫੁਲ ਵਾਙੂ ਵਿਕਸੇ ਭਾਵ ਜਨਮੇ। [2]ਅਗਜਾਨ। [3]ਬਾਲ ਅਵਸਥਾ ਦੇ ਦੋਖ ਗਿਣੇ ਹਨ। [4]ਹੁਣ ਜੁਆਨੀ ਦੇ ਦੁਖ:-ਪਰੇਤ (ਵਾਂਗ) । [5]ਪਤੀ ਮਿਤ੍ਰ ਦਾ, [6]ਨਿੰਦਾ, ਦੋਖ। [7](ਅਗਜਾਨ ਰੂਪੀ) ਅਨ੍ਹੇਰੇ ਵਿਚ ਫੁਲ ਪਏ। [8]ਭਾਵ ਮਾੜੇ ਗੁਣ ਹੀ ਸੰਚਨ ਕੀਤੇ। [9]ਚੁਗਲੀ ਵੱਟਣੀ(ਇਹ ਇਸ ਫੁੱਲ ਵਿਚ) ਪਰਾਗ (=ਪੀਲਾ ਪੀਲਾ ਫੁਲਾਂ ਦਾ ਧੂੜਾ) ਪਿਆ। [10]ਧੋਖੇ ਦੀ ਗੰਧੀ ਤੇ ਪਾਪਾਂ ਦਾ ਘੇਰਾ (ਦੋਰ, ਜੋ ਬ੍ਰਿਛ ਦੇ ਮੁੱਢ ਦੇ ਉਦਾਲੇ ਬਣਾਇਆਂ ਹੁੰਦਾ ਹੈ)। [11]ਟੇਢਤਾਈ ਦੀਆਂ ਅਨੇਕ ਵੱਲੀਆਂ(ਬੇਮ੍ਹੀਆਂ) ਲਾਈਆਂ। [12]ਸਾਹ ਨਰਕ ਫਲ ਲਗੇ।

Digitized by Panjab Digital Library | www.panjabdigilib.org

ਫੁਲਵਾਰੀ ਮੇਂ[1]।

—o—

੧੨. ਬਿਰਹਾ।

ਕਹਾਂ ਕੀ ਕਹਿਣ ਜੋਗੀ ਗੱਲ ਨਾਂਹੀ।
ਏ ਦਿਲ ਦਾ ਦਰਦ ਰੋਵਾਂ ਮਾਰ ਆਹੀਂ।
ਕਲੇਜਾ ਉਛਲਦਾ ਨਿਕਲਣ ਨੂੰ ਕਰਦਾ।
ਲਗਾ ਇਕ ਆਸ ਦਰਸ਼ਨ ਦੀ ਤੇਂ ਡਰਦਾ।
ਨਹੀ ਇਹ ਮਾਰਦਾ ਛਾਲਾਂ, ਉਛੱਲੇ।
ਅਪੜਦਾ ਦੂਰ ਤੀਕਰ ਇਕ ਹੱਲੇ।
ਮੁੜੇ ਡਿੱਗੇ ਕਰੇ ਫਰੀਆਦ ਅਰਜ਼ਾਂ।
ਉਹ ਤਰਲੇ, ਮਿੰਨਤਾਂ, ਹਾੜੇ ਤੇ ਗਰਜ਼ਾਂ।
ਉਠੇ ਡਿੱਗੇ ਤੇ ਰੋਵੇ ਗੁੱਸਾ ਖਾਵੇ।
ਸੰਭਾਲੇ ਹੋਸ਼ ਆਂਹੀਂ ਭਰ ਲਿਆਵੇ।
ਕਹੇ ਕੀ ਕਹਿਰ ਕੀਤਾ ਕਰਮ ਮੇਰੇ।
ਕਮਾਈ ਕਾਲ ਦੀ ਕੱਠੀ ਕੁਫੇਰੇ।

—o—

੧੩. ਲਗੀਆਂ ਦੇ ਮੰਦੇ ਹਾਲ।

ਕਬਿੱਤ–

ਲਗੀਆਂ ਦੇ ਮੰਦੇ ਹਾਲ, ਭੋਰਾ ਨ ਰਹੀ ਸੰਭਾਲ
ਬਿਰਹੋਂ ਦੀ ਪੀੜ ਉੱਠੀ ਮੋਝ ਦੁਹਾਂ ਬੱਖੀਆਂ।
ਮਾਪੇ ਭਾਈ ਕੌਂਦੇ ਮਿੱਤ, ਘਰਬਾਰ ਕੰਮਕਿੱਤ?
ਲੱਜਾ ਸਭ ਤਜਿ ਕੇ ਕਿਨਾਰੇ ਕਰ ਦੱਖੀਆਂ।
ਪ੍ਰੀਤਮਪਾਸਆਵਨੀਹਾਂ, ਅ ਦਰ ਨ ਪਾਵਨੀਹਾਂ
ਕਰੇ ਸੋਚ ਮਨ ਜਦ ਤਦ ਹੀ ਪਰੱਖੀਆਂ।
ਤੀਰ ਤਰਵਾਰ ਲਾਗੇ ਨੇਜਾ ਜਮਧਾਰ ਲਾਗੇ
ਮੂਲੋਂ ਬੀ ਨ ਲਗਨ ਰੱਬਾ ਕਿਸੇ ਨਾਲ ਅੱਖੀਆਂ।

—o—

[1] ਐਸੀ ਅਪਣੀ (ਲਾਈ) ਬਗ਼ੀਚੀ ਉਤੇ ਹੇ ਮਨ ਤੂੰ ਸ਼ਰਮਿੰਦਾ ਨਹੀਂ ਹੁੰਦਾ ਤੇ ਬਾਰ ਬਾਰ (ਏਹੋ) ਚਾਹੁੰਦਾ ਹੈਂ (ਕਿ ਕੋਈ ਹੋਰ ਬੀ) ਆਵੇ ਮੇਰੀ ਫੁਲਵਾੜੀ ਵਿਚ।

੧੪. ਸੱਚੇ ਸੁਖ਼ਨ।

ਸੋ ਸਾਬਤੀ ਨਾਲ ਨਿਬਾਹੁਣੀ ਜੇ
ਜਿਹੜਾ ਸੁਖਨ ਹੋਯਾ ਪਹਿਲੇ ਰੋਜ਼ ਦਾ ਏ।
ਸੁਖਨਾਂ ਸੱਚਿਆਂ ਨੂੰ ਦਰਗਾਹ ਢੋਈ
ਰੱਬ ਲਿਖ ਦਿੱਤਾ ਹਸ਼ਰ ਰੋਜ਼ ਦਾ ਏ।
ਅਜ਼ਰਾਈਲ ਫਰੇਸਤਾ ਨਾਉਂ ਜਿਸਦਾ
ਸੁਖਨ ਸੱਚਿਆਂ ਨੂੰ ਫਿਰੇ ਖੋਜਦਾ ਏ।
ਸੁਖਨ ਕਰਨ ਬੇਸੁਖਨ ਫਿਰ ਹੋਣ ਜਿਹੜੇ
ਦੋਜ਼ਖ ਹਾਵੀਏ[1] ਦੇ ਵਿਚ ਪੋਜਦਾ ਏ।

ਦੇਣ ਕੌਲ ਕਰਾਰ ਤੇ ਰਹਿਣ ਸੱਚੇ
ਵਿਚ ਜੱਗ ਦੇ ਹੋਣ ਮਸ਼ਹੂਰ ਸੋਈ।
ਸੱਸੀ, ਸੋਹਣੀ ਤੇ ਮੇਹੀਵਾਲ ਧੁੰਨੂੰ
ਸ਼ੀਰੀਂਜਾਨ ਫਰਿਹਾਦ ਮਨਸੂਰ ਕੋਈ।
ਯੂਸਫ ਅਤੇ ਜ਼ੁਲੀਖ ਤੇ ਹੋਯਾ ਰੋਡਾ
ਰਾਂਝਾ ਹੀਰ ਤੇ ਬਦਰ ਮੁਨੀਰ ਹੋਈ।
'ਚਰਨ ਸਿੰਘ' ਜਿਨ੍ਹਾਂ ਸੁਖਨ ਸੱਚ ਕੰਤਾ
ਤਿਨਾਂ ਮਿਲੀ ਦਰਗਾਹ ਦੇ ਵਿਚ ਢੋਈ।

—o—

੧੫. ਯਾਦ।

ਲੁੜ੍ਹਦਾ ਜਾਂਦਾ ਇਸ਼ਕ ਨਦੀ ਵਿਚ
ਡਰਦਾ ਅਰਜ਼ ਨ ਕਰਦਾ, ਜਾਂਦਾ ਮਰਦਾ।
ਅਰਜ਼ ਕਰੇਂਦਿਆਂ ਮੁੱਦਤ ਰੁਜ਼ਗੀ
ਕੰਮ ਨ ਮੈਂਡਾ ਸਰਦਾ, ਅਕਲ ਹੁਨਰ ਦਾ।
ਯਾਦ ਤੇਰੀ ਵਿਚ ਰੈਨ ਦਿਨੇ ਹੀ
ਨੈਣੋਂ ਪਾਣੀ ਝਰਦਾ, ਬੰਦ ਨ ਕਰਦਾ।
'ਚਰਨ ਸਿੰਘ' ਕਹਿ ਸੁਣ ਜਿੰਦ ਜਾਨੀ!
ਹੋਇ ਰਹਾਂ ਮੈਂ ਬਰਦਾ, ਤੇਰੇ ਘਰ ਦਾ।

—o—

[1] ਸਤਵੇਂ ਤਬਕ ਦੇ ਦੋਜ਼ਖ ਦਾ ਨਾਮ ਹੈ ਹਾਵੀਆ।

Digitized by Panjab Digital Library | www.panjabdigilib.org

੧੬. ਬਾਰਾਂ ਮਾਹ।

ਜਿਸ ਦਿਨ ਸੇ ਲਗਾ ਆਸਾੜ
ਰਹੀ ਮਨ ਮਾਰ
ਸਭੀ ਸੰਸਾਰ ਛਾਵਤੇ ਮੰਦਰ।
ਸਖੀਓਂ ਨੇ ਬਿਛਾਈ ਸੇਜ ਮਹਲ ਕੇ ਅੰਦਰ।
ਮੁਝੇ ਯਾਦ ਪੀਆ ਤੇਰੀ ਆਤੀ
ਧੜਕਤੀ ਛਾਤੀ
ਬਿਜਲੀ ਡਰਪਾਤੀ ਗਰਜਤੀ ਅੰਦਰ।
ਸਖੀ ਉਮਡੇ ਨਦੀ ਨਾਲੇ ਔਰ ਭਰੇ ਸਮੁੰਦਰ।
ਮੈਂ ਡਰੀ ਦੇਖਕੇ ਬਾਦਰ
ਕਹੀਂ ਬੋਲੈ ਬੈਰੀ ਦਾਦਰ
ਮੈਂ ਪੀਯ ਬਿਨਾ ਬੇ ਆਦਰ
ਰੋ ਰੋ ਭੇਵੀਂ ਸਾਰੀ ਚਾਦਰ
ਚਹੁੰ ਓਰ ਬੋਲਤੇ ਮੋਰ
ਘਟਾ ਘਨਘੋਰ ਸੋਹੇ ਅੰਬਰ ਨਾ।
ਮੇਰੇ ਦਿਲ ਮੈਂ ਔਸੀ ਆਵੈ ਜ਼ਹਰ ਖਾ ਮਰਨਾ
ਯਿਉਂਕਹਤੀ ਸੁੰਦਰ ਨਾਰ
ਸੁਨੋ ਭਰਤਾਰ
ਸੇਜ ਤਜਾਰ ਦੁਖ ਕੁਛ ਘਰ ਨਾ।
ਪਿਯ ਹਮਕੋਛਾਡ ਪ੍ਰਦੇਸ ਗਮਨ ਨਹੀਂਕਰਨਾ।

ਸਖੀ ਦੂਸਰਾ ਮਹੀਨਾ ਸਾਵਨ
ਝੁਰਤੀ ਕਾਮਨਿ
ਘਰ ਨਹੀਂ ਭਾਮਨ ਸਿਰਪਰ ਅਪਨਾ।
ਅਪਨੀ ਪੀਆ ਕੀ ਸੇਜ ਹੋ ਗਈ ਸੁਪਨਾ।
ਪਪੀਹਾ ਨੇ ਪੀ ਪੀ ਕੀਆ
ਧੜਕਤਾ ਹੀਆ
ਸਖੀ ਬਿਨ ਪੀਆ ਕੇ ਮੈਂ ਜੀਓਂਗੀ ਅਬ ਨਾ
ਜਿਸ ਦਿਨ ਲਿਆਇਆ ਬਿਆਹ ਪਾਇਆ
ਕੁਛ ਸੁਖ ਨਾ।
ਹਿੰਡੋਲੇ ਝੂਲਤੀ ਨਾਰੀ
ਬਿਚ ਕੇ ਗਾਵੇਂ ਮਲਿਹਾਰੀ
ਸਬ ਸਖੀਆਂ ਕਰ ਸਿੰਗਾਰੀ
ਹਮ ਬੈਠ ਰਹੈਂ ਮਨ ਮਾਰੀ
ਪੀਆ ਬਿਨ ਜੀਵਾਂ ਮੈਂ ਨਾ।
ਦਮਕੇਦਾਮਨੀਕਹਤੀਕਾਮਨੀਪੀਅਮੇਰੇਘਰਨਾ
ਮੇਰੇ ਦਿਲ ਮੇਂਐਸੀ ਆਵੈ ਜ਼ਹਰ ਖਾ ਮਰਨਾ।
ਯਿਉਂ ਕਹਿਤੀ ਸੁੰਦਰ ਨਾਰ
ਸੁਨੋ ਭਰਤਾਰ
ਸੇਜ ਤਜਾਰ ਦੁਖ ਕੁਛ ਘਰ ਨਾ।
ਪੀਯ ਹਮਕੇ ਛਾਡ ਪ੍ਰਦੇਸ ਗਮਨ ਨਹੀਂਕਰਨਾ।

ਸਖੀ ਭਾਦੋਂ ਮਹੀਨਾ ਆਯਾ
ਅਜ਼ੀਜ਼ ਚਿਰ ਲਾਯਾ
ਦਿਲ ਨੇ ਯਿਉਂ ਚਾਹਜਾਮਰੂੰ ਬਿਖ ਖਾ ਰੀ!
ਕੋਇਲ ਕੀ ਕੂਕ ਲਗੀ ਹੂਕ ਕਲੇਜੇ ਕਾਰੀ।
ਦਿਨ ਰੈਨ ਕੀ ਲਗ ਰਹੀ ਝੜੀ
ਤੜਪਤੀ ਪਤੀ ਪੜੀ
ਬਿਰਹ ਕੀ ਮਾਰੀ ਪੜੀ
ਬੂੰਦ ਬਦਨ ਪਰ ਲਗੀ ਜੈਸੇ ਕਟਾਰੀ।
ਸਭ ਸੁਰਖ ਚੁਨਰੀਆ ਪਹਿਨੇ
ਕਿਆ ਗੁਨਾਹ ਕੀਆ ਪੀਯ ਮੈਨੇ
ਮੇਰੇ ਭਰ ਭਰ ਆਵੈਂ ਨੈਨੇ
ਮੈਂ ਪੀਆ ਬਿਨ ਬੇਚੈਨੇ
ਮੈਂ ਬਹੁਤ ਭਈ ਲਾਚਾਰ
ਨ ਆਯਾ ਦਿਲਦਾਰ
ਕਰੂੰ ਕਿਮਪਜਾਰ ਸਖੀ ਦੁਖ ਸਰ ਨਾ।
ਮੇਰੇ ਦਿਲ ਮੇਂ ਔਸੀ ਆਵੇ ਜ਼ਹਰ ਖਾ ਮਰਨਾ।
ਸਖੀ ਚਉਥਾ ਮਹੀਨਾਕੁਆਰ
ਆਜ ਦਿਲਦਾਰ
ਯਿਉਂ ਕਹਤੀ ਨਾਰਦ੍ਵਾਰਪਰਖੜੀਆਂ
ਹਮ ਕਿਸ ਪਰ ਪਹਿਰੈਂ ਸਖੀਰੀਹਰੀਚੁਨਰੀਆਂ
ਸਭ ਸਖੀ ਸਹੇਲੀ ਖੇਲੈਂ
ਦੇਖਤੀ ਮੇਲੇ

Digitized by Panjab Digital Library | www.panjabdigilib.org

ਪੀਆ ਸੈਗ ਲੈ ਲੈ ਕੋਠੇ ਚੜੀਆਂ।
ਫੂਲੋਂ ਕੀ ਬਰਖਾ ਖੜੀ ਲਗਾ ਰਹੀ ਝੜੀਆਂ।
[ਅਪੂਰਣ

---o---

੧੭. ਆਸਾ।

ਦੁਵੈਜਾ ਛੰਦ-

ਮੂਲੋਂ ਹੀ ਚਾਹੀਏ ਗਲ ਜਿਹੜੀ ਕਿਹੜੀ ਹੈ
ਕਹੁ ਭਾਈ! ਓੜਕ ਜਿਸਦਾ ਮਤਲਬ ਅੰਦਰ
ਸੋ ਕੀ ਆਖ ਸੁਣਾਈ। ਹੋਵੇ ਪਹਿਲੋਂ ਹੀ ਤੋਂ
ਜਿਹੜੀ ਹਰਖ ਖੁਸ਼ੀ ਦੇ ਨਾਲੇ। ਓੜਕ
ਜਿਸਦਾ ਖਿੜਿਆ ਹੋਯਾ ਮੂੰਹ ਪਰਸੰਨ
ਵਿਖਾਲੇ।੧। ਦਿੜ੍ਹਤਾ ਹੋਵੇ ਜਿਸਥੋਂ ਬਲ ਨੂੰ
ਕੰਮ ਹੋਣ ਅਣਹੋਏ। ਪੁਰਖਾਰਥ[1] ਸੁਭਾਉ ਨੂੰ
ਹੋਵੇ ਬੰਨ੍ਹ ਲਕ ਤੁਰਤ ਖਲੋਏ। ਢੱਠੇ ਦਿਲ ਨੂੰ
ਜੋ ਉਸਰੱਗੀ ਦੇ ਕੇ ਕੰਮ ਚਲਾਵੇ। ਜਿਸ ਕਰ
ਭੇਤ ਜਾਣ ਖੁਲ੍ਹ ਸਾਰੇ ਤੇ ਅਣਬਣ ਬਣ ਜਾਵੇ
।੨। ਹੋਇ ਧਨੰਤਰ[2] ਰੋਗੀ ਭਾਣੇ ਚਿਤਵਤ
ਹੀ ਦੁਖ ਨਾਂਹੀ। ਦੁਖੀਆਂ ਦਰਦਵੰਦਾਂ ਦੀ
ਦਰਦਣ ਕਰੇ ਪ੍ਰਸੰਨ ਤਿਨਾਹੀ। ਦਿਲ ਨੂੰ
ਦੇ ਧਿਰਵਾਸ ਸਦਾ ਹੀ ਏਹੋ ਹੈ ਕੰਮ ਜਿਸਦਾ।
ਰਖੇ ਪ੍ਰਸੰਨ ਅਨੰਦਤ ਸਦ ਹੀ ਸਭ ਨੂੰ ਖਜਾਲ
ਜੁ ਤਿਸਦਾ।੩। ਸਦਾ ਅਨਾਥਾਂ ਦੀ ਦਿਲ-
ਜੋਈ ਰਖਕੇ ਉਮਰ ਬਿਤਾਵੇ। ਸਾਰੇ ਪੈਧੇ ਜਗ
ਦੇ ਜਿਸਤੇ ਹਨ ਨਿਸਚੇ ਵਿਚ ਆਵੇ। ਸਭਨਾਂ
ਦੀ ਜੋ ਸਾਖੀ ਅਗੁਆ[3] ਬਣੀ ਰਹੇ ਹਰ ਵੇਲੇ।
ਦਯਾ ਕਰੇ ਰਹਿ ਸੈਗ ਹਮੇਸ਼ਾਂ ਗ਼ਮ ਦੁਖ ਦੂਰ
ਧਕੇਲੇ। ੪। ਸੋ 'ਆਸਾ' ਹੈ ਹਰਖ ਜੰਦੇ ਦੀ[4]
ਕੁੰਜੀ ਸਭ ਗੁਣ ਸਾਨੀ। ਨਾਮ ਜਿਹਦਾ ਦੂਜਾ
ਇਸ ਜਗ ਵਿਚ ਕਰਨ 'ਉਮੈਦ' ਬਖਾਨੀ।

[1]ਬਲ। [2]ਦੇਵਤਿਆਂ ਦਾ ਵੈਦ। [3]ਆਗੂ।
[4]ਖੁਸ਼ੀ ਦੇ ਜੰਦ੍ਰੇ ਦੀ।

ਇਸ ਜਗ ਜੀਵਨ ਰੂਪ ਬਗ਼ੀਚੇ ਦਾ ਫਲ
ਸੁੰਦਰ ਏਹੋ। ਰਹੇ ਚੁਗਿਰਦੇ ਫਿਰਦੀ ਇਸਦੇ
ਹੰਸੀ ਖੁਸ਼ੀ ਲਖ ਲੇਹੋ।੫। ਦੁਖੀਆਂ ਦਰਦ-
ਵੰਦਾਂ ਦੇ ਦਿਲ ਦੀ ਪੀੜ ਹਟਾਉਣ ਵਾਲੀ।
ਸਾਰੇ ਜਗ ਦੀ ਵਡੀ ਪਿਆਰੀ ਮੱਦਤਗਾਰ
ਸੁਖਾਲੀ। ਕਹੋ ਨ ਕਿਸ ਦੇ ਦਿਲ ਵਿਚ
ਇਸਦਾ ਡੇਰਾ ਹੋਇਆ ਹੋਇਆ। ਕਿਸ ਨੇ
ਇਸਨੂੰ ਨਾਲ ਨ ਅਪਣੇ ਕਰਕੇ ਪਜਾਰ ਸਮੋ-
ਇਆ।੬। ਰਾਜੇ ਮਹਾਂਰਾਜੇ ਸਭ ਇਸ ਥੀਂ
ਖੁਸ਼ੀ ਰਹਿਣ ਦਿਲ ਕਰਕੇ। ਅਤੇ ਗ਼ਰੀਬ
ਕੰਗਾਲ ਵਿਚਾਰੇ ਜੀਵਣ ਆਸਾ ਧਰਕੇ।
ਰੱਖਣ ਮੁਲਖ ਕਿਸੇ ਦੇ ਉੱਤੇ ਹਰਦਮ ਅੱਖ
ਲੜ ਈ। ਇਕ ਉਦਾਰ[1] ਦੇ ਥ ਵਲ
ਵੇਖਣ 'ਕਦ ਸਾਨੂੰ ਭਿਖ ਪਾਈ'।੭। ਇੱਕ
ਉਡੀਕਣ ਫਤੇ ਰੂਮ ਦੀ ਅੱਜ ਸ਼ਾਮ ਤਕ ਹੋਸੀ।
ਇਕ ਚਾਹੁਣ ਬਾਹਾਂ ਦੇ ਬਲ ਨੂੰ ਸ਼ਾਮ ਨ
ਜਾਲ ਖਲੋਸੀ[2]। ਇੱਕ ਵਿਲਾਇਤ ਸੱਤੇ
ਚਾਹੁਣ: ਜਿੱਤ ਅਸੀਂ ਘਰ ਆਈਏ। ਇਕ
ਇਉਂ ਚਾਹੁਣ ਛਡ ਸਭ ਧੰਧੇ ਗੁਦੜੀ ਕੰਬਲੀ
ਪਾਈਏ।੮। ਦੇਖੋ ਜਿਤਨੇ ਹੈਨ ਸੁਦਾਗਰ
ਆਸਾ ਰੱਖਣ ਸਾਰੇ। ਸਾਰੀ ਕਾਰਗੁਜ਼ਾਰੀ
ਜਗ ਵਿਚ ਨਫਾ ਉਮੈਦ ਚਿਤਾਰੇ। ਸਭ ਥਾਂ
ਮਾਲ ਲਈ ਹਨ ਫਿਰਦੇ ਕਰਦੇ ਵਣਜ
ਵਿਹਾਰਾਂ। ਜੋਖੋਂ ਜਾਨ ਖੇਪ ਲਦ ਸੌਦਾ ਕਰਨ
ਅਨੇਕ ਪ੍ਰਕਾਰਾਂ।੯। ਝੱਲਣ ਦੁੱਖ ਅਨੇਕ
ਤਰ੍ਹਾਂ ਦੇ ਚੋਰ ਚਕਾਰਾਂ ਵਾਲੇ। ਪਰ ਆਸਾ
ਕਰ ਜੀਉ ਉਨ੍ਹਾਂ ਦੇ ਰਹਣ ਖੁਸ਼ੀ ਮਤਵਾਲੇ।
ਫਿਰ ਕੋਹੇ ਉਹ ਰੰਗਾਂ ਵਾਲੇ ਉਸਤੋਂ ਨਫੇ
ਉਠਾਉਣ। ਸਾਰੀ ਮਿਹਨਤ ਸਖਤੀ ਦਾ ਮੁੜ
ਅੰਤ ਅਨੰਦ ਮਨਾਉਣ।੧੦। ਜਤਨ ਕਰੇ
ਆਸਾ ਦਿਲ ਰਖਕੇ ਰਾਹਕ ਦੇਖੋ ਪਜਾਰੇ।

[1]ਸਖੀ, ਦਾਤਾ। [2]ਨਹੀਂ ਸਹਾਰ ਸਕੇਗਾ।

Digitized by Panjab Digital Library | www.panjabdigilib.org

ਮਿਹਨਤ ਜਿਸਦੀ ਦੇ ਸਭ ਸਿਰ ਪੁਰ ਹਨ ਹਿਸਾਨ ਸਭਿਆਰੇ[1]। ਕੇਡੀ ਵੱਡੀ ਕਰੜੀ ਮਿਹਨਤ ਕਰਕੇ ਖੇਤੀ ਕਰਦਾ। ਪਾਲਾ ਕੱਕਰ ਧੁੱਪਾਂ ਦੇ ਦੁਖ ਸਾਰੇ ਸਿਰ ਤੇ ਧਰਦਾ। ੧੧। ਹਲ ਵਾਹੇ ਵਿਚ ਅਪਣੀ ਖੇਤੀ ਰਾਤ ਦੁਪਹਿਰ ਨ ਵੇਖੇ। ਕੇਡੀ ਸਿਰ ਕਰੜਾਈ ਚੁਕਦਾ ਫਲ ਆਸਾ ਵਲ ਦੇਖੇ। ਪਹਿਲੇ ਵਾਹੇ ਤੇ ਫਿਰ ਰਾਹੇ ਕਦੀ ਕਿਆਰੇ ਕੱਢੇ। ਖੂਹ ਜੋਏ ਤੇ ਪਾਣੀ ਲਾਏ ਖੇਤੇ ਖੇਤੀ ਛੱਡੇ।੧੨। ਆਸਾ ਕਰ ਦਿਲ ਵਿੱਚ ਖੁਸ਼ੀ ਦੇ ਰਹਿੰਦਾ ਕਰਦਾ ਕਾਰਾ। ਓੜਕ ਪਾਇ ਮੁਰਾਦ ਆਪਣੀ ਕਰਦਾ ਮੌਜ ਬਹਾਰਾਂ। ਪੱਕੇ ਫਸਲ ਤਿਆਰ ਖੇਤ ਜਦ ਹੋ ਜਾਂਦਾ ਹੈ ਸਾਰਾ। ਲਾਵੇ ਕਰ ਤੱਯਾਰ ਜਾਇਕੇ ਵੱਢ ਲਏ ਇਕ ਵਾਰਾਂ।੧੩। ਗਾਹ ਉਡਾਇ ਬੋਲੂ ਕਰ ਅੰਨ ਦਾ ਵੇਚੇ ਲਏ ਰੁਪੱਯੇ। ਦੇਂਦਾ ਏ ਸ਼ਾਹ ਆਪਣੇਤਾਈਂ ਅਤੇ ਮਾਮਲਾ ਚਹੀਏ।

ਪੜ੍ਹਨ ਵਾਲਿਆਂ ਦੇ ਦਿਲ ਅੰਦਰ ਜੇਕਰ ਆਸ ਨ ਹੋਵੇ। ਕਦੀ ਨ ਜਾਵੇ ਪਾਸ ਪੜ੍ਹਨ ਦੇ ਲਿਖਨੇ ਤੋਂ ਹਥ ਧੋਵੇ। ੧੪। ਕਰਦਾ ਏ ਜਤਨ ਕਿਵੇਹਾ ਔਖਾ ਆਸਾਵੰਦ ਵਿਚਾਰਾ। ਸਹਿੰਦਾ ਏ ਝਿੜਕਾਂ ਝੰਬਾਂ ਚਾਹੇ ਪੰਡਤ ਬਣਾ ਕਰਾਰਾ। ਵਿਦਜਾ ਪੜੇ ਪ੍ਰਕਾਰ ਅਨੇਕਾਂ ਕਰ ਕਰ ਜਤਨ ਬਤੇਰੇ। ਕੇਡੇ ਵਡੇ ਦੁਖ ਮਿਹਨਤ ਦੇ ਝਾਗੇ ਸੰਝ ਸਵੇਰੇ। ੧੫। ਪਰ ਆਸਾ ਉਸਨੂੰ ਹਰ ਵੇਲੇ ਰਖੇ ਪ੍ਰਸੰਨ ਅਨੰਦੀ। ਤਾਂਹੀ ਜਤਨ ਕਰੇ ਨਿਤ ਇਤਨਾ ਹੈ ਉਸ ਚਾਹ ਬਲੰਦੀ। ਚਾਹ ਵਧਾਵੇ ਉਸਦੀ ਹਿੰਮਤ ਨਿਤ ਨਿਤ ਤਾਜੀ ਤਾਜੀ। ਮਾਨ ਆਦਰ ਧਨ ਨਾਮ ਜੁ ਵਿਦਜਾ ਦੱਸੇ ਬੇਮੁਹਤਾਜੀ। ੧੬। ਏਹ ਨ ਹੋਵੇ ਫੇਰ ਜਗਤ ਵਿਚ ਵਿਦਜਾ ਪੜ੍ਹੇ ਨ ਕੋਈ। ਏਹ ਨ ਹੋਵੇ ਫੇਰ ਜਗਤ ਵਿਚ ਖਾਲੀ ਰਹਿ ਸਭ ਕੋਈ। ਵਡਿਆਈਆਂ ਜਿੰਨੀਆਂ ਹਨ ਜਗ ਵਿਚ ਸੱਭੇ ਇਸ ਕਰ ਹੋਈਆਂ। ਹੋਈਆਂ ਪ੍ਰਾਪਤ ਇਸਥੋਂ ਸਾਨੂੰ ਨਵੀਆਂ ਅਤੇ ਨਰੋਈਆਂ।੧੭। ਖੁਸ਼ੀਆਂ ਇਸ ਦੀਆਂ ਕਿਥੋਂ ਤੀਕਰ ਕਹਿ ਕਰਿ ਅਸੀਂ ਸੁਣਾਈਏ। ਵਡਿਆਈਆ ਇਸਦੀਆਂ ਕਹਿ ਤੀਕਰ ਕਰ ਪਰਤੱਖ ਦਿਖਾਈਏ। ਹਨ ਨਿਰੋਗਤਾ ਦੀ ਚਿਤ ਇੱਛਾ ਕਦੀ ਇਕ ਰੱਖਣ ਵਾਲੇ। ਕਈ ਭਰੋਸਾ ਰਖ ਧਨਾਢਤਾ ਜੀਵਨ ਪਏ ਸੁਖਾਲੇ। ੧੮। ਜਗਤ ਪਤਿਸ਼ਟਾ ਪੁੱਤ ਪੋਤਰੇ ਚਾਹੁਣ ਕਈ ਰੰਗੀਲੇ। ਕਈ ਪਰਲੋਕ ਸੁਧਾਰਨ ਕਾਰਨ ਢੂੰਡਣ ਨੇਕੀ ਹੀਲੇ। ਏਥੋਂ ਦਾ ਕੋਈ ਮਨਸਬ ਵਾਧਾ ਚਾਹੁਣ ਰਾਤ ਦਿਹਾੜੇ। ਕੋਈ ਸੁਖ ਮੁਕਤੀ ਦੇ ਕਾਰਨ ਚਾਹਨ ਛਡਣ ਪੁਵਾੜੇ।੧੯। ਹੈ ਕੋਈ ਚਾਹਕ ਧਨ ਵਡਿਆਈ ਆਦਰ ਪੈਸਾ ਹੋਵੇ। ਕੋਈ ਭਰੋਸਾ ਰੱਖ ਸੁਰਗ ਦਾ ਦੁਨੀਆ ਤੋਂ ਹਥ ਧੋਵੇ। ਤੂੰ ਬੀ ਢੱਠੇ ਦਿਲ 'ਹਰਚਰਨਾ' ਰਖ ਆਸਾ ਇਸ ਧਨ ਦੀ। ਓਹ ਬਖਸ਼ਿੰਦ ਦਯਾਲ ਛਿਮਾ ਕਰ ਬੁੱਝਣ ਵਾਲਾ ਮਨ ਦੀ। ੨੦।

[1] ਸੱਭੇ। (ਅ) ਸਬੱਬ ਨਾਲ।

--o--

੧੮. ਰਹਿਮ, ਨਜਾਂਇ ਤੇ ਅਕਲ ਦਾ ਸੰਬਾਦ*।

ਨਿਸਾਨੀ ਛੰਦ—

ਇਕ ਦਿਨ ਜਾਕੇ ਰਹਿਮ ਨੇ ਨਜਾਂ ਨੂੰ ਇਉਂ ਆਖਾ:
ਕਿਸ ਕਾਰਨ ਤੈਂ ਆਪਣਾ ਨਾਂ ਵੱਡਾ ਰਾਖਾ?
ਤੇਰੇ ਚੰਗੇ ਨਾਉਂ ਤੋਂ ਹੈਰਾਨ ਬੜੇ ਹਾਂ,

*ਇਸ ਲੰਮੀ ਕਵਿਤਾ ਵਿਚ ਸ੍ਰੀ ਡਾਕਟਰ ਸਾਹਿਬ ਜੀ ਨੇ ਮਿ: ਅਲਤਾਫ ਹੁਸੈਨ 'ਹਾਲੀ' ਦੀ ਇਕ ਪ੍ਰਸਿੱਧ ਕਵਿਤਾ ਦਾ ਪੰਜਾਬੀ ਅਨੁਵਾਦ ਕੀਤਾ ਹੈ।

Digitized by Panjab Digital Library | www.panjabdigilib.org

ਖੂਬੀ ਤੇਰੀ ਸੁਣਨ ਨੂੰ ਹੁਣ ਆਣ ਖੜੇ ਹਾਂ।
ਨਹੀਂ ਮਿਤਾਈ ਮਿੱਤ ਦੀ ਕੁਛ ਕੰਮ ਤੁਹਾਨੂੰ,
ਅੱਖਾਂ ਵਿੱਚ ਸੁਸ਼ੀਲਤਾ ਨਹਿ ਦਿੱਸੇ ਸਾਨੂੰ,
ਆਪਨ ਬਿਗਾਨੇ ਇੱਕ ਸੇ ਸਭ ਭਾਸਨ ਤੈਨੂੰ।
ਮਿੱਤ੍ਰਨ ਪਰਉਪਕਾਰ ਨਾ, ਸੱਤ੍ਰਨ ਦੁਖ ਦੈਨੂੰ।
ਢਾਹੇ ਦੇਣੇ ਆਦਮੀ ਹੈ ਆਦਤ ਤੇਰੀ,
ਚੜ੍ਹੇ ਹਜ਼ਾਰਾਂ ਸੂਲੀਆਂ ਪਰ ਖ਼ਾਤਰ ਤੇਰੀ,
ਜਾਨ ਮਾਲ ਨਮਰੂਦ ਦਾ ਤੈਂ ਸਗਲ ਵੰਞਾਯਾ।
ਫਿਰ ਫਰੌਨ ਦਰੀਆਉ ਵਿਚ ਤੈਂ ਡੋਬ ਵਿਖਾਯਾ।
ਲੰਕਾ ਸਾੜੀ ਜਾਇਕੇ ਕਿਸ ਬਾਝਹੁ ਤੇਰੇ ?
ਰਾਵਣ ਮਾਰਜਾ ਫੌਜ ਨਾਲ, ਇਹ ਕਰਤਬ ਤੇਰੇ।
ਬੰਦੀ ਖਾਨੇ ਜਗਤ ਦੇ ਸਭ ਤੈਂ ਹੀ ਪੂਰੇ।
ਕੈਦੀ ਸੱਭੇ ਤੁੱਧ ਨੂੰ ਗਾਵਨ ਦੁਖ ਝੂਰੇ।
ਤੇਰੀ ਆਗਜਾ ਤੇ ਕਟੇ ਸਿਰ ਲੱਖ ਕਰੋੜਾਂ,
ਦੇਸ਼ ਨਿਕਾਲੇ ਵਾਲਿਆਂ ਕੀ ਗਿਣਤੀ ਜੋੜਾਂ।
ਅਚਰਜ ਤੁੱਧ ਸੁਭਾਉ ਹੈ ਬਿਨ ਕ੍ਰੋਧ ਸਦਾ ਤੂੰ
ਛੋਟਜਾਂ ਤੇ ਕਿਰਪਾ ਨਹੀਂ* ਮੰਨੇ ਵਡਿਆਂ ਤੂੰ।
ਰਾਉ ਰੰਕ ਦਰਬਾਰ ਤੈਂ ਸਭ ਕੰਬਦੇ ਆਵਨ,
ਧੜਕਣ ਤੈਥੋਂ ਮਿਤ੍ਰ ਬੀ ਜੋ ਸੱਤ੍ਰ ਕਹਾਵਨ।
ਸੰਗੀ ਨਹੀਂ ਸਿਆਣ੍ਹਆਂ ਅਣਜਾਣੇ ਨ ਮਿੱਤਰ,
ਯਾਰ ਨ ਹਿੰਦੂ ਮੁਸਲਮਾਂ ਫਿਰ ਕਿਸੇ ਨ ਸੱਤਰੁ।
ਤੇਰੇ ਮਤ ਵਿਚ ਹੈ ਨਹੀਂ ਕਿਸ ਹੋਇੰ ਸਹਾਈ,
ਖੁੱਲ੍ਹਾ ਬੱਧਾ ਇੱਕ ਸਾ ਤੈਨੂੰ ਦ੍ਰਿਸ਼ਟਾਈ।
ਬਹੁਤ ਪੁਰਾਣੀ ਪ੍ਰੀਤ ਵੀ ਵਿਚ ਨਿਮਖ ਭੁਲਾਵੇਂ
ਵਰਿਹਾਂ ਦੀ ਹੁਇ ਮਿੱਤ੍ਰਤਾ ਵਿਚ ਖਾ ਕਰੁਲਾਵੇਂ।
ਵਰਤਾਵਾ ਤੈਂ ਵੱਖਰਾ ਇਸ ਜਗ ਤੋਂ ਨਜਾਰਾ,
ਕੋਰਾ ਤੇਰੇ ਜਿਹਾ ਜਗ ਸੁਣਿਆਂ ਨ ਨਿਹਾਰਾ।
ਜੇ ਅਪਣੇ ਹਠ ਤੇ ਕਦੀ ਤੂੰ ਆ ਭੀ ਜਾਵੇਂ।
ਪਿਉ ਦੇ ਹੱਥੋਂ ਪੁੱਤ ਦਾ ਜਾ ਗਲਾ ਵਢਾਵੇਂ।
ਏਸੇ ਹੀ ਕਰਤੂਤ ਤੇ, ਨਿਆਂ ! ਮਾਣ ਕਰੇਂ ਤੂੰ।

*ਇਹ 'ਨਹੀਂ' ਪਦ ਦੇਹੁਰੀ ਦੀਪਕ ਹੈ।

'ਮੈਥੋਂ ਹੀ ਜੜ ਚੈਨ ਦੀ ਜਗ ਥਿਰੀ' ਰਵੇਂ[1] ਤੂੰ।
ਤੂੰ ਇਕ ਇਕਨਾਂ ਨੂੰ ਰਖੇਂ ਘਾਇਲ ਦਿਲ ਭਾਰਾ।
ਇਕ ਮੈਂ ਭੀ ਹਾਂ ਜਗਤ ਵਿਚ ਸਭ ਸੈਦਾ ਪਜਾਰਾ

'ਰਹਿਮ' ਨਾਉਂ ਖੂਬੀ ਮੇਰੀ: ਕੰਮ ਕ੍ਰਿਪਾ ਕਰਨਾ।
ਉਜੜੇ ਫਿਰਾਂ ਵਸਾਉਂਦੇ ਢੱਠੇ ਦਿਲ ਧਰਨਾ।
ਰਬ ਦੀ ਚੰਗੀ ਦਾਤ ਦਾ ਮੈਂ ਖਰਾ ਬਹਾਨਾ।
ਵਿੱਚ ਨਿਬਾਹੁਣ ਜਗਤ ਕਾਰ ਮੈਂ ਇੱਕ ਇਕਾਨਾ।
ਮੇਰੀ ਹੀ ਸਰਕਾਰ ਵਿਚ ਸਭ ਨਿਭਣ ਬਹਾਨੇ,
ਅਪਰਾਧੀ ਬੀ ਬਖਸ਼ੀਅਨ ਦਰਬਾਰ ਕ੍ਰਿਪਾ ਨੇ[2]।
ਮੇਰੇ ਸ਼ੀਲ ਸੁਭਾਉ ਨੂੰ ਜਾਣਨ ਅਪਰਾਧੀ,
ਹਤਿਆਰੇ ਤੇ ਵੀ ਕਦੀ ਤਲਵਾਰ ਨ ਸਾਧੀ।
ਦੁੱਖ ਫਿਕਰ ਮੈਂ ਸਾਮ੍ਹਣੇ ਉਲਟੇ ਹੋ ਜਾਵਣ,
ਆਵਣ ਰੋਂਦੇ ਪਿੱਟਦੇ ਹੱਸਦੇ ਫਿਰ ਜਾਵਣ।
ਸ਼ੀਲ, ਨੰਮ੍ਰਤਾ, ਦਾਨਤਾ, ਹਿਤ, ਕੋਮਲਤਾਈ,
ਇਹ ਮੇਰੀ ਸਰਕਾਰ ਦੇ ਸਭ ਨੌਕਰ ਭਾਈ।
ਜਦ ਉਦਾਰਤਾ[3] ਦਾ ਮਿਰਾ ਸਿੰਧ ਮੌਜਾਂ ਮਾਰੇ,
ਨਾਸ਼ ਨਿਰਾਸਾ ਆਸ ਦੇ ਪਿਖ ਰੰਗ ਅਖਾਰੇ।
ਵਿੱਚ ਮਿਸਰ ਮੈਂ ਕੈਦ ਤੋਂ ਯੂਸਫ ਛੁਡਵਾਯਾ,
ਡੁਬਦਾ ਪੋਤ[4] ਅਯੂਬ ਦਾ ਮੈਂ ਪਾਰ ਲੰਘਾਯਾ।
ਮੈਂ ਦੁਖੀਆ ਦੇ ਦਰਦ ਦਾ ਦੁਖ ਵੰਡਣਹਾਰਾ,
ਬਿਨ ਮੇਰੇ ਕੁਈ ਦੀਨ ਨੂੰ ਭਿਖ ਦੇਣ ਨ ਹਾਰਾ।
ਮਾਂ ਪਿਉ ਮੁਏ ਮਹਿੱਟਰਾਂ ਜਾ ਦਿਆਂ ਦਿਲਾਸਾ,
ਵਿਧਵਾ ਦੁਖੀਆਂ ਦੀ ਖਬਰ ਰਖਦਿਆਂ ਧਿਰਾਸਾ,
ਮੇਰਾ ਹੀ ਉਪਕਾਰ ਹੈ ਆਦਮ ਜਗ ਮਾਂ ਹੀ।
ਮੇਰੇ ਹੀ ਉਪਕਾਰ ਤੇ ਮਾਨੁੱਖ ਕਹਾਹੀਂ।
ਨਹੀਂ ਤ ਮਾਨੁਖ ਪਾਪ ਤੇ ਭੁੱਲਾਂ ਦਾ ਪੁਤਲਾ।
ਛਿਮਾ ਜੁ ਕਰਦਾ ਬਿਨ ਮੇਰੇ ਜਗ ਕੋਈ ਦਿਖਲਾ।
ਬੇੜਾ ਜਦ ਫਰਊਨ ਦਾ ਹੋ ਗ਼ਰਕ ਰਿਹਾ ਸੀ।
ਮੈਂ ਕੰਢੇ ਤੇ ਖੜਾ ਹੋ ਤਹਿੰ ਰੋਇ ਰਿਹਾ ਸੀ।

[1]ਤੂੰ ਕਹਿੰਦਾ ਹੈਂ। [2]ਕ੍ਰਿਪਾ ਦੇ ਦਰਬਾਰ ਵਿਚ।
[3]ਬਖਸ਼ਿਸ਼ ਦਾ। [4]ਜਹਾਜ਼।

Digitized by Panjab Digital Library | www.panjabdigilib.org

ਮੈ ਦੇ ਚਾਰਕ ਤੈਂ ਜਿਹੇ ਹੁੰਦੇ ਜਗ ਨਿਆਈਂ।
ਤਾਂ ਰੈਣਕ ਮੈਂ ਬਾਗ ਦੀ ਲੁਟ ਚੁਕੀ ਤਦਾਈਂ।

ਜਾਂ ਸੁਣਿਆਂ ਯੌਂ ਰਹਮ ਤੋਂ ਨਿੰਦਾ ਪਦਸਾਰਾ।
ਤਦੋਂ ਨਜਾਉਂ ਲਗਾ ਕਹਿਣ ਕੁਝ ਬਚਨ ਕਰਾਰਾ:-
ਨੇਕੀ ਤੇਰੀ ਤੋਂ ਭਲਾ ਕੋਈ ਮੁਕਰਨ ਜੋਗਾ ?
ਚੰਗਾ ਜਗ ਵਿਚ ਪ੍ਰਗਟ ਤੂੰ ਭਲ ਦਰਸ਼ਨ ਜੋਗਾ।
ਪਰ ਤੂੰ ਰਹਮ! ਨ ਮੰਨੀਓਂ ਗਲ ਬੁਰੀ ਅਸਾਡੀ,
ਕਰੇ ਨ ਜਗ ਬਦਨਾਮ ਤੁਹਿ ਨੇਕੀ ਜੁ ਤੁਹਾਡੀ।
ਭਲਾ, ਰਹਮ ਵੀ ਜਗਤ ਵਿਚ ਇਕ ਚੀਜ ਵਡੇਰੀ,
ਤਦ ਹੋਵੇ ਜਦ ਸਮਝ ਸੰਗ ਨੇਕੀ ਜਗ ਤੇਰੀ।
ਨੇਕੀ ਵਜ ਰਥ ਗੁਵਾਇ ਦੀ ਜਿਸ ਨੇ, ਕੀ ਕੀਤਾ?
ਓਹ ਲਜਾਈ ਆਪ ਤੇ ਅਪਜਸ ਤੂੰ ਲੀਤਾ।
ਬਚਨ ਨ ਮਿੱਠੇ ਦੁੱਖ ਦੇ ਇਹ ਵੱਡੇ ਟੋਟੇ।
ਨੇਕੀ ਤੇਰੀ ਨੇ ਲਖਾਂ ਘਰ ਗਾਲੇ ਮੇਟੇ।
ਮਿਤ੍ਰਾਂ ਨੂੰ ਤੂੰ ਹੀ ਕਹੇਂ 'ਡਰ ਕਿਸੇ ਨ ਕੇਰਾ।'
ਅਤੇ ਵੈਰੀਆ ਨੂੰ ਕਹੇਂ "ਕਰ ਜੋ ਜੀਅ ਤੇਰਾ।'
ਤੇਰੇ ਪਰਨੇ[1] ਚੋਰੀਆਂ ਕਰ ਚੋਰ ਨ ਡਰਦੇ,
ਤੇਰੀ ਰੱਖ ਸਹਾਯਤਾ ਹਨ ਲੁਟਦੇ ਫਿਰਦੇ।
ਜਿਤਨੇ ਜਗ ਵਿਚ ਧਾੜਵੀ ਤੂੰ ਸਭਨ ਸਹਾਈ,
ਡਾਕਾ ਮਾਰਨ ਵਾਲਿਆਂ ਦੇ ਸਭ ਦਾ ਸਾਈਂ।
ਦੇਸ ਜਿਹੜੇ ਵਿਚ ਤੁਸਾਂ ਦਾ ਹੋਵੇ ਪਰਤਾਪਾ,
ਜਾਣੋਂ ਅਜਕਲ ਉਜੜਿਆ ਸੇਗ ਸੋਗ ਸੰਤਾਪਾ।
ਪਿਉ ਦਾ ਕਿਹਾ ਨ ਮੰਨਦੇ ਪੁਤ ਸਿਖ[2] ਮਤ ਵਾਲੇ
ਪਹੁੰਚ ਨ ਦੱਸਣ ਖਸਮ ਨੂੰ ਨੌਕਰ ਇਸ ਚਾਲੇ।
ਮੁੰਡੇ ਕੁਝ ਨਾ ਮੰਨਦੇ ਭਾਈ ਦੀ ਘੁਰਕੀ,
ਲੁੱਚੇ ਕਰਨ ਪੁਲੀਸ ਦੀ ਏਵੇਂ ਇਕ ਬੁਰਕੀ।
ਵਿੱਚ ਕਚਹਿਰੀ ਦੇਖਲੋ ਅਮਲੇ ਦਾ ਵਿਹਾਰਾ,
ਸਮਝ ਦੀਵਾਨੀ ਦੇਖੀਏ ਇਕ ਖੁਲਾ ਬਜਾਰਾ,
ਘੁਟਦੇ ਫਿਰਦੇ ਢਿਡ ਤਹਾਂ ਨਿਜ ਲੋੜਾਂ ਵਾਲੇ,
ਮੂੰਹ ਖੁਹਲੇ ਬੈਠੇ ਛਕਣ ਸਭ ਅਮਲੇ ਵਾਲੇ।

[1]ਤੇਰੇ ਆਸਰੇ। [2]ਪੁਤ੍ਰ ਤੇ ਚੇਲੇ।

ਨੇਕੀ ਖਸਮ ਨ ਡਰ ਉਨ੍ਹਾਂ ਡਰ ਲੁੱਟ ਨ ਮਾਸਾ
ਪਹਿਲੋਂ ਆਖਣ 'ਸਾਇਲਾ! ਭ ਤੁਸਾਡਾ ਕਾਸਾ'।
ਸਭਨੀਂ ਪਾਸੀਂ ਛੁਟ ਰਹੇ ਦੱਲਾਲ ਵਿਚਾਲੇ,
ਹੱਥੀਂ ਦੁਹੀਂ ਲੁਟੀਂਵਦੇ ਪਏ ਲੋੜਾਂ ਵਾਲੇ।
ਉਂਵ ਤਾਂ ਤੇਰੇ ਵਿਚ ਭੀ ਹਨ ਰਤਨ ਅਮੋਲੇ,
ਨੇਕੀ ਥੋੜੀ ਪਰ ਬਹੁਤ ਹੈ ਬਦੀ ਵਿਚੋਲੇ।
ਇਕ ਲੁਟੇਰੇ ਤੇ ਦਯਾ ਕਰ ਤੂੰ ਛੁਡਵਾਵੇਂ,
ਕਿਤਨੇ ਜਾਤ੍ਰੀ ਜਾਣਕੇ ਸੰਗੋਂ ਲੁਟਵਾਵੇਂ।
ਪਿਉ ਦੀ ਘੁਰਕੀ ਤੋਂ ਜੁ ਤੂੰ ਪੁਤ ਨੂੰ ਬਚਵਾਵੇਂ
ਮੂਰਖ ਉਸਨੂੰ ਰੱਖਣਾਂ ਤੂੰ ਮਾਨੇਂ ਚਾਹਵੇਂ।
ਹੱਥ ਜੁ ਤੂੰ ਉਸਤਾਦ ਦਾ ਨਾ ਉੱਠਣ ਦੇਵੇਂ,
ਬੀਜ ਸ਼ਰਿਰਦਾਂ ਵਾਸਤੇ ਬੁਰਿਆਈ ਬੋਵੇਂ।
ਮਿਠੀਆਂ ਗਲਾਂ ਤੇਰੀਆਂ ਪਰ ਬਿਖ ਦੀ ਭਰੀਆਂ
ਹਨ ਅਰੰਭ ਵਿਚ ਚੰਗੀਆਂ ਪਰਿਣਾਮੋਂ[1] ਬੁਰੀਆਂ
ਰੱਬ ਕਰੇ ਜੇ ਤੂੰ ਰਹਿਮ! ਮੈਂ ਨੇਮ ਨਿਬਾਹੇਂ,
ਫੇਰ ਨ ਅਪਣਾ ਹੱਦ ਤੋਂ ਬਾਹਰ ਟੁਰ ਜਾਏਂ।
ਬੇਲਿਹਾਜ ਰਹਿਣਾ ਮੇਰਾ ਇਹ ਰਤਨ ਚੰਗੇਰਾ,
ਤੂੰ ਜੋ ਕਹੀ ਕਲੰਕਤਾ ਸੋ ਭੂਖਣ ਮੇਰਾ।
ਸਚ ਜੇ ਸੁਣਿਆਂ ਤੈਂ ਕਿਤੇ ਸੋ ਮੁੱਝ ਸੁਭਾਵਾ,
'ਨਜਾਇਂ' ਕਹੇ ਜਿਸਨੂੰ ਜਗਤ ਮੈਂ ਪ੍ਰਕ੍ਰਿਤ ਸੁਹਾਵਾ[2]
'ਸਮਤਾ' ਜਿਸਨੂੰ ਕਹੇ ਜਗ ਸੋ ਮੈਂ ਵਰਤਾਵਾਂ।
ਵਡੇ ਭਾਗ ਉਸ ਦੇਸ ਦੇ ਜਹਿੰ ਰਾਜ ਕਮਾਵਾਂ[3]।
ਮੈਂ ਹੀ ਸੀ ਇਸ ਜਗਤ ਵਿਚ ਜਿਸ ਥੇਹ ਵਸਾਏ,
ਮੈਂ ਹੀ ਸਭ ਇਖਬਾਰ ਜਗ ਸੋ ਤੰਤ੍ਰ ਕਰਾਏ।
ਥਾਓਂ ਥਾਈਂ ਕੌਂਸਲਾਂ ਮੈਂ ਹੁਕਮੋਂ ਬਣੀਆਂ,
ਮੇਰੀ ਪਾਇ ਸਲਾਹ ਨੂੰ ਰਜਧਾਨੀਆਂ ਘਣੀਆਂ।
ਦੂਰ ਕਰੀ ਇਸ ਜਗਤ ਤੋਂ ਇਕ ਦੀ ਰਜਧਾਨੀ,
ਪਰਾਧੀਨਤਾ ਜਗਤ ਤੋਂ ਸਭ ਦੂਰ ਪਰਾਨੀ।
ਲੱਖਾਂ ਸਭਾਂ ਬਿਠਾਈਆਂ ਵਿਚ ਦੇਸਾਂ ਮੈਂ ਨੇ,

[1]ਅੰਤ ਨੂੰ। ਭਾਵ ਅੰਤ ਚੁਨ੍ਹਾਂ ਦਾ ਬੁਰਾ ਹੈ। [2]ਉਹ ਮੇਰੀ ਸੁਹਾਵੀ ਪ੍ਰਕ੍ਰਿਤੀ ਹੈ। [3]ਜਿੱਥੇ ਮੈਂ (ਭਾਵ ਨਿਆਂ) ਰਾਜ ਕਮਾਉਂਦਾ ਹਾਂ ਉਸ ਦੇਸ ਦੇ ਵਡੇ ਭਾਗ ਹਨ।

Digitized by Panjab Digital Library | www.panjabdigilib.org

ਰਾਹ ਸੁਝਾਏ ਭੁੱਲ ਦੇ ਹਰ ਭੇਸਾਂ ਮੈਂ ਨੈ।
ਬੱਧਾ ਨਜਾਉਂ ਨ ਕਿਸੇ ਦਾ ਨਾ ਹੁਕਮ ਘਰੋਗਾ,
ਹੋਇਆ ਰਾਜ ਪੰਚਾਇਤੀ ਹੁਣ ਸਭਨਾਂ ਜੋਗਾ।
ਜਿਵੇਂ ਰਹਮ! ਦੁਖ ਕਿਸੇ ਦਾ ਗਾਹਕ ਤੂੰ ਨਾਂਹੀ,
ਇਕੁਰ ਤੇਰੀ ਸਹਾਯਤਾ ਵਿਚ ਮੈਂ ਭੀ ਨਾਂਹੀ।
ਸਿਰ ਜਿਸਨੇ ਕੁਝ ਚੁੱਕਿਆ ਮੈਂ ਭੰਨ ਗੁਵਾਯਾ,
ਬੇੜਾ ਭਰਿਆ ਪਾਪ ਦਾ ਮੰਝਧਾਰ ਡੁਬਾਯਾ।
ਲਹਿੰਦੇ ਚੜ੍ਹਦੇ ਤੀਕ ਮੈਂ ਜਗ ਹੁਕਮ ਤੁਰੇਂਦਾ,
ਜਿਸਨੇ ਕਿਹਾ ਨ ਮੰਨਿਆਂ ਓ ਦੂਰ ਸਟੇਂਦਾ।
ਮੇਰੀ ਅਕਲ ਨ ਅੱਕਦੀ ਕਦਹੀਂ ਕਿਸ ਵੇਲੇ,
ਤੀਰ ਨਿਸ਼ਨੇ ਬੈਠਦਾ ਮੇਰਾ ਹਰ ਵੇਲੇ।
ਜੇ ਮੈਂ ਅਪਣੇ ਓਜ ਦੀ ਤਲਵਾਰ ਦਿਖਾਂਦਾ,
ਵਾਰ ਨ ਫਿਰ ਹਾਬੀਲ ਤੇ ਕਾਬੀਲ ਚਲਾਂਦਾ
ਜਿੱਥੇ ਮੇਰਾ ਰਾਜ ਹੈ ਤੇ ਨਜਾਉਂ ਰਹਮ! ਸੁਣ,
ਤੇਰੀਨੇਕੀ ਉਸ ਜਗਾ ਕੁਝ ਕਰ ਨ ਸਕੇ ਗੁਣ।
ਹਠਧਰਮੀ ਤੇ ਵੈਰ ਦਾ ਓਥੇ ਨ ਗੁਜ਼ਾਰਾ,
ਨਹੀਂ ਨਿਸ਼ਾਨੀ ਸਾਕਦੀ ਨਹਿੰ ਪ੍ਰੀਤਪਿਆਰਾ।
ਐਂਡੇ ਬੈਂਡੇ[1] ਟੇਢੜੇ ਨਹੀਂ ਆਉਣ ਪਾਂਦੇ,
ਵਲ ਵਲੀਆਂ[2] ਦੇ ਤੁਰਤ ਹੀ ਸਭ ਨਿੱਕਲ ਜਾਂਦੇ।
ਭਲਿਆਂ ਪੁਰਸ਼ਾਂ ਨੂੰ ਨਹੀਂ ਡਰ ਰਾਜ ਅਸਾਡੇ
ਹੋਣ ਕਣੇਡੇ ਪਾਪ ਤੇ ਰਹਿ ਡਰਨ ਦੁਰਾਡੇ।
ਸੱਤੀਂ ਪੜਦੀਂ ਭੀ ਕੋਈ ਜੇ ਪਾਪ ਲੁਕਾਵੇ।
ਅੱਜ ਨ ਹੋਇਆ ਕੱਲ ਤਕ ਨਿੰਦਤ ਹੋ ਜਾਵੇ।
ਏਥੇ ਵੈਰੀ ਪਾਪ ਦੇ ਕੰਧਾਂ ਤੇ ਬੂਹੇ।
ਨਹੀਂ ਸਹਾਯਕ ਭ੍ਰਾਤ ਦਾ ਪਿਖ ਔਗੁਣ ਧੂਹੇ,
ਚਾਰੇ ਪੱਲੇ ਸਾਫ ਜੋ ਔਗੁਣ ਤੋਂ ਹੋਵੇ,
ਡਰ ਨਹੀਂ ਚੁਸਨੂੰ ਕਿਸ ਦਾ ਲੱਖ ਵਰੀ ਹੋਵੇ।
ਰਾਜਾ ਪਰਜਾ ਤੋਂ ਨਿਡਰ ਵਿਚ ਦੁਨੀਆਂ ਵੱਸੇ,
ਚੋਰੋਂ ਡਰੇ ਨ ਰਾਹ ਤੋਂ, ਖੁਸ਼ ਹੱਸੇ ਵੱਸੇ।
ਵੈਰੀ ਦੀ ਫਰੀਆਦ ਤੋਂ ਉਹ ਨਿੱਡਰ ਰਹਿੰਦਾ,

[1]ਆਕੜ ਬਾਜ ਤੇ ਟੇਢੇ। [2]ਵਲ ਛਲ ਵਾਲਿਆਂ ਦੇ ਵਲ।

ਖੁੱਲਾਪਨ ਦਿਖਬਾਰਦਾ ਉਹਨੂੰ ਕੁਝ ਨ ਕਹਿੰਦਾ
ਚਤੁਰਾਂ ਕਾਰੀਗਰਾਂ ਦਾ ਦਿਲ ਵਾਧੇ ਪਾਵਾਂ,
ਇਸ ਵੇਲੇ ਰੰਗ ਉਨ੍ਹਾਂ ਦੇ ਸਭ ਥਾਂ ਦਿਖਲਾਵਾਂ
ਭੇਖੀ ਕੇਡਾ ਕਿਉਂ ਨ ਹੋ ਲਖ ਬਣਤ ਬਣਾਵੇ।
ਗੁਣਵਾਲਾ ਮੇਰੇਰਾਜ ਵਿਚ ਬਣਸਕੇਨਚਾਹਵੇ।
ਨਹੀਂ ਗੁਰੂਨੂੰ ਸਿੱਖ ਤੋਂ ਕੁਛ ਪੁੱਛਣ ਮਿਹਣਾ,
ਤੇ ਏਥੇ ਹੀ ਸਿਖ ਨੂੰ ਹਠ ਭੁੱਲ ਨ ਕਰਣਾ।
ਮੂਰਖ ਤੋਂ ਸਜਾਣਾ ਸੁਣੇ ਗਲ ਚੰਗੀ ਕੋਈ,
ਨੰਮ੍ਰ ਹੋਇ ਜਿਯ ਜਾਣਕੇ ਗਲ ਲਾਭ ਲਭੋਈ।
ਚਾਕਰ ਅਪਣੇ ਖਸਮ ਨੂੰ ਕੋਈ ਭੁੱਲ ਜਤਾਵੇ,
ਬਿਨ ਸ਼ਰਮਿੰਦੇ ਹੋਣ ਤੋਂ ਕੁਝ ਬਣ ਨਹੀਂ ਆਵੇ।
ਕਰਨ ਅਨਹੱਕ ਨ ਬਾਣੀਏ ਗਾਹਕ ਤੇ ਭੋਰਾ,
ਤੋਲੇਂ ਘੱਟ ਨ ਤੁਲ ਸਕੇ ਨਹਿੰ ਹੋਇ ਠਗੋਰਾ।
ਬਲਦ ਨ ਖਾਵੇ ਆਰ ਨੂੰ ਬਿਨ ਮਚਲੀ ਲਾਏ[1],
ਘੋੜਾ ਚੰਗੀ ਚਾਲ ਦਾ ਨਹੀਂ ਚਾਬਕ ਖਾਏ।
ਪੂਰੀ ਕਾਰ ਕਰਾਵਣੀ ਵਡੇ ਵਡਿਆਂ ਤੋਂ,
ਖਰੀ ਮਜੂਰੀ ਦੇਵਣੀ ਚਾਕਰ ਰਖਿਆਂ ਤੋਂ।
ਏਥੇ ਹਨ ਜੋ ਉੱਦਮੀ ਪਰਸੰਨ ਅਨੰਦੀ,
ਹੋਣ ਖੁਆਰ ਦਲਿੱਦਰੀ ਚਹ ਸੁਖ ਮਤਿਮੰਦੀ।
ਭਾਗਵਾਨ ਨਿਰਭੈ ਵੱਸਣ ਚੋਰਾਂ ਤੋਂ ਗਹਿਲੇ।
ਬਲੀ ਨ ਨਿਰਬਲ ਨੂੰ ਕਦੀ ਡਾਂਟੇ ਕਿਸਵੇਲੇ।
ਚੰਗੇ ਨੂੰ ਚੰਗਾ ਲਖਨ ਮੰਦੇ ਨੂੰ ਮੰਦਾ।
ਇੱਟ ਨ ਮਿਣਤੀ ਘੱਟ ਲੈ ਘਰ ਉਸਰਨਵੰਦਾ.
ਝੂਠੇ ਸਚਿਆਂ ਦੇ ਨਹੀਂ ਬਦਲਾਉਣ ਭੇਖਾ।
ਖੋਟਾ ਵਿੱਚ ਬਜਾਰ ਦੇ ਦਮ ਜਾਇ ਪਰੇਖਾ।
ਜਿੱਧਰ ਜਾਈਏ ਦੇਖੀਏ ਸੁਖ ਨਾਲ ਵਸੰਦੇ।
ਝਗੜੇ ਮਰੀ ਹਦ ਤੋਂ ਝਪਕ[2] ਨਿਕਲੰਦੇ।
ਜਿਸ ਰਜਧਾਨੀ ਵਿਚਨਹਿੰ ਮੈਂ ਸਿੱਕਾ ਜਾਰੀ,

[1]ਬਲਦ ਬੀ ਬਿਨਾਂ ਮਚਲੇ ਹੋਇਆਂ ਆਰ ਨਹੀਂ ਖਾ ਸਕਦਾ। [ਆਰ–ਪਰਾਣੀ ਅਰੀ ਲਗਾ ਸੁਆ ਜੋ ਡੰਗਰਾਂ ਦੇ ਮਚਲਜਾਣ ਤੇ ਚੁਭੋਯਾ ਜਾਂਦਾ ਹੈ]। [2]ਡਰਕੇ। ਛਹਿ ਕੇ।

Digitized by Panjab Digital Library | www.panjabdigilib.org

ਵਾਂਗਾਂ ਹੱਥ ਕੁਕਰਮ ਦੇ ਚਹਿ ਕਰੈ ਸੁ ਕਾਰੀ ।
ਓਸੇ ਹੀ ਥਾਂ ਰੱਬ ਦੇ ਪਜਾਰੇ ਦੁਖ ਪਾਂਦੇ,
ਈਸਾ ਵਰਗੇ ਨੇਕ ਨਰ ਸੂਲੀ ਚੜ੍ਹ ਜਾਂਦੇ ।
ਚੰਗੇ ਲੜਕੇ ਬਾਪ ਦੇ ਹਨ ਆਗਜਾਕਾਰੀ,
ਵਾਂਗੂ ਲਛਮਨ ਰਾਮ ਦੇ ਬਨ ਬਿਪਦਸਹਾਰੀ।
ਮੰਨ ਰਖਿਆ ਜਿਸ ਕੌਮ ਨੇ ਔਲਾਦ ਰਸੂਲੀ,
ਪਜਾਸੇ ਮਰਦੇ ਕੌਮ ਦੇ ਹੱਥੋਂ ਦੁਖ ਝੂਲੀ ।
ਵਾਂਗ ਜ਼ਕਰੀਆ ਰੱਬ ਦੇ ਜੋ ਹੈਨ ਪਿਆਰੇ,
ਸਿਰਉਹਨਾਂ ਤੇ ਜ਼ੁਲਮ ਦੇ ਸਦਚਲਦੇ ਆਰੇ।
ਸੁਕ੍ਰਾਤ ਜਿਹੇਉਪਦੇਸ਼ਟਾ ਨੂੰ ਜ਼ਹਿਰ ਪਿਵਾਂਦੇ,
ਯੂਸਫ ਜਿਹੇ ਭਿਰਾਅ ਨੂੰਫਿਰਦਗ਼ਾ ਦਿਵਾਂਦੇ।

ਜਦ ਇਹ ਗਲ ਨਿਆਉਂਦੀਓੜਕਤੇਪਹੁੰਚੀ,
ਦੈਵਨੇਤ ਓਥੇ ਅਕਲ ਕਿਧਰੋਂ ਆ ਪਹੁੰਚੀ ।
ਦੁਹਾਂ ਭਿਰਾਵਾਂ ਵਿੱਚ ਉਸ ਕੁਝ ਝਗੜਾਡਿੱਠਾ
ਦੋਏ ਕਰਨੀ ਆਪਣੀ ਨੂੰ ਆਖਣ ਮਿੱਠਾ ।
ਰਹਮ ਨਜਾਉਂਨੂੰਕਹਿ ਰਿਹਾ ਕੀ ਗਿਣਤੀਤੇਰੀ
ਨਜਾਉਂਰਹਮ ਨੂੰ ਆਖਦਾ: ਕੁਝ ਗਲ ਨ ਤੇਰੀ।
ਸਿਰਤੋਂ ਪੈਰਾਂ ਤੀਕ ਸਭਗਲਸੁਣੀ ਅਕਲ ਨੇ,
ਆਖੇ:'ਚੰਗੀ ਗਲ ਨ ਦੋ ਭਾਈ ਲੜਨੇ' ।
ਖਾਣੀ ਇਕੋ ਤੋਂ ਹੋਏ ਹੋ ਪਰਗਟ ਭਾਈ,
ਇਕ ਤੋਂ ਇਕਵਧੀਕ ਹੋ ਵਿਚਕਸਰਨਕਾਈ।
ਸੱਚ ਕਹਾਂ ਸੁਣਤੂੰ ਰਹਮ!ਕੁਝਉਲਟ ਨ ਜਾਣੇਂ,
ਬਿਨਾਂ ਆਤਮਾ ਦੇਹ ਤੂੰ ਜੇ ਨਜਾਉਂ ਸਜਾਣੇਂ।
ਸੁਣਤੂੰਨਜਾਉਂ!ਨਵਾਲਭਰਮੈਂਵਿਰਲਕਹਾਂਗੀ,
ਰਹਮ ਬਿਨਾਂ ਤੂੰ ਅੰਧ ਨਰ,ਮੈਂ ਸੱਚ ਕਹਾਂਗੀ ।
ਦੋਵੇਂ ਹੀ ਹੋ ਜਗਤ ਦੀ ਸੁਖਪੂੰਜੀ ਭਾਈ!
ਸੋਹਣ ਫੁਲ ਤੇ ਤੋਲ ਖੁੰਦ,ਹੈ ਫਬਨ ਬਨਾਈ।
ਚੁਕਦਾ ਝਗੜਾ ਇਉਂ ਸੁਣੇਂ ਜੇ ਮੇਰੀ ਮੰਨੇਂ,
ਨਾਂ ਮੰਨੇਂ ਜਾਣੇਂ ਤੁਸੀਂ, ਰਖ ਕੰਨੇਂ ਸੰਨੇਂ[1] ।

[1]ਜੇ ਤੁਸੀਂ ਕੰਨਾ ਉੱਚ ਮਾਰ ਛਡੋ। ਭਾਵ ਸੁਣੀ ਅਣਸੁਣੀ ਕਰ ਛਡੋ ਤਾਂ ਤੁਸੀਂ ਜਾਣੋ।

ਬਿੰਦਕ ਵਿਚ ਮੈਂ ਦੁਹਾਂਦਾ ਏ ਝਗੜ ਚੁਕਾਵਾਂ,
ਕੰਨ ਕਰੋ,ਦਿਲ ਦੇ ਸੁਣੋਂ,ਮੈਂ ਕਹਿਕੇ ਜਾਵਾਂ।
ਜਾਣਿਆਂ ਸੀ,ਬੁਧਿਮਾਨ ਹੋ,ਕੰਮ ਕਰੋ ਭਲੇਰੇ,
ਜੇਹੇ ਹੋ ਪਰਖੇ ਗਏ, ਅਜ ਖਰੇ ਚੰਗੇਰੇ।
ਮੂਲੋਂ ਭੇਦ ਨ ਕੁੱਝ ਵੀ ਕਿਉਂ ਦੋਵੇਂ ਲੜਦੇ ।
ਦੋਵੇਂ ਹੀ ਜਦ ਇੱਕ ਹੋ ਫਿਰਕਿਉਂ ਹੋ ਭਿੜਦੇ
ਓਹੋ ਹੀ ਇਕ ਨਾਉਂ ਹੈ ਜੋ'ਨਜਾਉਂ'ਕਹਾਵੇ,
ਦੁਖੀਆਂਦੇ ਦੁਖ ਦੂਰ ਕਰ ਸੁਖ ਨਾਲ ਵਸਾਵੇ।
'ਰਹਮ'ਕਹਾਵੇ ਨਾਉਂ ਜਦਓਹ ਮੈਨੂੰਪੁਕਾਰਾਂ,
ਬਦਲਾ ਲਵੇਨਿਆਉਂਤਦਦੁਖੀਆਦੁਖਟਾਰਾ।
ਉਹੋ ਰਹਮ ਉਸਤਾਦ ਦੀ ਕੁਝ ਮਾਰ ਕਦੀ ਹੋ,
ਓਹੋ ਅੰਮਾ ਬਾਪ ਦੀ ਪੁਚਕਾਰ ਕਦੀ ਹੋ ।
ਕਿਤੇ ਰਹਮਹੈਤਾੜਨਾਕਿਤ ਪਜਾਰ ਪਿਆਰਾ,
ਦੀਵੇ ਅੱਗ ਮਿਸਾਲ ਦਾ ਚਾਨਣ ਇਕ ਸਾਰਾ।
ਕਿਤੇ ਰਹਮ ਦਾ ਰੂਪ ਬਣ ਓਹ ਪਰਗਟ ਹੋਵੇ,
ਕਿਤੇ ਕ੍ਰੋਧ ਦੀ ਓਟ ਲੈ ਉਹ ਛੱਪ ਖਲੋਵੇ ।
ਦੇਵੇ ਸੁਆਦਮਿਠਾਸ ਦਾ ਫਿਰਫਿਰਕਿਸਥਾਈਂ,
ਕਿਤੇ ਚਖਾਵੇ ਮੌਤ ਦਾ ਚੁਖ ਸੁਆਦ ਭਲਾਈ ।
ਇਹੋ ਕ੍ਰਿਪਾ ਸੀ ਜਦ ਉਨੂੰਪਰਣਾਮਸੁਝਾਯਾ।
ਸ਼ੇਖ ਫਰੂਕੇ ਪੁੱਤ ਨੂੰ ਤਦ ਮਾਰ ਵੰਞਾਯਾ।
ਇਹੋਕ੍ਰਿਪਾ ਸੀ ਜਾਂ ਹੋਯਾ ਮੁਰਦਾਪੁਤਉਸਦਾ,
ਇਕ ਬਰਛੀ ਜੇਹੀਲਗੀਦਿਲਦੁਖਿਆਉਸਦਾ
ਏਹੋ ਰਹਮ ਕਰਾਉਂਦਾ ਘਾਇਲ ਕਿਸ ਥਾਂਈ।
ਏਹੋ ਰਹਮ ਭਰਾਉਂਦਾ ਫਿਰ ਜ਼ਖਮਾਂ ਤਾਈਂ।

ਦਯਾ ਨਜਾਉਂਨੂੰਅਕਲ ਨੇ ਜਦਆਖਸੁਣਾਯਾ
ਸਾਖੀ 'ਹਾਲੀ'ਹੋਇਆ,'ਹਰਚਰਨ'ਮਨਾਯਾ ।
ਦੁਹਾਂ ਧਿਰਾਂਨੂੰ ਨਾਂ ਰਹੀ ਗਲ ਮੁਕਰਨ ਵਾਲੀ,
ਮੰਨੇ ਹੋਇ ਲਚਾਰ ਬਹਿ ਸੁਖ ਦੀ ਡਾਲੀ ।
ਵਧਕੇ ਦੋਵੇਂ ਇਉਂਮਿਲੇਜਿਉਂ ਸਨ ਹੀ ਇੱਕੋ,
ਜੀਕਰ ਦੇ ਦਰੀਆਉ ਮਿਲ ਹੋਜਾਵਨਇੱਕੋ ।

Digitized by Panjab Digital Library | www.panjabdigilib.org

੧੯. ਸੁਧਾਸਰ ਹੋਲੀ ਸਮਾਗਮ।

ਦੋਹਰਾ–

ਗਵਨ ਕਰੋ ਤਜਿ ਭਵਨਕੋਚਲੀ ਮੋਹਕੀਸੈਨ[1],
ਹਨੀ ਬਿਬੇਕੀ ਸੂਰਮੀ[2] ਚਲੋ ਸਿਵਾ ਕੇ ਨੈਨ।

ਕਬਿੱਤ–

ਕੁਲਾਹਲ ਐਸਾ ਕਹੂੰ ਭਯੋ ਸਕ੍ਰਲੋਕ[3] ਮਾਂਹਿ
ਜੈਸਾ ਸੁਧਾਸਰ ਮੈਂ ਸੰਬੂਹ ਸੰਤ ਕਰਤੇ।
ਆਏ ਬ੍ਰਿੰਦ ਲੋਕ,ਸੋਗ ਦੂਰ ਕੀਨੇ,ਚਿੱਤ ਤੇ ਹੈ
ਖੁਲ੍ਹੀ ਹੈ ਬਹਾਰ ਤਾਨ ਰਾਗ ਸੁਰ ਭਰਤੇ।
ਗ੍ਰਹਨ[4]ਕੇ ਤਜਾਗ ਪਾਗ[5]ਅਤਿਸੈਅਨੰਦਮਾਂਹੀ
ਚਾਹੀ ਚਿਤ ਬੀਚ ਆਜ ਰਾਗ ਰਸ ਰਰਤੇ।
'ਚਰਨ ਮ੍ਰਿਗਿੰਦ'ਆਜ ਦੇਖਕੇਹੈਰਾਨ ਭਇਆ
ਸੰਤਨ ਸੰਬੂਹ ਸਾਂਸ ਪਗਨ ਪੈ ਧਰਤੇ। ੨।

ਸ੍ਰੇਯਾ–

ਬੈਠੇ ਹੈਂ ਮੰਤ ਅਨੰਤ ਮਹਾਨ ਸੁ
ਅੰਤ ਨਹੀਂ ਜਿਨ ਕਾ ਕਿਨ ਪਾਇਆ।
ਰੂਪ ਅਨੂਪ ਸਰੂਪ ਸੁ ਸੁੰਦਰ
ਦੇਖ ਜਿਨੈ ਚਿਤ ਹੈ ਲਲਚਾਇਆ।
ਇੰਦਰ ਕੋਇ ਬਿਰਾਜਤ ਹੈ ਕਿਧੋਂ
ਨ੍ਰਿਪ ਧਰਜੋ ਨਿਜ ਆਪਨ ਮਾਇਆ[6]।
ਕਵਿ 'ਪਾਦ ਮ੍ਰਿਗਿੰਦ' ਅਨੰਦ ਭਯੋ
ਮਾਨੋਚੰਦ ਚਰਜੋ ਅਬ ਰਾਜਨ ਰਾਇਆ।੩।
ਸੰਤ ਅਨੰਤ ਇਕੰਤ ਭਏ ਮਿਲਿ ਕੈ
ਸੁਰਮੰਗ ਬਿਰਾਜਤ ਇੰਦਰ।
ਜੋਰ ਕਰੋਰਹ ਸੋਰ ਕਰੈ ਜਿਮ
ਸ਼ੁਨ ਕੈ ਮੱਧਿ ਬਿਰਾਜਤ ਚੰਦਰ।
ਤੁਰਨ ਤੂਰ ਬਜਾਵਤ ਹੈਂ ਮੁਖ
ਗਾਵੰਤ ਹੈ ਸੁਰ ਸਾਜ ਪੁਰੰਦਰ।
ਘਨਘੋਰ ਉਠੀ ਚਹੂੰ ਓਰਨ ਤੇ
ਜਿਮ ਮੋਰਨ ਸ਼ੋਰ ਕਿਯੋ ਪਿਖ ਬੰਦਰ।੪।

---

[1]ਘਰ ਨੂੰ ਛੱਡਕੇ ਚੱਲੋ (ਦੇਖੋ) ਮੋਹ ਦੀ ਸੈਨਾ ਚਲ ਪਈ ਹੈ। [2]ਬਿਬੇਕ (ਗਯਾਨ) ਰੂਪੀ ਸੂਰਮੀ ਮਾਰੀ ਗਈ। [3]ਇੰਦ੍ਰਲੋਕ। [4]ਘਰਾਂਨੂੰ। [5]ਰਪ ਕੇ,' ਭਾਵ' ਅਨੰਦ ਵਿਚ ਸਰਸ਼ਾਰ ਹੋਕੇ। [6]ਮਾਯਾ ਦਾ ਰੂਪ ਧਾਰਕੇ।

੨੦. ਗੁਰੂ ਜੀ ਦਾ ਹੋਲਾ।

ਲਾਲੀ ਭਈ ਨਭ ਮੰਡਲ ਮੈਂ,
ਜੁ ਉਡਾਇਓ ਗੁਲਾਲ ਇਤਾਲਉਤਾਲਸੋਂ[1]।
ਡਫ ਝਾਂਝਨ ਸ਼ੋਰ ਨਫੀਰਨ ਕੋ
ਧਰ ਧਾਇ ਬਚਾਇ ਲਗਾਇ ਇਤਾਲ ਸੋਂ।
ਝੇਲਤ ਮੇਲ ਧਕੇਲਤ ਦੈਜ਼ਨ[2],
ਰੇਲਤ ਪੇਲ ਅਪੇਲ ਅਚਾਲ ਸੋਂ[3]।
ਖੇਲਤ ਖੇਲ ਅਖੇਲ ਗੁਰਿੰਦ
ਲਗਾਤ ਗੁਲਾਲ ਸੁਲਾਲ ਕੀ ਗਾਲ ਸੋਂ[4]। ।
ਬਰ ਦੇਹ ਸੁ ਪਾਇਕੈ ਭਾਰਥ ਮੈਂ
ਜਿਹ ਮੈਂ ਸਭ ਗਯਾਨ ਯਥਾਰਥ ਕਾਲ ਸੋਂ।
ਬਰ ਕਾਲ ਮਿਲਜੋ ਕਲਿਕਾਲ ਕੋ ਹੈ
ਜਿਹ ਮੈਂ ਤਤਕਾਲ ਮਿਟੈ ਜਮਜਾਲ ਸੋਂ।
ਸਤਿਸੰਗ ਸਦਾ ਤਵ ਸੰਗ ਰਹੈ
ਫਿਰ ਕਿਉਂ ਨ ਜੁੜੈ ਭਗਵਾਨ ਅਕਾਲ ਸੋਂ।
'ਪਦ ਸਾਰੰਗ' ਫੇਰ ਨ ਪੈਹੈ ਸਮੋ
ਅੱਸੂਆਂ ਕਿਨ ਪੈਛਨ ਲਾਲ ਸੀ ਗਾਲ ਸੋਂ।੨।

---

੨੧. ਹੋਲਾ ਯੁੱਧ।

ਨਿਪਟ ਨਿਵੈਟ ਮੋਟ ਕੋਟ ਮੋਰਚਾਨ ਓਟ
ਗੋਲੀ ਬਾਨ ਸੇਲ ਮਾਨੋ ਚੋਟ ਪਿਚਕਾਰੀ ਕੀ।
ਚਾਚਿਰ ਚਰਿਤ੍ਰ ਏ ਬਚਿਤ੍ਰ ਐ ਪਵਿਤ੍ਰ ਅਤਿ
ਸਤ੍ਰ,ਮਿਤ੍ਰ,ਅਤ੍ਰ, ਉਤ੍ਰ,ਉਮਗਤਿਆਰੀਕੀ।

---

[1]ਇਧਰੋਂ ਓਧਰੋਂ। [2]ਧੱਕੇ ਮਾਰਕੇ ਹੇਜ਼ਾਂ ਵਿਚ ਡੋਗਦੇ ਹਨ। [3]ਧੱਕਦੇ ਹਨ, ਨਪੀੜਦੇ ਹਨ,(ਕਦੇ) ਛੱਡ ਦਿੰਦੇ ਹਨ (ਕਦੇ ਫੜਕੇ) ਖੜੇ ਕਰ ਲੈਂਦੇਹਨ।

Digitized by Panjab Digital Library | www.panjabdigilib.org

ਮਾਰੂ ਡਫ ਹੋਰੀ ਐ ਕੁਮਕੁਮਾ ਕੀ ਰੋਰੀ ਭਰ ਢੋਲ ਪਟਹ ਪਣਵ ਐ ਰੰਗ ਰੁਧਰ ਧਾਰੀ ਕੀ। ਹੋਲਾ ਹੇਲ ਮੇਲਨ ਧਕੇਲਨ ਕੈ ਰੇਲ ਪੇਲ ਜੀਤਹਾਰ ਇਤ ਉਤ ਨ ਹੋਤ ਅਨਿਯਾਰੀ ਕੀ।

--o--

੨੨. ਨਾਨਕ ਵਾੜਾ* ।

ਸੁਰਸਰਿ[1] ਤੀਰ ਪਰ ਵਾੜਾ ਸ੍ਰੀ ਨਾਨਕ ਕੋ ਰਹਤ ਉਦਾਸੀ ਸੰਤ ਮਹਾਂ ਹਿਤਕਾਰੀ ਹੈ। ਤਹਾਂ ਪੈ ਮਹੰਤ ਸ੍ਰੀ 'ਮਗ੍ਹੀ ਰਾਮ' ਨਾਮ ਸ਼ੁਭ ਮਗਨ ਅਨੰਦ ਨਿਜ ਸਦਾ ਮੁਹਾਚਾਰੀ ਹੈ। ਆਵਤ ਕੋਆਦਰ ਪ੍ਰਸਾਦਿ ਆਦਿ ਹਿਤ ਸੰਗ ਕਰਤ ਮੁਕੰਦ ਬਾਲ ਸ਼ੁਭ ਬ੍ਰਿਤ ਧਾਰੀ ਹੈ। 'ਚਰਨ ਮ੍ਰਿਗਿੰਦ' ਹੋਂ ਅਨੰਦ ਪਾਇ ਰਹਤ ਭਾ ਡੇਰਾ ਹੈ ਅਤੀਤਨ ਕੋ[2] ਸ਼ੀਲਵੰਤ ਭਾਰੀ ਹੈ। ਸੁੰਦਰ ਬਗ਼ੀਚਾ ਕੂਪ ਖਨਜੋ ਅਧਬੀਚਾ ਜਾਂ ਤੇ ਬਾਟਕਾ[3]ਕੋਸੀਚਾ ਹੈਉਲੀਚਾ[4]ਬਾਰਬਾਰਬਾਰ। ਸੁੰਦਰ ਨਿਸ਼ਾਨ ਗੁਰਘਰ ਕੋ ਨਿਸਾਨ ਜੋਊ ਊਚੋ ਹੈ ਮਹਾਨ ਨੀਯਰ[5] ਸੁਰਸਰਿ ਧਾਰਬਾਰ। ਅਦਬ ਮਹਾਨ ਨ ਬਖਾਨ ਕਵਿ ਕਰ ਸਕੈ ਸ੍ਰੀ ਗੁਰੂ ਗ੍ਰੰਥ ਜੀ ਕੋ ਰਾਖਤ ਬਿਚਾਰ ਧਾਰਿ। 'ਚਰਨਮ੍ਰਿਗਿੰਦ' ਸ੍ਰੀ ਗੁਬਿੰਦ ਰਾਮ ਆਨੰਦ ਸੋਂ ਅਤਿਥਨਕੀਸੇਵਬਜੰਜਨ[6]ਬਾਨੀਬਰਦਾਰਬਾਰ। ਦੋਹਰਾ—ਸੰਤ ਥਾਨ ਕੀ ਸਤੁਤਿ ਜੋ ਕਰ ਨ ਸਕਤ ਕਵਿ ਕੇਮ[1]। ਸ਼ੁਭ ਬਿਵਹਾਰ ਅਚਾਰ ਅਤਿ ਨਿਰਮਲ ਪੇਖਜੋ ਜੇਮ[2]। ੩। ਅਤਿ ਸੁਸ਼ੀਲਤਾ ਅਤਿ ਖਿਮਾ ਲੰਗਰ ਬਿਨ ਜਾਗੀਰ॥ ਅਤੁਟ ਅਖੁਟ ਸਦ ਚਲਤ ਹੈ ਆਸ੍ਰੈ ਗੁਨੀ ਗਹੀਰ। ੪। ਕਬਿਤ—ਬੋਲੈਂ ਪ੍ਰਿਯ ਬਾਨੀ ਜੋਊ ਸਭਨ ਸੁਹਾਨੀ,ਨਾਹ ਕਾਹੂ ਮਾਨ ਹਾਨੰ[3],ਬਾਨੀ ਐਸੀਮ੍ਰਿਦਬੋਲਹੀ। ਆਦਰ ਕੀ ਖਾਨ ਐ ਗੁਨੋਂ ਕੇ ਹੈਂ ਕਦਰਦਾਨ ਮਹਾਂ ਖਾਨ ਗੁਨ ਜਾਂਕੋ ਕਥਨ ਅਤੋਲ ਹੀ। ਮਹਾਂ ਨਿਰਲੋਭੀ, ਬ੍ਰਿਤ ਜਿਨਕੀ ਅਛੋਭੀ[4] ਸੰਤੱਤ੍ਵ ਭਾਵ ਸੋ ਭੀ[5] ਥਿਰ ਅਚਲ ਅਡੋਲਹੀ। 'ਚਰਨ ਮ੍ਰਿਗਿੰਦ' ਐਸੇ ਸੰਤਵਾੜਾ ਨਾਨਕ ਮੈਂ ਰਹਤ ਸਦੀਵ ਜਸ ਜਿਨਕੋ ਅਮੋਲ ਹੀ।੫। ਜਿਤਨੇ ਕ ਦਿਵਾਲੇ ਐਸ਼ਿਵਾਲੈਤੀਰਹਰੀਦ੍ਵਾਰ ਤਿਤਨੋ ਮੈ ਸ੍ਵਾਨ ਰੰਕ ਬ੍ਰਾਹ੍ਮਨ[6] ਅਕਾਵਹੀਂ। ਵਾੜਾ ਸ੍ਰੀ ਨਾਨਕ ਮੈਂ ਨਾਨਕ ਕੀ ਕ੍ਰਿਪਾਅਤਿ ਦੰਭੀ ਐ ਪਖੰਡੀ ਨਾਂਹਿ ਮੁਖ ਕੋ ਦਿਖਾਵਹੀਂ। ਹਰਿ ਗੁਨ ਗਾਯਨ, ਪਰਾਯਨ ਹੈ ਬ੍ਰਿਤ ਈਸ਼[7] ਕਥਾ ਪਾਠ ਭਜਨ ਮੈਂ ਦਿਵਸ ਬਿਤਾਵਹੀਂ। 'ਚਰਨ ਮ੍ਰਿਗਿੰਦ'ਅਤਿ ਆਨੰਦ ਕੋ ਥਾਨ ਪੇਖਾ ਦ੍ਵੈਦ ਬਾਦ ਬਿਸ਼ਿਅਨ ਸੋ ਬ੍ਰਿਤ ਕੋ ਹਟਾਵਹੀਂ। ਸਾਂਤਕੀ ਸਥਾਨ ਜਾਂਕੀ ਸਮ ਨਾਹ ਆਨ ਐਸੋ ਉੱਤਮ ਮਹਾਨ ਤੀਰ ਸੁਰਸਰਿ ਸੋਹਿਆ। ਫੂਲ ਫੁਲਵਾਰੀ ਰੂਪ ਸੋਹਤ ਨਿਸ਼ਾਨ ਮੱਧ ਕਛੁਕ ਚੌਗਾਨ[8] ਨਾਂਹਿ ਪੇਖ ਮਨ ਮੋਹਿਆ।

---

*ਕਿਸੇ ਸਮੇ ਸ੍ਰੀ ਡਾਕਟਰ ਸਾਹਿਬ ਜੀ ਹਰਿਦ੍ਵਾਰ ਵਿਖੇ ਇਸ ਗੁਰਦ੍ਵਾਰੇ ਨਾਨਕ ਵਾੜੇ ਪਧਾਰੇ ਹਨ, ਉਸ ਯਾਤ੍ਰਾ ਸਮੇ ਜਾਪਦਾ ਹੈ ਕਿ ਇਹ ਛੰਦ ਰਚੇ ਗਏ ਹਨ।

[1]ਗੰਗਾ। [2]ਤਿਆਗੀਆਂ ਦਾ।[3]ਵਾੜੀ,ਬਗੀਚੀ। [4]ਜਲ ਝੱਟਣਾ, ਛਿੜਕਣਾ। [5]ਨੇੜੇ, ਨਜ਼ਦੀਕ। [6]ਭੋਜਨ, ਭਾਵ ਹੈ ਕਿ ਲੰਗਰ ਆਦਿ ਦੀ ਸੇਵਾ ਪਰ ਨਿਯਤ ਹੈ।

[1]ਕਿਵੇਂ ਭੀ। [2]ਜਿਸ ਤਰ੍ਹਾਂ ਦਾ। [3]ਪਿਆਰੇ ਬਚਨ ਐਸੇ ਬੋਲਦੇ ਹਨ ਕਿ ਕਿਸੇ ਦੇ ਮਾਨ ਭੰਗ ਨਹੀਂ ਕਰਦੇ। [4]ਜੋ ਇਕ ਰਸ ਰਹੇ, ਦੁਖ ਸੁਖ ਤੇ ਬ੍ਰਿਤਿ ਡੋਲੇ ਨਾ। [5]ਓਹ ਭੀ। [6]ਕੁੱਤੇ, ਮੰਗਤੇ ਤੇ ਬ੍ਰਾਹਮਨ। [7]ਬ੍ਰਿਤੀ ਈਸ਼ਰ ਪਰ ਟਿਕੀ ਹੋਈ ਹੈ। [8]ਦੁੱਲਾ ਵਿਹੜਾ।

Digitized by Panjab Digital Library | www.panjabdigilib.org

ਪੈਰ ਕਤਾਦਾਰ[1] ਜੁਗ ਓਰ ਸੇ ਮਹਾਨ[2] ਰਾਜੈ,
ਮਜਲ ਨ ਦੂਜੀ ਜਾਹਿ ਨੀਕੇ ਨੈਨ ਜੋਹਿਆ[3]।
ਚਰਨ ਮ੍ਰਿਗਿੰਦ ਗੁਰ ਘਰ ਸਦਾ ਥਿਰ ਰਹੋ,
ਰਚਨ ਬਚਿੱਤ੍ਰ ਜਾਕੀ,ਪਾਪ ਤਾਪ ਕੋਹਿਆ।੭।

—o—

੨੩. ਅਜਨਾਲਾ* ।

[ਅਥ ਕਬਿਤ ਅਜਨਾਲਾ ਕੇ, ਰਿਤ ਬਸੰਤ ਸੇ ਅੰਤ ਤੱਕ]

ਰਿਤੁ ਅਨਰਿਤ ਕੇ ਬਿਭਾਵ ਮੈਂ ਬਸੰਤ ਦੇਖਜੈ[4]
ਅੰਤ ਦੇਖਜੈ ਸਿਸਰ ਕੇ ਸਮ ਸਭ ਭਾਂਤ ਸੇ।
ਉਸਨ ਨ ਸੀਤ ਨਾਹਿ ਦੁੱਖ ਪੁਨ ਸੁਖ ਨਾਹਿ
ਨਜੈ ਅਸਥਾਨ ਆਹਿ ਰੰਗ ਰਸ ਬਾਤ ਸੇ।
ਕਾਮ ਜੋਰ ਸ਼ੋਰ ਨਾਂਹਿ ਸੁਭਗ ਸੁਹਾਇ ਨਾਹਿ[5]
ਨਰ ਸਮ ਭਾਇ ਨਾਂਹਿ[6] ਵਾਕਫ ਨਾ ਜਾਤ ਸੇ।
'ਚਰਨ ਮ੍ਰਿਗਿੰਦ' ਚੰਦ ਦੇਖ ਅਜਨਾਲਾ ਬੰਦ'
ਦ੍ਵੰਦ ਬਾਦ ਛੋੜ ਬੈਠਜੈ ਏਕਲੀ ਸੀ ਰਾਤਸੇ[7]।
ਦੇਖਜੈ ਹੋ ਬਸੰਤ ਅਜਨਾਲੇ ਕੋ ਨ ਅੰਤ ਆਜੋ
ਬ੍ਰਿੱਛ ਹੈਂ ਬਿਅੰਤਆਕ,ਥ੍ਰੋਥਤਾ ਬੰਬੂਲ[8] ਕੀ।
ਸੱਕੀ[10]ਸਮਦਰਜੇ[11]ਚੱਲੈ ਘਟਾਘਨਗਰਜੇਚੱਲੈ

---

[1]ਭਾਵ ਵਡਾ ਦਰਵਾਜ਼ਾ ਬੜਾ ਸੁੰਦਰ ਬਣਿਆ ਹੋਯਾ ਹੈ। [2]ਉੱਚਾ। [3]ਤਦੋਂ ਨਾਨਕ ਵਾੜਾ ਇਕ ਮੰਜ਼ਲਾ ਸੀ, ਚੁਬਾਰਾ ਉਤੇ ਕੋਈ ਨਹੀਂ ਸੀ ਪਿਆ ਹੋਇਆ। [4]ਰੁਤਾਂਕੁਰੁੱਤਾਂ ਤੇ ਬਸੰਤ ਵਿਚ ਅਸਾਂ (ਅਜਨਾਲਾ)ਦੇਖਿਆ। [5]ਭਾਵ ਸੁਹਣਾ ਸੁਹਾਉਣਾ ਨਾ ਲੱਗਾ। [6]ਲੋਕ ਪ੍ਰੇਮ ਕਰਨ ਵਾਲੇ ਨਹੀਂ। [7]ਐਸੇ ਅਜਨਾਲੇ ਰੂਪ ਚੰਦ ਨੂੰ ਮੈਂ ਨਮਸਕਾਰ ਹੀ ਕਰਦਾ ਹਾਂ (ਵਜੰਗ ਵਿਚ ਕਿਹਾ ਹੈ)। [8]ਝਗੜਾ ਬਖੇੜਾ ਛੱਡ ਕੇ ਰਾਤ ਵਾਂਗ ਇਕੱਲਾ ਹੀ ਬੈਠਦਾ ਹਾਂ। [9]ਕਿੱਕਰ ਤੇ ਅੱਕ ਬਹੁਤੇ ਹਨ। [10]ਨਾਮ ਹੈ ਇਥੇ ਵਗਦੀ ਇਕ ਨਦੀ ਦਾ। [11]ਮਾਮੂਲੀ ਟੋਰੇ।

*ਟੇਭਲਾ ਪਿੰਡ ਆਪਨੂੰ ਕਿਹੋ ਜਿਹਾ ਪ੍ਰਤੀਤ ਹੋਯਾ ਇਹ ਇਨ੍ਹਾਂ ਛੰਦਾਂ ਤੋਂ ਵੰਗੀ ਤਰ੍ਹਾਂ ਪਾਠਕ ਦੀਆਂ ਅੱਖਾਂ ਅੱਗੇ ਮੂਰਤੀਮਾਨ ਹੋ ਜਾਂਦਾ ਹੈ।

ਤ੍ਰਿਤ ਪੁਰਹੂਤ ਬ੍ਰਿੱਛ ਕੰਟਕਿਚ ਸ਼ੂਲ ਕੀ[1]।
ਰੇਤ ਕੋ ਪ੍ਰਭਾਵ ਪੁਨ ਧੂਰ ਹੀ ਕੋ ਹਾਵ ਭਾਵ
ਰੂੜਕਾ[2] ਕੀਗੰਧਿ ਜਿਹ ਬਸੰਤ ਥ੍ਰੋਧ ਝੂਲਕੀ।
ਚਰਨ ਮ੍ਰਿਗਿੰਦ' ਅਜਨਾਲੇ ਕੀ ਬਸੰਤ ਐਸੀ
ਐਸੀ ਨਾਹਿੰ ਦੇਖੀ ਜੈਸੀ ਥ੍ਰੋਧ ਇਹਾਂ ਧੂਲਕੀ।
ਗ੍ਰੀਖਮ ਮਹਾਨ ਜਾ ਮੈਂ ਅਧਿਕ ਤਪਾਨ ਪਰੈ[3]
ਪਾਨ ਬਿਨ[4] ਮਰੈਂ ਨਰ ਹੋਇਕੈ ਹੈਰਾਨ ਜੀ।
ਰੇਤ ਕੋ ਤਪਾਵ, ਮਾਰੂ ਥਲ ਕੋ ਪ੍ਰਭਾਵ ਹਰੈ[5]
ਤਪੈ ਹੈ ਤਮਾਮ ਜੈਸੇ ਅੰਨ ਭਠ ਦਾਨ ਜੀ।
ਪਾਉਂ ਕੋਛੁਆਵੈ ਵੈਤੋ ਚੇਪਕਜਿਉਂ ਫੂਲਜਾਵੈ[6]
ਬੈਠ ਪਛੁਤਾਵੈ ਯਾਮੈ ਮਰੈ ਜਿਉਂ ਅਜਾਨ ਜੀ।
'ਚਰਨ ਮ੍ਰਿਗਿੰਦ' ਮੈਪੁਕਾਰੈ ਨਿਤ ਦੇਯਾ ਦੇਯਾ[7]
ਮੇਯਾ ਬਿਨ ਕੌਨ ਹਰੈ ਐਸੀ ਦੁਖ ਖਾਨ ਜੀ[8]।
ਗ੍ਰੀਖਮਅਜਨਾਲਾਕੀਐ, ਬਾਉਹੈਬਟਾਲਾਕੀ ਐ
ਬ੍ਰਹ ਧ੍ਰਮਸਾਲਾ ਕੀ ਪ੍ਰਸਿੱਧ ਤੀਨੋਂ ਬਾਤ ਹੈਂ।
ਤਪਤ ਮੁਲਤਾਨ ਕੀ ਭੈਭੋਰ ਥਲ ਥਾਨਕੀ[9] ਜੁ
ਰਵਿਕੇ ਪਿਆਨ ਕੀ ਅਜਨਾਲਾ ਰੇਤ ਤਾਤ ਹੈ।
ਗ੍ਰੀਖਮ ਜੁ ਮਰਨੇ ਕੀ, ਸੱਸੀ ਕੇ ਤਰਨੇ ਕੀ,
ਥਲ ਮੈ ਜੁ ਜਰਨੇ ਕੀ ਅਧਿਕ ਯਾ ਸੁਹਾਤ ਹੈ।
'ਚਰਨ ਮ੍ਰਿਗਿੰਦ' ਬਿਧ ਰਚਜੋ ਮਾਨੋਗ੍ਰੀਖਮ ਮੈਂ
ਤਾਂ ਤੇ ਇਹਾਂ ਗ੍ਰੀਖਮ ਕੀ ਅਧਿਕ ਲ੍ਰਜਾਤ[10]ਹੈ।

ਪਾਵਸ[11]ਮੈਂ ਪਾਵਨ ਕਰੀਹੈ ਧਰਾ ਇੰਦ੍ਰ ਜੂ ਨੇ
ਮੇਘਨ ਹੂਕਮ ਦੀਨੋ 'ਬੇਰੋ ਅਜਨਾਲਾ ਕੋ'।

---

[1]ਤ੍ਰਿਤ ਦਾ ਬ੍ਰਿਛ ਤੇ ਕੰਡਿਆਂ ਤੇ ਸ਼ੂਲਾਂ ਦਾ ਏਥੇ ਰਾਜ ਹੈ। [2]ਟੂੰਡੀਆਂ। [3]ਗਰਮੀ। [4]ਪਾਣੀ ਤੋਂ ਬਿਨਾ। [5]ਮਾਤ ਕਰ ਦਿੰਦੀ ਹੈ। [6]ਭਾਵ ਫਲੂਹੇ ਪੈ ਜਾਂਦੇ ਹਨ। [7]ਹੇ ਦੇਵ ਹੇ ਵਾਹਿਗੁਰੂ। [8](ਉਸਦੀ) ਮਇਆ (ਕ੍ਰਿਪਾ) ਤੋਂ ਬਿਨਾ ਐਸੀ ਦੁਖਾਂ ਦੀ ਖਾਣ ਤੋਂ ਕਿਵੇਂ ਛੁਟਕਾਰਾ ਹੋਵੇ। [9]ਸ਼ਹਰ ਭੈਭੋਰ ਦੇ ਥਲ ਪ੍ਰਸਿਧ ਹਨ(ਜਿਥੇ ਸੱਸੀ ਥਲਾਂ ਵਿਚ ਮਰੀ ਸੀ)। [10]ਭਾਵ ਇਸੇ ਕਰਕੇ ਗਰਮੀ ਦੀ ਇਥੇ ਅਤਿ ਹੈ। [11]ਬਰਸਾਤ ਵਿਚ।

Digitized by Panjab Digital Library | www.panjabdigilib.org

ਮੇਘ ਬਰਸਾਵੈ, ਪੁਨ ਸੱਕੀ ਹੜ ਆਵੈ, ਧਰਾ ਜਲ ਦ੍ਰਿਸਟਾਵੈ ਆਵੈ ਸੁੰਦਰ ਉਛਾਲਾ ਕੋ।
ਬਾਉ ਕੀ ਮਹਾਨੀ ਜਾਂਤੇ ਫਸਲ ਵੈਰਾਨੀ ਥੀਵੈ
ਪੰਥ ਸਭ ਰੁਕੈਂ ਸ਼ੋਰ ਦਾਦੁਰ ਸਿਆਲਾ ਕੋ[1]।
'ਚਰਨ ਮ੍ਰਿਗਿੰਦ' ਰਿਤੁਪਾਵਸਅਜਨਾਲਾਕੀ ਜੋ
ਸੋਈ ਦੁਖ ਖਾਨ ਜਗ ਜੀਵ ਨਰ ਬਾਲਾ ਕੋ।

ਗ੍ਰਾਮ ਹੈ ਭਿਆਨ ਪੁਨ ਨਰ ਹੂੰ ਭਿਆਨ ਬਸੈਂ,
ਰੀਤ ਹੈ ਭਿਆਨ ਬਾਤ ਚੀਤ ਹੈ ਭਿਆਨ ਕੀ।
ਨਦਾਨਕੀ,ਨਮਾਨਕੀ,ਨਹਾਨਕੀਨਸਜਾਨਕੀਹੈ
ਗਜਾਨ ਕੀ ਨ ਬਾਤ ਨਾਂਹਿ ਬੇਦ ਹੂੰ ਪੁਰਾਨ ਕੀ।
ਨ ਰਾਗਕੀ,ਨਤਾਨ ਕੀ ਨ ਗੁਨੀਜਨ ਮਾਨ ਕੀ
ਨ ਬ੍ਰਿੱਧ ਔ ਜੁਵਾਨ ਕੀ,ਹੈ ਬਾਤ ਪਰੇਸ਼ਾਨਕੀ।
'ਚਰਨ ਮ੍ਰਿਗਿੰਦ' ਬਿਧਿਭੂਲਜੋ ਨਬਨਾਈ ਏਤੀ
ਸਭ ਕੇ ਇਬਜ ਮਾਂਹਿ ਰੇਤ ਹੀ ਮਹਾਨ ਕੀ[2]।

ਬਨਨਾਂਹਿ,ਉਪ[3]ਨਾਹਿ ਤਾਲਨਾਂਹਿਬਾਪੀਨਾਂਹਿ
ਦੇਵ ਕੋ ਸਥਾਨ ਨਾਂਹਿ, ਨਾਂਹਿ ਗੁਰਦ੍ਵਾਰਾ ਹੈ।
ਗੁਰ ਨਾਹਿੰਪੀਰ ਨਾਂਹਿ ਬੇਦ ਔ ਪੁਰਾਨ ਨਾਂਹਿ
ਬਿਪਨ ਕੀ ਸੁਨੈਂ ਲੋਕ ਕਹੈਂ'ਹੈਂਸਿਆਰਾ ਹੈ'।
ਸਭਕੇ ਇਵਜ ਮਾਂਹਿ ਗੋਖਰੂ[4] ਜੁਵਾਸਾ[5] ਆਕ
ਰੇਤ ਨੇ ਪ੍ਰਭਾਵ ਦਿਸ ਚਾਰੈਂ ਵਿਸਤਾਰਾ ਹੈ।
ਚਰਨ ਮ੍ਰਿਗਿੰਦ ਹ੍ਵੈ ਹਰਾਨ ਮੈਂ ਬਿਚਾਰ ਕੀਜੋ
ਸੋਤੇ ਉਠੇ ਬਿਧ[6] ਨੇ ਅਜ਼ਾਲਾ ਰਚ ਡਾਰਾ ਹੈ।

ਰੇਤ ਕੀ ਅੰਧੇਰੀ ਸਮ ਬੂੰਦੈਂ ਰੇਤਕਿਰਕਿਰਾਵੈਂ
ਸੋਤੇ ਪਰੈ ਰੇਤ ਮਾਨੋ ਗੋਰ ਮੈਂ ਦਬੈਯਾ ਰੇ।
ਆਂਖੈ ਭਰ ਜਾਵੈ ਮੁਖ ਦਾਂਤ ਕਿਚਰਾਵੈਂ ਕਾਨ
ਸ਼ਬਦ ਨ ਸੁਨਾਵੈ ਜਦ ਪਰੈ ਰੇਤ ਭੈਯਾ ਰੇ।
ਹ੍ਵੈ ਖਰਾਬ ਜਾਵੈਂ ਪਟ ਰੇਤਜਬ ਉਡਾਵੈਬਾਤ[7]

[1] ਡੱਡੂਆਂ ਤੇ ਗਿਦੜਾਂ ਦਾ। [2]ਭਾਵ ਉਪ੍ਰੋਕਤ ਸਾਰੀਆਂ ਰਲਾਂ ਦੇ ਵੱਟੇ ਵਿਚ ਰੇਤਹੀਅਤਜੰਤਬਣਾ ਦਿਤੀ ਹੈ ਹੋਰ ਕੁਝਨਹੀਂਬਣਾਯਾ।[3]ਉਪਬਨ—ਬਾਗ਼। [4]ਭੁੱਖੜਾ। [5]ਤੁਵਾਹਾਂ। [6]ਬ੍ਰਹਮਾ ਨੇ। [7]ਹਵਾ।

ਸ਼ਾਂਤ ਨਹਿ ਆਵੈ ਮੁਖ ਭਾਖੈਂ ਮੈਯਾ ਮੈਯਾ ਰੇ।
ਚਰਨ ਮ੍ਰਿਗਿੰਦ ਪਦ ਬੰਦ ਕਰ ਜਾਚਤ ਹੌਂ
ਐਸੇ ਅਜਨਾਲਾ ਸੇ ਨਿਕਾਲ ਮੋਹਿ ਦੈਯਾ ਰੇ।

ਹੋਲਕਾ ਸਮਾਨ ਮਾਂਹਿ ਲੋਗ ਯੌਂ ਮਖੈਲ ਕਰੈਂ
ਘਟ ਲੈ ਰੰਗੀਲ ਵਾ ਮੈ ਗੋਬਰ ਕੋ ਘੋਲ ਕਰ।
ਏਕ ਨਰ ਦੇਵੈ ਸਿਰ ਦੌਦਿ ਵਾਂਕੈ ਪਾਛੈ ਲਾਗੈਂ
ਦਸ ਬੀਸ ਛਿਪੈਂ ਪੁਨ ਫੇਰੈਂ ਬਡੋ ਸ਼ੋਰ ਕਰ।
ਸੁੰਦਰ ਰੰਗੀਲ ਸੁਠ[1] ਦੇਖਨੈ ਮੈ ਸ਼ੁਭ ਲਾਗੈ
ਬਿਚਲੀ ਕਰਤੂਤ ਜਬ ਗਿਰੈ ਹੈ ਬਦਨ ਪਰ।
ਚਰਨ ਮ੍ਰਿਗਿੰਦ ਤਥਾ ਨਾਮ ਅਜਨਾਲਾ ਸੁਠ
ਦੇਖੈ ਜਬ ਤਬ ਆਵੈ ਹੋਸ਼ ਨਿਜ ਨਰ ਘਰ।
ਦੋਹਰਾ—
ਤਾਵਤ ਅਜਨਾਲਾ ਸੁਭਗ[2]ਸੁਨਨੈਮੈਬਡਨਾਮ।
ਤਾ ਘਟ ਵਤ ਦੇਖੈ ਜਬੈ ਜਪੈ ਰਾਮ ਹੀ ਰਾਮ।

... ...*

ਕਦੀ ਹੋਵੈ ਤਾਰੂ ਸੱਕੀ ਕਦੀ ਹੋਵੈ ਗੋਡੇ ਜੇਡੀ
ਕਦੀ ਤੋੜੇ ਪੁਲ ਕਦੀ ਗਾਹਣ ਪਿਆ ਜੱਗਦਾ।
ਕਦੀ ਪੁਲ ਤੋੜੇ ਕਦੀ ਘਾਲੀਆਂ ਦੋਛੇੜੇ ਸੱਕੀ
ਥੋੜ੍ਹਾ ਥੋੜ੍ਹਾ ਪਾਣੀ ਵਿਚਕਾਰ ਘਾਰੀ ਵੱਗਦਾ।
ਚਰਨ ਮ੍ਰਿਗਿੰਦ ਪਦ ਬੰਦ ਕਰ ਜਾਚਤ ਹੌਂ
ਦੇਹ ਤੂੰ ਉਛਾਲਾ ਜਾਉਂ ਅੰਮ੍ਰਿਤਸਰ ਭੱਜਦਾ।
ਦੇਵ ਇਸਥਾਨ ਨਾਹਿੰ ਜਾਂਹਿ ਕੋਮਨਾਵੈਂਜਾਇ
ਸੁਨੈਂਗੋ ਪੁਕਾਰ ਜੋਈ ਜਗੰਨਾਥ ਜਗ ਕੋ।
ਐਸੋ ਹੈ ਭਜਾਨ ਦੇਸ ਰਹਜੋ ਨਹਿੰ ਜਾਇਇਹਾਂ
ਕਰਹੋ ਪ੍ਰਕਾਸ਼ ਜੋਈ ਦੁਖ ਸੁਖ ਲਗ ਕੋ।
ਰੇਤ ਕੋ ਪ੍ਰਭਾਵ ਦਿਸ ਚਾਰੈਂ ਵਿਸਤ੍ਰਿਤ ਭਯੋ

[1]ਸੁਹਣਾ। [2]ਸ੍ਰੇਸ਼ਟ।

*ਜਿਸ ਕਾਗਜ਼ ਤੋਂ ਅਗਲੇ ਛੰਦ ਨਕਲ ਕੀਤੇ ਗਏ ਹਨ ਉਸਤੋਂ ਪਹਿਲਾ ਕਾਗਜ਼ ਨਹੀਂ ਮਿਲਿਆ ਜਿਸ ਕਰਕੇ ਇਸ ਛੰਦ ਦਾ ਪਹਿਲਾ ਚਰਨ ਬੀ ਉਸੇ ਉਪਰ ਦੇਣ ਕਰਕੇ ਗੁੰਮ ਹੈ।

Digitized by Panjab Digital Library | www.panjabdigilib.org

ਬ੍ਰਿਛ ਹੈਂ ਬੰਬੂਲ, ਬੇਰ, ਬ੍ਰਿੱਧਤਾ ਅਰਕ ਕੋ।
ਚਰਨ ਮ੍ਰਿਗਿੰਦ ਨਿਤ ਚਾਹਤ ਮੁਕੰਦ ਪਦ
ਧਜਾਵੇਂ ਸਰ ਅੰਮ੍ਰਿਤ ਕੋ ਧਜਾਨ ਲਾਇਬਗਕੋ[1]।
ਸੁੰਦਰ ਨ ਰੰਗਤ ਨ ਮੰਗਤ ਨ ਦਾਨੀ ਨਹੀਂ
ਦੇਸਹੂੰ ਨ ਸ਼ਹਰ ਨਾਹਿ ਗਾਉਂ ਬੀ ਨ ਦੇਖੀਏ।
ਹਾਟ ਨਾਹਿ, ਭਾਟ ਨਾਹਿ, ਰਾਗਹੂੰਕੋਠਾਟ ਨਾਂਹਿ
ਚਾਟ ਹੈ ਨ, ਪ੍ਰੀਤ ਨਾਹਿ ਰੀਤ ਅਵਰੇਖੀਏ।
ਗੁਣਹੂੰਕੀ ਸਾਰ ਨਾਂਹਿ, ਬਿਦਜਾਪਰਚਾਰਨਾਂਹਿ।
ਜੀਤ ਨਾਂਹਿ ਹਾਰ ਨਾਹਿ, ਬੇਖ ਨਾਂਹਿ ਭੇਖੀਏ,
ਚਰਨ ਮ੍ਰਿਗਿੰਦ ਮੋਹਿ ਬਡੋ ਅਫਸੋਸ ਆਹਿ
ਐਸੋ ਅਜਨਾਲਾ ਨਾਮ ਲੰਡਨ ਲੌ ਲੇਖੀਏ।

ਰਾਸਤਾ ਸਿਆਲ ਕੋਟ ਓਟਹੈ ਕਿਨਾਰੇਸ਼ਰਕ[2]
ਯਾਤੇ ਮਸ਼ਹੂਰ ਭਯੋ ਨਾਮ ਅਜਨਾਲਾ ਜੂ।
ਯਾਹੀ ਰੇਤ ਥਾਨ ਪਾਂਚ ਬਨੇ ਸਰਕਾਰੀ ਆਂਨ
ਕੁਦਰਤ ਇਲਾਹੀ[3] ਯਾਕੋ ਪ੍ਰਿਥਮ ਹਵਾਲਾ ਜੂ।
ਸ਼ਹਰ ਸਰ ਅੰਮ੍ਰਿਤਸੇ ਫਾਸਲਾ ਸਿੰਗਾਰ[4] ਮੀਲ
ਕੋਸ ਭਨੈਂ ਤੇਰਾਂ, ਰੰਗ ਜੱਗ ਸੇ ਨਿਰਾਲਾ ਜੂ।
ਕਹੈ ਕਵਿ ਚਰਨ ਸਿੰਘ ਵੇਖ ਹੈ ਹਰਾਨ ਰਹਜੈ
ਐਸੋ ਅਚਰਜ ਗਾਉਂ ਸੁਨਾ ਨਹੀਂ ਭਾਲਾ ਜੂ।
ਰਾਤ ਜਬ ਸੋਵੈਂ ਪਰ ਉੱਠਿਕੈ ਵਿਜੋਵੈਂ ਪ੍ਰਾਤ
ਮਾਲੂਮ ਤਬ ਹੋਵੈ ਮਾਨੋ ਗੌਰ ਸੇ ਨਿਕਾਲਾ ਹੈ।
ਦੇਖੈਂ ਜਬ ਅੰਧੇਗੀ ਮਤਿ ਜਾਵੈ ਨਰ ਘੋਰੀ ਤਬ
ਹੋ ਰਹੈ ਹੈਰਾਨ ਜੈਸੇ ਹੋਤ ਮਤਵਾਲਾ ਹੈ।
ਖਾਨਾ ਜਬ ਪਕੈ ਖੁਦ ਘੱਟਾ ਮਿਲ ਜਾਵੈ ਕਵਿ
ਸਾਚ ਹੀ ਬਤਾਵੈ ਫਿਰ ਹੋਤ ਨ ਨਿਰਾਲਾ ਹੈ।
ਚਰਨ ਮ੍ਰਿਗਿੰਦ ਦਿਨ ਬਹੁਤ ਯਹਾਂ ਲਹਰ ਦੇਖੀ
ਸੁੰਦਰ ਅਜੀਬ ਨਾਮ ਯਾਕੋ ਅਜਨਾਲਾ ਹੈ।
ਦੇਖਾ ਅਜਨਾਲਾ, ਨਾਹਿ ਜੈਂਦੀ ਕੋਈ ਸ਼ਾਨ ਵਾਲਾ

[1]ਬਗਲੇ ਵਤਧਜਾਨ ਲਾਕੇ, ਭਾਵ ਲਗਾਤਾਰ ਧਜਾਨ ਲਾਕੇ। [2]ਪੂਰਬ ਵੱਲ। [3]ਰੱਬ ਦੀ। [4]ਸੋਲਾਂ।

ਜਾਮੈ ਨਰ ਬਾਲਾ[1] ਨਾਂਹਿ ਕੋ ਸਰੂਪ ਵਾਲਾ ਹੈ।
ਥਾਨ ਹੈ ਮਹਾਨ ਜਥਾ ਹੋਤ ਸ਼ਮਸ਼ਾਨ ਐਸੋ
ਦੇਖਜੋ ਨਾਹਿ ਆਨ ਜੈਸੋ ਯਹਾਂ ਕੋ ਕੁਚਾਲਾ ਹੈ।
ਬਿਧ ਬਿਪ੍ਰ ਬੇਦ ਗੁਰਦੇਵ ਈਸ ਜਾਨਤ ਨ
ਸ੍ਰਾਵਗ[2]ਐਂ ਜੈਨਿ ਨਾਂਹਿ ਜੱਗ ਸੇ ਨਿਰਾਲਾ ਹੈ।
ਚਰਨਮ੍ਰਿਗਿੰਦ ਨਰ ਨਾਰੀ ਇਸ ਗਾਉਂ ਕੇਰੇ
ਖੋਚਰ[3] ਬਡੇਰੇ ਧਨੀ ਕਲੰਕੀ ਅਜਨਾਲਾ ਹੈ।

—o—

੨੪. ਭਾਈ ਗਜ਼ਾਨ ਸਿੰਘ ਜੀ ਗਜ਼ਾਨੀ ਦਾ ਪ੍ਰਲੋਕ ਗਮਨ*।

ਦੋ:—ਬਿਭੁ[4], ਦਸ ਗੁਰ, ਸਾਰਦ ਚਰਨ ਸਿਰ
ਧਰ ਧਰਿ ਕਰ ਬੰਦਿ[5] ॥ ਕੁਛ ਉਦ੍ਵੇਗ ਨਿਜ
ਚਿੱਤ ਕੋ ਬਰਨਨ ਕਰੋਂ ਸ੍ਵੱਛੰਦ ॥ ੧ ॥
ਚੌਪਈ—ਅਹੋ ਤੀਬ੍ਰ[6] ਗਤਿ ਕਾਲ ਮਹਾਨੀ।

[1]ਇਸਤ੍ਰੀ । [2]ਇਕ ਮਤ ਹੈ। [3]ਹੁੱਜਤੀ। [4]ਸਰਬ ਵਜ਼ਾਪਕ ਵਾਹਿਗੁਰੂ। [5]ਧਰਤੀ ਤੇ ਸਿਰ ਧਰਕੇ ਤੇ ਹਥ ਜੋੜਕੇ। [6]ਭਾਰੀ, ਭਜਾਨਕ।

*ਇਹ ਭਾਈ ਸਾਹਿਬ ਅਪਣੇ ਸਮੇ ਵਿਚ ਕਥਾ ਕਰਨ ਵਿਚ ਇਕ ਅਦੁਤੀ ਤਾਸੀਰ ਪੈਦਾ ਕਰਨ ਵਾਲੇ ਗੁਣੀ ਹੋਏ ਹਨ। ਆਪ ਕਵਿਤਾ ਬੀ ਕਰਦੇ ਸਨ। ਆਪ ਨੂੰ ਅਪਣੀ ਬਜ਼ੁਰਗੀ ਤੇ ਨੇਕੀ ਕਰਕੇ ਸ਼ਹਿਰ ਦੇ ਹਿੰਦੂ ਸਿਖਾਂ ਵਿਚ ਬਹੁਤ ਸਨਮਾਨ ਪ੍ਰਾਪਤ ਸੀ। ਆਪਦੇ ਸਪੁਤ੍ਰ ਭਾਈ ਸਰਦੂਲ ਸਿੰਘ ਜੀ ਗਜ਼ਾਨੀ ਸ੍ਰੀ ਡਾਕਟਰ ਸਾਹਿਬ ਦੇ ਪਰਮ ਮਿਤ੍ਰ ਸਨ ਤੇ ਸਿੰਘ ਸਭਾ ਮੂਵਮੈਂਟ ਦੀ ਆਦਿ ਸੇਵਾ ਦੇ ਦਿਨਾਂ ਵਿਚ ਦੁਇ ਪੈਂਥ ਸੇਵਾ ਕਰਦੇ ਰਹੇ ਹਨ। ਰਾਮਗੜ੍ਹੀਆਂ ਦੇ ਕਟੜੇ ਆਪ ਦਾ ਮਕਾਨ ਸੀ। ਇਸ ਵੇਲੇ ਆਪਦੇ ਪੜੋਤੇ ਗਜ਼ਾਨੀ ਸੁਜਾਨ ਸਿੰਘ ਜੀ ਨਿਮਕ ਦੇ ਮਹਿਕਮੇ ਵਿਚ ਅਹੁਦੇਦਾਰ ਹਨ। ਤਵਾਰੀਖ ਵਾਲੇ ਗਜ਼ਾਨ ਸਿੰਘ ਜੀ ਗਜ਼ਾਨੀ ਹੋਰ ਸਜਣ ਸਨ।

[ਸੰਪਾਦਿਕ

Digitized by Panjab Digital Library | www.panjabdigilib.org

ਜੋ ਕਿਸਹੂੰ ਬਿਧ ਜਾਇ ਨ ਜਾਨੀ। ਰਾਣਾ ਰਾਉ ਫਕੀਰ ਅਮੀਰ। ਜ਼ੋਰ[1] ਕਾਲ ਕੇ ਜਗਤ ਵਹੀਰ॥੨॥ ਕੋਇ ਨ ਕਬਹੂੰ ਛੂਟਜੋ ਕੋਇ। ਸਭਿ ਸਿਰ ਨਾਚਤ ਸਮੇ ਖਲੋਇ॥ ਯਾ ਮੇ ਮਰਨ ਜਿਯਨ ਜਗ ਮਾਂਹੀ। ਸਫਲ ਅਫਲ ਦੋ ਭਾਂਤ ਲਖਾਹੀ ॥੩॥ ਤਾਂਕੋ ਜਨਮ ਮਰਨ ਨਹਿ ਗਨੀਏ। ਪਰਉਪਕਾਰੀ ਜੋ ਜਗ ਭਨੀਏ। ਇਸ ਕਲਿਕਾਲ ਦੁਕਾਲ[2] ਮਝਾਰੀ। ਧੰਨਜ ਜਨਮ ਜੋ ਪਰਉਕਾਰੀ ॥ ੪ ॥

ਦੋ:-ਏਕ ਮਹਾਨ ਪੁਮਾਨ[3] ਕੋ ਭਜੋ ਕਾਲ ਇਹ ਕਾਲ। ਹਿਯਾ ਫਟਤ ਆਂਸੂ ਬਹਤ ਲਿਖਤ ਵਿਯੋਗੀ ਹਾਲ ॥੫॥ ਜ਼ੋਰਾਵਰ ਸੋ ਜ਼ੋਰ ਨਹਿੰ ਚਹੈ ਕਰੈ ਸਮਰੱਥ। ਭੰਨਣ ਘੜਨਾ ਬਖਸ਼ਣਾ ਸਭ ਕੁਛ ਉਸਦੇ ਹੱਥ ॥ ੬ ॥

ਛਪਯ-ਸ੍ਰੀ ਯੁਤ ਸ਼ੋਭਾ ਖਾਨ ਸਕਲ ਜਨ ਮਾਨ ਮਹਾਨੇ। ਪਰਉਪਕਾਰੀ ਬ੍ਰਿਤ ਮਹਾਂ ਉਪਦੇਸ਼ਕ ਗਜਾਨੇ। ਸੂਰਜ ਸਮਾ ਪ੍ਰਕਾਸ਼ ਜਾਂਹਿ ਬਚਨਾ ਕੀ ਰਚਨਾ। ਹਿਯ ਤਮ ਟਾਰਤ ਨੀਕ[4] ਸੁਵਨ ਤੇ ਜਿਨਕੇ ਬਚਨਾ। ਸ਼ੁਭ ਮਾਰਗ ਮੈਂ ਉਮਰ ਨਿਜ ਕੀਨ ਬਿਤੀਤ ਸੁਰੀਤ ਕਰਿ। ਗਜਾਨੀ ਸੰਗਜਾ ਸੇ ਪ੍ਰਗਟਗਜਾਨਸਿੰਘਜੀ ਨਾਮਬਰ।੭। ਸੁਨ ਸੁਨ ਕਥਾ ਪ੍ਰਸੰਗ ਸੰਗ ਕੁਸੰਗਨ ਕਾ ਤਜਾਗਾ। ਨਿਜਾਨੰਦ ਬ੍ਰਿਤ ਮਾਂਹਿ ਅਨਿਕ ਨਰ ਕਾ ਮਨ ਲਾਗਾ। ਨਹਿੰ ਸਮ ਦੇਖੋਂ ਕੋਇ ਕਾਹਿ ਸਮ ਉਪਮਾ ਦੇਊਂ। ਮਹਾਂ ਗੁਨੱਗਜ ਕ੍ਰਿਤੱਗਜ ਕਹਾਂ ਲੌ ਸਤੁਤਿ ਕਰੇਊਂ। ਥਕਤ ਚਿੱਤ ਨਹਿੰ ਕਹਿ ਸਕਤ ਬਿਰਹ ਬਜਾਧ ਕੋ ਅਧਿਕ ਦੁਖ। ਕਛੁਕ ਪ੍ਰਸੰਗ ਵਿਯੋਗ ਕੋ ਸੁਨਹੁ ਸਕਲ ਸ਼੍ਰੋਤਾ ਸੁਮੁਖ ॥ ੮ ॥

ਚੌਪਈ-ਚਾਰ ਸਹਸ ਪੰਦ੍ਰਾਂ ਬਰ ਸੰਮਤ। ਚੈਤ੍ਰ ਪ੍ਰਤਿਪਦਾ ਦਿਵਸਲਖਹੁ ਮਤਿ[1]।ਸ੍ਰੀਯੁਤ ਤਾਲ ਕੈਲਸਰ ਤੀਰ। ਡਿਹਰੀ ਥਾਨ ਪ੍ਰਗਟ ਬਰਬੀਰ।੯।ਤਹਿੰ ਇਕ ਸਿੰਘਪ੍ਰਤਾਪ ਪਛਾਨੋ। ਬ੍ਰਿਧ ਅੱਖਰ ਕੋ ਲੇਖਕ ਮਾਨੋ। ਤਿਨ ਇਕ ਲਿਖਜੋ ਗ੍ਰੰਥ ਜੀ ਸਾਹਿਬ। ਤਿਹ ਦਿਨ ਜੋੜ-ਮੇਲ ਤਹਿੰ ਲਾਇਬ। ੧੦। ਜਾਨ ਸਭਾਸਦ ਗੁਨ ਗਨ ਪੂਰੇ। ਸ੍ਰੀ ਭਾਈ ਕੋ ਲਜਾਏ ਤੂਰੇ। ਕਹਜੋ ਲਾਯਕਨ'ਹੋ ਤੁਮ ਲਾਯਕ।ਇਹ ਸੰਗਤ ਸਤਿਗੁਰ ਕੀ ਪਾਯਕ ॥੧੧॥ ਕਰਹੁ ਪ੍ਰਕਾਸ਼ ਹੁਲਾਸ ਮਹਾਸ਼ਯ।' ਮਾਨ ਬਚਨ ਕੀਨੋ ਤਹ ਭਾਸ਼ਯ। ਤੁਰਕ ਪੜ ਨਮਸਕਾਰ ਜਬ ਕਰੀ। ਦ੍ਰਿੜ੍ਹ ਸਮਾਧਿ ਹੋਈ ਤਿਹ ਘਰੀ ॥ ੧੨ ॥

ਮੁਦ੍ਰਿਤ ਨੈਨ ਅਡੋਲ ਸਰੀਰਾ । ਲੌਗਨ ਲਖਜੈ ਰੋਗ ਕਛੁ ਪੀਰਾ।ਕੀਏ ਉਪਾਵ ਅਨਿਕ ਬਿਧ ਤਹੀਂ।ਪੇਸ਼ਗਈ ਕਿਸਹੂੰ ਕੀ ਨਹੀਂ।੧੩ ਪੀਨਸ ਪਾਇ ਪੁਚਾਏ ਗੋਹ। ਸੰਗਤ ਭਈ ਇਕੱਤ੍ਰ ਅਛੋਹ। ਲਖਿ ਰੁਜ ਬੈਦ ਬੁਲਾਵਨ ਕਰੇ। ਅਨਿਕ ਉਪਾਵ ਤਿਨਹੁ ਕਰ ਧਰੇ। ਖੁਲੀ ਨ ਦ੍ਰਿੜ੍ਹ ਸਮਾਧਿ ਲਗ ਰਹੀ।ਬਿਸਮਤ ਬੈਦਨ ਕੀ ਬੁਧ ਰਹੀ ।੧੪।

ਦੋ:-ਦਿਯੇਉਪਾਇ ਛੁਡਾਇ ਤਬ ਕਰਜੋ ਪਾਠ ਪ੍ਰਾਰੰਭ। ਕਿੰਚਤ ਕਿੰਚਤ ਹੂੰ ਰਹਜੋ ਔਖਧਿ ਕੋ ਆਰੰਭ ॥੧੫॥ ਲਖ ਉਦਾਰਤਾ ਮਹਦ ਅਤਿ ਕੀਨ ਦਾਨ ਗੋਦਾਨ। ਰਹੀ ਸਮਾਧਿ ਅਗਾਧਿ ਬ੍ਰਿਤ ਸ਼ਬਦ ਸੁਰਤ ਮੈ ਸਾਨ ॥੧੬॥

ਚੌਪਈ-ਭਾਈ ਨਾਮ ਸੁਵਾਯਾ ਸਿੰਘ। ਕਾਮਾ-ਦਿਕ ਮੇਖਨ[2] ਕੋ ਸਿੰਘ। ਆਯੋ ਦਰਸ਼ਨ ਹਿਤ ਜਿਹ ਕਾਲਾ। ਪੇਖੀ ਸੰਗਤ ਭੀਰ ਬਿਸਾਲਾ।

---

[1]ਹੇਠ।[2]ਭਯਾਨਕ ਸਮੇਂ ਵਿਚ। [3]ਮਹਾਂ ਪੁਰਖ। [4]ਹਿਰਦੇ ਤੋਂ (ਅਗਯਾਨ ਦਾ) ਅਨ੍ਹੇਰਾ ਚੰਗੀ ਤਰ੍ਹਾਂ ਦੂਰ ਕਰ ਦੇਂਦੇ ਹਨ।

[1]ਸੰ: ਨਾ: ਸ਼ਾ: ੪੧੫ ਚੈਤ ਦੀ ਏਕਮ ਦਾ ਦਿਨ ਜਾਣ ਲਓ, ਹੇ ਬੁਧਿਵਾਨੋ! [2]ਮੇਚੇ,ਛੱਤਰੇ।

Digitized by Panjab Digital Library | www.panjabdigilib.org

੧੭। ਬਸਤ੍ਰਾਦਿਕ ਸੱਜਾਦਿਕ[1] ਸੇਵਾ। ਕੀਨ ਯਥੋਚਿਤ ਭਜਿ ਹੰਮੇਵਾ। ਸੰਗਤ ਕੋ ਕੁਛ ਵਾਰ ਨ ਪਾਰ। ਆਵਹਿੰ ਜਾਹਿੰ ਅਧਿਕ ਨਰ ਨਾਰਿ ।੧੮। ਦਰਸ਼ਨ ਕੇ ਕਾਂਖੀ[2] ਸਭ ਲੋਗ। ਕੇਚਤ ਕਹੈਂ ਦੇਖ ਇਹ ਰੋਗ। ਨਾਵਾ ਆਦਿਕ ਜਗ ਬਿਵਹਾਰ।ਭਯੋਅਧਿਕ ਤੇ ਅਧਿਕਬਿਥਾਰ।੧੯ ਦੋਹਾ–ਨੇਮੀ ਪ੍ਰੇਮੀ ਅਧਿਕ ਜਨ ਅੰਨ ਧਨ ਵਸ੍ਤ੍ਰ ਗਨ ਲਜਾਇ। ਲਜਾਇ ਲਜਾਇ ਦਿਯ ਜਾਚਕਨ ਇਕ ਇਕ ਤੇ ਸਰਸਾਇ[3]। ੨੦। ਬਿਤੇ ਦਿਵਸ ਦਿਮ ਦੋਇ ਜਬ ਘੰਟੇ ਪੂਰ ਪਚਾਸ*। ਨਿਰਵਿਕਲਪ ਸੁ ਸਮਾਧਿ ਮਹਿ ਕੇਵਲ ਤਨ ਮਹਿੰ ਸ੍ਵਾਸ ।੨੧। ਰਵਿ ਦਿਨ ਚੌਥ ਨਿਸਾ ਮੁਖ ਵੇਲਾ[4]। ਭਏ ਪਾਠ ਸੁਖਮਨੀ ਸੁਹੇਲਾ। ਭੋਗ ਪਾਇ ਜਬ ਸੀਸ ਨਿਵਾਇਵ। ਸ੍ਵਾਸ ਤਜਨ ਕੋ ਵੇਲਾ ਆਇਵ। ੨੨।

ਛਪਜ–ਮਾਹਿ ਸਮਾਧਿ ਅਗਾਧ ਬਜਾਧ ਬਿਨ ਬ੍ਰਿਤ ਥਿਰ ਜਾਕੀ।ਮੁਦ੍ਰਤ ਲੋਚਨ ਖੋਲ ਦਰਸ ਲੀਨ ਫਿਰ ਬਾਕੀ।ਪੁਨ ਮੁਦ੍ਰਤ ਕਰ ਨਨ ਲੀਨ ਜੋਤੀ ਮੈ ਜੋਤੀ। ਭਈ ਅਨਬਨੀ ਬਾਤ ਜੋ ਨ ਜਗ ਮੈਂ ਕਹੂੰ ਹੋਤੀ। ਇਕ ਦਿਸ ਪਾਠ ਅਖੰਡ ਧੁਨਿ ਹੋਇ ਰਹੀ ਅਤ ਸ੍ਵਰ ਸਹਿਤ। ਪੁਨ ਦੁਤਿਯ ਓਰ ਸੰਗਤ ਸੁਘੜ'ਵਾਹਿਗੁਰੂ ਭਾਖਹੁ ਸੁਮਤਿ'।੨੩।ਮੰਖਨ ਧੁਨਿ ਘਨ ਪੂਰ ਨੂਰ ਨਭ ਮੈਂ ਹੁਇ ਆਵਾ। ਕ੍ਰਾਂਤ ਤੇਜ ਮੁਖ ਘਟੀ ਨਾਂਹਿ ਜਿਉਂ ਤਿਉਂ ਦ੍ਰਿਸਟਾਵਾ। ਬਿਨਾ ਸ੍ਵਾਸ ਤਨ ਧਰਜੋ ਭਰਜੋ ਸੰਗਤ ਕੋ ਹਿਯਰਾ। ਪੁਲਕਤ[1] ਤਨ ਗਦ ਗਿਰਾ ਨੈਨ ਰੋਕੈ ਕਰ ਜਿਯਰਾ। ਰੁਕੈ ਨ ਅਟਪਟ ਸੀ ਰਹੀ ਵਾਹਿਗੁਰੂ ਗਰ ਮੈ ਰਹਜੋ। ਸਾਵਧਾਨ ਹ੍ਵੈ ਸ੍ਵਰ ਸਹਿਤ ਵਾਹਿਗੁਰੂ ਗੁਰ ਗੁਰ ਕਹਜੋ ।੨੪। ਪਰਜੋ ਸ਼ਹਰ ਮੈਂ ਰੌਰ ਠੌਰ ਸਭ ਹੋਵਤ ਚਰਚਾ। 'ਧੰਨ ਜਨਨਿ ਇਸ ਪੁਰਸ਼, ਮਹਾਂ ਲਾਇਕ ਏ ਅਰਚਾ'। ਧਾਏ ਦਰਸ਼ਨ ਹੇਤ ਜਹਾਂ ਤਹਿੰ ਜਿਨ ਸੁਨ ਪਾਵਾ। ਤਜਾਗੇ ਗ੍ਰਿਹ ਕੇ ਕਾਮ ਨਾਹ ਕੁਛਕਿਨੇ ਸੁਹਾਵਾ। ਖੜਭੜਾਟ ਚਿਤ ਮੈ ਅਧਿਕ ਹਹਾ ਭਯੋ ਕਿਆ ਹੋਇ ਅਬ। ਅਥਜੋ ਸ੍ਵਰ ਗ੍ਰਿਹ ਖਾਲਸੇ ਭਯੋ ਨ ਹੈਨੋ ਹੋਇ ਕਬਿ। ੨੫। ਦਰਸੈਂ ਪਰਸੈਂ ਕਹੈਂ ਵਾਹ ਇਸ ਧੰਨ ਵਡਿਆਈ। ਜਗ ਕਾਜਰ ਮਸ ਭੈਨ ਰਹੇ ਕਾਰਖ ਨਹਿੰ ਪਾਈ। ਸਾਠ ਬਰਸ ਜਗ ਜਿਯੇ ਕਿਯੇ ਉਪਕਾਰ ਘਨੇਰੇ।ਬੂਡਤ ਵਿਖੈ ਸਮੁੰਦ੍ਰ ਬਚਨ ਕਹੁ ਕਿਤਨੇ ਫੇਰੇ। ਜਰਾ ਜਨਮ ਦੁਖ ਮ੍ਰਿਤ ਬਿਖੇ ਪੁਰਸ਼ ਨ ਅਸ ਹੋਇ ਕੋਇ। ਉਪਦੇਸ਼ਕ ਵਿਖ੍ਯਾਤ ਜਗ ਸ਼ਾਂਤ ਸਰਲਤਾ ਪ੍ਰਗਟ ਸਭਿ। ੨੬। ਪੁਸ਼ਪਨ ਕੇ ਅੰਬਾਰ ਲਗੇ ਕੁਛ ਓੜਕ ਨਾਂਹੀ। ਅਗਣਤ ਸੰਗਤ ਕਹੈਂ ਕਹਾਂ ਲਗ ਕਹਿ ਨ ਸਕਾਹੀ। ਜਨੁ ਕਰੁਣਾ ਰਸ ਧਾਰ ਰੂਪ ਸ਼ਿੰਗਾਰਹ ਆਵਾ। ਮਹਾਂ ਸ਼ਾਂਤ ਰਸ ਆਨ ਸਗਲ ਸੰਗਤ ਕੋ ਛਾਵਾ।ਬਿਸਮਤ ਬਿਲਪਤ ਪਰਸਪਰ ਕਹੈਂ ਅਕਸ ਤਸਵੀਰ ਹੁਇ। ਯਾਦਗਾਰ ਹਿਤ ਪਜਾਰ ਕੇ ਚਹਤ ਮਹਾਸ਼ਯ ਸ਼ੀਘ੍ਰ ਸੁਇ ।੨੭। ਨਰ ਨਾਰਿਨ ਕੀ ਭੀਰ ਤੀਰ ਤਨ ਕੇ ਬਹੁ ਹੋਈ। ਅਧਿਕ ਯਤਨ ਸੇ ਤਬੈ ਕ੍ਰਿਯਾ ਮੱਜਨ ਕੀ ਢੋਈ। ਪ੍ਰੇਮਿਨ ਦਿਯ ਪਹਿਨਾਇ ਲਜਾਇ ਪੌਸ਼ਾਕ ਅਛੇਰੀ। ਦ੍ਵਜ ਸੁਗੰਧਤਿ ਲਾਇ ਭਾਇ ਯੁਤ ਛਿਰਕ ਘਨੇਰੀ। ਪੁਨ

[1]ਸਿਹਜਾ ਆਦਿਕ।[2]ਚਾਹਕ। [3]ਇਕ ਦੂਜੇ ਤੋਂ ਵੱਧ। [4]ਚੇਤ ਦੀ ਚੌਥ, ਐਤਵਾਰ ਸੰਝਾਂ ਵੇਲੇ।

*ਏਕਮ ਤੋਂ ਚੌਥ ਤਕ ਪੰਜਾਹ ਘੰਟੇ ਇਸ ਕਰਕੇ ਹੋਏ ਹਨ ਕਿ ਦੂਜ ਤੇ ਤ੍ਰਿਤੀਆ ਦੀ ਤਿੱਥਿ ਕੱਠੀ ਹੋਗਈ ਸੀ। ਸ਼ੁਕ੍ਰਵਾਰ ਏਕਮ ਨੂੰ ਬੀਮਾਰ ਹੋਏ ਤੇ ਐਤਵਾਰ ਸ਼ਾਮਾ ਨੂੰ ਚੌਥ ਵਾਲੇ ਦਿਨ ਪ੍ਰਲੋਕ ਗਮਨ ਹੋਯਾ।

[1]ਸਰੀਰ ਦੇ ਰੋਮ ਖੜੇ ਹੋ ਗਏ।

Digitized by Panjab Digital Library | www.panjabdigilib.org

ਲਜਾਇ ਪੁਢਾਇ ਬਿਮਾਨ ਮਹਿ ਵਾਹਿਗੁਰੂ ਅਤਿ ਧੁਨਿ ਸਹਤ। ਸੰਗ ਕੀਰਤਨ ਚੌਕੀਆਂ ਏਕ ਏਕ ਤੇ ਅਧਿਕ ਅਤਿ ।੨੮। ਚਾਰੋਂ ਦਿਸ ਮੈਂ ਬੁੰਦ* ਮਨਹੁ ਮੇਘਨ ਕੀ ਕਰਨਾ। ਚਾਰੋਂ ਦਿਸ ਤੇ ਫੂਲ ਮਨੋ ਦੇਵਨ ਕੀ ਝਰਨਾ। ਹੜ ਜਿਮ ਸੰਗਤ ਚਲੀ ਵਾਰ ਕਿਛ ਪਾਰ ਨ ਆਵਾ। ਵਾਹਿਗੁਰੂ ਧੁਨਿ ਸ਼ਬਦ ਮਹਾਂ ਧੁਨਿ ਹਿਦ ਉਮਗਾਵਾ। ਜਿਹ ਜਿਹ ਮਗ ਚਲਤੇ ਭਏ ਮਹਾਂ ਮਹਦ ਛਿਰਕਾਵ ਅਤਿ। ਪੁਨ ਫਰਸ਼ ਫੂਲ ਹੋਵਤ ਗਜੇ ਵਾਰਪਾਰ ਨ ਦਿਖਿਜ ਕਿਤ ।੨੯। ਜਾਹ ਸ੍ਰਵਨ ਤਕ ਧੁਨ ਪਰੀ ਸੋ ਸਭ ਚਲਿ ਆਵਾ। ਬਾਲ ਬ੍ਰਿੱਧ ਪੁਨ ਯੁਵਾ ਨਾਰ ਨਰ ਰਹਨ ਨ ਪਾਵਾ। ਪਿਖਜੈ ਸਮਾਜ ਨ ਜਾਹਿ ਰਹਜੋ ਕੋ ਹੋਗ ਕੁਭਾਗੀ। ਕਰੁਣਾ ਵਾ ਸਿੰਗਾਰ ਸਾਂਤ ਨਿਰਣਤ ਨਹਿੰ ਭਾਗੀ। ਮਹਕਜੋ ਏਕ ਗੁਲਾਬ ਸ਼ੁਭ ਭਜੋ ਅਧਿਕ ਛਿਰਕਾਵ ਜਿਹ। ਸੁਜਸ ਪ੍ਰਗਟ ਜਹ ਤਹ ਸੁ ਹੁਇ ਦੁਤਿਯ ਮਹਿਕ ਜਗ ਮਹਿ ਜੁਇਹ।੩੦। ਮਗ ਮੈ ਜਗ ਕੇ ਲੋਗ ਪ੍ਰੇਮ ਵਸਿ ਭਏ ਅਨੂਠੇ। ਮੀਠੇ ਦ੍ਰਵਜ ਉਠਾਇ ਦਿਯੇਲੁਟਵਾਇ ਸੁ ਸ੍ਰੁਠੇ। ਯਾ ਬਿਧ ਪਹੁੰਚੇ ਜਾਇ ਦਰਸ ਹਰਮੰਦਰਆਗੇ। ਤਾਲ ਪ੍ਰਕਰਮਾ ਕਰੀ ਸਗਲ ਮਨ ਭਰੇ ਵਿਰਾਗੇ। ਤਾ ਬੁੰਗੇ ਤਲ ਆਇਕੈ ਥਿਰੇ ਮਿੰਟ ਦੈ ਚਾਰ ਲਗ। ਜਹਾਂ ਕਥਾ ਨਿਤ ਕਰਤ ਹੁਤੇ† ਪੁਨ ਆਗੇ ਮਗ ਦੀਨ ਪਗ। ੩੧। ਸ੍ਰੀ ਬਾਬੇ ਟਲ ਤੀਰ ਜਾਇ ਤਹਿੰ ਚਿਤਾ ਬਨਾਈ। ਸੰਗਤ ਬੇਸ਼ੁਮਾਰ ਕਹੋਂ ਮੈ ਗਥ ਕਿਹ ਤਾਂਈ। ਪ੍ਰੇਮੀ ਚੰਦਨ ਲੀਏ ਹਾਥ ਪਹੁੰਚੇ ਬਹੁਤੇਰੇ। ਕੀਨ ਯਥੋਚਿਤ ਕਾਮ ਦਾਹ ਦੀਨੇ ਤਿਸ ਬੇਰੇ। ਲਗਜੋ ਦਿਵਾਨ ਸੁ ਸਬਦ ਧੁਨਿ ਮਾਰੂ ਆਦਿ ਵਡਹੰਸ। ਸਨੇ ਵਿਰਾਗ ਸੁ ਸਬਦ ਸੁਨਿ ਸੰਗਤ ਅਧਿਕ ਪ੍ਰਸੰਸ। ੩੨।

—o—

੨੫. ਅੱਜ ਕਲ ਦੀ ਸਿੱਖੀ !

ਸਿੱਖੀ ਰਹੀ ਸਿਖਜਾ ਗੁਰ ਕੇ ਗੁਰ ਵਾਕਨ ਮੈਂ
ਰਹਤ ਰਹਤ ਮਾਂਹਿ ਉਲਟ ਸਮਾਨੀ ਹੈ।
ਕਹਿਨੀਕੀ ਕਹਾਨੀਭਈ ਅਕਹ ਕਹਾਂਲੌ ਕਹੌਂ
ਰਹਿਨੀ ਰਹਨ ਮਾਂਝ ਰਹ ਨ ਅਮਾਨੀ ਹੈ।
ਬਹਿਨੀ ਬਹਾਉ ਮਧ ਬਹੀ ਹੈ ਬਹਬੋ ਕਰੈ
ਬਹਤ ਕੀ ਬਹਸ ਬਿਹਸ ਬਿਲਖਾਨੀ ਹੈ।
'ਸਾਰੰਗ ਚਰਨ' ਸਿਖੀ ਰਹਤ ਰਹਨ ਬਾਤ
ਬਹਿਨੀ ਬਹਤ ਸਭ ਗੁਰੂ ਮੈਂ ਸਮਾਨੀ ਹੈ।

—o—

*ਗੁਲਾਬ ਦਾ ਅਰਕ ਛਿੜਕਿਆ ਜਾ ਰਿਹਾ ਸੀ।

†ਇਸ ਬੁੰਗੇ ਦਾ ਨਾਮ ਹੈ–ਮਾਨਾ ਵਾਲਿਆਂ ਦਾ ਬੁੰਗਾ, ਪਹਿਲੇ ਆਪ ਥੜੇ ਸਾਹਿਬ ਦੇ ਗੁਰਦ੍ਵਾਰੇ ਕਥਾ ਕੀਤਾ ਕਰਦੇ ਸਨ ਤੇ ਮਗਰੋਂ ਇਸ ਬੁੰਗੇ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੨੩.

ਸ਼ਾਮ ਸੁੰਦਰ

ਸੂਚਨਾ—ਇਹ ਰਚਨਾ ਆਪਦੇ ਸੰਚਜ ਵਿਚੋਂ ਨਾਮੁਕੰਮਲ ਰੂਪ ਵਿਚ ਆਪਦੀ ਲਿਖੀ ਹੋਈ ਮਿਲੀ ਹੈ, ਨਾਮੁਕੰਮਲ ਹੋਣ ਤੇ ਬੀ ਸਾਹਿਤਜਕ ਕੀਮਤ ਕੂਤ ਨੂੰ ਮੁੱਖ ਰਖਦਿਆਂ ਇਸਨੂੰ ਉਸੇ ਸੂਰਤ ਵਿਚ ਇਸ ਸੰਚੇ ਵਿਚ ਸ਼ਾਮਲ ਕੀਤਾ ਜਾਂਦਾ ਹੈ। [ਸੰਪਾਦਿਕ

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼ਾਮ ਸੁੰਦਰ

ਪ੍ਰਕਰਣ ੧.

ਬੰਦੀਖਾਨਾ ਜ਼ਿੰਦਗੀ ਹੱਦ ਨ ਮੋਤੋਂ ਹੇਠ।
ਧੰਦੇ ਫੰਧੇ ਵਿਚ ਫਸੇ, ਬੰਦੇ ਗੰਦੇ ਲੇਖ ॥੧॥

ਇਕ ਅਚਰਜ ਚਾਰ ਦਿਵਾਲੀ ਹੈ।ਜੋ ਬਡੇ ਸਾਰੇ ਉੱਚੇ ਬੁਰਜ ਤੋਂ ਫਾਟਕ ਦੇ ਰਸਤੇ ਅੰਦਰ ਵਾਰ ਨਿਵਾਣ ਉਚਾਣ ਦੇ ਦੋ ਹਿੱਸਿਆਂ ਵਿਚ ਕਿੰਨੀਆਂ ਕੁ ਬਾਰਕਾਂ ਤੇ ਕਾਰਖਾਨਿਆਂ ਨਾਲ ਵੰਡੀ ਹੋਈ, ਜਿਸਦੇ ਪੱਛੋਂ ਦੇ ਪਾਸੇ ਬਗ਼ੀਚਾ ਤੇ ਨੁਕਰ ਤੇ ਉੱਚਾ ਜੇਹਾ ਬੁਰਜ ਪਰ ਮਿਟੀ ਦਾ, ਦੱਖਣ ਦੇ ਪਾਸੇ ਵਲ ਵਗਦਾ ਖ੍ਰੂਹ ਤੇ ਜਾਮਨੂਆਂ ਦੇ ਬ੍ਰਿਛ। ਓਕਰ ਹੀ ਨੁਕਰ ਤੇ ਨਿੱਕਾ ਜਿਹਾ ਮਿੱਟੀ ਦਾ ਬੁਰਜ ਜੋ ਵਾਚਮੈਨਾ ਦੇ ਰਾਤ ਨੂੰ ਖੜੇ ਹੋਣ ਲਈ ਵਿਦਮਾਨ ਹੈ*।

ਪੂਰਬੀ ਪਾਸੇ ਵਲ ਦਰਵਾਜ਼ਾ ਡੇਉਢੀ ਵਾਲਾ.ਗੁਦਾਮ,ਦਫਤ੍ਰ,ਮਾਲਖਾਨਾ, ਲੁਹਾਰ-ਖਾਨਾ,ਮਿਸਤ੍ਰੀ ਖਾਨਾ, ਦਰਵਾਜ਼ੇ ਦੇ ਦੂਜੇ ਪਾਸੇ ਵਲ ਪੁਲੀਸ ਗਾਰਦ ਤੇ ਉਚਾ ਬੁਰਜ ਪਰ ਪਕਾ, ਜਿਸ ਵਿਚ ਖਾਸ ਦਰੋਗਾ ਸਾਹਿਬ ਦਾ ਡੇਰਾ। ਇਸ ਬੁਰਜ ਦੇ ਹੇਠਲੇ ਪਾਸੇ ਵਲ ਸ਼ਿਸ਼ਨ ਦੇ ਕੈਦੀ, ਅਤੇ ਬਾਹਰਲੇ ਪਾਸੇ ਪੁਲੀਸ ਗਾਰਦ ਦੇ ਹੇਠ ਹਵਾਲਾਟ,ਅੰਦਰਲੇ ਪਾਸੇ ਸ਼ਿਸ਼ਨ ਦੇ ਨਾਲ ਹੀ ਜ਼ਨਾਨਖਾਨਾ, ਇਸਦੇ ਨਾਲ ਲਗਦਾ ਪੱਕੇ ਬੁਰਜ ਵਿਚ ਉਤ੍ਰੀ ਕੋਣੇ ਪਰ ਹਸਪਤਾਲ,ਏਸੇ ਬੁਰਜ ਵਾਲੇ ਬ੍ਰੂਹੇ ਦੇ ਸਾਮ੍ਹਣੇ ਨਿਵਾਣ ਦੇ ਪਾਸੇ ਹੇਠ ਉਤ-ਰਨ ਲਈ ਪੌੜੀਆਂ, ਖਬੇ ਹੱਥ ਵਲ ਖ੍ਰੂਹ, ਸਾਹਮਣੇ ਸੰਗੀਨ ਕੋਠੜੀਆਂ, ਸਜੇ ਹੱਥ ਕਾਗਤ ਕੁੱਟਣ ਦੇ ਜੰਦਰ, ਅਗੇ ਥੋੜ੍ਹਾ ਜੇਹਾ ਮੈਦਾਨ ਪਰ ਖਬੇ ਹਥ ਖ੍ਰੂਹ ਦੇ ਨਾਲ ਲਗਦੇ ਕਾਗਤ ਬਣਨ ਦੇ ਕਾਰਖਾਨੇ ਦੇ ਨਾਲ ਹੀ ਲੰਗਰ ਖਾਨਾ, ਜਿਸਦੇ ਸਾਹਮਣੇ ਪੰਜ ਨੰਬਰ ਦੀ ਵਡੀ ਭਾਰੀ ਬਾਰਕ, ਇਸ ਵਿਚ ਖਰਾਸ ਖਾਨਾ, ਦਰੀ ਖਾਨਾ, ਕਲੀਚੇ ਖਾਨਾ, ਸ੍ਰੂਤ੍ ਖਾਨਾ,ਵਾਣ ਖਾਨਾ,ਹਲਧੀ ਖਾਨਾ ਆਦਿਕ ਬਹੁਤੇ ਸਾਰੇ ਕਾਰਖਾਨੇ ਹਨ। ਇਸ ਦੇ ਨਾਲ ਵਾਰ ਬਾਹਰਲੇ ਪਾਸੇ ਦੱਖਣ ਰੁਖ ਲੰਮੀਆਂ ਲੰਮੀਆਂ ਕਤਾਰਾਂ ਛੋਟੇ ਛੋਟੇ ਤ੍ਰੁਤਾਂ ਦੀਆਂ (ਜੋ ਰੇਸ਼ਮ ਦੇ ਕੀੜੇ ਪਾਲਣ ਲਈ ਸਨ) ਹਰੀਆਂ ਹਰੀਆਂ ਨਵੀਆਂ ਲਗਰਾਂ ਨਾਲ ਲਹ ਲਹ ਕਰ ਰਹੀਆਂ ਹਨ,ਇਨ੍ਹਾਂ ਤ੍ਰੁਤਾਂ ਦੇ ਵਿਚ ਇਕ ਉਸਤਾਦ ਭਗਵਾਨਦਾਸ ਨਾਮੀ ਹਥ ਵਿਚ ਕਿਤਾਬ ਫੜੀ ਪੈਰੀਂ ਬ੍ਰੂਟ ਪਾਈ, ਤ੍ਰੁਤਾਂ ਦੇ ਹੇਠ ਹੇਠ ਦੋ ਤਿੰਨ ਕਤਾਰਾਂ ਆਦ-ਮੀਆਂ ਦੀਆਂ ਜਿਨ੍ਹਾਂ ਦੇ ਗਲੀਂ ਭ੍ਰੂਰਿਆਂ ਦੇ ਕੁੜਤੇ ਸਿਰਾਂ ਤੇ ਭ੍ਰੂਰਿਆਂ ਦੀਆਂ ਟੋਪੀਆਂ ਅਤੇ ਪੈਰਾਂ ਥਾਣੀ ਲਤਾਂ ਵਿਚ ਲੋਹੇ ਦੀਆਂ ਬੇੜੀਆਂ ਪਾਈਆਂ ਹੋਈਆਂ ਵਾਲਿਆਂ ਨੂੰ

*ਜਿਥੇ ਅਜ ਕਲ ਅੰਮ੍ਰਿਤਸਰ ਜੀ ਦਾ ਪ੍ਰਸਿਧ ਹਾਲ ਬਜ਼ਾਰ ਹੈ, ਉਸ ਸਮੇਂ ਇਹ ਕੈਦਖਾਨਾ ਏਥੇ ਵਿਦਮਾਨ ਸੀ।

Digitized by Panjab Digital Library | www.panjabdigilib.org

ਅਲਫ ਜ਼ਬਰ ਆ, ਅਲਫ ਜ਼ੇਰ ਏ, ਅਲਫ ਪੇਸ਼ ਓ,ਪੜ੍ਹਾ ਰਿਹਾ ਹੈ। ਇਸ ਵਿਦਯਾਰਥੀ ਕਤਾਰ ਵਿਚ ਇਕ ਨੌਜਵਾਨ ਗੱਭਰੂ,ਕੱਦ ਦਾ ਜ਼ਰਾ ਮਧਰਾ, ਪਿੰਡੇ ਦਾ ਛੀਟਕਾ ਜੇਹਾ, ਰੰਗ ਦਾ ਪੱਕਾ, ਮਸ ਫੁਟਦੀ, ਮੂੰਹ ਲੰਮੇਰਾ, ਅੱਖਾਂ ਤਿੱਖੀਆਂ ਨੋਕਦਾਰ, ਮੱਥਾ ਚੌੜਾ, ਨੱਕ ਲੰਮਾ, ਹੇਠ ਪਤਲੇ ਤੇ ਲਾਲੀ ਭਾ ਮਾਰਦੇ, ਕੇਸ ਕਾਲੇ ਪਤਲੇ ਹਲਕੇ ਤੇ ਚਿਕਨੇ ਜਿਹੜੇ ਇਸਦੇ ਕੁਦਰਤੀ ਸੁਹੱਪਣ ਨੂੰ ਦੂਣਾ ਚਉਣਾ ਕਰਕੇ ਦਿਖਾਲਦੇ ਹਨ, ਹੱਥ ਪੈਰ ਹਲਕੇ ਫੁਲਕੇ ਸੁਬਕ, ਉਮਰ ਜਿਸਦੀ ਅਟਾ ਸਟਾ ਅਠਾਰਾਂ ਉੱਨੀਆਂ ਵਰ੍ਹਿਆਂ ਦੇ ਲਗ ਪਗ, ਬੈਠਾ ਹੋਇਆ ਹੱਥ ਵਿਚ ਕਿਤਾਬ ਫੜੀ ਹੋਈ ਅਲਫ ਜ਼ਬਰ ਆ, ਅਲਫ ਜ਼ੇਰ ਏ, ਅਲਫ ਪੇਸ਼ ਓ ਕਰ ਰਿਹਾ ਹੈ ਪਰ ਅੱਖਾਂ ਥਾਣੀਂ ਹੰਝੂਆਂ ਦਾ ਪ੍ਰਵਾਹ ਅਸਗਾਹ ਚਲ ਰਿਹਾ ਹੈ, ਪਰ ਜਿਤਨੀ ਵੇਰ ਮਾਸਟਰ ਭਗਵਾਨ ਦਾਸ ਕਹਿੰਦਾ ਹੋਇਆ ਕਤਾਰ ਵਿਚ ਦੀ ਲੰਘਿਆ ਉੱਨੀ ਵੇਰ ਉਸਨੇ ਉਸਦੇ ਕਹਿਣ ਨੂੰ ਦੁਹਰਾਇਆ:ਪਰ ਅੱਖਾਂ ਦੇ ਪਾਣੀ ਦਾ ਹੜ੍ਹ ਪੈਰੋ ਪੈਰ ਵਧਦਾ ਜਾਂਦਾ ਦੇਖਕੇ ਮਾਸਟਰ ਰਹਿ ਨ ਸਕਿਆ ਤੇ ਇਉਂ ਬੋਲਿਆ—

ਭਲਾ ਇਹ ਦੱਸ ਖਾਂ ਤੇਰੇ ਇਸ ਨਿਕੰਮੇ ਰੋਣ ਧੋਣ ਦਾ ਫਾਇਦਾ ਕੀ ? ਇੰਨਾ ਸ਼ੁਕਰ ਨਹੀਂ ਕਰਦਾ ਕਿ ਖਰਾਸੇ ਨਹੀਂ ਜੋਏ ਗਏ, ਜੰਦਰ ਖਾਨੇ ਨਹੀਂ ਲਾਏ ਗਏ, ਇਥੇ ਕਿਧਰ ਦਾ ਤੈਨੂੰ ਔਖ ਪਹੁੰਚਿਆ ਹੈ? ਸਗਮਾ ਪੜ੍ਹਨਾ ਹੈ, ਫਿਰ ਫੀਸ ਨਹੀਂ ਦੇਣੀ, ਕਿਤਾਬ ਨਹੀਂ ਖਰੀਦਣੀ। ਮੌਜ ਨਾਲ ਪੜ੍ਹੋ, ਸਿੱਖੋ, ਆਲਮ ਫਾਜ਼ਲ ਹੋਕੇ ਘਰੀਂ ਜਾਣਾ। ਮੈਨੂੰ ਤੇਰੇ ਹਾਲ ਦੀ ਸਭ ਖਬਰ ਹੈ, ਓਹ ਤੇਰੀ ਸਿਫਾਰਸ਼ ਸਾਹਿਬ ਪਾਸ ਕਰਾਕੇ ਬੇੜੀ ਵੀ ਕਟਾ ਦੇਣਗੇ। ਸੱਚ ਹੈ, ਤੂੰ ਨਵਾਂ ਹੀ ਅਜੇ ਆਇਆ ਹੈਂ,ਤੇਰਾ ਜੀ ਨਹੀਂ ਲਗਦਾ, ਪਿਆ ਐਵੇਂ ਘਾਬਰਨਾ ਹੈਂ। ਐਹ ਦੇਖ(ਹੋਰਨਾਂ ਵਲ ਹੱਥ ਕਰਕੇ)ਕੋਈ ਵਰ੍ਹੇ ਤੋਂ ਏਥੇ ਹੈ, ਕੋਈ ਨੌਂ ਮਹੀਨਿਆਂ ਤੋਂ ਤੇ ਕੋਈ ਛੇ ਮਹੀਨਿਆਂ ਤੋਂ ਹੈ। ਰਹਿੰਦੇ ਬ ਹਿੰਦੇ ਹਸਦੇ ਖੇਡਦੇ, ਪੜ੍ਹਦੇ, ਮੁਸ਼ੱਕਤਾਂ ਕਰਦੇ ਦਿਨ ਕੱਟ ਰਹੇ ਹਨ, ਕਿਹਾ ਰੋਣਾ ਤੇ ਕਿਹਾ ਧੋਣਾ।

ਨੌਜਵਾਨ (ਅੱਖਾਂ ਪੂੰਝਕੇ)—ਜੀ ਨਹੀਂ ਜੀ, ਮੈਂ ਏਵੇਂ ਹੀ.....ਅਲਫ ਜ਼ੇਰ ਏ, ਅਲਫ ਪੇਸ਼ ਓ,(ਨੀਵੇਂ ਨਿਗਹ ਰੱਖਕੇ)।

ਮਾਸਟਰ ਸਾਹਿਬ ਇਉਂ ਕਹਿੰਦੇ ਅਤੇ ਅਲਫ ਜ਼ਬਰ ਆ ਦੀ ਰਟ ਲੁਆਉਂਦੇ ਅਪਣੀ ਚਾਲੇ ਅਗਾਹਾਂ ਵਲ ਤੁਰੇ ਚਲੇ ਗਏ। ਪਰ ਇਸ ਨੌਜੁਵਾਨ ਦੇ ਨਾਲਵਾਰ ਇਕ ਕੈਦੀ ਗੋਰੇ ਜੇਹੇ ਰੰਗ ਦਾ, ਹਸਮੁਖ,ਖਿੜੇ ਮਥੇ ਵਾਲਾ ਪ੍ਰਸੰਨ ਬੈਠਾ ਹੋਇਆ ਇਸ ਨੂੰ ਦੇ ਹੋਏ ਕੈਦੀ ਨੂੰ ਪੁੱਛਣ ਲਗਾ,ਓਇ ਭਾਈ!ਤੇਰੀ ਕੈਦ ਕਿੰਨੀਕੁ ਹੈ? (ਫਿਰ ਗਲ ਪਈ ਤਖਤੀ ਵਲ ਵੇਖਕੇ) ਓਇ ਸਭੋ ਇਕ ਵਰ੍ਹਾ ਤੇ ਛੇ ਮਹੀਨੇ ਜੇਹੜੇ ਗੱਲ ਕਰਦਿਆਂ ਇਕਪਲਕਾਰੇ ਵਿਚ ਬੀਤ ਜਾਣੇ ਹਨ ? ਕੇਡਾ ਡੁੱਲ੍ਹਦਾ ਜਾਂਦਾ ਹੈਂ ? ਦੇਖ ਮੇਰੀ ਤਖਤੀ ਵਲ; ਪੂਰੇ ਚਾਰ ਵਰ੍ਹੇ ਸਨ, ਜਿਸ ਵਿਚੋਂ ਦਸ ਮਹੀਨੇ ਸਾਰੇ ਬਾਕੀ ਰਹਿੰਦੇ ਹਨ।

ਨੌਜੁਵਾਨ(ਸਾਹਮਣੇ ਤੱਕਕੇ)—ਤੇਰਾ ਨਾਉਂ ਕੀਹ ਹੈ ?

ਕੈਦੀ—ਮੇਰਾ ਨਾਉਂ ਫੀਰੀ ਹੈ।

ਨੌਜਵਾਨ—ਏਡੀ ਵੱਡੀ ਕੈਦ ਤੈਨੂੰ ਕਿਦ੍ਹੂੰ ਗਲੋਂ ਹੋਈ ?

ਫੀਰੀ—ਸਾਡੀ ਕੈਦ ਦੀ ਕੁਝ ਨਾ ਪੁੱਛ, ਅਸਾਡਾ ਤਾਂ ਸਹੁਰਾ ਘਰ ਏਹੋ ਘਰ ਹੈ। ਏਦ੍ਹੂੰ ਬਾਹਰ ਤਾਂ ਕਦੀ ਦਸ ਪੰਦਰਾਂ ਦਿਨਾਂ ਲਈ

Digitized by Panjab Digital Library | www.panjabdigilib.org

ਹਵਾ ਖਾਣ ਜਾਨੇ ਹਾਂ, ਨਹੀਂ ਤਾਂ ਮੁੜ ਘਿੜ ਏਥੇ।(ਹੱਥ ਦੇ ਕੜੇ ਨੂੰ ਅਗੇ ਕਰਕੇ)ਐਹ ਵੇਖ ਮੇਰੇ ਕੜੇ ਵਿਚ ਸੱਤ ਛੱਲੇ ਹਨ,ਗਿਣਲੈ—ਇਹ ਮੇਰੀ ਸੱਤਵੀਂ ਕੈਦ ਹੈ।

ਨੌਜੁਵਾਨ—ਭਰਾ ਜੀ, ਇਹ ਸੱਤਵੀਂ ਕੈਦ ਹੈ!(ਹਿਰਾਨ ਹੋਕੇ) ਤੁਹਾਡਾ ਬੜਾ ਹੌਸਲਾ ਹੈ!

ਫੀਰੀ—ਇਹ ਕੋਈ ਹੌਸਲੇ ਵਾਲੀ ਗੱਲ ਨਹੀਂ,ਔਹ ਵੇਖ ਜਿਹੜਾ ਹੱਥ ਵਿਚ ਪਿਆਲਾ ਲਈ ਬਾਰਕ ਦੇ ਬੂਹੇ ਵਲ ਜਾ ਰਿਹਾ ਹੈ ਇਸ ਦਾ ਨਾਉਂ ਗੋਲਹੈ ਇਹ ਨੌਵੀਂਵਾਰੀ ਕੈਦਖਾਨੇ ਅੰਦਰ ਆਇਆ ਹੈ। ਇਜੇਹੇ ਏਥੇ ਬਤੇਰੇ ਹਨ।

ਨੌਜੁਵਾਨ—ਭਲਾ ਜੀ ਜਦ ਏਥੋਂ ਰਿਹਾ ਹੋਕੇ ਬਾਹਰ ਜਾਂਦੇ ਹੋ ਤਾਂ ਲੋਕਾਂ ਵਿਚ ਸ਼ਰਮ ਨਹੀਂ ਆਉਂਦੀ।

ਫੀਰੀ—ਜਿਸਤਰ੍ਹਾਂ ਏਥੇ ਸ਼ਰਮ ਕੁੱਤੀ ਨੂੰ ਕੋਈ ਨਾਲ ਨਹੀਂ ਲਿਆਉਂਦਾ, ਤਿਵੇਂ ਹੀ ਬਾਹਰ ਜਾਕੇ ਵੀ ਇਸ ਨਾਮੁਰਾਦ ਨੂੰ ਕੋਈ ਮੂੰਹ ਨਹੀਂ ਲਾਉਂਦਾ। ਤੂੰ ਇਉਂ ਸਮਝ ਲੈ ਭਈ ਚੰਗੇ ਤਾਂ ਅਸੀਂ ਹੋਏ ਨਾ, ਇਸ ਲਈ ਸ਼ਰਮ ਸਾਡੇ ਨੇੜੇ ਨਹੀਂ ਆ ਸਕਦੀ, ਅਤੇ ਮੰਦਿਆਂ ਕੋਲ ਸ਼ਰਮ ਦਾ ਕੰਮ ਕੀ? ਦੁਨੀਆਂ ਵਿਚ ਜੇ ਕਦੀ ਸਾਰੇ ਲੋਕ ਚੰਗੇ ਹੀ ਹੋਣ ਤਾਂ ਜੇਹਲਖਾਨੇ ਕੀਕਰ ਵੱਸਣ। ਲੈ ਹੁਣ ਦਰੀਖਾਨੇ ਮੇਰੇ ਕੋਲ ਆਵੀਂ ਮੈਂ ਤੈਨੂੰ ਸਾਰਾ ਹਾਲ ਦੱਸਾਂਗਾ, ਹੁਣ ਔਹ ਫਿਰ ਆ ਗਿਆ ਈ।

ਇੰਨੇ ਤਕ ਮਾਸਟਰ ਫਿਰ ਆਣ ਪੁੱਜਾ ਬੇ ਜ਼ਬਰ ਬਾ, ਬੇ ਜ਼ੇਰ ਬੇ,ਬੇ ਪੇਸ਼ ਬੇ,ਕਹਿੰਦਾ ਕਹਾਉਂਦਾ ਲੰਘ ਗਿਆ ਤਾਂ ਏਹ ਦੇਵੇਂ ਗੱਭਰੂ ਗੱਲੀਂ ਲੱਗੇ।

ਨੌਜੁਵਾਨ—ਓਥੇ ਦਰੀਖਾਨੇ ਤੇਰੇ ਪਾਸ ਜਾਂਦਿਆਂ ਕੋਈ ਕੁਝ ਕਹੇਗਾ ਤਾਂ ਨਹੀਂ ?

ਫੀਰੀ (ਬਹੁਤ ਸਾਰਾ ਹੱਸਕੇ)—ਤੂੰ ਅਣ-ਭੋਲ ਚਿੜੀ ਫਾਥੀ ਹੈਂ, ਪਰ ਹੱਛਾ ! (ਇੰਨਾ ਕਹਿਕੇ ਇਕ ਉੱਚੀ ਅਵਾਜ਼ ਮਾਰ ਕੇ),ਓਇ ਮਿੱਤ੍ਰ, ਜ਼ਰਾ ਅੰਦਰ ਆ।

ਇਸ ਆਵਾਜ਼ ਨਾਲ ਇਕਆਦਮੀ ਅਧ-ਖੜ ਉਮਰ ਦਾ, ਕੱਦ ਦਾ ਮਧਰਾ ਜੇਹਾ, ਗਲ ਵਿਚ ਪੀਲੀ ਦੁਸੂਤੀ ਦਾ ਕੁੜਤਾ ਅਤੇ ਸਿਰ ਤੇ ਵੀ ਪੀਲੀ ਹੀ ਟੋਪੀ ਪਾਈ ਬੇੜੀ ਤੋਂ ਬਿਨਾਂ, ਪਰ ਲੱਕ ਪੇਟੀ ਪਾਈ ਹੋਈ ਜਿਸ ਤੇ ਇਹ ਅੱਖਰ 'ਪ੍ਰਿਜ਼ਨਰ ਗਾਰਡ' ਉਕਰੇ ਹੋਏ ਸਨ,ਝਟਪਟ ਆਕੇ ਸਾਹਮਣੇ ਖੜਾ ਹੋਗਿਆ ਤੇ ਬੋਲਿਆ—ਕਿਉਂ ਉਸਤਾਦ ਕੀ ਗਲ ਹੈ ?

ਫੀਰੀ—ਇਸ ਭਾਈ ਜੇਹੇ ਨੂੰ ਦੋ ਬਜੇ ਲੌਂਦੇ ਵੇਲੇ ਪੰਜ ਨੰਬਰ ਬਾਰਕ ਵਿਚ ਮੇਰੇ ਪਾਸ ਲੈ ਆਵੀਂ।

ਮਿਤ੍ਰ—ਬਹੁਤ ਹੱਛਾ, ਕਹਿਕੇ ਅਪਣੇ ਰਸਤੇ ਚਲਾ ਗਿਆ। ਇਨੇ ਤਕ ਬੇੜੀਆਂ ਦੀ ਛਣ-ਕਾਰ ਤੇ ਕੈਦੀਆਂ ਦੇ ਰੌਲੇ ਨੇ ਤਾਂ ਜੇਹਲਖਾਨਾ ਸਿਰ ਤੇ ਚੁੱਕ ਲਿਆ। ਚਹੁਵਾਂ ਲਾਂਭਾਂ ਤੋਂ ਹੱਥਾਂ ਵਿਚਪਿਆਲੇ ਤੇ ਬੇੜੀਆਂਭੂਰੇ ਸੰਭਾਲਦੇ ਦੌੜੇ ਦੌੜੇ ਆ ਰਹੇ ਹਨ। ਇੰਨੇ ਤਕ ਮਾਸ਼ਕੀ ਵੀ ਪਾਣੀ ਦੀ ਮਸ਼ਕ ਮੋਢੇ ਪਾਈ ਬੇੜੀ ਖੜ-ਕਾਉਂਦਾ ਅੱਪੜ ਪਿਆ। ਪਹਿਲੀ ਵਿਦਜਾ-ਰਥੀਆਂਦੀ ਕਤਾਰ ਤੋਂ ਦੂਜੇ ਰੁਖ ਪਿਆਲਿਆਂ ਵਿਚ ਪਾਣੀ ਲੈ ਲੈ ਕੇ ਬੈਠਣੇ ਅਰੰਭ ਹੋਗਏ। ਉਪਰੋਂ ਦਫਤਰ ਵਲੋਂ ਇਕ ਜ਼ਮਾਦਾਰ ਦੋ ਬਰਕਨਦਾਜ਼ ਹੱਥਾਂ ਵਿਚ ਤੱਕੜੀ ਤੇ ਵੱਟੇ ਫੜੇ ਹੋਏ ਨਾਲ ਡਾਕਦਾਰ ਨੂੰ ਵੀ ਲਏ ਹੋਏ ਆ ਗਏ। ਇਧਰੋਂ ਲੰਗਰ ਵਿਚੋਂ ਤਿੰਨ ਚਾਰ ਜੁਵਾਨ ਲਾਂਗਰੀ ਬੇੜੀਆਂ ਛਣਕਾਉਂਦੇ ਹੱਥ ਵਿਚ ਰੋਟੀਆਂ ਦੇ ਥੰਮ੍ਹ ਅਤੇ ਦਾਲ ਦੇ ਡੋਲਚੇ ਲਈ ਬਾਹਰ ਨਿਕਲ ਆਏ।

ਜ਼ਮਾਂਦਾਰ ਅਤੇ ਡਾਕਦਾਰ ਨੇ ਪਹਿਲੇ

Digitized by Panjab Digital Library | www.panjabdigilib.org

ਰੋਟੀ ਦੇਖੀ,ਫਿਰ ਤੋਲੀ,ਫਿਰ ਦਾਲ ਦੀ ਦੇਖ ਭਾਲ ਕੀਤੀ,ਇਸਤੋਂ ਉਪਰੰਤ ਵੰਡਣੀ ਅਰੰਭ ਹੋਈ। ਜਦ ਵੰਡਦੇ ਹੋਏ ਇਸ ਸਾਡੇ ਨੌਜੁਵਾਨ ਪਾਸ ਪਹੁੰਚੇ ਤਾਂ ਫੀਰੀ (ਜੋ ਏਥੇ ਵੀ ਪਾਸ ਹੀ ਬੈਠਾ ਸੀ)ਬੋਲਿਆ, ਭਾਈ ਜੇ ਤੈਨੂੰ ਰੋਟੀ ਦੀ ਕੁਝ ਵਧੇਰੀ ਲੋੜ ਹੋਵੇ ਤਾਂ ਕਹਿ ਦੇਹ ਜੋ ਵਧੇਰੀ ਲੈ ਦੇਈਏ।

ਨੌਜੁਵਾਨ–ਕੀ ਜਿੰਨੀ ਲੋੜ ਹੋਵੇ ਉਤਨੀ ਮਿਲ ਸਕਦੀ ਹੈ ?

ਫੀਰੀ–ਇਉਂ ਤਾਂ ਨਹੀਂ,ਕਿਉਂ ਜੋ ਨਾਲ ਜਮਾਂਦਾਰ ਬਰਕਨਦਾਜ਼ ਰਾਖੇ ਹਨ,ਡਾਕਦਾਰ ਨਾਲ ਹੈ, ਜਿਸ ਰੋਟੀ ਤੇ ਭਰਮ ਪੈ ਜਾਵੇ ਝੱਟ ਤੋਲ ਲੈਂਦਾ ਹੈ। ਦੋ ਰੋਟੀਆਂ ਜੋ ਹਰ ਇਕ ਕੈਦੀ ਨੂੰ ਮਿਲਦੀਆਂ ਹਨ, ਬਾਰਾਂ ਛਟਾਕਾਂ ਤੋਲ ਵਿਚ ਹੁੰਦੀਆਂ ਹਨ, ਪਰ ਲਾਂਗਰੀਆਂ ਤੇ ਜਮਾਂਦਾਰ ਨਾਲ ਸਲੂਕ ਰੱਖਿਆਂ ਗੁਪ ਚੁਪ ਦੋਂਹ ਦੀ ਥਾਂ ਤਿੰਨ ਮਿਲ ਜਾਂਦੀਆਂ ਹਨ।

ਨੌਜੁਵਾਨ–ਨਹੀਂ,ਮੈਨੂੰ ਦੋ ਬੱਸ ਹਨ।

ਫੀਰੀ–ਚੱਲ ਉੱਠ ਹੁਣ ਰੋਟੀ ਤਾਂ ਵੰਡੀ ਗਈ ਆਪਣੀ ਬਾਰਕੇ ਬੈਠਕੇ ਖਾਵਾਂਗੇ।

ਨੌਜੁਵਾਨ–ਲੋਕੀਂ ਤਾਂ ਏਥੇ ਹੀ ਖਾਣ ਲਗ ਪਏ ਹਨ।

ਫੀਰੀ–ਇਨ੍ਹਾਂ ਕੋਲ ਪਾਣੀਹੈ,ਸਾਡੇਕੋਲਤਾਂ ਪਿਆਲਾ ਵੀ ਨਹੀਂ।ਇਹ ਕਹਿੰਦੇ ਇਹ ਦੋਵੇਂ ਅਤੇ ਇਕੁਰ ਹੀ ਹੋਰ ਵੀ ਕੋਈ ਕੋਈ ਰੋਟੀਆਂ ਹਥ ਵਿਚ ਫੜੀ ਬਾਰਕਾਂ ਨੂੰ ਟੁਰ ਪਏ ਤੇ ਫੀਰੀ ਆਪਣੀ ਬਾਰਕ ਵਿਚ ਦਰੀਖਾਨੇ ਅੱਪੜਕੇ ਪਾਣੀ ਧਾਣੀ ਲੈਕੇ ਨੌਜੁਵਾਨ ਦੇ ਨਾਲ ਰੋਟੀ ਖਾਣ ਬੈਠ ਗਿਆ ਤੇ ਦੋਵੇਂ ਨਾਲੋ ਨਾਲ ਗੱਲਾਂ ਵੀ ਕਰਨ ਲਗ ਪਏ।

ਫੀਰੀ-(ਛੇਤੀ ਨਾਲ ਆਪਣੇ ਮੂੰਹ ਵਿਚੋਂ ਤਿੰਨਾਂ ਰੁਪਈਆਂ ਦਾ ਕਿਰਿਆਨਾ ਤਲੀ ਤੇ ਉਲੇਰ ਕੇ)–ਦੇਖ ਓਇ ਭੋਲਿਆ! ਇਹਸਾਡਾ ਖਜ਼ਾਨਾ ਹੈ,(ਝਟ ਮੂੰਹ ਵਿਚ ਪਾ ਲਏ)।

ਨੌਜੁਵਾਨ–ਕੀ ਏਹ ਅੰਦਰ ਨਹੀਂ ਨਿਗਲੇ ਜਾਂਦੇ? ਤੇ ਜੇ ਮੂੰਹ ਵਿਚ ਰਹਿੰਦੇ ਹਨ ਤਾਂ ਤਲਾਸ਼ੀ ਵੇਲੇ ਕੀ ਕੀਤਾ ਜਾਂਦਾ ਹੈ ਅਤੇ ਰੋਟੀ ਕੀਕਰ ਖਾਧੀ ਜਾਂਦੀ ਹੈ ?

ਫੀਰੀ(ਅਪਣਾ ਮੂੰਹ ਚੰਗੀਤਰ੍ਹਾਂ ਖੋਲ੍ਹਕੇ ਤੇ ਦਿਖਾ ਕੇ)–ਤਲਾਸ਼ੀ ਕਰਨ ਵਾਲਿਆਂ ਦੇ ਪੱਲੇ ਕੱਖ ਵੀ ਨਹੀਂ ਬੱਝਦਾ, ਅੰਦਰ ਵੀ ਏਹ ਨਹੀਂ ਲੰਘਦੇ। ਮੂੰਹ ਦੇ ਅੰਦਰ ਸਿੱਕਾ ਰੱਖ ਰੱਖ ਕੇ ਇਕ ਗੌਨਾ ਬਣਾਈਦਾ ਹੈ ਓਥੇ ਟਿਕੇ ਰਹਿੰਦੇ ਹਨ। ਦਸ ਰੁਪੈ ਦਾ ਕਿਰਜਾਨਾ ਰੱਖਣ ਵਾਲੇ ਵੀ ਏਥੇ ਗੌਨਿਆਂਵਾਲੇ ਬਹਾਦਰ ਹੈਨ, ਪਰ ਦੋ ਚਾਰ ਰੁਪੈ ਰੱਖਣ ਵਾਲੇ ਤਾਂ ਬਹੁਤੇਰੇ ਹਨ। ਏਹੋ ਜਿਹੀਆਂ ਗਲਾਂ ਕਰਦੇ ਕਰਾਉਂਦਿਆਂ ਰੋਟੀ ਖਾਧੀ ਗਈ। ਕੈਦੀ ਬੇੜੀਆਂ ਛਣਕਾਉਂਦੇ ਆਪੋ ਆਪਣੇ ਲੰਬਰਾਂ ਵਿਚ ਕੰਮਾਂ ਤੇ ਆਣ ਰੁੱਝੇ। ਏਨੇ ਤਕ ਜਮਾਦਾਰ ਹੋਰੀਂ ਰੌਂਦ ਕਰਦੇ ਹੋਏ ਆ ਨਿਕਲੇ, ਅਗੋਂ ਬਰਕਨਦਾਜ਼ ਉਠ ਖਲੋਤਾ ਤੇ ਕਹਿਣ ਲਗਾ ਆਈਏ।

ਜਮਾਂਦਾਰ–ਦੇਵਾ ਸਿੰਘ! ਤੇਰੇ ਲੰਬਰ ਵਿਚ ਰੌਲਾ ਬਹੁਤ ਰਹਿੰਦਾ ਹੈ, ਦਰੋਗਾ ਸਾਹਿਬ ਤੰਗ ਹੁੰਦੇਹਨ ਇਸੇ ਕਰਕੇ ਕੰਮਕੁਝਨਹੀਂਹੁੰਦਾ।

ਦੇਵਾ ਸਿੰਘ–ਬਰਕਨਦਾਜ ਜੀ, ਮੈਂ ਤਾਂ ਚਾਰੇ ਲਗਦਿਆਂ ਰੌਲਾ ਨਹੀਂ ਹੋਣ ਦੇਂਦਾ ਪਰ ਆਪ ਦੇਖਦੇ ਹੋ ਇਸੇ ਬਾਰਕ ਵਿਚ ਬਹੁਤੇ ਕਾਰਖਾਨੇ ਹਨ ਤੇ ਖਰਾਸ ਵਾਲੇ ਕੈਦੀ ਅਵੱਸੋਂ ਰੌਲਾ ਰਖਦੇ ਹਨ, ਪਰ ਹੁਣ ਮੈਂ ਬਹੁਤ ਕੋਸ਼ਸ਼ ਕਰਾਂਗਾ ਜੋ ਰੌਲਾ ਨਾ ਪਵੇ।

ਜਮਾਂਦਾਰ–ਇਹਵਾਣਵਾਲਾਕੈਦੀਕਿੱਥੇਹੈ?

ਬਰਕਨਦਾਜ–ਇਸਨੂੰ ਰੋਟੀ ਖਾਂਦਿਆਂ ਕੈ

Digitized by Panjab Digital Library | www.panjabdigilib.org

ਹੋ ਗਈ ਸੀ, ਇਸ ਲਈ ਮਿੱਤ੍ਰ ਨਾਲ ਦਵਾ ਪੀਣ ਲਈ ਹਸਪਤਾਲ ਗਿਆ ਹੈ।

ਜਮਾਂਦਾਰ ਹੋਰੀਂ ਚਲੇ ਗਏ।

ਫੀਰੀ–ਭਾਈ ਤੇਰਾ ਨਾਉਂ ਕੀਹ ਹੈ?

ਨੌਜੁਵਾਨ–ਸ਼ਾਮ ਸੁੰਦਰ।

ਫੀਰੀ–ਤੇਰਾ ਘਰ ਘਾਟ ਕਿੱਥੇ ਹੈ?

ਸ਼ਾਮ ਸੁੰਦਰ–ਹੁਣ ਘਰ ਘਾਟ ਕੇਹਾ, ਕੋਈ ਵੀ ਨਹੀਂ, ਜੇ ਹੈ ਤਾਂ ਏਹੋ।

ਫੀਰੀ–ਏਥੋਂ ਦੇ ਘਰ ਵਾਸਤੇ ਕੁਝ ਖਰਚ ਮੰਗਵਾ।

ਸ਼ਾਮ ਸੁੰਦਰ–ਓਹ ਕੀਕੁਰ?

ਫੀਰੀ–ਤੂੰ ਪਤਾ ਨਿਸ਼ਾਨ ਸਭ ਦੱਸ ਦੇਹ ਆਪੇ ਆ ਜਾਏਗਾ, ਤੈਨੂੰ ਕੀ ਭਾਵੇਂ ਕੋਈ ਲਿਆਵੇ।

ਸ਼ਾਮ ਸੁੰਦਰ–ਮੈਂ ਪਤਾ ਕੀ ਦਿਆਂ ਜਿਨ੍ਹਾਂ ਦਾ ਪਤਾ ਦੇਣਾ ਹੈ ਉਨ੍ਹਾਂ ਹੀ ਤਾਂ ਕੈਦ ਕਰਾਇਆ ਹੈ।

ਫੀਰੀ–ਤੈਨੂੰ ਕੈਦ ਕੀਕੁਰ ਹੋਈ?

ਸ਼ਾਮ ਸੁੰਦਰ–ਨਸੀਬਾਂ ਨਾਲ, ਆਪਣੇ ਕਰਮਾਂ ਦਾ ਫਲ ਹੈ, ਕਿਸੇ ਨੂੰ ਕੀ ਕਹਿਣਾ ਹੈ?

ਫੀਰੀ–ਨਸੀਬਾਂ ਦੇ ਮੱਥੇ ਨਾ ਮਲੇ ਇਹ ਤਾਂ ਭਾਵੇਂ ਇਸੇ ਜੁਵਾਨੀ ਦੀ ਕਮਾਈ ਵਿਚ ਕਹਿ ਦਿਓ ਕਿ ਕਿਰਤ ਬਰਕਤ ਪਈ ਹੈ।

ਸ਼ਾਮ ਸੁੰਦਰ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ, ਚਿਹਰਾ ਤੇ ਅੱਖਾਂ ਲਾਲ ਗੁਲਾਲ ਹੋ ਗਈਆਂ, ਕੰਠ ਰੁਕ ਗਿਆ, ਹਜ਼ਾਰ ਕੋਸ਼ਸ਼ ਕਰਦਾ ਹੈ ਭਈ ਕੁਝ ਕਹਵਾਂ ਪਰ ਕਹਿ ਨਹੀਂ ਸਕਦਾ, ਉਂਧੀ ਪਾਈ ਬੈਠਾ ਜ਼ਮੀਨ ਖੋਤਰ ਰਿਹਾ ਹੈ।

ਫੀਰੀ–ਮੇਰੀ ਸਮਝ ਵਿਚ ਤਾਂ ਕਿਸੇ ਤੀਵੀਂ ਨੂੰ ਛੇੜ ਛਾੜ ਕੀਤੀ, ਗਲ ਵਧ ਗਈ, ਮਾਲਕਾਂ ਨੇ ਚੁੱਕ ਚੁਕਾਕੇ ਮੁਕੱਦਮਾ ਬਣਾ ਦਿੱਤਾ, ਛੇਕੜ ਏਥੇ ਆ ਪੁੱਜੇ। ਕਿਉਂ ਭਾਈ ਇਹ ਗੱਲ ਠੀਕ ਹੈ ਨਾ ਕੇ ਕੁਝ ਹੋਰ?

ਸ਼ਾਮ ਸੁੰਦਰ–ਸੱਚ ਹੈ"""ਨਾਹਕ ਹੀ ਮਾਰੇ ਗਏ"'ਪਰ ਦੱਛਾ ਜੋ ਹੋਣਾ ਸੀ ਸੋ ਹੋਗਿਆ"'। (ਜ਼ਰਾਕੁ ਸਿਰ ਉੱਚਾ ਕਰਕੇ) ਹਮਸੋਸ ਏਹ ਹੈ ਕਿ ਜਿਸ ਸੱਜਣ ਪਿਛੇ ਏਹ ਮੁਸੀਬਤ ਪਾਈ ਓਹ ਇਸ ਵੇਲੇ ਨਹੀਂ ਵੇਖਦੇ ਜੋ ਇਸ ਹਾਲ ਦੇ ਸ਼ਾਹਦ ਹੁੰਦੇ"'ਹੁਣ ਜੋ ਆਬਣੀ ਸੋ ਕੱਟਣੀ ਹੈ।

ਫੀਰੀ–ਓਇ ਛਡ ਵਿਚੋਂ, ਏਹ ਗੱਲਾਂ ਮਰਦਾਂ ਵਾਸਤੇ ਹੀ ਬਣੀਆਂ ਹਨ, ਕੋਈ ਡੰਗਰਾਂ ਵਾਸਤੇ ਤਾਂ ਨਹੀਂ। ਹੋਰ ਦੁੰਹ ਚਹੁੰ ਦਿਨਾਂ ਤਕ ਆਪੇ ਜੀ ਲਗ ਜਾਏਗਾ। ਹੁਣ ਤੂੰ ਪਤਾ ਦੇਹ ਐਸ ਵੇਲੇ ਕੋਈ ਸਹਿਰ ਨੂੰ ਚੱਲਿਆ ਹੈ।

ਸ਼ਾਮ ਸੁੰਦਰ–ਪਤਾ ਕਿਸਦਾ ਦਿਆਂ? ਐਸ ਵੇਲੇ ਮੇਰਾ ਕੋਈ ਨਹੀਂ"'। ਜਿਨ੍ਹਾਂ ਜਣਿਆਂ ਸਾ ਮਰ ਗਏ*, ਜਿਨ੍ਹਾਂ ਪਾਲਿਆ ਸਾ ਉਹ ਭੀ ਮਰ ਗਏ, ਜਿਨ੍ਹਾਂ ਖਿਡਾਇਆ ਸਾ ਉਹ ਪੱਕੇ ਵੈਰੀ ਹੋ ਗਏ ਏਥੋਂ ਤਕ ਕਿ ਕੈਦ ਕਰਾਕੇ ਛੱਡਿਆ। ਬਾਕੀ ਰਹੇ ਯਾਰ ਦੋਸਤ, ਏਹ ਸਭ ਖਾਣ ਪੀਣ, ਐਸ਼ ਇਸ਼ਰਤ ਵੇਲੇ ਦੇ ਯਾਰ ਹੁੰਦੇ ਹਨ, ਇਜੇਹੇ ਵੇਲੇ ਕਦੀ ਕੋਈ ਕਿਸੇ ਨੂੰ ਨਹੀਂ ਪਕੜਿਆ। ਸਾਹੁਰੇ ਤੀਹਾਂ ਕੋਹਾਂ ਤੇ ਬਹੁਤ ਦੁਰਾਡੇ ਹਨ ਅਤੇ ਇਸ ਵੇਲੇ ਰੱਜਕੇ ਰੁੱਸੇ ਹਨ"'। ਹਾਂ ਇਕ ਸੱਜਣ ਚੇਤੇ ਆਇਆ ਹੈ ਪਰ ਹੈ ਉਹ ਭਾਰਾ ਕੰਜੂਸ ਮੱਖੀ ਚੂਸ। ਮੇਰੇ ਕੁਝ ਰੁਪੈ ਓਸ ਪਾਸ ਅਮਾਨਤ ਵੀ ਹੈਨ, ਭੇਜਣੇ ਨਾ ਭੇਜਣੇ ਉਸਦੇ ਵੱਸ, ਪਰ ਦੱਛਾ ਮੈਂ ਪਤਾ ਦੱਸਦਾ ਹਾਂ। ਚੌੜਾ ਬਾਜ਼ਾਰ, ਸ਼ਿਵਾਲੇ ਦੇ ਸਾਹਮਣੇ ਕਰਕੇ ਕਬਾੜ ਦੀ ਹੱਟੀ ਕਰਦਾ ਹੈ। ਬੋਰੀ ਰਾਮ ਉਸਦਾ ਨਾਉਂ ਹੈ।

ਫੀਰੀ ਤਾਂ ਇੰਨਾ ਪਤਾ ਲੈਂਦਾ ਝਟਪਟ

*ਮਾਂ ਬਾਪ ਇਸਦੇ ਮਰ ਚੁਕੇ ਹੋਏ ਸਨ। ਮਾਸੀ ਮਾਸੜ ਨੇ ਪਾਲਿਆ ਸਾ ਉਹ ਭੀ ਮਰ ਗਏ ਸੇ।

Digitized by Panjab Digital Library | www.panjabdigilib.org

ਦਰੀਖਾਨਿਓਂ ਉਠਕੇ ਬੇੜੀ ਖੜਕਾਉਂਦਾ ਕਿਸੇ ਹੋਰ ਬਾਰਕ ਵਲ ਚਲਾ ਗਿਆ।

—o—

ਪ੍ਰਕਰਣ ੨.

ਤੁਮ ਕੈਦੀ ਸਰਕਾਰ ਕੇ,ਹਮ ਕੈਦੀ ਤੁਵ ਪ੍ਰੀਤਿ।
ਤੁਮਰੀ ਹਮਰੀ ਖਬਰਕੀ ਬੀਚ ਨ ਹੋਤਪ੍ਰਤੀਤਿ।

ਇਕ ਉੱਘੇ ਤੇ ਸੁਹਾਵੇ ਰਮਣੀਕ ਸ਼ਹਿਰ ਦੇ ਮਹੱਲੇ ਵਿਚ ਨੀਵੇਂ ਜੇਹੇ ਮਕਾਨ ਦੇ ਅੰਦਰ ਜਿਥੇ ਇਕ ਦੇ ਪੌੜੀਆਂ ਉਤਰਕੇ ਹੀ ਲੰਘੀਦਾ ਹੈ ਤੇ ਜੋ ਅੰਦਰੋਂ ਰੱਜਕੇ ਸੌੜਾ ਅਤੇਪੁਰਾਣਾ ਹੈ, ਜਿਸਦੀਆਂ ਛੱਤਾਂ ਤੇ ਕੰਧਾਂ ਮਾਰੇ ਧੁੰਏਂਦੇ ਕਾਲੀ ਰਾਤ ਵਾਕਰ ਕਾਲੀਆਂ ਹੋਈਆਂ ਹੋਈਆਂ ਹਨ, ਭਾਵੇਂ ਵਰਤਣ ਜੋਗਾ ਅਸਬਾਬ (ਭਾਂਡਾ ਟੀਂਡਾ) ਥਾਓਂ ਥਾਈਂ ਪਿਆ ਦਿੱਸਦਾ ਹੈ, ਪਰ ਸਭ ਪੁਰਾਣਾ ਤੇ ਭੱਜਾ ਟੁੱਟਾ। ਇਸ ਅੰਦਰ ਇਕ ਬੁੱਢੀ ਤੀਵੀਂ ਜੋ ਉਮਰ ਵਿਚ ਪੰਜਾਂਹ ਸੱਠਾਂ ਵਰ੍ਹਿਆਂ ਦੀ ਜਾਪਦੀ ਹੈ,ਸਰੀਰ ਦੀ ਨਿਰਬਲ ਤੇ ਖੀਣ ਹੋਈ ਵੱਸਦੀ ਹੈ।ਇਹ ਇਸ ਵੇਲੇ ਰੋਟੀ ਪਕਾ ਕੇ ਅੱਗ ਬੁਝਾ ਰਹੀ ਹੈ। ਏਸੇ ਹੀ ਘਰ ਦੀ ਇਕ ਨੁਕਰ ਵਿਚ ਇਕ ਮੁਟਿਆਰ ਤੀਵੀਂ ਕੱਦੋਂ ਮਧਰੀ, ਰੰਗ ਗੋਰਾ, ਗੋਲਚਿਹਰਾ,ਸਰੀਰਪਤਲਾ,ਅੱਖਾਂ ਅਤੇ ਵਾਲ ਕਾਲੇ, ਮੈਲੇ ਜਿਹੇ ਕੱਪੜੇ ਪਹਿਨੇ ਉਂਧੀ ਪਾਈ ਬਿੱਲੀ ਵਾਕੁਰ ਛੈਹ ਮਾਰੀ ਬੈਠੀ ਹੈ। ਅੱਖਾਂ ਇਸਦੀਆਂ ਪਾਣੀ ਨਾਲ ਡੁਬਡੁਬਾ ਰਹੀਆਂ ਹਨ। ਅਪਣੀਆਂ ਸੋਚਾਂ ਦੇ ਅਸਗਾਹ ਸਮੁੰਦ੍ਰ ਵਿਚ ਗੋਤੇ ਖਾ ਰਹੀ ਹੈ, ਪਰ ਕਿਸੇ ਗਲ ਦੀ ਥਾਹ ਨੂੰ ਨਹੀਂ ਅੱਪੜ ਸਕਦੀ। ਕਦੀ ਪਿਛਲੇ ਬੀਤੇ ਹੋਏ ਹਾਲ ਤੇ ਪਛੁਤਾਵਾ ਤੇ ਹਾਵਾ ਕਰਦੀ ਹੈ, ਕਦੀ ਕੋਈ ਨਵੀਂ ਗਲ ਸੋਚਦੀ ਹੋਈ ਠੰਢਾ ਸਾਹ ਭਰਦੀ ਹੈ। ਪਰ ਅਡੋਲ ਪੱਥਰ ਦੀ ਮੂਰਤਿ ਵਾਂਗ ਬੈਠੀ ਅੱਖਾਂ ਵਿਚੋਂ ਵਗਦੇ ਹੋਏ ਪਾਣੀ ਨੂੰ ਪੁੰਝਣ ਤੋਂ ਵੀ ਬੇਖਬਰ ਜੇਹੀ ਹੈ, ਪਰ ਦਲੀਲਾਂ ਦੀ ਉਧੇੜ ਬੁਣਤ ਵਿਚ ਤਦਾਕਾਰ ਹੋਈ ਹੋਈ ਹੈ। ਇਸ ਵੇਲੇ ਉਹ ਬੁੱਢੀ ਤੀਵੀਂ ਜੋ ਅੱਗ ਬੁਝਾ ਚੁਕੀ ਹੈ, ਉੱਠਕੇ ਇਸ ਸੋਗੀ ਮੂਰਤ ਦੇ ਪਾਸ ਆ ਖੜੋਤੀ ਅਤੇ ਕਹਿਣ ਲਗੀ, ਉਠ ਮਾਂ ਸਦਕੇ ਰੋਟੀ ਪੱਕੀ ਪਈ ਹੈ ਖਾ ਲੈ। ਪਰ ਇਹ ਅਚੱਲ ਦੇਵੀ ਆਪਣੇ ਫਿਕਰਾਂ ਦੇ ਦਰਿਆਵਾਂ ਵਿਚ ਰੁੜ੍ਹਦੀ ਫਿਰਦੀ ਹੈ,ਇਸਨੇ ਕੁਝ ਵੀ ਨਾ ਸੁਣਿਆ ਅਤੇ ਨਾ ਹੀ ਕੁਝ ਉੱਤਰ ਦਿੱਤਾ। ਪਰੰਤੂ ਜਦ ਦੋ ਚਾਰ ਸਾਇਤਾਂ ਬੀਤ ਗਈਆਂ ਤਾਂ ਉਸ ਬੁੱਢੀ ਤੀਵੀਂ ਨੇ ਬੜੇ ਪਿਆਰ ਨਾਲ ਤੇ ਮਿੱਠੀ ਬੋਲੀ ਵਿਚ ਫਿਰ ਆਖਿਆ; ਉਠ ਬਚਾ! ਮੈਂ ਵਾਰੀ ਵੰਞਾਂ,ਉਠ ਮੂੰਹ ਹੱਥ ਧੋ,ਇਸ ਨਿਕੰਮੇ ਰੋਣ ਵਿਚ ਕੀਬਣਦਾਹੈ?ਜਹੜੀਗਲ ਬੀਤ ਗਈ ਹੁਣ ਘਸੀਟ ਕੇਹੀ ਕਰਨੀ ਹੋਈ? ਰੋਣ ਵਾਲੀ ਨੇ ਗਿੱਚੀ ਉੱਚੀ ਕੀਤੀ, ਛੇਤੀ ਨਾਲ ਅੱਖਾਂ ਜੋ ਤਰ ਤਰ ਕਰ ਰਹੀਆਂ ਸਨ, ਪੁੰਝੀਆਂ। ਹੁਣ ਕੁਝ ਬੋਲਣਾ ਤਾਂ ਚਾਹੁੰਦੀ ਹੈ ਪਰ ਗਲਾ ਇਜੇਹਾ ਭਰਿਆ ਹੋਇਆ ਹੈ ਜੋ ਬੋਲ ਨਹੀਂ ਸਕਦੀ। ਪਰ ਮਸੇ ਮਸੇ ਦਬੀ ਹੋਈ ਵਾਜ ਵਿਚ ਬੋਲੀ—'ਖਾ ਲੈਨੀ ਹਾਂ'।

ਬੁੱਢੀਤੀਵੀਂ—ਉਠਬੱਚੜੀ ਧਿਆਨ ਹੋਰਥੇ ਪਾ, ਥੋੜੀ ਬਹੁਤੀ ਗਿਰਾਹੀ ਖਾ ਲੈ।

ਰੋਣ ਵਾਲੀ ਹਠਕਰਕੇ ਉਠੀ,ਪਾਣੀ ਲੈਕੇ ਮੂੰਹ ਅਖਾਂ ਧੋਤੀਆਂ, ਰੋਟੀ ਖਾਣ ਬੈਠੀ ਪਰ ਨਹੀਂ ਮਲੂੰਮ ਕਿ ਇਸ ਵੇਲੇ ਫਿਰ ਕੀ ਚੇਤੇ ਆਇਆ ਜੋ ਟਪਟਪ ਹੰਝੂ ਡਿੱਗਣ ਲਗ ਪਏ। ਗਿਰਾਹੀ ਮੂੰਹ ਵਿਚ ਪਾਉਂਦੀ ਹੈ ਪਰ ਓਹ ਗਿਰਾਹੀ ਉਲਟਾ ਕਲੇਜੇ ਨੂੰ ਵੀ ਨਾਲ ਲੈਕੇ ਬਾਹਰ ਨਿਕਲਣ ਨੂੰ ਕਰਦੀ ਹੈ।

Digitized by Panjab Digital Library | www.panjabdigilib.org

ਸੌ ਆਨੇ ਬਹਾਨੇ ਕਰਕੇ ਪਾਣੀ ਦੇ ਘੁੱਟ ਭਰ ਭਰ ਕੇ ਯਤਨਾਂ ਨਾਲ ਦੋ ਚਾਰ ਗਿਰਾਹੀਆਂ ਲੰਘਾਈਆਂ ਤੇ ਬਾਕੀ ਰੋਟੀ ਦਾਉ ਬਚਾਕੇ ਕੁੱਤੇ ਨੂੰ ਸਿੱਟ ਦਿੱਤੀ। ਜਦ ਬੁੱਢੀ ਤੀਵੀਂ ਨੇ ਥਾਲੀ ਖਾਲੀ ਡਿੱਠੀ ਤਾਂ ਰੋਟੀ ਹੋਰ ਦੇਣੀ ਚਾਹੀ,ਪਰ ਇਸ ਸੋਗ ਦੀ ਪੁਤਲੀ ਨੇ ਦੁਹਾਈ ਮਚਾ ਦਿੱਤੀ, ਨਾ ਦਾਦੀ ਜੀ ਨਾ, ਮੈਂ ਤਾਂ ਅਗਲੀ ਰੋਟੀ ਵੀ ਕੁੱਤੇ ਨੂੰ ਪਾ ਦਿੱਤੀ ਹੈ, ਮੇਰੇ ਸੰਘੋਂ ਹੇਠ ਗਿਰਾਹੀ ਜਾਂਦੀ ਹੀ ਨਹੀਂ, ਖਬਰ ਨਹੀਂ ਕੀ ਹੋਗਿਆ ਹੈ ?

ਦਾਦੀ–ਬੱਚੀ ਅੰਨ ਛਡਕੇ ਨਹੀਂ ਜੀਵਿਆ ਜਾਂਦਾ, ਤੈਂ ਰਾਤ ਬੀ ਰੋਟੀ ਨਹੀਂ ਖਾਧੀ। ਜੀਕਰ ਹੋ ਸਕੇ ਉਗਲ ਨਿਗਲਕੇ ਚਾਰ ਗਿਰਾਹੀਆਂ ਅੰਦਰ ਕਰਲੈ।ਕਲਜੁਗਦੇ ਪ੍ਰਾਣ ਅੰਨ ਵਿਚ ਹੀ ਹਨ। ਲੋਕੀ ਕਹਿੰਦੇ ਹਨ– 'ਬਾਝ ਪਜਾਰੇ ਜੀਵੀਐ ਵਿਣੁ ਖਾਧੇ ਮਰੀਐ।' ਇਹ ਗਲ ਅਜੇ ਹੋ ਹੀ ਰਹੀ ਸੀ ਕਿ ਸਾਮ੍ਹਣੇ ਬੂਹੇ ਵਿਚੋਂ ਇਕ ਤੀਵੀਂ,ਕੱਦ ਦੀ ਚੰਗੀਲੰਮੀ ਝੰਮੀ, ਸਰੀਰ ਦੀ ਵੀ ਭਾਰੀ ਗੌਰੀ, ਰੰਗ ਰੂਪ ਦੀ ਵੀ ਉਜਲੀ, ਚਿਹਰਾ ਚੰਦ ਵਰਗਾ ਗੋਲ ਹਸੂੰ ਹਸੂੰ ਕਰਦਾ, ਖਿੜੇ ਮੱਥੇ,ਉਮਰ ਦੀ ਅਧ-ਖੜ ਜੇਹੀ ਅੰਦਰ ਲੰਘ ਆਈ ਤੇ ਕਹਿਣ ਲਗੀ, ਕਿਉਂ ਨੀ ਮੋਹਣੀਏਂ ! ਹੁਣ ਰੋਟੀ ਛੱਡਣ ਦਾ ਕੀ ਗੁਣ,ਤੂੰ ਚਾਹੁਨੀ ਹੈਂ ਭਈ ਰੋਟੀ ਨਾ ਖਾਵਾਂਗੀ ਤਾਂ ਛੇਤੀ ਮਰ ਜਾਵਾਂਗੀ?ਕਦੀ ਨਹੀਂ ਮਰੇਂਗੀ, ਸਗਮਾ ਚੁੜੇਂਗੀ ਤੇ ਰੋਗੀ ਹੋ ਜਾਵੇਂਗੀ। ਜਿਹੜੀ ਮੱਥੇ ਦੀ ਲਿਖੀ ਸੀ ਹੋਕੇ ਰਹੀ। ਜਿਸ ਵੇਲੇ ਤੈਨੂੰ ਸਮਝਕੇ ਟੁਰਨਾ ਚਾਹੀਦਾ ਸੀ ਉਸ ਵੇਲੇ ਤਾਂ ਹਨੇਰੀ ਦੇ ਗਡੇ ਚੜ੍ਹੀ ਹੋਈ ਸੈਂ। ਚੇਤੇ ਕਰ ਖਾਂ ਕੀ ਤੈਨੂੰ ਸਮ-ਝਾਇਆ ਨਹੀਂ ਸੀ ਕਿ ਤੇਰੀਆਂ ਕਰਤੂਤਾਂ ਜਹਾਨ ਵਿਚ ਉਘੀਆਂ ਹੋ ਗਈਆਂ ਹਨ..... ਧੀਏ ! ਸੰਮ੍ਹਲ ਕੇ ਤੁਰ।

ਮੋਹਣੀ–ਤਾਈ ਜੀ,ਮੈਨੂੰ ਕੀ ਹੋਗਿਆ ਮੇਰੀ ਤਾਂ ਮਤਿ ਹੀ ਮਾਰੀ ਗਈ। ਮੈਨੂੰ ਖਬਰ ਨਹੀਂ ਉਹ ਸਬਜ਼ ਜੇਹੀ ਮਿੱਠੀ ਮਿੱਠੀ ਕੀ ਚੀਜ਼ ਖੁਆਈ, ਅਜੇ ਤਾਈਂ ਵੀ ਹੋਸ਼ ਨਹੀਂ ਆਈ। ਕਲੇਜਾ ਜ਼ੋਰੋ ਜ਼ੋਰ ਧੜਕੀ ਜਾਂਦਾ ਹੈ, ਮਾਨੋ ਫੁਟ ਫੁਟ ਕੇ ਬਾਹਰ ਨਿਕਲਣ ਨੂੰ ਕਰਦਾ ਹੈ। ਡੋਬ ਪੈ ਪੈ ਜਾਂਦੇ ਹਨ, ਗਿਰਾਹੀ ਅੰਦਰ ਲੰਘਦੀ ਹੀ ਨਹੀਂ, ਬਤੇਰੇ ਪਾਣੀ ਦੇ ਘੁੱਟਾਂ ਨਾਲ ਅੰਦਰ ਧੱਕਨੀ ਹਾਂ। ਓਹੋ ਸੂਰਤਾਂ ਅੱਖਾਂ ਅਗੇ ਹਰ ਵੇਲੇ ਫਿਰਦੀਆਂ ਦਿੱਸਦੀਆਂ ਹਨ, ਕੀ ਮੈਨੂੰ ਸੂਦਾ ਹੋ ਗਿਆ ਹੈ ?

ਤਾਈ–ਆਹੋ ਬੱਚੀ,ਇਹ ਸੂਦਾ ਐਦਾਂ ਈ ਹੋਇਆ ਕਰਦਾ ਹੈ, ਇਜੇਹੀ ਹਨੇਰ ਦੀ ਗਲ ਕਦੀ ਭਲਿਆਂ ਘਰਾਂ ਵਿਚ ਕਿਸੇ ਡਿੱਠੀ ਹੈ ਕਿ ਕਦੀ ਕਿਸੇ ਨੇ ਸੁਣੀ ਹੈ?

ਮੋਹਣੀ–ਤਾਈ ਜੀ, ਹੁਣ ਮੈਂ ਕੀ ਕਰਾਂ, ਮੇਰੇ ਤਾਂ ਹਥਾਂ ਦੇ ਤੋਤੇ ਉਡ ਗਏ ਹਨ, ਮੈਨੂੰ ਕੋਈ ਤਦਬੀਰ ਨਹੀਂ ਅਹੁੜਦੀ। ਇਸ ਗਲੀ ਮਹੱਲੇ ਪਾਸੇਂ ਮੈਨੂੰ ਇਜੇਹੀ ਸ਼ਰਮ ਆਉਂਦੀ ਹੈ ਕਿ ਕਿਤੇ ਨਿੱਘਰ ਜਾਵਾਂ। ਜੀ ਕਰਦਾ ਹੈ ਜਲ ਪ੍ਰਵਾਹ ਲੈ ਲਵਾਂ। ਐਸੀ ਘਬਰਾਹਟ ਵਿਚ ਪਈ ਹਾਂ ਕੋਈ ਗਲ ਨਹੀਂ ਸੁੱਝਦੀ।

ਤਾਈ–ਹੁਣ ਸਬਰ ਕਰ,ਧੀਰਜ ਕਰ,ਫਿਰ ਵੀ ਸ਼ੁਕਰ ਕਰ, ਆਪਣੇ ਨਸੀਬ ਚੰਗੇ ਜਾਣ, ਕੋਈ ਪਿਛਲੇ ਕਰਮ ਭੈੜੇ ਕਰਕੇ ਫਿਰ ਵੀ ਚੰਗੇ ਕੀਤੇਹੋਏ ਅੱਗੇ ਆਏਤੇਇਸਵੇਲੇ ਸਹਾਈ ਹੋਏ, ਜੋ ਮਾਪੇ ਤੇਰੇ ਵਡੇ ਚੰਗੇ ਅੰਗ ਵਾਲੇ ਨਿਕਲੇ।ਤੈਂ ਭਾਵੇਂ ਘਰੜ ਘਰੜ ਕੇ ਉਨ੍ਹਾਂ ਦਾ ਨਕ ਵੱਢਿਆ,ਕੋਈ ਕਸਰ ਬਾਕੀਨਹੀਂ ਰੱਖੀ, ਪਰ ਫਿਰ ਸ਼ਾਬਾਸ਼ੇ ਉਨ੍ਹਾਂ ਹੀਰਿਆਂ ਨੂੰ,ਜਿਨ੍ਹਾਂ ਗੰਦੀ ਉਂਗਲ ਜਾਣਕੇ ਵੱਖਰੀ ਨਹੀਂ ਕਰ

Digitized by Panjab Digital Library | www.panjabdigilib.org

ਸਿਟੀ,ਸਗਮਾ ਮਲ੍ਹਮਪੱਟੀ ਕਰਕੇ ਚੰਗੀਕਰਨ ਦਾ ਹਠ ਪਠ ਬੈਠ੍ਹਿਆ, ਖ੍ਹਾਰੀ ਝੱਲੀ, ਤੈਨੂੰ ਬਲਦੀ ਅੱਗ ਵਿਚੋਂ ਅਡੋਲ ਲੈ ਆਂਦਾ, ਕਿਸੇ ਤਰ੍ਹਾਂ ਦਾਗ ਨਹੀਂ ਲਗਣ ਦਿੱਤਾ। ਤੂੰ ਉਨ੍ਹਾਂ ਦੀ ਸ਼ੁਕਰਗੁਜ਼ਾਰ ਹੋ, ਪਰਮੇਸ਼ਰ ਦੇ ਕੀਤੇ ਤੇ ਸੰਤੋਖ ਕਰ, ਇਹ ਔਖ ਆਪਣੇ ਕੀਤੇ ਕਰਮਾਂ ਦਾ ਫਲ ਮੰਨ।

ਮੋਹਣੀ–ਤਾਈ ਜੀ,ਜੋ ਕੁਝ ਆਪ ਕਹਿੰਦੇ ਹੋ ਸਭ ਸੱਚ ਹੈ, ਮੈਂ ਇਹ ਗੱਲਾਂ ਚੰਗੀ ਤਰ੍ਹਾਂ ਸਮਝਨੀ ਹਾਂ, ਪਰ ਇਨ੍ਹਾਂ ਹੀ ਸੋਚਾਂ ਤੇ ਮੇਰੇ ਅੰਦਰ ਇਕ ਅੱਗ ਦਾ ਭਬ੍ਹੂਕਾ ਜੇਹਾ ਉਠਦਾ ਹੈ, ਓਹ ਝੁਲਕਾ ਮੇਰੇ ਅੰਦਰ ਨੂੰ ਐਉਂ ਲ੍ਹੂੰਹਦਾ ਹੈ ਜੀਕਰ ਸਰਕੜੇ ਨੂੰ ਅੱਗ। ਇਸ ਵੈਲੇ ਕੋਈ ਸੂਰਤ ਬੁਕ ਪਾਣੀ ਪੈਣ ਦੀ ਨਹੀਂ ਲੱਭਦੀ, ਜਿਸ ਨਾਲ ਕੁਝ ਸ਼ਾਂਤਿਹੋਵੇ,ਸਗਮਾਂ ਆਂਢਣਾਂ ਗੁਆਂਢਣਾਂ ਮੇਰੇ ਕੀਤੇ ਕਰਤਬ ਦਾ ਰਾਮ ਕਹਾਣਾ ਛੇੜ ਛੇੜ ਕੇ ਮੇਰੀ ਉਸ ਸੋਚਾਂ ਦੀ ਬਲਦੀ ਹੋਈ ਅੱਗ ਉਤੇ ਤੇਲ ਪਾਕੇ ਵਧੇਰੀ ਭੜਕਾਉਂਦੀਆਂ ਹਨ।

ਤਾਈ–ਭਾਵੇਂ ਇਹ ਗੱਲਾਂ ਤੇਰੀਆਂ ਠੀਕ ਹਨ ਪਰ ਤੂੰ ਜ਼ਰਾ ਕੁ ਹੋਰ ਵੀ ਕੁਝ ਵਿਚਾਰ ਕਰ, ਏਡਾਂ ਘਬਰਾਹਟ ਦਾ ਅੰਤ ਚੰਗਾ ਨਹੀਂ ਹੁੰਦਾ। ਦੁਖ, ਸੁਖ, ਹਾਣ, ਲਾਭ, ਨਿੰਦਯਾ, ਉਸਤਤ,ਮਨੁੱਖਾਂ ਨਾਲ ਸਦਾ ਤੋਂ ਲੱਗੀ ਹੋਈ ਹੈ। ਇੱਕੁਰ ਹੀ ਭੁੱਲ ਵੀ ਇਸ ਜੀਵ ਦੀ ਘੁੱਟੀ ਵਿਚ ਪਈ ਹੋਈ ਹੈ। ਪਰ ਓਹ ਭੀ ਭੁੱਲਾ ਨਾ ਜਾਣੀਏਂ ਜੋ ਮੁੜ ਘਰ ਆਵੇ, ਇਕ ਵੇਰੀ ਦੀ ਭੁੱਲ ਸਿਖਯਾ ਹੁੰਦੀ ਹੈ। ਸਿਆਣਾ ਆਦਮੀ ਇਸੇ ਭੁੱਲ ਵਿਚੋਂ ਮੱਤ ਸਿੱਖਦਾ ਹੈ। ਫਿਰ ਓਹ ਕੰਮ ਭੁੱਲ ਵਾਲਾ ਭੁੱਲਕੇ ਵੀ ਨਹੀਂ ਕਰਦਾ। ਪਰ ਜਦ ਫੇਰ ਫੇਰ ਓਹੋ ਕੰਮ ਜਿਸ ਭੁੱਲ ਕਰਨ ਤੇ ਧੋਖਾ ਦੁਖ ਕਲੇਸ਼ ਖਾਧਾ ਸੀ, ਕਰਦਾ ਹੈ ਤਾਂ ਓਹ ਮੂਰਖ ਕਹੀਦਾ ਹੈ। ਇਕੁਰ ਹੀ ਜੇਕਰ ਹੁਣ ਤੂੰ ਇਸ ਗਈ ਬੀਤੀ ਭੁੱਲ ਤੇ ਅਗੇ ਵਾਸਤੇ ਸਮਝਗਈ, ਫੇਰ ਇਜੇਹੀ ਭੁੱਲ ਕਦੇ ਨਾ ਕੀਤੀ ਤਾਂ ਤਾਂ ਬੱਚੀ ਤੇਰੀ ਉਮਰ ਸੌਰ ਗਈ। ਤੇਰੇ ਲੋਕ ਪਰਲੋਕ ਬਣ ਗਏ; ਕੋਈ ਸੋਚ ਵਾਲੀ ਗੱਲ ਨਹੀਂ, ਪਰ ਜੇ ਕਿਤੇ ਫਿਰ ਉਜੇਹੇ ਕੰਮ ਤੈਨੂੰ ਨਾ ਭੁੱਲੇ ਤਾਂ ਤੂੰ ਏਹ ਚੇਤੇ ਰੱਖ ਛੱਡ ਕਿ ਏਥੇ ਭੀ ਤੇ ਅੱਗੇ ਵੀ ਦੁੱਖ ਕਲੇਸ਼ਹੋਣਗੇਜਿਨ੍ਹਾਂਦਾਕੋਈ ਅੰਤਸ਼ੁਮਾਰਨਹੀਂ।

ਮੋਹਣੀ–ਤਾਈ ਜੀ, ਹੁਣ ਕਿਸੇ ਤਰ੍ਹਾਂ ਬਖਸ਼ੋ, ਅੱਗੇ ਲਈ ਜੋ ਹੁਕਮ ਕਰੋਗੇ! ਇੰਨਾ ਕਹਿੰਦੀ ਹੋਈ ਦੇ ਨੇਤ੍ਰਾਂ ਵਿਚੋਂ ਪਾਣੀ ਦੇ ਸੋਮੇ ਫੁਟ ਪਏ, ਚਿਹਰੇ ਦੀ ਰੰਗਤ ਬਦਲ ਗਈ, ਇਤਨਾ ਫੁਟ ਫੁਟ ਕੇ ਰੋਈ ਜੋ ਹਿਚਕੀ ਲਗ ਗਈ। ਕਦੀ ਜ਼ਮੀਨ ਖੋਤ੍ਰਦੀ ਹੈ ਕਦੀ ਅੱਖਾਂ ਪੂੰਝਕੇ ਸਾਫ ਕਰਦੀ ਹੈ, ਕਦੀ ਕੁਝ ਕਹਿਣ ਲਈ ਉਭਾਸਰਦੀ ਹੈ, ਪਰ ਹਿਚਕੀ ਨੇ ਓਹ ਜ਼ੋਰ ਬੱਧਾ ਕਿ ਗਲਮੂੰਹੋਂਨਿਕਲਨਨਹੀਂਦੇਂਦੀ।

ਤਾਈ ਸਿਰ ਤੇ ਪਿਆਰ ਦੇਕੇ ਤੇ ਬੜੇ ਪਿਆਰ ਨਾਲ ਬੋਲੀ: ਬੱਚੀ ਸਬਰ ਕਰ, ਸੰਤੋਖ ਕਰ, ਇਹ ਰੋਣਾ ਧੋਣਾ ਚੰਗਾ ਨਹੀਂ, ਹੁਣ ਧੀਰਜ ਕਰਨ ਦਾ ਵੇਲਾ ਹੈ। ਮਤਿ ਸੰਭਲਣ ਦਾ ਸਮਾ ਹੈ। ਰੋਇਆਂ ਕੁਝ ਨਹੀਂ ਬਣਦਾ, ਪਰ ਧੀਰਜ ਨਾਲ ਆਪਣੇ ਚਾਲ ਚਲਣ ਦੇ ਬਾਨ੍ਹੂ ਬੱਧਿਆਂ ਬਹੁਤ ਕੁਝ ਸੌਰ ਸਕਦਾ ਹੈ। ਇਸ ਲਈ ਬੀਤੀ ਗੱਲ ਨੂੰ ਜਿਥੋਂ ਤਕ ਤੇਰੀ ਵਾਹ ਲਗੇ ਭੁਲਾ, ਹੱਥਾਂ ਪੈਰਾਂ ਨੂੰ ਕਿਸੇ ਆਹਰ ਵਿਚ ਲਾ, ਮਨ ਨੂੰ ਪਰਮੇਸ਼ਰ ਦੇ ਭਜਨ ਵਿਚ ਜੋੜ, ਹਰ ਵੇਲੇ ਮਨ ਨੂੰ ਨੀਵਾਂ ਕਰਕੇ ਗੁਰੂ ਪਰਮੇਸ਼ਰ ਅਗੇ ਅਧੀਨਗੀ ਨਾਲ ਬੇਨਤੀ ਕਰ, ਅਰਦਾਸ ਕਰ, ਪਿਛਲੇ ਔਗੁਣ ਬਖਸ਼ਾ,ਅਗੇ ਲਈ ਸੁਮੱਤੇ ਲਗ। ਇਕੁਰ ਹੀ ਕਰਦਿਆਂ

Digitized by Panjab Digital Library | www.panjabdigilib.org

ਕਰਦਿਆਂ ਕੁਝ ਦਿਨਾਂ ਤਕ ਤਨ ਅਤੇ ਮਨ ਵੀ ਗੁਰੂ ਜੀ ਦੀ ਕ੍ਰਿਪਾ ਨਾਲ ਸ਼ਾਂਤੀ ਪਕੜ ਲਏਗਾ। ਦੂਜੇ ਇਹ ਕਰ ਕਿ ਕੋਈਕੁ ਦਿਨ ਏਸੇ ਅੰਦਰ ਬੈਠੀ ਰਹੁ, ਬਾਹਰ ਨਾ ਨਿਕਲ. ਨਾ ਕਿਸੇ ਦੇ ਮੱਥੇ ਲੱਗ ਤਾਂ ਜੋ ਨਾ ਕੋਈ ਤੇਰੇ ਜ਼ਖਮਾਂਦੇਖਰਿੰਡਖੇਤਰੇਤੇਨਾਤੂੰਦੁਖੀਹੋਵੇਂ।ਜਿਉਂ ਜਿਉਂ ਦਿਨ ਪੈਂਦੇ ਜਾਣਗੇ ਤਿਵੇਂ ਤਿਵੇਂ ਗੱਲ ਪੁਰਾਣੀ ਪੈਂਦੀ ਜਾਵੇਗੀ, ਤੂੰ ਆਪਣੇ ਧਰਮ ਵਿਚ ਪੱਕੀ ਨੇਮਣ ਹੋ ਜਾਵੇਂਗੀ, ਤਦ ਲੋਕਾਂ ਵਿਚ ਵੀ ਜਸ ਹੋਣ ਲਗਜਾਵੇਗਾ।ਪਿਛਲੀਆਂ ਕਰਤੂਤਾਂ ਦੀ ਕਾਲਖ ਵੀ ਧੋਤੀ ਜਾਵੇਗੀ।ਬੱਸ ਹੁਣ ਚੁਪ ਕਰ,ਮੈਂ ਸਦਕੇ, ਇਸਤਰ੍ਹਾਂ ਰੋ ਹੋ ਕੇ ਆਪਣਾ ਆਪ ਹਲਾਕ ਨਾ ਪਈ ਕਰ।

ਤਾਈ ਨੇ ਇਹ ਸਿਖਜਾ ਦੇਕੇ ਉਠਕੇ ਪਾਣੀ ਲਿਆਂਦਾ, ਹਥ ਮੂੰਹ ਧੁਆਇਆ ਦੋ ਚਾਰ ਘੁੱਟ ਪਿਲਾਏ, ਪਿਆਰ ਕੀਤਾ, ਕੋਈ ਹੋਰ ਰਾਮ ਕਹਾਣੇ ਸੁਣਾਏ, ਖਿਆਲ ਪਲਟਿਆ, ਗਲਾਂ ਬਾਤਾਂ ਵਿਚ ਲਗ ਕੇ ਮੋਹਣੀ ਹਾਂ ਹੂੰ ਵੀ ਕਰਨ ਲਗੀ, ਪਰ ਇੰਨੇ ਤਕ ਫਿਰ ਇਕ ਅੱਗ ਜੇਹੀ ਦਾ ਅਲੰਬਾ ਕਲੇਜਿਓਂ ਉਠਕੇ ਜੋ ਸਿਰ ਨੂੰ ਚੜ੍ਹਿਆ ਤਾਂ ਅੱਖਾਂ ਅਗੇ ਹਨ੍ਹੇਰਾ ਛਾ ਗਿਆ। ਹੱਥ ਪੈਰ ਤਾਂ ਨਿਸੱਤੇ ਜੇਹੇ ਹੋ ਗਏ। ਬਣੇਰਾ ਆਪਣੇ ਆਪ ਵਿਚ ਸੰਭਾਲਣ ਦੀ ਹਿੰਮਤ ਕੀਤੀ ਪਰ ਓੜਕ ਨੂੰ ਨਾ ਸੰਭਾਲ ਸਕੀ, ਘੋਰਨੀ ਖਾਕੇ ਮੂੰਹ ਦੇ ਭਾਰ ਜੋ ਡਿੱਗੀ ਤਾਂ ਤਾਈ ਦੀ ਗੋਦੀ ਸਿਰ ਜਾ ਡਿੱਗਾ। ਤਾਈ ਨੇ ਵੀ ਡਿਗਦੀ ਨੂੰ ਹੱਥਾਂ ਦੇ ਸਹਾਰੇ ਨਾਲ ਸਟ ਪੇਟ ਲਗਣੋਂ ਬਚਾ ਲਿਆ। ਛੇਤੀ ਛੇਤੀ ਮੂੰਹ ਤੇ ਗੁਲਾਬ ਦੇ ਛੱਟੇ ਮਾਰੇ,ਨਕ ਦੀ ਕੋਠੀ ਉਂਗਲਾਂ ਨਾਲ ਫੜਕੇ ਨੱਪੀ, ਮੂੰਹ ਵਿਚ ਪਾਣੀ ਪਾਇਆ ਤਾਂ ਮੋਹਣੀ ਨੇ ਬਿਤੌਰੀ ਵਾਂਗ ਅੱਖਾਂ ਖੋਲ੍ਹੀਆਂ।

ਤਾਈ–ਨੀ ਬੱਚੀ! ਇਹ ਤੈਨੂੰਕੀ ਹੋਇਆ?

ਮੋਹਣੀ–ਕੁਝ ਨਹੀਂ, ਐਵੇਂ ਕੁਝ ਕਲੇਜੇ ਵਿਚੋਂ ਅੱਗ ਜੇਹੀ ਉਠ ਕੇ ਮੇਰੇ ਸਿਰ ਨੂੰ ਚੱਕਰ ਜੇਹਾ ਦੇਣ ਲੱਗ ਪਈ, ਫੇਰ ਤਾਂ ਅੱਖਾਂ ਅਗੇ ਪ੍ਹੈ ਹਨੇਰ ਹੋਗਿਆ ਫਿਰ ਨਹੀਂ ਖਬਰ ਮੈਂ ਕਿੱਥੇ ਹਾਂ। ਹੁਣ ਇਉਂ ਜਾਪਦਾ ਹੈ ਜੀਕਰ ਤੇਹੀ ਝੋਲੀ ਵਿਚ ਪਈ ਹੋਈ ਹਾਂ। ਮੇਰਾ ਮੂੰਹ ਚਿਹਰਾ ਕੱਪੜਾ ਗਿੱਲਾ ਗਿੱਲਾ ਹੈ।

ਤਾਈ–ਡਿੱਠਾ, ਇਹ ਮਾਰ ਤੇਰੇ ਅੰਨ ਨਾ ਖਾਣਦੀ ਹੈ,ਜੇਤੇਰੇ ਅੰਦਰ ਅੰਨਪਾਣੀ ਹੋਵੇ ਤਾਂ ਇਜੇਹੇ ਡੋਬ(ਗਸ਼ਾਂ)ਨਾ ਪੈਣ ਤੂੰ ਆਪਣੇ ਪੈਰਾਂ ਤੇ ਖੜੇਤੀ ਰਹੇਂ। ਹੁਣ ਵੀ ਤੂੰ ਮੇਰਾ ਕਹਿਣਾ ਮੰਨ, ਇਸ ਵੇਲੇ ਚਾਰ ਗਿਰਾਹੀਆਂ ਖਾਹ, ਤਾਂ ਇਹਨਾਂ ਗਸ਼ਾਂ ਤੋਂ ਬਚੇਂ। ਇੰਨਾ ਕਹਿਕੇ ਓਸ ਬੁੱਢੀ ਦਾਦੀ ਨੂੰ ਕਹਿਣ ਲਗੀ, ਬੇਬੇ ਜੀ ਥੋੜਾ ਜੇਹਾ ਦੁੱਧ ਤੇ ਫੁਲਕਾ ਲੈ ਆਓ। ਮੋਹਣੀ ਦੇ ਨਾਂਹ ਨੁਕਰ ਕਰਦਿਆਂ ਤਾਈ ਨੇ ਬਦੋ ਬਦੀ ਕੁਝ ਦੁੱਧ ਤੇ ਫੁਲਕਾ ਖੁਲਾ ਪਿਲਾ ਦਿੱਤਾ। ਫੇਰ ਆਖਿਆ,ਤਕੜੀਹੋ,ਮੈਂਤੈਨੂੰ ਇਕ ਐਸੀ ਜੁਗਤ ਸਿਖਾਵਾਂਗੀ ਜਿਸ ਕਰਕੇ ਇਹ ਸਾਰੇ ਦੁੱਖ ਭੁੱਲ ਜਾਵੇਂਗੀ ਤੇ ਇਜੇਹੇ ਇਕ ਸੁਖ ਸਰੂਪ ਰਸ ਵਿਚ ਗੁੱਝ ਭਾਵੇਂ ਰੁੱਝ ਜਾਏਂਗੀ, ਕਿ ਫਿਰ ਉਸ ਅਨੰਦ ਨੂੰ ਛੱਡ ਨਾ ਸਕੇਂਗੀ। ਹੋਰ ਦੁਨੀਆਂ ਦੇ ਅਨੰਦ ਉਸ ਅਗੇ ਤੁੱਛ ਹਨ। ਤਾਈ ਅਜੇ ਇਹ ਕਹਿੰਦੀ ਹੀ ਪਈ ਸੀ ਕਿ ਇਕ ਮੁਟਿਆਰ ਸਾਂਵਲੇ ਜੇਹੇ ਰੰਗ ਦੀ, ਕੱਦ ਦੀ ਮਧਰੀ, ਰੰਗਿਨ ਕਪੜੇ ਨਾਲ ਸਜੀ ਦੇਈ ਠੁਮਠੁਮ ਕਰਦੀ ਅੰਦਰ ਆ ਗਈ ਤੇ ਆਉਂਦੀ ਹੀ ਕਹਿਣ ਲਗੀ, ਕਿਉਂ ਨੀ ਮੋਹਣੀਏਂਇਹ ਕੀ ਕਰਨੀਏਂ,ਰੋਰੋ ਕੇ ਆਪਣੀ ਜਾਨ ਪਈ ਖਪਾਉਨੀ ਏਂ, ਕਦੀ ਕਿਸੇ ਨੇ ਕਿਸੇ ਨੂੰ ਪਹਿਰਾ ਦਿੱਤਾ ਹੈ? ਕੋਈ ਨਾ! ਇਹ

Digitized by Panjab Digital Library | www.panjabdigilib.org

ਤਾਂ ਸਾਰਾ ਸੰਸਾਰ ਰੇਲ ਗੱਡੀ ਦਾ ਮੇਲਾ ਹੈ ਜਿਕੁਰ ਰੇਲ ਵਿਚ ਬੈਠਿਆਂ ਕਈ ਰਾਹ ਜਾਂਦੇ ਸਹੇਲੀਆਂ ਸਹੇਲੇ ਬਣ ਜਾਂਦੇ ਹਨ ਪਰ ਜਦ ਬੰਨੇ ਲਗੇ ਸਭ ਆਪੋਆਪਣੇ ਰਾਹਾਂ ਦੇ ਰਾਹੀ ਹੋ ਜਾਂਦੇ ਹਨ,ਇਕੁਰ ਹੀ ਜਗਤ ਦੇ ਲੋਕ ਸਮੇਂ ਸਮੇਂ ਸਿਰ ਮਿਲਦੇ ਅਤੇ ਵਿਛੜਦੇ ਰਹਿੰਦੇ ਹਨ। ਇਹ ਕਹਿੰਦੀ ਹੋਈ ਬੈਠ ਗਈ ਤੇ ਤਾਈ ਉਠ ਕੇ ਚਲੀ ਗਈ।

ਮੋਹਣੀ—ਭੈਣ ਮੈਨਾਂ, ਇਹ ਕੁਝ ਮੇਰੇ ਵੱਸ ਦੀ ਗੱਲ ਨਹੀਂ ਹੋਈ।ਏਹੋ ਹਰਿਆਨਗੀ ਮੈਨੂੰ ਪਲ ਪਲ ਵਿਚ ਪਰੇਸ਼ਾਨ ਪਈ ਕਰਦੀ ਹੈ। ਘੜੀ ਮੁੜੀ ਮੇਰੇ ਕਲੇਜੇ ਵਿਚ ਭੰਡੂਲ ਪਏ ਉਠਦੇ ਹਨ। ਭੈਣ ਜੀ, ਹੁਣ ਮੈਂ ਦੁਨੀਆ ਤੋਂ ਵਾਂਜੀ ਗਈ, ਮੈਂ ਕਿਸੇ ਦੇ ਮੱਥੇ ਲੱਗਣ ਜੋਗੀ ਨਹੀਂ ਰਹੀ। ਮੈਂ ਕਿਹੜੀਆਂ ਅੱਖਾਂ ਨਾਲ ਕਿਸੇ ਦੇ ਸਾਹਮਣੇ ਹੋਵਾਂਗੀ, ਕੀ ਕਰਾਂਗੀ। ਅੰਦਰੇ ਪਈ ਪਈ ਦਿਨ ਰਾਤ ਕੁੜ੍ਹਾਂ ਸੜਾਂਗੀ, ਇਸ ਹੋਣੀ ਨਾਲ ਕਿਸੇ ਦੀ ਕੁਝ ਪੇਸ਼ ਨਹੀਂ ਚਲਦੀ। ਮੇਰੀ ਬਹੁਤੀ ਮੱਤ ਤਾਂ ਓਸ ਹਰੀ ਜਿਹੀ ਚੀਜ਼ ਨੇ ਮਾਰੀ, ਜਿਸਦੇ ਚੱਕਰ ਅਜੇਤਕ ਮੇਰੇ ਸਿਰੋਂ ਨਹੀਂ ਉਤਰਦੇ।

ਮੈਨਾ—ਭੈਣ ਜੀ ਸੱਚਹੈ,ਜੋਹੀ ਕੁ ਤੇਰੇ ਨਾਲ ਹੋਈ ਹੈ ਪਰਮੇਸ਼ੁਰ ਕਰੇ ਕਿਸੇ ਨਾਲ ਨਾ ਹੋਵੇ। ਕਚਹਿਰੀਆਂ ਵਿਚ ਰੁਲਨਾ, ਪਰਾਏ ਪੁਰਸ਼ਾਂ ਨਾਲ ਗੱਲਾਂ ਕਰਨੀਆਂ,ਨਾਲੇ ਪੁਲਸ ਦੇ ਦਾਬੇ ਤੇ ਘੁਰਕੀਆਂ ਸਹਿਣੀਆਂ, ਲੋਕਾਂ ਵਿਚ ਵਾਰਾਂ ਤੁਰਨੀਆਂ, ਕਿਤੇ ਮੂੰਹ ਦੇਣ ਜੋਗਿਆਂ ਨਾ ਰਹਿਣਾ, ਪਰ ਏਹ ਸਭ ਕੁਝ ਹੋਣੀ ਹੈ,ਜੋ ਹੋਕੇ ਰਹੀ। ਹੁਣ ਤੂੰ ਇਹ ਡੂੰਘੀਆਂ ਲੰਮੀਆਂ ਸੋਚਾਂ ਛੱਡ ਦੇਹ, ਪਰਮੇਸ਼ਰ ਦਾ ਭਜਨ ਕਰ, ਦਿਨ ਬੀਤ ਜਾਣਗੇ। ਇਹ ਅੰਦਰ ਬੈਠਣਾ ਕੈਦ ਨਾ ਸਮਝ, ਇਹ ਆਪਣਾ ਸੁਧਾਰ ਜਾਣ। ਜੀਕੁਰ ਸੋਨੇ ਵਿਚ ਕੋਈ ਖੋਟ ਰਲ ਜਾਵੇ ਤਾਂ ਓਸ ਨੂੰ ਸੁਨਜਾਰੇ ਅੱਗ ਵਿਚ ਪਾਕੇ ਸਾੜਕੇ ਸੋਧ ਲੈਂਦੇ ਹਨ, ਇਕੁਰ ਇਹ ਤੇਰੀ ਸੋਧਨਾ ਹੈ।ਦੂਜੇ ਇਹ ਭੀ ਜਾਣ ਹੁਣ ਤੇਰਾ ਬਾਹਰ ਨਿਕਲਨਾ ਕਿਸੇ ਤਰ੍ਹਾਂ ਵੀ ਠੀਕ ਨਹੀਂ,ਇਸ ਸ਼ਹਿਰ ਦੇ ਲੋਕੀਂ ਘਰ ਫੂਕ ਤਮਾਸ਼ਾ ਦੇਖਣ ਵਾਲੇ ਹਨ। ਕੋਈ ਨਿਸ਼ਾਨੇ ਵਾਲੀ ਗੱਲ ਮਲੂਮ ਹੋ ਜਾਵੇ ਸਹੀ, ਫਿਰ ਤਾਂ ਮੱਖੀਆਂ ਵਾਕਰ ਮੋਏ ਮੁਰਦੇ ਮਗਰੋਂ ਲਹਿੰਦੇ ਹੀ ਨਹੀਂ, ਬੁਰੇ ਦੇ ਘਰ ਭੇੜੀ ਪਿੱਛਾ ਕਰਦੇ ਹਨ, ਜੀਉਣਾ ਵੀ ਭਾਰੂ ਕਰ ਦਿੰਦੇ ਹਨ। ਇਸ ਲਈ ਸ਼ਾਂਤ ਰੂਪ ਹੋਕੇ ਕੋਈ ਦਿਨ ਅੰਦਰ ਬੈਠ ਰਹੁ,ਕਰਤਾਰ ਭਲੀਕਰੇਗਾ।

ਮੋਹਣੀ—ਹੱਛਾ ਭੈਣ ਜੀ, ਲੇਖਾਂ ਦੇ ਵੱਸ ਹੈ ਜੋ ਲਿਖੇਸਨ ਸੋ ਪਾਏ,ਜੋ ਹੋਰ ਲਿਖੇ ਹੋਏ ਹਨ ਸੋ ਦੇਖੀ ਜਾਏਗੀ।

ਮੈਨਾ—ਮੋਹਣੀ, ਤੂੰ ਰਤਾ ਵੀ ਫਿਕਰ ਨਾ ਕਰ, ਹੌਸਲਾ ਕਰ,ਏਡੇ ਸ਼ਹੁ ਦਰਿਆਵਾਂ ਵਿਚ ਠਿੱਲ੍ਹਕੇ ਤੇ ਸਾਹ ਹਾਰ ਦੇਈਦਾ ਹੈ ? ਹੁਣ ਤੂੰ ਅੱਜ ਤੋਂ ਲੈਕੇ ਫਿਕਰ ਨਾ ਕਰੀਂ,ਤੇਰਾ ਫਿਕਰ ਮੈਂ ਕਰਾਂਗੀ,ਪਰ ਤੂੰ ਏਹ ਕਰੀਂ,ਰੋਟੀ ਨਾ ਛੱਡੀਂ ਨਹੀਂ ਤਾਂ ਕਿਸੇ ਜੋਗੀ ਨਾ ਰਹੇਂਗੀ। ਤੂੰ ਆਪ ਕੁਛ ਪੜ੍ਹੀ ਹੋਈ ਹੈਂ, ਸਭ ਕੁਝ ਜਾਣਨੀ ਹੈ। ਗੁਰੂਗ੍ਰੰਥ ਸਾਹਿਬ ਜੀ ਦਾ ਭੋਗ ਰੱਖ ਦੇਹ,ਰੋਜ ਪਾਠ ਕਰਿਆ ਕਰ, ਗੁਰੂ ਸਹਾਇਤਾ ਕਰਨਗੇ ਤੇ ਸਭ ਸੰਕਟ ਕੱਟੇ ਜਾਣਗੇ।

ਮੋਹਣੀ—ਸੱਚ ਹੈ, ਇਹ ਗੱਲ ਤਾਈ ਵੀ ਕਹਿੰਦੀਹੈ ਭਈ ਪਾਠ ਕਰਿਆ ਕਰ,ਸੋ ਚੰਗਾ, ਕਲ੍ਹ ਤੋਂ ਅਰੰਭ ਕਰਦਿਆਂਗੀ ਜੇ ਜੀ ਲੱਗਿਆ ਤਾਂ ਕਰੀ ਚੱਲਾਂਗੀ।

ਮੈਨਾ—ਨਹੀਂ, ਏਹ ਗੱਲ ਨਹੀਂ, ਜੀਉ ਨੂੰ ਪਹਿਲੇ ਆਪ ਬੰਨ੍ਹਕੇ ਪਾਠ ਵਿਚ ਲਾਉਣਾ ਹੋਵੇਗਾ, ਜਦ ਬਾਣੀ ਦਾ ਸੁਆਦ ਪੈ ਜਾਏਗਾ

Digitized by Panjab Digital Library | www.panjabdigilib.org

ਤਦ ਲੱਗਾ ਹੋਇਆ ਮਨ ਹਟੇਗਾ ਨਹੀਂ। ਲੈ ਮੈਂ ਹੁਣ ਜਾਨੀ ਹਾਂ ਤੇ ਤੈਨੂੰ ਫੇਰ ਮਿਲਾਂਗੀ।

—o—

ਪ੍ਰਕਣ ੩

ਤਨ ਕ੍ਲੇਸ਼,ਮਨ ਦੁਖ,ਨਾਸ ਧਨ,ਗਯੋ ਲੋਕਪਰਲੋਕ।
ਜਿਯ ਨ ਛੁਟੈ,ਜੀਵਨਮਿਟੈ,ਜੀਅਨਮਰਨਅਤਿਸ਼ੋਕ।

ਅਹਾਹਾ!ਸਿਆਲੇ ਦੀ ਠੰਢੀ ਬਹਾਰ,ਨਾਲ ਹੀ ਪੂਰਬੋਤ੍ਰੀ ਪੌਣ ਦੀ ਰਫਤਾਰ ਬੱਦਲਾਂ ਦੀ ਘਨਘੋਰ,ਨਿੱਕੀ ਨਿੱਕੀ ਫੁਹਾਰ ਨੇ,ਓਹ ਠੰਢਕ ਦੀ ਪਤ ਅਬਰੋ ਵਧਾਈ,ਜਿਸਦੀ ਸੰਸਾਰ ਵਿਚ ਸਾਰੇ ਦੁਹਾਈ ਤਿਹਾਈ ਦੀ ਪੁਕਾਰ ਮਚ ਗਈ ਹੈ। ਕਿਤੇ ਕੋਈ ਲੇਫ ਰਜ਼ਾਈਆਂ ਲਈ ਅੰਦਰ ਲੁਕੇ ਬੈਠੇ ਹਨ। ਕਿਤੇ ਅੱਗ ਦੇ ਅੰਗੀਠੇ ਮਘ ਰਹੇ ਹਨ,ਕਿਤੇ ਝਰੋਖੇ ਬੰਦ ਹੋ ਰਹੇ ਹਨ,ਕਿਤੇ ਕੋਈ ਗਰਮ ਚੀਜ਼ਾਂ ਚਾਹ ਬਰਾਂਡੀ ਆਦਿਕ ਪੀ ਰਹੇ ਹਨ। ਕਿਤੇ ਕੋਈ ਅਪਦਾ ਦੇ ਮਾਰੇ ਫਟੇ ਪੁਰਾਣਿਆਂ ਕਪੜਿਆਂ ਵਿਚ ਸੁਲਕੂ ਸੁਲਕੂ ਕਰਦੇ ਆਪਣੇ ਕੰਮਾਂ ਧੰਦਿਆਂ ਲਈ ਬਜ਼ਾਰਾਂ ਗਲੀਆਂ ਵਿਚ ਚਿੱਕੜ ਲਿਤਾੜਦੇ ਪਏ ਫਿਰਦੇ ਹਨ। ਇਜੇਹੇ ਸਰਦੀ ਦੇ ਭਜਾਨਕ ਸਮੇ ਵਿਚ ਵੀ ਦੁਖੀਆਂ ਦੇ ਦੁਖ ਆਸਮਾਨੀ ਸਹਾਯਤਾ ਪਾਕੇ ਦੂਣੇ ਚਉਣੇ ਹੋ ਜਾਂਦੇ ਹਨ। ਮਨ ਤਾਂ ਚਿੰਤਾ ਦੇ ਦੁੱਖ ਵਿਚ ਦੁਖੀ ਹੁੰਦਾ ਹੀ ਹੈ ਪਰ ਇਜੇਹੇ ਵੇਲੇ ਉਪਰਲੀ ਆਈ ਹੋਈ ਬਲਾ ਵਾਕਰ ਸਰਦੀ ਚਾਹੇ ਗਰਮੀ ਸਰੀਰ ਦੀ ਵੀ ਚੰਗੀ ਹੀ ਮਿੱਟੀ ਖਰਾਬ ਕਰਦੀ ਹੈ। ਪਰ ਦੇਖੀਏ ਨਾ ਔਹ ਕੈਦਖਾਨੇ ਦੀ ਪੰਜ ਨੰਬਰ ਬਾਰਕ ਵਿਚ ਖਰਾਸ ਖਾਨੇ ਦੇ ਪਰਲੇ ਪਾਸੇ ਦੋ ਕੈਦੀ ਬੈਠੇ ਭਾਂਡੇ ਚਿੱਤਰ ਰਹੇ ਹਨ। ਇਨ੍ਹਾਂ ਦੇ ਕੋਲਦਾਰ ਇਕ ਤੀਸਰਾ ਕੈਦੀ ਮਸ੍ਹੁਡੇਉ ਗੱਭਰੂ ਜੇਹਾ,ਗਲ ਵਿਚ ਚਿੱਟੇ ਭੂਰੇ ਦਾ ਕੁੜਤਾ ਪਾਈ ਹੱਥ ਵਿਚ ਹਥੌੜੀ ਤੇ ਛੈਣੀ ਲਈ ਬੈਠਾ ਹੋਇਆ ਹੈ। ਜਿਸਦੇ ਹੱਥ ਪੈਰ ਇਸ ਵੇਲੇ ਮਾਰੇ ਠੰਢ ਦੇ ਸੁੰਨ ਹੁੰਦੇ ਜਾ ਰਹੇਹਨ ਤੇ ਉੱਪਰੋਂ ਦੱਸਣ ਵਾਲੇ ਕੈਦੀ ਤੰਗ ਹੋ ਹੋ ਕੇ ਦੋਵੇਂ ਝਿੜਕ ਰਹੇ ਹਨ ਕਿ ਤੈਨੂੰ ਸਿੱਧੀ ਹਥੌੜੀ ਫੜਨੀ ਨਹੀਂ ਆਉਂਦੀ ਤੂੰ ਕਿਹੜੇ ਭੋਰੇ ਵਿਚ ਪਲਿਆਸਾ?ਘਰੋਂ ਕਿੱਡੇ ਕਾਹਲੇ ਕਾਹਲੇ ਆ ਜਾਂਦੇ ਹਨ ਤੇਹਲਖਾਨਾ ਭਰਨ ਨੂੰ ਪਈ ਸਰਕਾਰੀ ਰੋਟੀ ਮੁਫਤ ਮਿਲ ਜਾਂਦੀ ਹੈ। ਇਹ ਬੇ ਉਸਤਾਦੇ ਨਹੀਂ ਜਾਣਦੇ ਪਈ ਅੰਦਰ ਤਾਂ ਢਾਈ ਸੇਰ ਲਹੂਨਿਚੁੜ ਜਾਵੇ ਤਾਂ ਰੋਟੀ ਮਿਲਦੀ ਹੈ,ਫਿਰ ਤੇਰੇ ਜਿਹੇ ਮਲੂਕ-ਜ਼ਾਦੇ ਤਾਂ ਏਥੇ ਠੁਹਕਰਾਂ ਖਾਂਦੇ ਹੀ ਮਰ ਰਹਿੰਦੇ ਹਨ। ਚੰਗੀ ਤਰ੍ਹਾਂ ਸਿੱਧੀ ਕਰਕੇ ਹਥੌੜੀ ਸੱਜੇ ਹੱਥ ਵਿਚ ਫੜ ਅਤੇ ਖੱਬੇ ਹੱਥ ਵਿਚ ਸੁੰਬਾ। ਹੱਥ ਠਰਦੇ ਹਨ ਤਾਂ ਠਰਨ ਦੇਹ, ਜ਼ਰਾ ਪਿਛਲੀਆਂ ਗਰਮੀਆਂ ਚੇਤੇ ਕਰ ਲੈ।ਸੁੰਬਾ ਜਮਾਕੇ ਉੱਪਰ ਸੱਟ ਮਾਰ ਜਿਸਨਾਲ ਸੁੰਬਾ ਛਣਕ ਨਾ ਜਾਵੇ,ਖਬਰਦਾਰ ਹੱਥ ਅੱਗੇ ਪਿੱਛੇ ਨਾ ਹੋ ਜਾਵੇ।

ਇੰਨੇ ਤਕ ਸਾਹਮਣੇ ਪਾਸਿਓਂ ਬੇੜੀ ਦੀ ਛਣਕਾਰ ਨੇ ਕੰਨ ਖੜੇ ਕਰ ਦਿੱਤੇ, ਕੀ ਦੇਖਦਾ ਹੈ ਕਿ ਫੀਰੀ ਚਾਰ ਰੁਪੈ ਦਾ ਕਿਰਿਆਨਾ ਹੱਥ ਵਿਚ ਲਈ ਖੜੋਤਾ ਕਹਿ ਰਿਹਾ ਹੈ—

ਫੀਰੀ—ਭਾਈ ਏਹ ਲੈ ਤੇਰੇ ਪੰਜ ਰੁਪੈ ਆਏ ਹਨ, ਸਾਂਭ ਲੈ।

ਸ਼ਾਮ ਸੁੰਦਰ—ਹੱਥ ਵਿਚ ਲੈਕੇ ਫਿਰ ਗਿਣ ਕੇ, ਇਹ ਤਾਂ ਪੌਣੇ ਚਾਰ ਹਨ।

ਫੀਰੀ—ਸ਼ਾਮ ਸੁੰਦਰ ਤੂੰ ਬੜਾ ਭੋਲਾ ਹੈਂ, ਸਵਾ ਰੁਪੱਯਾ ਹੁੰਡਜਾਨਾ ਕੱਟਕੇ*ਪੌਣੇ ਚਾਰ ਹੀ ਰਹਿਣੇ ਸਨ ਸੋ ਤੇਰੇ ਪਾਸ ਹਨ।

ਸ਼ਾਮ ਸੁੰਦਰ—ਮੇਰੇ ਪਤੇ ਨਿਸ਼ਾਨੀਤੋਂ ਬਿਨਾ

*ਭਾਵ ਇਹ ਹੈ ਕਿ ੧।) ਫੀਰੀ ਨੇ ਮੰਗਵਾ ਦੇਣ ਦਾ ਦੱਖ ਲਿਆ ਸੀ।

Digitized by Panjab Digital Library | www.panjabdigilib.org

ਹੀ ਬੋਰੀ ਰਾਮ ਨੇ ਕੀਕਰ ਭੇਜ ਦਿਤੇ?

ਫੀਰੀ–ਇਹ ਲਿਅੌਣ ਵਾਲੇ ਦੀ ਉਸਤਾਦੀ।

ਸ਼ਾਮ ਸੁੰਦਰ–ਮੈਂ ਕਿੱਥੇ ਤੇ ਕੀਕਰ ਸਾਂਭਾਂ? ਮੇਰੇ ਪਾਸ ਕੋਈ ਥਾਉਂ ਸਾਂਭਣ ਲਈ ਨਹੀਂ ਹੈ, ਮਤਾਂ ਕੋਈ ਬਰਕਨਦਾਜ ਦੇਖ ਲਵੇ।

ਫੀਰੀ ਨੇ ਲੈਕੇ ਛੇਤੀ ਨਾਲ ਮੂੰਹ ਵਿਚ ਪਾ ਲਏ ਅਤੇ ਆਖਿਆ, ਏਹ ਲੈ ਹੁਣ ਤਾਂ ਸਾਂਭੇ ਗਏ, ਲੇੜ ਵੇਲੇ ਲੈ ਲਵੀਂ। ਚੰਗੀ ਗੱਲ ਤਾਂ ਇਹ ਹੈ ਪਈ ਦਸਾਂ ਆਨਿਆਂ ਦੀਆਂ ਰੋਟੀਆਂ ਐਤਵਾਰ ਨੂੰ ਬਾਬੇ ਸਾਹਿਬ ਜੀ ਦੇ ਨਾਉਂ ਤੇ ਵੰਡ ਦੇਣੀਆਂ, ਅੱਠ ਆਨੇ ਲਾਂਗਰੀ ਨੂੰ ਜ਼ਰੂਰ ਦੇਣੇ ਜਿਸ ਕਰਕੇ ਰੋਟੀ ਪੂਰੀ ਮਿਲਿਆ ਕਰੇ। ਨਾਲੇ ਤੇਰੀ ਅਪੀਲ ਦਾਇਰ ਹੋ ਗਈ ਹੈ, ਦਰੋਗੇ ਵਲ ਕੋਈ ਤੇਰੀ ਸਿਫਾਰ ਅੱਪੜ ਪਈ ਹੈ।

ਇਹ ਗੱਲਾਂ ਹੁੰਦੀਆਂ ਹੀ ਸਨ ਕਿ ਇਕ ਲਾਂਭਿਓਂ ਬਰਕਨਦਾਜ ਨੇ ਤਾੜਿਆ ਭਈ ਮਾਲ ਤਾਂ ਫੀਰੀ ਉਡਾਕੇ ਲੈਗਿਆ।ਉਹ ਛੇਤੀ ਨਾਲ ਲੱਭਕੇ ਨਿਹਾਲੇ ਦਫੇਦਾਰ ਨੂੰ ਕਹਿਣ ਲੱਗਾ, ਔਹ ਜੋਹੜਾ ਨਵਾਂ ਕੈਦੀ ਤਿੱਖੀਆਂ ਅੱਖੀਆਂ ਵਾਲਾ ਚਿਤੇਰਿਆਂ ਦੇ ਪਾਸ ਬੈਠਾ ਹੋਇਆ ਹੈ, ਇਹ ਏਵੇਂ ਹਰ ਵੇਲੇ ਵਿਹਲਾ ਹੀ ਫਿਰਦਾ ਰਹਿੰਦਾ ਹੈ, ਕੰਮ ਕਾਰ ਕੋਈ ਨਹੀਂ ਕਰਦਾ,ਕੱਲ ਜਮਾਂਦਾਰ ਵੀ ਐਵੇਂ ਟਲਾ ਟਲੂ ਕੇ ਚਲਿਆ ਗਿਆ ਸੀ। ਅੱਜ ਇਸ ਕੋਲ ਕੁਝ ਮਾਲ ਵੀ ਮਲੂਮ ਹੁੰਦਾ ਹੈ।ਇੰਨੀ ਗੱਲ ਸੁਣਕੇ ਨਿਹਾਲਾ ਚਲਿਆ ਗਿਆ।ਝਟਾਪਟ ਜਮਾਂਦਾਰ ਪਾਸ ਪਹੁੰਚਕੇ ਕਹਿਣ ਲੱਗਾ, ਜਮਾਂਦਾਰ ਜੀ! ਸ਼ਹਿਰ ਵਿਚ ਹਲਦੀ ਵਾਲੇ ਸਾਨੂੰ ਬੜਾ ਜੱਚ ਕਰਦੇ ਹਨ, ਏਧਰੋਂ ਤੁਸੀਂ ਕੈਦੀ ਨਹੀਂ ਦਿੰਦੇ ਹੋਰਨਾਂ ਨਿਕੰਮਿਆਂ ਕੰਮਾਂ ਵਿਚ ਲਾ ਛੱਡਦੇ ਹੋ। ਇਸ ਵੇਲੇ ਸੱਤ ਪੰਡਾਂ ਹਲਦੀ ਦੀਆਂ ਕੁੱਟਣ ਵਾਲੀਆਂ ਪਈਆਂ ਹਨ,ਤਿੰਨ ਦਿਨ ਹੋਏ ਇਕ ਮਾੜੂਆਜੇਹਾ ਕੈਦੀ ਬੈਠਾ ਠਿੱਚਠਿੱਚਕਰਦਾਹੈ। ਐਵੇਂ ਅਵਾਰਾ ਕੈਦੀ ਜੇਹਲ ਵਿਚ ਪਏਫਿਰਦੇ ਹਨ ਤੇ ਕੰਮ ਲਈ ਤੁਸੀਂ ਕੈਦੀ ਦਿੰਦੇ ਨਹੀਂ'।

ਜਮਾਦਾਰ–ਅਵਾਰਾ ਕਿੱਥੇ ਫਿਰਦੇ ਹਨ, ਦਸ ਕੈਦੀ ਡਿਪਟੀਕਮਿਸ਼ਨਰ ਸਾਹਿਬ ਬਹਾਦਰ ਨੇ ਮੰਗ ਭੇਜੇਹਨ,ਕੈਦੀ ਨਾ ਹੋਣ ਦੇ ਸਬੱਬ ਅੱਠ ਹੀ ਮਸੇਂ ਭੇਜੇਹਨ।ਅੱਜਕੱਲ ਕੈਦੀਜਿਹਲ ਵਿਚ ਬਹੁਤ ਹੀ ਘਟੇ ਹੋਏ ਹਨ, ਇਸ ਹਾਲਤ ਵਿਚ ਅਵਾਰਾ ਫਿਰਨ ਜੋਗੀ ਕਿੱਥੇਪੈਦਾ ਹੋਗਏ।

ਨਿਹਾਲਾ–ਤੁਸੀ ਜ਼ੋਰਾਵਰੀਕਰਦੇ ਹੋ,ਸਰਦਾਰ ਜੀ ਚਲੋ ਖਾਂ ਮੈਂ ਤੁਹਾਨੂੰ ਕਿੰਨੇ ਹੀ ਅਵਾਰਾ ਫਿਰਦੇ ਦਿਖਾ ਦਿੰਦਾ ਹਾਂ।

ਜਮਾਦਾਰ–ਜਾਓ ਹੁਣ ਨਿਕੰਮੀ ਸਿਰ ਦਰਦੀ ਨਾ ਕਰੋ,ਜਿਹੜੇ ਅਵਾਰਾ ਫਿਰਦੇ ਹਨ ਇਹ ਤਹਿਕੀਕ ਕਰ ਲੋ,ਕਿਸੇ ਕਾਰਖਾਨੇ ਵਿਚ ਇਹਨਾਂਦਾ ਨੰਬਰਤਾਂਨਹੀਂਹੈ,ਉਨ੍ਹਾਂਨੂੰ ਪਕੜਕੇ ਹਲਧੀਖਾਨੇ ਜਾ ਲਾਓ।ਇਹ ਕਹਿੰਦਾਹੋਇਆ ਜਮਾਂਦਾਰ ਤਾਂ ਲੁਹਾਰਖਾਨ ਵਲ ਚਲਾਗਿਆ ਨਿਹਾਲੇ ਹੋਰੀਂਆਕੇ ਓਸੇ ਚੁਗਲਖੋਰ ਬਰਕਨਦਾਜ ਨੂੰ ਲੈਕੇ ਪੰਜ ਨੰਬਰ ਬਾਰਕ ਵੱਲ ਗਏ। ਅਗੇ ਦੇਵਨੇਤ ਸ਼ਾਮ ਸੁੰਦਰ ਦਰਵਾਜ਼ੇ ਵਿਚ ਹੀ ਮਿਲ ਪਿਆ। ਨਿਹਾਲੇ ਨੇ ਝਟਪਟ ਹੁਕਮ ਦੇ ਦਿੱਤਾ 'ਇਸਨੂੰ ਹਲਧੀਖਾਨੇ ਲੈ ਜਾਓ ਜੀ'। ਬਰਕਨਦਾਜ ਨੇ ਹੁਕਮ ਹੁੰਦਿਆਂ ਹੀ ਅਗੇ ਲਾ ਲਿਆਂਦਾ, ਹੱਥ ਵਿਚ ਹਥੌੜਾ ਦੇਕੇ ਹਲਧੀ ਦੇ ਢੇਰ ਅੱਗੇ ਬਿਠਾ ਕੇ ਆਖਿਆ, ਅਰਾਮ ਨਾਲ ਹਲਧੀ ਕੁੱਟੇ,ਅਵਾਰਾ ਨਾ ਫਿਰੇ,ਹੁਕਮਨਹੀਂਹੈ।

ਸ਼ਾਮ ਸੁੰਦਰ ਵਿਚਾਰਾ ਕਿਸਮਤ ਦਾ ਮਾਰਿਆ ਹੱਥ ਵਿਚ ਹਥੌੜਾ ਫੜਕੇ ਕੁੱਟਣ ਤਾਂ ਬੈਠ ਗਿਆ, ਦੋ ਚਾਰ ਸੇਰ ਹਲਧੀ ਤਾਂ ਪੋਮ ਨਾਲ ਕੁੱਟੀ, ਪਰ ਇੰਨੇ ਤਕ ਹੱਥੀਂ ਛਾਲੇ ਪੈ

Digitized by Panjab Digital Library | www.panjabdigilib.org

ਗਏ, ਬਾਹਾਂ ਵਿਚ ਖੱਲੀਆਂ, ਸਾਹ ਕਾਹਲਾ ਕਾਹਲਾ ਹੋਗਿਆ,ਜੀ ਇਸ ਕੰਮੋ ਤੰਗਪੈਗਿਆ ਪਰ ਕੜੇ ਹੁਕਮ ਦੇ ਸਹਾਰੇ ਨਾਲ ਲਗਾਤਾਰ ਹਲਧੀ ਕੁੱਟੀ ਜਾ ਰਿਹਾ ਹੈ। ਕਿਸੇ ਵੇਲੇ ਹਥੌੜਾ ਹੱਥੋਂ ਰੱਖ ਕੇ ਹੱਥਾਂ ਨੂੰ ਫੂਕਾਂ ਮਾਰਦਾ, ਕਦੀ ਉਂਗਲਾਂ ਖੋਲ੍ਹ ਖੋਲ੍ਹ ਕੇ ਛਾਲੇ ਵੇਂਹਦਾ ਹੈ,ਠੰਢੇ ਸਾਹ ਭਰਦਾ, ਰੋਂਦਾ,ਇਹ ਤੁਕਾਂ ਸ਼ੀਰੀਂਦੀਆਂ ਨਿੰਮੀ ਜਿਹੀ ਅਵਾਜ਼ਵਿਚ ਪੜ੍ਹਦਾ,ਗਾਉਂਦਾ—

ਹੈਹੈ ਆਖਰਿਹਾ ਮੈਂਚਸ਼ਮੋਂ ਇਤਵਲਤੁਸੀਂਨਜਾਓ।
ਅਪਣੇਆਪ ਪਰਿੰਦੇ ਵਾਕਰ ਗਲਵਿਚਜਾਲਨਪਾਓ।
ਹੈਇਹਚੋਗਪਿਆਰੀਲਗਦੀਪਰਇਹਜ਼ਹਿਰਅਲ੍ਹਦਾ
ਲੋਹਾਹੋਗ ਚੁਗਣਦੇ ਵੇਲੇ ਦਿਸਦਾ ਨਰਮ ਫਲ੍ਹਦਾ।

ਫਿਰ ਕਿਸੇ ਵੇਲੇ ਇਹ ਪੜ੍ਹਦਾ—

ਸਿੱਖੇ ਕਰਨ ਤੁਸੀਂਗੁਲਕਾਰੀ ਪਹੁਤੇਰੰਗ ਮਹੱਲੀਂ।
ਕਿਉਂ ਨ ਪੇਸ਼ ਤੁਸਾਡੇ ਆਵੇ ਰਾਹੀਂ ਪਏਅਵੱਲੀਂ।

ਏਹੋ ਜਿਹੇ ਵਿਰਾਗ ਦੇ ਭਰੇਹੋਏ ਸ਼ੀਰੀਂ ਦੇ ਬਹੁਤ ਬੇਂਤ ਪੜ੍ਹਦਾ, ਰੋਂਦਾ ਅਤੇ ਕਹਿੰਦਾ—ਓਇ ਸ਼ਾਮੂ, ਇਹ ਸਜ਼ਾ ਤੈਨੂੰ ਜ਼ਰੂਰ ਚਾਹੀਦੀ ਸੀ,ਤੈਂ ਜੋ ਕਰਮ ਕੀਤਾ,ਨਾ ਕਰਨ ਦਾ ਕੀਤਾ। ਤਿਸਤੇ ਵੀ ਗੁਰਪ੍ਰੇਮੁਰ ਦਾ ਭੈ ਲੋਕ ਪਰਲੋਕ ਦਾ ਭਉ ਲਾਹਕੇ ਕੀਤਾ, ਨਿਡਰ ਹੋਕੇ ਕੀਤਾ, ਤੇਰੀ ਮਸਤੀ ਨੇ ਤੇਰੀਆਂ ਅੱਖਾਂ ਅੱਗੇ ਅੰਨ੍ਹ ਅੰਨ੍ਹੇਰਾ ਕੀਤਾ ਹੋਇਆ ਸਾ। ਉਸ ਵੇਲੇ ਕੁਝ ਨਹੀਂ ਸੁੱਝਦਾ ਸਾ। ਹੁਣ ਸਬਰ ਕਰ, ਆਪਣੇ ਕੀਤੇ ਕਰਮਾਂ ਦਾ ਫਲ ਭੋਗ ਇਹ ਤਾਂ

ਕਲ ਜੁਗ ਨਹੀਂ ਕਰ ਜੁਗ ਹੈ ਏਹ ਯਾਂ ਦਿਨ ਕੋ ਦੇ ਅਗੁ ਰਾਤ ਲੋ।
ਨੇਕੀ ਕਾ ਬਦਲਾ ਨੇਕ ਹੈ ਬਦ ਸੇ ਬਦੀ ਕੀ ਬਾਤ ਲੋ।
ਕਜ਼ਾਖ਼ੁਬ ਸੌਦਾ ਨਕਦ ਹੈ ਇਸ ਹਾਥ ਦੇ ਉਸ ਹਾਥ ਲੋ।

ਜਦ ਇਸ ਸਬਰ ਦੇ ਸਹਾਰੇ ਤੋਂ ਵੀ ਹੱਥਾਂ ਦੇ ਛਾਲੇ ਵਧ ਗਏ ਤਾਂ ਲਗੇ ਦਲੀਲਾਂ ਦੇਘੋੜੇ ਦੀ ਵਾਗ ਖਿੱਚਣ ਤੇ ਅੱਡੀ ਲਾਉਣ, ਭਈ ਏਥੋਂ ਕਿਵੇਂ ਨਿਕਲ ਚੱਲੀਏ, ਪਰ ਕੀਕਰ ? ਨੱਸਣ ਭੱਜਣ ਦੀ ਕੋਈ ਤਦਬੀਰ ਹੀ ਨਹੀਂ ਬਣਨੀ। ਜੇ ਕਿਤੇ ਨੱਸੇ ਵੀ ਤਾਂ ਝੱਟ ਫੜੇ ਜਾਵਾਂਗੇ ਫਿਰ ਸਜ਼ਾ ਹੋਰ ਵਧ ਜਾਊ। ਫੇਰ ਏਹ ਦੁੱਖ ਤੇ ਅਪਦਾ ਦੇ ਦਿਨ ਕੀਕਰ ਕੱਟੇ ਜਾਣ, ਇਹ ਤਾਂ ਨਹੀਂ ਕੱਟੀਂਦੇ ਦਿਸਦੇ। ਇਹ ਦੁੱਖ ਤਾਂ ਸਾਰੇ ਇਸਦੇਹ ਨਾਲਹਨ,ਕਿਵੇਂਇਸ ਦੇਹ ਨੂੰ ਛੱਡੀਏ, ਸੋ ਕੀਕੁਰ। ਏਹੋ ਹਥੌੜਾ ਹਲਧੀ ਢੋਹਣ ਵਾਲਾ ਫਰਿਹਾਦ ਦੇ ਤੇਸੇ ਵਾਂਗੂ ਸਿਰ ਵਿਚ ਮਾਰੀਏ ਪਰ ਜੇ ਕਿਤੇ ਫਿਰ ਵੀ ਨਾ ਮੋਏ ਤਾਂ ਫੱਟ ਦਾ ਦੁੱਖ ਨਢੇ ਵਿਚ, ਕੈਦ ਦਾ ਵਾਧਾ ਲਾਹਾ। ਕੋਈ ਹੋਰ ਇਜੇਹੀ ਜੁਗਤ ਹੋਵੇ ਜਿਸ ਨਾਲ ਮਰ ਵੀ ਜਾਈਏ ਤੇ ਖਬਰ ਵੀ ਕਿਸੇ ਨੂੰ ਨਾ ਹੋਵੇ। ਕਿਸੇ ਵੇਲੇ ਲੰਗਰ ਖਾਨੇ ਦੀ ਤੱਤੀ ਸੀਖ ਢਿੱਡ ਵਿਚ ਮਾਰਕੇ ਮਰ ਜਾਈਏ। ਇਸ ਵਿਚ ਔਖ ਇਹ ਹੈ ਕਿ ਇਹ ਗੱਲ ਆਪਣੇ ਹੱਥੀਂ ਹੋ ਨਹੀਂ ਸੱਕਣੀ। ਸੰਖੀਆ ਖਾਈਏ ਸੋਈਓ ਏਥੋਂ ਮਿਲਨਾ ਨਹੀਂ। ਚੰਗੀ ਗੱਲ ਤਾਂ ਇਹ ਹੈ ਹਫੀਮ ਖਾਕੇ ਸੌਂ ਰਹੀਏ।ਹਫੀਮਮਿਲੇ ਕਿੱਥੋਂ?ਫੀਰੀ ਨੂੰ ਕਹੀਏ ਮੰਗਾ ਦੇਵੇ।ਮੈਨੂੰ ਪੱਕੀ ਉਮੇਦ ਹੈ ਫੀਰੀ ਨੇ ਇਹ ਕੰਮ ਕਦੀ ਨਹੀਂ ਮੰਨਣਾ। ਜੇ ਕਿਤੇ ਆਤਮ ਹੱਤਜਾ ਦੀ ਖਬਰ ਹੋ ਗਈ ਤਾਂ ਜ਼ਰੂਰ ਹੀ ਬੇਂਤ ਲੱਗ ਜਾਣਗੇ। ਇਸ ਘਬਰਾਹਟ ਵਿਚ ਬਹੁਤ ਬਿਆਕੁਲਹੋਕੇ 'ਹਾਇ ਓਹ ਰੱਬਾ ! ਅਣਮੁੱਲੀ ਚੀਜ਼ ਮੌਤ ਵੀ ਕੇਹੀ ਮਹਿੰਗੀ ਹੋਗਈ ਹੈ ਜੋ ਕਿਸੇ ਹੀ ਨਿਰਧ ਤੇ ਨਹੀਂ ਮਿਲਦੀ।' ਏਹੋ ਜਿਹੀਆਂ ਅਨੇਕਾਂ ਦਲੀਲਾਂ ਚੜ੍ਹਾਉਂਦਾ ਉਤਾਰਦਾ ਹਲਧੀ ਕੁੱਟੀ ਜਾ ਰਿਹਾ ਹੈ। ਹੁਣ ਮਾਰੇ ਪੀੜ ਦੇ ਸੱਟ ਨਹੀਂ ਮਾਰੀ ਜਾਂਦੀ,ਹਲਧੀ ਦੀ ਗੰਢੀ ਨਹੀਂ ਵਿੱਸਦੀ ਉਤੋਂ ਬਰਕਨਦਾਜ਼ ਘੁਰਕ ਰਿਹਾ ਹੈ, ਅਜੇ ਤਾਂ ਡੇਢ ਪੰਡ ਹਲਧੀ ਕੁੱਟਣੀ ਹੈ। ਇਹ ਪੰਜ ਦਸ ਸੇਰ ਕੁੱਟਕੇ ਕੀ ਨਖੇੜੇ ਕਰਨ ਲਗ ਪਿਆ ਹੈਂ

Digitized by Panjab Digital Library | www.panjabdigilib.org

ਮੇਰਾ ਕੀ ਹੈ ਰਪੋਟ ਹੀ ਕਰ ਛੱਡਣੀ ਹੈ ਬੈਂਤਾਂ ਨੇ ਕੱਲ ਤੇਰੇ ਹੀ ਚੜਵੇ ਲਾਹੁਣੇ ਹਨ।

ਸ਼ਾਮ ਸੁੰਦਰ—ਜਦ ਮੈਂ ਕੁੱਟ ਹੀ ਨਹੀਂ ਸਕਦਾ ਤਾਂ ਕੀ ਕਰਾਂ ?

ਬਰਕਨਦਾਜ—ਹੁਣ ਕੁੱਟ ਨਹੀਂ ਸਕਦਾ, ਰੋਟੀ ਲੈਣ ਵੇਲੇ ਤਾਂ ਤਿੰਨ ਲੈਨਾ ਹੈਂ, ਕੰਮ ਕਰਨ ਵੇਲੇ ਮੌਤ ਪੈਂਦੀ ਹੈ ?

ਸ਼ਾਮ ਸੁੰਦਰ—ਮੇਰੇ ਹੱਥਾਂ ਵਲ ਤਾਂ ਦੇਖ ਛਾਲਿਆਂ ਵਿਚੋਂ ਲਹੂ ਚੋ ਚੋ ਪਿਆ ਕਰਦਾਹੈ, ਕੁੱਟਾਂ ਕੀ ਆਪਣਾ ਸਿਰ ?

ਬਰਕਨਦਾਜ—ਮਾਲ ਮਤਾ ਬਦਮਾਸ਼ਾਂ ਨੂੰ ਖੁਆਕੇ ਹੁਣ ਹੱਥ ਪੱਕ ਗਏ ਹਨ। ਸਿੱਧੀ ਤਰ੍ਹਾਂ ਕੁੱਟ ਨਹੀਂ ਤਾਂ ਰਪੋਟ ਹੋਜਾਏਗੀ।ਕੱਲ ਸਾਹਿਬ ਬਹਾਦਰ ਆਪੇ ਦਰਜਨ ਲਗਵਾ ਕੇ ਸਿਕਵਾ ਦੇਣਗੇ।

ਸ਼ਾਮ ਸੁੰਦਰ—ਮਾਲ ਮਤਾ ਕੇਹਾ""""ਜੇਕਰ ਆਪ ਕੁਝ ਲੋੜਵੰਦ ਹੋ ਤਾਂ ਮੈਨੂੰ ਪਹਿਲੇ ਹੀ ਚਿਤਾ ਦਿੰਦੇ ਪਰ ਮੈਂ ਹੁਣ ਭੀ ਹਾਜ਼ਰ ਹਾਂ ਮੇਰੇ ਫੁੱਲੇ ਤੇ ਖਿੜੇ ਹੋਏ ਹੱਥਾਂ ਵੱਲ ਵੇਖਕੇ ਤਰਸ ਕਰੋ। ਨਹੀਂ ਤਾਂ ਕੋਈ ਰੱਬ ਦੇ ਵਾਸਤੇ ਇਜੇਹੀ ਚੀਜ਼ ਦਿਓ ਜਿਸ ਨਾਲ ਛੇਤੀ ਮਰ ਜਾਵਾਂ।

ਬਰਕਨਦਾਜ(ਪ੍ਰਸੰਨਹੋਕੇ)—ਓਇ ਮੂਰਖਾ ਤੇਰੇ ਪਾਸ ਕੀ ਹੈ ਜੋ ਤੂੰ ਸਾਨੂੰ ਦੇਵੇਂ। ਮੁਸ਼ੱਕਤ ਤਾਂ ਹੁਕਮ ਹਾਕਮਾਂ ਦਾ ਹੈ, ਇਸ ਵਿਚ ਮੈਂ ਤਰਸ ਕੀ ਕਰਾਂ ?

ਸ਼ਾਮ ਸੁੰਦਰ—ਜੇ ਕਦੀ ਮੈਨੂੰ ਫੀਰੀ ਕੋਲ ਲੈ ਚੱਲੇਂ ਨਹੀਂ ਤਾਂ ਉਸਨੂੰ ਮੇਰੇ ਕੋਲ ਲੈ ਆਵੇਂ ਤਾਂ ਸਭ ਕੁਝ ਹੋਸਕਦਾਹੈ,ਤੇਰੀਖਾਤਰਕਰਾਂਗਾ।

ਬਰਕਨਦਾਜ—ਇਹ ਹੁਕਮ ਤਾਂ ਨਹੀਂ ਪਰ ਹੱਛਾ, ਤੇਰੀ ਖਾਤਰ ਬੁਲਾ ਲੈਨਾ ਹਾਂ। ਇਹ ਕਹਿ ਝੱਟ ਲਪਕ ਕੇ ਸਾਹਮਣੇ ਦਰੀਖਾਨਿਓਂ ਫੀਰੀ ਨੂੰ ਸੱਦ ਲਿਆਂਦਾ।

ਜਦ ਫੀਰੀਨੇ ਸ਼ਾਮ ਸੁੰਦਰ ਨੂੰ ਹਲਧੀ ਕੁੱਟਦਿਆਂ ਦੇਖਿਆ ਤਾਂ ਕ੍ਰੋਧ ਨਾਲ ਅੱਖਾਂ ਲਾਲਹੋ ਗਈਆਂ ਤੇ ਕਹਿਣ ਲੱਗਾ ਇਸਨੂੰ ਏਥੇ ਕਿਉਂ ਲਾਇਆ ਜੇ?ਇਹ ਬੜਾ ਬੁਰਾ ਕੰਮ ਕੀਤਾਜੇ, ਤੁਹਾਨੂੰ ਇਸਦੇ ਪਿੱਛੇ ਦੀ ਖਬਰ ਨਹੀਂ ਇਹ ਇਕ ਭਾਰੇ ਸਰਦਾਰ ਆਨਰੇਰੀ ਮਜਿਸਟ੍ਰੇਟ ਦਾ ਆਦਮੀਹੈ,ਜਦ ਦਰੋਗੇ ਨੂੰ ਤੁਹਾਡੀਕਰਤੂਤ ਦੀ ਖਬਰ ਹੋਈ ਤਦ ਆਟੇ ਦਾਲ ਦਾ ਭਾਉ ਮਲੂਮ ਹੋ ਜਾਏਗਾ।

ਬਰਕਨਦਾਜ—ਜਮਾਦਾਰ ਦੇ ਹੁਕਮ ਨਾਲ ਲੱਗਾ ਹੈ।

ਸ਼ਾਮ ਸੁੰਦਰ—ਭਿਰਾਜੀ ਇਸਨੂੰ ਜਵਾਇਣ ਵਿਚ ਏਹਦੇ ਢਿੱਡ ਪੀੜ ਹੁੰਦੀ ਹੈ ਜੇ।

ਫੀਰੀ ਨੇ ਇਕ ਦੁਆਨੀ ਕੱਢਕੇ ਆਖਿਆ ਲੈ ਖਾਹ ਤੇ ਮਰ।

ਬਰਕਨਦਾਜ—ਇਹ ਮੇਰਾ ਕੰਮ ਨਹੀਂ,ਨਾ ਹੀ ਮੇਰਾ ਇਖਤਜਾਰਹੈ ਦਫੇਦਾਰ ਨੇ ਜਮਾਂਦਾਰ ਨੂੰ ਪੁੱਛਕੇ ਏਥੇ ਲਾਇਆ ਹੈ।

ਫੀਰੀ—ਤੁਹਾਡਾ ਬੇੜਾ ਗਰਕ ਤੁਸੀਂ ਕਿਸੇ ਪਾਸੇ ਨਹੀਂ ਜੀਉਣ ਦਿੰਦੇ। ਹੱਛਾ ਹੁਣ ਦੱਸ ਨਿਹਾਲਾ ਕਿਥੇ ਹੈ ?

ਬਰਕਨਦਾਜ ਅਜੇ ਹੱਥ ਗਰਮਾ ਹੀ ਰਿਹਾ ਸੀ ਜੇ ਉਪਰੋਂਨਿਹਾਲਾ ਦਫੇਦਾਰ ਵੀਬਿਜਲੀ ਵਾਂਗ ਆ ਚਮਕਿਆ।

ਫੀਰੀ(ਦਫੇਦਾਰ ਵਲ ਤੱਕ ਕੇ)—ਸਰਦਾਰ ਜੀ! ਇਹ ਅਨਭੋਲ ਚਿੜੀ ਏਥੇ ਕਿਉਂ ਫਾਹੀ ਜੇ (ਹੱਥ ਦਿਖਾ ਕੇ) ਸਾਰੇ ਛਾਲੇ ਛਾਲੇ ਹੋਗਏ ਹਨ ਕੁੱਟੇ ਤਾਂ ਕੀਕੁਰ? (ਇਹੋ ਜੇਹੀਆਂ ਗੱਲਾਂ ਕਹਿੰਦਿਆਂ ਕਹਾਉਂਦਿਆਂ ਮੁੱਠ ਦਫੇਦਾਰ ਦੀ ਵੀ ਗਰਮ ਕਰ ਦਿੱਤੀ)।

ਨਿਹਾਲਾ ਦਫੇਦਾਰ (ਹੱਥਾਂ ਵਲ ਵੇਖਕੇ)—ਕੋਈ ਗੱਲ ਨਹੀਂ, ਹਸਪਤਾਲ ਜਾ ਕੇ ਦਵਾ

Digitized by Panjab Digital Library | www.panjabdigilib.org

ਲਵਾ ਲੈ, ਕਹਿੰਦਾ ਹੋਇਆ ਰਿੜ੍ਹ ਗਿਆ।

ਹੁਣ ਬਰਕਨਦਾਜ ਤੇ ਫੀਰੀ ਦੋਵੇਂ ਸ਼ਾਮ ਸੁੰਦਰ ਨੂੰ ਨਾਲ ਲੈਕੇ ਹਸਪਤਾਲ ਵੱਲ ਉਪਰ ਨੂੰ ਗਏ। ਅੱਗੇ ਹਸਪਤਾਲ ਦੇ ਦਰਵਾਜ਼ੇ ਵਿਚ ਮੇਜ਼ ਲੱਗੀ ਹੋਈ ਹੈ, ਕੁਰਸੀ ਤੇ ਬੈਠਾ ਹੋਇਆ ਇਕ ਸਿਖ(ਸੀਤਲਾ ਦੇ ਮੂੰਹ ਤੇ ਦਾਗਾਂਵਾਲਾ ਸਾਰੇ ਥਾਨ ਦੀ ਬੋਰੇ ਵਰਗਾ ਭਾਰੀ ਪੱਗ ਬੰਨ੍ਹੀ ਹੋਈ) ਕੁਝ ਲਿਖ ਰਿਹਾ ਹੈ, ਇਹਦੇ ਗਿਰਦ ਇਕ ਦੋ ਬਰਕਨਦਾਜ਼, ਪੰਜ ਸੱਤ ਕੈਦੀ ਖੜੋਤੇ ਹੋਏ ਹਨ।

ਫੀਰੀ–ਸਰਦਾਰ ਜੀ ਵਾਹੁ ਜੀ ਦੀ ਫਤੇ।

ਡਾਕਦਾਰ–ਆਓ ਬੰਦਾ ਨਿਵਾਜ਼, ਸੁੱਖ ਦੇ ਦਰਸ਼ਨ ਹਨ।

ਫੀਰੀ–ਸਰਦਾਰ ਜੀ! ਇਹ ਇਕ ਅਣ-ਭੋਲ ਚਿੜੀ ਇਸ ਪਿੰਜਰੇ ਵਿਚ ਆਣ ਫਸੀ ਹੈ, ਕਿਸੇ ਨੇ ਫੜਕੇ ਹਲਦੀ ਖਾਨੇ ਦੇ ਦਿੱਤਾ, ਹੱਥੀਂ ਛਾਲੇ ਪੈ ਗਏ ਹਨ, ਸਰਦੀ ਭੀ ਲੱਗ ਰਹੀ ਹੈ ਭਾਵੇਂ ਤਪ ਹੋ ਜਾਵੇ, ਛਾਲੇ ਕੁਝ ਫਿੱਸ ਕੇ ਵੱਡੀ ਪੀੜ ਕਰ ਰਹੇ ਹਨ, ਕਿਰਪਾ ਕਰਕੇ ਕੋਈ ਦਵਾ ਦਾਰੂ ਕਰ ਦਿਓ।

ਡਾਕਦਾਰ–ਬੰਦਾ ਨਿਵਾਜ਼ ਆਪ ਦੇ ਘਰ ਕਿੱਥੇ ਹਨ?

ਸ਼ਾਮਸੁੰਦਰ–ਜੀ ਏਥੇ ਹੀ।

ਡਾਕਦਾਰ–(ਬੜੀ ਗੌਰ ਨਾਲ ਦੇਖਕੇ ਜੀਕੁਰ ਕੋਈ ਕਿਸੇ ਚਿਰਾਕੀ ਡਿੱਠੀ ਹੋਈ ਚੀਜ਼ ਨੂੰ ਤਾੜਕੇ ਚੇਤੇ ਕਰ ਕਰਕੇ ਦੇਖਦਾ ਹੈ)–ਏਥੇ ਕਿੱਥੇ ਮਹਾਰਾਜ?

ਸ਼ਾਮਸੁੰਦਰ-ਏਸੇਸ਼ਹਿਰ ਦੇ ਚੌੜੇਬਜ਼ਾਰ ਕੋਲ।

ਡਾਕਦਾਰ–ਮੈਂਤੁਹਾਨੂੰਲਾਹੌਰੋਂਪਰੇ ਦਰਿਆ ਦੇ ਕੰਢੇ ਅਨਾਰਾਂ ਦੇ ਬਾਗ ਵਿਚ ਕਿਤੇ ਡਿੱਠਾ ਹੋਇਆ ਹੈ, ਕੀਹ ਏਹ ਗੱਲ ਮੇਰੀ ਸੱਚ ਹੈ ਯਾ ਮੇਰੀ ਨਜ਼ਰ ਮੈਨੂੰ ਧੋਖਾ ਦੇਂਦੀ ਹੈ?

ਸ਼ਾਮ ਸੁੰਦਰ–ਜੀ ਸੱਚਹੈ,ਓਥੇ ਮੇਰੇਸੰਬੰਧੀ ਰਹਿੰਦੇ ਹਨ।

ਡਾਕਦਾਰ–ਗਰੀਬ ਨਿਵਾਜ! ਮੈਂ ਆਪਦਾ ਅਰੂਜ ਓਥੇ ਬਹੁਤ ਵੱਡਾ ਡਿੱਠਾ ਸੀ। ਓਹ ਸਰਦਾਰ ਦੀ ਚਹਿਲਪਹਿਲ ਦਾ ਜਲਸਾ ਫਿਰ ਉਜੇਹਾ ਅਜੇ ਤਕ ਨਹੀਂ ਦੇਖਿਆ। ਗੰਗਾਜਲ ਵੀ ਉਸ ਖੂਬੀ ਦਾ ਫਿਰ ਕਦੀ ਨਹੀਂ ਛਕਿਆ, ਓਹ ਚੌਰਵੇ ਦਾੜ੍ਹੀ ਵਾਲੇ ਸਰਦਾਰ ਆਪਦੇ ਕੀ ਲਗਦੇ ਸੇ?

ਸ਼ਾਮਸੁੰਦਰ–ਜੀ ਓਹ ਸਾਡੇ ਮਾਲਕ ਹਨ, ਅਸੀਂ ਗੂੰਗੀ ਨੌਕਰ ਹਾਂ।

ਡਾਕਦਾਰ–ਹੱਛਾ, ਉਹ ਤਾਂ ਹੋਇਆ ਹੁਣ ਕ੍ਰਿਪਾ ਕਰਕੇਦੱਸੋ,ਏਥੇ ਕੀਕੁਰਚਰਨਪਾਏਹਨ?

ਸ਼ਾਮ ਸੁੰਦਰ–ਕਿਸਮਤਦੇ ਮਾਰੇ ਜਾਂ ਇਉਂ ਸਮਝ ਲਓ ਭਈ ਅਪਣੀ ਕਰਤੂਤਨਾਲ(ਪਰ ਇਹਕਹਿੰਦੇ ਨੇ ਅੱਖਾਂਨੀਵੀਆਂ ਕਰਲੀਤੀਆਂ)।

ਡਾਕਦਾਰ–ਤੁਹਾਡਾ ਨਾਉਂ ਕੀ ਹੈ?

ਸ਼ਾਮ ਸੁੰਦਰ–ਲੋਕੀਂ ਸ਼ਾਮ ਸੁੰਦਰ ਕਰਕੇ ਕਹਿੰਦੇ ਹਨ।

ਡਾਕਦਾਰ-ਹਾਂ ਠੀਕ ਹੈ, ਮੈਨੂੰ ਵੀ ਯਾਦ ਆਇਆ। ਵਾਹਵਾ, ਉਸ ਬਾਗ ਦੇ ਅਨਾਰ ਨਹੀਂ ਭੁੱਲਦੇ ਕੇਹੇ ਚੰਗੇ ਸਨ, ਹਜ਼ਾਰੇ ਦੇ ਅਨਾਰਾਂ ਨੂੰ ਮਾਤ ਕਰਦੇ ਸਨ।

ਸ਼ਾਮਸੁੰਦਰ(ਅਪਣਾ ਸੱਜਾਹੱਥ ਅੱਗੇਕਰਕੇ)–ਇਹ ਛਾਲੇ ਵੱਡੇ ਪੀੜ ਕਰ ਰਹੇ ਹਨ।

ਡਾਕਦਾਰ(ਨੇ ਬੜੀਉੱਚੀਅਵਾਜ਼ਵਿਚ)–ਬਾਵਾ! (ਇਸ ਅਵਾਜ਼ ਤੇ ਇਕ ਕਾਲੇ ਜਿਹੇ ਰੰਗ ਦਾ,ਭਾਰੀ ਜਿਹੇ ਕੱਦ ਦਾਆਦਮੀ,ਦਾੜ੍ਹੀ ਜਿਸਦੀ ਸਰਕੜੇਦੇ ਬੂਟੇ ਵਾਂਗਕੱਟਕੇ ਚਾਪਵੀਂ ਕੀਤੀ ਹੋਈ ਸੀ,ਗਲ ਵਿਚ ਇਕ ਰੁਦ੍ਰਾਛ ਦਾ ਮਣਕਾ ਬੱਧਾ ਹੋਇਆ ਸਾ ਸਿਰ ਤੇ ਪੱਗ ਗਲ ਵਿਚ ਕੁੜਤਾ ਪਾਈ ਆ ਕੇ ਸਾਹਮਣੇ ਖੜਾ

Digitized by Panjab Digital Library | www.panjabdigilib.org

ਹੋ ਗਿਆ)।

ਡਾਕਦਾਰ–ਇਸਦਾ ਹੱਥ ਠੰਢੇਪਾਣੀਨਾਲ ਸਾਫਕਰਕੇ ਦਸਗੋਨ ਵਾਲਾ ਕਾਸਟਿਕਲੋਸ਼ਨ ਲਗਾ ਦਿਓ,ਫੀਵਰ ਮਿਕਸਚਰ ਪਿਲਾਦਿਓ, ਮੰਜਾ ਬਿਸਤ੍ਰਾ ਦੇ ਦਿਓ ਤੇ ਇਹ ਟਿਕਟ ਸਿਰ੍ਹਾਣੇ ਲਟਕਾ ਦਿਓ।

ਬਾਵਾ ਸ਼ਾਮ ਸੁੰਦਰ ਅਤੇ ਟਿਕਟ ਨੂੰ ਲੈ ਕੇ ਅੰਦਰ ਚਲਾ ਗਿਆ।ਬਰਕਨਦਾਜ਼ ਅਤੇ ਫੀਰੀ ਆਪਣੇ ਨੰਬਰਾਂ ਨੂੰ ਚਲੇ ਗਏ। ਜਦ ਡਾਕਦਾਰ ਲਿਖਣ ਦਾ ਕੰਮ ਕਰਕੇ ਵਿਹਲਾ ਹੋਗਿਆ ਤਾਂ ਫਿਰ ਸ਼ਾਮਸੁੰਦਰ ਨੂੰ ਆਪਣੇ ਪਾਸ ਬੁਲਵਾ ਲਿਆ ਤੇ ਸਾਹਮਣੇ ਬਿਠਾਕੇ ਕਹਿਣ ਲੱਗਾ-ਬੰਦਾ ਨਿਵਾਜ਼, ਕਿਸ ਤਰ੍ਹਾਂ ਇਸ ਨਰਕ ਵਿਚ ਆ ਫਸੇ ਹੋ ?

ਸ਼ਾਮ ਸੁੰਦਰ–ਇਹ ਇਕ ਜ਼ਿਦ ਤੇ ਅਦਾਵਤ ਦਾ ਮੁਕੱਦਮਾਂ ਬਣ ਗਿਆ ਸਾ, ਆਪਣੀ ਕਿਸਮਤ ਨੇ ਹਾਰ ਦਿੱਤੀ,ਫਸ ਗਏ।

ਡਾਕਦਾਰ–ਤੁਹਾਡੇ ਸਰਦਾਰ ਸਾਹਿਬ ਨੇ ਅਪੀਲ ਨਹੀਂ ਕੀਤੀ ?

ਸ਼ਾਮ ਸੁੰਦਰ–ਅਪੀਲ ਤਾਂ ਹੋਈ ਸੀ ਪਰ ਨਾ ਹੋਈ ਜੇਹੀ। ਜਿਸਦਾ ਫਲ ਇਹ ਹੋਇਆ ਭਈ ਕੈਦ ਅੱਧੀ ਘਟ ਗਈ ਸੀ, ਅੱਧੀ ਬਾਕੀ ਭੋਗਣੀ ਪਈ। ਕੁਝ ਦਿਨ ਤਾਂ ਭਾਂਡੇ ਚਿਤਰਨ ਵਿਚ ਲੰਘ ਗਏ ਹਨ, ਇੱਕੁਰ ਹੀ ਕੁਝ ਦਿਨ ਬਾਕੀ ਦੇ ਵੀ ਲੰਘ ਜਾਣਗੇ।

ਡਾਕਦਾਰ–ਜੋ ਕੁਝ ਮੇਰੇ ਲਾਯਕ ਟਹਿਲ ਹੋਵੇ, ਮੈਨੂੰ ਦੱਸੋ।

ਸ਼ਾਮ ਸੁੰਦਰ–ਜੇ ਕੁਝ ਹੋ ਸਕੇ ਤਾਂ ਥੋੜ੍ਹੀ ਜੇਹੀ ਹਫੀਮ ਮਿਲੇ,ਇਹ ਆਪਦਾ ਹਿਸਾਨਹੈ।

ਡਾਕਦਾਰ–ਕੀ ਆਪ ਹਫੀਮ ਖਾਂਦੇਹੁੰਦੇਹੋ?

ਸ਼ਾਮਸੁੰਦਰ–ਨਹੀਂ, ਖਾਂਦਾ ਤਾਂ ਨਹੀਂ ਹਾਂ ਪਰ ਐਵੇਂ ਹੀ ਚਾਹੀਦੀ ਹੈ।

ਡਾਕਦਾਰ–ਏਥੇ ਹਫੀਮ,ਭੰਗ,ਚਰਸ,ਸ਼ਰਾਬ ਜੇਹੀਆਂ ਅਮਲ ਵਾਲੀਆਂ ਚੀਜ਼ਾਂ ਕਿਸੇ ਨੂੰ ਦੇਣ ਦਾ ਹੁਕਮ ਨਹੀਂ। ਜੇ ਕਿਤੇ ਕਿਸੇ ਰੋਗੀ ਕੈਦੀ ਨੂੰ ਦੇਣੀ ਜ਼ਰੂਰੀ ਹੋਵੇ ਤਾਂ ਸਾਹਿਬ ਬਹਾਦਰ ਆਪ ਲਿਖ ਦੇਂਦੇ ਹਨ ਤਾਂ ਭੀ ਉਸਨੂੰ ਬੜੇ ਯਤਨ ਨਾਲ ਮਿਲ ਸਕਦੀ ਹੈ।

ਸ਼ਾਮ ਸੁੰਦਰ–ਮੈਂ ਤਾਂ ਆਪਣੀ ਅੱਖੀਂ ਏਥੇ ਕੈਦੀ ਚਰਸ ਪੀਂਦੇ ਦੇਖਦਾ ਹਾਂ। ਕਈ ਕਈ ਥਾਵਾਂ ਤੇ ਚਿਲਮਾਂ ਨੱਪੀਆਂ ਹੋਈਆਂ ਹਨ।

ਡਾਕਦਾਰ–ਇਹ ਕੰਮ ਚੋਰੀ ਦਾ ਹੈ, ਜਦ ਕੋਈ ਇੱਕੁਰ ਕਰਦਾ ਪਕੜਿਆ ਜਾਂਦਾ ਹੈ ਤਾਂ ਸਜ਼ਾ ਬੰਤਾਂ ਦੀ ਵੀ ਉਸੇਨੂੰ ਕਰਾਰੀ ਮਿਲਦੀ ਹੈ। ਬੰਦਾ ਨਿਵਾਜ਼ ਹੁਣ ਤੁਸੀਂ ਦੱਸੋ ਹਫੀਮ ਕੀਹ ਕਰੋਗੇ ਖਾਂਦੇ ਤਾਂ ਤੁਸੀਂ ਹੋ ਨਹੀਂ। ਜੇ ਕਿਸੇ ਕੈਦੀ ਨੇ ਤੁਹਾਨੂੰ ਹਫੀਮ ਲਈ ਕੁਝ ਸਿਖਾਇਆ ਹੈ ਤਾਂ ਚੇਤੇ ਰੱਖੋ ਤੁਸੀਂ ਵੀ ਓਸ ਦੇ ਨਾਲ ਸਜ਼ਾ ਭੁਗਤੋਗੇ। ਇਹ ਗੱਲ ਫਿਰ ਕਦੀ ਨਹੀਂ ਕਰਨੀ ਚੇਤਾ ਰੱਖਣਾ, 'ਸਮਝ ਕਰ ਚਲਨਾ ਪਿਆਰੇ ਇਹ ਠਗੋਂ' ਕਾ ਘਰ ਹੈ।'

ਸ਼ਾਮ ਸੁੰਦਰ–ਜੀ ਬਹੁਤ ਚੰਗਾ।

ਡਾਕਦਾਰ–ਬੰਦਾਨਿਵਾਜ਼! (ਤਰਸ ਦੀ ਸੁਰ ਵਿਚ) ਆਪਣਾ ਆਸਣ ਹੁਣ ਆਪ ਏਥੇ ਹੀ ਰੱਖੋ।ਏਥੇ ਅੰਨਪਾਣੀ ਦਾ ਵੀ ਆਪ ਨੂੰ ਆਰਾਮ ਮਿਲਗਾ ਤੇ ਮੁਸ਼ੱਕਤ ਵੀ ਕੋਈਨਹੀਂ ਮਿਲੇਗੀ, ਦਿਨ ਬੀਤ ਜਾਣਗੇ।

ਇਸ ਪ੍ਰਕਾਰ ਕੋਈ ਮੁੱਦਤ ਸ਼ਾਮ ਸੁੰਦਰ ਨੇ ਹਸਪਤਾਲ ਵਿਚ ਕੱਟੀ। ਡਾਕਦਾਰ ਦੀ ਸਹਾਇਤਾ ਕਰਕੇ ਕੋਈ ਦਫੇਦਾਰ, ਜਮਾਂਦਾਰ, ਬਰਕਨਦਾਜ਼ ਇਸਨੂੰ ਕੁਝ ਨਾ ਕਹਿ ਸਕੇ ਪਰ ਵੇਲੇ ਦੀ ਟੋਹ ਵਿਚ ਲਗੇ ਰਹੇ, ਭਈ ਕਦੀ ਦਾਉ ਭਰੇ ਤਾਂ ਕੁਝ ਝਾੜੀਏ।

ਇਕ ਦਿਨ ਸ਼ਾਮ ਦੇ ਵੇਲੇ ਗਿਣਤੀ ਹੋਣ

Digitized by Panjab Digital Library | www.panjabdigilib.org

ਦੇ ਲਗਪਗ ਜਮਾਂਦਾਰ ਸਾਹਿਬ ਕਾਲੀ ਬਲਾ ਦੀ ਤਰ੍ਹਾਂ ਅਚਣਚੇਤੀ ਆਣ ਧਮਕੇ ਤੇ ਕਹਿਣ ਲਗੇ ਓਇ ਸ਼ਾਮ ਸੁੰਦਰ ਅੱਜ ਤੇਰੀ ਸੰਗੀਨ ਕੋਠੜੀ ਦਾ ਦਿਨ ਹੈ ਚੱਲ ਹੇਠਾਂ ਉਤਰ ਛੇਤੀ ਹੋ ਗਿਣਤੀ ਹੁੰਦੀ ਆਉ ਦੀ ਹੈ, ਅੱਜ ਨਹੀਂ ਘੁਸਾਈ ਵੱਜੇਗੀ। ਮੁਕਚੀ ਗੱਲ ਦਾਬੇ ਧਾਸੇ ਦੇ ਦਿਵਾ ਕੇ ਜਮਾਦਾਰ ਹੇਠ ਲੈ ਗਿਆ, ਜਾਂਦੇ ਸਾਰ ਕੋਠੜੀ ਦੇ ਅੰਦਰ ਵਾੜ, ਬਾਹਰੋਂ ਜੰਦ੍ਰਾ ਮਾਰ, ਇਹ ਕਹਿਕੇ (ਇਹ ਦਾਣੇ ਸਵੇਰ ਤਕ ਪੀਹ ਛੱਡਣੇ ਨਹੀਂ ਤਾਂ ਚੇਤੇ ਰੱਖਣਾ ਬੇਂਤ ਠੁਕ ਜਾਣਗੇ) ਚਲਾ ਗਿਆ।

ਅੰਦਰ ਸ਼ਾਮਸੁੰਦਰ ਕੀ ਦੇਖਦਾ ਹੈ ਕਿ ਇਕ ਟੋਕਰੀ ਕਣਕ ਦੀ ਤੋਲ ਵਿਚ ਵੀਹ ਸੇਰ ਪੱਕੇ ਦੀ ਭਰੀ ਪਈ ਹੈ ਜਿਦ੍ਹੇ ਸਿਰ੍ਹਾਣੇ ਲੱਕ ਜਿੰਨੀ ਉੱਚੀ ਚੱਕੀ ਗੱਡੀ ਹੋਈ ਹੈ, ਜਿੱਥੇ ਖੜੇ ਹੋਕੇ ਆਦਮੀ ਪੀਹ ਸਕਦਾ ਹੈ।

ਜਮਾਂਦਾਰ ਦਾ ਕਹਿਣਾ ਸੁਣਿਆ ਅਤੇ ਇਹ ਸਾਮਾਨ ਅੰਦਰ ਸਿਰ੍ਹਾਂਦੀ ਪੁਆਂਦੀ ਪਿਆ ਦੇਖਕੇ ਕਲੇਜਾ ਡੁੱਬ ਗਿਆ, ਅਕਲ ਵਿਚ ਪਾਣੀ ਪੈ ਗਿਆ, ਸਹਿਮ ਦੇ ਦਰਿਆ ਵਿਚ ਅਜਿਹਾ ਰੁੜ੍ਹਿਆ ਕਿ ਪਤਾ ਥਹੁ ਕੁਝ ਲਗਦਾ ਹੀ ਨਹੀਂ। ਜੇ ਕਿਤੇ ਗਾਹਣ ਲੱਭਾ ਤਾਂ ਚਿੰਤਾ ਦਾ ਘੁੰਮਣਘੇਰ। ਕਦੀ ਹਲਧੀ ਕੁੱਟਣ ਵਾਲੇ ਦਿਨ ਦੀ ਹਾਲਤ ਤੇ ਅਫਸੋਸ, ਕਦੀ ਸਾਮ੍ਹਣੇ ਪਏ ਦਾਣਿਆਂ ਤੇ ਵਿਚਾਰ, ਹਾਇ ਇਹ ਕੀਕਰ ਪਿਸਣਗੇ। ਕਦੀ ਨੱਸ ਚੱਲਣ ਦੇ ਮਨਸੂਬੇ, ਕਦੀ ਹੌਸਲਾ ਤੇ ਦਿਲੇਰੀ, ਕਦੀ ਬੇਂਤਾਂ ਦਾ ਖੌਫ ਕਦੀ ਆਪਣੇ ਕੀਤੇ ਹੋਏ ਕਰਮਾਂ ਦਾ ਪਛੁਤਾਵਾ, ਕਦੀ ਉਨ੍ਹਾਂ ਦੇ ਰਹਿਣ ਦੀ ਸ਼ਿਕਾਯਤ, ਕਦੀ ਥਕਾਵਟ ਦੀ ਰਿਆਇਤ, ਕਦੀ ਪਰਮੇਸ਼ੁਰ ਦੇ ਭਾਣੇ ਪਰ ਵਿਚਾਰ ਕਰਦੇ, ਭਈ ਦੇਖੋ ਹੋਣਹਾਰ ਕੈਸੀ ਜ਼ੋਰਾਵਰ ਹੈ, ਇਸ ਨਰਕ ਵਿਚ ਇਕੋ ਡਾਕਦਾਰ ਸਹਾਈ ਲੱਭਾ ਸੀ ਜਿਸਦੇ ਪਰਤਾਪ ਨਾਲ ਕਈ ਮਹੀਨੇਤਕ ਕਿਸੇ ਨੇ ਨਹੀਂ ਪੁੱਛਿਆ ਕਿ ਤੂੰ ਮੁਸ਼ੱਕਤ ਕਿਉਂ ਨਹੀਂ ਕਰਦਾ, ਅੱਜ ਹੀ ਮੇਰੇ ਬੁਰੇ ਲੇਖਾਂ ਨੂੰ ਇਕ ਦਿਨ ਦੀ ਛੁੱਟੀ ਗਿਆ, ਅੱਜਹੀ ਜਮਾਂਦਾਰ ਦਾ ਦਾਉ ਭਰਿਆ ਆਪਣੀ ਨੇਕੀ ਦਾ ਨਮੂਨਾ ਵੀਹ ਸੇਰ ਦਾਣੇ ਪੀਹਣ ਲਈ ਦੇ ਗਿਆ ਸੋ ਭੀ ਖੜੋਕੇ। ਵਾਹ ਕਿਸਮਤ ਤੇਰੀ ਹਿੰਮਤ ਤੋਂ ਬਲਿਹਾਰ। ਇਹ ਮੇਰੀ ਹੀ ਕਰਨੀ ਦੇ ਫਲ ਹਨ, ਇਸ ਲਈ ਖੁਸ਼ ਹੋਕੇ ਭੋਗ। ਇਹੋ ਜੇਹੀਆਂ ਅਨੇਕਾਂ ਸੋਚਾਂ ਸੋਚ ਸੋਚ ਕੇ ਹੌਸਲੇ ਦਾ ਲੱਕ ਬੱਧਾ, ਧੀਰਜ ਨੂੰ ਨਾਲ ਲੈਕੇ ਖੜੇ ਹੋਗਏ, ਚੱਕੀ ਦਾ ਹੱਥਾ ਫੜਕੇ ਗਾਲਾ ਪਾਇਆ, ਦੋ ਚਾਰ ਸੇਰ ਦਾਣੇ ਪੀਠੇ ਹੱਥ ਅੰਬ ਗਏ, ਲੱਕ ਥੱਕ ਗਿਆ, ਕੋਈ ਖਿਆਲ ਐਸਾ ਪੈਦਾ ਹੋਇਆ, ਜੁ ਨੁਕੀਲੀਆਂ ਸਿੱਪੀਆਂ ਵਰਗੀਆਂ ਅੱਖਾਂ ਵਿਚੋਂ ਮੋਤੀਆਂ ਦਾ ਪ੍ਰਵਾਹ ਲੜੀਆਂ ਬੰਨ੍ਹ ਕੇ ਤੁਰ ਪਿਆ। ਚਿਹਰੇ ਨੇ ਕ੍ਰੋਧ ਦੀ ਗਰਮੀ ਪਾਕੇ ਕੁਝ ਲਾਲੀ ਫੜੀ, ਮਨ ਨੇ ਵੈਰਾਗ ਵਿਚ ਆਕੇ ਇਹ ਗੀਤ ਠੱਪਿਆ—

ਕੀਤੇ ਕਰਮ ਭੋਗਣੇ ਪਏ,
ਜਿੰਦੜੀ ਅਪਣੇ ਵੇੜ੍ਹੇ ਲਏ।
ਤੂੰ ਜੋਕਰ ਦੁਖ ਕਿਸੇ ਨ ਦੇਂਦੇਂ,
ਤਾਂ ਤੂੰ ਭੀ ਇਹ ਦੁੱਖ ਨ ਲੈਂਦੇਂ।
ਤਨ ਮਨ ਦੋਵੇਂ ਤੈਂ ਜੁ ਦੁਖਾਏ,
ਓਹੋ ਦੁੱਖ ਤੇਰੇ ਤੇ ਆਏ।
ਮਿੱਠਾ ਕਰਕੇ ਕੀਤਾ ਭੋਗ,
ਮਨ ਵਿਚ ਰੱਖ ਉਸੇ ਦਾ ਸੋਗ।
ਕਿਉਂ ਤੂੰ ਪਛੁਤਾਵੇਂ ਘਬਰਾਵੇਂ,
ਚੁਕ ਚੁਕ ਹਥ ਛਾਲੇ ਦਿਖਲਾਵੇਂ।
ਗਾਲਾ ਪਾਉ ਮੰਨ ਗੱਲ ਮੇਰੀ,
ਸਮਝ ਅਗਾਹਾਂ ਉਮਰ ਬਤੇਰੀ।
ਕਰਮ ਚਿਤਾਰ ਨ ਹੋ ਸ਼ਰਮਿੰਦਾ,
ਕੀਤਾ ਤੈਂ ਜੁ ਜਗਤ ਵਿਚ ਗੰਦਾ।

Digitized by Panjab Digital Library | www.panjabdigilib.org

ਕਿਉਂ ਨਹਿੰ ਸ਼ਰਮਾਵੇਂ ਇਸਵੇਲੇ,
ਪਛੁਤਾਵੇਂ ਬੁੱਕਲ ਮੂੰਹ ਲੈ ਲੇ।
ਕਿਸਕਿਸ ਨੋ ਇਸ ਦਿਲਨੂੰ ਲਾਕੇ,
ਸਿਰ ਤੇ ਸਹੇ ਨ ਦੁੱਖ ਕੜਾਕੇ।
ਹੇ ਬਖਸ਼ਿੰਦ ਪ੍ਰਭੂ ਜਗ ਸ੍ਵਾਮੀ,
ਬਖਸ਼ਹੁ ਅਵਗੁਨ ਅੰਤਰਜਾਮੀ।
ਅਵਗੁਨਿਆਰਾ ਨੀਚ ਅਜਾਣ,
ਪਿਆ ਸ਼ਰਨ ਤੇਰੀ ਹੁਣ ਆਣ।
ਦੇਹੁ ਸੁਮਤਿ, ਹੁਣ ਕਰਮ ਮੰਦੇਰੇ,
ਮੈਂ ਨ ਕਰਾਂਗਾ, ਹੇ ਪ੍ਰਭ ਮੇਰੇ!
ਕਸ਼ਟ ਨਰਕ ਤੇ ਮੋਹਿ ਨਿਕਾਲ,
ਫਿਰ ਨ ਕਰਾਵਹੁ ਕਰਮ ਕਰਾਲ।

ਇੱਕੁਰ ਹੀ ਰੋਂਦਿਆਂ ਪੀਂਹਦਿਆਂ, ਬੈਠਦਿਆਂ ਉਠਦਿਆਂ ਹੱਥਾਂ ਨੂੰ ਫੂਕਾਂ ਮਾਰਦਿਆਂ ਕਦੀ ਆਪਣੇ ਮੂੰਹ ਤੇ ਆਪ ਹੀ ਚਪੇੜਾਂ ਮਾਰਦਿਆਂ ਰਾਤ ਤਾਂ ਸਾਰੀ ਨਿਕਲ ਗਈ, ਪਰ ਦਾਣੇ ਸਾਰੇ ਚੱਕੀ ਵਿਚੋਂ ਨਾ ਨਿਕਲੇ। ਜੀਕੁਰ ਗਜਾਨੀ ਨੂੰ ਕਰਮਾਂ ਦਾ ਨਾਸ਼ ਕਰਦਿਆਂ ਕਰਦਿਆਂ ਮੌਤ ਆ ਜਾਵੇ ਤਾਂ ਬਾਕੀ ਰਹੇ ਕਰਮਾਂ ਦੇ ਅਧੀਨ ਫਿਰ ਜਨਮ ਦੀ ਅਪੇਛਜਾ ਰਹਿੰਦੀ ਹੈ, ਇੱਕੁਰ ਹੀ ਏਥੇ ਮੌਤ ਰੂਪੀ ਦਿਨ ਚੜ੍ਹ ਪਿਆ। ਚੁਤਰਫਿਓਂ ਬੇੜੀਆਂ ਦੀ ਛਣ ਛਣਾਹਟ ਦੀ ਅਵਾਜ਼ ਨੇ ਸਾਰਾ ਜਿਹਲਖਾਨਾ ਸਿਰ ਤੇ ਚੁੱਕ ਲਿਆ। ਜਮਾਦਾਰ ਸਾਹਿਬ ਨੇ ਗਿਣਤੀ ਕਰ ਕਰਕੇ ਕੋਠੜੀਆਂ ਵਿਚੋਂ ਕੱਢਦੇ ਹੋਏ ਸ਼ਾਮਸੁੰਦਰ ਨੂੰ ਵੀ ਆਣ ਕੱਢਿਆ। ਕੀ ਦੇਖਦੇ ਹਨ ਕਿ ਅਜੇ ਦੋ ਚਾਰ ਸੇਰ ਦਾਣੇ ਬਾਕੀ ਪਏ ਹਨ।ਕਹਿਣ ਲਗੇ—ਅੱਜ ਹਸਪਤਾਲ ਦਾ ਦੁੱਧ ਤੇ ਮਾਸ ਖਾਧਾ ਸਾਰਾ ਨਿਕਲ ਜਾਏਗਾ।

ਸ਼ਾਮ ਸੁੰਦਰ(ਹੱਥ ਦਿਖਾ ਕੇ)—ਮੈਂ ਕੀ ਕਰਾਂ ਮੇਰੇ ਹੱਥ ਨਹੀਂ ਚੱਲਦੇ, ਦੇਖ ਛਾਲਿਆਂ ਵਿਚੋਂ ਲਹੂ ਚੋ ਰਿਹਾ ਹੈ,ਤੂੰ ਕੁਝ ਮੇਰੀ ਇਸ ਦਸ਼ਾ ਤੇ ਤਰਸ ਕਰ।

ਜਮਾਦਾਰ—ਹੁਣ ਤਰਸ ਆਪੇ ਸਾਹਿਬ ਬਹਾਦਰ ਕਰਨਗੇ। ਇਹ ਕਹਿੰਦੇ ਹੋਏ ਨੇ ਇਕ ਬਰਕਨਦਾਜ਼ ਨਾਲ ਦੇਕੇ ਦਫਤਰ ਦੇ ਅੱਗੇ ਭੇਜ ਦਿੱਤਾ।

ਜਦ ਕੁਝ ਚਿਰ ਬੈਠਿਆਂ ਬੀਤ ਗਿਆ ਜਿੱਥੇ ਹੋਰ ਵੀ ਇਜੇਹੇ ਕੈਦੀ ਬੈਠੇ ਸਨ ਤਾਂ ਇਕ ਭਾਰੀ ਰੋਲਾ ਸਾਰੇ ਜਿਹਲਖਾਨੇ ਵਿਚ ਮਚ ਗਿਆ 'ਸਾਹਿਬ ਆ ਗਏ,ਸਾਹਿਬ ਆਗਏ'।ਝਟਪਟ ਦਾਰੋਗਾ,ਡਾਕਦਾਰ,ਜਮਾਦਾਰ,ਪੁਲੀਸਆਫੀਸਰ,ਦਫੇਦਾਰ ਤੇ ਹੋਰ ਵੀ ਅਮਲੇ ਦੇ ਆਦਮੀ ਅਗਲਵਾਂਢੀ ਦਰਵਜੇ ਤੋੜੀ ਪਹੁੰਚੇ ਤੇ ਸਲਾਮਾਂ ਕੀਤੀਆਂ।ਫਿਰ ਸਾਰੇ ਜਣੇ ਨਾਲ ਹੋਕੇ ਪਹਿਲੇ ਸ਼ਿਸ਼ਨ ਵਾਲਾ ਕਮਰਾ ਦੇਖਿਆ,ਫਿਰ ਜ਼ਨਾਨਖਾਨੇ ਗਏ ਅਤੇ ਹਸਪਤਾਲ ਹੋਕੇ ਹੇਠ ਉਤਰੇ, ਜੰਦਰ ਖਾਨਾ, ਕਾਗਤ ਖਾਨਾ, ਲੰਗਰ ਖਾਨਾ, ਪੰਜ ਨੰਬਰ ਬਾਰਕ ਦੇਖਕੇ, ਮਿਸਤ੍ਰੀ ਖਾਨੇ ਆਦਿਕ ਦੇਖ ਭਾਲ ਕੇ ਦਫਤਰ ਆ ਕੇ ਬੈਠ ਗਏ ਤੇ ਹੋਰ ਸਬ ਲੋਕ ਖੜੇ ਰਹੇ। ਹੁਣ ਦਰੋਗਾ ਪੇਸ਼ੀ ਵਿਚ ਖੜਾ ਕਈ ਕਾਗਜ਼ਾਤ ਪੇਸ਼ ਕਰ ਰਿਹਾਹੈ।ਕਈ ਰਜਿਸਟਰ ਪੇਸ਼ਕੀਤੇ,ਕਈਜਗ੍ਹਾ ਦਸਖਤ ਕਰਾਏ, ਕਈ ਗੱਲਾਂ ਮੂੰਹ ਜ਼ੁਬਾਨੀ ਪੁੱਛੀਆਂ ਦੱਸੀਆਂ, ਜਦ ਸਭ ਕਾਰਜ ਹੋ ਚੁਕੇ ਤਾਂ ਬੇਂਤਾਂ ਲੱਗਣ ਵਾਲਾ ਰਜਿਸਟਰ ਸਾਹਿਬ ਦੇ ਅੱਗੇ ਖੋਲ੍ਹਕੇ ਰੱਖ ਦਿੱਤਾ। ਦਾਰੋਗਾ ਸਾਹਿਬ ਜਮਾਦਾਰ ਦੀ ਜ਼ੁਬਾਨੀ ਸੁਣ ਸੁਣ ਕੇ ਪੇਸ਼ ਕਰ ਰਹੇ ਹਨ।

ਹਜ਼ੂਰ ਇਸ ਕੈਦੀ ਨੇ ਰਾਤ ਅੱਧ ਸੇਰ ਦਾਣੇ ਕੱਚੇ ਖਾ ਲਏ ਹਨ, ਸਾਢੇ ਨੌ ਸੇਰ ਪੀਠੇ, ੧੦ ਸੇਰ ਬਾਕੀ ਪਏਹਨ ਇਹ ਕੈਦੀ ਸੰਗੀਨਦਾਹੈ।

ਸਾਹਿਬ ਬਹਾਦਰ—ਏਸ ਕਾ ਨੌਮ ਕਿਆਹੈ?

ਦਰੋਗਾ—ਹਜ਼ੂਰ ! ਇਸਕਾ ਨਾਮ ਗੌਲ ਹੈ।

ਸਾਹਿਬ ਬਹਾਦਰ (ਗੌਲ ਵਲ ਤੱਕਕੇ)—

Digitized by Panjab Digital Library | www.panjabdigilib.org

ਵੈਲ ਟੁਮ ਸਭ ਗੱਲਾ ਕਿਉਂ ਨਹੀਂ ਪੀਸਾ ?

ਗੋਲ–ਹਜ਼ੂਰ!ਮੈਂ ਭੁੱਖਾ ਸੀ ਰੋਟੀ ਸਰਕਾਰੋਂ ਥੋੜ੍ਹੀ ਮਿਲਦੀ ਹੈ।

ਸਾਹਿਬ ਬ:–ਅੱਛਾ ਇਕ ਡਰਜ਼ਨ ਲਗਾਓ।

ਅੱਗੇ ਝੰਡਾ ਚੂਹੜਾ ਭਿੱਜੇ ਹੋਏ ਬੈਂਤ ਲਈ ਖੜੀ ਕੀਤੀ ਟਿਕਟਿਕੀ ਦੇ ਸਿਰ੍ਹਾਣੇ ਖੜਾ ਹੀ ਸੀ,ਹੁਕਮ ਹੁੰਦੇ ਸਾਰ ਗੋਲ ਦੇ ਹੱਥ ਪੈਰ ਜਕੜੇ ਗਏ,ਚਿੱਤੜ ਨੰਗੇ ਕਰਕੇ ਓਸ ਝੰਡੇ ਚੂਹੜੇ ਨੇ ਸਿਰ ਤੋਂ ਘੁਮਾ ਘੁਮਾ ਕੇ ਬੈਂਤ ਲਗਾਉਣੇ ਅਰੰਭ ਕੀਤੇ। ਜਦ ਛੇ ਤਕ ਗਿਣੇ ਗਏ ਤਾਂ ਗੋਲ ਚੀਕਾਂ ਮਾਰਦਾ ਬੇਹੋਸ਼ ਹੋ ਗਿਆ, ਤਾਂ ਸਾਹਿਬ ਬਹਾਦਰ ਕਹਿਣ ਲਗੇ ਇਸਕੋ ਖੋਲ੍ਹ ਦਿਓ, ਥੋੜ੍ਹਾ ਪਾਣੀ ਪਿਲਾਓ ਥੋੜ੍ਹਾ ਛਿੱਟੇ ਲਗਾਓ। ਮਾਸ਼ਕੀ ਤਾਂ ਅੱਗੇ ਹੀ ਇਜੇਹੇ ਕੰਮਾਂ ਲਈ ਹਾਜ਼ਰ ਖੜਾ ਸੀ, ਝਟ ਪਟ ਪਾਣੀ ਦੇ ਛੱਟੇ ਮਾਰਕੇ ਦੋ ਚਾਰ ਘੁੱਟ ਪਿਲਾ ਕੇ ਫਿਰ ਓਕਰ ਹੀ ਜਕੜ ਦਿੱਤਾ ਗਿਆ ਤੇ ਰੋਂਦੇ ਪਿੱਟਦੇ ਨੂੰ ਓਕਰ ਹੀ ਛੇ ਬੈਂਤ ਹੋਰ ਲਗਾਏ ਗਏ। ਜਦ ਖੋਲ੍ਹਿਆ ਤਾਂ ਗੋਲ ਬੇਹੋਸ਼ ਸੀ, ਕੁਝ ਪਾਣੀ ਜ਼ਖਮਾਂ ਤੇ ਪਾਇਆ ਕੁਝ ਮੂੰਹ ਵਿਚ ਪਾਇਆ ਤੇ ਹਸਪਤਾਲ ਨੂੰ ਭੇਜਿਆ ਗਿਆ। ਇਹ ਸਾਰੀ ਕਾਰਰਵਾਈ ਦੇਖ ਦੇਖਕੇ ਸ਼ਾਮਸੁੰਦਰ ਆਪਣੇ ਆਪ ਤੋਂ ਬਾਹਰ ਹੋਗਿਆ, ਇਕ ਰੰਗ ਆਵੇ ਇਕ ਜਾਵੇ,ਬਣੇ ਤਾਂ ਕੀਬਣੇ। ਇੰਨੇ ਤਕ ਦੂਜੇ ਕੈਦੀ ਦੀ ਰਪੋਟ ਪੇਸ਼ ਹੋਈ।

ਦਰੋਗਾ–ਹਜ਼ੂਰ ! ਇਸ ਕੈਦੀ ਨੇ ਕਲ ਜਾਨੀ ਕੋ ਪੀਟਾ।

ਸਾਹਿਬ ਬਹਾਦਰ–ਜਾਨੀ ਕਹਾਂ ਹੈ ?

ਜਾਨੀ–ਹਜ਼ੂਰ ! ਮੈਂ ਹਾਜ਼ਰ ਹਾਂ।

ਸਾਹਿਬ ਬਹਾ:–ਵੈਲ ਟੁਮਕੋ ਕਿਸ ਪੀਟਾ?

ਜਾਨੀ–ਹਜ਼ੂਰ ! ਅਸੀਂ ਖੂਹ ਵਾਂਹਦੇ ਆਹੇ ਅਤੇ ਸੱਦਾ ਪਾਣੀ ਪੀਣ ਆਇਆ ਹਾ, ਵਤ ਅਸਾਡੇ ਨਾਲ ਲੜ ਪਿਆ ਮੁੜ ਮੈਨੂੰ ਮਾਰਿਓਸ ਮੇਰੀ ਏਹ ਅੰਗਲ ਮੁੜਕ ਪਈ ਹੈ, ਓਤੇ ਵੇਲੇ ਹਸਪਤਾਲ ਲੈਂ ਆ ਤੇ ਬੰਨ੍ਹਾਈ ਹਾਈ, ਪੀੜ ਤਾਂ ਬਹੁਤ ਪਈ ਲੀਂਦੀ ਹੈ, ਵਤ ਕੇ ਕਰਨਾ ਹੋਇਆ।

ਸਾਹਿਬ ਬਹਾਦਰ (ਉਂਗਲੀ ਨੂੰ ਖੋਲ੍ਹ ਕੇ ਦੇਖਕੇ)–ਉ ਵੈਲ ਟੂਟਾ ਨਹੀਂ, (ਡਾਕਦਾਰ ਵਲ ਵੇਖਕੇ) ਡਿਸਲੋਕੇਸ਼ਨ ਜੋੜ ਉਖੜਾ ਹੈ।

ਡਾਕਦਾਰ–'ਹਾਂ ਹਜ਼ੂਰ!ਜੋੜ ਉਖੜਾ ਹੈ'।

ਸਾਹਿਬ ਬਹਾਦਰ–ਵੈਲ ਸੱਡਾ ਟੁਮ ਨੇ ਕਿਉਂ ਪੀਟਾ ?

ਸੱਦਾ–ਨਹੀਂ ਹਜ਼ੂਰ ! ਅਗਾੜੀ ਸੇ ਹਮ ਨੇ ਕੁਛ ਨਹੀਂ ਕੀਤਾ ਅਗਾੜੀ ਸੇ ਇਸ ਨੇ ਉਂਗਲੀ ਆਪ ਸੇ ਤੋੜਾ ਹੋਵੇਗਾ।

ਸਾਹਿਬ ਬਹਾਦਰ(ਦਰੋਗੇ ਵਲ ਦੇਖਕੇ)–ਕੋਈ ਔਰ ਕਹਿਟਾ ਹੈ ਕਿ ਸੱਡੇ ਨੇ ਪੀਟਾ ?

ਦਰੋਗਾ–ਹਾਂ ਹਜ਼ੂਰ!ਇਹ ਦੋ ਬਰਕਨਦਾਜ਼ ਦੇਖਤੇ ਥੇ ਔਰ ਛੁੜਾਯਾ ਭੀ ਇਨੋਂ ਨੇ ਹੀ ਥਾ।

ਸਾਹਿਬ ਬਹਾਦਰ ਨੇ ਬਰਕਨਦਾਜ਼ਾਂ ਦੀ ਗੁਵਾਹੀ ਲੈਕੇ ਹੁਕਮ ਦੇ ਦਿੱਤਾ ਦੋ ਦਰਜਨ ਲਗਾਓ।

ਬੱਸ ਹੁਕਮ ਹੋਣ ਦੀ ਦੇਰ ਸੀ ਝਟਪਟਹੱਥ ਪੈਰ ਜਕੜੇ ਗਏ। ਝੰਡੇ ਨੇ ਓਸੇ ਤਰ੍ਹਾਂ ਡੁੰਘੇ ਗਿਣਕੇ ਚੌਵੀ ਬੈਂਤ ਮਾਰੇ ਜਿਨ੍ਹਾਂ ਨਾਲ ਜ਼ਖਮ ਡੂੰਘੇ ਪੈ ਗਏ।ਸੱਦਾ ਪਹਿਲੇ ਤਾਂ ਚੀਕਾਂ ਮਾਰਦਾ ਰਿਹਾ ਪਰ ਓੜਕ ਨੂੰ ਬੇਸੁਧ ਹੋਗਿਆ, ਪਾਣੀ ਧਾਣੀ ਪਾਕੇ ਹਸਪਤਾਲ ਭੇਜਿਆ। ਇਸਤੋਂ ਉਪਰੰਤ ਤੀਜੀ ਰਪੋਟ ਸ਼ਾਮਸੁੰਦਰ ਦੀ ਹੋਈ।

ਦਰੋਗਾ–ਹਜ਼ੂਰ ! ਇਸ ਕੈਦੀ ਦੇ ਤਿੰਨ ਸੇਰ ਦਾਣੇ ਘੱਟ ਪੀਸੇ ਹਨ।

ਸਾਹਿਬ ਬਹਾਦਰ–ਕੌਨ ਕੈਦੀ ?

ਦਰੋਗਾ(ਹੱਥ ਨਾਲ ਸ਼ਾਮ ਸੁੰਦਰ ਨੂੰ ਦਿਖਾ

Digitized by Panjab Digital Library | www.panjabdigilib.org

ਕੈ)–ਹਜ਼ੂਰ ! ਇਹ ਕੈਦੀ ਹੈ।

ਸਾਹਿਬ ਬਹਾਦਰ–ਟੁਮ ਕਿਉਂ ਨਹੀਂ ਗੱਲਾ ਪੀਸਤਾ ਹੈ ?

ਸ਼ਾਮ ਸੁੰਦਰ–ਸੁਣ ਤੇ ਸਮਝ ਤਾਂ ਰਿਹਾ ਹੈ ਪਰ ਖੌਫ ਇਜੇਹਾ ਛਾਇਆ ਕਿ ਪੈਰਾਂ ਹੇਠੋਂ ਮਿੱਟੀ ਨਿਕਲਦੀ ਜਾਵੇ, ਰੰਗ ਉੱਡ ਗਿਆ ਕਲੇਜਾ ਧਾੜ ਧਾੜ ਧੜਕੀ ਜਾਂਦਾ ਹੈ, ਤ੍ਰੌਲੀਆਂ ਵਿਚ ਤ੍ਰਿਬੁੜ, ਗਲਾ ਬੰਦ ਕਹਿ ਕੁਝ ਨਹੀਂ ਸਕਦਾ, ਬਿਟ ਬਿਟ ਸਾਹਮਣੇ ਦੇਖ ਰਿਹਾ ਹੈ, ਅੱਖਾਂ ਅੱਗੇ ਹਨ੍ਹੇਰਾ ਜਿਹਾ ਫਿਰਦਾ ਜਾਂਦਾ ਹੈ, ਦਿਲ ਡੁੱਬਦਾ ਜਾਂਦਾ ਹੈ ਹੁਣੇ ਡਿੱਗਾ ਕਿ ਡਿੱਗਾ। ਇਸਦੀ ਸ਼ਕਲ ਦੇਖਦੇ ਸਾਰ ਡਾਕਦਾਰ ਨੇ ਤਾੜਿਆ, ਇਹ ਹਥਖੰਡਾ ਜਮਾਦਾਰ ਦਾ ਹੈ, ਝਟਪਟ ਬੋਲ ਪਿਆ–

ਡਾਕਦਾਰ–ਇਹ ਬਹੁਤ ਦਿਨ ਸੇ ਬੀਮਾਰ ਹੈ ਔਰ ਹਸਪਤਾਲ ਮੇਂ ਦਾਖਲ ਹੈ।(ਜਮਾਂਦਾਰ ਨੂੰ) ਅਜੇ ਡਿਸਚਾਰਜ ਨਹੀਂ ਹੋਇਆ, ਸੰਗੀਨ ਵਿਚ ਕਿਸ ਤਰ੍ਹਾਂ ਦਿੱਤਾ ਗਿਆ ?

ਸਾਹਿਬ ਬਹਾਦਰ (ਚੰਗੀ ਤਰ੍ਹਾਂ ਚਿਹਰੇ ਵਲ ਦੇਖਕੇ)–ਊ, ਬੀਮਾਰ ਹੈ, ਕਿਉਂ ਸੰਗੀਨ ਮੇਂ ਦੇਤਾਹੈ? ਚਲੇਜਾਓ ਸਾਮ੍ਹਣੇ ਨਹੀਂ ਠਹਿਰੋ।

ਇਹ ਬਚਨ, ਨਹੀਂ ਮਾਲੂਮ, ਕੀ ਅਸਰ ਰੱਖਦੇ ਸਨ ਕਿ ਸ਼ਾਮਸੁੰਦਰ ਦੀ ਮੁਰਦਾ ਜਾਨ ਵਿਚ ਗਈ ਹੋਈ ਜਾਨ ਫਿਰ ਆ ਗਈ। ਹੌਸ਼ ਹਵਾਸ ਕਾਇਮ ਹੋਗਏ। ਸਲਾਮ ਕਰਦੇ ਸਿਧੇ ਤੀਰ ਹਸਪਤਾਲ ਦੀ ਰਾਹ ਫੜੀ, ਜੀ ਵਿਚ ਹਜ਼ਾਰਾਂ ਸ਼ੁਕਰ ਮਨਾਉਂਦੇ, ਡਾਕਦਾਰ ਦੀ ਜਾਨ ਮਾਲ ਨੂੰ ਅਸੀਸਾਂ ਦੇਂਦੇ, ਜਿੰਦ ਦੀ ਵਧਾਈ ਘਟਾਈ ਲੈਂਦੇ ਹਸਪਤਾਲ ਦੇ ਅੰਦਰ ਆ ਕੇ ਬੈਠ ਗਏ।

ਸਾਹਿਬ ਬਹਾਦਰ ਕੰਮ ਪੂਰਾ ਕਰ ਹੀ ਚੁਕੇ ਸਨ, ਸਲਾਮਾਂ ਦੇ ਭਾਰ ਨੂੰ ਗੱਡੀ ਤੇ ਰੱਖ ਖੜ ਖੜ ਕਰਦੇ ਔਹ ਗਏ ਔਹ ਗਏ। ਇਧਰ ਡਾਕਦਾਰ ਜਦ ਹਸਪਤਾਲ ਪੁੱਜਿਆ ਤਾਂ ਪੁੱਛਿਆ ਬੰਦਾ ਨਿਵਾਜ਼ ਆਪ ਸੰਗੀਨ ਵਿਚ ਚਲੇ ਕਿਉਂ ਗਏ ?

ਸ਼ਾਮਸੁੰਦਰ–ਜਮਾਦਾਰ ਕੁਝ ਚੁਭਦਾ ਜੇਹਾ ਰਹਿੰਦਾ ਸੀ, ਆਪ ਕੱਲ ਛੁੱਟੀ ਚਲੇ ਗਏ, ਉਸਦਾ ਦਾਉ ਭਰ ਗਿਆ ਮੈਂ ਸੰਗੀਨ ਦਾ ਖਲ।

ਡਾਕਦਾਰ–ਫਿਰ ਵੀ ਚੰਗੇ ਬਚੇ। ਹੁਣ ਇਸ ਪ੍ਰਸੰਗ ਨੂੰ ਸੰਤੋਖ ਦਿਓ ਤੇ ਏਹ ਦੱਸੋ ਭਈ ਕੈਦ ਸਾਰੀ ਕਿੰਨੀ ਸੀ ਤੇ ਕਿੰਨੀ ਬਾਕੀ ਹੈ ਤੇ ਸੰਗੀਨ ਕਿੰਨੀ ਸੀ ?

ਸ਼ਾਮ ਸੁੰਦਰ–ਸਾਰੀ ਕੈਦ ਢਾਈ ਬਰਸ ਸੀ ਜਿਸ ਵਿਚੋਂ ਇਕ ਬਰਸ ਤੇ ਜੁਰਮਾਨਾ ਅਪੀਲ ਹੋਣ ਤੇ ਘਟ ਗਿਆ ਬਾਕੀ ਡੇਢ ਬਰਸ ਜਿਸ ਵਿਚੋਂ ੬ ਮਹੀਨੇ ਬਾਕੀ ਹਨ ਸੰਗੀਨ ਢਾਈ ਮਹੀਨੇ ਸੀ ਜੋ ਆਪਦੀ ਕਿਰਪਾ ਨਾਲ ਇੱਕੋ ਵਿਚ ਨਿਬੇੜਾ ਜਾਪਦਾ ਹੈ।

ਡਾਕਦਾਰ–ਲਓ ਹੁਣ ਇਸ ਪ੍ਰਸੰਗ ਨੂੰ ਵੀ ਸੰਤੋਖ ਛੱਡੋ। ਇਹ ਦੱਸੋ ਏਥੋਂ ਜਾਕੇ ਵੀ ਸਾਨੂੰ ਕਦੀ ਮਿਲੋਗੇ ਕਿ ਨਹੀਂ ?

ਸ਼ਾਮਸੁੰਦਰ–ਜੋ ਕਰਤਾਰ ਕਰੇ, ਜੇਕਰ ਮੇਲ ਧੁਰੋਂ ਹੈ ਤਾਂ ਮਨ ਮਿਲੇ ਹਨ, ਜਿਹੜੇ ਮਿਲਕੇ ਫਿਰ ਕਦੀ ਨਹੀਂ ਵਿਛੁੜਦੇ, ਜੇ ਕਦੀ ਇਹ ਮੇਲਾ ਦੇਹਾਂ ਦਾ ਹੈ ਤਾਂ ਇਹੋ ਇੰਨਾ ਹੀ ਮੇਲਾ ਹੈ ਜੋ ਹੁਣ ਵਿਦਮਾਨ ਹੈ।

ਡਾਕਦਾਰ–ਸਤ ਹੈ.....ਪਰ ਇਹ ਮੋਹ ਦਾ ਜਾਲ ਬੜਾ ਬਿਖੜਾ ਹੈ, ਇਹ ਨਹੀਂ ਟੁੱਟਦਾ ਅਤੇ ਇਸਵਿਚ ਸਾਰਾਹੀ ਸੰਸਾਰ ਬੱਧਾ ਪਿਆ ਹੈ।

ਸ਼ਾਮ ਸੁੰਦਰ–ਏਹੋ ਸੰਸਾਰ ਦਾ ਰੂਪ ਹੈ ਜੇ ਮੋਹ ਨਹੀਂ ਤਾਂ ਸੰਸਾਰ ਕਿੱਥੇ? ਮੋਹ ਟੁੱਟਣ ਵਿਚ ਭਾਵੇਂ ਦੇਰ ਹੋਵੇ ਪਰ ਜਗਤ ਦੇ ਲੀਨ ਹੋਣ ਵਿਚ ਕੋਈ ਦੇਰ ਨਾ ਲਗੇ। ਇਹ ਖੇਲ ਓਸ ਸੱਚੇ ਖਿਲਾਰੀ ਦੀ ਹੈ ਤੇ ਓਸੇ ਦੇ ਹੱਥ ਹੈ, ਜੀਕੁਰ

Digitized by Panjab Digital Library | www.panjabdigilib.org

ਚਾਹੁੰਦਾ ਹੈ ਖੇਲਾਂ ਖਲੈਰਦਾ ਹੈ ਅਥਵਾ ਸੰਭਾ-ਲਦਾ ਹੈ।

ਡਾਕਦਾਰ–ਸੱਤਿ ਹੈ, ਅਸੀਂ ਭੀ ਸੱਭੋ ਕੁਝ ਭਾਣੇ ਤੇ ਛੱਡ ਦਿੰਦੇ ਹਾਂ, ਪਰ ਇਹ ਤਾਂ ਦੱਸੋ ਬਾਹਰ ਹੋਕੇ ਕੰਮ ਕੀ ਕਰੋਗੇ? ਕੀਹ ਸਰਦਾਰ ਸਾਹਿਬ ਤੁਹਾਨੂੰ ਤੁਹਾਡੇ ਬਾਪ ਦੀ ਜਗਹ ਦੇਣਗੇ ਕਿ ਨਹੀਂ ?

ਸ਼ਾਮਸੁੰਦਰ–ਆਪਦੇ ਕਹੇ ਮੁਤਾਬਕ ਭਾਣੇ ਪਰ ਛੱਡਣਾ ਠੀਕ ਹੈ ਪਰ ਆਪ ਦੇ ਕਹਿਣੇ ਕਰਕੇ ਆਪਣਾ ਸੰਕਲਪ ਕਹਿ ਦਿੰਦਾਹਾਂ,ਅਗੇ ਕਰਤਾਰ ਜਾਣੇ। ਭਈ ਕੈਦੋਂ ਨਿਕਲਕੇ ਇਸ ਸ਼ਹਿਰ ਵਿਚ ਨਹੀਂ ਰਹਿਣਾ, ਭਾਵੇਂ ਇਜੇਹੇ ਸੁੰਦਰ ਸ਼ਹਿਰ ਦੇ ਛੱਡਣ ਲਈ ਕਦੀ ਵੀ ਜੀ ਨਹੀਂ ਕਰੇਗਾ, ਪਰ ਮੈਨੂੰ ਮੇਰੀ ਕੀਤੀ ਹੋਈ ਕਰਤੂਤ ਦੀ ਸ਼ਰਮਿੰਦਗੀ ਲਾਚਾਰ ਕਰੇਗੀ, ਅਤੇ ਮੈਨੂੰ ਮੇਰੇ ਕਰਮਾਂ ਦੇ ਕਲੰਕ ਅਵਸ਼ਜ ਚੇਤਾਵਨੀਕਰਾਉਣਗੇ,ਜਿਹੜੀ ਚੇਤਾਵਨੀ ਮੇਰੇ ਅੱਲੇ ਜ਼ਖਮਾਂ ਤੇ ਝਰੀਟਾਂ ਯਾ ਤਾਜ਼ੇ ਜ਼ਖਮਾਂ ਤੇ ਲੂਣ ਦਾ ਕੰਮ ਕਰੇਗੀ, ਇਸ ਲਈ ਮੈਂ ਇੰਨ੍ਹਾਂ ਕਲੰਕੀ ਜ਼ਖਮਾਂ ਦੇ ਖਰਿੰਡ ਪਕਾਉਣ ਲਈ ਬਿਦੇਸ਼ ਦੀ ਹੀ ਹਵਾ ਖਾਵਾਂਗਾ। ਹੋਣਹਾਰ ਦੀ ਮੈਨੂੰ ਕੋਈ ਖਬਰ ਨਹੀਂ ਕਿ ਭਾਣੇ ਵਿਚ ਕੀ ਵਰਤੇਗਾ ?

—o—

ਪ੍ਰਕਰਣ ੪.

ਕਬੀਕਬੀ ਬਿਛੁੜੇ ਸਜਨ ਆਵਤ ਹੈਂ ਫਿਰ ਯਾਦ।
ਰੀਤ ਸਨਾਤਨ ਜਗਤ ਕੀ ਬਨੀ ਭਈ ਮਿਰਯਾਦ।

ਇਕ ਤਲਾਉ ਦੇ ਕਿਨਾਰੇ ਤੇ ਦੁਛੱਤਾ ਕੋਠਾ ਹੈ,ਇਸ ਵਿਚ ਇਕ ਬ੍ਰਿਧ ਅਵਸਥਾ ਦੀ ਮਾਈ ਰਹਿੰਦੀ ਹੈ। ਨਾਲ ਹੀ ਇਸਦਾ ਇਕ ਲੜਕਾ ਵੀ ਰਹਿੰਦਾ ਹੈ। ਸਰੀਰ ਦਾ ਛੀਟਕਾ, ਰੰਗ ਪੱਕਾ, ਅੱਖਾਂ ਨੁਕੀਲੀਆਂ, ਮਸੂ ਭੇਉ, ਉਮਰੋਂ ਕੋਈ ਅਠਾਰਾਂ ਕੁ ਬਰਸਾਂ ਦੇ ਲਗ ਪਗ,ਗਲ ਬਾਤ ਕਰਨ ਲਈ ਬੜਾ ਚਾਲਾਕ। ਭਾਵੇਂ ਇਸ ਮਹਾਤਮਾ ਨੂੰ ਮਾਈ ਨੇ ਸੰਤ ਸੇਵਾ ਰਾਮ ਜੀ ਦੇ ਅਰਪਣ ਕਰ ਛੱਡਿਆ ਹੋਇਆ ਹੈ ਪਰ ਇਸਦੀ ਬਾਹਰ ਮੁਖੀ ਬ੍ਰਿਤਿ ਸੰਤਾਂ ਪਾਸ ਇਸ ਨੂੰ ਟਿਕਣ ਨਹੀਂ ਦਿੰਦੀ। ਇਹ ਲੜਕਾ ਗੁੱਡੀਆਂ ਦਾ ਖਿਲਾਰੀ ਬੜਾ ਲਾਇਕ ਇਥੋਂ ਤਾਈਂ ਕਿ ਗੁੱਡੀ ਪਤੰਗ ਆਪਣੇ ਹੱਥੀਂ ਬਣਾਉਣੀ, ਉਡਾਉਣੀ, ਲੜਾਉਣੀ। ਇੱਕੁਰ ਹੀ ਇਸਦੇ ਸੰਗੀ ਵੀ ਇਸੇ ਚਾਲ ਚਲਣ ਦੇ ਮਹਾਂਪੁਰਖ ਹਨ। ਕਲਾਲਖਾਨੇ ਦੇ ਚਰਨਾਮ੍ਰਿਤ ਲਏ ਬਿਨਾ ਦਿਨ ਨਿਸਫਲ ਗਿਣਦੇ ਹਨ। ਇਕ ਅੱਧਾ ਦੰਗਾ ਲੜਾਈ ਝਗੜਾ ਫਸਾਦ ਜਿਸ ਦਿਨ ਨਾ ਕਰਨ ਅਥਵਾ ਨਾ ਕਰਾਉਣ ਓਸ ਦਿਹਾੜੀ ਨੂੰ ਔਤਰ ਹੀ ਸਮਝਦੇ ਹਨ। ਰਾਹ ਜਾਂਦਿਆਂ ਇਸਤ੍ਰੀਆਂ ਪੁਰਖਾਂ ਨੂੰ ਇਜੇਹੇ ਬਚਨਾਂ ਕਰਕੇ ਛੇੜ ਛਾੜ ਕਰਨੀ ਜਿਨ੍ਹਾਂ ਕਰਕੇ ਸੁਣਨ ਵਾਲਿਆਂ ਦੇ ਤਨ ਅਤੇ ਮਨ ਦੋਵੇਂ ਕ੍ਰੋਧ ਤੇ ਦੁੱਖ ਕਲੇਸ਼ ਦੀ ਅੱਗ ਵਿਚ ਸਾੜੇ ਨਹੀਂ ਤਾਂ ਅਧਭੁੰਨੇ ਜ਼ਰੂਰ ਹੋ ਜਾਣ। ਇਨ੍ਹਾਂ ਦੇ ਗੁਣਾਂ ਦਾ ਅੰਤ ਵਡੇ ਵਡੇ ਗੁਣੀ ਪੰਡਿਤ ਵੀ ਨਹੀਂ ਪਾ ਸਕਦੇ, ਇਸ ਵਿਚਾਰੀ ਤੁੱਛ ਲਿੱਸੀ, ਫਟੀ ਲਿੱਖਣ ਦੀ ਕੀ ਮਜਾਲ ਹੈ ਜੋ ਕੁਝ ਇਨ੍ਹਾਂ ਦਾ ਜਸ ਲਿਖ ਸਕੇ।

ਇਕ ਦਿਨ ਇਸੇ ਮਕਾਨ ਵਿਚ ਇਹ ਮਹਾਤਮਾ ਬੈਠੇ ਗੁੱਡੀਆਂ ਬਣਾ ਰਹੇ ਸਨ ਅਤੇ ਬ੍ਰਿਧ ਮਾਈ ਨਾਲ ਬੋਲਚਾਲ ਵੀ ਕਰ ਰਹੇਸਨ।

ਮਾਈ–ਵੇ ਉਡਗੂ, ਤੇਰੇ ਕਿੱਥੇ ਹਨ ਸਕੇ ਸੋਦਰੇ?ਅੱਜ ਤਾਂ ਅਜੇ ਕੋਈ ਨਹੀਂ ਆਇਆ, ਤੂੰ ਰੋਟੀ ਖਾ ਲੈ।

ਉਡਗੂ–ਨਹੀਂ ਆਏ,ਤਾਂ ਤੈਨੂੰ ਕੀ? ਆਪੇ

Digitized by Panjab Digital Library | www.panjabdigilib.org

ਆ ਜਾਣਗੇ, ਬਹੁਤਾ ਬੋਲਿਆ ਨਾ ਕਰ; ਰੋਟੀ ਖਾ ਲੈ, ਰੋਟੀ ਖਾ ਲੈ;ਜਦ ਲੋੜ ਹੋਵੇਗੀ ਆਪੇ ਖਾ ਲਵਾਂਗਾ !

ਮਾਈ—ਬੱਚਾ ! ਮੈਂ ਤੈਨੂੰ ਕੀਆਖਿਆ ਹੈ? ਬਹੁਤਾ ਏਲਿਆ ਨਾ ਕਰ ! ਕੀ ਮੈਂ ਬਹੁਤਾ ਬੋਲਨੀ ਹਾਂ?ਬੁਰਾ ਆਖਿਆ ਹੈ ਮੈਂ?ਭਈ ਅਜੇ ਤੇਰੇ ਮੇਲੀ ਨਹੀਂ ਆਏ ਤੂੰ ਰੋਟੀ ਖਾ ਲੈ, ਹਰ ਵੇਲੇ ਗੱਲ ਨਾਲ ਮੂੰਹ ਤੋੜ ਲੈਨਾ ਹੈਂ।

ਉਡਗੂ—ਤੈਨੂੰ ਜੋ ਇਕ ਵਾਰ ਆਖਿਆ ਬਹੁਤਾ ਨਾ ਬੋਲਿਆ ਕਰ, ਫਿਰ ਵਾ ਦੁਆ ਬਕੀ ਹੀ ਜਾਂਦੀ ਹੈ। ਮਾਈ ਕੁਝ ਕਹਿਣਾ ਹੀ ਚਾਹੁੰਦੀ ਸੀ ਕਿ ਝੱਟ ਉਤੋਂ ਪੁਡਗੂ ਆਗਿਆ। ਆਉਂਦਿਆਂ ਹੀ ਕਹਿਣ ਲੱਗਾ, ਇਹ ਕੀ ਚਿੰਜੜੀ ਲਾਈ ਹੋਈ ਹੈ। ਅੱਜ ਆਪਣੇ ਘਰ ਵਿਚ ਹੀ ਬੇਸੰਤਰ ਦਿਉਤਾ ਧੁਖਾਇਆ ਜੇ, ਬਾਹਰ ਦਾ ਘਰ ਕੋਈ ਨਹੀਂ ਲੱਭਾ।

ਉਡਗੂ—ਨਹੀਂ ਯਾਰ! ਐਵੇਂ ਮਾਈ ਦਾ ਸੁਭਾਉ ਹੈ, ਬੁੱਢਿਆਂ ਨੂੰ ਖਬਰ ਨਹੀਂ ਕੀ ਹੋ ਜਾਂਦਾ ਹੈ ਐਵੇਂ ਬੋਲੀ ਜਾਂਦੇ ਹਨ।

ਇਹੋਜਿਹੀਆਂ ਗੱਲਾਂ ਹੁੰਦੀਆਂ ਹੀਪਈਆਂ ਸਨ ਕਿ ਤਿੰਨਚਾਰ ਹੋਰ ਮੇਲੀ ਗੇਲੀ ਆ ਗਏ ਤੇ ਬੈਠਕੇ ਲਗੇ ਅਪਣੇ ਰੰਗ ਢੰਗ ਦੀਆਂ ਗੱਲਾਂ ਕਰਨ।

ਪਹਿਲਾ—ਕਿਉਂ ਬਈ ਸੁਣਾ ਖਾਂ,ਉਡਗੂ, ਜਿਸ ਦਿਨ ਦਾਂ ਸ਼ਾਮੂ ਅੰਦਰ ਗਿਆ ਹੈ, ਉਸ ਦਿਨ ਤੋਂ ਫਿਰ ਮੋਹਣੀ ਨਹੀਂ ਵੇਖੀ, ਕਿਤੇ ਬਾਹਰ ਤਾਂ ਨਹੀਂ ਚਲੀ ਗਈ ?

ਉਡਗੂ—ਬਾਹਰ ਤਾਂ ਨਹੀਂ ਗਈ, ਪਰ ਸੁਣਿਆ ਹੈ ਭਈ ਉਸਨੂੰ ਬਾਹਰ ਨਿਕਲਨਾਂ ਨਹੀਂ ਮਿਲਦਾ।

ਦੂਸਰਾ—ਇਹ ਕੀ ਗੱਲ ? ਕੋਈ ਕਿਸੇ ਨੂੰ (ਹਬਸ) ਕੈਦ ਨਹੀਂ ਰੱਖ ਸਕਦਾ, ਉਹ ਇਕ ਸਵਾਲ ਡਿਪਟੀ ਕਮਿਸ਼ਨਰ ਦੇ ਭੇਜ ਦੇਵੇ, ਦੇਖੋ ਨਾ ਫਿਰ ਲੈਣੇਦੇਣੇ ਪੈਂਦੇਹਨਕਿਨਹੀਂ।

ਤੀਸਰਾ—ਓਹ ਤੀਵੀਂ, ਕਾਨੂੰਨ ਦੇ ਹਾਲ ਤੇਂ ਬੇਖਬਰ ! ਕੀਕਰ ਸੁਵਾਲ ਦੇਵੇ ?

ਚੌਥਾ—ਇਹ ਕੀ ਮੁਸ਼ਕਲ ਹੈ,ਲੈ ਮੈਂ ਅੱਜੇ ਹੀ,ਪਰ ਨਹੀਂ,ਸਚੀ ਅੱਜ ਤਾਂ ਐਤਵਾਰ ਹੈ ਤੇ ਕਲ ਵੀ ਸੁਣਿਆ ਹੈ ਜੋ ਕਚਹਿਰੀ ਬੰਦ ਹੈ, ਪਰਸੋਂ ਜਾਕੇ ਦਰਖਾਸ਼ ਦੇ ਦਿਆਂਗਾ ਫਿਰ ਦੇਖੀਏ ਕੀਕਰ ਕੈਦ ਰਖਦੇ ਹਨ।

ਪੁਡਗੂ—ਵਾਹ ਬਈ,ਤੇਰੀ ਤਾਂ ਇਸ ਅਕਲ ਦੀ ਹਿੰਮਤ ਤੇਂ ਉੱਲੂ ਤੇ ਬਿਤੌਰੀਆਂ ਹਜ਼ਾਰ ਜਾਨ ਤੋਂ ਕੁਰਬਾਨ ਹੋ ਰਹੀਆਂ ਹਨ,ਅਤੇ ਗਧੇ ਮਾਰੇ ਖੁਸ਼ੀ ਦੇ ਘਰਘਰ ਸੰਖ ਪੂਰਦੇ ਪਏਫਿਰਦੇ ਹਨਖਬਰ ਤਾਂ ਅਜੇ ਤਕ ਇਹ ਭੀ ਨਹੀਂ ਕਿ ਏਥੇ ਹੈ ਕਿ ਨਹੀਂ। ਮਾਪੇ ਜਾਂ ਮਾਲਕ ਓਸਨੂੰ ਆਪਣੇ ਵਸਾਉਣ ਲਈ ਘਰ ਰੱਖਦੇ ਹਨ,ਜਾਂ ਕਿਤੇ ਭੇਜਦੇ ਹਨ। ਪਰ ਆਪ ਦੀਆਂ ਤੁਕ ਬੰਦੀਆਂ ਨੇ ਗਵਰਮਿੰਟ ਵਿਚ ਸਵਾਲ ਅਤੇ ਦਰਖਾਸਤਾਂ ਵੀ ਦਾਗ ਦਿੱਤੀਆਂ। ਆਪਦੀ ਇਸ ਬੁਧਿਮਤਾ ਉਤੇ ਬੇ ਅਖਤਿਆਰ ਰੋਣ ਉਮਡਿਆ ਚਲਾ ਆ ਰਿਹਾ ਹੈ। ਕਿਉਂ ਨਾ ਹੋਵੇ, ਆਪ ਇਜੇਹੇ ਹੀ ਹੋ।

ਪਹਿਲਾ—ਸਾਡੀਤਾਂਗੱਲ ਕੋਈ ਨਾ ਕਰਨੀ, ਮੇਰਾ ਤਾਂ ਅਜੇ ਅੱਧਾ ਹੀ ਪ੍ਰਸ਼ਨ ਹੈ ਜਿਸਦੀ ਟੀਕਾ ਨੇ ਪੁਲ ਬੰਨ੍ਹ ਦਿੱਤਾ ਹੈ।

ਪੁਡਗੂ—ਕਿਰਪਾਕਰਕੇ ਜੋਹੜਾ ਅੱਧਾਬਾਕੀ ਰਹਿੰਦਾ ਹੈ ਓਹ ਭੀ ਕਹਿ ਦਿਓ। ਕਿਤੇ ਇਸ ਅਨੋਖੀ ਪੁਲਬੰਦੀ ਦੀ ਨੀਂਹ ਹੇਠ ਨਾ ਦਬਜਾਵੇ।

ਪਹਿਲਾ—ਹੋਰ ਅੱਧਾ ਕੀ ਐਵੇਂ ਏਹੋ ਹੀ ਪੁੱਛਣਾ ਸਾ ਭਈ ਸ਼ਾਮੂ ਦੀ ਵੀ ਕੋਈ ਖਬਰ ਕਦੀ ਆਈ ਕਿ ਨਹੀਂ, ਕਿਸੇ ਨੇ ਕੁਝ ਕਦੀ ਖਰਚ ਵੀ ਭੇਜਿਆ ਕਿ ਨਹੀਂ ?

Digitized by Panjab Digital Library | www.panjabdigilib.org

ਦੂਜਾ–ਕਾਜ਼ੀ ਨੂੰ ਸ਼ਹਿਰ ਦਾ ਅੰਦੇਸ਼ਾ, ਇਹ ਫਿਕਰ ਓਹਦੇ ਮਾਪਿਆਂ ਨੂੰ ਹੋਣਾ ਚਾਹੀਏ ਨਾ ਕਿ ਸਾਨੂੰ। ਜੀਉਂਦਾ ਆਵੇਗਾ ਫਿਰ ਰਲ ਬੈਠਾਂਗੇ, ਮਰ ਗਿਆ ਤਾਂ ਹੋਰ ਬਤੇਰੇ।

ਤੀਸਰਾ–ਠੀਕ ਤਾਂ ਹੈ ਮੇਲੀ ਮਿਲਦਿਆਂ ਦੇ, ਜ਼ਮੀਨਾਂ ਵਾਹੁੰਦਿਆਂ ਦੀਆਂ।

ਚੌਥਾ–ਐਵੇਂ ਜੁਆਨਾ! ਅੰਦਰ ਖਰਚ ਗਿਆਂ ਜੇ ਕਿਤੇ ਫੜਿਆ ਜਾਵੇ ਤਾਂ ਸਜ਼ਾ ਵਧ ਜਾਂਦੀ ਹੈ ਅਤੇ ਲੋੜ ਵੀ ਕੀ ਹੋਈ, ਰੋਟੀ ਸਰਕਾਰੀ, ਹੋਰ ਕੋਈ ਓਥੇ ਛਾਬੜੀ ਵਾਲਾ ਨਹੀਂ, ਹੱਟੀ ਵਾਲਾ ਨਹੀਂ, ਖਰਚ ਚੋਂਦੇ ਛੱਪਰ ਤੇ ਰੱਖਣਾ ਹੈ?

ਪੁਡਗੂ–ਇਸ ਮਿਤ੍ਰਾਈ ਦੇ ਸਦਕੇ! ਜੇ ਕਦੀ ਇਹ ਅਕਲ ਕੈਸ ਨੂੰ ਹੁੰਦੀ ਤਾਂ ਮਜਨੂੰ ਨਾ (ਸੈਦਾਈ) ਹੁੰਦਾ, ਨਾ ਜੰਗਲ ਦੇ ਕੰਡਿਆਂ ਵਿਚ ਖ਼ਰਾਬ ਹੀ ਹੁੰਦਾ ਤੇ ਇਸੇ ਆਪ ਵਾਲੀ ਅਕਲ ਦੀ ਕੋਤਾਹੀ ਤੇ ਸੰਸਾਰ ਨੇ ਉਸਦਾ ਨਾਉਂ ਮਜਨੂੰ (ਸੈਦਾਈ) ਰੱਖ ਦਿੱਤਾ। ਸ਼ਾਬਾਸ਼!

ਉਡਗੂ–ਅੱਜ ਤਾਂ ਚੰਗੀ ਗਿਆਨ ਦੀ ਪੋਥੀ ਖੋਲ੍ਹੀ ਹੈ ਇਸਦੇ ਤਾਂਧਜਾ ਉਵੀ ਵਡੇਵਡੇ ਨਿਕਲੇ।

ਤੀਜਾ–ਧਿਆਉ ਕਾਹਦੇ ਨਿਕਲੇ ਪੁਰਾਣ ਹੀ ਨਿਕਲੇ।

ਦੂਜਾ–ਹੁਣ ਤਾਂ ਸ਼ਾਮੂ ਦੀ ਕੈਦ ਵੀ ਥੋੜ੍ਹੀ ਰਹਿ ਗਈ ਹੋਊ, ਅੱਧੀ ਤਾਂ ਅਪੀਲ ਵਿਚ ਘਟ ਗਈ ਸੀ ਨਾ?

ਪਹਿਲਾ–ਮੇਰੀ ਗੱਲ ਵਿੱਚੇ ਹੀ ਰਹੀ ਕਿਸੇ ਭੀ ਉੱਤਰ ਨਾ ਦਿੱਤਾ, ਭਈ ਮੋਹਣੀ ਦਾ ਕੀ ਹਾਲ ਹੈ; ਕਿੱਥੇ ਹੈ?

ਚੌਥਾ–ਬਈ ਵਾਹ, ਓਹ ਜਿਹੜੀ ਮਰਦਾਵੇਂ ਕੱਪੜੇ ਪਾਕੇ ਸਜਾਵਟ ਨਿਕਲੀ ਸੀ, ਭਈ ਕੀ ਕਹਿਣਾ ਹੈ! ਓਇ ਹਨੇਰ ਦੀ ਗੱਲ ਉਹਦੇ ਪਿਉ, ਖਸਮ ਸਨਬੰਧੀ ਕਿਸੇ ਨੇ ਵੀ ਨਾ ਪਛਾਤਾ! ਕਿਹਾ ਉਸਦਾ ਮਰਦਾਵਾਂ ਚਿਹਰਾ ਸਜਿਆਸੀ।

ਪਡਗੂ–ਲਾਨ੍ਹਤ ਹੈ ਤੁਹਾਡੀ ਇਸ ਕਰਤੂਤ ਨੂੰ! ਓਸ ਸ਼ਾਮੂ ਅਨਭੋਲ ਚਿੜੀ ਨੂੰ ਚਾਟੇ ਲਾ, ਅਤੇ ਵਿਚਾਰੀ ਬੇਖਬਰ ਬੇਸਮਝ ਮੋਹਣੀ ਦੀ ਮਿੱਟੀ ਖਰਾਬ ਕਰ, ਸਾਰੇ ਜਹਾਨ ਵਿਚ ਕਲੰਕ ਲਾਕੇ ਜਿਹਲ ਦੀ ਸੈਲ ਤਕ ਪੁਚਾਇਆ। ਓਸ ਵੇਲੇ ਤਾਂ ਖਾਣ ਪੀਣ ਲਈ ਸਭੇ ਇਕ ਥਾਲ ਵਿਚ ਖਾਂਦੇ ਸੀ, ਜਦ ਸਿਰ ਆ ਬਣੀ ਤਾਂ ਇਕੋ ਦੇ ਗਲ ਫਾਹੀ ਪਈ। ਆਪ ਤਾਂ ਕੰਡਣੀ ਖਾਧੀ, ਬੁਲਾਰ ਬਣੇਰੇ ਵਾਕਰ ਨਾ ਤੇਰੇ ਨਾ ਮੇਰੇ, ਝੱਟ ਉੱਡ ਗਏ। ਛੁਰੀ ਹੇਠ ਜਾਣ ਲਈ ਵਿਚਾਰਾ ਅਣਭੋਲ ਸ਼ਾਮੂ ਰਹਿ ਗਿਆ। ਸੱਜਣ ਹੋਣ ਤਾਂ ਤੁਹਾਡੇ ਜਿਹੇ ਜਿਨ੍ਹਾਂ ਦੇ ਹੁੰਦਿਆਂ ਕਿਸੇ ਦੁਸ਼ਮਨ ਵੈਰੀ ਦੀ ਲੋੜ ਨਹੀਂ ਪੈਂਦੀ। ਆਪ ਜੈਸੇ ਸੱਤਿਆਵਾਨਾ ਦੇ ਆਸਰੇ ਤੇ ਹੀ ਜ਼ਿਮੀਨ ਅਸਮਾਨ ਬਿਨਾ ਥੰਮ੍ਹਾਂ ਦੇ ਖੜਾ ਹੈ।

ਇਹ ਗੱਲਾਂ ਤਾਂ ਹੋ ਹੀ ਰਹੀਆਂ ਸਨ ਕਿ ਬਖਸ਼ੀ ਹੋਰੀਂ ਨਾ ਆ ਗਏ। ਸਭਨਾਂ ਉੱਠਕੇ ਖਾਤਰ ਨਾਲ ਬਿਠਾਇਆ, ਮੁੱਖਸਾਂਦ ਪੁੱਛੀ, ਫਿਰ ਗੱਲ ਬਾਤ ਅਰੰਭ ਹੋ ਗਈ।

ਬਖਸ਼ੀ–ਇਹ ਕੀ ਰਾਮ ਕਹਾਣਾ ਹੈ?

ਉਡਗੂ–ਕੁਝ ਨਹੀਂ, ਐਵੇਂ ਸ਼ਾਮੂ ਦਾ ਜ਼ਿਕਰ ਛਿੜ ਪਿਆ ਸੀ।

ਪੁਡਗੂ–ਜ਼ਿਕਰ ਕਾਹਦਾ ਜੀ, ਮਹਾਭਾਰਥ!

ਤੀਜਾ–ਨਹੀਂ ਜੀ ਇਹ ਗੱਲ ਪਈ ਹੁੰਦੀ ਸੀ ਕਿ ਮੋਹਣੀ ਦਾ ਕੁਝ ਪਤਾ ਹੀ ਨਹੀਂ ਕਿੱਥੇ ਹੈ? ਏਥੇ ਹੈ ਯਾ ਬਾਹਰ ਕਿਤੇ ਚਲੀ ਗਈ ਹੈ?

ਦੂਜਾ–ਉਡਗੂ ਕਹਿੰਦਾ ਹੈ ਅੰਦਰ ਘਰ ਦੇ ਕੈਦ ਕੀਤੀ ਹੋਈ ਹੈ।

ਉਡਗੂ–ਮੈਂ ਕੋਈ ਨਹੀਂ ਕਹਿੰਦਾ, ਐਵੇਂ ਉਡਦੀ ਜੇਹੀ ਅਵਾਈ ਸੁਣੀ ਹੈ।

ਬਖਸ਼ੀ–ਮੈਥੋਂ ਸਾਰਾ ਹਾਲ ਸੁਣ ਲਓ।

ਉਡਗੂ–ਵੇਖਾਂ ਗੱਲ ਦਾ ਸੁਆਦ ਹੋਇਆ

Digitized by Panjab Digital Library | www.panjabdigilib.org

ਨਾ, ਫਿਰ ਸੁਣਾਓ !

ਬਖਸ਼ੀ—ਮੋਹਣੀ ਹੁਣ ਮੋਹਣੀ ਨਹੀਂ ਰਹੀ, ਹੁਣ ਓਹ ਦੇਵੀ ਬਣਨ ਲਈ ਹਿੰਮਤ ਕਰ ਰਹੀ ਹੈ। ਅਸਾਂ ਉਸਦੇ ਗੁਆਂਢੀ ਕੋਲੋਂ ਪਤਾ ਕੱਢਿਆ ਹੈ ਭਈ ਓਹ ਸਾਰਾ ਦਿਨ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੀ ਰਹਿੰਦੀ ਹੈ, ਜਾਂ ਅੰਦਰੇ ਏਕਾਂਤ ਬੈਠੀ ਰਹਿੰਦੀ ਹੈ।ਗਲੀ ਮਹੱਲੇ ਬਜ਼ਾਰ ਕਿਤੇ ਨਹੀਂ ਨਿਕਲਦੀ। ਨਾ ਕਿਸੇ ਨੂੰ ਮਿਲਦੀ ਹੈ, ਆਪਣੇ ਅਨਭੋਲ ਕਲੰਕ ਨੂੰ ਧੋਣ ਲਈ ਅਪਣੀਆਂ ਅੱਖਾਂ ਵਿਚੋਂ ਪਾਣੀ ਬਹੁਤ ਕੱਢਦੀ ਰਹਿੰਦੀ ਹੈ। ਮਾਪੇ ਉਸਨੂੰ ਬਹੁਤ ਹੀ ਦਿਲਾਸੇ ਵਿਚ ਰੱਖਦੇ ਹਨ।

ਪੁਡਗੂ—ਕਿਉਂਭਈ ਸੁਵਾਲਦੇਣ ਵਾਲਿਓ ਕਾਨੂਨ ਦੇ ਪੁਤਲਿਓ! ਜੇ ਕਿਤੇ ਸੱਚ ਮੁਚ ਦਰਖਾਸਤ ਦਾਗ਼ ਹੀ ਦਿੰਦਿਓ ਤਾਂ ਕੋਹੀ ਕੁ ਮੂੰਹ ਦੀ ਖਾਂਦਿਓ। ਸੱਚ ਹੈ ਬਖਸ਼ੀ ਸਾਹਿਬ! ਓਹ ਤੀਵੀਂ ਨਹੀਂ ਸੀ,ਦੇਵੀ ਸੀ, ਪਰ ਇਹੋ ਜਿਹੇ ਰਾਖਸ਼ਾਂ ਦੇ ਵੱਸ ਪਈ ਹੋਈ ਗਾਂਜੇ ਦੀ ਮਜੂਨ ਖਾਕੇ ਉੱਲੂ ਸਾਹਿਬ ਦੀ ਨਾਨੀ ਭਾਵੇਂ ਦਾਦੀ ਬਣ ਗਈ ਸੀ। ਜੋ ਤੁਸਾਂ ਨਾਚ ਨਚਾਇਆ ਸੋਈਓ ਜੀ ਭਿਆਣੀ ਬੇਖਬਰੀ ਵਿਚ ਤਾਲ ਪੂਰਾ ਕਰ ਗਈ। ਪਤ ਹੁਣ ਆਪਦੇ ਕਹਿਣੇ ਤੇ ਪ੍ਰਤੀਤ ਹੋਇਆ ਕਿ ਉਸਦੇ ਸਿਰ ਤੋਂ ਮਜੂਨ ਅਤੇ ਬੇਖਬਰੀ ਦਾ ਭੂਤ ਉੱਤਰ ਗਿਆਹੈ,ਓਹ ਫਿਰ ਆਪਣੇ ਦੇਵੀਦੇ ਸਰੂਪ ਵਿਚ ਆ ਰਹੀਹੈ।

ਬਖਸ਼ੀ(ਇਕ ਠੰਢਾਤੇਲੰਮਾ ਸਾਹ ਭਰਕੇ)-ਇਸ ਦੇਵੀ ਪੁਣੇ ਦਾ ਭਾਗ ਮਾਪਿਆਂ ਨੂੰ ਹੋਊ ਸਾਨੂੰ ਤਾਂ ਨਹੀਂ। ਸਾਡੀ ਮਜਲਸ ਦੀ ਰੌਣਕ ਤਾਂ ਹੁੰਦੀ ਜੇ ਘਰ ਬਾਰ ਛੱਡ ਛਡਾ ਕੇ ਨਿਸ਼ੰਗ ਹੋ ਬਾਹਰ ਨਿਕਲ ਆਉਂਦੀ।

ਪੁਡਗੂ—ਵਾਹ ਬਖਸ਼ੀ ਜੀ ! ਚੰਗੀ ਉਜਾੜ ਖੋਹੀ ਜੇ!ਜੇ ਕਿਤੇ ਰੱਬ ਨੇੜੇ ਹੋਕੇ ਸੁਣਦਾ ਅਤੇ ਮੰਨਦਾ ਵੀ ਹੋਵੇ ਤਾਂ ਬੱਸ ਸੰਸਾਰ ਵੱਸ ਚੁਕਾ, ਪਰ ਓਹ ਬਿਅੰਤ ਖਬਰ ਨਹੀਂ ਕਿਹੜੇ ਅਸਮਾਨ ਤੇ ਰਹਿੰਦਾ ਹੈ, ਓਥੋਂ ਤਕ ਆਪ ਜੈਸੇ ਖੋਹੀ ਮਹਾਤਮਾ ਦੀਆਂ ਫਰਿਆਦਾਂ ਪਹੁੰਚਦੀਆਂ ਵੀ ਹਨ ਕਿ ਨਹੀਂ ?

ਉਡਗੂ—ਚਲੋ ਖਾਂ ਅੱਜ ਨਹਿਰ ਤੇ ਸੈਰ ਕਰਨ ਚੱਲੀਏ।

ਪਹਿਲਾ—ਚਲੋ ਉੱਠੋ।

ਚੌਥਾ—ਗੰਗਾ ਜਲ ਤਾਂ ਹੈਗਾ ਹੈ ਪਰ ਕੁਝ ਨੁਕਲ ਲੈ ਲਓ।

ਦੂਜਾ—ਜ਼ਰੂਰ, ਬਲਕੇ ਜ਼ਾਜ਼ਰੂਰ।

ਤੀਜਾ (ਉੱਠਕੇ ਖੜਾ ਹੋਕੇ)—ਜਿਹੜਾ ਨਾ ਚੱਲੇ ਉਸਦੀ ਐਸੀ ਤੈਸੀ।

—o—

ਪ੍ਰਕਰਣ ੫.

ਘਰਦੁਖ ਦਰ ਦੁਖ ਬਾਰਦੁਖ ਪਰਦੁਖ ਦੁਖੀ ਸਦੀਵ।
ਹੇ ਈਸ਼ਰ ਤੂੰ ਕਰ ਕ੍ਰਿਪਾ ਜਿਹ ਬਿਧ ਹੋਇ ਸੁਖ ਜੀਵ।

ਸਿਆਲੇ ਦੀ ਬਹਾਰ ਹੈ ਸੀਤ ਆਪਣੇ ਜੋਬਨ ਤੇ ਆਇਆ ਹੋਇਆ ਹੈ। ਠੰਢੀ ਠੰਢੀ ਪੌਣ ਦੇ ਨਾਲ ਮਿਲਕੇ ਸਾਰੇ ਖਿੱਲਰਿਆ ਹੋਇਆ ਆਪਣੀ ਬਹਾਦਰੀ ਦਾ ਡੰਕਾ ਬਜਾ ਰਿਹਾ ਹੈ। ਜਿਸ ਚੀਜ਼ ਨੂੰ ਦੇਖੋ ਠੰਢੀ ਠਾਰ ਹੈ, ਹੱਥ ਲਾਓ ਤਾਂ ਅੱਗੋਂ ਸਿਆਲ ਡੰਗਮਾਰਦਾਹੈ। ਪਾਲਾ ਪਿੰਜਰ ਕੁੜਕਾ ਰਿਹਾ ਹੈ। ਗਰੀਬ ਗੁਰਬਾ ਸਭ ਠਿਠਰਾ ਰਿਹਾ ਹੈ। ਕਿਤੇ ਢਾਢੀਆਂ ਬਲ ਰਹੀਆਂ ਹਨ, ਕਿਤੇ ਅੰਗੀਠੀਆਂ ਦਮਕ ਰਹੀਆਂ ਹਨ। ਕਿਤੇ ਲੋਫ ਨਿਹਾਲੀ ਲੋਈ ਆਦਕ ਨਿੱਘੇ ਕੱਪੜਿਆਂ ਵਿਚ ਲੋਕੀਂ ਦਬਕ ਰਹੇ ਹਨ। ਨੱਕ ਐਵੇਂ ਠਰਦਾ ਜਾਂਦਾ ਹੈ, ਕੱਜਿਆ ਰਹਿੰਦਾ ਨਹੀਂ, ਬਿਸ਼ਰਮੀ ਦੇ ਤਾਣ ਸਿਆਲਾ ਕੱਟਦਾ ਤਾਂ ਹੈ, ਪਰ ਮਾਰੇ

Digitized by Panjab Digital Library | www.panjabdigilib.org

ਠੰਢੀ ਵਾ ਦੇ ਝੋਂਕਿਆਂ ਦੇ ਮਾਨੋਂ ਸੜ ਕੁੜੁਕੇ ਆਪਣੇ ਦਿਲ ਦਾ ਗੁਬਾਰ ਧੂੰਆਂ ਬਣਾ ਕੇ ਕੱਢੀ ਜਾ ਰਿਹਾ ਹੈ। ਹੱਥਾਂ ਪੈਰਾਂ ਦੀ ਤਾਂ ਠੰਢ ਨੇ ਉਹ ਦੁਰਗਤ ਬਣਾਈ ਹੈ ਕਿ ਕਹਿਣ ਸੁਣਨ ਤੋਂ ਬਾਹਰ। ਬਿਆਈਆਂ ਫੁਟ ਗਈਆਂ ਹਨ, ਜਿਉਂ ਜਿਉਂ ਸਰਦੀ ਲਗਦੀ ਹੈ ਤਿਵੇਂ ਤਿਵੇਂ ਦਰਦ ਤੇ ਚੀਸਾਂ ਦੀਆਂ ਲਹਿਰਾਂ ਕਹਿਰ ਤੇ ਚੜ੍ਹਦੀਆਂ ਹਨ। ਕੁਦਰਤ ਕਰਤਾਰ ਦੀ ਇਸ ਸਿਆਲੇ ਦੀ ਜੁਵਾਨੀ ਨੂੰ ਜੋਬਨ ਚੜ੍ਹਾਉਣ ਲਈ ਬੱਦਲ ਆਗਏ, ਬੂੰਦਾ ਬਾਂਦੀ ਹੋਕੇ ਖਾਸੀ ਝੜੀ ਲਗ ਪਈ, ਪੱਛਮੋਤ੍ਰੀ ਪੌਣ ਨਾਲ ਰਲ ਪਈ, ਇਸ ਨੇ ਤਾਂ ਓਹ ਗੱਲ ਕੀਤੀ ਜੀਕਰ 'ਕੌੜਾ ਕਰੇਲਾ ਪਰ ਹੋਵੇ ਅਧਰਿੱੜਿਆ' ਕਹਾਵਤ ਹੈ। 'ਅੱਗੇ ਨਾਨੀ ਨੱਚਣੀ ਉਤੋਂ ਢੋਲਾਂ ਦੀ ਕੜਕੁੱਟ' ਵਾਲੀ ਗੱਲ ਆਬਣੀ। ਇਸ ਵੇਲੇ ਤਾਂ ਚਿੜੀ ਜਨਾਵਰ ਵੀ ਆਪੋ ਆਪਣੇ ਆਲ੍ਹਣੇ ਢੂੰਡਕੇ ਦਬਕ ਰਹੇ ਹਨ। ਪਸ਼ੂ ਭੀ ਖੜੋਤੇ ਕੰਬ ਰਹੇ ਹਨ, ਇੰਝ ਤਾਂ ਕਿ ਪ੍ਰਿਥਵੀ ਪਣਪਾਣੀ ਤੇ ਅਕਾਸ਼ ਆਦਿਕ ਤੱਤ ਵੀ ਇਸ ਸਿਆਲੇ ਦੇ ਪ੍ਰਤਾਪ ਹੇਠ ਦੱਬੇ ਹੋਏ ਠੰਢੇ ਠਾਰ ਹੋਏ ਪਏ ਹਨ। ਅਗਨੀ ਵੀ ਅਪਣੇ ਤੇਜ ਤੋਂ ਰਹਿਤ ਹੋਈ ਸੀਤ ਮਹਾਰਾਜ ਦੀ ਅਧੀਨਤਾ ਵਿਚ ਵਿਗਾਰ ਕੱਟ ਰਹੀ ਹੈ। ਬ੍ਰਿੱਛਾਂ ਦੇ ਪੱਤੇ ਝੜ ਝੜ ਕੇ ਨਿਰਵਾਸ ਪੁਰਖਾਂ ਦੀ ਤਰ੍ਹਾਂ ਬਨਾਂ ਬਾਗਾਂ ਵਿਚ ਤਪ ਕਰ ਰਹੇ ਹਨ। ਛਿੱਲ ਸੁਕੜਦੀ ਜਾਂਦੀ ਹੈ, ਸਿਰੇ ਝੁਲਸਦੇ ਜਾਂਦੇ ਹਨ। ਬੇਬਸ ਬੇਜ਼ੁਬਾਨ ਵਿਚਾਰੇ ਜੜ੍ਹ ਹੋਏ ਖੜੇ ਠਰ ਰਹੇ ਹਨ। ਮੱਖੀ ਅਤੇ ਮੱਛਰ ਨਹੀਂ ਮਾਲੂਮ ਭੁੜਾਂ ਨੂੰ ਨਾਲ ਲੈਕੇ ਕਿੱਥੇ ਡੇਰਿਆਂਨੂੰ ਢੂੰਡਣ ਚਲੇ ਗਏ ਹਨ, ਜਿਨ੍ਹਾਂ ਦੀ ਕਿਤੇ ਉਘ ਸੋਹਰ ਹੀ ਨਹੀਂ ਨਿਕਲਦੀ। ਬਾਲਕ ਇਸ ਸਰਦੀ ਤੋਂ ਡਰਦੇ ਮਾਵਾਂ ਦੀਆਂ ਗੋਦੀਆਂ ਤੋਂ ਨਹੀਂ ਨਿੱਖੜਦੇ।

ਕਾਰਵਿਹਾਰ ਸੰਸਾਰੀ ਜੀਵਾਂ ਦੇ ਬਹੁਤ ਹੀ ਘਟ ਗਏ। ਪਹਿਲੇ ਤਾਂ ਦਿਨ ਹੀ ਜ਼ਾਲਮ ਦੀ ਉਮਰ ਵਾਕਰ ਪਾਪਾਂਕਰਕੇ ਦਿਨੋ ਦਿਨ ਘਟਦੇ ਹੀ ਚਲੇ ਜਾਂਦੇ ਹਨ, ਪਰ ਰਾਤਾਂ ਦੁੱਖ ਅਪਦਾ ਦੀਆਂ ਕਾਲੀਆਂ ਰਾਤਾਂ ਵਾਕਰ ਪਹਾੜਾਂ ਜੇਡੀਆਂ ਲੰਮੀਆਂ, ਬਿਖੜੀਆਂ ਅਤੇ ਨਿਕੰਮੀਆਂ ਸਿਆਲ ਰੂਪੀ ਬ੍ਰਿੱਛ ਦਾ ਆਸਰਾ ਪਾਕੇ ਵੇਲਾਂ ਵਾਕਰ ਵਧ ਗਈਆਂ ਹਨ। ਕਈ ਦਿਨਾਂ ਤੋਂ ਸੂਰਜ ਭਗਵਾਨ ਦੇ ਦਰਸ਼ਨ ਹੀ ਨਹੀਂ ਹੁੰਦੇ। ਮਾਨੋਂ ਬੱਦਲਾਂ ਦੇ ਲੇਫ ਲੈਕੇ ਨਿੱਘੇ ਹੋਣ ਲਈ ਕਿਤੇ ਦੂਰੇਡੀ ਥਾਂ ਤੇ ਜਾ ਲੁਕੇ ਹਨ, ਅਥਵਾ ਸੀਤ ਰੁੱਤ ਦੇ ਪ੍ਰਤਾਪ ਅੱਗੇ ਮੂੰਹ ਦੇਣ ਜੋਗੇ ਨਹੀਂ ਰਹੇ। ਵਿਚਾਰਾ ਸੂਰਜ ਗ੍ਰੀਖਮ ਰੁੱਤ ਵਾਲੀ ਆਪਣੀ ਕਰਤੂਤ ਤੋਂ ਭੈਭੀਤ ਹੋਇਆ ਡਰਦਾ ਤੇ ਕੰਬਦਾ, ਵਡੇ ਵਡੇ ਕਾਲੇ ਅਤੇ ਮੋਟੇ ਬੱਦਲਾਂ ਦੇ ਓਹਲੇ ਦਿਨ ਕੱਟਣ ਦੀ ਕਰਦਾ ਫਿਰਦਾ ਹੈ। ਜੇ ਕਿਤੇ ਮੂੰਹ ਖੋਲ੍ਹਕੇ ਝਾਤ ਕੀਤੀ ਵੀ ਤਾਂ ਝੱਟ ਪੱਟ ਮਾਰ ਡਰ ਦੇ, ਫਿਰ ਮੂੰਹ ਵਲ੍ਹੁਟ ਕੇ ਲੁਕ ਗਿਆ। ਇਜੇਹੇ ਅਨੋਖੇ ਤੇ ਸੀਤ ਦੇ ਚੋਖੇ ਦਿਨਾਂ ਵਿਚ ਇਕ ਨੀਵੇਂ ਜਿਹੇ ਕੋਠੇ ਤੇ ਤਿੰਨ ਜਣੀਆਂ ਸੂਰਜ ਦੀ ਸੇਧ ਰੱਖ ਕੇ ਧੁੱਪ ਸੇਕਣ ਦੀ ਆਸ ਤੇ ਬੈਠੀਆਂ ਠੁਰ ਠੁਰ ਕਰ ਰਹੀਆਂ ਹਨ ਤੇ ਕੁਝ ਕੁਝ ਗੱਲਾਂ ਵੀ ਕਰ ਰਹੀਆਂ ਹਨ।

ਇਕ ਜਣੀ—ਕਿਉਂ ਭੈਣ! ਹੁਣ ਤਾਂ ਜੁਗਡੇ ਬੀਤ ਗਏ ਪਰ ਤੇਰੀ ਹੰਝ ਨਾ ਸੁੱਕੀ, ਤੈਂ ਧੀਰਜ ਨਾ ਕੀਤਾ, ਤੇਰਾ ਰੰਗ ਨਾ ਪਰਤਿਆ, ਤੈਂ ਰੱਜ ਕੇ ਰੋਟੀ ਨਾ ਖਾਧੀ, ਤੂੰ ਕੱਪੜੇ ਨਾ ਵਟਾਏ, ਤੂੰ ਕਦੀ ਸੁਚੇਤ ਹੋਕੇ ਨਾ ਬੈਠੀ, ਇੱਕੁਰ ਤੇਰੀ ਉਮਰ ਕੀਕਰਬੀਤੇਗੀ? ਬਥੇਰਾ ਮੱਥਾ ਮਾਰਿਆ ਪਰ ਤੂੰ ਨਾ ਸਮਝੀ, ਭਈ ਇਹ ਦਿਨਾਂ ਦਾ ਫੇਰ ਹੈ ਦਿਨ ਪਿੱਛੇ ਰਾਤ ਅਤੇ ਇਕੁਰ ਹੀ ਰਾਤ ਪਿਛੇ ਦਿਨ, ਸੁੱਖ ਪਿਛੇ ਦੁੱਖ ਅਤੇ ਦੁੱਖ ਪਿਛੇ

Digitized by Panjab Digital Library | www.panjabdigilib.org

ਸੁੱਖ, ਏਵੇਂ ਹੀ ਅਪਦਾ ਪਿਛੇ ਸੰਪਦਾ ਅਤੇ ਸੰਪਦਾ ਪਿਛੇ ਅਪਦਾ ਆਪ ਤੋਂ ਆਪ ਅਣ-ਪੁੱਛੇ ਤੇ ਅਣਸੱਦੇ ਰੋੜ ਖਾਂਦੇ ਚਲੇ ਆਉਂਦੇ ਹਨ। ਕੋਈ ਰੋਇਆਂ ਧੋਇਆਂ ਘਟ ਨਹੀਂ ਜਾਂਦੇ ਤੇ ਹੱਸਿਆਂ ਖੇਡਿਆਂ ਵਧ ਨਹੀਂ ਜਾਂਦੇ। ਫਿਰ ਐਵੇਂ ਆਪਣੇ ਆਪ ਨੂੰ ਕਲੇਸ਼ ਵਿਚ ਪਾਈ ਰੱਖਣਾ ਕੀ ਗੱਲ ਹੋਈ। ਹੋਣ ਵਾਲੀ ਗੱਲ ਹੋ ਬੀਤੀ, ਜੁੱਗੜੇ ਗੁਜ਼ਰ ਗਏ, ਸੁਪਨਾ ਹੋ ਗਈ, ਹੁਣ ਕੀ ਰੋ ਰੋ ਕੇ ਸੱਜਰੀ ਕਰੀ ਜਾਣੀ ਹੋਈ। ਕਈ ਵਾਰੀ ਸਮਝਾਇਆ ਬੁਝਾਇਆ ਪਰ ਤੇਰੇ ਪੱਥਰ ਜੀ ਤੇ ਕੋਈ ਅਸਰ ਨਾ ਹੋਇਆ ਪਰ ਨਾ ਹੋਇਆ। ਭਲਾ ਦੱਸ ਤਾਂ ਸਹੀ ਕਦ ਤਕ ਇੱਕ੍ਰ ਕਰੀ ਜਾਏਂਗੀ?ਕੋਈ ਦਿਨਾਂ ਦੀ ਮੋਹਤ ਤਾਂ ਦੱਸ?

ਮੋਹਣੀ—ਭੈਣਜੀ! ਮੇਰੇ ਦੁੱਖ ਅਤੇ ਸੁਖ ਇਸ ਵੇਲੇ ਦੋਵੇਂ ਬਰਾਬਰ ਹਨ, ਮੈਂ ਕਿਸੇ ਦੇ ਮੱਥੇ ਲੱਗਦੀ ਨਹੀਂ, ਕੋਈ ਗੱਲ ਬਾਤ ਕਿਸੇ ਨਾਲ ਹੁੰਦੀ ਨਹੀਂ, ਕੋਈ ਮੈਨੂੰ ਕੁਝ ਕਹਿੰਦਾ ਨਹੀਂ, ਮੈਂ ਕਿਸੇ ਦੀ ਸੁਣਦੀ ਨਹੀਂ, ਇਸ ਲਈ ਅਪਣੇ ਆਪ ਵਿਚ ਜੇਹੀ ਹਾਂ ਸੋ ਹਾਂ। ਇਸ਼ਨਾਨ ਪਾਣੀ, ਨਿੱਤ ਨੇਮ, ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੀ ਹੀ ਰਹਿਨੀ ਹਾਂ, ਫਿਰ ਮੈਨੂੰ ਹੋਰ ਕਿਸੇ ਦੀ ਕੀ, ਲਿੱਸੀ ਪਤਲੀ ਤੇ ਬਦਰੰਗ ਸੁੱਕ ਸੜਕੇ ਭਾਵੇਂ ਕਿੰਨੀ ਹੀ ਹੋਜਾਵਾਂ ਪਰ ਮੌਤ ਮੇਰੇ ਨੇੜੇ ਕਿਤੇ ਬਾਰਾਂ ਬਾਰਾਂ ਕੋਹ ਨਹੀਂ ਫਟਕਦੀ। ਕਪੜਾ ਬਦਲਾਉਣਾ ਤੇ ਨਿਖਰਨਾ ਮੈਨੂੰ ਕੋਈ ਲੋੜ ਨਹੀਂ। ਤੂੰ ਆਪ ਹੀ ਸੋਚ ਲੈ, ਬਾਹਰ ਤਾਂ ਕਿਤੇ ਜਾਣਾ ਨਾ ਆਉਣਾ, ਫਰ ਕੀ ਬਣ ਬਣ ਪੈਣਾ ਹੋਇਆ। ਮੈਨੂੰ ਹੁਣ ਓਹ ਘਬਰਾ ਨਹੀਂ ਪੈਂਦੇ, ਡੋਬ ਨਹੀਂ ਪੈਂਦੇ, ਰੋਟੀ ਖਾਨੀ ਹਾਂ, ਪਾਣੀ ਪੀਨੀ ਹਾਂ, ਭਜਨ ਕਰਨੀ ਹਾਂ, ਦਿਨ ਬੀਤ ਰਹੇ ਹਨ, ਕਦੀ ਮੁੱਕ ਰਹਿਣਗੇ।

ਮੈਨਾ—ਬੱਸ ਭੈਣਜੀ ਮੈਂ ਏਹੋ ਚਾਹੁਨੀ ਹਾਂ ਕਿ ਤੇਰੇ ਪਰਮੇਸ਼ਰ ਦੁਖੜੇ ਕੱਟੇ, ਤੇਰੇ ਦਿਨ ਫਿਰਨ, ਤੂੰ ਫਿਰ ਓਸੇ ਜੋਬਨ ਵਿਚ ਭਰੀ ਹੋਈ ਏਹਨਾਂ ਗਲੀਆਂ ਵਿਚ ਦੌਂ ਦੌਂ ਕਰਦੀ ਫਿਰਦੀ ਤੁਰਦੀ ਨਜ਼ਰੀ ਆਵੇਂ। ਦਿਕੁਰ ਹੀ ਦਿਨਾਂ ਦੇ ਫੇਰ ਪਿਆਂ ਠਹਿਰਦਾ ਠਹਿਰਦਾ ਜੀ ਆਪੇ ਠਹਿਰ ਜਾਏਗਾ, ਭੁਲਦਾ ਭੁਲਦਾ ਦੁੱਖ ਭੁੱਲ ਜਾਏਗਾ ਭਜਨ ਵਿਚ ਲਗਦਾ ਲਗਦਾ ਲਗ ਜਾਏਗਾ।

ਮੋਹਣੀ—ਇਹ ਸਾਰੀ ਕਿਰਪਾ ਤਾਈ ਜੀ ਦੀ ਹੈ ਜਿਨ੍ਹਾਂ ਦੀ ਸਿੱਖ ਮਤਿ ਨੇ ਐਨਾ ਕੁ ਸਹਾਰਾ ਅਤੇ ਸਮਝ ਬਖਸ਼ੀ ਹੈ।

ਮੈਨਾ—ਲੈ ਭੈਣ! ਮੈਂ ਤਾਂ ਜਾਨੀ ਹਾਂ, ਏਥੇ ਤਾਂ ਸੀਤ ਵਰਤੀ ਹੋਈ ਹੈ, ਪੁੱਪ ਦੀ ਆਸ ਤੇ ਆਈ ਸਾਂ, ਪਰ ਸੂਰਜ ਨੇ ਤਾਂ ਅੱਜ ਸਹੁੰ ਖਾਧੀ ਹੈ ਕਿ ਮੂੰਹ ਨਹੀਂ ਦਿਖਾਉਣਾ, ਕੋਠਾ ਸਿੱਲ੍ਹਾ ਹੈ, ਮੈਨੂੰ ਇਕ ਕੰਮ ਵੀ ਚੇਤੇ ਆਗਿਆ ਹੈ, ਲੈ ਰਾਮ ਸਤਿ-ਲੈ ਔਹ ਤਾਈ ਵੀ ਆ ਗਈ ਹੈ।

ਮੋਹਣੀ—ਰਾਮ ਸਤਿ ਭੈਣ ਜੀ—ਸਤਿਨਾਮ।

ਮੈਨਾ ਦੇ ਚਲੇਜਾਣ ਮਗਰੋਂ ਤਾਈ ਮੋਹਣੀ ਦੇ ਨਜ਼ਦੀਕ ਹੋ ਬੈਠੀ। ਤਾਈ ਬੜੀ ਗਹਿਰ ਗੰਭੀਰ ਜਨਾਨੀ ਸੀ। ਇਸਨੇ ਅਪਣੇ ਪਿਤਾ ਪਾਸੋਂ ਤਾਂ ਸਿਖੀ ਸਿਦਕ ਦੀਆਂ ਸਾਰੀਆਂ ਗੱਲਾਂ ਛੋਟੀ ਅਵਸਥਾ ਵਿਚ ਸਿਖ ਲੀਤੀਆਂ ਸਨ, ਪਰ ਤਾਈ ਦਾ ਨਾਨਾ ਅਪਣੀ ਬਾਲ ਪ੍ਰਸਥ ਅਵਸਥਾ ਵਿਚ ਹਠ ਯੋਗ ਦਾ ਅਭਿਆਸੀ ਬਣ ਗਿਆ ਸੀ। ਨਾਨੇ ਦੀਆਂ ਯੋਗ ਸਮਾਧੀਆਂ ਦਾ ਪ੍ਰਭਾਵ ਸਾਰੇ ਘਰ ਉਪਰ ਛਾਇਆ ਹੋਇਆ ਸੀ। ਚਾਹੇ ਇਸਦੇ ਰਹਿਣ ਦਾ ਥਾਉਂ ਘਰ ਦੀ ਇਕ ਨਿਵੇਕਲੀ ਨੁਕਰ ਵਿਚ ਸੀ ਪਰ ਘਰ ਦੀ ਡਿਉੜੀ ਵਿਚੋਂ ਇਸਨੂੰ ਮਿਲਨ ਗਿਲਨ ਵਾਲੇ ਜੋਗੀ ਜੰਗਮਾਂ ਦੀ ਆਵਾਜਾਈ ਬਹੁਤ ਹੋਣ ਕਰਕੇ ਸਾਰੇ ਬੱਚੇ

Digitized by Panjab Digital Library | www.panjabdigilib.org

ਏਹੋ ਗਲ ਸੁਣਦੇ ਰਹਿੰਦੇ ਤੇ ਕਿਸਮ ਕਿਸਮ ਦੇ ਆਸਣ ਲਗਾਉਂਦੇ ਰਹਿੰਦੇ। ਤਾਏ ਨੇ ਵੀ ਨਾਨਕੇ ਘਰੋਂ ਛੋਟੀ ਉਮਰ ਵਿਚ ਸੁੰਨ ਸਮਾਧ ਆਦਿਕ ਅਭਜਾਸ ਸਿੱਖੇ ਹੋਏ ਸਨ ਜੋ ਇਸਦੇ ਨਾਲ ਸਨ।

ਤਾਈ—ਕਿਉਂ ਬੱਚੀ! ਸੁਣਾ ਖਾਂ ਤੇਰੇ ਦਿਲ ਦਾ ਕੀ ਹਾਲ ਹੈ? ਮਨ ਠਹਿਰਿਆ ਹੈ ਕਿ ਨਹੀਂ? ਅਤੇ ਓਹ ਸੂਰਤਾਂ ਅੱਖਾਂ ਅਗੋਂ ਹਟਦੀਆਂ ਜਾਂਦੀਆਂ ਹਨ ਕਿ ਨਹੀਂ?

ਮੋਹਣੀ—ਤਾਈ ਜੀ! ਮੈਂ ਤੁਹਾਡੇ ਚਰਨਾਂ ਤੋਂ ਬਲਿਹਾਰ ਹਾਂ, ਜਿਵੇਂ ਜਿਵੇਂ ਤੁਸਾਂ ਬਚਨ ਕੀਤੇ ਭਾਵੇਂ ਮੇਰੀ ਸਮਝ ਵਿਚ ਨਹੀਂ ਸਨ ਆਉਂਦੇ, ਭਈ ਕੰਨਾਂ ਵਿਚ ਉਂਗਲਾਂ ਦਿੱਤਿਆਂ ਕੀ ਹੋਊ ਪਰ ਜਦ ਮੈਂ ਕੰਨ ਮੁੰਦ ਕੇ ਬੈਠੀ ਤਾਂ ਇਕ ਵਡੀ ਘਨਘੋਰ ਬੱਦਲਾਂ ਦੀ ਅਵਾਜ਼ ਵਰਗੀ ਨੇ ਘਬਰਾਇਆ। ਏਹੋ ਚਾਹੁੰਦੀ ਸਾਂ, ਕਿ ਕੰਨ ਖੋਲ੍ਹਦਿਆਂ, ਪਰ ਤੁਹਾਡਾ ਹੁਕਮ ਸੀ ਬੰਦ ਰੱਖੀ ਰੱਖਣੇ; ਜਦ ਕੋਈ ਅੱਧਾਕੁ ਘੰਟਾ ਬੀਤਿਆ ਤਾਂ ਓਹ ਅਵਾਜ਼ ਸਹਜੇ ਸਹਜੇ ਘਟ ਗਈ, ਫਿਰ ਅਵਾਜ਼ ਬਿੰਡੇ ਦੀ ਝੀਕ ਜੇਹੀ ਬੱਝ ਗਈ, ਬਹੁਤ ਦਿਨਾਂ ਤਕ ਓਹੋ ਬੱਝੀ ਰਹੀ, ਪਰ ਥੋੜ੍ਹੇ ਦਿਨਾਂ ਤੋਂ ਆਪ ਦੇ ਕਹਿਣੇ ਕਰਕੇ ਮੈਂ ਅੱਖਾਂ ਵੀ ਮੀਟਣ ਲਗ ਪਈ ਹਾਂ, ਤਦ ਤੋਂ ਮਨ ਵੀ ਸੁੰਨ ਜੇਹਾ ਹੋਣ ਲਗ ਪਿਆ ਹੈ ਨੀਂਦ ਤਾਂ ਨਹੀਂ, ਪਰ ਹੋਰ ਭਾਂਤ ਦੀ ਇਕ ਨੀਂਦਆਉਂਦੀ ਹੈ। ਪਰ ਏਥੇ ਇਕ ਹੋਰ ਗੱਲ ਆ ਬਣੀ ਹੈ, ਮੈਂ ਕੀ ਦੱਸਾਂ। ਹੋਰ ਤਾਂ ਜੇਹੜੀਆਂ ਸੂਰਤਾਂ ਮੇਰੀਆਂ ਅੱਖਾਂ ਅਗੋਂ ਕਿਸੇ ਵੇਲੇ ਵੀ ਨਹੀਂ ਸਨ ਹਟਦੀਆਂ ਓਹ ਤਾਂ ਹੁਣ ਕੋਈ ਨਹੀਂ, ਪਰ ਇਕ ਸੂਰਤ ਮੇਰੀਆਂ ਅੱਖਾਂ ਅਗੋਂ ਕਿਸੇ ਵੇਲੇ ਨਹੀਂ ਹਟਦੀ। ਮਨ ਸੁੰਨ ਹੋਣ ਵੇਲੇ ਵੀ ਓਸੇ ਦੇ ਝਲਕਾਰੇ ਪੈਂਦੇ ਰਹਿੰਦੇ ਹਨ, ਇਹ ਕੀ ਗਲ ਹੈ? ਸਮਝ ਵਿਚ ਕੁਝ ਨਹੀਂ ਆਉਂਦਾ।

ਤਾਈ—ਠੀਕ ਹੈ ਬੱਚੀ, ਇਹ ਮਨ ਵੱਡਾ ਦੁਸ਼ਟ ਹੈ, ਜਿਧਰ ਇਸਦਾ ਵਹਿਣ ਪੈ ਜਾਵੇ ਫਿਰ ਮੁੜਦਾ ਨਹੀਂ, ਤੁੜਿਆ ਹੀ ਜਾਂਦਾ ਹੈ, ਪਰ ਮੈਂ ਤੈਨੂੰ ਅਗੇ ਵੀ ਸਮਝਾਇਆ ਸੀ ਕਿ ਓਸ ਸ਼ਕਲ ਨੂੰ ਆਪਣੇ ਅਗੋਂ ਹਟਾਉਣ ਦੀ ਕੋਸ਼ਸ਼ ਕਰ।

ਮੋਹਣੀ—ਆਪ ਦੀ ਕਿਰਪਾ ਨੇ ਸਹਾਇਤਾ ਬਹੁਤ ਕੀਤੀ ਹੈ, ਰੁੜ੍ਹਦੀ ਜਾਂਦੀ ਨੂੰ ਬੰਨੇ ਲਾਉਣ ਦਾ ਆਸ਼ਾ ਦਿੱਤਾ ਹੈ, ਮੈਂ ਆਪ ਦੀ ਆਗ੍ਯਿਆ ਮੁਜਬ ਜਦ ਮਨ ਸੁੰਨ ਹੋਣ ਲਗਦਾ ਹੈ ਅਤੇ ਉਹ ਸੂਰਤ ਝਟਪਟ ਮੇਰੀਆਂ ਅੱਖਾਂ ਅੱਗੇ ਆ ਜਾਂਦੀ ਹੈ, ਤਾਂ ਮੈਂ ਓਸ ਵੇਲੇ ਬਹੁਤ ਕਰਕੇ ਆਪਣੀ ਵਲੋਂ ਘੁਸਾਉਨੀ ਹਾਂ, ਪਰ ਉਹ ਸ਼ਕਲ ਨਹੀਂ ਘੁਸਦੀ, ਕਿਉਂਕਿ ਉਹ ਸ਼ਕਲ ਮਨ ਨੂੰ ਬਹੁਤ ਹੀ ਭਾਉਂਦੀ ਹੈ। ਮਨ ਨਹੀਂ ਚਾਹੁੰਦਾ ਕਿ ਅੱਖਾਂ ਅਗੋਂ ਉਹਲੇ ਹੋਵੇ, ਪਰ ਆਪ ਦੇ ਹੁਕਮ ਕਰਕੇ ਮੈਂ ਓਸਦੇ ਹਟਾਉਣ ਲਈ ਜਤਨ ਕਰਨੀ ਹਾਂ, ਪਰ ਉਹ ਨਹੀਂ ਹਟਦੀ, ਸਗਮਾ ਇਸ ਜਤਨ ਕਰਨ ਵਿਚ ਜਿਹੜਾ ਕੁਝ ਮਨ ਸੁੰਨ ਹੁੰਦਾ ਮਲੂਮ ਹੁੰਦਾ ਹੈ ਉਹ ਭੀ ਵਿਗੜ ਜਾਂਦਾ ਹੈ। ਮਨ ਉਖੜ ਜਾਂਦਾ ਹੈ, ਨਾ ਸੁੰਨ ਰਹਿੰਦੀ ਹੈ ਨਾ ਸੂਰਤ ਰਹਿੰਦੀ ਹੈ।

ਤਾਈ—ਉਹ ਸੂਰਤ ਜਦ ਤਕ ਪਯਾਰੀ ਲਗਦੀ ਹੈ ਤਦ ਤਕ ਨਹੀਂ ਦੂਰ ਹੋ ਸਕਦੀ, ਪਰ ਮੈਂ ਕੁਝ ਜੁਗਤ ਦੱਸਨੀ ਹਾਂ। ਪਹਿਲੇ ਇਹ ਦੱਸ ਭਈ ਹੁਣ ਕੰਨ ਤਾਂ ਨਹੀਂ ਬੰਦ ਕਰਦੀ?

ਮੋਹਣੀ—ਜੀ ਨਹੀਂ ਹੁਣ ਤਾਂ ਐਵੇਂ ਅਵਾਜ਼ ਸੁਣੀਦੀ ਰਹਿੰਦੀ ਹੈ। ਬੈਠ ਵੀ ਚੰਗਾ ਚੋਖਾ ਥਿਰ ਸਕਨੀ ਹਾਂ। ਨਿਰੀ ਓਹੋ ਬਿਖੜੀ ਗਲ

Digitized by Panjab Digital Library | www.panjabdigilib.org

ਹੈ,ਆਪ ਕਹਿੰਦੇ ਹੋ ਹਟਾਓ,ਉਹ ਸੂਰਤ ਨਹੀਂ ਹਟਦੀ,ਹਟਾਉਣ ਵਿਚ ਸਗਮਾਂ ਦੁਖਹੁੰਦਾ ਹੈ।

ਤਾਈ–ਇਸ ਅਵਾਜ਼ ਵਿਚੋਂ ਕਈ ਵਾਜਿਆਂ ਦੀਆਂ ਸੁਤਾਂ ਨਿਕਲਣਗੀਆਂ ਪਰ ਜੇ ਨਿਰਾ ਧਿਆਨ ਵਾਜ ਵਲ ਹੀ ਲਾ ਛਡੇਂ ਤਾਂ ਸਹਿਜੇਸਹਿਜੇ ਸਮਝਵਿਚ ਆਉਣਗੀਆਂ ਪਰ ਜੇ ਕੋਈ ਮੁਦਤ ਇਸੇ ਪਾਸੇ ਲਗੀ ਰਹੇਂਗੀ ਤਾਂ ਧਿਆਨ ਵਿਚ ਕੋਈ ਅੰਦਰਲੇ ਪਦਾਰਥ ਤੈਨੂੰ ਦਿੱਸਣਗੇ, ਜਿਵੇਂ ਜਿਵੇਂ ਤੇਰਾ ਮਨ ਇਕਾਗ੍ਰਤਾ ਵਿਚ ਖੁਭਦਾ ਜਾਵੇਗਾ ਤਿਵੇਂ ਤਿਵੇਂ ਹੋਰ ਬਾਹਰ ਦੇ ਪਦਾਰਥ ਸੰਸਾਰ ਰਚਨਾ ਦੇ ਝਲਕਾਰਾ ਮਾਰਨ ਲਗ ਪੈਣਗੇ।ਪਰ ਤੇਰਾ ਕੰਮ ਏਹਨਾਂ ਝੂਠੀਆਂ ਖੇਡਾਂ ਦੇਖਣ ਨਾਲ ਕੋਈ ਸੰਬੰਧ ਨਹੀਂ ਹੋਵੇਗਾ, ਉਹ ਗੱਲ ਤੈਨੂੰ ਫੇਰ ਕਦੀ ਦੱਸਾਂਗੀ।

ਮੋਹਣੀ–ਤਾਈਜੀ! ਇਹਗੱਲ ਤਾਂ ਜਿੰਨੀਤੁਸਾਂ ਆਖੀਹੈ ਸਭੋਸੱਚਹੈ,ਮੈਨੂੰ ਸੁਰਾਂ ਕੀ ਗਤਾਂਵਾਕਰ ਸਾਚ੍ਹਾਂ ਦੀਆਂ ਅਵਾਚ੍ਹਾਂ ਸੁਣੀਦੀਆਂ ਹਨ, ਪਰ ਓਸ ਸੂਰਤ ਦੇ ਅਨੇਕਾਂ ਚਲਿਤ੍ਰ ਮੈਂਨੀਆਂ ਅੱਖਾਂ ਮੀਟੀਆਂ ਹੋਈਆਂ ਦੇਖਦੀਆਂ ਹਨ। ਇਕੇਰਾਂਉਸਨੂੰ ਭਾਂਡੇ ਚਿਤਰਦਿਆਂ ਡਿੱਠਾ ਹੈ। ਇਕੇਰਾਂਖੜੇਂਦਾ ਰੋਂਦਾਚੱਕੀਪੀਂਹਦਾਜਾਪਿਆ ਹੈ,ਇਕ ਜਗਹ ਤੇ,ਉਹ ਜਗਹ ਡਾਢੀ ਡਰਾਉਣੀ ਜੇਹੀ ਤੇ ਕਿਸੇ ਨੂੰ ਬੰਨ੍ਹਕੇ ਛੁਛਕਾਂ ਨਾਲ ਕੁੱਟ ਰਹੇ ਸਨ, ਉਹ ਸੂਰਤ ਡਾਢੀ ਸਹਿਮੀ ਹੋਈ ਇਕ ਪੱਕੀ ਕੰਧ ਨਾਲ ਲਗੀਹੋਈ ਬੈਠੀ ਦੇਖੀਹੈ.ਹੋਰ ਵੀ ਇਜੇਹੇ ਅਨੇਕਾਂ ਰੰਗ ਦਿਸਦੇ ਰਹਿੰਦੇ ਹਨ ਪਰ ਮੈ ਤਾਂ ਇਹ ਆਪਣੇ ਹੀ ਭਖਲਾ ਸਮਝਨੀ ਹਾਂ। ਇਕ ਰਾਤ ਸੁੱਤੀ ਪਈ ਹਨ੍ਹੇਰੇ ਵਿਚ ਅੱਖਾਂ ਮੀਟੀਆਂ ਨਾਲ ਦੀ ਛੱਤ ਦੀਆਂ ਸਾਰੀਆਂ ਕੜੀਆਂ ਡਿੱਠੀਆਂ ਤੇ ਗਿਣੀਆਂ,ਤਾਂ ਭੀ ਓਨੀਆਂ ਹੀ ਨਿਕਲੀਆਂ। ਇਹ ਕੀ ਗਲ ਹੈ ਮੇਰੀ ਤਾਂ ਕੁਝ ਵੀ ਸਮਝ ਵਿਚ ਨਹੀਂ ਆਉਂਦਾ।

ਤਾਈ–ਸੱਚ ਹੈ ਇਹ ਤੇਰੇ ਹੀ ਭਖਲਾ ਹਨ, ਪਰ ਇੰਨਾ ਤੂੰ ਆਪੇ ਸਮਝ ਲੈ ਭਈ ਜਿਹੜੀ ਸੂਤ ਤੇਰੀਆਂ ਅੱਖਾਂ ਅੱਗੇਂ ਨਹੀਂ ਹਟਦੀ ਤੇ ਪਜਾਰੀ ਵੀ ਲਗਦੀ ਹੈ ਓਸੇ ਦੇ ਕੰਮਾਂ ਕਾਜਾਂ, ਬੈਠਣ ਉਠਣ ਦੇ ਢੰਗਾਂ ਢਾਂਚਾਂ ਦਾ ਝਲਕਾਰਾ ਪੈਜਾਂਦਾ ਹੈ।ਇਜੇਹੀ ਗੱਲ ਜਦ ਕਦੀ ਕੋਈ ਦੇਖੇ ਤਾਂ ਕਿਸੇ ਅੱਗੇ ਪ੍ਰਗਟ ਨ ਕਰੇ,ਨਹੀਂਤਾਂਫੇਰ ਦਿੱਸਣੋਂਹਟ ਜਾਂਦੀਆਂਹਨ। ਅਗੋਲਈ ਮਿਹਨਤ ਪਹਿਲੇ ਨਾਲੋਂ ਵੀ ਵਧੇਰੀ ਲਗ ਕੇ ਕਰ, ਹੋਰ ਤੈਨੂੰ ਕੋਈ ਚਰਖਾ ਪੂਣੀ ਦਾ ਆਹਰ ਤਾਂ ਹੈ ਹੀ ਨਹੀਂ। ਪਹਿਲੇ ਨੇਮ ਨਾਲ ਗੁਰੂਗ੍ਰੰਥ ਸਾਹਿਬ ਜੀ ਦਾ ਪਾਠ ਕਰਿਆ ਕਰ, ਉਪਰੰਤ ਉਪਾਸਨਾ ਜਿੰਨੀ ਵਧੇਰੀ ਹੋ ਸਕੇ,ਮਤਲਬ ਜਿੰਨਾ ਚਿਰ ਤੂੰ ਬੈਠ ਸਕੇ ਉਨ੍ਹਾਂ ਹੀ ਚੰਗਾ ਹੈ ਅਤੇ ਜੇ ਤੈਥੋਂ ਹੋ ਸਕੇ ਤਾਂ ਓਸ ਸ਼ਕਲ ਤੋਂ ਘੁਸਾ ਕੇ ਸ਼ੂਨਤਾ ਵਿਚ ਸੁੰਨ ਰੂਪ ਹੋ ਜਾਹ।

ਮੋਹਣੀ–ਜੀ ਸਤਿ ਬਚਨ, ਪਰ ਮੈਂ ਆਪ ਦੀਆਂ ਦੱਸੀਆਂ ਜੁਗਤਾਂ ਤੇ ਬਤੇਰੀਆਂ ਵਾਹਾਂ ਲਾਉਨੀ ਹਾਂ ਫਿਰ ਵੀ ਮੇਰੀ ਪੇਸ਼ ਕੁਝ ਨਹੀਂ ਚਲਦੀ।

ਤਾਈ–ਕੀ ਹੋਇਆ ਕਰਤਾਰ ਭਲੀ ਕਰੇਗਾ ਪਰ ਏਹ ਗੱਲ ਵੀ ਜ਼ਰੂਰੀ ਸਮਝ ਰੱਖੀਂ ਅਭਜਾਸੀਆਂ ਲਈ ਤਨ ਅਤੇ ਮਨ ਦੀ ਸੁਚ ਪਵਿਤ੍ਰਤਾ ਦੀ ਬੜੀ ਲੋੜ ਹੈ।

ਮੋਹਣੀ–ਤਾਈ ਜੀ ਮੈਂ ਕੀ ਦੱਸਾਂ, ਸੁਚ ਪਵਿਤ੍ਰਤਾ ਰਖਦੀ ਹਾਂ ਪਰ ਉਹ ਸੂਰਤ ਮੈਨੂੰ ਹੋਰ ਪਾਸੇ ਵਲੋਂ ਆਪਣੀ ਵਲ ਬਹੁਤ ਹੀ ਖਿੱਚ ਕਰਦੀ ਹੈ। ਭਾਵੇਂ ਮੈਂ ਡਰਦੀ ਕੰਬਦੀ ਵੀ ਹਾਂ ਫਿਰ ਵੀ ਜੀ ਏਹੋ ਚਾਹੁੰਦਾ

Digitized by Panjab Digital Library | www.panjabdigilib.org

ਹੈ ਭਈ ਏਹ ਪਜਾਰੀ ਸੂਰਤ ਮੇਰੀਆਂ ਅੱਖਾਂ ਅੱਗੇ ਹੀ ਰਹੇ।

ਤਾਈ–ਇਹ ਅੰਟਪਟ ਜੇਹੀ ਗੱਲ ਦੀ ਘੁੰਡੀ ਵੀ ਤੈਨੂੰ ਥੋੜੇਦਿਨਾਂ ਤਕ ਖੁੱਲ੍ਹ ਜਾਏਗੀ ਤੂੰ ਅਭ੍ਯਾਸ ਵਿਚ ਮਿਹਨਤ ਚੰਗੀਤਰ੍ਹਾਂ ਕਰ।

ਮੋਹਣੀ–ਪਰ ਪਾਠ ਕਰਨ ਵਿਚ ਰਸ(ਸ੍ਵਾਦ) ਵਧੀਕ ਮਲ੍ਹੂਮ ਪੈਂਦਾ ਹੈ ਅਤੇ ਕੋਈ ਕੋਈ ਸ਼ਬਦ ਵੀ ਇਜੇਹਾ ਆ ਜਾਂਦਾ ਹੈ ਜਿਨ੍ਹਾਂਵਿਚ ਤੁਹਾਡੇ ਵਾਲੇ ਬਣੇਤਣੇ ਉਪਦੇਸ਼ ਹੀਹੁੰਦੇਹਨ।

ਤਾਈ–ਅਜੇ ਕੀ ਹੈ ਅਗੇ ਅਗੇ ਦੇਖੇਂਗੀ ਗੁਰੂ ਸਾਹਿਬ ਜੀ ਨੇ ਸਭ ਕੁਝ ਲਿਖ ਛਡਿਆ ਹੈ,ਕਿਸੇ ਗੱਲ ਦੀ ਕਸਰ ਨਹੀਂਰੱਖੀ,ਤਾਗੀਦ ਹੈ ਪੜ੍ਹੋ, ਵਿਚਾਰੋ, ਸਮਝੋ ਤੇ ਕਰੋ।

—o—

ਪੂਕਰਣ ੬.

ਟੂਟਜੋ ਪਿੰਜਰਾ ਅਵਧ ਕੋ ਪੰਖੀ ਪੰਖ ਵਟਾਇ ॥
ਉਡਜੋ ਅਲੇਪ ਭ੍ਰਮਜੋ ਗਗਨ ਕਹੁੰ ਕਹੁੰਬੈਠਜੋਜਾਇ॥

ਸੂਰਜ ਅਜੇ ਨਹੀਂ ਚੜ੍ਹਿਆ,ਪਰ ਚੰਦ ਵੀ ਨਹੀਂ ਠਹਿਰਿਆ,ਸੂਰਜ ਦੀ ਲਾਲੀ ਵੀ ਅਜੇ ਨਹੀਂ ਪਾਟੀ, ਤਾਰਿਆਂ ਨੇ ਵੀ ਡਬਲ ਕੂਚ ਕਰਨ ਵਿਚ ਕੋਈ ਕਸਰ ਨਹੀਂ ਰੱਖੀ,ਜੇ ਦਿਨ ਦੀ ਅਜੇ ਧੁੱਪ ਵੀ ਨਹੀਂ ਚੜ੍ਹੀ ਤਾਂ ਰਾਤ ਦੀ ਛਾਉਂ ਵੀ ਨਹੀਂ ਰਹੀ, ਜੇ ਸੂਰਜ ਦੀ ਅਜੇ ਗਰਮੀ ਨਹੀਂਚਮਕੀ ਤਾਂ ਰਾਤ ਦੀ ਸਰਦੀ ਵੀ ਨਹੀਂ ਖਿਲਰੀ,ਜੇ ਚਾਨਣਾ ਅਜੇ ਜੁਵਾਨੀ ਤੇ ਨਹੀਂ ਪੁੱਜਾ ਤਾਂ ਹਨ੍ਹੇਰਾ ਵੀ ਇਸ ਵੇਲੇ ਬਾਕੀ ਨਹੀਂ,ਕਿਸੇ ਮਸਤ ਜੁਵਾਨੀ ਦੀ ਉਮੰਗ ਵਿਚ ਸੁੱਤੇ ਹੋਏ ਪੁਰਖ ਵਾਕਰ ਇਹ ਸਮਾਂ ਨਿਸਚਲ ਤੇ ਸੁੰਨ ਹੈ।ਕਿਤੇਕਿਤੇ ਗੁਰੂਬਾਣੀ ਦੀ ਦਬਵੀਂ ਧੁਨ ਕੰਨੀਪੈਂਦੀਹੈ,ਨਿਤਨੇਮੀਆਂਵਾਕਰ ਕਿਸੇ ਦੇ ਤਲਾਉ ਵਿਚ ਇਸ਼ਨਾਨ ਕਰਨ ਦੀ ਬਿਰਤ ਆ ਰਹੀ ਹੈ। ਇਜੇਹੇ ਅਦਭੁਤ ਸਮੇਂ ਵਿਚ ਇਕ ਤਲਾਉ ਦੇ ਦੱਖਣੀ ਕੋਣੇ ਤੇ ਇਕ ਪੁਰਾਣੇ ਅਤੇ ਕਚੇ ਪੱਕੇ ਜੇਹੇ ਮਕਾਨ ਦੀ ਉਪਰਲੀ ਛਤ (ਚੁਬਾਰੇ) ਤੇ ਇਕ ਜੁਵਾਨ ਬਾਂਕਾ, ਮਸ੍ਤ ਭੈਉ, ਛੀਟਕਾ ਜੇਹਾ, ਨੁਕੀਲੀਆਂ ਅੱਖਾਂ ਵਾਲਾ ਗਭਰੂਟ ਚਾਦਰਾ ਤਾਣੀ ਸੁੱਤਾ ਪਿਆ ਹੈ ਤੇ ਦੀਨ ਦੁਨੀਆਂ ਤੋਂ ਬੇਖਬਰ ਹੈ। ਨੇੜੇ ਵਾਰ ਇਸੇ ਚੁਬਾਰੇ ਵਿਚ ਇਸ ਜੁਵਾਨ ਦੀ ਮਾਈ ਬੁੱਢੀ ਵੀ ਸੁੱਤੀ ਪਈ ਪਰ ਜਾਗੋ ਮੀਟੇ ਲੇਟੀ ਹੋਈ ਹੈ।

ਇਸ ਸੁੱਤੇ ਪਏ ਜੁਵਾਨ ਦੇ ਕੇਸ ਬਹੁਤ ਭਾਰੇ ਅਤੇ ਲੰਮੇ ਹਨ,ਰਾਤ ਪੱਗ ਉਤਰ ਜਾਣ ਦੇ ਕਾਰਣ ਖੁੱਲ੍ਹੇ ਤੇ ਮੰਜੇ ਤੋਂ ਹੇਠਾਂ ਜ਼ਿਮੀਂ ਤਕ ਪਲਮੇ ਹੋਏ ਖਿਲਰੇ (ਬਿਖਰੇ) ਪਏ ਹਨ। ਇਸ ਵੇਲੇ ਇਸੇ ਦੀ ਉਮਰ ਦਾ ਇਕ ਮਧਰਾ ਜੇਹਾ ਛੀਟਕਾ ਜੁਵਾਨ ਨੁਕੀਲੀਆਂਅੱਖਾਂ ਵਾਲਾ ਸ਼ੇਰ ਦਿਲ, ਜੀਕੁਰ ਕੋਈ ਸ਼ੇਰ ਪਿੰਜਰੇ ਵਿਚੋਂ ਨਿਕਲ ਆਇਆ ਆਪਣੀ ਖੁਰਾਕ ਢੂੰਡਣ ਲਈ ਮਾਨੋਂ ਇਸ ਸੁੱਤੇ ਹੋਏ ਮੁਰਦੇ ਨੂੰ ਸੁੰਘ ਸੁੰਘ ਕੇ ਪਛਾਣ ਕਰ ਰਿਹਾ ਹੈ ਭਈ ਏਹ ਕਿਤੇ ਮੁਰਦਾਰ ਤਾਂ ਨਹੀਂ,ਤੇ ਇਉਂਕਹਿੰਦਾਦਿਆ ਜਗਾ ਰਿਹਾ ਹੈ : ਉਠੋ ਮਹਾਰਾਜ ਹੁਣ ਤਾਂ ਗੋਡੇ ਗੋਡੇ ਦਿਨ ਚੜ੍ਹ ਪਿਆ ਹੈ, ਇਹ ਵੇਲਾ ਸੌਣ ਲਈ ਨਹੀਂ,ਜਾਗੋ,ਜ਼ਰਾ ਅੱਖਾਂ ਤਾਂ ਖੋਲ੍ਹੋ ਦੇਖੋ ਤਾਂ ਸਹੀ ਤੁਹਾਡੇ ਘਰ ਕੌਣ ਆਏ ਹਨ, ਇਹ ਕਪੜਾ ਤਾਂ ਮੂੰਹ ਤੋਂ ਹਟਾਓ ਜੀ, ਜ਼ਰਾ ਤੱਕੋ ਤਾਂ ਸਹੀ, ਅਜ ਕੇਹਾ ਭਾਗੇ ਭਰਿਆ ਦਿਨ ਹੈ। ਸੁੱਤੇ ਹੋਏ ਦੇ ਕੰਨਾਂ ਵਿਚ ਇਹ ਅਵਾਜ਼ ਇਜੇਹਾ ਕੰਮ ਕਰ ਗਈ ਜੇਹਾਕੁ ਅੰਮ੍ਰਿਤ ਦੀ ਬੂੰਦ ਮੁਰਦੇ ਨਾਲ ਕਰਦੀ ਹੈ ਇਕ ਵਾਰਗੀ ਹੀ ਘਬਰਾਕੇ ਮੂੰਹ ਤੋਂ ਚਾਦਰ ਲਾਹੁੰਦਿਆਂ ਸਾਰ ਹੀ ਅਤੇ ਉਠਦਿਆਂ ਹੀ

Digitized by Panjab Digital Library | www.panjabdigilib.org

ਚੰਮੜ ਗਿਆ, ਬੋਲਿਆ, ਮੈਂ ਸਦਕੇ ਓਇ ਤੇਰੇ, ਕੁਰਬਾਨ ਜਾਵਾਂ, ਧੰਨ ਹਨ ਓਹ ਰਾਹ ਜਿੰਨੀ ਰਾਹੀਂ ਤੂੰ ਆਇਆ ਹੈਂ। ਸੁਣਾ, ਰਾਜ਼ੀ ਹੈਂ, ਅੰਦਰੋਂ ਕਦੋਂ ਨਿਕਲਿਆ ਹੈਂ? ਸਾਨੂੰ ਤਾਂ ਖਬਰ ਹੀ ਨਾ ਹੋਈ, ਨਹੀਂ ਤਾਂ ਅੱਗਲਵਾਂਢੀ ਹੋਕੇ ਤੈਨੂੰ ਨਾਲ ਲੈਕੇ ਆਉਂਦੇ। ਭਿਰਾ ਜੀ ਮੇਰੀ ਸੱਜੀ ਅੱਖ ਕਲ ਤੋਂ ਜ਼ੋਰੋ ਜ਼ੋਰ ਫਰਕ ਰਹੀ ਸੀ, ਮੈਨੂੰ ਦਿਨ ਗਿਣਦਿਆਂ ਕਈ ਦਿਨ ਹੋਏ ਸਨ, ਸ਼ੁਕਰ ਹੈ ਕਿ ਤੂੰ ਸਹੀ ਸਲਾਮਤ ਫਿਰ ਸਾਨੂੰ ਮਿਲਿਆਂ ਹੈਂ। ਪਰ ਦੁਸ਼ਮਨ ਅਜੇ ਤੇਰਾ ਪਿੱਛਾ (ਸ੍ਹੂੰਹ) ਕਰਨਗੇ, ਹੱਥੋ ਹੱਥੀ ਕੋਈ ਮੁਕੱਦਮਾ ਬਣਾਕੇ ਤੈਨੂੰ ਫਿਰ ਫਸਾ ਦੇਣਗੇ। ਉਹਨਾਂ ਵਾਹ ਲਗਦਿਆਂ ਘੱਟ ਨਹੀਂ ਕਰਨੀ। ਇਸ ਲਈ ਤੂੰ ਅਜੇ ਕੋਈ ਦਿਨ ਦਿਖਾਲੀ ਨਾ ਦੇਹ, ਗੱਲ ਜ਼ਰਾ ਪੁਰਾਣੀ ਪੈ ਲੈਣ ਦੇਹ।

ਨਵਾਂ ਆਇਆ—ਭਿਰਾ ਜੀ ਕੱਲ ਬਾਰਾਂ ਬਜੇ ਰਿਹਾਈ ਮਿਲੀ ਸੀ। ਹੋਰ ਤਾਂ ਕੋਈ ਨਹੀਂ, ਪਰ ਇਕ ਸੱਜਣ ਜਿਸਨੂੰ ਅਸੀਂ ਕਦੀ ਚੰਗਾ ਨਹੀਂ ਸਮਝਦੇ ਹੁੰਦੇ ਸਾਂ, ਬੋਰੀ ਰਾਮ ਨਾਮੀ ਓਸੇ ਵੇਲੇ ਪਹੁੰਚ ਪਿਆ, ਅਰ ਖਰਚ ਵੀ ਥੋੜਾ ਬਹੁਤ ਓਹੋ ਹੀ ਭੇਜਦਾ ਰਿਹਾ ਸੀ, ਓਸੇ ਦੇ ਹੀ ਰਾਤ ਕੱਟੀ, ਰੋਟੀ ਪਾਣੀ ਵੀ ਓਸੇ ਦੇ ਹੀ ਖਾਧੀ। ਹੁਣ ਵੀ ਕਹਿੰਦਾ ਹੈ ਭਈ ਹਰਦੁਵਾਰ ਜਾਵੇਂ ਤਾਂ ਖਰਚ ਵੀ ਦੇ ਦਿੱਨਾ ਹਾਂ।

ਉਡਗੂ—ਭਿਰਾ ਜੀ! ਹੋਰ ਕਿਸੇ ਨੇ ਖਰਚ ਨਹੀਂ ਸੀ ਭੇਜਿਆ?

ਨਵਾਂ ਆਇਆ—ਨਹੀਂ ਹੋਰ ਤਾਂ ਕਿਸੇ ਨਹੀਂ ਪਰ ਹਰਕੀ ਨੇ ਭੀ ਦਸ ਰੁਪੈ ਭੇਜੇ ਸਨ, ਬੋਰੀ ਨੇ ਬਹੁਤ ਵਾਰਾਂ ਬਹੁਤ ਕੁਝ ਭੇਜਿਆ ਸਾ।

ਉਡਗੂ—ਫੇਰ ਮਾਲ ਮਤਾ ਵੀ ਤਾਂ ਸਾਰਾ ਬੋਰੀ ਰਾਮ ਦੇ ਹਵਾਲੇ ਹੋਇਆ ਸਾ ਕੋਈ ਅਚਰਜ ਨਹੀਂ, ਜੇ ਉਸ ਨੇ ਖਰਚ ਭੇਜਿਆ ਤਾਂ ਕੀ ਹੋਇਆ। ਜਹਾਨ (ਦੁਮਾ ਦੀ) ਬੋਰੀ ਵਿਚੋਂ ਹੀ ਕਢਕੇ ਖਰਚ ਕਰਦਾ ਹੈ, ਹੁਣ ਏਹੋ ਗਲ ਚੰਗੀ ਹੈ ਭਈ ਲਗਦੇ ਹਥੀਂ ਗੰਗਾ ਨ੍ਹਾਉਣੀ ਕਰ ਆਓ।

ਨਵਾਂ ਆਇਆ—ਮੈਨੂੰ ਹੁਣ ਬੋਰੀ ਰਾਮ ਕੋਲੋਂ ਮੰਗਦਿਆਂ ਸ਼ਰਮ ਆਉਂਦੀ ਹੈ, ਮੇਰਾ ਇਸ ਦੇ ਪਾਸ ਕੁਝ ਬਹੁਤ ਨਹੀਂ ਸਾ ਐਵੇਂ ਭਰਮ ਭਾ ਜਿਹਾ ਹੀ ਬਣਿਆ ਹੋਇਆ ਸੀ। ਅਤੇ ਹੁਣ ਤਾਂ ਕੁਝ ਮੇਰੇ ਸਿਰ ਇਸਦਾ ਚੜ੍ਹ ਗਿਆ ਹੋਣਾ ਹੈ।

ਉਡਗੂ—ਜੀ ਕੁਰ ਤੇਰੀ ਰਜ਼ਾ ਪਰ ਹਰਦ੍ਵਾਰ ਜਾਣਾ ਤਾਂ ਜ਼ਰੂਰੀ ਹੈ ਨਾ, ਜਗਤ ਭੰਨਜੁ ਹੋਇਆ।

ਇਜੇਹੀਆਂ ਗੱਲਾਂ ਬਾਤਾਂ ਕਰਦਿਆਂ ਦਿਨ ਚੜ੍ਹ ਪਿਆ ਉਡਗੂ ਦੀ ਮਾਂ ਨੇ ਰੋਟੀ ਪਕਾਈ, ਬਹੁਤ ਵਾਰੀ ਕਹਿ ਸੁਣਕੇ ਰੋਟੀ ਖੁਆਈ। ਦਿਹਾੜੀ ਇਸੇਤਰ੍ਹਾਂ ਅੰਦਰ ਹੀ ਬੈਠ ਕੇ ਕੱਟੀ, ਰਾਤ ਪਈ ਤੇ ਸਿਰ ਮੂੰਹ ਲਪੇਟਕੇ ਉਡਗੂ ਨੂੰ ਨਾਲ ਲੈਕੇ ਰੇਲ ਵੇ ਸਟਸ਼ਨ ਤੇ ਪਹੁੰਚੇ। ਉਡਗੂ ਨੇ ਟਿਕਟ ਸਹਾਰਨਪੁਰ ਦੀ ਲਿਆ ਦਿੱਤੀ, ਮਹਾਤਮਾ ਰੱਡੀ ਤੇ ਸਵਾਰ ਹੋ ਗਏ ਸਵੇਰੇ ਯਾਰਾਂ ਕੁ ਬਜ ਸਹਾਰਨਪੁਰ ਜਾ ਉਤਰੇ ਤੇ ਓਥੋਂ ਯੱਕਾ ਕਰਾਏ ਕਰਕੇ ਹਰਦ੍ਵਾਰ ਜਾ ਅੱਪੜੇ*। ਦੋ ਤਿੰਨ ਦਿਨ ਤਕ ਰਹਿਕੇ ਇਸ਼ਨਾਨ ਕੀਤੇ, ਕੁਝ ਪੰਡਿਆਂ ਨੂੰ ਅੰਨ ਪਾਣੀ ਦੱਖਣਾ ਆਦਿਕ ਦੇ ਦਿਵਾ ਕੇ ਫਿਰ ਓਸੇਤਰ੍ਹਾਂ ਅਪਣੇ ਨੱਗਰ ਮੁੜ ਆਏ, ਦਿਹਾੜੀ ਕਿਸੇ ਬਾਗ ਵਿਚ ਕੱਟੀ ਤੇ ਸੰਧਯਾ ਨੂੰ ਉਡਗੂ ਪਾਸ ਪੁੱਜੇ।

ਉਡਗੂ—ਆਓ ਸ਼ਾਮਸੁੰਦਰ ਜੀ! ਸੁਣਾਓ, ਗੰਗਾ ਨ੍ਹਾਉਣੀ ਹੋ ਗਈ, ਦੱਸੋ ਹੁਣ ਕੀ ਮਰਜ਼ੀ ਹੈ?

ਸ਼ਾਮ ਸੁੰਦਰ—ਹੁਣ ਕਾਹਦੀ ਮਰਜ਼ੀ, ਇਸ

*ਉਨ੍ਹੀਂ ਦਿਨੀ ਹਰਦ੍ਵਾਰ ਤਕ ਰੇਲ ਅਜੇ ਨਹੀਂ ਸੀ ਬਣੀ। [ਸੰਪਾ:

Digitized by Panjab Digital Library | www.panjabdigilib.org

ਸ਼ਹਿਰ ਦੇ ਲੋਕਾਂ ਦੇ ਮੱਥੇ ਲਗਣ ਨੂੰ ਜੀ ਨਹੀਂ ਕਰਦਾ। ਸ਼ਰਮ ਹਰ ਵੇਲੇ ਮੇਰੀਆਂ ਅੱਖੀਆਂ ਦੇ ਅਗੇ ਖੜੀ ਹੈ, ਮੈਂ ਕਿਸੇ ਨੂੰ ਕੀ ਮਿਲਾਂ ਗਿਲਾਂ, ਮੈਂ ਜਿਸ ਰਸਤੇ ਲੰਘਾਂਗਾ ਲੋਕ ਉਂਗਲਾਂ ਦੇ ਨਿਸ਼ਾਨੇ ਕਰਕਰਕੇ ਮੂੰਹ ਜੋੜੀਆਂ ਕਰਨਗੇ। ਦੇਖਕੇ ਜਾਂ ਸੁਣਕੇ ਮੇਰਾ ਜੀ ਕਲਪੇਗਾ। ਇਸ ਲਈ ਓਥੇ ਜਾਵਾਂ ਜਿੱਥੇ ਕੋਈ ਪਿਛਾਣੂ ਨਾ ਹੋਵੇ।

ਉਡਗੂ—ਚਲੋ ਫਿਰ ਬਾਹਰ ਦੀ ਸੈਰ ਕਰੀਏ, ਮੇਰਾ ਵੀ ਏਥੇ ਜੀ ਅੱਕਿਆ ਹੋਇਆ ਹੈ, ਚੱਲੋ ਪਰਦੇਸ ਦੇ ਅਨੰਦ ਲਈਏ।

ਸ਼ਾਮ ਸੁੰਦਰ—ਪਰਦੇਸ਼ ਪਦਾਰਥ ਬਾਝੋਂ ਕਿਸੇ ਕੰਮ ਨਹੀਂ।

ਉਡਗੂ—

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ।
ਦਾਵਾ ਕਾਹੂ ਕੇ ਨਹੀ ਬਡਾ ਦੇਸੁ ਏਡ ਰਾਜੁ।

ਅਸੀਂ ਆਪ ਜਾਕੇ ਟਿਕੀ ਮੰਗਲਿਆਵਾਂਗੇ ਪਹਿਲੇ ਤੁਹਾਨੂੰ ਖੁਲਾਵਾਂਗੇ ਪਿੱਛੋਂ ਆਪ ਖਾਵਾਂਗੇ। ਤੁਹਾਡਾ ਜੀ ਲਗਾ ਰਹੇਗਾ। ਕੱਲ੍ਹ ਦਾ ਜੀ ਪਰਦੇਸ਼ ਵਿਚ ਜ਼ਰੂਰ ਓਦਰ ਜਾਂਦਾ ਹੈ।

ਸ਼ਾਮ ਸੁੰਦਰ—ਸਭੋ ਸੱਚ ਹੈ, ਪਰ ਨਿਬਾਹ ਇਕ ਔਖੀ ਚੀਜ਼ ਹੈ।

ਉਡਗੂ—ਨਿਬਾਹ ਕੋਈ ਨਵੀਂ ਚੀਜ਼ ਨਹੀਂ ਜੀਕੁਰ ਅੱਗੇ ਹੁੰਦਾ ਰਿਹਾ ਹੈ ਹੁਣ ਵੀ ਓਕਰ ਹੀ ਹੁੰਦਾ ਜਾਊ। ਹੁਣ ਤੇਰੇ ਲਈ ਨਿਬਾਹ ਕੋਈ ਅਸਮਾਨੋ ਨਵਾਂ ਨਹੀਂ ਉਤਰਨਾ। ਅਗੇ ਤੇਰੀ ਮਰਜ਼ੀ।

ਸ਼ਾਮਸੁੰਦਰ—ਚੰਗਾ ਫਿਰ ਤਜਾਰੀ ਕਰ ?

ਉਡਗੂ—ਮੈਂ ਅਗੇ ਹੀ ਤਿਆਰ ਬੈਠਾ ਹਾਂ।

ਏਹੋ ਜੇਹੀਆਂ ਗੱਲਾਂ ਕਰਦੇ ਕਰਾਉਂਦੇ ਉਠਕੇ ਟੁਰ ਪਏ, ਰੇਲਵੇ ਸਟੇਸ਼ਨ ਤੇ ਅੱਪੜਕੇ ਟਿਕਟਾਂ ਲਈਆਂ, ਸਵਾਰ ਹੋਏ। ਰੇਲ ਟੁਰ ਪਈ, ਦੋਹੁੰ ਘੰਟਿਆਂ ਵਿਚ ਇਕ ਸਟੇਸ਼ਨ ਤੇ ਉਤਰੇ। ਇਥੋਂ ਪੈਦਲ ਟੁਰੇ, ਡੇਢ ਦੋ ਕੋਹਾਂ ਤੇ ਪਹੁੰਚੇ ਤਾਂ ਇਕ ਪਿੰਡ ਵਿਚ ਅੱਪੜੇ। ਰਾਤ ਦਾ ਵੇਲਾ ਲੋਕੀਂ ਰੋਟੀ ਪਾਣੀ ਖਾ ਕੇ ਸੌਣ ਦੇ ਆਹਰ ਪਾਹਰ ਵਿਚ ਲਗੇ ਹੋਏ ਹਨ। ਇਨ੍ਹਾਂ ਦੁਹ ਮੂਰਤਾਂ ਦਾ ਇਸ ਘਰ ਵਿਚ ਪਹੁੰਚਣਾ ਮਾਨੋ ਦਿਨ ਚੜ੍ਹ ਗਿਆ। ਇਕ ਬੁੱਢੀ ਤੀਵੀਂ ਨੂੰ ਏਹਨਾਂ ਨੇ ਮੱਥਾ ਟੇਕਿਆ, ਉਹਨੇ ਅਗੋਂ ਵਡੇ ਸਤਿਕਾਰ ਨਾਲ ਪਿਆਰ ਦੇਕੇ ਬਿਠਾਇਆ। ਕੁਝ ਹਾਲ ਪੁੱਛਿਆ ਅੰਨ ਪਾਣੀ ਤਜਾਰ ਕਰਕੇ ਖੁਲਾਇਆ। ਇਕ ਲੜਕਾ ਭਗਵਾਨ ਨਾਮੀ ਬੜੇ ਹਿਤ ਤੇ ਪਿਆਰ ਨਾਲ ਜੀਜਾ ਜੀ ਮੱਥਾ ਟੇਕਣਾ ਕਹਿਕੇ ਮਿਲਿਆ। ਸ਼ਾਮਸੁੰਦਰ ਨੇ ਵੀ ਇਸ ਲੜਕੇ ਨਾਲ ਬਹੁਤ ਹਿਤ ਕੀਤਾ।

ਭਗਵਾਨ—ਜੀਜਾ ਜੀ ਮਾਂ ਜੀ ਨੇ ਰੋ ਰੋ ਕੇ ਅੱਖਾਂ ਖਰਾਬ ਕਰ ਲੀਤੀਆਂ ਹਨ, ਸ਼ੁਕਰ ਹੈ ਤੁਸੀਂ ਆ ਗਏ। ਤੇ ਜੀਜਾ ਜੀ ਉਹ ਤਾਂ ਤੁਹਾਡੇ ਆਪਣੇ ਸਨੇਹੀ ਸਨ। ਏਥੇ ਵੀ ਤੁਹਾਡੇ ਨਾਲ ਆਏ ਸਨ, ਅਨਾਰਾਂ ਵਾਲੇ ਬਾਗ ਵਿਚ ਰਹੇ ਸਨ, ਫੇਰ ਵੀ ਆਏ ਸਨ, ਓਥੇ ਬਾਗ ਵਿਚ ਸਾਰਾ ਬੱਕਰਾ ਰਿੱਝਿਆ ਸਾ, ਮਟਕਾ ਸਾਰਾ ਗੀਗਾ ਜਲ* ਦਾ ਵੀ ਲਿਆਂਦਾ ਸੀਗਾ, ਫਿਰ ਜੀਜਾ ਜੀ ਉਨ੍ਹਾਂ ਤੁਹਾਨੂੰ ਕਿਉਂ ਕੈਦ ਕਰਾ ਦਿੱਤਾ, ਕੀ ਹੋਇਆ ਸਾ, ਸਾਡੀ ਮਾਂ ਬਹੁਤ ਰੋਂਦੀ ਰਹੀ। ਫਿਰ ਅਸਾਂ ਏਥੇ ਇਕ ਸਾਹਿਬ ਨੂੰ ਕਿੰਨੇ ਵੜੇ ਰੁਪੱਜੇ ਦੇਕੇ ਓਥੇ ਭੇਜਿਆ, ਉਹਨੇ ਵੀ ਤੁਹਾਨੂੰ ਨਾ ਛੁਡਾਇਆ ਫਿਰ ਜੀਜਾ ਜੀ! ਹੁਣ ਤੁਹਾਨੂੰ ਫੇਰ ਉਹਨਾਂ ਛੁਡਾਇਆ? ਕਿਸ ਤਰ੍ਹਾਂ ਛੁਟੇ, ਕਿ ਉਹਨਾਂ ਕੈਦ ਵਾਲਿਆਂ ਆਪੇ ਛੱਡ ਦਿੱਤਾ ?

*ਸ਼ਰਾਬ।

Digitized by Panjab Digital Library | www.panjabdigilib.org

ਸ਼ਾਮ ਸੁੰਦਰ (ਵਡੇ ਪਿਆਰ ਨਾਲ)–ਭਗਵਾਨ ਜੀ ! ਸਾਡੇ ਦਿਨ ਪੂਰੇ ਹੋ ਗਏ..... ਚਲੇ ਆਏ।

ਭਗਵਾਨ–ਫਿਰ ਜੀਜਾ ਜੀ! ਹੁਣ ਤਾਂ ਕੋਈ ਨਾ ਕੁਛ ਕਹੇਗਾ। ਮਾਂ ਬਹੁਤ ਰੋਂਦੀ ਰਹੀ ਹੈ।

ਸ਼ਾਮ ਸੁੰਦਰ–ਨਾ, ਹੁਣ ਕੋਈ ਕੁਝ ਨਹੀਂ ਕਹੇਗਾ ?

ਭਗਵਾਨ–ਜੀਜਾ ਜੀ ! ਮੈਂ ਉਸ ਮੋਹਣੀ ਨੂੰ ਜਾਣਦਾ ਹਾਂ, ਮੈਂ ਦੇਖੀ ਹੋਈਹੈ, ਜਦੋਂ ਤੁਹਾਡੇ ਨਾਲ ਏਥੇ ਆਈ ਸੀ। ਹੁਣ ਆਵੇ ਤਾਂ ਅਸੀਂ ਉਸਨੂੰ ਏਥੇ ਕਦੀ ਨਾ ਵੜਨ ਦੇਈਏ।

ਇਥੇ ਮੋਹਣੀ ਦਾ ਨਾਉਂ ਸੁਣਦਿਆਂ ਸਾਰ ਸ਼ਾਮਸੁੰਦਰ ਦੀ ਕ੍ਰਾਂਤਿ ਝਟ ਬਦਲ ਗਈ ਅੱਖਾਂ ਵਿਚ ਲਹੂ ਭਰ ਆਇਆ, ਚਿਹਰਾ ਲਾਲ ਹੋਗਿਆ, ਗਲਾ ਰੁਕ ਗਿਆ, ਫਿਰ ਅੱਖਾਂ ਵਿਚ ਪਾਣੀ ਤਰ ਤਰ ਕਰਨ ਲਗ ਪਿਆ, ਚਿਹਰਾ ਪੀਲਾ ਪੈਣ ਲਗ ਪਿਆ, ਇਕ ਦੋ ਵਾਰਾਂ ਹਿਡਕੀ ਜੇਹੀ ਆਕੇ ਫਿਰ ਠੀਕ ਹੋਗਿਆ। ਫੇਰ ਨਿੱਕੀਆਂ ਨਿੱਕੀਆਂ ਗੱਲਾਂ ਬਾਤਾਂ ਕਰਦਿਆਂ ਰਾਤ ਬਹੁਤ ਚਲੀ ਗਈ, ਫਿਰ ਸਭੇ ਸੌਂ ਗਏ। ਸਵੇਰੇ ਵਡੀ ਤੜਕੇ ਉਠਕੇ ਅਨਾਰਾਂ ਵਾਲੇ ਬਾਗ ਗਏ, ਏਥੇ ਹੀ ਸੋਚ ਸ਼ਨਾਨ ਕਰ ਕਰਾਕੇ ਦਿਨ ਚੜ੍ਹਿਆ। ਬਾਗ਼ ਦੀ ਸਬਜ਼ਾਈ, ਹਰੇ ਭਰੇ ਦਰਖਤਾਂ ਦਾ ਲਹਿਲਹਾਉ, ਬਨ ਦੇ ਪੰਛੀਆਂ ਦਾ ਚਹਿਚਹਾਉ, ਸਾਮ੍ਹਣੇ ਪਾਸੇ ਵਲ ਦਰਿਆ ਦਾ ਲਹਿਰਾਉ, ਐਸਾ ਅਕੱਥਨੀਯ ਸਮਾਂ ਅੱਖਾਂ ਤੇ ਦਿਲਦਿਮਾਗ਼ ਨੂੰ ਪ੍ਰਸੰਨ ਤਾਜ਼ਾ ਕਰ ਰਿਹਾ ਹੈ ਕਿ ਕੀ ਕਥਨ ਕੀਤਾ ਜਾਵੇ, ਜੀਕੁਰ ਕੋਈ ਕਿਸੇ ਗੁਆਚੇ ਹੋਏ ਪਦਾਰਥ ਨੂੰ ਫਿਰ ਲੱਭ ਲੈਂਦਾ ਹੈ ਅਤੇ ਬਾਰ ਬਾਰ ਸਿਕ-ਵੀਆਂਅੱਖਾਂਨਾਲਦੇਖਦਾਹੈਹਿਆਨਹੀਂਰਜਦਾ।

ਇੰਨੇ ਤਕ ਭਗਵਾਨ ਜੀ ਵੀ ਆ ਗਏ, ਫਿਰ ਮਿੱਠੀਆਂ ਅਤੇ ਨਿੱਕੀਆਂ ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ, ਜਦ ਦਿਨ ਕੋਈ ਡੇਢ ਪਹਿਰ ਚੜ੍ਹ ਆਇਆ ਤਾਂ ਭਗਵਾਨ ਜੀ ਬੋਲੇ, ਚਲੋ ਜੀਜਾ ਜੀ ਘਰ ਰੋਟੀ ਤਯਾਰ ਹੈ।

ਸ਼ਾਮ ਸੁੰਦਰ–ਭਗਵਾਨ ਜੀ, ਤੁਸੀਂ ਜਾਣਦੇ ਹੋ ਕਿ ਅਸੀਂ ਜਦਣ ਆਉਂਦੇ ਹਾਂ ਤਦਣ ਇਸੇ ਬਾਗ਼ ਵਿਚ ਡੇਰਾ ਰਖਦੇ ਹੁੰਦੇ ਹਾਂ। ਸੋ ਹੁਣ ਵੀ ਡੇਰਾ ਏਥੇ ਹੀ ਸਮਝੋ ਜੇ ਰੋਟੀ ਪੱਕੀ ਹੈ ਤਾਂ ਲਿਆ ਦਿਓ, ਨਹੀਂ ਤਾਂ ਸੁਖ।

ਭਗਵਾਨ–ਲਓ ਜੀਜਾ ਜੀ ਏਥੇਹੀ ਲਓ, ਕਹਿਕੇ ਚਲਾ ਗਿਆ। ਜਾਕੇ ਝਟ ਪਟ ਪ੍ਰਸਾਦ ਲੈਕੇ ਆ ਗਿਆ, ਨਾਲ ਹੀ ਮਾਂ ਨੂੰ ਵੀ ਲਈ ਆਇਆ, ਆਕੇ ਚੰਗੇ ਸਤਿਕਾਰ ਨਾਲ ਰੋਟੀ ਖੁਆਈ। ਉਪਰੰਤ ਮਾਈ ਹੱਥ ਜੋੜਕੇ–ਜਿਸਦਾ ਗਲਾ ਕੁਝ ਕੁਝ ਰੁਕਿਆ ਹੋਇਆ ਸੀ–ਬੋਲੀ, ਇਕ ਅਰਜ਼ ਹੈ ਜੇ ਮੰਨੋ ਤਾਂ।

ਸ਼ਾਮਸੁੰਦਰ–ਤੁਸੀਂ ਵਡੇ ਹੋ ਸਾਨੂੰ ਵਾਜਬ ਹੈ ਆਪਦਾ ਅਦਬ ਕਰਨਾ। ਉਲਟੇ ਤੁਸੀਂ ਹੱਥ ਜੋੜਕੇ ਭਾਰ ਚੜ੍ਹਾਉਂਦੇ ਹੋ, ਤੁਸੀਂ ਹੁਕਮ ਕਰੋ।

ਮਾਈ–ਬੇਨਤੀ ਏਹੋ ਹੈ ਪਈ ਜੋ ਕੁਝ ਪਿਛੇ ਹੋ ਚੁਕਾ ਸੋ ਹੋ ਚੁਕਾ ਹੁਣ ਉਸਦਾ ਕੋਈ ਜਿਕਰ (ਭੋਗ) ਨਾ ਕਰੋ। ਤੁਸੀਂ ਏਥੇ ਹੀ ਰਹੋ, ਕਿਤੇ ਜਾਓ ਆਓ ਨਹੀਂ, ਅੰਨ ਦੁੱਧ ਕਰਤਾਰ ਜੋ ਕੁਝ ਬਖਸ਼ਿਆ ਹੈ ਇਸੇ ਵਿਚ ਨਿਰਬਾਹ ਹੋ ਜਾਵੇਗਾ, ਵਿਛੁੜ ਕੇ ਰਹਿਣਾ ਹੁਣ ਸਹਿਆ ਨਹੀਂ ਜਾਂਦਾ। ਧੀਆਂ ਤੇ ਪੁੱਤ੍ਰ ਦੋ ਨਹੀਂ ਹੁੰਦੇ ਜੇਹਾ ਭਗਵਾਨ ਹੈ ਤੇਹਾ ਹੀ ਤੂੰ ਸ਼ਾਮ ਹੈਂ ਮੇਰੀਆਂ ਦੋਵੇਂ ਅੱਖੀਆਂ ਹੋ, ਮੇਰੇ ਪਾਸ ਹੀ ਰਹੋ।

ਸ਼ਾਮ ਸੁੰਦਰ (ਬੜੇ ਅਦਬ ਨਾਲ)–ਮਾਈ ਜੀ! ਮੈਂ ਗੰਦੀ ਉਂਗਲ ਹਾਂ, ਮੇਰਾ ਦੂਰ ਰਹਿਣਾ ਹੀ ਠੀਕ ਹੈ, ਮੇਰੇ ਇਥੇ ਰਹਿਣੇ ਕਰਕੇ ਲੋਕੀਂ ਆਪ ਨੂੰ ਉਂਗਲਾਂ ਕਰਨਗੇ।

Digitized by Panjab Digital Library | www.panjabdigilib.org

ਮਾਈ–ਨਹੀਂ ਬੱਚਾ ! ਧੀਆਂ ਪੁਤ੍ਰ ਭਾਵੇਂ ਕੋਹੇ ਹੋਣ ਕਦੀ ਕਿਸੇ ਨੇ ਸੁੱਟ ਪਾਏਹਨ,ਨਹੀਂ ਏਹ ਅਮੋਲਕ ਪਦਾਰਥ ਨਹੀਂ ਸੁੱਟਿਆ ਜਾਂਦਾ ਅਤੇ ਇਥੇ ਤੇਰੇ ਸਹੁਰੇ ਦਾ ਪ੍ਰਤਾਪ ਭਾਰੀ ਹੈ, ਇਹ ਪਿੰਡ, ਬਾਗ਼ਾ, ਜ਼ਮੀਨ,ਖੂਹ,ਸਭ ਆਪਣੇ ਹਨ ਕੋਈ ਕੁਝ ਕਹਿ ਨਹੀਂ ਸਕਦਾ। ਗਿਰਦੇ ਸਾਰੇ ਸਾਮੀਆਂ ਵਣਜੀਆਂ ਹੋਈਆਂ ਹਨ, ਕਿਸੇ ਗੱਲ ਦਾ ਫਿਕਰ ਨਾ ਕਰੋ। ਕੋਈ ਕੰਮ ਕੀ ਕੱਖ ਭੰਨਕੇ ਦੂਹਰਾ ਨਾ ਕਰੋ, ਸਰਦਾਰ ਬਣਕੇ ਪਲੰਘ ਤੇ ਬੈਠਾ ਰਹੁ, ਤੇਰਾ ਹੁਕਮ ਹਾਸਲ ਸਭ ਮੰਨਣਗੇ।

ਸ਼ਾਮ ਸੁੰਦਰ–ਆਪਦਾ ਕਹਿਣਾ ਸਿਰ ਮੱਥੇ ਤੇ ਪਰ ਮੇਰੇ ਪੈਰਾਂ ਵਿਚ ਛਨਿਛਰ ਆਇਆ ਹੋਇਆ ਹੈ, ਇਸਨੇ ਕਿਤੇ ਟਿਕਣਨਹੀਂਦੇਣਾ, 'ਤੁਹਾਡੀ ਪ੍ਰਸੰਨਤਾ ਲਈ ਥੋੜੇ ਦਿਨ ਆਪ ਦੇ ਪਾਸ ਠਹਿਰਨਾ ਹਾਂ।

ਮਾਈ–ਫਿਰ ਆਪ ਦਾ ਅਸਲੀ ਸੰਕਲਪ ਕੀ ਹੈ ? ਇਹ ਗੱਲ ਤਾਂ ਨਿਰੀ ਮੇਰੀ ਮੂੰਹ ਰੱਖਣੀ ਹੀ ਹੈ।

ਸ਼ਾਮ ਸੁੰਦਰ–ਨਹੀਂਜੀ,ਮੂੰਹਰੱਖਣੀ ਨਹੀਂ, ਸੱਚੀ ਹੈ ਮੈਂ ਥੋੜੇ ਜੇਹੇ ਦਿਨ ਏਥੇ ਰਹਿਕੇ ਕਿਸੇ ਪਾਸੇ ਦੀ ਸਲਾਹ ਕਰਕੇ ਆਪ ਨੂੰ ਕਹਿਕੇ ਫਿਰ ਟੁਰਾਂਗਾ।

ਮਾਈ–ਹੱਛਾ ਬੱਚਾ ਕੋਈ ਜ਼ੋਰ ਨਹੀਂ, ਜੀਕੁਰ ਤੈਨੂੰ ਚੰਗਾ ਲਗੇ।

ਮਾਈ ਤਾਂ ਆਪਣੀਵਡਿਆਈ ਤੇ ਸਿੱਖਜਾ ਆਪਣੇ ਨਾਲ ਲੈਕੇ ਘਰ ਚਲੀ ਗਈ,ਇਧਰ ਸ਼ਾਮਸੁੰਦਰ ਹੋਰੀਂ ਦਰਿਆ ਦੀਆਂ ਲਹਿਰਾਂ ਦੇਖਣ ਲਗੇ, ਉਡਗੂ ਨਾਲ ਕੁਝ ਗੱਲ ਬਾਤ ਹੋਣ ਲੱਗੀ।

ਉਡਗੂ–ਇਹ ਗੱਲ ਤਾਂ ਮੈਂ ਚੰਗੀ ਤਰ੍ਹਾਂ ਜਾਣ ਚੁਕਾ ਹਾਂ ਭਈ ਤੁਸਾਂ ਆਪਣੇ ਸ਼ਹਿਰ ਵਿਚ ਨਹੀਂ ਰਹਿਣਾ,ਤੇ ਏਥੇ ਵੀ ਟਿਕਦੇ ਨਹੀਂ ਇਸਦੇ ਫਿਰ ਕਿਧਰ ਦੀ ਸਲਾਹ ਹੈ ?

ਸ਼ਾਮਸੁੰਦਰ–ਅਸੀਂਇਹਨਾਂ ਦਾ ਉਪਕਾਰ ਕੀਤਾ ਲਾਹ ਨਹੀਂ ਸਕਦੇ, ਜੋ ਕੁਝ ਮੁਕੱਦਮੇ ਵਿਚ ਇਹਨਾਂ ਸਹਾਇਤਾ ਕੀਤੀ ਹੈ ਇਹ ਇਨ੍ਹਾਂ ਦਾ ਹੀ ਕੰਮ ਸੀ,ਹੁਣ ਇਨ੍ਹਾਂ ਦਾ ਬਚਨ ਮੋੜਿਆ ਵੀ ਨਹੀਂ ਜਾਂਦਾ, ਜੇਕਰ ਮੈਂ ਏਥੇ ਪਿਆ ਰਿਹਾ ਤਾਂ ਇਸ ਘਰ ਵਿਚ ਅੰਨਬਸਤ੍ਰ ਦੀ ਕੋਈ ਕਮੀ ਨਹੀਂ, ਪਰਮੇਸ਼ੁਰ ਦਾ ਦਿੱਤਾ ਹੋਇਆ ਸਭੋ ਕੁਝ ਹੈ ਪਰ ਗੱਲ ਵਿਚ ਏਹ ਹੈ, ਭਈ ਇਹ ਮੇਰਾ ਸਹੁਰਾ ਘਰ ਹੈ ਸਿਆਣੇ ਕਹਿੰਦੇਹਨ'ਸਹੁਰਾ ਘਰ ਸੁਵਰਗ ਭੁਲ ਦਿਨ ਦੋ ਕੇ ਵਾਰ ॥ ਜੇ ਲੋਭੀ ਬਹੁਤਾ ਰਹੇ ਨਿਹ ਕਦਰਾ ਖਰਸਾਰ।' ਸਹੁਰੇ ਘਰ ਵਿਚ ਜਿੰਨਾ ਥੋੜ੍ਹਾ ਰਹੀਏ ਓਨੀ ਇੱਜ਼ਤ ਤੇ ਵਡਿਆਈਹੈ, ਜਿੰਨਾ ਬਹੁਤਾ ਰਹੀਏ ਓਨੀ ਘਟਦੀ ਤੇ ਨਿਕਦਰੀ ਹੁੰਦੀ ਹੈ।ਇਸਲਈ ਇਕ ਦੋ ਦਿਨ ਹੋਰ ਰਹਿਕੇ ਕੂਚ ਕਰ ਦਿਆਂਗੇ, ਪਰ ਇਹ ਦੱਸ ਕਿ ਤੇਰੀ ਕੀ ਮਰਜ਼ੀਹੈ ਨਾਲ ਚੱਲੇਂਗਾ?

ਉਡਗੂ–ਮੈਂ ਤਾਂ ਹੁਣ ਕਦੀ ਵੀ ਤੇਰੇ ਬਾਝ ਨਹੀਂ ਰਹਿ ਸਕਦਾ ਜਦ ਉਸ ਭਾਰੀ ਅਪਦਾ ਵੇਲੇ ਵੀ ਤੇਰਾ ਸਾਥ ਨਹੀਂ ਛੱਡਿਆ ਸਾ, ਤਾਂ ਹੁਣ ਤਾਂ ਤੇਰੇ ਅੰਗ ਸੰਗ ਹੀ ਰਹਿਣਾ ਹੈ।

ਸ਼ਾਮ ਸੁੰਦਰ–ਤੈਂ ਅਜਤਕ ਕੋਈ ਸਖਤੀ ਨਹੀਂ ਦੇਖੀ ਅਤੇ ਪਰਦੇਸ ਵਿਚ ਢਾਕੇ,ਥਕੇਵਾਂ ਉਦਾਸੀ,ਨਿਕਦਰੀ,ਚੋਰਾਂਠੱਗਾਂ ਦੀ ਤਕਲੀਫ ਅਵੱਸੋਂ ਹੁੰਦੀ ਹੈ,ਫਿਰਤੇਰੀ ਕੀਕੁਰ ਨਿਭੇਗੀ?

ਉਡਗੂ–ਜੋ ਕੁਝ ਹੋਊ ਤੇਰੇ ਨਾਲ ਹੁੰਦਿਆਂ ਹੀ ਹੋਊ ਨਾ ਤੈਂ ਕੇਹੜਾ ਪਰਦੇਸ ਡਿੱਠਾ ਹੋਇਆ ਹੈ।

ਸ਼ਾਮ ਸੁੰਦਰ–ਮੈਂ ਪੜ ਪਰਦੇਸ਼ ਡਿੱਠਾ ਹੈ,ਓਸ ਟਕਸਾਲ ਵਿਚ ਡੇਢ ਬਰਸ ਚੰਡਿਆ

Digitized by Panjab Digital Library | www.panjabdigilib.org

ਹਾਂ,ਕਿ ਜਿਥੋਂ ਦਾ ਚੰਡਿਆ ਕਦੀ ਬਾਣ ਨਹੀਂ ਖਾਂਦਾ, ਨਾ ਕਿਤੇ ਡੋਲਦਾ ਹੈ।

ਉਡਗੂ—ਬੱਸ ਫਿਰ ਕੀ ਪਰਵਾਹ ਹੈ ਇਕ ਜੋ ਨਾਲ ਚੰਡਿਆ ਹੋਇਆ ਹੈ, ਦੂਜਾ ਆਪੇ ਨਿਭ ਜਾਵੇਗਾ।

ਸ਼ਾਮ ਸੁੰਦਰ—ਚੰਗਾ ਫਿਰ ਤਜਾਰੀ ਹੀ ਸਮਝੋ,ਪਰਸੋਂ ਮੂੰਹ ਹਨੇਰੇ ਡੇਰਾ ਕੂਚ ਹੈ।

ਇਜੇਹੀਆਂ ਗੱਲਾਂ ਬਾਤਾਂ ਕਰਦਿਆਂ ਸੰਧਿਆ ਪੈ ਗਈ ਹਨੇਰੇ ਹੋਏ ਉਠਕੇ ਘਰ ਆਏ, ਅੰਨ ਪਾਣੀ ਛਕ ਕੇ ਕੁਝ ਚਿਰ ਟੱਬਰ ਵਿਚ ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਜਦ ਉਡਗੂ ਸੌਂ ਗਿਆ, ਤਾਂ ਸ਼ਾਮ ਸੁੰਦਰ ਨੇ ਸੱਸ ਨੂੰ ਆਖਿਆ,ਭਈ ਇਹ ਵੇਲਾ ਹੈ ਕੁਝ ਸਹਾਇਤਾ ਕਰਨ ਦਾ, ਕਿਉਂਕਿ ਮੇਰਾ ਸੰਕਲਪ ਕਿਤੇ ਜਾਣ ਦਾ ਹੈ, ਜਾ ਕੇ ਕੁਝ ਕਾਰ ਵਿਹਾਰ ਕਰਨ ਦਾ ਵੀ ਹੈ, ਪਾਸ ਮੇਰੇ ਇਕ ਨੱਕ ਤੇ ਦੋ ਕੰਨਾਂ ਬਾਝ ਹੋਰ ਖੈਰ ਸੱਲਾਹ।

ਮਾਈ ਨੇ ਇਹ ਸੁਣਦਿਆਂ ਸਾਰ ਗੁਪ ਚੁਪ ਸੇਰ ਡੂਢਸੇਰ ਪਕੇ ਦੀ ਇਕ ਗੰਢ ਪਕੜਾ ਦਿਤੀ ਅਤੇ ਆਖਿਆ ਇਸ ਵਿਚ ਕੁਝ ਹੈ,ਜੋ ਤੇਰੀ ਸਹਾਇਤਾ ਕਰੇਗਾ, ਫਿਰ ਜੇਕਰ ਕੁਝ ਹੋਰ ਲੋੜ ਪਵੇ ਤਾਂ ਹਾਜ਼ਰ ਹੋਜਾਏਗਾ ਫਿਕਰ ਨਾ ਕਰਨਾ।

ਸੱਸ ਦੀ ਇਹ ਉਦਾਰਤਾ ਦੇਖਕੇ ਸ਼ਾਮ ਸੁੰਦਰ ਤਾਂ ਨਿਹਾਲ ਹੋ ਗਿਆ।ਇਸੇ ਹੀ ਤਰ੍ਹਾਂ ਹੰਸੀ ਖੁਸ਼ੀ ਪ੍ਰਸੰਨਤਾ ਵਿਚ ਦੂਜਾ ਦਿਨ ਵੀ ਬੀਤ ਗਿਆ,ਰਾਤ ਅਨੰਦ ਪੂਰਬਕ ਸੁਤਿਆਂ ਲੰਘ ਗਈ,ਪ੍ਰਾਤੇਕਾਲ ਮੂੰਹ ਹਨੇਰੇ ਉਡਗੂ ਨੂੰ ਨਾਲ ਲੈ, ਮਾਈ ਪਾਸੋਂ ਵਿਦਾ ਹੋਕੇ, ਪੱਛਮ ਦਿਸ਼ਾ ਵਲ ਮੂੰਹ ਕਰਕੇ ਜੋ ਤੁਰੇ ਸਹਿਜੇ ਸਹਿਜੇ ਮਟਕ ਚਾਲ ਚਲਦੇ ਪੰਜੀਂ ਸਤੀ' ਕੋਹੀਂ ਇਕ ਪਿੰਡ ਜਾ ਅੱਪੜੇ। ਧਰਮਸਾਲਾ ਪੁੱਛਕੇ ਠੀਕ ਰੋਟੀ ਦੇ ਵੇਲੇ ਸਿਰ ਹੀ ਪਹੁੰਚੇ,ਧਰਮਸਾਲੀਏ ਨੇ ਸਤਿਕਾਰਨਾਲ ਬਿਠਾਇਆ,ਅੰਨ ਪਾਣੀ ਦੀ ਸੇਵਾ ਵੀ ਕੀਤੀ, ਰਾਤ ਨੂੰ ਵੀ ਮੰਜਾ ਬਿਸਤ੍ਰਾ ਦਿੱਤਾ। ਸਵੇਰੇ ਉੱਠਕੇ ਫਿਰ ਰਾਹੀ ਹੋ ਗਏ,ਬਾਰ੍ਹੀਂ ਕੋਹੀਂ ਜਾ ਦਮ ਲੀਤਾ,ਇਕ ਸ਼ਿਵਾਲੇ ਦੇ ਅਗੇ ਡੇਰਾ ਕੀਤਾ, ਖਿਚੜੀ ਖਰੀਦ ਕੇ ਰਿੱਧੀ, ਖਾਧੀ, ਅਰਾਮ ਕੀਤਾ। ਦੂਜੇ ਦਿਨ ਸਵੇਰੇ ਫਿਰ ਕੂਚ। ਅਜ ਸੱਤੀਂ ਅੱਠੀਂ ਕੋਹੀਂ ਮੁਕਾਮ ਕੀਤਾ, ਧਰਮਸਾਲੀਏ ਨੇ ਦੋ ਦੋ ਮੰਨੀਆਂ ਤੇ ਛੰਨਾ ਛੰਨਾ ਲੱਸੀ ਦਾ ਦਿੱਤਾ। ਇੱਕੁਰ ਹੀ ਨਵੇਂ ਸੂਰਜ ਨਵਾਂ ਕੂਚ, ਨਵੀਂ ਰਾਤ ਨਵਾਂ ਮੁਕਾਮ ਕਰਦੇ ਤੁਰਦੇ ਜਾ ਰਹੇ ਹਨ,ਜਦ ਕੋਈ ਸੌ ਕੋਹ ਤੋਂ ਵੀ ਅਗਾਂਹ ਲੰਘ ਗਏ ਤੇ ਬੋਲੀ ਵੀ 'ਵਤ ਘਿੰਨ'ਵਾਲੀ ਸੁਣੀਣ ਲਗ ਪਈ ਤਾਂ ਇਸ ਦੇਸ਼ ਦੇ ਇਕ ਨੱਗਰ ਦੀ ਧਰਮਸਾਲਾ ਵਿਚ ਜਾ ਡੇਰਾ ਕੀਤਾ।ਇਥੋਂ ਦਾ ਮਹੰਤ ਵੀ ਚੰਗਾ ਪ੍ਰਤਿਸ-ਠਿਤ ਪੁਰਖ ਸੀ। ਆਪਣੀ ਭਜਨ ਬੰਦਗੀ ਦੀ ਕਮਾਈ ਵਾਲਾ ਸੀ, ਉਸਨੇ ਬਿਦੇਸ਼ੀ ਨਵੇਂ ਸਾਧ ਜਾਣਕੇ ਅੰਨ ਪਾਣੀ ਬਿਸਤ੍ਰੇ ਦੀ ਸੇਵਾ ਚੰਗੀ ਤਰ੍ਹਾਂ ਕੀਤੀ, ਕੁਛ ਦਿਨ ਟਿਕਣ ਲਈ ਵੀ ਆਖਿਆ ਅਤੇ ਪੁੱਛਿਆ, ਸੰਤੋ ! ਕਿਸ ਪਾਸਿਓਂ ਆਉਣਾ ਹੋਇਆ ਹੈ।

ਸ਼ਾਮ ਸੁੰਦਰ—ਪੰਜਾਬ ਦੇਸ਼ ਵਲੋਂ।

ਮਹੰਤ—ਆਪ ਦੇ ਮਾਤਾ ਪਿਤਾ ਇਸਤ੍ਰੀ ਆਦਿਕ ਪਰਵਾਰ ਵੀ ਹੈ ਕਿ ਨਹੀਂ ?

ਸ਼ਾਮਸੁੰਦਰ—ਅਸੀਂ ਫਕੀਰ ਲੋਕ ਹਾਂ, ਮਾਤਾ ਪਿਤਾ ਚਿਰ ਤੋਂ ਵਿਛੁੜ ਚੁਕੇ ਹੋਏ ਹਨ ਭਾਵ ਮਰ ਚੁਕੇ ਹਨ।

ਮਹੰਤ—ਕੋਈ ਕੰਮ, ਕਾਰ, ਕਿਰਤ ਵੀ ਜਾਣਦੇ ਹੋ ਕਿ ਨਹੀਂ ?

ਸ਼ਾਮਸੁੰਦਰ—ਹੋਰ ਕੀ ਕਿਰਤ ਜਾਣਨੀ

Digitized by Panjab Digital Library | www.panjabdigilib.org

ਹੈ ਦਿਨ ਚੜ੍ਹਿਆ ਪੰਧ ਪੈ ਗਏ, ਰਾਤ ਪਈ ਲੇਟ ਰਹੇ, ਭੁੱਖ ਲਗੀ ਮੰਗ ਤੰਗ ਕੇ ਝੁਲਕਾ ਦੇ ਛਡਿਆ।

ਮਹੰਤ-ਏਹ ਤਾਂ ਆਪ ਬਹੁਤ ਠੀਕ ਕਹਿ ਰਹੇ ਹੋ ਪਰ ਪੰਧ ਮੁਕਾਮ ਦਾ ਕੋਈ ਕਾਰਣ ਵੀ ਹੁੰਦਾ ਹੈ।

ਸ਼ਾਮਸੁੰਦਰ-ਕਾਰਣ ਦਿਨ ਤੇ ਰਾਤ।

ਮਹੰਤ-ਤੇ ਫਕੀਰ ਕੀਕੁਰ ਹੋਏ ?

ਸ਼ਾਮਸੁੰਦਰ-ਤੀਬ੍ਰ ਵੈਰਾਗ।

ਮਹੰਤ-ਤੀਬ੍ਰ ਵੈਰਾਗ ਦਾ ਕਾਰਣ? ਜੇਹਾ ਕੁ ਦਰਿਦ੍ਰੀ ਪੁਰਸ਼ ਹਡ ਰਖ ਕਮਕੇਸ ਕਿਰਤ ਨਾ ਹੋ ਸਕਣ ਦੇ ਕਾਰਣ ਫਕੀਰ ਹੋ ਫਿਰਦਾ ਹੈ ਅਥਵਾ ਇਸਤ੍ਰੀ ਪੁਤ੍ਰਾਦਿਕਾਂ ਦੇ ਵਿਜੋਗ, ਸੰਪਦਾ ਦੇ ਨਸ਼ਟ ਹੋਣ ਤੇ ਭੇਸ ਬਦਲਾ ਕੇ ਫਕੀਰ ਬਣ ਫਿਰੀਦਾ ਹੈ। ਜਾ ਕਿ ਇਸਤ੍ਰੀ ਆਦਿਕ ਕਿਸੇ ਪਦਾਰਥ ਦੀ ਲਗਨ ਵਿਚ ਲਗਾ ਹੋਇਆ ਉਸਦੀਅਪ੍ਰਾਪਤੀ ਤੇ ਨਿਰਾਸ ਹੋਕੇ ਭਗਵੇ ਪਾ ਫਿਰਦਾ ਹੈ।ਇਜੇਹੇ ਹੋਰ ਵੀ ਬਾਹਲੇ ਕਾਰਣ ਹਨ, ਆਪ ਕ੍ਰਿਪਾ ਕਰਕੇ ਅਪਣੇ ਫਕੀਰ ਹੋਣ ਦਾ ਕਾਰਣ ਕਹੋ ?

ਸ਼ਾਮਸੁੰਦਰ-ਮਨ ਦੀ ਉਪਰਾਮਤਾ।

ਮਹੰਤ-ਤੀਬ੍ਰ ਵੈਰਾਗ ਤੇ ਉਪਰਾਮਤਾ ਕਥਨ ਮਾਤ੍ਰ ਦੋ ਹਨ ਵਾਸਤਵ ਤੇ ਇਹ ਇਕੋ ਗਲ ਹੈ। ਮੇਰੀ ਬੇਨਤੀ ਹੈ ਭਈ ਆਪ ਇਸ ਉਪਰਾਮਤਾ ਦਾ ਕਾਰਣ ਕਹੋ ?

ਸ਼ਾਮਸੁੰਦਰ-ਕ੍ਰਿਪਾ ਨਿਧਾਨ ਜੀ! ਕਾਰਣ ਕੀ ਕਥਨ ਕੀਤਾ ਜਾਵੇ,ਇਸ ਪੰਜਾਬ ਦੇਸ ਦੇ ਇਕ ਉਘੇ ਤੇ ਸੁਹਾਵੇ ਨਗਰ ਵਿਚ ਸਰੀਰ ਦੀ ਉਤਪਤੀ ਹੋਈ, ਪਾਲਨਾ ਪੋਖਨਾ ਹੁੰਦੀ ਰਹੀ,ਮਾਤਾ ਪਿਤਾ ਤੇ ਪਾਲਕ ਸਨਬੰਧੀ ਸਨੇ ਸਨੇ ਕਰਕੇ ਚਲ ਬਸੇ,ਇਸ ਉਦਾਸੀ ਵਿਚ ਉਪਰਾਮਤਾਹੋਈ,ਉਪਰਾਮਤਾ ਵਿਚ ਦੇਸਾ-ਟਨ ਦੀ ਇਛਾ ਤੀਬ੍ਰ ਹੋ ਪਈ ਤੇ ਚਲ ਨਿਕਲੇ।

ਮਹੰਤ-ਸੱਚ ਹੈ ਹੁਣ ਕਾਰਣ ਪ੍ਰਤੀਤ ਹੋਇਆ ਕਿ ਆਪੱਤੀ ਕਾਰਣਹੈ।ਇਹ ਬਿਦੇਸ਼ ਹੈ,ਘਰ ਨਾ ਸਮਝਣਾ, ਮਿਲਕੇ ਰਹਿਣਾ।

ਉਡਗੂ-ਹਾਂ ਮਹਾਰਾਜ! ਬਿਪੱਤੀ ਹੀ ਕਾਰਣ ਹੈ। ਸਭ ਕੁਝ ਨਾਸ਼ ਹੋਗਿਆ, ਹੁਣ ਆਪ ਦੀ ਸ਼ਰਨ ਆਏ ਹਾਂ।

ਮਹੰਤ-ਤਾਂ ਕੀ ਆਪ ਪਦਾਰਥਾਂ ਦੀ ਇੱਛਾ ਕਰਕੇ ਨਿਕਲੇ ਹੋ।

ਸ਼ਾਮ ਸੁੰਦਰ-ਈਸ਼ੂਰ ਇੱਛਾ ਦੇ ਪ੍ਰਬਲ ਹੋਣ ਕਰਕੇ ਨਿਕਲੇ ਹਾਂ।ਕਿਉਂਕਿ ਦਸਿਆਹੈ 'ਉਠ ਫਰੀਦਾ ਗਉਣ ਕਰ ਦੁਨੀਆ ਵੇਖਣ ਜਾਇ ॥ ਮਤਿ ਕੋਈ ਬਖਸ਼ਿਆ ਮਿਲ ਪਵੀ ਤੂ ਭੀ ਬਖਸ਼ਿਆ ਜਾਇ ॥'

ਉਡਗੂ-ਮਹਾਰਾਜ! ਪਦਾਰਥ ਬਾਝੋਂ ਕੋਈ ਕਾਰਜ ਨਹੀਂ ਸੌਰਦਾ ਤੇ ਨਾ ਨਿਰਬਾਹ ਹੁੰਦਾ ਹੈ।ਹੁਣਤਾਂ ਆਪਦੀ ਸ਼ਰਣਪੁੱਜਪਏਹਾਂ।

ਸ਼ਾਮਸੁੰਦਰ(ਗਲ ਟੁੱਕ ਕੇ)-ਇਸਲਈ ਸਚੇ ਪਦਾਰਥ ਦੀ ਇੱਛਾ ਹੈ,ਝੂਠੇ ਤਾਂ ਬਤੇਰੇ ਦੇਖੇ, ਵਰਤੇ, ਗੁਆਏ, ਤਕਲੀਫਾਂ ਭੋਗੀਆਂ ਇੱਕੁਰ ਹੀ ਅਗੇ ਵੀ ਜੇ ਆਏ ਤਾਂ ਆਪਣਾ ਗੁਣ ਅਵਸੋਂ ਕਰਨਗੇ।

ਮਹੰਤ-ਇਹ ਆਪਦੀ ਅਚਰਜ ਜੋੜੀ ਹੈ ਇਕ ਗੰਗਾ ਦਾ ਰਾਹੀ,ਇਕ ਮੱਕੇ ਦਾ,ਇਕ ਸਚੇ ਪਦਾਰਥ ਲੱਭਦਾ ਹੈ,ਦੂਜਾ ਝੂਠੇ ਲੱਭਦਾ ਹੈ; ਇਹ ਢੰਗ ਤੁਹਾਡਾ ਚੰਗਾ ਨਹੀਂ ਹੈ ਇਕ ਜ਼ੁਬਾਨ ਹੋਕੇ ਰਹੋਗੇ ਤਾਂ ਨਿਭੇਗੀ।

ਉਡਗੂ-ਸਤਿਹੈ ਆਪ ਸਭ ਕੁਝ ਸਮਝਦੇ ਹੋ ਪ੍ਰਾਣਾਂ ਦਾ ਆਸਰਾ ਪਦਾਰਥ ਬਿਨਾ ਹੋਰ ਕੌਣ ਹੈ। ਇਹ ਪਦਾਰਥਾਂ ਦੀ ਇੱਛਾ ਨਹੀਂ ਰਖਦੇ ਤਾਂ ਰੋਟੀ ਕਿਉਂ ਖਾਂਦੇ ਹਨ, ਕਪੜਾ ਕਿਉਂ ਪਹਿਰਦੇ ਹਨ, ਨਾਲੇ ਦੇਖਾਂਗੇ ਛੇਤੀ

Digitized by Panjab Digital Library | www.panjabdigilib.org

ਨਾਲ ਰੋਦਾਵਰੀ ਅੱਪੜ ਪੈਣਗੇ, ਅਸੀਂ ਤਾਂ ਸਾਚੇ ਪੁਰਸ਼ ਹੈਂ ਸੱਚ ਹੀ ਕਹੇਂਗੇ।

ਸ਼ਾਮਸੁੰਦਰ ਨੇ ਆਪਣੇ ਰੰਗ ਜਮਾਉਣ ਵਾਸਤੇ ਫਿਰ ਇਉਂ ਆਖਿਆ—ਪਦਾਰਥ ਇਕ ਨਾਸ (ਖਰਚ) ਹੋ ਜਾਣ ਵਾਲੀ ਚੀਜ਼ ਹੈ ਅੱਗੇ ਮਸੇ ਮਸੇ ਪਦਾਰਥਾਂ ਦੇ ਧੰਧੇ ਵਿਚੋਂ ਨਿਕਲੇ ਹਾਂ ਫਿਰ ਹੁਣ ਪਦਾਰਥਾਂ ਨੂੰ ਕੀ ਕਰਨਾ ਹੈ। ਦੂਜੇ ਪਦਾਰਥ ਵਿਹਾਰ, ਕਾਰ, ਨੌਕਰੀ ਖੇਤੀ ਆਦਿਕ ਕਰਮਾਂ ਕਰਕੇ ਹੋਸਕਦੇ ਹਨ, ਅਸੀਂ ਇਜੇਹੀਆਂ ਗਲਾਂ ਨੂੰ ਤਾਂ ਅਗੇ ਹੀ ਗਲੋਂ ਗਲਾਵੇਂ ਵਾਂਗ ਲਾਹਿਆ, ਹੁਣ ਪਰਤ ਕੇ ਓਸ ਗਲਾਵੇਂ ਨੂੰ ਕੀਕੁਰ ਗਲ ਪਾਉਣ ਲਈ ਕੋਸ਼ਸ਼ ਕਰੀਏ।

ਮਹੰਤ—ਤੁਹਾਡੀ ਫੁਟ ਅੱਛੀ ਨਹੀਂ, ਤੁਹਾਡਾ ਸਾਥ ਨਿਭੇਗਾ ਨਹੀਂ। ਇਤਨਾ ਕਹਿਕੇ ਕਿਸੇ ਡੇਰੇ ਦੇ ਵਿਹਾਰ ਵਿਚ ਲਗ ਗਿਆ। ਇਹ ਦੋਵੇਂ ਮਹੰਤਾਂ ਦੇ ਟਿਕਾਏ ਹੋਏ ਦੋ ਚਾਰ ਦਿਨ ਟਿਕੇ ਤਾਂ ਸਹੀ ਪਰ ਬਿਰਸ ਜੇਹੇ, ਜਿਸ ਪ੍ਰਸੰਨਤਾ ਨਾਲ ਮਹੰਤ ਪਹਿਲੇ ਮਿਲਿਆ ਸਾ ਉਸ ਪ੍ਰਸੰਨਤਾ ਤੋਂ ਇਨ੍ਹਾਂ ਦੇ ਆਪਣੇ ਫੋਟਕ ਦੇ ਕਾਰਣ ਉਪਰਾਮ ਜੇਹਾ ਹੋਗਿਆ। ਇਸ ਉਪਰਾਮਤਾ ਨੂੰ ਪਛਾਣਕੇ ਇਨ੍ਹਾਂ ਵੀ ਏਥੋਂ ਕੂਚ ਕੀਤਾ ਪਰ ਮਨ ਆਪੋ ਵਿਚ ਦੀ ਠੀਸ(ਠੋਕਰ)ਜੇਹੀ ਖਾ ਗਏ ਤੇ ਦਿਨੋ ਦਿਨ ਕੁਝ ਨੁਕਤਾਚੀਨੀ ਵਧਦੀ ਗਈ। ਇਸ ਨਗਰ ਵਿਚ ਜਿਥੇ ਹੁਣ ਪੁੱਜੇ, ਖਰਚ ਦੀ ਤੰਗੀ ਆਈ ਕਿਉਂਕਿ ਉਡਗੂਤਾਂ ਤੁਰਿਆਹੀ ਬੇਖਰਚ ਸਾ ਤੇ ਸ਼ਾਮਸੁੰਦਰਨੇ ਇਸ ਖਿਆਲ ਤੇ ਖਰਚ ਦੀ ਤੰਗੀ ਪ੍ਰਗਟ ਕੀਤੀ ਭਈ ਸਾਥੀ ਅਜ ਕਲ ਉਪਰਾਮਹੈ ਦੇਖੀਏ ਕਿੰਨੇਕੁ ਪਾਣੀ ਵਿਚ ਹੈ।

ਇਸ ਲਈ ਸਾਰਾ ਦਿਨ ਲੰਗਰ ਮਸਤ ਰਿਹਾ, ਪਰ ਸੰਧਿਆਵੇਲੇ ਉਡਗੂ ਹੋਰੀਂ ਲੋਟਾ ਹਥ ਵਿਚ ਲੈ ਦੂਜੇ ਹਥ ਸੋਟੀ ਫੜ ਨਗਰ ਵਿਚ ਜਿਥੇ ਕੋਈ ਗਊ ਮਹਿੰ ਚੋਂਦਾ ਹੋਇਆ ਨਜ਼ਰੀ ਪੈ ਜਾਵੇ ਓਥੇ ਹੀ ਡਟਕੇ ਖੜੇ ਹੋ ਗਏ ਤੇ ਮੂੰਹੋਂ ਕਹਿ ਦਿਤਾ.—'ਗੁਰੂ ਚਿਤ ਰਖੇ, ਦੁਧ ਦਾ ਗੱਫਾ ਮਿਲ ਜਾਵੇ'। ਇੱਕੁਰ ਹੀ ਥੋੜ੍ਹਾ ਥੋੜ੍ਹਾ ਦੁੱਧ ਲੈਂਦਿਆਂ ਗੜਵਾ ਭਰਪੂਰ ਹੋਗਿਆ, ਡੇਰੇ ਆਕੇ ਦੋਵੇਂ ਜਣੇ ਪੀਕੇ ਲੇਟ ਰਹੇ।

ਦੂਜੇ ਦਿਨ ਓਥੇ ਕਿਸੇ ਸੰਤ ਸੇਵੀ ਨੇ ਰਸਦ ਪਾਣੀ ਦਿੱਤਾ, ਉਸਦੇ ਬਣਾਉਣ ਵਿਚ ਆਪੋ ਵਿਚਦੀ ਤਕਰਾਰ ਹੋ ਪਿਆ, ਪਰ ਥੋੜੇ ਵਿਚ ਕੁਝ ਨਿਬੜ ਗਿਆ।

ਇਸਤੋਂ ਅਗਲੇਰੇ ਮੁਕਾਮ ਤੇ ਅੱਪੜਕੇ ਅੰਨ ਪਾਣੀ ਮੰਗ ਤੰਗ ਕੇ ਲਿਆਂਦਾ ਤੇ ਉਡਗੂ ਨੇ ਇਕ ਹੈਂਕੜ ਜੇਹੀ ਨਾਲ ਆਖਿਆ ਲੈ ਭਈ ਮੰਗ ਲਿਆਉਣ ਦੀ ਹਿੰਮਤ ਤਾਂ ਮੈਂ ਕੀਤੀ ਹੈ ਤੇ ਪਕਾਉਣ ਬਣਾਉਣ ਦੀ ਹਿੰਮਤ ਤੂੰ ਕਰ।

ਸ਼ਾਮਸੁੰਦਰ—ਭਿਰਾਜੀ! ਤੇਰਾ ਮੇਰਾ ਅਤੇ ਮੈਂ ਤੂੰ ਕੋਈ ਦੇ ਨਹੀਂ ਹਾਂ ਜੋ ਤੈਂ ਕੀਤਾ ਸੋ ਮਾਨੋ ਮੈਂ ਕੀਤਾ ਹੈ, ਇੱਕੁਰ ਹੀ ਜੋ ਮੈਂ ਕੀਤਾ ਹੈ ਸੋ ਮਾਨੋ ਤੈਂ ਕੀਤਾ ਹੈ, ਇਜੇਹੇ ਭੇਦ ਮੰਨਣੇ ਗੁਣ ਦਾਇਕ ਨਹੀਂ ਹੁੰਦੇ।

ਉਡਗੂ (ਕੁਝ ਐਵੇਂ ਤੇਜ਼ ਹੋਕੇ)—ਤੈਨੂੰ ਕੋਈ ਮਹੰਤ ਨਹੀਂ ਥਾਪਿਆ ਹੋਇਆ, ਜੇ ਇਕੋ ਜੇਹੇ ਹਾਂ ਤਾਂ ਬਰਾਬਰ ਦਾ ਕੰਮ ਕਿਉਂ ਨਹੀਂ ਕਰਦਾ?

ਸ਼ਾਮਸੁੰਦਰ ਨੂੰ ਇਹ ਗਲ ਤੀਰ ਨਾਲੋਂ ਵੀ ਤਿੱਖੀ ਦੁਭੀ, ਕਲੇਜੇ ਵਿਚ ਰੜਕੀ ਵੀ ਬਹੁਤ ਹੀ ਬੁਰੀ, ਪਰ ਕਰੇ ਤਾਂ ਕੀ, ਕਰੇ, ਜਰਕੇ ਬੋਲਿਆ, ਮੈਨੂੰ ਜੋ ਕੁਝ ਆਗਿਆ ਕਰੋ ਸੋ ਕਰਨ ਲਈ ਹਾਜ਼ਰ ਹਾਂ। ਆਪ ਖਫਾ ਕਿਉਂ ਹੁੰਦੇ ਹੋ ਮਹਾਰਾਜ!

ਉਡਗੂ—ਇਜੇਹੇ ਨਾਜ਼ ਨਖਰੇ ਸਾਡੇ ਖਬੇ ਹਥ ਦਾ ਕਰਤਬ ਹੈ।

ਇਸ ਕਹਿਣ ਨੇ ਸ਼ਾਮਸੁੰਦਰ ਦੇ ਹਿਰਦੇ

Digitized by Panjab Digital Library | www.panjabdigilib.org

ਨਾਲ ਉਹ ਕੁਝ ਕੀਤਾ ਜੋ ਕੁਝ ਅੱਗ ਕੱਖਾਂ ਨਾਲ ਕਰਦੀਹੈ,ਅਥਵਾ ਪੋਹ ਦੀ ਕੱਕਰੀ ਰਾਤ ਜੋ ਕੁਝ ਕੌਲ ਫੁਲਾਂ ਦੀ ਝੰਗੀ ਨਾਲ ਕਰਦੀਹੈ, ਪਰ ਬੇਬਸ ਕੁਝ ਕਹਿੰਦੇ ਹੋਏ ਨੇ ਮੂੰਹ ਦੇ ਅਗੇ ਚੁਪ ਦਾ ਹਥ ਦਿੱਤਾ। ਇਕ ਸਬਰ ਦਾ ਭਾਰੀ ਪੱਥਰ ਜੋ ਨਾ ਚੁਕਿਆ ਜਾਵੇ ਛਾਤੀਤੇ ਰਖਿਆ, ਬਹੁਤ ਹੀ ਫੁਰਤੀ ਨਾਲ ਉਠਕੇ ਜਲ ਲਿਆਂਦਾ ਚੁਲ੍ਹਾ ਚੌਂਕਾ ਦਰੁਸਤ ਕਰਕੇ ਲੰਙਰ ਤਯਾਰ ਕਰ ਲੀਤਾ। ਪਹਿਲੇ ਪੱਤਲ ਪਰੋਸਕੇ ਉਡਗੂ ਦੇ ਅਗੇ ਰੱਖੀ, ਪਿਛੋਂ ਆਪ ਖਾਣ ਬੈਠੇ, ਪਰ ਖਾਏ ਕੌਣ, ਗਲੇਡੂ ਤਾਂ ਰੰਜ ਨਾਲ ਭਰੇ ਹੋਏ ਹਨ, ਗਿਰਾਹੀ ਕਿਥੋਂ ਲੰਘੇ? ਮਨ ਅੰਦਰੇ ਅੰਦਰਸੋਚਾਂਦੀਆਂ ਹੰਝੂਆਂ ਗਡੇ ਗਡੇ ਜਿਡੀਆਂ ਵਹਾ ਰਿਹਾ ਹੈ,ਤਨ ਨੂੰ ਖਾਣਾ ਪੀਣਾ ਕਿੱਕੁਰ ਭਾਵੇ ? ਰਾਤ ਕਰੋੜਾਂ ਹੀ ਗਿਣਤੀਆਂ ਦੇ ਚੜ੍ਹਾਉ ਵਿਚ ਮਸੇ ਮਸੇ ਨਿਬੜੀ, ਸਵੇਰੇ ਨਿਤ ਦੇ ਨੇਮ ਵਾਕਰ ਕੂਚ ਕੀਤਾ। ਅਗਲੇ ਮੁਕਾਮ ਤੇ ਵੀ ਅੰਨ ਪਾਣੀ ਕੀਤਾ, ਦਿਨ ਰਾਤ ਲੰਘਾਇਆ, ਫਿਰ ਅਗਲੇ ਮੁਕਾਮ ਤੇ ਜਾ ਡੇਰਾ ਕੀਤਾ। ਇਹ ਨੱਗਰ ਸੰਤ ਸੇਵੀ ਲੋਕਾਂ ਦਾ ਸਾ। ਇਨ੍ਹਾਂ ਨੂੰ ਅਤਿਥਿ (ਸੰਤ) ਜਾਣਕੇ ਪ੍ਰੀਤ ਭਾਵਨੀ ਨਾਲ ਕੁਝ ਮੇਵਾ ਪੂਜਾ ਕੀਤੀ ਇਕ ਦੋ ਦਿਨ ਅਟਕਾਇਆ ਵੀ, ਕੁਝ ਸਤਿਸੰਗ ਦੀਆਂ ਗੱਲਾਂ ਬਾਤਾਂ ਵੀ ਹੁੰਦੀਆਂ ਰਹੀਆਂ।ਇਨ੍ਹਾਂ ਲੋਕਾਂ ਨੇ ਪਦਾਰਥ ਕਰਕੇ ਸੇਵਾ ਪੂਜਾ ਵੀ ਕੀਤੀ।ਜਦ ਇਥੋਂ ਕੂਚ ਕਰਨ ਲਗੇ ਤਾਂ ਸ਼ਾਮ ਸੁੰਦਰ ਨੇ ਆਖਿਆ ਭਈ ਇਹ ਜੋ ਕੁਝ ਪਦਾਰਥ ਅੱਜ ਕਰਤਾਰ ਨੇ ਭੇਜਿਆ ਹੈ ਇਹ ਤੂੰ ਸਾਰਾ ਹੀ ਲੈ ਲੈ ਤੇ ਘਰ ਨੂੰ ਜਾਹ ਪਿੱਛੇ ਮਾਈ ਤੇਰੀ ਦਾ ਸਰੀਰ ਬ੍ਰਿਧ ਹੈ ਓਸਦੇ ਪਾਸ ਹੋਰ ਕੋਈ ਆਸਰਾ ਨਹੀਂ, ਇਸ ਲਈ ਚਲੇ ਜਾਣਾ ਹੀ ਠੀਕ ਹੈ।

ਉਡਗੂ–ਇਹਗੱਲ ਤਾਂ ਮੈਥੋਂ ਕਦੀਵੀਨਹੀਂ ਹੋਣੀ, ਭਈ ਤੈਨੂੰ ਬਿਦੇਸ ਵਿਚ ਕੱਲਿਆਂ ਛੱਡ ਦਿਆਂ,ਮੈਂ ਘਰਨੂੰ ਜਾਵਾਂ,ਇਹ ਸੌਦਾਅਣਬਣ।

ਸ਼ਾਮ ਸੁੰਦਰ–ਮੈਂ ਤੈਨੂੰ ਆਪਣੀ ਪ੍ਰਸੰਨਤਾ ਨਾਲ ਭੇਜਨਾ ਹਾਂ। ਪਰਦੇਸ ਦੇ ਔਖ ਤੈਥੋਂ ਕੱਟੇ ਨਹੀਂ ਜਾਣੇ।

ਉਡਗੂ–ਪਰ ਮੈਥੋਂ ਇਹ ਗਲ ਹੋਵੇ ਵੀ, ਭਈ ਤੈਨੂੰ ਕੱਲਿਆਂਛਡਕੇ ਮੈਂ ਚਲਿਆਜਾਵਾਂ, ਕਦੀ ਨਹੀਂ, ਕਦੀ ਵੀ ਨਹੀਂ। ਸ਼ਾਮਸੁੰਦਰ ਵਾਹੀਂਲਾ ਥੱਕਾ ਬਤੇਰੀਆਂਨੀਵੀਆਂ ਉਚੀਆਂ ਸਮਝਾ ਹਾਰਿਆ,ਪਰ ਉਡਗੂ ਕੋਰੜ ਮੋਠ ਦੀ ਤਰ੍ਹਾਂ ਨਾ ਭਿੱਜਿਆ, ਨਾ ਹੀ ਰਿੱਝਿਆ।ਓੜਕ ਨੂੰ ਸ਼ਾਮਸੁੰਦਰ ਆਪਣੀ ਮੁਰਾਦ ਨਾ ਪੂਰੀ ਹੁੰਦੀ ਦੇਖਕੇ ਚੁਪ ਮਾਰ ਰਿਹਾ, ਪਰ ਅੰਦਰੇ ਅੰਦਰ ਆਵੇ ਦੀ ਅੱਗ ਵਾਕਰ ਧੁਖਦਾ ਹੀ ਰਿਹਾ। ਹਰ ਵੇਲੇ ਇਸੇ ਦੀਆਂ ਤਦਬੀਰਾਂ ਸੋਚਦਾ, ਕੋਈ ਦਲੀਲ ਚੜ੍ਹਾਉਂਦਾ, ਕੋਈ ਉਤਾਰਦਾ ਰਹਿੰਦਾ।ਇਕ ਦਿਨ ਪ੍ਰਾਤੇਕਾਲ ਚਾਰ ਵਜੇ ਦੇ ਵੇਲੇ ਉਠਕੇ ਘੂਕ ਸੁੱਤੇ ਪਏ ਉਡਗੂ ਦੇ ਲਕ ਨਾਲ ਵੀਹ ਰੁਪੈ ਦੀ ਗੰਢ ਬੰਨ੍ਹਕੇ ਆਪ ਝੋਲੀ ਲੋਟਾ, ਸੋਟਾ ਲੈ ਕਮਰ ਕਸਾ ਕਰ, ਪਛੋਂ ਰੁਖ ਮੂੰਹ ਕਰਕੇ, ਜਿਉਂ ਟੁਰੇ ਸਾਰਾ ਦਿਨ ਟੁਰੇ ਹੀ ਗਏ।ਕਈ ਵਾਰ ਪਿਛੇ ਪਰਤ ਕੇ ਵੇਂਹਦੇ,ਜ਼ਰਾ ਕਿਸੇ ਦੇ ਪੈਰ ਦੀ ਆਹਟ (ਬੜਕ)ਆਉਂਦੀ ਤਾਂ ਝਟ ਚੋਕ ਪੈਂਦੇ। ਇੱਕੁਰ ਹੀ ਹਠ ਨੂੰ ਲੱਕ ਵਾਂਗ ਪੱਕਾ ਬੰਨ੍ਹਕੇ ਵਾਹੋ ਦਾਹ ਵਗੇ ਜਾਂਦੇ ਨੇ ਤੀਹ ਕੋਹੀਂ ਜਾਕੇ ਸਾਹ ਲਿਆ।

ਪ੍ਰਕਰਣ ੭.

ਮਨ ਉਮਡਤ ਤਨਥਿਰਕਰਤ ਚਖੁਉਮਕਤਪਲ ਰੋਕ।
ਈਸ਼ ਪ੍ਰੇਮ ਮੈ ਪਰ ਗਇਓ ਜੀਵ ਪ੍ਰੇਮ ਅਤਿ ਸ਼ੋਕ।

ਇਕ ਨੀਵਾਂ ਜੇਹਾ ਮਕਾਨ ਧੁੰਏਂ ਨਾਲ

Digitized by Panjab Digital Library | www.panjabdigilib.org

ਭਰਪੂਰ ਅਸਬਾਬ ਅੜੁਤ ਖੜੁਤ ਨੇ ਇਸ ਤੰਗ ਮਕਾਨ ਨੂੰ ਹੋਰ ਵੀ ਤੰਗ ਕਰ ਛਡਿਆ ਹੋਇਆ ਹੈ।ਇਸੇ ਅੰਦਰ ਇਕ ਬੁੱਢੀ ਮਾਈ ਰੋਟੀ ਪਕਾ ਰਹੀ ਹੈ। ਇਸੇ ਅੰਦਰ ਇਕ ਨੁਕਰੇ ਲੱਗੀ ਹੋਈ ਪੱਥਰ ਦੀ ਮੂਰਤ ਵਾਕਰ ਅਡੋਲ ਅੰਗ ਇਕ ਮੁਟਿਆਰ ਜੇਹੀ ਕੁੜੀ ਅੱਖਾਂਮੀਟੀਬੈਠੀ ਹੈ,ਇਸੇ ਦੀ ਉਮਰ ਦੀ ਇਕ ਹੋਰ ਮੁਟਿਆਰ ਕੁੜੀ ਕਪੜਿਆਂ ਦੀ ਫੜ ਫੜ ਫੁੜਕਾਂਵਦੀ ਹੋਈ ਅੰਦਰ ਆਈ। ਪਰ ਆਉਂਦੀ ਨੇ ਹੀ ਅੱਖਾਂ ਮਲਣੀਆਂ ਅਰੰਭ ਕਰ ਦਿੱਤੀਆਂ ਤੇ ਮੂੰਹੋਂ ਵੀ ਬੁੜ ਬੁੜਾਉਣ ਲਗ ਪਈ "ਹਾਇ ਹਾਇ ਕੇਡਾ ਧੂੰਆਂ ਹੈ, ਏਥੇ ਤਾਂ ਦਿਸਦਾ ਵੀ ਕੁਝ ਨਹੀਂ",ਕਹਿੰਦੀਹੋਈ ਉਸ ਮੂਰਤ ਬਣੀ ਬੈਠੀ ਦੇ ਸਿਰ ਤੇ ਅਪੜ ਕੇ ਬੋਲੀ, ਹੈ ਹੈ ਨੀ ਮੋਹਣੀ ਤੈਨੂੰ ਧੂੰਆਂ ਨਹੀਂ ਲਗਦਾ ?"

ਇਹ ਗਲ ਕੋਈ ਸੁਣਦਾ ਹੋਵੇ ਤਾਂ ਉਤਰ ਦੇਵੇ?ਆਉਣ ਵਾਲੀ ਹੈਰਾਨ ਜੇਹੀ ਹੋਕੇ ਅੱਖਾਂ ਮਲ ਮਲ ਕੇ ਚੰਗੀ ਤੁਰ੍ਹਾਂ ਦੇਖਕੇ ਮੋਢਿਓਂ ਫੜਕੇ ਹਿਲਾਕੇ ' ਨੀ ਮੋਹਣੀਏਂ ! ਤੈਨੂੰ ਕੀ ਹੋਇਆ,ਸਗੋਂਧੂੰਏਂ ਨੇਤੇਰੀ ਹੋਸ਼ ਮਾਰਦਿੱਤੀ?

ਮੋਹਣੀ ਬਹੁਤ ਹੀ ਫੁਰਤੀ ਨਾਲ ਅਪਣੇ ਆਪ ਵਿਚ ਸੰਭਲੀ ਤੇ ਉਠ ਖਲੋਤੀ।ਮੈਨਾ ਦਾ ਹਥ ਫੜਕੇ ਛੇਤੀ ਛੇਤੀ ਕੋਠੇ ਤੇ ਚੜ੍ਹ ਗਈ, ਉਤੇ ਅਰਾਮ ਨਾਲ ਬੈਠਕੇ ਲਗੀਆਂਮਿੱਠੀਆਂ ਮਿੱਠੀਆਂ ਗੱਲਾਂ ਕਰਨ।

ਮੈਨਾ—ੈਣ ! ਤੈਨੂੰ ਅਜ ਕੀ ਹੋਇਆ ਸੀ ਇਜੇਹੇ ਕੌੜੇ ਧੂੰਆਂਧਾਰ ਅੰਧਕਾਰ ਵਿਚ ਦੇਵੀ ਦੀ ਮੂਰਤ ਬਣੀ ਬੈਠੀ ਹੋਈ ਸੀ।

ਮੋਹਣੀ—ਭੈਣਜੀ!ਮੈਨੂੰ ਖਬਰ ਨਹੀਂ ਦਾਦੀ ਰੋਟੀ ਪਕਾਉਣ ਲਗੀ ਸੀ ਤੇ ਮੈਨੂੰ ਊਂਘ ਆ ਗਈ ਫਿਰ ਕੁਝ ਖਬਰ ਨਹੀਂ ਕਿ ਧੂੰਆਂ ਕਦੋਂ ਹੋਇਆ ਤੂੰ ਜਗਾਇਆ ਤਾਂ ਰੌਲਾ ਆਇਆ ਜੀ ਘਬਰਾਇਆ।

ਮੈਨਾ—ਲੈ ਮੈਨੂੰ ਤਾਂ ਚੇਤਾ ਈ ਨਹੀਂ ਰਿਹਾ, ਇਕ ਗਲ ਕਰਨੀ ਸੀ। ਇਕ ਦਿਨ ਗੌਂਦੇ ਨੇ ਘਰ ਆਕੇ ਗਲ ਕੀਤੀ ਸੀ ਭਈ ਇਕ ਦਿਨ ਸ਼ਾਮੂ ਸਵੇਰੇ ਤੜਕ ਸਾਰ ਉਡਗੂ ਦੇ ਕੋਠੇ ਚੜ੍ਹਦਾ ਦੇਖਿਆ ਸਾ ਫਿਰ ਉਘ ਮੁਹਰ ਕੋਈ ਨਹੀਂ ਨਿਕਲੀ।

ਮੋਹਣੀ—ਹੈ ਹੈ ਫਿਰ ਵੀ ਉਡਗੂ ਦੇ ਹੀ ਕੋਠੇ ਤੇ(ਠੰਢਾ ਸਾਹ ਭਰਕੇ) ਇਡੀਆਂ ਹੋਈਆਂ, ਏਹ ਤਸੀਹੇ ਭੋਗੇ ਪਰ ਉਡਗੂ ਦਾ ਕੋਠਾ ਨਾ ਭੁਲਿਆਪਰ ਨਾਭੁਲਿਆ,ਚੰਗਾਹੁਣਸਾਨੂੰ ਕੀ।

ਮੈਨਾ—ਹੁਣ ਤਾਂ ਬਹੁਤੇ ਦਿਨਾਂ ਤੋਂ ਉਡਗੂ ਵੀ ਨਹੀਂ ਡਿਠਾ ਕੀ ਜਾਣੀਏ ਜੇ ਦੇਵੇਂ ਹੀ ਕਿਤੇ ਗੁੰਮ ਹੋਏਨ।

ਮੋਹਣੀ—ਭੈਣ ਜੀ ! ਸਾਡੇ ਜ਼ਾਲਮ ਡਾਢੇ ਹਨ ਉਹਨਾਂ ਜਦ ਡਿੱਠਾ ਉਸੇ ਵੇਲੇ ਕੋਈ ਮੁਕੱਦਮਾ ਬਣਾਕੇ ਫਸਾ ਦੇਣਗੇ, ਇਸ ਲਈ ਉਸ ਦਾ ਏਥੇ ਰਹਿਣਾ ਔਖਾ ਹੈ। ਪਰ ਹੱਛਾ ਕਿਤੇ ਰਹੇ ਰਾਜ਼ੀ ਰਹੇ ਜੀਉਂਦਾ ਰਹੇ।

ਮੈਨਾ—ਤੂੰ ਕਿਸੇ ਵੇਲੇ ਬਾਹਰ ਵੀ ਨਿਕਲਿਆ ਕਰ,ਅੰਦਰ ਪੈਕੇ ਅਚਾਰ ਵਾਕਰ ਗਲ ਨਾ ਜਾਹ।

ਮੋਹਣੀ—ਅੱਛੀ ਗਲ।

ਇੰਨੀ ਗਲ ਹੁੰਦੀ ਹੀ ਪਈ ਸੀ ਕਿ ਉਤੋਂ ਤਾਈ ਆ ਗਈ, ਇਧਰੋਂ ਮੈਨਾ ਨੂੰ ਕਿਸੇ ਨੇ ਅਵਾਜ਼ ਮਾਰੀ,ਮੈਨਾ ਤਾਂ ਅਵਾਜ਼ ਸੁਣਦੀ ਹੀ ਖੰਭ ਝਾੜਕੇ ਉਡ ਗਈ, ਤਾਈ ਬੈਠ ਗਈ ਅਤੇ ਸਹਿਜ ਨਾਲ ਪੁੱਛਣ ਲਗੀ, ਬੱਚੀ ਅੱਜ ਤੈਨੂੰ ਘਬਰਾਹਟ ਕੇਹੀ ਹੈ ?

ਮੋਹਣੀ—ਤਾਈਜੀ!ਮੈਂ ਧਿਆਨ ਵਿਚ ਬੈਠੀ ਹੋਈ ਇਕ ਅਚਰਜ ਤਮਾਸ਼ਾ ਦੇਖ ਰਹੀਸੀਕਿ ਮੈਨਾ ਨੇ ਹਿਲਾ ਬੁਲਾ ਕੇ ਜਗਾ ਦਿੱਤਾ, ਅਗੇ

Digitized by Panjab Digital Library | www.panjabdigilib.org

ਕੋਠਾ ਧੁੰਏਂ ਨਾਲ ਭਰਿਆਹੋਇਆ ਸਾ ਘਬਰਾ ਵਿਚ ਇਕ ਹੋਰ ਧੁੰਏਂ ਦਾ ਘਬਰਾ ਪੈਗਿਆ, ਉਸੇ ਵੇਲੇ ਜੀ ਡਾਢੇ ਘਬਰਾ ਵਿਚ ਪੈ ਗਿਆ ਹੈ, ਪੈਰੋ ਪੈਰ ਉਦਾਸੀ ਵਧਦੀ ਜਾਂਦੀ ਹੈ, ਸਰੀਰ ਭਾਰਾ ਤੇ ਸਿਥਲ ਹੁੰਦਾ ਜਾਂਦਾਹੈ,ਸਿਰ ਤਾਂ ਮਾਨੋ ਗੱਡਾ ਹੀ ਹੋ ਗਿਆ ਹੈ, ਅਚਰਜਤਾ ਇਹ ਹੈ ਭਈ ਜੇਹੜਾ ਅਚਰਜ ਤਮਾਸ਼ਾ ਦੇਖਦੀ ਸਾਂ ਹੁਣ ਉਹ ਨਹੀਂ ਦਿੱਸਦਾ,ਨਾ ਹੀ ਉਹ ਭੁੱਲਦਾ ਹੈ। ਇਸ ਹੈਸ ਬੈਸ ਵਿਚ ਜੀ ਖਬਤੀ ਹੁੰਦਾ ਜਾਂਦਾ ਹੈ, ਇਕ ਅਨੋਖੀ ਜੇਹੀ ਘੁੰਮਣ ਘੇਰੀ ਵਿਚ ਪਈ ਚੱਕਰ ਖਾਨੀ ਹਾਂ।

ਤਾਈ–ਇਹ ਗੱਲ ਬਹੁਤ ਬੁਰੀ ਹੈ, ਕਿਸੇ ਦੇ ਸਾਹਮਣੇ ਨਾ ਬੈਠਣਾ ਚਾਹੀਏ।ਇਸ ਭਜਨ ਲਈ ਏਕਾਂਤ ਬਹੁਤ ਜ਼ਰੂਰੀ ਚੀਜ਼ ਹੈ। ਜਿਥੇ ਕੋਈ ਨਾ ਸੂੰਹ ਕੱਢ ਸਕੇ।

ਮੋਹਣੀ–ਤਾਈ!ਮਕਾਨ ਤਾਂ ਏਹੋ ਹੋਇਆ ਜਿਥੇ ਰੋਟੀ ਵੀ ਪਕਣੀ,ਘਰਦੇ ਹੋਰ ਵੀ ਸਾਰੇ ਧੰਦੇ ਹੋਣੇ ਹੋਏ,ਆਏ ਗਏ ਤੀਵੀਂ ਮਰਦ ਵੀ ਏਥੇ ਹੀ ਆਉਣਾ ਹੋਇਆ, ਮੈਂ ਹੋਰਥੇ ਜਾਵਾਂ ਤਾਂ ਕਿੱਥੇ ਜਾਵਾਂ ?

ਤਾਈ–ਲੈ ਮੈਂ ਤੈਨੂੰ ਐਸੀ ਅਚਰਜ ਜੁਗਤ ਦੱਸਨੀ ਹਾਂ ਜਿਥੇ ਕਦੀ ਕੋਈ ਨਾ ਦੇਖ ਸਕੇ।

ਰਾਤ ਨੂੰ ਬਾਰਾਂ ਬਜੇ ਤੋਂ ਉਪਰੰਤ ਜਿਸ ਵੇਲੇ ਘਰਾਂ ਦੇ ਮਰਦ ਤੀਵੀਆਂ ਸਭ ਘੂਕ ਸੁੱਤੇ ਪਏ ਹੋਣ, ਉਸ ਵੇਲੇ ਤੂੰ ਉਠਕੇ ਬੈਠ ਜਾ, ਆਪਣਾ ਅਭਜਾਸ ਕਰ। ਜਿਸ ਵੇਲੇ ਲੋਕਾਂ ਦੇ ਜਾਗਣ ਦਾ ਵੇਲਾ ਹੋਵੇ ਤਾਂ ਉਸ ਵੇਲੇ ਤੂੰ ਸੌਂ ਜਾਹ, ਫਿਰ ਲੋਕਾਂ ਦੇ ਉਠਣ ਵੇਲੇ ਨਾਲ ਹੀ ਤੂੰ ਭੀ ਜਾਗ, ਇਸ ਆਨੀਂਦੇ ਦੇ ਪੂਰਾ ਕਰਨ ਲਈ ਦੁਪਹਿਰੇ ਥੋੜਾ ਚਿਰ ਲੇਟ ਰਿਹਾ ਕਰ। ਇਸ ਗਲ ਦੀ ਤਾਕੀਦ ਗੁਰੂ ਸਾਹਿਬ ਇਉਂ ਕਰਦੇ ਹਨ 'ਭੈਨੀ ਰੈਨੜੀਐਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥' ਜਹਾਨ ਦੀਆਂ ਅੱਖਾਂਵਿਚ ਗਾਹੜੀ ਨੀਂਦ ਹੋਵੇ ਤੇ ਪ੍ਰੇਮੀਆਂ ਦੀਆਂ ਅਖਾਂ ਵਿਚ ਪਜਾਰੇਪਰਮੇਸ਼ੁਰ ਦਾ ਪਰੀ ਪੂਰਣ ਪ੍ਰੇਮ ਹੋਵੇ ਤਾਂ ਠੀਕ ਹੈ।

ਮੋਹਣੀ(ਬੜੀਨਿੰਮ੍ਰਤਾਨਾਲ)–ਸਤਿਬਚਨ ਅਜ ਤੋਂ ਅਗੇ ਦਿਨਵੇਲੇ ਅਭਜਾਸ ਲਈ ਕਦੀ ਨਾ ਬੈਠਾਂਗੀ। ਤਾਈ ਜੀ ਮੇਰੇ ਮਗਰ ਗਲੀ ਵਾਲੀਆਂ ਨੇ ਸ਼ੁਹਰਤ ਲਾ ਛੱਡੀ ਹੈ। ਕੋਈ ਕਹਿੰਦੀ ਹੈ,ਨੀ ਭੈੜੀ ਮੈਨੂੰਵੀ ਦੱਸ,ਕੀਹੋਇਆ ਅਸੀਂ ਵੀ ਤਾਈ ਕੋਲੋਂ ਸਿੱਖ ਲਵਾਂਗੇ। ਕੀ ਸਾਨੂੰ ਨਾ ਦੱਸੇਂਗੀ। ਕੋਈ ਕਹਿੰਦੀ ਹੈ ਅਸੀਂ ਵੀ ਇੱਕੁਰ ਹੀ ਅੱਖਾਂ ਮੀਂਟ ਕੇ ਬੈਠ ਜਾਵਾਂਗੀਆਂ, ਅਪਣੇ ਸੱਜਣਾਂ ਨੂੰ ਦੇਖਿਆ ਕਰਾਂਗੀਆਂ। 'ਏਹੋ ਜੇਹੀਆਂ ਅਨੇਕਾਂ ਅਨੇਕ ਸਿੱਠਾਂ ਜੋੜਦੀਆਂ ਅਤੇ ਆਕਾਉਂਦੀਆਂ ਰਹਿੰਦੀਆਂ ਸਨ। ਹੁਣ ਮੈਂ ਤੁਹਾਡੀ ਕ੍ਰਿਪਾ ਨਾਲ ਇਸ ਝੰਜਟ (ਰਾਮ ਰੌਲੇ) ਤੋਂ ਬਚ ਰਹਾਂਗੀ।

ਤਾਈ-ਆਹੋ ਸਿਆਣੇ ਕਹਿੰਦੇ ਹਨ, ਆਪਣਾ ਗੁੜ ਖਾਈਏ, ਪਰ ਲੋਕ ਛਪਾਇਕੇ। ਤੇ ਇਹ ਵੀ ਚੇਤੇ ਰੱਖੀਂ ਅਭਜਾਸ ਕਦੀ ਕਿਸੇ ਦੇ ਸਾਹਮਣੇ ਨਹੀਂ ਕਰਨ ਬੈਠਣਾ। ਇਕ ਤਾਂ ਠੀਕ ਨਹੀਂ ਹੁੰਦਾ, ਦੂਜੇ ਹਾਸੋਣਿਕੇ ਹੋਈਦਾ ਹੈ। ਇਸ ਲਈ ਕਿ ਇਹ ਰਬ ਦੇ ਭੇਤ ਦੀ ਗਲ ਦਾ ਮੁੱਢ ਹੈ।ਇਸਨੂੰ ਰੱਬ ਵਾਕਹੀ ਅਪਣੇ ਵਿਚ ਜਰਕੇ ਸਾਂਭੀਦਾ ਹੈ ਤੇ ਸਿਖਾਵਣ ਵਲੋਂ ਸਾਨੂੰ ਕੋਈ ਉਜ਼ਰ ਨਹੀਂ, ਸਗਮਾ ਸਾਡਾ ਤਾਂ ਧਰਮ ਹੈ ਕਿ ਹੋਰਨਾਂ ਨੂੰ ਸਿਖਾਈਏ, ਸੁਮੱਤੇ ਲਾਈਏ। ਪਰੰਤੂ ਇਹ ਟੇਢੀ ਖੀਰ ਹੈ ਇਹ ਸਭ ਕੋਈ ਨਹੀਂ ਖਾ ਸਕਦਾ। ਅਥਵਾ ਇਉਂ ਸਮਝ ਲੈ,ਭਈ ਜੀਕੁਰਲੋੜਵੰਦ(ਭੁੱਖੇ)ਨੂੰਰੋਟੀ ਮਿਲੇ ਤਾਂ ਆਦਰ ਨਾਲ ਲੈ ਕੇ ਖਾਂਦਾ ਹੈ,ਪੇਟ ਭਰਕੇ ਪ੍ਰਸੰਨ ਹੁੰਦਾ ਹੈ, ਉਹੋ ਰੋਟੀ ਕਿਸੇ ਰੱਜੇ

Digitized by Panjab Digital Library | www.panjabdigilib.org

(ਮਸਤੇ ਫਿੱਟੇ) ਹੋਏ ਨੂੰ ਮਿਲੇ ਤਾਂ ਬੇਵਕੂਫੀ ਨਾਲ ਅੰਨ ਭਗਵਾਨ ਦਾ ਨਿਰਾਦਰ ਕਰਦਾ ਹੈ, ਨਕ ਚਾੜ੍ਹ ਚਾੜ੍ਹ ਕੇ ਹੁੱਜਤਾਂ ਕਰਦਾ ਹੈ, ਓੜਕ ਨੂੰ ਕਿਤੇ ਐਵੇਂ ਵਿਅਰਥ ਸਿਟਦਾ ਹੈ। ਏਸੇ ਤਰ੍ਹਾਂ ਇਹ ਅਮੋਲਕ ਪਦਾਰਥ ਵੀ ਅਧਿਕਾਰੀ ਲੋਕ ਹੀ ਆਦਰ ਪ੍ਰੀਤਿ ਭਾਵਨਾ ਨਾਲ ਲੈ ਸਕਦੇ ਹਨ ਤੇਸਾਹੇ ਲੋਕ ਅਧਿਕਾਰੀ ਨਹੀ ਹਨ ਜੀਕੁਰ ਗੁਰੂ ਕਾ ਬਚਨ ਹੈ 'ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਸੁ ਸਾਦਿ ਮੁਠੀ॥ ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ' ਵਾਲੀ ਗਲ ਹੈ।

ਮੋਹਣੀ—ਸੱਤਹੈ ਤਾਈ ਜੀ!ਮੈਂ ਕਿਸੇਲਈ ਇਹ ਤਾਂ ਨਹੀਂਕਹਿੰਦੀ ਕਿ ਤੁਸੀਂ ਹਰ ਕਿਸੇ ਨੂੰ ਦੱਸੋ।ਕੋਈ ਕਿਸੇ ਦੇ ਛੀਹ ਕੀਤਿਆ ਪਾਣੀ ਨਹੀਂ ਪੀਂਦਾ, ਪਰ ਆਪਣੀ ਤ੍ਰੇਹ ਲਗੀ ਤੇ ਸਭ ਕੋਈ ਖੂਹ ਖਟਾਉਂਦਾ ਹੈ। ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਮੈਂ ਕੀ ਕਰਾਂ ?

ਤਾਈ—ਬੱਚੀ! ਜੋ ਕੁਝ ਕਰ ਰਹੀ ਹੈਂ ਕਰੀ ਚੱਲ। ਅਜੇ ਮਚਲ ਮੁਤ੍ਰਾਮ ਬਹੁਤ ਦੂਰ ਹੈ, ਇਸ ਲਈ ਲੱਕ ਬੰਨ੍ਹਕੇ ਟੁਰੀ ਚੱਲ।

ਮੋਹਣੀ—ਮੈਂ ਕੀਕੁਰ ਜਾਣਾ ਭਈ ਟੁਰੀ ਜਾਨੀ ਹਾਂ,ਮੈਨੂੰ ਤਾਂ ਏਹੋ ਜਾਪਦੀ ਹੈ ਭਈ ਮੈਂ ਇਕੋ ਥਾਂ ਤੇ ਖੜੋਤੀ ਹੋਈ ਹਾਂ।

ਤਾਈ—ਤੇਰੀ ਮਚਲ ਇਕੋਥਾਉਂ ਤੇ ਨਹੀਂ ਖੜੋਤੀ ਚੜ੍ਹਦੀ ਤਾਂ ਜਾਂਦੀ ਹੈ,ਪਰ ਅਗੇ ਇਕ ਰੋਕ ਖੜੋਤੀ ਹੈ,ਇਸ ਲਈ ਤੂੰ ਅਭਜਾਸ ਕਰੀ ਚਲ ਠੀਕ ਹੋ ਜਾਉ।

ਮੋਹਣੀ—ਤਾਈ ਜੀ ! ਮੇਰੀ ਉਹ ਬੇਨਤੀ ਆਪਨੂੰ ਯਾਦ ਹੋਵੇਗੀ, ਬਿਨਾ ਉਸ ਪਜਾਰੀ ਸੂਰਤ ਦੇ ਹੋਰ ਵਧੇਰਾ ਕੋਈ ਟਿਕਾਉ ਨਹੀਂ, ਅਭਜਾਸ ਵੇਲੇ ਉਹੋ ਸ਼ਕਲ ਅੱਖਾਂ ਦ ਅੱਗੇ ਬਣੀ ਰਹਿੰਦੀਹੈ,ਕਦੀ ਕਿਸੇ ਰੰਗ ਵਿਚ ਕਦੀ ਕਿਸੇ ਰੰਗ ਵਿਚ,ਉਸਦੇਚਿਹਰੇ ਤੋਂ ਬਿਨਾ ਬੋਲੇ ਚਲੇ ਉਸਦੀ ਉਦਾਸੀ, ਬੇਬਸੀ, ਫਾਕਾ,ਖੁਸ਼ੀ ਗੁੱਸਾ ਰੰਜ ਆਦਿਕਰੱਲਾਂ ਜਾਪਦੀਆਂ ਰਹਿੰਦੀਆਂ ਹਨਾਥੋੜੇਦਿਨਾਂ ਤੋਂ ਇਕ ਹੋਰ ਉਪਾਧ ਉਸੇ ਜੇਡਾ, ਉਸੇ ਜੇਹਾ ਉਸਦੇ ਨਾਲ ਦੇਖਨੀ ਹਾਂ, ਉਸਤੋਂ ਮੈਨੂੰ ਉਪਰਾਮਤਾ ਹੈ, ਜਿੰਨੀ ਕੁ ਮੈਨੂੰ ਉਹ ਸੂਰਤ ਪਿਆਰੀ ਲਗਦੀ ਹੈ ਉਨੀ ਕੁ ਹੀ ਦੂਜੀਸ਼ਕਲ ਵੈਰੀ ਮਲੂਮ ਹੁੰਦੀਹੈਕਦੀ ਕਦਾਈਂ ਦੂਜੀ ਸੂਰਤ ਲੜਦੀ ਝਗੜਦੀ ਵੀ ਨਜ਼ਰ ਆਉਂਦੀ ਹੈ, ਇਕ ਦਿਨ ਉਹ ਸੂਰਤ ਉਜਾੜ ਦੀ ਮੂਰਤ ਵਾਕਰ ਇਕੱਲੀ ਅਵਾਰਾ ਸੁਤੀ ਪਈ ਜੇਹੀ ਨਜ਼ਰ ਆਈ ਜਾਪੀ ਪਰ ਉਸ ਦਿਨ ਤੋਂ ਫਿਰ ਉਹ ਨਹੀਂ ਦੇਖੀ। ਅਗੇ ਦੇਖੀਏ ਦਿੱਸੇ ਕਿ ਨਾ ਦਿੱਸੇ। ਤਾਈ ਜੀ ਸੱਚੀ ਗੱਲ ਤਾਂ ਇਹ ਹੈ,ਇਸ ਪਜਾਰੀ ਸੂਰਤ ਨੂੰ ਦੇਖ ਦੇਖਕੇ ਜੀ ਪ੍ਰਸੰਨ ਹੁੰਦਾ ਹੈ,ਪਰ ਅਨੇਕਾਂ ਸੰਕਲਪ ਵਿਕਲਪ ਉਪਜੇ ਹੋਏ ਚੈਨ ਨਹੀਂ ਲੈਣ ਦੇਂਦੇ। ਜੇਹੜੀ ਆਪ ਇਸਥਿਰਤਾ ਤੇ ਮੁੰਨਮੁੰਨਤਾ ਕਹਿੰਦੇ ਹੋ, ਸੋ ਤਾਂ ਮੈਨੂੰ ਕੋਈ ਨਹੀਂ ਜਾਪਦੀ,ਪਰ ਇਹ ਖੇਡ ਜੇਹੀ ਦੇਖਣ ਨੂੰ ਜੀ ਲਗਾ ਰਹਿੰਦਾ ਹੈ, ਇਹ ਕ੍ਰਿਪਾ ਕਰਕੇ ਦੱਸੋ ਹੋਵੇ ਤਾਂ ਕੀ ਹੋਵੇ ?

ਤਾਈ—(ਸੁਚੇਤ ਹੋਕੇ)ਹਾਇ ਤੈਨੂੰ ਰਸਤਾ ਤਾਂ ਕੋਈ ਦੱਸਿਆ ਹੈ ਤੇ ਤੂੰ ਕਿਹੜੇ ਤਮਾਸ਼ੇਘਰ ਜਾ ਵੜੀਓਂ। ਲੈ ਫੇਰ ਜ਼ਰਾ ਦਿਲ ਦੇ ਕੰਨ ਦੇਕੇ ਸੁਣ ਤੇ ਦਿਲ ਦੇ ਬਰੀਕ ਦਿਲ ਨਾਲ ਸਮਝ—ਪਹਿਲੇ ਸੁਰ ਪਵਿਤ੍ਰਹੋਕੇ ਚੌਕੜੀ ਮਾਰ ਕੇ ਧੀਰਜ ਨਾਲ ਬੈਠ, ਫਿਰ ਮਨ ਦੇ ਫੁਰਨੇ ਸਮੇਟ ਕੇ ਇਕੱਠੇ ਕਰ,(ਭਾਵ ਮਨ ਨੂੰ ਕਿਸੇ ਪਾਸੇ ਨਾ ਜਾਣ ਦੇਹ)ਇੱਕੁਹ ਹੀ ਸਰੀਰ ਨੂੰ ਅਡੋਲ ਰੱਖ, ਨੇਤ੍ਰ ਵੀ ਇਕ ਟਕ ਜਾਂ ਮੀਟ ਛੱਡ, ਸਾਹ ਧੀਮਾ ਕਰੀ ਚੱਲ,ਇਕੁਰ ਹੀ ਜਦ

Digitized by Panjab Digital Library | www.panjabdigilib.org

ਮਨ ਤਨ ਦੋਵੇਂ ਸੁੰਨ ਹੋ ਜਾਣਗੇ, ਤਾਂ ਇਕ ਤੰਦ੍ਰਾ (ਆਲਸ) ਜੇਹੀ ਪ੍ਰਤੀਤ ਹੋਵੇਗੀ, ਉਸ ਆਲਸ ਨੂੰ ਤੋੜਨਾ ਨਹੀਂ ਸਗਮਾ ਉਸ ਵਿਚ ਲੀਨ ਹੋਈ ਜਾਣਾ। ਇਹ ਇਕ ਅਨੋਖੀ ਜੇਹੀ ਨੀਂਦ ਆਉਂਦੀ ਜਾਪੇਗੀ। ਜੇ ਤਾਂ ਨੀਂਦ ਵਰਗੀ ਨੀਂਦ ਹੋਵੇ ਤਾਂ ਨਿਰੀ ਨੀਂਦ ਹੋਊ, ਜੇ ਕਦੀ ਇਸ ਨੀਂਦ ਵਿਚ ਕੁਝ ਪ੍ਰਕਾਸ਼ ਜਾਪੇ, ਸਰੀਰ ਜੜ੍ਹ ਹੁੰਦਾ ਜਾਵੇ, ਸਨਾਟਾ ਸੁਨਸਾਨ ਪ੍ਰਤੀਤ ਹੋਵੇ, ਤਾਂ ਇਹ ਸਮਝ ਚੇਤੇ ਰੱਖਣੀ ਭਈ ਕਿਸੇ ਦਰਵਾਜ਼ੇ ਅਗੇ ਅੱਪੜੇ ਹਾਂ। ਹੁਣ ਦਰਵਾਜ਼ੇ ਦੀ ਇਹ ਗਲ ਹੈ ਭਈ ਜੇਕਰ ਏਥੇ ਕੁਝ ਪ੍ਰਕਾਸ਼ (ਚਾਨਣਾਂ) ਪੈਰੋ ਪੈਰ ਵਧਦਾ ਜਾਵੇ ਤਾਂ ਕੋਈ ਸੰਕਲਪਕ ਸ਼ਕਲ ਆ ਜਾਵੇ ਤਾਂ ਇਸ ਵਲੋਂ ਮਨ ਨੂੰ ਸੁੰਨ ਹੀ ਕਰੀਜਾਣਾ, ਇਹ ਤਾਗੀਦ ਹੈ ਇਸ ਸੁੰਨ ਵਿਚ ਅਚਰਜ ਪਦਾਰਥ ਬਹੁਤ ਦਿਸਦੇ ਹਨ ਪਰ ਉਰਝਨਾ ਠੀਕ ਨਹੀਂ ਸਗਮਾਂ ਮਨ ਨੂੰ ਇਧਰੋਂ ਸੁੰਨ ਹੀ ਕਰੀ ਜਾਣਾ, ਤਾਂ ਮਛਲ ਅਗੇ ਅਗੇਚੜ੍ਹੀਦੀਹੈ।

ਤੇਰਾ ਹਾਲ ਪਹਿਲੀ ਹੀ ਸੁੰਨਤਾ ਦੇ ਪਦਾਰਥਾਂ ਵਿਚੋਂ ਇਕ ਨਾਲ ਪਿਆਰ ਹੈ, ਉਸੇ ਤੇ ਹੀ ਜਾ ਕੇ ਬ੍ਰਿਤੀ ਉਲਝ ਜਾਂਦੀ ਹੈ, ਨਾ ਉਸ ਉਲਝਣ ਵਿਚੋਂ ਨਿਕਲਦੀ ਹੈ, ਨਾ ਅਗਾਹਾਂ ਕਿਤੇ ਜਾਂਦੀ ਹੈ।

ਮੋਹਣੀ—ਸਤਿ ਹੈ, ਤਾਈ ਜੀ ਏਹੋ ਗੱਲ ਹੈ ਜੋ ਕੁਝ ਤੁਸਾਂ ਆਖੀਹੈ, ਸੋਈ ਮੇਰੇ ਨਾਲ ਵਰਤ ਰਹੀ ਹੈ, ਆਪ ਕ੍ਰਿਪਾ ਕਰਕੇ ਕੋਈ ਇਜੇਹੀ ਜੁਗਤ ਦੱਸੋ ਜਿਸ ਤਰ੍ਹਾਂ ਕਿ ਮੈਂ ਇਸ ਉਲਝਣ ਵਿਚੋਂ ਨਿਕਲਾਂ।

ਤਾਈ—ਇਹ ਗੱਲ ਚਿਰ ਨਾਲ ਸੂਤ ਹੋਊ ਜਦ ਕਦੀ ਸਮਾ ਪਾਇਕੇ ਉਹ ਸੂਰਤ ਸਚਮੁਚ ਤੇਰੇ ਪ੍ਰਤੱਖ ਹੋਊ, ਫੇਰ ਕਿਤੇ ਉਸਤੋਂ ਉਪਰਾਮਤਾ ਹੋਵੇ ਤਾਂ ਇਹਅੜਚਨ(ਰੋਕ)ਦੂਰ ਹੋਵੇਗੀ ਫਿਰ ਅਗੇ ਚੱਲਣਲਈ ਰਸਤਾ ਬਹੁਤ ਖੁੱਲ੍ਹਾ ਮਿਲੇਗਾ।

ਮੋਹਣੀ—ਇਹ ਗੱਲ ਤਾਂ ਅਣਹੋਣੀ ਜੇਹੀ ਹੈ ਜੋ ਕਦੀ ਹੋਣ ਵਾਲੀ ਨਹੀਂ।

ਤਾਈ—ਪਰਮੇਸ਼ੁਰ ਦੀ ਮਾਇਆ ਬੜੀ ਬਿਅੰਤ ਹੈ ਇਸਦੇ ਹੇਰ ਫੇਰ ਵਿਚ ਸਭੋ ਕੁਝ ਹੋ ਸਕਦਾ ਹੈ ਤੈਨੂੰ ਇਹ ਤਾਕੀਦ ਹੈ ਭਈ ਅਭਯਾਸ ਨਾਛਡੀ ਕਿਉਂ ਕਿ ਇਕ ਦਿਨਅਭਯਾਸ ਛੱਡਿਆਂ ਇਕੀ ਦਿਨ ਪਿਛੇ ਪੈਜਾਈਦਾ ਹੈ, ਮੈਂ ਭੀ ਤੇਰੇ ਲਈ ਕੁਝ ਹੋਰ ਉਪਾਉ ਸੋਚਾਂਗੀ ਕੁਛ ਪੁਛਾਂਗੀ ਅਤੇ ਫੇਰ ਦੱਸਾਂਗੀ। ਲੈ ਹੁਣ ਰਾਮਸਤ!

ਪ੍ਰਕਰਣ ੯.

ਇਕ ਨਗਰ ਹੈ ਪਰ ਬਹੁਤ ਛੋਟਾ ਜੇਹਾ, ਇਸ ਵਿਚ ਇਕ ਧਰਮਸਾਲ ਹੈ। ਇਥੇ ਇਕ ਮੁਸਾਫਰ ਜੋ ਸੰਧ੍ਯਾਵੇਲੇ ਦੇ ਸੂਰਜ ਵਾਂਗ ਮਾਰੇ ਥਕਾਵਟ ਦੇ ਲਟਪਟਾਇਆ ਹੋਇਆ, ਰਾਤ ਦੀ ਭੁੱਖ ਅਤੇ ਆਰਾਮ ਦੀ ਤ੍ਰੋਹ ਨਾਲ ਘਬਰਾਇਆਹੋਇਆ ਪੱਛੋਂਦਿਸ਼ਾ ਵਲ ਨੂੰ ਦੌੜਦਾ ਭਜਦਾ ਆਕੇ ਪੁਛ ਰਿਹਾ ਹੈ ਕਿ ਮੈਂ ਰਾਤ ਕੱਟਣੀਹੈ ਕੋਈ ਜਗਾਆਰਾਮ ਕਰਨਲਈਦਸੋ।

ਧਰਮਸਾਲੀਆ—ਔਹ ਸਾਹਮਣੀ ਕੋਠੜੀ ਹੈ ਓਥੇ ਡੇਰਾ ਕਰ ਲਓ ਜੇਕਰ ਕੋਈ ਸਫ (ਚਟਾਈ)ਦੀ ਲੋੜ ਹੋਵੇ ਤਾਂ ਲੈ ਲਓ।

ਮੁਸਾਫਰ—ਜੇਕਰ ਸਫ ਵੀ ਬਖਸ਼ੋ ਤਾਂ ਆਪ ਦੀ ਬੜੀ ਹੀ ਕ੍ਰਿਪਾ ਹੈ। ਭਾਈ ਨੇ ਚਟਾਈ ਦਿੱਤੀ ਨਾਲ ਹੋਕੇ ਕੋਠੜੀ ਦੱਸੀ ਅਤੇਪੁੱਛਿਆ ਸੰਤ ਜੀ! ਆਪ ਕਿਸ ਜਗ੍ਹਾ ਤੋਂ ਟੁਰੇ ਸੋ।

ਮੁਸਾਫਰ—ਨਗਰ ਦਾ ਨਾਉਂ ਤਾਂ ਨਹੀਂ ਮਲੂਮ ਪਰ ਸੜਕ ਤੇ ਲਗੇ ਹੋਏ ਮੀਲਾਂ ਦੀ ਗਿਣਤੀ ਕੀਤੀ ਸੀ ੫੨ ਵਾਂ ਮੀਲ ਸੀ।

Digitized by Panjab Digital Library | www.panjabdigilib.org

ਧਰਮਸਾਲੀਆ–ਅੰਨ ਪਾਣੀ ਦੀ ਸੁਣਾਓ ਮਾਲੂਮ ਹੁੰਦਾ ਹੈ, ਅੱਜ ਆਪ ਨੇ ਨਹੀਂ ਖਾਧਾ।

ਮੁਸਾਫਰ–ਆਪ ਤਾਂ ਮਹਾਂਰਾਜ ਕੋਈ ਅੰਤਰਯਾਮੀ ਹੋ,ਸਵੇਰ ਤੋਂ ਨਿਰੇ ਕੋਰੇ ਤੁਰੇ ਹੀ ਚਲੇ ਆਏ ਹਾਂ।

ਧਰਮਸਾਲੀਆ–ਆਪ ਕਮਰਕੱਸਾ ਖੋਲੋ, ਬਿਸਤਰਾ ਲਗਾਓ,ਜਲ ਲਓ,ਹਥਪੈਰ ਸੁਚੇਤ ਕਰੋ,ਇਧਰ ਰਹੁਰਾਸ ਦਾ ਭੋਗ ਪੈਲਵੇ,ਉਪੰਤ ਜੋ ਲੰਗਰ ਵਿਚ ਰੁੱਖਾ ਮਿੱਸਾ ਤਯਾਰ ਹੈ ਹਾਜ਼ਰ ਹੋ ਜਾਏਗਾ, ਆਪ ਧੀਰਜ ਨਾਲ ਸੁਚੇਤ ਹੋਵੋ।

ਇਤਨਾ ਕਹਿਕੇ ਧਰਮਸਾਲੀਆ ਸੰਧਯਾ ਵੇਲਾ ਦੇਖਕੇ ਸੋਦਰ ਪੜ੍ਹਨ ਲਈ ਚਲਾ ਗਿਆ,ਇਧਰ ਮੁਸਾਫਰ ਨੇ ਅਸਤ ਹੋਏ ਸੂਰਜ ਦੀਆਂ ਕਿਰਣਾ ਸਮੇਟਣ ਵਾਂਗਆਪਣਾ ਲੀੜਾ ਬਸਤ ਸੰਕੋਚ ਕੇ ਬਿਸਤ੍ਰਾ ਜਮਾਇਆ। ਹੱਥ ਪੈਰ ਧੋਤੇ ਥਕਾਨ ਦਾ ਗਰਦਾ ਸਾਫ ਕੀਤਾ। ਸੋਦਰ ਸੰਧਯਾ ਸੁਣਨ ਲਈ ਮਹੰਤ ਦੇ ਪਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਕੇ ਅਦਬ ਨਾਲ ਜਾ ਬੈਠਾ,ਮੁਕਦੀ ਗੱਲ ਭੋਗ ਪਏ ਤੇ ਅਰਦਾਸ ਹੋਈ, ਆਰਤੀ ਹੋਈ। ਇਸਤੋਂ ਉਪਰੰਤ ਪੰਗਤ ਹੋਈ, ਇਸ ਪੰਗਤ ਵਿਚ ਮੁਸਾਫਰ ਨੇ ਵੀ ਪ੍ਰਸਾਦਿ ਛਕਿਆ, ਪ੍ਰਸੰਨ ਹੋਕੇ, ਚੁਲਾ ਕਰਕੇ ਆਕੇ ਆਪਣੇ ਬਿਸਤ੍ਰੇ ਤੇ ਲੇਟ ਰਿਹਾ। ਸਾਰੇ ਦਿਨ ਦਾ ਥਕਾਨ ਨਾਲੇ ਫਾਕੇ ਕਰਕੇ ਸਰੀਰ ਚੂਰ ਹੋਇਆ ਹੀ ਸਾ, ਗਾੜ੍ਹੀ ਨੀਂਦ ਦੀ ਸੌਂ ਗਏ।ਪ੍ਰਾਤੇਕਾਲ ਜਾਗੇ, ਸੌਚ ਵਾਸਤੇ ਜਦ ਬਾਹਰ ਗਏ ਤਾਂ ਥੋੜੀਕੁਦੂਰ ਕੀ ਡਿਠਾ ਕਿਇਕ ਮੁਸਲਮਾਨ ਫਕੀਰਦਾ ਡੇਰਾ (ਦਾਇਰਾ) ਹੈ। ਓਥੇ ਇਕ ਫਕੀਰ ਜਿਸਦੇ ਲੰਮੇ ਲੰਮੇ ਵਾਲ ਗਲ ਵਿਚ ਪਏ ਹੋਏ ਹਨ ਤੇ ਗੋਡੇ ਮੂਧੇ ਮਾਰਕੇ ਅੱਖਾਂ ਮੀਟੀ ਬੈਠਾ ਹੈ,ਕਦੀ ਕਦੀ ਉਸਦੀਦੇਹ ਇੱਕੁਰ ਸੁਖਮਜੇਹੀਹਿਲਦੀ ਮਲੂਮ ਹੁੰਦੀ ਹੈ ਜੀਕੁਰ ਕੋਈ ਸੱਟ ਮਾਰਦਾਹੈ।

ਇਸ ਸਾਈਂ ਲੋਕ ਵਲ ਇਹ ਮੁਸਾਫਰ ਟਿਕਟਿਕੀ ਲਾਕੇ ਕੋਈਚਿਰਵੇਖਦਾਰਿਹਾ ਪਰ ਫਕੀਰ ਨੂੰ ਆਪਣੇ ਧੰਦੇ ਵਿਚ ਰੁੱਝਾ ਹੋਇਆ ਹੀ ਛੱਡਕੇ ਆ ਰਿਆ,ਇਸ਼ਨਾਨ ਕਰਕੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਿਆ, ਅਦਬ ਨਾਲ ਬੈਠਕੇ ਦੇ ਚਾਰ ਪੜ੍ਹੇ ਪਾਠ ਦੇ ਵੀ ਕੀਤੇ। ਮਹੰਤ ਸਮੇਤ ਉਸ ਵੇਲੇ ਜਿਸਨੇ ਵੀ ਪਾਠ ਸੁਣਿਆ ਕੁਰਬਾਨ ਹੋਗਏ*,ਇਕਜ਼ੁਬਾਨ ਹੋਕੇ ਕਹਿਣ ਲਗੇ ਕਿ ਮਹਾਰਾਜ! ਕ੍ਰਿਪਾ ਕਰਕੇ ਇਕ ਪਾਠ ਦਰਬਾਰ ਸਾਹਿਬ ਦਾ ਆਪਣੀ ਰਸਨਾ ਕਰਕੇ ਸਾਨੂੰ ਸੁਣਾਕੇ ਕ੍ਰਿਤਾਰਥ ਕਰੋ।

ਮੁਸਾਫਰ–ਬੇਨਤੀ ਇਹ ਹੈ ਭਈ ਮੇਰੇ ਤਾਂ ਦਸ ਕੋਹ ਸਿਰ੍ਹਾਂਦੀ, ਪੰਜ ਕੋਹ ਪਵਾਂਦੀ ਪੈਂਡਾ ਹਰ ਵੇਲੇ ਸੰਝ ਸਵੇਰੇ ਅੰਗ ਸੰਗ ਰਹਿੰਦਾ ਹੈ, ਪਾਠ ਦੀ ਸਮਾਪਤੀ ਇਕਦਿਨ ਦਾਕੰਮਨਹੀਂ।

ਮਹੰਤ–ਮਹਾਰਾਜ!ਆਪਦਾ ਨਾਉ'ਕੀ ਹੈ?

ਮੁਸਾਫਰ–ਲੋਕੀ ਸ਼ਾਮ ਸੁੰਦਰ ਕਰਕੇ ਕਹਿੰਦੇ ਹਨ।

ਮਹੰਤ–ਏਹ ਸਫਰ ਆਪਦਾ ਕਿਸੇ ਸੌਦਾਗਰੀ ਅਥਵਾ ਨੌਕਰੀ ਵਾਸਤੇ ਹੈ?

ਸ਼ਾਮਸੁੰਦਰ–ਆਪਣੀ ਮੌਜ ਦਾ ਹੈ।

ਮਹੰਤ–ਫਿਰ ਕੀ ਫਿਕਰ ਹੈ,ਆਪਦੀ ਮੌਜ ਵਿਚ ਸਾਧਸੰਗਤ ਵੀ ਇਕ ਪਾਠ ਸੁਣਨ ਦਾ ਲਾਹਾ ਲੈਲਵੇ ਤਾਂਸੰਤਾਂਦੇਘਰ ਕੀ ਪਰਵਾਹਹੈ।

ਸ਼ਾਮਸੁੰਦਰ–ਸਤਿ ਬਚਨ ਮਹਾਰਾਜ,ਜਿੰਨੇ ਦਿਨ ਸਰੀਰ ਆਪ ਦੇ ਚਰਨਾਂ ਵਿਚ ਰਹੇਗਾ ਪਾਠ ਸੁਣਾਏਗਾ। ਇਹ ਕਹਿਕੇ ਹੋਰ ਵੀ ਦੋ ਚਾਰ ਪੜ੍ਹੇ ਪਾਠ ਸੁਣਾਇਆ। ਇੰਨੇ ਤਕ ਲੰਗਰਤਯਾਰਹੋਗਿਆ ਸਭਨੇ ਪ੍ਰਸਾਦ ਛਕਿਆ।

*ਆਪ ਪਾਠ ਬਹੁਤ ਸੁੰਦਰ ਰਹਾ ਨਾਲ ਕਰਦੇ ਹੁੰਦੇ ਸੇ। [ਸੰ:

Digitized by Panjab Digital Library | www.panjabdigilib.org

ਸ਼ਾਮਸੁੰਦਰ ਵੀ ਇਸਤੋਂ ਉਪਰੰਤ ਥੋੜਾ ਚਿਰ ਲੇਟਕੇ ਫਿਰ ਦਿਨ ਢਲੇ ਸੋਚ ਪਾਣੀ ਲਈ ਗਿਆ, ਤਾਂ ਰਸਤੇ ਵਿਚ ਓਹੋ ਸਵੇਰ ਵਾਲਾ ਸਾਈਂ ਲੋਕ ਬੈਠਾ ਡਿੱਠਾ, ਕੁਝ ਦੇਰ ਤਕ ਖੜੇ ਹੋਕੇ ਉਸ ਦੇ ਕਰਤਬ ਨੂੰ ਦੇਖਦੇ ਰਹੇ, ਜਦ ਪਰਤ ਕੇ ਆਏ ਤਾਂ ਓਹ ਸਾਂਈਂ ਲੋਕ ਕਿਸੇ ਆਪਣੇ ਮੇਲੀ ਨੂੰ ਇਹ ਜੁਗਤ ਸਮਝਾਰਹੇਸਨ:

ਸਾਈਂ ਲੋਕ–ਆਪਣੇ ਮੁਰਸ਼ਦ ਦੀਸੂਰਤ ਨੂੰ ਠੀਕ ਕਰਕੇ ਅਪਣੇ ਅੰਦਰ ਬੰਨ੍ਹ ਲੈ, ਅੱਖਾਂ ਮੀਟਕੇ ਅਡੋਲ ਅੰਗ ਹੋ ਕੇ ਬੈਠ ਜਾਹ, ਸੱਜੇ ਪਾਸਿਓਂ ਸ੍ਵਾਸ ਨੂੰ ਚੁਕਕੇ ਨਾਲ 'ਯਾ' ਸ਼ਬਦ ਲੰਮਾ ਕਰਕੇ ਖੱਬੇ ਪਾਸੇ ਵਲ ਦਿਲ ਤੇ ਸੱਟ ਮਾਰ, ਪਰ ਸੱਟ ਮਾਰਨ ਵੇਲੇ 'ਹੂ' ਕਹਿਕੇ ਮਾਰ, ਇਸ ਸ੍ਵਾਸ ਨੂੰ ਨਾਭੀ ਤੋਂ ਚੁਕ ਅਤੇ ਦਿਲ ਤੇ ਸੁੱਟ, ਜਿਤਨੀ ਛੇਤੀਛੇਤੀ ਕਰਨ ਦਾ ਅਭਯਾਸ ਕਰੇਂ ਉਤਨਾ ਹੀ ਠੀਕ ਹੈ।

ਇਹ ਕ੍ਰਿਯਾ ਸੁਣਨ ਵਾਲਾ ਮੁਰੀਦ ਚੰਗੀ ਤਰ੍ਹਾਂ ਨਹੀਂ ਸਮਝ ਸਕਦਾ ਸੀ ਇਸ ਲਈ ਦੁਹਰੀ ਤਿਹਰੀ ਵਾਰ ਸਾਈਂ ਲੋਕ ਨੂੰ ਕਹਿਕੇ ਸਮਝਾਉਣੀ ਪਈ ਤੇ ਸ਼ਾਮਸੁੰਦਰ ਨੇ ਜਿਉਂ ਜਿਉਂ ਸੁਣੀ ਤਿਵੇਂ ਤਿਵੇਂ ਸਮਝ ਲਈ। ਸਮਝੀ ਕੀ ਓਥੇ ਖੜੇਤੇ ਹੋਏ ਨੇ ਹੀ ਇਹ ਸਾਰੀ ਕਰਤਬਤਾ ਕਰਕੇ ਦੇਖ ਲਈ। ਪਹਿਲੇ ਤਾਂ ਸਾਈਂ ਲੋਕਾਂ ਨੇ ਇਸ ਵਲ ਦੇਖਿਆ ਹੀ ਨਹੀਂ ਸਾ, ਜਦ ਨਜ਼ਰ ਪਈ ਤਾਂ ਸਾਬਤ ਹੋਇਆ ਕਿ ਇਹ ਪੁਰਖ ਤਾਂ ਕਸਬ ਦੀ ਚੋਰੀ ਕਰਕੇ ਲੈ ਗਿਆ, ਤਾਂ ਸਾਈਂਲੋਕ ਕਹਿਣ ਲਗੇ ਕਿਉਂ ਭਈ ਕਾਰੀਗਰੀ ਕਟ ਚੁਕਾ ਹੈਂ?

ਸ਼ਾਮ ਸੁੰਦਰ–ਜੀ ਹਾਂ।

ਸਾਈਂਲੋਕ–ਫਿਰ ਬੈਠ ਜਾ, ਪਿਆਲਾ ਪੀ।

ਸ਼ਾਮਸੁੰਦਰ–ਪਿਆਲਾ ਕਾਸ ਦਾ, ਉਹ ਕੀ ਹੁੰਦਾ ਹੈ?

ਸਾਈਂਲੋਕ–ਪਿਆਲਾ ਜੋ ਕੁਝ ਮੈਂ ਪੀਆਂ, ਸੋ ਤੂੰ ਭੀ ਪੀ।

ਸ਼ਾਮਸੁੰਦਰ–ਮੈਂ ਕਿਉਂ ਪੀਵਾਂ?

ਸਾਈਂ ਲੋਕ–ਤੂੰ ਮੇਰਾ ਸ਼ਾਗਿਰਦ ਜੁ ਹੋਇਆ, ਨਾਲੇ ਮੈਨੂੰ ਮੁਰੀਦ ਨਾਮਾ ਲਿਖਕੇ ਦੇਹ, ਇਹ ਗਲ ਸਾਡੀ ਚਿਸ਼ਤੀ ਖਾਨਦਾਨ ਦੀ ਚਲੀ ਆਉਂਦੀ ਹੈ।

ਸ਼ਾਮਸੁੰਦਰ–ਇਹ ਗਲ ਤਾਂ ਬੜੀ ਅਣਬਣ ਹੈ, ਮੈਂ ਆਪਦਾ ਜੂਠਾ ਕਿਸ ਤਰ੍ਹਾਂ ਪੀ ਸਕਦਾ ਹਾਂ?

ਸਾਂਈਲੋਕ–ਸੱਪਾਂ ਦੇ ਘੁਰਿਆਂ ਵਿਚ ਹੱਥ ਪਾਵਣੇ, ਫਕੀਰਾਂ ਦੇ ਘਰ ਦੀ ਫਕੀਰੀ ਦੀ ਚੋਰੀ ਕਰਨੀ ਇਹ ਗੱਲ ਤਾਂ ਬਹੁਤ ਸੌਖੀ ਹੈ ਨਾ? ਪਿਆਲਾ ਪੀਣਾ ਮੁਰੀਦਨਾਮਾ ਲਿਖਣਾ ਔਖੀ ਗਲ ਹੈ!

ਸ਼ਾਮ ਸੁੰਦਰ (ਹੱਥ ਜੋੜਕੇ)–ਸਾਈਂ ਜੀ! ਖਤਾ ਮਾਫ਼ ਕਰੋ, ਕਸੂਰ ਹੋਇਆ, ਫਿਰ ਐਸਾ ਨਹੀਂ ਕਰਾਂਗਾ।

ਸਾਂਈਲੋਕ–ਇਸਕਸੂਰ ਦੀ ਮਾਫ਼ੀਏਹੋ ਹੀਹੈ।

ਸ਼ਾਮਸੁੰਦਰ–ਮੈਂ ਇਸ ਲਾਇਕ ਹੀ ਨਹੀਂ ਕਿ ਮੁਰੀਦ ਨਾਮਾ ਲਿਖ ਦਿਆਂ, ਆਪ ਬੜੇ ਬਜ਼ੁਰਗ ਵਲੀਲੋਗ, ਮੈਂ ਮੁਸਾਫਰ, ਰਾਹਚਲਦਾ ਆਪਦੀ ਬਜ਼ੁਰਗੀ ਦੇਖਣ ਖੜਾ ਹੋਗਿਆ ਸਾਂ।

ਸਾਈਂ ਲੋਕ–ਏਹੋ ਜੇਹੀਆਂ ਨੀਵੀਆਂ ਉੱਚੀਆਂ ਤੂੰ ਹਜ਼ਾਰ ਕਰ ਪਰ ਹੁਣ ਤੇਰਾ ਇਥੋਂ ਛੁਟਕਾਰਾ ਨਹੀਂ। ਇਹ ਕਹਿਕੇ ਆਪਣੇ ਦੋ ਚਾਰ ਮੁਰੀਦ ਬੁਲਾ ਲਏ, ਓਹ ਭੀ ਸੁਖ ਨਾਲ ਕਾਲੀ ਰਾਤ ਵਾਕਰ ਨੀਲੇ ਕਪੜੇ ਪਾਈ ਤਯਾਰ ਬਰਤਯਾਰ ਚੁਗਿਰਦੇ ਝੁਰਮਟ ਪਾਕੇ ਆ ਖੜੋਤੇ। ਇਹਨਾਂ ਦੀਆਂ ਸੂਰਤਾਂ ਦੇਖ ਕੇ ਸ਼ਾਮਸੁੰਦਰ ਦੇ ਰਹੇ ਸਹੇ ਹੋਸ਼ ਕਾਫੂਰ ਹੋ ਗਏ, ਜੀਅੜਾ ਸੋਚਾਂ ਦੇ ਖੂਹ ਵਿਚ ਬਿਨਾਂ ਕਿਸੇ

Digitized by Panjab Digital Library | www.panjabdigilib.org

ਆਸਰੇ ਦੇ ਘੜੰਮ। ਕਰੇ ਤਾਂ ਕੀ ਕਰੇ, ਅਪਣਾ ਧਰਮ ਛੁੱਟੀ ਨਹੀਂ ਦਿੰਦਾ, ਭਈ ਮੁਸਲਮਾਨ ਦਾ ਧਰਮ ਕਬੂਲ ਕਰੇ, ਬਿਨਾ ਉਸਦਾ ਧਰਮ ਕਬੂਲ ਕੀਤੇ ਏਥੋਂ ਛੁਟਕਾਰਾ ਔਖਾ, ਕੋਈ ਤਦਬੀਰ ਨਿਕਲਣ ਦੀ ਨਹੀਂ ਆਹੁੜਦੀ। ਬਹੁਤ ਕੁਝ ਸੋਚਸੋਚਕੇ ਥਰਕਦੀ ਹੋਈ ਜ਼ੁਬਾਨ ਨਾਲ ਇਹ ਆਖਿਆ।

ਸ਼ਾਮ ਸੁੰਦਰ–ਸਾਂਈ ਜੀ! ਆਪ ਤਾਂ ਰਹਿਮ ਦਿਲ ਹੋ ਮੈਂ ਬਿਦੇਸ਼ੀ ਕਮਬਖਤ ਉਤੇ ਏਡੀ ਸਖਤੀ ਕਿਉਂ? ਬਜ਼ੁਰਗ ਲੋਗ ਦਰਿਆ ਵਾਕਰ ਵਡੇ ਪੇਟੇ ਦੇ ਹੁੰਦੇ ਹਨ, ਜੇਕੋਈ ਚਿੜੀ ਚੁੰਝ ਭਰ ਲਵੇ ਤਾਂ ਉਸਨੂੰ ਉਛਲਕੇ ਡੋਬ ਨਹੀਂ ਦੇਂਦੇ।

ਸਾਈਂਲੋਕ–ਏਹੋ ਗਲ ਹੈ, ਇਸੇ ਲਈ ਪਜਾਲਾ ਦਿੰਦੇ ਹਾਂ ਕਿ ਤੇਰੀ ਪਜਾਸ ਨਾ ਰਹੇ ਤੇ ਸਾਡਾ ਦਸਤੂਰ ਵੀ ਏਹੋ ਹੀ ਹੈ–ਮੁਰੀਦ ਤਾਲਬ ਹਕ ਨੂੰ ਪਜਾਲਾ ਦੇਣਾ।

ਸ਼ਾਮਸੁੰਦਰ–ਫ਼ਕੀਰ ਬੇਪਰਵਾਹ ਹੁੰਦੇ ਹਨ, ਮੇਰੀ ਇਹ ਖਤਾ ਰੱਬ ਦੇ ਵਾਸਤੇ ਬਖਸ਼ੀਜਾਵੇ ਮੈਨੂੰ ਪਜਾਲੇ ਪੀਣ ਵਿਚ ਕੋਈ ਇਨਕਾਰ ਨਾ ਹੁੰਦਾ, ਜੇ ਮੈਂ ਜਮਾਂਦਰੂ ਮੁਸਲਮਾਨ ਹੁੰਦਾ, ਹੁਣ ਮੈਂ ਦੀਨ ਪਰਤਣਾ ਚੰਗਾ ਨਹੀਂ ਸਮਝਦਾ ਹਾਂ।

ਸਾਂਈਲੋਕ–ਮੁਸਲਮਾਨ ਹੋਣ ਦੀ ਕੋਈ ਗੱਲ ਨਹੀਂ, ਇਹ ਨਿਰੀ ਪੀਰੀ ਮੁਰੀਦੀ ਹੈ, ਵਹੁਤੇਰੇ ਪਜਾਲਾ ਪੀ ਗਏ, ਮੁਰੀਦਨਾਮੇ ਲਿਖ ਕੇ ਦੇ ਗਏ ਤੈਨੂੰ ਇਡੀ ਫਿਕਰ ਕਿਉਂ ਪਈ ਹੈ?

ਸ਼ਾਮਸੁੰਦਰ–ਮੈਨੂੰ ਫਿਕਰ ਭਾਰੀ ਪਿਆ ਹੈ ਜਿਹੜੇ ਹਿੰਦੂ ਮੁਰੀਦ ਬਣ ਗਏ ਓਹ ਆਪਣੀ ਖੁਸ਼ੀ ਨਾਲ ਭਾਵੇਂ ਆਪਣੀ ਕਿਸੇ ਲੋੜ ਲਈ, ਸੋ ਨਾ ਹੀ ਮੈਨੂੰ ਕਿਸੇ ਗਲ ਦੀ ਲੋੜ ਹੈ ਤੇ ਨਾ ਹੀ ਖੁਸ਼ੀ, ਫਿਰ ਮੈਨੂੰ ਕਿਉਂ ਲਾਚਾਰ ਕੀਤਾ ਜਾਂਦਾ ਹੈ?

ਸਾਈਂਲੋਕ–ਲਾਚਾਰ ਨਹੀਂ ਕੀਤਾ ਜਾਂਦਾ ਤੇਰਾ ਜ਼ਿਹਨ ਬਹੁਤ ਅੱਛਾ ਹੈ, ਦੂਜੇ ਨੂੰ ਸਮਝਾਉਂਦਿਆਂ ਤੂੰ ਸਮਝ ਗਿਆ, ਉਹ ਨਹੀਂ ਸਮਝਿਆ; ਇਸ ਲਈ ਭਈ ਤੇਰੀ ਬਰਕਤ ਚੋਰੀ ਦੀ ਨਾ ਰਹੇ, ਮੁਰੀਦੀ ਵਿਚ ਹੋ ਜਾਵੇ।

ਸ਼ਾਮਸੁੰਦਰ–ਸੱਚ ਹੈ, ਪਰ ਮੈਨੂੰ ਬਿਨਾ ਪਿਆਲੇ ਤੇਮੁਰੀਦਨਾਮੇ ਦੇ ਮੁਰੀਦ ਬਣਾਲਓ।

ਸਾਂਈਂਲੋਕ–ਚੰਗਾ ਕੌਨ ਖਿੱਚ ਫਿਰਕਿਸੇ ਫਕੀਰ ਦੇ ਕੰਮ ਵਿਚ ਤਾਂ ਇਸ ਤਰ੍ਹਾਂ ਹਥ ਨਾ ਕਰੇਂਗਾ?

ਸ਼ਾਮਸੁੰਦਰ–ਨਹੀਂ ਕਦੀ ਨਹੀਂ, ਹੁਣਮਾਫ਼ ਕਰੋ, ਅਗੇ ਕਦੀ ਕਿਤੇ ਨਹੀਂ ਐਸਾ ਹੋਊ।

ਸਾਈਂਲੋਕ(ਸ੍ਵਾਹ ਦੀ ਚੁਟਕੀ ਦੇਕੇ)–ਲੈ ਜਾਹ, ਸੰਭਲਕੇ ਵਰਤੀਂ।

ਸ਼ਾਮਸੁੰਦਰ ਤਾਂ ਬੜੇ ਅਦਬ ਨਾਲ ਸਿਰ ਨਿਵਾਕੇ ਕੁਝ ਖੁਸ਼ ਅਤੇ ਕੁਝ ਪਸਚਾਤਾਪ ਦੀ ਸੂਰਤ ਵਿਚ ਓਥੋਂ ਨਿਕਲ ਆਏ। ਦੋ ਚਾਰ ਦਿਨ ਹੋਰ ਉਸ ਨਗਰ ਵਿਚ ਰਹੇ, ਪਾਠ ਚੰਗੀ ਸੁਰ ਲਯ ਵਿਚ ਸੰਗਤ ਨੂੰ ਸੁਣਾਉਂਦੇ ਰਹੇ, ਪਰੰਤੂ ਝਬਦੇ ਹੀ ਤੁਰਨ ਲਈ ਤਯਾਰ ਹੋਗਏ। ਸੰਗਤ ਦੇ ਲੋਕ ਪ੍ਰੇਮੀ ਹੋਗਏ ਸਨ ਬਹੁਤ ਕੁਝ ਕਹਿਰਹੇ ਪਰਸ਼ਾਮਸੁੰਦਰ ਦੀਉਦਾਸੀ ਨੇਇਕ ਦਾ ਵੀ ਬਚਨ ਨਾ ਮੰਨਿਆ। ਤਿਸ ਪਰ ਭੀ ਉਨ੍ਹਾਂਲੋਗਾਂਨੇ ਸੰਤ ਹੋਣੇ ਦੇ ਕਾਰਣ ਚਲਣ ਦੇ ਵੇਲੇਕੁਛ ਪਦਾਰਥ ਕੱਠਾਕਰਕੇਇਨ੍ਹਾਂ ਦੀ ਪੂਜਾ ਕੀਤੀ ਅਤੇ ਪ੍ਰੇਮਦੇਖਕੇ ਅੰਗੀਕਾਰ ਵੀ ਕਰਨੀ ਪਈ। ਇੱਕੁਰ ਹੀ ਇਸ ਦੇਸ਼ ਵਿਚ ਵਿਚਰਦੇ ਹੋਏਇਹ ਮਹਾਤਮਾ ਇਕ ਨਗਰ ਵਿਚ ਦੋ ਚਾਰ ਦਿਨ ਦਾ ਮੁਕਾਮ ਕਰ ਬੈਠੇ, ਏਥੇ ਇਕ ਪ੍ਰੇਮਣ ਮਾਈ ਨੇ ਪਾਠ ਸੁਣਕੇ ਬਹੁਤ ਪ੍ਰੇਮ ਕੀਤਾ, ਅੰਨ ਪਾਣੀ ਦੀ ਸੇਵਾ ਕਰਨੀ ਅਰੰਭੀ, ਸਤਿਸੰਗਤ ਚਰਚਾ ਵਾਰਤਾ ਕਰਨ ਵਿਚ ਬਹੁਤ ਗੋਸ਼ਟ ਗਰਮ ਕੀਤੀ, ਜੋਹਾ ਕੁ–

Digitized by Panjab Digital Library | www.panjabdigilib.org

ਮਾਈ–ਇਹ ਮਨ ਜੋ ਹਰ ਵੇਲੇ ਸੰਕਲਪ ਕਰਦਾ ਅਥਵਾ ਰਚਦਾ ਰਹਿੰਦਾ ਹੈ ਫਿਰ ਰਚਦਾ ਹੋਇਆ ਨਾ ਅਕਦਾ ਤੇ ਨਾ ਥਕਦਾ ਹੈ"""ਪੱਲੇ ਵੀ ਕੁਝ ਨਹੀਂ ਬੰਨ੍ਹਦਾ,ਨਵੇਂਸੂਰਜ ਨਵੇਂ ਵਿਕਲਪ ਤਜਾਰ ਕਰਦਾ,ਇਹ ਕੀ ਗਲ ਹੈ, ਕਿਵੇਂ ਇਹ ਇਸ ਕੰਮੋਂ ਮੁੜੇ ਵੀ ?

ਸ਼ਾਮਸੁੰਦਰ–ਸੰਕਲਪ ਦਾ ਰਚਨਾ(ਫੁਰਨਾ ਫੁਰਦਿਆਂ ਰਹਿਣਾ) ਏਹੋ ਹੀ ਮਨ ਦਾ ਸਰੂਪ ਹੈ,ਮੁੜਨਾ ਇਸਦਾ ਬਹੁਤ ਸਹਿਲ ਹੈ ਜੀਕੁਰ ਕਿਸੇ ਦਾ ਕਹਿਣਾ ਹੈ–'ਰਬ ਦਾ ਕੀ ਪਾਉਣਾ ਐਧਰੋਂ ਪੁੱਟਣਾ ਔਧਰ ਲਾਉਣਾ'ਭਈ ਸੰਸਾਰਕ ਸੰਕਲਪਾਂ ਤੋਂ ਤਾਂ ਮਨ ਮੁੜਦਾ ਹੈ ਜਾਂ ਸਤਿਸੰਗਤ ਦੇ ਆਸਰੇ ਨਾਮ ਵਲ ਲਗਜਾਵੇ। ਸੰਕਲਪ ਵਿਕਲਪ ਜੇ ਮਰ ਜਾਣ ਤਾਂ ਮਨ ਨਹੀਂ ਰਹਿੰਦਾ । ਜੇ ਮਨ ਹੀ ਨਾ ਹੋਇਆ ਤਾਂ ਤਨ ਕਿਸਦੇ ਆਸਰੇ?ਇਸ ਕਾਰਣ ਸਾਸ ਸਾਸ ਮਨ ਨੂੰ ਨਾਮ ਵਿਚ ਪਰੋਈ ਰੱਖਣਾ ਸੰਤਾਂ,ਗੁਰਾਂ ਦੀ ਸੇਵਾ ਕਰਨੀ,ਗੁਰੂ ਪਰਮੇਸ਼ੁਰ ਅਗੇ ਬੇਨਤੀ ਕਰਨੀ,ਗੁਰਬਾਣੀ ਤੋਂ ਬਾਝ ਵਿਅਰਥ ਵੇਹਲਾ ਵਖਤ ਕੋਈ ਨਾ ਜਾਣ ਦੇਣਾ । ਇੱਕੁਰ ਮਨ ਜੀਕੁਰਘੋੜਾ ਲਗਾਮ ਦੇ ਵਸ ਹੋਇਆ ਅਪਣੇ ਮੁਤਾਣਪੁਣੇ ਤੋਂ ਮੁੜਿਆ ਰਹਿੰਦਾ ਹੈ, ਤਿਵੇਂ ਮਨ ਵੀ ਅਪਣੇ ਵਿਕਲਪਾਂ ਤੋਂ ਮੁੜਿਆ ਰਹਿੰਦਾ ਹੈ।

ਮਾਈ–ਬਾਣੀ ਪੜ੍ਹਦਿਆਂ ਤੇ ਭਜਨ ਕਰਦਿਆਂ ਮਨ ਅੱਕ ਜਾਂਦਾ ਹੈ ਜਾਂ ਥੱਕ ਜਾਂਦਾ ਹੈ ਤੇ ਨੀਂਦ ਤੇ ਆਲਸ ਵੀ ਆ ਜਾਂਦਾ ਹੈ,ਇਹ ਕੀ ਗੱਲ ਹੈ ?

ਸ਼ਾਮਸੁੰਦਰ–ਇਹ ਭੀ ਮਨ ਦਾ ਸੁਭਾਵ ਹੈ ਤੇ ਭਜਨ ਵਲ ਲੱਗਿਆਂ ਇਹ ਔਖ ਬਹੁਤ ਅਗੇ ਆਉਂਦੇ ਹਨ ਪਰ ਜਦੋਂ ਜਗਾ ਜਗਾ ਕੇ ਵਿਲਾ ਵਿਲਾ ਕੇ ਇਸ ਮਨ ਨੂੰ ਫੇਰ ਫੇਰ ਭਜਨ ਵਲ ਤੇ ਬਾਣੀ ਵਿਚ ਲਾਈਦਾ ਰਹੀਦਾ ਹੈ ਤਾਂ ਗਿੱਝ ਜਾਂਦਾ ਹੈ, ਫਿਰ ਨੀਂਦ ਅਕੇਵਾਂ ਘੱਟ ਮੰਨਦਾ ਹੈ ਤੇ ਲਗਦਾ ਵੀ ਚੰਗਾ ਹੈ, ਇਸ ਲਈ ਨਿਸਦੀਆਂ ਰੱਤੀਆਂ ਵਲ ਦੇਖਕੇ ਬਾਣੀ ਵਿਚ ਨਾਹਾ ਨਹੀਂ ਕਰਨਾ।

ਮਾਈ–ਮਹਾਰਾਜ! ਬਾਣੀ ਵਿਚ ਲਗਿਆਂ ਵੀ ਇਹ ਮਨ ਆਪਣੀ ਵਾਦੀ ਨਹੀਂ ਛਡਦਾ ਕਿਤੇ ਦਾ ਕਿਤੇ ਭਟਕਦਾ ਪਿਆ ਫਿਰਦਾਹੈ, ਕੋਈ ਭਾਂਤਾਂ ਦੇ ਮਨੋਰਾਜ ਕਰਦਾ ਹੀ ਉੱਡਦਾ ਰਹਿੰਦਾ ਹੈ।

ਸ਼ਾਮਸੁੰਦਰ–ਜਦ ਮਨ ਹੋਰਥੇ ਭੱਜਾ ਫਿਰੇ ਤਾਂ ਜਾਣਨਾ ਚਾਹੀਏ ਇਹ ਬਾਣੀ ਵਲ ਨਹੀਂ ਲਗਦਾ,ਇਸਲਈ ਇਹਜੁਗਤ ਕਰਨੀਚਾਹੀਏ ਕਿ ਇਸਨੂੰ ਡਰ ਦਿੱਤਾ ਜਾਵੇ। ਪਹਿਲਾ ਡਰ ਮੌਤ ਦਾ ਹੈ, ਹਰਵੇਲੇ ਚੇਤੇ ਕਰਾਉਂਦਿਆਂ ਹੀ ਰਹਿਣਾ ਵਾਜਬ ਹੈ।ਦੂਜਾ ਡਰ ਗੁਰੂ ਪਰਮੇਸ਼ੁਰ ਦਾ, ਉਹ ਇਕੁਰ ਹੁੰਦਾ ਹੈ ਭਈ ਬਾਣੀ ਪੜ੍ਹਨ ਵੇਲੇ ਅਥਵਾ ਭਜਨ ਕਰਨ ਵੇਲੇ;ਗੁਰ ਪਰਮੇਸ਼ੁਰ ਦੇ ਅਗੇ ਬੇਨਤੀ ਕਰੀਦੀ ਹੈ, ਤਾਂ ਇਸ ਗਲ ਤੋਂ ਇਹ ਮੰਨਣਾ ਚਾਹੀਏ ਕਿ ਸਤਿਗੁਰੂ ਇਸ ਵੇਲੇ ਸਾਡੀ ਬੇਨਤੀ,ਬਾਣੀ,ਭਜਨ ਸੁਣ ਰਹੇ ਹਨ,ਸਾਡੇ ਚੰਗੇ ਮੰਦੇ ਕਰਮ ਵੀ ਵੇਖ ਰਹੇ ਹਨ,ਇਕੁਰ ਹੀ ਮਹਾਰਾਜ ਅਪਣੀ ਸਰਬੱਗਤਾ ਕਰਕੇ ਸਾਡੇ ਮਨ ਦੇ ਸੰਕਲਪਾਂ ਨੂੰ ਵੀ ਦੇਖਦੇ ਹਨ,ਤਾਂ ਸਾਨੂੰ ਸ਼ਰਮ ਕਰਨੀ ਚਾਹੀਏ,ਕਿਉਂਜੋ ਪਤੱਖ ਵਿਚ ਅਸੀਂ ਬਾਣੀ ਪੜ੍ਹੀਏਅਤੇ ਅੰਦਰੇ ਅੰਦਰ ਮਨ ਚੋਰੀਆਂ ਯਾਰੀਆਂ ਕਰਦਾ ਫਿਰੇ, ਫਿਰ ਸਾਨੂੰ ਬਾਣੀ ਦਾ ਫਲ ਕੀਕੁਰ ਹੋਊ, ਮਗਮਾਂ ਉਲਟੀ ਸਜ਼ਾ ਹੋਊ,ਕਿਉਂਕਿ ਓਹਲੇ ਚੋਰੀ ਕੀਤੀਹੋਈ ਤਾਂ ਬਾਣੀ ਦੇ ਆਸਰੇ ਬਖਸ਼ਾਉਣੀ ਹੋਈ; ਜੇਹੜੀ ਹਜ਼ੂਰ ਵਿਚ ਬਾਣੀ ਪੜ੍ਹਦਿਆਂ ਖੁਟਿਆਈ ਕੀਤੀ, ਓਹ ਬਿਨਾ

Digitized by Panjab Digital Library | www.panjabdigilib.org

ਸਜ਼ਾਓਂ ਕੀਕੁਰ ਛੁਟੂ?ਇਸ ਲਈ ਮਨ ਲਾਕੇ ਬਾਣੀਪੜ੍ਹਨੀ,ਜੇ ਮਨ ਭੱਜੇ ਤਾਂ ਮੋੜਕੇ ਲਿਆ. ਉਣਾ ਅਤੇ ਫੇਰ ਫੇਰ ਟਿਕਾਣੇਲਿਆਕੇ ਬਾਣੀ ਵਿਚ ਪਰੋਣਾ। ਜਿਵੇਂ ਜਿਵੇਂ ਮਨ ਭਜਦਾ ਫਿਰੇ ਤਿਵਂ ਤਿਵੇਂ ਗੁਰੂ ਪਰਮੇਸ਼ੁਰ ਦਾ ਭੈ, ਆਪਣੇ ਕੀਤੇ ਕਰਮਾਂ ਦਾ ਸੋਚ ਰੂਪੀ ਡੰਡਾ ਲਈ ਮਾਰੇ ਮਗਰ ਕਾਬੂ ਕਰਨ ਲਈ ਉੱਦਮ ਨਿਬਾਹੀ ਚਲਣਾ ਚਾਹੀਦਾ ਹੈ, ਫਿਰ ਸਮਾ ਪਾਕੇ ਹੁੰਦਾ ਹੁੰਦਾ ਕੁਝ ਸੂਤ ਹੋ ਜਾਂਦਾ ਹੈ।

ਮਾਈ—ਮਹਾਂਰਾਜ ਜੀ! ਇਹ ਗਲ ਤਾਂ ਚੰਗੀ ਸਮਝ ਪੈ ਗਈ ਹੈ ਪਰ ਕਿਰਪਾ ਕਰਕੇ ਇਹ ਭੀ ਦੱਸੋ ਗੁਰੂ ਮਹਾਰਾਜ ਸਚੀ ਮੁਚੀਂ ਸਾਡਾ ਭਜਨ ਬੰਦਗੀ ਬਾਣੀ ਸੁਣਦੇ ਹਨ ਕਿ ਐਵੇਂ ਮਨ ਦੇ ਡਰਾਵੇ ਲਈਇਹ ਗੱਲਬਣਾਈ ਹੋਈ ਹੈ। ਕਿਰਪਾ ਕਰਕੇ ਸਚੋ ਸੱਚ ਦੱਸਣਾ।

ਸ਼ਾਮਸੁੰਦਰ—ਓਇ ਮਾਈ ਭੋਲੀਏ! ਇਹ ਵਿਕਲਪ ਨਾਸਤਕਾਂ ਵਾਕਰ ਕਦੀ ਭੁੱਲਕੇ ਵੀ ਨਹੀਂ ਕਰਨਾ, ਸਾਡੇ ਸਤਿਗੁਰੂ ਸ੍ਵਾਮੀ ਜੀ ਦਾ ਬਚਨ ਹੈ 'ਸਤਿਗੁਰ ਜਾਗਤਾ ਹੈ ਦੇਵ'। ਓਹ ਪਰਮੇਸ਼ੁਰ ਅਕਾਸ਼ ਵਾਕਰ ਸਾਰੇ ਪਰੀ ਪੂਰਣ ਹੈ, ਕੂੜਾਂ ਅੱਖਾਂ ਨਾਲ ਦੇਖਦਾ ਹੈ, ਕੂੜਾਂ ਹੀ ਕੰਨਾਂ ਨਾਲ ਸੁਣਦਾ ਹੈ। ਇੰਨਾਂ ਤਾਂ ਤੂੰ ਆਪੇ ਸੋਚ ਲੈ,ਭਈ ਗਜ ਦੀ ਪੁਕਾਰ ਸੁਣ ਕੇ ਉਸਨੂੰ ਛੁਡਾਉਣ ਵਾਸਤੇ ਅੱਪੜਿਆ, ਦਰੋਪਤੀ ਦੀ ਲਜਾ ਰੱਖਣ ਲਈ ਪੁਕਾਰ ਸੁਣਕੇਬਾਹੁੜਿਆ, ਇਜੇਹੇ ਅਨੇਕ ਪ੍ਰਸੰਗ ਹਨ ਜੋ ਗੁਰੂ ਪਰਮੇਸ਼ੁਰ ਦਾ ਸਦਾ ਹੀ ਪ੍ਰਕਾਸ਼ ਜੋਤੀ ਸਰੂਪ ਨੇੜੇ ਹੋਕੇ ਸੁਣਨਾ ਸਾਡੇ ਕਰਮਾ ਦਾ ਦੇਖਣਾ ਸਿੱਧ ਕਰਦੇ ਹਨ। ਜੇਹਾਕੁ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਗਲਾਦੀਪ ਵਿਚ ਜਾਣਾ,ਰਾਜੇ ਸ਼ਿਵਨਾਭ ਦੇ ਵਾਸਤੇ;ਫੇਰਛੇਵੇਂ ਸਾਹਿਬ ਸ੍ਰੀਗੁਰੂਹਰਿਗੋਇੰਦ ਸਾਹਿਬਜੀ ਦਾ ਬੁੱਢੀ ਮਾਈ ਦੇ ਪ੍ਰੇਮ ਦੀ ਖਿੱਚ ਨਾਲ ਕਸ਼ਮੀਰ ਜਾਣਾ; ਭਾਈ ਕਟੂ ਦੇ ਸ਼ਹਿਤ ਵਾਲਾ ਪ੍ਰਸੰਗ ਚੰਗਾ ਉੱਘਾ ਹੈ। ਫੇਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਚਾਚਾ ਫਗੇ ਦੇ ਘਰ ਘੋੜੇ ਤੇ ਸਵਾਰ ਉਸਦੀ ਇੱਛਾ ਪੂਰੀ ਕਰਨ ਲਈ ਅੱਪੜਨਾ। ਇਜੇਹੇ ਬਹੁਤੇ ਪ੍ਰਸੰਗ ਹਨ ਪਰ ਪਰਤੱਖ ਹੱਲ ਤਾਂ ਇਹ ਹੈ ਜਿਸ ਵੇਲੇ ਇਕ ਮਨ ਹੋਕੇ ਬੇਨਤੀ ਕਰੀਏ,ਅਰਦਾਸ ਕਰੀਏ,ਬਾਣੀਪੜ੍ਹੀਏ,ਓਸ ਵੇਲੇ ਬਹੁਤ ਹੀ ਨੇੜੇ ਹੋਕੇ ਸੁਣਦਾ ਹੈ, ਦੇਖਦਾ ਹੈ, ਸਚਮੁਚ ਵੇਖਦਾ ਹੈ, ਇਜੇਹੀ ਭਾਵਨਾ ਜੋ ਸਿੱਖ ਨਹੀਂ ਰਖਦਾ ਉਹ ਜਾਣੋ ਬਾਣੀ ਵੀ ਨਹੀਂ ਪੜ੍ਹਦਾ। ਬਾਣੀ,ਮਨ,ਅਤੇ ਗੁਰੂ ਪਰਮੇਸ਼ੁਰ ਇਕੁਰ ਆਪਸ ਵਿਚ ਸੰਬੰਧ ਰਖਦੇ ਹਨ, ਜੀਕੁਰ ਰਾਗ ਸਾਜ਼ ਅਤੇ ਰਾਗੀ, ਏਹ ਤਿੰਨੇ ਆਪੋ ਵਿਚ ਹੁੰਦੇ ਹਨ।

ਮਾਈ ਨੇ ਹੱਥ ਜੋੜਕੇ ਮੱਥਾ ਟੇਕਿਆ ਤੇ ਆਖਿਆ ਮਹਾਰਾਜ! ਕਈ ਮੁੱਦਤਾਂ ਤੋਂ ਭਜਨ ਬਾਣੀਦਾ ਸੁਭਾਅ ਪਿਆ ਸਾ,ਪਰ ਕਦੀਕਦੀ ਇਜੇਹੀਆਂ ਤਰਕਾਂ ਤੇ ਮਨ ਦੀਆਂ ਖੁਟਿਆ-ਈਆਂ ਬੜਾ ਦੁਖ ਦਿੰਦੀਆਂ ਰਹਿੰਦੀਆਂ ਸਨ, ਅਜ ਆਪ ਦੀ ਕਿਰਪਾ ਨਾਲ ਇਹ ਭਰਮ ਮਿਟ ਗਿਆ।

ਸ਼ਾਮਸੁੰਦਰ—ਮਾਈਜੀ! ਆਪ ਅਭਿਆਸੀ ਹੋ, ਆਪ ਤੇ ਗੁਰੂ ਪਰਮੇਸ਼ੁਰ ਦੀ ਕਿਰਪਾ ਹੈ, ਅਸਾਡੇ ਧੰਨ ਭਾਗ ਹਨ ਜੋ ਤੁਹਾਡੇ ਦਰਸ਼ਨ ਹੋਏ, ਸਤਿਸੰਗ ਹੋਇਆ।

ਮਾਈ ਨੇ ਕਈ ਦਿਨ ਤਕ ਪ੍ਰੇਮ ਭਾਵਨਾ ਨਾਲ ਸ਼ਾਮਸੁੰਦਰ ਨੂੰ ਆਪਣੇ ਪਾਸ ਟਿਕਾ-ਇਆ, ਸੇਵਾ ਪੂਜਾ ਵੀ ਮਨ ਅਤੇ ਧਨ ਕਰਕੇ ਕੀਤੀ, ਸਦਾ ਆਪਣੇ ਪਾਸ ਰੱਖਣ ਲਈ ਵੀ ਬਹੁਤ ਵਾਰੀ ਬੇਨਤੀ ਕੀਤੀ,ਪਰ ਇਸ ਮਹਾ-ਤਮਾ ਨੂੰ ਜੇ ਕਿਤੇ ਚਾਰ ਦਿਨ ਦਾ ਮੁਕਾਮ ਹੋ

Digitized by Panjab Digital Library | www.panjabdigilib.org

ਜਾਏ ਤਾਂ ਪੈਰਾਂ ਦੀਆਂ ਤਲੀਆਂ ਖੁਜਾਵਣ ਲਗ ਜਾਣ।ਇਜੇਹਾ ਛਨਿਛਰ ਪੈਰਾਂ ਤੇ ਸਵਾਰ ਹੋਇਆ ਕਿ ਕਿਤੇ ਟਿਕਾਉ ਦੀ ਸੂਰਤ ਨਹੀਂ, ਇਕੁਰ ਇਥੋਂ ਵੀ ਕੂਚ।

ਪੂਕਰਣ ੯.

ਸੁਗਭਿਤ ਬਨਮਹਕਤ ਬਿਟਪ ਪ੍ਰਫੁਲਤ ਮੋਦਅਨੰਤ।
ਕੁਹਕਤ ਕੋਇਲ ਭ੍ਰਮਰ ਨਰ ਪ੍ਰਾਪਤ ਭਯੋ ਬਸੰਤ ॥

ਅੰਬਾਂ ਦੇ ਬੂਟਿਆਂ ਨੇ ਬੌਰ ਕੱਢਣ ਦੀਆਂ ਨੀਹਾਂ ਰਖੀਆਂ, ਹੋਰ ਵੀ ਅਨਾਰਾਂ ਕਚਨਾਲਾਂ ਆਦਿਕ ਬਿਛਾਂ ਨੇ ਵੀ ਅੱਖੀਆਂ ਕਾਲੀਆਂ ਕੀਤੀਆਂ, ਕਿਤੇ ਕਿਤੇ ਸੁਫੈਦੀ ਤੇ ਲਾਲੀ ਦੀ ਲਕ ਪਲਕ ਖੋਲ੍ਹਣ ਵਾਕਰ ਫੁਲਾਂ ਦੀਆਂ ਕਲੀਆਂ ਦੇ ਬਣਾਉ ਬਣਨੇ ਅਰੰਭ ਹੋ ਗਏ, ਕੋਇਲਾਂ ਵੀ ਕੂ ਕੂ ਦੀ ਸੁਰ ਭਰਨ ਲਗੀਆਂ, ਭੌਰੇ ਵੀ ਧੁਪ ਸੇਕ ਸੇਕ ਕੇ ਖੰਭ ਸੁਵਾਰਨ ਲਗੇ, ਮਸੋਲੇ ਵੀ ਪਾਣੀਆਂ ਦੇ ਕਿਨਾਰੇ ਅੱਖੀਆਂ ਵਾਕਰ ਚੰਚਲ ਹੋਕੇ ਫਿਰਨ ਲਗੇ,ਪੌਣ ਨੇ ਵੀ ਪਿਛਲੀ ਤਿੱਖੀ ਅਤੇ ਚੋਭਵੀਂ ਠੰਢ ਛੱਡਣੀਂ ਅਰੰਭੀ।ਜੀਕੁਰ ਕੋਈ ਸੰਤਾਂ ਦੇ ਸੰਗ ਹੋਣੇ ਕਰਕੇ ਕ੍ਰੋਧ ਈਰਖਾ ਬਖੀਲੀ ਆਦਿਕ ਵਾਸ਼ਨਾਂ ਤੋਂ ਉਪਰਾਮ ਹੋਣ ਲਗ ਜਾਂਦਾਹੈ ਇਕੁਰ ਹੀ ਠੰਢ ਨੇ ਵੀ ਆਪਣਾ ਬਿਸਤ੍ਰਾ ਸਮੇਟ ਕੇ ਕੂਚ ਕਰਨ ਲਈ ਤਯਾਰੀ ਕਰਨੀ ਚਾਹੀ। ਕਣਕ ਸਰਸੋਂ,ਜੌਂ,ਛੋਲੇ ਆਦਿਕਾਂ ਦੀਆਂ ਫਸਲਾਂ ਨੇ ਅਪਣਾ ਲਹਿ ਲਹਾਉਂਦਾ ਜੋਬਨ ਸਬਜ਼ੀ ਦਾ ਖੇਤ ਕਰ ਦਿਖਾਇਆ। ਬਾਗਾਂ ਦੀ ਸਫਾਈ ਮਾਲੀਆਂ ਨੇ ਤਰਾਸ਼ ਖਰਾਸ਼ ਕਰਨ ਲਈ ਕੈਂਚੀਆਂ ਰੰਬੇ ਤੇਜ਼ ਕੀਤੇ, ਗੁਲਾਬ ਨੇ ਵੀ ਕੁਝ ਹੋਸ਼ ਸੰਭਾਲਨੀਕੀਤੀ,ਲੋਕਾਂਦੇਮਨਵੀਪਿਛਲੀ ਪੋਹ ਮਾਹ ਦੀ ਕੱਕਰੀ ਠੰਢ ਤੋਂ ਉਕਸਣ ਲਗੇ। ਅਕਾਸ਼ ਵੀ ਨਿਰਮਲ ਜਗਜਾਸ੍ਰ ਦੇ ਮਨ ਵਾਕਰ ਸ਼ੁਧਹੋਗਿਆ।ਆ ਉਣਵਾਲੀਬਹਾਰ ਨੇ ਆਪਣੀ ਲੈਨ ਡੋਰੀ ਭੇਜ ਦਿੱਤੀ।ਇਕੁਰ ਹੀ ਜਾਣਵਾਲੀ ਰੁਤ ਨੇ ਆਪਣੇ ਪਰਤਾਪ ਸਮੇਤ ਸਾਜ ਸਮਾਜ ਰਾਜ ਦੀ ਸਮੇਟਾ ਸਮਾਟੀ ਕਰਨੀ ਅਰੰਭ ਕਰ ਦਿੱਤੀ । ਇਜੇਹੇ ਸੁਹਾਵਣੇ ਸਮੇ ਦੇ ਆਵਣ ਦੀਆਂ ਖੁਸ਼ੀਆਂ ਮਨਾਵਣ ਲਈ ਲੋਕਾਂ ਆਪੋ ਆਪਣੇ ਅਸਥਾਨਾਂ (ਨੱਗਰਾਂ) ਤੇ ਕੋਈ ਕੋਈ ਜਗਹ ਇਜੇਹੀਆਂ ਨੀਯਤ ਕੀਤੀਆਂ ਹੋਈਆਂ ਹਨ ਭਈ ਜਿਥੇਆਪਣੀ ਉਦਾਸੀ ਦਾ ਪਰਚੇਵਾਂ ਅਤੇ ਆਉਣ ਵਾਲੀ ਬਹਾਰ ਦੀ ਆਗਤਭਾਗਤ ਕੀਤੀਜਾਵੇ,ਇਸਲਈ ਏਥੇਵੀ ਇਕ ਇਜੇਹੀ ਜਗਾ ਦਾ ਵਰਣਨ ਕਰਦੇ ਹਾਂ।

ਪ੍ਰਾਤੇਕਾਲ ਦਾ ਵੇਲਾ ਹੈ,ਸ਼ਤਿ ਅਨੰਦ ਦਾ ਮਾਨੋ ਭੌਮੇਲਾ ਹੈ,ਜਿਸਦੀ ਸਾਰੀ ਰਾਤ ਅੱਖ ਨਾ ਲਗੀ ਹੋਵੇ ਉਹ ਭੀ ਇਜੇਹੀ ਮਿੱਠੀ ਨੀਂਦਰੇਸੌਂ ਜਾਏ,ਮਾਨੋਂ ਜਾਂਦੀ ਹੋਈ ਰਾਤ ਆਪਣੀ ਗੋਦ ਵਿਚ ਸੁੱਤੇ ਪਏ ਦਲਿੱਦਰੀ ਬਚਿਆਂ ਨੂੰ ਓਸ ਦੇ ਭਿਜੇ ਹੋਏ ਠੰਢੇ ਨਰਮ ਅਤੇ ਹੌਲੇ ਹਵਾ ਦੇ ਥਪੇਕੇ ਲਾ ਲਾ ਕੇ ਸੁਲਾਰਹੀਹੈ ਪੂੰਤੁਅੜੀਅਲ,ਜਿੱਦੀ ਅਪਣੇ ਹਠੋਂ ਨਾ ਹਾਰਨ ਵਾਲੇ,ਇਨ੍ਹਾਂ ਨਰਮ ਥਪੇੜਾਂ ਦੀ ਕੁਝ ਵੀ ਨਾ ਪਰਵਾਹ ਕਰਨ ਵਾਲੇ ਕਦੋਂਕਣੇ ਜਾਗ,ਸੋਚ ਸ਼ਨਾਨ ਕਰ ਕਰਾਕੇ,ਨਿਤ ਨੇਮਦੀ ਬਾਣੀ ਪਾਠ ਕਰ ਕਰਾ,ਵੇਹਲੇਹੋਕਪੜੇ ਲੀੜੇ ਦੀ ਸਜਾਵਟ ਵਿਚ ਰੁੱਝ ਰਹੇ ਹਨ। ਗਲੀਆਂ ਵਿਚ ਉਧੜ ਧੁੰਮੀ ਮਚੀ ਹੋਈ ਹੈ। ਕਿਸੇ ਘਰ ਰੋਟੀਆਂ ਦੀ ਠਪ ਠਪ ਹੋ ਰਹੀ ਹੈ, ਕਿਤੇ ਕਪੜਿਆਂ ਦੀ ਛਾਂਟਫਾਂਟ ਝਗੜਾਬਖੇੜਾ ਚਲ ਰਿਹਾ ਹੈ। ਕਿਸੇ ਪਾਸਿਓਂ ਇਕ ਗੁੰਜਵੀਂ ਸੁਰ ਵਿਚ ਅਵਾਜ਼ ਆ ਰਹੀ ਹੈ:—

'ਨੀ ਤੁਰ ਵੀ'''ਉਤੋਂ ਦੁਪਹਿਰ ਦਿਨ ਦੀ ਆ ਗਈ ਹੈ'। ਦੂਜੇ ਪਾਸਿਓਂ ਇਕ ਹੋਰ

Digitized by Panjab Digital Library | www.panjabdigilib.org

ਇਜੇਹੀ ਅਵਾਜ਼ ਕੰਨਾਂ ਦੇ ਪਾਸਿਓਂ ਸਰਕਦੀ ਜਾ ਰਹੀ ਹੈ 'ਚਲ ਨੀ ਚੌਥੇ,ਅਜੇ ਤਜਾਰ ਹੋਈ ਏਂ ਕਿ ਨਹੀਂ ?' ਇੰਨੇ ਤਕ ਇਕ ਇਜੇਹੀ ਬੋਲ ਚਾਲ ਜੋ ਸਾਫ ਸਮਝੀਦੀ ਜਾਂਦੀ ਹੈ ਸੁਣਨ ਵਿਚ ਆਈ,'ਕਿਉਂ ਨੀ ਭੈਣ ਕਿਸਵੇਲੇ ਚੱਲੇਂਗੀ,ਤਿੰਨ ਕੋਹ ਪਕਾ ਪੈਂਡਾ ਹੈ ਟੁਰਦਿਆਂ ਕਦ ਮੁੱਕੇਗਾ ?

ਦੂਜੀ ਜਣੀ—ਨਹੀਂ ਨੀ ਰੰਡੀ ਕਰ ਲਵਾਂ-ਗੀਆਂ, ਨਾਲ ਬਾਲ ਜੋ ਹੋਏ।

ਪਹਿਲੀ-ਭੈਣ ਜੀ!ਜਾਣਾ ਤਾਂ ਟੁਰਦਿਆਂ ਹੈ ਆਉਂਦਿਆਂ ਭਾਵੇਂ ਗੱਡੀ, ਬੈਹਲ, ਯਕਾ, ਭਾੜੇ ਕਰ ਲਵਾਂਗੇ।ਪਰ ਜਾਂਦਿਆਂ ਚੌਕੀ ਤੁਰਕੇ ਭਰਨੀ ਹੋਈ ਨਾ।

ਦੂਜੀ—ਸਾਥੋਂ ਤਾਂ ਨਹੀਂ ਟੁਰਕੇ ਜਾਯਾ ਜਾਂਦਾ।

ਪਹਿਲੀ—ਹੱਛਾ ਭੈਣ ਜੀ ! ਮੈਂ ਤਾਂ ਹੌਲੀ ਹੌਲੀ ਚਲਨੀ ਹਾਂ।

ਦੂਜੀ—ਚੰਗਾ ਫਿਰ ਤੂੰ ਪੈਂਡਾ ਖੋਟਾ ਨਾ ਕਰ।

ਇੱਕੁਰ ਹੀ ਸਵੇਰ ਤੋਂ ਲੈਕੇ ਖਲਕਤ ਦਾ ਨਿਕਲਣਾ ਅਰੰਭ ਹੋਇਆ, ਪੱਛੋਂ ਦੀ ਪੌਣ ਚੰਗੀ ਠੰਢੀ, ਮਾਘ ਦੇ ਮਹੀਨੇ ਦਾ ਅੰਤ,ਲੋਕਾਂ ਦਾ ਜਾਣਾ ਵੀ ਪੱਛੋਂ ਰੁਖ ਇਸ ਵੇਲੇ ਦਾ ਸਮਾ ਕਥਨ ਨਹੀਂ ਕੀਤਾ ਜਾਂਦਾ।ਸਿਰਾਂ ਤੇ ਪੀਲੀਆਂ ਪੱਗਾਂ ਦੀ ਸਜਾਵਟ,ਖੇਤਾਂ ਵਿਚ ਸਰਸੋਂ ਖਿੜੀ ਹੋਈ ਦੀ ਪੀਲੀ ਬਹਾਰ, ਤੀਵੀਆਂ ਦਾ ਵੀ ਨਿਖਾਰ ਸ਼ਿੰਗਾਰ, ਸਜ ਧਜ, ਛਾਬੜੀਆਂ ਵਾਲਿਆਂਦੀਭੀੜ,ਯਕਿਆਂਗੱਡੀਆਂਵਾਲਿਆਂ ਦੀ ਘੜੜ ਘੜੜ,ਧੂੜ ਦੀ ਉਡਾਨ,ਹਟੇ ਬਚੇ ਪੋਸ਼ ਦੀ ਪੁਕਾਰ,ਸੜਕ ਤੇ ਤਾਂ ਮਾਰੇ ਭੀੜ ਦੇ ਅਪਣਾ ਪਰਾਇਆ ਭੁੱਲਿਆ ਲੱਭਣਾਮੁਹਾਲ। ਜਗ੍ਹਾ ਜਗ੍ਹਾ ਤੇ ਹਲਵਾਈਆਂ ਦੀਆਂ ਹਟਾਂ ਦੀ ਸਜਾਵਟ, ਬਨਾਵਟ, ਮਾਨੋ ਮੂੰਹੋਂ ਬੋਲ ਬੋਲ ਕੇ ਅਪਣੀ ਮਿਠਾਸ ਨਾਲ ਲੋਕਾਂ ਦੇ ਦਿਲਾਂ ਨੂੰ ਮੋਹ ਰਹੀ ਹੈ,ਖੋਂਚੇਵਾਲਿਆਂ ਦੀਆਂ ਲੰਮੀਆਂ ਹੇਕਾਂ, ਛਬੀਲਾਂ ਵਾਲਿਆਂ ਦੀਆਂ ਸਿਲ੍ਹਾਬਾਂ ਤੇ ਛਿੱਟਾਂ; ਸਾਂਹਸਿਆਣੀਆਂ ਦੀ ਤਿੱਖੀ ਤੇ ਹਠੀਲੀ ਮੰਗਣੀ ਅੜ ਕੇ ਲੋਕਾਂ ਨੂੰ ਖਿੱਚ ਕਰ ਰਹੀ ਹੈ।ਥਾਓਂ ਥਾਈਂ ਪੈਲੀਆਂ ਦੇ ਲਾਂਭੇ ਚਾਂਭੇ ਮੰਡਲੀਆਂ ਦੀ ਬੈਠਕ , ਖੁਸ਼ ਗੱਪੀਆਂ, ਖਾਣ ਪੀਣ ਵਾਲਿਆਂ ਦੀਆਂ ਵੰਡਾਂਚੁੰਡਾਂਕੁਤੇ, ਮਿਰਾਸੀ, ਸਾਂਹਸੀ, ਪਾਣੀ ਪਹੁੰਚਾਣ ਵਾਲੇ ਬਾਹਮਣ ਅਤੇ ਕਾਂਵਾਂ ਇੱਲਾਂ ਦੀਆਂ ਫੇਰੀਆਂ, ਘੁੰਮਨ ਘੇਰੀਆਂ,ਕਿਥੋਂਤਾਈਂ ਲਿਖਿਆ ਜਾਵੇ ਜੇਹਾ ਕੁ ਇਸ ਮੇਲੇ ਨੂੰ ਸੁਹਾਵਣਾ ਕਰ ਰਹੀਆਂ ਹਨ। ਚਵ੍ਹੀਂ ਲਾਂਭੀਂ ਜਿੱਧਰ ਵੀ ਨਜ਼ਰ ਭਰਕੇ ਦੇਖਿਆ ਜਾਵੇ ਬੱਸ ਜਾਂ ਤਾਂ ਸਰਸੋਂ ਫੁਲੀ ਹੋਈ ਦਾ ਬਸੰਤ ਖਿੜਿਆ ਹੈ ਜਾਂ ਬਸੰਤੀ ਪੱਗਾਂ,ਕਪੜੇ ਬਸੰਤੀ ਬਸੰਤ ਬਗਰਾ ਰਹੇ ਹਨ। ਏਥੇ ਇਕ ਗੁਰਦੁਆਰਾ ਹੈ,ਨਾਲ ਹੀ ਖੂਹ ਵਗ ਰਿਹਾ ਹੈ,ਪ੍ਰੇਮੀ ਲੋਕ ਇਸ਼ਨਾਨ ਵੀ ਕੁਝ ਕਰ ਰਹੇ ਹਨ।ਕਿਤੇਕਿਤੇ ਤੀਵੀਆਂ ਦੇ ਝੁੰਡਾਂ ਦੇਝੁੰਡ ਬੈਠੇ ਰੋਟੀਆਂ ਕਚਾਲੂ ਰਵਾਂਹ ਆਲੂ ਖੱਟੇ ਅਤੇ ਮਰਚਾਂ ਦੇ ਮਾਰੇਹੋਏ ਪਕੌੜੇਆਦਿਪਦਾਰਥ ਛਕ ਰਹੇਹਨ। ਪਕੌੜੀਆਂ ਭੁੱਲੇ ਗੋਲਗਪਿਆਂ ਦੀਆਂ ਕਾਂਜੀਆਂ; ਗਾਜਰਾਂ, ਗੋਂਗਲੂਆਂ ਦੇ ਅਚਾਰਾਂ ਦੀਆਂ ਲਹਿਰਾਂ ਲੱਗੀਆਂ ਹੋਈਆਂ ਹਨ।ਇਕ ਪਾਸੇ ਵਲ ਗੁਰਦੁਆਰੇ ਦੇ ਖੂਹ ਤੇ ਸੁਖਨਿਧਾਨ ਦੀਆਂ ਦੇਗਾਂ ਤਜਾਰ ਹੋ ਰਹੀਆਂ ਹਨ, ਕੋਈ ਛਕ ਰਹੇ ਹਨ, ਕੋਈ ਛਕਾ ਰਹੇ ਹਨ, ਕਿਤੇ ਗੱਡੀਆਂ ਜੱਕਿਆਂ ਵਾਲੇ ਅਵਾਜ਼ਾਂ ਮਾਰ ਰਹੇ ਹਨ, ਭਈ ਕੋਈ ਇਕ ਸਵਾਰੀ ਸ਼ਹਿਰ ਦੀ, ਓਇ ਛੜੀ ਸਵਾਰੀ, ਆਦਿਕ।

ਏਥੇ ਇਸ ਗੁਰਦੁਆਰੇ ਦੇ ਪੂਰਬ ਪਾਸੇ ਵਲ ਨਿੱਕੀ ਜੇਹੀ ਬਗੀਚੀ ਹੈ, ਜਿਸਦੇ ਬਿ੍ਛ ਦੇ ਪੱਤ੍ਰ ਸੀਤ ਕਾਲ ਦੇ ਕਾਰਣ ਝੜ ਝੜ ਕੇ

Digitized by Panjab Digital Library | www.panjabdigilib.org

ਨਿਰੀਆਂ ਟਾਹਣੀਆਂ ਦ ਸਰੂਪਾਂ ਵਿਚ ਵਿਦਮਾਨ ਖੜੇ ਬਗੀਚੀ ਦੇ ਦੈਣ ਨੂੰ ਉੱਘਾ ਕਰਕੇ ਦਿਖਾ ਰਹੇ ਹਨ, ਇੱਕੁਰ ਹੀ ਅਰਾਕਾਂ ਅਤੇ ਸੜਕਾਂ ਦਾ ਹੋਣਾ ਵੀ ਮਾਨੋ ਆਪਣੀ ਜ਼ੁਬਾਨੀ ਕਹਿ ਰਿਹਾ ਹੈ ਕਿ ਸ਼ਮੇ ਸਿਰ ਪਾਣੀ ਦੀ ਸਿੰਜ ਨਾਲ ਇਹ ਬਗੀਚੀ, ਬ੍ਰਿਛ,ਪਤ੍ਰ,ਫੁਲ ਘਾਸ ਅਤੇ ਫਲਾਂ ਨਾਲ ਹਰੀ ਭਰੀ ਰਹਿੰਦੀ ਹੁੰਦੀ ਹੈ। ਇਸ ਬਗ਼ੀਚੀ ਦੇ ਠੀਕ ਵਿਚਕਾਰ ਇਕ ਚੌਤੜਾ ਹੈ,ਜਿਸਦੇ ਚਵੁੰਾਂ ਲਾਂਭੁਾਂ ਅੰਬ, ਸਰੂ,ਤੂਤ,ਜਾਮਨ,ਜੇਹੇ ਛੜੇ ਮੁਣੇ ਦਰਖਤਅਤੇ ਪਾਣੀ ਫਿਰਕੇ ਸਿੰਜਣ ਵਾਲੀ ਨਾਲੀ(ਅਰਾਕ) ਚੁਤਫੀ ਦੀ ਮਾਨੋਂ ਹੋਰਸਾਰੀ ਬਗ਼ੀਚੀਨਾਲੋਂ ਇਸ ਚੌਤੜੇ ਨੂੰ ਸਰਦਾਰ ਕਰਕੇ ਦਿਖਾ ਰਹੇ ਹਨ। ਇਸ ਚੌਤੜੇ ਤੇ ਇਕ ਦਰੀ ਵਿਛੀ ਹੋਈ ਹੈ,ਜਿਸ ਦਰੀ ਤੇ ਕੁਝ ਤੀਵੀਆਂ ਬੈਠੀਆਂ ਹਨ, ਅਤੇ ਕੁਝ ਕੱਪੜੇ ਮਰਦਾਵੇਂ ਵੀ ਲੱਥੇ ਹੋਏ ਪਏ ਹਨ,ਜੋ ਅਨੁਮਾਨ ਕਹਿੰਦਾਹੈ ਭੁਈ ਇਸ਼ਨਾਨ ਕਰਨ ਲਈ ਮਰਦ ਗਏ ਹਨ,ਪਿਛੇ ਤੀਵੀਆਂ ਕਪੜਿਆਂ ਦੀ ਰਾਖੀ ਬੈਠੀਆਂ ਹਨ।

ਇਸੇ ਹੀ ਦਰੀ ਤੇ ਇਕ ਮੁਟਿਆਰ, ਰੰਗ ਦੀ ਗੋਰੀ,ਕੱਦ ਦੀ ਕੁਝ ਮਧਰੀ ਜੇਹੀ,ਤੂਤ ਦੀ ਟਾਹਣੀ ਜਿਸ ਤੇ ਪੱਤੇ ਦਾ ਨਾਮ ਮਾਤ੍ਰ ਵੀ ਨਹੀਂ ਪਕੜ ਕੇ ਹਰਾਨੀ ਬਰਾਨੀ ਜੇਹੀ ਹੋਕੇ ਅਲਸਾਈ ਹੋਈ ਹਰਨੀਵਾਕਰ ਚੁਤਰਫੀਨਿਗ੍ਹਾ ਮਾਰ ਰਹੀ ਹੈ ਅਤੇ ਅਪਣੀ ਕਿਸੇ ਸੋਚ ਅਤੇ ਫਿਕਰ ਵਿਚ ਮਾਨੋ ਡੁਬੀ ਹੋਈ ਖੜੋਤੀ ਹੈ। ਜੀਕੁਰ ਇਸ ਬਗ਼ੀਚੀ ਤੇ ਕੋਈ ਫੁਲ ਪਤ੍ਰ ਦਾ ਲਹਾਉ ਨਹੀਂ ਦਿਸਦਾ,ਤਿਵੇਂ ਹੀ ਇਸ ਮੁਟਿਆਰ ਤੇ ਕੋਈ ਸ਼ੋਖੀ ਅਥਵਾ ਚੰਚਲਤਾਈ ਦਾ ਸੁਹਾਉ ਨਹੀਂ ਪ੍ਰਤੀਤ ਹੁੰਦਾ। ਜੀਕੁਰ ਏਹ ਬਗੀਚੀ ਵੈਰਾਨੀ ਅਤੇ ਉਦਾਸੀਨਤਾ ਦਾ ਰੂਪ ਪ੍ਰਗਟ ਕਰਕੇ ਦਿਖਾ ਰਹੀ ਹੈ,ਤਿਵੇਂ ਹੀ ਇਸ ਮੁਟਿਆਰ ਦੀਆਂ ਅੱਖਾਂ ਦੀ ਟਿਕਟਿਕੀ ਅਤੇ ਚੁਪਾਤੇ ਸਰੂ ਵਾਕਰ ਇਕੋ ਥਾਉਂ ਤੇ ਖੜੇ ਹੋਣਾ ਉੱਘਾ ਕਰ ਰਿਹਾਹੈ ਕਿ ਇਹ ਭੀ ਅਜੇ ਅਪਣੇ ਕਰਮਾਂ ਰੂਪ ਠੰਢ ਦੀ ਮਾਰੀ, ਬਸੰਤ ਦੀ ਹਵਾ ਤੋਂ ਖਾਲੀ ਕਿਸੇ ਹੈਰਾਨੀ ਦੇ ਸਮਾ ਪੂਰਾ ਕਰਨ ਲਈ,ਬਗੀਚੀ ਦੀ ਦੁਖਭਰੀਸ਼ੋਭਾ ਰੂਪ ਹੋ ਰਹੀ ਹੈ ਕਿ ਇੰਨੇ ਤਕ ਇਕ ਮੁੰਡਾ ਉਮਰੋਂ ਕੋਈ ਤੇਰਾਂ ਚੌਦਾਂ ਬਰਸਾਂ ਦਾ,ਸ਼ੋਖੀ ਤੇ ਚਲਾਕੀ ਦਾ ਪੁਤਲਾ,ਗਲ ਵਿਚ ਪਾਟਾ ਹੋਇਆ ਥਿੰਧਾ ਤੇ ਮੈਲਾ ਕੁਚੈਲਾ ਕੁੜਤਾ ਪਾਈ,ਸਿਰ ਤੇ ਅਜੇਹੀ ਥਿੰਧੀ ਮੈਲੀ ਪਗ ਲਟਪਟੀ ਲਪੇਟੀਹੋਈ,ਹੱਥ ਵਿਚ ਇਕਦੋਨਾ ਪਤ੍ਰ ਨਾਲ ਢਕਿਆਹੋਇਆ ਨਹੀਂ ਮਾਲੂਮ ਕਿਧਰੋਂਆਇਆ ਹੈ'ਅਸਮਾਨੋਂ ਢੱਠਾਖਜੂਰ ਤੇ ਅਟਕਿਆ'ਵਾਲੀ ਗਲ ਵਾਕਰ ਇਸ ਬੇਖਬਰ ਮੁਟਿਆਰ ਨੂੰ ਕਹਿ ਰਿਹਾ ਹੈ, 'ਹੋਰਸੈਂਦਾ ਭਾਈਏ ਦੋਰੀ ਲਿਆਉ'ਦੇ ਹਨ ਤੇ ਇਹ ਤੁਸੀਂ ਰੱਖ ਲਓ'ਦੋਨਾ ਹੱਥ ਵਿਚ ਦੇਂਦਾ ਹੀ ਇਉਂ ਗੁੰਮ ਹੋਇਆ ਜੀਕੁਰ ਮੁਰਦੇ ਵਿਚੋਂ ਜਾਨ। ਕੁਝ ਪਤਾ ਨਾ ਲਗਾ ਕਿ ਇਹ ਸ਼ੈਤਾਨ ਦਾ ਚਾਚਾ ਜ਼ਿਮੀਨ ਵਿਚੋਂ ਨਿਕਲਕੇ ਫਿਰ ਕਿਹੜੇ ਪਾਸੇ ਹਵਾ ਹੋ ਗਿਆ ਕਿ ਅਸਮਾਨੋਂ ਉਤਰਕੇ ਧਰਤੀ ਵਿਚ ਸਮਾ ਗਿਆ।

ਜਦ ਇਸ ਹੈਰਾਨੀ ਭਰੀ ਮੁਟਿਆਰ ਨੇ ਦੋਨਾ ਹੱਥ ਵਿਚੋਂ ਹੱਖਣਾ ਚਾਹਿਆ, ਪੱਤਰ ਚੁਕ ਕੇ ਡਿੱਠਾ, ਅਗਲੀ ਹਿਰਾਨੀ ਤਾਂ ਐਵੇਂ ਬਿਜਲੀ ਦੇ ਖਿਵਣ ਵਾਕਰ ਸੀ, ਪਰ ਪੱਤਰ ਚੁਕਦਿਆਂ ਇਜੇਹੀ ਕੜਕੀ ਕਿ ਪੈਰਾਂ ਹੇਠੋਂ ਮਿਟੀ ਨਿਕਲ ਗਈ, ਅੱਖਾਂ ਚੁੰਧਿਆ ਗਈਆਂ, ਕਲੇਜਾ ਧਾੜ ਧਾੜ ਧੜਕਨ ਲਗ ਪਿਆ, ਚਿਹਰੇ ਤੇ ਇਕ ਲਾਲੀ ਜੇਹੀ ਅੱਗ ਦੇ ਭੜਕਾਰੇ ਵਾਕਰ ਆਕਰ ਪਰ ਕੱਖਾਂਦੀ ਅੱਗਵਾਕਰ ਪੀਲੀ ਸ੍ਵਾਹ ਹੋਗਈ। ਇਸ ਬਿਹਾਲੀ ਵਿਚ ਹੋਸ਼

Digitized by Panjab Digital Library | www.panjabdigilib.org

ਸੰਭਲੀ,ਘਬਰਾਈ ਹੋਈ ਨਜ਼ਰ ਨਾਲ ਚੁਤ-ਰਫੀ ਡਿੱਠਾ,ਓਸ ਮੁੰਡੇ ਦੀ ਭਾਲ ਕੀਤੀ ਪਰ ਵਿਅਰਥ,ਕਿਉਂਕਿ ਉਹ ਤਾਂ ਮੁੱਦਤ ਤੋਂ ਕਿਸੇ ਤੱਤ ਵਿਚ ਲੀਨ ਹੋ ਚੁਕਾ ਸੀ।

ਇਸ ਵੇਲੇ ਇਸਨੂੰ ਮੇਲੇ ਦੀ ਸਾਰੀ ਖੁਸ਼ੀ ਜੋ ਹੈਰਾਨ ਕਰ ਰਹੀ ਸੀ ਇਕ ਅਨੋਖੀ ਪੀੜ ਦੀ ਕਰਕ, ਮਾਨੋਂ ਬਰਛੀ ਦੀ ਨੋਕ ਵਾਕਰ, ਕਲੇਜੇ ਵਿਚ ਰੜਕ ਪਈ ਹੈ, ਕਿਉਂਕਿ ਇਸ ਦੋਨੇ ਵਿਚ ਇਕ ਅਠ ਮਾਸੀ ਮੁਹਰ ਹੈ, ਅਤੇ ਇਕ ਕਾਗਤ ਵੀ ਤਹਿ ਕੀਤਾ ਹੋਇਆ ਪਿਆ ਹੈ। ਨਾਲ ਪੰਜ ਸਤ ਗੁਲਾਬ ਜਾਮਨ ਹਨ। ਪਰ ਇਸਨੂੰ ਇਸ ਵੇਲੇ ਅਹੁੜਦੀ ਕੁਝ ਨਹੀਂ ਕਿ ਕੀ ਕਰੇ, ਕੀ ਸੋਚੇ, ਕਿਸ ਨਾਲ ਸਲਾਹ ਕਰੇ?ਆਖਿਰ ਆਪਣੇ ਭੈ ਅਤੇ ਚਿੰਤਾ ਦੇ ਡੂੰਘੇ ਸਮੁੰਦਰਵਿਚ ਗੋਤੇ ਖਾਂਦੇਹੋਏਘਾਇਲ ਮਨ ਨੂੰ ਸੰਭਾਲ ਕੇ ਕੰਢੇ ਲਾਇਆ।ਬਿਜਲੀ ਵਰਗੀ ਫੁਰਤੀ ਨਾਲ ਕਾਗਤ ਸਮੇਤ ਅਠ-ਮਾਸੀ ਗੁੰਮ ਕੀਤੀ ਹੀ ਸੀ ਕਿ ਇੰਨੇ ਤਕ ਉਪਰੋਂ ਭਾਈਏ ਹੋਰੀਂ ਅਤੇ ਹੋਰ ਵੀ ਸਾਰੇ ਮਰਦ ਇਸ਼ਨਾਨ ਕਰਕੇ,ਕੁਝਵਸਤ ਮਿਠਾਈ, ਪੂਰੀ ਖਾਣ ਲਈ ਨਾਲ ਹੀ ਲਈਹੋਈ,ਆਣ ਪੁਜੇ। ਬੈਠੇ ਹੀ ਸਨ ਕਿ ਇਸ ਮੁਟਿਆਰ ਨੇ ਦੋਨਾ ਅੱਗੇ ਕਰਕੇ ਆਖਿਆ,ਇਹਇਕ ਹਲ-ਵਾਈ ਜਿਹੇ ਦਾ ਮੁੰਡਾ ਦੇ ਗਿਆ ਹੈ,ਕਹਿੰਦਾ ਸੀ ਭਾਈਏ ਹੁਰਾਂ ਦਿੱਤਾ ਹੈ। ਭਾਈਏ ਹੁਰੀਂ ਪੱਤਰ ਚੁਕਕੇ ਕਹਿਣ ਲਗੇ ਮੇਲੇ ਦੀ ਭੀੜ ਵਿਚ ਕੀ ਪਤਾ ਲਗਦਾ ਹੈ, ਕਿਸੇ ਦੇ ਭੁਲੇਖੇ ਦੇਗਿਆ ਹੋਣਾਹੈ।ਚਲੋ ਪਏਰਹਿਣ,ਸਾਂਸੀਆਂ ਕੁੱਤਿਆਂ ਦਾ ਗੁਜ਼ਾਰਾ ਹੋਊ। ਇੱਕੁਰ ਕਹਿ ਸੁਣਕੇ ਕਪੜੇ ਪਾਏ,ਗੁਰਦੁਆਰੇ ਮੱਥਾ ਟੇਕਿਆ, ਲਿਆਂਦਾ ਹੋਇਆ ਪਦਾਰਥ ਆਪਸ ਵਿਚ ਵੰਡਕੇ ਖਾਧਾ,ਸਵਾਰੀ ਤਯਾਰ ਸੀ,ਘਰ ਆਣ ਪੁੱਜੇ,ਰਾਤ ਹੋ ਗਈ,ਇਸ ਮੁਟਿਆਰ ਨੂੰ ਓਸ ਕਾਗਤ ਦਾ ਕੰਡਾ ਜੇਹਾ ਰੜਕ ਰਿਹਾ ਹੈ। ਇਕਾਂਤ ਸਮਾ ਵੇਖਕੇ ਦੀਵੇ ਦੇ ਚਾਨਣੇ ਵਿਚ ਪੜ੍ਹਿਆ ਤਾਂ ਇਹ ਕੁਝ ਲਿਖਿਆ ਪਾਇਆ:

(ਖਤ ਅਥਵਾ ਡੋਨੇ ਵਾਲਾ ਕਾਗਤ)

ਸਾਰੇ ਜਹਾਨ ਵਿਚੋਂ ਸੋਹਣੀ ਮਨਮੋਹਣੀ! ਪਰਮੇਸ਼ੁਰ ਤੈਨੂੰ ਇਕੁਰ ਹੀ ਸਲਾਮਤ ਰਖੇ, ਇਕ ਦਿਨ ਅਚਣਚੇਤੀ ਇਕ ਬਜ਼ਾਰ ਵਿਚ ਅਕਾਸ਼ੋਂ ਉਤਰਿਆ ਚੰਦ ਵਰਗਾ ਮੱਥਾ ਮੇਰੇ ਮੱਥੇ ਲੱਗਾ,ਨਹੀਂ ਪਤਾ ਮੈਨੂੰ ਕੀ ਹੋਇਆ ? ਜਾਦੂ ਹੋਇਆ ਕਿ ਬਿਜਲੀ ਪਈ, ਕਲੇਜਾ ਮੁੱਠ ਵਿਚ ਆ ਗਿਆ। ਮੋਇਆ ਤਾਂ ਨਹੀਂ ਪਰ ਜੀਉਂਦਿਆਂ ਵਿਚ ਵੀ ਨਹੀਂ, ਬਿਹੋਸ਼ ਵੀ ਨਹੀਂ ਪਰ ਹੋਸ਼ ਵੀ ਬਾਕੀ ਕੋਈ ਨਹੀਂ। ਗੁਆਚਾ ਤਾਂ ਮੇਰਾ ਕੁਝ ਨਹੀਂ,ਪਰ ਪਿੱਛੇ ਮੇਰੇ ਪੱਲੇ ਵੀ ਕੁਝਨਹੀਂ,ਫੱਟ ਬਾਨ੍ਹ ਭਾਵੇਂ ਕਹਿੰਦੇ ਹਨ ਕਿ ਫਟ ਕੋਈ ਨਹੀਂ ਲਗਾ, ਪਰ ਮੇਰਾ ਕੋਈ ਅੰਗ ਨਹੀਂ ਜਿਸ ਵਿਚ ਕਰਕ ਨਹੀਂ। ਹਕੀਮ ਵੀ ਏਵੇਂ ਹੀ ਕਹਿੰਦੇਹਨ ਕਿ ਇਹਰੋਗ ਕੋਈ ਨਹੀਂ, ਪਰ ਮੇਰੇ ਵਿਚ ਅਰੋਗਤਾ ਵੀ ਕੁਝ ਰਹੀ ਨਹੀਂ।ਇਹ ਇਜੇਹੀ ਆਪਣੇ ਦੁਖ ਦੀ ਬਿਰਥਾ ਕਹਿਣ ਲਈ ਚਾਹੁੰਦਾ ਸਾਂ,ਪਰ ਕਹਾਂ ਤਾਂ ਕਿਸ ਨੂੰ ? ਨਾਮ ਨਿਸ਼ਾਨ, ਪਤਾ, ਮੱਸਿਆ ਦੇ ਚੰਦ ਵਾਕਰ ਭਾਵੇਂ ਸੂਰਜ ਦੇ ਮਹੱਲੇ ਹੋਵੇ ਪਰ ਮੈਂ ਕੀਕੁਰ ਲੱਭਾਂ। ਖੰਭ ਵਿਕਦੇ ਕਿਤੇ ਲੱਭਦੇ ਨਹੀਂ ਹਨ, ਨਹੀਂ ਤਾਂ ਅਕਾਸ਼ ਵਿਚ ਹੀ ਜਾਕੇ ਢੂੰਡਾਂ। ਅੱਜ ਤਾਂ ਸਚ ਮੁਚ ਦਾ ਮੇਲਾ ਹੀ ਹੋਗਿਆ। ਸਿਆਣੇ ਸੱਚ ਕਹਿੰਦੇ ਹਨ, 'ਪਰਮੇਸ਼ੁਰ ਕੀ ਪਰਤੀਤ ਇਹੀ ਮਿਲਜੋ ਚਾਹੀਏ ਤਾਹ ਮਿਲਾਵਤ ਹੈ'। ਖਾਲੀ ਹੱਥ ਮਿਲਣਾ ਨਾਮੁਨਾਸਿਬਜਾਣਕੇਇਹਇਕੋ ਪੈਸਾ ਨਜ਼ਰ ਦਾ ਹਾਜ਼ਰ ਹੈ,ਕਿਉਂਕਿ ਖਾਲੀ

Digitized by Panjab Digital Library | www.panjabdigilib.org

ਹੱਥ ਮਿਲਣਾ ਖਾਲੀ ਰਹਿਣ ਦੀ ਨਿਸ਼ਾਨੀ ਹੁੰਦੀ ਹੈ। ਭਾਵੇਂ ਮੈਨੂੰ ਆਪਦੇ ਨਾਉਂ ਥਾਉਂ ਦਾ ਕੁਝ ਵੀ ਪਤਾ ਨਹੀਂ ਪਰ ਮਨ ਮੁਰਸ਼ਦ ਬੜਾ ਕਾਮਲ ਹੈ ਆਪੇ ਪਤੇ ਲਾ ਲੈਂਦਾ ਹੈ। ਮਾਘ ਸੁਦੀ ਪ। ਫਕਤ। ਸੱਚਾ ਮਾਣਸ ਚੰਦ।

ਇਹ ਕੁਝ ਪੜ੍ਹਿਆ ਤਾਂ ਸਹੀ,ਪਰ ਹਰਿ-ਆਨਗੀ ਦਾ ਬੜਾ ਬਿਖੜਾ ਜੰਗਲ, ਜਿਥੇ ਕੁਝ ਥਹੁ ਪਤਾ ਨਹੀਂ ਕਿ ਇਹ 'ਮਸਾਣ' ਚੰਦ ਕੌਣ ਹੈ,ਕੀ ਇਸਦਾ ਪ੍ਰੋਜਨ ਹੈ?ਭਾਈਏ ਹੋਰੀਂ ਕਹਿੰਦੇ ਸਨ ਭਈ ਕਿਸੇ ਦੇ ਭੁਲੇਖੇ ਦੇ ਗਿਆ ਹੈ,ਭਾਵੇਂ ਭੁਲੇਖੇ ਵਾਲੀ ਗੱਲ ਸੱਚੀ ਹੀ ਹੋਵੇ। ਠੀਕ ਹੈ ਜਦ ਤਕ ਮੈਂ ਅੰਦਰ ਬੈਠੀ ਰਹੀ ਤਦ ਤਕ ਤਨ, ਮਨ, ਸੰਸਾਰ, ਵਿਹਾਰ,ਕਾਰ,ਸਭ ਸ਼ਾਂਤ ਤੇ ਸੁਖ ਰੂਪ ਹੀ ਰਹੇ, ਜਿਸ ਦਿਨ ਤੋਂ ਬਾਹਰ ਆਉਣ ਜਾਣ ਲਗੀ ਉਸੇ ਦਿਨ ਤੋਂ ਇਜੇਹੇ ਉਪੱਦ੍ਰ ਉੱਠਣ ਲਗੇ । ਹੇ ਕਰਤਾਰ! ਕੀ ਹੋਵੇ,ਇਹ ਕੀ ਬਣੇਗਾ,ਇਹ ਮੇਰੀ ਕੈਸੀ ਖੋਟੀ ਪ੍ਰਾਰਬਧ ਹੈ। ਹਾਇ ! ਹਾਇ ਰੱਬਾ!ਕੀ ਕਰਾਂ?ਇਕ ਕਲੰਕ ਤਾਂ ਅਗੇ ਚੋਥ ਦੇ ਚੰਦ੍ਰਮਾਂ ਵਾਕੁਰ ਲਗਾ ਹੈ ਸੋ ਖਬਰੇ ਮੋਇਆਂ ਪਿਛੇ ਵੀ ਮਿਟੇਗਾ ਕਿ ਨਹੀਂ ? ਹੁਣ ਇਹ ਤੁਫਾਨ ਕੀ ਉੱਠਣ ਲੱਗਾ ਹੈ? ਭਲਾ ਜਿਸ ਨੇ ਮੁਹਰ ਦਾ ਨਾਉਂ ਪੈਸਾ ਰੱਖਿਆ ਹੈ,ਬਿਨਾ ਜਾਣ ਪਹਿ-ਚਾਣ ਦੇ ਖਤ ਸਮੇਤ ਅਨੋਖੇ ਢੰਗ ਨਾਲ ਦੇਕੇ ਭੇਜਿਆ ਹੈ, ਉਹ ਨਾ ਮੁਰਾਦ ਪਿੱਛਾ ਕਰਨੋਂ ਕਦ ਟਲੇਗਾ । ਹੇ ਪਰਮੇਸ਼ੁਰ ! ਮੈਨੂੰ ਤਾਂ ਕੁਝ ਨਹੀਂ ਅਹੁੜਦੀ, ਜਿਸਤਰ੍ਹਾਂ ਆਉਣ ਵਾਲੀ ਅਪਦਾ ਤੋਂ ਬਚੀ ਰਹਾਂ ।

ਜੇਕਰ ਇਹ ਚਿੱਠੀ ਅਤੇ ਮੁਹਰ ਭਾਈਏ ਹੁਰਾਂ ਨੂੰ ਦੱਸ ਦਿਆਂ,ਤਾਂ ਉਹ ਇਸਨੂੰ ਜ਼ਰੂਰ ਝੰਡ ਕੱਢਣਗੇ,ਕੁਝ ਨਾ ਕੁਝ ਇਸ'ਮਸਾਣ'ਨੂੰ ਸਿਰੇ ਚੜ੍ਹਨਤੋਂ ਪਹਿਲੇ ਹੀ ਇਸਦੀ ਪੂਜਾ ਬੀ ਕਰ ਦੇਣਗੇ। 'ਪਰ...' ਮੇਰੇ ਲਈ ਫਿਰ ਕੋਈ ਬਿਸ਼ਰਮੀ ਦਾ ਖੂਹ ਨਹੀਂ ਲੱਭਣਾ ਜਿਸ ਵਿਚ ਮੈਂ ਡੁੱਬਾਂਗੀ।(ਠੰਢਾ ਸਾਹ ਭਰਕੇ) ਹਾਇ..... ਅਜੇ ਅਗਲੀ ਬਦਨਾਮੀ ਦੀ ਕਾਲਖ ਤਾਂ ਮੇਰੀ ਧੋਪ ਹੀ ਨਹੀਂ ਚੁਕੀ,ਜੇ ਇਹ ਨਿਕੰਮੀ ਸ੍ਵਾਹ ਉਡ ਉਡ ਕੇ ਮੇਰੀ ਜ਼ਿੰਦਗੀ ਖਰਾਬ ਕਰ ਦੇਵੇਗੀ।ਖਬਰੇ ਮੇਰੇ ਮਾਲਕ ਮੇਰੇ ਤੇ ਹੀ ਉਲਟਾ ਕੋਈ ਗੁਮਾਨ ਕਰ ਲੈਣ, ਮੇਰੇ ਹੀ ਪੜਛੇ ਲਾਹੁਣ ਲਗ ਪੈਣ ਤਾਂ.....(ਕੰਬਕੇ), ਮੇਰੇਵਿਚ ਤਾਂ ਕੋਈ ਸਖਤੀ ਝੱਲਣ ਦੀ ਸਾਮ-ਰਥ ਹੀ ਨਹੀਂ।(ਗਲ ਵਿਚ ਪੱਲਾ ਪਾਕੇ ਹੱਥ ਜੋੜਕੇ) ਹੇ ਪਾਰਬ੍ਰਹਮ ਪਰਮੇਸ਼ੁਰ! ਮੈਨੂੰ ਕੋਈ ਸੁਮਤਿ ਬਖਸ਼। ਸ਼ਰਨ ਪਿਆਂ ਦੀ ਰਖਦਾ ਆਇਆਹੈਂ,ਮੈਂ ਅਨਾਥ ਤੇਰੀ ਸ਼ਰਨ ਹਾਂ,ਮੈਨੂੰ ਇਨ੍ਹਾਂ ਗੁੰਮ ਰੋਤਿਆਂ ਵਿਚੋਂ ਕੱਢ, (ਜ਼ਿਮੀਨ ਤੇ ਸਿਰ ਰੱਖ ਕੇ)ਮੇਰਾ ਧਰਮ ਤੇ ਇੱਜ਼ਤ ਸਭ ਤੇਰੇ ਹੱਥ ਹੈ,ਤੂੰ ਮਾਲਕ ਹੈਂ,ਤੂੰ ਕਿਰਪਾ ਕਰ, ਤੂੰ ਬਖਸ਼! ਤੂੰ ਇਸ ਬੇਅਕਲੀ ਦੇ ਖੂਹ ਵਿਚੋਂ ਹਥ ਫੜ ਕੇ ਕੱਢ। ਤੂੰ ਚਾਨਣਾ ਕਰ,ਤੂੰ ਰੱਖ ਲੈ, ਮੈਨੂੰ ਕੁਝ ਨਹੀਂ ਸੁੱਝਦੀ।(ਬੈਠਕੇ)ਆਹਾ! ਕੈਹੀ ਚੰਗੀ ਸੁੱਝੀ, ਵਾਹਵਾ ਧੰਨ ਕਰਤਾਰ ਹੈ ਬੱਸ ਹੁਣੇ ਹੀ ਸਾਰਾ ਬਿਖੇੜਾ ਪਾਰ ਹੋ ਜਾਏ।

ਇਹ ਕਿੰਨੇ ਕਲੇਸ਼ ਕਜ਼ੀਏ ਹਨ, ਸਾਰੇ ਮੇਰੇ ਕਰਕੇ ਹੋਏ ਅਥਵਾ ਹੋ ਰਹੇ ਹਨ, ਇੱਕੋ ਮੈਂ ਨਾ ਹੋਵਾਂ,ਤਾਂ ਬੱਸ ਬੇੜੇ ਪਾਰ,ਸਾਰੇ ਸ਼ਾਂਤਿ ਹੈ, ਫਿਰ ਕਾਹਨੂੰ ਕੋਈ ਮਰੇ, ਜੀਵੇ, ਤੜਫੇ ਸੁਨੇਹੇ ਘੱਲੇ।ਚੰਗੀ ਗੱਲ ਹੀ ਏਹ ਹੈ,ਮੈਂ ਮਰ ਜਾਵਾਂ, ਪਰ ਮਰਾਂ ਕੀਕੁਰ? ਗਲ ਵਿਚ ਰੱਸੀ ਪਾਕੇ ਮਰ ਜਾਵਾਂ,ਫਿਰ ਰੱਸੀ ਘੁੱਟੇਗਾ ਕੌਣ? ਹਾਇ! ਮੈਥੋਂ ਆਪੇ ਕਦ ਘੁੱਟੀ ਗਈ। ਭਲਾ ਮੈਂ ਜਿਗਰਾ ਕੱਢਾਂ,ਇਸ ਛਤ ਨੂੰ ਰੱਸਾ ਪਾ ਕੇ

Digitized by Panjab Digital Library | www.panjabdigilib.org

ਫਾਹਾ ਲੈਕੇ ਮਰ ਜਾਵਾਂ,ਫਿਰ ਮੈਂ ਫਾਹਾ ਗਲ ਵਿਚੋਂ ਕੀਕੁਰ ਲਾਂਹਵਾਂਗੀ ? ਮੈਂ ਤਾਂ ਮਰ ਜਾਵਾਂਗੀ । ਸਵੇਰੇ ਲੋਕਾਂ ਵਿਚ ਬਦਨਾਮੀ, ਸਰਕਾਰੇ ਖਬਰ ਹੋਊ,ਮੁਰਦੇ ਸਮੇਤ ਭਾਈਏ ਹੋਰਾਂ ਨੂੰ ਸਰਕਾਰੇ ਜਾਣਾ ਪਊ, ਇਹ ਤਾਂ ਮੈਂ ਮਰਕੇ ਵੀ ਦੁੱਖ ਹੀਦਿੱਤਾ।ਫਾਹਾ ਚੰਗਾ ਨਹੀਂ, ਇਸ ਨਾਲੋਂ ਸੰਖੀਆ ਖਾਵਾਂ, ਪਰ ਸੰਖੀਆ ਲਵਾਂ ਕਿੱਥੋਂ?ਨਾਲੇ ਖਾਧਿਆਂ ਜਦ ਕੁਝ ਹੋਜਾ, ਹਕੀਮ ਜਾਂ ਡਾਕਦਾਰ ਕੋਈ ਆਊ,ਉਹ ਬੁੱਝ ਲਊਭਈਇਹ ਤਾਂ ਕੁਝ ਕਾਰਾ ਕੀਤਾਹੋਇਆ ਹੈ,ਫਿਰ ਉਹੋ ਮਿੱਟੀ ਖਰਾਬ, ਹਸਪਤਾਲ ਲੈ ਜਾਣਗੇ । ਇੱਕੁਰ ਤਾਂ ਹਫੀਮ ਸੰਖੀਆ ਖਾਣ ਨਾਲ ਜੀਵਣਾ ਮਰਣਾ ਦੋਵੇਂ ਖਰਾਬ ਔਂਤ ਹੋ ਜਾਣਗੇ। ਮੁਰਦੇ ਦੀ ਵੀ ਮਿੱਟੀ ਖਰਾਬ ਹੁੰਦੀ ਹੈ, ਲੈ ਸਚੀ...ਨਾਲੇ ਕਹਿੰਦੇਹਨ ਇਜੇਹੀਆਂ ਮੌਤਾਂ ਤਾਂ ਆਤਮ ਘਾਤ(ਅਪਗਤਿ)ਹੁੰਦੀਆਂ ਹਨ,ਆਂਹਦੇ ਹਨ ਜੀਵਨੂੰ ਅਗੇ ਪਰਲੋਕ ਵਿਚ ਵੀ ਸੁਖ ਨਹੀਂ ਮਿਲਦਾ।ਫਿਰ ਇਹ ਕੀ ਸੁੱਝੀ ਇਸਲੋਕ ਦਾ ਜੱਸਵਡਿਆਈ ਤਾਂ ਮੈਂਪਹਿਲੋਂ ਹੀ ਖੋਹ ਕਰ ਚੁਕੀ ਹਾਂ, ਹੁਣ ਜੇ ਕੁਝ ਤਾਈ ਦੀ ਕਿਰਪਾ ਨਾਲ ਅਗੇ ਦੀ ਸੋਝੀ ਪੈਣ ਲਗੀ ਹੈ,ਤਾਂਉਸ ਪਰਲੋਕ ਦਾ ਸੱਤਿਆਨਾਸ ਆਤਮ ਹੱਤਿਆ ਕਰਕੇ ਆਪਣੇ ਹੱਥੀਂ ਕਰਾਂ, ਇਹ ਅਕਲ ਤਾਂ ਮੈਨੂੰ ਡਾਢੀ ਅਨੋਖੀ ਫੁਰੀ ਹੈ ! (ਪੱਟਾਂ ਤੇ ਹੱਥ ਮਾਰਕੇ ਬੜੇ ਕ੍ਰੋਧ ਵਿਚ ਹੋਕੇ) ਹਾਇ ਪਰਮੇਸ਼ੁਰ!ਮੈਂ ਹੁਣ ਕਰਾਂ ਤਾਂ ਫਿਰ ਕੀ ਕਰਾਂ?ਨਾ ਜੀਵਾਂ ਨਾ ਮਰਾਂ।ਮੈਂ ਆਪਣੇ ਕਰਮਾਂ ਕਰਕੇ ਤੇਰੇ ਸਾਹਮਣੇ ਮੂੰਹ ਦੇਣ ਜੋਗੀ ਨਹੀਂ, ਇੱਕੁਰ ਜਹਾਨ ਦੇ ਸਾਹਮਣੇ ਵੀ ਅੱਖਾਂ ਕਰਨ ਜੋਗੀ ਨਹੀਂ। ਇਜੇਹੀ ਔਕੜ ਫਾਥੀ ਹਾਂ ਕਿ ਕੁਝ ਨਾਹੀਂ ਸੁੱਝਦੀ, ਨਹੀਂ ਕੁਝ ਬੁਝਦੀ ਹੈ।

ਇਸੇ ਤੜਫਣੀ ਤੇ ਘਬਰਾਹਟ ਵਿਚ ਅੱਖਾਂ ਤੋਂ ਨੀਰ ਛੁੱਟਪਿਆ,ਜੇਹੜੇ ਕੋਈ ਦੁਖ ਦਰਦ ਵਿਚਾਰ ਦੀ ਸ੍ਵਾਹ ਪਾ ਪਾ ਕੇ ਦੱਬੇ ਹੋਏ ਸਨ ਸਾਰੇ ਫੁੱਟ ਨਿਕਲੇ, ਬੇਵਸੀ ਹੋਕੇ ਬੈਠਦੇ ਜਾਂਦੇ ਗਲੇ ਵਿਚੋਂ ਇਹੋ ਜੇਹੇ ਖਜਾਲ ਕੱਢਣ ਲੱਗੀ—

ਕਾਰੀ ਕੋਈ ਨਿਕਾਰੀ ਦੀ ਹੁਣ ਹਾਇ ਨ ਕੋਈ
ਕਰਦਾ। ਜੋ ਕਰਦਾ ਦੇ ਤਾਨੇ ਮਿਹਣੇ ਜੀਅੜਾ
ਭੁੰਨ ਭੁੰਨ ਧਰਦਾ। ਮੇਰੇ ਫੱਟਾਂ ਤੇ ਪਾ ਮਰਚਾਂ
ਪੱਟੀਆਂ ਬੰਨ੍ਹ ਵਿਸਰਦਾ । ਕੁਈ ਨ ਦਰਦੀ
ਦਰਦ ਮੇਰੇ ਦਾ ਹਾਇ ਏ ਜੀਅੜਾ ਜਰਦਾ।੧।
ਕੀਤੇ ਕਰਮ ਭੁਲਾਵੇ ਦੇ ਵਿਚ ਸਮਝੀ ਤਾਂ ਦੁਖ
ਭਾਰੇ। ਪਏ ਕੁਵੱਲੇ ਪੇਚ ਅਪੁੱਠੇ ਗੁੰਝਲਾਂ ਦੇ
ਵਿਚਕਾਰੇ। ਕੌਣ ਛੁਡਾਵੇ ਮੌਤ ਬਿਨਾ ਹੁਣ
ਲਾਵੇ ਕੌਣ ਕਿਨਾਰੇ। ਇਸ ਨਾਲੋਂ ਬੇਖਬਰੀ
ਰਹਿੰਦੀ,ਦੇਵੇ ਕੌਣ ਸਹਾਰੇ?।੨।ਹੈ ਕੀ ਕਰਾਂ ਮੈਂ
ਕਿੱਥੇ ਜਾਵਾਂ ਨਹੀਂ ਕਲੇਜਾ ਠਹਿਰੇ। ਉਛਲੇ
ਆਵੇ ਮੂੰਹ ਤਕ ਮੇਰੇ ਟਪਦਾ ਅੱਠੇ ਪਹਿਰੇ।
ਪੀੜ ਕਰੇ, ਝਿੜਕੇ, ਡਰ ਮੰਨੇ, ਘਾਟ ਪਵੇ ਤੇ
ਕਹਿਰੇ। ਘਬਰਾਵੇ, ਭੜਕਾਵੇ ਭਾਂਬੜ ਗੁੰਮ ਹੋਵੇ
ਦੇ ਲਹਿਰੇ ।੩। ਰਹੀ ਬਿਹੋਸ਼ ਹੋਸ਼ ਹੁਣ ਆਈ
ਕਪੜੇ ਪਾੜਨ ਜੋਗੀ । ਲਾਡਾਂ ਪਾਲੀ ਉਮਰਾ
ਗਾਲੀ ਐਵੇਂ ਤਾੜਨ ਜੋਗੀ। ਖੁੱਲ੍ਹੀਅੱਖ ਬਗੀਚੇ
ਦੇ ਵਿਚ ਖਿੜੀ ਨ ਝਾੜਨ ਜੋਗੀ । ਤੋੜੀ ਗਈ
ਗਈ ਹਥ ਮਾਲੀ ਸੜ ਗਈ ਸਾੜਨ ਜੋਗੀ ।੪।
ਮੈ ਚੌਂਕੀ ਜਦ ਦੁਨੀਆਂਦੇ ਵਿਚ ਬਿਜਲੀ।ਗਮ
ਦੀ ਕੜਕੀ । ਅਜੇ ਬਗੀਚੇ ਵਿਚ ਕੁਝ ਨਾਹੀਂ
ਡਿੱਠਾ ਸੀ, ਮੈਂ ਫੜਕੀ । ਮੁੰਦੀ ਗਈ ਖਿੜਨ
ਤੋਂ ਪਹਿਲੇ ਸੂਲ ਕਲੇਜੇ ਰੜਕੀ।ਹਾਇਨਿਚਿੰਤ
ਬੇਖਬਰੀ ਤਾਈਂ ਪਈ ਅਚੇਤੀ ਧੜਕੀ।੫। ਕੁੱਝ
ਨ ਸੁੱਝੇ, ਕੁੱਝ ਨ ਬੁੱਝੇ, ਗੁੱਝੀ ਕਰਕ ਕਲੇਜੇ।
ਪਤਾ ਨ ਲਗਦਾ ਕੀ ਕੁਝ ਹੁੰਦਾ ਕਿਥੋਂ ਚੁਭਦੇ
ਨੇਜੇ। ਅੱਗ ਆਵੇ ਦੀ ਅੰਦਰੇ ਅੰਦਰ ਪਈ
ਪਕਾਵੇ ਰੋਝ।ਕਹਿਣ ਨ ਆਵੇ ਸਮਝੇਂ ਬਾਹਰ ਕੀ
ਦੱਖੇ ਕੀ ਭੇਜੇ।੬।ਇਸਵੇਲੇ ਦਾ ਕੁਈ ਨ ਦਰਦੀ
ਅੰਦਰੇ ਅੰਦਰ ਮਰਦੀ । ਹੌਆਂ ਨ ਨਿਕਲੇ ਸੌਅ

Digitized by Panjab Digital Library | www.panjabdigilib.org

ਨ ਉੱਡੇ ਹਾਇ ਜਹਾਨੋਂ ਡਰਦੀ। ਮੈਂ ਬੇਵਸ ਦੇ ਵੱਸ ਕੁਝ ਨਾਹੀ,ਵੱਸ ਲਗਦਾ ਕੀ ਕ਼ਰਦੀ? ਡਰਦੀ ਡਰਦੀ ਅਰਜ਼ ਏ ਕਰਦੀ ਕੁਝ ਤਾਂ ਕਰ ਹਮਦਰਦੀ।੭।ਬਾਲ ਇਆਣੀਹਾਇ ਨਿਮਾਣੀ ਹਾਸੋਹਾਣੀ ਹੋਈ। ਕੀ ਕੀਤਾ ਪਛੁਤਾਵਾ ਹਾਵਾ ਦਾਵਾ ਚਲੇ ਨ ਕੋਈ। ਜੀ ਭਰਿਆ, ਡੁੱਲ੍ਹਿਆ ਜੀ ਭੁੱਲਿਆ ਕਰ ਕਰ ਚੇਤਾ ਰੋਈ।ਜੀ ਧਰਿਆ ਧੀਰਜ ਹੋ ਬੈਠੀ,ਢਠਿਆਂ ਮਿਲੀ ਨ ਢੋਈ।੮। ਹੈ ਕੀ ਕਰਾਂ ਮਰਾਂ ਮੈਂ ਕਿੱਥੇ, ਕਾਈ ਗਲ ਨ ਸੁਝਦੀ । ਗਿਣਤੀ ਗਿਣਾਂ ਦਲੀਲਾਂ ਸੋਚਾਂ ਵਿਅਰਥ ਪੁਆੜੇ ਰੁਝਦੀ।ਝਲ ਨੂੰ ਲਗੀ ਕੀਕੁਰ ਬੁਝਸੀ ਏ ਅੰਦਰੋਂ ਨਹੀਂ ਬੁਝਦੀ। ਜਿਨ ਏ ਲਾਈ ਸੋਈ ਬੁਝਾਵੇ ਸ਼ਾਂਤਿ ਮਿਲੇ ਦਰਤੁਝਦੀ। ਈ ਤੂੰ ਬਖਸ਼ਿੰਦਾ ਸਾਈਂ ਸੱਚਾ ਸਦਾ ਸਹਾਈ ਸ੍ਵਾਮੀ ! ਸ਼ਰਨ ਪਿਆਂ ਦੀ ਰਖਦਾ ਆਇਆ ਲੱਜਾ ਅੰਤਰਜਾਮੀ। ਮਾਲਕ, ਪਾਲਕ, ਖਾਲਕ ਖਲਕਤ ਸਰਬ ਜੀਆਂ ਦਾ ਨਜ਼ਾਮੀ* । ਦਓਂ ਘਰੋਂ ਹੁਣ ਸ਼ਾਂਤਿ ਬਖਸ਼ ਪ੍ਰਭਤੁੰਹੈਂ ਮੇਰਾਹਾਮੀ।੧੦ ਦਰ ਤੇਰੇ ਤੇ ਪਈ ਨਿਮਾਣੀ ਆਜਜ਼ ਬੰਦੀ ਮੰਦੀ। ਕਰ ਮਿਹਰਾਮਤ ਔਗੁਣ ਬਖਸ਼ੋ ਮੈਂ ਹਾਂ ਕਿਸੇ ਨ ਮੰਦੀ। ਤੇਰੀ ਗਤਿ ਮਿਤ ਤੇਰਾ ਭਾਣਾ ਕੀ ਜਾਣਾ ਮੈਂ ਬੰਦੀ । ਚਰਨ ਸ਼ਰਨ ਰਖ ਅਭੈ ਦਾਨ ਦਿਹੁ ਸਾਹਿਬ ਸਦਾ ਅਨੰਦੀ।੧੧।

ਇਥੋਂ ਤਕ ਕਹਿੰਦੀ ਕਹਿੰਦੀ ਦਾ ਗਲਾ ਮੂਲੋਂ ਹੀ ਰੁਕ ਗਿਆ,ਇਕ ਅਚਾਨਕ ਮੂਰਛਾ ਜੇਹੀ ਆ ਗਈ।ਕੋਈ ਮੁੱਦਤ ਤਕ ਓਥੇ ਹੀ ਪਈ ਰਹੀ, ਜਿੱਥੇ ਇਸਦੀ ਦੰਦਣ ਭੰਨਣ ਤੇ ਮੂੰਹ ਵਿਚ ਪਾਣੀ ਚੋਣ ਵਾਲਾ ਕੋਈ ਨਹੀਂ, ਪਰ ਕੁਦਰਤ ਨਾਲ ਜਿਹੜਾ ਪਾਣੀ ਇਸਦੀਆਂ ਅੱਖਾਂ ਵਿਚੋਂ ਵਗਿਆਸੀ ਉਸਨੇ ਠੰਢੇ ਛਟਿਆਂ ਦਾ ਕੰਮ ਦਿੱਤਾ, ਜੇਹੜੀਆਂ ਬੂੰਦਾਂ ਜ਼ਿਮੀਨ ਤੇ ਡਿੱਗੀਆਂ ਸਨ ਮਿੱਟੀ ਦਾ ਲਖ-ਲਖਾਹੋਕੇ ਖੁਸ਼ਬੂਦੇਣਲੱਗਾ,ਹਵਾ ਦੀ ਸਰਦੀ ਨੇ ਪੱਖੇ ਦੀ ਹਵਾ ਦੇ ਝੋਕੇ ਦਾ ਕੰਮ ਕਰਨਾ ਅਰੰਭਿਆ । ਹੰਝੂਆਂ,ਜ਼ਮੀਨ ਤੇ ਹਵਾ ਇਨ੍ਹਾਂ ਤਿੰਨਾਂ ਦੀ ਸਹਾਇਤਾ ਨਾਲ ਮਸੇ ਮਸੇ ਹੋਸ਼ ਕਾਇਮ ਹੋਈ,ਉਠਕੇ ਬੈਠੀ ਤਾਂ ਹਨੇਰ ਘੁਪ, ਦੀਵਾ ਇਸ ਤੇ ਮੁਰਦੇਹਾਣੀ ਫਿਰੀ ਦੇਖਕੇ ਅਪਣੇ ਨੇਹ ਦੀ ਅਪੂਰਣਤਾ ਸਮਝਕੇ ਮਾਰੇ ਸ਼ਰਮ ਦੇ ਆਪਣੇ ਆਪ ਹੀ ਬੁਝ ਗਿਆ ਸੀ। ਹੁਣ ਇਸਦੇ ਸੰਘ ਸੁੱਕੇ ਨੂੰ ਹਰੇ ਕਰਨ ਲਈ ਮੂੰਹ ਵਿਚ ਪਾਣੀ ਕੌਣ ਚੋਏ,ਬਿਨਾ ਘਬਰਾਹਟ ਦੇ ਇਸਦਾ ਇਸਵੇਲੇ ਕੋਈ ਸਾਥੀਨਹੀਂ। ਅਪਣੇਹੀ ਹੱਥਨਾਲ ਕਲੇਜਾ ਥੰਮ੍ਹ ਕੇ ਡਿਗਦੀ ਢਹਿੰਦੀ ਉਠੀ,ਪਾਣੀ ਦਾ ਘੁੱਟ ਪੀਤਾ,ਅੱਖਾਂ ਧੋਤੀਆਂ,ਮੰਜੇ ਤੇ ਬੈਠੀ,ਗੋਡਿਆਂ ਵਿਚ ਸਿਰ ਪਾਈ ਸੋਚ ਰਹੀ ਹੈ।ਇੱਕੁਰ ਹੀ ਤਿੰਨ ਪਹਿਰ ਰਾਤ ਬੀਤ ਗਈ ਤਾਂ ਚਾਣਚੱਕ ਇਸਦੀ ਉਦਾਸੀ ਘਟਣ ਲੱਗੀ, ਇਸ ਸੰਕਲਪ ਤੇ ਦ੍ਰਿੜ੍ਹ ਹੋਣ ਲਈ ਪਰਤੀ ਕਿ ਕੋਈ ਇਜੇਹਾ ਹੀਲਾ ਕਰਾਂ ਜਿਸਤੇ ਮੇਰੀ ਪਤਿ, ਪ੍ਰਤੀਤ, ਧਰਮ ਸ਼ਰਮ ਨਾਲ ਬਣੀਰਹੇ ਤੇ ਸਨਬੰਧੀਆਂ ਨੂੰ ਵੀ ਕੋਈ ਔਖ ਨਾ ਪਹੁੰਚੇ । ਸੋ ਇਉਂ ਹੋ ਸਕਦਾ ਹੈ,ਹੁਣ ਓਹ ਨਾਮੁਰਾਦ ਮਸਾਣ ਚੰਦ ਜ਼ਰੂਰਢੂੰਡਭਾਲਕਰੇਗਾ,ਜਦਦੇਵਨੇਤਮਿਲੇਗਾ ਤਾਂ ਉਸਨੇ ਨਿਸੰਗਹੋਕੇ ਕੁਝ ਕਹਿਣਾ ਹੀ ਹੈ, ਉਸ ਵੇਲੇ ਮੈਨੂੰ ਪਤਾ ਲਗ ਜਾਵੇਗਾ ਭਈ ਮੇਰੀ ਮੌਤ ਦਾ ਕਾਰਣ ਰੂਪ ਏਹੋ ਹੀ ਹੈ। ਉਸ ਵੇਲੇ ਹੌਸਲਾ ਕਰਾਂ,ਸਚਮੁਚ ਦਾ ਮਰਦ ਬਣ ਜਾਵਾਂ,ਜੀ ਕਰੜਾ ਕਰਕੇ ਅਠਮਾਸੀ ਤੇ ਚਿੱਠੀ ਮੋੜਕੇ ਹੱਥ ਦਿਆਂ ਤੇ ਹਥ ਜੋੜਕੇਆਖਾਂ ਭਿਰਾ ਜੀ ਦਿਲੋਂ ਖੋਟੀਆਂ ਵਾਸ਼ਨਾ ਦੂਰ ਕਰੋ,ਨਹੀਂ ਤਾਂ ਅਸੀਂ ਸਰੀਰ ਤੇ ਖੇਡ ਜਾਵਾਂਗੇ, ਐਵੇਂ ਆਪਣੇ ਨਾਲ ਸਾਡੀ ਮਿੱਟੀ ਖਰਾਬ ਨਾਕਰੋ ਤੇ ਪਰਮੇਸ਼ੁਰ ਤੋਂ ਡਰੋ। ਜੇਕਰ ਉਸਨੇ ਇਹ ਗਲ

*ਪ੍ਰੇਰਕ।

Digitized by Panjab Digital Library | www.panjabdigilib.org

ਮੰਨ ਲਈ ਤਾਂ ਗੁਰੂ ਸਹਾਈ ਹੋਕੇ ਕਾਰਜ ਸੁਫਲਹੋਇਆ,ਨਹੀਂਤਾਂ ਫਿਰ ਦੇਖੀਜਾਏਗੀ ਭਾਵੇਂ ਆਤਮਹਤਿਆਦੀ ਸਜ਼ਾ ਅਗੇ ਭੋਗਣੀ ਪਵੇ ਪਰ ਏਥੇ ਧਰਮ ਨਹੀਂ ਜਾਣਦੇਣਾ,ਜਾਨ ਤੇ ਖੇਡ ਜਾਣਾ ਹੈ।ਕਰਤਾਰ ਆਪੇ ਸਹਾਇਤਾ ਕਰੇਗਾ, ਉਸਨੂੰ ਬਿਰਦ ਦੀ ਲਾਜ ਹੈ, ਪਰ ਮੈਂ ਹੁਣ ਹਠ ਪੱਕਾ ਕਰ ਲਿਆ ਹੈ, ਸਿਰ ਦੇਣਾ ਹੈ ਧਰਮ ਨਹੀਂ ਦੇਣਾ……।

ਪ੍ਰਕਰਣ ੧੦.

ਬਿਛਰੇ ਮਿਲੇ ਅਨੰਦ ਹੈ ਮਨ ਮਦ ਮਤ ਉਨਮੱਤ।
ਅਚਰਜ ਰਚਨਾ ਬਚਨ ਕੀ ਬੋਲਤ ਸਦ ਅਪਵਿਤ।

ਕੇਹੀ ਅਨੋਖੀ ਤੇ ਸੁਹਾਵਣੀ ਬਹਾਰ ਹੈ। ਰਾਤ ਪਾਲੇ ਹੋਰੀ ਲੇਫਾਂ ਵਿਚ ਹੜ ਕੁੜਕਾਉਂਦੇ ਹਨ, ਦਿਨੇ ਧੁੱਪ ਲਹੂ ਵਿਚੋਂ ਪਸੀਨਾ ਨਿਚੋੜਦੀ ਹੈ। ਰਾਤ ਦੇਖੋ ਤਾਂ ਸਿਆਲੇ ਦੀ ਅੰਮਾਂ ਵਾਕਰ ਲੰਮੀ ਚੌੜੀ ਗੋਦੀ ਵਿਚ ਸੰਸਾਰ ਨੂੰ ਲਪੇਟੀ ਪਈ ਹੈ, ਜੇ ਦਿਨ ਵਲ ਵੇਖੋ ਤਾਂ ਜੁਵਾਨੀ ਚੜ੍ਹਦੇ ਹੋਏ ਪਿਉ ਵਾਕਰ ਸੰਸਾਰਨੂੰ ਖੇਡਣ ਮੱਲਣ ਲਈ ਉਕਸਾਉਂਦਾ,ਨਵੇਂ ਤੋਂ ਨਵੇਂ ਖੇਡ ਖੇਡਣ ਲਈ ਰੰਗਰਲੀਆਂ ਤਮਾਸ਼ੇ ਮਨਾਉਂਦਾ ਹੈ। ਬਾਗਾਂ ਵਿਚ ਆੜੂ, ਨਾਖਾਂ, ਅਲੂਚੇ ਆਦਿਕ ਬ੍ਰਿਛਾਂ ਨੇ ਬਿਨਾਂ ਪੱਤਿਆਂਤੋਂ ਫੁੱਲਾਂ ਨਾਲ ਖਿੜਕੇ ਇਕਰੰਗ ਜਮਾ ਦਿੱਤਾਹੈ, ਜਿਨ੍ਹਾਂ ਦੀ ਸੁਗੰਧੀ ਨਾਲ ਪੌਣ ਮਹਿਕੀ ਹੋਈ ਹੁਮਕ ਰਹੀ ਹੈ। ਕਿਤੇ ਕਿਤੇ ਕੋਈ ਕਲੀ ਵੀ ਅੱਖ ਝਮਕ ਰਹੀ ਹੈ।ਘਾਸ ਦੀਖਾਸ ਨਿਰਵਾਸ ਖੂਬੀ ਪੈਰਾਂ ਹੇਠ ਹਰਵੇਲੇਲਿਤੜਨਾ,ਰੰਬਿਆਂ ਦਾਤੀਆ ਨਾਲ ਖੁਦੀਉਣਾ, ਪਸ਼ੂਆਂ ਦੇ ਹੋਠਾਂ ਦੰਦਾਂ ਨਾਲ ਹਰਵੇਲੇ ਟੁਕੀਉਣਾ,ਤਿਸ ਪਰ ਭੀ ਬਗੀਚੇ ਦੀ ਸ਼ੋਭਾ ਦੂਣੀ ਚਉਣੀ ਕਰਨ ਲਈ, ਹਰ ਵੇਲੇ ਨਿਰਮਾਣ ਪੁਰਖਾਂ ਵਾਕਰ ਆਪਣੇ ਆਪ ਨੂੰ ਸਬਜ਼ ਬਨਾਤ ਦੀ ਨਜਾਈਂ ਪੈਰਾਂ ਹੇਠ ਵਿਛਾਈ ਹੀ ਜਾਣਾ,ਕੇਹਾ ਸੁਹਣਾ ਅਤੇ ਮਨਮੋਹਣਾ ਲਗਦਾਹੈ,ਜਿਸਦੀ ਉਸਤਤ ਕਿਸੇ ਭਾਂਤ ਹੋਨਹੀਂ ਸਕਦੀ।ਇੱਕੁਰ ਹੀ ਕਰਨੇ ਹੋਰੀ ਵੀ ਅਪਣੀ ਕਰਨੀ ਦੇ ਸੂਰੇ ਸੁਗੰਧਦੇਪੂਰੇਭਾਂਡੇ,ਹਸਦੇਹੋਏ ਦੀਆਂਦੰਦੀਆਂ ਕੱਢਣ ਵਾਕਰ ਬ੍ਰਿੱਛਾਂ ਦੀਆਂ ਕਰੂਮਲਾਂਵਿਚੋਂ ਹੱਸਣ ਲਈ ਬੁੱਲੀਆਂ ਖੋਲ ਰਹੇ ਹਨ। ਖਜੂਰਾਂ ਤੇ ਲੁਕਾਠਾਂ ਨੇ ਵੀ ਅਪਣਾ ਰੰਗ ਜਮਾ ਦਿੱਤਾ। ਫੁੱਲਾਂ ਦੀ ਬਹਾਰ ਜਾਗੋ ਮੀਟੇ ਜੇਹੀ ਬਾਗ ਦੀ ਆਲਸਭਰੀ ਜੁਵਾਨੀ ਦੀ ਉਬਾਸੀ ਵਾਕਰ ਸਰਕਦੀ ਹੋਈ ਪੌਣ ਨਾਲ ਇਕ ਅਨੋਖਾ ਪਨ ਜਿਹਾ ਦਿਖਾ ਰਹੀ ਹੈ। ਭਾਵੇਂ ਇਸ ਵੇਲੇ ਨਹਿਰਾਂ ਵਿਚ ਪਾਣੀ ਆਉਣ ਦੀ ਸੂਮ ਦੇ ਖਰਚ ਵਾਕਰ ਕੁਦਰਤੀ ਰੋਕ ਹੈ ਅਤੇ ਖੂਹ ਵੀ ਇੱਕੁਰ ਹੀ ਨਹੀਂ ਜੋਤੇ ਜਾਂਦੇ,ਪਰੰਤੂ ਪਿਛਲੀਰਾਤ ਦੀ ਓਸਦੁਖੀਏ ਦਿਆਂ ਹੰਝੂਆਂ ਵਾਕਰ ਆਪਣੀ ਗੋਦੀ (ਜ਼ਮੀਨ) ਨੂੰ ਤਰ ਰੱਖਣ ਲਈ ਬਹੁਤ ਵਧੇਰੀ ਹੈ। ਇਜੇਹੇ ਸਮੇ ਇਕ ਬਗੀਚੇ ਵਿਚ ਅੰਬਾਂ ਦੇ ਹੇਠ,ਆੜੂਆਂ ਦੇ ਸਾਹਮਣੇ, ਨਾਖਾਂ ਦੇ ਲਾਂਭੇ ਵਾਰ, ਕਾਣੀ ਜੇਹੀ ਛਾਯਾ ਤੇ ਇਕ ਦਰੀ ਵਿਛੀ ਹੋਈ ਹੈ, ਇਸਤੇ ਛੇ ਮਹਾਤਮਾ ਬੈਠੇ ਹੋਏ ਕੁਝ ਬਾਤ ਚੀਤ ਕਰਦੇ ਹੋਏ ਨਾਲ ਹੀ ਖਾਣਾ ਪੀਣਾ ਵੀ ਕਰ ਰਹੇ ਹਨ। ਕਿਸੇ ਕਿਸੇ ਵੇਲੇ ਕੋਈ ਖੁਸ਼ੀ ਦੀ ਉਮੰਗ ਵਿਚ ਆਕੇ ਕੋਈ ਇਕ ਤੁਕ ਕਿਸੇ ਬੈਂਤ ਦੀ ਸੁਰ ਭਰਕੇ ਬੋਲ ਦਿੰਦੇ ਹਨ, ਫਿਰ ਅਨੰਦਪੂਰਬਕ ਪੀਂਦੇ ਅਤੇ ਕੁਝ ਉਪਰੋਂ ਖਾਂਦੇ ਵੀ ਹੈਨ। ਇਸੇ ਅਨੰਦ ਮੰਗਲ ਦੇ ਸਮਾਚਾਰ ਵਿਚ ਹੀ ਪਹਿਲਾ ਬੋਲਿਆ, ਓਇ ਉਡਗੂ! ਤੂੰ ਤਾਂ ਸ਼ਾਮੂ ਦੇ ਨਾਲ ਗਿਆ ਸੀ, ਏਥੇ ਕੀਕੁਰ ਤੇ ਕਦੋਂ ਆਇਆ ਹੈਂ ?

Digitized by Panjab Digital Library | www.panjabdigilib.org

ਉਡਗੂ—ਮੈਂ ਏਥੇ ਕਲ ਹੀ ਆਇਆ ਹਾਂ।

ਪੁਡਗੂ—ਆ ਕੀਕੁਰ ਗਿਆ, ਖਰਚ ਮੁੱਕ ਗਿਆ ਜਾਂ ਕੁਝ ਗੁਆ ਕੇ ?

ਦੂਸਰਾ—ਇਹ ਕੀ ਗਲ ਹੋਈ ? ਖਰਚ ਮੁੱਕਾ ਤੇ ਆ ਗਏ,ਕੀ ਜਿਸ ਕੋਲ ਖਰਚ ਹੁੰਦਾ ਹੈ ਓਹ ਬਾਹਰ ਰਹਿੰਦਾ ਹੈ,ਜਦ ਮੁੱਕੇ ਤਾਂ ਘਰ ਆਉਂਦਾ ਹੈ ?

ਤੀਸਰਾ—ਨਹੀਂ ਓਇ ਸਾਥੀ ਦਾ ਜਦ ਖਰਚਪੱਠਾ ਮੁੱਕਜਾਵੇ ਤਾਂਘਰ ਆਜਾਈਦਾਹੈ!

ਚੌਥਾ—ਬਈ ਇਹ ਗੱਲ ਤਾਂ ਦਿਲਦੀ ਬੁੱਝੀ।

ਪਹਿਲਾ—ਮੇਰੀ ਸੋਨੇ ਵਰਗੀ ਗੱਲ ਐਵੇਂ ਮਿੱਟੀ ਕੂੜੇ ਵਿਚ ਰੁਲਾ ਦਿੱਤੀ ਜੇ, ਮੇਰਾ ਪੁੱਛਣਾ ਤਾਂ ਇਹ ਸੀ ਭਈ ਸਾਥੀ ਕਿੱਥੇਹਈ? ਤੁਸੀਂ ਸਾਰੇ ਖਰਚ ਦੀ ਜਮਾਂ ਖਰਚ ਕਰਨ ਉੱਠ ਪਏ।

ਪੁਡਗੂ—ਇਹ ਉਮੈਦ ਤਾਂ ਕਦੀ ਨਹੀਂ ਕਿ ਸੱਚ ਸੱਚ ਦੱਸੇ ਪਰ ਬਖਸ਼ੀ ਹੁਰੀਂ ਬੈਠੇ ਹਨ ਇਹਨਾਂ ਦੇ ਲਿਹਾਜ਼ਵਿਚ ਆ ਕੇ ਜੇ ਦੱਸ ਦੇਵੇ ਤਾਂ ਅਚਰਜ ਵੀ ਕੋਈ ਨਹੀਂ।

ਦੂਸਰਾ—ਠੀਕ ਹੈ,ਬਈ ਹੁਣਤਾਂ ਦੱਸ,ਤੁਸੀਂ ਦੋਵੇਂ ਕਿੱਥੇ ਗਏ ਸਾਓ,ਫਿਰ ਮਾਲ ਵੀ ਕੁਝ ਮਾਰਿਆ ਕਿ ਨਹੀਂ ? ਭਿਰਾ ਜੀ! ਸੱਚੋ ਸੱਚ ਉਚਰੋ ਨਹੀਂ ਤਾਂ ਫਿਰ ਗੰਗਾ ਜਲ ਕੌੜਾ ਹੋ ਜਾਏਗਾ।

ਤੀਸਰਾ—ਹਾਂਬਈ ਉਡਗੂ!ਫਿਰ ਤੂੰ ਦੱਸਿਆ ਨਾ ਕਿ ਸ਼ਾਮੂ ਕਿੱਥੇ ਹੈ ? ਕੀ ਉਹ ਵੀ ਤੇਰੇ ਨਾਲ ਏਥੇ ਆ ਗਿਆ ਹੈ ਕਿ ਕਿਤੇਹੋਰਥੇ ਹੈ?

ਉਡਗੂ—ਓਇ ਤੁਸੀਂ ਤਾਂ ਵੱਢਕੇ ਖਾ ਗਏ ਕੀ ਦੱਸਾਂ? ਲੌ ਸੁਣੋ, 'ਖੱਟਣ ਗਏ ਖਟਾਉ ਘਰ ਕੀ ਖਟਲਜਾਏ।ਸ਼ੁਕਰਕਰੋ ਸਿਰਮੁੰਨੀਓਂ ਘਰ ਜੀਉਂਦੇ ਆਏ।' ਸਾਡਾ ਲੂਣ ਕੁਝ ਐਸਾ ਕਰਮਾਂ ਦਾ ਮਾਰਿਆ ਹੈ,ਜਿਸਦੀ ਕੁਝ ਸੇਵਾ ਪੂਜਾ ਵਡਿਆਈ ਕਰੋ ਓਹੋ ਸਿਰੇ ਚੜ੍ਹ ਜਾਂਦਾ ਹੈ। ਜਾਣਦਾ ਹੈ ਬੱਸ ਮੈਂ ਹੀ ਖੁਦਾ ਹਾਂ। ਫਿਰ ਏਡੀ ਉੱਚੀ ਮਿਜਾਜ ਹੋਜਾਂਦੀਹੈ ਭਈ ਕਿਤੇ ਥਹੁ ਪਤਾ ਲਗਦਾ ਹੀ ਨਹੀਂ। ਪਹਿਲੇ ਤੁਸੀਂ ਸੱਭੇ ਚੰਗੀ ਤਰ੍ਹਾਂ ਜਾਣਦੇ ਹੀ ਹੋ ਕਿ ਮੈਂ ਉਸ ਨੀਚ ਨਾਲ ਕੋਈ ਕਿਸੇ ਤਰ੍ਹਾਂ ਦਾ ਫਰਕ ਰੱਖਿਆ ਹੋਇਆ ਸੀ? ਕੱਠੇ ਖਾਣਾ, ਪੀਣਾ, ਰਹਿਣਾ,ਜੇ ਕਿਤੇ ਲੋੜ ਪੈਜਾਵੇ ਤਾਂ ਆਪਣੀ ਜ਼ਿੰਮੇਵਾਰੀ ਤੇ ਉਧਾਰ ਵੀ ਲੈ ਦੇਣਾ। ਫਿਰ ਮੋਹਣੀ ਦੇ ਪੁਆੜੇ ਵਿਚ ਵੀ ਭਾਵੇਂ ਤੁਸੀਂ ਹਟਕੇ ਹੀ ਰਹਿੰਦੇ ਸਾਓ ਪਰ ਮੈਂ ਚੋਰੀ ਛਪੀ ਮੁਕੱਦਮੇ ਦੀ ਸਾਰੀ ਖਬਰ ਰੱਖਦਾ ਸਾਂ। ਚਾਹੇ ਮੈਂ ਬਾਹਰ ਕਚਹਿਰੀ ਵਿਚ ਨਹੀਂ ਜਾਂਦਾ ਸਾਂ ਭਈ ਮੁੱਦਈ ਕਿਤੇ ਮੈਨੂੰ ਨਾਲ ਨਾ ਗਰਦਾਨ ਲੈਣ,ਪਰ ਬਿੱਲੀ ਵਾਕਰ ਛਹਿ ਮਾਰੀ ਹੀ ਰੱਖਦਾ ਸਾਂ। ਹੁਣ ਦੇਖ ਲੌ ਮੈਂ ਕਿਸੇ ਤਰ੍ਹਾਂ ਦਾ ਫਰਕ ਨਹੀਂ ਕੀਤਾ,ਬਿਨਾ ਕਪੜਿਓਂ ਬਿਨਾ ਖਰਚੋਂ ਉੱਠਕੇ ਨਾਲ ਟੁਰ ਪਿਆ।ਰਾਹ ਵਿਚ ਦੋ'ਹ ਤਿੰਨੀ ਥਾਈਂ ਮੰਗ ਕੇ ਵੀ ਲਿਆ ਕੇ ਖੁਲਾਇਆ, ਸਾਥ ਨਹੀਂ ਛੱਡਿਆ,ਗੁਲਾਮੀ ਹੀਕਰਦਾਰਿਹਾ,ਛੋਕੜ ਸਾਨੂੰਨਹਾ ਮਿਲਿਆ, ਸੁੱਤਿਆਂ ਪਿਆਂ ਛੱਡਕੇ ਆਪ ਤਿੱਤਰ ਹੋਗਏ। ਭਲੇ ਨੂੰ ਕੁਝ ਨਕਦੀ ਲੱਕ ਨਾਲ ਹੈਗੀ ਸੀ ਨਹੀਂ ਤਾਂ ਜੀ ਵਾਂਗੂ ਲੱਕ ਵੀ ਬੈਠ ਜਾਂਦਾ।

ਪਹਿਲਾ—ਫਿਰ ਉਸਦਾ ਕੁਝ ਥਹੁ ਪਤਾ ਲੱਗਾ ਕਿ ਨਹੀਂ?ਹੁਣ ਕਿੱਥੇ ਹੈ ?

ਉਡਗੂ—ਉਸਦਾ ਪਤਾ ਜਹੰਨਮਾਬਾਦ, ਥਹੁ ਅਵਾਰਾ ਗਰਦੀ, ਐਸ ਵੇਲੇ ਅਪਦਾ ਦੇ ਮੂੰਹ ਵਿਚ। 'ਸਾਰੀ ਰਾਤ ਰੋਂਦੀ ਰਹੀ ਪਰ ਮੋਇਆ ਇਕੋ'ਵਾਲੀ ਗਲ ਹੈ,ਜੇ ਕਦੀ ਥਹੁ ਪਤਾ ਹੁੰਦਾ ਤਾਂ ਮੈਂ ਇਥੇ ਕਿਉਂ ਆਉਂਦਾ?

ਦੂਜਾ—ਜ਼ਿਮੀਨ ਤਾਂ ਨਹੀਂ ਨਾ ਨਿਗਲ

Digitized by Panjab Digital Library | www.panjabdigilib.org

ਗਈ ਸੀ,ਲਾਂਭੇ ਚਾਂਭੇ ਢੂੰਡ ਭਾਲ ਕਰਨੀ ਸੀ।

ਉਡਗੂ–ਢੂੰਡ ਭਾਲ ਕਰਦਿਆਂ ਤਾਂ ਇਹ ਦਿਨ ਆਏ,ਹੋਰ ਉਸ ਗੱਲ ਨੂੰ ਤਾਂ ਅੱਜ ਤਿੰਨ ਮਹੀਨੇ ਪੱਕੇ ਹੋ ਗਏ ਹਨ। ਜ਼ਿਮੀਨ ਭਾਵੇਂ ਨਹੀਂ ਨਿਗਲ ਗਈ, ਪਰ ਉਹ ਅਸਮਾਨੀ ਚੱਕਰ ਦੇ ਫੇਰਹੇਠ ਜ਼ਰੂਰ ਕਿਤੇ ਫਿਰ ਗਿਆ ਹੈ।

ਤੀਜਾ–ਫਿਰ ਉਸ ਦੇ ਖਰਚ ਦਾ ਕੀ ਹਾਲ ਹੈ?

ਉਡਗੂ–ਖਰਚ ਉਸ ਪਾਸ ਕੁਝ ਵੀ ਨਹੀਂ ਸੀ ਪਰ ਭੁੱਖਾ ਵੀ ਨਹੀਂ ਮਰਦਾ, ਓਹ ਐਸਾ ਹਿਕਮਤੀ ਹੈ ਭਈ ਸੰਦੇ ਚੋਣੇਂ ਫਰਕ ਨਹੀਂ ਕਰਦਾ। ਕੁਝ ਐਵੇਂ ਚਾਰ ਅੱਖਰਾਂ ਦੀ ਰਤਾ ਕੁ ਸੂਝ ਹੈਸੁ, ਬੱਸ ਜਿਸਦੇ ਮੱਥੇ ਜਾ ਲਗਦਾ ਹੈ ਨਿਵਾ ਲੈਂਦਾ ਹੈ,ਇਸ ਗੱਲ ਦੀ ਤਾਂ ਜਮਾ ਖਾਤਰ ਹੈ।

ਬਖਸ਼ੀ–ਮੋਹਣੀ ਦਾ ਕੀ ਹਾਲ ਹੈ ?

ਪਹਿਲਾ–ਚੰਗਾ ਹਾਲ ਹੈ,ਰੋਟੀ ਖਾਂਦੀ ਹੈ, ਪਾਣੀ ਪੀਂਦੀ ਹੈ,ਕੱਪੜਾ ਹੰਢਾਉਂਦੀ ਹੈ।

ਦੂਜਾ–ਇਹ ਗੱਲ ਤਾਂ ਭਾਵੇਂ ਜਹਾਨੇਂ ਵੱਖਰੀ ਹੈ ਕਿਉਂਕਿ ਸਾਰਾ ਸੰਸਾਰ ਖਾਣੇਂ ਪੀਣੇਂ ਪਹਿਨਣੇਂ ਵਾਂਜਿਆ ਹੋਇਆ ਹੈ,ਨਿਰੀ ਮੋਹਣੀ ਹੀ ਖਾਂਦੀ ਪੀਂਦੀ ਅਤੇ ਪਹਿਨਦੀ ਹੈ, ਵਾਹ ਜੀ ਵਾਹ ਚੰਗੀ ਕਹੀ ਜੇ !

ਤੀਜਾ–ਹੋਰ ਇਹ ਗੱਲ ਹੈ,ਭਈ ਰਾਤ ਨੂੰ ਸੌਂ ਰਹਿੰਦੀ ਹੈ, ਦਿਨੇ ਜਾਗਦੀ ਹੈ ਅਤੇ ਜੀਉਂਦੀ ਵੀ ਹੈ।

ਚੌਥਾ–ਭਈ ਵਾਹ, ਜੀਉਂਦੀ ਦੀ ਚੰਗੀ ਤੁਕ ਬੰਦੀ ਕੀਤੀ ਜੇ।

ਪੁਡਗੂ–ਚਾਰੇ ਸਾਹਿਬ ਇਨਾਮ ਦੇ ਲਾਇਕ ਹੋ,ਤੁਹਾਡੀਆਂ ਜੀਭਾਂ ਤਾਂ ਸੋਨੇ ਨਾਲ ਮੜ੍ਹਾ ਕੇ ਉੱਪਰ ਹੀਰੇ ਲਸਨੀਏ ਜੜੇ ਜਾਣ ਤਾਂ ਭੀ ਥੋੜ੍ਹੇ ਹਨ,ਪਰ ਐਵੇਂ ਰਤਾ ਕੁ ਚੋਰਾਂ ਦਾ ਡਰ ਹੈ ਨਹੀਂ ਤਾਂ ਅਵੱਸ਼ ਜੜਾਈ ਹੋ ਜਾਂਦੀ। ਓਇ ਨਿਰੀ ਅਕਲ ਦੇ ਪੁਤਲਿਓ! ਕਿਸੇ ਗੱਲ ਦੀ ਤੁਹਾਨੂੰ ਰਤੀ ਭਰ ਵੀ ਖਬਰ ਨਹੀਂ ਅਤੇ ਤੁਕ ਬੰਦੀ ਕੀ ਕਹੀਏ ਪੁਲਬੰਦੀ ਨਾਲੋਂ ਸੌ ਜੋਜਨ ਦੀ ਛਾਲ ਮਾਰ ਕੇ ਪਾਰ ਜਾ ਪੈਂਦੇ ਹੋ। ਕਰਤਾਰ ਤੁਹਾਡੇ ਗਲ ਵਿਚ ਪਟਾ ਪਾਵੇ, ਜ਼ੁਬਾਨ ਤੁਹਾਡੀ ਨੂੰ ਲਗਾਮ ਦੇਵੇ। ਭਈ ਨਿਰੀਆਂ ਲੂਣਦੀਆਂ ਥੱਪਦੇ ਹੋ, ਜੀਕੁਰ ਕਿਸੇ ਨੇ ਆਖਿਆ ਸਾ–'ਸੇਰੁ ਨਹੀਓਂ ਪੱਟੀ ਨਹੀਓਂ ਨਹੀਓਂ ਤਿੰਨ ਟਿਕਾਉ। ਵਿਚਲਾ ਝਾਮੜ ਝਿੱਲਾ ਨਹੀਓਂ ਮੰਜੀ ਲਓ ਵਿਕਾਉ।'

ਬਖਸ਼ੀ ਸਾਹਿਬ–ਵਾਹ ਓਇ ਪੁਡਗੂ ! 'ਵਿਚਲਾ ਝਾਮੜ' ਖੂਬ ਸੁਣਾਇਆ ਹੈ? ਇਹ ਤਾਂ ਨਵੀਂ ਤੁਕ ਬੰਦੀ ਹੈ, 'ਵਿਚਲਾ ਝਾਮੜ ਝਿਲਾ ਨਹੀਓਂ ਮੰਜੀ ਲਓ ਵਿਕਾਉ'।ਬਹੁਤ ਹੀ ਅਨੋਖੀ ਸ਼ਾਇਰੀ ਹੈ। ਲਓ ਮਹਾਰਾਜ ! ਮੈਥੋਂ ਸੁਣੋਂ ਭਈ ਹੁਣ ਅਰਾਮ ਦੀ ਰੋਟੀ ਖਾਂਦੀ ਹੈ ਉਸਨੂੰ ਕੋਈ ਔਖ ਨਹੀਂ, ਬਾਹਰ ਜਾਣ ਆਉਣ ਦੀ ਉਸਨੂੰ ਖੁੱਲ੍ਹ ਹੋ ਗਈ ਹੈ, ਕੋਈ ਰੋਕ ਟੋਕ ਨਹੀਂ ਰਹੀ,ਇਹ ਪਾਣੀ ਪੀਂਦੀ ਹੈ। ਸਾਫ ਸੁਥਰਾ ਕੱਪੜਾ ਪਹਿਨਣ ਲਗ ਪਈ ਹੈ, ਸੋਗੀ ਕੱਪੜੇ ਲਹਿ ਗਏ ਹਨ, ਇਹ ਕੱਪੜਾ ਪਹਿਨਦੀ ਹੈ ਅਤੇ ਜਿਹੜੀ ਗੱਲ ਤੀਜੇ ਨੇ ਕਹੀ ਹੈ ਭਈ ਰਾਤੀ ਸੌਂ ਰਹਿੰਦੀ ਹੈ ਸੋ ਇਉਂ ਠੀਕ ਹੈ, ਭਈ ਨਿਚਿੰਤ ਤੇ ਬੇਫਿਕਰ ਹੋਕੇ ਹੁਣ ਸੌਂਦੀ ਹੈ ਅਤੇ ਦਿਨੇ ਜਾਗਣ ਦੀ ਇਹ ਗੱਲ ਹੈ ਭਈ ਆਪਣੇ ਪਾਠ ਭਜਨ ਸਿਮਰਨ ਵਿਚ ਲੱਗੀ ਰਹਿੰਦੀ ਹੈ।ਅਤੇ ਜੀਉਂਦੀ ਦੀ ਇਹ ਬਾਤ ਹੈ ਭਾਵੇਂ ਸੰਸਾਰ ਵਲੋਂ ਮੂੰਹ ਮੋੜ ਦੁਨੀਆਂ ਦੇ ਧੰਦੇ ਛੋੜ ਪਰਮੇਸ਼ੁਰ ਪਰਾਇਣ ਹੋ ਗਈ ਹੈ ਪਰ ਅਜੇ ਸ਼ਾਮੂ ਵਲੋਂ ਦਲੀਲ ਨਹੀਂ ਮੁੜੀ,ਇਸ ਲਈ ਜੀਉਂਦੀ ਹੈ।

ਪਹਿਲਾ–ਵਾਹ ਬਖਸ਼ੀ ਜੀ ! ਇਹ ਤਾਂ

Digitized by Panjab Digital Library | www.panjabdigilib.org

ਅਰਥ ਪੰਡਤਾਂ ਨਾਲੋਂ ਵੀ ਵਧਕੇ ਕੀਤੇ ਜੇ। ਪਰ ਇਹ ਕੀਕੁਰ ਪਤਾ ਲੱਗਾ ਕਿ ਉਸਦੀ ਦਲੀਲ ਸ਼ਾਮੁ ਵਲੋਂ ਨਹੀਂ ਫਿਰੀ ?

ਬਖਸ਼ੀ—ਇਥੇ ਪਲ ਪਲ ਦੀ ਖਬਰ ਤਾਰ ਬਰਕੀ ਵਾਕਰ ਮਿਲਨੀ ਹੋਈ।

ਦੂਜਾ—ਪਰ ਏਹ ਕੀਕੁਰ ਖਬਰ ਮਿਲਨੀ ਹੋਈ ਕਿ ਉਸਦੀ ਦਲੀਲਵਿਚ ਇਹਗੱਲਹੈ?

ਬਖਸ਼ੀ—ਇਹ ਅਨੁਮਾਨ ਹੋ ਸਕਦਾ ਹੈ। ਜੀਕੁਰ ਉਬਾਸੀ ਨੀਂਦਰ ਦਾ ਅਨੁਮਾਨ ਹੈ, ਬਾਲਕ ਦੀ ਜ਼ਿਦ ਮਾਰ ਖਾਣ ਦਾ ਅਨੁਮਾਨ ਹੈ, ਇੱਕੁਰ ਹੀ ਇਹ ਭਜਨ, ਪਾਠ, ਬੰਦਗੀ, ਨੇਮ ਨਾਲ ਪੰਜ ਪਾਠ ਜਪੁ ਸਾਹਿਬ ਦੇ ਕਰਨੇ ਥੋੜ੍ਹਾਖਾਣਾ,ਥੋੜ੍ਹਾਬੋਲਣਾ,ਥੋੜ੍ਹਾਸੌਣਾਆਦਿਕ ਸੂਚਨਾ ਕਰਾਉਂਦੇ ਹਨ ਭਈ ਕਿਸੇ ਗੱਲ ਦੀ ਖ਼ਾਤਰ ਹਨ। ਬਿਨਾ ਕਿਸੇ ਗੱਲ ਦੇ ਇੱਨਾ ਜ਼ੁਹਦ ਕੌਣ ਕਰਦਾ ਹੈ ?

ਪੁਡਗੂ—ਧੰਨ ਹੋ ਮਹਾਰਾਜ, ਧੰਨ ਹੋ! ਇਸ ਅਨੁਮਾਨ ਤੋਂ ਅਕਲ ਕੁਰਬਾਨ ਹੈ। ਸਦਕੇ ਇਸ ਅੰਤਰਯਾਮਤਾ ਦੇ। ਦੁਨੀਆ ਵਿਚ ਜੋ ਕੋਈ ਭੈੜਾ ਕਰਮ ਕਰੇ ਤਾਂ ਭੀ ਦੁਨੀਆਂ ਉਸ ਨੂੰ ਬੁਰਾ ਹੀ ਕਹੇਗੀ, ਜੇਕੋਈ ਕਿਸੇ ਭਲੇ ਪਾਸੇ ਲਗੇ ਤਾਂਭੀ ਉਸਦੀ ਉਸਵਿਚੋਂ ਕੋਈ ਬੁਰਾਈ ਦੀ ਹੀ ਖੁੰਦਰ ਪੁੱਟਣਗੇ,ਮਾਨੋਂ ਦੁਨੀਆਂ ਵਿਚ ਕੋਈ ਭਲਾ ਜੀਵ ਹੈ ਹੀ ਨਹੀਂ,ਜੇ ਕੋਈ ਭਲੇ ਕਰਮ ਕਰਦਾ ਹੈ ਤਾਂ ਓਹ ਭੀ ਕਿਸੇ ਬੁਰਾਈ ਵਾਸਤੇ ਕਰਦਾ ਹੈ। ਬੁਰਾਈ ਹੋਵੇ ਅਥਵਾ ਨਾ ਹੋਵੇ ਪਰ ਤੁਸਾਂ ਮਹਾਤਮਾ ਪੁਰਖਾਂ ਨੇ ਅਨੁਮਾਨ ਪ੍ਰਮਾਣ ਬੁਰਾਈ ਦੇ ਹੀ ਕਰਨੇ।

ਬਖਸ਼ੀ—ਮਹਾਰਾਜ ਜੀ ! ਖਬਰ ਨਵੇਂ ਸੂਰਜ ਨਵੀਂ ਤਾਜ਼ੀ ਜੋ ਆ ਜਾਂਦੀ ਹੋਈ !

ਪੁਡਗੂ—ਕੀਮਤੀ ਕੇ ਮੁਫ਼ਤ !

ਬਖਸ਼ੀ—ਕੀਮਤੀ, ਸੂਹੀਏਂ ਨੂੰ ਪੰਜ ਰੁਪੈ ਚਿੜੇਸ਼ਾਹੀ ਮਹੀਨਾ ਮਿਲਦੇ ਹਨ,ਐਵੇਂ ਕੋਈ ਇਜੇਹੀ ਪਤੇ ਦੀ ਖਬਰ ਦੱਸਦਾ ਹੈ।

ਪੁਡਗੂ—ਜੇ ਏਹੋ ਜੇਹੀਆਂ ਹਿਕਾਯਤਾਂ ਨਾ ਜੋੜ ਕੇ ਲਿਆਵੇ ਤਾਂ ਰੋਟੀ ਕੀਕੁਰ ਖਾਵੇ ?

ਬਖਸ਼ੀ—ਆਪ ਦੇਖਦੇ ਰਹੋ ਕਿਸ ਤਰ੍ਹਾਂ ਅਤੇ ਕਿਸ ਜੁਗਤ ਨਾਲ ਅਸੀਂ ਆਪਣੀ ਮੁਰਾਦ ਮਜ਼ਲ ਤੇ ਪਹੁੰਚਨੇ ਹਾਂ।

ਪੁਡਗੂ—ਮਹਾਰਾਜ ਸੱਤ ਹੈ 'ਜੀਵੇ ਆਸਾ ਤੇ ਮਰੇ ਨਿਰਾਸਾ' ਪਰ ਇਹ ਆਸਾ ਅਕਾਸ਼ ਦੇ ਫੁੱਲਾਂ ਦੀ ਮਾਲਾ ਵਰਗੀ ਹੈ ਜੋ ਕਦੀ ਨਹੀਂ ਸੁਕਦੀ"'।

ਪ੍ਰਕਰਣ ੧੧.

ਜਯਤਿ ਜਯਤਿ ਜਯ ਹੋਲਕਾ ਜਯਤਿ ਜਯਤਿ ਜਯ ਚੰਭ।
ਕੁਮਤਿ ਕਰਨ,ਆਨੰਦ ਦੂਵਣ,ਬਿਸ੍ਰ ਖੰਡ ਜਸ ਭੰਡ।

ਇਕ ਵੱਡਾ ਭਾਰੀ ਨਦ ਜੋ ਛੇਆਂ ਸੱਤਾਂ ਭਾਰੀਆਂ ਨਾਮੀ ਨਦੀਆਂ ਦਾ ਰਲਕੇ ਇਕ ਹੋਇਆ ਹੋਇਆ ਸਿੰਧ ਦੇਸ਼ ਦੀ ਸ਼ੋਭਾ,ਰੌਣਕ ਵਡਿਆਈ ਅਤੇ ਫਸਲਾਂ ਨੂੰ ਸਦੀਵ ਸੁਹਾਵਣਾਂ ਅਤੇ ਹਰਿਆ ਭਰਿਆ ਰੱਖਣ ਲਈ ਬੱਸ ਹੈ, ਇਸਦੇ ਕਿਨਾਰੇ ਅਨੇਕਾਂ ਸ਼ਹਿਰ ਵੱਸਦੇ ਹਨ,ਜਿਨ੍ਹਾਂ ਵਿਚੋਂ ਚੰਗੇ ਇਕ ਧਨਾਢ ਸ਼ਹਿਰ ਦਾ ਵਰਣਨ ਕਰਦੇ ਹਾਂ। ਦਰਿਆ ਦੀ ਚੌੜਾਈ ਜਿਥੋਂ ਕੋਈ ਛੇਆਂ ਸੱਤਾਂ ਮੀਲਾਂ ਤੋਂ ਘੱਟ ਨਹੀਂ ਹੋ ਸਕਦੀ। ਚਾਹੇ ਕਿਤਨੇ ਹੀ ਹੜ੍ਹ ਆਉਣ,ਪਰ ਕਿਨਾਰੇ ਹਰੇ ਹਰੇ ਦਰਖਤਾਂ ਅਤੇ ਖੇਤਾਂ ਨਾਲ ਹਰੇ ਭਰੇ ਲਹਿ ਲਹਾਉਂਦੇ ਦੇਖਣ ਵਾਲਿਆਂ ਦੇ ਦਿਲ ਖਿੜਾਉਂਦੇ, ਅੱਖਾਂ ਨੂੰ ਤਰ ਕਰਦੇ, ਦਿਮਾਗ਼ ਦੀ ਤਾਜ਼ਗੀ ਨੂੰ ਦੂਣਾ ਚਉਣਾ ਕਰਦੇ ਹੋਏ, ਕੇਹਾ ਆਨੰਦ ਦੇ ਰਹੇ ਹਨ। ਘਾਟਾਂ ਤੇ ਨ੍ਹਾਉਣ ਧੋਣ ਵਾਲਿਆਂ ਦੀ ਭੀੜ ਮਾਨੋ ਨਿਤ ਮੇਲਾਹੈ,ਕਿਤੇਕਿਤੇ ਬੇੜੀਆਂ

Digitized by Panjab Digital Library | www.panjabdigilib.org

ਦੇ ਜਮਘਟ ਆਪਣੇ ਆਪ ਨੂੰ ਉੱਘਾ ਕਰਕੇ ਦਿਖਾ ਰਹੇ ਹਨ। ਕਿਤੇ ਦਰਿਆ ਵਿਚ ਬੇੜੇ ਠਿੱਲ੍ਹੇ ਜਾ ਰਹੇ ਹਨ। ਕਿਤੇ ਸ਼ਿਕਾਰੀ ਲੋਗ ਮੱਛੀਆਂ ਦੇ ਸ਼ਿਕਾਰ ਕਰਨ ਵਾਲੇ ਡੋਂਗੀਆਂ ਤੇ ਬੈਠੇ ਜਾਲ ਅਤੇ ਕੁੰਡੀਆਂ ਲਗਾ ਰਹੇ ਹਨ। ਪਾਣੀ ਦਾ ਆਪਣੇ ਪੂਰੇ ਵੇਗ ਵਿਚ ਚਲਨਾ, ਲਹਿਰਾਂ ਦਾ ਉੱਠਣਾਂ, ਜਲ ਜੀਵਾਂ ਦਾ ਕਿਤੇ ਕਿਤੇ ਹਿੱਲਣਾ, ਉਛਲਨਾ, ਪ੍ਰਗਟ ਹੋਕੇ ਫਿਰ ਜਲ ਦੇ ਵਿਚ ਗੁੰਮ ਹੋ ਜਾਣਾ, ਕੈਸਾ ਅਨੋਖਾ ਅਤੇ ਸੁਹਣਾ ਮਨਮੋਹਣਾ ਅੱਖਾਂ ਨੂੰ ਪ੍ਰਤੀਤ ਹੋ ਰਿਹਾ ਹੈ, ਜੋ ਕਥਨ ਅਥਵਾ ਲਿਖਣ ਵਿਚ ਨਹੀਂ ਆ ਸਕਦਾ। ਇਸੇ ਦੇ ਇਕ ਕਿਨਾਰੇ ਤੇ ਵਡਾ ਸੁੰਦਰ ਇਕ ਨਗਰ ਹੈ।ਭਾਵੇਂ ਇਸ ਦੇ ਬਜ਼ਾਰਾਂ ਦੀਆਂ ਸੜਕਾਂ ਕੱਚੀਆਂ ਤੇ ਮੋਰੀਆਂ (ਨਾਲੀਆਂ) ਤੋਂ ਖਾਲੀ ਹਨ ਪਰੰਤੂ ਮੰਡਪ, ਮਾੜੀਆਂ, ਅਟਾਰੀਆਂ, ਮੰਦਰ ਸ਼ਿਵਾਲੇ ਮਸੀਤਾਂ ਆਦਿਕਾਂ ਦੇ ਮੁਨਾਰਿਆਂ ਤੇ ਰਾਵਟੀਆਂ ਕਰਕੇ ਅਪਣੇ ਨਾਉਂ ਨੂੰ ਉੱਘਾ ਕਰਨ ਲਈ ਇਸ ਨਗਰ ਨੇ ਕੋਈ ਕਸਰ ਬਾਕੀ ਨਹੀਂ ਰੱਖੀ।ਇਥੋਂ ਦੇ ਲੋਕੀ ਜ਼ੁਬਾਨ ਦੇ ਬਹੁਤ ਮਿੱਠੇ, ਪਰ ਮੁੱਛਾਂ ਅਤੇ ਹਥੇਲੀਆਂ ਦੇ ਕਾਲੇ, ਧਨਾਢ ਹੋਣ ਵਿਚ ਪ੍ਰਸਿੱਧ, ਦੂਰ ਦੇਸ਼ਾਂਤਰਾਂ ਤਕ ਕੋਠੀਆਂ ਵਣਜ ਵਪਾਰ, ਨੌਕਰੀਆਂ, ਚਾਕਰੀਆਂ ਦੇ ਕੰਮਾਂ ਵਿਚ ਨਾਮਜ਼ਦ, ਗੁਰ ਪਰਮੇਸ਼ੁਰ ਦੇ ਭੈ ਵਾਲੇ, ਸੰਤ ਸਾਧ ਬਾਵੇ ਬ੍ਰਾਹਮਣ ਦੀਆਂ ਕੁਲਾਂ ਪਾਲਕ ਤੇ ਸ਼ਰਧਾਭਗਤੀ ਵਾਲੇ ਹਨ।ਇਕ ਇਕ ਸੇਠ ਲੱਖਾਂ ਵਾ ਕ੍ਰੋੜਾਂ ਪਤੀ। ਤੀਵੀਆਂ ਇਸ ਦੇਸ ਵਿਚ, ਘੁੰਡ ਦੇ ਰੋਗ ਤੋਂ ਰਹਿਤ, ਗੱਲ ਬਾਤ ਕਰਨ ਸੁਣਨ ਵਿਚ ਮਰਦਾਂ ਵਾਕਰ ਸਮਝਦਾਰ। ਹੱਥੀਂ ਬਾਰੀਕ ਦੰਦ ਖੰਡ ਦੇ ਚੂੜੇ, ਨੱਕੀਂ ਨਿੱਕੀਆਂ ਨਿੱਕੀਆਂ ਨੱਥਾਂ, ਘਰਾਂ ਦੇ ਕੰਮਕਾਰ ਕਰਨ ਵਿਚ ਸਿਆਣੀਆਂ, ਫੁਰਤੀਲੀਆਂ, ਮਾਸ ਮੱਛੀ ਗੰਢੇ ਆਦਿਕਾਂ ਦੀ ਛੂ ਛੂ ਨੂੰ ਛੂਹ ਕਰ ਛੱਡਣ ਵਾਲੀਆਂ ਵਸਦੀਆਂ ਹਨ।ਆਏਗਏ ਅਤਿੱਥਿ ਸੰਤ ਬ੍ਰਾਹਮਣ ਦੀ ਯਥਾ ਅਧਿਕਾਰ ਸੇਵਾ ਪੂਜਾ ਕਰਨ ਵਿਚ ਪ੍ਰਸਿੱਧ ਹਨ। ਇਸ ਨੱਗਰ ਵਿਚ ਨਾਨਕਸ਼ਾਹੀ ਟਿਕਾਣੇ ਵੀ ਹਨ, ਇਕ ਟਿਕਾਣੇ (ਧਰਮਸਾਲਾ) ਵਿਚ ਇਕ ਸੰਤ, ਜਵਾਨ ਉਮਰ ਦੇ, ਕੱਦ ਦੇ ਮਧਰੇ ਜੇਹੇ ਕੁਝ ਥੋੜ੍ਹੇ ਜੇਹੇ ਦਿਨ ਲਟੇਪਟੇ ਨਾਲ ਆਣ ਉਤਰੇ, ਤਾਂ ਧਰਮਸਾਲੀਏ ਮਹੰਤ ਨੇ ਪੁੱਛਿਆ ਆਪ ਕੌਣ ਹੋ ?

ਸੰਤ–ਮੁਸਾਫਰ।

ਮਹੰਤ–ਕਿੱਥੋਂ ਆਏ ਹੋ ?

ਸੰਤ–ਮੁਕਾਮ ਤਾਂ ਕੋਈ ਨਹੀਂ ਹੈ, ਇਸਲਈ ਸਫਰ ਵਿਚੋਂ ਆਇਆ ਹਾਂ ਅਤੇ ਅਗੇ ਵੀ ਸਫਰ ਹੀ ਹੈ।

ਮਹੰਤ–ਏਥੇ ਕਿਤਨਾਕੁ ਚਿਰ ਟਿਕੋਗੇ?

ਸੰਤ–ਪਹਿਲੇ ਤਾਂ ਏਹੋ ਰਾਤ, ਜੇ ਬਹੁਤੇ ਟਿਕੇ ਤਾਂ ਹੋਲੀਆਂ ਦੇ ਦਿਨ।

ਮਹੰਤ–ਕੁਝ ਲਿਖ ਪੜ੍ਹ ਸਕਦੇ ਹੋ ?

ਸੰਤ–ਕੁਝ ਗੁਰਮੁਖੀ, ਸ਼ਾਸਤ੍ਰੀ, ਅੱਖਰ ਮਾਤ੍ਰ।

ਮਹੰਤ–ਅੱਛਾ ਆਪ ਡੇਰਾ ਕਰੋ, ਇਹ ਕੋਠੜੀ ਹੈ, ਇਹ ਚਟਾਈ ਹੈ, ਹੋਰ ਕੁਝ ਬਿਸਤ੍ਰੇ ਦੀ ਲੋੜ ਹੋਵੇ ਤਾਂ ਹਾਜ਼ਰ ਹੈ, ਅੰਨ ਜਿਸ ਵੇਲੇ ਤਯਾਰ ਹੋਸੀ ਆਪ ਦੇ ਪਹਿਲੇ ਹਾਜ਼ਰ ਹੋਜਾਵੇਗਾ।

ਸੰਤ–ਸਤਿ ਬਚਨ, ਇਹ ਆਪ ਦੀ ਸਭ ਕਿਰਪਾ ਹੈ, ਬਿਸਤ੍ਰਾ ਹੈ। ਇਤਨਾ ਕਹਿਕੇ ਬਿਸਤ੍ਰਾ ਜਮਾਇਆ, ਅਜੇ ਹੱਥ ਮੂੰਹ ਧੋ ਸੁਚੇਤ ਹੋਕੇ ਬੈਠੇ ਹੀ ਸਨ ਕਿ ਮਹੰਤ ਸਾਹਿਬ ਹੱਥ ਵਿਚਇਕ ਲਿਫਾਫਾ ਲਈ ਪੈਰੀਂ ਪਉਂਦੇਪਾਈ ਠੱਪ ਠੱਪ ਕਰਦੇ ਨਵੇਂ ਆਏ ਸੰਤਾਂ ਦੇ ਪਾਸ ਆਣ ਪੁੱਜੇ ਤੇ ਬੈਠਕੇ ਕਹਿਣ ਲਗੇ:ਅਜ ਇਹ ਇਕ ਖਤ ਸ੍ਰੀ ਅੰਮ੍ਰਿਤਸਰੋਂ ਆਇਆ ਹੈ, ਅਸੀਂ ਇਸਨੂੰ ਭਾਵੇਂ ਦੋ ਵਾਰਾਂ ਪੜ੍ਹ ਚੁਕੇਹਾਂ ਪਰ

Digitized by Panjab Digital Library | www.panjabdigilib.org

ਥਹੁ ਪਤਾ ਕੁਝ ਨਹੀਂ ਲਗਦਾ ਕਿ ਇਹ ਕੀ ਲਿਖਿਆ ਹੈ।

ਸੰਤ–(ਲਿਫਾਫਾ ਹੱਥ ਵਿਚੋਂ ਲੈਕੇ ਖੋਲ੍ਹਦੇ ਹੋਏ) ਅੰਮ੍ਰਿਤਸਰ ਜੀ ਵਿਚ ਵਿੱਦਯਾ, ਬੁੱਧੀ, ਗਿਆਨ ਦਾ ਪ੍ਰਵਾਹ ਚਲ ਰਿਹਾ ਹੈ, ਬੇਸ਼ੁਮਾਰ ਗੁਣੀ ਲੋਕ ਉਥੇ ਵਸਦੇ ਹਨ, ਇਕ ਤੋਂ ਇਕ ਚੰਗੇਰਾ ਹੈ, ਇਹ ਭੀ ਕਿਸੇ ਆਪ ਦੇ ਸੱਜਣ ਪੁਰਸ਼ ਨੇ ਲਿਖਿਆ ਹੋਊ।

ਮਹੰਤ–ਸੱਜਨ ਤਾਂ ਓਹ ਭਾਰਾ ਹੈ, ਪ੍ਰੇਮੀ ਵੀ ਤਕੜਾ ਹੈ, ਲਿਖਿਆ ਵੀ ਇਜੇਹਾ ਬਿਖੜਾ ਹੈ ਕਿ ਬੱਸ ਪੜ੍ਹਦਿਆਂ ਓਹੋ ਹੀ ਚਿਤ ਆਉਂਦਾ ਹੈ।(ਇੰਨੇ ਤਕ ਖਤ ਖੁੱਲ੍ਹ ਗਿਆ) ਲਓ ਜ਼ਰਾ ਸੁਣਾਓ, ਵਿਚਾਰ ਕੇ ਦੇਖੋ ਕਿ ਕੀ ਕੀ ਪੱਥਰ ਲਿਖੇ ਹਨ।

ਸੰਤ ਖਤ ਸਿੱਧਾ ਕਰਕੇ ਪੜ੍ਹਨ ਲਗੇ, ਤਾਂ ਇਹ ਲਿਖਿਆ ਸੀ:–

੧ ਓ ਸ੍ਰੀ ਹੋਲਸ਼ ਚੰਡਕਾਯੈ:*
ਸ੍ਰੀ ਸ੍ਰੀ ਸ੍ਰੀ ਸ੍ਰੀਮਾਨ ਮਹਦ ਅਮਾਨਨੀਯ,
ਨਿਰਭਰ ਵਿਪਰੀਤ ਪੱਛ ਪ੍ਰਸੰਸਨੀਯ,
ਧਰਮ ਸਹਿ ਸੁਮਤਿ ਦੰਡਨੀਯ,
ਮਿਤ ਮਿਯਾਦਾਦਿ ਭਰਜਨੀਯ,
ਪ੍ਰਚੰਡ ਮਾਰਤੰਡ ਵਤ ਵਖਯਾਤ,
ਨਿਰਭਰਾਨੰਦ ਮਗਨਾਤ,
ਸਰਬ ਦੇਸਾਨੁਰੰਮਜ,
ਭੂਤ ਭਵਿਖ ਕਾਲਾਂਤ ਸੁ ਰੰਮਜ,
ਅਦਭੁਤ ਸਰੂਪ ਬਚਿਤ੍ਰ ਚਿਤ੍ਰਤ,
ਮਹਾਨ ਅਪਗੁਣ ਗਣਾਲੰਕ੍ਰਿਤ,
ਮਦਜੋ ਪਰਿ ਬ੍ਰਾਜਕਾ ਨੰਦੀ,
ਉਤਸੁਕ ਸਮੁਤਸਾਹਾ ਨੰਦੀ,
ਸਿਸਰ ਬਸੰਤ ਰਿਤੁ ਵਿਭਾਗੀ,
ਅਨੰਨਜ ਯੌਬਨਾਨੁਰਾਗੀ,
ਸਰਬ ਸੰਮਿਯੇ ਪਰਿਬਿਰਾਜਮਾਨ,
ਅਘ ਅਵਗੁਣ ਅਪਜਸ ਮਹਾਨ,
ਅਸਟ ਅਹਨਿ ਮਾਤ੍ ਚਕ੍ਰਵਰਤੀ,
ਸਾਕਾ ਅਨੰਤ ਪਰਾਰਧ ਵਰਤੀ,
ਨਿਜ ਭਗਤਾਨ ਪ੍ਰਮੋਦਕ,
ਅਨੰਨਜ ਸੇਵਕਾਨ ਮਨ ਮੋਦਕ,
ਕੁਮਤਿ ਬੰਸਾਵਤੰਸ,
ਅਦਭੁਤ ਵਚਿਤ੍ ਪਰਮ ਹੰਸ,
ਰਾਜਾਧਿਰਾਜਸ੍ਰੀਮਾਨ ਮਹਾਰਾਜਰਾਜ ਰਾਜੇਂਦ੍ ਮਹਾਨੁ ਭਾਵ, ਅਦਭੁਤ ਸੁਭਾਵ, ਅਤਿ ਅਤੀ-ਤੇਂਦ੍ ਫਾਲਗੁਨੇਂਦ੍ ,
ਚਾਚਰਿ ਚਰਿਤ੍ ਅਨੰਤ ਕੌਤ੍ਹਲਾਨ ਜਨਕ,
ਪਰਮ ਅਪਵਿਤ੍ ਬਿਬਧ ਬੇਖ ਬਰ ਬਾਨਿਕ ਬਨਿਕ,
ਅਨੰਤ ਸੁਨਜ ਸ੍ਰੀ ਸੰਯੁਕਤ,
ਯੁਕਤਾਯੁਕਤ ਅਸੰਪ੍ਰਯੁਕਤ,
ਏਤਾਦ੍ਰਸ਼ ਗੁਣ ਗਣਾਲੰਕ੍ਰਿਤ,
ਮਹਾਨ ਅਸੰਸਕ੍ਰਿਤ,
ਹੋਲਾ ਸਿੰਘ ਪ੍ਰੰਗਵ,
ਸ਼ਾਰਦੂਲ ਕੁੰਜਰ,
ਮੱਤ ਬ੍ਰਿਖਭ ਬੰਜਰ ਜੀ ਕੇ ਚਰਣਾਰਵਿੰਦੇਂ ਪਰ ਸਨੰਮ੍ ਪੁਟਾਂਜੁਲੇਨ*।

*ਹੋਲਕਾ ਇਕ ਰਾਕਸ਼ੀ ਦਾ ਨਾਮ ਹੈ ਜਿਸਦੇ ਨਾਮ ਪਰ ਹੋਲੀ ਦਾ ਤਿਉਹਾਰ ਹੁੰਦਾ ਹੈ। 'ਹੋਲਸ਼ ਚੰਡਕਾ' ਦੀ ਮੁਰਾਦ ਹੋਲੀ ਦੀ ਚੰਡੀ ਭਾਵ ਹੋਲਿਕਾ ਰਾਕ੍ਸ਼ੀਹੈ ਤੇ ਇਸ ਪਦ ਦੀ ਬੰਦਸ਼ ਬੀ ਹਾਸਮਈ ਹੈ।

*ਇਸ ਪ੍ਰਕਾਰ ਦੀ ਰਚਨਾ ਰਾਜਿਆਂ, ਮਹਾਂ ਪੁਰਖਾਂ ਦੇ ਗੁਣਾਨੁਵਾਦ ਤੇ ਅਸ਼ੀਰਵਾਦ ਆਦਿ ਲਈ ਬੰਦੀ ਜਨ ਬਣਾ ਕੇ ਪੜ੍ਹਿਆ ਕਰਦੇ ਹਨ। ਉਸਨੂੰ ਬਿਰਦ ਯਾ ਵਿਰਦ ਆਖਦੇ ਹਨ। ਇਸ ਵਿਚ ਅੱਖਰ, ਮਾਤ੍ਰਾਂ ਦੀ ਗਿਣਤੀ ਯਾ ਗਣਾਂ ਦੀ

[ਬਾਕੀ ਦੂਰ ਦੇਖੋ ਅਗਲੇ ਪੰਨੇ ਦੇ ਹੇਠ

Digitized by Panjab Digital Library | www.panjabdigilib.org

ਦਾਸਾਨੁ ਦਾਸੈਨਦਾਸ, ਨਿਤਜਨਿਰਵਾਸ, ਸ-ਬਿਨਯ ਪ੍ਰਾਰਥਨਾਰਿਥਕਹੈ:ਅਤੈ ਕੁਸਲੈਨਹੀਂ, ਭਵਾਨ ਖੇਮੰ ਨ ਭੂਯਾਤ। ਆਪ ਕੈ ਆਗਮ ਕਾ ਸੰਦੇਸ਼, ਨਹੀਂ ਨਹੀਂ ਦੁਹਾਈ ਤਿਹਾਈ ਕੀ ਧੁਨਿ ਬ੍ਰਹਮੰਡ ਭਰ ਮੇਂ ਨਿਰਭਰ ਭਰਪੂਰ ਹੋ ਰਹੀ ਹੈ। ਰਿਤੂ ਰਾਜ ਬਸੰਤ ਮਹਾਰਾਜ, ਸੀਤ ਵਾਯੂ ਕਰਕੈ ਚਲਦਲ ਪਤ੍ ਇਵ ਭੈ ਭੀਤ ਕੰਪਾਇਮਾਨ ਹੋ ਰਹਾ ਹੈ। ਘਾਸ ਪੁਨ: ਕਿਸਲੈ ਆਦਿ ਕੋ ਤਰਜ ਕਰ ਉਤਕਰਖਤ ਕਰ ਰਹਾ ਹੈ ਕਿ ਸ਼ੀਘ੍ਰਤਾ ਕਰਕੈ ਸਬਜ਼ ਬਨਾਤੀ ਪਾਂਵੜੇ ਬਿਛਾਇ ਦੇਵੈਂ। ਝੰਝਾ,ਪਰੁਖ ਪਵਨ,ਬਾਦਲ, ਸੀਤਲ ਆਦਿਕੋਂ ਕੋ ਡਾਂਟ ਰਹੇ ਹੈਂ, ਕੋਕਿਲ ਨਾਮੀ ਪੁਲੀਸ ਕੈ ਜਨਰਲ ਕੋ ਉਚਤ ਪ੍ਰਬੰਧਾ-ਰਥ ਡਿੰਡਮ ਪਤ੍ ਆਦਿਕੋਂ ਸੈ ਸ਼ਸ਼ੋਭਤ ਕਰ ਆਂਬ੍ ਅਧਨਿਵੇਸ ਕਰਾ ਦੀਆ ਹੈ। ਐਸੇ ਹੀ ਭ੍ਰਮਰ,ਕਪੋਤ, ਝਿੱਲੀ, ਝੀਂਗਰ ਆਦਿਕੋਂ ਕੋ ਭੀ ਯਥਾ ਅਧਿਕਾਰ ਉਚਿਤਕਾਰਜੋਂਪਰਯਥਾ ਅਨੁਕ੍ਰਮਨੀਯਤਕੀਆਗਿਆਹੈ।ਤਥਾਚਸ੍ਰੀਮਨ ਮਹਾਰਾਜ ਰਾਜ ਰਾਜੇਸ਼੍ਵਰ ਜੀ ਕੇ ਸ੍ਵਾਗਤਾਰਥ ਆਰਤੀ ਉਤਾਰਨੇ ਹੇਤੁ ਅਕਾਸ਼ ਰੂਪੀ ਥਾਲ ਮੈਂ ਸੁਕਲ ਪੱਛ ਕਾ ਚੰਦ੍ਰਮਾ ਅਨੰਤ ਤਾਰਕਾ ਸੰਯੁਕਤ ਸਿਸਮਾਰ ਚਕ੍ਰ ਆਦਿਕ ਮਾਲਾਓਂ ਪ੍ਰਯੁਕਤ ਤਯਾਰ ਕਰ ਰੱਖਾ ਹੈ।ਤਥਾਚ ਪੁਸ਼ਪਾਂ-ਜੁਲੀ ਬਰਖਾ ਹੇਤ ਅਨੰਤ ਬ੍ਰਿੱਛ ਵੱਲੀ ਕੁਸ-ਮਿਤ ਕਰਾ ਦੀਏ ਹੈਂ। ਧੂਪ, ਸੁਗੰਧੀ ਦ੍ਰਬ੍ਯ ਆਦਿਕੋਂ ਕੇ ਲੀਏ ਬਿਸ੍ਵ ਭਰ ਕੇ ਬਨ ਕਾਨਨ ਸੁਰਭਿਤ ਹੋ ਰਹੇ ਹੈਂ। ਤਥਾਚ ਰਾਗ ਹਿੰਡੋਲ ਆਦਿਕ ਡਫ,ਝਾਂਝ,ਬੀਣਾ, ਮ੍ਰਿਦੰਗ,ਨ੍ਰਿਤ੍ਯਾ-ਦਿਕ ਕੇ ਸਾਜ ਸਾਮੱਗ੍ਰੀ ਮੁਜਰੇ, ਫਰਸ਼,ਫਾਨੂਸ ਅਤ੍ ਗੁਲਾਬ, ਗੁਲਾਲ, ਅਬੀਰ, ਅਰਗਜਾ, ਕੁਮਕੁਮਾ, ਕੇਸ੍ਰ, ਹੈਂਜ, ਚੁਬੱਚੇ, ਪਿਚਕਾਰੀ, ਬਸਤ੍ ਆਦਿਕ ਅਨੇਕਾਨ ਅਨੇਕ ਪਦਾਰਥ ਯਥਾਬਾਦੰ ਰੀਤਿ ਅਨੁਸਾਰ, ਯਥਾਕ੍ਰਮ ਅਤੀ ਪਰੀਸ਼੍ਰਮ ਸੈ, ਸਬ ਠੀਕ ਠਾਕ ਕਰ ਕਰਾ ਕੇ, ਆਪ ਅਗ੍ਰਣੀਵ ਹੋਕਰ ਆਪ ਕੇ ਸ੍ਵਾਗਤ ਹੇਤ ਸਨੁਮੁਖ ਆਇ ਰਹਾ ਹੈ, ਦਰਸ਼ਨਾਭਿਲਾਖੀ ਪ੍ਰਤੀਖਨਾ ਕਰ ਰਹਾ ਹੈ। ਕੇਵਲ ਇਸ ਪਤ੍ ਦ੍ਵਾਰਾ ਬਿਨਯ ਸਹਿਤ ਕਾਰਯ ਅਧਵੇਸ਼ਨ ਕਾ ਸੂਚਨਮਾਤ੍ ਹੈ ਕਿ ਈਸ਼੍ਵਰਰਚਿਤ ਮਾਨੁਖ ਮਾਤ੍ ਭਾਰਤ ਵਾਸੀਓਂ ਕੋ ਸ੍ਰੀ ਮਾਨ ਧੁਰਤੇਸ਼੍ਵਰ ਧੁਰਤਰਾਟ ਕਾ ਆਗਮ ਪ੍ਰਤੀਤ ਹੋ ਜਾਏ। ਕੇਵਲ।

ਫਾ: ਸੁਦੀ ੫
ਸੰ: ੧੯੨੯

ਪ੍ਰਾਰਥਨਾਰਿਥਿਕ
ਰਿਤੁ ਸੰਧੀ

ਸੰਤਾਂ ਨੇ ਖਤ ਤਾਂ ਪੜ੍ਹਕੇ ਸੁਣਾਇਆ,ਪਰ ਮਤਲਬ ਸੁੱਖ ਨਾਲ ਕੁਝ ਵੀ ਨਾ ਸਮਝਿਆ। ਸੱਚ ਤਾਂ ਹੈ ਜੇ ਕੁਝ ਮਤਲਬ ਹੋਵੇ ਤਾਂ ਸਮਝ ਵੀ ਆਵੇ, ਜਿਸ ਵਿਚ ਮਤਲਬ ਦੀ ਗਲ ਹੀ ਕੋਈ ਨਹੀਂ ਤਾਂ ਓਸ ਵਿਚੋਂ ਮਤਲਬ ਕੀ ਸਮਝਿਆ ਜਾਵੇ,ਪਰ ਜੇ ਇਸ ਵੇਲੇ ਮਹੰਤ ਨੂੰ ਕਹਿਣ ਭਈ ਮੁਤਲਕ ਕੁਝ ਨਹੀਂ ਸਮਝਿਆ ਤਾਂ ਅਪਣੇ ਪੜ੍ਹਨ ਨੂੰ ਲਾਜ ਲਗਦੀ ਹੈ,ਇਸ ਲਈ ਕੁਝ ਸੋਚ ਵਿਚਾਰ ਕਰ ਮੁਸਕਰਾਂਦੇ

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]
ਕੋਈ ਪਾਬੰਦੀ ਨਹੀਂ ਹੁੰਦੀ ਕੇਵਲ ਸੁਹਣੇ ਪਦਾਂ ਦੀ ਸੁੰਦਰ ਜੜਤਕਾਰੀ ਅਨੁਪ੍ਰਾਸ ਤੇ ਮਿਲਵੇਂ ਤੁਕਾਂਤ ਦੀ ਕੀਤੀ ਜਾਂਦੀ ਹੈ। ਇਥੇ ਉਸੀ ਪ੍ਰਕਾਰ ਦੀ ਰਚਨਾ ਹੋਲੀ ਨੂੰ 'ਹੋਲਾ ਸਿੰਘ ਪੁੰਗਵ' ਨਾਮ ਦੇਕੇ ਰਚੀ ਗਈ ਹੈ ਤੇ ਇਸ ਵਿਚ ਦੁਨੀਆਂ ਉਸਤੁਤਿ ਦੀ ਥਾਂ ਹਾਸਯਰਸ ਦੁਆਰਾ ਨਿਖੇਧੀ ਅਰਥਾਂ ਵਲ ਜਾ ਰਹੀਆਂ ਹਨ। ਅਪਣੇ ਆਪ ਵਿਚ ਇਹ ਲਿਖਤ ਹਾਸਰਸਮਈ ਵਿਰਦ ਰਚਨਾ ਦਾ ਇਕ ਕਾਮਲ ਨਮੂਨਾ ਹੈ। ਇਸਦੀ ਵਿਵੇਚਨਾ ਡਾਕਟਰ ਸਾਹਿਬ ਨੇ ਆਪ ਬੀ ਕੁਛਕੁ ਕੀਤੀ ਹੈ, ਦੇਖੋ ਸਫਾ ੯੫੬ ਕਾਲਮ ੧ ਸਤਰ ੧੫ ਤੋਂ ਅੱਗੇ। [ਸੰਪਾਦਿਕ।

Digitized by Panjab Digital Library | www.panjabdigilib.org

ਹੋਏ ਬੋਲੇ–

ਸੰਤ–ਇਹ ਖਤ ਤਾਂ ਕਿਸੇ ਤਕੜੇ ਪੰਡਤ ਦਾ ਲਿਖਿਆ ਹੋਇਆ'ਹੋਲੀਆਂ ਦਾ ਵਧਾਈ ਪਤ੍ਰ ਹੈ'ਇਸ ਵਿਚ ਰਿਤੁ ਸੰਧੀ ਅਪਣੀ ਵਿਦਵਤਾ ਦਾ ਚਮਤਕਾਰ ਦਿਖਾਉਂਦਾ ਹੈ, ਪਰੰਤੂ ਲਿਖਿਆ ਗਜ਼ਬ ਦਾ ਹੈ। ਸਿਆਣਾ ਆਦਮੀ ਇਸ ਵਿਚੋਂ ਚਿੱਠੀਆਂ ਦੇ ਸਿਰਨਾਵੇਂ ਅਤੇ ਚਿੱਠੀ ਲਿਖਣ ਦਾ ਢੰਗ ਚੰਗਾ ਲੈ,ਲੱਭ ਸਕਦਾ ਹੈ। ਪਰ ਵਾਹ ਬਈ ਵਾਹ, ਤੇਰੇ ਲਿਖਣ ਤੋਂ ਕੁਰਬਾਨ ਜਾਈਏ, ਤੈਂ ਇਹ ਖਤ ਲਿਖ ਕੇ ਕਲਮ ਹੀ ਤੋੜ ਛੱਡੀ ਹੈ, ਗੁਰਮੁਖੀ ਵਿਚ ਇਜੇਹਾ ਖਤ ਲਿਖਣਾ ਅਚੰਭਾ ਹੈ।

ਮਹੰਤ–ਕੁਝ ਮਤਲਬ ਵੀ ਹੈ ਕਿ ਨਹੀਂ ਕਿ ਐਵੇਂ ਕਾਗਤ ਹੀ ਕਾਲਾ ਕਰਕੇ ਟਕਾ ਜੁਰਮਾਨਾ ਭਰਿਆ ਹੈਸੁ।

ਸੰਤ–ਵਿਅਰਥ ਨਹੀਂ ਹੈ,ਕਾਬਜ ਮਤਾਵ-ਲੰਬੀ ਤਾਂ ਇਸਤੋਂ ਕੁਰਬਾਨ ਹੋ ਜਾਣ, ਸਵੈਵ ਰੂਪਕ ਕਰਕੇ ਇਕ ਉਸਤਤੀ ਦਾ ਪ੍ਰਕਰਣ ਬੱਧਾ ਹੈ, ਜਿਸ ਵਿਚ ਧੁਨੀ ਨਿਖੇਧਾਰਥ ਵਲ ਹੈ। ਪਹਿਲੇ ਹੀ ੪ ਸ਼ੀ ਦੇਕੇ ਸੰਬੋਧਤ ਕੀਤਾ ਹੈ, ਜੋ ਸ਼ੱਤ੍ਰੂ ਵਲ ਲਿਖੀਦੀਆਂ ਹਨ। ਅਗੇ ਸਪਸ਼ਟ ਹੈ, "ਉਗ੍ਰਸ਼ੱਤ੍ਰੂ ਦੀ ਅਧੀਨਗੀ ਕਰਨੀ ਪੈਂਦੀ ਹੈ। ਤਿਸ ਪਰ "ਖੂਬੀ ਇਹ ਹੈ ਕਿ ਉਸਤਤੀ ਵਿਚ ਨਿੰਦਾ ਨਹੀਂ, ਪਰੰਤੂ ਸੱਤ੍ਰੂਤਾ ਦੀ ਸੂਚਨਾ ਇਸ ਗਛਬ ਦੀ ਹੈ ਕਿ ਬੱਸ ਵਾਹ ਕਿ ਵਾਹ। ਜਿਸਦਾ ਭਾਵ ਹੋਲੀਆਂ ਇਕ ਸ਼ੁਦਾਪੁਣਾ ਹੈ ਅਤੇ ਆਪ ਨੂੰ ਮੁਬਾਰਕ ਹੋਵੇ ਹੋਲੀਆਂ ਦਾ ਮਖੌਲ ਹੈ।

ਮਹੰਤ–ਅਸੀਂ ਹੁਣ ਕੀ ਕਰੀਏ ਇਸਦਾ ਉਤ੍ਰ ਕੁਝ ਦੇਈਏ ਕਿ ਮਸ਼ਟੋਵਾਚ ਕਰੀਏ।

ਸੰਤ–ਆਪ ਇਸ ਮੁਕਾਬਲੇ ਦਾ ਖਤ ਤਾਂ ਨਹੀਂ ਲਿਖ ਸਕਦੇ, ਪਰੰਤੂ ਉਤਰ ਜ਼ਰੂਰ ਦੇਣਾ ਚਾਹੀਏ। ਇਕ ਤਾਂ ਉਹ ਪੁਰਖ ਵਿਦਵਾਨ ਹੈ, ਨੀਤਿਵਾਕ : "ਤਹਾਂ ਧਨੀ ਪਹੁੰਚੇ ਨਹੀਂ ਜਹਿੰ ਪਹੁੰਚੇ ਵਿਦਵਾਨ" ਦੂਸਰੇ ਸੱਜਣ ਪੁਰਸ਼ ਹੈ, ਇਸ ਲਈ ਸੋਜਨਜ ਇਸੀ ਬਾਤ ਦਾ ਨਾਮ ਹੈ ਭਈ ਉਤ੍ਰ ਜ਼ਰੂਰ ਦੇਣਾ।

ਮਹੰਤ–ਹੁਣ ਤਾਂ ਮੁਕਾਬਲੇ ਦਾ ਲਿਖ ਸਕਦੇ ਹਾਂ, ਕਿਉਂਕਿ ਉਹ ਇਕੱਲਾ ਹੈ ਤੇ ਅਸੀਂ ਦੋ ਜਣੇ ਹੋ ਗਏ ਹਾਂ।

ਸੰਤ–ਆਪ ਦਾ ਕਹਿਣਾ ਭਾਵੇਂ ਯਥਾਰਥ ਹੀ ਹੋਵੇ, ਪਰ ਕਲਮ ਦਾ ਧਨੀ ਤੇ ਤਲਵਾਰ ਦਾ ਧਨੀ ਸਭ ਕੋਈ ਨਹੀਂ ਹੋ ਸਕਦਾ: ਕੋਈ ਵਿਰਲਾ ਹੀ ਬਹਾਦਰ ਹੁੰਦਾਹੈ। ਅਸੀਂ ਭਾਵੇਂ ਕਿੰਨੇ ਹੋਈਏ, ਪਰ ਇਸ ਵਿਦਵਤਾ ਦਾ ਮੁਕਾਬਲਾ ਨਹੀਂ ਕਰ ਸਕਦੇ।

ਮਹੰਤ–ਫਿਰ ਕੀ ਕਰਨਾ ਹੋਇਆ?ਅਸਾਂ ਤਾਂ ਤੁਹਾਡੇ ਭਰੋਸੇ ਦਮ ਮਾਰਿਆ ਸੀ, ਸੋ ਤੁਸੀਂ ਉਸ ਦੀ ਤਾਰੀਫ ਵਿਚ ਇਜੇਹੇ ਰੁੱਝੇ ਕਿ ਆਪਣਾ ਆਪ ਹੀ ਭੁੱਲ ਗਏ!

ਸੰਤ–ਭੁੱਲ ਨਹੀਂ ਗਏ ਹਾਂ,ਪਰ ਸਲਾਹੁਣੇ ਵਾਲੀ ਵਸਤੁ ਅਵੱਸ਼ਜ ਸਲਾਹੀਦੀ ਹੈ, ਪਰ ਹੱਛਾ ਜੇ ਕਰਤਾਰ ਕਰੇ। ਤੁਸੀਂ ਕਾਗਤ ਕਲਮ ਦੁਵਾਤ ਮੰਗਾਓ, ਰਸਤਾ ਤਾਂ ਇਸ ਖਤ ਨੇ ਦੱਸ ਹੀ ਦਿੱਤਾ ਹੈ,ਹੁਣ ਕੀ ਫਿਕਰਹੈ, ਚੰਗਾ ਨਹੀਂ ਤਾਂ ਮੰਦਾ ਹੀ ਸਹੀ,ਕੁਝ ਨਾ ਕੁਝ ਘਸੀਟ ਹੀ ਕੱਢਾਂਗੇ। ਚੰਗਾ, ਵੇਲੇ ਸਿਰ ਚੇਤਾ ਆਇਆ, ਭਾਈ ਆਪ ਕਿਰਪਾ ਕਰਕੇ ਇਥੋਂ ਦੀਆਂ ਹੋਲੀਆਂ ਦਾ ਸਾਰਾ ਵਿਰਤੰਤ ਸੁਣਾਓ, ਤਾਂ ਅਸੀਂ ਉਹੋ ਹੀ ਹੇਰ ਫੇਰ ਕਰਕੇ ਲਿਖ ਭੇਜੀਏ।

ਮਹੰਤ–ਲੀਜੀਏ ਕਾਗਤ ਕਲਮ ਦੁਵਾਤ ਅਤੇ ਸੁਣੀਏ। ਸਿੰਧ ਦੀ ਹੋਲੀ ਬੜੀ ਹੀ ਅਨੋਖੀ ਹੈ। ਪਹਿਲੇ ਤਾਂ ਇਕਾਦਸ਼ੀ ਤੋਂ ਲੈਕੇ

Digitized by Panjab Digital Library | www.panjabdigilib.org

ਪੂੰਨਮ ਦੀ ਰਾਤ ਤਕ ਅਮੀਰ ਲੋਕ ਕੰਮ ਕਾਰ ਛੱਡਕੇ ਆਪਣੇ ਅਥਵਾ ਮਿਤਰਾਂ ਦੇ ਮਕਾਨਾਂ ਤੇ ਮੁਜਰੇ ਦੇਖਦੇ, ਸ਼ਰਾਬ ਦੇਵੀ ਦੇ ਦਰਿਆ ਵਗਾਉਂਦੇ, ਕਬਾਬ ਸੀਖਾਂ ਭੁੰਨਦੇ ਭੁਨਾਉਂਦੇ, ਰਿਨ੍ਹਾਉਂਦੇ, ਖਾਂਦੇ ਖੁਆਉਂਦੇ ਹੋਏ ਦਿਨ ਪੂਰੇ ਕਰ ਲੈਂਦੇ ਹਨ ਅਤੇ ਹੋਰ ਲੋਕੀ ਵੀ ਕੋਈ ਇਕੁਰ ਹੀ,ਕੋਈ ਘਰੋਂ ਘਰੀ ਫਿਰਕੇ ਢੋਲੀ ਨੂੰ ਨਾਲ ਲੈਕੇ ਹੋਲੀ ਖੇਡਦੇ ਫਿਰਦੇ ਹਨ। ਜਿਸ ਘਰ ਗਏ ਢੋਲ ਨੂੰ ਡੱਗਾ ਲਾਇਆ (ਘਰ ਭਾਵੇਂ ਜਾਣ ਸਿਆਣ ਤੋਂ ਬਿਨਾ ਭੀ ਹੋਵੇ ਕੋਈ ਰੋਕ ਟੋਕ ਨਹੀਂ)। ਜੇ ਮਕਾਨ ਦੀ ਮਾਲਕ ਬਖਤਾਵਰਹੈ ਤਾਂ ਉਥੇ ਚੰਗੀ ਤੋਂ ਚੰਗੀ ਤੁੰਦ ਤੇਜ਼ ਸ਼ਰਾਬ, ਨਾਲ ਹੀ ਕੁਝ ਖਾਣ ਪੀਣ ਦੇ ਪਦਾਰਥ ਟੋਲੀ ਵਾਲਿਆਂ ਦੀ ਨਜ਼ਰ ਹੁੰਦੇ ਹਨ ਅਤੇ ਘਰ ਦੀ ਮਾਲਕ ਉਸ ਢੋਲ ਦੀ ਗਤਿ ਨਾਲ ਨਿਰਤਜਕਾਰੀ ਕਰਦੀ ਹੈ ਅਤੇ ਟੋਲੀ ਵਾਲੇ ਉਸ ਦੇ ਸਿਰ ਤੋਂ ਵਾਰ ਵਾਰ ਕੇ ਪਾਈਆਂ ਢੋਲੀ ਨੂੰ ਦੇਈ ਜਾਂਦੇ ਹਨ। ਇਕੁਰ ਹੀ ਜਿਤਨੀਆਂ ਤੀਵੀਆਂ ਘਰ ਵਿਚ ਹੋਣ-ਗੀਆਂ ਸੱਭੇ ਵਾਰੋ ਵਾਰੀ ਨਾਲ ਸ਼ਰਾਬ ਵੀ ਪੀਣਗੀਆਂ,ਨਿਰਤਜਵੀਕਰਨਗੀਆਂ,ਪ੍ਰਸੰਨਤਾ ਨਾਲ ਟੋਲੀ ਤੇ ਢੋਲੀ ਨੂੰ ਵਿਦਾ ਕਰਨਗੀਆਂ। ਜੇਕਰ ਘਰਾਣਾ ਕੋਈ ਗੰਦਾ ਹੋਵੇ,ਟੋਲੀ ਵਾਲੇ ਵੀ ਗੰਦੇ ਪੁਰਖ ਹੋਣ ਤਾਂ ਗੰਦ ਮੰਦ ਦਾ ਬੋਲਣਾ, ਨਿਰਤਜਕਾਰੀ ਵਿਚ ਹਾਥਾਪਾਈ ਦਾ ਹੋਣਾ,ਕਈ ਤਰ੍ਹਾਂ ਦੇ ਦੁਖ ਕਲੇਸ਼ ਵੀ ਨਿਕਲ ਪੈਂਦੇ ਹਨ, ਪਰੰਤੂ ਚੰਗੇ ਘਰਾਂ ਵਿਚ ਖਾਣਾ, ਪੀਣਾ, ਗਾਉਣਾ, ਨੱਚਣਾ ਆਦਿਕ, ਸੱਭੇ ਪਦਾਰਥ ਚੰਗੇ ਹੀ ਹੁੰਦੇ ਹਨ। ਢੋਲੀ ਨੂੰ ਸਿਰਵਾਰਨਿਆਂ ਦੀ ਰਕਮ ਚੰਗੇ ਗਹਿਰੇ ਗੱਫੇ ਦੀ ਹੋ ਜਾਂਦੀ ਹੈ। ਜਦ ਦਿਨ ਪੂਰੇ ਹੋ ਜਾਂਦੇ ਹਨ ਤਾਂ ਪੂੰਨਮ ਦੀ ਰਾਤ ਨੂੰ ਹੋਲੀ ਸਾਂਝੀ ਜਾਂਦੀ ਹੈ। ਦੂਜੇ ਦਿਨ ਸਵੇਰੇ ਲੋਕ ਨਹਾਂ ਧੋ,ਕਪੜੇ ਵਟਾਕੇ ਆਪੋ ਆਪਣੇ ਕਾਰ ਵਿਹਾਰ ਵਿਚ ਜਾ ਲਗਦੇ ਹਨ। ਇਹ ਸਾਰਾ ਪ੍ਰਸੰਗ ਦੇਗ ਵਿਚੋਂ ਇਕ ਚਾਵਲ ਮਾਤ੍ਰ ਕਥਨ ਕੀਤਾ ਹੈ,ਅਗੇ ਆਪ ਭਾਵੇਂ ਜਿਸ ਤਰ੍ਹਾਂ ਚੰਗਾ ਹੋਵੇ ਵਧਾ ਭਾਵੇਂ ਘਟਾ ਲਓ।

ਸੰਤ ਇਹ ਸਾਰਾ ਪ੍ਰਸੰਗ ਸੁਣਦੇ ਹੋਏ ਲਿੱਖਨ ਦਾ ਪਿਛਲਾ ਸਿਰਾ ਮੂੰਹ ਵਿਚ ਪਾਈ ਡੂੰਘੀ ਸੋਚ ਵਿਚ ਪਏ ਰਹੇ,ਛੇਕੜ ਜਦ ਮਹੰਤ ਜੀ ਨੇ ਬੱਸ ਕੀਤੀ ਤਾਂ ਇਹ ਖਤ ਲਿਖਣ ਲਗ ਪਏ,ਜਿਸਤੇ ਪਹਿਲੇ ਹੀ ਇਉਂ ਲਿਖਣਾ ਅਰੰਭ ਕੀਤਾ-

੧ ਓ ਸਤਿਨਾਮ।

ਹੋਲਾ ਹੋਲੀ ਭਜੋ ਨਮ:

ਸ੍ਰੀ ਸ੍ਰੀ ਸ੍ਰੀ ਯੁਕਤ ਪ੍ਰਿਯਵਰ ਅਸੰਧ ਰਿਤੁ ਸੰਧੀ ਜੀ ਪ੍ਰਤੀ ਹੋਲੀਆਂ ਵਾਲੀ ਪ੍ਰਣਾਮ, ਮੱਥਾ,ਫਤੇ ਪਹੁੰਚੇ,ਕਬੂਲ ਕੀਜੀਏ। ਏਥੇ ਖੇਮ ਕੁਸ਼ਲ ਹੈ, ਆਪਦਾ ਖੇਮ ਕੁਸ਼ਲ ਸ੍ਰੀ ਦੇਵੀ ਜੀ ਮਹਾਰਾਨੀ ਬੋਤਲ ਬਾਸਨੀ, ਤਥਾ ਨਿਰੋਲੀ ਹੋਲੀ ਜੀ ਸੇ ਕੇਵਲ ਇਨ੍ਹਾਂ ਹੀ ਸੱਤਾਂ ਦਿਨਾਂ ਲਈ ਬਾਰੰਬਾਰ ਮੰਗਦੇ ਹਾਂ।ਕ੍ਰਿਪਾ ਪਤ੍ਰ ਆਪ ਦਾ ਆਇਆ, ਪਰਮ ਪ੍ਰਸੰਨਤਾ ਬੜ੍ਹੀ, ਸਿੰਧ ਨਦੀ ਨਾਲੋਂ ਵੀ ਉਛਲਕੇ ਅਕਾਸ਼ ਨੂੰ ਚੜ੍ਹੀ। ਗੁਲਾਲ ਦੀ ਲਾਲੀ ਸੂਰਜ ਦੀ ਲਾਲੀ ਨਾਲ ਮੁਕਾਬਲਾ ਕਰਨ ਲਈ ਖੜੀ ਹੋ ਗਈ, ਨਾਲ ਹੀ ਸ਼ਰਾਬ ਕੌਰ ਦੀ ਲਾਲੀ ਨੇ ਅੱਖਾਂ ਵਿਚ ਉਹ ਸੁਰਖੀ ਜਮਾਈ ਕਿ ਬੱਸ ਜ਼ਿਮੀਨ ਅਸਮਾਨ ਸਭ ਲਾਲੋਲਾਲ ਗੁਲਾਲ ਹੋਗਿਆ।ਜਿਸ ਭਲੇ ਮਾਣਸ ਨੂੰ ਦੇਖੋਰੰਗ ਨਾਲ ਰੰਗੀਨ,ਜਿਸ ਦੇਹੱਥ ਤੇ ਫੇਂਟਦੇਖੋ ਗੁਲਾਲੀ ਨਾਲ ਭਰਪੂਰ, ਜਿਸਦੀ ਝੋਲੀ ਦੇਖੋ ਸ੍ਯਾਹ ਮਿੱਟੀ ਤੇ ਧੂਰ,ਜਿਸ

Digitized by Panjab Digital Library | www.panjabdigilib.org

ਦੇ ਮੁੰਹੋਂ ਸੁਣੇਂ ਤਾਂ ਗੰਦੇ ਗੀਤ, ਜਿਸਨੂੰ ਦੇਖੇ ਮਸਕਰਾ ਅਨੋਖੀ ਰੀਤ, ਜਿਧਰ ਦੇਖੇ ਢੋਲੀ ਉਧਰ ਦੇਖੇ ਨਾਚ,ਜਿਧਰ ਦੇਖੇ ਮੁਜਰਾ ਉਧਰ ਦੇਖੇ ਸਾਜ, ਜਿਸਦਾ ਸੁਭਾਉ ਦੇਖੇ ਮਸਕਰਾ ਉਸੇਦਾ ਦੇਖੇਬੁਰਾ ਹਵਾਲ।ਛਿਨੂ,ਪੈਲਾ,ਸ੍ਵਾਹ, ਮਿੱਟੀ,ਲੜਾਈ, ਝਗੜਾ, ਫਸਾਦ ਨਾਮੁਰਾਦ, ਬੇਹਦ ਅਤੇ ਏਕਿਆਸ,ਬਕਵਾਸ,ਬਦਹਵਾਸ ਅਕਲਹੋਸ਼ ਇੱਜ਼ਤ ਤਨ ਧਨ ਦੀ ਸਤਜਾਨਾਸ. ਕੇਹੇ ਅਨੋਖੇ ਦਿਨ ਆਏ ਮਾਨੋਂ ਅੰਧਾਧੁੰਧ ਹੀ ਮਚ ਗਈ, ਹਾਇ ਅਫ਼ਸੋਸ !

ਕੋਈ ਨਹੀਂ ਸੋਚਦਾ, ਕੋਈ ਸਿਆਣਾ ਨਹੀਂ ਵਿਚਾਰਦਾ ਕਿ ਇਹ ਹੋ ਕੀ ਜਾਂਦਾ ਹੈ? ਚੰਗੀ ਭਲੀ ਵਸਦੀ ਰਸਦੀ ਦੁਨੀਆਂ ਨੂੰ ਹੋਲੀ ਰੂਪੀ ਕੂਤਨਾ ਕਿਉਂ ਆ ਚੰਬੜਦਾ ਹੈ?ਕਿਉਂ ਸਭਨਾ ਦੀ ਮੱਤ ਮਾਰੀ ਜਾਂਦੀ ਹੈ?ਜੇਕਰਭਾਈ ਸਜਣੋਂ, ਮਿਤ੍ਰੋ ,ਅਕਲ ਦੇ ਵੈਰੀਓ!ਜ਼ਰਾ ਹੋਸ਼ ਕਰੋ'ਇਹ ਦਿਹਾਰ ਹੈ' ਪਿਛਲਿਆਂ ਵੱਡਿਆਂ ਨੇ ਸਿਆਲੇ ਦੀ ਉਦਾਸੀ ਲਾਹੁਣ ਲਈ ਬਸੰਤ ਬਹਾਰ ਦੀ ਖੁਸ਼ੀ ਮਨਾਉਣ ਲਈ ਇਹ ਦਿਹਾਰ ਬੱਧਾ ਹੈ ਤਾਂ ਉਨ੍ਹਾਂ ਵਡਿਆਂ ਦੇ ਚਲਨ ਦੀ ਸੋਧ ਤੇ ਸਿੱਧੇ ਚਲੋ।ਇਹ ਜਾਣੋ ਕਿ ਬਹਾਰ ਦੀ ਬਦਲੀ ਹੋਣ ਵੇਲੇ ਜੀਵ ਜੰਤਾਂ ਦੀ ਰਹਿਣੀ ਬਹਿਣੀ ਵਿਚ ਅਵੱਸ਼ ਅਦਲ ਬਦਲ ਹੋਣ ਲਗਦੀ ਹੈ। ਤੁਸਾਂ ਵੀ ਕੰਮ ਕਾਰ ਛਡੋ, ਕਪੜੇ ਬਦਲੋ, ਆਪਸ ਵਿਚ ਮਿਲਕੇ ਜੋੜ ਮੇਲ ਕਰੋ,ਪਰਮੇਸ਼ੁਰ ਦਾ ਜਸ (ਕੀਰਤਨ) ਕਰੋ, ਸੁਣੋ, ਖਾਨ ਪਾਨ ਆਦਿਕ ਪਦਾਰਥ ਜਿਨ੍ਹਾਂਨੂੰ ਦੇਖਕੇ ਅੱਖਾਂ ਪ੍ਰਸੰਨ ਹੋਣ,ਸੁਗੰਧ ਕਰਕੇ ਨਕ ਪ੍ਰਸੰਨ ਹੋਵੇ, ਖਾਣੇ ਕਰਕੇ ਜੀਭ ਸਮੇਤ ਮਨ ਪ੍ਰਸੰਨ ਹੋਵੇ, ਛਕਣ ਛਕਾਉਣ ਵਾਲੇ ਅਨੰਦ ਪੂਰਬਕ ਦੋਨੋ ਪ੍ਰਸੰਨ ਹੋਣ,ਸੋ ਛਕੋ।ਐਸਾ ਨਾ ਹੋਵੇ ਕੈਸਾ ਸ੍ਰੀ ਮੁਖਵਾਕਹੈ—"ਬਾਬਾ ਹੋਰੁਖਾਣਾ ਖੁਸੀਖੁਆਰੁ।। ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ।।" [ਸਿਰੀ:ਮ:੧

ਇਸ ਦਿਹਾਰ ਦਾ ਨਾਮ ਹੋਲੀ ਹੈ,ਹੋਲੀ ਦਾ ਅਰਥ ਪਵਿਤ੍ਰ ਹੈ,ਫਿਰ ਇਸ ਪਵਿਤ੍ਰ ਦਿਹਾਰ ਨੂੰ ਸ਼ਰਾਬ ਕਬਾਬ ਮੁਜਰੇ ਚਿੱਕੜ ਮਿੱਟੀ ਸ੍ਵਾਹ ਘੱਟਾ, ਗੰਦੀ ਜ਼ੁਬਾਨ ਨਾਲ ਗੰਦਿਆਂ ਕਿਉਂ ਕਰਦੇ ਹੋ?ਸਾਹਿਬ ਬਚਨ ਕਰਦੇ ਹੈਨ "ਹੋਲੀ ਕੀਨੀ ਸੰਤ ਸੇਵ"। ਸੰਤ ਮਹਾਤਮਾ,ਗੁਰੂ ਪਰਮੇਸ਼ੁਰ, ਬ੍ਰਿਧ ਪੁਰਸ਼ਾਂ ਦੀ ਸੇਵਾ ਤਨ,ਮਨ, ਧਨ ਕਰਕੇ ਕਰਨੀ ਹੋਲੀ ਹੈ। ਅਥਵਾ ਅਪਣੇ ਅਨੰਦ ਲਈ ਸੁਹਿਦ ਭੋਜਨ, ਮਿਤ੍ਰ ਭੋਜਨ, ਨਾਮ ਭੋਜਨ,ਬਾਣੀ ਭੋਜਨ, ਸਜਣਾ, ਸਤਿਸੰਗੀਆਂ, ਸਤਿਪੁਰਖਾਂ ਦਾ ਮਿਲਾਪ ਤੇ ਕਥਾ ਵਾਰਤਾ ਕੀਰਤਨ ਕਰਨਾ ਜਿਸ ਕਰਕੇ ਅਨੰਦ ਅਤੇ ਪਰਮਾਨੰਦ ਦੀ ਬ੍ਰਿਧੀ ਹੋਵੇ।

ਇਹ ਸਿੰਧ ਦੇਸ਼ ਦੀ ਹੋਲੀ ਨਿਰੋਲੀ ਢੋਲੀ ਦੀ ਗੋਲੀ ਅਤੇ ਵਡਮੋਲੀ ਸ਼ਰਾਬ, ਕਬਾਬ, ਨਾਚ ਰੰਗ ਰਾਗ ਦੀ ਟੋਲੀ, ਇਸਤੋਂ ਵਧੀ ਤਾ ਹਾਸੀ ਠੱਠਾ ਬੋਲੀ, ਠੋਲੀ,ਗਾਲੀ ਗਲੂਚ ਦੀ ਰੋਲੀਘਚੋਲੀ ਹੈ।ਕਰਤਾਰਇਸਤੋਂਅਪਣੀ ਕ੍ਰਿਪਾ ਕਰਕੇ ਬਚਾਏ,ਆਪਣੇ ਪਿਆਰਿਆਂ ਨੂੰ ਆਪਣੇ ਲੜ ਲਾਏ।ਆਪਨੂੰ ਹੋਲੀਆਂ ਦੀ ਵਧਾਈਹੋਵੇ ਤੇ ਅਸੀਸ ਏਹਹੈ ਭਈ ਪਵਿਤ੍ਰਤਾ ਵਾਲੀਹੋਲੀ ਕਰਤਾਰ ਤੁਹਾਡੇ ਲਈ ਸਲਾਮਤ ਰੱਖੇ ਅਤੇ ਸੁਮਤਿ ਬਖਸ਼ੇ । ਇਤਿ।

ਸੰ:੧੯੨੯ ਕਾ: ਸੁ: ੯ } ਲੇਖਕ ਆਪ ਦਾ ਸ਼ੁਭ ਚਿੰਤਕ
ਮਹੰਤ ਮੁਗਧਾਨੰਦ

ਚਿੱਠੀ ਬੰਦ ਕਰਕੇ ਡਾਕਖਾਨੇ ਭੇਜੀਗਈ, ਮਹੰਤ ਜੀਨੇ ਯਥਾਯੋਗ ਅੰਨ ਬਿਸਤ੍ਰਾ ਆਦਿ ਦੀ ਸੇਵਾ ਕੀਤੀ।ਦੈਵਨੇਤ ਇਸੇ ਦਿਨ ਲੌਂਢੇ ਕੁ ਵੇਲੇ ਇਕ ਸਮਾਨ ਜੇਹੇ ਗੇਰੀ ਰੰਗੇ ਕਪੜੇ ਪਹਿਨੇ, ਸਿਰ ਮੁੰਹ ਚੱਟਮ, ਕੱਛ ਵਿਚ ਨਿੱਕੀ

Digitized by Panjab Digital Library | www.panjabdigilib.org

ਜੋਹੀ ਝੋਲੀ, ਹੱਥ ਵਿਚ ਲੰਮੀ ਜੇਹੀ ਚਿਲਮ ਅਤ ਟਾਕੀ ਫੜੀ ਹੋਈ, 'ਸ਼ਿਵ ਸ਼ੰਕਰ' ਮੁੰਹੋਂ ਕਹਿੰਦੇ ਹੋਏ ਬਲਾ ਵਾਕਰ ਘਮਾ ਘੰਮ ਧਰਮਸਾਲਾ ਵਿਚ ਆਵੜੇ। ਇਨ੍ਹਾਂ ਸੰਤਾਂ ਦੇ ਪਾਸ ਹੀਚਟਾਈ ਲੈਕੇ ਡੇਰਾ ਜਮਾ ਦਿੱਤਾ ਅਤੇ ਅੱਗ ਦੇਆਹਰ ਵਿਚ ਲਗੇ। ਇਹ ਗੱਲ ਦੇਖਕੇ ਸੰਤਾਂ ਨੇ ਬਚਨ ਕੀਤਾ, 'ਸੰਤੋ ਚਿਲਮ ਪੀਣੀ ਹੋਵੇ ਤਾਂ ਡੇਰੇ ਤੋਂ ਬਾਹਰ; ਇਹ ਨਾਨਕ ਸ਼ਾਹੀ ਧਰਮਸਾਲਾ ਹੈ, ਇਥੇ ਮਹੰਤ ਇਹ ਧੂੰਆਂ ਨਹੀਂ ਧੁਖਣ ਦੇਵੇਗਾ.' ਇੰਨੇ ਤਕ ਮਹੰਤ ਜੀ ਨੇ ਵੀ ਕਿਹਾ 'ਮਹਾਤਮਾ ਜੀ ਏਥੇ ਧੂੰਆਂ ਨਹੀਂ ਧੁਖੇਗਾ, ਇਹ ਵਰਤੋਂ ਡੇਰੇ ਤੋਂ ਬਾਹਰ ਜਾਕੇ।'

ਘੋਨਮੋਨ–ਸ਼ਿਵ ਸ਼ੰਕਰ, ਸ਼ਿਵਸ਼ੰਕਰ, ਬਹੁਤ ਅੱਛਾ, ਬਾਹਰ ਹੀ ਵਰਤੋਂਗੇ, (ਸੰਤਾਂ ਵਲ ਰੁਖ਼ ਕਰਕੇ) ਆਪ ਕਦੋਂ ਤੇ ਨਿਵਾਸ ਕਰਦੇ ਹੋ ?

ਸੰਤ–ਏਹੀ ਇਕ ਦੋ ਦਿਨਾਂ ਤੋਂ।

ਘੋਨਮੋਨ–ਕਿਸ ਦੇਸ਼ ਤੇ ਬਿਹਾਰ ਕਰਤੇ ਆਏ ਹੋਂ ?

ਸੰਤ–ਪੰਜਾਬ ਦੇਸ ਤੇ।

ਘੋਨਮੋਨ–ਆਪ ਕਿਸ ਦਰਸ਼ਨ ਮੇਂ ਹੋਂ?

ਸੰਤ–ਨਾਨਕ ਦਰਸ਼ਨ।

ਘੋਨਮੋਨ–ਦੇਹ ਕਾ ਨਾਮ ਕਿਆ ਹੈ ?

ਸੰਤ–ਸ਼ਾਮਸੁੰਦਰ ਕਹਿੰਦੇ ਹਨ।

ਘੋਨਮੋਨ–ਕੁਛ ਜੜੀ ਬੂਟੀ ਜਾਨਤੇ ਹੋ ?

ਸ਼ਾਮਸੁੰਦਰ–ਸਭ ਬਨਾਸਪਤੀ ਈਸ਼ਰ ਦੀ ਰਚਨਾ ਉਗੀ ਹੋਈ ਹੈ, ਹੋਰ ਜੜ੍ਹੀ ਬੂਟੀ ਕੀ?

ਘੋਨਮੋਨ–ਸੱਚਤੋਹੈ ਪਰਮੇਸ਼ੁਰ ਕੀ ਬਿਅੰਤ ਰਚਨਾ ਹੈ, ਇਸ ਮੈ ਐਸੀ ਐਸੀ ਜੜੀ ਪੈਦਾ ਹੁਈ ਹੈ ਕਿ ਉਨਕਾ ਕਿਆ ਕਹਿਨਾ ਹੈ। ਕਿਸੀ ਮੇਂ ਕਾਯਾ ਕਲਪ ਕਰਨੇ ਕੀ ਸਾਮਰਥ ਹੈ, ਕਿਸੀ ਮੇਂ ਸੋਨਾ ਚਾਂਦੀ ਆਦਿਕ ਰਤਨ ਬਨਾਨੇ ਕੀ ਸਾਮਰਥ ਹੈ।

ਸ਼ਾਮਸੁੰਦਰ–ਸਤਿ ਹੈ।

ਮੁਗਧਾਨੰਦ–ਇਹ ਗਪਾਂ ਬਹੁਤ ਸੁਣੀਆਂ ਹੋਈਆਂ ਦੇਨ।

ਸ਼ਾਮਸੁੰਦਰ–ਆਪ ਕਿਸ ਦੇਸ ਤੇਆਏਹੋਂ?

ਘੋਨ ਮੋਨ–ਅਜੀ ਹਮਾਰਾ ਆਨਾ ਜਾਨਾ ਕੋਈ ਜਗ੍ਹਾ ਠਿਕਾਨਾ ਨਹੀਂ, ਸੰਤੋਂ ਕੀ ਮੋਜ ਮੇਂ ਹੈ, ਰਹੇ ਤੋ ਰਹੇ, ਚਲੇ ਤੋ ਚਲੇ ਗਏ, ਸ਼ਿਵਜੀ ਨੇ ਸਭ ਪ੍ਰਿਥਵੀ ਮੰਡਲ ਸੰਤੋਂ ਹੀ ਕੇ ਵਾਸਤੇ ਬਨਾਯਾ ਹੈ।

ਸ਼ਾਮਸੁੰਦਰ–ਸ਼ਰੀਰ ਕਾ ਨਾਮ ?

ਘੋਨ ਮੋਨ–ਸੰਤੋਂ ਕਾ ਨਾਮ ਕਿਆ ਪਰੰਤੂ ਗੁਰੂ ਬਾਬਾ ਕੁੰਦਨ ਗਿਰੀ ਕਹਿਕੇ ਪੁਕਾਰਾ ਕਰਤੇ ਥੇ।

ਸ਼ਾਮਸੁੰਦਰ–ਆਪ ਸੰਨਜਾਸੀ ਹੋਂ ?

ਕੁੰਦਨਗਿਰੀ–ਦਸਨਾਮਸੰਨਜਾਸੀਮੇਂ ਗਿਰੀ।

ਇਹ ਜ਼ਿਕਰ ਹੋ ਹੀ ਰਿਹਾ ਸੀ ਕਿ ਇਕ ਦੋ ਸੇਠ ਲੋਕ ਨੇਮੀ ਦਰਸ਼ਨ ਕਰਨ ਵਾਲੇ ਬੀ ਆ ਗਏ। ਸੰਨਜਾਸੀ ਬਾਬਾ ਵਲ ਦੇਖਕੇ ਨਮੋ ਨਾਰਾਇਣ ਕੀਤੀ ਅਤੇ ਖੜੇਹੋਕੇ ਗੱਲਾਂ ਸੁਣਨ ਲਗ। ਕੁੰਦਨ ਗਿਰੀ ਜੀ ਬੀ ਸੇਠ ਲੋਕਾਂ ਨੂੰ ਦੇਖਕੇ ਆਪਣੇ ਆਪ ਤੋਂ ਬਾਹਰ ਹੋਕੇ ਲਗੇ ਗੱਲਾਂ ਕਰਨ। ਸੰਤੋ! ਆਪ ਪਾਰਾ ਜਾਨਤੇ ਹੋਂ? ਇਹ ਸ਼ਿਵ ਸ਼ੁਕ੍ਰ ਹੇ ਸਰਬ ਧਾਤੂ ਮੈਂ ਵਿਦਮਾਨ ਹੈ, ਯਤਨ ਸੇ ਨਿਕਾਲਾ ਜਾਤਾ ਹੈ। ਜੈਸਾ ਮਿਸ਼ਰੀ ਮੇਂ ਸ਼ੀਰਾ ਹੋਤਾ ਹੈ, ਤੈਸੇ ਧਾਤੂ ਮੇਂ ਪਾਰਾ ਹੈ। ਇਹ ਚਾਂਦੀ ਕਾ ਸ਼ੀਰਾ ਹੈ, ਜਬ ਬੈਠੇ ਫਿਰ ਚਾਂਦੀ ਹੈ।

ਮਹੰਤ ਜੀ–

ਪਾਰਾ ਸਾਰਾ ਨਹਿੰ ਮਰੈ ਗੰਧਕ ਤੇਲ ਨ ਹੋਇ।
ਅਭੁਕ ਨੀਰ ਨ ਉੱਤਰੈ ਕਈ ਗਏ ਘਰ ਖੋਇ।

ਕੁੰਦਨ ਗਿਰੀ–ਜਿਹ ਕੈਨ ਬਡੀ ਬਾਤ ਹੈ, (ਚੁਟਕੀ ਬਜਾ ਕੇ) ਬੱਸ ਇੱਤੀ ਦੇਰ ਮੇਂ ਮਰ

Digitized by Panjab Digital Library | www.panjabdigilib.org

ਕਿਆ ਗੋਲੀ ਹੋ ਜਾਏ, ਐਸੇ ਹਾਥ ਪਰ ਰੱਖਾ ਜਬ ਦੂਸਰੇ ਹਾਥ ਪੈ ਫੇਰਾ ਪਾਰਾ ਮਰ ਗਿਆ।

ਸੇਠ ਲੋਕ–ਸੱਤਿ ਹੈ ਮਹਾਰਾਜ! ਆਪ ਜੈਸੇ ਮਹਾਤਮਾ ਜੋ ਚਾਹੇਂ ਸੋ ਕਰ ਸਕੇਂ।

ਕੁੰਦਨ ਗਿਰੀ–ਆਪਕਾ ਕਿਸੀ ਫਕੀਰ ਸੇ ਵਾਸਤਾ ਨਹੀਂ ਹੁਆ ਹੋਗਾ, ਕਿਸੀ ਐਸੇ ਵੈਸੇ ਕੋ ਦੇਖਾ ਹੋਗਾ, ਜੋ ਪਾਰਾ ਨਹੀਂ ਮਾਰ ਸਕਤਾ। ਹਮ ਤੁਮਕੋ ਅਬੀ ਦਿਖਾਤੇ ਹੈਂ।

ਇਹ ਕਹਿੰਦਾ ਹੋਇਆ ਗਿਰੀ ਉੱਠਕੇ ਬਾਹਰ ਚਲਾ ਗਿਆ, ਕੁਛ ਥੋੜੇ ਮਿੰਟਾਂ ਪਿਛੋਂ ਆਕੇ ਕਹਿਣ ਲਗੇ ਸ਼ਿਵਸ਼ੰਕਰ, ਗੌਰੀ ਸ਼ੰਕਰ, ਮਹਾਰਾਜ ਬੂਟੀ ਮਿਲ ਗਈ ਅਬ ਮਨ ਭਰ ਪਾਰਾ ਹੋ ਤੋ ਦਹੀਂ ਕੀ ਤਰਹ ਜਮਾ ਦੇਂ। ਲਾਓ ਅਬ ਕੁਛ ਪਾਰਾ ਹੈ ਤੋ। ਮਹੰਤ ਜੀ ਨੇ ਫੁਮਾਸੇ ਪਾਰਾ ਕੱਢ ਦਿੱਤਾ ਤਾਂ ਬੋਲੇ–

ਕੁੰਦਨ ਗਿਰੀ–ਦੋ ਚਾਰ ਕੋਲੇ, ਪੰਖਾ ਔਰ ਅਗਨੀ ਲਾਓ। ਇਹ ਸੁਣਦੇ ਸਾਰ ਮਹੰਤ ਨੇ ਸਭ ਕੁਛ ਹਾਜ਼ਰ ਕਰ ਦਿੱਤਾ। ਇਕ ਧਰਮ-ਸਾਲੀਆ, ਦੂਜੇ ਸ਼ਾਮਸੁੰਦਰ, ਤੀਜੇ ਦੋ ਸੇਠ, ਪੰਜਵੇਂ ਗਿਰੀ ਜੀ, ਪਿੜ ਬੱਝ ਗਿਆ। ਵਿਚਕਾਰ ਕੋਲੇ ਧੁਖਾਏ ਗਏ, ਗਿਰੀ ਜੀ ਨੇ ਅਪਣੀ ਝੋਲੀ ਫਰੋਲਕੇ ਨਿੱਕੀ ਜੇਹੀ ਕੁਠਾਲੀ ਕੱਢੀ, ਸ਼ਾਮਸੁੰਦਰ ਦੇ ਹੱਥ ਦੇਕੇ ਕਹਿਣ ਲਗੇ, ਇਸ ਮੇਂ ਪਾਰਾ ਢਾਲ ਦੋ ਔਰ ਇਸ ਆਗ ਮੇਂ ਸ਼ਿਵ ਸ਼ੰਕਰ ਕਹਿਕੇ ਰੱਖ ਦੋ, ਔਰ ਜ਼ਰਾ ਪੰਖਾ ਕਰੋ।

ਸ਼ਾਮਸੁੰਦਰ–ਗਿਰੀ ਜੀ! ਕਿਸੇ ਦੀਵੇ ਵਿਚ ਪਾਕੇ ਰੱਖੋ ਤਾਂ ਕੁਠਾਲੀ ਨਾਲੋਂ ਚੰਗਾ ਹੋਵੇ।

ਕੁੰਦਨ ਗਿਰੀ–ਨਾਹੀ, ਏਹ ਖੜੀਆ ਮੱਟੀ ਕੀ ਬਨੀ ਹੈ ਆਗ ਮੇਂ ਫੂਟੇ ਨਾਹੀਂ।

ਸ਼ਾਮਸੁੰਦਰ–ਪਾਰੇ ਉਡਦਿਆਂ ਤਕ ਦੀਵਾ ਵੀ ਨਹੀਂ ਪਾਟੇਗਾ।

ਕੁੰਦਨਗਿਰੀ–ਸ਼ਿਵਸ਼ੰਕਰ, ਸ਼ਿਵਸ਼ੰਕਰ, ਪਾਰਾ ਕਹਾਂ ਉਡੇਗਾ? ਪਾਰਾ ਚਾਂਦੀ ਚੱਕਰ ਖਾ ਕਰ ਹੋਗਾ।

ਸ਼ਾਮਸੁੰਦਰ–ਫਿਰ ਕੀ ਡਰ ਹੈ, ਦੀਵੇ ਵਿਚ ਵੀ ਚੱਕਰ ਖਾਕੇ ਚਾਂਦੀ ਹੋ ਜਾਏਗਾ।

ਕੁੰਦਨ ਗਿਰੀ–ਨਹੀਂ ਬਾਬਾ! ਇਸ ਕਾਮ ਕੇ ਲੀਏ ਯਹੀ ਕੁਠਾਲੀ ਹੋਤੀ ਹੈ, ਦੀਆ ਨਹੀਂ ਚਾਹੀਏ। ਇਹੋ ਜਿਹੀਆਂ ਗੱਲਾਂ ਹੁੰਦੀਆਂ ਦੇ ਵਿਚ ਹੀ ਸ਼ਾਮਸੁੰਦਰ ਨੇ ਉਂਗਲੀ ਫੇਰਕੇ ਹੱਥ ਤੇ ਕੁਠਾਲੀ ਉਲਟਾ ਕੇ ਬੜੀ ਫੁਰਤੀ ਨਾਲ ਪਾਰਾ ਪਾਕੇ ਅੱਗਦੇ ਵਿਚ ਟਿਕਾ ਦਿੱਤੀ ਤੇ ਮੂੰਹੋਂ ਝਟਪਟ ਕਹਿ ਦਿੱਤਾ ਕਿ ਪੰਖਾ ਝੋਲੋ। ਕੁੰਦਨਗਿਰੀ ਨੇ ਚਿਮਟੇ ਨਾਲ ਫੜ ਫੜ ਕੇ ਕੋਲੇ ਜੋੜ ਦਿੱਤੇ, ਸੇਠ ਸਾਹਿਬ ਪੱਖਾ ਝੱਲਣ ਲਗ ਪਏ, ਗਿਰੀ ਜੀ ਨੇ ਸ਼ਿਵਸ਼ੰਕਰ, ਗੌਰੀ ਸ਼ੰਕਰ ਦਾ ਜੈਕਾਰਾ ਗਜਾਉਣਾ ਅਰੰਭ ਦਿੱਤਾ। ਪੱਖੇ ਦੇ ਜ਼ੋਰ ਨੇ ਅੱਗ ਦਾ ਸੇਕ ਇਕਜੈਸਾ ਬੰਨ੍ਹ ਦਿੱਤਾ ਤਾਂ ਵਿਚੋਂ ਇਕ ਚਿੱਟੇ ਰੰਗ ਦਾ ਧੂੰਆਂ ਨਿਕਲਣ ਲਗ ਪਿਆ।

ਸ਼ਾਮਸੁੰਦਰ–ਗਿਰੀਜੀ! ਪਾਰਾ ਉੱਡਗਿਆ ਸੰਭਾਲੋ ਜੇ ਸੰਭਾਲ ਸਕਦੇ ਹੋ ਤਾਂ। ਗਿਰੀ ਜੀ ਨੇ ਚਿਮਟੇ ਨਾਲ ਕੋਲੇ ਹਟਾਕੇ ਜਿਹੜਾ ਬੂਟੀ ਦਾ ਨੁਗਦਾ ਦੱਬ ਵਿਚ ਮਲ ਰਹੇ ਸਨ ਝਟਪਟ ਉਸ ਕੁਠਾਲੀ ਉਤੇ ਸ਼ਿਵਸ਼ੰਕਰ ਸ਼ਿਵਸ਼ੰਕਰ ਕਹਿਕੇ ਨਿਚੋੜ ਦਿੱਤਾ। ਕੋਲੇ ਫਿਰ ਜੋੜ ਦਿਤੇ ਅਤੇ ਉਹ ਧੂੰਆਂ ਵਿਚੋਂ ਨਿਕਲਣਾ ਠਹਿਰ ਗਿਆ। ਇਧਰੋਂ ਪੱਖੇ ਦਾ ਜ਼ੋਰ ਖਲਵੰਗ ਨਾਲੋਂ ਕੁਝ ਘੱਟ ਨਹੀਂ ਸਾ। ਕੁਠਾਲੀ ਵਿਚੋਂ ਫਿਰ ਚਿੱਟੇ ਰੰਗ ਦਾ ਧੂੰਆਂ ਨਿਕਲਣ ਲਗਾ ਤਾਂ ਸ਼ਾਮ ਸੁੰਦਰ ਜੀ ਬੋਲੇ–'ਗਿਰੀ ਜੀ ਸੰਭਾਲੋ ਇਹ ਪਾਰਾ ਸਾਹਿਬ ਉੱਡ ਗਏ।'

ਗਿਰੀ ਜੀ–ਸ਼ਿਵ ਸ਼ੰਕਰ, ਸ਼ਿਵ ਸ਼ੰਕਰ, ਬੱਸ ਅਬ ਕਾਰਜ ਸਿੱਧ ਹੋ। ਉੱਡਨਹੀਂ ਗਿਆ

Digitized by Panjab Digital Library | www.panjabdigilib.org

ਬੈਠ ਗਿਆ; ਕਹੇ ਸ਼ਿਵਸ਼ੰਕਰ।

ਇੰਨਾ ਕਹਿਕੇ ਚਿਮਟੇ ਨਾਲ ਕੁਠਾਲੀਉਤੋਂ ਦੇ ਤਿੰਨ ਕੋਲੇ ਅੱਗੇ ਪਿੱਛੇ ਕਰਕੇ, ਹੱਥ ਵਿਚਲਾ ਨੁਗਦਾ ਜੋ ਮਲ ਰਹੇ ਸਨ, ਉੱਤੇ ਕਰਕੇ ਫੇਰ ਨਿਚੋੜ ਦਿੱਤਾ। ਸ਼ਿਵਸ਼ੰਕਰ ਦੇ ਅਵਾਜ਼ਿਆਂ ਨਾਲ ਧਰਮਸਾਲਾ ਭਰ ਦਿੱਤੀ, ਇੰਨੇ ਤਕ ਬੂਟੀ ਦੇ ਰਸ ਦਾ ਵੀ ਧੂੰਆਂ ਬੱਸ ਹੋਗਿਆ। ਅਗਨੀ ਅਪਣੀ ਜਵਾਨੀ ਦੀ ਪੂਰਣਤਾ, ਪੱਖੇ ਦੀ ਜ਼ੋਰਾਵਰੀ ਨੇ ਕੁਠਾਲੀ ਢਾਲਨ ਵਾਲੀ ਬਹਾਦਰੀ ਤੋਂ ਪੈਰ ਪਿੱਛੇ ਨਹੀਂ ਪਾਇਆ। ਇਸ ਵੇਲੇ ਗਿਰੀ ਜੀ ਨੇ ਫਿਰ ਸ਼ਿਵਸ਼ੰਕਰ ਦੀ ਧੁਨਿ ਭਰੀ ਅਤੇ ਚਿਮਟੇ ਨਾਲ ਕੋਲੇ ਹਟਾਉਣੇ ਅੰਭੋਪੱਖੇ ਨੂੰ ਪਿਨਸਨ ਦਾ ਹੁਕਮ ਹੋ ਗਿਆ ਤਾਂ ਕੁਠਾਲੀ ਜੋ ਪ੍ਰਤੱਖ ਖਾਲੀ ਦਿੱਸ ਰਹੀ ਸੀ ਚੁੱਕਕੇ ਅੱਗ ਤੋਂ ਬਾਹਰ ਜ਼ਿਮੀਨ ਤੇ ਮੂਧੀਮਾਰ ਉਤੋਂ ਚਿਮਟੇ ਦੀ ਠੋਕਰ ਮਾਰਕੇ ਸ਼ਿਵਸ਼ੰਕਰ ਕਹਿੰਦੇ ਹੋਏ ਨੇ ਭੰਨ ਸਿੱਟੀ। ਠੀਕਰੀਆਂ ਲਾਂਭੇ ਕੀਤੀਆਂ ਤਾਂ ਓਥੇ ਬਾਕੀ ਸੁਆਹ ਵੀ ਨਹੀਂ ਸੀ, ਗਿਰੀ ਜੀ ਦਾ ਹੇਠਲਾ ਸਾਹ ਹੇਠ, ਉਤਲਾ ਉਤੇ, ਸ਼ਿਵ ਸ਼ੰਕਰ ਦੰਦਾਂ ਵਿਚ ਹੀ ਅੜ ਗਿਆ। ਬਾਰ ਬਾਰ ਕੁਠਾਲੀ ਦੀਆਂ ਠੀਕਰੀਆਂ ਅਤੇ ਉਹ ਜ਼ਮੀਨ ਜਿਥੇ ਕੁਠਾਲੀ ਭੰਨੀ ਹੈ ਫੂਕ ਫੂਕਕੇ ਦੇਖ ਰਹੇ ਹਨ, ਹੈਰਾਨੀ ਦੇ ਗਰਮ ਰੇਤ ਥਲੇ ਵਿਚ ਫਸੇ ਹੋਏ ਮਨੁੱਖ ਵਾਂਗੂ ਅਹੁੜਦੀ ਕੁਝ ਨਹੀਂ, ਪਰ ਲਾਚਾਰ ਦੇਖਣ ਵਾਲਿਆਂ ਦੀ ਤਮੱਲੀ ਤੇ ਅਪਣੀ ਸ਼ਰਮਿੰਦਗੀ ਧੋਣ ਖਾਤਰ ਬੋਲੇ—

ਕੁੰਦਨ ਗਿਰੀ—ਇਹ ਬੂਟੀ ਅਨੂਪ ਦੇਸ ਕੀ ਹੈ, ਔਰ ਹਵਾ ਭੀ ਅੱਛੀ ਨਹੀਂ ਹੈ ਇਸ ਮੁਲਕ ਕੀ। ਅੱਛਾ ਹਮ ਕਲ ਕੋ ਬਿੰਧਜਾਚਲ ਪਰਬਤ ਕੀ ਸੂਖੀ ਜੜ੍ਹੀ ਡਾਲੇਂਗੇ, ਆਪ ਲੋਗੋਂ ਕੋ ਪੀਤ ਰੰਗ ਕਾ ਚਮਤਕਾਰਾ ਦਿਖਾਏਂਗੇ।

ਸ਼ਾਮਸੁੰਦਰ—ਗਿਰੀ ਜੀ! ਪੀਲਾ ਰੰਗ ਤਾਂ ਹੁਣੇ ਹੀ ਹੋਗਿਆ, ਕਲ ਕੌਣੀ ਇਸ ਨਾਲੋਂ ਵਧੇਰਾ ਹੋਵੇਗਾ?

ਕੁੰਦਨ ਗਿਰੀ—ਅੱਛਾ ਆਪ ਇਸੀ ਤਰਹ ਠਹਿਰੇ ਰਹੋਂ ਮੈਂ ਅਬੀ ਬੂਟੀ ਲਾਇਆ ਔਰ ਪੀਲਾ ਰੰਗ ਦਿਖਾਤਾ ਹੂੰ।

ਇਹ ਕਹਿੰਦੇਹੋਏ ਝੋਲੀ ਕੱਛੇ ਮਾਰ, ਚਿਲਮ ਹੱਥ ਵਿਚ ਫੜੀ ਔਹ ਗਏ ਔਹ ਗਏ, ਦੇਖਦਿਆਂ ਦੇਖਦਿਆਂ ਹੀ ਪਾਰੇ ਵਾਕਰ ਉਡਗਏ।

ਇਧਰ ਮਹੰਤ ਅਤੇ ਸੇਠ ਲੋਕ ਹੈਰਾਨੀ ਦੇ ਜੰਗਲ ਵਿਚ ਔਝੜੇ ਪਏ ਹੋਏ ਕਦੀ ਬੂਟੀ ਦਾ ਨੁਗਦਾ ਚੁਕ ਚੁਕ ਕੇ ਵੇਖ ਰਹੇ ਹਨ, ਕਦੀ ਕੁਠਾਲੀਦੀਆਂ ਠੀਕਰੀਆਂ ਠਕੋਰ ਰਹੇਹਨ ਤੇ ਆਪਸ ਵਿਚ ਕਹਿ ਰਹੇ ਹਨ, ਚਾਹੀਦਾ ਸੀ ਸੰਨਜਾਸੀ ਦੇ ਪਿੱਛੋਂ ਤਾਂ ਜ਼ਰੂਰ ਚਾਂਦੀ ਲਭਦੀ। ਫਿਰ ਕੋਲੇ ਹਟਾ ਕੇ ਭਾਵੇਂ ਕੁਠਾਲੀ ਪਾਟ ਕੇ ਅੱਗ ਵਿਚ ਚਾਂਦੀ ਚਲੀ ਗਈ ਹੋਵੇ ਪਰ ਕਿੱਥੇ, ਪਤਾ ਨਹੀਂ ਲਗਦਾ ਇਹ ਗੱਲ ਕੀਹ ਹੈ?

ਮਹੰਤ ਜੀ—ਅਸਾਂ ਪਹਿਲੇ ਹੀ ਕਹਿ ਦਿੱਤਾ ਸੀ ਕਿ ਇਜੇਹੀਆਂ ਗੱਪਾਂ ਬਹੁਤ ਸੁਣੀਆਂ ਹੋਈਆਂ ਹੈਨ।

ਸੇਠ ਲੋਕ—ਹੁਣ ਬੂਟੀ ਲੈਣ ਗਿਆ ਹੈ ਪਿਛਲੀ ਸ਼ਰਮਿੰਦਗੀ ਧੋਣ ਵਾਸਤੇ, ਹੁਣ ਪੀਲਾ ਰੰਗ ਦਿਖਾਏਗਾ, ਸੋ ਹੁਣ ਦੇਖਕੇ ਹੀ ਜਾਵਾਂਗੇ ਹੁਣ ਆਉਂਦਾ ਹੀ ਪਿਆ ਹੋਵੇਗਾ।

ਸ਼ਾਮਸੁੰਦਰ—ਆਪ ਲੋਗ ਕਿਸ ਭ੍ਰਾਂਤੀ ਵਿਚ ਪਏ ਹੋ, ਉਹ ਮਹਾਤਮਾ ਅਪਣਾ ਹੀ ਪੀਲਾ ਰੰਗ ਕਰਵਾ ਗਏ ਹਨ। ਉਹ ਪਿੱਛੇ ਪਰਤ ਕੇ ਨਹੀਂ ਤੱਕਣਗੇ, ਪੈਰਾਂ ਨੂੰ ਸਿਰ ਤੇ ਰੱਖ ਕੇ ਨੱਸਣਗੇ ਤੇ ਇਸਨੱਗਰਵਿਚ ਨਹੀਂ ਠਹਿਰਨ ਗੇ। ਇਹ ਸਾਧੂਨਹੀਂ ਹਨ, ਇਹ ਲੋਗ ਨਿਰੇ ਤੇ ਕੋਰੇ ਠੱਗ ਹੁੰਦੇ ਹਨ। ਇਹ ਲੋਗ ਇਜੇਹੀ ਹੱਥ

Digitized by Panjab Digital Library | www.panjabdigilib.org

ਫੇਰੀ ਕਰਦੇ ਹਨ ਕਿ ਦੇਖਣ ਵਾਲੇ ਪਤੀਜ ਜਾਂਦੇ ਹਨ, ਫਿਰ ਨਿਸ਼ੰਗ ਹੋਕੇ ਹੱਥ ਫੇਰਦੇ ਹਨ।(ਹੱਥ ਤੇ ਪਿਆ ਦਿਖਾ ਕੇ)ਇਹ ਦੇਖੀਏ ਗਿਰੀ ਜੀ ਦੀ ਜਾਇਦਾਦ, ਜਿਸਤੇ ਉਸਨੂੰ ਸਾਰਾ ਘੁਮੰਡ ਸੀ, ਚਿੱਟਾ ਤੇ ਪੀਲਾ ਰੰਗ ਦਿਖਾਉਂਦਾ ਸੀ। ਇਹ ਚਾਂਦੀ ਦਾ ਬੂਰਾ ਹੈ, ਇਸੇ ਕੁਠਾਲੀ ਦੇ ਥੱਲੇ ਰੱਖਿਆ ਹੋਇਆ ਸਾ, ਉਪਰ ਕਾਗਤ ਜਮਾਕੇ ਫਿਰ ਖੜੀਆ ਮਿੱਟੀ ਦਾ ਪੋਚਾ ਦੇਕੇ ਇਕੋ ਜੇਹਾ ਰੰਗ ਰੂਪ ਕੀਤਾ ਹੋਇਆ ਸਾ। ਆਪ ਦੇਖ ਸੁਣ ਰਹੇ ਸੀ ਕਿ ਦੀਵਾ ਨਹੀਂ ਰੱਖਣ ਦਿੰਦਾ ਸਾ, ਇਸੇ ਕੁਠਾਲੀ ਵਿਚ ਰੱਖਣ ਲਈ ਜ਼ੋਰ ਲਾਉਂਦਾ ਸਾ।ਅਸਾਂ ਉਹ ਥੱਲੇ ਦਾ ਕਾਗਤ ਫਾੜਕੇ ਬੂਰਾ ਚਾਂਦੀ ਦਾ ਕੱਢਕੇ ਪਾਰਾ ਪਾ ਕੇ ਰੱਖ ਦਿੱਤਾ। ਪਾਰੇ ਹੋਰਾਂ ਤਾਂ ਕਦੀ ਅੱਗ ਅਗੇ ਠਹਿਰਨਾ ਹੀ ਨਾ ਹੋਇਆ, ਇਹੋ ਚਾਂਦੀ ਢਲਕੇ ਰਵਾਂ ਹੋ ਜਾਂਦੀ, ਆਪ ਸੱਚ ਮੰਨ ਲੈਂਦੇ ਭਈ ਪਾਰਾ ਬੈਠ ਗਿਆ ਹੈ, ਬੂਟੀ ਵਿਚ ਬੜੀ ਸੱਤਿਆ ਹੈ, ਸਾਧੂ ਬੜਾ ਰਸਾਇਣੀ ਹੈ: ਫਿਰ ਜਿਤਨੀ ਭੀ ਤੁਹਾਥੋਂ ਸੇਵਾ ਪੂਜਾ ਕਰਾ ਲੈਂਦਾ ਥੋੜ੍ਹੀ ਸੀ।ਛੇਕੜ ਨੂੰ ਰਸਾਇਣ ਬਣਾਉਣ ਵੇਲੇ ਜਾਗ ਦਾ ਬਹਾਨਾ ਕਰਕੇ ਸੋਨਾ ਚਾਂਦੀ ਜੋ ਕੁਝ ਲੈਂਦਾ, ਸੋ ਅਪਣੇ ਸਮੇਤ ਗੁੰਮ ਹੋ ਜਾਂਦਾ, ਆਪ ਲੋਕ ਹੱਥ ਮਲਦੇ ਅਤੇ ਦੇਖਦੇ ਰਹਿ ਜਾਂਦੇ।

ਸੇਠ ਲੋਕ (ਅਚੰਭਿਤ ਹੋਕੇ)—ਇੱਕੁਰ ਹੀ ਸਾਡੇ ਸ਼ਹਿਰ ਵਿਚ ਦੋ ਤਿੰਨ ਸ਼ਾਹੂਕਾਰ ਧੋਖਾ ਖਾ ਬੈਠੇ ਹਨ, ਅਪਣੀ ਰਾਸ ਪੂੰਜੀ ਤੱਕ ਪੂਜ ਬੈਠੇ ਹਨ, ਰਸਾਇਣ ਬਣਾਉਂਦੇ ਹੋਏ ਪਹਿਲੀ ਜਾਇਦਾਦ ਨੂੰ ਵੀ ਰੋ ਬੈਠੇ ਹਨ।ਭਲਾ ਸੰਤ ਜੀ! ਜੇ ਦੀਵਾ ਰੱਖਦੇ ਤਾਂ ਕੀ ਕਰਦਾ, ਫਿਰ ਵੀ ਕੋਈ ਠੱਗੀ ਕਰ ਸਕਦਾ ਕਿ ਨਹੀਂ ?

ਸ਼ਾਮਸੁੰਦਰ—ਫਿਰ ਵੀ ਠੱਗੀ ਕਰਦਾ। ਇਹ ਲੋਕ ਪੰਛੀਆਂ ਦੀਆਂ ਆਂਦਰਾਂ ਸਾਫ ਕਰਕੈ ਅਥਵਾ ਕਿਸੇ ਨਾਲੀ ਦਾਰ ਪੋਲੀ ਬੂਟੀ ਦੇ ਪੋਲ ਵਿਚ ਚਾਂਦੀ ਸੋਨੇ ਦਾ ਬੂਰਾ ਭਰਕੇ ਮਲ ਮਰੋੜਕੇ ਸੁਕਾ ਰਖਦੇ ਹਨ,ਜਦ ਪਾਰਾ ਉਡਣ ਲਗੇ ਝੱਟ ਮਰੋੜਕੇ ਉਹ ਬੂਟੀ ਦੀਵੇ ਵਿਚ ਰੱਖ ਦਿੰਦੇ ਹਨ, ਸੋਈ ਚਾਂਦੀ ਸੋਨਾ ਗਲ ਕੇ ਰਵਾਂ ਬਣ ਜਾਂਦਾ ਹੈ।ਇਤਜਾ ਦਿਕ ਅਨੇਕ ਭਾਂਤਾਂ ਦੀਆਂ ਏਹ ਲੋਗ ਠੱਗੀਆਂ ਕਰਕੇ ਆਪਣੇ ਤੇ ਵਿਸਾਹ ਜਮਾ ਲੈਂਦੇ ਹਨ, ਪਿੱਛੋਂ ਜਾਗ ਦੇ ਦੌਂਚੇ ਤੇ ਘਰ ਦਾ ਗਹਿਣਾ ਗੱਟਾ ਲੈਕੇ ਨੱਸ ਜਾਂਦੇ ਹਨ ਤੇ ਠਰਕੀ ਲੋਕ ਹੱਥ ਮਲਦੇ ਹੀ ਰਹਿ ਜਾਂਦੇ ਹਨ।

ਸੇਠਲੋਕ—ਵਾਹ ਮਹਾਰਾਜ! ਆਪ ਧੰਨ ਹੋ, ਸਾਡੇ ਤਾਂ ਕਪਾਟ ਖੋਲ੍ਹ ਦਿੱਤੇ ਜੇ,(ਕੰਡੀ ਮੰਗਾ ਕੇ ਬੂਰਾ ਤੋਲਿਆ ਜੋ ੬ ਮਾਸੇ ਉਤਰਿਆ), ਇੱਕੁਰਹੀ ਏਥੇ ਬਹੁਤਿਆਂ ਲੋਕਾਂ ਠੱਗੀ ਖਾਧੀ ਹੈ, ਮੁੜਕੇ ਉਨ੍ਹਾਂ ਫਕੀਰਾਂ ਦਾ ਪਤਾ ਨਹੀਂ ਲਗਾ ਭਈ ਗਏ ਕਿਧਰ, ਹੱਥ ਤਕੜਾ ਫੇਰ ਲਿਜਾਂਦੇ ਰਹੇ ਹਨ।

ਸ਼ਾਮਸੁੰਦਰ—ਇਹ ਲੋਭ ਲਾਲਚ ਬੁਰੀ ਬਲਾ ਹੈ, ਇਸ ਲਈ ਏਸੇ ਧੋਖੇ ਵਿਚ ਜੀਵ ਆਪਣੇ ਅਰਥ ਅਤੇ ਪਰਮਾਰਥ ਦੇ ਬੜੇ ਨੁਕਸਾਨ ਕਰਦਾ ਹੈ।ਦੇਖਦਾ, ਭਾਲਦਾ, ਸੁਣਦਾ, ਸਮਝਦਾ ਹੋਇਆ ਭੀ ਇਸ ਤ੍ਰਿਸ਼ਨਾ ਰੂਪੀ ਅਸਗਾਹ ਨਦੀ ਵਿਚ ਰੁੜ੍ਹਿਆ ਜਾ ਰਿਹਾ ਹੈ ਜਿਥੇ ਬਿਨਾ ਅਪਣੇ ਸੰਤੋਖ ਅਤੇ ਧੀਰਜ ਦੇ ਹੋਰ ਕੋਈ ਸਹਾਇਤਾ ਨਹੀਂ ਕਰ ਸਕਦਾ।ਜ਼ਰਾ ਸੋਚਣ ਦੀ ਗੱਲ ਹੈ, ਭਈ ਸੋਨਾ ਅਤੇ ਚਾਂਦੀ ਇਹ ਨਿਰੇ ਸ਼ੁਧ ਪਦਾਰਥ ਹਨ, ਇਹ ਕਿਸੇ ਵਸਤੂ ਕਰਕੇ ਮਿਲਤ ਅਥਵਾ ਬਣਾਏ ਹੋਏ ਨਹੀਂ ਹਨ,ਇਹ ਮਿੱਟੀ ਵਿਚੋਂ ਹੋਰ ਨਾਂਧਾਤੂਆਂ ਵਾਕਰ ਹੀ ਨਿਕਲਦੇ ਹਨ, ਇਹ ਕਦੀ ਵੀ

Digitized by Panjab Digital Library | www.panjabdigilib.org

ਨਹੀਂ ਹੋਸਕਦਾ ਕਿ ਪਾਰਾ ਤੇ ਕਲੀ ਚਾਂਦੀਹੋ ਜਾਏ ਤੇਤਾਂਬਾ,ਸਿੱਕਾ ਯਾ ਲੋਹਾ ਸੋਨਾਹੋਜਾਏ। ਭਲਾ ਜੇਕਰ ਤੁਸੀਂ ਇਸਗੱਲ ਨੂੰ ਇਉਂ ਮੰਨ ਵੀ ਲਓ ਕਿ ਪਰਮੇਸ਼ੁਰ ਦੀ ਮਾਇਆ ਬੜੀ ਬੇਅੰਤਹੈ,ਸੰਤ ਵੀ ਰੇਖਵਿਚ ਮੇਖ ਮਾਰ ਸਕਦੇ ਹਨ ਤਾਂ ਨਾਲ ਇੰਨਾ ਵਿਚਾਰ ਵੀ ਕਰ ਲੈਣਾ ਚਾਹੀਦਾ ਹੈ ਕਿ ਸੋਨਾ ਚਾਂਦੀ ਬਣਾ ਸਕਣ ਵਾਲੇ ਬੇਪਰਵਾਹ ਹੁੰਦੇ ਹਨ,ਉਹਨਾਂ ਲੋਕਾਂ ਨੂੰ ਕੀ ਗਰਜ਼ ਹੈ ਜੋ ਪਿੰਡ ਪਿੰਡ ਹੋਕਾ ਦਿੰਦੇ ਫਿਰਨ, ਦੰਗਲ ਕਰਦੇ ਫਿਰਨ, ਦੂਸਰਿਆਂ ਦੇ ਪਤਿਆਉਣ ਲਈ ਸੱਚ ਝੂਠ ਬੋਲਣ। ਓਹਲੋਕ ਕਿਸੇ ਦੀ ਕੀ ਪਰਵਾਹ ਰੱਖਦੇਹਨ? ਇਸ ਤੇ ਸਾਫ ਸਿੱਧ ਹੋ ਭਈ, ਜਿਹੜੇ ਇਹ ਕਹਿੰਦੇਹਨ ਭਈਰਸਾਇਣ ਜਾਣਦੇਹਾਂ,ਬਣਾ ਦਿੰਦੇ ਹਾਂ,ਦਿਖਾ ਦੇਂਦੇ ਹਾਂ, ਓਹ ਤਾਂ ਨਿਸਚੇ ਜਾਣੋ ਭਈ ਝੂਠੇ ਫਰੇਬੀ ਠੱਗ ਹੈਨ, ਆਪਣੇ ਲਾਲਚ ਲਈ ਧੋਖਾ ਕਰਦੇ ਫਿਰਦੇ ਹਨ।ਅਤੇ ਜੋ ਮਹਾਤਮਾ ਰਸਾਇਣਨੂੰ ਜਾਣਦੇਹਨ ਉਨ੍ਹਾਂ ਨੂੰ ਸਿਰ ਤਕ ਸਰਬੰਸ ਦੇਣਾ ਤਾਂ ਕੁਝ ਮੁਸ਼ਕਲ ਨਹੀਂ,ਪਰ ਇਸ ਗੱਲ ਦੀ ਹਾਂ ਕਰਨੀ ਕਿ ਅਸੀਂ ਰਸਾਇਣਜਾਣਦੇਹਾਂ ਇਹਕਹਿਣੀ ਬਹੁਤ ਔਖੀ ਹੈ। ਇਸ ਤੇ ਇਹ ਗੱਲ ਮੰਨਣੀ ਪਈ,ਰਸਾਇਣ ਦਾ ਠਰਕ ਕਰਨਾ ਇਕ ਪਾਗਲਪਨਾ ਹੈ,ਜੇਹਾਕੁ ਠਰਕ ਜੂਏ ਦਾ ਕਦੀ ਜੁਆਰੀਏ ਦੀ ਮੁਰਾਦ ਪੂਰੀ ਨਹੀਂ ਕਰਦਾ, ਤਿਵੇਂ ਹੀ ਰਸਾਇਣ ਦਾ ਪ੍ਰੇਮੀ ਵੀ ਅਪਣੀ ਮੁਰਾਦ ਮਜ਼ਲ ਤੇ ਕਦੀ ਨਹੀਂ ਅੱਪੜਦਾਹਾਂ ਜੇ ਕਦੀ ਇਹ ਠਰਕ ਸਤਿਸੰਗ ਵਲ ਹੋਵੇ, ਪਰਮੇਸ਼ੁਰ ਦੇ ਭਜਨ ਸਿਮਰਣ ਵਿਚ ਕਾਲ ਬਿਤੀਤ ਹੋਵੇ, ਤਾਂ ਮਾਨੁੱਖ ਜਨਮ ਦਾ ਲਾਹਾ ਤਾਂ ਲੈ ਜਾਵੇ । ਜੇਹਾਕੁ ਇਕ ਆਲਮ ਨਾਮੇ ਮਹਾਤਮਾ ਨੇ ਰਸਾਇਣੀਆਂ ਪ੍ਰਤੀ ਅੰਤ੍ਰੀਵ ਰਸਾਇਣ ਦਾ ਉਪਦੇਸ਼ ਕੀਤਾ ਹੈ। ਯਥਾ—

ਕਬਿੱਤ

"ਖੱਲ ਤੂੰ ਖਰਲ ਕਰ ਖਿਮਾ ਕੋ ਖਰਲ ਤਾ ਮੈ,
ਪ੍ਰੇਮ ਪੁੱਠ ਦੈ ਦੈ ਕਰ ਪ੍ਰਿਥਮੇ ਮੁਰਝਾਇ ਲੈ।
ਸੀਸੀ ਕੈ ਸਰੀਰ ਤਾਮੈ ਬੀਸ ਬਿਸ੍ਵੇ ਮਨ ਮੂੰਦ
ਪਟ ਪੈ ਲਪੇਟ ਸਾਧ ਸੰਗਤ ਸੋਂ ਲਾਇ ਲੈ।
'ਆਲਮ' ਕਹਿਤ ਗਜਾਨ ਅਗਨਿ ਪ੍ਰਚੰਡ ਬਾਰ,
ਜਯੋਂ ਜਯੋਂ ਵਹ ਨਿਸਰੈ ਤਾਹਿ ਤਯੋਂ ਤਯੋਂ ਤੂੰ ਸੰਭਾਰ ਲੈ।
ਜੋਲੋਂ ਢੂੰਡੈ ਪਾਰਾ ਤੋਲੋਂ ਹੋਤ ਹੈ ਅਵਾਰਾ ਜੋਪੈ
ਜਾਇ ਮਨ ਮਾਰਾ ਤੋ ਰਸਾਇਨੀ ਕਹਾਇ ਲੈ।"

ਇਹ ਠਰਕ ਨਿਰਾ ਸੁਦਾਈ ਹੀ ਨਹੀਂ ਕਰਦਾ ਸਗਮਾ ਧਨ ਤੇ ਪਤ ਭੀ ਨਾਲ ਹੀ ਲੈ ਗਲਦਾ ਹੈ, ਇਸ ਲਈ ਇਸ ਕੁਸੰਗ ਵਲੋਂ ਆਪਣੇ ਆਪਨੂੰ ਸੰਕੋਚ ਕੇ ਰੱਖੋ।

ਇਸੇ ਪ੍ਰਸੰਗ ਵਿਚ ਕੁਝ ਕਾਲ ਬਿਤੀਤ ਹੋ ਗਿਆ, ਸੈਠ ਲੋਕ ਇਹਨਾਂ ਦੇ ਸਿੱਧੇ,ਸੱਚੇ ਬਚਨਾਂ ਤੇ ਲੱਟੂ ਹੋ ਗਏ, ਕੁਝ ਪ੍ਰੇਮ ਭਾਵਨਾ ਪ੍ਰਗਟ ਹੋ ਗਈ ਤੇ ਸੰਤਾਂ ਨੂੰ ਅੰਨ ਮਨਾ ਕੇ ਮੱਥਾ ਟੇਕ ਕੇ ਚਲੇ ਗਏ। ਸ਼ਾਮ ਸੁੰਦਰ ਮਹੰਤ ਮੁਰਗਧਾਨੰਦ ਜੀ ਦੇ ਨਾਲ ਦਰਯਾ ਦੀ ਸੈਰ ਕਰਨ ਚਲੇ ਗਏ,ਰਸਤੇ ਵਿਚ ਕਈ ਪ੍ਰਕਾਰ ਦੇ ਬਚਨ ਬਿਲਾਸ ਹੁੰਦੇ ਰਹੇ। ਮਹੰਤ ਜੀ ਖਾਤਰ ਸੇਵਾ ਵੀ ਚੰਗੀ ਪ੍ਰੀਤ ਨਾਲ ਕਰਦੇ ਰਹੇ। ਤਿੰਨ ਚਾਰ ਦਿਨ ਬਿਤੀਤ ਹੋਗਏ ਕਿ ਇਕ ਅਚਾਨਕ ਹੀ ਬਿਜਲੀ ਵਾਕੁਰ ਡਾਕ ਪਿਆਦੇ ਨੇ ਖਤ ਲਿਆ ਦਿੱਤਾ, ਮਹੰਤ ਜੀ ਨੇ ਲਿਫਾਫਾ ਹੱਥ ਵਿਚ ਲੈਂਦਿਆਂ ਆਖਿਆ ਇਹ ਓਸ ਅਪਣੇ ਖਤ ਦਾ ਉਤਰ ਹੈ। ਬੜੀ ਹਿੰਮਤ ਵਾਲਾ ਪੁਰਸ਼ ਹੈ, ਅਜੇ ਇਕ ਦਿਨ ਹੋਲੀ ਹੋਰ ਰਹਿੰਦੀ ਹੈ ਕਿ ਖਤ ਪੁੱਜ ਪਿਆ। ਲੌ ਖੋਲ੍ਹੋ ਸੁਣਾਓ ਕੀ ਲਿਖਿਆ ਹੈ।ਖਤ ਲੈਕੇ ਸ਼ਾਮਸੁੰਦਰ ਨੇ ਖੋਲ੍ਹਿਆ,ਪੜ੍ਹਨਾ ਅਰੰਭ ਕੀਤਾ ਤਾਂ ਇਹ ਲਿਖਿਆ ਸੀ—

Digitized by Panjab Digital Library | www.panjabdigilib.org

੧ ਓ ਸਤਿਨਾਮ ॥

"ਧੁੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ"। ਅੱਜ ਤਾਂ ਕੇਹਾ ਭਾਗੋ ਭਰਿਆ ਦਿਨ ਚੜ੍ਹਿਆ ਹੈ। ਵਾਹਵਾ, ਸਦਕੇ ਜਾਈਏ ਸਵੇਰੇ ਸਵੇਰੇ ਸੂਰਜ ਭਗਵਾਨ ਜੀ ਵੀ ਨੀਲੇ ਕਾਲੇ ਕੱਪੜੇ ਵਿਚੋਂ ਹੋਲੀਆਂ ਖੇਡਦੇ, ਲਾਲ ਗੁਲਾਲ ਹੋਏ, ਚੁਤਰਫੀਂ ਗੁਲਾਲ ਖਿਲੇਰਦੇ, ਕਿਰਨਾਂ ਦੀਆਂ ਨੌਕਾਂ ਖੋਭਦੇ ਚੜ੍ਹੇ ਹਨ। ਇਸੇ ਅਚਰਜ ਕੁਦਰਤ ਦੇ ਰੰਗਦਾ ਤਮਾਸ਼ਾ ਦੇਖਦਾ ਹੀ ਸਾਂ ਕਿ ਇਧਰੋਂ ਅਚਣਚੇਤੀ ਡਾਕ ਪਜਾਦੇ ਨੇ ਘੜੰਮ ਕਰਦਾ ਆਪਦਾ ਕ੍ਰਿਪਾਪਤ੍ਰ ਨਿਰੋਲੀ ਹੋਲੀ ਦੇ ਡੱਗੇ ਵਾਕਰ ਆਣ ਖੜਕਾਇਆ। ਖੋਲ੍ਹ ਕੇ ਪੜ੍ਹਿਆ ਤਾਂ ਅਮੇਉ ਅਨੰਦ ਨੇ ਉਛਾਲਾ ਖਾਧਾ। ਠੱਲ੍ਹਿਆ ਤਾਂ ਨਾ ਠੱਲ੍ਹਿਆ ਗਿਆ, ਬਤੇਰੀ ਥਾਈਂ ਵੰਡਿਆ ਪਰ ਮੁਕਣੋਂ ਰਿਹਾ। ਓੜਕ ਨੂੰ ਹਾਰਕੇ ਕਲਮਥਾਣੀਂ ਕਾਲਾ ਕਰਕੇ ਕਾਗਤ ਤੇ ਵਹਾਉਣਾ ਅਰੰਭਿਆ ਜਿਸਦੀਆਂ ਦਮਕਾਂ ਆਪਦੇ ਹਾਜ਼ਰ ਹਨ। ਪੜ੍ਹੀਏ--

ਆਪ ਇਹ ਗੱਲ ਤਾਂ ਚੰਗੀ ਤਰ੍ਹਾਂ ਜਾਣਦੇ ਹੀ ਹੋ, ਕਿ ਭਾਵੇਂ ਕੋਈ ਚੀਜ਼ ਹੋਵੇ, ਬਹੁਤੀ (ਹਦੋਂ ਵਧੀ) ਭ੍ਰਸ਼ਟ ਹੋ ਜਾਂਦੀ ਹੈ, ਉਸਦੀ ਸੂਰਤ ਵੀ ਹੋਰ ਹੀ ਬਣ ਜਾਂਦੀ ਹੈ ਅਤੇ ਫਲ ਵੀ ਉਲਟਾ ਹੀ ਪ੍ਰਗਟ ਕਰਦੀ ਹੈ। ਭਾਵੇਂ ਅੰਨ ਹੀ ਕਿਉਂ ਨਾ ਹੋਵੇ ਜੋ ਜੀਵਾਂ ਲਈ ਜੀਵਨ ਮੂਲ ਹੈ ਪਰ ਬਹੁਤਾ ਖਾਧਾ ਹੋਇਆ ਅਥਵਾ ਬਹੁਤਾ ਚਿਰ ਪਿਆ ਹੋਇਆ ਰੋਗੀ ਕਰ ਦਿੰਦਾ ਹੈ ਅਥਵਾ ਗੰਦਾ ਹੋ ਜਾਂਦਾ ਹੈ। ਫਿਰ ਫਲ ਵਿਚ ਮੌਤ ਦੀਆਂ ਕੈਂਧਾਂ ਦੇ ਛਾਵੇਂ ਜਾ ਲਿਟਾਉਂਦਾ ਹੈ। ਇੱਕੁਰ ਹੀ ਸ੍ਰੀ ਅੰਮ੍ਰਿਤਸਰ ਜੀ ਦੀ ਹੋਲੀ, ਜਦ ਤਕ ਸੱਜਣਾਂ ਮਿੱਤ੍ਰਾਂ ਦਾ ਮੇਲ ਮਿਲਾਪ, ਰਾਗ ਰੰਗ, ਹਰਖ ਉਤਸਾਹ ਖਾਨ, ਪਾਨ, ਭਜਨ ਕੀਰਤਨ ਆਨੰਦ, ਵਧਾਈ ਉਤਸਵ ਦੀ ਹੱਦ ਅੰਦਰ ਬਣਿਆ ਰਹਿੰਦਾ ਹੈ ਤਾਂ ਦਿਹਾਰ ਪੂਰਬ ਅਤੀ ਅਨੰਦ ਜਨਕ ਸਗਮਾ ਬ੍ਰਹਮਾਨੰਦ ਨੂੰ ਵੀ ਦੋ ਹੱਥ ਪਿਛੇ ਛੱਡ ਕੇ ਆਪਣਾ ਸਰੂਪ ਪਰਮ ਬ੍ਰਹਮਾਨੰਦ ਦਿਖਾਉਂਦਾ ਹੈ। ਪਰ ਇਹ ਗੱਲ ਕਿੱਥੇ? ਕਿਹੜਿਆਂ ਭਾਗਾਂ ਦਾ ਫਲ ਮਿਲਨਾ ਹੋਇਆ? ਕੋਈ ਨਾ! "ਇਹ ਮੂੰਹ ਤੇ ਮਸਰਾਂ ਦੀ ਦਾਲ" ਵਾਲੀ ਗੱਲ ਹੈ, ਭਈ ਇਹ ਕਿਸੇ ਹੀ ਪ੍ਰਕਾਰ ਅਪਣੀ ਹੱਦ ਵਿਚ ਨਹੀਂ ਰੁਕਦਾ। ਪਹਿਲੇ ਤਾਂ ਜੁਵਾਨੀ ਦੀ ਉਮੰਗ ਇਸਨੂੰ ਹੱਦ ਦੇ ਅੰਦਰ ਨਹੀਂ ਟਿਕਣ ਦੇਂਦੀ। ਇਸਤੋਂ ਉਪਰੰਤ ਕੁਸੰਗ ਹੈ, ਜੋ ਕਿ ਸਹਾਇਕ ਹੋਕੇ ਕਲਾਲ ਖਾਨੇ ਤੋੜੀ ਅਵੱਸ਼ ਲੈ ਅੱਪੜਦਾ ਹੈ। ਜਦ ਸ੍ਰੀਮਤੀ ਸਰਬ ਜਗਤ ਮਾਨਜਾ ਪਰਿ ਪੂਧਾਨਜਾ ਚਕ੍ਰਵਰਤਨੀ ਸਾਖਜਾਤ ਸ਼ਕਤੀਸਰੂਪ ਬੋਤਲ ਬਾਸਨੀ ਦੇਵੀ ਮਹਾਰਾਣੀ ਸ਼ਰਾਬ ਕੌਰ ਅਨੇਕ ਰੂਪ ਰੂਪਾ, ਵ ਅਨੇਕ ਦੇਸ਼ ਨਾਮਨੀ ਅਪਣੀ ਅੰਤ੍ਰੰਗ ਸਹਿਚਰੀ ਸ੍ਰੀ ਮਤੀ ਕੁਬੁਧਿ ਦੇਵੀ ਸਮੇਤ ਪ੍ਰਗਟ ਹੋਈ ਬੱਸ ਫੇਰ ਕੀ ਕਹਿਣਾ ਹੈ, ਅਕਹਿ ਹੈ, ਵਾ 'ਕ੍ਹਿਕ੍ਹਿ ਦੀਵਾਰ' ਹੈ। ਇਥੇ ਮਨ ਬੁੱਧੀ ਦੀ ਗੰਮਤਾ ਨਹੀਂ, ਮਾਰੇ ਪਛੰਡਿਆਂ ਦੇ ਦੌਨੋਂ ਕੋਹਾਂ ਦੂਰ ਜਾ ਪੈਂਦੇ ਹਨ। ਉਥੇ ਵੀ ਬੇਹੋਸ਼, ਬੇਖਬਰ ਇਸਦੇ ਪ੍ਰਭਾਉ ਦੇ ਅੱਗੇ ਹੱਦ ਕੇਹੀ ਬੇਹੱਦ ਕੇਹੀ, ਕਿਸ ਜਾਨਵਰ ਦਾ ਨਾਉਂ ਹੈ? ਕੱਪੜੇ ਪਾਟ ਰਹੇ ਹਨ, ਘੱਟੇ ਮਿੱਟੀ ਦੀ ਬੁਛਾੜ, ਮੋਰੀਆਂ ਦੇ ਪਾਣੀ ਦਾ ਛਿੜਕਾਉ, ਕੁਮਤਿ ਦੇਵੀ ਦਾ ਪ੍ਰਭਾਉ, ਨੰਗੇ ਉਘਾੜੇ ਬੇਹਯਾਉ, ਗੰਦੇ ਗੀਤ ਅਤੇ ਗਾਲੀਆਂ ਦਾ ਹੜ੍ਹ ਦਰਿਆਉ, ਸਿੱਠਾਂ, ਬਣਾਉਣ, ਗਾਉਣ ਤੇ ਵਜਾਉਣ ਦੀ ਅਨੋਖੀ ਲਹਿਰ, ਮਾਰ ਕੁੱਟ ਪਿੱਟ ਦੀ ਬਹਾਰ, ਬਜ਼ਾਰਾਂ

Digitized by Panjab Digital Library | www.panjabdigilib.org

ਵਿਚ ਹੜਤਾਲ, ਘਰਾਂ ਵਿਚ ਗਦਰ ਜੇਹਾ ਧੁੜਕੂ,ਵਡੇ ਛੋਟੇ ਨੀਚ ਊਚ ਸਭ ਇਕਮਈ, ਢੋਲਾਂ ਦੀ ਕੜਕੁੱਟ,ਚੌਕਚੌਕ ਵਿਚ ਭੀੜ,ਰੌਲੇ ਗੌਲੇ ਦਾ ਜਮਘਟ,ਯਾਰੁਾਂਮਹੀਨਿਆਂ ਦੇ ਕੱਠੇ ਕੀਤੇ ਮੇਹਣੇ,ਬਦਲੇ ਤੇ ਵੈਰਲੈਣ ਦਾ ਪੁਰਬ, ਪੁਲਸਵਾਲਿਆਂ ਦੇ ਕੰਮ ਚੌਕੜ,ਅਸਾਮੀਆਂ ਦੀ ਭੀੜ,ਹਵਾ ਲਾਟਾਂ ਭਰਪੂਰ, ਹਥਕੜੀਆਂ ਦੀ ਥੋੜ,ਅਦਾਲਤਾਂ ਦੇ ਗਹਿਰੇ ਗੱਫੇ, ਜਰਮਾਨਿਆਂ ਦੀ ਨਕਦ ਬਨਕਦੀ ਖਨਾ ਖਨ। ਹਸਤਪਤਾਲਾਂ ਵਿਚ ਭੀੜ,ਕਿਤੇ ਸ਼ਰਾਬੀਆਂ ਦੇ ਸਿਰ ਵਿਚ ਪਾਣੀ ਪੈ ਰਿਹਾਹੈ,ਕਿਤੇ ਸੱਟਾਂ ਪੇਟਾਂ ਵਾਲਿਆਂ ਦੇ ਫੱਟ ਸੀਉਂ ਸੀਉਂ ਕੇ ਪੱਟੀਆਂ ਬੱਝ ਰਹੀਆਂਹਨ,ਕਿਤੇ ਬਿਸਤ੍ਰਿਆਂ ਦੇ ਬੰਦੋਬਸਤ ਹੋ ਰਹੇ ਹਨ। ਇਹ ਇਜੇਹੀਆਂ ਅਨੋਖੀਆਂ ਹੋਲੀਆਂ ਦੀ ਜਥਾਜੋਗਤਾ ਅਸਚਰਜ ਹੈ, ਇਸ ਕਲਮ ਵਿਚੋਂ ਨਿਕਲ ਨਹੀਂ ਸਕਦੀ।ਕਿਉਂਕਿ ਇਹ ਪਤਾ ਨਹੀਂ ਲਗਦਾ, ਇਹ ਸਾਰੀਕਿਰਪਾ ਦਾ ਸਰੂਪ ਹੋਲੀਸਾਹਿਬ ਦਾ ਹੈ, ਅਥਵਾ ਸ੍ਰੀ ਮਤੀ ਸ਼ਰਾਬਕੌਰ ਯਾਕਿ ਪਰਮ ਪ੍ਰਧਾਨਜਾ ਸਹਿਚਰੀ ਕੁਮੰਤਿ ਦੇਵੀ ਜੀ ਦਾ ਉੱਦਮ ਹੈ। ਭਾਵੇਂ ਕਿਸੇ ਦਾ ਪਰਿਸ਼੍ਰਮ ਹੈ ਪਰ ਇਹ ਸਮਾ ਰਣਭੂਮਿਕਾ ਨਾਲੋਂਕੁਝ ਘੱਟ ਸੁਹਾਵਣਾ ਵੀ ਨਹੀਂ ਹੈ। ਚਾਹੇ ਅੰਦਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਹੁਤ ਬਚਾਉ ਰਹਿੰਦਾ ਹੈ,ਕਿਉਂਕਿ ਸਰਕਾਰ ਸੰਪਤ ਭੰਡਾਰ ਅਤੇ ਸਰਬਰਾਹਸਾਹਿਬ ਵਲੋਂ ਉਚਿਤਪ੍ਰਬੰਧ ਹੋਏ ਹੁੰਦੇ ਹਨ,ਪਰੰਤੂਇਸਤੇ ਭੀ ਇਹ ਹੋਲਕਾ ਦੇਵੀ ਦਾ ਹੁਲਾਸ (ਪ੍ਰਭਾਉ) ਉੱਨਤੀ ਤੇ ਹੀ ਰਹਿੰਦਾ ਹੈ। ਜੇਹਾਕੁ ਹਦ ਅਤੇ ਪ੍ਰਬੰਧ ਇਹ ਅਪਣਾ ਨਾਮ ਵਟਾਕੇ ਅਤੇ ਭੇਸ ਵੀ ਬਦਲ ਕੇ ਜੈਸਾਕਿ ਬੇਹੱਦ ਅਪ੍ਰਬੰਧ ਬੇਮਿਯਾਦਆਦਿ ਰਖਾ ਲੈਂਦੇ ਹਨ। ਅਤੇ ਕਰਮ ਵੀ ਅਪਣੇ ਨਾਮ ਨੂੰ ਸਫਲ ਕਰਨ ਲਈ ਕੁਕਰਮ ਅਵੱਸ਼ ਕਰਦੇ ਹਨ,ਫਿਰ ਹੋਰ ਕਿਸੇ ਦਾ ਕੀ ਚਾਰਾ ਚੱਲ ਸਕੇ? ਇਸੇ ਹੀ ਖੇਹਖ੍ਵਾਰੀ ਨਾਲ ਬੁਰੇ ਹਾਲ, ਮਸੇ ਮਸੇ ਕਰਦਿਆਂ ਕਿਤੇ ਦਿਨ ਪੂਰੇ ਹੁੰਦੇ ਹਨ ਤਾਂ ਇਹ ਦੋਹਾ ਕੰਨੀਂ ਪੈਂਦਾ ਹੈ–

'ਨਗਰ ਨਿਕਾਲੋ ਹੋਲਕਾ ਆਜ ਮਹੱਲਾ ਮੀਤ।
ਚੈਤ੍ ਵਦੀ ਏਕਮ ਦਿਵਸ ਚਲੋ ਕਰੈਂ ਰਸ ਗੀਤ।'

ਭਲੇ ਪੁਰਸ਼ਾਂ ਦੀ ਪਛਾਣ ਨਿਰੀ ਇੰਨੀ ਹੀ ਰਹਿ ਜਾਂਦੀ ਹੈ, ਜੀਕੁਰ ਮਮੋਲਾ ਭਾਦੋਂ ਦੇ ਮਹੀਨੇ ਕਿਤੇ ਨਹੀਂ ਲੱਭਦਾ,ਇੱਕੁਰ ਹੀ ਭਲੇ ਪੁਰਸ਼ ਵੀ ਹੋਲੀਆਂ ਦੇ ਦਿਨ ਕਿਤੇ ਨਹੀਂ ਲੱਭਦੇ,ਮਾਨੋ ਏਹ ਲੋਕ ਹੋਲਕਾਵਿਦ੍ਹੋਹੀ ਹੋਣ ਕਰਕੇ ਕਿਤੇ ਕੈਦ ਹੋ ਰਹਿੰਦੇ ਹਨ ਅਤੇ ਜੋ ਮਹਾਤਮਾ ਆਗਜਾਨੁਵਰਤੀ ਹਨ ਸੋ ਤਿੰਨ ਸ਼੍ਰੇਣੀਆਂ ਵਿਚ ਵਿਦਮਾਨ ਰਹਿੰਦੇ ਹਨ–
੧.ਜੇਹੜੇ ਕੇਵਲ ਆਗਜਾਨੁਵਰਤੀ ਸੋ ਅਨੁਚਰ (ਦਾਸ)। ੨. ਜੇਹੜੇ ਕੁਮੰਤਿ ਦੇਵੀ ਦੇ ਆਗਜਾਨੁਵਰਤੀ ਭਏ (ਅਪਣੇ ਸਥਾਨਾਂ ਤੇ ਸ਼ਰਾਬ ਕਬਾਬ ਗਾਉਣ ਵਜਾਉਣ ਮੁਜਰੇ ਆਦਿਕਾਂ ਵਿਚ ਦਿਨ ਬਿਤੀਤ ਕਰਨ) ਸੋ ਅਨਿੰਨ ਭਗਤ। ੩. ਜਿਹੜੇ ਸ਼੍ਰੀਮਤੀ ਸ਼ਰਾਬ ਕੌਰ ਜੀਦੀ ਕ੍ਰਿਪਾਨਾਲ ਦੰਗਾਫਸਾਦ, ਮਰਨ ਮਾਰਨ ਆਦਿਕਾਂ ਤਕ ਅੱਪੜਕੇ ਜੁਰਮਾਨਾ, ਬੈਂਤ,ਕੈਦ ਤਕ ਨੂੰ ਨਿਰਭੈ ਪ੍ਰਾਪਤ ਹੋਣ, ਸੋ ਵਿਦੇਹ ਮੁਕਤ,ਅਥਵਾ ਜੀਵਨ ਮੁਕਤ,ਦੇਹਾਧਿਆਸ ਤੋਂ ਰਹਿਤਹਨ,ਇਤਯਾਦਿਕਾਕਿਥੋਂ ਤਕ ਲਿਖੀ ਜਾਵਾਂ ਇਹਪੁਰਸ਼ ਹੋਲਕਾ ਜੀ ਦੇ ਦਫਤਰ ਵਿਚ ਨਾਮ ਨਾਮੀ ਹੋਕੇ ਫਿਰ ਜਨਮ ਮਰਨ ਤੋਂ ਰਹਿਤ ਹੋਜਾਂਦੇ ਹਨ। ਮੁਕਦੀ ਗੱਲ ਇਹਨਾਂ ਦੋਂਹ ਦੋਹਿਆਂ ਤੇ ਖਤ ਪੂਰਾ ਕਰਕੇ ਬੇਨਤੀ ਕਰਦਾ ਹਾਂ,ਆਪ ਨੂੰ ਹੋਲੀਆਂ ਮੁਬਾਰਕ ਹੋਣ।

Digitized by Panjab Digital Library | www.panjabdigilib.org

ਦੋਹਾ—'ਕੁਮਤਿ ਸੇਵ ਹੋਲੀ ਕਟੀ ਸੰਗ ਸ਼ਰਾਬ ਕਬਾਬ। ਮਾਰ ਪੀਟ ਪਹੁੰਚੇ ਜਿਹਲ ਏਹੁ ਅਨੰਦ ਸਵਾਬ। ਪਤ,ਮਤਿ,ਘਰ,ਦਰ, ਮਾਨ, ਕੁਲ, ਧਨ, ਰੁਜ਼ਗਾਰ ਗਵਾਇ । ਮੂੜ ਦੋਗ, ਅਚਵੀ, ਦਰਦ, ਪ੍ਰਾਪਤ ਚਿੰਤ ਬਕਾਇ।'

ਲੇਖਕ

ਫਾ:ਸੁਦੀ੧੧] ਆਪਕਾ ਕ੍ਰਿਪਾਭਿਲਾਖੀ
ਰਿਤ ਸੰਧੀ

ਇਹ ਖਤ ਪੜ੍ਹਕੇ ਹੈਰਾਨ ਪਰੇਸ਼ਾਨ,ਭਈ ਵਾਹ ਕੈਸਾ ਅਦਭੁਤ ਨਕਸ਼ਾ ਬੰਨ੍ਹ ਦਿੱਤਾ ਹੈ, ਇਹ ਖਤ ਲਿਖਕੇ ਤਾਂ ਕਾਰੀਗਰ ਨੇ ਲਿੱਖਨ ਹੀ ਭੰਨਛੱਡੀ ਹੈ ਕਿਕੋਈ ਹੋਰ ਨਾ ਲਿਖਸਕੇ।

ਮੁਗਧਾਨੰਦ—ਬੜਾ ਲਾਇਕ ਵਿਦਵਾਨ ਹੈ,ਠੇਠ ਪੰਜਾਬੀ ਬੋਲੀਵਿਚ ਮੋਤੀ ਪਰੋਤੇ ਹਨ ਕੇਹੇ ਮੁਹਾਵਰੇ ਮੂੰਹੋਂ ਬੋਲਦੇ ਦਿਖਾਏ ਹਨ। ਵਾਹ ਬਈ ਵਾਹ, ਕਮਾਲ ਹੋਵੇ ਤਾਂ ਐਸਾ ਹੀ ਹੋਵੇ।ਇੱਕੁਰ ਹੀ ਸ਼ਾਮਸੁੰਦਰ ਨੇ ਬੜੀ ਵਡਿ-ਆਈ ਕੀਤੀ। ਹੋਲੀਆਂ ਬੀਤ ਗਈਆਂ, ਮਗਧਾਨੰਦ ਜੀ ਤਨ,ਧਨ ਕਰਕੇ ਸੇਵਾ ਕਰਦੇ ਰਹੇ। ਓੜਕ ਨੂੰ ਸ਼ਾਮਸੁੰਦਰ ਨੇ ਇਕ ਦਿਨ ਕਹਿ ਦਿੱਤਾ,ਮਹੰਤ ਸਾਹਿਬ! ਹੁਣ ਤਾਂ ਪੈਰਾਂ ਦੀਆਂ ਤਲੀਆਂ ਖੁਜਲਾਂਦੀਆਂ ਹਨ, ਸਾਡਾ ਅਜ ਕਲ ਕੁਝ ਹੀ ਸਮਝੋ।ਮਹੰਤਜੀ ਨੇ ਬਹੁਤ ਹੀ ਕੋਸ਼ਸ਼ ਕੀਤੀ ਕਿ ਕਿਵੇਂ ਟਿਕ ਜਾਣ ਪਰ ਵਿਅਰਥ ਹੋਈ।

ਪ੍ਰਕਰਣ ੧੨.

ਦੋਹਾ—ਤਨ ਥਿਰ, ਮਨ ਥਿਰ, ਜਗਤ ਥਿਰ, ਫਿਰ ਘਿਰ ਸਕਲ ਬਿਹਾਇ। ਲੈ ਅਨੰਦ ਹੈ ਮਗਨ ਮਨ ਪਠਿ ਪਠਿ ਪਾਠ ਸੁਨਾਇ॥

ਨੀਲੇ ਕਾਲੇ ਛਜਾਪਕਪਰੀਪੂਰਣ ਅਕਾਸ਼ ਵਿਚ ਜਗਜਾਸੁਦੀਆਂ ਸੁਤੇਛਜਾ ਵਾਕੁਰ ਨਿਕੇ ਵਡੇ ਤਾਰਿਆਂ ਦਾ ਟਿਮ ਟਿਮਾਉ, ਇੱਕੁਰ ਹੀ ਕਿਤੇ ਕਿਤੇ ਸੰਕਲਪਾਂ ਦੇ ਉਲਝਨ ਵਾਂਗ ਤਾਰਿਆਂ ਦੇ ਗੁੱਛੇ ਪ੍ਰਤੀਤ ਹੋ ਰਹੇ ਹਨ ਅਤੇ ਵਿਚਕਾਰਜੇਹਾਇਕਚਿਟਲਅਨੇਕਾਂ ਤਾਰਿਆਂ ਨਾਲ ਚਮਕੀਲਾ ਹੋਇਆ ਹੋਇਆ ਲੰਮੀ ਸੜਕ ਅਥਵਾ ਦਰਿਆਉ ਵਾਕੁਰ ਵਿਦਮਾਨ ਹੈ। ਦਸੋ ਦਿਸ਼ਾਂ ਵਲ ਸੱਨਾਟਾ ਸੁੰਨਸਾਨ, ਸਾਧਕ ਦੀ ਬ੍ਰਿਤੀ ਵਾਕੁਰ ਠਹਿਰਿਆਹੋਇਆ ਅਤੇ ਭਿੰਨਾ ਹੋਇਆ ਸੁਹਾਉਣਾ ਸਮਾ ਹੈ। ਇਹ ਰਾਤ ਹੈ ਕਿ ਮਾਨੋ ਸਮਾਧੀ ਦਾ ਰੂਪ ਹੈ ਅਥਵਾ ਚੁੱਪ ਦਾ ਪ੍ਰਤੱਖ ਦਰਸ਼ਨ ਹੈ, ਨਹੀਂ ਇਹ ਕਾਲੀ ਬੋਲੀ ਰਾਤ ਹੈ। ਭਾਵੇਂ ਰਾਤ ਹੈ ਪਰੰਤੂ ਭਲੇ ਅਤੇ ਬੁਰੇ ਕਰਮਕਰਨ ਵਾਲਿਆਂ ਲਈ ਇਕ ਨੀਲਾ ਕਾਲਾ ਤੰਬੂ ਹੈ। ਇਸਦੀ ਗੋਦੀ ਵਿਚ ਪਰਮੇਸ਼ੁਰ ਦੇ ਪਿਆਰੇ ਭਜਨ ਕਰਨ ਵਾਲੇ,ਆਪਣੇ ਪ੍ਰੇਮ ਵਿਚਮਸਤ ਰਹਿਣ ਵਾਲੇ, ਵਾਦੀਆਂ ਦੀ ਦ੍ਰਿਸ਼ਟੀ ਤੋਂ ਉਹਲੇ, ਇਸੇ ਕਾਲੇ ਤੰਬੂ ਦੇ ਆਸਰੇ ਆਪਣੀ ਬ੍ਰਿਤੀ ਨੂੰ ਪਰਮੇਸ਼ੁਰ ਦੇ ਚਰਨਾਂ ਵਿਚ ਜੋੜਦੇ ਹਨ। ਇਸੇ ਦੀ ਗੋਦੀਵਿਚ ਚੋਰ ਯਾਰ ਧਾੜਵੀਲੋਕ ਆਪਣੇ ਕੰਮਾਂ ਵਿਚ ਤਤਪਰ ਹੁੰਦੇ ਹਨ।ਇਸੇ ਦੀ ਗੋਦੀ ਵਿਚ ਮਿਹਨਤਾਂ ਕਰ ਕਰ ਕੇ ਸਾਰੇ ਦਿਨ ਦੇ ਥੱਕੇ ਮਾਂਦੇ ਲੋਕ ਅਰਾਮ ਦੀ ਮਿੱਠੀ ਨੀਂਦ ਵਿਚ ਦੀਨ ਦੁਨੀਆ ਬਲਕਿ ਆਪਣੇ ਆਪ ਦੀ ਸੁਧ ਤੋਂ ਵੀ ਬੇਸੁਧ ਸੁੱਤੇ ਪਏ ਹਨ। ਪਰ ਇਹ ਰਾਤ ਸੂਰਜਤੋਂ ਵਿਛੁੜੀ ਹੋਈ ਸੂਰਜ ਦੀ ਪਰਛਾਹੀਂ (ਪਿਠ)ਸਭਨਾਂ ਦੀ ਸਹਾਯਕ, ਸਭਨਾਂ ਦੀ ਸੁਖਦਾਇਕ, ਸਭਨਾਂ ਨੂੰ ਇਕ ਸਮਝਣ ਵਾਲੀ,ਆਪਣੀ ਕਾਲੀ ਚੱਦਰ ਜ਼ਰੀ ਵਾਕੁਰ ਤਾਰਿਆਂ ਨਾਲ ਜੜੀ ਹੋਈ, ਅਕਾਸ਼ ਵਾਕਰ ਖਿਲੇਰੇ ਸਾਰੇ ਪੱਸਰੀ ਪਈਹੈ।ਇਜੇਹੇ ਸ਼ਾਂਤਿ ਸਮੇ ਇਕ ਨੀਵੇਂ ਜਿਹੇ ਮਕਾਨ ਵਿਚ

Digitized by Panjab Digital Library | www.panjabdigilib.org

ਜਿਥੇ ਤਿੰਨ ਚਾਰ ਮੰਜੀਆਂ ਤੇ ਮਰਦ ਤੀਵੀਆਂ ਮਿੱਠੀ ਜਾਂ ਕਹੋ ਸੁਖ ਦੀ ਨੀਂਦ੍ ਸੁੱਤੇਪਏਹਨ, ਪਰ ਇਕ ਤੀਵੀਂ ਸੂਖਮ ਜਿਹੇ ਸਰੀਰ ਦੀ, ਹਨੇਰੇ ਵਿਚ ਹੀ ਮੰਜੀ ਤੇ ਉਠਕੇ ਬੈਠੀ ਹੋਈ ਹੈ।ਅਡੋਲ ਚੌਕੜੀ ਮਾਰੇ,ਅੱਖੀਆਂ ਮੀਟੇ,ਭਾਵੇਂ ਜਾਗਦੀ ਨਹੀਂ ਹੈ ਪਰੰਤੂ ਨਿੱਤ ਸੌਣ ਵਾਲੀ ਨੀਂਦਰ ਵਿਚ ਨਹੀਂ ਹੈ। ਇਹ ਨੀਂਦ ਓਸ ਨੀਂਦ ਨਾਲੋਂ ਵੱਖਰੀ ਹੈ। ਭਾਵੇਂ ਕਿਸੇ ਬਾਹਰਲੇ ਵਿਹਾਰ ਦੀ ਖਬਰ ਨਹੀਂ ਹੈ, ਪਰੰਤੂ ਬੇਹੋਸ਼ੀ ਵੀ ਨਹੀਂ ਹੈ।

ਇਹ ਵੇਲਾ ਅੱਧੀ ਰਾਤ ਤੋਂ ਉਪਰੰਤ ਦਾ ਹੈ ਇੱਕੁਰ ਹੀ ਇਸਦੇਵੀਨੂੰ ਬੈਠਿਆਂ ਪਿਛਲੀ ਰਾਤ ਹੋ ਗਈ, ਖੂਹਾਂ ਤੇ ਭੌਣੀ ਫਿਰਨ ਦੀ ਆਵਾਜ਼ਕਿਸੇ ਕਿਸੇਨੇਮੀ ਦੇਇਸ਼ਨਾਨ ਕਰਨ ਲਈ ਜਾਣ ਆਉਣ ਦੀ ਪੈਰਾਂ ਦੀ ਆਹਟ ਆਉਣ ਦਾ ਵੇਲਾ ਹੋਇਆ ਈ ਸੀ ਕਿ ਅਚਲ ਮੂਰਤੀ ਇਕਬਾਰਗੀ ਮੰਜੀ ਤੇ ਲੇਟ ਗਈ ਤਾਂ ਜੁ ਨਾਲ ਦੇ ਸੁੱਤੇ ਸਨਬੰਧੀਆਂ ਦੇ ਨਾਲ ਜਾਗੇ। ਜਦ ਚਿੱਟਾ ਦਿਨ ਹੋਇਆ ਲੋਕੀ ਜਾਗੇ, ਆਪੋ ਆਪਣੇ ਕੰਮਾਂ ਧੰਦਿਆਂ ਨੂੰ ਲਗੇ ਤਾਂ ਇਸਦੇ ਘਰ ਦੇ ਸੌਣ ਜਾਗਣ ਵਾਲੇਸਰੀਰ ਵੀਜਾਗੇ।ਸੌਚ ਇਨਾਨ ਤੇ ਵਿਹਲੇ ਹੋਕੇ ਮਰਦ ਤਾਂ ਹੱਟੀਆਂ ਤੇ ਗਏ ਅਤੇ ਇਕ ਬੁੱਢੀ ਤੀਵੀਂ ਰੋਟੀ ਦੇ ਆਹਰ ਲਗੀ, ਪਰ ਜੁਆਨ ਕੁੜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਪਹਿਲਾਂ ਆਪਣੇ ਨੇਮ ਦੇ ਪਾਠ ਜੋ ੧੧ ਰੋਜ਼ ਜਪੁ ਸਾਹਿਬ ਦੇ ਕਰਦੀ ਸੀ, ਕੀਤੇ। ਫਿਰ ਪਾਠ ਕਰਨ ਲਗੀ।ਇਧਰ ਰੋਟੀ ਵੀ ਤਯਾਰ ਹੋ ਗਈ, ਪਰ ਪਾਠ ਵਿਚ ਇਜੇਹੀ ਮਸਤ ਬੈਠੀ ਹੈ ਮਾਨੋ ਬਾਣੀ ਵਿਚ ਬਾਣੀ ਰੂਪ ਹੀ ਹੋ ਗਈ ਹੈ। ਇਸਦੇ ਰੋਮ ਰੋਮ ਵਿਚ ਬਾਣੀ ਦਾ ਅਨੰਦਹੈ,ਇਸਨੂੰ ਬਾਣੀ ਦੀ ਸਮਝਪੈਗਈਹੈ,ਇਸਦੇਚਿਹਰੇ ਤੇ ਅਨੰਦ ਅਤੇ ਖੁਸ਼ੀ ਦੇ ਲੱਛਣ ਪ੍ਰਤੱਖ ਦਿੱਸਰਹੇ ਹਨ, ਇਸਦਾ ਮਨ ਇਸ ਵੇਲੇ ਬਾਣੀ ਦੇ ਪ੍ਰਵਾਹ ਵਿਚੋਂ ਅੱਡਰਾ ਨਹੀਂ ਹੋਣਾ ਚਾਹੁੰਦਾ। ਇਹ ਕੌਣ ਹੈ? ਇਹ ਪ੍ਰਾਪਤੀ ਇਸਨੂੰ ਕਿੱਥੋਂ ਹੋਈ ਹੈ?ਇਹ ਰਾਤ ਦੀ ਚੋਰੀ ਕਰਨੀ ਇਸਨੂੰ ਕਿਸ ਨੇ ਸਿਖਾਈ ਹੈ?

ਇਹ ਉਹੋ ਮੋਹਣੀਹੈ,ਜਿਸਦੀ ਕਈਕਈ ਦਿਨ ਹੰਝ ਨਹੀਂ ਸੀ ਸੁਕਦੀ, ਇਸਦੇ ਦੁੱਖ ਵਿਚ ਸਾਰਾ ਟੱਬਰ ਸਗਮਾਂ ਆਂਢੀਆਂ ਗੁਆਂਢੀਆਂ ਸਮੇਤ ਦੁਖੀ ਹੋ ਰਹੇ ਸਨ।

ਇਹ ਓਹੋ ਮੋਹਣੀ ਹੈ, ਜਿਸ ਨੂੰ ਤਾਈ ਨੇ ਮਨ ਏਕਾਗ੍ਰ ਕਰਕੇ ਬੈਠਣਾ ਸਿਖਾਇਆ ਸਾ, ਇਹ ਓਹੋ ਮੋਹਣੀ ਹੈ ਜਿਸਨੂੰ ਤਾਈ ਨੇ ਬਾਣੀ ਪੜ੍ਹਨ ਤੇ ਦਿਨ ਦੇ ਬਦਲੇ ਰਾਤ ਨੂੰ ਅਭਿਆਸ ਕਰਨ ਲਈ ਉਪਦੇਸ਼ ਕੀਤਾ ਸਾ, ਇਹ ਉਹੋ ਮੋਹਣੀ ਹੈ ਜਿਸ ਦੇ ਅਵਾਰਾਗਰਦ ਹੋਣ ਦੀਆਂ ਧੁੰਮਾਂ ਪੈਗਈਆਂ ਸਨ। ਇਹ ਨਿਰੀ ਤਾਈ ਦੀ ਕਿਰਪਾ ਹੈ, ਜਿਸਨੇ ਭਾਰੀ ਦੁੱਖਾਂ ਦੇ ਸਮੁੰਦਰ ਵਿਚੋਂ ਇਸ ਨੂੰ ਬਾਣੀ ਦਾ ਆਸਰਾ ਦੇਕੇ ਪਾਰ ਕਰਨਾ ਚਾਹਿਆ ਹੈ।ਇਸਦਾ ਵੀ ਨਿੱਤਦਾ ਅਭਯਾਸ, ਬਾਣੀ ਵਿਚ ਮਨ ਦਾ ਲਾਉਣਾ ਐਸ ਵੇਲੇ ਵਡਿਆਈ ਦੇ ਲਾਇਕ ਹੈ। ਜਿਸ ਨੂੰ ਭੁੱਖ, ਤ੍ਰੇਹ, ਨੀਂਦ ਆਦਿਕਾਂ ਦੀ ਕੋਈ ਪਰਵਾਹ ਨਹੀਂ, ਪਰ ਬਾਣੀ ਵਿਚ ਮਗਨ ਹੈ।

ਇਸ ਵੇਲੇ ਇਸਦੀ ਸਹੇਲੀ ਮੈਨਾ ਵੀ ਆ ਗਈ, ਕਹਿਣ ਲਗੀ:ਨੀ ਮੋਹਣੀ ! ਮੈਂ ਤੈਥੋਂ ਇਕ ਗੱਲ ਪੁੱਛਨੀ ਹਾਂ ਦੱਸੇਂਗੀ ?

ਮੋਹਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਰੁਮਾਲ ਪਾਕੇ,ਅਦਬ ਨਾਲ ਮੱਥਾ ਟੇਕ ਕੇ ਤੇ ਫਿਰ ਮੈਨਾ ਦੇ ਪਾਸ ਆਕੇ ਬੈਠਕੇ ਬੋਲੀ)—

Digitized by Panjab Digital Library | www.panjabdigilib.org

ਭੈਣ ਜੀ! ਮੇਰਾ ਅੱਗੇ ਕਿਸੇ ਗਲ ਦਾ ਤੁਹਾਥੋਂ ਲੁਕਾਉ ਹੈ ?

ਮੈਨਾ—ਭਾਵੇਂ ਕੋਈ ਲੁਕਾਉ ਨਹੀਂ ਹੈ, ਪਰ ਗੱਲ ਅਜੇ ਤਕ ਲੁਕੀ ਹੋਈਹੈ,ਇਸਲਈ ਮੈਂ ਕਹਿਨੀ ਹਾਂ ਮਤਾਂ ਹੁਣ ਵੀ ਨਾ ਦੱਸੇਂ।

ਮੋਹਣੀ—ਭੈਣ ਜੀ ! ਮੈਂ ਕੋਈ ਲੁਕਾਉ ਨਹੀਂ ਕੀਤਾ, ਹੁਣ ਵੀ ਕੋਈ ਨਾ ਹੋਵੇਗਾ, ਤੁਸੀਂ ਬਚਨ ਕਰੋ।

ਮੈਨਾ—ਮੈਨੂੰ ਤਾਈ ਭਜਨ ਦੱਸੇਗੀ ਕਿ ਨਾ?

ਮੋਹਣੀ—ਇਹ ਮੈਂ ਕੀ ਜਾਣਾ, ਤੂੰ ਪੁੱਛ ਵੇਖੀਂ ਜੇ ਦੱਸਣਾ ਹੋਸੁਗਾ ਤਾਂ ਦੱਸੇਗੀ।

ਮੈਨਾ—ਮੈਂ ਨਹੀਂ ਪੁੱਛਦੀ,ਨਾ ਮੈਥੋਂ ਭਜਨ ਹੁੰਦਾ ਹੈ। ਵਡਾ ਭਜਨ ਤਾਂ ਬਾਲਾਂ ਦੀ ਸੇਵਾ ਹੈ, ਜਿਸ ਵਿਚੋਂ ਕਿਸੇ ਹੀ ਵੇਲੇ ਵਿਹਲ ਨਹੀਂ ਹੁੰਦੀ।

ਮੋਹਣੀ—ਕਿੰਨੇਕੁ ਭਾਰੇ ਬਾਲ ਹਨ ?

ਮੈਨਾ—ਭੈਣੇ,ਲਾਲੀ(ਛੋਟੀ ਭੈਣ)ਦੇ ਬਾਲ ਵੀ ਤਾਂ ਸਾਰੇ ਮੇਰੇ ਹੀ ਹਵਾਲੇ ਹਨ, ਉਹ ਤਾਂ ਕਿਸੇ ਦਾ ਉੱਠਕੇ ਮੂੰਹ ਵੀ ਨਹੀਂ ਧੋਂਦੀ,ਨਾ ਹੀ ਓਸ ਕੋਲੋਂ ਪਰਚਦੇ ਹਨ।

ਮੋਹਣੀ—ਸੱਚ ਹੈ ਬਾਲ ਤੇ ਪਸ਼ੂ ਪ੍ਰੀਤ ਦੇ ਪਜਾਰੇ ਹੁੰਦੇ ਹਨ, ਜਿਹੜਾ ਕਰੇ ਓਸੇ ਨਾਲ ਲਾਡ ਕਰਦੇ ਹਨ।

ਮੈਨਾ—ਭੈਣੇ ! ਹੁਣ ਸਾਡੀ ਹੁੰਦੀ ਤੂੰ ਜੋ ਭਜਨ ਕਰਦੀਹੈਂ,ਸਾਡਾ ਭਜਨ ਆਪੇਹੋਜਾਉ।

ਮੋਹਣੀ—ਮੇਰੀ ਰੋਟੀ ਖਾਧੀ ਤੇਰਾ ਆਧਾਰ ਨਹੀਂ ਕਰਦੀ।

ਮੈਨਾ—ਫਿਰ ਕੀ ਕਰਾਂ ਵਿਹਲ ਜੁ ਨਾ ਹੋਈ।

ਮੋਹਣੀ—ਭੈਣ ਜੀ ! ਮੈਂ ਵਿਹਲੀ ਨੂੰ ਕੋਈ ਗੱਲ ਜੀ ਪਰਚਾਉਣ ਜੋਗੀ ਨਾ ਹੋਈ, ਨਾ ਕਿਤੇ ਜਾਣ ਜੋਗੀ,ਨਾ ਕਿਤੇ ਆਉਣ ਜੋਗੀ। ਅਤੇ ਤੈਨੂੰ ਵਿਹਲ ਹੀ ਨਹੀਂ, ਇਸ ਤੇ ਇਹ ਗੱਲ ਨਿਕਲੀ ਭਈ ਮੈਂ ਵਿਹਲੀ ਨੇ ਤਾਂ ਗਲ ਪਿਆ ਭਜਨ ਕਰਨਾ ਹੋਇਆ, ਉਹ ਤੈਨੂੰ ਕੀਕੁਰ ਮਿਲੇ?ਕਿਉਂਕਿ ਤੈਨੂੰ ਵਿਹਲ ਨਹੀਂ!

ਮੈਨਾ—ਫਿਰ ਸੱਚ ਹੀ ਹੈ ਨਾ,ਇਸ ਵਿਚ ਝੂਠ ਕੀ ਹੈ ?

ਮੋਹਣੀ—ਇਸ ਲਈ ਮੈਨੂੰ ਏਹੋ ਆਹਰ ਹੈ, ਤੈਨੂੰ ਕੋਈ ਲੋੜ ਨਹੀਂ। ਪਰ ਇਹ ਗੱਲ ਇੱਕੁਰਹੈ,ਜਿਸਨੂੰ ਫੱਟ ਲਗੇ ਓਹਪੱਟੀ ਬੰਨ੍ਹਦਾ ਹੈ,ਚੰਗੇ ਭਲੇ ਨੂੰ ਪੱਟੀ ਬੰਨ੍ਹਣ ਨਾਲਕੀ,ਤਿਵੇਂ ਹੀ ਜਦ ਤਕ ਮਨ ਚੋਟ ਨਾ ਖਾਵੇ ਤਦ ਤਕ ਦਰਦੀ* ਨਹੀਂ ਹੁੰਦਾ, ਜਦ ਤਕ ਦਰਦੀ* ਨਹੀਂ ਹੁੰਦਾ ਤਦ ਤਕ ਹੋਰਨਾ ਪਾਸਿਆਂ ਵਲੋਂ ਨਹੀਂ ਮੁੜਦਾ, ਜਦ ਤਕ ਮੁੜਦਾ ਨਹੀਂ ਤਦ ਤਕ ਹੋਰਨਾਂ ਗੱਲਾਂ ਵਲੋਂ ਬੇਸ੍ਵਾਦ ਨਹੀਂ ਹੁੰਦਾ, ਜਦ ਤਕ ਬੇਸ੍ਵਾਦ ਨਹੀਂ ਹੁੰਦਾ ਤਦ ਤਕ ਭਜਨ ਦਾ ਸ੍ਵਾਦ ਨਹੀਂ ਆਉਂਦਾ, ਜਦ ਤਕ ਇਸਦਾ ਸ੍ਵਾਦ ਨਹੀਂ ਆਉਂਦਾ ਤਦ ਤਕ ਹੋਰਨਾਂ ਸ੍ਵਾਦਾਂ ਵਲੋਂ ਨਹੀਂ ਮੁੜਦਾ,ਜਦ ਤਕ ਨਹੀਂ ਮੁੜਦਾ ਤਦ ਤਕ ਭਜਨ ਵਿਚ ਨਹੀਂ ਜੁੜਦਾ,ਜਦ ਤਕ ਜੁੜਦਾ ਨਹੀਂ ਤਦ ਤਕ ਹੀ ਭਟਕਦਾ ਹੈ। ਸੋ ਇਸ ਸਾਰੀ ਗੱਲ ਦਾ ਮਤਲਬ ਇੰਨਾ ਹੀ ਹੈ ਕਿ ਪਹਿਲੇ ਮਨ ਚੋਟ ਖਾਵੇ (ਵੈਰਾਗ ਹੋਵੇ), ਤਾਂ ਦੂਸਰੇ ਪਾਸੇ ਲਗੇ।ਮੂਲਕਾਰਣ ਦਰਦਹੈ,ਜਦਤਕ ਦਰਦੀ* ਨਾ ਹੋਵੇ ਭਜਨ ਦਾ ਕੋਈ ਸ੍ਵਾਦ ਨਹੀਂ।

ਮੈਨਾ—ਇਹੋ ਜੇਹੇ ਦਰਦ ਤੁਹਾਨੂੰ ਹੀ ਸਲਾ ਮਤ ਰਹਿਣ।ਇਹ ਕਹਿੰਦੀ ਹੀ ਸੀ ਕਿ ਉਪਰੋਂ ਤਾਈ ਆਗਈ। ਆ ਕੇ ਸ੍ਰੀਗੁਰੂਗ੍ਰੰਥਸਾਹਿਬ ਜੀ ਅੱਗੇ ਮੱਥਾ ਟੇਕਕੇ ਬੈਠੀ ਹੀ ਸੀ ਕਿ ਹੇਠੋਂ ਗੋਂਦੇ ਦੀ ਅਵਾਜ਼ ਆਈ,ਮੈਨਾ ਤਾਂ ਖੰਭ ਝਾੜ ਕੇ ਝਟ ਪਟ ਉੱਡ ਗਈ। ਤਾਈ ਹੁਰਾਂ ਸਹਿਜ

*ਪੀੜਾਤੁਰ।

Digitized by Panjab Digital Library | www.panjabdigilib.org

ਨਾਲ ਪੁੱਛਿਆ, ਸੁਣਾ ਬੱਚੀ! ਹੁਣ ਤੇਰਾ ਕੀ ਹਾਲ ਹੈ ? ਤੇਰੇ ਅਭਿਆਸ ਵਿਚ ਤਾਂ ਹੁਣ ਕੋਈ ਸੂਰਤ ਨਹੀਂ ਦਿੱਸਦੀ।

ਮੋਹਣੀ—ਤਾਈਜੀ, ਉਹ ਸੂਰਤ ਤਾਂ ਦਿੱਸਣੋਂ ਅਜੇ ਕਿਤੇ ਨਹੀਂ ਗਈ, ਪਰ ਇੰਨੀ ਗੱਲ ਹੈ: ਕਿਸੇ ਕਿਸੇ ਦਿਨ ਵਿਚੋਂ ਨਹੀਂ ਵੀ ਦਿੱਸਦੀ। ਜਿਸ ਦਿਨ ਨਹੀਂ ਦਿਸਦੀ ਉਸ ਦਿਨ ਮਨ ਠੰਢਾ ਰਹਿੰਦਾ ਹੈ, ਬਾਣੀ ਦਾ ਰਸ ਵਧੇਰਾ ਆਉਂਦਾ ਹੈ। ਜਦ ਉਹ ਸ਼ਕਲ ਦਿੱਸਦੀ ਹੈ ਤਾਂ ਕੁਝ ਨਾ ਕੁਝ ਉਸਦੇ ਖਜਾਲ ਵੀ ਨਾਲ ਫੁਰਦੇਹਨ ਅਤੇ ਢਹਿੰਦੇਉਸਰਦੇਰਹਿੰਦੇਹਨ।

ਤਾਈ—ਕੋਈ ਫਿਕਰ ਨਾ ਕਰ, ਕਰਤਾਰ ਭਲੀ ਕਰੇਗਾ। ਤੇਰੇ ਲਈ ਇਕ ਜੁਗਤ ਸੰਤਾਂ ਪਾਸੋਂ ਪੁੱਛ ਆਈ ਹਾਂ*।

ਮੋਹਣੀ (ਹੱਥ ਜੋੜਕੇ ਬੜੀ ਅਧੀਨਗੀ ਨਾਲ)—ਤਾਈ ਜੀ! ਇਹ ਆਪ ਦੀ ਕਿਰਪਾ ਹੈ, ਮੇਰਾ ਮਨ ਏਹੋ ਕਹਿੰਦਾ ਹੈ ਭਈ ਬਿਨਾ ਆਪਦੀ ਸਹਾਇਤਾ ਦੇ ਇਹ ਔਖਿਆਈ ਨਹੀਂ ਦੂਰ ਹੋਣੀ, ਸੋ ਆਪ ਨੂੰ ਤਾਂ ਫਿਕਰ ਹੈ ਹੀ, ਹੁਣ ਕਿਰਪਾ ਕਰਕੇ ਦੱਸੋ ਕਿਸ ਜੁਗਤ ਨਾਲ ਇਹ ਸੂਰਤ ਨਾ ਦਿੱਸੇ,(ਕਲੇਜੇ ਤੇ ਹੱਥ ਰੱਖਕੇ)ਹਾਇ!ਇਹ ਸੂਰਤ ਅੱਖਾਂ ਨੂੰ ਬੜੀ ਹੀ ਪਿਆਰੀ ਲਗਦੀ ਹੈ। ਜੀ ਤਾਂ ਨਹੀਂ ਕਰਦਾ ਭਈ ਇਹ ਸੂਰਤ ਦਿੱਸਣੋਂ ਹਟ ਜਾਵੇ, ਪਰ ਆਪ ਕਹਿੰਦੇ ਹੋ ਕਿ ਅਗੇ ਵਧਣ ਲਈ ਇਹ ਭਾਰੀ ਰੋਕ ਹੈ, ਤਾਂ ਲਾਚਾਰੀ ਹੈ।

ਤਾਈ—ਏਹੋ ਤਾਂ ਸਾਰੀ ਗੱਲ ਹੈ, ਜੋ ਤੇਰਾ ਪਿਆਰ ਤੇਰੀ ਮਿਹਨਤ ਨੂੰ ਖੁਾਰ ਕਰ ਰਿਹਾ ਹੈ, ਪਰ ਹੱਛਾ 'ਉਹ ਭੀ ਭੁੱਲਾ ਨਾ ਜਾਣੀਏਂ ਜੋ ਮੁੜ ਘਰ ਆਵੇ'। ਹੁਣ ਮੈਂ ਤੈਨੂੰ ਪੁੱਛਨੀ ਹਾਂ ਭਈ ਜਪੁਜੀ ਸਾਹਿਬ ਦੇ ਕਿੰਨੇ ਪਾਠ ਰੋਜ਼ ਕਰਨੀ ਹੁੰਨੀ ਹੈਂ ?

ਮੋਹਣੀ—ਜੀ ਹੁਣ ਯਾਰਾਂ ਪਾਠ ਰੋਜ਼ਹੁੰਦੇਹਨ।

ਤਾਈ—ਅਰਦਾਸ ਹਰ ਇਕ ਪਾਠ ਪਿੱਛੋਂ ਕਰਨੀ ਹੈਂ ਕਿ ਸਾਰੇਕਰਕੇ ਪਿਛੋ ਕਰਨੀਹੈਂ?

ਮੋਹਣੀ—ਜੀ ਜਿਸਤਰ੍ਹਾਂ ਆਪ ਨੇ ਆਗਜ਼ਾ ਕੀਤੀਹੋਈ ਹੈ ਹਰ ਇਕ ਪਾਠ ਦੇ ਪਿੱਛੇ ਅਰਦਾਸ ਕਰਨੀ ਹਾਂ,ਨਾਮ ਦਾਨ ਮੰਗਨੀ ਹਾਂ।

ਤਾਈ—ਭਲਾ ਇਹ ਦੱਸ ਤੇਰੀ ਅਰਦਾਸ ਕੌਣ ਸੁਣਦਾ ਹੈ,ਤੂੰ ਕਿਸ ਦੇ ਅੱਗੇ ਅਰਦਾਸ ਕਰਨੀ ਹੈਂ ?

ਮੋਹਣੀ—ਘਟ ਘਟ ਦਾ ਮਾਲਕ ਸਤਿਗੁਰੂ ਸੱਚਾ ਸ੍ਵਾਮੀ ਜੋ ਮੇਰੇ ਪਾਠ ਸੁਣਦਾਹੈ ਓਸੇ ਅਗੇ ਅਰਦਾਸ ਕਰਨੀ ਹਾਂ, ਓਸੇ ਮਾਲਕ ਪਾਸੋਂ ਹਰ ਵੇਲੇ ਮੰਗਨੀ ਹਾਂ।

ਤਾਈ—ਓਹ ਤੈਨੂੰ ਕਿਤੇ ਦਿੱਸਦਾ ਹੈ ?

ਮੋਹਣੀ—ਦਿੱਸਦਾ ਤਾਂ ਨਹੀਂ ਪਰ ਆਪਦੇ ਬਚਨਾਂ ਤੇ ਭਰੋਸਾ ਹੈ ਭਈ ਓਹ ਨੇੜੇ ਹੋਕੇ ਸੁਣਦਾ ਹੈ।

ਤਾਈ—ਤੈਂ ਜਦ ਦੇਖਿਆ ਨਹੀਂ ਤਾਂ ਕੀਕੁਰ ਭਰੋਸਾ ਬੰਨ੍ਹ ਲਿਆ ਹੈ ?

---

*ਤਾਈ ਨੇ ਇਕ ਗੁਰਮਤਾਵਲੰਬੀ ਗੁਰਮੁਖ ਪਾਸੋਂ ਜਾਕੇ ਸਲਾਹ ਲਈ। ਉਨ੍ਹਾਂ ਨੇ ਦੱਸਿਆ ਕਿ ਪਜਾਰ ਕੁੱਠਿਆਂ ਦਾ ਧਯਾਨ ਅਪਣੇ ਲੱਛ ਵਿਚ ਗੱਡਿਆ ਹੁੰਦਾ ਹੈ। ਉਨ੍ਹਾਂ ਨੂੰ ਨਾਦ ਅਨੁਸੰਧਾਨ ਯਾ ਹੋਰ ਤ੍ਰੀਕਿਆਂ ਨਾਲ ਸੁੰਨ ਵਿਚ ਪੁਚਾਣਾ ਕਠਨ ਹੈ। ਗੁਰ ਸਿਖੀ ਦਾ ਮਾਰਗ ਪ੍ਰੇਮਾ ਭਗਤੀ ਹੈ, ਪ੍ਰੇਮਾ ਭਗਤੀ ਨਾਲ ਵਾਹਿਗੁਰੂ ਦੀ ਸਿਫਤ ਸਲਾਹ ਤੇ ਪ੍ਰੇਮ ਵਿਚ ਨਾਮ ਦੁਆਰਾ ਜੋੜਨਾ ਸਹੀ ਰਸਤਾ ਹੁੰਦਾ ਹੈ। ਕਚੇ ਪ੍ਰੇਮ ਨੂੰ ਪੱਕਾ ਪ੍ਰੇਮ,ਨਾਸ਼ਮਾਨ ਦੇ ਪ੍ਰੇਮ ਨੂੰ ਅਵਿਨਾਸ਼ੀ ਦਾ ਪ੍ਰੇਮ ਵਿੱਲਿਆਂ ਕਰਦਾ ਹੈ। ਨਾਸ਼ਮਾਨ ਦੇ ਪ੍ਰੇਮ ਦਾ ਫਲ ਸੋਗ, ਅਬਿਨਾਸ਼ੀ ਦੇ ਪ੍ਰੇਮ ਦਾ ਫਲ ਅਨੰਦ ਹੁੰਦਾ ਹੈ। ਸੋ ਸੰਤਾਂ ਨੇ ਪ੍ਰੇਮਾ ਭਗਤੀ ਦਾ ਮਾਰਗ ਦੱਸਿਆ ਤੇ ਨਾਮ ਬਾਣੀ ਦੇ ਅਭ੍ਯਾਸ ਨੂੰ ਸਲਾਹਿਆ। [ਸੰਪਾਦਿਕ

Digitized by Panjab Digital Library | www.panjabdigilib.org

ਮੋਹਣੀ ਹੁਣ ਚੁੱਪ ਹੋ ਗਈ, ਡੂੰਘੀਆਂ ਸੋਚਾਂ ਵਿਚ ਪਈ ਲਗੀ ਸੋਚਣ ਭਈ ਹੁਣ ਕੀ ਦੱਸਾਂ।

ਤਾਈ—ਤੇਰੀ ਸਿਆਣਪ ਸਾਰੀ ਠੀਕ ਹੈ। ਸੁਣ: ਜਿਹੜਾ ਗੁਰੂਪਰਮੇਸ਼ੁਰਦਾ ਧਿਆਨਧਰਕੇ ਬੈਠਦੀ ਹੈਂ, ਅਰਦਾਸ ਵੇਲੇ ਆਪਣੇ ਆਪਨੂੰ ਹਜ਼ੂਰੀਵਿਚ ਹਾਜ਼ਰ ਜਾਣਕੇ ਅਰਦਾਸ ਕਰਨੀ ਹੈਂ, ਏਹੋ ਹਜ਼ੂਰੀ ਹੀ ਦਰਸ਼ਨ ਮੰਨਣਾ ਚਾਹੀਏ।

ਮੋਹਣੀ—ਹਾਂ ਜੀ।

ਤਾਈ—ਬੱਸ, ਜਿਸ ਵੇਲੇ ਪਾਠ ਦੀ ਅਰਦਾਸ ਕਰੇ ਓਸ ਵੇਲੇ ਸਨਮੁਖ ਧਿਆਨ ਵਿਚ ਲੀਨ ਹੋਕੇ ਕਰੇ ਤੇ ਓਸੇ ਲੀਨਤਾਵਿਚ ਅਭਯਾਸ ਕਰਨ ਲਗ ਪਓ। ਉਹ ਧਿਆਨ, ਲੀਨਤਾ, ਉਪਾਸਨਾ ਨਿੱਖੜ ਨਾ ਜਾਣ, ਫਿਰ ਆਸ਼ਾ ਹੈ ਕਿ ਉਹ ਸੂਰਤ ਵਿਚ ਨਾ ਆਵੇਗੀ। ਜੇ ਉਹ ਸ਼ਕਲ ਬੱਝਣ ਲਗੇ ਤਾਂ ਤਾਤਕਾਲ ਅਭਿਆਸ ਛੱਡ ਦਿਓ, ਬਾਣੀ ਦਾ ਪਾਠ ਕਰੋ। ਇਹੋ ਗੱਲ ਚੇਤੇ ਰੱਖੋ ਕਿ ਜੇ ਉਹ ਸੂਰਤ ਦਿੱਸੇ ਤਾਂ ਓਸੇ ਵੇਲੇ ਧਿਆਨ ਛੱਡ ਦਿਓ ਨਹੀਂ ਤਾਂ ਜੁਟੇਰਹੋ।

ਮੋਹਣੀ—ਜੀ ਸਤਿ ਬਚਨ।

ਤਾਈ—ਉੱਦਮ ਕਰੋ, ਬਾਣੀ ਦਾ ਅਭਯਾਸ ਜਿੰਨਾਕੁ ਵਧੇਰਾ ਹੋ ਸਕੇ ਕਰੀ ਚਲੋ, ਕਰਤਾਰ ਭਲੀ ਕਰੇਗਾ।

ਪ੍ਰਕਰਣ ੧੩.

ਈਸ਼ਰ ਸੋ ਭੀ ਏਕਲੋ ਰਹਯੋ ਗਇਓ ਜਬ ਨਾਹਿ।
ਤਬ ਤਿਨ ਦੂਜੀ ਰਚ ਲਈ ਮਾਯਾ ਅਪਨੇ ਪਾਹਿ।

ਸਿੰਧ (ਅਟਕ)ਨਾਮੀ ਨਦੀ ਵਿਚ ਪੰਜਾਬ ਦੀਆਂ ਨਿੱਕੀਆਂ ਵਡੀਆਂ ਸਾਰੀਆਂ ਨਦੀਆਂ ਜਾ ਰਲਣ ਦੇ ਕਾਰਣ ਨਦੀ ਦਾ ਨਾਉਂ ਭਾਂ ਸਿੰਧ ਹੋਣਾ ਹੀ ਸਾ ਪਰ ਇਸਦੇ ਕਿਨਾਰੇ ਦੇ ਮੁਲਕ ਦਾ ਨਾਉਂ ਵੀ ਸਿੰਧ ਹੀ ਪ੍ਰਸਿਧ ਹੈ।

ਇਹ ਦੇਸ਼ ਸੰਤ ਸੇਵੀ ਸਾਧ ਅਭਯਾਗਤ ਬ੍ਰਾਹਮਣ ਮੁਸਾਫਰ ਸਾਹਿਬਜ਼ਾਦੇ(ਗੁਰੂ ਪੈਂਤ) ਮੁਸਾਫਰ ਆਦਿਕਾਂ ਦੀ ਸੇਵਾ ਲਈ ਸ਼ਰਧਾ, ਭਾਉ, ਭਗਤੀ ਕਰਨ ਵਿਚ ਬਹੁਤ ਉੱਘਾ ਹੈ। ਇਸ ਮੁਲਕ ਦੇ ਲੋਕ ਜ਼ੁਬਾਨ ਦੇ ਮਿੱਠੇ, ਆਦਰ ਸਤਿਕਾਰ ਦੇ ਪੁਤਲੇ, ਗੁਰੂ ਪਰਮੇਸ਼ੁਰ ਦੇ ਖੈਫ ਵਾਲੇ ਵੱਸਦੇ ਹਨ। ਇਸੇਹੀ ਮੁਲਕ ਵਿਚ ਇਕ ਗੁੰਮਟ ਨਾਮੀ ਨਿੱਕਾ ਜਿਹਾ ਨਗਰ ਹੈ, ਜਿਸਦੇ ਮਕਾਨ ਬਹੁਤ ਕੱਚੇ ਪਰ ਕੁਝ ਪੱਕੇ ਵੀ ਵਿਦਮਾਨ ਹਨ। ਇਸਦੇ ਵਸਨੀਕ ਇਸ ਮੁਲਕ ਦੇ ਭਾਉ ਭਗਤੀ ਕਰਨ ਵਾਲਿਆਂ ਵਿਚੋਂ ਵੀ ਗਿਣਤੀ ਵਾਲੇ ਪੁਰਖ ਹਨ। ਇਸੇ ਨੱਗਰ ਦੇ ਬਾਹਰ ਕੋਝੀ ਦੇ ਪੈਲੀਆਂ ਵਾਰ ਦੁਰੇਡਾ ਇਕ ਬੋਹੜ ਦਾ ਬ੍ਰਿੱਛ ਹੈ, ਜਿਸਦੇ ਟਾਹਣਾਂ ਨੇ ਦੂਰ ਦੂਰ ਤਕ ਅਪਣੀ ਦਾਹੜੀ ਦੀਆ ਬੰਮ੍ਹੀਆਂ ਗੱਡ ਗੱਡ ਕੇ ਖਿਲੇਰ ਅਤੇ ਵਧਾਉ ਪਕੜਿਆ ਹੋਇਆ ਹੈ। ਇਸਦੇ ਹੇਠ ਇਕ ਲੰਮਾ ਚੌੜਾ ਥੜਾ(ਚੌਤੜਾ)ਬਣਿਆ ਹੋਇਆਹੈ। ਏਥੇ ਇਕ ਜਮਾਤ ਸੰਤਾਂ ਦੀ ਉਤਰੀ ਹੋਈ ਹੈ, ਜਿਸ ਵਿਚ ਕੁਝ ਨਾਂਗੇ ਸੰਤ ਵੀ ਹਨ, ਮਹੰਤਵੀ ਇਸਜਮਾਤ ਦਾ ਗੰਗਾਰਾਮ ਨਾਂਗਾ ਹੀ ਹੈ, ਹੋਰਕੁਝ ਉਦਾਸੀ ਕੁਝ ਸੁਥਰੇ ਕੁਝ ਬ੍ਰਾਹਮਣ ਰਲੇ ਮਿਲੇ ਜਮਾਤ ਦੇ ਲੋਕਡੇਰਾ ਪਾਈ ਬੈਠੇਹਨ। ਕਿਤੇਕੋਈਨਾਗਾ ਧੂਣੀ ਤਪ ਰਿਹਾ ਹੈ, ਕਿਤੇ ਕੋਈ ਸਰਦਾਈ ਘੋਟ ਰਿਹਾ ਹੈ, ਕਿਤੇ ਕੋਈ ਬਾਣੀ ਪੜ੍ਹ ਰਿਹਾ ਹੈ, ਕਿਤੇ ਕੋਈ ਲੇਟ ਰਿਹਾ ਹੈ, ਪਰੰਤੂ ਮਹੰਤ ਨਾਂਗਾ ਗੰਗਾ ਨਾਮ ਸੰਤ ਚੌਕੜੀ ਮਾਰੀ ਬੈਠਾ ਗਣ ਦੀ ਟੇਕ ਲਾਈ ਧੂਣੀ ਧੁਖਾਈ ਆਸਨ ਜਮਾਈ ਬੈਠਾ ਬਾਣੀ ਪੜ੍ਹਰਿਹਾ ਹੈ। ਇਸਵੇਲੇ ਇਸ ਏਹੜ ਦੀ ਹਰੀ ਭਰੀ ਛਾਇਆ ਦੇ ਹੇਠ ਬਹੁਰੰਗੀ ਸੰਤਾਂ ਦਾ ਜਮਘਟ ਇਸਦੀਸ਼ੋਭਾ ਨੂੰ ਕਈ ਗੁਣਾ ਵਧੀਕ ਕਰਕੇ ਦਿਖਾ ਰਿਹਾ ਹੈ। ਇਸੇ ਬੋਹੜ ਦੇ ਦੂਜੇ ਪਾਸੇ ਵਲ ਜੜ੍ਹਾਂ ਦੇ ਕੋਲ

Digitized by Panjab Digital Library | www.panjabdigilib.org

ਵਾਰ ਇਕ ਗਭਰੂਟ ਜੇਹਾ ਸਾਧ, ਸਰੀਰ ਦਾ ਛੀਟਕਾ, ਕੱਦ ਦਾ ਮਧਰਾ, ਸੁਹਣਾ, ਸਜੀਲਾ, ਮੋਹਣੀ ਮੂਰਤ,ਰੰਗ ਦਾ ਪੱਕਾ,ਠੇਡੀ ਤੇ ਦਾੜ੍ਹੀ ਦਾ ਨਿਸ਼ਾਨ ਪ੍ਰਗਟ,ਮੋਟੇ ਤੇ ਨੁਕੀਲੇ ਚੰਚਲ ਨੇਤ੍ਰ , ਸਿਰ ਤੇ ਕੇਸ,ਮੋਟੀ ਖੱਦਰ ਦੀ ਪੱਗ ਬੱਧੀ ਹੋਈ, ਗਲ ਵਿਚ ਵੀ ਖੱਦਰ ਦਾ ਕੁੜਤਾ ਪਹਿਨੇ, ਇਜੇਹਾ ਹੀ ਪਜਾਮਾ ਅਤੇ ਉਪਰ ਭਗਵੀਚੱਦਰ ਪਹਿਨੇ,ਪਾਸ ਦੋ ਝੋਲੀਆਂ ਇਕ ਡੱਬਾ ਭਾਂਡਿਆਂ ਦਾ ਰੱਖੀ, ਨਾਲ ਹੀ ਇਕ ਰੰਗੀਲ ਲਾਟੂ ਵਾਲਾ ਸੋਟਾ ਟਿਕਾਈ ਬੈਠਾ ਹੋਇਆ ਧੀਰਜ ਨਾਲ ਸੱਤੂ ਖਾ ਰਿਹਾ ਹੈ। ਚਿਹਰੇ ਤੇ ਕੁਝ ਲੱਛਣ ਉਦਾਸੀ ਦੇ ਪ੍ਰਗਟ ਹੋ ਰਹੇ ਹਨ। ਇਜੇਹੇ ਵੇਲੇ ਇਕ ਜੁਵਾਨ ਇਸੇ ਉਮਰ ਦਾ ਗੱਭਰੂ,ਰੰਗ ਰੂਪ ਦਾ ਗੋਰਾ ਚਿਟਾ, ਮਸੂ ਭੇ, ਸਾਦ ਮੁਰਾਦੇ ਕਪੜੇ ਪਹਿਨੀਂ, ਹੱਥ ਵਿਚ ਚਿਲਮ ਫੜੀ ਹੋਈ ਮੂੰਹ ਵਿਚ ਰੋਲ ਦੇ ਬੰਬੇ ਵਾਕਰਫਫਕਾਰੇ ਮਾਰਦਾ, ਗਿਰਦ ਧੂੰਆਂ-ਧਾਰ ਕਰਦਾ,ਇਸਮਹਾਤਮਾ ਨੂੰ ਸੱਤੂ ਖਾਂਦਿਆਂ ਅੱਖਾਂਨਾਲ ਤਾੜਦਾਹੋਇਆ,ਕੋਲੋਂ ਦੀ ਸਹਿਜ ਨਾਲ ਆਪਣੇ ਬਿਸਤ੍ਰੇ ਵਲ ਲੰਘ ਗਿਆ।ਪਰ ਨਜ਼ਰ ਦੋਹਾਂ ਦੀ ਵਿਚ ਬਿਜਲੀ ਵਰਗੀ ਤਾੜ ਘਰ ਕਰ ਗਈ। ਇਸ ਧੂੰਏਂ ਬਾਜ਼ ਜੁਵਾਨ ਨੇ ਹੋਰ ਹਰ ਇਕ ਚੀਜ਼ ਨਾਲੋਂ ਰੰਗੀਲ ਡੰਡਾ ਚਾਹ ਨਾਲ ਤਾੜਿਆ। ਜਦ ਲੇਂਦੇ ਪਹਿਰ ਦਾ ਵੇਲਾ ਹੋਇਆ ਤਾਂ ਫਿਰ ਓਹੋ ਚਿਲਮ ਹੱਥ ਵਿਚ ਲਈ ਧੂੰਏ ਦੀ ਫਟ ਫਟ ਕਰਦਾ ਬਲਾ ਦੀ ਤਰ੍ਹਾਂ ਆਣ ਉਤਰਿਆ ਅਤੇ ਨਰਮ ਜੇਹੀ ਜ਼ੁਬਾਨ ਨਾਲ ਕਹਿਣ ਲੱਗਾ'—'ਸੰਤ ਜੀ ਮਹਾਰਾਜ, ਜੇ ਕਿਰਪਾ ਕਰਕੇ ਇਹ ਰਤਾਕੁ ਡੰਡਾ ਦਿਓ ਤਾਂਦੋਕੁ ਰਗੜੇਸਰਦਾਈ ਨੂੰਲਾ ਲਵਾਂ।' ਇਹ ਗੱਲ ਸੁਣਕੇ ਮਹਾਤਮਾ ਸਾਹਮਣੇ ਵਲ ਤੱਕੇ ਕੁਝ ਕਹਿਣ ਲਈ ਉਕਸੇ ਤਾਂ ਸਹੀ ਪਰ ਫਿਰ ਕੁਝ ਨਾ ਕਿਹਾ ਏਵੇਂ ਰਤਾ ਕੁ ਮੁਸਕਾਏ ਤੇ ਡੰਡਾ ਦੇ ਦਿੱਤਾ।

ਜਦ ਉਹ ਜੁਵਾਨ ਡੰਡਾ ਫੇਰ ਲੈਕੇ ਆਇਆ ਤਾਂ ਫਿਰ ਵੀ ਓਹੋ ਧੂੰਏਂ ਬਾਜ਼ੀ।ਹੱਥ ਵਿਚ ਚਿਲਮ ਤਾਜ਼ੀ,ਦੇਖਕੇ ਸੰਤਾਂਨੇ ਪੁੱਛਿਆ ਤੇਰਾ ਘਰ ਕਿਥੇ ਹੈ ?

ਧੂੰਏਬਾਜ਼—ਜੀ ਪੰਜਾਬ ਵਿਚ।

ਸੰਤ—ਕੀ ਅੰਮ੍ਰਿਤਸਰਜੀਦੇ ਕਿਤੇਨੇੜੇਤੇੜੇ?

ਧੂੰਏਂਬਾਜ਼—ਜੀ ਹਾਂ ਕੋਈ ਸੱਠ ਕੁ ਮੀਲ ਪੂਰਬ ਉਤ੍ਰ ਦੇ ਰੁਖ ਵਲ ਕਰਕੇ ਹੈ।

ਸੰਤ—ਕੌਣ ਹੁੰਦੇ ਹੋ ?

ਧੂੰਏਬਾਜ਼—ਬ੍ਰਾਹਮਣ ਸਾਰਸੁਤ।

ਸੰਤ—ਜਾਣੇ ਦਾ ਕਿਧਰ ਸੰਕਲਪ ਹੈ ?

ਧੂੰਏਬਾਜ਼ -ਦੁਆਰਕਾ ਹੋਕੇ ਗੁਦਾਵਰੀ ਜੀ।

ਸੰਤ—ਤੇਰਾ ਨਾਉਂ ਕੀ ਹੈ ?

ਧੂੰਏਬਾਜ਼—ਹਿਰਦਾ ਰਾਮ।

ਸੰਤ—ਤੇਰੀ ਸ਼ਾਦੀ ਹੋਈ ਹੈਕਿ ਅਜੇ ਨਹੀਂ?

ਹਿਰਦਾ ਰਾਮ—ਜੀ ਸ਼ਾਦੀ ਤਾਂ ਹੋਈ ਹੋਈ ਹੈ, ਪਰ ਅਜੇ ਵਹੁਟੀ ਪੇਕਿਆਂ ਦੇ ਘਰ ਅਤੇ ਮੈਂ ਸੈਲਸਪਾਟੇ।

ਸੰਤ—ਸੈਲ ਸਪਾਟੇ ਕਿਉਂ ?

ਹਿਰਦਾਰਾਮ—ਘਰਵਿਚ ਜੀ ਨਹੀਂ ਲਗਦਾ।

ਸੰਤ—ਤੇਰਾ ਕੋਈ ਹੋਰ ਭਿਰਾਉ ਅਥਵਾ ਸਨਬੰਧੀ ਬੀ ਹੈ ?

ਹਿਰਦਾ ਰਾਮ—ਸੱਕਾ ਸਨਬੰਧੀ ਇਕੋ ਕਰਤਾਰ ਹੈ, ਹੋਰ ਦੋ ਭੈਣਾਂ ਵੀ ਹਨ ਪਰ ਆਪੋ ਆਪਣੇ ਘਰੀਂ ਹਨ।ਆਪ ਭੀ ਦੱਸੋ ਸੁਖ ਨਾਲ ਕਿਧਰ ਦਾ ਸੰਕਲਪ ਹੈ ?

ਸੰਤ—ਸੰਕਲਪ ਤਾਂ ਅਸੀਂ ਵੀ ਦੁਆਰਕਾ ਗੁਦਾਵਰੀ ਦਾ ਹੀ ਰੱਖਨੇ ਹਾਂ,ਅਗੇ ਦੇਖੀਏ ਜੋ ਅੰਨ ਜਲ।

ਏਥੇ ਦੋਹਾਂ ਦੇ ਜੀਉ ਵਿਚ ਤਾਂ ਇਕੋ ਗਲ

Digitized by Panjab Digital Library | www.panjabdigilib.org

ਕੁਝ ਪ੍ਰਸੰਨਤਾ ਨਾਲ ਮਿਲੀਹੋਈ ਆਈ,ਪਰੰਤੂ ਦੋਹਾਂ ਵਿਚੋਂ ਕਿਸੇ ਦਾ ਵੀ ਹੌਸਲਾ ਨਾ ਪਿਆ ਜੋ ਕੁਝ ਹੋਰ ਅੱਗੇ ਕਹਿ ਸਕਣ। ਗੱਲ ਦੀ ਸਮਾਪਤੀ ਹੋਗਈ ਪਰ ਚਿੱਤਾਂ ਵਿਚ ਇਕ ਦੂਜੇ ਦੇ ਮਿੱਠੀ ਜੇਹੀ ਚੋਭ ਹੋ ਗਈ। ਹਿਰਦਾ ਰਾਮ ਅਪਣੇ ਬਿਸਤ੍ਰੇ ਵਲ ਚਲਾ ਗਿਆ ਪਰ ਕੁਝ ਸੋਚਦਾ ਰਿਹਾ। ਇਧਰ ਨਾਗਾ ਜੀ ਦੇ ਅੱਗੇ ਵੀ ਭੋਣ ਪਰਸੀ'ਦਾ ਰਿਹਾ। ਇੱਕੁਰ ਸੰਝ ਹੋ ਗਈ। ਨਾਂਗਾ ਗੰਗਾਰਾਮ ਜੀ ਨੇ ਸੋਦਰ ਸੰਧਿਆ ਰਹਿਰਾਸ, ਆਰਤੀ ਅਰਦਾਸ ਨਿਬਾਹੀ। ਲਾਂਗਰੀ ਲੰਗਰ ਦੇ ਆਹਰ ਲਗੇ,ਇਧਰ ਸਾਡੇ ਮਹਾਤਮਾ ਪੁਰਖ ਵੀ ਗਿੱਲੀਆਂ ਜੇਹੀਆਂ ਲਕੜੀਆਂ ਧੁਖਾ ਕੇ ਆਟਾ ਗੁੰਨ੍ਹਣ ਬੈਠ ਗਏ। ਧੂੰਏ ਨੇ ਓਹ ਤਾਰ ਬੱਧੀ ਕਿ ਅੱਖਾਂ ਦੇ ਪਾਣੀ ਦਾ ਕੁਹੀੜ ਟੁੱਟ ਪਿਆ, ਫੂਕਾਂ ਮਾਰ ਮਾਰ ਕੇ ਆਪਣੇ ਚਿਹਰੇ ਤੇ ਬਤੇਰੀ ਸੁਆਹ ਉਡਾਈ ਪਰ ਅੱਗ ਨਾ ਬਲੀ। ਇੰਨੇ ਤਕ ਹਿਰਦਾਰਾਮ ਹੋਰੀਂ ਓਹੋ ਚਿਲਮ ਫੜੀ ਅੱਗ ਲੈਣ ਲਈ ਘੜੰਮ ਕਰਕੇ ਆਣ ਪਹੁੰਚੇ। ਸੰਤਾਂ ਦੀ ਸੂਰਤ ਡਾਢੀ ਅਨੋਖੀ ਬਣੀ ਹੋਈ ਦੇਖੀ।ਨੱਕ ਅੱਖਾਂ ਨੇ ਪਾਣੀ ਦੇ ਸੋਤ ਛਡੇ ਹੋਏ ਹਨ, ਸੁਆਹ ਤੇ ਧੂੰਏਂ ਨੇ ਇਕ ਗੁਬਾਰ ਬੰਨ੍ਹ ਰੱਖਿਆ ਹੈ। ਇਹ ਦਸ਼ਾ ਦੇਖਦਾ ਹੀ ਪਿਛਲੇ ਪੈਰੀਂ ਪਰਤਿਆ, ਅਪਣੇ ਆਸਣ ਤੋਂ ਸੁੱਕਾ ਬਾਲਣ ਲਿਆਕੇ ਕਹਿਣ ਲਗਾ, ਮਹਾਰਾਜ ਇਹ ਲੱਕੜੀਆਂ ਮੁੱਕੀਆਂ ਹਨ ਕਾਰਜ ਛੇਤੀ ਹੋ ਜਾਏਗਾ। ਸੰਤਾਂ ਨੇ ਇਹ ਲਕੜੀਆਂ ਲੈਕੇ ਝੋਕੀਆਂ, ਹਿਰਦਾ ਰਾਮ ਬੈਠ ਗਿਆ,ਅੱਗ ਬਲ ਪਈ, ਸੰਤਾਂ ਨੇ ਰੋਟੀ ਘੜੀ ਤਾਂ ਵਿੰਗੀ, ਚਿੱਬੀ, ਕੰਢੇ ਪਤਲੇ,ਵਿਚੋਂ ਗੁੱਲੀ ਰਹੀ ਦੇਖਕੇ ਆਖਿਆ, ਮਹਾਰਾਜ ! ਜੇ ਮੈਨੂੰ ਆਗਿਆ ਕਰੋ ਤਾਂ ਇਹ ਦੋ ਗੁਲੀਆਂ ਮੈਂ ਹੀ ਠੱਪ ਦਿਆਂ। ਸੰਤ ਅੱਗੇ ਧੂੰਏਂ ਹੱਥੋਂ ਅੱਕੇ ਹੀ ਬੈਠੇ ਸਨ, ਕੁਝ ਸਵੇਰ ਤੋਂ ਭੁੱਖੇ ਵੀ ਸਨ ਇਸ ਸਹ'ਰੇ ਨੂੰ ਇਸ ਵੇਲੇ ਪਰਬਤ ਕਰਕੇ ਜਾਤਾ ਤੇ ਕਹਿਣ ਲਗੇ—

ਸੰਤ—ਅਸੀਂ ਤਾਂ ਇਹ ਸੁਖ ਢੂੰਡਦੇ ਪਏ ਫਿਰਨੇ ਹਾਂ ਪਰ ਇਕ ਭੰਗ ਵਾਸਤੇ ਕੀ ਸੁਖ?

ਹਿਰਦਾਰਾਮ—'ਨਿਤ' ਨਾਮ ਤਾਂ ਕਰਤਾਰ ਦਾ ਹੈ, ਕੁਦਰਤ ਕਰਤਾਰ ਦਾ ਕੀ ਥਹੁ ਪਤਾ ਲਗਦਾ ਹੈ?ਰਾਹੀ ਤਾਂ ਇਕੋਪਾਸੇ ਦੇ ਹਾਂ ਜਿਥੇ ਕਿਥੇ ਮੇਲ ਹੋਊ ਸੇਵਾ ਕਰ ਦਿਆ ਕਰਾਂਗਾ।

ਸੰਤ—ਪਰ ਇੱਕੋ ਮੁਸ਼ਕਲ ਹੈ ਜੋ ਵਿਚੋਂ ਨਹੀਂ ਨਿਕਲਨੀ।

ਹਿਰਦਾ ਰਾਮ—ਸੋ ਕੀ ਮੁਸ਼ਕਲ ਹੈ ?

ਸੰਤ—ਤੂੰ ਤਮਾਕੂ ਪੀਂਦਾ ਹੈ, ਅਸੀਂ ਇਸ ਨੂੰ ਬਹੁਤ ਬੁਰਾ ਸਮਝਨੇ ਹਾਂ, ਇਸੇ ਦੀ ਛੋਹ ਮੰਨਨੇ ਹਾਂ।

ਹਿਰਦਾਰਾਮ—ਇਹ ਕੋਈ ਔਖਜਾਈ ਨਹੀਂ, ਮੇਰਾ ਜੀ ਪਰਚਾਵਾ ਹੈ, ਮੈਂ ਇਸਦਾ ਗੁਲਾਮ ਨਹੀਂ ਹਾਂ, ਚਾਂਹਾਂ ਪੀਆਂ ਚਾਹਾਂ ਨਾ ਪੀਆਂ।

ਸੰਤ—ਇਹ ਫਿਟਕਾਂ ਹੁੰਦੀਆਂ ਹਨ ਜਿਸਨੂੰ ਪੈਜਾਣ ਫਿਰ ਗਲੋਂ ਲਹਿਣੀਆਂ ਬਹੁਤ ਮੁਸ਼ਕਲ।

ਹਿਰਦਾਰਾਮ (ਚਿਲਮ ਭੰਨਕੇ)—ਇਹ ਕੀ ਔਖੀ ਗੱਲ ਹੈ, ਲਓ ਅੱਜ ਤੋਂ ਨੇਮ ਕੀਤਾ ਫਿਰ ਇਸ ਨੂੰ ਨਾ ਛੋਹਾਂਗੇ।

ਸੰਤ ਇਸਦੀ ਇਹ ਬਹਾਦਰੀ ਦੇਖਕੇ ਹੈਰਾਨ ਹੋਗਏ।ਉਹ ਜਿਹੜੀ ਮਿੱਠੀ ਚੋਭ ਅੰਦਰੇ ਅੰਦਰ ਚੁਭ ਰਹੀ ਸੀ, ਇਸ ਕਰਤਬ ਨੇ ਤਾਂ ਖਾਸਾ ਪ੍ਰੇਮ ਦਾ ਘਾਉ ਪਾ ਦਿੱਤਾ,ਕਹਿਣ ਲਗੇ ਭਾਈ ਇਹ ਨੇਮ ਪੱਕਾ ਕੀਤਾ ਹੈ ਨਾ ?

ਹਿਰਦਾ ਰਾਮ—ਮਹਾਰਾਜ ਅਮਲ ਮੇਰੇ ਤੇ ਸਵਾਰ ਨਹੀਂ, ਮੈਂ ਅਮਲ ਤੇ ਸਵਾਰ ਹਾਂ, ਇਸਨੂੰ ਛੱਡਕੇ ਮੈਂ ਮਰ ਨਹੀਂ ਜਾਵਾਂਗਾ। ਮੈਂ ਅੱਜ ਤੋਂ ਪਰਮੇਸ਼ੁਰ ਨੂੰ ਹਾਜ਼ਰਾ ਹਜ਼ੂਰ ਮੰਨਕੇ

Digitized by Panjab Digital Library | www.panjabdigilib.org

ਨੇਮ ਕਰਦਾ ਹਾਂ,ਇਸ'ਜਗਤ-ਜੂਠ'ਨੂੰ ਸਰੀਰ ਤਕ ਕਦੀ ਅੰਗੀਕਾਰ ਨਹੀਂ ਕਰਾਂਗਾ।

ਸੰਤ–ਚੰਗਾ ਪਰਮੇਸ਼ੁਰ ਤੇਰਾ ਨੇਮ ਸਫਲ ਕਰੇ।ਇਹ ਦੱਸ ਹੁਣ ਸਾਥ ਸਾਡੇ ਨਾਲ ਕਰਨਾ ਹੈ ਕਿ ਜਮਾਤ ਨਾਲ ਰਹਿਣਾ ਹੈ ?

ਹਿਰਦਾ ਰਾਮ–ਇਹ, ਜੋ ਆਗਿਆ ਹੋਵੇ ਸੋ ਕਰਾਂਗਾ।

ਸੰਤ–ਜੇਕਰ ਤੂੰ ਸਾਡੇ ਨਾਲ ਸਾਥ ਕਰਨ ਵਿਚ ਰਾਜ਼ੀ ਹੈਂ ਤਾਂ ਉਠ,ਮਿੱਟੀ ਮਾਰ ਕੇ ਹੱਥ ਧੋ, ਬਿਸਤ੍ਰਾ ਅਪਣਾ ਸਾਡੇ ਪਾਸ ਲੈ ਆ, ਕਿਉਂਕਿ ਸਾਡਾ ਕੂਚ ਸਵੇਰੇ ਹੀ ਹੈ, ਜਮਾਤ ਵਾਲੇ ਅਜੇ ਏਥੇ ਟਿਕਣਗੇ।

ਹਿਰਦਾ ਰਾਮ–ਹੱਥ ਸਾਫ ਕਰਕੇ ਰੋਟੀ ਪਕਾਉਣ ਬੈਠ ਗਿਆ,ਕਹਿਣ ਲੱਗਾ,ਮੈਂ ਬਿਸਤ੍ਰਾ ਇਸੇ ਵੇਲੇ ਇਥੇ ਲੈ ਆਉਂਦਾ ਪਰੰਤੂ ਉਸ (ਉਂਗਲ ਕਰਕੇ) ਰਾਮਦਾਸ ਉਦਾਸੀ ਦੇ ਬਾਰਾਂ ਆਨੇ ਕਰਜ਼ਾ ਦੇਣਾ ਹੈ। ਹੱਛਾ,ਇਸਦੀ ਜੁਗਤ ਏਹੋ ਹੋ ਸਕਦੀਹੈ(ਅਨੰਤ ਕੱਢਕੇ)ਇਹ ਅਨੰਤ ਟੁੱਟਾ ਹੋਇਆ ਅਮਾਨਤਨ (ਗਿਰਵੀ) ਤੁਸੀਂ ਰੱਖ ਲਓ,ਬਾਰਾਂਆਨੇ ਉਸਨੂੰ ਦੇ ਦਿਆਂ ਫਿਰ ਅਗਲੀ ਅਗਲੇਰੀ ਮਜ਼ਲ ਤੇ ਚੱਲ ਕੇ ਅਨੰਤਵੇਚਕੇਆਪਦਾ ਕਰਜ਼ਾਲਾਹ ਦਿਆਂਗਾ।

ਸੰਤ–ਅਨੰਤ ਅਜੇ ਰਹਿਣਦਿਓ ਅਗੇਚੱਲਕੇ ਬਣਵਾਂ ਦਿਆਂਗੇ,ਹਾਲੀ ਇਹ (ਬਾਰਾਂ ਆਨੇ ਦੇਕੇ) ਬਾਰਾਂ ਆਨੇ ਹਨ ਕਰਜ਼ਾ ਅਦਾ ਕਰੋ। ਇੰਨੇ ਤਕ ਰੋਟੀ ਪੱਕ ਗਈ, ਸੰਤਾਂ ਖਾਧੀ। ਹਥ ਦੀ ਫੁਰਤੀ, ਸਫਾਈ, ਰੋਟੀ ਦੀ ਉਮਦਗੀ ਦੇਖਕੇ ਸੰਤਾਂ ਨੇ ਪੱਕੀ ਕਰ ਲਈ ਭਈ ਇਜੇਹੇ ਪੁਰਸ਼ ਨੂੰ ਹੱਥੋਂ ਨਹੀਂ ਜਾਣ ਦੇਣਾ।

ਹਿਰਦਾਰਾਮ ਨੇ ਪੈਸੇ ਲੈਕੇ ਰਾਮਦਾਸ ਨੂੰ ਜਾ ਦਿੱਤੇ ਅਤੇ ਨਾਂਗਾ ਜੀ ਸੰਤ ਗੰਗਾਰਾਮ ਹੋਰਾਂ ਨਾਲ ਅਪਣੀ ਸਾਰੀ ਵਿਥਯਾ ਜਾ ਕੀਤੀ, ਤਾਂ ਨਾਂਗਾ ਜੀ ਕਹਿਣ ਲਗੇ ਭਾਈ ਤੁਸੀਂ ਦੇਵੇਂ ਸਾਡੇ ਸਾਹਮਣੇ ਆਓ ਫਿਰ ਦੱਸਾਂਗੇ।

ਹਿਰਦਾਰਾਮ–ਸੰਤਾਂ ਪਾਸ ਆਕੇ ਕਹਿਣ ਲਗਾ ਮਹਾਰਾਜ ਜੀ ! ਆਪਨੂੰ ਨਾਂਗਾ ਜੀ ਯਾਦ ਕਰਦੇ ਹਨ,ਕਹਿੰਦੇ ਹਨ ਰਤਾਕੁ ਦਰਸ਼ਨ ਦੇ ਜਾਓ।

ਸੰਤ ਉਠਕੇ ਨਾਲ ਟੁਰ ਪਏ,ਬੋਹੜ ਦੇ ਦੂਜੇ ਪਾਸੇ ਵਲ ਨਾਂਗਾ ਜੀ ਧੂਣੀ ਦੇ ਅੱਗੇਬੈਠੇ ਹੋਏ ਸਨ ਜਾਕੇ ਮੱਥਾ ਟੇਕਿਆ।ਨਾਂਗਾ ਜੀ ਨੇ ਦੋਹਾਂ ਨੂੰ ਦੇਖਕੇ ਬਚਨ ਕੀਤਾ (ਅਤੇ ਹਿਰਦਾ ਰਾਮ ਦਾ ਹੱਥ ਫੜਕੇ ਸੰਤਾਂ ਦੇ ਹਥ ਫੜਾਇਆ) ਭਾਈ ਸੰਤਾ!ਇਸਦੀ ਬਾਂਹ ਤੇਰੇ ਹੱਥ ਫੜਾਈ ਹੈ ਇਸ ਨਾਲ ਖਬਰਦਾਰ ਕੋਈ ਦਗਾ ਨਹੀਂ ਕਰਨਾ,ਇਸ ਬਾਂਹ ਫੜੀ ਦੀ ਲਾਜ ਸਿਰ ਤਕ ਨਿਬਾਹੁਣੀਹੋਵੇਗੀ।ਸਾਡੇ ਸਾਹਮਣੇ ਗੁਰੂ ਸਾਖੀ ਹੈ, ਮਤਾਂ ਇਹ ਬਚਨ ਕਦੀ ਵਿੱਸਰ ਜਾਏ।

ਸੰਤ–ਸੱਤਿ ਬਚਨ ਮਹਾਰਾਜ ! ਕਰਤਾਰ ਭਲੀ ਕਰੇਗਾ,ਆਪਦਾ ਬਚਨ ਸਫਲ ਹੋਵੇਗਾ।

ਨਾਂਗਾਜੀ (ਹਿਰਦਾਰਾਮ ਵਲ ਰੁਖਕਰਕੇ)–ਸੁਣ ਭਾਈ ਤੂੰ ਭੀ ਯਾਦ ਰੱਖੀਂ,ਸੰਤਾਂ ਨੂੰ ਪਰਮੇਸ਼ੁਰਦਾ ਰੂਪ ਜਾਣਕੇ ਸੇਵਾ ਕਰਨੀ,ਕਿਸੇਤਰ੍ਹਾਂ ਦਾ ਕੋਈ ਛਲ ਕਪਟ ਨਹੀਂ ਕਰਨਾ, ਜੀਕੁਰ ਸਾਡੀ ਸੇਵਾ ਕਰਦਾ ਸੀ ਓਕਰ ਹੀ ਕਰਨੀ।

ਹਿਰਦਾ ਰਾਮ–ਸੱਤਿ ਬਚਨ ਮਹਾਰਾਜ !

ਸੰਤ ਤਾਂ ਅਪਣੇ ਆਸਨ ਤੇ ਆ ਬੈਠੇ,ਪਿੱਛੋਂ ਨਾਂਗਾ ਜੀ ਨੇ ਹਿਰਦਾ ਰਾਮ ਨੂੰ ਆਖਿਆ, ਭਾਈ ਪੰਡਤਾ ਇਹ ਕੋਈ ਮਾਮੂਲੀ ਸਰੀਰ ਭੇਖ ਦੀ ਚਾਦਰਹੇਠ ਲੁਕਿਆ ਹੋਇਆ ਪ੍ਰਤੀਤ ਹੁੰਦਾ ਹੈ, ਇਸਦੇ ਦਾਉ ਘਾਉ ਤੋਂ ਖਬਰਦਾਰ ਰਹਿਣਾ। ਸੇਵਾ ਵਿਚ ਫਰਕ ਨਹੀਂ ਰੱਖਣਾ, ਨਾਹੀਂ ਸੰਤ ਦਾ ਪੜਦਾ ਉਘਾੜਨਾ।ਭੇਖ ਵਿਚ ਅਲੇਖ ਸਮਝਨਾ,ਇਹ ਉਪਦੇਸ਼ ਕਰਕੇ ਨਾਗਾ

Digitized by Panjab Digital Library | www.panjabdigilib.org

ਜੀ ਨੇ ਥਾਪੀ ਦੇਕੇ ਵਿਦਾ ਕੀਤਾ।ਹਿਰਦਾਰਾਮ ਨੇ ਮੱਥਾ ਟੇਕਕੇ ਬਿਸਤ੍ਰਾ ਉਠਾਕੇ ਸੰਤਾਂ ਪਾਸ ਆਣ ਆਸਣ ਜਮਾਇਆ, ਕੁਝ ਥੋੜ੍ਹਾ ਕਾਲ ਏਧਰ ਓਧਰ ਦੀਆਂ ਗੱਲਾਂ ਬਾਤਾਂ ਕਰਦੇ ਰਹੇ ਫਿਰ ਸੌਂ ਗਏ, ਸਵੇਰੇ ਅੰਮ੍ਰਿਤ ਵੇਲੇ ਉਠਕੇ ਸੌਚ ਸ਼ਨਾਨ ਕਰਕੇ ਬਿਸਤ੍ਰੇ ਬੰਨ੍ਹ ਖੜੀਏ ਮੋਢਿਆਂ ਤੇ ਪਾਕੇ ਅਰਦਾਸ ਕਰਕੇ ਕੂਚ ਕਰ ਦਿੱਤਾ। ਚੌਂਹ ਪੰਜਾਂ ਕੋਹਾਂ ਤੇ ਅੱਪੜ ਕੇ ਇਕ ਪਿੰਡ ਦੇ ਬਾਹਰ ਵਾਰ ਵਗਦੇ ਖੂਹ ਤੇ ਜਾ ਡੇਰਾ ਕੀਤਾ,ਰਸਤ ਪਾਣੀ ਲੈਣ ਲਈ ਹਿਰਦਾਰਾਮ ਨਗਰ ਵਿਚ ਗਿਆ, ਓਥੇ ਇਕ ਸੁਨਿਆਰੇ ਪਾਸੋਂ ਕੰਨਾਂ ਦੀਆਂ ਨੱਤੀਆਂ ਟੁਕਾ ਕੇ ਬਾਰਾਂ ਆਨਿਆਂ ਦਾ ਸੋਨਾ ਵੇਚਕੇ ਪੈਸੇ ਵੀ ਨਾਲ ਹੀ ਲਈ ਆਇਆ ਤੇ ਪੈਸੇ ਅਗੇ ਰੱਖਕੇ ਕਹਿਣ ਲਗਾ: ਏਹ ਆਪ ਦੇ ਪੈਸੇ ਕਰਜ਼ੇ ਵਾਲੇ ਹਨ।

ਸੰਤ–ਕੀਹ ਪਿੰਡ ਜਾਕੇ ਜੂਆ ਖੇਡਿਆਹੈ?

ਹਿਰਦਾ ਰਾਮ–ਨਹੀਂ ਮਹਾਰਾਜ ਜੀ!ਜੂਆ ਨਹੀਂ ਖੇਡਿਆ,ਨਾ ਹੀ ਮੈਨੂੰ ਖੇਡਣਾ ਆਉਂਦਾ ਹੈ,(ਕੰਨਾਂ ਵਲ ਹੱਥ ਕਰਕੇ)ਇਹ ਕੰਨਾਂ ਦੀਆਂ ਨੱਤੀਆਂ ਟੁਕਾ ਕੇ ਵੇਚੀਆਂ ਹਨ।

ਸੰਤ–ਇਹ ਕੰਮ ਚੰਗਾ ਨਹੀਂ ਕੀਤਾ,ਤੈਥੋਂ ਕਿਸੇ ਨੇ ਮੰਗੇ ਹਨ ਯਾ ਤੈਨੂੰ ਕਿਸੇਨੇ ਤੰਗ ਕੀਤਾ ਹੈ। ਬੱਸ ਹੁਣ ਚੰਗੀ ਗੱਲ ਇਉਂ ਹੈ ਏਹ ਨੱਤੀਆਂ ਉਤਾਰ ਕੇ ਸਾਡੇ ਹਵਾਲੇ ਕਰ, ਨਾ ਤੇਰੇ ਪਾਸ ਹੋਣਨਾਤੂੰ ਐਸੀ ਆਪਹੁਦਰੀਕਰੇਂ।

ਹਿਰਦਾ ਰਾਮ (ਕੰਨੋਂ ਨੱਤੀਆਂ ਲਾਹਕੇ ਅੱਗੇ ਕਰਕੇ)–ਲਓ ਮਹਾਰਾਜ ਜੀ! ਨੱਤੀਆਂ ਹਾਜ਼ਰ ਹਨ।

ਸੰਤ (ਨੱਤੀਆਂ ਸਾਂਭਕੇ)–ਪ੍ਰਸਾਦਿ ਪਾਣੀ ਤਯਾਰ ਕਰੋ।

ਹਿਰਦਾਰਾਮ ਸਤਿ ਬਚਨ ਕਹਿਕੇ ਲੰਗਰ ਕਰਨ ਲਗਾ ਤਾਂ ਸੰਤ ਬੋਲੇ:–ਤੇਰਾ ਪਿਛਲਾ ਪ੍ਰਸੰਗ ਸੁਣਨਾ ਹੈ ਭਈ ਇਥੋਂ ਤਾਈਂ ਕੀਕੁਣ ਤੇ ਕਿਸ ਸਾਂਗੇ ਪੁੱਜਾ ?

ਹਿਰਦਾਰਾਮ–ਸਤਿਬਚਨਜੀ,ਮੇਰਾ ਪ੍ਰਸੰਗ ਤਾਂ ਐਵੇਂ ਅਟਮ ਪਟਮ ਜੇਹਾ ਹੀ ਹੈ। ਕੀ ਲੈਣਾ ਜੇ ਸੁਣਕੇ ?

ਸੰਤ–ਨਾ ਭਾਈ ਪ੍ਰਸੰਨਤਾ ਏਸੇ ਗੱਲ ਵਿਚ ਹੈ, ਇਸ ਲਈ ਤੈਨੂੰ ਆਪਣੇ ਜਨਮ ਤੋਂ ਲੈਕੇ ਅੱਜ ਦਿਨ ਤਕ ਸਚੇ ਸੱਚ ਆਪਣਾ ਸਾਰਾ ਹਾਲ ਸੁਣਾਉਣਾ ਹੋਊਗਾ।

ਹਿਰਦਾਰਾਮ–ਜਦੋਂ ਕਹੋਗੇ ਸੁਣਾਦਿਆਂਗਾ।

ਸੰਤ–ਫੇਰ ਕਦੋਂਕਹਾਂਗੇ ਅੱਜ ਹੀਸੁਣਾਦਿਓ।

ਹਿਰਦਾਰਾਮ–ਸਤਿਬਚਨ ਅੱਜ ਹੀ ਹਾਜ਼ਰ ਹਾਂ,ਲਓ ਸੁਣੋ: ਇਤਨਾ ਕਹਿੰਦਾ ਹੀ ਸੀ ਕਿ ਪਿੰਡ ਵਿਚ ਬਾਣੀਏ ਦੀ ਹੱਟੀ ਤੇ ਸਾਢਾ ਭੁੱਲ ਗਿਆ ਸੀ, ਚੇਤਾ ਆਗਿਆ, ਉਹ ਝਟਪਟ ਲੈਣ ਲਈ ਚਲਾ ਗਿਆ। ਆ ਕੇ ਪ੍ਰਸਾਦਿ ਪਾਣੀ ਛਕਾਕੇ ਆਪ ਭੀ ਛਕਿਆ, ਜ਼ਰਾਕੁ ਅਰਾਮ ਕਰਨ ਲਈ ਦੋਵੇਂ ਸਰੀਰ ਲੇਟ ਗਏ, ਤਾਂ ਫਿਰ ਸੰਤਾਂ ਨੇ ਚੇਤਾ ਕਰਾਇਆ, ਭਈ ਅਪਣਾ ਪ੍ਰਸੰਗ ਸੁਣਾਓ।

ਹਿਰਦਾਰਾਮ ਸਤਿ ਬਚਨ ਕਹਿਕੇ ਲਗਾ ਸੁਣਾਉਣ:–ਇਸ ਪਠਾਣ ਜੀ ਜਾਤ ਦੇ ਰਾਜਪੂਤਾਂ ਦਾ ਵਸਾਇਆ ਹੋਇਆ ਉਤ੍ਰਾਖੰਡ ਦੇ ਅਰੰਭ ਵਿਚ ਨਗਰ ਹੈ ਓਥੇ ਇਕ ਘਨੱਈਏ ਮਿਸਰ ਦੇ ਘਰਇਸਸਰੀਰਦਾ ਜਨਮਹੋਇਆ, ਛੋਟੀ ਅਵਸਥਾ ਵਿਚ ਮਾਤਾਦਾ ਸਰੀਰ ਬਿਨਸ ਗਿਆ,ਫਿਰ ਥੋੜ੍ਹਾ ਕਾਲ ਪਾਇਕੇ ਪਿਤਾ ਜੀ ਵੀ ਚਲ ਬਸੇ, ਵੱਡੀ ਭੈਣ ਦੇ ਘਰ ਕੁਝ ਕਾਲ ਰਹਿਣਾ ਹੋਇਆ, ਓਥੇ ਕੁਝ ਫਾਰਸੀ ਪੜ੍ਹਦਾ ਰਿਹਾ, ਫਿਰ ਬਿਵਾਹ ਹੋਗਿਆ, ਮੁਕਲਾਵਾ ਹੋਣ ਦੇ ਪਿੱਛੇ ਕੁਝ ਇਜੇਹੀ ਉਦਾਸੀ ਛਾਈ ਕਿ ਘਰ ਟਿਕਣ ਨੂੰ ਵੱਢਿਆ ਜੀ ਨਾ ਕਰੇ।

Digitized by Panjab Digital Library | www.panjabdigilib.org

ਵਹੁਟੀ ਨੂੰ ਪੇਕੇ ਭੇਜਕੇ, ਫਿਰ ਭੈਣ ਦੇ ਪਿੰਡ ਚਲਾ ਗਿਆ। ਭੈਣ ਨੇ ਆਖਿਆ, 'ਤੂੰ ਘਰ ਕਿਉਂ ਕੱਲਾ ਛੱਡ ਆਇਆ ਹੈਂ, ਤੇਰਾ ਕੱਲੇ ਦਾ ਜੀ ਨਹੀਂ ਲਗਦਾ,ਤਾਂ ਚੱਲ ਮੈਂ ਤੇਰੇ ਪਾਸ ਚੱਲ ਰਹਿਨੀ ਹਾਂ'।ਭੈਣਦੀ ਇਹ ਸਲਾਹ ਪੱਕੀ ਦੇਖਕੇ ਮੈਂ ਪਿਛਲੀਰਾਤ ਚੁੱਪਕੀਤਾਓਥੋਂ ਟੁਰਕੇ ਅੰਮ੍ਰਿਤਸਰ ਜੀ ਜਾ ਨਿਕਲਿਆ। ਇਹ ਦਿਨ ਕੱਤਕ ਸੁਦੀ ਪੂਰਨਮਾਸ਼ੀ ਦਾ ਸੀ,ਓਥੇ ਗੁਰੂ ਕੇ ਬਾਗਵਿਚ ਦਿਵਾਲੀਆਤਸ਼ਬਾਜ਼ੀ ਰਾਗ ਰੰਗ ਦੇਖਕੇਮੈਂ ਹੈਰਾਨ ਪਰੇਸ਼ਾਨ ਹੋਗਿਆ।ਥੋੜ੍ਹੇਦਿਨ ਅੰਮ੍ਰਿਤਸਰ ਰਹਿਕੇ ਫਿਰ ਲਾਹੌਰ ਆਇਆ। ਇਸ ਵੇਲੇ ਮੇਰੇ ਪਾਸ ਤੀਹਕੁ ਰੁਪੈ ਹੋਗੇ ਸਨ, ਇਥੇ ਵੀ ਕੁਝ ਦਿਨ ਰਿਹਾ,ਪਰ ਜੀ ਨਾ ਲੱਗਾ ਉਦਾਸੀ ਵਧਦੀ ਹੀ ਗਈ ਪਰ ਏਥੇ ਇਕ ਨੱਥੂ ਨਾਮੀ ਬ੍ਰਾਹਮਣ ਨਾਲ ਮੇਲ ਹੋਗਿਆ ਉਹ ਭੀ ਕੁਝ ਉਦਾਸ ਹੀ ਸਾ,ਦੋਵੇਂ ਜਣੇ ਕੁਝ ਸਫਰ ਦਾ ਸਾਮਾਨ ਖਰੀਦਕੇ ਪੈਦਲ ਹੀ ਭਦੌਕਾਲੀ ਵਾਲੀ ਸੜਕੇ ਪੈ ਗਏ। ਸਹਿਜੇ ਸਹਿਜੇ ਕੂਚ ਮੁਕਾਮ ਕਰਦੇ ਸਾਹੀਵਾਲ ਤਕ ਅੱਪੜੇ। ਓਥੇ ਧਰਮਸਾਲ ਵਿਚ ਉਤਰੇ,ਮੈਂ ਤਾਂ ਰਾਤ ਨੂੰ ਮਾਰੇ ਥਕਾਨ ਦੇ ਸੁੱਤਾ ਰਿਹਾ ਪਰ ਨੱਥੂ ਕਿਤੇ ਚਲਾ ਗਿਆ। ਸਵੇਰੇ ਸੁੱਤੇ ਉਠਿਆਂ ਨੱਥੂ ਮੇਰੇ ਗਿਰਦੇ ਰੋਇਆ, ਭਈ ਮੈਂ ਤਾਂ ਰਾਤ ਖੱਟਣ ਗਿਆ ਸੱਭੇ ਕੁਝ ਜੂਏ ਵਿਚ ਹਾਰ ਬੈਠਾ ਹਾਂ, ਹੁਣ ਤੂੰ ਕੁਝ ਦੇਵੇਂ ਤਾਂ ਫਿਰ ਜਾਕੇ ਖੇਡਾਂ ਤੇ ਆਪਣਾ ਹਾਰਿਆ ਮੋੜਾਂ। ਮੈਂ ਉਸਨੂੰ ਬਹੁਤ ਸਮਝਾਇਆ ਪਰ ਵਿਅਰਥ, ਓਥੇ ਕੁਝ ਵੀ ਅਸਰ ਨਾ ਹੋਇਆ, ਸ਼ਰਮਾ ਓਸਨੇ ਮੈਨੂੰ ਇਜੇਹਾ ਤੰਗ ਕੀਤਾ ਕਿ ਬਿਨਾ ਦਿੱਤੇ ਮੇਰੀ ਖਲਾਸੀ ਨਾ ਹੋਈ।

ਸੇਤ—ਕੀ ਦਿੱਤਾ ?

ਹਿਰਦਾਰਾਮ—ਦੋਰੁਪੈ ਦੇਕੇ ਜਾਨ ਛੁਡਾਈ। ਜਦ ਉਹ ਫਿਰ ਖੇਡਣ ਲਈ ਚਲਾਗਿਆ ਤਾਂ ਪਿਛੋਂ ਧਰਮਸਾਲੀਏ ਕੋਲੋਂ,ਜੋ ਸਾਡਾ ਝਗੜਾ ਸੁਣਦਾ ਸੀ,ਸਲਾਹ ਪੁੱਛੀ ਕਿ ਮੈਂ ਕੀ ਕਰਾਂ। ਓਨ੍ਹ ਆਖਿਆ ਭਈ ਬਘਿਆੜ ਦਾ ਸੰਗ ਚੰਗਾ, ਮਾਰੂ ਤਾਂ ਇਕ ਵਾਰਾਂ ਮਾਰ ਸਿੱਟੂ ਪਰ ਵਿਸ਼ਈ ਪੁਰਸ਼ ਦਾ ਸੰਗ ਬੁਰਾ, ਇਹ ਨਿੱਤ ਦੁੱਖ ਦੇਊ ਹੋਰ ਵੀ ਕਲੇਸ਼ ਹੀ ਖੜੇ ਹੋਣੇ ਹਨ। ਇਸਲਈ ਚੰਗੀ ਸਲਾਹ ਏਹੋਹੈ ਕਿ ਤੂੰ ਪਿਛੇ ਮੁੜ ਜਾਹ ਕੋਈ ਚੰਗਾ ਸਾਥੀ ਨਾਲ ਲੈਕੇ ਫਿਰ ਜਿੱਥੇ ਤੇਰਾ ਜੀ ਕਰੇ ਸੈਲ ਕਰੀਂ। ਮੈਨੂੰ ਇਹ ਗੱਲ ਓਸ ਭਲੇ ਪੁਰਸ਼ ਦੀ ਅਸਰ ਕਰ ਗਈ, ਮੈਂ ਉਹ ਵੇਹਲ ਦਾ ਵੇਲਾ ਗ਼ਨੀਮਤ ਸਮਝਕੇ ਝਟ ਪਟ ਬਿਸਤ੍ਰਾ ਬੰਨ੍ਹ ਲੰਮੇ ਰਾਹ ਪੈਗਿਆ। ਜਿਉਂ ਤੁਰਿਆ ਮਿੰਟਗੁਮਰੀ ਆਣਕੇ ਦਮ ਲੀਤਾ। ਇਥੋਂ ਟਿਕਟ ਲੈਕੇ ਰੇਲ ਤੇ ਸਵਾਰ ਹੋਕੇ ਘੜੰਮ ਕਰਕੇ ਲਾਹੌਰ ਜਾ ਉਤਰਿਆ। ਅਗੇ ਸ਼ਾਹਦਰੇ ਲਕੜੀ ਦਾ ਕਾਰਖਾਨਾ ਜਾਰੀ ਸਾ, ਇਥੇ ਨੌਕਰ ਹੋਗਿਆ। ਇਸ ਜਗ੍ਹਾ ਇਕ ਬੇਲੀ ਰਾਮ ਨਾਮੇ ਬ੍ਰਾਹਮਣ ਮੇਲੀਬਣਗਿਆ। ਭਾਵੇਂ ਇਹ ਨੌਕਰੀ ਚੰਗੀਸੀ,ਆਰਾਮ ਵੀ ਸੀ ਪਰ ਸਨੀਚਰ ਦੇਵਤਾ ਪੈਰ ਵਿਚ ਆਏ ਹੋਏ ਦੇ ਕਾਰਣ ਜੀ ਕਿਤੇ ਵੀ ਨਾ ਲਗੇ।ਬੇਲੀਰਾਮ ਨਾਲ ਸਲਾਹ ਪੱਕੀ ਕਰਕੇ ਨੌਕਰੀ ਛੱਡਕੇ ਰੇਲ ਦੇ ਰਾਹੀਂ ਮੁਲਤਾਨ ਅੱਪੜਿਆ। ਇਥੇ ਵੀ ਪੰਦਰਾਂ ਕੁ ਦਿਨ ਬਜ਼ਾਰ ਗਲੀਆਂ ਮਿਣਦੇ ਫਿਰੇ, ਪਰ ਉਦਾਸੀ ਗਲੋਂ ਨਾ ਲੱਥੀ। ਇਥੇ ਇਕ ਆਸਰਮੱਲ ਨਾਮੀ ਦਲਾਲ ਦੇ ਨਾਲ ਜੋ ਬੇੜਾ ਮਾਲ ਦਾ ਭਰਕੇ ਸੱਖਰ ਚੱਲਿਆ ਸਾ, ਕੁਝ ਰਸਤ ਪਾਣੀ ਲੈਕੇ ਦਰਿਆ ਦੇ ਰਸਤੇ ਮਹੀਨੇ ਕੁ ਵਿਚ ਸਹਿਜੇ ਸਹਿਜੇ ਸੱਖਰ ਪੁੱਜੇ। ਇਥੇ ਵੀ ਨਾ ਟਿਕਾਉ ਹੋਇਆ।ਫਿਰ ਸ਼ਿਕਾਰ ਪੁਰ ਗਿਆ।ਇਥੇ ਭਾਈ ਗੁਰਦਾਸ ਦੀ ਸੰਗਤ

Digitized by Panjab Digital Library | www.panjabdigilib.org

ਵਿਚ ਉਤਰਿਆ ਪਰ ਓਪਰੇ ਜਾਣਕੇ ਰਾਤ ਨਾ ਰਹਿਣ ਦਿਤਾ। ਨਗਰ ਤੋਂ ਬਾਹਰ ਇਕ ਪੱਕੀ ਗੁੰਮਟੀ ਹੈ ਓਥੇ ਦਸ ਕੁ ਦਿਨ ਮੁਕਾਮ ਕੀਤਾ, ਇਥੇ ਇਕ ਬ੍ਰਹਮਚਾਰੀ ਮਿਲਿਆ, ਸਾਡਾ ਹਾਲ ਚਾਲ ਪੁੱਛਕੇ ਓਨ ਸਫਰ ਦੀਆਂ ਬਹੁਤ ਸਿੱਖਜਾ ਦਿੱਤੀਆਂ। ਜਿਨ੍ਹਾਂ ਸਿਖਜਾਂ ਵਿਚ ਇਹ ਗੱਲ ਬਹੁਤ ਤਾਕੀਦ ਨਾਲ ਕਹੀ ਸੀ ਕਿ ਸੁਥਰਿਆਂ ਦੀ ਸੰਗਤ ਨਹੀਂ ਕਰਨੀ, ਜੇ ਕਰੋਗੇ ਤਾਂ ਔਖੇ ਹੋਵੋਗੇ ਕਿਉਂਕਿ ਏਹ ਲੋਕ ਪਹਿਲੇ ਕੁਝ ਖੁਲਾ ਦਿੰਦੇ ਹਨ, ਪਿੱਛੋਂ ਮੰਗਦੇ ਤੇ ਜਿੱਚ ਕਰਦੇ ਹਨ ਅਤੇ ਓੜਕ ਨੂੰ ਸੁਥਰਾ ਬਣਾ ਕੇ ਛੱਡਦੇ ਹਨ। ਦੈਵਨੇਤ ਅੱਸੀਂ ਹੀ ਹੋਏ ਕਿ ਅਸੀਂ ਫਿਰਦੇ ਫਿਰਦੇ ਗੰਗਾਰਾਮ ਨਾਂਗੇ ਦੀ ਜਮਾਤ ਵਿਚ ਰਲ ਗਏ, ਇਸ ਜਮਾਤ ਵਿਚ ਸਤਨਾਜਾ ਹੀ ਹੈ, ਜੋ ਆਪ ਵੀ ਨਾਲ ਰਹਿਕੇ ਦੇਖ ਚੁਕੇ ਹੋ। ਮੇਰਾ ਸਾਥੀ ਬੇਲੀਰਾਮ ਇਕ ਸੁਥਰੇ ਦਾ ਮੇਲੀ ਬਣ ਗਿਆ। ਇਕ ਦੋ ਦਿਨਾਂ ਵਿਚ ਹੀ ਸੁਥਰਾ ਉਸਨੂੰ ਲੈਕੇ ਕਿਤੇ ਗੁੰਮ ਹੋਗਿਆ। ਪਰੰਤੂ ਮੈਂ ਇਸ ਮਹਾਤਮਾ ਨਾਂਗੇ ਨਾਲ ਰਿਹਾ। ਗੁੰਮਟ ਵਿਚ ਆਕੇ ਆਪ ਮਿਲ ਗਏ ਹੋ।

ਸੰਤ—ਚੰਗਾ, ਜ਼ਮਾਨੇ ਦੀ ਸਰਦੀ ਗਰਮੀ ਝਾਗ ਚੁਕੇ ਹੋ, ਮੁਲਕ ਵੀ ਗਾਹ ਚੁਕੇ ਹੋ, ਅੱਛਾ ਹੁਣ ਕਰਤਾਰ ਭਲੀ ਕਰੇਗਾ। ਇਹ ਕਹਿਕੇ ਜ਼ਰਾ ਕੁ ਅੱਖਾਂ ਮੀਟਕੇ ਸਸਤਾ ਗਏ। ਇੱਕੁਰ ਸ਼ਾਮ ਹੋਈ, ਰਾਤ ਪੈ ਗਈ, ਸੌਂ ਗਏ, ਸਵੇਰੇ ਕੂਚ ਚਲਦੇ ਚਲਦੇ ਹਲਾਣੀ ਬਲਾਣੀ ਅੱਪੜੇ। ਇਥੇ ਗੁਰਦ੍ਵਾਰਾ ਹੈ, ਉਦਾਸੀ ਸਾਧੂ ਚੰਗੀ ਰਹਿਣੀ ਬਹਿਣੀ ਵਾਲੇ ਰਹਿੰਦੇ ਹਨ, ਲੰਗਰ ਅਤੁੱਟ, ਹਰਵੇਲੇ ਜਾਰੀ, ਕਦੀ ਦੇਗ ਨਹੀਂ ਠੰਢੀ ਹੁੰਦੀ। ਇੱਕੁਰ ਹੀ ਬਾਣੀ ਦਾ ਪ੍ਰਵਾਹ ਚਲਦਾ ਹੈ, ਹਰ ਵੇਲੇ ਸਤਿਸੰਗ, ਕਥਾ ਵਾਰਤਾ, ਭਜਨ ਕੀਰਤਨ ਉਪਦੇਸ਼, ਪਾਠ, ਅਰਥ ਆਦਿਕਾਂ ਦਾ ਵੀ ਅਖੁੱਟ ਭੰਡਾਰ ਹੈ। ਇਹ ਅਸਥਾਨ ਦੇਖਕੇ ਮਨ ਬੜਾ ਪ੍ਰਸੰਨ ਹੋਇਆ। ਮਹੰਤਾਂ ਪਾਸ ਜਾਕੇ ਮੱਥਾ ਟੇਕਿਆ, ਉਹਨਾਂ ਅਗੋਂ ਬੜੇ ਸਤਿਕਾਰ ਨਾਲ ਮੋੜਵਾਂ ਮੱਥਾ ਟੇਕਿਆ, ਪੁੱਛਿਆ, ਸੰਤੋ! ਕਿਸ ਦੇਸ਼ ਦੀ ਯਾਤ੍ਰਾ ਕਰਕੇ ਆਏ ਹੋ, ਕਿਧਰ ਦਾ ਸੰਕਲਪ ਹੈ?

ਸੰਤ—ਪੰਜਾਬ ਦੇਸ ਤੋਂ ਸੈਲ ਕਰਦੇ, ਬਿਚਰਦੇ ਆਪਦੇ ਚਰਨ ਪਰਸੇ ਹਨ ਅੱਗੇ ਜੋ ਨਿਰੰਕਾਰ ਦੀ ਮਰਜ਼ੀ ਹੈ ਤਾਂ ਦ੍ਵਾਰਕਾ ਗੋਦਾਵਰੀ ਤਕ ਪੁੱਜਣਾ ਹੈ ਰਹੂ।

ਮਹੰਤ—ਆਪ ਬਹੁਤ ਦਿਨਾਂ ਤੋਂ ਕੂਚ ਤੇ ਕੂਚ ਕਰਦੇ ਚਲੇ ਆਏ ਹੋ, ਏਥੇ ਕੁਝ ਮੁਕਾਮ ਕਰੋ, ਪਿਛਲਾ ਥਕਾਨ ਦੂਰ ਕਰਕੇ ਫਿਰ ਅੱਗੇ ਸਫਰ ਕਰਨਾ।

ਇਹ ਮਹੰਤਾਂ ਦਾ ਪਿਆਰ ਤੇ ਸਤਿਕਾਰ ਦੇਖਕੇ ਸੰਤਾਂ ਨੇ ਵੀ ਕਾਜਾ ਖੋਲ੍ਹਣਾ ਚਾਹਿਆ, ਆਖਿਆ: ਸਤਿ ਬਚਨ।

ਮਹੰਤ ਜੀ—ਸਰੀਰ ਦਾ ਨਾਮ ਕੀ ਹੈ?

ਸੰਤ—ਨਾਮ ਤਾਂ ਸਤਿਗੁਰਾਂ ਦੇ ਹੈਨ ਪਰੰਤੂ ਆਪਦਾ ਬਖਸ਼ਿਆ ਹੋਇਆ ਸ਼ਾਮ ਸੁੰਦਰ ਕਰਕੇ ਲੋਕੀ ਕਹਿੰਦੇ ਹਨ।

ਮਹੰਤ—ਇਥੇ ਆਪਣੀ ਸੁਤੰਤ੍ਰ ਕੁਟੀਆ ਲੈਕੇ ਨਿਵਾਸ ਕਰੋ, ਅੰਨ ਪਾਣੀ ਦਾ ਕੋਈ ਫਿਕਰ ਨਾ ਕਰੋ।

ਸ਼ਾਮਸੁੰਦਰ—ਜੀ ਸਤਿ ਬਚਨ! ਆਪਦੀ ਆਗਜਾ ਅਮੋੜ ਹੈ ਅਤੇ ਇਸ ਮੁਕਾਮ ਵਿਚ ਆਪਦੀ ਕਿਰਪਾ ਨਾਲ ਲਾਭ ਹੀ ਹੋਵੇਗਾ।

ਇਹ ਕਹਿਕੇ ਡੇਰਾ ਜਮਾ ਦਿੱਤਾ, ਅੰਨਪਾਣੀ ਦੀ ਬੇਫਿਕਰੀ ਹੋਈ, ਆਰਾਮ ਮਿਲਿਆ ਤਾਂ ਲਗੇ ਚੁਰਾਈ ਹੋਈ ਚੀਜ਼ ਦਾ ਅਭਿਆਸ ਕਰਨ ਜੋਹੜੀ ਇਕ ਮੁਸਲਮਾਨ ਫਕੀਰ ਨੂੰ ਨਕਸ਼ ਬੰਦੀ ਕਰਦਿਆਂ ਦੇਖਕੇ ਚੁਰਾਈ ਸੀ, ਫਿਰ ਬੜੇ

Digitized by Panjab Digital Library | www.panjabdigilib.org

ਮਿੰਨਤ ਤਰਲੇ ਨਾਲ ਮਾਫੀ ਲਈ ਸੀ। ਭਾਵੇਂ ਹੁਣ ਉਹ ਜੁਗਤ ਤਾਂ ਸਾਰੀ ਕਰਦੇ ਹਨ ਪਰ ਕਿਤੇ ਕਿਸੇ ਹੇਰੀ ਫੇਰੀ ਵਿਚ ਸ਼ੱਕ ਪੈ ਜਾਂਦਾ ਹੈ।ਪੁੱਛਣ ਕਿਸ ਨੂੰ,ਇਸ ਫਿਕਰ ਵਿਚ ਕਿਸੇ ਵੇਲੇ ਬ੍ਰਿਤਿ ਜੁੜਦੀ ਹੋਈਵੀ ਉਖੜਜਾਵੇ। ਇਨ੍ਹਾਂ ਦੀ ਇਸ ਅੰਖਜਾਈ ਇਕ ਬ੍ਰਿਧ ਅਵ-ਸਥਾ ਦੇ ਸੰਤ ਦੇਖਦੇ ਸਨ, ਉਨ੍ਹਾਂ ਤਾੜਿਆ ਇਹ ਪੁਰਖ ਅਭਿਆਸੋਂ ਕੱਚਾ ਟੁੱਟ। ਹੋਇਆ ਹੈ। ਫਿਰ ਫਿਰ ਜੋੜਿਆ ਚਾਹੁੰਦਾ ਹੈ, ਚਾਲੋਂ ਉਖੜ ਜਾਂਦਾ ਹੈ ਐਵੇਂ ਪਿਆ ਖਪੇਗਾ,ਇਸਨੂੰ ਰਸਤੇ ਪਾ ਦੇਈਏ। ਆਪ ਹੀ ਬੋਲੇ 'ਨਿੱਕਿਆ ਇਹ ਜਿਹੜਾ ਸਜਿਓਂ ਖੱਬਿਓਂ ਸ੍ਵਾਸ ਨੂੰ ਉਠਾਉਣਾ ਹੈ, ਏਹ ਕ੍ਰਿਯਾ ਔਖੀ ਹੈ ਜੇ ਸੂਤ ਨਾ ਬੈਠੇ ਤਾਂ ਸਰੀਰ ਰੋਗੀ ਹੋ ਜਾਂਦਾ ਹੈ।'

ਸ਼ਾਮਸੁੰਦਰ(ਕੁਝ ਸ਼ਰਮਿੰਦਾ ਜੇਹਾ ਹੋਕੇ)– ਨਹੀਂ ਮਹਾਰਾਜ ਐਵੇਂ ਦੇਖਦਾ ਹਾਂ,ਹੇ ਸਕਦੀ ਹੈ ਕਿ ਨਹੀਂ ?

ਬ੍ਰਿਧ ਪੁਰਖ–ਇਹ ਕ੍ਰਿਯਾ ਬਹੁਧਾ ਮੁਸਲ-ਮਾਨ ਫਕੀਰ ਕਰਦੇ ਹਨ ਅਤੇ ਔਖੀ ਵੀ ਹੈ, ਸਾਡੇ ਸਤਿਗੁਰਨਾਨਕ ਦੇਵ ਸ੍ਵਾਮੀ ਇਸ ਕ੍ਰਿਯਾ ਨੂੰ ਬਹੁਤ ਸੁਗਮ ਰਸਤੇ ਨਾਲ ਦੱਸਦੇ ਹਨ, 'ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸ਼ਾਨੀ ਮਾਹਿ।' ਇਸ ਵਾਸਤੇ ਕੇਵਲ ਇਤਨਾ ਹੀ ਕਰੋ ਜਿਸ ਤਰ੍ਹਾਂ ਸ੍ਵਾਸ ਧੀਮਾ ਹੋ ਜਾਵੇ, ਫੁਰਨਾ ਘਟਦਾ ਜਾਵੇ, ਆਸਨ ਨਿਸ-ਚਲ ਹੋਵੇ। ਬ੍ਰਿਤੀ ਦੀ ਡੋਰ ਅਪਣੇ ਹੱਥ ਵਿਚ ਕਰੋ। ਇੱਕੁਰ ਹੀ ਕਰਦਿਆਂ ਸਭ ਕੁਛ ਹੋ ਜਾਏਗਾ। ਇਹ ਸ੍ਵਾਸ ਨੂੰ ਚੁੱਕ ਕੇ ਫਿਰ ਦਿਲ ਨੂੰ ਸੱਟ ਮਾਰਨੀ ਇਸ ਵਿਚ ਏਚਲ ਏਹੁਤ ਪੈਂਦੀ ਹੈ ਜੇ ਵਿਗਾੜ ਹੋ ਜਾਏ ਤਾਂ ਸਾਂਭਿਆ ਨਹੀਂ ਜਾਏਗਾ, ਇਸ ਲਈ ਇਹ ਅਭਿਆਸ ਨਾ ਕਰੋ।

ਸ਼ਾਮਸੁੰਦਰ ਨੇ ਬੜੇ ਅਦਬ ਨਾਲ ਸ੍ਵੀਕਾਰ ਕੀਤਾ। ਨੇਮ ਬੰਨ੍ਹਕੇ ਨਵਾਂ ਅਭਜਾਸ ਕਰਨ ਲਗੇ, ਜੇ ਕੁਝ ਜ਼ਰੂਰਤ ਹੋਵੇ ਤਾਂ ਬ੍ਰਿਧਾਂ ਪਾਸੋਂ ਅਦਬ ਨਾਲ ਪੁੱਛ ਲੈਣ। ਉਹ ਮਹਾਤਮਾ ਜੀ ਵੀ ਪਯਾਰ ਨਾਲ ਕਿਰਪਾ ਕਰਕੇ ਕਿਸੇ ਬਾਤ ਦਾ ਲੁਕਾਉ ਨਾ ਰੱਖਣ। ਇੱਕੁਰ ਬਹੁਤ ਸਾਰੇ ਦਿਨ ਬੀਤ ਗਏ।ਇਸ ਸਤਿਸੰਗ ਵਿਚ ਸ਼ਾਮਸੁੰਦਰ ਫਕੀਰੀ ਦੇ ਭੇਤ ਥੀਂ ਕੁਝ ਖਬਰਦਾਰ ਹੋਗਿਆ। ਸੰਤਾਂ ਦੇ ਬੋਲ ਚਾਲ ਰਹਿਣੀ ਬਹਿਣੀ ਕਹਿਣੀ ਦਾ ਵਾਕਫਕਾਰ ਹੋਗਿਆ।ਬ੍ਰਿਧਸੰਤਾਂ ਦੀ ਕ੍ਰਿਪਾ ਨੇ ਕੁਝ ਆਤ-ਮਕ ਪਦਾਰਥਾਂ ਦੀ ਖਬਰ ਦੱਸੀ ਅਤੇ ਭੇਖ ਦੀ ਰਹੁ ਰੀਤ,ਮ੍ਰਯਾਦਾ,ਰਹਿਣੀ ਬਹਿਣੀ ਮਹੰਤਾਂ ਦੀ ਕ੍ਰਿਪਾ ਨਾਲ ਪ੍ਰਾਪਤਹੋਈ।ਹੋਰ ਵੀ ਜਿਤਨੇ ਡੇਰੇ ਵਿਚਸੰਤ ਮਹਾਤਮਾਰਹਿੰਦੇਸੇ ਉਨ੍ਹਾਂਨਾਲ ਅਤੇਆਉਣਜਾਣ ਵਾਲੇ ਸਤਿਪੁਰਸ਼ਾਂਨਾਲ ਵੀ ਚੰਗਾ ਪ੍ਰੇਮ ਵਧਗਿਆ,ਨਾਲ ਹੀ ਹਿਰਦਾਰਾਮ ਦਾ ਵੀ। ਇੱਕੁਰ ਜਦ ਬਹੁਤੇਰੇ ਦਿਨ,ਕਹੀਏ ਮਹੀਨੇ, ਗੁਜ਼ਰ ਗਏ ਤਾਂ ਫਿਰ ਕੂਚ ਦੀ ਧੁਨ ਸਮਾਈ। ਪੈਰਾਂ ਦੀਆਂ ਤਲੀਆਂ ਵਿਚ ਲੱਗੀ ਖੁਰਕ ਹੋਣ। ਇਕ ਦਿਨ ਮਹੰਤਾਂ ਪਾਸ ਬੇਨਤੀ ਕੀਤੀ, ਮਹਾਰਾਜ ! ਦੁਆਰਕਾ ਪਰਸਨ ਦਾ ਸੰਕਲਪ ਹੈ, ਜੇਕਰ ਆਗਜਾ ਕਰੋ ਤਾਂ ਸੰਕ-ਲਪ ਦੀ ਨਵਿਰਤੀ ਹੋ ਜਾਵੇ।

ਮਹੰਤ ਜੀ–ਬਹੁਤ ਚੰਗਾ,ਸੰਕਲਪਕਹੀਏ, ਵਾਸ਼ਨਾ ਕਹੀਏ,ਏਹੋ ਜਨਮਾ ਦਾ ਕਾਰਣ ਰੂਪ ਹਨ, ਇਸਦੀ ਨਵਿਰਤੀ ਹੀ ਸਾਧੂ ਦਾ ਮੁੱਖ ਕਰਮ ਹੈ।ਦੂਸਰੇ,ਸਾਧੂ ਜਲ ਵਾਂਗ ਚਲਦਾ ਹੀ ਰਹੇ ਤਾਂ ਸ਼ੋਭਾਇਮਾਨ ਹੁੰਦਾ ਹੈ, ਇਕ ਜਗ੍ਹਾ ਖੜਾ ਹੋਇਆ ਗੰਧਲਾ ਹੋ ਜਾਂਦਾ ਹੈ।

ਸ਼ਾਮਸੁੰਦਰ–ਸੱਤਿ ਹੈ ਜੇ ਆਗਿਆ ਕਰੋ ਤਾਂ ਕਲ ਸਵੇਰੇ ਪ੍ਰਾਤਾਕਾਲ ਕੂਚ ਕਰ ਦਿਆਂ।

Digitized by Panjab Digital Library | www.panjabdigilib.org

ਮਹੰਤ ਜੀ 'ਸਤਿਬਚਨ' ਕਹਿਕੇ ਚੁਪਹੋ ਰਹੇ।

ਸ਼ਾਮਸੁੰਦਰ ਨੇ ਆਪਣੀ ਸਵੇਰੇ ਕੂਚ ਦੀ ਤਿਆਰੀ ਪੱਕੀ ਕਰ ਲਈ ਰਾਤ ਨੂੰ ਜਦ ਸਾਰੇ ਡੇਰੇ ਦੇ ਲੋਕ ਸੌਂ ਗਏ ਤਾਂ ਮਹੰਤ ਹੁਰੀਂ ਗੁਪ ਚੁਪ ਸ਼ਾਮਸੁੰਦਰ ਦੇ ਪਾਸ ਪਹੁੰਚੇ, ਸਹਿਜ ਨਾਲ ਜਗਾਇਆ, ਸ਼ਾਮਸੁੰਦਰ ਉੱਠਕੇ ਅਦਬਨਾਲ ਬੈਠ ਗਿਆ ਤਾਂ ਮਹੰਤ ਹੋਰੀਂ ਇਕ ਭਾਰੀ ਜੇਹੀ ਪੁੜੀ ਕਾਗਤ ਦੀ ਬੱਧੀ ਹੋਈ ਹੱਥ ਵਿਚ ਦੇਕੇ ਕਹਿਣਲਗੇ, 'ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ.....ਮਲਿ ਦਲਿ ਲਾਈ ਪਾਇ'। ਇਹ ਕਿਤੇ ਰੇਲਵੇ ਕਿਰਾਏ ਦੇ ਅਰਥ ਆ ਜਾਏਗੀ। ਸ਼ਾਮਸੁੰਦਰ ਨੇ ਬਹੁਤੇਰੀ ਨਾਂਹ ਨੁੱਕਰ ਵਾਲੀ ਬੇਨਤੀ ਕੀਤੀ ਪਰ ਮਹੰਤ ਜੀ ਧੁਨ ਦੇ ਪੱਕੇ ਦੇਕੇ ਹੀ ਰਹੇ। ਇਸੀ ਤਰ੍ਹਾਂ ਪਰਸਪਰ ਬਹੁਤ ਪ੍ਰੀਤ ਤੇ ਵਡਿਆਈ ਨਾਲ ਵਿਦਾ ਹੋਏ।

ਪ੍ਰਕਰਣ ੧੪.

ਖਬਰ ਨ ਖਾਲੀ ਪੱਤ੍ਰਿਕਾ ਨਹਿੰ ਸੰਦੇਸ਼ ਕਿਸ ਦੇਸ।
ਬੀਤੇ ਮਾਸ ਕਿਤੇਕ ਹੈਂ ਅਹੈਂ ਕਹਾਂ ਕਿਸ ਭੇਸ?

ਰਾਵੀ ਨਦੀ ਹੈ, ਕੈਸੀਆਂ ਸੁੰਦਰ ਲਹਿਰਾਂ ਮਾਰਕੇਚੱਲ ਰਹੀਹੈ ਮਾਨੋ ਬਿਰਹੀਆਂ (ਵਿਛੋੜੇ ਵਾਲਿਆਂ) ਦੇ ਨੇਤਰਾਂ ਦਾ ਅਥਾਹ ਪ੍ਰਵਾਹਹੈ। ਜਲ ਵੀ ਨਿਰਮਲ ਜੀਕੂਰ ਪ੍ਰੇਮੀਆਂ ਦਾ ਹਿਰਦਾ, ਕਿਤੇ ਕਿਤੇ ਕੋਈ ਜਲ ਜੀਵ ਮੱਛ ਕੱਛ ਆਦਿਕਾਂ ਦਾ ਉੱਛਲਨਾ, ਉੱਛਲ ਕੇ ਫਿਰ ਓਸੇ ਪ੍ਰਵਾਹ ਵਿਚ ਲੀਨ ਹੋਣਾ, ਜੈਸੇ ਕੂ ਵੈਰਾਗੀ ਪੁਰਸ਼ਾਂ ਦੇ ਵਿਹਾਰਕ ਮਨੋਰਾਜ ਪੈਦਾ ਹੋਕੇ ਫਿਰ ਬੈਰਾਗ ਦੇ ਪ੍ਰਵਾਹਵਿਚ ਲੀਨ ਹੋ ਜਾਂਦੇ ਹਨ। ਕਿਨਾਰੇ ਤੇ ਰੇਤ ਦੇ ਢਾਹੇ, ਝਾਉਆਂ ਦੇ ਬੂਝੇ, ਸਰਕੜੇ ਦੇ ਉਚੇਰੇ ਟੂਟੇ ਦਰਿਆਉ ਦੇ ਸੁਹੱਪਣ ਨੂੰ ਇਉਂ ਰੋਕੀ ਖਲੋ ਹਨ ਜੀਕੂਰ ਸਤਿ ਮਾਰਗ ਪਰ ਚੱਲਣ ਵਾਲੇ ਜਗਜਾਸੂ ਨੂੰ ਸਨਬੰਧੀ ਵਾ ਸੰਸਾਰਕ ਧੰਧੇ ਰੋਕਣ ਲਈ ਯਤਨਕਰਦੇ ਹਨ। ਪਰੰਤੂ ਨਿਖੂਤੀ ਦੀ ਤੀਬਰ ਬ੍ਰਿਤੀ ਵਾਕੂਰ ਨਦੀ ਆਪਣੇ ਵੇਗ ਵਿਚ ਰੁਕੀ ਨਾ ਰਹਿਣ ਵਾਲੀ ਹੋਣਹਾਰ ਵਾਕੂਰ ਵਗੀ ਹੀ ਚਲੀ ਜਾ ਰਹੀ ਹੈ। ਇਸੇ ਸੁਹਣੀ ਮਨਮੋਹਣੀ ਨਦੀ ਦੇ ਕਿਨਾਰੇ ਤੇ ਇਕ ਨਿੱਕਾ ਜੇਹਾ ਪਿੰਡਹੈ, ਪਾਸ ਹੀ ਝੁੱਗੀਆਂ ਹਨ। ਘਰ ਤਾਂ ਇਸ ਪਿੰਡ ਦੇ ਬਹੁਤ ਥੋੜ੍ਹੇ ਹਨ, ਪਰ ਠੀਕ ਦਰਿਆਉ ਦੀ ਸੈਲ ਜੋ ਖੂਬ-ਸੂਰਤੀ ਨਾਲ ਵਹਿ ਰਿਹਾਹੈ ਬਹੁਤ ਹੀ ਚੰਗੀ ਤਰ੍ਹਾਂ ਦਿੱਸਦੀ ਹੈ। ਭਾਵੇਂ ਇਹ ਪਿੰਡ ਇਕ ਮੈਦਾਨ ਪੱਧਰ ਜ਼ਮੀਨ ਤੇ ਹੈ ਪਰ ਢਹੇ ਦੀ ਉਚਾਈ ਤੇ ਪਿੰਡ ਹੋਣੇ ਕਰਕੇ ਪਹਾੜੀ ਖੂਬੀ ਨਾਲੋਂ ਕੋਈ ਕਮੀ ਨਹੀਂ ਦਿਸਦੀ। ਇਸ ਪਿੰਡਦੇਨਾਲ ਇਕ ਦੋ ਬਾਗ ਵੀ ਫਲਾਂ ਫੁਲਾਂ ਨਾਲ ਹਰੇ ਭਰੇ ਠੀਕ ਕੰਢੇ ਤੇ ਲਹਿ ਲਹਾ-ਉਂਦੇ ਸ਼ੋਭ ਰਹੇ ਹਨ। ਪੌਣ ਵੀ ਏਥੇ ਪਾਣੀ ਦੇ ਪ੍ਰਵਾਹ ਨਾਲੋਂ ਖਹਿਕੇ ਆਈ ਹੋਈ ਸਰੀਰ ਅਤੇ ਦਿਮਾਗ਼ ਨੂੰ ਠੰਢਕ ਦੇ ਰਹੀ ਹੈ। ਬਗ਼ੀਚੇ ਦੇ ਫੁੱਲਾਂ ਦੇ ਖਿੜੇ ਹੋਣ ਦੇ ਕਾਰਣ ਇਸ ਪੌਣ ਵਿਚ ਸੁਗੰਧੀ ਦੀ ਰਮਕ ਵੀ ਪ੍ਰਤੀਤ ਹੁੰਦੀ ਹੈ। ਇਸਦਾ ਧੀਮਾ ਧੀਮਾ ਚੱਲਣਾ ਤਾਂ ਮਾਨੋਂ ਪਿਛਲੀਆਂ ਗਈਆਂ ਬੀਤੀਆਂ ਸੁਖ ਅਥਵਾ ਦੁਖ ਦੀਆਂ ਗੱਲਾਂ ਦਾ ਚੇਤਾ ਕਰਾ ਰਹੀ ਹੈ। ਦਿਨ ਵੀ ਢਲਿਆਹੋਇਆ ਕਿਸੇਦੀ ਜੁਵਾਨੀ ਦੇ ਉਤਾਰ ਵਾਕੂਰ ਘਟਦਾ ਜਾ ਰਿਹਾ ਹੈ, ਪੰਛੀਆਂ ਦੀ ਚਹਿਚਹਾਟ ਵੀ ਇਸ ਵੇਲੇ ਇਸਤਰਾਂ ਸੁਣੀਂਦੀ ਹੈ, ਜੀਕੂਰ ਭਾਈ ਬੈਠੇ ਤੋਤਲੀ ਉਮਰ ਦੇ ਮੁੰਡੇ ਪੜ੍ਹ ਰਹੇਹਨ। ਇਜੇਹੇ ਅਨੰਦ ਦੇ ਸਮੇ ਵਿਚ ਵੀ ਬਿਰਹੀ ਜੀਵ ਕਦੀ ਆਨੰਦ ਨਹੀਂ ਹੁੰਦੇ। ਸਗੋਂ ਏਹੋ

Digitized by Panjab Digital Library | www.panjabdigilib.org

ਜੇਹੇ ਸਾਮਾਨ ਉਲਟਾ ਅਸਰ ਕਰਦੇ ਹਨ। ਓਹ ਚੇਤੇ ਕਰ ਕਰਕੇ ਪਿਛਲੀਆਂ ਗੱਲਾਂ ਨੂੰ ਦੁਖੀ ਹੋ ਹੋਕੇ ਰੋਂਦੇ ਕੁਰਲਾਂਦੇ ਬ੍ਰਹਮਾ ਨੂੰ ਦੋਸ਼ ਲਾਕੇ ਨਿੰਦਦੇ ਅਤੇ ਕਲੇਸ਼ ਕਰਦੇ ਹਨ, ਸੋਈਓ ਇਸਪਿੰਡ ਵਿਚ ਇਕ ਘਰ ਦੋ ਤਿੰਨ ਤੀਵੀਆਂ,ਦੋ ਤਿੰਨ ਮਰਦ ਬੈਠੇ ਆਪਸ ਵਿਚ ਗੱਲਾਂ ਕਰਦੇ ਹਨ। ਇਕ ਕਹਿੰਦਾ ਹੈ, ਵਰ੍ਹਾ ਢੁੱਕਣ ਲੱਗਾ ਹੈ ਕਿਤੇ ਉੱਘ ਮੁਹਰ ਹੀ ਕੋਈ ਨਹੀਂ ਕਿ ਕਿਧਰ ਗਿਆ। ਦੋ ਪੈਸੇ ਦਾ ਖਤ ਪਤ੍ਰ ਤਕ ਨਹੀਂ ਪਾਇਆ।

ਦੂਜੀ—ਸਾਥੀ ਜੋ ਓਹੋ ਜਿਹੇ ਚੰਦਰੇ ਹੋਏ, ਜਿਨ੍ਹਾਂ ਘਰ ਘਾਟ ਜੋਗਾ ਰਹਿਣ ਹੀ ਨਹੀਂ ਦਿੱਤਾ, ਕੋਈ ਕੀ ਕਰੇ!

ਤੀਜੀ—ਸਚੀਮੁਚੀ ਓਹੋ ਸਾਥੀ ਨਾਲ ਸੀ ਜਿਨ੍ਹਾਂ ਦੇ ਸੰਗ ਕੁਸੰਗ ਨਾਲ ਏਡੀਆਂ ਹੋਈਆਂ, ਪਰ ਉਹ ਸੰਗੀ ਨਹੀਂ ਛੱਡੇ।

ਚੌਥਾ—ਜਿਹੜੀ ਵਾਦੀ ਅਥਵਾ ਫਿਟਕ ਪੈ ਜਾਏ ਫਿਰ ਜਾਂਦੀ ਨਹੀਂ, ਚਾਹੇ ਕੁਝ ਹੋਵੇ।

ਪੰਜਵਾਂ—ਵਾਦੀ ਜਾਂਦੀ ਰਹੇ ਤਾਂ ਫਿਰ ਵਾਦੀ ਹੀ ਨਹੀਂ, ਵਾਦੀ ਲਾ ਇਲਾਜ ਮਰਜ਼ ਹੈ। ਇਸਦੀ ਦਵਾ ਕੋਈ ਨਹੀਂ, ਪੈਂਦੀ ਭੋੜਿਆਂ ਲੇਖਾਂ ਨੂੰ ਹੈ।

ਪਹਿਲਾ—ਅਸੀਂ ਤਾਂ ਇਸ ਗੱਲ ਨੂੰ ਰੋਨੇ ਹਾਂ ਭਈ ਜੀਉਂਦੇ ਮੋਏ ਦੀ ਖਬਰ ਸੁਰਤ ਤਾਂ ਮਿਲਦੀ ਰਹੇ,ਹੁਣ ਤਾਂ ਬੇਖਬਰੀ ਦਾ ਸੰਤਾਪ ਹੈ,ਆਦਮੀ ਕਰੇ ਤਾਂ ਕੀ ਕਰੇ?ਹੁਣ ਕਿਤੇਪਤਾ ਨਿਸ਼ਾਨ ਹੋਵੇ ਤਾਂ ਚਿੱਠੀ ਲਿਖ ਪਾਈਏ।

ਦੂਜੀ—ਏਹ ਸੰਗਤ ਦਾ ਫਲ ਹੈ, ਮੈਂ ਤਾਂ ਓਸੇ ਵੇਲੇ ਹੈਰਾਨ ਸੀ ਜਿਸਵੇਲੇ ਉਸਨੂੰ ਨਾਲ ਡਿੱਠਾ ਸੀ ਕਿ ਇਹ ਸਾਰੇ ਉਪਦ੍ਰਵ ਦਾ ਕਾਰਣ ਹੈ।

ਤੀਜੀ—ਹੁਣ ਕੰਮੀ ਦੇ ਸਾਹੁਰੇ ਚਿੱਠੀ ਪਾ ਦਿਓ ਮਤਾਂ ਘਰ ਕੋਈ ਚਿੱਠੀ ਆਈ ਹੋਵੇ।

ਦੂਜੀ—ਸਾਹੁਰਾ ਘਰ,ਸਾਹੁਰੇ ਕੋਈ ਰਹੇ ਵੀ ਹੋਣ, ਸਹੇੜੇ ਤਾਂ ਦੁਹਰੇ ਸਨ, ਰਹੇ ਇਕਹਿਰੇ ਵੀ ਨਾ। ਤੱਤਿਆਂ ਲੇਖਾਂ ਨੂੰ ਦੇਵੇਂ ਘਰ ਬਰਬਾਦ ਹੋ ਗਏ!

ਤੀਜੀ—ਤਦਵੀ ਕੋਈਅੰਗਸਾਕ ਹੀਹੋਵੇਗਾ, ਪਤਾ ਤਾਂ ਕੱਢੋ ਏਵੇਂ ਕੀ ਦੁਖੀ ਪਏ ਹੁੰਦੇ ਹੋ।

ਚੌਥਾ—ਚੰਗੀ ਗੱਲ ਹੈ, ਦੋ ਪੈਸਿਆਂ ਦੀ ਚਿੱਠੀ ਹੈ ਉੱਤ੍ਰ ਆਉਂਦਿਆਂ ਤੋੜੀ ਤਾਂ ਆਪ ਨੂੰ ਧੀਰਜ ਹੋਉ,ਚਿੱਠੀਜ਼ਰੂਰਪਾਉਣੀਚਾਹੀਏ।

ਪਹਿਲਾ—ਚਿੱਠੀ ਕਿੱਥੇ ਪਾਈਏ, ਹਰਕੀ ਦਾਸ ਵਲ ਪਾ ਦੇਈਏ, ਤਾਂ ਉਹ ਕੁਝ ਉੱਤ੍ਰ ਭੇਜੇ ਕਿ ਨਾ ਭੇਜੇ?

ਚੌਥਾ—ਹਰਕੀ ਦਾਸ ਕੌਣ ਹੈ?

ਪਹਿਲਾ—ਕੰਮੀ ਦੇ ਪਿਤਰੌਰੇ ਦਾ ਪੁੱਤਰ ਜੇਠ ਲਗਦਾ ਹੈ,ਸ਼ਰੀਕਾ ਹੋਇਆ ਨਾ!

ਚੌਥਾ—ਫਿਰ ਭੈਰ ਕਾਹਦੀ?

ਦੂਜੀ—ਭੈਰ ਤਾਂ ਕੋਈ ਨਹੀਂ ਪਰਸੋਂ ਦਾ ਪਾਂਧਾ ਕਿਸੇ ਆਪਣੇ ਕੰਮ ਗਿਆ ਹੋਇਆ ਹੈ, ਮੈਂ ਤੁਰਨ ਵੇਲੇ ਮਿੰਨਤ ਕੀਤੀ ਸੀ ਭਈ ਖਬਰ ਪਤਾ ਕੁਝ ਜ਼ਰੂਰ ਕੱਢਕੇ ਆਵੀਂ,ਉਥੇ ਕਿਸੇ ਨੂੰ ਕੋਈ ਖਤ ਖਬਰ ਆਈਹੈ ਕਿ ਨਹੀਂ। ਸੋ ਕੱਲ ਤਕ ਆਉਣ ਵਾਲਾ ਹੈ, ਦੇਖੀਏ ਕੀ ਉੱਤ੍ਰ ਲਿਆ ਦਿੰਦਾ ਹੈ,ਪਤਾ ਪਾਂਧੇ ਨੂੰ ਹਰਕੀ ਦਾਸ ਦਾ ਵੀ ਨਾਲੇ ਬੋਰੀਰਾਮ ਦਾ ਵੀ ਸਾਰਾ ਦਿੱਤਾ ਹੋਇਆ ਹੈ।

ਚੌਥਾ—ਤਾਂ ਉਡੀਕ ਕੇ ਚਿੱਠੀ ਲਿਖਣੀ।

ਪਹਿਲਾ—ਧੀਆਂ ਢਿੱਡੀਂ ਤਾਂ ਸਮਾਉਂਦੀਆਂ ਹਨ, ਪਰ ਤਾਉਣੀ ਨਹੀਂ ਸਮਾਉਂਦੀਆਂ। ਜਿਸ ਵੇਲੇ ਕੰਮੀ ਵਲ ਵੇਖਨੇ ਹਾਂ ਉਸੇ ਵੇਲੇ ਜੀ ਭਰ ਆਉਂਦਾ ਹੈ ਪੇਸ਼ ਕੁਝ ਜਾਂਦੀ ਨਾਹੀਂ, ਲੇਖਾਂ ਸੰਜੋਗਾਂ ਦੇ ਵੱਸ ਹੈ।

Digitized by Panjab Digital Library | www.panjabdigilib.org

ਇਧਰੋਂ ਵਿਆਹੀ ਗਈ, ਉਧਰੋਂ ਥੋੜ੍ਹੇ ਦਿਨਾਂ ਮਗਰੋਂ ਮੁਕੱਦਮਾ ਬਣ ਗਿਆ। ਝੁੱਗਾ ਝਾਂਇਆ ਸਭ ਲੱਗ ਗਿਆ।ਦੋਵੇਂ ਪਾਸੇ ਨੰਗ ਹੋ ਗਏ। ਓੜਕ ਬਾਜ਼ੀ ਵੀ ਕੂੜ ਪਈ, ਕੈਦ ਹੋਗਿਆ, ਕੈਦੋਂ ਨਿਕਲਕੇ ਆਇਆ, ਬਹੁ-ਤੇਰੇ ਤਰਲੇ ਕੀਤੇ ਭਈ ਕਿਸੇ ਕਾਰੇ ਲਗ, ਏਥੇ ਰਹੁ, ਪਰ ਓਸ ਅੜੀਅਲ ਨੇ ਇਕ ਨਾ ਮੰਨੀਂ,ਹੁਣ ਕੁਝ ਪਤਾ ਨਹੀਂ, ਕਿਤੇ ਜੀਉਂਦਾ ਮੋਇਆ ਹੈ ਵੀ ਕਿ ਨਹੀਂ ?

ਦੂਜੀ—ਹੱਛਾ ਜੋ ਕਿਸਮਤਸੀ ਸੋ ਹੋਇਆ, ਹੋਰਜੋ ਹੋਣੀਹੈ ਸੋ ਹੋ ਰਹੇਗੀ,ਓੜਕ ਨਿਬੇੜਾ ਕਿਸਮਤ ਤੇ ਹੈ ਨਾ। ਆਪੋ ਆਪਣੀ ਕਰਨੀ ਦੇ ਫਲ ਸਭ ਕੋਈ ਭੋਗਦਾ ਹੈ।ਇਹੋ ਜੇਹੀਆਂ ਗੱਲਾਂ ਹੁੰਦੀਆਂ ਹੀ ਪਈਆਂ ਸਨ ਕਿ ਪਾਂਧਾ ਵੀ ਆ ਗਿਆ, ਜੋ ਠਾਕੁਰਾਂ ਦੀ ਕਹਿਕੇ ਮੂੜ੍ਹਾ ਲੈਕੇ ਬੈਠਗਿਆ।ਕਹਿਣ ਲਗਾ ਭਈ ਤੁਹਾਡੇ ਲਈ ਇਕ ਦਿਨ ਮੈਨੂੰ ਹੋਰ ਵਧੇਰੇ ਰਹਿਣਾ ਪਿਆ ਕਿਉਂਕਿ ਹਰਕੀਦਾਸਦਾ ਪਤਾ ਨਹੀਂ ਸਾ ਲਗਦਾ,ਮਸੇ ਮਸੇ ਲੱਭਿਆ।ਚੌੜੇ ਬਜ਼ਾਰ ਦੇ ਪਤੇ ਤੇ ਬੋਰੀ ਰਾਮ ਨੂੰ ਮਿਲਿਆ ਪਰ ਓਹ ਆਖਦੇਹਨ ਭਈ ਸਾਨੂੰ ਕੋਈ ਪਤਾ ਨਹੀਂ,ਏਥੋਂ ਤੁਹਾਡੀਵਲ ਗਏ ਨੂੰ ਚਿਰਬਹੁਤ ਹੀ ਸਾਰਾ ਹੋਇਆ।ਮੁੜ ਕੋਈ ਚਿੱਠੀ ਸੁਨੇਹਾ ਨਹੀਂ ਆਇਆ,ਸਗੋਂ ਫਿਕਰ ਲੱਗਾ ਹੋਇਆ ਹੈ,ਅਸੀਂ ਤੁਹਾਡੇਪਾਸ ਆਦਮੀ ਭੇਜਣ ਵਾਲੇ ਸਾਂ,ਚੰਗਾਹੋਇਆ ਪਾਂਧਾ ਜੀ ਤੁਸੀਂ ਆਗਏ। ਇਹ ਕਹਿਕੇ ਪਾਂਧਾ ਚੁੱਪ ਹੋਗਿਆ।

ਦੂਜੀ—ਚੰਗਾ ਜੋ ਭਾਣਾ ਕਰਤਾਰ, ਕਿਸੇ ਦੇ ਕੀ ਵੱਸ।ਜਦ ਖਬਰ ਸਾਰ ਹੀ ਕੋਈ ਨਹੀਂ ਤਾਂ ਕੀ ਕੀਤਾ ਜਾਵੇ। ਚੁਪਾਏ ਦੀ ਰਾਖੀ ਹੋ ਸਕਦੀ ਹੈ ਪਰ ਦੁਪਾਏ ਦੀ ਰਾਖੀ ਕਿਸੇ ਤੋਂ ਨਹੀਂ ਹੋ ਸਕਦੀ। ਇਸਲਈ ਭਾਣਾ ਹੀ ਸਿਰ ਧਰਕੇ ਮੰਨਣਾ ਹੈ, ਆਪਣੇ ਦਿਨਾਂ ਦਾ ਫੇਰ ਹੈ। ਇਧਰੋਂ ਸ਼ਾਮਸੁੰਦਰ ਦੀ ਉਘਮੁਹਰ ਨਹੀਂ, ਓਧਰ ਦਰੀਆਉ ਢਾਹ ਲਾਈ ਟੁਰਿਆ ਆਉਂਦਾ ਹੈ,ਠੀਕ ਅਨਾਰਾਂ ਵਾਲੇ ਬਾਗ ਦੇ ਹੇਠ ਖਹਿਕੇ ਲੰਘਦਾ ਹੈ, ਖਬਰ ਨਹੀਂ ਕਿਸ ਵੇਲੇ ਇਸ ਬਾਗ਼ ਦੀ ਖਬਰ ਲੈਂਦਾ ਹੈ।ਡਾਢੇ ਬੰਦੇ ਨਾਲ ਕੋਈ ਪੇਸ਼ ਵਾਹ ਨਹੀਂ ਚਲਦੀ, ਇਹ ਤਾਂ ਸਰ ਹੋਏ ਦਰੀਆ ਪਾਤਸ਼ਾਹ,ਇਸ ਨਾਲ ਕਿਸੇ ਦਾ ਕੀ ਜ਼ੋਰ ਹੈ ?

ਤੀਜੀ—ਹੱਛਾ ਜੋ ਕਿਸਮਤ ਸੋ ਹੋ ਰਹੇਗਾ 'ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ।' ਇਹ ਕਹਿਕੇ ਪਾਸੋਂ ਉਠਕੇ ਚਲੀਗਈ।ਪਾਂਧੇ ਹੋਰੀ ਵੀ ਜੈ ਠਾਕਰਾਂ ਦੀ ਕਹਿਕੇ ਚਲੇ ਗਏ।

ਪ੍ਰਕਰਣ ੧੫.

ਸਤਿਸੰਗਤਿ ਸਤਿਪੁਰਖ ਕੀ ਸਦਾਰਹਿਤ ਸੁਖਥਾਨ। ਜਿਉਂਜਿਉਂ ਚੰਦਨਰਗੜੀਏਤਿਉਂਤਿਉਂ ਗੰਧਮਹਾਠ

ਇਸ ਭਾਰੇ ਸਿੰਧ ਦਰਿਆਉ ਦੇ ਵਿਚਕਾਰ ਜਿੱਥੇ ਅਸਗਾਹ ਜਲ;ਕਦੇ ਵੰਝੀਂ ਹਾਥ ਨਹੀਂ ਹੋਇਆ ਅਤੇ ਵਹਾਉ ਵੀ ਇਸ ਜ਼ੋਰ ਦਾ ਕਿ ਜਿੱਥੇ ਹਾਥੀ ਵੀ ਨਹੀਂ ਤਰ ਸਕਦੇ, ਇਥੇ ਇਕ ਨਿੱਕਾ ਜਿਹਾ ਚਟਾਨ ਹੈ। ਇਸ ਪਹਾੜੀ ਦਾ ਘੇਰਾ ਕੋਈ ਬਹੁਤ ਵੱਡਾ ਨਹੀਂ ਕੋਈ ਦੋ ਚਾਰ ਪੈਲੀਆਂ ਵਾਰਾ ਹੀ ਹੈ, ਪਰ ਇਹ ਚਟਾਨ ਇਥੇ ਹਜ਼ਾਰਾਂ ਬਰਸਾਂ ਤੋਂ ਇਸੇ ਦਰਿਆਉ ਦੇ ਵਿਚਕਾਰ ਟਿੱਬੇ ਵਾਂਗ ਹੀ ਪਿਆ ਚਲਿਆ ਆਉਂਦਾ ਹੈ। ਇਸ ਵੇਲੇ ਇਸਤੇ ਗੁਰਦਵਾਰਾ ਹੈ, ਸੰਤ ਵਣਖੰਡੀ ਜੀ ਦਾ ਅਸਥਾਨ ਹੈ,ਲੋਕੀਂ ਕਿਸ਼ਤੀਆਂ ਤੇ ਚੜ੍ਹਕੇ ਅੱਪੜਦੇ ਹਨ। ਇਸ ਅਸਥਾਨ ਦਾ ਨਾਉਂ ਸਾਧ ਬੇਲਾ ਹੈ।ਏਥੇ ਚੰਗੇ ਚੰਗੇ ਧਾਰਨਾ ਵਾਲੇ

Digitized by Panjab Digital Library | www.panjabdigilib.org

ਸੰਤ ਮਹਾਤਮਾ ਟਿਕਦੇ ਹਨ। ਇਥੇ ਲੰਗਰ ਵੀ ਅਤੁੱਟ ਚਲਦਾ ਹੈ। ਸਿੰਧ ਦੇਸ਼ ਦੇ ਲੋਕ ਵਡੀ ਪ੍ਰੇਮਭਾਵਨਾ ਕਰਕੇ ਇਸ ਅਸਥਾਨ ਦੀ ਸੇਵਾ ਪੂਜਾ ਕਰਦੇ ਰਹਿੰਦੇ ਹਨ।ਮਹੰਤ ਇਥੋਂ ਦਾ ਸੰਤ ਸੇਵੀ ਨਿਰਮਾਨ ਮਹਾਤਮਾ ਪ੍ਰਤਾਪ ਸ਼ੀਲ ਪੁਰਖ ਹੈ*।ਆਏ ਪੁਰਖ ਨੂੰ ਤਿੰਨਦਿਨ ਤਕ ਕਿਸੇ ਪੁੱਛ ਦੱਸ ਤੋਂ ਬਿਨਾ ਅੰਨ ਪਾਣੀ ਦੀ ਸੇਵਾ ਅਵੱਸ਼ਜ ਕਰਨੀ। ਇਸਤੋਂ ਵਧੀਕ ਵੀ ਕੋਈ ਰਹੇ ਤਾਂ ਮ੍ਰਯਾਦਾ ਅਨੁਸਾਰ ਸੇਵਾ ਤੋਂ ਮੂੰਹ ਨਹੀਂ ਫੇਰਨਾ। ਇਹ ਅਸਥਾਨ ਸਿੰਧ ਦੇਸ਼ ਵਿਚ ਬੜਾ ਉੱਘਾ ਹੈ। ਇਥੇ ਸਾਧੂ ਪੜ੍ਹਨ ਲਈ ਵੀ ਜਾ ਟਿਕਦੇ ਹਨ। ਜੇਹਾ ਕੁ ਇਥੇ ਅੰਨ ਦਾ ਭੰਡਾਰਾ ਹੈ,ਤੇਹਾ ਹੀ ਵਿਦਯਾ ਦਾ ਵੀ ਖੁੱਲ੍ਹਾ ਭੰਡਾਰਾ ਹੈ। ਗੁਰਬਾਣੀ ਦਾ ਪ੍ਰਚਾਰਵੀ ਸਾਰੇਦੇਸ਼ ਵਿਚ ਇਥੋਂ ਹੀਹੋਇਆ ਹੈ। ਇਹ ਸੰਤ ਵਣਖੰਡੀ ਜੀ ਉਦਾਸੀ ਮਤ ਦੇ ਨਾਨਕਸ਼ਾਹੀ ਸੰਤ ਹੋਏ ਹਨ। ਇਸ ਅਸਥਾਨ ਤੇ ਬੈਠਕੇ ਇਸ ਮਹਾਤਮਾ ਨੇ ਤਪਕੀਤਾ ਹੈ। ਬਹੁਤ ਲੋਕਾਂ ਨੇ ਇਨ੍ਹਾਂ ਦੀਆਂ ਸਿੱਧੀਆਂ ਦੇਖੀਆਂ ਹਨ,ਇਸ ਲਈ ਇਹ ਡੇਰਾ ਬਹੁਤ ਨਾਮਦਾਰ ਹੋਗਿਆ ਹੋਇਆ ਹੈ। ਸਾਡੇ ਮਹਾਤਮਾ ਸ਼ਾਮਸੁੰਦਰ ਜੀ ਅਤੇ ਹਿਰਦਾ ਰਾਮ ਜੀ ਵੀ ਦਰਸ਼ਨ ਦੀ ਇੱਛਾ ਕਰਕੇ ਸਾਧਬੇਲੇ ਅੱਪੜੇ। ਮਹੰਤ ਜੀ ਬੜੀ ਖਾਤਰਦਾਰੀ ਨਾਲ ਮਿਲੇ, ਕਈ ਬਚਨ ਬਿਲਾਸ ਹੋਏ। ਹਲਾਣੀ ਬਲਾਣੀ ਗੁਰਦ੍ਵਾਰੇ ਦੇ ਪ੍ਰਸੰਗ ਹੁੰਦੇ ਰਹੇ। ਕੁਝ ਦਿਨ ਤਕ ਮਹੰਤਾਂ ਦੇ ਪ੍ਰੇਮ ਕਰਕੇ ਟਿਕੇ ਰਹੇ, ਸੇਵਾ ਖਾਤਰ ਬਹੁਤ ਚੰਗੀ ਹੁੰਦੀ ਰਹੀ,ਪਰੰਤੂ ਕਿਸਮਤ ਦਾ ਚੱਕ੍ਰ ਜੋ ਕਿਤੇ ਨਾ ਟਿਕਣ ਦੇਣ ਵਾਲਾ, ਹਰ ਵੇਲੇ ਜਿੰਨ ਦੀ ਤਰ੍ਹਾਂ ਸਿਰ ਤੇ ਸਵਾਰ ਭਲਾ ਏਥੇ ਕਦ ਚੈਨ ਲੈਣ ਦਿੰਦਾ ਹੈ ਇਥੋਂ ਵੀ ਕੂਚ ਦੀ ਤਯਾਰੀ ਕੀਤੀ। ਮਹੰਤਾਂ ਨੇ ਵਡੇ ਸਤਿਕਾਰ ਨਾਲ ਕਿਸ਼ਤੀ ਤੇ ਆਪ ਸਵਾਰ ਕਰਾਇਆ, ਪਰਸਪਰ ਮੱਥਾ ਟੇਕਕੇ ਵਿਦਾ ਹੋਏ। ਸ਼ਾਮਸੁੰਦਰ ਜੀ ਪਾਰ ਉਤਰਕੇ ਸਿੰਧ ਦੇਸ਼ ਦੀ ਸੈਲ ਲਈ ਸਹਿਜੇ ਸਹਿਜੇ ਪਿੰਡੀਂ ਗਿਰਾਈਂ ਫਿਰਦੇ, ਸਤਿਨਾਮ ਦਾ ਉਪਦੇਸ਼ ਦਿੰਦੇ ਹੋਏ ਸਿੰਧ ਹੈਦਰਾਬਾਦ ਅੱਪੜੇ। ਇਹ ਸ਼ਹਿਰ ਸਿੰਧ ਦੇਸ਼ ਦਾ ਵਡਾ ਭਾਰੀ ਸ਼ਹਿਰ ਹੈ। ਦਰਿਆ ਦੇ ਕਿਨਾਰੇ ਤੇ ਹੀ ਵਿਦਮਾਨਹੈ।ਭਾਵੇਂ ਇਹ ਵਸੋਂ ਮੁਸਲਮਾਨਾਂ ਦੀ ਵਿਸ਼ੇਸ਼ ਹੈ ਪਰ ਹਿੰਦੂ ਲੋਗ ਵੀ ਬਹੁਤਵੱਸਦੇਹਨ।ਏਥੇ ਟਿਕਾਣੇ(ਧਰਮਸਾਲਾ) ਨਾਨਕਸ਼ਾਹੀ ਬਹੁਤੀਆਂ ਹਨ। ਸਿੱਖ ਲੋਕ ਚੰਗੀ ਸ਼ਰਧਾ ਅਤੇ ਭਾਉ ਭਗਤੀ ਵਾਲੇ ਲੋਕ ਹਨ। ਕੋਈ ਲੋਕ ਤਾਂ ਚੱਕਰਦਾਰ ਪੱਗਾਂ ਬੰਨ੍ਹਦੇ ਹਨ ਅਤੇ ਕਈ ਲੋਕ ਖਾਸ ਕਰਕੇ ਖੜੀਆਂ ਟੋਪੀਆਂ ਪਹਿਨਦੇਹਨ।ਸੁਭਾਉ ਦੇਰਸੀਲੇ,ਹਿਤ ਕਰਨ ਵਾਲੇ,ਜ਼ੁਬਾਨ ਦੇ ਮਿੱਠੇ,ਪਿਆਰ ਕਰਨ ਵਾਲੇ ਲੋਕ ਵੱਸਦੇ ਹਨ। ਉਰਾਰ ਦੇ ਕੰਢੇ ਕੋਟਲੀ ਨਾਮੇ ਨਗਰ ਵੱਸਦਾ ਹੈ,ਇਹ ਬਹੁਤ ਸੰਘਣਾ,ਸੁਹਾਵਾ,ਪੈਂਠ ਵਾਲਾ ਪ੍ਰਸਿੱਧ ਨਗਰ ਹੈ। ਇਸੇ ਨੱਗਰ ਵਿਚ ਇਕ ਭਗਤ ਗਾਗਾ ਰਾਮ ਨਾਮੀ ਦੇ ਘਰ ਡੇਰਾ ਜਮਾਇਆ। ਇਹ ਭਗਤ ਤਨ,ਮਨ,ਧਨ ਕਰਕੇ ਸੰਤ ਸੇਵਾ ਕਰਨ ਵਿਚ ਬੜਾ ਉੱਘਾ,ਸ਼ਰਧਾ ਵਾਲਾ ਪੁਰਖ ਹੈ। ਭਾਵੇਂ ਇਸ ਨਗਰ ਵਿਚ ਜਿਤਨੇ ਟਿਕਾਣੇ (ਧਰਮਸਾਲਾਂ)ਹਨ,ਸਭਨੀਂ ਥਾਈਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਕਥਾ, ਕੀਰਤਨ, ਅਰਦਾਸ, ਆਰਤੀ ਸਮਾਜ ਪੁਰਬ ਅਵੱਸੋਂ ਹੁੰਦੇ ਹਨ, ਪਰੰਤੂ ਭਗਤ ਜੀ ਨੇ ਵੀ ਅਪਣੇ ਮਕਾਨ ਪਰ ਹੋਰਨਾਂ ਟਿਕਾਣਿਆਂ ਨਾਲੋਂ

*ਜਿਸ ਸਮੇ ਤੇ ਜਿਸ ਮਹੰਤ ਜੀ ਦਾ ਏਥੇ ਵਰਣਨ ਹੋ ਰਿਹਾ ਹੈ ਉਹ ਬੀਤ ਚੁਕੇ ਹਨ। [ਸੰਪਾਦਕ

Digitized by Panjab Digital Library | www.panjabdigilib.org

ਕੁਝ ਘੱਟ ਰੌਣਕ ਨਹੀਂ ਰੱਖੀ ਹੋਈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਹੁੰਦਾ ਹੈ। ਬਹੁਤੇ ਸਿਖ ਸੰਗਤ ਦਰਸਨ ਪਾਠ ਕੀਤੇ ਬਿਨਾ ਆਪਣੇ ਕੰਮਾਂ ਤੇ ਨਹੀਂ ਜਾਂਦੇ। ਕੋਈ ਮੁਸਲਮਾਨ ਲੋਕ ਵੀ ਇਸ ਘਰ ਤੇ ਭਰੋਸਾ ਰੱਖਦੇ ਹਨ,ਇਜੇਹੀ ਹੀ ਰਹੁ ਰੀਤ ਤੇ ਚੱਲਦੇ ਹਨ ਦੋ ਵੇਲੇ ਕਥਾ ਪਿੱਛੋਂ ਕੀਰਤਨ ਵੀ ਨੇਮ ਨਾਲ ਜ਼ਰੂਰ ਹੁੰਦਾ। ਜਦ ਇਸ ਸਤਿਸੰਗ ਵਿਚ ਸੰਤਾਂ ਦਾ ਡੇਰਾ ਜਾ ਲਗਾ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਤ ਕਰਨ ਲਗੇ। ਸੰਗਤ ਦਾ ਜਮਘਟ ਤਾਂ ਅਗੇ ਹੀ ਵਧੇਰਾ ਹੁੰਦਾ ਸੀ ਹੁਣ ਹੋਰ ਵੀ ਦਿਨੋ ਦਿਨ ਭੀੜ ਹੋਣ ਲੱਗੀ। ਉਪਰੰਤ ਗਾਗਾਰਾਮ ਜੀ ਦਾ ਆਪ ਤਾਨ ਪੂਰਾ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦਾ ਸੁਰ ਤਾਲ ਲੈ ਵਿਚ ਅਲਾਪਨਾ, ਸੁਣਨ ਵਾਲਿਆਂ ਨੂੰ ਉਹ ਆਨੰਦ ਵਰਸਾਉਂਦਾ ਕਿ ਕਹਿਣ ਸੁਣਨ ਵਿਚ ਨਹੀਂਆ ਸਕਦਾ।ਓਹ ਪ੍ਰੇਮ ਦਾ ਪ੍ਰਵਾਹ ਚਲਦਾ ਕਿ ਮਾਨੋ ਸਾਰੀ ਸੰਗਤ ਨਿਮਗਨ ਹੋ ਗਈ ਹੈ। ਇਸ ਅਕਹਿ ਅਨੰਦ ਦਾ ਕੀ ਵਰਣਨ ਕੀਤਾ ਜਾਵੇ ? ਇਸਤੋਂ ਉਪਰੰਤ ਪੰਗਤ।ਜੋ ਭੀ ਸਰੀਰ ਪੰਗਤ ਵਿਚ ਬੈਠ ਜਾਵੇ, ਪ੍ਰੀਤਭਾਵਨਾ ਨਾਲ ਸਰਬੱਤ ਨੂੰ ਪ੍ਰਸਾਦਛਕਾ-ਉਣਾ। ਫਿਰ ਆਗਿਆ ਲੈਕੇ ਭਗਤ ਜੀ ਨੇ ਅਪਣੇ ਕਾਰ ਵਿਹਾਰ ਲਈ ਜਾਣਾ ਅਤੇ ਸੰਤਾਂ ਨੇ ਅਰਾਮ ਕਰਨਾ। ਇਸ ਭਾਰੇ ਸਤਿਸੰਗ ਦੇ ਪ੍ਰਵਾਹ ਵਿਚ ਹਿਰਦਾਰਾਮ ਨੂੰ ਵੀ ਕੁਝ ਪਾਹ ਲੱਗਾ,ਕਿਉਂਕਿ ਹਲਾਣੀ ਬਲਾਣੀ ਸੰਤਾਂ ਪਾਸੋਂ ਗੁਰਮੁਖੀਅੱਖਰ ਪੜ੍ਹਨੇ ਅਰੰਭੇ ਹੋਏ ਸਨ ਅਤੇ ਇਕੁਰ ਹੀ ਜਪੁ ਸਾਹਿਬ ਜੀ ਦੀ ਇਕ ਤੁਕ ਨੇਮ ਨਾਲ ਕੰਠ ਕਰਨੀ ਨਾਂਗਾ ਗੰਗਾ ਰਾਮ ਜੀ ਪਾਸੋਂ ਅਰੰਭੀ ਹੋਈ ਸੀ। ਪਰ ਏਥੇ ਆਕੇ ਤਾਂ ਪੌੜੀ ਰੋਜ਼ ਕੰਠ ਕਰਕੇ ਸਾਰੀ ਕੰਠ ਕਰ ਲਈ,ਸਗਮਾ ਹੋਰ ਬਾਣੀ ਵੀ ਨਿਤਨੇਮ ਦੀ ਸਭ ਕੰਠ ਹੋਗਈ। ਅੱਖਰਾਭਿਆਸ ਵਿਚ ਇਤਨੀ ਮਿਹਨਤ ਕੀਤੀ ਕਿ ਪਾਠ ਕਰਨ ਦੀ ਸ਼ਕਤੀ ਹੋਗਈ।ਜੀਕੁਰ ਹੋਰ ਸਿੱਖ ਸੰਗਤ ਦੇ ਲੋਕ ਰਹਿਤ ਬਹਿਤ ਭਜਨ ਬੰਦਗੀ ਗੁਰ ਬਾਣੀ ਦੀਆਂ ਗੱਲਾਂ ਬਾਤਾਂ ਪੁੱਛਣ ਤਾਂ ਸੰਤ ਵੀ ਸਭ ਦਾ ਯਥਾਜੋਗ ਉਤ੍ਰ ਦੇਕੇ ਘਰ ਪੂਰਾ ਕਰਨਾ।ਜੇਹਾਕੁ ਕਿਸੇ ਨੂੰ ਤਾਕੀਦ ਕੀਤੀ ਗਈ ਕਿ ਪੰਜ ਪਾਠ ਪਿਛਲੀ ਰਾਤ ਨੇਮ ਨਾਲ ਕਰਨਾ,ਕਿਸੇਨੂੰ ਉਪਦੇਸ਼ਹੋਇਆ ਭਈ ਗੁਰ-ਬਾਣੀ ਤੋਂ ਕਿਸੇ ਵੇਲੇ ਵਿਹਲਿਆਂ ਨਹੀਂ ਰਹਿਣਾ,ਆਦਿਕ। ਤੀਕਰ ਦੇਖ ਸੁਣਕੇ ਨਿਤ ਨਵੀਂ ਉਮੰਗ ਅਤੇ ਗੁਰਬਾਣੀ ਦਾ ਰਸ ਦਿਨੋ ਦਿਨ ਸਵਾਯਾ ਹੋਣ ਦੇ ਕਾਰਣ ਪਹਿਲੇ ਜਿਹੜੇ ਢਾਹੇ ਸਨ, ਕਿਸੇ ਕਿਸੇ ਧਰਮ ਦੇ ਸੋ ਹੌਲੀ ਹੌਲੀ ਹਿਰਦਾ ਰਾਮ ਪਾਸੋਂ ਦਾਉ ਅਤੇ ਪੱਜ ਪਾਕੇ ਆਪੇ ਆਪਣੇ ਰਾਹੀਂ ਸਿਧਾਰਨ ਲਗੇ।ਹੋਰ ਸੰਗਤ ਦੇ ਲੋਕਾਂ ਵਾਕੁਰ ਇਸ ਪੰਡਤ ਹਿਰਦਾਰਾਮ ਨੂੰ ਵੀ ਸ਼ੌਕ ਲਗ ਗਿਆ, ਪੈਂਤੀਸ ਅੱਖਰੀ ਕੰਠ ਕੀਤੀ,ਹੋਰ ਵੀ ਕਈ ਤਰ੍ਹਾਂ ਦੇ ਰਹੁਰੀਤ ਵਾਲੇ ਪ੍ਰਸ਼ਨ ਕਰਦਾ ਉਤ੍ਰ ਨੂੰ ਹਰਵੇਲੇ ਗੌਰ ਨਾਲ ਸੋਚਦਾ,ਵਿਚਾ-ਰਦਾ ਰਹਿੰਦਾ। ਹੋਰ ਸੰਗਤ ਦੇ ਲੋਕਾਂ ਨਾਲ ਵੀ ਕਿਸੇ ਕਿਸੇ ਗੱਲ ਤੇ ਚਰਚਾ ਵਾਰਤਾ ਕਰਦਾ।ਇਸਦੀ ਇਸ ਧਾਰਨਾ ਤੇ ਸ਼ਾਮਸੁੰਦਰ ਵੀ ਵਿਤੋਂ ਬਾਹਰਾ ਪ੍ਰਸੰਨ, ਕਿਉਂਕਿ ਜੋੜੀ ਜੁੜ ਗਈ। ਇਸੇ ਤਰ੍ਹਾਂ ਸੰਗਤ ਦੀ ਪ੍ਰੇਮ ਭਾਵਨਾ ਸ਼ਰਧਾ ਹਰਵੇਲੇ ਸਤਿਸੰਗਦੇ ਉਮੰਗ ਵਿਚ ਏਥੇ ਤਿੰਨ ਮਹੀਨੇ ਬੀਤ ਗਏ। ਹੋਰ ਟਿਕਾਣਿਆਂ ਵਾਲਿਆਂ ਜੇਹਾ ਕੁ ਭਾਈ ਹਰਿ ਕਿਸ਼ਨਦਾਸ ਜੀ ਮੰਗਲਾਣੀ ਟਿਕਾਣੇ ਵਾਲੇ,

Digitized by Panjab Digital Library | www.panjabdigilib.org

ਭਾਈ ਗੋਲਾ ਸਿੰਘ ਦੇ ਬੁੰਗੇ ਵਾਲਿਆਂ ਨੇ ਵੀ ਪ੍ਰੇਮ ਭਾਵਨਾ ਕੀਤੀ ਅਤੇ ਜਾਣ ਆਉਣ ਵੀ ਬਹੁਤਾ ਹੁੰਦਾ ਰਿਹਾ, ਪਰੰਤੂ ਟਿਕੇ ਗਾ ਗਾ ਰਾਮ ਜੀ ਦੇ ਰਹੇ। ਆਪਣੀ ਨਾ ਟਿਕੀ ਰਹਿਣ ਵਾਲੀ ਵਾਦੀ ਨੇ ਫਿਰ ਆਪਣਾ ਰੰਗ ਜਮਾ-ਇਆ, ਪੈਰਾਂ ਦੀਆਂ ਤਲੀਆਂ ਵਿਚ ਲਗੀ ਸੁਰਸੁਰਾਟ ਹੋਣ, ਪੁਰੇ ਦੀ ਪੌਣ ਕਰਕੇ ਬੱਦਲਾਂ ਦੇ ਉੱਠਣ ਵਾਕੁਰ ਸੰਕਲਪਾਂ ਦੇ ਲਗੇ ਗੁਬਾਰ ਬੱਝਣ। ਮੁਕਦੀ ਗੱਲ ਕੂਚ ਦੀ ਤਿਆਰੀ ਹੋਈ। ਸਤਿਸੰਗੀਆਂ ਨੇ ਬਤੇਰੀਆਂ ਵਾਹੀਂ ਲਾਈਆਂ ਪਰ ਫਲੀ ਕੋਈ ਵੀ ਨਾ। ਮਹਾ-ਤਮਾ ਟਿਕਟ ਲੈਕੇ ਰੇਲ ਤੇ ਸਵਾਰ ਹੋ ਗਏ। ਤੀਜੇ ਦਿਨ ਧੰਮ ਕਰਕੇ ਕਰਾਚੀ ਜਾ ਉਤਰੇ, ਇਹ ਇਕ ਬੰਦਰਗਾਹ ਸਮੁੰਦਰ ਦੇ ਕਿਨਾਰੇ ਸਿੰਧ ਦੇਸ਼ ਦਾ ਬੰਨਾ ਭਾਰੀ ਪੈਠ ਮੰਡੀ ਦਾ ਬਪਾਰ ਲਈ ਉੱਘਾ ਅਸਥਾਨ ਹੈ। ਸਿੰਧੀ ਲੋਕ ਭਾਵੇਂ ਬਹੁਤੇ ਵੱਸਦੇ ਹਨ, ਪਰ ਹੋਰ ਬਹੁਤ ਮੁਲਕਾਂ ਦੇ ਬਪਾਰੀ ਲੋਕਾਂ ਦੀ ਏਥੇ ਹਰਵੇਲੇ ਭੀੜ ਰਹਿੰਦੀ ਹੈ। ਸਮੁੰਦਰ ਦੀਆਂ ਲਹਿਰਾਂ ਦੇਖਣ ਦੇ ਯੋਗ ਹਨ, ਕੈਸਾ ਕਿਉਂ ਨਾ ਕੋਈ ਫਿਕਰ ਅਤੇ ਚਿੰਤਾ ਕਰਕੇ ਮੁਰਝਾਇਆ ਹੋਵੇ ਸਮੁੰਦਰ ਦੇ ਕਿਨਾਰੇ ਪੁੱਜਿਆਂ ਭਿੰਨੀ ਹੋਈ ਸਮੁੰਦਰੀ ਪੌਣ ਦੇ ਲਗਦਿਆਂ, ਉੱਚੀਆਂ ਉੱਚੀਆਂ ਸਮੁੰਦਰ ਦੀਆਂ ਲਹਿਰਾਂ ਵੇਖ-ਦਿਆਂ, ਜਹਾਜ਼ਾਂ, ਅਗਨਬੋਟਾਂ ਦੇ ਬੰਬਿਆਂ ਦੀਆਂ ਸੀਟੀਆਂ ਸੁਣਦਿਆਂ ਇਕਬਾਰਗੀ ਮਨ ਕੌਲ ਫੁਲ ਦੀ ਭਾਂਤਿ ਪ੍ਰਫੁੱਲਤ ਹੋ ਆਉਂਦਾ ਹੈ। ਅਚਰਜ ਕੁਦਰਤ ਕਰਤਾਰ ਦੀ ਅਪਾਰ ਸਮੁੰਦਰਨੂੰ ਦੇਖਕੇ ਚਿਤਆਉਂਦੀ ਹੈ, ਇਕੁਰ ਬਿਅੰਤ ਮਾਇਆ, ਅਗਨਬੋਟ, ਰੇਲ, ਤਾਰ, ਮਾਲਚੜ੍ਹਾਉਨ ਉਤਾਰਨ ਦੀਆਂ ਕਲਾਂ। ਕਿਨਾਰੇ ਤੇ ਰੌਸ਼ਨੀ ਦੇ ਉਚੇ ਮੁਨਾਰੇ ਦੇਖ ਦੇਖ ਕੇ ਅਕਲ ਹੈਰਾਨ ਪਰੇਸ਼ਾਨ ਹੋ ਜਾਂਦੀ ਹੈ। ਬਿਅੰਤ ਹੀ ਕਾਰਖਾਨੇ ਦਨ। ਮਾਲ ਉਤਰਨ, ਚੜ੍ਹਨ ਵਿਕਣ ਦੇ ਹਾਊਸ ਬਣੇ ਹੋਏ ਹਨ। ਬਜ਼ਾਰਾਂ ਦੀ ਰੌਣਕ ਮੋਢਾ ਨਾਲ ਮੋਢਾ ਖਹਿੰਦਾ ਹੈ। ਭਾਵੇਂ ਚੌੜੇ ਤੇ ਲੰਮੇ ਵਡੇਰੇ ਵੀ ਹਨ, ਪਰ ਭੀੜ ਵੀ ਛੁਟੇਰੀ ਨਹੀਂ ਰਹਿੰਦੀ। ਇਜੇਹੇ ਅਸ-ਥਾਨ ਤੇ ਅੱਪੜ ਕੇ ਸੰਤ ਸ਼ਾਮਸੁੰਦਰ ਅਤੇ ਹਿਰਦਾ ਰਾਮ ਬੜੇ ਪ੍ਰਸੰਨ ਹੋਏ। ਇਕ ਨਾਨਕ ਸ਼ਾਹੀ ਧਰਮਸਾਲਾ ਵਿਚ ਜਾ ਉਤਰੇ। ਇਥੇ ਇਕ ਸੰਤ ਲਾਲਦਾਸ ਨਾਮੀ ਸਿੰਧੀ ਰਹਿੰਦਾ ਹੈ, ਇਹ ਮਹੰਤ ਆਪਣੇ ਗੁਣ ਅਪਣੇ ਵਿਚਹੀ ਰੱਖਦਾ ਹੈ। ਉਦਾਸੀ ਸੰਤ ਬੇਪਰਵਾਹ, ਲਖ ਕੱਖ ਇਕ ਜੇਹਾ, ਹਰ ਵੇਲੇ ਭਜਨਬਾਣੀ ਵਿਚ ਮਸਤ, ਜਿਸਦਾ ਰੋਮਰੋਮ ਬਾਣੀ ਵਿਚਰਚਿਆ ਹੋਇਆ, ਆਏ ਗਏ ਸੰਤ ਮਹਾਤਮਾ ਅਤਿਥ ਦੀ ਸੇਵਾ ਕਰਨ ਵਿਚ ਬੜਾ ਲਾਇਕ। ਸੰਤਾਂ ਨਾਲ ਬੜੇ ਪ੍ਰੇਮ ਭਾਵਨਾ ਨਾਲ ਮਿਲਿਆ। ਡੇਰਾ ਕਰਾਇਆ, ਅੰਨਪਾਣੀ ਦੀ ਸੇਵਾ ਬੜੀ ਪ੍ਰੀਤ ਨਾਲ ਚੁੱਕੀ। ਰਹਿਣ ਲਈ ਇਕ ਸੁੰਦਰ ਚੁਬਾਰੇ ਵਿਚ ਡੇਰਾ ਕਰਾਇਆ। ਸਤਿਸੰਗ ਵੀ ਏਥੇ ਹਰ ਵੇਲੇ, ਪਾਠ, ਪ੍ਰਕਾਸ਼, ਸ਼ਬਦਕੀਰਤਨ ਕਥਾ, ਵਾਰਤਾ, ਆਰਤੀ ਅਰਦਾਸ, ਮੰਗਲ ਸਮਾਚਾਰ ਅਨੰਦ ਹੀ ਬਣਿਆ ਰਹੇ। ਮਹੰਤ ਜੀ ਆਪ ਵੀ ਸ਼ਬਦ ਕੀਰਤਨ ਕਰਨ। ਕਿਸੇ ਕਿਸੇਵੇਲੇ ਸ਼ਬਦ ਦੇ ਪ੍ਰੇਮਵਿਚ ਇਜੇਹੇ ਮਗਨ ਹੋਣ ਕਿ ਅਪਣੇ ਆਪ ਦੀ ਖਬਰ ਤੋਂ ਵੀ ਬੇ ਖਬਰ ਹੋ ਜਾਣ। ਜੇ ਇਸ ਮਸਤੀ ਵਿਚ ਕਦੀ ਕੁਝ ਬੋਲਣ ਤਾਂ ਆਪਣੇ ਗੁਰੂ ਦੇ ਨਾਉਂ ਤੇ ਬੋਲਣ ਅਤੇ ਦਾਵਾ ਕਰਕੇ ਉੱਤੂ ਦੇਣ, ਮੈਂ ਲਾਲ ਦਾਸ ਨਹੀਂ, ਮੈਂ ਨਹੀਂ ਜਾਣਦਾ ਲਾਲ ਦਾਸ ਕੌਣ ਹੈ? ਆਦਿਕ। ਪਰੰਤੂ ਜਦ ਇਸ ਮਸਤੀ ਤੋਂ ਅਸਲੀ ਖਬਰਦਾਰ ਹੋਣ ਤਾਂ

Digitized by Panjab Digital Library | www.panjabdigilib.org

ਆਪਣੇ ਆਪ ਵਿਚ ਲੱਜਿਤ ਜੇਹੇ ਹੋਕੇ ਰਹਿ ਜਾਣ। ਉਹਨਾਂ ਦੇ ਇਸ ਭੇਤ ਨੂੰ ਕੋਈ ਨਹੀਂ ਸਮਝ ਸਕਦਾ ਸਾ ਕਿ ਇਹ ਕੀ ਰੰਗ ਹੈ। ਜਦ ਸੰਤਾਂ ਨੇ ਇਹ ਰੰਗ ਦੇਖਿਆ ਤਾਂ ਇਕ ਦਿਨ ਮਸਤੀ ਵੇਲੇ ਪਿੱਠ ਤੇ ਹੱਥ ਫੇਰਕੇ ਕਹਿਣ ਲਗੇ ਸਾਂਈਂ ਤੂੰ ਕੌਣ ਹੈਂ ?

ਲਾਲ ਦਾਸ–ਮੈਂ ਮਲਾਰ ਦਾਸ।

ਸੰਤ–ਲਾਲ ਦਾਸ ਕਿੱਥੇ ਹੈ ?

ਲਾਲ ਦਾਸ–ਮੈਨੂੰ ਕੇ ਖਬਰ ਮੈਂ ਕੀ ਜਾਣਾ।

ਸੰਤ–ਤੂੰ ਲਾਲ ਦਾਸ ਦੇ ਮਕਾਨ ਤੇ ਕਿਉਂ ਆਇਆ ?

ਲਾਲਦਾਸ–ਇਹ ਮੇਰਾ ਮਕਾਨ ਹੈ ਮੇਰਾ ਹੀ ਸਰੀਰ ਹੈ।

ਸੰਤ–ਤੂੰ ਫਿਰ ਲਾਲ ਦਾਸ ਦੀ ਖਬਰ ਕਿਉਂ ਨਹੀਂ ਦੱਸਦਾ ਉਹ ਕਿੱਥੇ ਹੈ ?

ਲਾਲ ਦਾਸ–ਉਹ ਹੁਣੇ ਆਵੇਗਾ।

ਸੰਤਾਂ ਨੇ ਪਿੱਠ ਤੇ ਹੱਥ ਫੇਰਿਆ ਤੇ ਫਿਰ ਪੁੱਛਿਆ, ਤੂੰ ਕੌਣ ਹੈਂ ?

ਲਾਲ ਦਾਸ ਨੇ ਹੋਸ਼ਵਿਚ ਆਕੇ ਪੈਰ ਫੜ ਲਏ ਤੇ ਆਖਿਆ, ਇਹ ਕੀ ਕੀਤਾ ਜੇ,ਮੈਨੂੰ ਮੇਰੇ ਪਿਆਰੇ ਗੁਰੂ ਤੋਂ ਵਿਛੋੜ ਲਿਆ ਜੇ ?

ਸੰਤ–ਇਹ ਪ੍ਰਸੰਗਸੁਣਨਾਹੈ ਕਿਗੱਲਕੀਹੈ।

ਲਾਲ ਦਾਸ–ਗੱਲ ਤਾਂ ਕੁਝ ਵੀ ਨਹੀਂ, ਮੇਰੇ ਸਤਿਗੁਰ ਦੇਵ ਸ੍ਵਾਮੀ ਮੇਰੇ ਤੇ ਕ੍ਰਿਪਾ ਕਰਦੇ ਹੁੰਦੇਸੇ ਤੇ ਮੈਂ ਭੀ ਇਕਮਨ ਹੋਕੇ ਸੇਵਾ ਕਰਦਾ ਸੀ। ਹਰ ਵੇਲੇ ਉਹਨਾਂ ਦੀ ਮੂਰਤੀ ਦੇਖਦਾ ਰਹਿੰਦਾਸੀ,ਉਹ ਮੂਰਤੀ ਕੁਝ ਇਜੇਹੀ ਪਿਆਰੀ ਲਗਦੀ ਸੀ ਜਿਸ ਤੇ ਅੱਖ ਝਮਕਣੀ ਵੀ ਵਿਛੋੜੇ ਦਾ ਦੁੱਖ ਪ੍ਰਤੀਤ ਹੁੰਦਾ ਸਾ। ਅੰਤ ਸਮੇਂ ਮੈਂ ਪ੍ਰਾਰਥਨਾ ਕੀਤੀ, ਮਹਾਰਾਜ! ਆਪ ਨੇ ਡੇਰੇ ਦੀ ਸੇਵਾ ਮੇਰੇ ਸਪੁਰਦ ਕੀਤੀ ਹੈ, ਮੈਂ ਦਰਸ਼ਨ ਬਾਝੋਂ ਜੀਉ ਨਹੀਂ ਸਕਦਾ ਇਹ ਅਣਬਣ ਕੀਕੁਰ ਬਣੇਗੀ ? ਬਚਨ ਹੋਇਆ, ਜਿਸ ਵੇਲੇ ਇਕ ਮਨ ਹੋਕੇ ਕੀਰਤਨ ਕਰੇਂਗਾ ਤੇਰੀ ਆਸ ਪੂਰੀ ਹੋਇਆ ਕਰੇਗੀ। ਸੋ ਕਈਕੁ ਦਿਨ ਤਾਂ ਬਹੁਤ ਦੁਖੀ ਰੋਂਦਿਆਂ ਧੋਂਦਿਆਂ ਬੀਤੇ। ਅੰਨ ਪਾਣੀ ਛੁੱਟ ਗਿਆ, ਸਰੀਰ ਚਲਾਣੇ ਤੇ ਪੁੱਜ ਪਿਆ ਤਾਂ ਇਕ ਰਾਤ ਸੁਪਨਵਿਚ ਦਰਸ਼ਨ ਹੋਇਆ। ਕਹਿਣ ਲਗੇ, ਅੰਨ ਕਿਉਂ ਛੱਡਿਆ ਹੈ? ਮੈਂ ਆਖਿਆ ਮੈਨੂੰ ਕੇਵਲ ਦਰਸ਼ਨ ਦਾ ਆਧਾਰ ਸੀ,ਸੋ ਨਹੀਂ ਮਿਲਦਾ ਫਿਰ ਕਿਸ ਅਧਾਰ ਤੇ ਜੀਵਾਂ। ਬਚਨ ਹੋਇਆ ਉਠ ਕੀਰਤਨ ਕਰ, ਆਧਾਰ ਮਿਲੇਗਾ। ਮੈਂ ਜਾਗ ਕੇ ਓਸ ਵੇਲੇ ਇਸ਼ਨਾਨਕੀਤਾ ਕੀਰਤਨ ਕਰਨ ਬੈਠ ਗਿਆ ਮੈਨੂੰ ਕੁਝ ਇਜੇਹੀਪ੍ਰੇਮ ਦੀ ਬਿਵਸਥਾ ਮਿਲੀ ਕਿ ਇਧਰ ਦੀ ਕੋਈ ਸੋਝੀ ਨਾ ਰਹੀ, ਓਸ ਦਿਨ ਤੋਂ ਇਹ ਮੇਰੀ ਗੱਲ ਹੈ,ਜਦ ਮੈਨੂੰ ਦਰਸ਼ਨ ਹੁੰਦਾ ਹੈ ਮੈਂ ਨਹੀਂ ਰਹਿੰਦਾ ਓਹੋ ਹੁੰਦਾ ਹੈ,ਜਦ ਮੈਂ ਹੁੰਦਾ ਹਾਂ ਓਹ ਨਹੀਂ ਹੁੰਦਾ।

ਸੰਤਾਂ ਨੇ ਫਿਰ ਪਿੱਠ ਤੇ ਹੱਥ ਫੇਰਿਆ ਚਰਨਾ ਤੇ ਮੱਥਾਟੇਕਿਆ,ਧੰਨਹੋ ਭਾਈ ਲਾਲ ਦਾਸ, ਤੇਰੇ ਜੇਹਾ ਇਕ ਤੂੰਹੋਂ ਹੈਂ, ਜਿਸਦਾ ਵਿਦੇਹ ਪ੍ਰੇਮ ਡਿੱਠਾ ਹੈ। ਇੱਕੁਰ ਪਰਸਪਰ ਪ੍ਰੀਤ ਬਹੁਤ ਵਧ ਗਈ,ਇਸੇ ਪ੍ਰੀਤ ਦੇ ਸਮਾਗਮ ਵਿਚ ਲਾਲਦਾਸ ਜੀ ਨੇ ਇਕ ਦਿਨ ਤੱਕਿਆ ਸੰਤ ਉਦਾਸ ਹੁੰਦੇ ਜਾਂਦੇਹਨ,ਕਹਿਣ ਲਗੇ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਾਓ।

ਸੰਤ–ਸਤਿਬਚਨ ਲਓ ਸੁਣੋ।

ਲਾਲ ਦਾਸ–ਹਾਂ ਤਾਂਬਿਆ ਬੈਠੋ ਮੈਂ ਅਰਦਾਸ ਕਰਾਂ। ਸੰਤ ਝਟਪਟ ਤਾਂਬਿਆ ਹੋ ਬੈਠੇ ਮਹੰਤ ਜੀ ਨੇ ਪ੍ਰਸਾਦਿ ਅੱਗੇਰੱਖਕੇ ਸੰਗਤ ਦੇ ਵਿਚ ਖੜੇ ਹੋਕੇ ਪ੍ਰਥਮ ਭਗੌਤੀ ਤੋਂ ਅਰ-

Digitized by Panjab Digital Library | www.panjabdigilib.org

ਜਿਹਾਕੁ ਪਿੱਛੇ ਵਰਣਨ ਹੈ ਚੁਕਾ ਹੈ, ਇਸ ਮੁਲਕ ਵਿਚ ਇਸਤ੍ਰੀਆਂ ਨੂੰ ਘੁੰਡ ਦਾ ਰੋਗ ਦੁਖੀ ਨਹੀਂ ਕਰਦਾ, ਤਿਹਾਕੁ ਖਾਣਾ ਪੀਣਾ ਵੀ ਇਸ ਦੇਸਦਾ ਖੁਲਾਸਾਹੈ, ਜੈਸਾ ਕਿ ਪੁਰਖ ਮਾਸ, ਮੱਛੀ, ਰੀਂਹਾ, ਰੋਂਗਲੂ ਖਾਂਦੇ ਤੈਸਾ ਹੀ ਇਸਤ੍ਰੀਆਂ ਖਾਂਦੀਆਂ, ਪੰਜਾਬ ਦੇਸ ਵਾਕੁਰ ਛੂ ਛੂ ਨਹੀਂ ਕਰਦੀਆਂ।ਏਥੇ ਜੋ ਧਰਮ ਪੁਰਖ ਦਾ ਹੈ ਸੋਈ ਇਸਤ੍ਰੀ ਦਾ ਹੈ, ਖਾਣ ਪੀਣ ਵਿਚ ਕੋਈ ਵਿਤ੍ਰੇਕ ਨਹੀਂ, ਤੀਵੀਂ ਮਰਦ ਨੂੰ ਇਕੋ ਜਿਹੀ ਸੁਤੰਤਰਤਾ ਹੈ।

ਇਸ ਡੇਰੇ ਦੀ ਇਹ ਮਿ੍ਯਾਦਾ ਸੀਕਿ ਸਵੇਰੇ ਅੰਮਿ੍ਤ ਵੇਲੇ ਦਰਬਾਰ ਲਾ ਕੇ ਭਾਈ ਗੁਰਦਾਸ ਜੀ ਦੀ ਬਾਣੀ ਦੀ ਕਥਾ ਨੇਮ ਨਾਲ ਹੋਣੀ,ਸਤਿਸੰਗੀ ਲੋਕਾਂ ਨੇ ਦਰਸ਼ਨ ਪਾਠ ਕਥਾ ਕੀਤੇ ਯਾ ਸੁਣੇ ਬਾਝ ਕੰਮਾਂ ਤੇ ਨਹੀਂ ਜਾਣਾ, ਕਿਉਂਕਿ ਸਿੰਧੀਲੋਕ ਹਿੰਦੂਮਾਤ੍ ਸਰੋਂਮੁਸਲਮਾਨ ਵੀ ਕੋਈਕੁ ਗੁਰੂ ਘਰ ਦੇ ਪੱਕੇਬਿਸ੍ਵਾਸੀ, ਰਹੁਰੀਤ ਤੇ ਚੱਲਣ ਵਾਲੇ ਲੋਕ ਵੱਸਦੇ ਹਨ।

ਫਿਰ ਸੰਧਿਆ ਵੇਲੇ ਸੋਦਰ ਰਹਿਰਾਸ ਜੀ ਦਾ ਪਾਠ,ਅਰਦਾਸ,ਆਰਤੀ, ਉਪਰੰਤ ਕਥਾ ਕੀਰਤਨ ਸੋਹਿਲਾ ਨੇਮਨਾਲ ਹੋਣਾ।ਇਕਦਿਨ ਝੁੰਮਨ ਨਾਮੀ ਸਿੰਧੀ ਸਤਿਸੰਗੀ ਪੁਰਖ ਜਿਸਨੂੰ ਭਾਈ ਲਾਲ ਦਾਸ ਤੇ ਬੜੀ ਭਾਰੀ ਸ਼ਰਧਾ ਤੇ ਵਿਸ਼ਵਾਸ਼ ਸੀ, ਰਾਤ ਨੂੰ ਧਰਮਸਾਲਾ ਵਿਚ ਆਇਆ, ਬੜੇ ਅਦਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਗਲ ਵਿਚ ਪੱਲਾ ਪਾਈ ਅਚੱਲ ਬ੍ਰਿੱਛ ਵਾਕੁਰ ਹਜ਼ੂਰ ਵਿਚ ਖੜਾ ਹੋ ਰਿਹਾ।ਜਦ ਬਹੁਤ ਕਾਲ ਖੜੇਤੇ ਨੂੰ ਬੀਤਿਆ ਤਾਂ ਲਾਲ ਦਾਸ ਜੀਨੇ ਆਖਿਆ (ਸਾਈਂ ਵਿਹੁ) ਭਾਈ ਬੈਠ ਜਾਹ।

ਝੁੰਮਨ–(ਸਾਈਂ ਉਥੀ ਕੇਂ ਅਰਦਾਸ ਮੇਰੀ ਜਾਲ ਕਰੀਵਤ) ਮੇਰੀ ਤੀਵੀਂ ਦੀ ਅਰਦਾਸ ਦਾਸ ਕਰਨੀ ਅਰੰਭੀ, ਭੋਗ ਇਥੇ ਪਾਇਆ ਭਈ ਸੰਤ ਸੰਗਤ ਨੂੰ ਪੰਜ ਪਾਠ ਆਪਣੀ ਰਸਨਾ ਕਰਕੇ ਸੁਣਾਉਣ ਲਈ ਅਰੰਭ ਕਰਦੇ ਹਨ ਸਹਾਇਤਾ ਕਰਨੀ। ਇਹ ਨਿਰਵਿਘਨ ਸਮਾਪਤ ਹੋਣ, ਸੁਖ ਹੋਵੇ,ਨਾਮ ਚਿਤ ਆਵੇ। ਇਹ ਅਰਦਾਸ ਕਰਕੇ ਸੰਗਤ ਸਮੇਤ ਮੱਥਾ ਟੇਕਿਆ ਤਾਂ ਸੰਤ ਹੈਰਾਨ ਭਈ ਇਹ ਕੀ ? ਪੰਜ ਪਾਠ! ਫਿਰ ਸੋਚਿਆ ਇਨ੍ਹਾਂ ਦਾ ਦਿਲੀ ਪ੍ਰੇਮ ਹੈ ਤੇ ਵਾਹਿਗੁਰੂ ਦੀ ਮਰਜ਼ੀ ਹੀ ਏਵੇਂ ਹੋਵੇਗੀ, ਮੇਰਾ ਭੀ ਭਲਾ ਹੋਸੀ, ਮਨਾ ਹੁਣ ਚੂੰ ਚਿਰਾਂ ਕੁਝ ਨਾ ਕਰ ਪਾਠ ਅਰੰਭ,ਗੁਰੂ ਆਪ ਸਹਾਯਤਾ ਕਰਨਗੇ।ਇਹ ਸੋਚਕੇ ਅਰੰਭ ਕਰ ਦਿੱਤਾ, ਪਾਠ ਸੁਣਕੇ ਸੰਗਤ ਨੂੰ ਬਹੁਤ ਰਸ ਆਇਆ, ਲੋਕ ਬਹੁਤ ਪ੍ਰਸੰਨ ਹੋਏ। ਸੰਤ ਜੀ ਤਾਂ ਹੁਣ ਬਹੁਤ ਸਾਰਾ ਵਕਤ ਪਾਠ ਵਿਚ ਗੁਜ਼ਾਰਨ ਲਗੇਤੇਹਿਰਦਾਰਾਮ ਵਿਦਯਾ ਪੜ੍ਹਨ ਵਿਚ ਹੱਥ ਧੋਕੇ ਇਜੇਹਾ ਲੱਗਾ ਮਾਨੋਂ ਧੋ ਧੋ ਪੀਵੀ ਜਾਂਦਾ ਹੈ। ਸੰਤਾਂ ਪਾਸ ਇਕ ਬੜਾ ਸੁੰਦਰ,ਗੀਤਾ,ਵਿਚਾਰ ਮਾਲਾ,ਚਣਾਕਾ ਆਦਿਕ ਪੋਥੀਆਂ ਦਾ ਗੁਟਕਾ ਸਾ ਜਿਸਦੀ ਸੋਹਣੀ ਜਿਲਦ ਬੱਧੀ ਹੋਈ ਸੀ, ਇਕ ਦਿਨ ਹਿਰਦਾਰਾਮ ਨੇ ਆਖਿਆ 'ਜੀ! ਇਸ ਗੁਟਕੇ ਵਿਚੋਂ ਮੈਨੂੰ ਵੀ ਕੁਛ ਪੜ੍ਹਾਓ।'

ਸੰਤ–ਜੇਕਦੀ ਅਰਥਾਂਸਮੇਤ ਸਾਰਾ ਪੜ੍ਹਲਵੇਂ ਤਾਂ ਇਹ ਗੁਟਕਾ ਤੇਰੇ ਅਰਪਣ ਹੈ। ਹਿਰਦਾ ਰਾਮ ਨੂੰ ਇਜੇਹਾਸ਼ੌਕ ਲੱਗਾ ਕਿ ਕਿਰਾਚੀ ਵਿਚ ਹੀ ਰਹਿੰਦਿਆਂ ਅਰਥਾਂ ਸਮੇਤ ਓਸ ਸਾਰੇ ਗੁਟਕੇ ਦਾ ਭੋਗ ਪਾ ਦਿੱਤਾ। ਉਧਰੋਂ ਪੰਜ ਪਾਠਾਂ ਦੇ ਵੀ ਭੋਗ ਪੈ ਗਏ। ਵਡੇ ਉਤਸਾਹਾਂ ਨਾਲ ਸੰਗਤ ਨੇ ਭੋਗ ਪਵਾਏ।ਇਕ ਦਿਨ ਦਾ ਪ੍ਰਸੰਗ ਬੜਾ ਹੀ ਅਨੋਖਾ ਹੋਇਆ ਜੋ ਬਿਨਾਂ ਲਿਖੇ ਸਾਡੀ ਕਲਮ ਅੱਗੇ ਨਹੀਂ ਟੁਰਦੀ।

Digitized by Panjab Digital Library | www.panjabdigilib.org

ਉਠ ਕ ਕਰ ਲੈ ।

ਲਾਲ ਦਾਸ–ਅਰਦਾਸ ਸਵੇਰੇ ਕਰਸਾਂ ।

ਝੁੰਮਨ–ਸਾਈਂ ਇਸੇ ਵੇਲੇ ਅਰਦਾਸ ਕਰਨੀ ਹੈ ।

ਲਾਲ ਦਾਸ–ਇਸ ਵੇਲੇ ਤੀਵੀਂ ਦੀ ਅਰਦਾਸ ਨਹੀਂ ਕਰਨੀ ।

ਝੁੰਮਨ-ਕਿਉਂ ਨਹੀਂ ਕਰਨੀ, (ਤੀਵੀਂ ਦੀ ਬਾਂਹ ਫੜ ਕੇ ਅੱਗੇ ਕੀਤੀ) ਇਹ ਤੀਵੀਂ ਮੇਰੀ ਹੈ, ਕਿਸੇ ਦੀ ਨਹੀਂ ਫਿਰ ਕਿਉਂ ਨਹੀਂ ਕਰਨੀ ?

ਲਾਲ ਦਾਸ–ਤੇਰੇ ਸੰਬੰਧੀ ਇਸ ਵੇਲੇ ਹਾਜ਼ਰ ਨਹੀਂ ਹਨ, ਕੀਕੁਰ ਅਰਦਾਸ ਹੋਵੇ ?

ਝੁੰਮਨ ਨੇ ਇਕ ਆਦਮੀ ਭੇਜ ਕੇ ਅਪਣੇ ਭਰਾਉ ਅਤੇ ਹੋਰ ਸਾਕਾਂ ਨੂੰ ਸਦਾ ਲਿਆ, ਫਿਰ ਇਹੋ ਆਖਿਆ: ਉੱਠ ਕੇ ਭਾਈ ਮੇਰੀ ਵਹੁਟੀ ਦੀ ਅਰਦਾਸ ਕਰ ਲੈ, ਹੁਣ ਮੇਰੇ ਸੰਬੰਧੀ ਆ ਗਏ ਹਨ, ਨਾਲੇ ਕੜਾਹ ਪ੍ਰਸ਼ਾਦ ਵੀ ਆ ਗਿਆ ਹੈ ।

ਲਾਲ ਦਾਸ–(ਝੁੰਮਨ ਦੇ ਸੰਬੰਧੀਆਂ ਨੂੰ ਕਹਿਣ ਲੱਗਾ)ਸਵੇਰੇ ਜਦ ਹੋਸ਼ ਕਾਇਮ ਹੋਈ ਤਾਂ ਇਹ ਪਛੁਤਾਵੇਗਾ, ਇਸ ਲਈ ਇਸ ਨੂੰ ਹੁਣ ਸਮਝਾਓ ਭਈ ਤੀਵੀਂ ਕਦੀ ਕਿਸੇ ਨੇ ਅਰਦਾਸ ਨਹੀਂ ਕਰਾਈ, ਨਾ ਹੀ ਅਸਾਂ ਫਕੀਰਾਂ ਦੇ ਤੀਵੀਂ ਕਿਸੇ ਕੰਮ ਹੈ ।

ਸੰਬੰਧੀ–ਚੱਲ ਘਰ ਚੱਲੀਏ ਸਵੇਰੇ ਅਰਦਾਸ ਕਰਾਵਾਂਗੇ।

ਝੁੰਮਨ–ਨਹੀਂ ਇਸੇ ਵੇਲੇ ਅਰਦਾਸ ਕਰਾਉਣੀ ਹੈ, ਉੱਠ ਭਾਈ ਛੇਤੀ ਕਰ ।

ਸੰਬੰਧੀ–ਇਸ ਵੇਲੇ ਚੌਧਰੀ ਹੇਮ ਰਾਜ ਮੁਖੀ ਨਹੀਂ ਹੈ, ਸਵੇਰੇ ਉਸ ਨੂੰ ਨਾਲ ਲਿਆ ਕੇ ਅਰਦਾਸ ਕਰਾਵਾਂਗੇ ।

ਝੁੰਮਣ–ਹੇਮਰਾਜ ਮੁਖੀ ਨੂੰ ਹੁਣੇ ਸਦਾਓ।

ਸੰਬੰਧੀ–ਇਸ ਵੇਲੇ ਮਤਾ ਨਾ ਆਵੈ ।

ਝੁੰਮਨ–ਅਜਿਹੇ ਧਰਮ ਦੇ ਕੰਮ ਵੇਲੇ ਕਿਉਂ ਨਾ ਆਵੇ, ਫਿਰ ਮੁਖੀ ਕਿਉਂ ਹੈ? ਮੈਂ ਆਪ ਜਾ ਕੇ ਲਿਆਉਂਦਾ ਹਾਂ।

ਸੰਬੰਧੀ–ਅਸਾਂ ਆਦਮੀ ਭੇਜਿਆ ਹੈ, ਪਰ ਤੂੰ ਇਹ ਨਵੀਂ ਰੀਤ ਕੱਢੀ ਹੈ ਅੱਗੇ ਕਦੀ ਕਿਸੇ ਨੇ ਇਸਤ੍ਰੀ ਨਹੀਂ ਅਰਦਾਸ ਕਰਾਈ।

ਝੁੰਮਨ–ਇਹ ਰੀਤ ਨਵੀਂ ਨਹੀਂ ਪੁਰਾਣੀ ਹੈ, ਕਲ ਇਸ ਰੀਤ ਨੂੰ ਦੋ ਦਿਨ ਹੋ ਜਾਣਗੇ, ਫਿਰ ਹੈ ਪੁਰਾਣੀ ਕਿ ਨਹੀਂ ? ਜੇ ਕਲ ਅਰਦਾਸ ਹੋਵੇ ਤਾਂ ਰੀਤ ਨਵੀਂ ਹੋਵੇ,ਇਸੇ ਵਾਸਤੇ ਹੁਣ ਅਰਦਾਸ ਹੋਵੇ ਤਾਂਕਿ ਰੀਤ ਪੁਰਾਣੀ ਹੋ ਜਾਵੇ। ਸੰਬੰਧੀ ਸਾਰੀ ਸੰਗਤ ਸਮੇਤ ਖਿੜ ਖਿੜਾ ਕੇ ਹੱਸ ਪਏ, ਇਹ ਗੱਲ ਅੱਜ ਹੀ ਸੁਣੀ ਹੈ, ਜੇ ਹੁਣ ਹੋਵੇ ਤਾਂ ਪੁਰਾਣੀ ਜੇ ਸਵੇਰੇ ਹੋਵੇ ਤਾਂ ਨਵੀਂ, ਕੁਰਬਾਨ ਇਸ ਸਮਝ ਤੋਂ, ਤੇਰੇ ਤੋਂ ਹੋਰ ਦੋ ਬੋਤਲਾਂ ਕੁਰਬਾਨ।

ਸੰਬੰਧੀ–ਚੰਗੀ ਗੱਲ ਹੈ; ਸਵੇਰੇ ਨਵੀਂ ਰੀਤ ਕਰ ਲਵਾਂਗੇ।

ਝੁੰਮਨ–ਨਹੀਂ,ਨਵੀਂ ਰੀਤ ਨਹੀਂ ਕਰਨੀ, ਮੈਂ ਪੁਰਾਣੀ ਕਰਨੀ ਹੈ, ਤੁਸੀਂ ਸਾਰੇ ਰਲ ਕੇ ਮੈਨੂੰ ਧੋਖਾ ਦਿੰਦੇ ਹੋ।

ਸੰਬੰਧੀ–ਨਹੀਂ ਧੋਖਾ ਨਹੀਂ ਦਿੰਦੇ, ਤੇਰੀ ਵਹੁਟੀ ਦੀ ਮਾਂ ਇੱਥੇ ਨਹੀਂ ਉਸ ਨੂੰ ਪੁੱਛ ਕੇ ਅਰਦਾਸ ਹੋਵੇਗੀ।

ਝੁੰਮਨ–ਮਾਂ ਨੂੰ ਕੀ ਅਖਤਿਆਰ ਹੈ?ਵਹੁਟੀ ਮੇਰੀ ਹੈ, ਮੈਂ ਜੋ ਚਾਹਾਂ ਸੋ ਕਰਾ, ਮੈਂ ਇਸ ਨੂੰ ਅਰਦਾਸ ਕਰਾਵਾਂਗਾ ਤੇ ਹੁਣੇ ਕਰਾਵਾਂਗਾ, ਇਸਦੀ ਮਾਂ ਨੂੰ ਨਹੀਂ ਪੁੱਛਾਂਗਾ, ਇਸਦੇ ਪਿਉ ਨੂੰ ਨਹੀਂ ਪੁੱਛਾਂਗਾ ।

ਇੰਨੇ ਤਕ ਹੇਮਰਾਜ ਮੁਖੀ ਵੀ ਆ ਗਿਆ, ਇਹ ਕੌਤਕ ਦੇਖ ਕੇ ਹੈਰਾਨ ਪਰੇਸ਼ਾਨ, ਰਾਤ

Digitized by Panjab Digital Library | www.panjabdigilib.org

ਅੱਧੀ ਹੋ ਗਈ, ਕਥਾ ਵਿਚ ਵਿਘਨ ਰੂਪ ਝੁੰਮਨ ਅਜਿਹਾ ਅੜ ਕੇ ਖੜੋਤਾ ਹੈ ਕਿ ਕਿਸੇ ਦੀ ਨਾ ਮੰਨਦਾ ਹੈ, ਨਾ ਸੁਣਦਾ ਹੈ।

ਝੁੰਮਨ–ਮੁਖੀ ਜੀ! ਭਾਈ ਨੂੰ ਆਖੋ, ਉੱਠ ਕੇ ਅਰਦਾਸ ਕਰੇ।

ਹੇਮ ਰਾਜ–ਕਿਹੀ ਅਰਦਾਸ ?

ਝੁੰਮਨ–ਮੇਰੀ ਵਹੁਟੀ ਦੀ।

ਹੇਮ ਰਾਜ–ਕਿਉਂ ਕੋਈ ਮੰਨਤ ਮੰਨੀ ਹੋਈ ਹੈ ?

ਝੁੰਮਨ–ਨਹੀਂ ਮੰਨਤ ਕੱਲ ਸਵੇਰੇ ਮੰਨਾਂਗਾ, ਹੁਣ ਅਰਦਾਸ ਕਰਾਉਣੀ ਹੈ।

ਹੇਮ ਰਾਜ–ਇਸ ਤਰ੍ਹਾਂ ਇਸ ਵੇਲੇ ਅਰਦਾਸ ਨਹੀਂ ਹੁੰਦੀ, ਰਾਤ ਹੈ।

ਝੁੰਮਨ–ਇਹੋ ਤਾਂ ਮੈਂ ਕਹਿਨਾ ਹਾਂ, ਭਈ ਕਿਤੇ ਦਿਨ ਨਾ ਚੜ੍ਹ ਜਾਵੇ, ਛੇਤੀ ਅਰਦਾਸ ਕਰੋ।

ਹੇਮਰਾਜ–ਤੇਰੀ ਮੱਤ ਮਾਰੀ ਗਈ ਹੈ, ਕਦੀ ਤੀਵੀਆਂ ਵੀ ਕੋਈ ਅਰਦਾਸ ਕਰਾਉਂਦਾ ਹੈ।

ਝੁੰਮਨ–ਮੱਤ ਤੇਰੀ ਮਾਰੀ ਗਈ ਹੈ, ਜਿਹੜਾ ਅਰਦਾਸ ਕਰਨ ਨਹੀਂ ਦਿੰਦਾ, ਗੁਰ ਦੋਹੀ।

ਹੇਮਰਾਜ–ਭਾਈ ਅਰਦਾਸ ਨਹੀਂ ਕਰੇਗਾ।

ਝੁੰਮਨ–ਤੇਰੀ ਵਹੁਟੀ ਦੀ ਅਰਦਾਸ ਨਹੀਂ ਕਰੇਗਾ ।

ਇਸ ਗੱਲ ਤੇ ਜੋ ਸੰਗਤ ਨੂੰ ਹਾਸਾ ਛਿੜਿਆ ਠੱਲ੍ਹਿਆ ਨਾ ਜਾਵੇ।

ਹੇਮ ਰਾਜ–ਤੇਰੇ ਅੱਗੇ ਹੱਥ ਜੋੜਨੇ ਹਾਂ, ਹੁਣ ਤੂੰ ਜਾਹ, ਘਰ ਆਰਾਮ ਕਰ, ਸਵੇਰੇ ਅਰਦਾਸ ਹੋ ਜਾਏਗੀ।

ਝੁੰਮਨ–(ਪੱਗ ਲਾਹ ਕੇ ਹੇਮਰਾਜ ਦੇ ਪੈਰਾਂ ਤੇ ਰੱਖ ਦਿਤੀ, ਗਲ ਵਿਚ ਕੱਪੜਾ ਪਾਈ ਤੇ ਹੱਥ ਜੋੜੀ ਤਾਂ ਅੱਗੇ ਹੀ ਖੜੋਤਾ ਸੀ) ਗੁਰੂ ਦੇ ਵਾਸਤੇ ਭਾਈ ਨੂੰ ਕਹੁ ਇਸੇ ਵੇਲੇ ਅਰਦਾਸ ਕਰੇ, ਨਹੀਂ ਤਾਂ ਮੈਂ ਖੂਹ ਵਿਚ ਛਾਲ ਮਾਰ ਕੇ ਮਰ ਜਾਵਾਂਗਾ।

ਇਸ ਗੱਲ ਤੇ ਸਾਰੀ ਸੰਗਤ ਵਿਚ ਸਨਾਟਾ ਹੋ ਗਿਆ, ਚੁੱਪ ਅਤੇ ਹੈਰਾਨੀ ਦੇ ਖੂਹ ਵਿਚ ਗ਼ਰਕ ਹੋ ਗਏ, ਇਹ ਅਨੋਖੇ ਹਠ ਵਿਚ ਪਿਆ ਹੈ ਹੁਣ ਕੀਤਾ ਕੀ ਜਾਵੇ? ਤੀਵੀਂ ਦੀ ਅਰਦਾਸ ਭਾਈ ਨਹੀਂ ਕਰਦਾ, ਨਾ ਅੱਗੇ ਕਿਸੇ ਕੀਤੀ ਕਰਾਈ, ਇਹ ਸ਼ੁਦਾਈ ਆਪਣੇ ਨਸ਼ੇ ਵਿਚ ਮਸਤ, ਦੀਨ ਦੁਨੀਆਂ ਤੋਂ ਬੇ-ਖਬਰ, ਜਿਸ ਹਠ ਦੇ ਮੁਨਾਰੇ ਚੜ੍ਹਿਆ ਹੁਣ ਬਿਨਾਂ ਨੀਂਦਰ ਦੇ ਕੌਣ ਉਤਾਰੇ। ਇਸੇ ਚੁੱਪ ਤੇ ਸਨਾਟੇ ਵਿਚ ਰਾਤ ਦਾ ਇਕ ਵਜਗਿਆ। ਸੰਤ ਸ਼ਾਮਸੁੰਦਰ ਜੀ ਨੇ ਓੜਕ ਨੂੰ ਆਖਿਆ, ਲਾਲ ਦਾਸ ਜੀ ! ਆਪ ਉੱਠ ਕੇ ਅਰਦਾਸ ਕਿਉਂ ਨਹੀਂ ਕਰਦੇ, ਸਵੇਰੇ ਦੇਖੀ ਜਾਏਗੀ, ਜਦ ਹੋਸ਼ ਆਵੇਗੀ ਆਪਣੀ ਭੁੱਲ ਆਪੇ ਬਖਸ਼ਾਵੇਗਾ। ਉਸ ਵੇਲੇ ਜਿਤਨੀ ਜੀ ਕਰੇ ਤਨਖਾਹ ਲਾ ਕੇ ਛੱਡਣਾ, ਇਹ ਲੱਤਾਂ ਦੇ ਭੂਤ ਹੱਥਾਂ ਨਾਲ ਨਹੀਂ ਮੰਨਦੇ। ਝੁੰਮਨ ਨੇ ਪੱਗ ਚੁੱਕ ਕੇ ਸਿਰ ਤੇ ਰੱਖ ਲਈ ਤੇ ਸ਼ਾਮ ਸੁੰਦਰ ਦੇ ਚਰਨਾਂ ਤੇ ਆਣ ਢੱਠਾ, ਇਹ ਆਖਿਓਸ "ਕਿਸਹੀ ਕੋਈਕੋਇ ਮੰਞੁਨਿਮਾਣੀ ਇਕੁ ਤੂ ॥ ਕਿਉ ਨ ਮਰੀਜੈ ਰੋਇ"।

ਹੁਣ ਜਿਉਂ ਢੱਠਾ ਸੋ ਦਠਾ ਸਿਰ ਨਹੀਂ ਚੁੱਕਦਾ, ਓੜਕ ਨੂੰ ਸਾਰੀ ਸੰਗਤ, ਸੰਬੰਧੀ, ਮੁਖੀ ਹੇਮਰਾਜ ਆਦਿਕਾਂ ਦੀ ਇਹੋ ਸਲਾਹ ਠਹਿਰੀ, ਭਈ ਇਸ ਵੇਲੇ ਅਰਦਾਸ ਹੋ ਹੀ ਜਾਵੇ ਤਾਂ ਠੀਕ ਹੈ, ਸਵੇਰੇ ਜੋ ਮੁਨਾਸਬ ਹੋਵੇਗੀ ਸੋ ਕੀਤੀ ਜਾਵੇਗੀ। ਲਾਚਾਰ ਭਾਈ ਲਾਲ ਦਾਸ ਨੂੰ ਇਹ ਗਲ ਮੰਨਣੀ ਪਈ, ਜਦ ਉੱਠ ਕੇ ਭਾਈ ਨੇ 'ਬੋਲੇ ਜੀ ਵਾਹਿਗੁਰੂ' ਆਖਿਆ ਤਾਂ

Digitized by Panjab Digital Library | www.panjabdigilib.org

ਸੰਤਾਂ ਨੇ ਕਿਹਾ 'ਭਾਈ ਝੁੰਮਨ ਛੇਤੀ ਉੱਠ, ਅਰਦਾਸ ਹੋਣ ਲੱਗੀ ਹੈ।' ਫਿਰ ਤਾਂ ਭਾਈ ਝੁੰਮਨ ਲਾਲ ਹੋ ਗਿਆ, ਬੜੀ ਪਰਸੰਨਤਾ ਨਾਲ ਉੱਠ ਕੇ ੧।) ਸਵਾ ਰੁਪੱਯਾ ਭਾਈ ਦੇ ਹੱਥ ਦੇ ਕੇ ਆਖਿਆ ਭਾਈ ਝੁੰਮਨ ਪਰ-ਸੰਨਤਾ ਨਾਲ ਆਪਣੀ ਵਹੁਟੀ ਦੀ ਅਰਦਾਸ ਕਰਾਉਂਦਾ ਹੈ।

ਭਾਈ ਨੇ ਪ੍ਰਥਮ ਭਗਉਤੀ ਤੋਂ ਅਰ-ਦਾਸਾ ਸੋਧਿਆ ਅਤੇ ਭੋਗ ਇਸ ਗਲ ਤੇ ਪਾਇਆ, 'ਝੁੰਮਨ ਲਾਲ, ਲਾਲਗੁਲਾਲਸ਼ਰਾਬ ਦੇ ਤਰੰਗ ਉਮੰਗ ਵਿਚ ਅਪਣੀ ਵਹੁਟੀ ਦੀ ਅਰਦਾਸ ਕਰਾਉਂਦਾ ਹੈ, ਸੁਖ ਹੋਵੇ, ਹੋਸ਼ਆਵੇ, ਸੁਮੱਤ ਮਿਲੇ, ਨਾਮ ਚਿਤ ਆਵੇ', ਕਹਿ ਕੇ ਮੱਥਾ ਟੇਕਿਆ ਤਾਂ ਝੁੰਮਨ ਬੀ ਮੱਥਾ ਟੇਕ ਕੇ ਘਰ ਚਲਾ ਗਿਆ। ਇਧਰ ਵੀ ਸੰਗਤ ਦੀ ਬੰਦ ਖਲਾਸ ਹੋਈ, ਦੋ ਵਜੇ ਰਾਤ ਦੇ ਸਭ ਲੋਕ ਸੁੱਤੇ। ਝੁੰਮਨ ਦੀ ਇਸਤ੍ਰੀ ਭਾਈ ਲਾਲ ਦਾਸ ਤੇ ਹੇਮਰਾਜ ਦੇ ਸੰਮਿਲਤ ਮਸ਼ਵਰੇ ਨਾਲ ਆਪਣੇ ਸੰਬੰਧੀਆਂ ਦੇ ਘਰ ਜਾ ਸੁੱਤੀ। ਸਵੇਰੇ ਜਦ ਝੁਮਨ ਹੋਰੀਂ ਜਾਗੇ ਤਾਂ ਸਚਮੁਚ ਜਾਗੇ, ਆਪਣੀ ਰਾਤ ਦੀ ਕਰਤੂਤ ਤੇ ਹੈਰਾਨ, ਸ਼ਰਮਿੰਦੇ, ਕਰਨ ਤਾਂ ਕੀ ਕਰਨ, ਆਪਣੇ ਕੀਤੇ ਦਾ ਕੀ ਇਲਾਜ ਕਰਨ, ਲਾਚਾਰ ਦਹਿੰਦੇ ਡਿਗਦੇ ਉਠੇ, ਸੋਚ ਇਸ਼ਨਾਨ ਕੀਤਾ, ਪੇੜੇ ਘੋਲ ਕੇ ਲੱਸੀ ਕਰ ਕੇ ਪੀਤੀ, ਸਿਰ ਵਿਚ ਪਾਣੀ ਦੀ ਧਾਰ ਪਾਈ, ਚੰਗੀ ਹੋਸ਼ ਆਈ ਤਾਂ ਧਰਮਸਾਲਾ ਮੱਥਾ ਟੇਕਣ ਲਈ ਆਇਆ। ਅੱਖਾਂ ਜ਼ਮੀਨ ਵਿਚ, ਮਾਰੇ ਸ਼ਰਮ ਦੇ ਮਾਨੋਂ ਗ਼ਾਰਕ ਹੁੰਦਾ ਜਾਂਦਾ ਹੈ, ਪਰ ਕਹਿੰਦਾ ਕੁਝ ਨਹੀਂ। ਜੇ ਕੋਈ ਪੁੱਛਦਾ ਹੈ, ਭਾਈ ਝੁੰਮਨ ਰਾਜ਼ੀ ਹੈਂ? ਆਖੇ 'ਹਾਂ ਜੀ' ਕਹਿ ਕੇ ਚੁੱਪ। ਅੱਖ ਕਿਸੇ ਦੇ ਸਾਹ-ਮਣੇ ਨਹੀਂ ਕਰਦਾ। ਇੱਕੁਰ ਹੀ ਬਹੁਤ ਚਿਰ ਹਜ਼ੂਰ ਵਿਚ ਬੈਠਾ ਰਿਹਾ, ਓੜਕ ਨੂੰ ਸ਼ਾਮ ਸੁੰਦਰਨੇ ਆਖਿਆ, ਝੁੰਮਨਲਾਲ ਕੀ ਸੰਕਲਪ ਹੈ, ਕਹਿੰਦੇ ਕਿਉਂ ਨਹੀਂ, ਸੋਚ ਕੀ ਰਹੇ ਹੋ?

ਝੁੰਮਨ—ਕੀ ਕਹਾਂ ਕੁਝ ਕਹਿਣ ਜੋਗਾ ਹੋਵਾਂ ਤਾਂ ਕਹਾਂ, ਇਸ ਸ਼ਰਾਬਖਾਨਾ ਖਰਾਬ ਨੇ ਕਿਸੇ ਜੋਗਾ ਨਾ ਰੱਖਿਆ। ਧਨ ਗਿਆ, ਤਨ ਗਿਆ, ਪਤਿ ਗਈ, ਮਤਿ ਗਈ, ਦੀਨ ਗਿਆ, ਦੁਨੀਆ ਵੀ ਗਈ, ਪਰ ਭਾਰੇ ਸ਼ੋਕ ਦੀ ਗੱਲ ਇਹ ਹੈ ਕਿ ਕਲਾਲਖਾਨੇ ਦੀ ਦੇਵੀ ਨਾ ਗਈ, ਚੁੜੈਲ ਵਾਕੁਰ ਚੰਬੜੀ ਹੀ ਰਹੀ। ਰਾਤ ਸਭ ਲੋਕਾਂ ਨੂੰ ਮੇਰੀ ਨਾਲਾਯਕੀ ਕਰਕੇ ਤਕਲੀਫ ਹੋਈ। ਭਾਈ ਲਾਲਦਾਸ ਜੀ ਦੀ ਨਾਰਾਜ਼ਗੀ ਹੋਈ, ਆਪ ਜੈਸੇ ਸੰਤ ਮਹਾਤਮਾ ਦੀ ਬੇ-ਅਦਬੀ ਹੋਈ, ਨਾਰੂ ਪਰਮੇਸ਼ੁਰ ਦੇ ਅਗੇ ਖੜੇ ਹੋਕੇ ਓਹ ਕਰਤੂਤ ਕੀਤੀ ਜਿਸਦੀ ਸ਼ਰਮਿੰਦਗੀ ਕਈ ਜਨਮਾਂ ਤਕ ਵੀ ਨਹੀਂ ਲਹਿਣ ਜੋਗੀ।

ਸੰਤ—"ਅਜਹੁ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ" ਅਜੇ ਵੀ ਸਮਝ ਲਓ ਅੱਜ ਤੋਂ ਗੁਰੂ ਮਹਾਰਾਜ ਜੀ ਦੇ ਹਜ਼ੂਰ ਵਿਚ ਖੜੇ ਹੋਕੇ ਨੇਮ ਕਰੋ, ਅਰਦਾਸਾ ਸੁਧਾਓ, ਅਗੇ ਲਈ ਇਹ ਬਿਖਿਆ ਛੱਡੀ ਸੋ ਛੱਡੀ ਜਾਏਗੀ।

ਝੁੰਮਨ—ਸਤਿ ਹੈ ਮਹਾਰਾਜ! ਜੀ ਤਾਂ ਮੇਰਾ ਵੀ ਏਹੋ ਕਹਿੰਦਾ ਹੈ, ਪਰ ਨਾਲ ਹੀ ਇਹ ਸ਼ੰਕਾ ਹੈ ਜੋ ਫਿਰ ਕਿਤੇ ਚਾਰ ਯਾਰੀ ਵਿਚ ਬੈਠਿਆਂ ਪੀਤੀ ਗਈ ਤਾਂ ਗੁਰੂ ਪਰਮੇਸ਼ਰ ਕੋਲੋਂ ਬੇਮੁਖ ਹੋਣਾ ਪਏਗਾ।

ਸੰਤ—ਜੇ ਯਾਰਾਂ ਵਿਚ ਵੀ ਆਪਣਾ ਨੇਮ ਪ੍ਰਗਟ ਕਰ ਦਿਓ ਤਾਂ ਕੀ ਡਰ ਹੈ, ਫਿਰ ਕੋਈ ਨਾ ਗ਼ੁਸੇਗਾ।

ਝੁੰਮਨ—ਸਤਿ ਹੈ ਇਹ ਗੱਲ ਮੇਰੇ ਦਿਲ

Digitized by Panjab Digital Library | www.panjabdigilib.org

ਲਗੀ ਹੈ।ਜੇ ਮੈਨੂੰ ਕੋਈ ਕਹੇਗਾ ਤੂੰ ਸ਼ਰਾਬ ਪੀ, ਤਾਂ ਅਗੋਂ ਕਹਾਂਗਾ ਜੋਹੜੀ ਮੈਂ ਸੌਂਹ ਖਾਧੀ ਹੈ ਓਹਦੀ ਮਾਰ ਤੇਨੂੰਵਰੇ ਜੇ ਮੈਨੂੰ ਫੇਰਆਖੇਂਪੀ।

ਸੰਤ–ਸ਼ਾਬਾਸ਼!ਏਹੋ ਗੱਲ ਠੀਕ ਹੈ, ਹੁਣ ਭਾਈ ਜੀ ਨੂੰ ਆਖ ਅਰਦਾਸ ਕਰਨ, ਭਈ ਸ਼ਰਾਬ ਅੱਜ ਤੋਂ ਛੱਡੀ।

ਝੁੰਮਣ(ਭਾਈ ਦੇ ਪੈਰ ਫੜਕੇ)–ਭਾਈ ਜੀ ਅਰਦਾਸ ਕਰੋ ਇਹ ਬਲਾ ਮੇਰੇ ਗਲੋਂ ਲਹੇ।

ਭਾਈ–ਪਹਿਲੇ ਪਿਛਲੀ ਤਨਖਾਹ ਬਖਸ਼ਾਓ, ਫਿਰ ਛੱਡਣ ਦੀ ਅਰਦਾਸ ਕਰਾਓ।

ਝੁੰਮਨ (ਸਤਿਬਚਨ ਕਹਿਕੇ ਉੱਠਕੇ)–ਪਹਿਲੇ ਤਨਖਾਹ ਲਾਓ।

ਭਾਈ ਨੇ ਖੜੇ ਹੋਕੇ ਅਰਦਾਸ ਕੀਤੀ, ਜੋ ਬੇਅਦਬੀ ਸੰਗਤ ਤੇ ਗੁਰੂ ਜੀ ਦੀ ਇਸ ਨੇ ਕੀਤੀ ਹੈ ਉਸ ਪਰ ਪੰਝੀ ਰੁਪੈ ਤਨਖਾਹ ਦੇ, ਸੌ ਪਾਠ ਜਪੁਜੀ ਦਾ ਕਰਨਾ ਤਨਖਾਹ ਪਰਵਾਨ ਹੋਈ, ਫਿਰ ਸ਼ਰਾਬ ਛੱਡਣ ਦੀ ਅਰਦਾਸ ਹੋਈ।

ਭਾਈ–(ਝੁੰਮਨ!ਪਾਂਝੀ ਜਾਲ ਵਠੀ ਹਲ) ਆਪਣੀ ਵਹੁਟੀ ਨੂੰ ਲੈ ਜਾਹ।

ਝੁੰਮਨ–ਹੁਣ ਤੁਸੀਂ ਮਾਲਕ ਹੋ ਮੈਂ ਨਹੀਂ।

ਭਾਈ–ਤੇਰੀ ਸ਼ਰਾਬ ਦੀ ਮਸਤੀ ਵਿਚ ਕਰਾਈ ਹੋਈ ਪਰਵਾਣ ਨਹੀਂ ਤੂੰ ਵਹੁਟੀ ਅਪਣੀ ਲੈ ਜਾਹ।

ਝੁੰਮਨ–ਹੁਣ ਤਾਂ ਬੇਧਰਮ ਨਹੀਂ ਹੋਵਾਂਗਾ ਭਾਵੇਂ ਇਹ ਕਰਤੂਤ ਬੇਵਕੂਫੀ ਨਾਲ ਹੀ ਹੋਈ ਹੈ ਪਰ ਹੁਣ ਮੋੜਕੇ ਲੈ ਜਾਵਾਂ ਧਰਮ ਭ੍ਰਸ਼ਟ ਹੋਣਾ ਪੈਂਦਾ ਹੈ।ਮੁਕਦੀ ਗੱਲ ਬਹੁਤ ਹੀ ਸਾਰਾ ਰਗੜਾ ਝਗੜਾ ਹੋਣਦੇ ਉਪਰੰਤਸੰਤਾਂ ਫੈਸਲਾ ਕੀਤਾ ਭਈ ਵਹੁਟੀ ਦੇ ਬਦਲੇ ਕੁਝ ਟਕੇ ਦੇ ਕੇ ਲੈ ਜਾਹ, ਇਹ ਗੱਲ ਝੁੰਮਨ ਨੇ ਮੰਨ ਲਈ। ਰੁਪਿਆ ਸੌ ਨਕਦ ਅਤੇ ਪੰਝੀ ਤਨਖਾਹ ਦੇ ਕੇ ਵਹੁਟੀ ਲੈ ਗਿਆ ਅਗੇ ਲਈ ਸ਼ਰਾਬ ਨੂੰ ਸੌਂਹ ਪਾਕੇ ਛੱਡ ਗਿਆ।

ਅਜਿਹੇ ਨਿਤ ਨਵੇਂ ਪ੍ਰਸੰਗ, ਗੁਰਪੁਰਬ ਜੋੜ ਮੇਲਾਂ ਦੇ ਅਨੰਦ ਲਹਿਰੇ ਸਵਾਏ ਤੋਂ ਸਵਾਏ ਦੇਖਦਿਆਂ ਭਾਲਦਿਆਂ ਇਕ ਅੱਖ ਦੇ ਫੇਰ ਵਿਚ ਛੇਮਹੀਨੇ ਬੀਤ ਗਏ।ਹੁਣ ਤਲੀਆਂ ਦੀ ਝੋਰ ਨੇ ਜ਼ੋਰ ਪਾਇਆ, ਜੀ ਉਕਤਾਇਆ ਤਿਆਰੀ ਦੇ ਸਾਮਾਨ ਬੱਝਣ ਲਗੇ ਪਰ ਲਾਲ ਦਾਸ ਜੀ ਦੀ ਪ੍ਰੀਤ ਤੇ ਖਿੱਚ ਟੁਰਨ ਨਹੀਂ ਦੇਂਦੀ, ਨਿਤ ਕੋਈ ਨ ਕੋਈ ਨਵੀਂ ਰੋਕ ਟੁਰਨ ਵਿਚ ਪੈਦਾ ਹੁੰਦੀ ਹੈ। ਪਰੰਤੂ ਨਿੱਤ ਦੀ ਟੁਰੇ ਟੁਰੀ ਇਕ ਦਿਨ ਪੰਧ ਪਾ ਹੀ ਦਿੰਦੀ ਹੈ। ਜਦ ਭਾਈ ਲਾਲਦਾਸ ਨੇ ਜਾਤਾ ਭਈਸੰਤਾਂ ਨੂੰ ਬਹੁਤ ਤੰਗ ਕਰਨਾ ਵੀ ਚੰਗਾ ਨਹੀਂ ਤਾਂ ਇਕ ਦਿਨ ਕੁਝ ਰੁਪੈ ਕੁਝ ਬਸਤ੍ਰ ਲੈਕੇ ਸੰਤਾਂ ਦੀ ਪੂਜਾ ਕੀਤੀ ਤੇ ਆਖਿਆ, ਆਪ ਮਾਲਕ ਹੋ ਜੈਸੇ ਚਾਹੋ ਕਰੋ। ਰਹੋ ਤਾਂ ਇਹ ਆਪਦਾ ਘਰ ਹੈ, ਜਾਓ ਤਾਂ ਇਹ ਰਸਤੇ ਦੇ ਜਹਾਜ਼ ਲਈ ਥੋੜ੍ਹਾ ਖਰਚ ਹੈ, ਅੰਗੀਕਾਰ ਕਰੋ ਤਾਂ ਸਫਲ ਹੋਵੇ। ਇਹ ਪ੍ਰੀਤ ਭਾਵਨਾ ਦੇਖਕੇ ਸੰਤ ਬੜੇ ਹੀ ਪ੍ਰਸੰਨ ਹੋਏ, ਭਾਈ ਲਾਲਦਾਸ ਜੀ ਦੀ ਭਾਰੀ ਵਡਆਈ ਕੀਤੀ; ਪਰਸਪਰ ਮੱਥਾ ਟੇਕਿਆ, ਹਿਰਦਾ ਰਾਮ ਨੇ ਵੀ ਮੱਥਾ ਟੇਕਿਆ ਤੇ ਵਿਦਾ ਹੋਏ। ਸਮੁੰਦਰ ਦੇ ਰੁਖ ਅਰਦਾਸਾ ਸੋਧਕੇ ਖੜੀਏ ਮੋਢਿਆਂ ਤੇ ਪਾਕੇ ਸਤਿਨਾਮ ਦਾ ਪੌੜਾ ਪੜ੍ਹਕੇ "ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ਸਿਮਰਿ ਸਿਮਰਿ ਤਿਸੁਸਦਾ ਸਮ੍ਹਾਲੇ" ਕਹਿੰਦੇ ਹੋਏ ਤੁਰ ਪਏ।ਸੰਗਤ ਦੇ ਲੋਕੀ ਪ੍ਰੇਮੀ ਹੋ ਜਾਣ ਦੇ ਕਾਰਣ ਬਹੁਤ ਸਾਰੇ ਤੋਰਨ ਵਾਸਤੇ ਜਹਾਜ਼ ਤਕ ਨਾਲ ਆਏ, ਟਿਕਟ ਵੀ ਕਿਸੇ ਪ੍ਰੇਮੀ ਨੇ ਲਿਆ ਦਿੱਤਾ, ਪਰਸਪਰ ਮੱਥਾ ਟੇਕ ਟਿਕਾ ਕੇ ਜਹਾਜ਼ ਤੇ ਸਵਾਰ ਹੋਏ। ਹੁਣ

Digitized by Panjab Digital Library | www.panjabdigilib.org

ਜਹਾਜ਼ ਆਪਣਾ ਭਾਰ ਪੂਰਾ ਕਰਨ ਵਾਸਤੇ ਖੜੋਤਾ ਉਡੀਕਦਾ ਹੈ, ਦੇਖੀਏ ਕਦੋਂ ਤੁਰੇ!

ਪ੍ਰਕਰਣ ੧੬.

ਇਹ ਛਕੜੀ ਸਜਨਾਨ ਕੀ ਸਦਾ ਅਨੰਦ ਪ੍ਰਸੰਨ।
ਮਹਾ ਉਪੱਦ੍ਰਵ ਕਾਰਨੀ ਮੱਤ ਬਾਰਨੀ ਧੰਨ।੧।

ਕਿਸਮਤ ਦੇ ਫੇਰ ਵਾਕੁਰ ਬਹਾਰ ਫਿਰ ਗਈ, ਇਕ ਵਾਰਗੀ ਹੀ ਧੁੱਪ ਕੜਕੀ, ਗਰਮੀ ਨੇ ਆਪਣਾ ਸਿੱਕਾ ਚਲਾਇਆ, ਪੱਖਾ ਪਾਣੀ ਹਰ ਮਹੱਲੇ ਕੀ, ਘਰ ਘਰ ਸਵਾਧਾਨ ਨਜ਼ਰੀਂ ਆਇਆ। ਦਿਲ ਦੇ ਛਾਲਿਆਂ ਵਾਕੁਰ ਮੋਤੀਏ ਦੇ ਫੁਲ ਖਿੜਨੇ ਅਰੰਭ ਹੋ ਗਏ। ਪਸੀਨੇ ਦੇ ਫੁਹਾਰੇ ਰੋਮ ਰੋਮ ਵਿਚੋਂ ਛੁੱਟ ਪਏ। ਸੂਰਜ ਭਗਵਾਨ ਹੋਰੀਂ ਸਿਰ ਤੇ ਆ ਕੇ ਬੁਰੇ ਦਿਨਾਂ ਵਾਕੁਰ ਕੜਕਣ ਲਗ ਪਏ। ਤ੍ਰੋਲ ਮਾਰੀ ਸ਼ਰਮ ਦੀ ਕਿਤੇ ਹਵਾ ਦੀ ਤਰ੍ਹਾਂ ਨੱਸ ਗਈ, ਘਾਸ ਤੇ ਹਰੀਆਉਲਾਂ ਮੋਏ ਹੋਏ ਦਿਲਾਂ ਵਾਕੁਰ ਝੁਲਸ ਗਈਆਂ। ਮੱਖੀਆਂ ਤੇ ਮੱਛਰ ਬੁਰੇ ਕਰਮਾਂ ਵਾਕੁਰ ਹਰ ਵੇਲੇ ਭੰਗਣ ਅਤੇ ਭਿਣ ਭਿਣ ਕਰਨ ਲੱਗ ਪਏ। ਬੇਚੈਨੀ ਤੇ ਘਬਰਾਹਟ ਵਿਛੁੜੇ ਹੋਏ ਜੀਵ ਦੀ ਦਸ਼ਾ ਵਾਕੁਰ ਸਾਰੇ ਸੰਸਾਰ ਵਿਚ ਖਿੱਲਰ ਗਈ। ਦਿਨ ਜੀਵਾਂ ਦੀਆਂ ਆਸਾਂ ਵਾਕੁਰ ਇੰਨੇ ਵੱਡੇ ਹੋ ਗਏ ਕਿ ਮੁੱਕਦੇ ਹੀ ਨਹੀਂ, ਪਰ ਰਾਤਾਂ ਮਨੁੱਖਾਂ ਦੀਆਂ ਉਮਰਾਂ ਵਾਕੁਰ ਅਜਿਹੀਆਂ ਘਟੀਆਂ ਕਿ ਸੰਝ ਹੁੰਦਿਆਂ ਹੀ ਸਵੇਰ ਹੋਣ ਲਗ ਪਈ। ਹਨੇਰੀਆਂ, ਵਾ ਵਰੋਲੇ ਜੀਵਾਂ ਦੀ ਕਿਸਮਤ ਦੇ ਚੱਕਰ ਵਾਕੁਰ ਉਲਝੇ ਹੋਏ ਹਰ ਵੇਲੇ ਅੱਖਾਂ ਵਿਚ ਘੱਟਾ ਝੋਕ ਝੋਕ ਕੇ ਗੁਬਾਰ ਭਰਨ ਲਗੇ। ਤੱਤੀਆਂ ਲੋਆਂ ਬਿਰਹੀਆਂ ਦੇ ਅੰਦਰ ਲੂਹੇ ਜਾਣ ਵਾਕੁਰ ਤਨ ਬਦਨ ਝੁਲਸਣ ਲਗੀਆਂ। ਤ੍ਰੋਹ ਦੀ ਕੁਝ ਨਾ ਪੁੱਛੋ, ਸਵੇਰ ਤੋਂ ਲੈ ਕੇ ਸੰਝ ਤਕ ਨਾਮ ਜਪਣ ਵਾਲਿਆਂ ਵਾਕੁਰ ਪਾਣੀ ਪੀਣ ਦੀ ਪੁਕਾਰ ਮਚ ਗਈ। ਅਜਿਹੀ ਕਰੜੀ ਗਰਮੀ ਦੀ ਬਹਾਰ ਛੇ ਮਹਾਤਮਾ ਪੁਰਖ ਭਿੰਨੀ ਹੋਈ ਰੁਮਕਦੀ ਪੌਣ ਦੇ ਅਨੰਦ ਲੈਣ ਲਈ ਟਾਹਲੀਆਂ ਦੀ ਸੰਘਣੀ ਛਾਇਆ ਦੇਠ ਨਹਿਰ ਦੇ ਕੰਢੇ ਉਤੇ ਚਿੱਟੀ ਚਾਦਰ ਵਿਛਾ ਇਕੱਠੇ ਬੈਠੇ ਹੋਏ ਕੁਝ ਕੁਝ ਬਾਤਾਂ ਚੀਤਾਂ ਕਰ ਰਹੇ ਹਨ। ਇਨ੍ਹਾਂ ਦਾ ਕੱਪੜੇ ਉਤਾਰ ਕੇ ਬੈਠਣਾ ਇੱਕੁਰ ਸ਼ੋਭਾ ਦੇ ਰਿਹਾ ਹੈ ਜਿਕੁਰ ਕੋਈ ਜਲ ਦੇ ਜੀਵ ਬਾਹਰਲੇ ਜੀਵਾਂ ਦਾ ਸ਼ਿਕਾਰ ਮਾਰਨ ਲਈ ਜਲ ਵਿਚੋਂ ਨਿਕਲ ਕੇ ਛਹ ਮਾਰੀ ਬੈਠੇ ਹੋਣ। ਨਹਿਰ ਵੀ ਇਸ ਵੇਲੇ ਕੰਢਿਆਂ ਤਕ ਭਰਪੂਰ ਲਹਿਰਾਉਂਦੀ ਹੋਈ ਆਪਣੇ ਪੂਰੇ ਵੇਗ ਵਿਚ ਵਹਿ ਰਹੀ ਹੈ, ਮਾਨੋਂ ਦਰਿਆਉ ਹੀ ਹੈ। ਇਸਦੀ ਚਾਲ ਢਾਲ ਅਜਿਹੀ ਮਨਮੋਹਨੀ ਹੈ ਕਿ ਗੰਗਾ ਨਦੀ ਨਾਲੋਂ ਵੀ ਸੋਹਣੀ ਹੈ। ਇਸਦੇ ਭਰੇ ਹੋਏ ਜਲ ਦੇ ਵੇਗ ਨਾਲ ਛੋਹ ਕੇ ਠੰਢੀ ਹੋਈ ਹੋਈ ਪੌਣ ਐਸਾ ਅਨੰਦ ਦੇ ਰਹੀ ਹੈ ਜੋ ਕਥਨ ਤੋਂ ਬਾਹਰ ਹੈ, ਜਲ ਵੀ ਬਰਫਾਂ ਦਾ ਢਲਿਆ ਹੋਣ ਦੇ ਕਾਰਨ ਬਰਫ ਜਿਹਾ ਹੀ ਠੰਢਾ ਠਾਰ ਵਹਿ ਰਿਹਾ ਹੈ। ਅਸਥਾਨ ਵੀ ਐਸਾ ਇਕਾਂਤ ਹੈ ਭਈ ਇਸ ਵੇਲੇ ਕੋਈ ਆਦਮੀ ਤੀਵੀਂ ਕੋਹਾਂ ਤਕ ਵੀ ਨਜ਼ਰੀਂ ਨਹੀਂ ਆਉਂਦਾ; ਪਰੰਤੂ ਇਹ ਮਹਾਂ ਪੁਰਖ ਆਪੋ ਆਪਣੀ ਧੁਨਿ ਦੇ ਪੱਕੇ ਅਪਣੇ ਅਪਣੇ ਕੰਮਾਂ ਵਿਚ ਲਗੇ ਹੋਏ ਵੇਲੇ ਦੇ ਸੁਹੱਪਣ ਨੂੰ ਹੋਰ ਵੀ ਸੋਹਣਾ ਕਰ ਰਹੇ ਹਨ। ਇਕ ਪੁੰਨਜਾਤਮਾ ਸਰੀਰ ਤਾਂ ਮੱਛੀ ਫੜਨ ਲਈ ਕੁੰਡੀ ਲਾਈ ਬੈਠੇ ਹਨ, ਦੂਜੇ ਮਹਾਤਮਾ ਪੁਰਖ ਗੰਗਾ ਜਲ ਵਰਤਾ ਰਹੇ ਹਨ, ਤੀਜੇ ਕਰਮ ਕਾਂਡੀ ਜੀ ਮਹਾਂਰਾਜ ਬਾਲ ਭੋਗ ਦੇ ਰਹੇ ਹਨ ਅਤੇ ਨਾਲੇ ਨਾਲ

Digitized by Panjab Digital Library | www.panjabdigilib.org

ਮਹੀਤਮ ਵੀ ਕਥਨ ਕਰ ਰਹੇ ਹਨ : ਇਹ ਪ੍ਰਸਾਦਿ ਮਹਾਂ ਪ੍ਰਸਾਦਿ ਹੈ ਜੋ ਪੁਰਖ ਇਸ ਪ੍ਰਸਾਦਿ ਤੇ ਤਰਕ ਕਰੇ ਉਹ ਸੂਰ ਦੇ ਜਨਮ ਵਿਚ ਜਾਵੇਗਾ। ਇਹ ਉਤਮ ਪਦਾਰਥ ਭਾਰੇ ਭਾਗਾਂ ਕਰ ਕੇ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਅਭਾਗੇ ਪੁਰਖ ਕਈ ਤਰਸਦੇ ਹੀ ਮਰ ਗਏ, ਇਸ ਲਈ ਤੁਹਾਨੂੰ ਚਾਹੀਏ ਅਦਬ ਅਤੇ ਪ੍ਰੇਮ ਨਾਲ ਅੰਗੀਕਾਰ ਕਰੋ। ਇੱਕੁਰ ਹੀ ਚੌਥੇ ਮਹਾਤਮਾ ਕਿਸੇ ਕਿਸੇ ਵੇਲੇ ਆਪਣੀ ਮੌਜ ਵਿਚ ਆਕੇ ਅਥਰਬਣ ਵੇਦ ਦੀ ਸ਼ਰੁਤੀ ਪੜ੍ਹ ਦੇਂਦੇ ਹਨ, ਜਿਹਾਕੁ "ਤੰਦਰੁਸਤ ਨੂੰਸਾਰ ਕੀ ਦੁੱਖੜੇ ਦੀ ਜਾ ਕੇ ਪੁੱਛ ਖਾਂ ਕਿਸੇ ਬੀਮਾਰ ਕੋਲੋਂ।" ਪੁਨ: "ਗਰਜਵੰਦ ਨੂੰ ਮੌਤ ਨਾ ਔਂਤ ਆਵੇ ਕੋਈ ਸਾਲ ਬੀਤੇ ਹੀਰਾ ਚੱਟਦਿਆਂ ਨੂੰ।" ਇਹੋ ਜਿਹੀਆਂ ਬੇਸੁਰੀਆਂ ਥੱਪ ਰਹੇ ਹਨ ਤੇ ਆਪਸ ਵਿਚ ਨੋਕ ਝੋਕ ਵੀ ਕਰ ਰਹੇ ਹਨ।

ਪਹਿਲਾ–ਮੱਛੀ ਮਾਰ ਬਗਲੇ! ਕੋਈ ਫੜੀ ਵੀਕੇ ਐਵੇਂ ਕੁੰਡੀ ਫੜਕੇ ਨਾਉਂ ਗਿਣਾਇਆ?

ਦੂਜਾ ਮੱਛੀ ਮਾਰ–ਤੁਸੀਂ ਤਾਂ ਛੇਤੀ ਨਾਲ ਭੁੰਨ ਲਓ, ਫਿਰ ਦੇਖੀ ਜਾਏਗੀ।

ਤੀਜਾ–ਸ਼ਾਬਾਸ਼! ਇੱਕੁਰ ਹੀ ਦੋ ਪੈਰ ਵਧ ਕੇ ਚੁੰਝ ਮਾਰ।

ਚੌਥਾ–ਹਾਂ ਭਾਈ ਸ਼ਾਬਾਸ਼ੇ ਦੋ ਦੋ ਚੁੰਝਾਂ ਹੋ ਜਾਣ, ਉਮਰਾ ਹੀ ਐਵੇਂ ਬੀਤ ਚਲੀ ਸੀ, ਅੱਜ ਸਵੇਰ ਤੋਂ ਕੋਈ ਰੋਣਕ ਨਹੀਂ ਸੀ ਹੋਈ।

ਉਡਗੂ–ਇਹ ਹਿੰਮਤ ਦੀ ਗੱਲ ਹੈ, ਕਮਜ਼ੋਰੇ ਨੇ ਕੀ ਲੜਨਾ ਹੈ।

ਇਹ ਫਬਦੀਆਂ ਹੀ ਕਹਿੰਦੇ ਸਨ ਤੇ ਓਧਰ ਸੋਨੇ ਵਰਗੀ ਲੜਾਈ ਹੁੰਦੀ ਹੁੰਦੀ ਖੇਹ ਵਿਚ ਰੁਲ ਗਈ, ਕਿਉਂਕਿ ਕੁੰਡੀ ਨਾਲ ਮੱਛੀ ਫਸ ਗਈ ਸੀ, ਓਹ ਜੋ ਬਾਹਰ ਆ ਪਈ, ਓਸ ਦੀ ਤੜਫਨੀ, ਬਿਨਾ ਪਾਣੀ ਦੇ ਜਾਨ ਤੋੜਨੀ, ਅਪਣੀ ਸੱਚੀ ਪ੍ਰੀਤ ਦੇ ਨਿਰਬਾਹ ਦੀ ਪ੍ਰਤੱਖ ਸੂਰਤ ਦਿਖਾਉਣੀ, ਸਭਨਾਂ ਦੇ ਦਿਲਾਂ ਨੂੰ ਅਜਿਹੀ ਖਿੱਚ ਵੱਜੀ ਕਿ ਵਾਹ ਵਾਹ ਕਰ ਉੱਠੇ ਤੇ ਮੱਛੀ ਦੇ ਖਿਆਲ ਵਿਚ ਰੁੱਝ ਗਏ। ਜਦ ਕੁਝ ਦੇਰ ਬਾਦ ਫਿਰ ਬੈਠੇ ਤਾਂ ਇਹ ਪ੍ਰਸੰਗ ਅਰੰਭ ਹੋ ਗਿਆ:–

ਬਖਸ਼ੀ–ਓਇ ਉਡਗੂ! ਤੈਨੂੰ ਕੋਈ ਚਿੱਠੀ ਚਪੱਠੀ ਕਦੀ ਸ਼ਾਮੂ ਦੀ ਆਈ ਕਿ ਨਹੀਂ ?

ਉਡਗੂ–ਆਚੁੱਕਾ, ਹੁਣ ਆਵੇਗੀ ਪਾਟੀ ਚਿੱਠੀ।

ਪੁਡਗੂ–ਕੀ ਪਤਾ, ਕਰਤਾਰ ਕਿਸ ਗਲ ਵਿਚ ਰਾਜ਼ੀ ਹੈ !

ਬਖਸ਼ੀ–ਓਹ ਤਾਂ ਛਡਿਆ, ਗਿਆ ਜਹੰਨਮ ਵਿਚ, ਮੋਹਨੀ ਦੀ ਸੁਣਾਓ ਕਿੱਥੇ ਹੈ? ਤੇਰੀ ਕੁਝ ਪਹੁੰਚ ਹੈ ਕਿ ਨਹੀਂ ?

ਉਡਗੂ–ਆਪਣੇ ਘਰ ਹੋਵੇਗੀ, ਮੈਨੂੰ ਕੀ ਖਬਰ, ਪਹੁੰਚ ਕੇਹੀ ਕਿਸ ਜਾਨਵਰ ਦਾ ਨਾਉਂ ਹੁੰਦਾ ਹੈ?

ਪਹਿਲਾ–ਹਾਂ ਸਾਹਿਬ ! ਓਹ ਜਾਨਵਰ ਆਪ ਜੇਹਾ ਹੁੰਦਾ ਹੈ।

ਦੂਜਾ–ਭਈ ਵਾਹ! ਠੀਕ ਹੈ, ਰਤਾ ਫਰਕ ਨਹੀਂ।

ਤੀਜਾ–ਦੁੰਮ ਦਾਹੜੀ ਵਾਲਾ ਖਾਸਾ ਦੇਖ ਲੈ, ਇੱਟ ਦੀ ਐਨਕ ਨਾਲ।

ਚੌਥਾ–ਭਈ ਕੀ ਕਹਿਣਾ ਹੈ, ਇਸ ਵੇਲੇ ਪਟਾ ਵੀ ਲੱਥਾ ਹੋਇਆ ਹੈ, ਬਹੁਤ ਹੀ ਖੂਬ।

ਬਖਸ਼ੀ–ਸੱਚ ਕਹਿੰਦੇ ਹਨ ਸਿਆਣੇ 'ਚਉਣੇ ਸੁਹਣਾ ਪਾਈਐ ਚੁਣਿ ਚੁਣਿ ਖਾਵੈ ਘਾਸੁ' ਵਾਲੀ ਗੱਲ ਹੈ, ਅਸਾਂ ਕੁਝ ਪੁੱਛਿਆ ਹੈ ਸਾਰੇ ਕੱਠੇ ਹੋਕੇ ਜਾਨਵਰ ਦੀ ਦੁੰਮ ਵਿਚ ਨਮਦਾ ਬੰਨ੍ਹਣ ਉਠ ਪਏ ਹਨ।

ਪੁਡਗੂ–ਫਰਕ ਵੀ ਤਾਂ ਰਤਾ ਕੁ ਅਕਲ ਦਾ ਹੀ ਹੈ ਨਾ।

ਬਖਸ਼ੀ ਜੀ (ਥੋੜਾ ਕੁ ਹੋਰ ਗਿਲਾਸ

Digitized by Panjab Digital Library | www.panjabdigilib.org

ਪੀਕੇ)—ਹੱਛਾ ਜੋ ਕਿਸਮਤ ਵਿਚ ਬਿਦਿਆ ਹੈ ਸੋ ਹੋ ਰਹੇਗਾ।

ਪੁਡਗੂ—ਗਰੀਬ ਨਿਵਾਜ ਏਡੀ ਉਦਾਸੀ ਕਿਉਂ? ਗੱਲ ਕੀ ਹੈ ਜ਼ਰਾ ਖੁੱਲ੍ਹ ਕੇ ਕਹੋ, ਇਹ ਬੁਝਾਰਤ ਭਲਾ ਕੌਣ ਸਮਝੇ ?

ਬਖਸ਼ੀ—ਦੋ ਢਾਈ ਬਰਸ ਬੀਤ ਗਏ ਅਜੇ ਤਕ ਕੋਈ ਬਹੁ ਸਿਰਾ ਨਹੀਂ ਨਿਕਲਿਆ।

ਪੁਡਗੂ—ਕਿਸ ਗੱਲ ਦਾ ਬਹੁ ਸਿਰਾ ?

ਬਖਸ਼ੀ—ਉਹੋ ਮੋਹਣੀ ਦਾ, ਹੋਰ ਕਿਸਦਾ?

ਪੁਡਗੂ—ਕੀ ਬਹੁ ਸਿਰਾ? ਭਈ ਜਿਸ ਦਿਨ ਤੋਂ ਅੰਦਰ ਵੜੀ ਫਿਰ ਬਾਹਰ ਨਹੀਂ ਨਿਕਲੀ, ਹੋਰ ਕੀ?

ਬਖਸ਼ੀ—ਇਸੇ ਗੱਲ ਨੇ ਸਾਡੀ ਮਿੱਟੀ ਖਰਾਬ ਕੀਤੀ ਹੈ।

ਪੁਡਗੂ—ਉਹ ਕੀਕੂ ?

ਬਖਸ਼ੀ—ਬੱਸ ਓਸਦਾ ਕਿਤੇ ਨਾ ਦਿੱਸਣਾ ਏਸੇ ਨਗਰ ਵਿਚ ਹੁੰਦਿਆਂ, ਜੀਉਂਦਿਆਂ ਜਾਗਦਿਆਂ ਫਿਰ ਮੱਸਿਆ ਦੇ ਚੰਦ ਵਾਕੁਰ ਹਨੇਰ।

ਪੁਡਗੂ—ਉਹ ਤਾਂ ਆਪਣੇ ਪਾਠ ਭਜਨ ਵਿਚ ਦਿਨ ਬਿਤਾ ਰਹੀ ਹੈ, ਹਨੇਰ ਕਿਸ ਗਲ ਦਾ ?

ਬਖਸ਼ੀ—ਤੁਸੀਂ ਅਜੇ ਮਤਲਬ ਦੀ ਗੱਲ ਨਹੀਂ ਸਮਝੇ। ਉਹ ਇਹ ਹੈ ਭਈ ਜਿਸ ਪੁਸ਼ਾਕ ਨਾਲ ਇਕ ਵਾਰ ਸ਼ਾਮੂ ਦੇ ਨਾਲ ਹੁੰਦਿਆ ਝਲਕ ਪਈ ਸੀ ਓਸ ਝਲਕ ਦੇ ਵਾਸਤੇ ਅਨੇਕ ਜਤਨ ਕੀਤੇ ਪਰ ਨਾ ਹੀ ਨਸੀਬ ਹੋਈ।

ਪੁਡਗੂ—ਉਹ ਸ਼ੌਕ ਤੇ ਚਾਉ ਓਥੇ ਰਹੇ ਹੀ ਨਹੀਂ ਤੇ ਝਲਕ ਕਿੱਥੇ, ਫਿਰ ਪੁਸ਼ਾਕ ਕਿਥੇ ? ਇਹ ਖਿਆਲ ਕੱਚਾ ਹੈ ਐਵੇਂ ਤੁਸਾਂ ਰੱਖਿਆ ਹੋਇਆ ਹੈ।

ਬਖਸ਼ੀ—ਇਸ ਖਿਆਲ ਵਿਚ ਤਾਂ ਸਾਡਾ ਪਦਾਰਥ ਖਰਚ ਹੋ ਚੁਕਾ ਹੈ। ਏਥੋਂ ਤਾਈਂ ਅਸਾਂ ਹੌਸਲਾ ਬੱਧਾ ਹੈ ਭਈ ਇਕ ਵਕੀਲ ਚੰਗੇ ਜਿਹੇ ਨਾਲ ਦੋਸਤੀ ਗੰਢੀ ਹੈ, ਭਈ ਜੇ ਕਿਤੇ ਕੋਈ ਮੁਕੱਦਮਾ ਵੀ ਬਣ ਜਾਵੇ ਤਾਂ ਸਹਾਇਤਾ ਹੋਵੇ।

ਪੁਡਗੂ—ਖਰਚ ਕੇਹਾ (ਫਿਰ ਹੈਰਾਨ ਹੋਕੇ) ਬਖਸ਼ੀ ਸਾਹਿਬ ਖਰਚ ਕੇਹਾ ?

ਬਖਸ਼ੀ—ਉਸਦੇ ਆਂਢ ਗੁਆਂਢੋਂ ਕੁਝ ਖਬਰ ਸੁਰਤ ਰੱਖਣ ਵਾਸਤੇ ਖਰਚ ਖੇਚਲਾਂ ਪੈਂਦੀਆਂ ਹੀ ਹਨ।

ਪੁਡਗੂ—ਫਿਰ ਕੀ ਖਬਰ ਮਿਲਦੀ ਹੈ ?

ਬਖਸ਼ੀ—ਖਬਰ ਚੰਗੀ ਨਹੀਂ ਮਿਲਦੀ, ਉਸਨੂੰ ਕਹਿੰਦੇ ਹਨ ਸੁਦਾਅ ਜਾਂ ਖਪਕਾਨ ਹੋ ਗਿਆ ਹੈ, ਹਰ ਵੇਲੇ ਪਾਠ ਹੀ ਕਰਦੀ ਰਹਿੰਦੀ ਹੈ, ਕਿਸੇ ਨਾਲ ਗੱਲ ਬਾਤ ਵੀ ਘਟ ਹੀ ਕਰਦੀ ਹੈ, ਕਿਤੇ ਬਾਹਰ ਅੰਦਰ ਵੀ ਨਹੀਂ ਨਿਕਲਦੀ, ਨਾਂ ਕਿਸੇ ਦੀ ਸੁਣਦੀ ਹੈ।

ਪੁਡਗੂ—ਫਿਰ ਬੁਰਾ ਕੀ ਹੋਇਆ ?

ਬਖਸ਼ੀ—ਬੁਰਾ ਨਹੀਂ ਤਾਂ ਭਲਾ ਕੀ ਹੋਇਆ? ਸਾਡੇ ਵਾਸਤੇ ਤਾਂ ਭਲਾ ਏਹੋ ਹੁੰਦਾ ਕਿ ਹੁਣ ਏਥੇ ਹੁੰਦੀ, ਸਾਡੇ ਨਾਲ ਖਾਂਦੀ, ਪੀਂਦੀ, ਗਾਉਂਦੀ, ਹਸਦੀ, ਖੇਡਦੀ।

ਪੁਡਗੂ—ਇਹ ਹੋ ਚੁਕਾ, ਇਸ ਜਨਮ ਵਿਚ ਤਾਂ ਇਹ ਆਸ ਕਰਨੀ ਬੇਵਕੂਫੀ ਹੈ।

ਬਖਸ਼ੀ—ਜੇ ਰੱਬ ਸੁਣਦਾ ਹੈ ਤਾਂ ਅਸੀਂ ਕਰ ਹੀ ਦਿਖਾਵਾਂਗੇ।

ਪੁਡਗੂ—ਮੂੰਹ ਧੋ ਰੱਖੋ, ਜੋ ਦੂਜੇ ਪਾਸੇ ਲਗੇ ਹਨ ਫਿਰ ਇਹਨਾਂ ਪਾਸਿਆਂ ਵਲ ਕਦ ਫਸਦੇ ਹਨ।

ਪ੍ਰਕਰਣ ੧੭.

ਅਹੈ ਦ੍ਵਾਰਕਾ ਪਾਰਕਾ ਜਿਹ ਨਿਹਾਰ ਕਾ ਚਾਉ ॥
ਚਲ ਜਹਾਜ ਪਵਨੇ ਚਲੇ ਬਿਚਲੇ ਅਪਨ ਪਰਾਉ ॥

Digitized by Panjab Digital Library | www.panjabdigilib.org

ਅਪਾਰ, ਅਸੀਮਗਾਹ, ਜਲ ਦਾ ਭੰਡਾਰ, ਬਿਅੰਤ ਜੀਵਾਂ ਕਰਕੇ ਭਰਪੂਰ, ਲਹਿਰਾਂ ਦੀ ਬਹਾਰ, ਜਿਸਦਾ ਕਥਨ ਕਰਨਾ ਹਦ ਤੋਂ ਬਾਹਰ ਹੈ, ਇਸ ਵਿਚ ਅਨੇਕਾਂ ਜਹਾਜ਼, ਅਗਨਬੋਟ ਮੱਛੀਆਂ ਵਾਙੂ ਤਰਦੇ ਫਿਰਦੇ ਹਨ।

ਇਨ੍ਹਾਂ ਹੀ ਜਹਾਜ਼ਾਂ ਵਿਚੋਂ ਇਕ ਜਹਾਜ਼ ਜਿਸਤੇ ਸ਼ਾਮਸੁੰਦਰ ਅਤੇ ਹਿਤਦਾਰਾਮ ਸਵਾਰ ਹੋਏ ਸਨ ਜਾ ਰਿਹਾ ਹੈ। ਇਸਦਾ ਹਾਲ ਥੋੜਾ ਕੁ ਕਥਨ ਕਰਨ ਵਾਲਾ ਹੈ। ਪਹਿਲੇ ਇਸ ਵਿਚ ਸਵਾਰ ਹੋਣ ਵਾਲੇ ਚੰਗੇ ਤੁੰਨਕੇ ਭਰੇ ਹੋਏ ਹਨ, ਤਿਸ ਪਰ ਕਈ ਲੋਕ ਹਵਾ ਖਾਣ ਵਾਸਤੇ ਖਿੜਕੀਆਂ ਵਿਚੋਂ ਮੂੰਹ ਬਾਹਰ ਕੱਢ ਰਹੇ ਹਨ। ਕੁਛ ਕੈਆਂ ਕਰ ਰਹੇ ਹਨ, ਪਰ ਘਬਰਾ ਤਕਰੀਬਨ ਸਾਰੇ ਰਹੇ ਹਨ। ਕਈ ਕੁਝਕੁਝ ਦਵਾਈ ਖਾ ਰਹੇ ਹਨ, ਕਈ ਸਿਰ ਮੂੰਹ ਲਪੇਟਕੇ ਲੇਟ ਰਹੇ ਹਨ, ਕਈ ਵਿਚ ਫਿਰ ਤੁਰ ਰਹੇ ਹਨ, ਕਈ ਕੁਦਰਤ ਦੇ ਤਮਾਸ਼ੇ ਵਲ ਦੇਖ ਰਹੇ ਹਨ। ਕਈ ਲੋਗ ਇਕ ਦੂਜੇ ਨਾਲ ਬੈਠਣ ਖਲੋਣ ਤੋਂ ਥੋੜ ਮਥੇਹ ਹੋ ਰਹੇ ਹਨ, ਪਰੰਤੂ ਸ਼ਾਮਸੁੰਦਰ ਹੋਰੀਂ ਆਪਸ ਵਿਚ ਗੱਲਾਂ ਕਰ ਰਹੇ ਹਨ: ਭਏ ਦਿਨਾਂ ਦੇ ਕੋਈ ਪ੍ਰਸੰਗ ਕਹਿ ਰਹੇ ਹਨ। ਇੱਕੁਰ ਹੀ ਵੇਲਾ ਰਾਤ ਦੇ ਬਾਰਾਂ ਬਜਣ ਦਾ ਹੋਗਿਆ ਤਾਂ ਇਕਵਾਰਗੀ ਜਹਾਜ ਵਿਚ ਰੌਲਾ ਮਚ ਗਿਆ, ਜਹਾਜ਼ ਨੇ ਦੇ ਤਿੰਨ ਧੱਕੇ ਵੀ ਖਾਧੇ, ਜੀਕੁਰ ਭੁਚਾਲ ਆਇਆ ਕਰਦਾ ਹੈ ਤੇ ਹਰ ਇਕ ਦੀ ਜ਼ੁਬਾਨ ਦੇ ਇਹ ਗਲ ਫਿਰਨ ਲਗ ਪਈ 'ਤੂਫਾਨ ਆਇਆ, ਤੂਫਾਨ ਆਇਆ'। ਜਹਾਜ਼ ਵੀ ਕਦੀ ਸਿੱਧਾ ਕਦੀ ਟੇਢਾ, ਕਦੀ ਹਿਠਾਹਾਂ ਕਦੀ ਉਤਾਹਾਂ, ਕਦੀ ਅਗਾਹਾਂ ਕਦੀ ਪਿਛਾਹਾਂ ਭਕੋ ਡੋਲੇ ਖਾਣ ਲੱਗਾ। ਪਿਆ ਜਹਾਜ਼ ਚਲਾਉਣ ਵਾਲੇ ਬਹੁਤੇਰੀ ਹਿੰਮਤ ਕਰ ਰਹੇ ਹਨ: ਕਦੀ ਹੇਠ ਦੀਆਂ ਕੋਈ ਕਲਾਂ ਖੋਲ੍ਹਦੇ ਬੰਨ੍ਹਦੇ ਹਨ, ਕਦੀ ਉਪਰ ਜਾਕੇ ਪੱਖ ਦਾ ਬੰਦੋ-ਬਸਤ ਕਰਦੇ ਹਨ, ਕਦੀ ਲੰਗਰ ਖੋਲ੍ਹ ਸਿਟਦੇ ਹਨ ਆਦਿਕ, ਪਰ ਜਹਾਜ਼ ਦੀ ਹਾਲਤ ਤੂਫਾਨ ਦੇ ਜ਼ੋਰ ਨਾਲ ਪੈਰੋ ਪੈਰ ਵਿਗੜਦੀ ਜਾ ਰਹੀ ਹੈ। ਲੋਕਾਂ ਦੀਆਂ ਜਾਨਾਂ ਮੁੱਠ ਵਿਚ, ਜ਼ੁਬਾਨਾਂ ਫਰਿਆਦ ਵਿਚ, ਅੱਖਾਂ ਰੋਣ ਵਿਚ ਲਗ ਗਈਆਂ। ਪਰੰਤੂ ਕੁਫੇਹ ਦੀ ਹਨ੍ਹੇਰੀ ਇਤਨੀ ਵਧੀ ਕਿ ਮਲਾਹਾਂਨੇ ਨਿਰਾਸ ਹੋਕੇ ਕਹਿ ਦਿੱਤਾ ਕਿ ਤੁਸੀਂ ਲੋਕ ਹੁਣ ਰੱਬ ਦੇ ਹਵਾਲੇ ਹੋ, ਸਾਡੀ ਵਾਹ ਕੁਝ ਨਹੀਂ ਲਗਦੀ। ਪਰਮੇਸ਼ੁਰ ਦਾ ਹੁਕਮ ਕਰੜਾ ਹੈ, ਆਪਣੇ ਗੁਰੂ ਪੀਰ ਨੂੰ ਧਿਆਓ, ਤੂਫਾਨ ਕੁਝ ਨਹੀਂ ਕਰਨ ਦਿੰਦਾ ਇਹ ਵੇਲਾ ਬਹੁਤ ਔਖਾ ਹੈ। ਲੋਕਾਂ ਦਾ ਹਾਲ ਇਹ ਨਿਰਾਸਤਾ ਦੀ ਗੱਲ ਸੁਣਕੇ ਹੋਰ ਵੀ ਵਿਗੜ ਗਿਆ। ਜਿਵੇਂ ਜਿਵੇਂ ਜਹਾਜ਼ ਡਗ ਮਗ ਜਿਹਾ ਹੋਕੇ ਡਾਵਾਂ ਡੋਲ ਹੁੰਦਾ ਜਾਂਦਾ ਹੈ, ਤਿਵੇਂ ਇਹ ਭਰੋਸਾ ਹੁੰਦਾ ਜਾਂਦਾ ਹੈ ਭਈ ਇਸ ਝੋਕੇ ਡੁਬਾ, ਇਸ ਝੋਕੇ ਡੁੱਬਾ। ਕਈ ਆਪੋ ਆਪਣੇ ਇਸ਼ਟ ਦਾ ਧਿਆਨ ਧਰ ਕੇ ਬੇਨਤੀਆਂ ਕਰ ਰਹੇ ਹਨ, ਕਈ ਲੋਕ ਗੰਗਾ ਜਲ ਆਚਮਨ ਕਰ ਰਹੇ ਹਨ, ਕਈ ਤਾਰੂ ਬਹਾਦਰ ਦਿਲੇਰ ਕਮਰਕੱਸੇ ਕਰ ਰਹੇ ਹਨ ਭਈ ਤਰਕੇ ਨਿਕਲ ਜਾਵਾਂਗੇ, ਕਈ ਜਹਾਜ਼ ਦੇ ਨਾਲ ਦੀਆਂ ਕਿਸ਼ਤੀਆਂ ਦੀ ਧੁਨ ਪਕਾ ਰਹੇ ਹਨ ਕਿ ਝੱਟ ਛਾਲਾਂ ਮਾਰਕੇ ਚੱਲ ਬੈਠਾਂਗੇ, ਕਈ ਦਲਿਦ੍ਰ ਦੇ ਪੁਤਲੇ ਜੀਉਣ ਦੇ ਹਥੋਂ ਸਤੇ ਹੋਏ ਮੂੰਹ ਤੇ ਪੱਲਾ ਪਾਕੇ ਅੱਖਾਂ ਮੀਟੀ ਲੇਟੇ ਪਏ ਹਨ। ਜੋ ਕਿਸੇ ਨੇ ਕੁਝ ਆਖਿਆ ਤਾਂ ਹੌਲੀ ਜੇਹੀ ਇਹ ਉੱਤਰ ਦੇ ਛਡਿਆ, 'ਤੁਲਸੀ ਭਰੋਸੇ ਰਾਮ ਕੇ ਰਹੇ ਖਾਟ ਪਰ ਸੋਇ। ਹੋਨੀ ਹੋਇ ਸੁ ਹੋਇ ਹੈ ਅਨਹੋਨੀ ਕਬ ਹੁਨ ਹੋਇ।' ਇਹ ਸੁਣਕੇ ਹਿਰਦਾਰਾਮ ਬੋਲਿਆ ਇਸ ਵੇਲੇ ਰਾਮ ਤੁਹਾਨੂੰ

Digitized by Panjab Digital Library | www.panjabdigilib.org

ਕਰਨਲਈਕੁਝਨਹੀਂਕਹਿੰਦਾ,ਪਰਓੁਸਦੇ ਕਰ-
ਤਬ ਨੂੰਜ਼ਹਾ ਹੌਸਲੇ ਨਾਲ ਦੇਖੇ ਤਾਂ ਸਹੀਭਈ
ਕਿਸਤਰ੍ਹਾਂਬੇਵਤਨ ਕਰਕੇ ਕਿਸ ਤੂਫਾਨ ਵਿਚ
ਪਾ ਕੇ ਕਿਸ ਅਜ਼ਾਬ (ਦੁੱਖ) ਨਾਲ
ਮਾਰਦਾ ਹੈ, ਕਿਹੜੇ ਕਿਹੜੇ ਜਲ ਜੀਵ
ਤੁਹਾਡੀ ਜਾਨ ਦੇ ਗਿਰਾਸ ਕਰਨ ਲਈ ਮੂੰਹ
ਖੋਹਲ ਰਹੇ ਹਨ, ਕਿਹਾ ਅਚਰਜ ਸਾਂਗਾ
ਆਣ ਬਣਿਆ ਹੈ, ਦੇਸ਼ਾਂ ਦੇਸ਼ਾਤ੍ਰਾਂ ਦੇ ਲੋਕਾਂ
ਦਾ ਇਕੋ ਸਾਇਤ ਵਿਚ ਸਮੁੰਦਰ ਦੀ ਭੇਟ
ਹੋਣਾ। ਉੱਠੋ, ਜ਼ਰਾ ਦੇਖੋ ਕੈਸਾ ਅਚਰਜ
ਮੌਤ ਦਾ ਨਕਸ਼ਾ ਬੱਝ ਰਿਹਾ ਹੈ। ਜਿਕੁਰ
ਸੁੱਕਦੇ ਛੱਪੜ ਵਿਚ ਬਹੁਤੀਆਂ ਮੱਛੀਆਂ
ਦਾ ਕਲਬਲਾਟ ਪੈਂਦਾ ਹੈ, ਤਿਵੇਂ ਹੀ ਇਸ
ਵੇਲੇ ਜਹਾਜ਼ ਦੇ ਵਿਚ ਘਬਰਾਹਟ ਹੈ। ਇਹ
ਬਚਨ ਸੁਣ ਕੇ ਲੇਟੇ ਹੋਏ ਦੇ ਚਾਰ ਬੋਲੇ,
ਅਸੀਂ ਤਾਂ ਅੱਗੇ ਹੀ ਮੁਰਦੇ ਬਣੇ ਹਾਂ ਤਾਂ ਕਿ
ਮੌਤ ਨੂੰ ਸਾਡੀ ਢੂੰਡ ਭਾਲ ਨਾ ਕਰਨੀ ਪਵੇ,
ਖੜੋਤਿਆਂ ਨੂੰ ਢ ਹੁਣ ਦੀ ਖੇਚਲ ਵੀ ਨਾ
ਪਵੇ,ਤੁਸਾਂ ਵੀ ਧਿਆਨ ਰੱਖਣਾ ਜੇ ਮੌਤ ਆਵੇ
ਤਾਂ ਸਾਡਾ ਚੇਤਾ ਪਹਿਲੋਂ ਕਰਾ ਦੇਣਾ ਤਾਂ
ਅਸੀਂ ਹੋਰਨਾਂ ਦੀ ਮੌਤ ਨਾ ਦੇਖੀਏ। ਇਸ
ਕਹਿਣ ਤੇ ਜਹਾਜ਼ ਦੇ ਲੋਕ ਜਿਥੋਂ ਤਾਈਂ ਕਿ
ਇਹ ਗੱਲ ਸੁਣੀ ਸਮਝੀ ਗਈ ਸੀ,ਸੱਭੇ ਖਿੜ
ਖਿੜਾਕੇ ਹੱਸ ਪਏ; ਕਹਿਣ ਲਗੇ, ਸ਼ਾਬਾਸ !
ਗਾਂਧੀ ਮਰਦ ਤੁਸੀਂ ਹੀ ਨਿਕਲੇ ਹੋ, ਇਸ
ਹਿੰਮਤ ਤੋਂ ਆਸ ਹੈ ਮੌਤ ਵੀ ਕੁਰਬਾਨ ਹੋ
ਜਾਏਗੀ। ਫਿਰ ਹਿਰਦਾਰਾਮ ਨੇ ਆਖਿਆ
ਹੁਣ ਤਾਂ ਮਹਾਰਾਜ ਵਕਤ ਨੇੜੇ ਤੇੜੇ ਢੁੱਕ
ਚੁੱਕਿਆ ਹੈ, ਜਹਾਜ਼ ਇਕਵਾਸਾ ਹੁੰਦਾ ਜਾਂਦਾ
ਹੈ, ਬੱਸ ਇਕ ਇੰਚ ਦਾ ਫਰਕ ਹੈ, ਜੇ
ਇਕ ਇਕ ਇੰਚ ਬਰਾਬਰ ਹੋਰ ਉਲਟ ਜਾਵੇ
ਤਾਂ ਬੱਸ ਏਥੇ ਹੀ ਬੇੜਾ ਪਾਰ ਹੈ,ਪਰ ਕੁਦਰਤ
ਦੇ ਰੰਗਾਂ ਦਾ ਕੋਈ ਪਤਾ ਨਹੀਂ ਲਗਦਾ,
ਬਿਅੰਤ ਪਰਮੇਸ਼ੁਰ ਅਤੇ ਬਿਅੰਤ ਮਾਇਆ ਹੈ।
ਇਸ ਵੇਲੇ ਮਲਾਹ ਨਿਰਾਸ ਹੋਕੇ ਆਪਣੀਆਂ
ਜਾਨਾਂ ਬਚਾਉਣ ਦੇ ਫਿਕਰ ਵਿਚ ਲਗ ਪਏ,
ਤੂਫਾਨ ਹੋਰੀਂ ਵੀ ਚਿਹ ਚੜ੍ਹੇ ਹੋਏ ਜ਼ੋਰੋ ਜ਼ੋਰ
ਹੁੰਦੇ ਗਏ। ਪਰ ਰੱਖਣ ਵਾਲੇ ਦੇ ਰਾਹ ਨਿਆਰੇ
ਹਨ। ਇਸ ਹੇਰੀ ਫੇਰੀ ਵਿਚ ਜਹਾਜ਼ ਦਾ
ਰੁਖ ਉਲਟ ਗਿਆ, ਹਵਾ ਸੂਤ ਹੋ ਗਈ,ਦਿਨ
ਚੜ੍ਹ ਪਿਆ, ਸਭਨਾਂ ਦਾ ਕਲੇਜਾ ਉਛਲਿਆ
ਜਾਂਦਾ ਬੱਝ ਕੇ ਖਲੋ ਗਿਆ।ਹਵਾ ਦਾ ਜ਼ੋਰ ਪੈਰ
ਪੈਰ ਘਟਣ ਲਗਾ, ਜਹਾਜ਼ ਸੂਤ ਹੋਕੇ ਤੁਰਨ
ਲੱਗਾ,ਲੋਕਾਂ ਨੇ ਜੀ ਧਰਾਇਆ,ਮੌਤ ਦੀ ਪਿੱਠ
ਦੇਖ ਦੇਖਕੇ ਪਰਮੇਸ਼ੁਰ ਦਾ ਧੰਨਵਾਦ ਕਰਨ
ਲਗੇ। ਕਈ ਸੁਖਣਾ ਸਰੀਣੀਆਂ ਵੰਡਣ ਲਗੇ,
ਕਈ ਕਾਲੀਡਰਾਉਣੀ ਰਾਤਦੇ ਤੂਫਾਨ ਵਾਲੀ
ਦਸ਼ਾ ਘੜੀ ਮੁੜੀ ਕਹਿ ਕਹਿਕੇ ਆਪਣੀਆਂ
ਵਡਿਆਈਆਂ ਕਰਨ ਲਗੇ, ਪਰੰਤੂ ਲੇਟੇ ਹੋਏ
ਦਲਿੱਦਰੀਆਂ ਨੇ ਉੱਠਕੇ ਪ੍ਰਸੰਨ ਬਦਨ ਇਹ
ਆਖਿਆ ਕਿ ਇਹ ਅਸਾਡੀ ਹੀ ਹਿੰਮਤ ਸੀ
ਕਿ ਤੁਹਾਡੇ ਤੋਂ ਅਪਣੀ ਜਾਨ ਵਾਰਕੇ ਮੌਤ ਦੇ
ਅੱਗੇ ਬਲੀਦਾਨ ਹੋਣ ਲਈ ਲੇਟ ਰਹੇ ਸਾਂ,
ਹੋਰ ਵੀ ਇਜੇਹਾ ਮਰਦ ਬਹਾਦੁਰ ਕੋਈ ਨਿਕ-
ਲਿਆ ਕਿ ਜਿਸਨੇ ਆਪਣਾ ਆਪ ਸਭ ਤੋਂ
ਪਹਿਲੇ ਮੁਰਦਾ ਹੋਕੇ ਮੌਤ ਦੇ ਅੱਗੇਕੀਤਾ ਹੋਵੇ?
ਇਸਕਹਿਣ ਤੇਬੜਾ ਹਾਸਾ ਮਚਿਆ,ਲੋਕਾਂ ਨੇ
ਆਖਿਆ ਭਈ ਤੁਸੀਂ ਤਾਂ ਡਰਦੇ ਮਾਰੇ ਸਿਰ
ਮੂੰਹ ਲਪੇਟ ਅੱਖਾਂ ਮੀਟ ਕੇ ਲੇਟ ਰਹੇ ਸਾਓ !
ਉੱਤੂ ਵਿਚ ਬੋਲੇ ਅਸੀਂ ਤੁਹਾਡੀ ਮੌਤ ਦਾ
ਦੁੱਖ ਦੇਖ ਨਹੀਂ ਸਕਦੇ ਸਾਂ,ਇਸ ਲਈ ਮੂੰਹ
ਸਿਰਲਪੇਟਕੇ ਅੱਖਾਂਮੀਟਕੇ ਢੱਕੀਆਂ ਕਿ ਮਤਾਂ
ਖੁੱਲ੍ਹ ਜਾਣ ਤਾਂ ਤੁਹਾਡੀ ਮੌਤ ਦਾਨਕਸ਼ਾਦਿੱਸੇ।
ਇੱਕੁਰ ਹੀ ਜਹਾਜ਼ ਮਸਤ ਹਾਥੀ ਦੀ ਚਾਲ

Digitized by Panjab Digital Library | www.panjabdigilib.org

ਵਾਕੁਰ ਪਾਣੀ ਦੇ ਰਸਤੇ ਨੂੰ ਲਿਤਾੜਦਾ ਹੋਇਆ ਤੁਰਿਆ ਜਾ ਰਿਹਾ ਹੈ। ਤਿੰਨ ਦਿਨ ਅਤੇ ਤਿੰਨ ਰਾਤਾਂ ਵਿਚ ਜਹਾਜ਼ ਦਾ ਰਸਤਾ ਮੁੱਕ ਗਿਆ, ਸਭ ਲੋਕ ਉਤਰੇ। ਹੋਨ ਭਾਵੇਂ ਜੀਉਂਦੇ ਜਾਗਦੇ ਪਰ ਸਭ ਅਧਮੋਏ, ਸਿਰ ਚੱਕਰ ਵਿਚ, ਕਲੇਜੇ ਉਛਲਣਾ ਵਿਚ, ਉਬਕਾਈਆਂ ਛਾਤੀ ਤੋੜਨ ਵਿਚ, ਬੇਚੈਨੀ ਹਡ ਮਰੋੜਨ ਵਿਚ ਢੇਰੇ ਢੇਰ ਹੈ। ਤ੍ਰੇਹ ਤਾਂ ਬਹੁਤ ਲਗਦੀ ਹੈ ਪਰ ਪਾਣੀ ਸਾਹਿਬ ਅੰਦਰ ਜਾਕੇ ਇੰਵਾਣੇ ਬਾਲ ਵਾਕੁਰ ਰੁੱਸ ਕੇ ਪਿਛਲੇ ਪੈਰੀਂ ਛਾਲ ਮਾਰਕੇ ਬਾਹਰ ਆਣ ਲੇਟਦੇ ਹਨ। ਭੁੱਖ ਹੋਰੀਂ ਤਾਂ ਜਹਾਜ਼ ਦੇ ਨਾਲ ਹੀ ਵਿਦਾ ਹੋ ਗਏ। ਨੀਂਦਰ ਲਈ ਬਹੁਤੇਰੀ ਪੈਰੀਂ ਪੈ ਪੈ ਲੇਟਣੀਆਂ ਲੈਲੇ ਤਰਲੇ ਕੱਢੇ ਪਰ ਨਹੀਂ ਮੰਨੀ ਨਹੀਂ ਆਈ। ਜੇ ਕਿਤੇ ਭੁੱਲੀ ਭਟਕੀ ਆਉਣ ਵੀ ਲਗੀ ਤਾਂ ਤੱਤੇ ਤਵੇ ਤੇ ਪੈਰ ਰੱਖਣ ਵਾਕੁਰ ਉੱਛਲ ਕੇ ਦੇ ਗਜ ਹੋਰ ਲਾਂਭੇ ਹੋ ਰਹੀ। ਜਦ ਤਿੰਨ ਕੁ ਦਿਨ ਇਸੇ ਤਰ੍ਹਾਂ ਬੀਤ ਗਏ ਤਾਂ ਹਿਰਦਾ ਰਾਮ ਨੇ ਆਖਿਆ ਇਸ ਵੇਲੇ ਜੇ ਦੋ ਕੁ ਤਰੀਆਂ ਸੁਖਨਿਧਾਨਦੀਆਂਘੋਟਕੇ ਚਰਨਾਮ੍ਰਿਤ ਵਾਕੁਰ ਪੀਤੀਆਂ ਜਾਣ ਤਾਂ ਇਹ ਪਾਣੀ ਲਾਗ ਭੰਗ ਦੇ ਭਾੜੇ ਵਿਚ ਹੀ ਜਾਂਦੀ ਰਹੇ।

ਸ਼ਾਮਸੁੰਦਰ—ਸਲਾਹ ਤਾਂ ਇਹ ਬਹੁਤ ਠੀਕ ਹੈ, ਇਤਨੀ ਥੋੜ੍ਹੀ ਬਣਾਓ ਜਿਸ ਵਿਚ ਅਮਲ ਦੀ ਭਾਰ ਨਾ ਬੱਝੇ।ਦਵਾਈ ਦੇ ਅੰਦਾਜ਼ ਤੇ ਰੱਤੀ ਭਰ ਬਹੁਤ ਹੈ।

ਹਿਰਦਾ ਰਾਮ ਜੀ ਨੇ ਝਟਪਟ ੨ ਰੱਤੀਆਂ ਸੁਖ ਨਿਧਾਨ, ੧੦ ਇਲਾਚੀਆਂ, ੧੦ ਮਰਚਾਂ ੧ ਗਿਰੀ ਬਦਾਮ ਦੀ ਘੋਟਕੇ ਛਾਣਕੇ ਇਕ ਚੁਲਾ ਭਰ ਛਕਾਕੇ ਇਕ ਚੁਲਾ ਆਪ ਭੀ ਛਕ ਲਿਆ। ਇਹ ਛਕਣਾ ਸੀ ਕਿ ਜਾਦੂ ਹੋਗਿਆ ਮਾਨੋ ਕਦੀ ਕੋਈ ਰੋਗ ਔਖ ਹੋਇਆ ਹੀਨਹੀਂ। ਫਿਰ ਤਾਂ ਅੰਨ ਪਾਣੀ ਤਯਾਰ ਕੀਤਾ, ਪ੍ਰਸੰਨਤਾ ਨਾਲ ਛਕਿਆ, ਆਰਾਮ ਕੀਤਾ।ਤੀਸਰੇ ਪਹਿਰ ਸੌਚ ਅਸ਼ਨਾਨ ਕਰਕੇ ਮਾਂਡਵੀ ਸ਼ਹਿਰ ਦੀ ਸੈਲ ਕੀਤੀ। ਦੂਜੇ ਦਿਨ ਬੇੜੇ ਤੇ ਸਵਾਰ ਹੋਕੇ ਬਾਰਾਂ ਕੋਹਾਂ ਦੀ ਖਾਡੀ ਕਾਲੇਪਾਣੀ ਦੀ ਲੰਘ ਕੇ ਪਾਰ ਹੋ ਰਏ। ਅੱਗੇ ਬੇਟ, ਜਿਥੇ ਦ੍ਵਾਰਕਾ ਹੈ, ਪਹੁੰਚ ਰਏ। ਏਥੇ ਲਗੀ ਖੋਜ ਹੋਣ ਭਈ ਸੰਖ ਤਲਾਈ ਕਿੱਥੇ ਹੈ। ਪੁਛਦੇ ਪੁਛਾਉਂਦੇ, ਦੱਖਣ ਦੇ ਪਾਸੇ ਬਗੀਚਿਆਂ ਦੇ ਵਿਚਦੀ ਲੰਘਦੇ ਹੋਏ ਅੱਧਾਕੁ ਮੀਲ ਨਗਰੋਂਲਾਂਭੇਅੱਪੜੇ ਤਾਂ ਨਾਨਕਸ਼ਾਹੀ ਝੰਡੇ ਦਾ ਨਿਸ਼ਾਨ ਝੁਲਦਾ ਹੋਇਆ ਨਜ਼ਰੀਂ ਪਿਆ, ਜਿਸਵਿਚ ਚੰਦ ਅਤੇ ਪੰਜੇ ਦਾ ਚਿੰਨ੍ਹ ਸੀ।ਜਦ ਇਸ ਮਕਾਨ ਦੇ ਦਰਵਾਜ਼ੇ ਤੇ ਪਹੁੰਚੇ ਤਾਂ ਦੇਖਿਆ ਕਿ ਕੋਲਵਾਰ ਹੀ ਇਕ ਤਲਾਉਵੀਹੈ ਜਿਸਨੂੰਲੋਕੀ ਸੰਖਤਲਾਈ ਕਰਕੇ ਕਹਿੰਦੇ ਹਨ। ਪ੍ਰਸੰਗ ਪੁੱਛਣੇ ਤੇ ਪਤਾ ਲਗਾ ਭਈ ਸੰਖਾਸੁਰਦੈਤ ਦੇ ਉਧਾਰ ਹੋਣ ਦਾ ਇਹ ਨਿਸ਼ਾਨ ਹੈ। ਜਦ ਅੰਦਰ ਇਸ ਮਕਾਨ ਦੇ ਗਏ ਤਾਂ ਦੇਖਿਆ ਇਕ ਪਾਸੇ ਵਲ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਅਤੇ ਦੂਜੇ ਪਾਸੇਵਲ ਇਕ ਦਲਾਨਵਿਚ ਇਕਬ੍ਰਿਧ ਪੁਰਖ ਤਪ ਦੀ ਮੂਰਤੀ, ਸਿਰ ਤੇ ਟੋਪੀ ਬ੍ਰਹਮਚਾਰੀ, ਮੋਢਿਆਂਤੇ ਪੀਤਾਂਬਰ ਅਤੇ ਤੇੜ ਲੰਗੋਟ ਚੜ੍ਹਾਏ, ਬਿਰਾਗਣ ਦੀ ਟੇਕ ਲਾਏ, ਸੁਥਰੀ ਵਿਛੀ ਹੋਈ ਗੱਦੀ ਤੇ ਬੈਠਾ ਹੋਇਆ ਹੈ।ਸ਼ਾਮ ਸੁੰਦਰ ਅਤੇ ਹਿਰਦਾ ਰਾਮ ਨੇ ਪਹਿਲੇ ਸ੍ਰੀਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਾਕੇ ਮੱਥਾ ਟੇਕਿਆ, ਫਿਰ ਉਸ ਤਪਨਿਧੀ ਬ੍ਰਿਧਮੂਰਤੀ ਮਹੰਤਅੱਗੇ ਮੱਥਾ ਜਾ ਟੇਕਿਆ ਤਾਂ ਮਹੰਤ ਨੇ ਪੁੱਛਿਆ, ਸੰਤੋ!ਕਹਾਂ ਸੇ ਆਉਣਾ ਭਇਆ,ਅੱਗੋਂ ਉਤਰ ਵਿਚ ਆਖਿਆ ਮਾਂਡਵੀ ਸੇ। ਮਹੰਤ ਬੋਲੇ ਜੋ ਕਰਾਚੀ ਦੇ ਰਸਤੇ ਆਉਤਾ ਹੈ ਸੋ ਮਾਂਡਵੀ

Digitized by Panjab Digital Library | www.panjabdigilib.org

ਹੀ ਕੇ ਰਸਤੇ ਆਉਂਤਾ ਹੈ, ਆਪ ਕਿਸ ਜਗਹ ਕੇ ਰਹਿਣੇ ਵਾਲੇ ਹੋ, ਅਗੋਂ ਉਤਰ ਦਿੱਤਾ ਪੰਜਾਬ ਦੇਸ ਦੇ। ਫਿਰ ਮਹੰਤਾਂ ਨੇ ਆਖਿਆ ਕੌਣ ਭੇਖ ਕੇ ਸਾਧੂ ਹੋ ?

ਉੱਤਰ–ਉਦਾਸੀ।

ਮਹੰਤ–ਕਿਸ ਧੂੰਏਂ ਕੇ ?

ਉੱਤਰ–ਸੰਗਤ ਸਾਹਿਬ ਕੇ।

ਮਹੰਤ–ਬਖਸ਼ ਹੈ, ਧੂੰਆਂ ਨਹੀਂ।ਨਾਮ ਕੀ ਹੈ?

ਉੱਤਰ–ਹਰੀ ਦਾਸ।

ਮਹੰਤ–ਗੁਰੂ ਕੌਣ ਹੈ ?

ਹਰੀ ਦਾਸ–ਅਸੀਂ ਪ੍ਰੇਮ ਹੀ ਕੇ ਦਾਸ ਹੈਂ।

ਮਹੰਤ ਨੂੰ ਇਸ ਗਲ ਤੇ ਕੁਝ ਸ਼ੰਕਾ ਹੋ ਗਈ ਕਿ ਇਹ ਕੋਈ ਭੇਖਧਾਰੀ ਨਾ ਹੋਵੇ, ਫਿਰ ਦੁਹਰਾ ਕੇ ਪੁੱਛਿਆ ਅਜੇ ਗੁਰੂ ਨਹੀਂ ਧਾਰਿਆ ?

ਹਰੀ ਦਾਸ–ਹੱਥ ਜੋੜਕੇਗੁਰੂ ਕੀਤਾਹੈਜੀ।

ਮਹੰਤ–ਗੁਰੂ ਕੀਤਾ ਹੈ, ਮਾਤ੍ਰਾ ਸੁਣਾਓ।

ਹਰੀ ਦਾਸ–ਸ਼ਤਿ ਬਚਨ ਸੁਣੀਏ।

ਮਹੰਤ–ਚੌਕੜੀ ਮਾਰ ਕੇ ਬੈਠ ਜਾਓ ਅਰ ਮਾਤ੍ਰਾ ਸੁਣਾਓ।

ਹਰੀ ਦਾਸ–ਹੱਥ ਜੋੜ ਕੇ ਚੌਕੜੀ ਮਾਰ ਕੇ ਬੈਠ ਕੇ:–

ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀਆਂ।

"ਕਹੁ ਦੇ ਬਾਲੇ ਕਿਸ ਮੁੰਡਿਆ ਕਿਸ ਮੁੰਡਾਇਆ ॥ ਕਿਸਕਾ ਭੇਜਿਆ ਨਗਰੀ ਆਇਆ ॥੧॥ਚੇਤੋਂ ਨਗਰੀ ਤਾਰੋ ਗਾਉ॥ ਸਿਮਰੋ ਅਲਖ ਪੁਰਖ ਕਾ ਨਾਂਉ ॥੨॥ ਗੁਰ ਅਬਨਾਸੀ ਖੋਲ ਰਚਾਇਆ । ਅਗਮ ਨਿਗਮ ਕਾ ਪੰਥ ਬਤਾਇਆ ॥੩॥ ਗਿਆਨ ਕੀ ਗੋਦੜੀ ਖਿਮਾ ਕੀ ਟੋਪੀ॥ ਜਤ ਕਾ ਆੜਬੰਧ ਸੀਲ ਲੰਗੋਟੀ॥੪॥ ਕਾਲ ਖਿੰਥਾ ਨਿਰਾਸ ਝੋਲੀ ॥ ਜੁਗਤ ਕਾ ਟੋਪ ਗੁਰਮੁਖ ਕੀ ਬੋਲੀ ॥੫॥ ਧਰਮ ਕਾ ਚੇਲਾ ਸਤ ਕੀ ਸੋਲੀ ॥ ਮਰਾਜਾਤ ਮੇਖਲੀ ਲੈ ਗਲ ਮੇਲੀ ॥੬॥ਧਿਆਨ ਬਟੂਆ ਨਿਰਜਕਾ ਸੂਈ ਦਾਨ॥ ਬ੍ਰਹਮ ਅੰਚਦਾ ਲੈ ਪਹਿਰੈ ਸੁਜਾਨ ॥੭॥ ਬਹੁ-ਰੰਗੀ ਮੋਰਛੜ ਨਿਰਲੇਪ ਦ੍ਰਿਸਟੀ ॥ ਨਿਰਭਉ ਨੰਗ ਡੋਰਾ ਨਾਕ ਦ੍ਰਿਸਟੀ ॥੮॥ ਜਾਗ ਜਗੋਟਾ ਸਿਫਤ ਉਡਾਨੀ ॥ ਸਿੰਙੀ ਸਬਦ ਅਨਾਹਦ ਗੁਰਬਾਨੀ ॥ ੯ ॥ ਸਰਮ ਕੀਆ ਮੁੰਦ੍ਰਾ ਸਿਵ ਬਿਭੂਤਾ ॥ ਹਰ ਭਗਤ ਮ੍ਰਿਗਾਨੀ ਲੈ ਪਹਿਤੇ ਗੁਰ ਪੂਤਾ ॥੧੦॥ ਸੰਤੋਖ ਸੂਤ ਬਿਬੇਕ ਧਾਗੇ ॥ ਅਨੇਕ ਟਲੀ ਤਹਾ ਲਾਗੇ ॥੧੧॥ ਸੁਰਤ ਕੀ ਸੂਈ ਲੈ ਸਤਿਗੁਰ ਸੀਵੈ ॥ ਜੋ ਰਾਤੇ ਸੋ ਨਿਰਭੈ ਬੀਵੈ ॥੧੨॥ ਸਾਹ ਸੁਪੈਦ ਜਰਦ ਸੁਰਖਾਈ ॥ ਜੋ ਲੈ ਪਹਤਿ ਸੋ ਗੁਰਭਾਈ॥੧੩॥ ਤ੍ਰੈ ਗੁਣ ਚਖ ਮਖ ਅਗਮ ਮਤਿ ਭਾਈ ॥ ਦੁਖ ਸੁਖ ਧੂਣੀ ਦੇਹ ਜਲਾਈ ॥੧੪॥ ਸੰਜਮ ਕਿਰਪਾਲੀ ਸੋਭਾ ਧਾਰੀ॥ਚਰਨ ਕਵਲ ਸੋ ਸੁਰਤ ਹਮਾਰੀ॥੧੫॥ ਭਾਉ ਭੋਜਨ ਅੰਮ੍ਰਿਤ ਕਰ ਪਾਇਆ ॥ ਭਲਾ ਬੁਰਾ ਮਨ ਨਹੀਂ ਵਸਾਇਆ ॥੧੬॥ ਪਾਤ੍ਰ ਵਿਚਾਰ ਫੁਆ ਬਹੁ ਗੁਣਾ॥ ਕਰਮੰਡਲ ਤੁੰਬਾ ਕਿਸਤੀ ਘਣਾ ॥ ੧੭ ॥ ਅੰਮ੍ਰਿਤ ਪਿਆਲਾ ਉਦਕ ਮਨ ਦਇਆ ॥ ਜੋ ਪੀਵੈ ਸੋ ਸੀਤਲ ਭਇਆ ॥੧੮॥ ਇੜਾ ਮਹਿ ਆਵੈ ਪਿੰਗਲਾ ਮਹਿ ਧਾਵੈ ॥ ਸੁਖਮਨ ਕੋ ਘਰ ਸਹਿਜ ਸਮਾਵੈ ॥੧੯॥ ਨਿਰਾਸ ਮਟ ਨਿਰੰਤ੍ਰ ਧਿਆਨ॥ਨਿਰਭੈ ਨਗਰੀ ਗੁਰ ਦੀਪਕ ਗਿਆਨ ॥੨੦॥ਅਸਥਿਰ ਬਿਧ ਅਮਰ ਪਤਿ ਭੰਡਾ ॥ ਧੀਰਜ ਫਾਹੁੜੀ ਤਪ ਕਰ ਖੰਡਾ ॥ ੨੧ ॥ ਵਸ ਕਰ ਆਸਾ ਸਮ ਦ੍ਰਿਸਟ ਚੁਗਾਨ ॥ ਹਰਖ ਸੋਗ ਮਨ ਮਹ ਨਹਿ ਆਨ ॥੨੨॥ ਸਹਜ ਬਿਰਾਗੀ ਕਰੈ ਬਿਰਾਗ ॥ ਮਾਇਆ ਮੋਹਣੀ ਸਗਲ ਤਿਆਗ ॥ ੨੩ ॥ ਨਾਮ ਕੀ ਪਾਖਰ ਪਵਨ ਕਾ ਘੋੜਾ॥ ਨਿਹਕਰਮ ਜੀਨ ਤਤ ਕਾ ਜੋੜਾ ॥੨੪॥ ਨਿਰਗੁਣ ਢਾਲ ਗੁਰ ਸਬਦ ਕਮਾਣ ॥ ਅਕਲ ਸੰਜੋਅ ਪ੍ਰੀਤ ਕੋ ਬਾਣ ॥ ੨੫ ॥ ਅਕਲ ਕੀ ਬਰਛੀ ਗੁਣਾ ਕੀ ਕਟਾਰੀ ॥ ਮਨ ਕੋ ਮਾਰ ਕਰਹੁ ਅਸਵਾਰੀ ॥ ੨੬॥ਬਿਖਮ ਗੜ ਤੋੜਨਿਰਵੈ ਘਰ ਆਇਆ॥

Digitized by Panjab Digital Library | www.panjabdigilib.org

ਨੌਬਤ ਸੰਖ ਨਗਾਰਾ ਵਾਇਆ ॥ ੨੭ ॥ ਗੁਰ ਅਬਨਾਸੀ ਸੁਸਮ ਬੇਦ ॥ ਨਿਰਬਾਣ ਵਿਦਿਆ ਅਪਾਰ ਭੇਦ ॥ ੨੮ ॥ ਅਖੰਡ ਜਨੇਊ ਨਿਰਮਲ ਧੋਤੀ ॥ ਸੋਹੰ ਜਾਪ ਸਦ ਮਾਲ ਪਰੋਤੀ ॥੨੯॥ ਸਿਖਿਆ ਗੁਰਮੰਤ੍ਰ ਗਾਇਤ੍ਰੀ ਹਰ ਨਾਮੁ ॥ ਨਿਹਚਲ ਆਸਨ ਕਰ ਬਿਸ੍ਰਾਮ॥੩੦॥ਤਿਲਕ ਸਪੂਰਨ ਤਰਪਨ ਜਸ ॥ ਪੂਜਾ ਪ੍ਰੇਮ ਭੋਗ ਮਹਾਰਸ ॥ ੩੧॥ ਨਿਰਵੈਰ ਸੰਧਿਆ ਦਰਸਨ ਛਾਪਾ ॥ ਬਾਦ ਬਿਬਾਦ ਮਿਟਾਵਹੁ ਆਪਾ ॥ ੩੨॥ ਪੀਤ ਪਿਤੰਬਰ ਮਨ ਮ੍ਰਿਗਛਾਲਾ॥ ਚੀਤ ਚਿਦੰਬ੍ਰ ਤੁਣ ਝੁਣ ਮਾਲਾ ॥੩੩॥ ਬੁਧ ਪਿਕੰਬ੍ਰ ਕੁਲ ਵਸ ਕੀਨ ॥ ਖੋਸ ਖੜਾਵਾਂ ਇਹ ਮਨ ਲੀਨ ॥੩੪॥ ਤੋੜਾ ਚੂੜਾ ਜੰਜੀਰੀ ਜੰਜੀਰ ॥ ਲੈ ਪਹਰੇ ਨਾਨਕ ਸਾਹ ਫਕੀਰ ॥੩੫॥ ਜਟਾ ਮੁਕਟ ਮੁਕਟ ਸਿਰ ਦੋਇ ॥ ਮੁਕਤਾ ਫਿਰੈ ਬੰਧਨ ਨਹੀਂ ਕੋਇ ॥ ੩੬ ॥ ਨਾਨਕ ਪੂਤਾ ਸ੍ਰੀ ਚੰਦ ਬੋਲੈ ॥ ਜੁਗਤ ਪਛਾਣੈ ਤਤ ਵਿਰੋਲੈ ॥ ੩੭ ॥ ਐਸੀ ਮਾਤ੍ਰਾ ਲੈ ਪਹਿਰੇ ਕੋਇ ॥ ਆਵਾ ਗਵਨ ਮਿਟਾਵੈ ਸੋਇ ॥੩੮॥ ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀਆਂ ਸੰਪੂਰਨ ।"

ਇਉਂ ਮਾਤ੍ਰਾ ਪੂਰੀਆਂਕਰ ਕੇ ਸਿਰ ਨਿਵਾਇਆ ਤੇ ਮਹੰਤ ਜੀ ਬੋਲੇ ਮਾਤ੍ਰਾ ਕਿੰਨੀਆਂ ਹੈ?

ਹਰੀ ਦਾਸ–ਚੌਬੀ ।

ਮਹੰਤ–ਧੂੰਏ ਕਿੰਨੇ ?

ਹਰੀ ਦਾਸ–ਚਾਰ ।

ਮਹੰਤ–ਤੇਰਾ ਸਿਧ ਗੁਰੂ ਕੌਣ ਹੈ, ਕੀ ਨਾਉਂ ਹੈ ?

ਹਰੀ ਦਾਸ–ਅਜੇ ਤਕ ਨਹੀਂ ਹੈ ।

ਮਹੰਤ–ਜਦ ਤਕ ਤੂੰ ਸਿਧ ਗੁਰੂ ਨਹੀਂ ਕਰਦਾ,ਜਦ ਤਕ ਉਹ ਤੇਰੀਆਂ ਜੜ੍ਹਾਂ ਨਾ ਬੈਨੂੰ, ਬਿਛੂਤ ਨਾ ਚੜ੍ਹਾਵੇ, ਭੇਖ ਦੀ ਭਾਵਨਾ ਉੱਘੀ ਤੇ ਪੁਸ਼ਟ ਨਾ ਕਰੇ,ਸਿਧੀਆਂ ਦੇ ਰਸਤੇ ਨਾ ਚਿਖਾਵੇ ਤਦ ਤਕ ਤੇਰੇ ਗੁਰੂ ਦਾ ਪਤਾ ਨਹੀਂਲਗਦਾ ਕਿ ਕਿਹੜੇ ਪ੍ਰੇਮ ਦਾ ਦਾਸ ਹੈਂ? ਭਾਵੇਂ ਅਸੀਂ ਭਗਤ ਭਗਵਾਨ ਜੀ ਦੇ ਧੂੰਏਂ ਦੇ ਹੈਂ, ਸੰਗਤ ਸਾਹਿਬ ਜੀ ਦੇ ਘਰ ਨਾਲ ਵੀ ਚੰਗਾ ਮੇਲ ਹੈ, ਨਾਮੀ ਗਿਰਾਮੀ ਮਹੰਤਾਂ ਨੂੰ ਜਾਣਦੇ ਹੈਂ, ਪਰੰਤੂ ਫਿਰ ਵੀ ਤੇਰੀ ਪਛਾਣ ਠੀਕ ਤਰ੍ਹਾਂ ਨਹੀਂ ਹੋਈ ।

ਹਰੀ ਦਾਸ–ਸਤਿ ਬਚਨ ਜੀ ! ਮੈਂ ਯਾਤ੍ਰਾ ਇਸੀ ਕਾਰਨ ਤੇ ਕਰ ਰਿਹਾ ਹਾਂ, ਆਪ ਕ੍ਰਿਪਾ ਕਰ ਕੇ ਕਹੋ, ਕਿਸ ਮਹਾਂਪੁਰਖ ਦੇ ਚਰਨੀਂ ਲੱਗਾਂ ਜੋ ਆਪਣੀ ਸੰਪ੍ਰਦਾਇ ਵਿਚ ਹੀ ਹੋਵੇ ।

ਮਹੰਤ–ਸਿਧ ਗੁਰੂ ਤੋਂ ਭਾਵ ਇਹ ਹੈ, ਜਿਹੜਾ ਤੈਨੂੰ ਪਰਸਿੱਧ ਕਰੇ, ਸਿਧੀਆਂ ਦੇ ਸਿੱਧੇ ਰਸਤੇ ਦਿਖਾਵੇ,ਜੜ੍ਹਾਂ ਤੇ ਬਿਛੂਤ ਦਾ ਮਾਰਗ ਦੱਸੇ, ਭੇਖ ਦੀ ਭਾਵਨਾ ਨਾਲ ਪ੍ਰਗਟ ਕਰੇ, ਸੋ ਕੋਈ ਕਰਨੀ ਦਾ ਸੂਰਾ ਬਚਨ ਦਾ ਪੂਰਾ, ਪ੍ਰਤਿਸ਼ਟਤ ਤੇ ਪ੍ਰਸਿੱਧ ਨਾਮੀ ਗਿਰਾਮੀ ਮਹੰਤ ਹੋਣਾ ਚਾਹੀਏ ।

ਹਰੀ ਦਾਸ–ਫਿਰ ਇਹ ਤਾਂ ਅਖਾੜੇ ਵਾਲੇ ਮਹੰਤਾਂ ਦੇ ਜਾਵਾਂ, ਭਾਵੇਂ ਠੀਕ ਹੋਵੇ ।

ਮਹੰਤ–ਜਿਨ੍ਹਾਂ ਅਖਾੜੇ ਵਾਲੇ ਮਹੰਤ ਬਣਾਏ ਹਨ ਉਨ੍ਹਾਂ ਪਾਸ ਜਾਹ ।

ਹਰੀ ਦਾਸ–ਜੀ ਉਨ੍ਹਾਂ ਮਹਾਂ ਪੁਰਖਾਂ ਦਾ ਪਤਾ ਕੀ ਹੈ ?

ਮਹੰਤ–ਓਹ ਪ੍ਰਤਿਸ਼ਟਤ ਸਰੀਰ ਹਨ, ਬਨਾਰਸ ਅਸੀ ਘਾਟ ਤੇ ਅਖਾੜਾ ਹੈ ਮਹੰਤ ਚੇਤੰਨ ਦੇਵ ਜੀ ।

ਹਰੀ ਦਾਸ–ਸਤਿ ਬਚਨ !

ਮਹੰਤ–ਆਪ ਸਾਹਮਣੇ ਡੇਰਾ ਕਰੋ ਅਤੇ ਇਸ਼ਨਾਨ ਪਾਣੀ ਕਰ ਕੇ ਝਟ ਪਟ ਤਿਆਰ ਹੋ ਜਾਓ, ਭੰਡਾਰਾ ਤਿਆਰ ਹੈ । ਸਤਿ ਬਚਨ ਕਹਿ ਕੇ ਆਸਨ ਜਮਾਇਆ, ਬਿਸਤਰਾ ਰਖਿਆ, ਕੱਪੜੇ ਉਤਾਰੇ, ਸੰਖ ਤਲਾਈ ਵਿਚ

Digitized by Panjab Digital Library | www.panjabdigilib.org

ਇਸ਼ਨਾਨ ਕੀਤਾ, ਕੱਪੜੇ ਪਾਏ ਨਿਤਨੇਮ ਦਾ ਪਾਠ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਹੀ ਰਹੇ ਸਨ ਕਿ ਸੰਖ ਦੀ ਆਵਾਜ਼ ਆਈ, ਪੰਗਤ ਲਗ ਗਈ, ਭੰਡਾਰੀਆਂ ਨੇ ਨਿਤਨੇਮ ਅਨੁਸਾਰ ਅੰਨ ਪਰੋਸ ਕੇ ਫਿਰ ਖੜੇ ਹੋ ਕੇ ਬਚਨ ਕੀਤਾ, "ਗਾਜੋ ਜੀ ਵਾਹਿਗੁਰੂ"। ਸਭ ਨੇ ਅਨੰਦ ਪੂਰਬਕ ਪ੍ਰਸਾਦਿ ਛਕਿਆ, ਜਦ ਪੰਗਤ ਦੇ ਲੋਕ ਖਾ ਚੁਕੇ ਅਤੇ ਕੋਈ ਭੁੱਲਿਆ ਭਟਕਿਆ ਬਾਕੀ ਖਾ ਰਿਹਾ ਸੀ ਤਾਂ ਫਿਰ ਭੰਡਾਰੀ ਨੇ ਸਨਮੁਖ ਖੜੇ ਹੋਕੇ ਬਚਨ ਕੀਤਾ:-"ਛਕਣੇ ਵਾਲਾ ਛਕੇ, ਹੋਰ ਗਾਜੋ ਜੀ ਵਾਹਿਗੁਰੂ"। ਇਹ ਬਚਨ ਸੁਣਦੇ ਸਾਰ ਹੀ ਸਾਰੀ ਪੰਗਤ ਇਕ ਬਾਰਗੀ ਆਪੋ ਆਪਣੇ ਤੁੰਬੇ,ਲੋਟੇ,ਕਠਾਰੀ,ਕਰਮੰਡਲ, ਗਲਾਸ ਲੈ ਕੇ ਉਠ ਖੜੋਤੇ। ਘਾਟ ਤੇ ਚੁਲਾ ਕੁਰਲਾ ਕਰ ਕਰਾ ਕੇ ਆਪਣੇ ਆਸਨਾਂ ਤੇ ਪਹੁੰਚ ਗਏ। ਇੱਕ ਹੀ ਹਰੀ ਦਾਸ ਦੌੜੀ ਵੀ ਆ ਕੇ ਲੇਟ ਰਹੇ, ਲੰਢੇ ਵੇਲੇ ਜੰਗਲ ਪਾਣੀ ਲਈ ਸਮੁੰਦਰ ਦੇ ਕੰਢੇ ਦੀ ਦੂਰ ਤਕ ਸੈਰ ਕੀਤੀ, ਦਿਹੁੰ ਲੱਥੇ ਆਰਤੀ ਦਾ ਵੇਲਾ ਨੇੜੇ ਜਾਣ ਕੇ ਦ੍ਵਾਰਕਾਧੀਸ ਦੇ ਮੰਦਰ ਵਿਚ ਆਏ, ਪਰੰਤੂ ਡੇਉਢੀ ਵਿਚ ਹੀ ਰੋਕੇ ਗਏ, ਪੁੱਛਿਆ ਅੰਦਰ ਕਿਉਂ ਨਹੀਂ ਜਾਣ ਦਿੰਦੇ ?

ਡੇਉਢੀਦਾਰ-ਪਹਿਲੇ ਚੌਦਾ ਰੁਪੈ ਡੰਨ ਦੇ ਦਿਓ, ਫਿਰ ਦਰਸ਼ਨ ਵਾਸਤੇ ਅੰਦਰ ਜਾ ਸਕਦੇ ਹੋ।

ਹਰੀ ਦਾਸ-ਇਹ ਰੁਪੈ ਕਿਹੇ ?

ਡਿਉਢੀਦਾਰ-ਰਾਜਾ ਦੇ ਡੰਨ ਦੇ।

ਹਰੀ ਦਾਸ-ਕੌਣ ਰਾਜਾ ?

ਡਿਉਢੀਦਾਰ-ਗਾਇਕਵਾੜ ਦਾ ਰਾਜਾ, ਜੋ ਬੜੋਦੇ ਰਹਿੰਦਾ ਹੈ।

ਹਰੀ ਦਾਸ-ਇਹ ਡੰਨ ਕਿਉਂ ਲਾਇਆ ਜਾਂਦਾ ਹੈ ?

ਡਿਉਢੀਦਾਰ-ਜੋ ਗ੍ਰਿਹਸਤੀ ਯਾਤ੍ਰਾ ਕਰਨ ਆਵੇ, ਉਸ ਨੂੰ ਇਹ ਡੰਨ ਅਵੱਸ਼ਯ ਦੇਣਾ ਪੈਂਦਾ ਹੈ।

ਹਰੀ ਦਾਸ-ਸਾਧੂ ਪਾਸੋਂ ਕਿੰਨੇ ਰੁਪੈ?

ਡਿਉਢੀਦਾਰ-ਸਾਧੂ, ਬ੍ਰਾਹਮਣ ਅਤੇ ਮਾਰਵਾੜੀ ਯਾਤ੍ਰੀ ਪਾਸੋਂ ਡੰਨ ਨਹੀਂ ਲਿਆ ਜਾਂਦਾ, ਇਹ ਐਵੇਂ ਹੀ ਦਰਸ਼ਨ ਕਰ ਲੈਂਦੇ ਹਨ, ਕੋਈ ਰੋਕ ਨਹੀਂ ਹੈ।

ਹਰੀ ਦਾਸ-ਅਸੀਂ ਵੀ ਸਾਧੂ ਹੈਂ।

ਡਿਉਢੀਦਾਰ-ਕੌਣ ਸਾਧੂ,ਕਿਸ ਭੇਖ ਦੇ?

ਹਰੀ ਦਾਸ-ਉਦਾਸ ਭੇਖ ਦੇ ਸਾਧੂ।

ਡਿਉਢੀਦਾਰ-ਕਿਸ ਥੰਏਂ ਦੇ ?

ਹਰੀ ਦਾਸ-ਸੰਗਤ ਸਾਹਿਬ ਜੀ ਕੇ।

ਡਿਉਢੀਦਾਰ-ਇਧਰ ਆਓ, ਨਾਲ ਲੈ ਕੇ ਇਕ ਅੰਦਰ ਚਲਾ ਗਿਆ, ਅੱਗੇ ਅਹੁਦੇਦਾਰ ਚੁਲ੍ਹੇ ਦਾੜ੍ਹੀਵਾਲਾ ਬੈਠਾ ਹੋਇਆ ਹੈ, ਉਸਦੇ ਅੱਗੇ ਅਦਬ ਨਾਲ ਸਿਰ ਨਿਵਾ-ਇਕੈ ਅਰਜ਼ ਕੀਤੀ, ਇਹ ਉਦਾਸੀ ਸਾਧੂ ਦਰਸ਼ਨ ਵਾਸਤੇ ਕਹਿੰਦੇ ਹੈਨ, ਕੀ ਹੁਕਮ ਹੈ?

ਸਰਦਾਰ-ਸਾਧੂਆਂ ਵਲ ਦੇਖ ਕੇ, ਆਪ ਉਦਾਸੀ ਸਾਧੂ ਹੈਂ, ਕਹਾਂ ਉਤਰੇ ਹੈਂ, ਕਿਸ ਥੰਏਂ ਕੇ ਹੈਂ ?

ਹਰੀ ਦਾਸ-ਸੰਖ ਤਲਾਈ ਉਤਰੇ ਹੈਂ, ਸਾਧੂ ਸੰਗਤ ਸਾਹਿਬ ਕੇ ਹੈਂ।

ਸਰਦਾਰ-ਤੁਮ ਉਦਾਸ ਮਾੜਾ ਸੁਣਾ ਸਕਦੇ ਹੋ ?

ਹਰੀ ਦਾਸ-ਕਿਉਂ ਨਹੀਂ, ਬਹੁਤ ਚੰਗੀ ਤਰ੍ਹਾਂ ਨਾਲ।

ਸਰਦਾਰ-(ਇਕ ਚੌਂਕੀ ਬੈਠਣ ਵਾਸਤੇ ਦੇ ਕੇ) ਬੈਠ ਕੇ ਸੁਣਾਈਏ।

ਹਰੀ ਦਾਸ-ਬਹੁਤ ਅੱਛਾ ਕਹਿ ਕੇ ਬੈਠ

Digitized by Panjab Digital Library | www.panjabdigilib.org

ਗਿਆ ਅਤੇ ਮਾਤ੍ਰਾ ਸੁਣਾਉਣ ਲਗੇ:—

"ਅਥ ਮਾਤ੍ਰਾ ਸ੍ਰੀ ਗੁਰੂ ਨਾਨਕ ਸਾਹਿਬਜੀ ਕੀਆਂ।
ਨੌ ਨਾਥ ਸਿਧੋ ਹਰਿ ਭਜਨ ਕਾ ਭੇਦ ਕਰਬੋ ॥
ਕਾਮ ਕ੍ਰੋਧ ਛੇਦ ਕਰਬੋ ॥ ਏਕ ਊਪਰ ਰਾਖਬੋ
ਪੰਚ ਸਾਖੀ ॥ ਮਨ ਮਸਤ ਮਾਰਬੋ ਹਾਥੀ ॥
ਮੈਂ ਤੂੰ ਮਨ ਮੋਹ ਦਿਲ ਜਿਤਬੋ ਨੇਗੀ ॥ ਜਰਾ
ਮਰਨ ਮੇਟਬੋ ਪਵਨ ਰਸ ਭੋਗੀ ॥ ਗਿਆਨ
ਕੀ ਗੋਦੜੀ ਸ਼ਾਂਤਿ ਸ਼ੁਭ ਤਾਗਾ ॥ ਆਚਾਰ ਕੀ
ਸੂਈ ਲੈ ਸੀਵਣ ਲਾਗਾ ॥ ਨਿਰਮਲ ਮੁੰਦ੍ਰਾ
ਸੀਲ ਸੰਤੋਖ ਸਤ ਕਾ ਚੇਲਾ ॥ ਗਿਆਨ ਧੂਣੀ
ਤਹਾਂ ਸਿਧੋਂ ਕਾ ਮੇਲਾ ॥ ਸਬਦ ਸਿੰਙੀ ਸਹਜ
ਕੀ ਮਾਲਾ ॥ ਜਤ ਕੁਪੀਨ ਜੋਗ ਕਾ ਤਾਲਾ ॥
ਨਿਰਮੋਹ ਮੜੀ ਨਿਹਚਲ ਬਾਸਾ ॥ ਜਰਾ ਨਖ
ਜਟਾ ਫੁਨ ਦੇਖਬੋ ਤਮਾਸਾ ॥ ਤਨ ਬਖੰਬਰ
ਨਿਰਗੁਣ ਜਗੋਟੀ ॥ ਅਕਲ ਤਰਵਾਰ ਜਹਾਂ
ਪ੍ਰਾਣਨਾਥ ਜੋਗੀ॥ਡਿਬੀ ਸਬੂਰੀ ਔਰਕੋ ਦੇਵੀ॥
ਅਕਾਸ ਕੀ ਭਿਛਜਾ ਸਿਧੋਂ ਭਾਇ ਕਰ ਲੇਵੀ ॥
ਪ੍ਰਥਮੇ ਜਪੋ ਗੁਰੂ ਕੋ ਨਾਉ ॥ ਮੋਖ ਮੁਕਤ ਅਮਰਾ
ਪੁਰ ਪਾਉ॥ਦੂਜੇ ਜਪੋ ਸਾਧ ਕਾ ਸੰਗ॥ ਬਿਖਿਆ
ਬਿਰਾਜੈ ਪਾਤਕ ਅਭੰਗ॥ ਕਾਇਆ ਖਿੰਥਾ ਪੌਨ
ਕਾ ਧਾਗਾ॥ਆਪ ਨਿਰੰਜਨ ਲੈ ਸੀਵਨ ਲਾਗਾ॥
ਸੋਹੰ ਸੂਈ ਆਪ ਅਲੇਖ ॥ ਦਸਵੇਂ ਦ੍ਵਾਰ ਸੂਈ
ਕਾ ਛੇਕ ॥ ਪੌਣ ਕਾ ਧਾਗਾ ਆਵੇ ਜਾਇ ॥
ਸਤਿਗੁਰ ਮਿਲੈ ਤਾਂ ਅਲਖ ਲਖਾਇ ॥ ਆਪੇ
ਆਪ ਪਰੋਏ ਧਾਗੇ ॥ ਤਿੰਨ ਸੋ ਸਠ ਟੂਕੜੇ
ਲਾਗੇ ॥ ਪੰਚ ਤਤ ਕੀ ਕਾਂਇਆ ਖਿੰਥਾ ॥ ਤਾ
ਮੈ ਲਾਗੇ ਸਪਤ ਬਿਧਾਤਾ ॥ ਪ੍ਰਕਿਰਤ ਲੈਕੇ
ਥਿਗਲੀ ਜੋੜੀ ॥ ਕਹਿਤੇ ਮਨ ਰਹਿਤਾ ਨਹਿ
ਨੌਰੀ ॥ ਘੜੀ ਘੜੀ ਗਉਹਰ ਨਿਹਾਰੇ॥ ਸਬਦ
ਵਿਚਾਰ ਭਇਓ ਉਜਿਆਰੇ ॥ ਅਸਟ ਦਸਾ ਕਾਂ
ਲੀਜੈ ਭਾਉ ॥ ਘੜੀ ਪਲਿਕ ਮੈਂ ਔਰ ਸੁਭਾਉ॥
ਦਿਲ ਦਰਜੀ ਤਬ ਮਾਲੀ ਮਉਲਾ ॥ ਭਾਂਤ
ਭਾਂਤ ਕਰ ਜੋੜਿਆ ਥਿਗਲਾ ॥ ਖਿੰਥਾ ਓਢੇ
ਮੌਲਾ ਆਇ ॥ ਹੋਤ ਪ੍ਰੀਤ ਕਰ ਕੋਊ ਬਿਰਲਾ
ਪਾਇ ॥ ਚੌਦਾਂ ਤਬਕ ਛਿਮੀਂ ਅਸਮਾਨ ॥
ਤੰਨ ਥਿਗਲਾ ਕਰ ਲੇਹੁ ਪ੍ਰਮਾਨ ॥ ਨੌ ਦੰਗ
ਖਿੰਥਾ ਭਲਾ ਬਿਰਾਜੈ॥ ਬੰਦੇ ਬੰਦੇ ਟਾਂਕੋ ਲਾਗੇ॥
ਐਸੇ ਥਿਗਲੇ ਜੋੜੋ ਭਾਈ ॥ ਸਦਾ ਓਢੇ ਪਾਟੇ
ਜੋ ਨਾਹੀਂ ॥ ਅਜਬ ਜਿਨਸ ਕੇ ਗੋਦੜੇ ਆਇ॥
ਤਾਂ ਖਿੰਥਾ ਮਹਿ ਅਲਖ ਲਖਾਇ ॥ ਨੌ ਸੈ
ਨਦੀਆਂ ਬਹਤੀ ਜਾਇ॥ਯਾ ਖਿੰਥਾ ਕਾ ਅੰਤ ਨ
ਪਾਇ॥ਅਠਾਰਾਂ ਭਾਰ ਬਨਸਪਤਿ ਮੌਲੀ॥ਅਤਿ
ਸੋਹੈ ਤਾ ਕੀ ਹੁਮਾਵਲੀ॥ ਅੰਡਜ ਜੇਰਜ ਸੇਤਜ
ਉਤਭੁਜ ਖਾਣੀਚਾਰ॥ ਤਾਮੇ ਜੋਨ ਉਪਾਏ ਕਈ
ਹਜਾਰ॥ ਖਿੰਥਾ ਓਢੇ ਤੇਤੀਸ ਕਰੋੜਾ॥ ਅਠਾਸੀ
ਹਜ਼ਾਰ ਥਿਗਲੀ ਜੋੜਾ ॥ ਚੰਦ ਸੂਰਜ ਦੁਇ
ਥਿਗਲੀ ਲਾਈ॥ਏਤੇ ਬੀਚ ਕਤਰਨੀ ਆਈ॥
ਨੌ ਲਖ ਤਾਰੇ ਟੂਕੜੇ ਤੋੜੇ ॥ ਭਾਂਤ ਭਾਂਤ ਕਰ
ਤਿਨਹੀ ਜੋੜੇ ॥ ਕੇਤੇ ਰਿਖੀ ਕੇਤੇ ਮੁਨੀ ਕੇਤੇ
ਸਿਧ ॥ ਕਾਂਇਆ ਖਿੰਥਾ ਜੁਗ ਪ੍ਰਸਿਧ॥ ਜੁਮਲ
ਮਿਆਨੇ ਰਿਜਕ ਪਾਣੀ॥ਭੁਗੁਤ ਬਟੂਆ ਅਢਾ-
ਦਾਨੀ ॥ ਸੋਹੰ ਸਿੰਙੀ ਮੁੰਦ੍ਰਾ ਕਾਨ ॥ ਉਨਮਨੀ
ਮੁੰਦ੍ਰਾ ਲਗਾ ਧਿਆਨ ॥ ਬਹੁਤ ਕਲਪ ਕੀ
ਖਿੰਥਾ ਭਾਈ ॥ ਥਿਗਲੇ ਦੇ ਦੇ ਜੋਨ ਬਨਾਈ॥
ਕਾਂਇਆ ਖਿੰਥਾਂ ਔਹਟ ਹਾਟ ॥ ਇਸ ਖਿੰਥਾ
ਮੈ ਦਰੀਆਵ ਹੈ ਸਾਠ॥ ਕਾਲਾ ਪੀਲਾ ਲਾਲ
ਸਬਜ਼ ਹਿਰਮਜੀ ਬਦੰਰਗ ਪੈਵੰਦ ਗੋਦੜੇ ਕੋ
ਲਾਗੇ॥ ਸੁਰਤ ਨਿਰਤ ਕੀਏ ਤਾਗੇ॥ ਸੋਈ
ਗੋਦੜੀ ਸਤਿਗੁਰ ਪਹਿਰਾਈ॥ ਨਾਨਕ ਸਤਿ-
ਗੁਰ ਸੰਗ ਸਹਾਈ ॥ ਮਾਤ੍ਰਾ ਸ੍ਰੀ ਗੁਰੂ ਨਾਨਕ
ਸਾਹਿਬ ਜੀ ਕੀਆਂ ਸੰਪੂਰਨੰ ॥"

ਮਾਤ੍ਰਾ ਪੜ੍ਹਕੇ ਹੱਥ ਜੋੜਕੇ ਸਿਰ ਨਿਵਾਇਆ।
ਸਰਦਾਰ ਨੇ ਅਪਣੇ ਨੌਕਰ ਨੂੰ ਹੁਕਮ ਦਿੱਤਾ
ਭਈ ਸਾਧੂ ਕੋਈ ਭਲਾ ਪੁਰਖ ਹੈ ਨਾਲ ਹੋਕੇ
ਮੰਦਰ ਦੀ ਯਾਤ੍ਰਾ ਕਰਾਓ। ਨੌਕਰ ਨਾਲ ਹੋਕੇ
ਅੰਦਰ ਗਏ ਤਾਂ ਅਚਰਜ ਕੁਦਰਤ ਦੇਖੀ,
ਭੀੜ ਭਾਰੀ ਭਰੀ ਹੋਈ ਹੈ, ਸਾਹਮਣੇ ਬੜਾ
ਵਿਸ਼ਾਲ ਮੂਰਤੀ ਪਾਖਾਣ ਮਈ ਜਾਦੋ ਰਾਇ
ਦ੍ਵਾਰਕਾਧੀਸ਼ ਦੀ ਵਿਦਮਾਨ ਹੈ। ਸਾਹਮਣੇ

Digitized by Panjab Digital Library | www.panjabdigilib.org

ਪਾਸੇ ਵਲ ਅਸਗਾਹ,ਅਪਾਰ ਸਮੁੰਦਰ ਲਹਿ-ਰਾਉਂਦਾ ਹੋਇਆ ਦਿੱਸ ਰਿਹਾ ਹੈ। ਐਸੀ ਅਸਚਰਜ ਛਬਿ ਹੈ ਜੋ ਕਥਨ ਨਹੀਂ ਕੀਤੀ ਜਾਂਦੀ। ਇਕ ਤਾਂ ਸੰਧਯਾ ਦਾ ਵੇਲਾ ਦੂਜੇ ਯਾਤ੍ਰੀਆਂ ਕਰਕੇ ਮੰਦਰ ਭਰਪੂਰਹੈ,ਤੀਜੇਮੰਦਰ ਠੀਕ ਸਮੁੰਦਰ ਦੇ ਕੰਢੇ ਤੇ ਹੋਣ ਕਰਕੇ, ਚੌਥੇ ਇਸ ਮੰਦਰ ਦੀ ਚੌਥੀ ਕੰਧ ਹੀ ਮਾਨੋ ਸਮੁੰਦ੍ ਹੈ, ਤਿਸ ਪਰ ਭੀ ਸਮੁੰਦਰ ਦੀ ਹੱਦ ਦਾ ਕਿਤੇ ਨਜ਼ਰੀਂ ਨਾ ਆਉਣਾ,ਕੀ ਕਥਨ ਕੀਤਾ ਜਾਵੇ ਅਕਹਿ ਸਮਾਂ ਹੈ। ਏਹੋ ਜੀਚਾਹੇ ਜੋ ਇਹਵੇਲਾ, ਇਹ ਮੰਦਰ, ਇਹ ਆਰਤੀ, ਇਹ ਸਮੁੰਦ੍ਰ ਲਹਿਰਾਂ ਵਾਲਾ ਇਜੇਹੇ ਠਾਠ ਬਾਠ ਤੇ ਸਭੋ ਕੁਝ ਅੱਖਾਂ ਤੋਂ ਓਹਲੇ ਨਾ ਹੋ ਜਾਵੇ। ਮਾਨੋਂ ਤਿਹਾਈਆਂ ਅੱਖਾਂ ਦੇਖ ਦੇਖ ਕੇ ਇਸ ਅਨੋਖੇ ਰੰਗ ਦੀ ਸੋਭ ਨੂੰ ਰਜਦੀਆਂ ਨਹੀਂ ਹਨ, ਪਰ ਸਮਾ ਜੋ ਕਦੀ ਥਿਰ ਨਾ ਰਹਿਣ ਵਾਲਾ ਪਲ ਪਲ ਵਿਚ ਨਵੇਂ ਰੰਗਬਦਲਣਵਾਲਾ,ਅਪਣੀ ਚਾਲ ਤੋਂ ਕਦੀ ਨਾ ਪਿਛੇ ਰੁਕਣ ਵਾਲਾ ਕਦ ਅਟਕ ਸਕਦਾਸੀ,ਆਰਤੀ ਦਾ ਭੋਗ ਪੈਗਿਆ ਵੇਂਹਦਿਆਂ ਵੇਂਹਦਿਆਂ ਭੀੜ ਛਣ ਗਈ। ਸਮੁੰਦਰ ਦੀਆਂ ਲਹਿਰਾਂ ਦਾ ਸੁਹਾਉ ਪੈਂਦੀ ਹੋਈ ਰਾਤ ਦੇ ਹਨੇਰੇ ਵਿਚ ਲੁਕਣਲਗਗਿਆ ਮੰਦਰ ਦੇ ਦਰਵਾਜ਼ੇ ਕੜਾ ਕੜਾ ਬੰਦ ਹੋਣ ਲਗ ਪਏ, ਇਹ ਕੁਦਰਤ ਕਰਤਾਰ ਦੇਖਕੇ ਬੇਅਖ-ਤਿਆਰ ਸੰਤਾਂ ਦੇ ਮੁੰਹੋਂ ਨਿਕਲਿਆ, 'ਖਿਨ ਮਹਿਅਵਰੁ ਖਿਨੈ ਮਹਿ ਅਵਰਾ ਅਚਰਜਚਲਤ ਤੁਮਾਰੇ' ਕਹਿੰਦੇ ਹੋਏ ਸੰਖ ਤਲਾਈ ਅਪਣੇ ਡੇਰੇ ਨੂੰ ਚਲੇ ਆਏ।ਰਾਤ ਅਰਾਮ ਕੀਤਾ ਸਵੇਰੇ ਸੌਚ ਸ਼ਨਾਨਨਿਤਨੇਮ ਪਾਠ ਕਰ ਕਰਾਕੇ ਫਿਰ ਮੰਦਰ ਦੀ ਯਾਤ੍ਰਾ ਲਈ ਆਏ। ਇਹ ਮੰਦਰ ਇਕ ਭਾਰੇ ਕਿਲੇ ਦੀ ਢਾਂਚ ਉਤੇ ਬਣਿਆ ਹੋਇਆ ਹੈ, ਇਸਦੇ ਅੰਦਰ ਕਈ ਦੁਕਾਨਾਂ ਹਨ,ਜਿਥੇ ਜਾਤ੍ਰੀਆਂ ਲਈ ਬਪਾਰੀਲੋਕ ਗੌਪੀ ਚੰਦਨ, ਕੰਠੀਆ,ਆਟਾ, ਦਾਲ, ਘਿਉ ਲੂਣ ਆਦਿਕ ਹੀ ਵੇਚਦੇ ਹਨ,ਪਰ ਇਹਨਾਂ ਦੇ ਤੇਲ ਬੋਲ ਸਾਰੇ ਰਣ ਛੋਰ ਭਗਵਾਨ ਦੇ ਅਰਪਣ ਹੋ ਚੁਕੇ ਹੋਏਹਨ।ਹੋਰਅਗੇ ਅੰਦਰ ਜਾਕੇ ਮੂਰਤੀਦਾ ਦਰਸ਼ਨ ਹੁੰਦਾਹੈ ਜੋ ਬਹੁਤਹੀ ਸੁੰਦਰਸ਼ਿੰਗਾਰੀ ਹੋਈ ਹੈ। ਇਹ ਸ਼ਿੰਗਾਰ ਅਤੇ ਭੋਗ ਦਿਹਾੜੀ ਵਿਚ ਕਈ ਬਾਰ ਬਦਲ ਜਾਇਆ ਕਰਦਾ ਹੈ, ਪਰ ਸਭਨਾਂਗੱਲਾਂ ਨਾਲੋਂ ਇਸਵੇਲੇ ਸਾਹਮਣੇ ਸਮੁੰਦਰ ਦਾ ਅਚਰਜ ਤਮਾਸ਼ਾ ਦੇਖਦਿਆਂ ਜੀ ਨਹੀਂਅੱਕਦਾ।ਪਰ ਓੜਕ ਨੂੰ ਪੁਰੀ ਦੀ ਪ੍ਰਕ੍ਰਮਾ ਕਰਨ ਲਈ ਟੁਰੇ,ਰਸਤੇ ਵਿਚ ਕਈਕੁ ਅਸ-ਥਾਨ ਦੇਖਣੇਲਾ।ਇਕ ਦਰਸ਼ਨ ਕੀਤੇ ਤੇ ਭੰਡਾਰੇ ਦੇ ਵੇਲੇ ਤਰ ਡੇਰੇ ਆਣ ਪੁਜੇ। ਇਕੁਰ ਕੁਝ ਦਿਨ ਰਹਿੰਦਿਆਂ ਮਹੰਤਾਂ ਨਾਲ ਪ੍ਰੇਮ ਵਧ ਗਿਆ,ਹਿਰਦਾਰਾਮ ਦਾ ਪੋਥੀ ਪੜ੍ਹਨਾ ਸੁਣਕੇ ਮਹੰਤਾਂ ਨੇ ਪੁੱਛਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੇ ਭੋਗ ਪਾਏ ਹਨ ?

ਹਰੀ ਦਾਸ ਨੇ ਹੱਥ ਜੋੜਕੇ ਅਦਬ ਨਾਲ ਆਖਿਆ, ਮਹਾਰਾਜ ! ਅਜੇ ਤਾਂ ਪ੍ਰਾਰੰਭ ਵੀ ਨਹੀਂ ਕੀਤਾ, ਇਹ ਤਾਂ ਇਸਦਾ ਉੱਦਮ ਹੈ, ਵਰ੍ਹੇ ਛਿਮਾਹੀ ਵਿਚ ਇਜੇਹਾ ਕੁ ਅੱਖਰ ਬੋਧ ਹੋ ਗਿਆ ਹੈ।

ਮਹੰਤ ਜੀ—ਇਹ ਅੱਛੀ ਸਮਝ ਰਖਦਾ ਹੈ, ਇਸ ਨੂੰ ਚਾਹੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਰਨਾ।

ਹਰੀ ਦਾਸ—ਗਰੀਬ ਨਿਵਾਜ਼ ਜੀ ! ਅਜਿਹਾ ਸਮਾਂ ਤਾਂ ਫਿਰ ਢੂੰਡਿਆ ਵੀ ਨਹੀਂ ਮਿਲਨਾ, ਕਿਰਪਾ ਕਰ ਕੇ ਇਸਦੇ ਸਿਰ ਤੇ ਹੱਥ ਰੱਖੋ, ਅਜਿਹੇ ਪਾਠ ਦਾ ਪ੍ਰਾਰੰਭ ਕਰਾ ਦਿਓ, ਇਹ ਕਹਿ ਕੇ ਪ੍ਰਸ਼ਾਦ ਲਈ ਸਵਾ ਰੁਪੱਯਾ ਕੱਢ ਕੇ ਅੱਗੇ ਰੱਖ ਦਿੱਤਾ। ਮਹੰਤਾਂ

Digitized by Panjab Digital Library | www.panjabdigilib.org

ਨੈ ਵੀ ਭੰਡਾਰੀ ਨੂੰ ਬੁਲਾ ਕੇ ਆਗਿਆ ਕੀਤੀ ਕਿ ਕੜਾਹ ਪ੍ਰਸ਼ਾਦ ਸਵਾ ਦੀ ਰਸਤ ਪਾ ਕੇ ਤੁਰਤ ਫੁਰਤ ਤਿਆਰ ਕਰ ਲਓ। ਭੰਡਾਰੀ ਨੇ ਵੀ ਬਹੁਤ ਹੀ ਛੇਤੀ ਪ੍ਰਸ਼ਾਦ ਹਜ਼ੂਰ ਵਿਚ ਹਾਜ਼ਰ ਕਰ ਦਿੱਤਾ। ਇਧਰ ਮਹੰਤਾਂ ਨੇ ਹੁਕਮ ਦਿੱਤਾ'ਹਿਰਦਾ ਰਾਮ ਜੀ ਜਲਦੀ ਕਰੋ, ਇਸ਼ਨਾਨ ਕਰ ਕੇ ਸੁੱਚ ਧੋਤੇ ਹੋਏ ਕੱਪੜੇ ਪਾਓ।' ਹਿਰਦਾ ਰਾਮ ਤਾਂ ਅੱਗੇ ਹੀ ਹੁਕਮ ਬੈਠਾ ਉਡੀਕ ਰਿਹਾ ਸੀ, ਝਟ ਪਟ ਤਿਆਰ ਹੋ ਕੇ ਹਾਜ਼ਰ ਹੋ ਗਿਆ। ਮਹੰਤਾਂ ਨੇ ਬਾਂਹੋਂ ਪਕੜ ਕੇ ਤਾਬਿਆ ਬੈਠਾਇ ਦਿੱਤਾ। ਡੇਰੇ ਦੇ ਕੁਟਵਾਲ ਨੂੰ ਆਖਿਆ--ਅਰਦਾਸ ਕਰੋ। ਓਨ ਖੜੇ ਹੋ ਕੇ ਪ੍ਰਥਮ ਭਗੌਤੀ ਤੋਂ ਅਰਦਾਸਾ ਸੋਧ ਕੇ ਭੋਗ ਇਸ ਗੱਲ ਤੇ ਪਾਇਆ, "ਸੱਚੇ ਪਾਤਸ਼ਾਹ! ਇਹ ਆਪ ਦਾ ਸੇਵਕ ਪਾਠ ਦਾ ਪ੍ਰਾਰੰਭ ਕਰਦਾ ਹੈ, ਸਹਾਇਤਾ ਕਰਨੀ, ਪਾਠ ਨਿਰਵਿਘਨ ਸਮਾਪਤ ਹੋਵੇ, ਇਹ ਪਾਠ ਪਹਿਲੇ ਪਹਿਲ ਅਰੰਭ ਕਰਦਾ ਹੈ, ਵਾਧ ਘਾਟ ਵਿਚ ਸਹਾਈ ਹੋਣਾ, ਸੁਖ ਹੋਵੇ, ਨਾਮ ਚਿਤ ਆਵੇ, ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ, ਗਾਜੋ ਜੀ ਵਾਹਿਗੁਰੂ" ਕਹਿ ਕੇ ਸਭ ਨੇ ਮੱਥਾ ਟੇਕਿਆ। ਮਹੰਤਾਂ ਨੇ ਆਗਿਆ ਕੀਤੀ ਪਾਠ ਕਰੋ, ਪਹਿਲੇ

੧ ਓ ਸਤਿਨਾਮੁ ਕਰਤਾਪੁਰਖੁ ਤੋਂ ਅਰੰਭ ਕਰੋ।

ਹਿਰਦਾ ਰਾਮ ਪਾਠ ਕਰਨ ਲਗਾ, ਮਾਨੋਂ ਅੱਗੇ ਦਾ ਪਾਠੀ ਹੀ ਹੈ। ਕਿਸੇ ਵੇਲੇ ਸੁਰ ਲੈਅ ਵਿਚ ਵੀ ਪਾਠ ਕਰਦਾ, ਸੁਣਨ ਵਾਲਿਆਂ ਦੇ ਮਨ ਮੋਂਹਦਾ। ਮਹੰਤ ਪਾਠ ਸੁਣ ਕੇ ਬਹੁਤ ਪ੍ਰਸੰਨ ਹੋਏ, ਬਹੁਤ ਹੀ ਸਾਰੀ ਖੁਸ਼ੀ ਕੀਤੀ, ਨਾਲ ਇਹ ਭੀ ਆਖਿਆ, ਹਰੀ ਦਾਸ! ਇਹ ਪੁਰਖ ਤੇਰੇ ਪਾਸ ਰਤਨ ਹੈ, ਇਸਦਾ ਕਦੀ ਮਾਨ ਭੰਗ ਨਹੀਂ ਕਰਨਾ।

ਇਸ ਪ੍ਰਕਾਰ ਕੁਝ ਕਾਲ ਪੜ੍ਹਨ ਸੁਣਨ, ਹਰਖ ਉਤਸਾਹ ਨਾਲ ਬੀਤ ਗਿਆ, ਪਰ ਸ਼ਾਮ ਸੁੰਦਰ ਦਾ ਸੁਭਾਉ ਸਮੇਂ ਵਾਕੁਰ ਇਕ ਥਾਉਂ ਨਾ ਠਹਿਰਨ ਵਾਲਾ ਸੀ, ਸੋ ਮਹੰਤਾਂ ਪਾਸੋਂ ਆਗਿਆ ਲੈ ਕੇ ਅਰਦਾਸਾ ਸੋਧ ਕੇ ਬੇੜੇ ਤੇ ਸਵਾਰ ਹੋਗਏ, ਛੇਆਂਕੁ ਕੋਹਾਂ ਦੀ ਖਾਡੀ ਲੰਘਕੇ ਘੜੰਮ ਕਰਕੇ ਰਾਂਵੜੇ ਨਾਮੀ ਨਗਰ ਵਿਚ ਜਾ ਪਹੁੰਚੇ। ਇਹ ਜਗ੍ਹਾ ਸਿੰਧਾਂ ਦੀ ਮੰਡੀ ਹੈ, ਇਹ ਅਸਥਾਨ ਦਾਦੂ ਪੰਥੀਆਂ ਦਾ ਬੜਾ ਪ੍ਰਸਿੱਧ ਹੈ, ਜਿੱਥੇ ਖਜੂਰ ਦਾ ਸਦਾਬਰਤ ਹੈ। ਹਰ ਇਕ ਡੇਰੇ ਆਏ ਮੁਸਾਫਰ, ਸਾਧ, ਬ੍ਰਾਹਮਣ ਕੋਈ ਹੋਵੇ ਨੂੰ ਅੱਧ ਸੇਰ ਪੱਕੀ ਖਜੂਰ ਮਿਲਦੀ ਹੈ।

ਇਥੇ ਵੈਸ਼ਨਵ ਮਤਾਵਲੰਬੀ ਪੁਰਸ਼ਾਂ ਨੂੰ ਛਾਪ ਲਗਦੀ ਹੈ। ਜਿੱਕੁਰ ਡੰਗਰ ਦਾਗੇ ਜਾਂਦੇ ਹਨ, ਇੱਕੁਰ ਏਥੇ ਯਾਤ੍ਰੀ ਲੋਕ ਬਾਹਾਂ ਦੇ ਡੌਲਿਆਂ ਤੇ ਗਰਮ ਕੀਤੇ ਲੋਹੇ ਦੇ ਠੱਪੇ ਜਿਨ੍ਹਾਂ ਤੇ ਗਦਾ ਪਦਮ, ਸੰਖ, ਚੱਕ੍ਰ ਆਦਿਕ ਨਿਸ਼ਾਨ ਬਣੇ ਹੋਏ ਹੁੰਦੇ ਹਨ, ਨਾਲ ਛਾਪੇ ਜਾਂਦੇ ਹਨ ਤੇ ਚਾਰ ਆਨੇ ਦੱਖਣਾ ਵੀ ਭਰਨੀ ਪੈਂਦੀ ਹੈ। ਭਾਵੇਂ ਕਰੜਾਈ ਕਿਸੇ ਦੀ ਨਹੀਂ, ਜਿਸਦੀ ਮਰਜ਼ੀ ਹੋਵੇ ਪਉਲਾ ਪੱਲਿਓਂ ਦੇ ਕੇ ਮੋਢੇ ਸੜਵਾਏ, ਕਈ ਦਿਨਾਂ ਤਕ ਕੰਮੋਂਕਾਰੋਂ ਜਾਏ, ਘਿਉ ਦੀਆਂ ਪੱਟੀਆਂ ਰੱਖ ਰੱਖਕੇ ਸਾੜ ਠੰਢੇ ਕਰੇ, ਅੰਨ ਦੂਸਰਿਆਂ ਦੇ ਹੱਥੀਂ ਖਾਏ, ਪਰ ਜਿਸ ਦੀ ਮਰਜ਼ੀ ਨਾ ਹੋਵੇ, ਉਹ ਗੋਪੀ ਚੰਦਨ ਅਥਵਾ ਗੋਰੀ ਚੰਦਨ ਦੀਆਂ ਛਾਪਾਂ ਲਗਵਾਏ, ਜਿਸਦਾ ਡੰਡ ਵੀ ਕੇਵਲ ਪੰਜ ਹੀ ਪੈਸੇ ਦੇਣੇ ਪੈਂਦੇ ਹਨ। ਪੁੱਛਣੇ ਤੇ ਪਤਾ ਲਗਾ ਬਈ ਇਹ ਚਿੰਨ੍ਹ ਰਣਛੋਰ ਸ੍ਵਾਮੀ ਦ੍ਵਾਰਕਾਧੀਸ਼ ਜੀ ਕੇ ਹੈਂ, ਜਿਸ ਦੇ ਇਹ ਚਿੰਨ੍ਹ ਲਗਾ ਹੋਯਾ ਕ੍ਰਿਸ਼ਨ ਚੰਦ੍ਰ ਜੀ ਦੇਖਣਗੇ, ਉਸਨੂੰ ਨਰਕ ਨਹੀਂ ਪੈਣ ਦੇਣਗੇ। ਪਰ ਸ਼ਾਮ ਸੁੰਦਰ ਹੋਰੀਂ

Digitized by Panjab Digital Library | www.panjabdigilib.org

ਤਾਂ ਇਹ ਗੱਲ ਸੁਣ ਦੇਖ ਕੇ ਵਕਤ ਟਲਾ ਕੇ ਰਾਹੀ ਹੋ ਗਏ। ਜਦ ਅੱਠਾਂ ਕੋਹਾਂ ਤੇ ਪਹੁੰਚੇ ਤਾਂ ਗੋਮਤੀ ਨਦੀ ਮਿਲੀ, ਇਸ ਨਦੀ ਵਿਚੋਂ ਇੱਥੇ ਹੀ ਗੋਮਤੀ ਚੱਕ੍ਰ ਨਿਕਲਦੇ ਹਨ ਜੋ ਵੈਸ਼ਨਵ ਲੋਕ ਬਹੁਤਾ ਪੂਜਦੇ ਹਨ। ਇਸੇ ਹੀ ਨਦੀ ਦੇ ਕਿਨਾਰੇ ਪਰ ਇਕ ਪੁਰਾਣੀ ਬਣਤ ਦਾ ਭਾਰੀ ਮੰਦਰ ਛਿਪੰਜਾ ਥੰਮ੍ਹਿਆਂ ਪਰ ਖੜਾ ਵਿਦਮਾਨ ਹੈ। ਇਹ ਮੰਦਰ ਹਿੰਦੂਆਂ ਦੀ ਪੁਰਾਣੀ ਕਾਰੀਗ਼ਰੀ ਦਾ ਇਕ ਨਮੂਨਾ ਮਾਤ੍ਰ ਹੈ। ਕਹਿੰਦੇ ਹਨ ਇਹ ਪੁਰਾਣੀ ਦੁਆਰਕਾ ਹੈ ਅਤੇ ਇਹ ਮੰਦਰਵਿਸਕਰਮਾ ਦਾ ਬਣਾਇਆ ਹੋਇਆ ਹੈ। ਇਸਦੀ ਬਣਤ ਬਹੁਤ ਹੀ ਅਨੋਖੀ ਹੈ। ਇਸ ਨੂੰ ਦੇਖ ਕੇ ਸੱਚੇ ਕਾਰੀਗਰ ਦੀ ਕੁਦਰਤ ਪ੍ਰੱਖ ਹੁੰਦੀ ਹੈ। ਸੁਣਿਆ ਹੈ ਮਹਿਮੂਦ ਗਜ਼ਨਵੀ ਨੇ ਇਹੋ ਮੰਦਰ ਲੁੱਟਿਆ ਸਾ, ਜਿੱਥੋਂ ਗੱਡੇ ਭਰ ਭਰ ਕੇ ਪਦਾਰਥਾਂ ਦੇ ਤੇ ਜਵਾਹਰਾਤ ਦੇ ਗਜ਼ਨੀ ਲੈ ਗਿਆ ਸੀ। ਏਥੇ ਸਮੁੰਦਰ ਦੀ ਸੈਲ ਬਹੁਤ ਸੁੰਦਰ ਹੈ, ਕੁਝ ਕੁ ਦਿਨ ਇਸ ਸੈਲ ਦੀ ਖਾਤਰ ਏਥੇ ਮੁਕਾਮ ਕੀਤਾ, ਪਰ ਟਿਕਾਉ ਦੀ ਸੂਰਤ ਸਦਾ ਚੱਕ੍ਰ ਵਿਚ ਹੋਣ ਕਰਕੇ ਕੂਚ ਕੀਤਾ।ਦੂਜੇ ਤੀਜੇ ਦਿਨ ਸੁਦਾਮਾ ਪੁਰੀ ਅੱਪੜੇ। ਇਸ ਮੁਲਕ ਦੀਆਂ ਇਹ ਸਿਫਤਾਂ ਹਨ: ਭੀਲਾਂ ਨਾਲ ਭਰਪੂਰ, ਬਨ ਚੰਗੇ ਗਹਬਰ, ਸਮੁੰਦਰ ਦੀ ਕਾਛੜ, ਪੌਣ ਬੜੀ ਸੁੰਦਰ ਅਤੇ ਸੁਹਾਉਣੀ, ਇਕ ਰਾਣੇ ਰਾਜਪੂਤ ਦਾ ਰਾਜ, ਇਹ ਰਾਣਾ ਬੜੇ ਪ੍ਰਤਾਪ ਵਾਲਾ, ਸ਼ਿਵ ਭਗਤ, ਨੇਮ ਧਰਮ ਵਿਚ ਦ੍ਰਿੜ੍ਹ ਵਿਸ਼ਵਾਸ਼ੀ, ਸਾਰੇ ਭੀਲ ਜਿਸਦੀ ਆਣ ਮੰਨਣ,ਹਕੂਮਤ ਭਾਰੀ ਕਰੜੀ। ਇਸਦੀ ਹਕੂਮਤ ਦਾ ਨਿੱਕਾ ਜਿਹਾ ਪਰਸੰਗ ਏਥੇ ਦੱਸਦੇ ਹਾਂ।

ਇਕ ਦਿਨ ਇਕ ਅੰਗ੍ਰੇਜ਼ ਸੈਲ ਕਰਦਾ ਹੋਇਆ ਸੁਦਾਮਾ ਪੁਰੀ ਵਿਚ ਵੀ ਆ ਗਿਆ, ਇਕ ਕੁੱਤਾ ਪੁਰੀ ਅੰਦਰ ਵੜਦਿਆਂ ਹੀ ਮਗਰ ਲਗਾ ਅਤੇ ਭੌਂਕਣਾ ਅਰੰਭਿਆ, ਜਿਧਰ ਜਿਧਰ ਓਹ ਫਰੰਗੀ ਗਿਆ ਕੁੱਤਾ ਵੀ ਮਗਰੇ ਭੌਂਕਦਾ ਫਿਰਦਾ ਰਿਹਾ, ਬਹੁਤੇਰੀ ਵਾਰ ਉਸ ਨੂੰ ਅੰਗ੍ਰੇਜ਼ ਵੀ ਅਤੇ ਹੋਰ ਪੁਰੀ ਦੇ ਲੋਕਾਂ ਨੇ ਵੀ ਹਟਾਇਆ, ਦਬਕਾਇਆ,ਪਰ ਉਹ ਕੁਤੇ ਦੀ ਜਾਤ ਮੌਤ ਸਿਰੇ ਚੜ੍ਹੀ ਹੋਈ, ਆਪਣੀ ਧੁਨਿ ਦਾ ਪੱਕਾ, ਭਉਕਣੋਂ ਨਾ ਟਲਿਆ ਤੇਨਾ ਹੀ ਕਿਤੇ ਖੁੰਝਿਆ। ਉਸ ਅੰਗ੍ਰੇਜ਼ ਨੂੰ ਸੈਲ ਕਰਨੀ ਨਿੰਮ ਨਾਲੋਂ ਵੀ ਕੌੜੀ ਹੋ ਗਈ। ਕੰਨਾਂ ਦੀਆਂ ਖਿੜਕੀਆਂ ਭਉਕਣਾ ਸਹਾਰਨੋਂ ਰਹਿ ਚੁਕੀਆਂ ਤਾਂ ਕ੍ਰੋਧ ਹੁਰੀਂ ਬੰਦੂਕ ਦੇ ਪਲੀਤੇ ਨਾਲ ਹੀ ਦਰੋ; ਕੁੱਤੇ ਹੋਰੀਂ ਭਉਕਣ ਸਮੇਤ ਦੂਜੀ ਦੁਨੀਆਂ ਵਿਚ ਜਾ ਉਤਰੇ। ਪਹਿਰੇ ਵਾਲਿਆਂ ਨੇ ਉਸ ਅੰਗ੍ਰੇਜ਼ ਨੂੰ ਓਥੇ ਹੀ ਪਕੜ ਲਿਆ, ਰਾਣਾ ਜੀ ਦੇ ਪੇਸ਼ ਜਾ ਕੀਤਾ। ਸਾਰਾ ਮੁਕੱਦਮਾ ਸੁਣ ਕੇ ਹੁਕਮ ਕੀਤਾ, ਇਸ ਨੇ ਪੁਰੀ ਦਾ ਕੁੱਤਾ, ਜਿਸਨੇ ਇਸਦਾ ਕੁਛ ਨਹੀਂ ਨੁਕਸਾਨ ਕੀਤਾ ਸੀ ਮਾਰਿਆ ਹੈ, ਜਿਸ ਹੱਥ ਨਾਲ ਕੁੱਤਾ ਮਾਰਿਆ ਹੈ ਓਹੋ ਹੱਥ ਕਟਵਾ ਦਿੱਤਾ ਜਾਵੇ। ਇਸ ਹੁਕਮ ਦੇ ਹੁੰਦਿਆਂ ਕੋਈ ਅਪੀਲ ਦੀ ਉਡੀਕ ਨਾ ਕੀਤੀ ਗਈ। ਅੰਗ੍ਰੇਜ਼ ਹੋਰੀਂ ਇਕ ਹੱਥ ਨਾਲ ਬੰਬਈ ਜਾ ਪਹੁੰਚੇ। ਚੀਫ ਕੋਰਟ ਵਿਚ ਅਪੀਲ ਦਾਇਰ ਕੀਤੀ, ਸੰਮਨ ਰਾਣਾ ਜੀ ਦੇ ਨਾਉਂ ਤੇ ਆਣ ਪੁੱਜੇ। ਰਾਣਾ ਜੀ ਨੇ ਉਸ ਅੰਗ੍ਰੇਜ਼ ਨੂੰ ਕਹਿ ਭੇਜਿਆ ਜੇ ਤੂੰ ਰੁਜ਼ਗਾਰ ਟੋਟੀ ਚਾਹੇਂ ਤਾਂ ਦੋ ਸੌ ਰੁਪੱਯਾ ਮਹੀਨਾ ਤੈਨੂੰ ਦੇ ਸਕਦਾ ਹਾਂ ਪਰ ਜੇ ਏਥੇ ਮੇਰੇ ਪਾਸ ਰਹੇਂ ਤਾਂ, ਨਹੀਂ ਤਾਂ ਦੇਖੀ ਜਾਏਗੀ। ਅੰਗ੍ਰੇਜ਼ ਨੇ ਅਪੀਲ ਦਾਅਵਾ ਵਾਪਸ ਕਰ

Digitized by Panjab Digital Library | www.panjabdigilib.org

ਲਿਆ, ਰਾਣੇ ਪਾਸ ਆਇ ਕੇ ਨੌਕਰ ਹੋ ਗਿਆ। ਅਜਿਹਾ ਕੁ ਰਾਣਾ ਪ੍ਰਤਾਪਸ਼ੀਲ ਪੁਰਖ ਸੀ*।ਇਹ ਨਗਰ ਤਾਂ ਬੜਾ ਰਮਣੀਕ ਪਰ ਸੁਦਾਮਾ ਭਗਤ ਦਾ ਘਰ ਮੰਦਰ ਬਹੁਤ ਹੀ ਛੋਟਾ ਜਿਹਾ, ਪਰੰਤੂ ਸਮੁੰਦਰ ਦੀਆਂ ਲਹਿਰਾਂ, ਰੇਤੀ ਦਾ ਸੁਹਾਵਣਾ ਸਮਾਂ, ਕੁਆਰ ਗੰਦਲ, ਦਿੱਬ ਆਦਿਕਾਂ ਦੇ ਜੰਗਲ ਸੰਘਣੇ ਤੋਂ ਸੰਘਣੇ ਦੇਖ ਦੇਖ ਕੇ ਅਨੰਦ ਦੀਆਂ ਲਹਿਰਾਂ ਕਥਨ ਤੋਂ ਬਾਹਰ ਹਨ, ਜੋ ਕਿਲ੍ਹੇ ਨਾਲ ਟੱਕਰਦੀਆਂ ਹੋਈਆਂ ਇਉਂ ਪਰਤੀਤ ਹੁੰਦੀਆਂ ਹਨ ਜੋਕਰ ਪ੍ਰੇਮੀ ਜਗਿਆਸੂ ਆਪਣੇ ਗੁਰੂ ਦੇ ਬਾਰੰਬਾਰ ਪੈਰ ਚੁੰਮਦਾ ਅਤੇ ਤਨੋਂ ਮਨੋਂ ਵਾਰੇ ਘੋਲੇ ਹੁੰਦਾ ਰਹਿੰਦਾ ਹੈ। ਸ਼ਾਮ ਸੁੰਦਰ ਜੀ ਦੀ ਰਾਣਾ ਜੀ ਨਾਲ ਵੀ ਮੇਲ ਮੁਲਾਕਾਤ ਹੋ ਗਈ, ਅੱਛੀ ਪ੍ਰੀਤ ਭਾਵਨਾ ਨਾਲ ਪਰਸਪਰ ਮੇਤ੍ਰੀ ਵਧੀ ।

ਸਮੁੰਦਰ ਦੀ ਪਿਆਰੀ ਅਤੇ ਭਿੰਨੀ ਹੋਈ ਖਾਰੀ ਹਵਾ ਬਹੁਤ ਖਾਣੇ ਕਰ ਕੇ ਹਿਰਦਾਰਾਮ ਬੀਮਾਰ ਹੋ ਗਿਆ। ਤਾਪ ਹੋਰੀਂ ਅਜਿਹੇ ਹੱਥ ਧੋ ਕੇ ਪਿੱਛੇ ਪਏ ਕਿ ਅੰਨ ਪਾਣੀ ਸਭ ਕੌੜਾ ਕਰ ਦਿੱਤਾ। ਦਵਾ ਦਾਰੂ ਬਹੁਤ ਹੋਇਆ, ਫਾਕੇ ਕੜਾਕੇ ਵੀ ਬਤੇਰੇ ਹੋਏ, ਜੁਲਾਬ ਨੇ ਵੀ ਚੰਗਾ ਅੰਦਰ ਧੋਤਾ, ਪਰ ਤਾਪ ਹੋਰੀ ਤਾਂ ਸੁਭਾਉ ਵਾਕੁਰ ਆਦੀ ਹੋ ਗਏ।

ਰਾਣਾ ਨੇ ਆਪਣੇ ਵੈਦਜ ਇਲਾਜ ਵਾਸਤੇ ਭੇਜੇ, ਪਰ ਪੰਡਤ ਜੀ ਆਪਣਾ ਤਪ ਤਪਣਾ ਨਹੀਂ ਛੱਡਦੇ । ਓੜਕ ਨੂੰ ਇਕ ਡਾਕਟਰ ਵੀ ਮੁਸਾਫਰਤ ਕਰਦਾ ਓਥੇ ਆਣ ਉਤਰਿਆ, ਹਿਰਦਾ ਰਾਮ ਨੂੰ ਦੇਖ ਕੇ ਕਹਿਣ ਲਗਾ ਇਹ ਤਾਪ ਏਥੇ ਨਹੀਂ ਉਤਰੇਗਾ, ਕਿਉਂਕਿ ਏਥੇ (ਮਲੇਰੀਆ ਹਵਾ) ਜ਼ਹਿਰਦਾਰ ਪੌਣ ਇਹ ਖਾਂਦਾ ਹੈ, ਇਸਦੀ ਤਿਲੀ ਵਧ ਜਾਏਗੀ, ਇਹ ਸਦਾ ਲਈ ਰੋਗੀ ਹੋ ਜਾਏਗਾ, ਜਿੰਨੀ ਛੇਤੀ ਹੋ ਸਕੇ ਇਸ ਨੂੰ ਏਥੋਂ ਲੈ ਜਾਓ। ਇਹ ਖਬਰ ਰਾਣਾ ਜੀ ਨੂੰ ਵੀ ਹੋਈ ਤਾਂ ਰਾਣਾ ਜੀ ਕਹਿਣ ਲਗੇ ਆਪ ਇਸ ਨੂੰ ਲੈ ਜਾਓ, ਜਿਸ ਤਰ੍ਹਾਂ ਬਚ ਸਕੇ ਸੋਈ ਬਾਤ ਕਰਨੀ ਚਾਹੀਏ।

ਸ਼ਾਮ ਸੁੰਦਰ ਨੇ ਆਖਿਆ ਸਵਾਰੀ ਨਹੀਂ ਹੈ, ਪੈਦਲ ਨਹੀਂ ਚਲ ਸਕਦਾ; ਇੱਥੋਂ ਸਵਾਰੀ ਦੀ ਬਹੁਤ ਢੂੰਡ ਕੀਤੀ ਗਈ ਪਰ ਨਹੀਂ ਮਿਲਦੀ। ਇਹ ਗੱਲ ਸੁਣਕੇ ਰਾਣਾ ਨੇ ਆਪਣੇ ਆਦਮੀ ਭੇਜ ਕੇ ਵਗਾਰੀ ਦਾ ਇਕ ਗੱਡਾ ਪਕੜ ਮੰਗਾਇਆ, ਆਖਿਆ ਇਹ ਸਵਾਰੀ ਹਾਜ਼ਰ ਹੈ, ਆਪ ਨੂੰ ਜੂਨਾ ਗੜ੍ਹ ਪਹੁੰਚਾ ਦੇਵੇਗੀ। ਇਹ ਕਹਿ ਕੇ ਕੁਝ ਨਕਦੀ ਵੀ ਖਰਚ ਵਾਸਤੇ ਭੇਟਾ ਕੀਤੀ, ਗੱਡੇ ਤੇ ਸਵਾਰ ਕਰਾ ਕੇ ਕੁਝ ਦੂਰ ਤਕ ਨਾਲ ਵੀ ਵਿਦਾ ਕਰਨ ਲਈ ਟੁਰਿਆ ਆਇਆ, ਫਿਰ ਪਰਸਪਰ ਮੱਥਾ ਟੇਕ ਕੇ ਵਿਦਾ ਹੋਏ ।

ਪ੍ਰਕਰਣ ੧੮

ਜਨੁ ਜਖਮ ਪਰ ਗਰਲ ਜਿਮ ਕਰੈ ਅਪਨ ਪਰਭਾਉ।
ਤਿਮ ਦੁਖੀਏ ਕੇ ਹ੍ਰਿਦੈ ਕੋ ਛੇਜਨ ਦੁਖ ਅਧਿਕਾਉ।

ਇਕ ਡੂੰਘੇ ਨੀਵੇਂ ਤੇ ਕੱਚੇ ਪੁਰਾਣੇ ਮਕਾਨ ਵਿਚ ਦੋ ਜਣੀਆਂ ਵੱਸਦੀਆਂ ਹਨ। ਇਕ ਬਹੁਤ ਬੁੱਢੀ ਉਮਰ ਦੀ ਮਾਈ ਹੈ ਅਤੇ ਦੂਜੀ ਮੁਟਿਆਰ ਕੁੜੀ ਹੈ।ਬੁੱਢੀ ਮਾਈ ਤਾਂ ਵਿਚਾਰੀ ਸਵੇਰ ਤੋਂ ਹੀ ਰੋਟੀਪਾਣੀਦੇ ਆਹਰ ਲਗਦੀ, ਹੌਲੀ ਹੌਲੀ ਧੰਦਾ ਕਰਦੀ, ਕਿਤੇ ਦੁਪਹਿਰੇ ਵੇਹਲੀ ਹੁੰਦੀ ਹੈ,ਦੋ ਘੜੀਆਂ ਆਰਾਮ ਕਰ ਕੇ ਫਿਰ ਸੰਧਿਆ ਹੁੰਦਿਆਂ ਨੂੰ ਓਹੋ ਰੋਟੀ ਦੇ ਆਹਰ ਵਿਚ ਲਗ ਜਾਂਦੀ ਹੈ, ਪਰ ਦੂਜੀ

*ਇਹ ਓਸ ਸਮੇਂ ਦੀ ਵਾਰਤਾ ਹੈ।

Digitized by Panjab Digital Library | www.panjabdigilib.org

ਮੁਟਿਆਰ ਕੁੜੀ ਸਵੇਰੇ ਹੀ ਇਸ਼ਨਾਨ ਪਾਣੀ ਕਰ ਕੇ ਨਿਤਨੇਮ ਦੀ ਬਾਣੀ ਤੋਂ ਵੇਹਲੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਵਿਚ ਰੁੱਝ ਜਾਂਦੀ ਹੈ। ਜਦ ਪ੍ਰਸ਼ਾਦ ਤਿਆਰ ਹੋਇਆ ਛਕ ਕੇ ਸੌਂ ਰਹੀ, ਜਦ ਜਾਗੀ ਤਾਂ ਭਜਨ ਪਰਮੇਸ਼ੁਰ ਅੱਗੇ ਹਾੜੇ ਤਰਲੇ ਮਿੰਨਤਾਂ ਕਰਦਿਆਂ ਦਿਨ ਬੀਤ ਜਾਂਦਾ ਹੈ। ਇਸਦਾ ਦਿਨ ਦਿਹਾੜੇ ਦਾ ਨਿਤ ਸੈਣਾ, ਉਸ ਬੁੱਢੀ ਮਾਈ ਨੂੰ ਹਰ ਵੇਲੇ ਝੜਕਦਾ ਰਹਿੰਦਾ, ਆਪਣੇ ਮਨ ਦੇ ਸੰਕਲਪਾਂ ਵਿਚ ਉਧੇੜਦੀ ਉਣਦੀ ਬਤੇਰਾ ਕੁਝ ਰਹਿੰਦੀ। ਕਦੀ ਸੋਚਦੀ ਅਜਿਹੀਆਂ ਮੁਟਿਆਰਾਂ ਘਰਾਂ ਦੇ ਸਾਰੇ ਧੰਦੇ ਕਰਦੀਆਂ, ਦੁੱਧ ਰਿੜਕਦੀਆਂ, ਚੱਕੀ ਪੀਂਹਦੀਆਂ, ਛੜਦੀਆਂ, ਛਟਦੀਆਂ, ਗੋਹਾ ਪਾਹ ਸਾਂਭਦੀਆਂ, ਰੋਟੀ ਕਰਦੀਆਂ, ਨਿਆਣੇ ਪਾਲਦੀਆਂ, ਭੱਤਾ ਲੈ ਕੇ ਖੂਹਾਂ ਤੇ ਜਾਂਦੀਆਂ, ਘਰ ਆਏ ਮਰਦ ਦੀ ਆਗਤ ਭਾਗਤ ਕਰਦੀਆਂ। ਏਹ ਸੱਭੇ ਗੱਲਾਂ ਛੱਡੀਆਂ, ਪਰ ਹਰ ਵੇਲੇ ਵੇਹਲਿਆਂ ਸੌਂ ਕੇ ਦਲਿੱਦਰ ਪਾਈ ਰੱਖਣਾ, ਕਿਸੇ ਵੇਲੇ ਵੀ ਨੇਸਤੀ ਨਾ ਛੱਡਣੀ, ਇਹ ਵਾਦੀ ਬਹੁਤ ਬੁਰੀ ਹੈ। ਫਿਰ ਕਿਸੇ ਵੇਲੇ ਆਪਣੇ ਜੀ ਵਿਚ ਕੰਘੀ ਮਾਰਦੀ ਮਤਾਂ ਮੇਰੇ ਕੁਝ ਕਹਿਣ ਤੋਂ ਝੁਰਾ ਮੰਨੇ, ਮਾਂ ਮਹਿੱਟਰ ਕੁੜੀ ਪਿਉ ਦੀ ਲਾਡਲੀ ਹੈ। ਫਿਰ ਇਹ ਭੀ ਨਾਲ ਹੀ ਵਿਚਾਰਦੀ, ਇਨ੍ਹਾਂ ਉਬਾਸੀਆਂ ਲੈਣ ਅਤੇ ਹਰ ਵੇਲੇ ਮੂਧੇ ਮੂੰਹ ਪਈ ਰਹਿਣ ਨਾਲੋਂ ਚਰਖੇ ਤੰਦ ਪਾਉਣੀ ਜਾਂ ਰੂੰ ਤੁੰਬਣੀ ਤਾਂ ਕੋਈ ਭੈੜੀ ਗਲ ਨਹੀਂ। ਨਿਤ ਨਵੇਂ ਸੁਰਜ ਬੁੱਢੀ ਨੇ ਅਜਿਹੀਆਂ ਵਿਚਾਰਾਂ ਕਰਨੀਆਂ, ਪਰੰਤੂ ਪਰਗਟ ਕਰਨ ਲਈ ਕਦੀ ਵੇਲਾ ਨਾ ਮਿਲਿਆ, ਜੋ ਆਪਣੇ ਜੀਉ ਦਾ ਬੁਖਾਰ ਕੱਢ ਲਵੇ। ਜਿਕੁਰ ਸਿਆਲੇ ਅਤੇ ਵਰਸਾਤ ਦੀ ਚਾਨਣੀ, ਠੰਢ ਅਤੇ ਬੱਦਲਾਂ ਹੇਠ ਦੱਬੀ ਦਬਾਈ ਲੰਘ ਜਾਂਦੀ ਹੈ ਤਿਵੇਂ ਇਸ ਬੁੱਢੀ ਮਾਈ ਦੇ ਮਨੋਰਥ ਭੀ ਅਤੇ ਦੂਰਅੰਦੇਸ਼ੀ ਦੇ ਉਹਲੇ ਹੋਏ ਦੱਬੇ ਦਬਾਏ ਲੰਘ ਰਹੇ ਹਨ, ਰੋਜ਼ ਆਪਣੇ ਆਪ ਨੂੰ ਨੱਪਦੀ, ਘੁੱਟਦੀ, ਇਕ ਦਿਨ ਨਾ ਹੀ ਰਹਿ ਸਕੀ ਤੇ ਬੇਵਸੀ ਹੋ ਕੇ ਬੋਲ ਉੱਠੀ—

ਨੀ ਬੱਚੀ, ਮੈਂ ਤੈਨੂੰ ਕਹਿ ਤਾਂ ਕੁਝ ਨਹੀਂ ਸਕਦੀ, ਪਰ ਚਾਹੀਦਾ ਹੈ ਤੂੰ ਭੀ ਕੁਝ ਆਪਣੇ ਜੀ ਵਿਚ ਸੋਚੇਂ, ਇਹ ਰੋਟੀ ਖਾਧੀ ਲੰਮੇ ਪਿਆਂ ਕਿੱਕੁਰ ਪਚੇਗੀ, ਸਗਵਾਂ ਰੋਗੀ ਕਰੇਗੀ। ਕਿਸੇ ਵੇਲੇ ਤਾਂ ਕੋਈ ਕੰਮ ਧੰਦਾ ਕਰਿਆ ਕਰ, ਏਡੀ ਸੁਸਤੀ ਕੀ ਆਖ, ਨਿਰਾ ਦਲਿੱਦਰ ਦਾ ਘਰ। ਆ ਧੀਏ! ਕੋਈ ਰਾਹ ਕਰ, ਏਡਾ ਆਲਸ! ਭਈ ਕਿਸੇ ਵੇਲੇ ਹੀ ਸਹੀ ਜੇ ਕਿਸੇ ਕੰਮ ਨੂੰ ਹੱਥ ਲਾਵੇਂ। ਤੂੰ ਨਹੀਂ ਸੁਣਿਆ, ਸਿਆਣੇ ਕੀ ਕਹਿੰਦੇ ਹਨ 'ਵੇਹਲਾ ਢੋਰ, ਝਬਦੇ ਰੋਗੀ ਨਹੀਂ ਤਾਂ ਚੋਰ।' ਵੱਡਾ ਰੋਗ ਤਾਂ ਇਹੋ ਭਾਰਾ ਹੈ ਜੋ ਹਰ ਵੇਲੇ ਨਿਕੰਮੀਆਂ ਦਲੀਲਾਂ ਦੇ ਸਮੁੰਦਰ ਵਿਚ ਡੁਬਕੂ ਗੋਤੇ ਖਾਂਦਿਆਂ ਰਹਿਣਾ। ਨੂੰਹਾਂ ਧੀਆਂ ਦਾ ਕੰਮ ਹੈ ਜਦ ਘਰ ਦੇ ਧੰਦਿਓਂ ਵੇਹਲੀਆਂ ਹੋਈਆਂ ਕਮੀਦਾ ਲੈ ਬੈਠੀਆਂ, ਕਿ ਚਰਖੇ ਹੀ ਤੰਦ ਪਾਈ, ਨਹੀਂ ਤਾਂ ਚਾਰ ਮੁੱਢੇ ਹੀ ਅਟੇਰ ਛਡੇ, ਜੀ ਹੋਰਥੇ ਪਾਇਆ। ਦੇਖਦੇ ਸੁਣਦੇ ਵੀ ਕਹਿਣ ਜੋਗੇ ਹੋਏ ਭਈ ਫਲਾਣੇ ਦੀ ਨੂੰਹ ਧੀ ਬੜੀ ਚੰਗੀ ਹੈ।

ਇਹ ਗਲ ਮੁਟਿਆਰ ਨੇ ਸੁਣੀ ਤਾਂ ਸਹੀ ਪਰ ਚਾਹੁੰਦੀ ਹੈ ਕਿਵੇਂ ਉਂ, ਆਂ, ਕਰਕੇ ਗਲ ਲੰਘਾ ਦਿਆਂ, ਵੇਲਾ ਟਲ ਜਾਏ, ਪਰ ਬੁੱਢੀ ਮਾਈ ਦਾ ਕਹਿਣਾ ਕੁਝ ਭਾਰਾ ਜੇਰਾਵਰ ਮਲੂਮ ਹੋਇਆ, ਟਲ ਟਲਾਉ ਦੀ ਜੁਗਤ ਚੰਗੀ ਨਾ ਸਮਝ ਕੇ ਬੋਲੀ: ਮਾਂ ਜੀ

Digitized by Panjab Digital Library | www.panjabdigilib.org

ਮੈਂ ਕੀ ਕਰਾਂ ਇਹ ਸੁਸਤੀ ਹੱਡਾਂ ਵਿਚ ਰਚ ਗਈ ਹੈ, ਜੇ ਕਿਸੇ ਵੇਲੇ ਨੇਸਤੀ ਗਲੋਂ ਲਹੇ ਤਾਂ ਕੋਈ ਕੰਮ ਧੰਦਾ ਕਰਾਂ, ਪਰ ਇਹ ਦਲਿਦਰ ਤਾਂ ਸਚ ਮੁਚ ਰੋਗ ਰੂਪ ਹੋਕੇ ਚੰਬੜਿਆ ਹੈ ਜਿਹੜਾ ਕੁਝ ਵੀ ਨਹੀਂ ਕਰਨ ਦਿੰਦਾ।

ਬੁੱਢੀ ਮਾਈ–ਮੈਂ ਵਾਰੀ, ਬੱਚੀ ! ਇਹ ਆਲਸ ਉਦਮ ਦੇ ਆਇਆਂ ਜਾਂਦਾ ਹੈ, ਤੂੰ ਜਿਸ ਵੇਲੇ ਕਿਸੇ ਆਹਰ ਲੱਗੇਂਗੀ ਦੇਖ ਲੈ ਅਜਮਾ ਕੇ ਉਸੇ ਵੇਲੇ ਦਲਿਦ੍ਰ ਹੋਗੋਂ ਕੂਚ ਕਰ ਦੇਣਗੇ।

ਮੁਟਿਆਰ–ਚੰਗਾ ਸਤਿ ਬਚਨ, ਪਰ ਕੀ ਕਰਾਂ ਚਰਖਾ ਤਾਂ ਮੈਥੋਂ ਕੱਤਿਆ ਹੀ ਨਹੀਂ ਜਾਂਦਾ, ਕਸੀਦਾ ਮੈਂ ਸਿੱਖੀ ਹੀ ਨਹੀਂ, ਅਟੇਰਨ ਸਲਾਈ ਦੀ ਕਿਰੜ ਕਿਰੜ ਮੇਰੇ ਕੰਨਾਂ ਨੂੰ ਨਹੀਂ ਭਾਉਂਦੀ,ਹੋਰਕੀ ਕਰਨਾ ਹੋਇਆ?

ਬੁੱਢੀ ਮਾਈ–ਕਰਨ ਲਗਿਆਂ ਤਾਂ ਸਤਾਰਾਂ ਕਮਾਮ। ਹੋਰ ਕੁਝ ਨਹੀਂ ਰੂੰ ਲੈਕੇ ਬਠੀ ਤੁੰਬ, ਕਿਸੇ ਤਾਂ ਕਾਰੇ ਲਗ !

ਮੁਟਿਆਰ–ਸਤਿਬਚਨ ਇਹ ਕੰਮ ਤਾਂ ਮੈਂ ਕਰ ਦਿਆਂਗੀ।ਇਹ ਕਹਿੰਦੀ ਹੋਈ ਉਠੀ ਰੂੰ ਲੈਕੇ ਤੁੰਬਣ ਬੈਠਗਈ ਤੇ ਬੁੱਢੀ ਮਾਈ ਕਿਸੇ ਧੰਦੇ ਲਈ ਅੰਦਰ ਚਲੀ ਗਈ। ਇੰਨੇ ਤਕ ਇਕ ਲਾਲ ਵਰਦੀ ਵਾਲੇ ਸਿਪਾਹੀ ਨੇ ਨਾਉਂ ਲੈਕੇ ਵਾਜ ਮਾਰੀ ਅਤੇ ਹਥ ਵਿਚੋਂ ਲਿਫਾਫਾ ਸੁਟਕੇ ਆਪ ਹਵਾ ਨਾਲ ਹਵਾ ਖਾਣ ਲਈ ਹਵਾ ਹੋਗਿਆ। ਲਿਫਾਫਾ ਦੇਖਦਿਆਂ ਹੈਰਾਨ ਪਰੇਸ਼ਾਨ,ਇਹ ਬਿਨਾਂ ਬੱਦਲੋਂ ਬਿਜਲੀ ਕਿਥੋਂ ਆ ਪਈ, ਚਿੱਠੀ ਹਥ ਵਿਚ ਲੈਕੇ,ਪਰਤ ਸਰਤ ਕੇ,ਆਪਣਾ ਨਾਉਂ ਉੱਪਰ ਪੜ੍ਹਕੇ, ਦੱਕ੍ਰਤ ਜੇਹੀ ਹੋਕੇ'ਇਹ ਕੀ ਗਲ ਹੈ, ਭੇਜਣ ਵਾਲੇ ਦਾ ਨਾਉਂ ਕੋਈ ਨਹੀਂ, ਕਿਤੇ ਕੋਈ ਵੈਰ ਕੱਢਣ ਲਈ ਮੇਰੀ ਮਿੱਟੀ ਬਾਲਣ ਨੂੰ ਤਾਂਇਹ ਕੋਈ ਕਰਤੂਤ ਨਹੀਂ ਹੋਈ?' ਫਿਰ ਗੌਰ ਨਾਲ ਦੇਖਕੇ ਨਹੀਂ ਏਹ ਅੱਖਰ ਉਸਦੇ ਨਹੀਂ ਹਨ। ਹਾਂ ਹੁਣ ਸਮਝੀ ਇਹ ਚਾਲਾਕੀ ਓਸ ਕਚੇ ਭੂਤ ਮਸਾਣ ਦੇਦੂੰ ਦੀ ਹੋਵੇਗੀ, ਅਗੇ ਵੀ ਓਨ ਇਸੇ ਭਾਂਤ ਕੀਤਾ ਸਾ, ਹੁਣ ਓਨ ਕਿਤੋਂ ਪਤਾ ਕੱਢ ਲਿਆ ਹੋਊਗਾ। ਚਿੱਠੀ ਖੋਲ੍ਹਕੇ ਸਿੱਧੀ ਕਰਕੇ, ਹੇ ਕਰਤਾਰ ! ਅਨਾਥਾਂ ਦੇ ਨਾਥ ਮੇਰੀ ਸ਼ਰਮ ਅਤੇ ਮੇਰਾ ਧਰਮ ਤੇਰੇ ਅਧੀਨ ਹੈ ਤੇਰਾ ਹੀ ਰਖਿਆ ਰਹੇਗਾ। ਖਤ ਪੜ੍ਹਿਆ ਤਾਂ ਇਹ ਲਿਖਿਆ ਹੈ–

ੴ ਸਤਿਗੁਰਪ੍ਰਸਾਦਿ ॥

ਸਚਮੁਚ ਪਰਮੇਸ਼ਰ ਦਾ ਨੂਰ, ਇਸ ਦੁਨੀਆਂ ਦੀ ਹੂਰ, ਕਰਤਾਰ ਤੈਨੂੰ ਸਹੀ ਸਲਾਮਤ ਰਖੇ, ਦੁਖੀਆ ਤੇਰਾ ਦਰਦੀ ਸੁਖ ਕੀ ਲਿਏ। ਜਿਸ ਮਨ ਦੇ ਆਸਰੇ ਕੁਝ ਲਿਖਨਾ ਸੀ ਸੋਈਓ ਬੇਵਸਾਹੋਕੇ ਆਪਦੇ ਚਰਨਾ ਵਿਚ ਢਹ ਪਿਆ, ਢਹਿ ਕੀ ਪਿਆ ਮੇਰੇ ਥੰਹੋਂ ਥਿਤਿਓਂ ਗੁਆਚ ਗਿਆ। ਹੁਣ ਕੋਈ ਪਤਾ ਨਹੀਂ ਲਗਦਾ, ਪਤਾ ਮਿਲੇ ਤਾਂ ਕੀਕਰ ਮਿਲੇ। ਜਿਸ ਮਨ ਨੇ ਢੂੰਡ ਭਾਲ ਕਰਨੀ ਸੀ ਉਹੋ ਤਾਂ ਗੁਆਚਾ, (ਕਹਾਵਤ ਹੈ "ਅਗੇ ਕਮਲੀ ਸੀ ਉਤੋਂ ਪਈ ਮੜ੍ਹੀਆਂ ਦੇ ਰਾਹ") ਨਾਲ ਹੀ ਸੁਧ ਸਰੀਰ ਦੀ ਅਤੇ ਬੁਧ ਮਨ ਦੀ ਇਹ ਵੀ ਦੋਵੇਂ ਕਟੀਆਂ ਗਈਆਂ ਗੁੱਡੀਆਂ ਵਾਕਰ ਝੇਪ ਕੇ ਕੰਡਿਆਂ ਵਾਲੇ ਉਚੇਰੇ ਦਰਖਤ ਤੇ ਝਿਗੀਆਂ ਹਨ, ਜਿਥੋਂ ਸਹੀ ਸਲਾਮਤ ਉਤਰਨ ਦੀ ਕੋਈ ਆਸਾ ਨਹੀਂ। ਹੁਣ ਸੁਦਾਈਆਂ ਦੀ ਨਕਲ ਵਾਕਰ ਪਲਕਾਰੇ ਦਾ ਵਜਾ ਹੋਇਆ ਝਲਕਾਰਾ, ਨੇਜੇ ਦੀ ਤਿਖੀ ਨੋਕ ਵਰਗਾ, ਕਲੇਜੇ ਵਿਚ ਇਕ ਅਨੋਖੀ ਕਰਕਵੀਂ ਪੀੜ ਵਾਕਰ ਹੋਲੇਟਣ ਕਬੂਤ ਅਥਵਾ

Digitized by Panjab Digital Library | www.panjabdigilib.org

ਪਾਣੀਓਂ ਕੱਢੀ ਹੋਈ ਮੱਛੀ ਜਿਹਾ ਕੁਝ ਹਾਲ ਬਣ ਰਿਹਾ ਹੈ।ਭਾਵੇਂ ਇਹ ਭਾਰੀ ਬਿਅਦਬੀ ਦੀ ਗਲ ਹੈ, ਪਰ ਜੇ ਕਦੀ ਬਖਸ਼ੀ ਦੀ ਜਾਨ ਮਾਫੀ ਕਰੋ ਤਾਂ ਡਰਦਾ ਡਰਦਾ ਬੇਨਤੀ ਆਪਣੀ ਗਰਜ਼ ਦੀ ਕਰਦਾ ਹਾਂ,ਪਰੰਤੂ ਕਰਦਾ ਹੋਇਆ ਆਪਣੀ ਬੇਸ਼ਰਮੀ ਦੀ ਸ਼ਰਮ ਵਿਚ ਸ਼ਰਮਿੰਦਾ ਹੋਇਆ ਡਰ ਦਾ ਹਾਂ ਕਿ ਹਾਇ ਹਾਇ ਮੈਂ ਕੀ ਲਿਖਾ, ਕਿ ਆਪ ਮੇਰੀ ਅਨੋਖੀ ਤੜਫਣੀ, ਸਿਰ ਪਟਕਣੀ ਦੇਖੋ, ਮੇਰਾ ਪੜ੍ਹਨਾ ਸੁਣਨਾ, ਕੰਮ ਕਾਰ ਦੀ ਚਾਹ ਸਾਰੀ ਅਚਾਹ ਦੇ ਖੂਹ ਵਿਚ ਪੈ ਗਈ ਹੈ। ਕੀ ਲਿਖਾਂ ? ਮੇਰੇ ਮੂੰਹੋਂ ਅਵਾਸਾਰ ਨਿਕਲੀ ਜਾਂਦਾ ਹੈ ਕਿ ਹਾਇ ਮੈਂ ਗਿਆ, ਹਾਇ ਹੁਣ ਮੈਂ ਨਹੀਂ ਬਚਦਾ, ਹਾਇ ਰੱਬਾ ਇਹ ਕਿਸ ਬਿਜਲੀ ਦੀ ਮੌਤੇ ਮਾਰਿਆ ਹਈ।ਪਰ ਆਪ ਨੂੰ ਕੀ ਲੋੜ, ਇਸ ਦੁਖੀਏ ਦੇ ਦੁਖ ਦੇਖਣ ਦੀ। ਪਰ ਨਹੀਂ ਇਹ ਭੀ ਬਿਅਦਬੀ ਹੈ, ਜੋ ਕੁਝ ਤੇਰੀ ਰਜ਼ਾ ਹੈ ਸੋਈ ਵਾਹ ਵਾਹ ਹੈ। ਹਾਇ ਨਹੀਂ, ਇਹ ਗਲ ਵੀ ਆਵੇ ਦੀ ਅੱਗ ਵਾਕਰ ਅੰਦਰੇ ਅੰਦਰ ਖਿੰਘਰੀ ਸਾੜਦੀ ਹੈ, ਹਾਇ ਸਮਝ ਕੁਝ ਨਹੀਂ ਪੈਂਦੀ, ਕੀ ਕਰਾਂ ? ਕੋਈ ਮਿੰਨਤ ਤਰਲਾ ਕਰਾਂ, ਸੋ ਕੀਕਰ ਕਰਾਂ ? ਮੈਨੂੰ ਤਾਂ ਵੱਲ ਵੀ ਨਹੀਂ ਆਉਂਦਾ, ਹੁਣ ਕੀ ਆਖਾਂ? ਨਹੀਂ ਨਹੀਂ ਕੀ ਲਿਖਾਂ?ਹੇ ਪਰਮੇਸ਼ੁਰ ਜੇ ਕਿਤੇ ਨੇੜੇ ਤੇੜੇ ਸੁਣਦਾ ਹੈਂ, ਤਾਂ ਕਿਰਪਾ ਕਰਕੇ ਅਜਿਹਾ ਅਨੋਖਾ ਅਚਰਜ ਅਕਹਿ,ਦੁਖ ਕਿਸੇ ਨੂੰ ਨਾ ਲਾਇਂ। ਭਲਾ ਇਸ ਵਿਚ ਮੇਰਾ ਕੀ ਜੋਰ,ਕੋਈ ਪਰਮੇਸ਼ਰ ਮੇਰੀ ਸਲਾਹ ਲੈਕੇ ਵੱਡਾ ਕੰਮ ਕਰਦਾ ਹੈ, ਇਸ ਲਈ ਜੋ ਕੁਝ ਤੇਰਾ ਭਾਣਾ ਸੋਈ ਚੰਗਾ ਹੈ । ਹੈਂ, ਇਹ ਚਿਠੀ ਲਿਖੀ ਹੈ ਕਿ ਆਪਣੀ ਬੇਵਕੂਫੀ ਦਾ ਰੋਣਾ ਹੈ। ਮੇਰਿਆ ਭੁੱਲਿਆ ਹੋਇਆ ਨਿਕਾਰਿਆ ਮਨਾਂ ! ਕੋਈ ਗਲ ਮਤਲਬ ਅਥਵਾ ਕਿਸੇ ਸੁਵਾਦ ਦੀ ਤਾਂ ਲਿਖ, ਨਿਰਾ ਪਾਗਲਪਨਾ ਖਪਕਾਨ ਹੀ ਨਾ ਲਿਖੀ ਜਾਹ। ਫਿਰ ਮੇਰੇ ਪਾਸ ਬਿਨਾ ਸੁਦਾ ਖਪਕਾਨ ਨਿਕੰਮੇ ਬਕਵਾਸ ਦੇ ਹੋਰ ਕੀ ਹੈ ਜੋ ਲਿਖਾਂ ? ਪਰ ਹੇ ਕਰਤਾਰ! ਇਹ ਲਿਖਿਆ ਸਭ ਕੁਝ ਤੇਰੇ ਹਵਾਲੇ ਹੈ ਤੂੰ ਜਾਣੀ ਜਾਣ ਹੈਂ । ਫੇਵਲ ।

ਲੇਖਕ—

ਇਕ ਆਪ ਦੇ ਗੁਲਾਮਾਂ ਦੇ ਗੁਲਾਮਾਂ

ਸੰ: ੧੯੩੦] ਦਾ ਤਿਲਾਮ ਚੁਲਾਮ ਛਿਲਾਮ

ਸਸਾ. ਲਲਾ.

ਚਿਠੀ ਤਾਂ ਪੜ੍ਹੀ ਗਈ ਪਰ ਹਥਾਂ ਦੇ ਤੋਤੇ ਉਡ ਗਏ। ਦੁਖਿਆਰੇ ਦਿਲ ਦੇ ਜ਼ਖਮਾਂ ਦੇ ਅੱਲੇ ਖਿਰੰਡ ਪਟਾਕੇ ਮਾਰ ਕੇ ਉਧੜ ਗਏ। ਚਿਹਰੇ ਦੀ ਰੰਗਤ ਹਲਦੀ ਨਾਲ ਸ਼ਰਤ ਬੰਨ੍ਹ ਲਈ ਪਤ ਗਈ। ਕਲੇਜਾ ਧਕ ਧਕ ਕਰਦਾ ਬੈਠ ਗਿਆ। ਪੈਰਾਂ ਹੇਠੋਂ ਮਿਟੀ ਨਿਕਲ ਗਈ, ਅਖਾਂ ਅਗੇ ਹਨੇਰੇ ਨੇ ਚੱਕਰ ਬੰਨ ਕੇ ਘੁੰਘਟ ਘੇਰਾ ਪਾਇਆ, ਕੰਨਾ ਨੇ ਸੁਣਨੋ ਟਕੋ ਜਿਹਾ ਨਕਦ ਜੁਵਾਬ ਦੇ ਦਿਤਾ। ਹਥ ਪੈਰ ਸੌਂ ਜਾਣ ਲਈ ਏਨਤੀ ਕਰਦੇ ਹੀ ਗੁੰਮ ਹੋ ਗਏ। ਅੱਖਾਂ ਨੇ ਪਾਣੀ ਵਹਾਉਣ ਲਈ ਬਹੁਤੇਰਾ ਉਮਡ ਉਮਡ ਕੇ ਤਰ ਕਰਨਾ ਚਾਹਿਆ ਪਰ ਖਾਲੀ ਬੱਦਲਾਂ ਵਾਕਰ ਕੋਰੀਆਂ ਤੇ ਬਰਾਨੀਆਂ ਹੋਕੇ ਰਹਿ ਗਈਆਂ। ਇਕੁਰ ਸਾਰੇ ਹੀ ਅੰਗ ਸਾਥ ਦੇਣੋਂ ਰਹਿ ਗਏ। ਸੱਚ ਹੈ ਔਕੜ ਵੇਲੇ ਕੋਈ ਕਿਸੇ ਦਾ ਸਾਥੀ ਨਹੀਂ ਹੋਇਆ, ਪਰੰਤੂ ਇਕ ਮਨ ਤੇ ਕੁਝ ਭੰਨੀ ਟੁੱਟੀ ਉਮੰਦ ਸੀ ਸੋ ਭੀ ਵਿਚਾਰਾ ਇਕ ਸੋਚ ਅਤੇ ਚਿੰਤਾ ਦੇ ਖੂਹ ਵਿਚ ਅਜਿਹਾ ਲੱਥਾ, ਕਿ ਮਾਰੇ ਲੱਜ ਦਾ ਕੋਈ ਆਸਰਾ ਨਹੀਂ ਲੱਭਦਾ, ਜਿਸ ਨਾਲ ਧੀਰਜ ਬੰਨ ਕੇ ਬਾਹਰ

Digitized by Panjab Digital Library | www.panjabdigilib.org

ਆਵੇ। ਬਾਹਰ ਆਵੇ ਕੀਕਰ ਇਹ ਤਾਂ ਅੰਨ੍ਹਾਂ ਖੂਹ ਨਿਲੱਜਾ ਹੈ, ਫੇਰ ਸਾਥੀ ਕੋਈ ਨਹੀਂ, ਕਿਸੇਨੂੰ ਖਬਰਨਹੀਂ,ਜੇ ਖਬਰ ਹੈ ਤਾਂਧਕੇਲਨ ਵਾਲੇ ਨੂੰ। ਇਹ ਵਿਚਾਰੀ ਇਸ ਘੜੀ ਅਜਿਹੇ ਗੋਤੇਗਈ ਕਿ ਦੀਨ ਦੁਨੀਆਂ ਦੀ ਕੋਈ ਸੋਝੀ ਨਹੀਂ ਰਹੀ। ਅਚਲ ਮਿਟੀ ਦੀ ਮੂਰਤ ਵਾਕਰ ਅੱਖਾਂ ਤਾੜੇ ਲਾਈ ਇਕ ਟਕ ਬੈਠੀ ਹੈ, ਭਾਵੇਂ ਸਰੀਰ ਤੇ ਰੋਮ ਕੰਡੇ ਹੁੰਦੇ ਜਾਂਦੇ ਹਨ, ਨਰਮ ਜਿਹੀ ਤ੍ਰੇਲੀ ਵੀ ਪੈ ਰਹੀ ਹੈ, ਪਰੰਤੂ ਸਵਾਸ ਹੋਰੀਂ ਅਜਿਹੇ ਧੀਮੇ ਹੋਏ ਕਿ ਮਾਨੋ ਆਉਂਦੇ ਜਾਂਦੇ ਪ੍ਰਤੀਤ ਹੀ ਨਹੀਂ ਹੁੰਦੇ। ਕੀ ਮਰ ਗਈ ਹੈ?ਨਹੀਂ ਅਜੇ ਨਹੀਂ,ਭਾਵੇਂ ਦੇਹੀ ਠੰਢੀ ਠਾਰ ਹੋ ਗਈ ਹੈ,ਪਰ ਹੈ ਜੀਉਂਦੀ। ਫੇਰ ਕੀਮੂਰਛਾ ਹੋ ਗਈਹੈ?ਨਹੀਂ ਮੂਰਛਾ ਵੀ ਨਹੀਂ ਹੋਈ ਕਿਉਂਕਿ ਇਹ ਬੈਠੀ ਹੋਈ ਹੈ, ਮੂਰਛਾ ਵਿਚ ਅਵਸੇਂ ਲੇਟਣਾ ਹੁੰਦਾ ਹੈ। ਫਿਰ ਕੀ ਅਸਤੰਭ ਹੋ ਗਈ ਹੈ ? ਨਹੀਂ ਅਸਤੰਭ ਵੀ ਨਹੀਂ ਹੋਈ ਕਿਉਂਕਿ ਖੜੇਤੇ ਜੀਵ ਦੀ ਇਹੋ ਦਸ਼ਾ ਅਸਤੰਭ ਕਹੀਦੀ ਹੈ। ਫਿਰ ਹੋਇਆ ਕੀ ਹੈ ? ਜੜ੍ਹਤਾ ਹੋ ਗਈ ਹੈ? ਹਾਂ ਇਹ ਕਹਿ ਸਕਨੇ ਹਾਂ, ਭਈ ਇਹ ਪੂਰੀ ਜੜ੍ਹਤਾ ਦੀ ਦਸ਼ਾ ਹੈ,ਜਿਸਜਿਸਜਗਹ ਜੋ ਜੋ ਅੰਗ ਕੰਮਕਰ ਰਹੇ ਸਨ ਸੋ ਉਥੇ ਹੀ ਰੁਕ ਕੇ ਉਕਰ ਹੀ ਰਹਿ ਗਏ ਹਨ, ਇਸ ਲਈ ਇਹ ਨਿਰਸੰਦੇਹ ਜੜ੍ਹਤਾ ਹੈ।

ਇਹ ਪੱਥਰ ਹੋ ਜਾਣਾ ਇਸ ਮੂਰਤੀ ਦਾ ਅਕਸਮਾਤ ਬੁੱਢੀ ਮਾਈ ਦੀ ਨਜਰੀਂ ਪੈ ਗਿਆ,ਤਾਂ ਹੈਰਾਨ ! ਇਹ ਕੀ?ਰੁੰ ਤੁੰਬਣ ਦਾ ਬਹਾਨਾ ਹੋ ਗਿਆ ਕਿ ਕੋਈ ਕਸਰ ਆਨ ਪਈ, ਕਿ ਹਵਾ ਚੱਟ ਗਈ ? ਸੋਚਦੀ ਹੋਈ ਨੇ ਘਬਰਾਕੇ ਨੇੜੇ ਵਾਰ ਹੋਕੇ ਅਵਾਜ਼ ਮਾਰੀ,ਨੀ ਮੋਹਣੀ ! ਤੈਨੂੰ ਕੀ ਹੋਇਆ ? ਨੀ ਕੁੜੀਏ ! ਤੂੰ ਤਾਂ ਰੁੰ ਤੁੰਬਦੀ ਸੀ ? ਨੀ ਤੈਨੂੰ ਕੋਈ ਦਿਖਾਲੀ ਆ ਗਈ, ਨੀ ਮੋਹਣੀਏਂ !

ਇਹ ਆਵਾਜ਼,ਗੱਲ ਤਾਂ ਮੋਹਣੀ ਨੇ ਸੁਣ ਸਮਝ ਲਈ, ਆਵਾਜ਼ ਵੀ 'ਹਾਂ ਜੀ' ਦੀ ਕਹੀ,ਪਰ ਇਤਨੀ ਡੂੰਘੀ (ਹੌਲੀ) ਜੋ ਮੋਹਣੀ ਆਪ ਵੀ ਨਹੀਂ ਸੁਣ ਸਕਦੀ ਸੀ ਤਾਂ ਬੁੱਢੀ ਮਾਈ ਕਿੱਕੁਰ ਸੁਣਦੀ, ਫਿਰ ਬੁੱਢੀ ਓਕਰ ਹੀ ਘਾਬਰੀ ਹੋਈ ਨੇ ਉੱਚੀ ਸਾਰੀ ਆਵਾਜ਼ ਮਾਰੀ,ਮੋਢਾ ਫੜ ਕੇ ਚੰਗੀ ਤਰ੍ਹਾਂ ਹਿਲਾਇਆ ਤਾਂ ਮੋਹਣੀ ਨੇ ਹੱਥ ਨਾਲ ਸੈਨਤ ਕਰ ਕੇ ਮੂੰਹੋਂ ਵੀ'ਹਾਂ ਜੀ' ਆਖਿਆ, ਪਰ ਬਹੁਤ ਹੀ ਧੀਮਾ ਜੋ ਬੁੱਢੀ ਮਾਈ ਨੇ ਹੱਥ ਹਿਲਣੇ ਤੇ ਆਵਾਜ਼ ਵੀ ਜਾਤੀ ਭਈ ਬੋਲੀ ਹੈ।

ਬੁੱਢੀ ਮਾਈ(ਕੁਝ ਧੀਰਜ ਕਰਕੇ)—ਕਿਉਂ ਬੱਚੀ!ਤੈਨੂੰ ਬੈਠੀ ਬਿਠਾਈ ਨੂੰ ਕੀ ਹੋ ਗਿਆ?

ਮੋਹਣੀ—ਕੁਝ ਨਹੀਂ।

ਬੁੱਢੀ ਮਾਈ—ਕੁਝ ਨਹੀਂ ਤਾਂ ਏਲਦੀ ਕਿਉਂ ਨਹੀਂ ?

ਮੋਹਣੀ—ਬੋਲਨੀ ਹਾਂ, ਪਰ ਪਹਿਲੇ ਮੈਨੂੰ ਪਾਣੀ ਦਾ ਘੁੱਟ ਦੇਹ, ਮੇਰਾ ਸੰਘ ਸੁੱਕਦਾ ਜਾਂਦਾ ਹੈ।

ਬੁੱਢੀ ਨੇ ਉੱਦਮ ਕਰ ਕੇ ਛੇਤੀ ਨਾਲ ਪਾਣੀ ਪਿਲਾਇਆ ਤਾਂ ਮੋਹਣੀ ਦੀ ਚੇਤਨਾ ਫਿਰੀ, ਅੱਖਾਂ ਮਲ ਮਲ ਕੇ ਦੇਖਣ ਲਗੀ, ਪਰ ਸਰੀਰ ਵਿਚ ਸਾਹ ਸਤ ਆਸੰਗ ਮਾਤ੍ਰ ਹੀ ਹੈ ਨਹੀਂ।

ਚਿੱਠੀ ਲਫਾਫੇ ਸਮੇਤ ਕਿਤੇ ਲਾਂਭੇ ਕੀਤੀ। ਬੁੱਢੀ ਮਾਈ ਵੀ ਕਿਸੇ ਘਰ ਦੇ ਧੰਦੇ ਵਿਚ ਰੁੱਝ ਗਈ। ਇਹ ਰੁੰ ਤੁੰਬਦੀ ਹੋਈ ਠੰਢੇ ਸਾਹ ਭਰ ਕੇ ਗਿਣਤੀਆਂ ਗਿਣਨ ਦੇ ਆਹਰ ਲਗ ਗਈ, ਭਈ ਇਹ ਚਿੱਠੀ

Digitized by Panjab Digital Library | www.panjabdigilib.org

ਮੇਰਿਆਂ ਭੈੜਿਆਂ ਲੇਖਾਂ ਨੂੰ ਕਿਸ ਨੇ ਘੱਲੀ ਹੈ, ਓਹ ਕੌਣ ਹੈ, ਕਿੱਕੁਰ ਪਤਾ ਲਗੇ ? ਫਿਰ ਇਸ ਚਿੱਠੀ ਵਿਚ ਮਤਲਬ ਕੀ ਲਿਖਿਆ ਹੈ,ਵਿਚ ਗਲ ਕੀ ਹੋਈ। ਮੇਰੀ ਤਾਂ ਪੜ੍ਹਦਿਆਂ ਹੀ ਸੁਧ ਬੁਧ ਪੱਥਰ ਜਿਹੀ ਹੋ ਗਈ ਹੈ। ਤੀਜੀ ਗਲ ਇਹ ਹੈ ਭਈ ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ ?

ਪਹਿਲੀ ਗਲ ਤੇ ਵਿਚਾਰ—ਨਾਉਂ ਤਾਂ ਕੋਈ ਨਹੀਂ ਲਿਖਿਆ, ਪਰ ਨਾਉਂ ਲਿਖਣ ਵਾਲੀ ਥਾਉਂ ਤੇ ਸਸਾ ਤੇ ਲਲਾ ਲਿਖਿਆ ਹੈ ਇਸਦਾ ਕੀ ਮਤਲਬ, ਜਾਣੇ ਬਲਾ। ਇਹ ਕੀ ਨਾਉਂ ਹੋਇਆ, ਪਰ ਹਾਂ ਇਸ ਵਿਚ (ਚਿੱਠੀ ਪਰਤਕੇ)ਲਿਖਿਆ ਹੈ"ਜਾਨ ਬਖਸ਼ੀ ਦੀ ਮਾਫੀ ਕਰੇ" ਇਹ ਕੀ ਗਲ, ਜਾਨ ਬਖਸ਼ੀ ਕਰੇ ਹੁੰਦਾ ਤਾਂ ਠੀਕ ਸੀ, ਨਹੀਂ ਤਾਂ ਮਾਫੀ ਬਖਸ਼ੇ ਲਿਖਦਾ,ਸਗੋਂ ਇਹ ਕਿਤੇ ਓਹੋ ਨਾਮੁਰਾਦ ਬਖਸ਼ੀ ਤਾਂ ਨਹੀਂ, ਜਿਸਦੇ ਰਾਗ ਦੇ ਤਿੰਨ ਵਾਰ ਗੁਆਂਢਣਾਂ ਕੋਲੋਂ ਸੁਣ ਚੁੱਕੀ ਹਾਂ। ਪਰ ਸੱਸਾ ਲਲਾ ਬਖਸ਼ੀ ਦਾ ਨਾਉਂ ਕਿੱਕੁਰ ਬਣ ਗਿਆ,ਇਹ ਨਹੀਂ ਕਿਤੇ ਮਸਾਣ ਚੇਦ੍ਰਾ ਹੀ ਨਾ ਹੋਵੇ, ਪਰ ਨਹੀਂ ਅੱਗੇ ਵਰਗੇ ਅੱਖਰ ਨਹੀਂ, ਅੱਗੇ ਓਸ ਨੇ ਆਪਣਾ ਨਾਉਂ ਲਿਖਿਆ ਸੀ ਹੁਣ ਵੀ ਲਿਖਦਾ। ਹੋਰ ਕੋਈ ਕੌਣ ਹੈ? ਹੇ ਕਰਤਾਰ ! ਇਹ ਕਿੱਕੁਰ ਪਤਾ ਲਗੇ? ਇਹ ਤਾਂ ਕੋਈ ਅਜਗੈਬੀ ਇੱਟ ਹੈ। ਚੰਛਾ ਹੁਣ ਦੂਜੀ ਗਲ ਸੋਚਾਂ, ਇਸ ਵਿਚ ਮਤਲਬ ਕੀਹੈ?(ਚਿੱਠੀ ਨੂੰ ਪਰਤ ਕੇ ਤੇ ਫਿਰ ਇਕ ਵੇਰੀ ਪੜ੍ਹ ਕੇ), ਜਿਸ ਨੂੰ ਮੈਂ ਜਾਣਾਂ ਨ ਬੁੱਝਾਂ ਉਸਦਾ ਮਨ ਮੇਰੇ ਪੈਰਾਂ ਵਿਚ ਕਿੱਕੁਰ ਤੇ ਕਿੱਥੇ ਢੱਠਾ, ਜੇ ਪੈਰਾਂ ਵਿਚ ਢੱਠਾ ਤਾਂ ਪਤਾ ਹੋਇਆ, ਫਿਰ ਥਹੁ ਪਤਾ ਕਿੱਕੁਰ ਨਹੀਂ ਲਗਦਾ ? ਮਨ ਵੀ ਕੋਈ ਢਹਿ ਪੈਣ ਵਾਲੀ ਚੀਜ਼ ਹੈ, ਫਿਰ ਜੇ ਮਨ ਢਹਿੰਦੇ ਦਾ ਪਤਾ ਲਗ ਗਿਆ ਤਾਂ ਚੁੱਕ ਕਿਉਂ ਨਾ ਲਿਆ ? ਹੱਛਾ, ਜੇ ਸੁਧ ਬੁਧ ਵੀ ਨਾਲ ਹੀ ਉੱਚੇ ਬਿੱਛ ਤੇ ਟੰਗੀਆਂ ਗਈਆਂ ਤਾਂ ਮੈਂ ਕਿਹੜੇ ਦਰੱਖਤ ਤੇ ਖੜੋਤੀ ਸੀ ਜਿਸ ਵੇਲੇ ਮਨ ਦੇ ਨਾਲ ਕੰਡਿਆਂ ਵਾਲੇ ਬਿੱਛ ਤੇ ਡਿਗੀਆਂ, ਮੈਂ ਤਾਂ ਕਦੀ ਕਿਸੇ ਬੂਟੇ ਦੀ ਛਾਯਾ ਹੇਠ ਵੀ ਨਹੀਂ ਬੈਠੀ।ਪਰ ਹਾਂਇਹ ਗਲ ਸੱਚ ਹੈ, ਚਿੱਠੀ ਤਾਂ ਸ਼ੁਦਾਈਆਂ ਹੀ ਵਾਲੀ ਲਿਖੀ ਹੋਈ ਹੈ, ਕੀ ਫਿਰ ਇਸ ਚਿੱਠੀ ਲਿਖਣ ਵਾਸਤੇ ਕਿਸੇ ਦੀ ਸੁਧਬੁਧ ਮੰਗ ਲਈ ਸੀ? ਕਿਤੇ ਲਿਖਿਆ ਹੈ, ਮੱਛੀ ਵਾਕੁਰ ਤੜਫਣੀ ਦੇਖੋ, ਕਿਤੇ ਲਿਖਿਆ ਹੈ ਹਾਇ ਮੈਂ ਗਿਆ, ਕੀ ਇਹ ਕੋਈ ਸ੍ਵਾਂਗ ਬਣਿਆ ਹੈ? ਕਿਤੇ ਤੇਰੀ ਰਜ਼ਾ ਮੈਨੂੰ ਵੱਲ ਨਹੀਂ ਆਉ'ਦਾ, ਕਿਤੇ ਜਾਨ ਬਖਸ਼ੀ ਦੀ ਮਾਫੀ ਕਰੇ, ਕਿਤੇ ਬਿਜਲੀ ਦੀ ਮੌਤੇ ਮਾਰਿਆ, ਕਿਨੂੰ ਮਾਰਿਆ ਹੈ? ਫਿਰ ਇਹ ਕੀ ਗਲ ਹੋਈ, ਕਿਤੇ ਬੇਅਦਬੀ ਹੋਈ,ਕਿਤੇ ਖਿੰਘਰ ਸਾੜਦਾ ਹੈ,ਇਹ ਕੀ ਊਟਪਟਾਂਗ ਹੈ ? ਹੁਣ ਕਿੱਕੁਰ ਉਸ ਨਾ ਮਹਿਰਮ ਦੀ ਸਿਰ ਪਟਕਣੀ ਦੇਖਾਂ, ਪੈਰਾਂ ਵਿਚ ਡਿੱਗਾ ਮਨ ਤਾਂ ਅਜੇ ਤਾਈਂ ਮੈਂ ਛਡਕੇ ਕਿਸੇ ਵੀ ਨਹੀਂ ਡਿੱਠਾ, ਭਲਾ ਫਿਰ ਇਹ ਤੜਫਣੀ ਕਿਸੇ ਨੂੰ ਹੋਈ ਕਿਉਂ ? ਕਿਸਦੇ ਪਲਕਾਰੇ ਦਾ ਝਲਕਾ ਨੇਜਾ ਵੱਜਾ ? ਜੇ ਕਿਸੇ ਦਾ ਝਲਕਾਰਾ ਸੀ ਤਾਂ ਮੈਨੂੰ ਕੀ, ਜੇ ਮੇਰਾ ਕੋਈ ਪਲਕਾਰਾ ਨੇਜਾ ਹੈ ਤਾਂ ਮੈਨੂੰ ਕਿਉਂ ਨਹੀਂ ਮਾਲੂੰਮ ? ਇਹ ਨਿਕੰਮਾ ਬਕਵਾਸ ਹੈ, ਇਸ ਵਿਚ ਨਿਰਾ ਖਪਕਾਨ ਹੈ, ਐਵੇਂ ਛੇੜਖਾਨੀ ਕੀਤੀ ਹੋਈ ਹੈ, ਮਤਲਬ ਕੋਈ ਕੁਝ ਵੀ ਨਹੀਂ। ਛੇੜਖਾਨੀ ਵੀ ਕੋਈ ਕਿਉਂ ਕਰੇ, ਕਿਸੇ ਨਾਲ ਕੋਈ ਵਾਸਤਾ ਨਹੀਂ, ਪਰਯੋਜਨ

Digitized by Panjab Digital Library | www.panjabdigilib.org

ਨਹੀਂ,ਹੱਛਾ ਓਹ ਜਾਣੇ,ਮਾਰੇ ਟੱਕਰਾਂ, ਅਜਿਹੇ ਸਦਾ ਭੌਂਕਦੇ ਹੀ ਰਹਿੰਦੇ ਹਨ। ਹੁਣ ਤੀਜੀ ਗਲ–ਮੈਨੂੰ ਕੀ ਕਰਨਾ ਚਾਹੀਦਾ ਹੈ ?

ਇਹ ਚਿੱਠੀ ਭਾਈਏ ਹੋਰਾਂ ਨੂੰ ਦਿਖਾ ਦਿਆਂ, ਕਿੱਕੁਰ ਦੱਸਾਂ, ਮਤਾ ਮੇਰੇ ਤੇ ਹੀ ਰੋਜ ਕੱਢਣ "ਨੇਕੀ ਬਰਬਾਦ ਗੁਨਾਹ ਲਾਜ਼ਮ" ਵਾਲੀ ਗਲ ਆਣ ਬਣੇ। ਜੇ ਪੁੱਛਣ ਭਈ ਇਹ ਚਿੱਠੀ ਕਿਸਦੀ ਲਿਖੀ ਹੋਈ ਹੈ ਤਾਂ ਮੈਂ ਕੀ ਦੱਸਾਂਗੀ, ਫਿਰ ਮਤਾਂ ਹੋਰ ਵੀ ਰੋਜ ਹੋ ਜਾਣਗੇ, ਉਲਟਾ ਮੈਨੂੰ ਹੀ ਕੁਝ ਕਹਿਣਗੇ. ਅਗੇ ਮੈਂ ਇਕ ਵੇਰ ਆਪਣੀ ਬੇਵਿਸਾਹੀ ਕਰ ਚੁੱਕੀ ਹੋਈ ਹਾਂ, ਜੇ ਨਾ ਦੱਸਾਂ ਤਾਂ ਮਤਾਂ ਰੋਜ਼ ਚਿੱਠੀਆਂ ਆਉਣ ਲਗ ਜਾਣ, ਫਿਰ ਕੀ ਕਰਾਂਗੀ ? ਕੋਈ ਚਿੱਠੀ ਭਾਈਏ ਹੋਰਾਂ ਦੇ ਹੁੰਦਿਆਂ ਆ ਗਈ ਤਾਂ ਵਧੇਰੇ ਮਿੱਟੀ ਖਰਾਬ ਹੋਊ,ਉਸ ਵੇਲੇ ਕਿਹੜੇ ਨਿਲੱਜੇ ਖੂਹ ਪਵਾਂਗੀ? ਇੰਨੇ ਤਕ ਦਾਦੀ ਨੂੰ ਆਪਣੀ ਵਲ ਤੱਕਦਿਆਂ ਦੇਖ ਕੇ ਰੂੰ ਛੇਤੀ ਛੇਤੀ ਤੁੰਬਣ ਲੱਗੀ, ਪਰ ਮਨ ਆਪਣੇਕਾਰੇ ਲਗਾ ਹੋਇਆ ਉਧੇੜ ਉਣ ਕਰੀ ਜਾ ਰਿਹਾ ਹੈ। ਭਾਲ ਤਾਂ ਚੰਗੀ ਹੈ, ਇਹ ਚਿੱਠੀ ਭਾਈਏ ਹੋਰਾਂ ਦੇ ਹੱਥ ਦਿਆਂ, ਅੱਗੇ ਲਈ ਜੋ ਕੁਝ ਹੋਊ ਮੈਂ ਸੱਚੀ ਰਹੂੰ, ਪਰ ਜੀ ਡਰਦਾ ਹੈ ਕਿ ਫਿਰ ਖਬਰੇ ਮੇਰੇ ਭਾ ਦੀ ਕੀ ਬਣੇ? ਇਹ ਪਹਿਲੋਂ ਕਿਸੇ ਨਾਲ ਸਲਾਹ ਕਰ ਲਵਾਂ, 'ਹਾਇ' ਕਿਸ ਨੂੰ ਮੇਰਾ ਹਾਲ ਮਲੂੰਮ ਤੇ ਕੌਣ ਮੇਰੇ ਬੁਰਿਆਂ ਲੇਖਾਂ ਨੂੰ ਮੇਰੇ ਦੁਖੜੇ ਸੁਣਨ ਵਾਲਾ ਹੈ। ਹਾਂ ਇਕ ਤਾਈ ਹੈ, ਪਰ ਜੇ ਤਾਈ ਨੂੰ ਅਜਿਹੀ ਗਲ ਕੀਤੀ ਤਾਂ ਹੱਥੀਂ ਮਾਰਨੋਂ ਘੱਟ ਨਹੀਂ ਕਰੇਗੀ, ਹੋਰ ਜੇ ਕਿਸੇ ਅਗੇ ਗਲ ਕੀਤੀ ਤਾਂ ਹਾਸੋਹੀਣੀ ਹੋਵਾਂਗੀ। ਵਲੇ ਕੁਵੇਲੇ ਮਖੌਲ, ਚਿੱਘੀਆਂ ਦਾ ਆਸਰਾ ਬਣ ਜਾਵਾਂਗੀ, ਹੇ ਕਰਤਾਰ ! ਕੀ ਕਰਾਂ, ਮੈਨੂੰ ਤਾਂ ਇਸ ਵੇਲੇ ਕੁਝ ਨਹੀਂ ਆਹੁੜਦੀ, ਕੀ ਕਰਾਂ ? ਚੁਪ ਰਹਾਂ, ਚਿੱਠੀ ਪਾੜਕੇ ਸੁੱਟ ਦਿਆਂ, ਦੇਖੀ ਜਾਏਗੀ ਏਹੋ ਜਿਹੀਆਂ ਚਿੱਠੀਆਂ ਨਾਲ ਕੀ ਹੁੰਦਾ ਹੈ ? ਐਵੇਂ ਕੋਈ ਮੂੰਹ ਵਿਚ ਤਾਂ ਨਹੀਂ ਪਾ ਲੈਂਦਾ, ਜਦ ਤਕ ਮੇਰਾ ਧਰਮ ਸ਼ਰਮ ਕਰਤਾਰ ਬਣਾਈ ਰਖੇਗਾ ਕੋਈ ਕੀ ਕਰ ਸਕਦਾ ਹੈ?ਹੇਕਰਤਾਰ! ਤੂੰ ਮਾਲਕ ਹੈਂ। ਹਾਇ ਅਫਸੋਸ ! ਮੈਨੂੰ ਇਸ ਸਾਢੇ ਤਿੰਨ ਹਥ ਡੂੰਘੇ ਖੂਹ ਵਿਚੋਂ ਕੁਝ ਨਾ ਲੱਭਾ, ਨਾ ਭੇਜਣ ਵਾਲੇ ਦਾ ਹੀ ਪਤਾ ਲਗਾ ਨਾ ਹੀ ਖਤ ਵਿਚੋਂ ਹੀ ਕੁਝ ਮਤਲਬ ਨਿਕਲਿਆ ਅਤੇ ਨਾ ਹੀ ਮੈਨੂੰ ਕੋਈ ਤਦਬੀਰ ਸੁੱਝੀ ਜੋ ਇਸ ਵੇਲੇ ਕੰਮ ਆਵੇ। ਵਾਹ ਚੰਗੀ ਮੇਰੀ ਵਧੀ ਹੋਈ ਸਮਝ ਹੈ, ਸੱਚ ਤਾਂ ਹੈ ਇਨੇਹੀ ਸਮਝ ਵਾਲੀ ਅਕਲ ਦੇ ਹੁੰਦਿਆ ਹੀ ਸਾਰੇ ਜਹਾਨ ਦੀ ਖੇਹ ਛਾਣ ਛਾਣਕੇ ਸਿਰ ਪਾਈ ਸੀ, ਜਿਸਦਾ ਫਲ ਅਜ ਤਕ ਪਿੰਜਰੇ ਦੀ ਚਿੜੀ ਬਣੀ ਬੈਠੀ ਹਾਂ। ਹੁਣ ਕੀ ਹੋਵੇ ਮੈਂ ਕਿੱਥੇ ਜਾਵਾਂ, ਕੀ ਕਰਾਂ ? ਕਿਸਨੂੰ ਕਹਾਂ? ਕੌਣ ਦਰਦੀ ਹੈ? ਕੌਣ ਇਜੇਹੇ ਵੇਲੇ ਬਾਹੁੜੀ ਕਰ ਸਕਦਾ ਹੈ?ਕੋਈ ਨਹੀਂ।(ਇਕ ਲੰਮਾ ਤੇ ਠੰਢਾ ਸਾਹ ਭਰਕੇ) ਹੇ ਕਰਤਾਰ ! ਮੈਂ ਕਿਸਦੇ ਅਗੇ ਪੁਕਾਰ ਕਰਾਂ ? ਤੂੰਹੇਂ ਔਖੀ ਵੇਲੇ ਦਾ ਸਹਾਈ ਹੈਂ, ਤੂੰਹੇ ਹਰ ਵੇਲੇ ਬਾਹੁੜਦਾ ਹੈਂ, ਤੂੰ ਸਦਾ ਅੰਗ ਸੰਗ ਹੈਂ, ਤੂੰ ਹਰ ਵੇਲੇ ਹਾਜ਼ਰ ਨਾਜ਼ਰ ਹੈਂ, ਤੂੰ ਕਰਣ ਕਾਰਣ ਹੈਂ, ਤੇਰੇ ਹੁਕਮ ਤੋਂ ਬਾਹਰ ਕੁਝ ਨਹੀਂ ਹੁੰਦਾ, ਮੈਂ ਦੀਨ ਤੇ ਦੁਖੀ ਰਾਹੋਂ ਘੁੱਥੀ ਔਝੜੇ ਪਈ ਸੰਗੀਆਂ ਸਾਥੀਆਂ ਤੋਂ ਹੀਨ ਤੇਰੇ ਅੱਗੇ ਬੇਨਤੀ ਕਰਦੀ ਹਾਂ, ਤੂੰ ਨੇੜੇ ਹੋ ਕੇ ਸੁਣ, ਤੂੰ ਮੇਰੀ ਸਹਾਇਤਾ ਕਰ,ਤੂੰ ਮੇਰੀ ਸ਼ਰਮ ਤੇ ਧਰਮ ਦੀ ਲੱਜਿਆ ਰੱਖ।

ਅਜਿਹੀਆਂ ਬੇਨਤੀਆਂ ਕਰਦੀ ਹੋਈ ਚੀ

Digitized by Panjab Digital Library | www.panjabdigilib.org

ਬਿਰਤੀ ਇਕਾਗਰ ਹੋਣ ਲਗੀ, ਭਾਵੇਂ ਹੱਥਾਂ ਨਾਲ ਰੂੰ ਤੁੰਬ ਰਹੀ ਹੈ, ਪਰ ਅੰਦਰੇ ਅੰਦਰ ਆਪਣੇ ਬੀਤੇ ਦਿਨਾਂ ਦਾ ਪਛੁਤਾਵਾ ਦੀਨਤਾ ਪਰਮੇਸ਼ੁਰ ਅੱਗੇ ਕੁਛ ਐਸਤਰਾਂ ਦੀ ਪ੍ਰਾਰਥਨਾ ਕਰਨ ਲਗੀ'—

ਮੈਂ ਟੁਟਦੇ ਤਾਰੇ ਦੇ ਵਾਕਰ
ਚਮਕੀ ਸਾਂ ਕੀ ਹੋਇਆ।
ਧੁੰਮ ਪਈ ਮੂੰਹ ਚੁੱਕ ਉਤਾਹਾਂ
ਦੇਖਣ ਲੋਕ ਖਲੋਇਆ।
ਰਖਣ ਵਿੱਚ ਨਿਸ਼ਾਨੇ ਉੱਗਲ
ਔਹਅੋਹ ਕਹਿਣ ਕਹੋਇਆ।
ਲੱਜ ਟੁਟੀ ਕਿਸਮਤ ਦੀ ਫੜਦਿਆਂ
ਪਟਕੀ ਮੂੰਹ ਭੰਨੋਇਆ ॥੧॥
ਮੈਂ ਬਿਜਲੀ ਵਾਕੁਰ ਕੁਝ ਚਮਕੀ
ਕੀ ਚਮਕੀ ਗੁੰਮ ਹੋਈ।
ਅਪਣੇ ਆਪੇ ਤੋਂ ਹੋ ਬਾਹਰ
ਬਿਨ ਕੜਕੇ ਦੁਖ ਰੋਈ।
ਸ਼ਾਹੀ ਮੇਰੇ ਕਰਮਾਂ ਵਾਲੀ
ਰਾਤ ਹਨੇਰੀ ਸੋਈ।
ਵੱਸਣ ਅੱਖਾਂ ਡਮ ਡਮ ਕਰਕੇ
ਕੋਈ ਨ ਦਿੰਦਾ ਢੋਈ ॥੨॥
ਵੇ ਲੋਕੋ! ਇਸਦੁਨੀਆ ਦੇ ਵਿਚ
ਮੈਂ ਭੀ ਚਮਕਣਹਾਰੀ।
ਕੀ ਚਮਕੀ ਸ੍ਵਾਹ ਮਿੱਟੀ ਚਮਕੀ
ਭੱਸ ਪਈ ਸਿਰ ਖਾਰੀ।
ਲੋਕ ਗਿਆ ਪਰਲੋਕ ਗਵਾਂਢਿਆ
ਦਰਦ ਦੁਖਾਂ ਦੀ ਮਾਰੀ।
ਸ਼ਰਮਿੰਦੀ, ਗੰਦੀ, ਤੇ ਮੰਦੀ,
ਬੰਦੀ, ਔਗੁਣਹਾਰੀ।
ਹੈ ਮੈਂ ਜਗਤ ਨਿਸ਼ਾਨਾ ਹੋਈ
ਬਹਿ ਅੰਦਰ ਦੁਖ ਰੋਈ।
ਕੁਈ ਨ ਬੋਲੀ, ਕੁਈ ਨ ਦਰਦੀ,
ਕੁਈ ਨ ਸਾਥ ਸਥੋਈ ॥੪॥
ਦੁਨੀਆਂ ਬਾਗ ਖਿੜੇਂਦੇ ਅੰਦਰ
ਹੋਈ ਕਲੀ ਖਿੜਨ ਨੂੰ।
ਜਾਂ ਹੋਈ ਟੁੱਟੀ ਹਥ ਮਾਲੀ
ਰਹਿ ਗਈ ਦੁਖ ਝਲਨ ਨੂੰ।
ਬਾਗ ਬਹਾਰ ਹਵਾਇ ਨ ਲੱਗੀ
ਹੋ ਗਈ ਪੈਰ ਰੁਲਨ ਨੂੰ।
ਟੁੱਟੀ ਨੂੰ ਵੀ ਚੈਨ ਨ ਮਿਲਿਆ
ਭੁੱਠੀ ਫਿਰੀ ਚੜ੍ਹਨ ਨੂੰ ॥੫॥
ਕੀ ਕੀਤਾ ਮੂੰਹ ਕਾਲਾ ਕੀਤਾ
ਹਾਸੋ ਹੀਣੀ ਹੋਈ।
ਦੁੱਖ ਪਏ ਤਾਂ ਸਮਝੀ ਦੱਬਾ
ਇਹ ਕੀ ਕਹਿਰ ਕਿਤੋਈ।
ਆਲੀ ਭੋਲੀ ਅੱਲ੍ਹੜ ਗੋਲੀ
ਕਾਂਵਾ ਰੋਲੀ ਹੋਈ।
ਦੀਨ ਗਿਆ ਦੁਨੀਆਂ ਸ਼ਰਮਿੰਦੀ
ਅੰਦਰ ਵੜ ਵੜ ਰੋਈ ॥੬॥
ਮੈਂ ਚਿਣਗਾਰੀ ਚਿਣੰਗ ਚੁਆਤੀ
ਚਿੜਚਿੜ ਕਰਦੀ ਲੜਦੀ।
ਤਾਂਵਾ ਉਸਨੂੰ ਹੋਇ ਜੁ ਨੇੜੇ
ਕਲ ਕਲ ਕਰਦੀ ਕੜਦੀ।
ਮੈਂ ਦੁਖੀਆ ਦੁਖ ਭਰੀ ਦੁਖੀਲੀ
ਧੁਖ ਧੁਖ ਆਪੇ ਸੜਦੀ।
ਹੁਣ ਬਖਸ਼ੀਂ ਰੱਬਾ ਮੈਂ ਭੁੱਲੀ
ਸੋਝੀ ਪਿਆਂ ਨਿਬੜਦੀ ॥੭॥
ਉੱਡੇ ਸਾਹੋਂ ਦੁਖ ਅੰਦੋਹੋਂ
ਮੋਥੋਂ ਜਾਉ ਨ ਅੱਗੇ।
ਰਹਾਂ ਨ ਨਿੱਖੜਕੇ ਸੰਗ ਨਾਲੋਂ
ਤੱਤੀ ਵਾਉ ਨ ਲਗੇ।
ਮੈਂ ਤੱਤੀ ਤਾਇਆ ਜਗ ਸਾਰਾ
ਲੁਹਿਆ ਆਪਣੇ ਠੱਗੇ।
ਮੈਂ ਹੋਈ ਹੋਈ ਨਿਜ ਹੋਈ
ਕੀ ਹੋਈ ਦੁਖ ਜੱਗੇ ॥੮॥
ਮੈਂ ਮੂਰਤ ਦੀ ਸੂਰਤ ਸਾਬਤ
ਪਰ ਪੱਥਰ ਜੇ ਹੋਵਾਂ।
ਇੱਛਾ ਚਾਹ ਬਿਨਾ ਜਗ ਅੰਦਰ
ਮੰਦਰ ਵਿਚ ਖਲੋਵਾਂ।
ਮਨੋ ਨਾਸ ਖੇ ਹੋਣ ਵਾਸ਼ਨਾ
ਤਤ ਜਾਣਨ ਨੂੰ ਹੋਵਾਂ।

Digitized by Panjab Digital Library | www.panjabdigilib.org

ਹੁਣ ਇਹ ਮੂਰਤਿ ਹਾਇ ਕਲੰਕੀ
ਕਿਤ ਬਿਧ ਇਸਨੂੰ ਧੋਵਾਂ॥੯॥
ਮੇਰੀ ਸ਼ਰਮ ਕਰੇ ਸ਼ਰਮਿੰਦਿਆਂ
ਮੈਂ ਸ਼ਰਮਿੰਦੀ ਭਾਰੀ।
ਸ਼ਰਮ ਵਿਚਾਰੀ ਹੋ ਸ਼ਰਮਿੰਦੀ
ਓੜਕ ਮੈਥੋਂ ਹਾਰੀ।
ਮੈਂ ਬਿਸ਼ਰਮ ਨੇ ਸ਼ਰਮ ਨ ਦੱਖੀ,
ਸ਼ਰਮ ਪਵੀ ਇਕ ਵਾਰੀ।
ਤਾਂ ਬਖਸ਼ੀਵਾਂ ਠੰਢੀ ਥੀਵਾਂ
ਨਹੀਂ ਤਾਂ ਕਰਮਾਂ ਮਾਰੀ॥੧੦॥
ਦਰ ਤੇਰੇ ਤੇ ਦਰਦਾਂ ਮਾਰੀ
ਢੱਠੀ ਰਹਾਂ ਦਿਖਾਈ'।
ਅਰਜ਼ ਕਰਾਂ ਦੁਖਰੋਵਾਂ ਹਰਦਮ
ਕਰ ਮਿਹਰੰਮਤ ਸਾਈਂ!
ਮਿਲੇ ਅਧਾਰ ਨਾਮ ਤੇਰੇ ਦਾ
ਫੇਰ ਨ ਪਿਛਾਂਹ ਭਵਾਈਂ।
'ਚਰਨ ਹਰੀ' ਹੈ ਤੋਂ ਸ਼ਰਨਾਈ
ਰਖ ਲੈਆਜਜ਼ ਤਾਈਂ॥੧੧॥

ਅਜਿਹੀਆਂ ਬੇਨਤੀਆਂ ਵਿਚ ਡੁੱਬੀ ਹੋਈ ਸੀ, ਇੰਨੇ ਤਕ ਇਕ ਤੀਵੀਂ ਕੱਦ ਦੀ ਮਧਰੀ, ਸਰੀਰ ਦੀ ਭਾਰੀ, ਅੱਖਾਂ ਦੀ ਕੈਰੀ, ਜ਼ੁਬਾਨ ਦੀ ਮਿੱਠੀ, ਅੰਦਰ ਦੀ ਖੋਟੀ, ਬਲਾਇ ਦੀ ਤਰ੍ਹਾਂ ਅੱਚਣਚੇਤੀ ਅੰਦਰ ਜਿੱਥੇ ਅਪਣੀ ਮਸਤੀ ਵਿਚ ਇਹ ਮਸਤ ਬੈਠੀ ਰੂੰ ਤੁੰਬਦੀ ਸੀ ਆਣ ਖਲੋਤੀ ਤੇ ਕਹਿਣ ਲਗੀ, ਕਿਉਂ ਧੀਏ! ਰਾਜ਼ੀ ਤਾਂ ਹੋ'? ਸ਼ੁਕਰ ਹੈ ਅੱਜ ਤੂੰ ਭੀ ਰੂੰ ਤੁੰਬਣ ਲਗੀ ਹੋਂ? ਮੋਹਣੀ (ਜਿੱਕੁਰ ਕੋਈ ਸੁੱਤਾ ਪਿਆ ਜਾਗਦਾ ਹੈ) ਸੰਭਲ ਕੇ ਬੋਲੀ, ਆਹੋ ਚਾਚੀ ਭਾਗ ਸੁਲੱਖਾਂ!

ਭਾਗ ਸੁਲੱਖਾਂ—ਮੈਂ ਆਖਿਆ, ਆਹੋ, ਐਵੇਂ ਦੇਖ ਆਵਾਂ ਭਈ ਕੀ ਪਈ ਕਰਦੀ ਹੈ? ਨਾਲੇ ਆਹ ਇਕ ਚਿੱਠੀ ਜਿਹੀ ਚਿੱਠੀਆਂ ਵਾਲਾ ਦੇ ਗਿਆ ਹੈ। ਜਿਸ ਵੇਲੇ ਏਧਰ ਚਿੱਠੀ ਦੇ ਗਿਆ ਹੈ ਓਸੇ ਵੇਲੇ ਓਧਰ ਵੀ। ਇਹ ਗਲ ਮੋਹਣੀ ਦੇ ਕੰਨਾਂ ਵਿਚ ਤਾਂ ਪਈ, ਪਰ ਬਰਛੀ ਨਾਲੋਂ ਵੀ ਡਾਢੀ ਤਿੱਖੀ ਵਿੰਨ੍ਹਦੀ ਹੋਈ ਕਲੇਜੇ ਤਕ ਪਹੁੰਚੀ, ਕਹਿਣ ਲਗੀ, ਕੇਹੀ ਚਿੱਠੀ ਹੈ, ਲਿਆਓ ਪੜ੍ਹ ਦਿਆਂ। ਭਾਗ ਸੁਲੱਖੀ ਨੇ ਚਿੱਠੀ ਤਾਂ ਫੜਾ ਦਿੱਤੀ. ਆਪ ਪੀੜ੍ਹੀ ਲੰਕੇ ਕੋਲ ਵਾਰ ਬੈਠ ਗਈ, ਕਹਿਣ ਲਗੀ ਸੁਣਾ ਖਾਂ ਬੱਚੀ ਇਹ ਕੀ ਲਿਖਿਆ ਹੈ, ਕਿਸ ਦੀ ਚਿੱਠੀ ਹੈ?

ਮੋਹਣੀ—ਚਾਚੀ ਜੀ ਉਤੇ ਜੋ ਕੁਝ ਲਿਖਿਆ ਹੈ ਓਹ ਫਾਰਸੀ ਵਿਚ ਹੈ ਜੋ ਮੈਂ ਨਹੀਂ ਜਾਣਦੀ, ਵਿਚ ਜੇ ਗੁਰਮੁਖੀ ਵਿਚ ਲਿਖਿਆ ਹੈ ਤਾਂ ਮੈਂ ਪੜ੍ਹ ਦਿਆਂਗੀ।

ਭਾਗ ਸੁਲੱਖਾਂ—ਚੰਗਾ, ਫਿਰ ਖੋਹਲ ਕੇ ਪੜ੍ਹ ਖਾਂ ਕੀ ਲਿਖਿਆ ਹੈ? ਤੁਹਾਨੂੰ ਚਿੱਠੀ ਕਿੱਥੋਂ ਆਈ ਹੈ?

ਮੋਹਣੀ (ਚਿੱਠੀ ਖੋਹਲ ਕੇ)—ਮੈਨੂੰ ਕੀ ਪਤਾ, ਕਿੱਥੋਂ ਆਈ ਹੈ, ਭੇਜਣ ਵਾਲੇ ਜਾਣਨ।

ਭਾਗ ਸੁਲੱਖਾਂ—ਪੜ੍ਹਨ ਵਾਲੇ ਵੀ ਤਾਂ ਸੱਭੇ ਕੁਝ ਜਾਣਦੇ ਹਨ, ਲਿਖਿਆ ਜੋ ਹੋਇਆ।

ਮੋਹਣੀ—ਮੈਂ ਤਾਂ ਨਹੀਂ ਖੋਲ੍ਹੀ, ਆਪੇ ਭਾਈਏ ਹੋਰੀਂ ਖੋਹਲ ਕੇ ਪੜ੍ਹਨਗੇ।

ਭਾਗ ਸੁਲੱਖਾਂ—ਚਿੱਠੀਆ ਵਾਲੇ ਨੇ ਤਾਂ ਤੇਰਾ ਹੀ ਨਾਉਂ ਲੈ ਕੇ ਚਿੱਠੀ ਅੰਦਰ ਸੁੱਟੀ ਸੀ, ਲੈ ਤੂੰ ਇਹ ਭੀ ਸੁਣਾ ਕੀ ਲਿਖਿਆ ਹੈ ਅਤੇ ਉਹ ਭੀ ਸੁਣਾ!

ਮੋਹਣੀ—ਲਓ ਸੁਣੋ, ਚਿੱਠੀ ਖੋਹਲ ਕੇ ਪੜ੍ਹੀ ਤਾਂ ਲਿਖਿਆ ਸੀ:—

੧ ਓ ਸਤਿਗੁਰਪ੍ਰਸਾਦਿ॥

ਮਾਈ ਭਾਗ ਸੁਲੱਖਾਂ ਜੋਗ ਮਲੂੰਮ ਹੋਵੇ ਜੋ ਅਸਾਂ ਅੱਜ ਇਕ ਚਿੱਠੀ ਓਧਰ ਪਾ ਦਿੱਤੀ ਹੈ, ਤੁਸਾਂ ਖਿਆਲ ਰੱਖਣਾ ਕੋਈ ਗਲ ਬਾਤ

Digitized by Panjab Digital Library | www.panjabdigilib.org

ਹੋਵੇ ਤਾਂ ਝਟ ਪਟ ਖਬਰ ਕਰ ਦੇਣੀ। ਭਾਵੇਂ ਚਿੱਠੀ ਲਿਖਣ ਦੀ ਕੋਈ ਲੋੜ ਨਹੀਂ ਸੀ, ਪਰ ਬਖਸ਼ੀ ਹੋਰੀ ਭੁਈਏਂ ਲਹਿੰਦੇ ਜਾਂਦੇ ਹਨ, ਅਸਾਂ ਤਾਂ ਬਹੁਤ ਸਮਝਾਇਆ ਸੀ ਭਈ ਮਾਈ ਸੁਲੱਖਾਂ ਦੀ ਮਰਜ਼ੀ ਦੇਖਕੇ ਚਿੱਠੀ ਲਿਖਣੀ ਚੰਗੀ ਗਲ ਹੋਊ, ਪਰ ਹੁਣ ਵੀ ਸਭ ਤੁਹਾਨੂੰ ਹੀ ਸ਼ਰਮ ਹੈ। ਥੋੜ੍ਹਿਆਂ ਲਿਖਿਆਂ ਬਹੁਤਾ ਜਾਨਣਾ, ਸਭ ਲਜ ਸ਼ਰਮ ਤੁਹਾਨੂੰ ਹੀ ਹੈ, ਖਬਰ ਚਰਾ ਕੁ ਛੇਤੀ ਭੇਜਣੀ।

ਲੇਖਕ, ਆਪ ਦਾ ਹਿਤੈਸ਼ੀ—
ਸੋਹਣ ਲਾਲ ਵਕੀਲ

ਇਹ ਸਭ ਕੁਝ ਜਦ ਸੁਣਾ ਚੁਕੀ ਤਾਂ ਭਾਗ ਸੁਲੱਖਾਂ ਬੋਲੀ ਕਿਸਦਾ ਨਾਉਂ ਲਿਖਿਆ ਹੈ।

ਮੋਹਣੀ—ਸੋਹਣ ਲਾਲ ਵਕੀਲ।

ਭਾਗ ਸੁਲੱਖਾ—ਇਹ ਇਕ ਵਡਾ ਭਾਰੀ ਵਕੀਲ ਹੈ, ਚਾਂਦੀ ਸੋਨੇ ਦਾ ਤਾਂ ਇਸਦੇ ਚਰਿਆ ਪਿਆ ਵਗਦਾ ਹੈ, ਅੱਜ ਇਸਦੀ ਬੱਧੀ ਬੱਝਦੀ ਅਤੇ ਛੱਡੀ ਛੁਟਦੀ ਹੈ। ਸਾਹਿਬ ਲੋਕ ਇਸਦੇ ਮੂੰਹ ਵਲ ਵੇਖਦੇ ਰਹਿੰਦੇ ਹਨ, ਬੜਾ ਚੰਗਾ ਆਦਮੀ ਹੈ, ਦੌਲਤ ਦੀ ਕੋਈ ਪਰਵਾਹ ਨਹੀਂ, ਵੱਡੀਆਂ ਬੱਘੀਆਂ, ਘੋੜੇ ਨੌਕਰ, ਚਾਕ, ਘਰ ਵਿਚ ਚਹਿਲ ਪਹਿਲ ਰਹਿੰਦੀ ਹੈ, ਵਹੁਟੀ ਨੂੰ ਵੀ ਅਰਕਾਂ ਤੋੜੀਂ ਚੂੜਾ ਚੜ੍ਹਿਆ ਹੋਇਆ ਹੈ।

ਮੋਹਣੀ—ਚੰਗੇ ਭਾਗਾਂ ਵਾਲਿਆਂ ਦੇ ਹੁੰਦਾ ਹੀ ਹੈ, ਇਹ ਪਰਮੇਸ਼ੁਰ ਦੀ ਦਾਤ ਹੈ।

ਭਾਗ ਸੁਲੱਖਾਂ—ਨਹੀਂ, ਮੈਂ ਤਾਂ ਉਂਵ ਆਖਿਆ ਹੈ, ਭਈ ਵਡਾ ਆਦਮੀ ਹੈ, ਲੈ ਹੁਣ ਤੂੰ ਭੀ ਆਪਣੀ ਚਿੱਠੀ ਸੁਣਾ।

ਮੋਹਣੀ—ਮੈਂ ਤਾਂ ਚਿੱਠੀ ਨਹੀਂ ਖੋਹਲਣੀ, ਆਪੇ ਭਾਈਏ ਹੋਰੀਂ ਪੜ੍ਹਨਗੇ, ਮੈਂ ਕਾਸ ਨੂੰ ਐਵੇਂ ਕਿਸੇ ਦੀ ਚਿੱਠੀ ਪੜ੍ਹਾਂ, ਮਤਾਂ ਭਾਈਏ ਹੋਰੀਂ ਕੁਝ ਗੁੱਸੇ ਹੋਣ।

ਭਾਗ ਸੁਲੱਖਾਂ—ਨਹੀਂ, ਨੀ ਭੋਲੀਏ ਧੀਏ! ਇਹ ਚਿੱਠੀ ਤੇਰੀ ਹੈ। ਕਮਲੀਏ! ਭਾਈਏ ਹੋਰੀਂ ਇਸ ਚਿੱਠੀ ਨੂੰ ਕਿਉਂ ਪੜ੍ਹਨ ਤੂੰ ਆਪ ਪੜ੍ਹ, ਵਿਚਾਰ, ਸੁਣਾ ਖਾਂ ਲਿਖਿਆ ਕੀ ਹੈ?

ਮੋਹਣੀ—ਜੇ ਮੇਰੀ ਵੀ ਹੈ ਤਾਂ ਭੀ ਭਾਈਏ ਹੋਰੀਂ ਪੜ੍ਹਨਗੇ। ਮੈਨੂੰ ਕੋਈ ਕਿਉਂ ਚਿੱਠੀ ਭੇਜੇ, ਮਰਦ ਆਪੇ ਜਾਣ ਲੈਣਗੇ ਜੋ ਕੁਝ ਹੋਊ, ਮੈਂ ਤੀਵੀਂ ਮਾਣ ਅਜਿਹੀਆਂ ਚਿੱਠੀਆਂ ਚੁਪੱਠੀਆਂ ਦੀਆਂ ਗੱਲਾਂ ਕੀ ਜਾਣਾ।

ਭਾਗ ਸੁਲੱਖਾਂ ਤੇ ਇਕ ਰੰਗ ਆਵੇ ਇਕ ਰੰਗ ਜਾਵੇ, ਬਹੁਤ ਜ਼ੋਰ ਕਰੇ, ਗੱਲਾਂ ਬਣਾਵੇ ਭਈ ਕਿਵੇਂ ਚਿੱਠੀ ਕੱਢ ਤਾਂ ਭਾਈਏ ਹੋਰਾਂ ਤਕ ਇਹ ਗਲ ਨਾ ਪਹੁੰਚੇ, ਪਰ ਮੋਹਣੀ ਨੇ ਛੇਕੜ ਇਹ ਕਹਿ ਕੇ ਟਾਲ ਦਿੱਤਾ, ਭਈ ਚਿੱਠੀ ਮੈਂ ਹੱਟੀ ਤੇ ਭੇਜ ਦਿੱਤੀ ਹੈ। ਤਦ ਤਾਂ ਭਾਗ ਸੁਲੱਖਾਂ ਇਕ ਠੰਢਾ ਸਾਹ ਭਰ ਕੇ ਬੋਲੀ, ਬੱਚੀ ਚੰਗਾ ਨਹੀਓਂ ਕੀਤਾ, ਪਰ ਹੱਛਾ ਤੂੰ ਜਾਣ, ਕਹਿੰਦੀ ਦੇਈ ਉਠਕੇ ਚਲੀ ਗਈ।

ਮੋਹਣੀ ਨੇ ਇਸ ਸਾਰੇ ਪ੍ਰਸੰਗ ਤੇ ਜੀ ਵਿਚ ਕੈਂਚੀ ਮਾਰ ਕੇ ਇਹ ਗਲ ਲੱਭ ਲਈ ਭਈ ਇਹ ਸ਼ੈਤਾਨ ਦੀ ਨਾਨੀ ਸਭੋ ਕੁਝ ਕਰਨ ਕਾਰਨ ਹੈ। ਸਸੇ ਲਲੇ ਦਾ ਪਤਾ ਵੀ ਲਗ ਗਿਆ, "ਬਖਸ਼ੀ ਜੀ ਦੀ ਜਾਨ ਮਾਫੀ ਕਰੇ" ਵੀ ਇਸੇ ਬੁੱਢੀ ਭਾਗ ਸੁਲੱਖਾਂ ਦਾ ਹੀ ਸਾਰਾ ਉਪੱਦਰ ਹੈ, ਧੰਨ ਕਰਤਾਰ ਹੈ। ਪਤਾ ਤਾਂ ਲਗ ਗਿਆ, ਪਰ ਜੇ ਇਸ ਨੂੰ ਕੁਝ ਪੁੱਛਾਂ ਤਾਂ ਲਸੂੜੇ ਦੀ ਗਿਟਕ ਵਾਕੁਰ ਗਲੇਂ ਲਾਹੁਣੀ ਬਹੁਤ ਮੁਸ਼ਕਲ ਹੋਊ, ਧਮਕੀ ਵੀ ਦੇ ਗਈ ਹੈ, "ਚੰਗਾ ਨਹੀਓਂ ਕੀਤਾ, ਪਰ ਹੱਛਾ ਤੂੰ ਜਾਣ" ਇਸ ਗਲ ਤੇ ਕੀ ਕਰਾਂ? ਡਰ ਕੇ ਮਰ ਜਾਵਾਂ? ਨਹੀਂ ਨਹੀਂ ਕਿਉਂ ਮਰਾਂ,

Digitized by Panjab Digital Library | www.panjabdigilib.org

ਸਗਮਾਂ ਸ਼ੇਰ ਬਣਾਂ,ਆਉਣ ਵਾਲੀ ਬਲਾ ਦਾ ਟਾਕਰਾ ਕਰਾਂ, ਕਰਤਾਰ ਦਾ ਭਰੋਸਾ ਕਰਾਂ, ਅਪਣੇ ਧਰਮ ਅਤੇ ਸ਼ਰਮ ਉਤੇ ਜਾਨ ਕੁਰਬਾਨ ਕਰ ਦਿਆਂ,ਪਰ ਐਵੇਂ ਕੱਖਾਂ ਵਿਚ ਪੈਕੇ ਆਪ ਨ ਸੜ ਮਰਾਂ। ਹਾਲੀਂ ਭਾਈਏ ਹੋਰਾਂ ਨੂੰ ਕੁਝ ਨਾ ਕਹਾਂ, ਕਰਤਾਰ ਦੇ ਰੰਗਾਂ ਵਲ ਦੇਖਾਂ, ਹਠ ਨਾ ਹਾਰਾਂ, ਕਰਤਾਰ ਭਲੀ ਕਰੇਗਾ। ਇਜੇਹੀਆਂ ਸੋਚਾਂ ਦੇ ਸਮੁੰਦਰ ਦੀਆਂ ਲਹਿਰਾਂ ਦੇ ਲਹਾਉ ਚੜ੍ਹਾਉ ਵਿਚ ਗੋਤੇ ਖਾ ਰਹੀ ਸੀ ਕਿ ਦੇਵਨੇਤ ਨਾਲ ਤਾਈ ਹੋਰੀਂ ਆ ਗਏ।

ਕਿਉਂ ਬੱਚੀ ਰਾਜ਼ੀ ਤਾਂ ਹੈਂ ? ਅਜ ਤੇਰਾ ਰੰਗ ਉਡਿਆ ਹੋਇਆ ਹੈ, ਅੱਖੀਆਂ ਵੀ ਰੋਈਆਂ ਹੋਈਆਂ ਜਾਪਦੀਆਂ ਹਨ, ਚਿਹਰਾ ਵੀ ਕਿਸੇ ਭਾਰੀ ਉਦਾਸੀ ਵਿਚ ਉਦਾਸ ਜੇਹਾ ਪ੍ਰਤੀਤ ਹੁੰਦਾ ਹੈ, ਸੁਖ ਤਾਂ ਹੈ? ਮੈਨੂੰ ਤਾਂ ਅਜ ਤੈਨੂੰ ਸੁਖ ਨਹੀਂ ਜਾਪਦੀ, ਤੇਰੇ ਅੰਤਹਕਰਨ ਵਿਚ ਕੋਈ ਕਲੇਸ਼ ਹੈ, ਕੀ ਤੈਂ ਅਜ ਨੇਮ ਦੇ ਪਾਠ ਨਹੀਂ ਕੀਤੇ?ਕੀ ਤੈਂ ਅਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਪਾਠ ਨਹੀਂ ਕੀਤਾ? ਕੀ ਤੈਂ ਅੱਜ ਆਪਣਾ ਮਨ ਨੀਵਾਂ ਕਰਕੇ ਅਰਦਾਸ ਨਹੀਂ ਕੀਤੀ?ਤੂੰਸਦਾ ਪ੍ਰਸੰਨ ਰਹਿਣ ਵਾਲੀ ਤੇਰੀ ਅਜ ਓਹ ਰੂਹਾਨਗੀ ਹੀ ਨਹੀਂ, ਕੀ ਹੋਇਆ ਹੈ ? ਸੱਚੋ ਸੱਚ ਕਹੀਂ।

ਮੋਹਣੀ ਨੇ ਬੜੇ ਆਦਰ ਨਾਲ ਉੱਠਕੇ ਪੀੜ੍ਹੀ ਤੇ ਬਿਠਾਇਆ ਆਪ ਪਾਸ ਬੈਠ ਗਈ, ਅਦਬ ਨਾਲ ਬੋਲੀ, ਤਾਈ ਜੀ! ਆਪ ਦੀ ਕਿਰਪਾ ਨਾਲ ਸੁਖ ਹੈ, ਪਰ ਜਗਤ ਵਿਚ ਤੱਤੀ ਠੰਢੀ ਪੌਣ ਹਰ ਵੇਲੇ ਵਗਦੀ ਰਹਿੰਦੀਹੈ, ਜਾਂ ਤੱਤਾ ਝੋਲਾ ਆਇਆ ਤਾਂ ਫੁੱਲ ਵਰਗਾ ਕੋਮਲ ਦਿਲ ਰਤਾ ਕੁ ਕੁਮਲਾ ਗਿਆ, ਜਦ ਠੰਢਾ ਰੁਮਕਾ ਲੱਗਾ ਤਾਂ ਖਿੜਖਲੇਤਾ,ਆਪਣੇ ਅਧੀਨ ਦੀ ਕੋਈ ਗੱਲ ਨਹੀਂ, ਜੇਹਾ ਸਮਾ ਆਇਆ ਤੇਹਾ ਝੱਟ ਕੱਟ ਛੱਡਿਆ, ਉਮਰਾ ਕਟਣੀ ਜੁ ਹੈ ਈ, ਸੱਭੇ ਕੁਝ ਭਾਣੇ ਵਿਚ ਹੈ, ਪਰ "ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥" ਤਾਈ ਜੀ ਮੈਂ ਬੜੀ ਭੁੱਲਣਹਾਰੀ ਹਾਂ।

ਤਾਈ(ਸਿਰ ਤੇ ਪਿਆਰ ਦੇਕੇ)–ਸ਼ਾਬਾਸ਼ ਧੀਏ! ਬੱਸ ਦੁਨੀਆਂ ਦੇ ਪੁਆੜੇ,ਕੌੜੇ,ਮਿਠੇ, ਫਿੱਕੇ, ਬਕਬਕੇ ਸੱਭੇ ਚੱਖਣੇ ਹੀ ਪੈਂਦੇ ਹਨ, ਪਰ ਵਿਚਾਰਵਾਨ ਲੋਕ ਕੌੜੇ ਵੇਲੇ ਥੂ ਥੂ ਕਰਕੇ ਗਾਲਾਂ ਨਹੀਂ ਕੱਢਦੇ ਅਤੇ ਮਿੱਠੇ ਪਦਾਰਥ ਭੋਗਦੇ ਹੋਏ ਫੁਲ ਫੁਲ ਕੇ ਕੁੱਪੇ ਨਹੀਂ ਹੁੰਦੇ, ਓਹ ਹਰ ਵੇਲੇ ਓਸ ਦਾਤਾਰ ਦੀ ਦਾਤ ਅਤੇ ਰੰਗਾਂ ਨੂੰ ਦੇਖ ਦੇਖ ਕੇ ਪ੍ਰਸੰਨ ਹੁੰਦੇ, ਧੰਨਵਾਦ ਕਰਦੇ ਰਹਿੰਦੇ ਅਤੇ ਬੇਨਤੀ ਕਰਦੇ ਨਹੀਂ ਰੱਜਦੇ। ਠੰਢੇ ਤੱਤੇ ਝੋਲਿਆਂ ਵਿਚ ਆਪਣਾ ਅੰਦਰਲਾ ਪੱਕਾ ਰੱਖਦੇ, ਘੜੀ ਦੀ ਖੇਡ ਸਮਝਦੇ ਹਨ। ਭਲਾ ਇਹ ਤਾਂ ਦੱਸ ਹੁਣ ਨੇਮ ਦੇ ਪਾਠ ਜਪੁ ਸਾਹਿਬ ਜੀ ਦੇ ਕਿਤਨੇ ਰੋਜ਼ ਹੁੰਦੇ ਹਨ ?

ਮੋਹਣੀ–ਜੀ ਯਾਰਾਂ ਪਾਠ ਹੀ ਹੁੰਦੇ ਹਨ, ਪਰ ਮੈਂ ਕੋਸ਼ਸ਼ ਕਰ ਰਹੀ ਹਾਂ ਜੋ ਇੱਕੀ ਤਕ ਰੋਜ਼ ਹੋ ਜਾਣ,ਇਸ ਹਿੰਮਤ ਦਾ ਫਲ ਇਤਨਾ ਹੈ ਭਈ ਯਾਰਾਂ ਪਾਠ ਦੇ ਉਪਰੰਦ ਪੰਜ, ਕਿਸੇ ਦਿਨ ਛੇ ਸਤ ਹੋਰ ਵੀ ਹੋ ਜਾਂਦੇ ਹਨ, ਆਸ਼ਾ ਹੈ ਤੁਹਾਡੀ ਕਿਰਪਾ ਨਾਲ ਇੱਕੀ ਰੋਜ਼ ਹੋਇਆ ਕਰਨਗੇ।

ਤਾਈ–ਮੈਂ ਤੇਰੇ ਤੇ ਬਹੁਤ ਪ੍ਰਸੰਨ ਹੋਈਹਾਂ, ਤੇਰੀ ਇਸ ਹਿੰਮਤ ਦੇ ਸਦਕੇ ਜਾਵਾਂ, ਕਰਤਾਰ ਤੇਰੇ ਮਨੋਰਥ ਪੂਰੇ ਕਰੇ, ਤੂੰ ਜਿਉਂ ਜਿਉਂ ਪਾਠ ਵਧੀਕ ਕਰੇਂਗੀ ਤਿਵੇਂ ਤਿਵੇਂ ਬਾਣੀ ਦਾ ਰਸ ਵਧੇਰਾ ਆਵੇਗਾ, ਫਿਰ ਤਾਂ ਇਥੋਂ

Digitized by Panjab Digital Library | www.panjabdigilib.org

ਤਾਈਂ ਇਹ ਰਸ ਵਧੇਗਾ ਕਿ ਤੇਰੇ ਦੈਮ ਰੋਮ ਵਿਚ ਇਹ ਸੁਖ ਰਚ ਜਾਏਗਾ, ਸੁਖ ਸਰੂਪ ਤੂੰ ਹੋ ਜਾਏਂਗੀ, ਸੁਖ ਤਰੇ ਵਿਚੋਂ ਨਿਕਲੇਗਾ।

ਮੋਹਣੀ—ਇਹ ਸਭ ਆਪ ਦੀ ਕਿਰਪਾ ਹੈ, ਨਹੀਂ ਤਾਂ ਮੈਂ ਅਨਾਥ ਅਣਦੇਈਆਂ ਚਿੰਤਾਂ ਦੇ ਦੁੱਖਾਂ ਵਿਚ ਰੁਲ ਰੁਲ ਕੇ ਮਰ ਖਪ ਜਾਂਦੀ, ਜਦ ਤਕ ਆਪ ਦਾ ਕਿਰਪਾਲੂ ਹਥ ਮੇਰੇ ਸਿਰ ਤੇ ਹੈ ਤਦ ਤਕ ਮੈਨੂੰ ਕੋਈ ਫਿਕਰ ਨਹੀਂ, ਪਰਮੇਸ਼ਰ ਆਪ ਨੂੰ ਮੇਰੇ ਸਿਰ ਤੇ ਆਸਰਾ ਬਣਾਈ ਰੱਖੇ।

ਤਾਈ—ਲੈ ਹੁਣ ਉਠਕੇ ਮੂੰਹ ਹੱਥ ਧੋਕੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦਾ ਪਾਠ ਕਰ, ਜਿਹੜਾ ਬੁਝੇ ਜੀ ਤੇ ਗੁਬਾਰ ਹੈ ਸਭ ਉਤਰ ਜਾਏਗਾ।

ਮੋਹਣੀ—ਜੀ ਸਤਿ ਬਚਨ, ਕਹਿਕੇ ਉਠ ਖਲੋਤੀ, ਪੰਜ ਇਸ਼ਨਾਨਾ ਕਰਕੇ ਗਲ ਵਿਚ ਪੱਲਾ ਪਾ ਕੇ ਹਜ਼ੂਰ ਅਗੇ ਖੜੀ ਹੋਕੇ ਬੇਨਤੀ ਕੀਤੀ ਫਿਰ ਜ਼ਿਮੀਨ ਤੇ ਸਿਰ ਰੱਖਕੇ ਮੱਥਾ ਟੇਕਿਆ, ਫਿਰ ਅਦਬ ਨਾਲ ਤਾਬਿਆ ਬੈਠ ਕੇ ਅਵਾਜ਼ ਲਈ ਤਾਂ ਇਹ ਤੁਕ ਆਈ "ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥ ਤਾਕਉ ਕਹਹੁ ਪਰਵਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥" ਫਿਰ ਮਥਾ ਟੇਕ ਕੇ ਆਪਣੇ ਪਾਠ ਦੀ ਨਿਸ਼ਾਨੀ ਤੋਂ ਪਾਠ ਦਾ ਅਰੰਭ ਕੀਤਾ।

ਪੂਰਣ ੧੯

ਤਪ ਆਲੰਬਨ ਸਘਨ ਬਨ
ਸਪਤ ਸ੍ਰਿੰਗ ਬਿਸਤਾਰ।
ਗੁਪਤ ਪ੍ਰਗਟ ਤਪ ਤਪਤ ਜਹਿੰ
ਰਿਖ ਮੁਨਿ ਨਰ ਗਿਰ ਨਾਰਿ॥

ਸਾਖਯਾਤ ਪਰਮੇਸ਼ੁਰ ਦੀ ਕੁਦਰਤ ਦਾ ਨਮੂਨਾ, ਪ੍ਰਿਥਵੀ ਨਾਲੋਂ ਏਡਾ ਉੱਚਾ ਕਿ ਜਿਸ ਦੀ ਚੋਟੀ ਵੇਖਦਿਆਂ ਸਿਰ ਪਿੱਠ ਨਾਲ ਜਾ ਲਗਦਾ ਹੈ।ਜੇ ਕਦੀ ਘੇਰਾ ਦੇਖਣ ਲਗੀਏ ਤਾਂ ਅਖਾਂ ਇਵੇਂ ਉਰੇ ਹੀ ਥੱਕ ਕੇ ਲੁਕਣ ਨੂੰ ਕਰਦੀਆਂ ਹਨ। ਜੇ ਕਦੀ ਪੈਰ ਹਿੰਮਤ ਕਰਨ ਭਈ ਟੁਰਕੇ ਅੰਤ ਲਈਏ ਤਾਂ ਥਕ ਥਕ ਕੇ ਹੁਟ ਰਹਿੰਦੇ ਹਨ, ਅਜਿਹੇ ਭਾਰੇ ਵਡੇਰੇ ਉਚੇਰੇ ਅਸਥਾਨ ਦਾ ਅੰਤ ਇਹ ਵਿਚਾਰੀ ਨਿਕੀ ਜਿਹੀ ਚੁੰਝ ਵਾਲੀ ਲਿੱਖਣ ਕੀਕਰ ਅਤੇ ਕੀ ਕੁਝ ਕਰ ਸਕਦੀ ਹੈ? ਪਰੰਤੂ ਸੁਮੇਰ ਵਿਚੋਂ ਕਿਣਕਾ ਮਾਤ੍ਰ ਵਾਕਰ ਸੋ ਭੀ ਆਪਣੀ ਛਾਤੀ ਫਾੜ ਕੇ ਵਿਤ ਅਨੁਸਾਰ ਇਉਂ ਪ੍ਰਗਟ ਕਰਦੀ ਹੈ। ਇਹ ਹੋਰ ਸਾਰੇ ਪਹਾੜਾਂ ਨਾਲੋਂ ਤਪਸਵੀ ਲੋਕਾਂ ਲਈ ਵਡਾ ਸੁਖਦਾਈ ਪਹਾੜ ਹੈ, ਪਹਿਲੇ ਤਾਂ ਇਸ ਤੇ ਨਾ ਵਧੀਕ ਗਰਮੀ ਅਤੇ ਨਾ ਹੀ ਵਾਧੂ ਸਰਦੀ ਪੈਂਦੀ ਹੈ, ਸਗਮਾ ਸਦਾ ਬਹਾਰ ਬਸੰਤ ਰੁਤ ਹੀ ਬਨੀ ਰਹਿੰਦੀ ਹੈ। ਦੂਜੇ ਇਹ ਪਹਾੜ ਤਰ ਹੈ,ਇਸ ਵਿਚ ਨਦੀਆਂ ਕੁੰਡ, ਸ੍ਰੋਟੇ, ਝਰਨੇ, ਬਾਉਲੀਆਂ ਅਨੰਕਾਂ ਹੀ ਹਨ, ਜਿਨ੍ਹਾਂ ਦੀ ਗਿਣਤੀ ਨਹੀਂ, ਇਸੇ ਕਾਰਨ ਹਰਿਆਉਲ ਘਾਸ ਦਰਖਤਾਂ ਅਤੇ ਵੇਲਾਂ ਦਾ ਭਾਰੀ ਲਹਿਲਹਾਉ ਹੈ। ਇਕੁਰ ਹੀ ਜੀਵ ਜੰਤੂ ਪੰਛੀ ਮ੍ਰਿਗਾਦਿਕਾਂ ਦਾ ਵੀ ਚਹਿਚਹਾਉ ਬੜਾ ਰਮਣੀਕ ਹੈ। ਤੀਜੇ ਤਪਸਵੀ ਲੋਕਾਂ ਦੇ ਬਿਅੰਤ ਅਸਥਾਨ, ਰਿਖੀਆਂ ਮੁਨੀਆਂ ਦੇ ਨਿਵਾਸ, ਅਸਥਲ, ਆਸ਼ਰਮ ਬਨ ਅਤੇ ਤੀਰਥ ਆਦਿਕਾਂ ਦੇ ਹੋਣੇ ਕਰਕੇ ਇਸਦੀ ਪਵਿਤ੍ਰਤਾ ਅਕੱਥਨੀਯ ਹੈ। ਚੌਥੇ ਇਸਦੀਆਂ ਘਾਟੀਆਂ, ਟਿੱਲੇ, ਚੋਟੀਆਂ, ਮੰਦਰਾਂ ਦੇ ਕਲਸ, ਧੁਜਾ, ਆਦਿਕ ਇਸ ਦੀ ਵਡਿਆਈ ਨੂੰ ਹੋਰ ਵੀ ਚਉਣਾ ਅਠੁਣਾ ਕਰਕੇ ਦਿਖਾ ਰਹੇ ਹਨ। ਇਸ ਪਹਾੜ

Digitized by Panjab Digital Library | www.panjabdigilib.org

ਵਿਚ ਬੜੀਆਂ ਡੂੰਘੀਆਂ ਭਿਆਨਕ ਖੱਡਾਂ, ਜੋ ਉਚਾਈ ਦੇ ਮੁਕਾਬਲੇ ਵਿਚ ਨਿਵਾਈ ਕਿਸੇ ਤਰ੍ਹਾਂ ਆਪਣੇ ਆਪ ਨੂੰ ਨੀਵਾਂ ਨਹੀਂ ਕਰਦੀ। ਇਕੁਰ ਹੀ ਟਿੱਲੇ, ਅਤੇ ਝਾੜੀਆਂ ਦਾ ਗਹਗਟ ਤਾ ਇਸ ਦੇ ਕਾਲੇ ਤੇ ਚਮਕੀਲੇ ਪਥਰ ਦੇ ਢਕਣ ਲਈ ਇਕ ਅਨੋਖਾ ਹਰੇ ਰੰਗ ਦਾ ਮਾਨੋ ਉਦਾਨ ਹੈ, ਜਿਸ ਦੇ ਵਿਚੋਂ ਇਸਦੀ ਚਮਕ ਅਤੇ ਦਮਕ ਪੈਣ ਦੇ ਰੁਮਕੇ ਨਾਲ ਅਜਿਹੀ ਮਨ ਮੋਹਣੀ ਝਲਕ ਦੇਂਦੀ ਹੈ ਕਿ ਜਿਸ ਦੀ ਉਪਮਾ ਹੀ ਕੋਈ ਨਹੀਂ ਲੱਭਦੀ।

ਇਹ ਪਰਬਤ ਸੰਤਾਂ ਚੋਟੀਆਂ ਵਿਚ ਵਿਦਮਾਨ ਹੈ, ਪਹਿਲੀ ਚੋਟੀ ਜੋ ਸਭ ਤੋਂ ਛੋਟੀ ਅਰਥਾਤ ਨੀਵੀਂ ਹੈ, 'ਉਪਰਗੜ' ਨਾਮ ਕਰਕੇ ਪ੍ਰਸਿਧ ਹੈ ਇਥੇ ਜੈਨੀਆਂ ਦੇ ਮੰਦਰ ਹਨ। ਇਸਦੇ ਨੀਚੇ ਵਿਚਕਾਰ ਕਰਕੇ ਵੀ ਇਕ ਜੈਨੀਆਂ ਦਾ ਭਾਰੀ ਮੰਦਰ ਲਾਂਭੇ ਕਰਕੇ 'ਬਾਗੇਸ਼ਰੀ', ਇਸ ਤੋਂ ਥੋੜਾ ਲਾਂਭੇ 'ਰੇਵਤੀ ਕੁੰਡ' ਹੈ, ਇਸ ਤੋਂ ਨੀਚੇ ਇਕ ਵਡਾ ਭਾਰੀ 'ਦਾਮੋਦਰ ਕੁੰਡ' ਹੈ, ਜਿਸ ਵਿਚੋਂ ਇਕ ਨਦੀ ਨਿਕਲ ਰਹੀ ਹੈ, ਕਿਨਾਰੇ ਤੇ ਜੈਨੀਆਂ ਦਾ ਬੜਾ ਭਾਰੀ ਮੰਦਰ ਹੈ। ਇਸ ਮੰਦਰ ਦੇ ਕੋਣੇ ਤੇ 'ਪੋਤਸਿਲ' ਨਾਮੀ ਇਕ ਅਸਥਾਨ ਹੈ। ਇਸ ਮੰਦਰ ਦੇ ਦੂਜੇ ਪਾਸੇ ਵਲ ਦਾਮੋਦਰ ਕੁੰਡ ਤੇ ਪੁਲ ਹੈ, ਇਸ ਰਸਤੇ ਦੂਜੀ ਤੀਜੀ ਚੋਟੀ ਤੇ ਅੱਪੜੀਦਾ ਹੈ। ਇਸ ਦੇ ਉਪਰ ਦੂਜੀ ਚੋਟੀ ਵਿਦਮਾਨ ਹੈ, ਇਸੇ ਦਾ ਨਾਉਂ 'ਦਾਤਾਰ ਸ਼ਿਖਰ' ਕਰਕੇ ਪ੍ਰਸਿਧ ਹੈ। ਇਹ ਚੋਟੀ ਚੌੜਾਈ ਵਿਚ ਬਹੁਤ ਬੜੀ ਹੈ, ਇਸ ਦੇ ਦੋਨੋਂ ਪਾਸੇ ਢਲਾਉ ਵੀ ਚੰਗਾ ਹੈ। ਉਸ ਹੇਠਲੇ ਰਸਤੇ ਦੇ ਕਿਨਾਰੇ ਕਿਨਾਰੇ ਕੋਈ ਅਸਥਾਨ ਮੰਦਰ ਛੋਤ੍ਰ ਸਦਾ ਵਰਤ ਆਦਿਕ ਜਗਹਾਂ ਹਨ। ਜਿਹਾ ਕਿ 'ਪ੍ਰੇਮ ਚੰਦ ਰਾਇ ਚੰਦ ਦੀ ਧਰਮਸਾਲਾ' ਅਤੇ 'ਦਿਗੰਬਰੀਆਂ ਦੀ ਧਰਮਸਾਲਾ' 'ਭੁਵਨੇਸ਼ੁਰ' 'ਚੜਾਨੀ ਬਾਬਾ' ਆਦਿਕ ਬਣੇ ਹੋਏ ਹਨ। ਫਿਰ ਇਸੇ ਰਸਤੇ ਤੀਜੀ ਚੋਟੀ ਨੂੰ ਜਾਂਦਿਆਂ ਜੈਨੀਆਂ ਦੇ ਮੰਦਰ 'ਮੂਲਨਾਯਕ' 'ਅਪਰਕੋਟ' 'ਅਦਭੁਤ ਜੀ' 'ਰਾਣਕਦੇਨਜੀਨਾ ਮਾਲਾ' 'ਰਾਮ ਨਦੀ ਜਗਜ' 'ਗੋਮੁਖੀ ਗੰਗਾ' ਅਤੇ ਹੇਠਲੇ ਪਾਸੇ ਵਾਰ 'ਹਾਥੀ ਪੈਰ ਕੁੰਡ' 'ਭੀਮ ਕੁੰਡ' 'ਸੋਨੀ ਨੂੰਦੇਰ' ਆਦਿਕ ਅਨੇਕਾਂ ਅਸਥਾਨ ਹਨ। ਇਨਾਂ ਤੋਂ ਉਤਾਂਹ ਅੱਪੜਕੇ 'ਰਾਜਲਨੀ ਗੁਫਾ' ਹੈ। ਇਸ ਤੋਂ ਹੋਰ ਉਪਰਾਂਹ 'ਉਬੜਨੂੰਦਰੂ' ਅਸਥਾਨ ਹੈ ਫਿਰ ਇਸ ਤੋਂ ਉਪਰ ਚਲਕੇ 'ਰਹਨੇਮੀ' ਜੀ ਦਾ ਮੰਦਰ ਹੈ। ਇਸ ਤੋਂ ਹੋਰ ਉਪਰ ਚੜ੍ਹਕੇ ਤੀਸਰੀ ਚੋਟੀ ਵਿਦਮਾਨ ਹੈ, ਇਸ ਦਾ ਨਾਉ 'ਅੰਬਾ ਜੀ ਦੀ ਟੂੰਕ' ਕਰਕੇ ਪ੍ਰਸਿਧ ਹੈ। ਇਥੇ ਦੇਵੀ ਦਾ ਮੰਦਰ ਹੈ। ਇਥੇ ਜਗਾਹ ਬਹੁਤ ਸੌੜੀ ਹੈ। ਇਸ ਚੋਟੀ ਤੋਂ ਦੂਜੇ ਪਾਸੇ ਵਲੋਂ ਪੌੜੀਆਂ ਦੇ ਰਸਤੇ ਉਤਰ ਕੇ ਫਿਰ ਚੌਥੀ ਟੂੰਕ (ਚੋਟੀ) ਦੀ ਚੜ੍ਹਾਈ ਹੈ, ਇਹ ਚੋਟੀ ਸਿੱਧੀ ਅਤੇ ਤਿੱਖੀ ਘੇਰੇ ਦੀ ਬਹੁਤ ਛੋਟੀ ਹੈ, ਜਿਸ ਤੇ ਵੀਹ ਪੰਝੀ ਆਦਮੀ ਵੀ ਮੁਸ਼ਕਲ ਨਾਲ ਬੈਠ ਸਕਦੇ ਹੈਨ। ਇਸਦਾ ਨਾਉਂ 'ਗੋਰਖ ਬਨੀ ਟੂੰਕ' ਕਰਕੇ ਪ੍ਰਸਿਧ ਹੈ। ਇਸ ਚੋਟੀ ਤੋਂ ਬਹੁਤ ਹੇਠਾਂ ਅਧਵਿਚਕਾਰ 'ਭੈਰਵ-ਝਾਪ' ਨਾਮੀ ਇਕ ਟਿੱਲਾ ਹੈ, ਜਿਸ ਤੇ ਚੜ੍ਹਕੇ ਕੋਈ ਕਾਮਾਰਥੀ ਲੋਭ(ਕਾਸੀ ਕਲਵਤ੍ ਲੈਣ ਵਾਕਰ) ਛਾਲਾ ਮਾਰ ਕੇ ਆਪਣੇ ਪਿਆਰੇ ਪ੍ਰਾਣ ਵਾਸ਼ਨਾ ਦੇ ਬੱਧੇ ਹੋਏ ਵਿਅਰਥ ਗੁਆ ਦਿਆ ਕਰਦੇ ਸਨ। ਇਹ ਚੋਟੀ ਤੀਜੀ ਅਤੇ ਛੇਵੀਂ ਨਾਲੋਂ ਨੀਵੀਂ ਅਤੇ ਪਹਿਲੀ ਦੂਜੀ ਨਾਲੋਂ ਉਚੀ ਹੈ, ਇਸੇ ਦੇ ਨਾਲ ਲਗਦੀ ਅਤੇ ਇਸ ਨਾਲੋਂ ਨੀਵੀਂ ਤਿੱਖੀ ਅਤੇ

Digitized by Panjab Digital Library | www.panjabdigilib.org

ਸਿਧੀ ਚੋਟੀ ਜਿਸਤੇ ਕੋਈ ਦਸ ਆਦਮੀ ਵੀ ਨਹੀਂ ਬੈਠ ਸਕਦੇ ਵਿਦਮਾਨ ਹੈ, ਇਹ ਚੋਟੀ 'ਉਘੜਨੀ ਟੂੰਕ' ਕਰਕੇ ਪ੍ਰਸਿੱਧ ਹੈ। ਇਸ ਤੇ ਵੀ ਇਕ ਮੰਦਰ ਬਣਿਆ ਹੋਇਆ ਹੈ, ਇਸੇ ਦੇ ਨਾਲ ਵਾਰ ਕਰਕੇ ਚੋਟੀ ਜੋ ਉਚਾਈ ਵਿਚ ਤੀਜੀ ਚੋਟੀ ਦੇ ਨੇੜੇ ਤੇੜੇ ਅੱਪੜੀ ਹੋਈ ਨੋਕਦਾਰ ਸਿੱਧੀ ਅਤੇ ਚੜ੍ਹਾਈ ਬੜੀ ਤਿੱਖੀ, ਭਾਵੇਂ ਪੌੜੀਆਂ ਵੀ ਬਣੀਆਂ ਹੋਈਆਂ ਹਨ, ਫਿਰ ਭੀ ਦੋ ਆਦਮੀ ਇਕੱਠੇ ਨਹੀਂ ਚੜ੍ਹ ਸਕਦੇ।ਇਸ ਦੀ ਚੜ੍ਹਾਈ ਬਹੁਤ ਹੀ ਬਿਖੜੀ ਔਖੀ ਹੈ, ਇਸ ਦਾ ਨਾਉਂ 'ਦਤਾਤ੍ਰੇਜ ਜੀ ਦੀਆਂ ਚਰਨ ਪਾਦਕਾ' ਕਰਕੇ ਪ੍ਰਸਿੱਧ ਹੈ, ਇਥੇ ਵੀ ਇਕ ਭਾਰੀ ਮੰਦਰ ਹੈ, ਇਸ ਅਸ-ਥਾਨ ਨੂੰ ਮੁਸਲਮਾਨ ਲੋਕ ਬਾਵਾ ਆਦਮ ਦੇ ਕਦਮ ਕਰਕੇ ਮੰਨਦੇ ਹਨ ਅਤੇ ਜੈਨੀ ਲੋਗ 'ਜਿਨੇਸ਼ੁਰ ਸ੍ਵਾਮੀ ਜੀ ਦੇ ਚਰਨ' ਕਰਕੇ ਪੂਜਦੇ ਹਨ। ਇੱਕੁਰ ਹੀ ਸੰਨਜਾਸੀ ਲੋਗ ਦਤਾਤ੍ਰੇਯ ਜੀ ਦੀਆਂ ਚਰਨ ਪਾਦਕਾਂ ਕਰਕੇ ਪੂਜਦੇ ਹਨ ਅਤੇ ਰਹਿੰਦਾ ਵੀ ਓਥੇ ਸੰਨਜਾਸੀ ਪੁਜਾਰੀ ਹੈ। ਇਸੇ ਦੇ ਨਾਲ ਵਾਰ ਕਰਕੇ ਨੀਵੀਂ ਜੋ ਪੰਜਵੀਂ ਨਾਲੋਂ ਵੀ ਕਝ ਨਿਵੇਰੀ ਹੀ ਵਿਦਮਾਨ ਹੈ, ਜਿਸਦੀ ਚੜ੍ਹਾਈ ਉਤਰਾਈ ਸਿੱਧੀ ਤਿੱਖੀ ਅਤੇ ਬਿਖੜੀ ਹੈ, ਇਸ ਤੇ ਕਾਲਕਾ ਦਾ ਮੰਦਰ ਬਣਿਆ ਹੋਇਆ ਹੈ ਨਾਉਂ ਵੀ ਇਸਦਾ 'ਕਾਲਕਾ ਦੀ ਟੂੰਕ' ਕਰਕੇ ਪ੍ਰਸਿਧ ਹੈ। ਇਹੋ ਸਤਵੀ ਟੂਕ ਚੋਟੀ ਵਾ ਸ੍ਰਿੰਗ ਹੈ।

—ਅਸਮਾਪਤ—

ਨੋਟ—ਸ਼ੋਕ ਹੈ ਕਿ ਏਸੇ ਰਸਦਾਇਕ ਤੇ ਸਿਖਜਾ ਪੂਰਤ ਪੁਸਤਕ ਨੂੰ ਕਰਤਾ ਜੀ ਅਪਨੇ ਜੀਵਨ ਕਾਲ ਵਿਚ ਪੂਰਣ ਨਹੀਂ ਕਰ ਸਕੇ। [ਸੰਪਾਦਿਕ

Digitized by Panjab Digital Library | www.panjabdigilib.org

੨੪.

ਕੇਸਰੀ ਚਰਖਾ

Digitized by Panjab Digital Library | www.panjabdigilib.org

ੴ ਸਤਿਨਾਮੁ

ਕੇਸਰੀ ਚਰਖਾ

੧. ਕੇਸਰ ਕਿਸ ਨੂੰ ਆਖੀਐ ਇਹ ਵੇਲਾ ਕਿਹੜਾ ?
੨. ਸੇਜਾ ਪਲੰਘ ਦੁਲੀਚੜੇ ਉਠ ਗਇਆ ਸੁ ਜਿਹੜਾ ।

੩. ਅਜੇ ਸੁ ਵੱਲ ਨ ਆਇਆ ਰੱਸੀ ਸੜ ਗਈਆ ।
੪. ਚਰਖੀ ਹੱਲੀ ਗੁੱਡੀਆਂ ਪੀਹੜੀ ਭਜ ਪਈਆ ।
੫. ਉਠੀਆਂ ਸੱਭ ਸਹੇਲੀਆਂ ਉਹ ਕਿੱਥੇ ਤਿੰਵਣ ।
੬. ਗੁਹੜੇ ਪੱਛੀ ਰੂੰ ਨਹੀਂ ਨਾਂ ਤੇਲੀ ਪਿੰਵਣ ।
੭. ਲਾਗੀ ਆਏ ਪਹਿਨਕੇ ਉਹ ਜਾਂਞੀ ਕਪੜੇ ।
੮. ਮੋੜੇ ਮੁੜਨ ਨ ਕਿਸੇ ਦੇ ਹਥ ਪਾਏ ਤਕੜੇ ।

੯. ਹੇ ਨੀ ਅੰਮੜ ਮੇਰੀਏ ! ਤੈਂ ਮੱਤ ਨ ਦਿੱਤੀ ।
੧੦. ਬਾਜੀ ਹਾਰੀ ਆਪ ਮੈਂ ਮੈਂ ਜੇਹੀਆਂ ਜਿੱਤੀ ।
੧੧. ਮੈਂ ਭਰਵਾਸੇ ਰੂਪ ਦੇ ਸਭ ਆਪ ਗਵਾਇਆ ।
੧੨. ਗਲ ਵਿਚ ਘੋਟੂ ਪਾਉ'ਦਾ ਠਗ ਨਜ਼ਰੀਂ ਆਇਆ ।
੧੩. ਮੈਂ ਜੇਹੀ ਧਨ ਵਾਲੀਆਂ ਕਈ ਪਕੜ ਚਲਾਈਆਂ ।
੧੪. ਜੋ ਭਰਵਾਸੇ ਜਾਤ ਦੇ ਉਹ ਭੀ ਪਛੁਤਾਈਆਂ ।
੧੫. ਇਹ ਘੁਣ ਖਾਧਾ ਚਰਖੜਾ ਕਿਤ ਕੰਮ ਨ ਆਵੇ ।
੧੬. ਟੁੱਟੇ ਤਕਲਾ ਸਾਰ ਦਾ ਗੰਢ ਰਾਸ ਨ ਆਵੇ ।
੧੭. ਚਮੜੀ ਖਾਧੀ ਚੂਹਿਆਂ ਨਹਿੰ ਬੀੜੀ ਬਹਿੰਦੀ ।
੧੮. ਮਣਕਾ ਟੁੱਟਾ ਧੌਣ ਤੋਂ ਨਹਿੰ ਛੱਲੀ ਲਹਿੰਦੀ ।
੧੯. ਭੁੱਟੀ ਮਾਹਲ ਪਲੰਦ ਹੁਇ ਗੰਢਣ ਵਿਚ ਨਾਂਹੀ ।
੨੦. ਬਾਇੜ ਖਾਧਾ ਚੂਹਿਆਂ ਲਠ ਢਿੱਗੀ ਢਾਹੀ ।
੨੧.
੨੨. ਵੇਲੇ ਨਾਲ ਨ ਚੇਤਿਆ ਜਦ ਸੀਰ ਜੁਆਨੀ ।
੨੩. ਜੋਬਨ ਧਨ ਭਰਵਾਸੜੇ ਮੈਂ ਰਹੀ ਦਿਵਾਨੀ ।
੨੪. ਮੱਤੀ ਮਾਨ ਗੁਮਾਨ ਮੈਂ ਨਿਤ ਫਿਰਦੀ ਆਹੀ ।
੨੫. ਰੰਗ ਬਰੰਗੀ ਕੱਪੜੇ, ਹਥ ਸੁੰਦਰ ਬਾਹੀਂ ।

Digitized by Panjab Digital Library | www.panjabdigilib.org

੨੬. ਜਾਂ ਮੈਂ ਦੇਖਾਂ ਆਪ ਵੱਲ ਵਿਚ ਅੰਗ ਨ ਮਾਵਾਂ।
੨੭. ਇਕੋ ਜੇਹੀਆਂ ਨਾਲ ਬਹਿ ਸੁਰ ਲੰਮੀ ਗਾਵਾਂ।
੨੮. ਮੱਤ ਦੇਵੇ ਉਸ ਵੇਲੜੇ ਸੋ ਵੇਰੀ ਮੇਰਾ।
੨੯. ਕਿਸੇ ਨ ਆਣਾ ਖਾਤਰੀ ਕਰ ਜਾਣਾ ਚੇਰਾ।

੩੦. ਹੈ ਨੀ ਅੰਬੜ ਮੇਰੀਏ! ਮੈਂ ਮੁਈਆਂ ਹਾਵੇ।
੩੧. ਕੰਤ ਰੀਸਾਲੂ ਸੋਹਿਣਾ ਨਾਂ ਮੁਹੋਂ ਬੁਲਾਵੇ।
੩੨. ਉਹ ਰੱਤਾ ਪਰ ਵੇਲੜੀ ਮੈਂ ਚੱਜ ਨ ਕੋਈ।
੩੩. ਹਾਇ ਕੁਚੱਜੀ ਜਨਮ ਦੀ ਐਵੇਂ ਪਤ ਖੋਈ।
੩੪. ਕੂੜੇ ਕੀਤੇ ਕੰਮ ਮੈਂ ਤੇ ਕੋਝੀਆਂ ਖੇਡਾਂ।
੩੫. ਹੁਣ ਮਿਲ ਮੈਨੂੰ ਕਰਦੀਆਂ ਸਹੀਆਂ ਚਾਹੇਡਾਂ।
੩੬. ਜੇ ਗੁਣ ਹੁੰਦੇ ਗੰਠੜੀ ਤਾਂ ਸ਼ੋਭਾ ਪਾਂਦੀ।
੩੭. ਜਸ ਹੁੰਦਾ ਘਰ ਸਾਹੁਰੇ ਮੈਂ ਧੰਨ ਸੁਆਂਦੀ।
੩੮. ਸੋ ਗੁਣ ਕੁਈ ਨ ਪੱਲੜੇ ਸ਼ਹੁ ਕੀਕੁਰ ਭਾਵਾਂ?
੩੯. ਝੁਰ ਝੁਰ ਸੁੱਕਾ ਪਿੰਜਰਾ ਕਹਿੰਦੀ ਸ਼ਰਮਾਵਾਂ।
੪੦. ਹੈ ਨੀਂ ਅੰਬੜ ਮੇਰੀਏ! ਮੈਂ ਇਹ ਕੀ ਕੀਤਾ?
੪੧. ਖਹਿ ਕੇ ਜੋੜਾ ਪਾੜਿਆ ਫਿਰ ਮੂਲ ਨ ਸੀਤਾ।
੪੨. ਵੇਲਾ ਗਿਆ ਬਿਤੀਤ ਉਹ ਹੁਣ ਹੱਥ ਨ ਆਵੇ।
੪੩. ਝੋਰਾ, ਝਿੱਕਾ, ਝੀਕਣਾ, ਚਿੰਤਾ, ਦੁਖ, ਹਾਵੇ।
੪੪. ਗਈ ਜੁਆਨੀ ਰੰਗਲੀ ਫਿਰ ਕਰੂ ਨ ਫੇਰਾ।
੪੫. ਲਾਗੀ ਆਏ ਘਰਾਂ ਵਿਚ ਘੱਤ ਬੈਠੇ ਡੇਰਾ।
੪੬. ਸਹੀਆਂ ਵਿਚੋਂ ਖੇਡਦੀ ਲੈ ਜਾਸਨ ਮੈਨੂੰ।
੪੭. ਰੱਖਣ ਵਾਲਾ ਕੋ ਨਹੀਂ ਆਖਾਂ ਮੈਂ ਕੈਨੂੰ?
੪੮.
੪੯. ਪੇਕੇ ਘਰ ਵਿਚ ਲਾਡਲੀ ਮੈਂ ਰਹੀ ਦਿਵਾਨੀ।
੫੦. ਵੇਲਾ ਨਹੀਂ ਸਮ੍ਹਾਲਿਆ ਜਦ ਸੀਗ ਜੁਆਨੀ।
੫੧. ਸਖੀਆਂ ਮਿਲਮਿਲ ਪੁਛਦੀਆਂ ਕੋਈ ਦਰਦ ਨ ਵੰਡੇ।
੫੨. ਆਪੇ ਅਪਣੇ ਰਾਹ ਵਿਚ ਮੈਂ ਬੀਜੇ ਕੰਡੇ।
੫੩. ਦੋਸ਼ ਨਹੀਂ ਕਿਛ ਕੰਤ ਨੂੰ ਮੈਥੋਂ ਹੀ ਹੋਈ।
੫੪. ਪੇਕੇ ਘਰ ਵਿਚ ਵਸਦਿਆਂ ਮੈਂ ਲਾਹੀ ਲੋਈ।
੫੫. ਸੰਗ ਨ ਲੱਗੀ ਕੰਤ ਦੇ ਗੁਣ ਮੂਲ ਨ ਸਿੱਖੇ।
੫੬. ਠਰੀ ਨ ਮੂਲੋਂ ਓਸਥੋਂ ਬੋਲੀ ਬਚ ਤਿੱਖੇ।
੫੭. ਸੱਸ ਨਿਣਾਣ ਜਿਠਾਣੀਆਂ ਥਕੀਆਂ ਸਮਝਾਈ।

Digitized by Panjab Digital Library | www.panjabdigilib.org

੫੮. ਭੈਣਾਂ ਤੇ ਭਰਜਾਈਆਂ ਦੀ ਗੱਲ ਗੁਵਾਈ।
੫੯. ਆਖੇ ਲੱਗ ਨ ਉਨ੍ਹਾਂ ਦੇ ਮੈਂ ਚਰਖਾ ਡਾਹਿਆ।
੬੦. ਹੱਥ ਨ ਲਾਇਆ ਪੂਣੀਆਂ ਨਹਿੰ ਪਿੰਜਣ ਪਾਯਾ।
੬੧. ਮੈਂ ਜਾਣਾ ਕੀ ਉਨ੍ਹਾਂ ਨੂੰ ਘਰ ਪੇਕਾ ਮੇਰਾ।
੬੨. ਓੜਕ ਮੈਂ ਅੱਜ ਦੇਖਿਆ ਵਿਚ ਜੰਗਲ ਡੇਰਾ।
੬੩. ਜੇ ਕੋਈ ਕਦਿ ਆਖਦਾ, ਮੈਂ ਚਿਤ ਨ ਧਰਦੀ।
੬੪. ਹੁਣ ਟੁਰਦੀ ਹੋ ਸੋਹਿਣੀ ਉਸ ਵੇਲੇ ਡਰਦੀ।
੬੫.
੬੬. ਪੇਕੇ ਘਰ ਵਿਚ ਲਾਡਲੀ ਰਹੀਆਂ ਮਤਵਾਲੀ।
੬੭. ਖਾਣਾ ਪੀਣਾ ਹੱਸਣਾਂ ਖੇਡਣ ਦੀ ਚਾਲੀ।
੬੮. ਮਾਣੇ ਮੱਤੀ ਲਾਡਲੀ ਮੈਂ ਰਹੀ ਲਡਿੱਕੀ।
੬੯. ਸਹੀਆਂ ਦੇ ਵਿਚ ਬੈਠਕੇ ਕੁਦੀ ਮੱਤ ਨ ਸਿੱਖੀ।
੭੦. ਇਹ ਚਰਖਾ ਨਿਰਮੋਲ ਸੀ ਏਵੇਂ ਹਥ ਆਇਆ।
੭੧. ਸੱਧਰ ਲਾਹ ਨ ਕੱਤਿਆ ਨਾਂ ਤਿੰਵਣ ਡਾਹਿਆ।
੭੨. ਪਿਆ ਪੁਰਾਣਾ ਹੌਂਵਦਾ ਘੁਣ ਖਾਂਦਾ ਜਾਂਦਾ।
੭੩. ਕੁੜੀਆਂ ਵੰਨੀਂ ਵੇਖਕੇ ਨਹਿੰ ਚਾਉ ਉਪਾਂਦਾ।

੭੪. ਹੈ ਨੀ ਅੰਬੜ ਮੇਰੀਏ! ਤੁਧ ਧੀ ਪਿਆਰੀ।
੭੫. ਹੈ! ਇਸ ਵੇਲੇ ਰੱਖ ਲੈ ਮੈਂ ਦੁਖੀਆ ਭਾਰੀ।
੭੬. ਮੈਨੂੰ ਸੁਝ ਨ ਆਪਣੀ ਬੁਧਿ ਕਿਸੇ ਨ ਲੀਤੀ।
੭੭. ਚਰਖਾ ਡੱਠਾ ਤਿੰਵਣੀ ਮੈਂ ਸੁਤਿਆਂ ਬੀਤੀ।
੭੮. ਜੇ ਉਸ ਵੇਲੇ ਸੰਜਦੀ ਮੇਰੇ ਕੰਮ ਆਂਦਾ।
੭੯. ਹੱਥੋਂ ਖਾਲੀ ਮੈਂ ਚਲੀ ਪਛੁਤਾਉ ਨ ਜਾਂਦਾ।
੮੦. ਕਤ ਕਤ ਕੀਤੇ ਦਾਜ ਜਿਨ ਲੈ ਬੁਚਕੇ ਚਲੀਆਂ,
੮੧. ਮੈਥੋਂ ਸੱਭੇ ਚੰਗੀਆਂ ਮੈਂ ਮੰਦੀ ਝਲੀਆਂ।
੮੨. ਬੋਲਣ ਜੋਗੀ ਮੈਂ ਨਹੀਂ ਕੀ ਲੈ ਮੂੰਹ ਬੋਲਾਂ,
੮੩. ਸ਼ਰਮਿੰਦੀ ਮੰਦੀ ਘਣੀ ਭੂਮ ਰੋਲ ਘਚੋਲਾਂ।
੮੪. ਸੱਧਰ ਕੀਤੀ ਕੀ ਕਰੇ ਹੁਣ ਬਲ ਨਹੀਂ ਪਉਂਦਾ,
੮੫. ਕੀ ਹੁੰਦਾ ਹੁਣ ਕੀਤਿਆਂ ਕਾਂ ਸਿਰ ਤੇ ਲਉਂਦਾ।
੮੬. ਦੇਂਦੇ ਕੰਨ ਉਗਾਹੀਆਂ ਸੁਣ ਸੁਣ ਕੰਨਸੋਈ,
੮੭. ਅੱਖੀਂ ਧਾਹੀਂ ਰੁੰਨੀਆਂ ਮੋੜੀ ਨਹੀਂ ਖੋਈ।
੮੮. ਹੈ ਬਦਖੋਈਆਂ ਪੱਟਿਆ, ਆਖਾਂ ਮੈਂ ਕੈਨੂੰ,
੮੯. ਖੋਇ ਨ ਹਾਰੀ ਮੈਂ ਹਰੀ ਇਨ ਖਾਧਾ ਮੈਨੂੰ।

Digitized by Panjab Digital Library | www.panjabdigilib.org

੯੦. ਏਹਨਾਂ ਹੱਥੋਂ ਕੂਕਦੀ ਕਰ ਖੜੀਆਂ ਬਾਹੀਂ,
੯੧. ਹੈ ਨੀਂ ਸੌਂਕਣ ਮੇਰੀਓ ਛਡਿਓ ਜੇ ਨਾਂਹੀ।
੯੨. ਮੈਂ ਹੁਣ ਚਰਖਾ ਕੱਤਦੀ ਜੇ ਦੇਵਣ ਕੱਤਣ,
੯੩. ਪਰ ਉਹ ਲਾਗੀ ਆ ਗਏ ਮਲ ਬੈਠੇ ਪੱਤਣ।

੯੪. ਹੈ ਬਦਖੋਈਆਂ ਮੇਰੀਆਂ ਨਹਿੰ ਲਹਿੰਦੀਆਂ ਮੂਲੋਂ,
੯੫. ਚੁਣ ਚੁਣ ਮੈਨੂੰ ਖਾਂਦੀਆਂ ਪਰ ਤਿਖੀਆਂ ਸੂਲੋਂ।

੯੬. ਹੈ ਨੀ ਅੰਬੜ ਮੇਰੀਏ ! ਏ ਖੋਆਂ ਬੁਰੀਆਂ,
੯੭. ਝੁੱਗਾ ਝਾਹਾ ਲੁੱਟ ਕੇ ਮੇਂ ਕੰਗਲੀ ਕਰੀਆਂ।
੯੮. ਬੈਠਣ ਜੋਗੀ ਮੈਂ ਨਹੀਂ ਕਿੱਥੇ ਮੈਂ ਜਾਵਾਂ ?
੯੯. ਕੀਕੁਰ ਛੁੱਟਾਂ ਇਨ੍ਹਾਂ ਤੋਂ ਭੁੱਲਾਂ ਬਖਸ਼ਾਵਾਂ ?
੧੦੦. ਕੰਤ ਮੇਰਾ ਉਸ਼ਨਾਕ ਹੈ ਏ ਅਤਿ ਵਿਕਰਾਲੀ,
੧੦੧. ਪਾਸ ਪਹੁੰਚਣਾ ਦੂਰ ਹੈ ਇਹ ਹੁੰਦਿਆਂ ਨਾਲੀ।
੧੦੨. ਹੋਇ ਨਿਮਾਣੀ ਢਹਿ ਪਵਾਂ ਭੁੱਲਾਂ ਬਖਸ਼ਾਵਾਂ,
੧੦੩. ਸੰਗ ਇਨ੍ਹਾਂ ਦੇ ਹੁੰਦਿਆਂ ਕਿਹੁ ਅੰਦਰ ਜਾਵਾਂ।
੧੦੪. ਪਾਰਬ੍ਰਹਮ ਮਿਰਾ ਕੰਤ ਹੈ, ਮੈਂ ਹਾਂ ਬ੍ਰਹਮਾਣੀ,
੧੦੫. ਨਾਲ ਇਨ੍ਹਾਂ ਦੇ ਹੁੰਦਿਆਂ ਮੈਂ ਅੱਤਿ ਨਿਮਾਣੀ।
੧੦੬. ਮੈਂ ਰਤ ਰੋਂਦੀ ਅੱਥਰੂ, ਹਾਇ ! ਕੋਈ ਛੁਡਾਏ,
੧੦੭. ਕੇਸਰ ਸਿੰਘ ਗੁਲਾਮ ਹੁਇ ਸਦ ਘੁੰਮੇ ਜਾਏ।
੧੦੮. ਵਿਰਥਾ ਸਾਰੀ ਦਿਲੇ ਦੀ ਉਸ ਖੋਲ੍ਹ ਸੁਨਾਵਾਂ,
੧੦੯. ਹੋਇ ਨਿਮਾਣੀ ਢਹਿ ਪਵਾਂ ਜੇ ਖਸਮੇਂ ਭਾਵਾਂ।
੧੧੦. ਮੂੰਹੋਂ ਨ ਬੋਲੇ, ਪੈਰ ਮੈਂ ਨਾਲ ਹੰਝੂ ਧੋਵਾਂ,
੧੧੧. ਜੇ ਦੇਖਾਂ ਉਸ ਕੰਤ ਨੂੰ ਦੁਖ ਅਪਣਾ ਰੋਵਾਂ:—
੧੧੨. "ਜੇ ਤੁਧ ਮਨੋ ਵਿਸਾਰੀਆ ਵੱਸ ਪਈ ਇਨ੍ਹਾਂ ਦੇ।
੧੧੩. "ਮੇਰੇ ਨਾਲ ਜੁ ਬੀਤੀਆ ਨਹਿੰ ਕਹਿਣ ਕਹਾਂਦੇ।
੧੧੪. "ਇਕ ਆਂਦੀ ਇਕ ਜਾਂਵਦੀ ਇਕ ਘੋਰ ਖਲੋਂਦੀ।
੧੧੫. "ਇਕ ਘਸੀਟੇ ਇਕਧਿਰੇ ਇਕ ਨਾਲ ਚਲੋਂਦੀ।
੧੧੬. "ਕੂਕਣ ਚਾਂਗਣ ਨਾਂ ਮਿਲੇ ਜੇ ਕਿਸੇ ਸੁਣਾਵਾਂ।
੧੧੭. "ਇਕ ਪਲ ਜੁਦਾ ਨ ਥੀਂਦੀਆਂ ਮੈਂ ਕਿੱਥੇ ਜਾਵਾਂ ?"

੧੧੮. ਪੁਣੀ ਪੁਣੀ ਕੱਤ ਕੇ ਮੈਂ ਛੱਲੀ ਕੀਤੀ।
੧੧੯. ਆਇ ਪਈ ਬਦਖੋਇੜੀ ਉਨ ਘੁੰਦਰ ਦੀਤੀ।
੧੨੦. ਕੌਡੀ ਕੌਡੀ ਜੋੜ ਕੇ ਮੈਂ ਪੈਸਾ ਕੀਤਾ।

Digitized by Panjab Digital Library |-www.panjabdigilib.org

੧੨੧. ਦੂਜੀ ਨੇ ਆ ਅੰਦਰੋਂ ਤੱਖਿਆ ਕੱਢ ਲੀਤਾ।
੧੨੨. ਟਕਾ ਟਕਾ ਮੈਂ ਜੋੜਕੇ ਇਕ ਕੀਆ ਰੁਪਈਆ,
੧੨੩. ਇੱਕ ਇਵੇਹੀ ਆ ਪਈ ਉਹ ਕੱਢ ਲੈ ਗਈਆ।
੧੨੪. ਮਿੱਠੀ ਲੱਤੇ ਲੁੱਟੀਆਂ ਮੈਂ ਖਬਰ ਨ ਪਾਈ।
੧੨੫. ਕਿਸ ਨੂੰ ਆਖਾਂ ਕੂਕ ਕੇ ਮੈਂ ਗੱਥ ਗਵਾਈ।
੧੨੬. ਜੋ ਆਹੀ ਕੁਝ ਸੰਜਿਆ ਸੋ ਸੱਭ ਗਵਾਇਆ।
੧੨੭(ੳ). ਮੇਰਾ ਕੀਤਾ ਕਤਰਿਆ ਮੈਂ ਆਪ ਵੰਞਾਇਆ।
੧੨੭(ਅ). ਮੈਂ ਬਦਖੋਆਂ ਪਾਲੀਆਂ ਹੁਣ ਮੈਥੋਂ ਆਕੀ।
੧੨੮. ਬੋਲਣ ਮੂਲ ਨ ਦੇਂਦੀਆਂ ਫਰਿਆਦ ਕਤਾਂ ਕੀ ?
੧੨੯. ਅੱਖੀਂ ਕੱਜਲ ਪਾਇ ਕੇ ਨਾਂ ਮਾਂਗ ਭਰਾਈ,
੧੩੦. ਪਾਸ ਸੁਆਣੀ ਬੈਠ ਕੇ ਨਾਂ ਮਹਿੰਦੀ ਲਾਈ।
੧੩੧. ਪਾਟਾ ਮੂਲ ਨ ਸੀਵਿਆਂ ਹੱਥ ਸੂਈ ਲੈ ਕੇ,
੧੩੨. ਹੱਥੋਂ ਪਾੜ ਗੁਵਾਇਆ ਕੁੜੀਆਂ ਸੰਗ ਖਹਿਕੇ।
੧੩੩. ਗਰਬ ਗਹੇਲੀ ਮੈਂ ਫਿਰੀ ਵਿਚ ਤਿੰਞਣ ਸਾਰੇ,
੧੩੪. ਜਿਉਂ ਘੁਣ ਖਾਧੀ ਲੱਕੜੀ ਮੈਂ ਤਿਉਂ ਹੰਕਾਰੇ।
੧੩੫. ਨੀਵੇਂ ਦੀਦੇ ਕਰ ਕਦੀ ਬੈਠੀ ਘਰ ਨਾਹੀਂ,
੧੩੬. ਸਹਿਜੇ ਚਾਲ ਨ ਮੈਂ ਚਲੀ ਚੰਚਲਤਾ ਮਾਂਹੀ।
੧੩੭. ਤੁੰਬੇ ਗੋਹੜੇ ਪੂਣੀਆਂ ਪੱਛੀ ਭਰ ਆਂਦੀ,
੧੩੮. ਝੱਖੜ ਵਾਉ ਹਨੇਰੀਆਂ ਲੈ ਗਈ ਉਡਾਂਦੀ।
੧੩੯. ਇਉਂ ਵੀ ਦੇਖ ਨ ਬੁੱਝਿਆ ਇਹ ਕੀ ਕੁਝ ਹੋਯਾ,
੧੪੦. ਮੱਤ ਫਿਰੀ ਵਿਚ ਖੇਡਦੇ ਮੈਂ ਵਕਤ ਵਿਗੋਇਆ।
੧੪੧. ਨਿੱਤ ਫਿਰਾਂ ਪਰ ਬੁਹੜੇ ਏ ਖਸਲਤ ਮੇਰੀ,
੧੪੨. ਖੇਡਾਂ ਖੇਡਾਂ ਗਲੀ ਵਿਚ ਜਿੰਦਲ ਮਤ ਮੇਰੀ।
੧੪੩. ਤਿੰਞਣ ਦੇ ਵਿਚ ਜਾਇਕੇ ਮੈਂ ਅਕਲ ਗਵਾਈ,
੧੪੪. ਕੁੜੀਆਂ ਭਰੀਆਂ ਪੱਛੀਆਂ ਮੈਂ ਤੁੰਦ ਨ ਪਾਈ।
੧੪੫. ਹੱਥ ਲਏ ਪੰਜ ਗੀਟੜੇ ਮੈਂ ਖੇਡਣ ਲੱਗੀ,
੧੪੬. ਕੱਤਣ ਤੁੰਮਣ ਛੱਡ ਕੇ ਮੈਂ ਖੇਡੇ ਠੱਗੀ।
੧੪੭. ਕੁੜੀਆਂ ਵੰਨੀ ਵੇਖਕੇ ਮੈਂ ਚਾਉ ਨ ਆਇਆ,
੧੪੮. ਤਕਲਾ ਮੇਰਾ ਸਾਰ ਦਾ ਤਿਹੁਰਾ ਵਲ ਪਾਇਆ।
੧੪੯. ਚਰਖਾ ਮੇਰਾ ਸੋਹਿਣਾ ਅਤਿ ਰੰਗ ਬਰੰਗੀ,
੧੫੦. ਸਾਰ ਨ ਲੱਧੀ ਓਸਦੀ ਮੰਦੀ ਨਾ ਚੰਗੀ।

Digitized by Panjab Digital Library | www.panjabdigilib.org

੧੫੧. ਵਿੱਚ ਨ ਸਹੀਆਂ ਬੈਠ ਕੇ ਚਰਖੇ ਤੰਦ ਪਾਈ,
੧੫੨. ਤਿੰਞਣ ਕਦੀ ਨ ਅੱਪੜੀ, ਨਹਿੰ ਛੋਪ ਪੁਵਾਈ।
੧੫੩. ਇਸ ਹੰਕਾਰੇ ਮੈਂ ਰਹੀ ਸੱਭ ਕਹਿਣ ਸੁਚੱਜੀ,
੧੫੪. ਪਰ ਮੈਂ ਕੋਝੀ ਸੱਭ ਤੋਂ ਸਿਰ ਵਡੀ ਕੁਚੱਜੀ।
੧੫੫. ਲੱਖ ਵਿਲੱਲੀ ਢੂੰਡੀਏ ਮੈਂ ਇਕ ਵਿਲੱਲੀ,
੧੫੬. ਤੰਦ ਨ ਪਾਈ ਤੱਕਲੇ ਨਹਿੰ ਲਾਹੀ ਛੱਲੀ।

੧੫੭. ਕੂੜਾ ਅੰਗਣ ਭਰ ਗਿਆ ਨਹਿੰ ਸੁਹਣੀ ਦਿੱਤੀ,
੧੫੮. ਦਿਲ ਦੀ ਘੁੰਡੀ ਨਾ ਖੁਲ੍ਹੀ ਨਾ ਟੁੱਟੀ ਭਿੱਤੀ।
੧੫੯. ਲੰਮੇ ਅੰਦਰ ਘੁੰਡ ਦੇ ਅੱਖ ਪਇਆ ਚਣਾਖਾ,
੧੬੦. ਕੱਢਣ ਜੋਗਾ ਕੋ ਨਹੀਂ ਮਾਈ ਨਾ ਬਾਪਾ।

੧੬੧. ਕੇਸਰ ਕਿਸਨੂੰ ਆਖੀਐ ਇਹ ਵੇਲਾ ਕਿਹੜਾ?
੧੬੨. ਸੇਜਾ ਪਲੰਘ ਦੁਲੀਚੜੇ ਉਠ ਗਇਆ ਸੁ ਜਿਹੜਾ।
੧੬੩. ਅਜੇ ਸੁ ਵੱਲ ਨ ਆਇਆ ਰੱਸੀ ਸੜ ਗਈਆ,
੧੬੪. ਚਰਖੀ ਹੱਲੀ ਗੁੱਡੀਆਂ ਪੀਹੜੀ ਭੱਜ ਪਈਆ।
੧੬੫. ਉਠੀਆਂ ਸਭ ਸਹੇਲੀਆਂ ਉਹ ਕਿੱਥੇ ਤਿੰਞਣ?
੧੬੬. ਗੁਹੜੇ ਪੱਛੀ ਰੂੰ ਨਹੀਂ ਨਾਂ ਤੇਲੀ ਪਿੰਞਣ।
੧੬੭. ਲਾਗੀ ਆਏ ਪਹਿਨ ਕੇ ਉਹ ਜਾਂਞੀ ਕੱਪੜੇ,
੧੬੮. ਮੋੜੇ ਮੁੜਨ ਨ ਕਿਸੇ ਦੇ ਹਥ ਪਾਏ ਤਕੜੇ।

੧੬੯. ਛਪਦੀ ਲੁਕਦੀ ਮੈਂ ਫਿਰਾਂ ਕੋਈ ਰੱਖੇ ਨਾਹੀਂ।
੧੭੦. ਰੋਂਦੀ ਆਹਾਂ ਮਾਰਦੀ ਕਰ ਖੜੀਆਂ ਬਾਹੀਂ।
੧੭੧. ਜੋਰੀ ਜੋਰੀ ਲੈ ਚਲੇ ਮਾਂ ਬਾਪ ਦਿਖੰਦੇ,
੧੭੨. ਪਾਸ ਖੜੋਤੇ ਅੰਗ ਸਾਕ ਨਹਿੰ ਮੁਹੋਂ ਬੁਲੰਦੇ।
੧੭੩. ਆਪਣ ਹੱਥੀਂ ਦੇਖਿਆ ਸਭ ਟੁਰਨੇ ਹੋਏ,
੧੭੪. ਭਰਵਾਸੇ ਲਗ ਇਨ੍ਹਾਂ ਦੇ ਗੁਣ ਸੱਭੇ ਖੋਏ।
੧੭੫. ਜੇ ਪਹਿਲੇ ਹੀ ਚੇਤੀਏ ਤਾਂ ਕਾਹੇ ਭਗੀਏ,
੧੭੬. ਬਹੀਏ ਪਾਸ ਸੁਹਾਗਣੀ ਕੋਚੱਜ ਨ ਕਰੀਏ।
੧੭੭. ਅੱਗੇ ਚਰਖਾ ਰੱਖੀਏ ਪਿੱਛੇ ਕਰ ਪੀਹੜੀ,
੧੭੮. ਵਿੰਗੀ ਚਿੱਬੀ ਜੋ ਕਹੇ ਗਲ ਸੱਭਾ ਸੀਹੜੀ।
੧੭੯. ਚਾਈਂ ਚਾਈਂ ਕੱਤੀਏ ਕਰ ਰੂਈ ਸੂਤਰ,
੧੮੦. ਮਿੱਠੀ ਪਜਾਰੇ ਸਾਹੁਰੇ ਕੁਲ ਭਲੀ ਸਪੂਤਰ!
੧੮੧. ਏਥੇ ਓਥੇ ਜਸ ਲਹੈ ਹੋਵੇ ਸਭਰਾਈ,

Digitized by Panjab Digital Library | www.panjabdigilib.org

੧੮੨. ਸੱਭੇ ਜਾਣਨ ਆਪਣੀ ਨਹਿੰ ਕਿਸੇ ਪਰਾਈ।
੧੮੩. 'ਕੇਸਰ' ਕਹਿ ਅਖ ਲੱਜਦੀ ਸ਼ਰਮੀਲੀ ਨੀਵੀਂ,
੧੮੪. ਮਿੱਠੀ ਬੋਲੀ ਬੋਲਣੀ ਪਿਉ ਭਾਈ ਜੀਵੀ।
੧੮੫. ਖਾਣਾ ਪੀਣਾ ਸਮਝ ਦਾ, ਸੋਣਾ ਭੀ ਚੋਰਾ,
੧੮੬. ਵਹੁਟੀ ਸੁਘੜ ਸੁਲੱਖਣੀ ਨਹਿੰ ਲੱਗੇ ਝੋਰਾ।
੧੮੭. ਸਖੀਆਂ ਦੇ ਵਿਚ ਜਾਇਕੇ ਇਹ ਮਸਲਤ ਕਰੀਏ,
੧੮੮. ਸੇਵਾ ਕਰਨੀ ਕੰਤ ਦੀ ਸਿਰ ਅੱਗੇ ਧਰੀਏ।
੧੮੯. ਐਸਾ ਸੁੰਦਰ ਚਰਖੜਾ ਕਿਉਂ ਤੋੜ ਵੰਞਾਈਏ,
੧੯੦. ਆਖੇ ਲੱਗ ਕੁਚੱਜੀਆਂ ਨਹਿੰ ਆਪ ਗਵਾਈਏ।
੧੯੧. ਵੇਲਾ ਨਹੀਂ ਗੁਆਈਐ ਨਹਿੰ ਪੱਛੋਤਾਈਐ,
੧੯੨. ਮੋਟਾ ਸੋਟਾ ਧੂਹ ਕੇ ਕੱਤ ਪੱਛੀ ਪਾਈਐ।
੧੯੩. ਸਿੱਧਾ ਕਰਕੇ ਤੱਕਲਾ ਭਰ ਲਾਹੀਏ ਛੱਲੀ,
੧੯੪. ਆਖੇ ਲੱਗ ਕੁਚੱਜੀਆਂ ਨਹਿੰ ਫਿਰੇਂ ਇਕੱਲੀ।
੧੯੫. ਉੱਚਾ ਸੋਹੇਂ ਬੋਲਨਾ ਕੋਈ ਕਿਹੁ ਆਖੇ,
੧੯੬. ਭਾਰੀ ਗੌਹਗੀ ਥੀ ਰਹੀ ਰੱਖੀ ਪਤ ਸਾਖੇ।
੧੯੭. ਮੱਤ ਸੁਣੇ ਕੋਈ ਸਾਹੁਰਾ ਕਹਿ ਵਹੁਟੀ ਮੰਦੀ,
੧੯੮. ਦੋਈ ਕੰਤ ਨ ਦੇਵਸੀ ਇਹ ਸੋਇ ਸੁਣੰਦੀ।

੧੯੯. ਹੇ ਨੀ ਮਾਏ ਮੇਰੀਏ ! ਮੈਂ ਹੁਣ ਕੀ ਕਰਸਾਂ,
੨੦੦. ਵੇਲਾ ਹੱਥ ਨ ਆਂਵਦਾ ਮੈਂ ਡਰ ਡਰ ਮਰਸਾਂ।
੨੦੧. ਸੱਸ ਪੁੱਛੇਗੀ ਕੰਮੜਾ ਕੀ ਕਹਿਸਾਂ ਮਾਏ ?
੨੦੨. ਲੱਧੇ ਦੇਹੁ ਜੇ ਗਾਣਵੇਂ ਮੈਂ ਸਗਲ ਵੰਞਾਏ।
੨੦੩. ਉੱਤਰ ਕੋਈ ਨ ਆਉਸੀ ਸੁਣ ਮੇਰੀਏ ਮਾਏ !
੨੦੪. ਜਿਤਨੇ ਗੁਣ ਮੈਂ ਚਾਹੀਏ ਸੋ ਕੋਈ ਨ ਆਏ।
੨੦੫. ਡਾਹ ਨ ਬੈਠੀ ਪੀਹੜੀ ਧਰ ਚਰਖਾ ਆਗੇ।
੨੦੬. ਤੰਦ ਨ ਪਾਈ ਤੱਕਲੇ ਨਹਿੰ ਸੂਈ ਧਾਗੇ।
੨੦੭. ਨਹੀਂ ਅਟੇਰਨ ਸਿੱਖਿਆ ਭਰ ਨੜੇ ਨ ਜਾਤੇ।
੨੦੮. ਤਿੰਞਣ ਕਦੀ ਨ ਬੈਠੀਆ ਦਿਨ ਗਏ ਬਘਾਤੇ।
੨੦੯. ਚੱਜ ਨ ਕੋਈ ਸਿਖਿਆ ਮੱਤ ਲਈ ਨ ਦੋਈ।
੨੧੦. ਕੀ ਕਰਸਾਂ ਹੁਣ ਸਾਹੁਰੇ ਕਿਉਂ ਮਿਲਸੀ ਦੋਈ ?

੨੧੧. ਹੈ ਨੀ ਮਾਏ ਮੇਰੀਏ ! ਹੁਣ ਮੈਂ ਕੀ ਕਹਿਸਾਂ ?
੨੧੨. ਕੋਈ ਗੁਣ ਨਹਿੰ ਪੱਲੜੇ ਮੈਂ ਅਵ ਨ ਲਹਿਸਾਂ।

Digitized by Panjab Digital Library | www.panjabdigilib.org

੨੧੩. ਇਹ ਗਲ ਵਿਚ ਸੰਸਾਰ ਦੇ ਮੈਂ ਸੁਣਦੀ ਆਹੀ।
੨੧੪. ਜਿਸਦੇ ਸਿਰਤੇ ਜੋ ਬਣੇ ਸਿਰ ਓਸ ਨਿਬਾਹੀ।
੨੧੫. ਸਾਥੀ ਕੋਇ ਨ ਕਿਸੇ ਦਾ ਅੰਖੇ ਵਿਚ ਵੇਲੇ।
੨੧੬. ਖੇਡਾਂ ਵਾਲੀ ਖੇਡ ਦੀ ਹੁਣ ਅੰਗੁਣ ਮੇਲੇ।
੨੧੭. ਪੁੱਛੂ ਕੰਤ ਬਹਾਲ ਕੇ ਕਰਤੂਤ ਜਿ ਮੇਰੀ।
੨੧੮. ਥੀਉਂ ਕੁਚੱਜੀ ਜਨਮ ਦੀ ਸ਼ਰਮਿੰਦ ਘਨੇਰੀ।
੨੧੯. ਮੋਟਾ ਸੋਟਾ ਕੱਤਦੀ ਕਹਿਣੇ ਨੂੰ ਹੁੰਦੀ।
੨੨੦. ਪੱਛੀ ਭਰਕੇ ਸੂਤ ਦੀ ਅੱਗੇ ਧਰ ਦਿੰਦੀ।

੨੨੧. ਸਾਰੀ ਉਮਰ ਗੁਜ਼ਾਰੀਆ ਮੈਂ ਏਤੇ ਹਾਵੇ।
੨੨੨. ਕੰਤ ਨ ਪੁੱਛੇ ਵਾਤੜੀ ਸੋਹਾਗ ਗਣਾਵੇ।
੨੨੩. ਭੱਠ ਵਿਆਹੀ ਹਾਇ ਮੈਂ ਨਹਿੰ ਕੰਤ ਦਿਲਾਸਾ।
੨੨੪. ਮੁਖ ਵੱਸਣ ਸੋਹਾਗਣੀ ਮੈਂ ਫਿਰੀ ਉਦਾਸਾ।

੨੨੫. "ਬਖਸ਼ਣ ਹਾਰੇ ਸਾਹਿਬਾ ! ਮੈਂ ਤੇਰੀ ਬਰਦੀ।
੨੨੬. "ਰੱਤੀ ਨਾਲ ਕੁਸੰਗ ਦੇ ਰਹੀ ਉਲਟੀ ਕਰਦੀ।
੨੨੭. "ਸਾਹਿਬ ਬੇਪਰਵਾਹ ਤੂੰ ਪਰਵਾਹ ਨ ਤੈਨੂੰ।
੨੨੮. "ਮੈਂ ਦੁਖਿਆਰੀ ਦੁਖ ਭਰੀ ਕੀ ਆਖਾਂ ਕੈਨੂੰ ?
੨੨੯. "ਢੂੰਡ ਫਿਰੀ ਸਭ ਥਨ ਮੈਂ, ਮੇਰਾ ਨਾ ਕੋਈ।
੨੩੦. "ਅੰਗੁਣਹਾਰੀ ਨੀਚ ਹਾਂ, ਕੋਈ ਦੇਇ ਨ ਢੋਈ।
੨੩੧. "ਕਰਮਾ ਮਾਰੀ ਨਿੰਜ ਮੈਂ ਦੋਈ ਅਣਹੋਈ।
੨੩੨. "ਜੇ ਹੋਈ ਦੁਖ ਸਜ਼ਨ ਨੂੰ ਕੁਝ ਕੁਝ ਦੁਖ ਰੋਈ।
੨੩੩. "ਕੋਈ ਥਾਉਂ ਨ ਲੱਝਦੀ ਕੁਈ ਠੌਰ ਨ ਪਾਵਾਂ।
੨੩੪. "ਕੀਤੇ ਕਰਮ ਕੁਵੱਲੜੇ ਹੁਣ ਪੱਛੋਤਾਵਾਂ।
੨੩੫. "ਪਰ ਤੂੰ ਸਾਹਿਬ ਅਤਿ ਵਡਾ ਵਡਜਹੁ ਵਡ ਭਾਰਾ!
੨੩੬. "ਬਿਰਦ ਤੇਰਾ ਬਖਸ਼ੰਦ ਹੈ ਤੂੰ ਬਖਸ਼ਨਹਾਰਾ!
੨੩੭. "ਮੈਂ ਜੇਹੀਆਂ ਅਪਰਾਧਣਾਂ ਤੇ ਅੰਗੁਣਹਾਰਾਂ।
੨੩੮. "ਅਕ੍ਰਿਤਘਣਾ ਅਨਮੋੜਨਾਂ ਬੁਰੀਆਂ ਕੁੜਿਆਰਾਂ।
੨੩੯. "ਢਾਵੀਆਂ ਹੋਈਆਂ ਘੁੱਥੀਆਂ ਢਵੀਆਂ ਹੁਟ ਗਈਆਂ।
੨੪੦. "ਢੱਠੀਆਂ ਹੋਇ ਨਿਮਾਣੀਆਂ ਜਦ ਸਰਣੀ ਪਈਆਂ।
੨੪੧. "ਨਜ਼ਰ ਮਿਹਰ ਦੀ ਜਦ ਕਰੀ ਸਭ ਅੰਗੁਣ ਸਾੜੇ।
੨੪੨. "ਅਪਣੇ ਚਰਨੀਂ ਲਾਈਆਂ ਗਏ ਦੁੱਖ ਦਿਹਾੜੇ।
੨੪੩. "ਓਹ ਨ ਫਿਰਕੇ ਆਈਆਂ ਭਉਜਲ ਵਿਚ ਫੇਰਾ।
੨੪੪. "ਕਾਰਣ ਕਰਨ ਸਮੱਰਥਵਾਨ ਇਹ ਬਿਰਦ ਸੁ ਤੇਰਾ।

Digitized by Panjab Digital Library | www.panjabdigilib.org

੨੪੫. "ਤੂੰ ਸਾਹਿਬ ਸਿਰ ਸਾਹਿਬਾਂ ਵਡ ਸਾਹਿਬ ਊਚਾ !
੨੪੬. "ਤੂੰ ਸਭਸੈ ਨੂੰ ਪਾਲਦਾ ਮੂਚੀ ਹੂੰ ਮੂਚਾ।
੨੪੭. "ਆਜਜ਼ ਬੰਦੀ ਤੇਰੀਆਂ ਢਹਿ ਪਈ ਦੁਆਰੇ।
੨੪੮. "ਤੂੰ ਸਾਹਿਬ ਬਖਸ਼ੰਦ ਹੈਂ ਮੈਂ ਔਗੁਣ ਭਾਰੇ।"

—ਕੇਸਰੀ ਚਰਖਾ ਸਮਾਪਤ—

ਕੇਸਰੀ ਚਰਖੇ ਬਾਬਤ ਸੂਚਨਾ

[ਸੰਪਾਦਿਕ ਵਲੋਂ]

'ਕੇਸਰੀ ਚਰਖਾ' ਪਹਿਲੀ ਵਾਰ ੧੯੧੨ ਈ: ਵਿਚ ਛਪਿਆ ਸੀ। ਇਸਦੀ ਭੂਮਿਕਾ ਵਿਚ ਉਸ ਵੇਲੇ ਦੇ ਐਡੀਟਰ ਸਾਹਿਬ ਵਲੋਂ ਇਸ ਦੇ ਰਚੇ ਜਾਣ ਦੀ ਵਿਥਯਾ ਇਸ ਪ੍ਰਕਾਰ ਲਿਖੀ ਸੀ:

"ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਜਦ ਇਸ ਸੰਸਾਰ ਤੋਂ ਸਚਖੰਡ ਜਾ ਵਸੇ ਅਰ ਆਪ ਦੇ ਨਮਿਤ ਗੁਰਮਤ ਕਾਰਜਾਂ ਦੀ ਸਮਾਪਤੀ ਹੋ ਚੁਕੀ, ਛੇਕੜ ਦੇ ਦਿਨ ਜਦੋਂ ਦੀਵਾਨ ਕੀਰਤਨ ਭੋਗ ਅਰਦਾਸੇ ਤੋਂ ਬਾਦ ਘਰ ਆਏ ਤਾਂ ਰਾਤ ਆਪ ਦੇ ਸੰਚੇ ਵਿਚੋਂ ਕਿਸੇ ਕਾਗਜ਼ ਦੀ ਲੋੜ ਪੈਣ ਤੇ ਢੂੰਡ ਕੀਤੀ, ਉਸ ਵੇਲੇ ਇਕ ਮੇਜ਼ ਦੇ ਦਰਾਜ਼ ਵਿਚੋਂ ਛੋਟੇ ਛੋਟੇ ਲਾਲ ਕਾਗਜ਼ਾਂ ਦੀ ਇਕ ਪੁਣੀ ਵਲੇਟੀ ਹੋਈ ਤੇ ਤਾਗੇ ਨਾਲ ਬੱਧੀ ਦੇਈ ਲੁਕਾਕੇ ਰਖੀ ਹੋਈ ਜਾਪਦੀ, ਮਿਲ ਪਈ। ਜਦ ਖੋਲ੍ਹਿਆ ਤਾਂ ਉਸ ਵਿਚ ਇਹ 'ਕੇਸਰੀ ਚਰਖਾ' ਲਿਖਿਆ ਸੀ। ਪਹਿਲੀ ਹੈਰਾਨੀ ਇਹ ਹੋਈ ਕਿ ਦਾਸ ਨੂੰ ਯਾ ਆਪ ਦੇ ਵਿਦਿਆਰਥੀਆਂ ਜਾਂ ਮਿਤ੍ਰਾਂ ਨੂੰ ਇਸ ਰਚਨਾ ਦਾ ਕੁਛ ਪਤਾ ਨਹੀਂ ਸੀ। ਅੱਗੇ ਦਸਤੂਰ ਇਸ ਤਰ੍ਹਾਂ ਦਾ ਸੀ ਕਿ ਆਪ ਦੀ ਹਰ ਰਚਨਾ ਦਾ ਰਚਦਿਆਂ ਸਭ ਨੂੰ ਪਤਾ ਹੋ ਜਾਂਦਾ ਸੀ। ਜਦ ਬਹੁਤ ਖੋਜ ਕੀਤੀ ਤਾਂ ਆਪ ਤੋਂ ਸੂਰਜ ਪ੍ਰਕਾਸ਼ ਵੀਚਾਰਨ ਵਾਲੇ ਇਕ ਸੱਜਣ ਨੇ ਦੱਸਿਆ 'ਕਿ ਚਲਾਣੇ ਤੋਂ ਤ੍ਰੈ ਕੁ ਮਹੀਨੇ ਪਹਿਲੇ ਜਦ ਦੁਪਹਿਰ ਨੂੰ ਮੈਂ ਆਉਂਦਾ ਸੀ, ਤਾਂ ਇਹਨਾਂ ਲਾਲ ਕਾਗਤਾਂ ਪਰ ਕੁਛ ਲਿਖਦੇ ਹੁੰਦੇ ਸਨ, ਅਰ ਮੇਰੇ ਆਇਆਂ ਵਲ੍ਹੇਟਕੇ ਝਟ ਸਾਂਭ ਲੈਂਦੇ ਸੀ'।.....ਕਲਮ ਦੀ ਲਿਖੀ ਪੋਥੀ ਦੱਸਦੀ ਹੈ ਕਿ ਆਪ ਨੇ ਅਜੇ ਹੋਰ ਲਿਖਣਾ ਸੀ, ਕਿਉਂਕਿ ਹਰ ਥਾਂ ਸਫਿਆਂ ਦੇ ਸਫੇ ਖਾਲੀ ਛਡੇ ਹਨ। ਜਿਨ੍ਹੀ ਥਾਈਂ * * * ਇਹ ਨਿਸ਼ਾਨ ਦਿਤੇ ਹਨ ਓਨ੍ਹੀਂ ਥਾਈਂ ਕੋਰੇ ਸਫੇ ਹਨ ਜੋ ਪ੍ਰਕਰਣ ਪੂਰਣ ਜਾਪਦਾ ਹੈ। ਇਕ ਦੋ ਥਾਈਂ ਛੰਦ ਪੂਰਾ ਨਹੀਂ, ਉਥੇ ਇਕ ਇਕ ਸਤਰ ਪਾਣ ਦੀ ਦਾਸ ਨੇ ਖੁੱਲ੍ਹ ਲਈ ਹੈ, ਪਰ ਹੇਠਾਂ ਟੂਕ ਵਿਚ ਦਸ ਦਿਤਾ ਹੈ ਕਿ ਇਹ ਤੁਕ ਕੋਲੋਂ ਪਾਈ ਗਈ ਹੈ।....."

ਇਸ ਪੁਸਤਕ ਦੇ ਛਪ ਜਾਣ ਮਗਰੋਂ ਬਹੁਤ ਮੁੱਦਤ ਤਕ ਇਸ ਬਾਰੇ ਕੁਛ ਸ਼ੰਕਾ ਬਣੀਆਂ ਰਹੀਆਂ। ਪਹਿਲੀ ਗਲ ਜੋ ਨਿਰਣਯ ਦੀ ਮੁਥਾਜ ਸੀ ਉਹ ਸੀ ਇਸਦਾ ਨਾਮ। ਇਸ ਨਾਮ ਵਿਚ ਸ਼ੱਕ ਦੀ ਗੁੰਜਾਇਸ਼ ਸੀ ਕਿ ਆਇਆ ਇਹ ਡਾਕਟਰ ਸਾਹਿਬ ਦੀ ਸੁਤੰਤ੍ਰ ਰਚਨਾ ਹੈ ਜਾਂ ਇਹ ਆਪਣਾ ਕੋਈ ਹੋਰ ਕਾਵਯ ਆਧਾਰ ਰੱਖਦੀ ਹੈ। ਜੇ ਆਧਾਰਿਤ ਹੈ ਤਾਂ ਕੀ ਲਫਜ਼ 'ਕੇਸਰੀ' ਜੋ ਇਸਦੇ ਨਾਮ ਦਾ ਇਕ ਜੀਵਤ ਅੰਗ ਹੈ ਤੇ ਜੇਹੜਾ ਵੈਸੇ ਆਪਣੇ ਆਪ ਵਿਚ ਕੋਈ ਸਾਰਥਕਤਾ ਨਹੀਂ ਰਖਦਾ, ਇਸਦੀ ਘੁੰਡੀ ਖੋਲ੍ਹ ਸਕਦਾ

Digitized by Panjab Digital Library | www.panjabdigilib.org

ਹੈ ? ਇਹ ਘੁੰਡੀ ਵਧੇਰੇ ਕਰੜੀ ਇਸ ਕਰਕੇ ਹੋ ਗਈ ਕਿ ਕਵਿਤਾ ਵਿਚ ਇਕ ਥਾਂ ਲਫਜ਼ ਕੇਸਰ ਸਿੰਘ ਆ ਜਾਂਦਾ ਹੈ, ਜੈਸੇ,

ਕੇਸਰ ਸਿੰਘ ਗੁਲਾਮ ਹੁਇ ਸਦ ਘੁੰਮੇ ਜਾਏ।

[ਕੇਸਰੀ ਚਰਖਾ ਸਤਰ ੧੦੭

ਪਰ ਏਸੇ ਨਾਮ ਦੇ ਇਕ ਸੱਜਣ ਨਾਲ ਆਪਤਾ ਵਿਦਜਾ ਦਾ ਸੰਬੰਧ ਰਿਹਾ ਹੈ, ਤੇ ਇਹ ਗਲ ਸ਼ੱਕ ਨੂੰ ਆਪਣੀ ਖੋਜ ਦੇ ਨਿਸ਼ਾਨੇ ਤੋਂ ਪਰੇ ਕਰ ਦੇਂਦੀ ਸੀ। ਹੁਣ ਬਹੁਤ ਤਲਾਸ਼ ਦੇ ਬਾਦ ਇਹ ਗਲ ਸਹੀ ਹੋ ਗਈ ਹੈ ਕਿ ਡਾਕਟਰ ਸਾਹਿਬ ਦੀ ਇਹ ਰਚਨਾ ਸੁਤੰਤ੍ਰ ਨਹੀਂ, ਇਹ ਕੇਸਰ ਸਿੰਘ ਛਿੱਬਰ ਦੀ ਰਚਨਾ ਦੇ ਆਧਾਰ ਉੱਪਰ ਹੈ।

ਕੇਸਰ ਸਿੰਘ, ਮੋਹਯਾਲ ਬ੍ਰਾਹਮਣ, ਜ਼ਾਤ ਦਾ ਛਿਬਰ ਸੀ ਤੇ ਜੰਮੂ ਦਾ ਵਸਨੀਕ ਸੀ*। ਇਸ ਨੇ ਇਕ ਪੋਥੀ 'ਬੰਸਾਵਲੀ ਨਾਮਾ ਦਸਾਂ ਪਾਤਸਾਹੀਆਂ ਕਾ'ਬੀ ਲਿਖੀ ਹੈ ਜੋ ਹਿਸਾਬ ਨਾਲ ਸੰਨ ੧੭੮੦ ਈ:† ਵਿਚ ਮੁੱਕੀ। ਏਸ ਵਕਤ ਕੇਸਰ ਸਿੰਘ ਬੁੱਢਾ ਹੋ ਚੁਕਾ ਸੀ‡।

ਕੇਸਰ ਸਿੰਘ ਕਈ ਵਰ੍ਹੇ ਲਿਖਦਾ ਰਿਹਾ ਹੈ। ਇਸਦੇ ਦੌਰਾਨ* ਵਿਚ ਹੀ ਉਸ ਨੈ ਅਪਣਾ ਚਰਖਾ ਰਚਿਆ, ਜਿਸਦਾ ਨਾਮ ਮੈਨੂੰ ਹਵਾਲਿਆਂ ਦੀ ਸਹੂਲਤ ਦੀ ਖਾਤ੍ਰ 'ਵੈਰਾਗ ਚਰਖਾ' ਰਖਿਆ ਹੈ, ਅਰ ਜੋ ਕੇਸਰੀ ਚਰਖੇ ਦਾ ਆਧਾਰ ਹੈ।

ਕੇਸਰ ਸਿੰਘ ਦੇ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ' ਵਿਚ ਇਤਿਹਾਸਿਕਨੁਕਤੇ ਤੋਂ ਕਈ ਖੂਬੀਆਂ ਹਨ ਤੇ ਕਈ ਕੋਤਾਹੀਆਂ, ਜੋ ਖਾਸ ਪੜਚੋਲ ਦੀਆਂ ਮੁਥਾਜ ਹਨ।ਇਸਵਿਚ ਉਸਦਾਜ਼ਾਤੀ ਤਜਰਬਾਤੇ ਅਪਣੇ ਜ਼ਮਾਨੇ ਦਾ ਹਾਲਵੀ ਦਰਜਹੈ,ਜੋਖਾਸਅਹਿਮੀਅਤ ਰਖਦਾ ਹੈ ਤੇ ਜੋ ਸੰਨ ੧੭੩੫ ਈ: ਨਾਲ ਸੰਬੰਧਤ ਹੋਣ ਕਰਕੇ,ਜਿਸ ਵੇਲੇ ਖਾਨ ਬਹਾਦਰ ਜ਼ਕਰੀਯਾ ਖਾਂ ਪੰਜਾਬ ਵਿਚ ਹਕੂਮਤ ਕਰ ਰਿਹਾ ਸੀ,ਸਿਖ ਇਤਿਹਾਸ ਦੀ ਤਫਸੀਲ ਤੋਂ ਖਾਸ ਦਿਲਚਸਪੀ ਰਖਦਾ ਹੈ;ਜਿਹਾ ਕੁ:—

[ਅੱਖੀਂ ਡਿੱਠੇ ਹਾਲ]

ਅੰਮ੍ਰਿਤਸਰ ਦੋਵੈ ਨਿਤ ਲੜਾਈ। ਮਾਝੇ ਵਿਚ ਫਿਰੇ ਫਉਜ ਘਰੁ ਘਰੁ ਦੇਖਨ ਜਾਈ। ਹਰਕਾਰੇ ਛਛਰੇ ਢਕ ਦੇਖਦੇ ਫਿਰਨਿ। ਜੋ ਸਿਖ ਹਥ ਲਗੇ ਤਿਸਨੂ ਜਿਬਾ ਕਰਨ॥ ੪੦॥ ਤੁਰਕ ਨਗਰੀ ਰਮਦਾਸ ਪੁਰਾ ਘਰਿ ਸਾੜਨ। ਖੋਲਿਆਂ ਵਿਚੋਂ ਛਪੇ ਲੁੜੇ ਸਿਖ ਪਕੜਨ ਮਾਰਨ। ਬਾਗ ਗੁਰੂ ਕਾ ਦੂਖਤ ਕਟਿ ਜਾਵਨ। ਤੀਰਥ ਨਾਲਿ ਏਅਦਬੀ, ਤੁਰਕ ਬੁਰੇ ਕਰਮ ਕਮਾਵਨ॥ ੪੧॥ ਇਕ ਸਮੇਂ ਮਛੀਆਂ ਸਰ ਵਿਚੋਂ ਸੱਭੇ ਮਰ ਗਈਆਂ। ਨੀਰੁ ਹੋਇਆ ਗਰਮ ਬੁੜ-ਬੁੜੀਆਂ ਨਿਕਲ ਪਈਆਂ। ਕਫਨ ਪਾਇ ਸੋ ਮਛੀਆਂ ਸਿਸਕਾਰੀਆਂ। ਇਸੇ ਤਰਾਂ

---

*ਜੈਸਾ ਕਿ ਉਹ ਆਪ ਕਹਿੰਦਾ ਹੈ:—

.....ਬਿਚਰਤ ਕੇਸਰਗਉਜੀਸ ਛਿਬਰ ਜਾਤ ਮੁਹੀਆਲ ਹੈ। ਗਿਰ ਨਗਰੀ ਜਾਬਵਾਨ ਦੇਸ ਪ੍ਰਸਿਧ ਜੰਮੂ ਕਹੈ। ਤਹਿ ਕੇਸਰ ਕੋ ਥਾਨ ਕਾਲ ਬੀਤਾਇਓ ਮੋਦ ਸੋ।

†ਅੱਸੂ ਸੁਦੀ ਇਕਾਦਸੀ ਇਹ ਪੋਥੀ ਪੂਰੀ ਕੀਤੀ। ਟੁਟੀ ਭੰਨੀ ਜੋੜ ਜਾੜ ਮੁੜ ਸਾਬਤ ਕਰਿ ਲੀਤੀ। ਸੰਮਤ ਅਠਾਰਾਂ ਸੈ ਛਤੀ ਬੀਤੇ ਭੋਗ ਪੋਥੀ ਦਾ ਪਾਇਆ।

‡ਬਿਰਧ ਅਵਸਥਾ ਅਖੀਂ ਦਿਸੈ ਮੱਠਾ ਪਰ ਅਠਾ ਸਠਾ ਕਰ ਲੀਤਾ। ਸਾਰੀ ਹਕੀਕਤ ਲਿਖਨ ਨ ਹੋਈ ਕੁਛ ਥੋੜਾ ਜੇਹਾ ਕੀਤਾ।

*ਸੰਮਤ ਅਠਾਰਾਂ ਸੈ ਛਬੀਸ, ਚੈਤੋ ਫਗਣ ਚਉਥ। ਬਿਚਰਤ ਕੇਸਰਗਉਜੀਸ ਛਿਬਰ ਜਾਤ ਮੁਹੀਆਲੁ ਹੈ।

Digitized by Panjab Digital Library | www.panjabdigilib.org

ਖਾਂਵਦ ਰਾਮ ਤੀਰਥ ਅਤੇ ਅਚਲ ਭੀ ਮੀਨਾਂ ਮਾਰੀਆਂ ॥੪੨॥ ਸੰਮਤ ਸਤਾਰਾਂ ਸੈ ਬਾਨਵੇ ਸੀ ਤਬ ਭਇਆ । ਤਦੋਂ ਮਛੀਆਂ ਨੂੰ ਅਚਣਚੇਤੋ ਕਾਲ ਆਇ ਪਇਆ । ਦੇਖ ਅਚਰਜ ਰਹਿਆ ਸਭ ਕੋਈ। ਅੰਮ੍ਰਿਤਸਰ ਦੀ ਮਛੀਆਂ ਨੂੰ ਨਢਵਾਲੀ ਪਈ ਨਿਕਲੇ ਛਟੀ ਹੋਈ ॥ ੪੩ ॥ ਏ ਭੀ ਕਉਤਕ ਅਖੀਂ ਹੈ ਸੀ ਡਿੱਠਾ । ਫੇਰ ਹੋਏ ਸਿੰਘ ਇਕੱਠੇ ਗਾਉਂ ਗਾਉਂ ਮੈ ਫਿਰਿਆ ਸਿੰਘਾਂ ਦਾ ਚਿਠਾਚਿਠਾ ਭੇਜ ਲਰੀ ਗਾਉਂ ਗਾਉਂ ਤੇ ਰਸਤ ਲੈਣ। ਪ੍ਰਸ਼ਾਦ ਖਾਧਾ ਚਾਹੀਐ, ਬਿਨਾ ਗੁ੍ ਦੇਰ ਕੋਈ ਨਾ ਭਯਾ ਦੇਣ ॥ ੪੪ ॥ ਸੰਮਤ ਸਤਾਰਾਂ ਸੈ ਤ੍ਰੈਨਵੇ ਸੋ ਭਏ। ਤੁਰਕ ਚੜ ਲਾਦੇਰੋਂ ਅਚਣਚੇਤੋ ਆਇ ਪਏ। ਬਹੁਤ ਸਿਖ ਮਾਰੇ, ਨਸਿ ਨਸਿ ਹਰਿ ਮੰਦਰ ਵੜ ਗਏ । ਗਿਰਦੇ ਤੁਰਕਾਂ ਘੇਰਾ ਪਾਇ ਲਏ ॥੪੫॥ ਕੀਤੀ ਕਸਮ ਸੌਗੰਧ ਅੰਦਰੋਂ ਕਢਿਵਾਏ। ਹਥਿਆਰ ਸਭਨਾਂ ਦੇ ਗਲੋਂ ਲੁਹਾਏ। ਕਰ ਇਕਠੇ ਸਭ ਪੰਗਤ ਬਹਾਏ। ਲਗੀ ਵਗਨ ਤਲਵਾਰ ਸਿਰ ਸਭਨਾ ਦੇ ਕਟਿਵਾਏ ॥ ੪੬ ॥ ਅਸੀਂ ਭੀ ਤਿਸ ਜੁਧ ਪਿਤਾ ਦੇ ਨਾਲ ਨਿੱਕੇ ਵਿਚੇ ਆਹੇ। ਆਈ ਸ਼ਕਿਸਤ ਅਸੀਂ ਨਸਿ ਵੜੇ ਨਗਰ ਮਾਹੇ ॥ ਘਰਿ ਆਪਣੇ ਵੜਿ ਦੁਨੈ ਭੋਹਰੇ ਸਰਦਖਾਨੇ। ਦੋ ਭਾਈ ਅਸੀਂ ਨਿਕੜੇ, ਮੰਗ ਪਿਤਾ,ਦੁਇ ਹੋਰ, ਪੰਜ ਛਿਪਾਨੇ ॥ ੪੭ ॥ ਪ੍ਰਾਰਬਧ ਸਾਸ ਵਧੇ, ਰਹੇ ਦੁਰੇ। ਆਏ ਤੁਰਕ ਦੇਖ ਭਾਲਿ ਨਗਰੁ ਅੱਗੀਂ ਲਾਇ ਟੁਟੇ। ਧਾਮ ਹਮਾਰੇ ਭੀ ਅਨਲ ਚਮਕੀ ਪਰ ਸਤਿਗੁਰੂ ਰਖਿ ਲਏ। ਪਰੀ ਨਿਸਾ ਕਾਰੀ ਅਸੀਂ ਪੰਜੇ ਨਿਕਸ ਅੰਮ੍ਰਿਤਸਰ ਗਏ ॥ ੪੮ ॥ ਕਿਆ ਦੇਖੀਏ ਸਭੇ ਸਿਖ ਕਟਿ ਸਰ ਅੰਮ੍ਰਿਤ ਵਿਚ ਤੁਰਕਾਂ ਪਏ। ਨਾਲੇ ਦੁਖ ਗਿਰਦੇ ਦੇ ਸਭ ਕਾਟ ਪ ਵਾਏ। ਤਿਨਾ ਸਿਖਾਂ ਦੇ ਹਥ ਪੈਰ ਕਛੁ ਕਾਟੇ ਕਪੜੇ ਸੋਨ ਸੋ ਭਰੇ। ਅਸਾਂ ਜਾਇ ਦੇਰੇ ਆਗੇ ਦਰਬਾਰ ਦੇ ਸਭ ਪਰੇ ॥੪੯॥ ਦੇਰਤ ਦੇਰਤ ਅਸੀਂ ਤਹਾਂ ਗਏ। ਜਹਾਂ ਡੇਰੇ ਤੁਰਕਾਂ ਨਿਸ ਕਾਗੀ ਲਾਗੇ ਪਏ । ਮਸਾਲਾਂ ਦੀਵੇ ਵੰਨਿ ਬਲਦੀ ਅਸੀਂ ਹੋਰ ਆਏ । ਸਾਗ ਪਤ੍ ਮੂਲੀ ਗਾਜਰ ਤੋੜਿ ਪੁਟਿ ਲੈ ਦੁਰੇ ਉਥੇ ਹੀ ਜਾਏ ॥ ੫੦ ॥ ਦਿਨੇ ਓਹ ਢੂੰਡਦੇ ਫਿਰਨ ਛਪੇ ਲੁਕੇ ਬਨ ਸਿਖਾਂ ਨੂੰ । ਨਿਸਾ ਅਸੀਂ ਭਉਂਦੇ ਦੇਰਦੇ ਪੁਟਿਭੰਨਿ ਲਿਆਵੀਏ ਇਖਾਂ ਨੂੰ। ਪੰਜ ਅਸੀਂ ਸੱਤ ਹੋਰ ਮਿਲੇ। ਨਿਸ ਨਿਕਲ ਫਿਰੀਏ ਦਿਨੇ ਜਾਇ ਦੁਰੀਏ ਕੋਈ ਬਣ ਕੋਈ ਖੋਲੇ ॥ ੫੧ ॥ ਤੁਰਕ ਨਿਸਾ ਕੋ ਡੇਰਿਓਂ ਨਾ ਨਿਕਲਨ ਡਰਦੇ। ਅਸੀਂ ਦਿਨੇ ਨਾ ਨਿਕਲੀਏ ਨਿਸਾ ਰਹੀਏ ਫਿਰਦੇ । ਪ੍ਰਾਰਬਧ ਸਾਸ ਵਧੇ ਸੋ ਸਭ ਭੋਰੇ ਆਏ। ਤੁਰਕਾਂ ਐਸੇ ਐਸੇ ਸਿਖਾਂ ਨਾਲ ਕਰਮ ਕਮਾਏ ॥ ੫੨ ॥ ਪਰ ਤਿਸ ਸਮੇਂ ਸਿਖ ਆਹੇ ਜਤੀ ਸਤੀ ਰਹਿਤਵਾਨ । ਪੰਜ ਪੰਜ ਸਤ ਸਤ ਦਿਨ ਭੁਖੇ ਰਹਿਨ ਪਰ ਐਲਾ ਮੈਲਾ ਧਾਨ ਨ ਖਾਨ । ਤਿਨਾਂ ਸਿਖਾਂ ਦੇ ਤਪ ਕਰਿ ਤੁਰਕਾਂ ਦਾ ਹੋ ਜਾਸੀ ਨਾਸ। ਅਤੇ ਉਨ੍ਹਾਂ ਦੇ ਤਪ ਭਜਨ ਸੀਸ ਦੇਣੇ ਕਰਿ ਖਾਲਸੇ ਦਾ ਹੋਸੀ ਪ੍ਰਕਾਸ ॥੫੩॥

[ਬੰਸਾਵਲੀ ਨਾਮਾ ਪੰਨਾ ੩੨੭

'ਬੰਸਾਵਲੀ ਨਾਮਾ' ਪੁਸਤਕ ਵੀ ਕਿਸੇ ਭਾਜੜ ਵਿਚ ਖੰਡਤ ਹੋਇਆ ਹੈ। ਪੁਸਤਕ ਦੇ ਖਾਤਮੇ ਉਪਰ ਕੇਸਰ ਸਿੰਘ ਨੇ ਏਹ ਨੋਟ ਲਿਖਿਆ ਹੈ: ''ਪਉੜੀਆਂ ਅੰਗ ਭੁਲੇ ਹੋਏ ਹੈਨ, ਸਮਝ ਲਿਖਨੇ ਪੜਨੇ, ਭਾਜੜ ਵਿਚ ਪੋਥੀ ਨੀਗਰਾਂ ਪਾੜੀ ਹੈ ਸੋ ਜੋੜੀ ਹੈ।''

ਕਵਿਤਾ ਦੇ ਨੁਕਤੇ ਤੋਂ' ਕੇਸਰ ਸਿੰਘ ਦੀ ਰਚਨਾ ਵਿਚ ਕਈ ਗੁਣ ਦੋਸ਼ ਹਨ। ਗੁਣਾਂ ਦੀ ਸ਼ੁਮਾਰੀ ਵਿਚ ਤਾਂ ਸਭ ਤੋਂ ਵਡੀ ਖੂਬੀ ਕਵੀ ਦੇ ਹਿਰਦੇ ਦੀ ਸੱਜਨਤਾ (sincerity) ਹੈ। ਜੋ ਭਾਵ ਉਸ ਦੇ ਡੂੰਘੇ ਅੰਦਰ ਵਿਚ ਪੁੜੇ ਹੋਏ

Digitized by Panjab Digital Library | www.panjabdigilib.org

ਹਨ ਓਹੰਬਾਣੀ ਦਾ ਪ੍ਰਵਾਹ ਰੂਪ ਹੋਕੇ ਕਵਿਤਾ ਦੀ ਨਿਸਾਰ ਵਿਚੋਂ ਵੱਗ ਰਹੇ ਹਨ:-

ਆਜਜ਼ ਨੂੰ ਅਜਮਾਈਂ ਨ ਮੂਲੇ ਆਜਜ਼ ਤਾਉ ਨ ਸਹਸੀ। ਕੱਚ ਦੇ ਕੰਛਣ ਚਕੀ ਠਠਿਕਾਰਣ ਠੇਕਿ ਲਗੇ ਭਜਿ ਵੇਸੀ। ਜੇ ਤੂੰ ਆਜਜ ਨੂੰ ਅਜਿਮਾਵਣ ਲਗਾ ਤਾਂ ਆਜਿਜ਼ ਦਾ ਕੁਛ ਨ ਰਹਿਸੀ। ਆਜਜ਼ ਦਰ ਤੇਰੇ ਤੇ ਢੱਠਾ, ਤੇਰੀ ਰਖੀ ਰਹਿਸੀ, ਤੂੰ ਰਖੇਂ ਤਾਂ ਰਹਿਸੀ। [ਬੰਸਾ: ਨਾਮਾ

ਇਸ ਤੋਂ ਸਿਵਾ ਕੇਸਰ ਸਿੰਘ ਦੀ ਇਸ ਕਵਿਤਾ ਵਿਚ ਇਕ ਘਰੋਗੀ ਜੇਹੀ (homely) ਨਿੱਘ ਹੈ ਜੋ ਉਸ ਦੀ ਵਿਚਾਰ ਧਾਰਾ ਨੂੰ ਚੌਂਕੇ ਚੁਲ੍ਹੇ ਚਰਖੇ ਚੱਕੀ ਦੇ ਰਚੇ ਮਿਚੇ ਵਾਯੂ ਮੰਡਲ ਵਿਚ ਰਖਦੀ ਹੈ। ਰਚਨਾ ਰਸ ਮਈ ਤੇ ਵੈਰਾਗ ਜਨਕ ਹੈ।

ਉਕਾਈਆਂ ਵਲ ਜੇ ਖਿਆਲ ਕਰੀਏ ਤਾਂ ਕੇਸਰ ਸਿੰਘ ਦੇ ਛੰਦ ਪ੍ਰਬੰਧ ਵਿਚ ਉਹ ਖੁੱਲ੍ਹ ਦਿੱਸੇਗੀ ਜਿਸਨੂੰ ਨੁਕਸ ਕਹੀਦਾ ਹੈ। ਕੇਸਰ ਸਿੰਘ ਜਿਸ ਛੰਦ ਨੂੰ ਆਪ ਚੌਪਈ ਕਰਕੇ ਲਿਖਦਾ ਹੈ ਉਸਦਾ ਨਮੂਨਾ ਇਹ ਹੈ:-

ਚੌਪਈ-ਜੋ ਗੁਰ ਕਾ ਬਚਨ ਕਮਾਵੇਗਾ ਸਿੰਘ ਜੀ। ਸੋ ਦੀਨ ਦੁਨੀਆਂ ਸੁਖ ਪਾਵੇਗਾ ਸਿੰਘ ਜੀ। ਜੋ ਸਤਿਗੁਰਾਂ ਥੀਂ ਮੁੜ ਜਾਵੇਗਾ ਸਿੰਘ ਜੀ। ਸੋ ਨਰਕੇ ਬਾਸਾ ਪਾਵੇਗਾ ਸਿੰਘ ਜੀ।

[ਬੰਸਾ: ਨਾਮਾ ਪੰਨਾ ੩੫੩

ਇਹ ਛੰਦ ਕਿਸੇ ਵੀ ਤਰ੍ਹਾਂ ਚੌਪਈ ਨਹੀਂ ਕਿਹਾ ਜਾ ਸਕਦਾ। ਚੌਪਈ ਪੰਦ੍ਰਾਂ, ਜਾਂ ਸੋਲਾਂ ਮਾਤ੍ਰਾਂ ਦੀ ਹੁੰਦੀ ਹੈ ਜਿਸ ਹਾਲਤ ਵਿਚ ਉਸਨੂੰ ਚਉਪਾਈ ਕਿਹਾ ਜਾਂਦਾ ਹੈ। ਪਰ ਕੇਸਰ ਸਿੰਘ ਨੇ ਉਪਰਲੀ ਚੌਪਈ ਨੂੰ ਵੀਹ ਤੋਂ ਬੀ ਵੱਧ ਮਾਤ੍ਰਾਂ ਤਕ ਖਿੱਚਿਆ ਹੈ। ਕੋਈ ਪਾਠਕ ਸ਼ਾਇਦ ਇਹ ਕਹੇ ਕਿ ਇਹ ਕਵਿਤਾ ਨਵਾਂ ਛੰਦ ਹੈ ਸਿਰਫ ਨਾਮ ਪੁਰਾਣਾ ਵਰਤਿਆ ਹੈ; ਪਰ ਇਹ ਗਲ ਇਸ ਕਰਕੇ ਕਾਇਮ ਨਹੀਂ ਰਹ ਸੱਕਦੀ ਕਿ ਕੇਸਰਸਿੰਘ ਕਿਤੇ ਕਿਤੇ ਖਿੱਚ ਕੇ ਚੌਪਈ ਨੂੰ ਤੀਹ ਮਾਤ੍ਰਾ ਤਕ ਲਮਕਾਜਾਂਦਾ ਹੈ ਜੈਸਾ ਕੇ ਹੇਠਲੇ ਛੰਦ ਦੀ ਅਖੀਰਲੀ ਤੁਕ ਵਿਚ ਹੈ:

ਇਹ ਜਤਨ ਕਰ ਤੇਗ ਬਹਾਦਰ ਜੀ ਬਾਲਕੁ ਪਾਇਆ। ਰਿਦਾ ਭਇਆ ਪ੍ਰਸੰਨ ਚਿਰੰਜੀਤ ਸੁਤ ਆਇਆ। ਕੋਈ ਕਾਲ ਤਹਾਂ ਰਹੇ ਪਟਨਾ ਸੋ ਬਾਸੀ। ਖਬਰ ਏਹਾਂ ਤੇ ਗਈ ਗੁਰੂ ਹਰਰਾਇ ਦਿਵ ਲੋਕ ਸਿਧਾਸੀ।[ਬੰਸਾ:ਨਾ: ਪੰਨਾ੧੩੧

ਇਸਤਰਾਂ ਦੀ ਅਨ-ਅਵਸਥਾ ਅੰਦਰ ਕੇਸਰ ਸਿੰਘ ਦੀ ਕਾਵਜ ਰਚਨਾ ਵਿਚ ਅਨੇਕ ਪ੍ਰਕਾਰ ਦੀਆਂ ਚੌਪਈਆਂ ਹੋ ਜਾਂਦੀਆਂ ਹਨ। ਏਹੋ ਹਾਲ ਦੋਹਿਰੇ ਦਾ ਹੈ:-

ਦੋਹਿਰਾ-ਸੁਣੀਏ ਬਿਨਤੀ ਮੋਰੀ ਸਿੰਘ ਜੀ ਸਿੰਘ ਕੇਸਰ ਛਿਬਰ ਹੈ ਕਹਿੰਦਾ। ਖੁਲਕ ਮੁਹੱਬਤ ਪਿਆਰ ਤੇ ਸੇਵਾ ਸਿੰਘ ਜੀ ਜਗ ਏਹੋ ਹੀ ਥਿਰ ਰਹਿੰਦਾ।

[ਬੰਸਾ: ਨਾਮਾ ਪੰਨਾ ੩੫੩

ਦੋਹਿਰੇ ਦੀਆਂ ਸਾਧਾਰਣ ਤੌਰ ਤੇ ੨੪ ਮਾਤ੍ਰਾਂ ਹੁੰਦੀਆਂ ਹਨ। ਇਸਦੇ ਉਲਟ, ਉਪਰ ਦਿਤੇ ਛੰਦ ਦੀ ਪਹਿਲੀ ਪੰਕਤੀ ਵਿਚ ੩੪ ਮਾਤ੍ਰਾਂ ਹਨ ਤੇ ਦੂਜੀ ਪੰਕਤੀ ਵਿਚ ੩੮। ਪਰ ਕੇਸਰ ਸਿੰਘ ਦੇ ਹਰ ਦੋਹਿਰੇ ਦਾ ਛੰਦ-ਪ੍ਰਬੰਧ ਵੱਖਰਾ ਹੈ ਤੇ ਇਸਦੇ ਦੋਹਿਰੇ ਕਿਸੇ ਇਕ ਨਿਯਮ ਹੇਠ ਨਹੀਂ ਠਹਿਰਦੇ। ਹੇਠਲੇ

Digitized by Panjab Digital Library | www.panjabdigilib.org

ਦੋਹਿਰੇ ਵਿਚ ਪਹਿਲੀ ਪੰਕਤੀ ਵਿਚ ੩੫ ਮਾਤ੍ਰਾਂ ਹਨ, ਦੂਜੀ ਪੰਕਤੀ ਵਿਚ ੩੭:–

ਦੋਹਿਰਾ–ਸਿੰਘ ਜੀ ਸਿੰਘ ਜੀ ਕਰ ਸਭ
ਕੋਈ ਆਖੇ ਸਿੰਘ ਜੀ ਹੋਣਾ ਅਉਖਾ।
ਸਿੰਘ ਹੋਇ ਮੁਰਦਾਰ ਨ ਖਾਏ ਨਹੀਂ
ਸਿੰਘ ਸਦਾਵਣ ਸਉਖਾ।

[ਬੰਸਾ: ਨਾਮਾ ਪੰਨਾ ੩੫੩

ਦੋਹਿਰੇ ਦੇ ਕਈ ਛੰਦ ਛੰਦ ਸ਼ਾਸਤ੍ਰ ਨੇ ਗਿਣੇ ਹਨ ਪਰ ਸਭ ਦੇ ਵਿਚ ਇਕ ਨਿਯਮ ਇਹ ਚਲਦਾ ਹੈ ਕਿ ਅੰਤ ਗੁਰੂ ਲਘੂ ਹੋਵੇ, ਪਰ ਕੇਸਰ ਸਿੰਘ ਦਾ ਦੋਹਿਰਾ ਕਿਸੇ ਵੀ ਐਸੇ ਨਿਯਮ ਦੀ ਹਦ ਬੰਦੀ ਅੰਦਰ ਨਹੀਂ ਆਉਂਦਾ।

ਇਸ ਬੇਨਿਯਮੀ ਵਿਚ ਛੰਦ ਇਤਨੇ ਢਿੱਲੇ ਪੈ ਜਾਂਦੇ ਹਨ ਕੇ ਉਹ ਪਦਜ ਦੀ ਖੜੀ ਚੜੀ ਸ਼੍ਰੇਣੀ ਵਿਚੋਂ ਨਿਕਲਕੇ ਵਾਰਤਿਕ ਦੀ ਸਿਥਲਤਾ ਵਿਚ ਲੀਨ ਹੋ ਜਾਂਦੇ ਹਨ। ਨਮੂਨੇ ਲਈ ਵੇਖੋ ਹੇਠਲੀਆਂ ਤੁਕਾਂ:

ਧੀ ਭੈਣ ਨਾਰੀ ਧਨੁ ਧਾਮ ਦੇਸੁ ਗਉ ਜੋ
ਜੋ ਮੰਗੇ ਸੋ ਦੇਣਾ। ਦੇਇਕੇ ਹਿੰਦੂ ਨੂੰ
ਤੁਰਕ ਕਰ ਲੈਣਾ। ਇਤੇ ਵਾਸਤੇ ਗੋ
ਹਤਿਆ ਠਹਿਰਾਈ। ਜੋ ਫੇਰ ਹਿੰਦੂਆਂ
ਨਾਲਿ ਮਿਲ ਰਲ ਨ ਜਾਈ।

[ਬੰਸਾ: ਨਾ: ਪੰਨਾ ੩੦੯

ਵੈਰਾਗ ਚਰਖੇ ਵਿਚ ਉਪਰਲੀ ਹੱਦ ਤਕ ਤਾਂ ਨਹੀਂ ਪਰ ਇਸ ਵਿਚ ਵੀ ਕੇਸਰ ਸਿੰਘ ਦੇ ਛੰਦ ਨੇ ਵਜ਼ਨ ਦੀਆਂ ਖੁੱਲ੍ਹਾਂ ਲੀਤੀਆਂ ਹੋਨ। ਚਰਖੇ ਦਾ ਛੰਦ ਪ੍ਰਬੰਧ ਪਉੜੀ ਦਾ ਹੈ ਜੈਸਾ ਕਿ ਉਸਨੇ ਆਪ ਲਿਖਿਆ ਹੈ:–

"ਬੀਸੋ ਬੀਸ ਪਉੜੀ ਕਹੀ ਪੁਨ ਬੀਸੋ
ਤੀਸ ਮਿਲਾਇ"

ਵੈਰਾਗ ਚਰਖੇ ਦੀ ਜੋ ਸੈਂਚੀ ਸਾਨੂੰ ਮਿਲੀ ਹੈ ਉਹ ਬਹੁਤ ਪੁਰਾਣੀ ਥਿੰਧੀ ਤੇ ਫਟੀ ਹੋਈ ਹਾਲਤ ਵਿਚ ਹੈ। ਇਹ ਪੌੜੀਆਂ ਵਿਚ ਹੈਨ ਨਹੀਂ:–੧ਤੋਂ ੫, ੭੧ ਤੋਂ ੮੮*।

ਅਸੀਂ ਉਹ ਸਾਰੇ ਦਾ ਸਾਰਾ ਜੋ ਸਾਡੇ ਪਾਸ ਹੈ ਹੇਠ ਛਾਪਦੇ ਹਾਂ। ਇਹ ਨੁਸਖਾ ਕੇਸਰ ਸਿੰਘ ਦਾ ਅਪਣਾ ਹਸਤ ਲਿੱਖਤ ਜਾਪਦਾ ਹੈ।

ਵੈਰਾਗ ਚਰਖਾ

... ...

੧. ਸਧਰਾਈ ਹੋਇ ਨ ਕਤਿਆ ਨ ਤ੍ਰਿਵਣਿ ਭਾਹਿਆ।
੨. ਪਇਆ ਪੁਰਾਣਾ ਹੋਇ ਗਇਆ ਘੁਣ ਖਾਦੇ ਜਾਵੇ।
੩. ਕੁੜੀਆ ਵਲੋ ਦੇਖਕੇ ਮੈ ਚਾਓ ਨ ਆਵੇ ॥੫॥
੪. ਤੋਬੇ ਗੋੜੇ ਪੂਣੀਆ ਪਛੀ ਭਰ ਆਦੀ।
੫. ਝਖਣ ਵਾਓ ਗਵਾਈਆ ਮਤਿ ਲੇ ਕੁਚਜੀਆ ਦੀ।
੬. ਨਿਤ ਫਿਰਾਂ ਪਰਬੁਹੜੇ ਏਹਾ ਪਈ ਖਸਲਤਿ।
੭. ਛੁਟੜਾਕੰਤਵਿਸਾਰੀਆ ਨਾਲਿਤਿਨਾ ਦੇ ਮਜਲਸ॥੬॥

*ਪੰਜਵੀਂ ਪਉੜੀ ਦੇ ਸਿਰਫ ਤਿੰਨ ਅੰਤਲੇ ਚਰਣ ਹਨ, ੭੧ਵੀਂ ਦੇ ਪਹਿਲੇ ਤਿੰਨ ਤੇ ੮੮ ਵੀਂ ਦੇ ਅੰਤਲੇ ਦੋ ਹਨ।

Digitized by Panjab Digital Library | www.panjabdigilib.org

੮. ਓਹ ਕੁਚਜੀਆਂ ਜਨਮ ਦੀਆ ਮੈ ਸਖੀਆ ਮੈਰੀਆ ।
੯. ਜਾਂ ਪੁਛੇ ਕੰਤ ਬਹਾਲਕੇ ਇਹ ਕਰਤੂਤਾਂ ਤੇਰੀਆਂ ।
੧੦. ਸੁਣ ਨੀ ਮਾਏ ਭੋਲੀਏ ਕੋਈ ਹੁਣ ਮੈ ਕੀ ਕਹਿਸਾਂ ।
੧੧. ਗੁਣ ਨਾ ਕੋਈ ਪਲੜੇ ਮੈ ਅਢੁ ਨ ਲਹਿਸਾਂ ।।੭।।
੧੨. ਦਿਤਾ ਜਬਾਬ ਨ ਜਾਇਸੀ ਸੁਣ ਮੇਰੀਏ ਮਾਏ ।
੧੩. ਜਿਤਣੇ ਗੁਣ ਸੇ ਕੰਤ ਦੇ ਮੈ ਸਭ ਗਵਾਏ ।
੧੪. ਭਾਹਿ ਨ ਬੇਠੀ ਪੀਹੜਾ ਧਰ ਚਰਖਾ ਅਗੇ ।
੧੫. ਛਲੀ ਪਛੀ ਨਾ ਪਈ ਕਿਸੇ ਨਾਲ ਨ ਲਗੇ ।।੮।।
੧੬. ਮੋਟਾ ਸੋਟਾ ਕਤਦੀ ਭੀ ਕਹਣੇ ਨੂ ਹੋਦੀ ।
੧੭. ਕੇਸਰ ਪਛੀ ਪਾਇ ਕੇ ਅਗੇ ਕੰਤ ਖੜੋਦੀ ।
੧੮. ਇਹ ਗਲਾ ਸੰਸਾਰ ਵਿਚ ਮੈ ਸੁਣਦੀ ਆਹੀ ।
੧੯. ਜੋ ਸਿਰ ਆਵੇ ਤਹੀ ਵਿਹਾਵੇ ਸਾਥੀ ਕੇ ਨਾਹੀ ।।੯।।
੨੦. ਅਖੀ ਕਜਲ ਪਾਇਕੇ ਨਾ ਮਾਗ ਭਰਾਈ ।
੨੧. ਪਾਸ ਸੁਹਾਗਣਿ ਬੈਠਕੇ ਨਾ ਮਹਿਦੀ ਲਾਈ ।
੨੨. ਪਾਟਾ ਮੂਲ ਨ ਸੀਤਾ ਹਥ ਸੂਈ ਲੈਕੇ ।
੨੩. ਹਥੋ ਪਾੜ ਗਵਾਇਆ ਨਾਲ ਕੁਚਜੀਆ ਬਹਿਕੇ ।।੧੦।।
੨੪. ਗਰਬ ਗਹੇਲੀ ਮੈ ਫਿਰੀ ਵਿਚ ਤਿਵਣ ਸਾਰੇ ।
੨੫. ਮਿਉ ਘੁਣ ਖਾਧੀ ਲਕੜੀ ਮਾਰੀ ਹੰਕਾਰੇ ।
੨੬. ਨੀਵਾ ਦੀਦਾ ਕਰਕੇ ਨਿਠੁ ਬੈਠਿਓ ਨਾਹੀ ।
੨੭. ਸਹਿਜ ਨ ਚਲੀ ਰਾਹੜੇ ਗਰੂਰਤ ਮਾਂਹੀ ।।੧੧।।
੨੮. ਹੈ ਨੀ ਅੰਬੜ ਮੇਰੀਏ ਤੇ ਮਤ ਨ ਦਿਤੀ ।
੨੯. ਹਾਰ ਗਵਾਈ ਬਾਜੀ ਮੈ ਆ ਜਿਤੀ ।
੩੦. ਰੂਪ ਭਰਵਾਸੇ ਜਾਤ ਮੈ ਆਪ ਗਵਾਇਆ ।
੩੧. ਇਹ ਗਲਘੋਟੂ ਬੇਰ ਸੀ ਠਗੁ ਨਜਰੀ ਆਇਆ ।।੧੨।।
੩੨. ਮੈ ਜੇਹੀਆ ਧਨ ਵਾਲੀਆ ਕਈ ਪਕੜ ਚਲਾਈਆ ।
੩੩. ਇਸ ਭਰਵਾਸੇ ਰੂਪ ਦੇ ਭੀ ਪਛੋਤਾਈਆ ।
੩੪. ਘੁਣ ਦਾ ਖਾਧਾ ਚਰਖਾ ਕਿਸੇ ਕੰਮ ਨ ਆਵੇ ।
੩੫. ਤੂਟਾ ਤੂਕਲਾ ਸਾਰ ਦਾ ਗੰਢ ਰਾਸ ਨ ਆਵੇ ।।੧੩।।
੩੬. ਚਮੜੀ ਖਾਧੀ ਚੂਹਿਆ ਨਹੀ ਬੀੜੀ ਵਹਿਦੀ ।
੩੭. ਉਲੀ ਲਗੀ ਤੂਕਲੇ ਨਹੀ ਛਲੀ ਸਾਹਿਦੀ ।
੩੮. ਮਾਲੁਸਉਟੇਟਾ ਹੋਇ ਗਈ ਬਾਇੜ ਹੋਇਆ ਪੁਰਾਣਾ ।

Digitized by Panjab Digital Library | www.panjabdigilib.org

੩੯. ਹੁਣ ਕੀ ਹੋਂਦਾ ਰੁਠਿਆ ਵਖਤੁ ਵਿਹਾਣਾ ॥੧੪॥
੪੦. ਵੇਲੇ ਨਾਲ ਨ ਚੇਤਿਆ ਜਾ ਆਹੀ ਜੁਆਨੀ।
੪੧. ਧਨ ਜੋਬਨ ਦੇ ਭਰਵਾਸੜੇ ਰਹੀ ਦਿਵਾਨੀ।
੪੨. ਭਰੀ ਗੁਮਾਨ ਅੰਕਾਰ ਦੀ ਮੈਂ ਫਿਰਦੀ ਆਹੀ।
੪੩. ਭੂਖਣ ਚੀਰ ਬਣਾਇਕੇ ਹਥਿ ਸੁੰਦ੍ ਬਾਹੀ ॥੧੫॥
੪੪. ਜਾ ਭਰ ਦੇਖਾ ਆਪ ਨੂ ਵਿਚ ਅੰਗ ਨ ਮਾਵਾਂ।
੪੫. ਨਾਲ ਕੁਚਜੀਆ ਬੈਠਕੇ ਸੁਰ ਲੰਮੀ ਗਾਵਾਂ।
੪੬. ਮਤ ਦੇਵੈ ਓਸ ਵੇਲੜੇ ਸੋ ਵੈਰੀ ਮੇਰਾ।
੪੭. ਕਿਸੇ ਨ ਆਣਾਂ ਖਾਤਰੀ ਕਰ ਜਾਣਾ ਚੇਰਾ ॥੧੬॥
੪੮. ਕੂੜਾ ਅੰਙਣਿ ਆਇਆ ਨ ਬੁਹਾਰੀ ਦਿਤੀ।
੪੯. ਦਿਲ ਦੀ ਘੁੰਡੀ ਨਾ ਖੁਲੀ ਓ ਭਿਤੀ।
੫੦. ਲੰਬ੍ਹੁੰਘਿਵਿਚਨ ਖਲੀਪਇਗਇਆਅਖੀਚੋਣਾਖੁ।
੫੧. ਕਢਲ ਵਾਲਾ ਕੋ ਨਹੀ ਨਾ ਮਾਏ ਨ ਬਾਪ ॥੧੭॥
੫੨. ਕੈਸਰ ਕਿਸਰ ਿਸਨੂ ਆਖੀਏ ਇਹ ਵੇਲਾ ਕਉਣ।
੫੩. ਪਲਘ ਤੇ ਸੇਜਾ ਓਠ ਗਈਆਭੁਇ ਆਇਆਸਉਣ।
੫੪. ਅਜੇ ਸੁ ਵਲਿ ਨਹੀ '''ਵੜੇ ਰਸੀ ਸੜ ਗਈ।
੫੫. ਚਰਖੇ ਠੁਲੀਆ ਗੁੜੀਆ ਪੀੜੀ ਭਜ ਪਈ ॥੧੮॥
੫੬. ਸਭੇ ਸਹੇਲੀਆ ਉਠ ਗਈਆ ਓਹ ਕਿਥੇ ਿਤਵਣ।
੫੭. ਗੋੜਾ ਪਛੀ ਨ ਰਹੀ ਨਾ ਤੇਲੀ ਪਿੰਵਣੁ।
੫੮. ਲਾਗੀ ਆਏ ਪੈਨਕੇ ਓਹ ਬਗੇ ਕਪੜੇ।
੫੯. ਓਹਮੰਞੇ ਨ ਮੁੜਦੇਕਿਸੇ ਦੇ ਓਨਾਹਥਪਾਇਤਕੜੇ॥੧੯॥
੬੦. ਛਪਦੀ ਲੁਕਦੀ ਮੈ ਫਿਰਾਂ ਕੋਈ ਰਖੇ ਨਾਹੀ।
੬੧. ਰੋਦੀ ਵਖਤ ਗੁਜਾਰ ਕੇ ਕਰ ਖੜੀਆ ਬਾਹੀ।
੬੨. ਜੋਰਾ ਜਬਰੀ ਲੈ ਚਲੇ ਮਾਇ ਬਾਪ ਦਿਖੰਦੇ।
੬੩. ਪਾਸ ਖੜੇਤੇ ਅੰਗ ਸਾਕ ਨਹੀ ਮੁਹੋ ਬੁਲੰਦੇ ॥੨੦॥
੬੪. ਅਪਣੀ ਦੇਖ ਸਭ ਟੋਰਨਿ ਨੂ ਹੋਏ।
੬੫. ਭਰਵਾਸੇ ਲਗ ਇਨਾਦੜੇ ਗੁਣ ਸਭੇ ਖੋਏ।
੬੬. ਜੇ ਪਹਿਲੇ ਹੀ ਚੇਤੀਏ ਤਾਂ ਕਾਹੇ ਡਰੀਏ।
੬੭. ਪਾਸ ਬਹੀਏ ਸੁਹਾਗਣੀ ਕੁਚਜੁ ਨ ਕਰੀਏ ॥੨੧॥
੬੮. ਆਗੇ ਧਰੀਏ ਚਰਖਾ ਪਿਛੇ ਕਰ ਪੀੜੀ।

Digitized by Panjab Digital Library | www.panjabdigilib.org

੬੯. ਡਿੰਗੀ ਤ੍ਰੇਢੀ ਜੋ ਕਰੇ ਗਲ ਸਭਾ ਸੀਝੀ।
੭੦. ਚਾਈ ਚਾਈ ਕਤਕੇ ਕਰ ਰੂਈ ਸੂਤ।
੭੧. ਮਿਠੀ ਪਿਆਰੀ ਸਾਹੁਰੇ ਮਾਇ ਬਾਪ ਸਪੂਤ ॥੨੨॥

੭੨. ਇਥੇ ਉਥੇ ਜਸੁ ਲਹੇ ਹੋਵੇ ਸਭਰਾਈ।
੭੩. ਸਭੇ ਜਾਣਨਿ ਆਪਣੀ ਨਾ ਕਿਸੇ ਪਰਾਈ।
੭੪. ਬੇਸਰ ਨਾਕਹਿ ਪਾਇਦੀ ਅਖੀ ਕਜਲ ਨੀਵਾ।
੭੫. ਬੋਲਣ ਮਿਠਾ ਭਾਵਦਾ ਸਭਸੇ ਨੂ ਜੀਵਾਂ ॥੨੩।

੭੬. ਖਾਂਣਾਂ ਪੀਣਾ ਸੰਜਿਮ ਦਾ ਸਉਣਾ ਭੀ ਥੋੜਾ।
੭੭. ਵਹੁਟੀ ਸੁੰਦ੍ ਆਖੀਏ ਨਾ ਲਗੇ ਚੋੜਾ।
੭੮. ਸਖੀਆ ਦੇ ਵਿਚ ਏਠਕੇ ਮਸਲਤ ਕਰੀਏ।
੭੯. ਸੇਵਾ ਕਰੀਏ ਕੰਤ ਦੀ ਸੀਸ ਅਗੇ ਧਰੀਏ ॥੨੪॥

੮੦. ਐਸਾ ਸੁੰਦ੍ ਚਰਖਾ ਕਿਉ ਤੋੜ ਗਵਾਈਐ।
੮੧. ਆਖੈ ਲਗ ਕੁਚਜੀਆ ਨ ਆਪ ਵਞਾਈਐ।
੮੨. ਹੈ ਨੀ ਅੰਮੜਿ ਮੇਰੀਏ ਮੈ ਮੁਈਓਸ ਹਾਵੇ।
੮੩. ਕੰਤ ਰਿਸਾਲੂ ਸੋਹਣਾ ਨਹੀ ਮੁਹੋ ਬੁਲਾਵੈ ॥੨੫॥

੮੪. ਓਹ ਰਤਾ ਪਰਵੇਲੜੀ ਮੈ ਵਿਚ ਚਜੁ ਨ ਕੋਈ।
੮੫. ਮੈ ਕੁਚਜੀ ਜਨਮ ਦੀ ਨ ਵੇਵੇ ਢੋਈ।
੮੬. ਕੁੜੀਆ ਕੀਤੇ ਦਾਜੜੇ ਮੈ ਲਗੀ ਖੋਡਾਂ।
੮੭. ਹੁਣ ਸਭੇ ਮਿਲ ਕਰਦੀਆ ਮੈਨੂ ਚਹੇਡਾ ॥੨੬॥

੮੮. ਵੇਲੇ ਨਾਲ ਸੰਭਾਲੀਏ ਨਾ ਪਛੋਤਾਈਏ।
੮੯. ਮੋਟਾ ਸੋਟਾ ਧੂਹ ਧਾਹ ਭੀ ਪਛੀ ਪਾਈਐ।
੯੦. ਸਿਧਾ ਕਰਕੇ ਭੂੰਕੁਲਾ ਭਰ ਲਾਹੀਐ ਛਲੀ।
੯੧. ਆਖੇ ਲਗ ਗਵਾਦਣੀ ਨਾ ਫਿਰਾ ਇਕਲੀ ॥੨੭॥

੯੨. ਉਚੇ ਸਨਮੁਖ ਨਾ ਬੋਲਾ ਕੋਈ ਕਿਹ ਆਖੇ।
੯੩. ਭਾਰੀ ਗਉਰੀ ਬਣ ਰਹਾ ..... ਅਪਣੀ ਸਾਖੇ।
੯੪. ਮਤੁ ਸੁਣੇ ਕੋਈ ਸਾਹੁਰਾ ਹੈ ਵਹਟੀ ਮੰਦੀ।
੯੫. ਢੋਈ ਕੰਤ ਨ ਦੇਵਹੀ ਏਹ ਸੋਇ ਸੁਣੰਦੀ ॥੨੮॥

੯੬. ਜਸ ਹੋਦਾ ਤੁਈ ਲੋਕ ਮੈ ਮੈ ਦੰਨ ਸੁ ਆਈ।
੯੭. ਜੇ ਗੁਣ ਹੋਵੰਨ ਗੰਠੜੀ ਤਾ ਸੋਭਾ ਪਾਈ।
੯੮. ਸੋ ਗੁਣ ਨਾ ਕੋਈ ਪਲਤੇ ਸਹੁ ਕੀਕੂ ਮਿਲਸੀ।

Digitized by Panjab Digital Library | www.panjabdigilib.org

੯੯. ਝੁਰ ਝੁਰਕੈ ਸੁਕ ਪਿੰਜਰਾਕਉਣ ਜਾਂਣੇ ਦਿਲਦੀ॥੨੯॥
੧੦੦. ਹੈ ਨੀ ਅੰਮੜ ਮੇਰੀਏ ਹੁਣ ਮੈ ਕੇ ਕੀਤਾ।
੧੦੧. ਖਹਿਕੇ ਜੋੜਾ ਪਾਇਆ ਫਿਰ ਮੂਲ ਨ ਸੀਤਾ।
੧੦੨. ਵੇਲਾ ਗਿਆ ਬਿਤੀਤ ਕੇ ਫਿਰ ਹਥ ਨ ਆਵੈ।
੧੦੩. ਖਾਂਵਣ ਪੀਵਣ ਭੁਲਿਆ ਮੈਨੂ ਕੁਝ ਨ ਭਾਵੈ॥੩੦॥
੧੦੪. ਗਈ ਜੁਆਂਨੀ ਰੰਗਲੀ ਫਿਰ ਪਾਇ ਨ ਫੇਰਾ।
੧੦੫. ਲਾਗੀ ਆਵੈ ਘਰਿ ਵਿਚ ਘਤਿ ਬੈਠਾ ਡੇਰਾ।
੧੦੬. ਕੁੜੀਆ ਦੇ ਵਿਚ ਖੇਡਦੀ ਮੈ ਰਹੀ ਇਆਂਣੀ।
੧੦੭. ਅਚਣਿਚੇਤੀ ਆਇ ਫਿਰੇ ਮੈਨੂ ਲੈਵਣ ਜਾਣੀ। ੩੧॥
੧੦੮. ਸਹੇਲੀਆ ਵਿਚੋ ਪੜਝ ਕੇ ਲੈ ਜਾਸਨ ਮੈਨੂ।
੧੦੯. ਰਖਣ ਵਾਲਾ ਕੋ ਨਹੀ ਮੈ ਆਖਾ ਕੈਨੂ।
੧੧੦. ਪੇਕੇ ਘਰ ਵਿਚ ਲਾਡਲੀ ਮੈ ਰਹੀ ਦੀਵਾਨੀ।
੧੧੧. ਵਖਤ ਨ ਮੂਲ ਸਮਾਲਿਆਜਾਂ ਆਹੀ ਜੁਆਂਨੀ॥੩੨॥
੧੧੨. ਸਖੀਆ ਮਿਲਮਿਲ ਪੁਛਦੀਆ ਕੋਈ ਦਰਦ ਨ ਵੰਡੇ।
੧੧੩. ਮੈ ਆਪੇ ਅਪਨੇ ਰਾਹ ਵਿਚ ਹੈਨੀ ਬਾਜੇ ਕੰਡੇ।
੧੧੪. ਦੋਸ ਨਹੀ ਕਛ ਕੰਤ ਨੂ ਅਵਿਗਿਆ ਮੈਥੋ ਹੋਈ।
੧੧੫. ਪੇਕੇ ਘਰ ਵਿਚ ਵਸਕੇ ਮੈ ਲਾਹੀ ਲੋਈ॥੩੩॥
੧੧੬. ਸੰਗ ਨ ਟੁਰੀ ਡਰ ਕੰਤ ਦੇ ਸਭ ਛਡੇ ਵਿਸਾਰ।
੧੧੭. ਸਹੁਰਾ ਸਸੁ ਤੇ ਜੇਠ ਜਿਠਾਣੀ ਏਹ ਨਦੀਓ ਪਾਰ।
੧੧੮. ਸੰਗ ਨ ਮੈਨੂ ਕਾ ਰਹੀ ਮੈ ਖੁਲੀ ਵਤੀ।
੧੧੯. ਭਾਈ ਭੈਣ ਭਰਜਾਈਆ ਦੇ ਰਹੀਆ ਮਤੀ॥੩੪॥
੧੨੦. ਮੈ ਏਨਾ ਕੁਛ ਨਾ ਜਾਂਣਦੀ ਘਰ ਪੇਕਾ ਮੇਰਾ।
੧੨੧. ਮੈਨੂ ਕਿਸੇ ਆਇ ਨ ਆਖਿਆ ਤੇਰਾ ਜੰਗਲ ਡੇਰਾ।
੧੨੨. ਕੋਈ ਕੋਈ ਆਖਦਾ ਮੈ ਚਿਤ ਨ ਧਰਦੀ।
੧੨੩. ਹੁਣ ਸੋਹਣੀ ਹੋਇਕੇ ਵਰਦੀ ਜੇ ਉਸਵੇਲੇ ਡਰਦੀ॥੩੫॥
੧੨੪. ਹੈ ਨੀ ਅੰਮੜ ਮੇਰੀਆ ਤੈਨੂ ਧੀਇ ਪਿਆਰੀ।
੧੨੫. ਇਸ ਵੇਲੇ ਨੂ ਤੁਧ ਰਖਿਆ ਸਿਰ ਦੁਖਾ ਖਾਰੀ।
੧੨੬. ਮੈਨੂ ਬੁਧ ਨ ਆਈਆ ਕਿਸੇ ਪਾਸ ਬੈਠੰਦੀ।
੧੨੭. ਚਰਖਾ ਅਗੇ ਰਖਿਕੈ ਮੈ ਦਾਜ ਕਤੰਦੀ॥੩੬॥
੧੨੮. ਓਸ ਵੇਲੇ ਦਾ ਸੰਜਿਆ ਹੁਣਿ ਕੰਮ ਆਵੇ ਕੇਸਰ।

Digitized by Panjab Digital Library | www.panjabdigilib.org

੧੨੯. ਦਸਤੀ ਖਾਲੀ ਉਠ ਚਲੀ ਪਤ ਰਖ ਪਰਮੇਸਰ।
੧੩੦. ਜਿਨਾ ਕੀਤਾ ਦਾੜਝਾ ਨਾਲ ਬੁਚਕੇ ਚਲੇ।
੨੩੧. ਮੇਥੇ ਸਭ ਚੰਗੇਰੀਆ ਮੈ ਸਭ ਦੇ ਤਲੇ ॥੩੭॥
੧੩੨. ਬੋਲਣਾ ਜੋਗੀ ਹੈ ਨਹੀ ਕੀ ਮੁਹ ਲੈ ਬੋਲਾ।
੧੩੩. ਮਨੇ ਵਿਸਾਰੀ ਕੰਤ ਮੈ ਡਾਢੁ ਲਗੜੀ ਡੋਲਾ।
੧੩੪. ਸਧਰ ਕੀਤੀ ਕਿਆ ਕਰੇ ਹੁਣ ਬਲ ਨਹੀ ਪਉਦਾ।
੧੩੫. ਕੀਹੋਦਾਕੇਸਰਓਦਿਆ ਕਾਗਸਿਰਤੇਲਉਦਾ॥੩੮॥
੧੩੬. ਦੇਦੇ ਕੰਨ ਉਗਾਹੀਆ ਸੁਣਿ ਸੁਣਿ ਕਣਸੋਈ।
੧੩੭. ਸਭੇ ਢਿਲਕੀਆ ਇੰਦ੍ਰੀਆਂ ਨਾ ਮੁੜੀਆਂ ਖੋਈ।
੧੩੮. ਇਨੀ ਖੋਈ ਮੈਨੂ ਪਟਿਆ ਆਖਾ ਕੇਨੂ।
੧੩੯. ਮੈ ਹਾਰੀ ਏਹੁ ਨ ਹਾਰੀਆ ਇਨਾ ਖਾਧਾ ਮੈਨੂ ॥੩੯॥
੧੪੦. ਏਨਾ ਹਥੋ ਮੈ ਕੂਕਦੀ ਕਰ ਖੜੀਆ ਬਾਹੀ।
੧੪੧. ਏਹ ਸਉਕਣਾ ਮੇਰੇ ਨਾਲ ਹੈਨ ਮੈਨੂ ਛਡਦੀਆ ਨਾਹੀ।
੧੪੨. ਮੈ ਹੁਣ ਭੀ ਚਰਖੇ ਕਤਦੀ ਜੇ ਦੇਵਣ ਕਤਣਿ।
੧੪੩. ਕਛਧਾਗਾਪੋਗਾ ਕਰਲੈਦੀ ਨਹੀ ਆਵਣ ਵਤਣ॥੪੦
੧੪੪. ਏਹ ਮੈਨੂ ਕੇਹੀਆ ਚਮੜੀਆ ਦੂਰ ਮੂਲ ਨ ਹੋਵਨਿ।
੧੪੫. ਚੁਣਿਚੁਣ ਝੁਗਾਖਾਵਦੀਆ ਕੀਤਾ ਕਰਿਤਿਆ ਖੋਵਨ।
੧੪੬. ਪੂਣੀ ਪੂਣੀ ਕਰਕੇ ਮੈ ਛਲੀ ਕਰਦੀ।
੧੪੭. ਇਕਆਵੇਹਾ ਆਇ ਪਉਦੀ ਓਹੁਕਢ ਲੈ ਟੁਰਦੀ॥੪੧
੧੪੮. ਕਉੜੀ ਕਉਡੀ ਜੋਰਕੈ ਮੈ ਪੈਸਾ ਕੀਤਾ।
੧੪੯. ਦੂਜੀ ਅਵੇਹੀ ਆਇ ਪਈ ਓਨੁ ਅੰਦ੍ਰੋ ਕਢਿ ਲੀਤਾ।
੧੫੦. ਟਕਾ ਪੰਜੀਹਾ ਜੋੜਕੇ ਮੈ ਕਰਾ ਰੁਪਈਆ।
੧੫੧. ਇਕਅਵੇਹੀ ਆਇ ਪਵੇ ਓਹ ਕਢਿ ਲੈ ਗਈਆ॥੪੨
੧੫੨. ਹੈ ਨੀ ਅੰਮਾ ਮੇਰੀਏ ਮੈ ਮੁਈਓਸੁ ਮਾਏ।
੧੫੩. ਏਨਾ ਦੇ ਹਥੋ ਭੁਕਣਿ ਕੋਈ ਕਿਥੇ ਜਾਏ।
੧੫੪. ਇਕ ਦਿਨ ਹੋਇ ਗੁਜਾਰੀਏ ਏਹਿ ਨਿਤ ਨਵੈਲੀ।
੧੫੫. ਵਲੇਵਾ ਚਲਣੇ ਰਹਿ ਗਇਆ ਏਹ ਸਭ ਮਰੇਲੀ॥੪੩॥
੧੫੬. ਟਾਕੀ ਟਾਕੀ ਰਖਾ ਜੋੜਕੇ ਮੈ ਕਰਸਾ ਚੋਲੀ।
੧੫੭. ਇਕ ਅਵੇਹੀ ਕਢਿ ਲਏ ਸਿਰ ਮਾਰ ਠਹੋਲੀ।
੧੫੮. ਛਲੀ ਛਲੀ ਜੋੜਕੇ ਕੀਤਾ ਲੇੜਾ ਅਟੀ।
੧੫੯. ਇਕ ਚੁਪਾਤੀ ਕਢਿ ਲੈ ਜਾਏ ਮੈ ਏਨਾ ਪਟੀ ॥੪੪॥

Digitized by Panjab Digital Library | www.panjabdigilib.org

੧੬੦. ਏਨਾ ਮਿਠੀ ਲਾਤੇ ਲੁਟਿਆ ਮੈਨੂ ਖਬਰ ਨਾ ਪਈਆ ।
੧੬੧. ਜਾ ਵੜਿ ਦੇਖਾ ਅੰਦਰੇ ਵਸਤੁ ਇਕ ਨਾ ਰਹੀਆ ।
੧੬੨. ਇਨਾ ਮੁਦਤੀ ਦਾ ਸੰਜਿਆ ਮੇਰਾ ਇਨਾ ਗਵਾਇਆ ।
੧੬੩. ਕੰਤ ਵਿਚਾਰੇ ਭਾਗਵਾਂਨ ਨਹੀ ਫੇਰਾ ਪਾਇਆ ॥੪੫॥
੧੬੪. ਬਲਣ ਮੂਲ ਨ ਦੇਦੀਆ ਕੀ ਕਠਾਂ ਫਿਰੀਆਦ ।
੧੬੫. ਸੰਗ ਇਨਾ ਦੇ ਬੈਠਕੇ ਮੈ ਉਮਰ ਗਵਾਈ ਬਾਦਿ ।
੧੬੬. ਹੈ ਨੀ ਅੰਮਾ ਮੇਰੀਏ ਏ ਬੁਰੀਆਂ ਚੰਮੜੀਆ ।
੧੬੭. ਝੁਗਾ ਝਾਹਾ ਲੁਟਿਕੇ ਇਨਾ ਖੋਹੀਆਂ ਖੰਭੜੀਆ॥੪੬॥
੧੬੮. ਬੈਠਣਿ ਜੋਗੀ ਨਾਂ ਰਹੀ ਕਿਸ ਪਾਸ ਮੈ ਜਾਵਾਂ ।
੧੬੯. ਜੇ ਛੁਟਾ ਇਨਾਂ ਥੀਂ ਜੀਵਦੀ ਤਾਂ ਸਹ ਨੂ ਭਾਵਾਂ ।
੧੭੦. ਮੇਰੀ ਕੰਤ ਓਸੁਨਾਕ ਹੈ ਏਹ ਮਹਾ ਵਿਕ੍ਰਾਲੀ ।
੧੭੧. ਸੇਜੇ ਚੜਨਾ ਦੂਰ ਹੈ ਇਨਾ ਦੋਦੇ ਨਾਲੀ ॥੪੭॥
੧੭੨. ਭੁਲੀ ਚੁਕੀ ਢਹਿ ਪਵਾਂ ਮੈ ਆਪ ਬਖਸਾਦੀ ।
੧੭੩. ਸੰਗ ਇਨਾ ਦੇ ਹੋਦਿਆ ਕਿਥੋ ਅੰਦਰ ਜਾਵਾਂ ।
੧੭੪. ਬ੍ਰਹਿਮਣ ਮੇਰਾ ਕੰਤ ਮੈ ਉਸਦੀ ਬ੍ਰਹਿਮਾਣੀ ।
੧੭੫. ਏਨਾ ਦੇ ਸੰਗ ਮੇਲਕੇ ਮੈ ਭਈ ਨਿਮਾਣੀ ॥੪੮॥
੧੭੬. ਲੋਹੂ ਰੋਵਾ ਨੇਤ੍ਰੀ ਕੋਈ ਆਣਿ ਛਡਾਏ ।
੧੭੭. ਕੇਸਰ ਸਿੰਘ ਗੁਲਾਬਮੁ ਹੋਇ ਸਦ ਘੁੰਮੇ ਜਾਏ ।
੧੭੮. ਬਿਰਥਾ ਆਖਾਂ ਜੋਇ ਦੀ ਸੁਣੇ ਦਿਲ ਦੀਂ ਜਾਂਨੀ ।
੧੭੯. ਹੋਇ ਨਿਮਾਣੀ ਢਹਿ ਪਵਾਂ ਭੀ ਖਸਮੇ ਰਾਂਨੀ॥੪੯॥
੧੮੦. ਬੋਲਾਵੇ ਨਾ ਬੋਲਾਵੇ ਮੈ ਪੈਰ ਮਲੋਵਾ ।
੧੮੧. ਇਕ ਵਾਰੀ ਦੇਖਾ ਕੰਤ ਨੂ ਦੁਖ ਅਪਣਾ ਰੋਵਾ ।
੧੮੨. ਜਾ ਤੁਧ ਮਨੋ ਵਿਸਾਰਿਆ ਵਰਸ ਪਈ ਇਨਾ ਦੇ ।
੧੮੩. ਏਨਾ ਭਰ ਭਰ ਠੂਠੇ ਪੀਤਿਆ ਮੇਰੇ ਲੋਹੂਆ ਦੇ॥੫੦॥
੧੮੪. ਇਕ ਆਵੇ ਇਕ ਨਿਕਲੇ ਇਕ ਘੋਰ ਖਲੋਵੇ ।
੧੮੫. ਇਕ ਰਹੇ ਨਿਤੁ ਸੰਗ ਹੀ ਇਕ ਰਾਤਿ ਲੈ ਸੋਵੇ ।
੧੮੬. ਇਕ ਪਲ ਜੁਦਾ ਨ ਥੀਵਨੀ ਕਿਥੇ ਆਖਣ ਜਾਵਾਂ ।
੧੮੭. ਕੂਕਣ ਚਾਂਗਣ ਨ ਮਿਲੇ ਜੇ ਕਿਸੇ ਸੁਣਾਵਾ ॥੫੧॥
੧੮੮. ਹਾਰ ਹੁਟਿ ਮੈ ਢਹਿ ਪਈ ਸੁਣ ਸਾਂਈ ਮੇਰੇ ।
੧੮੯. ਤੂ ਛਡਾਏ ਜੀਵਦੀ ਭਰਵਾਸੇ ਤੇਰੇ ।

Digitized by Panjab Digital Library | www.panjabdigilib.org

੧੯੦. ਬਦੂ ਵਿਚ ਸੰਸਾਰ ਦੇ ਮੈ ਬਹਤੀ ਹੋਈ।
੧੯੧. ਅਜੇ ਬੀ ਮੈਨੂ ਨ ਮਿਲੀ ਓਸੁ ਸਹ ਦੇ ਢੋਈ ॥੫੨॥
੧੯੨. ਚਰਖੇ ਹਥੀ ਠੁਲ ਪਈ ਮਝੈਰੂ ਹਲਿਆ।
੧੯੩. ਕਤਣ ਅਉਖਾ ਹੋਇਆਗਿਆ ਬਾਇੜ ਸਭੇਗਲਿਆ।
੧੯੪. ਮੁੰਨੇ ਦੋਵੈ ਹਲਦੇ ਮੈ ਰਹੀਆ ਠੋਕ।
੧੯੫. ਘੁੰਣ ਖਾਧੇ ਡਿਗੇ ਲੋੜਦੇ ਮੈ ਰਖੇ ਰੋਕ ॥੫੩॥
੧੯੬. ਹੈਨੀ ਅੰਮਾ ਮੇਰੀਏ ਪਛੋਤਾਵਾ ਮੈਨੂ।
੧੯੭. ਜੇ ਘੁਟੀ ਦੇ ਮਰੀਦੀਏਂ ਨ ਉਲਾਂਮੇ ਤੈਨੂ।
੧੯੮. ਏਹ ਚਰਖਾ ਸੀ ਰੰਗਲਾ ਬਡ ਘਾੜੂ ਘੜਿਆ।
੧੯੯. ਪਇਆਪੁਰਾਣਾਂ ਹੋਇ ਗਇਆ ਮੈਲੂ ਭਰਿਆ॥੫੪॥
੨੦੦. ਵਿਚ ਸਹੇਲੀਆ ਡਾਹ ਕੇ ਮੈ ਬੈਠੀਓ ਨਾਹੀ।
੨੦੧. ਤੰਦ ਨ ਪਈ ਤੁੱਕਲੇ ਕਰ ਖੜੀਆ ਬਾਹੀ।
੨੦੨. ਇਸੇ ਗਰੂਰਤ ਮੈ ਲਗੀ ਸਭ ਕਹਨਿ ਸੁਚਜੀ।
੨੦੩. ਸਿਰ ਕੁਚਜੀਆਂ ਦੇ ਮੈ ਹਾਂ ਵਡੀ ਕੁਚਜੀ ॥੫੫॥
੨੦੪. ਲਖ ਵਿਲਲੀ ਢੂਢੀਏ ਮੈ ਇਕ ਵਿਲਲੀ।
੨੦੫. ਪਛੀ ਤੁੰਬਨ ਆਦੀਆ ਨਾ ਭਰ ਲਾਹੀ ਛਲੀ।
੨੦੬. ਮਤ ਨ ਦਿਤੀ ਮਾਉੜੀ ਨ ਕਿਸੇ ਸਿਖਾਇਆ।
੨੦੭. ਜੇਹਾ ਕਰਮ ਕਮਾਇਆ ਤੇਹਾ ਕੰਮ ਆਇਆ ॥੫੬॥
੨੦੮. ਚਉਕਾ ਚੁਲਾ ਕਰਨ ਦਾ ਵਲੁ ਮੈਨੂੰ ਨਾਹੀ।
੨੦੯. ਚਕੀ ਆਟਾ ਪੀਹਣ ਦਾ ਵਲ ਬਲੁ ਨਾ ਬਾਹੀ।
੨੧੦. ਕਿਤ ਗੁਣ ਸਹ ਨੂੰ ਲਗਸਾਂ ਮੈ ਮਿਠੀ ਪਿਆਰੀ।
੨੧੧. ਮੈ ਵਿਚ ਚਜਅਚਾਰ ਨ ਕੋਈਭ ਅਉਗਣਖਾਰੀ॥੫੭॥
੨੧੨. ਸਾਰੀ ਉਮਰ ਗੁਜਾਰੀਆ ਮੈ ਇਤੇ ਹਾਵੇ!
੨੧੩. ਕੰਤ ਨ ਪੁਛੇ ਵਾਤੜੀ ਨਾ ਝਾਤੀ ਪਾਏ।
੨੧੪. ਭਠਿ ਵਿਆਹੀ ਮੈ ਹਾ ਨਹੀ ਕੰਤ ਦਿਲਾਸਾ।
੨੧੫. ਸੁਖ ਸਵਨ ਸੋਹਾਗਣੀ ਮੈ ਫਿਰਾਂ ਉਦਾਸਾ ॥੫੮॥
੨੧੬. ਹੈਨੀ ਮਾਏ ਮੇਰੀਏ ਤੂ ਨਿਜ ਰਖੰਦੀ।
੨੧੭. ਮੈ ਰਹਿਕੇ ਕੀ ਵਟਿਆ ਸਿਰ ਪੰਡ ਦੁਖਾ ਦੀ।
੨੧੮. ਸਉਕਣ ਮੇਰੀ ਅਰ ਬੁਰੀ ਘਰ ਵਾਸ ਨ ਦੇਵੇ।
੨੧੯. ਉਨ ਮੈਨੂ ਮੁਹੋ ਪਵਾਇਆ ਸੁਣ ਮੇਰੀ ਬੇਵੇ ॥੫੯॥

Digitized by Panjab Digital Library | www.panjabdigilib.org

੨੨੦. ਨਿਤ ਗਲੀਆ ਵਿਚ ਭਉਦਿਆ ਮੇਰਾ ਕੀ ਹੋਸੀ।
੨੨੧. ਸੁਹਾਗੁ ਨ ਹੋਇਆ ਇਕ ਦਿਨ ਭਰ ਹਜੁ ਰੋਸੀ।
੨੨੨. ਕੁਆਰੀ ਰਹੀ ਮੈ ਕੰਜਕਾ ਬ੍ਰਹਮੇਟੀ ਆਖਨਿ।
੨੨੩. ਚਜੁ ਨ ਕਿਸੇ ਦਸਿਆ ਨ ਕੁਚਜੈ ਠਾਕਨਿ ॥੬੦॥
੨੨੪. ਇਹ ਬ੍ਰਹਮੇਟੀ ਕੰਜਕਾ ਹੈ ਪੂਜਣਿ ਦੀ ਲਾਇਕ।
੨੨੫. ਘਰ ਮਾਪਿਆ ਦੇ ਲਾਡਲੀ ਰਹੀਆ ਸੁਖਦਾਇਕ।
੨੨੬. ਇਸ ਵੇਲੇ ਦੀ ਖਬਰ ਕੰਤ ਭਿਣਕਿ ਨ ਪਈਆ।
੨੨੭. ਜਾ ਘਰ ਆਏ ਲਾਗੀ ਖਿੜਕੀ ਖੁਲ ਗਈਆ॥੬੧॥
੨੨੮. ਹੈ ਨੀ ਅੰਮੜ ਮੇਰੀਏ ਕੁਝ ਕਰ ਨੀ ਦਾਰੂ।
੨੨੯. ਕਰੇ ਦਿਲਾਸਾ ਕੰਤ ਮੈ ਦਰ ਦੇਵਾ ਝਾੜੂ।
੨੩੦. ਪਾਣੀ ਪਖਾ ਪੀਸਣਾ ਕਰੀ ਸਹੁ ਦੇ ਅਗੇ।
੨੩੧. ਗੋਲੀ ਹੋਇ ਕੰਮਾਵਸਾਂ ਮਤੁ ਪਿਆਰੀ ਲਗੇ ॥੬੨॥
੨੩੨. ਕੰਤ ਨ ਮੁਹ ਥੀ ਬੋਲਿਆ ਸੁਅਸੁਤੁ ਨ ਕਹਿਆ।
੨੩੩. ਕੀਤਾ ਕਰਿਤਿਆ ਅੰਡੰਬਰੋ ਸਭ ਉਹੀ ਰਹਿਆ।
੨੩੪. ਕਿਨੀ ਗਲੀ ਮੈਨੂ ਆਖਦੇ ਇਹ ਲੋਕ ਵਿਆਹੀ।
੨੩੫. ਇਸਵਿਆਹਾਣ ਨਾਲੋ ਕੁਆਰੀਮੈ ਚੰਗੀਆਹੀ॥੬੩॥
੨੩੬. ਹੈ ਨੀ ਅੰਮਾ ਮੇਰੀਏ ਕੋਈ ਲਗੇ ਨ ਦਾਰੂ।
੨੩੭. ਟੂਣੇ ਟਾਣੇ ਕਰ ਰਹੀ ਦੁਖ ਲਗਾ ਭਾਰੂ।
੨੩੮. ਜਿਨੀ ਗੁਣੀ ਮੈਨੂ ਸਹੁ ਮਿਲੇ ਕਾਈ ਸੋ ਗੁਣ ਦਸੋ।
੨੩੯. ਦੇਓ ਅਸੀਸਾ ਵਡਾਂਓ ਘਰ ਏ ਭੀ ਵਸੋ॥ ੬੪॥
੨੪੦. ਅਪਨੇ ਮੰਦੇ ਹਾਲ ਨੂ ਮੈ ਰੋਦੀ ਫਿਰਦੀ।
੨੪੧. ਸਭੇ ਕੰਤ ਪਿਆਰੀਆ ਮੈ ਸੜਦੀ ਕੁੜਦੀ।
੨੪੨. ਮੇਰਾ ਕੰਤ ਭੀ ਸੋਹਣਾ ਹੈ ਸਭ ਤੇ ਚੰਗਾ।
੨੪੩. ਕਿਸੇ ਬਲਾਂਈ ਘਤਿਆ ਮੈਨੂ ਪਾਪਾ ਦਾ ਦੰਗਾ ॥੬੫॥
੨੪੪. ਦੋਸ ਨਹੀ ਕੁਝ ਕੰਤ ਨੂ ਮੈ ਅਉਗਣਆਰੇ।
੨੪੫. ਸਖੀਆ ਮੇਰੇ ਨਾਲ ਦੀਆ ਸੰਗ ਖੇਡਨ ਪਿਆਰੇ।
੨੪੬. ਚਾਈ ਚਾਈ ਚਲੀ ਸਾਹੁਰੇ ਸਧਰਾਈਆਂ।
੨੪੭. ਪੇਕੇ ਸੁਖ ਦਿਨ ਚਾਰ ਹੈ ਸੁਖ ਸਚਾ ਸਾਂਈਆਂ ॥੬੬॥
੨੪੮. ਸੁਖ ਮਾਣੇ ਜਿਨਾਂ ਸਾਹੁਰੇ ਪੇਕਾ ਨਹੀ ਭਾਵੇ।
੨੪੯. ਕੰਤਾ ਨਾਲ ਮਹੇਲੀਆ ਚੜਿ ਸੇਜੇ ਰਾਵੇ।

Digitized by Panjab Digital Library | www.panjabdigilib.org

੨੫੦. ਮੈਨੂ ਸੁਖ ਨ ਸਾਹੁਰੇ ਮੇਕਾ ਕੁਛ ਨਾਹੀ।
੨੫੧. ਨਿਤ ਹੀ ਝੇੜੇ ਝੁਖਿਦਿਆ ਮੈ ਓਮਰਿ ਗਵਾਈ ॥੬੭॥
੨੫੨. ਇਹ ਚਰਖਾ ਚਲਣੇ ਰਹਿ ਗਿਆ ਵਗਦਾ ਹੈ ਨਾਹੀ।
੨੫੩. ਘਿਉ ਬੀੜੀ ਚਮੜੀ ਲਾਇਕੇ ਮੈ ਧੂਹਾਂ ਬਾਹੀ।
੨੫੪. ਤੁਕਲੇ ਵਲੁ ਪੈ ਗਇਆ ਮੁੜ ਖੂਡੀ ਹੋਇਆ।
੨੫੫. ਮਾਰ ਠਹੋਲਾ ਥਕੀਆ ਨਾ ਸਿਧਾ ਹੋਇਆ ॥ ੬੮ ॥
੨੫੬. ਸਿਧੇ ਮੂਲ ਨ ਕਤਿਆ ਰਹੀ ਫਿਰਦੀ ਵਤਦੀ।
੨੫੭. ਹੁਣ ਕਿਉਂ ਪਛੋਤਾਂਵਦੀ ਜੇ ਉਸ ਵੇਲੇ ਕਤਦੀ।
੨੫੮. ਸਭੇ ਮਤੀ ਦੇ ਰਹੀਆ ਮੈਨੂ ਲਗੀ ਨ ਕਾਈ।
੨੫੯. ਪੇਕੇ ਘਰ ਮੈ ਲਾਡਲੀ ਨਾ ਝਿੜਕੀ ਮਾਈ ॥ ੬੯ ॥
੨੬੦. ਗੋੜੇ ਕੀਤੇ ਵਟੀਆਂ ਨ ਛਲੀ ਸਭਰ ਲਾਹੀ।*
੨੬੧. ਵਡਾਣਕਿ ਕਣਕਿ ਗਵਾਈ ਮੈ ਪਾਇਕੇ ਚਕੀ।
੨੬੨. ਬੁਰਾ ਕਰ ਕਰਿ ਕਦਿਆ ਆਟਾ ਨਹੀ ਰਤੀ ॥ ੭੦ ॥
੨੬੩. ਹੈ ਨੀ ਮਾਏ ਮੇਰੀਏ ਹੁਣ ਲਾਗੀ ਆਏ।
੨੬੪. ਮੈ ਪਾਣੀ ਕੀ ਭੁਰਸਾਂ ਖੂਹ ਉਪਰ ਜਾਏ।
੨੬੫. ਦੇਖਨ ਲਗੀ ਸਾਮਣੇ ਕੀ ਕਰਦੀ ਫਿਰ'''।

... ...

੨੬੬. ... ... ਤੀ ਨਹੀਂ ਕੇੜਾ ਕੇੜਾ ਧੋਵੇ।
੨੬੭. ਕੂਕਣਿ ਚਾਂਗਣਿ ਕੁਝ ਨਹੀਂ ਹੋਇ ਬੈਠ ਚੁਪਾਤੀ।
੨੬੮. ਆਪੇ ਆਪਣੀ ਜਾਣਕੇ ਮਤ ਪਾਏ ਝਾਤੀ ॥ ੭੮ ॥
੨੬੯. ਮੇਦੀ ਵਲੋ ਕੁਝ ਨਹੀ ਨਾਉ ਉਸਦਾ ਸਿਰਤੇ।
੨੭੦. ਮੰਦੀ ਚੰਗੀ ਆਖੀਆ ਪਰ ਢਠੀ ਦਰਤੇ।
੨੭੧. ਤਦੇ ਵਹੁਟੀ ਸੋਹਣੀ ਜਾ ਖਸਮੈ ਭਾਵੇ।
੨੭੨. ਏਂਇ ਨਿਮਾਂਣੀ ਢਹਿ ਪਵੇ ਨਹੀ ਆਪ ਲਖਾਵੇ ॥੭੯॥
੨੭੩. ਚਰਖਾ ਪੀੜੀ ਤੁਕਲਾ ਸਭ ਛਡਿਆ ਤੋੜ।
੨੭੪. ਲੜ ਫੜਿਆ ਹੈ ਕੰਤ ਦਾ ਗੰਢ ਦਿਤੀ ਮੋੜ।
੨੭੫. ਕੇਸਰ ਸਿੰਘ ਦੀ ਬੇਨਤੀ ਜੇ ਖਸਮੈ ਭਾਵੇ।
੨੭੬. ਦੁਹੀ ਜਹਾਨੀ ਸੁਰਖਰੂ ਵਹੁਟੀ ਸੁਖ ਪਾਵੇ ॥ ੮੦ ॥

ਸੋਰਠਾ—

੨੭੭. ਸੰਮਤ ਅਠਾਰਾਂ ਸੈ ਛਬੀਸ ਚੈਤੇ ਫਗਣ ਚਉਥ।

*ਇਸ ਦਾ ਦੂਸਰਾ ਚਰਨ ਅਸਲ ਵਿਚ ਨਹੀਂ ਹੈ।

Digitized by Panjab Digital Library | www.panjabdigilib.org

੨੭੮. ਬਿਚਰਤਿਕੇਸਗਉਜੀਸਛਿਬਰਜਾਤਿਮੁਹੀਆਲੁਹੈ।੯੭।
੨੭੯. ਗਿਰ ਨਗਰੀ ਜਾਬਵਾਂਨ ਦੇਸ ਪ੍ਰਸਿਧ ਜੰਮੂ ਕਹੇ।
੨੮੦. ਤਹਿ ਕੇਸਰ ਕੇ ਬਾਨੁ ਕਾਲੁ ਬੀਤਾਇਓ ਸੋਦਸੋ।੯੨।

ਦੋਹਰਾ—

੧੮੧.ਬੀਸੋ ਬੀਸ ਪਉੜੀ ਕਹੀ ਪੁੰਨ ਬੀਸੋ ਤੀਸ ਮਿਲਾਇ।
੨੮੨. ਦੁਇ ਸੋਰਠੇ ਇਕ ਦੋਹਰਾ ਸਤਿਮਾਂ ਹਿਸਪਤ ਘਟਾਇ।੯੩।
ਸੰਪੂਰਣਿ ।। ਭੁਲਿਆਂ ਚੁਕਿਆਂ ਅਖਰ ਵਾਧਾ ਘਾਟਾ ਬਖਸਣਾਂ।

ਇਸ ਵੈਰਾਗ ਚਰਖੇ ਨੂੰ ਪੜ੍ਹਨ ਤੋਂ ਸਪਸ਼ਟ ਹੋ ਜਾਏਗਾ ਕਿ ਡਾਕਟਰ ਸਾਹਿਬ ਦਾ 'ਕੇਸਰੀ ਚਰਖਾ' ਕੇਸਰ ਸਿੰਘ ਦੇ ਵੈਰਾਗ ਚਰਖੇ ਦਾ ਕਾਵਜ ਅਤੇ ਛੰਦ ਦੇ ਨੁਕਤੇ ਤੋਂ ਸ਼ੁਧ ਰੂਪਾਂਤਰ ਹੈ। ਕੇਸਰ ਸਿੰਘ ਲਿਖਦਾਹੈ:—

ਉਲੀ ਲਗੀ ਤ੍ਰਕਲੇ ਨਹੀ ਛਲੀ ਸਾਹਿਦੀ।
[ਵੈਰਾਗ ਚਰਖਾ ਸਤਰ ੩੭

ਡਾਕਟਰ ਸਾਹਿਬ ਨੇ ਏਸ ਤੁਕ ਨੂੰ ਐਉਂ ਲੀਤਾ:—

ਮਣਕਾ* ਟੁੱਟਾ ਧੌਣ ਤੋਂ ਨਹਿ ਛੱਲੀ ਲਹਿੰਦੀ।
[ਕੇਸਰੀ ਚਰਖਾ ਸਤਰ ੧੮

ਤ੍ਰਕਲਾ ਲੋਹੇ ਦਾ ਹੋਣ ਕਰਕੇ ਉਸਨੂੰ ਉੱਲੀ ਲਗਣੀ ਮੁਹਾਵਰੇ ਵਿਚ ਜਚਦੀਨਹੀਂ।

ਵੈਰਾਗ ਚਰਖੇ ਵਿਚ ਕਿਤੇ ਕਿਤੇ ਵਜ਼ਨ ਬਿਲਕੁਲ ਵਿਗੜ ਗਿਆ ਹੈ। ਜੇਸਾ ਕਿ:—

ਓਹ ਮੋੜੇ ਨ ਮੁੜਦੇਕਿਸੇਦੇ ਓਨਾ ਹਥ ਪਾਏ ਤਕੜੇ
[ਵੈਰਾਗ ਚਰਖਾ ਸਤਰ ੫੯

ਏਨ੍ਹਾਂ ਨੰਬਰਾਂ ਵਾਲੀਆਂ ਤੁਕਾਂ ਵਿਚ ਵੈਰਾਗ ਚਰਖੇ ਵਿਚ ਮਾਤ੍ਰਾਂ ਵਧ ਗਈਆਂ ਹਨ, ਇਹ ਕੇਵਲ ਨਮੂਨਾ ਮਾਤ੍ਰ ਹਨ:—

੧, ੧੦, ੧੯, ੨੩, ੩੮, ੫੦, ੫੨, ੫੯, ੮੪, ੧੧੩, ੧੧੪, ੧੧੭, ੧੨੧, ੧੨੩, ੧੨੫, ੧੨੮, ੧੩੩, ੧੩੫, ੧੪੧, ੧੪੩, ੧੪੪, ੧੪੫, ੧੪੭, ੧੪੯, ੧੬੦, ੧੬੨, ੧੬੭, ੧੮੧, ੧੮੩, ੨੦੫, ੨੨੪, ੨੬੦।

ਕੇਸਰ ਸਿੰਘ ਦੀ ਆਦਤ ਜਿਥੇ ਵਜ਼ਨ ਨੂੰ ਲੰਬਾ ਖਿੱਚਣ ਵਲ ਹੈ ਓਥੇ ਘੱਟ ਕਰਨ ਵਲ ਵੀ ਘੱਟ ਨਹੀਂ। ਨਮੂਨੇ ਮਾਤ੍ਰ ਤੱਕੋ ਇਨ੍ਹਾਂ ਸਤਰਾਂ ਵਿਚ ਮਾਤ੍ਰਾ ਘੱਟ ਮਲੂਮ ਹੁੰਦੀਆਂ ਹਨ:—ਨੰਬਰ ੨੯, ੩੦, ੩੯, ੪੯, ੬੪, ੭੮, ੧੩੮, ੧੪੬, ੧੬੯, ੨੧੪।

ਕਿਤੇ ਕਿਤੇ ਮਾਤ੍ਰਾ ਪੂਰੀਆਂ ਹੋਣ ਤੇ ਵੀ ਛੰਦ ਦੀ ਚਾਲ ਬੰਦਸ਼ ਦੀ ਅਨਗਹਿਲੀ ਕਰਕੇ ਟੁਟਦੀ ਹੈ ਯਥਾ—

ਬੋਲਾਵੇ ਨਾ ਬੋਲਾਵੇ ਮੈ ਪੈਰ ਮਲੋਵਾਂ।
[ਵੈਰਾਗ ਚਰਖਾ ਸਤਰ ੧੮੦

ਕਿਤੇ ਕਿਤੇ ਸਕਤਾ ਪੈ ਜਾਂਦਾ ਹੈ ਯਥਾ.—

ਝਖਣ ਵਾਓ ਗਵਾਈਆ ਮਤਿ ਲੈ ਕੁਚਜੀਆ ਦੀ। [ਵੈਰਾਗ ਚਰਖਾ ਸਤਰ ੫

ਪਉੜੀ ਅਪਣੀ ਸ਼ੋਭਾ ਵਾਲੀ ਚਾਲ ਤਦੋ ਪਕੜਦੀ ਹੈ ਜੇ ਇਸਦੇ ਅੰਤ ਵਿਚ ਦੀਰਘ ਅਖਰ ਹੋਵੇ,ਹ੍ਰਸਵ ਨਾ ਹੋਵੇ*।ਪਰ ਕੇਸਰਸਿੰਘ ਦੀਆਂ ਬਹੁਤ ਤੁਕਾਂ ਏਸ ਨਿਯਮ ਦਾ ਉਲੰਘਣ ਕਰਦੀਆਂ ਹਨ। ਯਥਾ—

*ਤੱਕਲੇ ਦੀ ਧੌਣ ਉਪਰ ਵੀ ਮਣਕਾ ਹੁੰਦਾ ਹੈ ਤੇ ਮਨੁੱਖ ਦੀ ਗਰਦਨ ਉਪਰ ਵੀ।

*ਵੈਸੇ ਪਿੰਗਲ ਅਨੁਸਾਰ ਪਉੜੀ ਦਾ ਤੁਕਾਂਤ ਦੋ ਦੀਰਘ ਪਰ,ਜਾਂ ਦੋ ਲਘੁ ਤੇ ਇਕ ਦੀਰਘ ਪਰ ਅਵਸ਼ਯਕ ਹੈ।

Digitized by Panjab Digital Library | www.panjabdigilib.org

ਕੇਸਰ ਕਿਸਰ ਕਿਸਨੂ ਆਖੀਏ ਇਹ ਵੇਲਾ ਕਉਣ। ਪਲਘ ਤੇ ਸੇਜਾ ਓਠ ਗਈਆ ਭੁਇ ਆਇਆ ਸਉਣ।

[ਵੈਰਾਗ ਚਰਖਾ ਸਤਰ ਪਹ, ਪਸ

ਏਸੇ ਚੀਜ਼ ਨੂੰ ਡਾਕਟਰ ਸਾਹਿਬ ਨੇ ਸ਼ੁਧ ਰੂਪਾਂਤਰ ਵਿਚ ਇਸਤਰ੍ਹਾਂ ਰਖਿਆ ਹੈ:—

ਕੇਸਰ ਕਿਸ ਨੂੰ ਆਖੀਏ ਇਹ ਵੇਲਾ ਕਿਹੜਾ। ਸੇਜਾ ਪਲੰਘ ਦੁਲੀਚੜੇ ਉਠ ਗਇਆ ਸੁ ਜਿਹੜਾ

[ਕੇਸਰੀ ਚਰਖਾ ਸਤਰ ੧,੨.

ਏਸੇਤਰ੍ਹਾਂ ਕੇਸਰ ਸਿੰਘ ਦੀਆਂ ਹੁਸ੍ਹਾਂਤ ਤੁਕਾਂ ਹਨ:—

ਸੰਗ ਨ ਟੁਰੀ ਡਰ ਕੰਤ ਦੇ ਸਭ ਛਡੇ ਵਿਸਾਰ। ਸਹੁਰਾ ਸਸ ਤੇ ਜੇਠ ਜਿਠਾਨੜੀ ਏਹ ਨਦੀਓ ਪਾਰ। [ਵੈਰਾਗ ਚਰਖਾ ਸਤਰ ੧੧੬-੧੭

ਏਹੋ ਤੁਕਾਂ ਕੇਸਰੀ ਚਰਖੇ ਵਿਚ ਅਪਣੇ ਸ਼ੁਧ ਰੂਪਾਂਤਰਵਿਚ ਏਸਤਰ੍ਹਾਂਹੋਗਈਆਂ ਹਨ:—

ਸੰਗ ਨ ਲਗੀ ਕੰਤ ਦੇ ਗੁਣ ਮੂਲ ਨ ਸਿੱਖੇ। ਡਰੀ ਨ ਮੂਲੋਂ ਓਸਥੋਂ ਬੋਲੀ ਬਚ ਤਿੱਖੇ।

[ਕੇਸਰੀ ਚਰਖਾ ਸਤਰ ਪਪ, ਪ੬

ਕੇਸਰ ਸਿੰਘ ਦੇ ਹੁਸ੍ਹਵ ਅੰਤ ਕਿਤੇ ਕਿਤੇ ਬੜੇ ਕਰਖਤ ਹੋ ਜਾਂਦੇ ਹਨ, ਯਥਾ:—

ਓਸ ਵੇਲੇ ਦਾ ਸੰਜਿਆ ਹੁਣਿ ਕੰਮ ਆਵੇ ਕੇਸਰ। ਦਸਤੀ ਖਾਲੀ ਉਠ ਚਲੀ ਪਤ ਰਖ ਪਰਮੇਸਰ*। [ਵੈਰਾਗ ਚਰਖਾ ਸਤਰ੧੨੮-੨੯

ਹੋਰ ਏਸਤਰ੍ਹਾਂ ਦੀਆਂ ਹੁਸ੍ਹਵ ਅੰਤ ਮਿਸਾਲਾਂ ਵੈਰਾਗ ਚਰਖੇ ਵਿਚ ਸਤਰਾਂ ੧੪੪, ੧੪੫ ਹੈਨ:—

ਏਹ ਮੈਨੂ ਕੋਹੀਆਂ ਚਮੜੀਆ ਦੂਰ ਮੂਲ ਨ ਹੋਵਨਿ। ਦੁਣ ਚੁਣਿ ਝੁਗਾ ਖਾਦੀਆ ਕੀਤਾ ਕਰਿਤਿਆ ਖੋਵਨ*।

ਡਾਕਟਰ ਸਾਹਿਬ ਨੇ ਕੇਸਰੀ ਚਰਖੇ ਵਿਚ ਕੇਸਰ ਸਿੰਘ ਦੀ ਬੋਲੀ ਤੇ ਖਿਆਲ ਨੂੰ ਕੇਂਦ੍ਰ ਵਿਚ ਰੱਖਕੇ ਮੁਹਾਵਰੇ ਤੇ ਛੰਦ ਨੂੰ ਏਸਤਰ੍ਹਾਂ ਦੀ ਭੁਆਟੜੀ ਦਿੱਤੀ ਹੈ ਕਿ ਸਾਰੀ ਚੀਜ਼ ਗੰਗਾ ਇਸ਼ਨਾਨ ਕਰਕੇ ਆਪਣੇ ਸਾਰੇ ਸੰਕਟ ਉਤਾਰ ਮੁੜ ਨਵੀਂ ਨਰੋਈ ਹੋ ਖੜੋ ਗਈ ਹੈ।

ਕੇਸਰ ਸਿੰਘ ਦਾ ਚਰਖਾ ਉਸਦੇ 'ਬੰਸਾਵਲੀ ਨਾਮੇ' ਕੋਲੋਂ ਵਧੀਕ ਸੁੰਦਰ ਹੈ। ਉਸਦੀ ਰਚਨਾ ਦੇ ਖਿਆਲ ਤੇ ਭਾਵ ਮਨ ਨੂੰ ਖਿਚਦੇ ਹਨ ਪਰ ਬੰਦਸ਼ ਦਾ ਕੋਝਾ ਪਨ ਦੰਦਾਂ ਹੇਠ ਕਿਰਕ ਵਾਕੁਨ ਆ ਜਾਂਦਾ ਹੈ। ਪ੍ਰਤੀਤ ਹੁੰਦਾ ਹੈ ਕੇਸਰ ਸਿੰਘ ਨੂੰ ਇਹ ਗਲਤੀਆਂ ਉਸਦੇ ਸਮਕਾਲੀਆਂ ਨੇ ਸਮਝਾਈਆਂ ਹੋਣ ਤੇ ਉਸਦੇ ਛੰਦ ਸੋਧਕੇ ਉਸਨੂੰ ਦੱਸੇ ਹੋਣ। ਉਹ ਕਈ ਥਾਂਈਂ ਅਪਣੇ ਛੰਦ 'ਵਿਗਾੜਨ' ਵਾਲਿਆਂ ਨੂੰ ਗਾਲੀਆਂ ਕੱਢਦਾ ਹੈ ਤੇ ਮਲੂਮ ਹੁੰਦਾ ਹੈ ਕਿ ਉਹ ਆਪਣੇ ਨੁਕਤਾਚੀਨਾਂ ਦੇ ਹਥੋਂ ਸਖਤ ਛਿੱਥਾ ਪਿਆ ਹੋਇਆ ਹੈ। ਉਹ ਚਾਹੁੰਦਾ ਹੈ ਉਸਦੀ ਪੋਥੀ ਕੇਵਲ ਸ਼ਰਧਾ ਨਾਲ ਪੜ੍ਹੀ ਜਾਏ ਤਰਕ ਕੁਤਰਕ ਨਾਲ ਨਹੀਂ। ਲਿਖਦਾ ਹੈ—

ਇਹ ਪੋਥੀ ਕੋਈ ਬੁਧਿਮਾਨ ਪੜੇ। ਮੂਰਖ ਸਠ ਬੁਧਿ ਹੀਨ ਨਾਹੀ ਰੜੇ। ਜਿਸਨੂੰ ਗੁਰੂ ਆਪਣੇ ਦੀ ਹੋਵੇ ਚਾਹ। ਸੋ ਗੁਰ ਕਾ ਸਿਖ ਪੜੇ ਖਾਹ ਮਖਾਹ। ਅਜਾਣ ਨਾਸਤਬਾਦੀ ਅਸਿਖ ਜੋ ਹੋਵੈ ਦੇਖੀ। ਤਰਕਾਂ ਮਾਰੇ ਜਿਸਨੂੰ ਕੁਛ ਸਮਝ

---

*ਕੇਸਰੀ ਚਰਖੇ ਵਿਚ ਇਹ ਤੁਕਾਂ ਇਸਤਰ੍ਹਾਂ ਹਨ:—

ਜੇ ਉਸ ਵੇਲੇ ਸੰਜਦੀ ਮੈਂਹ ਕੰਮ ਆਂਦਾ। ਹੱਥੋਂ ਖਾਲੀ ਮੈਂ ਚਲੀ ਪਛੁਤਾਉ ਨ ਜਾਂਦਾ। [ਕੇਸਰੀ ਚਰਖਾ ਸਤਰ ੭੮-੭੯

*ਕੇਸਰੀ ਚਰਖੇ ਵਿਚ ਇਹ ਤੁਕਾਂ ਇਸਤਰ੍ਹਾਂ ਹਨ:—

ਹੈ ਬਦਖੋਈਆ ਮੇਰੀਆਂ ਨਹਿੰ ਲਹਿੰਦੀਆਂ ਮੂਲੋਂ। ਚੁਣ ਚੁਣ ਮੈਨੂੰ ਖਾਂਦੀਆ ਪਰ ਤਿੱਖੀਆਂ ਸੂਲੋਂ। [ਸਤਰ ੯੪-੯੫

Digitized by Panjab Digital Library | www.panjabdigilib.org

ਨ ਦੇਸੀ।"""ਜਿਸਨੂੰ ਕੁਛ ਸਮਝ ਨ ਮੂਲੇ ਆਵੈ। ਸੋ ਇਸ ਪੋਥੀ ਨੂੰ ਹਥ ਨ ਲਾਵੈ॥

[ਬੰਸਾ: ਨਾਮਾ

ਉਸਨੂੰ ਉਸਦੀ ਪੋਥੀ ਦੇ ਉਤਾਰੇ ਕਰਨੇ ਵੀ ਨਹੀਂ ਭਾਉਂਦੇ, ਅਤੇ ਇਨ੍ਹਾਂ ਉਤਾਰਿਆਂ ਵਿਚ ਖਾਹਮਖਾਹ ਲੋਕ ਸੁਧਾਈ ਕਰਨ ਲਗ ਪੈਣ। ਇਸ ਲਈ ਉਹ ਅਪਣੇ ਹਥੀਂ ਅਪਣੀ ਪੋਥੀ ਦੇ ਕਈ ਉਤਾਰੇ ਕਰ ਗਿਆ ਹੈ*।

ਆਪਣੀ ਸੁਧਾਈ ਬਾਬਤ ਉਹ ਪੂਰੇ ਮਾਨ ਵਿਚ ਕਹਿ ਗਿਆ ਹੈ ਕਿ ਮੈਂ ਏਸਨੂੰ ਸਾਰੀ ਉਮਰ ਹੀ ਸੋਧਦਾ ਰਿਹਾ ਹਾਂ†।

ਮਲੂਮ ਇਹ ਹੁੰਦਾ ਹੈ ਕਿ ਕੇਸਰ ਸਿੰਘ ਦੀ ਇਤਨੀ ਛਿਥਿਆਨ ਦੇ ਬਾਵਜੂਦ ਵੀ ਡਾਕਟਰ ਸਾਹਿਬ ਨੇ ਚਰਖੇ ਦਾ ਨੁਸਖਾ ਜਦ ਦੇਖਿਆ, ਉਹ ਉਸ ਵਲ ਇਤਨੇ ਖਿਚੇ ਗਏ ਕਿ ਉਸਨੂੰ ਸ਼ੁਧ ਰੂਪਾਂਤਰ ਦਿਤੇ ਬਗੈਰ ਰੁਕ ਨਹੀਂ ਸਕੇ ਜਿਸਦਾ ਨਤੀਜਾ 'ਕੇਸਰੀ ਚਰਖਾ' ਹੋਇਆ। ਇਹ ਗਲ ਵੀ ਹੁਣ ਸਾਫ ਦਿੱਸ ਰਹੀ ਹੈ ਕਿ ਡਾਕਟਰ ਸਾਹਿਬ ਦੀ ਮਨਸ਼ਾ ਏਸ ਨੂੰ ਪ੍ਰਗਟ ਕਰਨ ਦੀ ਨਹੀਂ ਸੀ, ਏਸ ਕਰਕੇ ਉਹ ਇਸਨੂੰ ਗੁਪਤ ਰਖਦੇ ਸਨ। ਉਹ ਕਿਸੇ ਤਰ੍ਹਾਂ ਕੇਸਰ ਸਿੰਘ ਦੀ ਸ਼ੋਭਾ ਦੇ ਹੱਕ(credit)ਨੂੰ ਗਵਾਉਣਾ ਨਹੀਂ ਚਾਹੁੰਦੇ ਸਨ। ਆਪ ਏਸ ਉਪਰ ਏਤਨਾ ਕੰਮ ਕਰਕੇ ਵੀ 'ਕੇਸਰ ਸਿੰਘ' ਦਾ ਨਾਮ ਹੀ ਕੇਸਰੀ ਚਰਖੇ ਵਿਚ ਰੱਖ ਰਹੇ ਸਨ। ਯਥਾ—

ਮੈਂ ਰਤ ਰੋਂਦੀ ਅੱਥਰੂ ਹਾਇ ਕੋਈ ਛੁਡਾਏ।
ਕੇਸਰ ਸਿੰਘ ਗੁਲਾਮ ਹੁਇ ਸਦ ਘੁੰਮੇ ਜਾਏ।

[ਕੇਸਰੀ ਚਰਖਾ ਸਤਰ ੧੦੬, ੧੦੭

ਇਹ ਡਾਕਟਰ ਸਾਹਿਬ ਜੀ ਨੇ ਜੋ ਸੁਧਾਈ ਕਰਕੇ ਕੇਸਰੀ ਚਰਖਾ ਆਪ ਨੇ ਹਥੀਂ ਲਿਖਿਆ ਉਸ ਪੁਰ ਇਸਦਾ ਨਾਉਂ ਵੀ 'ਕੇਸਰੀ ਚਰਖਾ' ਲਿਖਿਆ ਜਿਸਤੋਂ ਸਪਸ਼ਟ ਹੈ ਕਿ ਉਹ ਕੇਸਰ ਸਿੰਘ ਦਾ ਨਾਉਂ ਕਾਯਮ ਰਖਣ ਵਿਚ ਖੁਸ਼ੀ ਸਨ।

ਏਸਤਰ੍ਹਾਂ ਥਾਂ ਥਾਂ ਤੇ ਉਹ ਲਫਜ਼ 'ਕੇਸਰ' ਦਾ ਨਾਮ ਬਦਸਤੂਰ ਵਿੱਚ ਲਿਆ ਰਹੇ ਹਨ। ਮੇਰਾ ਖਿਆਲ ਹੈ ਡਾਕਟਰ ਸਾਹਿਬ ਨੇ ਏਸਨੂੰ ਸੋਧ ਕੇ ਏਸਦਾ ਨੁਸਖਾ ਰਖ ਛਡਣਾ ਸੀ ਤੇ ਕੇਸਰ ਸਿੰਘ ਦੀ ਛਿਥਿਆਨ ਦਾ ਲਿਹਾਜ਼ ਕਰਕੇ ਇਸਨੂੰ ਪ੍ਰਗਟ ਨਹੀਂ ਕਰਨਾ ਸੀ, ਪਰ ਆਪ ਦੀ ਉਮਰਾ ਨੇ ਏਸ ਗਲ ਦਾ ਸਾਥ ਨ ਦਿਤਾ। ਉਸ ਵੇਲੇ ਛਪਾਉਣ ਦੀ 'ਗਲਤੀ' ਜਿਤਨੀ ਕੁ ਵੀ ਇਸਦੇ ਛਪਣ ਵਿਚ 'ਗਲਤੀ' ਸੀ ਉਹ ਉਸ ਸਜਨ ਦੇ ਸਿਰ ਹੈ ਜਿਸਦਾ ਜ਼ਿਕਰ ਉਪਰ ਭੂਮਿਕਾ ਦੇ ਸੰਬੰਧ ਵਿਚ ਇਸਤਰ੍ਹਾਂ ਕਰ ਆਏ ਹਾਂ:—

"ਜਦ ਬਹੁਤ ਖੋਜ ਕੀਤੀ ਤਾਂ ਆਪ ਤੇ' ਸੂਰਜ ਪ੍ਰਕਾਸ਼ ਵੀਚਾਰਨ ਵਾਲੇ ਇਕ ਸੱਜਣ ਨੇ ਦਸਿਆ ਕਿ ਚਲਾਣੇ ਤੋਂ ਤ੍ਰੈ ਕੁ ਮਹੀਨੇ ਪਹਿਲੇ ਜਦ ਦੁਪਹਿਰ ਨੂੰ ਮੈਂ ਆਉਂਦਾ ਸੀ ਤਾਂ ਏਹਨਾਂ ਲਾਲ ਕਾਗਤਾਂ ਪਰ ਆਪ ਕੁਛ ਲਿਖਦੇ ਹੁੰਦੇ ਸਨ ਅਰ ਮੇਰੇ ਆਇਆਂ ਵਲ੍ਹੇਟ ਕੇ ਝੱਟ ਸਾਂਭ ਲੈਂਦੇ ਸੇ।" ਕਈ ਪਾਠਕ ਕਹਿਣਗੇ ਕਿ ਇਹ ਚੰਗਾ ਹੀ ਹੋਇਆ ਜੋ

---

*ਮੈਂ ਉਤਾਰੇ ਬਹੁਤ ਇਸ ਪੋਥੀ ਦੇ ਕੀਤੇ। ਸਮਝ ਸਮਝ ਕੇ ਸੁਖ ਲੀਤੇ"""। ਮੈਂ ਤਾਂ ਮੂਰਖ ਹੋਇ ਝਖ ਮਾਰੀ ਹੈ। ਅਗੇ ਅਸੁਧ ਨ ਕਰੇ ਲਿਖਾਰੀ ਹੈ। [ਬੰਸਾ: ਨਾਮਾ

ਸਾਡੇ ਪਾਸੇ ਜੋ ਕੇਸਰ ਸਿੰਘ ਦੇ ਨੁਸਖੇ (ਅਸ਼ੁਧੀਆਂ ਨਾਲ ਭਰੇ ਹੋਏ) ਹਨ ਉਹ ਉਸਦੇ ਅਪਣੇ ਹਸਤ ਲਿਖਤ ਜਾਪਦੇ ਹਨ ਕਿਸੇ ਹੋਰ ਲਿਖਾਰੀ ਦੇ ਉਤਾਰੇ ਨਹੀਂ।

†ਸਤਰ ਬਰਸ ਸੋਧ ਮੈ ਕੀਤੀ ਤਾਂ ਇਹ ਕਥਾ ਬਨਾਈ।

Digitized by Panjab Digital Library | www.panjabdigilib.org

ਇਹ ਚੀਜ਼ ਛਪ ਗਈ, ਨਹੀਂ ਤੇ ਇਹ ਸਾਹਿਤਜਕ ਵਸਤੂ ਅਜੇਤਕ ਗੁੰਮ ਹੀ ਰਹਿਣੀ ਸੀ। ਐਸੀ ਵਿਚਾਰ ਵਾਲੇ ਪਾਠਕ ਵੀ ਉਸ ਮਹਾਤਮਾ ਦਾ ਧੰਨਜਵਾਦ ਕਰਨ ਜਿਸ ਦੇ ਕਹਿਣ ਉਪਰ ਇਹ ਪੁਸਤਕ ਬਗ਼ੈਰ ਭੁਲੇਖਾ ਖੁਲ੍ਹੇ ਦੇ ਉਸ ਵੇਲੇ ਪ੍ਰਕਾਸ਼ਤ ਹੋ ਗਈ।

ਹਾਂ, ਇਕ ਗਲ ਹੋਰ ਹੈ ਕਿ ਕੇਸਰੀ ਚਰਖੇ ਵਿਚ ਕੁਛ ਸਤਰਾਂ ਐਸੀਆਂ ਹਨ, ਜਿਨ੍ਹਾਂ ਦੇ ਮੁਕਾਬਲੇ ਵੀਆਂ ਕੇਸਰ ਸਿੰਘ ਦੇ ਚਰਖੇ ਵਿਚੋਂ ਨਹੀਂ ਮਿਲੀਆਂ। ਹੋ ਸਕਦਾ ਹੈ ਇਹ ਸਤਰਾਂ ਉਹ ਹੋਨ ਜੋ ਨੁਸਖੇ ਵਿਚ ਖੰਡਤ ਹਨ ਪਰ ਇਨ੍ਹਾਂ ਵਿਚ ਫਿਰ ਕੁਛ ਐਸੀਆਂ ਹਨ ਜਿਨ੍ਹਾਂ ਵਿਚ ਸ੍ਰੰਤ੍ਰਤਾ ਦੀ ਵਧੇਰੀ ਝਲਕ ਹੈ ਤੇ ਜੋ ਡਾਕਟਰ ਸਾਹਿਬ ਦੇ ਨਿਜੀ ਮੁਹਾਵਰੇ ਦੇ ਨੇੜੇ ਹਨ ਉਹ ਸਤਰਾਂ ਇਹ ਹਨ:—

‘ਬਖਸ਼ਣਹਾਰੇ ਸਾਹਿਬਾ! ਮੈਂ ਤੇਰੀ ਬਰਦੀ।
‘ਰੱਤੀ ਨਾਲ ਕੁਸੰਗ ਦੇ ਰਹੀ ਉਲਟੀਕਰਦੀ।
‘ਸਾਹਿਬ ਬੇਪਰਵਾਹ ਤੂੰ ਪਰਵਾਹ ਨ ਤੈਨੂੰ।
‘ਮੈਂ ਦੁਖਿਆਰੀ ਦੁਖ ਭਰੀ ਕੀ ਆਖਾਂ ਕੈਨੂੰ?
‘ਢੂੰਡ ਫਿਰੀ ਸਭ ਥਾਨ ਮੈਂ, ਮੇਰਾ ਨਾ ਕੋਈ।
‘ਅੰਗੁਣਹਾਰੀ ਨੀਚ ਹਾਂ, ਕੋਈ ਦੇ ਇਨ ਢੋਈ।
‘ਕਰਮਾ ਮਾਰੀ ਨਿੱਜ ਮੈਂ ਹੋਈ ਅਣਹੋਈ।
‘ਜੋ ਹੋਈ ਦੁਖ ਸੜਨਨੂੰ ਕੁੜ ਕੁੜ ਦੁਖ ਰੋਈ।
‘ਕੋਈਥਾਉਂ ਨ ਲੱਝਦੀਕੁਈ ਠੌਰ ਨ ਪਾਵਾਂ।
‘ਕੀਤੇ ਕਰਮ ਕੁਵੱਲੜੇ ਹੁਣ ਪੱਛੋਤਾਵਾਂ।
‘ਪਰ ਤੂੰ ਸਾਹਿਬ ਅਤਿ ਵਡਾ ਵਡਜਹੁੰ ਵਡਭਾਰਾ!
‘ਬਿਰਦ ਤੇਰਾ ਬਖਸ਼ੰਦ ਹੈ ਤੂੰ ਬਖਸ਼ਨਹਾਰਾ!
‘ਮੈਂ ਜੇਹੀਆਂ ਅਪਰਾਧਣਾਂ ਤੇ ਅੰਗੁਣਹਾਰਾਂ।
ਅਕ੍ਰਿਤਘਣਾਅਨਮੇੜਨਾਬੁਰੀਆਂਕੁੜਿਆਰਾਂ।
‘ਢਾਹਿਆਹੋਈਆਂਘੁੱਥੀਆਂਢਵੀਆਂਹੁਣਗੱਜਾਂ
‘ਢੱਠੀਆਂਹੋਇਨਿਮਾਣੀਆਂਜਦਸਰਣੀਪੱਜਾਂ।

‘ਨਜ਼ਰ ਮਿਹਰਦੀਜਦ ਕਰੀ ਸਭਐਗੁਣਸਾਝੇ।
‘ਅਪਣੇ ਚਰਨੀਂਲਾਈਆਂ ਗਏ ਦੁੱਖਦਿਹਾੜੇ।
‘ਓਹ ਨ ਫਿਰਕੇਆਈਆਂਭਉਜਲਵਿਚਫੇਰਾ।
‘ਕਾਰਣਕਰਨ ਸਮੱਰਥਵਾਨਇਹਬਿਰਦਸੁਤੇਰਾ।
‘ਤੂੰਸਾਹਿਬ ਸਿਰਸਾਹਿਬਾਂਵਡਸਾਹਿਬ ਉੱਚ!
‘ਤੂੰ ਸਭਸੈ ਨੂੰ ਪਾਲਦਾ ਮੂਚੀ ਹੂੰ ਮੂਚਾ।
‘ਆਜਜ਼ ਬੰਦੀ ਤੇਰੀਆਂ ਢਹਿ ਪਈ ਦੁਆਰੇ।
‘ਤੂੰ ਸਾਹਿਬ ਬਖਸ਼ੰਦ ਹੈਂ ਮੈਂ ਔਗੁਣ ਭਾਰੇ।’

ਇਨ੍ਹਾਂ ਤੋਂ ਸਿਵਾ ਇਹ ਸਤਰਾਂ ਵੀ ਵੈਰਾਗ ਚਰਖੇ ਵਿਚੋਂ ਮੁਕਾਬਲੇ ਲਈ ਨਹੀਂ ਮਿਲੀਆਂ—

ਨਹੀਂ ਅਟੇਰਨ ਸਿੱਖਿਆ ਭਰ ਨੜੇ ਨ ਜਾਤੇ।
ਤਿੰਵਣ ਕਦੀ ਨ ਬੈਠੀਆਂ ਦਿਨ ਗਏ ਬਘਾਤੇ।
ਚੱਜ ਨ ਕੋਈ ਸਿੱਖਿਆ ਮੱਤ ਲਈ ਨ ਕੋਈ।
ਕੀ ਕਰਸਾਂ ਹੁਣ ਸਾਹੁਰੇ ਕਿਉਂ ਮਿਲਸੀ ਢੋਈ?
[ਕੇਸਰੀ ਚਰਖਾ ਸਤਰ ੨੦੭–੧੦

ਏਹੋ ਹਾਲ ਕੇਸਰੀ ਚਰਖੇ ਦੀਆਂ ਸਤਰਾਂ ੬੬ ਤੋਂ ੭੦, ੧੪੩ ਤੋਂ ੧੫੦, ੧੯੯ ਤੋਂ ੨੦੨ ਤੇ ੨੧੫-੨੧੬ ਦਾ ਹੈ। ਏਸ ਸ਼੍ਰੇਣੀ ਵਿਚ ਜਾਣ ਵਾਲੀਆਂ ਹੋਰ ਕੇਸਰੀ ਚਰਖੇ ਦੀਆਂ ਇਹ ਸਤਰਾਂ ਹਨ, ਨੰਬਰ ੨੨੫ ਤੋਂ ੨੪੯।

ਪੇਕੇ ਘਰ ਵਿਚ ਲਾਡਲੀ ਰਹੀਆਂ ਮਤਵਾਲੀ।
ਖਾਣਾ ਪੀਣਾ ਹੱਸਣਾ ਖੇਡਣ ਦੀ ਚਾਲੀ।
ਮਾਣੇ ਮੱਤੀ ਲਾਡਲੀ ਮੈਂ ਰਹੀ ਲਡਿੱਕੀ।
ਸਹੀਆਂ ਦੇ ਵਿਚ ਬੈਠਕੇ ਕੋਈ ਮੱਤ ਨ ਸਿੱਖੀ।
ਇਹ ਚਰਖਾ ਨਿਰਮੋਲ ਸੀ ਐਵੇਂ ਹਥ ਆਇਆ।
[ਕੇਸਰੀ ਚਰਖਾ ਸਤਰ ੬੬–੭੦

ਤਿੰਵਣ ਦੇ ਵਿਚ ਜਾਇਕੇ ਮੈਂ ਅਕਲ ਗਵਾਈ।
ਕੁੜੀਆਂ ਭਰੀਆਂ ਪੱਛੀਆਂ ਮੈਂ ਤੰਦ ਨ ਪਾਈ।
ਹੱਥ ਲਏ ਪੰਜ ਗੀਟੜੇ ਮੈਂ ਖੇਡਣ ਲੱਗੀ।
ਕੱਤਣ ਤੁੰਮਣ ਛੱਡਕੇ ਮੈਂ ਖੇਡੇ ਠੱਗੀ।
ਕੁੜੀਆਂ ਵੈਨੀ ਵੇਖਕੇ ਮੈਂ ਚਾਉ ਨ ਆਇਆ।

Digitized by Panjab Digital Library | www.panjabdigilib.org

ਤਕਲਾ ਮੇਰਾ ਸਾਰ ਦਾ ਤਿਹੁਰਾ ਵਲ ਪਾਇਆ।
[ਕੇਸਰੀ ਚਰਖਾ ਸਤਰ ੧੪੩–੧੪੮

ਬਾਵਾ ਅਮੀਰ ਦਾਸ

ਇਸ ਸੰਬੰਧ ਵਿਚ ਇਕ ਗਲ ਹੋਰ ਦੱਸਣੀ ਹੈ ਜੋ ਇਸ ਵਿਸ਼ਯ ਦੀ ਬਹਸ ਦੇ ਅਨਕੂਲ ਹੈ, ਅਤੇ ਅਪ੍ਰਸੰਗਕ ਨਹੀਂ ਹੋਵੇਗੀ। ਬਾਵਾ ਅਮੀਰ ਦਾਸ ਨੇ ਸੰਮਤ ੧੯੦੦ (ਮੈਨ ੧੮੪੩ ਈ:) ਵਿਚ ਇਕ ਗ੍ਰੰਥ 'ਸ੍ਰੀ ਗੁਰੂ ਬੰਸ ਚੰਦ੍ਰੋਦਯ' ਰਚਿਆ ਸੀ। ਬਾਵਾ ਅਮੀਰ ਦਾਸ ਕੇਸਰ ਸਿੰਘ ਦੇ ਖਿਆਲਾਂ ਨੂੰ ਬਹੁਤ ਪਸੰਦ ਕਰਦਾ ਸੀ, ਪਰ ਉਸਦੀ ਛੰਦ-ਸ਼ੈਲੀ ਦੀ ਭੁੰਜੇ ਲੱਥੀ ਦਸ਼ਾ ਉਪਰ ਬਹੁਤ ਸ਼ੋਕਾਤੁਰ ਹੁੰਦਾ ਸੀ। ਬਾਵਾ ਜੀ ਦਾ ਖਿਆਲ ਸੀ ਕਿ ਇਸ ਹੜਕੋਰੇ ਲੈ'ਦੀ ਨਜ਼ਮ ਕੋਲੋਂ ਨਸਰ ਚੰਗੀ ਹੈ। ਚੁਨਾਂਚਿ ਉਨ੍ਹਾਂ ਨੇ ਕੇਸਰ ਸਿੰਘ ਦੇ ਛੰਦਾਂ ਨੂੰ ਸਿਧ ਪੱਧਰੇ ਵਾਰਤਿਕ ਵਿਚ ਬੜੀ ਸਫਲਤਾ ਨਾਲ ਲਿਖਣਾ ਸ਼ੁਰੂ ਕੀਤਾ, ਫੇਰ ਇਹੋ ਚੀਜ਼ ਬਹੁਤੀ ਥਾਈਂ ਸੰਕੁਚਤ ਤੇ ਕਿਤੇ ਕਿਤੇ ਵਿਸਤ੍ਰਿਤ ਹੋਕੇ ਉਨ੍ਹਾਂ ਦੇ ਉਪਰ ਦੱਸੇ ਗ੍ਰੰਥ ਦਾ ਮੂਲ ਆਧਾਰ ਹੋ ਗਈ।

ਏਸ ਨੁਕਤੇ ਨੂੰ ਸਪਸ਼ਟ ਕਰਨ ਹਿਤ ਅਸੀਂ ਦੋਨਾਂ ਰਚਨਾ ਦਾ ਨਮੂਨਾ ਪੇਸ਼ ਕਰਦੇ ਹਾਂ:–

[ਕੇਸਰ ਸਿੰਘ ਦੀ ਛੰਦ ਰਚਨਾ]

ਸਮਾਂ ਸਾਹਿਬ ਕੇ ਸਵਾਰੇ ਕਾ ਆਇਆ।
ਸੰਮਤ ਪੰਦ੍ਰਾ ਸੈ ਛਿਆਨਵੇ ਠਹਿਰਾਇਆ। ਉਪਰ
ਕਾ ਜੋ ਥਾ ਗੋਦੜਾ ਉਰ ਅੰਗਦ ਦੇ ਪਾਇਆ।
ਜਗਤ ਗੁਰੂ ਲਹਣਾ ਠਹਰਾਇਆ ॥ ੧੧੨ ॥ ਪੁਤ
ਪੋਤੇ ਬੈਠੇ ਰਹੇ ਸੇਵਕੁ ਲੈ ਗਇਆ। ਲਖਮੀ ਦਾਸੁ
ਸ੍ਰੀ ਚੰਦੁ ਜਾਇ ਸਨਮੁਖ ਭਇਆ ਸਭਨਾ ਰਲਕੈ
ਇਹ ਬਿਨਤੀ ਕੀਤੀ। ਅਸੀ ਹਾਂ ਤੇਰੇ ਅਤੇ ਗਦੀ
ਤੇਰੇ ਪਾਸੋਂ ਲਹਣੇ ਲੀਤੀ ॥੧੧੩॥ ਸਾਡਾ ਆਖ
ਕੀ ਹਵਾਲੁ। ਤੇਰੇ ਪਾਸੋਂ ਲੈ ਗਿਆ .....*
ਮਾਲੁ ਅਸਾਡਾ ਮਾਣ ਤਾਣ ਜ਼ੋਰ ਸਭ ਕੁਛ ਹੈ ਤੂੰ।
ਤੁਧ ਬਿਨ ਅਸਾਂ ਆਖਨਾ ਕਿਸਨੂੰ ॥੧੧੪॥ ਬਚਨ
ਕੀਤਾ ਪੰਡ ਅਸਾਂ ਲਹਣੇ ਚੁਕਾਈ। ਤੁਸੀ ਹੋ ਮੇਰੀ
ਅੰਸ ਜਾਣੈ ਸਭ ਲੁਕਾਈ। ਤੁਸਾਨੂੰ ਘੋੜਾ ਬਾਜ਼ੁ
ਹੁਕਮੁ ਬਹੁਤੁ ਹੈ ਦਿਤਾ। ਤੁਸਾਡੇ ਕੁਤੇ ਮੰਨੀਅਨਿਗੇ
ਤੁਸਾਂ ਮੇਰੇ ਘਰ ਜਨਮ ਹੈ ਲਿਤਾ ॥ ੧੧੫ ॥ ਚਵੀ
ਬਰਸ ਕਾ ਧਰਮ ਚੰਦ ਦੈਸੀ ਪੋਤਾ। ਏਕ ਬਰਸ
ਕਾ ਮਿਹਰਚੰਦ ਪੜੋਤਾ।ਸਭੈ ਤਜ ਸੇਵਕ ਕੋਦੀਨੀ।
ਰਲ ਮਿਲ ਸਭਨਾ ਇਹ ਮਸਲਤ ਕੀਨੀ॥੧੧੬॥

[ਅਮੀਰ ਦਾਸ ਦੀ ਵਾਰਤਿਕ ਰਚਨਾ]

੧੫੯੬ ਪੰਦ੍ਰਾ ਸੈ ਛਿਆਨਵੇਂ ਗੁਰੂ ਨਾਨਕ ਜੀ ਕੇ ਸਵਾਰੇ ਕਾ ਸਮਾ ਭਯਾ। ਅਪਨੇ ਉਪਰ ਕਾ ਗੋਦੜਾ ਅੰਗਦ ਜੀ ਕੋ ਪਹਿਰਾਯਾ। ਅਰੋ ਇਨਕਾ ਨਾਮ ਲਹਣਾ ਆਹਾ। ਅਬ ਜਗਤ ਗੁਰੂ ਅੰਗਦ ਭਯਾ। ਪੁਤ੍ਰ ਪੋਤ੍ਰੇ ਸਭ ਬੈਠੇ ਹੀ ਰਹੇ। ਲਹਣਾ ਗੁਰੂ ਭਯਾ। ਤਬ ਲਖਮੀ ਦਾਸ ਔਰ ਸਿਰੀ ਚੰਦ ਜੀ ਆਇ ਸਨਮੁਖ ਭਏ। ਸਬਨੋ ਨੈ ਇਹ ਬੇਨਤੀ ਕੀਨੀ ਮਹਾਰਾਜ ਹਮ ਤੁਮਾਰੇ ਹੈਂ। ਤੁਮਨੈ ਗੱਦੀ ਲਹਿਣੇ ਕੋ ਦੀਨੀ ਹੈ। ਜਬ ਇਹ .....* ਗਦੀ ਕਾ ਮਾਲਕ ਭਯਾ ਤੋ ਅਬ ਹਮਾਰਾ ਕਹਾ ਹਾਲ। ਹਮਾਰਾ ਮਾਣ ਤਾਣ ਤੁਮ ਹੀ ਹੋ। ਤੁਮ ਬਿਨਾ ਹਮ ਕਿਸ ਕੋ ਕਹੈਂ। ਬਚਨ ਕੀਤਾ ਅਸਾਂ ਏਹ ਪੰਡ ਲਹਣੇ ਕੋ ਚੁਕਾਈ ਹੈ। ਤੁਮ ਹਮਾਰੀ ਅੰਸ ਹੋ ਤੁਮ ਕੋ ਕਹਾਂ ਚਿੰਤਾ ਹੈ। ਤੁਮ ਕੋ ਘੋੜਾ ਔ ਬਾਜ ਔ ਹੁਕਮੁ ਦੀਆ ਹੈ। ਤੁਮਾਰੇ ਕੂਕਰ ਭੀ ਮਾਨੀਏਗੇ। ਉਸ ਸਮੈ ਦੋਬੀਸ ਬਰਸੋਂ ਕਾ ਧਰਮ ਚੰਦ ਪੋਤ੍ਰਾ ਹਾ। ਔ ਏਕ ਬਰਸ ਕਾ ਮਿਹਰ ਚੰਦ ਪੜੋਤਾ ਹਾ। ਸਭਨੋ ਨੈ ਸਲਾਹ ਕਰ.....।

---

*ਕੇਸਰ ਸਿੰਘ ਨੇ ਏਥੇ ਅਜੋਗ ਪਦ ਵਰਤੇ ਹਨ, ਅਮੀਰ ਦਾਸ ਨੇ ਵੀ ਉਹੋ ਅਜੋਗ ਪਦ ਰੱਖ ਲਏ ਹਨ, ਬਦਲੇ ਨਹੀਂ।

Digitized by Panjab Digital Library | www.panjabdigilib.org

ਪਾਠਕ ਏਥੋਂ ਦੇਖ ਸਕਦੇ ਹਨ ਕੇ ਕੇਸਰ ਸਿੰਘ ਦੀ ਨੁਕਸ ਭਰੀ ਨਜ਼ਮ (poem) ਵਿਚੋਂ ਕਿਸ ਤਰ੍ਹਾਂ ਸਰਲ ਨਸਰ (prose) ਨਿਕਲ ਸਕਦੀ ਹੈ। ਇਹ ਤਜਰਬਾ ਬਾਵੇ ਅਮੀਰ ਦਾਸ ਸੀ। ਡਾਕਟਰ ਸਾਹਿਬ ਨੇ ਜੋ ਗਲ ਕੀਤੀ ਹੈ ਉਹ ਇਸ ਤੋਂ ਐਨ ਉਲਟ ਸੀ। ਉਹ ਸੀ ਕੇਸਰ ਸਿੰਘ ਦੀ ਨਜ਼ਮ ਨੂੰ ਬੇਨੁਕਸ ਨਜ਼ਮ ਵਿਚ ਹੀ ਰੱਖਣਾ। ਇਸ ਯਤਨ ਵਿਚ ਜੋ ਤਬਦੀਲੀਆਂ ਕਰਨੀਆਂ ਪਈਆਂ ਉਹ ਇਤਨੀਆਂ ਮੂਲਕ ਅਤੇ ਗਹਿਰੀਆਂ ਚਲੀਆਂ ਗਈਆਂ ਕੇ ਐਂਉ ਪ੍ਰਤੀਤ ਹੁੰਦਾ ਹੈ ਕਿ ਚਰਖੇ ਦੀ ਜੂਨ ਹੀ ਪਲਟ ਗਈ, ਨਵਾਂ ਜਨਮ ਅਤੇ ਨਵਾਂ ਨਾਮ ਸੰਸਕਾਰ ਹੋ ਗਿਆ ਹੈ।

ਬਾਵੇ ਅਮੀਰ ਦਾਸ ਨੇ ਜਿਥੋਂ ਤਕ ਹੋ ਸਕਿਆ ਹੈ ਕੇਸਰ ਸਿੰਘ ਦੇ ਲਫਜ਼ ਨਹੀਂ ਬਦਲੇ ਚਾਹੇ ਉਹ ਕਿਤੇ ਕਿਤੇ ਕਿਤਨੇ ਕੌਝੇ ਅਤੇ ਬੇਚਰੂਰੇ ਸਨ।

ਬਾਵਾ ਅਮੀਰ ਦਾਸ ਨੇ ਕੇਵਲ ਉਹ ਲਫਜ਼ ਅਦਲੇ ਬਦਲੇ ਹਨ ਜੋ ਛੰਦ ਤੋਂ ਵਾਰਤਿਕ ਘਾੜਤ ਘੜਨ ਵਿਚ ਆਪੇ ਛਿੱਲੇ ਜਾਂਦੇ ਹਨ।

ਡਾਕਟਰ ਸਾਹਿਬ ਨੇ ਚਰਖੇ ਦਾ ਜੋ ਜਨਮ ਪਲਟਿਆ ਹੈ, ਉਸ ਨਾਲ ਉਹ ਸਾਰੇ ਰੋਗ ਜੋ ਪੁਰਾਣੇ ਸਰੀਰ ਨਾਲ ਚੰਮੜੇ ਹੋਏ ਸਨ ਖਤਮ ਹੋ ਗਏ ਹਨ। ਕੇਸਰੀ ਚਰਖਾ ਨਵਾਂ ਜਾਮਾ ਧਾਰਕੇ ਬਿਲਕੁਲ ਅਰੋਗ ਹੋ ਗਿਆ ਹੈ। ਉਸਦੇ ਹੱਡ ਪੈਰ ਹੁਣ ਸਭ ਨਰੋਏ ਹਨ।

ਕੇਸਰ ਸਿੰਘ ਆਪ ਆਪਣੀਆਂ ਸਾਰੀਆਂ ਊਣਤਾਈਆਂ ਚਾ ਵਾਕਿਫ ਸੀ। ਇਕ ਥਾਵੇਂ ਕਹਿੰਦਾ ਹੈ।

ਝਲਿਆਂ ਦੀ ਏਹ ਨਿਸ਼ਾਨੀ ਹੈ।
ਹੋਵੇ ਥੋੜੀ ਅਤੇ ਕਰੇ ਵਡੀ ਕਹਾਨੀ ਹੈ।

ਕਹਾਣੀ ਵੱਡੇ ਕਰਨ ਦੇ ਆਹਰ ਵਿਚ ਉਸਨੇ ਚੰਪਈ ਦੋਹਿਰੇ ਅਤੇ ਪਉੜੀ ਆਦਿ ਨੂੰ ਵੀ ਖਿੱਚਕੇ ਵੱਡਾ ਕਰ ਦਿਤਾ ਹੈ, ਜੋ ਗਲ ਕਿ ਰਸਿਕ ਤਬੀਅਤਾਂ ਨੂੰ ਪ੍ਰਵਾਣ ਨਹੀਂ ਹੋਈ ਪਰ ਕੇਸਰ ਸਿੰਘ ਦੀ ਇਹ ਖੂਬੀ ਸੀ ਕਿ ਆਪਣੇ ਸਾਰੇ ਔਗਣਾਂ ਨੂੰ ਜਾਣਦਾ ਹੋਇਆ ਆਪਣੇ ਉਨਾਂ ਗੁਣਾ ਦਾ ਵੀ ਜੋ ਉਸ ਵਿਚ ਸਤਿਕਾਰ ਨਾਲ ਦੇਖੇ ਜਾਂਦੇ ਸਨ ਕਰੜਾ ਨੁਕਤਾਚੀਨ ਸੀ। ਅਪਣੀ ਬਾਬਤ ਉਹ ਆਖਦਾ ਹੈ:-

ਸਿੰਘ ਕੇਸਰ ਮੂਰਖ ਹੈ। ਦੇਖਣ ਨੂੰ ਚੰਗੀ ਸੂਰਤ ਹੈ। ਦੇਖਣ ਨੂੰ ਸੋਨਾ ਬਾਰਾ ਹੈ। ਭੀਤਰ ਭਰੀ ਙੰਗਾਰਾ ਹੈ। ਦੇਖਣ ਨੂੰ ਦੁਪਿਆ ਟਕਸਾਲੀ ਹੈ। ਭੀਤਰ ਖੋਟਾ ਮੇਖੀ ਖਾਲੀ ਹੈ। ਦੇਖਣ ਨੂੰ ਚਿਟਾ ਚਾਂਦੀ ਹੈ। ਭੀਤਰ ਭਰੀ ਙੰਗਾਰ ਦੀ ਸਾਂਦੀ ਹੈ।

ਪਰ ਇਹ ਸੂਖ਼ਮ ਨੁਕਤਾਚੀਨੀ ਕਿਸੇ ਬਣਾਉਟੀ ਨਿਰਮਾਣਤਾ ਦੀ ਸੂਚਕ ਨਹੀਂ ਅਤੇ ਨਾ ਹੀ ਇਹਕਿਸੇ ਅਪ੍ਰਾਪਤੀਉਪਰ ਠੰਢਾ ਹਾਉਕਾ ਹੈ। ਇਹ ਨੁਕਤਾ ਚੀਨੀ ਇਕ ਸਰਲ ਹਿਰਦੇ ਵਿਚੋਂ ਨਿਕਲੀ ਹੋਈ ਨੁਕਤਾਦਾਨੀ ਦੀ ਗੁੱਝੀ ਰਮਜ਼ ਹੈ ਜੋ ਅਪਣੀ ਨਿਰਗੁਣਤਾ ਵਿਚ ਹੀ ਕਬੂਲੀਅਤ ਦੇ ਭੇਦ ਨੂੰ ਲਖਦੀ ਹੈ। ਉਹ ਪੂਰੇ ਭਰੋਸੇ ਵਿਚ ਕਹਿੰਦਾ ਹੈ-

ਹੁਣ ਦੂਰ ਨ ਕੀਤਾ ਚਾਹੀਐ ਜੀ। ਜਿਉ ਨਿਭੇ ਤਿਵੇ ਨਿਭਾਈਐ ਜੀ। ਦਰ ਸਾਈਂ ਦਾ ਡਾਢਾ ਅਵੱਲਾ ਤੇ ਸਵੱਲਾ ਹੈ। ਓਥੇ ਵਡਿਆਈ ਤੇ ਚਤੁਰਾਈ ਨੂੰ ਪੈਂਦਾ ਖੱਲਾ ਹੈ।

ਅਤੇ ਉਹ ਅਪਣੇ ਸਿਦਕ ਨੂੰ ਤੁਲਸੀ ਦੀ ਸ਼ਰਧਾ ਵਿਚ ਐਉਂ ਲੀਨ ਕਰ ਦੇਂਦਾ ਹੈ:-

ਸਭ ਅਵਗੁਨ ਹੈ ਮੁਝ ਮੈਂ ਅਵਰ ਨ ਕਾਹੂ ਦੋਸੁ।

Digitized by Panjab Digital Library | www.panjabdigilib.org

ਚਾਤੁਰ ਵਡਾਕਹਾਵਣਾਂ ਬੁਧ ਅਕਲ ਨ ਰਾਈ ਹੋਸ।
ਤੁਲਸੀ ਭੂੰਸੇ ਰਾਮ ਕੇ ਪਾਪ ਕੀਏ ਅਘ ਕੋਟ।

ਜੈਸੇ ਨਾਰ ਡਿਨਾਰ ਕੋ ਬਡੀ ਖਸਮ ਕੀ ਓਟ।
[ਖੰਸਾਵਲੀ ਨਾਮਾ

ਰੰਥ ਸਮਾਪਤ

ਤਾਰੀਖ ਪ ਅਪ੍ਰੈਲ ੧੯੪੧ ਈ: ਅੰਮ੍ਰਿਤਸਰ।

ਸੰਪਾਦਿਕ—

ਡਾਕਟਰ ਬਲਬੀਰ ਸਿੰਘ

Digitized by Panjab Digital Library | www.panjabdigilib.org

ਮਨੋਹਰ ਪੁਸਤਕ ਮਾਲਾ

ਸ੍ਰੀ ਗੁਰੂ ਨਾਨਕ ਚਮਤਕਾਰ–ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਚਰਿਤ੍ਰ ਅਤਿ ਦਿਲ ਖਿੱਚਵੇਂ ਤੇ ਸਿਖਜਾਦਾਇਕ ਰਸ ਪੂਰਤ ਢੰਗ ਵਿਚ ਲਿਖਿਆ ਗਿਆ ਹੈ, ਭੇਟਾ ੬)

ਸ੍ਰੀ ਗੁਰੂ ਕਲਗੀਧਰ ਚਮਤਕਾਰ–ਸ੍ਰੀ ਗੁਰੂ ਨਾਨਕ ਚਮਤਕਾਰ ਵਰਗਾ ਹੀ ਰਸਦਾਇਕ, ਸਿਖਜਾ ਭੰਡਾਰ ਤੇ ਰੋਚਕ ਗ੍ਰੰਥ ਹੈ, ਜਿਸ ਵਿਚ ਦਸਮ ਪਾਤਸ਼ਾਹ ਜੀ ਦਾ ਜੀਵਨ ਚਰਿੱਤ੍ਰ ਬੜੇ ਮਨੋਹਰ ਢੰਗ ਨਾਲ ਲਿਖਿਆ ਗਿਆ ਹੈ। ਨਵੀਂ ਐਡੀਸ਼ਨ ਵਿਚ ਸੱਤ ਅੱਠ ਪ੍ਰੇਮੀ ਤੇ ਰੀਤ ਹੋਰ ਵਧਾਏ ਗਏ ਹਨ। ਮੋਟ ੬) ਜਿਲਦ ਸਮੇਤ।

ਰਾਣਾ ਸੂਰਤ ਸਿੰਘ–ਪੂਰਨ ਸਿੰਘ ਦੀ ਜਾਗ੍ਰਤ ਜਾਗਦੀ ਤਸਵੀਰ, ਕਵੀ ਜੀ ਨੇ ਉੱਚ ਆਸ਼ਯ, ਕਾਵਯ ਤੇ ਕਟਾਖਯ ਤੇ ਅਲੰਕਾਰਾਂ ਨਾਲ ਖਿੱਚ ਵਿਖਾਈ ਹੈ। ਮੋਟ ੩।)

ਮਟਕ ਦੁਲਾਹੇ–ਕਸ਼ਮੀਰ ਦੇ ਕੁਦਰਤੀ ਨਜ਼ਾਰਿਆਂ ਦੇ ਮੁਰਦਾ ਦਿਲਾਂ ਨੂੰ ਸੁਰਜੀਤ ਕਰਨ ਵਾਲੇ ਅਲੌਕਿਕ ਕਾਵਯ-ਚਿੱਤ੍ਰ। ਐਂਟੀਂਕ ਕਾਗਜ਼, ਵਡਾ ਅਕਾਰ, ਮੋਟ ੧।–)

ਲਹਿਰਾਂ ਦੇ ਹਾਰ–ਅਰਸ਼ੀ ਲਹਿਰਾਂ ਦੇ ਉੱਚੇ ਤੇ ਸੁਚੇ ਭਾਵ, ਕਾਵਯ ਦੇ ਗੂੜ੍ਹ ਕਟਾਖਯ, ਪ੍ਰੇਮ ਤੇ ਦਿਲੀ ਵਲਵਲਿਆਂ ਦੇ ਆਬਦਾਰ ਮੋਤੀਆਂ ਦੇ ਹਾਰ। ਭੇਟਾ ੧।=)

ਬਿਜਲੀਆਂ ਦੇ ਹਾਰ–ਇਹ ਪੁਸਤਕ ਲਹਿਰਾਂ ਦੇ ਹਾਰ ਦਾ ਹੀ ਮਾਨੋਂ ਦੂਜਾ ਭਾਗ ਹੈ,ਮੋਟ ।।।)

ਭਰਥਰੀ ਹਰੀ ਜੀਵਨ ਤੇ ਨੀਤੀ ਸ਼ੱਤਕ–ਭਰਥਰੀ ਜੀ ਦੇ ਨੀਤੀ ਸ਼ੱਤਕ ਦਾ ਠੇਠ ਪੰਜਾਬੀ ਤਰਜਮਾ ਤੇ ਜੀਵਨ ਜੇ ਬੜੀ ਖੋਜ ਨਾਲ ਲਿਖਿਆ ਗਿਆ ਹੈ। ਮੋਟ ੧।)

ਰਾਜਾ ਲਖਦਾਤਾ ਸਿੰਘ–ਕੌਮੀ ਗਿਰਾਵਟ ਨੂੰ ਬੜੇ ਹੀ ਦਰਦ ਭਰੇ ਸ਼ਬਦਾਂ ਵਿਚ ਦਰਸਾਕੇ ਸੁਰਜੀਤ ਕਰਕੇ ਅਸਲੀ ਆਦਰਸ਼ ਤਕ ਅਪੜਾਉਣ ਦੇ ਢੰਗ। ਮੋਟ ੧।)

ਸਤਵੰਤ ਕੌਰ–ਧਰਮ ਵਿਚ ਦ੍ਰਿੜ੍ਹਤਾ ਕੌਮੀ ਪਿਆਰ ਦੀ ਜੀਉਂਦੀ ਜਾਗਦੀ ਤਸਵੀਰ, ਸੱਚੇ ਅਕਾਲੀਆਂ ਦਾ ਆਦਰਸ਼, ਦੋਵੇਂ ਭਾਗ ਬਿ: ਮਿ: ੧।=) ਤੇ ਮੁਜਿਲਦ ੧॥–)

ਬਾਬਾ ਨੌਧ ਸਿੰਘ ਜੀ–ਸਿਖੀ ਦੇ ਭਾਵਾਂ, ਭਾਈ ਚਾਰਕ ਸਿਖਜਾ ਤੇ ਇਖਲਾਕੀ ਨਸੀਹਤਾਂ ਦਾ ਅਮੋਲਕ ਭੰਡਾਰ ਹੈ। ਦੋਵੇਂ ਭਾਗ ਮੋਟ ੨।=) ਜਿਲਦ ਸਮੇਤ।

ਭਿਜੈਸਿੰਘ–ਭਾਰੀ ਜ਼ੁਲਮਾਂ ਦੇ ਝੱਖੜਾਂ ਵਿਚ ਖਾਲਸੇ ਦੇ ਚੜ੍ਹਦੀਆਂ ਕਲਾਂ ਦੇ ਹਾਲਾਤ। ਭੇਟਾ ।।।=)

ਮੁੰਦਰੀ–ਕੌਮ ਵਿਚ ਜਾਗ੍ਰਤ ਲਿਆਉਣ ਵਾਲੀ ਸਭ ਤੋਂ ਪਹਿਲੀ, ਜ਼ੋਰਦਾਰ ਤੇ ਦਿਲਚਸਪ ਪ੍ਰਸਿਧ ਪੁਸਤਕ ਹੈ। ਮੋਟ ।=) ਸੰਤ ਗਾਥਾ ।।।) ਜਿਲਦ ਸਮੇਤ।

ਪ੍ਰੀਤ ਵੀਣਾ–ਉਪਨਿਕਤ ਜਾਦੂ ਨਗਾਰੀ ਲੇਖਣੀ ਦੀ ਇਹ ਹੁਣੇ ਤਿਆਰ ਹੋਈ ਰਚਨਾ ਹੈ। ਵਧੀਆ ਕਾਗਜ਼, ਸੁੰਦਰ ਛਪਾਈ ਭੇਟਾ ।।) ਜਿਲਦ ਸਮੇਤ।

ਧੰਬਦੀ ਕਲਾਈ–ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭੋਤ੍ਰੀ ਗੀਤ। ਕਾਗਜ਼ ਤੇ ਛਪਾਈ ਵਧੀਆ, ਜਿਲਦ ਖੂਬਸੂਰਤ, ਭੇਟਾ ਕੇਵਲ ੧।)

ਕਬਿਤ ਭਾਈ ਗੁਰਦਾਸ–ਭਾਈ ਗੁਰਦਾਸ ਜੀ ਦੇ ਨਵੇਂ ਲੱਭੇ ਸਵਾ ਸੌ ਦੇ ਲਗ ਪਗ ਕਬਿੱਤ ਭਾਵਾਰਥਨੀ ਟੀਕੇ ਸਮੇਤ ਤੇ ਭਾਈਗੁਰਦਾਸਜੀ ਦੇ ਜੀਵਨ ਸਮਾਚਾਰਾਂ ਸਮੇਤ। ਮੋਟ੧।=)

ਨੋਟ–ਡਾਕ ਦਾ ਖਰਚ ਸਭ ਦਾ ਵੱਖਰਾ ਹੈ।

ਮਿਲਨ ਦਾ ਪਤਾ:–

ਮੈਨੇਜਰ ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਜੀ

Digitized by Panjab Digital Library | www.panjabdigilib.org

ਸੂਰਜ ਪ੍ਰਕਾਸ਼

ਕਵਿ ਸੰਤੋਖ ਸਿੰਘ ਜੀ ਰਚਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ'। ਇਸ ਵਿਚ ਦਸ ਪਾਤਸ਼ਾਹੀਆਂ ਤੇ ਅਨੇਕਾਂ ਗੁਰੂ ਘਰ ਦੇ ਪ੍ਰੇਮੀ ਸਿੱਖਾਂ ਤੇ ਸਿੰਘਾਂ ਦੇ ਹਾਲਾਤ ਬ੍ਰਿਜ ਭਾਸ਼ਾ ਦੀ ਛੰਦਾਬੰਦੀ ਵਿਚ ਕਵਿ ਸੰਤੋਖ ਸਿੰਘ ਜੀ ਨੇ ਦਿੱਤੇ ਹਨ। ਆਪ ਦੀ ਕਵਿਤਾ ਇੰਨੀ ਮਨੋਰੰਜਕ, ਮਿਠੀ ਤੇ ਰਸੀਲੀ ਹੈ ਕਿ ਪਿਛਲੇ ਸਮੇਂ ਦੇ ਕਵੀਆਂ ਵਿਚੋਂ ਵੀ ਘੱਟ ਕਵਿ ਆਪਦੇ ਟਾਕਰੇ ਦੇ ਹੋਣਗੇ, ਪਰ ਉਨ੍ਹਾਂ ਦੀ ਰਚਨਾ ਬ੍ਰਿਜ ਭਾਸ਼ਾ ਵਿਚ ਹੋਣ ਕਰਕੇ ਔਖੀ ਹੈ, ਸੋ ਔਖੇ ਸ਼ਬਦਾਂ ਦੇ ਪ੍ਰਯਾਵੇ ਤੇ ਕਈ ਇਕ ਸ਼ੰਕਾਵਾਂ ਦਾ ਸਮਾਧਾਨ ਕਰਕੇ ਇਸ ਪੁਸਤਕ ਨੂੰ ਬੜਾ ਹੀ ਸੌਖਾ ਤੇ ਉਪਜੋਗੀ ਬਣਾ ਦਿੱਤਾ ਗਿਆ ਹੈ। ਵੇਖਣ ਵਾਲੇ ਵਿਦਵਾਨਾਂ ਨੇ ਇਸਦੀ ਬੜੀ ਪ੍ਰਸ਼ੰਸ਼ਾ ਕੀਤੀ ਹੈ। ਹੁਣ ਸਾਧਾਰਨ ਪੜ੍ਹੇ ਲਿਖੇ ਤੋਂ ਲੈਕੇ ਵਿਦਵਾਨ ਤੀਕ ਲਈ ਇਹ ਗ੍ਰੰਥ ਇਕੋ ਜਿਹਾ ਲਾਭਦਾਇਕ ਹੋ ਗਿਆ ਹੈ। ਪੋਥੀ ੧੪ ਜਿਲਦਾਂ ਵਿਚ ਹੈ ਤੇ ਮੋਖ ਬਿਨਾਂ ਜਿਲਦ ਕੇਵਲ ੫੦) ਹੈ, ਜਿਲਦਾਂ ।=), ।॥), ੧) ਫੀ ਜਿਲਦ ਦੇ ਹਿਸਾਬ ਵਾਲੀਆਂ ਵੀ ਤਿਆਰ ਹਨ। ਗੁਰਦਵਾਰਿਆਂ ਤੇ ਕਥਾ ਕਰਨ ਵਾਲੇ ਸਜਣਾਂ ਲਈ ਇਨਾਂ ਚੋਦਾਂ ਜਿਲਦਾਂ ਨੂੰ ਚਾਰ ਜਿਲਦਾਂ ਵਿਚ ਵੀ ਜਿਲਦ ਬੰਦ ਕੀਤਾ ਗਿਆ ਹੈ, ਉਨ੍ਹਾਂ ਚੌਹਾਂ ਦੀ ਭੇਟਾ ਜਿਲਦ ਸਮੇਤ ੫੨॥) ਹੈ। ਡਾਕ ਮਸੂਲ ਤੇ ਰੇਲ ਦਾ ਖਰਚ ਇਸ ਤੋਂ ਵੱਖਰਾ।

[ਹੋਰ ਪੁਸਤਕਾਂ]

ਪੰਜ ਗ੍ਰੰਥੀ ਸਟੀਕ--ਇਹ ਟੀਕਾ ਰਾਣਾ ਸੂਰਤਸਿੰਘ ਜੀ ਦੇ ਕਰਤਾ ਜੀ ਦੀ ਜਾਦੂਨਗਾਰ ਲੇਖਣੀ ਨੇ ਹੀ ਵਿਦਵਤਾ ਨਾਲ ਸੁਖੈਨ ਤੇ ਸਪਸ਼ਟ ਲਿਖਿਆ ਹੈ ਮੋਖ ਜਿਲਦਸਣੇ ੨॥।)

ਦੇਵੀ ਪੂਜਨ ਪੜਤਾਲ--ਦਸਮੇਸ਼ ਜੀ ਦੀ ਬਾਣੀ ਦੀ ਦੇਨ ਤੇ ਸਿਖ ਇਤਿਹਾਸ ਦੇ ਅਕੱਟ ਪ੍ਰਮਾਣਾ ਤੇ ਯੁਕਤੀਆਂ ਨਾਲ ਇਸ ਪੁਸਤਕ ਵਿਖੇ ਸਿੱਧ ਕੀਤਾ ਗਿਆ ਹੈ ਕਿ ਦੇਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ ਨਹੀਂ ਸੀ। ਮੋਖ ॥)

ਪੁਰਾਤਨ ਜਨਮ ਸਾਖੀ-- ਵਲਾਇਤ ਤੇ ਹਾਫਜ਼ਾਬਾਦ ਵਾਲੀ ਜਨਮ ਸਾਖੀ ਦਾ ਟਾਕਰਾ ਕਰਕੇ ਇਹ ਪੁਸਤਕ ਛਪਵਾਈ ਗਈ ਹੈ, ਮੋਖ ੧।)

ਪ੍ਰਾਚੀਨ ਪੰਥ ਪ੍ਰਕਾਸ਼--ਮਤਾਬ ਸਿੰਘ ਮੀਰਾਂ ਕੋਟੀਏ ਦੇ ਪੋਤ੍ਰੇ ਸਰਦਾਰ ਰਤਨ ਸਿੰਘ ਜੀ ਭੰਗੂ ਦੀ ਰਚਨਾ ਹੈ, ਜਿਸ ਦੀ ਸਾਰੇ ਇਤਿਹਾਸਕਾਰ ਭਾਰੀ ਕਦਰ ਤੇ ਪ੍ਰਸ਼ੰਸ਼ਾ ਕਰਦੇ ਹਨ ਮੋਖ ੧।), ਜਿਲਦ ਸਮੇਤ ੧॥)

ਸੁਖਮਨੀ ਸਾਹਿਬ—ਬੜੇ ਸੁਹਣੇ ਆਰਟ ਪੇਪਰ ਤੇ ਸੋਧਕੇ ਛਾਪੀ ਗਈ ਹੈ ਤੇ ਜਿਲਦ ਬੜੀ ਸੁੰਦਰ ਕਾਲੇ ਚਮੜੇ ਦੀ ਵਲੈਤੋਂ ਬਨਵਾਈ ਗਈ ਹੈ। ਵਿਵਾਹ ਆਦਿਕ ਖੁਸ਼ੀ ਦੇ ਸਮਿਆਂ ਤੇ ਬੀਬੀਆਂ ਲਈ ਬੜੀ ਅਲੌਕਿਕ ਰਹਬਰ ਦਾਤਾ ਵਸਤੂ ਹੈ। ਭੇਟਾ ੫)

ਨੋਟ—ਡਾਕ ਖਰਚ ਤੇ ਪੈਕਿੰਗ ਸਭ ਦਾ ਵੱਖਰਾ ਹੈ।

ਇਨ੍ਹਾਂ ਗ੍ਰੰਥਾਂ ਦੇ ਮਿਲਣ ਦਾ ਪਤਾ:—**ਮੈਨੇਜਰ, ਖਾਲਸਾ ਸਮਾਚਾਰ, ਅੰਮ੍ਰਿਤਸਰ**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-8691

Digitized by Panjab Digital Library | www.panjabdigilib.org

Digitized by Panjab Digital Library | www.panjabdigilib.org